ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ
# ਸੂਰਜ ਗ੍ਰੰਥ
## ਸਟੀਕ

**ਭਾਗ ਚੌਥਾ**

ਡਾ. ਅਜੀਤ ਸਿੰਘ ਔਲਖ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਚੌਥੀ

Sri Satguru Jagjit Singh Ji eLlibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

### ਜਿਲਦ ਚੌਥੀ

(ਗੁਰ-ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ)

ਡਾ. ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Sri Satguru Jagjit Singh Ji eLlibrary NamdhariElibrary@gmail.com

© ਪ੍ਰਕਾਸ਼ਕ

Sri Gur Partap Suraj Granth (Vol. 4th)

(Life of Sri Guru Arjan Dev Ji)

Translated by Dr. Ajit Singh Aulakh.

ISBN 81-7601-620-9

ਪਹਿਲੀ ਐਡੀਸ਼ਨ ਸਤੰਬਰ 2004

ਬਾਬਤ ਨਾਨਕਸ਼ਾਹੀ ਸੰਮਤ 536, (1 ਸਤੰਬਰ) 17 ਭਾਦਰੋਂ (400 ਸਾਲਾ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭੇਟਾ : 600-00

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974, 2557973 ਫੈਕਸ : 5017488

E-mail : csjssales@hotmail.com, csjspurchase@yahoo.com
: csjsexports@vsnl.com

Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

Sri Satguru Jagjit Singh Ji eLlibrary NamdhariElibrary@gmail.com

# ਤਤਕਰਾ

## ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ


| ਪ੍ਰਸੰਗ | ਅਧਿਆਇ | ਪੰਨਾ |
|---|---|---|
| **ਦੂਸਰੀ ਰਾਸ** | | |
| ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੱਗ ਬੰਨ੍ਹਾਈ | ੨੫ | ੧੧ |
| ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਪੁੱਜੇ | ੨੬ | ੧੯ |
| ਭਾਈ ਗੁਰਦਾਸ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਆਏ | ੨੭ | ੨੭ |
| ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ | ੨੮ | ੩੪ |
| ਪ੍ਰਿਥੀਆ, ਮਹਾਂਦੇਵ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੇਲ | ੨੯ | ੪੧ |
| ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ | ੩੦ | ੪੮ |
| ਰਾਜੇ ਸਮੇਤ ਭਾਈ ਕਲਿਆਣਾ ਅੰਮ੍ਰਿਤਸਰ ਆਇਆ | ੩੧ | ੫੪ |
| ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ | ੩੨ | ੬੧ |
| ਰਾਜੇ ਦਾ ਪ੍ਰਸੰਗ | ੩੩ | ੬੭ |
| ਸੰਤੋਖਸਰ ਵਿਚੋਂ ਜੋਗੀ ਨਿਕਲਿਆ | ੩੪ | ੭੫ |
| ਜੋਗੀ ਪ੍ਰਤਿ ਉਪਦੇਸ਼ ਵੇਦਾਂਤ | ੩੫ | ੮੪ |
| ਜੋਗੀ ਨੂੰ ਉਪਦੇਸ਼ ਦੇ ਕੇ ਮੁਕਤ ਕੀਤਾ | ੩੬ | ੯੨ |
| ਪਿੰਗਲੇ ਦਾ ਪ੍ਰਸੰਗ | ੩੭ | ੯੮ |
| ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ | ੩੮ | ੧੦੪ |
| ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ | ੩੯ | ੧੧੧ |
| ਸੁੱਤਿਆਂ ਨੇ ਊੱਘੇ ਸਿੱਖਾਂ ਦੇ ਪ੍ਰਸੰਗ ਪੁੱਛੇ | ੪੦ | ੧੧੮ |
| ਭਾਈ ਭਗਤੂ ਜੀ ਦੀ ਜਨਮ ਕਥਾ | ੪੧ | ੧੨੪ |
| ਭਾਈ ਭਗਤੂ | ੪੨ | ੧੩੧ |
| ਭਾਈ ਮੰਞ | ੪੩ | ੧੩੬ |
| ਭਾਈ ਮੰਞ | ੪੪ | ੧੪੩ |
| ਭਾਈ ਬਹੋੜਾ | ੪੫ | ੧੫੨ |
| ਭਾਈ ਬਹਿਲੋ | ੪੬ | ੧੫੮ |
| ਭਾਈ ਬਹਿਲੋ | ੪੭ | ੧੬੪ |
| ਬੁੱਧੂ ਦਾ ਆਵਾ, ਭਾਈ ਲੱਖੂ | ੪੮ | ੧੭੧ |
| ਬ੍ਰਾਹਮਣ ਗੰਗਾ ਰਾਮ ਬਾਜਰਾ ਵੇਚਣ ਆਇਆ | ੪੯ | ੧੭੮ |
| ਗੰਗਾ ਰਾਮ, ਮੂਲ ਚੰਦ | ੫੦ | ੧੮੪ |
| ਮਸੰਦਾਂ ਦੀ ਖੁਟਿਆਈ | ੫੧ | ੧੯੦ |
| ਵਾਹਿਗੁਰੂ ਆਪ ਸ੍ਰੋਵਰ ਦੀ ਕਾਰ ਕਰਨ ਆਇਆ | ੫੨ | ੧੯੬ |
| ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ | ੫੩ | ੨੦੫ |
| ਸ਼੍ਰੀ ਅੰਮ੍ਰਿਤਸਰ ਨਗਰ ਵਸਾਇਆ | ੫੪ | ੨੧੨ |
| ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ | ੫੫ | ੨੧੮ |
| ਸ੍ਰੀ ਅੰਮ੍ਰਿਤਸਰ ਮਹਾਤਮ, ਸਿੱਖਾਂ ਨੂੰ ਬਖਸ਼ਿਸ਼ਾਂ | ੫੬ | ੨੨੨ |

## ਤੀਸਰੀ ਰਾਸ


| | | |
|---|---|---|
| ਮੰਗਲਾਚਰਨ | ੧ | ੨੩੧ |
| ਮਾਤਾ ਗੰਗਾ ਜੀ ਵਲੋਂ ਪੁੱਤਰ ਦੀ ਮੰਗ ਤੇ ਗੁਰੂ ਜੀ ਵਲੋਂ ਆਗਿਆ | ੨ | ੨੪੧ |
| ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਵਰ ਦਿੱਤਾ | ੩ | ੨੪੮ |
| ਸ੍ਰੀ ਹਰਿ ਗੋਵਿੰਦ ਜੀ ਅਵਤਾਰ ਧਾਰਿਆ | ੪ | ੨੫੬ |
| ਬਾਬਾ ਬੁੱਢਾ ਜੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਆਏ | ੫ | ੨੬੪ |
| ਸ੍ਰੀ ਹਰਿਗੋਬਿੰਦ ਸਾਹਿਬ ਅਵਤਾਰ ਉਤਸਵ | ੬ | ੨੭੪ |
| ਪ੍ਰਿਥੀਏ ਨੇ ਇਕ ਦਾਈ ਨੂੰ ਜ਼ਹਿਰ ਦੇਣ ਵਾਸਤੇ ਭੇਜਿਆ | ੭ | ੨੮੦ |
| ਦਾਈ ਦੀ ਰੂਹ ਨੇ ਆਪਣੀ ਪਿਛਲੀ ਕਥਾ ਸੁਣਾਈ | ੮ | ੨੮੭ |
| ਸ੍ਰੀ ਹਰਿਗੋਬਿੰਦ ਜੀ ਨੇ ਸੱਪ ਦਾ ਉਧਾਰ ਕੀਤਾ | ੯ | ੨੯੪ |
| ਰਾਤ ਨੂੰ ਦੇਵਤੇ ਚਰਨ ਪਰਸਨ ਆਏ | ੧੦ | ੩੦੧ |
| ਸ੍ਰੀ ਅੰਮ੍ਰਿਤਸਰ ਵਾਪਸ ਆਏ | ੧੧ | ੩੦੮ |
| ਸ੍ਰੀ ਹਰਿਗੋਵਿੰਦ ਜੀ ਦੇ ਸੀਤਲਾ ਨਿਕਲੀ | ੧੨ | ੩੧੬ |
| ਪ੍ਰਿਥੀਏ ਦੀ ਝੂਠੀ ਗੋਂਦਸਤਿਗੁਰਾਂ ਤੇ ਭਰੋਸਾ ਰੱਖਣ ਤੇ ਸੀਤਲਾ ਮੁੜੀ | ੧੩ | ੩੨੨ |
| ਸੀਤਲਾ ਦਾ ਪ੍ਰਸੰਗ | ੧੪ | ੩੨੯ |
| ਬ੍ਰਾਹਮਣ ਵਲੋਂ ਜ਼ਹਿਰ | ੧੫ | ੩੩੨ |
| ਕੁੱਤਾ ਜ਼ਹਿਰ ਵਾਲਾ ਦਹੀਂ ਖਾ ਕੇ ਮਰ ਗਿਆ | ੧੬ | ੩੪੧ |
| ਮਰੇ ਬ੍ਰਾਹਮਣ ਨੂੰ ਜਿਵਾਉਣਾ ਤੇ ਜ਼ਹਿਰ ਦੇਣ ਦਾ ਕਾਰਨ ਸੁਣਨਾ | ੧੭ | ੩੪੯ |
| ਪ੍ਰਿਥੀਏ ਦਾ ਝਗੜਨਾ | ੧੮ | ੩੫੭ |
| ਮਹਾਂਦੇਵ ਜੀ ਨੇ ਪ੍ਰਿਥੀਏ ਨੂੰ ਸਮਝਾਉਣਾ | ੧੯ | ੩੬੫ |
| ਮਹਾਂਦੇਵ ਤੇ ਪ੍ਰਿਥੀਏ ਦਾ ਝਗੜਾ | ੨੦ | ੩੭੪ |
| ਮਹਾਂਦੇਵ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਵਾਰਤਾਲਾਪ | ੨੧ | ੩੮੨ |
| ਪ੍ਰਿਥੀਆ ਸੁਲਹੀ ਨੂੰ ਮਿਲਿਆ, ਹੇਹਰਿ | ੨੨ | ੩੮੯ |
| ਪ੍ਰਿਥੀਏ ਨੇ ਹੇਹਰ ਵਿਖੇ ਤਾਲ ਲਗਵਾਇਆ | ੨੩ | ੩੯੭ |
| ਭਾਈ ਗੁਰਦਾਸ ਤੇ ਪ੍ਰਿਥੀਏ ਦਾ ਸੰਬਾਦ | ੨੪ | ੪੦੫ |
| ਭਾਈ ਗੁਰਦਾਸ ਜੀ ਵਾਪਸ ਆਏ | ੨੫ | ੪੧੪ |
| ਜਹਾਂਗੀਰ ਨੂੰ ਪ੍ਰਿਥੀਆ ਮਿਲਿਆ | ੨੬ | ੪੨੪ |
| ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਦਿੱਤਾ | ੨੭ | ੪੨੯ |
| ਠਾਕਰ ਪੂਜਕ ਪਖੰਡੀ ਬ੍ਰਾਹਮਣ ਨਾਲ ਚਰਚਾ | ੨੮ | ੪੩੮ |
| ਬ੍ਰਾਹਮਣ ਸਿੱਖ ਬਣ ਗਿਆ | ੨੯ | ੪੪੮ |
| ਸ੍ਰੀ ਹਰਿ ਗੋਵਿੰਦ ਜੀ ਨੂੰ ਤਾਪ ਦਾ ਖੇਦ | ੩੦ | ੪੫੬ |
| ਸ੍ਰੀ ਹਰਿਗੋਵਿੰਦ ਜੀ ਪੜ੍ਹਨੇ ਪਾਏ | ੩੧ | ੪੬੪ |
| ਪੈੜੇ ਮੋਖੇ ਨੇ ਪ੍ਰਾਣ ਸੰਗਲੀ ਲਿਆਉਣੀ | ੩੨ | ੪੭੧ |
| ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਮੋਹਨ ਜੀ ਪਾਸੋਂ ਪੋਥੀਆਂ ਲੈਣ ਗਏ | ੩੩ | ੪੮੦ |
| ਸ੍ਰੀ ਗੁਰੂ ਅਰਜਨ ਦੇਵ ਜੀ ਪੋਥੀਆਂ ਲੈਣ ਗਏ | ੩੪ | ੪੯੦ |

| | | |
|---|---|---|
| ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਈਆਂ | ੩੫ | ੫੦੦ |
| ਬਾਬਾ ਮੋਹਰੀ ਜੀ ਮਿਲੇ | ੩੬ | ੫੦੭ |
| ਖਡੂਰ ਸਾਹਿਬ ਜਾ ਕੇ ਬਾਬਾ ਦਾਤੂ ਜੀ ਨੂੰ ਮਿਲੇ | ੩੭ | ੫੧੫ |
| ਦਾਤੂ ਜੀ ਦੇ ਪੈਰ ਦਾ ਦਰਦ ਹਟਾਇਆ | ੩੮ | ੫੨੩ |
| ਸ੍ਰੀ ਅੰਮ੍ਰਿਤਸਰ ਪੁੱਜੇ, ਇਕਾਂਤ ਥਾਂ ਪਸੰਦ ਕੀਤੀ | ੩੯ | ੫੩੩ |
| ਰਾਮ ਸਰ | ੪੦ | ੫੪੦ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ | ੪੧ | ੫੪੭ |
| ਭਗਤ ਬਾਣੀ ਚੜ੍ਹਾਈ | ੪੨ | ੫੫੫ |
| ਸੁਖਮਨੀ ਸਾਹਿਬ, ਸੱਤਾ ਬਲਵੰਡ | ੪੩ | ੫੬੧ |
| ਸੱਤਾ ਬਲਵੰਡ, ਭਾਈ ਲੱਧਾ ਪਰਉਪਕਾਰੀ | ੪੪ | ੫੬੯ |
| ਸੱਤਾ ਬਲਵੰਡ ਬਖਸ਼ੇ | ੪੫ | ੫੭੯ |
| ਕਾਨ੍ਹਾ, ਪੀਲੋ, ਆਦਿ ਭਗਤ ਆਏ | ੪੬ | ੫੮੮ |
| ਕਾਨ੍ਹਾ ਮਰ ਗਿਆ, ਕਾਂਸ਼ੀ ਤੋਂ ਪੰਡਿਤ, ਸਲੋਕ ਸਹਸਕ੍ਰਿਤੀ | ੪੭ | ੫੯੮ |
| ਵੇਦ ਭੱਟਾਂ ਦਾ ਰੂਪ ਧਰ ਆਏ | ੪੮ | ੬੦੭ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ | ੪੯ | ੬੧੭ |
| ਸ੍ਰੀ ਹਰਿਮੰਦਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ | ੫੦ | ੬੨੪ |
| ਸਿੱਖਾਂ ਪ੍ਰਤਿ ਉਪਦੇਸ਼ਭਾਈ ਤਿਲੋਕਾ ਅਤੇ ਭਾਈ ਕਟਾਰੂ | ੫੧ | ੬੩੩ |
| ਭਾਈ ਪੁਰੀਆ, ਭਾਈ ਚੂਹੜ, ਭਾਈ ਪੈੜਾ ਤੇ ਭਾਈ ਦੁਰਗਾ | ੫੨ | ੬੪੦ |
| ਭਾਈ ਬਾਲਾ, ਭਾਈ ਕਿਸ਼ਨਾ ਆਦਿ | ੫੩ | ੬੪੬ |
| ਭਾਈ ਲਾਲੂ, ਭਾਈ ਬਾਲੂ ਆਦਿ | ੫੪ | ੬੫੨ |
| ਗੰਗੂ ਨਾਊ ਆਦਿ ਸਿੱਖਾਂ ਪ੍ਰਤਿ ਉਪਦੇਸ਼ | ੫੫ | ੬੬੦ |
| ਭਾਈ ਮੂਲਾ, ਭਾਈ ਸੂਜਾ ਆਦਿ | ੫੬ | ੬੬੮ |
| ਭਾਈ ਨਾਊ, ਭਾਈ ਭੋਲੂ ਆਦਿ | ੫੭ | ੬੭੫ |
| ਭਾਈ ਵਿੱਸਾ, ਭਾਈ ਗੋਪੀ ਆਦਿ ਸਿੱਖ | ੫੮ | ੬੮੨ |
| ਕਪੂਰ ਦੇਉ ਆਦਿ ਸਿੱਖ | ੫੯ | ੬੮੮ |
| ਭਾਈ ਮੋਹਣ ਆਦਿ ਸਿੱਖ | ੬੦ | ੬੯੧ |
| ਭਾਈ ਧੁੱਟਾ, ਭਾਈ ਜੋਧਾ ਆਦਿ ਸਿੱਖ | ੬੧ | ੬੯੮ |
| ਭਾਈ ਸੇਠਾ, ਭਾਈ ਉਗਵੰਦਾ ਆਦਿ ਸਿੱਖ | ੬੨ | ੭੦੪ |
| ਭਾਈ ਰਾਮਾ ਝੰਝੀ ਆਦਿ ਸਿੱਖ | ੬੩ | ੭੧੧ |
| ਭਾਈ ਕਲਿਆਣ, ਭਾਈ ਭਾਨੂੰ ਆਦਿ ਸਿੱਖ | ੬੪ | ੭੧੭ |
| ਭਾਈ ਰੂਪ ਚੰਦ, ਭਾਈ ਭੀਵਾ ਆਦਿ ਸਿੱਖ | ੬੫ | ੭੨੬ |
| ਭਾਈ ਹਰਿਬੰਸ ਤਪਾ, ਭਾਈ ਮੁਰਾਰੀ ਆਦਿ ਸਿੱਖ | ੬੬ | ੭੩੩ |
| ਭਾਈ ਜੈਤਾ, ਭਾਈ ਨੰਦਾ, ਆਦਿ ਸਿੱਖ; ਤਰਨ ਤਾਰਨ | ੬੭ | ੭੪੦ |
| ਤਰਨ ਤਾਰਨ ਸਰੋਵਰ | ੬੮ | ੭੪੯ |
| ਭਾਈ ਗੁਰਮੁਖ ਤੇ ਭਾਈ ਭਿਖਾਰੀ ਦਾ ਪ੍ਰਸੰਗ | ੬੯ | ੭੫੪ |


Sri Satguru Jagjit Singh Ji eLlibrary NamdhariElibrary@gmail.com

## ਚੌਥੀ ਰਾਸ


| | | |
|---|---|---|
| ਮੰਗਲਾਚਰਣ | ੧ | ੭੬੪ |
| ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ | ੨ | ੭੬੭ |
| ਸਗਾਈ ਦੀ ਤਿਆਰੀ/ਦਿੱਲੀ ਦੀ ਸੰਗਤ ਨੇ ਬੇਨਤੀ ਲਿਖੀ | ੩ | ੭੭੩ |
| ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ | ੪ | ੭੮੦ |
| ਸੰਗਤ ਦੀ ਬੇਨਤੀ ਪੁੱਜੀ, ਸਗਾਈ ਮੋੜ ਦਿੱਤੀ | ੫ | ੭੮੬ |
| ਦੋ ਸਗਾਈਆਂ ਇਕੱਠੀਆਂ ਹੋਈਆਂ | ੬ | ੭੯੨ |
| ਵਿਆਹ ਦੀ ਤਿਆਰੀ | ੭ | ੭੯੮ |
| ਚੰਦੂ ਦਾ ਵੈਰ ਵਧਿਆ | ੮ | ੮੦੪ |
| ਸ੍ਰੀ ਹਰਿਗੋਬਿੰਦ ਸਾਹਿਬ ਦੇ ਵਿਆਹ ਦੀ ਤਿਆਰੀ | ੯ | ੮੧੧ |
| ਬਰਾਤ ਦੀ ਚੜ੍ਹਾਈ | ੧੦ | ੮੨੧ |
| ਬਰਾਤ ਦਾ ਢੁਕਾਊ | ੧੧ | ੮੨੭ |
| ਬਰਾਤ | ੧੨-੧੩ | ੮੩੫ |
| ਬਰਾਤ ਦੀ ਵਾਪਸੀ | ੧੪ | ੮੪੭ |
| ਮੇਲ ਦੀ ਵਡਾਇਗੀ | ੧੫ | ੮੫੬ |
| ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ | ੧੬ | ੮੬੩ |
| ਸੁਲਹੀ ਚੜ੍ਹ ਕੇ ਆਇਆ | ੧੭ | ੮੭੦ |
| ਸੁਲਹੀ ਸੜ ਮੋਇਆ | ੧੮ | ੮੭੬ |
| ਚੰਦੂ ਦੀ ਪ੍ਰਿਥੀਏ ਨੂੰ ਚਿੱਠੀ | ੧੯ | ੮੮੩ |
| ਚੰਦੂ ਨਾਲ ਪ੍ਰਿਥੀਏ ਦਾ ਮੇਲ | ੨੦ | ੮੮੯ |
| ਗੋਇੰਦਵਾਲ ਜਾਣਾ | ੨੧ | ੮੯੫ |
| ਮਹਾਂਦੇਵ ਜੀ ਦਾ ਪ੍ਰਲੋਕ ਗਮਨ | ੨੨ | ੯੦੨ |
| ਸ੍ਰੀ ਗੁਰੂ ਜੀ ਦੇ ਗੁਣ | ੨੩ | ੯੧੦ |
| ਜਹਾਂਗੀਰ ਕਸ਼ਮੀਰ ਨੂੰ | ੨੪ | ੯੧੭ |
| ਸੁਲਬੀ ਦਾ ਨਾਸ਼ | ੨੫ | ੯੨੫ |
| ਪ੍ਰਿਥੀਆ ਪ੍ਰਲੋਕ ਗਮਨ | ੨੬ | ੯੩੫ |
| ਚੰਦੂ ਪ੍ਰਸੰਗ | ੨੭ | ੯੪੫ |
| ਬਾਬਾ ਸ੍ਰੀ ਚੰਦ ਜੀ ਨੇ ਭੇਟ ਮੰਗੀ | ੨੮ | ੯੫੩ |
| ਖੁਸਰੋ ਦਾ ਆਗਮਨ | ੨੯ | ੯੫੯ |
| ਸ੍ਰੀ ਹਰਿਗੋਬਿੰਦ ਜੀ ਨੂੰ ਉਪਦੇਸ਼ | ੩੦ | ੯੬੫ |
| ਸ੍ਰੀ ਗੁਰ ਅਰਜਨ ਜੀ ਲਾਹੌਰ ਆਏ | ੩੧ | ੯੭੩ |
| ਲਾਹੌਰ ਵਿਖੇ ਭਾਈ ਸੱਧੂ ਦੇ ਘਰ ਠਹਿਰੇ | ੩੨ | ੯੭੮ |
| ਜਹਾਂਗੀਰ ਨਾਲ ਮੇਲ | ੩੩ | ੯੮੪ |
| ਤਸੀਹੇ ਦੇਣ ਵਾਸਤੇ ਦੁਸ਼ਟ ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ | ੩੪ | ੯੯੨ |
| ਚੰਦੂ ਦੀ ਨੂੰਹ, ਤੱਤੀ ਰੇਤ | ੩੫ | ੧੦੦੦ |
| ਤੱਤੀ ਲੋਹ ਤੇ ਬਿਠਾਉਣਾ | ੩੬ | ੧੦੦੭ |
| ਕਸ਼ਟ, ਸੱਚਖੰਡ ਗਵਨ | ੩੭ | ੧੦੧੪ |
| ਸੱਚਖੰਡ ਗਵਨ | ੩੮ | ੧੦੨੧ |

# ਦੋ ਸ਼ਬਦ

ਭਾਈ ਸੰਤੋਖ ਸਿੰਘ ਜੀ ਇਕ ਸ੍ਰੇਸ਼ਟ ਬੁੱਧੀ ਵਾਲੇ ਇਤਿਹਾਸਕ ਖੋਜੀ ਵਿਦਵਾਨ ਹੋਏ ਹਨ, ਜਿਨ੍ਹਾਂ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਕਵਿਤਾ ਵਿਚ ਲਿਖ ਕੇ ਅਮਰ ਪਦਵੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਏਨੇ ਵਿਸਥਾਰ ਵਿਚ ਲਿਖਿਆ ਹੈ ਕਿ ਮਨੁੱਖ ਇਸ ਗ੍ਰੰਥ ਨੂੰ ਪੜ੍ਹਕੇ ਹੀ ਪ੍ਰਬੀਨ ਗਿਆਨੀ ਬਣ ਜਾਂਦਾ ਹੈ। ਕਵੀ ਜੀ ਦੇ ਆਪਣੇ ਜੀਵਨ ਵਿਚ ਹੀ ਇਸ ਗ੍ਰੰਥ ਦੀ ਕਥਾ ਪ੍ਰਚਲਤ ਹੋ ਗਈ ਸੀ। ਇਸ ਗ੍ਰੰਥ ਦੀ ਕਥਾ ਕਰਨ ਵਾਲੇ ਵੱਡੇ ਵਿਦਵਾਨ ਅਤੇ ਸਤਿਕਾਰਯੋਗ ਵਿਅਕਤੀ ਸਮਝੇ ਜਾਂਦੇ ਰਹੇ ਹਨ।

ਮੈਨੂੰ ਬਚਪਨ ਤੋਂ ਹੀ ਇਸ ਗ੍ਰੰਥ ਦੀ ਕਥਾ ਸੁਣਨ ਦਾ ਚੇਟਕ ਸੀ। ਪਰ ਮੈਨੂੰ ਕਿਤੇ ਦੂਰ ਜਾ ਕੇ ਇਹ ਕਥਾ ਸੁਣਨ ਦੀ ਲੋੜ ਨਹੀਂ ਸੀ ਪੈਂਦੀ। ਮੇਰੇ ਪਿਤਾ ਜੀ ਘਰ ਵਿਚ ਰੋਜ਼ ਰਾਤ ਸਮੇਂ ਇਸ ਦੀ ਕਥਾ ਸੁਣਾਇਆ ਕਰਦੇ ਸਨ ਤੇ ਅਸੀਂ ਘਰ ਦੇ ਸਾਰੇ ਜੀਅ ਕਾਫੀ ਰਾਤ ਤਕ ਇਹ ਕਥਾ ਸੁਣਦੇ ਰਹਿੰਦੇ ਸੀ। ਅਗਲੇ ਸਾਰਾ ਦਿਨ ਇਹ ਕਥਾ ਸਾਡੇ ਦਿਮਾਗ ਵਿਚ ਘੁੰਮਦੀ ਰਹਿੰਦੀ ਤੇ ਅਸੀਂ ਰਾਤ ਪੈਣ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦੇ ਰਹਿੰਦੇ। ਕਈ ਵਾਰ ਦਿਨ ਦੇ ਸਮੇਂ ਅਸੀਂ ਆਪ ਇਸ ਗ੍ਰੰਥ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੇ, ਪਰ ਪੁਰਾਣੇ ਛਾਪੇ ਦਾ ਛਪਿਆ ਗ੍ਰੰਥ ਪਹਿਲਾਂ ਤਾਂ ਸਾਥੋਂ ਪੜ੍ਹਿਆ ਨਾ ਜਾਂਦਾ ਜੇ ਕੋਈ ਅਖਰ ਪੜ੍ਹ ਵੀ ਲੈਂਦੇ ਤਾਂ ਉਸਦੇ ਅਰਥ ਸਾਨੂੰ ਸਮਝ ਨਾ ਆਉਂਦੇ। ਅਸੀਂ ਆਪਣੇ ਪਿਤਾ ਜੀ ਨੂੰ ਇਕ ਵਿਲੱਖਣ ਜਿਹਾ ਵਿਅਕਤੀ ਸਮਝਦੇ ਸੀ, ਜਿਹੜੇ ਉਸ ਗ੍ਰੰਥ ਨੂੰ ਪੜ੍ਹਕੇ ਏਨੇ ਸਪਸ਼ਟ ਅਰਥ ਸਮਝਾਉਂਦੇ ਸਨ। ਮੇਰੇ ਪਿਤਾ ਜੀ ਸ੍ਰ: ਕਰਤਾਰ ਸਿੰਘ ਜੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਅਤੇ ਗੁਰਬਾਣੀ ਦੇ ਬੜੇ ਸੁਲਝੇ ਹੋਏ ਵਿਦਵਾਨ ਸਨ। ਉਨ੍ਹਾਂ ਨੂੰ ਇਹ ਪੜ੍ਹਾਈ ਉਨ੍ਹਾਂ ਦੇ ਪਿਤਾ ਜੀ ਪਾਸੋਂ ਵਿਰਸੇ ਵਿਚ ਪ੍ਰਾਪਤ ਹੋਈ ਸੀ। ਉਨ੍ਹਾਂ ਸਮਿਆਂ ਵਿਚ ਰਾਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਦੀ ਕਥਾ ਸੁਣਾਉਣ ਵਾਲਿਆਂ ਨੂੰ ਬੜਾ ਸਨਮਾਨ ਮਿਲਦਾ ਸੀ। ਮੇਰੇ ਬਾਬਾ ਜੀ ਸੰਸਕ੍ਰਿਤ ਅਤੇ ਹਿੰਦੀ ਦੀ ਪੜ੍ਹਾਈ ਕਰਨ ਵਾਸਤੇ ਉਚੇਚੇ ਬਨਾਰਸ ਵਿਚ ਗਏ, ਜਿਥੇ ਉਨ੍ਹਾਂ ਵਿਦਿਆ ਮਾਰਤੰਡ ਦੀ ਡਿਗਰੀ ਪ੍ਰਾਪਤ ਕੀਤੀ। ਜਦ ਉਹ ਵਾਪਸ ਘਰ ਆਏ ਤਾਂ ਉਹ ਸੰਸਕ੍ਰਿਤ ਦੀ ਰਾਮਾਇਣ ਅਤੇ ਮਹਾਂਭਾਰਤ ਨੂੰ ਪੜ੍ਹਕੇ ਪੰਜਾਬੀ ਵਿਚ ਕਥਾ ਕਰਦੇ ਸਨ। ਆਮ ਤੌਰ ਤੇ ਉਹ ਸਿਆਲ ਵਿਚ ਕਥਾ ਆਰੰਭ ਕਰਦੇ ਸਨ ਤੇ ਸਾਰੀ ਸਾਰੀ ਰਾਤ ਲੋਕ ਕਥਾ ਸੁਣਦੇ ਰਹਿੰਦੇ ਸਨ।

ਮੇਰਾ ਕਹਿਣ ਦਾ ਭਾਵ ਹੈ ਕਿ ਮੇਰੇ ਪਿਤਾ ਜੀ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਅਤੇ ਗੁਰਬਾਣੀ ਦਾ ਗਿਆਨ ਵਿਰਸੇ ਵਿਚ ਪ੍ਰਾਪਤ ਕੀਤਾ। ਜਦ ਉਹ ਫੌਜ ਵਿਚ ਚਲੇ ਗਏ ਤਾਂ ਉਥੇ ਉਨ੍ਹਾਂ ਦੀ ਕਾਬਲੀਅਤ ਨੂੰ ਵੇਖ ਕੇ ਉਨ੍ਹਾਂ ਨੂੰ ਗੁਰਦੁਆਰੇ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ। ਉਥੇ ਉਹ ਇਕ ਗ੍ਰੰਥੀ ਦੀ ਜ਼ਿੰਮੇਵਾਰੀ ਤੋਂ ਉਪਰੰਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਵੀ ਕਰਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸਾਰੀ ਕਥਾ ਹੀ ਜ਼ਬਾਨੀ ਯਾਦ ਹੋ ਗਈ ਸੀ।

ਜਦ ਉਹ ਫੌਜ ਵਿਚੋਂ ਪੈਨਸ਼ਨ ਤੇ ਆਏ ਤਾਂ ਉਸ ਸਮੇਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸੀ। ਉਨ੍ਹਾਂ ਦੀ ਇਹ ਦਿਲੀ ਰੀਝ ਸੀ ਕਿ ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਅਸੀਂ ਸਾਰਾ ਪਰਿਵਾਰ ਚੰਗੇ ਗੁਰਸਿੱਖ ਬਣੀਏ। ਇਸ ਕਰਕੇ ਉਨ੍ਹਾਂ ਨੇ ਇਹ ਨਿਯਮ ਹੀ ਬਣਾ ਲਿਆ ਕਿ ਸਾਨੂੰ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਮੁੱਖ ਬਾਣੀਆਂ ਕੰਠ ਕਰਵਾਉਂਦੇ ਤੇ ਨਾਲ-ਨਾਲ ਅਰਥ ਵੀ ਸਮਝਾਉਂਦੇ।

ਚੰਗੇ ਭਾਗਾਂ ਨੂੰ ਮੈਨੂੰ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ, ਬਾਬਾ ਬਕਾਲਾ ਵਿਖੇ ਦਾਖਲ ਕਰਵਾਇਆ ਗਿਆ ਜਿਥੇ ਧਾਰਮਿਕ ਵਿਦਿਆ ਲਾਜ਼ਮੀ ਸੀ। ਉਥੇ ਪੜ੍ਹਾਈ ਦੌਰਾਨ ਮੈਂ ਕਈ ਬਾਣੀਆਂ ਕੰਠ ਕੀਤੀਆਂ। ਦਸਵੀਂ ਪਾਸ ਕਰਕੇ ਜਦ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖਲ ਹੋਇਆ ਤਾਂ ਮੈਨੂੰ ਪ੍ਰੋ: ਸਾਹਿਬ ਸਿੰਘ ਜੀ ਪਾਸੋਂ ਧਾਰਮਿਕ ਵਿਦਿਆ ਪੜ੍ਹਨ ਦਾ ਸਭਾਗ ਪਾਪਤ ਹੋਇਆ। ਓਹ ਇਕ ਉਚ ਕੋਟੀ ਦੇ ਵਿਦਵਾਨ ਖੋਜੀ ਸਨ ਜਿਹੜੇ ਹੱਥ ਵਿਚ ਚਾਕ ਲੈ ਕੇ ਬਲੈਕ ਬੋਰਡ

ਉਤੇ ਲਿਖਕੇ ਸਾਨੂੰ ਗੁਰਬਾਣੀ ਪੜ੍ਹਾਇਆ ਕਰਦੇ ਸਨ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਗੁਰਬਾਣੀ ਦੇ ਇਕ ਸ਼ਬਦ ਦਾ ਆਪਣੇ ਸਥਾਨ ਤੇ ਇਕ ਹੀ ਅਰਥ ਹੋ ਸਕਦਾ ਹੈ, ਬਹੁਤੇ ਨਹੀਂ, ਜਿਵੇਂ ਕਈ ਕਚ ਕਰੀੜ ਗਿਆਨੀ ਇਕ ਸ਼ਬਦ ਦੇ ਕਈ ਅਰਥ ਦੱਸ ਕੇ ਕਹਿ ਦਿੰਦੇ ਹਨ ਕਿ ਜਿਹੜਾ ਮਰਜ਼ੀ ਹੈ ਰੱਖ ਲਵੋ।

ਗੁਰਬਾਣੀ ਨਾਲ ਬਹੁਤ ਪਿਆਰ ਹੋਣ ਕਰਕੇ ਮੈਂ ਧਾਰਮਿਕ ਪ੍ਰੀਖਿਆ ਵਿਚ ਸਦਾ ਪਹਿਲੇ ਸਥਾਨ ਤੇ ਆਉਂਦਾ ਸੀ। ਜਿਸ ਕਰਕੇ ਪ੍ਰੋ: ਸਾਹਿਬ ਸਿੰਘ ਜੀ ਮੇਰਾ ਬੜਾ ਆਦਰ ਕਰਦੇ ਸਨ। ਮੈਂ ਉਨ੍ਹਾਂ ਦੀ ਲਿਖੀ ਹੋਈ ਪੁਸਤਕ ਗੁਰਬਾਣੀ ਵਿਆਕਰਣ ਆਪਣੇ ਪਿਤਾ ਜੀ ਨੂੰ ਵਿਖਾਈ, ਜਿਸ ਨੂੰ ਪੜ੍ਹਕੇ ਉਹ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੇ ਪ੍ਰੋ: ਸਾਹਿਬ ਸਿੰਘ ਜੀ ਦੀਆਂ ਲਿਖੀਆਂ ਸਾਰੀਆਂ ਬਾਣੀਆਂ ਦੇ ਸਟੀਕ ਮੰਗਵਾਏ।

ਪ੍ਰੋ: ਸਾਹਿਬ ਸਿੰਘ ਜੀ ਪਾਸੋਂ ਮੈਨੂੰ ਲਗਾਤਾਰ ਛੇ ਸਾਲ ਪੜ੍ਹਨ ਦਾ ਮੌਕਾ ਮਿਲਿਆ। ਮੈਂ ਐਮ.ਏ. ਪੰਜਾਬੀ ਕਰਦੇ ਸਮੇਂ ਵੀ ਉਨ੍ਹਾਂ ਪਾਸੋਂ ਗੁਰਬਾਣੀ ਪੜ੍ਹੀ।

ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਮੈਂ ਭਾਸ਼ਾ ਵਿਭਾਗ, ਪੰਜਾਬ ਵਿਚ ਇਕ ਭਾਸ਼ਾ ਅਧਿਕਾਰੀ ਵਜੋਂ ਚੁਣਿਆ ਗਿਆ। ਭਾਸ਼ਾ ਵਿਭਾਗ ਇਕ ਐਸਾ ਅਦਾਰਾ ਹੈ ਜਿਸ ਨੇ ਭਾਰਤੀ ਭਾਸ਼ਾਵਾਂ ਦੇ ਕੋਸ਼ ਤਿਆਰ ਕਰਕੇ ਯੂਨੀਵਰਸਿਟੀਆਂ ਦੀ ਅਗਵਾਈ ਕੀਤੀ ਹੈ। ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦੀਆਂ ਸ਼ਾਹਕਾਰ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ। ਮੈਨੂੰ ਬਹੁਤ ਪੁਸਤਕਾਂ ਦਾ ਅਨੁਵਾਦ ਕਰਨ ਦਾ ਵੀ ਮੌਕਾ ਮਿਲਿਆ ਹੈ। ਇਨ੍ਹਾਂ ਸਮਿਆਂ ਵਿਚ ਹੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਲੋਂ ਸੰਪਾਦਨ ਕੀਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਭਾਸ਼ਾ ਵਿਭਾਗ ਨੇ ਛਾਪਿਆ। ਥੋੜ੍ਹੀ ਕੀਮਤ ਰਖ ਕੇ ਇਸ ਅਦੁਤੀ ਗ੍ਰੰਥ ਨੂੰ ਆਮ ਲੋਕਾਂ ਤਕ ਪਹੁੰਚਾਇਆ ਗਿਆ। ਉਸ ਸਮੇਂ ਜਦ ਮੈਨੂੰ ਇਸ ਗ੍ਰੰਥ ਨੂੰ ਪੜ੍ਹਨ ਦਾ ਮੌਕਾ ਮਿਲਿਆ ਤਾਂ ਮੈਂ ਇਹ ਮਨ ਬਣਾਇਆ ਕਿ ਇਸ ਗ੍ਰੰਥ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਜਾਵੇ।

ਪਰ ਫਿਰ ਮੈਂ ਮਨ ਵਿਚ ਸੋਚਿਆ ਕਿ ਏਨੇ ਵੱਡੇ ਗ੍ਰੰਥ ਦੇ ਮੂਲਪਾਠ ਨੂੰ ਸਰਕਾਰ ਨੂੰ ਛੱਡਕੇ ਹੋਰ ਕੋਈ ਅਦਾਰਾ ਛਾਪਣ ਨੂੰ ਤਿਆਰ ਨਹੀਂ ਹੋਇਆ ਹੈ ਤਾਂ ਇਸ ਗ੍ਰੰਥ ਨੂੰ ਅਰਥਾਂ ਸਹਿਤ ਛਾਪਣ ਲਈ ਕੌਣ ਤਿਆਰ ਹੋਵੇਗਾ?

ਪਰ ਮੇਰੀ ਇਹ ਸੋਚ ਗਲਤ ਸਿੱਧ ਹੋਈ, ਜਦ ਮੈਂ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਫਰਮ ਦੇ ਮਾਲਕਾਂ ਨੂੰ ਮਿਲਿਆ। ਇਹ ਫਰਮ ਲਗਭਗ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਧਾਰਮਿਕ, ਇਤਿਹਾਸਿਕ ਅਤੇ ਸਾਹਿਤਕ ਪੁਸਤਕਾਂ ਛਾਪਦੀ ਆ ਰਹੀ ਹੈ। ਉਨ੍ਹਾਂ ਨੇ ਬੜੀ ਖੁਲ-ਦਿਲੀ ਨਾਲ ਮੈਨੂੰ ਵਿਸ਼ਵਾਸ ਦਿੱਤਾ ਕਿ ਉਹ ਸਾਰੇ ਗ੍ਰੰਥ ਦਾ ਪੰਜਾਬੀ ਅਨੁਵਾਦ ਛਾਪਣ ਨੂੰ ਤਿਆਰ ਹਨ।

ਮੈਂ ਇਸ ਫਰਮ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਗ੍ਰੰਥ ਦੀਆਂ ਹੁਣ ਤਕ ਚਾਰ ਜਿਲਦਾਂ ਛਾਪ ਲਈਆਂ ਹਨ। ਇਸ ਚੌਥੀ ਜਿਲਦ ਵਿਚ ਗੁਰੂ ਅਰਜਨ ਦੇਵ ਜੀ ਦਾ ਜੀਵਨ ਦਿੱਤਾ ਗਿਆ ਹੈ। ਇਸ ਗ੍ਰੰਥ ਦੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦਾ ਵਿਸਥਾਰ ਸਹਿਤ ਵੇਰਵਾ ਦਿੱਤਾ ਗਿਆ ਹੈ। ਮੈਨੂੰ ਖੁਸ਼ੀ ਹੈ ਕਿ ਇਹ ਜਿਲਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜੇ ਸਮੇਂ ਪ੍ਰਕਾਸ਼ਤ ਹੋ ਰਹੀ ਹੈ।

— ਦਾਸ

1 ਸਤੰਬਰ 2004

ਅਜੀਤ ਸਿੰਘ ਔਲਖ (ਡਾ:)

Sri Satguru Jagjit Singh Ji eLlibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਚੌਥੀ

### ਸ੍ਰੀ ਗੁਰ ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ

### ਦੂਸਰੀ ਰਾਸ

## ਅਧਿਆਇ ਪੰਝੀਵਾਂ

### ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੱਗ ਬੰਨ੍ਹਾਈ

ਦੋਹਰਾ- ਸੋਰਹ ਸਤ ਅਠਤੀਸ ਮਹਿਂ ਪਾਵਸੁ ਭਾਦੋਂ ਮਾਸ।
ਤੀਜ ਦਜੋਸ ਪਖ ਚਾਂਦਨੋ ਤਜਯੋ ਦੇਹਿ ਗੁਨਰਾਸ॥ ੧॥

ਸੰਮਤ ਸੋਲ੍ਹਾਂ ਸੈ ਅਠੱਤੀ ਦੀ ਵਰਖਾ ਰੁੱਤ ਵਿਚ ਭਾਦੋਂ ਦੇ ਮਹੀਨੇ ਅਤੇ ਚਾਂਦਨੀ ਪੱਖ ਦੀ ਤੀਜ ਵਾਲੇ ਦਿਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣਾ ਸਰੀਰ ਛੋਡਿਆ ਭਾਵ ਪਰਲੋਕ ਸਿਧਾਰ ਗਏ॥ ੧॥

ਚੌਪਈ- ਤਿਸ ਤੇ ਚਉਥੇ ਦਿਨ ਮਿਲਿ ਸਾਰੇ। ਗਮਨੇ ਜਹਿਂ ਸਤਿਗੁਰ ਸਸਕਾਰੇ।
ਤਿਸ ਥਲ ਭਸਮ ਰਾਸ ਕੋ ਹੇਰੇ। ਸ੍ਰੀ ਅਰਜਨ ਲੋਚਨ ਜਲ ਗੇਰੇ॥ ੨॥

ਉਸ ਤੋਂ ਬਾਅਦ ਚੌਥੇ ਵਾਲੇ ਦਿਨ ਸਾਰੇ ਇਕੱਠੇ ਹੋਏ, ਚਲ ਕੇ ਓਥੇ ਪਹੁੰਚ ਗਏ ਜਿਥੇ ਸਤਿਗੁਰੂ ਜੀ ਦਾ ਸਸਕਾਰ ਕੀਤਾ ਸੀ। ਓਥੇ ਜਾ ਕੇ ਜਦ ਭਸਮ ਦੀ ਢੇਰੀ (ਅੰਗੀਠਾ) ਨੂੰ ਵੇਖਿਆ ਤਾਂ ਗੁਰੂ ਅਰਜਨ ਦੇਵ ਜੀ ਦੀਆਂ ਅੱਖਾਂ ਵਿਚੋਂ ਜਲ ਡਿੱਗਣ ਲੱਗਾ॥ ੨॥

'ਸ੍ਰੀ ਗੁਰ ਪਿਤਾ ਆਸਰਾ ਮੋਰਾ। ਦ੍ਰਿਸ਼ਟਿ ਨ ਪਰਤਿ ਅਬਹਿ ਕਿਤ ਓਰਾ।
ਰਹਯੋ ਇਕਾਕੀ ਬਿਨ ਅਵਿਲੰਬਾ। ਭ੍ਰਾਤਾ ਚਿਤਵਤਿ ਖੋਟ ਕਦੰਬਾ'॥ ੩॥

ਕਹਿਣ ਲੱਗੇ, "ਸ੍ਰੀ ਗੁਰ ਪਿਤਾ ਜੀ ਮੇਰਾ ਆਸਰਾ ਸਨ, ਹੁਣ ਉਹ ਕਿਤੇ ਵੀ ਦਿਖਾਈ ਨਹੀਂ ਦੇ ਰਹੇ। ਮੈਂ ਕਿਸੇ ਆਸਰੇ ਬਗੈਰ ਇਕੱਲਾ ਰਹਿ ਗਿਆ ਹਾਂ ਅਤੇ ਮੇਰਾ ਭਰਾ ਹਰ ਵੇਲੇ ਖੋਟੀਆਂ ਚਾਲਾਂ ਸੋਚਦਾ ਰਹਿੰਦਾ ਹੈ"॥੩॥

ਅਪਰ ਨਰਨ ਸਮ ਕਰਤਿ ਬਿਲਾਪਾ। ਦਿਖਯੋ ਮੋਹਰੀ ਕਰਤਿ ਸੰਤਾਪਾ।
ਧੀਰਜ ਦਿਯੋ ਬਾਕ ਮ੍ਰਿਦੁ ਕਹੇ। 'ਸਤਿਗੁਰ ਪੂਰਨ ਜਹਿਂ ਕਹਿਂ ਅਹੇ॥ ੪॥

ਹੋਰ ਮਨੁੱਖਾਂ ਵਾਂਗ ਵਿਰਲਾਪ ਕਰਨ ਲੱਗੇ। ਜਦ ਬਾਬੇ ਮੋਹਰੀ ਜੀ ਨੇ ਉਨ੍ਹਾਂ ਦੇ ਸੰਤਾਪ ਨੂੰ ਵੇਖਿਆ ਤਾਂ ਮਿੱਠੇ ਬਚਨ ਬੋਲ ਕੇ ਉਨ੍ਹਾਂ ਧੀਰਜ ਦਿੱਤਾ, "ਜਿਥੇ ਕਿਥੇ ਵੀ ਪੂਰਨ ਸਤਿਗੁਰੂ ਜੀ ਹੀ ਹਨ॥ ੪॥

Sri Satguru Jagjit Singh Ji eLlibrary NamdhariElibrary@gmail.com

ਧਰਿ ਸ਼ਰਧਾ ਚਿਤਵਹਿ ਜਹਿਂ ਕੋਈ। ਆਨਿ ਸਹਾਇਕ ਤਿਹ ਠਾਂ ਹੋਈ।
ਅਪਰ ਨਰਨ ਕੋ ਕਰਿ ਦਿਖਰਾਵੈ। ਸੋ ਸਰੂਪ ਤੁਮ ਆਪ ਕਹਾਵੈ॥ ੫॥

ਜੇ ਕੋਈ ਧੀਰਜ ਅਤੇ ਸ਼ਰਧਾ ਨਾਲ ਉਨ੍ਹਾਂ ਦਾ ਸਿਮਰਨ ਕਰਦਾ ਹੈ ਤਾਂ ਤੁਰੰਤ ਆ ਕੇ ਉਸ ਦੀ ਸਹਾਇਤਾ ਕਰਦੇ ਹਨ। ਹੋਰ ਮਨੁੱਖਾਂ ਨੂੰ ਮਨੁੱਖੀ ਨਾਟ ਕਰਕੇ ਵਿਖਾਉਂਦੇ ਹੋ, ਸਤਿਗੁਰੂ ਜੀ ਦਾ ਸਰੂਪ ਤੁਸੀਂ ਆਪ ਕਹਾਉਂਦੇ ਹੋ॥ ੫॥

ਸਰਬ ਭਾਂਤਿ ਕੀ ਸ਼ਕਤਿ ਧਰੰਤੇ। ਸਿੱਖਨ ਸਦਾ ਸਹਾਇ ਕਰੰਤੇ'।
ਇੱਤਜਾਦਿਕ ਕਹਿ ਧੀਰਜ ਦੀਨੇ। ਪੁਨ ਮਿਲਿ ਗੁਰੂ ਫੂਲ ਸਭਿ ਬੀਨੇ॥ ੬॥

ਸਰਬ ਪ੍ਰਕਾਰ ਦੀ ਤੁਸੀਂ ਸ਼ਕਤੀ ਧਾਰਨ ਕੀਤੀ ਹੋਈ ਹੈ, ਸਿੱਖਾਂ ਦੀ ਸਦਾ ਸਹਾਇਤਾ ਕਰਦੇ ਹੋ'' ਇਤਿਆਦਿ ਕਹਿ ਕੇ ਧੀਰਜ ਦਿੱਤਾ। ਫਿਰ ਸਾਰਿਆਂ ਨੇ ਮਿਲ ਕੇ ਗੁਰੂ ਰਾਮਦਾਸ ਜੀ ਦੇ ਫੁੱਲ ਚੁਗੇ॥ ੬॥

ਸਰਬ ਕ੍ਰਿਆ ਕਰਿ ਆਛੀ ਭਾਂਤਿ। ਆਏ ਪੁਰਿ, ਕਹਿ ਜਸੁ ਅਵਦਾਤਿ।
ਸ੍ਰੀ ਅੰਮ੍ਰਿਤਸਰ ਕੋ ਨਰ ਗਯੋ। ਪ੍ਰਿਥੀਏ ਸਭਿ ਬ੍ਰਿਤਾਂਤ ਸੁਨਿ ਲਯੋ॥ ੭॥

ਚੰਗੀ ਤਰ੍ਹਾਂ ਸਾਰੀਆਂ ਕ੍ਰਿਆਵਾਂ ਕਰਕੇ, ਅਤੇ ਉੱਜਲ ਜੱਸ ਕਹਿ ਕੇ ਨਗਰ ਨੂੰ ਆ ਗਏ। ਕੁਝ ਮਨੁੱਖ ਅੰਮ੍ਰਿਤਸਰ ਨੂੰ ਵੀ ਗਏ, ਪ੍ਰਿਥੀਏ ਨੇ ਉਨ੍ਹਾਂ ਪਾਸੋਂ ਸਾਰਾ ਬ੍ਰਿਤਾਂਤ ਸੁਣ ਲਿਆ॥ ੭॥

'ਇਕ ਨਿਸ ਬਸਿ ਕੈ ਗੋਇੰਦਵਾਲ। ਤਨੁ ਤਜਿ, ਗਏ ਬਿਕੁੰਠ ਕ੍ਰਿਪਾਲ।
ਸ੍ਰੀ ਅਰਜਨ ਕਰ ਨਿਜ ਸਸਕਾਰੇ। ਅਪਰ ਕ੍ਰਿਯਾ ਕੀਨਸ ਹਿਤ ਧਾਰੇ'॥ ੮॥

''ਗੋਇੰਦਵਾਲ ਵਿਚ ਇਕ ਦਿਨ ਰਹਿ ਕੇ ਕ੍ਰਿਪਾਲੂ ਗੁਰੂ ਰਾਮਦਾਸ ਜੀ ਬੈਕੁੰਠ ਨੂੰ ਚਲੇ ਗਏ ਹਨ। ਸ੍ਰੀ ਅਰਜਨ ਦੇਵ ਜੀ ਨੇ ਆਪਣੇ ਹੱਥਾਂ ਨਾਲ ਸਸਕਾਰ ਕੀਤਾ ਹੈ ਅਤੇ ਹੋਰ ਕ੍ਰਿਆਵਾਂ ਵੀ ਹਿਤ ਧਾਰ ਕੇ ਕੀਤੀਆਂ ਹਨ''॥ ੮॥

ਚਿਤ ਚਟਪਟੀ ਸੁਨਤਿ ਹੁਇ ਆਈ। ਚਢਜੋ ਤੁਰੰਗ ਪੰਥ ਪਗ ਪਾਈ।
ਕਰਮੋ ਆਦਿਕ ਕੀ ਕਰਿ ਤਜਾਰੀ। ਗਮਨੀ ਮਾਰਗ ਸਕਲ ਪਿਛਾਰੀ॥ ੯॥

ਪ੍ਰਿਥੀਆ ਇਹ ਸੁਣ ਕੇ ਚਿੱਤ ਵਿਚ ਬਹੁਤ ਘਬਰਾ ਗਿਆ। ਘੋੜੇ ਉੱਤੇ ਚੜ੍ਹ ਕੇ ਗੋਇੰਦਵਾਲ ਦੇ ਰਾਹ ਪੈ ਗਿਆ। ਉਸ ਦੀ ਪਤਨੀ ਕਰਮੋ ਆਦਿ ਵੀ ਤਿਆਰੀ ਕਰਕੇ ਉਸਦੇ ਪਿੱਛੇ-ਪਿੱਛੇ ਰਾਹੇ ਪੈ ਗਏ॥ ੯॥

ਗੋਇੰਦਵਾਲ ਪਹੂਚਜੋ ਆਈ। ਦੇਖੇ ਲੋਕ ਮਿਲੇ ਸਮੁਦਾਈ।
ਮਹਾਂਦੇਵ ਹੈ ਸੰਗ ਸੁ ਆਯੋ। ਉਤਰੇ ਵਹਿਰ, ਨੀਰ ਦ੍ਰਿਗ ਛਾਯੋ॥ ੧੦॥

ਗੋਇੰਦਵਾਲ ਜਾ ਕੇ ਉਨ੍ਹਾਂ ਵੇਖਿਆ ਕਿ ਬਹੁਤ ਲੋਕ ਇਕੱਠੇ ਹੋਏ ਹਨ। ਮਹਾਂਦੇਵ ਵੀ ਨਾਲ ਆਇਆ ਸੀ। ਬਾਹਰ ਉੱਤਰ ਗਏ ਤੇ ਅੱਖਾਂ ਵਿਚ ਜਲ ਛਾ ਗਿਆ॥ ੧੦॥

ਛਲ ਤੇ ਰੋਦਤਿ ਕ੍ਰੋਧ ਬਧਾਯੋ। ਸਭਿਨਿ ਸੁਨਾਵਤਿ ਊਚ ਅਲਾਯੋ।
'ਗੁਰਤਾ ਤਿਲਕ ਭਲੋ ਦਿਨ ਪਾਯੋ। ਦੁਇ ਦਿਨ ਬਿਤੇ ਨ, ਬਿਸੁ ਕੋ ਖ੍ਵਾਯੋ॥੧੧॥

ਛਲ-ਕਪਟ ਨਾਲ ਰੋ ਕੇ ਬਹੁਤ ਕ੍ਰੋਧ ਵਧਾਇਆ; ਸਾਰਿਆਂ ਨੂੰ ਸੁਣਾ ਕੇ ਉੱਚੀ ਦਿੱਤੀ ਬੋਲਿਆ, ''ਗੁਰਤਾ ਦਾ ਤਿਲਕ ਇਸ ਚੰਗਾ ਪਾਇਆ ਹੈ, ਦੋ ਦਿਨ ਬੀਤੇ ਨਹੀਂ ਤੇ ਪਿਤਾ ਜੀ ਨੂੰ ਜ਼ਹਿਰ ਖਵਾ ਦਿੱਤੀ ਹੈ॥ ੧੧॥

ਪੁਜਵਾਵਨ ਕੋ ਲਾਲਚ ਕਰਿਕੈ। ਮਾਰਜੋ ਪਿਤਾ ਕਪਟ ਕੋ ਧਰਿਕੈ।
ਇਸ ਬਿਧਿ ਤੇ ਨਹਿਂ ਗੁਰ ਬਨ ਜੈ ਹੈ। ਘੋਰ ਪਾਪ ਕੋ ਫਲੁ ਇਹੁ ਪੈਹੈ॥੧੨॥

ਆਪਣੀ ਪੂਜਾ ਕਰਵਾਉਣ ਦਾ ਲਾਲਚ ਕਰਕੇ, ਕਪਟ ਧਾਰਨ ਕਰਕੇ ਪਿਤਾ ਜੀ ਨੂੰ ਮਾਰ ਦਿੱਤਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਗੁਰੂ ਨਹੀਂ ਬਣ ਚਲਿਆ। ਇਹ ਇਸ ਘੋਰ ਪਾਪ ਦਾ ਫਲ ਪਾਵੇਗਾ॥ ੧੨॥

ਵਸਤੂ ਪਾਇ ਜੋ ਹੁਇ ਅਧਿਕਾਰੀ। ਇਹੀ ਰੀਤਿ ਹੈ ਸਕਲ ਮਝਾਰੀ।
ਪਿਤ ਅਰੋਗ ਬਲਵਾਨ ਅਛੇਰੇ। ਅਤਿ ਪ੍ਰਸੰਨ ਮਨੁ ਤਨੁ ਤਿਸ ਬੇਰੇ॥ ੧੩॥

ਉਹੀ ਵਸਤੂ ਪਾਉਂਦਾ ਹੈ, ਜਿਹੜਾ ਉਸ ਦਾ ਅਧਿਕਾਰੀ ਹੁੰਦਾ ਹੈ, ਸਾਰਿਆਂ ਵਿਚ ਇਹੋ ਧਾਰਨਾ ਚਲਦੀ ਆਈ ਹੈ। ਪਿਤਾ ਜੀ ਅਰੋਗ ਅਤੇ ਚੰਗੇ-ਭਲੇ ਬਲਵਾਨ ਸਨ, ਉਨ੍ਹਾਂ ਦਾ ਮਨ ਤਨ ਉਸ ਸਮੇਂ ਅਨੰਦ-ਪ੍ਰਸੰਨ ਸੀ॥ ੧੩॥

ਆਵਿਤ ਇਕ ਦਿਨ ਮਹਿਂ ਕਜਾ ਹੋਯੋ। ਬਿਖ ਬਿਨ ਮ੍ਰਿਤੁ ਕਾਰਨ ਨਹਿਂ ਕੋਯੋ।
ਬ੍ਰਿਧ ਆਦਿਕ ਪੱਖੀ ਇਸ ਭਏ। ਕਿਸ ਕੋ ਤ੍ਰਾਸ ਨਹੀਂ ਮਨ ਕਏ'॥ ੧੪॥

ਇਕ ਦਿਨ ਵਿਚ ਆ ਕੇ ਕੀ ਹੋ ਗਿਆ, ਜ਼ਹਿਰ ਦੇਣ ਤੋਂ ਬਗੈਰ ਹੋਰ ਕੋਈ ਕਾਰਨ ਨਹੀਂ ਹੋ ਸਕਦਾ। ਬਾਬਾ ਬੁੱਢਾ ਜੀ ਆਦਿ ਸਾਰੇ ਇਸਦੇ ਹਮਾਇਤੀ ਹਨ, ਕਿਸੇ ਨੇ ਵੀ ਮਨ ਵਿਚ ਡਰ ਨਹੀਂ ਜਾਣਿਆ ਹੈ"॥ ੧੪॥

ਤਬੈ ਮੋਹਰੀ ਨੇ ਤਿਹ ਕਹਜੋ। 'ਕਾਰਨ ਬਿਨਾ ਕ੍ਰੋਧ ਕਿਮ ਲਹਜੋ?।
ਮਿਲਹੁ ਸਭਿਨਿ ਮਹਿਂ ਮ੍ਰਿਦੁਲ ਉਚਾਰਿ। ਹੋਹਿ ਇਕਾਕੀ ਕਰਿ ਲਿਹੁ ਰਾਰ'॥੧੫॥

ਤਦ ਬਾਬਾ ਮੋਹਰੀ ਜੀ ਨੇ ਉਸ ਨੂੰ ਕਿਹਾ, "ਕਿਸੇ ਕਾਰਨ ਬਗੈਰ ਤੂੰ ਕਿਉਂ ਕ੍ਰੋਧ ਕੀਤਾ ਹੈ? ਸਾਰਿਆਂ ਨੂੰ ਮਿਲ ਕੇ ਮਿੱਠੇ ਬਚਨ ਬੋਲੋ, ਇਕ ਮਾਤ੍ਰ ਆ ਕੇ ਝਗੜਾ ਕਰ ਰਹੇ ਹੋ"॥ ੧੫॥

ਮਧੁਰ ਬਾਕ ਤੇ ਬਰਜਨ ਕਰਜੋ। ਦ੍ਰਿਗ ਜਲ ਢਰਜੋ ਕਪਟ ਕੋ ਭਰਜੋ।
ਮਹਾਂਦੇਵ ਨੇਂ ਪੁਨ ਸਮਝਾਯੋ। 'ਉਚਿਤ ਬੋਲਿਬੋ ਤੁਝ ਬਨਿ ਆਯੋ॥ ੧੬॥

ਮਿੱਠੇ ਬਚਨ ਬੋਲ ਕੇ ਉਸ ਨੂੰ ਬੋਲਣ ਤੋਂ ਰੋਕ ਦਿੱਤਾ। ਅੱਖਾਂ ਵਿਚ ਕਪਟ ਭਰੇ ਹੰਝੂ ਸਨ। ਫਿਰ ਮਹਾਂਦੇਵ ਨੇ ਸਮਝਾਇਆ, "ਇਸ ਵੇਲੇ ਤੈਨੂੰ ਯੋਗ ਸ਼ਬਦ ਬੋਲਣੇ ਬਣਦੇ ਹਨ॥ ੧੬॥

ਦੂਰ ਦੂਰ ਕੇ ਨਰ ਸੁਨਿ ਕਰਿਕੈ। ਕਜਾ ਕਹਿ ਹੈਂ ਤੁਵ ਬਾਕ ਸਿਮਰਿਕੈਂ'।
ਸ੍ਰੀ ਅਰਜਨ ਸੁਨਿ ਤੂਸ਼ਨਿ ਠਾਨੀ। ਉਰ ਸੀਤਲ ਨਿਤ ਆਤਮ ਗਜਾਨੀ॥੧੭॥

ਦੂਰ-ਦੂਰ ਤੋਂ ਮਨੁੱਖ ਇਕੱਠੇ ਹੋਏ ਹਨ, ਉਹ ਤੁਹਾਡੇ ਅਜੇਹੇ ਸ਼ਬਦ ਸੁਣਕੇ ਕੀ ਕਹਿਣਗੇ?" ਸ੍ਰੀ ਅਰਜਨ ਦੇਵ ਜੀ ਪ੍ਰਿਥੀਏ ਦੇ ਬਚਨ ਸੁਣ ਕੇ ਚੁੱਪ ਰਹੇ। ਆਤਮ-ਗਿਆਨੀ ਹੋਣ ਕਰਕੇ ਉਨ੍ਹਾਂ ਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ॥ ੧੭॥

ਬਹੁ ਲੋਕਨ ਤਿਹ ਕੋ ਸਮੁਝਾਵਾ। ਰਹਜੋ ਤਹਾਂ ਬਡ ਚਿੰਤ ਉਪਾਵਾ।
'ਲੈਹੋਂ ਪਾਗ ਸਭਿਨਿ ਤੇ ਇਹਾਂ'। ਯਾਂਤੇ ਰਹਤਿ ਭਯੋ ਦੁਖਿ ਮਹਾਂ॥ ੧੮॥

ਬਹੁਤ ਲੋਕਾਂ ਨੇ ਉਸ ਨੂੰ ਸਮਝਾਇਆ, ਵੱਡੀ ਚਿੰਤਾ ਵਿਚ ਗ੍ਰੱਸਤ ਓਥੇ ਖੜਾ ਰਿਹਾ। ਮਨ ਵਿਚ ਸੋਚਣ ਲੱਗਾ, "ਮੈਂ ਏਥੇ ਇਨ੍ਹਾਂ ਪਾਸੋਂ ਪੱਗ ਲਵਾਂਗਾ" ਇਸ ਲਈ ਮਹਾਨ ਦੁੱਖ ਵਿਚ ਜਕੜਿਆ ਓਥੇ ਖੜਾ ਰਿਹਾ॥ ੧੮॥

ਇਸ ਬਿਧਿ ਬਸਿਕੈ ਗੋਇੰਦਵਾਲ। ਦ੍ਵਾਦਸ਼ ਦਿਵਸਨ ਕੋ ਤਹਿਂ ਟਾਲਿ।
ਤ੍ਰੈਦਸਮੇਂ ਮਹਿਂ ਕ੍ਰਿਤ ਸਭਿ ਕੀਨਿ। ਜਥਾ ਜੋਗ ਜੈਸੇ ਕਹਿ ਦੀਨਿ॥ ੧੯॥

ਇਸ ਤਰ੍ਹਾਂ ਗੋਇੰਦਵਾਲ ਵਿਚ ਰਹਿ ਕੇ ਬਾਰਾਂ ਦਿਨ ਬਤੀਤ ਕੀਤੇ, ਤੇਰ੍ਹਵੇਂ ਦਿਨ ਨੂੰ ਬਾਕੀ ਸਾਰੇ ਕੰਮ-ਕਾਜ ਕੀਤੇ। ਯਥਾ-ਯੋਗ ਜਿਸ ਤਰ੍ਹਾਂ ਕਹਿ ਦਿੱਤੇ ਸਨ॥ ੧੯॥

ਤਬੈ ਮੋਹਰੀ ਮਿਲਿ ਸਭਿ ਸੰਗ। ਕਹਜੋ ਬੰਧਾਵਨ ਪਾਗ ਪ੍ਰਸੰਗ।
'ਸ੍ਰੀ ਗੁਰ ਰਾਮਦਾਸ ਜਿਮ ਭਾਖਾ। ਹਮ ਤੇ ਕਰਹਿਂ ਤਥਾ ਅਭਿਲਾਖਾ'॥੨੦॥

ਤਦ ਬਾਬੇ ਮੋਹਰੀ ਜੀ ਨੇ ਸਭ ਨੂੰ ਮਿਲ ਕੇ ਪੱਗ ਬੰਨ੍ਹਾਉਣ ਬਾਰੇ ਕਿਹਾ, "ਜਿਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਹੈ, ਅਸੀਂ ਉਸ ਤਰਾਂ ਹੀ ਉਨਾਂ ਦੀ ਅਭਿਲਾਸ਼ਾ ਪੂਰੀ ਕਰੀਏ॥ ੨੦॥

ਬ੍ਰਿਧ ਨੇ ਭਨਜੋ 'ਗੁਰੂ ਜਿਸ ਆਇਸੁ। ਤੁਮਹਿ ਉਚਿਤ ਪਿਤ ਥਾਨ ਬਿਠਾਇਸੁ।
ਸ੍ਰੀ ਗੁਰ ਅਮਰ ਅੰਸੁ ਤੁਮ ਅਹੋ। ਜਥਾ ਜੋਗ ਕੀਜੈ ਜਿਮ ਲਹੋ' ॥ ੨੧ ॥

ਬਾਬਾ ਬੁੱਢਾ ਜੀ ਨੇ ਕਿਹਾ, "ਗੁਰੂ ਜੀ, ਜਿਸ ਦੀ ਆਗਿਆ ਅਨੁਸਾਰ ਤੁਹਾਨੂੰ ਪਿਤਾ ਜੀ ਵਾਲੇ ਉਚਿਤ ਸਥਾਨ ਤੇ ਬਿਠਾਇਆ ਹੈ। ਤੁਸੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਹੋ, ਯਥਾ-ਯੋਗ ਜਿਵੇਂ ਚਾਹੁੰਦੇ ਹੋ, ਕਾਰਜ ਕਰੋ" ॥ ੨੧ ॥

ਬਹੁਰ ਮੋਹਰੀ ਸੁਨਿਕੈ ਕਹਜੋ। 'ਨੀਕੇ ਤਥਾ, ਜਥਾ ਤੁਮ ਲਹਜੋ।
ਤਊ ਸੁ ਪ੍ਰਿਥੀਆ ਬਡ ਹੰਕਾਰੀ। ਦਰਬ ਅਧਿਕ ਤੇ ਗਰਬਤਿ ਭਾਰੀ ॥ ੨੨ ॥

ਫਿਰ ਬਾਬਾ ਮੋਹਰੀ ਜੀ ਨੇ ਸੁਣ ਕੇ ਕਿਹਾ, "ਉਸ ਤਰ੍ਹਾਂ ਹੀ ਚੰਗਾ ਹੈ ਜਿਵੇਂ ਤੁਸੀਂ ਜਾਣਦੇ ਹੋ। ਪ੍ਰਿਥੀਆ ਵੱਡਾ ਹੰਕਾਰੀ ਹੈ, ਬਹੁਤ ਧਨ ਪਾਸ ਹੋਣ ਕਰਕੇ ਬਹੁਤ ਘੁਮੰਡ ਕਰਦਾ ਹੈ॥ ੨੨ ॥

ਬੁਰੋ ਪਰਹਿ ਸਭਿਹਿਨਿ ਕੇ ਸੰਗ। ਕਹਿਨ ਕਠੋਰ ਸੁਭਾਇ ਕੁਢੰਗ।
ਦ੍ਵੈਸ਼ ਰਚਹਿਗੋ ਸੰਗ ਹਮਾਰੇ। ਇਹੀ ਲਹੈਗੋ, ਇਨਹਿਂ ਬਿਗਾਰੇ ॥ ੨੩ ॥

ਸਾਰਿਆਂ ਦੇ ਨਾਲ ਬੁਰਾ ਸਲੂਕ ਕਰਦਾ ਹੈ, ਉਹ ਕਠੋਰ ਸ਼ਬਦ ਬੋਲਦਾ ਹੈ ਅਤੇ ਸੁਭਾਅ ਉਸ ਦਾ ਬਹੁਤ ਭੈੜਾ ਹੈ। ਸਾਡੇ ਸਿਰ ਦੋਸ਼ ਥਪੇਗਾ ਅਤੇ ਇਹੀ ਸਮਝੇਗਾ ਕਿ ਇਨ੍ਹਾਂ ਨੇ ਕਾਰਜ ਵਿਗਾੜਿਆ ਹੈ॥ ੨੩ ॥

ਯਾਂਤੇ ਬੈਠੋ ਸਭਾ ਲਗਾਇ। ਪੂਰਬ ਲਖੀਅਹਿ ਤਾਂਹਿ ਸੁਭਾਇ।
ਕਿਮ ਬੋਲਹਿ ਪਾਰੁਖ ਕਰਿ ਲੀਜਹਿ। ਬਹੁਰੋ ਪਾਗ ਬੰਧਾਇ ਥਪੀਜਹਿ ॥ ੨੪ ॥

ਇਸ ਕਰਕੇ ਹੀ ਏਥੇ ਡੇਰਾ ਲਾ ਕੇ ਬੈਠਾ ਹੈ, ਅਸੀਂ ਪਹਿਲਾਂ ਹੀ ਇਸ ਦੇ ਸੁਭਾਅ ਨੂੰ ਜਾਣਦੇ ਹਾਂ, ਕਿਵੇਂ ਬੋਲੇਗਾ, ਇਸ ਦੀ ਪਹਿਲਾਂ ਪਰਖ ਕਰ ਲਵੋ, ਫਿਰ ਪੱਗ ਬੰਨ੍ਹਾ ਦੇਵੋ॥ ੨੪ ॥

ਦ੍ਵੈਸ਼ੀ ਮਹਾਂ, ਨ ਮ੍ਰਿਦੁਲ ਸੁਭਾਊ। ਪਰਜਸ ਤੇ ਅਤਿਸ਼ੈ ਤਪਤਾਊ।
ਇਮ ਬਿਚਾਰਿ ਬਾਪੀ ਦਰਬਾਰ। ਬੈਠੇ ਲਘੁ ਬਡ ਸਭਾ ਮਝਾਰ ॥ ੨੫ ॥

ਬਹੁਤ ਈਰਖਾਲੂ ਹੈ, ਸੁਭਾਅ ਨਰਮ ਨਹੀਂ ਹੈ, ਪਰਾਇਆ ਜੱਸ ਸੁਣ ਕੇ ਬਹੁਤ ਸੜਦਾ ਹੈ।" ਇਸ ਤਰ੍ਹਾਂ ਵਿਚਾਰ ਕੇ, ਬਾਉਲੀ ਦੇ ਕਿਨਾਰੇ ਦਰਬਾਰ ਲਾ ਲਿਆ, ਸਭ ਛੋਟੇ-ਵੱਡੇ ਸਭਾ ਦੇ ਵਿਚ ਬੈਠ ਗਏ॥ ੨੫ ॥

ਸ੍ਰੀ ਅਰਜਨ ਪ੍ਰਿਥੀਆ ਤਬਿ ਆਇਵ। ਮਹਾਂਦੇਵ ਤਹਿਂ ਆਨ ਬਿਠਾਇਵ।
ਬ੍ਰਿਧ ਆਦਿਕ ਸਿਖ ਜੇ ਸਮੁਦਾਏ। ਸਕਲ ਹਕਾਰੇ ਤਹਿਂ ਚਲਿ ਆਏ ॥ ੨੬ ॥

ਸ੍ਰੀ ਅਰਜਨ ਤੇ ਪ੍ਰਿਥੀਆ ਵੀ ਤਦ ਆ ਗਏ, ਮਹਾਂਦੇਵ ਵੀ ਆ ਕੇ ਬੈਠ ਗਿਆ। ਬਾਬਾ ਬੁੱਢਾ ਜੀ ਆਦਿ ਜੋ ਸਿੱਖ ਸੰਗਤ ਸੀ, ਸਾਰਿਆਂ ਨੂੰ ਬੁਲਾਇਆ ਗਿਆ ਸੀ, ਇਸ ਕਰਕੇ ਉਹ ਵੀ ਚਲ ਕੇ ਆ ਗਏ॥ ੨੬ ॥

ਕਹਜੋ ਮੋਹਰੀ 'ਬਡ ਬਚ ਲੀਕਾ। ਚਹੀਅਹਿ ਸਭਿਨਿ ਲਖਹਿਂ ਤਿਹ ਨੀਕਾ।
ਅਬਿ ਜਿਮ ਮਤਿ ਹੋਵਹਿ ਸਭਿਹੀ ਕਾ। ਉਚਿਤ ਜਾਨ ਕਰੀਅਹਿ ਸ਼ੁਭ ਟੀਕਾ ॥੨੭ ॥

ਬਾਬਾ ਮੋਹਰੀ ਜੀ ਨੇ ਕਿਹਾ, "ਗੁਰੂ ਜੀ ਦੇ ਬਚਨਾਂ ਦੀ ਵੱਡੀ ਲੀਕ ਹੈ, ਸਾਰਿਆਂ ਨੂੰ ਚਾਹੀਦਾ ਹੈ ਕਿ ਉਸ ਨੂੰ ਚੰਗੀ ਤਰ੍ਹਾਂ ਸਮਝ ਲੈਣ। ਹੁਣ ਜਿਵੇਂ ਸਾਰਿਆਂ ਦੀ ਸਹਿਮਤੀ ਹੋਵੇ, ਉਚਿਤ ਜਾਣ ਕੇ ਸ਼ੁਭ ਕਾਰਜ ਕਰੋ॥ ੨੭॥

ਸਿਖ ਸੇਵਕ ਸਨਬੰਧੀ ਸਾਰੇ। ਜਿਮ ਆਛੋ ਤਿਮ ਕਰਹੁ ਉਚਾਰੇ'।
ਸੁਨਿ ਪ੍ਰਿਥੀਆ ਨਹਿਂ ਸਕਜੋ ਸਹਾਰਾ। ਖੁਨਸਜੋ ਮੁਖ ਤੇ ਕਰਤਿ ਉਚਾਰਾ ॥੨੮ ॥

ਸਿੱਖ, ਸੇਵਕ ਅਤੇ ਸਾਰੇ ਸੰਬੰਧੀ, ਜਿਵੇਂ ਚੰਗਾ ਸਮਝਦੇ ਹੋ, ਉਸ ਤਰ੍ਹਾਂ ਹੀ ਬਚਨ ਕਰੋ।" ਇਹ ਸੁਣ ਕੇ ਪ੍ਰਿਥੀਆ ਸਹਾਰ ਨਾ ਸਕਿਆ। ਚਿਹਰੇ ਤੇ ਗੁੱਸਾ ਲਿਆ ਕੇ ਬੋਲਿਆ॥ ੨੮ ॥

'ਸੁਮਤਿਵੰਤ! ਤੁਮ ਕਜੋਂ ਨ ਬਿਚਾਰੋ। ਅਧਿਕਾਰੀ ਕੋ ਹੇਰਿ ਉਚਾਰੋ।
ਕਰੇ ਕ੍ਰੋਧ ਜੇ ਪਿਤ ਕਹਿ ਦੀਨੋ। ਬਡੋ ਅਲਪ ਕਿਮ ਹ੍ਵੈ ਚਿਤ ਚੀਨੋ॥ ੨੯॥

ਹੇ ਸਿਆਣਿਓ ! ਤੁਸੀਂ ਕਿਉਂ ਨਹੀਂ ਵਿਚਾਰ ਕਰਦੇ, ਜਿਹੜਾ ਪੱਗ ਬੰਨ੍ਹਾਉਣ ਦਾ ਅਸਲੀ ਹੱਕਦਾਰ ਹੈ, ਉਸ ਵੱਲ ਵੇਖ ਕੇ ਕਹੋ। ਜੇ ਪਿਤਾ ਜੀ ਨੇ ਕ੍ਰੋਧ ਕਰਕੇ ਕਹਿ ਦਿੱਤਾ ਹੈ ਤਾਂ ਜਿਹੜਾ ਵੱਡਾ ਹੈ ਉਹ ਛੋਟਾ ਕਿਵੇਂ ਬਣ ਜਾਵੇਗਾ? ਚਿੱਤ ਵਿਚ ਇਸ ਨੂੰ ਚੰਗੀ ਤਰ੍ਹਾਂ ਸਮਝੋ॥ ੨੯॥

ਜੇਕਰਿ ਤੁਮ ਮਿਰਜਾਦ ਬਿਗਾਰੋ। ਅਪਨੀ ਸੰਤਤਿ ਓਰ ਨਿਹਾਰੋ।
ਸਭਿਕੈ ਬਿਗਰ ਜਾਇ ਕੁਲ ਰੀਤਿ। ਹੋਹਿ ਸੁਛੰਦ ਚਲਹਿਂ ਬਿੱਪ੍ਰੀਤ' ॥ ੩੦॥

ਜੇ ਤੁਸੀਂ ਹੁਣ ਮਰਯਾਦਾ ਨੂੰ ਵਿਗਾੜਦੇ ਹੋ ਤਾਂ ਆਪਣੀ ਸੰਤਾਨ ਵਲ ਵੇਖੋ। ਸਾਰਿਆਂ ਦੀ ਕੁਲ ਦੀ ਰੀਤੀ ਬਦਲ ਜਾਵੇਗੀ, ਬੇਸ਼ਕ ਮਰਜ਼ੀ ਨਾਲ ਹੋਵੇ ਪਰ ਉਲਟੀ ਚਾਲ ਚਲ ਪਵੇਗੀ' ॥ ੩੦॥

ਪੁਨ ਬ੍ਰਿਧ ਅਪਰ ਮੋਹਰੀ ਭਨਜੋ। 'ਸ਼੍ਰੀਗੁਰ ਵਾਕ ਭਲੋ ਤੁਮ ਸੁਨਜੋ।
ਹਮ ਤੇ ਨਹਿਂ ਉਲੰਘ ਤਿਹ ਸਕਿਹੈਂ। ਅਪਰ ਕਰਨ ਤਕਿ ਕੈ ਸਭਿ ਜਕ ਹੈਂ' ॥੩੧॥

ਫਿਰ ਬਾਬਾ ਬੁੱਢਾ ਜੀ ਅਤੇ ਬਾਬਾ ਮੋਹਰੀ ਜੀ ਨੇ ਕਿਹਾ, "ਗੁਰੂ ਜੀ ਦੇ ਬਚਨ ਤੁਸੀਂ ਭਲੀ ਪ੍ਰਕਾਰ ਸੁਣੇ ਹਨ, ਅਸੀਂ ਤਾਂ ਉਨ੍ਹਾਂ ਦੇ ਬਚਨਾਂ ਦੀ ਉਲੰਘਣਾ ਨਹੀਂ ਕਰ ਸਕਦੇ। ਉਨ੍ਹਾਂ ਦੇ ਬਚਨਾਂ ਦੇ ਉਲਟ ਕਰਨ ਤੋਂ ਸਭ ਝਕਦੇ ਹਨ" ॥ ੩੧॥

ਇਮ ਕਹਿ ਪਾਗ ਹਾਥ ਮਹਿਂ ਲੀਨਿ। ਸ਼੍ਰੀ ਅਰਜਨ ਕੋ ਦੋਨਹੁਂ ਦੀਨ।
ਮ੍ਰਿਦੁਲ ਸੁਭਾਉ ਪਿਤਾ ਅਨੁਕੂਲਾ। ਹਰਖ ਸ਼ੋਕ ਕੋ ਨਾਸਜੋ ਮੂਲਾ॥ ੩੨॥

ਇਹ ਕਹਿ ਕੇ ਪੱਗ ਆਪਣੇ ਹੱਥਾਂ ਵਿਚ ਲਈ ਅਤੇ ਦੋਵਾਂ ਸ੍ਰੀ ਅਰਜਨ ਦੇਵ ਜੀ ਨੂੰ ਦੇ ਦਿੱਤੀ। ਸ੍ਰੀ ਅਰਜਨ ਦੇਵ ਜੀ ਦਾ ਪਿਤਾ ਜੀ ਵਾਂਗ ਬੜਾ ਕੋਮਲ ਸੁਭਾਅ ਹੈ, ਖ਼ੁਸ਼ੀ-ਗ਼ਮੀ ਨੂੰ ਤਾਂ ਜੜ੍ਹੋਂ ਹੀ ਪੁਟ ਸੁਟਿਆ ਹੈ॥ ੩੨॥

ਕਰਜੋ ਬਿਚਾਰ 'ਪਾਗ ਮਹਿਂ ਕਜਾ ਹੈ। ਮਿਟਤ ਨ ਕਿਮੁ ਜੋ ਪਿਤਾ ਕਿਯਾ ਹੈ।
ਤਿਨ ਕੀ ਬਖਸ਼ਿਸ਼ ਸਦਾ ਸਥਿਰ ਹੈ। ਛੀਨੀ ਜਾਇ ਨ ਲਗਿ ਤਸਕਰ ਹੈ॥੩੩॥

ਉਨ੍ਹਾਂ ਮਨ ਵਿਚ ਵਿਚਾਰ ਕੀਤੀ, "ਪੱਗ ਵਿਚ ਕੀ ਹੈ, ਜਿਹੜਾ ਪਿਤਾ ਜੀ ਨੇ ਕੀਤਾ ਹੈ, ਉਹ ਹੁਣ ਮਿਟ ਨਹੀਂ ਸਕਦਾ। ਉਨ੍ਹਾਂ ਦੀ ਬਖਸ਼ਿਸ਼ ਸਦਾ ਅਟੱਲ ਹੈ, ਇਹ ਚੋਰਾਂ ਦੇ ਲੱਗਣ ਨਾਲ ਵੀ ਖੋਹੀ ਨਹੀਂ ਜਾ ਸਕਦੀ॥ ੩੩॥

ਕੋਟਿ ਉਪਾਇ ਕਰੇ ਨਹਿਂ ਜਾਇ। ਜੋ ਕਰਤੇ ਦੀਨਸਿ ਰੰਗ ਲਾਇ।
ਨਾਹਕ ਕਲਹ ਉਠਾਵਹਿਂ ਕਾਹਿ। ਇਮ ਬਿਚਾਰ ਕਰਿਕੈ ਚਿਤ ਮਾਂਹਿ॥ ੩੪॥

ਕਰੋੜਾਂ ਯਤਨ ਕਰਨ ਨਾਲ ਇਹ ਜਾ ਨਹੀਂ ਸਕਦੀ। ਜੋ ਮਾਲਕ ਨੇ ਦਿੱਤੀ ਹੈ, ਉਹ ਜ਼ਰੂਰ ਰੰਗ ਲਿਆਇਗੀ। ਫਜ਼ੂਲ ਦਾ ਕਲੇਸ਼ ਕਿਉਂ ਆਪਣੇ ਸਿਰ ਤੇ ਚੁੱਕਣਾ ਹੈ।" ਆਪਣੇ ਚਿੱਤ ਵਿਚ ਇਸ ਤਰ੍ਹਾਂ ਵਿਚਾਰ ਕੀਤੀ॥ ੩੪॥

ਪਾਗ ਗਹੇ ਬੰਦੈ ਜੁਗ ਹਾਥ। ਸਮ ਚਿਤ ਨਿਤ ਸ਼੍ਰੀ ਅਰਜਨ ਨਾਥ।
ਕਹਤਿ ਭਏ 'ਬਡ ਭ੍ਰਾਤ ਹਮਾਰੇ। ਹਮ ਅਲੰਬ ਰਹਿਂ ਸਦਾ ਤੁਮਾਰੇ। ॥ ੩੫॥

ਪੱਗ ਫੜ ਕੇ, ਦੋਵੇਂ ਹੱਥ ਜੋੜ ਕੇ, ਸਦਾ ਸਮਾਨ ਚਿੱਤ ਵਾਲੇ ਸ੍ਰੀ ਅਰਜਨ ਦੇਵ ਜੀ ਕਹਿਣ ਲੱਗੇ, "ਸਾਡੇ ਵੱਡੇ ਭਰਾ ਹੋ, ਮੈਂ ਸਦਾ ਹੀ ਤੁਹਾਡੇ ਆਸਰੇ ਰਿਹਾ ਹਾਂ॥ ੩੫॥

Sri Satguru Jagjit Singh Ji eLlibrary NamdhariElibrary@gmail.com

ਛਿਮਹੁ ਕ੍ਰੋਧ ਅਰੁ ਬੈਰ ਤਿਆਗਹੁ। ਹਿਤੂ ਜਾਨਿ ਅਪਨੇ, ਅਨੁਰਾਗਹੁ।
ਪਿਤ ਸੰਮਤ ਸਭਿ ਨੇ ਇਹੁ ਪਾਗ। ਮੋਕਹੁ ਅਬਹਿ ਬੰਧਾਵਨ ਲਾਗ ॥ ੩੬ ॥

ਖਿਮਾਂ ਕਰੋ ਤੇ ਕ੍ਰੋਧ ਅਤੇ ਵੈਰ ਨੂੰ ਛੱਡ ਦੇਵੋ, ਆਪਣਾ ਹਿਤੂ ਜਾਣ ਕੇ ਪਿਆਰ ਕਰੋ। ਪਿਤਾ ਜੀ ਦੀ ਸਹਿਮਤੀ ਨਾਲ, ਇਹ ਪੱਗ ਸਾਰੇ ਮੈਨੂੰ ਬੰਨ੍ਹਾਉਣ ਲੱਗੇ ਹਨ॥ ੩੬॥

ਜੇਕਰਿ ਅਪਨੋ ਰੋਸ ਨਿਵਾਰਹੁ। ਲੇਹੁ ਪਾਗ ਸਿਰ ਊਪਰ ਧਾਰਹੁ।
ਬੈਰ ਨ ਕੀਜਹਿ ਬਹੁਰ ਕਦਾਈ। ਪ੍ਰਤਿਪਾਰਹੁ ਲਖਿਕੈ ਲਘੁ ਭਾਈ ॥ ੩੭ ॥

ਜੇ ਆਪਣਾ ਗੁੱਸਾ ਦੂਰ ਕਰੋ ਤਾਂ ਪੱਗ ਲੈ ਕੇ ਆਪਣੇ ਸਿਰ ਉਪਰ ਧਾਰਨ ਕਰੋ, ਫਿਰ ਕਦੀ ਵੀ ਵੈਰ ਨਾ ਕਰੋ ਅਤੇ ਮੈਨੂੰ ਆਪਣਾ ਛੋਟਾ ਭਰਾ ਸਮਝ ਕੇ ਪ੍ਰਤਿਪਾਲਣਾ ਕਰੋ" ॥ ੩੭॥

ਇਮ ਸੁਨਿ ਸਭਿ ਕੋ ਦੇਖਤਿ, ਲੈ ਕੈ। ਸਿਰ ਪਰ ਪਾਗ ਬੰਧੀ ਹਰਖੇ ਕੈ।
ਮਾਨਜੋ ਮਨ ਮਹਿਂ 'ਮੈਂ ਗੁਰ ਭਇਊ। ਨਿਜ ਅਧਿਕਾਰ ਬਿਚਾਰਤਿ ਲਇਊ' ॥੩੮ ॥

ਪ੍ਰਿਥੀਏ ਨੇ ਇਹ ਸੁਣ ਕੇ ਸਾਰਿਆਂ ਦੇ ਵੇਖਦੇ, ਪੱਗ ਲੈ ਕੇ, ਬੜੀ ਖੁਸ਼ੀ ਖ਼ੁਸ਼ੀ ਸਿਰ ਤੇ ਬੰਨ੍ਹ ਲਈ। ਮਨ ਵਿਚ ਇਹ ਮੰਨ ਲਿਆ, "ਮੈਂ ਹੁਣ ਗੁਰੂ ਹੋ ਗਿਆ ਹਾਂ, ਆਪਣਾ ਅਧਿਕਾਰ ਸੋਚ ਸਮਝ ਕੇ ਲਿਆ ਹੈ" ॥ ੩੮॥

ਤੂਸ਼ਨਿ ਰਹੇ ਦੇਖਿ ਕ੍ਰਿਤ ਤਾਂਹੀ।'ਅਰਜਨ ਗੁਰੂ' ਲਖਹਿਂ ਮਨ ਮਾਂਹੀ।
ਪੁਨ ਅਪਨੇ ਅਪਨੇ ਸਭਿ ਥਾਨ। ਕਰਹਿਂ ਸਰਾਹਨ ਗੁਨਨਿ ਮਹਾਂਨ॥ ੩੯ ॥

ਇਹ ਸਾਰੀ ਕਾਰਵਾਈ ਵੇਖ ਕੇ ਸਭ ਚੁਪ ਰਹੇ, ਆਪਣੇ ਮਨਾਂ ਵਿਚ ਉਨ੍ਹਾਂ ਸਮਝ ਲਿਆ; "ਸ੍ਰੀ ਅਰਜਨ ਗੁਰੂ ਹਨ" ਫਿਰ ਸਾਰੇ ਆਪਣੇ-ਆਪਣੇ ਸਥਾਨਾਂ ਤੇ ਚਲੇ ਗਏ। ਗੁਰੂ ਅਰਜਨ ਦੇਵ ਜੀ ਦੇ ਮਹਾਨ ਗੁਣਾਂ ਦੀ ਸ਼ਲਾਘਾ ਕਰਦੇ ਸਨ॥ ੩੯॥

'ਨਿਰਹੰਕਾਰ ਸ਼ਾਂਤਿ ਚਿਤ ਧੀਰ। ਹਰਖ ਸ਼ੋਕ ਨਹਿਂ ਲੇਸ਼, ਗੰਭੀਰ।
ਸਕਲ ਗੁਨਨ ਤੇ ਜਾਨਜੋ ਨੀਕਾ। ਪਿਤ ਨੇ ਪਰਖ ਕੀਨ ਤਬਿ ਟੀਕਾ' ॥੪੦ ॥

ਕਹਿੰਦੇ ਸਨ, "ਉਹ ਹੰਕਾਰ-ਰਹਿਤ, ਸ਼ਾਂਤ-ਚਿੱਤ ਅਤੇ ਧੀਰਜਵਾਨ ਹਨ। ਖ਼ੁਸ਼ੀ-ਗ਼ਮੀ ਤੇ ਉਨ੍ਹਾਂ ਦੇ ਪਾਸ ਰਾਈ ਭਰ ਵੀ ਨਹੀਂ, ਬੜੇ ਗੰਭੀਰ ਹਨ। ਸਾਰੇ ਗੁਣਾਂ ਵਿਚ ਚੰਗਾ ਜਾਣ ਕੇ ਹੀ, ਪਿਤਾ ਜੀ ਨੇ ਪਰੀਖਿਆ ਲੈ ਕੇ ਗੁਰਤਾ ਦਾ ਤਿਲਕ ਲਾਇਆ ਹੈ" ॥ ੪੦॥

ਅਗਲੇ ਦਿਵਸ ਸੰਗਤਾਂ ਆਈ। ਰੀਤਿ ਅਨੇਕ ਉਪਾਇਨ ਲਜਾਈ।
ਸਭਿ ਬ੍ਰਿਤੰਤ ਸੁਨਿ ਨਿਰਨੇ ਕੀਨੁ। ਸ੍ਰੀ ਅਰਜਨ ਕਉ ਸਤਿਗੁਰ ਚੀਨਿ ॥ ੪੧ ॥

ਅਗਲੇ ਦਿਨ ਬਹੁਤ ਸੰਗਤਾਂ ਆਈਆਂ ਅਤੇ ਮਰਯਾਦਾ ਅਨੁਸਾਰ ਅਨੇਕ ਨਜ਼ਰਾਨੇ ਲੈ ਕੇ ਆਏ। ਸਾਰੀ ਵਾਰਤਾ ਸੁਣ ਕੇ ਉਨ੍ਹਾਂ ਨਿਰਣਾ ਕੀਤਾ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਸਤਿਗੁਰੂ ਸਮਝ ਕੇ॥ ੪੧॥

ਬ੍ਰਿੰਦ ਅਕੋਰਨ ਅਰਪਿ ਅਗਾਰੀ। ਸਭਿ ਸੰਗਤਿ ਨੇ ਬੰਦਨ ਧਾਰੀ।
ਮਨੋ ਕਾਮਨਾ ਪਾਵਨ ਕਰਿਹੀਂ। 'ਰਾਮਦਾਸ ਗੁਰ ਇਹੀ' ਨਿਹਰਿਹੀਂ॥ ੪੨ ॥

ਬਹੁਤ ਨਜ਼ਰਾਨੇ ਉਨ੍ਹਾਂ ਦੇ ਅੱਗੇ ਅਰਪਣ ਕੀਤੇ ਅਤੇ ਸਭ ਸੰਗਤ ਨੇ ਬੰਦਨਾ ਕੀਤੀ ਅਤੇ ਮਨੋ-ਕਾਮਨਾਵਾਂ ਪੂਰੀਆਂ ਕੀਤੀਆਂ। ਵੇਖਦੇ ਸਨ, "ਸਤਿਗੁਰੂ ਰਾਮਦਾਸ ਜੀ ਇਹੋ ਹਨ" ॥ ੪੨॥

ਹੇਰਿ ਹਜ਼ਾਰਨ ਧਨ ਕੋ ਆਇਵ। ਜਰਯੋ ਨ ਪ੍ਰਿਥੀਆ ਜਰਯੋ ਰਿਸਾਇਵ।
ਰਹਯੋ ਉਪਾਇ ਕਰਤਿ ਬਹੁਤੇਰੇ। ਕੋ ਸਿਖ ਸੇਵਕ ਗਯੋ ਨ ਨੇਰੇ॥ ੪੩॥

ਹਜ਼ਾਰਾਂ ਦੀ ਗਿਣਤੀ ਵਿਚ ਆਏ ਧਨ ਨੂੰ ਵੇਖ ਕੇ, ਪ੍ਰਿਥੀਆ ਜਰ ਨਾ ਸਕਿਆ ਤੇ ਗੁੱਸੇ ਨਾਲ ਸੜ-ਬਲ ਗਿਆ। ਬਹੁਤ ਉਪਾਅ ਕੀਤੇ, ਪਰ ਕੋਈ ਵੀ ਸਿੱਖ-ਸੇਵਕ ਪਾਸ ਨਾ ਗਿਆ॥ ੪੩॥

ਦਿਵਸ ਆਗਲੇ ਪੁਨ ਸਿਖ ਆਏ। ਦੇਖਿ ਪ੍ਰਿਥਮ ਜਿਉਂ, ਤਿਨ ਅਰਪਾਏ।
ਦੂਰ ਦੂਰ ਕੀ ਸੰਗਤਿ ਆਵਹਿ। ਸ੍ਰੀ ਅਰਜਨ ਕੋ ਸੀਸ ਨਿਵਾਵਹਿ॥ ੪੪॥

ਅਗਲੇ ਦਿਨ ਫਿਰ ਸਿੱਖ ਆਏ, ਜਿਵੇਂ ਪਹਿਲਿਆਂ ਨੇ ਵੇਖ ਕੇ ਭੇਟਾਵਾਂ ਅਰਪਣ ਕੀਤੀਆਂ ਸਨ, ਇਨ੍ਹਾਂ ਵੀ ਬਹੁਤ ਭੇਟਾਵਾਂ ਅੱਗੇ ਰੱਖੀਆਂ। ਦੂਰ-ਦੂਰ ਦੀ ਸੰਗਤ ਆਉਂਦੀ ਸੀ ਅਤੇ ਆ ਕੇ ਗੁਰੂ ਅਰਜਨ ਦੇਵ ਜੀ ਅੱਗੇ ਸੀਸ ਨਿਵਾਉਂਦੀ ਸੀ॥ ੪੪॥

ਕਿਤਿਕ ਦਿਵਸ ਦੇਖਤਿ ਦੁਖ ਹੋਵਤਿ। ਅਪਨੋ ਮਹਾਂ ਅਨਾਦਰ ਜੋਵਤਿ।
'ਦੋਸ਼ ਮੋਹਰੀ ਆਦਿਕ ਕੇਰਾ। ਬ੍ਰਿਧ ਆਦਿਕ ਸਿਖ ਕੇਰ ਘਨੇਰਾ'॥ ੪੫॥

ਪ੍ਰਿਥੀਆ ਵੇਖਕੇ ਕਈ ਦਿਨ ਦੁਖੀ ਹੁੰਦਾ ਰਿਹਾ, ਆਪਣਾ ਮਹਾਂ ਅਨਾਦਰ ਸਮਝਦਾ ਸੀ। ਸੋਚਦਾ ਸੀ, "ਇਹ ਸਾਰਾ ਦੋਸ਼ ਮੋਹਰੀ ਆਦਿ ਦਾ ਹੈ, ਬਾਬਾ ਬੁੱਢਾ ਆਦਿ ਸਿੱਖ ਵੀ ਵੱਡੇ ਕਸੂਰਵਾਰ ਹਨ"॥ ੪੫॥

ਜਰਤਿ ਰਿਦੈ ਨਹਿਂ ਚਲਤਿ ਉਪਾਈ।'ਮੋ ਢਿਗ ਭੇਟ ਏਕ ਨਹਿਂ ਆਈ।
ਸਿੱਖ ਸੰਗਤਿ ਕੋ ਇਹੁ ਭਰਮਾਵੈਂ। ਸ੍ਰੀ ਅਰਜਨ ਕੋ ਕਹਿ ਪੁਜਵਾਵੈਂ॥ ੪੬॥

ਹਿਰਦੇ ਵਿਚ ਸੜਦਾ ਸੀ, ਕੋਈ ਉਪਾਅ ਨਹੀਂ ਚਲਦਾ ਸੀ। "ਮੇਰੇ ਪਾਸ ਇਕ ਭੇਟ ਵੀ ਨਹੀਂ ਆਈ ਹੈ, ਸਿੱਖ ਸੰਗਤ ਨੂੰ ਇਹੋ ਭਰਮਾਈ ਜਾ ਰਹੇ ਹਨ ਤੇ ਸ੍ਰੀ ਅਰਜਨ ਦੇਵ ਦੀ ਕਹਿ ਕੇ ਪੂਜਾ ਕਰਵਾਉਂਦੇ ਹਨ॥ ੪੬॥

ਮੁਝ ਆਛੋ ਨਹਿਂ ਇਹਾਂ ਬਸਾਵੌਂ। ਜਾਉਂ ਸੁਧਾਸਰ ਬਿਖੈ ਪੁਜਾਵੌਂ'।
ਇਮ ਬਿਚਾਰਿ ਦੁਖ ਪਾਇ ਘਨੇਰਾ। ਸ੍ਰੀ ਅੰਮ੍ਰਿਤਸਰ ਗਮਨਯੋ ਫੇਰਾ॥ ੪੭॥

ਮੇਰਾ ਏਥੇ ਵਸਣਾ ਠੀਕ ਨਹੀਂ ਹੈ, ਮੈਂ ਅੰਮ੍ਰਿਤਸਰ ਜਾ ਕੇ ਆਪਣੀ ਪੂਜਾ ਕਰਵਾਉਂਦਾ ਹਾਂ"। ਇੰਝ ਵਿਚਾਰ ਕੇ ਅਤੇ ਭਾਰੀ ਦੁਖ ਪਾ ਕੇ, ਫਿਰ ਸ੍ਰੀ ਅੰਮ੍ਰਿਤਸਰ ਚਲਾ ਗਿਆ॥ ੪੭॥

ਜਹਾਂਗੀਰ ਪਤਿਸ਼ਾਹ ਭਯੋ ਹੈ। ਸੁਲਹੀ ਤਿਹ ਉਮਰਾਵ ਕਿਯੋ ਹੈ।
ਸੋ ਮਾਝੇ ਮਹਿਂ ਚਲਿ ਕਰਿ ਆਯੋ। ਲਸ਼ਕਰ ਮਹਾਂ ਸੰਗ ਮਹਿਂ ਲਯਾਯੋ॥ ੪੮॥

ਅਕਬਰ ਦੇ ਬਾਅਦ ਜਹਾਂਗੀਰ ਹਿੰਦੋਸਤਾਨ ਦਾ ਬਾਦਸ਼ਾਹ ਬਣ ਗਿਆ, ਸੁਲਹੀ ਖਾਂ ਨੂੰ ਉਸ ਹਾਕਮ ਬਣਾ ਦਿੱਤਾ। ਉਹ ਮਾਝੇ ਵਿਚ ਚਲ ਕੇ ਆਇਆ। ਬਹੁਤ ਫੌਜਾਂ ਆਪਣੇ ਨਾਲ ਲਿਆਇਆ॥ ੪੮॥

ਪ੍ਰਿਥੀਆ ਬਿਨ ਪੂਜਨ ਦੁਚਿਤਾਈ। ਸੁਲਹੀ ਆਵਨ ਕੀ ਸੁਧਿ ਪਾਈ।
ਬਡ ਸਮਾਜ ਕਰਿ ਮਿਲਯੋ ਸੁ ਤਾਹਿ। ਵਸਤੁ ਅਮੋਲਕ ਦੈ ਕਰਿ ਵਾਹਿ॥ ੪੯॥

ਪ੍ਰਿਥੀਆ ਪੂਜਾ ਦੀ ਅਪਰਾਪਤੀ ਕਾਰਨ ਬੜੀ ਚਿੰਤਾ ਵਿਚ ਫਸਿਆ ਸੀ। ਜਦ ਉਸ ਨੂੰ ਸੁਲਹੀ ਖਾਂ ਦੇ ਆਉਣ ਦੀ ਖ਼ਬਰ ਮਿਲੀ ਤਾਂ ਬਹੁਤ ਲੋਕਾਂ ਨੂੰ ਲੈ ਕੇ ਉਸ ਨੂੰ ਮਿਲਿਆ ਅਤੇ ਉਸ ਨੂੰ ਬਹੁਤ ਅਮੋਲਕ ਵਸਤਾਂ ਭੇਟ ਕੀਤੀਆਂ॥ ੪੯॥

Sri Satguru Jagjit Singh Ji eLlibrary NamdhariElibrary@gmail.com

'ਸ੍ਰੀ ਨਾਨਕ ਗਾਦੀ ਪਰ ਹਮ ਹੈਂ। ਸਕਲ ਮੁਲਖ ਕੇ ਮਾਲਿਕ ਤੁਮ ਹੈਂ'।
ਮੁਲਾਕਤ ਕੀਨਸਿ ਚਿਤ ਚਹਿਕੈ। 'ਬਨਹਿ ਸਹਾਇਕ ਕਬਿ' ਇਮ ਲਹਿਕੈ ॥੫੦॥

ਉਸ ਨੂੰ ਕਿਹਾ, "ਸ੍ਰੀ ਨਾਨਕ ਦੇਵ ਜੀ ਦੀ ਗੱਦੀ ਉਤੇ ਮੈਂ ਬੈਠਾ ਹਾਂ ਅਤੇ ਸਾਰੇ ਮੁਲਕ ਦੇ ਤੁਸੀਂ ਮਾਲਕ ਹੋ।" ਚਿਤ ਵਿਚ ਚਾਹ ਕੇ ਮੁਲਾਕਾਤ ਕੀਤੀ, "ਆਪ ਕਦ ਸਹਾਇਕ ਬਣੋਗੇ" ਇਸ ਤਰ੍ਹਾਂ ਅਸੀਂ ਚਾਹੁੰਦੇ ਹਾਂ॥ ੫੦॥

ਸੁਨਿ ਸੁਲਹੀ ਨੇ ਬਹੁ ਸਨਮਾਨਾ। 'ਸ੍ਰੀ ਨਾਨਕ ਜਗ ਪੀਰ ਮਹਾਂਨਾ।
ਨਿਜ ਮੁਰਾਦ ਹਮ ਤੁਮ ਤੇ ਪਾਵਹਿਂ। ਕਰਹਿਂ ਬੰਦਗੀ ਸੇਵ ਰਿਝਾਵਹਿਂ ॥੫੧॥

ਇਹ ਸੁਣ ਕੇ ਸੁਲਹੀ ਖਾਂ ਨੇ ਬਹੁਤ ਆਦਰ ਕੀਤਾ ਅਤੇ ਕਿਹਾ, "ਸ੍ਰੀ ਨਾਨਕ ਦੇਵ ਜੀ ਜਗਤ ਦੇ ਮਹਾਨ ਪੀਰ ਹੋਏ ਹਨ, ਆਪਣੀ ਮੁਰਾਦ ਅਸੀਂ ਤੁਹਾਥੋਂ ਪ੍ਰਾਪਤ ਕਰ ਲਵਾਂਗੇ। ਬੰਦਗੀ ਅਤੇ ਸੇਵਾ ਕਰਕੇ ਆਪ ਨੂੰ ਪ੍ਰਸੰਨ ਕਰ ਲਵਾਂਗੇ" ॥ ੫੧॥

ਇਮਿ ਕਹਿ ਤਿਨ ਤੁਰੰਗ ਇਕ ਦੀਨਾ। ਰਜਤ ਸ਼ਿੰਗਰਤਿ ਸੁੰਦਰ ਜ਼ੀਨਾ।
ਅਪਰ ਦਰਬ ਅਰਪਜੋ ਕੁਛ ਆਗੇ। ਹਿਤ ਕਰਿ ਮਿਲੇ ਅੰਗ ਸੰਗ ਲਾਗੇ ॥੫੨॥

ਇਸ ਤਰ੍ਹਾਂ ਕਹਿ ਕੇ ਉਸ ਇਕ ਘੋੜਾ ਦਿੱਤਾ, ਜਿਹੜਾ ਚਾਂਦੀ ਦੇ ਗਹਿਣਿਆਂ ਨਾਲ ਸ਼ਿੰਗਾਰਿਆ ਸੀ ਤੇ ਉਸ ਉਤੇ ਸੁੰਦਰ ਕਾਠੀ ਪਈ ਹੋਈ ਸੀ। ਹੋਰ ਕੁਝ ਧਨ ਵੀ ਅੱਗੇ ਅਰਪਣ ਕੀਤਾ। ਦੋਵੇਂ ਬੜੇ ਪਿਆਰ ਨਾਲ ਇਕ ਦੂਸਰੇ ਨੂੰ ਜੱਫੀ ਪਾ ਕੇ ਮਿਲੇ॥ ੫੨॥

ਪੁਨ ਪ੍ਰਿਥੀਏ ਨੇ ਕਹਿ ਮ੍ਰਿਦੁ ਬੋਲਾ। ਸਿਰੋਪਾਉ ਦੀਨਸ ਬਹੁ ਮੋਲਾ।
ਕਹਿ ਕਰਿ ਕੀਨ ਸਖਾਪਨ ਦੋਊ। ਦੇਨ ਲੇਨ ਕਰਿ ਹਿਤ ਮੈਂ ਸੋਊ ॥ ੫੩॥

ਫਿਰ ਪ੍ਰਿਥੀਆ ਬੜੇ ਕੋਮਲ ਸ਼ਬਦ ਬੋਲਿਆ ਤੇ ਸੁਲਹੀ ਖਾਂ ਨੂੰ ਬਹੁਤ ਕੀਮਤੀ ਸਿਰੋਪਾ ਦਿੱਤਾ। ਦੋਵਾਂ ਨੇ ਇਕ ਦੂਸਰੇ ਨਾਲ ਮਿੱਤਰਤਾਈ ਕਰ ਲਈ। ਦੇਣ-ਲੈਣ ਕਰਕੇ ਦੋਵਾਂ ਨੇ ਆਪਣੇ ਹਿਤ ਦਾ ਕਾਰਜ ਪੂਰਾ ਕਰ ਲਿਆ ਭਾਵ ਸੁਲਹੀ ਤਰੱਕੀ ਪਾਉਣਾ ਚਾਹੁੰਦਾ ਸੀ ਤੇ ਪ੍ਰਿਥੀਆ ਉਸ ਤੋਂ ਕੰਮ ਲੈਣਾ ਚਾਹੁੰਦਾ ਸੀ॥ ੫੩॥

ਸੁਲਹੀ ਸੰਗ ਤੁਰਕ ਜੇ ਔਰ। ਜਿਨ ਸੌਂ ਪਰਚ ਰਹਤਿ ਸਭਿ ਠੌਰ।
ਹਿਤੂ ਹੁਤੇ, ਤਿਨ ਕੋ ਤਿਸ ਕਾਲਾ। ਸਿਰੋਪਾਉ ਅਰੁ ਦਰਬ ਬਿਸਾਲਾ॥ ੫੪॥

ਸੁਲਹੀ ਦੇ ਨਾਲ ਜਿਹੜੇ ਹੋਰ ਤੁਰਕ ਭਾਵ ਸੁਲਹੀ ਦੇ ਮੁਸਾਹਿਬ ਆਏ ਸਨ, ਜਿਨ੍ਹਾਂ ਨਾਲ ਹਰ ਪ੍ਰਕਾਰ ਦੀ ਲੋੜ ਪੈਂਦੀ ਸੀ, ਉਨ੍ਹਾਂ ਨੂੰ ਹਿਤੂ ਬਣਾਉਣ ਵਾਸਤੇ ਪ੍ਰਿਥੀਏ ਨੇ ਉਸ ਸਮੇਂ ਬਹੁਤ ਧਨ ਅਤੇ ਸਿਰੋਪੇ ਭੇਟ ਕੀਤੇ।

ਦੇਕਰਿ ਪ੍ਰਿਥੀਏ ਨੇ ਅਪਨਾਏ। ਲੇ ਕਰਿ ਸੰਰਬ ਰਿਦੇ ਹਰਖਾਏ।
ਕਰਹਿਂ ਸਿਫਤ ਸੁਲਹੀ ਕੇ ਤੀਰ। 'ਪ੍ਰਿਥੀ ਚੰਦ ਆਛੋ ਗੁਰ ਪੀਰ'॥ ੫੫॥

ਸਿਰੋਪੇ ਦੇ ਕੇ ਪ੍ਰਿਥੀਏ ਨੇ ਉਨ੍ਹਾਂ ਨੂੰ ਆਪਣੇ ਬਣਾ ਲਿਆ। ਸਾਰੇ ਸਿਰੋਪੇ ਲੈ ਕੇ ਬਹੁਤ ਪ੍ਰਸੰਨ ਹੋਏ। ਸੁਲਹੀ ਖਾਂ ਦੇ ਪਾਸ ਬਹੁਤ ਸਿਫਤਾਂ ਕਰਦੇ ਹਨ, "ਪ੍ਰਿਥੀ ਚੰਦ ਬਹੁਤ ਅੱਛਾ ਗੁਰੂ ਪੀਰ ਹੈ"॥ ੫੫॥

ਤੀਨ ਦਿਵਸ ਲਗ ਮਿਲਤੇ ਰਹੇ। ਤਬਿ ਸੁਲਹੀ ਆਦਰ ਕਰਿ ਚਹੇ।
'ਜੋ ਤੁਵ ਕਾਰਜ ਹੋਇ ਸੁ ਕਰਹੂੰ। ਸੁਧਿ ਜਬਿ ਦੇਉ ਸਦਾ ਅਨੁਸਰਿ ਹੂੰ॥ ੫੬॥

ਤਿੰਨ ਦਿਨ ਤਕ ਮਿਲਦੇ ਰਹੇ, ਫਿਰ ਸੁਲਹੀ ਨੇ ਆਦਰ ਕਰਕੇ ਕਿਹਾ, "ਜੇ ਤੁਹਾਡਾ ਕੋਈ ਕੰਮ ਹੋਵੇ ਤਾਂ ਕਰਾਂ, ਜਦ ਵੀ ਖ਼ਬਰ ਕਰੋਗੇ ਸਦਾ ਹੀ ਤੁਹਾਡੀ ਆਗਿਆ ਵਿਚ ਹਾਂ॥ ੫੬॥

Sri Satguru Jagjit Singh Ji eLlibrary NamdhariElibrary@gmail.com

ਮਿੱਤ੍ਰ ਕਾਜ ਮੈ ਅਪਨੋ ਜਾਨੌਂ। ਜਹਾਂਗੀਰ ਤੇ ਤੁਵ ਸਨਮਾਨੌਂ'।
ਕਹਿ ਪ੍ਰਿਥੀਆ 'ਬਖਸ਼ੇ ਗੁਰ ਪੀਰ। ਤੁਮ ਪਰ ਮਮ ਬਿਸਵਾਸ ਗਹੀਰ॥ ੫੭॥

ਮਿੱਤਰ ਦਾ ਕਾਰਜ ਮੈਂ ਆਪਣਾ ਸਮਝਾਂਗਾ, ਜਹਾਂਗੀਰ ਪਾਸੋਂ ਤੁਹਾਡਾ ਸਨਮਾਨ ਕਰਾਵਾਂਗਾ।" ਪ੍ਰਿਥੀਏ ਨੇ ਕਿਹਾ, "ਗੁਰੂ ਪੀਰ ਨੇ ਸਭ ਕੁਝ ਬਖਸ਼ਿਆ ਹੈ। ਤੁਹਾਡੇ ਉਤੇ ਮੇਰਾ ਬੜਾ ਗਹਿਰਾ ਵਿਸ਼ਵਾਸ ਹੈ॥ ੫੭॥

ਸਭਿ ਕਾਰਜ ਕੇ ਲਾਇਕ ਆਪ। ਅਪਰ ਨਹੀਂ ਮੁਝ ਕੋ ਸੰਤਾਪ।
ਅਰਜਨ ਅਨੁਜ ਲੀਨ ਅਧਿਕਾਰਾ। ਅਰਪਹਿ ਧਨ ਸੰਗਤਿ ਤਿਸ ਸਾਰਾ॥੫੮॥

ਆਪ ਸਭ ਕੁਝ ਕਰਨ ਦੇ ਸਮਰੱਥ ਹੋ, ਮੈਨੂੰ ਹੋਰ ਕੋਈ ਦੁੱਖ ਨਹੀਂ ਹੈ। ਮੇਰੇ ਛੋਟੇ ਭਰਾ ਅਰਜਨ ਨੇ ਮੈਥੋਂ ਅਧਿਕਾਰ ਖੋਹ ਲਿਆ ਹੈ, ਸੰਗਤ ਸਾਰਾ ਧਨ ਉਸ ਨੂੰ ਅਰਪਣ ਕਰਦੀ ਹੈ॥ ੫੮॥

ਤਿਹ ਕੇ ਸੰਗ ਬਾਦ ਹੈ ਮੇਰਾ। ਹੋਇ ਪਰਹਿ ਕਬਹੂੰ ਬਡ ਝੇਰਾ।
ਤਬਿ ਮੈਂ ਤੁਮਰੀ ਚਹਹੁਂ ਸਹਾਇ। ਅਪਰ ਨਹੀਂ ਕੋ ਮੁਝ ਦੁਖਦਾਇ'॥ ੫੯॥

ਉਸ ਦੇ ਨਾਲ ਮੇਰਾ ਝਗੜਾ ਹੈ, ਇਹ ਵੱਡਾ ਝੰਜਟ ਕਿਸੇ ਤਰ੍ਹਾਂ ਦੂਰ ਹੋ ਜਾਵੇ। ਇਸੇ ਕਰਕੇ ਹੀ ਮੈਂ ਤੁਹਾਡੀ ਸਹਾਇਤਾ ਲੈਣੀ ਚਾਹੁੰਦਾ ਹਾਂ, ਹੋਰ ਮੈਨੂੰ ਕੋਈ ਦੁੱਖ ਨਹੀਂ ਹੈ'॥ ੫੯॥

ਸੁਲਹੀ ਕਹਜੋ 'ਨਚਿੰਤ ਰਹੀਜਹਿ। ਜਿਮ ਤੁਮ ਚਹੋ ਤਥਾ ਕਹਿ ਦੀਜਹਿ।
ਪਰਹਿ ਕਾਜ ਕੁਛ ਤੇਰੋ ਆਇ। ਸਰਬ ਸਵਾਰੌਂ ਮੈਂ ਬਲ ਲਾਇ'॥ ੬੦॥

ਸੁਲਹੀ ਨੇ ਕਿਹਾ, "ਨਿਸਚਿੰਤ ਰਹੋ, ਜਿਵੇਂ ਤੁਸੀਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਕਹਿ ਦੇਵੋ। ਤੁਹਾਨੂੰ ਕੋਈ ਵੀ ਕੰਮ ਪੈ ਜਾਵੇ, ਮੈਂ ਆਪਣੀ ਸ਼ਕਤੀ ਲਾ ਕੇ ਸਵਾਰਾਂਗਾ"॥ ੬੦॥

ਇਮਿ ਆਪਸ ਮਹਿਂ ਕਹਿ ਸੁਨਿ ਕਰਿਕੈ। ਸੁਲਹੀ ਬਿਦਾ ਪਯੋ ਤਬਿ ਚਰਿਕੈ।
ਬਹੁ ਧਨ ਖਰਚ ਤੁਰਕ ਅਪਨਾਯੋ।'ਨਹਿਂ ਮੋ ਸਮੁ ਕੋ' ਉਰ ਗਰਬਾਯੋ॥ ੬੧॥

ਇਸ ਤਰ੍ਹਾਂ ਆਪਸ ਵਿਚ ਕਹਿ ਸੁਣ ਕੇ ਸੁਲਹੀ ਘੋੜੇ ਤੇ ਚੜ੍ਹ ਕੇ ਤਦ ਵਿਦਾ ਹੋ ਗਿਆ। ਬਹੁਤ ਧਨ ਖਰਚ ਕੇ ਤੁਰਕ ਨੂੰ ਆਪਣਾ ਬਣਾ ਲਿਆ। "ਮੇਰੇ ਬਰਾਬਰ ਕੋਈ ਨਹੀਂ" ਹਿਰਦੇ ਵਿਚ ਬੜਾ ਘੁਮੰਡ ਕੀਤਾ॥ ੬੧॥

*ਦੂਸਰੀ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

## *ਅਧਿਆਇ ਛੱਬੀਵਾਂ*

### *ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਪੁੱਜੇ*

ਦੋਹਰਾ-ਸ੍ਰੀ ਅਰਜਨ ਗੁਰਤਾ ਲਏ ਹੋਈ ਸ਼ਕਤਿ ਬਿਸਾਲ।
ਨੌ ਨਿਧਿ ਰਿਧਿ, ਸਿਧਿ ਅਸ਼ਟ ਦਸ ਆਗੈ ਥਿਤਿ ਸਭਿ ਕਾਲ॥੧॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਤਾ ਪ੍ਰਾਪਤ ਕਰਨ ਬਾਅਦ ਵਿਸ਼ਾਲ ਸ਼ਕਤੀ ਵਧ ਗਈ। ਨੌਂ ਰਿੱਧੀਆਂ-ਨਿੱਧੀਆਂ ਅਤੇ ਅਠਾਰਾਂ ਸਿੱਧੀਆਂ ਹਰ ਵੇਲੇ ਅੱਗੇ ਖੜੀਆਂ ਰਹਿੰਦੀਆਂ ਸਨ॥ ੧॥

ਚੌਪਈ- ਤੀਨ ਲੋਕ ਮਹਿਂ ਅਸ ਨਹਿਂ ਕੋਈ। ਚਹੈਂ ਸੁ ਕਰੈਂ ਹਟਾਵੈ ਜੋਈ।
ਇੰਦ੍ਰ ਸਮੇਤ ਦੇਵਤਾ ਸਾਰੇ। ਰਹਹਿਂ ਸਦਾ ਆਇਸੁ ਅਨੁਸਾਰੇ॥ ੨ ॥

ਤਿੰਨਾਂ ਲੋਕਾਂ ਵਿਚ ਐਸਾ ਕੋਈ ਨਹੀਂ ਸੀ, ਜੋ ਚਾਹੁੰਦੇ ਸਨ, ਉਹ ਕਰਦੇ ਸਨ, ਉਨ੍ਹਾਂ ਨੂੰ ਕੋਈ ਰੋਕ ਨਹੀਂ ਸੀ ਸਕਦਾ, ਇੰਦਰ ਸਮੇਤ ਸਾਰੇ ਦੇਵਤੇ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦੇ ਸਨ॥ ੨ ॥

ਜਿਸ ਕੋ ਚਹਹਿਂ ਨਰਕ ਮਹਿਂ ਪਾਵਹਿਂ। ਨਰਕ ਬਿਖੈ ਤੇ ਸੁਰਗ ਪੁਚਾਵਹਿਂ।
ਮਹਾਰਾਜ ਪਦ ਬਖਸ਼ਹਿਂ ਰੰਕ। ਰੰਕ ਕਰਹਿਂ ਰਾਜਾ ਭੂਬੰਕ॥ ੩ ॥

ਜਿਸ ਨੂੰ ਚਾਹੁਣ ਨਰਕ ਵਿਚ ਸੁੱਟ ਦੇਣ ਅਤੇ ਨਰਕ ਵਿਚੋਂ ਕੱਢ ਕੇ ਸਵਰਗ ਵਿਚ ਪਹੁੰਚਾ ਦੇਣ। ਕਿਸੇ ਗਰੀਬ ਆਦਮੀ ਨੂੰ ਬਾਦਸ਼ਾਹੀ ਦੀ ਪਦਵੀ ਬਖਸ਼ ਦੇਣ ਅਤੇ ਇਕ ਇਸ਼ਾਰੇ ਨਾਲ ਰਾਜੇ ਨੂੰ ਕੰਗਾਲ ਕਰ ਸਕਦੇ ਹਨ॥੩॥

ਕਹਹਿਂ ਬਚਨ ਜੀਵਤਿ ਕੋ ਮਾਰਹਿਂ। ਮਰਤੇ ਕੌ ਤਤਕਾਲ ਉਬਾਰਹਿਂ।
ਰਿਸ ਪ੍ਰਸੰਨਤਾ ਸਫਲ ਬਿਸਾਲਾ। ਨਾਸ਼ਨਿ ਬਖਸ਼ਨਿ ਹੈ ਤਤਕਾਲਾ॥੪॥

ਬਚਨ ਕਰਕੇ ਜੀਊਂਦੇ ਨੂੰ ਮਾਰ ਸਕਦੇ ਹਨ, ਮਰਦੇ ਨੂੰ ਤੁਰੰਤ ਨਵਾਂ-ਨਰੋਆ ਕਰ ਸਕਦੇ ਹਨ। ਜਿਵੇਂ ਗੁੱਸੇ ਜਾਂ ਖੁਸ਼ੀ ਨਾਲ ਬੋਲਦੇ ਹਨ, ਉਸ ਤਰ੍ਹਾਂ ਹੀ ਸਾਰੇ ਬਚਨ ਪੂਰੇ ਹੁੰਦੇ ਹਨ, ਤੁਰੰਤ ਨਾਸ ਕਰ ਦਿੰਦੇ ਹਨ ਜਾਂ ਬਖਸ਼ ਦਿੰਦੇ ਹਨ॥੪॥

ਇਮ ਸਮਰਥਤਾ ਕਹਾਂ ਛੁਪਾਈ। ਅਨਿਕ ਹੇਤ ਤੇ ਹੈ ਬਿਦਤਾਈ।
ਸਿਖ ਸੇਵਕ ਪਰਖਹਿਂ ਬਹੁ ਭਾਂਤੀ। ਸਭਿ ਘਟ ਘਟ ਕੀ ਜਾਨਹਿਂ ਬਾਤੀ॥੫॥

ਇਸ ਤਰ੍ਹਾਂ ਦੀ ਸਮਰਥਤਾ ਕਿੱਥੇ ਲੁਕਾਈ ਹੈ, ਦੂਸਰਿਆਂ ਵਾਸਤੇ ਕਈ ਵਾਰ ਪ੍ਰਗਟ ਕੀਤਾ ਹੈ। ਸਿਖ-ਸੇਵਕ ਬਹੁਤ ਢੰਗਾਂ ਨਾਲ ਪਰਖਦੇ ਹਨ। ਉਹ ਸਾਰਿਆਂ ਦੇ ਦਿਲਾਂ ਦੀਆਂ ਗੱਲਾਂ ਜਾਣਦੇ ਹਨ॥ ੫ ॥

ਅਜ਼ਮਤ ਜੁਤਿ ਸਿਖ ਕੇਤਿਕ ਅਹੈਂ। ਗੁਰੂ ਸਰੂਪ ਰਿਦੈ ਸਭਿ ਲਹੈਂ।
ਕਰਹਿਂ ਬੰਦਨਾ ਸੇਵਹਿਂ ਪਾਸ। ਖਰੇ ਹੋਇ ਬੋਲੈਂ ਅਰਦਾਸ॥ ੬ ॥

ਕਰਾਮਾਤਾਂ ਸਹਿਤ ਕਈ ਸਿੱਖ ਆਉਂਦੇ ਹਨ, ਉਹ ਸਾਰੇ ਗੁਰੂ ਸਰੂਪ ਹਿਰਦੇ ਨੂੰ ਵੇਖਦੇ ਹਨ। ਬੰਦਨਾ ਕਰਕੇ ਉਹ ਪਾਸ ਆ ਕੇ ਸੇਵਾ ਕਰਦੇ ਹਨ ਅਤੇ ਖੜੇ ਹੋ ਕੇ ਬੇਨਤੀ ਕਰਦੇ ਹਨ॥ ੬ ॥

ਰਾਮਦਾਸ ਗੁਰ ਸੁਨਹਿਂ ਚਲਾਨਾ। ਸੰਗਤਿ ਆਇ ਭੇਟ ਲੇ ਨਾਨਾ।
ਦਰਸ਼ਨ ਕਰਹਿਂ ਭਾਵਨਾ ਪਾਵਹਿਂ। ਗੁਨ ਗਨ ਗਾਵਤਿ ਸਦਨ ਸਿਧਾਵਹਿਂ॥੭॥

ਸੁਣਦੇ ਹਨ ਕਿ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ ਹਨ, ਸੰਗਤਾਂ ਬਹੁਤ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ ਆਉਂਦੀਆਂ ਹਨ, ਦਰਸ਼ਨ ਕਰਕੇ ਮਨ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਹਨ, ਗੁਣ ਗਾਉਂਦੇ ਘਰਾਂ ਨੂੰ ਚਲੇ ਜਾਂਦੇ ਹਨ॥ ੭ ॥

ਦੇਸ਼ ਬਿਦੇਸ਼ਨ ਭੇ ਬੱਖਜਾਤ। 'ਗਾਦੀ ਪਰ ਬੈਠੇ ਲਘੁ ਤਾਤ।
ਸ੍ਰੀ ਨਾਨਕ ਕੀ ਜੋਤਿ ਬਿਲੰਦ। ਮਹਿਦ ਬਿਰਾਜਤਿ ਅਰਜਨ ਚੰਦ'॥ ੮ ॥

ਦੇਸ਼-ਬਿਦੇਸ਼ਾਂ ਵਿਚ ਪ੍ਰਗਟ ਹੋ ਗਿਆ, "ਗੁਰਗੱਦੀ ਤੇ ਗੁਰੂ ਰਾਮਦਾਸ ਜੀ ਦੇ ਛੋਟੇ ਪੁੱਤਰ ਬੈਠੇ ਹਨ। ਸ੍ਰੀ ਗੁਰੂ ਨਾਨਕ ਜੀ ਦੀ ਬੜੀ ਉੱਚੀ ਜੋਤ ਹੈ। ਉਹ ਸ੍ਰੇਸ਼ਟ ਜੋਤ ਹੁਣ ਸ੍ਰੀ ਗੁਰੂ ਅਰਜਨ ਦੇਵ ਵਿਚ ਬਿਰਾਜ ਰਹੀ ਹੈ"॥ ੮ ॥

ਸ੍ਰੀ ਅੰਮ੍ਰਿਤਸਰ ਪ੍ਰਿਥੀਆ ਰਹਜੋ। 'ਮੈਂ ਗੁਰ ਬਨਜੋ' ਬਹੁਤ ਹੀ ਕਹਜੋ।
ਤਊ ਨ ਪੂਜਾ ਕੋਇ ਚਢਾਵਹਿ। ਨਹੀਂ ਜਾਇ ਕਰਿ ਸੀਸ ਨਿਵਾਵਹਿ॥੯॥

ਸ੍ਰੀ ਅੰਮ੍ਰਿਤਸਰ ਵਿੱਖੇ ਪ੍ਰਿਥੀਆ ਰਹਿੰਦਾ ਹੈ, "ਮੈਂ ਗੁਰੂ ਬਣਿਆ ਹਾਂ" ਬਹੁਤ ਕਹਿੰਦਾ ਹੈ। ਫਿਰ ਵੀ ਕੋਈ ਪੂਜਾ ਨਹੀਂ ਚੜ੍ਹਾਉਂਦਾ ਹੈ ਅਤੇ ਨਾ ਹੀ ਜਾ ਕੇ ਕੋਈ ਸੀਸ ਨਿਵਾਉਂਦਾ ਹੈ॥ ੯॥

ਬਹੁਤ ਬਿਸੂਰਤਿ ਕਰਤਿ ਉਪਾਇ। ਸੰਗਤ ਪਰ ਕੁਛ ਬਸ ਨ ਬਸਾਇ।
ਸ੍ਰੀ ਅਰਜਨ ਜੀ ਗੋਇੰਦਵਾਲ। ਕੇਤਿਕ ਮਾਸ ਬਸੇ ਸੁਖ ਨਾਲ॥੧੦॥

ਬਹੁਤ ਦੁਖੀ ਹੈ, ਕਈ ਉਪਾਅ ਕਰਦਾ ਹੈ, ਪਰ ਸੰਗਤ ਉਤੇ ਕੋਈ ਵੱਸ ਨਹੀਂ ਚਲਦਾ ਹੈ। ਗੁਰੂ ਅਰਜਨ ਦੇਵ ਜੀ ਕਈ ਮਹੀਨੇ ਗੋਇੰਦਵਾਲ ਵਿਚ ਬੜੇ ਸੁਖ ਨਾਲ ਰਹੇ॥ ੧੦॥

ਸ੍ਰੀ ਗੁਰ ਰਾਮਦਾਸ ਗੁਰਦਾਸ। ਪਠਜੋ ਆਗਰੇ ਸੰਗਤਿ ਪਾਸ।
ਸੋ ਭੀ ਤਜਾਰ ਹੋਇ ਚਲਿ ਪਰਯੋ। ਸੁਨਿ 'ਪਰਲੋਕ ਪਿਆਨਾ ਕਰਿਯੋ'॥੧੧॥

ਸ੍ਰੀ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਨੂੰ ਆਗਰੇ ਦੀ ਸੰਗਤ ਪਾਸ ਭੇਜਿਆ ਸੀ। ਉਨ੍ਹਾਂ ਜਦ ਸੁਣਿਆ, "ਗੁਰੂ ਜੀ ਪਰਲੋਕ ਚਲੇ ਗਏ ਹਨ", ਤਾਂ ਤਿਆਰ ਹੋ ਕੇ ਪੰਜਾਬ ਵਲ ਚਲ ਪਏ॥ ੧੧॥

ਗੁਰ ਦੇ ਦਿਜਨ ਦਾਨ ਬਹੁਤੇਰਾ। ਜਾਚਕ ਤ੍ਰਿਪਤ ਕਰੇ ਤਿਸ ਬੇਰਾ।
ਕਲਪਤਰੂ ਅਨੁਮਾਨਤਿ ਕੋਈ। ਕੈ ਚਿੰਤਾਮਨਿ ਕੋ ਬਪੁ ਹੋਈ॥੧੨॥

ਗੁਰੂ ਅਰਜਨ ਦੇਵ ਜੀ ਨੇ ਗਰੀਬਾਂ ਨੂੰ ਬਹੁਤ ਦਾਨ ਦਿੱਤਾ ਅਤੇ ਮੰਗਤਿਆਂ ਨੂੰ ਇਕ ਵਾਰ ਤ੍ਰਿਪਤ ਕਰ ਦਿੱਤਾ। ਕਈ ਗਰੀਬ ਤਾਂ ਉਨ੍ਹਾਂ ਦੀ ਕਲਪ ਬ੍ਰਿਛ ਨਾਲ ਤੁਲਨਾ ਕਰਦੇ ਹਨ ਅਤੇ ਕਈ ਉਨ੍ਹਾਂ ਨੂੰ ਚਿੰਤਾਮਣੀ ਦਾ ਅਵਤਾਰ ਭਾਵ ਸਰੂਪ ਸਮਝਦੇ ਹਨ॥ ੧੨॥

ਨੋਟ:- ਚਿੰਤਾਮਣੀ=ਪੁਰਾਣਾਂ ਅਨੁਸਾਰ ਇਕ ਮਣੀ (ਰਤਨ) ਹੈ ਜੋ ਮਨ-ਇੱਛਤ ਪਦਾਰਥ ਦਿੰਦੀ ਹੈ।

ਗੋਇੰਦਵਾਲ ਨਿਕਟ ਜੇ ਗ੍ਰਾਮ। ਸੁਨਿ ਜਾਚਕ ਆਏ ਤਜਿ ਧਾਮ।
ਮਨ ਬਾਂਛਤ ਸਭਿ ਲੇਕਰਿ ਗਮਨੇ। ਸਰਬ ਕਰਤਿ ਜਸੁ ਨਿਜ ਨਿਜ ਭਵਨੇ॥੧੩॥

ਗੋਇੰਦਵਾਲ ਦੇ ਨੇੜੇ-ਨੇੜੇ ਜਿੰਨੇ ਵੀ ਪਿੰਡ ਹਨ, ਉਨ੍ਹਾਂ ਪਿੰਡਾਂ ਦੇ ਮੰਗਤੇ ਆਪਣੇ ਘਰ ਛੱਡ ਕੇ ਗੋਇੰਦਵਾਲ ਆ ਗਏ। ਸਾਰੇ ਮੂੰਹ ਮੰਗੀਆਂ ਮੁਰਾਦਾਂ ਲੈ ਕੇ ਗਏ। ਸਾਰੇ ਆਪਣੇ-ਆਪਣੇ ਘਰਾਂ ਵਿਚ ਗੁਰੂ ਜੀ ਦਾ ਬਹੁਤ ਜੱਸ ਕਰਦੇ ਸਨ॥ ੧੩॥

ਹੇਤ ਪਿਤਾ ਬਹੁ ਦੀਨਸਿ ਦਾਨ। ਕੀਰਤਿ ਪਸਰੀ ਬਿਦਤ ਜਹਾਨ।
ਪੁਨ ਸ੍ਰੀ ਅਰਜਨ ਰਿਦੇ ਬਿਚਾਰਾ। ਪਿਤਾ ਨਗਰ ਬਸਿਬੇ ਹਿਤ ਧਾਰਾ॥੧੪॥

ਆਪਣੇ ਪਿਤਾ ਜੀ ਵਾਸਤੇ ਉਹ ਬਹੁਤ ਦਾਨ ਦੇ ਰਹੇ ਸਨ, ਉਨ੍ਹਾਂ ਦੀ ਕੀਰਤੀ ਸਾਰੇ ਜਹਾਨ ਵਿਚ ਫੈਲ ਗਈ। ਫਿਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ। ਪਿਤਾ ਜੀ ਦੇ ਨਗਰ ਅੰਮ੍ਰਿਤਸਰ ਵਿਚ ਵੱਸਣ ਨੂੰ ਦਿਲ ਕੀਤਾ॥ ੧੪॥

'ਨਾਨੇ ਕੋ ਇਸ ਥਲ ਪਰਵਾਰ। ਬਸਹੁ ਸੁਖੀ ਨਿਤ ਬਧਹੁ ਉਦਾਰ।
ਬਸਿਬੋ ਇਹਾਂ ਅਜੋਗ ਹਮਾਰੋ। ਸੰਗਤਿ ਦਿਨਪ੍ਰਤਿ ਆਇ ਹਜ਼ਾਰੋਂ॥ ੧੫॥

"ਮੇਰੇ ਨਾਨਾ ਜੀ ਦਾ ਇਸ ਥਾਂ ਪਰਿਵਾਰ ਰਹਿੰਦਾ ਹੈ, ਸੁਖੀ ਵਸੋ ਅਤੇ ਸਦਾ ਵਧਦੇ ਰਹੋ। ਸਾਡਾ ਏਥੇ ਵਸਣਾ ਅਯੋਗ ਹੈ [illegible] ਹਜ਼ਾਰਾਂ ਦੀ ਗਿਣਤੀ ਵਿਚ [illegible] ਸੰਗਤ ਆਉਂਦੀ ਹੈ॥ ੧੫॥

Sri Satguru Jagjit Singh Ji eLlibrary NamdhariElibrary@gmail.com

ਖੇਦ ਹੋਤਿ ਸਭਿ ਹੀ ਬਿਧਿ', ਜਾਨਜੋ। ਚਲਨ ਸੁਧਾਸਰ ਕੋ ਹਿਤ ਠਾਨਜੋ।
ਮੋਹਨ ਅਪਰ ਮੋਹਰੀ ਸਾਥ। ਨਮੋ ਠਾਨਿ ਸ਼੍ਰੀ ਅਰਜਨ ਨਾਥ॥ ੧੬॥

ਸਭ ਤਰ੍ਹਾਂ ਨਾਲ ਦੁਖ ਹੁੰਦਾ ਹੈ।" ਇਸ ਤਰ੍ਹਾਂ ਜਾਣ ਕੇ ਅੰਮ੍ਰਿਤਸਰ ਨੂੰ ਚਲਣ ਦਾ ਮਨ ਬਣਾ ਲਿਆ। ਮਾਮਾ ਮੋਹਨ ਜੀ ਅਤੇ ਮਾਮਾ ਮੋਹਰੀ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਮਸਕਾਰ ਬੁਲਾਈ॥ ੧੬॥

ਕਹਜੋ 'ਪਿਤਾ ਕੀ ਆਇਸੁ ਮੋਹਿ। ਕਾਰ ਸੁਧਾਸਰ ਕਰਿਬੇ ਜੋਹਿ।
ਤਹਾਂ ਪਹੁੰਚਿ ਹਮ ਚਹਤਿ ਕਰਾਈ'। ਇਮ ਕਹਿ ਮਾਤੁਲ ਆਗਜਾ ਪਾਈ॥੧੭॥

ਕਿਹਾ, "ਮੈਨੂੰ ਪਿਤਾ ਜੀ ਦੀ ਇਹ ਆਗਿਆ ਹੈ ਕਿ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾਓ, ਓਥੇ ਪਹੁੰਚ ਕੇ ਅਸੀਂ ਕਾਰ ਸੇਵਾ ਕਰਵਾਉਣੀ ਚਾਹੁੰਦੇ ਹਾਂ।" ਇਹ ਕਹਿ ਕੇ ਮਾਮਾ ਜੀ ਦੀ ਆਗਿਆ ਪ੍ਰਾਪਤ ਕੀਤੀ॥ ੧੭॥

ਤਜਾਰੀ ਕਰੀ ਸਗਲ ਸੰਗ ਮਿਲੇ। ਚਢਿ ਵਾਹਨਿ ਪਰ ਮਾਰਗ ਚਲੇ।
ਨਿਸ ਇਕ ਬਸਿਕੈ ਪੰਥ ਮਝਾਰਾ। ਪਹੁੰਚਤਿ ਭੇ ਸਤਿਗੁਰੂ ਉਦਾਰਾ॥ ੧੮॥

ਸਾਰਿਆਂ ਦੇ ਨਾਲ ਮਿਲ ਕੇ ਚਲਣ ਦੀ ਤਿਆਰੀ ਕੀਤੀ। ਘੋੜਿਆਂ ਤੇ ਚੜ੍ਹ ਕੇ ਰਸਤੇ-ਰਸਤੇ ਚਲ ਪਏ। ਇਕ ਦਿਨ ਰਾਹ ਵਿਚ ਠਹਿਰ ਕੇ ਉੱਤਮ ਸਤਿਗੁਰੂ ਜੀ ਅੰਮ੍ਰਿਤਸਰ ਪਹੁੰਚ ਗਏ॥ ੧੮॥

ਪਿਤਾ ਸਥਾਨ ਮਾਥ ਕੋ ਟੇਕਾ। ਨਿਜ ਗ੍ਰਿਹ ਪ੍ਰਵਿਸ਼ੇ ਜਲਧਿ ਬਿਬੇਕਾ।
ਬਸਨ ਲਗੇ ਸ਼੍ਰੀ ਅੰਮ੍ਰਿਤਸਰ ਮੈਂ। ਸਿਮਰਹਿਂ ਸਤਿਗੁਰ ਆਗਜਾ ਉਰ ਮੈਂ॥੧੯॥

ਜਾ ਕੇ ਆਪਣੇ ਪਿਤਾ ਜੀ ਦੇ ਸਥਾਨ ਨੂੰ ਮੱਥਾ ਟੇਕਿਆ ਅਤੇ ਗਿਆਨ ਦੇ ਸਮੁੰਦਰ ਆਪਣੇ ਘਰ ਵਿਚ ਚਲੇ ਗਏ। ਅੰਮ੍ਰਿਤਸਰ ਵਿਚ ਜਾ ਕੇ ਵਸਣ ਲੱਗੇ। ਸਤਿਗੁਰੂ ਰਾਮਦਾਸ ਜੀ ਦੀ ਆਗਿਆ ਨੂੰ ਦਿਲ ਵਿਚ ਯਾਦ ਕਰਦੇ ਸਨ॥ ੧੯॥

ਸੰਗਤਿ ਸਕਲ ਆਇ ਕਰਿ ਪਾਸ। ਅਰਪਹਿ ਭੇਟ ਕਰਹਿ ਅਰਦਾਸ।
ਨਗਰ ਆਗਰੇ ਤੇ ਕਰਿ ਬਾਸ। ਸੰਗਤਿ ਬ੍ਰਿੰਦ ਸੰਗ ਗੁਰਦਾਸ॥ ੨੦॥

ਸਾਰੀ ਸੰਗਤ ਪਾਸ ਆ ਕੇ ਭੇਟਾਵਾਂ ਅਰਪਣ ਕਰਕੇ ਬੇਨਤੀਆਂ ਕਰਦੀ ਸੀ। ਆਗਰੇ ਨਗਰ ਵਿਚ ਵਾਸ ਕਰਕੇ ਸੰਗਤਾਂ ਦਾ ਇਕ ਸਮੂਹ ਭਾਈ ਗੁਰਦਾਸ ਜੀ ਦੇ ਨਾਲ ਪੰਜਾਬ ਵਲ ਚਲ ਪਿਆ॥ ੨੦॥

ਗੁਰ ਦਰਸ਼ਨ ਕੇ ਕਾਰਨ ਆਵਤਿ। ਪ੍ਰੇਮ ਸਹਤ ਸ਼ਬਦਨਿ ਕੋ ਗਾਵਤਿ।
ਸੰਗਤ ਮਿਲਹਿ ਕੀਰਤਨ ਕਰੇ। ਸ਼੍ਰਮਤ ਹੋਇ ਟਿਕ ਹੈਂ ਨਿਸ ਪਰੇ॥ ੨੧॥

ਸਾਰੇ ਗੁਰੂ ਜੀ ਦੇ ਦਰਸ਼ਨ ਕਰਨ ਆ ਰਹੇ ਸਨ, ਬੜੇ ਪ੍ਰੇਮ ਨਾਲ ਸ਼ਬਦਾਂ ਦਾ ਗਾਇਣ ਕਰ ਰਹੇ ਸਨ। ਸੰਗਤ ਮਿਲ ਕੇ ਕੀਰਤਨ ਕਰਦੀ ਸੀ, ਰਾਤ ਪੈਣ ਤੇ ਥੱਕੇ ਹੋਏ ਟਿਕ ਕੇ ਆਰਾਮ ਕਰਦੇ ਸਨ॥ ੨੧॥

ਪ੍ਰਿਥਮ ਜਾਮ ਅਰੁ ਪਾਛਲ ਜਾਮੂ। ਗਾਵਤਿ ਸੰਗਤਿ ਕੀਰਤਿ ਨਾਮੂ।
ਪੰਥ ਚਲਤਿ ਮਿਲਿ ਕਿਰਤਨ ਕਰੈਂ। ਸਤਿਗੁਰ ਪ੍ਰੇਮ ਮਹਾਂ ਉਰ ਧਰੈਂ॥ ੨੨॥

ਪਹਿਲੇ ਪਹਿਰ ਅਤੇ ਪਿਛਲੇ ਪਹਿਰ ਸੰਗਤ ਨਾਮ ਦੀ ਕੀਰਤੀ ਗਾਉਂਦੀ ਸੀ। ਰਾਹ ਵਿਚ ਮਿਲ ਕੇ ਕੀਰਤਨ ਕਰਦੇ ਸਨ। ਉਨ੍ਹਾਂ ਆਪਣੇ ਹਿਰਦਿਆਂ ਵਿਚ ਸਤਿਗੁਰੂ ਜੀ ਦਾ ਮਹਾਨ ਪ੍ਰੇਮ ਧਾਰਨ ਕੀਤਾ ਹੋਇਆ ਸੀ॥ ੨੨॥

ਇਮ ਦਿਨ ਪ੍ਰਤਿ ਸੰਗਤ ਚਲਿ ਆਵਤਿ। ਮੁਖਿ ਗੁਰਦਾਸ ਸਭਿਨਿ ਹਰਖਾਵਤ।
ਤੀਰ ਬਿਪਾਸਾ ਕੇ ਤਬਿ ਆਏ। ਜਲ ਗੰਭੀਰ ਥਾਹ ਨਹਿਂ ਪਾਏ॥ ੨੩॥

ਇਸ ਤਰ੍ਹਾਂ ਪ੍ਰਤਿ ਦਿਨ ਸੰਗਤ ਚਲਦੀ ਆ ਰਹੀ ਸੀ, ਭਾਈ ਗੁਰਦਾਸ ਦੇ ਮੁਖ ਨੂੰ ਸਾਰੇ ਪ੍ਰਸੰਨ ਕਰ ਰਹੇ ਸਨ। ਚਲਦੇ-ਚਲਦੇ ਉਹ ਦਰਿਆ ਬਿਆਸ ਦੇ ਕਿਨਾਰੇ ਆ ਗਏ। ਦਰਿਆ ਦਾ ਜਲ ਬੜਾ ਗੰਭੀਰ ਸੀ ਤੇ ਉਸ ਦੀ ਡੂੰਘਾਈ ਦਾ ਕੋਈ ਥਾਹ ਨਹੀਂ ਸੀ॥ ੨੩॥

ਨਿਕਟ ਤਰੀ ਨਹਿਂ, ਉਤਰਹਿਂ ਪਾਰ। ਠਾਂਢੇ ਹੇਰਹਿਂ ਨਦੀ ਕਿਨਾਰ।
'ਬਸਹਿਂ ਜਾਮਨੀ ਜੇ ਇਸ ਥਾਨ। ਆਵਹਿ ਨੌਕਾ ਪ੍ਰਾਤੀ ਜਾਨ॥ ੨੪॥

ਨੇੜੇ ਕੋਈ ਬੇੜੀ ਨਹੀਂ ਸੀ, ਜਿਹੜੀ ਉਨ੍ਹਾਂ ਨੂੰ ਪਾਰ ਉਤਾਰ ਦਿੰਦੀ। ਨਦੀ ਦੇ ਕਿਨਾਰੇ ਖੜੇ ਵੇਖ ਰਹੇ ਸਨ। "ਜੇ ਰਾਤ ਇਸ ਥਾਂ ਠਹਿਰ ਜਾਈਏ ਤਾਂ ਸਵੇਰੇ ਬੇੜੀ ਆ ਜਾਵੇਗੀ॥ ੨੪॥

ਸਕਲ ਵਸਤੁ ਤੇ ਰਹਿ ਔਖਾਈ। ਸੰਗਤਿ ਸਗਰੀ ਸ੍ਰਮ ਕੋ ਪਾਈ'।
ਏਵ ਬਿਚਾਰਤਿ ਉਰ ਗੁਰਦਾਸ। ਇਕ ਸਿਖ ਪਠਤਿ ਹੁਤੋ ਥਿਤ ਪਾਸ॥੨੫॥

ਸਾਰੀਆਂ ਵਸਤਾਂ ਲੈ ਕੇ ਜਾਣ ਵਿਚ ਬਹੁਤ ਮੁਸ਼ਕਲ ਆਵੇਗੀ। ਸਾਰੀ ਸੰਗਤ ਬਹੁਤ ਥੱਕੀ ਹੋਈ ਹੈ।" ਭਾਈ ਗੁਰਦਾਸ ਇਸ ਤਰ੍ਹਾਂ ਵਿਚਾਰ ਕਰ ਰਹੇ ਸਨ ਕਿ ਉਨ੍ਹਾਂ ਦੇ ਪਾਸ ਇਕ ਸਿੱਖ ਖੜਾ ਇਹ ਬਾਣੀ ਦਾ ਸ਼ਬਦ ਪੜ੍ਹ ਰਿਹਾ ਸੀ॥ ੨੫॥

*ਧਨਾਸਰੀ ਮਹਲਾ ੫॥*

*ਗੁਰ ਕਾ ਬਚਨੁ ਬਸੈ ਜੀਅ ਨਾਲੇ॥*
*ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥ ੧॥ ਰਹਾਉ॥*

*(ਪੰਨਾ ੬੭੯)*

ਗੁਰੂ ਜੀ ਦਾ ਸ਼ਬਦ ਮੇਰੇ ਹਿਰਦੇ ਦੇ ਨਾਲ ਵਸਦਾ ਹੈ। ਇਹ ਪਾਣੀ ਵਿਚ ਡੁਬਦਾ ਨਹੀਂ, ਨਾ ਚੋਰ ਇਸ ਨੂੰ ਲੈ ਜਾ ਸਕਦਾ ਹੈ ਅਤੇ ਨਾ ਹੀ ਅੱਗ ਇਸ ਨੂੰ ਸਾੜ ਸਕਦੀ ਹੈ॥ ੧॥ ਠਹਿਰਾਉ॥

*ਚੌਪਈ-* ਸੁਨਿ ਗੁਰਦਾਸ ਬਿਚਾਰਤਿ ਰਿਦੈ।'ਗੁਰ ਸਮੁਝਾਇ ਨ ਡੂਬਹਿ ਕਦੈ।
ਸ਼ਬਦ ਆਸਰੇ ਹੋਵਹੁ ਪਾਰ'। ਇਮ ਨਿਸ਼ਚਾ ਸਤਿਗੁਰ ਕੋ ਧਾਰਿ॥੨੬॥

ਇਹ ਸੁਣ ਕੇ ਭਾਈ ਗੁਰਦਾਸ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਗੁਰੂ ਜੀ ਸਮਝਾਉਂਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸਦਾ ਹੈ ਉਹ ਕਦੇ ਵੀ ਡੁਬਦੇ ਨਹੀਂ, ਇਸ ਕਰਕੇ ਸ਼ਬਦ ਦੇ ਆਸਰੇ ਹੀ ਪਾਰ ਹੋਵੋ।" ਇਸ ਤਰ੍ਹਾਂ ਨਿਸ਼ਚਾ ਕਰਕੇ ਅਤੇ ਸਤਿਗੁਰੂ ਨੂੰ ਧਾਰਨ ਕਰਕੇ॥ ੨੬॥

ਸਭਿ ਸੰਗਤਿ ਕੋ ਕਹਾ ਬੁਝਾਈ। 'ਹਮ ਹੈਂ ਮੁਗਧ ਬੂਝ ਨਹਿਂ ਪਾਈ।
ਭਵਜਲ ਗੁਰ ਕੋ ਸ਼ਬਦ ਉਧਾਰੈ। ਇਹ ਬਪੁਰੀ ਕਹਾ ਨਦੀ ਨ ਤਾਰੈ?॥੨੭॥

ਫਿਰ ਸਾਰੀ ਸੰਗਤ ਨੂੰ ਸਮਝਾ ਕੇ ਕਿਹਾ, "ਅਸੀਂ ਮੂਰਖ ਅਣਜਾਣ ਜਾਣ ਨਹੀਂ ਸਕੇ, ਗੁਰੂ ਜੀ ਦਾ ਸ਼ਬਦ ਤਾਂ ਭਵਜਲ ਪਾਰ ਕਰਵਾ ਦਿੰਦਾ ਹੈ, ਇਹ ਵਿਚਾਰੀ ਨਦੀ ਕੀ ਹੈ, ਜਿਹੜੀ ਸਾਨੂੰ ਤਾਰੇਗੀ ਨਹੀਂ?॥ ੨੭॥

ਧਰਿ ਸ਼ਰਧਾ ਗੁਰ ਕੋ ਬਚੁ ਮਾਨੋ। ਉਤਰਹੁ ਪਾਰ ਬਿਲਮੁ ਨਹਿਂ ਠਾਨੋ।
'ਸੱਤਿਨਾਮ' ਗੁਰਦਾਸ ਉਚਾਰਾ। ਪ੍ਰਥਮ ਪ੍ਰਵੇਸ਼ਜੋ ਨਦੀ ਮਝਾਰਾ॥ ੨੮॥

ਸ਼ਰਧਾ ਧਾਰ ਕੇ ਗੁਰੂ ਜੀ ਦਾ ਬਚਨ ਮੰਨ ਲਵੋ ਅਤੇ ਪਾਰ ਉਤਰੋ, ਕੋਈ ਦੇਰ ਨਾ ਲਾਵੋ।" ਭਾਈ ਗੁਰਦਾਸ ਨੇ ਸਤਿਨਾਮ ਦਾ ਉਚਾਰਨ ਕੀਤਾ ਅਤੇ ਸਭ ਤੋਂ ਪਹਿਲਾਂ ਦਰਿਆ ਵਿਚ ਪ੍ਰਵੇਸ਼ ਕਰ ਗਏ॥ ੨੮॥

ਜਾਨੂਲਗ ਜਲ ਭਾ ਸਲਿਤਾ ਕੋ। ਸੰਗਤਿ ਸਗਲ ਦੇਖਿ ਕਰਿ ਤਾਂਕੋ।
'ਸੱਤਿਨਾਮ' ਕੋ ਉਚਰਜੋ ਆਛੇ। ਗਮਨ ਕੀਨ ਗੁਰਦਾਸਹਿਂ ਪਾਛੇ॥੨੯॥

ਦਰਿਆ ਦਾ ਪਾਣੀ ਗੋਡੇ ਤਕ ਹੋ ਗਿਆ, ਸਾਰੀ ਸੰਗਤ ਨੇ ਭਾਈ ਗੁਰਦਾਸ ਵਲ ਵੇਖਿਆ। ਸਾਰਿਆਂ ਨੇ ਚੰਗੀ ਤਰ੍ਹਾਂ ਸਤਿਨਾਮ ਦਾ ਉਚਾਰਨ ਕੀਤਾ ਅਤੇ ਦਰਿਆ ਵਿਚ ਪ੍ਰਵੇਸ਼ ਕਰਕੇ ਭਾਈ ਗੁਰਦਾਸ ਦੇ ਪਿੱਛੇ-ਪਿੱਛੇ ਹੋ ਗਏ॥ ੨੯॥

ਕਟ ਲਗ ਜਲ ਕਿਸ ਕੇ ਨਹਿਂ ਆਯੋ। ਸੰਗਤਿ ਸਕਲ ਪਾਰ ਉਤਰਾਯੋ।
ਗੁਰ ਕੋ ਸ਼ਬਦ ਕਰਜੋ ਬਡ ਬੇਰਾ। ਭਏ ਪਾਰ ਸਗਰੇ ਬਿਨ ਬੇਰਾ॥੩੦॥

ਕਿਸੇ ਦੇ ਵੀ ਲੱਕ ਤਕ ਪਾਣੀ ਨਾ ਆਇਆ, ਸਾਰੀ ਸੰਗਤ ਪਾਰ ਲੰਘ ਗਈ। ਗੁਰੂ ਦੇ ਸ਼ਬਦ ਨੇ ਵੱਡਾ ਬੇੜਾ ਪਾਰ ਕਰ ਦਿੱਤਾ, ਕਿਸੇ ਦੇਰ ਤੋਂ ਬਗ਼ੈਰ ਸਾਰੇ ਪਾਰ ਹੋ ਗਏ॥ ੩੦॥

ਸਭਿ ਕੇ ਅਤਿ ਨਿਸ਼ਚਾ ਉਰ ਭਯੋ। ਸ਼ਬਦ ਆਸਰਾ ਦ੍ਰਿਢ ਮਨ ਕਯੋ।
ਗੋਇੰਦਵਾਲ ਪੁਰੀ ਮਹਿਂ ਆਏ। ਸਿਸ ਸ੍ਰੀ ਅਮਰ ਅੰਸ ਸਮੁਦਾਏ॥੩੧॥

ਸਾਰਿਆਂ ਦੇ ਹਿਰਦਿਆਂ ਵਿਚ ਅਤਿ ਨਿਸ਼ਚਾ ਹੋ ਗਿਆ, ਸ਼ਬਦ ਦਾ ਆਸਰਾ ਮਨ ਵਿਚ ਦ੍ਰਿੜ੍ਹ ਕਰ ਲਿਆ। ਫਿਰ ਚਲ ਕੇ ਗੋਇੰਦਵਾਲ ਨਗਰ ਵਿਚ ਆ ਗਏ। ਸ੍ਰੀ ਅਮਰਦਾਸ ਜੀ ਦੀ ਅੰਸ਼ ਦੇ ਸਾਰੇ ਬਾਲਕੇ ਓਥੇ ਰਹਿੰਦੇ ਸਨ॥ ੩੧॥

ਖੇਲਤਿ ਮਿਲੇ ਪਰਸਪਰ ਸੋਊ। ਬਾਲਿਕ ਖੇਲ ਹੋਤਿ ਹੈ ਜੋਊ।
ਕਿਸੀ ਬਾਤ ਪਰ ਬਾਕ ਅਲਾਵੈਂ। 'ਹੁਇ ਹੈ ਇਮ ਜੇ ਸਤਿਗੁਰ ਭਾਵੈਂ'॥੩੨॥

ਉਹ ਸਾਰੇ ਆਪਸ ਵਿਚ ਖੇਡਦੇ ਮਿਲ ਪਏ, ਜਿਹੜੀਆਂ ਬਾਲਕਾਂ ਦੀਆਂ ਖੇਡਾਂ ਹੁੰਦੀਆਂ ਹਨ, ਅਜਿਹੀਆਂ ਖੇਡਾਂ ਖੇਡ ਰਹੇ ਸਨ। ਕਿਸੇ ਗੱਲ ਤੇ ਬੋਲ ਰਹੇ ਸਨ, "ਇਸ ਤਰ੍ਹਾਂ ਹੋਵੇਗਾ ਜੇ ਸਤਿਗੁਰੂ ਨੂੰ ਭਾਵੇ"॥ ੩੨॥

ਸੁਨਿ ਕੈ ਮਨ ਗੁਰਦਾਸੁ ਬਿਚਾਰਾ। 'ਗੁਰ ਭਾਣਾ ਉਰ ਇਨ ਨੇ ਧਾਰਾ।
ਯਾਂਤੇ ਇਹ ਬਾਲਕ ਗੁਰ ਰੂਪ। ਬੋਲਤਿ ਨਿਸ਼ਚੇ ਬਾਕ ਅਨੂਪ'॥ ੩੩॥

ਇਹ ਸੁਣ ਕੇ ਭਾਈ ਗੁਰਦਾਸ ਨੇ ਮਨ ਵਿਚ ਵਿਚਾਰ ਕੀਤੀ, "ਗੁਰੂ ਜੀ ਦਾ ਭਾਣਾ ਇਨ੍ਹਾਂ ਨੇ ਹਿਰਦੇ ਵਿਚ ਧਾਰਨ ਕੀਤਾ ਹੋਇਆ ਹੈ, ਇਸ ਕਰਕੇ ਇਹ ਬਾਲਕ ਗੁਰੂ ਰੂਪ ਹਨ, ਅਨੁਪਮ ਨਿਸ਼ਚੇ ਵਾਲੇ ਬਚਨ ਬੋਲਦੇ ਹਨ"॥ ੩੩॥

ਦ੍ਵੈ ਕਰ ਬੰਦਿ ਬੰਦਨਾ ਠਾਨੀ। 'ਧੰਨ ਧੰਨ ਇਨ ਗੁਰਮਤਿ ਜਾਨੀ'।
ਕੀਨਸਿ ਨਿਸ ਬਿੱਸ੍ਰਾਮ ਸੁ ਨਗਰੀ। ਸਿਮਰਿ ਸਤਿਗੁਰੂ ਸੰਗਤਿ ਸਗਰੀ॥੩੪॥

ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, "ਧੰਨ ਧੰਨ ਹਨ ਇਹ, ਜਿਨ੍ਹਾਂ ਗੁਰਮਤਿ ਨੂੰ ਜਾਣ ਲਿਆ ਹੈ।" ਰਾਤ ਨੂੰ ਉਸੇ ਨਗਰੀ ਵਿਚ ਵਿਸ਼ਰਾਮ ਕੀਤਾ। ਸਾਰੀ ਸੰਗਤ ਨੇ ਸਤਿਗੁਰੂ ਜੀ ਨੂੰ ਯਾਦ ਕੀਤਾ॥ ੩੪॥

ਪ੍ਰਾਤਿ ਉਠੇ ਬਾਪੀ ਇਸ਼ਨਾਨੇ। ਅਮਰ ਅੰਸ ਕੋ ਬੰਦਨ ਠਾਨੇ।
ਸੁਨੀ ਕੁਮਤਿ ਪ੍ਰਿਥੀਏ ਕੀ ਕਾਨ। ਕੀਨਿ ਸੁਧਾਸਰ ਕੋ ਪ੍ਰਸਥਾਨ ॥੩੫॥

ਸਵੇਰੇ ਉੱਠ ਕੇ ਬਾਉਲੀ ਵਿਚ ਇਸ਼ਨਾਨ ਕੀਤਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਨੂੰ ਬੰਦਨਾ ਕੀਤੀ। ਜਦ ਪ੍ਰਿਥੀਏ ਦੀ ਭੈੜੀ ਕਰਤੂਤ ਬਾਰੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਸੇ ਵੇਲੇ ਅੰਮ੍ਰਿਤਸਰ ਵਲ ਚਲ ਪਏ॥ ੩੫॥

ਇਕ ਨਿਸ ਬਸਿ ਪਹੁੰਚੇ ਤਹਿਂ ਜਾਈ। ਤਬਿ ਗੁਰਦਾਸੁ ਰਿਦੈ ਠਹਿਰਾਈ।
'ਨਿਸ਼ਚੈ ਸ਼੍ਰੀ ਅਰਜਨ ਗੁਰ ਭਯੋ। ਤਊ ਮਨੋਰਥ ਐਸੇ ਕਯੋ॥ ੩੬॥

ਇਕ ਰਾਤ ਰਸਤੇ ਵਿਚ ਠਹਿਰ ਕੇ ਅੰਮ੍ਰਿਤਸਰ ਪਹੁੰਚ ਗਏ। ਤਦ ਭਾਈ ਗੁਰਦਾਸ ਨੇ ਹਿਰਦੇ ਵਿਚ ਵਿਚਾਰ ਕੀਤੀ, "ਨਿਸ਼ਚੈ ਹੀ ਸ੍ਰੀ ਅਰਜਨ ਦੇਵ ਜੀ ਗੁਰੂ ਬਣੇ ਹਨ, ਏਸੇ ਮਨੋਰਥ ਕਰਕੇ ਇਸ ਤਰ੍ਹਾਂ ਕੀਤਾ ਹੈ॥ ੩੬॥

ਗੁਰ ਭਾਨਾ ਜਾਨਜੋ ਜਿਨ ਬਾਲਿਕ। ਮੈਂ ਤਿਨ ਕੋ ਬੰਦਜੋ' ਤਤਕਾਲਕ।
ਬਿਨਾ ਭਨੇ ਇਹੁ ਸਕਲ ਪ੍ਰਸੰਗ। ਜੇ ਕਰਿ ਬੂਝਹਿੰਗੇ ਮੁਝ ਸੰਗ॥ ੩੭॥

ਜਿਸ ਬਾਲਕ ਨੇ ਗੁਰੂ ਭਾਣਾ ਜਾਣਿਆ ਸੀ, ਮੈਂ ਉਸ ਨੂੰ ਫੌਰਨ ਬੰਦਨਾ ਕੀਤੀ ਸੀ। ਜੇ ਦੱਸੇ ਦੇ ਬਗੈਰ, ਇਹ ਸਾਰਾ ਪ੍ਰਸੰਗ ਮੈਨੂੰ ਪੁਛਣਗੇ॥ ੩੭॥

ਤੌ ਜਾਨਹੁਂ ਮੈਂ ਗੁਰ ਇਹੁ ਭਏ। ਸ੍ਰੀ ਨਾਨਕ ਪੰਚਮੁ ਤਨ ਲਏ'।
ਏਵ ਮਨੋਰਥ ਕਰਿ ਉਰ ਮਾਂਹੀ। ਡੇਰਾ ਕੀਨ ਸੁਧਾਸਰ ਪਾਹੀ॥ ੩੮॥

ਤਾਂ ਮੈਂ ਜਾਣਾਂਗਾ ਉਹ ਗੁਰੂ ਜੀ ਬਣੇ ਹਨ ਅਤੇ ਗੁਰੂ ਜੀ ਨੇ ਪੰਚਮ ਸਰੀਰ ਧਾਰਨ ਕੀਤਾ ਹੈ।" ਭਾਈ ਗੁਰਦਾਸ ਨੇ ਇਹ ਮਨੋਰਥ ਮਨ ਵਿਚ ਧਾਰ ਕੇ, ਅੰਮ੍ਰਿਤ ਸਰੋਵਰ ਦੇ ਪਾਸ ਡੇਰਾ ਕਰ ਲਿਆ॥ ੩੮॥

ਨਿਸ ਬਿਤਾਇ ਕੀਨਸਿ ਇਸ਼ਨਾਨਾ। ਸਭਿ ਸੰਗਤਿ ਲੇ ਵਸਤੂ ਨਾਨਾ।
ਸ੍ਰੀ ਅਰਜਨ ਸੋਹਤਿ ਜਿਸ ਥਾਇਂ। ਜਾਇ ਸਭਿਨਿ ਬੰਦੇ ਤਿਨ ਪਾਇ॥ ੩੯॥

ਰਾਤ ਬਤੀਤ ਕਰਕੇ ਇਸ਼ਨਾਨ ਕੀਤਾ, ਸਭ ਸੰਗਤ ਨੇ ਕਈ ਪ੍ਰਕਾਰ ਦੀਆਂ ਵਸਤਾਂ ਲੈ ਲਈਆਂ। ਜਿਸ ਥਾਂ ਤੇ ਬੈਠੇ ਸ੍ਰੀ ਗੁਰੂ ਅਰਜਨ ਦੇਵ ਜੀ ਸ਼ੋਭ ਰਹੇ ਸਨ, ਓਥੇ ਜਾ ਕੇ ਸਾਰਿਆਂ ਨੇ ਉਨ੍ਹਾਂ ਦੇ ਚਰਨਾਂ ਤੇ ਬੰਦਨਾ ਕੀਤੀ॥ ੩੯॥

ਅਰਪੀ ਪੁੰਜ ਅਕੋਰ ਅਗਾਰੀ। ਦਰਸ਼ਨ ਤੇ ਪ੍ਰਾਪਤਿ ਸੁਖ ਭਾਰੀ।
ਪ੍ਰੇਮਾਨੰਦ ਰਿਦੇ ਭਰਿ ਆਏ। ਗੁਰ ਰਵਿ ਪਿਖਿ ਦ੍ਰਿਗ ਕੰਜ ਖਿਰਾਏ॥ ੪੦॥

ਗੁਰੂ ਜੀ ਅੱਗੇ ਨਜ਼ਰਾਨੇ ਅਰਪਣ ਕੀਤੇ, ਦਰਸ਼ਨ ਕਰਕੇ ਭਾਰੀ ਸੁਖ ਪ੍ਰਾਪਤ ਕੀਤਾ। ਹਿਰਦੇ ਪਰੇਮ-ਆਨੰਦ ਨਾਲ ਭਰ ਗਏ। ਸੂਰਜ ਰੂਪੀ ਗੁਰੂ ਜੀ ਨੂੰ ਵੇਖ ਕੇ ਨੇਤਰ ਰੂਪੀ ਕੰਵਲ ਖਿੜ ਗਏ॥ ੪੦॥

ਗੁਰਮੁਖ ਸਸਿ, ਚਕੋਰ ਚਖ ਕਰੇ। ਇਕ ਟਕ ਅਵਲੋਕਤਿ ਸਭਿ ਖਰੇ।
ਗੁਰ ਕ੍ਰਿਪਾਲ ਲਖਿ ਪ੍ਰੇਮੁ ਬਿਸਾਲਾ। ਖੁਸ਼ੀ ਕਰੀ ਸਭਿ ਪਰ ਤਿਸ ਕਾਲਾ॥ ੪੧॥

ਗੁਰੂ ਜੀ ਦੇ ਚੰਦ ਰੂਪੀ ਮੁਖੜੇ ਤੇ ਚਕੋਰ ਰੂਪ ਨੇਤਰ ਟਿਕਾ ਕੇ ਇਕ ਟਕ ਖੜੇ ਹੋ ਕੇ ਸਭ ਵੇਖ ਰਹੇ ਸਨ। ਕਿਰਪਾਲੂ ਗੁਰੂ ਜੀ ਨੇ ਵਿਸ਼ਾਲ ਪ੍ਰੇਮ ਵੇਖ ਕੇ ਸਾਰਿਆਂ ਉਤੇ ਆਪਣੀ ਖੁਸ਼ੀ ਪ੍ਰਗਟ ਕੀਤੀ॥ ੪੧॥

Sri Satguru Jagjit Singh Ji eLlibrary NamdhariElibrary@gmail.com

ਆਇਸੁ ਦੇ ਕਰਿ ਸਭਿ ਬੈਠਾਏ। ਮਨ ਬਾਂਛਤ ਸੰਗਤਿ ਬਰੁ ਪਾਏ।
ਸਹਿਜ ਸੁਭਾਇਕ ਬਾਕ ਬਿਲਾਸ। ਬੂਝੱਜੋ ਗੁਰ 'ਸਚ ਕਹੁ ਗੁਰਦਾਸ ! ॥੪੨॥

ਆਗਿਆ ਕਰਕੇ ਸਭ ਨੂੰ ਬਿਠਾਇਆ ਅਤੇ ਸੰਗਤ ਨੇ ਮਨ-ਇੱਛਤ ਵਰ ਪ੍ਰਾਪਤ ਕੀਤੇ। ਗੁਰੂ ਜੀ ਨੇ ਸਹਿਜ ਸੁਭਾਅ ਬਚਨ ਕੀਤਾ ਅਤੇ ਭਾਈ ਗੁਰਦਾਸ ਨੂੰ ਪੁਛਿਆ, "ਹੇ ਗੁਰਦਾਸ ! ਸੱਚ ਕਹੋ॥ ੪੨॥

ਬਾਲਿਕ ਬ੍ਰਿੰਦ ਖੇਲਤੇ ਜਹਾਂ। ਤੈਂ ਆਵਤਿ ਦੇਖੇ ਜਬਿ ਤਹਾਂ।
ਸਭਿ ਕੋ ਤਬਿ ਪ੍ਰਨਾਮ ਜੋ ਕਰਜੋ। ਕੌਨ ਗਜਾਨ ਮਨ ਮੈਂ ਸੁਭ ਧਰਜੋ ?' ॥੪੩॥

ਜਿਥੇ ਬਾਲਕ ਇਕੱਠੇ ਹੋ ਕੇ ਖੇਡ ਰਹੇ ਸਨ, ਤੂੰ ਜਦ ਉਨ੍ਹਾਂ ਨੂੰ ਵੇਖ ਕੇ ਓਥੇ ਆਇਆ ਤਾਂ ਸਭ ਨੂੰ ਜੋ ਤੂੰ ਪ੍ਰਨਾਮ ਕੀਤਾ ਉਸ ਵੇਲੇ ਕਿਹੜਾ ਗਿਆਨ ਤੂੰ ਮਨ ਵਿਚ ਧਾਰਨ ਕੀਤਾ ਸੀ?" ॥ ੪੩॥

ਸੁਨਤਿ ਪ੍ਰਸੰਨ ਭਯੋ ਗੁਰਦਾਸ। ਬਹੁਤ ਭਾਂਤਿ ਕੀ ਸਤੁਤਿ ਪ੍ਰਕਾਸ਼।
'ਗੁਰ ਚਾਰਨ ਮਹਿਂ ਜੋਤਿ ਬਿਸਾਲਾ। ਸੋ ਅਬਿ ਰਾਵਰਿ ਬਿਖੇ ਕ੍ਰਿਪਾਲਾ ! ॥੪੪॥

ਇਹ ਸੁਣ ਕੇ ਭਾਈ ਗੁਰਦਾਸ ਪ੍ਰਸੰਨ ਹੋ ਗਿਆ, ਬਹੁਤ ਪ੍ਰਕਾਰ ਉਸਤਤਿ ਪ੍ਰਕਾਸ਼ ਹੋਈ। "ਚਾਰਾਂ ਗੁਰੂ ਸਾਹਿਬਾਨ ਵਿਚ ਜਿਹੜੀ ਮਹਾਨ ਜੋਤ ਸੀ, ਉਹ ਜੋਤ ਹੁਣ ਕ੍ਰਿਪਾਲੂ ਆਪ ਜੀ ਵਿਚ ਹੈ॥ ੪੪॥

ਸ੍ਵਾਮੀ ਸਰਬ ਘਟਨ ਕੇ ਮਾਲਕ। ਕਜਾ ਮੈਂ ਕਹੌਂ ਬ੍ਰਿਤਾਂਤ ਸੁ ਬਾਲਿਕ।
ਆਪਸ ਮਹਿਂ ਬੋਲਤਿ ਇਸ ਭਾਇ। 'ਗੁਰ ਭਾਵੈ ਤੌ ਇਮੁ ਹੁਇ ਜਾਇ' ॥੪੫॥

ਆਪ ਸਵਾਮੀ ਜੀ ਸਭ ਦਿਲਾਂ ਦੇ ਮਾਲਕ ਹੋ, ਮੈਂ ਉਨ੍ਹਾਂ ਬਾਲਕਾਂ ਦਾ ਪ੍ਰਸੰਗ ਕਿਵੇਂ ਕਹਾਂ ? ਆਪਸ ਵਿਚ ਇਸ ਤਰ੍ਹਾਂ ਬੋਲ ਰਹੇ ਸਨ, "ਗੁਰੂ ਭਾਵੇ ਤਾਂ ਇਸ ਤਰ੍ਹਾਂ ਹੋ ਜਾਵੇ" ॥ ੪੫॥

ਸੁਨਿ ਤਿਨ ਤੇ ਮੈਂ ਰਿਦੈ ਬਿਚਾਰਾ॥ 'ਗੁਰ ਭਾਣਾ ਇਨ ਮਨ ਮਹੁਂ ਧਾਰਾ।
ਇਹੀ ਸੰਤ ਗੁਰ ਮੁਖ ਗੁਰ ਰੂਪ'। ਪਰਜੋ ਚਰਨ ਮਹਿਂ ਜਾਨਿ ਅਨੂਪ॥ ੪੬॥

ਉਨ੍ਹਾਂ ਪਾਸੋਂ ਸੁਣ ਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ, "ਗੁਰੂ ਜੀ ਦਾ ਭਾਣਾ ਇਨ੍ਹਾਂ ਮਨ ਵਿਚ ਧਾਰਨ ਕੀਤਾ ਹੈ। ਇਹੀ ਸੰਤ, ਗੁਰੂ ਮੁਖ ਗੁਰੂ ਰੂਪ ਹਨ।" ਫਿਰ ਅਨੂਪਮ ਜਾਣ ਕੇ ਭਾਈ ਗੁਰਦਾਸ ਜੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ॥ ੪੬॥

ਪੁਨ ਸ੍ਰੀ ਅਰਜਨ ਭਏ ਪ੍ਰਸੰਨ। 'ਧੰਨ ਗੁਰਦਾਸ ਸਿੱਖ ਤੂੰ ਧੰਨ।
ਗੁਰਮਤਿ ਗੁਰ ਕਰੁਨਾ ਤੇ ਪ੍ਰਾਪਤਿ। ਪ੍ਰੇਮ ਸਹਤ ਮੇਰੋ ਜਪੁ ਜਾਪਤਿ॥ ੪੭॥

ਫਿਰ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋ ਗਏ ਅਤੇ ਕਹਿਣ ਲੱਗੇ, "ਹੇ ਗੁਰਦਾਸ ! ਤੂੰ ਧੰਨ ਹੈਂ, ਤੇਰੀ ਸਿੱਖੀ ਧੰਨ ਹੈ। ਗੁਰਮਤਿ ਗੁਰੂ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ, ਪ੍ਰੇਮ ਸਹਿਤ ਮੇਰਾ ਜਪ ਜਪਦਾ ਹੈਂ॥ ੪੭॥

ਕਰਿ ਨਿਸ਼ਚਾ ਗੁਰ ਸ਼ਬਦ ਘਨੇਰਾ। ਨਦੀ ਪਾਰ ਪ੍ਰਾਪਤਿ ਬਿਨ ਬੇਰਾ।
ਕਰਨ ਕਰਾਵਨ ਜਾਨਹਿ ਮੋਹਿ। ਤਿਸਕੋ ਬਿਘਨ ਕਹੋ ਕਿਮ ਹੋਹਿ ? ॥ ੪੮॥

ਗੁਰੂ ਜੀ ਦੇ ਸ਼ਬਦ ਤੇ ਨਿਸ਼ਚਾ ਕਰਕੇ, ਕਿਸੇ ਦੇਰ ਤੋਂ ਬਗੈਰ ਨਦੀ ਪਾਰ ਕਰ ਲਈ। ਮੈਨੂੰ ਕਰਨ ਕਰਾਵਣਹਾਰ ਜਾਣਿਆ, ਫਿਰ ਤੇਰੇ ਸਾਹਮਣੇ ਕੋਈ ਰੁਕਾਵਟ ਕਿਵੇਂ ਆ ਸਕਦੀ ਸੀ ? ॥ ੪੮॥

Sri Satguru Jagjit Singh Ji eLlibrary NamdhariElibrary@gmail.com

ਤੁਮ ਅਭੇਦ ਕਰਿ ਮੋ ਕਹੁ ਜਾਨਜੋ। ਸ਼ਰਧਾ ਤੇ ਨਿਸ਼ਚਾ ਦਿਢ ਠਾਨਜੋ।
ਰਹੁ ਹਮ ਪਾਸ ਸਦਾ ਮਮ ਪਜਾਰੇ। ਬਡੇ ਭਾਗ ਅਬਿ ਉਦੇ ਤਿਹਾਰੇ॥ ੪੯ ॥

ਤੂੰ ਅਭੇਦ ਕਰਕੇ ਮੈਨੂੰ ਜਾਣਿਆ ਹੈ, ਸ਼ਰਧਾ ਅਤੇ ਦ੍ਰਿੜ੍ਹ ਨਿਸ਼ਚਾ ਧਾਰਨ ਕੀਤਾ ਹੈ। ਮੇਰੇ ਪਿਆਰੇ ਸਦਾ ਮੇਰੇ ਪਾਸ ਰਹੋ। ਹੁਣ ਤੇਰੇ ਵੱਡੇ ਭਾਗ ਉਜਾਗਰ ਹੋਏ ਹਨ॥ ੪੯ ॥

ਪਠਨ ਲਿਖਨਿ ਕੀ ਕਾਰ ਸੰਭਾਰਹੁ। ਗੁਰ ਘਰ ਕੀ ਸੇਵਾ ਹਿਤ ਧਾਰਹੁ।
ਸੰਗਤ ਮਹਿਂ ਮਸੰਦ ਹੁਇਂ ਔਰ। ਤੁਮ ਨਿਤ ਰਹਹੁ ਹਮਾਰੀ ਠੌਰ॥ ੫੦ ॥

ਪੜ੍ਹਨ ਲਿਖਣ ਦੀ ਕਾਰ ਸੰਭਾਲੋ, ਗੁਰੂ ਘਰ ਦੀ ਸੇਵਾ ਵਾਸਤੇ ਇਸ ਨੂੰ ਧਾਰਨ ਕਰੋ। ਸੰਗਤ ਵਿਚ ਮਸੰਦ ਹੋਰ ਹੋ ਜਾਣਗੇ, ਤੁਸੀਂ ਨਿਤ ਮੇਰੇ ਪਾਸ ਰਹੋ" ॥ ੫੦ ॥

ਸੁਨਿ ਗੁਰਦਾਸ ਬੰਦਨਾ ਕੀਨਿ। 'ਜਿਉਂ ਆਗਜਾ ਤਿਉਂ ਕਰੌਂ ਪ੍ਰਬੀਨ!।
ਅਬਿ ਤੁਮ ਮੋਕਹੁ ਆਗਜਾ ਦੀਜੈ। ਗੋਇੰਦਵਾਲ ਹੋਇ ਆਵੀਜੈ' ॥ ੫੧ ॥

ਇਹ ਸੁਣ ਕੇ ਗੁਰਦਾਸ ਨੇ ਬੰਦਨਾ ਕੀਤੀ, "ਜਿਵੇਂ ਆਪ ਜੀ ਦੀ ਆਗਿਆ ਹੈ, ਉਸ ਤਰ੍ਹਾਂ ਹੀ ਕਰਾਂਗਾ। ਹੁਣ ਤੁਸੀਂ ਮੈਨੂੰ ਆਗਿਆ ਦੇਵੋ, ਗੋਇੰਦਵਾਲ ਹੋ ਕੇ ਵਾਪਸ ਆਵਾਂਗਾ" ॥ ੫੧ ॥

ਸੁਨਿਕੈ ਸਤਿਗੁਰ ਭਏ ਦਯਾਲੂ। 'ਜਾਵਉ ਫਿਰ ਆਵਉ ਤਤਕਾਲੂ'।
ਐਸੇ ਸੁਨਤਿ ਗਯੋ ਤਤਕਾਲ। ਰਹਜੋ ਸਮਾ ਤਿਹ ਠਾਂ ਕੁਛ ਕਾਲ॥ ੫੨ ॥

ਇਹ ਸੁਣ ਕੇ ਸਤਿਗੁਰੂ ਜੀ ਦਿਆਲ ਹੋ ਗਏ, "ਜਾਵੋ ਤੇ ਫਿਰ ਜਲਦੀ ਵਾਪਸ ਆ ਜਾਵੋ।" ਇਸ ਤਰ੍ਹਾਂ ਸੁਣ ਕੇ ਫੌਰਨ ਚਲਾ ਗਿਆ ਤੇ ਓਥੇ ਜਾ ਕੇ ਕੁਝ ਸਮਾਂ ਰਿਹਾ॥ ੫੨ ॥

*ਦੂਸਰੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬ ॥*

## ਅਧਿਆਇ ਸਤਾਈਵਾਂ

*ਭਾਈ ਗੁਰਦਾਸ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਆਏ*

ਦੋਹਰਾ- ਇਕ ਦਿਨ ਗੋਇੰਦਵਾਲ ਤੇ ਭੱਲੇ ਕੁਲ ਗੁਰਦਾਸ।
ਚਲਜੋ ਹੇਤ ਦਰਸ਼ਨ ਗੁਰੂ ਉਰ ਮਹਿਂ ਧਰੇ ਹੁਲਾਸ॥ ੧ ॥

ਇਕ ਦਿਨ ਗੋਇੰਦਵਾਲ ਤੋਂ ਭੱਲੇ ਕੁਲ ਦੇ ਭਾਈ ਗੁਰਦਾਸ ਦਿਲ ਵਿਚ ਬੜਾ ਆਨੰਦ ਧਾਰ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਪਏ॥ ੧ ॥

ਚੌਪਈ- 'ਸ਼੍ਰੀ ਗੁਰ ਰਾਮਦਾਸ ਕੇ ਨੰਦੂ। ਅਹੈਂ ਤੀਨ, ਬਡ ਪ੍ਰਿਥੀਆ ਚੰਦੂ।
ਮਹਾਂਦੇਵ ਮੱਧਮ ਸੁਤ ਵਹੈ। ਦੂਹਨ ਅਨੁਜ ਸ਼੍ਰੀ ਅਰਜਨ ਅਹੈ ॥ ੨ ॥

"ਸ੍ਰੀ ਗੁਰੂ ਰਾਮਦਾਸ ਦੇ ਪੁੱਤਰ ਤਿੰਨ ਹਨ, ਵੱਡਾ ਪ੍ਰਿਥੀ ਚੰਦ, ਦੂਸਰਾ ਮਹਾਂਦੇਵ ਵਿਚਕਾਰਲਾ ਪੁੱਤਰ ਹੈ। ਦੋਹਾਂ ਤੋਂ ਛੋਟੇ ਸ੍ਰੀ ਗੁਰ ਅਰਜਨ ਦੇਵ ਹਨ॥ ੨ ॥

Sri Satguru Jagjit Singh Ji eLlibrary NamdhariElibrary@gmail.com

ਕਿਸ ਬਿਧਿ ਬਰਤੈਂ ਆਪਸ ਮਾਂਹੀ। ਪ੍ਰਿਥਮ ਦ੍ਵੈਸ਼ ਸਮ, ਕੈ ਅਬਿ ਨਾਂਹੀ।
ਜਬਿ ਕੇ ਬੈਠੇ ਗੁਰਤਾ ਗਾਦੀ। ਨਹਿਂ ਮੈਂ ਕੀਨਹੁਂ ਕੁਛ ਸੰਬਾਦੀ॥ ੩॥

ਇਹ ਆਪਸ ਵਿਚ ਕਿਵੇਂ ਵਰਤਦੇ ਹਨ, ਵੱਡਾ ਪੁੱਤਰ ਈਰਖਾ ਦਾ ਰੂਪ ਸੀ, ਕੀ ਹੁਣ ਵੀ ਹੈ ਕਿ ਨਹੀਂ ਹੈ। ਜਦ ਤੋਂ ਸ੍ਰੀ ਅਰਜਨ ਦੇਵ ਜੀ ਗੱਦੀ ਤੇ ਬੈਠੇ ਹਨ, ਮੈਂ ਕੋਈ ਗੱਲ-ਬਾਤ ਵੀ ਨਹੀਂ ਕੀਤੀ ਹੈ॥ ੩॥

ਕੈਸੇ ਅਬਿ ਨਿਬਹੈ ਬਿਵਹਾਰ। ਭਈ ਨਵੀਨ ਜਿਨਹੁਂ ਕੀ ਕਾਰ।
ਪ੍ਰਿਥਮ ਇਕੱਤ੍ਰ ਹੁਤੋ ਪਰਵਾਰੂ। ਅਬਿ ਭੇ ਪ੍ਰਿਥਕ ਭ੍ਰਾਤ ਰਿਸ ਧਾਰੂ'॥ ੪॥

ਹੁਣ ਵਿਵਹਾਰ ਕਿਵੇਂ ਚਲਦਾ ਹੈ, ਜਿਨ੍ਹਾਂ ਦੀ ਕਾਰ ਹਾਲੇ ਬਿਲਕੁਲ ਨਵੀਂ ਹੈ। ਪਹਿਲਾਂ ਸਾਰਾ ਪਰਿਵਾਰ ਇਕੱਠਾ ਰਹਿੰਦਾ ਸੀ, ਹੁਣ ਭਰਾ ਗੁੱਸੇ ਹੋ ਕੇ ਵੱਖ-ਵੱਖ ਹੋ ਗਏ ਹਨ'॥ ੪॥

ਇੱਤਜਾਦਿਕ ਗਿਨਤੀ ਕਰਿ ਚਲਿਯੋ। ਰਾਮਦਾਸ ਪੁਰਿ ਆਇ ਸੁ ਮਿਲਿਯੋ।
ਪੂਰਬ ਸ੍ਰੀ ਅਰਜਨ ਢਿਗ ਆਯੋ। ਜਾਨਿ ਗੁਰੂ ਪਦ ਸੀਸ ਨਿਵਾਯੋ॥ ੫॥

ਇਤਿਆਦਿ ਗਿਣਤੀਆਂ ਕਰ ਕੇ ਭਾਈ ਗੁਰਦਾਸ ਚਲ ਪਏ। ਰਾਮਦਾਸ ਪੁਰ ਵਿਚ ਮਿਲਣ ਆ ਗਏ। ਪਹਿਲਾਂ ਸ੍ਰੀ ਅਰਜਨ ਦੇਵ ਦੇ ਪਾਸ ਆਏ, ਗੁਰੂ ਦੀ ਪਦਵੀ ਜਾਣ ਕੇ ਸਿਰ ਨਿਵਾਇਆ॥ ੫॥

ਬੈਠਜੋ ਨਿਕਟ ਕੁਸ਼ਲ ਸ਼ੁਭ ਪੂਛਾ। ਕਹਜੋ ਦੁਹਨ ਦਿਸ਼ ਤੇ ਹਿਤ ਸੂਛਾ।
'ਸ੍ਰੀ ਗੁਰ ਅਮਰਦਾਸ ਪਰਵਾਰੂ। ਕੁਸ਼ਲ ਸਹਤ ਸਭਿ' ਕੀਨ ਉਚਾਰੂ॥੬॥

ਪਾਸ ਬੈਠ ਕੇ ਇਕ ਦੂਸਰੇ ਤੋਂ ਹਾਲ ਚਾਲ ਪੁਛਿਆ, ਦੋਵਾਂ ਪਾਸਿਆਂ ਨੇ 'ਠੀਕ ਠਾਕ' ਉੱਤਰ ਦਿੱਤਾ। "ਸ੍ਰੀ ਅਮਰਦਾਸ ਜੀ ਦਾ ਪਰਵਾਰ ਸਭ ਕੁਸ਼ਲਤਾ ਸਹਿਤ ਹੈ," ਉਚਾਰਨ ਕੀਤਾ॥ ੬॥

'ਮੋਹਨ ਦੁਤਿਯ ਮੋਹਰੀ ਚੰਦ। ਸੰਸਰਾਮ ਤਿਨ ਪੁੱਤ੍ਰ ਅਨੰਦ।
ਪਤਨੀ ਸਹਤ ਰਹਤਿ ਹਰਖਾਏ। ਕੁਸ਼ਲ ਤੁਮਾਰੀ ਚਹਿਂ ਸਮੁਦਾਏ'॥੭॥

"ਮੋਹਨ ਦੂਸਰਾ ਮੋਹਰੀ ਚੰਦ, ਸੰਸਰਾਮ ਤਿੰਨ ਪੁਤਰ ਅਨੰਦ ਪਤਨੀ ਸਹਿਤ ਸਾਰੇ ਪ੍ਰਸੰਨ ਰਹਿੰਦੇ ਹਨ, ਸਾਰਾ ਪਰਿਵਾਰ ਤੁਹਾਡੀ ਕੁਸ਼ਲਤਾ ਚਾਹੁੰਦਾ ਹੈ"॥ ੭॥

ਬੈਠਜੋ ਕਿਤਿਕ ਕਾਲ ਜਬਿ ਬੀਤਾ। ਕਰਤਿ ਬਾਰਤਾ ਕੋ ਇਸੁ ਰੀਤਾ।
ਤਿਸਹੀ ਥਲ ਭੋਜਨ ਲੈ ਆਏ। ਜਹਿਂ ਸ੍ਰੀ ਅਰਜਨ ਨਰ ਸਮੁਦਾਏ॥੮॥

ਕੁਝ ਸਮਾਂ ਜਦ ਬੀਤ ਗਿਆ ਤੇ ਬੈਠ ਗਏ ਅਤੇ ਇਸ ਪ੍ਰਕਾਰ ਗੱਲ-ਬਾਤ ਕਰਨ ਲੱਗੇ। ਉਸ ਸਥਾਨ ਤੇ ਹੀ ਭੋਜਨ ਲੈ ਆਏ, ਜਿਥੇ ਸ੍ਰੀ ਅਰਜਨ ਦੇਵ ਜੀ ਨੇ ਸੇਵਕ ਨੂੰ ਸਮਝਾਇਆ ਸੀ॥ ੮॥

ਦੁਇ ਦੁਇ ਚਨਕ ਰੋਟਿਕਾ ਦੀਨਿਸ। ਬਰਤੰਤਿ ਗੁਰੂ ਦਾਸ ਸੋ ਲੀਨਿਸ।
ਅਪਰ ਨ ਕੁਛ ਭਾ ਖੈਬੇ ਕਾਰਨ। ਖਾਇ ਸੁ ਕੀਨਸ ਬਾਕ ਉਚਾਰਨ॥ ੯॥

ਦੋ ਦੋ ਛੋਲਿਆਂ ਦੀਆਂ ਰੋਟੀਆਂ ਦਿੱਤੀਆਂ, ਵਰਤਾਦਿਆਂ ਭਾਈ ਗੁਰਦਾਸ ਨੇ ਸੇਵਕ ਪਾਸੋਂ ਲਈਆਂ। ਹੋਰ ਕੁਝ ਵੀ ਖਾਣ ਨੂੰ ਨਾ ਹੋਣ ਕਰਕੇ, ਖਾ ਲਈਆਂ ਅਤੇ ਬਾਅਦ ਵਿਚ ਕਿਹਾ॥ ੯॥

ਦੋਹਰਾ- 'ਸੰਸਾਰੀ ਸਨਬੰਧ ਕੋ ਜੇ ਕਰਿ ਕਰੋ ਬਿਚਾਰ।
ਬਡੇ ਥਾਨ ਤੁਮ ਤੇ ਅਹੋਂ 'ਮਾਤੁਲ' ਕਰਹੁ ਉਚਾਰ॥ ੧੦॥

"ਜੇ ਮੇਰੇ ਸੰਸਾਰੀ ਸੰਬੰਧ ਵਲ ਵਿਚਾਰ ਕਰੋ, ਮੈਂ ਤੁਹਾਥੋਂ ਵੱਡੇ ਥਾਂ ਹਾਂ, ਇਸ ਲਈ 'ਮਾਮਾ' ਕਿਹਾ ਕਰੋ॥ ੧੦॥

ਦੁਤਿਯ ਸਬੰਧ ਸੁਨੀਜੀਏ ਜਬਿ ਕੀ ਗਾਦੀ ਲੀਨ।
ਭਏ ਪ੍ਰਮੇਸ਼ੁਰ ਰੂਪ ਤੁਮ ਸਭਿ ਜਗੁ ਗੁਰੂ ਪ੍ਰਬੀਨ॥ ੧੧॥

ਦੂਸਰਾ ਸੰਬੰਧ ਸੁਣ ਲਵੋ, ਜਦ ਦੀ ਤੁਸੀਂ ਗੱਦੀ ਪ੍ਰਾਪਤ ਕੀਤੀ ਹੈ ਜਗਤ ਦੇ ਨਿਪੁੰਨ ਗੁਰੂ ਬਣ ਕੇ ਪ੍ਰਮੇਸ਼ਵਰ ਰੂਪ ਹੋ ਗਏ ਹੋ॥ ੧੧॥

ਚੌਪਈ- ਇਸੁ ਬਿਧ ਮੈਂ ਹੌਂ ਸਿੱਖਜ ਤੁਮਾਰੋ। ਬੰਦਨੀਯ ਸਭਿ ਕੇ ਹਿਤ ਧਾਰੋ।
ਚਿਰੰਕਾਲ ਬੀਤੇ ਮੈਂ ਅਯੋ। ਪੂਰਬ ਹੀ ਮਿਲਿਬੋ ਇਹੁ ਭਯੋ॥ ੧੨॥

ਇਸ ਵਿਧੀ ਅਨੁਸਾਰ ਮੈਂ ਤੁਹਾਡਾ ਸਿੱਖ ਹਾਂ, ਸਭ ਦੇ ਹਿਤ ਧਾਰ ਕੇ ਪੂਜਨੀਕ ਹਾਂ। ਬਹੁਤ ਲੰਮੇ ਸਮੇਂ ਬਾਅਦ ਮੈਂ ਆਇਆ ਹਾਂ। ਪਹਿਲਾਂ ਹੀ ਇਹ ਮਿਲਣਾ ਹੋਇਆ ਹੈ॥ ੧੨॥

ਭਗਨੀ ਸੁਤ ਅਰੁ ਗੁਰੂ ਉਦਾਰਾ। ਮੈਂ ਮਾਤੁਲ ਅਰੁ ਸਿੱਖਜ ਤੁਮਾਰਾ।
ਕਾਰਨ ਇਤੇ ਹੁਤੇ ਮਨ ਚੀਨੋ। ਤਊ ਨ ਸਾਦਰ ਭੋਜਨ ਦੀਨੋ॥ ੧੩॥

ਤੁਸੀਂ ਮੇਰੀ ਭੈਣ ਦੇ ਪੁੱਤਰ ਅਤੇ ਮਹਾਨ ਗੁਰੂ ਹੋ, ਮੈਂ ਤੁਹਾਡਾ ਮਾਮਾ ਅਤੇ ਸਿੱਖ ਹਾਂ। ਏਨੇ ਕਾਰਨ ਹੁੰਦਿਆਂ ਵੀ ਮਨ ਵਿਚ ਸਮਝੋ, ਤੁਸੀਂ ਮੈਨੂੰ ਆਦਰ ਨਾਲ ਭੋਜਨ ਨਹੀਂ ਦਿੱਤਾ ਹੈ'॥ ੧੩॥

ਸ੍ਰੀ ਅਰਜਨ ਸੁਨਿਕੈ ਮੁਸਕਾਏ। ਕਹਜੋ ਕਿ 'ਪਰਾਰਬਧ ਜਸੁ ਖਾਏ।
ਤੋਰ ਹਦੂਰ ਸਭਿਨਿ ਇਹ ਲਯੋ। ਕਿਸੂ ਨ ਛਪਿ ਕੈ ਭੋਜਨ ਕਯੋ॥ ੧੪॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਮੁਸਕਰਾਏ ਅਤੇ ਕਿਹਾ, "ਜਿਵੇਂ ਪਰਾਲਬਧ ਵਿਚ ਹੁੰਦਾ ਹੈ, ਉਸ ਤਰ੍ਹਾਂ ਹੀ ਮਨੁੱਖ ਖਾਂਦਾ ਹੈ। ਤੁਹਾਡੇ ਸਾਹਮਣੇ ਸਾਰਿਆਂ ਨੇ ਭੋਜਨ ਛਕਿਆ ਹੈ, ਕਿਸੇ ਨੇ ਵੀ ਲੁਕ ਕੇ ਭੋਜਨ ਨਹੀਂ ਖਾਧਾ ਹੈ॥ ੧੪॥

ਜੇ ਕਰਿ ਚਹਤਿ ਅਧਿਕ ਪਹੁਨਾਈ। ਅੰਤਰ ਸਥਿਤ ਪਠਾਵਤਿ ਮਾਈ।
ਨਿਜ ਕਰ ਦੇਗ ਸਕਲ ਵਰਤਾਵਹਿ। ਪਾਹੁਨ ਹਿਤ ਸੋ ਅਸਨ ਪੁਚਾਵਹਿ॥ ੧੫॥

ਜੇ ਚੰਗੀ ਪ੍ਰਾਹੁਣਾਚਾਰੀ ਚਾਹੁੰਦੇ ਹੋ, ਤਾਂ ਅੰਦਰ ਮਾਤਾ ਜੀ ਬੈਠੀ ਹੈ, ਲੰਗਰ ਆਪ ਤਿਆਰ ਕਰਕੇ ਵਰਤਾਉਂਦੀ ਹੈ। ਪ੍ਰਾਹੁਣਿਆਂ ਵਾਸਤੇ ਉਹ ਹੀ ਭੋਜਨ ਭੇਜਦੀ ਹੈ॥ ੧੫॥

ਹਮਰੀ ਮਾਤਾ ਭਗਨਿ ਤੁਮਾਰੀ। ਮਿਲਹੁ ਜਾਇ ਕਰਿ ਕਰਹੁ ਉਚਾਰੀ'।
ਇਮ ਸੁਨਿ ਸ਼੍ਰੀ ਅਰਜਨ ਕੇ ਪਾਸ। ਹਾਥ ਪਖਾਰੇ ਤਬਿ ਗੁਰਦਾਸ॥ ੧੬॥

ਸਾਡੀ ਮਾਤਾ ਜੀ ਤੁਹਾਡੀ ਭੈਣ ਹੈ, ਉਸ ਨੂੰ ਜਾ ਕੇ ਮਿਲੋ ਤੇ ਸਾਰਾ ਹਾਲ ਸੁਣਾਓ।" ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ, ਭਾਈ ਗੁਰਦਾਸ ਨੇ ਫਿਰ ਆਪਣੇ ਹੱਥ ਸਾਫ ਕੀਤੇ॥ ੧੬॥

ਚੁਰਾ ਕਰਜੋ ਉਠਿ ਅੰਤਰ ਗਯੋ। ਦੇਖੀ ਸੁਸਾ ਪ੍ਰਣਾਮ ਸੁਕਯੋ।
ਬੈਠੀ ਭਾਨੀ ਦੇਗ ਸਥਾਨਾ। 'ਆਵਹੁ ਭ੍ਰਾਤਾ ਥਿਰਹੁ' ਬਖਾਨਾ॥ ੧੭॥

ਫਿਰ ਚੂਲ਼ੀ ਕਰ ਕੇ ਉਠ ਕੇ ਅੰਦਰ ਗਿਆ, ਜਦ ਸਾਹਮਣੇ ਭੈਣ ਜੀ ਨੂੰ ਬੈਠੀ ਵੇਖਿਆ ਤਾਂ ਨਮਸਕਾਰ ਕੀਤੀ। ਲੰਗਰ ਵਾਲੀ ਥਾਂ ਬੀਬੀ ਭਾਨੀ ਬੈਠੀ ਸੀ। ਭਾਈ ਗੁਰਦਾਸ ਨੂੰ ਵੇਖਕੇ ਬੋਲੀ, "ਆਓ ਭ੍ਰਾਤਾ ਜੀ, ਬੈਠੋ"॥ ੧੭॥

'ਮੋਹਨ ਅਪਰ ਮੋਹਰੀ ਜੋਈ। ਸਹਤ ਕੁਟੰਬ ਕੁਸ਼ਲ ਹੈਂ ਦੋਈ?।
ਤੁਮ ਚਿਰ ਮਹਿਂ ਚਲਿ ਕਰਿ ਇਤ ਆਏ। ਸੁਧਿ ਨਹਿਂ ਲਈ ਨ ਅਪਨਿ ਸੁਨਾਏ॥੧੮॥

"ਮੋਹਨ ਅਤੇ ਮੋਹਰੀ ਜਿਹੜੇ ਹਨ, ਕੀ ਸਾਰੇ ਪਰਿਵਾਰ ਸਹਿਤ ਰਾਜ਼ੀ-ਬਾਜ਼ੀ ਹਨ? ਤੁਸੀਂ ਬਹੁਤ ਦੇਰ ਬਾਅਦ ਚਲ ਕੇ ਏਥੇ ਆਏ ਹੋ। ਸਾਡੀ ਖ਼ਬਰ-ਸਾਰ ਨਹੀਂ ਲਈ ਅਤੇ ਨਾ ਆਪਣੇ ਬਾਰੇ ਹੀ ਕੁਝ ਕਿਹਾ-ਸੁਣਿਆ ਹੈ॥ ੧੮॥

ਸ੍ਰੀ ਅਰਜਨ ਪਿਤ ਬੈਕੁੰਠ ਬਾਸੇ। ਤਬਿ ਕੇ ਹਮ ਇਸ ਪੁਰੀ ਨਿਵਾਸੇ।
ਨਿਤਾਪ੍ਰਤੀ ਮਿਲਿਬੋ ਜਿਨ ਕੇਰਾ। ਹੋਤਿ ਅਨੰਦ ਸਦੀਵ ਬਡੇਰਾ॥ ੧੯॥

ਸ੍ਰੀ ਗੁਰੂ ਅਰਜਨ ਦੇਵ ਦੇ ਪਿਤਾ ਜੀ ਬੈਕੁੰਠਾਂ ਨੂੰ ਚਲੇ ਗਏ ਹਨ, ਤਦ ਤੋਂ ਅਸੀਂ ਇਸ ਨਗਰ ਵਿਚ ਨਿਵਾਸ ਕੀਤਾ ਹੈ। ਜਿਨ੍ਹਾਂ ਨੂੰ ਹਰ ਰੋਜ਼ ਮਿਲਦੇ ਸੀ ਅਤੇ ਸਦਾ ਵੱਡਾ ਅਨੰਦ ਰਹਿੰਦਾ ਸੀ॥ ੧੯॥

ਅਬਿ ਕਬਿ ਕਬਿ ਤਿਨਕੀ ਸੁਧ ਹੋਇ। ਈਸ਼ੁਰ ਰਚੀ ਹੋਤਿ ਹੈ ਸੋਇ'।
ਸੁਨਿ ਕੈ 'ਕੁਸ਼ਲ' ਕਹੀ ਗੁਰਦਾਸ। 'ਸਭਿ ਅਨੰਦ ਜੁਤਿ ਅਪਨ ਅਵਾਸ॥੨੦॥

ਹੁਣ ਉਨ੍ਹਾਂ ਦੀ ਕਦੀ-ਕਦੀ ਹੀ ਖ਼ਬਰ ਮਿਲਦੀ ਹੈ, ਉਹ ਵੀ ਈਸ਼ਵਰ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ।" ਇਹ ਸੁਣ ਕੇ ਭਾਈ ਗੁਰਦਾਸ ਨੇ ਕੁਸ਼ਲਤਾ ਬਾਰੇ ਦਸਿਆ। "ਆਪਣੇ ਘਰ ਸਭ ਆਨੰਦ ਕੁਸ਼ਲ ਹੈ॥ ੨੦॥

ਮੋਹਿ ਮਿਲੇ ਕੌ ਭਾ ਚਿਰਕਾਲ। ਸ਼੍ਰੀਗੁਰ ਪੀਛੇ ਜਿਮ ਅਹਿਵਾਲ।
ਹੇਰਨ ਹੇਤ ਆਵਨੋ ਭਯੋ। ਮਿਲਜੋ ਆਇ ਕਰਿ ਉਰ ਬਿਸਮਯੋ॥ ੨੧॥

ਮੈਨੂੰ ਮਿਲੇ ਨੂੰ ਬਹੁਤ ਚਿਰ ਹੋ ਗਿਆ ਹੈ, ਸ੍ਰੀ ਗੁਰੂ ਜੀ ਪਿਛੋਂ ਜਿਵੇਂ ਹਾਲ-ਅਹਿਵਾਲ ਹੈ, ਉਹ ਵੇਖਣ ਵਾਸਤੇ ਆਇਆ ਹਾਂ। ਏਥੇ ਆ ਕੇ ਮਿਲ ਕੇ, ਹਿਰਦਾ ਪ੍ਰਸੰਨ ਹੋਇਆ ਹੈ॥ ੨੧॥

ਭੱਲਜਨ ਕੀ ਕੁਲ ਮਹਿਂ ਉਪਜਾਈ। ਯਾਂਤੇ ਹਮਰੀ ਭਗਨ ਲਗਾਈ।
ਸ੍ਰੀ ਗੁਰ ਰਾਮਦਾਸ ਸੰਗਿ ਨਾਤਾ। ਬਜਾਹੀ ਤੇ ਹੋਈ ਜਗ ਮਾਤਾ॥ ੨੨॥

ਤੁਸੀਂ ਵੀ ਭੱਲਿਆਂ ਦੀ ਕੁਲ ਵਿਚ ਪੈਦਾ ਹੋਏ ਹੋ, ਇਸ ਲਈ ਮੇਰੇ ਭੈਣ ਜੀ ਹੀ ਲੱਗਦੇ ਹੋ। ਤੁਹਾਡਾ ਸ੍ਰੀ ਗੁਰੂ ਰਾਮਦਾਸ ਜੀ ਨਾਲ ਨਾਤਾ ਜੁੜ ਗਿਆ, ਉਨ੍ਹਾਂ ਦੇ ਨਾਲ ਵਿਆਹ ਤੋਂ ਬਾਅਦ ਜਗਤ-ਮਾਤਾ ਬਣ ਗਏ ਹੋ॥ ੨੨॥

ਮਾਨਨੀਯ ਹਮ ਕੋ ਸਭਿ ਭਾਂਤੀ। ਬਡਿ ਭਾਗਨ ਜਗ ਮਹਿਂ ਬੱਖਜਾਤੀ।
ਪਾਹੁਨਚਾਰੀ ਮੈਂ ਚਲਿ ਆਯੋ। ਚਣਿਕ ਰੋਟਿਕਾ ਭੋਜਨ ਖ੍ਵਾਯੋ॥ ੨੩॥

ਸਾਨੂੰ ਹਰ ਤਰ੍ਹਾਂ [illegible] ਆਪ ਜੀ ਤੇ ਬਹੁਤ ਮਾਣ ਹੈ, ਵੱਡੇ ਭਾਗਾਂ ਵਾਲੇ ਹੋ ਕੇ ਜੱਗ ਵਿਚ ਪਰਗਟ ਹੋਏ ਹੋ। ਪ੍ਰਾਹੁਣਾਚਾਰੀ ਵਾਸਤੇ ਮੈਂ ਚਲ ਕੇ ਆਇਆ ਹਾਂ, ਛੋਲਿਆਂ ਦੀਆਂ ਰੋਟੀਆਂ ਦਾ ਮੈਨੂੰ ਭੋਜਨ ਖਵਾਇਆ ਹੈ॥ ੨੩॥

ਤੁਮਰੇ ਘਰਿ ਮਹਿਂ ਬਡਿ ਬਡਿਆਈ। ਗਾਦੀ ਮਿਲੀ ਜਗਤ ਗੁਰਿਆਈ।
ਤਊ ਨ ਬਨਹਿ ਅਹਾਰ ਚੰਗੇਰਾ। ਕਹਾਂ ਹਾਲ ਹੋਯਹੁ ਘਰ ਕੇਰਾ ?॥ ੨੪॥

ਤੁਹਾਡੇ ਘਰ ਵਿਚ ਵੱਡੀ ਵਡਿਆਈ ਹੈ, ਜਗਤ-ਗੁਰੂ ਦੀ ਗੱਦੀ ਮਿਲੀ ਹੈ। ਫਿਰ ਵੀ ਚੰਗਾ ਭੋਜਨ ਨਹੀਂ ਬਣਦਾ ਹੈ, ਇਹ ਘਰ ਦਾ ਕੀ ਹਾਲ ਹੋਇਆ ਹੈ ?॥ ੨੪॥

ਜਹਿਂ ਭੋਜਨ ਕੀ ਚਿੰਤਾ ਰਹੈ। ਧਨੁ ਸੰਗ੍ਰਹਿ ਕੌ ਕਿਸ ਬਿਧਿ ਲਹੈ।
ਕਜਾ ਕਾਰਨ ਇਸ ਬਿਖੈ ਬਤਾਵਹੁ ?। ਦਾਰਿਦ ਮਹਿਦ ਕਸ਼ਟ ਕੋ ਪਾਵਹੁ ॥੨੫॥

ਜਿਥੇ ਭੋਜਨ ਦੀ ਵੀ ਚਿੰਤਾ ਰਹਿੰਦੀ ਹੈ, ਕਿਸ ਵਿਧੀ ਅਨੁਸਾਰ ਧਨ ਇਕੱਠਾ ਕਰ ਰਹੇ ਹੋ, ਇਹ ਕੀ ਕਾਰਨ ਹੈ, ਇਸ ਬਾਰੇ ਦੱਸੋ, ਦਲਿਦਰ ਅਤੇ ਵੱਡੇ ਕਸ਼ਟ ਨੂੰ ਪਾ ਰਹੇ ਹੋ॥ ੨੫॥

ਆਵਤਿ ਸੰਗਤਿ ਜਗਤ ਮਝਾਰੀ। ਚਾਰਹੁਂ ਦਿਸ਼ ਮਹਿਂ ਬਡੀ ਤੁਮਾਰੀ।
ਤਿਹਕੀ ਆਮਦਨੀ ਕਿਤ ਜਾਤ ?। ਸੰਗ੍ਰਹਿ ਕਰੋ, ਕਿਨਹਿਂ ਤੁਮ ਖਾਤ ? ॥੨੬॥

ਜਗਤ ਵਿਚੋਂ ਚਾਰੇ ਪਾਸਿਆਂ ਤੋਂ ਵੱਡੀ ਸੰਗਤ ਆਉਂਦੀ ਹੈ। ਉਨ੍ਹਾਂ ਦੀ ਆਮਦਨ ਕਿੱਥੇ ਜਾਂਦੀ ਹੈ ? ਜੋ ਤੁਸੀਂ ਆਪ ਨਹੀਂ ਖਾਂਦੇ ਹੋ ਤਾਂ ਫਿਰ ਕੀ ਜਮ੍ਹਾਂ ਕਰਦੇ ਹੋ ?॥ ੨੬॥

ਤਊ ਪਰਾਹੁਨਚਾਰੀ ਆਇ। ਤਿਸਕੋ ਤੌ ਦਿਹੁ ਨੀਕੇ ਖ੍ਵਾਇ।
ਕੈ ਮਮ ਸਮ ਸਭਿ ਕੇ ਸੰਗ ਕਰੋ। ਅਸੁ ਅਹਾਰ ਕੌ ਆਗੈ ਧਰੋ ॥ ੨੭॥

ਜਿਹੜਾ ਤੁਹਾਡੀ ਪ੍ਰਾਹੁਣਾਚਾਰੀ ਵਿਚ ਆਵੇ, ਉਸ ਨੂੰ ਤਾਂ ਚੰਗਾ-ਚੋਖਾ ਖਵਾ ਦਿਆ ਕਰੋ, ਕੀ ਮੇਰੇ ਵਾਂਗ ਸਭ ਨਾਲ ਇਸ ਤਰ੍ਹਾਂ ਦਾ ਸਲੂਕ ਕਰਦੇ ਹੋ, ਇਸ ਤਰ੍ਹਾਂ ਦਾ ਭੋਜਨ ਅੱਗੇ ਧਰਦੇ ਹੋ ?" ॥ ੨੭॥

ਸ਼੍ਰੀਗੁਰ ਅਮਰਦਾਸ ਕੀ ਤਨੀਯਾ। ਸੁਨਿ ਕਰਿ ਭਾਨੀ ਬਾਨੀ ਭਨੀਯਾ।
'ਸੁਨਹੁ ਭ੍ਰਾਤ ! ਭੋਜਨ ਅਸ ਖਾਵਤਿ। ਕਹੂੰ ਸਮੈ ਇਹੁ ਭੀ ਨਹਿਂ ਪਾਵਤਿ ॥੨੮॥

ਸ੍ਰੀ ਗੁਰੂ ਅਮਰਦਾਸ ਦੀ ਪੁੱਤਰੀ ਬੀਬੀ ਭਾਨੀ ਨੇ ਇਹ ਸੁਣ ਕੇ ਬਚਨ ਕਹੇ। ਉਸ ਨੇ ਕਿਹਾ, "ਹੇ ਭਰਾ ਜੀ ! ਸੁਣੋ, ਹੁਣ ਤਾਂ ਐਸਾ ਭੋਜਨ ਖਾਂਦੇ ਹਾਂ, ਕਿਸੇ ਸਮੇਂ ਅਜਿਹਾ ਭੋਜਨ ਵੀ ਨਹੀਂ ਮਿਲਦਾ ਹੈ॥ ੨੮॥

ਸਦਨ ਪਿਤਾ ਕੇ ਪੂਜਾ ਆਇ। ਜੋ ਇਕ ਦਿਨ ਮਹਿਂ ਲੀਜਹਿ ਖਾਇ।
ਸੰਜਮ ਭੂਖਨ ਬਸਤ੍ਰਨ ਕੇਰਾ। ਜਿਉਂ ਤਬਿ ਹੋਤਿ ਸਰਬ ਤੈਂ ਹੇਰਾ॥ ੨੯॥

ਪਿਤਾ ਜੀ ਦੇ ਘਰ ਪੂਜਾ ਦਾ ਧਨ ਆਉਂਦਾ ਸੀ, ਪਰ ਉਤਨਾ ਹੀ ਲੈਂਦੇ ਸਨ ਜਿਹੜਾ ਇਕ ਦਿਨ ਵਿਚ ਖਾ ਲਈਏ। ਗਹਿਣਿਆਂ ਅਤੇ ਵਸਤਰਾਂ ਦਾ ਬੜਾ ਸੰਜਮ ਕਰਦੇ ਸਨ। ਜਿਵੇਂ ਓਥੇ ਹੁੰਦਾ ਸੀ, ਤੁਸੀਂ ਸਭ ਕੁਝ ਵੇਖਿਆ ਹੈ॥ ੨੯॥

ਤਊ ਦੇਗ ਮਹਿਂ ਘਾਟੋ ਨਾਂਹਿ। ਆਵਹਿ ਤਿਤੋ ਜਿਤਿਕ ਸਭਿ ਖਾਂਹਿ।
ਬਚਜੋ ਰਹਤਿ ਸੋ ਪਸੁਨ ਖੁਵਾਵੈਂ। ਤਿਸ ਤੇ ਬਚਹਿ ਸੁ ਨਦੀ ਬਹਾਵੈਂ ॥੩੦॥

ਕਦੀ ਵੀ ਲੰਗਰ ਵਿਚ ਤੋਟ ਨਹੀਂ ਸੀ ਆਉਂਦੀ, ਜਿੰਨੀ ਸੰਗਤ ਵੀ ਆਉਂਦੀ ਸੀ, ਸਭ ਲੰਗਰ ਛਕਦੇ ਸਨ। ਜਿਹੜਾ ਬਚਿਆ ਰਹਿ ਜਾਂਦਾ ਸੀ, ਉਹ ਪਸ਼ੂਆਂ ਨੂੰ ਖੁਵਾ ਦਿੰਦੇ ਸਨ, ਜੇ ਪਸ਼ੂਆਂ ਪਾਸੋਂ ਵੀ ਬਚ ਜਾਂਦਾ ਸੀ ਤਾਂ ਦਰਿਆ ਵਿਚ ਸੁੱਟ ਦਿੰਦੇ ਸਨ॥ ੩੦॥

ਪੁਨ ਸ੍ਰੀ ਅਰਜਨ ਕੇ ਪਿਤ ਹੋਏ। ਪੂਜਤਿ ਚਹੁੰ ਦਿਸ਼ ਤੇ ਸਭਿ ਕੋਏ।
ਹੁਤੋ ਇਕੱਤ੍ਰ ਸਕਲ ਪਰਵਾਰੂ। ਚਲਜੋ ਜਾਤ ਆਛੋ ਬਿਵਹਾਰੂ॥ ੩੧॥

ਫਿਰ ਸ੍ਰੀ ਅਰਜਨ ਦੇਵ ਦੇ ਪਿਤਾ ਜੀ ਗੁਰੂ ਹੋਏ, ਉਨ੍ਹਾਂ ਨੂੰ ਚਾਰੇ ਪਾਸਿਆਂ ਤੋਂ ਹਰ ਕੋਈ ਪੂਜਦਾ ਸੀ। ਉਸ ਸਮੇਂ ਸਾਰਾ ਪਰਿਵਾਰ ਇਕੱਠਾ ਸੀ। ਚੰਗੇ ਢੰਗ ਅਨੁਸਾਰ ਕਾਰੋਬਾਰ ਚਲਦਾ ਸੀ॥ ੩੧॥

ਤਿਨ ਪਾਛੇ ਇਹੁ ਭ੍ਰਾਤਾ ਤੀਨ। ਭਏ ਬਿਰੋਧੀ ਮਨ ਰਿਸਿ ਲੀਨ।
ਸ੍ਰੀ ਅਰਜਨ ਕੋ ਲਘੁ ਇਹੁ ਜਾਨੈਂ। ਬਿਘਨ ਅਨੇਕ ਭਾਂਤਿ ਕੇ ਠਾਨੈਂ॥ ੩੨॥

ਉਸ ਦੇ ਪਿਛੋਂ ਇਹ ਤਿੰਨੇ ਭਰਾ, ਮਨ ਵਿਚ ਕ੍ਰੋਧ ਕਰਕੇ ਇਕ ਦੂਸਰੇ ਦੇ ਵਿਰੋਧੀ ਹੋ ਗਏ ਹਨ। ਸ੍ਰੀ ਅਰਜਨ ਦੇਵ ਨੂੰ ਉਹ ਛੋਟਾ ਸਮਝਦੇ ਹਨ, ਇਸ ਕਰਕੇ ਉਸ ਦੇ ਅੱਗੇ ਅਨੇਕ ਪ੍ਰਕਾਰ ਦੇ ਵਿਘਨ ਖੜੇ ਕਰਦੇ ਹਨ॥ ੩੨॥

'ਸੋਢੀ ਕੁਲ ਮਹਿਂ ਗੁਰਤਾ ਰਾਖੀ'। ਨਹਿਂ ਜਾਨੈਂ ਇਮ ਧਨ ਅਭਿਲਾਖੀ।
ਆਗਜਾ ਮਹਿਂ ਦੋਨੋ ਨਹਿਂ ਰਹੈਂ। ਪਿਤਾ ਜਾਨ ਉਚਿਤਾ ਕੋ ਚਹੈਂ॥ ੩੩॥

"ਉਸ ਨੇ ਸੋਢੀ ਕੁਲ ਵਿਚ ਗੁਰਤਾ ਰੱਖੀ ਹੈ", ਧਨ ਦੇ ਲੋਭੀ ਇਸ ਤਰ੍ਹਾਂ ਨਹੀਂ ਜਾਣਦੇ। ਦੋਵੇਂ ਪੁੱਤਰ ਹੀ ਮੇਰੀ ਆਗਿਆ ਵਿਚ ਨਹੀਂ ਰਹੇ ਹਨ। ਦੁਨਿਆਵੀ ਪਿਤਾ ਵਾਂਗ, ਆਪਣੇ ਪਿਤਾ ਨੂੰ ਗੁਰੂ ਜੀ ਸਮਝ ਕੇ ਆਪਣੀ ਵਡਿਆਈ ਚਾਹੁੰਦੇ ਹਨ॥ ੩੩॥

ਤਿਨ ਕੇ ਸਮ ਸ੍ਰੀ ਅਰਜਨ ਕਰਤਾ। ਲੇ ਕਰਿ ਜਾਤ ਅਪਰ ਕੋ ਗੁਰਤਾ।
ਸੇਵਕ ਕੀ ਇਹੁ ਵਸਤੁ ਸਦੀਵਾ। ਕਰਿ ਦਾਵਾ ਕੋ ਗੁਰੂ ਨ ਥੀਵਾ॥ ੩੪॥

ਜੇ ਸ੍ਰੀ ਅਰਜਨ ਦੇਵ ਜੀ ਵੀ ਇਨ੍ਹਾਂ ਵਾਂਗ ਪਿਤਾ ਜੀ ਦੀ ਹੁਕਮ-ਅਦੂਲੀ ਕਰਦੇ ਤਾਂ ਕੋਈ ਹੋਰ ਸੇਵਾ ਕਰਕੇ ਗੁਰਤਾ ਲੈ ਜਾਂਦਾ। ਗੁਰਤਾ ਸਦਾ ਹੀ ਸੇਵਕ ਦੀ ਵਸਤ ਰਹੀ ਹੈ, ਕੋਈ ਅਧਿਕਾਰ ਸਮਝ ਕੇ ਗੁਰਤਾ ਨਹੀਂ ਲੈ ਜਾ ਸਕਦਾ॥ ੩੪॥

ਯਾਂਤੇ ਸ੍ਰੀ ਅਰਜਨ ਹਿਤ ਸਾਜਾ। ਰਾਖਿ ਲਈ ਸੋਢੀ ਕੁਲ ਲਾਜਾ।
ਮੋਰ ਮਨੋਰਥ ਪੂਰਨ ਕੀਨਿ। ਮਮ ਪਿਤ ਬਚਨ ਸਾਚ ਕਰਿ ਦੀਨ॥ ੩੫॥

ਇਸ ਕਰਕੇ ਸ੍ਰੀ ਅਰਜਨ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨਾਲ ਪ੍ਰੇਮ ਕੀਤਾ। ਸੋਢੀ ਕੁਲ ਦੀ ਲਾਜ ਨੂੰ ਰੱਖ ਲਿਆ ਹੈ। ਉਸ ਨੇ ਮੇਰੇ ਮਨੋਰਥ ਨੂੰ ਪੂਰਾ ਕੀਤਾ ਹੈ, ਮੇਰੇ ਪਿਤਾ ਜੀ ਦਾ ਬਚਨ ਸੱਚਾ ਕਰ ਦਿੱਤਾ ਹੈ॥ ੩੫॥

ਯਾਂਤੇ ਧੰਨ ਧੰਨ ਲਘੁ ਸੁਤ ਕੋ। ਕਿਯੋ ਪ੍ਰਸੰਨ ਸੇਵ ਕਰਿ ਪਿਤ ਕੋ।
ਜਾਨਿ ਨ ਦਈ ਕਹੂੰ ਗੁਰਿਆਈ। ਰਾਖੀ ਅਪਨੇ ਸਦਨ ਟਿਕਾਈ॥ ੩੬॥

ਇਸ ਕਰਕੇ ਮੈਂ ਆਪਣੇ ਛੋਟੇ ਪੁੱਤਰ ਨੂੰ 'ਧੰਨ ਧੰਨ' ਕਹਿੰਦੀ ਹਾਂ, ਆਪਣੇ ਪਿਤਾ ਜੀ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕਰ ਲਿਆ ਹੈ। ਗੁਰਿਆਈ ਨੂੰ ਘਰ ਤੋਂ ਬਾਹਰ ਨਹੀਂ ਜਾਣ ਦਿੱਤਾ, ਆਪਣੇ ਘਰ ਹੀ ਟਿਕਾਈ ਰਖਿਆ ਹੈ॥ ੩੬॥

ਅਬਿ ਚਿਤ ਸ਼ਾਂਤਿ ਬੈਠਿ ਇਹ ਰਹੈਂ। ਉੱਦਮ ਕਰਹਿਂ ਨ, ਸੁਨਹਿਂ ਨ ਕਹੈਂ।
ਸੋ ਮਮ ਸੁਤ ਦੋਨਹੁੰ ਬਹੁ ਫਿਰਿ ਕੈ। ਸੰਗਤਿ ਤੇ ਲੇਵਹਿਂ ਧਨ ਹਿਰ ਕੈ॥ ੩੭॥

ਹੁਣ ਇਹ ਸ਼ਾਂਤ-ਚਿੱਤ ਕਰਕੇ ਬੈਠੇ ਰਹਿੰਦੇ ਹਨ, ਨਾ ਉੱਦਮ ਕਰਦੇ ਹਨ ਅਤੇ ਨਾ ਹੀ ਕੁਝ ਕਹਿੰਦੇ-ਸੁਣਦੇ ਹਨ। ਮੇਰੇ ਦੂਸਰੇ ਦੋਵੇਂ ਪੁੱਤਰ ਫਿਰ ਤੁਰ ਕੇ ਸੰਗਤ ਪਾਸੋਂ ਧਨ ਵਸੂਲ ਕਰ ਲੈਂਦੇ ਹਨ॥ ੩੭॥

Sri Satguru Jagjit Singh Ji eLlibrary NamdhariElibrary@gmail.com

ਨਿਜ ਨਰ ਪਠਹਿਂ ਸੰਗਤਾਂ ਘੇਰਹਿਂ। ਕਰਹਿਂ ਜਤਨ ਜਬਿ ਆਵਤਿ ਹੇਰਹਿਂ।
'ਬਡੇ ਪੁੱਤ੍ਰ ਹਮ, ਗੁਰ ਅਬਿ ਭਏ'। ਇਮ ਕਹਿ ਸਰਬ ਦਰਬ ਨਿਤਿ ਲਏ ॥੩੮॥

ਆਪਣੇ ਬੰਦੇ ਭੇਜ ਕੇ ਸੰਗਤਾਂ ਨੂੰ ਘੇਰ ਲੈਂਦੇ ਹਨ, ਜਦ ਕਿਸੇ ਸਿੱਖ ਨੂੰ ਆਉਂਦੇ ਨੂੰ ਵੇਖਦੇ ਹਨ ਤਾਂ ਉਸ ਪਾਸੋਂ ਧਨ ਬਟੋਰਨ ਦਾ ਯਤਨ ਕਰਦੇ ਹਨ, "ਮੈਂ ਵੱਡਾ ਪੁੱਤਰ ਹਾਂ, ਇਸ ਕਰਕੇ ਹੁਣ ਮੈਂ ਗੁਰੂ ਬਣਿਆ ਹਾਂ" ਇਸ ਤਰ੍ਹਾਂ ਕਹਿ ਕੇ ਪ੍ਰਿਥੀਆ ਸਾਰਾ ਧਨ ਲੈ ਲੈਂਦਾ ਹੈ॥ ੩੮॥

ਪਹੁੰਚਨ ਦੇਤਿ ਨਹੀਂ ਢਿਗ ਅਰਜਨ। ਲੇਤਿ ਵਹਿਰ ਤੇ ਹਿਤ ਕੈ ਤਰਜਨ।
ਸਦਨ ਰਹੈਂ ਬੈਠਯੋ ਹਰਿ ਭਜੈਂ। ਕੋ ਇਕ ਸਿਖ ਆਨ ਕਰਿ ਜਜੈ॥ ੩੯॥

ਉਹ ਸੰਗਤਾਂ ਨੂੰ ਸ੍ਰੀ ਅਰਜਨ ਦੇਵ ਦੇ ਪਾਸ ਪਹੁੰਚਣ ਹੀ ਨਹੀਂ ਦਿੰਦਾ। ਹਿਤ ਨਾਲ ਜਾਂ ਦੱਬਕੇ ਨਾਲ ਬਾਹਰ ਹੀ ਉਨ੍ਹਾਂ ਪਾਸੋਂ ਮਾਇਆ ਲੈ ਲੈਂਦਾ ਹੈ। ਸ੍ਰੀ ਅਰਜਨ ਦੇਵ ਘਰ ਵਿਚ ਬੈਠੇ ਹਰੀ ਦਾ ਭਜਨ ਕਰਦੇ ਰਹਿੰਦੇ ਹਨ, ਕਦੀ-ਕਦੀ ਇਕ ਅੱਧਾ ਸਿੱਖ ਆ ਕੇ ਪੂਜਦਾ ਹੈ॥ ੩੯॥

ਕਯੋਂਹੂ ਦੇਤਿ ਨ ਦੋਨਹੁਂ ਭਾਈ। ਬਲ ਛਲ ਤੇ ਰੋਕਹਿਂ ਚਹੁਂ ਘਾਈ।
ਅਪਨੇ ਸਮ ਭੀ ਨਹਿਂ ਇਸ ਜਾਨਹਿਂ। ਨਹੀ ਬਾਂਟ ਧਨ ਦੇਂ ਹਿਤ ਖਾਨਹਿ ॥੪੦॥

ਕਿਵੇਂ ਵੀ ਦੋਵੇਂ ਭਰਾ ਕੁਝ ਨਹੀਂ ਦਿੰਦੇ, ਬਲ ਛਲ ਨਾਲ ਚਾਰੇ ਪਾਸਿਆਂ ਤੋਂ ਰੋਕ ਲੈਂਦੇ ਹਨ। ਇਸ ਨੂੰ ਆਪਣੇ ਬਰਾਬਰ ਵੀ ਨਹੀਂ ਸਮਝਦੇ, ਨਹੀਂ ਤਾਂ ਧਨ ਵੰਡ ਕੇ ਇਸ ਨੂੰ ਖਾਣ ਜੋਗਾ ਹੀ ਦੇ ਦੇਣ॥ ੪੦॥

ਯਾਂਤੇ ਅਸਨ ਬਸਨ ਕੀ ਚਾਹੂ। ਰਹਤਿ ਸਦਾ ਹਮਰੇ ਘਰ ਮਾਂਹੂ।
ਤੁਝ ਤੇ ਪਯਾਰੋ ਹਮਰੋ ਕੌਨ। ਬਹੁ ਦਿਨ ਤੇ ਚਲਿ ਆਯਹੁ ਭੌਨ॥ ੪੧॥

ਇਸ ਕਰਕੇ ਭੋਜਨ ਅਤੇ ਵਸਤਰਾਂ ਦੀ ਸਾਡੇ ਘਰ ਵਿਚ ਸਦਾ ਹੀ ਚਾਹਤ ਰਹਿੰਦੀ ਹੈ। ਤੁਹਾਡੇ ਤੋਂ ਪਿਆਰਾ ਸਾਡਾ ਕੌਣ ਹੈ, ਬਹੁਤ ਦਿਨਾਂ ਬਾਅਦ ਚਲ ਕੇ ਸਾਡੇ ਘਰ ਆਏ ਹੋ॥ ੪੧॥

ਘਰ ਮਹਿਂ ਹੋਇ ਤ ਬਨਹਿ ਅਹਾਰਾ। ਅਹੈ ਖਰਚ ਬਹੁ ਭਾਂਤਿ ਉਦਾਰਾ।
ਭ੍ਰਾਤਾ ਹਿਤੂ ਜਾਨ ਕਰਿ ਤੋਹੀ। ਬਾਤ ਸੁਨਾਇ ਕਹੀ ਜਿਮ ਹੋਹੀ' ॥ ੪੨॥

ਘਰ ਵਿਚ ਰਸਦ ਹੋਵੇ ਤਦ ਹੀ ਭੋਜਨ ਤਿਆਰ ਹੋਵੇਗਾ, ਕਈ ਪ੍ਰਕਾਰ ਦੇ ਹੋਰ ਵੀ ਖਰਚੇ ਹਨ। ਤੁਹਾਨੂੰ ਆਪਣਾ ਹਿਤੂ ਭਰਾ ਜਾਣ ਕੇ, ਸਾਰੀ ਕਹਾਣੀ ਸੁਣਾਈ ਹੈ, ਜਿਵੇਂ ਹੋਈ-ਬੀਤੀ ਹੈ" ॥ ੪੨॥

*ਦੂਸਰੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਅਠਾਈਵਾਂ

## ਭਾਈ ਗੁਰਦਾਸ ਜੀ ਦੀ ਸੰਗਤ ਨੂੰ ਪ੍ਰੇਰਨਾ

ਦੋਹਰਾ- ਭਾਨੀ ਭਗਨੀ ਤੇ ਸੁਨੀ ਸਰਬ ਬਾਰਤਾ ਜੋਇ।
ਚਿਤ ਮਹਿਂ ਤਰਕਤਿ ਬਹੁਤ ਹੀ 'ਅਤਿ ਅਜੋਗ ਇਹੁ ਹੋਇ ॥੧॥

ਭਾਈ ਗੁਰਦਾਸ ਨੇ ਜਦ ਆਪਣੀ ਭੈਣ ਬੀਬੀ ਭਾਨੀ ਤੋਂ ਸਾਰੀ ਗੱਲਬਾਤ ਸੁਣੀ ਤਾਂ ਚਿੱਤ ਵਿਚ ਕਈ ਦਲੀਲਾਂ ਵਿਚਾਰਨ ਲੱਗਾ, "ਇਹ ਅਤਿ ਅਯੋਗ ਗੱਲ ਹੈ॥ ੧॥

ਚੌਪਈ- ਸ਼ਾਂਤਿ ਰੂਪ ਸ੍ਰੀ ਅਰਜਨ ਅਹੈਂ। ਕਾਹੂ ਸੰਗ ਨ ਕੈਸੇ ਕਹੈਂ।
ਸੋ ਬਲ ਛਲ ਤੇ ਦਰਬ ਹਿਰਤਿ ਹੈਂ। ਗੁਰ ਬਨ ਸੰਗਤਿ ਅਪਨਿ ਕਰਤਿ ਹੈਂ ॥੨॥

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਂਤ ਰੂਪ ਹਨ, ਕਿਸੇ ਨੂੰ ਵੀ ਕੁਝ ਨਹੀਂ ਕਹਿੰਦੇ ਹਨ। ਪ੍ਰਿਥੀਆ ਵਲ ਛਲ ਕਰਕੇ ਧਨ ਲੈ ਜਾਂਦਾ ਹੈ, ਗੁਰੂ ਬਣ ਕੇ ਸੰਗਤ ਨੂੰ ਆਪਣੀ ਬਣਾਉਂਦਾ ਹੈ॥ ੨॥

ਜਬਿ ਗੁਰਤਾ ਕੋ ਕਾਰਜ ਹੋਇ। ਸਿਖਜਨ ਕੀ ਸਹਾਇਤਾ ਜੋਇ।
ਪੂਰਬ ਤੌ ਇਸ ਲੋਕ ਮਝਾਰੀ। ਸੰਕਟ ਪਰਹਿਂ ਆਨ ਕਿਤ ਭਾਰੀ॥ ੩॥

ਗੁਰਤਾ ਦਾ ਇਹ ਕਾਰਜ ਹੈ ਕਿ ਲੋੜ ਪੈਣ ਤੇ ਸਿੱਖਾਂ ਦੀ ਸਹਾਇਤਾ ਕਰੇ। ਪਹਿਲਾਂ ਤਾਂ ਇਸ ਲੋਕਾਈ ਵਿਚ ਭਾਰੀ ਸੰਕਟ ਆ ਪਵੇਗਾ॥ ੩॥

ਸੁਤ ਬਿਤ ਕੋ ਬਾਂਛਤਿ ਹੈ ਕੋਈ। ਤਬਿ ਇਨ ਤੇ ਬਨ ਸਕਹਿ ਨ ਸੋਈ।
ਸਿੱਖਨ ਬਿਖੈ ਅਸ਼ਰਧਾ ਹੋਇ। ਪੂਜਨਿ ਤੇ ਹਟਿ ਹੈ ਸਭਿ ਕੋਇ॥ ੪॥

ਜੇ ਕਿਸੇ ਨੂੰ ਪੁੱਤਰ ਅਤੇ ਧਨ ਦੀ ਲੋੜ ਹੋਵੇਗੀ, ਤਦ ਇਨ੍ਹਾਂ ਪਾਸੋਂ ਕੁਝ ਨਹੀਂ ਬਣ ਸਕੇਗਾ, ਸਿੱਖਾਂ ਵਿਚ ਅਸ਼ਰਧਾ ਪੈਦਾ ਹੋ ਜਾਵੇਗੀ, ਸਾਰੇ ਗੁਰੂ ਘਰ ਦੀ ਪੂਜਾ ਕਰਨੀ ਛੱਡ ਦੇਣਗੇ॥ ੪॥

ਇਮ ਗੁਰਤਾ ਸਿੱਖੀ ਮਹਿਂ ਘਾਟਾ। ਨਿਬਹਿ ਨ ਇਹੁ ਪ੍ਰਪੰਚ ਜੋ ਠਾਟਾ।
ਗੁਰੂ ਗੁਪਤ ਰਹਿਂ, ਲਖਹਿ ਨ ਕੋਈ। ਬਿਨਾ ਮਿਲੇ ਤੇ ਕਜੋਂ ਸੁਧਿ ਹੋਈ' ॥੫॥

ਇਸ ਤਰ੍ਹਾਂ ਦੀ ਗੁਰਤਾ ਸਿੱਖੀ ਵਿਚ ਘਾਟਾ ਪਾਵੇਗੀ, ਇਹ ਪ੍ਰਪੰਚ ਜੋ ਰਚਿਆ ਹੈ ਇਹ ਨਿਭੇਗਾ ਨਹੀਂ, ਗੁਰੂ ਜੀ ਗੁਪਤ ਰਹਿਣਗੇ, ਉਸ ਨੂੰ ਕੋਈ ਵੇਖ ਨਹੀਂ ਸਕੇਗਾ, ਮਿਲਣ ਬਗੈਰ ਕਿਵੇਂ ਖ਼ਬਰ ਹੋਵੇਗੀ'॥ ੫॥

ਏਵ ਬਿਚਾਰਤਿ ਚਿਤ ਗੁਰਦਾਸ। ਗੁਰ ਕੇ ਚੱਕ ਰਹਜੋ ਗੁਰ ਪਾਸ।
ਦੋਨਹੁਂ ਭ੍ਰਾਤਨ ਕੀ ਖੁਟਿਆਈ। ਦੇਖਤਿ ਭਯੋ 'ਕਰਤਿ ਅਧਿਕਾਈ ॥੬॥

ਭਾਈ ਗੁਰਦਾਸ ਇਸ ਤਰ੍ਹਾਂ ਦਿਲ ਵਿਚ ਵਿਚਾਰ ਕੇ, ਗੁਰੂ ਕੇ ਚੱਕ ਗੁਰੂ ਪਾਸ ਹੀ ਰਿਹਾ। ਦੋਵਾਂ ਭਰਾਵਾਂ ਦੀ ਖੋਟੀ ਨੀਤੀ ਨੂੰ ਵੇਖਿਆ, "ਇਹ ਬਹੁਤ ਮਾੜਾ ਕੰਮ ਕਰਦੇ ਹਨ॥ ੬॥

ਜਰੀ ਨ ਜਾਇ ਰਿਦੈ ਮਹਿਂ ਸੋਈ। ਦਰਬ ਹਿਰਹਿਂ ਸੰਗਤਿ ਤੇ ਦੋਈ'।
ਸ੍ਰੀ ਅਰਜਨ ਸੋਂ ਇਕ ਦਿਨ ਕਹ੍ਯੋ। 'ਗੁਰਿਆਈ ਪਦ ਤੁਮ ਨੈ ਲਹ੍ਯੋ ॥੭॥

ਹਿਰਦੇ ਵਿਚ ਇਨ੍ਹਾਂ ਦੀ ਇਹ ਕਰਤੂਤ ਜਰੀ ਨਹੀਂ ਜਾ ਸਕਦੀ, ਦੋਵੇਂ ਸੰਗਤ ਪਾਸੋਂ ਧਨ ਖੋਹ ਰਹੇ ਹਨ।" ਫਿਰ ਉਨ੍ਹਾਂ ਨੇ ਇਕ ਦਿਨ ਗੁਰੂ ਅਰਜਨ ਦੇਵ ਜੀ ਨੂੰ ਕਿਹਾ, "ਗੁਰਿਆਈ ਦੀ ਪਦਵੀ ਤੁਸੀਂ ਪ੍ਰਾਪਤ ਕੀਤੀ ਹੈ॥ ੭॥

ਪੂਜਾ ਸੋ ਕਰਿਵਾਵਤਿ ਰਹੈਂ। ਨਿਬਹੈ ਕਿਮ ਤੁਮ, ਕਛੁ ਨਹਿਂ ਕਹੈਂ।
ਜਾਗਤਿ ਜੋਤਿ ਗੁਰੂ ਜਿਮ ਪਾਛੇ। ਤੁਮ ਭੀ ਬਿਦਤਹੁ ਤਿਨ ਸਮੁ ਆਛੇ ॥੮॥

ਪੂਜਾ ਉਹ ਕਰਵਾ ਰਹੇ ਹਨ, ਇਹ ਕਿਵੇਂ ਨਿਰਬਾਹ ਹੋਵੇਗਾ, ਇਹ ਕੁਝ ਕਿਹਾ ਨਹੀਂ ਜਾ ਸਕਦਾ। ਜਿਵੇਂ ਗੁਰੂ ਜੀ ਦੀ ਜਗਦੀ ਜੋਤ ਤੁਹਾਨੂੰ ਪਿਛੇ ਛੱਡ ਗਏ ਹਨ, ਤੁਸੀਂ ਵੀ ਉਨ੍ਹਾਂ ਵਾਂਗ ਪ੍ਰਗਟ ਹੋਵੋ॥ ੮॥

ਛਪਨਿ ਉਚਿਤ ਇਹੁ ਪਦਵੀ ਨਾਂਹੀ। ਸਿੱਖੀ ਬਿਸਤਾਰਹੁ ਜਗ ਮਾਂਹੀ।
ਅਜ਼ਮਤਿ ਕੇ ਬਲ ਲੇਹੁ ਅਕੋਰੁ। ਗੁਰ ਸੰਗਤਿ ਅਨਗਲ ਚਹੁੰ ਓਰ ॥੯॥

ਇਸ ਪਦਵੀ ਨੂੰ ਲੁਕਾ ਕੇ ਰੱਖਣਾ ਉਚਿਤ ਨਹੀਂ, ਜਗਤ ਵਿਚ ਸਿੱਖੀ ਦਾ ਵਿਸਥਾਰ ਕਰੋ। ਕਰਾਮਾਤ ਦੇ ਬਲ ਤੇ ਭੇਟਾਵਾਂ ਲਵੋ, ਚਾਰੇ ਪਾਸੇ ਅਣਗਿਣਤ ਗੁਰੂ ਦੀ ਸੰਗਤ ਹੈ॥ ੯॥

ਮੁਝ ਮਨ ਮਹਿਂ ਸੰਸਾ ਇਕ ਔਰ। ਰਹੈਂ ਭ੍ਰਾਤ ਤ੍ਰੈ ਇਮ ਇਸ ਠੌਰ।
ਨਹੀਂ ਦਰਬ ਢਿਗ ਆਇ ਤੁਮਾਰੇ। ਦਾਰਿਦ ਬਰਤਹਿ ਸਦਨ ਮਝਾਰੇ ॥੧੦॥

ਮੇਰੇ ਮਨ ਵਿਚ ਇਕ ਸੰਸਾ ਹੋਰ ਵੀ ਹੈ, ਜੇ ਤਿੰਨੇ ਭਰਾ ਇਸ ਤਰ੍ਹਾਂ ਰਹਿਣਗੇ ਤਾਂ ਤੁਹਾਡੇ ਪਾਸ ਧਨ ਨਹੀਂ ਆਵੇਗਾ ਤਾਂ ਘਰ ਵਿਚ ਦਲਿਦਰ ਵਰਤ ਜਾਵੇਗਾ॥ ੧੦॥

ਸ੍ਰੀ ਗੁਰ ਰਾਮਦਾਸ ਭਗਵੰਤ। ਤੁਮਕੋ ਕਹ੍ਯੋ ਸਮੈਂ ਜਬਿ ਅੰਤ।
'ਸ੍ਰੀ ਅੰਮ੍ਰਿਤਸਰ ਕਾਰ ਕਰਾਵਹੁ। ਖਨਿ ਕੈ ਪੌੜੀ ਪੱਕ੍ਰ ਬਨਾਵਹੁ' ॥੧੧॥

ਸ੍ਰੀ ਗੁਰੂ ਰਾਮਦਾਸ ਜੀ ਭਗਵੰਤ ਨੇ ਤੁਹਾਨੂੰ ਅੰਤ ਸਮੇਂ ਕਿਹਾ ਸੀ, "ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਕਰਾਵੋ, ਸਰੋਵਰ ਦੀਆਂ ਪੌੜੀਆਂ ਪੱਕੀਆਂ ਬਣਾਵੋ"॥ ੧੧॥

ਇਮ ਜੇ ਬ੍ਰਿੱਤਿ ਆਪਨੀ ਰਾਖੋ। ਤਾਲ ਬਨਾਵਨ ਕਿਮ ਅਭਿਲਾਖੋ ?।
ਦਰਬ ਹਜ਼ਾਰੋਂ ਲਾਗਹਿਂ ਜਹਾਂ। ਕੈਸੇ ਹੋਇ ਸਕਹਿ ਗੋ ਮਹਾਂ॥ ੧੨॥

ਇਸ ਤਰ੍ਹਾਂ ਜੇ ਆਪਣੀ ਬ੍ਰਿਤੀ ਰਖੋਗੇ, ਤਾਂ ਸਰੋਵਰ ਬਣਾਉਣ ਦੇ ਕਾਰਜ ਦੀ ਕਿਵੇਂ ਅਭਿਲਾਸ਼ਾ ਰਖੋਗੇ ? ਇਸਨੂੰ ਬਣਾਉਣ ਵਿਚ ਹਜ਼ਾਰਾਂ ਰੁਪਈਆਂ ਦੀ ਲਾਗਤ ਆਵੇਗੀ, ਇਹ ਮਹਾਨ ਕੰਮ ਕਿਵੇਂ ਹੋ ਸਕੇਗਾ॥ ੧੨॥

ਉੱਦਮ ਕਰਿ ਬਿਦਤਹੁ ਜਗ ਮਾਂਹੀ। ਜਿਸ ਤੇ ਸਮ ਭ੍ਰਾਤਾ ਹੁਇਂ ਨਾਂਹੀ'।
ਸ੍ਰੀ ਅਰਜਨ ਸੁਨਿ ਬੋਲੇ ਬਾਨੀ। 'ਤ੍ਰਿਸ਼ਨਾ ਅਧਿਕ ਦੁਹਨ ਮਨ ਠਾਨੀ ॥੧੩॥

ਉੱਦਮ ਕਰਕੇ ਜੱਗ ਵਿਚ ਪਰਗਟ ਹੋਵੋ, ਜਿਸ ਦੇ ਬਰਾਬਰ ਤੁਹਾਡੇ ਭਰਾ ਨਾ ਹੋ ਸਕਣ।" ਸ੍ਰੀ ਅਰਜਨ ਦੇਵ ਜੀ ਇਹ ਸੁਣ ਕੇ ਬੋਲੇ, "ਉਨ੍ਹਾਂ ਦੋਹਾਂ ਨੇ ਮਨ ਵਿਚ ਤ੍ਰਿਸ਼ਨਾ ਧਾਰਨ ਕੀਤੀ ਹੋਈ ਹੈ॥ ੧੩॥

Sri Satguru Jagjit Singh Ji eLlibrary NamdhariElibrary@gmail.com

ਦੌਰਿ ਦੌਰਿ ਰੋਕਤਿ ਧਨ ਜਾਇ। ਕਿਮ ਸੰਤੋਖ ਤਿਨਹੁੰ ਕੇ ਆਇ।
ਭਨਹਿਂ ਕੂਰ ਛਲ ਬਲ ਕੋ ਠਾਨੈਂ। ਨਿਸ ਬਾਸੁਰ ਦ੍ਵੈਸ਼ਨਿ ਲਪਟਾਨੈ ॥੧੪॥

ਭੱਜ-ਭੱਜ ਕੇ ਧਨ ਨੂੰ ਸਾਂਭਦੇ ਹਨ ਕਿ ਕਿਤੇ ਬਾਹਰ ਨਾ ਚਲਾ ਜਾਏ, ਉਨ੍ਹਾਂ ਨੂੰ ਕਿਵੇਂ ਸੰਤੋਖ ਆਵੇਗਾ, ਝੂਠ ਬੋਲਦੇ ਹਨ ਅਤੇ ਛਲ ਵਲ ਹੀ ਉਨ੍ਹਾਂ ਧਾਰਨ ਕਰ ਲਿਆ ਹੈ ਅਤੇ ਰਾਤ-ਦਿਨ ਈਰਖਾਲੂ ਬਿਰਤੀ ਨੂੰ ਅਪਨਾਇਆ ਹੋਇਆ ਹੈ॥ ੧੪॥

ਗੁਰਤਾ ਕਛੁ ਧਨ ਹਿਤ ਨਹਿਂ ਲੀਨੀ। ਤ੍ਰਿਸ਼ਨਾ ਕਰੀ ਚਹਿਜ ਮਨੁ ਹੀਨੀ।
ਸਰਬ ਬਿਕਾਰਨ ਕੇਰਿ ਬਿਨਾਸ਼। ਕਯੋਂ ਹਮ ਕਰਹਿਂ ਦਰਬ ਕੀ ਆਸ ॥੧੫॥

ਅਸੀਂ ਇਹ ਗੁਰ-ਗੱਦੀ ਧਨ ਵਾਸਤੇ ਨਹੀਂ ਲਈ, ਤ੍ਰਿਸ਼ਨਾ ਦੀ ਚਾਹਤ ਮਨ ਦੀ ਹਾਨੀ ਹੈ, ਸਾਰੇ ਵਿਕਾਰਾਂ ਦਾ ਜੋ ਵਿਨਾਸ਼ ਹੈ, ਅਸੀਂ ਉਸ ਧਨ ਦੀ ਆਸ ਕਿਉਂ ਰੱਖੀਏ॥ ੧੫॥

ਸਿਖਨ ਕੇ ਬਿਕਾਰ ਉਰ ਹਰਨੇ। ਹੁਇ ਬਿੱਪ੍ਰੀਤ ਜੁ ਹਮ ਸੈਂ ਧਰਨੇ।
ਤਾਲ ਆਦਿ ਜੇ ਕਾਰਜ ਸਾਰੇ। ਸ਼੍ਰੀ ਨਾਨਕ ਸੋ ਨਿਸੁ ਦਿਨੁ ਸਾਰੇ॥ ੧੬॥

ਸਿੱਖਾਂ ਦੇ ਵਿਕਾਰਾਂ ਨੂੰ ਉਨ੍ਹਾਂ ਦੇ ਦਿਲਾਂ ਵਿਚੋਂ ਦੂਰ ਕਰਨਾ ਹੈ, ਜੇ ਅਸੀਂ ਵੀ ਉਨ੍ਹਾਂ ਵਾਂਗ ਧਾਰਨ ਕਰੀਏ ਤਾਂ ਪੁੱਠੀ ਗੱਲ ਹੋ ਜਾਵੇਗੀ। ਸਰੋਵਰ ਦੇ ਨਿਰਮਾਣ ਆਦਿ ਦੇ ਸਾਰੇ ਕਾਰਜ ਸ੍ਰੀ ਨਾਨਕ ਦੇਵ ਜੀ ਉਹ ਦਿਨ ਰਾਤ ਸਵਾਰਦੇ ਹਨ॥ ੧੬॥

ਜੇ ਤੂੰ ਚਹਤਿ ਕਰਨਿ ਉਪਕਾਰ। ਸਰ ਲਗਬੇ ਤੇ ਨਰਨ ਉਧਾਰ।
ਤੇ ਉੱਦਮ ਕਰਿ ਹੁਇ ਸਵਧਾਨ। ਬਨਹਿਂ ਸਹਾਇਕ ਗੁਰੁ ਭਗਵਾਨ' ॥੧੭॥

ਜੇ ਤੂੰ ਉਨ੍ਹਾਂ ਵਾਸਤੇ ਉਪਕਾਰ ਕਰਨਾ ਚਾਹੁੰਦਾ ਹੈ, ਤਾਂ ਸਰੋਵਰ ਦੀ ਉਸਾਰੀ ਸ਼ੁਰੂ ਕਰ ਕੇ ਮਨੁੱਖਾਂ ਦਾ ਉਧਾਰ ਕਰੋ, ਸਾਵਧਾਨ ਹੋ ਕੇ ਉੱਦਮ ਕਰੋ, ਗੁਰੂ ਭਗਵਾਨ ਜੀ ਤੁਹਾਡੇ ਸਹਾਇਕ ਬਣਨਗੇ"॥ ੧੭॥

ਸੁਨਿ ਸਗਰੀ ਗੁਰੁਦਾਸ ਬਿਚਾਰੀ। 'ਗਿਰਾ ਜਥਾਰਥ ਇਨਹੁੰ ਉਚਾਰੀ।
ਤਿਨ ਕੇ ਸਮ ਕ੍ਰਿਤ ਇਨਹੁ ਨ ਬਨਹਿ। ਸਿੱਖਨ ਕੇ ਬਿਕਾਰ ਗਨ ਹਨਹਿਂ ॥੧੮॥

ਭਾਈ ਗੁਰਦਾਸ ਨੇ ਇਹ ਸਾਰੀ ਗੱਲ ਸੁਣ ਕੇ ਵਿਚਾਰ ਕੀਤੀ, "ਇਨ੍ਹਾਂ ਨੇ ਯੋਗ ਗੱਲ ਕਹੀ ਹੈ, ਉਨ੍ਹਾਂ ਵਾਂਗ ਸਾਡਾ ਕਾਰਜ ਕਰਨਾ ਬਣਦਾ ਨਹੀਂ ਹੈ, ਅਸੀਂ ਸਿੱਖਾਂ ਦੇ ਵਿਕਾਰਾਂ ਨੂੰ ਦੂਰ ਕਰਨਾ ਹੈ॥ ੧੮॥

ਤ੍ਰਿਸ਼ਨਕ ਜਿਮ ਇਹੁ ਕੈਸੇ ਧਾਵਹਿਂ। ਸਿੱਖਨ ਕੋ ਗੁਰ ਹਿਤ ਬਨਿ ਆਵਹਿ।
ਯਾਂਤੇ ਮੈ ਉੱਦਮੁ ਅਬਿ ਧਰੌਂ। ਇਹ ਉਪਕਾਰ ਜਗਤ ਪਰ ਕਰੌਂ॥ ੧੯॥

ਤ੍ਰਿਸ਼ਨਾ ਕਰਨ ਵਾਲਿਆਂ ਵਾਂਗ ਕਰਨਾ ਇਨ੍ਹਾਂ ਨੂੰ ਕਿਸੇ ਤਰ੍ਹਾਂ ਬਣਦਾ ਨਹੀਂ ਹੈ, ਸਿੱਖਾਂ ਨੂੰ ਗੁਰੂ ਜੀ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਇਸ ਕਰਕੇ ਮੈਨੂੰ ਹੁਣ ਉੱਦਮ ਕਰਨਾ ਚਾਹੀਦਾ ਹੈ ਅਤੇ ਜਗਤ ਉਤੇ ਮੈਨੂੰ ਹੁਣ ਇਹ ਉਪਕਾਰ ਕਰਨਾ ਚਾਹੀਦਾ ਹੈ॥ ੧੯॥

ਸਭਿਹਿਨਿ ਕਹੁ ਉਪਦੇਸ਼ ਬਤਾਵੌਂ। ਨੀਕੀ ਰੀਤਿ ਗੁਰੂ ਬਿਦਤਾਵੌਂ।
ਚਿਤਵਤਿ ਇਮ ਚਿਤ ਮਹਿਂ ਗੁਰਦਾਸ। ਕਰਯੋ ਬਾਸ ਸ਼੍ਰੀ ਅਰਜਨੁ ਪਾਸ ॥੨੦॥

ਸਾਰਿਆਂ ਨੂੰ ਗੁਰੂ ਜੀ ਦੇ ਉਪਦੇਸ਼ ਤੋਂ ਜਾਗ੍ਰਤ ਕਰਾਵਾਂ ਅਤੇ ਸ਼ੁਭ ਨੀਤੀ ਅਨੁਸਾਰ ਅਸਲ ਗੁਰੂ ਜੀ ਨੂੰ ਪ੍ਰਗਟ ਕਰਾਂ"। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਮਨ ਵਿਚ ਵਿਚਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਹੀ ਨਿਵਾਸ ਰੱਖ ਲਿਆ॥ ੨੦॥

ਕੇਤਿਕ ਦਿਵਸ ਬਿਤੀਤੇ ਜਬੈ। ਪਿਖਤ ਲੇਤਿ ਦੋਨਹੁੰ ਧਨ ਸਬੈ।
ਇਕ ਦਿਨ ਸੁਨਜੋ ਸਿੱਖ ਤੇ ਕਾਨ। 'ਸੰਗਤਿ ਆਵਤਿ ਚਲੀ ਮਹਾਨ' ॥੨੧॥

ਦੋਹਾਂ ਪਾਸਿਆਂ ਨੂੰ ਸਾਰਿਆਂ ਤੋਂ ਧਨ ਲੈਂਦਿਆਂ ਵੇਖਦਿਆਂ ਜਦ ਕਾਫੀ ਦਿਨ ਬੀਤ ਗਏ ਤਾਂ ਇਕ ਦਿਨ ਇਕ ਸਿੱਖ ਤੋਂ ਗੱਲ ਕੰਨਾਂ ਨਾਲ ਸੁਣੀ, "ਬਹੁਤ ਸੰਗਤ ਚਲੀ ਆ ਰਹੀ ਹੈ" ॥ ੨੧॥

ਰਿਦੈ ਬਿਚਾਰ ਕੀਨ ਇਮ ਸੋਈ। 'ਬੈਠੇ ਬਨੈ ਨ ਆਵੈ ਕੋਈ'।
ਦ੍ਵੈ ਤੀਨਕ ਲੇ ਕਰਿ ਗੁਰ ਦਾਸ। ਤੂਸ਼ਨ ਹੀ ਗਮਨਜੋ ਗੁਰਦਾਸ ॥੨੨॥

ਤਾਂ ਭਾਈ ਗੁਰਦਾਸ ਨੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤੀ, "ਬੈਠਿਆਂ ਰਹਿਣ ਨਾਲ ਕੋਈ ਨਹੀਂ ਆਉਣ ਲੱਗਾ" ਦੋ ਤਿੰਨ ਗੁਰੂ ਜੀ ਦੇ ਸਿੱਖ ਲੈ ਕੇ, ਭਾਈ ਗੁਰਦਾਸ ਜੀ ਚੁਪਚਾਪ ਹੀ ਚਲੇ ਗਏ॥ ੨੨॥

ਰਾਮਦਾਸ ਚਕ ਤੇ ਚਲਿ ਗਯੋ। ਪੰਚ ਕੋਸ ਪਰ ਇਸਥਿਤ ਭਯੋ।
ਤਹਾਂ ਚੌਤਰਾ ਕੀਨਿ ਬਨਾਇ। ਸੇਤ ਬਸਤ੍ਰ ਕੋ ਭਲੋ ਬਿਛਾਇ॥ ੨੩॥

'ਰਾਮਦਾਸ ਚੱਕ' ਤੋਂ ਵੀ ਬਾਹਰ ਚਲੇ ਗਏ ਅਤੇ ਪੰਜ ਕੋਹਾਂ ਤੇ ਜਾ ਡੇਰਾ ਲਾਇਆ, ਉਥੇ ਜਾ ਕੇ ਇਕ ਥੜਾ ਬਣਾ ਲਿਆ ਅਤੇ ਭਲੀ ਪ੍ਰਕਾਰ ਸਫੇਦ ਕਪੜੇ ਵਿਛਾ ਲਏ॥ ੨੩॥

ਪੂਜਨ ਥਾਨ ਬਨਾਯਹੁ ਐਸਾ। ਤਿਸ ਕੇ ਤੀਰ ਤਰੇ ਹੁਇ ਬੈਸਾ।
ਮੋਰ ਪੰਖ ਕੋ ਮੂੱਠਾ ਧਰਜੋ। ਗੁਰਤਾ ਚਿੰਨ੍ਹ ਅਪਰ ਕੁਛ ਕਰਜੋ॥ ੨੪॥

ਉਸ ਨੂੰ ਪੂਜਾ ਦਾ ਅਸਥਾਨ ਬਣਾ ਲਿਆ, ਉਸ ਦੇ ਨੇੜੇ ਹੋ ਕੇ ਬੈਠ ਗਏ। ਮੋਰ ਦੇ ਖੰਭਾਂ ਦਾ ਇਕ ਚੌਰ ਬਣਾ ਲਿਆ, ਗੁਰੂ ਜੀ ਦੇ ਨਿਸ਼ਾਨਾਂ ਵਾਂਗ ਹੋਰ ਸਭ ਕੁਝ ਕਰ ਲਿਆ॥ ੨੪॥

ਇਤਨੇ ਮਹਿਂ ਸੰਗਤਿ ਗਨ ਆਈ। ਬੂਝਨ ਲਗੇ 'ਕਹਾਂ ਇਸ ਥਾਈਂ ?'।
ਸੁਨਿਕੇ ਤਿਨਿ ਤੇ ਤਬਿ ਗੁਰੁਦਾਸ। ਸਾਦਰ ਕਰੇ ਬਿਠਾਵਨਿ ਪਾਸ॥ ੨੫॥

ਏਨੇ ਵਿਚ ਬਹੁਤ ਸੰਗਤ ਆ ਗਈ, ਪੁੱਛਣ ਲੱਗੇ ਕਿ "ਗੁਰੂ ਜੀ ਕਿਥੇ ਹਨ ?" ਭਾਈ ਗੁਰਦਾਸ ਨੇ ਉਨ੍ਹਾਂ ਪਾਸੋਂ ਸੁਣ ਕੇ ਬੜੇ ਅਦਬ ਨਾਲ ਉਨ੍ਹਾਂ ਨੂੰ ਬਿਠਾਇਆ॥ ੨੫॥

'ਬਿਸਰਾਮਹੁ ਸੰਗਤਿ ਇਸ ਥਾਈਂ'। ਜਬਿ ਇਕਠੀ ਹੋਈ ਸਮੁਦਾਈ।
ਸਭਿ ਸੋਂ ਮਧੁਰ ਗਿਰਾ ਕੇ ਸਾਥ। ਕਹਤਿ ਭਯੋ ਆਇਸੁ ਗੁਰੁ ਨਾਥ॥ ੨੬॥

ਅਤੇ ਕਿਹਾ, "ਸਾਰੀ ਸੰਗਤ ਏਥੇ ਵਿਸ਼ਰਾਮ ਕਰੋ" ਜਦ ਸਾਰੀ ਸੰਗਤ ਇਕੱਠੀ ਹੋ ਗਈ ਤਾਂ ਸਾਰਿਆਂ ਨੂੰ ਮਿੱਠੇ ਬਚਨ ਬੋਲ ਕੇ ਇਸ ਤਰ੍ਹਾਂ ਕਿਹਾ॥ ੨੬॥

'ਜੋ ਗੁਰੂ ਹੇਤਿ ਉਪਾਇਨ ਲਜਾਯੋ। ਉਰ ਸ਼ਰਧਾ ਧਰਿ ਦਰਸ਼ਨਿ ਆਯੋ।
ਸੋ ਇਸ ਥਲ ਅਰਪਹੁ ਸਮੁਦਾਇ। ਪੁਨ ਗੁਰ ਢਿਗ ਚਲੀਐ ਹਰਖਾਇ॥੨੭॥

"ਗੁਰੂ ਜੀ ਵਾਸਤੇ ਜੋ ਉਪਹਾਰ ਲਿਆਏ ਹੋ, ਅਤੇ ਸ਼ਰਧਾ ਧਾਰਨ ਕਰਕੇ ਦਰਸ਼ਨਾਂ ਵਾਸਤੇ ਆਏ ਹੋ, ਉਹ ਸਾਰੇ ਨਜ਼ਰਾਨੇ ਇਸ ਥਾਂ ਭੇਟ ਕਰ ਦੇਵੋ, ਫਿਰ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰਸੰਨ ਹੋ ਕੇ ਚਲੋ॥ ੨੭॥

ਇਸ ਮਹਿਂ ਕਾਰਣ ਸੋ ਸੁਨ ਲੀਜਹਿ। ਪੁਨ ਮਨ ਬਾਂਛਿਤ ਪੂਰਨ ਕੀਜਹਿ।
ਸ੍ਰੀਗੁਰ ਰਾਮਦਾਸ ਸੁਤ ਤੀਨ। ਗੁਰਤਾ ਗਾਦੀ ਲਘੂ ਅਸੀਨ॥ ੨੮॥

ਇਸ ਦਾ ਕੀ ਕਾਰਨ ਹੈ, ਉਹ ਮੈਥੋਂ ਸੁਣ ਲਵੋ, ਫਿਰ ਮੂੰਹ ਮੰਗੀ ਇੱਛਾ ਪ੍ਰਾਪਤ ਕਰੋ। ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਹਨ ਅਤੇ ਗੁਰ-ਗੱਦੀ ਸਭ ਤੋਂ ਛੋਟੇ ਪੁੱਤਰ ਨੂੰ ਦਿੱਤੀ ਹੈ॥ ੨੮॥

ਸ਼ਾਂਤਿ ਰੂਪਿ ਸੋ ਬੈਠੇ ਰਹੈਂ। ਨਹਿਂ ਕਿਹ ਸੋਂ ਕੈਸੇ ਬਚ ਕਹੈਂ।
ਬਡੇ ਭ੍ਰਾਤ ਦ੍ਵੈ ਬਲ ਛਲ ਕਰੈਂ। ਸੰਗਤਿ ਤੇ ਸਗਰੋ ਧਨ ਹਿਰੈਂ॥ ੨੯॥

ਉਹ ਸ਼ਾਂਤ ਰੂਪ ਨਾਲ ਆਪਣੇ ਘਰ ਵਿਚ ਬੈਠੇ ਰਹਿੰਦੇ ਹਨ, ਉਹ ਕਿਸੇ ਨੂੰ ਵੀ ਕੋਈ ਬਚਨ ਨਹੀਂ ਕਹਿੰਦੇ ਹਨ। ਉਨ੍ਹਾਂ ਦੇ ਦੋਵੇਂ ਵੱਡੇ ਭਰਾ ਤਾਕਤ ਅਤੇ ਛਲ ਨਾਲ ਸੰਗਤ ਤੋਂ ਧਨ ਖੋਹ ਲੈਂਦੇ ਹਨ॥ ੨੯॥

ਤਹਾਂ ਪਹੁੰਚਿ ਜੇ ਤਿਨ ਨਹਿਂ ਦੇਵਹੁ। ਗਾਰੀ ਬਕੈਂ ਸ੍ਰਾਪ ਕੋ ਲੇਵਹੁ।
ਕੈ ਤੁਮ ਤੇ ਸੋ ਲੈ ਹੈਂ ਛੀਨ। ਕਰਹਿਂ ਰਾਰ ਲੋਭੀ ਦੁਖ ਭੀਨ॥ ੩੦॥

ਓਥੇ ਪਹੁੰਚ ਕੇ ਉਨ੍ਹਾਂ ਨੂੰ ਧਨ ਨਹੀਂ ਦਿੰਦੇ ਹਨ, ਗਾਲ੍ਹਾਂ ਕੱਢਦੇ ਹਨ ਅਤੇ ਸਰਾਪ ਲੈਂਦੇ ਹਨ, ਉਹ ਤੁਹਾਥੋਂ ਵੀ ਧਨ ਖੋਹ ਲੈਣਗੇ, ਨਹੀਂ ਤਾਂ ਲੋਭੀ ਲੜਾਈ ਕਰਕੇ ਦੁੱਖ ਦੇਣਗੇ॥ ੩੦॥

ਗੁਰ ਕੇ ਨਿਕਟ ਨ ਪਹੁੰਚਨ ਦੈ ਹੈਂ। ਘਾਤ ਅਨੇਕਨਿ ਬਾਤ ਬਨੈ ਹੈਂ।
ਯਾ ਤੇ ਮੈਂ ਤੁਮ ਕੋ ਸ਼ੁਭ ਕਹੌਂ। ਪਰਉਪਕਾਰ ਹੇਤ ਮੈਂ ਚਹੌਂ॥ ੩੧॥

ਉਹ ਗੁਰੂ ਜੀ ਦੇ ਪਾਸ ਪਹੁੰਚਣ ਨਹੀਂ ਦਿੰਦੇ ਹਨ, ਅਨੇਕ ਪ੍ਰਕਾਰ ਦੇ ਦਾਅ ਲਾ ਕੇ ਹੀ ਗੱਲ ਬਣਦੀ ਹੈ। ਇਸ ਕਰਕੇ ਮੈਂ ਤੁਹਾਨੂੰ ਅਸਲ ਗੱਲ ਦੱਸ ਰਿਹਾ ਹਾਂ, ਮੈਂ ਇਹ ਸਭ ਕੁਝ ਪਰਉਪਕਾਰ ਵਾਸਤੇ ਕਰ ਰਿਹਾ ਹਾਂ'॥ ੩੧॥

ਸੁਨਿ ਸੰਗਤਿ ਕੇ ਨਿਸ਼ਚੈ ਭਯੋ।'ਬਾਕ ਜਥਾਰਥ ਇਨ ਕਹਿ ਦਯੋ'।
ਸਭਿਹਿਨਿ ਮਿਲਿਕੈ ਆਛੋ ਮਾਨਾ। ਦਯੋ ਦਰਬ ਜੇਤਿਕ ਜਿਨ ਆਨਾ॥ ੩੨॥

ਇਹ ਸੁਣ ਕੇ ਸੰਗਤ ਨੂੰ ਨਿਸ਼ਚਾ ਹੋ ਗਿਆ, ਸੋਚਣ ਲਗੇ, "ਇਨ੍ਹਾਂ ਨੇ ਸਹੀ ਗੱਲ ਕਹੀ ਹੈ" ਸਾਰਿਆਂ ਨੇ ਮਿਲ ਕੇ ਚੰਗਾ ਮੰਨਿਆ, ਸਾਰਾ ਧਨ ਦੇ ਦਿੱਤਾ ਜਿੰਨਾ ਵੀ ਉਹ ਲੈ ਕੇ ਆਏ ਸਨ॥ ੩੨॥

ਸਗਰੀ ਸੰਗਤਿ ਦਈ ਉਪਾਇਨ। ਪੁਨ ਦੇਖਯੋ ਚਹਿਂ ਸਤਿਗੁਰੁ ਪਾਇਨ।
ਸਭਿ ਕੋ ਧੀਰਜ ਦੇ ਗੁਰਦਾਸ। ਦਰਬ ਬਟੋਰ ਲੀਨ ਨਿਜ ਪਾਸ॥ ੩੩॥

ਸਾਰੀ ਸੰਗਤ ਨੇ ਆਪਣੀਆਂ ਭੇਟਾਵਾਂ ਦੇ ਦਿੱਤੀਆਂ ਅਤੇ ਫਿਰ ਸਾਰੀਆਂ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨੀਆਂ ਚਾਹੁੰਦੀਆਂ ਸਨ। ਭਾਈ ਗੁਰਦਾਸ ਜੀ ਨੇ ਸਾਰਿਆਂ ਨੂੰ ਧੀਰਜ ਦਿੱਤਾ ਅਤੇ ਸਾਰਾ ਧਨ ਇਕੱਠਾ ਕਰਕੇ ਆਪਣੇ ਕੋਲ ਰੱਖ ਲਿਆ॥ ੩੩॥

ਸਭਿ ਤੇ ਆਗੂ ਹੁਇ ਚਲਿ ਪਰਿਯੋ। ਸੰਗਤਿ ਸੰਗ ਲੀਨ ਹਿਤ ਧਰਿਯੋ।
ਸਨੈ ਸਨੈ ਚਲਿ ਕੈ ਪੁਰਿ ਆਯੋ। ਸ੍ਰੀ ਅਰਜਨਿ ਢਿਗ ਦਰਸ਼ਨ ਪਾਯੋ॥ ੩੪॥

ਭਾਈ ਗੁਰਦਾਸ ਫਿਰ ਸਾਰਿਆਂ ਦੇ ਆਗੂ ਹੋ ਕੇ ਚਲ ਪਏ, ਸੰਗਤ ਦਾ ਹਿਤ ਧਾਰ ਕੇ ਉਨ੍ਹਾਂ ਨੂੰ ਆਪਣੇ ਨਾਲ ਲੈ ਲਿਆ, ਹੌਲੀ ਹੌਲੀ ਚਲ ਕੇ ਨਗਰ ਵਿਚ ਆ ਗਏ ਅਤੇ ਸ੍ਰੀ ਗੁਰੂ ਅਰਜਨ ਜੀ ਪਾਸ ਪਹੁੰਚ ਕੇ ਦਰਸ਼ਨ ਕੀਤੇ॥ ੩੪॥

ਧਰਯੋ ਪੰਚ ਸੈ ਦਰਬ ਅਗਾਰੀ। 'ਇਹੁ ਲੀਜਹਿ ਸਭਿ ਆਪਨਿ ਕਾਰੀ'।
ਸੰਗਤਿ ਹੇਰਿ ਪ੍ਰਿਥੀਮਲ ਦਾਸ। ਭੇਜੇ 'ਘੇਰਿ ਆਨੀਅਹਿ ਪਾਸ॥ ੩੫॥

ਪੰਜ ਸੌ ਰੁਪਏ ਦਾ ਧਨ ਅੱਗੇ ਧਰਿਆ ਅਤੇ ਕਿਹਾ, "ਇਹ ਸਾਰੀ ਆਪਣੀ ਭੇਟਾ ਲਵੋ।" ਸੰਗਤ ਨੂੰ ਵੇਖ ਕੇ ਪ੍ਰਿਥੀ ਮਲ ਨੇ ਆਪਣੇ ਸੇਵਕ ਭੇਜੇ, "ਸਾਰਿਆਂ ਨੂੰ ਘੇਰ ਕੇ ਮੇਰੇ ਪਾਸ ਲਿਆਵੋ॥ ੩੫॥

ਸਿਖ ਅਨਜਾਨ ਮੋਰ ਸਭਿ ਲੀਜੈ। 'ਗੁਰੁ ਸੁਤ ਬਡ ਕੋ ਚਲਿ ਦਰਸੀਜੈ'।
ਉਤ ਤੇ ਮਹਾਂਦੇਵ ਨੇ ਪਠੇ। 'ਮੁਝ ਢਿਗ ਆਨਹੁਂ ਕਰਿ ਏਕਠੇ'॥ ੩੬॥

ਅਣਜਾਣ ਸਿੱਖ ਹਨ, ਸਾਰਿਆਂ ਨੂੰ ਮੋੜ ਲਿਆਵੋ।" ਸੇਵਕ ਕਹਿਣ ਲੱਗੇ, "ਗੁਰੂ ਸਾਹਿਬ ਦੇ ਵੱਡੇ ਪੁੱਤਰ ਦੇ ਚੱਲ ਕੇ ਦਰਸ਼ਨ ਕਰੋ" ਕੁਝ ਸੇਵਕ ਮਹਾਂਦੇਵ ਨੇ ਭੇਜੇ, ਕਹਿਣ ਲੱਗਾ, "ਇਕੱਠੇ ਕਰਕੇ ਮੇਰੇ ਪਾਸ ਲਿਆਵੋ" ॥ ੩੬॥

ਸੰਗਤਿ ਘੇਰਿ ਖਰੀ ਕਰਿ ਲੀਨਿ। ਨਹਿਂ ਆਗੇ ਕੋ ਚਲਨਿਨਿ ਦੀਨ।
ਦੁਹ ਦਿਸ਼ ਕੇ ਦਾਸਨਿ ਤੇ ਸੁਨਿਕੈ। ਗਨ ਸਿੱਖਨ ਸਮੁਝਾਏ ਭਨਿਕੈ॥ ੩੭॥

ਸਾਰੀ ਸੰਗਤ ਘੇਰ ਕੇ ਖੜੀ ਕਰ ਲਈ, ਕਿਸੇ ਨੂੰ ਵੀ ਅੱਗੇ ਨਾ ਜਾਣ ਦਿੱਤਾ। ਦੋਹਾਂ ਪਾਸਿਆਂ ਦੇ ਸੇਵਕਾਂ ਤੋਂ ਸੁਣ ਕੇ, ਸਿੱਖ ਸੰਗਤ ਨੇ ਕਹਿ ਕੇ ਸਮਝਾਇਆ॥ ੩੭॥

'ਜਿਤਿਕ ਕਾਰ ਗੁਰ ਕੀ ਹਮ ਪਾਸ। ਲੇ ਸਭਿ ਗਯੋ ਅਬਹਿ ਗੁਰਦਾਸ।
ਦਰਸ਼ਨ ਮਾਤ੍ਰ ਕਰਨ ਅਬਿ ਰਹਜੋ। ਸੋ ਹਮ ਕਰਹਿਂ ਗੁਰੂ ਜਿਮੁ ਲਹਜੋ'॥ ੩੮॥

"ਜਿੰਨੀ ਵੀ ਗੁਰੂ ਜੀ ਵਾਸਤੇ ਸਾਡੇ ਪਾਸ ਭੇਟਾ ਸੀ, ਉਹ ਹੁਣੇ ਭਾਈ ਗੁਰਦਾਸ ਜੀ ਲੈ ਗਏ ਹਨ, ਹੁਣ ਤਾਂ ਕੇਵਲ ਗੁਰੂ ਜੀ ਦਾ ਦਰਸ਼ਨ ਮਾਤ੍ਰ ਹੀ ਰਹਿ ਗਿਆ ਹੈ, ਉਹ ਅਸੀਂ ਕਰਾਂਗੇ ਜੇਹੋ ਜੇਹਾ ਗੁਰੂ ਜੀ ਨੂੰ ਵੇਖਾਂਗੇ" ॥੩੮॥

ਸੁਨਿ ਸੰਗਤਿ ਕੋ ਤਾੜਤਿ ਭਏ। 'ਗੁਰੁ ਕੀ ਕਾਰ ਕੁਤੋ ਤਿਸ ਦਏ।
ਗੁਰ ਗਾਦੀ ਪਰ ਪੁੱਤ੍ਰ ਬਡੇਰੋ। ਪੂਜਨੀਜ ਸੋ ਸੰਗਤਿ ਕੇਰੋ॥ ੩੯॥

ਇਹ ਸੁਣ ਕੇ ਸੇਵਕ ਸੰਗਤਾਂ ਨੂੰ ਤਾੜਨਾ ਕਰਨ ਲੱਗੇ, "ਗੁਰੂ ਜੀ ਦੀ ਕਾਰ-ਭੇਟ ਕਿਸ ਨੂੰ ਦੇ ਦਿੱਤੀ ਹੈ, ਗੁਰੂ ਜੀ ਦੀ ਗੱਦੀ ਉਤੇ ਵੱਡੇ ਪੁੱਤਰ ਬੈਠੇ ਹਨ, ਉਹੀ ਕੇਵਲ ਸੰਗਤ ਦੇ ਪੂਜਣ-ਯੋਗ ਹਨ॥ ੩੯॥

ਨਹਿਂ ਪਰਹੈ ਗੁਰੁ ਕੇ ਪਰਵ੍ਾਨ। ਤਜਿ ਕਰਿ ਬਡੋ ਦਈ ਲਘੁਥਾਨ।
ਅਬਿ ਜੋ ਭਈ ਬੀਤ ਸੋ ਗਈ। ਨਹਿਂ ਆਗੇ ਕਰੀਅਹਿ ਮਤਿ ਨਈ॥ ੪੦॥

ਉਹ ਕਾਰ-ਭੇਟ ਗੁਰੂ ਜੀ ਨੂੰ ਪਰਵਾਨ ਨਹੀਂ, ਵੱਡੇ ਨੂੰ ਛੱਡ ਕੇ ਛੋਟੇ ਨੂੰ ਦੇ ਦਿੱਤੀ ਹੈ, ਹੁਣ ਤੇ ਜੋ ਹੋਣਾ ਸੀ ਹੋ ਗਿਆ ਹੈ ਅਗੋਂ ਤੋਂ ਅਜੇਹਾ ਨਹੀਂ ਕਰਨਾ ਹੈ॥ ੪੦॥

ਪ੍ਰਿਥੀਚੰਦ ਕੇ ਘਰ ਚਲਿ ਆਈਏ। ਕਹਜੋ ਕਿਸੂ ਕੋ ਮਨ ਨਹਿਂ ਲਜਾਈਏ'।
ਇੱਤਜਾਦਿਕ ਸਮੁਝਾਇ ਘਨੇਰੇ। ਅਪਨੀ ਉਸਤਤਿ ਕਰਤਿ ਬਡੇਰੇ॥ ੪੧॥

ਜਦ ਵੀ ਆਉਂਦੇ ਹੋ, ਪ੍ਰਿਥੀਚੰਦ ਦੇ ਘਰ ਚਲ ਕੇ ਆਵੋ, ਤੁਹਾਨੂੰ ਕਹਿ ਦਿੱਤਾ ਹੈ, ਹੋਰ ਕਿਸੇ ਨੂੰ ਮਨ ਵਿਚ ਨਾ ਲਿਆਵੋ।" ਇਤਿਆਦਿ ਬਹੁਤ ਸਮਝਾਇਆ, ਆਪਣੀ ਬਹੁਤ ਉਸਤਤ ਕੀਤੀ॥ ੪੧॥

ਛੂਛੇ ਸਿੱਖਜ ਜਾਨਿ ਜਬਿ ਲਏ। ਘੇਰੋ ਕਰਜੋ ਛੋਰਿ ਸਭਿ ਦਏ।
ਸ੍ਰੀ ਅਰਜਨ ਕੇ ਢਿਗ ਪੁਨ ਆਏ। ਕਰਿ ਦਰਸ਼ਨ ਮਨ ਆਨੰਦ ਪਾਏ॥ ੪੨ ॥

ਜਦ ਸਿੱਖਾਂ ਨੂੰ ਖਾਲੀ-ਹੱਥ ਵੇਖ ਲਿਆ ਤਾਂ ਜਿਹੜਾ ਉਨ੍ਹਾਂ ਨੂੰ ਘੇਰਿਆ ਸੀ, ਛੱਡ ਦਿੱਤਾ, ਫਿਰ ਸਾਰੇ ਚੱਲ ਕੇ ਗੁਰੂ ਅਰਜਨ ਦੇਵ ਪਾਸ ਆਏ, ਦਰਸ਼ਨ ਕਰਕੇ ਮਨ ਵਿਚ ਆਨੰਦ ਪ੍ਰਾਪਤ ਕੀਤਾ॥ ੪੨ ॥

ਭਈ ਕਾਮਨਾ ਪੂਰਨ ਉਰ ਕੀ। ਮਹਿਮਾ ਜਾਨੀ ਸ੍ਰੀ ਸਤਿਗੁਰ ਕੀ।
ਨਿਰਬਿਕਾਰ ਮਨ ਸ਼ਾਂਤਿ ਸਰੂਪ। ਦੀਪਤਿ ਮਸਤਕ ਜੋਤਿ ਅਨੂਪ॥ ੪੩ ॥

ਦਿਲ ਦੀ ਕਾਮਨਾ ਪੂਰੀ ਹੋਈ ਅਤੇ ਸਤਿਗੁਰੂ ਜੀ ਦੀ ਮਹਿਮਾ ਜਾਣੀ। ਗੁਰੂ ਜੀ ਦਾ ਨਿਰਵਿਕਾਰ ਮਨ ਸ਼ਾਂਤ ਸਰੂਪ ਅਤੇ ਮੱਥੇ ਉਤੇ ਅਨੂਪਮ ਜੋਤ ਜਗ ਰਹੀ ਸੀ॥ ੪੩ ॥

ਬਦਨ ਅਦੀਨ ਦੀਨ ਗਨ ਦਾਨੀ। ਸੁੰਦਰ ਮਧੁਰ ਸੁਧਾ ਸਮ ਬਾਨੀ।
ਤ੍ਰਿਸ਼ਨਾ ਆਦਿ ਨ ਲੇਸ਼ ਕਲੇਸ਼ੂ। ਸ਼੍ਰੇਯ ਦੇਤਿ ਜਿਨ ਕੋ ਉਪਦੇਸ਼ੂ॥ ੪੪ ॥

ਉਦਾਰ ਮੁਖੜਾ, ਗਰੀਬਾਂ ਮਸਕੀਨਾਂ ਦੇ ਦਾਤੇ, ਸੁੰਦਰ ਮਿੱਠੀ ਅੰਮ੍ਰਿਤ ਵਰਗੀ ਬੋਲੀ, ਤ੍ਰਿਸ਼ਨਾ ਕਲੇਸ਼ ਆਦਿ ਲੇਸ਼ ਮਾਤਰ ਵੀ ਨਹੀਂ ਸੀ ਅਤੇ ਜਿਨ੍ਹਾਂ ਦਾ ਉਪਦੇਸ਼ ਮੁਕਤੀ ਬਖਸ਼ਣ ਵਾਲਾ ਸੀ॥ ੪੪ ॥

ਨਿਸ਼ਚੈ ਕਰਜੋ 'ਗੁਰੂ ਇਹੁ ਅਹੈਂ। ਲੋਭੀ ਅਪਰ ਦਰਬ ਕੋ ਚਹੈਂ।
ਸਤਿਗੁਰ ਰਾਮਦਾਸ ਨਿਜ ਥਾਨ। ਇਹੀ ਬਿਠਾਏ ਕ੍ਰਿਪਾ ਨਿਧਾਨ॥ ੪੫ ॥

ਉਨ੍ਹਾਂ ਸਭ ਨੂੰ ਨਿਸ਼ਚਾ ਹੋ ਗਿਆ, "ਗੁਰੂ ਜੀ ਇਹੋ ਹਨ, ਹੋਰ ਸਾਰੇ ਲੋਭੀ ਹਨ, ਕੇਵਲ ਧਨ ਚਾਹੁੰਦੇ ਹਨ। ਸਤਿਗੁਰੂ ਰਾਮਦਾਸ ਜੀ ਕਿਰਪਾ ਨਿਧਾਨ ਨੇ, ਇਨ੍ਹਾਂ ਨੂੰ ਹੀ ਆਪਣੇ ਸਥਾਨ ਤੇ ਬਿਠਾਇਆ ਹੈ॥ ੪੫ ॥

ਭੋਲੇ ਸਿੱਖਨ ਸੋ ਬਿਰਮਾਵੈਂ। ਧਨ ਹਿਤ ਲੈ ਲੈ ਨਿਜ ਘਰ ਜਾਵੈਂ।
ਕੋਇ ਨ ਗੁਨ, ਕਿਮ ਕਰਿ ਹੈਂ ਸ਼੍ਰੇਯ। ਜਜੋਂ ਕਜੋਂ ਸਿੱਖਨ ਤੇ ਧਨ ਲੇਯ॥ ੪੬ ॥

ਦੂਸਰੇ ਭੋਲੇ-ਭਾਲੇ ਸਿੱਖਾਂ ਨੂੰ ਭੁਲਾਉਂਦੇ ਹਨ ਅਤੇ ਧਨ ਖਾਤਰ ਆਪਣੇ-ਆਪਣੇ ਘਰ ਲੈ ਕੇ ਜਾਂਦੇ ਹਨ। ਉਨ੍ਹਾਂ ਵਿਚ ਕੋਈ ਗੁਣ ਹੀ ਨਹੀਂ, ਕਲਿਆਣ ਕਿਵੇਂ ਕਰਨਗੇ, ਜਿਵੇਂ ਕਿਵੇਂ ਸਿੱਖਾਂ ਤੋਂ ਧਨ ਲੈਂਦੇ ਹਨ॥ ੪੬ ॥

ਇਨ ਮਹਿਂ ਤਿਨ ਸਮ ਨਹੀ ਬਿਕਾਰ। ਮੂਰਤਿ ਸ੍ਰੀ ਸਤਿਗੁਰੂ ਉਦਾਰ'।
ਜਥਾ ਜੋਗ ਸ੍ਰੀ ਅਰਜਨ ਤਬੈ। ਸਾਦਰ ਕੀਨ ਮਿਲੇ ਸਿਖ ਸਬੈ॥ ੪੭ ॥

ਇਨ੍ਹਾਂ ਵਿਚ ਉਨ੍ਹਾਂ ਵਰਗਾ ਵਿਕਾਰ ਨਹੀਂ ਹੈ, ਇਹ ਸਤਿਗੁਰੂ ਜੀ ਦੀ ਉੱਤਮ ਮੂਰਤ ਹਨ।" ਯਥਾਜੋਗ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਦਾ ਆਦਰ ਕੀਤਾ ਅਤੇ ਸਾਰੇ ਸਿੱਖਾਂ ਨੂੰ ਮਿਲੇ॥ ੪੭ ॥

ਮੋਲ ਅੰਨ ਸਮੁਦਾਇ ਅਨਾਇ। ਕਰਿ ਲੰਗਰ ਦੀਨਸਿ ਬਰਤਾਇ।
ਕਰੀ ਸਕਲ ਗੁਰਤਾ ਕੀ ਰੀਤਿ। ਸਿਰੋਪਾਉ ਲੇ ਸਿਖ ਸਹਿ ਪ੍ਰੀਤਿ॥ ੪੮ ॥

ਸਾਰਿਆਂ ਵਾਸਤੇ ਅਨਾਜ ਮੰਗਵਾ ਕੇ, ਲੰਗਰ ਤਿਆਰ ਕਰਕੇ ਛਕਾਇਆ, ਗੁਰਤਾ ਵਾਲੀ ਸਾਰੀ ਰੀਤੀ ਕੀਤੀ ਅਤੇ ਸਿੱਖਾਂ ਨੇ ਬੜੀ ਪ੍ਰੀਤ ਨਾਲ ਸਿਰੋਪਾਏ ਪ੍ਰਾਪਤ ਕੀਤੇ॥ ੪੮ ॥

Sri Satguru Jagjit Singh Ji eLlibrary NamdhariElibrary@gmail.com

ਦਰਸ਼ਨ ਕਰਿ ਗਮਨੇ ਨਿਜ ਦੇਸ਼। ਕੀਰਤਿ ਕਰਤਿ ਸੁਨਾਇ ਅਸ਼ੇਸ਼।
ਸਿਖ ਸੰਗਤਿ ਜਹਿਂ ਕਹਿਂ ਮਿਲ ਜਾਇਂ। 'ਗੁਰ ਸ਼੍ਰੀ ਅਰਜਨ' ਕਹੈਂ ਸੁਨਾਇ ॥੪੯॥

ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ-ਆਪਣੇ ਦੇਸ਼ਾਂ ਨੂੰ ਚਲੇ ਗਏ, ਗੁਰੂ ਜੀ ਦੀ ਸਿਫਤ-ਸਾਲਾਹ ਕਰਕੇ ਸਾਰਿਆਂ ਨੂੰ ਸੁਣਾਉਂਦੇ ਸਨ, ਜਿਥੇ-ਕਿਥੇ ਵੀ ਸਿੱਖ ਸੰਗਤ ਆਪਸ ਵਿਚ ਮਿਲਦੀ ਸੀ ਓਥੇ ਹੀ ਇਹ ਕਹਿ ਸੁਣਾਉਂਦੀ ਸੀ, "ਹੁਣ ਸ੍ਰੀ ਅਰਜਨ ਦੇਵ ਜੀ ਗੁਰੂ ਬਣੇ ਹਨ" ॥ ੪੯॥

ਕਿਤਿਕ ਦੇਸ਼ ਪੁਰਿ ਗ੍ਰਾਮਨਿ ਬ੍ਰਿੰਦ। ਬਿਦਤਿ ਭਏ ਇਮ ਗੁਰ ਜਸੁ ਚੰਦ।
ਸਭਿ ਸੰਗਤਿ ਆਵਤਿ ਗੁਰ ਪਾਸ। ਹਾਥ ਜੋਰਿ ਠਾਨਤਿ ਅਰਦਾਸ ॥ ੫੦ ॥

ਦੇਸ਼ ਦੇ ਕਈ ਨਗਰਾਂ ਅਤੇ ਸਮੂਹ ਪਿੰਡਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚੰਦਰਮਾ ਵਾਂਗ ਜੱਸ ਪਰਗਟ ਹੋਇਆ। ਸਾਰੀ ਸੰਗਤ ਗੁਰੂ ਜੀ ਪਾਸ ਆਉਂਦੀ ਸੀ ਅਤੇ ਹੱਥ ਜੋੜ ਕੇ ਅਰਦਾਸ ਕਰਦੀ ਸੀ॥ ੫੦॥

*ਦੂਸਰੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

## *ਅਧਿਆਇ ਉਨੱਤੀਵਾਂ*

*ਪ੍ਰਿਥੀਆ, ਮਹਾਂਦੇਵ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੇਲ*

ਦੋਹਰਾ- ਇਮ ਆਨਯੋ ਧਨ ਕੋ ਜਬੈ ਕਰਿ ਉੱਦਮੁ ਗੁਰਦਾਸ।
ਅਸਨ ਬਸਨ ਸਭਿ ਖਰਚ ਜੁਤਿ ਭਯੋ ਅਨੰਦ ਪ੍ਰਕਾਸ਼ ॥ ੧ ॥

ਜਦ ਭਾਈ ਗੁਰਦਾਸ ਜੀ ਇਸ ਤਰ੍ਹਾਂ ਉੱਦਮ ਕਰਕੇ ਧਨ ਲੈ ਕੇ ਆਏ ਤਾਂ ਧਨ ਖਰਚ ਕੇ ਭੋਜਨ-ਵਸਤਰ ਆ ਗਏ ਤੇ ਘਰ ਵਿਚ ਅਨੰਦ ਦਾ ਪ੍ਰਕਾਸ਼ ਹੋ ਗਿਆ॥ ੧॥

ਚੌਪਈ- ਬਹੁਰੋ ਦੇਗ ਚਲਨ ਨਿਤ ਲਾਗੀ। ਸਿਖ ਢਿਗ ਰਹਿਨ ਲਗੇ ਅਨੁਰਾਗੀ ॥
ਤਿਸ ਹੀ ਬਿਧਿ ਭਾਈ ਗੁਰਦਾਸ। ਰਹਤਿ ਭਯੋ ਸ੍ਰੀ ਅਰਜਨ ਪਾਸ ॥੨ ॥

ਫਿਰ ਲੰਗਰ ਵੀ ਚੱਲਣ ਲੱਗ ਗਿਆ, ਸਿੱਖ ਬੜੇ ਪਿਆਰ ਨਾਲ ਗੁਰੂ ਅਰਜਨ ਦੇਵ ਜੀ ਪਾਸ ਰਹਿਣ ਲੱਗੇ। ਉਸ ਤਰ੍ਹਾਂ ਭਾਈ ਗੁਰਦਾਸ ਜੀ ਵੀ ਗੁਰੂ ਜੀ ਪਾਸ ਹੀ ਰਹਿਣ ਲੱਗ ਗਏ॥ ੨॥

ਜਬਿ ਸੰਗਤਿ ਕਿਤਹੂੰ ਤੇ ਆਵਹਿ। ਕਿਸਹੂੰ ਸਿਖ ਤੇ ਇਹ ਸੁਨਿ ਪਾਵਹਿ।
ਜਾਇ ਵਹਿਰ ਸਮਝਾਵਨੁ ਕਰੈ। 'ਗੁਰ ਅਰਜਨ' ਇਹੁ ਨਿਸ਼ਚੈ ਧਰੈਂ ॥ ੩ ॥

ਜਦ ਕਿਸੇ ਸਥਾਨ ਤੋਂ ਵੀ ਸੰਗਤ ਆਉਂਦੀ ਸੀ, ਕਿਸੇ ਸਿੱਖ ਤੋਂ ਜਦ ਇਨ੍ਹਾਂ ਨੂੰ ਪਤਾ ਲੱਗਦਾ ਸੀ ਤੇ ਭਾਈ ਗੁਰਦਾਸ ਜੀ ਬਾਹਰ ਜਾ ਕੇ ਸਮਝਾਉਂਦੇ ਸਨ ਤੇ ਉਹ ਨਿਸ਼ਚਾ ਕਰ ਲੈਂਦੇ ਸਨ ਕਿ "ਗੁਰੂ ਅਰਜਨ" ਦੇਵ ਜੀ ਹੀ ਗੁਰੂ ਹਨ॥ ੩॥

ਲੇਵਹਿ ਦਰਬ ਸਰਬ ਹੀ ਬਾਹਰ। ਕਹਿ ਕਹਿ ਕਰਹਿ ਗੁਰੂ ਕਉ ਜ਼ਾਹਰ।
ਲੇ ਲੇ ਆਇਂ ਅਰਪਨਾ ਕਰਿਹੀ। ਸਰਬ ਰੀਤਿ ਕੇ ਬਜੋਂਤ ਸਵਰਹੀ॥ ੪ ॥

ਸਾਰਿਆਂ ਪਾਸੋਂ ਬਾਹਰ ਬਾਹਰ ਹੀ ਧਨ ਲੈ ਲੈਂਦੇ ਸਨ ਅਤੇ ਕਹਿ ਕਹਿ ਕੇ ਗੁਰੂ ਜੀ ਨੂੰ ਪਰਗਟ ਕਰਦੇ ਸਨ। ਸਾਰੀਆਂ ਭੇਟਾਵਾਂ ਹੱਥੀਂ ਲੈ ਆਉਂਦੇ ਸਨ ਤੇ ਸਰਬ ਰੀਤੀ ਅਨੁਸਾਰ ਵਿਉਂਤ ਸੰਵਾਰਦੇ ਸਨ॥ ੪॥

ਜਹਿਂ ਕਹਿਂ ਕੀ ਸੰਗਤਿ ਸਮੁਝਾਈ। ਸਗਰੀ ਸ੍ਰੀ ਅਰਜਨ ਢਿਗੁ ਆਈ।
ਆਵਨ ਲਗੀ ਸਕਲ ਗੁਰ ਕਾਰ। ਲਗਨ ਲਗਯੋ ਸਤਿਗੁਰ ਦਰਬਾਰ॥ ੫ ॥

ਜਿੱਥੇ-ਕਿਥੇ ਦੀ ਵੀ ਸੰਗਤ ਨੂੰ ਸਮਝਾ ਕੇ ਸਾਰਿਆਂ ਨੂੰ ਗੁਰੂ ਅਰਜਨ ਦੇਵ ਜੀ ਦੇ ਪਾਸ ਲਿਆਉਂਦੇ ਸਨ। ਸਾਰੀ ਕਾਰ ਗੁਰੂ ਜੀ ਪਾਸ ਆਉਣ ਲੱਗੀ ਤੇ ਸਤਿਗੁਰੂ ਜੀ ਦਾ ਦਰਬਾਰ ਲੱਗਣ ਲੱਗਾ॥ ੫॥

ਦੋਨਹੁਂ ਭ੍ਰਾਤਾ ਹ੍ਵੈ ਕਰਿ ਹੀਨੁ। ਪਛੁਤਾਵਹਿਂ 'ਸਿਖ ਦਰਬ ਨ ਦੀਨ'।
ਗਾਰੀ ਸ੍ਰਾਪ ਦੇਤਿ ਗੁਰਦਾਸ। 'ਗੁਰ ਮਾਰਯੋ ਇਹੁ ਹੋਇ ਬਿਨਾਸ਼॥ ੬ ॥

ਦੋਵੇਂ ਭਰਾ ਪ੍ਰਿਥੀਆ ਅਤੇ ਮਹਾਂਦੇਵ ਹੀਣੇ ਹੋ ਕੇ ਪਛਤਾਉਂਦੇ ਸਨ, 'ਸਿੱਖ ਧਨ ਨਹੀਂ ਦਿੰਦੇ ਹਨ'। ਭਾਈ ਗੁਰਦਾਸ ਨੂੰ ਗਾਲ੍ਹਾਂ ਅਤੇ ਸਰਾਪ ਦਿੰਦੇ ਸਨ, 'ਗੁਰੂ ਮਾਰਿਆ ਇਸ ਦਾ ਨਾਸ਼ ਹੋ ਜਾਵੇ॥ ੬॥

ਸ਼੍ਰੀ ਅਰਜਨ ਕੋ ਮਾਤੁਲ ਜੈਸੇ। ਹਮਰੋ ਭੀ ਇਹੁ ਲਾਗਹਿ ਤੈਸੇ।
ਜੇ ਕਰਿ ਗੁਰ ਕੋ ਸਿੱਖ ਕਹਾਵੈ। ਸੇਵਕ ਹ੍ਵੈ ਕਰਿ ਸੇਵ ਕਮਾਵੈ॥ ੭ ॥

ਜਿਵੇਂ ਇਹ ਸ੍ਰੀ ਅਰਜਨ ਦੇਵ ਦਾ ਮਾਮਾ ਲੱਗਦਾ ਹੈ, ਉਸ ਤਰ੍ਹਾਂ ਸਾਡਾ ਵੀ ਮਾਮਾ ਹੈ। ਜੇ ਇਹ ਗੁਰੂ ਦਾ ਸਿੱਖ ਕਹਾਉਂਦਾ ਹੈ ਤਾਂ ਸੇਵਕ ਹੋ ਕੇ ਸੇਵਾ ਕਮਾਵੇ॥ ੭॥

ਹਮ ਤੀਨਹੁਂ ਸਤਿਗੁਰ ਕੇ ਨੰਦ। ਦੋਨਹੁਂ ਤੇ ਮੈ ਅਹੌਂ ਬਿਲੰਦ।
ਜੇਕਰਿ ਬਡੋ ਨ ਜਾਨਹਿ ਮੋਹੀ। ਸਭਿ ਸੌਂ ਸਮੁ ਬਰਤਹਿ ਸ਼ੁਭ ਹੋਹੀ॥ ੮ ॥

ਅਸੀਂ ਤਿੰਨੇ ਸਤਿਗੁਰ ਜੀ ਦੇ ਪੁੱਤਰ ਹਾਂ, ਮੈਂ ਇਨ੍ਹਾਂ ਦੋਹਾਂ ਨਾਲੋਂ ਵੱਡਾ ਹਾਂ। ਜੇ ਉਹ ਮੈਨੂੰ ਵੱਡਾ ਨਹੀਂ ਜਾਣਦਾ ਤਾਂ ਸਾਰਿਆਂ ਨਾਲ ਇਕੋ ਜੇਹਾ ਵਰਤਾਅ ਕਰੇ॥ ੮॥

ਗੁਰ ਕਾ ਮਾਰਯੋ ਹਮ ਤੇ ਛੀਨ। ਲਘੁ ਭ੍ਰਾਤਾ ਕੋ ਸਭਿ ਦੇ ਦੀਨ।
ਗਾਰੀ ਦੇਹਿ ਸੁਨਾਵਹਿ ਕਾਨ। 'ਕਹਾਂ ਮੰਦ ਇਹੁ ਪਸਰਯੋ ਆਨ'॥ ੯ ॥

ਗੁਰੂ ਦਾ ਮਾਰਿਆ ਸਾਥੋਂ ਧਨ ਖੋਹ ਕੇ ਸਾਰਾ ਛੋਟੇ ਭਰਾ ਨੂੰ ਦੇ ਦਿੰਦਾ ਹੈ, ਗਾਲ੍ਹਾਂ ਕੱਢ ਕੇ ਭਾਈ ਗੁਰਦਾਸ ਨੂੰ ਸੁਣਾਉਂਦੇ ਸਨ, "ਇਹ ਮਾੜੀ ਮੱਤ ਵਾਲਾ ਕਿਥੋਂ ਆ ਕੇ ਪਸਰ ਗਿਆ ਹੈ"॥ ੯॥

ਸੁਨਿਕੈ ਕੋਪੁ ਸਹਤ ਗੁਰਦਾਸ। ਹਾਥ ਜੋਰਿ ਕਹਿ ਤਿਨ ਕੇ ਪਾਸ।
'ਜੇ ਅਜੋਗ ਮੈਂ ਕਰਮ ਕਮਾਵੌਂ। ਤੁਮਰੇ ਕਹੇ ਕਸ਼ਟ ਕੋ ਪਾਵੌਂ'॥ ੧੦ ॥

ਪ੍ਰਿਥੀਏ ਦੀ ਗੁੱਸੇ ਵਾਲੀ ਗੱਲ ਸੁਣਕੇ, ਭਾਈ ਗੁਰਦਾਸ ਹੱਥ ਜੋੜ ਕੇ ਪ੍ਰਿਥੀਏ ਦੇ ਪਾਸ ਚਲੇ ਗਿਆ ਅਤੇ ਕਿਹਾ, "ਜੇ ਮੈਂ ਅਯੋਗ ਕੰਮ ਕਰਦਾ ਹਾਂ ਤਾਂ ਤੁਹਾਡੇ ਕਹੇ ਤੇ ਕਸ਼ਟ ਪਾਵਾਂਗਾ॥ ੧੦॥

ਪੁਨ ਅਪਨੇ ਹਿਤ ਲੋਭ ਜਿ ਕਰੌਂ। ਤੌ ਭੀ ਮੈਂ ਬਿਪਦਾ ਮੇਂ ਪਰੌਂ।
ਜਥਾ ਜੋਗ ਜੇ ਕਰਿ ਮੈਂ ਕੀਨ। ਤੌ ਤੁਮਰੋ ਕਹਿਬੋ ਸਭਿ ਹੀਨ॥ ੧੧॥

ਦੂਸਰਾ ਜੇ ਮੈਂ ਆਪਣੇ ਲੋਭ ਵਾਸਤੇ ਕੁਝ ਕਰਦਾ ਹਾਂ ਫਿਰ ਵੀ ਬਿਪਤਾ ਵਿਚ ਪੈ ਜਾਵਾਂ। ਪਰ ਜੇ ਯੋਗ ਕਾਰਜ ਕੀਤਾ ਹੈ ਤਾਂ ਤੇਰਾ ਕਿਹਾ ਸਭ ਬੇਅਰਥ ਜਾਵੇਗਾ॥ ੧੧॥

ਜਿਸਕੀ ਵਸਤੁ ਜਿਤਿਸੁ ਕੋ ਦੇਇ। ਕਰਹਿ ਹਟਾਵਨ ਅਪਰ ਜੁ ਲੇਯ।
ਤੌ ਅਤੋਟ ਤਿਸ ਕੋ ਹੁਇ ਪੁੰਨ। ਰਹੈਂ ਸਦਾ ਸਤਿਗੁਰੂ ਪ੍ਰਸੰਨ॥ ੧੨॥

ਜਿਸ ਦੀ ਵਸਤੂ ਹੋਵੇ ਜੇ ਓਸੇ ਨੂੰ ਦਿੱਤੀ ਜਾਵੇ ਅਤੇ ਜੇ ਹੋਰ ਕਿਸੇ ਨੂੰ ਲੈਣ ਤੋਂ ਰੋਕਿਆ ਜਾਵੇ ਤਾਂ ਤਿਸ ਨੂੰ ਫਿਰ ਤੋਟ ਨਹੀਂ ਆਉਂਦੀ ਅਤੇ ਉਸ ਤੇ ਸਤਿਗੁਰੂ ਜੀ ਸਦਾ ਪ੍ਰਸੰਨ ਰਹਿੰਦੇ ਹਨ॥ ੧੨॥

ਤੁਮਰੋ ਕਹਜੋ ਨਿਫਲ ਸਭਿ ਹੋਇ। ਮੋਹਿ ਬਿਖੈ ਅਵਗੁਨ ਨਹਿਂ ਕੋਇ'।
ਇਕ ਦਿਨ ਇਸ ਬਿਧਿ ਦੁਹਨ ਸੁਨਾਯੋ। ਪੁਨਹਿਂ ਨਹੀਂ ਤਿਨ ਸਾਥ ਅਲਾਯੋ॥੧੩॥

ਤੇਰਾ ਕਿਹਾ ਸਭ ਵਿਅਰਥ ਜਾਵੇਗਾ, ਮੇਰੇ ਵਿਚ ਕੋਈ ਔਗੁਣ ਨਹੀਂ ਹੈ।" ਇਕ ਦਿਨ ਦੋਹਾਂ ਭਰਾਵਾਂ ਨੂੰ ਇਸ ਤਰ੍ਹਾਂ ਸੁਣਾਇਆ, ਫਿਰ ਉਨ੍ਹਾਂ ਨਾਲ ਕਦੀ ਵੀ ਕੋਈ ਗੱਲ ਨਾ ਕੀਤੀ॥ ੧੩॥

ਚਹੁੰ ਦਿਸ਼ ਤੇ ਗੁਰ ਕਾਰ ਸੁ ਰੋਕੀ। ਦੂਹੂੰ ਬਿਸੂਰਤਿ ਏਵ ਬਿਲੋਕੀ।
'ਭੇ ਧਨੁ ਹੀਨ ਆਮਦਨ ਬਿਨਾ। ਨਹਿਂ ਪਾਵਤਿ ਕਰਿ ਜਤਨੈ ਘਨਾ॥ ੧੪॥

ਚਾਰੇ ਪਾਸਿਆਂ ਤੋਂ ਗੁਰੂ ਜੀ ਨੂੰ ਆਉਣ ਵਾਲੀਆਂ ਭੇਟਾਵਾਂ ਰੋਕ ਲਈਆਂ। ਦੋਵੇਂ ਫਿਰ ਬੜੇ ਦੁਖੀ ਹੋ ਕੇ ਇਸ ਤਰ੍ਹਾਂ ਕਹਿਣ ਲੱਗੇ, "ਆਮਦਨ ਤੋਂ ਬਗੈਰ ਅਸੀਂ ਧਨਹੀਣ ਹੋ ਗਏ ਹਾਂ, ਬਹੁਤ ਜਤਨ ਕਰਕੇ ਵੀ ਅਸੀਂ ਕੁਝ ਨਹੀਂ ਪਾਉਂਦੇ ਹਾਂ॥ ੧੪॥

ਸੰਗਤਿ ਭੇਤ ਜਾਨ ਸਭਿ ਗਈ। ਨਹੀਂ ਉਪਾਇਨ ਕਜੋਂ ਹੂੰ ਦਈ।
ਸ਼੍ਰੀ ਅਰਜਨ ਕੇ ਪਾਇਨ ਪੂਜਹਿਂ। ਕਹਿ ਬਹੁ ਰਹੇ ਨ ਜਾਨਹਿਂ ਦੂਜਹਿ'॥੧੫॥

ਹੁਣ ਸਾਰੀ ਸੰਗਤ ਅਸਲ ਭੇਦ ਜਾਣ ਗਈ ਹੈ, ਉਹ ਕਿਵੇਂ ਵੀ ਸਾਨੂੰ ਧਨ ਨਹੀਂ ਦੇਵੇਗੀ। ਗੁਰੂ ਅਰਜਨ ਦੇਵ ਦੇ ਚਰਨਾਂ ਦੀ ਪੂਜਾ ਕਰਦੇ ਹਨ, ਸਾਡੇ ਦਾਸ ਬਹੁਤ ਕਹਿ ਰਹੇ ਹਨ ਪਰ ਉਹ ਦੂਸਰੇ ਨੂੰ ਜਾਣਦੇ ਹੀ ਨਹੀਂ॥ ੧੫॥

ਭਏ ਨਿਫਲ ਜਦ ਕਰੇ ਉਪਾਇ। ਧਨ ਬਿਨ ਸੋਚਤਿ ਹੈਂ ਪਛੁਤਾਇ।
ਪੁਨਹ ਜਤਨ ਮਨ ਔਰ ਬਿਚਾਰਾ। 'ਇਸ ਥਲ ਚਲਹਿ ਨਹੀਂ ਹਮੁ ਚਾਰਾ॥੧੬॥

ਜਦ ਸਾਰੇ ਉਪਾਅ ਕਰਕੇ ਅਸਫਲ ਰਹਿ ਗਏ, ਧਨ ਬਗੈਰ ਸੋਚ ਕੇ ਪਛਤਾਉਂਦੇ ਸਨ। ਫਿਰ ਮਨ ਵਿਚ ਹੋਰ ਯਤਨ ਵਿਚਾਰਿਆ, "ਇਸ ਥਾਂ ਸਾਡਾ ਚਾਰਾ ਨਹੀਂ ਚਲੇਗਾ॥੧੬॥

ਜਾਇਂ ਵਿਲਾਇਤ ਕੋ ਬਿਨੁ ਕਹੇ। ਤਹਿਂ ਕੀ ਸੰਗਤਿ ਜੇਤਿਕ ਅਹੇ।
ਸਭਿ ਅਪਨਾਇ ਲੇਹਿਂ ਧਨਕਾਰ। ਸੰਮਤ ਬਿਖੈ ਪਿਖਹਿਂ ਇਕ ਬਾਰ॥ ੧੭॥

ਦੂਸਰੇ ਦੇਸ਼ਾਂ ਨੂੰ ਚੁਪ ਚਾਪ ਚਲੇ ਜਾਈਏ, ਓਥੋਂ ਦੀ ਜਿੰਨੀ ਵੀ ਸੰਗਤ ਹੋਵੇ, ਉਨ੍ਹਾਂ ਸਭ ਨੂੰ ਆਪਣਾ ਬਣਾ ਕੇ ਧਨ ਦੀ ਭੇਟਾ ਲਈਏ, ਸਾਲ ਵਿਚ ਇਕ ਵਾਰ ਮਿਲ ਆਇਆ ਕਰੀਏ॥ ੧੭॥

ਅਹੈਂ ਦੂਰ ਸੋ ਭੇਤ ਨ ਜਾਨਹਿਂ। ਗੁਰ ਸੁਤ ਲਖਿ ਹਮ ਕੋ ਗੁਰ ਮਾਨਹਿਂ।
ਇਮ ਬਿਚਾਰ ਕਰਿ ਕੀਨਸਿ ਤਜਾਰੀ। ਨਹਿਂ ਪੁਰਿ ਮਹਿਂ ਕਿਸ ਪਾਸ ਬਿਥਾਰੀ ॥੧੮॥

ਦੂਰ ਹੋਣ ਕਰਕੇ ਉਹ ਅਸਲ ਭੇਦ ਨਹੀਂ ਜਾਣਦੇ ਹੋਣਗੇ, ਗੁਰੂ ਜੀ ਦੇ ਪੁੱਤਰ ਹੋਣ ਕਰਕੇ ਸਾਨੂੰ ਹੀ ਗੁਰੂ ਮੰਨਣਗੇ।" ਇਸ ਤਰ੍ਹਾਂ ਵਿਚਾਰ ਕੇ ਤਿਆਰੀ ਕਰ ਲਈ, ਨਗਰ ਵਿਚ ਕਿਸੇ ਨੂੰ ਵੀ ਇਸ ਬਾਰੇ ਨਾ ਦੱਸਿਆ॥ ੧੮॥

ਮੌਨ ਕਰੇ ਬਾਹਰ ਚਢਿ ਚਾਲੇ। ਹੋਯਹੁ ਧਨ ਕੋ ਲੋਭ ਬਿਸਾਲੇ।
ਕਿਤਿਕ ਦਿਵਸ ਮਹਿਂ ਲਖਿ ਗੁਰਦਾਸ। 'ਗਏ ਵਲਾਇਤ ਸੰਗਤਿ ਪਾਸ' ॥੧੯॥

ਚੁਪ-ਚਾਪ ਘੋੜਿਆਂ ਤੇ ਚੜ੍ਹ ਕੇ ਬਾਹਰ ਚਲੇ ਗਏ, ਧਨ ਦਾ ਉਨ੍ਹਾਂ ਬਹੁਤ ਵੱਡਾ ਲੋਭ ਧਾਰਨ ਕੀਤਾ ਹੋਇਆ ਸੀ। ਕਈ ਦਿਨਾਂ ਬਾਅਦ ਭਾਈ ਗੁਰਦਾਸ ਨੂੰ ਪਤਾ ਲੱਗਾ, "ਉਹ ਸੰਗਤ ਪਾਸ ਬਾਹਰ ਗਏ ਹੋਏ ਸਨ"॥ ੧੯॥

ਲਿਖੇ ਹੁਕਮੁ ਨਾਮੇ ਇਨ ਸਾਰੇ। ਦਾਸ ਦੂਰ ਗਾਮੀ ਸੁ ਹਕਾਰੇ।
ਪਠੇ ਵਲਾਇ ਸੰਗਤਿ ਪਾਸ। ਪਾਛੇ ਆਪ ਚਢਯੋ ਗੁਰਦਾਸ॥ ੨੦॥'

ਭਾਈ ਗੁਰਦਾਸ ਨੇ ਬਾਹਰ ਦੀ ਸਾਰੀ ਸੰਗਤ ਨੂੰ ਹੁਕਮਨਾਮੇ ਲਿਖ ਦਿੱਤੇ, ਜਿਹੜੇ ਵੀ ਦੂਰ-ਦੂਰ ਸਿੱਖ ਰਹਿੰਦੇ ਸਨ, ਉਨ੍ਹਾਂ ਸਭ ਨੂੰ ਬੁਲਾ ਲਿਆ॥ ੨੦॥

'ਗੁਰ ਕੀ ਕਾਰ ਨ ਦੇਵਹਿ ਕੋਈ। ਗੁਰਤਾ ਤੇ ਖਾਰਜ ਹੈਂ ਦੋਈ।
ਜੋ ਸਤਿਗੁਰ ਕੋ ਸਿੱਖ ਕਹਾਵੈ। ਸ਼੍ਰੀ ਅਰਜਨ ਕੇ ਨਿਕਟ ਪੁਚਾਵੈ॥ ੨੧॥

ਇਨ੍ਹਾਂ ਨੂੰ ਕੋਈ ਗੁਰੂ ਦੀ ਕਾਰ ਭੇਟਾ ਨਾ ਦੇਣਾ, ਇਹ ਦੋਵੇਂ ਗੁਰਤਾ ਤੋਂ ਖਾਰਜ ਕੀਤੇ ਗਏ ਹਨ। ਜਿਹੜਾ ਸਤਿਗੁਰੂ ਜੀ ਦਾ ਸਿੱਖ ਕਹਾਉਂਦਾ ਹੈ, ਉਹ ਕਾਰ-ਭੇਟ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪਹੁੰਚਾਵੇ॥ ੨੧॥

ਕੁਛਕ ਕਾਰ ਦੋਇਨ ਉਗਰਾਹੀ। ਦਰਬ ਬਟੋਰਤਿ ਹੈਂ ਨਿਜ ਪਾਹੀ।
ਤਬਿ ਲੈ ਗਏ ਹੁਕਮ ਪਰਵਾਨੇ। ਪਠਿ ਸੰਗਤਿ ਨੇ ਸਭਿ ਪਹਿਚਾਨੇ॥ ੨੨॥

ਦੋਵਾਂ ਨੇ ਕੁਝ ਕਾਰ-ਭੇਟ ਦੀ ਉਗਰਾਹੀ ਕੀਤੀ, ਆਪਣੇ ਪਾਸ ਰੱਖਣ ਵਾਸਤੇ ਧਨ ਬਟੋਰ ਰਹੇ ਸਨ। ਤਦ ਤਕ ਭਾਈ ਗੁਰਦਾਸ ਜੀ ਵਲੋਂ ਹੁਕਮਨਾਮੇ ਪਹੁੰਚ ਗਏ, ਸੰਗਤ ਨੇ ਪੜ੍ਹ ਕੇ ਸਾਰੇ ਪਹਿਚਾਣ ਲਏ॥ ੨੨॥

ਇਕ ਬਿਰਾਟਿਕਾ ਕਿਨਹੁਂ ਨ ਦੀਨਿ। ਭਏ ਸਭਿਨਿ ਤੇ ਆਸ਼ਾ ਹੀਨਿ।
ਬਹੁਰ ਜਾਇ ਭਾਈ ਗੁਰਦਾਸ। ਗੁਰ ਕੀ ਕਾਰ ਲਈ ਸਭਿ ਪਾਸਿ॥ ੨੩॥

ਫਿਰ ਕਿਸੇ ਨੇ ਉਨ੍ਹਾਂ ਨੂੰ ਇਕ ਕੌਡੀ ਵੀ ਨਾ ਦਿੱਤੀ, ਉਹ ਸਾਰਿਆਂ ਤੋਂ ਆਸ-ਰਹਿਤ ਹੋ ਗਏ। ਫਿਰ ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਪਾਸ ਜਾ ਕੇ ਸਾਰਿਆਂ ਪਾਸੋਂ ਗੁਰੂ ਦੀ ਕਾਰ-ਭੇਟ ਇਕੱਠੀ ਕਰ ਲਈ॥ ੨੩॥

ਅਰੁ ਸੰਗਤਿ ਕੋ ਲੈ ਕਰਿ ਸਾਥ। ਆਨਿ ਪਹੂਚਯੋ ਢਿਗ ਗੁਰ ਨਾਥ।
ਪ੍ਰਿਥੀਆ ਮਹਾਂਦੇਵ ਭੀ ਆਏ। ਅਨਿਕ ਬਾਤ ਕਹਿ ਰਾਰ ਉਠਾਏ॥ ੨੪॥

ਅਤੇ ਸੰਗਤ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਪਾਸ ਆ ਪਹੁੰਚੇ। ਪ੍ਰਿਥੀਆ ਅਤੇ ਮਹਾਂਦੇਵ ਵੀ ਆ ਗਏ, ਅਨੇਕ ਗੱਲਾਂ ਕਹਿ ਕੇ ਝਗੜਾ ਖੜਾ ਕਰ ਦਿੱਤਾ॥ ੨੪॥

ਝਗਰਾ ਕਰਜੋ ਮਿਲੇ ਦੁਇ ਭ੍ਰਾਤ। 'ਹਮ ਗੁਜ਼ਰਾਨ ਹੇਤ ਕਿਤ ਜਾਤ ?।
ਗੁਰ ਕੋ ਮਾਰਜੋ ਇਹੁ ਗੁਰਦਾਸ। ਲੇਨਿ ਨ ਦੇਤਿ ਕਿਤਹੁੰ ਧਨ ਪਾਸ॥ ੨੫॥

ਦੋਵਾਂ ਭਰਾਵਾਂ ਨੇ ਮਿਲ ਕੇ ਗੁਰੂ ਜੀ ਨਾਲ ਝਗੜਾ ਕੀਤਾ, "ਅਸੀਂ ਗੁਜ਼ਾਰੇ ਵਾਸਤੇ ਜਿੱਥੇ ਵੀ ਜਾਂਦੇ ਹਾਂ, ਇਹ ਗੁਰਦਾਸ ਤਾਂ ਗੁਰੂ ਦਾ ਮਾਰਿਆ ਹੈ, ਸਾਨੂੰ ਕਿਸੇ ਪਾਸੋਂ ਵੀ ਧਨ ਲੈਣ ਨਹੀਂ ਦਿੰਦਾ॥ ੨੫॥

ਖਿਪੈ ਆਗਰੇ ਨਿਕਸਤਿ ਪ੍ਰਾਨ। ਇਹੁ ਨਹੀ ਚਹੀਏ ਗੁਰ ਅਸਥਾਨ।
ਤਬਿ ਹਮ ਧਨ ਕੋ ਸਦ ਹੀ ਪਾਵਤਿ। ਲੇਤਿ ਦੇਤਿ ਖਰਚਤਿ ਨਿਤਿ ਖਾਵਤਿ॥੨੬॥

ਇਹ ਕਿਤੇ ਆਗਰੇ ਵਿਚ ਹੀ ਮਰ ਜਾਂਦਾ, ਇਸ ਨੂੰ ਗੁਰੂ ਅਸਥਾਨ ਤੇ ਨਹੀਂ ਹੋਣਾ ਚਾਹੀਦਾ। ਤਦ ਅਸੀਂ ਧਨ ਸਦਾ ਹੀ ਪ੍ਰਾਪਤ ਕਰਦੇ, ਲੈਂਦੇ-ਦਿੰਦੇ, ਨਿਤ ਖਰਚਦੇ ਖਾਂਦੇ ਰਹਿੰਦੇ॥ ੨੬॥

ਕਜੋਂ ਕਰਿ ਹਮ ਕਰਿਹੈਂ ਗੁਜ਼ਰਾਨ। ਤੁਮਹੀ ਕੋ ਧਨ ਦੇਤਿ ਜਹਾਨ।
ਹਮ ਭੀ ਪੁੱਤ੍ਰ ਪਿਤਾ ਕੇ ਅਹੈਂ। ਤਿਮ ਤੁਮ ਕਰਹੁ ਗੁਜਾਰੋ ਲਹੈਂ॥ ੨੭॥

ਅਸੀਂ ਗੁਜ਼ਾਰਾ ਕਿਵੇਂ ਕਰਾਂਗੇ, ਸਾਰਾ ਜਹਾਨ ਤੁਹਾਨੂੰ ਹੀ ਧਨ ਦੇ ਰਿਹਾ ਹੈ। ਅਸੀਂ ਵੀ ਆਪਣੇ ਪਿਤਾ ਜੀ ਦੇ ਪੁੱਤਰ ਹਾਂ, ਇਸ ਲਈ ਉਸ ਤਰ੍ਹਾਂ ਕਰੋ ਜਿਵੇਂ ਅਸੀਂ ਵੀ ਗੁਜ਼ਾਰਾ ਕਰੀਏ॥ ੨੭॥

ਨਾਤੁਰ ਭਲੀ ਬਾਤ ਇਹੁ ਨਾਂਹੀ। ਜਾਇਂ ਪੁਕਾਰੂ ਛਿਤਪਤਿ ਪਾਹੀਂ'।
ਸ੍ਰੀ ਅਰਜਨ ਢਿਗ ਨਰ ਬਹੁ ਆਏ। ਕਹਜੋ ਦੁਹਨਿ ਕੋ ਸਕਲ ਸੁਨਾਏ॥੨੮॥

ਨਹੀਂ ਤਾਂ ਇਹ ਚੰਗੀ ਗੱਲ ਨਹੀਂ, ਅਸੀਂ ਬਾਦਸ਼ਾਹ ਪਾਸ ਜਾ ਕੇ ਪੁਕਾਰ ਕਰਾਂਗੇ।" ਗੁਰੂ ਅਰਜਨ ਦੇਵ ਪਾਸ ਬਹੁਤ ਮਨੁੱਖ ਆਏ, ਉਨ੍ਹਾਂ ਦੋਹਾਂ ਨੂੰ ਸੁਣਾ ਕੇ ਕਿਹਾ॥ ੨੮॥

ਤਬਿ ਗੁਰਦਾਸ ਆਦਿ ਹੈਂ ਜੋਈ। 'ਕਛੁ ਇਨ ਦਿਹੁ' ਸਮਝਾਵਹਿਂ ਤੇਈ।
ਦੁਇ ਦਿਸ਼ ਮਹਿਂ ਫਿਰ ਕਰਿ ਬਹੁ ਬਾਰ। ਚਾਹਤਿ ਭਏ ਮਿਟਾਵਨ ਰਾਰ॥੨੯॥

ਫਿਰ ਭਾਈ ਗੁਰਦਾਸ ਆਦਿ ਜੋ ਹਨ, ਉਨ੍ਹਾਂ ਨੂੰ ਸਮਝਾਉਣ ਲੱਗੇ "ਕੁਝ ਇਨ੍ਹਾਂ ਨੂੰ ਵੀ ਦੇਵੋ।" ਦੋਹਾਂ ਧਿਰਾਂ ਵਿਚ ਬਹੁਤ ਵਾਰ ਫਿਰ ਕੇ ਝਗੜੇ ਨੂੰ ਖਤਮ ਕਰਨਾ ਚਾਹੁੰਦੇ ਸਨ॥ ੨੯॥

ਕਛੁਕ ਦੁਕਾਨਨ ਕੋ ਤਹਿਂ ਭਾਰਾ। ਅਰੁ ਜਗਾਤ ਜੋ ਆਇ ਬਜਾਰਾ।
ਸੋ ਸਭਿ ਪ੍ਰਿਥੀਏ ਕੋ ਤਬਿ ਦੀਨ। ਚੌਂਕ ਪਾਸੀਆ ਕੋ ਜਹਿਂ ਚੀਨ॥ ੩੦॥

ਕੁਝ ਦੁਕਾਨਾਂ ਦਾ ਕਰਾਇਆ ਅਤੇ ਬਾਜ਼ਾਰ ਦਾ ਮਸੂਲ ਜੋ ਆਉਂਦਾ ਸੀ, ਉਹ ਸਾਰਾ ਪ੍ਰਿਥੀਏ ਨੂੰ ਦੇ ਦਿੱਤਾ। ਚੌਂਕ ਜਿਥੇ ਪਾਸੀਆਂ ਵਾਲਾ ਬਾਜ਼ਾਰ ਹੈ॥ ੩੦॥

ਮਹਾਂਦੇਵ ਕੋ ਸੋ ਥਲ ਦਯੋ। ਧਨ ਜਗਾਤ ਕੋ ਤਿਸ ਨੇ ਲਯੋ।
ਇਮ ਦੋਨਹੁ ਕੋ ਹਿਤ ਗੁਜ਼ਰਾਨ। ਲੇ ਕਰਿ ਕਰਹਿਂ ਨਿਬਾਹਨ ਖਾਨ॥ ੩੧॥

ਮਹਾਂਦੇਵ ਨੂੰ ਜੋ ਸਥਾਨ ਦਿੱਤਾ ਸੀ ਉਸ ਨੇ ਉਸ ਸਥਾਨ ਦੇ ਮਸੂਲ ਦਾ ਧਨ ਲੈ ਲਿਆ। ਇਸ ਤਰ੍ਹਾਂ ਦੋਵੇਂ ਆਪਣੇ ਗੁਜ਼ਾਰੇ ਵਾਸਤੇ ਧਨ ਲੈ ਕੇ ਗੁਜ਼ਾਰਾ ਕਰਨ॥ ੩੧॥

ਪੂਜਾ ਸੰਗਤਿ ਕੀ ਸਭਿ ਜੋਇ। ਸ੍ਰੀ ਸਤਿਗੁਰ ਅਰਜਨ ਕੀ ਸੋਇ।
ਚਲਨ ਲਗਜੋ ਐਸੇ ਬਿਵਹਾਰ। ਤੀਨਹੁੰ ਭ੍ਰਾਤ ਮੇਲ ਕੋ ਧਾਰਿ॥ ੩੨ ॥

ਸੰਗਤ ਦੀ ਸਾਰੀ ਪੂਜਾ, ਉਹ ਸਤਿਗੁਰੂ ਅਰਜਨ ਦੇਵ ਦੀ ਹੋਵੇਗੀ। ਇਸ ਤਰ੍ਹਾਂ ਕਾਰ-ਵਿਹਾਰ ਚੱਲਣ ਲੱਗਾ। ਇਸ ਤਰ੍ਹਾਂ ਤਿੰਨਾਂ ਭਰਾਵਾਂ ਨੇ ਆਪਸ ਵਿਚ ਮਿਲਣਾ ਧਾਰ ਲਿਆ॥ ੩੨ ॥

ਰਾਮਦਾਸ ਪੁਰਿ ਬਾਸ ਕਰੰਤੇ। ਦੁਰਜੋ ਸ਼ਰੀਕਾ ਕਰਿ ਬਰਤੰਤੇ।
ਸ੍ਰੀਗੁਰ ਅਰਜਨ ਸਰਲ ਸਧੀਰ। ਸਮਚਿਤ ਬਿਨਾ ਬਿਕਾਰ ਸਰੀਰ॥ ੩੩ ॥

ਰਾਮਦਾਸ ਪੁਰ ਰਹਿੰਦੇ ਸਨ, ਪਰ ਦੋਵੇਂ ਲੁਕ-ਛਿਪ ਕੇ ਸ਼ਰੀਕੇ ਦਾ ਵਰਤਾਅ ਵਰਤ ਲੈਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਬੜੇ ਸਰਲ ਅਤੇ ਸ੍ਰੇਸ਼ਟ ਧੀਰਜਵਾਨ ਸਨ, ਇਕ ਰਸ ਸ਼ਾਂਤ ਚਿੱਤ ਅਤੇ ਕਿਸੇ ਵੀ ਸਰੀਰਕ ਵਿਕਾਰ ਤੋਂ ਬਗੈਰ ਸਨ॥ ੩੩ ॥

ਪ੍ਰਿਥੀਆ ਕੁਟਿਲਪਨੋ ਨਿਤ ਕਰੈ। ਤਊ ਨ ਕੁਛ ਕੈਸੇ ਉਰ ਧਰੈਂ।
ਸਭਿ ਸੋਂ ਬਰਤਤਿ ਹੈਂ ਮਨ ਨੀਕੇ। ਨਹਿਂ ਜਾਨਹਿਂ ਕੁਛ ਧਰਨ ਸ਼ਰੀਕੇ॥ ੩੪ ॥

ਪ੍ਰਿਥੀਆ ਸਦਾ ਖੁਟਿਆਈ ਕਰਦਾ ਸੀ, ਪਰ ਗੁਰੂ ਅਰਜਨ ਦੇਵ ਜੀ ਕਦੀ ਵੀ ਦਿਲ ਵਿਚ ਕੁਝ ਨਹੀਂ ਲਿਆਉਂਦੇ ਸਨ। ਸਾਰਿਆਂ ਨਾਲ ਬਹੁਤ ਚੰਗੀ ਤਰ੍ਹਾਂ ਵਰਤਾਅ ਕਰਦੇ ਸਨ, ਉਹ ਸ਼ਰੀਕਾ ਕਰਨਾ ਬਿਲਕੁਲ ਨਹੀਂ ਜਾਣਦੇ ਸਨ॥ ੩੪ ॥

ਕੇਤਿਕ ਸਮਾ ਬਿਤੀਤਜੋ ਜਥੈ। ਪ੍ਰਿਥੀਏ ਕੇ ਸੁਤ ਉਪਜਜੋ ਤਬੈ।
ਮਿਹਰਵਾਨ ਤਿਹ ਨਾਮ ਬਖਾਨਾ। ਭਈ ਬਧਾਈ ਅਨੰਦ ਮਹਾਨਾ॥ ੩੫ ॥

ਜਦ ਕੁਝ ਸਮਾਂ ਬੀਤ ਗਿਆ ਤਾਂ ਪ੍ਰਿਥੀਏ ਦੇ ਘਰ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਮਿਹਰਬਾਨ ਰਖਿਆ, ਬੜੀ ਖ਼ੁਸ਼ੀ ਅਤੇ ਮਹਾਨ ਆਨੰਦ ਹੋਇਆ॥ ੩੫ ॥

ਕਿਤਿਕ ਮਾਸ ਕੋ ਪਿਖਿ ਸੁਖ ਪਾਵਹਿ। ਸ੍ਰੀ ਗੁਰ ਅਰਜੁਨ ਢਿਗ ਲੇ ਆਵਹਿ।
ਕਰਹਿਂ ਪ੍ਰੇਮ ਇਵ ਲੇਵਹਿਂ ਗੋਦ। ਅਧਿਕ ਦੁਲਾਰਹਿਂ ਵਧਹਿ ਪ੍ਰਮੋਦ॥ ੩੬ ॥

ਜਦ ਕੁਝ ਮਹੀਨਿਆਂ ਦਾ ਹੋ ਗਿਆ ਤਾਂ ਉਸ ਨੂੰ ਵੇਖ ਕੇ ਬੜਾ ਸੁੱਖ ਪਾਉਂਦਾ ਸੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਲੈ ਆਉਂਦਾ ਸੀ। ਗੁਰੂ ਜੀ ਉਸ ਨੂੰ ਗੋਦ ਵਿਚ ਲੈ ਕੇ ਪ੍ਰੇਮ ਕਰਦੇ ਸਨ, ਬਹੁਤ ਪਿਆਰ ਕਰਕੇ ਆਨੰਦ ਵਧਾਉਂਦੇ ਸਨ॥ ੩੬ ॥

ਸਰਲ ਸੁਭਾਉ ਜਾਨਿ ਕਰਿ ਆਛੇ। ਸਭਿ ਕੋ ਭਲੋ ਹੋਨਿ ਉਰ ਬਾਂਛੇ।
ਅਧਿਕ ਸਨੇਹ ਸਨੇ ਸਿਸ ਸਾਥਾ। ਆਨਹਿ ਨਿਤਿ ਪ੍ਰਤਿ ਢਿਗ ਗੁਰ ਨਾਥਾ॥ ੩੭ ॥

ਚੰਗਾ ਸਰਲ ਸੁਭਾਅ ਹੋਣ ਕਰਕੇ, ਹਿਰਦੇ ਵਿਚ ਸਭ ਦਾ ਭਲਾ ਚਾਹੁੰਦੇ ਸਨ, ਬੱਚੇ ਦੇ ਨਾਲ ਬਹੁਤ ਪਿਆਰ ਹੋ ਗਿਆ, ਉਹ ਸਦਾ ਹੀ ਗੁਰੂ ਜੀ ਪਾਸ ਲਿਆਉਂਦੇ ਸਨ॥ ੩੭ ॥

ਸੰਮਤ ਬੀਤਜੋ ਵਧਜੋ ਸਰੀਰ। ਖੇਲਹਿ ਆਨਿ ਗੁਰੂ ਕੇ ਤੀਰ।
ਨਿਤ ਸਨੇਹ ਕਰਿ ਬਹੁਤ ਦੁਲਾਰਹਿਂ। ਗਹੈਂ ਭੁਜਾ ਨਿਜ ਅੰਕ ਬਿਠਾਰਹਿਂ॥ ੩੮ ॥

ਜਦ ਸਾਲ ਬੀਤ ਗਿਆ ਤਾਂ ਸਰੀਰ ਵਧ ਗਿਆ ਤਾਂ ਉਹ ਗੁਰੂ ਜੀ ਪਾਸ ਆ ਕੇ ਖੇਡਦਾ ਸੀ। ਸਦਾ ਪਿਆਰ ਕਰਕੇ ਬਹੁਤ ਲਾਡ ਲਡਾਉਂਦੇ ਸਨ, ਬਾਹਾਂ ਨਾਲ ਫੜ ਕੇ ਗੋਦ ਵਿਚ ਬਿਠਾ ਲੈਂਦੇ ਸਨ॥ ੩੮ ॥

Sri Satguru Jagjit Singh Ji eLlibrary NamdhariElibrary@gmail.com

ਨਿਜ ਢਿਗ ਤੇ ਭੂਖਨ ਘਰਿਵਾਏ। ਸੁੰਦਰ ਕੰਚਨ ਕੇ ਪਹਿਰਾਏ।
ਤਥਾ ਬਸਤ੍ਰ ਆਛੇ ਪਹਿਰਾਏ। ਗੋਟਾ ਊਪਰ ਤਿਨਹੁੰ ਲਗਾਏ॥ ੩੯॥

ਆਪਣੇ ਪਾਸੋਂ ਸੁੰਦਰ ਸੋਨੇ ਦੇ ਗਹਿਣੇ ਘੜਵਾਉਂਦੇ ਸਨ ਤੇ ਬਾਲਕ ਨੂੰ ਪਵਾਉਂਦੇ ਸਨ ਅਤੇ ਚੰਗੇ ਕਪੜੇ ਪਹਿਨਾਉਂਦੇ ਸਨ, ਉਨ੍ਹਾਂ ਕਪੜਿਆਂ ਤੇ ਸੁੰਦਰ ਗੋਟਾ ਲੱਗਾ ਹੁੰਦਾ ਸੀ॥ ੩੯॥

ਜਿਮ ਨਿਜ ਸੁਤ ਕੋ ਜਾਨਹਿਂ ਤੈਸੇ। ਪ੍ਰਿਥੀਆ ਕਰਹਿ ਬਿਲੋਕਨ ਐਸੇ।
ਨਿਜ ਤ੍ਰਿਯ ਸਾਥ ਬਖਾਨਹਿ ਕਬੈ। 'ਹਮ ਹੀ ਮਾਲਿਕ ਵਸਤੂ ਸਬੈ॥ ੪੦॥

ਗੁਰੂ ਜੀ ਬਾਲਕ ਨੂੰ ਆਪਣੇ ਪੁੱਤਰ ਵਾਂਗ ਜਾਣਦੇ ਸਨ, ਪ੍ਰਿਥੀਆ ਕਈ ਵਾਰ ਇਸ ਤਰ੍ਹਾਂ ਵੇਖਦਾ ਸੀ ਤੇ ਆਪਣੀ ਇਸਤਰੀ ਨੂੰ ਕਦੀ-ਕਦੀ ਇਸ ਤਰ੍ਹਾਂ ਕਹਿੰਦਾ ਸੀ, "ਅਸੀਂ ਹੀ ਸਭ ਕੁਝ ਦੇ ਮਾਲਕ ਹਾਂ"॥ ੪੦॥

ਸ੍ਰੀ ਅਰਜਨ ਕੇ ਹੁਇ ਸੁਤ ਨਾਂਹੀ। ਲਖਿਯਤਿ ਗੁਰਤਾ ਹੈ ਹਮ ਪਾਹੀ।
ਹਮਰੇ ਸੁਤ ਕੋ ਲਾਡ ਲਡਾਵਹਿਂ। ਬਸਨ ਬਿਭੂਖਨ ਸਭਿ ਪਹਿਰਾਵਹਿਂ॥ ੪੧॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਪੈਦਾ ਨਹੀਂ ਸੀ ਹੋਇਆ। ਪ੍ਰਿਥੀਆ ਇਹ ਸਮਝਦਾ ਸੀ ਕਿ ਮਿਹਰਬਾਨ ਰਾਹੀਂ ਗੁਰਤਾ ਅਸੀਂ ਪਾ ਲਵਾਂਗੇ। ਗੁਰੂ ਜੀ ਸਾਡੇ ਪੁੱਤਰ ਨੂੰ ਲਾਡ ਲਡਾਉਂਦੇ ਹਨ, ਵਸਤਰ ਅਤੇ ਗਹਿਣੇ ਸਭ ਪਵਾਉਂਦੇ ਹਨ॥ ੪੧॥

ਇਨ ਕੋ ਦੇਹਿ ਅੰਤ ਜਬਿ ਹੋਇ। ਹਮ ਕੋ ਹੀ ਪੂਜਹਿ ਸਭਿ ਕੋਇ।
ਗੁਰਤਾ ਗਈ ਬਹੁਰ ਕਰ ਪਾਵੈਂ। ਬੰਸ ਹਮਾਰੋ ਜਗ ਬਿਰਧਾਵੈ'॥ ੪੨॥

ਜਦ ਇਨ੍ਹਾਂ ਦੇ ਸਰੀਰ ਦਾ ਅੰਤ ਹੋ ਜਾਵੇਗਾ ਤਾਂ ਸਾਨੂੰ ਹੀ ਹਰ ਕੋਈ ਪੂਜੇਗਾ, ਗਈ ਹੋਈ ਗੁਰਤਾ ਫਿਰ ਆਪਣੇ ਹੱਥ ਵਿਚ ਪਾ ਲਵਾਂਗੇ। ਸਾਡਾ ਵੰਸ਼ ਹੀ ਜੱਗ ਵਿਚ ਵਧੇਗਾ"॥ ੪੨॥

ਧਰਹਿ ਕੁਟਿਲਤਾ ਇਸਤੇ ਆਦਿ। ਨਿਜ ਨੰਦਨ ਤੇ ਹੁਇ ਅਹਿਲਾਦਿ।
ਪ੍ਰਭੁ ਕੀ ਗਤਿ ਕੋ ਜਾਨਤਿ ਨਾਂਹੀ। ਰਚਹਿ ਅਪਰ ਅਪਰੈ ਬਨ ਜਾਹੀ॥ ੪੩॥

ਇਸ ਤਰ੍ਹਾਂ ਕੁਟਲਨੀਤੀ ਧਾਰਨ ਕੀਤੀ ਹੋਈ ਸੀ, ਆਪਣੇ ਪੁੱਤਰ ਤੋਂ ਗੁਰਤਾ ਦੀ ਵਡਿਆਈ ਪ੍ਰਾਪਤ ਕਰਨੀ ਲੋਚਦਾ ਸੀ। ਪਰ ਪ੍ਰਭੂ ਦੀ ਗਤੀ ਨੂੰ ਨਹੀਂ ਸੀ ਜਾਣਦਾ, ਬੰਦਾ ਕੁਝ ਸੋਚਦਾ ਹੈ ਤੇ ਹੋ ਕੁਝ ਹੋਰ ਜਾਂਦਾ ਹੈ॥ ੪੩॥

*ਦੂਸਰੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੀਹਵਾਂ

## ਭਾਈ ਕਲਿਆਣਾ ਮੰਡੀ ਦੇ ਰਾਜੇ ਪਾਸ ਪੁੱਜਾ

ਦੋਹਰਾ- ਰਾਮਦਾਸ ਗੁਰ ਪਿਤਾ ਕੋ ਸਿਮਰਤਿ ਬਾਕ ਹਮੇਸ਼।
'ਸ੍ਰੀ ਅੰਮ੍ਰਿਤਸਰ ਬਨਹਿ ਜਿਮ ਹੋਹਿ ਜਿ ਦਰਬ ਵਿਸ਼ੇਸ਼' ॥ ੧ ॥

ਗੁਰੂ ਅਰਜਨ ਦੇਵ ਜੀ ਸਦਾ ਆਪਣੇ ਗੁਰੂ ਪਿਤਾ ਜੀ ਰਾਮਦਾਸ ਜੀ ਦੇ ਬਚਨਾਂ ਨੂੰ ਯਾਦ ਕਰਦੇ ਸਨ, "ਸ੍ਰੀ ਅੰਮ੍ਰਿਤ ਸਰੋਵਰ ਬਣਾਵੋ, ਜਿਵੇਂ ਵੀ ਹੋਵੇ ਵਿਸ਼ੇਸ਼ ਧਨ ਇਕੱਠਾ ਕਰੋ।" ॥ ੧ ॥

ਚੌਪਈ- ਇਕ ਦਿਨ ਬੈਠੇ ਸਭਾ ਮਝਾਰੀ। ਸਭਿਨਿ ਸੁਨਾਵਤਿ ਗਿਰਾ ਉਚਾਰੀ।
'ਸਰਬ ਸਿੱਖ ਹੁਇੰ ਪਰ ਉਪਕਾਰੀ। ਇਸ ਸਮ ਅਪਰ ਨ ਪੁੰਨ ਉਦਾਰੀ ॥੨ ॥

ਇਕ ਦਿਨ ਸਭਾ ਦੇ ਵਿਚ ਬੈਠੇ ਸਨ, ਸਾਰਿਆਂ ਨੂੰ ਸੁਣਾ ਕੇ ਬਚਨ ਕੀਤੇ, "ਸਾਰੇ ਸਿੱਖ ਪਰਉਪਕਾਰੀ ਹੋਣ, ਇਸ ਤੋਂ ਵੱਡਾ ਹੋਰ ਕੋਈ ਪੁੰਨ ਨਹੀਂ ਹੈ॥ ੨ ॥

ਜੇ ਉਪਕਾਰ ਕਰਤਿ ਨਿਤ ਰਹੈਂ। ਤਿਨਹੁਂ ਨਿਰੰਤਰ ਆਨੰਦ ਲਹੈਂ।
ਅਨਿਕ ਰੀਤਿ ਕੇ ਪਰਉਪਕਾਰ। ਪੁੰਨੀ ਕਰਤੇ ਜਗਤਿ ਮਝਾਰ॥ ੩ ॥

ਜੇ ਸਦਾ ਉਪਕਾਰ ਕਰਦੇ ਰਹਿਣ ਤਾਂ ਉਨ੍ਹਾਂ ਨੂੰ ਸਦੀਵੀ ਆਨੰਦ ਪ੍ਰਾਪਤ ਹੋਵੇਗਾ। ਹੋਰ ਰੀਤੀਆਂ ਦੇ ਪਰਉਪਕਾਰ ਕਰਕੇ ਜਗਤ ਵਿਚ ਕਈ ਪ੍ਰਕਾਰ ਦੇ ਪੁੰਨ ਕਰਦੇ ਹਨ॥ ੩ ॥

ਸਭਿ ਤੇ ਉੱਤਮ ਕੂਪ ਲਗਾਵਨਿ। ਪ੍ਰਾਨੀ ਅਨਿਕ ਕਰਹਿਂ ਸੁਖ ਪਾਵਨਿ।
ਇਸ ਤੇ ਉੱਤਮ ਸਿਰਜਨ ਤਾਲਾ। ਨਰ ਪਸੁ ਪੰਛੀ ਸੁਖ ਲਹਿਂ ਜਾਲਾ ॥੪ ॥

ਪਰ ਸਭ ਤੋਂ ਉੱਤਮ ਪੁੰਨ ਹੈ ਖੂਹ ਲਵਾਉਣ ਦਾ, ਅਨੇਕ ਪ੍ਰਾਨੀ ਇਹ ਕਾਰਜ ਕਰਕੇ ਸੁਖ ਪਾਉਂਦੇ ਹਨ। ਪਰ ਖੂਹ ਲਵਾਉਣ ਨਾਲੋਂ ਵੀ ਹੋਰ ਉੱਤਮ ਪੁੰਨ ਹੈ ਸਰੋਵਰ ਬਣਾਉਣ ਦਾ, ਜਿਸ ਤੋਂ ਮਨੁੱਖ, ਪਸ਼ੂ ਅਤੇ ਪੰਛੀ ਬਹੁਤ ਸੁਖ ਪ੍ਰਾਪਤ ਕਰਦੇ ਹਨ॥ ੪ ॥

ਇਸਤੇ ਉੱਤਮ ਤੀਰਥ ਹੇਤ। ਚਹੁਂ ਦਿਸ਼ ਤੇ ਸੁਪਾਨ ਕਰਿ ਦੇਤਿ।
ਕਰਹਿਂ ਸ਼ਨਾਨ ਦਾਨ ਤਹਿਂ ਆਇ। ਤਿਸ ਕੋ ਫਲ ਬਡ ਆਨੰਦ ਪਾਇ ॥੫ ॥

ਇਸ ਤੋਂ ਵੀ ਉੱਤਮ ਪੁੰਨ ਹੈ ਕਿ ਤੀਰਥ ਵਾਸਤੇ ਸਰੋਵਰ ਦੇ ਚਾਰੇ ਪਾਸੇ ਪੌੜੀਆਂ ਬਣਾਈਆਂ ਜਾਣ, ਲੋਕ ਉਸ ਸਰੋਵਰ ਵਿਚ ਆ ਕੇ ਇਸ਼ਨਾਨ-ਦਾਨ ਕਰਨ, ਤਿਸ ਦਾ ਫਲ ਵੱਡਾ ਆਨੰਦ ਪ੍ਰਾਪਤ ਕਰੇਗਾ॥ ੫ ॥

ਤੀਰਥ ਮਹਿਂ ਤੀਰਥ ਗੁਰ ਕੇਰਾ। ਮਹਾਂ ਮਹਾਤਮ ਸਭਿਨਿ ਉਚੇਰਾ।
ਗੁਰੂਨਿ ਬਿਖੈ ਸ੍ਰੀ ਨਾਨਕ ਗੁਰੂ। ਬਚਨ ਸਿੰਘ ਅੱਗਜਾਨਹਿ ਰੁਰੂ ॥ ੬ ॥

ਤੀਰਥਾਂ ਵਿਚ ਵੀ ਜੇ ਗੁਰੂ ਵਾਸਤੇ ਤੀਰਥ ਹੋਵੇ ਤਾਂ ਉਸ ਦਾ ਸਭ ਤੋਂ ਉੱਚਾ ਮਹਾਨ ਮਹਾਤਮ ਹੈ। ਗੁਰੂਆਂ ਵਿਚ ਵੀ ਸਭ ਤੋਂ ਵੱਡੇ ਗੁਰੂ ਨਾਨਕ ਦੇਵ ਜੀ ਹਨ, ਜਿਨ੍ਹਾਂ ਦੇ ਬਚਨ ਸ਼ੇਰ ਰੂਪੀ ਹਨ ਅਤੇ ਅਗਿਆਨ ਰੂਪੀ ਹਿਰਨ ਨੂੰ ਮਾਰਨ ਵਾਲੇ ਹਨ॥ ੬ ॥

ਤਿਨ ਗਾਦੀ ਪਰ ਪਿਤਾ ਹਮਾਰੇ। ਸੁਨਹੁ ਬਾਕ ਤਿਨ ਜਥਾ ਉਚਾਰੇ।
ਚਿਰੰਕਾਲ ਕੌ ਤੀਰਥ ਏਹੀ। ਸ੍ਰੀ ਪਤਿ ਆਨਿ ਬਾਸਕੋ ਲੇਹੀ॥ ੭॥

ਉਸ ਗੱਦੀ ਉਤੇ ਸਾਡੇ ਪਿਤਾ ਜੀ ਬੈਠੇ ਸਨ, ਉਨ੍ਹਾਂ ਦੇ ਬਚਨ ਸੁਣੋ ਜਿਵੇਂ ਉਨ੍ਹਾਂ ਉਚਾਰਨ ਕੀਤੇ ਸਨ। ਆਉਣ ਵਾਲੇ ਸਮੇਂ ਵਿਚ ਇਸ ਤੀਰਥ ਵਿਚ ਵਾਹਿਗੁਰੂ ਦਾ ਨਿਵਾਸ ਹੋਵੇਗਾ॥ ੭॥

ਸਰਬ ਦੇਵਤਾ ਕੋ ਹੁਇ ਬਾਸ। ਜਹਿਂ ਸਤਿਸੰਗਤਿ ਕਰਹਿ ਬਿਲਾਸ।
ਮਹਾਂ ਮਹਾਤਮ ਇਸ ਥਲ ਕੇਰਾ। ਅਪਰ ਨ ਜਿਸਕੇ ਸਮ ਕਿਤ ਹੇਰਾ॥੮॥

ਸਾਰੇ ਦੇਵਤੇ ਰੂਪੀ ਸੰਤ ਇਥੇ ਰਹਿਣਗੇ ਤੇ ਸਤਿਸੰਗਤ ਕਰਕੇ ਆਨੰਦ ਪ੍ਰਾਪਤ ਕਰਨਗੇ। ਇਸ ਸਥਾਨ ਦਾ ਮਹਾਨ ਮਹਾਤਮ ਹੋਵੇਗਾ ਜਿਸ ਦੇ ਬਰਾਬਰ ਹੋਰ ਕਿਤੇ ਵੇਖਿਆ ਨਹੀਂ ਹੈ॥ ੮॥

ਰਚਜੋ ਚਹੈਂ ਤੀਰਥ ਅਬਿ ਸੋਈ। ਸਰੈ ਕਾਰ ਜੇ ਧਨ ਗਨ ਹੋਈ।
ਸੋ ਧਨ ਭੂਪਨਿ ਕੇ ਹੁਇ ਪਾਸ। ਯਾਂਤੇ ਸੁਨਹੁ ਸਿੱਖ ਤੁਮ ਰਾਸ॥ ੯॥

ਉਹੀ ਤੀਰਥ ਅਸੀਂ ਬਣਾਉਣਾ ਚਾਹੁੰਦੇ ਹਾਂ, ਇਹ ਕਾਰਜ ਤਦ ਹੀ ਸੰਪੂਰਣ ਹੋਵੇਗਾ ਜੇ ਬਹੁਤ ਧਨ ਹੋਵੇ। ਉਹ ਧਨ ਰਾਜਿਆਂ ਦੇ ਪਾਸ ਹੈ, ਇਸ ਕਰਕੇ ਸਿੱਖ ਸੰਗਤ ਜੀ ! ਮੇਰੀ ਗੱਲ ਸੁਣੋ॥ ੯॥

ਨ੍ਰਿਪ ਹਿੰਦੂ ਹੈਂ ਪਰਬਤ ਬਾਸੀ। ਅਪਰ ਨਹੀਂ ਕੋ ਹਮਰੇ ਪਾਸੀ।
ਐਸੋ ਸਿੱਖਜ ਹੋਹਿ ਤੁਮ ਮਾਂਹੀ। ਗਮਨੈ ਕਿਤ ਅਚਲੇਸੁਰ ਪਾਹੀ॥੧੦॥

ਹਿੰਦੂ ਰਾਜੇ ਪਹਾੜਾਂ ਵਿਚ ਰਹਿੰਦੇ ਹਨ, ਹੋਰ ਕੋਈ ਸਾਡੇ ਪਾਸ ਨਹੀਂ ਹੈ। ਤੁਹਾਡੇ ਵਿਚ ਜੇ ਕੋਈ ਅਜਿਹਾ ਸਿੱਖ ਹੋਵੇ ਜਿਹੜਾ ਪਹਾੜੀ ਰਾਜੇ ਦੇ ਪਾਸ ਜਾਵੇ॥ ੧੦॥

ਤਹਿਂ ਤੇ ਦਰਬ ਜਾਇ ਕਰਿ ਲਜਾਵੈ। ਪੁਨ ਗੁਰੁ ਬਚ ਤੇ ਸਰ ਬਨਿਵਾਵੈ'।
ਸੁਨਿ ਸਿੱਖਨ ਕਰ ਜੋਰ ਉਚਾਰਾ। 'ਗੁਰਸਿੱਖੀ ਮਗ ਤਿਨਹੁਂ ਨ ਧਾਰਾ॥੧੧॥

ਉਸ ਰਾਜੇ ਪਾਸੋਂ ਜਾ ਕੇ ਧਨ ਲਿਆਵੇ, ਫਿਰ ਗੁਰੂ ਦੇ ਬਚਨ ਅਨੁਸਾਰ ਸਰੋਵਰ ਬਣਵਾਏ।" ਇਹ ਸੁਣ ਕੇ ਸਿੱਖਾਂ ਨੇ ਉੱਚੀ ਦਿੱਤੀ ਕਿਹਾ, "ਉਨ੍ਹਾਂ ਨੇ ਗੁਰਸਿੱਖੀ ਪੰਥ ਧਾਰਨ ਨਹੀਂ ਕੀਤਾ ਹੈ॥ ੧੧॥

ਨੋਟ:-ਭਾਈ ਵੀਰ ਸਿੰਘ ਅਨੁਸਾਰ ਭਾਈ ਕਲਿਆਣੇ ਦੀ ਕਥਾ ਮਹਿਮਾ ਪ੍ਰਕਾਸ਼ ਵਿਚ ਨਹੀਂ ਹੈ, ਨਾ ਹੀ ਤਵਾਰੀਖ ਗੁਰੂ ਖਾਲਸਾ ਵਿਚ ਹੈ, ਸਾਖੀ ਤਾਂ ਪ੍ਰਚੱਲਤ ਹੈ, ਪਰ ਗੁਰੂ ਜੀ ਨੇ ਉਸ ਨੂੰ ਕੇਵਲ ਧਨ ਲੈਣ ਲਈ ਹੀ ਭੇਜਿਆ ਹੋਵੇ, ਠੀਕ ਨਹੀਂ ਹੈ। ਸਭ ਰਿਧੀਆਂ ਸਿੱਧੀਆਂ ਦੇ ਮਾਲਕ ਗੁਰੂ ਜੀ ਨੂੰ ਧਨ ਦੀ ਕੀ ਪ੍ਰਵਾਹ ਸੀ ? ਇਹ ਹੋ ਸਕਦਾ ਹੈ ਭਾਈ ਕਲਿਆਣਾ ਪ੍ਰਚਾਰ ਵਾਸਤੇ ਪਹਾੜਾਂ ਤੇ ਗਿਆ ਹੋਵੇ ਤੇ ਰਾਜਾ ਸਿੱਖ ਹੋ ਕੇ ਆਇਆ ਹੋਵੇ ਅਤੇ ਸੇਵਾ ਕਰਕੇ ਸੁਭਾਗੀ ਹੋਇਆ ਹੋਵੇ।

ਕੈਸੇ ਦੇਹਿਂ ਦਰਬ ਕੋ ਸੋਈ ?। ਅਜ਼ਮਤਿ ਜਿਨਹੁਂ ਨ ਦੇਖੀ ਕੋਈ।
ਹੋਹਿ ਨੰਮ੍ਰਿ ਕਿਮ ਪੂਜਾ ਕਰੈਂ। ਜਾਵਤ ਗੁਰੁ ਜਸ ਰਿਦੇ ਨ ਧਰੈਂ॥੧੨॥

ਉਹ ਧਨ ਕਿਵੇਂ ਦੇਵੇਗਾ ? ਜਿਸ ਨੇ ਕੋਈ ਕਰਾਮਾਤ ਨਹੀਂ ਵੇਖੀ ਹੈ ਉਹ ਸਨਿੰਮਰ ਹੋ ਕੇ ਪੂਜਾ ਕਿਵੇਂ ਕਰੇਗਾ, ਜਦ ਤਕ ਗੁਰੂ ਜੱਸ ਹਿਰਦੇ ਵਿਚ ਨਾ ਧਾਰਨ ਕੀਤਾ ਹੋਵੇ॥ ੧੨॥

Sri Satguru Jagjit Singh Ji eLlibrary NamdhariElibrary@gmail.com

ਪਾਹਨ ਕੀ ਪੂਜਾ ਮਹਿਂ ਲਾਗੇ। ਕਹੇ ਦਿਜਨ ਕੇ ਤਿਹ ਅਨੁਰਾਗੇ।
ਸ੍ਰੀ ਅਰਜਨ ਪੁਨ ਭਨਜੋ ਸਭਿਨਿ ਮੈਂ। 'ਉੱਦਮ ਕਰਹਿਂ ਜੁ ਤਾਲ ਲਗਨ ਮੈਂ ॥੧੩॥

ਪੱਥਰਾਂ ਦੀ ਪੂਜਾ ਵਿਚ ਲੱਗਾ ਹੋਇਆ ਹੈ, ਪੰਡਿਤਾਂ ਦੇ ਕਹੇ ਨਾਲ ਉਸ ਦਾ ਪ੍ਰੇਮ ਹੈ। ਫਿਰ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਵਿਚ ਕਿਹਾ, "ਜਿਹੜੇ ਵੀ ਸਰੋਵਰ ਦੀ ਉਸਾਰੀ ਵਾਸਤੇ ਉੱਦਮ ਕਰਨਗੇ॥ ੧੩॥

ਤਿਨ ਕੇ ਗੁਰੂ ਹੁਇਂ ਸਦਾ ਸਹਾਈ। ਦੁਹਿਂ ਲੋਕਨ ਮਹਿਂ ਦੇਂ ਵਡਿਆਈ।
ਜਹਾਂ ਕਾਰ ਪਰਿ ਹੈ ਅਸ ਆਇ। ਗੁਰੂ ਹਿਤ ਧਰਿ ਕਰਿ ਦੇ ਪੂਰਵਾਇ ॥੧੪॥

ਉਨ੍ਹਾਂ ਦੇ ਗੁਰੂ ਜੀ ਸਦਾ ਹੀ ਸਹਾਇਕ ਹੋਣਗੇ, ਲੋਕ-ਪਰਲੋਕ ਵਿਚ ਵਡਿਆਈ ਬਖਸ਼ਣਗੇ। ਜਿਥੇ ਵੀ ਅਜੇਹੀ ਕਾਰ ਆ ਪਵੇ ਤਾਂ ਗੁਰੂ ਜੀ ਹਿਤ ਧਾਰਨ ਕਰਕੇ ਕਾਰਜ ਨੂੰ ਪੂਰਾ ਕਰਵਾਉਂਦੇ ਹਨ" ॥ ੧੪॥

ਸਭਾ ਬੀਚ ਇਮ ਬਾਕ ਬਖਾਨਾ। ਹਾਥ ਜੋਰਿ ਕਰਿ ਸਿਖ ਕੱਲਜਾਨਾ।
'ਪ੍ਰਭੁ ਜੀ ਰਾਵਰਿ ਆਇਸੁ ਹੋਇ। ਗਮਨਹਿ ਦਾਸ ਕਰਹਿ ਕ੍ਰਿਤ ਸੋਇ ॥੧੫॥

ਉਸ ਸਮੇਂ ਸਭਾ ਦੇ ਵਿਚ ਇਕ ਕਲਿਆਣੇ ਨਾਂ ਦੇ ਸਿੱਖ ਨੇ ਹੱਥ ਜੋੜ ਕੇ ਇੰਝ ਆਖਿਆ, "ਪ੍ਰਭੂ ਜੀ ! ਜੇ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਆਪ ਦਾ ਸੇਵਕ ਉਥੇ ਜਾਵਾਂਗਾ ਤੇ ਇਹ ਕਾਰਜ ਕਰਾਂਗਾ॥ ੧੫॥

ਰਹਹੁ ਸਹਾਇਕ ਤੁਮ ਸਭਿ ਕਾਲਾ। ਪੂਰਹੁ ਆਪ ਹੂੰ ਕਾਜ ਬਿਸਾਲਾ।
ਬਨੌਂ ਬਹਾਨਾ ਮੈਂ ਚਲਿ ਜਾਊਂ। ਤੁਮਹਿ ਭਰੋਸੇ ਕਰਿ ਕ੍ਰਿਤ ਆਊਂ ॥ ੧੬॥

ਤੁਸੀਂ ਹਰ ਸਮੇਂ ਮੇਰੇ ਸਹਾਇਕ ਰਹੋ ਤੇ ਆਪਣਾ ਵੱਡਾ ਕਾਰਜ ਆਪ ਪੂਰਾ ਕਰੋ। ਮੈਂ ਤਾਂ ਇਕ ਬਹਾਨੇ ਦੇ ਤੌਰ ਤੇ ਜਾਵਾਂਗਾ, ਤੁਹਾਡੇ ਭਰੋਸੇ ਤੇ ਹੀ ਕਾਰਜ ਕਰਕੇ ਆ ਜਾਵਾਂਗਾ" ॥ ੧੬॥

ਇਮ ਕਹਿ ਕਰਿ ਭਾਈ ਕੱਲਜਾਨਾ। ਉੱਦਮ ਕਰਨ ਭਯੋ ਸਵਧਾਨਾ।
ਸ੍ਰੀ ਅਰਜਨ ਕੀ ਆਗਜਾ ਲੈਕੇ। ਗਮਨ ਕੀਨ ਪਗ ਬੰਦਨ ਕੈਕੇ॥ ੧੭॥

ਇਹ ਕਹਿ ਕੇ ਭਾਈ ਕਲਿਆਣਾ, ਉੱਦਮ ਕਰਨ ਵਾਸਤੇ ਸਾਵਧਾਨ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਲੈ ਕੇ ਚਰਨਾਂ ਤੇ ਬੰਦਨਾ ਕਰਕੇ ਚਲਾ ਗਿਆ॥ ੧੭॥

ਉੱਤਰ ਦਿਸ਼ ਕੋ ਸਨਮੁਖ ਕਰਿਕੈ। ਜਾਤਿ ਭਯੋ ਸਤਿਗੁਰੂ ਸਿਮਰਿ ਕੈ।
ਸਨੇ ਸਨੇ ਮੰਡੀ ਚਲਿ ਆਯੋ। ਪੁਰੀ ਪ੍ਰਵੇਸ਼ ਹੇਰਿ ਮਨ ਭਾਯੋ॥ ੧੮॥

ਉੱਤਰ ਦਿਸ਼ਾ ਨੂੰ ਸਾਹਮਣੇ ਰੱਖ ਕੇ, ਸਤਿਗੁਰੂ ਜੀ ਦਾ ਸਿਮਰਨ ਕਰਕੇ ਜਾ ਰਿਹਾ ਸੀ। ਹੌਲੀ-ਹੌਲੀ ਮੰਡੀ ਰਿਆਸਤ ਵਿਚ ਚਲ ਕੇ ਆ ਗਿਆ। ਨਗਰ ਵਿਚ ਪ੍ਰਵੇਸ਼ ਕੀਤਾ ਤੇ ਨਗਰੀ ਵੇਖ ਕੇ ਮਨ ਨੂੰ ਚੰਗੀ ਲੱਗੀ॥ ੧੮॥

ਨਿਜ ਸੁਖ ਪਿਖਿ ਥਲ ਡੇਰਾ ਕੀਨ। ਨਿਸ ਮਹਿਂ ਕਰਿ ਬਿਸਰਾਮੁ ਪ੍ਰਬੀਨ।
ਚਿਤਵਹਿ ਚਿਤ ਮਹਿਂ ਅਨਿਕ ਉਪਾਇ। 'ਕਿਮ ਗੁਰੁ ਕੋ ਮਾਨਹਿ ਨਰਰਾਇ ॥੧੯॥

ਆਪਣਾ ਸੁਖ ਵੇਖ ਕੇ ਇਕ ਥਾਂ ਡੇਰਾ ਕਰ ਲਿਆ ਅਤੇ ਰਾਤ ਨੂੰ ਚੰਗੀ ਤਰ੍ਹਾਂ ਆਰਾਮ ਕੀਤਾ। ਆਪਣੇ ਮਨ ਵਿਚ ਅਨੇਕ ਪ੍ਰਕਾਰ ਦੇ ਉਪਾਅ ਸੋਚ ਰਿਹਾ ਸੀ, "ਮਨੁੱਖਾਂ ਦਾ ਰਾਜਾ ਗੁਰੂ ਜੀ ਨੂੰ ਕਿਵੇਂ ਮੰਨੇ ?॥ ੧੯॥

Sri Satguru Jagjit Singh Ji eLlibrary NamdhariElibrary@gmail.com

ਜਿਸ ਤੇ ਅਰਪਹਿ ਦਰਬ ਬਿਸਾਲ। ਸੁੰਦਰ ਬਨਹਿ ਸੰਪੂਰਨ ਤਾਲ।
ਕਾਰਜ ਮਹਾਂ ਹੋਇ ਉਪਕਾਰੂ। ਮਮ ਆਵਨਿ ਹੁਇ ਸਫਲੁ ਉਦਾਰੂ ॥ ੨੦ ॥

ਜਿਸ ਕਰਕੇ ਵਿਸ਼ਾਲ ਧਨ ਅਰਪਣ ਕਰੇ ਅਤੇ ਸੁੰਦਰ ਸਰੋਵਰ ਬਣ ਜਾਵੇ। ਮਹਾਂ ਉਪਕਾਰ ਦਾ ਕਾਰਜ ਪੂਰਾ ਹੋਵੇ ਅਤੇ ਮੇਰਾ ਏਥੇ ਆਉਣਾ ਸਫਲ ਹੋਵੇ" ॥ ੨੦ ॥

ਕਿਤਿਕ ਦਿਵਸ ਤਹਿਂ ਬਸਤਿ ਬਿਤਾਏ। ਮਿਲਿਨ ਭੂਪ ਕੋ ਘਾਤਿ ਨ ਪਾਏ।
ਜਨਮ ਅਸ਼ਟਮੀ ਕੋ ਦਿਨ ਆਵਾ। ਨਗਰ ਸਗਰ ਨਰ ਬਰਤ ਰਖਾਵਾ ॥ ੨੧ ॥

ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ, ਰਾਜੇ ਨੂੰ ਮਿਲਣ ਦਾ ਮੌਕਾ ਨਾ ਪਾਇਆ। ਫਿਰ ਜਨਮ ਅਸ਼ਟਮੀ ਦਾ ਤਿਉਹਾਰ ਆਇਆ, ਸਾਰੀ ਨਗਰੀ ਨੂੰ ਵਰਤ ਰਖਾਇਆ ॥ ੨੧ ॥

ਨ੍ਰਿਪ ਕੀ ਆਗਜਾ ਪੁਰਿ ਮਹਿਂ ਹੋਈ। 'ਠਾਕਰ ਬਰਤ ਰਖਹਿ ਸਭਿ ਕੋਈ।
ਪ੍ਰਾਤ ਭਈ ਤੇ ਸਭਿ ਚਲਿ ਜਾਵਹੁ। ਸਾਲਗਰਾਮ ਦਰਸ ਕੋ ਪਾਵਹੁ ॥ ੨੨ ॥

ਰਾਜੇ ਨੇ ਸਾਰੀ ਨਗਰੀ ਨੂੰ ਇਹ ਹੁਕਮ ਕੀਤਾ, "ਸਾਰੇ ਲੋਕ ਠਾਕੁਰ ਦਾ ਵਰਤ ਰੱਖਣ। ਸਵੇਰ ਹੁੰਦਿਆਂ ਹੀ ਸਾਰੇ ਚਲ ਕੇ ਜਾਵੋ ਤੇ ਸਾਲਗਰਾਮ ਦੇ ਦਰਸ਼ਨ ਪਾਵੋ ॥ ੨੨ ॥

ਚਰਣਾਮ੍ਰਿਤ ਤੇ ਬਰਤ ਉਪਾਰਹੁ। 'ਕ੍ਰਿਸ਼ਨ ਕ੍ਰਿਸ਼ਨ' ਮੁਖ ਨਾਮ ਸੰਭਾਰਹੁ'।
ਪੁਰਿ ਨਰ ਸਭਿਨਿ ਕਰੀ ਕ੍ਰਿਤ ਸੋਈ। ਭੋਜਨ ਕਰਤਿ ਭਯੋ ਨਹਿਂ ਕੋਈ ॥ ੨੩ ॥

ਚਰਣਾਮ੍ਰਿਤ ਲੈ ਕੇ ਵਰਤ ਤੋੜੋ ਤੇ 'ਕ੍ਰਿਸ਼ਨ ਕ੍ਰਿਸ਼ਨ' ਨਾਮ ਮੁੱਖ ਤੋਂ ਬੋਲੋ। ਨਗਰ ਦੇ ਸਾਰੇ ਮਨੁੱਖਾਂ ਨੇ ਇਹੋ ਕ੍ਰਿਤ ਕੀਤੀ, ਕਿਸੇ ਨੇ ਵੀ ਭੋਜਨ ਨਾ ਛੱਕਿਆ ॥ ੨੩ ॥

ਜਾਗ੍ਰਨ ਕੀਨਿ ਜਾਮਨੀ ਸਾਰੀ। ਉਤਸਵ ਹੋਯਸਿ ਪੁਰੀ ਮਝਾਰੀ।
ਪ੍ਰਾਤਿ ਭਈ ਸਭਿ ਠਾਕੁਰ ਦ੍ਵਾਰੇ। ਚਰਣਾਮ੍ਰਿਤ ਲੇ ਮੁਖ ਮਹੁਂ ਧਾਰੇ ॥ ੨੪ ॥

ਸਾਰੀ ਰਾਤ ਜਗਰਾਤਾ ਕੀਤਾ, ਸਾਰੀ ਨਗਰੀ ਵਿਚ ਵੱਡਾ ਉਤਸਵ ਹੋਇਆ। ਸਵੇਰ ਹੁੰਦਿਆਂ ਹੀ ਸਭ ਠਾਕਰਦਵਾਰੇ ਗਏ, ਚਰਣਾਮ੍ਰਿਤ ਲੈ ਕੇ ਮੂੰਹ ਵਿਚ ਪਾਇਆ ॥ ੨੪ ॥

ਜਥਾ ਜੋਗ ਕੀਨਸਿ ਨਰ ਸਭਿਹੂੰ। ਗੁਰੁ ਕੇ ਸਿੱਖ ਨ ਮਾਨੀ ਤਬਿਹੂੰ।
ਨਹਿਂ ਬ੍ਰਤ ਕੀਨ ਨ ਮੰਦਰ ਗਯੋ। ਨਹਿਂ ਚਰਣਾਮ੍ਰਿਤ ਧਾਰਨ ਕਯੋ ॥ ੨੫ ॥

ਯਥਾ-ਯੋਗ ਸਭ ਮਨੁੱਖਾਂ ਨੇ ਕੀਤਾ, ਪਰ ਗੁਰੂ ਜੀ ਦੇ ਸਿੱਖ ਨੇ ਤਦ ਰਾਜੇ ਦਾ ਹੁਕਮ ਨਾ ਮੰਨਿਆ। ਨਾ ਹੀ ਉਸ ਵਰਤ ਰਖਿਆ ਅਤੇ ਨਾ ਹੀ ਮੰਦਰ ਵਿਚ ਗਿਆ ਅਤੇ ਨਾ ਹੀ ਚਰਣਾਮ੍ਰਿਤ ਲਈ ॥ ੨੫ ॥

ਜਾਮ ਜਾਮਨੀ ਕਰਹਿ ਸ਼ਨਾਨ। ਪਠਹਿ ਗੁਰੁ ਕੇ ਸਬਦ ਮਹਾਨ।
ਭੋਜਨ ਅਲਪ ਅਚਹਿ ਇਕ ਕਾਲੁ। ਸਤਿਗੁਰ ਸਿਮਰਹਿ ਸ਼ਰਧਾ ਨਾਲੁ ॥ ੨੬ ॥

ਇਕ ਪਹਿਰ ਰਹਿੰਦਿਆਂ ਇਸ਼ਨਾਨ ਕੀਤਾ, ਅਤੇ ਗੁਰੂ ਜੀ ਦੇ ਮਹਾਨ ਸ਼ਬਦਾਂ ਦਾ ਪਾਠ ਕੀਤਾ। ਇਕ ਸਮੇਂ ਥੋੜ੍ਹਾ ਭੋਜਨ ਛੱਕਿਆ ਅਤੇ ਬੜੀ ਸ਼ਰਧਾ ਨਾਲ ਸਤਿਗੁਰੂ ਜੀ ਨੂੰ ਯਾਦ ਕੀਤਾ ॥ ੨੬ ॥

Sri Satguru Jagjit Singh Ji eLlibrary NamdhariElibrary@gmail.com

ਨਿਕਟ ਜਿ ਨਰ ਪਿਖਿ ਕਰਿ ਤਿਸ ਚਾਲੀ। ਬੂਝਯੋ 'ਬਰਤ ਨ ਕੀਨਸਿ ਕਾਲੀ?।
ਆਜ ਨ ਗਮਨਯੋ ਠਾਕੁਰ ਦ੍ਵਾਰੇ ?। ਨਹਿਂ ਚਰਣਾਂਮ੍ਰਿਤ ਲੀਨ ਸਕਾਰੇ ?' ॥੨੭॥

ਜਿਹੜੇ ਮਨੁੱਖ ਉਸ ਦੇ ਪਾਸ ਰਹਿੰਦੇ ਸਨ, ਉਨ੍ਹਾਂ ਨੇ ਭਾਈ ਕਲਿਆਣੇ ਦੀ ਇਹ ਰੀਤ ਵੇਖ ਕੇ ਪੁੱਛਿਆ, "ਤੂੰ ਕਲ੍ਹ ਵਰਤ ਕਿਉਂ ਨਹੀਂ ਰਖਿਆ ? ਅੱਜ ਠਾਕੁਰਦਵਾਰੇ ਵੀ ਨਹੀਂ ਗਿਆ ਅਤੇ ਨਾ ਹੀ ਸਵੇਰੇ ਚਰਣਾਮ੍ਰਿਤ ਲਈ ਹੈ ?" ॥੨੭॥

ਸੁਨਿ ਸਭਿ ਤੇ ਭਾਈ ਕੱਲਜਾਨਾ। ਮਧੁਰ ਬਾਕ ਤਿਨ ਸੰਗ ਬਖਾਨਾ।
'ਪੁਰਖ ਜਾਗਤੋ ਠਾਕੁਰ ਮੇਰੋ। ਜੋ ਬੋਲੇ ਸੁਖ ਦੇਤਿ ਘਨੇਰੋ॥ ੨੮॥

ਉਨ੍ਹਾਂ ਸਭ ਪਾਸੋਂ ਇਹ ਸੁਣ ਕੇ ਭਾਈ ਕਲਿਆਣੇ ਨੇ ਉਨ੍ਹਾਂ ਨੂੰ ਇੰਝ ਮਿੱਠੇ ਬਚਨ ਕਹੇ, "ਮੇਰੇ ਠਾਕਰ ਜੀਉਂਦੇ-ਜਾਗਦੇ ਮਹਾਂਪੁਰਖ ਹਨ, ਜਿਹੜੇ ਆਪਣੇ ਬਚਨ ਬੋਲ ਕੇ ਬਹੁਤ ਸੁਖ ਦਿੰਦੇ ਹਨ॥ ੨੮॥

ਪਾਹਨ ਜੜ੍ਹ ਕੀ ਸੇਵਾ ਬਾਦਿ। ਖਾਇ ਨ ਬੋਲਹਿ ਨਹਿਂ ਅਹਿਲਾਦਿ।
ਤੁਮ ਕਬਿ ਕਬਿ ਬ੍ਰਤ ਧਾਰਨ ਕਰੋ। ਮਹਾਂ ਬਿਕਾਰਨ ਕੋ ਪਰਹਰੋ॥ ੨੯॥

ਨਿਰਜੀਵ ਪੱਥਰਾਂ ਦੀ ਸੇਵਾ ਕਰਨੀ ਫਜ਼ੂਲ ਹੈ, ਨਾ ਇਹ ਪੱਥਰ ਕੁਝ ਖਾਂਦੇ ਹਨ, ਨਾ ਬੋਲਦੇ ਹਨ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਆਨੰਦ ਹੀ ਦਿੰਦੇ ਹਨ। ਤੁਸੀਂ ਕਦ੍ਹ ਕਦ ਵਰਤ ਧਾਰਨ ਕਰੋਗੇ ਇਸ ਮਹਾਂ ਵਿਕਾਰ ਨੂੰ ਦੂਰ ਕਰੋ॥ ੨੯॥

ਹਮਰੇ ਗੁਰੁ ਕੇ ਸਿਖ ਹੈਂ ਜੇਈ। ਅਲਪ ਅਹਾਰ ਬਰਤਿ ਨਿਤ ਸੇਈ।
ਕਾਮ ਕ੍ਰੋਧ ਕੋ ਸੰਜਮੁ ਸਦਾ। ਪ੍ਰਭੁ ਸਿਮਰਨ ਮੈਂ ਲਾਗਯੋ ਰਿਦਾ ॥੩੦॥

ਸਾਡੇ ਗੁਰੂ ਜੀ ਦੇ ਜਿਹੜੇ ਸਿੱਖ ਹਨ, ਥੋੜਾ ਭੋਜਨ ਛਕ ਕੇ ਸਦਾ ਹੀ ਵਰਤ ਰੱਖਦੇ ਹਨ। ਕਾਮ ਕ੍ਰੋਧ ਵਿਚ ਸਦਾ ਸੰਜਮ ਰੱਖਦੇ ਹਨ ਅਤੇ ਆਪਣੇ ਹਿਰਦੇ ਨੂੰ ਪ੍ਰਭੂ ਦੇ ਸਿਮਰਨ ਵਿਚ ਲਾਈ ਰੱਖਦੇ ਹਨ॥ ੩੦॥

ਇੱਤਜਾਦਿਕ ਸੁਨਿਕੈ ਨਰ ਸਾਰੇ। ਹਸਹਿਂ ਪਰਸਪਰ ਤਰਕ ਉਚਾਰੇਂ।
'ਇਹ ਮੂਰਖ ਕਛੁ ਜਾਨੈ ਨਾਂਹੀ। ਸਾਲਗਰਾਮ ਨਿੰਦ ਕੋ ਪਾਹੀ॥ ੩੧॥

ਇਤਿਆਦਿ ਗੱਲਾਂ ਸੁਣ ਕੇ ਸਾਰੇ ਮਨੁੱਖ ਹੱਸਦੇ ਸਨ ਤੇ ਆਪਸ ਵਿਚ ਤਰਕ ਦੀਆਂ ਗੱਲਾਂ ਕਰਦੇ ਸਨ, "ਇਹ ਮੂਰਖ ਕੁਝ ਨਹੀਂ ਜਾਣਦਾ, ਸਾਲਗਰਾਮ ਦੀ ਨਿੰਦਿਆ ਕਰਦਾ ਹੈ॥ ੩੧॥

ਪਾਹਨ ਕੇਰ ਸਮਾਨ ਬਖਾਨਹਿ। ਨਹਿਂ ਮਹਿਮਾ ਕੋ ਮਨ ਮਹਿਂ ਮਾਨਹਿ।
ਬਿਦਤ ਬਾਤ ਪੁਰਿ ਮੈਂ ਭਈ ਸਾਰੇ। ਮਹਿਪਾਲਕ ਢਿਗ ਜਾਇ ਉਚਾਰੇ॥ ੩੨॥

ਪੱਥਰ ਦੇ ਬਰਾਬਰ ਕਹਿੰਦਾ ਹੈ, ਉਸ ਦੀ ਮਹਿਮਾ ਨੂੰ ਮਨ ਵਿਚ ਮੰਨਦਾ ਨਹੀਂ ਹੈ।" ਸਾਰੇ ਨਗਰ ਵਿਚ ਇਹ ਗੱਲ ਮਸ਼ਹੂਰ ਹੋ ਗਈ। ਕੁਝ ਲੋਕਾਂ ਨੇ ਇਸ ਬਾਰੇ ਰਾਜੇ ਨੂੰ ਜਾ ਕੇ ਦੱਸਿਆ॥ ੩੨॥

'ਏਕ ਬਿਦੇਸ਼ੀ ਨਰ ਪੁਰਿ ਆਯੋ। ਹਿੰਦੂ ਜਨਮ ਉਰ ਧਰਮ ਨ ਭਾਯੋ।
ਸਾਲਗਰਾਮਹਿਂ ਤਰਕ ਕਰੰਤਾ। ਕਹਿ 'ਪਾਥਰ, ਬ੍ਰਤ ਨਹੀਂ ਧਰੰਤਾ' ॥ ੩੩॥

ਇਕ ਵਿਦੇਸ਼ੀ ਬੰਦਾ ਨਗਰ ਵਿਚ ਆਇਆ ਹੈ, ਜਨਮ ਤੋਂ ਹਿੰਦੂ ਹੈ, ਪਰ ਹਿੰਦੂ ਧਰਮ ਉਸ ਨੂੰ ਚੰਗਾ ਨਹੀਂ ਲੱਗਦਾ ਹੈ। ਸਾਲਗਰਾਮ ਨੂੰ ਮੰਨਣ ਵਿਚ ਹੁਜਤਾਂ ਕਰਦਾ ਹੈ। ਕਹਿੰਦਾ ਹੈ, "ਪੱਥਰ ਵਰਤ ਨਹੀਂ ਰੱਖਦੇ ਹਨ" ॥ ੩੩॥

ਗੁਰੂ ਗੁਰੂ ਜਪਹਿ, ਨ ਮਾਨਹਿਂ ਆਨ। ਤੁਮਰੀ ਆਗਜਾ ਧਰੀ ਨ ਕਾਨਿ।
ਨਿਰਭੈ ਬੋਲਤਿ ਸਭਿਕੇ ਸਾਥ। ਮਨਹੁਂ ਮੁਕਤਿ ਪਾਈ ਇਨ ਹਾਥ' ॥ ੩੪ ॥

'ਗੁਰੂ ਗੁਰੂ' ਜਪਦਾ ਹੈ ਤੇ ਹੋਰ ਕਿਸੇ ਨੂੰ ਮੰਨਦਾ ਨਹੀਂ ਹੈ, ਉਸ ਨੇ ਤੁਹਾਡੀ ਆਗਿਆ ਨੂੰ ਆਪਣੇ ਕੰਨਾਂ ਵਿਚ ਨਹੀਂ ਧਾਰਨ ਕੀਤਾ ਹੈ। ਨਿਰਭੈ ਹੋ ਕੇ ਸਭ ਨਾਲ ਬੋਲਦਾ ਹੈ, ਮਾਨੋਂ ਇਸ ਨੇ ਮੁਕਤੀ ਆਪਣੇ ਹੱਥ ਵਿਚ ਫੜੀ ਹੈ॥ ੩੪ ॥।

ਇੱਤਜਾਦਿਕ ਨ੍ਰਿਪ ਸੁਨਿਕੈ ਕ੍ਰੋਧਾ। ਕਹਜੋ 'ਬੁਲਾਵਹੁ ਕਜਾ ਤਿਸ ਬੋਧਾ ?।
ਕਿਮ ਦੁਰਮਤਿ ਕੋ ਧਰਿ ਕਰਿ ਕਹੈ। ਬਿਨ ਠਾਕੁਰ ਤਿਹਿਂ ਕੋ ਗੁਰੁ ਅਹੈ ?' ॥੩੫ ॥

ਲੋਕਾਂ ਦੀਆਂ ਇਤਿਆਦਿ ਗੱਲਾਂ ਸੁਣ ਕੇ ਰਾਜਾ ਗੁੱਸੇ ਵਿਚ ਆ ਗਿਆ, ਕਹਿਣ ਲੱਗਾ, "ਉਸ ਨੂੰ ਬੁਲਾਵੋ, ਵੇਖੀਏ ਉਸ ਵਿਚ ਕਿਹੜਾ ਗਿਆਨ ਹੈ ?" ਕਿਵੇਂ ਭੈੜੀ ਮੱਤ ਧਾਰਨ ਕਰਕੇ ਕਹਿੰਦਾ ਹੈ, ਠਾਕੁਰ ਤੇ ਬਗੈਰ, ਉਸ ਦਾ ਗੁਰੂ ਕਿਹੜਾ ਗੁਰੂ ਹੈ ?॥ ੩੫॥

ਇਕ ਨਰ ਆਇ ਹਕਾਰਜੋ ਤਾਂਹੀ। ਲੇ ਕਰਿ ਸੰਗ ਗਯੋ ਨ੍ਰਿਪ ਪਾਹੀ।
ਕਰਿ ਬੰਦਨ ਬੈਠਜੋ ਢਿਗ ਜਾਇ। ਜਿਸ ਥਲ ਸਭਾ ਲੋਕ ਸਮੁਦਾਇ॥ ੩੬ ॥

ਇਕ ਮਨੁੱਖ ਉਸ ਨੂੰ ਬੁਲਾਉਣ ਵਾਸਤੇ ਆਇਆ ਅਤੇ ਨਾਲ ਲੈ ਕੇ ਰਾਜੇ ਦੇ ਪਾਸ ਚਲਾ ਗਿਆ। ਭਾਈ ਕਲਿਆਣਾ ਬੰਦਨਾ ਕਰਕੇ ਪਾਸ ਬੈਠ ਗਿਆ, ਜਿਥੇ ਸਾਰੇ ਲੋਕ ਇਕੱਠੇ ਹੋਏ ਸਨ॥ ੩੬॥

ਪਿਖਿ ਮਹਿਪਾਲਕ ਰਿਸ ਕਰਿ ਕਹੈ। 'ਭੋ ਨਰ ! ਕੌਨ ਦੇਸ਼ ਤੂੰ ਰਹੈਂ ?।
ਕਿਸ ਗੁਰ ਨੇ ਤੋ ਕਹੁ ਉਪਦੇਸ਼ਾ ?। ਕੌਨ ਧਰਮ ਕੋ ਧਾਰਜੋ ਬੇਸਾ ?' ॥ ੩੭ ॥

ਭਾਈ ਕਲਿਆਣੇ ਨੂੰ ਵੇਖ ਕੇ ਰਾਜਾ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਹੇ ਮਨੁੱਖ ! ਤੂੰ ਕਿਹੜੇ ਦੇਸ਼ ਵਿਚ ਰਹਿੰਦਾ ਹੈਂ, ਕਿਸ ਗੁਰੂ ਨੇ ਤੈਨੂੰ ਉਪਦੇਸ਼ ਦਿੱਤਾ ਹੈ ? ਕਿਸ ਧਰਮ ਦਾ ਤੂੰ ਵੇਸ ਧਾਰਨ ਕੀਤਾ ਹੈ ?" ॥ ੩੭ ॥

ਸੁਨਿਕੈ ਤਬਿ ਕੱਲਜਾਨਾ ਭਾਈ। ਕਹੀ ਗਾਥ ਨ੍ਰਿਪ ਕੇ ਅਗੁਵਾਈ।
'ਸ਼੍ਰੀ ਨਾਨਕ ਜਗ ਬਿਦਤਿ ਬਿਸਾਲਾ। ਤਿਨ ਗਾਦੀ ਊਪਰ ਇਸ ਕਾਲਾ ॥੩੮ ॥

ਇਹ ਸੁਣਕੇ ਭਾਈ ਕਲਿਆਣੇ ਨੇ ਰਾਜੇ ਦੇ ਸਾਹਮਣੇ ਸਾਰੀ ਗਾਥਾ ਸੁਣਾਈ, "ਗੁਰੂ ਨਾਨਕ ਦੇਵ ਜੀ ਜਗਤ ਵਿਚ ਬੜੇ ਮਸ਼ਹੂਰ ਅਵਤਾਰ ਹੋਏ ਹਨ, ਇਸ ਸਮੇਂ ਉਨ੍ਹਾਂ ਦੀ ਗੱਦੀ ਉਤੇ ਇਹ ਗੁਰੂ ਜੀ ਬੈਠੇ ਹਨ॥ ੩੮॥

ਸ੍ਰੀ ਗੁਰ ਅਰਜਨ ਪੂਰਨ ਅਹੈਂ। ਤਿਨ ਕੇ ਸਿਖ ਹਮੁ ਬਾਂਛਤਿ ਲਹੈਂ।
ਦੁਹਿ ਲੋਕਨ ਸੁਖ ਦੇਂ ਉਪਦੇਸ਼। ਤਿਨ ਕੀ ਬਾਨੀ ਪਠਹਿਂ ਹਮੇਸ਼॥ ੩੯ ॥

ਸ੍ਰੀ ਗੁਰੂ ਅਰਜਨ ਦੇਵ ਜੀ ਪੂਰਨ ਸਤਿਗੁਰੂ ਬੈਠੇ ਹਨ, ਉਨ੍ਹਾਂ ਦੇ ਸਿੱਖ ਅਸੀਂ ਮੂੰਹ-ਮੰਗੀਆਂ ਮੁਰਾਦਾਂ ਪਾਉਂਦੇ ਹਾਂ। ਉਹ ਉਪਦੇਸ਼ ਦੇ ਕੇ ਲੋਕ-ਪਰਲੋਕ ਦਾ ਸੁਖ ਦਿੰਦੇ ਹਨ, ਉਨ੍ਹਾਂ ਦੀ ਬਾਣੀ ਅਸੀਂ ਸਦਾ ਪੜ੍ਹਦੇ ਹਾਂ॥ ੩੯ ॥

ਯਾਂਤੇ ਹਮ ਪਾਹਨ ਨਹਿਂ ਮਾਨਹਿਂ। ਦੇਖਹਿ, ਸੁਨਹਿ, ਨ ਖਾਇ, ਬਖਾਨਹਿ।
ਕਜਾ ਪ੍ਰਸੰਨ ਹੁਇ ਤਿਸ ਨੇ ਦੇਨਾ। ਤਾਂਕੀ ਸੇਵ ਕਰੇ ਕਜਾ ਲੇਨਾ॥ ੪੦ ॥

ਇਸ ਕਰਕੇ ਅਸੀਂ ਪੱਥਰਾਂ ਨੂੰ ਨਹੀਂ ਮੰਨਦੇ, ਨਾ ਵੇਖਦੇ ਹਾਂ, ਨਾ ਸੁਣਦੇ ਹਾਂ, ਨਾ ਖਾਂਦੇ ਹਾਂ ਅਤੇ ਨਾ ਹੀ ਇਸ ਬਾਰੇ ਕੁਝ ਕਹਿੰਦੇ ਹਾਂ। ਇਨਾਂ ਪੱਥਰਾਂ ਨੇ ਕੀ ਪ੍ਰਸੰਨਤਾ ਦੇਣੀ ਹੈ, ਉਨ੍ਹਾਂ ਦੀ ਸੇਵਾ ਕਰਕੇ ਕੋਈ ਕੀ ਲੈ ਲਵੇਗਾ॥ ੪੦॥

Sri Satguru Jagjit Singh Ji eLlibrary NamdhariElibrary@gmail.com

ਜੋ ਸਭਿ ਜੀਵਨ ਕੋ ਹੈ ਜੀਵ। ਜਿਸ ਅਲੰਬ ਚੇਤਨਤਾ ਥੀਵ।
ਸਗਰੇ ਜਗ ਕੋ ਜੋ ਨਿਜ ਦਾਤਾ। ਸੋ ਤੁਮਨੇ ਪਾਹਨ ਕਰਿ ਜਾਤਾ॥ ੪੧॥

ਜੋ ਸਭ ਜੀਵਾਂ ਨੂੰ ਜੀਵਨ ਦਿੰਦਾ ਹੈ ਅਤੇ ਚੇਤਨਤਾ ਦਾ ਆਸਰਾ ਹੈ, ਸਾਰੇ ਜਗਤ ਦਾ ਜੋ ਦਾਤਾ ਹੈ, ਉਸ ਨੂੰ ਤੁਸੀਂ ਪੱਥਰ ਕਰਕੇ ਜਾਣਦੇ ਹੋ॥ ੪੧॥

ਜਿਮ ਅਵਨੀ ਸਭਿ ਕੋ ਸੁਲਤਾਨ। ਤਿਸ ਕੋ ਮੂਢ ਕਰਹਿ ਸਨਮਾਨ।
ਘਾਸ ਡਸਾਇ ਬਸਾਵਨਿ ਕੀਆ।'ਆਵਹੁ ਇਹਾਂ ਬੈਠੀਅਹਿ ਮੀਆਂ'॥ ੪੨॥

ਜਿਵੇਂ ਧਰਤੀ ਸਭ ਦਾ ਬਾਦਸ਼ਾਹ ਹੈ, ਮੂਰਖ ਉਸ ਦਾ ਸਨਮਾਨ ਕਰਦਾ ਹੈ, ਘਾਹ ਸੁੱਟ ਕੇ ਵਿਛਾਉਣਾ ਬਣਾਉਂਦਾ ਹੈ ਤੇ ਫਿਰ ਕਹਿੰਦਾ ਹੈ, "ਹੇ ਮੀਆਂ ! ਏਥੇ ਆ ਕੇ ਬੈਠੋ"॥ ੪੨॥

ਤਿਮ ਤੁਮਰੋ ਮਤਿ, ਕਰਹੁ ਵਿਚਾਰਨ। ਪ੍ਰਭੁ ਕੋ ਪਾਹਨ ਕਰਹੁ ਉਚਾਰਨ।
ਰਹਜੋ ਜੁ ਰਮ ਜਲ ਥਲ ਮਹਿਂ ਰਾਮ। ਇਤ ਉਤ ਦੁਹਿ ਲੋਕਨ ਵਿਸ੍ਰਾਮ॥੪੩॥

ਉਸ ਤਰ੍ਹਾਂ ਦਾ ਤੁਹਾਡਾ ਮੱਤ ਹੈ, ਇਸ ਬਾਰੇ ਵਿਚਾਰ ਕਰੋ, ਤੁਸੀਂ ਪ੍ਰਭੂ ਨੂੰ ਪੱਥਰ ਕਹਿੰਦੇ ਹੋ, ਜਿਹੜਾ ਰਾਮ ਜਲ ਥਲ ਵਿਚ ਰਮ ਰਿਹਾ ਹੈ, ਏਥੇ-ਓਥੇ ਦੋ ਲੋਕਾਂ ਵਿਚ ਟਿਕਾਣਾ ਕਰਕੇ ਸਮਾ ਰਿਹਾ ਹੈ॥ ੪੩॥

ਸਰਬ ਚਰਾਚਰ ਮਹਿਂ ਰਹਿ ਬਜਾਪੇ। ਤੀਨਹੁਂ ਕਾਲ ਬਿਖੇ ਥਿਰ ਆਪੇ।
ਤੀਨ ਲੋਕ ਪਤਿ ਮਹਿਦ ਮਹਾਂਨਾ। ਅਪਰ ਨ ਪੱਜਤਿ ਜਾਸੁ ਸਮਾਨਾ॥ ੪੪॥

ਸਭ ਥਾਂ ਸਰਬ ਵਿਆਪਕ ਹੈ, ਤਿੰਨਾਂ ਕਾਲਾਂ ਵਿਚ ਆਪ ਹੀ ਸਥਿਰ ਹੈ, ਤਿੰਨਾਂ ਲੋਕਾਂ ਵਿਚ ਵੱਡਿਆਂ ਤੋਂ ਵੱਡਾ ਹੈ, ਉਸਦੇ ਬਰਾਬਰ ਹੋਰ ਕੋਈ ਨਹੀਂ ਹੈ॥ ੪੪॥

ਲਘੁ ਪਾਹਨ ਮਹਿਂ ਕਲਪਹੁ ਸੋਈ। ਪ੍ਰਭੁ ਪ੍ਰਸੰਨ ਤੁਮ ਪਹਿ ਕਿਮ ਹੋਈ ?।
ਜਾਗਤਿ ਪੁਰਖੁ ਸੁ ਗੁਰੂ ਹਮਾਰੋ। ਸਦਾ ਸਹਾਇਕ ਤਾਂਹਿ ਬਿਚਾਰੋ'॥ ੪੫॥

ਛੋਟੇ ਜਹੇ ਪੱਥਰ ਵਿਚ ਉਸ ਦੀ ਕਲਪਣਾ ਕਰਦੇ ਹੋ, ਫਿਰ ਪ੍ਰਭੂ ਤੁਹਾਡੇ ਤੇ ਪ੍ਰਸੰਨ ਕਿਵੇਂ ਹੋਵੇਗਾ ? ਸਾਡਾ ਜੋ ਗੁਰੂ ਹੈ ਉਹ ਜੀਉਂਦਾ-ਜਾਗਦਾ ਪੁਰਖ ਹੈ, ਉਸ ਨੂੰ ਸਦਾ ਹੀ ਆਪਣਾ ਸਹਾਇਕ ਸਮਝੋ॥ ੪੫॥

*ਦੂਸਰੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

## *ਅਧਿਆਇ ਇਕੱਤੀਵਾਂ*

### *ਰਾਜੇ ਸਮੇਤ ਭਾਈ ਕਲਿਆਣਾ ਅੰਮ੍ਰਿਤਸਰ ਆਇਆ*

ਦੋਹਰਾ- ਕਹੀ ਜਥਾਰਥ ਬਾਰਤਾ ਸੁਨਿਕੈ ਨ੍ਰਿਪ ਅੱਗਜਾਨਿ।
ਰਿਸਜੋ, ਕਹਿਨ ਲਾਗਜੋ ਤਬੈ 'ਉਚਿਤ ਸਜਾਇ ਮਹਾਂਨ॥ ੧॥

ਸੱਚੀ ਵਾਰਤਾ ਸੁਣ ਕੇ ਅਗਿਆਨੀ ਰਾਜਾ ਬਹੁਤ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਤੈਨੂੰ ਮਹਾਨ ਉਚਿਤ ਸਜ਼ਾ ਦਿੱਤੀ ਜਾਵੇਗੀ॥ ੧॥

ਚੌਪਈ- ਕਰਹੁ ਕੈਦ ਇਸ ਤੇ ਮਨਵਾਵਹੁ। ਠਾਕੁਰ ਆਗੈ ਸੀਸ ਨਿਵਾਵਹੁ।
ਨਾਂਹਿ ਤ ਹੋਵਹਿਗੀ ਜਬਿ ਭੋਰ। ਇਸੇ ਸਜ਼ਾਇ ਦੇਯ ਹੈਂ ਘੋਰ' ॥ ੨ ॥

ਇਸ ਨੂੰ ਕੈਦ ਕਰਕੇ ਠਾਕੁਰ ਮੰਨਵਾਵੋ ਅਤੇ ਉਸ ਅੱਗੇ ਇਸ ਦਾ ਸਿਰ ਨਿਵਾਵੋ। ਨਹੀਂ ਤਾਂ ਜਦ ਸਵੇਰ ਹੋਵੇਗੀ ਤਾਂ ਇਸ ਨੂੰ ਭਿਆਨਕ ਸਜ਼ਾ ਦਿੱਤੀ ਜਾਵੇਗੀ॥ ੨ ॥

ਬੰਦੀ ਖਾਨੇ ਮਹਿਂ ਪਹੁੰਚਾਯੋ। ਤਹਿਂ ਗੁਰੁ ਸਿਮਰਤਿ ਸਮਾ ਬਿਤਾਯੋ।
ਭਈ ਭੋਰ ਰਾਜਾ ਉਠਿ ਚਲਾ। ਜਹਿਂ ਠਾਕਰ ਕੋ ਮੰਦਿਰ ਭਲਾ ॥ ੩ ॥

ਕੈਦਖਾਨੇ ਵਿਚ ਪਹੁੰਚਾ ਦਿੱਤਾ, ਓਥੇ ਗੁਰੂ ਜੀ ਦੀ ਯਾਦ ਵਿਚ ਸਮਾਂ ਬਤੀਤ ਕੀਤਾ। ਜਦ ਸਵੇਰ ਹੋਈ ਤਾਂ ਰਾਜਾ ਉੱਠ ਕੇ ਚਲਿਆ, ਜਿਸ ਸਥਾਨ 'ਤੇ ਠਾਕੁਰ ਦਾ ਭਲਾ ਮੰਦਰ ਬਣਿਆ ਸੀ॥ ੩ ॥

ਕਰਿ ਪੂਜਾ ਚੰਦਨ ਚਰਚਾਯੋ। ਚਰਣਾਂਮ੍ਰਿਤਿ ਲੇ ਸੀਸ ਨਿਵਾਯੋ।
ਕਹਜੋ 'ਬਿਦੇਸ਼ੀ ਕੋ ਲੇ ਆਵਹੁ। ਮਮ ਹਦੂਰ ਕਰਿ ਤਿਸਹਿ ਡਰਾਵਹੁ' ॥੪॥

ਪੂਜਾ ਕਰਕੇ ਚੰਦਨ ਦਾ ਛਿੜਕਾ ਕੀਤਾ, ਚਰਣਾਮ੍ਰਿਤ ਲੈ ਕੇ ਸਿਰ ਨਿਵਾਇਆ। ਫਿਰ ਕਿਹਾ, "ਵਿਦੇਸ਼ੀ ਨੂੰ ਲੈ ਆਵੋ, ਮੇਰੇ ਸਾਹਮਣੇ ਲਿਆ ਕੇ ਉਸ ਨੂੰ ਡਰਾਵੋ" ॥ ੪ ॥

ਸੁਨਿ ਚਾਕਰ ਲੇਕਰਿ ਤਿਹ ਆਏ। ਬੋਲਜੋ ਨ੍ਰਿਪ 'ਤੈਂ ਹਿੰਦੂ ਕਹਾਏ।
ਠਾਕੁਰ ਕੋ ਪਾਹਿਨ ਕਹਿ ਜੈਸੇ। ਅਬਹਿ ਸਜ਼ਾਇ ਲੀਜੀਅਹਿ ਤੈਸੇ ॥ ੫ ॥

ਇਹ ਸੁਣ ਕੇ ਨੌਕਰ ਭਾਈ ਕਲਿਆਣੇ ਨੂੰ ਓਥੇ ਲੈ ਆਏ। ਰਾਜੇ ਨੇ ਕਿਹਾ, "ਤੂੰ ਆਪਣੇ ਆਪ ਨੂੰ ਹਿੰਦੂ ਕਹਾਉਂਦਾ ਹੈਂ ਪਰ ਠਾਕੁਰ ਨੂੰ ਪੱਥਰ ਕਹਿੰਦਾ ਹੈਂ, ਹੁਣ ਉਸ ਤਰ੍ਹਾਂ ਹੀ ਸਜ਼ਾ ਪ੍ਰਾਪਤ ਕਰੋ॥ ੫ ॥

ਨਾਂਹਿ ਤ ਕਹੁ 'ਮੈਂ ਭੂਲਜੋ ਭਾਰੀ'। ਅਬਿ ਹੂਜੈ ਸਭਿ ਕੈ ਅਨੁਸਾਰੀ'।
ਸੁਨਿ ਕਰਿ ਸਿਖ ਬੋਲਜੋ ਕੱਲਜਾਨਾ। 'ਸ੍ਰੀ ਗੁਰੁ ਅਰਜਨ ਮੋਰ ਮਹਾਂਨਾ॥੬॥

ਨਹੀਂ ਤਾਂ ਇਹ ਕਹੋ, "ਮੈਂ ਭਾਰੀ ਗ਼ਲਤੀ" ਕੀਤੀ ਹੈ। ਹੁਣ ਸਭ ਵਾਂਗ ਹੋ ਜਾਵੋ।" ਇਹ ਸੁਣ ਕੇ ਭਾਈ ਕਲਿਆਣਾ ਸਿੱਖ ਬੋਲਿਆ, "ਸ੍ਰੀ ਗੁਰੂ ਅਰਜਨ ਦੇਵ ਜੀ ਮੇਰੇ ਮਹਾਨ ਗੁਰੂ ਜੀ ਹਨ॥ ੬ ॥

ਤਿਨ ਕੋ ਦਿਯੋ ਸੀਸ ਹੈ ਮੇਰਾ। ਨੰਮ੍ਰਿ ਨ ਕਿਹ ਆਗੈ ਕਿਸ ਬੇਰਾ।
ਤਿਨਹੂੰ ਕੇ ਮੈਂ ਨਿਤ ਅਨੁਸਾਰੀ। ਕਿਮ ਪਾਹਨ ਕੋ ਪ੍ਰਭੁ ਉਚਾਰੀ' ॥ ੭ ॥

ਉਨ੍ਹਾਂ ਨੂੰ ਮੈਂ ਆਪਣਾ ਸੀਸ ਅਰਪਣ ਕੀਤਾ ਹੈ, ਇਹ ਸਿਰ ਹੁਣ ਕਿਸੇ ਅੱਗੇ ਵੀ ਨੀਵਾਂ ਨਹੀਂ ਹੋ ਸਕਦਾ, ਮੈਂ ਸਦਾ ਹੀ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦਾ ਹਾਂ, ਮੈਂ ਪੱਥਰ ਨੂੰ ਕਿਵੇਂ ਪ੍ਰਭੂ ਉਚਾਰਣ ਕਰਾਂ?" ॥ ੭॥

ਰਿਸਜੋ ਭੂਪ 'ਇਹੁ ਡਰਤਿ ਨ ਥੋਰਾ। ਦਿਹੁ ਸਜਾਇ ਮਮ ਨਿਕਟ ਸੁ ਘੋਰਾ।
ਜੰਘ ਏਕ ਇਸ ਕੀ ਟੁਕ ਦੀਜਹਿ। ਅਪਨ ਰਾਜ ਤੇ ਬਾਹਰ ਕੀਜਹਿ' ॥੮॥

ਰਾਜੇ ਨੇ ਬੜਾ ਗੁੱਸਾ ਕੀਤਾ, "ਇਹ ਥੋੜ੍ਹਾ ਵੀ ਨਹੀਂ ਡਰਦਾ ਹੈ, ਇਸ ਨੂੰ ਭਾਰੀ ਸਜ਼ਾ ਦੇਵੋ, ਇਸ ਦੀ ਇਕ ਲੱਤ ਵੱਢ ਦੇਵੋ ਤੇ ਆਪਣੇ ਰਾਜ ਤੋਂ ਬਾਹਰ ਕੱਢ ਦੇਵੋ" ॥੮॥

ਇਮ ਸੁਨਿ ਕੈ ਆਇ ਚੰਡਾਲਾ। ਮਨ ਕੱਲਜਾਨੇ ਗੁਰੂ ਸੰਭਾਲਾ।
'ਅਬਿ ਸਹਾਇ ਕੋ ਸਮੋਂ ਤੁਮਾਰਾ। ਚਲਤਿ ਸਮੈ ਮੁਖਬਾਕ ਉਚਾਰਾ॥ ੯॥

ਇਹ ਸੁਣ ਕੇ ਜਲਾਦ ਆਇਆ, ਭਾਈ ਕਲਿਆਣੇ ਨੇ ਆਪਣੇ ਮਨ ਵਿਚ ਗੁਰੂ ਜੀ ਨੂੰ ਯਾਦ ਕੀਤਾ, "ਹੇ ਗੁਰੂ ਜੀ ਹੁਣ ਤੁਹਾਡੀ ਸਹਾਇਤਾ ਦਾ ਸਮਾ ਆ ਗਿਆ ਹੈ, ਚਲਦੇ ਸਮੇਂ ਤੁਸੀਂ ਆਪਣੇ ਮੁਖ ਤੋਂ ਬਚਨ ਕਹੇ ਸਨ॥ ੯॥

'ਗੁਰੂ ਸਹਾਇ ਹੋਹਿਂ, ਚਲਿ ਜਾਵਹੁ'। ਆਪ ਹਾਥ ਦੈ ਨਾਥ ! ਬਚਾਵਹੁ।
ਜੰਘ ਕਾਟਿਬੇ ਲਗਿ ਜੰਦਾਲ। ਤਤਛਿਨ ਬਿਹਬਲ ਭਯੋ ਨ੍ਰਿਪਾਲ॥ ੧੦॥

"ਗੁਰੂ ਜੀ ਤੁਹਾਡੇ ਸਹਾਇਕ ਹੋਣਗੇ, ਚਲ ਕੇ ਜਾਵੋ।" ਹੇ ਨਾਥ ਗੁਰੂ ਜੀ ! ਹੁਣ ਮੈਨੂੰ ਬਚਾਵੋ"। ਜਦ ਚੰਡਾਲ ਲੱਤ ਕੱਟਣ ਵਾਸਤੇ ਅੱਗੇ ਵਧਿਆ, ਉਸੇ ਵੇਲੇ ਰਾਜਾ ਬਹੁਤ ਬੇਚੈਨ ਹੋ ਗਿਆ॥ ੧੦॥

ਖਰੋ ਹੁਤੋ ਮੂਰਛ ਗਿਰ ਪਰਯੋ। ਮੁਖ ਬਿਬਰਨ ਕੰਪਤ ਤਰਫਰਯੋ।
ਗਹਿ ਅੰਗਨਿ ਕੋ ਨਰਨ ਉਠਾਵਾ। ਨਹਿਂ ਸਰੀਰ ਕੀ ਸੁਧਿ ਬਿਕੁਲਾਵਾ॥੧੧॥

ਖਲੋਤਾ ਹੋਇਆ ਸੀ, ਬੇਹੋਸ਼ ਹੋ ਕੇ ਥੱਲੇ ਡਿਗ ਪਿਆ, ਮੁਖ ਦਾ ਰੰਗ ਫਿਰ ਗਿਆ, ਕੰਬਦਾ ਹੋਇਆ ਤੜਫ ਰਿਹਾ ਸੀ। ਮਨੁੱਖਾਂ ਨੇ ਸਰੀਰ ਤੋਂ ਫੜ ਕੇ ਉਠਾਇਆ, ਸਰੀਰ ਦੀ ਕੋਈ ਸੋਝੀ ਨਾ ਰਹੀ, ਬਹੁਤ ਵਿਆਕੁਲ ਹੋ ਗਿਆ॥ ੧੧॥

ਇਮ ਦੇਖਤਿ ਤਜਾਗਜੋ ਕੱਲਜਾਨਾ। ਨ੍ਰਿਪ ਉਪਚਾਰ ਕਰਹਿਂ ਮਿਲਿ ਨਾਨਾ।
ਸੀਤਲ ਜਲ ਸੁਗੰਧਿ ਬਹੁ ਲਜਾਏ। ਮੰਦ ਮੰਦ ਕਰਿ ਪੌਨ ਝੁਲਾਏ॥ ੧੨॥

ਇਹ ਵੇਖ ਕੇ ਭਾਈ ਕਲਿਆਣੇ ਨੂੰ ਛੱਡ ਦਿੱਤਾ, ਸਾਰੇ ਮਿਲਕੇ ਰਾਜੇ ਦਾ ਇਲਾਜ ਕਰਨ ਲੱਗੇ, ਠੰਡਾ ਜਲ ਤੇ ਬਹੁਤ ਪ੍ਰਕਾਰ ਦੀਆਂ ਸੁਗੰਧੀਆਂ ਲਿਆਏ, ਹੌਲੀ-ਹੌਲੀ ਪੱਖਾ ਝੱਲਦੇ ਸਨ॥੧੨॥

ਤਊ ਨ ਸੁਧਿ ਨ੍ਰਿਪ ਕੇ ਤਨ ਆਈ। ਬਿਹਬਲ ਹੁਇ ਪਰਿਓ ਤਿਸ ਥਾਈਂ।
ਸੁਮਤਿਵੰਤ ਜੇ ਮਾਨਵ ਤਹਾਂ। ਕਰਹਿਂ ਬਿਚਾਰਨ 'ਹੋਯਹੁ ਕਹਾਂ॥ ੧੩॥

ਫਿਰ ਵੀ ਰਾਜੇ ਨੂੰ ਹੋਸ਼ ਨਾ ਆਈ, ਬੇਹੋਸ਼ ਹੋਇਆ ਓਥੇ ਹੀ ਪਿਆ ਰਿਹਾ। ਓਥੇ ਜਿਹੜੇ ਚੰਗੀ ਬੁੱਧੀ ਵਾਲੇ ਮਨੁੱਖ ਸਨ ਵਿਚਾਰ ਕਰਨ ਲੱਗੇ ਕਿ ਕੀ ਹੋਇਆ ਹੈ॥ ੧੩॥

ਹੁਕਮ ਬਿਦੇਸ਼ੀ ਨਰ ਪਰ ਕੀਨ। 'ਏਕ ਜੰਘ ਕੋ ਕੀਜਹਿ ਹੀਨ'।
ਜਬਿ ਜੰਦਾਲ ਗਯੋ ਤਿਸ ਤੀਰ। ਗਿਰਜੋ ਨ੍ਰਿਪਤ ਸੁਧਿ ਨਹੀਂ ਸਰੀਰ॥ ੧੪॥

ਇਕ ਵਿਦੇਸ਼ੀ ਮਨੁੱਖ ਤੇ ਇਹ ਹੁਕਮ ਕੀਤਾ ਸੀ, "ਇਸ ਦੀ ਇਕ ਲੱਤ ਕੱਟ ਦੇਵੋ" ਜਦ ਚੰਡਾਲ ਉਸ ਮਨੁੱਖ ਦੇ ਪਾਸ ਗਿਆ, ਰਾਜਾ ਬੇਹੋਸ਼ ਹੋ ਕੇ ਡਿੱਗ ਪਿਆ ਤੇ ਕੋਈ ਸੋਝੀ ਨਹੀਂ ਰਹੀ ਹੈ॥ ੧੪॥

ਯਾਂਤੇ ਤਿਸਕੋ ਕਰਹੁ ਪ੍ਰਸੰਨ। ਜਿਮ ਸੋ ਕਹੈ ਲੀਜੀਅਹਿ ਮੰਨਿ'।
ਸੁਨਿਕੈ ਸਭਿਨੇ ਨਿਸ਼ਚੈ ਧਰਿਯੋ। 'ਇਮ ਹੀ ਭਈ ਤਾਂਹਿ ਕੁਛ ਕਰਜੋ' ॥੧੫॥

ਇਸ ਕਰਕੇ ਹੁਣ ਉਸ ਮਨੁੱਖ ਨੂੰ ਪ੍ਰਸੰਨ ਕਰੋ, ਜੋ ਵੀ ਉਹ ਕਹਿੰਦਾ ਹੈ ਮੰਨ ਲਈਏ"। ਇਹ ਸੁਣ ਕੇ ਸਾਰਿਆਂ ਨੇ ਨਿਸ਼ਚਾ ਧਾਰਨ ਕੀਤਾ, "ਇਸ ਤਰ੍ਹਾਂ ਹੀ ਹੋਇਆ ਹੈ; ਇਸ ਸਿੱਖ ਨੇ ਹੀ ਕੁਝ ਕੀਤਾ ਹੈ"॥ ੧੫॥

Sri Satguru Jagjit Singh Ji eLlibrary NamdhariElibrary@gmail.com

ਤਬਿ ਮੰਤ੍ਰੀ ਜੋਰੇ ਜੁਗ ਪਾਨਾ। ਗਯੋ ਤੁਰਤ ਜਾਹਿਂ ਥਿਤਿ ਕੱਲਜਾਨਾ।
'ਤੁਮ ਹੋ ਸੰਤ ਰੂਪ ਨਹਿਂ ਜਾਨੇ। ਕਰੀ ਅਵੱਗਯਾ ਤੇ ਪਛੁਤਾਨੇ॥ ੧੬ ॥

ਤਦ ਮੰਤਰੀ ਦੋਵੇਂ ਹੱਥ ਜੋੜ ਕੇ ਉਥੇ ਗਿਆ ਜਿਥੇ ਭਾਈ ਕਲਿਆਣਾ ਖੜਾ ਸੀ, "ਤੁਸੀਂ ਸੰਤ ਰੂਪ ਹੋ ਅਸੀਂ ਜਾਣਿਆ ਨਹੀਂ ਹੈ, ਤੁਹਾਡੀ ਅਵੱਗਿਆ ਕੀਤੀ ਹੈ, ਜਿਸ ਕਰਕੇ ਹੁਣ ਪਛਤਾਉਂਦੇ ਹਾਂ॥ ੧੬ ॥

ਅਬਿ ਬਖਸ਼ਹੁ ਕਰਿ ਛਿਮਾ ਘਨੇਰੀ। ਮਹਿਮਾ ਤੁਮਰੀ ਲਖੀ ਬਡੇਰੀ।
ਕ੍ਰਿਪਾ ਕਰਹੁ ਨ੍ਰਿਪ ਨਿਕਟ ਸਿਧਾਰਹੁ। ਬਿਹਬਲ ਹੋਵਤਿ ਮਰਤਿ ਜਿਵਾਰਹੁ॥੧੭॥

ਹੁਣ ਖਿਮਾ ਕਰਕੇ ਬਖ਼ਸ਼ ਦੇਵੋ, ਤੁਹਾਡੀ ਵੱਡੀ ਮਹਿਮਾ ਵੇਖੀ ਹੈ। ਕਿਰਪਾ ਕਰਕੇ ਰਾਜੇ ਦੇ ਪਾਸ ਜਾਵੋ, ਵਿਆਕੁਲ ਹੋ ਕੇ ਮਰ ਰਿਹਾ ਹੈ, ਉਸ ਨੂੰ ਜੀਵਤ ਕਰੋ॥ ੧੭॥

ਨਾਂਹਿ ਤ ਮ੍ਰਿਤਕ ਨ੍ਰਿਪਤ ਹੁਇ ਜਾਈ। ਉਠਹੁ ਆਪ ਰੱਛਹੁ ਸੁਖਦਾਈ!'।
ਇਮ ਕਹਿ ਨ੍ਰਿਪ ਕੇ ਢਿਗ ਲੇ ਗਏ। ਪਰਜੋ ਬੀਚ ਮਿਲਿ ਨਰ ਗਨ ਭਏ॥੧੮॥

ਨਹੀਂ ਤਾਂ ਰਾਜੇ ਦੀ ਮੌਤ ਹੋ ਜਾਵੇਗੀ। ਹੇ ਸੁਖਦਾਤੇ! ਉਠੋ ਤੇ ਰਖਿਆ ਕਰੋ।" ਇਹ ਕਹਿ ਕੇ ਰਾਜੇ ਦੇ ਪਾਸ ਲੈ ਗਏ, ਜਿਹੜਾ ਮਨੁੱਖਾਂ ਦੇ ਸਮੂਹ ਦੇ ਵਿਚ ਪਿਆ ਸੀ॥ ੧੮॥

ਅਵਲੋਕਤਿ ਕੱਲਜਾਨ ਬਖਾਨਾ 'ਸ੍ਰੀ ਅਰਜਨ ਸਤਿਗੁਰੂ ਮਹਾਂਨਾ।
ਤਿਨ ਕੀ ਸਿੱਖੀ ਧਾਰਨ ਕਰੀਅਹਿ। ਗੁਰ ਸ਼ਰਧਾ ਕੋ ਉਰ ਮਹਿਂ ਧਰੀਅਹਿ॥੧੯॥

ਰਾਜੇ ਨੂੰ ਵੇਖ ਕੇ ਭਾਈ ਕਲਿਆਣੇ ਨੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਮਹਾਨ ਸਤਿਗੁਰੂ ਹਨ, ਉਨ੍ਹਾਂ ਦੀ ਸਿੱਖੀ ਧਾਰਨ ਕਰੋ ਅਤੇ ਗੁਰੂ ਜੀ ਦੀ ਸ਼ਰਧਾ ਨੂੰ ਹਿਰਦੇ ਵਿਚ ਧਾਰਨ ਕਰੋ॥ ੧੯॥

ਕਾਰਨ ਕਰਨ ਤ੍ਰਿਲੋਕੀ ਨਾਥ।ਤਿਨ ਢਿਗ ਚਲਹੁ ਧਰਹੁ ਪਗ ਮਾਥ।
ਸਭਿ ਇਕੱਤ੍ਰ ਹੁਇ ਲਿਹੁ ਸਤਿਨਾਮ। ਤਿਸ ਦਿਸ਼ ਕੋ ਕੀਜਹਿ ਪਰਨਾਮ॥੨੦॥

ਕਾਰਨ ਕਰਨ ਤਿੰਨਾਂ ਲੋਕਾਂ ਦੇ ਨਾਥ ਹਨ, ਉਨ੍ਹਾਂ ਪਾਸ ਚਲੋ ਤੇ ਚਰਨਾਂ ਤੇ ਮੱਥਾ ਧਰੋ। ਸਾਰੇ ਇਕੱਤਰ ਹੋ ਕੇ ਸਤਿਨਾਮ ਦਾ ਉਚਾਰਨ ਕਰੋ ਅਤੇ ਉਸ ਦਿਸ਼ਾ ਵਲ ਪਰਨਾਮ ਕਰੋ॥ ੨੦॥

'ਦਰਸ਼ਨ ਕਰਹਿਂ ਤੁਮਾਰੋ ਆਇ। ਅਬਿ ਨ੍ਰਿਪ ਕੋ ਦਿਹੁ ਕੁਸ਼ਲ ਬਿਠਾਇ'।
ਇਮ ਭਾਈ ਕੱਲਜਾਨੁ ਸਿਖਾਏ। ਹਾਥ ਜੋਰਿ ਸਭਿ ਬਿਨੈ ਅਲਾਏ॥ ੨੧॥

ਅਤੇ ਕਹੋ, "ਤੁਹਾਡੇ ਆ ਕੇ ਦਰਸ਼ਨ ਕਰਾਂਗੇ, ਹੁਣ ਰਾਜੇ ਨੂੰ ਰਾਜ਼ੀ-ਬਾਜ਼ੀ ਕਰਕੇ ਬਿਠਾ ਦੇਵੋ। ਇਸ ਤਰ੍ਹਾਂ ਭਾਈ ਕਲਿਆਣੇ ਨੇ ਉਨ੍ਹਾਂ ਨੂੰ ਸਿਖਿਆ ਦਿੱਤੀ। ਹੱਥ ਜੋੜ ਕੇ ਸਾਰਿਆਂ ਨੇ ਬੇਨਤੀ ਕੀਤੀ॥ ੨੧॥

ਸ੍ਰੀ ਅਰਜਨ ਕੋ ਲੇਕਰਿ ਨਾਮ। ਹਾਥ ਜੋਰ ਸਭਿ ਕੀਨਿ ਪ੍ਰਨਾਮ।
ਪਰਸੇ ਚਰਨ ਸਿੱਖ ਕੱਲਜਾਨਾ। 'ਤੁਮ ਭੀ ਬਿਨਤੀ ਕਰਹੁ ਬਖਾਨਾ'॥ ੨੨॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂ ਲੈ ਕੇ, ਹੱਥ ਜੋੜ ਕੇ ਸਭ ਨੇ ਨਮਸਕਾਰ ਕੀਤੀ ਅਤੇ ਭਾਈ ਕਲਿਆਣੇ ਸਿੱਖ ਦੇ ਚਰਨਾਂ ਨੂੰ ਪਰਸਿਆ, "ਤੁਸੀਂ ਵੀ ਕਹਿ ਕੇ ਬੇਨਤੀ ਕਰੋ"॥ ੨੨॥

ਲੇਕਰਿ ਜਲ ਕਰ ਚਰਨ ਪਖਾਰੇ। ਖਰੋ ਭਯੋ ਅਰਦਾਸ ਉਚਾਰੇ।
'ਸ੍ਰੀ ਗੁਰੂ ਨ੍ਰਿਪ ਕੀ ਰੱਛਾ ਧਾਰੋ। ਦੁਖ ਤੇ ਅਪਨੋ ਜਾਨਿ ਉਧਾਰੋ॥੨੩॥

ਜਲ ਲੈ ਕੇ ਹੱਥ ਪੈਰ ਚੰਗੀ ਤਰ੍ਹਾਂ ਸਾਫ ਕੀਤੇ, ਖੜੇ ਹੋ ਕੇ ਅਰਦਾਸ ਉਚਾਰਨ ਕੀਤੀ, "ਹੇ ਗੁਰੂ ਜੀ ! ਰਾਜੇ ਦੀ ਰੱਖਿਆ ਕਰੋ, ਆਪਣਾ ਜਾਣ ਕੇ ਦੁੱਖ ਤੋਂ ਬਚਾਓ॥ ੨੩॥

ਅਬਿ ਹੋਯੋ ਇਹ ਸ਼ਰਨਿ ਤਿਹਾਰੀ। ਛਿਮਹੁ ਅਵੱਗਜਾ ਕਰੁਨਾ ਧਾਰੀ'।
ਕਰਿ ਅਰਦਾਸ ਨਿਵਾਯੋ ਸੀਸ। ਕੁਛ ਚੇਤਨਤਾ ਭਈ ਮਹੀਸ਼॥੨੪॥

ਹੁਣ ਇਹ ਤੁਹਾਡੀ ਸ਼ਰਨ ਵਿਚ ਹੋਇਆ ਹੈ, ਕਿਰਪਾ ਧਾਰਨ ਕਰਕੇ ਅਵੱਗਿਆ ਨੂੰ ਮੁਆਫ ਕਰੋ।" ਅਰਦਾਸ ਕਰਕੇ ਸਿਰ ਨਿਵਾਇਆ, ਤਦ ਰਾਜੇ ਨੂੰ ਕੁਝ ਹੋਸ਼ ਆਈ॥ ੨੪॥

ਖੁਲੇ ਬਿਲੋਚਨ ਗਹਿ ਬੈਠਾਰਜੋ। 'ਚਲਹੁ ਸਦਨ ਲੇ' ਬਾਕ ਉਚਾਰਜੋ।
'ਨਰ ਪਰਦੇਸੀ ਆਦਰ ਕਰੋ। ਅਸਨ ਬਸਨ ਤਿਸੁ ਆਗੇ ਧਰੋ'॥੨੫॥

ਅੱਖਾਂ ਖੋਲ੍ਹੀਆਂ, ਫੜ ਕੇ ਬਿਠਾ ਦਿੱਤਾ। "ਘਰ ਲੈ ਕੇ ਚਲੋ" ਰਾਜੇ ਨੇ ਕਿਹਾ, "ਇਸ ਪਰਦੇਸੀ ਦਾ ਆਦਰ ਕਰੋ, ਉਸ ਦੇ ਅੱਗੇ ਭੋਜਨ-ਵਸਤਰ ਧਰੋ"॥ ੨੫॥

ਸੁਨਿ ਮੰਤ੍ਰੀ ਜੁਤਿ ਘਰ ਲੇ ਗਏ। ਸਨੇ ਸਨੇ ਉਪਚਾਰਨ ਕਏ।
ਚਿਰੰਕਾਲ ਕੋ ਰੋਗੀ ਜਥਾ। ਖਾਨ ਪਾਨ ਦੀਨਸਿ ਨ੍ਰਿਪ ਤਥਾ॥੨੬॥

ਇਹ ਸੁਣ ਕੇ ਮੰਤਰੀ ਮਿਲ ਕੇ ਘਰ ਲੈ ਗਏ। ਹੌਲੀ-ਹੌਲੀ ਇਲਾਜ ਕੀਤਾ, ਜਿਵੇਂ ਲੰਮੇ ਸਮੇਂ ਦਾ ਰੋਗੀ ਹੋਵੇ, ਉਸ ਤਰ੍ਹਾਂ ਰਾਜੇ ਨੂੰ ਖਾਣ-ਪੀਣ ਦੇ ਭੋਜਨ ਦਿੱਤੇ॥ ੨੬॥

ਕੇਤਿਕ ਦਿਨ ਮਹਿਂ ਕੁਸ਼ਲ ਸਮੇਤ। ਹੋਤਿ ਭਯੋ ਮਹੀਪਾਲ ਸੁਚੇਤ।
ਸਾਦਰ ਤਬਿ ਕੱਲਜਾਨ ਬੁਲਾਯੋ। ਬਿਨੈ ਭਨੀ ਬਹੁ ਉਰ ਹਰਖਾਯੋ॥੨੭॥

ਕੁਝ ਦਿਨਾਂ ਵਿਚ ਰਾਜਾ ਰਾਜ਼ੀ ਖ਼ੁਸ਼ੀ ਅਤੇ ਸੁਚੇਤ ਹੋ ਗਿਆ। ਫਿਰ ਬੜੇ ਆਦਰ ਨਾਲ ਭਾਈ ਕਲਿਆਣ ਨੂੰ ਬੁਲਾਇਆ, ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਬੇਨਤੀ ਕੀਤੀ॥੨੭॥

'ਅਬਿ ਕਿਸ ਥਾਨ ਸਤਿਗੁਰੂ ਰਹੈਂ ?। ਤਿਨ ਕੇ ਦਰਸ ਕਰਨ ਚਿਤ ਚਹੈਂ।
ਲੇ ਕਰਿ ਹਮ ਕੋ ਅਪਨੇ ਸਾਥ। ਕਰਹੁ ਮਿਲਾਵਨ ਸ੍ਰੀ ਗੁਰ ਨਾਥ'॥੨੮॥

"ਹੁਣ ਸਤਿਗੁਰੂ ਜੀ ਕਿਥੇ ਰਹਿੰਦੇ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨੂੰ ਚਿੱਤ ਚਾਹੁੰਦਾ ਹੈ। ਸਾਨੂੰ ਆਪਣੇ ਨਾਲ ਲੈ ਜਾਕੇ ਸ੍ਰੀ ਸਤਿਗੁਰੂ ਜੀ ਦੇ ਨਾਲ ਮਿਲਾਵੋ"॥ ੨੮॥

ਸੁਨਿ ਭਾਈ ਕੱਲਜਾਨ ਬਖਾਨਾ। 'ਮੱਦ੍ਰ ਦੇਸ 'ਗੁਰਕੋ ਚਕ' ਥਾਨਾ।
ਸ੍ਰੀਗੁਰ ਅਮਰਦਾਸ ਢਿਗ ਐਕੈ। ਅਕਬਰ ਸ਼ਾਹੁ ਦਿਯੋ ਹਿਤ ਕੈ ਕੈ॥੨੯॥

ਇਹ ਸੁਣ ਕੇ ਭਾਈ ਕਲਿਆਣ ਨੇ ਕਿਹਾ, "ਪੰਜਾਬ ਵਿਚ 'ਗੁਰੂ ਕਾ ਚੱਕ' ਨਾਂ ਦਾ ਇਕ ਸਥਾਨ ਹੈ ਜਿਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਆ ਕੇ ਅਕਬਰ ਬਾਦਸ਼ਾਹ ਨੇ ਇਹ ਚੱਕ ਬੜੇ ਪ੍ਰੇਮ ਨਾਲ ਦਿੱਤਾ ਸੀ॥ ੨੯॥

Sri Satguru Jagjit Singh Ji eLlibrary NamdhariElibrary@gmail.com

ਚਹੁੰਦਿਸ਼ ਕੇ ਨਰ ਪੂਜਹਿਂ ਜਾਇ। ਸਰਬ ਕਾਮਨਾ ਗੁਰੂ ਤੇ ਪਾਇਂ।
ਭੁਗਤਿ ਮੁਕਤਿ ਕੇ ਦਾਤਾ ਗੁਰੂ। ਧਰਹਿਂ ਭਾਵਨਾ ਕਾਰਜ ਪੂਰੂ॥ ੩੦॥

ਉਥੇ ਚਾਰੇ ਪਾਸਿਆਂ ਤੋਂ ਮਨੁੱਖ ਪੁੱਜਦੇ ਹਨ ਅਤੇ ਆਪਣੀਆਂ ਸਾਰੀਆਂ ਮਨੋ-ਕਾਮਨਾਵਾਂ ਗੁਰੂ ਜੀ ਪਾਸੋਂ ਪ੍ਰਾਪਤ ਕਰਦੇ ਹਨ। ਗੁਰੂ ਜੀ ਮੁਕਤੀ-ਭੁਗਤੀ ਦੇ ਦਾਤਾ ਹਨ, ਜਿਹੜਾ ਵੀ ਕੋਈ ਭਾਵਨਾ ਕਰਦਾ ਹੈ, ਉਸ ਦਾ ਕਾਰਜ ਪੂਰਾ ਹੁੰਦਾ ਹੈ॥ ੩੦॥

ਬਡੇ ਭਾਗ ਜਾਗੇ ਅਬਿ ਤੇਰੇ। ਜਿਸ ਤੇ ਚਹਤਿ ਦਰਸ ਗੁਰ ਹੇਰੇ।
ਦੋਨਹੁਂ ਲੋਕਨ ਕੇ ਸੁਖ ਪਾਵਹੁ। ਚਲਹੁ ਬਨਹੁ ਸਿਖ ਸੀਸ ਨਿਵਾਵਹੁ' ॥ ੩੧ ॥

ਹੁਣ ਤੁਹਾਡੇ ਵੱਡੇ ਭਾਗ ਜਾਗੇ ਹਨ, ਜਿਸ ਕਰਕੇ ਤੁਸਾਂ ਗੁਰੂ ਦੇ ਦਰਸ਼ਨ ਕਰਨਾ ਚਾਹਿਆ ਹੈ। ਲੋਕ-ਪਰਲੋਕ ਦਾ ਸੁਖ ਪਾਵੋਗੇ, ਚਲ ਕੇ ਉਨ੍ਹਾਂ ਦੇ ਸਿੱਖ ਬਣੋ ਤੇ ਉਨ੍ਹਾਂ ਅੱਗੇ ਸਿਰ ਨਿਵਾਓ" ॥ ੩੧ ॥

ਇਮ ਸੁਨਿ ਮਹਿਪਾਲਕ ਵਡਭਾਗਾ। ਗੁਰੂ ਬਿਲੋਕਨ ਕੋ ਅਨੁਰਾਗਾ।
ਸਹਤ ਸੈਨ ਕੇ ਹੋਯਹੁ ਤਯਾਰ। ਚਲਤਿ ਭਯੋ ਮਗ ਮਹਿਂ ਪਗ ਡਾਰਿ ॥ ੩੨ ॥

ਇਹ ਸੁਣ ਕੇ ਵੱਡੇ ਭਾਗਾਂ ਵਾਲੇ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪ੍ਰੇਮ ਜਾਗਿਆ। ਸੈਨਾ ਸਹਿਤ ਤਿਆਰ ਹੋ ਗਿਆ ਅਤੇ ਰਸਤੇ ਵਿਚ ਪੈਰ ਧਰ ਕੇ ਚਲ ਪਿਆ॥ ੩੨ ॥

ਸਨੈ ਸਨੈ ਸੰਗ ਲੇ ਕੱਲਜਾਨਾ। ਆਵਤਿ ਭੇ ਸ਼੍ਰੀ ਸਤਿਗੁਰ ਥਾਨਾ।
ਵਹਿਰ ਪੁਰੀ ਤੇ ਕੀਨਸ ਡੇਰਾ। ਗਜ ਬਾਜੀ ਨਰ ਬ੍ਰਿੰਦ ਬਡੇਰਾ॥ ੩੩ ॥

ਭਾਈ ਕਲਿਆਣ ਹੌਲੀ-ਹੌਲੀ ਨਾਲ ਲੈ ਕੇ ਸਤਿਗੁਰੂ ਜੀ ਦੇ ਸਥਾਨ ਵਲ ਆ ਰਿਹਾ ਸੀ। ਨਗਰ ਦੇ ਬਾਹਰ ਹੀ ਡੇਰਾ ਕੀਤਾ, ਹਾਥੀ, ਘੋੜੇ ਅਤੇ ਮਨੁੱਖਾਂ ਦੇ ਸਮੂਹ ਵੱਡੀ ਗਿਣਤੀ ਵਿਚ ਸਨ॥ ੩੩॥

ਆਛੀ ਵਸਤੂ ਹੇਤ ਉਪਾਇਨ। ਅਰਪਨ ਕੋ ਸਤਿਗੁਰ ਕੇ ਪਾਇਨ।
ਦਾਸੀ ਦਾਸ ਸੰਗ ਰਣਵਾਸ। ਸਭਿ ਸਮੇਤ ਉਤਰਯੋ ਪੁਰਿ ਪਾਸ॥ ੩੪ ॥

ਸਤਿਗੁਰੂ ਜੀ ਦੇ ਚਰਨਾਂ ਤੇ ਭੇਟ ਕਰਨ ਵਾਸਤੇ, ਬਹੁਤ ਵਧੀਆ ਅਤੇ ਕੀਮਤੀ ਉਪਹਾਰ ਲਿਆਂਦੇ ਸਨ, ਦਾਸੀਆਂ, ਦਾਸ ਅਤੇ ਸਾਰੀਆਂ ਰਾਣੀਆਂ ਸਮੇਤ ਨਗਰ ਦੇ ਪਾਸ ਉਤਾਰਾ ਕੀਤਾ॥ ੩੪॥

ਇਮ ਨੀਕੇ ਡੇਰਾ ਕਰਿਵਾਇ। ਮਧੁਰ ਬਾਕ ਤੇ ਨ੍ਰਿਪਤ ਟਿਕਾਇ।
ਪੁਰਿ ਮਹਿਂ ਗਮਨਯੋ ਤਬ ਕੱਲਜਾਨਾ। ਸ਼੍ਰੀ ਅਰਜਨ ਬੈਠੇ ਜਿਸ ਥਾਨਾ॥ ੩੫ ॥

ਇਸ ਤਰ੍ਹਾਂ ਚੰਗੀ ਤਰ੍ਹਾਂ ਡੇਰਾ ਕਰਵਾ ਕੇ ਅਤੇ ਰਾਜੇ ਦੇ ਨਾਲ ਬੜੇ ਮਿੱਠੇ ਬਚਨ ਬੋਲ ਕੇ, ਉਸ ਨੂੰ ਟਿਕਾ ਦਿੱਤਾ। ਫਿਰ ਭਾਈ ਕਲਿਆਣ ਨਗਰ ਵਿਚ ਓਥੇ ਗਿਆ ਜਿਥੇ ਗੁਰੂ ਅਰਜਨ ਦੇਵ ਜੀ ਬੈਠੇ ਸਨ॥ ੩੫॥

ਦੋਨਹੁਂ ਹਾਥ ਜੋਰਿ ਪਗ ਪਰਯੋ। ਦਰਸ਼ਨ ਕਰਯੋ ਮੋਦ ਉਰ ਭਰਯੋ।
ਸ਼੍ਰੀ ਗੁਰ ਕਹਯੋ 'ਆਉ ਕਲਜਾਨਾ!। ਕਰਯੋ ਕਿ ਨਹਿਂ ਉਪਕਾਰ ਮਹਾਂਨਾ ?' ॥੩੬ ॥

ਦੋਵੇਂ ਹੱਥ ਜੋੜ ਕੇ ਚਰਨਾਂ 'ਤੇ ਮੱਥਾ ਟੇਕਿਆ, ਦਰਸ਼ਨ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਭਾਈ ਕਲਿਆਣੇ ਨੂੰ ਵੇਖ ਕੇ ਗੁਰ ਜੀ ਨੇ ਕਿਹਾ, "ਆਓ ਭਾਈ ਕਲਿਆਣਾ! ਵੱਡਾ ਉਪਕਾਰ ਕੀਤਾ ਹੈ ਕਿ ਨਹੀਂ ?" ॥ ੩੬ ॥

ਕਰ ਜੋਰੈ ਤਿਨ ਸਕਲ ਸੁਨਾਈ। ਮਹਾਂਰਾਜ! ਲਜਾਯੋ ਨਰਰਾਈ।
ਆਪ ਸਹਾਇਕ ਹੋਏ ਜਬੈ। ਉਤਕੰਠਤਿ ਹ੍ਵੈ ਆਯਹੁ ਤਬੈ॥ ੩੭॥

ਕਲਿਆਣੇ ਨੇ ਹੱਥ ਜੋੜ ਸਾਰੀ ਗੱਲ ਸੁਣਾਈ, "ਮਹਾਰਾਜ! ਰਾਜੇ ਨੂੰ ਲੈ ਕੇ ਆਇਆ ਹਾਂ, ਜਦ ਆਪ ਜੀ ਨੇ ਮੇਰੀ ਸਹਾਇਤਾ ਕੀਤੀ ਤਾਂ ਬੜੇ ਚਾਅ ਨਾਲ ਆ ਗਿਆ ਹੈ॥ ੩੭॥

ਬਨਿਹ ਸਿੱਖਜ ਰਾਵਰ ਕੋ ਏਹੀ। ਸਰ ਕੀ ਕਾਰ ਸੰਭਾਰਿ ਸੁ ਲੇਹੀ।
ਕ੍ਰਿਪਾ ਕਟਾਛ ਆਪ ਕੋ ਪਾਇ। ਲਖਮੀ ਬਾਸ ਕਰਹਿ ਸਤਿ ਭਾਇ॥ ੩੮॥

ਇਹ ਆਪ ਜੀ ਦੇ ਸਿੱਖ ਬਣਨਗੇ, ਸਰੋਵਰ ਦੀ ਸਾਰੀ ਕਾਰ-ਸੇਵਾ ਸੰਭਾਲ ਲੈਣਗੇ। ਆਪ ਜੀ ਦੀ ਕਿਰਪਾ ਦੀ ਨਜ਼ਰ ਪਾ ਕੇ, ਮਾਇਆ ਸੱਚਾ ਪ੍ਰੇਮ ਕਰਕੇ ਆ ਵੱਸਦੀ ਹੈ॥ ੩੮॥

ਅਪਰਨਿ ਕੋ ਇਕ ਕਰਹੁ ਬਹਾਨਾ। ਸਰ ਹਿਤ ਚਾਹਹੁ ਦਰਬ ਮਹਾਨਾ।
ਤੀਨਹੁੰ ਲੋਕਨ ਕੇ ਤੁਮ ਦਾਨੀ। ਸਾਰ ਸਮਾਰਹੁ ਚਾਰਹੁ ਖਾਨੀ॥*੩੯॥

ਹੋਰਨਾਂ ਨੂੰ ਤਾਂ ਇਕ ਬਹਾਨਾ ਬਣਾਉਂਦੇ ਹੋ, ਸਰੋਵਰ ਵਾਸਤੇ ਬਹੁਤ ਧਨ ਚਾਹੁੰਦੇ ਹੋ। ਤੁਸੀਂ ਆਪ ਤਿੰਨਾਂ ਲੋਕਾਂ ਦੇ ਦਾਤੇ ਹੋ, ਚਾਰੇ ਖਾਣੀਆਂ ਦੀ ਸੁਧ ਸੰਭਾਲਦੇ ਹੋ॥ ੩੯॥

ਜਿਮ ਰਾਵਰ ਕੋ ਉਰ ਮਹਿ ਭਾਵਹਿ। ਤਿਮ ਤੁਮ ਕਰਹੁ, ਨ ਕੋ ਉਲਟਾਵਹਿ।
ਸਤਿ ਸੰਕਲਪ ਚਹੋ ਤਿਮ ਹੋਇ। ਆਇਸੁ ਮਹਿਂ ਸੁਰ ਨਰ ਸਭਿ ਕੋਇ॥ ੪੦॥

ਜਿਵੇਂ ਵੀ ਆਪ ਜੀ ਦੇ ਹਿਰਦੇ ਵਿਚ ਭਾਉਂਦਾ ਹੈ, ਉਸ ਤਰ੍ਹਾਂ ਹੀ ਤੁਸੀਂ ਕਰਦੇ ਹੋ, ਤੁਹਾਨੂੰ ਕੋਈ ਰੋਕ ਨਹੀਂ ਸਕਦਾ। ਜਿਵੇਂ ਤੁਸੀਂ ਸੰਕਲਪ ਚਾਹੁੰਦੇ ਹੋ, ਉਸ ਤਰ੍ਹਾਂ ਹੀ ਸੱਚ ਹੁੰਦਾ ਹੈ, ਸਭ ਦੇਵਤੇ ਅਤੇ ਮਨੁੱਖ ਤੁਹਾਡੀ ਆਗਿਆ ਵਿਚ ਹਨ॥ ੪੦॥

ਦੋਹਰਾ-ਅਬਿ ਡੇਰੋ ਭੂਪਤਿ ਕਰਜੋ, ਸਗਰੀ ਨਿਸਾ ਬਿਤਾਇ।
ਮਿਲਹਿ ਹੋਤਿ ਭੁਨਸਾਰ ਕੇ ਪਗ ਪੰਕਜ ਸਿਰ ਲਾਇ॥ ੪੧॥

ਹੁਣ ਰਾਜੇ ਨੇ ਡੇਰਾ ਕਰ ਲਿਆ ਹੈ, ਸਾਰੀ ਰਾਤ ਓਥੇ ਬਤੀਤ ਕਰਕੇ ਸਵੇਰ ਹੁੰਦਿਆਂ ਹੀ ਤੁਹਾਡੇ ਚਰਨ-ਕੰਵਲਾਂ ਤੇ ਸਿਰ ਰੱਖ ਕੇ ਤੁਹਾਨੂੰ ਮਿਲ ਪਵੇਗਾ"॥ ੪੧॥

*ਦੂਸਰੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

❖❖❖

# ਅਧਿਆਇ ਬੱਤੀਵਾਂ

## ਰਾਜੇ ਨੇ ਸੁਪਨੇ ਵਿਚ ਚੰਡਾਲ ਜਨਮ ਪਾਇਆ

ਦੋਹਰਾ- ਭਈ ਭੋਰ ਸ਼੍ਰੀ ਗੁਰੂ ਉਠੇ ਕਰਿ ਸ਼ਨਾਨ ਤੇ ਆਦਿ।
ਗੁਰਤਾ ਗਾਦੀ ਪਰ ਥਿਰੇ ਦਰਸਹਿਂ ਸਿਖ ਅਹਿਲਾਦ॥ ੧॥

ਜਦ ਸਵੇਰ ਹੋਈ ਤਾਂ ਗੁਰੂ ਜੀ ਉੱਠ ਕੇ ਇਸ਼ਨਾਨ ਆਦਿ ਕਰਕੇ ਗੁਰ-ਗੱਦੀ ਤੇ ਬੈਠ ਕੇ ਸਿੱਖ ਸੰਗਤਾਂ ਨੂੰ ਦਰਸ਼ਨ ਦੇਣ ਲੱਗੇ॥ ੧॥

ਚੌਪਈ- ਗਮਨਜੋ ਨ੍ਰਿਪ ਢਿਗ ਤਬ ਕੱਲਜਾਨਾ। ਮਿਲਨਿ ਹੇਤ ਬਿਰਤੰਤ ਬਖਾਨਾ।
ਤਤਛਿਨ ਕੀਨਸਿ ਸਗਰੀ ਤਜਾਰੀ। ਲੇਕਰਿ ਸਾਥ ਉਪਾਇਨ ਸਾਰੀ॥ ੨॥

ਤਦ ਭਾਈ ਕਲਿਆਣਾ ਰਾਜੇ ਦੇ ਪਾਸ ਗਿਆ, ਮਿਲਣ ਵਾਸਤੇ ਬਿਰਤਾਂਤ ਕਿਹਾ। ਰਾਜੇ ਨੇ ਤੁਰੰਤ ਤਿਆਰੀ ਕਰ ਲਈ ਅਤੇ ਸਾਰੇ ਨਜ਼ਰਾਨੇ ਅਤੇ ਤੋਹਫ਼ੇ ਨਾਲ ਲੈ ਲਏ॥ ੨॥

ਕੰਚਨ ਰਜਤਿ ਦੰਡ ਨਰ ਗਹੈਂ। ਮਹਿਪਾਲਕ ਕੇ ਆਗੇ ਰਹੈਂ।
ਸਚਿਵ ਸੁਭਟ ਕੋ ਲੇ ਸਮੁਦਾਏ। ਬਸਨ ਬਿਭੂਖਨ ਜਿਨਹੁਂ ਸੁਹਾਏ॥ ੩॥

ਸੋਨੇ ਚਾਂਦੀ ਦੀਆਂ ਚੋਬਾਂ ਮਨੁੱਖਾਂ ਨੇ ਹੱਥਾਂ ਵਿਚ ਫੜ ਲਈਆਂ ਅਤੇ ਰਾਜੇ ਦੇ ਅੱਗੇ ਲੱਗ ਕੇ ਚਲ ਪਏ। ਮੰਤਰੀ ਤੇ ਸੂਰਮਿਆਂ ਦੇ ਸਮੂਹ ਨੂੰ ਨਾਲ ਲੈ ਲਿਆ, ਜਿਨ੍ਹਾਂ ਦੇ ਕੱਪੜੇ ਅਤੇ ਗਹਿਣੇ ਬਹੁਤ ਸ਼ੋਭ ਰਹੇ ਸਨ॥ ੩॥

ਪਾਇਨ ਤੇ ਚਲਿ ਕਰਿ ਮਹੀਪਾਲਾ। ਗਮਨਜੋ ਸ਼ਰਧਾ ਧਰੇ ਬਿਸਾਲਾ।
ਪਹੁੰਚਜੋ ਸਤਿਗੁਰ ਕੇ ਢਿਗ ਜਾਇ। ਪਗ ਪੰਕਜ ਪਰ ਸੀਸ ਨਿਵਾਇ॥ ੪॥

ਰਾਜਾ ਪੈਦਲ ਹੀ ਚਲ ਕੇ ਬੜੀ ਸ਼ਰਧਾ ਧਾਰ ਕੇ ਤੁਰ ਪਿਆ। ਸਤਿਗੁਰੂ ਜੀ ਦੇ ਪਾਸ ਪਹੁੰਚ ਗਿਆ ਅਤੇ ਜਾ ਕੇ ਚਰਨ-ਕੰਵਲਾਂ ਤੇ ਸਿਰ ਨਿਵਾਇਆ॥ ੪॥

ਹਾਥ ਜੋਰਿ ਬਹੁ ਬਿਨੈ ਬਖਾਨੀ। 'ਸੁਨਿ ਕਰਿ ਮਹਿਮਾ ਮੈਂ ਗੁਨਖਾਨੀ।
ਰਾਵਰਿ ਸ਼ਰਨਿ ਪਰਜੋ ਅਬਿ ਆਈ'। ਇਮ ਕਹਿ ਬੈਠਿ ਗਯੋ ਸਮੁਹਾਈ॥ ੫॥

ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, "ਹੇ ਗੁਰੂ ਜੀ! ਮੈਂ ਆਪ ਜੀ ਦੀ ਮਹਿਮਾ ਸੁਣ ਕੇ, ਹੁਣ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ" ਇਹ ਕਹਿ ਕੇ ਸਾਰਿਆਂ ਵਾਂਗ ਬੈਠ ਗਿਆ॥ ੫॥

ਤਿਸ ਛਿਨ ਮਹਿਂ ਸ਼੍ਰੀ ਅਰਜਨ ਨਾਥ। ਪੋਥੀ ਪਠਤਿ ਹੁਤੇ ਗਹਿ ਹਾਥ।
ਓਅੰਕਾਰ ਕੀ ਤੁਕ ਮੁਖ ਇਹੀ। 'ਲਿਖਿਆ ਮੇਟ ਨ ਸਕੀਅਹਿ ਕਹੀ॥ ੬॥

ਉਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ, ਹੱਥ ਵਿਚ ਪੋਥੀ ਫੜ ਕੇ ਪੜ੍ਹ ਰਹੇ ਸਨ। ਮੁਖ ਵਿਚ ਓਅੰਕਾਰ ਦੀ ਇਹੋ ਤੁਕ ਸੀ, "ਲਿਖਿਆ ਹੋਇਆ ਕਿਸੇ ਤਰ੍ਹਾਂ ਵੀ ਮਿਟ ਨਹੀਂ ਸਕਦਾ॥ ੬॥

ਜਿਉਂ ਭਾਵੀ ਤਿਉਂ ਸਾਰ ਸਦੀਵਾ। ਪ੍ਰਭੁ ਕੀ ਨਦਰ ਕਰੇ ਸੁਖ ਥੀਵਾ।
ਸੁਨਿ ਮਹਿਪਾਲਕ ਰਿਦੈ ਬਿਚਾਰੀ। 'ਇਹੀ ਰੀਤਿ ਜੇ ਸਾਚ ਉਚਾਰੀ॥ ੭॥

ਜਿਵੇਂ ਪ੍ਰਭੂ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਹੀ ਜੀਵ ਨੂੰ ਸੰਭਾਲ ਲੈਂਦਾ ਹੈ। ਪ੍ਰਭੂ ਦੀ ਨਜ਼ਰ ਸਵੱਲੀ ਹੋਣ ਤੇ ਸੁਖ ਮਿਲ ਜਾਂਦਾ ਹੈ।" ਇਹ ਸੁਣ ਕੇ ਰਾਜੇ ਨੇ ਹਿਰਦੇ ਵਿਚ ਵਿਚਾਰ ਕੀਤੀ, "ਇਹੀ ਰੀਤੀ ਜੇ ਸੱਚੀ ਉਚਾਰਨ ਕੀਤੀ ਹੈ॥ ੭॥

ਇਨ ਸੰਗਿ ਮਿਲਨਿ ਨਿਫਲ ਭਾ ਐਸੇ। ਲਿਖਿਆ ਮੇਟ ਨ ਸਕੀਏ ਕੈਸੇ।
ਜਿਸ ਪਰ ਨਹਿਂ ਉਪਾਇ ਕਿਮ ਹੋਇ। ਤਿਸ ਹਿਤ ਉੱਦਮ ਕਰਿਹੈ ਕੋਇ' ॥੮॥

ਇਨ੍ਹਾਂ ਨੂੰ ਮਿਲਣ ਦਾ ਫਿਰ ਕੋਈ ਫਲ ਨਹੀਂ ਹੈ, ਜੇ ਕਿਸੇ ਤਰ੍ਹਾਂ ਵੀ ਲਿਖਿਆ ਹੋਇਆ ਨਹੀਂ ਮਿਟ ਸਕਦਾ ਹੈ। ਜਿਸ ਬਾਰੇ ਕੋਈ ਵੀ ਉਪਾਅ ਨਹੀਂ ਚਲ ਸਕਦਾ ਹੈ"॥ ੮॥

ਹਾਥ ਜੋਰਿ ਗੁਰੁ ਕੇ ਸੰਗ ਕਹਜੋ। 'ਆਸ਼ੈ ਸਕਲ ਆਪ ਕੋ ਲਹਜੋ।
ਕਜੋਂ ਅਬਿ ਸਿੱਖ ਬਨੌਂ ਗੁਰ ਧਾਰੋਂ। ਲਿਖਜੋ ਭਾਗ ਭੋਗੌਂ ਨਿਰਧਾਰੋਂ' ॥ ੯॥

ਫਿਰ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ, "ਆਪ ਜੀ ਦੇ ਸਾਰੇ ਆਸ਼ੇ ਨੂੰ ਸਮਝ ਗਿਆ ਹਾਂ, ਹੁਣ ਕਿਉਂ ਆਪ ਜੀ ਦਾ ਸਿੱਖ ਬਣ ਕੇ ਗੁਰੂ ਧਾਰਨ ਕਰਾਂ, ਜੇ ਨਿਰਧਾਰਤ ਲਿਖਿਆ ਭਾਗ ਹੀ ਭੋਗਣਾ ਹੈ"॥ ੯॥

ਸਤਿਗੁਰ ਭਨਜੋ 'ਮਿਟੈ ਜੇ ਨਾਂਹੀ। ਤਊ ਕਰਤਿ ਗੁਰੁ ਆਛੋ ਤਾਂਹੀ।
ਸੰਕਟ ਕਾਟਹਿਂ ਸੁਖ ਕੋ ਦੇਯ। ਅਪਨੋ ਜਾਨਿ ਬਚਾਇ ਸੁ ਲੇਯ॥ ੧੦॥

ਸਤਿਗੁਰੂ ਜੀ ਨੇ ਬਚਨ ਕੀਤੇ, "ਜੇ ਮਿਟੇ ਨਹੀਂ, ਇਸ ਕਰਕੇ ਚੰਗੇ ਗੁਰੂ ਨੂੰ ਧਾਰਨ ਦੀ ਲੋੜ ਹੈ, ਤਾਂਕਿ ਉਹ ਸੰਕਟ ਕੱਟ ਕੇ ਸੁਖ ਦੇ ਦੇਣ, ਆਪਣਾ ਜਾਣ ਕੇ ਬਚਾ ਲੈਣਗੇ॥ ੧੦॥

ਲਿਖਜੋ ਪ੍ਰਭੁ ਕੋ ਸੋ ਭੀ ਰਹੈ। ਭੋਗਤਿ ਹੀ ਕੱਲਜਾਨ ਸੁ ਲਹੈ।
ਗੁਰੁ ਕਰੁਨਾ ਤੇ ਪ੍ਰਾਪਤ ਛੇਮ। ਦੋਨਹੁਂ ਬਿਧਿ ਕੋ ਹੈ ਇਹੁ ਨੇਮ' ॥ ੧੧॥

ਜੋ ਪ੍ਰਭੂ ਦਾ ਲਿਖਿਆ ਹੈ, ਉਹ ਵੀ ਰਹਿੰਦਾ ਹੈ, ਭੋਗਦਿਆਂ ਹੀ ਕਲਿਆਣ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਦੀ ਕਿਰਪਾ ਨਾਲ ਕੁਸ਼ਲ ਮੰਗਲ ਪ੍ਰਾਪਤ ਹੁੰਦਾ ਹੈ, ਦੋਵਾਂ ਵਿਧੀਆਂ ਦਾ ਇਹੋ ਨੇਮ ਹੈ"॥ ੧੧॥

ਸੁਨਿ ਨਰਿੰਦ ਕੇ ਮਨ ਨਹਿਂ ਆਈ। ਕਹਤਿ ਕਿ 'ਦੋਨਹੁਂ ਕਿਮ ਬਨਿ ਆਈ ?।
ਲਿਖਜੋ ਭਾਗ ਜੇ ਭੋਗਹਿ ਪ੍ਰਾਨੀ। ਕਹਾਂ ਕਰੈ ਤਬਿ ਸ਼੍ਰੀ ਗੁਰੁ ਗਜਾਨੀ ? ॥੧੨॥

ਇਹ ਸੁਣ ਕੇ ਰਾਜੇ ਦੇ ਮੰਨਣ ਵਿਚ ਨਾ ਆਈ, ਕਹਿਣ ਲੱਗਾ, "ਦੋਵਾਂ ਦੀ ਕਿਵੇਂ ਬਣ ਆਈ ? ਜੇ ਪ੍ਰਾਣੀ ਲਿਖੇ ਹੋਏ ਭਾਗ ਹੀ ਭੋਗਦਾ ਹੈ ਤਾਂ ਫਿਰ ਗੁਰੂ ਗਿਆਨ ਕੀ ਕਰੇਗਾ ?॥ ੧੨॥

ਜੇਂ ਕਰਿ ਗੁਰੁ ਸਹਾਇਤਾ ਕੀਨਿ। ਲਿਖਜੋ ਭਾਗ ਮਿਟਿ ਕਰਿ ਹੁਇ ਛੀਨ।
ਯਾਂਤੇ ਮਮ ਮਨ ਮਾਹਿਂ ਨਹਿਂ ਆਵੈ। ਦੋਨਹੁਂ ਬਿਧਿ ਕੈਸੇ ਬਨਿ ਆਵੈ?' ॥੧੩॥

ਜੇ ਗੁਰੂ ਸਹਾਇਤਾ ਕਰੇ ਤਾਂ ਫਿਰ ਲਿਖਿਆ ਭਾਗ ਮਿਟ ਕੇ ਨਾਸ਼ ਹੋ ਗਿਆ, ਭਾਵ ਭੋਗੇ ਤੋਂ ਬਿਨਾਂ ਮਿਟ ਗਿਆ। ਇਸ ਕਰਕੇ ਮੇਰੇ ਮਨ ਵਿਚ ਇਹ ਸਮਝ ਨਹੀਂ ਆਉਂਦੀ, ਦੋਵੇਂ ਵਿਧੀਆਂ ਕਿਵੇਂ ਬਣ ਜਾਣਗੀਆਂ ?"॥ ੧੩॥

ਸ਼੍ਰੀਗੁਰ ਕਹਜੋ 'ਰਹਹੁ ਦਿਨ ਤੀਨ। ਜਿਮ ਹੁਇ ਦੋਨਹੁ ਤਿਮ ਲਿਹੁ ਚੀਨ।
ਬਹੁਰ ਸਿੱਖ ਗੁਰੂ ਘਰ ਕੇ ਬਨਹੁ। ਸੰਸੈ ਜਿਤਿਕ ਸਕਲ ਹੀ ਹਨਹੁ' ॥ ੧੪ ॥

ਗੁਰੂ ਜੀ ਨੇ ਕਿਹਾ, "ਤਿੰਨ ਦਿਨ ਏਥੇ ਰਹੋ, ਜਿਵੇਂ ਹੋਵੇਗਾ ਤੁਸੀਂ ਦੋਵੇਂ ਵਿਧੀਆਂ ਵੇਖ ਲਵੋਗੇ। ਫਿਰ ਗੁਰੂ ਘਰ ਦੇ ਸਿੱਖ ਬਣੋ, ਜਿੰਨੇ ਵੀ ਸੰਸੇ ਹਨ, ਸਾਰੇ ਦੂਰ ਕਰ ਲਵੋ" ॥ ੧੪ ॥

ਮਾਨਿ ਬਚਨ ਸਤਿਗੁਰ ਕੋ ਲੀਨ। ਲਜਾਯੋ ਭੇਟ ਸੁ ਅਰਪਨ ਕੀਨ।
ਮਸਤਕ ਟੇਕਿ ਆਇ ਗੋ ਡੇਰੇ। ਖਾਨ ਪਾਨ ਕਰਿ ਕੈ ਹਿਤ ਕੇਰੇ॥ ੧੫ ॥

ਰਾਜੇ ਨੇ ਸਤਿਗੁਰੂ ਜੀ ਦਾ ਬਚਨ ਮੰਨ ਲਿਆ, ਜਿਹੜੀਆਂ ਭੇਟਾਵਾਂ ਲਿਆਇਆ ਸੀ, ਸਭ ਅਰਪਣ ਕਰ ਦਿੱਤੀਆਂ। ਮੱਥਾ ਟੇਕ ਕੇ ਡੇਰੇ ਆ ਗਿਆ, ਖਾਣ ਪੀਣ ਕਰਕੇ ਗੁਰੂ ਜੀ ਦਾ ਪ੍ਰੇਮ ਜਾਗਿਆ॥ ੧੫ ॥

ਦੇਗ ਪ੍ਰਸਾਦਿ ਅਚਜੋ ਸੁਖ ਪਾਯੋ। ਥਿਰਜੋ ਤਹਾਂ ਸੋ ਦਿਵਸ ਬਿਤਾਯੋ।
ਭਈ ਜਾਮਨੀ ਜਬਿਹੂੰ ਆਇ। ਸਿਹਜਾ ਪਰ ਥਿਰ ਹ੍ਵੈ ਨਰ ਰਾਇ॥ ੧੬ ॥

ਲੰਗਰ ਵਿਚ ਜਾ ਕੇ ਲੰਗਰ ਛੱਕ ਕੇ ਸੁਖ ਪਾਇਆ, ਓਥੇ ਠਹਿਰ ਕੇ ਦਿਨ ਬਤੀਤ ਕੀਤਾ, ਜਦ ਰਾਤ ਪੈ ਗਈ ਤਾਂ ਰਾਜਾ ਆਪਣੇ ਬਿਸਤਰੇ 'ਤੇ ਜਾ ਕੇ ਸੌਂ ਗਿਆ॥ ੧੬ ॥

ਸੁਖ ਸੋਂ ਸੁਪਤਜੋ ਨ੍ਰਿਪ ਬੁਧਿਵਾਨ। ਚੌਕੀਦਾਰ ਖਰੇ ਸਵਧਾਨ।
ਸੋਵਤਿ ਜਬਿ ਜੁਗ ਜਾਮ ਬਿਤਾਏ। ਅਦਭੁਤ ਸੁਪਨੋ ਤਿਹ ਛਿਨ ਆਏ ॥ ੧੭ ॥

ਬੁਧੀਵਾਨ ਰਾਜਾ ਆਰਾਮ ਨਾਲ ਸੌਂ ਗਿਆ, ਉਸ ਦੀ ਰਖਵਾਲੀ ਵਾਸਤੇ ਚੌਕੀਦਾਰ ਬੜੇ ਸਾਵਧਾਨ ਖੜੇ ਸਨ। ਸੁੱਤਿਆਂ ਪਿਆਂ ਜਦ ਦੋ ਪਹਿਰ ਬਤੀਤ ਕੀਤੇ ਤਾਂ ਉਸ ਨੂੰ ਇਕ ਅਸਚਰਜ ਸੁਪਨਾ ਆਇਆ॥ ੧੭ ॥

ਅਪਨੋ ਰਾਜ ਭੋਗਿ ਬ੍ਰਿਧ ਹੋਵਾ। ਬਧਜੋ ਕੁਟੰਬ ਸਗਲ ਹੀ ਜੋਵਾ।
ਪੁਨ ਮ੍ਰਿਤੁ ਹੋਇ ਗਯੋ ਇਸ ਕਾਲ। ਰਜਧਾਨੀ ਭਾ ਸ਼ੋਕ ਬਿਸਾਲ॥ ੧੮ ॥

ਸੁਪਨੇ ਵਿਚ ਰਾਜਾ ਆਪਣਾ ਰਾਜ ਭੋਗ ਕੇ ਬੁੱਢਾ ਹੋ ਗਿਆ, ਸਾਰਾ ਪਰਿਵਾਰ ਵੀ ਉਮਰ ਵਿਚ ਵੱਡਾ ਹੋਇਆ ਤੇ ਗਿਣਤੀ ਵਿਚ ਵਧ ਗਿਆ। ਫਿਰ ਰਾਜੇ ਦੀ ਸੁਪਨੇ ਵਿਚ ਹੀ ਮੌਤ ਹੋ ਗਈ, ਰਾਜਧਾਨੀ ਵਿਚ ਬਹੁਤ ਅਫਸੋਸ ਮਨਾਇਆ ਗਿਆ॥ ੧੮ ॥

ਸਭਿ ਕੋ ਰੁਦਤਿ ਤਜਾਗ ਕਰਿ ਗਯੋ। ਘਰ ਚੰਡਾਲ ਜਨਮ ਪੁਨ ਲਯੋ।
ਕਰਹਿਂ ਦੁਲਾਰਨ 'ਸੁਤ' ਕਹਿ ਸੋਇ। ਖਾਨ ਪਾਨ ਕਰਿ ਬ੍ਰਿਧ ਤਹਿਂ ਹੋਇ ॥੧੯ ॥

ਸਾਰਿਆਂ ਨੂੰ ਰੋਂਦਿਆਂ ਛੱਡ ਕੇ ਚਲਾ ਗਿਆ, ਫਿਰ ਇਕ ਚੰਡਾਲ ਦੇ ਘਰ ਜਨਮ ਲਿਆ। ਚੰਡਾਲ 'ਪੁੱਤ' ਕਹਿ ਕੇ ਬਹੁਤ ਪਿਆਰ ਕਰਦਾ ਸੀ। ਖਾਂਦਾ-ਪੀਂਦਾ ਓਥੇ ਵੱਡਾ ਹੋ ਗਿਆ॥ ੧੯ ॥

ਜਬਿ ਸੰਮਤ ਦਸ ਕੋ ਹੁਇ ਗਯੋ। ਉਤਸਵ ਤੇ ਬਿਆਹਿ ਤਹਿਂ ਭਯੋ।
ਬੰਧਪ ਸੰਗ ਬ੍ਰਿੰਦ ਚੰਡਾਲ। ਗਾਇਨ ਬਾਦਤ ਕੀਨ ਬਿਸਾਲ॥ ੨੦ ॥

ਜਦ ਦਸਾਂ ਸਾਲਾਂ ਦਾ ਹੋ ਗਿਆ, ਤਾਂ ਬੜੇ ਉਤਸਵਾਂ ਸਹਿਤ ਉਸਦਾ ਵਿਆਹ ਹੋ ਗਿਆ। ਚੰਡਾਲ ਦੇ ਬਹੁਤ ਰਿਸ਼ਤੇਦਾਰ ਇਕੱਠੇ ਹੋਏ, ਵੱਡੀ ਪੱਧਰ ਤੇ ਗਾਉਣਾ-ਵਜਾਉਣਾ ਹੋਇਆ॥ ੨੦ ॥

ਬਹੁ ਪ੍ਰਸੰਨਤਾ ਤਿਨ ਮਹਿਂ ਹੋਈ। ਕਰਿਕੈ ਬਜਾਹੁ ਮੇਲਿ ਸਭਿ ਕੋਈ।
ਆਇ ਸਦਨ ਮਹਿਂ ਬਸਨੇ ਲਾਗਯੋ। ਨਿਜ ਪਰਵਾਰ ਸੰਗ ਅਨੁਰਾਗਯੋ ॥੨੧॥

ਉਨ੍ਹਾਂ ਬਹੁਤ ਖ਼ੁਸ਼ੀਆਂ ਮਨਾਈਆਂ, ਵਿਆਹ ਕਰਕੇ ਸਭ ਇਕ ਦੂਸਰੇ ਨੂੰ ਮਿਲੇ। ਫਿਰ ਘਰ ਵਿਚ ਆ ਕੇ ਵੱਸਣ ਲੱਗ ਗਿਆ, ਆਪਣੇ ਪਰਿਵਾਰ ਨਾਲ ਬਹੁਤ ਪ੍ਰੇਮ ਹੋ ਗਿਆ॥ ੨੧॥

ਇਸੀ ਰੀਤਿ ਬੀਤਯੋ ਚਿਰ ਕਾਲ। ਭਯੋ ਤਰੁਨ ਬਲਵਾਨੁ ਬਿਸਾਲ।
ਪੁੱਤ੍ਰ ਸੁਤਾ ਉਤਪਤ ਗਨ ਕਰੇ। ਤਿਨ ਕੋ ਬਜਾਹਯੋ ਉਤਸਵ ਧਰੇ॥ ੨੨॥

ਇਸ ਤਰ੍ਹਾਂ ਹੀ ਬਹੁਤ ਸਮਾਂ ਬੀਤ ਗਿਆ। ਜਵਾਨ ਹੋ ਕੇ ਬਹੁਤ ਤਾਕਤਵਰ ਹੋ ਗਿਆ। ਕਈ ਪੁੱਤਰ-ਧੀਆਂ ਪੈਦਾ ਹੋਏ, ਉਨ੍ਹਾਂ ਦੇ ਵਿਆਹਾਂ ਤੇ ਵੀ ਬੜੇ ਉਤਸਵ ਕੀਤੇ॥ ੨੨॥

ਕੋ ਬਿਸਾਲ ਕੋ ਲਘੁ ਹੈ ਨੰਦ। ਕੇਤਿਕ ਤਨੀਯਾ ਭਈ ਬਿਲੰਦ।
ਸਭਿ ਕੋ ਬਜਾਹ ਬਧਯੋ ਪਰਵਾਰਾ। ਪੁੱਤ੍ਰ ਪੌਤ੍ਰ ਹੇਰਤਿ ਹਿਤ ਭਾਰਾ॥ ੨੩॥

ਕੋਈ ਪੁੱਤਰ ਵੱਡਾ ਸੀ, ਕੋਈ ਛੋਟਾ ਸੀ। ਕਈ ਲੜਕੀਆਂ ਵੱਡੀਆਂ ਹੋਈਆਂ। ਸਾਰੀਆਂ ਨੂੰ ਵਿਆਹ ਦਿੱਤਾ ਅਤੇ ਪਰਿਵਾਰ ਬਹੁਤ ਵਧ ਗਿਆ। ਬੜੇ ਪਿਆਰ ਨਾਲ ਪੁੱਤਰ-ਪੋਤਰੇ ਵੇਖਦਾ ਸੀ॥ ੨੩॥

ਹਰਖ ਸ਼ੋਕ ਧਾਰਤਿ ਤਿਨ ਮਾਂਹੀ। ਦੁਖ ਸੁਖ ਦੇਖਤਿ ਔਧ ਨਿਬਾਹੀ।
ਜਨਮ ਚੰਡਾਲ ਪਾਇ ਕਰਿ ਭੋਗਾ। ਭਯੋ ਮ੍ਰਿਤਕ ਤਹਿਂ ਤੇ ਵਧਿ ਸੋਗਾ॥੨੪॥

ਉਨ੍ਹਾਂ ਦੇ ਪਿਆਰ ਵਿਚ ਖ਼ੁਸ਼ੀ-ਗ਼ਮੀ ਧਾਰਨ ਕੀਤੀ ਹੋਈ ਸੀ। ਇਸ ਤਰ੍ਹਾਂ ਦੁਖ-ਸੁਖ ਵੇਖਦਿਆਂ ਉਮਰ ਬਤੀਤ ਕੀਤੀ। ਚੰਡਾਲ ਦਾ ਜਨਮ ਪਾ ਕੇ ਭੋਗਿਆ, ਮੌਤ ਹੋ ਗਈ ਤਾਂ ਓਥੇ ਉਸ ਦੇ ਪਰਿਵਾਰ ਨੇ ਬਹੁਤ ਸੋਗ ਮਨਾਇਆ॥ ੨੪॥

ਰੁਦਤਿ ਸੁਨਤਿ ਬਿਰਲਾਪਤਿ ਦਾਰਾ। 'ਹੇ ਪਤਿ ਤੋਰ ਅਧਿਕ ਪਰਵਾਰਾ।
ਗਨ ਸੂਕਰ ਤੈਂ ਪਾਰਨ ਕੀਨੇ। ਕੂਕਰ ਖਰੇ ਅਹੈਂ ਤਨ ਪੀਨੇ॥ ੨੫॥

ਆਪਣੀ ਇਸਤਰੀ ਨੂੰ ਰੋਂਦੀ ਅਤੇ ਵਿਰਲਾਪ ਕਰਦੀ ਸੁਣਦਾ ਸੀ, "ਹੇ ਪਤੀ ਦੇਵ ! ਤੇਰਾ ਬਹੁਤ ਵੱਡਾ ਪਰਿਵਾਰ ਹੈ। ਸਾਰਿਆਂ ਨੂੰ ਤੂੰ ਪਾਲਿਆ ਹੈ, ਇਹ ਸਾਰੇ ਹੁਣ ਗਰੀਬ ਅਨਾਥ ਹੋਏ ਖੜੇ ਹਨ॥ ੨੫॥

ਸਭਿ ਪ੍ਰਤੀਖਨਾ ਤੇਰੀ ਧਰੈਂ। ਕਿਤ ਚਲਿ ਗਯੋ ਦ੍ਰਿਸ਼ਟਿ ਨਹਿਂ ਪਰੈ'।
ਇਮ ਕੁਟੰਬ ਰੋਦਤਿ ਦੁਖਿ ਛਾਡੋ। ਲੇ ਕਰਿ ਵਹਿਰ ਗਏ ਧਰ ਗਡੋ॥ ੨੬॥

ਸਾਰੇ ਤੇਰੀ ਇੰਤਜ਼ਾਰ ਕਰ ਰਹੇ ਹਨ, ਕਿਥੇ ਚਲੇ ਗਏ ਹੋ, ਹੁਣ ਕਿਤੇ ਨਜ਼ਰ ਨਹੀਂ ਆ ਰਹੇ।" ਇਸ ਤਰ੍ਹਾਂ ਆਪਣੇ ਪਰਿਵਾਰ ਨੂੰ ਰੋਂਦਿਆਂ ਦੁਖੀ ਛੱਡ ਕੇ ਲੋਕ ਮੁਰਦੇ ਨੂੰ ਲੈ ਕੇ ਬਾਹਰ ਗਏ ਤੇ ਧਰਤੀ ਵਿਚ ਦੱਬ ਦਿੱਤਾ॥ ੨੬॥

ਇਹੁ ਸਭਿ ਸੁਪਨੋ ਪਾਇ ਨਰਿੰਦ। ਜਾਗ ਉਠਯੋ ਬਿਸਮਾਇ ਬਿਲੰਦ।
ਕਿਤਿਕ ਕਾਲ ਸੋਚਤਿ ਹੀ ਰਹਯੋ।'ਇਹੁ ਦੁਰ ਸੁਪਨ ਕਹਾਂ ਮੈਂ ਲਹਯੋ ?' ॥੨੭॥

ਰਾਜੇ ਨੇ ਇਹ ਸਾਰਾ ਕੁਝ ਸੁਪਨੇ ਵਿਚ ਵੇਖਿਆ, ਜਦ ਨੀਂਦ ਖੁਲ੍ਹੀ ਤਾਂ ਬਹੁਤ ਹੈਰਾਨ ਹੋਇਆ। ਕਾਫੀ ਸਮੇਂ ਤਕ ਸੋਚਦਾ ਹੀ ਰਿਹਾ, "ਇਹ ਖੋਟਾ ਸੁਪਨਾ ਮੈਂ ਕਿਸ ਤਰ੍ਹਾਂ ਪਾਇਆ ਹੈ ?" ॥ ੨੭॥

ਭਈ ਪ੍ਰਭਾਤਿ ਸਿੱਖ ਇਕ ਗਯੋ। ਗੁਰ ਕੋ ਹੁਕਮ ਸੁਨਾਵਤਿ ਭਯੋ।
'ਹੇਤ ਅਖੇਰ ਖੇਲਿਬੇ ਚਹਯੋ। ਚਲਹਿਂ ਸੰਗ, ਗੁਰ ਐਸੇ ਕਹਯੋ'॥ ੨੮॥

ਜਦ ਸਵੇਰ ਹੋਈ ਤਾਂ ਇਕ ਸਿੱਖ ਰਾਜੇ ਦੇ ਪਾਸ ਗਿਆ, ਉਸ ਨੂੰ ਗੁਰੂ ਜੀ ਦਾ ਹੁਕਮ ਸੁਣਾਇਆ, "ਗੁਰੂ ਜੀ ਸ਼ਿਕਾਰ ਖੇਡਣ ਜਾਣਾ ਚਾਹੁੰਦੇ ਹਨ, ਉਨ੍ਹਾਂ ਦੇ ਨਾਲ ਚਲੋ, ਗੁਰੂ ਜੀ ਨੇ ਇਸ ਤਰ੍ਹਾਂ ਫੁਰਮਾਇਆ ਹੈ"॥ ੨੮॥

ਸੁਨਿ ਕੈ ਕਰਿ ਸ਼ਨਾਨ ਨ੍ਰਿਪ ਤਬੈ। ਤੁਰੰਗ ਅਰੂਢਯੋ ਲੇ ਦਲ ਸਬੈ।
ਚਢਿਕੈ ਪੁਰਿ ਅੰਤਰ ਕੋ ਆਏ। ਤਹਿਂ ਤੇ ਸਤਿਗੁਰੁ ਸੰਗ ਮਿਲਾਏ॥ ੨੯॥

ਇਹ ਸੁਣ ਕੇ ਰਾਜੇ ਨੇ ਉਸੇ ਵੇਲੇ ਇਸ਼ਨਾਨ ਕੀਤਾ ਤੇ ਘੋੜੇ ਤੇ ਚੜ੍ਹ ਕੇ ਆਪਣੇ ਨਾਲ ਸੈਨਕਾਂ ਨੂੰ ਲੈ ਲਿਆ। ਘੋੜੇ ਤੇ ਚੜ੍ਹ ਕੇ ਨਗਰ ਦੇ ਅੰਦਰ ਆਇਆ ਤੇ ਓਥੇ ਜਾ ਕੇ ਗੁਰੂ ਜੀ ਨੂੰ ਆਪਣੇ ਨਾਲ ਮਿਲਾ ਲਿਆ॥ ੨੯॥

ਚਿਤਵਤਿ ਚਿਤ ਦੂਰ ਸੁਪਨ ਬਿਸਾਲਾ। ਕਹਿ ਨ ਸਕਹਿ ਮੁਖ ਤੇ ਤਿਸ ਕਾਲਾ।
ਬਦਨ ਮਲੀਨ ਹੁਕਮ ਕੋ ਮਾਨਾ। ਲੇ ਸਤਿਗੁਰੁ ਕੋ ਸੰਗ ਪਯਾਨਾ॥ ੩੦॥

ਆਪਣੇ ਚਿੱਤ ਵਿਚ ਭੈੜੇ ਸੁਪਨੇ ਨੂੰ ਬਾਰ-ਬਾਰ ਯਾਦ ਕਰ ਰਿਹਾ ਸੀ, ਪਰ ਉਸ ਸਮੇਂ ਆਪਣੇ ਮੁਖ ਤੋਂ ਕਹਿ ਨਹੀਂ ਸੀ ਸਕਦਾ। ਮਲੀਨ ਮੁੱਖ ਨਾਲ ਹੀ ਹੁਕਮ ਮੰਨਿਆ ਤੇ ਗੁਰੂ ਜੀ ਨੂੰ ਨਾਲ ਲੈ ਕੇ ਚਲ ਪਿਆ॥ ੩੦॥

'ਖੇਲਨ ਕਰੌਂ ਅਖੇਰ ਘਨੇਰਾ। ਗੁਰੁ ਜੀ ਹਤੌਂ ਮ੍ਰਿਗਨ ਕਰਿ ਘੇਰਾ।
ਅਸੁ ਦਵਾਇ ਕਰਿ ਕਰੌਂ ਸੰਘਾਰਿ। ਬਾਜਨ ਤੇ ਪੰਛੀ ਲਿਉਂ ਮਾਰਾ'॥ ੩੧॥

"ਬਹੁਤ ਸ਼ਿਕਾਰ ਖੇਡਾਂਗਾ, ਹਿਰਨਾਂ ਨੂੰ ਘੇਰ ਕੇ ਗੁਰੂ ਜੀ ਪਾਸੋਂ ਮਰਵਾਵਾਂਗਾ, ਘੋੜੇ ਨੂੰ ਭਜਾ ਕੇ ਹਿਰਨ ਮਾਰਾਂਗਾ ਅਤੇ ਬਾਜ਼ਾਂ ਪਾਸੋਂ ਪੰਛੀ ਮਰਵਾਵਾਂਗਾ"॥ ੩੧॥

ਮਗ ਮਹਿਂ ਗਮਨਤਿ ਜਾਤਿ ਸੁਨਾਵਤਿ। 'ਦੇਖਹੁ ਆਜ ਜਥਾ ਮੈਂ ਘਾਵਤਿ'।
ਗਏ ਦੂਰ ਕੇਤਿਕ ਉਦਿਆਨਾ। ਨਿਕਸਯੋ ਹਰਨ ਨ੍ਰਿਪਤ ਅਗੁਵਾਨਾ॥ ੩੨॥

ਰਾਹ ਵਿਚ ਚਲੇ ਜਾਂਦਾ ਸੁਣਾ ਰਿਹਾ ਸੀ, "ਵੇਖਣਾ ਅੱਜ ਜਿਵੇਂ ਮੈਂ ਹਿਰਨਾਂ ਨੂੰ ਮਾਰਦਾ ਹਾਂ।" ਇਸ ਤਰ੍ਹਾਂ ਚਲਦੇ-ਚਲਦੇ ਜੰਗਲ ਵਿਚ ਬਹੁਤ ਦੂਰ ਨਿਕਲ ਗਏ, ਇਕ ਹਿਰਨ ਰਾਜੇ ਦੇ ਅੱਗੇ ਤੋਂ ਨਿਕਲਿਆ॥ ੩੩॥

ਸਭਿ ਕੋ ਬਰਜਿ ਆਪ ਹੀ ਧਾਯੋ। ਬਡੇ ਬੇਗ ਤੇ ਤੁਰੰਗ ਉਠਾਯੋ।
ਲਗਯੋ ਗੈਲ, ਦੌਰਹਿਂ ਜੁਗ ਐਸੇ। ਪੌਨ ਗੌਨ ਪੀਛੇ ਕਿਯ ਜੈਸੇ॥ ੩੩॥

ਸਾਰਿਆਂ ਨੂੰ ਰੋਕ ਕੇ ਆਪ ਹੀ ਹਿਰਨ ਦੇ ਪਿੱਛੇ ਲੱਗ ਗਿਆ। ਬਹੁਤ ਤੇਜ਼ ਘੋੜੀ ਨੂੰ ਭਜਾਇਆ। ਹਿਰਨ ਦੇ ਪਿੱਛੇ ਲੱਗ ਗਿਆ ਅਤੇ ਦੋਵੇਂ ਏਨੀ ਤੇਜ਼ ਦੌੜੇ ਜਿਵੇਂ ਹਵਾ ਵਾਂਗ ਉੱਡਦੇ ਜਾ ਰਹੇ ਹੋਣ॥ ੩੩॥

ਪੁਰਿ ਤੇ ਕੋਸ ਦਸ ਕੁ ਲੌ ਗਯੋ। ਮ੍ਰਿਗ ਦੌਰਤਿ ਕੋ ਹਤਿ ਕਰਿ ਲਯੋ।
ਭਯੋ ਤ੍ਰਿਖਾਤੁਰ ਮੁਖ ਕੁਮਲਾਵਾ। ਪਾਛੇ ਤੇ ਭਟ ਕੋਇ ਨ ਆਵਾ॥ ੩੪॥

ਨਗਰ ਤੋਂ ਦਸ ਕੋਹ ਦੂਰ ਨਿਕਲ ਗਏ, ਭੱਜੇ ਜਾਂਦੇ ਹਿਰਨ ਨੂੰ ਮਾਰ ਲਿਆ। ਰਾਜੇ ਨੂੰ ਬਹੁਤ ਪਿਆਸ ਲੱਗੀ ਤੇ ਮੁਖੜਾ ਕੁਮਲਾ ਗਿਆ, ਪਿੱਛੇ ਕੋਈ ਵੀ ਸੂਰਮਾ ਨਾ ਪਹੁੰਚ ਸਕਿਆ॥ ੩੪॥

ਇਤ ਉਤ ਫਿਰਿਕੈ ਹੇਰਨ ਕਰਜੋ। ਦੂਰ ਜਾਇ ਇਕ ਗ੍ਰਾਮ ਨਿਹਰਜੋ।
ਤਿਸ ਕੇ ਨਿਕਟ ਬ੍ਰਿਛ ਕੋ ਦੇਖਾ। ਉਤਰ ਪਰਜੋ ਭਾ ਸ੍ਰਮਤ ਵਿਸ਼ੇਖਾ ॥ ੩੫ ॥

ਏਧਰ-ਓਧਰ ਫਿਰ੍ ਕੇ ਵੇਖਦਾ ਰਿਹਾ, ਦੂਰ ਜਾ ਕੇ ਇਕ ਪਿੰਡ ਵੇਖਿਆ। ਉਸ ਦੇ ਨੇੜੇ ਇਕ ਬ੍ਰਿਛ ਵੇਖਿਆ, ਬਹੁਤ ਥੱਕਾ ਹੋਣ ਕਰਕੇ ਘੋੜੇ ਤੋਂ ਉਤਰ ਆਇਆ ॥ ੩੫ ॥

ਤਰੁ ਕੇ ਸੰਗ ਬਾਂਧਿ ਕਰਿ ਘੋਰਾ। ਤਹਿਂ ਤੇ ਨਿਕਟ ਨੀਰ ਕੋ ਟੋਰਾ।
ਪਿਖਿ ਜਲ ਕੋ ਕਰ ਚਰਨ ਪਖਾਰੇ। ਪੁਨ ਪੀ ਕਰਿ ਨਿਜ ਤ੍ਰਿਖਾ ਨਿਵਾਰੇ ॥ ੩੬ ॥

ਦਰੱਖਤ ਨਾਲ ਘੋੜਾ ਬੰਨ੍ਹ ਦਿੱਤਾ। ਉਸ ਦਰੱਖਤ ਦੇ ਨੇੜੇ ਪਾਣੀ ਲੱਭਾ। ਪਾਣੀ ਵੇਖ ਕੇ ਆਪਣੇ ਪੈਰ ਧੋਤੇ, ਫਿਰ ਪਾਣੀ ਪੀ ਕੇ ਪਿਆਸ ਦੂਰ ਕੀਤੀ ॥ ੩੬ ॥

ਤਰੁ ਕੇ ਤਰੇ ਸੰਘਨੀ ਛਾਯਾ। ਸ੍ਰਮਿਤ ਨ੍ਰਿਪਤ ਕੋ ਮਨ ਬਿਰਮਾਯਾ।
ਬਸਤ੍ਰ ਬਿਛਾਇ ਬੈਠਿ ਕਰਿ ਤਹਾਂ। ਸ੍ਰਮਤ ਘਾਮ ਤੇ ਸੁਖ ਲਹਿ ਮਹਾਂ ॥ ੩੭ ॥

ਦਰੱਖਤ ਦੇ ਹੇਠਾਂ ਬੜੀ ਸੰਘਣੀ ਛਾਂ ਸੀ, ਥੱਕੇ ਹੋਏ ਰਾਜੇ ਦਾ ਮਨ ਲਲਚਾਇਆ। ਦਰੱਖਤ ਦੇ ਥੱਲੇ ਚਾਦਰ ਵਿਛਾ ਕੇ ਬੈਠ ਕੇ ਥਕਾਵਟ ਦੂਰ ਕਰਕੇ ਮਹਾਨ ਸੁਖ ਪ੍ਰਾਪਤ ਕੀਤਾ ॥ ੩੭ ॥

'ਜਬਹਿ ਤਪਤ ਥੋਰੀ ਹੁਇ ਜਾਇ। ਪੁਨ ਚਢਿਹੋਂ', ਅਸ ਮਨ ਠਹਿਰਾਇ।
'ਸੰਗੀ ਆਇ ਮਿਲਹਿੰਗੇ ਮੋਹੀ। ਤਬਿ ਲੌ ਛਾਯਾ ਮਹਿਂ ਸੁਖ ਹੋਹੀ' ॥ ੩੮ ॥

"ਜਦ ਤੱਪਸ਼ ਘਟ ਜਾਵੇਗੀ, ਫਿਰ ਘੋੜੀ ਤੇ ਚੜ੍ਹ ਜਾਵਾਂਗਾ"। ਇਸ ਤਰ੍ਹਾਂ ਮਨ ਵਿਚ ਵਿਚਾਰ ਕੀਤੀ, "ਫਿਰ ਮੈਨੂੰ ਮੇਰੇ ਸਾਥੀ ਆ ਮਿਲਣਗੇ, ਤਦ ਤਕ ਮੈਂ ਛਾਂ ਵਿਚ ਸੁਖ ਲੈਂਦਾ ਹਾਂ" ॥ ੩੮ ॥

ਪੀਛੇ ਸ੍ਰੀ ਅਰਜਨ ਭਟ ਸੰਗ। ਜਾਤਿ ਅਰੂਢੇ ਸਕਲ ਤੁਰੰਗ।
ਨ੍ਰਿਪ ਕੋ ਖੋਜ ਪਾਰਖਾ ਧਰਿ ਤੇ। ਸਨੈ ਸਨੈ ਸਭਿ ਗਮਨਜੋ ਕਰਿਤੇ ॥ ੩੯ ॥

ਰਾਜੇ ਦੇ ਪਿਛੇ ਸ੍ਰੀ ਗੁਰੂ ਅਰਜਨ ਦੇਵ ਜੀ ਸੂਰਮਿਆਂ ਦੇ ਨਾਲ ਸਾਰੇ ਘੋੜਿਆਂ 'ਤੇ ਸਵਾਰ ਹੋਏ ਜਾ ਰਹੇ ਸਨ। ਧਰਤੀ ਉਤੇ ਰਾਜੇ ਦਾ ਖੋਜ ਪਰਖਦੇ-ਪਰਖਦੇ ਹੌਲੀ-ਹੌਲੀ ਸਾਰੇ ਜਾ ਰਹੇ ਸਨ ॥ ੩੯ ॥

ਦੋਹਰਾ-ਘਾਮ ਤੇਜ ਅਤਿਸੈ ਭਯੋ ਖੋਜਤਿ ਨ੍ਰਿਪ ਕੋ ਜਾਤਿ।
ਸੇਵਕ ਸੇਵਾ ਹੇਤ ਕੋ ਇਤ ਉਤ ਫਿਰ ਉਤਲਾਤਿ ॥ ੪੦ ॥

ਧੁੱਪ ਬਹੁਤ ਤੇਜ਼ ਹੋਣ ਕਰਕੇ ਗਰਮੀ ਬਹੁਤ ਸੀ, ਰਾਜੇ ਨੂੰ ਲੱਭਦੇ ਜਾ ਰਹੇ ਸਨ। ਸੇਵਕ ਸੇਵਾ ਕਰਨ ਵਾਸਤੇ ਵਿਆਕੁਲ ਹੋਏ ਏਧਰ-ਓਧਰ ਲੱਭਦੇ ਫਿਰ ਰਹੇ ਸਨ ॥ ੪੦ ॥

*ਦੂਸਰੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ ॥ ੩੨ ॥*

❖❖❖

# ਅਧਿਆਇ ਤੇਤੀਵਾਂ

## ਰਾਜੇ ਦਾ ਪ੍ਰਸੰਗ

ਦੋਹਰਾ- ਕਿਤਿਕ ਕਾਲ ਮਹਿਪਾਲ ਕੋ ਬੈਠਯੋ ਬਿਤਯੋ ਸੁ ਥਾਨ।
ਤਿਸ ਚੰਡਾਲ ਕੌ ਪੁਤ੍ਰ ਇਕ ਨ੍ਰਿਪ ਕੋ ਦੇਖਯੋ ਆਨਿ॥ ੧॥

ਰਾਜੇ ਨੂੰ ਉਸ ਦਰੱਖਤ ਦੇ ਥੱਲੇ ਬੈਠਿਆਂ ਕਾਫੀ ਸਮਾਂ ਬੀਤ ਗਿਆ। ਫਿਰ ਉਸ ਸੁਪਨੇ ਵਾਲੇ ਚੰਡਾਲ ਦਾ ਪੁੱਤਰ ਰਾਜੇ ਨੂੰ ਵੇਖ ਕੇ ਓਥੇ ਆਇਆ॥ ੧॥

ਚੌਪਈ- ਦੂਰ ਖਰੋ ਹੇਰਤਿ ਲਲਚਾਵੈ। ਕਰਤਿ ਤ੍ਰਾਸ, ਪਰ ਨਿਕਟ ਨ ਆਵੈ।
'ਇਹ ਤੌ ਪਿਤਾ ਹਮਾਰੋ ਅਹੈ। ਜੋ ਮਰਿ ਗਯੋ ਸੁ ਛਲ ਹੀ ਲਹੈ' ॥ ੨॥

ਦੂਰ ਖੜਾ ਹੀ ਵੇਖ ਵੇਖ ਕੇ ਲਲਚਾਅ ਰਿਹਾ ਸੀ, ਡਰਦਾ ਸੀ ਇਸ ਕਰਕੇ ਨੇੜੇ ਨਹੀਂ ਸੀ ਆ ਰਿਹਾ। ਸੋਚਦਾ ਸੀ, "ਇਹ ਤਾਂ ਸਾਡਾ ਪਿਤਾ ਹੈ, ਜੋ ਮਰ ਗਿਆ ਸੀ, ਉਹ ਇਸ ਛੱਲ ਹੀ ਕੀਤਾ ਹੈ" ॥ ੨॥

ਦੌਰਯੋ ਸਦਨ ਬਤਾਯੋ ਜਾਇ। 'ਕਯੋਂ ਰੋਵਹੁ ਪਿਤ ਬੈਠਯੋ ਆਇ।
ਕਰਯੋ ਸੁ ਛਲ ਪਿਤ ਮਰਯੋ ਨ ਜਾਨੋ। ਚਲਿ ਦੇਖਹੁ ਜੇ ਕਹਯੋ ਨ ਮਾਨੋ' ॥੩॥

ਦੌੜ ਕੇ ਘਰ ਜਾ ਕੇ ਦੱਸਿਆ, "ਤੁਸੀਂ ਕਿਉਂ ਰੋਂਦੇ ਹੋ, ਪਿਤਾ ਜੀ ਤਾਂ ਆ ਕੇ ਬੈਠੇ ਹਨ, ਉਨ੍ਹਾਂ ਛਲ ਹੀ ਕੀਤਾ ਹੈ, ਪਿਤਾ ਜੀ ਨੂੰ ਮਰਿਆ ਨਾ ਜਾਣੋ, ਜੇ ਮੇਰਾ ਕਿਹਾ ਨਹੀਂ ਮੰਨਦੇ ਤਾਂ ਆਪ ਚਲ ਕੇ ਵੇਖ ਲਵੋ" ॥ ੩॥

ਸੁਨਤਿ ਭਾਰਜਾ ਚਲਿ ਕਰਿ ਆਈ। ਅਪਰ ਕੁਟੰਬ ਸੰਗ ਹੀ ਲਯਾਈ।
ਹੜਬੜਾਇ ਪਹੁੰਚੀ ਦੁਖਿਆਰੀ। ਦੇਖਤਿ ਊਚੀ ਕੂਕ ਪੁਕਾਰੀ॥ ੪॥

ਇਹ ਸੁਣ ਕੇ ਚੰਡਾਲ ਦੀ ਇਸਤਰੀ ਚਲ ਕੇ ਆਈ ਅਤੇ ਬਾਕੀ ਪਰਿਵਾਰ ਨੂੰ ਵੀ ਨਾਲ ਲਿਆਈ। ਦੁਖਿਆਰੀ ਛੇਤੀ-ਛੇਤੀ ਹੜਬੜਾ ਕੇ ਓਥੇ ਪਹੁੰਚੀ। ਰਾਜੇ ਨੂੰ ਵੇਖ ਕੇ ਉੱਚੀ ਕੂਕ ਕੇ ਬੋਲੀ॥ ੪॥

'ਇਹ ਕਯਾ ਕੀਨ ਕੁਟੰਬ ਕੋ ਛੋਰਾ। ਹਮ ਸਭਿ ਕੋ ਦੀਨਸਿ ਦੁਖ ਘੋਰਾ।
ਰੁਦਿਤਿ ਭਈ ਬਯਾਕੁਲ ਨਿਸ ਮਾਂਹੀ। ਆਇ ਸਮੀਪ ਲੀਨਿ ਸੁਧਿ ਨਾਂਹੀ' ॥੫॥

"ਇਹ ਕੀ ਕੀਤਾ ਹੈ ? ਸਾਰੇ ਪਰਿਵਾਰ ਨੂੰ ਛੱਡ ਆਏ ਹੋ, ਸਾਨੂੰ ਸਾਰਿਆਂ ਨੂੰ ਘੋਰ ਦੁੱਖ ਦਿੱਤਾ ਹੈ। ਮੈਂ ਸਾਰੀ ਰਾਤ ਵਿਆਕੁਲ ਹੋਈ ਰੋਂਦੀ ਰਹੀ ਹਾਂ। ਮੇਰੇ ਪਾਸ ਖ਼ਬਰ ਲੈਣ ਵੀ ਨਹੀਂ ਆਏ ਹੋ" ॥ ੫॥

ਇਮ ਭਾਖੰਤਿ ਸਗਰੇ ਚਲਿ ਆਏ। ਦੇਖਿ ਨ੍ਰਿਪਤ ਨੇ ਸਕਲ ਹਟਾਏ।
ਸੁਪਨੇ ਬਿਖੈ ਪਿਖੇ ਥੇ ਜੈਸੇ। ਦੇਖਤਿ ਭਯੋ ਕੁਟੰਬੀ ਤੈਸੇ॥ ੬॥

ਇਸ ਤਰ੍ਹਾਂ ਕਹਿੰਦਿਆਂ ਸਾਰਾ ਪਰਿਵਾਰ ਹੀ ਚਲ ਕੇ ਆ ਗਿਆ, ਰਾਜੇ ਨੇ ਵੇਖ ਕੇ ਸਭ ਨੂੰ ਪਿਛੇ ਹਟਾ ਦਿੱਤਾ, ਰਾਜੇ ਨੇ ਸੁਪਨੇ ਵਿਚ ਜਿਵੇਂ ਵੇਖੇ ਸੀ, ਉਸ ਤਰ੍ਹਾਂ ਦਾ ਹੀ ਆਪਣਾ ਪਰਿਵਾਰ ਵੇਖ ਰਿਹਾ ਸੀ॥ ੬॥

Sri Satguru Jagjit Singh Ji eLlibrary NamdhariElibrary@gmail.com

ਸੋ ਇਸਤ੍ਰੀ ਸੁਤ ਤਨੀਯਾ ਸੋਈ। ਸੁਪਨੇ ਜਨਮ ਬਨੇ ਥੇ ਜੋਈ।
ਸਨੈ ਸਨੈ ਜਬਿ ਦੇਖਯੋ ਥਾਨ। ਨਿਸ ਮਹਿਂ ਬਸਯੋ ਸੁ ਪਰਤਿ ਪਛਾਨ॥ ੭॥

ਉਹੀ ਇਸਤਰੀ ਸੀ, ਉਹੀ ਪੁੱਤਰ ਸਨ ਤੇ ਉਹੀ ਪੁੱਤਰੀਆਂ ਸਨ, ਸੁਪਨੇ ਦੇ ਜਨਮ ਵਿਚ ਜਿਹੜੇ ਬਣੇ ਸਨ। ਹੌਲੀ-ਹੌਲੀ ਜਦ ਸਥਾਨ ਨੂੰ ਵੇਖਿਆ, ਰਾਤ ਨੂੰ ਜਿਵੇਂ ਵਸਿਆ ਸੀ, ਸਾਰਾ ਉਹੀ ਪਛਾਣਿਆ ਲੱਗਦਾ ਸੀ॥ ੭॥

ਸੁਪਨਾ ਅਰੁ ਤਿਨ ਪਿਖਤਿ ਬਿਚਾਰਤਿ। 'ਕਹਾਂ ਭਈ' ਅਚਰਜ ਕੋ ਧਾਰਤਿ।
ਸੋ ਨੇਰੇ ਹੁਇਂ, ਨ੍ਰਿਪਤ ਹਟਾਵੈ। ਬਚਹਿ ਆਪ ਜਿਨ ਛੁਹਨ ਨ ਪਾਵੈ॥ ੮॥

ਸੁਪਨਾ ਅਤੇ ਉਨ੍ਹਾਂ ਨੂੰ ਵੇਖ ਕੇ ਵਿਚਾਰ ਕਰ ਰਿਹਾ ਸੀ, "ਕੀ ਹੋਇਆ ਹੈ" ਬਹੁਤ ਹੈਰਾਨ ਹੋ ਰਿਹਾ ਸੀ। ਉਹ ਨੇੜੇ ਹੋ ਰਹੇ ਸਨ ਤੇ ਰਾਜਾ ਉਨ੍ਹਾਂ ਨੂੰ ਹਟਾਉਂਦਾ ਸੀ, ਆਪ ਬਚਦਾ ਸੀ ਕਿ ਕਿਤੇ ਚੰਡਾਲ ਦਾ ਪਰਿਵਾਰ ਉਸ ਨੂੰ ਛੂਹ ਨਾ ਲਵੇ॥ ੮॥

ਕਹਿ ਚੰਡਾਲਨੀ 'ਤੂੰ ਪਤਿ ਮੇਰੋ। ਭੋਗਤਿ ਭੋਗ ਰਹਯੋ ਬਹੁਤੇਰੋ।
ਪੁੱਤ੍ਰ ਸੁਤਾ ਇਹੁ ਸਭਿ ਉਪਜਾਏ। ਅਬਿ ਕਹਾ ਤੋਹਿ ਰਿਦੇ ਮਹਿਂ ਆਏ॥ ੯॥

ਚੰਡਾਲਨੀ ਨੇ ਕਿਹਾ, "ਤੂੰ ਮੇਰਾ ਪਤੀ ਹੈਂ; ਮੇਰੇ ਨਾਲ ਬਹੁਤ ਭੋਗ ਭੋਗਦਾ ਰਿਹਾ ਹੈਂ, ਧੀਆਂ-ਪੁੱਤਰ ਇਹ ਸਾਰੇ ਤੂੰ ਹੀ ਪੈਦਾ ਕੀਤੇ ਹਨ। ਹੁਣ ਤੇਰੇ ਹਿਰਦੇ ਵਿਚ ਕੀ ਆਇਆ ਹੈ॥ ੯॥

ਬਸਤ੍ਰ ਸ਼ਸਤ੍ਰ ਧਰਿ ਕਰਿ ਤਨੁ ਆਛੇ। ਹਮ ਸੋਂ ਮਿਲਿਨਿ ਬਿਦਾਰਯੋ ਪਾਛੇ।
ਮਰਿਬੇ ਕੋ ਛਲ ਕਰਿ ਤਜਿ ਗਯੋ। ਕਹਿਂ ਤੇ ਜਾਇ ਪਦਾਰਥ ਲਯੋ?॥ ੧੦॥

ਕਪੜੇ ਸ਼ਸਤਰ ਚੰਗੇ ਪਹਿਣ ਕੇ ਸਾਨੂੰ ਮਿਲਣ ਤੋਂ ਪਿਛੇ ਹਟਦਾ ਹੈਂ। ਮਰਨ ਦਾ ਛਲ ਕਰਕੇ, ਸਾਨੂੰ ਛੱਡ ਕੇ ਆ ਗਿਆ ਹੈਂ, ਕਿਥੋਂ ਜਾ ਕੇ ਇਹ ਧਨ ਪਦਾਰਥ ਲਿਆ ਹੈ?॥ ੧੦॥

ਕਯੋਂ ਨ ਲੇਤਿ ਸੁਤ ਕੋ ਨਿਜ ਗੋਦ। ਕਯੋਂ ਨ ਲੇਤਿ ਅਬਿ ਸਦਨ ਬਿਨੋਦ।
ਕਯੋਂ ਨ ਮਿਲਤਿ ਸਗਰੇ ਪਰਵਾਰ। ਜਿਨ ਸੋਂ ਕਰਤਿ ਸਦਾ ਤੂੰ ਪ੍ਯਾਰ'॥੧੧॥

ਆਪਣੇ ਪੁੱਤਰ ਨੂੰ ਗੋਦ ਵਿਚ ਕਿਉਂ ਨਹੀਂ ਲੈਂਦਾ ਹੈਂ, ਹੁਣ ਆਪਣੇ ਘਰ ਦਾ ਸੁੱਖ ਕਿਉਂ ਨਹੀਂ ਲੈਂਦਾ ਹੈ। ਹੁਣ ਆਪਣੇ ਸਾਰੇ ਪਰਿਵਾਰ ਨੂੰ ਕਿਉਂ ਨਹੀਂ ਮਿਲਦਾ, ਜਿਨ੍ਹਾਂ ਨਾਲ ਤੂੰ ਸਦਾ ਪਿਆਰ ਕਰਦਾ ਰਿਹਾ ਹੈਂ" ॥ ੧੧॥

ਸੁਨਿ ਸੁਨਿ ਸਭਿ ਚੰਡਾਲ ਚਲਿ ਆਏ। ਨ੍ਰਿਪ ਕੋ ਘੇਰਿ ਖਰੇ ਸਮੁਦਾਏ।
ਜੇ ਜਾਮਨਿ ਕੋ ਸੁਪਨ ਬਿਚਾਰੈ। ਤੌ ਜਾਨਤਿ ਅਪਨੋ ਪਰਵਾਰੈ॥ ੧੨॥

ਸੁਣ-ਸੁਣ ਕੇ ਸਾਰੇ ਚੰਡਾਲ ਚਲ ਕੇ ਆ ਗਏ, ਸਾਰੇ ਇਕੱਠੇ ਹੋ ਕੇ ਰਾਜੇ ਨੂੰ ਘੇਰ ਕੇ ਖਲੋ ਗਏ। ਜੇ ਰਾਤ ਦੇ ਸੁਪਨੇ ਨੂੰ ਵਿਚਾਰੇ ਤਾਂ ਸਾਰਿਆਂ ਨੂੰ ਆਪਣਾ ਪਰਿਵਾਰ ਜਾਣਦਾ ਸੀ॥ ੧੨॥

ਜਬਿ ਜਾਗ੍ਰਤ ਅਪੁਨੀ ਪਹਿਚਾਨੈ। ਕਰਤਿ ਹਟਾਵਨ ਬਾਕ ਬਖਾਨੈ।
'ਮੈਂ ਸਨਬੰਧੀ ਨਹੀਂ ਤੁਮਾਰੋ। ਅਮਕ ਗਿਰਨਿ ਕੋ ਈਸ਼ ਉਦਾਰੋ॥ ੧੩॥

ਜਦ ਆਪਣੀ ਜਾਗਦੀ ਅਵਸਥਾ ਨੂੰ ਪਹਿਚਾਣਦਾ ਸੀ ਤਾਂ ਉਨ੍ਹਾਂ ਨੂੰ ਪਿੱਛਾਂਹ ਹਟਣ ਵਾਸਤੇ ਕਹਿੰਦਾ ਸੀ, ਕਹਿਣ ਲੱਗਾ, "ਮੈਂ ਤੁਹਾਡਾ ਸੰਬੰਧੀ ਨਹੀਂ ਹਾਂ, ਮੈਂ ਫਲਾਨੇ ਪਹਾੜ ਦਾ ਪਹਾੜੀ ਰਾਜਾ ਹਾਂ॥ ੧੩॥

ਠਾਂਢੇ ਰਹੋ ਦੂਰ ਹਟਿ ਕਰਿਕੈ। ਛੁਵਹੁਂ ਨ ਤੁਮਕੋ ਨੀਚ ਬਿਚਰਿ ਕੈ।
ਅਪਨੇ ਕੋ ਤੁਮ ਕਯੋਂ ਨ ਪਛਾਨੋ। ਅਪਨ ਸਬੰਧੀ ਮੋਹਿ ਬਖਾਨੋ॥ ੧੪॥

ਦੂਰ ਹਟ ਕੇ ਖੜੇ ਰਹੋ, ਤੁਹਾਨੂੰ ਨੀਚ ਵਿਚਾਰ ਕੇ ਮੈਂ ਛੂਹਾਂਗਾ ਨਹੀਂ। ਤੁਸੀਂ ਆਪਣੇ ਆਪ ਨੂੰ ਕਿਉਂ ਨਹੀਂ ਪਹਿਚਾਣਦੇ, ਮੈਨੂੰ ਆਪਣਾ ਸੰਬੰਧੀ ਕਹਿੰਦੇ ਹੋ'॥ ੧੪॥

ਇਮ ਝਗਰਤਿ ਬੀਤਯੋ ਚਿਰਕਾਲ। ਇਤਨੇ ਮਹਿਂ ਸਤਿਗੁਰੂ ਬਿਸਾਲ।
ਚਮੂ ਸੰਗਿ ਆਏ ਤਿਸ ਬੇਰਾ। ਗਨ ਚੰਡਾਲਨ ਨ੍ਰਿਪ ਜਹਿਂ ਘੇਰਾ॥ ੧੫॥

ਇਸ ਤਰ੍ਹਾਂ ਝਗੜਦਿਆਂ ਕਾਫੀ ਸਮਾਂ ਬੀਤ ਗਿਆ। ਏਨੇ ਵਿਚ ਵੱਡੇ ਸਤਿਗੁਰੂ ਜੀ, ਸੈਨਿਕਾਂ ਸਮੇਤ ਉਥੇ ਪਹੁੰਚ ਗਏ, ਜਿਥੇ ਚੰਡਾਲਾਂ ਦੇ ਇਕੱਠ ਨੇ ਰਾਜੇ ਨੂੰ ਘੇਰਿਆ ਹੋਇਆ ਸੀ॥ ੧੫॥

ਸਗਰੇ ਕਹਿ ਕੈ ਦੂਰ ਹਟਾਏ। ਬੂਝਯੋ ਤਿਨ ਸੋਂ ਤਹਾਂ ਬਿਠਾਏ।
ਸ੍ਰੀ ਅਰਜਨ ਅਰੁ ਮਾਨਵ ਸਾਰੇ। ਬੈਠਿ ਗਏ ਸੁਨਿਬੇ ਹਿਤ ਧਾਰੇ॥ ੧੬॥

ਸਾਰਿਆਂ ਨੂੰ ਕਹਿ ਕੇ ਦੂਰ ਹਟਾ ਦਿੱਤਾ, ਉਨ੍ਹਾਂ ਨੂੰ ਪਿਛਾਂਹ ਬਿਠਾ ਕੇ ਪੁਛਿਆ। ਸ੍ਰੀ ਅਰਜਨ ਦੇਵ ਜੀ ਅਤੇ ਸਾਰੇ ਮਨੁੱਖ ਸੁਣਨ ਵਾਸਤੇ ਹਿਤ ਧਾਰ ਕੇ ਬੈਠ ਗਏ॥ ੧੬॥

'ਹਮਰੋ ਬੰਧੁ ਬੈਠਯੋ ਏਹੁ। ਸਗਲ ਕੁਟੰਬ ਇਸੀ ਕੋ ਲੇਹੁ।
ਬਸਤ੍ਰ ਸ਼ਸਤ੍ਰ ਅਰੁ ਭੂਖਨ ਘੋਰਾ। ਕਰਿ ਛਲ ਮਰਿਬੇ ਲਯਾਇਸੁ ਔਰਾ॥ ੧੭॥

ਚੰਡਾਲ ਕਹਿਣ ਲੱਗੇ, "ਇਹ ਸਾਡੇ ਸੰਬੰਧੀ ਲੱਗਦੇ ਹਨ, ਇਹ ਸਾਰਾ ਪਰਿਵਾਰ ਇਨ੍ਹਾਂ ਦਾ ਹੀ ਹੈ, ਕਪੜੇ, ਸ਼ਸ਼ਤਰ, ਗਹਿਣੇ ਅਤੇ ਘੋੜਾ, ਮਰਨ ਦਾ ਛਲ ਕਰਕੇ ਹੋਰ ਲੈ ਆਏ ਹਨ॥ ੧੭॥

ਸਰਬ ਸਰੀਰ ਅਹੈ ਇਹੁ ਸੋਈ। ਬਸਤਿ ਹੁਤੋ ਹਮਰੇ ਮਹਿਂ ਜੋਈ।
ਨੀਕੇ ਸਭਿ ਨੇ ਕੀਨਿ ਚਿਨਾਰੀ। ਲਖਯੋ ਜੁ ਬਰਤਹਿ ਸੰਗ ਹਮਾਰੀ॥ ੧੮॥

ਬਾਕੀ ਸਾਰਾ ਸਰੀਰ ਉਹੀ ਹੈ, ਜਿਹੜਾ ਸਾਡੇ ਵਿਚ ਵਸਦਾ ਸੀ। ਸਾਰਿਆਂ ਨੇ ਚੰਗੀ ਤਰ੍ਹਾਂ ਪਹਿਚਾਣ ਲਿਆ ਹੈ। ਇਹ ਉਹੀ ਹਨ ਜਿਹੜੇ ਸਾਡੇ ਨਾਲ ਰਹਿੰਦੇ ਸਨ॥ ੧੮॥

ਅਬਿ ਹਮ ਇਸ ਕੋ ਜਾਨ ਨ ਦੇਈਂ। ਜਾਇ ਜਿ, ਨਿਜ ਕੁਟੰਬ ਸੰਗ ਲੇਈ।
ਸਕਲ ਬੈਸ ਜਿਨ ਸੰਗ ਬਿਤਾਈ। ਅਬਿ ਦੇ ਕਿਤ ਜੈ ਹੈਂ ਦੁਖ ਪਾਈ'॥ ੧੯॥

ਅਸੀਂ ਹੁਣ ਇਨ੍ਹਾਂ ਨੂੰ ਜਾਣ ਨਹੀਂ ਦੇਵਾਂਗੇ, ਜੇ ਇਸ ਜਾਣਾ ਹੀ ਹੈ ਤਾਂ ਆਪਣੇ ਪਰਿਵਾਰ ਨੂੰ ਵੀ ਆਪਣੇ ਨਾਲ ਲੈ ਜਾਣ। ਸਾਰੀ ਉਮਰ ਜਿਸ ਨਾਲ ਬਤੀਤ ਕੀਤੀ ਹੈ, ਇਹ ਹੁਣ ਸਾਨੂੰ ਦੁੱਖਾਂ ਵਿਚ ਪਾ ਕੇ ਕਿੱਥੇ ਜਾਣਗੇ'॥ ੧੯॥

ਸ੍ਰੀ ਅਰਜਨ ਸਰਬੱਗਯ ਸੁਜਾਨਾ। ਤਿਨ ਬਰਜਨ ਕੋ ਬਾਕ ਬਖਾਨਾ।
'ਜੋ ਮਰਿ ਗਯੋ ਸੁ ਬੰਧੁ ਤਿਹਾਰੋ। ਜਹਿਂ ਗਾਡਯੋ ਸੋ ਕਬਰ ਨਿਹਾਰੋ॥ ੨੦॥

ਸ੍ਰੀ ਗੁਰੂ ਅਰਜਨ ਦੇਵ ਹਰ ਤਰ੍ਹਾਂ ਨਾਲ ਚਤੁਰ ਸਨ। ਉਨ੍ਹਾਂ ਨੇ ਚੰਡਾਲਾਂ ਨੂੰ ਰੋਕਣ ਵਾਸਤੇ ਬਚਨ ਕਹੇ, "ਜੋ ਮਰ ਗਿਆ ਸੀ, ਉਹ ਤੁਹਾਡਾ ਸੰਬੰਧੀ ਸੀ, ਜਿਥੇ ਉਸ ਨੂੰ ਕਬਰ ਵਿਚ ਦੱਬਿਆ ਹੈ, ਉਸ ਕਬਰ ਨੂੰ ਪੁੱਟ ਕੇ ਵੇਖੋ॥ ੨੦॥

ਤਿਸ ਮਹਿਂ ਮੁਰਦਾ ਹੋਇ ਜਿ ਆਨੋ। ਤੌ ਤੁਮਰੋ ਇਹੁ ਨਹੀਂ, ਪਛਾਨੋ।
ਜੇ ਨਹਿਂ ਤਹਾਂ ਨਿਹਾਰੋ ਸੋਇ। ਤੌ ਕਹਿਬੋ ਤੁਮਰੋ ਸਚ ਹੋਇ' ॥ ੨੧ ॥

ਉਸ ਵਿਚ ਜਿਹੜਾ ਮੁਰਦਾ ਹੈ, ਉਸ ਨੂੰ ਲਿਆਵੋ, ਤਦ ਇਹ ਜਾਣੋ ਕਿ ਇਹ ਤੁਹਾਡਾ ਸੰਬੰਧੀ ਨਹੀਂ ਹੈ। ਜੇ ਓਥੇ ਤੁਸੀਂ ਮੁਰਦਾ ਨਾ ਵੇਖੋ ਤਾਂ ਤੁਹਾਡਾ ਕਿਹਾ ਸੱਚਾ ਮੰਨਿਆ ਜਾਵੇਗਾ" ॥ ੨੧ ॥

ਸੁਨਿਕੈ ਬਾਕ ਸਭਿਨਿ ਹੀ ਮਾਨੇ। 'ਇਹੁ ਤੁਮ ਆਛੀ ਰੀਤਿ ਬਖਾਨੇ'।
ਗਨ ਚੰਡਾਲ ਖੋਦ ਤਿਸ ਬੇਰਾ। ਦਫਨਜੋ ਮੁਰਦਾ ਤਹਾਂ ਸੁ ਹੇਰਾ ॥ ੨੨ ॥

ਗੁਰੂ ਜੀ ਦੇ ਇਹ ਬਚਨ ਸੁਣ ਕੇ ਸਭ ਨੇ ਮੰਨ ਲਏ, ਕਹਿਣ ਲੱਗੇ, "ਇਹ ਤੁਸੀਂ ਚੰਗੀ ਗੱਲ ਕਹੀ ਹੈ" ਸਾਰੇ ਚੰਡਾਲਾਂ ਨੇ ਜਾ ਕੇ ਫਿਰ ਉਸ ਕਬਰ ਨੂੰ ਪੁਟਿਆ, ਓਥੇ ਦੱਬੇ ਹੋਏ ਮੁਰਦੇ ਨੂੰ ਵੇਖਿਆ॥ ੨੨ ॥

ਤਬਿ ਚੰਡਾਲ ਸਕਲ ਬਿਸਮਾਏ। ਬਹੁਰ ਕਹਨਿ ਕਿਛੁ ਨਿਕਟਿ ਨ ਆਏ।
ਭੂਪਤਿ ਕੌ ਚਢਾਇ ਕਰਿ ਚਾਲੇ। ਅਪਨ ਪੁਰੀ ਕੌ ਪੰਥ ਸਮਾਲੇ ॥ ੨੩ ॥

ਤਦ ਸਾਰੇ ਚੰਡਾਲ ਹੈਰਾਨ ਰਹਿ ਗਏ, ਫਿਰ ਕੁਝ ਕਹਿਣ ਵਾਸਤੇ ਨੇੜੇ ਨਾ ਆਏ। ਰਾਜੇ ਨੂੰ ਘੋੜੀ ਉਤੇ ਚੜ੍ਹਾ ਕੇ, ਸਾਰੇ ਆਪਣੀ ਨਗਰੀ ਦੇ ਰਾਹ ਪੈ ਗਏ॥ ੨੩ ॥

ਸੰਧਜਾ ਲੌ ਚਲਿ ਕਰਿ ਤਹਿਂ ਆਏ। ਮਹਿਪਾਲਕ ਸੋਚਤਿ ਬਿਸਮਾਏ।
ਕਹਿ ਨ ਸਕੈ ਅਚਰਜ ਹੀ ਗਾਥਾ। 'ਕਜਾ ਏ ਭਯੋ ਆਜ ਮਮ ਸਾਥਾ ?' ॥੨੪ ॥

ਸ਼ਾਮ ਨੂੰ ਚਲ ਕੇ ਓਥੇ ਆ ਗਏ, ਰਾਜਾ ਸੋਚ ਕੇ ਬਹੁਤ ਹੈਰਾਨ ਹੋਇਆ। ਅਸਚਰਜ ਗਾਥਾ ਕਹਿ ਨਹੀਂ ਸੀ ਸਕਦਾ, ਸੋਚਦਾ ਹੈ, "ਅੱਜ ਮੇਰੇ ਨਾਲ ਇਹ ਕੀ ਹੋਇਆ ਹੈ ?" ॥ ੨੪ ॥

ਚਿਤਵਤਿ ਕੇ ਚਿਤ ਮਹਿਂ ਇਮ ਆਈ। 'ਸਕਲ ਬਤਾਵਹਿਂ ਗੁਰੂ ਗੋਸਾਈਂ'।
ਮਮ ਮਤ ਮਹਿਂ ਇਹੁ ਕਛੂ ਨ ਆਵੈ। ਸੁਪਨ ਬਾਤ ਜਾਗ੍ਰਤ ਦ੍ਰਿਸ਼ਟਾਵੈ' ॥੨੫ ॥

ਸੋਚਦਿਆਂ-ਸੋਚਦਿਆਂ ਮਨ ਵਿਚ ਇਹ ਗੱਲ ਆਈ, "ਸਾਰੀ ਵਾਰਤਾ ਪ੍ਰਭੂ ਗੁਰੂ ਜੀ ਨੂੰ ਸੁਣਾਵਾਂ, ਮੇਰੀ ਮੱਤ ਵਿਚ ਇਹ ਕੁਝ ਸਮਝ ਨਹੀਂ ਆਉਂਦਾ, ਸੁਪਨੇ ਦੀ ਗੱਲ ਜਾਗਦਿਆਂ ਵੀ ਦਿੱਸਦੀ ਹੈ" ॥ ੨੫ ॥

ਨਿਜ ਥਲੁ ਖਾਨ ਪਾਨ ਕੋ ਕਰਿਕੈ। ਸੁਪਤੇ ਸਭਿ ਸ਼੍ਰਮ ਕੋ ਪਰਿਹਰਿਕੈ।
ਭਈ ਪ੍ਰਾਤਿ ਕਰਿ ਤਨ ਇਸ਼ਨਾਨ। ਸੋਚਤਿ ਚਿਤ ਮਹਿਂ ਨ੍ਰਿਪਤਿ ਮਹਾਂਨ ॥੨੬ ॥

ਆਪਣੇ ਸਥਾਨ ਤੇ ਖਾਣ-ਪੀਣ ਕਰਕੇ ਸਾਰੇ ਥਕਾਵਟ ਦੂਰ ਕਰਕੇ ਸੌਂ ਗਏ। ਜਦ ਸਵੇਰ ਹੋਈ ਤਾਂ ਇਸ਼ਨਾਨ ਕੀਤਾ, ਰਾਜਾ ਮਨ ਵਿਚ ਬਹੁਤ ਸੋਚ ਰਿਹਾ ਸੀ॥ ੨੬ ॥

'ਬੂਝਨਿ ਕਰਿਹੌਂ ਗੁਰ ਕੇ ਸਾਥਿ'। ਇਸ ਬਿਧਿ ਦੀਨ ਹੋਤਿ ਨਰ ਨਾਥ।
ਬਸਤ੍ਰ ਸ਼ਸਤ੍ਰ ਤਨ ਪਹਿਰੇ ਸਾਰੇ। ਸਚਿਵ ਸੁਭਟ ਅਪੁਨੇ ਸੰਗ ਧਾਰੇ ॥ ੨੭ ॥

"ਗੁਰੂ ਜੀ ਪਾਸੋਂ ਪੁੱਛਦਾ ਹਾਂ।" ਇਸ ਤਰ੍ਹਾਂ ਰਾਜਾ ਦੀਨ ਹੋ ਗਿਆ। ਬਸਤਰ-ਸ਼ਸਤਰ ਸਾਰੇ ਸਰੀਰ ਤੇ ਧਾਰਨ ਕਰ ਲਏ, ਮੰਤਰੀ ਅਤੇ ਸੂਰਮੇ ਆਪਣੇ ਨਾਲ ਲੈ ਲਏ॥ ੨੭ ॥

Sri Satguru Jagjit Singh Ji eLlibrary NamdhariElibrary@gmail.com

ਸਨੈ ਸਨੈ ਪਾਇਨ ਸੌਂ ਗਯੋ। ਜਾਇ ਦਰਸ ਸ੍ਰੀ ਗੁਰ ਕੋ ਕਯੋ।
ਪਦ ਅਰਬਿੰਦ ਬੰਦਨਾ ਧਾਰੀ। ਬੈਠਜੋ ਨੰਮ੍ਰ ਸੁ ਹੋਇ ਅਗਾਰੀ॥ ੨੮॥

ਹੌਲੀ-ਹੌਲੀ ਪੈਦਲ ਚਲ ਕੇ ਗਿਆ ਅਤੇ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਚਰਨ-ਕੰਵਲਾਂ ਤੇ ਬੰਦਨਾ ਕੀਤੀ ਅਤੇ ਸਨਿੰਮਰ ਹੋ ਕੇ ਗੁਰੂ ਜੀ ਦੇ ਅੱਗੇ ਬੈਠ ਗਿਆ॥ ੨੮॥

ਸਾਦਰ ਸ੍ਰੀ ਅਰਜਨ ਕਹਿ ਕਰਿ ਕੈ। ਬੂਝਜੋ 'ਹੇ ਨ੍ਰਿਪ ! ਚਿੰਤਾ ਧਰਿ ਕੈ।
ਕਜੋਂ ਮਨ ਭੰਗ ਹੋਇ ਕਰਿ ਰਹਜੋ?। ਕੋ ਕਾਰਣ ਐਸੋ ਕਿਤ ਲਹਜੋ?' ॥੨੯॥

ਗੁਰੂ ਜੀ ਨੇ ਆਦਰ ਨਾਲ ਕਹਿ ਕੇ ਪੁਛਿਆ, "ਹੇ ਰਾਜਨ ! ਚਿੰਤਾ ਧਾਰਨ ਕਰਕੇ ਕਿਉਂ ਮਨ ਨੂੰ ਭੰਗ ਕਰ ਰਹੇ ਹੋ ? ਕੀ ਕਾਰਨ ਹੈ ? ਐਸਾ ਕੀ ਵੇਖਿਆ ਜਾਂ ਪਾਇਆ ਹੈ ?" ॥ ੨੯॥

ਸੁਨਿ ਨ੍ਰਿਪ ਸ਼ਰਧਾ ਕਰਿ ਅਧਿਕਾਰੀ। 'ਬੂਝਜੋ ਗੁਰੂ ਜੁ ਮੋ ਮਨ ਭਾਈ'।
ਹਾਥ ਜੋਰਿ ਬਿਰਤਾਂਤ ਬਖਾਨਾ। 'ਤੁਮ ਸਮਰਥ, ਸਰਬੱਗਜ, ਮਹਾਨਾ ! ॥ ੩੦॥

ਇਹ ਸੁਣ ਕੇ ਰਾਜੇ ਨੇ ਬਹੁਤ ਸ਼ਰਧਾ ਧਾਰ ਕੇ ਮਨ ਵਿਚ ਸੋਚਿਆ, "ਗੁਰੂ ਜੀ ਨੇ ਮੇਰੇ ਮਨ ਭਾਉਂਦੀ ਗੱਲ ਪੁੱਛੀ ਹੈ।" ਹੱਥ ਜੋੜ ਕੇ ਸਾਰਾ ਬਿਰਤਾਂਤ ਸੁਣਾਇਆ, "ਤੁਸੀਂ ਸਮਰੱਥ ਸਭ ਤਰ੍ਹਾਂ ਨਾਲ ਮਹਾਨ ਹੋ॥ ੩੦॥

ਗੁਪਤ ਬਿਦਤ ਬਿਰਤੰਤ ਪਛਾਨਹੁ। ਤੀਨ ਕਾਲ ਮਹਿਂ ਹੋਇ, ਸੁ ਜਾਨਹੁ।
ਭਯੋ ਮੋਹਿ ਮਨ ਅਧਿਕ ਸੰਦੇਹੂ। ਤੁਮ ਬਿਨ ਅਪਰ ਮਿਟਾਇ ਨ ਕੇਹੂ ॥ ੩੧॥

ਗੁਪਤ-ਪਰਗਟ ਸਭ ਬਿਰਤਾਂਤ ਪਛਾਣਦੇ ਹੋ, ਜੋ ਤਿੰਨਾਂ ਕਾਲਾਂ ਵਿਚ ਹੋ ਰਿਹਾ ਹੈ, ਸਭ ਜਾਣਦੇ ਹੋ, ਮੇਰੇ ਮਨ ਵਿਚ ਬਹੁਤ ਸ਼ੰਕਾ ਹੋਈ ਹੈ, ਤੁਹਾਡੇ ਬਗੈਰ ਹੋਰ ਕੋਈ ਮੇਰੇ ਇਸ ਸੰਦੇਹ ਨੂੰ ਦੂਰ ਨਹੀਂ ਕਰ ਸਕਦਾ॥ ੩੧॥

ਭਯੋ ਜਾਮਨੀ ਮਹਿਂ ਇਮ ਸੁਪਨਾ। ਤਜਯੋ ਸਰੀਰ ਮ੍ਰਿਤਕ ਹੁਇ ਅਪੁਨਾ।
ਸਭਿ ਰਣਵਾਸ ਰਾਜ ਕੇ ਲੋਕ। ਰੁਦਤਿ ਪੀਟਤੇ ਧਰਿ ਉਰ ਸ਼ੋਕ॥ ੩੨॥

ਰਾਤ ਨੂੰ ਮੈਨੂੰ ਇਕ ਸੁਪਨਾ ਇਸ ਤਰ੍ਹਾਂ ਆਇਆ। ਮੈਂ ਮਰ ਕੇ ਆਪਣਾ ਸਰੀਰ ਛੱਡ ਦਿੱਤਾ ਹੈ। ਸਭ ਰਣਵਾਸ ਅਤੇ ਰਾਜ ਦੇ ਲੋਕ, ਦਿਲ ਵਿਚ ਦੁੱਖ ਧਾਰਨ ਕਰਕੇ ਰੋਂਦੇ ਪਿੱਟਦੇ ਸਨ॥ ੩੨॥

ਮੈਂ ਤਬਿ ਜਨਮਜੋ ਘਰ ਚੰਡਾਲ। ਤਹਿਂ ਹੋਯੋ ਪਰਵਾਰ ਬਿਸਾਲ।
ਭੋਗੁ ਆਰਬਲ ਤਨ ਕੀ ਤਹਾਂ। ਭਯੋ ਮ੍ਰਿਤਕ ਮੈਂ ਸੰਕਟ ਮਹਾਂ॥ ੩੩॥

ਫਿਰ ਮੈਂ ਇਕ ਚੰਡਾਲ ਦੇ ਘਰ ਜਨਮ ਲਿਆ, ਉਥੇ ਮੇਰਾ ਬਹੁਤ ਵੱਡਾ ਪਰਿਵਾਰ ਹੋਇਆ, ਉਥੇ ਸਾਰੀ ਉਮਰ ਭੋਗ ਕੇ ਮੇਰੀ ਮਿਰਤੂ ਹੋ ਗਈ ਤੇ ਮੈਂ ਮਹਾਨ ਸੰਕਟ ਵਿਚ ਪੈ ਗਿਆ॥ ੩੩॥

ਭੋਰ ਹੋਤਿ ਜਬਿ ਗਏ ਅਖੇਰ। ਤਹਿਂ ਚੰਡਾਲਿਨ ਲੀਨ ਸੁ ਘੇਰ।
ਜੋ ਸੁਪਨੇ ਮਹਿਂ ਭਾ ਪਰਵਾਰੇ। ਤੈਸੇ ਰੂਪ ਸਮੂਹ ਨਿਹਾਰੇ॥ ੩੪॥

ਸਵੇਰ ਹੁੰਦਿਆਂ ਜਦ ਸ਼ਿਕਾਰ ਖੇਡਣ ਗਏ, ਉਥੇ ਮੇਰੇ ਸੁਪਨੇ ਵਾਲੇ ਪਰਿਵਾਰ ਦੇ ਚੰਡਾਲਾਂ ਨੇ ਮੈਨੂੰ ਘੇਰ ਲਿਆ। ਜੋ ਸੁਪਨੇ ਵਿਚ ਮੇਰਾ ਪਰਿਵਾਰ ਸੀ, ਸਾਰਿਆਂ ਨੂੰ ਉਸੇ ਰੂਪ ਵਿਚ ਜਾਗਦਿਆਂ ਹੋਇਆਂ ਵੇਖਿਆ॥ ੩੪॥

ਦਾਰਾ, ਸੁਤ, ਪੁੱਤ੍ਰੀ ਜੋ ਭਈ। ਕਰਿ ਚਿਨਾਰ ਮੈਂ ਦੇਖਿ ਸੁ ਲਈ।
ਤਿਨਹੁੰ ਪਛਾਨ ਮੋਹਿ ਕੋ ਲੀਨਾ। ਦੇਖਯੋ ਤੁਮ ਝਗਰਾ ਜੋ ਕੀਨਾ॥ ੩੫॥

ਪਤਨੀ, ਪੁੱਤਰ ਅਤੇ ਜਿਹੜੀਆਂ ਪੁੱਤਰੀਆਂ ਸਨ, ਮੈਂ ਉਨ੍ਹਾਂ ਸਭ ਨੂੰ ਪਹਿਚਾਣ ਲਿਆ। ਉਨ੍ਹਾਂ ਵੀ ਮੈਨੂੰ ਪਹਿਚਾਣ ਲਿਆ, ਜਿਹੜਾ ਉਨ੍ਹਾਂ ਝਗੜਾ ਕੀਤਾ ਸੀ, ਉਹ ਤੁਸੀਂ ਵੇਖ ਹੀ ਲਿਆ ਹੈ॥ ੩੫॥

ਇਹ ਸਗਰੋ ਬਿਰਤੰਤ ਜੁ ਹੋਵਾ। ਅਹੈ ਸਾਚ ਕੈ ਝੂਠੋ ਜੋਵਾ?।
ਮਮ ਮਨ ਨਿਸ਼ਚੈ ਆਇ ਨ ਕੋਈ। ਯਾਂਤੇ ਚਿੰਤਾ ਚਿਤ ਬਡ ਹੋਈ॥ ੩੬॥

ਇਹ ਸਾਰਾ ਜੋ ਬਿਰਤਾਂਤ ਹੋਇਆ ਹੈ ਕੀ ਇਹ ਸੱਚ ਹੈ ਕਿ ਝੂਠਾ ਹੋਇਆ ਹੈ ? ਮੇਰੇ ਮਨ ਵਿਚ ਕੋਈ ਨਿਸ਼ਚਾ ਨਹੀਂ ਆਇਆ ਹੈ, ਇਸ ਕਰਕੇ ਮੇਰੇ ਮਨ ਵਿਚ ਬੜੀ ਚਿੰਤਾ ਹੋਈ ਹੈ॥ ੩੬॥

ਕ੍ਰਿਪਾ ਕਰਹੁ ਇਹੁ ਸਰਬ ਬਤਾਵਹੁ। ਕਹਾ ਅਚਰਜੁ ਹੋਯੋ? ਸਮੁਝਾਵਹੁ'।
ਇਮ ਨ੍ਰਿਪ ਤੇ ਸੁਨਿ ਕੈ ਸਭਿ ਗਾਥ। ਕਹਤਿ ਭਏ ਸ੍ਰੀ ਅਰਜਨ ਨਾਥ॥ ੩੭॥

ਕਿਰਪਾ ਕਰਕੇ ਇਹ ਸਭ ਕੁਝ ਦੱਸੋ, ਇਹ ਕੀ ਅਸਚਰਜ ਹੋਇਆ ਹੈ ? ਚੰਗੀ ਤਰ੍ਹਾਂ ਸਮਝਾਵੋ"। ਇਸ ਤਰ੍ਹਾਂ ਰਾਜੇ ਦੀ ਸਾਰੀ ਗੱਲ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ॥ ੩੭॥

'ਲਿਖਿਆ ਪ੍ਰਭ ਕੋ, ਕੋ ਨਹਿੰ ਖੋਵਤਿ। ਤਉ ਸਹਾਇਕ ਸਤਿਗੁਰ ਹੋਵਤਿ'।
ਇਹ ਗਤਿ ਬੀਤੀ ਹੈ ਤੁਵ ਸੰਗ। ਕਰਹੁ ਨਹੀਂ ਅਪਨੋ ਮਨ ਭੰਗ॥ ੩੮॥

"ਪ੍ਰਭੂ ਦਾ ਲਿਖਿਆ, ਕਿਤੇ ਨਹੀਂ ਜਾਂਦਾ ਹੈ, ਜਿਸ ਦੇ ਸਤਿਗੁਰੂ ਜੀ ਸਹਾਇਕ ਹੁੰਦੇ ਹਨ।" ਇਸ ਤਰ੍ਹਾਂ ਤੁਹਾਡੇ ਨਾਲ ਹੋਈ ਬੀਤੀ ਹੈ, ਇਸ ਲਈ ਆਪਣੇ ਮਨ ਵਿਚ ਉਦਾਸ ਨਾ ਹੋਵੋ॥ ੩੮॥

ਸਤਿਗੁਰ ਭਏ ਸਹਾਇਕ ਤੇਰੀ। ਰਿਦੈ ਬਿਚਾਰਤਿ ਬਾਤ ਜੁ ਹੇਰੀ।
ਜਨਮ ਪਾਵਨੋ ਘਰ ਚੰਡਾਲ। ਤੋਹਿ ਭਾਗ ਮਹਿਂ ਲਿਖ੍ਯੋ ਅਟਾਲ॥ ੩੯॥

ਸਤਿਗੁਰੂ ਜੀ ਤੁਹਾਡੇ ਸਹਾਇਕ ਹੋਏ ਹਨ, ਤੁਸੀਂ ਹਿਰਦੇ ਵਿਚ ਜਿਹੜੀ ਗੱਲ ਵਿਚਾਰਦੇ ਸੀ, ਉਨ੍ਹਾਂ ਨੇ ਸਮਝ ਲਈ ਹੈ। ਤੇਰੇ ਭਾਗਾਂ ਵਿਚ ਚੰਡਾਲ ਦੇ ਘਰ ਜਨਮ ਲੈਣਾ ਪ੍ਰਭੂ ਵਲੋਂ ਲਿਖਿਆ ਹੋਇਆ ਸੀ ਅਤੇ ਅਟੱਲ ਤੁਸੀਂ ਇਹ ਜਨਮ ਲੈਣਾ ਸੀ॥ ੩੯॥

ਸਦਨੁ ਤਜਾਗ ਕੈ ਤੂੰ ਚਲਿ ਆਯੋ। ਸਤਿਗੁਰ ਆਗੈ ਸੀਸ ਨਿਵਾਯੋ।
ਧਰੇ ਪਦਾਰਥ ਆਨ ਉਪਾਇਨ। ਕਰਿ ਸ਼ਰਧਾ ਪਰਸੇ ਕਰ ਪਾਇਨ॥ ੪੦॥

ਆਪਣਾ ਘਰ ਛੱਡ ਕੇ ਤੁਸੀਂ ਚਲ ਕੇ ਆਏ ਹੋ ਅਤੇ ਸਤਿਗੁਰੂ ਦੇ ਅੱਗੇ ਸਿਰ ਨਿਵਾਇਆ ਹੈ। ਏਥੇ ਆ ਕੇ ਉਪਹਾਰ ਭੇਟ ਕੀਤੇ ਹਨ ਅਤੇ ਸ਼ਰਧਾ ਧਾਰਨ ਕਰਕੇ ਚਰਨ ਪਰਸੇ ਹਨ॥ ੪੦॥

ਯਾਂਤੇ ਸਤਿਗੁਰ ਭਏ ਸਹਾਇ। ਸੁਪਨੇ ਮਹਿਂ ਸੋ ਦੀਨ ਬਿਤਾਇ।
ਜਨਮ ਚੰਡਾਲ ਜੁ ਧਰਨੋ ਹੁਤੋ। ਸੋ ਇਕ ਜਾਮਨਿ ਮਹਿਂ ਧਰਿ ਬਿਤੋ॥ ੪੧॥

ਇਸ ਕਰਕੇ ਸਤਿਗੁਰੂ ਜੀ ਨੇ ਤੁਹਾਡੀ ਸਹਾਇਤਾ ਕੀਤੀ, ਸੁਪਨੇ ਵਿਚ ਹੀ ਤੁਹਾਨੂੰ ਸਭ ਕੁਝ ਦੱਸ ਦਿੱਤਾ ਹੈ। ਜੋ ਚੰਡਾਲ ਦਾ ਜਨਮ ਤੂੰ ਧਾਰਨ ਕਰਨਾ ਸੀ, ਉਹ ਇਕ ਰਾਤ ਵਿਚ ਹੀ ਬਤੀਤ ਕਰਵਾ ਦਿੱਤਾ॥ ੪੧॥

Sri Satguru Jagjit Singh Ji eLlibrary NamdhariElibrary@gmail.com

ਭਰਮ ਹੁਤੋ ਤੇਰੋ ਮਨ ਮਾਂਹੀ। 'ਲਿੱਖਜਾ ਮੇਟ ਸਕਹਿ ਕੋ ਨਾਂਹੀ।
ਤੌ ਸਹਾਇਤਾ ਗੁਰ ਕਜਾ ਕਰੈ। ਨਿਫਲਹਿ', ਇਮ ਸੰਸੋ ਤੂੰ ਧਰੈਂ॥ ੪੨॥

ਤੇਰੇ ਮਨ ਵਿਚ ਇਹ ਭਰਮ ਸੀ, "ਪ੍ਰਭੂ ਦਾ ਲਿਖਿਆ ਕੋਈ ਮੇਟ ਨਹੀਂ ਸਕਦਾ ਤਾਂ ਗੁਰੂ ਜੀ ਦੀ ਸਹਾਇਤਾ ਕੀ ਕਰੇਗੀ, ਇਸ ਲਈ ਗੁਰੂ ਦੀ ਸੇਵਾ ਵਿਅਰਥ ਹੈ"। ਇਸ ਤਰ੍ਹਾਂ ਤੁਸੀਂ ਸੰਸਾ ਧਾਰਨ ਕੀਤਾ ਹੋਇਆ ਸੀ॥ ੪੨॥

ਸੋ ਬਿਧਿ ਤੁਝ ਕੋ ਕਰਿ ਦਿਖਰਾਈ। ਇਮ ਸ੍ਰੀ ਸਤਿਗੁਰ ਹੋਇਂ ਸਹਾਈ।
ਮਹਾਂ ਕਸ਼ਟ ਤੇ ਲੇਤਿ ਬਚਾਇ। ਜੋ ਸਿਖ ਬਨਿਹੈ ਸ਼ਰਧਾ ਲਜਾਇ'॥ ੪੩॥

ਇਸ ਵਿਧੀ ਅਨੁਸਾਰ ਤੈਨੂੰ ਕਰ ਕੇ ਵਿਖਾਇਆ ਹੈ ਕਿ ਇਸ ਤਰ੍ਹਾਂ ਸਤਿਗੁਰੂ ਜੀ ਸਹਾਇਤਾ ਕਰਦੇ ਹਨ। ਮਹਾਨ ਕਸ਼ਟ ਤੋਂ ਬਚਾ ਲੈਂਦੇ ਹਨ, ਜਿਹੜਾ ਵਿਅਕਤੀ ਸ਼ਰਧਾ ਲਿਆ ਕੇ ਸਿੱਖ ਬਣਦਾ ਹੈ"॥ ੪੩॥

ਸੁਨਿ ਕੈ ਨ੍ਰਿਪ ਗਦਿ ਗਦਿ ਹੁਇ ਗਯੋ। ਬੈਠੇ ਮਹਿਦ ਪ੍ਰੇਮ ਉਪਜਯੋ।
ਬਹਜੋ ਨਯਨ ਤੇ ਅੱਸ੍ਰੂ ਪ੍ਰਵਾਹੂ। ਧਰਜੋ ਸੀਸ ਪਗ ਪੰਕਜ ਮਾਂਹੂ॥ ੪੪॥

ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ, ਬੈਠਿਆਂ ਮਹਾਨ ਪ੍ਰੇਮ ਹਿਰਦੇ ਵਿਚ ਉਤਪੰਨ ਹੋਇਆ। ਨੈਣਾਂ ਵਿਚ ਪਿਆਰ ਭਰੇ ਹੰਝੂਆਂ ਦਾ ਪ੍ਰਵਾਹ ਵਹਿ ਤੁਰਿਆ, ਉਸੇ ਵੇਲੇ ਉੱਠ ਕੇ ਗੁਰੂ ਜੀ ਦੇ ਚਰਨ-ਕੰਵਲਾਂ ਤੇ ਸਿਰ ਧਰ ਦਿੱਤਾ॥ ੪੪॥

'ਧੰਨੁ ਧੰਨੁ ਸ੍ਰੀ ਸਤਿਗੁਰ ਅਰਜਨ। ਸਿੱਖਜਨ ਰੱਖਕ ਸੁਨਿ ਜਿਨ ਅਰਜ਼ਨਿ।
ਮੈਂ ਅਤਿ ਦੀਨ ਪਰਜੋ ਦਰਬਾਰ। ਗਹੋ ਬਾਂਹੁ ਕੀਜਹਿ ਭਵ ਪਾਰ॥ ੪੫॥

ਕਹਿਣ ਲੱਗਾ, "ਹੇ ਸਤਿਗੁਰੂ ਸ੍ਰੀ ਅਰਜਨ ਦੇਵ ਜੀ! ਤੁਸੀਂ ਧੰਨ ਹੋ, ਤੁਸੀਂ ਆਪਣੇ ਸਿੱਖਾਂ ਦੀਆਂ ਅਰਜੋਈਆਂ ਸੁਣ ਕੇ ਉਨ੍ਹਾਂ ਦੀ ਰੱਖਿਆ ਕਰਦੇ ਹੋ, ਮੈਂ ਤੁਹਾਡੇ ਦਰਬਾਰ ਦਾ ਅਤਿ ਗਰੀਬ ਨਿਮਾਣਾ ਜੀਵ ਹਾਂ, ਕਿਰਪਾ ਕਰਕੇ ਮੇਰੀ ਬਾਂਹ ਫੜੋ ਤੇ ਮੈਨੂੰ ਭਵਜਲ ਤੋਂ ਪਾਰ ਕਰਵਾਉ॥ ੪੫॥

ਤੁਮ ਸਮ ਗੁਰੂ ਪਾਇ ਹੌਂ ਕਹਾਂ। ਜਨਮ ਮਰਨ ਕਾਟੋ ਦੁਖ ਮਹਾਂ।
ਨਿਜ ਚਰਣਾਮ੍ਰਿਤ ਮੁਝ ਕੋ ਦੇਹੂ। ਸੁੱਧ ਆਪਨੋ ਸਿਖ ਕਰਿ ਲੇਹੂ'॥ ੪੬॥

ਤੁਹਾਡੇ ਵਰਗਾ ਗੁਰੂ ਹੋਰ ਕਿਥੇ ਲੱਭ ਸਕਦਾ ਹਾਂ, ਤੁਸੀਂ ਜਨਮ-ਮਰਨ ਦੇ ਮਹਾਨ ਦੁੱਖ ਕੱਟਦੇ ਹੋ। ਆਪਣੇ ਚਰਨਾਂ ਦਾ ਚਰਣਾਮ੍ਰਿਤ ਦੇ ਕੇ ਮੈਨੂੰ ਆਪਣਾ ਨਿਰੋਲ ਸਿੱਖ ਬਣਾ ਲਵੋ"॥ ੪੬॥

ਸ਼ਰਧਾ ਅਚਲ ਦੇਖਿ ਸ੍ਰੀ ਅਰਜਨ। 'ਸੰਸੇ ਮਿਟੇ ਭਯੋ ਅਬਿ ਸੁਧਮਨ'।
ਤਬਿ ਜਲ ਕੋ ਮੰਗਵਾਇ ਸੁ ਲੀਨਿ। ਪਦੁ ਅਰਬਿੰਦ ਪਖਾਰਨ ਕੀਨ॥ ੪੭॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸਦੀ ਅਟੱਲ ਸ਼ਰਧਾ ਵੇਖ ਕੇ ਇਹ ਸਮਝ ਲਿਆ, "ਇਸ ਦੇ ਸਾਰੇ ਸੰਸੇ ਖਤਮ ਹੋ ਗਏ ਹਨ ਅਤੇ ਇਸ ਦਾ ਮਨ ਸ਼ੁੱਧ ਹੋ ਗਿਆ ਹੈ।" ਫਿਰ ਉਨ੍ਹਾਂ ਜਲ ਮੰਗਵਾ ਲਿਆ ਤੇ ਆਪਣੇ ਚਰਨ-ਕੰਵਲਾਂ ਨੂੰ ਧੋ ਕੇ ਚਰਣਾਮ੍ਰਿਤ ਤਿਆਰ ਕੀਤਾ॥ ੪੭॥

ਸਹਤ ਭਾਰਜਾ ਭੂਪਤਿ ਪੀਵਾ। ਸਤਿਗੁਰ ਕੋ ਸਿਖ ਮਨ ਤੇ ਥੀਵਾ।
ਤਬਿ ਭਾਈ ਕੱਲਜਾਨ ਬੁਲਾਯੋ। 'ਇਹ ਉਪਕਾਰੀ ਤੁਝ ਕੋ ਲਜਾਯੋ॥ ੪੮॥

ਰਾਜੇ ਨੇ ਆਪਣੀ ਰਾਣੀ ਸਹਿਤ ਚਰਣਾਮ੍ਰਿਤ ਪੀਤਾ ਤੇ ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਤਦ ਗੁਰੂ ਜੀ ਨੇ ਭਾਈ ਕਲਿਆਣ ਨੂੰ ਬੁਲਾਇਆ ਅਤੇ ਰਾਜੇ ਨੂੰ ਕਿਹਾ, "ਇਹ ਉਪਕਾਰੀ ਤੁਹਾਨੂੰ ਲੈ ਕੇ ਆਇਆ ਹੈ॥ ੪੮॥

ਇਸਕੋ ਪੂਜਨ ਕਰਹੁ ਵਿਸ਼ੇਸ਼ੁ'। ਸੁਨਿ ਸ੍ਰੀ ਗੁਰ ਕੇ ਬਾਕ ਨਰੇਸ਼।
ਕਹਤਿ ਭਯੋ 'ਇਹ ਮੇਰੋ ਈਸ਼। ਉਰ ਸਿਮਰੌਂ ਮੈਂ ਧਰਿ ਪਦ ਸੀਸ॥ ੪੯॥

ਵਿਸ਼ੇਸ਼ ਤੌਰ ਤੇ ਇਸ ਦੀ ਪੂਜਾ ਕਰੋ"। ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਜੇ ਨੇ ਕਿਹਾ, "ਇਹ ਮੇਰਾ ਈਸ਼ਵਰ ਹੈ, ਇਨ੍ਹਾਂ ਦੇ ਚਰਨਾਂ ਤੇ ਸਿਰ ਧਰ ਕੇ ਮੈਂ ਇਨ੍ਹਾਂ ਦਾ ਸਿਮਰਨ ਕਰਾਂਗਾ॥ ੪੯॥

ਇਸ ਕੋ ਮੈਂ ਅਪੁਨੇ ਸੰਗ ਕਰਿਕੈ। ਗਮਨੌਂ ਸਦਨ ਜਬਹਿ ਹਿਤ ਧਰਿਕੈ।
ਲੇ ਜਾਵੌਂ, ਉਪਹਾਰ ਪਠਾਵੌਂ। ਭਾਉ ਬਿਸਾਲ ਕਰੌਂ ਹਰਖਾਵੌਂ'॥ ੫੦॥

ਜਦ ਹਿਤ ਧਾਰਨ ਕਰਕੇ ਮੈਂ ਆਪਣੇ ਘਰ ਨੂੰ ਜਾਵਾਂਗਾ ਤਾਂ ਇਨ੍ਹਾਂ ਨੂੰ ਮੈਂ ਆਪਣੇ ਨਾਲ ਲੈ ਕੇ ਜਾਵਾਂਗਾ। ਲੈ ਜਾ ਕੇ ਉਪਹਾਰ ਦੇ ਕੇ ਭੇਜਾਂਗਾ ਅਤੇ ਬਹੁਤ ਪ੍ਰੇਮ ਕਰਕੇ ਪ੍ਰਸੰਨ ਹੋਵਾਂਗਾ"॥ ੫੦॥

ਕੇਤਿਕ ਦਿਨ ਸਤਿਗੁਰ ਕੇ ਤੀਰ। ਰਹਤਿ ਭਯੋ ਭੂਪਤਿ ਮਤਿ ਧੀਰ।
ਬਹੁਤ ਭਾਂਤਿ ਕੇ ਸੁਨਿ ਉਪਦੇਸ਼ੁ। ਪ੍ਰਭੁ ਕਾ ਸਿਮਰਨਿ ਕਰਹਿ ਹਮੇਸ਼॥ ੫੧॥

ਰਾਜਾ ਕਾਫੀ ਦਿਨ ਸਤਿਗੁਰੂ ਜੀ ਦੇ ਪਾਸ ਧੀਰਜ ਧਾਰਨ ਕਰਕੇ ਰਿਹਾ। ਬਹੁਤ ਪ੍ਰਕਾਰ ਦੇ ਉਪਦੇਸ਼ ਸੁਣ ਕੇ ਉਹ ਹਮੇਸ਼ਾ ਪ੍ਰਭੂ ਦਾ ਸਿਮਰਨ ਕਰਦਾ ਸੀ॥ ੫੧॥

ਅੰਮ੍ਰਿਤਸਰ ਕਰਬੇ ਅਭਿਲਾਖਾ। ਨਿਤਪ੍ਰਤਿ ਧਰਹਿਂ ਪਿਤਾ ਜਿਮ ਭਾਖਾ।
ਬਹੁ ਦਿਨ ਰਹਿ ਨ੍ਰਿਪ ਰੁਖਸਦ ਚਹੈ। ਹਾਥ ਜੋਰਿ ਸਤਿਗੁਰ ਸੋਂ ਕਹੈ॥ ੫੨॥

ਗੁਰੂ ਅੰਮ੍ਰਿਤ ਸਰੋਵਰ ਬਣਾਉਣ ਦੀ ਚਾਹ ਰਖਦੇ ਹਨ ਅਤੇ ਨਿਤਾ-ਪ੍ਰਤੀ ਆਪਣੇ ਪਿਤਾ ਜੀ ਗੁਰੂ ਰਾਮਦਾਸ ਜੀ ਦੇ ਬਚਨਾਂ ਨੂੰ ਯਾਦ ਕਰਦੇ ਹਨ। ਜਦ ਰਹਿੰਦਿਆਂ ਨੂੰ ਬਹੁਤ ਦਿਨ ਹੋ ਗਏ ਤਾਂ ਰਾਜਾ ਵਾਪਸ ਆਪਣੇ ਦੇਸ਼ ਜਾਣਾ ਚਾਹੁੰਦਾ ਸੀ। ਉਸ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ॥ ੫੨॥

'ਮੋਹਿ ਦਰਬ ਲੇ ਕਰਿ ਨਿਜ ਹਾਥ। ਕਰਹੁ ਸਕਾਰਥ ਸ੍ਰੀ ਗੁਰ ਨਾਥ।
ਕੋ ਸੁੰਦਰ ਥਲ ਕੋ ਅਵਲੋਕ। ਰਚਹੁ ਤਾਲ ਨਿਰਮਲ ਜਲ ਰੋਕ॥ ੫੩॥

"ਆਪਣੇ ਹੱਥਾਂ ਨਾਲ ਮੈਥੋਂ ਧਨ ਲੈ ਕੇ ਹੇ ਗੁਰੂ ਜੀ ਮਹਾਰਾਜ ! ਸ਼ੁਭ ਕਾਰਜ ਕਰੋ। ਕੋਈ ਸੁੰਦਰ ਥਾਂ ਵੇਖ ਕੇ ਅਤੇ ਨਿਰਮਲ ਜਲ ਰੋਕ ਕੇ ਸਰੋਵਰ ਤਿਆਰ ਕਰੋ॥ ੫੩॥

ਮੋਹਿ ਭਾਵਨੀ ਐਸੇ ਅਹੈ। ਰਾਵਰਿ ਕੀ ਮਰਜ਼ੀ ਹਮ ਚਹੈਂ'।
ਸੁਨਿ ਸ੍ਰੀ ਅਰਜਨ ਕਹਿ ਤਿਸੁ ਬੋਰਾ। 'ਇਮ ਸ੍ਰੀ ਨਾਨਕ ਤੁਵ ਮਨੁ ਫੇਰਾ॥ ੫੪॥

ਮੇਰੀ ਭਾਵਨਾ ਐਸੀ ਹੈ ਕਿ ਮੈਂ ਆਪ ਜੀ ਦੀ ਮਰਜ਼ੀ ਹੀ ਚਾਹੁੰਦਾ ਹਾਂ"। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਸ ਤਰ੍ਹਾਂ ਸ੍ਰੀ ਨਾਨਕ ਦੇਵ ਜੀ ਨੇ ਤੁਹਾਡਾ ਮਨ ਫੇਰਿਆ ਹੈ॥ ੫੪॥

ਸ੍ਰੀ ਅੰਮ੍ਰਿਤਸਰ ਤੀਰਥ ਭਾਰੀ। ਤਿਸ ਕਰਿਬੇ ਕੋ ਇੱਛੁ ਹਮਾਰੀ।
ਜੇਤਿਕ ਦਰਬ ਪਠਹਿ ਗੋ ਇਹਾਂ। ਤਿਹ ਸਰ ਪਰ ਹਮ ਲਾਵਹਿਂ ਮਹਾਂ॥ ੫੫॥

ਸ੍ਰੀ ਅੰਮ੍ਰਿਤ ਸਰੋਵਰ ਭਾਰੀ ਤੀਰਥ ਬਣੇ, ਇਸ ਦੀ ਉਸਾਰੀ ਕਰਨ ਦੀ ਸਾਡੀ ਇੱਛਾ ਹੈ, ਜਿੰਨਾ ਵੀ ਧਨ ਤੁਸੀਂ ਏਥੇ ਭੇਜੋਗੇ ਅਸੀਂ ਸਾਰਾ ਇਸ ਸਰੋਵਰ ਦੇ ਨਿਰਮਾਣ ਤੇ ਹੀ ਲਾਵਾਂਗੇ॥ ੫੫॥

ਦਰਬ ਸਕਾਰਥ ਹੋਹਿ ਤੁਮਾਰਾ। ਲੋਕਨਿ ਪਰ ਅਤਿਸ਼ੈ ਉਪਕਾਰਾ'।
ਉਰ ਅਨੰਦ ਭਾ ਸੁਨਿ ਕਰਿ ਬੈਨ। ਖ੍ਰਿਹੁ ਤੇ ਭਰਜੋ ਨੀਰ ਬਹੁ ਨੈਨ॥ ੫੬॥

ਤੁਹਾਡਾ ਧਨ ਸ਼ੁਭ ਕਾਰਜ ਤੇ ਹੀ ਲਗੇਗਾ, ਲੋਕਾਂ ਉਤੇ ਤੁਹਾਡਾ ਬਹੁਤ ਵੱਡਾ ਉਪਕਾਰ ਹੋਵੇਗਾ।" ਗੁਰੂ ਜੀ ਦੇ ਇਹ ਬਚਨ ਸੁਣ ਕੇ ਰਾਜਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਖ੍ਰਿਹਾ ਨਾਲ ਨੈਣਾਂ ਵਿਚ ਬਹੁਤ ਪਾਣੀ ਭਰ ਗਿਆ॥ ੫੬॥

ਮਸਤਕ ਟੇਕਿ ਬਿਦਾ ਹੁਇ ਗਯੋ। ਅਪਨੇ ਸੰਗ ਕੱਲਜਾਨ ਸੁ ਲਯੋ।
ਨਿਜ ਰਜਧਾਨੀ ਪ੍ਰਾਪਤਿ ਹੋਵਾ। ਰਾਜ ਸ਼੍ਰੇਯ ਜੁਤਿ ਸਗਰੋ ਜੋਵਾ॥ ੫੭॥

ਮੱਥਾ ਟੇਕ ਕੇ ਵਿਦਾ ਹੋ ਗਿਆ ਅਤੇ ਭਾਈ ਕਲਿਆਣ ਨੂੰ ਆਪਣੇ ਨਾਲ ਲੈ ਲਿਆ। ਆਪਣੀ ਰਾਜਧਾਨੀ ਵਿਚ ਪਹੁੰਚ ਗਿਆ ਅਤੇ ਸਾਰਾ ਰਾਜ ਸੁਖ ਸਮੇਤ ਵੇਖਿਆ॥ ੫੭॥

ਕੋ ਦਿਨ ਢਿਗ ਰਾਖਜੋ ਕੱਲਜਾਨਾ। ਪੁਨ ਥਾਤੀ ਦੇ ਦਰਬ ਮਹਾਨਾ।
ਨਿਜ ਨਰ ਸੰਗ ਮਿਲਾਇ ਪੁਚਾਯੋ। ਸ਼੍ਰੀ ਅਰਜਨ ਕੇ ਢਿਗ ਚਲਿ ਆਯੋ॥ ੫੮॥

ਭਾਈ ਕਲਿਆਣੇ ਨੂੰ ਕੁਝ ਦਿਨ ਆਪਣੇ ਪਾਸ ਰੱਖਿਆ ਤੇ ਫਿਰ ਧਨ ਦੀਆਂ ਬਹੁਤ ਥੈਲੀਆਂ ਦੇ ਕੇ ਤੋਰਿਆ। ਧਨ ਨੂੰ ਪਹੁੰਚਾਉਣ ਵਾਸਤੇ ਕੁਝ ਆਪਣੇ ਬੰਦੇ ਵੀ ਨਾਲ ਘੱਲੇ, ਸਾਰੇ ਗੁਰੂ ਅਰਜਨ ਦੇਵ ਜੀ ਪਾਸ ਚਲ ਕੇ ਆ ਗਏ॥ ੫੮॥

ਆਯੋ ਦਰਬ ਦੇਖਿ ਨਿਜ ਪਾਸ। ਚਾਹਤਿ ਸਰ ਕੋ ਕਰਜੋ ਪ੍ਰਕਾਸ਼।
ਬੂਝ ਬ੍ਰਿਧ ਭਾਈ ਗੁਰਦਾਸ। 'ਪਿਖਹੁ ਸਥਾਨ ਕਰਹੁ ਨਿਰਜਾਸ'॥ ੫੯॥

ਜਦ ਗੁਰੂ ਜੀ ਨੇ ਆਪਣੇ ਪਾਸ ਧਨ ਆਇਆ ਵੇਖਿਆ ਤਾਂ ਉਨ੍ਹਾਂ ਸਰੋਵਰ ਦਾ ਨਿਰਮਾਣ ਕਰਨਾ ਚਾਹਿਆ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੂੰ ਪੁਛਿਆ ਢੁਕਵਾਂ ਸਥਾਨ ਵੇਖ ਕੇ ਨਿਰਣਾ ਕਰੋ॥ ੫੯॥

ਉੱਦਮ ਤੀਰਥ ਰਚਿਬੇ ਕਰਿਓ। ਜਿਸ ਤੇ ਸਿੱਖਨ ਕੋ ਗਨ ਤਰਿਓ।
ਸੁਨਹੁ ਕਥਾ ਆਗਲਿ ਜਿਮ ਭਈ। ਕਵਿ ਸੰਤੋਖ ਸਿੰਘ ਸੁਭ ਨਿਰਮਈ॥ ੬੦॥

ਉੱਦਮ ਕਰਕੇ ਤੀਰਥ ਦੀ ਰਚਨਾ ਕੀਤੀ, ਜਿਸ ਕਰਕੇ ਸਿੱਖ-ਸੇਵਕ ਤਰ ਗਏ। ਸੁਣੋ ਕਥਾ ਜਿਵੇਂ ਅੱਗੇ ਹੋਈ, ਕਵੀ ਸੰਤੋਖ ਸਿੰਘ ਨੇ ਸ਼ੁਭ ਰਚਨਾ ਕੀਤੀ ਹੈ॥ ੬੦॥

*ਦੂਸਰੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

## ਅਧਿਆਇ ਚੌਤੀਵਾਂ

### ਸੰਤੋਖਸਰ ਵਿਚੋਂ ਜੋਗੀ ਨਿਕਲਿਆ

ਦੋਹਰਾ-ਸ਼੍ਰੀ ਅਰਜਨ ਜੀ ਗੁਰ ਭਏ ਪਰਉਪਕਾਰੀ ਪੀਨ।
ਕਰਹਿਂ ਉਧਾਰਨ ਅਨਿਕ ਹੀ ਦੇ ਉਪਦੇਸ਼ ਪ੍ਰਬੀਨ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਵੱਡੇ ਉਪਕਾਰੀ ਹੋਏ ਹਨ, ਬੜਾ ਸ੍ਰੇਸ਼ਟ ਉਪਦੇਸ਼ ਦੇ ਕੇ ਉਨ੍ਹਾਂ ਅਨੇਕਾਂ ਹੀ ਮਨੁੱਖਾਂ ਦਾ ਕਲਿਆਣ ਕੀਤਾ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਬਚਨ ਪਿਤਾ ਕੇ ਸਿਮਰਨ ਕਰੇ। ਤੀਰਥ ਸਿਰਜਨ ਇੱਛਾ ਧਰੇ।
ਕਰਜੋ ਪ੍ਰਿਥਮ ਬੀਤਜੋ ਚਿਰ ਕਾਲ। ਪੁਨ ਇਕੱਤ੍ਰ ਹੁਇ ਨੀਰ ਬਿਸਾਲ ॥ ੨ ॥

ਆਪਣੇ ਪਿਤਾ ਜੀ ਦੇ ਬਚਨਾਂ ਨੂੰ ਯਾਦ ਕਰਕੇ ਤੀਰਥ ਦੇ ਨਿਰਮਾਣ ਦੀ ਇੱਛਾ ਧਾਰਨ ਕਰਦੇ ਸਨ। ਗੁਰੂ ਰਾਮਦਾਸ ਜੀ ਦੇ ਪੁਟਵਾਏ ਸਰੋਵਰ ਨੂੰ ਬਹੁਤ ਸਮਾਂ ਹੋ ਗਿਆ ਸੀ, ਫਿਰ ਉਸ ਵਿਚ ਬਹੁਤ ਜਲ ਇਕੱਠਾ ਹੋ ਗਿਆ॥ ੨ ॥

ਮ੍ਰਿਤਕਾ ਸੰਗ ਸੁ ਪੂਰਜੋ ਗਯੋ। ਖਨਨ ਚਿੰਨ੍ਹ ਸਭਿ ਮਿਟਤੋ ਭਯੋ।
ਟੋਵਾ ਹੁਤੋ ਅਲਪ ਹੀ ਕਰਿਯੋ। ਸਨੈ ਸਨੈ ਜਲੁ ਸਗਲੋ ਭਰਿਯੋ ॥ ੩ ॥

ਉਹ ਮਿੱਟੀ ਨਾਲ ਪੂਰਿਆ ਗਿਆ ਸੀ, ਪੁਟਵਾਈ ਦੇ ਸਾਰੇ ਨਿਸ਼ਾਨ ਮਿਟ ਗਏ ਸਨ। ਬਹੁਤ ਛੋਟਾ ਜੇਹਾ ਟੋਵਾ ਰਹਿ ਗਿਆ ਸੀ ਜਿਹੜਾ ਹੌਲੀ-ਹੌਲੀ ਜਲ ਨਾਲ ਭਰ ਗਿਆ ਸੀ॥ ੩ ॥

ਚਹੁੰ ਦਿਸ਼ ਤੇ ਢਰਿ ਮ੍ਰਿਤਕਾ ਪਰੀ। ਜਿਸ ਤੇ ਨਾਂਹਿ ਚਿਨਾਰੀ ਕਰੀ।
ਇਤਿ ਉਤਿ ਫਿਰੇ ਬ੍ਰਿੰਦ ਤਰੁ ਖਰੇ। ਬਦਰੀ ਆਦਿ ਨ ਜਾਨਿਯ ਪਰੇ ॥ ੪ ॥

ਚਾਰੇ ਪਾਸਿਆਂ ਤੋਂ ਢਲ ਕੇ ਮਿੱਟੀ ਵਿਚ ਪੈ ਗਈ ਸੀ ਜਿਸ ਕਾਰਨ ਸਰੋਵਰ ਦੀ ਪਛਾਣ ਹੀ ਜਾਂਦੀ ਰਹੀ ਸੀ। ਏਧਰ ਓਧਰ ਬਹੁਤ ਦਰੱਖਤ ਖੜੇ ਸਨ, ਬੇਰੀਆਂ ਆਦਿ ਦੇ ਰੁੱਖ ਦਿੱਸਦੇ ਹੀ ਨਹੀਂ ਸਨ॥ ੪ ॥

ਬ੍ਰਿੱਛ ਸਿੰਸਪਾ ਜਾਇ ਸੁ ਹੇਰਾ। ਖਰੇ ਭਏ ਸਤਿਗੁਰ ਤਿਸ ਬੇਰਾ।
ਤੀਨ ਕਾਲ ਸਰਬੱਗਜ ਮਹਾਂਨਾ। ਖੋਜਤਿ ਜਿਮ ਅਲਪੱਗਜ ਅਜਾਨਾ ॥ ੫ ॥

ਜਦ ਇਕ ਟਾਹਲੀ ਦੇ ਦਰੱਖਤ ਨੂੰ ਜਾ ਕੇ ਵੇਖਿਆ ਤਾਂ ਸਤਿਗੁਰੂ ਜੀ ਉਸ ਥਾਂ ਜਾ ਕੇ ਖੜੇ ਹੋ ਗਏ। ਤਿੰਨਾਂ ਕਾਲਾਂ ਵਿਚ ਜਿਹੜੇ ਸਮਰੱਥ ਤੇ ਮਹਾਨ ਸਨ, ਇਸ ਤਰ੍ਹਾਂ ਢੂੰਡ ਰਹੇ ਸਨ ਜਿਵੇਂ ਬਹੁਤ ਛੋਟੇ ਦਿਮਾਗ ਵਾਲੇ ਅਣਜਾਣ ਹੋਣ॥ ੫ ॥

ਮਿਟ ਗਯੋ ਚਿੰਨ੍ਹ ਰਹਜੋ ਕੁਛ ਟੋਵਾ। ਨਿਸ਼ਚੈ ਭਯੋ ਨ, ਫਿਰ ਫਿਰ ਜੋਵਾ।
ਝਾਰ ਕਰੀਰ ਬੇਲੁ ਬਿਸਤਾਰਾ। ਨਹਿਂ ਨਿਰਨੈ ਕਿਯ ਸਕਲ ਨਿਹਾਰਾ ॥ ੬ ॥

ਸਾਰੇ ਚਿੰਨ੍ਹ ਮਿਟ ਗਏ ਸਨ ਤੇ ਇਕ ਛੋਟਾ ਜੇਹਾ ਟੋਵਾ ਹੀ ਰਹਿ ਗਿਆ ਸੀ। ਨਿਸ਼ਚਾ ਹੁੰਦਾ ਨਹੀਂ ਸੀ, ਬਾਰ-ਬਾਰ ਲੱਭ ਰਹੇ ਸਨ। ਕਰੀਰ ਦੀਆਂ ਝਾੜੀਆਂ ਅਤੇ ਵੇਲਾਂ ਬਹੁਤ ਫੈਲੀਆਂ ਹੋਈਆਂ ਸਨ, ਕੁਝ ਨਿਰਣਾ ਨਾ ਕਰ ਸਕੇ ਸਾਰੇ ਹੀ ਵੇਖਿਆ॥ ੬ ॥

ਫਲ ਦਿਖਾਇ ਚਾਹਤਿ ਬਿਦਤਾਵਾ। ਯਾਂਤੇ ਨਹਿਂ ਤਿਹ ਛਿਨ ਬਿਦਤਾਵਾ।
ਬ੍ਰਿੱਛ ਸਿੰਸਪਾ ਤੇ ਥਲ ਜਾਨਾ। ਤਹਾਂ ਜਾਇ ਕਰਿ ਉੱਦਮੁ ਠਾਨਾ ॥ ੭ ॥

ਫਲ ਵੇਖ ਕੇ ਪੁਟਣਾ ਚਾਹੁੰਦੇ ਸਨ, ਇਸ ਕਰਕੇ ਉਸੇ ਵੇਲੇ ਪੁਟਵਾਈ ਨਾ ਕੀਤੀ। ਟਾਹਲੀ ਦੇ ਦਰੱਖਤ ਤੋਂ ਉਸ ਸਥਾਨ ਨੂੰ ਜਾਣਿਆ। ਓਥੇ ਜਾ ਕੇ ਫਿਰ ਪੁਟਵਾਈ ਵਾਸਤੇ ਉੱਦਮ ਕੀਤਾ॥ ੭ ॥

ਨਿਸ਼ਚੈ ਤਿਸ ਤੀਰਥ ਕੋ ਕਰਿਯੋ। ਸਭਿਨਿ ਸੰਗ ਸਤਿਗੁਰੂ ਉਚਰਿਯੋ।
'ਗੁਰ ਆਗਜਾ ਤੇ ਪਿਤਾ ਹਮਾਰੇ। ਆਇ ਸੁ ਸਰ ਕਰਿਵਾਇਸੁ ਕਾਰੇ ॥ ੮ ॥

ਉਸ ਤੀਰਥ ਬਾਰੇ ਨਿਸ਼ਚਾ ਕਰਕੇ ਸਤਿਗੁਰੂ ਜੀ ਨੇ ਫਿਰ ਸਾਰਿਆਂ ਨੂੰ ਕਿਹਾ, "ਸਤਿਗੁਰੂ ਦੀ ਆਗਿਆ ਤੇ ਸਾਡੇ ਪਿਤਾ ਜੀ ਨੇ ਏਥੇ ਆ ਕੇ ਸਰੋਵਰ ਦੀ ਕਾਰ ਸੇਵਾ ਕਰਵਾਈ ਸੀ॥ ੮ ॥

ਇਹ ਤੌ ਬਿਦਤ ਚਿੰਨ੍ਹ ਲਖਿ ਪੱਯਤਿ। ਖਨਜੋ ਕਿਤਕਿ ਅਰੁ ਤਰੁ ਦ੍ਰਿਸ਼ਟੱਯਤਿ'।
ਇਮ ਸੁਨਿ ਸਭਿ ਨੈ ਕੀਨਸਿ ਨਿਰਨੇ। 'ਆਪ ਜਥਾਰਥ ਕਰਿਹੋ ਬਰਨੇ। ॥ ੯ ॥

ਇਹ ਤਾਂ ਪਰਗਟ ਚਿੰਨ੍ਹ ਵਿਖਾਈ ਦਿੰਦਾ ਹੈ ਜਿੱਥੇ ਟੋਵਾ ਅਤੇ ਟਾਹਲੀ ਦਾ ਦਰੱਖਤ ਮੌਜੂਦ ਹਨ।" ਇਸ ਤਰ੍ਹਾਂ ਸੁਣ ਕੇ ਸਭ ਨੇ ਨਿਰਨਾ ਕੀਤਾ, "ਤੁਹਾਡੇ ਬਚਨ ਸੱਚੇ ਹਨ॥ ੯॥

ਟੋਵਾ ਖਨਜੋ ਸੋ ਪਰਹਿ ਦਿਸਾਈ। ਤੁਮ ਤੇ ਕੌਨ ਲਖਹਿ ਅਧਿਕਾਈ'।
ਇਮ ਨਿਸ਼ਚੈ ਕਰਿ ਲਗੇ ਖਨਾਵਨਿ। ਗਨ ਮਜੂਰ, ਸਿਖ ਕਰੇ ਲਗਾਵਨਿ ॥੧੦ ॥

ਪੁਟਿਆ ਹੋਇਆ ਟੋਵਾ ਦਿਖਾਈ ਦਿੰਦਾ ਹੈ, ਤੁਹਾਡੇ ਨਾਲੋਂ ਜ਼ਿਆਦਾ ਹੋਰ ਕੌਣ ਜਾਣ ਸਕਦਾ ਹੈ।" ਇਸ ਤਰ੍ਹਾਂ ਨਿਸ਼ਚੇ ਕਰਕੇ ਪੁਟਾਈ ਕਰਨ ਲੱਗੇ। ਮਜ਼ਦੂਰਾਂ ਦੇ ਸਮੂਹ ਕਾਰ ਸੇਵਾ ਕਰਨ ਲੱਗ ਗਏ॥ ੧੦॥

ਬ੍ਰਿੰਦ ਖਨਹਿਂ ਸਿਰ ਮ੍ਰਿਤਕਾ ਧਾਰਹਿਂ। ਲੇ ਕਰਿ ਵਹਿਰ ਜਾਇ ਤਟ ਡਾਰਹਿਂ।
ਅਨਗਨ ਮਾਨਵ ਆਵਨਿ ਲਾਗੇ। ਕਿਤੇ ਮਜੂਰ ਸਿੱਖਜ ਬਡਿ ਭਾਗੇ ॥ ੧੧ ॥

ਬਹੁਤ ਲੋਕ ਮਿੱਟੀ ਪੁਟ ਕੇ ਸਿਰ ਉੱਤੇ ਚੁਕਦੇ ਸਨ, ਬਾਹਰ ਜਾ ਕੇ ਕੰਢੇ ਤੇ ਸੁੱਟ ਦਿੰਦੇ ਸਨ। ਅਣਗਿਣਤ ਮਨੁੱਖ ਆਉਣ ਲੱਗੇ, ਕਿਤੇ ਮਜ਼ਦੂਰ ਅਤੇ ਕਿਤੇ ਵੱਡੇ ਭਾਗਾਂ ਵਾਲੇ ਸਿੱਖ ਲੱਗੇ ਹੋਏ ਸਨ॥ ੧੧॥

ਇਮ ਦਿਨਪ੍ਰਤਿ ਸ੍ਰੀ ਅਰਜਨ ਨਾਥੁ। ਲੇ ਕਰਿ ਸਿਖ ਸੰਗਤਿ ਕੋ ਸਾਥ।
ਜਹਿਂ ਕਹਿਂ ਤੇ ਬਹੁ ਕਰੇ ਬੁਲਾਵਨਿ। ਗਨ ਮਜੂਰ ਜੁਤਿ ਕਰਤਿ ਖਨਾਵਨਿ ॥੧੨ ॥

ਇਸ ਤਰ੍ਹਾਂ ਪ੍ਰਤੀ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਸੰਗਤ ਨੂੰ ਨਾਲ ਲੈ ਕੇ ਕਾਰ ਸੇਵਾ ਕਰਨ ਜਾਂਦੇ ਸਨ। ਉਨ੍ਹਾਂ ਜਿਥੋਂ-ਕਿਥੋਂ ਬਹੁਤ ਸਿੱਖਾਂ ਨੂੰ ਬੁਲਾਇਆ, ਮਜ਼ਦੂਰਾਂ ਦੀਆਂ ਟੋਲੀਆਂ ਸਹਿਤ ਪੁਟਵਾਈ ਕਰ ਰਹੇ ਸਨ॥ ੧੨॥

ਬੈਠਹਿਂ ਜਾਇ ਤਾਂਹਿ ਕੇ ਤੀਰ। ਖੋਦਹਿਂ ਬਹੁ ਮਾਨਵ ਕੀ ਭੀਰ।
ਇਕ ਖਨਨੀ ਗਹਿ ਖਨਹਿਂ ਸਬਲ ਬਲ। ਏਕ ਨਿਕਾਸਹਿਂ, ਭਾਖਹਿਂ 'ਚਲਿ ਚਲਿ' ॥ ੧੩ ॥

ਗੁਰੂ ਜੀ ਕੰਢੇ ਤੇ ਜਾ ਕੇ ਬੈਠ ਜਾਂਦੇ ਸਨ, ਮਨੁੱਖਾਂ ਦੀ ਵੀ ਬਹੁਤ ਵੱਡੀ ਭੀੜ ਪੁਟਵਾਈ ਕਰਦੀ ਸੀ। ਕਈ ਕਹੀ ਫੜ ਕੇ ਮਿੱਟੀ ਨੂੰ ਪੁੱਟਦੇ ਸਨ ਤੇ ਕਈ ਮਿੱਟੀ ਚੁੱਕ ਕੇ ਬਾਹਰ ਕੱਢਦੇ ਸਨ ਤੇ ਇਕ ਦੂਸਰੇ ਨੂੰ 'ਚੱਲ ਚੱਲ' ਕਹਿੰਦੇ ਸਨ॥ ੧੩॥

ਧਰਹਿਂ ਭਾਵਨਾ ਕੇਤਿਕ ਆਵਹਿਂ। ਤੀਰਥ ਖਨਹਿਂ ਤਥਾ ਫਲ ਪਾਂਵਹਿਂ।
ਕੇਤਿਕ ਸਿੱਖਜ ਆਪ ਚਲਿ ਆਏ। ਕੇਤਿਕ ਸ੍ਰੀ ਅਰਜਨ ਬੁਲਵਾਏ ॥ ੧੪ ॥

ਕਈ ਭਾਵਨਾ ਕਰਕੇ ਆਉਂਦੇ ਸਨ ਕਿ ਤੀਰਥ ਪੁਟ ਕੇ ਫਲ ਪ੍ਰਾਪਤ ਕਰੀਏ। ਕਈ ਸਿੱਖ ਆਪ ਚਲ ਕੇ ਆਏ, ਕਈਆਂ ਨੂੰ ਗੁਰੂ ਅਰਜਨ ਦੇਵ ਜੀ ਨੇ ਬੁਲਾਇਆ॥ ੧੪॥

ਭਈ ਜਹਾਂ ਕਹਿਂ ਪਸਰੀ ਗਾਥਾ। ਸੁਨਿ ਸੁਨਿ ਆਇ, ਨਾਇਂ ਪਦ ਮਾਥਾ।
ਮਹਾਂ ਚੌਪ ਤੇ ਕਾਰ ਨਿਕਾਰਹਿਂ। ਸਿਮਰਹਿਂ ਨਾਮ ਬਿਘਨ ਕੋ ਟਾਰਹਿਂ ॥ ੧੫ ॥

ਇਹ ਗਾਥਾ ਜਿਥੇ-ਕਿਥੇ ਫੈਲ ਗਈ, ਕਈ ਸੁਣ ਸੁਣ ਕੇ ਆਉਂਦੇ ਸਨ ਤੇ ਇਸ਼ਨਾਨ ਕਰਕੇ ਚਰਨਾਂ ਤੇ ਮੱਥਾ ਟੇਕਦੇ ਸਨ। ਬੜੇ ਚਾਅ ਨਾਲ ਗਾਰ ਕੱਢਦੇ ਸਨ ਅਤੇ ਨਾਮ ਸਿਮਰ ਕੇ ਵਿਘਨਾਂ ਨੂੰ ਦੂਰ ਕਰਦੇ ਸਨ॥ ੧੫॥

ਕੋ ਆਵਤਿ ਕੋ ਜਾਤਿ ਅਨੇਕ। ਕੋ ਸੇਵਾ ਕਰਿ ਲਹਹਿ ਬਿਬੇਕ।
ਕੋ ਜਗ ਸੁਖ ਕੋ ਬਾਂਛਤਿ ਆਵਹਿ। ਸੁਤ ਬਿਤ ਆਦਿਕ ਸੋ ਤਹਿਂ ਪਾਵਹਿ ॥੧੬ ॥

ਅਨੇਕਾਂ ਆਉਂਦੇ ਸਨ ਤੇ ਅਨੇਕਾਂ ਜਾਂਦੇ ਸਨ, ਕਈ ਸੇਵਾ ਕਰਕੇ ਗਿਆਨ ਪ੍ਰਾਪਤ ਕਰਦੇ ਸਨ। ਕਈ ਜਗਤ ਵਿਚ ਸੁੱਖ ਦੀ ਚਾਹਤ ਲੈ ਕੇ ਆਉਂਦੇ ਸਨ ਅਤੇ ਪੁੱਤਰ ਇਸਤਰੀ ਆਦਿ ਦੀ ਆਸ ਲੈ ਕੇ ਆਉਂਦੇ ਸਨ॥ ੧੬॥

Sri Satguru Jagjit Singh Ji eLlibrary NamdhariElibrary@gmail.com

ਪ੍ਰਾਤਿ ਹੋਤਿ ਲੇ ਸੰਗ ਸਭਿਨਿ ਕੋ। ਸਗਰੇ ਦਿਨ ਮਹਿਂ ਕਰਹਿਂ ਖਨਨ ਕੋ।
ਸੰਧਯਾ ਹੋਤਿ ਜਾਤਿ ਬਿਚ ਗ੍ਰਾਮ। ਬਨਹਿ ਦੇਗ ਬਡ ਗੁਰ ਕੇ ਧਾਮ॥ ੧੭॥

ਸਵੇਰ ਹੁੰਦਿਆਂ ਹੀ ਸਾਰਿਆਂ ਨੂੰ ਨਾਲ ਲੈ ਕੇ ਆ ਜਾਂਦੇ ਸਨ ਤੇ ਫਿਰ ਸਾਰਾ ਦਿਨ ਖੁਦਵਾਈ ਕਰਦੇ ਸਨ। ਸ਼ਾਮ ਹੁੰਦਿਆਂ ਹੀ ਪਿੰਡ ਵਿਚ ਚਲੇ ਜਾਂਦੇ ਸਨ। ਗੁਰੂ ਜੀ ਦੇ ਘਰ ਬਹੁਤ ਭੋਜਨ ਤਿਆਰ ਹੁੰਦਾ ਸੀ॥ ੧੭॥

ਸਗਰੀ ਸੰਗਤਿ ਪਾਇ ਅਹਾਰੇ। ਤਹਾਂ ਜਾਮਨੀ ਬਸਹਹਿਂ ਸਾਰੇ।
ਹੋਤਿ ਭੋਰ ਸਭਿ ਕ੍ਰਿਯਾ ਸੁਧਾਰਿ। ਕਰਹਿਂ ਜਾਇ ਤੀਰਥ ਕੀ ਕਾਰ॥ ੧੮॥

ਸਾਰੀ ਸੰਗਤ ਭੋਜਨ ਛੱਕਦੀ ਸੀ, ਸਾਰੇ ਰਾਤ ਨੂੰ ਓਥੇ ਹੀ ਰਹਿੰਦੇ ਸਨ। ਸਵੇਰ ਹੁੰਦਿਆਂ ਹੀ ਸਾਰੀਆਂ ਕ੍ਰਿਆਵਾਂ ਸੁਧਾਰ ਕੇ ਜਾ ਕੇ ਤੀਰਥ ਦੀ ਕਾਰ ਸੇਵਾ ਕਰਦੇ ਸਨ॥ ੧੮॥

ਇਸ ਪ੍ਰਕਾਰ ਕੇਤਿਕ ਦਿਨ ਕਰੇ। ਖਨਹਿਂ ਮ੍ਰਿਤਕਾ ਬਾਹਰਿ ਗਿਰੇ।
ਬਹੁ ਗੰਭੀਰ ਕਰਯੋ ਬਰ ਤਾਲ। ਕਹਿ ਕਰਿਵਾਵੈਂ ਗੁਰੂ ਬਿਸਾਲ॥ ੧੯॥

ਇਸ ਤਰ੍ਹਾਂ ਕਈ ਦਿਨ ਕਰਕੇ ਰਹੇ, ਮਿੱਟੀ ਪੁੱਟ ਕੇ ਬਾਹਰ ਸੁੱਟਦੇ ਸਨ। ਸਰੋਵਰ ਬਹੁਤ ਡੂੰਘਾ ਪੁੱਟ ਲਿਆ, ਗੁਰੂ ਜੀ ਕਹਿ ਕੇ ਵਿਸ਼ਾਲ ਕਾਰ ਸੇਵਾ ਕਰਵਾ ਰਹੇ ਸਨ॥ ੧੯॥

ਬਹੁ ਸਿੱਖਜਨ ਕੀ ਹੋਈ ਭੀਰ। ਸੁਨਿ ਸੁਨਿ ਮਹਿਮਾ ਆਵਹਿਂ ਤੀਰ।
ਕੇਤਿਕ ਅੰਨੁ ਪੁੰਜ ਕੋ ਆਨਹਿਂ। ਪਾਇ ਦੇਗ ਮਹਿਂ ਸ਼ਰਧਾ ਠਾਨਹਿਂ॥ ੨੦॥

ਬਹੁਤ ਸਿੱਖਾਂ ਦੀ ਭੀੜ ਹੋ ਗਈ, ਗੁਰੂ ਜੀ ਦੀ ਮਹਿਮਾ ਸੁਣ ਸੁਣ ਕੇ ਪਾਸ ਆਉਂਦੇ ਸਨ। ਕਈ ਸਿੱਖ ਅਨਾਜ ਦੀਆਂ ਬੋਰੀਆਂ ਲਿਆਉਂਦੇ ਸਨ ਤੇ ਸ਼ਰਧਾ ਧਾਰ ਕੇ ਲੰਗਰ ਵਿਚ ਪਾਉਂਦੇ ਸਨ॥ ੨੦॥

ਕੇਤਿਕ ਧਨੁ ਕੋ ਆਨਿ ਚਢਾਵਹਿਂ। ਦੇਤਿ ਮਜੂਰਨਿ ਤ੍ਰਾਲ ਖਨਾਵਹਿਂ।
ਕੇਤਿਕ ਆਪ ਆਇ ਤਹਿਂ ਰਹੈਂ। ਕਰਹਿਂ ਕਾਰ ਸਤਿਗੁਰ ਜਿਮੁ ਚਹੈਂ॥ ੨੧॥

ਕਈ ਧਨ ਲਿਆ ਕੇ ਚੜ੍ਹਾਉਂਦੇ ਸਨ ਅਤੇ ਸਰੋਵਰ ਦੀ ਪੁਟਵਾਈ ਦੀ ਮਜ਼ਦੂਰੀ ਦਿੰਦੇ ਸਨ। ਕਈ ਆਪ ਆ ਕੇ ਓਥੇ ਰਹਿੰਦੇ ਸਨ ਤੇ ਉਸ ਤਰ੍ਹਾਂ ਹੀ ਕਾਰ ਕਰਦੇ ਸਨ ਜਿਵੇਂ ਸਤਿਗੁਰੂ ਜੀ ਚਾਹੁੰਦੇ ਸਨ॥ ੨੧॥

ਕੇਤਿਕ ਘਰ ਤੇ ਅੰਨ ਸੁ ਆਨਹਿਂ। ਅਪਨੋ ਖਾਇ ਕਾਰ ਸੋ ਠਾਨਹਿਂ।
ਕਿਤਿਕ ਦੇਗ ਤੇ ਭੋਜਨੁ ਖਾਇਂ। ਸਭਿ ਦਿਨ ਸਰ ਕੀ ਕਾਰ ਕਮਾਇਂ॥ ੨੨॥

ਕਈ ਆਪਣੇ ਘਰ ਤੋਂ ਅੰਨ ਲਿਆਉਂਦੇ ਸਨ, ਆਪਣਾ ਹੀ ਖਾ ਕੇ ਕਾਰ-ਸੇਵਾ ਕਰਦੇ ਸਨ। ਕਈ ਲੰਗਰ ਵਿਚੋਂ ਭੋਜਨ ਖਾਂਦੇ ਸਨ ਤੇ ਸਾਰਾ ਦਿਨ ਸਰੋਵਰ ਦੀ ਕਾਰ-ਸੇਵਾ ਕਰਦੇ ਸਨ॥ ੨੨॥

ਕੋ ਨਿਸ਼ਕਾਮੁ ਰਹਹਿਂ ਗੁਰ ਪਾਸ। ਕੋ ਸਕਾਮ ਠਾਨਹਿਂ ਅਰਦਾਸ।
ਮਹਿਦ ਕਾਜ ਸਰ ਕਰਿਬੇ ਕੇਰਾ। ਸ੍ਰੀ ਅਰਜਨ ਮਨ ਲਖਹਿਂ ਬਡੇਰਾ॥ ੨੩॥

ਕਈ ਕਾਮਨਾ-ਰਹਿਤ ਹੀ ਗੁਰੂ ਜੀ ਪਾਸ ਰਹਿੰਦੇ ਸਨ, ਕਈ ਕਾਮਨਾ ਦੀ ਅਰਦਾਸ ਕਰਦੇ ਸਨ। ਸਰੋਵਰ ਦੀ ਖੁਦਵਾਈ ਦਾ ਬਹੁਤ ਕੰਮ ਕਰਦੇ ਸਨ ਅਤੇ ਸ੍ਰੀ ਅਰਜਨ ਦੇਵ ਜੀ ਨੂੰ ਮਨ ਵਿਚ ਵੱਡਾ ਸਮਝਦੇ ਸਨ॥ ੨੩॥

'ਕਿਤੇ ਬਰਖ ਮਹਿਂ ਹੋਵਨ ਹਾਰਾ। ਪਾਕਹਿਂ ਈਟਾਂ ਚਲਿ ਹੈ ਕਾਰਾ।
ਅਨਿਕ ਪਜਾਵੇ ਲਾਗਹਿਂ ਜਬੈ। ਤਬਿ ਕਾਰਜ ਬਨਿ ਸਕਹੈ ਸਬੈ॥ ੨੪॥

"ਇਹ ਕਾਰਜ ਕਈ ਸਾਲਾਂ ਵਿਚ ਹੋਣ ਵਾਲਾ ਹੈ, ਇੱਟਾਂ ਪੱਕਣ ਤਦ ਹੀ ਕਾਰਜ ਚਲਦਾ ਹੈ। ਜਦ ਇੱਟਾਂ ਦੇ ਅਨੇਕਾਂ ਆਵੇ ਲਾਏ ਜਾਣ ਤਦ ਹੀ ਕਾਰਜ ਬਣ ਸਕਦਾ ਹੈ"॥ ੨੪॥

ਬ੍ਰਿੰਦ ਕੁਲਾਲ ਬਸਹਿਂ ਜਬਿ ਆਈ। ਲਾਇਂ ਪਜਾਵੇ ਲੇਹਿਂ ਪਕਾਈ।
ਸਰਬ ਪ੍ਰਕਾਰ ਚਿਤਹਿਂ ਚਿਤੁ ਮਾਂਹੀ। 'ਜਿਮ ਤੜਾਗ ਤੂਰਨ ਹੁਇ ਜਾਹੀ' ॥੨੫॥

ਜਦ ਬਹੁਤ ਘੁਮਿਆਰ ਆ ਕੇ ਵੱਸ ਗਏ, ਉਨ੍ਹਾਂ ਇੱਟਾਂ ਪਕਾਉਣ ਲਈ ਕਈ ਆਵੇ ਲਾਏ। ਸਭ ਪ੍ਰਕਾਰ ਚਿੱਤ ਵਿਚ ਇਹੋ ਸੋਚਦੇ ਸਨ, 'ਕਿਸੇ ਤਰ੍ਹਾਂ ਸਰੋਵਰ ਛੇਤੀ ਤੋਂ ਛੇਤੀ ਤਿਆਰ ਹੋ ਜਾਵੇ'॥ ੨੫॥

ਸ੍ਰੀ ਗੁਰ ਅਮਰਦਾਸ ਕੀ ਆਇਸੁ। ਪਿਤਾ ਹਮਾਰੇ ਕੋ ਫੁਰਮਾਇਸ।
'ਤਾਲ ਕਰਹੁ ਚਹੁ ਕੋਨ ਬਿਸਾਲ। ਹੁਇ ਪਾਕੋ ਈਟਨ ਲਗ ਜਾਲ' ॥੨੬॥

ਸ੍ਰੀ ਗੁਰੂ ਅਮਰਦਾਸ ਜੀ ਨੇ ਸਾਡੇ ਪਿਤਾ ਜੀ ਨੂੰ ਆਗਿਆ ਕੀਤੀ ਸੀ, "ਚਾਰੇ ਕੋਨਿਆਂ ਤੇ ਵਿਸ਼ਾਲ ਸਰੋਵਰ ਤਿਆਰ ਕਰੋ ਤੇ ਪੱਕੀਆਂ ਇੱਟਾਂ ਲਾ ਕੇ ਸਾਰੇ ਨੂੰ ਪੱਕਾ ਕਰੋ"॥ ੨੬॥

'ਤਥਾ ਪਿਤਾ ਨੇ ਮੋਕਹੁ ਕਹਿਯੋ। ਟਹਿਲ ਤਾਲ ਕੀ ਮਹਿਂ ਚਿਤ ਚਹਿਯੋ।
ਸਰਬ ਪ੍ਰਕਾਰ ਜਿ ਇਹੁ ਬਨ ਜਾਇ। ਗੁਰ ਦੋਨਹੁਂ ਕੀ ਪੂਰਹਿ ਰਜਾਇ' ॥੨੭॥

"ਉਸ ਤਰ੍ਹਾਂ ਹੀ ਮੇਰੇ ਪਿਤਾ ਜੀ ਨੇ ਮੈਨੂੰ ਕਿਹਾ ਹੈ, ਸਰੋਵਰ ਦੀ ਕਾਰ ਸੇਵਾ ਕਰਵਾਉਣ ਨੂੰ ਮੇਰਾ ਚਿਤ ਚਾਹੁੰਦਾ ਹੈ। ਜੇ ਹਰ ਪ੍ਰਕਾਰ ਨਾਲ ਸਰੋਵਰ ਬਣ ਜਾਵੇ ਤਾਂ ਦੋਵਾਂ ਗੁਰੂ ਸਾਹਿਬਾਨ ਦੀ ਖਾਹਿਸ਼ ਪੂਰੀ ਹੋ ਜਾਵੇਗੀ"॥ ੨੭॥

ਸਿਮਰਿ ਸਿਮਰਿ ਬਚ ਪੂਰਬ ਗੁਰ ਕੇ। ਸਭਿ ਕਾਰਜ ਕਰਿਵਾਵਹਿਂ ਸਰ ਕੇ।
ਬੈਠੇ ਤਟ ਪਰ ਕਹਹਿਂ, ਖਨਾਵਹਿਂ। ਸਿੱਖਨ ਕੋ ਉਪਦੇਸ਼ ਦ੍ਰਿੜਾਵਹਿਂ ॥੨੮॥

ਪਹਿਲੇ ਗੁਰੂ ਜੀ ਦੇ ਬਚਨ ਯਾਦ ਕਰ ਕਰਕੇ ਸਰੋਵਰ ਦੇ ਸਾਰੇ ਕਾਰਜ ਕਰਵਾਉਂਦੇ ਸਨ। ਕੰਢੇ ਤੇ ਬੈਠੇ ਪੁਟਵਾਈ ਕਰਵਾਈ ਜਾਂਦੇ ਸਨ ਅਤੇ ਸਿੱਖਾਂ ਨੂੰ ਉਪਦੇਸ਼ ਦ੍ਰਿੜ ਕਰਵਾਉਂਦੇ ਸਨ॥ ੨੮॥

'ਸਭਿ ਗੁਰ ਕਰਹਿਂ ਕਾਮਨਾ ਪੂਰੀ। ਬਿਚ ਪਰਲੋਕ ਲਹਹੁ ਗਤਿ ਰੂਰੀ'।
ਬੀਤੇ ਕੇਤਿਕ ਮਾਸ ਖਨਾਵਤਿ। ਸਰ ਸੇਵਾ ਕੋ ਅਧਿਕ ਜਨਾਵਤਿ॥ ੨੯॥

"ਗੁਰੂ ਜੀ ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਨਗੇ, ਪਰਲੋਕ ਵਿਚ ਤੁਹਾਨੂੰ ਸੁੰਦਰ ਗਤੀ ਪ੍ਰਾਪਤ ਹੋਵੇਗੀ"। ਖੁਦਵਾਈ ਕਰਦਿਆਂ ਕਈ ਮਹੀਨੇ ਬੀਤ ਗਏ। ਸਰੋਵਰ ਦੀ ਕਾਰ ਸੇਵਾ ਤੇ ਬਹੁਤ ਜ਼ੋਰ ਦੇ ਰਹੇ ਸਨ॥ ੨੯॥

ਨਿਤਪ੍ਰਤਿ ਕਾਰ ਅਧਿਕ ਹੀ ਹੋਇ। ਕਰਿ ਚਿਤ ਚੌਂਪ ਖਨਹਿ ਸਭਿ ਕੋਇ।
ਬਡ ਗੰਭੀਰ ਭਯੋ ਤਬਿ ਖਨਤੇ। ਬ੍ਰਿੰਦ ਗਿਰਾਵਹਿਂ ਮ੍ਰਿਤਕਾ ਅਨਤੇ॥ ੩੦॥

ਨਿੱਤਾ-ਪ੍ਰਤੀ ਬਹੁਤ ਕਾਰ ਸੇਵਾ ਹੋ ਰਹੀ ਸੀ, ਸਾਰੇ ਬੜੇ ਸ਼ੌਕ ਨਾਲ ਪੁਟਵਾਈ ਕਰ ਰਹੇ ਸਨ। ਪੁਟਦਿਆਂ-ਪੁਟਦਿਆਂ ਸਰੋਵਰ ਬਹੁਤ ਡੂੰਘਾ ਹੋ ਗਿਆ, ਲੋਕਾਂ ਦੇ ਸਮੂਹ ਮਿੱਟੀ ਬਾਹਰ ਕੱਢ ਕੇ ਸੁੱਟ ਰਹੇ ਸਨ॥ ੩੦॥

ਜਬਿ ਖਨਿਕੇ ਨੰਮ੍ਰੀ ਬਹੁ ਕਰਿਯੋ। ਬ੍ਰਿਤਲਾਕ੍ਰਿਤ ਮਠ ਜਾਨਜੋ ਪਰਜੋ।
ਦੌਰਿ ਦੌਰਿ ਗੁਰ ਪਾਸ ਉਚਾਰੈਂ। 'ਇਕ ਮਠ ਨਿਕਸਜੋ ਲੋਕ ਨਿਹਾਰੈਂ' ॥੩੧॥

ਜਦ ਪੁਟਵਾਈ ਕਰਕੇ ਮਿੱਟੀ ਨੂੰ ਬਹੁਤ ਨਰਮ ਕਰ ਦਿੱਤਾ ਤਾਂ ਇਕ ਗੋਲਾਕਾਰ ਮੱਠ ਵਿਖਾਈ ਦਿੱਤਾ। ਸਾਰੇ ਸਿੱਖ ਭੱਜ ਕੇ ਗੁਰੂ ਜੀ ਪਾਸ ਆ ਕੇ ਕਹਿਣ ਲੱਗੇ, "ਇਕ ਮੱਠ ਨਿਕਲਿਆ ਲੋਕਾਂ ਨੇ ਵੇਖਿਆ ਹੈ"॥ ੩੧॥

ਸੁਨਿ ਕਰਿ ਉਠੇ ਆਪਿ ਜਗ ਸ੍ਵਾਮੀ। ਗਏ ਨਿਕਟ ਤਿਸ ਅੰਤਰਜਾਮੀ।
ਸਭਿ ਲੋਕਨ ਕੋ ਤਹਾਂ ਲਗਾਇ। ਕਰਜੋ ਨਿਰਾਲਮ ਚਹੁਂ ਦਿਸ਼ ਥਾਇਂ ॥੩੨॥

ਇਹ ਸੁਣ ਕੇ ਜਗਤ ਦੇ ਸਵਾਮੀ ਅੰਤਰਜਾਮੀ ਗੁਰੂ ਜੀ ਆਪ ਉੱਠੇ ਤੇ ਉਸ ਦੇ ਪਾਸ ਗਏ। ਸਾਰੇ ਲੋਕਾਂ ਨੂੰ ਉਥੇ ਲਾਇਆ ਤੇ ਮੱਠ ਨੂੰ ਚਾਰੇ ਪਾਸਿਆਂ ਤੋਂ ਨੰਗਾ ਕੀਤਾ॥ ੩੨॥

ਦਰ ਪਰ ਸਿਲਾ ਲਗੀ ਖੁਲ੍ਵਾਈ। ਦੇਖ੍ਯੋ ਮੁਨੀ ਸਮਾਧਿ ਲਗਾਈ।
ਕਸਤੂਰੀ ਸ੍ਰੀ ਗੁਰ ਮੰਗਵਾਈ। ਲੇ ਨਵਨੀਤਹਿ ਸਾਥ ਮਿਲਾਈ॥ ੩੩ ॥

ਜਿਹੜੀ ਦਰਵਾਜ਼ੇ ਤੇ ਸਿਲਾ ਲੱਗੀ ਸੀ, ਉਸ ਨੂੰ ਖੁਲ੍ਹਵਾਇਆ, ਅੰਦਰ ਵੇਖਿਆ ਤਾਂ ਇਕ ਮੁਨੀ ਸਮਾਧੀ ਲਾ ਕੇ ਬੈਠਾ ਹੈ। ਗੁਰੂ ਜੀ ਨੇ ਓਸੇ ਵੇਲੇ ਕਸਤੂਰੀ ਮੰਗਵਾਈ ਤੇ ਉਸ ਨੂੰ ਮੱਖਣ ਦੇ ਨਾਲ ਮਿਲਾ ਦਿੱਤਾ॥ ੩੩ ॥

ਚਰਣ ਸਾਥ ਦ੍ਵੈ ਸਿੱਖ ਲਗਾਏ। ਸਨੈ ਸਨੈ ਤਿਨ ਤੇ ਮਲਵਾਏ।
ਦਸਮ ਦ੍ਵਾਰ ਕੋ ਪੁਨਹਿੰ ਘਸਾਵਾ। ਜਿਸੁ ਤੇ ਤਨ ਮਹਿੰ ਉਸ਼ਨ ਉਪਾਵਾ ॥੩੪ ॥

ਦੋ ਸਿੱਖਾਂ ਨੂੰ ਉਸ ਦੇ ਪੈਰਾਂ ਤੇ ਮਲਣ ਵਾਸਤੇ ਕਿਹਾ, ਉਨ੍ਹਾਂ ਹੌਲੀ-ਹੌਲੀ ਮਿਸ਼ਰਨ ਨੂੰ ਉਸ ਦੇ ਪੈਰਾਂ ਵਿਚ ਝੱਸਿਆ ਅਤੇ ਮਲਿਆ। ਫਿਰ ਦਸਵੇਂ ਦਵਾਰ ਭਾਵ ਮੱਥੇ ਨੂੰ ਮਲਿਆ, ਜਿਸ ਕਾਰਨ ਮੁਨੀ ਦੇ ਸਰੀਰ ਵਿਚ ਗਰਮੀ ਪੈਦਾ ਹੋ ਗਈ॥ ੩੪ ॥

ਰੋਕ ਪੌਨੁ ਲਗ ਰਹੀ ਸਮਾਧਿ। ਸਰਬ ਭਾਂਤਿ ਕੇ ਸਾਧਨ ਸਾਧ।
ਚੇਤਨਤਾ ਤਨ ਮਹਿੰ ਹੁਇ ਆਈ। ਬੈਠੇ ਬਰਖ ਬਿਤੇ ਸਮੁਦਾਈ॥ ੩੫ ॥

ਸੁਆਸ ਰੋਕ ਕੇ ਉਸ ਸਮਾਧੀ ਲਾਈ ਹੋਈ ਸੀ ਅਤੇ ਸਰਬ ਪ੍ਰਕਾਰ ਦੇ ਸਾਧਨਾਂ ਨੂੰ ਸਾਧਿਆ ਹੋਇਆ ਸੀ। ਉਸ ਦੇ ਤਨ ਵਿਚ ਚੇਤਨਤਾ ਆ ਗਈ। ਬੈਠੇ-ਬੈਠੇ ਨੇ ਅਨੇਕਾਂ ਸਾਲ ਬਤੀਤ ਕੀਤੇ ਸਨ॥ ੩੫ ॥

ਰਾਖ੍ਯੋ ਰੋਕ ਜੁ ਦਸਮੇ ਦ੍ਵਾਰਾ। ਸਨੈ ਸਨੈ ਸੋ ਪੌਨ ਉਤਾਰਾ।
ਝੂਲ ਆਦਿ ਤੇ ਅਨਿਕ ਉਪਾਇ। ਤਿਹ ਸਰੀਰ ਕੋ ਭਲੇ ਬਚਾਇ॥ ੩੬ ॥

ਜਿਹੜੇ ਸੁਆਸ ਦਸਮੇ ਦ੍ਵਾਰ ਵਿਚ ਰੋਕੇ ਹੋਏ ਸਨ, ਉਨ੍ਹਾਂ ਨੂੰ ਹੌਲੀ-ਹੌਲੀ ਬਾਹਰ ਕੱਢਿਆ। ਝੂ ਆਦਿ ਨਾਲ ਅਨੇਕਾਂ ਉਪਾਅ ਕਰਕੇ ਉਸ ਮੁਨੀ ਦੇ ਸਰੀਰ ਨੂੰ ਭਲੀ ਪ੍ਰਕਾਰ ਬਚਾ ਲਿਆ॥ ੩੬ ॥

ਹੁਤੀ ਜੋਗਤਾ ਸਭਿ ਹੀ ਕਰਿਕੈ। ਸਨੈ ਸਨੈ ਤਨ ਕੀ ਸੁਧਿ ਧਰਿਕੈ।
ਦੋਨਹੁੰ ਲੋਚਨ ਜਬੈ ਉਘਾਰੇ। ਸ੍ਰੀ ਗੁਰ ਅਰਜਨ ਸਮੁਖ ਨਿਹਾਰੇ॥ ੩੭ ॥

ਸਾਰੇ ਮੁਨਾਸਿਬ ਢੰਗ ਇਸਤੇਮਾਲ ਕਰਕੇ, ਹੌਲੀ-ਹੌਲੀ ਸਰੀਰ ਦੀ ਸੋਝੀ ਧਾਰਨ ਕਰਕੇ ਫਿਰ ਜਦ ਉਸ ਦੋਵੇਂ ਅੱਖਾਂ ਖੋਲ੍ਹੀਆਂ ਤਾਂ ਆਪਣੇ ਸਾਹਮਣੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵੇਖਿਆ॥ ੩੭ ॥

ਸਨੈ ਸਨੈ ਮੁਖ ਜੀਹ੍ਵ ਚਲਾਇਵ। ਸ਼ੁੱਧ ਆਤਮਾ ਮ੍ਰਿਦੁਲ ਅਲਾਇਵ।
'ਕੌਨ ਨਾਮ ਇਨ ਦੇਹੁ ਸੁਨਾਈ ?। ਕਿਹ ਤੇ ਪ੍ਰਾਪਤਿ ਭਈ ਬਡਾਈ ? ॥੩੮ ॥

ਹੌਲੀ-ਹੌਲੀ ਮੁਖ ਵਿਚ ਜੀਭ ਨੂੰ ਹਿਲਾਇਆ ਤੇ ਸ਼ੁੱਧ ਮਨ ਵਾਲਾ ਕੋਮਲ ਬਚਨ ਬੋਲਿਆ, "ਇਨ੍ਹਾਂ ਦਾ ਕੀ ਨਾਂ ਹੈ, ਇਹ ਮੈਨੂੰ ਸੁਣਾਓ ? ਇਨ੍ਹਾਂ ਨੂੰ ਕਿਸ ਤੋਂ ਵਡਿਆਈ ਪ੍ਰਾਪਤ ਹੋਈ ਹੈ ?॥ ੩੮ ॥

ਕਿਸ ਕੇ ਇਹੁ ਨੰਦਨ ? ਸਭਿ ਕਹੋ। ਸਮਾਂ ਕੌਨ ਅਬਿ ਜਗ ਮੈਂ ਅਹੋ ?।
ਜਬਿ ਮੁਹਿ ਸਭਿ ਹੁਇ ਹੈ ਸੱਖਜਾਤਿ। ਔਰ ਬੂਝਹੌਂ ਪੁਨ ਬੱਖਜਾਤਿ ॥ ੩੯ ॥

ਇਹ ਕਿਸ ਦੇ ਪੁੱਤਰ ਹਨ ? ਸਭ ਕੁਝ ਮੈਨੂੰ ਦੱਸੋ। ਜੱਗ ਵਿਚ ਹੁਣ ਕਿਹੜਾ ਸਮਾਂ ਚਲ ਰਿਹਾ ਹੈ ?। ਜਦ ਮੈਨੂੰ ਇਸ ਸਭ ਕੁਝ ਦਾ ਪਤਾ ਲੱਗ ਜਾਵੇਗਾ ਤਾਂ ਮੈਂ ਫਿਰ ਹੋਰ ਪਰਗਟ ਰੂਪ ਵਿਚ ਪੁਛਾਂਗਾ" ॥ ੩੯ ॥

ਤਬਿ ਬੁੱਢੇ ਕਰ ਜੋਰ ਬਖਾਨਾ। 'ਸੋਢਿਬੰਸ ਸ਼ੁਭ ਸਿੰਧੁ ਸਮਾਨਾ।
ਸ੍ਰੀ ਗੁਰ ਰਾਮਦਾਸ ਸੁਖਰਾਸਿ। ਉਪਜੇ ਚੰਦ ਸੁਜਸੁ ਪਰਕਾਸ਼॥ ੪੦ ॥

ਫਿਰ ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ, "ਸੋਢੀ ਵੰਸ਼ ਜੱਗ ਵਿਚ ਸਮੁੰਦਰ ਵਾਂਗ ਸ਼ੁਭ ਹੈ, ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਵਿਖੇ ਇਸ ਸ੍ਰੇਸ਼ਟ ਜੱਸ ਵਾਲੇ ਚੰਦਰਮਾ ਦਾ ਪ੍ਰਕਾਸ਼ ਹੋਇਆ ਹੈ॥ ੪੦ ॥

ਤਿਨ ਕੇ ਸੁਤ ਬੁਧ ਸਮ ਬੁਧਿਵਾਨ। ਧਰਮ ਆਤਮਾ ਗੁਨ ਗਨ ਖਾਨਿ।
ਪਾਪ ਸਮੁੰਦ੍ਰ ਬਿਖੈ ਜਗੁ ਸਾਰਾ। ਸਮ ਜਹਾਜ ਭਾ ਡੂਬਣਿਹਾਰਾ॥ ੪੧॥

ਉਨ੍ਹਾਂ ਦੇ ਇਹ ਪੁੱਤਰ ਬੁੱਧ ਵਾਂਗ ਗਿਆਨਵਾਨ ਹਨ, ਧਰਮ ਆਤਮਾ ਦੇ ਗੁਣਾਂ ਦੇ ਸਮੂਹ ਦੀ ਇਹ ਖਾਣ ਹਨ। ਸਾਰਾ ਜੱਗ ਪਾਪ ਦੇ ਸਮੁੰਦਰ ਵਿਚ ਜਹਾਜ਼ ਵਾਂਗ ਡੁਬਣਹਾਰਾ ਹੈ॥ ੪੧॥

ਭਏ ਦੀਪ ਸਮ ਨਰ ਤਨੁ ਧਰਿਯੋ। ਭਵ ਸਗਰੇ ਜਿਨ ਚਾਂਦਨ ਕਰਿਯੋ।
ਸ੍ਰੀ ਗੁਰ ਨਾਨਕ ਨਾਮ ਅਨੂਪਾ। ਸਰਬ ਜੋਤਿ ਕੀ ਜੋਤਿ ਸਰੂਪਾ॥ ੪੨॥

ਇਨ੍ਹਾਂ ਨੇ ਦੀਪਕ ਵਾਂਗ ਮਨੁੱਖੀ ਤਨ ਧਾਰਨ ਕੀਤਾ ਹੈ, ਜਿਨ੍ਹਾਂ ਨੇ ਸਾਰੀ ਧਰਤੀ ਤੇ ਚਾਨਣ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਅਨੂਪਮ ਨਾਂ ਹੈ, ਜਿਹੜੇ ਸਾਰੀਆਂ ਜੋਤਾਂ ਦੇ ਜੋਤ ਸਰੂਪ ਹਨ॥ ੪੨॥

ਸੱਤਿਨਾਮ ਸਿੱਖਨ ਉਪਦੇਸ਼ਾ॥ ਲਾਖਹੁਂ ਮੋਖ ਦੀਨ ਅਕਲੇਸ਼ਾ॥
ਸਰਬ ਜਗਤ ਮਹਿਂ ਜਸੁ ਬਿਸਤਾਰਾ॥ ਪ੍ਰਿਥੀ ਡੁਲਤਿ ਕੋ ਭਾਰ ਨਿਵਾਰਾ॥ ੪੩॥

ਸਿੱਖਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਲੱਖਾਂ ਨੂੰ ਮੁਕਤੀ ਦੇ ਕੇ ਕਲੇਸ਼ ਰਹਿਤ ਕੀਤਾ ਹੈ। ਸਾਰੇ ਜੱਗ ਵਿਚ ਜੱਸ ਫੈਲਿਆ ਹੈ। ਡੋਲ ਰਹੀ ਪ੍ਰਿਥਵੀ ਦੇ ਪਾਪਾਂ ਦਾ ਨਾਸ਼ ਕਰਕੇ ਭਾਰ ਦੂਰ ਕੀਤਾ ਹੈ॥ ੪੩॥

ਤਿਨ ਤੇ ਲਈ ਗੁਰਵ ਬਡਿਆਈ। ਗੁਰ ਅੰਗਦ ਬੈਠੇ ਗੁਰਿਆਈ।
ਅਜਰ ਜਰਨ ਜਿਨ ਕੇ ਨ ਸਮਾਨਾ। ਸਿੱਖਜ ਉਧਾਰੇ ਬਿਦਤ ਜਹਾਨਾ॥ ੪੪॥

ਉਨ੍ਹਾਂ ਪਾਸੋਂ ਗੁਰਤਾ ਦੀ ਵਡਿਆਈ ਗੁਰੂ ਅੰਗਦ ਦੇਵ ਜੀ ਨੇ ਲੈ ਕੇ ਗੁਰਿਆਈ ਪ੍ਰਾਪਤ ਕੀਤੀ। ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲਾ ਉਨ੍ਹਾਂ ਵਰਗਾ ਕੋਈ ਨਹੀਂ, ਉਨ੍ਹਾਂ ਜਗਤ ਵਿਚ ਸਿੱਖਾਂ ਦਾ ਉਧਾਰ ਕੀਤਾ ਹੈ॥ ੪੪॥

ਸ੍ਰੀਗੁਰ ਅਮਰਦਾਸ ਤਿਨ ਪਾਛੈ। ਬੈਠੇ ਗੁਰ ਗਾਦੀ ਪਰ ਆਛੈ।
ਸਕਲ ਜਗਤ ਮਹਿਂ ਭਗਤਿ ਦ੍ਰਿੜਾਈ। ਅਨਿਕ ਨਰਨਿ ਕਹੁ ਦਈ ਬਡਾਈ॥ ੪੫॥

ਉਨ੍ਹਾਂ ਦੇ ਪਿਛੋਂ ਸ੍ਰੀ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬੈਠੇ। ਉਨ੍ਹਾਂ ਸਾਰੇ ਜਗਤ ਵਿਚ ਸਿੱਖੀ ਦ੍ਰਿੜ੍ਹ ਕਰਾਈ ਅਤੇ ਅਨੇਕਾਂ ਮਨੁੱਖਾਂ ਨੂੰ ਵਡਿਆਈ ਬਖਸ਼ੀ॥ ੪੫॥

ਸ੍ਰੀ ਗੁਰ ਨਾਨਕ ਮਹਾਂ ਮਸਾਲ। ਕਲੀ ਕਾਲ ਹਤਿ ਤਿਮਰ ਬਿਸਾਲ।
ਲਾਖੋਂ ਦੀਪਕ ਜਿਨ ਤੇ ਜਾਗੇ। ਨਰ ਬਡਭਾਗ ਪਗਨ ਜੋ ਲਾਗੇ॥ ੪੬॥

ਸ੍ਰੀ ਗੁਰੂ ਨਾਨਕ ਦੇਵ ਜੀ ਇਕ ਮਹਾਨ ਜੋਤ ਸਨ, ਕਲਜੁਗ ਦੇ ਮਹਾਨ ਹਨੇਰੇ ਦਾ ਉਨ੍ਹਾਂ ਨਾਸ਼ ਕੀਤਾ, ਜਿਨ੍ਹਾਂ ਤੋਂ ਲੱਖਾਂ ਹੀ ਦੀਪਕ ਜਗੇ, ਜਿਹੜੇ ਵਡਭਾਗੇ ਮਨੁੱਖ ਉਨ੍ਹਾਂ ਦੇ ਚਰਨਾਂ ਨੂੰ ਲੱਗੇ॥ ੪੬॥

ਤਿਸ ਮਸਾਲ ਤੇ ਜਗੀ ਮਸਾਲ। ਸ੍ਰੀ ਅੰਗਦ ਜੀ ਭਏ ਕ੍ਰਿਪਾਲ।
ਇਨ ਤੇ ਦੀਪਕ ਜਗੇ ਅਨੇਕ। ਹੋਏ ਗਯਾਨੀ ਸਹਤ ਬਿਬੇਕ॥ ੪੭॥

ਉਸ ਮਸ਼ਾਲ ਤੋਂ ਮਸ਼ਾਲ ਜਗੀ ਤੇ ਫਿਰ ਗੁਰੂ ਅੰਗਦ ਦੇਵ ਜੀ ਕ੍ਰਿਪਾਲੂ ਹੋਏ। ਉਨ੍ਹਾਂ ਪਾਸੋਂ ਵੀ ਅਨੇਕ ਦੀਪਕ ਜਗੇ ਅਤੇ ਬਹੁਤ ਮਨੁੱਖ ਗਿਆਨ ਸਹਿਤ ਗਿਆਨੀ ਹੋਏ॥ ੪੭॥

ਤਿਨਹੁ ਤੀਸਰੀ ਦਿਪੀ ਮਸਾਲ। ਕਰਜੋ ਚਾਦਨਾ ਤਮ ਗਨ ਟਾਲਿ।
ਅਨਗਨ ਦੀਪਕ ਜਾਗੇ ਜਗ ਮੈਂ। ਪਰੇ ਆਨਿ ਸ਼ਰਨੀ ਜੇ ਪਗ ਮੈਂ॥ ੪੮॥

ਉਨ੍ਹਾਂ ਤੋਂ ਤੀਸਰੀ ਮਸ਼ਾਲ ਜਗੀ, ਜਿਨ੍ਹਾਂ ਹਨੇਰੇ ਨੂੰ ਦੂਰ ਕਰਕੇ ਸਾਰੇ ਚਾਨਣ ਕਰ ਦਿੱਤਾ। ਉਨ੍ਹਾਂ ਪਾਸੋਂ ਵੀ ਅਨੇਕਾਂ ਦੀਪਕ ਜੱਗ ਵਿਚ ਜਗੇ, ਜਿਹੜੇ ਵੀ ਆ ਕੇ ਉਨ੍ਹਾਂ ਦੇ ਚਰਨਾਂ ਦੀ ਸ਼ਰਨੀ ਪਏ॥ ੪੮॥

ਤਿਸ ਮਸਾਲ ਤੇ ਜਰੀ ਮਸਾਲ। ਸ੍ਰੀ ਗੁਰੂ ਰਾਮਦਾਸ ਤਮ ਟਾਲਿ।
ਤਿਨ ਕੇ ਸੁਤ ਸ੍ਰੀ ਅਰਜਨ ਦੇਹੁ। ਤਿਸੀ ਜੋਤਿ ਕੀ ਪੰਚਮ ਦੇਹਿ॥ ੪੯॥

ਉਸ ਮਸ਼ਾਲ ਤੋਂ ਫਿਰ ਹੋਰ ਮਸ਼ਾਲ ਜਗੀ, ਸ੍ਰੀ ਗੁਰੂ ਰਾਮਦਾਸ ਜੀ ਹਨੇਰਾ ਦੂਰ ਕਰਨ ਵਾਲੇ ਸਨ। ਉਨ੍ਹਾਂ ਦੇ ਸੱਪੁਤਰ ਇਹ ਗੁਰੂ ਅਰਜਨ ਦੇਵ ਹਨ, ਓਸੇ ਜੋਤ ਦਾ ਇਹ ਪੰਜਵਾਂ ਸਰੀਰ ਹੈ॥ ੪੯॥

ਅਬਿ ਕਲਜੁਗ ਕੋ ਕਾਲ ਕਰਾਰਾ। ਬਰਖ ਪੰਚਮੋ ਲਖਹੁ ਹਜਾਰਾ।
ਬਿਨਾ ਕਾਲ ਤੇ ਜੋਰ ਕਲੀ ਸੋ। ਤਿਹ ਮਿਟਾਵਨੇ ਭਾਂਤਿ ਭਲੀ ਸੋ॥ ੫੦॥

ਹੁਣ ਕਲਜੁਗ ਦਾ ਭਿਆਨਕ ਸਮਾਂ ਆ ਗਿਆ ਹੈ, ਪੰਜ ਹਜ਼ਾਰ ਸਾਲ ਸਮਝੋ ਤਿਸ ਸਮੇਂ ਤੋਂ ਅਗੋਂ ਹੀ ਕਲਿਜੁਗ ਦਾ ਜ਼ੋਰ ਹੈ, ਉਸ ਨੂੰ ਭਲੀਭਾਂਤ ਮਿਟਾਉਣ ਵਾਸਤੇ॥ ੫੦॥

ਇਹ ਤੀਰਥ ਕੋ ਥਾਨੁ ਖਨਾਵਾ। ਜਿਸ ਤੇ ਤੁਮਰੋ ਦਰਸ਼ਨੁ ਪਾਵਾ।
ਅਪਨ ਪ੍ਰਸੰਗ ਸੁਨਾਵਹੁ ਅਬੈ। ਬਿਸਮੇ ਚਾਹਤਿ ਸੁਨਿਬੋ ਸਬੈ॥ ੫੧॥

ਇਕ ਤੀਰਥ ਬਣਾਉਣ ਲਈ ਇਸ ਸਥਾਨ ਦੀ ਖੁਦਵਾਈ ਕੀਤੀ ਹੈ, ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ। ਹੁਣ ਆਪਣਾ ਪ੍ਰਸੰਗ ਸੁਣਾਵੋ, ਸਾਰੇ ਹੈਰਾਨ ਹੋ ਕੇ ਸੁਣਨਾ ਚਾਹੁੰਦੇ ਹਨ"॥ ੫੧॥

ਜੋਗੀ ਭਯੋ ਅਨੰਦ ਬਿਲੰਦ। ਸੁਨਿਕੈ ਪਤੇ ਸਿਮਰਿ ਸੁਖਕੰਦੁ।
ਕਹਿਨ ਲਗਯੋ 'ਮੈਂ ਜੋਗ ਕਮਾਯੋ। ਆਜੁ ਸਫਲ ਭਾ ਦਰਸ਼ਨ ਪਾਯੋ॥ ੫੨॥

ਇਹ ਸੁਣ ਕੇ ਜੋਗੀ ਬਹੁਤ ਪ੍ਰਸੰਨ ਹੋਇਆ, ਸੁਖਦਾਤੇ ਗੁਰੂ ਜੀ ਬਾਰੇ ਸੁਣ ਕੇ ਅਤੇ ਯਾਦ ਕਰਕੇ ਕਹਿਣ ਲੱਗਾ, "ਮੈਂ ਜੋਗ ਦੀ ਕਮਾਈ ਕੀਤੀ ਹੈ ਜਿਸ ਕਰਕੇ ਸਫਲ ਦਰਸ਼ਨ ਪਾਏ ਹਨ॥ ੫੨।

ਭੂਤ ਭਵਿੱਖਤ ਕੋ ਬਡ ਗ੍ਯਾਤਾ। ਮਮ ਗੁਰ ਹੁਤੇ ਗ੍ਯਾਨ ਕੋ ਦਾਤਾ।
ਤਿਸ ਕੀ ਸ਼ਰਨਿ ਪਰਯੋ ਮੈਂ ਜਾਈ। ਨਾਨਾ ਭਾਂਤਿਨਿ ਸੇਵ ਕਮਾਈ॥ ੫੩॥

ਭੂਤ ਕਾਲ ਅਤੇ ਭਵਿਖ ਕਾਲ ਦੇ ਵੱਡੇ ਗਿਆਤਾ, ਮੇਰੇ ਗੁਰੂ ਜੀ ਗਿਆਨ ਦੇ ਵੱਡੇ ਦਾਤਾ ਸਨ। ਮੈਂ ਉਨ੍ਹਾਂ ਦੀ ਸ਼ਰਨੀ ਪੈ ਗਿਆ ਅਤੇ ਕਈ ਪ੍ਰਕਾਰ ਉਨ੍ਹਾਂ ਦੀ ਸੇਵਾ ਕੀਤੀ॥ ੫੩॥

ਮੁਕਤਿ ਕਰਨਿ ਹਿਤ ਮੋਕਹੁ ਭਾਖਾ। 'ਅਧਿਕ ਬਿਲੰਬ ਪੂਰਹਿਂ ਅਭਿਲਾਖਾ।
ਅਬਿ ਤੇ ਤੁਝ ਮੇਰਾ ਬਰ ਹੋਵਾ। ਮੋਖ ਪਾਇ ਅੱਗ੍ਯਾਨਹਿ ਖੋਵਾ॥ ੫੪॥

ਮੈਨੂੰ ਮੁਕਤੀ ਬਖਸ਼ਣ ਵਾਸਤੇ ਕਿਹਾ, "ਬੜੀ ਦੇਰ ਬਾਅਦ ਤੇਰੀ ਇਹ ਅਭਿਲਾਸ਼ਾ ਪੂਰੀ ਹੋਵੇਗੀ, ਹੁਣ ਤੋਂ ਤੈਨੂੰ ਮੇਰਾ ਇਹ ਵਰ ਹੋਇਆ ਕਿ ਅਗਿਆਨਤਾ ਨੂੰ ਦੂਰ ਕਰਕੇ ਮੁਕਤੀ ਪ੍ਰਾਪਤ ਕਰੇਂਗਾ॥ ੫੪॥

ਚਿਰੰਜੀਵ ਤਵ ਹੋਇ ਸਰੀਰ। ਬੈਠਹੁ ਲਾਇ ਸਮਾਧਿ ਸੁ ਧੀਰ।
ਮਠ ਕੋ ਸਾਜਿ ਇਸੀ ਥਲ ਰਹੋ। ਤਬਿਹੀ ਸਮਾਂ ਗ੍ਯਾਨ ਕੋ ਲਹੋ॥ ੫੫॥

ਤੇਰਾ ਸਰੀਰ ਅਮਰ ਹੋ ਜਾਵੇਗਾ, ਇਸ ਲਈ ਧੀਰਜ ਨਾਲ ਸਮਾਧੀ ਲਾ ਕੇ ਬੈਠ ਜਾਵੋ, ਇਕ ਮੱਠ ਬਣਾ ਕੇ ਇਸ ਥਾਂ ਹੀ ਬੈਠੇ ਰਹੋ, ਏਥੇ ਬੈਠਿਆਂ ਹੀ ਗਿਆਨ ਪ੍ਰਾਪਤ ਕਰਨ ਦਾ ਸਮਾਂ ਆ ਜਾਵੇਗਾ॥ ੫੫॥

ਸ੍ਰੀ ਗੁਰੁ ਅਰਜਨ ਹੁਇਂ ਅਵਿਤਾਰ। ਤੀਰਥ ਖਿਦਤਾਵਹਿਂ ਸੁਭ ਬਾਰਿ।
ਜਬਿ ਖਨਿਹੈਂ ਇਸ ਥਲ ਕੋ ਆਇ। ਤੋਹਿ ਨਿਕਾਸਹਿਂ ਨਿਜ ਦਰਸਾਇ ॥੫੬॥

ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਹੋਣਗੇ, ਉਹ ਏਥੇ ਇਕ ਸ੍ਰੇਸ਼ਟਤਾ ਵਾਲਾ ਤੀਰਥ ਪਰਗਟ ਕਰਨਗੇ। ਜਦ ਇਸ ਥਲ ਦੀ ਆ ਕੇ ਖੁਦਵਾਈ ਕਰਵਾਉਣਗੇ, ਤੈਨੂੰ ਬਾਹਰ ਕੱਢ ਕੇ ਆਪਣੇ ਦਰਸ਼ਨ ਦੇਣਗੇ॥ ੫੬॥

ਅਪਨੋ ਪ੍ਰਸ਼ਨ ਠਾਨਿ ਤਿਨ ਪਾਹੀ। ਸੁਨਿਹੋ ਬਾਕ ਗਜਾਨ ਜਿਨ ਮਾਂਹੀ।
ਤਬਿ ਤੇਰੋ ਹੁਇ ਹੈ ਕੱਲਜਾਨੁ। ਇਮ ਭਾਖਜੋ ਗੁਰੁ ਕਰੁਣਾ ਠਾਨਿ॥ ੫੭॥

ਉਨ੍ਹਾਂ ਪਾਸ ਆਪਣਾ ਪ੍ਰਸ਼ਨ ਕਰਨਾ ਅਤੇ ਉਨ੍ਹਾਂ ਦੇ ਗਿਆਨ ਵਾਲੇ ਵਾਕ ਸੁਣਨਾ। ਤਦ ਤੇਰਾ ਕਲਿਆਣ ਹੋ ਜਾਵੇਗਾ'' ਇਸ ਤਰ੍ਹਾਂ ਮੇਰੇ ਗੁਰੂ ਜੀ ਨੇ ਕਿਰਪਾ ਕਰਕੇ ਕਿਹਾ ਸੀ॥ ੫੭॥

ਤਬਿ ਕੋ ਮੈਂ ਇਹੁ ਮਠ ਚਿਨਵਾਇ। ਨਿਸ਼ਚੈ ਰਹਜੋ ਸਮਾਧਿ ਲਗਾਇ।
ਮ੍ਰਿਤਕਾ ਊਪਰ ਪਰੀ ਨ ਲਹਿਯੋ। ਨਿਜ ਗੁਰੁ ਬਰ ਤੇ ਜੀਵਤਿ ਰਹਿਯੋ॥੫੮॥

ਤਦ ਮੈਂ ਇਹ ਮੱਠ ਬਣਵਾਇਆ ਅਤੇ ਸਮਾਧੀ ਲਾ ਕੇ ਅਡੋਲ ਬੈਠਾ ਰਿਹਾ। ਆਪਣੇ ਉਪਰ ਪਈ ਮਿੱਟੀ ਨੂੰ ਮੈਂ ਨਹੀਂ ਜਾਣਿਆ ਹੈ, ਆਪਣੇ ਗੁਰੂ ਜੀ ਦੇ ਵਰ ਕਰਕੇ ਜੀਊਂਦਾ ਰਿਹਾ॥ ੫੮॥

ਮੁਕਤਿ ਹੋਨਿ ਕੋ ਅਬਿ ਭਾ ਕਾਲ'। ਇਮੁ ਕਹਿ ਜੋਗੀ ਸ਼ੁੱਧ ਬਿਸਾਲ।
ਸ੍ਰੀ ਅਰਜਨ ਕੇ ਚਰਨਨ ਪਰਿਯੋ। ਬਿਨੈ ਕਰਤਿ ਭਾ ਸ਼ਾਂਤੀ ਢਰਿਯੋ॥ ੫੯॥

ਮੁਕਤੀ ਪ੍ਰਾਪਤ ਕਰਨ ਦਾ ਹੁਣ ਸਮਾਂ ਆ ਗਿਆ ਹੈ।'' ਇਸ ਤਰ੍ਹਾਂ ਕਹਿ ਕੇ ਜੋਗੀ ਨੂੰ ਪੂਰੀ ਸੋਝੀ ਹੋ ਗਈ ਤੇ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਪੈ ਗਿਆ ਤੇ ਬੜਾ ਸ਼ਾਂਤ ਹੋ ਕੇ ਬੇਨਤੀ ਕੀਤੀ॥ ੫੯॥

'ਤੁਮਰੇ ਬਚਨਨ ਤੇ ਕੱਲਜਾਨ। ਕਰਹੁ ਸੁਨਾਵਨ ਕ੍ਰਿਪਾ ਨਿਧਾਨ!।
ਜੇ ਕਰਿ ਜਗਤਿ ਝੂਠਿ ਇਹੁ ਹੋਇ। ਭਾਸਤਿ ਕਰੋਂ ਆਛੇ ਸਭਿ ਕੋਇ ? ॥੬੦॥

''ਤੁਹਾਡੇ ਬਚਨਾਂ ਨਾਲ ਮੇਰਾ ਕਲਿਆਣ ਹੋਵੇਗਾ, ਹੇ ਕਿਰਪਾ ਦੇ ਖ਼ਜ਼ਾਨੇ ! ਮੈਨੂੰ ਆਪਣਾ ਉਪਦੇਸ਼ ਸੁਣਾਵੋ। ਜੇਕਰ ਇਹ ਜਗਤ ਝੂਠਾ ਹੈ ਤਾਂ ਫਿਰ ਇਹ ਸਭ ਕਿਸੇ ਨੂੰ ਸਤਿ ਕਿਉਂ ਭਾਸਦਾ ਹੈ ?॥ ੬੦॥

ਜੇ ਕਰਿ ਸਾਚ ਕਹੋ ਜਗ ਅਹੈ। ਗਜਾਨਵਾਨ ਕਿਉਂ ਝੂਠੋ ਲਹੈ ?।
ਆਤਮ ਕੋ ਸਰੂਪ ਜਿਮੁ ਲਹੀਏ। ਇਕ ਹੀ, ਬਹੁਤ ਭਾਂਤਿ ਕਿਮ ਕਹੀਏ ? ॥੬੧॥

ਜੇ ਇਸ ਜੱਗ ਨੂੰ ਸੱਚ ਕਹਿੰਦੇ ਹਾਂ, ਤਾਂ ਗਿਆਨਵਾਨ ਨੂੰ ਕਿਉਂ ਝੂਠਾ ਲਗਦਾ ਹੈ ? ਜੇ ਆਤਮਾ ਦਾ ਸਰੂਪ 'ਇਕ' ਹੈ ਤਾਂ ਇਸ ਵਿਚ ਬਹੁਤਾਪਨ ਕਿਵੇਂ ਹੈ ?॥ ੬੧॥

ਚਲਹਿਂ ਜੀਵ ਜੰਗਮ ਇਹੁ ਸਾਰੇ। ਕਿਮ ਕੂਟੱਸਥ ਰਹੈਂ ਨਿਰਧਾਰੇ?।
ਜਗਤ ਰੂਪ ਇਹੁ ਆਪੇ ਬਨਿਕੈ। ਕਿਮ ਨਿਰਲੇਪ ਰਹਤਿ ਸਭਿ ਜਨ ਕੈ ॥੬੨॥

ਇਹ ਸਾਰੇ ਜੀਵ ਜੰਗਮ ਚਲਦੇ ਹਨ, ਤਾਂ ਕਿਵੇਂ ਅਚਲ ਇਕ ਸਮਾਨ ਰਹਿੰਦਾ ਹੈ, ਇਹ ਨਿਸ਼ਚੇ ਕਰਕੇ ਸਮਝਾਓ। ਇਹ ਆਪੇ ਜਗਤ ਰੂਪ ਬਣ ਕੇ, ਕਿਸ ਤਰ੍ਹਾਂ ਸਭ ਜੀਵਾਂ ਤੋਂ ਨਿਰਲੇਪ ਰਹਿੰਦਾ ਹੈ॥ ੬੨॥

ਬ੍ਰਹਮਆਤਮਾ ਨਾਮ ਜਿਸੀ ਕੋ। ਕਿਮ ਸਰੂਪ ਮੈਂ ਲਖੋਂ ਤਿਸੀ ਕੋ ?।
ਜੁਗ ਅਨੇਕ ਗਨ ਮੁਨੀ ਬਿਤਾਏ। ਭਨਤਜੋ ਥਕੇ ਪਾਰ ਨਹਿਂ ਪਾਏ॥ ੬੩॥

ਜਿਸ ਦਾ ਨਾਂ ਬ੍ਰਹਮਆਤਮਾ ਹੈ, ਉਸ ਨੂੰ ਆਪਣੇ ਸਰੂਪ ਵਿਚ ਕਿਵੇਂ ਵੇਖਾਂ ? ਮੁਨੀਆਂ ਨੇ ਅਨੇਕਾਂ ਜੁਗ ਬਤੀਤ ਕੀਤੇ ਹਨ ਕਹਿ ਕਹਿ ਥੱਕ ਗਏ ਹਨ, ਪਰ ਪਾਰਾਵਾਰ ਨਹੀਂ ਪਾ ਸਕੇ॥ ੬੩॥

ਜਿਸ ਕੇ ਬ੍ਰਹਮ ਹੋਵੈ ਸੱਖਜਾਤਿ। ਚਿਤ ਸ਼ਾਂਤੀ ਤਿਸ ਕੇ ਬਖਜਾਤ।
ਪਰੇ ਅਪਰ ਪਦ ਜਿਸ ਕੇ ਨਾਂਹਿ। ਸੱਤਜ ਅਨੰਦ ਅਨਾਦੀ ਆਹਿ॥ ੬੪ ॥

ਜਿਸ ਦਾ ਬ੍ਰਹਮ ਮਿੱਤਰ ਹੋਵੇ, ਉਸ ਦੇ ਚਿੱਤ ਵਿਚ ਸ਼ਾਂਤੀ ਪਰਗਟ ਹੋ ਜਾਂਦੀ ਹੈ। ਜਿਸ ਦੇ ਪਾਸ ਕੋਈ ਹੋਰ ਪਦਵੀ ਨਹੀਂ ਹੈ, ਉਹ ਸੱਤ, ਅਨੰਦ ਅਤੇ ਅਨਾਦ ਹੋ ਜਾਂਦਾ ਹੈ॥ ੬੪॥

ਬ੍ਰਹਮ ਸਰੂਪ ਰਿਦੈ ਬਿਦਤਾਵਉ। ਮੁਰ ਗੁਰ ਕੇ ਬਰ ਤੁਮ ਸਫਲਾਵਉ।
ਦੀਰਘ ਮਹਿਦ ਬੈਸ ਜਿਸ ਤਨੁ ਕੀ। ਜਤਨ ਸਾਥ ਰੋਕੀ ਗਤਿ ਮਨ ਕੀ ॥੬੫ ॥

ਕਿਵੇਂ ਮੈਂ ਬ੍ਰਹਮ ਸਰੂਪ ਨੂੰ ਆਪਣੇ ਹਿਰਦੇ ਵਿਚ ਪਰਗਟ ਕਰਾਂ, ਫਿਰ ਗੁਰੂ ਜੀ ਦੇ ਵਰ ਨੂੰ ਸਫਲ ਬਣਾਵਾਂ।'' ਜਿਸ ਸਰੀਰ ਦੀ ਬਹੁਤ ਵੱਡੀ ਉਮਰ ਹੈ, ਅਤੇ ਜਿਸ ਨੇ ਯਤਨਾਂ ਨਾਲ ਆਪਣੇ ਮਨ ਦੀ ਗਤੀ ਰੋਕੀ ਹੈ॥ ੬੫॥

ਸ੍ਰੀ ਅਰਜਨ ਕੋ ਪਾਇ ਬਹਾਨਾ। ਚਾਹਤਿ ਚਿਤ ਅਤਿਸ਼ੈ ਕੱਲਜਾਨਾ।
ਸਭਿਹਿਨਿ ਮਹਿਂ ਜੋਗੀ ਅਸ ਕਹੇ। ਦੇਖਤਿ ਨਰ ਗਨ ਬਿਸਮੈ ਰਹੇ॥ ੬੬॥

ਉਹ ਮੁਨੀ ਸ੍ਰੀ ਅਰਜਨ ਦੇਵ ਜੀ ਪਾਸੋਂ ਬਹਾਨਾ ਪਾ ਕੇ ਚਿੱਤ ਵਿਚ ਚੰਗੀ ਮੁਕਤੀ ਪਾਉਣੀ ਚਾਹੁੰਦਾ ਸੀ। ਸਾਰਿਆਂ ਵਿਚ ਜੋਗੀ ਨੇ ਇਸ ਤਰ੍ਹਾਂ ਕਿਹਾ। ਮਨੁੱਖਾਂ ਦੇ ਸਮੂਹ ਵੇਖ-ਵੇਖ ਹੈਰਾਨ ਹੋ ਰਹੇ ਸਨ॥ ੬੬॥

*ਦੂਸਰੀ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥*

## *ਅਧਿਆਇ ਪੈਂਤੀਵਾਂ*

### *ਜੋਗੀ ਪ੍ਰਤਿ ਉਪਦੇਸ਼ ਵੇਦਾਂਤ*

ਦੋਹਰਾ-ਸ਼੍ਰੀ ਗੁਰ ਕ੍ਰਿਪਾ ਨਿਧਾਨ ਸੁਨਿ ਲਖਿਕੈ ਸੁਧਿ ਅਧਿਕਾਰ।
ਨਿਰਨੈ ਕੀਨਸਿ ਬ੍ਰਹਮ ਕੋ ਤਿਸ ਪ੍ਰਤਿ ਬਾਕ ਉਚਾਰ॥ ੧॥

ਕਿਰਪਾ ਦੇ ਭੰਡਾਰ ਗੁਰੂ ਜੀ ਨੇ ਸੁਣ ਕੇ ਅਤੇ ਆਪਣਾ ਯੋਗ ਅਧਿਕਾਰ ਸਮਝ ਕੇ ਬ੍ਰਹਮ ਦਾ ਨਿਰਣਾ ਕਰਨ ਵਾਸਤੇ ਉਸ ਮੁਨੀ ਨਾਲ ਇਸ ਤਰ੍ਹਾਂ ਬਚਨ ਕੀਤੇ॥ ੧॥

ਚੌਪਈ- 'ਭੋ ਜੋਗੇਸ਼੍ਵਰ! ਅਚਰਜ ਅਹੈ। ਅਕਹਿ ਬ੍ਰਹਮ ਕੋ ਕਿਮੁ ਕੋ ਕਹੈ।
ਨਾਮ ਅਗੋਚਰ ਭਾਖਤਿ ਤਾਂਹਿ। ਕਿਸੀ ਰਿਖੀਕ ਬਿਸ਼ੈ ਕਬਿ ਨਾਂਹਿ ॥੨॥

''ਹੇ ਜੋਗੇਸ਼ਵਰ! ਇਹ ਅਸਚਰਜ ਹੈ, ਨਾ ਕਹੇ ਜਾਣ ਵਾਲੇ ਬ੍ਰਹਮ ਨੂੰ ਕਿਸ ਤਰ੍ਹਾਂ ਕੋਈ ਕਹੇ। ਉਸ ਦਾ ਨਾਮ ਅਗਮ ਅਗੋਚਰ ਹੈ, ਉਹ ਕਦੇ ਵੀ ਇੰਦਰੀਆਂ ਦਾ ਵਿਸ਼ਾ ਨਹੀਂ ਹੈ॥ ੨॥

ਤਊ ਜਨਾਵਨ ਸਿੱਖਨਿ ਕਾਰਨ। ਕਰੁਨਾ ਕਰਿ ਗੁਰੁ ਕਰਹਿਂ ਉਚਾਰਨ।
ਰਚਹਿਂ ਸਮਿੱਗ੍ਰੀ ਜੋ ਮਨ ਅਪਨੇ। ਸੱਤਜ ਪ੍ਰਤੀਤਿ ਹੋਤਿ ਸਭਿ ਸੁਪਨੇ ॥੩॥

ਤੈਨੂੰ ਦੱਸਣ ਅਤੇ ਸਿੱਖਿਆ ਦੇਣ ਖਾਤਰ, ਕਿਰਪਾ ਕਰਕੇ ਗੁਰੂ ਜੀ ਉਚਾਰਨ ਕਰਦੇ ਹਨ। ਜੋ ਆਪਣੇ ਮਨ ਵਿਚ ਸਮੱਗਰੀ ਰਚਦਾ ਹੈ, ਉਹ ਸਭ ਸੁਪਨੇ ਵਾਂਗ ਸੱਚ ਪ੍ਰਤੀਤ ਹੁੰਦੀ ਹੈ॥ ੩॥

Sri Satguru Jagjit Singh Ji eLlibrary NamdhariElibrary@gmail.com

ਭੈ ਕੋ ਪਾਇ ਉਠੇ ਬਰੜਾਇ। ਤ੍ਰਿਯ ਸੰਗਮ ਤੇ ਰੇਤ ਮੁਚਾਇ।
ਹਸਹਿ ਕਹੂੰ, ਕਬਿ ਰੁਦਨ ਪੁਕਾਰੇ। ਕਬਹੂੰ ਬਿਖਾਦ ਅਧਿਕ ਉਰ ਧਾਰੈ॥ ੪॥

ਡਰ ਕੇ ਬਰੜਾ ਕੇ ਉਠਦਾ ਹੈ, ਇਸਤਰੀ ਮੇਲ ਨਾਲ ਬੀਜਪਾਤ ਹੁੰਦਾ ਹੈ। ਕਦੀ ਹੱਸਦਾ ਹੈ ਅਤੇ ਕਦੇ ਰੋਂਦਾ ਹੈ ਅਤੇ ਕਦੇ ਦਿਲ ਵਿਚ ਬੜਾ ਫਸਾਦ ਧਾਰਨ ਕਰਦਾ ਹੈ॥ ੪॥

ਜੋ ਸੁਪਨੇ ਮਹਿਂ ਜਾਨੇ ਸਾਚੇ। ਸੋਗ ਹਰਖ ਤੌ ਤਿਹ ਛਿਨ ਰਾਚੇ।
ਜੇਕਰਿ ਕੂਰ ਲਖਹਿ ਇਹੁ ਤਬੈ। ਸੁਪਨ ਕ੍ਰਿਯਾ ਇਹ ਹੋਇ ਨ ਸਬੈ॥ ੫॥

ਜਿਸ ਨੂੰ ਸੁਪਨੇ ਵਿਚ ਸੱਚ ਜਾਣਦਾ ਹੈ, ਖ਼ੁਸ਼ੀ-ਗ਼ਮੀ ਦੀ ਉਸ ਸਮੇਂ ਰਚਨਾ ਕਰਦਾ ਹੈ। ਜੇ ਉਸ ਸਮੇਂ ਇਸ ਨੂੰ ਝੂਠ ਮੰਨੇ, ਤਾਂ ਸੁਪਨੇ ਦੀ ਇਹ ਸਾਰੀ ਕ੍ਰਿਆ ਕਦੇ ਵੀ ਨਾ ਹੋਵੇ॥ ੫॥

ਜਿਮ ਬਾਜੀਗਰ ਅਪਨੀ ਮਾਯਾ। ਮਿੱਥਜਾ ਲਖਿ ਸੋਗ ਨ ਹਰਖਾਯਾ।
ਜਬਿ ਸੁਪਨਾ ਇਸਕੋ ਮਿਟਿ ਜਾਵੈ। ਝੂਠੋ ਲਖਹਿ ਨ ਪੁਨ ਬਿਰਮਾਵੈ॥ ੬॥

ਜਿਵੇਂ ਬਾਜ਼ੀਗਰ ਆਪਣੀ ਮਾਇਆ ਨੂੰ ਮਿਥਿਆ ਸਮਝ ਕੇ ਨਾ ਦੁਖੀ ਹੁੰਦਾ ਹੈ ਅਤੇ ਨਾ ਹੀ ਖੁਸ਼ ਹੁੰਦਾ ਹੈ। ਜਦ ਉਸਦਾ ਸੁਪਨਾ ਖਤਮ ਹੋ ਜਾਂਦਾ ਹੈ ਤਾਂ ਝੂਠਾ ਸਮਝ ਕੇ ਫਿਰ ਪ੍ਰਸੰਨ ਨਹੀਂ ਹੁੰਦਾ॥ ੬॥

ਪਿਖਯੋ ਕੇਹਰੀ ਸੁਪਨੇ ਮਾਂਹੀ। ਜਾਗੇ ਤੇ ਭਾਗੈ ਕਿਤ ਨਾਹੀ।
ਸੁਪਨ ਸਮਿੱਗ੍ਰੀ ਸਕਲੀ ਲਖਿ ਇਮ। ਹਰਖ ਸ਼ੋਕ ਕੋ ਕਰਹਿ ਨ ਉਰ ਕਿਮ॥੭॥

ਸੁਪਨੇ ਵਿਚ ਸ਼ੇਰ ਵੇਖਦਾ ਹੈ, ਜਾਗ ਕੇ ਕਿਤੇ ਵੀ ਭੱਜਦਾ ਨਹੀਂ, ਸੁਪਨ-ਸਮੱਗਰੀ ਸਾਰੀ ਇਸ ਤਰ੍ਹਾਂ ਦੀ ਜਾਣੋ। ਖ਼ੁਸ਼ੀ-ਗ਼ਮੀ ਨੂੰ ਕਿਸੇ ਤਰ੍ਹਾਂ ਵੀ ਦਿਲ ਵਿਚ ਨਹੀਂ ਧਰਦਾ॥ ੭॥

ਤਿਸੀ ਰੀਤਿ ਜਾਵਦ ਅੱਗਜਾਨਾ। ਜਗਤ ਸਾਚ ਜਨਿਯਤਿ ਬਿਧਿ ਨਾਨਾ।
ਪ੍ਰਾਪਤਿ ਇਸ਼ਟ ਹਰਖ ਉਰਭਾਰੇ। ਹੋਤਿ ਅਨਿਸ਼ਟ ਸ਼ੋਕ ਕਰਿ ਭਾਰੇ॥ ੮॥

ਉਸ ਰੀਤੀ ਅਨੁਸਾਰ ਜਿੰਨਾ ਚਿਰ ਗਿਆਨ ਰਹਿੰਦਾ ਹੈ, ਜਗਤ ਨੂੰ ਕਈ ਪ੍ਰਕਾਰ ਸੱਚਾ ਜਾਣਦਾ ਹੈ। ਪਿਆਰੀ ਵਸਤੂ ਦੇ ਮਿਲਿਆਂ ਦਿਲ ਵਿਚ ਪ੍ਰਸੰਨ ਹੁੰਦਾ ਹੈ ਅਤੇ ਦੁਖਦਾਈ ਵਸਤੂ ਦੇ ਮਿਲਿਆਂ ਹਿਰਦੇ ਵਿਚ ਭਾਰੀ ਦੁਖੀ ਹੁੰਦਾ ਹੈ॥ ੮॥

ਰਾਗ ਦ੍ਵੈਸ਼ ਭੈ ਆਦਿਕ ਜੇਈ। ਇਨ ਕੋ ਧਰਤਿ ਅਨਿਕ ਦੁਖ ਖੇਈ।
ਬਡੇ ਭਾਗ ਤੇ ਸਤਿਗੁਰ ਪਾਇ। ਮਿਟਹਿ ਕਲੇਸ਼ ਸੁ ਲੇਤਿ ਬਚਾਇ॥ ੯॥

ਪ੍ਰੇਮ, ਦ੍ਵੈਖ, ਡਰ ਆਦਿ ਜੋ ਹਨ, ਇਨ੍ਹਾਂ ਨੂੰ ਧਾਰਨ ਕਰਕੇ ਅਨੇਕ ਦੁਖ ਪਾਉਂਦਾ ਹੈ। ਵੱਡੇ ਭਾਗਾਂ ਨਾਲ ਜਦ ਸਤਿਗੁਰੂ ਮਿਲਦੇ ਹਨ ਤਾਂ ਸਾਰੇ ਕਲੇਸ਼ ਮੁਕਾ ਕੇ ਪ੍ਰਾਣੀ ਨੂੰ ਬਚਾ ਲੈਂਦੇ ਹਨ॥ ੯॥

ਜਿਮ ਸੁਪਨੇ ਮਹਿਂ ਸ਼ੇਰ ਕਰਾਲ। ਦੇਖਤਿ ਉਪਜਯੋ ਤ੍ਰਾਸ ਬਿਸਾਲ।
ਭਾਗਯੋ ਜਾਇ ਨ, ਗਿਰ ਗਿਰ ਜਾਵੈ। ਹੋਤਿ ਅਸ਼ੱਕਤ, ਡਰੇ, ਬਰੜਾਵੈ॥ ੧੦॥

ਜਿਵੇਂ ਸੁਪਨੇ ਵਿਚ ਸ਼ੇਰ ਬਹੁਤ ਭਿਆਨਕ ਲੱਗਦਾ ਹੈ, ਵੇਖਦਿਆਂ ਹੀ ਬਹੁਤ ਡਰ ਉਪਜਦਾ ਹੈ। ਭੱਜਿਆ ਜਾਂਦਾ ਨਹੀਂ ਡਿੱਗ-ਡਿੱਗ ਪੈਂਦਾ ਹੈ, ਕਮਜ਼ੋਰ ਹੋ ਜਾਂਦਾ ਹੈ ਤੇ ਡਰਦਾ ਅਤੇ ਬਰੜਾਉਂਦਾ ਹੈ॥ ੧੦॥

ਇਤਨੇ ਮਹਿਂ ਜਾਗ੍ਰਤ ਨਰ ਆਯੋ। ਦੁਖਤਿ ਜਾਨਿ ਕੈ ਪਕਰਿ ਜਗਾਯੋ।
ਤ੍ਰਸਤਿ ਜਾਨਿ,ਤਿਮ ਸਤਿਗੁਰ ਦੇਖਹਿਂ। ਉਪਦੇਸ਼ਹਿਂ ਸੁਖ ਦੇਤਿ ਬਿਸ਼ੇਖਹਿਂ॥੧੧॥

ਏਨੇ ਵਿਚ ਕੋਈ ਜਾਗਦਾ ਮਨੁੱਖ ਆਉਂਦਾ ਹੈ, ਦੁਖੀ ਜਾਣ ਕੇ ਫੜ ਕੇ ਜਗਾਉਂਦਾ ਹੈ। ਇਸ ਤਰ੍ਹਾਂ ਡਰਿਆ ਜਾਣ ਕੇ ਸਤਿਗੁਰ ਵੇਖਦਾ ਹੈ। ਓਹ ਉਪਦੇਸ਼ ਦੇ ਕੇ ਬਹੁਤ ਸੁਖ ਦਿੰਦੇ ਹਨ॥ ੧੧॥

ਜਨਮ ਮਰਣ ਦ੍ਵੈ ਤੁਝ ਮਹਿਂ ਨਾਂਹੀ। ਭੂਖਨ ਤ੍ਰਿਖਾ ਨ ਹੈ ਤੁਹਿ ਮਾਂਹੀ।
ਹਰਖ ਸ਼ੋਕ ਕੋ ਲੇਸ਼ ਨ ਤੋ ਮੈਂ। ਇਨਤੇ ਪਰੇ ਰੂਪ ਲਖਿ ਸੋ 'ਮੈਂ' ॥ ੧੨ ॥

ਜਨਮ-ਮਰਨ ਦੋਵੇਂ ਤੇਰੇ ਵਿਚ ਨਹੀਂ ਹਨ, ਭੁਖ ਪਿਆਸ ਵੀ ਤੇਰੇ ਵਿਚ ਨਹੀਂ ਹੈ, ਖ਼ੁਸ਼ੀ-ਗ਼ਮੀ ਵੀ ਤੇਰੇ ਵਿਚ ਲੇਸ਼ਮਾਤਰ ਵੀ ਨਹੀਂ ਹੈ, ਇਨ੍ਹਾਂ ਤੋਂ ਪਰ੍ਹੇ ਜਿਹੜਾ ਰੂਪ ਹੈ ਉਸ ਨੂੰ ਸਮਝ 'ਮੈਂ' ਹਾਂ॥ ੧੨ ॥

ਇੱਤਜਾਦਿਕ ਜਬਿ ਦੈ ਉਪਦੇਸ਼। ਰਿਦੈ ਹਾਨ ਅੱਗਜਾਨ ਅਸ਼ੇਸ਼।
ਤਬਿ ਇਹੁ ਜਗਤ ਝੂਠਿ ਇਮ ਮਾਨੈ। ਤਿਸ ਪਰ ਸ੍ਰੀ ਗੁਰੁ ਸ਼ਬਦ ਬਖਾਨੈ ॥੧੩ ॥

ਇਤਿਆਦਿ ਜਦ ਉਪਦੇਸ਼ ਦਿੱਤੇ ਤਾਂ ਹਿਰਦੇ ਵਿਚੋਂ ਅਗਿਆਨਤਾ ਦਾ ਨਾਸ਼ ਹੋ ਗਿਆ, ਤਦ ਇਸ ਜਗਤ ਨੂੰ ਝੂਠ ਮੰਨਿਆ।" ਇਸ ਪਰਥਾਏ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੧੩ ॥

*ਸੂਹੀ ਮਹਲਾ ੫ ਘਰੁ ੧*

*੧ੳ ਸਤਿਗੁਰ ਪ੍ਰਸਾਦਿ॥*

*ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥ ਤਬ ਏਕੋ ਏਕੰਕਾਰਾ॥ ੧ ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥ ੧ ॥ ਰਹਾਉ ॥*
*ਜਲ ਤੇ ਊਠਹਿ ਅਨਿਕ ਤਰੰਗਾ। ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥ ੨ ॥*
*ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥ ੩ ॥*
*ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥ ੪ ॥ ੧ ॥* *(ਪੰਨਾ ੭੩੬)*

ਜਿਸ ਤਰ੍ਹਾਂ ਬਾਜ਼ੀਗਰ ਬਾਜ਼ੀ ਪਾਉਂਦਾ ਹੈ ਅਤੇ ਅਨੇਕਾਂ ਸਰੂਪਾਂ ਅਤੇ ਭੇਸਾਂ ਵਿਚ ਦਿੱਸ ਆਉਂਦਾ ਹੈ, ਇਸੇ ਤਰ੍ਹਾਂ ਜਦ ਪ੍ਰਭੂ ਆਪਣਾ ਭੇਸ ਉਤਾਰ ਦਿੰਦਾ ਹੈ ਅਤੇ ਆਪਣੀ ਖੇਡ ਖਤਮ ਕਰ ਦਿੰਦਾ ਹੈ, ਤਾਂ ਕੇਵਲ ਇਕ ਰਹਿ ਜਾਂਦਾ ਹੈ, ਕੇਵਲ ਇਕ ਹੀ॥ ੧ ॥

ਕਿੰਨੇ ਰੂਪ ਨਜ਼ਰੀਂ ਪਏ ਤੇ ਫਿਰ ਅਲੋਪ ਹੋ ਗਏ, ਉਹ ਕਿਧਰ ਚਲੇ ਗਏ ਹਨ ਅਤੇ ਕਿਧਰੋਂ ਆਏ ਸਨ॥ ੧ ॥ ਠਹਿਰਾਉ॥

ਜਲ ਵਿਚ ਅਨੇਕਾਂ ਲਹਿਰਾਂ ਉਠਦੀਆਂ ਹਨ, ਸੋਨੇ ਨਾਲ ਬੜੀਆਂ ਕਿਸਮਾਂ ਦੇ ਗਹਿਣੇ ਬਣਾਏ ਜਾਂਦੇ ਹਨ। ਬਹੁਤ ਪ੍ਰਕਾਰ ਦੇ ਬੀਜ ਬੀਜੇ ਵੇਖੇ ਜਾਂਦੇ ਹਨ। ਜਦ ਫਲ ਪੱਕ ਜਾਂਦਾ ਹੈ, ਬੀਜ ਉਸ ਇਕ ਸਰੂਪ ਵਿਚ ਹੀ ਪਰਗਟ ਹੁੰਦਾ ਹੈ॥ ੨ ॥

ਹਜ਼ਾਰਾਂ ਹੀ ਪਾਣੀ ਦੇ ਭਾਂਡਿਆਂ ਵਿਚ ਇਕ ਹੀ ਅਸਮਾਨ ਦਾ ਅਕਸ ਪੈਂਦਾ ਹੈ, ਪਾਣੀ ਦੇ ਭਾਂਡੇ ਦੇ ਟੁੱਟ ਜਾਣ ਨਾਲ ਕੇਵਲ ਉਸ ਆਕਾਸ਼ ਦਾ ਦ੍ਰਿਸ਼ ਹੀ ਰਹਿ ਜਾਂਦਾ ਹੈ। ਲਾਲਚ, ਮੋਹ ਅਤੇ ਧਨ-ਦੌਲਤ ਵਿਕਾਰ ਪੈਦਾ ਕਰਦੇ ਹਨ, ਜੇ ਭਰਮ ਤੋਂ ਛੁਟਕਾਰਾ ਮਿਲ ਜਾਵੇ ਤਾਂ ਇਕ ਸੁਆਮੀ ਦਾ ਸਰੂਪ ਧਾਰਨ ਕਰ ਲੈਂਦਾ ਹੈ॥ ੩ ॥

ਉਹ ਸਾਹਿਬ ਨਾਸ਼-ਰਹਿਤ ਹੈ ਅਤੇ ਨਾਸ਼ ਨਹੀਂ ਹੁੰਦਾ, ਉਹ ਨਾ ਆਉਂਦਾ ਹੈ ਅਤੇ ਨਾ ਹੀ ਜਾਂਦਾ ਹੈ। ਪੂਰੇ ਗੁਰੂ ਜੀ ਨੇ ਮੇਰੀ ਸਵੈ-ਹੰਗਤਾ ਦੀ ਮਲੀਨਤਾ ਧੋ ਦਿੱਤੀ ਹੈ। ਹੇ ਨਾਨਕ ! ਮੈਂ ਮਹਾਨ ਮੁਕਤੀ ਨੂੰ ਪਰਾਪਤ ਹੋ ਗਿਆ ਹਾਂ॥ ੪ ॥ ੧ ॥

ਚੌਪਈ-'ਬਾਜੀਗਰ ਜਿਮ ਬਾਜੀ ਪਾਵਹਿ। ਅਨਿਕ ਰੂਪ ਕਰਿ ਸ੍ਵਾਂਗ ਦਿਖਾਵਹਿ।
ਕ੍ਰਿਯਾ ਕਰਾਵਤਿ ਅਨਿਕ ਪ੍ਰਕਾਰਾ। ਫਿਰਹਿ,ਲਰਹਿ ਬਡ ਬਾਂਧਿ ਅਖਾਰਾ ॥੧੪॥

"ਬਾਜ਼ੀਗਰ ਜਿਵੇਂ ਬਾਜ਼ੀ ਪਾਉਂਦਾ ਹੈ ਅਤੇ ਅਨੇਕ ਰੂਪ ਧਾਰਨ ਕਰਕੇ ਸਵਾਂਗ ਵਿਖਾਉਂਦਾ ਹੈ। ਉਹ ਅਨੇਕ ਪ੍ਰਕਾਰ ਦੀ ਕ੍ਰਿਆ ਕਰਦਾ ਹੈ, ਅਖਾੜਾ ਬੰਨ੍ਹ ਕੇ ਫਿਰਦਾ ਅਤੇ ਲੜਦਾ ਹੈ॥ ੧੪॥

ਇਕ ਬਾਜੀਗਰ ਤਿਨ ਮਹਿਂ ਸਾਚਾ। ਬਾਜੀ ਸਭਿ ਮਿੱਥ੍ਯਾ ਕਚ ਪਾਚਾ।
ਸਗਰੀ ਪੁਤਰੀ ਪੁਰਖ ਅਧੀਨੂ। ਨਾਚਹਿਂ ਜਥਾ ਨਚਾਵਨ ਕੀਨੂ॥ ੧੫॥

ਉਨ੍ਹਾਂ ਵਿਚ ਇਕ ਬਾਜ਼ੀਗਰ ਸੱਚਾ ਹੈ, ਉਸ ਦੀ ਬਾਜ਼ੀ ਸਭ ਮਿੱਥਿਆ ਤੇ ਕੱਚੀ-ਪਿੱਲੀ ਹੈ। ਸਾਰੀਆਂ ਪੁਤਲੀਆਂ ਮਨੁੱਖ ਦੇ ਅਧੀਨ ਹੁੰਦੀਆਂ ਹਨ, ਜਿਵੇਂ ਉਹ ਨਚਾਉਂਦਾ ਹੈ ਤਿਵੇਂ ਨੱਚਦੀਆਂ ਹਨ॥ ੧੫॥

ਕਿਸਹਿ ਪਲਾਵਹਿ, ਕਿਸੇ ਜਿਤਾਵਹਿ। ਕੋ ਸੋਗੀ ਕੋ ਹਰਖ ਉਪਾਵਹਿ।
ਜਬਹਿ ਸੰਕੋਚਹਿ ਸਕਲ ਪਸਾਰਾ। ਰਹੈ ਇਕਾਕੀ ਕਰਨੈਹਾਰਾ॥ ੧੬॥

ਕਿਸੇ ਨੂੰ ਹਰਾਉਂਦਾ ਹੈ ਅਤੇ ਕਿਸੇ ਨੂੰ ਜਿਤਾਉਂਦਾ ਹੈ, ਕਿਸੇ ਨੂੰ ਸੋਗੀ ਬਣਾਉਂਦਾ ਹੈ, ਕਿਸੇ ਨੂੰ ਖ਼ੁਸ਼ੀ ਉਪਜਾਉਂਦਾ ਹੈ। ਜਦ ਆਪਣੇ ਸਾਰੇ ਪਸਾਰੇ ਨੂੰ ਸਮੇਟ ਲੈਂਦਾ ਹੈ ਤਾਂ ਫਿਰ ਸਭ ਕੁਝ ਕਰਨ ਵਾਲਾ ਇਕੱਲਾ ਬਾਜ਼ੀਗਰ ਹੀ ਰਹਿ ਜਾਂਦਾ ਹੈ॥ ੧੬॥

ਤਿਮ ਜਾਨਹੁਂ ਪਰਮੇਸੁਰ ਰੂਪ। ਨਿਜ ਇੱਛਾ ਤੇ ਕਰਹਿ ਅਨੂਪ।
ਅਖਿਲ ਚਰਾਚਰ ਕੋ ਉਪਜਾਯੋ। ਅਪਨ ਸ਼ਕਤਿ ਤੇ ਮਧਿ ਪ੍ਰਵਿਸ਼ਾਯੋ॥੧੭॥

ਇਸ ਤਰ੍ਹਾਂ ਹੀ ਪਰਮੇਸ਼ਵਰ ਦਾ ਰੂਪ ਜਾਣੋ, ਆਪਣੀ ਇੱਛਾ ਅਨੁਸਾਰ ਅਨੁਪਮ ਕਾਰਜ ਕਰਦਾ ਹੈ, ਬੇਅੰਤ ਜੜ੍ਹ ਅਤੇ ਚੇਤਨ ਰੂਪ, ਜੀਵ-ਜੰਤ ਪੈਦਾ ਕੀਤੇ ਹਨ, ਆਪਣੀ ਸ਼ਕਤੀ ਨੂੰ ਆਪ ਵਿਚ ਪ੍ਰਵੇਸ਼ਿਆ ਹੈ॥ ੧੭॥

ਚੇਤਨਤਾ ਜੀਵਨੁ ਕਹੁ ਹੋਈ। ਕ੍ਰਿਆ ਕਰਤਿ ਜਿਸ ਤੇ ਸਭਿ ਕੋਈ।
ਦੂਖ ਸੁਖ ਤੇ ਹ੍ਵੈ ਬਿਖਮ ਮਹਾਨੇ। ਇਸ ਮਹਿਂ ਕਰਮ ਹੇਤਤਾ ਜਾਨੇ॥੧੮॥

ਜੀਵਨ ਨੂੰ ਚੇਤਨਾ ਪ੍ਰਦਾਨ ਕੀਤੀ ਹੈ, ਜਿਸ ਕਰਕੇ ਸਾਰੇ ਆਪਣੇ ਕ੍ਰਿਆ-ਕਾਰਜ ਕਰਦੇ ਹਨ। ਦੁਖ-ਸੁਖ ਤੋਂ ਜੀਵਾਂ ਨੂੰ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ, ਇਸ ਵਿਚ ਕਰਮ ਕਾਰਨ ਜਾਣਦੇ ਹਨ॥ ੧੮॥

ਜਬਿ ਚਾਹਤਿ ਇਨ ਲੈ ਕਹੁ ਕਰਿਬੇ। ਅਖਿਲ ਬਿਨਾਸਹਿ ਏਕਹੁ ਥਿਰਬੇ।
'ਉਤਪਤਿ ਕੌਨ ਰੂਪ ਇਹੁ ਹੋਇ?। ਕਹੋ ਬਿਨਾਸ਼ਮਾਨ ਹੈ ਕੋਇ ?॥੧੯॥

ਜਦ ਪਰਮੇਸ਼ਵਰ ਚਾਹੁੰਦਾ ਹੈ ਤਾਂ ਇਨ੍ਹਾਂ ਸਾਰੇ ਜੀਵਾਂ ਦਾ ਨਾਸ਼ ਕਰ ਦਿੰਦਾ ਹੈ ਤੇ ਕੇਵਲ ਇਕ ਆਪ ਹੀ ਸਥਿਰ ਰਹਿ ਜਾਂਦਾ ਹੈ। ਜੋਗੀ ਨੇ ਫਿਰ ਪੁੱਛਿਆ, "ਇਹ ਕਿਸ ਰੂਪ ਵਿਚ ਉਤਪੰਨ ਹੁੰਦਾ ਹੈ ? ਦੱਸੋ, ਜਿਹੜਾ ਵਿਨਾਸ਼ਮਾਨ ਹੈ ?॥ ੧੯॥

'ਇਸ ਪਰ ਸੁਨਹੁ ਅਪਰ ਦ੍ਰਿਸ਼ਟਾਂਤ। ਜਿਸੁ ਬਿਧਿ ਹੋਇ ਸੁਨਹੁਂ ਸਭਿ ਭਾਂਤਿ।
ਜਲ ਤੇ ਅਧਿਕ ਤਰੰਗ ਉਠੰਤੇ। ਲਘੁ ਦੀਰਘ ਹ੍ਵੈ ਪੁਨ ਬਿਨਸੰਤੇ॥ ੨੦॥

ਗੁਰੂ ਜੀ ਕਿਹਾ, ਇਸ ਪਰਥਾਏ ਹੋਰ ਦ੍ਰਿਸ਼ਟਾਂਤ ਸੁਣੋ, ਜਿਸ ਵਿਧੀ ਅਨੁਸਾਰ ਹੋਇ ਉਹ ਸਭ ਪ੍ਰਕਾਰ ਸੁਣੋ। ਜਲ ਉਤੇ ਬਹੁਤ ਲਹਿਰਾਂ ਉੱਠਦੀਆਂ ਹਨ, ਕੁਝ ਲਹਿਰਾਂ ਛੋਟੀਆਂ ਹੁੰਦੀਆਂ ਹਨ ਅਤੇ ਕੁਝ ਵੱਡੀਆਂ ਹੁੰਦੀਆਂ ਹਨ, ਪਰ ਫਿਰ ਸਾਰੀਆਂ ਖਤਮ ਹੋ ਜਾਂਦੀਆਂ ਹਨ॥ ੨੦॥

ਭਏ ਤਰੰਗ ਅਹ ਜਲ ਸੋਈ। ਨਾਮ ਮਾਤ੍ਰ ਇਕ ਤਿਨ ਕਹੁ ਹੋਈ।
ਜੋ ਨਹਿੰ ਜਾਨਤਿ ਸੋ ਇਮੁ ਕਹੀ। 'ਭਯੋ ਤਰੰਗ ਸੁ ਜਲ ਹੈ ਨਹੀਂ' ॥੨੧॥

ਜਿਸ ਜਲ ਤੇ ਲਹਿਰਾਂ ਉਠੀਆਂ ਸਨ, ਜਲ ਉਹੀ ਹੈ, ਨਾਮ ਮਾਤ੍ਰ ਹੀ ਉਨ੍ਹਾਂ ਦੀ ਓਥੇ ਹੋਂਦ ਕਾਇਮ ਹੋਈ ਸੀ। ਜਿਹੜੇ ਨਹੀਂ ਜਾਣਦੇ ਹਨ ਉਹ ਇਸ ਤਰ੍ਹਾਂ ਕਹਿੰਦੇ ਹਨ, "ਜਿਸ ਜਲ ਤੇ ਲਹਿਰਾਂ ਉਠੀਆਂ ਸਨ, ਉਹ ਜਲ ਹੀ ਨਹੀਂ" ॥ ੨੧ ॥

ਜੋ ਜਲ ਜਾਨਹਿੰ ਅਖਿਲ ਤਰੰਗੁ। ਸਿੱਧ ਕਰਹਿੰ ਕਾਰਜ ਸਰਬੰਗ।
ਪਾਨ ਸ਼ਨਾਨ ਕਰਹਿ ਸਭਿ ਰੀਤਿ। ਤ੍ਰਿਖਾ ਮਲਿਨਤਾ ਬਿਨ ਹ੍ਵੈ ਨੀਤ ॥੨੨॥

ਜਿਹੜਾ ਜਲ ਨੂੰ ਸਭ ਲਹਿਰਾਂ ਹੀ ਜਾਣਦਾ ਹੈ, ਉਹ ਹਰ ਤਰ੍ਹਾਂ ਨਾਲ ਕਾਰਜ ਨੂੰ ਸਿੱਧ ਕਰਦਾ ਹੈ। ਸਭ ਰੀਤੀਆਂ ਅਨੁਸਾਰ ਇਸ਼ਨਾਨ ਕਰਦਾ ਹੈ ਅਤੇ ਸਦਾ ਹੀ ਪਿਆਸ ਅਤੇ ਮੈਲ ਤੋਂ ਰਹਿਤ ਰਹਿੰਦਾ ਹੈ॥ ੨੨ ॥।

ਅਪਰ ਤੀਸਰੋ ਜੋਗੀ ਸੁਨੋ। ਸ਼ੁਭ ਦ੍ਰਿਸ਼ਟਾਂਤ ਰਿਦੈ ਇਮੁ ਗੁਨੋ।
ਕੰਚਨ ਏਕ ਬਨਜੋ ਬਹੁ ਭਾਂਤਿ। ਕੁੰਡਲ, ਕਟਿਕ ਆਦਿ ਦਰਸਾਤ ॥੨੩॥

ਹੇ ਜੋਗੀ ! ਹੁਣ ਤੀਸਰੇ ਬਾਰੇ ਸੁਣੋ, ਸ਼ੁਭ ਦ੍ਰਿਸ਼ਟਾਂਤ ਨੂੰ ਹਿਰਦੇ ਵਿਚ ਇਸ ਤਰ੍ਹਾਂ ਜਾਣੋ। ਸੋਨਾ ਇਕ ਹੈ, ਪਰ ਉਸ ਦੇ ਗਹਿਣੇ ਬਹੁਤ ਪ੍ਰਕਾਰ ਦੇ ਬਣਦੇ ਹਨ, ਵਾਲੇ, ਕੜੇ ਆਦਿ ਕਈ ਪ੍ਰਕਾਰ ਦੇ ਜ਼ੇਵਰ ਬਣਦੇ ਹਨ॥ ੨੩ ॥

ਕੰਚਨ ਨਾਮ ਛੋਰਿ ਕਰਿ ਕਹੈਂ। 'ਇਹੀ ਕਟਿਕ, ਇਹ ਕੁੰਡਲ ਅਹੈ'।
ਜੋ ਸਰਾਫ ਪਰਖਨ ਤਿਹ ਕਰੈ। ਕੰਚਨ ਬਿਨਾ ਨ ਕੁਛ ਮਨੁ ਧਰੈ ॥੨੪॥

ਸੋਨੇ ਦੇ ਨਾਂ ਨੂੰ ਛੱਡ ਕੇ ਇਸ ਤਰ੍ਹਾਂ ਕਹਿੰਦੇ ਹਨ, "ਇਹ ਕੜਾ ਹੈ, ਇਹ ਵਾਲਾ ਹੈ।" ਜਿਹੜਾ ਸਰਾਫ ਇਨ੍ਹਾਂ ਗਹਿਣਿਆਂ ਦੀ ਪਰਖ ਕਰਦਾ ਹੈ, ਉਹ ਸੋਨੇ ਤੋਂ ਬਗੈਰ ਮਨ ਵਿਚ ਹੋਰ ਕੁਝ ਨਹੀਂ ਧਾਰਨ ਕਰਦਾ॥ ੨੪ ॥

ਨਾਮ ਅਕਾਰ ਗਿਨਹਿ ਨਹਿੰ ਕੋਇ। ਕਨਕ ਵਾਸਤਵ ਪਰਖਹਿ ਸੋਇ।
ਤਿਮ ਗਯਾਨੀ ਕੋ ਨਾਨਾ ਨਾਂਹਿ। ਸਭਿ ਮਹਿੰ ਬ੍ਰਹਮ ਰੂਪ ਦਰਸਾਹਿ ॥੨੫॥

ਉਹ ਗਹਿਣੇ ਦੇ ਨਾਂ ਅਤੇ ਅਕਾਰ ਦੀ ਗਿਣਤੀ ਨਹੀਂ ਕਰਦਾ, ਉਹ ਅਸਲ ਵਿਚ ਸੋਨੇ ਦੀ ਪਰਖ ਕਰਦਾ ਹੈ। ਇਸ ਤਰ੍ਹਾਂ ਗਿਆਨੀ ਕਾਇਨਾਤ ਦੇ ਜੀਵਾਂ ਦੇ ਵੱਖ-ਵੱਖ ਨਾਵਾਂ ਨੂੰ ਨਹੀਂ ਵਿਚਾਰਦਾ, ਉਸ ਨੂੰ ਤਾਂ ਹਰ ਜੀਵ ਵਿਚ ਇਕ ਬ੍ਰਹਮ ਹੀ ਦਿਖਾਈ ਦਿੰਦਾ ਹੈ॥ ੨੫॥

ਭੂਖਨ ਤੇ ਪੂਰਬ ਸ਼ੁਭ ਕੰਚਨ। ਭੂਖਨ ਬਨੇ ਭੇਦ ਤਊ ਰੰਚ ਨ।
ਬਿਨਸੇ ਤੇ ਬਿਨ ਕਨਕ ਨ ਆਨੁ। ਇਮ ਜਾਨਤਿ ਹੈਂ ਜੋ ਬੁਧਿਵਾਨੁ ॥੨੬॥

ਗਹਿਣਿਆਂ ਤੋਂ ਪਹਿਲਾਂ ਸ਼ੁਭ ਸੋਨਾ ਸੀ, ਗਹਿਣੇ ਬਣਨ ਨਾਲ ਵੀ ਉਸ ਵਿਚ ਕੋਈ ਭੇਦ ਨਹੀਂ ਹੋਇਆ। ਸੋਨੇ ਤੋਂ ਬਿਨਾਂ ਹੋਰ ਕੁਝ ਨਹੀਂ, ਬੁਧੀਵਾਨ ਕੇਵਲ ਇਸ ਤਰ੍ਹਾਂ ਜਾਣਦਾ ਹੈ॥ ੨੬॥

ਪ੍ਰਿਥਮ ਜਗਤ ਤੇ ਬ੍ਰਹਮ ਸਰੂਪ। ਬਨਜੋ ਅਨਿਕ ਆਤਮਾ ਅਨੂਪ।
ਨਸ਼ਟ ਹੋਹਿ ਨਾਨਾ ਬਿਧਿ ਜੋਇ। ਬਿਨਾਂ ਬ੍ਰਹਮ ਤੇ ਦੂਤੀ ਨ ਹੋਇ ॥੨੭॥

ਪਹਿਲਾਂ ਜਗਤ ਵਿਚ ਇਕ ਹੀ ਬ੍ਰਹਮ ਸਰੂਪ ਸੀ, ਫਿਰ ਇਸ ਦੀਆਂ ਅਨੇਕਾਂ ਅਨੂਪਮ ਆਤਮਾਵਾਂ ਬਣ ਗਈਆਂ। ਜਿਹੜੀਆਂ ਕਈ ਪ੍ਰਕਾਰ ਨਾਲ ਨਸ਼ਟ ਹੋ ਜਾਂਦੀਆਂ ਹਨ, ਬ੍ਰਹਮ ਤੋਂ ਬਿਨਾਂ ਦੂਸਰਾ ਕੋਈ ਨਹੀਂ ਹੈ॥ ੨੭॥

ਆਦਿ ਨਹੀਂ ਜੋ ਅੰਤ ਨ ਰਹੈ। ਮੱਧਜ ਕੁਤੋ ਸਾਚੋ ਤਿਹ ਕਹੈਂ।
ਯਾਂਤੇ ਬ੍ਰਹਮ ਰੂਪ ਸਭਿ ਜਾਨ। ਅਪਰ ਅਕਾਰ ਭਰਮ ਹੀ ਮਾਨ॥ ੨੮॥

ਜਿਸ ਦਾ ਆਦਿ ਨਹੀਂ, ਅੰਤ ਨਹੀਂ, ਸਦਾ ਹੀ ਸੱਚਾ ਸਰੂਪ ਹੋਣ ਕਰਕੇ, ਉਸ ਨੂੰ ਸੱਚਾ ਕਹਿੰਦੇ ਹਨ। ਇਸ ਕਰਕੇ ਸਭ ਰੂਪਾਂ ਨੂੰ ਬ੍ਰਹਮ ਹੀ ਜਾਣੋ, ਹੋਰ ਆਕਾਰਾਂ ਜਾਂ ਰੂਪਾਂ ਨੂੰ ਇਕ ਭਰਮ-ਭੁਲੇਖਾ ਹੀ ਮੰਨੋ॥ ੨੮॥

ਅਪਰ ਰੀਤਿ ਹੇਰਹੁ ਤਿਸ ਕਰਨੀ। ਜਥਿਹੀ ਬੀਜ ਬੀਜਿਓ ਧਰਨੀ।
ਅੰਕੁਰ ਹੋਇ ਪਾਤ ਦਰਸਾਵਹਿ। ਸ਼ਾਖਾ ਅਨਿਕ-ਫੂਲ ਬਿਗਸਾਵਹਿਂ॥ ੨੯॥

ਇਸ ਕ੍ਰਿਆ ਸੰਬੰਧੀ ਹੋਰ ਦ੍ਰਿਸ਼ਟਾਂਤ ਵੇਖੋ। ਜਦ ਬੀਜ ਧਰਤੀ ਵਿਚ ਬੀਜਿਆ ਜਾਂਦਾ ਹੈ, ਕਰੂੰਬਲ ਫੁਟਦੀ ਹੈ, ਫਿਰ ਪੱਤੇ ਨਜ਼ਰ ਆਉਣ ਲੱਗ ਜਾਂਦੇ ਹਨ, ਫਿਰ ਅਨੇਕ ਟਾਹਣੀਆਂ ਨਿਕਲ ਕੇ ਫੁੱਲ ਖਿੜ ਜਾਂਦੇ ਹਨ॥ ੨੯॥

ਸੋ ਇਕ ਬੀਜ ਬਹੁਤ ਬਿਧਿ ਭਯੋ। ਨਾਨਾ ਰੰਗ ਰੂਪ ਨਿਰਮਯੋ।
ਫਲ ਲਗਕੈ ਪੁਨਿ ਪਾਕਨ ਹੋਵਾ। ਬੀਜ ਇਕਾਕੀ ਬਾਕੀ ਜੋਵਾ॥ ੩੦॥

ਇਸ ਲਈ ਇਕ ਬੀਜ ਬਹੁਤ ਪ੍ਰਕਾਰ ਦਾ ਹੋ ਗਿਆ, ਕਈ ਪ੍ਰਕਾਰ ਦੇ ਰੂਪ ਅਤੇ ਰੰਗ ਉਤਪੰਨ ਹੋ ਗਏ। ਫਿਰ ਫਲ ਲੱਗ ਕੇ ਪੱਕ ਗਿਆ ਤੇ ਇਕੱਲਾ ਬੀਜ ਹੀ ਬਾਕੀ ਰਿਹਾ॥ ੩੦॥

ਪ੍ਰਿਥਮ ਪਿਛਾਰੀ ਬੀਜਹਿ ਰਹਜੋ। ਮੱਧਜਕਾਲ ਜਗ ਕੇ ਸਮ ਲਹਜੋ।
ਏਕ ਬ੍ਰਹਮ ਬਹੁ ਬਿਧਿ ਲਖਿ ਜਾਤਿ। ਜੋਗੀ ਸੁਨਹੁ ਔਰ ਦ੍ਰਿਸ਼ਟਾਂਤ॥ ੩੧॥

ਅਰੰਭ ਅਤੇ ਅੰਤ ਵਿਚ ਇਕ ਬੀਜ ਹੀ ਰਿਹਾ, ਦਰਮਿਆਨਾ ਸਮਾਂ ਇਸ ਜਗਤ ਦੇ ਸਮਾਨ ਜਾਣੋ। ਇਸ ਤਰ੍ਹਾਂ ਇਕ ਬ੍ਰਹਮ ਬਹੁਤ ਵਿਧੀਆਂ ਅਨੁਸਾਰ ਜਾਣਿਆ ਜਾ ਸਕਦਾ ਹੈ। ਇਸ ਬਾਰੇ ਹੇ ਜੋਗੀ! ਹੋਰ ਦ੍ਰਿਸ਼ਟਾਂਤ ਵੀ ਸੁਣੋ॥ ੩੧॥

ਲਾਖਹੁੰ ਘਟ ਮਹਿਂ ਏਕ ਗਗਨ ਲਹਿ। ਰਹਹਿ ਅਲੇਪ ਲੇਪ ਜਿਸ ਕੋ ਨਹਿਂ।
ਜਬਿਹੀ ਫੂਟ ਜਾਹਿਂ ਘਟ ਸਾਰੇ। ਸੋ ਨਭ ਇਕ ਹੀ ਪਰਹਿ ਨਿਹਾਰੇ॥ ੩੨॥

ਲੱਖਾਂ ਘੜਿਆਂ ਵਿਚ ਇਕ ਅਕਾਸ਼ ਦਿਖਾਈ ਦਿੰਦਾ ਹੈ, ਅਲੇਪ ਰਹਿੰਦਾ ਹੈ, ਜਿਸ ਨੂੰ ਕਿਸੇ ਪ੍ਰਕਾਰ ਦਾ ਲੇਪ ਨਹੀਂ ਹੁੰਦਾ, ਜਦ ਸਾਰੇ ਘੜੇ ਫਟ ਜਾਂਦੇ ਹਨ ਤਾਂ ਵੀ ਇਕ ਹੀ ਅਕਾਸ਼ ਦਿਖਾਈ ਦਿੰਦਾ ਹੈ॥ ੩੨॥

ਘਟ ਲੇ ਗਮਨਹਿਂ ਇਤ ਉਤ ਮਾਂਹਿ। ਨਭ ਰਸ ਏਕ ਨ ਆਵਹਿ ਜਾਹਿ।
ਜੋ ਹੋਵਹਿ ਪੂਰਨ ਸਭਿ ਥਾਨ। ਤਿਸ ਕੋ ਬਨਹਿ ਨ ਆਵਨਿ ਜਾਨੁ॥ ੩੩॥

ਜੇ ਘੜੇ ਨੂੰ ਲੈ ਕੇ ਇਧਰ ਉਧਰ ਫਿਰੀਏ ਤਾਂ ਵੀ ਅਕਾਸ਼ ਇਕ ਰਸ ਹੀ ਰਹਿੰਦਾ ਹੈ, ਉਹ ਆਉਂਦਾ ਜਾਂਦਾ ਨਹੀਂ। ਜਿਹੜਾ ਸਭ ਥਾਂ ਪੂਰਨ ਹੋਵੇ, ਉਸ ਦਾ ਆਉਣਾ-ਜਾਣਾ ਬਣਦਾ ਨਹੀਂ ਹੈ॥ ੩੩॥

ਤਥਾ ਬ੍ਰਹਮ ਇਕ ਰਸ ਸਭਿ ਮਾਂਹਿ। ਸਭਿਹਿ ਪ੍ਰਕਾਸ਼ਹਿ ਲੇਪਹਿ ਨਾਹਿ।
ਸਤ ਚੇਤਨ ਆਨੰਦ ਸਰੂਪ। ਜੀਵ ਜੀਵ ਪ੍ਰਤਿ ਅਹੈ ਅਨੂਪ॥ ੩੪॥

ਭਾਵ ਬ੍ਰਹਮ ਸਭ ਵਿਚ ਇਕ ਰਸ ਸਮਾ ਰਿਹਾ ਹੈ, ਸਭ ਹੀ ਪ੍ਰਕਾਸ਼ਦੇ ਹਨ, ਢੱਕੇ ਨਹੀਂ ਰਹਿੰਦੇ। ਸਤ ਚੇਤਨ ਆਨੰਦ ਸਰੂਪ ਜੀਵ-ਜੀਵ ਵਿਚ ਵਿਆਪਕ ਹੈ॥ ੩੪॥

ਭੂਤ ਭਵਿੱਖਜ ਸਦਾ ਹੀ ਰਹੈ। ਸੁਭਿ ਜੀਵਨ ਮਹਿਂ ਸਤਿ ਇਹੁ ਅਹੈ।
ਕ੍ਰਿਯਾ ਕਰਤਿ ਚੇਤਨਤਾ ਜਾਨਿ। ਇਹੁ ਭੀ ਬ੍ਰਹਮ ਰੂਪ ਪਹਿਚਾਨ॥ ੩੫॥

ਉਹ ਭੂਤ ਭਵਿੱਖ ਸਦਾ ਹੀ ਰਹਿੰਦਾ ਹੈ, ਬ੍ਰਹਮ ਦੀ 'ਸਤ' ਰੂਪਤਾ ਸਾਰਿਆਂ ਦੇ ਜੀਵਨ ਵਿਚ ਪ੍ਰਕਾਸ਼ਮਾਨ ਹੈ। ਚੇਤਨਤਾ ਜਾਣ ਕੇ ਜੀਵ ਕ੍ਰਿਆ ਕਰਦੇ ਹਨ, ਇਸ ਨੂੰ ਵੀ ਬ੍ਰਹਮ ਰੂਪ ਪਛਾਣੋ॥ ੩੫॥

ਬਿਸ਼ਿਯਨ ਮਹਿਂ ਆਨੰਦ ਅੱਗਜਾਨੀ। ਨਿਜਾਨੰਦ ਪ੍ਰਾਪਤਿ ਹੈ ਗਜਾਨੀ।
ਸਭਿ ਕੋ ਭੂਲ ਦੇਹਿ ਧਰਿ ਹੰਤਾ। ਪੁਨਹਿ ਪਦਾਰਥ ਮਮਤਾਵੰਤਾ ॥ ੩੬ ॥

ਅਗਿਆਨੀ ਵਿਸ਼ਿਆਂ ਵਿਚ ਆਨੰਦ ਲੈਂਦਾ ਹੈ, ਪਰ ਗਿਆਨੀ ਨੂੰ ਆਪਣਾ ਹੀ ਨਿਜੀ ਆਨੰਦ ਪ੍ਰਾਪਤ ਹੈ। ਸਭ ਕੋਈ ਭੁੱਲ ਕੇ ਸਰੀਰ ਦੇ ਹੰਕਾਰ ਨੂੰ ਧਾਰਨ ਕਰਦਾ ਹੈ, ਫਿਰ ਪਦਾਰਥਾਂ ਵਿਚ ਮਮਤਾਵਾਨ ਹੋ ਜਾਂਦਾ ਹੈ ॥ ੩੬ ॥

ਏ ਸਭਿ ਮਾਯਾ ਕੇਰਿ ਵਿਕਾਰ। ਜੋ ਭਾਸਤਿ ਹੈਂ ਨਾਨਾਕਾਰ।
ਨਹੀਂ ਵਾਸਤਵ ਜਾਨਜੋ ਜਾਇ। ਇਹ ਮਾਯਾ ਕੋ ਰੂਪ ਕਹਾਇ ॥ ੩੭ ॥

ਇਹ ਸਭ ਮਾਇਆ ਦੇ ਵਿਕਾਰ ਹਨ, ਜਿਸ ਦਾ ਨਾਂਨਾਪਨ ਦਿਖਾਈ ਦਿੰਦਾ ਹੈ। ਵਾਸਤਵ ਭਾਵ ਬ੍ਰਹਮ ਨਹੀਂ ਜਾਣਿਆ ਜਾ ਸਕਦਾ, ਇਹ ਮਾਇਆ ਦਾ ਰੂਪ ਕਹਾਉਂਦਾ ਹੈ ॥ ੩੭ ॥

'ਮੈਂ ਨਹਿ ਜਾਨੌਂ' ਕਰਨ ਬਖਾਨ। ਇਸੈ ਨਾਮ ਮਾਯਾ, ਅਗਜਾਨ।
ਉਭੈ ਸ਼ਕਤਿ ਕੇ ਧਾਰਨਿਹਾਰੀ। ਇਕ ਆਵਰਨ ਵਿਖੇਪ ਉਚਾਰੀ ॥ ੩੮ ॥

ਕਹਿੰਦਾ ਹੈ, "ਮੈਂ ਨਹੀਂ ਜਾਣਦਾ" ਇਸ ਦਾ ਨਾਂ ਮਾਇਆ ਅਤੇ ਅਗਿਆਨਤਾ ਹੈ, ਇਹ ਦੋਵਾਂ ਸ਼ਕਤੀਆਂ ਨੂੰ ਧਾਰਨ ਵਾਲੀ ਹੈ। ਕਈ ਇਸ ਨੂੰ ਅਵਿਦਿਆ ਅਤੇ ਵਿਆਕੁਲਤਾ ਵੀ ਕਹਿੰਦੇ ਹਨ ॥ ੩੮ ॥

ਕਰਹਿ ਸਰੂਪ ਅਛਾਦਨਿ ਜੋਇ। ਗਜਾਨੀ ਭਨਹਿਂ 'ਆਵਰਣ' ਸੋਇ।
ਜਿਹ ਨਾਨਤ੍ਵ ਪ੍ਰਤੀਤ ਕਰਾਈ। ਸੋ ਵਿਖੇਪ, ਜਹਿਂ ਕਹਿਂ ਦ੍ਰਿਸ਼ਟਾਈ ॥ ੩੯ ॥

ਜਿਹੜੀ ਸਰੂਪ ਨੂੰ ਢੱਕ ਲੈਂਦੀ ਹੈ, ਗਿਆਨੀ ਇਸ ਨੂੰ 'ਅਵਿਦਿਆ ਜਾਂ ਅਗਿਆਨਤਾ' ਕਹਿੰਦੇ ਹਨ, ਜਿਹੜੀ ਨਾਨਾਪਨ ਪ੍ਰਤੀਤ ਕਰਾਉਂਦੀ ਹੈ, ਉਹੀ ਵਿਆਕੁਲਤਾ ਜਿਥੇ-ਕਿਥੇ ਦਿਖਾਈ ਦਿੰਦੀ ਹੈ ॥ ੩੯ ॥

ਉਪਾਦਾਨ ਇਹ ਸਭਿ ਜਗ ਕੇਰੀ। ਹੈ ਅਘਟਨ ਘਟਨਾ ਸੁ ਘਨੇਰੀ।
ਜਥਾ ਰਜੂ ਹੁਇ ਬੱਕ੍ਰ ਪਰੀ ਹੈ। ਕਿਹ ਨਰ ਨਿਸ਼ਚੈ ਸੋ ਨ ਕਰੀ ਹੈ ॥ ੪੦ ॥

ਮਾਇਆ ਸਭ ਜੱਗ ਦਾ ਕਾਰਨ ਹੈ, ਇਹ ਅਣਬਣਤ ਨੂੰ ਬਣਾਉਣ ਵਾਲੀ ਹੈ। ਜਿਵੇਂ ਵਿੰਗੀ-ਟੇਢੀ ਰੱਸੀ ਪਈ ਹੋਵੇ ਤਾਂ ਕਈ ਮਨੁੱਖ ਇਸ ਤੇ ਨਿਸ਼ਚਾ ਨਹੀਂ ਕਰਦੇ ਹਨ ॥ ੪੦ ॥

ਬਿਨ ਜਾਨੇ ਰਜੁ ਤਿਸ ਕਾਲ। ਲਖਜੋ 'ਸਰਪ ਇਹ ਪਰਜੋ ਕਰਾਲ'।
ਰਜੁ ਧਿਸ਼ਟਾਨ ਪਾਇ ਅੱਗਜਾਨ। ਕਾਰਜ ਕੀਨੋ ਸਰਪੁ ਮਹਾਂਨ ॥ ੪੧ ॥

ਉਸ ਸਮੇਂ ਰੱਸੀ ਨਾ ਜਾਣ ਕੇ ਸਮਝਦੇ ਹਨ, "ਇਹ ਵਿਕਰਾਲ ਸੱਪ ਪਿਆ ਹੈ।" ਅਗਿਆਨ ਨੇ ਰੱਸੀ ਦੇ ਆਸਰੇ ਨੂੰ ਪਾ ਕੇ ਸੱਪ ਰੂਪੀ ਮਹਾਨ ਕਾਰਜ ਕਰ ਦਿੱਤਾ ਹੈ ॥ ੪੧ ॥

ਤਿਮਿ ਮਾਯਾ ਧਿਸ਼ਟਾਨ ਧਰੰਤਿ। ਬ੍ਰਹਮ ਆਸਰੇ ਬਿਸ਼ੈ ਕਰੰਤਿ।
ਜਥਾ ਤਿਮਰ ਹੁਇ ਕੋਸ਼ਠ ਅੰਤਰ। ਕੋਠਾ ਆਸ਼੍ਰੈ ਤਾਂਹਿ ਨਿਰੰਤਰ ॥ ੪੨ ॥

ਉਸ ਤਰ੍ਹਾਂ ਮਾਇਆ ਨੇ ਰੱਸੀ ਦਾ ਰੂਪ ਧਾਰਨ ਕੀਤਾ ਹੈ ਭਾਵ ਅਗਿਆਨ ਬ੍ਰਹਮ ਦੇ ਹੀ ਆਸਰੇ ਹੈ ਤੇ ਬ੍ਰਹਮ ਨੂੰ ਹੀ ਵਿਸ਼ਾ ਕਰਦਾ ਹੈ। ਜਿਵੇਂ ਕੋਠੇ ਦੇ ਅੰਦਰ ਹਨੇਰਾ ਹੁੰਦਾ ਹੈ, ਉਹ ਸਦਾ ਕੋਠੇ ਦੇ ਆਸਰੇ ਰਹਿੰਦਾ ਹੈ ॥ ੪੨ ॥

Sri Satguru Jagjit Singh Ji eLlibrary NamdhariElibrary@gmail.com

ਬਿਨ ਕੋਸ਼ਠ ਅੰਧਕਾਰ ਨਹੀਂ ਹੈ। ਯਾਂਤੇ ਆਸ੍ਰੈ ਤਾਂਹਿ ਉਹੀ ਹੈ।
ਪੁਨ ਸੋ ਤਿਮਰ ਫੈਲ ਤਹਿੰ ਹੀ ਕੋ। ਬਿਸ਼ੈ ਕਰਤਿ ਤਿਸ ਕੋਸ਼ਠ ਹੀ ਕੋ ॥੪੩॥

ਕੋਠੇ ਤੋਂ ਬਗੈਰ ਹਨੇਰਾ ਨਹੀਂ ਹੈ, ਇਸ ਕਰਕੇ ਹਨੇਰਾ ਕੋਠੇ ਦੇ ਆਸਰੇ ਹੈ, ਫਿਰ ਉਹ ਹਨੇਰਾ ਉਸ ਕੋਠੇ ਵਿਚ ਹੀ ਫੈਲ ਕੇ, ਉਸ ਕੋਠੇ ਨੂੰ ਹੀ ਵਿਸ਼ਾ ਕਰਦਾ ਹੈ॥ ੪੩॥

ਛਾਦਿ ਲੇਤਿ ਚਹੂੰ ਓਰਨ ਮਾਂਹਿ। ਜਿਸ ਤੇ ਦ੍ਰਿਸ਼ਟਿ ਪਰਤਿ ਹੈ ਨਾਂਹਿ।
ਤਥਾ ਬ੍ਰਹਮ ਕੋ ਮਾਯਾ ਜਾਨਿ। ਆਸ੍ਰੈ ਬਿਸ਼ੈ ਕਰਤਿ ਬੁਧਿਵਾਨ ॥੪੪॥

ਕੋਠੇ ਨੂੰ ਚਾਰੇ ਪਾਸਿਆਂ ਤੋਂ ਢੱਕ ਲੈਂਦਾ ਹੈ, ਜਿਸ ਕਰਕੇ ਉਸ ਕੋਠੇ ਤੇ ਨਜ਼ਰ ਨਹੀਂ ਪੈਂਦੀ ਹੈ। ਇਸ ਤਰ੍ਹਾਂ ਹੀ ਬ੍ਰਹਮ ਨੂੰ ਮਾਇਆ ਸਮਝ ਕੇ ਬੁਧੀਮਾਨ ਵਿਸ਼ੇ ਆਸਰੇ ਕਰਦਾ ਹੈ॥ ੪੪॥

ਜਬਿ ਅੱਗਜਾਨ ਸਕਾਰਜ ਸਾਰੇ। ਭ੍ਰਮ ਛੂਟ ਜਾਇ ਸਰੂਪ ਨਿਹਾਰੇ।
ਪਰਮਤੱਤ ਕੋ ਮਤਿ ਕਰਿ ਜਾਨਾ। ਏਕੰਕਾਰ ਮਹਤ ਮਹੀਯਾਨਾ ॥੪੫॥

ਜਦ ਅਗਿਆਨ ਦਾ ਕਾਰਜ ਪ੍ਰਪੰਚ ਹੈ ਤਾਂ ਅਗਿਆਨ ਤੇ ਉਸ ਦਾ ਕਾਰਜ ਪ੍ਰਪੰਚ ਭਰਮ ਕਰਕੇ ਹੈ। ਜਦ ਸ੍ਵੈ-ਸਰੂਪ ਦੇ ਤੱਕਣ ਨਾਲ ਭਰਮ ਦੂਰ ਹੋ ਗਿਆ ਤਾਂ ਪਰਮ ਤੱਤ ਨੂੰ ਬੁੱਧੀ ਕਰਕੇ ਜਾਣਿਆ ਤਾਂ ਏਕੰਕਾਰ ਨੂੰ ਵੱਡੇ ਤੋਂ ਵੱਡਾ ਜਾਣਿਆ॥ ੪੫॥

ਏਕ ਆਤਮਾ ਬ੍ਰਹਮ ਅਨਸ਼੍ਰ ਹੈ। ਸਦਾ ਅਨਾਦੀ ਜੋ ਇਕ ਰਸੁ ਹੈ।
ਆਇ ਨ ਜਾਇ ਕਿਤਹੁੰ ਤੇ ਕੋਈ। ਬਜਾਪਕ ਸਰਬ ਗਗਨ ਸਮ ਸੋਈ ॥੪੬॥

ਇਕ ਆਤਮਾ ਹੀ ਬ੍ਰਹਮ ਅਤੇ ਨਾਸ਼-ਰਹਿਤ ਹੈ, ਉਹ ਸਦਾ ਅਨਾਦੀ ਅਤੇ ਇਕ ਰਸ ਹੈ, ਨਾ ਉਹ ਕਿਸੇ ਥਾਂ ਤੋਂ ਆਉਂਦੀ ਹੈ ਅਤੇ ਨਾ ਕਿਸੇ ਥਾਂ ਜਾਂਦੀ ਹੈ। ਸਰਬ ਅਕਾਸ਼ ਵਾਂਗ ਉਹ ਸਾਰੇ ਵਿਆਪਕ ਹੈ॥ ੪੬॥

ਅੱਦ੍ਵੈ ਅਨੰਦਾਤਮ ਸਭਿ ਥਾਨ। ਨਿਹਕਲ, ਅੱਕ੍ਰੈ, ਅਜੈ ਮਹਾਂਨ।
ਗੁਰ ਪੂਰਨ ਸੋਂ ਮਿਲਿ ਹੈ ਜਬੈ। ਹਉਮੈ ਮਲ ਨਿਰਵਾਰਹਿ ਸਬੈ ॥੪੭॥

ਸਭ ਥਾਂ ਦ੍ਵੈਤ-ਰਹਿਤ ਅਨੰਦ ਦਾਈ ਆਤਮਾ ਹੈ, ਇਹ ਕਲਪਨਾ ਰਹਿਤ, ਕ੍ਰਿਆ ਰਹਿਤ ਤੇ ਮਹਾਨ ਅਜਨਮਾ ਹੈ। ਜਦ ਪੂਰਨ ਗੁਰੂ ਨਾਲ ਮੇਲ ਹੁੰਦਾ ਹੈ ਤਾਂ ਹਉਮੈ ਦੀ ਸਾਰੀ ਮੈਲ ਦੂਰ ਕਰ ਦਿੰਦੇ ਹਨ॥ ੪੭॥

ਸਭਿਹਿਨਿ ਤੇ ਉਤਕ੍ਰਿਸ਼ਟ ਜੁ ਗਤਿ ਹੈ। ਸੋ ਪ੍ਰਾਪਤਿ ਹੁਇ ਆਨੰਦ ਸਤਿ ਹੈ।
ਪੁਨਰਾਵਰਤਿ ਨਹੀਂ ਜਿਤ ਹੋਇ। ਅੰਮ੍ਰਿਤ ਰੂਪ ਏਕ ਰਸੁ ਸੋਇ ॥੪੮॥

ਸਾਰਿਆਂ ਤੋਂ ਉੱਚੀ ਜਿਹੜੀ ਗਤੀ ਹੈ, ਉਹ ਆਨੰਦ ਸਤ ਦੀ ਪਦਵੀ ਪ੍ਰਾਪਤ ਹੁੰਦੀ ਹੈ, ਜਿਸ ਨਾਲ ਸੰਸਾਰ ਵਿਚ ਮੁੜ ਕੇ ਆਉਣਾ ਨਹੀਂ ਹੁੰਦਾ ਹੈ ਤੇ ਅੰਮ੍ਰਿਤ ਰੂਪ ਤੇ ਇਕ ਰਸ ਹੋ ਜਾਂਦਾ ਹੈ"॥ ੪੮॥

*ਦੂਸਰੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

❖❖❖

# ਅਧਿਆਇ ਛੱਤੀਵਾਂ

## ਜੋਗੀ ਨੂੰ ਉਪਦੇਸ਼ ਦੇ ਕੇ ਮੁਕਤ ਕੀਤਾ

ਦੋਹਰਾ-ਸੁਨਿ ਜੋਗੀ ਬਿਸਮੈ ਭਯੋ ਬਾਨੀ ਸੁਧਾ ਸਮਾਨ।
ਪੁਨਹਿ ਪ੍ਰਸ਼ਨ ਕੀਨਸਿ ਭਲੇ ਨਿਰਨੈ ਕਰਨ ਮਹਾਨ॥ ੧॥

ਅੰਮ੍ਰਿਤ ਵਰਗੀ ਬਾਣੀ ਸੁਣ ਕੇ ਜੋਗੀ ਬਹੁਤ ਪ੍ਰਸੰਨ ਹੋਇਆ, ਫਿਰ ਭਲਾ ਨਿਰਣਾ ਕਰਨ ਵਾਸਤੇ ਪ੍ਰਸ਼ਨ ਕੀਤਾ॥ ੧॥

ਚੌਪਈ-'ਕੌਨ ਬਾਦ ਕਰਿ ਬ੍ਰਹਮ ਸਿੱਧ ਕਿਯ ?। ਜਿਸ ਤੇ ਸਰਬ ਪ੍ਰਪੰਚ ਦ੍ਰਿਸ਼ਟਿ ਥਿਯ।
ਕੰਚਨ ਭੂਖਨ ਕੋ ਦ੍ਰਿਸ਼ਟਾਂਤਿ। ਵਾਦਪ੍ਰਨਾਮ ਭਯੋ ਵੱਖਜਾਤ॥ ੨॥

ਕਿਹੜੇ ਵਾਦ-ਵਿਵਾਦ ਨਾਲ ਬ੍ਰਹਮ ਸਿੱਧ ਕੀਤਾ ਹੈ ? ਜਿਸ ਤੋਂ ਸਾਰੇ ਪਰਪੰਚ ਦ੍ਰਿਸ਼ਟਮਾਨ ਹੋ ਗਏ ਹਨ। ਸੋਨੇ ਦੇ ਗਹਿਣਿਆਂ ਦਾ ਦ੍ਰਿਸ਼ਟਾਂਤ ਰੂਪ ਬਦਲਣ ਵਾਲਾ ਦਿਖਾਈ ਦਿੱਤਾ ਹੈ॥ ੨॥

ਹੇਮੁ ਪ੍ਰਨਾਮਜੋ ਨਿਜ ਆਕਾਰ। ਕੰਕਨ ਕੁੰਡਲਾਦਿ ਲੰਕਾਰ।
ਬ੍ਰਹਮ ਪ੍ਰਨੰਮ ਹੋਤਿ ਭਾ ਤੈਸੇ। ਜਗਤ ਚਰਾਚਰ ਉਪਜਜੋ ਐਸੇ॥ ੩॥

ਸੋਨੇ ਨੇ ਆਪਣਾ ਰੂਪ ਬਦਲ ਲਿਆ ਅਤੇ ਕੰਗਣ, ਕੁੰਡਲ ਆਦਿ ਗਹਿਣਿਆਂ ਵਿਚ ਬਦਲ ਗਿਆ। ਬ੍ਰਹਮ ਵੀ ਉਸ ਤਰ੍ਹਾਂ ਹੀ ਬਦਲਣ ਵਾਲਾ ਹੈ, ਜਗਤ ਵਿਚ ਚੇਤਨ ਅਤੇ ਜੜ੍ਹ ਜਿਵੇਂ ਉਪਜਿਆ ਹੈ॥ ੩॥

ਜਿਸ ਮਾਯਾ ਕੋ ਆਪੁ ਬਤਾਵੈ। ਸੋ ਝੂਠੀ ਕੈ ਸਾਚ ਜਨਾਵੈ।
ਬ੍ਰਹਮ ਸਰੂਪ ਬਿਲੋਕਜੋ ਕੈਸੇ। 'ਸੂਖਮ ਤੇ ਸੂਖਮ' ਕਹਿ ਐਸੇ॥ ੪॥

ਜਿਸ ਮਾਇਆ ਬਾਰੇ ਤੁਸੀਂ ਦੱਸਦੇ ਹੋ, ਉਹ ਝੂਠੀ ਕਿ ਸੱਚੀ ਬਿਆਨ ਕਰਦੇ ਹੋ। ਬ੍ਰਹਮ ਸਰੂਪ ਕਿਵੇਂ ਵੇਖਿਆ, ਉਸ ਬਾਰੇ ਤਾਂ ਕਹਿੰਦੇ ਹਨ ਕਿ ਬ੍ਰਹਮ ਸੂਖਮ ਤੋਂ ਵੀ ਸੂਖਮ ਹੈ॥ ੪॥

ਮਹਾਂ ਪੁਰਖ ਜੋਗੀ ਤੇ ਸੁਨਿਕੈ। ਉੱਤਰ ਦੀਨਸਿ ਸਤਿਗੁਰੁ ਗੁਨਿਕੈ।
'ਵਿਵਰਤ ਵਾਦਿ ਇਹੁ ਹਮ ਨੇ ਕਹਜੋ। ਦ੍ਰਿਸ਼ਜ ਪ੍ਰਪੰਚ ਬ੍ਰਹਮੁ ਤੇ ਲਹਜੋ॥੫॥

ਮਹਾਂਪੁਰਖ ਜੋਗੀ ਦੀ ਗੱਲ ਸੁਣਕੇ, ਸਤਿਗੁਰੂ ਜੀ ਨੇ ਵਿਚਾਰ ਕੇ ਉੱਤਰ ਦਿੱਤਾ, "ਅਸੀਂ ਇਹ ਵਿਵਰਤਵਾਦ ਕਿਹਾ ਹੈ, ਅਰਥਾਤ ਬ੍ਰਹਮ ਸੱਤ ਹੈ, ਉਸ ਤੋਂ ਜਗਤ ਮਾਇਆ ਕਰਕੇ ਭਾਸਦਾ ਹੈ ਤੇ ਗਿਆਨ ਨਾਲ ਬ੍ਰਹਮ ਬਿਨਾਂ ਹੋਰ ਕੁਝ ਨਹੀਂ ਭਾਸਦਾ॥ ੫॥

ਜਥਾ ਰਜੂ ਤੇ ਸੂਪ ਉਪਜੰਤਾ। ਭੈ ਆਦਿਕ ਤੇ ਕੰਪ ਉਠੰਤਾ।
ਤੈਸੇ ਬ੍ਰਹਮ ਤੇ ਜਗ ਇਹੁ ਦੀਖਾ। ਹਰਖ ਸ਼ੋਕ ਦੇ ਤਿਸੇ ਸਰੀਖਾ॥ ੬॥

ਜਿਵੇਂ ਰੱਸੀ ਤੋਂ ਸੱਪ ਦਾ ਭੁਲੇਖਾ ਪੈਂਦਾ ਹੈ, ਭੈ ਆਦਿ ਕਰਕੇ ਮਨੁੱਖ ਵੇਖ ਕੇ ਕੰਬ ਉਠਦਾ ਹੈ, ਉਸ ਤਰ੍ਹਾਂ ਬ੍ਰਹਮ ਤੋਂ ਇਹ ਜਗਤ ਦਿਖਾਈ ਦਿੰਦਾ ਹੈ ਤੇ ਖ਼ੁਸ਼ੀ-ਗ਼ਮੀ ਉਸਨੂੰ ਇਕ ਸਮਾਨ ਦਿੱਸਦਾ ਹੈ॥ ੬॥

ਬਿਨਾਂ ਗ੍ਯਾਨ ਤੇ ਮਿਟੇ ਜੁ ਨਾਂਹੀ। ਸਦਾ ਸਸ਼ੰਕਤਿ ਦੁਖ ਸੁਖ ਮਾਂਹੀ।
ਜਨਮ ਅਨੇਕਨ ਮਹਿਂ ਬਿਰਮਾਵਤਿ। ਊਰੈ ਨੀਰੈ ਬਹੁਤ ਭ੍ਰਮਾਵਤਿ॥ ੭॥

ਗਿਆਨ ਤੋਂ ਬਗੈਰ ਇਹ ਭੁਲੇਖਾ ਮਿਟਦਾ ਨਹੀਂ, ਸਦਾ ਸ਼ੰਕੇ ਸਹਿਤ ਦੁਖ-ਸੁਖ ਵਿਚ ਪਿਆ ਰਹਿੰਦਾ ਹੈ। ਅਨੇਕਾਂ ਜਨਮਾਂ ਵਿਚ ਭਰਮਦਾ ਹੈ, ਉਚੇ-ਨੀਵੇਂ ਦੇ ਭਰਮਾਂ ਵਿਚ ਪਿਆ ਰਹਿੰਦਾ ਹੈ॥ ੭॥

ਵਾਦ ਪ੍ਰਣਾਮ ਅਪਰ ਬਿਧਿ ਮਾਨੋ। ਰੂਪ ਦੂਧ ਤੇ ਦਧਿ ਹੁਇ ਜਾਨੋ।
ਦਧਿ ਤੇ ਬਹੁਰ ਦੁਗਧ ਹੁਇ ਨਾਂਹਿ। ਪੂਰਬ ਰੂਪ ਨਾਸ਼ ਭਾ ਤਾਂਹਿ॥ ੮॥

ਪ੍ਰਣਾਮਵਾਦ ਹੋਰ ਵਿਧੀ ਨਾਲ ਮੰਨੋ, ਜਿਵੇਂ ਦੁੱਧ ਤੋਂ ਦਹੀਂ ਹੋ ਜਾਂਦਾ ਹੈ, ਇਸ ਤਰ੍ਹਾਂ ਸਮਝੋ। ਦਹੀਂ ਤੋਂ ਬਾਅਦ ਫਿਰ ਦੁੱਧ ਨਹੀਂ ਹੁੰਦਾ, ਉਸ ਦਾ ਪਹਿਲਾ ਰੂਪ ਨਾਸ਼ ਹੋ ਗਿਆ ਸਮਝੋ॥ ੮॥

ਹਾਟਕ ਹੋਇ ਨ ਐਸੀ ਭਾਂਤਿ। ਭੂਖਨ ਮਹਿਂ ਸਰੂਪ ਦਰਸਾਤ।
ਬਿਨਸੇ ਅਲੰਕਾਰ ਆਕਾਰ। ਪੂਰਬ ਰੂਪ ਹੇਮ ਲੇ ਧਾਰਿ॥ ੯॥

ਸੋਨਾ ਇਸ ਤਰ੍ਹਾਂ ਨਹੀਂ ਹੁੰਦਾ, ਗਹਿਣਿਆਂ ਵਿਚ ਉਸ ਦਾ ਸਰੂਪ ਦਿੱਸਦਾ ਹੈ, ਜਦ ਗਹਿਣਾ ਆਪਣਾ ਆਕਾਰ ਅਤੇ ਸਰੂਪ ਛੱਡਦਾ ਹੈ ਤਾਂ ਫਿਰ ਪਹਿਲਾ ਰੂਪ ਸੋਨੇ ਦਾ ਧਾਰ ਲੈਂਦਾ ਹੈ॥ ੯॥

ਮਾਯਾ ਕਰਿ ਬ੍ਰਹਮ ਤੇ ਜਗ ਭਾਸਾ। ਜਿਮ ਬਾਜੀਗਰ ਕੇਰ ਤਮਾਸ਼ਾ।
ਹੋਹਿ ਬਿਨਾਸ਼ ਜਬੈ ਅੱਗ੍ਯਾਨ। ਨਹਿਂ ਪੁਨ ਰਹੈ ਬ੍ਰਹਮ ਬਿਨੁ ਆਨ॥ ੧੦॥

ਮਾਇਆ ਕਾਰਨ ਬ੍ਰਹਮ ਤੋਂ ਜਗਤ ਭਾਸਦਾ ਹੈ, ਜਿਵੇਂ ਬਾਜ਼ੀਗਰ ਦਾ ਤਮਾਸ਼ਾ ਹੈ। ਜਦ ਅਗਿਆਨਤਾ ਦਾ ਨਾਸ਼ ਹੋ ਜਾਂਦਾ ਹੈ ਤਾਂ ਫਿਰ ਬ੍ਰਹਮ ਤੋਂ ਬਗੈਰ ਹੋਰ ਕੁਝ ਨਹੀਂ ਰਹਿ ਜਾਂਦਾ ਹੈ॥ ੧੦॥

ਨਹਿਂ ਅਸੱਤਜ ਨਹਿਂ ਸੱਤਜ ਸੁ ਮਾਯਾ। ਸੱਤਜਾਸੱਤਜ ਭੀ ਨਹਿਂ ਬਨਿ ਆਯਾ।
ਲਖਹੁ ਅਨਰਬਚਨੀ ਇਹੁ ਯਾਂਤੇ। ਕਿਹ ਬਿਧਿ ਕਹਿਬੇ ਜਾਹਿ ਨ ਕਾ ਤੇ॥੧੧॥

ਨਾ ਝੂਠ ਨਾ ਸੱਚ ਸੋ ਮਾਇਆ ਹੈ, ਸਤਿਆਸਤ ਵੀ ਨਹੀਂ ਬਣ ਆਇਆ ਹੈ, ਇਸ ਨੂੰ ਇਸ ਤਰ੍ਹਾਂ ਹੋਰ ਢੰਗ ਨਾਲ ਸਮਝੋ, ਉਹ ਕਿਸੇ ਤਰ੍ਹਾਂ ਵੀ ਕਹੀ ਨਹੀਂ ਜਾ ਸਕਦੀ॥ ੧੧॥

ਹੈ ਅਨਾਦਿ ਜਿਸੁ ਆਦਿ ਨ ਮਾਨ। ਅੰਤ ਪਾਇ ਉਪਜੇ ਜਬਿ ਗ੍ਯਾਨ।
ਸਤਿਗੁਰ ਕੇ ਸੁਨਿਬੇ ਉਪਦੇਸ਼ੁ। ਹਤਹਿ ਅਵਿੱਦਯਾ ਸਹਤ ਕਲੇਸ਼॥ ੧੨॥

ਉਹ ਅਨਾਦ ਹੈ, ਉਸ ਦਾ ਕੋਈ ਆਦਿ ਨਾ ਮੰਨੋ, ਕਿਉਂਕਿ ਉਸਦੀ ਉਤਪਤੀ ਜਾਣੀ ਨਹੀਂ ਜਾਂਦੀ। ਜਦ ਮਨੁੱਖ ਗਿਆਨ ਪਾ ਲੈਂਦਾ ਹੈ ਤਾਂ ਉਸ ਦਾ ਅੰਤ ਪਾ ਲੈਂਦਾ ਹੈ। ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ, ਅਵਿਦਿਆ ਸਹਿਤ ਕਲੇਸ਼ ਖਤਮ ਹੋ ਜਾਂਦੇ ਹਨ॥ ੧੨॥

ਬ੍ਰਹਮ ਆਤਮਾ ਪੂਰਨ ਜੋਇ। ਬਿਸ਼ੈ ਨ ਕਿਸੁ ਇੰਦ੍ਰੇ ਕਬਿ ਹੋਇ।
ਦਿਖਿਯ ਨ ਆਂਖਨਿ,ਸੁਨਿਯ ਨ ਕਾਨੀ। ਰਿਦੇ ਲਖਹਿ ਪ੍ਰੱਗ੍ਯਾ ਤੇ ਗ੍ਯਾਨੀ॥੧੩॥

ਜਿਸ ਵਿਚ ਬ੍ਰਹਮ-ਆਤਮਾ ਪੂਰਨ ਹੈ, ਉਹ ਕਦੇ ਵੀ ਕਿਸੇ ਇੰਦ੍ਰੇ ਦਾ ਵਿਸ਼ਾ ਨਹੀਂ ਹੁੰਦਾ। ਅੱਖਾਂ ਨਾਲ ਦਿੱਸਦਾ ਨਹੀਂ ਤੇ ਕੰਨਾਂ ਨਾਲ ਸੁਣਦਾ ਨਹੀਂ, ਹਿਰਦੇ ਵਿਚ ਬੁੱਧੀ ਨਾਲ ਪਰਗਟ ਹੁੰਦਾ ਹੈ॥੧੩॥

ਇੰਦ੍ਰੇ ਬਿਸ਼ੈ ਨ ਕਰਿ ਜਿਨ ਮਨ ਕੋ। ਬਿਸ਼ੈ ਕਰਤਿ ਮਨ ਇਨ ਸਭਿਹਿਨਿ ਕੋ।
ਤਿਮ ਮਨੁ ਬਿਸ਼ੈ ਬ੍ਰਹਮ ਨਹਿਂ ਹੋਇ। ਸਭਿਹਿਨਿ ਕੋ ਸੱਤਾ ਦੇ ਸੋਇ॥ ੧੪ ॥

ਜਿਨ੍ਹਾਂ ਦੇ ਮਨ ਇੰਦਰੇ ਵਿਸ਼ੇ ਨਹੀਂ ਕਰਦੇ, ਉਨ੍ਹਾਂ ਦੇ ਮਨ ਇਨ੍ਹਾਂ ਸਭ ਦਾ ਵਿਸ਼ਾ ਕਰਦੇ ਹਨ। ਉਸ ਤਰ੍ਹਾਂ ਮਨ ਦਾ ਵਿਸ਼ਾ ਬ੍ਰਹਮ ਨਹੀਂ ਹੈ, ਉਹੀ ਸਾਰਿਆਂ ਨੂੰ ਸਮਰੱਥਾ ਬਖਸ਼ਦਾ ਹੈ॥ ੧੪॥

ਸਭਿਨਿ ਅਧਾਰ ਭੂਤ ਇਕ ਅਹੈ। ਨਾਨਾ ਨਸਹਿ ਨੀਕ ਜੇ ਲਹੈ।
ਸੂਖਮ ਤੇ ਅਤਿ ਸੂਖਮ ਜਾਨ। ਕਹਿਯਤਿ ਮਹਾਂ ਮਹਿਦ ਮਹੀਆਨ॥ ੧੫ ॥

ਇਹ ਆਸਰਾ ਰੂਪ ਸਭ ਦਾ ਆਧਾਰ ਹੈ, ਜੇ ਬ੍ਰਹਮ ਨੂੰ ਚੰਗੀ ਤਰ੍ਹਾਂ ਜਾਣ ਲਵੇ ਤਾਂ ਦ੍ਵੈਤ ਭਾਵਨਾ ਚੰਗੀ ਤਰ੍ਹਾਂ ਨਾਸ਼ ਹੋ ਜਾਂਦੀ ਹੈ। ਇਸ ਨੂੰ ਸੂਖਮ ਤੋਂ ਸੂਖਮ ਜਾਣੋ, ਇਸ ਨੂੰ ਸਭ ਤੋਂ ਵੱਡਾ ਅਤੇ ਮਹਾਨ ਕਹਿੰਦੇ ਹਨ॥ ੧੫॥

ਸੂਰਜ ਆਦਿ ਪ੍ਰਕਾਸ਼ਤਿ ਜੇਈ। ਤਿਸ ਕੀ ਜੋਤਿ ਪ੍ਰਕਾਸ਼ਹਿ ਏਈ।
ਕਾਰਣ ਭੂਤ ਸਕਲ ਕੋ ਏਕ। ਹੁਇ ਪ੍ਰਾਪਤਿ ਉਰ ਕਰਤਿ ਬਿਬੇਕ॥ ੧੬ ॥

ਸੂਰਜ ਆਦਿ ਜਿਹੜੇ ਪ੍ਰਕਾਸ਼ਮਾਨ ਹੁੰਦੇ ਹਨ, ਉਸ ਦੀ ਜੋਤ ਨੂੰ ਬ੍ਰਹਮ ਜੋਤ ਹੀ ਪ੍ਰਕਾਸ਼ਦੀ ਹੈ। ਸਾਰਿਆਂ ਦਾ ਕਾਰਨ ਰੂਪ ਇਕ ਹੀ ਬ੍ਰਹਮ ਹੈ, ਜਿਸ ਦੇ ਪ੍ਰਾਪਤ ਹੋਣ ਨਾਲ ਹਿਰਦੇ ਵਿਚ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੧੬॥

ਗਗਨ ਰੂਪ ਪਸਰਯੋ ਸਭਿ ਮਾਂਹਿ। ਨਿਤ ਕੂਟੱਸਥ ਨ ਆਵਹਿ ਜਾਹਿ।
ਤਿਸ ਮਹਿਂ ਥਿਰਤਾ ਮਨ ਕੀ ਪਾਵੈ। ਸੋ ਜਨੁ ਅੰਮ੍ਰਿਤਮਯ ਹੁਇ ਜਾਵੈ॥ ੧੭ ॥

ਸਾਰਿਆਂ ਦੇ ਵਿਚ ਗਗਨ ਰੂਪ ਪਸਰਿਆ ਹੈ, ਇਹ ਸਦਾ ਸਥਿਰ ਇਕ ਰੂਪ ਰਹਿੰਦਾ ਹੈ ਅਤੇ ਕਦੇ ਆਉਂਦਾ ਜਾਂਦਾ ਨਹੀਂ, ਉਸ ਵਿਚ ਮਨ ਦੀ ਸਥਿਰਤਾ ਪਾਉਂਦਾ ਹੈ, ਇਸ ਲਈ ਮਨੁੱਖ ਅੰਮ੍ਰਿਤ-ਮਈ ਹੋ ਜਾਂਦਾ ਹੈ॥ ੧੭॥

ਜਿਨਹੁ ਬ੍ਰਹਮ ਮਯ ਜਗਤ ਪਛਾਤਾ। ਤਜਿ ਨਾਨੱਤ੍ਵ ਅਨੰਦ ਇਕ ਮਾਤਾ।
ਕਹੀਅਤਿ ਜੀਵਨ ਮੁਕਤ ਸੁ ਪ੍ਰਾਨੀ। ਮੂਲ ਕਲੇਸ਼ ਅਵਿੱਦਜਾ ਹਾਨੀ॥ ੧੮ ॥

ਜਿਸ ਨੇ ਜਗਤ ਨੂੰ ਬ੍ਰਹਮ ਰੂਪ ਪਛਾਣ ਲਿਆ ਹੈ, ਅਨੇਕ ਪ੍ਰਕਾਰ ਦੇ ਆਨੰਦ ਛੱਡ ਕੇ ਇਕ ਬ੍ਰਹਮ ਵਿਚ ਮਸਤ ਹੋ ਗਿਆ ਹੈ, ਉਸ ਮਨੁੱਖ ਨੂੰ ਜੀਵਨ-ਮੁਕਤ ਕਿਹਾ ਜਾਂਦਾ ਹੈ। ਉਸ ਨੇ ਕਲੇਸ਼ਾਂ ਦਾ ਮੂਲ ਅਵਿਦਿਆ ਦਾ ਨਾਸ਼ ਕਰ ਲਿਆ॥ ੧੮॥

ਜਹਾਂ ਹੋਹਿ ਤਹਿਂ ਦੇਹ ਬਿਨਾਸਾ। ਥਲ ਅਪਵਿੱਤ੍ਰ ਕਿ ਤੀਰਥਿ ਪਾਸਾ।
ਤਹਾਂ ਅਨੰਦ ਮੈਂ ਲਯਤਾ ਪਾਇ। ਜਨਮੁ ਮਰਨ ਨਹਿਂ ਆਇ ਨ ਜਾਇ॥ ੧੯ ॥

ਜਿਥੇ ਵੀ ਉਸ ਦੀ ਦੇਹ ਦਾ ਵਿਨਾਸ਼ ਹੋਵੇ, ਭਾਵੇਂ ਉਹ ਅਪਵਿੱਤਰ ਥਲ ਹੋਵੇ, ਜਾਂ ਕਿਸੇ ਤੀਰਥ ਸਥਾਨ ਦੇ ਪਾਸ ਹੋਵੇ, ਓਥੇ ਹੀ ਉਹ ਅਨੰਦ ਨੂੰ ਪਾ ਲੈਂਦਾ ਹੈ, ਫਿਰ ਉਹ ਜਨਮ-ਮਰਨ ਵਿਚ ਆਉਂਦਾ ਜਾਂਦਾ ਨਹੀਂ॥ ੧੯॥

ਰਹਹੁ ਦੇਹ ਕੈਧੌਂ ਬਿਨਸਾਇ। ਨਹਿਂ ਸੋਚਹਿ ਉਰ ਇਕ ਰਸੁ ਭਾਇ।
ਅਗਨਿ ਸਿੰਧੁ ਕੇ ਤਟ ਪਰ ਹੋਇ। ਸਗਲੀ ਦ੍ਵੈਤ ਜਿਨਹੁਂ ਨੇ ਖੋਇ॥ ੨੦ ॥

ਸਰੀਰ ਰਹੇ ਜਾਂ ਨਾਸ਼ ਹੋ ਜਾਵੇ, ਹਿਰਦੇ ਵਿਚ ਇਸ ਬਾਰੇ ਨਹੀਂ ਸੋਚਦਾ ਅਤੇ ਸਦਾ ਇਕ ਰਸ ਰਹਿੰਦਾ ਹੈ। ਅਗਨੀ ਜਾਂ ਸਮੁੰਦਰ ਦੇ ਕਿਨਾਰੇ ਹੋ ਕੇ ਭਾਵ ਸੰਸਾਰ ਵਿਚ ਰਹਿ ਕੇ ਜਿਨ੍ਹਾਂ ਆਪਣੀ ਸਾਰੀ ਦ੍ਵੈਤ ਖੋਹ ਦਿੱਤੀ ਹੈ'॥ ੨੦॥

ਇਮ ਕਹਿ ਕ੍ਰਿਪਾ ਦ੍ਰਿਸ਼ਟਿ ਗੁਰ ਹੇਰੀ। ਕਰੀ ਬਿਨਾਸ਼ ਮੋਹੁ ਕੀ ਬੇਰੀ।
ਸੁੱਧ ਗਜਾਨ ਜੋਗੀ ਉਰ ਜਾਗਾ। ਜਨਮਾਦਿਕ ਮਦ ਪੀਵਤਿ ਤਜਾਗਾ॥੨੧॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਉਸ ਜੋਗੀ ਵਲ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ ਤੇ ਮੋਹ ਦੀ ਬੇੜੀ ਨਾਸ਼ ਕਰ ਦਿੱਤੀ। ਜੋਗੀ ਦੇ ਹਿਰਦੇ ਵਿਚ ਸ਼ੁੱਧ ਗਿਆਨ ਜਾਗਿਆ। ਜਨਮ ਆਦਿ ਦੇ ਹੰਕਾਰ ਰੂਪੀ ਨਸ਼ੇ ਦਾ ਪੀਣਾ ਛੱਡ ਦਿੱਤਾ॥ ੨੧॥

ਗੁਰੂ ਬਾਕ ਕੋ ਲਖਜੋ ਪ੍ਰਤਾਪਾ। ਜਿਸ ਕੇ ਸੁਨਤਿ ਮੋਹੁ ਸਭਿ ਖਾਪਾ।
ਨੰਮ੍ਰ ਭਯੋ ਚਰਨਨ ਸਿਰ ਧਰਜੋ। ਅਪਨੋ ਗਜਾਨ ਨਿਵੇਦਨ ਕਰਜੋ॥੨੨॥

ਗੁਰੂ ਜੀ ਦੇ ਬਚਨਾਂ ਦੇ ਪ੍ਰਤਾਪ ਨੂੰ ਜਾਣਿਆ, ਜਿਨ੍ਹਾਂ ਦੇ ਸੁਣਨ ਨਾਲ ਸਾਰਾ ਮੋਹ ਖਤਮ ਹੋ ਗਿਆ। ਸਨਿੰਮਰ ਹੋ ਗਿਆ ਅਤੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰਿਆ ਤੇ ਗੁਰੂ ਜੀ ਅੱਗੇ ਗਿਆਨ ਸਹਿਤ ਬੇਨਤੀ ਕੀਤੀ॥ ੨੨॥

"ਅਬਿ ਮੋਕਹੁ ਨਿਸ਼ਚਾ ਦ੍ਰਿੜ੍ਹ ਭਯੋ। ਹੁਤੋ ਜਾਨਿਬੋ ਜਾਨਿ ਸੁ ਲਯੋ।
ਤੁਮ ਕਰੁਨਾ ਤੇ ਸੰਸੈ ਨਾਸ਼ੇ। ਪ੍ਰਾਪਤਿ ਚੇਤਨ ਆਨੰਦ ਰਾਸੇ॥ ੨੩॥

"ਹੁਣ ਮੈਨੂੰ ਪੱਕਾ ਨਿਸ਼ਚਾ ਹੋ ਗਿਆ ਹੈ, ਜੋ ਜਾਨਣਯੋਗ ਸੀ, ਉਹ ਮੈਂ ਜਾਣ ਲਿਆ ਹੈ। ਤੁਹਾਡੀ ਕਿਰਪਾ ਨਾਲ ਮੇਰੇ ਸਾਰੇ ਸ਼ੰਕੇ ਦੂਰ ਹੋ ਗਏ ਹਨ ਅਤੇ ਚੇਤਨ ਆਨੰਦ ਦੀ ਪੂੰਜੀ ਪ੍ਰਾਪਤ ਹੋ ਗਈ ਹੈ॥ ੨੩॥

ਅਬਿ ਸ਼ਰੀਰ ਮੈ ਤਜਾਗਨ ਕਰਿ ਹੋਂ। ਜਿਯਤਿ ਰਹੌਂ ਨਹਿਂ ਕਾਜ ਬਿਚਰਿ ਹੌਂ।
ਜੋ ਕਰਤੱਬ ਸੁ ਮੈਂ ਕਰਿ ਲੀਨਸਿ। ਤੁਮਨੇ ਪੂਰ ਕਾਮਨਾ ਕੀਨਸਿ॥ ੨੪॥

ਹੁਣ ਮੈਂ ਆਪਣਾ ਸਰੀਰ ਛੱਡ ਜਾਵਾਂਗਾ, ਮੈਂ ਵਿਚਾਰਦਾ ਹਾਂ ਕਿ ਹੁਣ ਮੇਰਾ ਜੀਉਂਦੇ ਰਹਿਣ ਦਾ ਕੋਈ ਕੰਮ ਬਾਕੀ ਨਹੀਂ ਰਿਹਾ। ਜਿਹੜੇ ਵੀ ਕੰਮ ਸਨ ਸਭ ਕਰ ਲਏ ਹਨ, ਤੁਸੀਂ ਮੇਰੀ ਕਾਮਨਾ ਪੂਰੀ ਕਰ ਦਿੱਤੀ ਹੈ"॥ ੨੪॥

ਸੁਨਿ ਸ਼੍ਰੀ ਗੁਰ ਨੇ ਬਹੁ ਸਨਮਾਨਾ। 'ਧੰਨ ਧੰਨ ਤੁਮ ਬਡ ਬੁਧਿਵਾਨਾ।
ਦਰਸ਼ਨ ਦੇਹੁ ਰਹਹੁ ਹਿਤ ਕਰੀਏ। ਨਾਨਾ ਜਗ ਮਹਿਂ ਏਕ ਨਿਹਰੀਏ॥੨੫॥

ਇਹ ਸੁਣ ਕੇ ਗੁਰੂ ਜੀ ਨੇ ਉਸ ਦਾ ਬਹੁਤ ਸਨਮਾਨ ਕੀਤਾ ਅਤੇ ਕਿਹਾ, "ਧੰਨ ! ਧੰਨ ! ਤੁਸੀਂ ਵੱਡੇ ਬੁਧੀਮਾਨ ਹੋ। ਦਰਸ਼ਨ ਦੇਣ ਖਾਤਰ ਏਥੇ ਕੁਝ ਸਮਾਂ ਰਹੋ, ਅਤੇ ਨਾਨਾ ਪ੍ਰਕਾਰ ਦੇ ਜਗਤ ਵਿਚ ਇਕ ਬ੍ਰਹਮ ਨੂੰ ਵੇਖੋ॥ ੨੫॥

ਲੋਕਨ ਪਰ ਉਪਕਾਰ ਤੁਮਾਰਾ। ਦੇਖਤਿ ਪਾਪਨਿ ਹਰਹਿਂ ਬਿਕਾਰਾ।
ਪਰਹਿਂ ਸੁਮਗ ਪ੍ਰਾਪਤਿ ਕੱਲਜਾਨਾ। ਜੀਵ ਮਲੀਨ ਪੂਤ ਹੁਇ ਨਾਨਾ॥੨੬॥

ਲੋਕਾਂ ਉਤੇ ਤੁਹਾਡਾ ਵੱਡਾ ਉਪਕਾਰ ਹੈ, ਤੁਹਾਡੇ ਦਰਸ਼ਨ ਕਰਨ ਨਾਲ ਉਨ੍ਹਾਂ ਦੇ ਪਾਪ ਅਤੇ ਵਿਕਾਰ ਦੂਰ ਹੋ ਜਾਣਗੇ। ਸ੍ਰੇਸ਼ਟ ਮਾਰਗ ਵਿਚ ਪੈ ਕੇ ਉਨ੍ਹਾਂ ਦਾ ਕਲਿਆਣ ਹੋ ਜਾਵੇਗਾ ਅਨੇਕ ਮਲੀਨ ਜੀਵ ਪਵਿੱਤਰ ਹੋ ਜਾਣਗੇ॥ ੨੬॥

ਸੁਨਿ ਸਤਿਗੁਰ ਤੇ ਮ੍ਰਿਦੁਲ ਸੁਹਾਏ। ਪੁਨ ਜੋਗੀ ਨੇ ਬਾਕ ਸੁਨਾਏ।
'ਨਰਨਿ ਉਧਾਰਨ ਤੁਮਰੇ ਹੱਥ। ਅਪਰ ਕਿਸੁ ਮਹਿਂ ਨਹਿਂ ਸਮਰੱਥ॥ ੨੭॥

ਸਤਿਗੁਰੂ ਜੀ ਪਾਸੋਂ ਐਸੇ ਮਿੱਠੇ, ਕੋਮਲ ਅਤੇ ਸੁਹਾਵਣੇ ਸ਼ਬਦ ਸੁਣ ਕੇ, ਜੋਗੀ ਨੇ ਫਿਰ ਬਚਨ ਕੀਤੇ, "ਮਨੁੱਖਾਂ ਦਾ ਉਧਾਰ ਕਰਨਾ ਤੁਹਾਡੇ ਹੱਥ ਹੈ, ਹੋਰ ਕਿਸੇ ਵਿਚ ਅਜਿਹੀ ਸਮਰੱਥਾ ਨਹੀਂ ਹੈ॥ ੨੭॥

ਇਸ ਹਿਤ ਰਾਵਰ ਨੇ ਤਨ ਧਾਰਯੋ। ਸੱਤਜ ਨਾਮ ਸਿਮਰਨ ਬਿਸਤਾਰਯੋ।
ਇਮੁ ਸਭਿ ਜਗ ਕੋ ਭਾਰ ਜਿ ਧਰਨੋ। ਤੁਮ ਬਿਨ ਅਪਰ ਕੌਨ ਇਮੁ ਕਰਨੋ ॥੨੮॥

ਇਸ ਕਾਰਨ ਹੀ ਆਪ ਜੀ ਨੇ ਅਵਤਾਰ ਧਾਰਨ ਕੀਤਾ ਹੈ, ਸਤਿਨਾਮ ਦੇ ਸਿਮਰਨ ਦਾ ਵਿਸਥਾਰ ਕੀਤਾ ਹੈ। ਇਸ ਤਰ੍ਹਾਂ ਸਾਰੇ ਜੱਗ ਦਾ ਜੋ ਭਾਰ ਧਾਰਨ ਕੀਤਾ ਹੈ, ਤੁਹਾਡੇ ਬਗੈਰ ਹੋਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ॥ ੨੮॥

ਮੁਝ ਕੋ ਆਇਸੁ ਦੇਹੁ ਸਮਾਵੌਂ। ਰਹਿਬੇ ਕੌ ਨ ਸੰਕਲਪ ਉਠਾਵੌਂ।
ਅਬਹਿ ਕ੍ਰਿਪਾ ਇਸ ਬਿਧਿ ਕੀ ਕਰੋ। ਜਿਸੁ ਤੇ ਆਪਨਿ ਤਨ ਪਰਹਰੋ' ॥੨੯॥

ਮੈਨੂੰ ਆਗਿਆ ਦੇਵੋ ਕਿ ਮੈਂ ਪ੍ਰਭੂ ਵਿਚ ਸਮਾ ਜਾਵਾਂ, ਰਹਿਣ ਵਾਸਤੇ ਕੋਈ ਹੋਰ ਸੰਕਲਪ ਨਾ ਉਠਾਵਾਂ। ਹੁਣ ਕਿਰਪਾ ਇਸ ਢੰਗ ਦੀ ਕਰੋ, ਜਿਸ ਕਾਰਨ ਆਪਣਾ ਸਰੀਰ ਛੱਡ ਜਾਵਾਂ" ॥ ੨੯॥

ਦ੍ਰਿਢ ਨਿਸ਼ਚਾ ਜੋਗੀ ਕੋ ਜਾਨਾ। ਸ੍ਰੀ ਅਰਜਨੁ ਬਿਗਸੰਤਿ ਬਖਾਨਾ।
'ਕਰੋ ਜਥਾ ਅਭਿਲਾਖ ਤੁਮਾਰੀ। ਜਿਮੁ ਉਚਰਹੁ ਤਿਮ ਹਮ ਅਨੁਸਾਰੀ' ॥੩੦॥

ਜੋਗੀ ਦਾ ਦ੍ਰਿੜ੍ਹ ਨਿਸ਼ਚਾ ਜਾਣ ਕੇ ਸ੍ਰੀ ਗੁਰੂ ਅਰਜਨ ਦੇਵ ਬੜੇ ਪ੍ਰਸੰਨ ਹੋ ਕੇ ਬੋਲੇ, "ਜਿਵੇਂ ਤੁਹਾਡੀ ਅਭਿਲਾਸ਼ਾ ਹੈ ਉਸ ਤਰ੍ਹਾਂ ਹੀ ਕਰੋ, ਜਿਵੇਂ ਤੁਸੀਂ ਕਹਿੰਦੇ ਹੋ, ਅਸੀਂ ਉਸ ਤਰ੍ਹਾਂ ਹੀ ਤੁਹਾਡੇ ਅਨੁਸਾਰ ਹਾਂ" ॥ ੩੦॥

ਪੁਨ ਬੁੱਢੇ ਸੋਂ ਗੁਰੂ ਬਖਾਨੀ। 'ਜਿਮ ਇਹੁ ਜੋਗੀ ਭਾਖੇ ਬਾਨੀ।
ਤਿਮ ਤੁਮ ਸੰਗ ਹੋਇ ਕਰਿ ਕਰੀਏ। ਪੁਰਸ਼ੋਤਮ ਆਇਸੁ ਅਨੁਸਰੀਏ' ॥੩੧॥

ਫਿਰ ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਕਿਹਾ, "ਜਿਵੇਂ ਇਹ ਜੋਗੀ ਨੇ ਆਪਣੇ ਬਚਨ ਕਹੇ, ਉਸ ਤਰ੍ਹਾਂ ਹੀ ਤੁਸੀਂ ਇਸ ਦੇ ਨਾਲ ਹੋ ਕੇ ਕਰੋ। ਉੱਤਮ ਪੁਰਸ਼ ਭਾਵ ਜੋਗੀ ਦੀ ਆਗਿਆ ਅਨੁਸਾਰ ਕਾਰਜ ਕਰੋ" ॥ ੩੧॥

ਹੁਕਮ ਪਾਇ ਸਤਿਗੁਰ ਕੋ ਖਲੇ। ਅਵਲੋਕਹਿਂ ਲਖਿ ਪਾਵਨ ਭਲੇ।
ਹੁਤੇ ਜਿ ਲੋਕ ਫਿਰਤਿ ਚਹੁੰ ਪਾਸੇ। ਗਮਨਤਿ ਭਏ ਮਿਲੇ ਨਰ ਰਾਸੇ॥ ੩੨॥

ਗੁਰੂ ਜੀ ਦਾ ਹੁਕਮ ਪਾ ਕੇ ਬਾਬਾ ਬੁੱਢਾ ਜੀ ਉੱਠ ਕੇ ਖੜੇ ਹੋ ਗਏ। ਪਵਿੱਤਰ ਪੁਰਸ਼ ਜਾਣ ਕੇ ਲੋਕ ਜੋਗੀ ਵੱਲ ਵੇਖ ਰਹੇ ਸਨ, ਜਿੰਨੇ ਵੀ ਓਥੇ ਲੋਕ ਸਨ ਜੋਗੀ ਦੇ ਚਾਰੇ ਪਾਸੇ ਫਿਰ ਰਹੇ ਸਨ। ਜਾਂਦੇ ਹੋਏ ਉਹ ਲੋਕਾਂ ਦੇ ਸਮੂਹਾਂ ਨੂੰ ਮਿਲੇ॥ ੩੨॥

'ਨਿਕਸਯੋ ਜੋਗੀ' ਸੁਨਿ ਸੁਨਿ ਧਾਏ। ਕਰਯੋ ਬਿਲੋਕਨ ਮਨ ਬਿਸਮਾਏ।
ਚਿਰੰਕਾਲ ਕੀ ਆਰਬਲਾ ਜਿਹ। ਅਚਰਜ ਇਸ ਜੁਗ ਮਹਿਂ ਦੇਖਹਿਂ ਤਿਹ ॥੩੩॥

"ਸਰੋਵਰ ਵਿਚੋਂ ਜੋਗੀ ਨਿਕਲਿਆ ਹੈ," ਸਾਰੇ ਇਹ ਸੁਣ ਕੇ ਭੱਜੇ ਆ ਰਹੇ ਸਨ, ਜੋਗੀ ਨੂੰ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋ ਰਹੇ ਸਨ। ਜਿਸ ਦੀ ਬਹੁਤ ਵੱਡੀ ਉਮਰ ਹੈ, ਇਸ ਜੁਗ ਵਿਚ ਇਹ ਅਸਚਰਜ ਵੇਖਿਆ ਹੈ॥ ੩੩॥

ਧਾਇ ਧਾਇ ਹਰਖਹਿਂ ਬਿਸਮਾਵਹਿਂ। ਅਪਰ ਅਪਰ ਸੋ ਕਰਹਿਂ ਬੁਝਾਵਹਿਂ।
'ਪੂਰਬਲੇ ਜੁਗੁ ਕੋ ਤਨੁ ਇਹੁ ਹੈ। ਦੀਰਘਤਾ ਸਭਿ ਅੰਗਨਿ ਲਹਿ ਹੈ॥ ੩੪॥

ਭੱਜ-ਭੱਜ ਕੇ ਆ ਕੇ ਵੇਖ ਕੇ ਹੈਰਾਨ ਹੋ ਕੇ ਪ੍ਰਸੰਨ ਹੁੰਦੇ ਸਨ, ਹੋਰ ਹੋਰ ਨੂੰ ਖ਼ਬਰ ਪਹੁੰਚਾਉਂਦੇ ਸਨ। "ਇਹ ਪਿਛਲੇ ਜੁੱਗ ਦਾ ਸਰੀਰ ਹੈ, ਸਾਰੇ ਅੰਗਾਂ ਨੇ ਬਹੁਤ ਵੱਡੀ ਉਮਰ ਪਾਈ ਹੈ॥ ੩੪॥

ਪਰਮ ਬ੍ਰਿੱਧ ਮੁਖ ਬਰਨ ਦਿਪਾਵਤਿ। ਸੇਤ ਸਮੱਸ਼੍ਰੂ ਕੇਸ ਸੁਹਾਵਤਿ'।
ਨਿਕਸ ਵਹਿਰ ਸਭਿ ਮੈਂ ਥਿਰ ਹੋਵਾ। ਦੇਖਯੋ ਜੋਗੀ ਸਭਿਨਿ ਖਰੋਵਾ॥ ੩੫॥

ਬਹੁਤ ਬ੍ਰਿੱਧ ਹੈ, ਪਰ ਫਿਰ ਵੀ ਚਿਹਰਾ ਅੱਗ ਵਾਂਗ ਚਮਕਦਾ ਹੈ। ਸਫੇਦ ਚਿੱਟਾ ਦਾੜ੍ਹਾ ਅਤੇ ਕੇਸ ਬਹੁਤ ਸੁਹਾਵਣੇ ਲੱਗ ਰਹੇ ਹਨ।" ਬਾਹਰ ਨਿਕਲ ਕੇ ਸਭ ਦੇ ਵਿਚ ਖੜਾ ਹੋ ਗਿਆ, ਸਾਰਿਆਂ ਨੇ ਖਲੋਤੇ ਹੋਏ ਜੋਗੀ ਨੂੰ ਵੇਖਿਆ॥ ੩੫॥

ਨੋਟ:- ਇਸ ਤੋਂ ਸਿੱਧ ਹੁੰਦਾ ਹੈ ਕਿ ਪੁਰਾਣੇ ਜੁਗਾਂ ਦੇ ਲੋਕ ਕੇਸ-ਦਾੜ੍ਹੇ ਸਮੇਤ ਹੁੰਦੇ ਸਨ। ਭਾਈ ਵੀਰ ਸਿੰਘ ਅਨੁਸਾਰ ਪ੍ਰਾਣ ਦਸਮ ਦੁਆਰ ਵਿਚ ਚੜ੍ਹਾ ਕੇ ਕਿਤੇ ਪਏ ਰਹਿਣਾ ਜਾਂ ਮੱਠ ਵਿਚ ਦੱਬੇ ਰਹਿਣਾ ਹੈਰਾਨੀ ਵਾਲੀ ਗੱਲ ਨਹੀਂ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਇਕ ਅਜੇਹਾ ਜੋਗੀ ਆਇਆ ਸੀ, ਜਿਹੜਾ ਚਾਲੀ ਦਿਨ ਜ਼ਮੀਨ ਵਿਚ ਦੱਬਿਆ ਰਿਹਾ ਸੀ, ਚਾਲੀ ਦਿਨਾਂ ਬਾਅਦ ਜਦ ਬਾਹਰ ਕੱਢਿਆ ਤਾਂ ਮਾਲਸ਼ਾਂ ਕਰਨ ਨਾਲ ਹੋਸ਼ ਵਿਚ ਆ ਗਿਆ।

**ਕਹਿਂ 'ਇਹੁ ਥਾਨ ਪੁਨੀਤ ਮਹਾਂਨਾ। ਜੋ ਸੇਵੈਂ ਨਰ ਆਨ ਸੁਜਾਨਾ।**
**ਸ਼ਰਧਾ ਧਰੈਂ ਬੰਦਨਾ ਠਾਨਿ। ਸੱਤਿਨਾਮ ਸਿਮਰਹਿਂ ਗੁਨ ਗਾਨ॥ ੩੬॥**

ਕਹਿੰਦੇ ਸਨ, "ਇਹ ਸਥਾਨ ਬਹੁਤ ਪਵਿੱਤਰ ਹੈ, ਜਿਹੜੇ ਚਤੁਰ ਮਨੁੱਖ ਸਨ ਉਹ ਆ ਕੇ ਪੂਜਾ ਕਰਦੇ ਸਨ। ਸ਼ਰਧਾ ਧਾਰ ਕੇ ਬੰਦਨਾ ਕਰਦੇ ਸਨ। ਸਤਿਨਾਮ ਸਿਮਰ ਕੇ ਗੁਣ ਗਾਉਂਦੇ ਸਨ॥ ੩੬॥

**ਇਸ ਥਲ ਕੀਜਹਿ ਤਾਲ ਬਿਸਾਲਾ। ਮੱਜਤਿ ਤਯਾਗਹਿਂ ਪਾਪ ਕਰਾਲਾ।**
**ਨਾਸਤਿ ਹ੍ਵੈਂ ਸਭਿ ਮਨ ਕੇ ਦੋਸ਼। ਪ੍ਰਾਪਤ ਹੋਵੈ ਤਿਹ ਸੰਤੋਸ਼'॥ ੩੭॥**

ਇਸ ਸਥਾਨ ਤੇ ਵੱਡਾ ਸਰੋਵਰ ਬਣਾਵੇ, ਇਸ਼ਨਾਨ ਕਰਕੇ ਵਿਕਰਾਲ ਪਾਪਾਂ ਨੂੰ ਤਿਆਗੋ। ਮਨ ਦੇ ਸਾਰੇ ਦੋਸ਼ ਦੂਰ ਕਰੋ ਅਤੇ ਮਨ ਨੂੰ ਸੰਤੋਖ ਪ੍ਰਾਪਤ ਹੋਵੇ'॥ ੩੭॥

**ਨੰਮ੍ਰ ਥਾਨ ਪੁਨ ਕਹਿ ਖਨਵਾਯੋ। ਬੈਠਿ ਬੀਚ ਸਭਿ ਪੌਨ ਚੜ੍ਹਾਯੋ**
**ਦਸਮੇ ਦ੍ਵਾਰ ਜੋਰ ਕੋ ਪਾਵਾ। ਬ੍ਰਹਮ ਰੰਧਰ ਕੋ ਫੋਰਿ ਕਰਾਵਾ॥ ੩੮॥**

ਉਹ ਸਥਾਨ ਫਿਰ ਪੁਟਵਾਇਆ ਗਿਆ, ਜੋਗੀ ਨੇ ਉਸ ਵਿਚ ਬੈਠ ਕੇ ਸੁਆਸ ਚੜ੍ਹਾ ਲਏ, ਸੁਰਤ ਜੋੜ ਕੇ ਦਸਵਾਂ ਦੁਆਰ ਪ੍ਰਾਪਤ ਕਰਕੇ, ਫਿਰ ਮੱਥੇ ਵਿਚਲੀ ਗੁਪਤ ਜੇਹੀ ਰਾਹ ਨੂੰ ਫੋੜ ਕੇ ਆਪਣੀ ਰੂਹ ਨੂੰ ਕੱਢਿਆ॥ ੩੮॥

**ਤਬਿ ਸਭਿ ਲੋਕਨ ਫੂਲ ਬਸਾਏ। 'ਜੈ ਜੈ' ਮੁਖ ਤੇ ਬਾਕ ਸੁਨਾਏ।**
**ਸਰਬ ਪ੍ਰਕਾਰ ਬੰਦਨਾ ਕਰੈਂ। ਹੇਰਿ ਹੇਰਿ ਅਚਰਜ ਕੋ ਧਰੈਂ॥ ੩੯॥**

ਫਿਰ ਲੋਕਾਂ ਨੇ ਜੋਗੀ ਉੱਤੇ ਫੁੱਲਾਂ ਦੀ ਵਰਸ਼ਾ ਕੀਤੀ ਅਤੇ 'ਜੈ ਜੈ' ਦੇ ਸ਼ਬਦ ਮੁੱਖ ਤੋਂ ਕਹੇ। ਸਰਬ ਪ੍ਰਕਾਰ ਬੰਦਨਾ ਕਰ ਰਹੇ ਸਨ, ਵੇਖ-ਵੇਖ ਕੇ ਹੈਰਾਨ ਹੋ ਰਹੇ ਸਨ॥ ੩੮॥

**ਬਹੁਰੋ ਸਭਿਨਿ ਮ੍ਰਿਤਕਾ ਪਾਈ। ਜੋਗੀ ਕਰਯੋ ਅਲੋਪ ਤਿਥਾਈਂ।**
**ਬਿਸਮਤਿ ਹੋਇ ਸਕਲ ਹਟਿ ਆਏ। ਮਿਲਹਿਂ ਪਰਸਪਰ ਕਹਤਿ ਸੁਨਾਏ॥੪੦॥**

ਫਿਰ ਸਾਰਿਆਂ ਨੇ ਜੋਗੀ ਦੇ ਉਤੇ ਮਿਟੀ ਪਾ ਦਿੱਤੀ ਅਤੇ ਜੋਗੀ ਉਸ ਵਿਚ ਅਲੋਪ ਹੋ ਗਿਆ। ਹੈਰਾਨ ਹੋ ਕੇ ਸਾਰੇ ਵਾਪਸ ਆ ਗਏ। ਇਕ ਦੂਸਰੇ ਨੂੰ ਮਿਲ ਕੇ ਕਹਿੰਦੇ ਅਤੇ ਸੁਣਦੇ ਸਨ॥ ੪੦॥

**'ਚਿਰੰਕਾਲ ਆਰਬਲਾ ਜਾਂਹੀ। ਮੁਖ ਪਰ ਦਿਪਤਿ ਜੋਤਿ ਬਹੁ ਤਾਂਹੀ।**
**ਧੰਨ ਪੁਰਖ ਐਸੇ ਜਗ ਮਾਂਹੀ। ਮਨੁ ਬਿਕਾਰ ਜਿਨ ਪਰਸਯੋ ਨਾਂਹੀ'॥ ੪੧॥**

"ਉਸ ਜੋਗੀ ਦੀ ਬਹੁਤ ਲੰਮੀ ਉਮਰ ਸੀ, ਫਿਰ ਉਸ ਦੇ ਮੁਖੜੇ ਤੇ ਅਲੌਕਿਕ ਜੋਤ ਚਮਕ ਰਹੀ ਸੀ। ਜਗਤ ਵਿਚ ਐਸਾ ਪੁਰਖ ਧੰਨ ਹੈ, ਜਿਸ ਦੇ ਮਨ ਨੂੰ ਕੋਈ ਵੀ ਵਿਕਾਰ ਛੂਹਿਆ ਤਕ ਨਹੀਂ'॥ ੪੧॥

*ਦੂਸਰੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਸੈਂਤੀਵਾਂ

## ਪਿੰਗਲੇ ਦਾ ਪ੍ਰਸੰਗ

ਦੋਹਰਾ- ਇਮ ਜੋਗੀ ਤਪਸੀ ਮਹਦ ਭਯੋ ਬ੍ਰਿਤੰਤ ਬਿਸਾਲ।
ਸੁਨਿ ਪਿਖਿ ਨਰ ਨਾਰੀ ਤਹਾਂ ਅਚਰਜ ਭੇ ਤਿਸੁ ਕਾਲ॥ ੧ ॥

ਇਸ ਤਰ੍ਹਾਂ ਜੋਗੀ ਤਪੱਸਵੀ ਵਾਲੀ ਵਿਸ਼ਾਲ ਘਟਨਾ ਵਾਪਰੀ, ਵੇਖ-ਸੁਣ ਕੇ ਸਭ ਇਸਤਰੀ-ਮਰਦ ਉਸ ਸਮੇਂ ਬਹੁਤ ਹੈਰਾਨ ਹੋਏ॥ ੧॥

ਚੌਪਈ- ਇਤਨੇ ਬਿਖੈ ਝਗਰਤੇ ਤਹਾਂ ਦੰਪਤਿ ਚਲਿ ਆਏ ਗੁਰ ਜਹਾਂ।
ਸੋਇ ਪ੍ਰਸੰਗ ਛੋਰਤੇ ਬਰਨੌਂ। ਜਥਾ ਸੁਧਾਸਰ ਬਿਦਤੈ ਕਰਨੋ॥ ੨ ॥

ਏਨੇ ਵਿਚ ਇਕ ਇਸਤਰੀ-ਮਰਦ ਝਗੜਦੇ ਹੋਏ ਓਥੇ ਆ ਗਏ ਜਿਥੇ ਗੁਰੂ ਜੀ ਬਿਰਾਜਮਾਨ ਸਨ। ਉਹੀ ਪ੍ਰਸੰਗ ਖੋਲ੍ਹ ਕੇ ਬਿਆਨ ਕਰਦਾ ਹਾਂ, ਜਿਵੇਂ ਅੰਮ੍ਰਿਤ ਸਰੋਵਰ ਪਰਗਟ ਹੋਇਆ॥ ੨॥

ਮਾਝੇ ਦੇਸ਼ ਪੁਰੀ ਇਕ ਅਹੈ। 'ਪੱਟੀ' ਨਾਮ ਜਿਸੀ ਕੋ ਕਹੈਂ।
ਤਹਿਂ ਕੋ ਨ੍ਰਿਪ ਲਘੁ ਰਾਜ ਕਰੰਤਾ। ਤੁਰਕਨ ਕੇ ਅਨੁਸਾਰਿ ਰਹੰਤਾ॥ ੩ ॥

ਮਾਝੇ ਦੇਸ਼ ਵਿਚ ਇਕ ਨਗਰੀ ਹੈ, ਜਿਸ ਦਾ ਨਾਂ ਪੱਟੀ ਕਿਹਾ ਜਾਂਦਾ ਹੈ। ਉਸ ਨਗਰ ਦਾ ਰਾਜਾ ਇਕ ਛੋਟੇ ਜਿਹੇ ਇਲਾਕੇ ਦਾ ਮਾਲਕ ਸੀ ਤੇ ਉਹ ਤੁਰਕਾਂ ਦੀ ਆਗਿਆ ਅਨੁਸਾਰ ਰਹਿੰਦਾ ਸੀ॥ ੩॥

ਤਿਸ ਗ੍ਰਿਹ ਸੁਤਾ ਪੰਚ ਜਨਮਾਈ। ਬਧਤਿ ਆਰਬਲ ਰੂਪ ਸੁਹਾਈ।
ਸੁੰਦਰ ਅੰਗੁ ਰੰਗ ਤਨੁ ਗੋਰਾ। ਕਮਲ ਲੋਚਨੀ ਉਰਜ ਕਠੋਰਾ॥ ੪ ॥

ਉਸ ਦੇ ਘਰ ਪੰਜਾਂ ਲੜਕੀਆਂ ਨੇ ਜਨਮ ਲਿਆ। ਜਦ ਉਹ ਵੱਡੀਆਂ ਹੋ ਕੇ ਜਵਾਨ ਹੋਈਆਂ ਤਾਂ ਉਨ੍ਹਾਂ ਦੀ ਸੁੰਦਰਤਾ ਨੇ ਬਹੁਤ ਸ਼ੋਭਾ ਪਾਈ। ਉਨ੍ਹਾਂ ਦੇ ਸੁੰਦਰ ਅੰਗ ਸਨ, ਅਤੇ ਸਰੀਰ ਦਾ ਰੰਗ ਬਹੁਤ ਗੋਰਾ ਸੀ, ਕਮਲ ਵਰਗੇ ਨੈਣ ਸਨ ਅਤੇ ਅਸਥਨ ਬੜੇ ਸਖਤ ਸਨ॥ ੪॥

ਤਿਨਿ ਮਹਿਂ ਏਕ ਹੁਤੀ ਸਤਿਸੰਗਨਿ। ਅਲਪ ਆਰਬਲ ਕੋਮਲ ਅੰਗਨਿ।
ਪ੍ਰਭੁ ਕੇ ਗੁਨ ਸੰਤਨ ਤੇ ਸੁਨੇ। ਬੈਠਹਿ ਨਿਕਟ ਜਬਹਿਂ ਮਿਲਿ ਭਨੇਂ॥ ੫ ॥

ਉਨ੍ਹਾਂ ਲੜਕੀਆਂ ਵਿਚੋਂ ਇਕ ਲੜਕੀ ਗੁਰੂ ਘਰ ਦੀ ਸਤਿਸੰਗਣ ਸੀ। ਉਹ ਛੋਟੀ ਉਮਰ ਦੀ ਸੀ ਤੇ ਅੰਗ ਉਸ ਦੇ ਬਹੁਤ ਕੋਮਲ ਸਨ। ਉਹ ਸੰਤਾਂ ਪਾਸੋਂ ਪ੍ਰਭੂ ਦੇ ਗੁਣ ਸੁਣਦੀ ਸੀ। ਜਦ ਸੰਤ ਕਥਾ ਕਰਦੇ ਸਨ ਤਾਂ ਇਹ ਉਨ੍ਹਾਂ ਦੇ ਪਾਸ ਬੈਠਦੀ ਸੀ॥ ੫॥

'ਜੀਵ ਜੀਵ ਪ੍ਰਤਿ ਤੀਨਹੁਂ ਲੋਕ। ਨਿਤਿ ਪਾਲਤ ਸਭਿ, ਪ੍ਰਭੁ ਅਰੋਕ।
ਜੋ ਜਿਸ ਜੂਨਿ ਜਹਾਂ ਹੁਇ ਪ੍ਰਾਨੀ। ਤਹਾਂ ਦੇਤਿ ਭੋਜਨ ਗੁਨਖਾਨੀ' ॥੬ ॥

ਸੰਤ ਕਹਿੰਦੇ ਸਨ, "ਤਿੰਨਾਂ ਲੋਕਾਂ ਦੇ ਹਰ ਜੀਵ ਦੀ ਪ੍ਰਭੂ ਕਿਸੇ ਰੁਕਾਵਟ ਤੋਂ ਬਗੈਰ ਨਿਰੰਤਰ ਪਾਲਣਾ ਕਰਦਾ ਹੈ, ਜਿਸ ਜੂਨ ਜਾਂ ਜਿਥੇ ਵੀ ਪ੍ਰਾਣੀ ਹੁੰਦਾ ਹੈ ਓਥੇ ਹੀ ਗੁਣਾਂ ਦੀ ਖਾਣ ਭਾਵ ਪ੍ਰਭੂ ਭੋਜਨ ਦਿੰਦਾ ਹੈ॥ ੬॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਨਾਨਕ ਕਰਯੋ ਸ਼ਲੋਕ। ਪਠਤਿ ਬਿਚਾਰਤਿ ਸੋ ਪ੍ਰਭੁ ਲੋਕ।
ਤਿਸੁ ਤੇ ਸੁਨਿ ਕੰਨਜਾਂ ਦ੍ਰਿਢ ਕੀਨੋ। ਸੋ ਅਬਿ ਇਸ ਥਲ ਲਿਖਿ ਕਰਿ ਦੀਨੋ ॥੭॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਲੋਕ ਲਿਖਿਆ ਹੈ, ਜਿਸ ਨੂੰ ਪੜ੍ਹ ਕੇ ਸੰਤ ਲੋਕ ਵਿਚਾਰ ਕਰਦੇ ਹਨ। ਉਨ੍ਹਾਂ ਪਾਸੋਂ ਸੁਣ ਕੇ ਉਹ ਸਲੋਕ ਕੰਨਿਆਂ ਨੇ ਦ੍ਰਿੜ੍ਹ ਕਰ ਲਿਆ। ਉਹ ਸਲੋਕ ਮੈਂ ਹੁਣ ਇਸ ਥਾਂ ਲਿਖਦਾ ਹਾਂ॥ ੭॥

ਸਲੋਕ ਮ:੧॥

*ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥*
*ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥ ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥*
*ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥*

*(ਪੰਨਾ ੪੬੭)*

ਇਨਸਾਨਾਂ, ਬ੍ਰਿਛਾਂ, ਤੀਰਥ ਅਸਥਾਨਾਂ, ਨਦੀਆਂ ਦੇ ਕਿਨਾਰਿਆਂ, ਬੱਦਲਾਂ, ਖੇਤਾਂ, ਟਾਪੂਆਂ, ਮੰਡਲਾਂ, ਖੰਡਾਂ, ਸੂਰਜ ਖੰਡਾਂ, ਉਤਪਤੀ ਦੇ ਨਿਕਾਸ, ਜੋ ਆਂਡੇ ਤੋਂ ਪੈਦਾ ਹੋਏ, ਗਰਭ ਤੋਂ ਪੈਦਾ ਹੋਏ, ਧਰਤੀ ਤੋਂ ਪੈਦਾ ਹੋਏ, ਮੜ੍ਹਕੇ ਤੋਂ ਪੈਦਾ ਹੋਏ, ਸਮੁੰਦਰ, ਪਹਾੜਾਂ ਅਤੇ ਪ੍ਰਾਣਧਾਰੀਆਂ ਉਹ ਸਾਹਿਬ ਉਨ੍ਹਾਂ ਸਭ ਦੀ ਦਸ਼ਾ ਨੂੰ ਜਾਣਦਾ ਹੈ। ਹੇ ਨਾਨਕ ! ਜੀਵਾਂ ਨੂੰ ਪੈਦਾ ਕਰਕੇ, ਸੁਆਮੀ ਉਨ੍ਹਾਂ ਸਾਰਿਆ ਦੀ ਸੰਭਾਲ ਕਰਦਾ ਹੈ। ਜਿਸ ਕਰਤੇ ਨੇ ਸੰਸਾਰ ਨੂੰ ਸਾਜਿਆ ਹੈ, ਉਹ ਇਸ ਦਾ ਖਿਆਲ ਵੀ ਰੱਖਦਾ ਹੈ॥

ਦੋਹਰਾ- ਸੁਨਿ ਸ ਅਰਥ ਗੁਰ ਸ਼ਬਦ ਕੋ ਕੰਨਜਾ ਨਿਸ਼ਚੈ ਕੀਨੁ।
'ਤੀਨ ਲੋਕ ਪਤਿ ਪਰਮ ਗੁਰ ਰਿਜਕ ਸਭਿਨਿ ਕਹੁ ਦੀਨ' ॥ ੮॥

ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਸ਼ਬਦ ਨੂੰ ਅਰਥਾਂ ਸਹਿਤ ਸੁਣ ਕੇ ਉਸ ਕੰਨਿਆ ਨੇ ਨਿਸ਼ਚਾ ਕਰ ਲਿਆ, "ਤਿੰਨਾਂ ਲੋਕਾਂ ਦੇ ਪਤੀ, ਪਰਮ ਪੂਜ ਪ੍ਰਭੂ ਨੇ ਉਪਜੀਵਕਾ ਸਾਰਿਆਂ ਨੂੰ ਦਿੱਤੀ ਹੈ" ॥ ੮॥

ਚੌਪਈ- ਇਕ ਦਿਨ ਸਭਿ ਕੰਨਜਾ ਮਿਲ ਕਰਿਕੈ। ਕਥਾ ਅਨੇਕ ਸੁਨਾਇਂ ਬਿਚਰਿਕੈ॥
ਨਿਜ ਪਿਤ ਕੀ ਭਾਖਤਿ ਬਡਿਆਈ। 'ਹਮਹਿਂ ਪਦਾਰਥ ਅਧਿਕ ਭੁਗਾਈ ॥੯॥

ਇਕ ਦਿਨ ਸਾਰੀਆਂ ਲੜਕੀਆਂ ਮਿਲ ਕੇ, ਅਨੇਕ ਕਥਾਵਾਂ ਵਿਚਾਰ ਕੇ ਸੁਣਾ ਰਹੀਆਂ ਸਨ। ਆਪਣੇ ਪਿਤਾ ਜੀ ਦੀ ਵਡਿਆਈ ਕਰ ਰਹੀਆਂ ਸਨ, "ਸਾਨੂੰ ਭੋਗਣ ਵਾਸਤੇ ਬਹੁਤ ਪਦਾਰਥ ਦਿੰਦੇ ਹਨ॥ ੯॥

ਖਾਨ ਪਾਨ ਪਹਿਰਨ ਕੋ ਦਾਤਾ। ਬਸਤ੍ਰ ਬਿਭੂਖਨ ਦੇ ਬੱਖਜਾਤਾ'।
ਸਭਿ ਤੇ ਸੁਨਿ ਤਿਸ ਕੰਨਜਾਂ ਕਹਯੋ।'ਪਾਲਤਿ ਪ੍ਰਭੁ ਸਭਿਨਿ ਕੋ ਲਹਯੋ ॥੧੦॥

ਖਾਣ, ਪੀਣ ਅਤੇ ਪਹਿਨਣ ਵਾਸਤੇ ਵੱਡੇ ਦਾਤਾ ਸਾਨੂੰ ਕਪੜੇ, ਗਹਿਣੇ ਬਹੁਤ ਦਿੰਦੇ ਹਨ, ਜਿਸ ਬਾਰੇ ਸਭ ਜਾਣਦੇ ਹਨ।" ਉਨ੍ਹਾਂ ਸਾਰੀਆਂ ਲੜਕੀਆਂ ਪਾਸੋਂ ਸੁਣ ਕੇ ਉਸ ਕੰਨਿਆ ਨੇ ਕਿਹਾ, "ਕੇਵਲ ਪ੍ਰਭੂ ਹੀ ਸਭ ਦੀ ਪਾਲਣਾ ਕਰਦੇ ਹਨ॥ ੧੦॥

ਦਾਤਨਿ ਕੋ ਦਾਤਾ ਇਕ ਰਾਮ। ਕਰਹਿ ਜਗਤ ਕੇ ਪੂਰਣ ਕਾਮ।
ਸਭਿ ਦਿਨੁ ਸਭਿ ਕੋ ਭੋਗ ਭੁਗਾਵੈ॥ ਕਰਿ ਅਹਾਰ ਕੋ ਜੀਵਤਿ ਪਾਵੈ ॥੧੧॥

ਦਾਤਿਆਂ ਦੇ ਦਾਤਾ ਕੇਵਲ ਇਕ ਰਾਮ ਹਨ, ਉਹ ਸਾਰੇ ਜਗਤ ਦੇ ਕੰਮ ਪੂਰੇ ਕਰਦੇ ਹਨ। ਸਭ ਦਿਨ ਸਾਰਿਆਂ ਨੂੰ ਰਿਜ਼ਕ ਦਿੰਦੇ ਹਨ ਅਤੇ ਭੋਜਨ ਦੇ ਕੇ ਸਾਰਿਆਂ ਨੂੰ ਜੀਉਂਦਾ ਰੱਖਦੇ ਹਨ॥ ੧੧॥

Sri Satguru Jagjit Singh Ji eLlibrary NamdhariElibrary@gmail.com

ਕਜੋਂ ਇਤਨੇ ਦੁਖ ਸਹਹੁ ਗੁਸਾਈਂ। ਦਿਹੁ ਸ਼ਾਰਤ ਮੁਖ ਕਹਹੁ ਨ ਕਾਈ'।
ਸੁਨਿ ਸਤਿਗੁਰੂ ਕਹਿ 'ਕਿਹ ਤੇ ਪਾਈ ?। ਜੋ ਚਾਹਤਿ ਅਬਿ ਸ਼ਕਤਿ ਦਿਖਾਈ' ॥੪੭॥

ਹੇ ਮਾਲਕ ! ਏਨੇ ਦੁੱਖ ਕਿਉਂ ਬਰਦਾਸ਼ਤ ਕਰਦੇ ਹੋ, ਮੈਨੂੰ ਇਕ ਇਸ਼ਾਰਾ ਹੀ ਕਰੋ, ਮੁਖ ਤੋਂ ਬੇਸ਼ਕ ਕੁਝ ਨਾ ਕਹੋ।'' ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, ''ਇਹ ਸ਼ਕਤੀ ਕਿਥੋਂ ਪਾਈ ਹੈ, ਜਿਹੜੀ ਹੁਣ ਦਿਖਾਉਣੀ ਚਾਹੁੰਦੇ ਹੋ ?'' ॥ ੪੭॥

'ਸੁਨਹੁ ਗੁਰੂ ਕਰਿ ਸੇਵ ਤੁਮਾਰੀ। ਭਯੋ ਕ੍ਰਿਪਾ ਤੇ ਪ੍ਰਾਕ੍ਰਮ ਭਾਰੀ।
ਚੰਦੂ ਦੁਸ਼ਟ ਮੂਢ ਕਜਾ ਅਹੈ। ਨਾਸੈਂ ਤੁਰਕ ਨਾਮ ਨਹਿਂ ਰਹੈ॥ ੪੮॥

ਪਿਰਾਣੇ ਨੇ ਕਿਹਾ, ''ਹੇ ਗੁਰੂ ਜੀ ! ਸੁਣੋ, ਇਹ ਸ਼ਕਤੀ ਮੈਂ ਤੁਹਾਡੀ ਸੇਵਾ ਕਰਕੇ ਪਾਈ ਹੈ, ਤੁਹਾਡੀ ਕਿਰਪਾ ਨਾਲ ਵੱਡਾ ਪ੍ਰਾਕ੍ਰਮ ਹੋਇਆ ਹੈ। ਚੰਦੂ ਮੂਰਖ ਕੀ ਚੀਜ਼ ਹੈ, ਤੁਰਕ ਵੀ ਦੌੜ ਜਾਣਗੇ ਕਿ ਉਨ੍ਹਾਂ ਦਾ ਨਾਂ ਨਹੀਂ ਰਹੇਗਾ॥ ੪੮॥

ਜਿਨ ਕੇ ਰਾਜ ਮਹਾਂ ਅੰਨਜਾਇ। ਤੁਮ ਸਮ ਕੋ ਅਸ ਹੋਤਿ ਸਜਾਇ'।
ਗੁਰੂ ਕਹਜੋ 'ਜਿਨ ਕੀ ਕਰਿ ਸੇਵਾ। ਲਈ ਸ਼ਕਤਿ ਧਾਰਤਿ ਅਹੰਮੇਵਾ॥ ੪੯॥

ਜਿਨ੍ਹਾਂ ਦੇ ਰਾਜ ਵਿਚ ਏਨਾ ਵੱਡਾ ਅਨਿਆਂ ਹੋ ਰਿਹਾ ਹੈ, ਤੁਹਾਡੇ ਵਰਗੀ ਮਹਾਨ ਆਤਮਾ ਨੂੰ ਅਜਿਹੀ ਸਜ਼ਾ ਮਿਲ ਰਹੀ ਹੈ।'' ਗੁਰੂ ਜੀ ਨੇ ਕਿਹਾ, ''ਜਿਨ੍ਹਾਂ ਦੀ ਸੇਵਾ ਕਰਕੇ ਇਹ ਸ਼ਕਤੀ ਪ੍ਰਾਪਤ ਕੀਤੀ ਹੈ, ਉਸ ਸ਼ਕਤੀ ਦਾ ਹੁਣ ਅਹੰਕਾਰ ਕਰਦਾ ਹੈਂ॥ ੪੯॥

ਤਿਨ ਮਹੁਂ ਸ਼ਕਤਿ ਅਹੈ ਕੈ ਨਾਂਹੀ ?'। ਕਿਮ ਜਾਨਤਿ ਅਪਨੇ ਮਨ ਮਾਂਹੀ।
ਜੇ ਜਾਨਤਿ ਤੂਸ਼ਨਿ ਕਰਿ ਰਹੋ। ਬੈਠੇ ਪਿਖਹੁ ਨਹੀਂ ਕੁਛ ਕਹੋ॥ ੫੦॥

ਤੇਰੇ ਵਿਚ ਸ਼ਕਤੀ ਹੈ ਕਿ ਨਹੀਂ ? ਤੂੰ ਆਪਣੇ ਮਨ ਵਿਚ ਕਿਵੇਂ ਜਾਣਦਾ ਹੈਂ। ਜੇ ਜਾਣਦਾ ਹੈਂ ਤਾਂ ਚੁਪ ਕਰ ਰਹੋ, ਬੈਠੋ ਵੇਖੋ ਪਰ ਕੁਝ ਕਹੋ ਨਹੀਂ॥ ੫੦॥

ਨਾਂਹਿ ਤ ਛੂਛੇ ਹੀ ਰਹਿ ਜੈ ਹੈਂ। ਖੋਇ ਸ਼ਕਤਿ ਕੋ ਪੁਨ ਪਛੁਤੈ ਹੈਂ।
ਹਮਨੇ ਇਮ ਹੀ ਕਾਰਨ ਕਰਨਾ। ਤੂੰ ਨਹਿਂ ਲਖੈਂ ਏਵ ਆਚਰਨਾ'॥ ੫੧॥

ਨਹੀਂ ਤਾਂ ਖਾਲੀ ਹੀ ਰਹਿ ਜਾਵੇਂਗੇ, ਸ਼ਕਤੀ ਗਵਾ ਕੇ ਫਿਰ ਪਛਤਾਉਗੇ। ਅਸੀਂ ਤਾਂ ਹੁਣ ਇਸ ਤਰ੍ਹਾਂ ਹੀ ਕਾਰਨ ਕਰਨਾ ਹੈ, ਤੂੰ ਇਸ ਆਚਰਨ ਨੂੰ ਸਮਝਦਾ ਨਹੀਂ ਹੈਂ''॥ ੫੧॥

ਪਰਮ ਬਿਸੂਰਤਿ ਤੂਸ਼ਨਿ ਹੋਵਾ। ਨੀਚ ਗ੍ਰੀਵ ਕਰਿ ਊਚ ਨ ਜੋਵਾ।
ਸਤਿਗੁਰੂ ਬੈਠੇ ਦੇਗ ਮਝਾਰੀ। ਤਰੇ ਦੁਸ਼ਟ ਬਹੁ ਸਮਧਾ ਜਾਰੀ॥ ੫੨॥

ਭਾਈ ਪਿਰਾਣਾ ਝੁਰ ਕੇ ਚੁੱਪ ਹੋ ਗਿਆ, ਧੌਣ ਨੀਵੀਂ ਕਰ ਲਈ, ਫਿਰ ਸਿਰ ਚੁਕ ਕੇ ਨਾ ਵੇਖਿਆ। ਸਤਿਗੁਰੂ ਜੀ ਦੇਗ ਵਿਚ ਬੈਠੇ ਸਨ, ਹੇਠਾਂ ਦੁਸ਼ਟ ਬਹੁਤ ਅੱਗ ਬਾਲ ਰਿਹਾ ਸੀ॥ ੫੨॥

ਅਗਨਿ ਧਾਰਿ ਉਰ ਡਰ ਸਮੁਦਾਊ। ਕਰਜੋ ਬਿਪਰਜੈ ਅਪਨਿ ਸੁਭਾਊ।
ਤੇਜ ਛੋਰਿ ਕਰਿ ਸੀਤਲ ਹੋਵਾ। ਗੁਰੁ ਤਨ ਤਾਪ ਤਨਕ ਨਹਿਂ ਜੋਵਾ॥ ੫੩॥

ਅਗਨੀ ਨੇ ਵੀ ਡਰ ਕੇ ਆਪਣਾ ਸੁਭਾਅ ਉਲਟਾ ਕਰ ਲਿਆ। ਸੇਕ ਛੱਡ ਕੇ ਉਹ ਠੰਡੀ ਹੋ ਗਈ। ਗੁਰੂ ਜੀ ਦੇ ਸਰੀਰ ਨੂੰ ਰਤਾ ਵੀ ਗਰਮੀ ਨਾ ਲੱਗੀ॥ ੫੩॥

ਦੋਹਰਾ-ਕਿਤਿਕ ਕਾਲ ਬੈਠੇ ਰਹੇ ਪੁਨ ਖਲ ਕਹਿ ਨਿਕਸਾਇ।
ਗਯੋ ਸਦਨ ਨਿਜ ਮੂਢ ਮਤਿ ਮਹਿਮਾ ਲਖੀ ਨ ਕਾਇ ॥੫੪ ॥

ਕਾਫੀ ਸਮੇਂ ਤਕ ਦੇਗ ਵਿਚ ਬੈਠੇ ਰਹੇ, ਫਿਰ ਮੂਰਖ ਨੇ ਕਹਿ ਕੇ ਬਾਹਰ ਕਢਵਾਏ। ਮੂਰਖ ਮੱਤ ਵਾਲਾ ਫਿਰ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਦੀ ਮਹਿਮਾ ਜਾਣੀ ਨਹੀਂ ਸੀ ਜਾਂਦੀ॥ ੫੪॥

*ਚੌਥੀ ਰਾਸ ਦਾ ਚੌਂਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥*

## ਅਧਿਆਇ ਪੈਂਤੀਵਾਂ

### ਚੰਦੂ ਦੀ ਨੂੰਹ, ਤੱਤੀ ਰੇਤ

ਦੋਹਰਾ-ਗ੍ਰਿਹ ਚੰਦੂ ਕੇ ਸੁਧਿ ਭਈ ਸਤਿਗੁਰੁ ਕੌ ਦੁਖ ਦੇਤਿ।
ਕਿਸੇ ਸਿੱਖ ਕੀ ਸੁਤਾ ਥੀ ਪਾਪੀ ਨੁਖਾ ਨਿਕੇਤਿ॥ ੧॥

ਸਾਰਿਆਂ ਨੂੰ ਇਹ ਖ਼ਬਰ ਮਿਲੀ ਕਿ ਚੰਦੂ ਦੇ ਘਰ ਸਤਿਗੁਰੂ ਜੀ ਨੂੰ ਤਸੀਹੇ ਦੇ ਰਹੇ ਹਨ। ਘਰ ਵਿਚ ਕਿਸੇ ਗੁਰਸਿੱਖ ਦੀ ਪੁੱਤਰੀ ਪਾਪੀ ਚੰਦੂ ਦੀ ਨੂੰਹ ਸੀ॥ ੧॥

ਚੌਪਈ- ਸੁਨਿ ਪ੍ਰਸੰਗ ਦਲਕਯੋ ਤਿਸ ਰਿਦਾ। ਮਮ ਨੈਹਿਰ ਮਾਨਹਿਂ ਜਿਹ ਸਦਾ।
ਅਨਿਕ ਕਾਮਨਾ ਜਾਚਤਿ ਪਾਈ। ਗੁਰੁ ਗੁਰੁ ਸਿਮਰਤਿ ਨਿਤ ਸੁਖਦਾਈ ॥੨ ॥

ਗੁਰੂ ਜੀ ਨੂੰ ਤਸੀਹੇ ਦੇਣ ਦਾ ਪ੍ਰਸੰਗ ਸੁਣ ਕੇ ਉਸ ਦਾ ਹਿਰਦਾ ਕੰਬ ਉਠਿਆ ਕਿ ਜਿਸ ਨੂੰ ਮੇਰੇ ਮਾਪੇ ਵੱਡੇ ਪੂਜਨੀਕ ਮੰਨਦੇ ਹਨ, ਅਨੇਕਾਂ ਹੀ ਕਾਮਨਾਵਾਂ ਮੰਗ ਕੇ ਪਾਈਆਂ ਹਨ, ਗੁਰੂ ਗੁਰੂ ਸਿਮਰ ਕੇ ਸਦਾ ਸੁਖ ਮਿਲਦਾ ਹੈ॥ ੨॥

ਸਸੁਰ ਪਾਤਕੀ ਤਿਹ ਦੁਖ ਦੇਤਿ। ਕੋ ਅਘ ਤੇ ਮੈਂ ਇਨਹੁ ਨਿਕੇਤ।
ਕਿਤਿਕ ਦਿਵਸ ਤੇ ਪਿਯੋ ਨ ਪਾਨੀ। ਖਾਇ ਨ ਭੋਜਨ ਨਿੰਦ੍ਰਾ ਹਾਨੀ ॥੩ ॥

ਪਾਪੀ ਸਹੁਰਾ ਉਨ੍ਹਾਂ ਨੂੰ ਦੁਖ ਦੇ ਰਿਹਾ ਹੈ। ਉਹ ਪਾਪ ਕਰ ਰਿਹਾ ਹੈ ਤੇ ਮੈਂ ਇਨ੍ਹਾ ਦੇ ਘਰ ਵਿਚ ਰਹਿ ਰਹੀ ਹਾਂ। ਕਈਆਂ ਦਿਨਾਂ ਤੋਂ ਉਨ੍ਹਾਂ ਪਾਣੀ ਨਹੀਂ ਪੀਤਾ ਹੈ, ਨਾ ਹੀ ਭੋਜਨ ਖਾਧਾ ਹੈ ਅਤੇ ਨਾ ਹੀ ਸੁੱਤੇ ਹਨ॥ ੩॥

ਧਿਕ ਜੀਵਨ ਇਸ ਘਰ ਮਹਿਂ ਮੇਰੋ। ਗੁਰੁ ਕੋ ਦੁਖ ਸੁਨਿ ਥਿਰ ਹ੍ਵੈ ਹੇਰੋਂ।
ਰਹਯੋ ਨ ਗਯੋ ਮਿਠਾਈ ਘੋਰੀ। ਕੁਛ ਭੋਜਨ ਲੈ ਗਮਨੀ ਚੋਰੀ॥ ੪ ॥

ਧਿਰਕਾਰ ਹੈ ਮੇਰਾ ਜੀਵਨ, ਜਿਹੜੀ ਇਸ ਘਰ ਵਿਚ ਰਹਿ ਰਹੀ ਹਾਂ, ਗੁਰੂ ਜੀ ਦੇ ਦੁਖ ਸੁਣ ਕੇ ਬੈਠ ਕੇ ਵੇਖਦੀ ਹਾਂ। ਜਦ ਰਿਹਾ ਨਾ ਗਿਆ ਤਾਂ ਪਾਣੀ ਵਿਚ ਮਿੱਠਾ ਘੋਲਿਆ ਅਤੇ ਕੁਝ ਭੋਜਨ ਲੈ ਕੇ ਚੋਰੀ ਚੋਰੀ ਗਈ॥ ੪॥

ਪਹੁੰਚੀ ਜਿਹਠਾਂ ਖਰੇ ਸਿਪਾਹੀ। ਸੁਕਚਤਿ ਡਰਤਿ ਜਾਤਿ ਨਹਿਂ ਪਾਹੀ।
ਇਕ ਹਕਾਰ ਕਰਿ ਅਪਨੇ ਪਾਸ। ਦੀਨਸਿ ਜ਼ੇਵਰ ਤਿਨਹਿ ਨਿਕਾਸਿ ॥੫ ॥

ਓਥੇ ਪਹੁੰਚ ਗਈ ਜਿਥੇ ਸਿਪਾਹੀ ਖੜੇ ਸਨ, ਸਿਪਾਹੀਆਂ ਤੋਂ ਡਰਦੀ ਅੱਗੇ ਨਾ ਜਾ ਸਕੀ। ਅੰਤ ਇਕ ਸਿਪਾਹੀ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਆਪਣਾ ਇਕ ਗਹਿਣਾ ਉਤਾਰ ਕੇ ਦਿੱਤਾ॥ ੫॥

'ਰਾਖੋ ਗੁਪਤ ਸੁਨਾਵਹੁ ਨਾਂਹੀ। ਮੈਂ ਇਕ ਬੇਰਿ ਜਾਉਂ ਗੁਰ ਪਾਹੀ'।
ਧਰੇ ਲੋਭਿ ਤੂਸ਼ਨਿ ਹੁਇ ਰਹੇ। 'ਜਾਇ ਤੁਰਤ ਆਵਹੁ' ਬਚ ਕਹੇ॥ ੬॥

ਉਸ ਨੂੰ ਕਿਹਾ, "ਇਸ ਨੂੰ ਗੁਪਤ ਰੱਖੋ, ਕਿਸੇ ਨੂੰ ਨਾ ਦੱਸੋ, ਮੈਂ ਇਕ ਵਾਰ ਗੁਰੂ ਜੀ ਪਾਸ ਜਾਣਾ ਚਾਹੁੰਦੀ ਹਾਂ।" ਸਿਪਾਹੀ ਲਾਲਚ ਦੇ ਮਾਰੇ ਚੁੱਪ ਰਹੇ। "ਮੈਂ ਜਾ ਕੇ ਛੇਤੀ ਵਾਪਸ ਆ ਜਾਵਾਂਗੀ" ਇਹ ਬਚਨ ਕਹੇ॥ ੬॥

'ਚੰਦੂ ਪਾਤਕੀ ਲਖਹਿ ਨ ਜਿਸ ਤੇ। ਹਮਹੁ ਨਿਕਾਸਹਿ ਨਹਿਂ ਮਨ ਰਿਸ ਤੇ'।
ਗਈ ਗੁਰੂ ਢਿਗ ਦੇਖਤਿ ਰੋਈ। ਨਮੋ ਠਾਨਿ ਕਹਿ ਬਿਨੈ ਭਿਗੋਈ॥ ੭॥

"ਪਾਪੀ ਚੰਦੂ ਨੂੰ ਜਿਸ ਤਰ੍ਹਾਂ ਪਤਾ ਨਾ ਲੱਗੇ, ਗੁੱਸੇ ਵਿਚ ਆ ਕੇ ਮੈਨੂੰ ਆਪਣੇ ਘਰ ਵਿਚੋਂ ਨਾ ਕੱਢ ਦੇਵੇ।" ਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਵੇਖਦਿਆਂ ਹੀ ਰੋ ਪਈ। ਨਮਸਕਾਰ ਕਹਿ ਕੇ ਪਿਆਰ ਨਾਲ ਭਿੱਜੀ ਹੋਈ ਬੇਨਤੀ ਕੀਤੀ॥ ੭॥

'ਸ੍ਰੀ ਸਤਿਗੁਰੂ ਜੀ! ਪੀਜਹਿ ਪਾਨੀ। ਲਿਹੁ ਅਹਾਰ ਕੋ ਕੀਜਹਿ ਖਾਨੀ।
ਪਾਪੀ ਕੇ ਸੁਤ ਸੋਂ ਮੈਂ ਬਜਾਹੀ। ਹੁਤੀ ਜੋਗਤਾ ਐਸੇ ਨਾਂਹੀ॥ ੮॥

"ਹੇ ਸਤਿਗੁਰੂ ਜੀ! ਇਹ ਪਾਣੀ ਪੀਵੋ, ਇਹ ਭੋਜਨ ਲਵੋ ਤੇ ਛਕੋ। ਮੈਂ ਚੰਦੂ ਪਾਪੀ ਦੇ ਪੁੱਤਰ ਨੂੰ ਵਿਆਹੀ ਹੋਈ ਹਾਂ। ਮੈਂ ਇਸ ਘਰ ਵਿਚ ਆਉਣ ਦੇ ਯੋਗ ਨਹੀਂ ਸੀ॥ ੮॥

ਕਰਜੋ ਪਾਪ ਕੋ ਆਗੇ ਆਯਵ। ਜਿਸ ਕਰਿ ਇਨਕੇ ਸਦਨ ਬਸਾਯਵ।
ਤੁਮਰੇ ਸਿਖ ਕੀ ਸੁਤਾ ਪਛਾਨਹੁ। ਨਿਜ ਦਾਸਨਿ ਲਗਿ ਕਰੁਨਾ ਠਾਨਹੁ' ॥ ੯॥

ਪਤਾ ਨਹੀਂ ਮੈਂ ਕਿਹੜਾ ਪਾਪ ਕੀਤਾ ਜਿਹੜਾ ਮੇਰੇ ਅੱਗੇ ਆਇਆ ਹੈ, ਜਿਸ ਕਰਕੇ ਇਨ੍ਹਾਂ ਦੇ ਘਰ ਵਿਚ ਵੱਸ ਰਹੀ ਹਾਂ। ਤੁਹਾਡੇ ਇਕ ਸਿੱਖ ਦੀ ਮੈਨੂੰ ਪੁੱਤਰੀ ਜਾਣੋ। ਆਪਣੇ ਸੇਵਕਾਂ ਵਾਂਗ ਮੇਰੇ ਤੇ ਕਿਰਪਾ ਕਰੋ"॥ ੯॥

ਪਿਖਿ ਸਤਿਗੁਰੁ ਸ੍ਰੀ ਮੁਖ ਤੇ ਭਾਖਾ। 'ਸਾਧੁ ਤੋਹਿ ਅਸ ਭਾਉ ਜਿ ਰਾਖਾ।
ਜੇ ਕਰਿ ਚਹਿਂ ਅਪਨੀ ਕੱਲਜਾਨਾ। ਸੰਗ ਹਮਾਰੇ ਤਜਾਗਹੁ ਪ੍ਰਾਨਾ॥ ੧੦॥

ਇਹ ਵੇਖ ਕੇ ਸਤਿਗੁਰੂ ਜੀ ਮੁਖ ਤੋਂ ਬੋਲੇ, "ਤੇਰੇ ਸ਼ਾਬਾਸ਼ ਹਨ, ਜਿਹੜਾ ਤੂੰ ਇਸ ਤਰ੍ਹਾਂ ਪ੍ਰੇਮ ਰਖਿਆ ਹੈ, ਜੇ ਆਪਣਾ ਕਲਿਆਣ ਚਾਹੁੰਦੀ ਹੈਂ ਤਾਂ ਸਾਡੇ ਨਾਲ ਹੀ ਪ੍ਰਾਣ ਛੱਡ ਦੇਵੋ॥ ੧੦॥

ਜਰਾਂ ਉਖੇਰਹਿਂ ਚੰਦੂ ਕੇਰੀ। ਮਰਹਿ ਜਬੈ ਦੋਜ਼ਕ ਮਹਿਂ ਗੇਰੀ।
ਇਹਾਂ ਹਮਾਰੋ ਪਲਟਾ ਲੈ ਕੈ। ਹਤਹਿਂ ਕੁਮੌਤ ਮਹਾਂ ਦੁਖ ਦੈ ਕੈ॥ ੧੧॥

ਚੰਦੂ ਦੀਆਂ ਜੜ੍ਹਾਂ ਉਖੇੜ ਦੇਵਾਂਗੇ, ਜਦ ਮਰੇਗਾ ਤਾਂ ਨਰਕਾਂ ਵਿਚ ਪਵੇਗਾ। ਏਥੇ ਸਾਡਾ ਬਦਲਾ ਲੈ ਕੇ, ਇਸ ਨੂੰ ਮਹਾਨ ਕਸ਼ਟ ਦੇ ਕੇ ਬੁਰੀ ਮੌਤੇ ਮਾਰਨਗੇ॥ ੧੧॥

ਸਕਲ ਸਦਨ ਇਸ ਹੋਇ ਖਰਾਬ। ਥਿਰਹਿ ਨ ਕਿਮ, ਇਮ ਬਨਹਿ ਸ਼ਿਤਾਬ।
ਅਖਲ ਕੁਟੰਬ ਅਲੰਬ ਬਿਹੀਨੇ। ਰੋਦਤਿ ਮਰਹਿਂ ਮਹਾਂ ਦੁਖ ਲੀਨੇ॥ ੧੨॥

ਇਸ ਦਾ ਸਾਰਾ ਘਰ ਹੀ ਤਬਾਹ ਹੋ ਜਾਵੇਗਾ। ਕਿਸੇ ਤਰ੍ਹਾਂ ਵੀ ਟਿਕੇਗਾ ਨਹੀਂ, ਇਸ ਤਰ੍ਹਾਂ ਛੇਤੀ ਹੀ ਹੋ ਜਾਵੇਗਾ। ਸਾਰਾ ਪਰਿਵਾਰ ਆਸਰਾ-ਰਹਿਤ ਹੋ ਜਾਵੇਗਾ, ਦੁੱਖ ਵਿਚ ਲੀਨ ਹੋਏ ਰੋਂਦੇ-ਰੋਂਦੇ ਮਰ ਜਾਣਗੇ॥ ੧੨॥

ਰਾਖਹੁ ਗੋਪ ਬਤਾਵਹੁ ਕਾਹਿ ਨ। ਸੰਕਟ ਇਨਹੁ ਸੰਗ ਸਹਿ ਨਾਹਿਨ।
ਖਾਨ ਪਾਨ ਇਸ ਕੇ ਘਰ ਕੇਰਾ। ਹਮ ਨਹਿਂ ਕਰਹਿਂ, ਜਾਹੁ ਲੇ ਫੇਰਾ ॥ ੧੩ ॥

ਇਸ ਗੱਲ ਨੂੰ ਗੁਪਤ ਰੱਖੋ ਤੇ ਕਿਸੇ ਨੂੰ ਨਾ ਦੱਸੋ, ਇਨ੍ਹਾਂ ਦੇ ਨਾਲ ਦੁਖ ਨਾ ਸਹਾਰੋ। ਅਸੀਂ ਇਸ ਦੇ ਘਰ ਦਾ ਕੁਝ ਵੀ ਖਾ ਪੀ ਨਹੀਂ ਸਕਦੇ ਹਾਂ, ਇਸ ਲਈ ਅਸੀਂ ਨਹੀਂ ਛਕਾਂਗੇ, ਇਨ੍ਹਾਂ ਵਸਤਾਂ ਨੂੰ ਵਾਪਸ ਲੈ ਜਾਵੋ" ॥ ੧੩ ॥

ਸੁਨਿ ਸਤਿਗੁਰੁ ਤੇ ਸਗਰੀ ਬਾਤ। ਆਛੋ ਲਖ੍ਯੋ ਪ੍ਰਾਨ ਕੋ ਘਾਤ।
ਕਹਤਿ 'ਆਪਨੇ ਸੰਗ ਮਿਲਾਵਹੁ। ਕਰਹੁ ਕ੍ਰਿਪਾ ਲੇ ਸੰਗ ਸਿਧਾਵਹੁ' ॥ ੧੪ ॥

ਸਤਿਗੁਰੂ ਜੀ ਪਾਸੋਂ ਸਾਰੀ ਗੱਲ ਸੁਣ ਕੇ, ਆਪਣੇ ਪ੍ਰਾਣਾਂ ਦੇ ਘਾਤ ਨੂੰ ਚੰਗਾ ਸਮਝਿਆ। ਕਹਿਣ ਲੱਗੀ, "ਆਪਣੇ ਨਾਲ ਮਿਲਾ ਲਵੋ, ਕਿਰਪਾ ਕਰਕੇ ਮੈਨੂੰ ਆਪਣੇ ਨਾਲ ਲੈ ਜਾਵੋ" ॥ ੧੪ ॥

ਅੰਗੀਕਾਰ ਨ ਗੁਰੁ ਕੁਛ ਕੀਨੋ। ਹਟਿ ਗਮਨੀ ਮਰਿਬੋ ਨਿਜ ਚੀਨੋ।
ਅਧਿਕ ਦੁਖੀ ਹੁਇ ਪਰੀ ਬਿਚਾਰੀ। ਬਸਿ ਨ ਬਸਾਵਹਿ ਹੁਈ ਲਚਾਰੀ ॥ ੧੫ ॥

ਗੁਰੂ ਜੀ ਨੇ ਕੁਝ ਵੀ ਅੰਗੀਕਾਰ ਨਾ ਕੀਤਾ, ਪਿਛੇ ਮੁੜ ਗਈ ਅਤੇ ਆਪਣੀ ਮੌਤ ਬਾਰੇ ਸਮਝ ਗਈ। ਵਿਚਾਰੀ ਬਹੁਤ ਦੁਖੀ ਹੋ ਕੇ ਪੈ ਗਈ, ਕੁਝ ਵੀ ਵੱਸ ਨਹੀਂ ਸੀ ਚਲਦਾ, ਬਹੁਤ ਲਾਚਾਰ ਸੀ ॥ ੧੫ ॥

ਬੀਤਿ ਜਾਮਨੀ ਸੋ ਤਬਿ ਗਈ। ਬੈਠੇ ਗੁਰੁ ਪ੍ਰਭਾਤਿ ਤਬਿ ਭਈ।
ਚੰਦੂ ਦੁਸ਼ਟ ਬਿਚਾਰਤਿ ਮਨ ਮੈਂ। ਅਗਨਿ ਤ੍ਰਾਪ ਤੇ ਪੀਰ ਨ ਤਨ ਮੈਂ ॥ ੧੬ ॥

ਪਹਿਰ ਰਾਤ ਤਦ ਬੀਤ ਗਈ, ਗੁਰੂ ਜੀ ਦੇ ਬੈਠਿਆਂ-ਬੈਠਿਆਂ ਹੀ ਸਵੇਰ ਹੋ ਗਈ। ਦੁਸ਼ਟ ਚੰਦੂ ਮਨ ਵਿਚ ਵਿਚਾਰਦਾ ਸੀ, ਅੱਗ ਦੇ ਸੇਕ ਨਾਲ ਵੀ ਇਨ੍ਹਾਂ ਦੇ ਸਰੀਰ ਨੂੰ ਪੀੜ ਨਹੀਂ ਹੋਈ ਹੈ ॥ ੧੬ ॥

ਤ੍ਰਾਸ ਪਾਇ ਨਹਿਂ ਮਾਨੀ ਬਾਤ। ਨਹਿਂ ਜਾਨਤਿ ਮੇਰੋ ਹੁਇ ਘਾਤਿ।
ਤਪਤ ਬਾਰਿ ਕੀ ਲਗੀ ਨ ਕੋਊ। ਬਾਰੂ ਤਪਤਿ ਲਗਾਇਵ ਸੋਊ ॥ ੧੭ ॥

ਡਰ ਕੇ ਮੇਰੀ ਗੱਲ ਵੀ ਨਹੀਂ ਮੰਨੀ ਹੈ, ਇਹ ਵੀ ਨਹੀਂ ਜਾਣਦੇ ਹਨ ਕਿ ਮੇਰੀ ਮੌਤ ਹੋ ਜਾਵੇਗੀ। ਪਾਣੀ ਵੀ ਤੱਤਾ ਨਹੀਂ ਲੱਗਾ ਹੈ। ਹੁਣ ਇਨ੍ਹਾਂ ਦੇ ਉਤੇ ਤੱਤੀ ਰੇਤ ਪਾਉਂਦੇ ਹਾਂ ॥ ੧੭ ॥

ਇਮਿ ਚਿਤਵਤਿ ਹੀ ਖਾਇ ਅਹਾਰਾ। ਆਇ ਪਾਤਕੀ ਬਡ ਹੱਤਜਾਰਾ।
ਪੌਰ ਬਿਖੈ ਸਿੱਖਨਿ ਕੋ ਹੇਰਾ। ਠਾਂਢੇ ਹੋਇ ਕਹ੍ਯੋ ਤਿਸ ਬੇਰਾ ॥ ੧੮ ॥

ਇਸ ਤਰ੍ਹਾਂ ਸੋਚਦਿਆਂ ਹੀ ਭੋਜਨ ਖਾਧਾ। ਫਿਰ ਪਾਪੀ ਵੱਡਾ ਹਤਿਆਰਾ ਆਇਆ। ਡਿਉੜੀ ਵਿਚ ਸਿੱਖਾਂ ਨੂੰ ਵੇਖਿਆ, ਖੜੇ ਹੋ ਕੇ ਉਨ੍ਹਾਂ ਨੂੰ ਉਸ ਸਮੇਂ ਇਸ ਤਰ੍ਹਾਂ ਕਿਹਾ ॥ ੧੮ ॥

'ਇਹ ਸਿਖ ਰੰਕ ਕਹਤਿ ਕਜਾ ਕਾਲੀ। ਕਰਹੁ ਤਾੜਨਾਂ ਇਨਹਿ ਬਿਸ਼ਾਲੀ।
ਡਰਪਾਵਤਿ ਮੁਹਿ ਅਚਰਜ ਦੇਬਾ। ਛੁਟਿਬੇ ਕਾਰਨ ਕਰਤਿ ਫਰੇਬਾ ॥ ੧੯ ॥

"ਇਹ ਸਿੱਖ ਲੋਕ ਕੀ ਕਹਿੰਦੇ ਹਨ, ਇਨ੍ਹਾਂ ਨੂੰ ਚੰਗੀ ਤਰ੍ਹਾਂ ਤਾੜਨਾ ਕਰੋ। ਮੈਂ ਅਸਚਰਜਤਾ ਦੱਸ ਕੇ ਡਰਾਉਂਦਾ ਸੀ। ਛੁਟਕਾਰੇ ਵਾਸਤੇ ਫਰੇਬ ਕਰਦੇ ਹਨ ॥ ੧੯ ॥

ਮੁਸ਼ਕਲ ਮੁਝ ਤੇ ਹੋਨਿ ਖਲਾਸੀ। ਮਾਨਹਿ ਜੇ ਨਹਿਂ ਤੌ ਦੇ ਫਾਸੀ।
ਇਨ ਜੈਸਨਿ ਤੇ ਸੁਨਿ ਗਰਬਾਯੋ। ਨਹੀਂ ਮੋਹਿ ਕਹੁ ਮਨ ਮਹਿਂ ਲਜਾਯੋ' ॥੨੦॥

ਮੇਰੇ ਪਾਸੋਂ ਇਨ੍ਹਾਂ ਦੀ ਖ਼ਲਾਸੀ ਬਹੁਤ ਮੁਸ਼ਕਲ ਹੈ, ਜੇ ਨਾ ਮੰਨੇ ਤਾਂ ਫਾਂਸੀ ਦੇ ਦੇਵਾਂਗਾ। ਇਹੋ ਜਿਹੇ ਸਿੱਖਾਂ ਤੋਂ ਸੁਣ ਸੁਣ ਕੇ ਹੰਕਾਰ ਕਰਦਾ ਹੈ, ਮੇਰੇ ਵੱਡੇਪਣ ਨੂੰ ਆਪਣੇ ਮਨ ਵਿਚ ਨਹੀਂ ਲਿਆਇਆ ਹੈ" ॥ ੨੦॥

ਇਮ ਕਹਿ ਸੋਟੇ ਕੁਛ ਮਰਵਾਏ। ਰਹੇ ਮੌਨਿ ਗੁਰ ਤੇ ਡਰਪਾਏ।
ਨਹੀਂ ਸ਼ਕਤਿ ਕਿਨ ਕੀਨਿ ਦਿਖਾਵਨਿ। ਬੈਠਿ ਰਹੇ ਕਰਿ ਮਨ ਮੁਰਝਾਵਨਿ ॥੨੧॥

ਇਸ ਤਰ੍ਹਾਂ ਕਹਿ ਕੇ ਸਿੱਖਾਂ ਨੂੰ ਕੁਝ ਸੋਟੇ ਮਰਵਾਏ ਹਨ। ਗੁਰੂ ਜੀ ਦੇ ਡਰ ਪਾਉਣ ਤੇ ਚੁੱਪ ਰਹੇ ਹਨ। ਕਿਸੇ ਨੇ ਵੀ ਆਪਣੀ ਸ਼ਕਤੀ ਨਹੀਂ ਵਿਖਾਈ ਹੈ। ਮੁਰਝਾਏ ਮਨ ਲੈ ਕੇ ਬੈਠੇ ਰਹੇ ਹਨ॥ ੨੧॥

ਪੁਨ ਗਮਨਜੋ ਸਤਿਗੁਰ ਕੇ ਪਾਸ। ਕਹੈ ਕੁਬਾਕ ਉਪਾਵਹਿ ਤ੍ਰਾਸ।
'ਕੂਕਰ ਕਹਿਬੇ ਕੋ ਫਲ ਜੋਈ। ਲਹਜੋ ਕਿ ਨਹੀਂ ਬਤਾਵਹੁ ਸੋਈ॥ ੨੨॥

ਫਿਰ ਸਤਿਗੁਰੂ ਜੀ ਦੇ ਪਾਸ ਗਿਆ, ਦੁਰਬਚਨ ਬੋਲ ਕੇ ਡਰ ਪੈਦਾ ਕਰਦਾ ਸੀ, "ਕੁੱਤਾ ਕਹਿਣ ਦਾ ਜੋ ਫਲ ਹੈ, ਉਹ ਪ੍ਰਾਪਤ ਕੀਤਾ ਹੈ ਕਿ ਨਹੀਂ, ਇਹ ਮੈਨੂੰ ਦੱਸੋ॥ ੨੨॥

ਅਬਿ ਲੌ ਕਹਾਂ ਸਾਸਨਾ ਬਨੀ। ਦੇਖਹੁ ਆਜ ਹੋਹਿ ਜਿਮ ਘਨੀ।
ਹੋਤਿ ਨਹੀਂ ਮੈਂ ਮਿਥਜਾ ਬਾਦੀ। ਦਜੋਂ ਅਤਿ ਗ਼ਮੀ ਕਿ ਦਜੋਂ ਅਬਿ ਸ਼ਾਦੀ ॥੨੩॥

ਹੁਣ ਤਕ ਕਿਹੜੀ ਸਜ਼ਾ ਮਿਲੀ ਹੈ, ਅੱਜ ਵੇਖੋ ਕਿਵੇਂ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ, ਮੈਂ ਝੂਠ ਕਹਿਣ ਵਾਲਾ ਬੰਦਾ ਨਹੀਂ ਹਾਂ। ਅਤੀ ਗ਼ਮੀ ਦੇਵਾਂਗਾ ਜਾਂ ਹੁਣ ਖ਼ੁਸ਼ੀ ਦੇਵਾਂਗਾ॥ ੨੩॥

ਜਿਸ ਧਨ ਕੋ ਠਾਨਤਿ ਹੰਕਾਰ। ਸੋ ਸਭਿ ਜਪਤਿ ਕਰੋਂ ਘਰ ਬਾਰਿ।
ਪ੍ਰਥਮ ਕਰੋਂ ਤੇਰੋ ਤਨ ਘਾਤਿ। ਪੁਨ ਗਹਿਵਾਇ ਲੇਹੁਂ ਤੁਵ ਤਾਤ॥ ੨੪॥

ਜਿਸ ਧਨ ਦਾ ਹੰਕਾਰ ਕਰਦੇ ਹੋ, ਉਹ ਸਾਰਾ ਘਰ-ਬਾਰ ਜ਼ਬਤ ਕਰ ਲਵਾਂਗਾ। ਪਹਿਲਾਂ ਤੇਰੇ ਸਰੀਰ ਦਾ ਘਾਤ ਕਰਾਂਗਾ, ਫਿਰ ਤੇਰੇ ਪੁੱਤਰ ਨੂੰ ਫੜਾਵਾਂਗਾ॥ ੨੪॥

ਨਾਤਾ ਮਾਨਹਿ ਕਰੋਂ ਖਲਾਸੀ। ਨਾਂਹਿ ਤ ਹਤੌਂ ਘਾਲਿ ਗਰ ਫਾਸੀ।
ਤਬਿ ਪ੍ਰਾਪਤਿ ਹੁਇ ਮਨ ਚਿਤ ਸ਼ਾਂਤੀ। ਬਿਧਵਾ ਲਖੋਂ ਸੁਤਾ ਪਸ਼ਚਾਤੀ' ॥੨੫॥

ਰਿਸ਼ਤਾ ਮੰਨ ਲਵੋਗੇ ਤਾਂ ਛੱਡ ਦੇਵਾਂਗਾ, ਨਹੀਂ ਤਾਂ ਗਲ ਵਿਚ ਫਾਂਸੀ ਪਾ ਕੇ ਮਾਰ ਦੇਵਾਂਗਾ ਤਦ ਮੇਰੇ ਮਨ ਅਤੇ ਚਿਤ ਨੂੰ ਸ਼ਾਂਤੀ ਪ੍ਰਾਪਤ ਹੋਵੇਗੀ। ਬਾਅਦ ਵਿਚ ਆਪਣੀ ਪੁੱਤਰੀ ਨੂੰ ਵਿਧਵਾ ਸਮਝ ਲਵਾਂਗਾ" ॥ ੨੫॥

ਇਮ ਕਹਿ ਭਾਠ ਬਿਖੈ ਤੇ ਬਾਰੂ। ਮੰਗਵਾਇਸ ਤ੍ਰਿਹ ਕਰਹਿ ਨਿਹਾਰੂ।
ਤਪਤ ਕਰਨਿ ਕੀ ਆਇਸੁ ਦਈ। ਬਹੁ ਸਮਧਾ ਊਪਰ ਤਿਸ ਪਈ॥ ੨੬॥

ਇਹ ਕਹਿ ਕੇ ਭੱਠੀ ਤੋਂ ਰੇਤ ਮੰਗਵਾਈ। ਮੰਗਵਾ ਕੇ ਉਸ ਨੂੰ ਚੰਗੀ ਤਰ੍ਹਾਂ ਵੇਖਿਆ। ਫਿਰ ਉਸ ਰੇਤ ਨੂੰ ਗਰਮ ਕਰਨ ਦਾ ਹੁਕਮ ਦਿੱਤਾ, ਬਹੁਤ ਬਾਲਣ ਉਤੇ ਪਾਇਆ ਗਿਆ॥ ੨੬॥

ਦੇ ਦੇ ਆਂਚਿ ਤਪਤਿ ਕਰਿਵਾਯੋ। ਅਗਨਿ ਸਮਾਨ ਤੇਜ ਪ੍ਰਵਿਸ਼ਾਯੋ।
ਇਕ ਜੇਸਠ ਕੀ ਰੁਤਿ ਅਤਿ ਘਾਮ। ਮਹਾਂ ਤਪਤਿ ਤੇ ਤਪਹਿ ਤਮਾਮ॥੨੭॥

ਅੱਗ ਬਾਲ ਬਾਲ ਕੇ ਉਸ ਨੂੰ ਬਹੁਤ ਗਰਮ ਕੀਤਾ, ਜਦ ਅੱਗ ਵਾਂਗ ਗਰਮ ਹੋ ਗਈ ਤਾਂ ਉਸਨੂੰ ਬਾਹਰ ਕੱਢਿਆ। ਜੇਠ ਦਾ ਮਹੀਨਾ ਹੋਣ ਕਰਕੇ ਬੜੀ ਗਰਮੀ ਸੀ, ਹਰ ਵਸਤੂ ਹੀ ਬਹੁਤ ਤਪ ਰਹੀ ਸੀ॥ ੨੭॥

ਲੋਵਾਂ ਚਲਹਿਂ ਸਹੀ ਨਹਿਂ ਜਾਹਿਂ। ਪੁਨ ਪਾਵਕ ਕੋ ਭਾ ਬਹੁ ਦਾਹਿ।
ਜਿਸ ਦਿਨ ਤੇ ਪ੍ਰਵਿਸ਼ੇ ਗੁਨਖਾਨੀ। ਅਚਜੋ ਨ ਭੋਜਨ ਪਿਯੋ ਨ ਪਾਨੀ॥੨੮॥

ਏਨੀ ਗਰਮ ਲੋਅ ਚਲਦੀ ਸੀ ਕਿ ਬਰਦਾਸ਼ਤ ਨਹੀਂ ਸੀ ਹੁੰਦੀ, ਫਿਰ ਅੱਗ ਬਹੁਤ ਤੇਜ਼ ਬਲ ਰਹੀ ਸੀ। ਜਿਸ ਦਿਨ ਦੇ ਗੁਰੂ ਜੀ ਚੰਦੂ ਦੇ ਘਰ ਗਏ ਸਨ, ਉਸ ਦਿਨ ਤੋਂ ਉਨ੍ਹਾਂ ਨਾ ਭੋਜਨ ਖਾਧਾ ਸੀ ਤੇ ਨਾ ਹੀ ਪਾਣੀ ਪੀਤਾ ਸੀ॥ ੨੮॥

ਸਿਕਤਾ ਤਪਤਿ ਬਿਲੋਕਤਿ ਬੋਲਾ। ਮਨੋ ਨਰਕ ਦਰ ਢਾਂਪਨਿ ਖੋਲਾ।
'ਲਜਾਵਹੁ ਵਹਿਰ ਦਿਖਾਇ ਬਿਠਾਵਹੁ। ਨਹਿਂ ਜੇ ਕਰੈ ਤ੍ਰਾਸ ਉਪਜਾਵਹੁ'॥੨੯॥

ਗਰਮ ਰੇਤ ਨੂੰ ਵੇਖ ਕੇ ਬੋਲਿਆ, ਮਾਨੋਂ ਆਪਣੇ ਨਰਕ ਪੈਣ ਦੇ ਦਰਵਾਜ਼ੇ ਦਾ ਢੱਕਣ ਖੋਲ੍ਹਿਆ ਹੋਵੇ। "ਬਾਹਰ ਲਿਆ ਕੇ ਸਭ ਦੇ ਸਾਹਮਣੇ ਬਿਠਾਵੋ, ਜੇ ਨਾ ਆਵੇ ਤਾਂ ਡਰ ਪਾਵੋ"॥ ੨੯॥

ਤਬਿ ਸਤਿਗੁਰੂ ਉਠ ਬਾਹਿਰ ਆਏ। ਧਰਨੀ ਧਰਨੀ ਧੀਰ ਸਿਖਾਏ।
ਹਰਖ ਸ਼ੋਕ ਕੋ ਲੇਸ਼ ਨ ਰਿਦੇ। ਤਨ ਹੰਤਾ ਉਤਪਤਿ ਨਹਿਂ ਕਦੇ॥ ੩੦॥

ਤਦ ਸਤਿਗੁਰੂ ਜੀ ਉੱਠ ਕੇ ਬਾਹਰ ਆ ਗਏ, ਜਿਨ੍ਹਾਂ ਨੇ ਧਰਤੀ ਨੂੰ ਧੀਰਜ ਧਾਰਨ ਕਰਨਾ ਸਿਖਾਇਆ ਹੈ। ਹਿਰਦੇ ਵਿਚ ਖ਼ੁਸ਼ੀ ਗ਼ਮੀ ਰਤਾ ਭਰ ਵੀ ਨਹੀਂ ਸੀ, ਸਰੀਰ ਵਿਚ ਹੰਕਾਰ ਕਦੇ ਉਤਪੰਨ ਹੀ ਨਹੀਂ ਸੀ ਹੋਇਆ॥ ੩੦॥

ਜਸ ਆਵਸਥਾ ਹੁਇ ਬ੍ਰਹਮ ਗਜਾਨੀ। ਜਗ ਮਹਿਂ ਜਨੁ ਜਨਾਇ ਬਿਦਮਾਨੀ।
ਭੂਖ ਨ ਪਜਾਸ ਨ ਮੁਖ ਮੁਰਝਾਇਆ। ਮਨ ਕੀ ਬ੍ਰਿਤਿ ਇਕ ਰਸ ਸੁਖ ਪਾਇਆ॥੩੧॥

ਜਿਵੇਂ ਬ੍ਰਹਮ-ਗਿਆਨੀ ਦੀ ਅਵਸਥਾ ਹੁੰਦੀ ਹੈ, ਮਾਨੋ ਬ੍ਰਹਮ-ਗਿਆਨ ਦੀ ਦਸ਼ਾ ਜਣਾ ਕੇ ਪ੍ਰਗਟ ਕੀਤੀ ਹੈ। ਨਾ ਭੁਖ ਹੈ, ਨਾ ਪਿਆਸ ਹੈ ਅਤੇ ਨਾ ਹੀ ਮੁਖ ਮੁਰਝਾਇਆ ਹੈ। ਮਨ ਦੀ ਬ੍ਰਿਤੀ ਇਕ ਰਸ ਰੱਖ ਕੇ ਸੁਖ ਪਾ ਰਹੇ ਸਨ॥ ੩੧॥

ਕਹਿਸ ਕਠੋਰ ਚੰਦੂ ਕੁਲਘਾਤੀ। 'ਇਨ ਕੀਨਸਿ ਛਾਤੀ ਮੁਝ ਤਾਤੀ।
ਤਿਮ ਅਬਿ ਤਪਤਾਵਹੁ ਉਤਪਾਤੀ। ਇਸ ਤੇ ਪਰੇ ਨ ਅਪਰ ਅਰਾਤੀ॥੩੨॥

ਕੁਲ ਦਾ ਘਾਤੀ ਚੰਦੂ ਬੜੀ ਕਠੋਰ ਬੋਲੀ ਬੋਲ ਰਿਹਾ ਸੀ, "ਇਨ੍ਹਾਂ ਨੇ ਜਿਸ ਤਰ੍ਹਾਂ ਮੇਰੀ ਛਾਤੀ ਤੱਤੀ ਕੀਤੀ ਹੈ, ਉਸ ਤਰ੍ਹਾਂ ਹੀ ਮੈਂ ਹੁਣ ਇਨ੍ਹਾਂ ਦੀ ਛਾਤੀ ਤਪਾਵਾਂਗਾ, ਇਸ ਤੋਂ ਵੱਡਾ ਹੋਰ ਕੋਈ ਵੈਰੀ ਨਹੀਂ ਹੈ॥ ੩੨॥

ਧਰੀ ਮੋਨ ਅਬਿ ਆਇ ਨ ਬਾਨੀ। ਬੈਨਤਿ ਬੋਲਤਿ ਬਨਿ ਬ੍ਰਹਮਗਜਾਨੀ।
ਕੂਕਰ ਕਹਜੋ ਕਲੰਕਿਤ ਕੀਯੋ। ਅਬਿ ਤਾਪਹੁ ਜਿਮ ਤਪਿ ਮਮ ਹੀਯੋ॥੩੩॥

ਹੁਣ ਚੁਪ ਧਾਰਨ ਕੀਤੀ ਹੈ, ਕੋਈ ਗੱਲ ਨਹੀਂ ਆਉਂਦੀ ਹੈ। ਹੁਣ ਬ੍ਰਹਮ-ਗਿਆਨੀ ਬਣ ਕੇ ਬਚਨ ਨਹੀਂ ਬੋਲਦੇ ਹੋ। ਕੁੱਤਾ ਕਹਿ ਕੇ ਕਲੰਕਿਤ ਕੀਤਾ ਹੈ, ਹੁਣ ਅੱਗ ਤਾਪੋ, ਜਿਵੇਂ ਮੇਰਾ ਹਿਰਦਾ ਤਪਦਾ ਹੈ"॥ ੩੩॥

ਸਿਕਤਾ ਤਪਤ ਅਰੂਢਨਿ ਲਾਗੇ। ਬੋਲੇ 'ਸੁਨੀਯਹਿ ਮੂਢ ਕੁਭਾਗੇ!।
ਅਪਨੋ ਭਾਖ੍ਯੋ ਨਹੀਂ ਬਿਚਾਰਤਿ। ਕੂਕਰ ਹ੍ਵੈ ਕਿਰਾੜ ਝਖ ਮਾਰਤਿ॥ ੩੪॥

ਜਦ ਤੱਤੀ ਰੇਤ ਪਾਉਣ ਲੱਗੇ ਤਾਂ ਗੁਰੂ ਜੀ ਬੋਲੇ, "ਹੇ ਮਾੜੇ ਭਾਗਾਂ ਵਾਲੇ ਮੂਰਖ ! ਸੁਣ, ਆਪਣਾ ਕਿਹਾ ਨਹੀਂ ਵਿਚਾਰਦਾ ਹੈਂ। ਕੁੱਤਾ ਹੋ ਕੇ ਕਰਾੜਾ ਝੱਖ ਮਾਰਦਾ ਹੈਂ॥ ੩੪॥

ਸਕਲ ਬੰਸ ਕੀ ਜਰਾਂ ਉਖਾਰਹਿਂ। ਅਪਨੇ ਪਰ ਅਪਦਾ ਬਹੁ ਡਾਰਹਿਂ।
ਦੋਜ਼ਕ ਦੀਰਘ ਦੁਖਦ ਸਹੇਰੈਂ। ਮਰਿ ਕੁਮੌਤਿ ਤੂਰਨ ਫਲ ਹੇਰੈਂ॥ ੩੫॥

ਸਾਰੇ ਵੰਸ਼ ਦੀਆਂ ਜੜ੍ਹਾਂ ਉਖੇੜਨ ਲੱਗਾ ਹੈਂ, ਆਪਣੇ ਉਤੇ ਬਹੁਤ ਬਿਪਤਾਵਾਂ ਪਾ ਰਿਹਾ ਹੈਂ। ਵੱਡਾ ਦੁਖਦਾਇਕ ਦੋਜ਼ਕ ਸਹੇੜੇਂਗਾ। ਭੈੜੀ ਮੌਤੇ ਮਰ ਕੇ ਤੁਰੰਤ ਫਲ ਪਾ ਲਵੇਂਗਾ॥ ੩੫॥

ਹਮ ਤੋ ਤਜਾਗਨਿ ਅਹੈ ਸਰੀਰ। ਸਮਾ ਆਨਿ ਪਹੁੰਚ੍ਯੋ ਅਤਿ ਤੀਰ'।
ਇਮ ਬੋਲਤਿ ਆਰੂਢਨਿ ਕਰੇ। ਰੇਤ ਹੁਤਾਸਨ ਸਮ ਪਰਿ ਖਰੇ॥ ੩੬॥

ਅਸੀਂ ਤਾਂ ਹੁਣ ਸਰੀਰ ਛੱਡਣਾ ਹੈ, ਸਮਾਂ ਬਹੁਤ ਨੇੜੇ ਆ ਪਹੁੰਚਾ ਹੈ।" ਇਸ ਤਰ੍ਹਾਂ ਬੋਲਦਿਆਂ ਰੇਤ ਪਾ ਰਹੇ ਸਨ, ਰੇਤ ਅੱਗ ਵਰਗੀ ਤੱਤੀ ਸੀ॥ ੩੬॥

ਸਿਖ ਲੰਗਾਹੁ ਪਿਰਾਣਾ ਦੋਨ। ਇਕ ਬਾਰੀ ਦੌਰੇ ਮਨ ਭੌਨ।
ਤਪਤ ਰੇਤ ਪਰ ਹਮ ਤਨ ਪਰੇ। ਸੁਖ ਸੌਂ ਹੁਇਂ ਗੁਰੂ ਊਪਰ ਖਰੇ॥ ੩੭॥

ਸਿੱਖ ਲੰਗਾਹ ਅਤੇ ਪਿਰਾਣਾ ਦੋਵੇਂ, ਇਕ ਵਾਰ ਫਿਰ ਗੁਰੂ ਜੀ ਵਲ ਦੌੜੇ। ਇਹ ਤੱਤੀ ਰੇਤ ਸਾਡੇ ਸਰੀਰ ਤੇ ਪਾਉ, ਅਸੀਂ ਸੁਖ ਨਾਲ ਗੁਰੂ ਜੀ ਉਪਰ ਖੜੇ ਹੋਈਏ॥ ੩੭॥

ਇਨ ਕਾਰਨ ਨਿਕਸਹਿਂ ਜੇ ਪ੍ਰਾਨ। ਤੌ ਹਮ ਹੋਵਹਿਂ ਧੰਨ ਮਹਾਨ।
ਨਹਿਂ ਇਨ ਕੋ ਦੁਖ ਦੇਖਨਿ ਕਰੈਂ। ਆਛੀ ਬਾਤ ਦੇਹਿ ਪਰਹਰੈਂ'॥ ੩੮॥

ਇਸ ਕਾਰਨ ਜੇ ਪ੍ਰਾਣ ਨਿਕਲ ਜਾਣ ਤਾਂ ਅਸੀ ਬੜੇ ਧੰਨ ਹੋ ਜਾਈਏ। ਗੁਰੂ ਜੀ ਦਾ ਦੁਖ ਤਾਂ ਨਹੀਂ ਵੇਖਾਂਗੇ, ਬੜੀ ਚੰਗੀ ਗੱਲ ਹੋਵੇਗੀ ਜੇ ਸਾਡੀ ਦੇਹ ਦਾ ਛੁਟਕਾਰਾ ਹੋ ਜਾਵੇਗਾ"॥ ੩੮॥

ਹੇਰਤਿ ਚੰਦੂ ਸਿਪਾਹੀ ਪ੍ਰੇਰੇ। ਲਏ ਲਸ਼ਟਕਾ ਧਾਇ ਘਨੇਰੇ।
ਹਾਥਨਿ ਪਰ ਪੈਰਨਿ ਪਰ ਮਾਰਿ। ਗਹਿ ਕਰਿ ਮੋਰੇ ਬਹੁ ਬਲ ਧਾਰਿ॥ ੩੯॥

ਉਨ੍ਹਾਂ ਨੂੰ ਵੇਖ ਕੇ ਚੰਦੂ ਨੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ, ਉਹ ਲਾਠੀਆਂ ਲੈ ਕੇ ਟੁੱਟ ਕੇ ਪੈ ਗਏ। ਹੱਥਾਂ ਅਤੇ ਪੈਰਾਂ 'ਤੇ ਬਹੁਤ ਲਾਠੀਆਂ ਮਾਰੀਆਂ ਅਤੇ ਬਹੁਤ ਜ਼ੋਰ ਲਾ ਕੇ ਫੜ ਕੇ ਉਨ੍ਹਾਂ ਨੂੰ ਵਾਪਸ ਮੋੜਿਆ॥ ੩੯॥

ਸ੍ਰੀ ਗੁਰੁ ਕਰਹਿਂ ਬਰਜਨਾ ਘਨੇ। 'ਕ੍ਯੋਂ ਤੁਮ ਆਵਤਿ ਹੋ ਰਿਸ ਮਨੇ।
ਬੈਠੇ ਰਹੋ ਖਾਤਿ ਕ੍ਯੋਂ ਮਾਰਿ ?। ਇਹ ਸਭਿ ਹ੍ਵੈ ਹਮਰੇ ਅਨੁਸਾਰਿ'॥ ੪੦॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਬਹੁਤ ਵਰਜਿਆ, "ਤੁਸੀਂ ਮਨ ਵਿਚ ਕਿਉਂ ਕ੍ਰੋਧ ਕਰਦੇ ਹੋ। ਬੈਠੇ ਰਹੋ, ਮਾਰ ਕਿਉਂ ਖਾਂਦੇ ਹੋ ? ਇਹ ਸਭ ਕੁਝ ਸਾਡੀ ਆਗਿਆ ਅਨੁਸਾਰ ਹੋ ਰਿਹਾ ਹੈ"॥ ੪੦॥

ਕਹੈ ਪਿਰਾਣਾ 'ਰਹਯੋ ਨ ਜਾਇ। ਤੁਮਰੋ ਦੁਖ ਨਹਿਂ ਦੇਖ ਸਕਾਇਂ।
ਅਪੁਨੇ ਪ੍ਰਾਨ ਦੇਨਿ ਅਭਿਲਾਖੈਂ। ਰਾਵਰ ਕੇ ਸਰੀਰ ਕੋ ਰਾਖੈਂ' ॥ ੪੧ ॥

ਭਾਈ ਪਿਰਾਣਾ ਕਹਿਣ ਲੱਗਾ, "ਸਾਡੇ ਪਾਸੋਂ ਰਿਹਾ ਨਹੀਂ ਜਾਂਦਾ, ਤੁਹਾਡਾ ਦੁਖ ਸਾਥੋਂ ਵੇਖਿਆ ਨਹੀਂ ਜਾਂਦਾ। ਆਪਣੇ ਪ੍ਰਾਣ ਦੇਣ ਦੀ ਸਾਡੀ ਅਭਿਲਾਸ਼ਾ ਹੈ, ਆਪ ਜੀ ਦੇ ਸਰੀਰ ਨੂੰ ਅਸੀਂ ਬਚਾਉਣਾ ਚਾਹੁੰਦੇ ਹਾਂ" ॥ ੪੧ ॥

ਕਹਯੋ ਗੁਰੂ 'ਇਮ ਕੀਜਹਿ ਤਬੈ। ਹਮਰੀ ਆਇਸੁ ਹੋਵਹਿ ਜਬੈ।
ਅਬਿ ਹਮਰਾ ਇਹ ਖੇਲ ਪਸਾਰਾ। ਬੈਠੇ ਪਿਖਹੁ ਹੋਇ ਜਿਮ ਸਾਰਾ' ॥ ੪੨ ॥

ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਤਦ ਹੀ ਕਰੋ, ਜੇ ਸਾਡੀ ਆਗਿਆ ਹੋਵੇ। ਹੁਣ ਸਾਡਾ ਹੀ ਇਹ ਸਭ ਖੇਲ ਪਸਾਰਾ ਹੈ, ਬੈਠ ਕੇ ਵੇਖੋ ਜਿਵੇਂ ਸਭ ਕੁਝ ਹੁੰਦਾ ਹੈ" ॥ ੪੨ ॥

ਪੁਨਹ ਦੁਸ਼ਟ ਨੇ ਕਹਿ ਬਿਠਵਾਏ। ਥਿਰ ਸਤਿਗੁਰੁ ਕੁਛ ਖੇਦ ਨ ਪਾਏ।
ਚੌਦਹ ਲੋਕ ਰਚੇ ਜਿਨ ਕੇਰੇ। ਤੇਜ ਹੁਤਾਸਨ ਹੁਇ ਕਿਮ ਨੇਰੇ ॥ ੪੩ ॥

ਫਿਰ ਦੁਸ਼ਟ ਨੇ ਕਹਿ ਕੇ ਤੱਤੀ ਰੇਤ ਤੇ ਬਿਠਾਏ। ਸਤਿਗੁਰੂ ਜੀ ਸਥਿਰ ਸਨ, ਉਨ੍ਹਾਂ ਨੇ ਕੋਈ ਦੁਖ ਨਾ ਮਨਾਇਆ। ਜਿਨ੍ਹਾਂ ਨੇ ਚੌਦਾਂ ਲੋਕਾਂ ਦੀ ਰਚਨਾ ਕੀਤੀ ਹੈ, ਅੱਗ ਦਾ ਤੇਜ ਉਨ੍ਹਾਂ ਦੇ ਕਿਵੇਂ ਨੇੜੇ ਲੱਗ ਸਕਦਾ ਸੀ ॥ ੪੩ ॥

ਤਪਤਿ ਰੇਤ ਪਰ ਨਿਸ਼ਚਲ ਬੈਸੇ। ਸੁਖ ਤੇ ਮ੍ਰਿਦੁ ਆਸਨ ਪਰ ਜੈਸੇ।
ਇਤ ਉਤ ਅੰਗ ਨਹੀਂ ਡੁਲਯੰਤੇ। ਭਏ ਮੋਨ ਕੁਛ ਨਹੀਂ ਕਹੰਤੇ ॥ ੪੪ ॥

ਤੱਤੀ ਰੇਤ ਉਤੇ ਅਡੋਲ ਬੈਠ ਗਏ ਜਿਵੇਂ ਸੁਖੀ ਅਤੇ ਨਰਮ ਆਸਣ ਤੇ ਬੈਠੇ ਹੋਣ। ਉਨ੍ਹਾਂ ਨੇ ਕੋਈ ਵੀ ਅੰਗ ਏਧਰ ਓਧਰ ਨਾ ਹਿਲਾਇਆ। ਚੁਪ ਬੈਠੇ ਸਨ, ਕੁਝ ਨਹੀਂ ਕਹਿੰਦੇ ਸਨ ॥ ੪੪ ॥

ਕਹਯੋ ਦੁਸ਼ਟ ਪੁਨ 'ਕਰਛੇ ਲੈ ਕੈ। ਤਪਤਿ ਰੇਤ ਦਿਹੁ ਊਪਰ ਪੈ ਕੈ।
ਨਹਿਂ ਬੋਲਤਿ ਨਹਿਂ ਮਾਨਤਿ ਨਾਤਾ। ਇਸ ਕੇ ਗਾਤ ਲਗਹਿ ਨਹਿਂ ਤਾਤਾ' ॥ ੪੫ ॥

ਫਿਰ ਦੁਸ਼ਟ ਨੇ ਕਿਹਾ ਕਿ ਕੜਛੇ ਲੈ ਕੇ ਤੱਤੀ ਰੇਤ ਸਰੀਰ ਤੇ ਪਾਉ। ਨਾ ਹੀ ਬੋਲਦੇ ਹਨ ਅਤੇ ਨਾ ਹੀ ਰਿਸ਼ਤਾ ਮੰਨਦੇ ਹਨ, ਇਸ ਦੇ ਸਰੀਰ ਨੂੰ ਰੇਤ ਤੱਤੀ ਨਹੀਂ ਲੱਗਦੀ ਹੈ" ॥ ੪੫ ॥

ਭਰਿ ਕਰਛੇ ਤਬਿ ਊਪਰ ਪਾਏ। ਨਹਿਂ ਕੁਛ ਕਹਯੋ ਨ ਅੰਗ ਡੁਲਾਏ।
ਦੁਹੁਦਿਸ਼ਿ ਤੇ ਤਾਤੋ ਅਤਿ ਬਾਰੂ। ਪਰਿ ਸਰੀਰ ਪਰ ਬਹੁ ਦੁਖ ਕਾਰੂ ॥ ੪੬ ॥

ਭਰ ਭਰ ਕੇ ਕੜਛੇ ਫਿਰ ਸਰੀਰ ਦੇ ਉਤੇ ਪਾਏ, ਗੁਰੂ ਜੀ ਨਾ ਕੁਝ ਬੋਲੇ ਤੇ ਨਾ ਹੀ ਉਨ੍ਹਾਂ ਸਰੀਰ ਦਾ ਕੋਈ ਅੰਗ ਹਿਲਾਇਆ। ਦੋਵੇਂ ਪਾਸੀਂ ਅਤੀ ਤੱਤੀ ਰੇਤ ਪੈ ਰਹੀ ਸੀ। ਸਰੀਰ ਤੇ ਪੈ ਕੇ ਉਹ ਬਹੁਤ ਦੁੱਖ ਦਿੰਦੀ ਸੀ ॥ ੪੬ ॥

ਨਿਜ ਇੱਛਾ ਕਰਿ ਗਾਤ ਸਮੂਹੇ। ਸਤਿਗੁਰ ਕੈ ਤਬਿ ਪਰੇ ਫਲੂਹੇ।
ਅਜ਼ਮਤ ਨਹਿਂ ਜਾਨੈ ਦੁਰਚਾਰੀ। ਬਿਨ ਪੀਰਾ ਗਨ ਕਰੇ ਦਿਖਾਰੀ ॥ ੪੭ ॥

ਨਿਜ ਇੱਛਾ ਕਰਕੇ ਸਤਿਗੁਰੂ ਜੀ ਦੇ ਸਾਰੇ ਸਰੀਰ ਤੇ ਬਹੁਤ ਫਲੂਹੇ ਨਿਕਲ ਆਏ। ਦੁਰਾਚਾਰੀ ਉਨ੍ਹਾਂ ਦੀ ਕਰਾਮਾਤ ਨੂੰ ਨਹੀਂ ਸੀ ਜਾਣਦਾ, ਪੀੜਾ ਤੋਂ ਬਗੈਰ ਬਹੁਤ ਛਾਲੇ ਵਿਖਾਈ ਦਿੱਤੇ ॥ ੪੭ ॥

ਦੋਇ ਜਾਮ ਲਗਿ ਬਾਧਾ ਦੀਨਸਿ। ਨਹੀਂ ਤ੍ਰਾਸ ਮਨ ਦੁਸ਼ਟਨਿ ਕੀਨਸਿ।
ਬੈਠੇ ਰਹੈਂ ਅਬੋਲ ਅਡੋਲ। ਸਤਿਗੁਰ ਮਹਿਮਾ ਮਹਾਂ ਅਤੋਲ॥ ੪੮॥

ਦੋ ਪਹਿਰਾਂ ਤੋਂ ਲਗਾਤਾਰ ਕਸ਼ਟ ਦੇ ਰਿਹਾ ਸੀ, ਦੁਸ਼ਟ ਨੇ ਮਨ ਵਿਚ ਕੋਈ ਡਰ ਨਾ ਮੰਨਿਆ। ਗੁਰੂ ਜੀ ਚੁਪ ਅਤੇ ਅਡੋਲ ਬੈਠੇ ਰਹੇ। ਸਤਿਗੁਰੂ ਜੀ ਦੀ ਮਹਿਮਾ ਬਹੁਤ ਮਹਾਨ ਹੈ॥ ੪੮॥

ਅਜਰ ਜਰਨਿ ਕੀ ਔਧਿ ਜਨਾਈ। ਇਤੇ ਕਸ਼ਟ ਤੇ ਨਹੀਂ ਦਿਖਾਈ।
ਇੰਦ੍ਰ ਆਦਿ ਜੇਤਿਕ ਸੁਰ ਸਾਰੇ। ਚੌਂਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥ ੪੯॥

ਨਾ ਜਰੇ ਜਾਣ ਨੂੰ ਜਰਨ ਦੀ ਉਨ੍ਹਾਂ ਹੱਦ ਵਿਖਾ ਦਿੱਤੀ। ਕਿਸੇ ਨੇ ਵੀ ਕਦੀ ਏਨੇ ਕਸ਼ਟ ਨਹੀਂ ਝੱਲੇ ਹਨ। ਇੰਦਰ ਆਦਿ ਜਿੰਨੇ ਵੀ ਸਵਰਗਾਂ ਵਿਚ ਦੇਵਤੇ ਹਨ, ਸਾਰੇ ਗੁਰੂ ਜੀ ਦੇ ਚਰਿਤਰ ਨੂੰ ਵੇਖ ਕੇ ਹੈਰਾਨ ਰਹਿ ਗਏ॥ ੪੯॥

'ਧੰਨਜ ਧੰਨਜ' ਸਭਿ ਕਰਹਿਂ ਬਖਾਨਾ। 'ਇਨ੍ਹ ਤੇ ਬਿਨਾ ਨ ਐਸੋ ਆਨਾ'।
ਕਰਿ ਬੰਦਨ ਸੁਰ ਸਦਨ ਸਿਧਾਰੇ। ਆਪਸ ਬਿਖੈ ਬ੍ਰਿਤੰਤ ਉਚਾਰੇ॥ ੫੦॥

"ਧੰਨ ਧੰਨ" ਸਾਰੇ ਕਹਿ ਰਹੇ ਸਨ, "ਇਨ੍ਹਾਂ ਤੋਂ ਬਗੈਰ ਐਸਾ ਕੋਈ ਹੋਰ ਨਹੀਂ ਹੈ।" ਸਾਰੇ ਦੇਵਤੇ ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਆਪਸ ਵਿਚ ਬ੍ਰਿਤਾਂਤ ਦਾ ਉਚਾਰਣ ਕਰ ਰਹੇ ਸਨ॥ ੫੦॥

ਗਯੋ ਦੁਸ਼ਟ ਪੁਨ ਗੁਰੂ ਨਿਕਸਾਏ। ਪੂਰਬ ਥਲ ਤਹਿਂ ਆਨਿ ਬਿਠਾਏ।
ਸਭਿ ਤਨ ਪਰਿ ਜਰਿਬੇ ਬ੍ਰਿਣ ਭਏ। ਕਾਨਾ ਸ੍ਰਾਪ ਸਾਚ ਕਹਿ ਕਏ॥ ੫੧॥

ਦੁਸ਼ਟ ਚਲੇ ਗਿਆ ਤਾਂ ਗੁਰੂ ਜੀ ਨੂੰ ਬਾਹਰ ਕੱਢਿਆ, ਜਿਥੇ ਪਹਿਲਾਂ ਬੈਠੇ ਸਨ, ਓਥੇ ਹੀ ਫਿਰ ਜਾ ਬੈਠੇ। ਸਾਰੇ ਸਰੀਰ ਉੱਤੇ ਸੜਨ ਕਾਰਨ ਛਾਲੇ ਪੈ ਗਏ ਸਨ। ਕਾਨ੍ਹੇ ਦੇ ਸਰਾਪ ਨੂੰ ਸੱਚ ਕਰ ਗਏ॥ ੫੧॥

*ਚੌਥੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

## *ਅਧਿਆਇ ਛੱਤੀਵਾਂ*

### *ਤੱਤੀ ਲੋਹ ਤੇ ਬਿਠਾਉਣਾ*

*ਦੋਹਰਾ*- ਭਈ ਜਾਮਨੀ ਆਨਿ ਕਰਿ ਛਾਯੋ ਤਿਮਰ ਮਹਾਨ।
ਖਰਭਰ ਪਰਯੋ ਬਿਸਾਲ ਤਬਿ ਜੋ ਜਗ ਅਜ਼ਮਤ ਵਾਨ॥ ੧॥

ਪਹਿਰ ਰਾਤ ਬੀਤ ਗਈ, ਸਾਰੇ ਹੀ ਹਨੇਰਾ ਛਾ ਗਿਆ, ਉਨ੍ਹਾਂ ਲੋਕਾਂ ਵਿਚ ਵੱਡੀ ਪੱਧਰ ਤੇ ਖਲਬਲੀ ਮੱਚ ਗਈ, ਜਿਹੜੇ ਜੱਗ ਵਿਚ ਵੱਡੀ ਪੱਧਰ 'ਤੇ ਕਰਾਮਾਤ ਵਾਲੇ ਸਨ॥ ੧॥

*ਚੌਪਈ*- ਚਲਿ ਆਯੋ ਤਬਿ ਗੋਰਖ ਨਾਥ। ਸਿੱਧ ਚੁਰਾਸੀ ਲੇ ਕਰਿ ਸਾਥ।
ਮੁਰਛਿਤ ਕੀਨਿ ਸਿਪਾਹੀ ਸਾਰੇ। ਦੇਖਿ 'ਅਦੇਸ ਅਦੇਸਾ' ਉਚਾਰੇ॥ ੨॥

ਫਿਰ ਗੋਰਖ ਨਾਥ ਚੱਲ ਕੇ ਆਇਆ, ਉਹ ਚੁਰਾਸੀ ਸਿੱਧਾਂ ਨੂੰ ਆਪਣੇ ਨਾਲ ਲੈ ਕੇ ਆਇਆ। ਸਾਰੇ ਸਿਪਾਹੀਆਂ ਨੂੰ ਉਸ ਬੇਹੋਸ਼ ਕਰ ਦਿੱਤਾ ਅਤੇ ਗੁਰ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਨੇ 'ਆਦੇਸ਼ ਆਦੇਸ਼' ਉਚਾਰਣ ਕੀਤਾ॥ ੨॥

Sri Satguru Jagjit Singh Ji eLlibrary NamdhariElibrary@gmail.com

ਸਨਮੁਖ ਖਰੋ ਹੋਇ ਕਰਿ ਬੋਲਾ। 'ਦ੍ਰਿੜ ਨਿਸ਼ਚਾ ਉਰ ਅਧਿਕ ਅਡੋਲਾ।
ਅਜਰ ਜਰਨਿ ਤੁਮ ਸਮ ਨਹਿਂ ਆਨ। ਹੇਰਤਿ ਸਗਰੇ ਭਏ ਹਿਰਾਨ ॥ ੩ ॥

ਗੁਰੂ ਜੀ ਦੇ ਸਾਹਮਣੇ ਹੋ ਕੇ ਬੋਲੇ, "ਤੁਹਾਡੇ ਹਿਰਦੇ ਵਿਚ ਦ੍ਰਿੜ੍ਹ ਨਿਸ਼ਚਾ ਹੈ, ਤੁਸੀਂ ਅਡੋਲ ਹੋ, ਨਾ ਜਰੇ ਜਾਣ ਵਾਲੇ ਨੂੰ ਜਰਨਾ, ਤੁਹਾਡੇ ਬਰਾਬਰ ਹੋਰ ਕੋਈ ਨਹੀਂ ਹੈ। ਸਾਰੇ ਵੇਖ ਕੇ ਹੈਰਾਨ ਹੋਏ ਹਨ॥ ੩॥

ਏਤਿਕ ਤਾਪ ਸਹੇ ਨਹਿਂ ਡੋਲੇ। ਨਸਹਿ ਜਗਤ ਜਿਨ ਇਕ ਬਚ ਬੋਲੇ।
ਤੁਮ ਨਿਜ ਨੇਮ ਨਿਬਾਹਨਿ ਕਰੋ। ਦੁਸ਼ਟ ਬਿਨਾਸ਼ਨਿ ਇੱਛ ਨ ਧਰੋ ॥ ੪ ॥

ਏਨੀਂ ਗਰਮੀ ਸਹਿ ਕੇ ਵੀ ਤੁਸੀਂ ਡੋਲੇ ਨਹੀਂ ਹੋ, ਤੁਸੀਂ ਇਕ ਬਚਨ ਬੋਲਣ ਨਾਲ ਸਾਰੇ ਜਗਤ ਦਾ ਨਾਸ਼ ਕਰ ਸਕਦੇ ਹੋ। ਤੁਸੀਂ ਆਪਣਾ ਨੇਮ ਨਿਭਾਹੋ, ਦੁਸ਼ਟਾਂ ਦਾ ਨਾਸ਼ ਕਰਨ ਦੀ ਮਨ ਵਿਚ ਇੱਛਾ ਨਹੀਂ ਰਖਦੇ ਹੋ॥ ੪॥

ਮੈਂ ਅਬਿ ਪਾਪੀ ਕੋ ਘਰ ਜੇਤੋ। ਅਵਨੀ ਖੰਡ ਉਲਟ ਦਿਉਂ ਤੇਤੋ।
ਮਹਾਂ ਅਵੱਗਜਾ ਕੋ ਫਲ ਪਾਵੈ। ਪੁਨ ਜਗ ਮਹਿਂ ਨਹਿਂ ਸੰਤ ਦੁਖਾਵੈ ॥੫ ॥

ਮੈਂ ਹੁਣ ਪਾਪੀ ਦੇ ਜਿੰਨੇ ਘਰ ਹਨ, ਧਰਤੀ ਤੋਂ ਵੱਖ ਕਰ ਕੇ ਉਲਟਾ ਦੇਵਾਂਗਾ, ਮੈਂ ਅਵੱਗਿਆ ਤਾਂ ਜ਼ਰੂਰ ਕਰਾਂਗਾ, ਪਰ ਮੇਰੀ ਅਵੱਗਿਆ ਹੀ ਫਲ ਪ੍ਰਾਪਤ ਕਰੇਗੀ, ਫਿਰ ਦੁਨੀਆਂ ਵਿਚ ਕੋਈ ਸੰਤਾਂ ਨੂੰ ਦੁਖੀ ਨਹੀਂ ਕਰੇਗਾ॥ ੫॥

ਨਾਂਹਿ ਤ ਦੁਸ਼ਟ ਹੰਕਾਰੀ ਹੋਇ। ਦੇਹਿ ਕਸ਼ਟ ਸੰਤਨਿ ਸਭਿ ਕੋਇ'।
ਸ਼੍ਰੀ ਸਤਿਗੁਰ ਸੁਨਿ ਕਰਿ ਕਹਿਂ ਬੈਨ। 'ਮਨ ਸੰਤਨਿ ਕੇ ਤ੍ਰਾਸ ਰਹੈ ਨ ॥੬ ॥

ਜੇ ਮੈਂ ਇਸ ਤਰ੍ਹਾਂ ਨਹੀਂ ਕਰਾਂਗਾ ਤਾਂ ਇਹ ਦੁਸ਼ਟ ਹੰਕਾਰੀ ਹੋ ਜਾਵੇਗਾ, ਤਾਂ ਇਹ ਫਿਰ ਸਾਰੇ ਸੰਤਾਂ ਨੂੰ ਦੁਖ ਦੇਵੇਗਾ।" ਜਦ ਗੁਰੂ ਜੀ ਨੇ ਇਹ ਗੱਲ ਸੁਣੀ ਤਾਂ ਇਹ ਬਚਨ ਕੀਤੇ, "ਸੰਤਾਂ ਦੇ ਮਨ ਵਿਚ ਕੋਈ ਡਰ ਨਾ ਰਹੇ॥ ੬॥

ਹਮ ਨੇ ਕਰਨੋ ਹੈ ਅਸ ਖੇਲੇ। ਆਇ ਅਪਰ ਕੋ ਬਿਘਨ ਨ ਮੇਲੇ।
ਹੋਨਿਹਾਰ ਪਰ ਨਿਸ਼ਚਾ ਕਰਨੋ। ਇਹ ਸੰਤਨ ਕੋ ਮਤ ਬਰ ਬਰਨੋ॥ ੭॥

ਅਸੀਂ ਅਜੇਹੀਆਂ ਖੇਡਾਂ ਨਹੀਂ ਖੇਡਣੀਆਂ ਹਨ, ਅਸੀਂ ਕਿਸੇ ਦੂਸਰੇ ਦੇ ਵਿਘਨ ਨੂੰ ਨਹੀਂ ਮਿਲਾਉਣਾ ਹੈ, ਪ੍ਰਭੂ ਜੋ ਕਰਦਾ ਹੈ ਠੀਕ ਕਰਦਾ ਹੈ, ਇਸ ਕਰਕੇ ਹੋਣਹਾਰ ਤੇ ਅਸੀਂ ਨਿਸ਼ਚਾ ਕਰਦੇ ਹਾਂ। ਇਹੀ ਸੰਤਾਂ ਦਾ ਸ੍ਰੇਸ਼ਟ ਮੱਤ ਕਿਹਾ ਜਾਂਦਾ ਹੈ॥ ੭॥

ਇਹੀ ਬਾਤ ਅਬਿ ਦੇ ਕਰਿ ਜਾਵੋ। ਤਨੁ ਹੰਤਾ ਧਰਿ ਨਹੀਂ ਡੁਲਾਵੋਂ।
ਸੁਨਿ ਕਰਿ 'ਧੰਨਜ ਧੰਨਜਾ' ਕਹਿ ਗਏ। ਗੁਰੁ ਰੁਖ ਦੇਖਿ ਨ ਸਿਧ ਪ੍ਰਗਟਏ ॥੮ ॥

ਇਹੀ ਆਦੇਸ਼ ਹੁਣ ਦੇ ਕੇ ਜਾਵੋ, ਸਰੀਰ ਨੂੰ ਖਤਮ ਕਰਨ ਦਾ ਜੇ ਡਰ ਹੋਵੇ ਤਾਂ ਸਰੀਰ ਨੂੰ ਕਦੇ ਵੀ ਡੋਲਣ ਨਾ ਦੇਵੋ।" ਇਹ ਸੁਣ ਕੇ ਜੋਗੀ 'ਧੰਨ ਧੰਨਾ' ਕਹਿ ਕੇ ਚਲੇ ਗਏ, ਗੁਰੂ ਜੀ ਦਾ ਨਵੇਕਲਾ ਅੰਦਾਜ਼ ਵੇਖ ਕੇ ਸਿੱਧ ਫਿਰ ਪ੍ਰਗਟ ਨਾ ਹੋਏ॥ ੮॥

ਛਿਨ ਮਹਿਂ ਕੁਛ ਤੇ ਕੁਛ ਕਰਿ ਦੇਵੈਂ। ਹੇਰਤਿ ਜਿਨ ਕੋ ਨਰ ਗਨ ਸੇਵੈਂ।
ਅਵਸਰ ਪਾਇ ਪੀਰ ਪੁਨ ਆਏ। ਕਰਾਮਾਤ ਕਾਮਲ ਸਮੁਦਾਏ॥ ੯॥

ਇਕ ਪੱਲ ਵਿਚ ਕੁਝ ਤੋਂ ਕੁਝ ਕਰ ਦਿੰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਲੋਕ ਪੂਜਾ ਕਰਦੇ ਹਨ। ਜਦ ਇਸ ਘਟਨਾ ਦਾ ਪੀਰ ਮੀਆਂ ਮੀਰ ਨੂੰ ਪਤਾ ਲੱਗਾ ਤਾਂ ਉਹ ਵੀ ਆਏ, ਜਿਹੜੇ ਕਿ ਕਰਾਮਾਤ ਵਿਚ ਪੂਰਨ ਕਾਮਲ ਸਨ॥ ੯॥

Sri Satguru Jagjit Singh Ji eLlibrary NamdhariElibrary@gmail.com

ਸੋ ਨ ਦੇਯ ਸਭਿ ਲਹੈਂ ਬਿਨਾਸ। ਤਿਸ ਬਿਨ ਕਹਾਂ ਜਿਯਨ ਕੀ ਆਸ।
ਰਾਉ, ਰੰਕ, ਗਜ, ਚੀਟੀ ਜੋਈ। ਸਭਿ ਕੋ ਦਾਤਾ ਤ੍ਰਾਤਾ ਸੋਈ॥ ੧੨ ॥

ਜੇ ਉਹ ਨਾ ਦੇਵੇ ਤਾਂ ਸਾਰੇ ਖਤਮ ਹੋ ਜਾਣ, ਉਸ ਤੋਂ ਬਗੈਰ ਜੀਉਣ ਦੀ ਕੋਈ ਆਸ ਨਹੀ ਰਹਿ ਜਾਂਦੀ। ਰਾਜੇ, ਰੰਕ, ਹਾਥੀ ਅਤੇ ਕੀੜੀ ਜੋ ਵੀ ਹਨ, ਸਾਰਿਆਂ ਦਾ ਉਹੀ ਦਾਤਾ ਰਖਿਅਕ ਹੈ॥ ੧੨ ॥

ਅਪਰ ਬਿਖੈ ਸਮਰਥ ਹੈ ਕਹਾਂ। ਜੀਵਨਿ ਜੋ ਪਾਲਹਿ ਜਹਿਂ ਕਹਾਂ।
ਇਮ ਸੁਨਿ ਕੰਨਜਾਂ ਸਭਿ ਹੀ ਕਹੈਂ। 'ਹਮ ਕੋ ਪਿਤ ਪ੍ਰਤਿਪਾਲਤਿ ਰਹੈ॥੧੩ ॥

ਹੋਰ ਕੌਣ ਅਜਿਹਾ ਸਮਰੱਥ ਹੈ ਜਿਹੜਾ ਜਿਥੇ-ਕਿਥੇ ਜੀਵਾਂ ਦੀ ਪਾਲਣਾ ਕਰੇ।" ਇਹ ਸੁਣ ਕੇ ਸਾਰੀਆਂ ਲੜਕੀਆਂ ਕਹਿਣ ਲੱਗੀਆਂ, "ਸਾਡੀ ਤਾਂ ਸਾਡੇ ਪਿਤਾ ਜੀ ਹੀ ਪਾਲਣਾ ਕਰਦੇ ਹਨ॥ ੧੩ ॥

ਨਹਿਂ ਦੇਖ੍ਯੋ ਦੇਤੋ ਕਿਤ ਰਾਮ। ਦਿਯੋ ਜਾਇ ਕਿਸੁ ਕੇ ਕਬਿ ਧਾਮ।
ਅੰਨ ਬਸਤ੍ਰ ਸਭਿ ਕਰਿਕੇ ਤਯਾਰ। ਕਿਸ ਕੋ ਕੌਨ ਦੇਤਿ ਕਿਸ ਬਾਰਿ ?' ॥੧੪ ॥

ਕਿਸੇ ਨੂੰ ਰਾਮ ਦਿੰਦਾ ਨਹੀਂ ਵੇਖਿਆ ਹੈ, ਕਿਸੇ ਦੇ ਘਰ ਜਾ ਕੇ ਕਦ ਕਿਸੇ ਨੂੰ ਕੁਝ ਦਿੱਤਾ ਹੈ ? ਅੰਨ ਕਪੜੇ ਸਾਰੇ ਤਿਆਰ ਕਰਕੇ ਕੌਣ ਕਿਸੇ ਨੂੰ ਕਿਸ ਵੇਲੇ ਦਿੰਦਾ ਹੈ ?" ॥ ੧੪ ॥

ਇਮ ਸੁਨਿਕੈ ਕੰਨਜਾਂ ਲਰ ਪਰੀ। ਜਾਇ ਪਿਤਾ ਕੇ ਢਿਗ ਸੁਧਿ ਕਰੀ।
'ਹਮ ਸਭਿ ਕਹਹਿਂ 'ਪਿਤਾ ਤੇ ਖਾਵਤਿ'। ਇਹ ਕੁਛ ਬਾਤ ਅਪਰ ਬਿਦਤਾਵਤਿ ॥੧੫ ॥

ਇਹ ਸੁਣ ਕੇ ਲੜਕੀਆਂ ਲੜ ਪਈਆਂ, ਜਾ ਕੇ ਆਪਣੇ ਪਿਤਾ ਨੂੰ ਖ਼ਬਰ ਦਿੱਤੀ, "ਅਸੀਂ ਸਾਰੀਆਂ ਕਹਿੰਦੀਆਂ ਹਾਂ ਕਿ ਅਸੀਂ ਪਿਤਾ ਜੀ ਦਾ ਦਿੱਤਾ ਖਾਂਦੀਆਂ ਹਾਂ, ਪਰ ਇਹ ਛੋਟੀ ਕੁਝ ਹੋਰ ਗੱਲ ਕਹਿੰਦੀ ਹੈ॥ ੧੫ ॥

ਜੋ ਪ੍ਰਤਿਪਾਰਹਿ ਦੇਤਿ ਹਮੇਸ਼। ਲਘੁ ਤਨ ਤੇ ਜਿਨ ਕੀਨ ਬਿਸ਼ੇਸ਼ੁ।
ਸੁਖ ਸੌਂ ਸ਼ੁਭ ਅਹਾਰ ਹਮ ਕਰਿਹੀਂ। ਕਿਸੁ ਬਾਤ ਕੀ ਚਿੰਤ ਨ ਧਰਿਹੀਂ ॥ ੧੬ ॥

ਜੋ ਪ੍ਰਤੀਪਾਲਣਾ ਕਰਦਾ ਹੈ ਅਤੇ ਹਮੇਸ਼ਾ ਹੀ ਦਿੰਦਾ ਹੈ, ਜਿਸ ਨੇ ਛੋਟੇ ਜੇਹੇ ਸਰੀਰ ਨੂੰ ਪਾਲ ਕੇ ਵੱਡਾ ਕੀਤਾ ਹੈ, ਸੁਖ ਨਾਲ ਅਸੀ ਸਭ ਭੋਜਨ ਖਾਂਦੀਆਂ ਹਾਂ ਅਤੇ ਕਿਸੇ ਗੱਲ ਦੀ ਵੀ ਚਿੰਤਾ ਧਾਰਨ ਨਹੀਂ ਕਰਦੀਆਂ ਹਾਂ॥ ੧੬ ॥

ਇਹ ਨਹਿਂ ਮਾਨੈ ਮਤ ਕਿਯ ਨਯਾਰੋ। ਹਮ ਸਭਿ ਕਹਿ ਕੀਨਸਿ ਨਿਰਧਾਰੋ'।
ਸੁਨਤਿ ਨ੍ਰਿਪਤ ਪਿਤ ਮੂਰਖ ਰੋਸਾ। ਨਹਿਂ ਈਸ਼ੁਰ ਕੋ ਲਖ੍ਯੋ ਭਰੋਸਾ ॥ ੧੭ ॥

ਪਰ ਇਹ ਮੰਨਦੀ ਨਹੀਂ, ਨਵੇਕਲੀ ਬੁੱਧੀ ਹੀ ਧਾਰਨ ਕੀਤੀ ਹੋਈ ਹੈ, ਅਸੀਂ ਸਾਰੀਆਂ ਨੇ ਕਹਿ ਕੇ ਸਮਝਾਇਆ ਹੈ" ਇਹ ਸੁਣ ਕੇ ਰਾਜੇ ਪਿਤਾ ਨੇ ਮੂਰਖਾਂ ਵਾਲਾ ਗੁੱਸਾ ਕੀਤਾ, ਈਸ਼ਵਰ ਦੇ ਭਰੋਸੇ ਨੂੰ ਨਾ ਸਮਝਿਆ॥ ੧੭ ॥

ਅਪਨੇ ਰਾਜ ਮਾਨ ਮਹਿਂ ਫੂਲਾ। ਪ੍ਰਭੁ ਪ੍ਰਤਿਕੂਲ ਭਏ ਤੇ ਭੂਲਾ।
ਸਭਿ ਕੰਨਜਾਂ ਨਿਜ ਨਿਕਟਿ ਹਕਾਰੀ। ਆਸ਼ੈ ਸਮਝਨ ਇੱਛਾ ਧਾਰੀ॥ ੧੮ ॥

ਆਪਣੇ ਰਾਜ ਦੇ ਘੁਮੰਡ ਵਿਚ ਆਕੜਿਆ ਹੋਇਆ ਸੀ, ਪ੍ਰਭੂ ਦੇ ਉਲਟ ਹੋ ਕੇ, ਪ੍ਰਭੂ ਨੂੰ ਹੀ ਭੁੱਲ ਗਿਆ। ਉਸ ਸਾਰੀਆਂ ਲੜਕੀਆਂ ਨੂੰ ਆਪਣੇ ਪਾਸ ਬੁਲਾਇਆ, ਉਨ੍ਹਾਂ ਦੇ ਖਿਆਲਾਂ ਨੂੰ ਸਮਝਣ ਦੀ ਇੱਛਾ ਧਾਰਨ ਕੀਤੀ॥ ੧੮ ॥

ਪ੍ਰਿਥਕ ਪ੍ਰਿਥਕ ਤਿਨ ਬੂਝਨ ਲਾਗਾ। 'ਕਹੁ ਤੂੰ ਕਿਸ ਕੋ ਭੁਗਤਹਿਙ ਭਾਗਾ ?'।
ਸਭਿ ਨੇ ਕਹ੍ਯੋ 'ਪਿਤਾ ਹਮ ਤੇਰਾ। ਖਾਵਹਿਂ ਪਹਿਰਹਿਂ ਦਰਬ ਘਨੇਰਾ ॥ ੧੯ ॥

ਇਕੱਲੀ-ਇਕੱਲੀ ਕਰਕੇ ਉਨ੍ਹਾਂ ਨੂੰ ਪੁੱਛਣ ਲੱਗਾ, "ਬੋਲ ਤੂੰ ਕਿਸ ਦੇ ਭਾਗ ਖਾਂਦੀ ਹੈਂ ?" ਸਾਰੀਆਂ ਨੇ ਕਿਹਾ, "ਪਿਤਾ ਜੀ ! ਅਸੀਂ ਤਹਾਡਾ ਦਿੱਤਾ ਖਾਦੀਆਂ, ਪਹਿਨਦੀਆਂ ਅਤੇ ਬਹੁਤ ਧਨ ਪਾਪਤ ਕਰਦੀਆਂ ਹਾਂ॥ ੧੯ ॥

Sri Satguru Jagjit Singh Ji eLlibrary NamdhariElibrary@gmail.com

ਨਮੋ ਕਰੀ ਹੁਇ ਖਰੇ ਅਗਾਰੀ। 'ਕਜੋਂ ਤੁਮ ਸਹੋ ਕਸ਼ਟ ਤਨੁ ਭਾਰੀ?
ਹਤਹਿਂ ਦੁਸ਼ਟ ਕੋ ਬਿਲਮ ਨ ਲਾਵੈਂ। ਆਗਜਾ ਤਨਕ ਆਪ ਕੀ ਪਾਵੈਂ' ॥੧੦॥

ਨਮਸਕਾਰ ਕਰਕੇ ਗੁਰੂ ਜੀ ਦੇ ਅੱਗੇ ਖੜੇ ਹੋ ਗਏ ਅਤੇ ਕਿਹਾ, "ਤੁਸੀਂ ਸਰੀਰ ਉਤੇ ਏਨਾ ਭਾਰੀ ਕਸ਼ਟ ਕਿਉਂ ਸਹਿ ਰਹੇ ਹੋ? ਦੁਸ਼ਟ ਨੂੰ ਹੁਣੇ ਮਾਰ ਦਿੰਦੇ ਹਾਂ, ਕੋਈ ਵੀ ਚਿਰ ਨਹੀਂ ਲਾਵਾਂਗੇ, ਕੇਵਲ ਆਪ ਜੀ ਦੀ ਆਗਿਆ ਚਾਹੁੰਦਾ ਹਾਂ" ॥ ੧੦॥

ਸਭਿ ਕੋ ਸਾਦਰ ਬਾਕ ਉਚਾਰੇ। 'ਕਜੋਂ ਤੁਮ ਨਾਨਾ ਦ੍ਰਿਸ਼ਟਿ ਨਿਹਾਰੇ?।
ਏਕ ਆਤਮਾ ਪੂਰਨ ਸਾਚੋ। ਜਗਤ ਅਕਾਰ ਜਾਨਿ ਸਭਿ ਕਾਚੋ॥ ੧੧॥

ਸਾਰਿਆਂ ਨੂੰ ਬੜੇ ਆਦਰ ਨਾਲ ਸੰਬੋਧਨ ਕੀਤਾ, "ਕਿਉਂ ਤੁਸੀਂ ਵੱਖ ਵੱਖ ਨਜ਼ਰ ਨਾਲ ਵੇਖਦੇ ਹੋ? ਸਾਰਿਆਂ ਨੂੰ ਇਕ ਅੱਖ ਨਾਲ ਵੇਖੋ। ਇਕ ਆਤਮਾ ਹੀ ਸੱਚੀ ਹੈ, ਇਸ ਜਗਤ ਪਸਾਰੇ ਨੂੰ ਝੂਠਾ ਮੰਨੋ॥ ੧੧॥

ਹਮਰੇ ਤਨ ਤਜਾਗਨਿ ਮਹਿਂ ਐਸੇ। ਕਾਰਨ ਅਨਿਕ ਜਾਨੀਅਹਿ ਤੈਸੇ।
ਸਮਾਂ ਸੁ ਪਹੁੰਚਯੋ ਲਖਿ ਚਿਤ ਰਾਚੇ। ਕਰਯੋ ਚਹੈਂ ਹਮ ਸਭਿ ਕੋ ਸਾਚੇ॥੧੨॥

ਸਾਡੇ ਸਰੀਰ ਛੱਡਣ ਵਿਚ ਵੀ ਅਜਿਹੀ ਹੀ ਗੱਲ ਹੈ। ਇਸ ਵਿਚ ਉਸ ਤਰ੍ਹਾਂ ਹੀ ਅਨੇਕ ਕਾਰਨ ਜਾਣੋ। ਸਮਾਂ ਹੁਣ ਪਹੁੰਚ ਗਿਆ ਹੈ, ਮੈਂ ਚਿੱਤ ਵਿਚ ਜਾਣ ਲਿਆ ਹੈ, ਅਸੀਂ ਸਾਰਿਆਂ ਨੂੰ ਸੱਚੇ ਕਰਨਾ ਚਾਹੁੰਦੇ ਹਾਂ॥ ੧੨॥

ਆਪ ਆਪਨੇ ਥਾਨ ਸਿਧਾਵੋ। ਹਮਰੀ ਖੇਲ ਬੀਚ ਨਹਿਂ ਆਵੋ'।
ਸੁਨਤਿ 'ਧੰਨਜ' ਕਹਿ ਕਰਿ ਸਭਿ ਗਏ। ਸਵਾਧਾਨ ਚਾਕਰ ਸਭਿ ਭਏ॥੧੩॥

ਹੁਣ ਤੁਸੀਂ ਆਪਣੇ-ਆਪਣੇ ਸਥਾਨ ਤੇ ਜਾਵੋ, ਸਾਡੀ ਖੇਡ ਲੀਲ੍ਹਾ ਵਿਚ ਨਾ ਆਵੋ।" ਇਹ ਸੁਣ ਕੇ 'ਧੰਨ' ਕਹਿ ਕੇ ਸਭ ਚਲੇ ਗਏ। ਸਾਰੇ ਨੌਕਰ ਸਾਵਧਾਨ ਹੋ ਗਏ॥ ੧੩॥

ਕਹੈਂ ਪਰਸਪਰ 'ਸੁਪਤੇ ਸਾਰੇ। ਚਲੇ ਜਾਤਿ ਲਖਿ ਚੰਦੂ ਮਾਰੇ'।
ਗਹਿ ਅਸਿ ਢਾਲ ਭਏ ਸਵਧਾਨੂ। ਇਕ ਆਸਨ ਗੁਰੁ ਥਿਰੇ ਸਥਾਨੂ॥ ੧੪॥

ਸਾਰੇ ਸਿਪਾਹੀ ਆਪਸ ਵਿਚ ਕਹਿਣ ਲੱਗੇ, "ਅਸੀ ਸਾਰੇ ਸੌਂ ਗਏ ਸੀ, ਜੇ ਗੁਰੂ ਜੀ ਚਲੇ ਜਾਂਦੇ ਤਾਂ ਚੰਦੂ ਨੇ ਸਾਨੂੰ ਮਰਵਾ ਦੇਣਾ ਸੀ।" ਇਸ ਤਰ੍ਹਾਂ ਕਹਿ ਕੇ ਸਾਰੇ ਢਾਲ ਤਲਵਾਰ ਲੈ ਕੇ ਸਾਵਧਾਨ ਹੋ ਗਏ, ਗੁਰੂ ਜੀ ਇਕ ਆਸਣ ਤੇ ਸਥਿਰ ਹੋ ਗਏ॥ ੧੪॥

ਸਕਲ ਜਾਮਨੀ ਗਈ ਬਿਹਾਇ। ਦਿਵਸ ਚਢੇ ਉਠਿ ਪਾਪੀ ਆਇ।
ਰਿਦੇ ਬਿਚਾਰਹਿ ਬਡ ਹਠਵੰਤਾ। ਇਤੇ ਕਸ਼ਟ ਤੇ ਨਹੀਂ ਬੁਲੰਤਾ॥ ੧੫॥

ਸਾਰੀ ਰਾਤ ਬੀਤ ਗਈ, ਦਿਨ ਚੜ੍ਹਨ ਉਤੇ ਪਾਪੀ ਚੰਦੂ ਆਇਆ। ਵੱਡਾ ਹਠੀ, ਹਿਰਦੇ ਵਿਚ ਵਿਚਾਰਦਾ ਸੀ, ਏਨੇ ਕਸ਼ਟ ਦੇਣ ਤੇ ਵੀ ਬੋਲਦਾ ਨਹੀਂ ਹੈ॥ ੧੫॥

ਭੈ ਕਰਿ ਨਾਤਾ ਨਾਂਹਿਨ ਮਾਨਹਿ। ਬਿਨਾ ਤ੍ਰਾਸ ਤੇ ਬਾਕ ਬਖਾਨਹਿ।
ਬਾਰਿਬਾਰਿ ਬਾਰੀ ਬਹੁ ਬਾਰੂ। ਅਤਿ ਤਪਤਾਏ ਥਿਰਯੋ ਮਝਾਰੂ॥ ੧੬॥

ਡਰਾਉਣ ਨਾਲ ਇਹ ਰਿਸ਼ਤਾ ਮੰਨਣ ਵਾਲੇ ਨਹੀਂ ਹਨ, ਕਿਸੇ ਡਰ ਤੋਂ ਬਗੈਰ ਬਚਨ ਬੋਲਦੇ ਹਨ। ਵਾਰ-ਵਾਰ ਗਰਮ ਜਲ ਤੇ ਗਰਮ ਰੇਤ ਪਾਈ ਹੈ, ਅਤਿ ਦੁਖੀ ਕਰਨ ਨਾਲ ਵੀ ਉਹ ਸਥਿਰ ਰਹੇ ਹਨ॥ ੧੬॥

ਪ੍ਰਾਨ ਜਾਨਿ ਲਗਿ ਹਠ ਪਹੁੰਚਾਵੈ। ਨਹਿਂ ਤਜਾਗੋਂ ਮੈਂ ਜਿਯਤਿ ਜਿ ਜਾਵੈ।
ਆਜ ਤਪਤ ਕਰਿ ਲੋਹ ਬਿਸਾਲਾ। ਖਰੇ ਕਰੋਂ ਬੋਲਹਿ ਤਿਸ ਕਾਲਾ॥੧੭॥

ਪ੍ਰਾਣ ਜਾਣ ਤਕ ਮੈਂ ਵੀ ਹੱਠ ਰੱਖਾਂਗਾ, ਜਦ ਤਕ ਮੈਂ ਜੀਉਂਦਾ ਹਾਂ ਮੈਂ ਵੀ ਆਪਣੇ ਹੱਠ ਨੂੰ ਨਹੀਂ ਛੱਡਾਂਗਾ। ਅੱਜ ਲੋਹ ਨੂੰ ਬਹੁਤ ਗਰਮ ਕਰਾਂਗਾ ਤੇ ਉਸ ਉਤੇ ਉਨ੍ਹਾਂ ਨੂੰ ਖੜੇ ਕਰਾਂਗਾ, ਉਸ ਸਮੇਂ ਆਪੇ ਹੀ ਬੋਲਣਗੇ॥ ੧੭॥

ਇਮ ਪਾਪੀ ਨੇ ਰਿਦੇ ਬਿਚਾਰਾ। ਨਾਤਾ ਦੇਊਂ ਕਿ ਕਰੌਂ ਸੰਘਾਰਾ।
ਕਹਿ ਕਰਿ ਦੀਰਘ ਲੋਹ ਮੰਗਾਈ। ਧਰਿ ਊਪਰਿ ਤਰ ਅਗਨਿ ਜਲਾਈ॥੧੮॥

ਇਸ ਤਰ੍ਹਾਂ ਪਾਪੀ ਨੇ ਹਿਰਦੇ ਵਿਚ ਵਿਚਾਰ ਕੀਤੀ ਅਤੇ ਸੋਚਿਆ ਕਿ ਮੈਂ ਕਹਾਂਗਾ ਕਿ ਰਿਸ਼ਤਾ ਲਵੋਗੇ ਕਿ ਕਤਲ ਕਰ ਦੇਵਾਂ। ਇਹ ਕਹਿ ਕੇ ਵੱਡੀ ਲੋਹ ਮੰਗਵਾਈ, ਉਸ ਵਿਚ ਲੱਕੜਾਂ ਪਾ ਕੇ ਅੱਗ ਬਾਲੀ॥ ੧੮॥

ਸਮ ਤਾਂਬੇ ਕੇ ਤਪਤਿ ਕਰਾਈ। ਦੇਖਿ ਪਾਤਕੀ ਲਿਏ ਬੁਲਾਈ।
'ਇਸ ਪਰ ਖਰੇ ਹੋਹੁ ਤਪ ਸਹੋ। ਨਾਂਹਿ ਤ ਨਾਤਾ ਲੈਬੋ ਚਹੋ'॥ ੧੯॥

ਲੋਹ ਨੂੰ ਤਾਂਬੇ ਵਾਂਗ ਲਾਲ ਕੀਤਾ, ਪਾਪੀ ਨੇ ਵੇਖ ਕੇ ਗੁਰੂ ਜੀ ਨੂੰ ਬੁਲਾ ਲਿਆ। "ਇਸ ਤੇ ਖੜੇ ਹੋ ਕੇ ਗਰਮੀ ਬਰਦਾਸ਼ਤ ਕਰੋ, ਨਹੀਂ ਤਾਂ ਮੇਰੀ ਲੜਕੀ ਦਾ ਰਿਸ਼ਤਾ ਲਵੋ"॥ ੧੯॥

ਗੁਰੂ ਨ ਉੱਤਰ ਦੀਨਿਸਿ ਕੋਈ। ਲੋਹ ਅਰੂਢਨਿ ਉਰ ਮਹਿਂ ਹੋਈ।
ਆਦਿ ਚੰਡਾਲ ਜਿ ਕਿਨਹੁਂ ਨਿਹਾਰੇ। ਸਭਿਹਿਨਿ 'ਹਾਹਾਕਾਰ' ਉਚਾਰੇ॥੨੦॥

ਗੁਰੂ ਜੀ ਨੇ ਕੋਈ ਵੀ ਉੱਤਰ ਨਾ ਦਿੱਤਾ, ਲੋਹ ਉਤੇ ਚੜ੍ਹਨ ਦਾ ਮਨ ਬਣਾਇਆ ਸੀ। ਜੋ ਕਿਸੇ ਨੇ ਜਨਮ ਦਾ ਚੰਡਾਲ ਵੀ ਵੇਖਿਆ ਹੋਵੇ ਸਾਰੇ ਵੇਖ ਕੇ ਹਾਹਾਕਾਰ ਕਹਿ ਉੱਠੇ॥ ੨੦॥

'ਇਹ ਚੰਡਾਲਨਿ ਤੇ ਅਤਿ ਪਾਪੀ। ਰਿਦੇ ਨ ਕਰੁਨਾ ਕੈ ਸਿਹੁਂ ਬਜਾਪੀ'।
ਚਢੇ ਲੋਹ ਪਰ ਭੇ ਥਿਰ ਠਾਂਢੇ। ਦੇਖਿ ਦੇਖਿ ਸਿੱਖਨਿ ਦੁਖ ਬਾਢੇ॥ ੨੧॥

ਕਹਿੰਦੇ ਸਨ, "ਇਹ ਚੰਡਾਲਾਂ ਤੋਂ ਵੀ ਵੱਡਾ ਪਾਪੀ ਹੈ, ਇਸਦੇ ਹਿਰਦੇ ਵਿਚ ਦਿਆਲਤਾ ਕਦੇ ਵੀ ਉਤਪੰਨ ਨਹੀਂ ਹੁੰਦੀ।" ਗੁਰੂ ਜੀ ਲੋਹ ਉਤੇ ਚੜ੍ਹ ਕੇ ਸਥਿਰ ਰੂਪ ਵਿਚ ਬੈਠ ਗਏ, ਵੇਖ-ਵੇਖ ਕੇ ਸਿੱਖਾਂ ਦਾ ਦੁਖ ਬਹੁਤ ਵਧਦਾ ਸੀ॥ ੨੧॥

ਚਹੈਂ ਜਾਨਿ ਢਿਗ, ਜਾਨਿ ਨ ਦੇਤੇ। ਰਸਰਿਨਿ ਬਾਂਧੇ ਦਿਢ ਕਰਿ ਲੇਤੇ॥
ਅਗਨਿ ਬਿਪਰਜੈ ਸੀਲ ਕਰਯੋ ਹੈ। ਡਰਤਿ ਗੁਰੂ ਤੇ ਤੇਜ ਹਰਯੋ ਹੈ॥ ੨੨॥

ਉਹ ਗੁਰੂ ਜੀ ਪਾਸ ਜਾਣਾ ਚਾਹੁੰਦੇ ਸਨ, ਪਰ ਗੁਰੂ ਜੀ ਪਾਸ ਜਾਣ ਨਹੀਂ ਸੀ ਦਿੰਦੇ, ਰੱਸਿਆਂ ਨਾਲ ਬੰਨ੍ਹ ਕੇ ਪੱਕਿਆਂ ਕਰ ਲੈਂਦੇ ਸਨ। ਅੱਗ ਨੇ ਆਪਣਾ ਸੁਭਾਅ ਉਲਟਾ ਲਿਆ ਹੈ, ਭਾਵ ਉਹ ਠੰਡੀ ਹੋ ਗਈ ਹੈ, ਗੁਰੂ ਜੀ ਤੋਂ ਡਰਦੀ ਨੇ ਆਪਣਾ ਤੇਜ਼ ਹੀ ਛੱਡ ਦਿੱਤਾ ਹੈ॥ ੨੨॥

ਤਊ ਗੁਰੂ ਪਗ ਤਰਵਾ ਜਾਰੇ। ਪਾਪੀ ਬੈਠਯੋ ਸਮੁਖ ਨਿਹਾਰੇ।
ਪੁਨ ਕਹਿ ਕਰਿ ਤਰ ਅਗਨਿ ਜਰਾਈ। ਪੂਰਬ ਕੇ ਸਮਸਰ ਤਪਤਾਈ॥੨੩॥

ਫਿਰ ਵੀ ਗੁਰੂ ਜੀ ਦੀਆਂ ਤਲੀਆਂ ਸਾੜ ਦਿੱਤੀਆਂ, ਪਾਪੀ ਚੰਦੂ ਸਾਹਮਣੇ ਬੈਠਾ ਵੇਖ ਰਿਹਾ ਸੀ। ਫਿਰ ਕਹਿ ਕੇ ਲੱਕੜਾਂ ਪਾ ਕੇ ਅੱਗ ਬਾਲੀ ਅਤੇ ਪਹਿਲਾਂ ਵਾਂਗ ਹੀ ਗਰਮ ਕੀਤੀ॥ ੨੩॥

ਚਿਤ ਬਾਂਛਿਤ ਹੁਇ ਦੁਖ ਤੇ ਦੀਨ। ਮਾਨਹਿ ਨਾਤਾ ਡਰ ਚਿਤ ਚੀਨਿ।
ਤਿਸਿ ਦਿਨ ਸਤਿਗੁਰੁ ਕਛੂ ਨ ਬੋਲੇ। ਤਪਤ ਲੋਹ ਪਰ ਥਿਰੇ ਅਡੋਲੇ ॥੨੪॥

ਚੰਦੂ ਇਹ ਚਾਹੁੰਦਾ ਸੀ ਕਿ ਮੇਰੀ ਮਰਜ਼ੀ ਅਨੁਸਾਰ ਇਹ ਮੇਰੇ ਅਧੀਨ ਹੋਣ, ਕਿਸੇ ਤਰ੍ਹਾਂ ਵੀ ਡਰ ਕੇ ਰਿਸ਼ਤਾ ਮੰਨ ਲੈਣ। ਉਸ ਦਿਨ ਗੁਰੂ ਜੀ ਕੁਝ ਵੀ ਨਾ ਬੋਲੇ, ਤਪਦੀ ਲੋਹ ਉਤੇ ਅਡੋਲ ਬੈਠੇ ਰਹੇ ॥ ੨੪॥

ਜਰਤਿ ਚਰਮ ਅਪਨੋ ਦਿਖਰਾਵੈਂ। ਅਗਨਿ ਤਾਪ ਤੇ ਪੀਰ ਨ ਪਾਵੈਂ।
ਅਜ਼ਮਤ ਨਹਿੰ ਜਾਨਹਿੰ ਕਿਮ ਏਹੀ। ਪਰੇ ਫਲੂਹੇ ਸਗਰੀ ਦੇਹੀ॥ ੨੫॥

ਸਾਰੇ ਜੱਗ ਨੂੰ ਆਪਣੀ ਚਮੜੀ ਵਿਖਾ ਰਹੇ ਸਨ ਅਤੇ ਅੱਗ ਦੇ ਸੇਕ ਤੋਂ ਪੀੜ ਅਨੁਭਵ ਨਹੀਂ ਸੀ ਕਰ ਰਹੇ। ਅਜਿਹੀ ਕਰਾਮਾਤ ਸੀ, ਕੀ ਇਸ ਨੂੰ ਵੀ ਕੋਈ ਨਹੀਂ ਸੀ ਜਾਣਦਾ, ਜਿਨ੍ਹਾਂ ਦਾ ਸਾਰਾ ਸਰੀਰ ਫਲੂਹੇ-ਫਲੂਹੇ ਹੋ ਗਿਆ ਸੀ॥ ੨੫॥

ਹੇਰਿ ਨਹੀਂ ਪਰਤੀਤ ਉਪਾਵੈ। ਜਾਂਤੇ ਅਪਨੇ ਦੁਖ ਦਿਖਰਾਵੈਂ।
ਰਹੇ ਜਾਮ ਲਗਿ ਠਾਂਢੇ ਊਪਰ। ਪੁਨ ਉਤਰਾਏ ਥਿਰ ਗੁਰੁ ਭੂਪਰ॥ ੨੬॥

ਇਹ ਵੇਖ ਕੇ ਵੀ ਚੰਦੂ ਨੂੰ ਪ੍ਰਤੀਤ ਨਹੀਂ ਸੀ ਹੋਈ, ਜਿਵੇਂ ਆਪਣੇ ਆਉਣ ਵਾਲੇ ਦੁੱਖ ਵੱਲ ਵੇਖ ਰਿਹਾ ਸੀ। ਗੁਰੂ ਜੀ ਇਕ ਪਹਿਰ ਤਕ ਤੱਤੀ ਲੋਹ ਦੇ ਉਤੇ ਹੀ ਬੈਠੇ ਰਹੇ, ਅੰਤ ਵਿਚ ਆਪ ਹੀ ਲੋਹ ਤੋਂ ਉਤਾਰਿਆ ਗਿਆ॥ ੨੬॥

ਪਚਰੋ ਰਿਦੇ ਬਹੁ ਚਿਤਹਿ ਉਪਾਯਾ। ਬੋਲਜੋ ਨਹੀਂ, ਤ੍ਰਾਸ ਨਹਿੰ ਪਾਯਾ।
ਕੌਨ ਜਤਨ ਕਰਿ ਇਸੇ ਮਨਾਵੌਂ। ਕੋ ਸੰਕਟ ਐਸੋ ਦਿਖਰਾਵੌਂ॥ ੨੭॥

ਫਿਰ ਅੱਗੇ ਕੀ ਕਰਨਾ ਹੈ, ਉਨ੍ਹਾਂ ਉਪਾਵਾਂ ਨੂੰ ਚਿਤਵਦਾ ਹੈ, ਸੋਚਦਾ ਹੈ ਕਿ ਬੋਲਿਆ ਨਹੀਂ, ਨਾ ਹੀ ਮਨ ਵਿਚ ਡਰ ਪਾਇਆ ਹੈ, ਕਿਹੜਾ ਯਤਨ ਕਰਕੇ ਇਨ੍ਹਾਂ ਨੂੰ ਮਨਾਵਾਂ, ਕਿਹੜਾ ਨਵਾਂ ਸੰਕਟ ਇਨ੍ਹਾਂ ਨੂੰ ਵਿਖਾਵਾਂ॥ ੨੭॥

ਜਿਸਤੇ ਅਧਿਕ ਤ੍ਰਾਸ ਕੋ ਪਾਇ। ਬੋਲਹਿ ਤਤਛਿਨ ਮੌਨ ਹਟਾਇ।
ਇਹ ਬਡ ਧਰਮੀ ਧਰਮ ਸੰਭਾਰੈ। ਪ੍ਰਾਨ ਜਾਤਿ ਲੌ ਨਹੀਂ ਨਿਵਾਰੈ॥ ੨੮॥

ਜਿਸ ਕਰਕੇ ਇਹ ਵਾਧੂ ਡਰ ਸਮਝਣ, ਅਤੇ ਆਪਣੀ ਚੁੱਪ ਨੂੰ ਛੱਡ ਕੇ ਤੁਰੰਤ ਬੋਲਣ। ਇਹ ਵੱਡੇ ਧਰਮੀ ਹਨ, ਇਸ ਕਰਕੇ ਆਪਣੇ ਧਰਮ ਨੂੰ ਸੰਭਾਲਣਗੇ ਅਤੇ ਪ੍ਰਾਣ ਚਲੇ ਜਾਣ ਦੀ ਪ੍ਰਵਾਹ ਨਹੀਂ ਕਰਨਗੇ॥ ੨੮॥

ਯਾਂਤੇ ਧਰਮ ਹਰਨ ਕੋ ਤ੍ਰਾਸਾ। ਦਿਖਰਾਵੌਂ ਪੁਨ ਪੁਰਵੌਂ ਆਸਾ।
ਇਮ ਨਿਸ਼ਚੇ ਕਰਿ ਮੂਰਖ ਮਾਨੀ। ਕਹੀ ਸਿਪਾਹਨਿ ਕੇ ਸੰਗ ਬਾਨੀ॥ ੨੯॥

ਇਸ ਕਰਕੇ ਇਹ ਧਰਮ ਜਾਣ ਤੋਂ ਡਰਦੇ ਹਨ, ਇਹ ਵੀ ਇਸ ਦੀ ਆਸ ਪੂਰੀ ਕਰਦਾ ਹਾਂ। ਇਸ ਤਰ੍ਹਾਂ ਨਿਸ਼ਚੇ ਕਰਕੇ ਮੂਰਖ ਨੇ ਆਪਣੇ ਮਨ ਵਿਚ ਗੱਲ ਇਹ ਪੱਕੀ ਕਰ ਲਈ ਅਤੇ ਆਪਣੇ ਸਿਪਾਹੀਆਂ ਨੂੰ ਕਹਿਣ ਲੱਗਾ॥ ੨੯॥

'ਇਕ ਚਲਿ ਜਾਹੁ ਚੰਡਾਲਨਿ ਪਾਸ। ਆਜ ਭਈ ਕੋ ਗਊ ਬਿਨਾਸ।
ਤਿਸ ਕੋ ਚਰਮ ਉਤਾਰਤਿ ਲਜਾਵੋ। ਸਭਿ ਸਰੀਰ ਇਸ ਕੋ ਮਢਵਾਵੋ' ॥੩੦॥

ਅੱਜ ਹੀ ਕੋਈ ਬੰਦਾ ਚੰਡਾਲਾਂ ਪਾਸ ਚਲ ਕੇ ਜਾਵੇ ਤੇ ਅੱਜ ਹੀ ਕਿਸੇ ਗਾਂ ਦੀ ਹੱਤਿਆ ਕਰੋ, ਫਿਰ ਗਾਂ ਦਾ ਚੰਮ ਉਤਾਰ ਕੇ ਲਿਆਵੇ ਅਤੇ ਇਹਦੇ ਸਾਰੇ ਸਰੀਰ ਨੂੰ ਉਸ ਚੰਮ ਵਿਚ ਮੜ੍ਹ ਦੇਵੋ॥ ੩੦॥

ਸਤਿਗੁਰੁ ਸ਼੍ਰੋਨ ਸੁਨਾਇ ਬਖਾਨਾ। 'ਭੋਰ ਹੋਤਿ ਲਜਾਵੋ ਇਸ ਥਾਨਾ।
ਬੈਠਿ ਨਿਕਟ ਦੁਖ ਦੇਉਂ ਮਹਾਨੋ। ਧਰਮ ਬਿਗਾਰ ਪ੍ਰਾਨ ਪੁਨ ਹਾਨੋਂ' ॥ ੩੧ ॥

ਸਤਿਗੁਰੂ ਜੀ ਨੂੰ ਸੁਣਾ ਕੇ ਫੁਰਮਾਇਆ, "ਸਵੇਰ ਹੋਣ ਤਕ ਇਸ ਨੂੰ ਏਥੇ ਲਿਆਵੋ, ਪਾਸ ਬੈਠ ਕੇ ਇਨ੍ਹਾਂ ਨੂੰ ਮਹਾਨ ਦੁਖ ਦੇਵਾਂਗਾ, ਧਰਮ ਵਿਗਾੜ ਕੇ ਇਨ੍ਹਾਂ ਦੇ ਪ੍ਰਾਣ ਕੱਢ ਲਵਾਂਗਾ" ॥ ੩੧ ॥

ਇਮ ਕਹਿ ਮੂਰਖ ਸਦਨ ਸਿਧਾਰਾ। ਕ੍ਰੋਧੀ ਕਪਟੀ ਬਡ ਹਤਿਆਰਾ।
ਸੋ ਦਿਨ ਗਯੋ ਬੀਤ ਨਿਸ ਆਈ। ਛਾਯੋ ਸਭਿ ਜਗ ਤਮ ਸਮੁਦਾਈ ॥ ੩੨ ॥

ਇਹ ਕਹਿ ਕੇ ਮੂਰਖ ਆਪਣੇ ਘਰ ਨੂੰ ਚਲੇ ਗਿਆ, ਉਹ ਕ੍ਰੋਧੀ, ਕਪਟੀ ਤੇ ਵੱਡਾ ਹਤਿਆਰਾ ਸੀ। ਉਹ ਦਿਨ ਬੀਤ ਗਿਆ ਤੇ ਰਾਤ ਪੈ ਗਈ। ਸਾਰੇ ਜਗਤ ਵਿਚ ਹਨੇਰਾ ਪਸਰ ਗਿਆ॥ ੩੨ ॥

ਅਰਧਿ ਰਾਤਿ ਜਾਨੀ ਜਬਿ ਹੋਈ। ਨੁਖਾ ਅਘੀ ਕੀ ਸੁਨਿ ਸੁਨਿ ਸੋਈ।
ਸੰਕਟ ਮਹਾਂ ਪਾਇ ਕਰਿ ਰੋਈ। ਖਾਨ ਪਾਨ ਗੁਰਿ ਕਰਹਿਂ ਨ ਕੋਈ॥ ੩੩ ॥

ਜਦ ਇਹ ਜਾਣ ਲਿਆ ਕਿ ਅੱਧੀ ਰਾਤ ਹੋਈ ਹੈ, ਤਦ ਪਾਪੀ ਦੀ ਨੂੰਹ ਸੁਣ ਸੁਣ ਕੇ ਮਹਾਨ ਸੰਕਟ ਪਾ ਕੇ ਰੋਈ। ਗੁਰੂ ਜੀ ਕੁਝ ਵੀ ਖਾ ਪੀ ਨਹੀਂ ਰਹੇ ਹਨ॥ ੩੩ ॥

ਜਾਇ ਆਜ ਸੁਧ ਲੇਵੋਂ ਗੁਰ ਕੀ। ਕਰਹਿਂ ਕਹਾਂ ਸੁਨਿਹੋਂ ਸਭਿ ਉਰ ਕੀ।
ਸਭਿ ਤੇ ਚੋਰੀ ਚਲਿ ਕਰਿ ਆਈ। ਖਰੇ ਸਿਪਾਹੀ ਝਿਰਕ ਹਟਾਈ॥ ੩੪ ॥

ਸੋਚਦੀ ਹੈ ਕਿ ਅੱਜ ਜਾ ਕੇ ਗੁਰੂ ਜੀ ਦੀ ਖਬਰ ਲੈਂਦੀ ਹਾਂ। ਕੀ ਕਰ ਸਕਦੇ ਹਾਂ ਉਹ ਸਭ ਦੇ ਦਿਲਾਂ ਦੀ ਜਾਣਦੇ ਹਨ। ਘਰ ਦਿਆਂ ਤੋਂ ਚੋਰੀ ਚਲ ਕੇ ਉਥੇ ਆ ਗਈ ਜਿਥੇ ਗੁਰੂ ਜੀ ਕੈਦ ਕੀਤੇ ਹੋਏ ਸਨ। ਉਥੇ ਸਿਪਾਹੀ ਖੜੇ ਸਨ, ਉਨ੍ਹਾਂ ਝਿੜਕ ਕੇ ਪਿਛਾਂਹ ਮੋੜ ਦਿੱਤੀ॥ ੩੪ ॥

ਤਬਿ ਕੰਚਨ ਕੇ ਭੂਖਨ ਦੀਨਿ। ਅੰਤਰ ਬਰੀ ਦਰਸ ਗੁਰ ਕੀਨਿ।
ਹਾਥ ਜੋਰਿ ਤਬਿ ਖਰੀ ਬਿਚਾਰੀ:- 'ਮੈਂ ਅਪਰਾਧਨਿ ਪ੍ਰਭੁ ਤੁਮਾਰੀ॥ ੩੫ ॥

ਫਿਰ ਉਸ ਨੇ ਸਿਪਾਹੀਆਂ ਨੂੰ ਸੋਨੇ ਦੇ ਗਹਿਣੇ ਦਿੱਤੇ, ਫਿਰ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਅੰਦਰ ਦਾਖਲ ਹੋ ਗਈ। ਹੱਥ ਜੋੜ ਕੇ ਖੜੀ ਹੋ ਗਈ ਤੇ ਬੋਲੀ, "ਹੇ ਪ੍ਰਭੂ ਜੀ ! ਮੈਂ ਤੁਹਾਡੀ ਅਪ੍ਰਾਧਣ ਹਾਂ॥ ੩੫ ॥

ਕਸ਼ਟ ਇਤੇ ਸੁਨਿ ਜੀਵਤਿ ਰਹੀ। ਦੁਸ਼ਟ ਕੁਟੰਬ ਤਜਜੋ ਮੈਂ ਨਹੀਂ।
ਚਲਹਿ ਨਹੀਂ ਕੁਛ ਮੋਰੋ ਚਾਰਾ। ਨਿਜ ਮਰਨੋ ਇਕ ਹਾਥ ਮਝਾਰਾ' ॥ ੩੬ ॥

ਤੁਹਾਡੇ ਏਨੇ ਕਸ਼ਟ ਸੁਣ ਕੇ ਵੀ ਜੀਉਂਦੀ ਰਹੀ ਹਾਂ, ਮੈਂ ਦੁਸ਼ਟਾਂ ਦੇ ਪਰਿਵਾਰ ਨੂੰ ਵੀ ਛੱਡਿਆ ਨਹੀਂ ਹੈ। ਮੇਰਾ ਕੋਈ ਚਾਰਾ ਨਹੀਂ ਚਲਦਾ ਹੈ, ਕੇਵਲ ਮੇਰਾ ਮਰਨਾ ਹੀ ਮੇਰੇ ਹੱਥ ਵਿਚ ਹੈ" ॥ ੩੬ ॥

ਸੁਨਿ ਸਤਿਗੁਰ ਬੋਲੇ ਸੁਖਦਾਯਕ। 'ਨਹੀਂ ਸੁਤਾ ! ਤੂੰ ਇਸ ਘਰ ਲਾਯਕ।
ਭਈ ਪ੍ਰਭਾਤਿ ਕਰਹਿਂ ਤਬਿ ਤਜਾਰੀ। ਚਲਿਬੋ ਚਹਿਂ, ਚਲਿ ਸੰਗ ਹਮਾਰੀ' ॥ ੩੭ ॥

ਸੁੱਖਾਂ ਦੇ ਦਾਤੇ ਸਤਿਗੁਰੂ ਜੀ ਬੋਲੇ, "ਹੇ ਪੁੱਤਰੀ ! ਤੂੰ ਇਸ ਘਰ ਦੇ ਲਾਇਕ ਨਹੀਂ ਹੈਂ। ਸਵੇਰ ਹੋਣ ਤੇ ਅਸੀਂ ਤਿਆਰੀ ਕਰ ਲੈਣੀ ਹੈ। ਜੇ ਚਲਣਾ ਚਾਹੁੰਦੀ ਹੈਂ ਤਾਂ ਸਾਡੇ ਨਾਲ ਚੱਲ" ॥ ੩੭ ॥

ਬੋਲੀ 'ਸੇਵ ਜਥਾ ਮੈਂ ਲਾਯਕ। ਕਹਿ ਦੀਜੈ ਸੋ ਕਰੌਂ ਸੁਭਾਯਕ।
ਕ੍ਰਿਪਾ ਕਰੀ ਅਬਿ ਮੋਹਿ ਬਤਾਵਾ। ਤਜਾਗੌਂ ਪ੍ਰਾਨ ਨ ਜੀਵਨਿ ਭਾਵਾ ॥ ੩੮ ॥

ਕਹਿਣ ਲੱਗੀ, "ਜੇ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਕਹਿ ਦੇਵੋ, ਉਹ ਮੈਂ ਕਰਾਂਗੀ। ਤੁਸੀਂ ਮੇਰੇ ਤੇ ਕਿਰਪਾ ਕਰ ਦਿੱਤੀ ਹੈ, ਮੈਨੂੰ ਦੱਸ ਦਿੱਤਾ ਹੈ, ਮੈਂ ਹੁਣ ਆਪਣੇ ਪ੍ਰਾਣ ਤਿਆਗ ਦੇਵਾਂਗੀ, ਮੈਨੂੰ ਹੁਣ ਜੀਵਨ ਚੰਗਾ ਨਹੀਂ ਲੱਗਦਾ" ॥ ੩੮ ॥

ਗੁਰ ਕਹਿਂ 'ਹਮਰੇ ਚਾਹ ਨ ਕੋਈ। ਜਾਹੁ ਅਬੈ ਕਰਿ ਚਿਤ ਰੁਚਿ ਜੋਈ'।
ਸੁਨਿ ਗਮਨੀ ਮ੍ਰਿਤੁ ਨਿਸ਼ਚੈ ਕਰਿਕੈ। ਕਜਾ ਫਲ ਪੈਹੌਂ ਪ੍ਰਾਨਨਿ ਧਰਿਕੈ ॥ ੩੯ ॥

ਗੁਰੂ ਜੀ ਨੇ ਕਿਹਾ, "ਮੇਰੀ ਕੋਈ ਚਾਹ ਨਹੀਂ ਹੈ। ਤੂੰ ਹੁਣ ਜਾ ਕੇ ਆਪਣੇ ਚਿੱਤ ਦੀ ਖ਼ਾਹਿਸ਼ ਪੂਰੀ ਕਰ।" ਇਹ ਸੁਣ ਕੇ ਮਰਨ ਦਾ ਨਿਸ਼ਚਾ ਪੱਕਾ ਕਰ ਕੇ ਚਲੀ ਗਈ। ਇਹ ਪ੍ਰਾਣ ਰੱਖ ਕੇ ਕੀ ਫਲ ਮਿਲਣਾ ਹੈ॥ ੩੯ ॥

ਬਿਤੀ ਬਿਭਾਵਰਿ ਭਈ ਪ੍ਰਭਾਤੀ। ਬੈਠੇ ਰਹੇ ਗੁਰੂ ਤਿਸ ਭਾਂਤੀ।
ਸਗਰੇ ਨਗਰ ਪਰਜੋ ਬਡ ਰੌਰਾ। ਘਰ ਘਰ ਦਰ ਦਰ ਠੌਰਹਿਂ ਠੌਰਾ ॥ ੪੦ ॥

ਰਾਤ ਬੀਤ ਗਈ, ਸਵੇਰ ਹੋ ਗਈ, ਗੁਰੂ ਜੀ ਉਸ ਪ੍ਰਕਾਰ ਹੀ ਬੈਠੇ ਰਹੇ। ਸਾਰੇ ਨਗਰ ਵਿਚ ਵੱਡਾ ਰੌਲਾ ਪੈ ਗਿਆ ਸੀ। ਘਰ-ਘਰ ਦਰ-ਦਰ ਕਨਸੋਆਂ ਲੈਣ ਲਈ ਲੋਕ ਖੜੇ ਸਨ॥ ੪੦ ॥

ਬਾਰਿ ਬਾਰਿ ਤਿਸ ਪੌਰ ਅਗਾਰੀ। ਫਿਰਿ ਫਿਰਿ ਜਾਤਿ ਨਿਹਾਰ ਨਿਹਾਰੀ।
ਨਿਸ ਦਿਨ ਰਹੈਂ ਕਿਵਾਰ ਅਸੰਜਤਿ। ਬਾਂਛਤਿ ਚਿਤ ਕਿਮ ਹੋਇ ਸੁ ਭੰਜਤਿ ॥੪੧ ॥

ਬਾਰ-ਬਾਰ ਡਿਉੜੀ ਦੇ ਅੱਗੇ ਆਉਂਦੇ ਸਨ, ਬਾਰ-ਬਾਰ ਵੇਖ ਵੇਖ ਕੇ ਚਲੇ ਜਾਂਦੇ ਸਨ। ਰਾਤ ਦਿਨ ਦਰਵਾਜ਼ਾ ਬੰਦ ਰਹਿੰਦਾ ਸੀ, ਚਿੱਤ ਵਿਚ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਤਖ਼ਤੇ ਟੁੱਟ ਜਾਣ॥ ੪੧ ॥

ਕਜਾ ਇਹ ਕਰਹਿ ਲਖੀ ਨਹਿਂ ਜਾਈ। ਵਹਿਰ ਗੁਰੂ ਨਿਕਸੇ ਨ ਕਦਾਈ।
ਪੰਚਹੁ ਸਿੱਖ ਨਹੀਂ ਪੁਨ ਹੇਰੇ। ਭਏ ਕਹਾਂ ਬਚ ਸੁਨੇ ਨ ਫੇਰੇ॥ ੪੨ ॥

ਉਹ ਕੀ ਕਰਦੇ, ਕੋਈ ਗੱਲ ਜਾਣੀ ਨਹੀਂ ਸੀ ਜਾਂਦੀ। ਗੁਰੂ ਜੀ ਕਦੀ ਵੀ ਬਾਹਰ ਨਾ ਨਿਕਲੇ। ਪੰਜ ਸਿੱਖ ਵੀ ਦੁਬਾਰਾ ਨਾ ਵੇਖੇ ਗਏ। ਉਹ ਕਿਥੇ ਗਏ ਸਨ, ਉਨ੍ਹਾਂ ਬਾਰੇ ਵੀ ਕੋਈ ਬਚਨ ਨਹੀਂ ਸੀ ਸੁਣਿਆ॥ ੪੨ ॥

ਦੁਰਿ ਦੁਰਿ ਮਿਲਹਿਂ ਕਰਹਿਂ ਗੁਰ ਬਾਤਿ। 'ਕਰਹਿ ਪਾਤ ਕੀ ਕਜਾ ਉਤਪਾਤਿ।
ਜਬਿ ਕੋ ਅੰਤਰਿ ਲੇ ਪਰਵੇਸ਼ਾ। ਕਿਮ ਕਲੇਸ਼ ਦੇ, ਸੁਨਜੋ ਨ ਲੇਸ਼ਾ ॥ ੪੩ ॥

ਛੁਪ ਛੁਪ ਕੇ ਮਿਲਦੇ ਸਨ ਤੇ ਗੁਰੂ ਜੀ ਬਾਰੇ ਗੱਲਾਂ ਕਰਦੇ ਸਨ, "ਇਹ ਪਾਪੀ ਕੀ ਉਪੱਦਰ ਕਰ ਰਿਹਾ ਹੈ। ਜਦੋਂ ਦਾ ਗੁਰੂ ਜੀ ਨੂੰ ਅੰਦਰ ਲੈ ਕੇ ਵੜਿਆ ਹੈ, ਉਨ੍ਹਾਂ ਨੂੰ ਕੀ ਕਸ਼ਟ ਦੇ ਰਿਹਾ ਹੈ, ਇਸ ਬਾਰੇ ਲੇਸ਼ ਮਾਤਰ ਵੀ ਪਤਾ ਨਹੀਂ॥ ੪੩ ॥

ਬਸ ਨਹਿਂ ਚਲਹਿ, ਜਤਨ ਕੁਛ ਹੋਇ ਨ। ਸ਼ਾਹੁ ਸਮੀਪੀ ਜੁਤਿ ਢਿਗ ਕੋਇ ਨ।
ਧ੍ਰਮਸਾਲਾ ਮਿਲਿ ਮਿਲਿ ਪਛੁਤਾਵੈਂ। ਨਹਿਂ ਦਿਨ ਮਹਿਂ ਬਿਵਹਾਰ ਚਲਾਵੈਂ ॥੪੪ ॥

ਕੋਈ ਵੱਸ ਚਲਦਾ ਨਹੀਂ ਸੀ ਤੇ ਕੋਈ ਯਤਨ ਹੋ ਨਹੀਂ ਸੀ ਰਿਹਾ। ਬਾਦਸ਼ਾਹ ਤੇ ਬਾਦਸ਼ਾਹ ਦਾ ਨਿਕਟਵਰਤੀ ਦੋਹਾਂ ਸਮੇਤ ਕੋਈ ਪਾਸ ਨਹੀਂ ਹੈ। ਧਰਮਸਾਲਾ ਵਿਚ ਮਿਲ ਮਿਲ ਕੇ ਪਛਤਾਉਂਦੇ ਸਨ, ਦਿਨ ਸਮੇਂ ਆਪਣੇ ਕਾਰੋਬਾਰ ਵੀ ਨਹੀਂ ਸਨ ਕਰਦੇ॥ ੪੪ ॥

Sri Satguru Jagjit Singh Ji eLlibrary NamdhariElibrary@gmail.com

ਖਾਨ ਪਾਨ ਰੁਚਿ ਤੇ ਨਹਿਂ ਕਰੇਂ। 'ਸਤਿਗੁਰੁ, ਪਾਪੀ ਕੇ ਬਸਿ ਪਰੇ।
ਚਿਰੰਕਾਲ ਕੋ ਦ੍ਵੈਸ਼ ਕਰੰਤਾ। ਨਿਕਟ ਮੁਗ਼ਲ ਚੁਗਲੀ ਉਗਲੰਤਾ॥ ੪੫॥

ਕੁਝ ਖਾਣ ਪੀਣ ਨੂੰ ਜੀਅ ਨਹੀਂ ਸੀ ਕਰਦਾ, "ਸਤਿਗੁਰੂ ਜੀ ਪਾਪੀ ਦੇ ਵੱਸ ਵਿਚ ਪੈ ਗਏ ਹਨ। ਕਾਫੀ ਲੰਮੇ ਸਮੇਂ ਤੋਂ ਈਰਖਾ ਕਰਦਾ ਸੀ ਤੇ ਮੁਗ਼ਲਾਂ ਦੇ ਪਾਸ ਰਹਿ ਕੇ ਚੁਗਲੀਆਂ ਕਰਦਾ ਸੀ॥ ੪੫॥

ਸਤਿਗੁਰ ਨਾਤਾ ਲੇਹਿਂ ਨ ਕਬੈ। ਇਹ ਮਨਵਾਵਤਿ ਲਖੀਯਤਿ ਅਬੈ।
ਹਠ ਕੋ ਤਜਾਗਹਿਂ ਲੇਹਿਂ ਸਗਾਈ। ਇਹੀ ਬਾਤ ਆਛੇ ਬਨਿ ਆਈ'॥ ੪੬॥

ਸਤਿਗੁਰੂ ਜੀ ਕਦੇ ਵੀ ਰਿਸ਼ਤਾ ਨਹੀਂ ਲੈਣਗੇ, ਜਾਪਦਾ ਹੈ, ਉਨ੍ਹਾਂ ਨੂੰ ਰਿਸ਼ਤਾ ਲੈਣ ਵਾਸਤੇ ਮੰਨਾ ਰਿਹਾ ਹੈ। ਹੱਠ ਨੂੰ ਛੱਡ ਕੇ ਸਗਾਈ ਲੈ ਲੈਣ, ਇਹੀ ਗੱਲ ਹੁਣ ਚੰਗੀ ਲੱਗਦੀ ਹੈ"॥ ੪੬॥

*ਚੌਥੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥*

## ਅਧਿਆਇ ਸੈਂਤੀਵਾਂ

*ਕਸ਼ਟ, ਸੱਚਖੰਡ ਗਵਨ*

ਦੋਹਰਾ- ਉਠਜੋ ਪ੍ਰਾਤ ਚੰਦੂ ਦੁਸ਼ਟ ਚਿਤਵਤਿ ਚਿਤ ਗੁਰ ਬਾਤਿ।
ਆਜ ਮਨਾਵੌਂ ਜਿਮ ਚਹੌਂ ਨਾਂਹਿ ਤ ਕਰਿਹੌਂ ਘਾਤਿ॥ ੧॥

ਜਦ ਸਵੇਰੇ ਚੰਦੂ ਉਠਿਆ ਤਾਂ ਦੁਸ਼ਟ ਆਪਣੇ ਚਿੱਤ ਵਿਚ ਗੁਰੂ ਜੀ ਬਾਰੇ ਹੀ ਸੋਚ ਰਿਹਾ ਸੀ। ਅੱਜ ਮੈਂ ਜਿਵੇਂ ਚਾਹੁੰਦਾ ਹਾਂ ਉਸ ਤਰ੍ਹਾਂ ਮੰਨਾ ਲਵਾਂਗਾ, ਨਹੀਂ ਤਾਂ ਉਨ੍ਹਾਂ ਦਾ ਘਾਤ ਕਰ ਦੇਵਾਂਗਾ॥ ੧॥

ਚੌਪਈ- ਅਤਿ ਪ੍ਰਿਯ ਧਰਮ ਰਿਦੇ ਜਿਸ ਕੇਰੇ। ਤਿਸ ਖੋਵਨਿ ਹਿਤ ਤ੍ਰਾਸ ਘਨੇਰੇ।
ਕਰੌਂ ਆਜ ਬਿਧਿ ਸੁਤਾ ਸਗਾਈ। ਕੈ ਗੋ ਚਰਮ ਦੇਉਂ ਮਢਵਾਈ॥੨॥

ਜਿਸ ਦੇ ਹਿਰਦੇ ਵਿਚ ਧਰਮ ਬਹੁਤ ਪਿਆਰਾ ਹੈ, ਉਸ ਨੂੰ ਖੋਹਣ ਦਾ ਬਹੁਤ ਵੱਡਾ ਡਰ ਹੈ। ਅੱਜ ਮੈਂ ਆਪਣੀ ਲੜਕੀ ਦੀ ਸਗਾਈ ਕਰਾਂਗਾ, ਨਹੀਂ ਤਾਂ ਗਊ ਦੇ ਚੰਮ ਵਿਚ ਮੜ੍ਹਵਾ ਦੇਵਾਂਗਾ॥ ੨॥

ਇਮ ਚਿਤਵਤਿ ਪਹੁਚਜੋ ਤਹਿਂ ਆਈ। ਬੈਠਜੋ ਦੁਸ਼ਟ ਕ੍ਰੋਧ ਉਪਜਾਈ।
ਨਿਕਟ ਗੁਰੂ ਕੇ ਬਾਕ ਬਖਾਨਾ। 'ਅਬਿ ਲੌ ਨਾਤਾ ਲਿਹੁ ਮਨ ਮਾਨਾ॥੩॥

ਇਸ ਤਰ੍ਹਾਂ ਸੋਚਦਾ ਓਥੇ ਆ ਗਿਆ ਤੇ ਦੁਸ਼ਟ ਬੜੇ ਗੁੱਸੇ ਵਿਚ ਭਰ ਕੇ ਗੁਰੂ ਜੀ ਦੇ ਪਾਸ ਬੈਠ ਗਿਆ। ਉਹ ਗੁਰੂ ਜੀ ਨੂੰ ਕਹਿਣ ਲੱਗਾ, "ਹੁਣ ਰਿਸ਼ਤਾ ਲੈ ਲਵੋ, ਤੇ ਮਨ ਵਿਚ ਮੰਨ ਜਾਵੋ॥ ੩॥

Sri Satguru Jagjit Singh Ji eLlibrary NamdhariElibrary@gmail.com

ਸਕਲ ਮੁਲਖ ਮਾਲਿਕ ਅਬਿ ਸ਼ਾਹੂ। ਤਿਸ ਦਿਵਾਨ ਮੈਂ, ਬੈਠਤਿ ਪਾਹੂ।
ਜਹਿਂ ਲਗਿ ਰਾਜ ਤੁਰਕ ਪਤਿ ਕੇਰਾ। ਤਹਿਂ ਲਗਿ ਹੁਕਮ ਚਲਤਿ ਹੈ ਮੇਰਾ ॥੪॥

ਬਾਦਸ਼ਾਹ ਸਾਰੇ ਮੁਲਕ ਦਾ ਮਾਲਕ ਹੈ, ਮੈਂ ਉਨ੍ਹਾਂ ਦਾ ਦੀਵਾਨ ਹਾਂ ਤੇ ਉਨ੍ਹਾਂ ਦੇ ਪਾਸ ਬੈਠਦਾ ਹਾਂ। ਜਦ ਤਕ ਤੁਰਕ ਦਾ ਰਾਜ ਰਹੇਗਾ ਤਦ ਤਕ ਮੇਰਾ ਹੁਕਮ ਚਲੇਗਾ॥ ੪॥

ਤ੍ਰਾਸ ਨ ਤਨਕ ਸੁ ਮਨ ਮਹਿਂ ਜਾਨਾ। ਕਰਜੋ ਅਨਾਦਰ ਰੰਕ ਸਮਾਨਾ।
ਸੋ ਫਲ ਅਬਿ ਲੇਵਹੁ ਦੁਖ ਘਨੇ। ਬਿਨਾ ਧਰਮ ਕਰਿ ਅਬਿ ਦਿਉਂ ਹਨੇ ॥੫॥

ਤੁਸੀਂ ਰਤਾ ਭਰ ਵੀ ਮੇਰਾ ਡਰ ਨਹੀਂ ਮੰਨਿਆ ਹੈ ਅਤੇ ਗਰੀਬਾਂ ਵਾਂਗ ਮੇਰਾ ਅਨਾਦਰ ਕੀਤਾ ਹੈ। ਉਸ ਦਾ ਫਲ ਹੁਣ ਵੱਡਾ ਦੁਖ ਬਰਦਾਸ਼ਤ ਕਰੋ। ਧਰਮ-ਰਹਿਤ ਕਰਕੇ ਹੁਣ ਮੈਂ ਮਾਰ ਦੇਵਾਂਗਾ॥ ੫॥

ਧੇਨੁ ਚਰਮ ਕੋ ਲੇਕਰਿ ਗੀਲਾ। ਲਪਟਾਵਹਿਂ ਜੇਤਿਕ ਤੁਵ ਡੀਲਾ।
ਪੁਨ ਆਤਪ ਮਹਿਂ ਦੇਉਂ ਬਿਠਾਇ। ਸੁਸਕਹਿ ਪ੍ਰਾਨ ਤੋਹਿ ਬਿਨਸਾਇ ॥੬॥

ਗਾਂ ਦਾ ਗਿੱਲਾ ਚੰਮ ਲੈ ਕੇ, ਉਸ ਵਿਚ ਤੁਹਾਡੇ ਸਰੀਰ ਨੂੰ ਮੜ੍ਹ ਦੇਵਾਂਗਾ। ਫਿਰ ਧੁਪ ਵਿਚ ਬਿਠਾ ਦੇਵਾਂਗਾ, ਚੰਮ ਸੁੱਕਣ ਨਾਲ ਤੁਹਾਡੇ ਪ੍ਰਾਣ ਨਿਕਲ ਜਾਣਗੇ॥ ੬॥

ਪੁਨਹ ਪਠੌਂ ਮੈਂ ਅਪਨ ਸਿਪਾਹੀ। ਘਰ ਕੋ ਲੂਟ ਲੇਹਿਂ ਧਨ ਪਾਹੀ।
ਗਹਿ ਲੈਹੈ ਤਬਿ ਨੰਦਨ ਤੇਰਾ। ਇਸੀ ਰੀਤਿ ਦੇ ਕਸ਼ਟ ਬਡੇਰਾ॥ ੭॥

ਫਿਰ ਮੈਂ ਆਪਣੇ ਸਿਪਾਹੀਆਂ ਨੂੰ ਭੇਜਾਂਗਾ, ਉਹ ਘਰ ਨੂੰ ਲੁੱਟ ਕੇ ਸਾਰਾ ਧਨ ਲੈ ਲੈਣਗੇ, ਫਿਰ ਮੈਂ ਤੁਹਾਡੇ ਪੁੱਤਰ ਨੂੰ ਫੜ ਲਵਾਂਗਾ, ਇਸੇ ਰੀਤੀ ਅਨੁਸਾਰ ਬਹੁਤ ਕਸ਼ਟ ਦੇਵਾਂਗਾ॥ ੭॥

ਕਰੌਂ ਘਾਤ ਨਹਿ ਜੀਵਤਿ ਛੋਰੈਂ। ਬਿਨਾ ਬੰਸ ਕਰਿਹੌਂ ਦੁਖ ਘੋਰੈਂ।
ਨਾਂਹਿਤ ਨਾਤਾ ਮਾਨੋ ਆਜਿ। ਬਚੈਂ ਪ੍ਰਾਨ ਸਭਿ ਸੁਧਰਹਿਂ ਕਾਜ॥ ੮॥

ਮਾਰ ਦੇਵਾਂਗਾ, ਜੀਉਂਦਾ ਨਹੀਂ ਛੱਡਾਂਗਾ, ਵੰਸ਼-ਰਹਿਤ ਕਰਕੇ ਬਹੁਤ ਦੁਖ ਦੇਵਾਂਗਾ। ਨਹੀਂ ਤਾਂ ਅੱਜ ਰਿਸ਼ਤਾ ਪ੍ਰਵਾਨ ਕਰ ਲਵੋ, ਪ੍ਰਾਣ ਬਚ ਜਾਣਗੇ ਤੇ ਸਾਰੇ ਕਾਰਜ ਸੁਧਰ ਜਾਣਗੇ॥ ੮॥

ਸੁਲਹੀ ਸੁਲਬੀ ਪ੍ਰਿਥੀਆ ਮਰਜੋ। ਕਰੇ ਜਤਨ ਤੂੰ ਹਾਥ ਨ ਪਰਜੋ।
ਚਹਤਿ ਗਏ ਮਰਿ, ਪੁਜੀ ਨ ਆਸਾ। ਮੈਂ ਅਬਿ ਕਰਿਹੌਂ ਤੋਰ ਬਿਨਾਸ਼ਾ ॥੯॥

ਸੁਲਹੀ, ਸੁਲਬੀ ਅਤੇ ਪ੍ਰਿਥੀਆ ਮਰ ਗਏ ਹਨ, ਬਹੁਤ ਯਤਨ ਕੀਤੇ ਪਰ ਤੁਸੀਂ ਹੱਥ ਨਹੀਂ ਸੀ ਆਏ। ਉਹ ਚਾਹੁੰਦੇ ਹੀ ਮਰੇ, ਪਰ ਉਨ੍ਹਾਂ ਦੀ ਆਸ ਪੂਰੀ ਨਾ ਹੋਈ। ਮੈਂ ਹੁਣ ਤੁਹਾਡਾ ਵਿਨਾਸ਼ ਕਰਾਂਗਾ॥ ੯॥

ਕਿਸ ਬਲ ਕੇ ਭਰੋਸ ਉਰ ਭੂਲਾ। ਮਮ ਸਮ ਬਲੀ ਕੇਰ ਪ੍ਰਤਿਕੂਲਾ।
ਕਹਿਬੋ ਅਹੈ ਸੁ ਕਹੁ ਅਬਿ ਸਮੋ। ਜਬਿ ਲਗਿ ਮੈਂ ਬੂਝਤਿ ਕਰਿ ਛਿਮੋ ॥੧੦॥

ਕਿਸ ਸ਼ਕਤੀ ਤੇ ਭਰੋਸਾ ਕਰਦਾ ਹੈਂ ਜਿਹੜਾ ਮੇਰੀ ਤਾਕਤ ਨੂੰ ਭੁਲਾ ਛੱਡਿਆ ਹੈ। ਮੇਰੇ ਜਿਹੇ ਸ਼ਕਤੀਸ਼ਾਲੀ ਦੇ ਉਲਟ ਹੋਇਆ ਹੈਂ। ਜੋ ਕਹਿਣਾ ਹੈ, ਹੁਣ ਕਹੋ ਵੇਲਾ ਹੈ। ਜਦ ਤਕ ਮੈਂ ਪੁੱਛਦਾ ਹਾਂ, ਮੈਂ ਮੁਆਫ ਕਰ ਸਕਦਾ ਹਾਂ'' ॥ ੧੦॥

ਸ੍ਰੀ ਅਰਜਨ ਸੁਨਿ ਕਰਿ ਸਭਿ ਸ੍ਰੌਨ। ਬੋਲੇ ਬਾਕ ਜਿਨਹੁ ਕਿਤ ਭੌ ਨ।
'ਅਬਿ ਹਮ ਰਾਵੀ ਚਹੈਂ ਸ਼ਨਾਨ। ਸੇਵਕ ਪੰਚ ਸੰਗ ਦਿਹੁ ਜਾਨਿ॥ ੧੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀਆਂ ਸਾਰੀਆਂ ਗੱਲਾਂ ਸੁਣੀਆਂ, ਫਿਰ ਗੁਰੂ ਜੀ ਜਿਹੜੇ ਕਿਸੇ ਪਾਸੋਂ ਨਹੀਂ ਡਰਦੇ ਸਨ, ਬੋਲੇ, "ਹੁਣ ਅਸੀਂ ਰਾਵੀ ਦੇ ਵਿਚ ਇਸ਼ਨਾਨ ਕਰਨਾ ਚਾਹੁੰਦੇ ਹਾਂ, ਮੇਰੇ ਪੰਜਾਂ ਸੇਵਕਾਂ ਨੂੰ ਮੇਰੇ ਨਾਲ ਜਾਣ ਦੇਵੋ॥ ੧੧॥

ਪੰਚ ਦਿਵਸ ਬੀਤੇ ਇਸ ਭਾਂਤੀ। ਦਈ ਸਜ਼ਾਇ ਅਗਨਿ ਸਮ ਤਾਤੀ।
ਪਾਵਨ ਤਨੇ ਪੁਨਹ ਜਿਮ ਕਰੈਂ। ਨਿਸ਼ਚਲ ਮਤਿ ਕਰਿ ਨਿਸ਼ਚੇ ਧਰੈਂ॥ ੧੨॥

ਪੰਜ ਦਿਨ ਇਸ ਤਰ੍ਹਾਂ ਬੀਤੇ ਹਨ, ਅੱਗ ਵਰਗੀ ਗਰਮ ਸਜ਼ਾ ਦਿੱਤੀ ਹੈ। ਪਾਣੀ ਵਿਚ ਪਵਿੱਤਰ ਹੋ ਕੇ ਫਿਰ ਜਿਵੇਂ ਕਰਾਂਗੇ, ਮੱਤ ਨਿਸ਼ਚਲ ਕਰਕੇ ਨਿਸ਼ਚਾ ਧਾਰਨ ਕਰਾਂਗੇ"॥ ੧੨॥

ਸੁਨਿ ਕਰਿ ਦੁਸ਼ਟ ਰਿਦੇ ਹਰਖਾਯੋ। ਧਰਮ ਬਿਨਾਸ਼ਨਿ ਤੇ ਡਰਪਾਯੋ।
ਅਖਿ ਇਹ ਮਾਨ ਲੇਇ ਹੈ ਨਾਤਾ। ਸੀਤਲ ਗਾਤ ਹੋਇ ਜਲ ਨਾਤਾ॥ ੧੩॥

ਇਹ ਸੁਣ ਕੇ ਦੁਸ਼ਟ ਬਹੁਤ ਪ੍ਰਸੰਨ ਹੋਇਆ, ਸੋਚਣ ਲੱਗਾ ਕਿ ਧਰਮ ਨਾਸ਼ ਕਰਨ ਦਾ ਚੰਗਾ ਡਰ ਪਾਇਆ ਹੈ। ਹੁਣ ਇਹ ਰਿਸ਼ਤਾ ਮੰਨ ਲੈਣਗੇ, ਜਦ ਸਰੀਰ ਪਾਣੀ ਵਿਚ ਠੰਡਾ ਹੋਵੇਗਾ॥ ੧੩॥

ਇਮ ਬਿਚਾਰ ਕਹਿ 'ਜਾਇ ਸ਼ਨਾਨਹੁ। ਬਚਹਿਂ ਪ੍ਰਾਨ ਕਹਿਬੋ ਮਨ ਮਾਨਹੁ'।
ਦਸਕ ਸਿਪਾਹੀ ਕਰਿ ਸਵਧਾਨੋ। 'ਖੜਗ ਸਿਪਰ ਗਹਿ ਸੰਗਿ ਪਿਆਨੋ॥ ੧੪॥

ਇਹ ਵਿਚਾਰ ਕੇ ਕਿਹਾ, "ਜਾਵੋ, ਇਸ਼ਨਾਨ ਕਰੋ, ਕਿਸੇ ਤਰ੍ਹਾਂ ਪ੍ਰਾਣ ਬਚ ਜਾਣ, ਮੇਰੀ ਗੱਲ ਮਨ ਵਿਚ ਮੰਨ ਲਵੋ।" ਦਸਾਂ ਸਿਪਾਹੀਆਂ ਨੂੰ ਉਸ ਸਾਵਧਾਨ ਕਰ ਦਿੱਤਾ। "ਤਲਵਾਰਾਂ ਤੇ ਢਾਲਾਂ ਨਾਲ ਲੈ ਕੇ ਜਾਵੋ॥ ੧੪॥

ਅਪਨੀ ਦ੍ਰਿਸ਼ਟਿ ਤਰੇ ਇਸ ਰਾਖਹੁ। ਵਹਿਰ ਕਿਸੂ ਢਿਗ ਕਛੂ ਨ ਭਾਖਹੁ।
ਇਤ ਉਤ ਦੂਰਿ ਨ ਜਾਨੇ ਦੇਹੁ। ਰਾਵੀ ਤੀਰ ਸਥਿਰਤਾ ਲੇਹੁ॥ ੧੫॥

ਇਨ੍ਹਾਂ ਨੂੰ ਆਪਣੀ ਨਜ਼ਰ ਹੇਠ ਰਖੋ, ਬਾਹਰ ਕਿਸੇ ਨਾਲ ਵੀ ਕੋਈ ਗੱਲ ਨਾ ਕਰਨ। ਏਧਰ ਓਧਰ ਕਿਤੇ ਦੂਰ ਨਾ ਜਾਣ ਦੇਵੋ। ਰਾਵੀ ਦੇ ਕਿਨਾਰੇ ਤੇ ਸਥਿਰ ਰਹੋ॥ ੧੫॥

ਅਪਰ ਗਰੀ ਤੇ ਕਹਿ ਹਟਕਾਵਹੁ। ਮੱਜਤਿ ਬੈਠਤਿ ਕੁਛੁ ਨ ਅਲਾਵਹੁ।
ਇਤ ਦਿਸ਼ਿ ਲਜਾਵਹੁ ਰਹਹੁ ਪਿਛਾਰੀ। ਸਿੱਖਨਿ ਜੁਤਿ ਇਸ ਰਖਹੁ ਅਗਾਰੀ'॥ ੧੬॥

ਹੋਰ ਕਿਸੇ ਗਲੀ ਵਿਚ ਜਾਣ ਤੋਂ ਰੋਕੋ, ਬੈਠ ਕੇ ਇਸ਼ਨਾਨ ਕਰਦਿਆਂ ਨੂੰ ਕੁਝ ਨਾ ਕਹੋ। ਇਸ ਪਾਸਿਓਂ ਲਿਆਵੋ ਤੇ ਪਿਛਾੜੀ ਰਹੋ, ਸਿੱਖਾਂ ਸਹਿਤ ਇਨ੍ਹਾਂ ਨੂੰ ਅੱਗੇ ਰੱਖੋ"॥ ੧੬॥

ਇਮ ਕਹਿ ਕੀਨਿ ਘਨੀ ਤਕਰਾਈ। ਸੁਨਿ ਖਲ ਤੇ ਚਲਿ ਪਰੇ ਗੁਸਾਈਂ।
ਪਰੇ ਫਲੂਹੇ ਸਰਬ ਸਰੀਰ। ਛਾਦਿ ਚਾਦਰੇ ਦੀਰਘ ਚੀਰ॥ ੧੭॥

ਇਸ ਤਰ੍ਹਾਂ ਕਹਿ ਕੇ ਬੜੀ ਤਕੜਾਈ ਕਰ ਦਿੱਤੀ। ਮੂਰਖ ਪਾਸੋਂ ਸੁਣ ਕੇ ਗੁਰੂ ਜੀ ਚਲ ਪਏ। ਸਾਰੇ ਸਰੀਰ ਤੇ ਫਲੂਹੇ ਨਿਕਲੇ ਹੋਏ ਸਨ। ਵੱਡੇ-ਵੱਡੇ ਜ਼ਖਮ ਚਾਦਰ ਦੇ ਹੇਠਾਂ ਢੱਕੇ ਹੋਏ ਸਨ॥ ੧੭॥

ਤਰੁਵਾ ਚਰਣ ਜਰੇ ਬ੍ਰਿਣ ਹੋਏ। ਸਨੈ ਸਨੈ ਧਰ ਪਰਿ ਧਰਿ ਜੋਏ।
ਨਿਕਟ ਪਿਰਾਣਾ ਸੇਵਕ ਹੇਰਾ। ਗਹਜੋ ਸਿਕੰਧ ਚਲੇ ਤਿਸ ਬੇਰਾ॥ ੧੮॥

ਚਰਨਾਂ ਦੀਆਂ ਤਲੀਆਂ ਸੜੀਆਂ ਹੋਈਆਂ ਸਨ। ਗੁਰੂ ਜੀ ਹੌਲੀ-ਹੌਲੀ ਧਰਤੀ ਤੇ ਪੈਰ ਰੱਖ ਕੇ ਜਾ ਰਹੇ ਸਨ। ਆਪਣੇ ਪਾਸ ਜਦ ਭਾਈ ਪਿਰਾਣੇ ਨੂੰ ਵੇਖਿਆ ਤਾਂ ਉਸ ਦਾ ਮੋਢਾ ਫੜ ਕੇ ਨਾਲ-ਨਾਲ ਚਲ ਪਏ॥ ੧੮॥

ਸਲਿਤਾ ਦਿਸਿ ਛੋਟੀ ਇਕ ਮੋਰੀ। ਗਮਨਤਿ ਨਿਕਸੇ ਗੁਰੁ ਤਿਸ ਓਰੀ।
ਕੋ ਕੋ ਨਰ ਪਿਖਿ ਠਾਨਤਿ ਨਮੋ। ਲਾਲ ਬਰਣ ਮੁਖ ਕੋ ਤਿਹ ਸਮੋ॥ ੧੯॥

ਨਦੀ ਦੇ ਕਿਨਾਰੇ ਇਕ ਮੋਰੀ ਸੀ, ਗੁਰੂ ਜੀ ਉਸ ਵਿਚ ਦਾਖਲ ਹੋ ਕੇ ਬਾਹਰ ਨਿਕਲੇ। ਕੋਈ-ਕੋਈ ਮਨੁੱਖ ਵੇਖ ਕੇ ਨਮਸਕਾਰ ਕਰਦਾ ਸੀ, ਉਸ ਸਮੇਂ ਮੂੰਹ ਤੇ ਲਾਲ ਛਾਲੇ ਪਏ ਹੋਏ ਸਨ॥ ੧੯॥

ਭੋਜਨ ਕਿਯੋ ਨ ਪੀਯੋ ਪਾਨੀ। ਦੁਰਬਲ ਤਨ ਸਜ਼ਾਇ ਖਲ ਠਾਨੀ।
ਹੇਰਿ ਹੇਰਿ ਨਰ ਉਰ ਬਿਸਮਾਵੈਂ। ਕਹਾ ਇਨ ਦਸ਼ਾ ਭਈ ਗੁਰੁ ਜਾਵੈਂ ? ॥੨੦॥

ਪੰਜਾਂ ਦਿਨਾਂ ਤੋਂ ਨਾ ਭੋਜਨ ਛਕਿਆ ਸੀ ਅਤੇ ਨਾ ਹੀ ਪਾਣੀ ਪੀਤਾ ਸੀ। ਸਰੀਰ ਬਿਲਕੁਲ ਦੁਰਬਲ ਹੋ ਗਿਆ ਸੀ, ਮੂਰਖ ਨੇ ਬਹੁਤ ਸਜ਼ਾ ਦਿੱਤੀ ਸੀ। ਮਨੁੱਖ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ, ਇਨ੍ਹਾਂ ਦੀ ਕੀ ਹਾਲਤ ਹੋ ਗਈ ਹੈ, ਗੁਰੂ ਜੀ ਜਾ ਰਹੇ ਹਨ ?॥ ੨੦॥

ਚਿਤ ਕੀ ਬ੍ਰਿੱਤਿ ਏਕ ਰਸ ਤੈਸੇ। ਨਿਜਾਨੰਦ ਮਹਿਂ ਪੂਰਬ ਜੈਸੇ।
ਤਨ ਪੀਰਾ ਤੇ ਡਿਗੀ ਨ ਸੋਈ। ਮੇਰੁ ਹਿਲਾਇ ਨ ਜਿਮ ਨਰ ਕੋਈ॥ ੨੧॥

ਪਰ ਚਿੱਤ ਦੀ ਬ੍ਰਿਤੀ ਇਕ ਰਸ ਸੀ, ਪਹਿਲਾਂ ਵਾਂਗ ਹੀ ਆਨੰਦਮਈ ਸਨ, ਤਨ ਦੀ ਪੀੜ ਹੋਣ ਨਾਲ ਡਾਵਾਂਡੋਲ ਨਹੀਂ ਸੀ ਹੋਈ। ਜਿਵੇਂ ਸੁਮੇਰ ਪਰਬਤ ਨੂੰ ਕੋਈ ਮਨੁੱਖ ਵੀ ਨਹੀਂ ਹਿਲਾ ਸਕਦਾ॥ ੨੧॥

ਸਨੈ ਸਨੈ ਰਾਵੀ ਕੇ ਤੀਰ। ਪਹੁਚੇ ਛੁਯੋ ਨੀਰ ਬਡ ਸੀਰ।
ਕਰ ਪੰਕਜ ਤੇ ਮੁਖ ਅਰਬਿੰਦ। ਕਰਜੋ ਪਖਾਰਨਿ ਧੀਰ ਮੁਕੰਦ॥ ੨੨॥

ਹੌਲੀ ਹੌਲੀ ਰਾਵੀ ਦੇ ਕਿਨਾਰੇ ਪਹੁੰਚ ਗਏ, ਜਦ ਪਾਣੀ ਨੂੰ ਜਾ ਕੇ ਛੂਹਿਆ ਤਾਂ ਉਹ ਬਹੁਤ ਠੰਡਾ ਸੀ। ਹੱਥਾਂ ਅਤੇ ਮੁਖੜੇ ਨੂੰ ਗੁਰੂ ਜੀ ਨੇ ਸਾਫ ਕੀਤਾ॥ ੨੨॥

ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ। ਮਹਾਂ ਉਸ਼ਨਤਾ ਜੋ ਤਪਤਾਯੋ।
ਗਹਿ ਪਦ ਪਦਮ ਲੰਙਾਹ ਪਖਾਰੇ। ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ॥ ੨੩॥

ਬਹੁਤ ਚੂਲੀਆਂ ਕਰਕੇ ਮੁਖੜੇ ਨੂੰ ਠੰਡਾ ਕੀਤਾ, ਜਿਹੜਾ ਬੜੀ ਗਰਮੀ ਕਾਰਨ ਤਪਿਆ ਹੋਇਆ ਸੀ। ਫਿਰ ਭਾਈ ਲੰਗਾਹ ਨੇ ਚਰਨ ਕੰਵਲ ਫੜ ਕੇ ਸਾਫ ਕੀਤੇ। ਗੁਰੂ ਜੀ ਨੇ ਫਿਰ ਜਲ ਵਿਚ ਪ੍ਰਵੇਸ਼ ਕਰਕੇ ਇਸ਼ਨਾਨ ਕੀਤਾ॥ ੨੩॥

ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ। ਦੇਹ ਅਛਾਦਨਿ ਪੁਨਹ ਕਿਯੋ ਹੈ।
ਜਪੁਜੀ ਪਾਠ ਕਰਤਿ ਉਰ ਪ੍ਰੇਮਾ। ਜੋ ਸਿੱਖਨਿ ਕੀ ਠਾਨਤਿ ਛੇਮਾ॥ ੨੪॥

ਫਿਰ ਬਾਹਰ ਨਿਕਲ ਕੇ ਖੁਸ਼ਕ ਕਪੜੇ ਨਾਲ ਸਰੀਰ ਨੂੰ ਸਾਫ ਕੀਤਾ। ਦਿਲ ਵਿਚ ਬੜਾ ਪ੍ਰੇਮ ਧਾਰ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਜਿਹੜਾ ਸਿੱਖਾਂ ਨੂੰ ਮੁਕਤੀ ਬਖਸ਼ਦਾ ਹੈ॥ ੨੪॥

ਪੁਨ ਪੰਚਹੁ ਸਿਖ ਕੀਨਿ ਸ਼ਨਾਨੇ। ਗੁਰੁ ਬਾਨੀ ਕੋ ਪਾਠ ਬਖਾਨੇ।
ਖਰੇ ਭਏ ਸਤਿਗੁਰੁ ਪਰਵਾਰ। ਜਪੁਜੀ ਪਾਠ ਸੁਨਜੋ ਨਿਰਧਾਰ॥ ੨੫॥

ਫਿਰ ਬਾਕੀ ਪੰਜਾਂ ਸਿੱਖਾਂ ਨੇ ਇਸ਼ਨਾਨ ਕੀਤਾ, ਗੁਰਬਾਣੀ ਦਾ ਪਾਠ ਕੀਤਾ। ਸਾਰੇ ਸਤਿਗੁਰੂ ਜੀ ਦੇ ਇਰਦ-ਗਿਰਦ ਖੜੇ ਹੋ ਗਏ। ਜਪੁਜੀ ਸਾਹਿਬ ਦਾ ਪਾਠ ਸੁਣਿਆ॥ ੨੫॥

ਭੋਗ ਪਾਇ ਕਰਿ ਸੀਸ ਨਿਵਾਯੋ। ਪੁਨ ਸਿੱਖਨਿ ਸਨਿ ਬਾਕ ਅਲਾਯੋ।
'ਅਬਿ ਹਮ ਚਹਿਂ ਪਰਲੋਕ ਪਿਆਨਾ। ਚਿਤ ਜਿਮ ਕਹਤਿ ਸਕਲ ਹਮ ਠਾਨਾ ॥੨੬॥

ਭੋਗ ਪਾ ਕੇ ਸਿਰ ਨਿਵਾਇਆ, ਫਿਰ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਹੁਣ ਅਸੀਂ ਪਰਲੋਕ ਜਾਣਾ ਚਾਹੁੰਦੇ ਹਾਂ, ਜਿਸ ਤਰ੍ਹਾਂ ਸਾਡਾ ਚਿੱਤ ਚਾਹੁੰਦਾ ਸੀ, ਅਸੀਂ ਉਸ ਤਰ੍ਹਾਂ ਕੀਤਾ ਹੈ॥ ੨੬॥

ਸ੍ਰੀ ਹਰਿ ਗੋਬਿੰਦ ਸੰਗ ਮਿਲੀਜੈ। ਹਮ ਦਿਸ਼ਿ ਤੇ ਬਹੁ ਧੀਰਜ ਦੀਜੈ।
ਕਰਹੁ ਨ ਸ਼ੋਕ ਗੁਬਿੰਦ ਗੁਨ ਗਾਵੋ। ਅਪਰ ਸਰਬ ਕੋ ਕਹੋ ਮਿਟਾਵੋ ॥ ੨੭॥

ਸ੍ਰੀ ਹਰਿਗੋਬਿੰਦ ਨੂੰ ਜਾ ਕੇ ਮਿਲੋ, ਸਾਡੇ ਵਲੋਂ ਉਨ੍ਹਾਂ ਨੂੰ ਬਹੁਤ ਧੀਰਜ ਦੇਵੋ, ਉਨ੍ਹਾਂ ਨੂੰ ਕਹੋ, ਦੁਖ ਨਾ ਮਨਾਉਣ, ਪ੍ਰਭੂ ਦੇ ਗੁਣ ਗਾਵੋ ਤੇ ਹੋਰਨਾਂ ਦੇ ਵੀ ਦੁੱਖਾਂ ਨੂੰ ਦੂਰ ਕਰੋ॥ ੨੭॥

ਸਾਯੁਧ ਹੋਇ ਤਖਤ ਪਰ ਰਾਜਹੁ। ਜਥਾ ਸ਼ਕਤਿ ਸੈਨਾ ਸੰਗ ਸਾਜਹੁ।
ਪ੍ਰਥਮ ਚੰਦੂ ਤੇ ਪਲਟਾ ਲੀਜਹਿ। ਹਤਹੁ ਕੁਮੌਤ ਮਹਾਂ ਦੁਖ ਦੀਜਹਿ ॥ ੨੮॥

ਹਥਿਆਰਬੰਦ ਹੋ ਕੇ ਤਖ਼ਤ ਤੇ ਬਿਰਾਜੋ। ਯਥਾ-ਸ਼ਕਤੀ ਅਨੁਸਾਰ ਸੈਨਾ ਰਖੋ। ਪਹਿਲਾਂ ਚੰਦੂ ਪਾਸੋਂ ਬਦਲਾ ਲਵੋ। ਮਾੜੀ ਮੌਤ ਵਾਲੇ ਨੂੰ ਮਹਾਨ ਦੁਖ ਦੇ ਕੇ ਮਾਰ ਦੇਵੋ॥ ੨੮॥

ਨੋਟ:- ਸਤਿਗੁਰੂ ਅਰਜਨ ਦੇਵ ਜੀ ਖਿਮਾਂ ਦੇ ਘਰ ਸਨ, ਬਦਲਾ ਲੈਣ ਦੇ ਸੰਕਲਪ ਨੂੰ ਉਹ ਨਹੀਂ ਸੀ ਮੰਨਦੇ।

ਸ੍ਰੀ ਗੁਰੁ ਅਮਰਦਾਸ ਕੀ ਅੰਸ। ਨਿਕਟ ਹਕਾਰੋ ਕੁਲ ਅਵਿਤੰਸ਼।
ਪ੍ਰਥਮ ਰੀਤਿ ਕਰਿ ਲੀਜਹਿ ਟੀਕਾ। ਸਕਲ ਬਡਿਨਿ ਸੰਗ ਕਹਿ ਬਚ ਨੀਕਾ ॥੨੯॥

ਸ੍ਰੀ ਗੁਰੂ ਅਮਰਦਾਸ ਜੀ ਦੀ ਸ਼੍ਰੋਮਣੀ ਅੰਸ਼ ਨੂੰ ਪਾਸ ਬੁਲਾਵੋ। ਪਹਿਲਾਂ ਰੀਤ ਅਨੁਸਾਰ ਤਿਲਕ ਲਵਾਓ। ਸਾਰੇ ਵੱਡਿਆਂ ਨਾਲ ਚੰਗੇ ਬਚਨ ਬੋਲੋ॥ ੨੯॥

ਬ੍ਰਿਧ ਆਦਿਕ ਸਿੱਖਨਿ ਸਨਮਾਨਹੁ। ਪੂਰਾ ਗੁਰੁਨਿ ਕੀ ਰੀਤਿ ਪ੍ਰਮਾਨਹੁ।
ਨਈ ਰੀਤਿ ਇਕ ਰਣ ਕੀ ਕੀਜਹਿ। ਅਪਰ ਪ੍ਰਥਮ ਸਮ ਗਤੀ ਚਲੀਜਹਿ ॥੩੦॥

ਬਾਬਾ ਬੁੱਢਾ ਜੀ ਆਦਿ ਸਿੱਖਾਂ ਦਾ ਸਨਮਾਨ ਕਰੋ, ਪੂਰੇ ਗੁਰੂ ਦੀ ਰੀਤੀ ਪ੍ਰਮਾਣਿਤ ਕਰੋ। ਨਵੀਂ ਰੀਤੀ ਇਕ ਯੁੱਧ ਦੀ ਚਲਾਵੋ, ਬਾਕੀ ਸਭ ਕੁਝ ਪਹਿਲੇ ਗੁਰੂ ਸਾਹਿਬਾਨ ਵਾਂਗ ਕਰੋ॥ ੩੦॥

ਦਾਹ ਦੇਹਿ ਨਹਿਂ ਕਰਿਹੁ ਹਮਾਰੀ। ਦਿਹੁ ਪ੍ਰਵਾਹ ਇਸ ਸਲਿਤਾ ਬਾਰੀ।
ਦਰਸ਼ਨ ਹਮਰੋ ਇਹ ਦਰਿਆਉ। ਉੱਤਰ ਦਿਸ਼ਿ ਸਿਰ ਦੱਛਣ ਪਾਉ' ॥ ੩੧॥

ਸਾਡੇ ਸਰੀਰ ਦਾ ਦਾਹ ਸੰਸਕਾਰ ਨਹੀਂ ਕਰਨਾ ਹੈ, ਇਸ ਨੂੰ ਨਦੀ ਦੇ ਪਾਣੀ ਵਿਚ ਪ੍ਰਵਾਹ ਕਰ ਦੇਣਾ ਹੈ। ਇਹ ਦਰਿਆ ਹੀ ਸਾਡੇ ਦਰਸ਼ਨ ਹਨ। ਉਤਰ ਵਾਲੇ ਪਾਸੇ ਸਾਡਾ ਸਿਰ ਹੋਵੇਗਾ ਤੇ ਦੱਖਣ ਵਾਲੇ ਪਾਸੇ ਚਰਨ ਹੋਣਗੇ' ॥ ੩੧॥

ਏਕ ਰਬਾਬੀ ਤਬਿ ਚਲਿ ਆਯੋ। ਹਾਥ ਦੁਤਾਰਾ ਗੁਰੁ ਦਰਸਾਯੋ।
ਕਹਜੋ ਤਾਂਹਿ ਕੋ 'ਕਿਰਤਨ ਕਰਹੁ। ਸਲਿਤਾ ਤੀਰ ਰੁਚਿਰ ਥਲ ਥਿਰਹੁ' ॥੩੨॥

ਫਿਰ ਇਕ ਰਬਾਬੀ ਚਲ ਕੇ ਆਇਆ। ਗੁਰੂ ਜੀ ਨੇ ਉਸ ਦੇ ਹੱਥ ਦੋਤਾਰਾ ਫੜਿਆ ਹੋਇਆ ਵੇਖਿਆ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਕੀਰਤਨ ਕਰੋ। ਨਦੀ ਦੇ ਕਿਨਾਰੇ ਸੁੰਦਰ ਥਾਂ ਵੇਖ ਕੇ ਬੈਠ ਜਾਵੋ॥ ੩੨॥

ਪ੍ਰਤਿਪਾਰਤਿ ਨਿਤ ਦੇਤਿ ਅਹਾਰਾ। ਹਮ ਸਭਿ ਭੁਗਤਹਿਂ ਭਾਗ ਤੁਹਾਰਾ'।
ਨਿਜ ਭਗਨੀ ਸਭਿ ਤੇ ਪਸਚਾਤੀ। ਰਾਜ ਕੁਇਰ ਬੋਲੀ ਇਸ ਭਾਂਤੀ॥ ੨੦॥

ਤੁਸੀਂ ਸਾਡੀ ਪ੍ਰਤੀਪਾਲਣਾ ਕਰਦੇ ਹੋ ਤੇ ਭੋਜਨ ਦਿੰਦੇ ਹੋ, ਅਸੀਂ ਸਾਰੀਆਂ ਤੁਹਾਡੇ ਹੀ ਭਾਗ ਖਾਂਦੀਆਂ ਹਾਂ।'' ਉਨ੍ਹਾਂ ਦੀ ਰਾਜ ਕੁਇਰ ਨਾਮੀਂ ਭੈਣ ਸਾਰਿਆਂ ਤੋਂ ਬਾਅਦ ਇਸ ਪ੍ਰਕਾਰ ਬੋਲੀ॥ ੨੦॥

'ਹੇ ਪਿਤ ਭਾਗ ਏਕ ਕੋ ਦੂਵਾ। ਭੁਗਤਹਿ, ਏਹ ਨਹੀਂ ਕਬਿ ਹੂਆ।
ਨਿਜ ਨਿਜ ਭਾਗ ਅਧਿਕ ਅਰੁ ਘਾਟ। ਭੋਗਤਿ ਜਗ ਮਹਿਂ ਰੰਕ ਸੁਰਾਟ' ॥੨੧॥

''ਹੇ ਪਿਤਾ ਜੀ ! ਇਕ ਦੇ ਭਾਗ ਦੂਸਰਾ ਭੁਗਤੇ, ਇਹ ਗੱਲ ਤਾਂ ਕਦੇ ਨਹੀਂ ਹੋਈ। ਆਪਣੇ-ਆਪਣੇ ਭਾਗ ਹਨ ਭਾਵੇਂ ਵੱਧ ਹਨ ਭਾਵੇਂ ਘੱਟ ਹਨ। ਰਾਜਾ ਅਤੇ ਗਰੀਬ ਜੱਗ ਵਿਚ ਆਪਣੇ-ਆਪਣੇ ਭਾਗ ਭੋਗਦੇ ਹਨ'' ॥ ੨੧॥

ਸੁਨਿ ਪਿਤ ਕ੍ਰੋਧ ਕਰਯੋ ਉਰ ਭਾਰੀ। ਸਭਿ ਕੇਂ ਸੁਨਿਤੇ ਗਿਰਾ ਉਚਾਰੀ।
'ਅਮੁਕ ਰੰਕ ਹਮ ਜਾਤਿ ਮਝਾਰੀ। ਤਿਸ ਕੇ ਪੁੱਤ੍ਰ ਕਸ਼ਟ ਤਨ ਭਾਰੀ॥ ੨੨॥

ਇਹ ਸੁਣ ਕੇ ਪਿਤਾ ਨੇ ਦਿਲ ਵਿਚ ਬਹੁਤ ਕ੍ਰੋਧ ਕੀਤਾ, ਸਾਰਿਆਂ ਦੇ ਸੁਣਦਿਆਂ ਉਸ ਕਿਹਾ, ''ਫਲਾਣਾ ਗਰੀਬ ਆਦਮੀ ਸਾਡੀ ਜਾਤੀ ਵਿਚੋਂ ਹੈ, ਉਸ ਦਾ ਪੁੱਤਰ ਭਾਰੀ ਦੁਖੀ ਹੈ॥ ੨੨॥

ਹਾਥ ਪਾਵ ਅੰਗੁਰੀ ਝਰਿ ਗਈ। ਅਸ ਕੋ ਮੈਂ ਜਬਿ ਤੁਹਿ ਦੇ ਦਈ।
ਅਪਨ ਭਾਗ ਤਬਿ ਭੁੰਚਨਿ ਕਰੀਅਹਿ। ਨਰਕ ਸਮਾਨ ਕਸ਼ਟ ਕੋ ਭਰੀਅਹਿ' ॥੨੩॥

ਕੋਹੜ ਹੋਣ ਕਰਕੇ ਹੱਥਾਂ ਪੈਰਾਂ ਦੀਆਂ ਉਂਗਲੀਆਂ ਝੜ ਗਈਆਂ ਹਨ। ਉਸ ਨੂੰ ਜਦ ਮੈਂ ਤੇਰਾ ਪਤੀ ਬਣਾ ਕੇ ਦੇ ਦੇਵਾਂਗਾ ਤਦ ਆਪਣੇ ਭਾਗਾਂ ਨੂੰ ਭੋਗਣਾ, ਨਰਕ ਵਾਂਗ ਦੁੱਖਾਂ ਵਿਚ ਪੈ ਜਾਵੇਂਗੀ'' ॥ ੨੩॥

ਸੁਨਿ ਕੰਨਜਾਂ ਨੇ ਪਿਤ ਕੀ ਬਾਨੀ। ਸੋਈ ਸੀਸ ਧਰੀ ਮਨ ਮਾਨੀ।
ਤਿਸ ਕੀ ਮਾਤ ਸੁ ਬਰਜਤਿ ਰਹੀ। ਤਊ ਪਿਤਾ ਨੇ ਰਿਸ ਕਰਿ ਕਹੀ॥ ੨੪॥

ਕੰਨਿਆਂ ਰਾਜ ਕੁਇਰ ਨੇ ਆਪਣੇ ਪਿਤਾ ਦੀ ਗੱਲ ਸੁਣ ਕੇ ਆਪਣੇ ਸਿਰ ਉਤੇ ਧਾਰਨ ਕਰਕੇ ਮਨ ਵਿਚ ਪਰਵਾਨ ਕਰ ਲਈ। ਉਸ ਦੀ ਮਾਤਾ ਰੋਕਦੀ ਰਹੀ, ਜਿਹੜੀ ਉਸਦੇ ਪਿਤਾ ਨੇ ਗੁੱਸੇ ਵਿਚ ਆ ਕੇ ਗੱਲ ਕਹੀ ਸੀ॥ ੨੪॥

'ਕਰਯੋ ਕੰਤ ਸੋ' ਨਿਸ਼ਚੇ ਠਾਨਾ। ਅਪਰ ਥਾਨ ਕੋ ਬਜਾਹੁ ਨ ਮਾਨਾ।
ਕਹਯੋ 'ਪ੍ਰਥਮ ਸੋਈ ਪਤਿ ਮੇਰਾ। ਤਥਾ ਭਾਗ ਮੈਂ ਅਪਨੋ ਹੇਰਾ' ॥ ੨੫॥

ਉਸ ਨਿਸ਼ਚੇ ਨਾਲ ਕਿਹਾ, ''ਮੈਂ ਉਸ ਨੂੰ ਹੁਣ ਆਪਣਾ ਪਤੀ ਮੰਨ ਲਿਆ ਹੈ,'' ਹੋਰ ਕਿਸੇ ਥਾਂ ਹੁਣ ਵਿਆਹ ਕਰਨਾ ਨਹੀਂ ਮੰਨਾਂਗੀ। ''ਜੋ ਤੁਸੀਂ ਪਹਿਲਾਂ ਕਿਹਾ ਹੈ, ਉਹੀ ਮੇਰਾ ਪਤੀ ਹੈ, ਉਸ ਨੂੰ ਮੈਂ ਆਪਣੇ ਭਾਗਾਂ ਵਿਚ ਜਾਣ ਲਿਆ ਹੈ'' ॥ ੨੫॥

ਰਹੇ ਹਟਾਇ ਲੋਕ ਮਿਲਿ ਘਨੇ। 'ਕੁਸ਼ਟੀ ਸੰਗ ਕਸ਼ਟ ਬਹੁ' ਭਨੇ।
ਰਹੇ ਫੇਰ, ਸੋ ਫਿਰੀ ਨ ਫੇਰੇ। ਫੇਰੇ ਫਿਰੀ ਸਾਥ ਤਿਸੁ ਕੇਰੇ॥ ੨੬॥

ਬਹੁਤ ਲੋਕ ਮਿਲ ਕੇ ਉਸ ਨੂੰ ਰੋਕਦੇ ਰਹੇ, ''ਕੋੜ੍ਹੀ ਨਾਲ ਰਹਿ ਕੇ ਬਹੁਤ ਦੁੱਖ ਪਾਵੇਂਗੀ। ਉਸ ਨੂੰ ਬਹੁਤ ਹਟਾ ਰਹੇ ਪਰ ਉਹ ਆਪਣੀ ਗੱਲ ਤੇ ਅੜੀ ਰਹੀ। ਉਸ ਦੇ ਨਾਲ ਹੀ ਫੇਰੇ ਲਏ ਭਾਵ ਵਿਆਹ ਕਰਵਾ ਲਿਆ॥ ੨੬॥

ਗੁਰੂ ਪਛਾਨੇ ਬੰਦਨ ਕੀਨਿ। ਗਾਵਨਿ ਲਗਯੋ ਸ਼ਬਦ ਰਸ ਭੀਨ।
ਬ੍ਰਹਮਾਦਿਕ ਲਖਿ ਕਰਿ ਗੁਰੁ ਤਯਾਰੀ। ਇੰਦ੍ਰਾਦਿਕ ਸੁਰ ਗੁਰ ਸੁਰ ਝਾਰੀ॥੩੩॥

ਰਬਾਬੀ ਨੇ ਗੁਰੂ ਜੀ ਨੂੰ ਪਛਾਣ ਕੇ ਬੰਦਨਾ ਕੀਤੀ ਤੇ ਰਸ-ਭਿੰਨਾ ਸ਼ਬਦ ਗਾਉਣ ਲੱਗਾ। ਬ੍ਰਹਮਾ ਆਦਿ ਨੇ ਜਦ ਵੇਖਿਆ ਕਿ ਗੁਰੂ ਜੀ ਨੇ ਪਰਲੋਕ ਜਾਣ ਦੀ ਤਿਆਰੀ ਕੀਤੀ ਹੈ, ਇੰਦਰ ਆਦਿ ਬ੍ਰਹਸਪਤ ਤੇ ਸਮੂਹ ਦੇਵਤੇ ਚੱਲ ਕੇ ਆਏ॥ ੩੩॥

ਬਿੱਦਜਾ ਧਰ ਉਤਲਾਵਤਿ ਆਏ। ਕਿੰਨਰ, ਜੱਛ, ਅਪੱਸਰਾ ਲਜਾਏ।
ਸਕਲ ਬਾਯੂ ਗਨ ਸਿੱਧ ਅਰੁ ਚਾਰਨ। ਨਭ ਥਿਤਿ 'ਜੈ ਜੈ' ਕਰਹਿਂ ਉਚਾਰਨਿ॥੩੪॥

ਵਿਦਿਆ ਧਰ ਆਦਿ ਦੇਵਤੇ ਵੀ ਬੜੇ ਉਤਾਵਲੇ ਹੋ ਕੇ ਆਏ, ਕਿੰਨਰ, ਜੱਛ ਅਤੇ ਅਪੱਛਰਾਂ ਵੀ ਆਈਆਂ। ਸਾਰੇ ਸਿੱਧ ਭੱਟ ਅਤੇ ਸਮੂਹ ਦੇਵਤੇ ਚਲ ਕੇ ਆਏ, ਉਹ ਅਕਾਸ਼ ਵਿਚ ਟਿਕ ਕੇ ਜੈ ਜੈ ਕਾਰ ਕਰ ਰਹੇ ਸਨ॥ ੩੪॥

ਭਯੋ ਬਿਵਾਨ ਸਹਤ ਅਸਮਾਨ। ਪਸਰੀ ਜਹਿਂ ਕਹਿਂ ਜੋਤਿ ਮਹਾਨ।
ਗੋਰਖਨਾਥ ਲੀਯੇ ਗਨ ਚੇਲਾ। ਪੀਰ ਅਜ਼ਮਤੀ ਮੇਲਿ ਸਕੇਲਾ॥ ੩੫॥

ਅਸਮਾਨ ਵਿਮਾਨਾਂ ਨਾਲ ਭਰ ਗਿਆ, ਜਿਥੇ-ਕਿਥੇ ਮਹਾਨ ਜੋਤ ਪਸਰ ਗਈ। ਗੋਰਖ ਨਾਥ ਵੀ ਆਪਣਿਆਂ ਚੇਲਿਆਂ ਨੂੰ ਨਾਲ ਲੈ ਕੇ ਆਇਆ। ਕਰਾਮਾਤੀ ਪੀਰਾਂ ਫਕੀਰਾਂ ਦਾ ਮੇਲਾ ਲੱਗ ਗਿਆ॥ ੩੫॥

ਗੁਪਤ ਆਇ ਸਭਿ ਮੰਗਲ ਕਰਹਿਂ। ਪਰਵਾਰਤਿ ਚਹੁਂ ਦਿਸ਼ਿ ਮਹਿਂ ਥਿਰਹਿ।
ਸਤਿਗੁਰੁ ਚਰਿਤ ਕਹੈ, ਕੋ ਸੁਨੈ। ਬਿਸਮਤਿ ਹੁਇ ਕਰਿ ਉਰ ਮਹਿਂ ਗੁਨੈ॥ ੩੬॥

ਗੁਪਤ ਲੋਕ ਦੇ ਵਾਸੀ ਵੀ ਆ ਕੇ ਅਨੰਦ-ਮੰਗਲ ਕਰਨ ਲੱਗੇ। ਸਾਰੇ ਚਾਰਾਂ ਦਿਸ਼ਾਂ ਵਿਚ ਸਥਿਰ ਹੋ ਗਏ। ਕਈ ਸਤਿਗੁਰੂ ਜੀ ਦੇ ਚਰਿੱਤਰ ਬਾਰੇ ਕਹਿੰਦੇ ਸਨ ਤੇ ਕਈ ਸੁਣਦੇ ਸਨ, ਬੜੇ ਹੈਰਾਨ ਹੋ ਕੇ ਹਿਰਦੇ ਵਿਚ ਗਿਣਤੀਆਂ ਕਰਦੇ ਸਨ॥ ੩੬॥

'ਇਨ ਸਮ ਧੀਰਜ ਧਰਨੀ ਮਾਂਹਿ। ਜਗ ਮਹਿਂ ਅਪਰ ਬਿਚਰੀਅਹਿ ਕਾਂਹਿ।
ਅਜਰ ਜਰਨਿ ਕੀ ਅਵਧਿ ਦਿਖਾਈ। ਅਛਤਿ ਸ਼ਕਤਿ ਅਤਿ,ਦੁਖ ਅਤਿ ਪਾਈ॥੩੭॥

"ਇਨ੍ਹਾਂ ਵਰਗਾ ਇਸ ਧਰਤੀ ਤੇ ਕੋਈ ਧੀਰਜਵਾਨ ਨਹੀਂ ਹੈ, ਜਗਤ ਵਿਚ ਹੋਰ ਕਿਸੇ ਦੀ ਕੀ ਵਿਚਾਰ ਕਰੀਏ ? ਨਾ ਜਰੇ ਜਾਣ ਨੂੰ ਜਰਨ ਦੀ ਇਨ੍ਹਾਂ ਹੱਦ ਵਿਖਾ ਦਿੱਤੀ ਹੈ। ਮਹਾਨ ਸ਼ਕਤੀ ਦੇ ਹੁੰਦਿਆਂ ਹੋਇਆਂ ਵੀ, ਏਨੇ ਦੁਖ ਪਾਏ ਹਨ॥ ੩੭॥

ਨਹਿਂ ਸੰਕਲਪ ਰਿਦੇ ਮਹਿਂ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ।
ਇਨ ਕੀ ਉਪਮਾ ਇਨ ਹੂੰ ਬਨੈ। ਸਹੀ ਸਜਾਇ ਨ ਆਨੀਮਨੈ' ॥ ੩੮॥

ਹਿਰਦੇ ਵਿਚ ਕੋਈ ਸੰਕਲਪ ਨਹੀਂ ਕੀਤਾ ਹੈ, ਦੋਖੀ ਨੂੰ ਸੁਖਹੀਣ ਕੀਤਾ ਹੈ। ਇਨ੍ਹਾਂ ਦੀ ਉਪਮਾ ਇਹਨਾਂ ਨੂੰ ਹੀ ਬਣ ਆਉਂਦੀ ਹੈ। ਸਹੀ ਸਜ਼ਾ ਇਨ੍ਹਾਂ ਮਨ ਵਿਚ ਲਿਆਂਦੀ ਨਹੀਂ ਹੈ" ॥ ੩੮॥

ਅਨਿਕ ਪ੍ਰਕਾਰ ਗਗਨ ਮਹਿਂ ਕਹੈਂ। ਅਬਿ ਆਵਹਿਂ ਸਗਰੈ ਚਿਤ ਚਹੈਂ।
ਸ੍ਰੀ ਸਤਿਗੁਰ ਤਬਿ ਕੁਸ਼ਾ ਮੰਗਾਈ। ਕਿਸ ਦਿਜ ਕੇ ਘਰ ਤੇ ਸਮੁਦਾਈ॥੩੯॥

ਅਨੇਕ ਪ੍ਰਕਾਰ ਆਕਾਸ਼ ਵਿਚ ਕਹਿ ਰਹੇ ਸਨ, ਹੁਣ ਆ ਜਾਣ, ਸਾਰਿਆਂ ਦੇ ਚਿਤ ਚਾਹੁੰਦੇ ਹਨ। ਗੁਰੂ ਜੀ ਨੇ ਫਿਰ ਕੁਸ਼ਾ ਮੰਗਵਾਈ, ਕਿਸੇ ਬ੍ਰਾਹਮਣ ਦੇ ਘਰ ਤੋਂ ਇਕੱਠੀ ਕੀਤੀ॥ ੩੯॥

ਆਸਤਰਨ ਅਵਿਨੀ ਪਰ ਕੀਨਾ। ਬਿਸਦ ਚਾਦਰਾ ਊਪਰ ਲੀਨਾ।
ਪੌਢਿ ਗਏ ਆਛਾਦਯੋ ਬਦਨ। ਗਮਨਿ ਕਰਨਿ ਬੈਕੁੰਠ ਨਿਜ ਸਦਨ॥ ੪੦॥

ਵਿਛਾਉਣਾ ਧਰਤੀ ਤੇ ਕੀਤਾ, ਵੱਡਾ ਚਾਦਰਾ ਉਪਰ ਲੈ ਲਿਆ। ਸਾਰਾ ਸਰੀਰ ਢੱਕ ਕੇ ਲੰਮੇ ਪੈ ਗਏ। ਬੈਕੁੰਠ ਵਿਚ ਆਪਣੇ ਘਰ ਵਿਚ ਜਾਣ ਲੱਗੇ ਸਨ॥ ੪੦॥

ਤਜਾਗ ਦੇਹਿ ਜਬਿ ਚਢੇ ਬਿਮਾਨਾ। ਹਨੇ ਡੰਕ ਸੁਰ ਬ੍ਰਿੰਦ ਨਿਸ਼ਾਨਾ।
ਮੰਜੁਲ ਫੂਲਨਿ ਅੰਜੁਲ ਡਾਰਹਿਂ। 'ਜੈ ਜੈ' ਏਕੋ ਬਾਰ ਉਚਾਰਹਿਂ॥ ੪੧॥

ਜਦ ਸਰੀਰ ਛੱਡ ਕੇ ਬਿਬਾਣ ਵਿਚ ਚੜ੍ਹ ਗਏ ਤਾਂ ਦੇਵਤਿਆਂ ਨੇ ਧੌਂਸਿਆਂ ਤੇ ਡੰਕੇ ਵਜਾਏ। ਦੇਵਤੇ ਚਿੱਟੇ ਫੁੱਲਾਂ ਦੇ ਬੁਕ ਭਰ ਭਰ ਸੁੱਟ ਰਹੇ ਸਨ ਅਤੇ ਇਕੋ ਵਾਰ ਜੈ ਜੈ ਦਾ ਉਚਾਰਨ ਕਰਦੇ ਸਨ॥ ੪੧॥

ਬਾਰ ਆਰਤੀ ਪੁੰਜ ਉਤਾਰਹਿਂ। ਧੂਪ ਧੁਖਾਵ ਸੁਗੰਧਿ ਬਿਥਾਰਹਿਂ।
ਅਤਿ ਉਤਸਵ ਕੋ ਸਗਰੇ ਧਾਰਹਿਂ। ਨਮਸਕਾਰ ਕਰ ਬੰਦਿ ਦਿਖਾਰਹਿਂ॥ ੪੨॥

ਸਾਰੇ ਧੂਪ ਧੁਖਾ ਕੇ ਅਤੇ ਸੁਗੰਧੀਆਂ ਖਿਲਾਰ ਕੇ ਆਰਤੀਆਂ ਉਤਾਰ ਰਹੇ ਸਨ। ਸਾਰਿਆਂ ਨੇ ਵੱਡਾ ਉਤਸਵ ਧਾਰਨ ਕੀਤਾ ਹੋਇਆ ਸੀ, ਨਮਸਕਾਰ ਕਰ ਕਰ ਬੰਦਨਾ ਕਰ ਰਹੇ ਸਨ॥ ੪੨॥

ਭਯੋ ਅਕਾਸ਼ ਅਰਣ ਹੀ ਬਰਣਾ। ਪਿਖਤਿ ਲੋਕ ਅਚਰਜ ਉਰ ਕਰਣਾ।
ਸਿਖ ਕੀ ਸੁਤਾ ਜਾਨਿ ਤਬਿ ਗਈ। ਤ੍ਰਿਣ ਸਮ ਤਨ ਪਰਹਰਿ ਸੰਗ ਭਈ॥੪੩॥

ਸਾਰਾ ਅਕਾਸ਼ ਲਾਲ ਰੰਗ ਦਾ ਹੋ ਗਿਆ ਸੀ, ਵੇਖ ਕੇ ਲੋਕ ਹੈਰਾਨ ਹੋ ਰਹੇ ਸਨ। ਚੰਦੂ ਦੀ ਨੂੰਹ ਸਿੱਖ ਦੀ ਪੁੱਤਰੀ ਨੂੰ ਵੀ ਪਤਾ ਲੱਗ ਗਿਆ। ਤੀਲੇ ਵਾਂਗ ਸਰੀਰ ਛੱਡ ਕੇ ਚਲੇ ਗਈ॥ ੪੩॥

ਘਰ ਮਹਿਂ ਪਰੀ ਨ ਕਿਨਹੂੰ ਜਾਨੀ। ਭਈ ਗੁਰੂ ਸੰਗ ਭਾਗ ਮਹਾਨੀ।
ਊਰਧ ਗੁਰੂ ਕੋ ਚਲਯੋ ਬਿਬਾਨਾ। ਗਨ ਦੇਵਨਿ ਕੋ ਸੰਗ ਪਯਾਨਾ॥ ੪੪॥

ਕਿਸੇ ਵੀ ਘਰ ਵਿਚ ਪਈ ਨਾ ਸਮਝੀ, ਵੱਡੇ ਭਾਗਾਂ ਵਾਲੀ ਗੁਰੂ ਜੀ ਦੇ ਨਾਲ ਹੀ ਚਲੇ ਗਈ। ਗੁਰੂ ਜੀ ਦਾ ਬਿਬਾਣ ਉਡ ਕੇ ਚਲੇ ਚਲਿਆ। ਸਮੂਹ ਦੇਵਤੇ ਨਾਲ ਜਾ ਰਹੇ ਸਨ॥ ੪੪॥

ਰਾਗਨਿ ਰਾਚਿ ਅਪਸਰਾ ਨਾਚਹਿ। ਚਲਹਿਂ ਅਗਾਰੀ ਕੌਤਕ ਮਾਚਹਿ।
ਜਹਿਂ ਲਗਿ ਜਿਸ ਕੀ ਸ਼ਕਤਿ ਪਯਾਨਨਿ। ਬਹੁਰ ਥਿਰਹਿਂ ਪਿਖਿ ਕਰਿ ਊਚਨਨ॥੪੫॥

ਰਾਗਾਂ ਨੂੰ ਰਚ ਕੇ ਅਪੱਛਰਾਂ ਨੱਚ ਰਹੀਆਂ ਸਨ। ਕੌਤਕ ਕਰਦੀਆਂ ਅੱਗੇ ਚਲ ਰਹੀਆਂ ਸਨ। ਜਿਥੋਂ ਤਕ ਕਿਸੇ ਵਿਚ ਜਾਣ ਦੀ ਸ਼ਕਤੀ ਸੀ, ਉਹ ਗੁਰੂ ਜੀ ਦੇ ਨਾਲ ਗਏ, ਫਿਰ ਉਚਾ ਮੁਖ ਵੇਖ ਕੇ ਖੜੇ ਹੋ ਜਾਂਦੇ ਸਨ॥ ੪੫॥

ਗੋਰਖ ਆਦਿ ਪੀਰ ਸਭਿ ਮੁਰੇ। ਬੰਦਨ ਕਰਿ ਕਰਿ ਨਿਜ ਥਲ ਥਿਰੇ।
ਇੰਦ੍ਰ ਆਦਿਕ ਪੁਨ ਬੰਦਨ ਧਾਰੀ। ਹਟੇ ਸੰਗਿ, ਗੁਰ ਚਲੇ ਅਗਾਰੀ॥ ੪੬॥

ਗੋਰਖ ਆਦਿ ਪੀਰ ਸਭ ਮੁੜ ਪਏ, ਬੰਦਨਾ ਕਰ-ਕਰ ਆਪਣੇ-ਆਪਣੇ ਸਥਾਨਾਂ ਤੇ ਖਲੋ ਗਏ। ਇੰਦਰ ਆਦਿ ਨੇ ਵੀ ਬੰਦਨਾ ਕੀਤੀ, ਉਹ ਪਿਛਾਂਹ ਮੁੜ ਗਏ ਤੇ ਗੁਰੂ ਜੀ ਅੱਗੇ ਚਲੇ ਗਏ॥ ੪੬॥

ਬ੍ਰਹਮ ਲੋਕ ਲਗਿ ਬ੍ਰਹਮਾ ਸਾਥ। ਪੁਨ ਆਗੇ ਗਮਨੇ ਗੁਰ ਨਾਥ।
ਅਪਨੇ ਸਦਨ ਬਿਕੁੰਠ ਪਹੂਚੇ। ਸਰਬ ਲੋਕ ਤੇ ਅਹੈ ਜੁ ਊਚੇ॥ ੪੭॥

ਬ੍ਰਹਮ ਲੋਕ ਤਕ ਬ੍ਰਹਮਾ ਨਾਲ ਗਿਆ, ਫਿਰ ਗੁਰੂ ਜੀ ਅੱਗੇ ਚਲੇ ਗਏ। ਬੈਕੁੰਠ ਵਿਚ ਆਪਣੇ ਘਰ ਚਲੇ ਗਏ, ਜਿਹੜਾ ਘਰ ਸਾਰੇ ਘਰਾਂ ਨਾਲੋਂ ਉੱਚਾ ਹੈ॥ ੪੭॥

ਕੇਤਿਕ ਦਿਨ ਸੁਰ ਗਨ ਬਚ ਕਹੈਂ। ਸਤਿਗੁਰ ਚਰਿਤ ਸੁ ਅਚਰਜ ਅਹੈਂ।
ਜਿਨ ਸਮਾਨਤਾ ਕਰਿਹੈ ਕੋਇ ਨ। ਭੂਤ ਨ ਭਯੋ ਭਵਿਖੱਜਤਿ ਹੋਇ ਨ॥੪੮॥

ਕਈਆਂ ਦਿਨਾਂ ਤਕ ਸਮੂਹ ਦੇਵਤੇ ਇਹ ਬਚਨ ਕਹਿੰਦੇ ਰਹੇ ਕਿ ਸਤਿਗੁਰ ਦਾ ਚਰਿਤਰ ਬੜਾ ਅਸਚਰਜ ਹੈ। ਉਨ੍ਹਾਂ ਦੀ ਸਮਾਨਤਾ ਕੋਈ ਨਹੀਂ ਕਰ ਸਕਦਾ। ਨਾ ਕੋਈ ਪਹਿਲਾਂ ਹੋਇਆ ਹੈ ਅਤੇ ਨਾ ਕੋਈ ਅੱਗੇ ਹੋਵੇਗਾ॥ ੪੮॥

*ਚੌਥੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

## *ਅਧਿਆਇ ਅਠੱਤੀਵਾਂ*

### *ਸੱਚਖੰਡ ਗਵਨ*

*ਦੋਹਰਾ-* ਪੰਚਹੁ ਸਿਖ ਪਰਵਾਰ ਕਰਿ ਸਤਿਗੁਰ ਤਨ ਤਿਸ ਕਾਲ।
ਮੰਦ ਮੰਦ ਰੋਦਤਿ ਅਧਿਕ ਸੰਕਟ ਪਾਇ ਕਰਾਲ॥ ੧॥

ਪੰਜੇ ਸਿੱਖ ਉਸ ਸਮੇਂ ਸਤਿਗੁਰੂ ਦੇ ਇਰਦ-ਗਿਰਦ ਖੜੇ ਹੋ ਗਏ, ਹੌਲੀ-ਹੌਲੀ ਰੋਂਦੇ ਸਨ, ਜਿਨ੍ਹਾਂ ਨੇ ਵੱਡਾ ਵਿਕਰਾਲ ਸੰਕਟ ਪਾਇਆ ਸੀ॥ ੧॥

*ਚੌਪਈ-* ਕਹਿ ਜੇਠਾ 'ਵਡਹੰਸਹਿ ਗਾਵੋ। ਗੁਰ ਪ੍ਰਲੋਕ ਭਾ ਸ਼ਬਦ ਸੁਨਾਵੋ'।
ਕਾਰਾਗ੍ਰਿਹ ਥਲ ਪਾਪੀ ਬੈਸੇ। ਕਰਤਿ ਪ੍ਰਤੀਖਨਿ ਆਇ ਨ ਕੈਸੇ?॥੨॥

ਭਾਈ ਜੇਠਾ ਕਹਿਣ ਲੱਗਾ, "ਵਡਹੰਸ ਰਾਗ ਗਾਵੋ, ਗੁਰੂ ਜੀ ਪਰਲੋਕ ਚਲੇ ਗਏ ਹਨ, ਸ਼ਬਦ ਸੁਣਾਵੋ।" ਪਾਪੀ ਚੰਦੂ ਕੈਦ ਵਾਲੀ ਥਾਂ 'ਤੇ ਬੈਠਾ ਸੀ, ਉਹ ਬੈਠਾ ਇੰਤਜ਼ਾਰ ਕਰ ਰਿਹਾ ਸੀ ਕਿ ਗੁਰੂ ਜੀ ਕਿਉਂ ਨਹੀਂ ਆਏ?॥ ੨॥

ਬਡੀ ਦੇਰ ਲਾਗੀ ਨਹਿਂ ਆਏ। ਕਹਾਂ ਭਈ ਗਤਿ? ਲਖੀ ਨ ਜਾਏ।
ਇਤਨੇ ਮਹਿਂ ਉਤਲਾਵਤਿ ਆਵਾ। ਸੇਵਕ ਸੰਗ ਕਿਤੇ ਕਰਿਲਾਵਾ॥੩॥

ਬਹੁਤ ਦੇਰ ਕਰ ਦਿੱਤੀ ਹੈ, ਆਏ ਨਹੀਂ ਹਨ, ਕੀ ਗਤੀ ਹੋ ਗਈ ਹੈ? ਕੋਈ ਸਮਝ ਨਹੀਂ ਆ ਰਿਹਾ। ਏਨੀ ਦੇਰ ਆਪ ਉਤਾਵਲਾ ਹੋ ਕੇ ਦਰਿਆ ਦੇ ਕਿਨਾਰੇ ਆ ਗਿਆ ਜਿਥੇ ਸੇਵਕ ਤੇ ਸੰਗੀ ਕੁਰਲਾ ਰਹੇ ਸਨ॥ ੩॥

ਤੂਰਨ ਆਇ ਤੀਰ ਪਰ ਹੇਰੇ। ਪਰੇ ਚਾਦਰੇ ਤਾਨਿ ਬਡੇਰੇ।
ਬਹੁ ਦਿਨ ਭਏ ਨ ਸੁਪਤਨਿ ਦੀਨਿ। ਪਿਖਿ ਅਵਸਰ ਕੋ ਨਿੰਦ੍ਰਾ ਲੀਨਿ ॥ ੪ ॥

ਫੌਰਨ ਆ ਕੇ ਦਰਿਆ ਦੇ ਕਿਨਾਰੇ ਤੇ ਵੇਖੇ, ਗੁਰੂ ਜੀ ਵੱਡੀ ਚਾਦਰ ਤਾਣ ਕੇ ਪਏ ਹੋਏ ਸਨ। ਕਈ ਦਿਨਾਂ ਤੋਂ ਸੁੱਤੇ ਨਹੀਂ ਸਨ, ਚੰਦੂ ਨੇ ਕਿਹਾ ਮੌਕਾ ਪਾ ਕੇ ਹੁਣ ਸੌਂ ਰਹੇ ਹਨ॥ ੪ ॥

ਅਬਿ ਸੂਧੋ ਭਾ ਮਾਨਹਿ ਨਾਤਾ। ਧਰਮ ਜਾਨਿ ਤੇ ਉਰ ਡਰਪਾਤਾ।
ਨਿਕਟਿ ਗਯੋ ਨਰ ਲੇ ਸਮੁਦਾਏ। ਸੁਪਤਿ ਜਾਨਿ ਕਰਿ ਦੁਸ਼ਟ ਅਲਾਏ ॥ ੫ ॥

ਹੁਣ ਦਸੋ ਨਾਤਾ ਮੰਨਦੇ ਹੋ ਕਿ ਨਹੀਂ, ਧਰਮ ਜਾਣ ਤੋਂ ਦਿਲ ਵਿਚ ਡਰ ਗਏ ਸੀ। ਸਾਰੇ ਮਨੁੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਪਾਸ ਗਿਆ। ਸੁੱਤੇ ਹੋਏ ਜਾਣ ਕੇ ਦੁਸ਼ਟ ਬੋਲਿਆ॥ ੫ ॥

'ਕਿਮ ਤੁਮ ਕੋ ਅਬਿ ਨਿੰਦ੍ਰਾ ਆਈ ?। ਹੁਇ ਨਿਚਿੰਤ ਸੋਯੋ ਸੁਖ ਪਾਈ।
ਸੁਤਾ ਕੁਮਾਰੀ ਮੈਂ ਨਿਤ ਹੇਰੇ। ਤਜੀ ਨੀਂਦ ਦਿਨ ਬਿਤੇ ਘਨੇਰੇ' ॥ ੬ ॥

"ਹੁਣ ਤੁਹਾਨੂੰ ਨੀਂਦ ਕਿਵੇਂ ਆ ਗਈ ਹੈ ? ਨਿਸ਼ਚਿੰਤ ਹੋ ਕੇ ਸੁਖ ਪਾ ਕੇ ਸੌਂ ਰਹੇ ਹੋ। ਮੈਂ ਆਪਣੀ ਕੰਵਾਰੀ ਪੁੱਤਰੀ ਨੂੰ ਨਿਤ ਵੇਖਦਾ ਹਾਂ, ਮੈਨੂੰ ਵੀ ਨੀਂਦ ਛੌੜਿਆਂ ਨੂੰ ਬਹੁਤ ਦਿਨ ਹੋ ਗਏ ਹਨ" ॥ ੬ ॥

ਤਬਿ ਬਿਧੀਏ ਬਹੁ ਰੋਇ ਸੁਨਾਯੋ। 'ਦੁਸ਼ਟ ਪਾਤਕੀ! ਪਾਪ ਕਮਾਯੋ।
ਤੁਵ ਸਿਰ ਚਢੇ ਦੋਸ਼ ਬਡ ਦੈ ਕੈ। ਗਏ ਪ੍ਰਲੋਕ ਦੇਹਿ ਤਜਿ ਕੈਕੈ ॥ ੭ ॥

ਫਿਰ ਬਿਧੀ ਚੰਦ ਨੇ ਬੜਾ ਰੋ ਕੇ ਸੁਣਾਇਆ, "ਹੇ ਦੁਸ਼ਟ ਪਾਪੀ ਤੂੰ ਬਹੁਤ ਪਾਪ ਕਮਾਇਆ ਹੈ। ਤੇਰੇ ਸਿਰ 'ਤੇ ਵੱਡਾ ਦੋਸ਼ ਚੜ੍ਹੇਗਾ। ਗੁਰੂ ਜੀ ਸਰੀਰ ਛੱਡ ਕੇ ਪਰਲੋਕ ਚਲੇ ਗਏ ਹਨ॥ ੭ ॥

ਕਰਿ ਕੂਰੋ ਮਾਰਹਿਂ ਹਤਿਆਰੇ। ਬਚਹਿਂ ਨਹੀਂ ਕਰਿ ਜਤਨ ਹਜ਼ਾਰੇ'।
ਕੁਛ ਡਰਪਤਿ ਉਰ ਮਹਿਂ ਬਿਸਮਾਯੋ। ਤਤਛਿਨ ਹਟਿ ਕਰਿ ਧਾਮ ਸਿਧਾਯੋ ॥ ੮ ॥

ਹਤਿਆਰਿਆ ਝੂਠ ਮੜ੍ਹ ਕੇ ਗੁਰੂ ਜੀ ਨੂੰ ਮਾਰ ਦਿੱਤਾ ਹੈ, ਹੁਣ ਤੂੰ ਵੀ ਨਹੀਂ ਬਚੇਂਗਾ, ਭਾਵੇਂ ਹਜ਼ਾਰਾਂ ਯਤਨ ਕਰ ਲੈ।" ਕੁਝ ਡਰ ਕੇ ਦਿਲ ਵਿਚ ਬੜਾ ਹੈਰਾਨ ਹੋਇਆ। ਤੁਰੰਤ ਪਿਛੇ ਮੁੜ ਕੇ ਆਪਣੇ ਘਰ ਚਲਾ ਗਿਆ॥ ੮ ॥

ਸਦਨ ਰੁਦਨ ਬਡ ਸੁਨਜੋ ਪੁਕਾਰਾ। ਚਕਿਤਿ ਚਿੱਤ ਹ੍ਵੈ ਤਬਹਿ ਉਚਾਰਾ।
'ਕਜਾ ਹੋਯਹੁ, ਕਜੋਂ ਕਰਹੁ ਬਿਲਾਪਾ ?। ਕੌਨ ਗਜਬ ਗੁਜ਼ਰਜੋ ਫਲ ਪਾਪਾ ?' ॥ ੯ ॥

ਘਰ ਵਿਚ ਵੀ ਰੋਣ ਕੁਰਲਾਉਣ ਦੀ ਬਹੁਤ ਆਵਾਜ਼ ਆਈ, ਚਿੱਤ ਵਿਚ ਹੈਰਾਨ ਹੋ ਕੇ ਬੋਲਿਆ, "ਕੀ ਹੋਇਆ ਹੈ, ਕਿਉਂ ਵਿਰਲਾਪ ਕਰਦੇ ਹੋ ? ਪਾਪਾਂ ਦੇ ਫਲ ਕਰਕੇ ਕੌਣ ਗੁਜ਼ਰ ਗਿਆ ਹੈ ?" ॥ ੯ ॥

ਸੇਵਕ ਆਨਿ ਕਹਜੋ ਤਤਕਾਲਾ। 'ਨੁਖਾ ਮ੍ਰਿਤੁ ਔਚਕ ਭਾ ਕਾਲਾ'।
ਅਨਿਕ ਤਰਕਨਾ ਸੁਨਤਿ ਬਿਚਾਰਹਿ। ਬਿਨਾ ਰੋਗ ਕਿਮ ਮਰੀ ? ਉਚਾਰਹਿ ॥ ੧੦ ॥

ਸੇਵਕ ਨੇ ਆ ਕੇ ਤੁਰੰਤ ਦੱਸਿਆ, "ਤੁਹਾਡੀ ਨੂੰਹ ਅਚਾਨਕ ਹੀ ਮਰ ਗਈ ਹੈ। ਅਨੇਕਾਂ ਤਰਕ ਸੁਣਦਾ ਤੇ ਵਿਚਾਰਦਾ ਸੀ ਬਿਨਾਂ ਰੋਗ ਤੋਂ ਕਿਵੇਂ ਮਰ ਗਈ ? ਬੋਲ ਰਿਹਾ ਸੀ॥ ੧੦ ॥

ਦੁਖੀ ਬਿਸੂਰਤਿ ਮੂਰਖ ਮਾਨੀ। ਮਨੋ ਕਸ਼ਟ ਕੀ ਉਪਜਿ ਨਿਸ਼ਾਨੀ।
ਮ੍ਰਿਤਕ ਕ੍ਰਿਯਾ ਕਰਿਵਾਵਤਿ ਭਏ। ਜਾਰਨਿ ਨਦੀ ਤੀਰ ਲੈ ਗਏ॥ ੧੧॥

ਦੁੱਖਾਂ ਨਾਲ ਝੂਰਦੀ ਹੋਈ ਨੂੰ ਮੂਰਖ ਮੰਨਿਆ, ਮਾਨੋ ਉਹ ਦੁੱਖਾਂ ਦੀ ਇਕ ਨਿਸ਼ਾਨੀ ਪੈਦਾ ਹੋਈ ਸੀ। ਮ੍ਰਿਤਕ ਸਰੀਰ ਦੀ ਕਿਰਿਆ ਕਰਵਾਈ ਅਤੇ ਦਾਹ ਸੰਸਕਾਰ ਕਰਨ ਵਾਸਤੇ ਦਰਿਆ ਦੇ ਕਿਨਾਰੇ ਲੈ ਗਏ॥ ੧੧॥

ਉਤ ਸਤਿਗੁਰੁ ਕੀ ਸੁਧਿ ਬਿਦਤਾਈ। ਪਰਜੋ ਰੌਰ ਪੁਰਿ ਨਰ ਸਮੁਦਾਈ।
'ਗ੍ਰਿਹ ਚੰਦੂ ਕੇ ਗੁਰ ਤਜਿ ਦੇਹਿ'। ਸੁਨਿ ਸੁਨਿ ਸਿਖ ਨਿਕਸੇ ਤਜਿ ਗ੍ਰੇਹ॥੧੨॥

ਓਧਰ ਸਤਿਗੁਰੂ ਦੇ ਪਰਲੋਕ ਗਮਨ ਦੀ ਖ਼ਬਰ ਸਾਰੇ ਫੈਲ ਗਈ। ਸਾਰੇ ਸ਼ਹਿਰ ਵਿਚ ਵੱਡਾ ਰੌਲਾ ਪੈ ਗਿਆ। ਕਹਿ ਰਹੇ ਸਨ, "ਚੰਦੂ ਦੇ ਘਰ ਗੁਰੂ ਜੀ ਸਰੀਰ ਛੱਡ ਗਏ ਹਨ।" ਸੁਣ ਸੁਣ ਕੇ ਸਿੱਖ ਆਪਣੇ ਘਰਾਂ ਵਿਚੋਂ ਬਾਹਰ ਨਿਕਲੇ॥ ੧੨॥

'ਨਦੀ ਤੀਰ ਸ਼੍ਰੀ ਗੁਰੁ ਅਬਿ ਅਹੈਂ'। ਧਾਇ ਧਾਇ ਮਾਨਵ ਗਨ ਲਹੈਂ।
ਤਜਿ ਤਜਿ ਕਾਜ ਬਨਕ ਬਿਵਹਾਰ। ਆਵਹਿਂ ਲਾਰਿ ਪਰੇ ਨਰ ਨਾਰਿ॥੧੩॥

"ਹੁਣ ਗੁਰੂ ਜੀ ਨਦੀ ਦੇ ਕਿਨਾਰੇ ਪਏ ਹਨ" ਭੱਜ ਭੱਜ ਕੇ ਮਨੁੱਖ ਆ ਰਹੇ ਸਨ। ਸਾਰੇ ਕਾਰਜ ਛੱਡ ਕੇ ਅਤੇ ਵਣਜ ਵਪਾਰ ਬੰਦ ਕਰਕੇ, ਲਾਇਨਾਂ ਬੰਨ੍ਹ ਕੇ ਆ ਰਹੇ ਸਨ॥ ੧੩॥

ਭਈ ਭੀਰ ਕੁਛ ਗਿਨੀ ਨ ਜਾਏ। ਕਿਤਿਕ ਸਮਿੱਗ੍ਰੀ ਲੇ ਕਰਿ ਆਏ।
ਅਤਰ ਫੂਲ ਅੰਬੀਰ ਗੁਲਾਲ। ਬਰਖਾਵਤਿ ਹੋਈ ਧਰ ਲਾਲ॥ ੧੪॥

ਏਨੀ ਭੀੜ ਇਕੱਠੀ ਹੋ ਗਈ ਕਿ ਗਿਣਤੀ ਨਹੀਂ ਸੀ ਹੋ ਸਕਦੀ। ਕਈ ਲੋਕ ਕਈ ਪ੍ਰਕਾਰ ਦੀ ਸਮੱਗਰੀ ਲੈ ਕੇ ਆਏ, ਅਤਰ ਫੁੱਲ ਅੰਬਰ ਗੁਲਾਬ ਆਦਿ ਦੀ ਵਰਖਾ ਕਰਕੇ ਧਰਤੀ ਲਾਲ ਕਰ ਦਿੱਤੀ॥ ੧੪॥

ਨਦੀ ਤੀਰ ਥਿਰ ਸਿਖ ਚਲਿ ਆਏ। ਬਿਧੀਚੰਦ ਆਦਿਕ ਦਰਸਾਏ।
ਬੂਝੀ ਸਰਬ ਬਾਰਤਾ ਗੁਰੁ ਕੀ। ਸਭਿ ਸੌਂ ਕਹੀ, ਕਹੀ ਜਿਮ ਉਰ ਕੀ॥ ੧੫॥

ਨਦੀ ਦੇ ਕਿਨਾਰੇ ਤੇ ਸਿੱਖ ਚਲ ਕੇ ਆ ਗਏ। ਬਿਧੀ ਚੰਦ ਆਦਿ ਨਜ਼ਰੀਂ ਪਏ। ਗੁਰੂ ਜੀ ਦੀ ਉਨ੍ਹਾਂ ਸਾਰੀ ਵਾਰਤਾ ਪੁੱਛੀ। ਬਿਧੀ ਚੰਦ ਨੇ ਉਹ ਸਾਰੀ ਵਾਰਤਾ ਸੁਣਾਈ, ਜਿਵੇਂ ਗੁਰੂ ਜੀ ਨੇ ਆਪਣੇ ਹਿਰਦੇ ਦੀ ਵਾਰਤਾ ਸੰਗਤ ਵਾਸਤੇ ਕਹੀ ਸੀ॥ ੧੫॥

'ਨਹੀਂ ਦੇਹਿ ਕੋ ਦਾਹ ਉਚਾਰਾ। ਕਰਹੁ ਪ੍ਰਵਾਹਨਿ ਬਾਰਿ ਮਝਾਰਾ।
ਮੇਰੋ ਦਰਸ਼ਨ ਇਹ ਦਰਿਆਉ। ਉੱਤਰ ਕੋ ਸਿਰ ਦੱਛਨ ਪਾਉਂ'॥ ੧੬॥

"ਦੇਹ ਦਾ ਸਸਕਾਰ ਕਰਨ ਵਾਸਤੇ ਨਹੀਂ ਕਿਹਾ ਹੈ, ਕਿਹਾ ਹੈ ਕਿ ਸਰੀਰ ਨੂੰ ਪਾਣੀ ਵਿਚ ਪ੍ਰਵਾਹ ਕਰ ਦੇਵੋ। ਮੇਰੇ ਦਰਸ਼ਨ ਇਸ ਦਰਿਆ ਨੂੰ ਵੇਖ ਕੇ ਹੋ ਜਾਣਗੇ। ਉਤਰ ਵਾਲੇ ਪਾਸੇ ਸਾਡਾ ਸਿਰ ਹੋਵੇਗਾ ਤੇ ਦੱਖਣ ਵਾਲੇ ਪਾਸੇ ਚਰਨ ਹੋਣਗੇ"॥ ੧੬॥

ਸੁਨਿ ਸਿਖ ਸਦਨ ਸਦਨ ਰੁਦਨਾਏ। ਦੌਰਿ ਦੌਰਿ ਮਿਲਿਕੈ ਸਮੁਦਾਏ।
'ਵਾਹਿਗੁਰੂ' ਸਭਿ ਬਦਨ ਕਹੰਤੇ। ਇਕਠੇ ਭਏ ਅਧਿਕ ਦੁਖਵੰਤੇ॥ ੧੭॥

ਸਿੱਖ ਸੁਣ ਕੇ ਘਰ-ਘਰ ਵਿਚ ਰੋਏ ਅਤੇ ਭੱਜ-ਭੱਜ ਕੇ ਮਿਲ ਰਹੇ ਸਨ। ਕਹਿੰਦੇ ਸਨ, 'ਵਾਹਿਗੁਰੂ' ਸਾਰਾ ਬਦਨ ਹੈ, ਇਕੱਠੇ ਹੋ ਕੇ ਬਹੁਤ ਦੁਖੀ ਹੋ ਰਹੇ ਸਨ॥ ੧੭॥

ਤਤਛਿਨਿ ਸੁੰਦਰ ਰਚਯੋ ਬਿਮਾਨਾ। ਸਿੱਖਨਿ ਖਰਚਯੋ ਦਰਬ ਮਹਾਨਾ।
'ਸਤਿਗੁਰ ਸੇਵ ਜਿ ਹੁਇ ਇਸ ਸਮੈ। ਬਡੇ ਭਾਗ ਤੇ ਪ੍ਰਾਪਤਿ ਹਮੈਂ॥ ੧੮॥

ਸਿੱਖ ਸੰਗਤ ਨੇ ਛੇਤੀ ਹੀ ਇਕ ਬਿਬਾਣ ਤਿਆਰ ਕੀਤਾ। ਸਿੱਖਾਂ ਨੇ ਬਹੁਤ ਧਨ ਖਰਚ ਕੀਤਾ। "ਸਤਿਗੁਰੂ ਦੀ ਇਸ ਸਮੇਂ ਜੋ ਸੇਵਾ ਕਰਾਂਗੇ, ਵੱਡੇ ਭਾਗਾਂ ਨਾਲ ਸਾਨੂੰ ਪ੍ਰਾਪਤ ਹੋਈ ਹੈ॥ ੧੮॥

ਫਲ ਅਤੋਟ ਹ੍ਵੈ ਕੌਨ ਸੁ ਜਾਨੈ'। ਮਿਲਹਿਂ ਪਰਸਪਰ ਏਵ ਬਖਾਨੈਂ।
ਜ਼ਰੀ ਬਾਦਲਾ ਰੇਸ਼ਮ ਚੀਰ। ਪਰਹਿਂ ਦੁਸ਼ਾਲੇ ਮੋਲ ਗਹੀਰ॥ ੧੯॥

ਇਸ ਦਾ ਅਤੁਟ ਫਲ ਪ੍ਰਾਪਤ ਹੋਵੇਗਾ, ਕੌਣ ਜਾਣਦਾ ਹੈ।" ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਸਨ। ਜਰੀ ਅਤੇ ਰੇਸ਼ਮ ਦੇ ਕਪੜੇ ਪਹਿਨਾਏ ਗਏ, ਬੜੇ ਮਹਿੰਗੇ ਦੁਸ਼ਾਲੇ ਉਤੇ ਦਿੱਤੇ ਗਏ॥ ੧੯॥

ਸੇਤ ਬਸਤ੍ਰ ਮਸਰੂ ਬਿਧਿ ਘਨੇ। ਊਪਰ ਪਾਇ ਸ਼ੋਕ ਮਨ ਸਨੇ।
ਸੰਖ ਬ੍ਰਿੰਦ ਭਰਿ ਫੂਕ ਬਜਾਏ। 'ਸ੍ਰੀ ਗੁਰੁ ਕੀ ਜੈ' ਊਚ ਸੁਨਾਏ॥ ੨੦॥

ਰੇਸ਼ਮ ਅਤੇ ਸੂਤ ਨੂੰ ਰਲਾ ਕੇ ਧਾਰੀਦਾਰ ਬਸਤਰ ਬਣਾਏ ਗਏ, ਗੁਰੂ ਜੀ ਦੇ ਉਪਰ ਪਾ ਕੇ ਮਨ ਵਿਚ ਬਹੁਤ ਦੁਖੀ ਹੋਏ। ਬਹੁਤ ਸੰਖ ਇਕੱਠੇ ਕਰਕੇ ਵਜਾਏ ਗਏ ਅਤੇ "ਸ੍ਰੀ ਗੁਰੂ ਜੀ ਦੀ ਜੈ" ਬੜੀ ਉੱਚੀ ਆਵਾਜ਼ ਵਿਚ ਬੁਲਾਈ ਗਈ॥ ੨੦॥

ਚਾਮਰ ਚਾਰੁ ਚਾਰ ਦਿਸ ਫੇਰੇ। ਫੂਲ ਮਾਲ ਲਰਕਾਇ ਘਨੇਰੇ।
ਚੰਦਨ ਚਰਚਹਿਂ ਧੂਪ ਧੁਖਾਵਹਿਂ। ਕਰ ਜੋਰਹਿਂ ਉਰ ਪ੍ਰੇਮ ਵਧਾਵਹਿਂ॥ ੨੧॥

ਚੌਰ ਚਾਰ ਚੁਫੇਰੇ ਫਿਰ ਰਿਹਾ ਸੀ। ਫੁੱਲਾਂ ਦੇ ਬਹੁਤ ਹਾਰ ਬਿਬਾਣ ਦੇ ਨਾਲ ਲਟਕਾਏ ਗਏ ਸਨ। ਚੰਦਨ, ਕੇਸਰ ਅਤੇ ਧੂਪ ਧੁਖਾਉਂਦੇ ਸਨ। ਹੱਥ ਜੋੜ ਕੇ ਦਿਲ ਵਿਚ ਬਹੁਤ ਪ੍ਰੇਮ ਵਧਾਉਂਦੇ ਸਨ॥ ੨੧॥

ਸਨੈ ਸਨੈ ਚੰਦੂ ਖਲ ਨਿੰਦਹਿਂ। 'ਗੁਰ ਹੱਤਜਾਰਾ ਦੋਖੀ' ਬਿੰਦਹਿਂ।
ਦਰਬ ਗੁਰੂ ਪਰ ਅੱਗ੍ਰ ਬਗਾਵੈਂ। ਲੋਕ ਹਜ਼ਾਰਹੁਂ ਬੀਨਤਿ ਜਾਵੈਂ॥ ੨੨॥

ਹੌਲੀ-ਹੌਲੀ ਮੂਰਖ ਚੰਦੂ ਦੀ ਨਿੰਦਿਆ ਕਰਦੇ ਸਨ, 'ਦੋਖੀ, ਗੁਰੂ ਹਤਿਆਰਾ' ਕਹਿੰਦੇ ਸਨ। ਗੁਰੂ ਜੀ ਦੇ ਉਤੋਂ ਦੀ ਬਹੁਤ ਧਨ ਅੱਗੇ ਵੱਲ ਸੁੱਟਦੇ ਸਨ, ਹਜ਼ਾਰਾਂ ਗਰੀਬ ਧਨ ਨੂੰ ਚੁਣਦੇ ਜਾਂਦੇ ਸਨ॥ ੨੨॥

ਕੇਤਿਕ ਜਪੁਜੀ ਪਾਠ ਪਠੰਤੇ। ਕੇਤਿਕ 'ਗੁਰੂ ਗੁਰੂ' ਸਿਮਰੰਤੇ।
ਕਿਤਿਕ ਸ੍ਵਾਸ ਲੇ ਸ਼ੋਕ ਵਧਾਵੈਂ। ਕਿਤਿਕ ਸਰਾਹੈਂ 'ਸ਼ੀਲ ਸੁਹਾਵੈਂ'॥ ੨੩॥

ਕਈ ਜਪੁਜੀ ਦਾ ਪਾਠ ਪੜ੍ਹਦੇ ਸਨ, ਕਈ 'ਗੁਰੂ ਗੁਰੂ' ਸਿਮਰ ਰਹੇ ਸਨ। ਕਈ ਲੰਮੇ ਸਾਹ ਲੈ ਕੇ ਦੁਖ ਵਧਾਉਂਦੇ ਸਨ, ਕਈ ਸ਼ਲਾਘਾ ਕਰਦੇ ਸਨ ਕਿ "ਗੁਰੂ ਜੀ ਦਾ ਸੁਸ਼ੀਲ ਸੁਭਾਅ ਸੀ"॥ ੨੩॥

ਕਿਤਿਕ ਨਿਕਾਰਤਿ ਖਲ ਕੋ ਗਾਰੀ। 'ਤੁਰਕ ਰਾਜ ਕੀ ਜਰਾਂ ਉਖਾਰੀ'॥
ਲੇ ਰਾਵੀ ਕੇ ਗਏ ਪ੍ਰਵਾਹੂ। ਜਹਿਂ ਜਲ ਚਲਤਿ ਕਲਤ ਬਲ ਮਾਹੂ॥ ੨੪॥

ਕਈ ਮੂਰਖ ਚੰਦੂ ਨੂੰ ਗਾਲ੍ਹਾਂ ਕੱਢਦੇ ਸਨ, "ਤੁਰਕ ਰਾਜ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਹਨ।" ਗੁਰੂ ਜੀ ਦਾ ਬਿਬਾਣ ਲੈ ਕੇ ਰਾਵੀ ਦਰਿਆ ਦੇ ਪ੍ਰਵਾਹ ਵੱਲ ਚਲੇ ਗਏ, ਜਿਥੇ ਜਲ ਬੜੀ ਤੇਜ਼ ਰਫਤਾਰ ਨਾਲ ਚਲ ਰਿਹਾ ਸੀ॥ ੨੪॥

ਬਿਧੀਆ, ਜੇਠਾ, ਲੰਙ, ਪਿਰਾਣਾ। ਇਨ ਸਮ ਜਿਸ ਬਿਧਿ ਅੰਤਿ ਵਖਾਣਾ।
ਤਿਸ ਬਿਧਿ ਕਰਤਿ ਬੇਗ ਮਹਿਂ ਗਏ। ਕੰਧ ਬਿਮਾਨ ਉਤਾਰਤਿ ਭਏ॥ ੨੫॥

ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹ ਅਤੇ ਭਾਈ ਪਿਰਾਣਾ, ਜਿਨ੍ਹਾਂ ਨਾਲ ਗੁਰੂ ਜੀ ਨੇ ਆਪਣੇ ਅੰਤ ਸਮੇਂ ਕਿਰਿਆ ਕਰਨ ਵਾਸਤੇ ਕਿਹਾ ਸੀ, ਉਸ ਤਰ੍ਹਾਂ ਹੀ ਕਰਦੇ ਉਹ ਜਲ ਦੇ ਤੇਜ਼ ਪ੍ਰਵਾਹ ਵਿਚ ਚਲੇ ਗਏ ਅਤੇ ਬਿਬਾਣ ਨੂੰ ਆਪਣੇ ਮੋਢਿਆਂ ਤੋਂ ਥੱਲੇ ਲਾਹਿਆ॥ ੨੫॥

ਜਲ ਮੈਂ ਇਸਥਿਤ ਜਬਿ ਕਰਿ ਦੀਨਿ। ਜਲਪਤਿ ਬਰਣ ਆਇ ਤਬਿ ਲੀਨਿ।
ਸਭਿ ਬਿਧਿ ਸੌਂ ਪੂਜਨਿ ਕਰਿ ਆਛੇ। ਜਲ ਸਰੂਪ ਕਰਿ ਦੀਨਿਸਿ ਪਾਛੇ॥੨੬॥

ਜਦ ਬਿਬਾਣ ਨੂੰ ਜਲ ਉਤੇ ਸਥਿਤ ਕਰ ਦਿੱਤਾ ਤਾਂ ਜਲ ਦੇ ਦੇਵਤੇ ਵਰਣ ਨੇ ਗੁਰੂ ਜੀ ਦੇ ਸਰੀਰ ਨੂੰ ਚੁੱਕ ਲਿਆ। ਉਸ ਨੇ ਸਭ ਪ੍ਰਕਾਰ ਪੂਜਾ ਕਰਕੇ ਫਿਰ ਗੁਰੂ ਜੀ ਦੇ ਸਰੂਪ ਨੂੰ ਜਲ ਰੂਪ ਹੀ ਕਰ ਦਿੱਤਾ॥ ੨੬॥

ਨਿਕਸੇ ਸਿਖ ਸਲਿਤਾ ਤੇ ਬਾਹਰਿ। ਸਿੱਖ ਸੈਂਕਰੇ ਹੇਰਹਿਂ ਜ਼ਾਹਰਿ।
ਨਹੀਂ ਬਹੁਰ ਕੁਛ ਦਈ ਦਿਖਾਈ। ਜਲ ਸਰੂਪ ਤਨ ਹ੍ਵੈ ਸੁਖਦਾਈ॥ ੨੭॥

ਸਿੱਖ ਫਿਰ ਨਦੀ ਵਿਚੋਂ ਬਾਹਰ ਆ ਗਏ, ਸੈਂਕੜੇ ਸਿੱਖ ਪ੍ਰਗਟ ਰੂਪ ਵਿਚ ਵੇਖ ਰਹੇ ਸਨ। ਫਿਰ ਕੁਝ ਵੀ ਦਿਖਾਈ ਨਾ ਦਿੱਤਾ। ਸੁੱਖਾਂ ਦੇ ਦਾਤੇ ਗੁਰੂ ਜੀ ਦਾ ਸਰੂਪ ਜਲ ਰੂਪ ਹੀ ਹੋ ਗਿਆ॥ ੨੭॥

ਰਘੁਬਰੁ ਰਾਮਚੰਦ ਮਾਨਿੰਦੇ। ਪ੍ਰਵਿਸ਼ੇ ਸਰਿਜੂ ਨੀਰ ਬਿਲੰਦੇ।
ਬਹੁਰ ਨਹੀਂ ਨਿਜ ਦੇਹ ਦਿਖਾਈ। ਜਲ ਸਰੂਪ ਹ੍ਵੈਗੇ ਤਿਸ ਥਾਈਂ॥ ੨੮॥

ਰਘੁਬੀਰ ਵੰਸ਼ ਦੇ ਰਾਮ ਚੰਦਰ ਵਾਂਗ ਸਰਜੂ ਨਦੀ ਵਿਚ ਪ੍ਰਵੇਸ਼ ਕਰ ਗਏ। ਬਾਅਦ ਵਿਚ ਫਿਰ ਦੇਹ ਦਿਖਾਈ ਨਾ ਦਿੱਤੀ, ਉਥੇ ਹੀ ਜਲ ਸਰੂਪ ਹੋ ਗਏ॥ ੨੮॥

ਬਿਸਮਤਿ ਭਏ ਬਿਲੋਕ ਨਿਹਾਰੇ। ਸਭਿ ਸੌਂ ਜੇਠੇ ਬਾਕ ਉਚਾਰੇ।
'ਅੰਤ ਸਮੇਂ ਗੁਰ ਗਏ ਬਤਾਇ। ਜਲ ਪ੍ਰਵਾਹ ਮੋਂ ਦੇਹੁ ਟਿਕਾਇ'॥ ੨੯॥

ਸਿੱਖ ਵੇਖ ਕੇ ਬਹੁਤ ਹੈਰਾਨ ਹੋਏ, ਫਿਰ ਭਾਈ ਜੇਠੇ ਨੇ ਸਾਰਿਆਂ ਨੂੰ ਕਿਹਾ, "ਅੰਤ ਸਮੇਂ ਗੁਰੂ ਜੀ ਦੱਸ ਗਏ ਸਨ ਕਿ ਮੇਰੇ ਸਰੀਰ ਨੂੰ ਜਲ ਪ੍ਰਵਾਹ ਕਰ ਦੇਣਾ"॥ ੨੯॥

ਨਰ ਨਾਰਿਨਿ ਕੀ ਭੀਰ ਉਦਾਰ। ਹਟਿ ਆਏ ਪੁਨ ਨਗਰ ਮਝਾਰ।
ਧ੍ਰਮਸਾਲਾ ਥਿਤਿ ਭੇ ਸਮੁਦਾਈ। ਰੁਦਤਿ ਬਿਲੋਚਨ ਅੱਸ਼੍ਰ ਬਹਾਈ॥ ੩੦॥

ਇਸਤਰੀ ਪੁਰਸ਼ਾਂ ਦੀ ਬਹੁਤ ਵੱਡੀ ਭੀੜ ਲੱਗੀ ਹੋਈ ਸੀ, ਸਾਰੇ ਵਾਪਸ ਨਗਰ ਵਿਚ ਆ ਗਏ। ਸਾਰੇ ਲੋਕ ਇਕ ਧਰਮਸ਼ਾਲਾ ਵਿਚ ਇਕੱਠੇ ਹੋਏ। ਸਾਰੇ ਰੋ ਰਹੇ ਸਨ ਤੇ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ॥ ੩੦॥

ਸਾਥ ਰਬਾਬੀ ਲਿਏ ਦੁਤਾਰਾ। ਕਿਰਤਨ ਸਭਿ ਕੇ ਅੱਗ੍ਰ ਉਚਾਰਾ।
ਦਰਬਾਦਿਕ ਵਸਤੂਗਨ ਸੰਗਤਿ। ਦਿਯੋ ਬਹੁਤ ਪੁਨ ਰਹਜੋ ਨ ਮੰਗਤਿ॥ ੩੧॥

ਆਪਣੇ ਨਾਲ ਇਕ ਰਬਾਬੀ ਨੂੰ ਦੁਤਾਰੇ ਸਮੇਤ ਲੈ ਲਿਆ। ਰਬਾਬੀ ਨੇ ਸਾਰਿਆਂ ਦੇ ਸਾਹਮਣੇ ਕੀਰਤਨ ਕੀਤਾ। ਸਾਰੀ ਸੰਗਤ ਨੇ ਬਹੁਤ ਧਨ ਅਤੇ ਹੋਰ ਵਸਤਾਂ ਰਬਾਬੀ ਨੂੰ ਦਿੱਤੀਆਂ, ਜਿਸ ਨਾਲ ਉਸ ਦੀ ਭੁੱਖ ਜਾਂਦੀ ਰਹੀ ਤੇ ਮੁੜ ਕੇ ਮੰਗਣ ਦੀ ਲੋੜ ਨਾ ਰਹੀ॥ ੩੧॥

ਤਿਸ ਦਿਨ ਰਹਤਿ ਭਏ ਧ੍ਰਮਸਾਲਾ। ਪੰਚਹੁੰ ਸਿੱਖਨਿ ਸ਼ੋਕ ਬਿਸਾਲਾ।
ਤਿਸ ਦਿਨ ਕਿਨਹੁੰ ਨ ਭੋਜਨ ਕੀਨਿ। ਮੁਰਝਾਵਤਿ ਬੈਠੇ ਮਨ ਦੀਨ॥ ੩੨॥

ਉਸ ਦਿਨ ਸਾਰੇ ਧਰਮਸ਼ਾਲਾ ਵਿਚ ਹੀ ਰਹੇ, ਪੰਜਾਂ ਸਿੱਖਾਂ ਨੂੰ ਬਹੁਤ ਦੁੱਖ ਸੀ। ਉਸ ਦਿਨ ਕਿਸੇ ਵੀ ਭੋਜਨ ਨਾ ਖਾਧਾ। ਮਨਾਂ ਵਿਚ ਦੀਨ ਹੋ ਕੇ ਮੁਰਝਾਏ ਹੋਏ ਬੈਠੇ ਰਹੇ॥ ੩੨॥

ਬਿਨੁ ਮਹਿਪਾਲ ਚਮੂੰ ਜਿਮ ਦੀਨਾ। ਦੂਲਹੁ ਬਿਨੁ ਬਰਾਤ ਜਿਮ ਹੀਨਾ।
ਜਥਾ ਜਾਮਨੀ ਚੰਦੂ ਬਿਹੀਨਾ। ਗੁਰੁ ਬਿਨੁ ਸੰਗਤਿ ਤਥਾ ਮਲੀਨਾ॥ ੩੩॥

ਜਿਵੇਂ ਮਹਾਰਾਜੇ ਤੋਂ ਬਗੈਰ ਸੈਨਾ ਦੀਨ ਹੋ ਜਾਂਦੀ ਹੈ, ਜਿਵੇਂ ਲਾੜੇ ਤੋਂ ਬਿਨਾਂ ਬਰਾਤ ਹੀਨੀ ਹੋ ਜਾਂਦੀ ਹੈ, ਜਿਵੇਂ ਰਾਤ ਚੰਦ ਤੋਂ ਬਗੈਰ ਹੋਵੇ, ਗੁਰੂ ਤੋਂ ਬਗੈਰ ਸੰਗਤ ਇਸ ਤਰ੍ਹਾਂ ਮਲੀਨ ਹੋ ਗਈ ਸੀ॥ ੩੩॥

ਬਿਨਾ ਨਰੇਸ਼ੁਰ ਪ੍ਰਜਾ ਦੁਖਾਰੀ। ਪਤਿ ਬਿਹੀਨ ਜਿਮ ਪਤਿਬ੍ਰਤਿ ਨਾਰੀ।
ਜਿਮ ਜਨ ਗ੍ਰਾਮ ਪੰਚ ਬਿਨ ਦੀਨਾ। ਗੁਰੁ ਬਿਨੁ ਸੰਗਤਿ ਤਥਾ ਮਲੀਨਾ॥ ੩੪॥

ਜਿਵੇਂ ਰਾਜੇ ਤੋਂ ਬਗੈਰ ਪਰਜਾ ਦੁਖੀ ਹੋ ਜਾਂਦੀ ਹੈ, ਜਿਵੇਂ ਪਤੀ ਤੋਂ ਬਗੈਰ ਪਤੀਬ੍ਰਤਾ ਨਾਰੀ ਹੋ ਜਾਂਦੀ ਹੈ। ਜਿਵੇਂ ਪਿੰਡ ਦੇ ਲੋਕ ਸਰਪੰਚ ਤੋਂ ਬਗੈਰ ਦੀਨ ਹੋ ਜਾਂਦੇ ਹਨ। ਗੁਰੂ ਬਗੈਰ ਸੰਗਤ ਇਸ ਤਰ੍ਹਾਂ ਮਲੀਨ ਹੋ ਗਈ ਸੀ॥ ੩੪॥

ਸਰਬ ਜਾਮਨੀ ਸੋਚਿਤਿ ਬੀਤੀ। ਚਿਤਵਤਿ ਸ਼੍ਰੀ ਅਰਜਨ ਪਦ ਪ੍ਰੀਤੀ।
ਅਸ਼ਟ ਜਾਮ ਜੋ ਦਰਸਤਿ ਰਹੈਂ। ਬਿਨਾ ਪਿਖੇ ਸ਼ਾਂਤੀ ਕਜੋਂ ਲਹੈਂ॥ ੩੫॥

ਸਾਰੀ ਰਾਤ ਸੋਚਦਿਆਂ ਬੀਤ ਗਈ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨਾਂ ਨਾਲ ਪ੍ਰੀਤ ਨੂੰ ਯਾਦ ਕਰਦੇ ਸਨ, ਅੱਠੇ ਪਹਿਰ ਜਿਹੜੇ ਦਰਸ਼ਨ ਕਰਦੇ ਰਹਿੰਦੇ ਸਨ, ਉਹ ਦਰਸ਼ਨਾਂ ਤੋਂ ਬਗੈਰ ਕਿਵੇਂ ਸ਼ਾਂਤੀ ਪਾ ਸਕਦੇ ਸਨ॥ ੩੫॥

ਨੀਠ ਨੀਠ ਅਵਿਲੋਕ ਪ੍ਰਭਾਤਿ। ਸ਼ੋਕ ਅਧਿਕ ਤੇ ਬਿਤਹਿ ਨ ਰਾਤਿ।
ਰਾਵੀ ਮਹਿਂ ਕਰਿ ਕੈ ਇਸ਼ਨਾਨ। ਨਮੋ ਕਰੀ ਸਤਿਗੁਰੁ ਕੇ ਥਾਨ॥ ੩੬॥

ਮਸਾਂ-ਮਸਾਂ ਸਵੇਰ ਵੇਖੀ, ਬਹੁਤ ਦੁਖ ਹੋਣ ਕਰਕੇ ਰਾਤ ਬੀਤਦੀ ਨਹੀਂ ਸੀ। ਸਾਰਿਆਂ ਨੇ ਰਾਵੀ ਦਰਿਆ ਵਿਚ ਇਸ਼ਨਾਨ ਕੀਤਾ ਤੇ ਸਤਿਗੁਰੂ ਦੇ ਸਥਾਨ ਨੂੰ ਨਮਸਕਾਰ ਕੀਤੀ॥ ੩੬॥

ਸੁਧਾ ਸਰੋਵਰ ਦਿਸ਼ਾ ਸਿਧਾਰੇ। ਮਨਹੁ ਕਰਤਿ ਰਣ ਹਾਰਿ ਪਧਾਰੇ।
ਸਭਿ ਪੂੰਜੀ ਜਨੁ ਬਨਕ ਗਵਾਈ। ਕੈ ਬਨ ਮੈਂ ਸਭਿ ਵਸਤੁ ਲੁਟਾਈ॥ ੩੭॥

ਫਿਰ ਅੰਮ੍ਰਿਤਸਰ ਵੱਲ ਚੱਲ ਪਏ, ਮਾਨੋਂ ਮੈਦਾਨਿ-ਜੰਗ ਵਿਚ ਹਾਰ ਕੇ ਆ ਰਹੇ ਹੋਣ। ਜਿਵੇਂ ਬਾਣੀਏ ਨੇ ਸਾਰੀ ਪੂੰਜੀ ਗਵਾ ਲਈ ਹੋਵੇ। ਜਿਵੇਂ ਜੰਗਲ ਵਿਚ ਸਾਰੀਆਂ ਵਸਤਾਂ ਲੁਟਾ ਲਈਆਂ ਹੋਣ॥ ੩੭॥

ਰਿਦੇ ਬਿਚਾਰਤਿ ਮਾਤਾ ਪਾਸ। ਕਰਹਿ ਸੂਲ ਸਮ ਬਾਕ ਪ੍ਰਕਾਸ਼।
ਜਿਸ ਕੋ ਸੁਨਤਿ ਗਿਰਹਿ ਬਿਕੁਲਾਏ। ਧਿਕ ਬੋਲਨ ਹਮਰੋ ਤਿਸ ਭਾਏ॥ ੩੮॥

ਹਿਰਦੇ ਵਿਚ ਸੋਚਦੇ ਜਾਂਦੇ ਸਨ ਕਿ ਜਦ ਮਾਤਾ ਗੰਗਾ ਪਾਸ ਜਾ ਕੇ ਦੱਸਾਂਗੇ ਤੇ ਉਨ੍ਹਾਂ ਦੇ ਹਿਰਦੇ ਵਿਚ ਸਾਡੇ ਸ਼ਬਦ ਸੂਲੀ ਵਾਂਗ ਵੱਜਣਗੇ। ਜਿਸ ਨੂੰ ਸੁਣ ਕੇ ਉਹ ਵਿਆਕੁਲ ਹੋ ਕੇ ਡਿੱਗ ਪਵੇਗੀ, ਸਾਡਾ ਅਜਿਹਾ ਬੋਲਣਾ ਹੀ ਧਿਰਕਾਰ ਹੈ॥ ੩੮॥

Sri Satguru Jagjit Singh Ji eLlibrary NamdhariElibrary@gmail.com

ਹਰਿਗੋਵਿੰਦ ਬਾਲਤਨ ਬੈਸਾ। ਹਮ ਤੇ ਸੁਨਹਿਂ ਬਾਕ ਜਬਿ ਐਸਾ।
ਦੁਖੀ ਹੋਇ ਬਹੁ ਰੁਦਤਿ ਪੁਕਾਰੈਂ। 'ਕਹਾਂ ਤਜੇ ਪਿਤ ਗੁਰੂ ?' ਉਚਾਰੈਂ॥ ੩੯॥

ਸ੍ਰੀ ਹਰਿਗੋਬਿੰਦ ਦੀ ਹਾਲੇ ਬਾਲਕਾਂ ਵਰਗੀ ਉਮਰ ਹੈ, ਉਹ ਸਾਡੇ ਪਾਸੋਂ ਜਦ ਅਜਿਹੇ ਸ਼ਬਦ ਸੁਣਨਗੇ, ਦੁਖੀ ਹੋ ਕੇ ਬਹੁਤ ਰੋਵੇਗਾ। ਉਹ ਕਹੇਗਾ, ਮੇਰੇ ਗੁਰੂ ਪਿਤਾ ਜੀ ਨੂੰ ਕਿਥੇ ਛੱਡ ਆਏ ਹੋ ?" ॥ ੩੯॥

ਕਜਾ ਹਮ ਕਹੈਂ 'ਜਿਯਤਿ ਚਲਿ ਆਏ'। ਦਸ਼ਾ ਦੇਖਿ ਅਸ ਦੁਖ ਨਹਿਂ ਪਾਏ।
ਕਰਦਮ ਰਿਦਾ ਨ ਖਿਦਰਜੋ ਤਬਿਹੂੰ। ਜਲ ਗੁਰ ਪ੍ਰੀਤਮ ਬਿਛੁਰੇ ਜਬਿਹੂੰ॥੪੦॥

ਕੀ ਅਸੀਂ ਕਹਾਂਗੇ, "ਅਸੀਂ ਜੀਉਂਦੇ ਚਲ ਕੇ ਆ ਗਏ ਹਾਂ", ਅਜਿਹੀ ਦਸ਼ਾ ਵੇਖ ਕੇ ਦੁੱਖ ਨਹੀਂ ਪਾਇਆ ਹੈ, ਚਿੱਕੜ ਰੂਪ ਸਾਡਾ ਹਿਰਦਾ ਪਾਟ ਕਿਉਂ ਨਾ ਗਿਆ, ਜਦ ਗੁਰੂ ਜੀ ਜਲ ਵਿਚ ਵਹਿ ਕੇ ਸਾਥੋਂ ਵਿਛੜ ਗਏ ਸਨ॥ ੪੦॥

ਹਮ ਤੇ ਆਛੇ ਬਨ ਕੇ ਹਰਣ। ਸੁਨਤਿ ਨਾਦ ਕੋ ਗਿਨਹਿ ਨ ਮਰਣ।
ਤ੍ਰਿਗਦ ਜੋਨ ਕਜਾ ਕੀਟ ਪਤੰਗਾ। ਪ੍ਰੀਤਮ ਹਿਤ ਜਾਰਤਿ ਨਿਜ ਅੰਗਾ॥੪੧॥

ਸਾਡੇ ਨਾਲੋਂ ਤਾਂ ਜੰਗਲ ਦੇ ਹਿਰਨ ਹੀ ਚੰਗੇ ਹਨ ਜਿਹੜੇ ਕਿ ਘੰਟੀ ਦੇ ਨਾਦ ਨੂੰ ਸੁਣ ਕੇ, ਮੌਤ ਨੂੰ ਕੁਝ ਨਹੀਂ ਗਿਣਦੇ। ਜਿਹੜੀਆਂ ਟੇਢੀਆਂ-ਮੇਢੀਆਂ ਜੂਨਾਂ ਹਨ, ਜਿਵੇਂ ਕੀੜੇ ਪਤੰਗੇ ਆਦਿ, ਉਹ ਆਪਣੇ ਪ੍ਰੀਤਮ ਲਈ ਅੰਗਾਂ ਨੂੰ ਸਾੜ ਲੈਂਦੇ ਹਨ॥ ੪੧॥

ਨੀਰ ਬਿਰਹਿ ਤੇ ਮੀਨ ਨਿਹਾਰੋ। ਦੇਤਿ ਪ੍ਰਾਨ ਨਹਿਂ ਕਰਹਿ ਅਵਾਰੋ।
ਭ੍ਰਮਰ ਤਜਹਿ ਨਹਿਂ ਗੰਧ ਸੁਭਾਊ। ਪੁਸ਼ਪ ਕੇਤਿਕੀ ਬੇਧਤਿ ਜਾਊ॥ ੪੨॥

ਮੱਛੀ ਪਾਣੀ ਤੋਂ ਬਗੈਰ ਨਹੀਂ ਰਹਿ ਸਕਦੀ, ਜਦ ਵੀ ਪਾਣੀ ਨੂੰ ਛੱਡਦੀ ਹੈ, ਤਾਂ ਉਸੇ ਵੇਲੇ ਪ੍ਰਾਣ ਦੇ ਦਿੰਦੀ ਹੈ, ਥੋੜ੍ਹੀ ਜਿਹੀ ਵੀ ਦੇਰ ਨਹੀਂ ਲਾਉਂਦੀ। ਭੌਰਾ ਆਪਣਾ ਸੁਗੰਧੀ ਵਾਲਾ ਸੁਭਾਅ ਨਹੀਂ ਛੱਡਦਾ, ਕੇਤਕੀ ਫੁੱਲ ਤੇ ਵਿੰਨ੍ਹਿਆ ਜਾਂਦਾ ਹੈ॥ ੪੨॥

ਹਮ ਪੰਚਹੁਂ ਤੇ ਪੰਚਹੁਂ ਜੀਵ। ਉੱਤਮ ਪ੍ਰੇਮ ਨਿਬਾਹ ਸਦੀਵ।
ਪ੍ਰਥਮ ਦੇਖਿ ਕਰਿ ਦੁਖ ਗੁਰ ਕੇਰੇ। ਅਬਿ ਗੁਰ ਪਤਨੀ ਸੁਤ ਦੁਖ ਹੇਰੇ॥੪੩॥

ਅਸੀਂ ਪੰਜੇ ਦੇ ਪੰਜੇ ਜੀਉਂਦੇ ਹਾਂ। ਸਦਾ ਹੀ ਉੱਤਮ ਪ੍ਰੇਮ ਨਿਬਾਹਿਆ ਹੈ। ਪਹਿਲਾਂ ਗੁਰੂ ਜੀ ਨੂੰ ਤਸੀਹੇ ਸਹਿੰਦੇ ਵੇਖਦੇ ਰਹੇ ਹਾਂ। ਹੁਣ ਗੁਰੂ ਜੀ ਦੀ ਪਤਨੀ ਅਤੇ ਪੁੱਤਰ ਦੇ ਦੁੱਖ ਵੇਖਾਂਗੇ॥ ੪੩॥

ਏਵ ਬਿਚਾਰਤਿ ਆਰਤਿ ਹੋਤੇ। ਬਦਨ ਖਿੰਨ ਦੁਤਿ, ਨਹੀਂ ਉਦੋਤੇ।
ਪ੍ਰਵਿਸ਼ੇ ਜਾਇ ਸੁਧਾਸਰ ਨਗਰੀ। ਅੱਸ੍ਰੂ ਬਿਮੋਚਿ ਬਿਲੋਕਤਿ ਸਗਰੀ॥ ੪੪॥

ਇਸ ਤਰ੍ਹਾਂ ਵਿਚਾਰ ਕਰਦੇ ਆਤੁਰ ਹੋ ਰਹੇ ਸਨ, ਮੁਖ ਸ਼ੋਭਾ ਤੋਂ ਰਹਿਤ ਹਨ, ਪ੍ਰਕਾਸ਼ਦੇ ਨਹੀਂ ਹਨ। ਅੰਮ੍ਰਿਤਸਰ ਦੀ ਨਗਰੀ ਵਿਚ ਜਾ ਪਹੁੰਚੇ। ਅੱਖਾਂ ਵਿਚ ਅੱਥਰੂਆਂ ਸਹਿਤ ਸਾਰਿਆਂ ਨੂੰ ਵੇਖਦੇ ਸਨ॥ ੪੪॥

ਜਹਿਂ ਸ੍ਰੀ ਹਰਿ ਗੋਵਿੰਦ ਅਨੰਦਤਿ। ਆਇ ਖਰੇ ਪਗ ਪੰਕਜ ਬੰਦਤਿ।
ਦਿਨ ਕੋ ਗਿਨਤਿ ਗੁਰੂ ਜਬਿ ਗਏ। 'ਏਤਿਕ ਬਿਰਹ ਤਿਨਹੁਂ ਕੇ ਭਏ'॥੪੫॥

ਜਿਥੇ ਸ੍ਰੀ ਹਰਿਗੋਬਿੰਦ ਸਾਹਿਬ ਪ੍ਰਸੰਨ-ਚਿੱਤ ਖੜੇ ਸਨ, ਉਥੇ ਆ ਕੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ। ਜਦ ਗੁਰੂ ਜੀ ਲਾਹੌਰ ਨੂੰ ਗਏ ਸਨ, ਉਸ ਦਿਨ ਤੋਂ ਦਿਨਾਂ ਨੂੰ ਗਿਣ ਰਹੇ ਸਨ, "ਗੁਰੂ ਜੀ ਦੇ ਵਿਛੋੜੇ ਕਰਕੇ ਏਨੇ ਵਿਆਕੁਲ ਹੋਏ ਸਨ"॥ ੪੫॥

ਕਰਤਿ ਪ੍ਰਤੀਖਨ 'ਕਬਿ ਇਤ ਆਵੈਂ ?। ਪ੍ਰਿਯ ਦਰਸ਼ਨ ਸੁੰਦਰ ਦਿਖਰਾਵੈਂ।
ਬੈਠਹਿਂ ਜਬਹਿ ਲਗਾਇ ਦਿਵਾਨ। ਸਿਖ ਸੰਗਤਿ ਦਰਸਹਿਂ ਗਨ ਆਨਿ ॥੪੬॥

ਇੰਤਜ਼ਾਰ ਕਰ ਰਹੇ ਸਨ ਕਿ "ਕਦ ਗੁਰੂ ਜੀ ਆਉਣ ਤੇ ਆ ਕੇ ਸੁੰਦਰ ਦਰਸ਼ਨ ਵਿਖਾਉਣ। ਜਦ ਦੀਵਾਨ ਲਾ ਕੇ ਬੈਠਦੇ ਸਨ ਤਾਂ ਸਿੱਖ ਸੰਗਤ ਆ ਕੇ ਦਰਸ਼ਨ ਕਰਦੀ ਸੀ॥ ੪੬॥

ਦੇਖਿ ਤਿਨਹੁ ਕੋ ਹੋਇ ਅਨੰਦਾ। ਜਨਮ ਜਨਮ ਕੇ ਕਾਟੈਂ ਫੰਦਾ।
ਮਨ ਉਦਾਸ ਤਬਿ ਪ੍ਰਾਪਤਿ ਸ਼ਾਂਤੀ। ਹੋਇ ਖੁਸ਼ੀ ਕਬਿ, ਸੀਤਲ ਛਾਤੀ' ॥੪੭॥

ਉਨ੍ਹਾਂ ਨੂੰ ਵੇਖ ਕੇ ਅਨੰਦ ਪ੍ਰਾਪਤ ਹੋਵੇ ਅਤੇ ਜਨਮਾਂ-ਜਨਮਾਂ ਦੀਆਂ ਫਾਹੀਆਂ ਕੱਟੀਆਂ ਜਾਣ। ਉਦਾਸ ਮਨ ਫਿਰ ਸ਼ਾਂਤੀ ਪ੍ਰਾਪਤ ਕਰੇ। ਕਦ ਇਹ ਖੁਸ਼ੀ ਨਸੀਬ ਹੋਵੇਗੀ ਤੇ ਛਾਤੀ ਵਿਚ ਠੰਡ ਪਵੇਗੀ" ॥ ੪੭॥

*ਚੌਥੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥*

*ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ ਸਮਾਪਤ ਹੋਇਆ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਚੌਥੀ ਸਮਾਪਤ ਹੋਈ॥*

❖❖❖

ਨਹਿਂ ਦਾਇਜ ਕੋ ਨ੍ਰਿਪ ਨੈ ਦੀਨਾ। ਮਨ ਮੂਰਖ ਨੇ ਹਠ ਦਿਢ ਕੀਨਾ।
ਕੰਨਜਾਂ ਮਨ ਪ੍ਰਭੁ ਭਾਵੀ ਮਾਨਿ। ਸਮ ਈਸ਼ੁਰ ਕੇ ਸੇ ਪਤਿ ਜਾਨਿ॥ ੨੭॥

ਰਾਜੇ ਨੇ ਕੋਈ ਦਾਜ ਨਾ ਦਿੱਤਾ, ਮੂਰਖ ਮੱਤ ਵਾਲੇ ਬਹੁਤ ਹੱਠ ਕੀਤਾ। ਕੰਨਿਆ ਨੇ ਪ੍ਰਭੂ ਦਾ ਭਾਣਾ ਮੰਨ ਕੇ ਆਪਣੇ ਪਤੀ ਨੂੰ ਈਸ਼ਵਰ ਦੇ ਬਰਾਬਰ ਜਾਣਿਆ॥ ੨੭॥

ਸਦਨ ਸਾਸੁਰੇ ਦਾਰਿਦ ਮਹਾਂ। ਪਹਿਰਨਿ ਖਾਨ ਨ ਪ੍ਰਾਪਤਿ ਜਹਾਂ।
ਕੇਤਿਕ ਦਿਨ ਦੁਖ ਭੁਖ ਕੋ ਸਹਜੋ। ਬਹੁਰ ਅਨਤ ਕਿਤ ਚਲਿਬੇ ਚਹਜੋ॥੨੮॥

ਸਹੁਰੇ ਘਰ ਵਿਚ ਬਹੁਤ ਗ਼ਰੀਬੀ ਸੀ, ਪਹਿਨਣ ਅਤੇ ਖਾਣ ਵਾਸਤੇ ਉਥੇ ਕੁਝ ਵੀ ਨਹੀਂ ਸੀ। ਕਈ ਦਿਨਾਂ ਤਕ ਦੁਖ ਭੁਖ ਨੂੰ ਬਰਦਾਸ਼ਤ ਕੀਤਾ, ਫਿਰ ਕਿਸੇ ਹੋਰ ਥਾਂ ਜਾਣਾ ਚਾਹਿਆ॥ ੨੮॥

ਤਿਸ ਪੁਰਿ ਰਹੀ ਨ ਬਹੁ ਦੁਖਿਆਰੀ। ਪਤਿਬ੍ਰਤ ਧਰਮ ਮਹਾਂ ਦ੍ਰਿਢ ਧਾਰੀ।
ਪਤਿ ਕੁਸ਼ਟੀ ਕੋ ਧਰਿ ਬਿਚ ਖਾਰੀ। ਅਪਰ ਗ੍ਰਾਮ ਤੇ ਮਾਂਗਿ ਅਹਾਰੀ॥ ੨੯॥

ਬਹੁਤ ਦੁਖਿਆਰੀ ਹੋ ਕੇ ਉਸ ਨਗਰ ਵਿਚ ਨਾ ਰਹੀ, ਪਤੀਬ੍ਰਤਾ ਧਰਮ ਨੂੰ ਬੜੀ ਦ੍ਰਿੜਤਾ ਨਾਲ ਧਾਰਨ ਕੀਤਾ। ਆਪਣੇ ਪਤੀ ਨੂੰ ਟੋਕਰੀ ਵਿਚ ਬਿਠਾ ਕੇ, ਹੋਰ ਨਗਰਾਂ ਤੋਂ ਭੋਜਨ ਮੰਗ ਕੇ ਖਾਂਦੇ ਸਨ॥ ੨੯॥

'ਪਿਤ ਕੋ ਪੁਰਿ ਨ ਜਾਚਨਾ ਕਰਿਹੋਂ। ਅਪਰ ਪੁਰਨਿ ਤੇ ਉਦਰ ਸੁ ਭਰਿਹੋਂ।'
ਜਾਚਤਿ ਅੰਨ ਆਨਤੀ ਤੇਤੋ। ਪਤਿ ਅਰੁ ਆਪ ਖਾਇ ਲੇ ਜੇਤੋ॥ ੩੦॥

"ਆਪਣੇ ਪਿਤਾ ਦੇ ਨਗਰ ਭੋਜਨ ਨਾ ਮੰਗਿਆ, ਹੋਰ ਨਗਰਾਂ ਤੋਂ ਭੋਜਨ ਮੰਗ ਕੇ ਰੱਜ ਕੇ ਖਾਂਦੇ ਸਨ।" ਜਿੰਨਾ ਅੰਨ ਮੰਗਦੀ ਸੀ, ਓਨਾ ਹੀ ਲੈ ਆਉਂਦੀ ਸੀ, ਪਤੀ ਤੇ ਆਪ ਲੈ ਕੇ ਖਾਂਦੇ ਸਨ॥ ੩੦॥

ਮਹਾਂ ਸੁਧਰਮਾ ਧਾਰਤਿ ਧਰਮੁ। ਨਿਜ ਪਤਿ ਤੇ ਨਹਿਂ ਧਾਰਜੋ ਭਰਮੁ।
ਸੀਸ ਉਠਾਯੋ ਫਿਰੈ ਸੁ ਜਹਿਂ ਕਹਿਂ। ਜਾਚਹਿ ਅੰਨ ਪੋਖਿਬੇ ਹਿਤ ਤਹਿਂ॥ ੩੧॥

ਮਹਾਨ ਸ੍ਰੇਸ਼ਟ ਧਰਮ ਧਾਰਨ ਕੀਤਾ, ਆਪਣੇ ਪਤੀ ਬਾਰੇ ਕੋਈ ਭਰਮ ਮਨ ਵਿਚ ਨਾ ਲਿਆਂਦਾ। ਉਸ ਨੂੰ ਆਪਣੇ ਸਿਰ ਤੇ ਚੁੱਕ ਕੇ ਜਿਥੇ-ਕਿਥੇ ਫਿਰਦੀ ਸੀ। ਪੇਟ ਭਰਨ ਵਾਸਤੇ ਭੋਜਨ ਮੰਗਦੀ ਫਿਰਦੀ ਸੀ॥ ੩੧॥

ਨਿਕਟ ਗ੍ਰਾਮ ਕੇ ਦੇਤਿ ਉਤਾਰ। ਫਿਰਹਿ ਸਦਨ ਤੇ ਲਜਾਇ ਅਹਾਰ।
ਬਿਚਰਤਿ ਗ੍ਰਾਮਨਿ ਇਸੀ ਪ੍ਰਕਾਰੀ। ਆਈ ਗੁਰ ਕੇ ਚਕ ਇਕ ਬਾਰੀ॥ ੩੨॥

ਪਿੰਡ ਦੇ ਨੇੜੇ ਜਾ ਕੇ ਆਪਣੇ ਪਤੀ ਵਾਲੀ ਟੋਕਰੀ ਨੂੰ ਰੱਖ ਲੈਂਦੀ ਸੀ ਤੇ ਲੋਕਾਂ ਦੇ ਘਰਾਂ ਵਿਚ ਜਾ ਕੇ ਭੋਜਨ ਮੰਗਦੀ ਸੀ। ਇਸ ਪ੍ਰਕਾਰ ਪਿੰਡਾਂ ਵਿਚ ਫਿਰਦੀ ਸੀ। ਇਕ ਵਾਰ 'ਗੁਰੂ ਦੇ ਚੱਕ' ਵਿਖੇ ਆਈ॥ ੩੨॥

ਦੇਗ ਗੁਰੂ ਕੀ ਲੀਨਿ ਅਹਾਰਾ। ਪਤਿ ਜੁਤਿ ਖਾਇ ਰਿਦੇ ਸੁਖ ਧਾਰਾ।
ਪੁਨ ਅਗਲੇ ਦਿਨ ਬਦਰੀ ਬਨ ਮੈਂ। ਖਾਰੀ ਜਾਇ ਧਰੀ ਤਬਿ ਤਿਨ ਮੈ॥ ੩੩॥

ਗੁਰੂ ਜੀ ਦੇ ਲੰਗਰ ਵਿਚ ਭੋਜਨ ਛੱਕਿਆ, ਪਤੀ ਦੇ ਨਾਲ ਮਿਲ ਕੇ ਭੋਜਨ ਛਕ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਅਗਲੇ ਦਿਨ ਬੇਰੀਆਂ ਦੇ ਜੰਗਲ ਵਿਚ ਗਈ, ਉਸ ਜੰਗਲ ਵਿਚ ਆਪਣੇ ਪਤੀ ਦੀ ਟੋਕਰੀ ਨੂੰ ਰੱਖ ਦਿੱਤਾ॥ ੩੩॥

ਗ੍ਰਾਮ ਬਿਖੇ ਨਰ ਹੇਰਤਿ ਜੋਈ। ਕਰਤਿ ਗਿਲਾਨ ਤਰਕਤੇ ਸੋਈ।
ਇਸ ਹਿਤ ਤੇ ਪਤਿ ਦੂਰ ਬਿਠਾਯੋ। ਖਾਰੀ ਸਹਤ ਸੁ ਛਾਇ ਟਿਕਾਯੋ॥ ੩੪॥

ਪਿੰਡ ਵਿਚ ਜਿਹੜੇ ਮਨੁੱਖ ਪਿੰਗਲੇ ਨੂੰ ਵੇਖਦੇ ਸਨ ਤਾਂ ਉਹ ਦਿਲ ਵਿਚ ਨਫਰਤ ਕਰਦੇ ਸਨ, ਇਸ ਕਰਕੇ ਉਹ ਪਤੀ ਨੂੰ ਦੂਰ ਹੀ ਬਿਠਾ ਆਉਂਦੀ ਸੀ, ਟੋਕਰੀ ਸਮੇਤ ਛਾਂ ਵਿਚ ਟਿਕਾ ਦਿੱਤਾ॥ ੩੪॥

ਗ੍ਰਾਮ ਤੁੰਗ ਕੋ ਆਪਿ ਸਿਧਾਰੀ। ਭਿੱਖਯਾ ਹਿਤ ਲੈਬੇ ਇਛ ਧਾਰੀ।
ਜੋ ਸ੍ਰੀ ਰਾਮਦਾਸ ਖਨਿਵਾਯੋ। ਦੁਖਭੰਜਨਿ ਬਦਰੀ ਤਰ ਭਾਯੋ॥ ੩੫॥

ਆਪ ਤੁੰਗ ਪਿੰਡ ਵਲ ਚਲੇ ਗਈ, ਭਿਖਿਆ ਲੈਣ ਦੀ ਮਨ ਵਿਚ ਇੱਛਾ ਧਾਰਨ ਕੀਤੀ ਸੀ। ਜਿਹੜਾ ਸਰੋਵਰ ਗੁਰੂ ਰਾਮਦਾਸ ਜੀ ਨੇ ਖੁਦਵਾਇਆ ਸੀ, ਉਹ ਬੇਰੀ ਹੇਠ ਸੀ, ਜਿਸ ਨੂੰ ਹੁਣ ਦੁਖਭੰਜਨੀ ਬੇਰੀ ਕਹਿੰਦੇ ਹਨ॥ ੩੫॥

ਤਹਿਂ ਕੁਛ ਟੋਵਾ ਬਿਨਾਂ ਚਿਨਾਰੀ। ਰਹਯੋ ਹੁਤੋ ਨਹਿਂ ਕਿਸੁ ਨਿਰਧਾਰੀ।
ਤਿਸ ਮਹਿਂ ਪਰਯੋ ਨੀਰ ਕੁਛ ਥਿਰਿਯੋ। ਬਦਰੀ ਤਰੁ ਕੇ ਤਰ ਸੋ ਢਰਿਯੋ॥ ੩੬॥

ਉਥੇ ਇਕ ਟੋਆ ਪਛਾਣ ਤੋਂ ਬਗੈਰ ਸੀ, ਉਸ ਤਰ੍ਹਾਂ ਹੀ ਪਿਆ ਸੀ, ਉਸ ਨੂੰ ਕਿਸੇ ਨੇ ਨਿਰਧਾਰਿਤ ਨਹੀਂ ਕੀਤਾ ਸੀ। ਉਸ ਵਿਚ ਕੁਝ ਜਲ ਇਕੱਠਾ ਹੋ ਕੇ ਖੜਾ ਸੀ, ਬੇਰੀ ਦੇ ਦਰੱਖਤ ਹੇਠਾਂ ਉਹ ਢਲਿਆ ਸੀ॥ ੩੬॥

ਹੁਤੀ ਮੇਖ ਕੀ ਤਬਿ ਸੰਕ੍ਰਾਂਤਿ। ਸਮੋ ਪੁਰਬ ਕੋ ਤਬਿ ਬਿਰਤਾਂਤ।
ਸਹਿਜ ਸੁਭਾਇਕ ਬਾਇਸੁ ਆਯੋ। ਬੈਠਿ ਤਰੂ ਪਰ ਜਲ ਦ੍ਰਿਸ਼ਟਾਯੋ॥ ੩੭॥

ਉਸ ਦਿਨ ਵੈਸਾਖ ਦੀ ਸੰਗ੍ਰਾਂਦ ਸੀ, ਤਿਉਹਾਰ ਦਾ ਦਿਨ ਸੀ। ਉਸ ਸਮੇਂ ਸਹਿਜ ਸੁਭਾਅ ਇਕ ਕਾਂ ਆਇਆ, ਦਰੱਖਤ ਤੇ ਬੈਠੇ ਨੂੰ ਉਸ ਨੂੰ ਜਲ ਨਜ਼ਰੀਂ ਆਇਆ॥ ੩੭॥

ਹੁਤੋ ਤ੍ਰਿਖਾਤੁਰ ਉਤਰਯੋ ਤਰੇ। ਪੰਚ ਬੇਰ ਚੂੰਚਨ ਕੋ ਭਰੇ।
ਜਬਿ ਅੰਤਰ ਜਲ ਪ੍ਰਵਿਸ਼ਯੋ ਜਾਇ। ਰਿਦਾ ਸ਼ੁੱਧ ਹੁਇ ਬੁਧਿ ਬਿਦੁਤਾਇ॥ ੩੮॥

ਪਿਆਸਾ ਹੋਣ ਕਰਕੇ ਥੱਲੇ ਉਤਰਿਆ, ਪੰਜ ਵਾਰ ਚੁੰਝ ਵਿਚ ਪਾਣੀ ਭਰਿਆ, ਜਦ ਜਲ ਦੇ ਅੰਦਰ ਪ੍ਰਵੇਸ਼ ਕਰ ਗਿਆ ਤਾਂ ਉਸ ਦਾ ਹਿਰਦਾ ਸ਼ੁੱਧ ਹੋ ਗਿਆ ਤੇ ਬੁੱਧੀ ਕੋਮਲ ਹੋ ਗਈ॥ ੩੮॥

ਕਰਯੋ ਸ਼ਨਾਨ ਪੁਰਬ ਕੇ ਕਾਲ। ਭਯੋ ਸ੍ਵੇਤ ਤਨ ਰੁਚਿਰੁ ਮਰਾਲ।
ਸੋ ਪਿੰਗਲ ਦਖਿਤਿ ਸਭਿ ਰਹਯੋ। ਜਥਾ ਕਾਕ ਨੇ ਸ਼ੁਭ ਫਲ ਲਹਯੋ॥ ੩੯॥

ਪੁਰਬ ਦੇ ਸਮੇਂ ਉਸ ਇਸ਼ਨਾਨ ਕੀਤਾ, ਸਰੀਰ ਕਾਲੇ ਤੋਂ ਸਫੇਦ ਹੋ ਗਿਆ, ਜਿਵੇਂ ਸੁੰਦਰ ਰਾਜਹੰਸ ਹੋਵੇ। ਉਹ ਪਿੰਗਲਾ ਸਭ ਕੁਝ ਵੇਖਦਾ ਰਿਹਾ, ਜਿਵੇਂ ਕਾਂ ਨੇ ਸ਼ੁਭ ਫਲ ਪ੍ਰਾਪਤ ਕੀਤਾ॥ ੩੯॥

ਉਦੈ ਭਾਗ ਤੇ ਉਰ ਫੁਰਿਆਈ। 'ਇਸੁ ਜਲ ਕੀ ਮਹਿਮਾਂ ਅਧਿਕਾਈ।
ਮਨਹੁਂ ਪੁੰਨ ਮਮ ਬਾਇਸ ਆਯੋ। ਨੀਰ ਮਹਾਤਮ ਕੋ ਦਰਸਾਯੋ'॥ ੪੦॥

ਉਸ ਦੇ ਭਾਗ ਜਾਗੇ ਤੇ ਹਿਰਦੇ ਵਿਚ ਇਕ ਫੁਰਨਾ ਫੁਰਿਆ। ਸੋਚਿਆ, "ਇਸ ਜਲ ਦੀ ਬਹੁਤ ਵੱਡੀ ਮਹਿਮਾਂ ਹੈ, ਮਾਨੋ ਮੇਰੇ ਪੁੰਨ ਵਾਸਤੇ ਹੀ ਕਾਂ ਆਇਆ ਹੈ, ਜਿਸ ਨੇ ਆ ਕੇ ਮੈਨੂੰ ਜਲ ਦੇ ਮਹਾਤਮ ਬਾਰੇ ਦਰਸਾਇਆ ਹੈ॥ ੪੦॥

ਬਿਨਾਂ ਬਿਲਮ ਤੇ ਇਤ ਉਤ ਹਾਲਾ। ਜੋ ਨਿਜ ਬਲ ਤੇ ਸਕਹਿ ਨ ਚਾਲਾ।
ਖਾਰੀ ਤੇ ਨਿਕਸਯੋ ਗਿਰ ਪਰਯੋ। ਰਿੜ੍ਹਤ ਰਿੜ੍ਹਤ ਪਹੁੰਚਨ ਤਹਿਂ ਕਰਯੋ॥ ੪੧॥

ਕਿਸੇ ਦੇਰ ਤੋਂ ਬਗੈਰ ਏਧਰ ਓਧਰ ਹਿਲਿਆ, ਆਪਣੀ ਨਿਜੀ ਤਾਕਤ ਨਾਲ ਚਲਿਆ ਨਹੀਂ ਸੀ ਜਾ ਸਕਦਾ, ਟੋਕਰੀ ਵਿਚੋਂ ਨਿਕਲਣ ਲੱਗਾ ਡਿੱਗ ਪਿਆ, ਰਿੜ੍ਹਦਾ-ਰਿੜ੍ਹਦਾ ਪਾਣੀ ਤਕ ਪਹੁੰਚ ਗਿਆ॥ ੪੧॥

ਤੂਰਨ ਤੀਰ ਨੀਰ ਕੋ ਛੁਹਯੋ। ਕਰਯੋ ਸ਼ਨਾਨ ਅਧਿਕ ਫਲ ਲਹਯੋ।
ਪੰਕ ਸਮੇਤ ਸੁ ਮਰਦਨ ਕਰਿ ਕਰਿ। ਮੱਜਤਿ ਮਹਾਂ ਚੌਂਪ ਕੋ ਧਰਿ ਧਰਿ॥ ੪੨॥

ਛੇਤੀ ਕੰਢੇ ਤੇ ਪਹੁੰਚ ਕੇ ਪਾਣੀ ਨੂੰ ਛੂਹਿਆ, ਇਸ਼ਨਾਨ ਕਰਕੇ ਵੱਡਾ ਫਲ ਪ੍ਰਾਪਤ ਕੀਤਾ। ਮੈਲ ਨੂੰ ਮਲ ਮਲ ਕੇ ਲਾਹ ਰਿਹਾ ਸੀ, ਮਨ ਵਿਚ ਵੱਡਾ ਸ਼ੌਕ ਧਾਰਨ ਕਰਕੇ ਚੰਗੀ ਤਰ੍ਹਾਂ ਇਸ਼ਨਾਨ ਕਰ ਰਿਹਾ ਸੀ॥ ੪੨॥

ਕਰ ਪਗ ਜੁਗ ਗਰ ਗਰ ਗਿਰ ਪਰੇ। ਤਤਛਿਨ ਭਏ ਅਰੁਜ ਸਮਸਰੇ।
ਸਕਲ ਅੰਗ ਤੇ ਰੋਗ ਨਸਾਯੋ। ਕੰਚਨ ਬਰਨ ਰੰਗੁ ਮਨ ਭਾਯੋ॥ ੪੩ ॥

ਜਿਹੜੇ ਦੋਵੇਂ ਹੱਥ ਪੈਰ ਗਲ ਕੇ ਡਿੱਗ ਪਏ ਸਨ, ਉਹ ਤੁਰਤ ਵਾਪਸ ਆ ਗਏ ਅਤੇ ਪਿੰਗਲਾ ਪੂਰੀ ਤਰ੍ਹਾਂ ਅਰੋਗ ਹੋ ਗਿਆ। ਸਾਰੇ ਅੰਗਾਂ ਤੋਂ ਰੋਗ ਦੂਰ ਹੋ ਗਿਆ, ਸੋਨੇ ਵਰਗਾ ਰੰਗ ਮਨ ਨੂੰ ਬਹੁਤ ਭਾਇਆ॥ ੪੩ ॥

*ਦੂਸਰੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

## ਅਧਿਆਇ ਅਨੱਤੀਵਾਂ

### ਅੰਮ੍ਰਿਤ ਸਰੋਵਰ ਦੇ ਚਿੰਨ੍ਹ ਪ੍ਰਗਟ ਹੋਏ

ਦੋਹਰਾ- ਪਿੰਗਲ ਮੱਜਨ ਜਬਿ ਕਰਯੋ ਭਯੋ ਸਰੀਰ ਅਰੋਗ।
ਬਿਸਮਤ ਬੁਧਿ ਮਹਿਂ ਦੇਖਿ ਫਲ ਕਰਿ ਅਨੰਦੁ ਹਰਿ ਸੋਗ॥੧॥

ਪਿੰਗਲੇ ਨੇ ਜਦ ਇਸ਼ਨਾਨ ਕੀਤਾ ਤਾਂ ਸਰੀਰ ਬਿਲਕੁਲ ਅਰੋਗ ਹੋ ਗਿਆ। ਆਪਣੀ ਬੁੱਧੀ ਨਾਲ ਇਸ਼ਨਾਨ ਕਰਨ ਦੇ ਫਲ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਦੁੱਖ ਨੂੰ ਦੂਰ ਕੀਤਾ॥ ੧॥

ਚੌਪਈ- ਮਨਹੁਂ ਪਾਨ ਅੰਮ੍ਰਿਤ ਕੋ ਕਰਯੋ। ਜਰਾ ਆਦਿ ਰੁਜ ਸਭਿ ਪਰਹਰਯੋ।
ਜਨੁ ਸਮਰਥ ਸੁਰ ਹੋਇ ਪ੍ਰਸੰਨ। ਕਰਯੋ ਸ਼ਕਤਿ ਨਿਜ ਤੇ ਤਨ ਅੰਨ॥੨॥

ਮਾਨੋਂ ਉਸ ਨੇ ਅੰਮ੍ਰਿਤ ਪੀਤਾ ਹੋਵੇ। ਕਮਜ਼ੋਰੀ ਅਤੇ ਰੋਗ ਸਭ ਦੂਰ ਹੋ ਗਏ। ਮਾਨੋ ਸੰਮਰੱਥ ਦੇਵਤਾ ਨੇ ਪ੍ਰਸੰਨ ਹੋ ਕੇ ਆਪਣੀ ਸ਼ਕਤੀ ਨਾਲ ਹੋਰ ਸਰੀਰ ਬਣਾ ਦਿੱਤਾ ਹੋਵੇ॥ ੨॥

ਸੁੰਦਰਤਾ ਮੰਦਿਰ ਤਨੁ ਹੋਵਾ। ਅਖਿਲ ਬਿਕਾਰਨ ਕੋ ਤਬਿ ਖੋਵਾ।
ਪ੍ਰਭੁ ਕ੍ਰਿਪਾ ਅਸੁ ਕਾਇਆਂ ਧਾਰੀ। ਜਿਸ ਤੇ ਹੋਇ ਨ ਸਕਹਿ ਚਿਨਾਰੀ॥੩॥

ਸਰੀਰ ਸੁੰਦਰਤਾ ਦਾ ਮੰਦਰ ਹੋ ਗਿਆ, ਸਾਰੇ ਵਿਕਾਰ ਦੂਰ ਹੋ ਗਏ ਪ੍ਰਭੂ ਦੀ ਕਿਰਪਾ ਨਾਲ ਐਸੀ ਕਾਇਆਂ ਧਾਰਨ ਕੀਤੀ, ਜਿਸ ਦੀ ਪਹਿਚਾਣ ਹੋ ਹੀ ਨਹੀਂ ਸਕਦੀ ਸੀ॥ ੩॥

ਨਖ-ਸ਼ਿਖ ਤੇ ਬੋਰਯੋ ਨਿਜ ਗਾਤ। ਬਾਰ ਬਾਰ ਮੱਜਤਿ ਹਰਖਾਤਿ।
ਜਥਾ ਅਚਾਨਕ ਨਰਕੀ ਜੀਵ। ਸੁਰਗੀ ਬਨਹਿਂ ਮਹਾਂ ਸੁਖਿ ਥੀਵ॥੪॥

ਉਸ ਨੇ ਆਪਣੇ ਸਰੀਰ ਨੂੰ ਨਹੁੰ ਤੋਂ ਸਿਰ ਤਕ ਜਲ ਵਿਚ ਡੋਬ ਦਿੱਤਾ ਸੀ। ਜਿਵੇਂ ਅਚਾਨਕ ਨਰਕਾਂ ਦਾ ਵਾਸੀ ਜੀਵ, ਸਵਰਗਾਂ ਦਾ ਵਾਸੀ ਹੋ ਕੇ ਮਹਾਂ ਸੁਖ ਪਾਵੇ॥ ੪॥

ਜਨਮੁ ਰੰਕ ਚਿੰਤਾਮਣਿ ਪਾਈ। ਹਰਖਯੋ ਜਿਮੁ ਨਵਨਿਧਿ ਘਰ ਆਈ।
ਬਸਤ੍ਰ ਬਿਭੂਖਨ ਸੁੰਦਰ ਜੋਗ। ਇਮੁ ਸੁੰਦਰ ਬਨ ਗਯੋ ਅਰੋਗ॥ ੫॥

ਜਿਵੇਂ ਅਤਿ ਗਰੀਬ ਨੇ ਚਿੰਤਾਮਣੀ ਪਾ ਲਈ ਹੋਵੇ, ਇਸ ਤਰ੍ਹਾਂ ਖ਼ੁਸ਼ ਹੋਇਆ ਜਿਵੇਂ ਘਰ ਵਿਚ ਨੌਨਿਧਾਂ ਆ ਗਈਆਂ ਹੋਣ। ਸੁੰਦਰ ਕਪੜੇ ਅਤੇ ਗਹਿਣੇ ਪਹਿਨਣ ਯੋਗ ਸੀ, ਅਰੋਗ ਹੋ ਕੇ ਏਨਾ ਸੁੰਦਰ ਬਣ ਗਿਆ ਸੀ॥ ੫॥

ਤਿਸ ਬੱਦਰੀ ਤਰੁ ਕੇ ਤਰ ਖਿਰਜੋ। ਖਾਰੀ ਉਲਟ ਸੁ ਆਸਨੁ ਕਰਜੋ।
ਬੈਠਿ ਰਹਜੋ ਮਨੁ ਮੋਦ ਬਢਾਇ। ਪ੍ਰਿਯਾ ਪ੍ਰਤੀਖਤਿ ਦ੍ਰਿਗ ਤਿਤ ਲਾਇ॥ ੬ ॥

ਉਸ ਬੇਰੀ ਦੇ ਦਰੱਖਤ ਦੇ ਥੱਲੇ ਟਿਕ ਗਿਆ, ਟੋਕਰੀ ਨੂੰ ਉਲਟਾ ਕਰਕੇ ਉਸ ਦੇ ਉਤੇ ਬੈਠ ਗਿਆ। ਮਨ ਵਿਚ ਬੜੀ ਖੁਸ਼ੀ ਵਧਾ ਕੇ ਬੈਠਿਆ ਰਿਹਾ। ਅੱਖਾਂ ਉਸ ਪਾਸੇ ਲਾ ਕੇ ਆਪਣੀ ਪਿਆਰੀ ਇਸਤਰੀ ਨੂੰ ਉਡੀਕ ਰਿਹਾ ਸੀ॥ ੬ ॥

ਭਿੱਖਜਾ ਤੁੰਗੁ ਗ੍ਰਾਮ ਤੇ ਲੀਨ। ਰਾਜੁ ਕੁਇਰ ਪਤਿਬ੍ਰਤਾ ਪ੍ਰਬੀਨ।
ਅਪੁਨੇ ਧਰਮੁ ਬਿਖੈ ਸਵਧਾਨਾ। ਨਿਜ ਪਤਿ ਬਿਨੁ ਕਬਿ ਚਹੈ ਨ ਆਨਾ॥ ੭ ॥

ਰਾਜ ਕੁਇਰ ਜਿਹੜੀ ਬੜੀ ਪਤੀਬ੍ਰਤਾ ਇਸਤਰੀ ਸੀ, ਤੁੰਗ ਪਿੰਡ ਵਿਚ ਭਿਖਿਆ ਲੈਣ ਗਈ ਸੀ, ਉਹ ਆਪਣੇ ਧਰਮ ਵਿਚ ਬੜੀ ਸਾਵਧਾਨ ਸੀ, ਆਪਣੇ ਪਤੀ ਬਗੈਰ ਹੋਰ ਕਿਸੇ ਨੂੰ ਚਾਹੁੰਦੀ ਨਹੀਂ ਸੀ॥ ੭ ॥

ਖੇਦ ਬਿਸਾਲ ਸਹੇ ਸਭਿ ਤਨੁ ਮੈਂ। ਤਊ ਨ ਡੋਲਤਿ ਹੈ ਕਬਿ ਮਨ ਮੈਂ।
ਨ੍ਰਿਪ ਦੁਹਿਤਾ ਅਪਦਾ ਅਸ ਝਾਲੀ। ਤਊ ਧਰਮ ਤੇ ਭਈ ਨੇ ਖਾਲੀ॥ ੮ ॥

ਉਸ ਨੇ ਵਿਸ਼ਾਲ ਦੁੱਖ ਅਤੇ ਤਕਲੀਫਾਂ ਆਪਣੇ ਸਰੀਰ ਤੇ ਬਰਦਾਸ਼ਤ ਕੀਤੀਆਂ, ਤਦ ਵੀ ਮਨ ਵਿਚ ਕਦੇ ਵੀ ਡੋਲੀ ਨਹੀਂ ਸੀ। ਰਾਜੇ ਦੀ ਪੁੱਤਰੀ ਨੇ ਇਸ ਤਰ੍ਹਾਂ ਬਿਪਤਾ ਆਪਣੇ ਸਰੀਰ ਉਤੇ ਝੱਲੀ, ਪਰ ਆਪਣੇ ਧਰਮ ਨੂੰ ਕਦੇ ਵੀ ਨਾ ਛੱਡਿਆ॥ ੮ ॥

ਜਬਿ ਤਿਸ ਥਾਨੁ ਆਨ ਕਰਿ ਦੇਖਾ। ਬੈਠਜੋ ਸੁੰਦਰ ਪੁਰਖ ਵਿਸ਼ੇਖਾ।
'ਇਹੁ ਕਜਾ ਭਯੋ ਨਜਾਨਜੋ ਜਾਇ। ਮਮ ਪਤਿ ਨਹਿੰ ਦੀਸਤਿ ਇਸ ਥਾਇੰ॥ ੯ ॥

ਜਦ ਉਸ ਬੇਰੀ ਦੇ ਦਰੱਖਤ ਪਾਸ ਆ ਕੇ ਆਪਣੇ ਪਤੀ ਨੂੰ ਵੇਖਣ ਲੱਗੀ ਤਾਂ ਓਥੇ ਇਕ ਸੁੰਦਰ ਮਰਦ ਨੂੰ ਬੈਠੇ ਵੇਖਿਆ। "ਇਹ ਕੀ ਹੋ ਗਿਆ ਹੈ ਕੁਝ ਵੀ ਜਾਣਿਆ ਨਹੀਂ ਜਾ ਸਕਦਾ, ਮੇਰਾ ਪਤੀ ਇਸ ਥਾਂ ਨਜ਼ਰ ਨਹੀਂ ਆ ਰਿਹਾ ਹੈ॥ ੯ ॥

ਇਹੁ ਕੋ ਬੈਠਜੋ ਅਘ ਗਨ ਕਰਤਾ। ਲਖੀਅਤਿ ਮਮ ਭਰਤਾ ਕੋ ਹਰਤਾ'।
ਸੁਕਰਿ ਦੂਰ ਤੇ ਊਚ ਉਚਾਰੀ। 'ਕੋ ਤੂੰ ਅਹੈਂ? ਇਹਾਂ ਦੁਰਚਾਰੀ!॥ ੧੦ ॥

ਇਹ ਕੌਣ ਘੋਰ ਪਾਪ ਕਰਨ ਵਾਲਾ ਬੈਠਾ ਹੈ, ਜਾਪਦਾ ਹੈ ਇਸ ਨੇ ਮੇਰੇ ਪਤੀ ਨੂੰ ਮਾਰ ਦਿੱਤਾ ਹੈ। ਦੂਰ ਤੋਂ ਹੀ ਉੱਚੀ ਉੱਚੀ ਪੁਕਾਰ ਕਰਨ ਲੱਗੀ, "ਹੇ ਦੁਰਾਚਾਰੀ! ਤੂੰ ਏਥੇ ਕੌਣ ਬੈਠਾ ਹੈਂ?॥ ੧੦ ॥

ਮਮ ਪਤਿ ਕਹਾਂ? ਇਹਾਂ ਤਜਿ ਗਈ। ਤੁੰਗ ਗ੍ਰਾਮ ਤੇ ਤੂਰਨ ਅਈ।
ਅਬਿ ਮੈਂ ਕਰੌਂ ਪੁਕਾਰ ਉਦਾਰਾ। ਗਹਿ ਲੈਹੌਂ ਜੇ ਕੀਨ ਸੰਘਾਰਾ॥ ੧੧ ॥

ਮੇਰਾ ਪਤੀ ਕਿੱਥੇ ਹੈ? ਇਹ ਸਥਾਨ ਛੱਡ ਕੇ ਚਲਾ ਗਿਆ ਹੈ, ਮੈਂ ਤੁੰਗ ਪਿੰਡ ਤੋਂ ਬਹੁਤ ਛੇਤੀ ਆਈ ਹਾਂ। ਹੁਣ ਮੈਂ ਬੜੇ ਜ਼ੋਰ ਨਾਲ ਪੁਕਾਰ ਕਰਾਂਗੀ, ਮੈਂ ਤੈਨੂੰ ਫੜ ਲਵਾਂਗੀ ਜੇ ਤੂੰ ਮੇਰੇ ਪਤੀ ਨੂੰ ਮਾਰ ਦਿੱਤਾ ਹੈ॥ ੧੧ ॥

ਨਾਂਹਿ ਤ ਮੋਹਿ ਬਤਾਵਹੁ ਪਤਿ ਕੋ। ਰਹਜੋ ਜਿਯਤਿ ਜੇ ਕਿਯ ਇਤ ਉਤ ਕੋ।
ਤੂਰਨ ਕਰਿ ਨਹਿੰ ਬਿਲਮ ਲਗਾਵਹੁ। ਮਮ ਭਰਤਾ ਕੋ ਆਂਖ ਦਿਖਾਵਹੁ'॥ ੧੨ ॥

ਨਹੀਂ ਤਾਂ ਮੇਰੇ ਪਤੀ ਬਾਰੇ ਦੱਸੋ, ਜੇ ਏਧਰ ਓਧਰ ਗਿਆ ਹੈ ਤਾਂ ਕੀ ਉਹ ਜੀਉਂਦਾ ਹੈ? ਛੇਤੀ ਕਰੋ, ਇਸ ਵਿਚ ਦੇਰ ਨਾ ਲਾਵੋ, ਮੇਰੇ ਪਤੀ ਨੂੰ ਮੈਨੂੰ ਵਿਖਾਵੋ"॥ ੧੨ ॥

ਸੁਨਤਿ ਪੀਆ ਨੇ ਕੀਨੁ ਬਖਾਨੁ। ਮੈਂ ਤੇਰੋ ਪਤਿ ਲੇਹੁ ਪਛਾਨੁ।
ਹੇ ਧਰਮੱਗੇ ! ਭਰਮੁ ਨ ਕੀਜਹਿ। ਹੇ ਪਤਿਬ੍ਰਤੇ ! ਬ੍ਰਿਤੰਤ ਸੁਨੀਜਹਿ ॥ ੧੩ ॥

ਇਹ ਸੁਣ ਕੇ ਉਸ ਦੇ ਪਤੀ ਨੇ ਕਿਹਾ, "ਮੈਂ ਹੀ ਤੇਰਾ ਪਤੀ ਹਾਂ, ਪਛਾਣ ਲਵੋ। ਹੇ ਧਰਮ ਸਰੂਪ ! ਭਰਮ ਨਾ ਕਰ, ਹੇ ਪਤੀਬ੍ਰਤਾ ! ਮੇਰਾ ਬ੍ਰਿਤਾਂਤ ਸੁਣੋ ॥ ੧੩ ॥

ਪੂਰਬ ਭਾਗੁ ਜਗੇ ਅਬਿ ਮੇਰੇ। ਫਲ ਪ੍ਰਾਪਤਿ ਔਚਕ ਇਸੁ ਬੇਰੇ।
ਕਰਤਿ ਸ਼ਨਾਨ ਕਾਕ ਮੈਂ ਹੇਰਾ। ਭਯੋ ਹੰਸ ਸਿਤ ਬਰਨੁ ਬਡੇਰਾ ॥ ੧੪ ॥

ਮੇਰੇ ਹੁਣ ਪਿਛਲੇ ਭਾਗ ਜਾਗ ਪਏ ਹਨ, ਮੈਨੂੰ ਅਚਾਨਕ ਇਸ ਸਮੇਂ ਫਲ ਪ੍ਰਾਪਤ ਹੋ ਗਿਆ ਹੈ, ਇਸ਼ਨਾਨ ਕਰਦਿਆਂ ਮੈਂ ਇਕ ਕਾਂ ਨੂੰ ਵੇਖਿਆ, ਉਹ ਹੰਸ ਵਾਂਗ ਸਫੇਦ ਰੰਗ ਦਾ ਹੋ ਗਿਆ ॥ ੧੪ ॥

ਇਸੁ ਜਲੁ ਕੋ ਫਲੁ ਮੈਂ ਤਬਿ ਜਾਨਾ। ਨੀਠਿ ਨੀਠ ਦ੍ਰੁਤ ਆਨਿ ਸ਼ਨਾਨਾ।
ਭਯੋ ਅਰੋਗ ਅੰਗ ਤਨ ਸੁੰਦਰ। ਮੈਂ ਪਤਿ ਸੋ, ਨ ਭਰਮ ਉਰ ਅੰਦਰ ॥ ੧੫ ॥

ਇਸ ਜਲ ਦਾ ਮਹਾਤਮ ਫਿਰ ਮੈਂ ਜਾਣਿਆ, ਰਿੜ੍ਹ-ਰਿੜ੍ਹ ਕੇ ਛੇਤੀ ਆ ਕੇ ਇਸ਼ਨਾਨ ਕੀਤਾ। ਇਕ ਦਮ ਅਰੋਗ ਹੋ ਗਿਆ ਤੇ ਸਰੀਰ ਸੁੰਦਰ ਬਣ ਗਿਆ, ਮੈਂ ਤੇਰਾ ਉਹੀ ਪਤੀ ਹਾਂ, ਹਿਰਦੇ ਵਿਚ ਕੋਈ ਭਰਮ ਨਾ ਕਰੋ ॥ ੧੫ ॥

ਮਿਲਹੁ ਆਨ ਮੋਕਹੁ ਅਬ ਪਜਾਰੀ। ਤੁਵ ਪ੍ਰਤਾਪ ਮੁਝ ਭਾ ਸੁਖ ਭਾਰੀ'।
ਸੁਨਤਿ ਰਿਸੀ ਬਚ ਊਚ ਉਚਾਰਾ। 'ਮੁਝ ਹਿਤ ਤੈਂ ਮੇਰੋ ਪਤਿ ਮਾਰਾ ॥ ੧੬ ॥

ਹੇ ਪਿਆਰੀ ! ਮੈਨੂੰ ਹੁਣ ਆ ਕੇ ਮਿਲੋ, ਤੇਰੇ ਪ੍ਰਤਾਪ ਕਰਕੇ ਹੀ ਮੈਨੂੰ ਏਡਾ ਭਾਰੀ ਸੁਖ ਪ੍ਰਾਪਤ ਹੋਇਆ ਹੈ" ਇਹ ਸੁਣ ਕੇ ਰਜਨੀ ਬਹੁਤ ਗੁੱਸੇ ਵਿਚ ਆ ਗਈ ਅਤੇ ਬੋਲੀ, "ਮੇਰੀ ਖਾਤਰ ਤੂੰ ਮੇਰੇ ਪਤੀ ਨੂੰ ਮਾਰਿਆ ਹੈ ॥ ੧੬ ॥

ਕੈਸੇ ਕੁਸ਼ਟ ਯੁਕਤਿ ਅਸ ਹੋਵਤਿ ?। ਕਰ ਪਗ ਬਿਨ ਕੇ ਕਰ ਪਗ ਜੋਵਤਿ।
ਨਹਿਂ ਨਿਸ਼ਚੇ ਚਿਤ ਆਵਤਿ ਮੋਹੀ। ਅਘ ਕੀ ਸ਼ੰਕਾ ਹੈ ਬਿਚ ਤੋਹੀ ॥ ੧੭ ॥

ਕਿਸ ਤਰ੍ਹਾਂ ਕੋੜ੍ਹ ਨਾਲ ਐਸਾ ਪੀੜਤ ਸੀ ਕਿ ਹੱਥਾਂ ਪੈਰਾਂ ਦੀਆਂ ਉਂਗਲੀਆਂ ਹੀ ਗਲ ਕੇ ਝੜ ਗਈਆਂ ਸਨ, ਪਰ ਤੇਰੇ ਤਾਂ ਹੱਥਾਂ ਪੈਰਾਂ ਦੀਆਂ ਉਂਗਲੀਆਂ ਕਾਇਮ ਹਨ। ਮੈਨੂੰ ਆਪਣੇ ਚਿੱਤ ਵਿਚ ਨਿਸ਼ਚਾ ਨਹੀਂ ਆਉਂਦਾ, ਤੇਰੇ ਤੇ ਪਾਪ ਦੀ ਸ਼ੰਕਾ ਹੈ ॥ ੧੭ ॥

ਜੇ ਕਰਿ ਮੇਰੋ ਪਤਿ ਮਰਿ ਗਇਊ। ਨਹਿਂ ਜੀਵੌਂ ਨਿਜ ਪ੍ਰਾਨਨ ਹਇਊਂ।
ਤੋਹਿ ਗਹਾਇ ਆਪ ਮਰਿ ਜਾਊਂ। ਨਹਿਂ ਪਰ ਪੁਰਖ ਅੰਗ ਸੰਗ ਲਾਊਂ ॥੧੮ ॥

ਜੇ ਮੇਰਾ ਪਤੀ ਮਰ ਗਿਆ ਹੈ ਤਾਂ ਮੈਂ ਜੀਵਾਂਗਾ ਨਹੀਂ ਆਪਣੇ ਪ੍ਰਾਣ ਦੇ ਦੇਵਾਂਗੀ। ਤੈਨੂੰ ਫੜਾ ਕੇ ਆਪ ਮਰ ਜਾਵਾਂਗੀ, ਪਰਾਏ ਮਰਦ ਨੂੰ ਕਦੇ ਵੀ ਆਪਣੇ ਸੰਗ ਨਾ ਲਾਵਾਂਗੀ" ॥ ੧੮ ॥

ਇੱਤਯਾਦਿਕ ਊਚੇ ਬਚ ਟੇਰਤਿ। ਸੁਨਿ ਗਨ ਲੋਕ ਮਿਲੇ ਤਿਨ ਹੇਰਤਿ।
ਦੋਨਹੁੰ ਨਿਜ ਨਿਜ ਬ੍ਰਿਥਾ ਸੁਨਾਈ। ਸੁਨਿ ਕਰਿ ਕਿਹ ਨ ਸਮਝ ਨਰ ਆਈ ॥੧੯ ॥

ਇਸ ਤਰ੍ਹਾਂ ਇੱਤਆਦਿ ਕਈ ਉੱਚੀ-ਉੱਚੀ ਬਚਨ ਕਹੇ, ਉਨ੍ਹਾਂ ਨੂੰ ਵੇਖਕੇ ਅਤੇ ਸੁਣ ਕੇ ਬਹੁਤ ਲੋਕ ਇਕੱਠੇ ਹੋ ਗਏ। ਦੋਵਾਂ ਨੇ ਆਪਣੀ-ਆਪਣੀ ਵਿਥਿਆ ਸੁਣਾਈ, ਇਹ ਸੁਣ ਕੇ ਕਿਸੇ ਵੀ ਮਨੁੱਖ ਦੇ ਕੁਝ ਵੀ ਸਮਝ ਵਿਚ ਨਾ ਆਇਆ ॥ ੧੯ ॥

ਤਬਿ ਸਭਿਹਿਨਿ ਤਿਨ ਕੋ ਸਮੁਝਾਵਾ। 'ਕਸੋਂ ਤੁਮ ਝਗਰਹੁ ਬਾਦ ਉਠਾਵਾ ?।
ਅਪਰ ਨ ਕਰਿ ਹੈਂ ਨਜਾਉਂ ਤੁਮਾਰਾ। ਸ੍ਰੀ ਗੁਰੂ ਅਰਜਨ ਇਹਾਂ ਉਦਾਰਾ ॥੨੦॥

ਫਿਰ ਸਾਰਿਆਂ ਨੇ ਉਨ੍ਹਾਂ ਨੂੰ ਸਮਝਾਇਆ, "ਤੁਸੀਂ ਕਿਉਂ ਝਗੜਦੇ ਹੋ, ਤੁਹਾਡਾ ਹੋਰ ਕੋਈ ਵੀ ਨਿਆਂ ਨਹੀਂ ਕਰ ਸਕਦਾ, ਏਥੇ ਵੱਡੇ ਉਦਾਰਚਿਤ ਕਿਰਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਹਨ॥ ੨੦॥

ਅੰਤਰਜਾਮੀ ਸੋ ਸਭਿ ਜਾਨਹਿਂ। ਕਰਿ ਨਿਰਨੈ ਸਚੁ ਬਾਕ ਬਖਾਨਹਿਂ।
ਤਿਨ ਕੋ ਕਹਯੋ ਸਾਚ ਹੀ ਜਨੀਅਹਿ। ਨਿਹ ਸੰਸਹਿ ਦੋਨਹੁ ਬਚ ਮਨੀਅਹਿ' ॥ ੨੧॥

ਉਹ ਅੰਤਰਜਾਮੀ ਹਨ ਅਤੇ ਸਭ ਕੁਝ ਜਾਣਦੇ ਹਨ, ਨਿਰਣਾ ਕਰਕੇ ਸੱਚੇ ਬਚਨ ਕਹਿਣਗੇ। ਉਨ੍ਹਾਂ ਦਾ ਕਿਹਾ ਸੱਚਾ ਹੀ ਜਾਣੋ, ਉਨ੍ਹਾਂ ਦੇ ਬਚਨਾਂ ਉੱਤੇ ਦੋਵੇਂ ਕੋਈ ਸੰਸਾ ਨਾ ਕਰੋ ਤੇ ਉਨ੍ਹਾਂ ਦੀ ਗੱਲ ਮੰਨੋ" ॥ ੨੧॥

ਇਮ ਸੁਨਿਕੈ ਤ੍ਰਿਯ ਉਰ ਹੁਲਸਾਈ। 'ਸਤਿਗੁਰ ਤੇ ਮਮ ਸੰਸੈ ਜਾਈ'।
ਤਬਿ ਦੋਨਹੁ ਕੁਛ ਨਰ ਲੈ ਸਾਥ। ਗਏ ਜਹਾਂ ਗੁਰੁ ਅਰਜਨ ਨਾਥ॥ ੨੨॥

ਇਹ ਸੁਣ ਕੇ ਇਸਤਰੀ ਦਿਲ ਵਿਚ ਬਹੁਤ ਪ੍ਰਸੰਨ ਹੋਈ ਕਿ "ਸਤਿਗੁਰੂ ਪਾਸੋਂ ਮੇਰੇ ਸੰਸੇ ਦੂਰ ਹੋਣਗੇ।" ਫਿਰ ਦੋਵੇਂ ਕੁਝ ਮਨੁੱਖਾਂ ਨੂੰ ਨਾਲ ਲੈ ਕੇ ਓਥੇ ਚਲੇ ਗਏ ਜਿਥੇ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ॥ ੨੨॥

ਜੋਗੀ ਕੋ ਬ੍ਰਿਤੰਤ ਹੈ ਰਹਯੋ। ਮਹਾਂ ਅਚੰਭਾ ਸਭਿ ਉਰ ਲਹਯੋ।
ਦੁਤਿਯ ਅਚੰਭਾ ਇਹੁ ਲੈ ਗਈ। ਹਾਥ ਜੋਰਿ ਪਦ ਬੰਦਤਿ ਭਈ॥ ੨੩॥

ਓਥੇ ਜੋਗੀ ਦਾ ਬ੍ਰਿਤਾਂਤ ਚਲ ਰਿਹਾ ਸੀ, ਸਾਰਿਆਂ ਦੇ ਮਨ ਹੈਰਾਨੀ ਨਾਲ ਭਰੇ ਹੋਏ ਸਨ, ਦੂਸਰਾ ਅਚੰਭਾ ਰਜਨੀ ਲੈ ਕੇ ਚਲੀ ਗਈ, ਹੱਥ ਜੋੜ ਕੇ ਚਰਨ-ਕੰਵਲਾਂ ਤੇ ਬੰਦਨਾ ਕੀਤੀ॥ ੨੩॥

ਤਿਸ ਕੇ ਪਤਿ ਨੇ ਮਸਤਕ ਟੇਕਾ। ਬੈਠੇ ਸਰ ਤਟ ਜਲਧਿ ਬਿਬੇਕਾ।
ਨਿਕਟ ਭੀਰ ਹੈ ਨਰ ਸਮੁਦਾਇ। ਕਰਹਿਂ ਕਾਰ ਕੋ ਥਿਰ ਤਿਹ ਥਾਇਂ ॥੨੪॥

ਉਸ ਦੇ ਪਤੀ ਨੇ ਵੀ ਮੱਥਾ ਟੇਕਿਆ, ਗਿਆਨ ਦੇ ਸਮੁੰਦਰ ਭਾਵ ਗੁਰੂ ਅਰਜਨ ਦੇਵ ਜੀ ਸਰੋਵਰ ਦੇ ਕਿਨਾਰੇ ਬੈਠੇ ਸਨ। ਪਾਸ ਮਨੁੱਖਾਂ ਦੀ ਬਹੁਤ ਵੱਡੀ ਭੀੜ ਸੀ, ਉਹ ਉਸ ਥਾਂ ਕਾਰ-ਸੇਵਾ ਕਰ ਰਹੇ ਸਨ॥ ੨੪॥

ਖਰੇ ਭਏ ਦੋਨਹੁ ਕਰ ਜੋਰਿ। ਸ੍ਰੀ ਅਰਜਨ ਪਿਖਿ ਕਰਿ ਇਨ ਓਰ।
ਬੂਝਯੋ 'ਕਾਰਜ ਕੌਨ ਤੁਮਾਰਾ ?। ਕਿਮ ਥਿਰ ਰਹੇ ? ਕਰਹੁ ਬਿਸਥਾਰਾ' ॥੨੫॥

ਦੋਵੇਂ ਹੱਥ ਜੋੜ ਕੇ ਖੜੇ ਹੋ ਗਏ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਵਲ ਵੇਖ ਕੇ ਪੁਛਿਆ, "ਤੁਹਾਡਾ ਕੀ ਕਾਰਜ ਹੈ ? ਕਿਉਂ ਖੜੇ ਹੋ ? ਵਿਸਥਾਰ ਨਾਲ ਦੱਸੋ" ॥ ੨੫॥

ਦੋਹਰਾ-ਕਹਤਿ ਭਈ ਕਰ ਜੋਰਿ ਕੈ ਸ੍ਰੀ 'ਗੁਰ ਅਰਜੁਨ ਨਾਥ !।
ਸੁਜਸ ਆਪ ਕੋ ਬਿਦਿਤਿ ਹੈ ਕਰਾਮਾਤ ਅਤਿ ਸਾਥ॥ ੨੬॥

ਹੱਥ ਜੋੜ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿਣ ਲੱਗੀ, "ਤੁਹਾਡਾ ਸ੍ਰੇਸ਼ਟ ਜੱਸ ਕਰਾਮਾਤ ਸਹਿਤ ਸਾਰੇ ਪਰਗਟ ਹੈ॥ ੨੬॥

ਚੌਪਈ- ਸ੍ਰੀ ਨਾਨਕ ਸੁਨਿਯਤਿ ਜਗ ਭਏ। ਸਿੱਧ ਪੀਰ ਆਦਿਕ ਜੈ ਕਏ।
ਮਹਾਂ ਪੁਰਖ ਗੰਭੀਰ ਉਦਾਰਾ। ਜਿਨਕੋ ਜਸ ਗਾਵਤਿ ਜਗ ਸਾਰਾ॥ ੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਜਗਤ ਵਿਚ ਹੋਏ ਹਨ, ਜਿਨ੍ਹਾਂ ਦੀ ਸਾਰੇ ਸਿਧ-ਪੀਰ ਜੈ ਜੈ ਕਾਰ ਕਰਦੇ ਹਨ। ਉਹ ਮਹਾਂਪੁਰਖ ਉੱਤਮ ਰੂਪ ਵਿਚ ਗੰਭੀਰ ਸਨ, ਜਿਨ੍ਹਾਂ ਦਾ ਜੱਸ ਸਾਰਾ ਜੱਗ ਗਾਉਂਦਾ ਹੈ॥ ੨੭॥

ਦਾਸਨ ਕੋ ਦੇ ਗਜਾਨ ਬਡਾਈ। ਸੋ ਅਬਿ ਲਗ ਜਗ ਮਹਿਂ ਦਿਪਤਾਈ।
ਦੁਰੇ ਖਿੰਦ ਦੰਭੀ ਜਹਿਂ ਕਹਾਂ। ਤੇਜ ਪ੍ਰਕਾਸ਼ ਦਸਹੁਂ ਦਿਸ਼ ਮਹਾਂ॥ ੨੮॥

ਉਹ ਆਪਣੇ ਦਾਸਾਂ ਨੂੰ ਗਿਆਨ ਦੇ ਕੇ ਵਡਿਆਈ ਦਿੰਦੇ ਸਨ, ਉਹ ਵਡਿਆਈ ਹੁਣ ਤਕ ਇਸ ਜੱਗ ਵਿਚ ਪਰਗਟ ਰੂਪ ਵਿਚ ਚਮਕ ਰਹੀ ਹੈ। ਜਿਥੇ-ਕਿਥੇ ਵੀ ਪਖੰਡੀ ਅਤੇ ਦੰਭੀ ਰਹਿੰਦੇ ਸਨ, ਸਭ ਉਨ੍ਹਾਂ ਨੂੰ ਵੇਖ ਕੇ ਛੁਪ ਗਏ ਸਨ, ਉਨ੍ਹਾਂ ਦਾ ਤੇਜ ਪ੍ਰਕਾਸ਼ ਦਸਾਂ ਦਿਸ਼ਾਵਾਂ ਵਿਚ ਫੈਲਿਆ ਹੋਇਆ ਹੈ॥ ੨੮॥

ਤਿਨ ਸਥਾਨ ਰਾਵਰਿ ਅਬਿ ਅਹੋ। ਰਿਦੇ ਬਿਖੈ ਸਭਿ ਗਜਾਤਾ ਲਹੋ।
ਸੰਸੈ ਕਰਦਮ ਧਸਿ ਮਨ ਮੋਰਾ। ਧਰਮ ਛਿਦਨ ਤੇ ਡਰ ਉਰ ਘੋਰਾ॥ ੨੯॥

ਉਸ ਸਥਾਨ ਤੇ ਹੁਣ ਆਪ ਜੀ ਬਿਰਾਜਮਾਨ ਹੋ, ਹਿਰਦੇ ਵਿਚ ਆਪ ਜੀ ਨੂੰ ਹਰ ਪ੍ਰਕਾਰ ਦਾ ਗਿਆਨ ਹੈ। ਮੇਰਾ ਮਨ ਸੰਸੇ ਰੂਪੀ ਚਿੱਕੜ ਵਿਚ ਫਸਿਆ ਹੈ, ਧਰਮ ਦੇ ਟੁੱਟ ਜਾਣ ਦਾ ਹਿਰਦੇ ਵਿਚ ਬਹੁਤ ਡਰ ਹੈ॥ ੨੯॥

ਬਾਕ ਤੁਮਾਰੋ ਹੋਇ ਸਹਾਈ। ਇਸੀ ਹੇਤ ਮੈਂ ਚਲਿ ਕਰਿ ਆਈ।
ਪਾਂਚ ਸੁਤਾ ਹਮ ਪਿਤ ਕੇ ਹੁਤੀ। ਇਕ ਸਮਾਨ ਹੀ ਤਨ ਮੈਂ ਦੁਤੀ॥ ੩੦॥

ਤੁਹਾਡੇ ਬਚਨ ਮੇਰੀ ਸਹਾਇਤਾ ਕਰਨਗੇ, ਇਸ ਵਾਸਤੇ ਮੈਂ ਏਥੇ ਚਲ ਕੇ ਆਈ ਹਾਂ। ਅਸੀਂ ਆਪਣੇ ਪਿਤਾ ਜੀ ਦੀਆਂ ਪੰਜ ਧੀਆਂ ਹਾਂ, ਸਾਰੀਆਂ ਹੀ ਇਕ ਸਮਾਨ ਬਹੁਤ ਸੁੰਦਰ ਹਨ॥ ੩੦॥

ਪਿਤ ਰਿਸ ਕਰਿ ਕੁਸ਼ਟੀ ਪਤਿ ਦੀਨਾ। ਧਰਮ ਆਪਨੋ ਮੈਂ ਦ੍ਰਿਢ ਕੀਨਾ।
ਤਿਸ ਕੋ ਖਾਰੀ ਮਹਿਂ ਧਰਿ ਲੀਨਾ। ਨਿਕਸੀ ਵਹਿਰ ਫਿਰਨ ਸ਼ੁਭ ਚੀਨਾ॥੩੧॥

ਪਿਤਾ ਜੀ ਨੇ ਮੇਰੇ ਨਾਲ ਗੁੱਸੇ ਹੋ ਕੇ ਮੈਨੂੰ ਕੋੜ੍ਹੀ ਪਤੀ ਦੇ ਦਿੱਤਾ ਪਰ ਮੈਂ ਆਪਣਾ ਧਰਮ ਦ੍ਰਿੜ੍ਹ ਕਰ ਲਿਆ, ਉਸ ਨੂੰ ਇਕ ਟੋਕਰੀ ਵਿਚ ਬਿਠਾ ਲਿਆ, ਸ਼ੁਭ ਜਾਣ ਕੇ ਬਾਹਰ ਫਿਰਨ ਵਾਸਤੇ ਨਿਕਲੀ॥ ੩੧॥

ਜਾਚਤਿ ਫਿਰੀ ਸੁ ਭਰਤਾ ਲੈਕੈ। ਭੋਜਨ ਆਨਿ ਜਾਚਨਾ ਕੈ ਕੈ।
ਪਤਿ ਕੋ ਦੇਯ ਪਿਛਾਰੀ ਖਾਵੋਂ। ਨਿਸ ਬਾਸੁਰ ਮੈਂ ਸੇਵ ਕਮਾਵੋਂ॥ ੩੨॥

ਆਪਣੇ ਪਤੀ ਨੂੰ ਨਾਲ ਲੈ ਕੇ ਮੰਗਦੀ ਫਿਰੀ, ਥਾਂ-ਥਾਂ ਭੋਜਨ ਮੰਗਦੀ ਫਿਰਦੀ ਸੀ। ਪਹਿਲੇ ਆਪਣੇ ਪਤੀ ਦੇਵ ਨੂੰ ਖੁਵਾ ਕੇ ਬਾਅਦ ਵਿਚ ਆਪ ਖਾਂਦੀ ਹਾਂ, ਦਿਨ-ਰਾਤ ਮੈਂ ਉਸਦੀ ਸੇਵਾ ਕਰਦੀ ਹਾਂ॥ ੩੨॥

ਮਮ ਪਤਿ ਕੋ ਪਿਖਿ ਕਰੈਂ ਗਿਲਾਨ। ਐਂਠਹਿ ਨਾਕ ਸੁ ਦੂਰ ਬਖਾਨ।
ਤੁਮਰੇ ਚੱਕ ਤੇ ਹੈ ਦਿਸ਼ ਪੂਰਾ। ਤਹਿਂ ਬਦਰੀ ਤਰੁ ਹੈ ਇਕ ਖਰਾ॥ ੩੩॥

ਲੋਕ ਮੇਰੇ ਪਤੀ ਨੂੰ ਵੇਖ ਕੇ ਨਫਰਤ ਕਰਦੇ ਹਨ, ਨੱਕ ਚੜ੍ਹੌਂਦੇ ਹਨ ਤੇ ਕਹਿੰਦੇ ਹਨ ਇਸ ਨੂੰ ਦੂਰ ਲੈ ਜਾਵੋ। ਤੁਹਾਡੇ ਚੱਕ ਤੋਂ ਪੂਰਬ ਦਿਸ਼ਾ ਵਲ ਇਕ ਬੇਰੀ ਦਾ ਦਰੱਖਤ ਖੜਾ ਹੈ॥ ੩੩॥

ਕੁਛਕ ਨਿੰਮ੍ਰ ਥਲ ਨੀਰ ਖਰਜੋ ਹੈ। ਸਿਰ ਤੇ ਤਹਾਂ ਉਤਾਰ ਧਰਜੋ ਹੈ।
ਪਤਿ ਸਮੇਤ ਖਾਰੀ ਲਿ ਟਿਕਾਈ। ਜਾਚਨ ਆਨ ਗ੍ਰਾਮ ਮਹਿੰ ਧਾਈ॥ ੩੪॥

ਉਸ ਸਥਾਨ ਤੇ ਕੁਝ ਨਰਮ ਥਲ ਹੈ ਜਿਥੇ ਜਲ ਖੜਾ ਹੈ, ਓਥੇ ਬੇਰੀ ਦੇ ਦਰੱਖਤ ਥੱਲੇ ਮੈਂ ਆਪਣੇ ਪਤੀ ਨੂੰ ਉਤਾਰ ਕੇ ਬਿਠਾ ਦਿੱਤਾ। ਪਤੀ ਸਮੇਤ ਹੀ ਟੋਕਰੀ ਨੂੰ ਲੈ ਕੇ ਓਥੇ ਟਿਕਾ ਦਿੱਤਾ ਤੇ ਆਪ ਮੰਗਣ ਵਾਸਤੇ ਪਿੰਡ ਨੂੰ ਚਲੇ ਗਈ॥ ੩੪॥

ਉੱਤਰ ਦਿਸ਼ਾ ਬਸਤਿ ਹੈ ਤੁੰਗ। ਤਹਾਂ ਜਾਇ ਮੈਂ ਅੰਨ ਸੁ ਮੰਗਿ।
ਬਿਤੇ ਜਾਮ ਜੁਗ ਚਲਿ ਕਰਿ ਆਈ। ਪਤਿ ਪਿੰਗਲ ਨਹਿੰ ਪਿਖਜੋ ਤਿਥਾਈਂ॥ ੩੫॥

ਉਤਰ ਦਿਸ਼ਾ ਵਿਚ ਇਕ ਤੁੰਗ ਨਾਂ ਦਾ ਪਿੰਡ ਵੱਸਦਾ ਹੈ, ਓਥੇ ਜਾ ਕੇ ਮੈਂ ਭੋਜਨ ਮੰਗਿਆ, ਜਦ ਦੋ ਪਹਿਰ ਬੀਤੇ ਤਾਂ ਮੈਂ ਚਲ ਕੇ ਵਾਪਸ ਆ ਗਈ, ਓਥੇ ਮੈਂ ਆਪਣੇ ਪਿੰਗਲੇ ਪਤੀ ਨੂੰ ਨਾ ਵੇਖਿਆ॥ ੩੫॥

ਬਿਨਾ ਕੁਸ਼ਟ ਕਰ ਪਗ ਜੁਤਿ ਸਾਰਜੋ। ਆਇ ਤਹਾਂ ਇਹੁ ਪੁਰਖ ਨਿਹਾਰਜੋ।
ਮੁਝ ਮਨ ਮਹਿੰ ਨਹਿੰ ਨਿਸ਼ਚੈ ਹੋਵਾ। ਕਿਸ ਪ੍ਰਕਾਰ ਭਾ ਨਵਾ ਨਿਰੋਵਾ॥ ੩੬॥

ਕੋੜ੍ਹ ਤੋਂ ਬਗੈਰ, ਸਾਰੇ ਹੱਥਾਂ ਪੈਰਾਂ ਸਮੇਤ, ਇਸ ਮਨੁੱਖ ਨੂੰ ਓਥੇ ਆ ਕੇ ਵੇਖਿਆ। ਮੇਰੇ ਮਨ ਵਿਚ ਨਿਸ਼ਚਾ ਨਹੀਂ ਹੋਇਆ ਹੈ, ਕਿਸ ਪ੍ਰਕਾਰ ਇਹ ਨਵਾਂ ਨਿਰੋਆ ਹੋ ਗਿਆ ਹੈ"॥ ੩੬॥

ਸਕਲ ਬਾਤ ਸੁਨਿਕੈ ਤਿਯ ਕੇਰੀ। ਮਾਨਵ ਸਾਥ ਭਨਜੋ ਤਿਸੁ ਬੇਰੀ।
'ਪਿੰਗਲ ਦੇਹਿ ਬਿਖੈ ਬਡਿ ਰੋਗ। ਤੂੰ ਕਹੁ ਕੈਸੇ ਭਯੋ ਅਰੋਗ?॥ ੩੭॥

ਗੁਰੂ ਜੀ ਨੇ ਉਸ ਦੀ ਸਾਰੀ ਗੱਲ ਸੁਣ ਕੇ ਉਸ ਮਨੁੱਖ ਨੂੰ ਇਸ ਤਰ੍ਹਾਂ ਕਿਹਾ, "ਕੋੜ੍ਹ ਦਾ ਸਰੀਰ ਵਿਖੇ ਵੱਡਾ ਰੋਗ ਲੱਗਾ ਸੀ, ਤੂੰ ਦੱਸ ਕਿਸ ਤਰ੍ਹਾਂ ਅਰੋਗ ਹੋ ਗਿਆ ਹੈਂ?॥ ੩੭॥

ਸਕਲ ਜਥਾਰਥ ਬਾਤ ਸੁਨਾਵਹੁ। ਨਾਂਹਿ ਤ ਬਡ ਸਜਾਇ ਕੋ ਪਾਵਹੁ।
ਕਪਟ ਜਿ ਕਰਜੋ ਭਾਰਜਾ ਹੇਤਿ। ਬਸਹਿ ਨਹੀਂ ਇਹੁ ਤੋਹਿ ਨਿਕੇਤ'॥ ੩੮॥

ਸੱਚੋ-ਸੱਚ ਸਾਰੀ ਗੱਲ ਸੁਣਾਵੇ, ਨਹੀਂ ਤਾਂ ਵੱਡੀ ਸਜ਼ਾ ਪਾਵੇਂਗੇ। ਜੇ ਤੂੰ ਆਪਣੀ ਪਤਨੀ ਨਾਲ ਧੋਖਾ ਕੀਤਾ ਹੈ ਤਾਂ ਇਹ ਤੇਰੇ ਘਰ ਨਹੀਂ ਵੱਸੇਗੀ"॥ ੩੮॥

ਸੁਨਿ ਗੁਰ ਤੇ ਤਿਹ ਮਾਨਵ ਕਹਜੋ। 'ਸਰਬ ਬ੍ਰਿਤਾਂਤ ਸੁਨਹੁ ਜਿਮਿ ਲਹਜੋ।
ਬਦਰੀ ਸੋਂ ਧਰਿ ਕਰਿ ਮਮਖਾਰੀ। ਜਬਿ ਇਹ ਮਾਂਗਨ ਹੇਤ ਸਿਧਾਰੀ॥ ੩੯॥

ਇਹ ਸੁਣ ਕੇ ਉਸ ਮਨੁੱਖ ਨੇ ਕਿਹਾ, "ਸਾਰਾ ਬ੍ਰਿਤਾਂਤ ਸੁਣੋ ਜਿਵੇਂ ਮੇਰੇ ਨਾਲ ਵਾਪਰਿਆ ਹੈ, ਜਦ ਮੇਰੀ ਟੋਕਰੀ ਨੂੰ ਬੇਰੀ ਦੇ ਪੇੜ ਹੇਠਾਂ ਰੱਖ ਕੇ ਇਹ ਮੰਗਣ ਵਾਸਤੇ ਚਲੇ ਗਈ॥ ੩੯॥

ਤਬਿ ਇਕ ਬਾਇਸ ਚਲਿ ਢਿਗ ਆਵਾ। ਕਰੇ ਪਾਨ ਅਰੁ ਪੰਖ ਭਿਗਾਵਾ।
ਭਯੋ ਸੁਪੇਦ ਰੰਗ ਤਿਸ ਕੇਰਾ। ਧਰੀ ਮਰਾਲ ਪ੍ਰਭਾ ਤਿਸ ਬੇਰਾ॥ ੪੦॥

ਤਦ ਇਕ ਕਾਂ ਚਲ ਕੇ ਮੇਰੇ ਨੇੜੇ ਆਇਆ, ਉਸ ਛਪੜੀ ਵਿਚੋਂ ਪਾਣੀ ਪੀਤਾ ਤੇ ਆਪਣੇ ਪੰਭਾਂ ਨੂੰ ਪਾਣੀ ਵਿਚ ਡਬੋਇਆ। ਕਾਂ ਦਾ ਉਸੇ ਵੇਲੇ ਰੰਗ ਸਫੇਦ ਹੋ ਗਿਆ, ਉਸ ਨੇ ਉਸੇ ਵੇਲੇ ਇਕ ਹੰਸ ਦੀ ਸ਼ਕਲ ਧਾਰਨ ਕਰ ਲਈ॥ ੪੦॥

ਸ਼ਜਾਮ ਬਰਨ ਸਗਰੋ ਮਿਟ ਗਯੋ। ਜਨ ਸਬੂਣ ਸੰਗ ਉੱਜਲ ਭਯੋ।
ਤਬਿਹੂੰ ਮੈਂ ਜਾਨਜੋ ਨਿਜ ਆਤਮ। 'ਇਸ ਜਲ ਕੋ ਹੈ ਮਹਾਂ ਮਹਾਤਮ'॥ ੪੧॥

ਉਸ ਦਾ ਕਾਲਾ ਰੰਗ ਸਾਰਾ ਖਤਮ ਹੋ ਗਿਆ, ਜਿਵੇਂ ਸਾਬਣ ਨਾਲ ਧੋ ਕੇ ਸਾਫ ਕਰ ਦਿੱਤਾ ਹੋਵੇ, ਤਦ ਮੈਂ ਆਪਣੇ ਮਨ ਵਿਚ ਜਾਣਿਆ ਕਿ "ਇਸ ਜਲ ਦਾ ਮਹਾਨ ਮਹਾਤਮ ਹੈ"॥ ੪੧॥

ਹਾਲ ਚਾਲ ਮੈਂ ਤਜਿ ਕਰਿ ਖਾਰੀ। ਜਾਇ ਸਪਰਸ਼ਜੋ ਸੁੰਦਰ ਬਾਰੀ।
ਜਬਿ ਪੂਰਬਿ ਮੈਂ ਹਾਥ ਭਿਗੋਏ। ਤਾਤਕਾਲ ਅੰਗੁਰੀ ਜੁਤਿ ਹੋਏ॥ ੪੨॥

ਹਿਲ-ਜੁਲ ਕੇ ਮੈਂ ਟੋਕਰੀ ਵਿਚੋਂ ਬਾਹਰ ਨਿਕਲ ਆਇਆ ਤੇ ਜਾ ਕੇ ਉਸ ਸੁੰਦਰ ਪਾਣੀ ਨੂੰ ਛੂਹਿਆ। ਜਦ ਪਹਿਲਾਂ ਮੈਂ ਆਪਣੇ ਹੱਥਾਂ ਨੂੰ ਪਾਣੀ ਵਿਚ ਪਾਇਆ ਤਾਂ ਤੁਰੰਤ ਮੇਰੇ ਹੱਥਾਂ ਦੀਆਂ ਉਂਗਲਾਂ ਸਹੀ ਸਲਾਮਤ ਹੋ ਗਈਆਂ ॥ ੪੨॥

ਸਾਰੋ ਪਰਜੋ ਬੀਚ ਮੈਂ ਜਾਈ। ਅਸੁ ਕਾਇਆਂ ਅਪਨੀ ਦ੍ਰਿਸ਼ਟਾਈ।
ਨਿਜ ਤਿਯ ਕੋ ਕਹਿ ਰਹਜੋ ਬਬੇਰਾ। ਮਾਨਜੋ ਬਾਕ ਨਹੀਂ ਕੋ ਮੇਰਾ॥ ੪੩॥

ਫਿਰ ਮੈਂ ਆਪਣੇ ਸਾਰੇ ਸਰੀਰ ਨੂੰ ਪਾਣੀ ਵਿਚ ਡੋਬ ਦਿੱਤਾ, ਜਿਸ ਕਾਰਨ ਮੇਰੀ ਕਾਇਆ ਇਸ ਤਰ੍ਹਾਂ ਦੀ ਪਰਗਟ ਹੋਈ। ਮੈਂ ਆਪਣੀ ਪਤਨੀ ਨੂੰ ਬਹੁਤ ਕਹਿ ਚੁਕਾ ਹਾਂ, ਪਰ ਇਸ ਨੇ ਮੇਰੀ ਗੱਲ ਨੂੰ ਮੰਨਿਆ ਹੀ ਨਹੀਂ ਹੈ॥ ੪੩॥

ਕਹਿਨ ਲਗੀ 'ਸ਼੍ਰੀ ਗੁਰ ਇਸ ਕਾਲ। ਸਭਿ ਗਜਾਤਾ ਤਿਨ ਰਿਦੈ ਬਿਸਾਲ।
ਅੰਤਰਜਾਮੀ ਸਭਿ ਕੀ ਜ਼ਾਨਹਿਂ। ਬਾਕ ਬਖਾਨਹਿਂ ਸੋ ਹਮ ਮਾਨਹਿਂ॥ ੪੪॥

ਮੈਨੂੰ ਕਹਿਣ ਲੱਗੀ ਕਿ "ਇਸ ਸਮੇਂ ਸ੍ਰੀ ਗੁਰੂ ਜੀ ਆਪਣੇ ਦਿਲ ਵਿਚ ਸਭ ਕੁਝ ਜਾਣਦੇ ਹਨ, ਉਹ ਅੰਤਰਜਾਮੀ ਹਨ ਤੇ ਸਭ ਦੇ ਦਿਲਾਂ ਦੀਆਂ ਜਾਣਦੇ ਹਨ, ਜੋ ਉਹ ਬਚਨ ਕਰਨਗੇ ਉਹ ਅਸੀਂ ਮੰਨਾਂਗੇ"॥ ੪੪॥

ਮੋਹਿ ਭਾਰਜਾ ਝਗਰਤਿ ਆਈ। ਯਾਂਕੋ ਦੀਜਹਿ ਸਾਚ ਜਨਾਈ'।
ਬਹੁ ਨਰ ਮਿਲੇ ਸਕਲ ਨੇ ਕਹਜੋ। 'ਰਾਵਰ ਕੋ ਸਰਬਗ ਸਭਿ ਲਹਜੋ'॥ ੪੫॥

ਮੇਰੀ ਪਤਨੀ ਮੇਰੇ ਨਾਲ ਝਗੜਦੀ ਆਈ ਹੈ, ਇਸ ਨੂੰ ਸੱਚ ਤੋਂ ਜਾਣੂੰ ਕਰਾ ਦੇਵੋ।" ਓਥੇ ਬਹੁਤ ਮਨੁੱਖ ਇਕੱਠੇ ਹੋਏ ਸਨ, ਸਾਰਿਆਂ ਨੇ ਕਿਹਾ, "ਆਪ ਜੀ ਸਭ ਕੁਝ ਜਾਣਦੇ ਹੋ"॥ ੪੫॥

ਸਤਿਗੁਰ ਸਭਾ ਬਿਸਮ ਭਈ ਐਸੀ। ਸੁਨਤਿ ਮੋਨ ਧਰਿਯੋ ਸਭਿ ਬੈਸੀ।
ਸ਼੍ਰੀ ਅਰਜਨ ਜੀ ਬਾਕ ਬਖਾਨਾ। 'ਬੈਠਹੁ ਸ਼ਬਦ ਸੁਨਹੁ ਨਿਜ ਕਾਨਾ॥ ੪੬॥

ਸਤਿਗੁਰੂ ਦੀ ਸਭਾ ਵਿਚ ਬੈਠੇ ਮਨੁੱਖ ਇੰਨੇ ਹੈਰਾਨ ਹੋਏ ਕਿ ਸੁਣਦਿਆਂ ਹੀ ਸਭ ਚੁਪ ਹੋ ਗਏ। ਫਿਰ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ, "ਬੈਠ ਜਾਵੋ ਤੇ ਸ਼ਬਦ ਨੂੰ ਆਪਣੇ ਕੰਨਾਂ ਨਾਲ ਚੰਗੀ ਤਰ੍ਹਾਂ ਸੁਣੋ॥ ੪੬॥

ਹਮ ਕਹਿ ਹੈਂ ਕੋ ਘਟੀ ਪਿਛਾਰੀ। ਸਾਚ ਝੂਠ ਕਰਿ ਦੇਹਿਂ ਨਿਰਾਰੀ'।
ਇਮ ਕਹਿ ਨੈਨ ਮੂੰਦ ਕਿਯ ਧਯਾਨਾ। ਮਨ ਠਹਿਰਾਯੋ ਗੁਰੂ ਸੁਜਾਨਾ॥ ੪੭॥

ਅਸੀਂ ਇਕ ਘੜੀ ਦੇ ਪਿੱਛੋਂ ਕਹਾਂਗੇ ਅਤੇ ਸੱਚ-ਝੂਠ ਦਾ ਨਿਸਤਾਰਾ ਕਰ ਦੇਵਾਂਗੇ"। ਇਸ ਤਰ੍ਹਾਂ ਕਹਿ ਕੇ ਨੈਣ ਬੰਦ ਕਰਕੇ ਧਿਆਨ ਲਾ ਲਿਆ। ਚਤੁਰ ਸਤਿਗੁਰੂ ਜੀ ਨੇ ਆਪਣੇ ਮਨ ਨੂੰ ਠਹਿਰਾਇਆ॥ ੪੭॥

*ਦੂਸਰੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਉਨਤਾਲੀਵਾਂ

## ਅੰਮ੍ਰਿਤ ਸਰੋਵਰ ਦੀ ਕਾਰ ਦਾ ਅਰੰਭ

ਦੋਹਰਾ- ਸ੍ਰੀ ਅਰਜਨ ਸਰਬੱਗਜ ਗੁਰ ਨੇਤ੍ਰ ਮੂੰਦਿ ਕਿਯ ਧਯਾਨੁ।
ਤਿਸ ਛਿਨ ਸ੍ਰੀ ਗੁਰ ਅਮਰ ਜੀ ਦਈ ਦਿਖਾਈ ਆਨ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਨੈਣ ਬੰਦ ਕਰਕੇ ਅੰਤਰ-ਧਿਆਨ ਹੋ ਗਏ, ਉਸ ਵੇਲੇ ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦਿਖਾਈ ਦਿੱਤੇ॥ ੧॥

ਚੌਪਈ- ਧਯਾਨ ਥਿਰੇ ਉਰ ਮਹਿਂ ਗੁਰ ਆਏ। ਸਕਲ ਬਾਤ ਕੋ ਭੇਵ ਜਨਾਏ।
'ਇਹ ਨਰ ਸਾਚੀ ਭਾਖਤਿ ਬਾਤ। ਜਬਿ ਸੁ ਨ੍ਹਾਤ ਤਹਿਂ, ਤਬਿ ਸੰਕ੍ਰਾਂਤ ॥੨॥

ਧਿਆਨ ਟਿਕਿਆ ਹੋਇਆਂ ਗੁਰੂ ਅਮਰਦਾਸ ਜੀ ਹਿਰਦੇ ਵਿਚ ਆਏ, ਸਾਰੀ ਗੱਲ ਦਾ ਭੇਤ ਉਨ੍ਹਾਂ ਨੇ ਦੱਸ ਦਿੱਤਾ। "ਇਹ ਮਨੁੱਖ ਸੱਚੀ ਗੱਲ ਕਹਿੰਦਾ ਹੈ, ਜਦ ਇਹ ਉਸ ਸਥਾਨ ਤੇ ਨਹਾਇਆ ਸੀ ਤਾਂ ਉਸ ਸਮੇਂ ਸੰਗ੍ਰਾਂਦ ਦਾ ਦਿਹਾੜਾ ਸੀ॥ ੨॥

ਹਮ ਨੇ ਪਿਤਾ ਤੁਮਾਰੋ ਪ੍ਰੇਰਾ। 'ਜਾਇ ਤੜਾਗ ਲਗਾਇ ਬਡੇਰਾ'।
ਤਬਿ ਇਕ ਤਾਲ ਤਹਾਂ ਖੁਨਵਾਯੋ। ਜਹਿਂ ਇਹ ਕੁਸ਼ਟੀ ਨੀਰ ਨਹਾਯੋ ॥੩॥

ਅਸੀਂ ਤੁਹਾਡੇ ਪਿਤਾ ਜੀ ਨੂੰ ਪ੍ਰੇਰਿਆ ਸੀ ਕਿ ਓਥੇ ਜਾ ਕੇ ਵੱਡਾ ਸਰੋਵਰ ਬਣਾਓ। ਤਦ ਉਨ੍ਹਾਂ ਨੇ ਓਥੇ ਇਕ ਸਰੋਵਰ ਪੁਟਵਾਇਆ, ਜਿਸ ਜਲ ਵਿਚ ਇਸ ਕੋੜ੍ਹੀ ਨੇ ਇਸ਼ਨਾਨ ਕੀਤਾ ਹੈ॥ ੩॥

ਤੁਮ ਕੋ ਉਚਿਤ ਅਹੈ ਇਸ ਕਾਲ। ਕਰਹੁ ਲਗਾਵਨ ਤਾਲੁ ਬਿਸਾਲ।
ਬਹੁਤ ਕਾਲ ਭਾ ਲਘੁ ਖੁਨਵਾਯੋ। ਚਹੁੰਦਿਸ਼ ਤੇ ਜਲ ਢਰਿ ਤਹਿਂ ਆਯੋ ॥੪॥

ਤੁਹਾਡੇ ਵਾਸਤੇ ਇਸ ਸਮੇਂ ਇਹੋ ਉਚਿਤ ਹੈ ਕਿ ਓਥੇ ਵਿਸ਼ਾਲ ਸਰੋਵਰ ਤਿਆਰ ਕਰਵਾਓ। ਬਹੁਤ ਸਮਾਂ ਪਹਿਲਾਂ ਥੋੜ੍ਹਾ ਪੁਟਿਆ ਸੀ, ਚਾਰਾਂ ਪਾਸਿਆਂ ਤੋਂ ਪਾਣੀ ਬਹਿ ਕੇ ਉਸ ਪੁਟਵਾਈ ਵਾਲੇ ਥਾਂ ਆ ਗਿਆ ਹੈ॥ ੪॥

ਮ੍ਰਿਤਕਾ ਪਰੀ ਗਯੋ ਭਰਿ ਸੋਇ। ਚਿੰਨ੍ਹ ਪਛਾਨ ਮਾਤ੍ਰ ਤਹਿਂ ਹੋਇ।
ਹੇਤ ਮਹਾਤਮ ਕੇ ਬਿਦਤਾਵਨ। ਨਹਿਂ ਕੀਨਸ ਸਭਿ ਬਿਖੈ ਜਨਾਵਨ ॥੫॥

ਮਿਟੀ ਪੈਣ ਨਾਲ ਉਹ ਭਰ ਗਿਆ ਹੈ, ਉਸ ਦੇ ਹੁਣ ਪਛਾਣ ਮਾਤਰ ਕੁਝ ਚਿੰਨ੍ਹ ਰਹਿ ਗਏ ਹਨ। ਇਸ ਦੇ ਮਹਾਤਮ ਨੂੰ ਪਰਗਟ ਕਰਨ ਲਈ, ਸਾਰਿਆਂ ਨੂੰ ਦੱਸਿਆ ਨਹੀਂ ਗਿਆ ਹੈ॥ ੫॥

ਅਬਿ ਮਹਿਮਾ ਕੇ ਸਹਤ ਬਿਸਾਲਾ। ਬਿਦਤਾਵਹੁ ਸਿਰਜਹੁ ਸ਼ੁਭ ਤਾਲਾ।
ਸ੍ਰੀ ਅੰਮ੍ਰਿਤਸਰ ਧਰੀਅਹਿ ਨਾਮੂ। ਚਹੁੰ ਦਿਸ਼ ਮਹਿਂ ਸੁਪਾਨ ਅਭਿਰਾਮੂ ॥੬॥

ਹੁਣ ਮਹਾਨ ਮਹਿਮਾ ਸਹਿਤ ਇਸ ਨੂੰ ਪਰਗਟ ਕਰੋ ਅਤੇ ਸ਼ੁਭ ਸਰੋਵਰ ਤਿਆਰ ਕਰਾਵੋ, ਉਸ ਦਾ ਨਾਂ ਅੰਮ੍ਰਿਤਸਰ ਰੱਖੋ ਅਤੇ ਚਾਰੇ ਪਾਸੇ ਸੁੰਦਰ ਪੌੜੀਆਂ ਬਣਾਵੋ॥ ੬॥

ਰਾਮਦਾਸੁ ਪੁਰਿ ਰਾਮਦਾਸੁ ਸਰੁ। ਇਹੁ ਭੀ ਨਾਮ ਕਹਹਿਂ ਨਾਰੀ ਨਰ।
ਜਨਨੀ ਪਿਤ ਗੁਰ ਕੋ ਉਰ ਹੇਰਾ। ਨਮੋ ਕਰਤਿ ਭੇ ਹਰਖ ਬਡੇਰਾ॥ ੭॥

ਰਾਮਦਾਸ ਪੁਰ, ਰਾਮਦਾਸ ਸਰੋਵਰ, ਇਹ ਵੀ ਨਾਂ ਮਨੁੱਖ ਇਸਤਰੀਆਂ ਕਹਿਣਗੇ"। ਆਪਣੀ ਮਾਤਾ ਜੀ ਦੇ ਪਿਤਾ ਜੀ ਭਾਵ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੇ ਹਿਰਦੇ ਵਿਚ ਵੇਖਿਆ, ਨਮਸਕਾਰ ਕਰਕੇ ਬੜੇ ਪ੍ਰਸੰਨ ਹੋਏ॥ ੭॥

ਸ੍ਰੀ ਅਰਜਨ ਗੁਰੂ ਅੰਤਰਜਾਮੀ। ਮਿਸ ਕਰਿ ਬਿਦਤਾਵਤਿ ਥਲ ਸ੍ਵਾਮੀ।
ਵਹਿਰ ਮੁਖੀ ਬ੍ਰਿਤਿ ਨਯਨ ਉਘਾਰੇ। ਮਨਹੁਂ ਕਮਲ ਦਲ ਭੇ ਭੁਨਸਾਰੇ॥ ੮॥

ਅੰਤਰਜਾਮੀ ਸ੍ਰੀ ਗੁਰੂ ਅਰਜਨ ਦੇਵ ਨੇ ਆਪਣੀ ਅੰਤਰਜਾਮਤਾ ਛਿਪਾਈ ਰੱਖ ਕੇ ਇਸ ਘਟਨਾ ਵਾਲੇ ਸਥਾਨ ਨੂੰ ਪ੍ਰਗਟ ਕੀਤਾ। ਬਾਹਰਮੁਖੀ ਬ੍ਰਿਤੀ ਧਾਰਨ ਕਰਨ ਹਿਤ ਆਪਣੇ ਨੈਣਾਂ ਨੂੰ ਇੰਝ ਉਘਾੜਿਆ ਮਾਨੋ ਕਮਲ ਦੇ ਫੁੱਲ ਖਿੜੇ ਹੋਣ॥ ੮॥

ਪਰਮ ਪ੍ਰਸੰਦ ਬਖਾਨਜੋ ਤਿਯ ਸੋਂ। 'ਸਰਬ ਸੰਦੇਹ ਦੂਰ ਕਰਿ ਹਿਯ ਸੋਂ।
ਨਿਸ਼ਚੈ ਇਹੀ ਤੋਰ ਭਰਤਾਰਾ। ਤੈਂ ਕੀਨਸ ਹਮ ਪਰ ਉਪਕਾਰਾ॥ ੯॥

ਪਰਮ ਪ੍ਰਸੰਨ ਹੋ ਕੇ ਰਜਨੀ ਨੂੰ ਕਿਹਾ, "ਸਾਰੇ ਸ਼ੰਕਿਆਂ ਨੂੰ ਆਪਣੇ ਹਿਰਦੇ ਵਿਚੋਂ ਦੂਰ ਕਰੋ, ਨਿਸ਼ਚੇ ਹੀ ਇਹੀ ਤੇਰਾ ਪਤੀ ਹੈ, ਤੂੰ ਸਾਡੇ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ॥ ੯॥

ਚਿਰੰਕਾਲ ਕੇ ਚਾਹਤਿ ਐਸੇ। ਤੀਰਥ ਪਰਖਨਿ ਹੋਵਹਿ ਕੈਸੇ।
ਸ੍ਰੀ ਗੁਰ ਰਾਮਦਾਸ ਬਚ ਕਹਿਓ। 'ਕਊਆ ਨਾਇ ਹੰਸ ਜਹਿਂ ਲਹਿਓ॥੧੦॥

ਅਸੀਂ ਕਾਫੀ ਸਮੇਂ ਤੋਂ ਚਾਹੁੰਦੇ ਸੀ, ਕਿ ਅਸਲੀ ਤੀਰਥ ਅਸਥਾਨ ਦੀ ਕਿਸ ਤਰ੍ਹਾਂ ਪਰਖ ਹੋਵੇ, ਸ੍ਰੀ ਗੁਰੂ ਰਾਮਦਾਸ ਜੀ ਨੇ ਬਚਨ ਕੀਤੇ ਸਨ ਕਿ "ਕਾਂ ਨਹਾ ਕੇ ਜਿਥੇ ਹੰਸ ਬਣ ਜਾਵੇਗਾ॥ ੧੦॥

ਸੋ ਸ੍ਰੀ ਅੰਮ੍ਰਿਤਸਰ ਜੀ ਜਾਨਹੁਂ। ਇਮ ਪਰਖਨ ਤਿਸ ਥਲ ਕੋ ਮਾਨਹੁਂ।
ਤੁਮ ਬ੍ਰਿਤਾਂਤ ਤੇ ਨਿਸ਼ਚੈ ਭਇਊ। ਜਗਤ ਨਰਨ ਕੋ ਸੰਸੈ ਗਇਊ॥ ੧੧॥

ਉਸ ਸਥਾਨ ਨੂੰ ਸ੍ਰੀ ਅੰਮ੍ਰਿਤ ਸਰੋਵਰ ਜਾਣੋ, ਇਸ ਤਰ੍ਹਾਂ ਉਸ ਸਥਾਨ ਦੀ ਪਰਖ ਮੰਨੋ।" ਤੁਹਾਡੇ ਬ੍ਰਿਤਾਂਤ ਕਰਕੇ ਸਾਨੂੰ ਨਿਸ਼ਚਾ ਹੋ ਗਿਆ ਹੈ ਅਤੇ ਜਗਤ ਦੇ ਮਨੁੱਖਾਂ ਦੇ ਸੰਸੇ ਦੂਰ ਹੋ ਗਏ ਹਨ॥ ੧੧॥

*ਮਹਲਾ ੪॥*

*ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥* *(ਪੰਨਾ ੪੯੩)*

ਸੱਚ ਬੋਲਣ ਵਾਲੇ, ਸਤਿਗੁਰੂ ਜੀ ਅੰਮ੍ਰਿਤ ਦੇ ਸਰੋਵਰ ਹਨ, ਜਿਸ ਵਿਚ ਇਸ਼ਨਾਨ ਕਰਨ ਨਾਲ ਕਾਂ ਵੀ ਰਾਜਹੰਸ ਹੋ ਜਾਂਦਾ ਹੈ।

ਅਬਿ ਤੁਮ ਨਿਸਾ ਗ੍ਰਾਮ ਮਹਿਂ ਚਲੋ। ਭੋਰ ਭਏ ਹਮ ਸੰਗ ਲੇ ਚਲੋ।
ਪਾਵਨਿ ਥਾਨ ਜਨਾਵਨਿ ਕਰੀਅਹਿ। ਤਰੁਵਰੁ ਬਦਰੀ ਤਰ ਵਰ ਤਰੀਅਹਿ॥੧੨॥

ਹੁਣ ਰਾਤ ਪੈ ਗਈ ਹੈ ਤੁਸੀਂ ਪਿੰਡ ਨੂੰ ਚਲੋ, ਸਵੇਰ ਹੁੰਦਿਆਂ ਹੀ ਸਾਨੂੰ ਲੈ ਕੇ ਓਥੇ ਚਲੋ। ਪਵਿੱਤਰ ਅਸਥਾਨ ਨੂੰ ਜਾ ਕੇ ਵੇਖੀਏ ਸ੍ਰੇਸ਼ਟ ਬ੍ਰਿਛਾਂ ਵਿਚੋਂ ਬੇਰੀ ਦੇ ਬ੍ਰਿਛ ਹੇਠਾਂ ਚੱਲੀਏ॥ ੧੨॥

ਸਿਮਰਹੁ ਸੱਤਿਨਾਮੁ ਲਿਵ ਲਾਇ। ਜਨਮ ਮਰਨ ਦੁਖ ਤੇ ਛੁਟਿ ਜਾਇ।
ਲੇ ਕਰਿ ਗਏ ਜਾਮਨੀ ਬਸੇ। ਜਿਨ ਦਰਸ਼ਨ ਤੇ ਬਡ ਅਘ ਨਸੇ॥ ੧੩॥

ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ, ਤਾਂਕਿ ਜਨਮ-ਮਰਨ ਦੇ ਦੁੱਖ ਤੋਂ ਛੁਟਕਾਰਾ ਮਿਲ ਜਾਵੇ।" ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਪਾਪ ਦੂਰ ਹੋ ਜਾਂਦੇ ਹਨ ਉਨ੍ਹਾਂ ਨੂੰ ਲੈ ਕੇ ਪਿੰਡ ਚਲੇ ਗਏ ਤੇ ਰਾਤ ਓਥੇ ਹੀ ਠਹਿਰੇ॥ ੧੩॥

ਦੋਹਰਾ- ਪ੍ਰਾਤਿ ਭਈ ਉਠਿਕੈ ਗੁਰੂ ਕ੍ਰਿਯਾ ਸੌਚ ਕੀ ਕੀਨ।
ਪਿਖਿ ਪ੍ਰਕਾਸ਼ ਚਿਤਵਤਿ ਰਿਦੈ, 'ਸਰ ਸਿਰਜਨ ਹਿਤ ਦੀਨ'॥ ੧੪॥

ਤੜਕਸਾਰ ਉੱਠ ਕੇ ਗੁਰੂ ਜੀ ਨੇ ਸੁੱਚਮ ਆਦਿ ਦੀ ਕ੍ਰਿਆ ਕੀਤੀ। ਦਿਨ ਚੜ੍ਹਨ ਤੇ ਹਿਰਦੇ ਵਿਚ ਸੋਚਿਆ ਕਿ "ਸਰੋਵਰ ਦਾ ਨਿਰਮਾਣ ਕਰਨ ਦਾ ਪ੍ਰੇਮ ਸਾਨੂੰ ਗੁਰੂ ਜੀ ਨੇ ਬਖਸ਼ਿਆ ਹੈ"॥ ੧੪॥

ਚੌਪਈ- ਸਿੱਖਜ ਪਠਜੈ ਦੰਪਤਿ ਬੁਲਵਾਏ। ਤਿਨ ਕੋ ਅਪਨੇ ਕਰਿ ਅਗੁਵਾਏ।
ਲੇ ਕਰਿ ਸੰਗ ਨਰਨਿ ਕੀ ਭੀਰ। ਗਮਨ ਕੀਨਿ ਸ੍ਰੀ ਅਰਜਨ ਧੀਰ॥ ੧੫॥

ਇਕ ਸਿੱਖ ਨੂੰ ਭੇਜ ਕੇ ਦੰਪਤੀ ਭਾਵ ਰਜਨੀ ਅਤੇ ਉਸ ਦੇ ਪਤੀ ਨੂੰ ਬੁਲਾ ਲਿਆ। ਉਨ੍ਹਾਂ ਨੂੰ ਆਪਣੀ ਅਗਵਾਈ ਕਰਨ ਵਾਸਤੇ ਕਿਹਾ। ਮਨੁੱਖਾਂ ਦੀ ਇਕ ਵੱਡੀ ਭੀੜ ਲੈ ਕੇ, ਧੀਰਜਵਾਨ ਗੁਰੂ ਅਰਜਨ ਦੇਵ ਜੀ ਚਲ ਪਏ॥ ੧੫॥

ਕਹਤਿ ਪਰਸਪਰ ਨਰ ਸਮੁਦਾਇ। 'ਭਾ ਅਦਭੁਤ ਦੋਨਹੁੰ ਦ੍ਰਿਸ਼ਟਾਇ।
ਲਾਖਹੁੰ ਬਰਖਨ ਕੋ ਜੁ ਪ੍ਰਬੀਨ। ਉੱਤਮੁ ਜੋਗੀ ਦਰਸ਼ਨੁ ਕੀਨ॥ ੧੬॥

ਸਾਰੇ ਮਨੁੱਖ ਆਪਸ ਵਿਚ ਕਹਿ ਰਹੇ ਸਨ, "ਇਹ ਦੋਵੇਂ ਗੱਲਾਂ (ਜੋਗੀ ਅਤੇ ਪਿੰਗਲੇ ਵਾਲੀ) ਵੇਖਕੇ ਬਹੁਤ ਅਸਚਰਜ ਹੋਇਆ ਹੈ। ਜੋ ਚਤੁਰ ਜੋਗੀ ਲੱਖਾਂ ਸਾਲਾਂ ਦੀ ਉਮਰ ਵਾਲਾ ਸੀ, ਉਸ ਉੱਤਮ ਜੋਗੀ ਦੇ ਅਸੀਂ ਦਰਸ਼ਨ ਕੀਤੇ ਹਨ॥ ੧੬॥

ਅਵਨੀ ਅੰਤਰ ਮਠੰ ਮਹਿਂ ਬੈਸਾ। ਅਚਲ ਥਿਰਜੋ ਹੁਇ ਕਾਸ਼ਟ ਜੈਸਾ।
ਲਗੀ ਸਮਾਧਿ ਚਢਾਏ ਪੌਨ। ਸਮੋਂ ਨ ਜਾਨਹਿ ਬਰਤੈ ਕੌਨ॥ ੧੭॥

ਧਰਤੀ ਅੰਦਰ ਮੱਠ ਦੇ ਵਿਚ ਬੈਠਾ ਸੀ, ਇਸ ਤਰ੍ਹਾਂ ਅਚੱਲ ਅਤੇ ਸਥਿਰ ਰਿਹਾ ਜਿਵੇਂ ਲੱਕੜ ਹੋਵੇ, ਸਵਾਸ ਚੜ੍ਹਾ ਕੇ ਸਮਾਧੀ ਲਾਈ ਸੀ, ਇਹ ਜਾਣਦਾ ਹੀ ਨਹੀਂ ਸੀ ਕਿ ਕਿਹੜਾ ਸਮਾਂ ਬੀਤ ਰਿਹਾ ਹੈ॥ ੧੭॥

ਐਸੇ ਪੁਰਖ ਪਿਖੇ ਨਿਸ਼ਪਾਪ। ਇਹ ਸਭਿ ਸ੍ਰੀ ਸਤਿਗੁਰੂ ਪ੍ਰਤਾਪ।
ਅਬਿ ਦੂਸਰ ਅਦਭੁਤ ਕੋ ਦੇਖੋ। ਜਿਸ ਕੇ ਤਨ ਮਹਿਂ ਕੁਸ਼ਟ ਬਿਸ਼ੇਖੋ॥ ੧੮॥

ਐਸਾ ਪਾਪ-ਰਹਿਤ ਮਨੁੱਖ ਵੇਖਿਆ ਹੈ, ਇਹ ਸਭ ਸ੍ਰੀ ਸਤਿਗੁਰੂ ਜੀ ਦਾ ਹੀ ਪ੍ਰਤਾਪ ਹੈ। ਹੁਣ ਦੂਸਰੀ ਅਦਭੁਤ ਗੱਲ ਵੇਖੀ ਹੈ, ਜਿਸ ਮਨੁੱਖ ਦੇ ਸਰੀਰ ਨੂੰ ਵੱਡੇ ਕੋੜ੍ਹ ਦੇ ਰੋਗ ਨੇ ਗ੍ਰੱਸਿਆ ਹੋਇਆ ਸੀ॥ ੧੮॥

ਕਰ ਸ਼ਾਖ਼ਾ ਜਿਸ ਕੀ ਝਰ ਪਰੀ। ਜਲ ਸ਼ਨਾਨ ਤੇ ਤੈਸੀ ਕਰੀ।
ਤਿਸ ਥਲ ਕੋ ਚਲਿ ਕੈ ਪਿਖਿ ਲੇਹੁ। ਜਿਹ ਕੋ ਮਹਾਂ ਮਹਾਤਮ ਏਹੁ'॥ ੧੯॥

ਜਿਸ ਦੇ ਹੱਥਾਂ ਦੀਆਂ ਉਂਗਲੀਆਂ ਵੀ ਝੜ ਗਈਆਂ ਸਨ; ਜਲ ਵਿਚ ਇਸ਼ਨਾਨ ਕਰਨ ਨਾਲ ਪਹਿਲਾਂ ਵਾਂਗ ਹੋ ਗਈਆਂ। ਉਸ ਅਸਥਾਨ ਨੂੰ ਜਾ ਕੇ ਵੇਖੀਏ, ਜਿਸ ਦਾ ਏਡਾ ਵੱਡਾ ਮਹਾਨ ਮਹਾਤਮ ਹੈ"॥ ੧੯॥

ਇਮ ਕਹਿ ਚਿਤ ਮਹਿਂ ਚੌਪ ਧਰੰਤੇ। ਅਦਭੁਤ ਅਵਲੋਕਤਿ ਬਿਸਮੰਤੇ।
ਦੰਪਤਿ ਸਭਿ ਤੇ ਚਲਤਿ ਅਗਾਰੀ। ਸ੍ਰੀ ਅਰਜਨ ਗਮਨੇ ਉਪਕਾਰੀ॥ ੨੦॥

ਇਸ ਤਰ੍ਹਾਂ ਕਹਿ ਕੇ ਚਿੱਤ ਵਿਚ ਬੜੇ ਪ੍ਰਸੰਨ ਹੋ ਰਹੇ ਸਨ, ਅਦਭੁਤ ਘਟਨਾਵਾਂ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ। ਰਜਨੀ ਅਤੇ ਉਸ ਦਾ ਪਤੀ ਸਭ ਦੇ ਅੱਗੇ-ਅੱਗੇ ਜਾ ਰਹੇ ਸਨ, ਉਪਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ-ਨਾਲ ਜਾ ਰਹੇ ਸਨ॥ ੨੦॥

ਸੰਗ ਭੀਰ ਨਰ ਕੀ ਸਭਿ ਆਵੈ। ਸਨੈ ਸਨੈ ਸਗਰੇ ਚਲਿ ਜਾਵੈਂ।
ਅਧਿਕ ਅਨੰਦਤਿ ਉਤਪਲ ਲੋਚਨ। ਮਹਿਦ ਪ੍ਰਫੁੱਲਤਿ ਸੰਕਟ ਮੋਚਨ॥ ੨੧॥

ਉਨ੍ਹਾਂ ਦੇ ਨਾਲ ਮਨੁੱਖਾਂ ਦਾ ਇਕ ਵੱਡਾ ਹਜੂਮ ਆ ਰਿਹਾ ਸੀ, ਹੌਲੀ-ਹੌਲੀ ਸਾਰੇ ਚਲੇ ਜਾ ਰਹੇ ਸਨ। ਕੰਵਲ ਨੈਣ ਬਹੁਤ ਅਨੰਦਮਈ ਹੋਏ ਹਨ, ਸੰਕਟਾਂ ਨੂੰ ਦੂਰ ਕਰਨ ਵਾਲੇ ਬਹੁਤ ਪ੍ਰਫੁੱਲਤ ਸਨ॥ ੨੧॥

ਨਰ ਨਾਰੀ ਪਰਖਜੋ ਤਬਿ ਥਾਨਿ। ਦੁਖਭੰਜਨ ਬਦਰੀ ਤਰੁ ਆਨਿ।
ਖਰੇ ਹੋਇ ਕਰਿ ਸੋ ਦਿਖਰਾਈ। 'ਸ੍ਰੀ ਗੁਰ ! ਜਲ ਜੁਤਿ ਇਹ ਸ਼ੁਭ ਥਾਈਂ॥ ੨੨॥

ਦੁਖ ਭੰਜਨੀ ਬੇਰੀ ਦੇ ਥੱਲੇ ਆ ਕੇ ਫਿਰ ਨਰ-ਨਾਰੀ ਭਾਵ ਰਜਨੀ ਅਤੇ ਉਸਦੇ ਪਤੀ ਨੇ ਉਸ ਸਥਾਨ ਦੀ ਨਿਸ਼ਾਨ-ਦੇਹੀ ਕੀਤੀ। ਰਜਨੀ ਦੇ ਪਤੀ ਨੇ ਖੜੇ ਹੋ ਕੇ ਉਹ ਸਥਾਨ ਵਿਖਾਇਆ ਅਤੇ ਕਿਹਾ, "ਹੇ ਸਤਿਗੁਰੂ ਜੀ ! ਇਹ ਸਾਰਾ ਥਾਂ ਜਲ ਨਾਲ ਭਰਿਆ ਹੋਇਆ ਹੈ॥ ੨੨॥।

ਇਹਾਂ ਗਈ ਧਰਿ, ਮੱਜਜੋ ਜਲ ਮੈਂ। ਫਲ ਬਿਸਾਲ ਪ੍ਰਾਪਤਿ ਇਸ ਥਲ ਮੈਂ'।
ਸ੍ਰੀ ਗੁਰ ਭਨਜੋਂ 'ਇਹੀ ਦੁਖਭੰਜਨਿ। ਜਿਸ ਤੇ ਤੁਮ ਹੋਏ ਮਨ ਰੰਜਨੁ॥ ੨੩॥

ਇਸ ਥਾਂ ਜਾ ਕੇ ਮੈਂ ਜਲ ਵਿਚ ਇਸ਼ਨਾਨ ਕੀਤਾ, ਇਸ ਸਥਾਨ ਤੋਂ ਵਿਸ਼ਾਲ ਫਲ ਪ੍ਰਾਪਤ ਹੁੰਦਾ ਹੈ"। ਗੁਰੂ ਜੀ ਨੇ ਕਿਹਾ, "ਇਹੀ ਸਥਾਨ ਦੁਖ ਦੂਰ ਕਰਨ ਵਾਲਾ ਹੈ, ਜਿਸ ਸਥਾਨ ਇਸ਼ਨਾਨ ਕਰਕੇ ਤੇਰਾ ਮਨ ਬਹੁਤ ਪ੍ਰਸੰਨ ਹੋਇਆ ਹੈ॥ ੨੩॥

ਇਸ ਅੰਮ੍ਰਿਤ ਮਹਿਂ ਮੱਜਨੁ ਕੀਨਾ। ਜਿਸ ਤੇ ਭਈ ਦੇਹ ਰੁਜ ਹੀਨਾ'।
ਦੰਪਤਿ ਭਨਤਿ ਜੋਰ ਕਰ ਦੋਊ। 'ਸ੍ਰੀ ਸਤਿਗੁਰ ਜੀ ! ਹੈ ਇਹ ਸੋਊ'॥ ੨੪॥

ਇਸ ਅੰਮ੍ਰਿਤ ਵਿਚ ਤੂੰ ਇਸ਼ਨਾਨ ਕੀਤਾ ਹੈ, ਜਿਸ ਕਰਕੇ ਤੇਰੀ ਦੇਹ ਰੋਗ-ਰਹਿਤ ਹੋ ਗਈ ਹੈ।" ਫਿਰ ਦੋਵੇਂ ਨਰ-ਨਾਰੀ ਹੱਥ ਜੋੜ ਕੇ ਕਹਿਣ ਲਗੇ, "ਹੇ ਸ੍ਰੀ ਸਤਿਗੁਰੂ ਜੀ ! ਇਹ ਉਹੀ ਸਥਾਨ ਹੈ"॥ ੨੪॥

ਤਿਨ ਤੇ ਸੁਨਤਿ ਸਥਾਨ ਪ੍ਰਤਾਪ। ਨਮੋ ਕੀਨ ਕਰ ਜੋਰੇ ਆਪਿ।
ਇਮੁ ਨਿਸਚੇ ਕਰਿ ਤੀਰਥ ਨੀਕੇ। ਪੂਰਨ ਭਏ ਮਨੋਰਥ ਜੀ ਕੇ॥ ੨੫॥

ਉਨ੍ਹਾਂ ਪਾਸੋਂ ਉਸ ਸਥਾਨ ਦੇ ਪ੍ਰਤਾਪ ਬਾਰੇ ਸੁਣ ਕੇ ਗੁਰੂ ਜੀ ਨੇ ਹੱਥ ਜੋੜ ਕੇ ਨਮਸਕਾਰ ਕੀਤੀ। ਇਸ ਤਰ੍ਹਾਂ ਸੁੰਦਰ ਤੀਰਥ ਬਾਰੇ ਨਿਸ਼ਚਾ ਕਰਕੇ, ਗੁਰੂ ਜੀ ਦੇ ਮਨ ਦਾ ਮਨੋਰਥ ਪੂਰਾ ਹੋਇਆ॥ ੨੫॥

ਨਰ ਪ੍ਰਾਕ੍ਰਿਤ ਸਮ ਭਏ ਪ੍ਰਸੰਨ। ਸਦਾ ਸੁਬੱਗ ਗੁਰੂ ਧੰਨੁ ਧੰਨੁ।
ਨਰ ਸਮੁਦਾਇਨ ਮਹਿਂ ਤਬਿ ਭਨਜੋ। ਧਰੇ ਚੌਪ ਚਿਤ ਮਹਿਂ ਸਭਿ ਸੁਨਜੋ॥ ੨੬॥

ਮਨੁੱਖ ਕੁਦਰਤ ਵਾਂਗ ਪ੍ਰਸੰਨ ਹੋ ਗਏ, ਉਹ ਸਦਾ ਹੀ ਪੂਰਨ ਗੁਰੂ ਜੀ ਨੂੰ ਧੰਨ ਧੰਨ ਕਹਿੰਦੇ ਸਨ। ਫਿਰ ਗੁਰੂ ਜੀ ਸਾਰੇ ਮਨੁੱਖਾਂ ਨੂੰ ਬਚਨ ਕਹੇ, ਸਾਰਿਆਂ ਨੇ ਚਿੱਤ ਵਿਚ ਬੜਾ ਪਿਆਰ ਧਾਰ ਕੇ ਉਨ੍ਹਾਂ ਦੇ ਸੁੰਦਰ ਬਚਨ ਸੁਣੇ॥ ੨੬॥

'ਸਤਿਗੁਰ ਅਮਰਦਾਸ ਕੀ ਆਇਸੁ। ਲੇ ਪਿਤ ਹਮਰੇ ਇਹਠਾਂ ਆਇ ਸੁ।
ਪਾਵਨ ਤੀਰਥ ਕੋ ਬਿਦਤਾਵਨਿ। ਲਾਇ ਬ੍ਰਿੰਦ ਨਰ ਕੀਨਿ ਖਨਾਵਨਿ॥੨੭॥

''ਸਤਿਗੁਰੂ ਅਮਰਦਾਸ ਜੀ ਦੀ ਆਗਿਆ ਕਰਕੇ ਮੇਰੇ ਪਿਤਾ ਜੀ ਸ੍ਰੀ ਰਾਮਦਾਸ ਜੀ ਨੂੰ ਇਸ ਥਾਂ ਲਿਆਏ ਸਨ। ਪਵਿੱਤਰ ਤੀਰਥ ਨੂੰ ਉਨ੍ਹਾਂ ਪਰਗਟ ਕੀਤਾ ਸੀ, ਬਹੁਤ ਮਨੁੱਖ ਲਿਆ ਕੇ ਇਸ ਥਾਂ ਦੀ ਖੁਦਵਾਈ ਕੀਤੀ ਸੀ॥ ੨੭॥

ਨਹੀਂ ਸਪੂਰਨ ਕਾਰਜਿ ਹੋਵਾ। ਗੋਇੰਦਵਾਲ ਜਾਇ ਗੁਰ ਜੋਵਾ।
ਪੁਨ ਜਲ ਸੋਂ ਬਹਿ ਮ੍ਰਿਤਕਾ ਪਰੀ। ਖਨੀ ਥਾਇ ਸੋ ਪੂਰਨ ਕਰੀ॥ ੨੮॥

ਮੇਰੇ ਪਿਤਾ ਜੀ ਦੇ ਜੀਵਨ ਕਾਲ ਵਿਚ ਇਹ ਕਾਰਜ ਪੂਰਾ ਨਹੀਂ ਸੀ ਹੋਇਆ, ਗੁਰੂ ਜੀ ਫਿਰ ਗੋਇੰਦਵਾਲ ਚਲੇ ਗਏ ਸਨ। ਫਿਰ ਜਲ ਵਿਚ ਮਿੱਟੀ ਪੈ ਗਈ, ਖੁਦਵਾਈ ਵਾਲਾ ਥਾਂ ਪੂਰਿਆ ਗਿਆ॥ ੨੮॥

ਚਿੰਨ੍ਹ ਮਾਤ੍ਰ ਇਹੁ ਜਾਨਜੇ ਜਾਇ। ਰਹੇ ਚਾਹਿ ਇਹੁ ਥਲ ਨਹਿੰ ਪਾਇ।
ਅਬਿ ਸਤਿਗੁਰ ਸਭਿ ਕਾਜ ਸਵਾਰੇ। ਉੱਦਮ ਕਰਿਹੁ ਸਿੱਖ ਅਨੁਸਾਰੇ।॥੨੯॥

ਇਹ ਸਥਾਨ ਚਿੰਨ੍ਹ ਮਾਤ੍ਰ ਹੀ ਜਾਣਿਆ ਜਾਂਦਾ ਸੀ, ਅਸੀਂ ਬਹੁਤ ਚਾਹੁੰਦੇ ਰਹੇ, ਪਰ ਇਹ ਸਥਾਨ ਨਾ ਲੱਭਿਆ। ਹੁਣ ਸਤਿਗੁਰੂ ਜੀ ਨੇ ਸਾਰੇ ਕਾਰਜ ਸਵਾਰ ਦਿੱਤੇ ਹਨ, ਸਾਰੇ ਸਿੱਖ ਹੁਣ ਅਨੁਕੂਲ ਹੋ ਕੇ ਉੱਦਮ ਕਰੋ॥ ੨੯॥

ਧਨ ਤੇ ਤਨ ਤੇ ਮਨ ਤੇ ਬਚ ਤੇ। ਤੀਰਥ ਕਾਰ ਕਰਹਿ ਲਹਿ ਸਚੁ ਤੇ।
ਜਹਿਂ ਕਹਿਂ ਤੇ ਮਜੂਰ ਚਲਿ ਆਵੈਂ। ਕਰਹਿਂ ਕਾਰ ਮਿਹਨਤ ਨਿਤ ਪਾਵੈਂ॥੩੦॥

ਧਨ, ਤਨ, ਮਨ ਅਤੇ ਬਚਨ ਕਰਕੇ ਤੀਰਥ ਦੀ ਕਾਰ ਸੇਵਾ ਕਰਕੇ ਸੱਚ ਨੂੰ ਪ੍ਰਾਪਤ ਕਰੀਏ। ਜਿਥੋਂ-ਕਿਥੋਂ ਮਜ਼ਦੂਰ ਚਲ ਕੇ ਆਉਣ ਕਾਰ ਕਰਨ ਤੇ ਉਨ੍ਹਾਂ ਨੂੰ ਸਦਾ ਮਜ਼ਦੂਰੀ ਦਿੱਤੀ ਜਾਵੇਗੀ'॥ ੩੦॥

ਪੰਚਾਂਮ੍ਰਿਤ ਕਰਿਵਾਇ ਸੁ ਘਨੋ। ਕਰਿ ਅਰਦਾਸ ਨਾਮ ਗੁਰ ਭਨੋ।
ਨਰ ਸਮੁਦਾਇਨ ਮਹਿਂ ਬਰਤਾਯੋ। ਕਰਜੋ ਮਹੂਰਤਿ ਬਿਘਨ ਨਸਾਯੋ॥ ੩੧॥

ਬੜੀ ਵੱਡੀ ਮਿਕਦਾਰ ਵਿਚ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਫਿਰ ਅਰਦਾਸ ਕਰਕੇ ਗੁਰੂ ਸਾਹਿਬਾਨ ਦਾ ਨਾਮ ਲੈ ਕੇ ਸਾਰੇ ਮਨੁੱਖਾਂ ਵਿਚ ਵਰਤਾ ਦਿੱਤਾ, ਸਾਰੇ ਵਿਘਨਾਂ ਨੂੰ ਦੂਰ ਕਰਕੇ ਮਹੂਰਤ ਕੀਤਾ॥ ੩੧॥

ਤੀਖਨ ਖਨਨੀ ਲੈ ਕਰਿ ਹਾਥ। ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।
ਸਗਰੇ ਸਿਖ ਆਗਜਾ ਕੋ ਪਾਏ। ਲਗੇ ਸੇਵ ਕੋ ਚੌਂਪ ਉਪਾਏ॥ ੩੨॥

ਤਿੱਖੀ ਕਹੀ ਆਪਣੇ ਹੱਥ ਵਿਚ ਲੈ ਕੇ, ਸਭ ਤੋਂ ਪਹਿਲਾਂ ਗੁਰੂ ਜੀ ਨੇ ਆਪ ਆਪਣੇ ਹੱਥਾਂ ਨਾਲ ਮਿੱਟੀ ਪੁੱਟੀ। ਫਿਰ ਸਾਰੇ ਸਿੱਖ ਆਗਿਆ ਪਾ ਕੇ, ਬੜਾ ਸ਼ੌਕ ਅਤੇ ਪ੍ਰੇਮ ਵਧਾ ਕੇ ਕਾਰ-ਸੇਵਾ ਕਰਨ ਲੱਗੇ॥ ੩੨॥

ਕਿਨਹੂੰ ਗਹੀ ਖਨਨੀ ਕਰ ਮਾਂਹੀ। ਖਨਹਿਂ ਕਰਹਿਂ ਬਲ ਪ੍ਰੇਮ ਉਮਾਹੀ॥
ਕਿਨਹੂੰ ਟੋਕਰੀ ਸਿਰ ਪਰ ਧਰੀ। ਬਹੁਤ ਭਾਰਿ ਹਾਥਨਿ ਸੋਂ ਭਰੀ॥ ੩੩॥

ਕਈਆਂ ਨੇ ਆਪਣੇ ਹੱਥ ਵਿਚ ਕਹੀਆਂ ਫੜੀਆਂ ਹੋਈਆਂ ਸਨ ਅਤੇ ਬੜੇ ਪ੍ਰੇਮ ਨਾਲ ਮਿੱਟੀ ਪੁੱਟ ਰਹੇ ਸਨ। ਕਈਆਂ ਨੇ ਆਪਣੇ ਸਿਰਾਂ ਤੇ ਟੋਕਰੀਆਂ ਰੱਖੀਆਂ ਹੋਈਆਂ ਸਨ ਤੇ ਬਹੁਤ ਭਾਰ ਆਪਣੇ ਹੱਥਾਂ ਨਾਲ ਭਰ ਲੈਂਦੇ ਸਨ॥ ੩੩॥

ਕੇਤਿਕ ਲੈ ਕਰਿ ਵਹਿਰ ਗਿਰਾਵਹਿਂ। ਕੋ ਕਹਿ ਕਰਿ ਉਤਸਾਹੁ ਵਧਾਵਹਿਂ।
ਅਤਿ ਅਨੰਦਤਾ ਉਰ ਮੈਂ ਹੋਈ। ਕਾਰ ਤਲਾਵ ਲਗੇ ਸਭਿ ਕੋਈ॥ ੩੪॥

ਕਈ ਟੋਕਰੀਆਂ ਚੁੱਕ ਕੇ ਮਿੱਟੀ ਨੂੰ ਬਾਹਰ ਸੁਣਦੇ ਸਨ, ਕਈ ਕਹਿ-ਕਹਿ ਕੇ ਉਤਸ਼ਾਹ ਵਧਾ ਰਹੇ ਸੀ। ਸਾਰਿਆਂ ਦੇ ਹਿਰਦਿਆਂ ਵਿਚ ਅਤਿ ਪ੍ਰਸੰਨਤਾ ਭਰ ਗਈ, ਹਰ ਕੋਈ ਸਰੋਵਰ ਦੀ ਕਾਰ-ਸੇਵਾ ਵਿਚ ਲਗਿਆ ਹੋਇਆ ਸੀ॥ ੩੪॥

ਆਪ ਖਰੇ ਹੁਇ ਸਭਿਨਿ ਮਝਾਰੀ। ਕਾਰ ਕਰਾਵਹਿਂ ਗੁਰ ਉਪਕਾਰੀ।
ਦੇਖਤਿ ਕਾਰ ਚੌਗੁਨੀ ਹੋਇ। ਉੱਦਮ ਕਰਹਿਂ ਅਧਿਕ ਸਭਿ ਕੋਇ॥ ੩੫॥

ਆਪ ਸਾਰਿਆਂ ਵਿਚ ਖੜੇ ਹੋ ਕੇ, ਉਪਕਾਰੀ ਗੁਰੂ ਜੀ ਕਾਰ-ਸੇਵਾ ਕਰਵਾ ਰਹੇ ਸਨ। ਗੁਰੂ ਜੀ ਨੂੰ ਵੇਖ ਕੇ ਕਾਰ ਚੌਗੁਣੀ ਹੁੰਦੀ ਸੀ, ਸਾਰੇ ਫਿਰ ਬਹੁਤ ਉੱਦਮ ਕਰਦੇ ਸਨ॥ ੩੫॥

ਸਗਰੇ ਦਿਨ ਮਹਿਂ ਕਾਰ ਕਰਾਵਹਿਂ। ਸੰਧਜਾ ਗ੍ਰਾਮ ਬਿਖੈ ਚਲਿ ਜਾਵਹਿਂ।
ਦੇਗ ਹੋਇ ਗੁਰ ਕੇ ਦਰਬਾਰਾ। ਛੁਧਿਤਿ ਸਰਬ ਤਹਿਂ ਖਾਇਂ ਅਹਾਰਾ॥ ੩੬॥

ਸਾਰਾ ਦਿਨ ਕਾਰ-ਸੇਵਾ ਕਰਵਾਉਂਦੇ ਸਨ, ਸ਼ਾਮ ਪੈਣ ਤੇ ਪਿੰਡ ਨੂੰ ਚਲੇ ਜਾਂਦੇ ਸਨ। ਗੁਰੂ ਜੀ ਦੇ ਦਰਬਾਰ ਵਿਖੇ ਲੰਗਰ ਚਲਦਾ ਸੀ, ਸਾਰੇ ਓਥੇ ਜਾ ਕੇ ਭੋਜਨ ਛਕ ਕੇ ਭੁੱਖ ਦੂਰ ਕਰਦੇ ਸਨ॥ ੩੬॥

ਇਕ ਦਿਨ ਗੁਰ ਸੰਤੋਖਸਰ ਗਏ। ਸਿਖ ਗਨ ਸੰਗ ਪਿਖਤਿ ਬਿਗਾਸਏ।
ਤਟ ਪਰ ਖਰੇ ਹੋਇ ਕਹਿ ਬਾਨੀ। 'ਇਸ ਕੀ ਮਹਿਮਾ ਹੋਇ ਮਹਾਂਨੀ॥ ੩੭॥

ਇਕ ਦਿਨ ਗੁਰੂ ਜੀ ਸੰਤੋਖਸਰ ਗਏ। ਆਪਣੇ ਨਾਲ ਸਿੱਖਾਂ ਦੇ ਵੱਡੇ ਸਮੂਹ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਸਰੋਵਰ ਦੇ ਕੰਢੇ ਖੜੇ ਹੋ ਕੇ ਗੁਰੂ ਜੀ ਨੇ ਬਚਨ ਕੀਤੇ, "ਇਸ ਦੀ ਮਹਾਨ ਮਹਿਮਾ ਹੋਵੇਗੀ॥ ੩੭॥

ਹੁਇ ਸੰਤੋਖਸਰ ਸਾਰਥ ਨਾਮੂ। ਸਮਾਂ ਪਾਇ ਬਨਿ ਹੈ ਅਭਿਰਾਮੂ।
ਹੁਇ ਚਹੁਂ ਦਿਸ਼ ਪਾਕੋ ਚਹੁੰਕੋਨ। ਇਸ ਮਹਿਂ ਮੱਜਹਿਂਗੇ ਨਰ ਜੌਨ॥ ੩੮॥

ਇਸ ਦਾ ਸੰਤੋਖਸਰ ਨਾਂ ਸਫਲ ਹੋਵੇਗਾ ਭਾਵ ਇਹ ਆਪਣੇ ਨਾਂ ਅਨੁਸਾਰ ਸਭ ਨੂੰ ਸੰਤੋਖ ਬਖਸ਼ੇਗਾ ਅਤੇ ਸਮਾ ਪਾ ਕੇ ਸੁੰਦਰ ਸਥਾਨ ਬਣ ਜਾਵੇਗਾ। ਇਸ ਦੇ ਚਾਰੇ ਪਾਸੇ ਪੱਕੇ ਹੋ ਜਾਣਗੇ। ਇਸ ਵਿਚ ਜਿਹੜੇ ਮਨੁੱਖ ਇਸ਼ਨਾਨ ਕਰਨਗੇ॥ ੩੮॥

ਸੱਤਿਨਾਮੂ ਸਿਮਰਹਿਂ ਗੁਰੁ ਬਾਨੀ। ਕਿਤਿਕ ਸਮੌਂ ਸੇਵਹਿਂ ਜੇ ਪ੍ਰਾਨੀ।
ਤਿਨਕੇ ਉਰ ਉਪਜਹਿ ਸੰਤੋਖ। ਸਗਰੇ ਤਜਹਿਂ ਕਲੇਸ਼ ਰੁ ਦੋਖ॥ ੩੯॥

ਸਤਿਨਾਮ ਅਤੇ ਗੁਰੂ ਦੀ ਬਾਣੀ ਦਾ ਸਿਮਰਨ ਕਰਨਗੇ, ਜਿਹੜੇ ਪ੍ਰਾਣੀ ਕਾਫੀ ਸਮੇਂ ਤਕ ਸੇਵਾ ਕਰਨਗੇ, ਉਨ੍ਹਾਂ ਦੇ ਹਿਰਦਿਆਂ ਵਿਚ ਸੰਤੋਖ ਉਪਜੇਗਾ, ਸਾਰੇ ਕਲੇਸ਼ ਤੇ ਦੋਖ ਉਨ੍ਹਾਂ ਦੇ ਦੂਰ ਹੋ ਜਾਣਗੇ॥ ੩੯॥

ਜਥਾ ਲਾਭ ਸੰਤੋਖ ਬਿਸਾਲਾ। ਅਹੈ ਮੁੱਖ ਜੋ ਸਦ ਗੁਨ ਜਾਲਾ।
ਪਾਇਂ ਸਿੱਖ ਸੁਖ ਲਹੈਂ ਸਦੀਵਾ। ਮਹਾਂ ਮਹਾਂਤਮ ਤੀਰਥ ਥੀਵਾ॥ ੪੦॥

ਵਿਸ਼ਾਲ ਸੰਤੋਖ ਦਾ ਲਾਭ ਪ੍ਰਾਪਤ ਹੋਵੇਗਾ, ਸਾਰੇ ਮੁਖ ਗੁਣਾਂ ਵਿਚੋਂ ਇਹ ਸੰਤੋਖ ਮੁਖ ਗੁਣ ਹੈ। ਗੁਰੂ ਦੇ ਸਿੱਖ ਸਦਾ ਸੁਖ ਪਾਉਣਗੇ, ਇਸ ਤੀਰਥ ਦਾ ਮਹਾਨ ਮਹਾਤਮ ਹੋਵੇਗਾ॥ ੪੦॥

ਅਬਿ ਸ੍ਰੀ ਅੰਮ੍ਰਿਤਸਰ ਕੀ ਕਾਰ। ਗੁਰੂ ਆਗਯਾ ਕੋ ਸਿਰ ਪਰ ਧਾਰਿ।
ਕਰਿਵਾਵਹਿਂ ਪੂਰਬ ਖਨਵਾਇ। ਪਾਕ ਈਂਟਕਾ ਸੋਂ ਚਿਨਵਾਇ॥ ੪੧॥

ਹੁਣ ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ, ਗੁਰੂ ਜੀ ਦੀ ਆਗਿਆ ਨੂੰ ਸਿਰ ਮੱਥੇ ਮੰਨ ਕੇ ਧਾਰਨ ਕੀਤੀ ਹੈ। ਪਹਿਲਾਂ ਉਸਦੀ ਖੁਦਵਾਈ ਕਰਵਾਵਾਂਗੇ, ਫਿਰ ਪੱਕੀਆਂ ਇੱਟਾਂ ਦੀ ਚਿਣਵਾਈ ਕਰਾਵਾਂਗੇ॥ ੪੧॥

ਹਰਿਮੰਦਰ ਸੁੰਦਰ ਸਿਰਜੈ ਹੈਂ। ਗੁਰੁ ਦਰਬਾਰ ਸਦਾ ਜਹਿਂ ਹ੍ਵੈ ਹੈਂ'।
ਇਮ ਕਹਿ ਸ੍ਰੀ ਗੁਰੁ ਕ੍ਰਿਪਾ ਨਿਧਾਨ। ਚਿਤ ਮਹਿਂ ਚਹਹਿਂ 'ਬਨਹਿਂ ਸੋਪਾਨ' ॥੪੨॥

ਇਸ ਵਿਚ ਸੁੰਦਰ ਹਰਿਮੰਦਰ ਦਾ ਨਿਰਮਾਣ ਕਰਾਂਗੇ ਜਿਥੇ ਸਦਾ ਹੀ ਗੁਰੂ ਦਾ ਦਰਬਾਰ ਲਗੇਗਾ"। ਇਸ ਤਰ੍ਹਾਂ ਕਹਿ ਕੇ ਕਿਰਪਾ ਨਿਧਾਨ ਗੁਰੂ ਜੀ ਜੋ ਵੀ ਚਿੱਤ ਵਿਚ ਚਾਹੁੰਦੇ ਸਨ, ਬਣ ਜਾਂਦਾ ਸੀ॥ ੪੨॥

ਨਿਤਿਪ੍ਰਤਿ ਬੈਠਹਿਂ ਤਟ ਪਰ ਜਾਇ। ਸੰਗਤ ਸਗਰੀ ਸੇਵ ਕਮਾਇ।
ਖਨਿ ਖਨਿ ਮ੍ਰਿਤਕਾ ਵਹਿਰ ਨਿਕਾਰਹਿਂ। ਧਰਿ ਸ਼ਰਧਾ 'ਗੁਰ ਧੰਨ' ਉਚਾਰਹਿਂ ॥੪੩॥

ਸਦਾ ਹੀ ਕਿਨਾਰੇ ਤੇ ਜਾ ਕੇ ਬੈਠ ਜਾਂਦੇ ਸਨ, ਸਾਰੀ ਸੰਗਤ ਸੇਵਾ ਕਮਾਉਂਦੀ ਸੀ, ਪੁਟ-ਪਟ ਕੇ ਮਿਟੀ ਬਾਹਰ ਸੁੱਟਦੇ ਸਨ ਅਤੇ ਸ਼ਰਧਾ ਧਾਰਨ ਕਰਕੇ 'ਧੰਨ ਗੁਰੂ ਜੀ, ਧੰਨ ਗੁਰੂ ਜੀ' ਉਚਾਰਨ ਕਰਦੇ ਸਨ॥ ੪੩॥

*ਕਵਿਯੋ ਵਾਚ॥*

*ਚੌਪਈ-* ਕੇਤਿਕ ਸਿਖ ਸਾਖੀ ਇਹੁ ਕਹੈਂ। ਸ੍ਰੀ ਗੁਰ ਰਾਮਦਾਸੁ ਤੇ ਲਹੈਂ।
'ਨਿਕਸਜੋ ਜੋਗੀ ਤਿਨਹੁਂ ਹਦੂਰਿ। ਪਿੰਗਲ ਕੋ ਦੁਖ ਹੋਯਹੁ ਦੂਰ' ॥ ੪੪॥

ਕਵੀ ਜੀ ਕਹਿੰਦੇ ਹਨ ਕਿ ਕਈ ਸਿੱਖ ਜੋਗੀ ਤੇ ਕੋੜ੍ਹੀ ਗੁਰੂ ਰਾਮਦਾਸ ਜੀ ਦੇ ਸਮੇਂ ਹੋਈ ਮੰਨਦੇ ਹਨ। ਉਹ ਕਹਿੰਦੇ ਹਨ, "ਜੋਗੀ ਗੁਰੂ ਰਾਮਦਾਸ ਦੀ ਹਾਜ਼ਰੀ ਵਿਚ ਨਿਕਲਿਆ ਸੀ ਤੇ ਕੋੜ੍ਹੀ ਦਾ ਦੁੱਖ ਵੀ ਉਨ੍ਹਾਂ ਦੇ ਸਮੇਂ ਦੂਰ ਹੋਇਆ ਸੀ" ॥ ੪੪॥

ਪ੍ਰਸ਼ਨੋਤਰ ਇਸ ਕੇ ਹਿਤ ਕਰਨੋਂ। ਸੋ ਮੈਂ ਨਹੀਂ ਗ੍ਰੰਥ ਮਹਿਂ ਬਰਨੋਂ।
ਬਿਨਾ ਖਨੇ ਜਲ ਕੈਸੇ ਤਹਾਂ। ਇੱਤਜਾਦਿਕ ਤਰਕਨ ਗਨ ਮਹਾਂ॥ ੪੫॥

ਇਸ ਦੇ ਵਾਸਤੇ ਪ੍ਰਸ਼ਨ-ਉੱਤਰ ਕਰਨਾ, ਮੈਂ ਇਸ ਗ੍ਰੰਥ ਵਿਚ ਵਰਣਨ ਨਹੀਂ ਕੀਤਾ ਹੈ। ਖੁਦਾਈ ਤੋਂ ਬਗੈਰ ਓਥੇ ਜਲ ਕਿਵੇਂ ਖੜਾ ਸੀ, ਇੱਤਆਦਿ ਤਰਕ ਲੋਕਾਂ ਦੇ ਮਨਾਂ ਵਿਚ ਮੌਜੂਦ ਹਨ॥ ੪੫॥

ਜੇ ਗੁਰ ਰਾਮਦਾਸ ਤੇ ਹੋਵਾ। ਤੌ ਭੀ ਇਸ਼ਟਾਪਤਿ ਹਮ ਜੋਵਾ।
ਮਹਿਮਾ ਸਤਿਗੁਰ ਕੀ ਇਸ ਭਾਂਤਿ। ਪਠਤਿ ਸੁਨਤਿ ਚਿਤ ਉਪਜਤਿ ਸ਼ਾਂਤਿ ॥੪੬॥

ਜੇ ਇਹ ਸਾਖੀ ਗੁਰੂ ਰਾਮਦਾਸ ਦੇ ਸਮੇਂ ਹੋਈ ਤਦ ਵੀ ਅਸੀਂ ਇਸ ਵਿਚ ਗੈਰ ਅਨੁਕੂਲ ਗੱਲ ਨਹੀਂ ਵੇਖਦੇ ਹਾਂ, ਕਿਉਂਕਿ ਦੋਵੇਂ ਗੁਰੂ ਸਾਹਿਬਾਨ ਇਕ ਰੂਪ ਹਨ ਅਤੇ ਸ਼ਾਡੇ ਪੂਜ ਹਨ, ਸਤਿਗੁਰੂ ਜੀ ਦੀ ਮਹਿਮਾ ਇਸ ਭਾਂਤ ਪੜ੍ਹਨ, ਸੁਣਨ ਨਾਲ ਮਨ ਵਿਚ ਸ਼ਾਂਤੀ ਉਪਜਦੀ ਹੈ॥ ੪੬॥

ਗੁਰ ਜਸੁ ਕਰਨਿ ਹਮਾਰੋ ਆਸ਼ੈ। ਸੂਰਜ ਸਮ ਜਗ ਮਹਾਂ ਪ੍ਰਕਾਸ਼ੈ।
ਸੰਸੈ ਉਡਗਨ ਭ੍ਰਮ ਤਮ ਨਾਸੀ। ਬਿਗਸਾਵਤਿ ਸਿਖ ਪੰਕਜ ਰਾਸੀ॥ ੪੭॥

ਸਾਡਾ ਤਾਂ ਆਸ਼ਾ ਕੇਵਲ ਗੁਰੂ ਜਸ ਕਰਨਾ ਹੈ, ਜਿਹੜਾ ਕਿ ਜਗਤ ਵਿਚ ਸੂਰਜ ਵਾਂਗ ਪ੍ਰਕਾਸ਼ਮਾਨ ਹੈ ਅਤੇ ਜਿਸ ਦੇ ਸਾਹਮਣੇ ਸੰਸਾ ਰੂਪੀ ਤਾਰੇ ਤੇ ਭਰਮ ਰੂਪੀ ਹਨੇਰਾ ਠਹਿਰਦਾ ਨਹੀਂ ਹੈ, ਜਿਹੜਾ ਕਿ ਸਿੱਖ ਰੂਪੀ ਕੰਵਲਾਂ ਨੂੰ ਖਿੜਨ ਵਿਚ ਸਹਾਇਤਾ ਕਰਦਾ ਹੈ॥ ੪੭॥

*ਦਸਰੀ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥*

# ਅਧਿਆਇ ਚਾਲੀਵਾਂ

## ਸੋਤਿਆਂ ਨੇ ਉੱਘੇ ਸਿੱਖਾਂ ਦੇ ਪ੍ਰਸੰਗ ਪੁੱਛੇ

ਦੋਹਰਾ- ਸ੍ਰੀ ਅੰਮ੍ਰਿਤਸਰ ਕਾਰ ਕੋ ਲਗੇ ਮਨੁਖ ਸਮੁਦਾਇ।
ਸਦਾਬਰਤ ਸ੍ਰੀ ਗੁਰ ਕਰਜੋ, ਕਰਹਿੰ ਕਾਮਨਾ ਪਾਇ॥ ੧॥

ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰਨ ਵਾਸਤੇ ਬਹੁਤ ਮਨੁੱਖ ਲੱਗੇ ਸਨ। ਗੁਰੂ ਜੀ ਨੇ ਸਦਾਵਰਤ ਲਾਇਆ ਸੀ ਤੇ ਜਿਹੜਾ ਵੀ ਕੋਈ ਕਾਮਨਾ ਕਰਦਾ ਸੀ, ਉਹੀ ਕੁਝ ਪਾਉਂਦਾ ਸੀ॥ ੧॥

ਚੌਪਈ- ਕੋ ਨਿਜ ਢਿਗ ਤੇ ਕਰਹਿ ਅਹਾਰਾ। ਨਿਸ ਦਿਨ ਕਰਹਿ ਤਾਲ ਕੀ ਕਾਰਾ।
ਜਿਤ ਦਿਸ਼ ਅਧਿਕ ਖੁਨਾਵਨਿ ਚਾਹੈਂ। ਤਿਤ ਸ੍ਰੀ ਅਰਜਨ ਪਦ ਕਰਿ ਜਾਹੈਂ॥੨॥

ਕਈ ਆਪਣੇ ਪਾਸੋਂ ਹੀ ਭੋਜਨ ਛੱਕ ਕੇ ਦਿਨ-ਰਾਤ ਸਰੋਵਰ ਦੀ ਕਾਰ ਸੇਵਾ ਕਰਦੇ ਸਨ। ਜਿਸ ਪਾਸੇ ਜ਼ਿਆਦਾ ਪੁਟਵਾਈ ਕਰਵਾਉਣਾ ਚਾਹੁੰਦੇ ਸਨ, ਉਸ ਪਾਸੇ ਗੁਰੂ ਅਰਜਨ ਦੇਵ ਜੀ ਚਲ ਕੇ ਜਾਂਦੇ ਸਨ॥ ੨॥

ਫਰਸ਼ ਹੋਹਿ ਬੈਠਹਿੰ ਗੁਰ ਗਾਦੀ। ਕਰਹਿੰ ਦਾਸ ਕ੍ਰਿਤ ਹੀਨ ਪ੍ਰਮਾਦੀ।
ਗੁਰ ਦਰਸ਼ਨ ਦਰਸਹਿ ਦਿਨੁ ਸਾਰੇ। ਧਰਹਿੰ ਅਨੰਦ ਹੁਇ ਦੁਗਨੀ ਕਾਰੇ॥੩॥

ਵਸਤਰ ਵਿਛਾ ਕੇ ਗੁਰੂ ਜੀ ਗੁਰਗੱਦੀ ਤੇ ਬੈਠ ਜਾਂਦੇ ਸਨ ਤਾਂਕਿ ਸੇਵਕ ਕਾਰ-ਸੇਵਾ ਸਾਵਧਾਨਤਾ ਨਾਲ ਕਰਨ। ਸਾਰਾ ਦਿਨ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਅਨੰਦ ਧਾਰਨ ਕਰਕੇ ਦੂਣੀ ਕਾਰ ਕਰਦੇ ਸਨ॥ ੩॥

ਦੁਖਭੰਜਨਿ ਢਿਗ ਥਰਾ ਕਰਾਵਹਿੰ। ਤਹਿੰ ਗੁਰ ਬੈਠਹਿੰ ਕਾਰ ਕਰਾਵਹਿੰ।
ਜਬਿ ਇਸ ਦਿਸ਼ ਤੇ ਖਨਜੋ ਮਹਾਂਨਾ। ਅਪਰ ਥਾਨ ਬੈਠਨ ਕੋ ਠਾਨਾ॥੪॥

ਦੁਖਭੰਜਨੀ ਬੇਰੀ ਦੇ ਨਾਲ ਇਕ ਥੜਾ ਬਣਾਇਆ ਗਿਆ, ਜਿਸ ਉਤੇ ਬੈਠ ਕੇ ਗੁਰੂ ਜੀ ਕਾਰ-ਸੇਵਾ ਕਰਵਾਉਂਦੇ ਸਨ, ਜਦ ਇਸ ਪਾਸੇ ਤੋਂ ਬਹੁਤ ਪੁਟਵਾਈ ਹੋ ਗਈ ਤਾਂ ਫਿਰ ਬੈਠਣ ਵਾਸਤੇ ਹੋਰ ਸਥਾਨ ਚੁਣਿਆ॥ ੪॥

ਨੋਟ:-ਇਹ ਥੜਾ ਸਾਹਿਬ ਅਠਸਠ ਤੀਰਥ ਤੇ ਦੁਖਭੰਜਨੀ ਦੇ ਵਿਚਕਾਰ ਬਣਿਆ ਹੈ, ਸੰਗਮਰਮਰ ਦੀ ਮੰਜੀ ਸਾਹਿਬ ਨਿਸ਼ਾਨ ਵਾਲੀ ਥਾਂ ਬਣਾਈ ਗਈ ਹੈ।

ਦ੍ਵਾਰ ਦਰਸ਼ਨੀ ਜਿਸ ਥਲ ਕਰਜੋ। ਦੱਖਨ ਦਿਸ਼ ਬੱਦਰੀ ਤਰੁ ਖਰਜੋ।
ਤਹਾ ਜਾਇ ਬੈਠਹਿੰ ਗੁਰ ਪੂਰਨ। ਮ੍ਰਿਤਕਾ ਖਨਹਿੰ ਨਿਕਾਸਹਿੰ ਤੂਰਨਿ॥੫॥

ਜਿਥੇ ਅੱਜ-ਕਲ੍ਹ ਦਰਸ਼ਨੀ ਡਿਉੜੀ ਬਣੀ ਹੈ, ਉਸ ਦੇ ਲਾਗੇ ਦੱਖਣ ਵੱਲ ਇਕ ਬੇਰੀ ਸੀ, ਜਿਸ ਨੂੰ ਇਲਾਚੀ ਬੇਰੀ ਕਹਿੰਦੇ ਹਨ, ਪੂਰਨ ਗੁਰੂ ਜੀ ਫਿਰ ਉਥੇ ਜਾ ਕੇ ਬੈਠਦੇ ਸਨ। ਸੇਵਕ ਮਿੱਟੀ ਪੁੱਟ ਕੇ ਬਾਹਰ ਕੱਢਦੇ ਸਨ॥ ੫॥

ਜਿਨਹੁੰ ਨਰਹੁੰ ਕੇ ਬਰ ਬਡਿ ਭਾਗੇ। ਰਹਿ ਹਜ਼ੂਰ ਸਰ ਸੇਵਾ ਲਾਗੇ।
ਸੱਤਿਨਾਮ ਕੋ ਸਿਮਰਨਿ ਕਰੈਂ। ਖਨਹਿੰ ਟੋਕਰੀ ਸਿਰ ਪਰ ਧਰੈਂ॥ ੬॥

ਜਿਨ੍ਹਾਂ ਮਨੁੱਖਾਂ ਦੇ ਵੱਡੇ ਭਾਗ ਸਨ, ਉਹ ਹਜ਼ੂਰ ਦੇ ਪਾਸ ਰਹਿ ਕੇ ਕਾਰ-ਸੇਵਾ ਕਰਦੇ ਸਨ। ਸਤਿਨਾਮ ਦਾ ਸਿਮਰਨ ਕਰਦੇ ਸਨ ਅਤੇ ਮਿੱਟੀ ਪੁੱਟ ਕੇ ਸਿਰ ਉਤੇ ਰੱਖ ਲੈਂਦੇ ਸਨ॥ ੬॥

Sri Satguru Jagjit Singh Ji eLlibrary NamdhariElibrary@gmail.com

ਉੱਤਰ ਦਿਸ਼ ਤਲਾਵ ਕੋ ਤੀਰ। ਭਾਈ ਸਾਹਿਬ ਬੁੱਢਾ ਧੀਰ।
ਕਰਹਿਂ ਕਰਾਵਹਿਂ ਕਾਰ ਬਿਸਾਲਾ। ਖਨਹਿਂ ਨਿਕਾਸਹਿਂ ਫਿਰਹਿਂ ਉਤਾਲਾ ॥੭॥

ਉੱਤਰ ਵਾਲੇ ਪਾਸੇ ਸਰੋਵਰ ਦੇ ਕੰਢੇ, ਬਾਬਾ ਬੁਢਾ ਜੀ ਬੜੇ ਧੀਰਜ ਨਾਲ ਬੈਠਦੇ ਸਨ। ਉਹ ਬਹੁਤ ਕਾਰ-ਸੇਵਾ ਕਰਦੇ ਅਤੇ ਕਰਵਾਉਂਦੇ ਸਨ, ਮਿੱਟੀ ਕੱਢਦੇ ਸਨ ਤੇ ਬੜੇ ਉਤਸ਼ਾਹ ਨਾਲ ਏਧਰ ਓਧਰ ਫਿਰਦੇ ਸਨ॥ ੭॥

ਦੇਸ਼ ਬਿਦੇਸ਼ਨ ਕਿਤਿਕ ਮਸੰਦ। ਜਹਿਂ ਧਰਮਸਾਲ ਮਿਲਹਿਂ ਸਿਖ ਬ੍ਰਿੰਦ।
ਦੂਰ ਦੇਸ਼ ਕੈ ਨੇਰੇ ਹੋਇ। ਤੀਰਥ ਕਾਰ ਕਰਹਿ ਸਭਿ ਕੋਇ॥ ੮॥

ਦੇਸ਼ਾਂ ਵਿਦੇਸ਼ਾਂ ਦੇ ਕਈ ਮਸੰਦ ਜਿਥੇ ਜਿਥੇ ਵੀ ਧਰਮਸਾਲਾ ਬਣੀਆਂ ਸਨ, ਓਥੇ ਜਾ ਜਾ ਕੇ ਸਿੱਖ ਸੰਗਤਾਂ ਨੂੰ ਮਿਲਦੇ ਸਨ ਤੇ ਦੂਰ ਦੇਸ਼ ਤੋਂ ਨੇੜੇ ਲੈ ਆਉਂਦੇ ਸਨ ਤੇ ਸਭ ਨੂੰ ਆ ਕੇ ਕਾਰ-ਸੇਵਾ ਕਰਨ ਵਾਸਤੇ ਕਹਿੰਦੇ ਸਨ॥ ੮॥

ਸਤਿਗੁਰ ਕੀ ਪ੍ਰਸੰਨਤਾ ਅਤਿ ਹੈ। ਚਾਰ ਪਦਾਰਥਿ ਤਿਸੁ ਕਰ ਗਤਿ ਹੈ।
ਗੁਰੁ ਸ਼ਰਧਾ ਉਰ ਧਾਰਹਿ ਜੋਇ। ਸੋ ਸਭਿ ਆਇ ਪ੍ਰਾਪਤੀ ਹੋਇ॥ ੯॥

ਸਤਿਗੁਰੂ ਜੀ ਦੀ ਪ੍ਰਸੰਨਤਾ ਅਤਿ ਅਮੋਲਕ ਹੈ, ਜਿਸ ਤੋਂ ਚਾਰ ਪਦਾਰਥ (ਧਰਮ, ਅਰਥ, ਕਾਮ ਅਤੇ ਮੋਖ) ਦੀ ਪ੍ਰਾਪਤੀ ਹੁੰਦੀ ਹੈ, ਜਿਹੜੇ ਵੀ ਹਿਰਦੇ ਵਿਚ ਗੁਰੂ ਜੀ ਬਾਰੇ ਸ਼ਰਧਾ ਧਾਰਦੇ ਹਨ ਉਨ੍ਹਾਂ ਨੂੰ ਸਭ ਕੁਝ ਪ੍ਰਾਪਤ ਹੁੰਦਾ ਹੈ॥ ੯॥

ਇਮ ਸੁਨਿਕੈ ਸਤਿਗੁਰ ਕੀ ਬਾਨੀ। ਲਿਖੇ ਹੁਕਮਨਾਮੇ ਸਭਿ ਥਾਨੀ।
ਜਹਿਂ ਕਹਿਂ ਸਿੱਖ ਸ਼ੀਘ੍ਰ ਹੀ ਧਾਏ। ਸ੍ਰੀ ਗੁਰ ਕੋ ਫੁਰਮਾਨ ਸੁਨਾਏ॥ ੧੦॥

ਇਸ ਤਰ੍ਹਾਂ ਸਤਿਗੁਰੂ ਜੀ ਦੀ ਬਾਣੀ ਸੁਣ ਕੇ, ਸਭ ਥਾਂ ਹੁਕਮਨਾਮੇ ਲਿਖੇ ਗਏ। ਜਿਥੇ-ਜਿਥੇ ਵੀ ਸਿੱਖ ਸਨ, ਉਥੇ ਸੇਵਕ ਤੁਰਤ ਪਹੁੰਚ ਗਏ, ਜਦ ਉਨ੍ਹਾਂ ਸਿੱਖਾਂ ਗੁਰੂ ਜੀ ਦਾ ਫੁਰਮਾਨ ਸੁਣਿਆ॥ ੧੦॥।

ਅਧਿਕ ਖੁਸ਼ੀ ਗੁਰੁ ਹ੍ਵੈ ਸੁਨਿ ਬਾਤ। ਸਿੱਖਜ ਭਏ ਸਭਿ ਹਰਖਤਿ ਗਾਤ।
ਬਸਤ੍ਰ ਦਰਬ ਲੇ ਲੇ ਉਪਹਾਰੋ। ਆਏ ਜਿਤ ਕਿਤ ਤੇ ਸੁ ਹਜ਼ਾਰੋਂ॥ ੧੧॥

ਗੁਰੂ ਜੀ ਨੂੰ ਅਧਿਕ ਖ਼ੁਸ਼ੀ ਹੋਵੇਗੀ, ਇਹ ਗੱਲ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ-ਚਿੱਤ ਹੋ ਗਏ, ਵਸਤਰ, ਧਨ ਅਤੇ ਉਪਹਾਰ ਲੈ ਲੈ ਕੇ ਜਿਥੋਂ ਕਿਥੋਂ ਹਜ਼ਾਰਾਂ ਸਿੱਖ ਪਹੁੰਚ ਗਏ॥ ੧੧॥

ਹੋਇ ਤ੍ਰਿਹਾਵਲ ਸਭਿ ਕੋ ਦੇਤਿ। ਭਾਉ ਭੂਰ ਕਰਿ ਸਿਖ ਗਨ ਲੇਤਿ।
ਸੰਗਤਿ ਕੋ ਦਰਸ਼ਨ ਸਭਿ ਕਾਲ। ਦੇਤਿ ਰਹੈਂ ਬਹੁ ਕਰੈਂ ਨਿਹਾਲ॥ ੧੨॥

ਕੜਾਹ ਪ੍ਰਸ਼ਾਦ ਤਿਆਰ ਕਰਕੇ ਸਭ ਨੂੰ ਛਕਾਉਂਦੇ ਸਨ, ਬਹੁਤ ਪ੍ਰੇਮ ਕਰਕੇ ਸਾਰੇ ਸਿੱਖ ਪ੍ਰਸ਼ਾਦ ਲੈਂਦੇ ਸਨ। ਸੰਗਤ ਨੂੰ ਹਰ ਸਮੇਂ ਗੁਰੂ ਜੀ ਦੇ ਦਰਸ਼ਨ ਹੁੰਦੇ ਸਨ, ਹਰ ਸਮੇਂ ਦਰਸ਼ਨ ਦੇ ਕੇ ਸਿੱਖਾਂ ਨੂੰ ਬਹੁਤ ਨਿਹਾਲ ਕਰਦੇ ਸਨ॥ ੧੨॥

ਕਿਹ ਸੁਤਿ ਦੇਤਿ, ਦਰਬੁ ਕਿਸਿ ਦੇਤਿ। ਕਿਸ ਕੇ ਹ੍ਵੈਂ ਗਨ ਪਸੂ ਨਿਕੇਤਿ।
ਕਿਹ ਕੋ ਦੁਖ ਕਾਟਹਿਂ ਤਨ ਰੋਗ। ਦੇਂ ਕਿਸ ਕੋ ਸਭਿ ਜਗ ਕੇ ਭੋਗ॥ ੧੩॥

ਕਿਸੇ ਨੂੰ ਪੁੱਤਰ ਦੀ ਬਖਸ਼ਿਸ਼ ਕਰਦੇ ਸਨ ਤੇ ਕਿਸੇ ਨੂੰ ਧਨ ਦਿੰਦੇ ਸਨ ਅਤੇ ਕਿਸੇ ਨੂੰ ਇਹ ਵਰ ਦਿੰਦੇ ਸਨ ਕਿ ਤੇਰੇ ਘਰ ਬਹੁਤ ਮੱਝਾਂ ਗਾਈਆਂ ਹੋਣਗੀਆਂ। ਕਿਸੇ ਦੇ ਸਰੀਰ ਦੇ ਦੁੱਖ ਨੂੰ ਕੱਟਦੇ ਸਨ ਅਤੇ ਕਿਸੇ ਨੂੰ ਸਾਰੇ ਜਗਤ ਦੇ ਭੋਗ ਦਿੰਦੇ ਸਨ॥ ੧੩॥

ਕਿਹ ਵੈਰਾਗ, ਨਾਮ ਕਿਸ ਦੇਈਂ। ਕਿਸਿ ਕੇ ਉਰ ਬਿਕਾਰ ਹਰਿ ਲੇਈਂ।
ਸ਼ਾਂਤਿ ਦਾਤਿ, ਕਿਸਿ ਧੀਰਜ ਖਿਮਾ। ਦਯਾ ਸੰਤੋਸ਼ ਦਯੋ ਕਿਸ ਜਮਾਂ ॥੧੪॥

ਕਿਸੇ ਨੂੰ ਵੈਰਾਗ ਅਤੇ ਕਿਸੇ ਨੂੰ ਨਾਮ ਦਿੰਦੇ ਸਨ, ਕਿਸੇ ਦੇ ਹਿਰਦੇ ਦੇ ਵਿਕਾਰਾਂ ਨੂੰ ਦੂਰ ਕਰਦੇ ਸਨ। ਕਿਸੇ ਨੂੰ ਸ਼ਾਂਤੀ ਦੀ ਦਾਤ ਬਖਸ਼ਦੇ ਸਨ ਤੇ ਕਿਸੇ ਨੂੰ ਧੀਰਜ ਅਤੇ ਖਿਮਾ ਦਾਨ ਕਰਦੇ ਸਨ, ਕਿਸੇ ਨੂੰ ਦਇਆ ਅਤੇ ਸੰਤੋਖ ਦਿੰਦੇ ਸਨ॥ ੧੪॥

ਭਾਉ ਭਗਤਿ ਸਿਮਰਨਿ ਸਤਿਨਾਮੁ। ਨ੍ਹਾਨ, ਦਾਨ, ਸੁਚਿ, ਸੰਜਮ ਸਾਮੂ।
ਬ੍ਰਹਮ ਗਯਾਨ, ਕਿਸਿਕੇ ਉਰ ਦੇਤਿ। ਕਿਸ ਹੰਤਾ ਮਮਤਾ ਹਰਿ ਲੇਤਿ ॥੧੫॥

ਕਿਸੇ ਨੂੰ ਪ੍ਰੇਮ-ਭਗਤੀ, ਸਤਿਨਾਮ ਦਾ ਸਿਮਰਨ, ਇਸ਼ਨਾਨ, ਦਾਨ, ਸੁਚਮ ਸੰਜਮ ਭਾਵ ਇੰਦਰੀਆਂ ਦਾ ਰੋਕਣਾ, ਸ਼ਰਨ, ਬ੍ਰਹਮ ਗਿਆਨ ਦਿੰਦੇ ਸਨ ਤੇ ਕਿਸੇ ਦੇ ਹੰਕਾਰ ਅਤੇ ਮੋਹ ਨੂੰ ਦੂਰ ਕਰ ਦਿੰਦੇ ਸਨ॥ ੧੫॥

ਦੋਨਹੁਂ ਲੋਕਨ ਕੋ ਸੁਖ ਕਾਹੂੰ। ਪ੍ਰੇਮਾਭਗਤਿ ਦੇਤਿ ਮਨ ਮਾਂਹੂ।
ਮਹਾ ਪ੍ਰੀਤਿ ਜਾਗੀ ਸਿਖ ਗਨ ਮੈਂ। ਕਰਹਿਂ ਕਾਰ ਲਾਹਾ ਲਖਿ ਮਨ ਮੈਂ ॥੧੬॥

ਕਿਸੇ ਨੂੰ ਦੋਵਾਂ ਲੋਕਾਂ ਦਾ ਸੁਖ ਦਿੰਦੇ ਸਨ ਅਤੇ ਮਨ ਵਿਚ ਮਹਾਨ ਪ੍ਰੇਮ ਭਗਤੀ ਉਤਪੰਨ ਕਰਦੇ ਸਨ। ਸਾਰੇ ਸਿੱਖਾਂ ਵਿਚ ਮਹਾਂ ਪ੍ਰੀਤ ਜਾਗੀ ਹੋਈ ਸੀ, ਉਹ ਆਪਣੇ ਮਨ ਵਿਚ ਲਾਭ ਸਮਝ ਕੇ ਕਾਰ ਸੇਵਾ ਕਰਦੇ ਸਨ॥ ੧੬॥

ਦੋਹਰਾ- ਇਮ ਉਦਾਰ ਤਰ ਆਤਮਾ ਨਰ ਗਨ ਕੀਨਿ ਨਿਹਾਲ।
ਫੂਲੀ ਕੀਰਤਿ ਮਾਲਤੀ ਘਰਿ ਘਰਿ ਬਿਖੈ ਬਿਸਾਲ॥ ੧੭॥

ਇਸ ਵੱਡੇ ਭਾਰੀ ਸਖੀ ਗੁਰੂ ਜੀ ਨੇ ਮਨੁੱਖਾਂ ਦੇ ਸਮੂਹਾਂ ਨੂੰ ਨਿਹਾਲ ਕੀਤਾ। ਘਰ-ਘਰ ਵਿਚ ਮਾਲਤੀ ਦੇ ਫੁੱਲ ਵਰਗੀ ਉੱਜਲ ਕੀਰਤੀ ਫੈਲੀ ਹੋਈ ਸੀ॥ ੧੭॥

ਚੌਪਈ- ਜਿਸ ਕੇ ਹੋਇ ਕਾਮਨਾ ਆਵੈ। ਤੀਰਥ ਕਾਰ ਕਰਹਿ ਚਿਤ ਲਾਵੈ।
ਕੇਤਿਕ ਸਿੱਖਜਨ ਕੇ ਇਹੁ ਨਾਮੂ। ਬਰਨਨ ਕਰੌਂ ਸੁਨਹੁਂ ਅਭਿਰਾਮੂ ॥੧੮॥

ਜਿਸ ਦੇ ਵੀ ਮਨ ਵਿਚ ਕਾਮਨਾ ਹੁੰਦੀ ਸੀ, ਉਹ ਆਉਂਦਾ ਸੀ ਤੇ ਚਿੱਤ ਲਾ ਕੇ ਤੀਰਥ ਦੀ ਕਾਰ-ਸੇਵਾ ਕਰਦਾ ਸੀ। ਕਈਆਂ ਸਿੱਖਾਂ ਦੇ ਇਹ ਨਾਮ ਹਨ, ਮੈਂ ਉਨ੍ਹਾਂ ਨੂੰ ਵਰਣਨ ਕਰਦਾ ਹਾਂ, ਸੁੰਦਰ ਕਥਾ ਸੁਣੋ॥ ੧੮॥

ਭਾਈ ਬੁੱਢਾ ਜੁਤਿ ਪਰਵਾਰੁ। ਸੁਤ ਪੌਤ੍ਰਾਦਿ ਸਹਤ ਕਰਿ ਕਾਰ।
ਸਿਖ ਭਾਈ ਭਗਤੂ ਗੁਨ ਧਾਮੂ। ਕਰਹਿ ਕਾਰ ਸਿਮਰਹਿਂ ਸਤਿਨਾਮੁ ॥੧੯॥

ਬਾਬਾ ਬੁੱਢਾ ਜੀ ਸਾਰੇ ਪਰਿਵਾਰ ਪੁੱਤਰ, ਪੋਤਰੇ ਆਦਿ ਸਹਿਤ ਕਾਰ ਸੇਵਾ ਕਰ ਰਹੇ ਸਨ। ਇਕ ਸਿੱਖ ਜਿਸ ਦਾ ਨਾਂ ਭਾਈ ਭਗਤੂ ਸੀ ਉਹ ਗੁਣਾਂ ਦਾ ਘਰ ਸੀ, ਉਹ ਕਾਰ-ਸੇਵਾ ਵੀ ਕਰਦਾ ਸੀ ਤਾਂ ਸੱਚੇ ਨਾਮ ਦਾ ਸਿਮਰਨ ਵੀ ਕਰਦਾ ਸੀ॥ ੧੯॥

ਮੰਝ, ਪਿਰਾਣਾ ਸਿੱਖੀ ਪੋਤਾ। ਕਰਹਿ ਕਾਰ ਉਰ ਅਨੰਦ ਉਦੋਤਾ।
ਭਾਉ ਭਗਤਿ ਕੋ ਭੌਨ ਹੁਲਾਸ। ਕਰਹਿ ਕਾਰ ਭਾਈ ਗੁਰਦਾਸ ॥੨੦॥

ਮੰਝ, ਪਿਰਾਣਾ ਸਿੱਖੀ ਦੇ ਜਹਾਜ਼ ਸਨ, ਜਿਹੜੇ ਮਨ ਵਿਚ ਬੜਾ ਆਨੰਦ ਧਾਰ ਕੇ ਕਾਰ ਸੇਵਾ ਕਰਦੇ ਸਨ। ਪ੍ਰੇਮ-ਭਗਤੀ ਅਤੇ ਆਨੰਦ ਦਾ ਘਰ ਸਨ। ਭਾਈ ਗੁਰਦਾਸ ਜੀ ਵੀ ਕਾਰ-ਸੇਵਾ ਕਰ ਰਹੇ ਸਨ॥ ੨੦॥

ਦੋਹਰਾ-ਪੁਰੀਆ, ਚੂਹੜ ਚੌਧਰੀ, ਪੈੜਾ, ਕਿਸ਼ਨਾ, ਨਾਮੁ।
ਬਾਲਾ, ਸੁਘੜ ਤਿਲੋਕ ਹੈ, ਸਾਮੁੰਦਾ ਗੁਨ ਧਾਮ॥ ੨੧॥

ਹੋਰ ਉੱਘੇ ਸਿੱਖਾਂ ਦੇ ਨਾਂ ਪੁਰੀਆ, ਚੂਹੜ ਚੌਧਰੀ, ਪੈੜਾ, ਕਿਸ਼ਨਾ, ਬਾਲਾ, ਸੁਘੜ ਅਤੇ ਤਿਲੋਕ ਹਨ, ਸਾਮੁੰਦਾ ਗੁਣਾਂ ਦਾ ਧਾਮ ਹੈ॥ ੨੧॥

ਬੂਲਾ ਚੰਡੀ, ਤੁਲਸੀਆ, ਭਾਗੀਰਥ, ਕੱਲਜਾਨੁ।
ਲਾਲੂ, ਬਾਲੂ, ਹਰੀਜਨ, ਗੋਖੂ, ਟੋਡ, ਮਹਾਂਨ॥ ੨੨॥

ਬੂਲਾ, ਚੰਡੀ, ਤੁਲਸੀਆ, ਭਾਗੀਰਥ, ਕਲਿਆਣ, ਲਾਲੂ, ਬਾਲੂ, ਹਰੀਜਨ, ਗੋਖੂ ਅਤੇ ਟੋਡ ਵੀ ਬੜੇ ਮਹਾਨ ਸਿੱਖ ਹੋਏ ਹਨ॥ ੨੨॥

ਝੰਝ ਕਿਦਾਰਾ, ਗੋਇੰਦਾ, ਮੋਹਣ, ਕੁੱਕਾ ਜਾਨੁ।
ਬਾਲਾ ਮਰਵਾਹਾ ਅਪਰ ਜੋਧਾ ਧੁੱਟਾ ਆਨ॥ ੨੩॥

ਝੰਝ, ਕਿਦਾਰਾ, ਗੋਇੰਦਾ, ਮੋਹਣ, ਕੁੱਕਾ ਆਦਿ ਨੂੰ ਵੀ ਮਹਾਨ ਸਿੱਖ ਸਮਝੋ, ਬਾਲਾ ਮਰਵਾਹਾ ਅਤੇ ਜੋਧਾ ਧੁੱਟਾ ਆਦਿ ਹੋਰ ਸਿੱਖ ਵੀ ਆਉਂਦੇ ਹਨ।

ਇਤਯਾਦਿਕ ਕੇਤੇ ਗਿਨਹਿਂ ਸਿੱਖਜ ਲਗੇ ਸਭਿ ਕਾਰ।
ਗਨ ਮਸੰਦ ਸਭਿ ਦੇਸ਼ ਤੇ ਸੰਗਤਿ ਲਯਾਇਂ ਹਜ਼ਾਰ॥ ੨੪॥

ਇੱਤਆਦਿ ਕਿੰਨੇ ਗਿਣੀਏ ਸਭ ਸਿੱਖ ਕਾਰ ਸੇਵਾ ਵਿਚ ਲੱਗੇ ਹੋਏ ਹਨ। ਸਾਰੇ ਮਸੰਦ ਦੇਸ਼ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੂੰ ਲਿਆ ਰਹੇ ਹਨ॥ ੨੪॥

ਚੌਪਈ- ਦਿਨਪ੍ਰਤਿ ਗਨ ਮਸੰਦ ਹਰਿਖਾਵੈਂ। ਨਈ ਨਈ ਸੰਗਤ ਨਿਤ ਆਵੈ।
ਪਰਬ ਬਿਸਾਖੀ ਆਦਿਕ ਜੇਯ। ਮੇਲਾ ਮਹਾਂ ਉਪਾਇਨ ਦੇਯ॥ ੨੫॥

ਪ੍ਰਤਿ ਦਿਨ ਸਾਰੇ ਮਸੰਦ ਬੜੀ ਖੁਸ਼ੀ ਨਾਲ ਨਿਤ ਨਵੀਂ ਨਵੀਂ ਸੰਗਤ ਲੈ ਕੇ ਆਉਂਦੇ ਹਨ। ਵਿਸਾਖੀ ਆਦਿ ਜੋ ਪੁਰਬ ਹਨ, ਉਸ ਸਮੇਂ ਵੱਡਾ ਮੇਲਾ ਲਗਦਾ ਹੈ ਤੇ ਸੰਗਤਾਂ ਬਹੁਤ ਭੇਟਾਵਾਂ ਅਰਪਨ ਕਰਦੀਆਂ ਹਨ॥ ੨੫॥

ਸੋ ਸਗਰੇ ਸਰ ਕੀ ਕਰਿ ਕਾਰ। ਬਹੁਰ ਜਾਇਂ ਨਿਜ ਗ੍ਰੇਹ ਮਝਾਰ।
ਕੋ ਇਕ ਦਿਨ, ਕੋ ਦ੍ਵੈ ਦਿਨ ਕਰੈ। ਕੋ ਤ੍ਰੈ ਦਿਨ ਰਹਿ ਕੈ ਹਿਤ ਧਰੈ॥੨੬॥

ਇਸ ਤਰ੍ਹਾਂ ਸਾਰੇ ਸਰੋਵਰ ਦੀ ਕਾਰ-ਸੇਵਾ ਕਰਕੇ ਫਿਰ ਆਪਣੇ ਘਰਾਂ ਨੂੰ ਜਾਂਦੇ ਹਨ। ਕੋਈ ਇਕ ਦਿਨ ਸੇਵਾ ਕਰਦਾ ਹੈ ਤੇ ਕੋਈ ਦੋ ਦਿਨ ਕਰਦਾ ਹੈ ਅਤੇ ਕੋਈ ਪ੍ਰੇਮ ਕਰਕੇ ਤਿੰਨ ਦਿਨ ਸੇਵਾ ਕਰਦਾ ਹੈ॥ ੨੬॥

ਕੋ ਦਸ ਦਿਨ, ਕੋ ਪੱਖਜ ਰਹਤਿ ਹੈ। ਕਾਰ ਕਰਹਿ ਬਡ ਲਾਭ ਲਹਤਿ ਹੈ।
ਕੋ ਇਕ ਮਾਸ, ਮਾਸ ਦੁਇ ਰਹੈ। ਕੋ ਤ੍ਰੈ ਮਾਸ, ਖਸ਼ਟ ਫਲ ਲਹੈ॥੨੭॥

ਕੋਈ ਦਸ ਦਿਨ ਤੇ ਕੋਈ ਪੰਦਰਾਂ ਦਿਨ ਰਹਿ ਪੈਂਦਾ ਹੈ, ਕਾਰ-ਸੇਵਾ ਕਰਕੇ ਬੜਾ ਲਾਭ ਲੈ ਰਹੇ ਹਨ। ਕੋਈ ਇਕ ਮਹੀਨਾ ਤੇ ਕੋਈ ਦੋ ਮਹੀਨੇ, ਕੋਈ ਤਿੰਨ ਮਹੀਨੇ ਅਤੇ ਕਈ ਛੇ ਮਹੀਨੇ ਕਾਰ-ਸੇਵਾ ਕਰਕੇ ਫਲ ਪ੍ਰਾਪਤ ਕਰਦੇ ਹਨ॥ ੨੭॥

ਜਿਸ ਕੋ ਹੋਹਿ ਕਾਮਨਾ ਆਵੈ। ਤੀਰਥ ਕਾਰ ਕਰੈ ਚਿਤ ਲਾਵੈ।
ਸੋ ਅਪਨੀ ਪੂਰਨ ਕਰ ਲੇਤਿ। ਸਦਾ ਬਰਤ ਕੀਨਸਿ, ਗੁਰ ਦੇਤਿ ॥੨੮॥

ਜਿਸ ਨੂੰ ਵੀ ਕਾਮਨਾ ਹੁੰਦੀ ਹੈ, ਉਹ ਤੀਰਥ 'ਤੇ ਪਹੁੰਚ ਕੇ ਚਿਤ ਲਾ ਕੇ ਕਾਰ-ਸੇਵਾ ਕਰਦਾ ਹੈ ਤੇ ਆਪਣੇ ਮਨ ਦੀ ਕਾਮਨਾ ਪੂਰੀ ਕਰ ਲੈਂਦਾ ਹੈ। ਗੁਰੂ ਜੀ ਨੇ ਤਾਂ ਕਾਮਨਾ ਪੂਰਨ ਕਰਨ ਦਾ ਸਦਾਵਰਤ ਲਾ ਰਖਿਆ ਹੈ, ਜੋ ਕੁਝ ਵੀ ਕੋਈ ਮੰਗਦਾ ਹੈ, ਦਿੰਦੇ ਹਨ॥ ੨੮॥

ਖਨੰਹਿ ਮ੍ਰਿਤਕਾ ਵਹਿਰ ਗਿਰੰਤੇ। ਕਰਾਮਾਤ ਤੇ ਆਦਿ ਲਹੰਤੇ।
ਨਿਧਿ ਸਿਧਿ ਜੇ, ਸਮੂਹ ਰਿਧਿ ਜੇਤੀ। ਪ੍ਰਾਪਤਿ ਹੋਤਿ ਕਾਮਨਾ ਤੇਤੀ ॥ ੨੯ ॥

ਮਿੱਟੀ ਪੁੱਟਕੇ ਬਾਹਰ ਸੁਟਦੇ ਹਨ। ਕਰਾਮਾਤ ਆਦਿ ਪ੍ਰਾਪਤ ਕਰਦੇ ਸਨ, ਨਿੱਧੀਆਂ ਤੇ ਜਿੰਨੀਆਂ ਵੀ ਰਿੱਧੀਆਂ ਹਨ ਓਨੀ ਹੀ ਕਾਮਨਾ ਪ੍ਰਾਪਤ ਹੁੰਦੀ ਹੈ॥ ੨੯॥

ਕੇਤਿਕ ਸਿੱਖ ਆਪ ਤੇ ਆਏ। ਕਿਨਹੂੰ ਢਿਗ ਨਰ ਪਠੇ ਬੁਲਾਏ।
ਪੂਰਨ ਹੋਤਿ ਜਾਚਨਾ ਜਜੋਂ ਜਜੋਂ। ਸੁਨਿ ਸੁਨਿ ਜਸੁ ਆਵਤਿ ਨਰ ਤਜੋਂ ਤਜੋਂ ॥੩੦॥

ਕਈ ਸਿੱਖ ਆਪ ਹੀ ਆ ਜਾਂਦੇ ਹਨ, ਕਈਆਂ ਨੂੰ ਮਨੁੱਖ ਭੇਜ ਕੇ ਬੁਲਾਉਂਦੇ ਹਨ। ਜਿਵੇਂ-ਜਿਵੇਂ ਮੰਗ ਪੂਰੀ ਹੁੰਦੀ ਜਾਂਦੀ ਹੈ, ਤਿਵੇਂ-ਤਿਵੇਂ ਸੁਣ ਸੁਣ ਕੇ ਮਨੁੱਖ ਆਉਂਦੇ ਹਨ॥ ੩੦॥

'ਹੋਤਿ ਹਜ਼ਾਰਨਿ ਕੋ ਕੱਲਜਾਨ। ਸਤਿਗੁਰ ਬਡ ਉਦਾਰ ਦੇਂ ਦਾਨ'।
ਪਾਇ ਕਾਮਨਾ ਇਕ ਨਰ ਜਾਵੈ। ਜਹਿਂ ਕਹਿਂ ਕੀਰਤਿ ਕਰਤਿ ਸੁਨਾਵੈ ॥ ੩੧ ॥

ਉਹ ਕਹਿੰਦੇ ਹਨ, "ਹਜ਼ਾਰਾਂ ਮਨੁੱਖਾਂ ਦਾ ਕਲਿਆਣ ਹੋ ਰਿਹਾ ਹੈ, ਸਤਿਗੁਰੂ ਜੀ ਵੱਡੇ ਉਦਾਰ-ਚਿੱਤ ਹਨ, ਜੋ ਵੀ ਮੰਗੀਏ ਦਿੰਦੇ ਹਨ" ਕਾਮਨਾ ਪ੍ਰਾਪਤ ਕਰਕੇ ਚਲੇ ਜਾਂਦੇ ਹਨ ਤੇ ਜਿਥੇ-ਕਿਥੇ ਜਾ ਕੇ ਗੁਰੂ ਜੀ ਦੀ ਕੀਰਤੀ ਸੁਣਾਉਂਦੇ ਹਨ॥ ੩੧॥

ਸੁਨਿਕੈ ਅਪਰ ਚੌਂਪ ਬਡ ਧਰੈਂ। ਪਹੁੰਚਿ ਗੁਰੂ ਢਿਗ ਸੇਵਾ ਕਰੈਂ।
ਅਪਨੀ ਆਇ ਪੁਰਹਿਂ ਅਭਿਲਾਖਾ। ਸਿਮਰਨ ਕਰੈਂ ਪ੍ਰੇਮ ਉਰ ਰਾਖਾ ॥ ੩੨ ॥

ਗੁਰ-ਕੀਰਤੀ ਸੁਣ ਕੇ ਹੋਰ ਵੀ ਬੜਾ ਪਿਆਰ ਧਾਰਨ ਕਰਦੇ ਹਨ, ਉਹ ਗੁਰੂ ਜੀ ਪਾਸ ਪਹੁੰਚ ਕਾਰ-ਸੇਵਾ ਕਰਦੇ ਹਨ। ਆ ਕੇ ਆਪਣੀ-ਆਪਣੀ ਅਭਿਲਾਸ਼ਾ ਪੂਰੀ ਕਰਦੇ ਹਨ ਅਤੇ ਹਿਰਦੇ ਵਿਚ ਪ੍ਰੇਮ ਧਾਰਨ ਕਰਕੇ ਪ੍ਰਭੂ ਦੇ ਨਾਂ ਦਾ ਸਿਮਰਨ ਕਰਦੇ ਹਨ॥ ੩੨॥

ਸ਼੍ਰੋਤਾ ਸੁਨਿ ਕਰਿ ਸ਼ੁਭ ਇਤਿਹਾਸੁ। ਚਿਤ ਮਹਿਂ ਚੌਂਪ ਬਿਸਾਲ ਪ੍ਰਕਾਸ਼।
ਸਿੱਖਜਨ ਗਨ ਕੇ ਸੁਨਿ ਕਰਿ ਨਾਮੁ। ਜਿਨ ਕਉ ਪ੍ਰਾਪਤਿ ਉੱਤਮ ਧਾਮੁ ॥੩੩॥

ਸ਼ੁਭ ਇਤਿਹਾਸ ਸੁਣ ਕੇ ਸ੍ਰੋਤਿਆਂ ਦੇ ਦਿਲ ਵਿਚ ਪ੍ਰੇਮ ਦਾ ਵਿਸ਼ਾਲ ਪ੍ਰਕਾਸ਼ ਹੋਇਆ। ਉਨ੍ਹਾਂ ਸਾਰੇ ਸਿੱਖਾਂ ਦੇ ਨਾਂ ਸੁਣ ਕੇ ਜਿਨ੍ਹਾਂ ਨੇ ਉੱਤਮ ਸਥਾਨ ਪ੍ਰਾਪਤ ਕੀਤਾ ਸੀ, ਉਹ ਬੜੇ ਪ੍ਰਸੰਨ ਹੋਏ॥ ੩੩॥

'ਗਜਾਨਵਾਨ ਪੂਰਨ ਪਦੁ ਪਾਯੋ। ਜਿਨ ਸਿੱਖਨ ਸਤਿਗੁਰੂ ਰਿਝਾਯੋ।
ਤਿਨ ਕੀ ਕਰਹੁ ਬਾਰਤਾ ਸਾਰੀ। ਜੇ ਜੇ ਭਏ ਪਰਮ ਉਪਕਾਰੀ॥ ੩੪ ॥

ਸਰੋਤੇ ਕਹਿਣ ਲੱਗੇ, "ਜਿਨ੍ਹਾਂ ਸਿੱਖਾਂ ਨੇ ਸਤਿਗੁਰੂ ਜੀ ਨੂੰ ਪ੍ਰਸੰਨ ਕੀਤਾ ਹੈ, ਉਨ੍ਹਾਂ ਨੇ ਪੂਰਨ ਗਿਆਨਵਾਨ ਦੀ ਪਦਵੀ ਪ੍ਰਾਪਤ ਕੀਤੀ ਹੈ। ਉਨ੍ਹਾਂ ਸਾਰਿਆਂ ਦੀ ਜੀਵਨ ਵਾਰਤਾ ਬਿਆਨ ਕਰੋ ਜਿਹੜੇ ਜਿਹੜੇ ਪਰਮ ਉਪਕਾਰੀ ਹੋਏ ਹਨ॥ ੩੪॥

Sri Satguru Jagjit Singh Ji eLlibrary NamdhariElibrary@gmail.com

ਜੇ ਜੇ ਨਾਮੀ ਸਿੱਖਜ ਸੁਜਾਨੇ। ਤਿਨ ਕੇ ਕਹੋ ਪ੍ਰਸੰਗ ਮਹਾਂਨੇ।
ਜਿਸ ਪ੍ਰਕਾਰ ਸੇਵਾ ਗੁਰ ਕੀਨਸਿ। ਮਿਲਿ ਕਰਿ ਜਥਾ ਪਰਮ ਪਦੁ ਲੀਨਸਿ ॥੩੫॥

ਜਿਹੜੇ ਜਿਹੜੇ ਮਸ਼ਹੂਰ ਚਤੁਰ ਸਿੱਖ ਹੋਏ ਹਨ, ਉਨ੍ਹਾਂ ਦੇ ਮਹਾਨ ਪ੍ਰਸੰਗ ਸਣਾਓ। ਉਨ੍ਹਾਂ ਜਿਸ ਪ੍ਰਕਾਰ ਗੁਰੂ ਜੀ ਦੀ ਸੇਵਾ ਕੀਤੀ ਅਤੇ ਜਿਵੇਂ ਗੁਰੂ ਜੀ ਨੂੰ ਮਿਲ ਕੇ ਪਰਮ ਪਦਵੀ ਪਾਈ॥ ੩੫॥

ਸੋ ਸਭਿ ਕਹੋ ਕਥਾ ਰਮਣੀਕਾ। ਸੁਨਤਿ ਪ੍ਰੀਤ ਤੇ ਜਿਮ ਹੁਇਂ ਨੀਕਾ।
ਸ੍ਰੋਤਨਿ ਕੇ ਸੁਨਿਕੈ ਸਭਿ ਬੈਨ। ਬਕਤਾ ਭਯੋ ਪ੍ਰਫੁੱਲਜਤਿ ਨੈਨ॥ ੩੬॥

ਉਹ ਸਾਰੀ ਰਮਣੀਕ ਕਥਾ ਬਿਆਨ ਕਰੋ, ਜਿਸ ਨੂੰ ਪ੍ਰੀਤ ਲਾ ਕੇ ਸੁਣਨ ਨਾਲ ਸਾਡਾ ਭਲਾ ਹੋਵੇ"। ਸ੍ਰੋਤਿਆਂ ਦੇ ਸਾਰੇ ਬਚਨ ਸੁਣ ਕੇ, ਬੁਲਾਰੇ ਦੇ ਨੈਣ ਖਿੜ ਗਏ॥ ੩੬॥

'ਨਿਸ਼ਚੈ ਪ੍ਰੇਮ ਲਖਜੋ ਤੁਮ ਸਾਚੋ। ਚਿਤ ਰਾਚੋਹਿਤ ਸੁਨਨਿ ਉਬਾਚੋ।
ਯਾਂਤੇ ਮੈਂ ਬਰਨੌਂ ਸਭਿ ਕਥਾ। ਸਿੱਖਜਨ ਗਨ ਪ੍ਰਸੰਗ ਹੈਂ ਜਥਾ॥ ੩੭॥

ਉਸ ਨੇ ਕਿਹਾ, "ਨਿਸ਼ਚੇ ਹੀ ਤੁਸੀਂ ਸੱਚਾ ਪ੍ਰੇਮ ਸਮਝਿਆ ਹੈ, ਚਿੱਤ ਦੀ ਰੁਚੀ ਨਾਲ ਤੁਸੀਂ ਸੁਣਨ ਵਾਸਤੇ ਕਿਹਾ ਹੈ। ਇਸ ਕਰਕੇ ਮੈਂ ਸਾਰੀ ਕਥਾ ਬਿਆਨ ਕਰਦਾ ਹਾਂ, ਸਮੂਹ ਸਿੱਖਾਂ ਦੇ ਜਿਵੇਂ ਪ੍ਰਸੰਗ ਹੋਏ ਹਨ॥ ੩੭॥

ਜਿਸ ਕੇ ਸੁਨਤਿ ਪਾਪ ਬਿਨਸਾਵੈਂ। ਸ੍ਰੋਤਾ ਮਹਾ ਪੁੰਨ ਕੋ ਪਾਵੈਂ।
ਸੋ ਸਭਿ ਸੁਨਹੁ ਰੁਚਿਰ, ਬਡਿ ਭਾਗੋ। ਜਿਸ ਤੇ ਗੁਰੁ ਪਗ ਸੋਂ ਅਨੁਰਾਗੋ॥ ੩੮॥

ਜਿਸ ਦੇ ਸੁਣਨ ਨਾਲ ਪਾਪ ਦੂਰ ਹੁੰਦੇ ਹਨ ਅਤੇ ਸਰੋਤੇ ਮਹਾਨ ਪੁੰਨ ਨੂੰ ਪ੍ਰਾਪਤ ਕਰਦੇ ਹਨ, ਹੇ ਵੱਡੇ ਭਾਗਾਂ ਵਾਲਿਓ ! ਸਾਰੇ ਪ੍ਰੇਮ ਧਾਰਨ ਕਰਕੇ ਸੁਣੋ, ਜਿਸ ਦੇ ਸੁਣਨ ਨਾਲ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਵੱਧਦਾ ਹੈ॥ ੩੮॥

ਕਰਿ ਕਰਿ ਪ੍ਰੇਮ ਸੇਵ ਜਿਨ ਕੀਨੀ। ਮਹਿਮਾ ਸਤਿਗੁਰੁ ਕੀ ਬਡਿ ਚੀਨੀ।
ਬ੍ਰਹਮ ਗਜਾਨ ਕੋ ਪਾਇ ਬਿਸਾਲਾ। ਜਨਮ ਮਰਨ ਹਤਿ ਕਸ਼ਟ ਕਰਾਲਾ॥੩੯॥

ਜਿਨ੍ਹਾਂ ਪ੍ਰੇਮ ਕਰਕੇ ਸੇਵਾ ਕੀਤੀ ਹੈ ਅਤੇ ਸਤਿਗੁਰੂ ਜੀ ਦੀ ਵੱਡੀ ਮਹਿਮਾ ਨੂੰ ਜਾਣਿਆ ਹੈ, ਉਨ੍ਹਾਂ ਨੇ ਉੱਤਮ ਬ੍ਰਹਮਗਿਆਨ ਪਾਇਆ ਹੈ ਅਤੇ ਜਨਮ-ਮਰਨ ਦੇ ਵਿਕਰਾਲ ਕਸ਼ਟ ਦਾ ਨਾਸ਼ ਕੀਤਾ ਹੈ॥ ੩੯॥

ਬ੍ਰਿੱਧ ਮਿਲਜੋ ਸ੍ਰੀ ਨਾਨਕ ਸਾਥ। ਪੂਰਬ ਕਹਿ ਆਏ ਇਹੁ ਗਾਥ।
ਅਬਿ ਭਗਤੂ ਜਿਮਿ ਘਾਲੀ ਘਾਲਿ। ਭਯੋ ਜਨਮ ਜਿਮ ਗੁਰ ਬਚ ਨਾਲ॥੪੦॥

ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ, ਇਸ ਕਥਾ ਨੂੰ ਮੈਂ ਪਹਿਲਾਂ ਹੀ ਕਹਿ ਆਇਆ ਹਾਂ। ਹੁਣ ਭਾਈ ਭਗਤੂ ਨੇ ਜਿਵੇਂ ਘਾਲ ਘਾਲੀ ਅਤੇ ਜਿਨ੍ਹਾਂ ਦਾ ਜਨਮ ਗੁਰੂ ਜੀ ਦੇ ਬਚਨਾਂ ਨਾਲ ਹੋਇਆ॥ ੪੦॥

ਸੋ ਮੈਂ ਕਹੌਂ ਸੁਨੌ ਬਿਰਤੰਤ। ਜਿਸ ਮਹਿਂ ਮਹਿਮਾ ਗੁਰ ਭਗਵੰਤ।
ਪੁਨਾ ਅਪਰ ਸਿੱਖਨ ਕੀ ਕਹੌਂ। ਜਿਸ ਪ੍ਰਕਾਰ ਸੁਨਿ ਕਰਿ ਉਰ ਲਹੌਂ॥੪੧॥

ਉਹ ਕਥਾ ਹੁਣ ਮੈਂ ਕਹਿੰਦਾ ਹਾਂ, ਤੁਸੀਂ ਸਾਰਾ ਬ੍ਰਿਤਾਂਤ ਸੁਣੋ, ਜਿਸ ਵਿਚ ਪ੍ਰਭੂ ਰੂਪੀ ਗੁਰੂ ਜੀ ਦੀ ਮਹਿਮਾ ਹੈ, ਫਿਰ ਮੈਂ ਹੋਰ ਸਿੱਖਾਂ ਦੀ ਕਥਾ ਕਰਦਾ ਹੈ, ਜਿਸ ਪ੍ਰਕਾਰ ਆਪਣੇ ਹਿਰਦੇ ਵਿਚ ਸੁਣ ਰੱਖਿਆ ਹੈ"॥ ੪੭॥

*ਦੂਸਰੀ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥ ੪੦॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਇੱਕਤਾਲੀਵਾਂ

## ਭਾਈ ਭਗਤੂ ਜੀ ਦੀ ਜਨਮ ਕਥਾ

ਦੋਹਰਾ- ਸਿੱਧੂ ਕੁਲ ਮਹਿਂ ਜਾਟ ਇਕ ਭੁੱਲਰੀਏ ਸ਼ੁਭ ਗੋਤਿ।
'ਆਦਮ' ਜਿਸ ਕੋ ਨਾਮ ਹੈ ਘਰ ਸੰਤਤਿ ਨਹਿਂ ਹੋਤਿ॥ ੧॥

ਸਿੱਧੂ ਕੁਲ ਵਿਚ ਇਕ ਜੱਟ ਸੀ ਜਿਸ ਦੀ ਸ਼ੁਭ ਗੋਤ ਭੁੱਲਰੀਏ ਸੀ। 'ਆਦਮ' ਉਸ ਦਾ ਨਾਂ ਸੀ ਤੇ ਉਸ ਦੇ ਘਰ ਕੋਈ ਸੰਤਾਨ ਪੈਦਾ ਨਹੀਂ ਸੀ ਹੋਈ॥ ੧॥

ਸੈਯਾ- ਆਦਮ ਨਾਮ ਭਯੋ ਤਿਸਿ ਬੰਸ ਮੈਂ ਕਾਰ ਕਰੈ ਕ੍ਰਿਸ਼ਿ ਭਾਗ ਬਿਲੰਦਾ।
ਨੰਦਨ ਹੋਵਨਿ ਕੋ ਚਿਤਵੈ ਬਹੁ, ਕਾਲ ਬਿਤਾਵਤਿ ਚਿੰਤ ਅਮੰਦਾ।
ਬੀਤ ਗਏ ਬਹੁ ਸੰਮਤ ਯਾ ਬਿਧਿ ਸੰਤਤਿ ਨਾਂਹਿ ਭਈ ਸੁਖਕੰਦਾ।
ਪੀਰ ਬਿਸਾਲ ਫਕੀਰਨ ਜਾਲ ਰਹ੍ਯੋ ਸਭਿ ਸੇਵਤਿ ਭਾਗ ਸੁ ਬਿੰਦਾ॥੨॥

ਆਦਮ ਉਸ ਦਾ ਨਾਂ ਸੀ ਤੇ ਉਸ ਵੰਸ਼ ਵਿਚ ਵੱਡੇ ਭਾਗਾਂ ਵਾਲਾ ਖੇਤੀ ਦੀ ਕਾਰ ਕਰਦਾ ਸੀ। ਹਰ ਵੇਲੇ ਪੁੱਤਰ ਦੇ ਪੈਦਾ ਹੋਣ ਬਾਰੇ ਚਿੱਤ ਵਿਚ ਸੋਚਦਾ ਰਹਿੰਦਾ ਸੀ ਅਤੇ ਅਜੇਹੀ ਤੀਬਰ ਚਿੰਤਾ ਵਿਚ ਬਹੁਤ ਸਮਾਂ ਬੀਤ ਗਿਆ। ਇਸ ਤਰ੍ਹਾਂ ਕਈ ਸਾਲ ਬੀਤ ਗਏ, ਸੁਖ ਦੇਣ ਵਾਲੀ ਸੰਤਾਨ ਪੈਦਾ ਨਾ ਹੋਈ। ਸਭ ਪੀਰਾਂ-ਫਕੀਰਾਂ ਦੀ ਬੜੇ ਪਿਆਰ ਨਾਲ ਸੇਵਾ ਕਰਦਾ ਰਿਹਾ॥ ੨॥

ਚੌਪਈ- ਸੇਵਾ ਕਰਤਿ ਰਹ੍ਯੋ ਚਿਰਕਾਲਾ। ਸੰਤਤਿ ਕੀ ਅਭਿਲਾਖ ਬਿਸਾਲਾ।
ਕਿਹ ਤੇ ਪ੍ਰਾਪਤਿ ਭਈ ਸੁ ਨਾਂਹੀ। ਚਿੰਤਾ ਚਿਤਵਤਿ ਬਹੁ ਚਿਤ ਮਾਂਹੀ॥੩॥

ਬੜੇ ਲੰਮੇ ਸਮੇਂ ਤਕ ਸੇਵਾ ਕਰਦਾ ਰਿਹਾ, ਸੰਤਾਨ ਦੀ ਬੜੀ ਅਭਿਲਾਸ਼ਾ ਸੀ। ਉਹ ਕਿਸੇ ਥਾਂ ਤੋਂ ਵੀ ਪ੍ਰਾਪਤ ਨਾ ਹੋਈ, ਆਪਣੇ ਚਿੱਤ ਵਿਚ ਬਹੁਤ ਚਿੰਤਾ ਕਰਦਾ ਰਹਿੰਦਾ ਸੀ॥ ੩॥

ਕੋ ਇਕ ਮਿਲ੍ਯੋ ਸਿੱਖ ਜਬਿ ਗੁਰੁ ਕੋ। ਤਿਹ ਸੋਂ ਕਹ੍ਯੋ ਮਨੋਰਥ ਉਰ ਕੋ।
'ਨੀਕੇ ਕੀਨੇ ਅਨਿਕ ਉਪਾਇ। ਪ੍ਰਾਪਤਿ ਪੁੱਤ੍ਰ ਨ ਮੁਝ ਕਿਸ ਥਾਇਂ॥੪॥

ਜਦ ਗੁਰੂ ਜੀ ਦੇ ਇਕ ਸਿੱਖ ਨੂੰ ਮਿਲਿਆ, ਤਾਂ ਉਸ ਨੂੰ ਆਪਣੇ ਹਿਰਦੇ ਦਾ ਮਨੋਰਥ ਕਿਹਾ, "ਮੈਂ ਅਨੇਕਾਂ ਉਪਾਅ ਕੀਤੇ ਹਨ, ਪਰ ਮੈਨੂੰ ਪੁੱਤਰ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੋਇਆ ਹੈ"॥ ੪॥

ਸੁਨਿਕੈ ਸਿੱਖ ਕੀਨਿ ਉਪਦੇਸ਼। 'ਮਾਨਹੁੰ ਮੇਰੋ ਕਹ੍ਯੋ ਅਸ਼ੇਸ਼।
ਸ੍ਰੀ ਨਾਨਕ ਭੇ ਜਗ ਅਵਤਾਰ। ਨਿਰੰਕਾਰ ਕੇ ਬਨੇ ਅਕਾਰ॥ ੫॥

ਗੁਰੂ ਜੀ ਦੇ ਸਿੱਖ ਨੇ ਸੁਣ ਕੇ ਉਪਦੇਸ਼ ਕੀਤਾ, "ਮੇਰਾ ਕਿਹਾ ਚੰਗੀ ਤਰ੍ਹਾਂ ਮੰਨੋ, ਸ੍ਰੀ ਗੁਰੂ ਨਾਨਕ ਦੇਵ ਜੀ ਜੱਗ ਵਿਚ ਅਵਤਾਰ ਹੋਏ ਹਨ, ਨਿਰੰਕਾਰ ਨੇ ਆਪ ਸਰੂਪ ਧਾਰਨ ਕੀਤਾ ਸੀ॥ ੫॥

ਤਿਨਿ ਪੀਛੈ ਗੁਰੁ ਅੰਗਦ ਭਯੋ। ਅਮਰਦਾਸ ਪੁਨ ਤਿਸਿ ਥਲ ਥਿਯੋ।
ਤੀਨੋ ਪਾਤਿਸ਼ਾਹੁ ਤੇ ਪਾਛੇ। ਚਤੁਰਥ ਗੁਰੂ ਭਏ ਅਬਿ ਆਛੇ॥ ੬ ॥

ਉਨ੍ਹਾਂ ਦੇ ਪਿਛੋਂ ਗੁਰੂ ਅੰਗਦ ਦੇਵ ਜੀ ਹੋਏ, ਫਿਰ ਗੁਰੂ ਅਮਰਦਾਸ ਜੀ ਉਨ੍ਹਾਂ ਦੇ ਸਥਾਨ 'ਤੇ ਬੈਠੇ, ਤਿੰਨਾਂ ਪਾਤਸ਼ਾਹੀਆਂ ਤੋਂ ਬਾਅਦ ਹੁਣ ਚੌਥੇ ਗੁਰੂ ਜੀ ਵੀ ਬਹੁਤ ਚੰਗੇ ਹਨ॥ ੬ ॥

ਸਤਿਗੁਰੁ ਰਾਮਦਾਸ ਜਿਨ ਨਾਮ। ਪੂਰਨ ਕਰਹਿਂ ਸੰਪੂਰਨ ਕਾਮ।
ਕਰਿ ਸੇਵਾ ਤਿਨ ਕੀ ਅਬਿ ਜਾਇ। ਪੁੱਤ੍ਰ ਕਾਮਨਾ ਤਹਿਂ ਤੇ ਪਾਇਂ ॥੭ ॥

ਉਨ੍ਹਾਂ ਦਾ ਨਾਂ ਸਤਿਗੁਰੂ ਰਾਮਦਾਸ ਜੀ ਹੈ, ਉਹ ਸਾਰੇ ਕਾਰਜ ਪੂਰਨ ਕਰਦੇ ਹਨ, ਹੁਣ ਜਾ ਕੇ ਉਨ੍ਹਾਂ ਦੀ ਸੇਵਾ ਕਰੋ, ਪੁੱਤਰ ਦੀ ਕਾਮਨਾ ਉਨ੍ਹਾਂ ਪਾਸੋਂ ਪੂਰੀ ਹੋਵੇਗੀ' ॥ ੭॥

ਆਦਮ ਜਾਟ ਬਾਤ ਸਿਖ ਸੁਨਿਕੈ। ਬ੍ਰਿੱਧ ਅਵਸਥਾ ਅਪਨੀ ਗੁਨਿ ਕੈ।
'ਸੁਸ਼ਕ ਬ੍ਰਿੱਖ ਕੇ ਫਲ ਹੁਇ ਕੈਸੇ'। ਸੰਸੈ ਹੋਤਿ ਬਿਚਾਰਤਿ ਐਸੇ॥ ੮ ॥

ਆਦਮ ਜੱਟ ਇਹ ਗੱਲ ਸੁਣ ਕੇ, ਅਤੇ ਆਪਣੀ ਬ੍ਰਿੱਧ ਅਵੱਸਥਾ ਸਮਝ ਕੇ ਸੋਚਣ ਲੱਗਾ ਕਿ ਸੁੱਕੇ ਰੁੱਖ ਨੂੰ ਫਲ ਕਿਵੇਂ ਲੱਗ ਸਕਦਾ ਹੈ। ਸੰਸੇ ਵਿਚ ਪੈ ਕੇ ਇਸ ਤਰ੍ਹਾਂ ਵਿਚਾਰ ਕਰਨ ਲੱਗਾ॥ ੮॥

ਚਿਤਵਤਿ ਚਿੰਤ ਪੁਨਹਿ ਚਿਤ ਠਾਨੀ। 'ਜੇ ਕਰਿਹੌਂ ਗੁਰ ਸੇਵ ਮਹਾਂਨੀ।
ਹੋਇ ਜਿ ਨਹੀਂ ਪੁੱਤ੍ਰ ਅਬਿ ਮੇਰੇ। ਪਾਵੌਂ ਗਤਿ ਪਰਲੋਕ ਅਛੇਰੇ' ॥ ੯ ॥

ਇਸ ਚਿੰਤਾ ਨੂੰ ਵਿਚਾਰਦਿਆਂ ਹੋਇਆਂ, ਫਿਰ ਮਨ ਵਿਚ ਇਹ ਗੱਲ ਪੱਕੀ ਕੀਤੀ ਕਿ ਜੇ ਮੈਂ ਗੁਰੂ ਜੀ ਦੀ ਮਹਾਨ ਸੇਵਾ ਕਰਾਂਗਾ ਤਾਂ ਜੇ ਪੁੱਤਰ ਨਹੀਂ ਹੋਵੇਗਾ ਤਾਂ ਪਰਲੋਕ ਵਿਚ ਚੰਗੀ ਗਤੀ ਪ੍ਰਾਪਤ ਕਰ ਲਵਾਂਗਾ' ॥ ੯ ॥

ਇਮਿ ਮਨ ਠਾਨਿ ਸੰਗ ਲੈ ਦਾਰਾ। ਗੁਰ ਕੀ ਸੇਵਾ ਹੇਤ ਪਧਾਰਾ।
ਕਰੀ ਦੂਰਿ ਤੇ ਬੰਦਨ ਜਾਇ। ਸੰਗਤਿ ਬਿਖੈ ਰਹਜੋ ਕਰਿ ਥਾਇਂ ॥੧੦ ॥

ਆਪਣੇ ਮਨ ਵਿਚ ਇਸ ਤਰ੍ਹਾਂ ਵਿਚਾਰ ਬਣਾ ਕੇ, ਆਪਣੇ ਨਾਲ ਆਪਣੀ ਪਤਨੀ ਨੂੰ ਲੈ ਕੇ, ਗੁਰੂ ਜੀ ਦੀ ਸੇਵਾ ਕਰਨ ਵਾਸਤੇ ਚੱਲ ਪਿਆ, ਦੂਰ ਤੋਂ ਹੀ ਜਾ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਅਤੇ ਟਿਕਾਣਾ ਕਰਕੇ ਸੰਗਤ ਵਿਚ ਬੈਠਾ ਰਿਹਾ॥ ੧੦ ॥

ਕਾਸ਼ਟ ਸੁਸ਼ਕ ਭਾਰ ਦੁਇ ਆਨੈ। ਇਕ ਤੋ ਰਾਖੇ ਅਪਨਿ ਠਿਕਾਨੈ।
ਦੇਗ ਗੁਰੂ ਕੀ ਹੋਵਤਿ ਜਹਿਂਵਾ। ਦੂਸਰਿ ਭਾਰ ਦੇਤਿ ਭਾ ਤਹਿਂਵਾ ॥੧੧ ॥

ਜੰਗਲ ਵਿਚ ਜਾ ਕੇ ਸੁੱਕੀਆਂ ਲੱਕੜਾਂ ਦੀਆਂ ਦੋ ਪੰਡਾਂ ਲਿਆਉਂਦਾ ਸੀ, ਇਕ ਪੰਡ ਤਾਂ ਆਪਣੇ ਰਹਿਣ ਵਾਲੇ ਟਿਕਾਣੇ ਰੱਖ ਲੈਂਦਾ ਸੀ ਤੇ ਇਕ ਪੰਡ ਜਿਥੇ ਗੁਰੂ ਦਾ ਲੰਗਰ ਚਲਦਾ ਸੀ, ਓਥੇ ਦੇ ਦਿੰਦਾ ਸੀ॥ ੧੧ ॥

ਅਪਨਿ ਪਾਸ ਤੇ ਕਰਤਿ ਅਹਾਰੁ। ਇਸ ਪ੍ਰਕਾਰ ਗੁਰੁ ਕੀ ਕਰਿ ਕਾਰ।
ਖਸ਼ਟਮਾਸ ਤਹਿਂ ਰਹਤਿ ਬਿਤਾਏ। ਸੇਵਹਿ ਸਤਿਗੁਰੁ ਹਿਤ ਚਿਤ ਲਾਏ ॥੧੨ ॥

ਆਪਣੇ ਪਾਸੋਂ ਹੀ ਭੋਜਨ ਕਰਦਾ ਸੀ, ਇਸ ਪ੍ਰਕਾਰ ਗੁਰੂ ਜੀ ਦੀ ਕਾਰ ਕਰਦਾ ਸੀ, ਛੇ ਮਹੀਨੇ ਓਥੇ ਰਹਿੰਦਿਆਂ ਬਤੀਤ ਕਰ ਦਿੱਤੇ, ਉਹ ਦਿਲ ਲਾ ਕੇ ਗੁਰੂ ਜੀ ਦੀ ਸੇਵਾ ਕਰਦਾ ਸੀ॥ ੧੨ ॥

ਏਕ ਸਮੈ ਗੁਰੁ ਵਹਿਰ ਸਿਧਾਏ। ਕਿਤਿਕ ਦਯੋਸ ਬੀਤੇ ਪੁਨਿ ਆਏ।
ਤਬਿਹੀ ਹਤੋ ਸੀਤ ਕੋ ਕਾਲ। ਅਰੁ ਬਰਖਾ ਭਈ ਤਹਾਂ ਬਿਸਾਲ ॥੧੩॥

ਇਕ ਸਮੇਂ ਗੁਰੂ ਜੀ ਕਿਤੇ ਬਾਹਰ ਚਲੇ ਗਏ, ਕਈ ਦਿਨ ਬੀਤਣ ਤੋਂ ਬਾਅਦ ਉਹ ਫਿਰ ਵਾਪਸ ਆ ਗਏ, ਉਸ ਸਮੇਂ ਸਰਦੀ ਦਾ ਮੌਸਮ ਸੀ ਅਤੇ ਓਥੇ ਬਹੁਤ ਬਾਰਸ਼ ਹੋਈ॥ ੧੩॥

ਦੋਹਰਾ- ਸੰਗਤਿ ਗੁਰੁ ਕੇ ਸੰਗਿ ਤਬਿ ਹੁਤੀ ਬਹੁਤ ਤਹਿੰ ਆਇ।
ਭਯੋ ਸੀਤ ਸਭਿਹੂੰਨ ਕੋ ਸਿੱਖ ਮਿਲੇ ਸਮੁਦਾਇ॥ ੧੪॥

ਤਦ ਗੁਰੂ ਜੀ ਦੇ ਪਾਸ ਬਹੁਤ ਸੰਗਤ ਆਈ ਹੋਈ ਸੀ, ਸਾਰੀ ਸਿੱਖ ਸੰਗਤ ਨੂੰ ਬਹੁਤ ਠੰਡ ਲੱਗ ਰਹੀ ਸੀ, ਜਿਹੜੀ ਸੰਗਤ ਗੁਰੂ ਜੀ ਪਾਸ ਇਕੱਠੀ ਹੋਈ ਸੀ॥ ੧੪॥

ਚੌਪਈ- ਆਦਮ ਜਾਟ ਤਬਹਿ ਕਟ ਕਸਿਕੈ। ਈਂਧਨ ਅਧਿਕ ਹੁਤੋ ਢਿਗ ਜਿਸ ਕੈ।
ਇਕ ਇਕ ਭਾਰ ਸਕੇਲਯੋ ਜੋਇ। ਸੰਗਤਿ ਬਿਖੈ ਦੇਤਿ ਭਾ ਸੋਇ ॥੧੫॥

ਆਦਮ ਜੱਟ ਨੇ ਉਸੇ ਵੇਲੇ ਕਮਰਕੱਸਾ ਬੰਨ੍ਹ ਲਿਆ ਤੇ ਜਿਹੜੀਆਂ ਸੁੱਕੀਆਂ ਲੱਕੜਾਂ ਉਸ ਆਪਣੇ ਟਿਕਾਣੇ ਇਕੱਠੀਆਂ ਕੀਤੀਆਂ ਹੋਈਆਂ ਸਨ, ਜਿਹੜੀਆਂ ਇਕ ਇਕ ਪੰਡ ਕਰਕੇ ਜਮ੍ਹਾਂ ਕੀਤੀਆਂ ਹੋਈਆਂ ਸਨ, ਉਨ੍ਹਾਂ ਨੂੰ ਚੁਕ ਕੇ ਉਸ ਸੰਗਤ ਨੂੰ ਦੇ ਦਿੱਤਾ॥ ੧੫॥

ਲਗੇ ਅੰਗੀਠੇ ਸਭਿ ਕੇ ਡੇਰੇ। ਮਿਟਯੋ ਸੀਤ ਭਾ ਅਨੰਦ ਘਨੇਰੇ।
ਊਚੇ ਥਲ ਹ੍ਵੈ ਕਰਿ ਤਿਸ ਬਾਰੀ। ਗੁਰ ਨੇ ਸੰਗਤਿ ਸਕਲ ਨਿਹਾਰੀ ॥੧੬॥

ਸਾਰਿਆਂ ਦੇ ਡੇਰਿਆਂ ਵਿਚ ਅੰਗੀਠੀਆਂ ਲੱਗ ਗਈਆਂ, ਪਾਲਾ ਦੂਰ ਹੋ ਗਿਆ ਤੇ ਸਾਰੀ ਸੰਗਤ ਬਹੁਤ ਪ੍ਰਸੰਨ ਹੋਈ, ਉਸ ਸਮੇਂ ਗੁਰੂ ਜੀ ਨੇ ਉੱਚੇ ਥਾਂ ਖੜੇ ਹੋ ਕੇ ਸਾਰੀ ਸੰਗਤ ਵਲ ਵੇਖਿਆ॥ ੧੬॥

ਡੇਰੇ ਸਭਿਨਿ ਅੰਗੀਠੇ ਲਾਗੇ। ਬਡੋ ਪ੍ਰਕਾਸ਼ ਹੁਤਾਸਨ ਜਾਗੇ।
ਰਿਦੇ ਬਿਚਾਰ ਕਰਤਿ ਗੁਰੁ ਐਸੇ। 'ਈਂਧਨ ਇਤੋ ਮਿਲਯੋ ਇਨ ਕੈਸੇ ? ॥੧੭॥

ਸਾਰਿਆਂ ਦੇ ਡੇਰਿਆਂ ਵਿਚ ਅੰਗੀਠੀਆਂ ਬਲ ਰਹੀਆਂ ਸਨ, ਸਾਰੇ ਬੜਾ ਪ੍ਰਕਾਸ਼ ਹੋ ਰਿਹਾ ਸੀ। ਗੁਰੂ ਜੀ ਨੇ ਫਿਰ ਆਪਣੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤਾ ਕਿ "ਏਨਾ ਬਾਲਣ ਇਨ੍ਹਾਂ ਨੂੰ ਕਿਥੋਂ ਮਿਲ ਗਿਆ ਹੈ ?॥ ੧੭॥

ਨਹੀਂ ਸਮੀਪ ਇਹਾਂ ਕਿਸਿ ਥਾਨ। ਕਿਸਿ ਨੇ ਦੀਨਸ ਇਨ ਕੋ ਆਨਿ ?'।
ਭਈ ਪ੍ਰਭਾਤਿ ਸਭਾ ਜਬਿ ਹੋਈ। ਦੇਖਨਿ ਦਰਸ ਆਇ ਸਭਿ ਕੋਈ ॥੧੮॥

ਏਥੇ ਤਾਂ ਨੇੜੇ ਕੋਈ ਸਥਾਨ ਨਹੀਂ ਹੈ, ਏਨਾ ਬਾਲਣ ਇਨ੍ਹਾਂ ਨੂੰ ਕਿਸ ਦਿੱਤਾ ਹੈ?" ਜਦ ਸਵੇਰ ਹੋਈ ਅਤੇ ਸਭਾ ਲੱਗੀ ਤਾਂ ਸਾਰੇ ਦਰਸ਼ਨ ਕਰਨ ਵਾਸਤੇ ਆਏ॥ ੧੮॥

ਸ੍ਰੀ ਗੁਰੁ ਰਾਮਦਾਸ ਸਭਿ ਸੰਗ। ਬੂਝਯੋ ਈਂਧਨ ਕੇਰਿ ਪ੍ਰਸੰਗ।
ਸਭਿ ਨੇ ਕਹਯੋ 'ਸਿੱਖ ਹੈ ਕੋਇ। ਦੇਤਿ ਫਿਰਯੋ ਡੇਰਨ ਮਹਿਂ ਸੋਇ' ॥੧੯॥

ਸ੍ਰੀ ਗੁਰੂ ਰਾਮਦਾਸ ਜੀ ਨੇ ਫਿਰ ਸਾਰਿਆਂ ਨੂੰ ਬਾਲਣ ਦੇ ਪ੍ਰਸੰਗ ਬਾਰੇ ਪੁਛਿਆ। ਸਾਰਿਆਂ ਨੇ ਕਿਹਾ, "ਕੋਈ ਇਕ ਸਿੱਖ ਹੈ ਉਹ ਸਾਰੇ ਡੇਰਿਆਂ ਵਿਚ ਬਾਲਣ ਦਿੰਦਾ ਰਿਹਾ ਹੈ"॥ ੧੯॥

ਹੁਤੋ ਰਸੋਈਆ ਗੁਰੁ ਕੇ ਪਾਸ। ਤਿਨ ਭੀ ਕਰੀ ਤਬਹਿ ਅਰਦਾਸ।
'ਦੇਗ ਬਿਖੈ ਇਕ ਭਾਰ ਬਿਸਾਲ। ਦੇਤਿ ਰਹ੍ਯੋ ਨਿਤ ਕੇਤਿਕ ਕਾਲ' ॥੨੦॥

ਇਕ ਰਸੋਈਆ ਗੁਰੂ ਜੀ ਦੇ ਪਾਸ ਖੜਾ ਸੀ, ਉਸ ਸਮੇਂ ਗੁਰੂ ਜੀ ਪਾਸ ਬੇਨਤੀ ਕੀਤੀ, "ਲੰਗਰ ਵਿਚ ਸੁੱਕੀਆਂ ਲੱਕੜਾਂ ਦੀ ਇਕ ਵੱਡੀ ਪੰਡ ਉਹ ਲੰਮੇ ਸਮੇਂ ਤੋਂ ਦਿੰਦਾ ਆ ਰਿਹਾ ਹੈ" ॥ ੨੦ ॥

ਅੰਤਰਜਾਮੀ ਸਭਿ ਕੁਛ ਜਾਨੀ। ਤਊ ਕਹੇ ਪਰ ਘਾਲ ਪਛਾਨੀ।
ਸ੍ਰੀ ਗੁਰ ਰਾਮਦਾਸ ਸੁਖਦਾਨੀ। ਸਭਿ ਸਿੱਖਜਨ ਮਹਿਂ ਤਬਹਿ ਬਖਾਨੀ ॥੨੧॥

ਅੰਤਰਜਾਮੀ ਗੁਰੂ ਜੀ ਸਭ ਕੁਝ ਜਾਣਦੇ ਸਨ, ਉਸ ਦੇ ਕਹਿਣ ਤੇ ਭਾਈ ਆਦਮ ਦੀ ਘਾਲ ਕਮਾਈ ਨੂੰ ਪਛਾਣਿਆ। ਸੁਖਾਂ ਦੇ ਦਾਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਫਿਰ ਸਾਰੇ ਸਿੱਖਾਂ ਵਿਚ ਕਿਹਾ ॥ ੨੧ ॥

'ਖੋਜਹੁ ਸਿੱਖਜ ਸੁ ਲਜਾਵਹੁ ਜਾਇ। ਜਿਸ ਨੇ ਘਾਲੀ ਘਾਲਿ ਸੁ ਥਾਇਂ।
ਕੌਨ ਮਨੋਰਥ ਹੈ ਤਿਸ ਕੇਰਾ। ਸੋ ਪੂਰਨ ਕਰਿਹੈਂ ਬਿਨ ਬੇਰਾ' ॥ ੨੨ ॥

"ਉਸ ਸਿੱਖ ਨੂੰ ਲੱਭ ਕੇ ਲਿਆਵੋ, ਜਿਸ ਨੇ ਏਨੀ ਘਾਲਣਾ ਘਾਲੀ ਹੈ। ਉਸ ਦਾ ਕੀ ਮਨੋਰਥ ਹੈ ਤਾਂਕਿ ਕਿਸੇ ਦੇਰ ਤੋਂ ਬਗੈਰ ਪੂਰਾ ਕਰੀਏ" ॥ ੨੨ ॥

ਦੋਹਰਾ- ਸੁਨਤਿ ਸਿੱਖਜ ਤਿਸ ਥਾਨ ਕੋ ਖੋਜਜੋ ਜਹਾਂ ਰਹੰਤਿ ॥
ਲੇ ਗਮਨੇ ਤਤਕਾਲ ਹੀ ਸੰਗ ਚਲਜੋ ਹੁਲਸੰਤਿ ॥ ੨੩ ॥

ਇਹ ਸੁਣ ਕੇ ਸਿੱਖ ਉਸ ਥਾਂ ਚਲੇ ਗਏ, ਜਿਥੇ ਉਹ ਰਹਿੰਦਾ ਸੀ, ਓਸੇ ਵੇਲੇ ਉਸ ਨੂੰ ਲੈ ਕੇ ਚਲ ਪਏ, ਉਹ ਵੀ ਬਹੁਤ ਪ੍ਰਸੰਨ ਹੋ ਕੇ ਚਲ ਪਿਆ ॥ ੨੩ ॥

ਚੌਪਈ- ਜਾਇ ਕਰੀ ਬੰਦਨ ਕਰ ਜੋਰਿ। ਠਾਂਢੋ ਭਯੋ ਬਦਨ ਕੀ ਓਰ।
ਦੇਖਿ ਗੁਰੂ ਨੇ ਬਾਕ ਉਚਾਰਾ। 'ਕੌਨ ਮਨੋਰਥ ਤੈਂ ਉਰ ਧਾਰਾ ॥ ੨੪ ॥

ਗੁਰੂ ਜੀ ਪਾਸ ਜਾ ਕੇ ਉਸ ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਗੁਰੂ ਜੀ ਦੇ ਸਾਹਮਣੇ ਖੜਾ ਹੋ ਗਿਆ। ਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਤੂੰ ਆਪਣੇ ਹਿਰਦੇ ਵਿਚ ਕੀ ਮਨੋਰਥ ਧਾਰਨ ਕੀਤਾ ਹੈ ॥ ੨੪ ॥

ਤੇਰੀ ਘਾਲਿ ਪਰੀ ਸਭਿ ਥਾਇਂ। ਮਾਂਗ ਲੇਹੁ ਬਰ ਸੋ ਅਬਿ ਪਾਇ'।
ਆਦਮ ਜਾਟ ਬਾਕ ਸੁਨਿ ਗੁਰ ਕੋ। ਕਹਿ ਨਹਿਂ ਸਕਹਿ ਮਨੋਰਥ ਉਰ ਕੋ ॥੨੫॥

ਤੇਰੀ ਘਾਲ ਕਮਾਈ ਹੁਣ ਸੰਪੂਰਣ ਹੋਈ ਹੈ, ਜੋ ਕੁਝ ਵੀ ਤੂੰ ਚਾਹੁੰਦਾ ਹੈਂ, ਉਹ ਵਰ ਮੰਗ ਲੈ")। ਆਦਮ ਜੱਟ ਗੁਰੂ ਜੀ ਦਾ ਬਚਨ ਸੁਣ ਕੇ, ਆਪਣੇ ਦਿਲ ਦਾ ਮਨੋਰਥ ਕਹਿ ਨਾ ਸਕਿਆ ॥ ੨੫ ॥

'ਮੈਂ ਬਹੁ ਬ੍ਰਿੱਧ ਕਹਾਂ ਸੁਤ ਹੋਇ'। ਯਾਂਤੇ ਮਾਂਗਤਿ ਭਾ ਨਹਿਂ ਸੋਇ।
'ਬਿਰਧਾ ਬਹੁਰ ਭਾਰਯਾ ਮੇਰੀ। ਉਚਿਤ ਨ ਕਹਨਿ ਬਾਤ ਸੁਤ ਕੇਰੀ' ॥੨੬॥

ਆਪਣੇ ਮਨ ਵਿਚ ਸੋਚਣ ਲੱਗਾ ਕਿ "ਮੈਂ ਬਹੁਤ ਬ੍ਰਿਧ ਹੋ ਗਿਆ ਹਾਂ, ਹੁਣ ਪੁੱਤਰ ਕਿਥੇ ਹੋ ਸਕਦਾ ਹੈ, ਇਸ ਕਰਕੇ ਉਹ ਵਰ ਨਹੀਂ ਮੰਗਾਂਗਾ। ਮੇਰੀ ਪਤਨੀ ਵੀ ਬਹੁਤ ਬ੍ਰਿਧ ਹੋ ਗਈ ਹੈ, ਹੁਣ ਪੁੱਤਰ ਬਾਰੇ ਗੱਲ ਕਰਨਾ ਉਚਿਤ ਨਹੀਂ ਹੈ" ॥ ੨੬ ॥

ਇਮ ਬਿਚਾਰਿ ਕੈ ਬਾਕ ਬਖਾਨਾ। 'ਹੇ ਗੁਰ ! ਨਿਜ ਦਰਸ਼ਨੁ ਦਿਹੁ ਦਾਨਾ।
ਅਪਰ ਨਹੀਂ ਮੋ ਕਹੁ ਅਭਿਲਾਖਾ। ਐਸੋ ਜਬਿ ਆਦਮ ਨੇ ਭਾਖਾ ॥੨੭॥

ਇਸ ਤਰ੍ਹਾਂ ਵਿਚਾਰ ਕੇ ਬੋਲਿਆ, "ਹੇ ਗੁਰੂ ਜੀ ! ਆਪਣੇ ਦਰਸ਼ਨਾਂ ਦਾ ਦਾਨ ਬਖਸ਼ੋ, ਮੈਨੂੰ ਹੋਰ ਕੋਈ ਅਭਿਲਾਸ਼ਾ ਨਹੀਂ ਹੈ"। ਇਸ ਤਰ੍ਹਾਂ ਜਦ ਆਦਮ ਨੇ ਕਿਹਾ॥ ੨੭॥

ਮਨ ਕੀ ਗਤਿ ਲਖਿ ਅੰਤਰਜਾਮੀ। ਬੋਲੇ ਰਾਮਦਾਸ ਪ੍ਰਭੁ ਸ੍ਵਾਮੀ।
'ਕ੍ਯੋਂ ਨਹਿਂ ਲੇਤਿ ਮਨੋਰਥ ਉਰ ਕੋ ?'। ਗੁਰੁ ਪ੍ਰਸੰਨ ਲਖਿ ਦਾਤਾ ਬਰ ਕੋ॥੨੮॥

ਤਾਂ ਅੰਤਰਜਾਮੀ ਪ੍ਰਭੂ ਸਵਾਮੀ ਗੁਰੂ ਰਾਮਦਾਸ ਜੀ ਬੋਲੇ, "ਆਪਣੇ ਹਿਰਦੇ ਦਾ ਮਨੋਰਥ ਕਿਉਂ ਨਹੀਂ ਲੈਂਦੇ ਹੋ"? ਜਦ ਤੁਸੀਂ ਇਹ ਵੇਖਦੇ ਹੋ ਕਿ ਗੁਰੂ ਜੀ ਵਰ ਦੇਣ ਲਈ ਬਹੁਤ ਪ੍ਰਸੰਨ ਹਨ॥ ੨੮॥

ਸੁਕਚਤਿ ਪੁਨਹਿ,ਨ ਜਾਇ ਬਖਾਨਾ। ਕਹਤਿ ਭਯੋ 'ਦਿਹੁ ਦਰਸ਼ਨ ਦਾਨਾ'।
ਤਿਸ ਕੇ ਮਨ ਕੀ ਗਤਿ ਕੋ ਜਾਨਿ। ਕਹ੍ਯੋ ਗੁਰੂ 'ਜਾਵਹੁ ਨਿਜ ਥਾਨ ॥੨੯॥

ਫਿਰ ਸੰਕੋਚ ਕੀਤਾ ਤੇ ਉਸ ਪਾਸੋਂ ਕਿਹਾ ਨਹੀਂ ਸੀ ਜਾਂਦਾ, ਫਿਰ ਬੋਲਿਆ "ਆਪਣੇ ਦਰਸ਼ਨਾਂ ਦਾ ਦਾਨ ਦੇਵੋ। ਉਸ ਦੇ ਮਨ ਦੀ ਹਾਲਤ ਨੂੰ ਜਾਣ ਕੇ ਗੁਰੂ ਜੀ ਨੇ ਕਿਹਾ, "ਆਪਣੇ ਸਥਾਨ ਤੇ ਚਲੇ ਜਾਵੋ॥ ੨੯॥

ਦੋਹਰਾ- ਜਾਚ੍ਯੋ ਜਾਇ ਨ ਤੋਹਿ ਤੇ ਪੁਨ ਆਵਹੁ ਭੁਨਸਾਰ।
ਸੇਵਾ ਤੇਰੀ ਸਫਲ ਹੁਇ ਬਾਂਛਤਿ ਦੇ ਕਰਤਾਰ' ॥ ੩੦॥

ਤੈਥੋਂ ਮੰਗਿਆ ਨਹੀਂ ਜਾ ਰਿਹਾ, ਫਿਰ ਸਵੇਰਸਾਰ ਆਵੋ ਸੇਵਾ ਤੇਰੀ ਸਫਲ ਹੋਈ, ਪ੍ਰਭੂ ਤੇਰੀ ਮੂੰਹ-ਮੰਗੀ ਮੁਰਾਦ ਪੂਰੀ ਕਰਨਗੇ' ॥ ੩੦॥

ਚੌਪਈ- ਆਦਮ ਜਾਟ ਗਯੋ ਨਿਜ ਡੇਰੇ। ਸੋਚਤਿ ਚਿਤ ਮਹਿਂ ਚਿੰਤ ਘਨੇਰੇ।
ਬੂਝ੍ਯੋ ਤਬਹਿ ਭਾਰਜਾ ਆਨਿ। 'ਲੇ ਭੀ ਆਯਵ ਗੁਰ ਤੇ ਦਾਨ ?' ॥੩੧॥

ਆਦਮ ਜੱਟ ਆਪਣੇ ਡੇਰੇ ਚਲੇ ਗਿਆ, ਆਪਣੇ ਚਿੱਤ ਵਿਚ ਬੜੀ ਚਿੰਤਾ ਲਾ ਕੇ ਬਹੁਤ ਗਹਿਰਾ ਸੋਚ ਰਿਹਾ ਸੀ। ਉਸ ਸਮੇਂ ਉਸਦੀ ਪਤਨੀ ਨੇ ਆ ਕੇ ਪੁਛਿਆ, "ਗੁਰੂ ਜੀ ਤੋਂ ਵਰਦਾਨ ਲੈ ਵੀ ਆਏ ਹੋ ?" ॥ ੩੧॥

ਕਹਤਿ ਭਯੋ 'ਸੁਤ ਕੀ ਅਭਿਲਾਖਾ। ਸੁਕਚਤਿ ਗੁਰੁ ਢਿਗ ਜਾਇ ਨ ਭਾਖਾ।
ਆਰਬਲਾ ਮੇਰੀ ਅਰੁ ਤੇਰੀ। ਸੰਤਤਿ ਸਮੈ ਨ, ਬਿਤੀ ਬਡੇਰੀ॥ ੩੨॥

ਕਹਿਣ ਲੱਗਾ, "ਪੁੱਤਰ ਦੀ ਅਭਿਲਾਸ਼ਾ ਬਾਰੇ ਮੇਰੇ ਪਾਸੋਂ ਗੁਰੂ ਜੀ ਪਾਸ ਕਿਹਾ ਨਹੀਂ ਜਾਂਦਾ, ਮੇਰੀ ਅਤੇ ਤੇਰੀ ਉਮਰ ਹੁਣ ਸੰਤਾਨ ਪੈਦਾ ਕਰਨ ਵਾਲੀ ਨਹੀਂ ਰਹੀ, ਬਹੁਤ ਵੱਡੀ ਹੋ ਗਈ ਹੈ॥ ੩੨॥

ਭਏ ਬ੍ਰਿੱਧ, ਸੁਤ ਹੋਹਿ ਨ ਕੈਸੇ। 'ਦਿਹੁ ਦਰਸ਼ਨ ਅਪਨੋ' ਬਰ ਐਸੇ।
ਚਲਤ੍ਯੋ ਪੁਨ ਮੁਝ ਸੋਂ ਗੁਰ ਭਾਖਾ। 'ਭੋਰ ਆਇ ਜਾਚਹੁ ਜੋ ਕਾਂਖਾ ॥੩੩॥

ਅਸੀਂ ਬਹੁਤ ਬੁੱਢੇ ਹੋ ਗਏ ਹਾਂ, ਪੁੱਤਰ ਕਿਵੇਂ ਪੈਦਾ ਹੋਵੇਗਾ, ਮੈਂ ਤਾਂ ਇਹੋ ਵਰ ਮੰਗਿਆ ਹੈ ਕਿ ਆਪਣੇ ਦਰਸ਼ਨਾਂ ਦਾ ਵਰ ਦੇਵੋ। ਚਲਦੇ ਸਮੇਂ ਗੁਰੂ ਜੀ ਨੇ ਫਿਰ ਮੈਨੂੰ ਕਿਹਾ ਹੈ ਕਿ "ਸਵੇਰੇ ਆ ਕੇ ਜੋ ਕੁਝ ਮੰਗਣਾ ਹੈ ਮੰਗ ਲਵੋ" ॥ ੩੩॥

ਸੁਨਤਿ ਭਾਰਜਾ ਭਈ ਉਦਾਸ। ਪਤਿ ਸੋਂ ਕਹਿ, 'ਪੂਰੇ ਗੁਰੁ ਪਾਸਿ।
ਸੁਤਿ ਕੀ ਕਰਹੁ ਜਾਇ ਅਰਦਾਸਿ। ਹਮਰੀ ਪੂਰਨ ਕਰਿਹੈਂ ਆਸ ॥੩੪॥

ਇਹ ਸੁਣ ਕੇ ਉਸ ਦੀ ਪਤਨੀ ਉਦਾਸ ਹੋ ਗਈ ਅਤੇ ਪਤੀ ਨੂੰ ਕਹਿਣ ਲੱਗੀ, "ਪੂਰਨ ਗੁਰੂ ਜੀ ਪਾਸੋਂ ਪੁੱਤਰ ਦੀ ਦਾਤ ਦੀ ਬੇਨਤੀ ਕਰੋ, ਉਹ ਜ਼ਰੂਰ ਸਾਡੀ ਆਸ ਪੂਰੀ ਕਰਨਗੇ॥ ੩੪॥

ਸ਼ੁਸ਼ਕ ਬ੍ਰਿੱਛ ਕੋ ਹਰੇ ਕਰੰਤਾ। ਸ਼ੁਸ਼ਕ ਤਾਲ ਕੋ ਸੁਭਰ ਭਰੰਤਾ।
ਸਮਰਥ ਹੈਂ, ਅਨਹੋਨੀ ਕਰੈਂ। ਸ਼੍ਰੀ ਮੁਖ ਬਾਕ ਨ ਕਬਹੂੰ ਫਿਰੈ' ॥੩੫॥

ਉਹ ਸੁੱਕੇ ਰੁੱਖ ਨੂੰ ਹਰਾ ਕਰ ਸਕਦੇ ਹਨ, ਸੁੱਕੇ ਸਰੋਵਰ ਨੂੰ ਪਾਣੀ ਨਾਲ ਭਰ ਸਕਦੇ ਹਨ, ਸਰਬ ਸਮਰੱਥ ਹਨ, ਅਨਹੋਣੀ ਗੱਲ ਨੂੰ ਹੋਣਹਾਰ ਕਰ ਸਕਦੇ ਹਨ, ਉਨ੍ਹਾਂ ਦੇ ਮੂੰਹ ਵਿਚੋਂ ਨਿਕਲਿਆ ਵਾਕ ਕਦੇ ਵੀ ਖਾਲੀ ਨਹੀਂ ਜਾਂਦਾ"॥ ੩੫॥

ਪਤਿ ਕੋ ਸਮੁਝਾਵਤਿ ਤਿਸ ਭਾਂਤੀ। ਕਰੀ ਬਿਤੀਤਨ ਦੰਪਤਿ ਰਾਤੀ।
ਭਈ ਭੋਰ ਗੁਰ ਨੇ ਸਿਖ ਭੇਜਾ। 'ਫਲ ਸੇਵਾ ਕੋ ਸ਼ੁਭ ਬਰ ਲੇਜਾ' ॥੩੬॥

ਆਪਣੇ ਪਤੀ ਨੂੰ ਇਸ ਪ੍ਰਕਾਰ ਸਮਝਾਇਆ ਤੇ ਦੰਪਤੀ ਨੇ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਇਕ ਸਿੱਖ ਨੂੰ ਬੁਲਾਉਣ ਵਾਸਤੇ ਭੇਜਿਆ ਅਤੇ ਕਿਹਾ, "ਸੇਵਾ ਦੇ ਫਲ ਵਜੋਂ ਸ਼ੁਭ ਵਰ ਲੈ ਜਾਵੇ"॥ ੩੬॥

ਤਬਿ ਦੰਪਤਿ ਗਮਨੇ ਗੁਰ ਪਾਸਿ। ਕਰੀ ਬੰਦਨਾ ਧਰੇ ਹੁਲਾਸ।
ਸ਼੍ਰੀ ਗੁਰੁ ਰਾਮਦਾਸ ਜੀ ਕਹਾ। 'ਜਾਚਹੁ ਬਰ ਬਾਂਛਤਿ ਜੋ ਅਹਾ' ॥੩੭॥

ਤਦ ਪਤੀ-ਪਤਨੀ ਗੁਰੂ ਜੀ ਪਾਸ ਗਏ, ਬੜੇ ਪ੍ਰਸੰਨ ਹੋ ਕੇ ਬੰਦਨਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ, "ਜੋ ਵਰ ਮੰਗਣਾ ਚਾਹੁੰਦੇ ਹੋ, ਮੰਗੋ"॥ ੩੭॥

ਹਾਥ ਜੋਰਿ ਦੰਪਤਿ ਨੇ ਭਾਖਾ। 'ਸ਼੍ਰੀ ਸਤਿਗੁਰ ! ਹਮ ਅਸ ਅਭਿਲਾਖਾ।
ਦੇਹੁ ਬਚਨ ਤੇ ਪੁੱਤ੍ਰ ਹਮਾਰੇ। ਸਰਬ ਬੰਸ ਹੈਂ ਸਿੱਖਜ ਤੁਮਾਰੇ' ॥੩੮॥

ਹੱਥ ਜੋੜ ਕੇ ਪਤੀ-ਪਤਨੀ ਨੇ ਕਿਹਾ, "ਹੇ ਸਤਿਗੁਰੂ ਜੀ ! ਸਾਡੀ ਇਸ ਤਰ੍ਹਾਂ ਦੀ ਅਭਿਲਾਸ਼ਾ ਹੈ ਕਿ ਆਪਣਾ ਬਚਨ ਕਰਕੇ ਸਾਡੇ ਘਰ ਪੁੱਤਰ ਦੀ ਦਾਤ ਬਖਸ਼ੋ, ਸਾਡੇ ਸਾਰੇ ਵੰਸ਼ ਦੇ ਜੀਵ ਤੁਹਾਡੇ ਸਿੱਖ ਹੋਣਗੇ"॥ ੩੮॥

ਸੁਨਤਿ ਸਤਿਗੁਰੂ ਧ੍ਯਾਨ ਲਗਾਇਵ। ਦੇਖਿ ਰਹੇ ਕੁਛ ਨਹਿੰ ਦਰਸਾਇਵ।
ਕਿਤਿਕ ਦੇਰ ਤੇ ਸ਼੍ਰੀ ਗੁਰੁ ਪ੍ਰਾਹੀ। 'ਤੋਹਿ ਭਾਗ ਮਹਿਂ ਸੰਤਤਿ ਨਾਂਹੀ' ॥੩੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਧਿਆਨ ਲਾਇਆ। ਵੇਖ ਰਹੇ ਸਨ ਪਰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਕਾਫ਼ੀ ਦੇਰ ਦੇ ਬਾਅਦ ਗੁਰੂ ਜੀ ਨੇ ਕਿਹਾ, "ਤੁਹਾਡੇ ਭਾਗ ਵਿਚ ਸੰਤਾਨ ਨਹੀਂ ਹੈ"॥ ੩੯॥

ਇਮ ਕਹਿ ਨੈਨ ਮੂੰਦ ਪੁਨ ਲੀਨੇ। ਨੀਕੀ ਰੀਤਿ ਖੋਜਿਬੋ ਕੀਨੇ।
ਦੇਖਿ ਰਹੇ ਸਭਿ ਹੀ ਬਿਧਿ ਤਾਂਹਿ। ਆਦਮ ਭਾਗ ਬਿਖੇ ਸੁਤ ਨਾਂਹਿ ॥੪੦॥

ਇਸ ਤਰ੍ਹਾਂ ਕਹਿ ਕੇ ਨੈਣ ਫਿਰ ਬੰਦ ਕਰ ਲਏ, ਚੰਗੀ ਤਰ੍ਹਾਂ ਖੋਜ ਕੀਤੀ, ਸਭ ਤਰ੍ਹਾਂ ਨਾਲ ਵੇਖਦੇ ਰਹੇ ਕਿ ਆਦਮ ਦੇ ਭਾਗ ਵਿਚ ਪੁੱਤਰ ਦੀ ਦਾਤ ਨਹੀਂ ਹੈ॥ ੪੦॥

ਬਹੁਤ ਕਾਲ ਲਗ ਗੁਰੂ ਬਿਚਾਰਾ। ਪੁਨਹਿਂ ਸਿੱਖਜ ਸੌਂ ਬਾਕ ਉਚਾਰਾ।
'ਭਲੀ ਭਾਂਤਿ ਹਮ ਖੋਜਨ ਕੀਨਾ। ਤੋਹਿ ਭਾਗ ਹੈਂ ਸੰਤਤਿ ਹੀਨਾ॥ ੪੧ ॥

ਬੜੇ ਲੰਮੇ ਸਮੇਂ ਤਕ ਗੁਰੂ ਜੀ ਨੇ ਵਿਚਾਰ ਕੀਤੀ, ਫਿਰ ਸਿੱਖ ਨੂੰ ਇਹ ਬਚਨ ਕਹੇ, "ਅਸੀਂ ਚੰਗੀ ਤਰ੍ਹਾਂ ਖੋਜ ਕੀਤੀ ਹੈ, ਤੇਰੇ ਭਾਗਾਂ ਵਿਚ ਸੰਤਾਨ ਨਹੀਂ ਹੈ॥ ੪੧ ॥

ਗੁਰ ਕੀ ਸੇਵਾ ਕੀਨਿ ਮਹਾਂਨਾ। ਜਿਸ ਤੇ ਹਮ ਨੇ ਬਾਕ ਬਖਾਨਾ।
ਇਹ ਕਾਰਨ ਤੇ ਮੈਂ ਨਿਜ ਅੰਸ਼ੁ। ਜਨਮੌਂ ਤਵ ਗ੍ਰਿਹ, ਬਿਰਧਹਿ ਬੰਸ਼ੁ॥ ੪੨ ॥

ਪਰ ਤੂੰ ਗੁਰੂ ਘਰ ਦੀ ਮਹਾਨ ਸੇਵਾ ਕੀਤੀ ਹੈ, ਜਿਸ ਕਰਕੇ ਅਸੀਂ ਬਚਨ ਕੀਤਾ ਹੈ। ਸਾਡਾ ਜੋ ਆਤਮ ਸਰੂਪ ਇਕ ਪ੍ਰਕਾਸ਼ ਰੂਪ ਹੈ, ਉਸ ਦੀ ਕੋਈ ਰਿਸ਼ਮ ਤੇਰੇ ਘਰ ਪ੍ਰਗਟ ਹੋਵੇਗੀ ਜਿਸ ਤੋਂ ਤੇਰੀ ਵੰਸ਼ ਵਧੇਗੀ॥ ੪੨ ॥

ਭਗਤਿ ਸਰੂਪ ਹੋਹਿ ਲਖਿ ਲੀਜਹਿ। ਯਾਂਤੇ ਭਗਤੂ ਨਾਮ ਰਖੀਜਹਿ।
ਮੇਰੇ ਅੰਸ਼ੁ ਹੋਨ ਤੇ ਸੋਇ। ਦੇਸ਼ ਅਨੇਕਨ ਕੋ ਗੁਰ ਹੋਇ॥ ੪੩ ॥

ਉਹ ਭਗਤੀ ਸਰੂਪ ਹੋਵੇਗਾ, ਇਸ ਕਰਕੇ ਚੰਗੀ ਤਰ੍ਹਾਂ ਸਮਝ ਲਵੋ ਇਸ ਕਰਕੇ ਉਸ ਦਾ ਨਾਂ ਭਗਤੂ ਹੀ ਰੱਖਣਾ। ਮੇਰੇ ਆਤਮ ਸਰੂਪ ਦੀ ਰਿਸ਼ਮ ਹੋਣ ਕਰਕੇ ਉਹ ਅਨੇਕ ਦੇਸ਼ਾਂ ਦਾ ਗੁਰੂ ਹੋਵੇਗਾ॥ ੪੩ ॥

ਤਿਸ ਕੋ ਪਸਰਹਿ ਬੰਸ ਬਿਸਾਲਾ। ਬਿਦਤਹਿ ਨਾਮ ਲਖਹਿਂ ਨਰ ਜਾਲਾ।
ਸੁਨਿ ਬਾਂਛਤਿ ਦਾਨੀ ਬਚ ਗੁਰੂ ਕੇ। ਦੰਪਤਿ ਬੰਦਹਿਂ ਸਿਰ ਧਰ ਧਰਿਕੇ॥੪੪ ॥

ਉਸ ਦੀ ਵੰਸ਼ ਵਿਸ਼ਾਲ ਫੈਲੇਗੀ, ਉਸ ਦਾ ਨਾਂ ਬਹੁਤ ਉੱਘਾ ਹੋਵੇਗਾ ਜਿਸ ਨੂੰ ਸਭ ਮਨੁੱਖ ਵੇਖਣਗੇ"। ਗੁਰੂ ਜੀ ਦੇ ਮੂੰਹ-ਮੰਗੀ ਮੁਰਾਦ ਦੇਣ ਵਾਲੇ ਬਚਨ ਸੁਣ ਕੇ, ਪਤੀ-ਪਤਨੀ ਨੇ ਧਰਤੀ 'ਤੇ ਸਿਰ ਰੱਖ ਕੇ ਮੱਥਾ ਟੇਕਿਆ॥ ੪੪ ॥

ਆਗਜਾ ਲੈ ਗੁਰ ਕੀ ਬਰ ਪਾਇ। ਬਸੇ ਜਾਇ ਕਰਿ ਅਪਨੇ ਥਾਇਂ।
ਬ੍ਰਿੱਧ ਬੈਸ ਤਨੁ ਜਰ ਸੌਂ ਗ੍ਰਾਸੇ। ਦੰਪਤਿ ਬਾਸੇ ਆਨਿ ਅਵਾਸੇ॥ ੪੫ ॥

ਆਗਿਆ ਲੈ ਕੇ ਅਤੇ ਗੁਰੂ ਜੀ ਦਾ ਵਰ ਪ੍ਰਾਪਤ ਕਰਕੇ, ਜਾ ਕੇ ਆਪਣੇ ਥਾਂ ਰਹਿਣ ਲੱਗੇ। ਬ੍ਰਿੱਧ ਉਮਰ ਸੀ ਅਤੇ ਸਰੀਰ ਬੁਢੇਪੇ ਨੇ ਗ੍ਰੱਸਿਆ ਸੀ, ਪਤੀ-ਪਤਨੀ ਨੇ ਆਪਣੇ ਘਰ ਵਿਚ ਵਾਸਾ ਕਰ ਲਿਆ॥ ੪੫ ॥

ਏਕ ਬਰਖ ਜਬਿ ਬੀਤਯੋ ਕਾਲ। ਜਨਮ ਲੀਨਿ ਬਡਿਭਾਗ ਸੁ ਬਾਲ।
ਦੰਪਤਿ ਭਏ ਪ੍ਰਸੰਨ ਬਿਸਾਲ। ਗੁਰ ਕੋ ਸਿਮਰਹਿਂ ਸ਼ਰਧਾ ਨਾਲ॥ ੪੬ ॥

ਜਦ ਇਕ ਸਾਲ ਦਾ ਸਮਾਂ ਬੀਤਿਆ ਤਾਂ ਉਸ ਵੱਡੇ ਭਾਗਾਂ ਵਾਲੇ ਬਾਲਕ ਨੇ ਜਨਮ ਲਿਆ, ਪਤੀ-ਪਤਨੀ ਬਹੁਤ ਪ੍ਰਸੰਨ ਹੋਏ। ਉਹ ਗੁਰੂ ਜੀ ਨੂੰ ਬੜੀ ਸ਼ਰਧਾ ਧਾਰ ਕੇ ਯਾਦ ਕਰਦੇ ਸਨ॥ ੪੬ ॥

*ਦੂਸਰੀ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧ ॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਬਤਾਲੀਵਾਂ

## ਭਾਈ ਭਗਤੂ

ਦੋਹਰਾ- ਜਨਮਜੋ ਪੂਤ੍ਰ ਅਨੰਦ ਭਾ ਸਭਿ ਗਜਾਤਨਿ ਕੇ ਮਾਂਹਿ।
ਬਧੀ ਬਧਾਈ ਬਿਬਿਧਿ ਬਿਧਿ, ਗਾਇ ਕਰੰਤਿ ਉਤਸਾਹਿ ॥ ੧ ॥

ਆਦਮ ਦੇ ਘਰ ਪੁੱਤਰ ਨੇ ਜਨਮ ਲਿਆ, ਸਾਰੇ ਸ਼ਰੀਕਾਂ ਦੇ ਵਿਚ ਬਹੁਤ ਖ਼ੁਸ਼ੀ ਮਨਾਈ ਗਈ। ਭਿੰਨ ਭਿੰਨ ਪ੍ਰਕਾਰ ਖ਼ੁਸ਼ੀਆਂ ਮਨਾਈਆਂ ਗਈਆਂ, ਬੜਾ ਉਤਸ਼ਾਹ ਕਰਕੇ ਗੀਤ ਗਾਉਂਦੇ ਸਨ॥ ੧ ॥

ਚੌਪਈ- ਸਭਿ ਗਜਾਤੀ ਮਿਲਿਕੈ ਤਬਿ ਆਏ। ਭਾਂਤਿ ਭਾਂਤਿ ਕੇ ਭਨਤਿ ਬਧਾਏ।
ਘਰ ਮਹਿਂ ਅੰਨ ਸਰ ਇਕ ਨਾਂਹੀ। ਘ੍ਰਿਤਿ ਕਹਾਂ ਹੋਵਹਿ ਤਿਨ ਪਾਹੀ ॥ ੨ ॥

ਸਾਰੇ ਰਿਸ਼ਤੇਦਾਰ ਫਿਰ ਮਿਲ ਕੇ ਆਏ ਤੇ ਭਾਂਤ-ਭਾਂਤ ਦੀਆਂ ਵਧਾਈਆਂ ਦਿੰਦੇ ਸਨ। ਜਿਸ ਘਰ ਵਿਚ ਅੰਨ ਦਾ ਭੋਰਾ ਵੀ ਨਹੀਂ ਸੀ, ਉਸ ਘਰ ਵਿਚ ਘਿਉ ਕਿਵੇਂ ਹੋ ਸਕਦਾ ਸੀ ? ॥ ੨ ॥

ਸਭਿ ਗਜਾਤੀ ਲਖਿਕੈ ਤਿਸੁ ਹਾਲੇ। ਜਿਸ ਕੇ ਨਹੀਂ ਮੋਲ ਕਿਛੁ ਪਾਲੇ।
ਨਿਜ ਨਿਜ ਘਰ ਤੇ ਕਰਿ ਉਗਰਾਹੀ। ਘ੍ਰਿਤਿ ਅਨਾਜ ਆਨਤੇ ਪਾਹੀ ॥ ੩ ॥

ਸਾਰੇ ਰਿਸ਼ਤੇਦਾਰਾਂ ਨੇ ਉਸ ਦਾ ਇਹ ਹਾਲ ਵੇਖ ਕੇ ਕਿ ਉਸ ਦੇ ਘਰ ਕਿਸੇ ਪ੍ਰਕਾਰ ਦਾ ਵੀ ਅੰਨ ਜਾਂ ਧਨ ਨਹੀਂ ਹੈ, ਉਹਨਾਂ ਆਪਣੇ ਆਪਣੇ ਘਰਾਂ ਤੋਂ ਉਗਰਾਹੀ ਕਰਕੇ ਘਿਉ ਅਤੇ ਅਨਾਜ ਆਦਮ ਨੂੰ ਦਿੱਤਾ॥ ੩ ॥

ਬਹੁ ਦਿਨ ਖਾਇ ਅਧਿਕ ਹੀ ਆਯੋ। ਬਾਲਕ ਜਨਮੁ ਸਭਿਨਿ ਮਨ ਭਾਯੋ।
ਮਾਤਾ ਪਿਤਾ ਅਧਿਕ ਹੁਲਸਾਏ। 'ਜਨਮਤਿ ਸਾਥ ਪਦਾਰਥ ਆਏ' ॥ ੪ ॥

ਬਹੁਤ ਦਿਨਾਂ ਤਕ ਘਿਉ ਤੇ ਅੰਨ ਲਿਆਉਂਦੇ ਰਹੇ, ਬਾਲਕ ਦਾ ਜਨਮ ਸਾਰਿਆਂ ਦੇ ਮਨ ਨੂੰ ਬਹੁਤ ਚੰਗਾ ਲੱਗਾ। ਮਾਤਾ-ਪਿਤਾ ਬਹੁਤ ਪ੍ਰਸੰਨ ਹੋਏ, ਉਹ ਕਹਿੰਦੇ ਸਨ ਕਿ ਬਾਲਕ ਦੇ ਜੰਮਦਿਆਂ ਹੀ ਬਹੁਤ ਪਦਾਰਥ ਆਉਣ ਲੱਗ ਗਏ ਹਨ॥ ੪ ॥

ਗਜਾਤੀ ਅਖਿਲ ਮਿਲੇ ਇਕ ਥਾਇਂ। ਹੁਤੋ ਬ੍ਰਿੱਧ ਇਕ ਬਾਕ ਅਲਾਇ।
'ਸ਼ੁਭ ਲੱਛਨ ਬਾਲਕ ਜਨਮਯੋ। ਭਾਗਨ ਭੂਰ ਭਲੇ ਲਖਿ ਲਯੋ॥ ੫ ॥

ਸਾਰੇ ਰਿਸ਼ਤੇਦਾਰ ਇਕ ਥਾਂ ਇਕੱਠੇ ਹੋ ਕੇ ਮਿਲੇ, ਓਥੇ ਇਕ ਬ੍ਰਿਧ ਆਦਮੀ ਸੀ ਜਿਸ ਨੇ ਕਿਹਾ, "ਸ਼ੁੱਭ ਲੱਛਣਾਂ ਵਾਲੇ ਬਾਲਕ ਨੇ ਜਨਮ ਲਿਆ ਹੈ, ਵੱਡੇ ਭਾਗਾਂ ਵਾਲਾ ਹੈ, ਅਸੀਂ ਚੰਗੀ ਤਰ੍ਹਾਂ ਵੇਖ ਲਿਆ ਹੈ॥ ੫ ॥

ਜਿਸ ਨੇ ਜਨਮਤਿ ਸਭਿ ਉਗਰਾਹੇ। ਮਨਹੁਂ ਭੇਟ ਆਨੀ ਇਸ ਪਾਹੇ।
ਇਸ ਕੋ ਬੰਸ ਜੁ ਹੋਹਿ ਅਗਾਰੇ। ਕਰਿ ਹੈ ਊਪਰ ਹੁਕਮੁ ਹਮਾਰੇ' ॥ ੬ ॥

ਜਿਸ ਨੇ ਜਨਮ ਲੈਂਦਿਆਂ ਸਭ ਪਾਸੋਂ ਉਗਰਾਹੀ ਲਈ ਹੈ, ਮਾਨੋ ਸਾਰਿਆਂ ਨੇ ਇਸ ਨੂੰ ਭੇਟਾਵਾਂ ਅਰਪਨ ਕੀਤੀਆਂ ਹਨ ਇਸ ਦਾ ਜੋ ਅੱਗੇ ਵੰਸ਼ ਹੋਵੇਗਾ, ਉਹ ਸਾਡੇ ਉਪਰ ਹੁਕਮ ਚਲਾਇਗਾ॥ ੬ ॥

Sri Satguru Jagjit Singh Ji eLlibrary NamdhariElibrary@gmail.com

ਹੁਤੇ ਸੁਜਾਨ ਸੁ ਜਾਨਜੋ ਤਬੈ। 'ਭਗਤੂ' ਨਾਮ ਕਹਤਿ ਭੇ ਸਬੈ।
ਕੁਛਕ ਬਡੇਰੀ ਬੈਸ ਭਈ ਜਬਿ। ਆਦਮੁ ਪਿਤ ਪਰਲੋਕ ਭਯੋ ਤਬਿ॥ ੭॥

ਜਿਹੜੇ ਚਤੁਰ ਵਿਅਕਤੀ ਸਨ, ਉਹ ਉਸੇ ਸਮੇਂ ਜਾਣ ਗਏ, ਅਤੇ ਸਾਰੇ ਬਾਲਕ ਨੂੰ 'ਭਗਤੂ' ਨਾਂ ਨਾਲ ਪੁਕਾਰਦੇ ਸਨ। ਜਦ ਕੁਝ ਵੱਡੀ ਉਮਰ ਹੋਈ, ਤਾਂ ਭਗਤੂ ਦੇ ਪਿਤਾ ਜੀ ਪਰਲੋਕ ਚਲੇ ਗਏ॥ ੭॥

ਕਰਾਮਾਤ ਕੋ ਪੁੰਜ ਬਿਸਾਲਾ। ਜ਼ਾਹਰ ਕਰੀ ਨਹੀਂ ਕਿਸਿ ਕਾਲਾ।
ਅੰਤਰ ਮਹਾਂ ਨਿਰੰਤਰ ਗੋਈ। ਲਖਿ ਨਹਿਂ ਸਕਹਿ ਸਮੀਪੀ ਕੋਈ॥ ੮॥

ਭਗਤੂ ਵਿਸ਼ਾਲ ਕਰਾਮਾਤਾਂ ਦਾ ਘਰ ਸੀ, ਪਰ ਕੋਈ ਵੀ ਕਰਾਮਾਤ ਕਿਸੇ ਸਮੇਂ ਵੀ ਜ਼ਾਹਰ ਨਾ ਕੀਤੀ, ਲਗਾਤਾਰ ਆਪਣੇ ਅੰਦਰ ਲੁਕਾਈ ਰੱਖੀ। ਕੋਈ ਵੀ ਇਨ੍ਹਾਂ ਕਰਾਮਾਤਾਂ ਨੂੰ ਜਾਣ ਨਹੀਂ ਸੀ ਸਕਦਾ॥ ੮॥

ਏਕ ਸਮੇਂ ਜਨਨੀ ਲੇ ਸਾਥ। ਆਇਵ ਗੁਰ ਪਗ ਟੇਕਨ ਮਾਥ।
ਮਿਲਿ ਦਰਸ਼ਨ ਪਰਸਜੋ ਸੁਖਦਾਨੀ। ਸੇਵਕ ਸਦਾ ਕਰਮ ਮਨੁ ਬਾਨੀ॥ ੯॥

ਇਕ ਵਾਰ ਮਾਤਾ ਆਪਣੇ ਬੱਚੇ ਨੂੰ ਲੈ ਕੇ ਗੁਰੂ ਜੀ ਪਾਸ ਮੱਥਾ ਟੇਕਣ ਆਈ। ਜਿਹੜਾ ਭਗਤੂ ਕਰਮ, ਮਨ ਅਤੇ ਬਾਣੀ ਕਰਕੇ ਗੁਰੂ ਜੀ ਦਾ ਸਦਾ ਸੇਵਕ ਸੀ, ਉਨ੍ਹਾਂ ਨੇ ਮਿਲ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥ ੯॥

ਸ੍ਰੀ ਸਤਿਗੁਰ ਅਰਜੁਨ ਤਿਸ ਕਾਲ। ਪਿਖਿ ਭਗਤੂ ਪਰ ਖੁਸ਼ੀ ਬਿਸਾਲ।
ਕੇਤਿਕ ਦਿਵਸੁ ਰਹਿਤ ਭਾ ਪਾਸ। ਸਿਮਰਹਿ ਸੱਤਿਨਾਮ ਸੁਖਰਾਸ॥ ੧੦॥

ਉਸ ਸਮੇਂ ਸਤਿਗੁਰੂ ਅਰਜਨ ਦੇਵ ਜੀ ਸਨ, ਉਨ੍ਹਾਂ ਭਗਤੂ ਨੂੰ ਵੇਖ ਕੇ ਉਸ ਨੂੰ ਬੜੀਆਂ ਖੁਸ਼ੀਆਂ ਬਖਸ਼ੀਆਂ। ਭਗਤੂ ਆਪਣੇ ਮਾਤਾ ਸਹਿਤ ਕਈ ਦਿਨ ਗੁਰੂ ਜੀ ਪਾਸ ਰਿਹਾ, ਸਦਾ ਸੁੱਖਾਂ ਦੀ ਰਾਸ ਸਤਿਨਾਮ ਦਾ ਸਿਮਰਨ ਕਰਦਾ ਸੀ॥ ੧੦॥

ਲੇਕਰਿ ਖੁਸ਼ੀ ਗੁਰੂ ਪਗ ਹੇਰਿ। ਆਵਨ ਲਗਜੋ ਅਪਨਿ ਘਰਿ ਫੇਰਿ।
ਗਮਨਹਿ ਮੰਦ ਮੰਦ ਮਗ ਮਾਂਹੀ। ਬ੍ਰਿੱਧਾ ਮਾਤ ਸਾਥ ਹੈ ਜਾਂਹੀ॥ ੧੧॥

ਗੁਰੂ ਜੀ ਦੀਆਂ ਖੁਸ਼ੀਆਂ ਲੈ ਕੇ ਅਤੇ ਚਰਨਾਂ ਤੇ ਮੱਥਾ ਟੇਕ ਕੇ, ਫਿਰ ਆਪਣੇ ਘਰ ਨੂੰ ਆਉਣ ਲੱਗਾ। ਰਾਹ ਵਿਚ ਹੌਲੀ-ਹੌਲੀ ਚਲਦਾ। ਬ੍ਰਿਧ ਮਾਤਾ ਜੀ ਵੀ ਨਾਲ ਜਾ ਰਹੀ ਸੀ॥ ੧੧॥

ਜੇਸ਼ਟ ਮਾਸੁ ਤਪਤ ਕੋ ਪਾਇ। ਜੰਗਲ ਦੇਸ਼ ਦਿਸ਼ਾ ਕੋ ਜਾਇ।
ਦਿਨ ਬਹੁ ਚਢਜੋ ਤ੍ਰਿਖਾ ਅਤਿ ਜਾਗੀ। ਸੁਤ ਸੋਂ ਮਾਤ ਕਹਨਿ ਤਬਿ ਲਾਗੀ॥੧੨॥

ਜੇਠ ਦਾ ਮਹੀਨਾਂ ਹੋਣ ਕਰਕੇ ਬੜੀ ਗਰਮੀ ਸੀ, ਉਹ ਮਾਲਵੇ ਦੇਸ਼ ਵਲ ਜਾ ਰਹੇ ਸਨ। ਦਿਨ ਬੜਾ ਸਖਤ ਚੜ੍ਹਿਆ ਸੀ ਤਾਂ ਉਨ੍ਹਾਂ ਨੂੰ ਬਹੁਤ ਪਿਆਸ ਲੱਗੀ ਤਾਂ ਮਾਤਾ ਆਪਣੇ ਪੁੱਤਰ ਨੂੰ ਕਹਿਣ ਲੱਗੀ॥ ੧੨॥

'ਸੁਨਿ ਹੇ ਪੁੱਤ੍ਰ! ਸ਼੍ਰਮਤ ਮੈਂ ਭਾਰੀ। ਅਬਿ ਨਹਿਂ ਗਮਨਜੋ ਜਾਹਿ ਅਗਾਰੀ।
ਬਜਾਕੁਲ ਕਰੀ ਤ੍ਰਿਖਾ ਨੇ ਮੋਹੀ। ਜਲ ਬਿਹੀਨ ਬਡ ਸੰਕਟ ਹੋਹੀ' ॥ ੧੩॥

"ਹੇ ਪੁੱਤਰ! ਸੁਣੋ, ਮੈਂ ਬਹੁਤ ਥੱਕ ਗਈ ਹਾਂ, ਮੈਥੋਂ ਹੁਣ ਅੱਗੇ ਨਹੀਂ ਚਲਿਆ ਜਾ ਰਿਹਾ। ਪਿਆਸ ਨੇ ਮੈਨੂੰ ਬਹੁਤ ਵਿਆਕੁਲ ਕੀਤਾ ਹੈ। ਜਲ ਤੋਂ ਬਗੈਰ ਵੱਡਾ ਕਸ਼ਟ ਹੋ ਰਿਹਾ ਹੈ" ॥ ੧੩॥

ਸੁਨਿ ਭਗਤੂ ਨੇ ਬਾਕ ਬਖਾਨਾ। 'ਹੇ ਜਨਨੀ ! ਜਲ ਨਹਿਂ ਇਸ ਥਾਨਾ।
ਤੀਨ ਕਿ ਚਾਰ ਕੋਸ ਹੈ ਗਾਊਂ। ਤਹਾਂ ਪਹੁੰਚਿ ਮੈਂ ਨੀਰ ਪਿਆਊਂ' ॥ ੧੪ ॥

ਇਹ ਸੁਣ ਕੇ ਭਗਤੂ ਨੇ ਕਿਹਾ, "ਹੇ ਮਾਤਾ ਜੀ ! ਇਸ ਥਾਂ ਜਲ ਨਹੀਂ ਹੈ, ਤਿੰਨ ਚਾਰ ਕੋਹਾਂ ਤੇ ਇਕ ਪਿੰਡ ਹੈ, ਉਥੇ ਪਹੁੰਚ ਕੇ ਮੈਂ ਤੈਨੂੰ ਪਾਣੀ ਪਿਆਵਾਂਗਾ" ॥ ੧੪ ॥

ਕਹਤੋ ਮਾਤ 'ਸਾਮਰਥ ਨ ਮੇਰੀ। ਅਰਧ ਕੋਸ ਭੀ ਚਲਿਬੇ ਕੇਰੀ।
ਮਿਲਹਿ ਤ ਜਲ ਬਚ ਹੈਂ ਅਬਿ ਪ੍ਰਾਨਾ। ਨਾਂਹਿ ਤ ਮ੍ਰਿਤੂ ਭਈ ਇਸ ਥਾਨਾ ॥੧੫ ॥

ਮਾਤਾ ਕਹਿਣ ਲਗੀ, "ਤਿੰਨ ਕੋਹ ਚੱਲਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ, ਮੈਂ ਤਾਂ ਹੁਣ ਅੱਧਾ ਕੋਹ ਵੀ ਨਹੀਂ ਚੱਲ ਸਕਦੀ। ਹੁਣ ਤਾਂ ਪਾਣੀ ਮਿਲਣ ਨਾਲ ਹੀ ਪ੍ਰਾਣ ਬਚਦੇ ਹਨ, ਨਹੀਂ ਤਾਂ ਇਸ ਥਾਂ ਹੀ ਮਿਰਤੂ ਹੋ ਜਾਵੇਗੀ" ॥ ੧੫ ॥

ਸੁਨਿ ਭਗਤੂ ਨੇ ਕੀਨਸਿ ਤ੍ਰਾਸਾ। 'ਹੋਇ ਨ ਜਾਇ ਮਾਤ ਕੋ ਨਾਸਾ'।
ਕਹਤੋ ਤਬਹਿ 'ਬੈਠਹੁ ਤਰੁ ਤਰੇ। ਮੈਂ ਅਬਿ ਜਾਉਂ ਉਤਾਇਲ ਕਰੇ ॥ ੧੬ ॥

ਇਹ ਸੁਣ ਕੇ ਭਗਤੂ ਡਰ ਗਿਆ ਕਿ ਕਿਤੇ ਮਾਤਾ ਜੀ ਏਥੇ ਹੀ ਖਤਮ ਨਾ ਹੋ ਜਾਵੇ। ਤਦ ਕਿਹਾ, "ਦਰੱਖਤ ਦੀ ਛਾਵੇਂ ਬੈਠੋ, ਮੈਂ ਛੇਤੀ-ਛੇਤੀ ਜਾਂਦਾ ਹਾਂ ॥ ੧੬ ॥

ਗ੍ਰਾਮ ਬਿਖੈ ਤੇ ਆਨਵ ਨੀਰ। ਤਾਵਤ ਟਿਕਹੁ ਧਾਰਿ ਉਰ ਧੀਰ।
ਜੇ ਮਮ ਪੀਛੇ ਤ੍ਰਿਖਾ ਮਹਾਂਨਾ। ਲਖਹਿਂ, ਕਿ ਹੋਤਿ ਪ੍ਰਾਨ ਕੀ ਹਾਨਾ ॥ ੧੭ ॥

ਪਿੰਡ ਵਿਚ ਜਾ ਕੇ ਪਾਣੀ ਲਿਆਉਂਦਾ ਹਾਂ, ਤਦ ਤਕ ਦਿਲ ਵਿਚ ਧੀਰਜ ਧਾਰਨ ਕਰਕੇ ਬੈਠੋ, ਜੇ ਮੇਰੇ ਪਿਛੋਂ ਪਿਆਸ ਬਹੁਤ ਸਤਾਵੇ ਤੇ ਇੰਝ ਲੱਗੇ ਕਿ ਪ੍ਰਾਣ ਹੀ ਨਿਕਲ ਚੱਲੇ ਹਨ ॥ ੧੭ ॥

ਤੌ ਇਸ ਥਲ ਮਹਿਂ ਸੂਕੋ ਤਾਲ। ਲੋਸ਼ਟ ਕੋ ਉਠਾਇ ਤਤਕਾਲ।
ਤਹਿਂ ਤੇ ਜਲ ਕੋ ਪੀਵਨ ਕੀਜੈ। ਪ੍ਰਾਨ ਬਚਾਇ ਆਪਨੇ ਲੀਜੈ ॥ ੧੮ ॥

ਫਿਰ ਵੀ ਇਸ ਥਾਂ ਇਕ ਸੁੱਕਾ ਸਰੋਵਰ ਹੈ, ਇਕ ਵੱਡੀ ਢੀਮ ਨੂੰ ਫੌਰਨ ਚੁਕਣਾ, ਉਸ ਹੇਠਾਂ ਪਾਣੀ ਹੋਵੇਗਾ, ਉਸ ਪਾਣੀ ਨੂੰ ਪੀ ਲੈਣਾ ਤੇ ਆਪਣੇ ਪ੍ਰਾਣ ਬਚਾ ਲੈਣੇ ॥ ੧੮ ॥

ਪੁਨ ਸੋ ਲੋਸ਼ਟ ਤਹਾਂ ਟਿਕਾਵਹੁ। ਨਹਿਂ ਦੂਸਰ ਕੇ ਨਿਕਟ ਜਨਾਵਹੁ'।
ਅਪਨਿ ਮਾਤ ਕੋ ਇਮ ਸਮੁਝਾਇ। ਚਲਤੋ ਗ੍ਰਾਮ ਕੋ ਜਲ ਹਿਤ ਧਾਇ ॥੧੯ ॥

ਉਸ ਢੀਮ ਨੂੰ ਫਿਰ ਉਸ ਥਾਂ ਹੀ ਟਿਕਾ ਦੇਵੇ, ਕਿਸੇ ਦੂਸਰੇ ਨੂੰ ਇਸ ਬਾਰੇ ਨਾ ਦੱਸੋ"। ਆਪਣੀ ਮਾਤਾ ਨੂੰ ਇੰਝ ਸਮਝਾ ਕੇ, ਪਾਣੀ ਲੈਣ ਵਾਸਤੇ ਛੇਤੀ-ਛੇਤੀ ਪਿੰਡ ਨੂੰ ਚਲ ਪਿਆ ॥ ੧੯ ॥

ਜਬਿ ਭਗਤੂ ਕਰਿ ਬੇਗ ਪਧਾਰਾ। ਭਈ ਤ੍ਰਿਖਾਤੁਰ ਖੇਦ ਮਝਾਰਾ।
ਰਹਤੋ ਗਯੋ ਨਹਿਂ, ਚਲਿ ਤਿਸ ਥਾਨ। ਏਕ ਉਖਾਰਤੋ ਲੁਸ਼ਟ ਮਹਾਂਨ ॥ ੨੦ ॥

ਜਦ ਭਗਤੂ ਛੇਤੀ-ਛੇਤੀ ਚਲਾ ਗਿਆ ਤਾਂ ਉਸ ਦੀ ਮਾਤਾ ਜੀ ਨੂੰ ਬਾਅਦ ਵਿਚ ਬਹੁਤ ਪਿਆਸ ਲੱਗੀ। ਉਸ ਪਾਸੋਂ ਰਿਹਾ ਨਾ ਗਿਆ ਤੇ ਉਸ ਥਾਂ ਚਲ ਕੇ ਗਈ, ਉਸ ਇਕ ਵੱਡੀ ਢੀਮ ਨੂੰ ਪੁਟਿਆ ॥ ੨੦ ॥

ਸੈਯਾ- ਢੀਮ ਉਖਾਰ ਕੈ ਬਾਰ ਪਿਖ੍ਯੋ ਬਿਨ ਮੈਲ ਕੇ ਸੀਤਲ ਹੈ ਸਮੁਦਾਈ।
ਹੋਇ ਗਈ ਸੁ ਪ੍ਰਸੰਨ ਤਬੈ ਨਿਜ ਹਾਥ ਮਿਲਾਇ ਪਿਯੋ ਜਲ ਮਾਈ।
ਮਾਰਗ ਕੇ ਸ਼੍ਰਮ ਕੋ ਨਿਰਵਾਰਨਿ ਯੌਂ ਜਬਿ ਕੀਨਿ ਮਿਟੀ ਤਪਤਾਈ।
ਚੀਰ ਪਖਾਰਤਿ ਨਾਦਿ ਉਠਾਇ, ਨਿਚੋਰ ਕੈ, ਹੋਇ ਰਹੀ ਸਿਤਲਾਈ ॥੨੧॥

ਜਦ ਢੀਮ ਪੁੱਟੀ ਤਾਂ ਸਾਫ ਸੀਤਲ ਜਲ ਹੇਠਾਂ ਵੇਖਿਆ। ਉਹ ਉਸੇ ਵੇਲੇ ਬਹੁਤ ਪ੍ਰਸੰਨ ਹੋ ਗਈ ਤੇ ਬੁੱਕ ਭਰ ਭਰ ਪਾਣੀ ਪੀਤਾ। ਰਸਤੇ ਦੀ ਥਕਾਵਟ ਨੂੰ ਦੂਰ ਕਰਨ ਵਾਸਤੇ, ਇਸ ਤਰ੍ਹਾਂ ਜਦ ਕੀਤਾ ਤਾਂ ਤਪਸ਼ ਦੂਰ ਹੋਈ। ਆਪਣੇ ਕਪੜਿਆਂ ਨੂੰ ਪਾਣੀ ਵਿਚ ਭਿਉਂ ਕੇ ਨਚੋੜ ਕੇ ਆਪਣੇ ਸਾਰੇ ਸਰੀਰ ਨੂੰ ਪੂੰਝਿਆ ਜਿਸ ਨਾਲ ਗਰਮੀ ਦੂਰ ਹੋ ਗਈ ਤੇ ਠੰਡਕ ਅਨੁਭਵ ਕੀਤੀ॥ ੨੧॥

ਭੇਡ ਅਜਾਨ ਚਰਾਵਤਿ ਬ੍ਰਿੰਦਨਿ ਆਇ ਗਯੋ ਤਹਿਂ ਏਕ ਅਯਾਲੀ।
ਨੀਰ ਅਛਾਦਨ ਕੀਨ ਨਹੀਂ ਨਿਜ ਤਾਤ ਕੀ ਬਾਤ ਨ ਚੀਤ ਸਮਾਲੀ।
ਭੂਲ ਗਈ ਤਹਿਂ ਬੈਠਿ ਰਹੀ ਨਹਿਂ ਰੀਤਿ ਲਹੀ ਬਿਦਤਾਵਨ ਵਾਲੀ।
ਪਾਦਪ ਛਾਇ ਮੈਂ ਪੂਤ ਉਡੀਕਤਿ ਪੂਤਮਤੀ ਗੁਨ ਗ੍ਯਾਨ ਕੇ ਨਾਲੀ ॥੨੨॥

ਉਸ ਸਮੇਂ ਭੇਡਾਂ ਚਾਰਨ ਵਾਲਾ ਇਕ ਵਾਗੀ ਉਥੇ ਆ ਗਿਆ। ਮਾਤਾ ਨੇ ਪਾਣੀ ਨੂੰ ਢੱਕਿਆ ਨਹੀਂ ਸੀ ਤੇ ਆਪਣੇ ਪੁੱਤਰ ਦੀ ਗੱਲ ਨੂੰ ਯਾਦ ਨਹੀਂ ਸੀ ਰਖਿਆ। ਭੁੱਲ ਗਈ ਤੇ ਉਥੇ ਬੈਠੀ ਰਹੀ ਤੇ ਨਾ ਪ੍ਰਗਟ ਕਰਨ ਵਾਲੀ ਰੀਤ ਨਾ ਯਾਦ ਰੱਖੀ। ਦਰੱਖਤ ਦੀ ਛਾਂ ਹੇਠ ਬੈਠੀ ਆਪਣੇ ਪੁੱਤਰ, ਜਿਸ ਦੀ ਬੁੱਧੀ ਪਵਿੱਤਰ ਅਤੇ ਗਿਆਨ ਵਾਲੀ ਸੀ, ਨੂੰ ਉਡੀਕਦੀ ਰਹੀ॥ ੨੨॥

ਬ੍ਰਿੰਦ ਅਜਾ ਜਲ ਕੋ ਪਹਿਚਾਨੁ ਕੈ ਪੀਵਨਿ ਹੇਤੁ ਤਬੈ ਉਤਲਾਈ।
ਦੇਖਿ ਅਯਾਲਿ ਬਿਸਾਲ ਰਿਦੈ ਬਿਸਮਾਦ ਭਯੋ 'ਕੁਛ ਜਾਨੀ ਨ ਜਾਈ।
ਦੂਰਿ ਲਗੇ ਨ ਇਹਾਂ ਕਿਤ ਗ੍ਰਾਮ ਉਜਾਰ ਮਹਾਂ ਜਿਸ ਕੇ ਚਹੁੰ ਘਾਈ।
ਆਵਤਿ ਨੀਤਿ ਬਿਲੋਕਤਿ ਮੈਂ ਸਭਿ ਸੂਕ੍ਯੋ ਪਰ੍ਯੋ ਜਲੁ ਨਾ ਕਿਸੁ ਥਾਈ ॥੨੩॥

ਬੱਕਰੀਆਂ ਦਾ ਵੱਗ ਪਾਣੀ ਦੇ ਵੱਡੇ ਸੋਮੇ ਨੂੰ ਪਹਿਚਾਣ ਕੇ ਪਾਣੀ ਪੀਣ ਵਾਸਤੇ ਬਹੁਤ ਉਤਾਵਲਾ ਹੋ ਗਿਆ। ਇਹ ਵੇਖ ਕੇ ਆਜੜੀ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਕੋਈ ਗੱਲ ਜਾਣੀ ਨਹੀਂ ਸੀ ਜਾ ਸਕਦੀ। ਦੂਰ ਤਕ ਏਥੇ ਕੋਈ ਪਿੰਡ ਨਹੀਂ ਹੈ, ਚਾਰੇ ਪਾਸੇ ਵੱਡੀ ਉਜਾੜ ਹੈ, ਮੈਂ ਰੋਜ਼ ਆ ਕੇ ਵੇਖਦਾ ਹਾਂ ਸਾਰੇ ਸੁੱਕਾ ਹੀ ਸੁੱਕਾ ਹੁੰਦਾ ਹੈ, ਕਿਸੇ ਥਾਂ ਵੀ ਜਲ ਨਹੀਂ ਹੁੰਦਾ ਹੈ॥ ੨੩॥

ਜੇਠ ਹੈ ਮਾਸ ਮਹਾਂ ਰੁਤ ਗ੍ਰੀਖਮ ਸੂਕ ਗਏ ਜਲੁ ਕੇ ਥਲ ਸਾਰੇ।
ਮੇਘ ਨਹੀਂ ਬਰਖ੍ਯੋ ਇਤ ਦੇਸ਼, ਕਹੂੰ ਬਿਨ ਕੂਪ ਤੇ ਨਾਂਹਿ ਨਿਹਾਰੇ।
ਕਾਰੰਨ ਕੌਨ ਤੇ ਸੁੰਦਰ ਨੀਰ ਇਹਾਂ ਪ੍ਰਗਟ੍ਯੋ ਮਲੁ ਹੀਨ ਬਿਥਾਰੇ।
ਜ੍ਯੋਂ ਸਲਿਤਾ ਚਲਿਤਾ ਸ ਪ੍ਰਵਾਹ ਤਥਾ ਇਸੁ ਥਾਇਂ ਪਿਖ੍ਯੋ ਸੁਖਕਾਰੇ ॥੨੪॥

ਜੇਠ ਦਾ ਮਹੀਨਾ ਹੈ, ਅਤਿ ਦੀ ਗਰਮ ਰੁੱਤ ਹੈ, ਪਾਣੀ ਵਾਲੇ ਸਾਰੇ ਸਥਾਨ ਸੁੱਕ ਗਏ ਹਨ, ਇਸ ਦੇਸ਼ ਵਿਚ ਕਿਤੇ ਵੀ ਵਰਖਾ ਨਹੀਂ ਹੋਈ ਹੈ, ਪਾਣੀ ਨੂੰ ਕੋਈ ਖੂਹ ਤੋਂ ਬਗੈਰ ਹੋਰ ਕਿਤੇ ਨਹੀਂ ਵੇਖ ਸਕਦਾ। ਕੀ ਕਾਰਨ ਹੈ ਕਿ ਏਥੇ ਸੁੰਦਰ ਜਲ ਪ੍ਰਗਟ ਹੋਇਆ ਹੈ ਜਿਹੜਾ ਮੈਲ ਤੋਂ ਰਹਿਤ ਹੈ। ਜਿਵੇਂ ਨਦੀ ਦਾ ਪ੍ਰਵਾਹ ਚਲਦਾ ਹੋਵੇ, ਇਸ ਥਾਂ ਐਸਾ ਸੁਖਦਾਇਕ ਜਲ ਵੇਖਿਆ ਹੈ॥ ੨੪॥

ਸੂਕਤਿ ਚੀਰ ਨਿਹਾਰਨ ਕੀਨ ਪਿਖੀ ਬਿਰਧਾ ਇਕ ਪਾਸ ਹੈ ਮਾਈ।
ਜਾਇ ਸਮੀਪ ਅਯਾਲਿ ਤਬੈ ਤਿਹ ਪੂਛਤਿ ਭਾ ਮਤਿ ਮੈ ਬਿਸਮਾਈ।
ਨੀਰ ਕਹੂੰ ਨਹਿਂ ਤੀਰ ਹੁਤੋ ਇਸ ਰੀਤ ਇਹਾਂ ਇਤਨੋ ਬਿਦਤਾਈ।
ਕੀਨ ਸ਼ਨਾਨੁ ਤੈਂ ਪਾਨ ਕਰਯੋ ਕੁਛ ਜਾਨਤਿ ਹੈ ਮੁਝ ਦੇਹੁ ਬਤਾਈ ॥ ੨੫ ॥

ਉਸ ਦੇ ਨੇੜੇ ਹੀ ਉਸ ਇਕ ਬਜ਼ੁਰਗ ਇਸਤਰੀ ਨੂੰ ਆਪਣੇ ਕੱਪੜੇ ਸੁਕਾਉਂਦੀ ਨੂੰ ਵੇਖਿਆ। ਆਜੜੀ ਉਸ ਦੇ ਪਾਸ ਜਾ ਕੇ ਪੁੱਛਣ ਲੱਗਾ, "ਮੈਂ ਬਹੁਤ ਹੈਰਾਨ ਹੋਇਆ ਹਾਂ, ਏਥੇ ਨੇੜੇ ਤੇੜੇ ਕਿਤੇ ਪਾਣੀ ਨਹੀਂ ਸੀ, ਏਨੀ ਵੱਡੀ ਮਿਕਦਾਰ ਵਿਚ ਏਥੇ ਪਾਣੀ ਕਿਵੇਂ ਪ੍ਰਗਟ ਹੋਇਆ ਹੈ, ਤੁਸੀਂ ਇਸ਼ਨਾਨ ਕੀਤਾ ਹੈ ਅਤੇ ਪਾਣੀ ਪੀਤਾ ਹੈ, ਜੇ ਕੁਝ ਜਾਣਦੇ ਹੋ ਤਾਂ ਮੈਨੂੰ ਦੱਸੋ" ॥ ੨੫ ॥

*ਕਬਿੱਤ-* ਆਪੁਨੇ ਬ੍ਰਿਤਾਂਤ ਕੋ ਬਤਾਇ ਦੀਨੋ ਤਿਸੀ ਪਾਸ 'ਮੇਰੋ ਪੂੱਤ੍ਰ ਭਗਤੂ ਹੈ ਆਏ ਪੰਥ ਚਾਲਿਤੇ।
ਭਈ ਮੈਂ ਤ੍ਰਿਖਾਤੁਰ ਬਿਠਾਇ ਕਰਿ ਗਯੋ ਗ੍ਰਾਮੁ ਐਸੇ ਕਹ੍ਯੋ ਮੋ ਕੋ 'ਪ੍ਰਾਨ ਹਾਨਿ ਹ੍ਵੈ ਬਿਹਾਲਤੇ।
ਲੋਸ਼ਟ ਉਠਾਇ ਜਲ ਲੀਜੈ ਨਿਜ ਪਾਨਿ ਕਰਿ', ਪੀਛੇ ਤੇ ਪਿਪਾਸਾ ਬਹੁ ਤਪਤ ਬਿਸਾਲਤੇ।
ਹੋਇ ਕੈ ਅਧੀਰ ਮੈਂ ਨਿਕਾਸ ਲੀਨੋ ਨੀਰ ਅਬਿ ਪਾਨ ਕਰਿ ਸੀਰ ਭਈ ਦੇਖ੍ਯੋ ਸਮੁ ਤਾਲ ਤੇ' ॥੨੬ ॥

ਮਾਤਾ ਜੀ ਨੇ ਆਪਣੇ ਸਾਰੇ ਬ੍ਰਿਤਾਂਤ ਨੂੰ ਆਜੜੀ ਨੂੰ ਦੱਸ ਦਿੱਤਾ, "ਮੇਰਾ ਪੁੱਤਰ ਭਗਤੂ ਮੇਰੇ ਨਾਲ ਰਸਤੇ ਰਸਤੇ ਚਲ ਕੇ ਆਇਆ ਹੈ, ਮੈਨੂੰ ਬਹੁਤ ਪਿਆਸ ਲੱਗੀ ਸੀ, ਮੈਨੂੰ ਏਥੇ ਬਿਠਾ ਕੇ ਪਿੰਡ ਨੂੰ ਗਿਆ ਹੈ ਤੇ ਜਾਣ ਲੱਗਾ ਮੈਨੂੰ ਇਸ ਤਰ੍ਹਾਂ ਕਹਿਣ ਲੱਗਾ ਕਿ ਜੇ ਤੇਰੇ ਪ੍ਰਾਣ ਪਿਆਸ ਨਾਲ ਬਿਹਾਲ ਹੋ ਜਾਣ ਤਾਂ ਏਥੋਂ ਇਕ ਢੀਮ ਚੁੱਕ ਕੇ ਆਪਣੇ ਹੱਥਾਂ ਨਾਲ ਪਾਣੀ ਪੀ ਲੈਣਾ। ਪਿਛੋਂ ਮੈਨੂੰ ਪਿਆਸ ਅਤੇ ਗਰਮੀ ਨੇ ਬਹੁਤ ਦੁੱਖੀ ਕੀਤਾ, ਮੈਂ ਅਧੀਰ ਹੋ ਕੇ ਇਕ ਢੀਮ ਚੁਕ ਕੇ ਪਾਣੀ ਕੱਢਿਆ, ਹੁਣ ਪੀ ਕੇ ਠੰਡ ਪੈ ਗਈ ਹੈ, ਜਦ ਦਾ ਇਹ ਜਲ ਦਾ ਤਾਲ ਵਰਗਾ ਪਾਣੀ ਦਾ ਸਮੂਹ ਵੇਖਿਆ ਹੈ" ॥ ੨੬ ॥

*ਚੌਪਈ-* ਇਸ ਪ੍ਰਕਾਰ ਸੁਨਿ ਗਿਰਾ ਅਯਾਲੀ। ਜਾਨੀ ਅਜ਼ਮਤਿ ਰਿਦੇ ਬਿਸਾਲੀ।
ਪੀਯਹੁ ਅਜਾ ਨੀਰ ਤਹਿਂ ਸਬੈ। ਪਾਨ ਸ਼ਨਾਨ ਕੀਨ ਤਿਨ ਤਬੈ ॥ ੨੭ ॥

ਆਜੜੀ ਨੇ ਇਸ ਪ੍ਰਕਾਰ ਸੁਣਕੇ, ਆਪਣੇ ਹਿਰਦੇ ਵਿਚ ਭਗਤੂ ਵਿਚ ਵਿਸ਼ਾਲ ਕਰਾਮਾਤ ਪਛਾਣੀ। ਉਸ ਨੇ ਫਿਰ ਪਾਣੀ ਪੀਤਾ ਅਤੇ ਉਸੇ ਵੇਲੇ ਇਸ਼ਨਾਨ ਵੀ ਕੀਤਾ ॥ ੨੭ ॥

ਭਗਤੂ ਆਇ ਗਯੋ ਤਿਸ ਕਾਲਾ। ਜਲ ਕੀ ਰਚਨਾ ਪਿਖੀ ਬਿਸਾਲਾ।
ਮਾਤਾ ਸਾਥ ਕਹ੍ਯੋ 'ਕਯਾ ਕੀਨਾ ?। ਪੀ ਕਰਿ ਕਯੋਂ ਨ ਅਛਾਦ ਸੁ ਦੀਨਾ ?' ॥ ੨੮ ॥

ਉਸ ਸਮੇਂ ਭਗਤੂ ਵੀ ਆ ਗਿਆ ਅਤੇ ਜਲ ਦੀ ਵਿਸ਼ਾਲ ਰਚਨਾ ਵੇਖੀ ਤੇ ਫਿਰ ਆਪਣੀ ਮਾਤਾ ਜੀ ਨੂੰ ਕਿਹਾ, "ਇਹ ਤੁਸੀਂ ਕੀ ਕੀਤਾ ਹੈ ? ਪਾਣੀ ਪੀ ਕੇ, ਉਸ ਨੂੰ ਫਿਰ ਢੱਕਿਆ ਕਿਉਂ ਨਹੀਂ ?" ॥ ੨੮ ॥

ਕਹਨਿ ਲਗੀ 'ਮੁਝ ਅਧਿਕ ਪਿਪਾਸਾ। ਹੇ ਸੁਤ ! ਤਉ ਮੈਂ ਨੀਰ ਨਿਕਾਸਾ।
ਕਰਤਿ ਸ਼ਨਾਨ ਅਜਾ ਬਹੁ ਆਈ। ਪਾਨੀ ਪਾਨ ਕਿਯੋ ਤ੍ਰਿਪਤਾਈ ॥ ੨੯ ॥

ਉਹ ਕਹਿਣ ਲੱਗੀ, "ਮੈਨੂੰ ਬਹੁਤ ਪਿਆਸ ਲੱਗੀ ਹੋਈ ਸੀ, ਹੇ ਪੁੱਤਰ ! ਇਸ ਕਰਕੇ ਮੈਂ ਪਾਣੀ ਕੱਢਿਆ। ਮੇਰੇ ਇਸ਼ਨਾਨ ਕਰਦਿਆਂ ਬਹੁਤ ਬੱਕਰੀਆਂ ਆਈਆਂ, ਪਾਣੀ ਪੀ ਕੇ ਉਹ ਤ੍ਰਿਪਤ ਹੋਈਆਂ ॥ ੨੯ ॥

ਨਹੀਂ ਯਾਦ ਮੇਰੇ ਪੁਨ ਰਹਜੋ। ਨੀਰ ਛਪਾਵਨ ਜੋ ਤੈਂ ਕਹਜੋ।
ਤਬਿ ਹੀ ਆਯੋ ਨਿਕਟ ਅਯਾਲੀ। ਕੀਨ ਬੰਦਨਾ ਬਿਨੈ ਬਿਸਾਲੀ ॥੩੦॥

ਮੈਨੂੰ ਫਿਰ ਯਾਦ ਨਹੀਂ ਰਿਹਾ, ਜਿਹੜਾ ਤੂੰ ਪਾਣੀ ਨੂੰ ਛੁਪਾਉਣ ਬਾਰੇ ਕਿਹਾ ਸੀ।" ਫਿਰ ਇਹ ਆਜੜੀ ਮੇਰੇ ਪਾਸ ਆਇਆ, ਇਸ ਨੇ ਬੰਦਨਾਂ ਕਰ ਕੇ ਬੇਨਤੀ ਕੀਤੀ॥ ੩੦॥

ਸੱਤਜਨਾਮ ਤਿਹ ਦੈ ਉਪਦੇਸ਼ਾ। ਆਇ ਆਪਨੇ ਸਦਨ ਪ੍ਰਵੇਸਾ।
ਜ਼ਾਹਰ ਭਯੋ ਜਗਤ ਮਹਿਂ ਤਬੈ। ਕਰਹਿਂ ਭਗਤਿ ਭਗਤੂ ਕੀ ਸਬੈ ॥੩੧॥

ਉਸ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ, ਆਪਣੇ ਘਰ ਅੰਦਰ ਆ ਗਏ। ਤਦ ਫਿਰ ਭਗਤੂ ਜਗਤ ਵਿਚ ਪ੍ਰਗਟ ਹੋ ਗਿਆ, ਸਾਰੀ ਭਗਤੂ ਦੀ ਭਗਤੀ ਕਰਨ ਲੱਗੇ॥ ੩੧॥

ਜੰਗਲ ਕੇ ਜੁ ਗ੍ਰਾਮ ਹੈਂ ਸਾਰੇ। ਆਵਹਿਂ ਚਰਨ ਕਮਲ ਸਿਰ ਧਾਰੇ।
ਦੇਹਿਂ ਅਮੰਤ੍ਰ, ਅਚਾਇਂ ਅਹਾਰਾ। ਪੂਜਾ ਕਰਹਿਂ ਅਨੇਕ ਪ੍ਰਕਾਰਾ ॥੩੨॥

ਮਾਲਵੇ ਦੇ ਜਿੰਨੇ ਵੀ ਪਿੰਡ ਹਨ, ਉਹ ਆ ਕੇ ਭਗਤੂ ਦੇ ਚਰਨ-ਕੰਵਲਾਂ ਤੇ ਸਿਰ ਧਰਦੇ ਹਨ। ਉਹ ਭੇਟਾਵਾਂ ਦੇ ਕੇ ਭੋਜਨ ਖਵਾਉਂਦੇ ਹਨ ਅਤੇ ਅਨੇਕ ਪ੍ਰਕਾਰ ਪੂਜਾ ਕਰਦੇ ਹਨ॥ ੩੨॥

ਸ਼੍ਰੀ ਗੁਰ ਅਰਜਨ ਜੀ ਜਿਸਿ ਕਾਲ। ਰਚਨ ਲਗੇ ਸ਼੍ਰੀ ਅੰਮ੍ਰਿਤ ਤਾਲ।
ਕਰਤਿ ਭਯੋ ਤਨ ਮਨ ਤੇ ਕਾਰ। ਸੱਤਿਨਾਮ ਮਹਿਂ ਲਿਵ ਇਕਤਾਰ ॥੩੩॥

ਜਿਸ ਸਮੇਂ ਗੁਰੂ ਅਰਜਨ ਦੇਵ ਜੀ, ਅੰਮ੍ਰਿਤ ਸਰੋਵਰ ਦੀ ਰਚਨਾ ਕਰਨ ਲੱਗੇ ਤਾਂ ਭਗਤੂ ਓਥੇ ਜਾ ਕੇ ਤਨ, ਮਨ ਨਾਲ ਕਾਰ-ਸੇਵਾ ਕਰਨ ਲੱਗਾ। ਸਦਾ ਹੀ ਸਤਿਨਾਮ ਵਿਚ ਇਕਤਾਰ ਲਿਵ ਲੱਗੀ ਰਹਿੰਦੀ ਸੀ॥ ੩੩॥

ਮ੍ਰਿਤਕਾ ਖਨਹਿਂ ਸੁ ਸੀਸ ਉਠਾਵਹਿ। ਵਹਿਰ ਤਾਲ ਤੇ ਦੂਰ ਗਿਰਾਵਹਿ।
ਬਡੀ ਪ੍ਰਾਤਿ ਤੇ ਲਾਗਹਿ ਕਰਿਬੇ। ਸੰਧਜਾ ਲੌ ਠਾਨਹਿ ਹਿਤ ਧਰਿਬੇ ॥੩੪॥

ਮਿੱਟੀ ਪੁੱਟਕੇ ਸਿਰ ਤੇ ਚੁਕਦਾ ਸੀ, ਸਰੋਵਰ ਤੋਂ ਬਾਹਰ ਜਾ ਕੇ ਬੜੀ ਦੂਰ ਸੁੱਟਦਾ ਸੀ, ਸਵੇਰਸਾਰ ਤੋਂ ਹੀ ਕਾਰ-ਸੇਵਾ ਕਰਨੀ ਆਰੰਭ ਕਰ ਦਿੰਦਾ ਸੀ, ਸ਼ਾਮ ਤਕ ਹਿਤ ਕਰਕੇ ਲੱਗਾ ਰਹਿੰਦਾ ਸੀ॥ ੩੪॥

*ਦੂਸਰੀ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨॥*

## ਅਧਿਆਇ ਤਰਤਾਲੀਵਾਂ

### *ਭਾਈ ਮੰਢ*

ਦੋਹਰਾ-ਰਜਪੂਤ ਮੰਢ ਇਕ ਚੌਧਰੀ ਪ੍ਰਥਮ ਜਨਮ ਕੇ ਮਾਂਹਿ।
ਸੰਸਕਾਰ ਉਰ ਭਗਤਿ ਕੇ ਸੁਨਹੁ ਕਥਾ ਅਬਿ ਤਾਂਹਿ॥ ੧॥

ਰਾਜਪੂਤ ਮੰਡ ਆਪਣੇ ਮੁੱਢਲੇ ਜੀਵਨ ਵਿਚ ਇਕ ਪਿੰਡ ਦਾ ਚੌਧਰੀ ਸੀ। ਉਸ ਦੇ ਹਿਰਦੇ ਵਿਚ ਭਗਤੀ ਦੇ ਸੰਸਕਾਰ ਸਨ, ਹੁਣ ਉਸ ਦੀ ਕਥਾ ਸੁਣੋ॥ ੧॥

ਚੌਪਈ- ਮਾਲ ਸਰਬ ਘਰ ਦਰਬ ਬਿਸਾਲਾ। ਸਰਵਰ ਪੀਰ ਸੇਵ ਸਭਿ ਕਾਲਾ।

ਸੋ ਮਹਿਮਾ ਸਤਿਗੁਰ ਕੀ ਸੁਨਿਕੈ। ਸ਼ਬਦ ਸੁਨੇ ਅਰਥਨਿ ਕੋ ਗੁਨਿਕੈ ॥੨॥

ਘਰ ਵਿਚ ਬਹੁਤ ਮਾਲ ਡੰਗਰ ਅਤੇ ਧਨ-ਦੌਲਤ ਸੀ, ਹਰ ਸਮੇਂ ਸਖੀ ਸਰਵਰ ਪੀਰ ਦੀ ਅਰਾਧਣਾ ਕਰਦਾ ਸੀ। ਸਤਿਗੁਰੂ ਜੀ ਦੀ ਮਹਿਮਾ ਸੁਣਕੇ ਅਰਥਾਂ ਸਮੇਤ ਗੁਰੂ ਜੀ ਦੇ ਸ਼ਬਦ ਸੁਣੇ॥ ੨॥

ਉਦੈ ਭਗਤਿ ਪੂਰਬ ਕੀ ਭਈ। ਗੁਰ ਦਰਸ਼ਨ ਕੀ ਰੁਚਿ ਉਪਜਈ।

ਜਨਮ ਸਫਲ ਕਰਿਬੇ ਕਹੁ ਬਾਂਛੇ। ਕਿਤਿਕ ਦਿਵਸ ਇੱਛਾ ਚਿਤ ਆਛੇ ॥੩॥

ਪਹਿਲਾਂ ਦੀ ਭਗਤੀ ਜਾਗ ਪਈ, ਗੁਰੂ ਜੀ ਦੇ ਦਰਸ਼ਨਾਂ ਦੀ ਰੁਚੀ ਪੈਦਾ ਹੋਈ। ਆਪਣਾ ਜਨਮ ਸਫਲਾ ਕਰਨਾ ਚਾਹੁੰਦਾ ਸੀ, ਕਈ ਦਿਨਾਂ ਤਕ ਗੁਰੂ ਜੀ ਨੂੰ ਮਿਲਣ ਦੀ ਇੱਛਾ ਮਨ ਵਿਚ ਰਹੀ॥ ੩॥

ਹੇਰਿ ਹੇਰਿ ਸਿੱਖਨ ਕਹੁ ਨੀਕੇ। 'ਸਿੱਖੀ ਗਹੌਂ' ਮਨੋਰਥ ਜੀ ਕੇ।

ਦਿਨ ਪ੍ਰਤਿ ਪ੍ਰੇਮ ਵਧਯੋ ਅਧਿਕਾਈ। ਆਯਹੁ ਗੁਰ ਦਰਸ਼ਨ ਹਿਤ ਲਾਈ ॥੪॥

ਸਿੱਖਾਂ ਨੂੰ ਵੇਖ-ਵੇਖ ਕੇ ਕਹਿੰਦਾ ਸੀ ਮੇਰੇ ਦਿਲ ਦਾ ਇਹ ਮਨੋਰਥ ਹੈ ਕਿ ਮੈਂ ਸਿੱਖੀ ਧਾਰਨ ਕਰਾਂਗਾ। ਇਕ ਦਿਨ ਬਹੁਤ ਪ੍ਰੇਮ ਵਧਿਆ, ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਆਇਆ॥ ੪॥

ਸਦਨ ਤਜਾਗ ਕੈ ਸਭਿ ਪਰਵਾਰ। ਪੁੱਤ੍ਰਾਦਿਕ ਕੋ ਪ੍ਰੇਮ ਬਿਸਾਰਿ।

ਪੂਰਬਲੇ ਜਾਗੇ ਸ਼ੁਭ ਭਾਗ। ਕਰਿਕੈ ਦ੍ਰਿੜ ਉਰ ਮਹਿਂ ਵੈਰਾਗ ॥ ੫॥

ਘਰ ਅਤੇ ਸਾਰਾ ਪਰਿਵਾਰ ਛੱਡ ਕੇ ਅਤੇ ਪੁੱਤਰਾਂ ਆਦਿ ਦਾ ਪ੍ਰੇਮ ਵਿਸਾਰ ਕੇ, ਪੂਰਬਲੇ ਸ਼ੁਭ ਭਾਗ ਜਾਗ ਪਏ, ਹਿਰਦੇ ਵਿਚ ਵੈਰਾਗ ਨੂੰ ਦ੍ਰਿੜ ਕਰ ਲਿਆ॥ ੫॥

ਸ੍ਰੀ ਅਰਜਨੁ ਕੀ ਸ਼ਰਨੀ ਆਏ। ਬੰਦੇ ਪਦ ਅਰਬਿੰਦ ਸੁਹਾਏ।

ਸੁੰਦਰ, ਮ੍ਰਿਦੁਲ, ਬਿਮਲ, ਦੁਤਿਵੰਤੇ। ਰਜ ਪਰਾਗ ਜਿਨ ਕੀ ਸੁਖਵੰਤੇ ॥੬॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਰਨੀਂ ਆ ਗਿਆ, ਗੁਰੂ ਜੀ ਦੇ ਚਰਨ-ਕੰਵਲਾਂ ਤੇ ਬੰਦਨਾਂ ਕੀਤੀ। ਜਿਹੜੇ ਚਰਨ ਸੁੰਦਰ, ਕੋਮਲ, ਨਰਮ ਅਤੇ ਸ਼ੋਭਾਵੰਤ ਹਨ ਅਤੇ ਜਿਨ੍ਹਾਂ ਦੇ ਚਰਨਾਂ ਦੀ ਪਰਾਗ ਸਮਾਨ ਧੂੜੀ ਸੁਖ ਵਾਲੀ ਹੈ॥ ੬॥

ਬਿਨਤੀ ਕੀਨ 'ਹਰਹੁ ਤ੍ਰੈ ਤਾਪ। ਗੁਰ ਸਿੱਖੀ ਕੋ ਬਖਸ਼ਹੁ ਆਪ।

ਜਨਮ ਮਰਨ ਕੋ ਸੰਕਟ ਭਾਰੀ। ਦੀਨ ਜਾਨ ਕਰਿ ਲੇਹੁ ਉਬਾਰੀ' ॥੭॥

ਬੇਨਤੀ ਕੀਤੀ, "ਮੇਰੇ ਤਿੰਨ ਤਾਪ ਦੂਰ ਕਰੋ (ਤਿੰਨ ਤਾਪ ਹਨ, ਆਧਿ, ਮਨ ਦੇ ਰੋਗ: ਬਿਆਧਿ, ਸਰੀਰ ਦੇ ਰੋਗ: ਉਪਾਧਿ, ਭਰਮ ਭੁਲੇਖੇ ਦੇ ਰੋਗ) ਮੈਨੂੰ ਆਪ ਗੁਰਸਿੱਖੀ ਬਖਸ਼ੋ। ਜਨਮ ਮਰਨ ਦਾ ਭਾਰੀ ਸੰਕਟ ਹੈ, ਦੀਨ ਜਾਣ ਕੇ ਮੈਨੂੰ ਬਚਾ ਲਵੋ" ॥ ੭॥

ਸੁਨਿਕੈ ਸ੍ਰੀ ਅਰਜਨ ਫੁਰਮਾਯਹੁ। 'ਅਪਨ ਪੀਰ ਤੈਂ ਤੁਰਕ ਬਨਾਯਹੁ।

ਸਰਵਰ ਕੇ ਮੁਰੀਦ ਤੁਮ ਰਹੇ। ਇਤ ਗੁਰਸਿੱਖੀ ਦੁਰਲਭ ਅਹੇ ॥ ੮॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਫੁਰਮਾਇਆ, "ਆਪਣਾ ਪੀਰ ਤਾਂ ਤੂੰ ਤੁਰਕ ਨੂੰ ਬਣਾਇਆ ਹੈ, ਸਖੀ-ਸਰਵਰ ਦੇ ਤੁਸੀਂ ਮੁਰੀਦ ਰਹੇ ਹੋ, ਇਸ ਤਰ੍ਹਾਂ ਗੁਰਸਿੱਖੀ ਦੁਰਲੱਭ ਹੈ॥ ੮॥

ਖੰਡੇਧਾਰ ਚਲਹਿ ਨਹਿਂ ਗਿਰੇ। ਸੂਖਮ ਅਧਿਕ ਕੇਸ ਤੇ ਪਰੇ।
ਨਹੀਂ ਕਮਾਇ ਸਕਹੁਗੇ ਤਾਂਹੀ। ਪ੍ਰਾਨਨ ਕੌ ਪਲਟੋ ਜਿਸੁ ਮਾਂਹੀ॥ ੯॥

ਖੰਡੇ ਦੀ ਧਾਰ ਤੇ ਚਲ ਨਹੀਂ ਸਕੋਗੇ, ਡਿੱਗ ਪਵੋਗੇ, ਉਹ ਵਾਲ ਤੋਂ ਵੀ ਵੱਧ ਬਰੀਕ ਹੈ, ਤੁਸੀਂ ਉਸ ਦੀ ਕਮਾਈ ਨਹੀਂ ਕਰ ਸਕੋਗੇ, ਜਿਸ ਸਿੱਖੀ ਵਿਚ ਪ੍ਰਾਣ ਮਾਨੋਂ ਬਦਲਾ ਹਨ॥ ੯॥

ਆਪਾ ਜਹਾਂ ਜਨਾਵਹੁ ਨਾਂਹੀ। ਦੇਹਿ ਸੀਸ ਪਰ ਸੀ ਨ ਕਰਾਹੀ।
ਅਰੁ ਜਬਿ ਸਿੱਖ ਹਮਾਰੋ ਹੋਵਹਿਂ। ਅਪਜਸ ਲਹੈਂ-ਸਕਲ ਧਨ ਖੋਵਹਿਂ॥੧੦॥

ਓਥੇ ਆਪਾ ਜਣਾਇਆ ਨਹੀਂ ਜਾਂਦਾ, ਸਿਰ ਦੇਵੇ ਪਰ ਸੀ ਨਾ ਕਰੇ ਅਤੇ ਜਦ ਸਾਡਾ ਸਿੱਖ ਹੋਵੇ, ਅਪਜੱਸ ਲਵੇ ਤੇ ਸਾਰਾ ਧਨ ਛੱਡ ਦੇਵੇ॥ ੧੦॥

ਕੁਲ ਕੇ ਲੋਕ ਕਰਹਿਂ ਉਪਹਾਸ। ਨਹੀਂ ਬੈਠਿਬੇ ਦੇਹਿਂ ਨਿਜ ਪਾਸ।
ਏਤੀ ਬਾਤ ਸਹੋ ਮਨ ਲਾਇ। ਤੌ ਹਮਰੋ ਸਿਖ ਹੂਜਹਿ ਆਇ॥ ੧੧॥

ਸ਼ਰੀਕ ਹਾਸਾ ਉਡਾਉਣਗੇ, ਉਹ ਆਪਣੇ ਪਾਸ ਬੈਠਣ ਨਹੀਂ ਦੇਣਗੇ.ਇਹ ਗੱਲਾਂ ਮਨ ਲਾ ਕੇ ਬਰਦਾਸ਼ਤ ਕਰੋ ਤਾਂ ਆ ਕੇ ਸਾਡੇ ਸਿੱਖ ਹੋ ਜਾਵੋ॥ ੧੧॥

ਨਾਂਹਿ ਤ ਸੇਵਹੁ ਪੀਰ ਮੁਕਾਮੂ। ਸਿੱਖੀ ਕੋ ਲੀਜਹਿ ਨਹਿਂ ਨਾਮੂ।
ਰਾਖਹੁ ਧਨੁ ਕੁਲ ਕੀ ਵਡਿਆਈ। ਸਿੱਖੀ ਧਰਿ ਕਯੋਂ ਲੇ ਦੁਖ ਪਾਈ॥੧੨॥

ਨਹੀਂ ਤਾਂ ਪੀਰ ਦੇ ਮੁਕਾਮ ਦੀ ਸੇਵਾ ਕਰੋ, ਸਿੱਖੀ ਦਾ ਨਾਂ ਨਾ ਲਵੋ, ਧਨ ਅਤੇ ਕੁਲ ਦੀ ਵਡਿਆਈ ਰਖੋ, ਸਿੱਖੀ ਧਾਰ ਕੇ ਕਿਉਂ ਦੁੱਖ ਪਾਉਂਦੇ ਹੋ ?"॥ ੧੨॥

ਸੁਨਿਕੈ ਇਮ ਬਾਕਨਿ ਗੁਰ ਪਾਸ। ਅੰਜੁਲ ਬਾਂਧਿ ਕੀਨਿ ਅਰਦਾਸ।
'ਜਬਿ ਕੋ ਰਾਵਰਿ ਦਰਸ਼ਨ ਜੋਵਾ। ਸੁਨਿਬੋ ਸ੍ਰੁਤ ਵਾਕਨ ਕੋ ਹੋਵਾ॥ ੧੩॥

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ, ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਜਦ ਦੇ ਆਪ ਜੀ ਦੇ ਦਰਸ਼ਨ ਕੀਤੇ ਹਨ, ਆਪ ਜੀ ਦੇ ਬਚਨ ਕੰਨਾਂ ਨਾਲ ਸੁਣਨਾ ਚਾਹੁੰਦਾ ਹਾਂ॥ ੧੩॥

ਤਬਿ ਕੋ ਮਨ ਹਮਰੋ ਹਟਿ ਗਇਊ। ਰਿਦੈ ਬਿਚਾਰਤਿ ਲੱਜਿਤਿ ਭਇਊ।
ਸਰਵਰ ਤੁਰਕ, ਨ ਅਜ਼ਮਤ ਜਾਂਹੀ। ਦੇਖਾ ਦੇਖੀ ਨਰ ਜਗ ਮਾਂਹੀ॥ ੧੪॥

ਤਦ ਦਾ ਮੇਰਾ ਮਨ ਸਖੀ-ਸਰਵਰ ਵਲੋਂ ਹਟ ਗਿਆ ਹੈ, ਉਸ ਬਾਰੇ ਹਿਰਦੇ ਵਿਚ ਵਿਚਾਰ ਕੇ ਵੀ ਸ਼ਰਮ ਆਉਂਦੀ ਹੈ। ਸਰਵਰ ਤੁਰਕ ਵਿਚ ਕੋਈ ਕਲਾ ਨਹੀਂ ਹੈ, ਵੇਖਾ-ਵੇਖੀ ਜਗਤ ਦੇ ਲੋਕ ਉਸ ਦੇ ਪਿਛੇ ਲੱਗੇ ਹੋਏ ਹਨ॥ ੧੪॥

ਸੀਸ ਨਿਵਾਵਹਿਂ ਤੁਰਕ ਅਗਾਰੀ। ਖੋਇ ਧਰਮੁ ਨਰ ਤਨ ਦੇਂ ਹਾਰੀ।
ਹਮ ਹਿੰਦੂ ਉੱਤਮ ਤਨ ਪਾਏ। ਨੀਚ ਮਲੇਛਹਿਂ ਸੀਸ ਨਿਵਾਏ॥ ੧੫॥

ਉਸ ਤੁਰਕ ਦੇ ਅੱਗੇ ਸਿਰ ਨਿਵਾਉਂਦੇ ਹਨ, ਧਰਮ ਵੀ ਗਵਾ ਲੈਂਦੇ ਹਨ ਤੇ ਮਨੁੱਖਾ ਦੇਹੀ ਵੀ ਹਾਰ ਦਿੰਦੇ ਹਨ। ਅਸੀਂ ਹਿੰਦੂਆਂ ਨੇ ਉੱਤਮ ਸਰੀਰ ਪਾਇਆ ਹੈ, ਨੀਚ ਲੋਕ ਮਲੇਛ ਅੱਗੇ ਸੀਸ ਨਿਵਾਉਂਦੇ ਹਨ॥ ੧੫॥

ਇਸ ਤੇ ਪਰੇ ਅਧਰਮ ਨ ਔਰੁ। ਲਹੈਂ ਸਜਾਇ ਨਰਕ ਕੀ ਠੌਰੁ।
ਦੋਖੀ ਗਊ ਅਨਿਕ ਨਿਤ ਜੋਈ। ਦੇਵੀ ਦੇਵ ਨ ਮਾਨਹਿਂ ਕੋਈ॥ ੧੬॥

ਇਸ ਤੋਂ ਪਰ੍ਹੇ ਹੋਰ ਕੋਈ ਅਧਰਮ ਨਹੀਂ ਹੈ, ਨਰਕ ਵਿਚ ਪੈ ਕੇ ਸਜ਼ਾਵਾਂ ਪ੍ਰਾਪਤ ਕਰਦੇ ਹਨ, ਜਿਹੜੇ ਨਿਤ ਗਊ ਦਾ ਘਾਤ ਕਰਦੇ ਹਨ ਅਤੇ ਕਿਸੇ ਦੇਵੀ ਦੇਵਤੇ ਨੂੰ ਮੰਨਦੇ ਹੀ ਨਹੀਂ॥੧੬॥

ਮਹਾਂ ਕੁਚੀਲ, ਨ ਸੁਚਿ ਕੋ ਲੇਸ਼। ਆਦਿ ਚੰਡਾਲ ਜਿ ਰਲਹਿਂ ਅਸ਼ੇਸ਼।
ਏਕ ਮੇਕ ਹੁਇ ਸਭਿ ਮਿਲ ਖਾਵਹਿਂ। ਪੁਨ ਅਪੁਨੇ ਕੋ ਅਧਿਕ ਕਹਾਵਹਿਂ ॥੧੭॥

ਮਹਾਨ ਕੁਚੀਲ ਹਨ, ਸੁਚਮ ਤਾਂ ਇਨ੍ਹਾਂ ਵਿਚ ਲੇਸ ਮਾਤਰ ਵੀ ਨਹੀਂ ਹੈ। ਚੰਡਾਲ ਆਦਿ ਸਾਰੇ ਰਲੇ ਹੋਏ ਹਨ। ਇਕ-ਮਿਕ ਹੋ ਕੇ ਸਾਰੇ ਰਲ ਕੇ ਖਾਂਦੇ ਹਨ, ਫਿਰ ਆਪਣੇ ਆਪ ਨੂੰ ਵੱਡਾ ਸਮਝਦੇ ਹਨ॥ ੧੭॥

ਨਹਿਂ ਨ ਪਾਕ ਤੇ ਕਰਹਿਂ ਗਿਲਾਨੇ। ਹਿੰਦੂ ਧਰਮ ਕਹਾ ਇਨ ਜੋ ਮਾਨੇ।
ਇਮ ਬਿਚਾਰਿਕੈ ਹਮ ਮਨ ਮਾਂਹੀ। ਮਾਨਤਿ ਰਹੇ ਸੁ ਅਬਿ ਪਛੁਤਾਹੀ॥੧੮॥

ਅਪਵਿੱਤਰਤਾਈ ਨੂੰ ਨਫਰਤ ਨਹੀਂ ਕਰਦੇ, ਜਿਹੜਾ ਇਨ੍ਹਾਂ ਨੂੰ ਮੰਨੇ, ਉਨ੍ਹਾਂ ਦਾ ਹਿੰਦੂ ਧਰਮ ਕੀ ਹੈ। ਮੈਂ ਇਸ ਤਰ੍ਹਾਂ ਮਨ ਵਿਚ ਵਿਚਾਰ ਕੇ, ਮੰਨਦਾ ਰਿਹਾ ਹਾਂ, ਪਰ ਹੁਣ ਪਛਤਾਉਂਦਾ ਹਾਂ॥ ੧੮॥

ਦਿਏ ਦਰੂਦ ਸ਼ੀਰਨੀ ਖਾਏ। ਇਕ ਹਿੰਦੂ ਸੈ ਨਾਮ ਕਹਾਏ।
ਹੋਤਿ ਦੋਸ਼ੁ ਜਿਨ ਬਸਤ੍ਰ ਛੁਹਾਏ। ਤਿਨਹੁ ਮੂਢ ਨਰ ਸੀਸੁ ਨਿਵਾਏ'॥੧੯॥

ਚੜ੍ਹਾਵੇ ਦੀ ਸ਼ੀਰਨੀ ਖਾਂਦੇ ਹਨ, ਇਹ ਇਕ ਨਾਂ-ਮਾਤਰ ਹੀ ਹਿੰਦੂ ਕਹਾਉਂਦੇ ਹਨ। ਜਿਨ੍ਹਾਂ ਦੇ ਕਪੜਿਆਂ ਨੂੰ ਛੂਹਣਾ ਵੀ ਪਾਪ ਹੈ, ਮੂਰਖ ਲੋਕ ਉਨ੍ਹਾਂ ਅੱਗੇ ਸੀਸ ਨਿਵਾਉਂਦੇ ਹਨ"॥ ੧੯॥

ਨੰਮ੍ਰ ਹੋਇ ਇਵ ਬਿਨੈ ਸੁਨਾਇਵ। ਪ੍ਰੇਮ ਅਧਿਕ ਲੋਚਨ ਜਲ ਛਾਇਵ।
'ਪ੍ਰਭੁ ਜੀ ਆਏ ਸ਼ਰਨਿ ਤੁਮਾਰੀ। ਦਿਹੁ ਸਿੱਖੀ ਹਮ ਲਖਿ ਅਧਿਕਾਰੀ'॥੨੦॥

ਸਨਿੰਮਰ ਹੋ ਕੇ ਇਸ ਤਰ੍ਹਾਂ ਬੇਨਤੀ ਕੀਤੀ, ਨੈਣ ਪ੍ਰੇਮ ਨਾਲ ਭਰ ਗਏ ਤੇ ਅੱਖਾਂ ਵਿਚ ਪਾਣੀ ਆ ਗਿਆ। ਕਹਿਣ ਲੱਗਾ, "ਪ੍ਰਭੂ ਜੀ ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਅਧਿਕਾਰੀ ਸਮਝ ਕੇ ਸਿੱਖੀ ਬਖਸ਼ੋ"॥ ੨੦॥

ਬੋਲੇ ਸ੍ਰੀ ਅਰਜਨ ਸੁਖ ਧਾਮੂ। 'ਪੂਰਬ ਸਰਵਰ ਢਾਹੁ ਮੁਕਾਮੂ।
ਪੁਨ ਆਵਹੁ ਸਤਿਗੁਰ ਸ਼ਰਨਾਈ। ਕਰੇ ਗੁਨਾਹੁ ਲੇਹੁ ਬਖਸ਼ਾਈ॥ ੨੧॥

ਸੁਖਾਂ ਦੇ ਘਰ ਸ੍ਰੀ ਗੁਰੂ ਅਰਜਨ ਦੇਵ ਜੀ ਬੋਲੇ, "ਪਹਿਲਾਂ ਜਿਹੜਾ ਆਪਣੇ ਘਰ ਵਿਚ ਸਖੀ-ਸਰਵਰ ਦਾ ਮੁਕਾਮ ਬਣਾਇਆ ਹੈ, ਉਸ ਨੂੰ ਜਾ ਕੇ ਢਾਹ ਦੇਵੇ, ਫਿਰ ਸਤਿਗੁਰੂ ਜੀ ਦੀ ਸ਼ਰਨ ਵਿਚ ਆਵੇ, ਜਿਹੜੇ ਗੁਨਾਹ ਕੀਤੇ ਹਨ, ਉਨ੍ਹਾਂ ਨੂੰ ਬਖਸ਼ਾ ਲਵੇ॥ ੨੧॥

ਹੈ ਕਰਿ ਸਿੱਖੀ ਕੇ ਅਧਿਕਾਰੀ। ਸਤਿਗੁਰ ਸੇਵ ਕਰਹੁ ਸੁਖਕਾਰੀ'।
ਸੁਨਿ ਕਰਿ ਬਾਕ ਮੰਞ ਘਰ ਗਯੋ। ਤੁਰਕ ਮੁਕਾਮ ਸੁ ਢਾਹਤਿ ਭਯੋ॥ ੨੨॥

ਸਿੱਖੀ ਦੇ ਅਧਿਕਾਰੀ ਹੋ ਕੇ, ਸਤਿਗੁਰ ਦੀ ਸੁਖ ਦੇਣ ਵਾਲੀ ਸੇਵਾ ਕਰੋ"। ਗੁਰੂ ਜੀ ਦੇ ਇਹ ਬਚਨ ਸੁਣ ਕੇ ਮੰਝ ਆਪਣੇ ਘਰ ਨੂੰ ਚਲਾ ਗਿਆ। ਜਿਹੜੀ ਸਖੀ-ਸਰਵਰ ਦੀ ਜਗ੍ਹਾ ਬਣਾਈ ਸੀ, ਉਸ ਨੂੰ ਢਾਹ ਦਿੱਤਾ॥ ੨੨॥

ਸਰਲ ਹੋਇ ਸਤਿਗੁਰ ਸ਼ਰਣਾਈ। ਆਏ ਆਸ ਏਕ ਮਨ ਭਾਈ।
ਤਬਿ ਸਤਿਗੁਰ ਦੀਨਸਿ ਉਪਦੇਸ਼। 'ਸੱਤਿਨਾਮ ਭਜਿ ਹਰਹੁ ਕਲੇਸ਼॥ ੨੩ ॥

ਸਰਲ ਹੋ ਕੇ ਸਤਿਗੁਰੂ ਦੀ ਸ਼ਰਨ ਵਿਚ ਆ ਗਿਆ। ਮਨ-ਭਾਉਂਦੀ ਆਸ ਲੈ ਕੇ ਆ ਗਿਆ। ਤਦ ਸਤਿਗੁਰ ਜੀ ਨੇ ਉਪਦੇਸ਼ ਦਿੱਤਾ, "ਸਤਿਨਾਮ ਦਾ ਜਾਪ ਕਰਕੇ ਆਪਣੇ ਸਾਰੇ ਕਲੇਸ਼ਾਂ ਨੂੰ ਦੂਰ ਕਰੋ॥ ੨੩ ॥

ਸਤਿਗੁਰ ਸੌਂ ਸਨਮੁਖ ਨਿਤ ਰਹੋ। ਸੇਵਹੁ ਸਿੱਖਨ ਕੋ ਸੁਖ ਲਹੋ।
ਅੰਤਹਕਰਣ ਸ਼ੁੱਧ ਹੁਇ ਜਾਇ। ਆਤਮ ਗਯਾਨ ਰਿਦੇ ਮਹੁੰ ਪਾਇ॥ ੨੪ ॥

ਨਿਤ ਸਤਿਗੁਰ ਦੇ ਸਨਮੁਖ ਰਹੋ; ਸਿੱਖਾਂ ਦੀ ਸੇਵਾ ਕਰਕੇ ਸੁੱਖ ਪ੍ਰਾਪਤ ਕਰੋ। ਇਸ ਨਾਲ ਅੰਤਹਕਰਣ ਸ਼ੁੱਧ ਹੋ ਜਾਵੇਗਾ ਅਤੇ ਹਿਰਦੇ ਵਿਚ ਆਤਮ-ਗਿਆਨ ਪ੍ਰਾਪਤ ਹੋਵੇਗਾ॥ ੨੪ ॥

ਅੰਤ ਸਮੇਂ ਮਹਿਂ ਬੰਧ ਨਿਕੰਦ। ਮੁਕਤਿ ਹੋਇ ਕਰਿ ਮਿਲਹੁ ਅਨੰਦ'।
ਸਿਮਰਨ ਕਰਨ ਲਗੇ ਸਤਿਨਾਮੂ। ਕਿਤਿਕ ਦਿਵਸ ਮਹਿਂ ਪਹੁਂਚੇ ਧਾਮੂ॥੨੫ ॥

ਅੰਤ ਸਮੇਂ ਸਾਰੀਆਂ ਫਾਹੀਆਂ ਨੂੰ ਕੱਟ ਕੇ ਮੁਕਤ ਹੋ ਕੇ ਪਰਮ ਅਨੰਦ ਨੂੰ ਮਿਲੋ"। ਸਤਿਨਾਮ ਦਾ ਸਿਮਰਨ ਕਰਨ ਲੱਗਾ, ਕਈਆਂ ਦਿਨਾਂ ਬਾਅਦ ਘਰ ਪਹੁੰਚਿਆ॥ ੨੫ ॥

ਗੁਰ ਕੋ ਕਹਯੋ ਹੋਨਿ ਪੁਨ ਲਾਗਯੋ। ਸਰਬ ਸਮਾਜ ਨਾਸ਼ ਹ੍ਵੈ ਭਾਗਯੋ।
ਤੁਰੰਗ, ਮਹਿਖ, ਧਨ ਭਯੋ ਬਿਨਾਸ਼। ਲਗੇ ਸ਼ਰੀਕ ਕਰਨ ਉਪਹਾਸ॥ ੨੬ ॥

ਫਿਰ ਗੁਰੂ ਜੀ ਦੇ ਕਹੇ ਅਨੁਸਾਰ ਕਰਨ ਲੱਗਾ, ਸਾਰਾ ਸਾਮਾਨ ਨਾਸ਼ ਹੋ ਕੇ ਖਤਮ ਹੋ ਗਿਆ। ਘੋੜੇ, ਮੱਝਾਂ ਅਤੇ ਧਨ ਵਿਨਾਸ਼ ਹੋ ਗਿਆ, ਸਾਰੇ ਸ਼ਰੀਕ ਮਖੌਲ ਕਰਨ ਲੱਗੇ॥ ੨੬ ॥

ਗ੍ਰਾਮ ਨਾਰ ਨਰ ਸਭਿ ਤਬਿ ਕਹਯੋ। 'ਪੀਰ ਮਾਰ ਤੇ ਸਭਿ ਕਿਛ ਦਹਯੋ।
ਗੁਰ ਕੀ ਸਿੱਖੀ ਜਬਿ ਤੇ ਲੀਨ। ਤਬਿ ਤੇ ਹੋਯਹੁ ਸਭਿ ਕਿਛੁ ਹੀਨ'॥ ੨੭ ॥

ਪਿੰਡ ਦੇ ਇਸਤਰੀ-ਪੁਰਸ਼ ਸਾਰੇ ਕਹਿੰਦੇ ਸਨ, "ਪੀਰ ਮਾਰ ਕਾਰਨ ਸਭ ਕੁਝ ਬਰਬਾਦ ਹੋ ਗਿਆ ਹੈ। ਜਦ ਤੋਂ ਗੁਰੂ ਜੀ ਦੀ ਸਿੱਖੀ ਲਈ ਹੈ, ਉਸ ਸਮੇਂ ਤੋਂ ਸਭ ਕੁਝ ਤੋਂ ਰਹਿਤ ਹੋ ਗਿਆ ਹੈ"॥ ੨੭ ॥

ਸਭਿ ਨੇ ਮਿਲਿ ਸੁ ਮੰਝ ਸਮਝਾਯੋ। 'ਪੀਰ ਕੋਪ ਕਰਿ ਸਕਲ ਗਵਾਯੋ।
ਗੁਰ ਸਿੱਖੀ ਤਜਿ, ਪੁਨ ਕਰ ਜੋਰਿ। ਬਖਸ਼ਹਿ ਤੁਝ ਕੋ ਪੀਰ ਨਿਹੋਰ'॥ ੨੮ ॥

ਸਾਰਿਆਂ ਨੇ ਮਿਲ ਕੇ ਭਾਈ ਮੰਝ ਨੂੰ ਸਮਝਾਇਆ, "ਪੀਰ ਦੇ ਗੁੱਸੇ ਕਾਰਨ ਤੂੰ ਸਭ ਕੁਝ ਗਵਾ ਲਿਆ ਹੈ। ਗੁਰਸਿੱਖੀ ਨੂੰ ਛੱਡੋ, ਹੱਥ ਜੋੜ ਕੇ ਪੀਰ ਨੂੰ ਮਨਾ ਉਹ ਤੈਨੂੰ ਬਖਸ਼ ਦੇਵੇਗਾ"॥ ੨੮ ॥

ਸੁਨਤਿ ਮੰਝ ਨੇ ਬਾਕ ਉਚਾਰੇ। 'ਮੈਂ ਸਿਖ ਭਾ ਅਬਿ ਸਤਿਗੁਰੁ ਦੁਆਰੇ।
ਕੂਰ ਪਦਾਰਥ ਕਾਮ ਨ ਮੇਰੇ। ਲੇਉਂ ਮੁਕਤਿ ਹੁਇ ਅਨੰਦ ਘਨੇਰੇ॥ ੨੯ ॥

ਇਹ ਸੁਣ ਕੇ ਮੰਝ ਨੇ ਕਿਹਾ, "ਮੈਂ ਹੁਣ ਸਿੱਖ ਹੋ ਗਿਆ ਹਾਂ, ਹੁਣ ਮੈਂ ਸਤਿਗੁਰੂ ਦੇ ਦੁਆਰੇ ਜਾਵਾਂਗਾ। ਇਹ ਝੂਠੇ ਪਦਾਰਥ ਮੇਰੇ ਕਿਸੇ ਕੰਮ ਨਹੀਂ ਹਨ, ਮੁਕਤੀ ਪ੍ਰਾਪਤ ਕਰਾਂਗਾ ਅਤੇ ਬਹੁਤ ਅਨੰਦ ਹੋਵੇਗਾ॥ ੨੯ ॥

ਗੁਰ ਤੇ ਹੀ ਅਬਿ ਸਭਿ ਕਿਛ ਹੋਈ। ਪੀਰ ਮੀਰ ਸੋਂ ਕਾਮ ਨ ਕੋਈ'।
ਪੰਚ ਗ੍ਰਾਮ ਕੇ ਸੁਨਿ ਸਭਿ ਜਾਨੀ। 'ਮੰਝ ਮਹਾਂ ਮੂਰਖ ਅੱਗਜਾਨੀ' ॥ ੩੦ ॥

ਹੁਣ ਤਾਂ ਗੁਰੂ ਜੀ ਪਾਸੋਂ ਹੀ ਸਭ ਕੁਝ ਹੋਵੇਗਾ, ਪੀਰ ਮੀਰ ਮੇਰੇ ਹੁਣ ਕਿਸੇ ਕੰਮ ਨਹੀਂ ਹਨ, ਪਿੰਡ ਦੇ ਸਾਰੇ ਪੰਚ ਸੁਣ ਕੇ ਜਾਣ ਗਏ ਕਿ 'ਮੰਝ ਮਹਾਂ ਮੂਰਖ ਅਗਿਆਨੀ ਹੈ' ॥ ੩੦ ॥

ਛੀਨ ਲੀਨ ਗ੍ਰਿਹੁ, ਧਨ, ਸਿਰਦਾਰੀ। ਸਰਬ ਸ਼ਰੀਕਨਿ ਦੀਨ ਨਿਕਾਰੀ।
ਲੇ ਕਰਿ ਨਿਜ ਪਤਿਬ੍ਰਤਾ ਸੁ ਦਾਰਾ। ਰਹਜੋ ਜਾਇ ਕਿਸਿ ਪੁਰੀ ਮਝਾਰਾ ॥ ੩੧ ॥

ਉਸ ਦਾ ਘਰ, ਧਨ ਅਤੇ ਸਰਦਾਰੀ ਖੋਹ ਲਈ ਅਤੇ ਸਾਰੇ ਸ਼ਰੀਕਾਂ ਨੇ ਉਸ ਨੂੰ ਪਿੰਡ ਵਿਚੋਂ ਕੱਢ ਦਿੱਤਾ। ਆਪਣੀ ਪਤੀਬ੍ਰਤਾ ਇਸਤਰੀ ਨੂੰ ਨਾਲ ਲੈ ਕੇ, ਕਿਸੇ ਹੋਰ ਨਗਰ ਵਿਚ ਜਾ ਕੇ ਰਿਹਾ ॥ ੩੧ ॥

ਘਾਸ ਖੋਦਿ ਤਹਿਂ ਬੇਚਨ ਲਾਗਜੋ। ਨਿਸੁ ਦਿਨੁ ਰਹੈ ਪ੍ਰੇਮ ਗੁਰੁ ਪਾਗਜੋ।
ਚਾਰ ਭਾਗ ਕਰਿ ਲਜਾਇ ਨਿਕੇਤ। ਇਕ ਸੋ ਦੇਤਿ ਨੀਤਿ ਗੁਰ ਹੇਤ ॥ ੩੨ ॥

ਘਾਹ ਖੋਦ ਕੇ ਵੇਚਣ ਲੱਗਾ, ਦਿਨ-ਰਾਤ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਲੱਗਾ ਰਹਿੰਦਾ ਸੀ। ਘਾਹ ਵੇਚ ਕੇ ਜੋ ਵੱਟਦਾ ਸੀ ਉਸ ਦੇ ਚਾਰ ਹਿੱਸੇ ਕਰਕੇ ਘਰ ਲਿਆਉਂਦਾ ਸੀ, ਇਕ ਹਿੱਸਾ ਸਦਾ ਗੁਰੂ ਜੀ ਵਾਸਤੇ ਦਿੰਦਾ ਸੀ ॥ ੩੨ ॥

ਤੀਨ ਭਾਗ ਤੇ ਕਰਹਿ ਗੁਜ਼ਾਰਾ। ਖੋਦ ਘਾਸੁ ਕੋ ਬੇਚਿ ਬਜ਼ਾਰਾ।
ਕਰਜੋ ਬਿਤੀਤਨ ਕੇਤਿਕ ਕਾਲ। ਸਿਮਰਜੋ ਤਬਿ ਸ੍ਰੀ ਗੁਰੂ ਕ੍ਰਿਪਾਲ ॥ ੩੩ ॥

ਤਿੰਨਾਂ ਹਿੱਸਿਆ ਨਾਲ ਗੁਜ਼ਾਰਾ ਕਰਦਾ ਸੀ, ਘਾਹ ਖੋਦ ਕੇ ਬਾਜ਼ਾਰ ਵਿਚ ਵੇਚ ਦਿੰਦਾ ਸੀ। ਕਾਫੀ ਸਮਾਂ ਇਸ ਤਰ੍ਹਾਂ ਬਤੀਤ ਕੀਤਾ। ਫਿਰ ਕਿਰਪਾਲੂ ਗੁਰੂ ਜੀ ਨੇ ਯਾਦ ਕੀਤਾ ॥ ੩੩ ॥

ਏਕ ਮੇਵੜਾ ਗੁਰੂ ਬੁਲਾਯਹੁ। ਹੁਕਮਨਾਮ ਦੇ ਤਿਹ ਸਮਝਾਯਹੁ।
'ਇਕ ਸਿਖ ਮੰਝ ਸੁ ਅਮਕੇ ਪੁਰਿ ਮੈਂ। ਬਿਪਦਾ ਪਰੀ ਨਹੀਂ ਕਛੁ ਘਰ ਮੈਂ ॥ ੩੪ ॥

ਗੁਰੂ ਜੀ ਨੇ ਇਕ ਸੇਵਕ ਨੂੰ ਬੁਲਾਇਆ, ਹੁਕਮਨਾਮਾ ਦੇ ਕੇ ਉਸ ਨੂੰ ਸਮਝਾਇਆ, "ਇਕ ਮੰਝ ਨਾਮੀ ਸਿੱਖ ਫਲਾਣੇ ਨਗਰ ਵਿਚ ਰਹਿੰਦਾ ਹੈ, 'ਬਿਪਤਾ ਪਈ ਹੈ, ਘਰ ਵਿਚ ਕੁਝ ਵੀ ਨਹੀਂ ਹੈ ॥ ੩੪ ॥

ਬੇਚਤਿ ਘਾਸ ਜੀਵਕਾ ਕਰੈ। ਗਮਨਹੁ ਤਿਸੁ ਢਿਗ ਜੇ ਮਿਲਿ ਪਰੈ।
ਲੇਹੁ ਰਜਤਪਣ ਇਕ ਬਿੰਸਤ ਤਹਿਂ। ਦੇਹੁ ਹੁਕਮਨਾਮਾ ਪੁਨ ਕਰ ਮਹਿਂ ॥ ੩੫ ॥

ਘਾਹ ਵੇਚ ਕੇ ਗੁਜ਼ਾਰਾ ਕਰਦਾ ਹੈ, ਉਸ ਦੇ ਪਾਸ ਜਾਵੇ, ਜੇ ਮਿਲ ਪਵੇ ਤਾਂ ਪਹਿਲਾਂ ਉਸ ਪਾਸੋਂ ਇੱਕੀ ਚਾਂਦੀ ਦੇ ਰੁਪਏ ਲਵੇ, ਫਿਰ ਹੁਕਮਨਾਮਾ ਉਸ ਦੇ ਹੱਥ ਵਿਚ ਦੇਵੇਂ" ॥ ੩੫ ॥

ਹੁਕਮ ਮੇਵੜਾ ਲੇ ਕਰਿ ਗਯੋ। ਬੇਚਤਿ ਘਾਸ ਬਿਲੋਕਤਿ ਭਯੋ।
'ਪੈਰੀ ਪਵਨਾ' ਮੰਝ ਸੁਨਾਯਹੁ। 'ਤੁਝ ਪਰ ਹੁਕਮ ਗੁਰੂ ਕੋ ਆਯਹੁ' ॥ ੩੬ ॥

ਸੇਵਕ ਹੁਕਮਨਾਮਾ ਲੈ ਕੇ ਚਲਾ ਗਿਆ, ਘਾਹ ਵੇਚਦੇ ਨੂੰ ਉਸ ਵੇਖ ਲਿਆ। 'ਪੈਰੀ ਪੈਂਦਾ ਹਾਂ' ਮੰਝ ਨੂੰ ਸੁਣਾਇਆ, "ਤੇਰੇ ਪਾਸ ਗੁਰੂ ਜੀ ਦਾ ਹੁਕਮਨਾਮਾ ਲੈ ਕੇ ਆਇਆ ਹਾਂ" ॥ ੩੬ ॥

Sri Satguru Jagjit Singh Ji eLlibrary NamdhariElibrary@gmail.com

ਸੁਨਤਿ ਪ੍ਰੇਮ ਤੇ ਗਦ ਗਦ ਹੋਵਾ। ਭਯੋ ਪ੍ਰਸੰਨ ਗੁਰੂ ਸਿੱਖ ਜੋਵਾ।
ਬਾਰਬਾਰ ਕਰਿ 'ਨਮੋ' ਉਚਾਰੇ। 'ਧੰਨ ਧੰਨ ਬਡ ਭਾਗ ਹਮਾਰੇ॥ ੩੭॥

ਇਹ ਸੁਣ ਕੇ ਭਾਈ ਮੰਝ ਪ੍ਰੇਮ ਨਾਲ ਗਦ-ਗਦ ਹੋ ਗਿਆ। ਗੁਰੂ ਜੀ ਦਾ ਸਿੱਖ ਬਹੁਤ ਪ੍ਰਸੰਨ ਹੋ ਗਿਆ। ਬਾਰ-ਬਾਰ 'ਨਮੋ ਨਮੋ' ਬੋਲਦਾ ਸੀ, "ਧੰਨ ਧੰਨ ਸਾਡੇ ਵੱਡੇ ਭਾਗ ਹਨ॥ ੩੭॥

ਜਿਸ ਤੇ ਸਤਿਗੁਰ ਸਿਮਰਯੋ ਮੋਹਿ। ਹੁਕਮੁ ਦਿਖਾਵਹੁ ਮਮ ਸੁਖ ਹੋਹਿ।
ਹੇਰਿ ਹੇਰਿ ਦ੍ਰਿਗ ਸੀਤਲ ਕਰੋਂ। ਪੁਨ ਜਿਮ ਲਿਖਯੋ ਸੀਸ ਤਿਸੁ ਧਰੋਂ' ॥ ੩੮॥

ਜਿਸ ਕਰਕੇ ਸਤਿਗੁਰੂ ਨੇ ਮੈਨੂੰ ਯਾਦ ਕੀਤਾ ਹੈ, ਮੈਨੂੰ ਹੁਕਮਨਾਮਾ ਦਿਖਾਵੋ ਤਾਂਕਿ ਮੈਨੂੰ ਸੁਖ ਪ੍ਰਾਪਤ ਹੋਵੇ। ਵੇਖ-ਵੇਖ ਕੇ ਅੱਖਾਂ ਨੂੰ ਠੰਡਿਆਂ ਕਰਾਂ, ਫਿਰ ਜਿਵੇਂ ਲਿਖਿਆ ਹੈ, ਉਸ ਉਤੇ ਆਪਣਾ ਸਿਰ ਧਰਾਂ" ॥ ੩੮॥

ਸੁਨਤਿ ਮੇਵੜੇ ਕੀਨ ਬਖਾਨ। 'ਦੇਹੁ ਰਜਤਪਣ ਇਕੀਸੁ ਆਨਿ।
ਲੇਹੁ ਹੁਕਮਨਾਮਾ ਪੁਨ ਪਾਛੇ। ਗੁਰ ਆਗਜਾ ਇਮ ਹੈ ਸੁਖ ਬਾਂਛੇ' ॥ ੩੯॥

ਇਹ ਸੁਣ ਕੇ ਹਲਕਾਰੇ ਨੇ ਕਿਹਾ, "ਪਹਿਲਾਂ ਇੱਕੀ ਚਾਂਦੀ ਦੇ ਸਿੱਕੇ ਦੇਵੋ, ਬਾਅਦ ਵਿਚ ਹੁਕਮਨਾਮਾ ਲਵੋ, ਗੁਰੂ ਜੀ ਦਾ ਇਸ ਤਰ੍ਹਾਂ ਸੁਖਦਾਇਕ ਹੁਕਮ ਹੈ" ॥ ੩੯॥

ਸੁਨਤਿ ਮੰਝ ਅਤਿ ਉਤਸਵ ਠਾਟੇ। 'ਸਤਿਗੁਰ ਮਿਲਿਤਿ ਸੀਸ ਕੇ ਸਾਟੇ।
ਇਹੁ ਤੌ ਅਲਪ ਬਾਤ ਹੈ ਕਹਾਂ। ਸੌਦਾ ਅਮਿਤ, ਮੋਲ ਲਘੁ ਅਹਾ' ॥ ੪੦॥

ਇਹ ਸੁਣ ਕੇ ਮੰਝ ਅਤਿ ਪ੍ਰਸੰਨ ਹੋਇਆ, ਮੈਂ ਸਤਿਗੁਰੂ ਦੇ ਮਿਲਾਪ ਦੇ ਬਦਲੇ ਆਪਣਾ ਸਿਰ ਵੀ ਦੇਣ ਨੂੰ ਤਿਆਰ ਹਾਂ, ਇਹ ਤਾਂ ਬਹੁਤ ਛੋਟੀ ਗੱਲ ਹੈ। ਏਥੇ ਤਾਂ ਸੌਦਾ ਬਹੁਤ ਮਹਿੰਗਾ ਹੈ, ਪਰ ਮੁੱਲ ਬਹੁਤ ਥੋੜ੍ਹਾ ਹੈ" ॥ ੪੦॥

ਸਦਨ ਮੇਵੜੇ ਕੋ ਲੇ ਗਯੋ। ਨਿਜ ਦਾਰਾ ਸੰਗ ਭਾਖਤਿ ਭਯੋ।
'ਹਮ ਪਰ ਗੁਰੁ ਕੌ ਹੁਕਮ ਸੁ ਆਯੋ। ਦਰਬ ਬਿਨਾਂ ਸੋ ਹਾਥ ਨ ਪਾਯੋ॥ ੪੧॥

ਸੇਵਕ ਹਲਕਾਰੇ ਨੂੰ ਮੰਝ ਆਪਣੇ ਘਰ ਲੈ ਗਿਆ, ਆਪਣੀ ਇਸਤਰੀ ਨੂੰ ਕਹਿਣ ਲੱਗਾ, "ਸਾਡੇ ਉਤੇ ਗੁਰੂ ਜੀ ਦਾ ਹੁਕਮ ਆਇਆ ਹੈ, ਧਨ ਤੋਂ ਬਗੈਰ ਉਹ ਪਾਇਆ ਨਹੀਂ ਜਾ ਸਕਦਾ॥ ੪੧॥

ਕਹੁ ਅਬਿ ਕੌਨ ਜਤਨ ਕੋ ਕੀਜਹਿ। ਦੇਕਰਿ ਧਨ ਤਿਹ ਹੇਰਿ ਸੁ ਲੀਜਹਿ'।
ਸੁਨਿ ਸਿਖਨੀ ਤਿਹ ਧੀਰਜ ਦੀਨਿ। 'ਸੁਗਮ ਬਾਤ, ਕਯੋਂ ਚਿੰਤਾ ਕੀਨਿ॥ ੪੨॥

ਦੱਸ ਹੁਣ ਕੀ ਯਤਨ ਕਰੀਏ, ਧਨ ਦੇ ਕੇ ਹੁਕਮਨਾਮੇ ਨੂੰ ਵੇਖ ਲਈਏ।" ਇਹ ਸੁਣ ਕੇ ਸਿੱਖਣੀ ਨੇ ਧੀਰਜ ਦਿੱਤਾ ਅਤੇ ਕਿਹਾ, "ਇਹ ਤਾਂ ਸੌਖੀ ਗੱਲ ਹੈ, ਚਿੰਤਾ ਕਿਉਂ ਕਰਦੇ ਹੋ॥ ੪੨॥

ਹਮਰੇ ਕੰਨਜਾਂ ਅਹੈ ਕੁਮਾਰੀ। ਤਿਹ ਚਾਹਤਿ, ਜਿਹ ਘਰ ਸਿਰ ਦਾਰੀ।
ਜਿਤਿਕ ਮੇਵੜਾ ਜਾਚਹਿ ਦਰਬ। ਰਾਖਹੁ ਸਿੱਖੀ, ਲੇ ਦਿਹੁ ਸਰਬ॥ ੪੩॥

ਸਾਡੀ ਕੰਨਿਆ ਹਾਲੇ ਕੁਆਰੀ ਹੈ, ਵੱਡੇ ਸਰਦਾਰ ਉਸ ਨੂੰ ਚਾਹੁੰਦੇ ਹਨ। ਹਲਕਾਰਾ ਜਿੰਨੇ ਪੈਸੇ ਮੰਗਦਾ ਹੈ, ਸਾਰੇ ਦੇ ਕੇ ਸਿੱਖੀ ਰੱਖ ਲਵੋ॥ ੪੩॥

ਇਹੁ ਕੰਨਜਾ ਬਡ ਭਾਗ ਸੁਹਾਈ। ਗੁਰੂ ਅਰਥ ਜੇ ਹੋਹਿ ਸਗਾਈ'।
ਇਮ ਕਹਿ ਤਿਨਿ ਕੇ ਗ੍ਰਿਹ ਚਲਿ ਗਈ। ਕਿਯੋ ਸਬੰਧ ਖੁਸ਼ੀ ਬਡ ਭਈ॥ ੪੪॥

ਸਾਡੀ ਇਹ ਕੰਨਿਆ ਵੱਡੇ ਭਾਗਾਂ ਵਾਲੀ ਹੈ ਜੇ ਗੁਰੂ ਜੀ ਦੇ ਵਾਸਤੇ ਇਸ ਦੀ ਸਗਾਈ ਹੋ ਜਾਵੇ।" ਇਹ ਕਹਿ ਕੇ ਸਰਦਾਰਾਂ ਦੇ ਘਰ ਚਲੇ ਗਈ, ਕੰਨਿਆ ਦਾ ਸੰਬੰਧ ਜੋੜ ਕੇ ਬਹੁਤ ਪ੍ਰਸੰਨ ਹੋਈ॥ ੪੪॥

ਦੈਬੋ ਜਿਤਿਕ ਤਿਤਿਕ ਧਨ ਲਜਾਈ। ਪਤਿ ਆਗੇ ਧਰਿ ਚਿੰਤ ਮਿਟਾਈ।
ਹੇਰਿ ਦਰਬ ਕੋ ਲੇ ਕਰਿ ਹਾਥ। ਦਿਏ ਮੇਵੜੇ ਕੋ ਟਿਕ ਮਾਥ॥ ੪੫ ॥

ਜਿੰਨਾ ਧਨ ਹਲਕਾਰੇ ਨੂੰ ਦੇਣਾ ਸੀ, ਓਨਾ ਧਨ ਹੀ ਲਿਆਈ, ਪਤੀ ਦੇ ਅੱਗੇ ਧਨ ਰੱਖ ਕੇ ਉਸ ਦੀ ਸਾਰੀ ਚਿੰਤਾ ਮਿਟਾ ਦਿੱਤੀ। ਧਨ ਨੂੰ ਵੇਖ ਕੇ ਤੇ ਉਸ ਨੂੰ ਆਪਣੇ ਹੱਥ ਵਿਚ ਫੜ ਕੇ, ਮੰਝ ਨੇ ਹਲਕਾਰੇ ਨੂੰ ਮੱਥਾ ਟੇਕ ਕੇ ਦੇ ਦਿੱਤਾ॥ ੪੫ ॥

ਲੀਨ ਹੁਕਮ ਨਾਮਾ ਆਨੰਦਜੋ। ਧਰਿ ਕਰਿ ਮਸਤਕ ਪੁਨ ਪੁਨ ਬੰਦਜੋ।
ਅਤਿ ਪ੍ਰਸੰਨਤਾ ਚਿਤ ਉਪਜਾਈ। ਜਨੁ ਗੁਰ ਮਿਲੇ ਪ੍ਰੇਮ ਅਧਿਕਾਈ॥੪੬ ॥

ਹੁਕਮਨਾਮਾ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ। ਮੱਥਾ ਧਰ ਕੇ ਬਾਰ-ਬਾਰ ਬੰਦਨਾ ਕੀਤੀ। ਚਿੱਤ ਵਿਚ ਅਤਿ ਪ੍ਰਸੰਨ ਹੋਇਆ। ਮਾਨੋ ਗੁਰੂ ਜੀ ਬਹੁਤ ਪ੍ਰੇਮ ਵਧਾ ਕੇ ਆਪ ਹੀ ਮਿਲੇ ਹੋਣ॥ ੪੬ ॥

ਬਹੁਰੋ ਘਾਸ ਬੇਚ ਕਰਿ ਆਯਹੁ। ਅਨਿਕ ਪ੍ਰਕਾਰ ਅਹਾਰ ਖਵਾਯਹੁ।
ਨਿਸ ਮਹਿਂ ਸੇਵਾ ਕੀਨਿ ਬਨਾਇ। ਗੁਰੂ ਬਾਰਤਾ ਬੂਝ ਰੁਹਾਇ॥ ੪੭ ॥

ਫਿਰ ਘਾਹ ਵੇਚ ਕੇ ਆਇਆ, ਹਲਕਾਰੇ ਨੂੰ ਅਨੇਕ ਪ੍ਰਕਾਰ ਦਾ ਭੋਜਨ ਖੁਆਇਆ। ਰਾਤ ਨੂੰ ਚੰਗੀ ਤਰ੍ਹਾਂ ਸੇਵਾ ਕੀਤੀ ਅਤੇ ਗੁਰੂ ਜੀ ਬਾਰੇ ਗੱਲਾਂ-ਬਾਤਾਂ ਪੁੱਛਦਾ ਰਿਹਾ॥ ੪੭ ॥

ਭਈ ਪ੍ਰਾਤਿ ਗੁਰ ਸਿਮਰਤਿ ਜਾਗੇ। ਮਨ ਮਹੁਂ ਪ੍ਰੇਮ ਰੰਗ ਕਰਿ ਪਾਗੇ।
ਕਰਜੋ ਮੇਵੜਾ ਬਿਦਾ ਉਚਾਰੀ। 'ਨਮਹੁ ਕਰਹੁ ਗੁਰ ਕੇਰ ਅਗਾਰੀ' ॥੪੮ ॥

ਸਵੇਰ ਹੋਈ ਤਾਂ ਗੁਰੂ ਜੀ ਨੂੰ ਯਾਦ ਕਰਕੇ ਜਾਗਿਆ, ਮਨ ਗੁਰੂ ਜੀ ਦੇ ਪ੍ਰੇਮ ਦੇ ਰੰਗ ਵਿਚ ਰੰਗਿਆ ਗਿਆ ਸੀ। ਹਲਕਾਰੇ ਨੂੰ ਵਿਦਾ ਕਰਨ ਲਗਿਆਂ ਕਿਹਾ, "ਗੁਰੂ ਜੀ ਅੱਗੇ ਮੇਰੇ ਵਲੋਂ ਨਮਸਕਾਰ ਕਰੌ" ॥ ੪੮ ॥

ਬਹੁਰ ਘਾਸ ਕੋ ਆਪ ਸਿਧਾਰਾ। ਸਿਮਰਤਿ ਸਤਿਗੁਰ ਨਾਮ ਸੁਖਾਰਾ।
ਬੇਚਹਿ ਘਾਸ ਜੀਵਕਾ ਕਰਿਹੀ। ਮਨ ਬਿਕਾਰ ਸਗਰੇ ਪਰਿਹਰਹੀ ॥੪੯ ॥

ਫਿਰ ਘਾਹ ਖੋਤਣ ਵਾਸਤੇ ਚਲਾ ਗਿਆ, ਸੁਖ ਦੇਣ ਵਾਲੇ ਸਤਿਗੁਰੂ ਜੀ ਦੇ ਨਾਮ ਦਾ ਸਿਮਰਨ ਕਰਦਾ ਸੀ। ਘਾਹ ਵੇਚ ਕੇ ਗੁਜ਼ਾਰਾ ਕਰਦਾ ਸੀ। ਮਨ ਦੇ ਸਾਰੇ ਵਿਕਾਰ ਦੂਰ ਕਰ ਲਏ ਸਨ॥ ੪੯ ॥

*ਦੂਸਰੀ ਰਾਸ ਦਾ ਤਰਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੩ ॥*

## ਅਧਿਆਇ ਚਤਾਲੀਵਾਂ

### *ਭਾਈ ਮੰਝ*

ਦੋਹਰਾ- ਘਾਸ ਖੋਦ ਬੇਚਨ ਕਰਹਿ ਉਦਰ ਪੂਰਿਬੇ ਹੇਤ।
ਦ੍ਰਿਢ ਸਿੱਖੀ ਜਿਸਕੇ ਰਿਦੈ ਗੁਰੂ ਕਸੌਟੀ ਦੇਤਿ॥ ੧ ॥

ਪੇਟ ਪੂਜਾ ਵਾਸਤੇ ਘਾਹ ਖੋਤ ਕੇ ਵੇਚਦਾ ਸੀ, ਜਿਸ ਨੇ ਹਿਰਦੇ ਵਿਚ ਸਿੱਖੀ ਨੂੰ ਦ੍ਰਿੜ੍ਹ ਕੀਤਾ ਸੀ, ਗੁਰੂ ਜੀ ਉਸ ਦੀ ਪ੍ਰੀਖਿਆ ਲੈ ਰਹੇ ਸਨ॥ ੧ ॥

ਚੌਪਈ- ਪੁਨਿ ਕੇਤਿਕ ਜਬਿ ਕਾਲ ਬਿਤਾਵਾ। ਮਨ ਅਡੋਲ ਜਿਸਿ ਕੋ ਦ੍ਰਿਸ਼ਟਾਵਾ।
ਸਤਿਗੁਰ ਬਹੁਰ ਮੇਵੜਾ ਭੇਜਾ। ਕਹਜੋ 'ਹੁਕਮਨਾਮਾ ਇਹ ਲੇ ਜਾ॥ ੨ ॥

ਫਿਰ ਜਦ ਕਾਫੀ ਸਮਾਂ ਬੀਤ ਗਿਆ, ਜਿਸ ਦਾ ਮਨ ਬਿਲਕੁਲ ਅਡੋਲ ਦਿਖਾਈ ਦੇ ਰਿਹਾ ਸੀ। ਉਸ ਪਾਸ ਗੁਰੂ ਜੀ ਨੇ ਫਿਰ ਹਲਕਾਰਾ ਭੇਜਿਆ। ਹਲਕਾਰੇ ਨੂੰ ਕਿਹਾ, "ਇਹ ਹੁਕਮਨਾਮਾ ਲੈ ਜਾਵੇਂ॥ ੨ ॥

ਪ੍ਰਥਮ ਰਜਤਪਣ ਇਕੀਸੁ ਲੇਹੁ। ਬਹੁਰ ਹੁਕਮਨਾਮਾ ਤਿਸ ਦੇਹੁ'।
ਸਤਿਗੁਰ ਆਇਸੁ ਤੇ ਮਗ ਚਲਜੋ। ਆਇ ਪੁਰੀ ਮਹਿਂ ਮੰਝ ਸੁ ਮਿਲਜੋ ॥ ੩ ॥

ਪਹਿਲਾਂ ਇਕੀ ਚਾਂਦੀ ਦੇ ਸਿੱਕੇ ਲਵੇ, ਫਿਰ ਇਹ ਹੁਕਮਨਾਮਾ ਉਸ ਨੂੰ ਦੇ ਦੇਵੇ" ਹਲਕਾਰਾ ਸਤਿਗੁਰੂ ਜੀ ਦੀ ਆਗਿਆ ਪਾ ਕੇ ਚਲ ਪਿਆ, ਨਗਰ ਵਿਚ ਆ ਕੇ ਭਾਈ ਮੰਝ ਨੂੰ ਮਿਲਿਆ॥ ੩ ॥

ਦੇਖਤਿ ਹੋਯਹੁ ਹਰਖ ਬਿਸਾਲਾ। 'ਸਤਿਗੁਰ ਮੋਕਹੁ ਕੀਨਿ ਨਿਹਾਲਾ।
ਚਲਹੁ ਸਦਨ ਮੈਂ ਪਦ ਨਿਜ ਪਾਵਹੁ। ਗੁਰੂ ਹੁਕਮ ਪੁਨ ਮੋਹਿ ਦਿਖਾਵਹੁ' ॥੪ ॥

ਹਲਕਾਰੇ ਨੂੰ ਵੇਖ ਕੇ ਭਾਈ ਮੰਝ ਬਹੁਤ ਪ੍ਰਸੰਨ ਹੋਇਆ, ਕਹਿਣ ਲੱਗਾ, "ਸਤਿਗੁਰੂ ਜੀ ਨੇ ਮੈਨੂੰ ਨਿਹਾਲ ਕਰ ਦਿੱਤਾ ਹੈ। ਘਰ ਚਲ ਕੇ ਆਪਣੇ ਚਰਨ ਪਾਵੋ, ਗੁਰੂ ਜੀ ਦਾ ਹੁਕਮ ਫਿਰ ਮੈਨੂੰ ਦਿਖਾਵੋ" ॥ ੪ ॥

ਸਨਮਾਨਤਿ ਗ੍ਰਿਹ ਮੈਂ ਲੇ ਗਯੋ। ਮੰਚ ਡਸਾਇ ਬਿਠਾਵਨ ਕਯੋ।
ਕਹਜੋ ਮੇਵੜੇ 'ਇਮਿ ਸੁਨਿ ਲੇਹੁ। ਪ੍ਰਥਮ ਇਕੀਸ ਰਜਤਪਣ ਦੇਹੁ ॥ ੫ ॥

ਬੜੇ ਆਦਰ ਨਾਲ ਆਪਣੇ ਘਰ ਵਿਚ ਲੈ ਗਿਆ, ਪਲੰਘ ਡਾਹ ਕੇ ਉਸ ਉਤੇ ਬਿਠਾ ਦਿੱਤਾ। ਹਲਕਾਰੇ ਨੇ ਕਿਹਾ, "ਮੇਰੀ ਗੱਲ ਇਸ ਤਰ੍ਹਾਂ ਸੁਣ ਲਵੋ, ਪਹਿਲਾਂ ਇੱਕੀ ਚਾਂਦੀ ਦੇ ਸਿੱਕੇ ਦੇਵੋ॥ ੫ ॥

ਪੀਛੇ ਹੁਕਮ ਗੁਰੂ ਕੋ ਦੇਖਿ। ਕੀਜਹਿ ਅਪਨੇ ਹਰਖ ਵਿਸ਼ੇਖ'।
ਸੁਨਤਿ ਮੰਝ ਨੇ ਆਨੰਦ ਠਾਨਜੋ। 'ਮੁਝ ਕੋ ਗੁਰੁ ਅਪਨੋ ਕਰਿ ਜਾਨਜੋ' ॥੬ ॥

ਬਾਅਦ ਵਿਚ ਗੁਰੂ ਜੀ ਦੇ ਹੁਕਮਨਾਮੇ ਨੂੰ ਵੇਖੋ, ਤੇ ਖ਼ੁਸ਼ੀਆਂ ਮਨਾਓ" ਇਹ ਸੁਣ ਕੇ ਭਾਈ ਮੰਝ ਬੜਾ ਪ੍ਰਸੰਨ ਹੋਇਆ, ਮਨ ਵਿਚ ਸੋਚਣ ਲੱਗਾ ਕਿ ਗੁਰੂ ਜੀ ਨੇ ਮੈਨੂੰ ਆਪਣਾ ਸਮਝਿਆ ਹੈ॥ ੬ ॥

ਨਿਜ ਦਾਰਾ ਕੋ ਸਕਲ ਸੁਨਾਵਾ। 'ਗੁਰ ਕੋ ਬਹੁਰ ਮੇਵੜਾ ਆਵਾ।
ਭੇਟ ਇਕੀਸ ਰੁਪੱਯਨ ਕਹੈ। ਬਹੁਰ ਹੁਕਮ ਕੋ ਦੈਬੋ ਚਹੈ' ॥ ੭ ॥

ਆਪਣੀ ਪਤਨੀ ਨੂੰ ਸਾਰੀ ਗੱਲ ਸੁਣਾਈ, "ਗੁਰੂ ਜੀ ਦਾ ਹਲਕਾਰਾ ਫਿਰ ਆਇਆ ਹੈ, ਇੱਕੀ ਰੁਪਏ ਉਸ ਭੇਟਾ ਮੰਗੀ ਹੈ, ਬਾਅਦ ਵਿਚ ਉਹ ਹੁਕਮਨਾਮਾ ਦੇਣਾ ਚਾਹੁੰਦਾ ਹੈ" ॥ ੭ ॥

ਸੁਨਤਿ ਸਿੱਖਨੀ ਭਈ ਪ੍ਰਸੰਨ। ਕਹਤਿ ਭਈ 'ਮਾਨਹੁਂ ਨਿਜ ਧੰਨ।
ਸਿਮਰਤਿ ਹੈਂ ਸਤਿਗੁਰੁ ਤੁਝ ਤਾਈਂ। ਜਾਨ ਆਪਨੋ ਦਯਾ ਕਰਾਈ ॥ ੮ ॥

ਇਹ ਸੁਣ ਕੇ ਸਿੱਖਣੀ ਬਹੁਤ ਪ੍ਰਸੰਨ ਹੋਈ, ਕਹਿਣ ਲੱਗੀ ਮੈਂ ਆਪ ਨੂੰ 'ਧੰਨ' ਮੰਨਦੀ ਹਾਂ, ਆਪ ਜੀ ਨੂੰ ਸਤਿਗੁਰੂ ਜੀ ਯਾਦ ਕਰਦੇ ਹਨ, ਆਪਣਾ ਜਾਣ ਕੇ ਦਇਆ ਕੀਤੀ ਹੈ॥ ੮ ॥

ਸੁਗਮ ਬਾਤ ਤੁਝ ਸੋਂ ਇਕ ਭਾਖੌਂ। ਅਬਿ ਗਿਰਵੀ ਮੁਝਕੋ ਕਿਤ ਰਾਖੋ।
ਟਹਿਲ ਕਰਹੁਂ ਤਿਸਕੀ ਚਿਤ ਲਾਇ। ਚਹਿਯਤਿ ਧਨੁ ਤਹਿਂ ਤੇ ਲੈ ਆਇ ॥੯॥

ਇਕ ਆਸਾਨ ਗੱਲ ਤੁਹਾਨੂੰ ਕਹਿੰਦੀ ਹਾਂ, ਹੁਣ ਮੈਨੂੰ ਕਿਤੇ ਗਹਿਣੇ ਰੱਖ ਦੇਵੋ, ਉਸ ਦੀ ਚਿੱਤ ਲਾ ਕੇ ਸੇਵਾ ਕਰਾਂਗੀ, ਜਿੰਨਾ ਧਨ ਚਾਹੀਦਾ ਹੈ ਓਨਾ ਲੈ ਆਵੋ" ॥ ੯ ॥

ਨੋਟ:-ਪੁਰਾਣੇ ਜ਼ਮਾਨੇ ਵਿਚ ਕਿਸੇ ਪਾਸ ਨੌਕਰੀ ਕਰਨ ਬਦਲੇ, ਪੈਸੇ ਅਗਾਊਂ ਮਿਲ ਜਾਂਦੇ ਸਨ, ਇਸ ਤਰ੍ਹਾਂ ਭਾਈ ਮੰਝ ਦੀ ਪਤਨੀ ਨੇ ਆਪਣੀ ਸੇਵਾ ਬਦਲੇ ਅਗਾਊਂ ਪੈਸੇ ਲੈਣ ਵਾਸਤੇ ਕਿਹਾ ਹੈ।

ਮੰਝ ਸੁਨਤਿ ਸੋਈ ਬਿਧਿ ਕੀਨਿ। ਗਿਰਵੀ ਰਾਖ ਦਰਬ ਸੋ ਲੀਨਿ।
ਦੀਨ ਮੇਵੜੇ ਕੋ ਹਰਖਾਇ। ਲਯੋ ਹੁਕਮ ਨਾਮਾ ਸੁਖ ਪਾਇ॥ ੧੦॥

ਭਾਈ ਮੰਝ ਨੇ ਇਹ ਸੁਣ ਕੇ ਉਸ ਤਰ੍ਹਾਂ ਹੀ ਕੀਤਾ, ਆਪਣੀ ਪਤਨੀ ਦੀ ਸੇਵਾ ਬਦਲੇ ਧਨ ਲੈ ਲਿਆ। ਹਲਕਾਰੇ ਨੂੰ ਪ੍ਰਸੰਨ ਹੋ ਕੇ ਦਿੱਤਾ ਅਤੇ ਹੁਕਮਨਾਮਾ ਲੈ ਕੇ ਬਹੁਤ ਸੁਖ ਪਾਇਆ ॥ ੧੦॥

ਪਢ੍ਯੋ ਸੁ 'ਗੁਰ ਨੇ ਨਿਕਟਿ ਹਕਾਰਾ'। ਸਰਬ ਸੁਨਾਇ ਆਪਨੀ ਦਾਰਾ।
'ਮੈਂ ਗੁਰ ਕੀ ਸੇਵਾ ਹਿਤ ਜਾਵੋਂ। ਪਾਸ ਰਹੌਂ ਸਭਿ ਰੀਤ ਰਿਝਾਵੋਂ॥ ੧੧॥

ਪੜ੍ਹਿਆ ਤਾਂ ਉਸ ਵਿਚ ਲਿਖਿਆ ਸੀ, "ਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਹੈ" ਉਸ ਨੇ 'ਸਾਰਾ ਹੁਕਮਨਾਮਾ ਆਪਣੀ ਪਤਨੀ ਨੂੰ ਸੁਣਾਇਆ, "ਮੈਂ ਗੁਰੂ ਜੀ ਦੀ ਸੇਵਾ ਵਾਸਤੇ ਜਾਵਾਂਗਾ, ਪਾਸ ਰਹਿ ਕੇ ਹਰ ਢੰਗ ਨਾਲ ਪ੍ਰਸੰਨ ਕਰਾਂਗਾ॥ ੧੧॥

ਹੋਹਿਂ ਕ੍ਰਿਪਾਲ ਨਿਹਾਲ ਕਰੈਹੈਂ। ਤਬਿ ਮੈਂ ਤੁਝ ਸੋਂ ਮੇਲ ਬਨੈ ਹੈਂ'।
ਯਹਿ ਮਸਲਤ ਕਰਿ ਬੇਚਯੋ ਘਾਸੁ। ਭੋਜਨ ਆਨਯੋ ਅਪਨ ਅਵਾਸ॥ ੧੨ ॥

ਕਿਰਪਾਲੂ ਹੋ ਕੇ ਨਿਹਾਲ ਕਰਨਗੇ, ਫੇਰ ਮੈਂ ਤੈਨੂੰ ਆ ਕੇ ਮਿਲ ਪਵਾਂਗਾ।" ਇਸ ਤਰ੍ਹਾਂ ਸਲਾਹ ਕਰਕੇ ਘਾਹ ਵੇਚਿਆ ਅਤੇ ਭੋਜਨ ਆਪਣੇ ਘਰ ਲਿਆਂਦਾ॥ ੧੨॥

ਕਰਯੋ ਮੇਵੜੇ ਤਬਹਿ ਅਹਾਰਾ। ਅਚਯੋ, ਸੁਪਤਿ ਭਾ ਨਿਸਾ ਮਝਾਰਾ।
ਉਠਿ ਪ੍ਰਭਾਤਿ ਤਿਸ ਕੇ ਸੰਗ ਚਾਲਾ। ਜਹਾਂ ਬਿਰਾਜਹਿਂ ਪ੍ਰਭੁ ਕ੍ਰਿਪਾਲਾ॥੧੩॥

ਹਲਕਾਰੇ ਨੇ ਫਿਰ ਭੋਜਨ ਛੱਕਿਆ। ਖਾਣਾ ਖਾ ਕੇ ਰਾਤ ਨੂੰ ਸੌਂ ਗਿਆ। ਸਵੇਰੇ ਉਠ ਕੇ ਭਾਈ ਮੰਝ ਹਲਕਾਰੇ ਦੇ ਨਾਲ ਹੀ ਚਲ ਪਿਆ ਜਿਥੇ ਪ੍ਰਭੂ ਕ੍ਰਿਪਾਲੂ ਬਿਰਾਜ ਰਹੇ ਸਨ॥ ੧੩॥

ਜਾਇ ਗੁਰੂ ਕੋ ਦਰਸੁ ਬਿਲੋਕਯੋ। ਉਮਗਯੋ ਪ੍ਰੇਮ ਕੰਠ ਜਿਨ ਰੋਕਯੋ।
ਸਤਿਗੁਰ ਨਿਜ ਰੁਖ਼ ਨਹੀਂ ਜਨਾਇਵ। ਔਰ ਸਾਥ ਕਹਿ ਸੇਵਾ ਲਾਇਵ॥੧੪॥

ਓਥੇ ਪਹੁੰਚ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਦਿਲ ਵਿਚ ਬਹੁਤ ਪ੍ਰੇਮ ਜਾਗਿਆ ਜਿਸ ਨੂੰ ਉਸ ਗਲ ਵਿਚ ਹੀ ਰੋਕ ਲਿਆ। ਸਤਿਗੁਰੂ ਜੀ ਨੇ ਆਪਣਾ ਰੁਖ਼ ਨਾ ਜਣਾਇਆ ਅਤੇ ਸਾਥ ਕਹਿ ਕੇ ਸੇਵਾ ਤੇ ਲਾ ਦਿੱਤਾ॥ ੧੪॥

ਦੇਗ ਹੇਤੁ ਸਮਧਾ ਨਿਤਿ ਲਯਾਵੈ। ਭਯੋ ਪ੍ਰਸੰਨ ਗੁਰੂ ਜਿਮ ਭਾਵੈ।
ਵਹਿਰ ਜਾਇ ਨਿਤ ਈਂਧਨ ਆਨੈ। ਸ਼ੁਸ਼ਕ ਭਾਰ ਭਾਰੀ ਤਿਸ ਥਾਨੈ॥ ੧੫॥

ਲੰਗਰ ਵਾਸਤੇ ਨਿਤ ਸਮੱਗਰੀ ਲਿਆਉਂਦਾ ਸੀ, ਜਿਵੇਂ ਗੁਰੂ ਜੀ ਨੂੰ ਭਾਉਂਦਾ ਸੀ, ਉਸ ਤਰ੍ਹਾਂ ਹੀ ਪ੍ਰਸੰਨ ਰਹਿੰਦਾ ਸੀ। ਬਾਹਰ ਜੰਗਲ ਵਿਚ ਜਾ ਕੇ ਲੱਕੜਾਂ ਲਿਆਉਂਦਾ ਸੀ, ਸੁੱਕੀਆਂ ਲੱਕੜਾ ਦੀ ਇਕ ਵੱਡੀ ਪੰਡ ਉਸ ਥਾਂ ਲਿਆਉਂਦਾ ਸੀ॥ ੧੫॥

Sri Satguru Jagjit Singh Ji eLlibrary NamdhariElibrary@gmail.com

ਗੁਰ ਲੰਗਰ ਮਹਿਂ ਦੇਵਹਿ ਆਨਿ। ਭੋਜਨ ਖਾਇ ਕਰਹਿ ਗੁਜ਼ਰਾਨ।
ਪ੍ਰੇਮ ਲਗਨ ਮਹਿਂ ਰਹੈ ਨਿਮਗਨ। ਰਿਦੈ ਬਿਕਾਰ ਕਰੇ ਸਭਿ ਭਗਨ॥ ੧੬॥

ਲੱਕੜਾਂ ਨੂੰ ਗੁਰੂ ਜੀ ਦੇ ਲੰਗਰ ਵਿਚ ਲਿਆ ਕੇ ਦਿੰਦਾ ਸੀ ਅਤੇ ਭੋਜਨ ਛੱਕ ਕੇ ਗੁਜ਼ਾਰਾ ਕਰਦਾ ਸੀ। ਪ੍ਰੇਮ ਦੀ ਲਗਨ ਵਿਚ ਸਦਾ ਸਨਿੰਮਰ ਰਹਿੰਦਾ ਸੀ, ਹਿਰਦੇ ਦੇ ਸਾਰੇ ਵਿਕਾਰਾਂ ਨੂੰ ਦੂਰ ਕਰ ਲਿਆ॥ ੧੬॥

ਕੇਤਿਕ ਦਯੋਸ ਬਿਤੀਤੇ ਜਬੈ। ਅੰਤਰਯਾਮੀ ਬੂਝਯੋ ਤਬੈ।
'ਮੰਞ ਸਿੱਖ ਇਸ ਥਲ ਜੋ ਆਵਾ। ਕਯਾ ਸੋ ਕਰਹਿ, ਕਹਾਂ ਸੋ ਖਾਵਾ ?' ॥੧੭॥

ਜਦ ਕਈ ਦਿਨ ਬੀਤ ਗਏ ਤਦ ਅੰਤਰਜਾਮੀ ਗੁਰੂ ਨੇ ਪੁਛਿਆ, "ਮੰਝ ਨਾਮੀ ਸਿੱਖ ਜਿਹੜਾ ਇਸ ਥਾਂ ਆਇਆ ਹੈ, ਉਹ ਕੀ ਕਰਦਾ ਹੈ ਅਤੇ ਕਿਥੋਂ ਖਾਂਦਾ ਹੈ ?" ॥ ੧੭॥

ਇਕ ਸਿਖ ਨੇ ਬਿਰਤੰਤੁ ਸੁਨਾਯੋ। 'ਜਬਿ ਕੋ ਇਹਾਂ ਸਿੱਖ ਸੋ ਆਯੋ।
ਈਂਧਨ ਕੋ ਸਕੇਲ ਬਹੁ ਲਯਾਵਹਿ। ਲੰਗਰ ਤੇ ਭੋਜਨ ਕੋ ਖਾਵਹਿ' ॥ ੧੮॥

ਇਕ ਸਿੱਖ ਨੇ ਬਿਰਤਾਂਤ ਸੁਣਾਇਆ, "ਜਦ ਦਾ ਉਹ ਸਿੱਖ ਏਥੇ ਆਇਆ ਹੈ, ਬਾਲਣ ਦੀਆਂ ਬਹੁਤ ਪੰਡਾਂ ਲਿਆਉਂਦਾ ਹੈ ਅਤੇ ਲੰਗਰ ਤੋਂ ਭੋਜਨ ਛਕਦਾ ਹੈ" ॥ ੧੮॥

ਭਯੋ ਹੁਕਮ 'ਸੇਵਾ ਮਹਿਂ ਖਾਮੀ। ਕਰਤਿ ਬਿਗਾਰਨ ਅਪਨੋ ਕਾਮੀ।
ਅਚਹਿ ਅਹਾਰ ਮਜੂਰੀ ਸਮ ਹੁਇ। ਤੁਰਤ ਰਿਦੈ ਕੀ ਮਲ ਕੋ ਨਹਿਂ ਖੁਇ ॥੧੯॥

ਗੁਰੂ ਜੀ ਨੇ ਹੁਕਮ ਕੀਤਾ, "ਉਸ ਦੀ ਸੇਵਾ ਵਿਚ ਕਚਿਆਈ ਹੈ, ਉਹ ਆਪਣਾ ਕੰਮ ਵਿਗਾੜ ਰਿਹਾ ਹੈ। ਭੋਜਨ ਛੱਕਣਾ ਮਜ਼ਦੂਰੀ ਦੇ ਬਰਾਬਰ ਹੈ। ਇਸ ਤਰ੍ਹਾਂ ਤੁਰੰਤ ਹਿਰਦੇ ਦੀ ਮੈਲ ਦੂਰ ਨਹੀਂ ਹੁੰਦੀ ਹੈ॥ ੧੯॥

ਕਹੂੰ ਅਪਰ ਤੇ ਭੋਜਨ ਖਾਇ। ਗੁਰ ਲੰਗਰ ਕੀ ਸੇਵ ਕਮਾਇ।
ਜਿਤੋ ਅਹਾਰ ਕਹੂੰ ਤੇ ਪਾਵਹਿ। ਦੇਹਿ ਅਪਰ ਕੋ ਲਘੁ ਨਿਜ ਖਾਵਹਿ' ॥੨੦॥

ਕਿਸੇ ਹੋਰ ਥਾਂ ਤੋਂ ਭੋਜਨ ਖਾਵੇ ਅਤੇ ਗੁਰੂ ਜੀ ਦੇ ਲੰਗਰ ਦੀ ਸੇਵਾ ਦੀ ਕਮਾਈ ਕਰੇ। ਜਿੰਨਾ ਵੀ ਆਹਾਰ ਕਿਸੇ ਥਾਂ ਤੋਂ ਪਾਵੇ, ਉਸ ਵਿਚੋਂ ਹੋਰਨਾਂ ਨੂੰ ਦੇ ਕੇ ਥੋੜ੍ਹਾ ਆਪ ਖਾਵੇ" ॥ ੨੦॥

ਸਿੱਖ ਨੇ ਤਿਸੇ ਹਟਾਯਹੁ ਤੈਸੇ। ਕਰਨ ਲਗਯੋ ਤਿਮਿ, ਕਹਿਂ ਗੁਰ ਜੈਸੇ।
ਸਿੱਖਜਨ ਤੇ ਜਾਚਹਿ ਅਰੁ ਖਾਇ। ਸਭਿ ਦਿਨ ਲੰਗਰ ਸੇਵ ਕਮਾਇ॥ ੨੧॥

ਸਿੱਖ ਨੇ ਭਾਈ ਮੰਝ ਪਾਸ ਜਾ ਕੇ ਉਸ ਨੂੰ ਲੰਗਰ ਤੋਂ ਭੋਜਨ ਛੱਕਣ ਤੋਂ ਹਟਾਇਆ। ਫਿਰ ਭਾਈ ਮੰਝ ਉਸ ਤਰ੍ਹਾਂ ਹੀ ਕਰਨ ਲੱਗਾ, ਜਿਵੇਂ ਗੁਰੂ ਜੀ ਨੇ ਕਿਹਾ ਸੀ। ਸਿੱਖਾਂ ਤੋਂ ਮੰਗ ਕੇ ਖਾਂਦਾ ਸੀ ਅਤੇ ਸਾਰਾ ਦਿਨ ਲੰਗਰ ਦੀ ਸੇਵਾ ਕਰਦਾ ਸੀ॥ ੨੧॥

ਅਲਪ ਅਹਾਰ ਖਾਇ, ਦੇ ਆਨ। ਮਨ ਅਪਨੇ ਦ੍ਰਿਢ ਨਿਸ਼ਚੈ ਠਾਨਿ।
ਭਯੋ ਸਰੀਰ ਸੁ ਦੁਰਬਲ ਛੀਨ। ਗੁਰ ਕੋ ਪ੍ਰੇਮ ਰਿਦੈ ਦ੍ਰਿਢ ਪੀਨ॥ ੨੨॥

ਦੂਸਰਿਆਂ ਨੂੰ ਦੇ ਕੇ ਥੋੜ੍ਹਾ ਭੋਜਨ ਛੱਕਦਾ ਸੀ, ਆਪਣੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਧਾਰਨ ਕਰ ਲਿਆ ਸੀ। ਫਿਰ ਸਰੀਰ ਬਹੁਤ ਦੁਰਬਲ ਹੋ ਗਿਆ, ਗੁਰੂ ਜੀ ਦੇ ਪ੍ਰੇਮ ਨੂੰ ਹਿਰਦੇ ਵਿਚ ਦ੍ਰਿੜ੍ਹ ਕਰ ਲਿਆ॥ ੨੨॥

Sri Satguru Jagjit Singh Ji eLlibrary NamdhariElibrary@gmail.com

ਇਕ ਦਿਨ ਸਤਿਗੁਰ ਨਿਕਟਿ ਬੁਲਾਵਾ। ਬਹੁ ਪ੍ਰਕਾਰ ਤੇ ਤਿਹ ਸਮਝਾਵਾ।
'ਤੈਂ ਅਪੁਨੀ ਸਭਿ ਵਸਤੁ ਗਵਾਈ। ਮਹਿਖੀ ਧੇਨ ਲੁਟੀ ਸਮੁਦਾਈ॥ ੨੩॥

ਇਕ ਦਿਨ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ, ਬਹੁਤ ਪ੍ਰਕਾਰ ਉਸ ਨੂੰ ਸਮਝਾਇਆ, "ਤੂੰ ਆਪਣੀ ਸਾਰੀ ਜਾਇਦਾਦ ਗਵਾ ਲਈ ਹੈ। ਮੱਝਾਂ ਗਾਈਆਂ ਸਭ ਲੁਟਾ ਦਿੱਤੀਆਂ ਹਨ॥ ੨੩॥

ਸਰਬ ਸ਼ਰੀਕਨਿ ਨਿੰਦ ਉਚਾਰੀ। 'ਇਨ ਸਰਵਰ ਕੀ ਮਨਤ ਬਿਸਾਰੀ।
ਢਾਹੁ ਮੁਕਾਮ ਕਾਮ ਕਿਯ ਬੁਰੋ। ਸੋ ਅਬਿ ਇਸ ਕੇ ਗਰ ਮਹਿਂ ਪਰੋ॥ ੨੪॥

ਸਾਰੇ ਸ਼ਰੀਕਾਂ ਨੇ ਤੇਰੀ ਨਿੰਦਿਆ ਕੀਤੀ ਹੈ ਅਤੇ ਕਹਿੰਦੇ ਹਨ ਇਸ ਸਖੀ-ਸਰਵਰ ਦੀ ਮੰਨਤਾ ਛੱਡ ਦਿੱਤੀ ਹੈ ਅਤੇ ਸਰਵਰ ਦੀ ਜਗ੍ਹਾ ਨੂੰ ਢਾਹ ਕੇ ਬੁਰਾ ਕੰਮ ਕੀਤਾ ਹੈ, ਉਹ ਹੁਣ ਇਸ ਦੇ ਗਲ ਪਵੇਗਾ॥੨੪॥

ਖੀਨ ਪਦਾਰਥ ਘਰ ਕੇ ਹੋਏ। ਦੁਖ ਪਾਯੋ ਘਰ ਊਜਰ ਜੋਏ'।
ਜਾਇ ਉਪਾਇ ਕਰੋ ਅਬਿ ਕੋਈ। ਕੈ ਨਿਜ ਪੀਰ ਮਾਨੀਏ ਸੋਈ'॥ ੨੫॥

ਘਰ ਦੇ ਸਾਰੇ ਪਦਾਰਥ ਨਸ਼ਟ ਹੋ ਗਏ, ਬੜਾ ਦੁੱਖ ਪਾਇਆ ਅਤੇ ਘਰ ਉਜੜ ਗਿਆ। ਹੁਣ ਵੀ ਜਾ ਕੇ ਕੋਈ ਉਪਾਅ ਕਰੋ, ਆਪਣੇ ਓਸੇ ਪੀਰ ਨੂੰ ਜਾ ਕੇ ਮੰਨੋ"॥ ੨੫॥

ਸੁਨਿ ਕੈ ਹਾਥ ਜੋਰਿ ਤਬਿ ਕਹਯੋ। 'ਸੱਤਜਨਾਮ ਧਨ ਮੈਂ ਸ਼ੁਭਿ ਲਹਯੋ।
ਹਾਕਮ ਲੇਇ ਨ ਚੋਰਯੋ ਜਾਇ। ਜਲ ਮਹਿਂ ਗਲੈ ਨ ਅਗਨਿ ਜਲਾਇ॥੨੬॥

ਭਾਈ ਮੰਝ ਨੇ ਗੁਰੂ ਜੀ ਦੇ ਬਚਨ ਸੁਣ ਕੇ ਕਿਹਾ, "ਸਤਿਨਾਮ ਰੂਪੀ ਸ਼ੁਭ ਧਨ ਮੈਂ ਪ੍ਰਾਪਤ ਕੀਤਾ ਹੈ, ਨਾ ਇਸ ਧਨ ਨੂੰ ਹਾਕਮ ਲੈ ਸਕਦੇ ਹਨ, ਅਤੇ ਨਾ ਹੀ ਇਹ ਚੋਰੀ ਹੋ ਸਕਦਾ ਹੈ, ਨਾ ਇਹ ਜਲ ਵਿਚ ਗਲੇਗਾ ਅਤੇ ਨਾ ਹੀ ਅੱਗ ਨਾਲ ਸੜੇਗਾ॥੨੬॥

ਬੰਟੇ ਬਹੁਤ ਨਿਖੁਟਹਿ ਨਾਂਹੀ। ਕਰਹਿ ਸਹਾਇ ਮਰਣਿ ਦੁਖ ਮਾਂਹੀ।
ਸੋ ਮੈਂ ਨਿਸ ਦਿਨ ਰਿਦੈ ਸੰਭਾਰਯੋ। ਪਛੁਤਾਵਹੁਂ, ਬਯ ਬਹੁਤ ਬਿਸਾਰਯੋ॥੨੭॥

ਇਹ ਧਨ ਕਿੰਨਾ ਵੀ ਵੰਡੀਏ ਇਹ ਘਟਦਾ ਨਹੀਂ ਅਤੇ ਨਾ ਹੀ ਮੁੱਕਦਾ ਹੈ। ਮਰਨ ਦੇ ਦੁੱਖ ਸਮੇਂ ਸਹਾਇਤਾ ਕਰਦਾ ਹੈ। ਉਸ ਨੂੰ ਦਿਨ-ਰਾਤ ਹਿਰਦੇ ਵਿਚ ਸੰਭਾਲਿਆ ਹੋਇਆ ਹੈ। ਮੈਂ ਪਛਤਾਉਂਦਾ ਹਾਂ ਕਿ ਮੈਂ ਇਸ ਸੱਚੇ ਨਾਮ ਨੂੰ ਭੁਲਾਈ ਰੱਖਿਆ ਹੈ"॥ ੨੭॥

ਇਮੁ ਕਹਿ ਬੰਦਨ ਕਰਿ ਤਬਿ ਗਯੋ। ਸੇਵਾ ਬਿਖੈ ਜਾਇ ਮਨ ਦਯੋ।
ਕਾਸ਼ਟ ਸ਼ੁਸ਼ਕ ਭਾਰ ਕੋ ਲਜਾਵੈ। ਸਭਿ ਲੰਗਰ ਕੀ ਕਾਰ ਚਲਾਵੈ॥ ੨੮॥

ਇਸ ਤਰ੍ਹਾਂ ਕਹਿ ਕੇ ਬੰਦਨਾ ਕਰਕੇ ਚਲਾ ਗਿਆ, ਸੇਵਾ ਵਿਚ ਜਾ ਕੇ ਮਨ ਲਾ ਲਿਆ। ਸੁੱਕੀਆਂ ਲੱਕੜਾਂ ਦੀਆਂ ਪੰਡਾਂ ਲਿਆਉਂਦਾ ਸੀ ਅਤੇ ਸਾਰੇ ਲੰਗਰ ਦੀ ਕਾਰ ਚਲਾਉਂਦਾ ਸੀ॥ ੨੮॥

ਇਕ ਦਿਨ ਵਹਿਰ ਗਯੋ ਹਿਤ ਦਾਰ। ਬੀਨਿ ਬੀਨਿ ਕਰਿ ਬੰਧਯੋ ਭਾਰ।
ਨਹਿਂ ਪਹੁੰਚਯੋ ਉਠਵਾਵਨ ਵਾਰੋ। ਘਟੀ ਚਾਰ ਵਧਿ ਲਗੀ ਅਵਾਰੋ॥ ੨੯॥

ਇਕ ਦਿਨ ਬਾਹਰ ਲੱਕੜੀਆਂ ਲੈਣ ਵਾਸਤੇ ਗਿਆ, ਚੁਣ ਚੁਣ ਕੇ ਲੱਕੜਾਂ ਦੀ ਇਕ ਪੰਡ ਬੰਨ੍ਹ ਲਈ। ਕੋਈ ਚੁਕਵਾਉਣ ਵਾਲਾ ਨਾ ਮਿਲਿਆ, ਇਸ ਲਈ ਚਾਰ ਘੜੀਆਂ ਦੀ ਦੇਰੀ ਹੋ ਗਈ॥ ੨੯॥

Sri Satguru Jagjit Singh Ji eLlibrary NamdhariElibrary@gmail.com

ਧਰਿ ਸਿਰ ਪਰ ਜਬਿ ਪੁਰਿ ਕੋ ਗਮਨਾ। ਉਠੀ ਅੰਧੇਰੀ ਭੀਖਨ ਪਵਨਾ।
ਕੰਕਰ ਸਿਕਤਾ ਖੈਂਚਤਿ ਬਹਜੋ। ਅੰਧਕਾਰ ਕਛੁ ਜਾਇ ਨ ਲਹਜੋ॥ ੩੦॥

ਸਿਰ ਉਤੇ ਪੰਡ ਧਰ ਕੇ ਜਦ ਨਗਰ ਵਲ ਚਲਿਆ ਤਾਂ ਬਹੁਤ ਤੇਜ ਹਨੇਰੀ ਉਠੀ। ਘੱਟੇ, ਮਿੱਟੀ ਅਤੇ ਕੰਕਰਾਂ ਨੂੰ ਖਿੱਚ ਕੇ ਉਡਾ ਰਹੀ ਸੀ, ਸਾਰੇ ਹਨੇਰ ਹੀ ਹਨੇਰ ਛਾ ਗਿਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੩੦॥

ਸਨਮੁਖ ਪੌਨ ਹਟਾਇ ਪਿਛਾਰੀ। ਭਾਰ ਸਮ੍ਹਾਰਤਿ ਗਮਹਿ ਅਗਾਰੀ।
ਉਠੀ ਧੂਰ ਆਂਖਨ ਮਹਿਂ ਛਾਈ। ਚਲਤਜੋ ਨਹਿਂ ਕਛੁ ਪਰਹਿ ਦਿਸਾਈ॥੩੧॥

ਹਵਾ ਸਾਹਮਣੇ ਦੀ ਵਗਦੀ ਸੀ, ਇਸ ਲਈ ਉਸ ਨੂੰ ਪਿਛੇ ਧੱਕੀ ਜਾਂਦੀ ਸੀ। ਭਾਰ ਨੂੰ ਸੰਭਾਲ ਕੇ ਅੱਗੇ ਚਲਦਾ ਸੀ। ਧੂੜ ਉੱਡ ਕੇ ਅੱਖਾਂ ਵਿਚ ਪੈ ਗਈ ਸੀ, ਚਲਦਿਆਂ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ॥ ੩੧॥

ਪਾਇ ਪੰਥ ਪਾਵਹਿ ਖਿਬਿ ਜਾਹਿ। ਚਲਜੋ ਆਇ ਬਡ ਸੰਕਟ ਮਾਂਹਿ।
ਹੁਤੋ ਕੂਪ ਥੋਰੋ ਜਹਿਂ ਪਾਨੀ। ਭਯੋ ਤਿਮਰ ਕੁਛਿ ਪਰਹਿ ਨ ਜਾਨੀ॥ ੩੨॥

ਰਸਤੇ ਵਿਚ ਪੈਰ ਧਰਦਾ ਸੀ ਤਾਂ ਉਹ ਖਿੜਕ ਜਾਂਦਾ ਸੀ, ਬੜੀ ਮੁਸ਼ਕਲ ਨਾਲ ਚਲਿਆ ਆਉਂਦਾ ਸੀ। ਰਾਹ ਵਿਚ ਇਕ ਖੂਹ ਸੀ, ਜਿਸ ਵਿਚ ਥੋੜ੍ਹਾ ਜੇਹਾ ਪਾਣੀ ਸੀ। ਹਨੇਰਾ ਹੋ ਗਿਆ ਸੀ ਅਤੇ ਕੁਝ ਵੀ ਪਤਾ ਨਹੀਂ ਸੀ ਲਗਦਾ॥ ੩੨॥

ਗਿਰਜੋ ਮੰਦ ਤਿਸ ਕੇ ਬਿਚੁ ਜਾਇ। ਸਿਰ ਪਰ ਸ਼ੁਸ਼ਕ ਕਾਠ ਸਮੁਦਾਇ।
ਭਾਰ ਸੰਭਾਰਜੋ ਸਿਰ ਪਰ ਰਖਜੋ। 'ਭੀਜ ਨ ਜਾਇ ਨੀਰ ਤੇ' ਲਖਜੋ॥ ੩੩॥

ਆਉਂਦਾ ਹੋਇਆ ਭਾਈ ਮੰਝ ਉਸ ਖੂਹ ਵਿਚ ਡਿੱਗ ਪਿਆ, ਸਿਰ ਉਤੇ ਸੁੱਕੀਆਂ ਲੱਕੜਾਂ ਦੀ ਪੰਡ ਸੀ। ਉਸ ਪੰਡ ਨੂੰ ਸੰਭਾਲ ਕੇ ਸਿਰ ਉਤੇ ਹੀ ਰਖਿਆ, ਉਸ ਸਮਝਿਆ ਕਿ ਸੁੱਕੀਆਂ ਲੱਕੜਾਂ ਕਿਤੇ ਪਾਣੀ ਨਾਲ ਭਿੱਜ ਹੀ ਨਾ ਜਾਣ॥ ੩੩॥

'ਅਟਕਹਿ ਲੰਗਰ ਈਂਧਨ ਬਿਨਾਂ। ਮੋਕਹੁ ਦੋਸ਼ ਹੋਇ ਹੈ ਘਨਾ'।
ਖਰੋ ਕੂਪ ਮਹਿਂ ਬਾਰਿ ਮਝਾਰ। 'ਸਿਮਰਹਿ ਕਿਮ ਹੁਇ ਗੁਰੁਨਿ ਅਹਾਰ ?' ॥੩੪॥

"ਬਾਲਣ ਤੋਂ ਬਗੈਰ ਭੋਜਨ ਪਕਾਉਣ ਵਿਚ ਰੁਕਾਵਟ ਆਵੇਗੀ ਤਾਂ ਮੈਨੂੰ ਹੀ ਵੱਡਾ ਪਾਪ ਲਗੇਗਾ। ਖੂਹ ਦੇ ਪਾਣੀ ਵਿਚ ਖੜਾ ਰਿਹਾ। ਇਹੋ ਯਾਦ ਕਰ ਰਿਹਾ ਸੀ ਕਿ ਗੁਰੂ ਜੀ ਦਾ ਭੋਜਨ ਕਿਵੇਂ ਤਿਆਰ ਹੋਵੇਗਾ ?" ॥ ੩੪॥

ਪ੍ਰੇਮ ਰੰਗ ਇਕ ਘੂਮਤਿ ਗੁਰਕੇ। ਲੋਕ ਲਾਜ ਕੁਲ ਕਾਨ ਨਿਵਰਿਕੇ।
ਧਨੁ ਤ੍ਰਿਯ ਤਨੁਜਾ ਸੁਤ ਕੋ ਤਜਾਗ। ਰਾਖਜੋ ਦ੍ਰਿੜ੍ਹ ਕਰਿ ਗੁਰ ਅਨੁਰਾਗ॥੩੫॥

ਉਸ ਦੇ ਪ੍ਰੇਮ ਦਾ ਰੰਗ ਇਕ ਗੁਰੂ ਜੀ ਦੇ ਦੁਆਲੇ ਹੀ ਘੁੰਮ ਰਿਹਾ ਸੀ। ਲੋਕ-ਲਾਜ ਅਤੇ ਕੁਲ ਦੀ ਸ਼ਾਨ ਵਿਸਾਰ ਕੇ, ਧਨ, ਇਸਤਰੀ, ਪੁੱਤਰੀ ਅਤੇ ਪੁੱਤਾਂ ਨੂੰ ਛੱਡ ਕੇ, ਕੇਵਲ ਇਕ ਗੁਰੂ ਜੀ ਦਾ ਪਿਆਰ ਹੀ ਦ੍ਰਿੜ੍ਹ ਕਰ ਰਖਿਆ॥ ੩੫॥

ਭੋਜਨ ਅਲਪ, ਅੰਗ ਦੁਰਬਲ ਹੈਂ। ਗੁਰ ਪਗ ਪ੍ਰੇਮ ਧਰਜੋ ਬਡ ਬਲ ਹੈ।
ਕਰੀ ਪ੍ਰੇਮ ਨੇ ਖੈਂਚ ਬਿਸਾਲ। ਰਹਜੋ ਨ ਗਯੋ ਗੁਰੂ ਤਤਕਾਲ॥ ੩੬॥

ਥੋੜਾ ਭੋਜਨ ਖਾਂਦਾ, ਇਸ ਕਰਕੇ ਸਰੀਰ ਕਮਜ਼ੋਰ ਹੋ ਗਿਆ ਸੀ, ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਦਾ ਵੱਡਾ ਬਲ ਧਾਰਿਆ ਸੀ, ਪ੍ਰੇਮ ਨੇ ਵਿਸ਼ਾਲ ਖਿੱਚ ਕੀਤੀ, ਗੁਰੂ ਜੀ ਪਾਸੋਂ ਤੁਰੰਤ ਰਿਹਾ ਨਾ ਗਿਆ॥ ੩੬॥

ਸੰਕਟ ਜਾਨਿ ਸਿੱਖ ਕਹੁ ਹੋਵਾ। 'ਕੂਪ ਬਾਰ ਸਿਰ ਭਾਰ ਖਰੋਵਾ।
ਬੀਤਹਿ ਇਸਹਿ ਜਾਮਨੀ ਸਾਰੀ। ਖਰੋ ਰਹੇ ਨਹਿਂ ਭਾਰ ਉਤਾਰੀ' ॥ ੩੭॥

ਉਨ੍ਹਾਂ ਇਹ ਜਾਣ ਲਿਆਂ ਕਿ ਸਿੱਖ ਬੜੇ ਸੰਕਟ ਵਿਚ ਫਸਿਆ ਹੈ, ਖੂਹ ਦੇ ਪਾਣੀ ਵਿਚ ਸਿਰ ਤੇ ਭਾਰ ਚੁੱਕ ਕੇ ਖਲੋਤਾ ਹੈ। ਇਸ ਤਰਾਂ ਖਲੋਤਿਆਂ ਹੀ ਸਾਰੀ ਰਾਤ ਬੀਤ ਗਈ, ਖਲੋਤਾ ਰਿਹਾ, ਪਰ ਪੰਡ ਨੂੰ ਥੱਲੇ ਨਾ ਸੁੱਟਿਆ॥ ੩੭॥

ਉਠੇ ਕ੍ਰਿਪਾਨਿਧਿ ਗਮਨੇ ਐਸੇ। ਕੁੰਚਰ ਕੇ ਮੋਚਨ ਹਿਤ ਜੈਸੇ।
ਨੰਗੇ ਪਾਇ ਉਤਾਇਲ ਡਾਲਤਿ। ਹਰਬਰਾਇ ਨਹਿਂ ਵਸਤ੍ਰ ਸੰਭਾਲਤਿ ॥੩੮॥

ਕਿਰਪਾ ਨਿਧਾਨ ਗੁਰੂ ਜੀ ਉਠੇ ਅਤੇ ਇਸ ਤਰ੍ਹਾਂ ਚਲ ਪਏ ਜਿਵੇਂ ਵਾਹਿਗੁਰੂ ਹਾਥੀ ਦੇ ਦੁੱਖ ਨੂੰ ਦੂਰ ਕਰਨ ਚਲੇ ਹੋਣ। ਨੰਗੇ ਪੈਰੀਂ ਹੀ ਛੇਤੀ-ਛੇਤੀ ਜਾ ਰਹੇ ਸਨ, ਕਾਹਲੀ ਨਾਲ ਆਪਣੇ ਕਪੜੇ ਵੀ ਨਹੀਂ ਸੰਭਾਲ ਰਹੇ ਸਨ॥ ੩੮॥

ਨੋਟ:-ਇਕ ਗੰਧਰਵ ਕੇਵਲ ਰਿਖੀ ਦੇ ਸ੍ਰਾਪ ਨਾਲ ਹਾਥੀ ਬਣ ਗਿਆ ਸੀ, ਇਸ ਨੂੰ ਵਰੁਣ ਦੇ ਸਰੋਵਰ ਵਿਚ ਤੰਦੂਏ ਨੇ ਫੜ ਲਿਆ ਸੀ, ਜਦ ਨਿਰਬਲ ਹੋ ਕੇ ਡੁਬਣ ਲੱਗਾ ਤਦ ਵਾਹਿਗੁਰੂ ਅੱਗੇ ਅਰਦਾਸ ਕੀਤੀ। ਜਿਸ ਕਾਰਨ ਵਾਹਿਗੁਰੂ ਨੇ ਆਪ ਜਾ ਕੇ ਹਾਥੀ ਦਾ ਛੁਟਕਾਰਾ ਕੀਤਾ॥ ੩੮॥

ਦਾਸ ਉਪਾਨੈ ਲੈ ਕਰਿ ਧਾਏ। ਕੇਤਿਕ ਧਾਇ ਮਿਲੇ ਸੰਗ ਆਏ।
'ਦਾਮਨਿ ਆਨਹੁ' ਹੁਕਮ ਕਰੰਤੇ। ਤਹਿਂ ਸਤਿਗੁਰ ਪਹੁਚੇ ਉਤਲੰਤੇ॥ ੩੯॥

ਸੇਵਕ ਜੋੜੇ ਲੈ ਕੇ ਮਗਰ ਭੱਜੇ, ਕਈ ਗੁਰੂ ਜੀ ਨਾਲ ਮਿਲ ਕੇ ਆਏ। ਗੁਰੂ ਜੀ ਨੇ ਹੁਕਮ ਕੀਤਾ, "ਰੱਸੇ ਲਿਆਵੋ," ਛੇਤੀ ਹੀ ਸਤਿਗੁਰੂ ਜੀ ਓਥੇ ਪਹੁੰਚ ਗਏ॥ ੩੯॥

ਹੁਤੋ ਸਮੀਪ ਪਹੂੰਚੇ ਜਾਇ। ਧਾਇ ਧਾਇ ਸਿਖ ਆਨਿ ਮਿਲਾਇ।
ਕੂਪ ਤੀਰ ਥਿਤ ਹੋਇ ਉਚਾਰਾ। 'ਕੌਨ ਅਹੈਂ ਤੂੰ ਕਸ਼ਟ ਮਝਾਰਾ ?॥ ੪੦॥

ਨੇੜੇ ਹੀ ਓਥੇ ਪਹੁੰਚ ਗਏ, ਭੱਜ-ਭੱਜ ਕੇ ਸਿੱਖ ਆ ਮਿਲੇ, ਖੂਹ ਦੇ ਲਾਗੇ ਖੜੇ ਹੋ ਕੇ ਕਿਹਾ, "ਕੌਣ ਹੈਂ ਤੂੰ ਜਿਹੜਾ ਏਡੇ ਕਸ਼ਟ ਵਿਚ ਫਸਿਆ ਹੈਂ ?॥ ੪੦॥

ਕਾਸ਼ਟ ਭਾਰੁ ਸੀਸ ਪਰ ਧਰਜੋ। ਕਜੋਂ ਨਹਿਂ ਗੇਰਤਿ ਜਲ ਮਹਿਂ ਖਰਜੋ ?'।
ਕਹਜੋ 'ਮੰਝ ਹੈ ਮੇਰੋ ਨਾਮੂ। ਸੇਵਕ ਸ਼੍ਰੀ ਸਤਿਗੁਰ ਕੇ ਧਾਮਾ'॥ ੪੧॥

ਲੱਕੜਾਂ ਦਾ ਭਾਰ ਸਿਰ ਉਤੇ ਹੀ ਰਖਿਆ ਹੈ, ਇਸ ਨੂੰ ਜਲ ਵਿਚ ਸੁੱਟ ਕੇ ਕਿਉਂ ਨਹੀਂ ਖਲੋਤਾ ?" ਭਾਈ ਮੰਝ ਨੇ ਕਿਹਾ, "ਮੇਰਾ ਨਾਂ ਮੰਝ ਹੈ, ਮੈਂ ਸਤਿਗੁਰੂ ਦੇ ਘਰ ਸੇਵਾ ਕਰਦਾ ਹਾਂ"॥ ੪੧॥

ਇਤਨੇ ਮਹਿਂ ਰੱਜੂ ਨਰ ਲਜਾਏ। ਗੁਰ ਹਿਤ ਅਸੁਵਾਰੀ ਲੈ ਆਏ।
ਜ਼ੀਨ ਤੁਰੰਗ ਪਾਇ ਕਰਿ ਤੂਰਨ। ਸਿਵਕਾ ਲਜਾਏ ਜਹਿਂ ਗੁਰ ਪੂਰਨ॥ ੪੨॥

ਏਨੀ ਦੇਰ ਵਿਚ ਮਨੁੱਖ ਰੱਸੇ ਲੈ ਕੇ ਆ ਗਏ, ਗੁਰੂ ਜੀ ਵਾਸਤੇ ਉਹ ਸਵਾਰੀ ਲੈ ਆਏ, ਘੋੜੇ ਉਤੇ ਝੱਟ ਕਾਠੀ ਪਾ ਕੇ ਓਥੇ ਪਾਲਕੀ ਲੈ ਆਏ, ਜਿਥੇ ਪੂਰਨ ਗੁਰੂ ਜੀ ਖੜੇ ਸਨ॥ ੪੨॥

ਦਾਮਨਿ ਕੂਪ ਬਿਖੈ ਲਟਕਾਈ। ਕਹਜੋ ਕਿ 'ਗਹਿ ਆਵਹੁ ਉਪਰਾਈ'।
'ਪੂਰਬ ਭਾਰ ਨਿਕਾਸਨ ਕਰੋ। ਰਹੈਂ ਸ਼ੁਸ਼ਕ ਨਹਿਂ ਜੇ ਅਬਿ ਧਰੋਂ॥ ੪੩॥

ਰੱਸੇ ਨੂੰ ਖੂਹ ਦੇ ਵਿਚ ਲਟਕਾਇਆ ਅਤੇ ਮੰਝ ਨੂੰ ਕਿਹਾ, "ਇਸ ਨੂੰ ਫੜ ਕੇ ਉਤੇ ਆ ਜਾਵੋ" ਪਰ ਭਾਈ ਮੰਝ ਨੇ ਕਿਹਾ, "ਪਹਿਲਾਂ ਲੱਕੜੀਆਂ ਬਾਹਰ ਕੱਢੋ ਤਾਂਕਿ ਇਹ ਖੁਸ਼ਕ ਹੀ ਰਹਿਣ, ਇਨ੍ਹਾਂ ਨੂੰ ਹੁਣ ਥੱਲੇ ਨਹੀਂ ਰੱਖਾਂਗਾ॥ ੪੩॥

ਪੁਨ ਪੀਛੇ ਮੁਝ ਲੇਹੁ ਨਿਕਾਸਿ। ਲੇ ਈਂਧਨ ਚਲਿਹੌਂ ਗੁਰ ਪਾਸ'।
ਰੱਜੂ ਸੰਗਿ ਬੰਧਿ ਕਰਿ ਭਾਰਾ। ਖੈਂਚ ਵਹਿਰ ਕੋ ਨਰਨਿ ਨਿਕਾਰਾ॥ ੪੪॥

ਫਿਰ ਬਾਅਦ ਵਿਚ ਮੈਨੂੰ ਕੱਢ ਲੈਣਾ, ਬਾਲਣ ਲੈ ਕੇ ਗੁਰੂ ਜੀ ਦੇ ਪਾਸ ਜਾਵਾਂਗਾ" ਰੱਸੇ ਨਾਲ ਭਾਰ ਨੂੰ ਬੰਨ੍ਹ ਕੇ ਆਦਮੀਆਂ ਨੇ ਖਿੱਚ ਕੇ ਬਾਹਰ ਕੱਢ ਲਿਆ॥ ੪੪॥

Sri Satguru Jagjit Singh Ji eLlibrary NamdhariElibrary@gmail.com

ਪੀਛੇ ਤੇ ਦਾਮਨਿ ਗਹਿ ਹਾਥ। ਨਿਕਸਜੋ ਤਜਾਗ ਕੂਪ, ਬਲ ਸਾਥ।
ਸ੍ਰੀ ਅਰਜਨ ਠਾਂਢੇ ਢਿਗ ਦੇਖਿ। ਪਾਇਨ ਪਰਜੋ ਸੁ ਪ੍ਰੇਮ ਵਿਸ਼ੇਖ॥ ੪੫ ॥

ਬਾਅਦ ਵਿਚ ਰੱਸੇ ਨੂੰ ਹੱਥ ਨਾਲ ਫੜ ਕੇ, ਬੜੇ ਜ਼ੋਰ ਨਾਲ ਖੂਹ ਦੇ ਵਿਚੋਂ ਬਾਹਰ ਨਿਕਲਿਆ। ਸ੍ਰੀ ਅਰਜਨ ਦੇਵ ਜੀ ਨੂੰ ਖੜੇ ਵੇਖ ਕੇ ਬਹੁਤ ਪ੍ਰੇਮ ਨਾਲ ਉਨ੍ਹਾਂ ਦੇ ਚਰਨਾਂ ਤੇ ਢਹਿ ਪ੍ਰਿਆ॥ ੪੫॥

'ਇਹੁ ਕੁਛ ਨਈ ਨ ਰਾਵਰਿ ਬਾਤ। ਸਿੱਖਨ ਕੇ ਸਹਾਇ ਦਿਨ ਰਾਤਿ।
ਗਜ ਕੌ ਕਸ਼ਟ ਭਯੋ ਜਬ ਭਾਰੀ। ਕੁਸਮ ਅਰਪ ਕਰਿ ਕਰੀ ਗੁਹਾਰੀ॥ ੪੬ ॥

"ਇਹ ਕੋਈ ਆਪ ਜੀ ਦੀ ਨਵੀਂ ਗੱਲ ਨਹੀਂ, ਤੁਸੀਂ ਸਿੱਖਾਂ ਦੀ ਦਿਨ-ਰਾਤ ਸਹਾਇਤਾ ਕਰਦੇ ਹੋ। ਜਦ ਹਾਥੀ ਨੂੰ ਭਾਰੀ ਕਸ਼ਟ ਹੋਇਆ ਤਾਂ ਉਸ ਨੇ ਫੁੱਲ ਅਰਪਣ ਕਰਕੇ ਪੁਕਾਰ ਕੀਤੀ॥ ੪੬॥

ਲਛਮੀ ਚਰਨਪਾਦਕਾ ਛੋਰਿ। ਤਜਿ ਖਗਪਤਿ ਧਾਏ ਗਜ ਓਰ।
ਲੀਨ ਬਚਾਇ ਡੂਬਤੇ ਜਲ ਤੇ। ਬਿਰਦ ਸੰਭਾਰਿ ਸਹਾਇਕ ਬਲ ਤੇ॥ ੪੭ ॥

ਲੱਛਮੀ, ਪਉੜੇ (ਜੁੱਤੀ) ਅਤੇ ਗਰੁੜ ਨੂੰ ਛੱਡ ਕੇ ਓਸੇ ਵੇਲੇ ਹਾਥੀ ਵਲ ਦੌੜ ਪਏ। ਹਾਥੀ ਨੂੰ ਜਲ ਵਿਚ ਡੁੱਬਦੇ ਨੂੰ ਬਚਾ ਲਿਆ, ਇਹ ਗੱਲ ਯਾਦ ਕਰਕੇ ਕਿ ਤੁਹਾਡਾ ਬਿਰਦ ਭਗਤ ਵਛਲ ਹੈ॥ ੪੭॥

ਨਹਿੰ ਸੇਵਕ ਦੁਖ ਸਕਹੁ ਸਹਾਰੀ। ਸ਼ਕਤਿ ਹੀਨ ਹ੍ਵੈ ਸ਼ਰਨਿ ਤੁਮਾਰੀ।
ਲਾਜ ਦ੍ਰੋਪਤੀ ਕੀ ਰਖਿ ਲੀਨਸਿ। ਅੰਬਰੀਕ ਕੌ ਨਿਰਭੈ ਦੀਨਸਿ॥ ੪੮ ॥

ਤੁਸੀਂ ਆਪਣੇ ਸੇਵਕਾਂ ਦਾ ਦੁੱਖ ਸਹਾਰ ਨਹੀਂ ਸਕਦੇ, ਸ਼ਕਤੀਹੀਣ ਹੋ ਕੇ ਮੈਂ ਤੁਹਾਡੀ ਸ਼ਰਨ ਆਇਆ ਹਾਂ। ਤੁਸੀਂ ਦ੍ਰੋਪਤੀ ਦੀ ਲਾਜ ਰੱਖ ਲਈ ਸੀ। ਅੰਬਰੀਕ ਦੀ ਸਹਾਇਤਾ ਕਰਕੇ ਉਸਨੂੰ ਨਿਰਭੈ ਕਰ ਦਿੱਤਾ ਸੀ॥ ੪੮॥

ਗੁਨ ਰਾਵਰ ਕੇ ਕੌਨ ਗਿਨਾਵੈ। ਜਿਨ ਕੌ ਸ਼ੇਸ਼ ਸਾਰਦਾ ਗਾਵੈਂ।
'ਮਾਂਗ ਮਾਂਗ ਭੋ ਮੰਝ! ਸੁਜਾਨਾ!। ਹਮ ਪ੍ਰਸੰਨ ਲਿਹੁ ਬਾਂਛਤਿ ਦਾਨਾ॥ ੪੯ ॥

ਆਪ ਜੀ ਦੇ ਗੁਣ ਕੌਣ ਗਿਣਾਵੇ, ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸ਼ਾਰਦਾ ਗਾਇਣ ਕਰਦੀ ਹੈ।" ਗੁਰੂ ਜੀ ਨੇ ਕਿਹਾ, "ਹੇ ਚਤੁਰ ਮੰਝ, ਮੰਗੋ ਜੋ ਕੁਝ ਮੰਗਣਾ ਹੈ, ਅਸੀਂ ਬਹੁਤ ਪ੍ਰਸੰਨ ਹੋਏ ਹਾਂ, ਮੂੰਹ-ਮੰਗੀ ਮੁਰਾਦ ਦੇਵਾਂਗੇ॥ ੪੯॥

ਘਾਲ ਪਰੀ ਸਭਿ ਤੇਰੀ ਥਾਇਂ। ਜਗਤ ਕਲੇਸ਼ ਛੁਟੇ ਸਮੁਦਾਇ'।
ਬੋਲਜੋ ਮੰਝ ਕਰੀ ਅਰਦਾਸ। 'ਇਹੀ ਮਾਂਗਹੌਂ ਰਾਵਰਿ ਪਾਸਿ॥ ੫੦ ॥

ਤੇਰੀ ਘਾਲ ਕਮਾਈ ਸਫਲ ਹੋ ਗਈ ਹੈ, ਜਗਤ ਦੇ ਸਾਰੇ ਕਲੇਸ਼ ਖਤਮ ਹੋ ਗਏ ਹਨ।" ਮੰਝ ਪ੍ਰਾਰਥਨਾ ਕਰਕੇ ਬੋਲਿਆ, "ਮੈਂ ਇਹੀ ਆਪ ਜੀ ਪਾਸੋਂ ਮੰਗਦਾ ਹਾਂ॥ ੫੦॥

ਸਭਿ ਤੇ ਰਹੌਂ ਅਜਾਚੀ ਜੈਸੇ। ਸੱਤਜਨਾਮ ਬਿਨੁ ਚਹੌਂ ਨ ਕੈਸੇ।
ਤੁਮਰੇ ਪਦ ਅਰਬਿੰਦ ਮਨਿੰਦ। ਮਮ ਮਾਨਸ ਮਹਿਂ ਦਿਪਹੁ ਮੁਕੰਦ'॥ ੫੧ ॥

ਜਿਸ ਤਰ੍ਹਾਂ ਸਭ ਤੋਂ ਬੇਮੁਹਤਾਜ ਰਹਾਂ, ਸਤਿਨਾਮ ਤੋਂ ਬਗੈਰ ਹੋਰ ਕਿਸੇ ਵਸਤੂ ਨੂੰ ਕਿਵੇਂ ਚਾਹ ਸਕਦਾ ਹਾਂ। ਤੁਹਾਡੇ ਚਰਨ ਕੰਵਲ ਵਰਗੇ ਹਨ, ਹੇ ਮੁਕਤੀਦਾਤੇ ਮੇਰੇ ਵਿਚ ਇਨ੍ਹਾਂ ਦਾ ਪ੍ਰਕਾਸ਼ ਕਰੋ"॥ ੫੧॥

ਸ੍ਰੀ ਅਰਜਨ ਸੁਨਿ ਪੁਨਹਿ ਬਖਾਨਾ। 'ਅਪਰ ਮਾਂਗਿ ਭੋ ਸਿੱਖ ਮਹਾਂਨਾ!'।
'ਗੁਰ ਜੀ ਦਾਸਨ ਪਰ ਅਸ ਭੀਰ। ਸਭਿ ਨ ਸਕਹਿਂ ਸਹਿ ਹੋਇਂ ਅਧੀਰ'॥੫੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਫਿਰ ਕਿਹਾ, "ਹੇ ਮਹਾਨ ਸਿੱਖ! ਕੁਝ ਹੋਰ ਮੰਗੋ"। ਭਾਈ ਮੰਝ ਨੇ ਕਿਹਾ, "ਗੁਰੂ ਜੀ ਦੇ ਸੇਵਕਾਂ ਤੇ ਐਸੀ ਮੁਸ਼ਕਲ ਆਈ ਹੈ, ਸਾਰੇ ਸਹਿ ਨਹੀਂ ਸਕਦੇ, ਧੀਰਜ-ਰਹਿਤ ਹੋ ਜਾਂਦੇ ਹਨ"॥ ੫੨॥

'ਸੁਨਹੁ ਮੰਝ ! ਕੰਚਨ ਮਲ ਮਿਲਿਯੋ। ਘਟਹਿ ਸੁ ਜਯੋਂ ਜਯੋਂ ਅਗਨੀ ਢਲਿਯੋ।
ਤਾਉ ਕਸੌਟੀ ਤੇ ਸੁਧਿ ਹੋਇ। ਕੋਸ਼ ਬਿਖੈ ਲੇ ਪੱਯਤਿ ਸੋਇ॥ ੫੩॥

"ਹੇ ਮੰਝ ! ਸੁਣੋ, ਸੋਨੇ ਦੇ ਨਾਲ ਮੈਲ ਮਿਲੀ ਹੁੰਦੀ ਹੈ, ਜਿਵੇਂ-ਜਿਵੇਂ ਸੋਨੇ ਨੂੰ ਅੱਗ ਵਿਚ ਢਾਲਦੇ ਹਾਂ, ਤਿਵੇਂ-ਤਿਵੇਂ ਮੈਲ ਘਟਦੀ ਜਾਂਦੀ ਹੈ। ਕਸੌਟੀ ਤੇ ਤਾਅ ਦੇਣ ਨਾਲ ਸ਼ੁੱਧ ਹੋ ਜਾਂਦਾ ਹੈ। ਫਿਰ ਖਜ਼ਾਨੇ ਵਿਚ ਉਹੀ ਸੋਨਾ ਪੈਂਦਾ ਹੈ॥ ੫੩॥

ਜੋ ਸਤਿਗੁਰ ਕੇ ਸਿੱਖ ਉਦਾਰੇ। ਮੋਖ ਕੋਸ਼ ਕੇ ਉਚਿਤ ਸੁਧਾਰੇ।
ਕਰਿਯਤਿ ਹੈਂ ਸੋ ਅਪਨ ਸਰੂਪ। ਜਿਸ ਮੇਂ ਪੱਯਤਿ ਅਨੰਦ ਅਨੂਪ॥ ੫੪॥

ਜੋ ਸਤਿਗੁਰੂ ਦੇ ਉੱਤਮ ਸਿੱਖ ਹਨ, ਉਨ੍ਹਾਂ ਨੂੰ ਮੁਕਤੀ ਰੂਪੀ ਖਜ਼ਾਨੇ ਦੇ ਯੋਗ ਹੋਣ ਲਈ ਸੁਧਾਰੀਦਾ ਹੈ। ਉਨ੍ਹਾਂ ਨੂੰ ਆਪਣਾ ਸਰੂਪ ਬਣਾ ਲਈਦਾ ਹੈ, ਜਿਸ ਵਿਚ ਅਨੁਪਮ ਅਨੰਦ ਪੈਂਦਾ ਹੈ॥ ੫੪॥

ਇਹੁ ਭੀ ਦਯੋ ਔਰ ਲਿਹੁ ਜਾਚੇ'। ਸੁਨਤਿ ਮੰਝ ਕਹਿ 'ਸ਼੍ਰੀ ਗੁਰ ਸਾਚੇ !।
ਅਪਨੋ ਸਿਦਕ ਦਾਨ ਦਿਹੁ ਸੋਇ। ਸਦਾ ਅਜਾਚੀ ਬ੍ਰਿਤਿ ਅਬਿ ਹੋਇ' ॥੫੫॥

ਇਹ ਵਰ ਵੀ ਤੈਨੂੰ ਦਿੱਤਾ, ਹੋਰ ਵੀ ਮੰਗ ਲਵੋ"। ਇਹ ਸੁਣ ਕੇ ਮੰਝ ਨੇ ਕਿਹਾ "ਹੇ ਸੱਚੇ ਸਤਿਗੁਰੂ ਜੀ ! ਜੋ ਆਪਣਾ ਸਿਦਕ ਹੈ ਉਹ ਦਾਨ ਦੇਵੋ, ਹੁਣ ਸਦਾ ਹੀ ਬੇਮੁਹਤਾਜੀ ਬ੍ਰਿਤੀ ਹੋ ਜਾਵੇ" ॥ ੫੫॥

ਇਮੁ ਕਹਿ ਚਰਨ ਬੰਦਨਾ ਠਾਨੀ। ਪ੍ਰੇਮ ਬਿਖੈ ਮਤਿ ਬਹੁ ਮਸਤਾਨੀ।
ਸੁਨਿ ਸ਼੍ਰੀ ਅਰਜਨੁ ਜੀ ਤਿਸ ਕਾਲਾ। ਸਿਖ ਕੀ ਮਹਿਮਾ ਕੀਨ ਬਿਸਾਲਾ ॥੫੬॥

ਇਹ ਕਹਿ ਕੇ ਭਾਈ ਮੰਝ ਨੇ ਚਰਨਾਂ ਤੇ ਬੰਦਨਾ ਕੀਤੀ, ਪ੍ਰੇਮ ਵਿਚ ਬੁੱਧੀ ਬਹੁਤ ਮਸਤਾਨੀ ਹੋ ਗਈ। ਉਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਸਿੱਖ ਦੀ ਅਪਾਰ ਮਹਿਮਾ ਕੀਤੀ॥ ੫੬॥

*ਸ੍ਰੀ ਮੁਖਵਾਕ॥*

*ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ॥*
*ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥ ੧॥*

ਗੁਰੂ ਨੂੰ ਮੰਝ ਪਿਆਰਾ ਹੈ ਅਤੇ ਮੰਝ ਨੂੰ ਗੁਰੂ ਪਿਆਰਾ ਹੈ, ਮੰਝ ਗੁਰੂ ਦਾ ਜਹਾਜ਼ ਹੈ, ਜਿਹੜਾ ਸਾਰੇ ਜਗਤ ਨੂੰ ਪਾਰ ਕਰਨਹਾਰਾ ਹੈ॥ ੧॥

ਚੌਪਈ- ਅੰਗ ਸੰਗਿ ਕਰਿ ਪ੍ਰੇਮ ਲਗਾਯਹੁ। ਆਤਮ ਗਯਾਨ ਤੁਰਤ ਹੀ ਪਾਯਹੁ।
ਕਹਯੋ 'ਮੰਝ ਤੂੰ ਅਬਿ ਗ੍ਰਿਹ ਜਾਇ। ਹੇਤ ਗੁਰੂ ਕੇ ਦੇਗ ਚਲਾਇ ॥੫੭॥

ਆਪਣੇ ਨੇੜੇ ਕਰਕੇ ਪ੍ਰੇਮ ਨਾਲ ਛਾਤੀ ਨਾਲ ਲਾਇਆ, ਮੰਝ ਨੇ ਤੁਰਤ ਹੀ ਆਤਮ-ਗਿਆਨ ਪ੍ਰਾਪਤ ਕਰ ਲਿਆ। ਫਿਰ ਗੁਰੂ ਜੀ ਨੇ ਕਿਹਾ, "ਭਾਈ ਮੰਝ ! ਤੂੰ ਹੁਣ ਆਪਣੇ ਘਰ ਨੂੰ ਜਾਵੇ, ਗੁਰੂ ਵਾਸਤੇ ਲੰਗਰ ਚਲਾਵੇਂ॥ ੫੭॥

ਨੌ ਨਿਧਿ ਸਿੱਧਿ ਅਠਾਰਹਿ ਪਾਈ। ਕਰਹੁ ਸਮਾਜ ਜਿਤਿਕ ਮਨ ਭਾਈ'।
ਇਮੁ ਕਹਿ ਚਢਿ ਡੇਰਨ ਕਹੁ ਆਏ। ਸਭਿ ਮਹਿਂ ਸੁਜਸੁ ਭਯੋ ਬਿਦਤਾਏ ॥੫੮॥

ਨੌਂ ਨਿਧੀਆਂ ਤੇ ਅਠਾਰਾਂ ਸਿੱਧੀਆਂ ਸਦਾ ਤੇਰੇ ਪਾਸ ਰਹਿਣਗੀਆਂ। ਜਿੰਨੇ ਤੇਰੇ ਮਨ ਨੂੰ ਭਾਉਂਦੇ ਹਨ, ਓਨੇ ਆਪਣੇ ਸਿੱਖ ਸੇਵਕ ਬਣਾਓ।" ਇਹ ਕਹਿ ਕੇ ਪਾਲਕੀ ਵਿਚ ਚੜ੍ਹ ਕੇ ਡੇਰੇ ਵਿਚ ਆ ਗਏ। ਭਾਈ ਮੰਝ ਦਾ ਸ੍ਰੇਸ਼ਟ ਜੱਸ ਸਭ ਜਗ ਵਿਚ ਪਰਗਟ ਹੋਇਆ॥ ੫੮॥

Sri Satguru Jagjit Singh Ji eLlibrary NamdhariElibrary@gmail.com

ਮੰਝ ਗਯੋ ਗ੍ਰਿਹ ਸਭਿ ਕੁਛ ਪਾਯੋ। ਇਸਤ੍ਰੀ ਪੁਤ੍ਰ ਸੁਤਾ ਗੁਨ ਗਾਯੋ॥
ਮਣ ਅਨੇਕ ਹੀ ਅੰਨ ਪਕਾਵੈ। ਗੁਰੂ ਅਰਥ ਅਰਥੀਨ ਅਚਾਵੈ॥ ੫੯॥

ਭਾਈ ਮੰਝ ਆਪਣੇ ਘਰ ਚਲੇ ਗਿਆ ਤੇ ਸਭ ਕੁਝ ਪਾ ਲਿਆ, ਇਸਤਰੀ ਪੁੱਤਰਾਂ ਅਤੇ ਧੀਆਂ ਨੇ ਉਸ ਦੇ ਗੁਣ ਗਾਏ। ਅਨੇਕਾਂ ਮਣ ਅਨਾਜ ਪਕਵਾਉਂਦਾ ਸੀ ਤੇ ਗੁਰੂ ਅਰਥ ਸਭ ਲੋੜਵੰਦਾਂ ਨੂੰ ਛਕਾਉਂਦਾ ਸੀ॥ ੫੯॥

ਸਰਬ ਪ੍ਰਵਾਰ ਸੰਗ ਸੁਖ ਪਾਇ। ਭਯੋ ਮੁਕਤਿ ਗੁਰ ਕੇ ਗੁਨ ਗਾਇ।
ਸਹਜੋ ਕਸੌਟੀ ਉਤਰਯੋ ਪੂਰਾ। ਅੰਤਿ ਪਾਇ ਉੱਤਮੁ ਪਦ ਰੂਰਾ॥ ੬੦॥

ਸਾਰੇ ਪਰਿਵਾਰ ਨਾਲ ਮਿਲ ਕੇ ਸੁਖ ਪਾਇਆ ਅਤੇ ਗੁਰੂ ਜੀ ਦੇ ਗੁਣ ਗਾ ਕੇ ਮੁਕਤੀ ਪ੍ਰਾਪਤ ਕੀਤੀ, ਕਸੌਟੀ ਨੂੰ ਬਰਦਾਸ਼ਤ ਕੀਤਾ ਅਤੇ ਪੂਰਾ ਉਤਰਿਆ, ਅੰਤ ਸੁੰਦਰ ਉੱਤਮ ਪਦਵੀ ਪਾਈ॥ ੬੦॥

*ਦੂਸਰੀ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੪॥*

## *ਅਧਿਆਇ ਪੰਝਤਾਲੀਵਾਂ*

*ਭਾਈ ਬਹੋੜਾ*

ਦੋਹਰਾ- ਸ੍ਰੀ ਅੰਮ੍ਰਿਤਸਰ ਕੋ ਰਚਿਤ ਗਮਨੇ ਗੋਇੰਦਵਾਲ।
ਖਾਸੇ ਪਰ ਸ੍ਰੀ ਪ੍ਰਭੁ ਚਢੇ ਸੰਗਤਿ ਸੰਗ ਬਿਸਾਲ॥ ੧॥

ਸ੍ਰੀ ਅੰਮ੍ਰਿਤ ਸਰੋਵਰ ਦੀ ਰਚਨਾ ਕਰਨ ਤੋਂ ਬਾਅਦ ਇਕ ਵਾਰ ਗੁਰੂ ਜੀ ਗੋਇੰਦਵਾਲ ਗਏ, ਵਿਸ਼ਾਲ ਸੰਗਤ ਆਪਣੇ ਨਾਲ ਲੈ ਕੇ ਇਕ ਪਾਲਕੀ ਵਿਚ ਬੈਠ ਕੇ ਗਏ॥ ੧॥

ਚੌਪਈ- ਦੇਸ਼ ਬਿਦੇਸ਼ਨਿ ਸੰਗਤਿ ਆਵੈ। ਦਰਸ਼ਨ ਕਰਿ ਮਨ ਬਾਂਛਤ ਪਾਵੈ।
ਆਨਹਿ ਅਨਿਕ ਪ੍ਰਕਾਰ ਅਕੋਰ। ਧਰਿ ਕਰਿ ਬੰਦਤਿ ਹੈਂ ਕਰ ਜੋਰ॥੨॥

ਉਥੇ ਦੇਸ਼ਾਂ ਵਿਦੇਸ਼ਾਂ ਦੀ ਸੰਗਤ ਆਉਂਦੀ ਸੀ, ਦਰਸ਼ਨ ਕਰਕੇ ਮੂੰਹ-ਮੰਗੀ ਮੁਰਾਦ ਪਾਉਂਦੇ ਸਨ, ਅਨੇਕ ਪ੍ਰਕਾਰ ਦੇ ਨਜ਼ਰਾਨੇ ਲੈ ਕੇ ਆਉਂਦੇ ਸਨ। ਉਨ੍ਹਾਂ ਨਜ਼ਰਾਨਿਆਂ ਨੂੰ ਗੁਰੂ ਜੀ ਸਾਹਮਣੇ ਧਰ ਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ॥ ੨॥

ਜਾਮ ਜਾਮਨੀ ਤੇ ਗੁਰ ਜਾਗੈਂ। ਸੌਚਾਚਾਰ ਕਰਨਿ ਅਨੁਰਾਗੈਂ।
ਸੀਤਲ ਜਲ ਤੇ ਕਰਹਿਂ ਸ਼ਨਾਨ। ਲਾਇਂ ਸਮਾਧਿ ਧਰਹਿਂ ਉਰ ਧ੍ਯਾਨ॥੩॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪੈਂਦੇ ਸਨ, ਇਸ਼ਨਾਨ ਪਾਣੀ ਕਰਨ ਚਲੇ ਜਾਂਦੇ ਸਨ। ਠੰਡੇ ਪਾਣੀ ਨਾਲ ਇਸ਼ਨਾਨ ਕਰਦੇ ਸਨ, ਫਿਰ ਸਮਾਧੀ ਲਾ ਕੇ ਅੰਤਰ-ਧਿਆਨ ਹੋ ਜਾਂਦੇ ਸਨ॥ ੩॥

ਨਿਜ ਸਰੂਪ ਮਹਿਂ ਥਿਰਤਾ ਗਹੈਂ। ਪੁੰਨ ਪਾਪ ਜਹਿਂ ਲਿਪਤ ਨ ਅਹੈਂ।
ਚੇਤਨ ਸੁੱਧ ਅਖੰਡ ਅਨੰਦ। ਇਕ ਰਸ ਆਤਮ ਸਦਾ ਮੁਕੰਦ॥ ੪॥

ਆਪਣੇ ਸਰੂਪ ਵਿਚ ਸਥਿਰ ਹੋ ਜਾਂਦੇ ਸਨ, ਪੁੰਨ-ਪਾਪ ਜਿਨ੍ਹਾਂ ਦੇ ਨੇੜੇ ਨਹੀਂ ਸੀ ਆਉਂਦੇ। ਮੁਕਤੀਦਾਤੇ ਗੁਰੂ ਜੀ ਸਦਾ ਚੇਤਨ, ਅਖੰਡ ਅਨੰਦ ਵਿਚ ਇਕ ਰਸ ਆਤਮ ਸਰੂਪ ਰਹਿੰਦੇ ਸਨ॥ ੪॥

ਆਸਾ ਵਾਰ ਰਬਾਬੀ ਗਾਵਹਿਂ। ਸੰਗਤਿ ਸੁਨਹਿ ਕਲੂਖ ਨਸਾਵਹਿ।
ਅਨਿਕ ਭਾਂਤ ਕੇ ਸੁੰਦਰ ਰਾਗ। ਮਿਲਿ ਬੈਠਤਿ ਸਿਖ ਜਿਨ ਬਡਭਾਗ॥ ੫॥

ਰਬਾਬੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ, ਸੰਗਤ ਕੀਰਤਨ ਸੁਣ ਆਪਣੇ ਪਾਪਾਂ ਨੂੰ ਦੂਰ ਕਰਦੀ ਸੀ। ਅਨੇਕ ਪ੍ਰਕਾਰ ਦੇ ਸੁੰਦਰ ਰਾਗ ਗਾਏ ਜਾਂਦੇ ਸਨ, ਸਿੱਖ ਮਿਲ ਕੇ ਬੈਠਦੇ ਸਨ, ਜਿਨ੍ਹਾਂ ਦੇ ਵੱਡੇ ਭਾਗ ਸਨ॥ ੫॥

ਪ੍ਰਭੁ ਸੌਂ ਰਾਗ, ਵਿਸ਼ਯ ਵੈਰਾਗ। ਉਪਜਹਿ ਚਿਤ ਮਹਿਂ ਭਗਤੀ ਲਾਗ।
ਅੰਮ੍ਰਿਤ ਕੇ ਸਮ ਅੰਮ੍ਰਿਤ ਕਾਲ। ਸੁਨਿ ਸੁਨਿ ਗੁਰ ਕੇ ਸ਼ਬਦ ਨਿਹਾਲ॥ ੬॥

ਪ੍ਰਭੂ ਨਾਲ ਪ੍ਰੇਮ ਵਧਦਾ ਸੀ ਅਤੇ ਵਿਸ਼ਿਆਂ ਤੋਂ ਮਨ ਵੈਰਾਗਮਈ ਹੋ ਜਾਂਦਾ ਸੀ। ਅੰਮ੍ਰਿਤ ਵਰਗਾ ਅੰਮ੍ਰਿਤ ਵੇਲਾ ਸੀ। ਗੁਰੂ ਜੀ ਦੇ ਸ਼ਬਦ ਸੁਣ ਸੁਣ ਕੇ ਲੋਕ ਨਿਹਾਲ ਹੁੰਦੇ ਸਨ॥ ੬॥

ਭੋਰ ਹੋਤਿ ਸ੍ਰੀ ਅਰਜਨ ਨਾਥ। ਕੁੰਕਮ ਚੰਦਨ ਤਿਲਕ ਸੁ ਮਾਥ।
ਸੂਖਮ ਸੇਤ ਵਸਤ੍ਰ ਤਨੁ ਧਰੈਂ। ਬੈਠਿ ਵਹਿਰ ਸਿੱਖਨਿ ਅਘ ਹਰੈਂ॥ ੭॥

ਸਵੇਰ ਹੁੰਦਿਆਂ ਹੀ ਗੁਰੂ ਅਰਜਨ ਦੇਵ ਜੀ ਮੱਥੇ ਤੇ ਕੇਸਰ ਚੰਦਨ ਦਾ ਤਿਲਕ ਲਾ ਲੈਂਦੇ ਸਨ, ਕੋਮਲ ਸਫੇਦ ਕਪੜੇ ਆਪਣੇ ਤਨ ਤੇ ਧਾਰਨ ਕਰਦੇ ਸਨ, ਬਾਹਰ ਬੈਠ ਕੇ ਸਿੱਖਾਂ ਦੇ ਪਾਪ ਦੂਰ ਕਰਦੇ ਸਨ॥ ੭॥

ਨੋਟ:-ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਇਹ ਤਿਲਕ ਕੋਈ ਸੰਪਰਦਾਈ ਚਿੰਨ੍ਹ ਨਹੀਂ ਸੀ, ਇਹ ਗੁਰੂ ਜੀ ਦੀ ਆਪਣੀ ਮਨ ਦੀ ਮੌਜ ਸੀ, ਕਈ ਵਾਰ ਤਿਲਕ ਲਾ ਲੈਂਦੇ ਹੋਣਗੇ, ਪਰ ਮੇਰੇ ਖਿਆਲ ਵਿਚ ਇਹ ਕਵੀ ਜੀ ਦੀ ਕਲਪਨਾ ਹੀ ਹੈ।

ਜਥਾ ਉਦੈ ਹੁਇ ਰਵਿ ਭਗਵਾਨ। ਕਰਹਿ ਪੁਨੀਤ ਸਬੋਧ ਜਹਾਨ।
ਤਥਾ ਗੁਰੂ ਅਰਜਨ ਹੁਇ ਜਾਹਰਿ। ਦਰਸ਼ਨ ਸ਼ਾਂਤਿ ਦਿਖਾਵਹਿਂ ਬਾਹਰਿ॥ ੮॥

ਜਿਵੇਂ ਸੂਰਜ ਭਗਵਾਨ ਚੜ੍ਹ ਪੈਂਦਾ ਹੈ ਤੇ ਸਾਰੇ ਜਹਾਨ ਨੂੰ ਪਵਿੱਤਰ ਅਤੇ ਸਾਵਧਾਨ ਕਰ ਦਿੰਦਾ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਜਦ ਜ਼ਾਹਰ ਹੁੰਦੇ ਸਨ ਤਾਂ ਬਾਹਰ ਆ ਕੇ ਆਪਣੇ ਸ਼ਾਂਤਮਈ ਦਰਸ਼ਨ ਦਿਖਾਉਂਦੇ ਸਨ॥ ੮॥

ਗਯਾਨ ਸ਼ਬਦ ਕੋ ਮਹਿਦ ਪ੍ਰਕਾਸ਼ੈਂ। ਪਿਖਿ ਪੰਕਜ ਗਨ ਦਾਸ ਬਿਗਾਸੈਂ।
ਕਪਟ ਪਾਪ ਤਮ ਦੂਰ ਬਿਲਾਇ। ਸੰਤ ਮਧੁਪ ਅਤਿਸ਼ੈ ਹਰਖਾਇ॥ ੯॥

ਨਾਮ ਦੇ ਗਿਆਨ ਨੂੰ ਬਹੁਤ ਪਰਗਟ ਕਰਦੇ ਸਨ, ਕੰਵਲ ਫੁੱਲ ਸਰੂਪੀ ਸੇਵਕ ਸਮੂਹ ਖਿੜ ਜਾਂਦੇ ਸਨ, ਕਪਟ, ਪਾਪ ਅਤੇ ਹਨੇਰੇ ਨੂੰ ਦੂਰ ਕਰਦੇ ਸਨ। ਸੰਤ ਲੋਕ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੯॥

ਜਾਮ ਦਿਵਸੁ ਲਗ ਦੇ ਉਪਦੇਸ਼ੁ। ਨਿਜ ਸੇਵਕ ਕੇ ਕਟਹਿਂ ਕਲੇਸ਼।
ਬਹੁਰੋ ਦੇਗ ਤਯਾਰ ਹੁਇ ਜਾਵਹਿ। ਸੂਪਕਾਰ ਤਬਿ ਆਨਿ ਜਨਾਵਹਿ॥ ੧੦॥

ਪਹਿਰ ਦਿਨ ਤਕ ਉਪਦੇਸ਼ ਦਿੰਦੇ ਸਨ ਤੇ ਆਪਣੇ ਸੇਵਕਾਂ ਦੇ ਕਲੇਸ਼ ਕੱਟਦੇ ਸਨ, ਫਿਰ ਲੰਗਰ ਤਿਆਰ ਹੋ ਜਾਂਦਾ ਸੀ। ਲਾਂਗਰੀ ਫਿਰ ਆ ਕੇ ਸੂਚਨਾ ਦੇ ਦਿੰਦੇ ਸਨ॥ ੧੦॥

ਲੇ ਸੰਗਤਿ ਸਗਰੀ ਕੋ ਸੰਗ। ਬੈਠਹਿਂ ਪੰਗਤਿ ਲਾਇ ਅਭੰਗ।
ਅੰਮ੍ਰਿਤ ਭੋਜਨ ਸਭਿਨਿ ਭੁਗਾਵੈਂ। ਉਠਹਿਂ ਪ੍ਰਭੁ, ਜਬਿ ਸਭਿ ਤ੍ਰਿਪਤਾਵੈਂ॥ ੧੧॥

ਗੁਰੂ ਜੀ ਸਾਰੀ ਸੰਗਤ ਨੂੰ ਲੈ ਕੇ ਬੀੜਵੀਂ ਪੰਗਤ ਲਾ ਕੇ ਬੈਠ ਜਾਂਦੇ ਸਨ। ਅੰਮ੍ਰਿਤ ਭੋਜਨ ਸਾਰੇ ਛੱਕਦੇ ਸਨ। ਜਦ ਸਾਰੇ ਤ੍ਰਿਪਤ ਹੋ ਜਾਂਦੇ ਸਨ ਤਾਂ ਗੁਰੂ ਜੀ ਉੱਠ ਖਲੋਂਦੇ ਸਨ॥ ੧੧॥

ਲੇਟਹਿਂ ਪੁਨ ਪ੍ਰਯੰਕ ਪਰ ਜਾਇ। ਕਿਤਿਕ ਸਮੈ ਸੁਪਤਹਿਂ ਸੁਖ ਪਾਇ।
ਢਰੇ ਦਿਵਸੁ ਜਬਿ ਉਠਿਬੋ ਕਰੈਂ। ਸਨੈ ਸਨੈ ਪੁਨ ਸੁਚਿਤਾ ਧਰੈਂ॥ ੧੨ ॥

ਫਿਰ ਪਲੰਘ ਤੇ ਜਾ ਕੇ ਲੇਟ ਜਾਂਦੇ ਸਨ, ਕਾਫੀ ਸਮੇਂ ਤਕ ਸੁਖ ਪਾ ਕੇ ਸੌਂ ਜਾਂਦੇ ਸਨ। ਦਿਨ ਢਲਣ ਤੇ ਉੱਠ ਬੈਠਦੇ ਸਨ, ਹੌਲੀ-ਹੌਲੀ ਸੁੱਚਮਤਾ ਧਾਰਨ ਕਰਦੇ ਸਨ॥ ੧੨ ॥

ਕਿਤਿਕ ਘਟੀ ਤਬਿ ਕਥਾ ਸੁਨੰਤੇ। ਭਗਤਿ ਸੁ ਬ੍ਰਹਮ ਗ੍ਯਾਨ ਨਿਰਣੰਤੇ।
ਪੁਨ ਕਿਰਤਨ ਕੌ ਵੇਲਾ ਹੋਇ। ਧਰੇ ਪ੍ਰੇਮ ਸੁਨਿਤੇ ਸਭਿ ਕੋਇ॥ ੧੩ ॥

ਕਾਫੀ ਸਮੇਂ ਤਕ ਫਿਰ ਕਥਾ ਸੁਣਾਉਂਦੇ ਸਨ, ਭਗਤੀ ਅਤੇ ਬ੍ਰਹਮ-ਗਿਆਨ ਦਾ ਨਿਰਣਾ ਕਰਦੇ ਸਨ। ਫਿਰ ਕੀਰਤਨ ਦਾ ਵੇਲਾ ਹੋ ਜਾਂਦਾ ਸੀ, ਪ੍ਰੇਮ ਧਾਰਨ ਕਰਕੇ ਸਾਰੇ ਸੁਣਦੇ ਸਨ॥ ੧੩ ॥

ਸਤਿ ਸੰਗਤਿ ਕਰਿਤੇ ਬਹੁ ਕਾਲ। ਮੇਟਹਿਂ ਦਾਸਨ ਕੇ ਜਮੁ ਜਾਲ।
ਜਾਮ ਜਾਮਨੀ ਉਠਿ ਉਪਦੇਸ਼ਹਿਂ। ਸਿੱਖਨ ਬਖਸ਼ਸ਼ਿ ਹੋਤਿ ਵਿਸ਼ੇਸ਼ਹਿਂ॥ ੧੪ ॥

ਬਹੁਤ ਸਮੇਂ ਤਕ ਸਤਿ-ਸੰਗਤ ਕਰਦੇ ਸਨ ਤੇ ਸੇਵਕਾਂ ਦੇ ਜਮ ਦੇ ਜਾਲ ਨੂੰ ਖਤਮ ਕਰਦੇ ਸਨ। ਪਹਿਰ ਰਾਤ ਗਈ ਉਪਦੇਸ਼ ਆਦਿ ਦੇ ਕੇ ਉੱਠਦੇ ਸਨ, ਸਿੱਖਾਂ ਤੇ ਵਿਸ਼ੇਸ਼ ਬਖਸ਼ਿਸ਼ ਹੁੰਦੀ ਸੀ। ਹੁਣ ਵੀ ਉਹੀ ਰਿਵਾਜ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਪਹਿਰ ਰਾਤ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈ ਕੇ ਭਾਵ ਉਪਦੇਸ਼ ਸੁਣ ਕੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਂਦੀ ਹੈ॥ ੧੪ ॥

ਰਿੱਧਿ ਸਿੱਧਿ ਨੌ ਨਿੱਧਿ ਖਰੀ ਹੈਂ। ਦੇਤਿ ਸੁ ਜਿਸ ਪਰ ਕ੍ਰਿਪਾ ਕਰੀ ਹੈ।
ਭਗਤਿ ਪ੍ਰੇਮ ਕੈ ਆਤਮ ਗ੍ਯਾਨ। ਪਾਵਹਿਂ, ਅਪੁਨੇ ਬੰਧਨ ਹਾਨ॥ ੧੫ ॥

ਰਿੱਧੀਆਂ ਸਿੱਧੀਆਂ ਅਤੇ ਨੌਂ ਨਿਧੀਆਂ ਸਦਾ ਹੀ ਦਵਾਰ ਤੇ ਖੜੀਆਂ ਰਹਿੰਦੀਆਂ ਸਨ। ਜਿਸ ਤੇ ਵੀ ਕਿਰਪਾ ਕਰਦੇ ਸਨ, ਉਸ ਨੂੰ ਦਾਤਾਂ ਦਿੰਦੇ ਸਨ। ਭਗਤੀ ਪ੍ਰੇਮ ਅਥਵਾ ਆਤਮ-ਗਿਆਨ ਪਾਉਂਦੇ ਸਨ ਤੇ ਆਪਣੇ ਬੰਧਨ ਕੱਟਦੇ ਸਨ॥ ੧੫ ॥

ਨਾਮ ਬਹੋੜਾ ਜਾਤਿ ਸੁਨਾਰ। ਆਨਿ ਪਹੂਚਯੋ ਗੁਰੁ ਦਰਬਾਰ।
ਪ੍ਰੇਮ ਸਾਥਿ ਦਰਸ਼ਨ ਕੋ ਕੀਨਾ। ਮਸਤਕ ਪਗ ਪੰਕਜ ਧਰਿ ਦੀਨਾ॥ ੧੬ ॥

ਇਕ ਬਹੋੜਾ ਨਾਮ ਦਾ ਸਿੱਖ ਜਿਹੜਾ ਕਿ ਸੁਨਿਆਰਾ ਸੀ, ਗੁਰੂ ਜੀ ਦੇ ਦਰਬਾਰ ਵਿਚ ਆ ਪਹੁੰਚਿਆ। ਬੜੇ ਪ੍ਰੇਮ ਨਾਲ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਚਰਨ-ਕੰਵਲਾਂ ਤੇ ਆਪਣਾ ਮੱਥਾ ਧਰ ਦਿੱਤਾ॥ ੧੬ ॥

ਖਰੋ ਰਹਯੋ ਦੇਖਤਿ ਚਿਰਕਾਲ। ਕ੍ਰਿਪਾ ਧਾਰਿ ਬੂਝਯੋ ਸੁ ਕ੍ਰਿਪਾਲ।
'ਅਹੋ ਬਹੋੜਾ ਸਾਚੀ ਕਹੀਅਹਿ। ਨਹੀਂ ਦੁਰਾਵਨ ਕੋ ਚਿਤ ਚਹੀਅਹਿ॥ ੧੭ ॥

ਕਾਫੀ ਸਮੇਂ ਤਕ ਖੜਾ ਹੋ ਕੇ ਵੇਖਦਾ ਰਿਹਾ, ਕਿਰਪਾ ਧਾਰ ਕੇ ਕ੍ਰਿਪਾਲੂ ਗੁਰੂ ਜੀ ਨੇ ਪੁਛਿਆ, "ਆਓ ਬਹੋੜਾ ਸੱਚੀ ਗੱਲ ਕਹੋ, ਕਿਸੇ ਗੱਲ ਨੂੰ ਲੁਕਾਉਣ ਬਾਰੇ ਚਿਤ ਵਿਚ ਨਾ ਚਾਹੋ॥ ੧੭॥

ਕਾਲ ਬਿਤਾਵਹੁ ਕੌਨ ਪ੍ਰਕਾਰ?। ਕੌਨ ਕ੍ਰਿੱਤ ਕਰਿ ਕਰਹੁ ਅਹਾਰ?'।
ਜਬਿ ਸ੍ਰੀ ਅਰਜਨੁ ਬੂਝੀ ਬਾਤ। ਸੁਕਚਤਿ ਭਾਖਤਿ ਕੰਪਤ ਗਾਤ॥ ੧੮ ॥

ਦੱਸੋ ਸਮਾਂ ਕਿਸ ਪ੍ਰਕਾਰ ਗੁਜ਼ਰ ਰਿਹਾ ਹੈ ? ਕਿਹੜੀ ਕਿਰਤ ਕਰਕੇ ਗੁਜ਼ਾਰਾ ਕਰਦੇ ਹੋ। ਜਦ ਗੁਰੂ ਅਰਜਨ ਦੇਵ ਜੀ ਨੇ ਇਹ ਗੱਲ ਪੁਛੀ ਤਾਂ ਬਹੋੜਾ ਸਰੀਰ ਕੰਬਦਿਆਂ ਬੋਲਿਆ॥ ੧੮॥

ਹਾਥ ਜੋਰਿ ਅਰਦਾਸ ਬਖਾਨੀ। 'ਸ੍ਰੀ ਸਤਿਗੁਰ ਸਭਿ ਘਟ ਕੇ ਜਾਨੀ।
ਕਿਰਤਿ ਸੁਨਾਰੇ ਕੀ ਮੈਂ ਕਰਿਹੌਂ। ਕਾਲ ਬਿਤਾਵੌਂ ਉਦਰ ਸੁ ਭਰਿਹੌਂ ॥ ੧੯ ॥

ਹੱਥ ਜੋੜ ਕੇ ਬੇਨਤੀ ਕੀਤੀ, "ਸਤਿਗੁਰੂ ਜੀ ! ਆਪ ਹਰ ਦਿਲ ਦੀ ਗੱਲ ਜਾਣਦੇ ਹੋ। ਮੈ ਸੁਨਿਆਰੇ ਦੀ ਕਾਰ ਕਰਦਾ ਹਾਂ, ਇਸ ਤਰ੍ਹਾਂ ਪੇਟ ਪੂਜਾ ਕਰਕੇ ਸਮਾਂ ਬਤੀਤ ਕਰਦਾ ਹਾਂ" ॥ ੧੯ ॥

ਸੁਨਿ ਗੁਰ ਕਹ੍ਯੋ 'ਕਿਰਤਿ ਕਰਿ ਕੋਈ। ਧਰਮ ਸਮੇਤਿ ਨ੍ਰਿਬਾਹਹਿ ਸੋਈ।
ਕਪਟ ਬਿਹੀਨ ਜੀਵਕਾ ਕਰੈ। ਪਰ ਕੀ ਵਸਤੁ ਛੁਪਾਇ ਨ ਧਰੈ ॥ ੨੦ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਕੋਈ ਵੀ ਕਿਰਤ ਕਰੋ, ਉਸ ਦਾ ਧਰਮ ਸਮੇਤ ਨਿਰਬਾਹ ਕਰੋ। ਜਿਹੜਾ ਮਨੁੱਖ ਕਪਟ-ਹੀਣ ਕਾਰ ਕਰਦਾ ਹੈ, ਦੂਸਰੇ ਦੀ ਵਸਤੂ ਨੂੰ ਨਾ ਛੁਪਾਉਂਦਾ ਹੈ ਅਤੇ ਨਾ ਚੋਰੀ ਕਰਦਾ ਹੈ ॥ ੨੦ ॥

ਤਿਸ ਮਹਿਂ ਬਾਂਟ ਪ੍ਰਭੂ ਹਿਤ, ਖਾਵੈ। ਤਿਸਿ ਕੋ ਉਰ ਨਿਰਮਲ ਹੁਇ ਜਾਵੈ'।
ਬਿਨਤੀ ਜੁਗਤਿ ਬਹੋੜੇ ਕਹ੍ਯੋ। ਕੰਪਤਿ ਲੋਚਨ ਤੇ ਜਲ ਬਹ੍ਯੋ ॥ ੨੧ ॥

ਉਸ ਕਮਾਈ ਵਿਚੋਂ ਪ੍ਰਭੂ ਹਿਤ ਗਰੀਬਾਂ ਵਿਚ ਵੰਡ ਕੇ ਫਿਰ ਆਪ ਖਾਵੇ, ਉਸ ਦਾ ਹਿਰਦਾ ਨਿਰਮਲ ਹੋ ਜਾਂਦਾ ਹੈ।" ਬੇਨਤੀ ਸਹਿਤ ਬਹੋੜੇ ਨੇ ਕਿਹਾ, ਕੰਬਦਿਆਂ ਅੱਖਾਂ ਵਿਚੋਂ ਜਲ ਵਹਿ ਤੁਰਿਆ ॥ ੨੧ ॥

'ਹੇ ਸਤਿਗੁਰ ਮੈਂ ਮਹਾਂ ਅਧਰਮੀ। ਪਾਪ ਕਿਰਤਿ ਨਿਤ ਕਰੌਂ ਕੁਕਰਮੀ।
ਮਾਤ ਪਿਤਾਦਿ ਘਰਾਵਹਿਂ ਘਾਟ। ਚੌਥੋ ਭਾਗ ਲੇਊਂ ਮੈਂ ਕਾਟਿ ॥ ੨੨ ॥

"ਹੇ ਸਤਿਗੁਰੂ ਜੀ ਮੈਂ ਮਹਾਨ ਅਧਰਮੀ ਹਾਂ, ਪਾਪ ਦੀ ਕਿਰਤ ਕਰਕੇ ਨਿਤ ਭੈੜਾ ਕਰਮ ਕਰਦਾ ਹਾਂ। ਜੇ ਮੇਰੇ ਮਾਂ-ਬਾਪ ਵੀ ਮੈਥੋਂ ਕਿਸੇ ਗਹਿਣੇ ਦੀ ਘਾੜ ਘੜਾਉਣ ਤਦ ਵੀ ਮੈਂ ਵਿਚੋਂ ਚੌਥਾ ਹਿੱਸਾ ਕੱਟ ਲੈਂਦਾ ਹਾਂ ॥ ੨੨ ॥

ਅਵਰ ਨਰਨਿ ਕੀ ਗਿਨਤੀ ਕੋਹੈ। ਜੋ ਬਨ ਜਾਇ ਸੁ ਲੇਊਂ ਤਿਤੋਹੈ।
ਧਰਮ ਅਧਰਮ ਨ ਜਾਨਉਂ ਕੋਈ। ਪਿਤਾ ਪਿਤਾਮਾ ਕੀ ਕ੍ਰਿਤਿ ਸੋਈ ॥ ੨੩ ॥

ਹੋਰ ਲੋਕ ਤਾਂ ਕਿਸ ਗਿਣਤੀ ਵਿਚ ਆਉਂਦੇ ਹਨ। ਜੋ ਬਣ ਜਾਵੇ ਉਹੀ ਉਨ੍ਹਾਂ ਪਾਸੋਂ ਲੈ ਲੈਂਦਾ ਹਾਂ, ਮੈਂ ਕਿਸੇ ਧਰਮ ਅਧਰਮ ਨੂੰ ਨਹੀਂ ਜਾਣਦਾ ਹਾਂ। ਮੇਰੇ ਪਿਤਾ ਪਿਤਾਮਾ ਦੀ ਇਹੀ ਕ੍ਰਿਤ ਚਲਦੀ ਆਈ ਹੈ ॥ ੨੩ ॥

ਮਹਾਂ ਪਤਿਤ ਮੈਂ ਆਯਹੁ ਸ਼ਰਨੀ। ਰਹ੍ਯੋ ਨ ਗਯੋ ਕ੍ਰਿਤਿ ਨਿਜ ਬਰਨੀ।
ਕੂਰ ਹਜ਼ੂਰ ਨਹੀਂ ਮੈਂ ਕਹ੍ਯੋ। ਇਹੁ ਪ੍ਰਤਾਪ ਰਾਵਰ ਕੋ ਲਹ੍ਯੋ ॥ ੨੪ ॥

ਮੈਂ ਮਹਾਂ ਪਤਿਤ ਆਪ ਜੀ ਦੀ ਸ਼ਰਨ ਆਇਆ ਹਾਂ, ਮੈਥੋਂ ਆਪਣੀ ਕ੍ਰਿਤ ਬਾਰੇ ਦੱਸਣ ਤੋਂ ਬਗੈਰ ਰਿਹਾ ਨਹੀਂ ਗਿਆ ਹੈ। ਹਜ਼ੂਰ ਮੈਂ ਕੁਝ ਵੀ ਝੂਠ ਨਹੀਂ ਕਿਹਾ ਹੈ, ਮੈਂ ਆਪ ਜੀ ਦਾ ਪ੍ਰਤਾਪ ਸਮਝ ਲਿਆ ਹੈ ॥ ੨੪ ॥

ਨਾਮੁ ਗਰੀਬ ਨਿਵਾਜ ਤੁਮਾਰਾ। ਪਤਿਤ ਉਧਾਰਨ ਬਿਰਦ ਉਦਾਰਾ'।
ਜਬਹੁ ਬਹੋੜੇ ਸਾਚੀ ਕਹੀ। ਸ੍ਰੀ ਅਰਜਨ ਜੀ ਸਭਿ ਉਰ ਲਹੀ ॥ ੨੫ ॥

ਆਪ ਜੀ ਦਾ ਨਾਂ ਗਰੀਬ ਨਿਵਾਜ਼ ਹੈ, ਪਾਪੀਆਂ ਦਾ ਵੀ ਉਧਾਰ ਕਰਨਾ ਤੁਹਾਡਾ ਉੱਤਮ ਧਰਮ ਹੈ।" ਜਦ ਬਹੋੜੇ ਨੇ ਸੱਚੀ ਗੱਲ ਕਹੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਦਿਲ ਵਿਚ ਸਮਝ ਲਈ ॥ ੨੫ ॥

ਕ੍ਰਿਪਾ ਕਰੀ ਉਪਦੇਸ਼ ਬਤਾਵਾ। 'ਕਹਾਂ ਕੂਰ ਮਹਿਂ ਤੂ ਲਪਟਾਵਾ।
ਕਰਿ ਕਰਿ ਅਘ ਕੋ ਸੰਚਹਿਂ ਬ੍ਰਿੰਦ। ਅੰਤ ਕਾਲ ਜਮੁ ਫਾਸਿ ਬਿਲੰਦ ॥ ੨੬ ॥

ਕਿਰਪਾ ਕੀਤੀ ਅਤੇ ਉਪਦੇਸ਼ ਦਿੱਤਾ, "ਤੂੰ ਕਿਥੇ ਝੂਠ ਵਿਚ ਫਸਿਆ ਹੋਇਆ ਹੈਂ, ਪਾਪ ਕਰ ਕਰ ਕੇ ਅੰਬਾਰ ਲਾ ਲਏ ਹਨ, ਅੰਤ ਸਮੇਂ ਜਮਾਂ ਦੀ ਵੱਡੀ ਫਾਂਸੀ ਪਵੇਗੀ ॥ ੨੬ ॥

ਕੋਟਿ ਜਨਮੁ ਦੂਖ ਸਹੈਂ ਘਨੇਰੇ। ਕੌਨ ਸਹਾਇ ਹੋਇ ਤਿਸ ਬੇਰੇ।
ਅਪਰ ਤਯਾਗ ਕਰਿ ਜਾਵਹਿਂ, ਭੋਰੇ ! ਕਰੇ ਕਰਮ ਹੋਵਹਿਂ ਸੰਗਿ ਤੋਰੇ॥ ੨੭॥

ਕਰੋੜਾਂ ਜਨਮਾਂ ਤਕ ਬਹੁਤ ਦੁੱਖ ਪਾਵੇਂਗਾ, ਉਸ ਵੇਲੇ ਤੇਰੀ ਕੌਣ ਸਹਾਇਤਾ ਕਰੇਗਾ ? ਹੇ ਭੋਲੇ ! ਹੋਰਨਾਂ ਨੂੰ ਛੱਡ ਕੇ ਚਲੇ ਜਾਵੇਂਗਾ, ਪਰ ਕੀਤੇ ਹੋਏ ਕਰਮ ਤੇਰੇ ਨਾਲ ਹੋਣਗੇ॥ ੨੭॥

ਸੋ ਫਲ ਦਏ ਬਿਨਾਂ ਨ ਬਿਨਾਸਹਿਂ। ਕਰੇ ਕੁਕਰਮ ਤੋਹਿ ਕੋ ਗ੍ਰਾਸਹਿਂ।
ਰਹੈਂ ਇਕਾਂਕੀ ਸੰਕਟ ਪਾਵੈਂ। ਪਛੁਤਾਵਹਿਂ ਸਿਰ ਧੁਨ ਬਿਲ ਪਾਵਹਿਂ ॥੨੮॥

ਉਨ੍ਹਾਂ ਦਾ ਫਲ ਪਾਏ ਬਗੈਰ ਨਾਸ਼ ਨਹੀਂ ਹੋਵੇਗਾ। ਤੇਰੇ ਕੀਤੇ ਹੋਏ ਖੋਟੇ ਕਰਮ ਤੈਨੂੰ ਹੀ ਫੜਨਗੇ। ਇਕੱਲਾ ਰਹਿ ਕੇ ਹੀ ਦੁਖ ਪਾਵੇਂਗਾ, ਪਾਪੀ ਰੂਹ ਦਾ ਮਰ ਕੇ ਇਕੱਲਿਆਂ ਰਹਿਣਾ ਵੱਡੀ ਸਜ਼ਾ ਹੈ) ਪਛਤਾਵੇਂਗਾ ਤੇ ਸਿਰ ਸੁੱਟ ਕੇ ਰੋਵੇਂਗਾ॥ ੨੮॥

ਯਾਂਤੇ ਸੱਤਜਨਾਮ ਕਰਤਾਰੁ। ਸਿਮਰਹੁ ਨਿਸਦਿਨ ਹੋਇ ਉਧਾਰ।
ਤਜਾਗਹੁ ਜਗ ਜੰਜਾਰ ਜੁ ਗ੍ਰਸਯੋ। ਜਿਮੁ ਝਖ ਤੋਰਹਿ ਜਾਰ ਜੁ ਫਸਯੋ॥੨੯॥

ਇਸ ਕਰਕੇ ਸਤਿਨਾਮ ਕਰਤਾਰ ਦਾ ਸਿਮਰਨ ਦਿਨ-ਰਾਤ ਕਰੋ ਤਾਂਕਿ ਤੇਰਾ ਉਧਾਰ ਹੋ ਜਾਵੇ। ਜਿਹੜੇ ਜੱਗ ਦੇ ਜੰਜਾਲਾਂ ਵਿਚ ਗ੍ਰਸਿਆਂ ਹੈਂ, ਇਨ੍ਹਾਂ ਨੂੰ ਛੱਡ ਦੇਵੋ, ਜਿਵੇਂ ਜਾਲ ਵਿਚ ਫਸਿਆ ਮੱਛ ਜਾਲ ਨੂੰ ਤੋੜ ਸੁੱਟੇ॥ ੨੯॥

ਸੁਖਕਾਰੀ ਹਰਿ ਨਾਮ ਸੰਭਾਰਹੁ। ਕਰਨਿ ਕੁਕਰਮ ਬ੍ਰਿਤੀ ਹਟਕਾਰਹੁ।
ਸਤਿਸੰਗਤਿ ਮਹਿਂ ਬੈਸ ਗੁਜ਼ਾਰਹੁ। ਧਰਮ ਜੀਵਕਾ ਮਹਿਂ ਚਿਤ ਧਾਰਹੁ॥੩੦॥

ਸੁਖ ਦੇਣ ਵਾਲੇ ਹਰੀ ਦੇ ਨਾਮ ਨੂੰ ਸੰਭਾਲੋ, ਕੁਕਰਮ ਕਰਨ ਦੀ ਬ੍ਰਿਤੀ ਨੂੰ ਰੋਕੋ, ਸਤਿਸੰਗਤ ਵਿਚ ਆਪਣੀ ਉਮਰ ਗੁਜ਼ਾਰੋ, ਧਰਮ ਦੀ ਕਮਾਈ ਚਿਤ ਧਾਰ ਕੇ ਕਰੋ"॥ ੩੦॥

ਸੁਨਿ ਸਤਿਗੁਰ ਕੇ ਬਾਕ ਰਸੀਲੇ। ਬ੍ਰਿੰਦ ਬਿਕਾਰਨ ਪਰਮ ਕਟੀਲੇ।
ਭਾਗ ਬਡੇ ਮਸਤਕ ਜਿਸ ਜਾਗੇ। ਤੀਖਨ ਤੀਰ ਸਮਾਨ ਸੁ ਲਾਗੇ॥ ੩੧॥

ਸਤਿਗੁਰ ਜੀ ਦੇ ਮਿੱਠੇ ਅਤੇ ਰਸੀਲੇ ਬਚਨ ਸੁਣੇ, ਜਿਹੜੇ ਸਾਰੇ ਵਿਕਾਰਾਂ ਨੂੰ ਚੰਗੀ ਤਰ੍ਹਾਂ ਕੱਟਣ ਵਾਲੇ ਸਨ, ਜਿਸ ਦੇ ਮਸਤਕ ਦੇ ਵੱਡੇ ਭਾਗ ਜਾਗਣ, ਉਸ ਨੂੰ ਇਹ ਤਿੱਖੇ ਤੀਰ ਵਾਂਗ ਲੱਗਦੇ ਹਨ॥ ੩੧॥

ਗਦਗਦ ਭਾ ਸੁਧਿ ਸਰਬ ਬਿਸਾਰੀ। ਪ੍ਰੇਮ ਮਹਾਂ ਅੱਸ਼੍ਰਨਿ ਕੋ ਡਾਰੀ॥
ਪ੍ਰਥਮ ਕੁਕਰਮਨ ਕੋ ਪਛੁਤਾਵਤਿ। ਗੁਰ ਕੇ ਬਚਨ ਰਿਦੈ ਪੁਨ ਭਾਵਤਿ॥੩੨॥

.ਬਹੁਤ ਪ੍ਰਸੰਨ ਹੋ ਗਿਆ, ਸਾਰੀ ਸੁੱਧ-ਬੁੱਧ ਵਿਸਾਰ ਦਿੱਤੀ, ਪ੍ਰੇਮ ਵਿਚ ਅੱਖਾਂ ਵਿਚ ਹੰਝੂ ਵਹਿ ਤੁਰੇ। ਪਿਛਲੇ ਕੁਕਰਮਾਂ ਦਾ ਪਛੁਤਾਵਾ ਕੀਤਾ, ਗੁਰੂ ਜੀ ਦੇ ਬਚਨ ਹਿਰਦੇ ਵਿਚ ਬਹੁਤ ਚੰਗੇ ਲੱਗੇ॥ ੩੨॥

ਲਗਜੋ ਸੇਵ ਕਰਿਬੇ ਸੁਤਿਕਰ ਕੀ। ਬਧਜੋ ਪ੍ਰੇਮ ਸ਼ਰਧਾ ਧਰਿ ਉਰ ਕੀ।
ਕਿਤਿਕ ਦਿਵਸ ਮਹਿਂ ਤਿਸ ਕੋ ਹੇਰਾ। ਕਰਜੋ ਨਿਕੰਦਨ ਮੋਹ ਬਡੇਰਾ॥੩੩॥

ਸਤਿਗੁਰੂ ਜੀ ਦੀ ਸੇਵਾ ਕਰਨ ਲੱਗਾ, ਹਿਰਦੇ ਵਿਚ ਸ਼ਰਧਾ ਧਾਰਨ ਕਰਨ ਨਾਲ ਪ੍ਰੇਮ ਬਹੁਤ ਵਧਿਆ। ਕਈ ਦਿਨਾਂ ਵਿਚ ਉਸ ਨੂੰ ਵੇਖਿਆ ਤੇ ਵੱਡੇ ਸੰਸਾਰਕ ਮੋਹ ਦਾ ਨਾਸ਼ ਕਰ ਦਿੱਤਾ॥ ੩੩॥

ਕ੍ਰਿਪਾ ਦ੍ਰਿਸ਼ਟਿ ਕਰਿ ਬਖਸ਼ਜੋ ਨਾਮੁ। ਜਿਸ ਤੇ ਭਏ ਸੰਪੂਰਣ ਕਾਮੁ।
ਸਤਿਗੁਰੁ ਸ਼ਬਦ ਪ੍ਰੇਮ ਮੈਂ ਪਾਗਾ। ਜਨਮ ਜਨਮ ਕੋ ਸੋਯੋ ਜਾਗਾ॥ ੩੪॥

ਫਿਰ ਕ੍ਰਿਪਾ-ਦ੍ਰਿਸ਼ਟੀ ਕਰਕੇ ਨਾਮ ਦੀ ਬਖਸ਼ਿਸ਼ ਕੀਤੀ, ਜਿਸ ਨਾਲ ਸਾਰੇ ਕੰਮ ਪੂਰੇ ਹੋਏ। ਸਤਿਗੁਰੂ ਦੇ ਸ਼ਬਦ ਦੇ ਪ੍ਰੇਮ ਵਿਚ ਰੰਗਿਆ ਗਿਆ, ਜਨਮਾਂ ਜਨਮਾਂਤਰਾਂ ਦਾ ਸੱਤਾ ਜਾਗ ਪਿਆ॥ ੩੪॥

ਭਯੋ ਬਹੋੜਾ ਬਹੁਤ ਨਿਹਾਲ। ਨਿਕਟਿ ਬੁਲਾਯੋ ਗੁਰੂ ਕ੍ਰਿਪਾਲ।
ਕਹਯੋ 'ਅਬਹਿ ਤੂੰ ਗ੍ਰਿਹ ਕੋ ਜਾਵਹੁ। ਉਰ ਅਨੰਦ ਕਰਿ ਹਰਿ ਗੁਨ ਗਾਵਹੁ ॥੩੫॥

ਬਹੋੜਾ ਬਹੁਤ ਨਿਹਾਲ ਹੋ ਗਿਆ, ਕਿਰਪਾਲੂ ਗੁਰੂ ਜੀ ਨੇ ਉਸ ਨੂੰ ਪਾਸ ਬੁਲਾਇਆ ਤੇ ਕਿਹਾ, "ਹੁਣ ਆਪਣੇ ਘਰ ਨੂੰ ਜਾਵੋ, ਹਿਰਦੇ ਵਿਚ ਅਨੰਦ ਧਾਰਨ ਕਰਕੇ ਹਰੀ ਦੇ ਗੁਣ ਗਾਵੋ॥ ੩੫॥

ਕਾਲ ਬਿਤਾਵਹੁ ਮਿਲਿ ਸਤਿਸੰਗ। ਪ੍ਰੇਮਾਭਗਤਿ ਬਿਖੇ ਮਨ ਰੰਗ'।
ਕਰੀ ਬਹੋੜੇ ਪੁਨ ਅਰਦਾਸ। 'ਸ੍ਰੀ ਸਤਿਗੁਰ ਮੈਂ ਰਾਵਰਿ ਦਾਸ॥ ੩੬॥

ਸਤਿਸੰਗ ਵਿਚ ਮਿਲ ਕੇ ਸਮਾਂ ਬਿਤਾਵੋ ਅਤੇ ਪ੍ਰੇਮ ਭਗਤੀ ਵਿਚ ਮਨ ਨੂੰ ਰੰਗੋ।" ਫਿਰ ਭਾਈ ਬਹੋੜੇ ਨੇ ਅਰਦਾਸ ਕੀਤੀ, "ਹੇ ਸਤਿਗੁਰੂ ਜੀ ਮੈਂ ਆਪ ਜੀ ਦਾ ਸੇਵਕ ਹਾਂ॥ ੩੬॥

ਕੌਨ ਜੀਵਕਾ ਕੋ ਮੈਂ ਕਰੌਂ?। ਜਿਸ ਤੇ ਭਵਜਲ ਦੁਸ਼ਤਰ ਤਰੌਂ।
ਜਿਸ ਮਹਿਂ ਦੋਸ਼ ਨ ਲਾਗੈ ਕੋਈ। ਅਬ ਰਾਵਰ ਆਗਜ਼ਾ ਦਿਹੁ ਸੋਈ' ॥ ੩੭॥

ਆਪਣੇ ਜੀਵਨ ਨਿਰਬਾਹ ਵਾਸਤੇ ਮੈਂ ਕਿਹੜਾ ਕੰਮ ਕਰਾਂ ? ਜਿਸ ਨਾਲ ਕਠਨ ਭਵਜਲ ਨੂੰ ਤਰ ਕੇ ਪਾਰ ਹੋ ਜਾਵਾਂ, ਜਿਸ ਰੁਜ਼ਗਾਰ ਕਰਨ ਨਾਲ ਮੈਨੂੰ ਕੋਈ ਦੋਸ਼ ਨਾ ਲੱਗੇ, ਹੁਣ ਆਪ ਜੀ ਇਸ ਬਾਰੇ ਆਗਿਆ ਕਰੋ" ॥ ੩੭॥

ਸ੍ਰੀ ਅਰਜਨ ਸੁਨਿ ਗਿਰਾ ਉਚਾਰੀ। 'ਤਜ਼ਾਗਹੁ ਕੁਲ ਕੀ ਕਿਰਤਿ ਕੁਕਾਰੀ।
ਮਮ ਹਿਤ ਗ੍ਰਿਹ ਮਹਿਂ ਲੰਗਰ ਕੀਜੈ। ਆਇ ਛੁਧਿਤ ਨਰ ਤਿਨ ਕੋ ਦੀਜੈ॥੩੮॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਆਪਣੀ ਕੁਲ ਦੀ ਪੁਰਾਣੀ ਖੋਟੀ ਕਾਰ ਭਾਵ ਚੋਰੀ ਕਰਨ ਦੀ ਕਿਰਤ ਛੱਡ ਦੇਵੋ ਤੇ ਖੋਟ-ਰਹਿਤ ਸੱਚੀ ਕਿਰਤ ਕਰੋ। ਮੇਰੇ ਵਾਸਤੇ ਆਪਣੇ ਘਰ ਵਿਚ ਲੰਗਰ ਲਾਵੋ, ਆਏ ਗਏ ਭੁੱਖੇ ਮਨੁੱਖਾਂ ਨੂੰ ਰੋਟੀ ਖਵਾਓ॥ ੩੮॥

ਮਮ ਸਿੱਖੀ ਕੋ ਸਦਾ ਕਮਾਵਹੁ। ਤਨ ਤੇ ਹੰਤਾ ਬੁੱਧਿ ਉਠਾਵਹੁ।
ਸੁਖ ਦੁਖ ਮਹਿਂ ਮਾਨਹੁ ਪ੍ਰਭੁ ਭਾਣਾ। ਰਹਹੁ ਹਰਖ ਜੁਤਿ ਸਦਾ ਨਿਮਾਣਾ ॥੩੯॥

ਮੇਰੀ ਸਿੱਖੀ ਦੀ ਸਦਾ ਕਮਾਈ ਕਰੋ, ਸਰੀਰ ਵਿਚੋਂ ਹਉਮੈ ਵਾਲੀ ਬੁੱਧੀ ਨੂੰ ਕੱਢ ਦੇਵੋ। ਦੁਖ-ਸੁਖ ਵਿਚ ਪ੍ਰਭੂ ਦਾ ਭਾਣਾ ਮੰਨੋ। ਸਦਾ ਨਿਮਾਣੇ ਰਹਿ ਕੇ ਪ੍ਰਸੰਨ ਰਹੋ" ॥ ੩੯॥

ਸੁਨਿ ਸਤਿਗੁਰ ਕੀ ਸੀਖ ਸੁਖਾਰੀ। ਗ੍ਰਿਹ ਗਮਨਯੋ ਕੀਨਸਿ ਉਰ ਧਾਰੀ।
ਸਦਾ ਅਨੰਦ ਬਿਲੰਦ ਨਿਮਗਨ। ਗੁਰ ਚਰਨਨਿ ਕੀ ਲਾਗੀ ਲਗਨ॥੪੦॥

ਸਤਿਗੁਰੂ ਜੀ ਦੀ ਸੁਖ ਦੇਣ ਵਾਲੀ ਸਿੱਖਿਆ ਸੁਣ ਕੇ ਉਸ ਨੂੰ ਹਿਰਦੇ ਵਿਚ ਧਾਰਨ ਕਰਕੇ ਆਪਣੇ ਘਰ ਨੂੰ ਚਲਾ ਗਿਆ। ਸਦਾ ਹੀ ਬਹੁਤ ਅਨੰਦ ਪ੍ਰਸੰਨ ਰਹਿੰਦਾ ਸੀ ਅਤੇ ਗੁਰੂ ਜੀ ਦੇ ਚਰਨਾਂ ਨਾਲ ਲਗਨ ਲੱਗ ਗਈ॥ ੪੦॥

ਦੋਹਰਾ- ਇਸ ਬਿਧਿ ਜਿਤ ਕੋ ਜਾਤਿ ਹੈਂ ਮਿਲਹਿ ਸੁ ਹੋਤਿ ਨਿਹਾਲ।
ਆਨਿ ਬਿਰਾਜੇ ਸੁਧਾਸਰ ਚਹਤਿ ਚਿਨਾਵਨ ਤਾਲ॥ ੪੧॥

ਇਸ ਤਰ੍ਹਾਂ ਜਿਹੜੇ ਵੀ ਸਿੱਖ ਗੁਰੂ ਜੀ ਨੂੰ ਮਿਲਦੇ ਸਨ, ਉਹ ਨਿਹਾਲ ਹੋ ਕੇ ਜਾਂਦੇ ਸਨ। ਗੁਰੂ ਜੀ ਫਿਰ ਅੰਮ੍ਰਿਤ ਸਰੋਵਰ ਦੇ ਨੇੜੇ ਆ ਬੈਠੇ ਜਿਥੇ ਉਹ ਸਰੋਵਰ ਦੀ ਉਸਾਰੀ ਕਰਨਾ ਚਾਹੁੰਦੇ ਹਨ॥ ੪੧॥

*ਦੂਸਰੀ ਰਾਸ ਦਾ ਪੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਛਿਆਲੀਵਾਂ

## ਭਾਈ ਬਹਿਲੋ

ਦੋਹਰਾ- ਸ੍ਰੀ ਅਰਜਨ ਇਸ ਭਾਤਿ ਸਿਖ ਕਰੇ ਦਯੋ ਉਪਦੇਸ਼।
ਸਿਮਰਤਿ ਹੈਂ ਸਤਿਨਾਮ ਕੋ ਮੇਟਤਿ ਸਕਲ ਕਲੇਸ਼॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪ੍ਰਕਾਰ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਸਤਿਨਾਮ ਦਾ ਸਿਮਰਨ ਕਰਵਾ ਕੇ ਸਾਰੇ ਕਲੇਸ਼ ਖਤਮ ਕਰ ਦਿੰਦੇ ਸਨ॥ ੧॥

ਚੌਪਈ- ਸੁਨਿ ਸੁਨਿ ਸ੍ਰੀ ਅਰਜਨ ਕੀ ਕੀਰਤਿ। ਨਿਤਿ ਪ੍ਰਤਿ ਹੋਤਿ ਅਧਿਕ ਬਿਸਤੀਰਤਿ।
ਸ੍ਰੀ ਗੁਰ ਅਮਰਦਾਸ ਕੇ ਆਗੇ। ਭਏ ਜੁ ਸਿੱਖਜ ਮਹਾਂ ਬਡਭਾਗੇ॥ ੨॥

ਸ੍ਰੀ ਗੁਰੂ ਅਰਜਨ ਦੀ ਕੀਰਤੀ ਸੁਣ ਸੁਣ ਨਿਤਾ-ਪ੍ਰਤੀ ਸਿੱਖੀ ਦਾ ਹੋਰ ਵਿਸਥਾਰ ਹੋ ਰਿਹਾ ਸੀ। ਜਿਹੜੇ ਸਿੱਖ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਹੋਏ ਸਨ, ਉਹ ਵੱਡੇ ਭਾਗਾਂ ਵਾਲੇ ਸਨ॥ ੨॥

ਅਰੁ ਸ੍ਰੀ ਰਾਮਦਾਸ ਤੇ ਕੇਈ। ਪਾਇ ਸੁਮਤਿ ਹੋਏ ਸਿਖ ਜੇਈ।
ਸ੍ਰੀ ਅੰਮ੍ਰਿਤਸਰ ਕੀ ਸੁਨਿ ਕਾਰ। ਜਿਹ ਸੇਵੇ ਫਲ ਪਾਇ ਉਦਾਰ॥ ੩॥

ਅਤੇ ਸ੍ਰੀ ਰਾਮਦਾਸ ਦੇ ਸਮੇਂ ਵੀ ਕਈ ਸਿੱਖ ਹੋਏ, ਜਿਨ੍ਹਾਂ ਨੇ ਸਿੱਖ ਬਣ ਕੇ ਸ੍ਰੇਸ਼ਟ ਮੱਤ ਪਾਈ। ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਸੁਣ ਕੇ ਕਈ ਸਿੱਖ ਆਉਂਦੇ ਸਨ ਤੇ ਸੇਵਾ ਕਰਕੇ ਉੱਤਮ ਫਲ ਪ੍ਰਾਪਤ ਕਰਦੇ ਸਨ॥ ੩॥

ਸੋ ਸਭਿ ਆਵਤਿ ਘਰ ਕੋ ਤਜਾਗੇ। ਖਨਹਿਂ ਮ੍ਰਿਤਕਾ ਸੇਵਾ ਲਾਗੇ।
ਕੇਤਿਕ ਕਰਹਿਂ ਪਜਾਵਨਿ ਕਾਰ। ਮਾਟੀ ਚੀਕਨਿ ਲੇਹਿਂ ਸੁਧਾਰ॥ ੪॥

ਸਾਰੇ ਆਪਣੇ ਘਰਾਂ ਨੂੰ ਛੱਡ ਕੇ ਆਉਂਦੇ ਸਨ, ਮਿੱਟੀ ਪੁੱਟਣ ਦੀ ਸੇਵਾ ਵਿਚ ਲੱਗ ਜਾਂਦੇ ਸਨ। ਕਈ ਇੱਟਾਂ ਪੱਕੀਆਂ ਤਿਆਰ ਕਰਵਾਉਣ ਲਈ ਆਵਿਆਂ ਦੀ ਕਾਰ-ਸੇਵਾ ਕਰਦੇ ਸਨ, ਉਹ ਸੁਧਾਰ ਕੇ ਮਿੱਟੀ ਨੂੰ ਚੀਕਣੀ ਬਣਾਉਂਦੇ ਸਨ॥ ੪॥

ਸੰਚੇ ਮਾਂਹਿ ਈਂਟਕਾ ਢਾਰੈਂ। ਸ਼ੁਸ਼ਕ ਕਰਨ ਕੋ ਇਤ ਉਤ ਧਾਰੈਂ।
ਕੇਤਿਕ ਸਿਰ ਧਰਿ ਢੋਵਨ ਕਰਿ ਹੀਂ। ਜਹਾਂ ਪਜਾਵੇ ਤਹਿਂ ਲੇ ਧਰਿਹੀਂ॥ ੫॥

ਸੰਚਿਆਂ ਨਾਲ ਇੱਟਾਂ ਢਾਲਦੇ ਸਨ ਤੇ ਸੁਕਾਉਣ ਵਾਸਤੇ ਏਧਰ ਓਧਰ ਰੱਖਦੇ ਸਨ। ਕਈ ਇੱਟਾਂ ਨੂੰ ਸਿਰ ਤੇ ਚੁੱਕ ਕੇ ਢੋਂਦੇ ਸਨ, ਜਿਥੇ ਪਹੁੰਚਾਉਣੀਆਂ ਹੁੰਦੀਆਂ ਸਨ, ਉਥੇ ਜਾ ਕੇ ਰੱਖ ਦਿੰਦੇ ਸਨ॥ ੫॥

ਕੇਤਿਕ ਗਹਿ ਕਰਿ ਨਿਜ ਮਤਿ ਸੰਗ। ਚਿਨਹਿਂ ਸੁ ਈਂਧਨ ਕਰਹਿਂ ਉਤੰਗ।
ਕੇਤਿਕ ਕੂਰਾ ਕਰੈਂ ਸਕੇਲਨ। ਈਂਟ ਪਕਾਵਨ ਹਿਤ ਕਰਿ ਮੇਲਨਿ॥ ੬॥

ਕਈ ਆਪਣੇ ਹੱਥਾਂ ਨਾਲ ਫੜ ਕੇ ਆਪਣੀ ਬੁਧੀ ਅਨੁਸਾਰ ਬਾਲਣ ਚਿਣਦੇ ਸਨ, ਕਈ ਕੂੜਾ ਇਕੱਠਾ ਕਰਦੇ ਸਨ ਜਿਸ ਨਾਲ ਉਹ ਇੱਟਾਂ ਨੂੰ ਪਕਾਉਣ ਲਈ, ਇਕ ਦੂਸਰੀ ਨਾਲ ਜੋੜ ਦਿੰਦੇ ਸਨ॥ ੬॥

ਕੋ ਭੋਜਨ ਨਿਜ ਘਰ ਤੇ ਖਾਇ। ਸਭਿ ਦਿਨ ਗੁਰੁ ਕੀ ਸੇਵ ਕਮਾਇ।
ਕੇਤਿਕ ਦਰਬ ਅਰਪ ਹੈਂ ਆਇ। ਬ੍ਰਿੰਦ ਮਿਹਨਤੀ ਦੇਤਿ ਲਗਾਇ॥ ੭॥

ਕੋਈ ਆਪਣੇ ਘਰ ਤੋਂ ਭੋਜਨ ਖਾਂਦਾ ਸੀ ਅਤੇ ਸਾਰਾ ਦਿਨ ਗੁਰੂ ਜੀ ਦੀ ਸੇਵਾ ਕਮਾਉਂਦਾ ਸੀ। ਕਈ ਆ ਕੇ ਧਨ ਦਿੰਦੇ ਸਨ ਜਿਸ ਨਾਲ ਬਹੁਤ ਮਜ਼ਦੂਰਾਂ ਨੂੰ ਲਾ ਦਿੰਦੇ ਸਨ॥ ੭॥

ਕੇਤਿਕ ਦੇਗ ਅਹਾਰ ਕਰੰਤੇ। ਸਰ ਕੀ ਸੇਵਾ ਲਗੇ ਰਹੰਤੇ।
ਕੇਤਿਕ ਅਜ਼ਮਤਿ ਕੇ ਜੁਤਿ ਭਾਰੀ। ਜਾਇਂ ਨਿਸਾ ਨਿਜ ਸਦਨ ਮਝਾਰੀ॥ ੮॥

ਕਈ ਲੰਗਰ ਵਿਚ ਭੋਜਨ ਛੱਕਦੇ ਸਨ ਅਤੇ ਸਰੋਵਰ ਦੀ ਸੇਵਾ ਵਿਚ ਲੱਗੇ ਰਹਿੰਦੇ ਸਨ। ਕਈ ਵੱਡੇ ਪ੍ਰਤਾਪ ਸਹਿਤ ਰਾਤ ਨੂੰ ਆਪਣੇ ਘਰ ਚਲੇ ਜਾਂਦੇ ਸਨ॥ ੮॥

ਹੋਤਿ ਭੋਰ ਕੇ ਆਵਤਿ ਸੋਈ। ਸਰ ਕੀ ਸੇਵ ਲਗੇ ਸਭਿ ਕੋਈ।
ਸਫਲ ਜਨਮ ਅਪਨੇ ਕੋ ਜਾਨਹਿਂ। ਸਗਰੇ ਦਿਵਸ ਟਹਿਲ ਕੋ ਠਾਨਹਿਂ॥ ੯॥

ਸਵੇਰ ਹੁੰਦਿਆਂ ਹੀ ਉਹ ਫਿਰ ਆ ਜਾਂਦੇ ਸਨ, ਸਾਰੇ ਸਰੋਵਰ ਦੀ ਸੇਵਾ ਵਿਚ ਲੱਗ ਜਾਂਦੇ ਸਨ। ਉਹ ਆਪਣਾ ਜਨਮ ਸਫਲ ਹੋਇਆ ਜਾਣਦੇ ਸਨ। ਸਾਰਾ ਦਿਨ ਸੇਵਾ ਕਰਦੇ ਸਨ॥ ੯॥

ਸਤਿਗੁਰ ਅਰਜਨ ਅੰਤਰਜਾਮੀ। ਜੋ ਸੇਵਹਿਂ ਸੋ ਜਾਨਹਿਂ ਸ੍ਵਾਮੀ।
ਮਹਾਂ ਮਹਾਤਮ ਚਹਤਿ ਬਿਥਾਰਾ। ਜੋ ਸਿਖ ਹੋਇ ਕਾਮਨਾ ਵਾਰਾ॥ ੧੦॥

ਅੰਤਰਜਾਮੀ ਸਤਿਗੁਰੂ ਅਰਜਨ ਦੇਵ ਜੀ, ਸਭ ਤਰ੍ਹਾਂ ਜਾਣਦੇ ਸਨ ਜਿਸ ਤਰ੍ਹਾਂ ਦੀ ਕੋਈ ਸੇਵਾ ਕਰਦਾ ਸੀ। ਉਹ ਮਹਾਂ ਮਹਾਤਮ ਦਾ ਵਿਸਥਾਰ ਕਰਨਾ ਚਾਹੁੰਦੇ ਸਨ ਜਿਹੜਾ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੋਵੇ॥ ੧੦॥

ਇਸ ਜਗ ਕੇ ਸੁਖ ਸਭਿ ਬਿਧਿ ਦੀਨਿ। ਪੁਨ ਪ੍ਰਲੋਕ ਮਹਿਂ ਸੁਭ ਗਤਿ ਕੀਨਿ।
ਇਸ ਪ੍ਰਕਾਰ ਸਰ ਕੀ ਨਿਤਿ ਕਾਰ। ਹੁਯੋ ਜਾਤਿ ਖਨਿ ਵਹਿਰ ਨਿਕਾਰ॥੧੧॥

ਸਾਰੀਆਂ ਵਿਧੀਆਂ ਅਨੁਸਾਰ ਜਿਹੜਾ ਇਸ ਜਗਤ ਦੇ ਸਾਰੇ ਸੁਖ ਦੇਵੇ ਫਿਰ ਪਰਲੋਕ ਵਿਚ ਸ਼ੁਭ ਮੁਕਤੀ ਪ੍ਰਾਪਤ ਹੋਵੇ। ਇਸ ਤਰ੍ਹਾਂ ਸਰੋਵਰ ਦੀ ਨਿੱਤ ਕਾਰ ਸੇਵਾ ਹੋ ਰਹੀ ਸੀ, ਮਿੱਟੀ ਪੁੱਟ ਪੁੱਟ ਬਾਹਰ ਕੱਢ ਰਹੇ ਸਨ॥ ੧੧॥

ਜੇ ਸਿਖ ਲੰਮੇ ਦੇਸ਼ ਮਝਾਰ। ਧੰਨੀ, ਘੇਪ ਕਿ ਪੋਠੋਹਾਰ।
ਤਖਤ ਹਜ਼ਾਰਾ, ਛੱਛ ਹਜਾਰਾ। ਕਾਬਲ ਨਗਰਿ, ਪਿਸ਼ੌਰ ਕੰਧਾਰਾ॥ ੧੨॥

ਜਿਹੜੇ ਸਿੱਖ ਲੰਮੇ ਦੇਸ਼, ਧੰਨੀ, ਘੇਪ, ਪੋਠੋਹਾਰ, ਤਖਤ ਹਜ਼ਾਰੇ, ਛੱਛ ਹਜ਼ਾਰੇ, ਕਾਬਲ ਨਗਰ, ਪਿਸ਼ੌਰ, ਕੰਧਾਰ॥੧੨॥

ਬਲਖ ਬੁਖਾਰਾ ਅਰੁ ਮੁਲਤਾਨ। ਇੱਤਜਾਦਿਕ ਪਸ਼ਚਮ ਦਿਸ਼ਿ ਜਾਨ।
ਛਠੇ ਮਾਸਕੈ ਸੰਮਤ ਮਾਂਹੀ। ਦਰਸ਼ਨ ਕਰਨ ਆਇਂ ਗੁਰ ਪਾਂਹੀ॥ ੧੩॥

ਬਲਖ ਬੁਖਾਰੇ, ਮੁਲਤਾਨ ਇੱਤਆਦਿ ਪੱਛਮ ਦੇਸ਼ ਵਿਚ ਰਹਿੰਦੇ ਸਨ, ਉਹ ਛੇ ਮਹੀਨੇ ਜਾਂ ਸਾਲ ਬਾਅਦ ਦਰਸ਼ਨ ਕਰਨ ਹਿਤ ਗੁਰੂ ਜੀ ਪਾਸ ਆਉਂਦੇ ਸਨ॥ ੧੩॥

ਰਹੈਂ, ਕਿਤਿਕ ਦਿਨ ਸੇਵਾ ਸਰਿ ਕੀ। ਕਰਹਿਂ, ਪ੍ਰੇਮ ਧਰਿ ਸ਼ਰਧਾ ਉਰ ਕੀ।
ਬਹੁਰੋ ਸਤਿਗੁਰ ਕੇ ਢਿਗ ਆਇ। ਜਾਚਹਿਂ ਬਿਦਾ ਸਦਨ ਕੋ ਜਾਇਂ॥ ੧੪॥

ਉਹ ਸਰੋਵਰ ਦੀ ਸੇਵਾ ਕਰਨ ਵਾਸਤੇ ਕਈ ਦਿਨ ਰਹਿੰਦੇ ਸਨ। ਉਹ ਹਿਰਦੇ ਵਿਚ ਬੜਾ ਪ੍ਰੇਮ ਧਾਰਨ ਕਰਕੇ ਬੜੀ ਸ਼ਰਧਾ ਸਹਿਤ ਸੇਵਾ ਕਰਦੇ ਸਨ। ਫਿਰ ਸਤਿਗੁਰੂ ਜੀ ਪਾਸ ਆਉਂਦੇ ਸਨ, ਵਿਦਾਇਗੀ ਮੰਗਦੇ ਸਨ ਤੇ ਫਿਰ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥ ੧੪॥

ਸ੍ਰੀ ਅਰਜਨ ਤਿਨ ਸੌਂ ਤਬਿ ਕਹੈਂ। 'ਹੇ ਸਿਖ ! ਤੁਵ ਨੰਦਨ ਕੈ ਅਹੈਂ ?।
ਕੈ ਭ੍ਰਾਤਾ ਮਿਲਿ ਬਨਜ ਕਰੰਤੇ?। ਕਬਿ ਕੇ ਸਿੱਖੀ ਆਪ ਧਰੰਤੇ?' ॥ ੧੫ ॥

ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਉਨ੍ਹਾਂ ਨੂੰ ਕਹਿੰਦੇ ਸਨ, "ਹੇ ਸਿੱਖਾ ! ਤੇਰੇ ਕਿੰਨੇ ਪੁੱਤਰ ਹਨ ? ਕਿੰਨੇ ਭਰਾ ਮਿਲ ਕੇ ਵਪਾਰ ਕਰਦੇ ਹਨ ? ਆਪ ਨੇ ਸਿੱਖੀ ਕਦ ਤੋਂ ਧਾਰਨ ਕੀਤੀ ਹੈ ?" ॥ ੧੫ ॥

ਹਾਥ ਜੋਰਿ ਸੋ ਬਾਕ ਭਨੇ ਹੈਂ। 'ਪਿਤਾ ਪਿਤਾਮਾ ਸਿੱਖਜ ਬਨੇ ਹੈਂ।
ਪੁੱਤ੍ਰ ਚਾਰ ਹੈਂ ਰਾਵਰਿ ਕਰੁਨਾ। ਬੈਠਿ ਦੁਕਾਨ ਬਨਜ ਕੋ ਕਰਨਾ' ॥ ੧੬ ॥

ਸਿੱਖ ਹੱਥ ਜੋੜ ਕੇ ਕਹਿੰਦੇ ਸਨ, "ਸਾਡੇ ਪਿਤਾ ਪਿਤਾਮਾ ਸਿੱਖ ਬਣੇ ਹਨ, ਆਪ ਜੀ ਦੀ ਕਿਰਪਾ ਨਾਲ ਮੇਰੇ ਚਾਰ ਪੁੱਤਰ ਹਨ, ਉਹ ਦੁਕਾਨ ਵਿਚ ਬੈਠ ਕੇ ਵਪਾਰ ਕਰਦੇ ਹਨ" ॥ ੧੬ ॥

ਸੁਨਿ ਸਤਿਗੁਰ ਤਿਹ ਸੌਂ ਫੁਰਮਾਇ। 'ਦ੍ਵੈ ਸੁਤਿ ਦਿਹੁ ਹਮ ਕੋ ਇਸ ਥਾਇਂ।
ਗੁਰ ਪੁਰਿ ਮਹਿ ਬਸ ਕਰਹਿਂ ਦੁਕਾਨ। ਲਾਭਹਿਂ ਲਾਭ ਬਨਜ ਕੋ ਠਾਨਿ' ॥੧੭ ॥

ਇਹ ਸੁਣ ਕੇ ਸਤਿਗੁਰੂ ਜੀ ਫੁਰਮਾਉਂਦੇ ਸਨ, "ਦੋ ਪੁੱਤਰ ਸਾਨੂੰ ਇਸ ਥਾਂ ਦੇਵੋ ਤਾਂਕਿ ਉਹ ਗੁਰੂ ਦੀ ਨਗਰੀ ਵਿਚ ਬੈਠ ਕੇ ਦੁਕਾਨਦਾਰੀ ਕਰਨ, ਏਥੇ ਵਪਾਰ ਕਰਨ ਨਾਲ ਉਨ੍ਹਾਂ ਨੂੰ ਬਹੁਤ ਲਾਭ ਪ੍ਰਾਪਤ ਹੋਵੇਗਾ" ॥ ੧੭ ॥

ਬਾਕ ਮਾਨ ਸੋ ਆਨਿ ਬਸਾਵੈਂ। ਜਿਸ ਕੇ ਜੁਗ ਸੁਤ ਇਕ ਤਹਿਂ ਆਵੈ।
ਇਕ ਦਿਸ਼ਿ ਅਪਨੋ ਸਦਨ ਚਿਨਾਏ। ਦਿਸਿ ਦੂਸਰਿ ਸਰ ਸੁਧਾ ਬਨਾਏ ॥੧੮ ॥

ਗੁਰੂ ਜੀ ਦੇ ਬਚਨ ਮੰਨ ਕੇ ਉਹ ਆਪਣੇ ਪੁੱਤਰਾਂ ਨੂੰ ਲਿਆ ਕੇ ਗੁਰੂ ਜੀ ਦੀ ਨਗਰੀ ਵਿਚ ਵਸਾ ਦਿੰਦੇ ਸਨ। ਜਿਸ ਦੇ ਦੋ ਪੁੱਤਰ ਹੁੰਦੇ ਸੀ, ਉਸ ਦਾ ਇਕ ਪੁੱਤਰ ਆ ਜਾਂਦਾ ਸੀ। ਇਕ ਪਾਸੇ ਆਪਣੇ ਘਰ ਬਣਵਾਏ, ਦੂਸਰੇ ਪਾਸੇ ਅੰਮ੍ਰਿਤ ਸਰੋਵਰ ਬਣਾਇਆ॥ ੧੮ ॥

ਦੋਨਹੁੰ ਬੀਚ ਬਜ਼ਾਰ ਪਵਾਯੋ। ਗਨ ਹਾਟਨ ਕੋ ਬਯੋਂਤ ਬਨਾਯੋ।
ਦਿਨ ਪ੍ਰਤਿ ਗੁਰ ਕੀ ਖੁਸ਼ੀ ਬਿਲੋਕਿ। ਆਵਹਿਂ ਸਿੱਖ ਕਰਹਿਂ ਨਿਜ ਓਕ ॥੧੯ ॥

ਦੋਹਾਂ ਦੇ ਵਿਚ ਇਕ ਬਾਜ਼ਾਰ ਬਣਵਾਇਆ, ਉਸ ਵਿਚ ਦੁਕਾਨਾਂ ਬਣਾਉਣ ਦੀ ਵਿਉਂਤ ਬਣਾਈ। ਦਿਨਪ੍ਰਤੀ ਗੁਰੂ ਜੀ ਦੀ ਖ਼ੁਸ਼ੀ ਵੇਖਕੇ ਸਿੱਖ ਆਉਂਦੇ ਸਨ ਅਤੇ ਆਪਣੇ ਘਰ ਪਾਉਂਦੇ ਸਨ॥ ੧੯ ॥

ਆਪਨ ਬੀਚ ਬਜ਼ਾਰ ਬਨਾਵੈਂ। ਬਸਨ ਹੇਤ ਨਿਜ ਸਦਨ ਚਿਨਾਵੈਂ।
ਨਰ ਗਨ ਪੁਰਿ ਮਹਿਂ ਹੋਵਨ ਲਾਗੇ। ਆਨਿ ਆਨਿ ਬਾਸਹਿਂ ਬਡਿਭਾਗੇ ॥ ੨੦ ॥

ਬਾਜ਼ਾਰ ਵਿਚ ਆਪਣੀਆਂ ਦੁਕਾਨਾਂ ਪਾਉਂਦੇ ਸਨ ਤੇ ਵੱਸਣ ਵਾਸਤੇ ਘਰ ਬਣਵਾਉਂਦੇ ਸਨ, ਬਹੁਤ ਮਨੁੱਖ ਸ਼ਹਿਰ ਵਿਚ ਰਹਿਣ ਲੱਗੇ, ਵੱਡੇ ਭਾਗਾਂ ਵਾਲੇ ਆ ਆ ਕੇ ਵੱਸਦੇ ਸਨ॥ ੨੦ ॥

ਕਰਨਿ ਲਗੇ ਬਿਵਹਾਰ ਬਡੇਰੇ। ਜਹਿਂ ਕਹਿਂ ਅਪਨੇ ਸਿੱਖ ਜੁ ਹੇਰੇ।
ਤਹਿਂ ਤੇ ਆਪ ਬੁਲਾਵੈਂ ਨਾਥ। ਲਾਗਹਿਂ ਸੇਵ ਜੁ ਸ਼ਰਧਾ ਸਾਥ ॥ ੨੧ ॥

ਵੱਡੇ-ਵੱਡੇ ਕਾਰੋਬਾਰ ਕਰਨ ਲੱਗੇ, ਗੁਰੂ ਜੀ ਜਿਥੇ-ਕਿਥੇ ਆਪਣੇ ਸਿੱਖ ਨੂੰ ਵੇਖਦੇ ਸਨ, ਓਥੋਂ ਹੀ ਉਸ ਨੂੰ ਬੁਲਾ ਲੈਂਦੇ ਸਨ, ਜਿਹੜੇ ਬੜੀ ਸ਼ਰਧਾ ਨਾਲ ਸੇਵਾ ਕਰਨ ਲੱਗ ਜਾਂਦੇ ਸਨ॥ ੨੧ ॥

ਕੇਤਿਕ ਸਿੱਖਯ ਆਪ ਤੇ ਆਏ। ਕਿਨਹੂੰ ਢਿਗ ਨਰ ਪਠੇ ਬੁਲਾਏ।

ਪੂਰਨ ਹੋਤਿ ਜਾਚਨਾ ਜਯੋਂ ਜਯੋਂ। ਸੁਨਿ ਸੁਨਿ ਜਸੁ ਆਵੈਂ ਸਭਿ ਤਯੋਂ ਤਯੋਂ ॥੨੨॥

ਕਈ ਸਿੱਖ ਆਪਣੇ ਆਪ ਆ ਗਏ, ਕਈਆਂ ਨੂੰ ਮਨੁੱਖ ਭੇਜ ਕੇ ਬੁਲਾ ਲਿਆ। ਜਿਵੇਂ-ਜਿਵੇਂ ਮੰਗ ਪੂਰੀ ਹੋ ਜਾਂਦੀ ਸੀ ਸਾਰੇ ਤਿਵੇਂ-ਤਿਵੇਂ ਜੱਸ ਸੁਣ ਸੁਣ ਕੇ ਆਉਂਦੇ ਜਾਂਦੇ ਸਨ॥ ੨੨॥

ਦੋਹਰਾ- ਫਫਰੇ ਗ੍ਰਾਮ ਬਿਖੈ ਬਸੈ ਬਹਿਲੋ ਸ੍ਰੇਸ਼ਟ ਜਾਟ।

ਖੂੰਡੀ ਕਰ ਮਹਿਂ ਧਾਰਿ ਕੈ ਕਰਹਿ ਸ਼ੇਖ ਕੋ ਠਾਟ॥ ੨੩॥

ਮਾਲਵੇ ਵਿਚ ਫਫੜੇ ਪਿੰਡ ਵਿਚ ਇਕ ਬਹਿਲੋ ਨਾਮੀਂ ਸ੍ਰੇਸ਼ਟ ਜੱਟ ਰਹਿੰਦਾ ਸੀ। ਖੂੰਡੀ ਹੱਥ ਵਿਚ ਫੜ ਕੇ ਸਖੀ-ਸਰਵਰ ਦੇ ਠਾਟ ਤੇ ਜਾਂਦਾ ਸੀ॥ ੨੩॥

ਚੌਪਈ- ਬਹੁਤੇ ਮਾਨੁਖ ਸੰਗ ਲਗਾਇ। ਪਰਸਹਿ ਜਾਇ ਨਿਗਾਹੇ ਥਾਇਂ।

ਸਰਵਰ ਕੋ ਮੁਰੀਦ ਨਿਤ ਰਹੈ। 'ਸੁਲਤਾਨੀ' ਤਿਸਕੋ ਸਭਿ ਕਹੈਂ॥੨੪॥

ਬਹੁਤ ਮਨੁੱਖ ਨਾਲ ਲੈ ਕੇ, ਸਖੀ ਸਰਵਰ ਦੀ ਜਗ੍ਹਾ ਤੇ ਜਾ ਕੇ ਸੇਵਾ ਕਰਦਾ ਸੀ ਕਿਉਂਕਿ ਉਹ ਸਦਾ ਸਖੀ ਸਰਵਰ ਦਾ ਮੁਰੀਦ ਬਣਿਆ ਰਹਿੰਦਾ ਸੀ, ਇਸ ਕਰਕੇ ਉਸਨੂੰ ਸਾਰੇ 'ਸੁਲਤਾਨੀ' ਕਹਿੰਦੇ ਸਨ॥ ੨੪॥

ਗੁਰੂ ਹੁਕਮਨਾਮਾ ਸੁ ਪਠਾਯੋ। ਗਯੋ ਸਿੱਖ ਨੇ ਸਕਲ ਸੁਨਾਯੋ।

ਗੁਰੂ ਹੁਕਮ ਕੋ ਸੁਨਿ ਕਰਿ ਤਦਾ। ਕਹ੍ਯੋ 'ਨ ਮੇਲਿ ਤਿਨਹੁ ਸੋਂ ਕਦਾ॥੨੫॥

ਗੁਰੂ ਜੀ ਨੇ ਇਕ ਸਿੱਖ ਨੂੰ ਹੁਕਮਨਾਮਾ ਦੇ ਕੇ ਭੇਜਿਆ। ਉਹ ਸਿੱਖ ਜਾ ਕੇ ਭਾਈ ਬਹਿਲੋ ਨੂੰ ਮਿਲਿਆ ਤੇ ਸਾਰੀ ਗੱਲ ਸੁਣਾਈ। ਤਦ ਬਹਿਲੋ ਨੇ ਗੁਰੂ ਜੀ ਦੇ ਹੁਕਮ ਨੂੰ ਸੁਣਕੇ ਕਿਹਾ, "ਮੈਂ ਤਾਂ ਉਨ੍ਹਾਂ ਨੂੰ ਕਦੇ ਮਿਲਿਆ ਨਹੀਂ॥ ੨੫॥

ਹਮ ਕਬਿ ਮਿਲੇ, ਨਹੀਂ ਕਬਿ ਗਏ। ਲਿਖਿਨਿ ਪਢਨਿ ਕੋ ਪ੍ਰਥਮੁ ਨ ਭਏ।

ਤਿਨਿ ਸਮੀਪਿ ਕਿਮ ਜਾਵਨ ਬਨੈ ?। ਦੇਖਹੁ ਕਰਿ ਬਿਚਾਰ ਨਿਜ ਮਨੈ॥੨੬॥

ਅਸੀਂ ਕਦੇ ਮਿਲੇ ਨਹੀਂ, ਨਾ ਕਦੇ ਗਏ ਹਾਂ, ਕੋਈ ਪਹਿਲਾਂ ਲਿਖਣ ਪੜ੍ਹਨ ਵੀ ਕਦੇ ਨਹੀਂ ਹੋਇਆ ਹੈ, ਮੇਰਾ ਉਨ੍ਹਾਂ ਦੇ ਪਾਸ ਜਾਣਾ ਕਿਵੇਂ ਬਣਦਾ ਹੈ ? ਆਪਣੇ ਮਨ ਵਿਚ ਵਿਚਾਰ ਕਰਕੇ ਵੇਖ ਲਵੋ॥ ੨੬॥

ਭੇਖ ਭਿਰਾਈ ਕੋ ਤਨ ਕਰੌਂ। ਖੂੰਡੀ ਖਲਰਾ ਗਲ ਮਹਿਂ ਧਰੌਂ।

ਇਸੀ ਦੇਸ਼ ਕੇ ਨਰ ਗਨ ਸਾਰੇ। ਮੁਝ ਸਨਮਾਨਹਿਂ ਚਲਹਿਂ ਪਿਛਾਰੇ॥੨੭॥

ਤਨ ਤੇ ਢੋਲ ਵਜਾਉਣ ਵਾਲੇ ਦਾ ਭੇਸ ਧਾਰਨ ਕਰਾਂ, ਖੱਲ ਦੀ ਝੋਲੀ ਨੂੰ ਗਲ ਵਿਚ ਪਾਵਾਂ। ਇਸ ਦੇਸ਼ ਦੇ ਸਾਰੇ ਮਨੁੱਖ ਮੇਰਾ ਬਹੁਤ ਸਨਮਾਨ ਕਰਦੇ ਹਨ ਅਤੇ ਮੇਰੇ ਪਿੱਛੇ ਚਲਦੇ ਹਨ॥ ੨੭॥

ਮੁੱਖ ਸਭਿਨਿ ਮਹਿਂ ਮੁਰ ਬਡਿਆਈ। ਰਹੈਂ ਸੈਂਕਰੇ ਨਰ ਚਹੁੰ ਘਾਈ।

ਮੈਂ ਆਗੇ ਥਿਤ ਹੁਇ ਸੁਲਤਾਨ। ਜਾਰਤਿ ਕੋ ਕਰਿਵਾਇ ਮਹਾਨ॥੨੮॥

ਇਨ੍ਹਾਂ ਸਾਰਿਆਂ ਵਿਚ ਮੇਰੀ ਬਹੁਤ ਵਡਿਆਈ ਹੈ, ਸੈਂਕੜੇ ਮਨੁੱਖ ਮੇਰੇ ਚਾਰੇ ਪਾਸੇ ਰਹਿੰਦੇ ਹਨ, ਮੈਂ ਸਾਰਿਆਂ ਦੇ ਅੱਗੇ ਹੋ ਕੇ ਮੁਖੀ ਬਣ ਕੇ ਮਹਾਨ ਜ਼ਿਆਰਤ ਕਰਵਾਉਂਦਾ ਹਾਂ॥ ੨੮॥

Sri Satguru Jagjit Singh Ji eLlibrary NamdhariElibrary@gmail.com

ਇਸ ਪ੍ਰਕਾਰ ਮੇਰੀ ਅਬਿ ਬਾਤ। ਤਿਹ ਤਜਿ ਚਲਨਿ ਬਨੈ ਕਿਸ ਭਾਂਤ।
ਬਿਨਾਂ ਲਾਭ ਦੇਖੇ ਕਿਸ ਥਾਨ। ਮੂਰਖ ਭੀ ਨ ਪ੍ਰਵਿਰਤਹਿ ਜਾਨ॥ ੨੯ ॥

ਇਸ ਤਰ੍ਹਾਂ ਦੀ ਮੇਰੀ ਹੁਣ ਵਡਿਆਈ ਹੈ, ਇਸ ਨੂੰ ਛੱਡ ਕੇ ਜਾਣਾ ਕਿਸ ਪ੍ਰਕਾਰ ਬਣਦਾ ਹੈ, ਲਾਭ ਵੇਖੇ ਬਿਨਾਂ ਕਿਸੇ ਥਾਂ ਜਾਣਾ ਕਿਵੇਂ ਬਣਦਾ ਹੈ, ਮੂਰਖ ਵੀ ਜਾਣ ਦੀ ਪ੍ਰਵਿਰਤੀ ਨਹੀਂ ਰੱਖੇਗਾ"॥ ੨੯॥

ਇਮੁ ਸੁਨਿਕੈ ਸਿਖ ਚਲਜੋ ਸੁ ਗਯੋ। ਗੁਰੁ ਸੋਂ ਸਰਬ ਜਨਾਵਤਿ ਭਯੋ।
'ਸਤਿਗੁਰ ਘਰ ਕੋ ਨਾਂਹਿਨ ਮੇਲੀ। ਭੇਦ ਨ ਜਾਨਹਿ, ਆਇਸੁ ਪੇਲੀ' ॥ ੩੦ ॥

ਇਹ ਸੁਣ ਕੇ ਜਿਹੜਾ ਸਿੱਖ ਉਸ ਪਾਸ ਗਿਆ ਸੀ, ਉਹ ਵਾਪਸ ਚਲਾ ਗਿਆ। ਗੁਰੂ ਜੀ ਪਾਸ ਆ ਕੇ ਉਸ ਸਾਰੀ ਗੱਲ ਦੱਸੀ, "ਸਤਿਗੁਰੂ ਜੀ ਦੇ ਘਰ ਨਾਲ ਉਸ ਦਾ ਕੋਈ ਮੇਲ ਨਹੀਂ ਹੈ, ਇਸ ਕਰਕੇ ਭੇਦ ਨਹੀਂ ਜਾਣਦਾ ਹੈ ਤੇ ਆਪ ਜੀ ਦੀ ਆਗਿਆ ਉਸ ਟਾਲ ਦਿੱਤੀ ਹੈ"॥ ੩੦॥

ਸੁਨਿ ਸਿਖ ਤੇ ਸਗਰੀ ਤਿਸਿ ਬਾਤਿ। ਸ੍ਰੀ ਅਰਜਨ ਬੋਲੇ ਮੁਸਕਾਤਿ।
'ਬਹੁਰ ਜਾਇ ਕਹੁ ਹੁਕਮ ਹਮਾਰਾ। ਸੁਧਿ ਨ ਰਹੀ ਤੁਂਵ ਰਿਦੇ ਮਝਾਰਾ॥ ੩੧ ॥

ਉਸ ਸਿੱਖ ਤੋਂ ਸਾਰੀ ਗੱਲ ਸੁਣ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਮੁਸਕਰਾ ਕੇ ਬੋਲੇ, "ਫਿਰ ਜਾ ਕੇ ਉਸ ਨੂੰ ਸਾਡਾ ਹੁਕਮ ਸੁਣਾਓ ਕਿ ਤੇਰੇ ਹਿਰਦੇ ਵਿਚ ਕੋਈ ਸੋਝੀ ਨਹੀਂ ਰਹੀ ਹੈ॥ ੩੧॥

ਯਾਂਤੇ ਜਾਤ ਤੁਰਕ ਕੀ ਗੋਰ। ਮਾਨਹਿ ਬਿਨ ਬੁਧਿ ਤੇ ਕਰ ਜੋਰ।
ਭੇਡ ਚਾਲ ਨਰ ਮੰਦਨ ਕੇਰੀ। ਹੋਤਿ ਪ੍ਰਵਿਰਤਿ ਅਪਰ ਕੋ ਹੇਰੀ॥ ੩੨ ॥

ਇਸ ਕਰਕੇ ਤੁਰਕ ਦੀ ਕਬਰ ਤੇ ਜਾਂਦਾ ਹੈਂ, ਦਿਮਾਗ ਨਾਲ ਕਿਸੇ ਪ੍ਰਕਾਰ ਸੋਚਣ ਤੋਂ ਬਗੈਰ ਹੀ ਕਬਰ ਨੂੰ ਮੰਨਣ ਲੱਗ ਗਿਆ ਹੈਂ। ਮਾੜੀ ਬੁਧੀ ਵਾਲੇ ਮਨੁੱਖ ਦੀ ਭੇਡ-ਚਾਲ ਵੇਖ ਕੇ ਚੰਗੇ ਮਨੁੱਖਾਂ ਦੀ ਪ੍ਰਵਿਰਤੀ ਵੀ ਉਨ੍ਹਾਂ ਵਰਗੀ ਹੋ ਜਾਂਦੀ ਹੈ॥ ੩੨॥

ਬੁਰੀ ਭਲੀ ਨਹਿਂ ਕਰਤਿ ਬਚਾਰਿ। ਮਾਨਹਿਂ ਤੁਰਕ ਜਨਮ ਕੋ ਹਾਰਿ।
ਦੁਹਿ ਲੋਕਨ ਮਹਿਂ ਨਹਿਨ ਸਹਾਈ। ਪੂਜਹਿਂ ਗੋਰ, ਨਰਕ ਪੁਨ ਪਾਈ॥ ੩੩ ॥

ਬੁਰੇ ਭਲੇ ਤੇ ਵਿਚਾਰ ਨਹੀਂ ਕਰਦਾ, ਆਪਣਾ ਜਨਮ ਹਾਰ ਕੇ ਤੁਰਕਾਂ ਨੂੰ ਮੰਨਦਾ ਹੈਂ। ਦੋਹਾਂ ਲੋਕਾਂ ਵਿਚ ਇਹ ਤੇਰਾ ਸਹਾਇਕ ਨਹੀਂ ਹੋਵੇਗਾ, ਕਬਰਾਂ ਦੀ ਪੂਜਾ ਕਰਦਾ ਹੈਂ, ਅੰਤ ਨਰਕਾਂ ਵਿਚ ਪਵੇਂਗਾ॥ ੩੩॥

ਤੂੰ ਗੁਰੁ ਘਰ ਕੋ ਦਾਸ ਸਦੀਵਾ। ਸੇਵਾ ਕਰਤਿ ਮਹਾਂ ਮਨ ਨੀਵਾ।
ਜਹਿਂ ਜਹਿਂ ਭਾ ਅਵਤਾਰ ਹਮਾਰਾ। ਤਹਾਂ ਤਹਾਂ ਤੈਂ ਸਾਥ ਸੰਭਾਰਾ॥ ੩੪ ॥

ਤੂੰ ਸਦਾ ਹੀ ਗੁਰੂ ਘਰ ਦਾ ਦਾਸ ਰਿਹਾ ਹੈਂ, ਮਨ ਬੜਾ ਨੀਵਾਂ ਰੱਖ ਕੇ ਸੇਵਾ ਕਰਦਾ ਸੀ। ਜਿਥੇ-ਜਿਥੇ ਵੀ ਸਾਡਾ ਅਵਤਾਰ ਹੋਇਆ, ਤਿਥੇ ਤਿਥੇ ਹੀ ਤੂੰ ਸਾਡੇ ਨਾਲ ਰਿਹਾ ਹੈਂ॥ ੩੪॥

ਜਨਮ ਮਰਨ ਕੋ ਕਸ਼ਟ ਮਿਟਾਇ। ਸਮਾਂ ਭਯੋ ਪ੍ਰਾਪਤਿ ਅਬਿ ਆਇ।
ਅਨਿਕ ਜਨਮ ਮਹਿਂ ਘਾਲੀ ਘਾਲ। ਤਿਸ ਕੋ ਫਲਿ ਅਬਿ ਮਿਲਹਿ ਬਿਸਾਲ॥ ੩੫ ॥

ਜਨਮ-ਮਰਨ ਦਾ ਕਸ਼ਟ ਮਿਟਾਉਣ ਦਾ ਹੁਣ ਸਮਾਂ ਪ੍ਰਾਪਤ ਹੋਇਆ ਹੈ। ਜਿਹੜੀ ਅਨੇਕਾਂ ਜਨਮਾਂ ਵਿਚ ਘਾਲ ਘਾਲੀ ਸੀ, ਉਸ ਨੂੰ ਹੁਣ ਉੱਤਮ ਫਲ ਮਿਲੇਗਾ॥ ੩੫॥

ਜਿਸਿ ਅੰਮ੍ਰਿਤ ਕੋ ਜਾਚਤਿ ਜਬੈ। ਸਮਾਂ ਜਾਨ ਪ੍ਰਾਪਤਿ ਸੋ ਅਬੈ'।
ਇਮਿ ਸੁਨਿਕੈ ਸਿਖ ਪੁਨਹ ਸਿਧਾਯੋ। ਸ੍ਰੀ ਗੁਰ ਕੋ ਫੁਰਮਾਨ ਬਤਾਯੋ॥ ੩੬॥

ਜਿਸ ਅੰਮ੍ਰਿਤ ਨੂੰ ਉਸ ਸਮੇਂ ਮੰਗਦੇ ਸੀ, ਉਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਦਾ ਸਮਾਂ ਆ ਗਿਆ ਹੈ।" ਇਹ ਸੁਣ ਕੇ ਸਿੱਖ ਦੁਬਾਰਾ ਚਲੇ ਗਿਆ ਅਤੇ ਗੁਰੂ ਜੀ ਦੇ ਫੁਰਮਾਨ ਨੂੰ ਦੱਸਿਆ॥ ੩੬॥

'ਅਨਿਕ ਜਨਮ ਕੋ ਮੇਲੀ ਅਹੈ। ਮੁਕਤਿ ਹੋਨ ਕੋ ਜਾਚਤਿ ਰਹੈ।
ਸੋ ਅਬਿ ਸਮਾਂ ਪਹੂੰਚਯੋ ਆਇ। ਗੁਰ ਢਿਗ ਚਲਹੁ ਲੇਹੁ ਸੋ ਪਾਇ' ॥ ੩੭॥

"ਤੁਸੀਂ ਅਨੇਕ ਜਨਮਾਂ ਦੇ ਮੇਰੇ ਮੇਲੀ ਹੋ ਤੇ ਮੁਕਤੀ ਪ੍ਰਾਪਤ ਕਰਨ ਦੀ ਮੰਗ ਕਰਦੇ ਰਹੇ, ਉਹ ਸਮਾਂ ਹੁਣ ਆ ਗਿਆ ਹੈ, ਗੁਰੂ ਜੀ ਪਾਸ ਚਲੋ ਤੇ ਉਸ ਨੂੰ ਪ੍ਰਾਪਤ ਕਰ ਲਵੋ" ॥ ੩੭॥

ਸੁਨਿ ਬਹਿਲੋ ਚੌਕ੍ਰਿਤ ਹੁਇ ਰਹਯੋ। ਕਿਤੀ ਬਾਰ ਸੋਚਤਿ ਪੁਨ ਕਹਯੋ।
'ਮੈ ਅੱਗਜਾਨੀ ਜਾਨਤਿ ਨਾਂਹੀ। ਹੁਤੇ ਜਨਮ ਕਿਤਿ ਜਾਚਤਿ ਆਹੀ ? ॥ ੩੮॥

ਇਹ ਸੁਣ ਕੇ ਬਹਿਲੋ ਹੈਰਾਨ ਰਹਿ ਗਿਆ। ਕਈ ਵਾਰ ਸੋਚ ਕੇ ਫਿਰ ਬੋਲਿਆ, "ਮੈਂ ਅਗਿਆਨੀ ਜਾਣਦਾ ਨਹੀਂ ਹਾਂ, ਮੇਰੇ ਕਿੰਨੇ ਜਨਮ ਹੋਏ ਹਨ ? ਤੇ ਕੀ ਮੈਂ ਅੰਮ੍ਰਿਤ ਮੰਗਦਾ ਰਿਹਾ ਹਾਂ ? ॥ ੩੮॥

ਸਤਿਗੁਰੁ ਪਤਾ ਕੋਇ ਦਿਖਰਾਵੈਂ। ਨਿਜ ਸ਼ਕਤੀ ਕਰਿ ਮੋਹਿ ਬੁਲਾਵੈਂ।
ਇਮਿ ਕਹਿ ਸਿਖ ਕੀ ਸੇਵਾ ਠਾਨੀ। ਨਿਮਯੋ ਗੁਰੂ ਦਿਸ਼ ਮਨ ਕ੍ਰਮ ਬਾਨੀ ॥ ੩੯॥

ਸਤਿਗੁਰੂ ਜੀ ਦਾ ਕੋਈ ਪਤਾ ਦਿਖਾਏ, ਆਪਣੀ ਸ਼ਕਤੀ ਨਾਲ ਮੈਨੂੰ ਬੁਲਾਉਣ।" ਇਹ ਕਹਿ ਕੇ ਸਿੱਖ ਦੀ ਸੇਵਾ ਕੀਤੀ, ਮਨ, ਕਰਮ ਅਤੇ ਬਾਣੀ ਕਰਕੇ ਉਸ ਦਾ ਮਨ ਸਨਿਮਰ ਹੋ ਗਿਆ॥ ੩੯॥

ਭੋਰਿ ਭਯੋ ਸਿੱਖ ਕਰਯੋ ਬਿਸਰਜਨ। ਹਾਥ ਬੰਦਿ ਕੈ ਬਹੁ ਬਿਨਤੀ ਭਨਿ।
'ਸਤਿਗੁਰ ਪਤਾ ਦੇਹਿਂ ਜਬਿ ਮੋਹੀ। ਤਬਿ ਆਵਨ ਨਿਸ਼ਚੈ ਤਿਤ ਹੋਹੀ' ॥ ੪੦॥

ਸਵੇਰ ਹੋਈ ਤਾਂ ਸਿੱਖ ਚੱਲਣ ਲੱਗਾ ਤਾਂ ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, "ਜੇ ਸਤਿਗੁਰੂ ਜੀ ਦਾ ਮੈਨੂੰ ਪਤਾ ਦੇਵੋਗੇ ਤਦ ਹੀ ਮੇਰਾ ਆਉਣਾ ਨਿਸ਼ਚੇ ਹੋਵੇਗਾ" ॥ ੪੦॥

ਯੌਂ ਸੁਨਿ ਗਯੋ ਸਿੱਖਜ ਗੁਰ ਪਾਸਿ। ਸਰਬ ਭਾਂਤਿ ਕੀਨਸਿ ਅਰਦਾਸਿ।
'ਪਤਾ ਚਹਤਿ ਕਹਿ 'ਮੈਂ ਅੱਗਜਾਨੀ'। ਭਾ ਅਧੀਨ ਕਹਿ ਬਿਨਤੀ ਬਾਨੀ' ॥ ੪੧॥

ਇਸ ਤਰ੍ਹਾਂ ਸੁਣ ਕੇ ਸਿੱਖ ਗੁਰੂ ਜੀ ਦੇ ਪਾਸ ਗਿਆ ਤੇ ਹਰ ਤਰ੍ਹਾਂ ਨਾਲ ਬੇਨਤੀ ਕੀਤੀ, "ਪਤਾ ਚਾਹੁੰਦਾ ਸੀ ਤੇ ਕਹਿੰਦਾ ਸੀ 'ਮੈਂ ਅਗਿਆਨੀ ਹਾਂ, ਅਧੀਨ ਹੋ ਕੇ ਬੇਨਤੀ ਵਾਲੇ ਬਚਨ ਕਹੇ" ॥ ੪੧॥

*ਦੂਸਰੀ ਰਾਸ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ॥ ੪੬॥*

❖❖❖

# ਅਧਿਆਇ ਸੰਤਾਲੀਵਾਂ

## ਭਾਈ ਬਹਿਲੋ

ਦੋਹਰਾ- ਤਿਸਕੇ ਪੂਰਬ ਜਨਮ ਕੋ ਪਤਾ ਲਿਖਯੋ ਗੁਰ ਰਾਇ।
ਕਾਗਦ ਕਰਿ ਕੈ ਖਾਮ ਕੋ ਦੀਨਹੁ ਸਿੱਖਯ ਪਠਾਇ॥ ੧॥

ਉਸ ਦੇ ਪਿਛਲੇ ਜਨਮ ਦਾ ਗੁਰੂ ਜੀ ਨੇ ਪਤਾ ਲਿਖ ਦਿੱਤਾ, ਕਾਗਜ਼ ਬੰਦ ਕਰਕੇ, ਇਕ ਸਿੱਖ ਨੂੰ ਦੇ ਕੇ ਭੇਜ ਦਿੱਤਾ॥ ੧॥

ਚੌਪਈ- ਬਹਿਲੋ ਨਿਕਟਿ ਸਿੱਖਯ ਪੁਨ ਆਯੋ। ਗੁਰੂ ਹੁਕਮਨਾਮੋ ਦਿਖਰਾਯੋ।
ਲੇਕਰਿ ਸਿਖ ਤੇ ਸਿਰ ਪਰ ਰਖਯੋ। ਖੋਲਯੋ ਕਾਗਦ ਪਠਿ ਸਭਿ ਲਖਯੋ॥ ੨॥

ਬਹਿਲੋ ਦੇ ਪਾਸ ਫਿਰ ਸਿੱਖ ਆਇਆ ਅਤੇ ਗੁਰੂ ਜੀ ਦਾ ਹੁਕਮਨਾਮਾ ਵਿਖਾਇਆ, ਸਿੱਖ ਪਾਸੋਂ ਹੁਕਮਨਾਮਾ ਲੈ ਕੇ ਸਿਰ ਤੇ ਰਖਿਆ, ਫਿਰ ਕਾਗਜ਼ ਨੂੰ ਖੋਲ੍ਹਿਆ ਤੇ ਲਿਖਿਆ ਹੋਇਆ ਸਭ ਪੜ੍ਹਿਆ॥ ੨॥

ਪ੍ਰਥਮ ਜਨਮ ਕੇ ਇਕ ਦੁਇ ਪਤੇ। ਪਠਿ ਕਰਿ ਅਚਰਜ ਚਿਤ ਮਹਿਂ ਅਤੇ।
ਕਰਿ ਬਿਚਾਰ ਉਰ ਇਮ ਠਹਿਰਾਈ। 'ਜਾਨੋਂ ਬਨਹਿਂ ਗੁਰੂ ਸ਼ਰਨਾਈ॥ ੩॥

ਪਿਛਲੇ ਜਨਮ ਦੇ ਇਕ ਦੋ ਪਤੇ ਪੜ੍ਹ ਕੇ, ਚਿੱਤ ਵਿਚ ਬਹੁਤ ਹੈਰਾਨ ਹੋਇਆ। ਹਿਰਦੇ ਵਿਚ ਵਿਚਾਰ ਕਰਕੇ, ਮਨ ਵਿਚ ਇਸ ਤਰ੍ਹਾਂ ਨਿਸ਼ਚਾ ਕੀਤਾ, "ਹੁਣ ਗੁਰੂ ਜੀ ਦੀ ਸ਼ਰਨ ਵਿਚ ਜਾਣਾ ਬਣਦਾ ਹੈ॥ ੩॥

ਜੇ ਅਬਿ ਭਾਗ ਜਗੇ ਕੁਛ ਮੋਰੇ। ਮਿਟਹਿ ਜਗਤ ਬੰਧਨ ਦੁਖ ਘੋਰੇ।
ਜਿਸ ਹਿਤ ਮੁਨਿ ਜਨ ਕਰਹਿਂ ਉਪਾਇ। ਰਾਜ ਬਿਭੂਤਿ ਤਜਹਿਂ ਸਮੁਦਾਇ॥੪॥

ਜੇ ਮੇਰੇ ਹੁਣ ਕੁਝ ਭਾਗ ਜਾਗੇ ਹਨ ਤਾਂ ਜਗਤ ਦੇ ਬੰਧਨਾਂ ਦੇ ਘੋਰ ਦੁੱਖ ਮਿਟ ਜਾਣਗੇ, ਜਿਸ ਵਾਸਤੇ ਮੁਨੀ ਲੋਕ ਬਹੁਤ ਉਪਾਅ ਕਰਦੇ ਹਨ, ਰਾਜ ਪਾਟ ਸਭ ਕੁਝ ਛੱਡ ਦਿੰਦੇ ਹਨ॥ ੪॥

ਅਨਿਕ ਭਾਂਤਿ ਕੇ ਤਪ ਕਹੁ ਤਾਪਤਿ। ਕਰਹਿਂ ਜੋਗ ਜਿਸ ਹਿਤ ਦੁਹ ਪ੍ਰਾਪਤਿ।
ਸੁਤਿ ਬਨਿਤਾ ਕੋ ਤਜਾਗਹਿਂ ਮੋਹ। ਬਿਚਰਹਿਂ ਸਦਾ ਇਕਾਕੀ ਹੋਹਿ॥ ੫॥

ਅਨੇਕ ਪ੍ਰਕਾਰ ਦੇ ਤਪਾਂ ਨੂੰ ਤਾਪਦੇ ਹਨ, ਜੋਗ ਕਰਦੇ ਹਨ ਜਿਹੜਾ ਬੜੀ ਕਠਨਾਈ ਨਾਲ ਲੱਭਣ ਵਾਲਾ ਹੈ। ਇਸਤਰੀ ਪੁੱਤਰਾਂ ਦੇ ਮੋਹ ਤਿਆਗ ਦਿੰਦੇ ਹਨ, ਸਦਾ ਇਕੱਲੇ ਰਹਿ ਕੇ ਵਿਚਰਦੇ ਹਨ॥ ੫॥

ਨਿਤਾਪ੍ਰੀਤਿ ਮੈਂ ਪੂਜਕ ਸਰਵਰ। ਅਨੁਸਾਰੀ ਮੇਰੇ ਹੈਂ ਬਹੁ ਨਰ।
ਅਬਿ ਮੈਂ ਗਮਨੋਂ ਸਤਿਗੁਰੁ ਪਾਸਿ। ਪਰੋਂ ਸ਼ਰਨ ਕਰਿਕੈ ਅਰਦਾਸ॥ ੬॥

ਨਿਤਾਪ੍ਰਤੀ ਮੈਂ ਸਖੀ ਸਰਵਰ ਦੀ ਪੂਜਾ ਕਰਦਾ ਹਾਂ, ਬਹੁਤ ਮਨੁੱਖ ਮੇਰੀ ਆਗਿਆ ਅਨੁਸਾਰ ਚਲਦੇ ਹਨ। ਹੁਣ ਮੈਂ ਸਤਿਗੁਰੂ ਜੀ ਦੇ ਪਾਸ ਜਾਵਾਂਗਾ, ਬੇਨਤੀ ਕਰਕੇ ਉਨ੍ਹਾਂ ਦੀ ਸ਼ਰਨ ਵਿਚ ਪਵਾਂਗਾ॥ ੬॥

ਤਹਿਂ ਗਮਨੇ ਮਮ ਸ਼੍ਰੇਯ ਜੁ ਅਹੈ। ਤੌ ਸਰਵਰ ਮੁਝ ਕਛੁ ਨਹਿਂ ਕਹੈ।
ਪੂਰਬ ਕਰਮਨਿ ਕੋ ਸ਼ੁਭ ਫਲੇ। ਅਸ ਗ੍ਯਾਨਦ ਸਤਿਗੁਰੁ ਜੇ ਮਿਲੇ॥ ੭॥

ਓਥੇ ਜਾਣ ਨਾਲ ਜੇ ਮੇਰਾ ਕਲਿਆਣ ਹੋਵੇਗਾ ਤਾਂ ਸਖੀ ਸਰਵਰ ਮੈਨੂੰ ਕੁਝ ਨਹੀਂ ਕਹੇਗਾ। ਪਿਛਲੇ ਜਨਮਾਂ ਦਾ ਸ਼ੁਭ ਫਲ ਪ੍ਰਾਪਤ ਹੋਵੇਗਾ, ਐਸੇ ਗਿਆਨ-ਦਾਤਾ ਸਤਿਗੁਰੂ ਜੀ ਜੇ ਮੈਨੂੰ ਮਿਲਣ॥ ੭॥

ਤਹਾਂ ਗਏ ਜੇ ਨਹਿਂ ਕੱਲਜਾਨ। ਤੌ ਮੁਝ ਕੋ ਨਿਜ ਸੇਵਕ ਜਾਨਿ।
ਗਮਨਤਿ ਕਰੈਂ ਬਿਘਨ ਸਮੁਦਾਇ। ਕੈ ਸੁਪਨੇ ਮਹਿਂ ਕਛੂ ਜਨਾਇ'॥ ੮॥

ਓਥੇ ਜਾਣ ਨਾਲ ਜੇ ਕਲਿਆਣ ਨਹੀਂ ਹੋਵੇਗਾ ਤਾਂ ਮੈਨੂੰ ਆਪਣਾ ਸੇਵਕ ਜਾਣ ਕੇ ਸਖੀ ਸਰਵਰ ਸਾਰੇ ਵਿਘਨ ਪਾਵੇ ਜਾਂ ਸੁਪਨੇ ਵਿਚ ਆ ਕੇ ਮੈਨੂੰ ਕੁਝ ਪਤਾ ਦੇਵੇ'॥ ੮॥

ਕਹਯੋ ਬਹੁਤ ਗੁਰ ਸਿਖ ਨੇ ਤਾਂਹਿ। 'ਨਿਸ਼ਚੈ ਤੁਰਕ ਕਹਾਂ ਤਜਿ ਨਾਂਹਿ'?
'ਚਿਰੰਕਾਲ ਕੋ ਸੇਵਕ ਤਾਂ ਕੋ। ਜਾਨੋ ਪੂਰਬ ਸਮ ਹਿਤ ਤਾਂ ਕੋ'॥ ੯॥

ਉਸ ਨੂੰ ਗੁਰੂ ਸਿੱਖ ਨੇ ਬਹੁਤ ਕਿਹਾ, "ਤੂੰ ਤੁਰਕਾਂ ਤੇ ਨਿਸ਼ਚਾ ਕਿਉਂ ਨਹੀਂ ਛੱਡਦਾ?" ਉਸ ਕਿਹਾ, "ਮੈਂ ਬੜੇ ਲੰਮੇ ਸਮੇਂ ਤੋਂ ਉਸ ਦਾ ਸੇਵਕ ਹਾਂ, ਪਹਿਲਾਂ ਵਾਂਗ ਹੀ ਉਸ ਨੂੰ ਪਿਆਰ ਕਰਦਾ ਹਾਂ"॥ ੯॥

ਇਮਿ ਮਨ ਠਾਨਿ ਚਲਯੋ ਘਰ ਤਯਾਗਿ। ਜਿਸ ਕੇ ਭਾਲ ਜਗੇ ਬਡਿ ਭਾਗਿ।
ਬਾਮ ਦਾਹਿਨੇ ਸਨਮੁਖ ਸਾਰੇ। ਸੁੰਦਰ ਭਏ ਸ਼ਗੁਨ ਸੁਖ ਵਾਰੇ॥ ੧੦॥

ਇਸ ਤਰ੍ਹਾਂ ਮਨ ਵਿਚ ਪੱਕਾ ਕਰਕੇ, ਘਰ ਛੱਡ ਕੇ ਗੁਰੂ ਘਰ ਵਲ ਚਲ ਪਿਆ, ਜਿਸ ਦੀ ਭਾਲ ਕਰਨ ਨਾਲ ਵੱਡੇ ਭਾਗ ਜਾਗ ਪੈਂਦੇ ਹਨ। ਖੱਬੇ, ਸੱਜੇ ਅਤੇ ਸਾਹਮਣੇ ਬੜੇ ਸੁਖਦਾਇਕ ਅਤੇ ਸੁੰਦਰ ਸ਼ਗਨ ਹੋਏ॥ ੧੦॥

ਸ੍ਰੀ ਪਰਮੇਸ਼ਰ ਸਭਿ ਜਗ ਦਾਨੀ। ਅਪਨੇ ਪਰ ਕਰੁਨਾ ਤਿਸ ਜਾਨੀ।
ਤਊ ਭਿਰਾਈ ਭੇਸ ਧਰਯੋ ਹੈ। ਉਰ ਬਿਚਾਰ ਇਮਿ ਪ੍ਰਨਹਿ ਕਰਯੋ ਹੈ॥ ੧੧॥

ਸਭ ਜਗਤ ਦੇ ਦਾਤਾ ਸ੍ਰੀ ਪਰਮੇਸ਼ਵਰ ਦੀ ਆਪਣੇ ਤੇ ਕਿਰਪਾ ਹੋਈ ਸਮਝੀ। ਫਿਰ ਢੋਲਚੀ ਦਾ ਭੇਸ ਧਾਰਨ ਕਰ ਲਿਆ, ਹਿਰਦੇ ਵਿਚ ਵਿਚਾਰ ਕੇ ਇਸ ਤਰ੍ਹਾਂ ਪਰਣ ਕੀਤਾ ਹੈ॥ ੧੧॥

'ਸਤੱਦ੍ਰਵ ਸਲਿਤਾ ਲਗ ਅਸ ਭੇਸ। ਨਿਜ਼ ਸਰੀਰ ਮਹਿਂ ਧਰੋਂ ਅਸ਼ੇਸ਼।
ਤਹਿਂ ਲੌ ਸਰਵਰ ਮੋਹਿ ਹਟਾਇ। ਤੌ ਹਟਿ ਆਊਂ ਨ ਗੁਰੁ ਢਿਗ ਜਾਇ॥੧੨॥

"ਆਪਣੇ ਮਨ ਵਿਚ ਵਿਚਾਰ ਕੀਤੀ ਕਿ ਦਰਿਆ ਸਤਿਲੁਜ ਤਕ ਏਸੇ ਭੇਸ ਵਿਚ ਜਾਵਾਂਗਾ, ਫਿਰ ਆਪਣੇ ਸਰੀਰ ਤੇ ਹੋਰ ਕਪੜੇ ਪਾ ਲਵਾਂਗਾ। ਓਥੋਂ ਤਕ ਜੇ ਸਰਵਰ ਮੈਨੂੰ ਹਟਾ ਲਵੇਗਾ ਤਾਂ ਵਾਪਸ ਆ ਜਾਵਾਂਗਾ ਤੇ ਫਿਰ ਗੁਰੂ ਜੀ ਪਾਸ ਨਹੀਂ ਜਾਵਾਂਗਾ॥ ੧੨॥

ਰਹੌਂ ਅਬਿਘਨ ਅਸੁਪਨ ਜਿ ਚਲਤਾ। ਤੌ ਨਿਜ ਭੇਸ ਅਰਪਹੌਂ ਸਲਿਤਾ।
ਇਮਿ ਮਨ ਧਾਰਿ ਚਲਯੋ ਮਗ ਮਾਂਹਿ। ਉਰ ਦੁਚਿਤਾ ਮਨ ਕੋ ਥਿਤਿ ਨਾਂਹਿ॥੧੩॥

ਜੇ ਬਿਨਾਂ ਵਿਘਨ ਅਤੇ ਬਿਨਾਂ ਕਿਸੇ ਸੁਪਨੇ ਚਲਦਾ ਗਿਆ ਤਾਂ ਦਰਿਆ ਦੇ ਕੰਢੇ ਜਾ ਕੇ ਆਪਣਾ ਅਸਲੀ ਭੇਸ ਧਾਰਨ ਕਰ ਲਵਾਂਗਾ"। ਇਸ ਤਰ੍ਹਾਂ ਮਨ ਵਿਚ ਧਾਰ ਕੇ ਰਸਤੇ-ਰਸਤੇ ਚੱਲ ਪਿਆ, ਫਿਰ ਵੀ ਹਿਰਦੇ ਵਿਚ ਦੁਚਿੱਤੀ ਸੀ, ਮਨ ਸਥਿਤ ਨਹੀਂ ਸੀ ਹੋ ਰਿਹਾ॥ ੧੩॥

ਸਨੈ ਸਨੈ ਸਤੱਦ੍ਰਵ ਤਟ ਆਯੋ। ਕਰਿ ਇਸ਼ਨਾਨ ਅਸਨ ਕੁਛ ਖਾਯੋ।
ਤਰੀ ਤੀਰ ਥਿਤਿ ਪਿਖਿ ਕਰਿ ਤਯਾਰ। ਚਢਿ ਬੈਠਯੋ ਉਲੰਘਨ ਹਿਤ ਪਾਰ ॥੧੪॥

ਹੌਲੀ ਹੌਲੀ ਸਤਲੁਜ ਦਰਿਆ ਦੇ ਕੰਢੇ ਆ ਗਿਆ, ਇਸ਼ਨਾਨ ਕਰ ਕੇ ਕੁਝ ਭੋਜਨ ਖਾਧਾ। ਕੰਢੇ ਤੇ ਬੇੜੀ ਤਿਆਰ ਵੇਖ ਕੇ ਉਸ ਵਿਚ ਬੈਠ ਗਿਆ ਤਾਂਕਿ ਦਰਿਆ ਪਾਰ ਕੀਤਾ ਜਾ ਸਕੇ॥ ੧੪॥

ਜਬਿ ਪ੍ਰਵਾਹ ਮੈਂ ਨੌਕਾ ਆਈ। ਖੂੰਡੀ ਖਲਰਾ ਦੀਨਿ ਬਹਾਈ।
ਸੰਸੈ ਛੋਰਿ ਏਕ ਦਿਸ਼ ਹੋਵਾ। ਕੂਰ ਤੁਰਕ ਕੋ ਮਾਨਨਿ ਜੋਵਾ॥ ੧੫॥

ਜਦ ਦਰਿਆ ਦੇ ਪ੍ਰਵਾਹ ਵਿਚ ਬੇੜੀ ਆਈ ਤੇ ਖੱਲ ਦੀ ਝੋਲੀ ਨੂੰ ਉਸ ਵਿਚ ਵਿਹਾ ਦਿੱਤਾ। ਸਾਰੇ ਸੰਸੇ ਛੱਡ ਕੇ ਇਕ ਪਾਸੇ ਹੋ ਗਿਆ, ਤੁਰਕ ਨੂੰ ਝੂਠਾ ਮੰਨਣ ਲੱਗਾ॥ ੧੫॥

ਬਡੇ ਪ੍ਰਵਾਹ ਬੀਚ ਸੋ ਗੇਰਾ। ਦ੍ਵੈ ਕਰ ਬੰਦਿ ਨਿਮਯੋ ਤਿਸਿ ਬੇਰਾ।
ਚਿਤ ਮਹਿਂ ਨਿਸ਼ਚੈ ਕਰਿ ਧਰਿ ਆਸ। ਇਕ ਮਨ ਹੁਇ ਗਮਨਯੋ ਗੁਰੁ ਪਾਸ ॥੧੬॥

ਜਦ ਵੱਡੇ ਪ੍ਰਵਾਹ ਵਿਚ ਬੇੜੀ ਆਈ ਤਾਂ ਉਸੇ ਵੇਲੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਚਿੱਤ ਵਿਚ ਨਿਸ਼ਚਾ ਕਰਕੇ ਅਤੇ ਆਸ ਧਾਰ ਕੇ, ਇਕ ਮਨ ਹੋ ਕੇ ਗੁਰੂ ਜੀ ਦੇ ਪਾਸ ਗਿਆ॥੧੬॥

ਕ੍ਰਮ ਕ੍ਰਮ ਪੰਥ ਉਲੰਘਯੋ ਸਾਰਾ। ਆਇ ਪਹੂਚਯੋ ਗੁਰ ਦਰਬਾਰਾ।
ਬੈਠੇ ਜਿਹ ਠਾਂ ਪੁਰਖ ਕ੍ਰਿਪਾਲ। ਕਰਹਿਂ ਖਨਾਵਨਿ ਅੰਮ੍ਰਿਤ ਤਾਲ॥ ੧੭॥

ਕਦਮ ਕਦਮ ਸਾਰਾ ਪੈਂਡਾ ਲੰਘਿਆ ਤੇ ਆ ਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ, ਜਿਥੇ ਕਿਰਪਾਲੂ ਗੁਰੂ ਜੀ ਬੈਠੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਕਰਵਾ ਰਹੇ ਸਨ॥ ੧੭॥

ਦੋਨਹੁਂ ਹਾਥ ਜੋਰਿ ਹੁਇ ਦੀਨ। ਪਰਮ ਪ੍ਰੇਮ ਤੇ ਬੰਦਨ ਕੀਨਿ।
'ਨਿਜ ਸੇਵਕ ਲਖਿ, ਲੀਨਿ ਬੁਲਾਈ। ਮੈਂ ਅੱਗਜਾਨੀ ਲਖੋਂ ਨ ਕਾਈ॥ ੧੮॥

ਓਥੇ ਜਾ ਕੇ ਦੋਵੇਂ ਹੱਥ ਜੋੜ ਕੇ ਦੀਨ ਹੋ ਕੇ ਖਲੋ ਗਿਆ, ਤੇ ਪਰਮ ਪ੍ਰੇਮ ਨਾਲ ਬੰਦਨਾ ਕੀਤੀ ਅਤੇ ਕਿਹਾ, "ਮੈਨੂੰ ਆਪਣਾ ਸੇਵਕ ਜਾਣ ਕੇ ਬੁਲਾਇਆ ਹੈ, ਮੈਂ ਅਗਿਆਨੀ ਕੁਝ ਵੀ ਨਹੀਂ ਜਾਣਦਾ ਸੀ॥ ੧੮॥

ਬਿਰਦ ਗਰੀਬ ਨਿਵਾਜ ਤੁਮਾਰੇ। ਸ਼ਰਣਾਗਤਿ ਕੇ ਨਿਤ ਰਖਵਾਰੇ।
ਰਾਵਰਿ ਕੇਰਿ ਆਸਰੇ ਆਏ। ਕੋਟ ਜਨਮੁ ਨਿਤ ਸੰਕਟ ਪਾਏ॥ ੧੯॥

ਗਰੀਬਾਂ ਦੀ ਪਾਲਣਾ ਕਰਨਾ ਤੁਹਾਡਾ ਧਰਮ ਹੈ, ਜਿਹੜੇ ਤੁਹਾਡੀ ਸ਼ਰਨ ਆਉਂਦੇ ਹਨ, ਉਨ੍ਹਾਂ ਦੀ ਰਖਵਾਲੀ ਕਰਦੇ ਹੋ। ਮੈਂ ਆਪ ਜੀ ਦੇ ਆਸਰੇ ਵਿਚ ਆਇਆ ਹਾਂ, ਕਰੋੜਾਂ ਜਨਮਾਂ ਵਿਚ ਸਦਾ ਦੁੱਖ ਪਾਇਆ ਹੈ॥ ੧੯॥

ਲਾਜ ਨਾਮ ਅਪਨੇ ਕੀ ਰਾਖਹੁ। ਲਖਿ ਸੇਵਕ ਮੁਝ ਸੇਵਾ ਭਾਖਹੁ।
ਮਹਿਮਾ ਹਮ ਨਹਿਂ ਲਖਹਿਂ ਤੁਮਾਰੀ। ਰਾਵਰਿ ਰੂਪ ਨਰਨਿ ਉਪਕਾਰੀ' ॥੨੦॥

ਆਪਣੇ ਨਾਂ ਦੀ ਲਾਜ ਰਖੋ, ਸੇਵਕ ਸਮਝ ਕੇ ਮੈਨੂੰ ਸੇਵਾ ਦੱਸੋ। ਅਸੀਂ ਤੁਹਾਡੀ ਮਹਿਮਾ ਜਾਣ ਨਹੀ ਸਕਦੇ, ਆਪ ਜੀ ਦਾ ਸਰੂਪ ਮਨੁੱਖਾਂ ਤੇ ਉਪਕਾਰ ਕਰਨ ਵਾਲਾ ਹੈ"॥ ੨੦॥

ਬਿਨੈ ਸੁਨਤਿ ਸ਼੍ਰੀ ਅਰਜਨ ਗੁਰੂ। 'ਹੁਇ ਸ਼ਰਧਾ ਤੇ ਕਾਰਜ ਪੂਰੂ।
ਦੇਵੀ ਦੇਵਨਿ ਤੇ ਫਲ ਪਾਵਨਿ। ਬ੍ਰਹਮਾ ਬਿਸ਼ਨੁ ਮਹੇਸ਼ੁਰ ਧਯਾਵਨਿ॥ ੨੧॥

ਉਸ ਦੀ ਬੇਨਤੀ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜੇ ਸ਼ਰਧਾ ਹੋਵੇ ਤਾਂ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਦੇਵੀ ਦੇਵਤਿਆਂ ਤੋਂ ਫਲ ਪਾਉਂਦੇ ਹਨ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਨੂੰ ਧਿਆਉਂਦੇ ਹਨ॥ ੨੧॥

ਸ਼ਰਧਾ ਧਰਿ ਸਭਿ ਤੇ ਫਲ ਪਾਇ। ਬਿਨ ਸ਼ਰਧਾ ਕੁਛ ਹਾਥ ਨ ਆਇ।
ਸ਼ਰਧਾ ਮੂਲ, ਭਗਤਿ ਤੁਚ ਸਾਰੇ। ਗਯਾਨ ਤਰੋਵਰ ਉਦੈ ਉਦਾਰੇ॥ ੨੨॥

ਸ਼ਰਧਾ ਧਾਰਨ ਕਰਕੇ ਸਭ ਤੋਂ ਫਲ ਪ੍ਰਾਪਤ ਕਰ ਲੈਂਦਾ ਹੈ, ਸ਼ਰਧਾ ਬਗੈਰ ਕੁਝ ਵੀ ਹੱਥ ਨਹੀਂ ਆਉਂਦਾ। ਸ਼ਰਧਾ ਦਰੱਖਤ ਦਾ ਮੂਲ ਹੈ ਤੇ ਭਗਤੀ ਉਸਦੀ ਛਿਲ ਹੈ। ਗਿਆਨ ਦਾ ਬਹੁਤ ਵੱਡਾ ਦਰੱਖਤ ਉਤਪੰਨ ਹੋਇਆ ਹੈ॥ ੨੨॥

ਫਲ ਕੈਵਲ ਕੋ ਪ੍ਰਾਪਤਿ ਹੋਇ। ਜਿਸ ਤੇ ਸੰਕਟ ਹੋਇ ਨ ਕੋਇ।
ਸ਼ਰਧਾ ਬਿਨ ਸਭਿ ਨਿਸ਼ਫਲ ਕਰਮ। ਸੁਧਰਹਿ ਰਿਦਾ ਨ ਪ੍ਰਾਪਤਿ ਧਰਮੁ॥੨੩॥

ਫਲ ਕੇਵਲ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਸ ਤੇ ਕੋਈ ਸੰਕਟ ਨਹੀਂ ਹੁੰਦਾ। ਸ਼ਰਧਾ ਬਗੈਰ ਸਾਰੇ ਕਾਰਜ ਅਸਫਲ ਰਹਿੰਦੇ ਹਨ। ਜਦ ਤਕ ਹਿਰਦਾ ਨਾ ਸੁਧਰੇ, ਧਰਮ ਪ੍ਰਾਪਤ ਨਹੀਂ ਹੁੰਦਾ॥ ੨੩॥

ਸ਼ਰਧਾ ਸਭਿ ਤੇ ਪੂਰਬ ਚਹੀਅਹਿ। ਜਿਸ ਤੇ ਮਨ ਬਾਂਛਿਤ ਫਲ ਲਹੀਅਹਿ'।
ਇਮ ਕਹਿ ਸਤਿਗੁਰ ਕੀਨ ਦਿਹਾਰੀ। 'ਲਿਹੁ ਗੁਰੁ ਘਰ ਤੇ ਕਰਹੁ ਅਹਾਰੀ॥੨੪॥

ਸ਼ਰਧਾ ਸਭ ਤੋਂ ਪਹਿਲਾਂ ਚਾਹੀਦੀ ਹੈ, ਜਿਸ ਨਾਲ ਮੂੰਹ-ਮੰਗੀ ਮੁਰਾਦ ਪ੍ਰਾਪਤ ਹੁੰਦੀ ਹੈ।" ਇਹ ਕਹਿ ਕੇ ਸਤਿਗੁਰੂ ਨੇ ਮਜ਼ਦੂਰੀ ਲਾ ਦਿੱਤੀ। ਦਿਹਾੜੀ ਗੁਰੂ ਘਰ ਤੋਂ ਲਵੇ ਤੇ ਲੰਗਰ ਵਿਚੋਂ ਭੋਜਨ ਛਕੇ॥ ੨੪॥

ਅਬਿ ਤੀਰਥ ਕੀ ਕਾਰ ਕਰੀਜੈ। ਸਭਿ ਸੰਗਤਿ ਕੇ ਸੰਗ ਮਿਲੀਜੈ।
ਜਹਾਂ ਈਂਟ ਕੇ ਲਗੇ ਪਜਾਵੇ। ਬਹੁ ਈਂਧਨ ਕੇ ਸੰਗ ਪਕਾਵੇ॥ ੨੫॥

ਹੁਣ ਇਸ ਤੀਰਥ ਦੀ ਕਾਰ-ਸੇਵਾ ਕਰੋ, ਸਾਰੀ ਸੰਗਤ ਦੇ ਨਾਲ ਮਿਲ ਕੇ ਰਹੋ। ਜਿਥੇ ਇੱਟਾਂ ਦੇ ਆਵੇ ਲੱਗੇ ਹਨ, ਉਥੇ ਬਹੁਤ ਬਾਲਣ ਬਾਲ ਕੇ ਇੱਟਾਂ ਨੂੰ ਪਕਾ ਰਹੇ ਹਨ॥ ੨੫॥

ਤਹਾਂ ਸਿੱਖ ਸੇਵਾ ਬਹੁ ਕਰਿਹੀ। ਕਰਦਮ ਤੇ ਈਂਟਨ ਕੋ ਘਰਿਹੀ।
ਸੁਸ਼ਕ ਹੋਇ ਤਬਿ ਲੇਹਿਂ ਉਠਾਇ। ਆਵੇ ਬਿਖੇ ਧਰਹਿਂ ਸਮੁਦਾਇ॥ ੨੬॥

ਉਥੇ ਬਹੁਤ ਸਿੱਖ ਸੇਵਾ ਕਰ ਰਹੇ ਹਨ, ਮਿੱਟੀ ਤੋਂ ਇੱਟਾਂ ਘੜਦੇ ਹਨ। ਜਦ ਸੁੱਕ ਜਾਂਦੀਆਂ ਹਨ ਤਾਂ ਚੁੱਕ ਲੈਂਦੇ ਹਨ ਤੇ ਫਿਰ ਉਨ੍ਹਾਂ ਨੂੰ ਆਵਿਆਂ ਵਿਚ ਚਿਣ ਦਿੰਦੇ ਹਨ॥ ੨੬॥

ਜਿਮ ਨੀਕੇ ਪਾਕਹਿਂ ਗਨ ਆਵੇ। ਤਿਮ ਈਂਧਨ ਬਿਧਿ ਸੋਂ ਦਿਹੁ ਪਾਵੇ।
ਤਹਿਂ ਥਿਤਿ ਰਹੋ ਸਭਿਨਿ ਸੋਂ ਕਹੋ। 'ਇਹੁ ਤੀਰਥ ਕੀ ਸੇਵਾ ਲਹੋ'॥ ੨੭॥

ਜਿਵੇਂ ਸਾਰੇ ਆਵੇ ਚੰਗੀ ਤਰ੍ਹਾਂ ਪੱਕ ਜਾਣ, ਉਸ ਵਿਧੀ ਅਨੁਸਾਰ ਬਾਲਣ ਪਾਉਂਦੇ ਹਨ। ਉਥੇ ਖੜੇ ਰਹੋ ਤੇ ਸਾਰਿਆਂ ਨੂੰ ਕਹੋ, "ਇਸ ਤੀਰਥ ਦੀ ਸੇਵਾ ਦਾ ਲਾਭ ਲਵੋ"॥ ੨੭॥

ਇਮ ਸੁਨਿਕੈ ਬਹਿਲੋ ਹਰਖਾਯੋ। ਕਰਿ ਬੰਦਨ ਸਿੱਖਨ ਮਹਿਂ ਆਯੋ।
ਕਰਿਬੇ ਲਗਯੋ ਟਹਿਲ ਤਿਨਿ ਸੰਗਿ। ਸਕਲ ਦਿਵਸ ਜੇਤੋ ਬਲ ਅੰਗ॥ ੨੮॥

ਇਹ ਸੁਣ ਕੇ ਭਾਈ ਬਹਿਲੋ ਬਹੁਤ ਪ੍ਰਸੰਨ ਹੋਇਆ, ਗੁਰੂ ਜੀ ਨੂੰ ਬੰਦਨਾ ਕਰਕੇ ਸਿੱਖਾਂ ਵਿਚ ਆ ਗਿਆ, ਉਨ੍ਹਾਂ ਦੇ ਨਾਲ ਮਿਲ ਕੇ ਸੇਵਾ ਕਰਨ ਲੱਗਾ। ਜਿੰਨਾ ਸਰੀਰ ਵਿਚ ਬਲ ਸੀ, ਉਸ ਮੁਤਾਬਕ ਸਾਰਾ ਦਿਨ ਸੇਵਾ ਕਰਦਾ ਸੀ॥ ੨੮॥

ਨਿਸਾ ਭਏ ਜਬਿ ਫਿਰਹਿ ਅੰਧੇਰੇ। ਜਾਚ ਲੇਤਿ ਸਿੱਖਨ ਕੇ ਡੇਰੇ।
ਅਲਪ ਅਹਾਰ ਤਬਹਿ ਕਰਿ ਰਹੈ। ਗੁਰੁ ਪਗ ਪ੍ਰੇਮ ਰੈਨ ਦਿਨ ਲਹੈ॥ ੨੯॥

ਰਾਤ ਪੈਣ ਨਾਲ ਜਦ ਹਨੇਰਾ ਹੋ ਜਾਂਦਾ ਸੀ ਤਾਂ ਸਿੱਖਾਂ ਦੇ ਡੇਰਿਆਂ ਵਿਚ ਚਲੇ ਜਾਂਦਾ ਸੀ ਤੇ ਥੋੜਾ ਭੋਜਨ ਮੰਗ ਕੇ ਖਾ ਲੈਂਦਾ ਸੀ. ਦਿਨ-ਰਾਤ ਗੁਰ ਜੀ ਦੇ ਚਰਨਾਂ ਨਾਲ ਪ੍ਰੇਮ ਲਾਈ ਰੱਖਦਾ ਸੀ॥ ੨੯॥

Sri Satguru Jagjit Singh Ji eLlibrary NamdhariElibrary@gmail.com

ਦਿਵਸ ਬਿਖੈ ਨਿਤ ਸੇਵ ਕਮਾਵੈ। ਸਿਮਰਨ ਕਰਤੇ ਨਿਸਾ ਬਿਤਾਵੈ।
ਬੂਝੈ ਲੋਕ 'ਈਟਕਾ ਆਵੈ। ਕਿਸਤੇ ਇਹ ਨੀਕੇ ਪਕ ਜਾਵੈਂ?' ॥ ੩੦ ॥

ਦਿਨ ਸਮੇਂ ਸਦਾ ਸੇਵਾ ਕਰਦਾ ਸੀ ਅਤੇ ਸਿਮਰਨ ਕਰਦਿਆਂ ਰਾਤ ਲੰਘਾਉਂਦਾ ਸੀ। ਲੋਕਾਂ ਪਾਸੋਂ ਪੁੱਛਦਾ ਸੀ, "ਇੱਟਾਂ ਦੇ ਆਵੇ ਕਿਸ ਤਰ੍ਹਾਂ ਚੰਗੇ ਪੱਕ ਜਾਂਦੇ ਹਨ?' ।੩੦॥

ਤਬਹਿ ਕਿਸੂ ਨੇ ਕਹਯੋ ਸੁਨਾਇ। 'ਬਿਸ਼ਟਾ ਜੇਕਰਿ ਇਨ ਮਹਿਂ ਪਾਇ।
ਤੌ ਆਛੀ ਪਾਕਹਿਂ ਹੁਇਂ ਲਾਲ। ਘਸੈਂ ਨ ਫੂਟਹਿਂ ਸੋ ਤਤਕਾਲ' ॥ ੩੧ ॥

ਤਦ ਕਿਸੇ ਨੇ ਕਹਿ ਕੇ ਸੁਣਾਇਆ, "ਜੇ ਇਸ ਦੇ ਵਿਚ ਗੋਬਰ ਪਾਈਏ ਤਾਂ ਚੰਗੀ ਤਰ੍ਹਾਂ ਪੱਕ ਕੇ ਲਾਲ ਹੋ ਜਾਂਦੀਆਂ ਹਨ, ਫਿਰ ਉਹ ਨਾ ਘਸਦੀਆਂ ਹਨ ਅਤੇ ਨਾ ਹੀ ਛੇਤੀ ਕੀਤੇ ਟੁੱਟਦੀਆਂ ਹਨ" ॥ ੩੧ ॥

ਇਮ ਸੁਨਿ ਪ੍ਰੇਰੇ ਸੁਪਚ ਬਤੇਰੇ। ਭਰੈ ਸੂਪ ਲਦ ਰਾਸ਼ਭ ਪ੍ਰੇਰੇ।
ਈਂਟਨ ਕੇ ਚਹੁਫੇਰੇ ਪਾਇ। ਅਪਰ ਬਹੁਰ ਕੂਰਾ ਲੇ ਆਇ॥ ੩੨ ॥

ਇਹ ਸੁਣ ਕੇ ਉਸ ਕੁਝ ਸੇਵਕਾਂ ਨੂੰ ਪ੍ਰੇਰਿਆ, ਉਹ ਖੋਤਿਆਂ ਦੀਆਂ ਲਿੱਦਾਂ ਛੱਟਾਂ ਭਰ ਕੇ ਲੱਦ ਕੇ ਲਿਆਉਂਦੇ ਸਨ। ਇੱਟਾਂ ਦੇ ਚਾਰ-ਚੁਫੇਰੇ ਪਾ ਦਿੰਦੇ ਸਨ ਤੇ ਹੋਰ ਵੀ ਬਹੁਤ ਕੂੜਾ ਲਿਆਉਂਦੇ ਸਨ॥ ੩੨ ॥

ਬਿਧਿ ਸੋਂ ਕਰਹਿ ਪ੍ਰੇਮ ਉਪਜਾਵੈ। ਗਨ ਈਂਟਨ ਕੇ ਲਾਇ ਪਜਾਵੈ।
ਪਾਕੀ ਬਹੁ ਸੁੰਦਰ ਭਈ ਲਾਲ। ਬਹਿਲੋ ਹਰਖਯੋ ਹਿਰਦੇ ਬਿਸਾਲ॥ ੩੩ ॥

ਉਸ ਵਿਧੀ ਅਨੁਸਾਰ ਕਰਕੇ ਪ੍ਰੇਮ ਪਰਗਟ ਕਰਦੇ ਸਨ, ਇੱਟਾਂ ਦੇ ਢੇਰਾਂ ਨਾਲ ਕੂੜਾ ਗੋਹਾ ਲਾਉਂਦੇ ਸਨ, ਇਸ ਤਰ੍ਹਾਂ ਕਰਨ ਨਾਲ ਇੱਟਾਂ ਪੱਕ ਕੇ ਬਹੁਤ ਲਾਲ ਹੋਈਆਂ, ਭਾਈ ਬਹਿਲੋ ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥ ੩੩ ॥

ਸ੍ਰੀ ਅਰਜਨ ਲਖਿ ਅੰਤਰਜਾਮੀ। ਸੇਵਾ ਸਿੱਖਜਨ ਕੀ ਪਿਖਿ ਸੁਾਮੀ।
ਕੁਛਕ ਈਂਟਕਾ ਨਿਕਟਿ ਮੰਗਾਈ। ਕੀਨ ਬਿਲੋਕਨ ਨੀਠ ਬਨਾਈ॥ ੩੪ ॥

ਅੰਤਰਜਾਮੀ ਗੁਰੂ ਅਰਜਨ ਦੇਵ ਜੀ ਨੇ ਸਮਝ ਕੇ ਅਤੇ ਸਿੱਖਾਂ ਦੀ ਸੇਵਾ ਵੇਖ ਕੇ ਕੁਝ ਇੱਟਾਂ ਆਪਣੇ ਪਾਸ ਮੰਗਵਾਈਆਂ ਅਤੇ ਚੰਗੀਆਂ ਬਣੀਆਂ ਇੱਟਾਂ ਨੂੰ ਵੇਖਿਆ॥ ੩੪ ॥

ਪਰਮ ਪ੍ਰਸੀਦੇ ਬਾਕ ਸੁਨਾਯੋ। 'ਇਹੁ ਆਵਾ ਅਬਿ ਭਲੋ ਪਕਾਯੋ'।
ਅਤਿ ਸੇਵਾ ਬਹਿਲੋ ਕੀ ਦੇਖਿ। ਕ੍ਰਿਪਾ ਦ੍ਰਿਸ਼ਟਿ ਗੁਰੁ ਕਰਤਿ ਵਿਸ਼ੇਖ॥ ੩੫ ॥

ਇੱਟਾਂ ਵੇਖ ਕੇ ਗੁਰੂ ਜੀ ਪਰਮ ਪ੍ਰਸੰਨ ਹੋ ਕੇ ਬੋਲੇ, "ਇਹ ਆਵਾ ਹੁਣ ਬਹੁਤ ਚੰਗਾ ਪਕਾਇਆ ਹੈ। ਭਾਈ ਬਹਿਲੋ ਦੀ ਅਤਿ ਸੇਵਾ ਵੇਖ ਕੇ, ਗੁਰੂ ਜੀ ਨੇ ਉਸ 'ਤੇ ਵਿਸ਼ੇਸ਼ ਕਿਰਪਾ-ਦ੍ਰਿਸ਼ਟੀ ਕੀਤੀ॥ ੩੫ ॥

ਅੰਤਹਕਰਣ ਭਯੋ ਨਿਰਮਲੀਆ। ਬਿਸ਼ੈ ਬਾਸ਼ਨਾਦਿਕ ਸਭਿ ਦਲੀਆ।
ਇਮਿ ਸੇਵਾ ਮਹਿਂ ਲਗਯੋ ਘਨੇਰਾ। ਕਰਹਿ ਪਜਾਵਨ ਕਾਜ ਬਡੇਰਾ॥ ੩੬ ॥

ਉਸ ਦਾ ਅੰਤਹਕਰਣ ਨਿਰਮਲ ਹੋ ਗਿਆ, ਵਿਸ਼ੇ ਵਾਸ਼ਨਾਵਾਂ ਆਦਿਕ ਸਭ ਨਾਸ਼ ਹੋ ਗਏ। ਇਸ ਤਰ੍ਹਾਂ ਸੇਵਾ ਵਿਚ ਲੱਗ ਗਿਆ, ਇੱਟਾਂ ਨੂੰ ਪਕਾਉਣ ਦਾ ਵੱਡਾ ਕੰਮ ਕਰਦਾ ਸੀ॥ ੩੬ ॥

ਇਕ ਦਿਨ ਸ੍ਰੀ ਅਰਜਨ ਗੁਰੁ ਬੈਸੇ। ਕਹਯੋ ਲਾਂਗਰੀ ਆਇ ਸੁ ਐਸੇ।
'ਚੂਨ ਆਜ ਨਹਿਂ ਭਯੋ ਤਯਾਰੀ। ਅਟਕੀ ਦੇਗ ਸੁ ਭਈ ਲਚਾਰੀ॥ ੩੭ ॥

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਤਦ ਲਾਂਗਰੀ ਨੇ ਆ ਕੇ ਇਸ ਤਰ੍ਹਾਂ ਕਿਹਾ, "ਅੱਜ ਆਟਾ ਤਿਆਰ ਨਹੀਂ ਹੋਇਆ ਹੈ, ਲੰਗਰ ਤਿਆਰ ਨਾ ਹੋਣ ਕਰਕੇ ਬੜੀ ਲਾਚਾਰੀ ਹੋ ਗਈ ਹੈ॥ ੩੭ ॥

ਸ੍ਰੀ ਗੁਰੁ ਸਿੱਖਜਨ ਸਾਥ ਅਲਾਇ। 'ਆਜ ਦੇਗ ਕੋ ਔਰ ਚਲਾਇ'।
ਸੁਨਿ ਬਹਿਲੋ ਹੁਇ ਖਰੇ ਉਚਾਰੀ। 'ਰਾਵਰ ਕਰੀ ਜੁ ਮੋਹਿ ਦਿਹਾਰੀ॥ ੩੮॥

ਸ੍ਰੀ ਗੁਰੂ ਜੀ ਸਿੱਖਾਂ ਨੂੰ ਕਹਿਣ ਲੱਗੇ, "ਅੱਜ ਲੰਗਰ ਕੋਈ ਹੋਰ ਚਲਾਏ।" ਇਹ ਸੁਣ ਕੇ ਬਹਿਲੋ ਖੜਾ ਹੋ ਕੇ ਬੋਲਿਆ, "ਆਪ ਜੀ ਨੇ ਜੋ ਮੇਰੀ ਦਿਹਾੜੀ ਨਿਯਤ ਕੀਤੀ ਹੈ॥ ੩੮॥

ਸਰਬ ਇਕੱਤ੍ਰ ਅਹੇ ਸੋ ਧਰੀ। ਮੈਂ ਨਿਜ ਗੁਜਰ ਅਪਰ ਬਿਧਿ ਕਰੀ।
ਸੋ ਸਭਿ ਰਸਤ ਦੇਗ ਦਿਹੁ ਪਾਇ। ਸ੍ਰੀ ਪ੍ਰਭੁ ਦਾਨ ਤਿਹਾਰੋ ਖਾਇ'॥ ੩੯॥

ਸਾਰੀ ਇਕੱਠੀ ਕਰਕੇ ਇਹ ਰੱਖੀ ਹੈ, ਮੈਂ ਆਪਣਾ ਗੁਜ਼ਾਰਾ ਹੋਰ ਵਿਧੀ ਅਨੁਸਾਰ ਕਰਦਾ ਰਿਹਾ ਹਾਂ। ਇਸ ਕਰਕੇ ਇਸ ਧਨ ਨਾਲ ਲੰਗਰ ਵਿਚ ਰਸਦ ਪਾ ਲਵੋ, ਹੇ ਪ੍ਰਭੂ ਜੀ ! ਮੈਂ ਤੁਹਾਡਾ ਦਿੱਤਾ ਹੀ ਖਾਂਦਾ ਹਾਂ" ॥ ੩੯॥

ਸ੍ਰੀ ਅਰਜਨ ਸੁਨਿ ਬੋਲੇ 'ਸਿੱਖਜ !। ਅਬਿ ਨ ਫਿਰੋ ਘਰ ਘਰ ਹਿਤ ਭਿੱਖਜ।
ਮਾਂਗ ਮਾਂਗ ਟੁਕਰੇ ਬਹੁ ਥਾਂਵਨ। ਸੋ ਸਭਿ ਹਮ ਕੋ ਕਰੋ ਖੁਵਾਵਨ॥ ੪੦॥

ਸ੍ਰੀ ਅਰਜਨ ਦੇਵ ਜੀ ਸੁਣ ਕੇ ਬੋਲੇ, "ਹੇ ਸਿੱਖ ! ਹੁਣ ਘਰ ਘਰ ਮੰਗ ਕੇ ਨਾ ਖਾਵੋ। ਬਹੁਤ ਥਾਵਾਂ ਤੋਂ ਟੁਕੜੇ ਮੰਗ ਮੰਗ ਕੇ, ਉਹ ਸਾਰੇ ਸਾਨੂੰ ਹੀ ਖਵਾਉਂਦੇ ਹੋ॥ ੪੦॥

ਅਬਿ ਲੰਗਰ ਤੇ ਕਰਹੁ ਅਹਾਰਾ। ਨਹਿੰ ਜਾਚਹੁ ਤੁਹਿ ਭਾਉ ਉਦਾਰਾ।
ਹਮਰੀ ਕਰਿ ਪ੍ਰਸੰਨਤਾ ਐਸੇ। ਜਾਚੇ ਟੁਕਰੇ ਦੇਹੁ ਨ ਕੈਸੇ॥ ੪੧॥

ਹੁਣ ਲੰਗਰ ਤੋਂ ਭੋਜਨ ਖਾਵੋ, ਹੁਣ ਨਾ ਮੰਗੋ, ਤੇਰਾ ਉੱਤਮ ਪ੍ਰੇਮ ਹੈ। ਸਾਨੂੰ ਇਸ ਤਰ੍ਹਾਂ ਪ੍ਰਸੰਨ ਕਰੋ, ਮੰਗ ਕੇ ਟੁਕੜੇ ਸਾਨੂੰ ਨਾ ਦੇਵੋ॥ ੪੧॥

'ਵਾਹਿਗੁਰੂ' ਕਹਿ ਅਰਪਤਿ ਹਮੈਂ। ਟੁਕਰੇ ਦੇਤਿ ਜੁ ਖੈਬੇ ਸਮੈ।
ਹਮ ਕੋ ਪ੍ਰਾਪਤ ਹੋਵਤਿ ਆਇ। ਲੇ ਗੁਰ ਨਾਮ ਅਪਰ ਦੇ ਖ੍ਵਾਇ॥ ੪੨॥

'ਵਾਹਿਗੁਰੂ' ਕਹਿ ਕੇ ਸਾਨੂੰ ਅਰਪਨ ਕਰ ਦਿੰਦਾ ਸੀ, ਜਿਹੜੇ ਟੁਕੜੇ ਤੈਨੂੰ ਖਾਣ ਸਮੇਂ ਦਿੰਦੇ ਸਨ, ਉਹ ਸਾਰੇ ਸਾਨੂੰ ਪ੍ਰਾਪਤ ਹੋ ਜਾਂਦੇ ਸਨ। ਗੁਰੂ ਦਾ ਨਾਂ ਲੈ ਕੇ ਜਿਹੜਾ ਤੂੰ ਹੋਰ ਕਿਸੇ ਨੂੰ ਖਵਾ ਦਿੰਦਾ ਹੈਂ॥ ੪੨॥

ਆਧੋ ਭੋਜਨ ਆਪ ਅਚੈ ਹੈਂ। ਅਰਧ ਗੁਰੂ ਹਿਤ ਤੂੰ ਅਰਪੈ ਹੈਂ।
ਤਜਹੁ ਸੁ ਅਚਵਹੁ ਦੇਗ ਅਹਾਰਾ। ਕਰਹੁ ਪ੍ਰੇਮ ਸੋਂ ਤੀਰਥ ਕਾਰਾ'॥ ੪੩॥

ਅੱਧਾ ਭੋਜਨ ਤੂੰ ਆਪ ਖਾਂਦਾ ਹੈਂ ਤੇ ਅੱਧਾ ਗੁਰੂ ਨੂੰ ਅਰਪਨ ਕਰ ਦਿੰਦਾ ਹੈਂ, ਇਸ ਕਰਕੇ ਮੰਗਣਾ ਛੱਡ ਦੇਵੋ ਤੇ ਲੰਗਰ ਵਿਚੋਂ ਭੋਜਨ ਛਕੋ ਅਤੇ ਪ੍ਰੇਮ ਨਾਲ ਤੀਰਥ ਦੀ ਕਾਰ-ਸੇਵਾ ਕਰੋ" ॥ ੪੩॥

ਸੁਨਿ ਬਹਿਲੋ ਮਾਨੀ ਗੁਰ ਬਾਨੀ। ਕਰਨ ਲਗਯੋ ਤਿਮ ਜਥਾ ਬਖਾਨੀ।
ਬਹੁ ਨਰ ਖਨਹਿੰ ਉਠਾਵਹਿੰ ਭਾਰ। ਕਰਹਿੰ ਬ੍ਰਿੰਦ ਮ੍ਰਿਤਕਾ ਕੀ ਕਾਰ॥ ੪੪॥

ਇਹ ਸੁਣ ਕੇ ਭਾਈ ਬਹਿਲੋ ਨੇ ਗੁਰੂ ਜੀ ਦੇ ਬਚਨ ਮੰਨ ਲਏ, ਉਸ ਤਰ੍ਹਾਂ ਹੀ ਕਰਨ ਲੱਗਾ ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ। ਬਹੁਤ ਮਨੁੱਖ ਮਿਟੀ ਪੁੱਟਦੇ ਸਨ ਤੇ ਭਾਰ ਚੁਕਦੇ ਸਨ। ਬਹੁਤ ਲੋਕ ਮਿੱਟੀ ਦੀ ਕਾਰ-ਸੇਵਾ ਕਰ ਰਹੇ ਸਨ॥ ੪੪॥

ਬਹਿਲੋ ਧਰਹਿ ਟੋਕਰਾ ਆਗੈ। ਖਨਹਿਂ ਸਿੱਖ ਇਕ ਭਰਿਬੇ ਲਾਗੈ।
ਬਹੁਤ ਮ੍ਰਿੱਤਕਾ ਪਾਵਹਿਂ ਤਾਂਹਿ। ਇਹੁ ਤਿਨ ਕੋ ਕਿਮ ਬਰਜਤਿ ਨਾਂਹਿ ॥੪੫॥

ਬਹਿਲੋ ਟੋਕਰਾ ਅੱਗੇ ਧਰ ਦਿੰਦਾ ਸੀ, ਇਕ ਸਿੱਖ ਮਿੱਟੀ ਪੁਟ ਕੇ ਟੋਕਰਾ ਭਰ ਦਿੰਦਾ ਸੀ। ਉਸਦੇ ਟੋਕਰੇ ਵਿਚ ਬਹੁਤ ਮਿੱਟੀ ਪਾਉਂਦਾ ਸੀ, ਪਰ ਬਹਿਲੋ ਉਸ ਨੂੰ ਕਿਸੇ ਤਰ੍ਹਾਂ ਵੀ ਵਰਜਦਾ ਨਹੀਂ ਸੀ॥ ੪੫॥

ਭਰਹਿਂ ਜੁ ਮ੍ਰਿਤਕਾ, ਤਿਨਹੁਂ ਅਗਾਰੀ। ਧਰਹਿ ਟੋਕਰਾ, ਕਰਹਿਂ ਸੁ ਭਾਰੀ।
ਆਪ ਗੁਰੂ ਦਿਸ਼ ਟਕ ਚਖ ਲਾਵੈ। ਇਤ ਉਤ ਦ੍ਰਿਸ਼ਟਿ ਨ ਕਬਹੁਂ ਚਲਾਵੈ ॥੪੬॥

ਉਸ ਦੇ ਅੱਗੇ ਜੋ ਟੋਕਰੇ ਵਿਚ ਮਿੱਟੀ ਭਰਦਾ ਸੀ, ਉਸ ਦੇ ਸਾਹਮਣੇ ਜਦ ਟੋਕਰਾ ਧਰਦਾ ਸੀ ਤਾਂ ਉਹ ਬਹੁਤ ਭਰ ਦਿੰਦਾ ਸੀ। ਬਹਿਲੋ ਆਪ ਆਪਣਾ ਧਿਆਨ ਗੁਰੂ ਜੀ ਵਲ ਲਾ ਛੱਡਦਾ ਸੀ, ਏਧਰ ਓਧਰ ਹੋਰ ਕਿਸੇ ਪਾਸੇ ਨਹੀਂ ਵੇਖਦਾ ਸੀ॥ ੪੬॥

ਸਤਿਗੁਰ ਮੁਖ ਕੋ ਦੇਖਤਿ ਰਹੈ। 'ਚੁਕਹੁ ਸੀਸ ਪਰ' ਜਬਿ ਨਰ ਕਹੈਂ।
ਦੁਇ ਤ੍ਰੈ ਨਰ ਉਠਵਾਵਨ ਕਰੈਂ। ਗਿਨਹਿ ਨ ਕਛੁ ਸੁ ਸਿਰ ਪਰ ਧਰੈ ॥੪੭॥

ਸਤਿਗੁਰੂ ਜੀ ਦੇ ਮੁਖ ਨੂੰ ਵੇਖਦਾ ਰਹਿੰਦਾ ਸੀ, ਜਦ ਮਨੁੱਖ ਕਹਿੰਦੇ ਸਨ ਤਾਂ ਟੋਕਰਾ ਸਿਰ ਤੇ ਚੁਕ ਲੈਂਦਾ ਸੀ। ਦੋ ਤਿੰਨ ਮਨੁੱਖ ਟੋਕਰਾ ਚੁਕਵਾਉਂਦੇ ਸਨ, ਸਿਰ ਤੇ ਧਰਿਆ ਉਹ ਕਿਸੇ ਪ੍ਰਕਾਰ ਦੀਆਂ ਵੀ ਗਿਣਤੀਆਂ ਨਹੀਂ ਕਰਦਾ ਸੀ॥ ੪੭॥

ਵਹਿਰ ਗੇਰ ਪੁਨ ਆਵਹਿ ਦੌਰ। ਗੁਰੁ ਮੁਖ ਪਿਖਹਿ ਥਿਰੈ ਤਿਸ ਠੌਰ।
ਹਸਨ ਹੇਤੁ ਨਰ ਭਰੈਂ ਬਿਸਾਲ। ਕੇਤਿਕ ਮਣ ਮ੍ਰਿਤਕਾ ਕੇ ਨਾਲ ॥੪੮॥

ਮਿੱਟੀ ਬਾਹਰ ਸੁੱਟ ਕੇ ਫਿਰ ਦੌੜ ਕੇ ਵਾਪਸ ਆ ਜਾਂਦਾ ਸੀ, ਫਿਰ ਗੁਰੂ ਜੀ ਵਲ ਮੁਖ ਕਰਕੇ, ਉਨ੍ਹਾਂ ਨੂੰ ਵੇਖਦਾ ਹੋਇਆ ਖਲੋ ਜਾਂਦਾ ਸੀ। ਮਜ਼ਾਕ ਵਜੋਂ ਮਨੁੱਖ ਟੋਕਰੇ ਨੂੰ ਕਈ ਮਣ ਮਿੱਟੀ ਨਾਲ ਭਰ ਦਿੰਦੇ ਸਨ॥ ੪੮॥

ਸਭਿ ਮਿਲਿ ਕਰਹਿਂ ਹਾਸ ਤਿਸ ਕੇਰੇ। ਕੁਛ ਨਹਿਂ ਗਨਹਿ ਗੁਰੂ ਦਿਸ਼ ਹੇਰੇ।
ਭਾਰ ਉਠਾਵਹਿ ਜੇਤਿਕ ਪਾਵਹਿਂ। ਵਹਿਰ ਗੇਰਿ ਦੌਰਤਿ ਪੁਨ ਆਵਹਿ ॥੪੯॥

ਸਭ ਮਿਲ ਕੇ ਫਿਰ ਉਸ ਦਾ ਹਾਸਾ ਉਡਾਉਂਦੇ ਸਨ, ਪਰ ਉਹ ਕੁਝ ਵੀ ਨਹੀਂ ਸਮਝਦਾ ਸੀ ਤੇ ਗੁਰੂ ਜੀ ਵਲ ਵੇਖਦਾ ਰਹਿੰਦਾ ਸੀ। ਜਿੰਨਾ ਵੀ ਟੋਕਰਾ ਭਰ ਦਿੰਦੇ ਸਨ, ਓਨਾ ਹੀ ਚੁੱਕ ਲੈਂਦਾ ਸੀ ਤੇ ਫਿਰ ਬਾਹਰ ਸੁੱਟ ਕੇ ਦੌੜ ਕੇ ਆ ਜਾਂਦਾ ਸੀ॥ ੪੯॥

ਮੁਖ ਤੇ ਮੋਨ, ਕਹਹਿ ਨਹਿਂ ਕਾਹੂ। ਪਿਖਹਿ ਪ੍ਰੇਮ ਰਾਤਾ ਰੰਗ ਮਾਂਹੂ।
ਜਬਿ ਲਗ ਗੁਰ ਬੈਠਹਿਂ ਖਨਵਾਵਹਿਂ। ਤਬਿ ਲਗ ਤਿਹਠਾਂ ਕਾਰ ਕਮਾਵਹਿ ॥੫੦॥

ਮੁਖ ਤੋਂ ਮੋਨ ਰਹਿੰਦਾ ਸੀ ਤੇ ਕੁਝ ਵੀ ਨਹੀਂ ਕਹਿੰਦਾ ਸੀ, ਪ੍ਰੇਮ ਦੇ ਰੰਗ ਵਿਚ ਰੰਗਿਆ ਗੁਰੂ ਜੀ ਵਲ ਵੇਖਦਾ ਰਹਿੰਦਾ ਸੀ। ਜਦ ਤਕ ਗੁਰੂ ਜੀ ਬੈਠੇ ਮਿੱਟੀ ਪੁਟਵਾਉਂਦੇ ਰਹਿੰਦੇ ਸਨ, ਤਦ ਤਕ ਓਥੇ ਕਾਰ-ਸੇਵਾ ਕਰਦਾ ਰਹਿੰਦਾ ਸੀ॥ ੫੦॥

ਜਬਿ ਸ਼੍ਰੀ ਗੁਰੁ ਰਾਜਹਿਂ ਥਲ ਔਰ। ਕਰਿਹੈ ਕਾਰ ਪਜਾਵਨ ਠੌਰ।
ਸੁਪਤਹਿ ਅਲਪ ਜਾਮਨੀ ਜਾਨਿ। ਸੇਵਹਿ ਸਰਬ ਸਮੈਂ ਹਿਤ ਠਾਨਿ ॥੫੧॥

ਜਦ ਗੁਰੂ ਜੀ ਕਿਸੇ ਹੋਰ ਥਾਂ ਚਲੇ ਜਾਂਦੇ ਸਨ ਤਾਂ ਆਵਿਆਂ ਵਾਲੀ ਥਾਂ ਜਾ ਕੇ ਇੱਟਾਂ ਪਕਾਉਣ ਦੀ ਕਾਰ ਕਰਦਾ ਸੀ। ਰਾਤ ਨੂੰ ਬਹੁਤ ਥੋੜ੍ਹਾ ਸਮਾਂ ਸੌਂਦਾ ਸੀ, ਹਰ ਸਮੇਂ ਹਿਤ ਧਾਰ ਕੇ ਸੇਵਾ ਕਰਦਾ ਰਹਿੰਦਾ ਸੀ॥ ੫੧॥

ਛੁਧਾ ਪਿਪਾਸਾ ਨੀਂਦ ਨ ਜਾਨਹਿ। ਆਲਸ ਬਿਨ, ਸੇਵਾ ਸਵਧਾਨਹਿ।
ਜਬਿ ਗੁਰ ਮਿਲੈਂ ਲਾਇ ਟਕ ਰਹੈ। ਜਥਾ ਚਕੋਰ ਚੰਦ ਕੋ ਚਹੈ॥ ੫੨॥

ਭੁੱਖਾ-ਪਿਆਸਾ ਨੀਂਦ ਨੂੰ ਨਹੀਂ ਸੀ ਜਾਣਦਾ, ਆਲਸ ਛੱਡ ਕੇ ਹਰ ਸਮੇਂ ਪੱਕੀ ਚੌਕਸੀ ਨਾਲ ਸੇਵਾ ਕਰਦਾ ਸੀ। ਜਦ ਗੁਰੂ ਜੀ ਮਿਲਦੇ ਸਨ, ਤਾਂ ਇਕ ਟਕ ਵੇਖਦਾ ਰਹਿੰਦਾ ਸੀ, ਜਿਵੇਂ ਚਕੋਰ ਚੰਦ ਨੂੰ ਚਾਹੁੰਦੀ ਹੈ॥ ੫੨॥

ਕਾਰ ਈਂਟਕਾ ਕਰਹਿ ਪਚਾਵੈ। ਭਲੀ ਰੀਤਿ ਕਰਿ ਪ੍ਰੇਮ ਪਕਾਵੈ।
ਪੁਨ ਭਾਈ ਭਗਤੂ ਚਲਿ ਆਯੋ। ਤੀਰਥ ਕਾਰ ਕਰਨਿ ਚਿਤ ਲਾਯੋ॥ ੫੩॥

ਇੱਟਾਂ ਪਕਾਉਣ ਦੀ ਕਾਰ ਕਰਦਾ ਸੀ ਅਤੇ ਭਲੀ ਰੀਤੀ ਨਾਲ ਬੜੇ ਪ੍ਰੇਮ ਨਾਲ ਇੱਟਾਂ ਨੂੰ ਪਕਾਉਂਦਾ ਸੀ। ਫਿਰ ਭਗਤੂ ਚਲ ਕੇ ਆ ਗਿਆ, ਉਸ ਵੀ ਤੀਰਥ ਦੀ ਕਾਰ-ਸੇਵਾ ਕਰਨ ਵਿਚ ਆਪਣਾ ਮਨ ਲਾ ਲਿਆ॥ ੫੩॥

ਸ੍ਰੀ ਗੁਰ ਰਾਮਦਾਸ ਬਚ ਕਹਜੋ। ਜਿਸਨੇ ਜਨਮ ਜਗਤ ਮਹਿਂ ਲਹਜੋ।
ਮ੍ਰਿਤਕਾ ਵਹਿਰ ਨਿਕਾਸੇ ਜਾਇਂ। ਖਨਹਿ ਕਬਹੁੰ ਕਬਿ ਸੀਸ ਉਠਾਇ॥ ੫੪॥

ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨ ਕਹਿਣ ਮੁਤਾਬਕ, ਉਸ ਨੇ ਜਗਤ ਵਿਚ ਜਨਮ ਲਿਆ ਸੀ, ਉਹ ਵੀ ਕਦੀ ਮਿੱਟੀ ਬਾਹਰ ਕੱਢਦਾ ਸੀ, ਕਦੀ ਮਿੱਟੀ ਪੁੱਟਦਾ ਸੀ, ਕਦੀ ਸਿਰ ਤੇ ਚੁਕ ਕੇ ਬਾਹਰ ਸੁਟਦਾ ਸੀ॥ ੫੪॥

*ਦੂਸਰੀ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥*

## *ਅਧਿਆਇ ਅੱਠਤਾਲੀਵਾਂ*

*ਬੁੱਧੂ ਦਾ ਆਵਾ, ਭਾਈ ਲੱਖੂ*

*ਦੋਹਰਾ-* ਬੁੱਧੂ ਨਾਮ ਕੁਲਾਲ ਇਕ ਸਤਿਗੁਰ ਕੋ ਸਿਖ ਧੀਰ।
ਲਵਪੁਰਿ ਮਹਿਂ ਤਿਸ ਕੋ ਸਦਨ ਜਾਤਿ ਗੁਰੂ ਕੇ ਤੀਰ॥ ੧॥

ਇਕ ਬੁੱਧੂ ਨਾਂ ਦਾ ਕੁਲਾਲ ਜਾਤ ਦਾ ਸਤਿਗੁਰੂ ਜੀ ਦਾ ਵੱਡਾ ਧੀਰਜਵਾਨ ਸਿੱਖ ਸੀ। ਲਾਹੌਰ ਦੇ ਵਿਚ ਉਸ ਦਾ ਘਰ ਸੀ ਤੇ ਉਹ ਗੁਰੂ ਜੀ ਦੇ ਪਾਸ ਜਾਂਦਾ ਸੀ॥ ੧॥

*ਚੌਪਈ-* ਸਿੱਖਜਨਿ ਕੀ ਬਹੁ ਸੇਵਾ ਕਰਿਈ। ਧਰਮ ਕਿਰਤ ਕੀ ਜੀਵਾ ਧਰਿਈ।
ਗੁਰੂ ਭਰੋਸੇ ਕਾਰ ਕਰੰਤਾ। ਅਪਨੇ ਸਭਿ ਕਾਰਜ ਨਿਬਹੰਤਾ॥ ੨॥

ਸਿੱਖਾਂ ਦੀ ਬਹੁਤ ਸੇਵਾ ਕਰਦਾ ਸੀ ਅਤੇ ਧਰਮ ਕਿਰਤ ਵਾਲੀ ਕਮਾਈ ਕਰਦਾ ਸੀ। ਗੁਰੂ ਜੀ ਦੇ ਭਰੋਸੇ ਤੇ ਕਾਰ ਕਰਦਾ ਸੀ ਅਤੇ ਆਪਣੇ ਸਾਰੇ ਕਾਰਜਾਂ ਦਾ ਨਿਰਬਾਹ ਕਰਦਾ ਸੀ॥ ੨॥

ਲਾਇ ਈਂਟਕਾ ਕੇਰ ਪਜਾਵੈ। ਬੇਚਹਿ ਪੁਰਿ ਮਹਿਂ ਗੁਜ਼ਰ ਚਲਾਵੈ।
ਗੁਰੁ ਸਿੱਖਜਨ ਕੋ ਕਰਹਿ ਅਹਾਰਾ। ਪੁਰਹਿ ਭਾਵਨਾ ਰਿਦੇ ਮਝਾਰਾ॥ ੩॥

ਆਵੇ ਬਣਾ ਕੇ ਇੱਟਾਂ ਪਕਾਉਂਦਾ ਸੀ ਤੇ ਉਨ੍ਹਾਂ ਨੂੰ ਨਗਰ ਵਿਚ ਵੇਚ ਕੇ ਆਪਣਾ ਰੁਜ਼ਗਾਰ ਚਲਾਉਂਦਾ ਸੀ। ਗੁਰੂ ਜੀ ਦੇ ਸਿੱਖਾਂ ਨੂੰ ਭੋਜਨ ਛਕਾਉਂਦਾ ਸੀ ਅਤੇ ਆਪਣੇ ਹਿਰਦੇ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦਾ ਸੀ॥ ੩॥

Sri Satguru Jagjit Singh Ji eLlibrary NamdhariElibrary@gmail.com

ਏਕ ਬਾਰ ਤਿਨ ਕੀਨ ਪਜਾਵਾ। ਕਈ ਹਜ਼ਾਰ ਦਰਬ ਕੋ ਲਾਵਾ।
ਬ੍ਰਿੰਦ ਮਜੂਰ ਕਾਰ ਕੇ ਕਰਿਤੇ। ਈਂਧਨ ਅਧਿਕ ਈਂਟਕਾ ਧਰਿਤੇ॥ ੪॥

ਇਕ ਵਾਰ ਉਸ ਆਵੇ ਲਾਏ, ਕਈ ਹਜ਼ਾਰ ਧਨ ਉਸ ਉਤੇ ਖਰਚਿਆ, ਬਹੁਤ ਮਜ਼ਦੂਰ ਕਾਰ ਕਰਦੇ ਸਨ, ਇੱਟਾਂ ਨੂੰ ਪਕਾਉਣ ਵਾਸਤੇ ਬਹੁਤ ਬਾਲਣ ਮੰਗਵਾਇਆ ਗਿਆ॥ ੪॥

ਗਿਰ ਸਮ ਊਚੇ ਚਿਨਿ ਕੈ ਕੀਨਾ। ਰਹੇ ਸਕੇਲਤਿ ਬਹੁਤ ਮਹੀਨਾ।
ਲਾਗਤਿ ਲਗਜੋ ਅਧਿਕ ਹੀ ਦਰਬਾ। ਲੀਨਿ ਬਣਕ ਤੇ ਰਿਣ ਕਰਿ ਸਰਬਾ॥੫॥

ਪਹਾੜਾਂ ਵਾਂਗ ਉੱਚੇ-ਉੱਚੇ ਆਵੇ ਚਿਣ ਦਿਤੇ ਅਤੇ ਕਈ ਮਹੀਨਿਆਂ ਤਕ ਇੱਟਾਂ ਇਕੱਠੀਆਂ ਕਰਦੇ ਰਹੇ। ਬਹੁਤ ਧਨ ਲਾਗਤ ਵਜੋਂ ਲੱਗਾ, ਇਕ ਬਾਣੀਏ ਪਾਸੋਂ ਧਨ ਕਰਜ਼ੇ ਤੇ ਲਿਆ॥ ੫॥

'ਬਿਕਹਿਂ ਈਂਟਕਾ ਦੈਬੋ ਤੋਹਿ। ਕਿਤਿਕ ਮਾਸ ਮਹਿਂ ਇਹੁ ਸਿਧ ਹੋਹਿ'।
ਦਰਬ ਉਧਾਰੋ ਲੇ ਕਰਿ ਸੋਈ। ਦੇਤਿ ਮਜੂਰ ਮਜੂਰੀ ਓਈ॥ ੬॥

ਉਸ ਬਾਣੀਏ ਨੂੰ ਉਸ ਕਿਹਾ, "ਜਦ ਮੇਰੀਆਂ ਇੱਟਾਂ ਵਿਕ ਜਾਣਗੀਆਂ ਤਾਂ ਮੈਂ ਤੈਨੂੰ ਧਨ ਦੇ ਦੇਵਾਂਗਾ, ਕਈ ਮਹੀਨਿਆਂ ਵਿਚ ਪੱਕ ਜਾਣਗੀਆਂ। ਬਾਣੀਏ ਪਾਸੋਂ ਧਨ ਉਧਾਰ ਲੈ ਕੇ, ਉਹ ਮਜ਼ਦੂਰਾਂ ਨੂੰ ਮਜ਼ਦੂਰੀ ਦਿੰਦਾ ਸੀ॥ ੬॥

ਨਰ ਸਹੱਸ੍ਰਦੀ ਕਾਰ ਕਮਾਵੈਂ। ਸੰਧਜਾ ਹੋਇ ਦਿਹਾੜੀ ਪਾਵੈ।
ਕਿਤਿਕ ਮਾਸ ਮਹਿਂ ਕੀਨ ਮਹਾਂਨਾ। ਅਗਨਿ ਲਾਇਬੇ ਕੋ ਮਨ ਜਾਨਾ॥ ੭॥

ਹਜ਼ਾਰਾਂ ਲੋਕ ਕਾਰ ਕਰਦੇ ਸਨ, ਸ਼ਾਮ ਹੋਣ ਤੇ ਸਾਰੇ ਦਿਹਾੜੀ ਪ੍ਰਾਪਤ ਕਰਦੇ ਸਨ। ਕਈਆਂ ਮਹੀਨਿਆਂ ਵਿਚ ਮਹਾਨ ਆਵੇ ਤਿਆਰ ਕੀਤੇ, ਫਿਰ ਅੱਗ ਲਾਉਣ ਬਾਰੇ ਮਨ ਵਿਚ ਜਾਣਿਆ॥ ੭॥

ਬੁੱਧੂ ਕਰਿ ਬਿਚਾਰ ਉਰ ਨੀਕੇ। 'ਪ੍ਰਥਮ ਪੂਜੀਐ ਪਦ ਗੁਰ ਜੀ ਕੇ।
ਹੁਇ ਨਿਰਬਿਘਨ ਸੁ ਕਾਜ ਸਮਾਪਤਿ। ਇਹੁ ਮਹਿਮਾ ਸਤਿਸੰਗਤਿ ਭਾਖਤਿ' ॥੮॥

ਬੁੱਧੂ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, ਪਹਿਲਾਂ ਗੁਰੂ ਜੀ ਦੇ ਚਰਨਾਂ ਦੀ ਪੂਜਾ ਕਰਨੀ ਚਾਹੀਦੀ ਹੈ ਤਾਂਕਿ ਸਾਰੇ ਕਾਰਜ ਨਿਰਵਿਘਨ ਸਮਾਪਤ ਹੋ ਜਾਣ। ਸਤਿਸੰਗਤ ਦੀ ਇਹ ਮਹਿਮਾ ਦੱਸਦੇ ਹਨ॥ ੮॥

ਇਮਿ ਮਨ ਠਾਨਿ ਕੀਨ ਪ੍ਰਸਥਾਨਾ। ਰਾਮਦਾਸ ਪੁਰਿ ਦਿਸ਼ਿ ਗੁਰੁ ਜਾਨਾ।
ਮਗ ਮਹਿਂ ਨਿਸ ਬਸਿ ਪਹੁੰਚਜੋ ਆਇ। ਨੀਰ ਕੂਪ ਸੋਂ ਪ੍ਰਥਮ ਨਹਾਇ॥ ੯॥

ਮਨ ਵਿਚ ਇਸ ਤਰ੍ਹਾਂ ਧਾਰ ਕੇ ਚਲ ਪਿਆ, ਰਾਮਦਾਸ ਨਗਰ ਵਲ ਗੁਰੂ ਜੀ ਨੂੰ ਜਾਣਿਆ। ਇਕ ਰਾਤ ਰਾਹ ਵਿਚ ਰਹਿ ਕੇ ਰਾਮਦਾਸਪੁਰ ਆ ਪਹੁੰਚਾ। ਪਹਿਲਾਂ ਖੂਹ ਦੇ ਪਾਣੀ ਨਾਲ ਇਸ਼ਨਾਨ ਕੀਤਾ॥ ੯॥

ਅੰਮ੍ਰਿਤ ਸਰ ਮਹਿਂ ਕੀਨ ਸ਼ਨਾਨਾ। ਜਪੁਜੀ ਪਾਠ ਸ-ਪ੍ਰੇਮ ਬਖਾਨਾ।
ਨਿਜ ਮੰਦਿਰ ਮਹਿਂ ਸਤਿਗੁਰ ਬੈਸੇ। ਸਦਨ ਬਿਕੁੰਠ ਬਿਸ਼ਨੁ ਪ੍ਰਭੁ ਜੈਸੇ॥੧੦॥

ਫਿਰ ਆ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ। ਜਪੁਜੀ ਜੀ ਦਾ ਪਾਠ ਬੜੇ ਪ੍ਰੇਮ ਨਾਲ ਕੀਤਾ। ਸਤਿਗੁਰੂ ਅਰਜਨ ਦੇਵ ਜੀ ਉਸ ਸਮੇਂ ਆਪਣੇ ਘਰ ਵਿਚ ਬੈਠੇ ਸਨ, ਘਰ ਵਿਚ ਬੈਠੇ ਉਹ ਇੰਝ ਸ਼ੋਭ ਰਹੇ ਸਨ ਜਿਵੇਂ ਸਵਰਗ ਵਿਚ ਵਿਸ਼ਨੂੰ ਸ਼ੋਭਾ ਪਾ ਰਿਹਾ ਹੋਵੇ॥ ੧੦॥

Sri Satguru Jagjit Singh Ji eLlibrary NamdhariElibrary@gmail.com

ਗਾਇਂ ਰਬਾਬੀ ਰਾਗਨਿ ਚਾਰੂ। ਜਿਨ ਸੁਨਿਬੇ ਫਲ ਪਾਇ ਉਦਾਰੂ।
ਧਨ ਕੌ ਢੇਰ ਅਗਾਰੀ ਪਰਜੋ। ਹੋਤਿ ਪ੍ਰਾਤਿ ਤੇ ਜੇਤਿਕ ਚਰਜੋ॥ ੧੧॥

ਰਬਾਬੀ ਸੁੰਦਰ ਰਾਗ ਗਾ ਰਹੇ ਸਨ, ਜਿਸ ਦੇ ਕੀਰਤਨ ਨੂੰ ਸੁਣ ਕੇ ਬੜਾ ਉੱਤਮ ਫਲ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੇ ਅੱਗੇ ਧਨ ਦਾ ਢੇਰ ਲੱਗਾ ਹੋਇਆ ਸੀ, ਸਾਰਾ ਧਨ ਉਥੇ ਹੀ ਪਿਆ ਸੀ ਜਿਹੜਾ ਚੜ੍ਹਾਵਾ ਸਵੇਰ ਤੋਂ ਚੜ੍ਹ ਰਿਹਾ ਸੀ॥ ੧੧॥

ਦਾਸ ਚਮਰ ਲੈ ਸੀਸ ਢੁਰਾਵੈ। ਆਸਨ ਪਰ ਥਿਤਿ ਗੁਰ ਦੁਤਿ ਪਾਵੈਂ।
ਸਿਖ ਸੰਗਤਿ ਚਾਰਹੁੰ ਦਿਸ਼ ਦਰਸੈਂ। ਮੁਨਿ ਗਨ ਮਨਹੁੰ ਸੰਭੁ ਬਿਚ ਪਰਸੈਂ॥੧੨॥

ਸੇਵਕ ਚੌਰ ਲੈ ਕੇ ਗੁਰੂ ਜੀ ਦੇ ਸੀਸ ਉਤੇ ਝੁਲਾ ਰਿਹਾ ਸੀ, ਆਸਣ ਤੇ ਬੈਠੇ ਗੁਰੂ ਜੀ ਬਹੁਤ ਸ਼ੋਭਾ ਪਾ ਰਹੇ ਸਨ। ਸਿੱਖ ਸੰਗਤ ਚਾਰੇ ਪਾਸੇ ਦਰਸ਼ਨ ਕਰ ਰਹੀ ਸੀ। ਮੁਨੀਆਂ ਦੇ ਸਮੂਹ ਮਾਨੋਂ ਸ਼ਿਵਜੀ ਦੀ ਪੂਜਾ ਕਰ ਰਹੇ ਸਨ॥ ੧੨॥

ਬੁੱਧੂ ਜਾਇ ਉਪਾਇਨ ਧਰੀ। ਤਬਿ ਅਰਦਾਸ ਮੇਵਰੇ ਕਰੀ।
'ਸ੍ਰੀ ਗੁਰ ਜੀ ਇਹੁ ਸਿੱਖਜ ਤੁਮਾਰਾ। ਜਾਚਤਿ ਰਾਵਰਿ ਸਿਦਕ ਉਦਾਰਾ॥੧੩॥

ਬੁੱਧੂ ਨੇ ਵੀ ਜਾ ਕੇ ਗੁਰੂ ਜੀ ਦੇ ਅੱਗੇ ਨਜ਼ਰਾਨੇ ਧਰੇ, ਤਦ ਅਰਦਾਸੀਏ ਨੇ ਬੇਨਤੀ ਕੀਤੀ, "ਹੇ ਗੁਰੂ ਜੀ ! ਇਹ ਤੁਹਾਡਾ ਸਿੱਖ ਹੈ, ਆਪ ਜੀ ਤੋਂ ਉੱਤਮ ਸਿਦਕ ਮੰਗਦਾ ਹੈ॥ ੧੩॥

ਬਹੁ ਧਨ ਸੰਗ ਪਜਾਵਾ ਲਾਇਵ। ਤਿਹਂ ਸਿਧਿ ਹੋਤ ਅਬੈ ਚਲਿ ਆਇਵ।
'ਪਾਕਹਿ ਨੀਕੋ' ਬਾਕ ਤੁਮਾਰਾ। ਚਹਤਿ ਕਹਾਯੋ, ਹ੍ਵੈ ਨ ਬਿਗਾਰਾ'॥ ੧੪॥

ਬਹੁਤ ਧਨ ਖਰਚ ਕੇ ਇਸ ਇੱਟਾਂ ਦੇ ਆਵੇ ਲਾਏ ਹਨ, ਉਹ ਠੀਕ ਠਾਕ ਪੱਕ ਜਾਣ ਇਸ ਕਰਕੇ ਚੱਲ ਕੇ ਤੁਹਾਡੇ ਪਾਸ ਆਇਆ ਹੈ। 'ਚੰਗੀ ਤਰ੍ਹਾਂ ਪੱਕ ਜਾਣ,' ਇਹ ਤੁਹਾਡਾ ਬਚਨ ਕਹਾਉਣਾ ਚਾਹੁੰਦਾ ਹੈ, ਤਾਂਕਿ ਕੋਈ ਵਿਗਾੜ ਨਾ ਹੋਵੇ"॥ ੧੪॥

ਕਰੁਨਾ ਭਰੇ ਰਸੀਲੇ ਨੈਨ। ਸੁਨਿ ਇਸ ਕੋ ਪਿਖਿ ਕਰਿ ਕਹਿ ਬੈਨ।
'ਕਾਰਜ ਤੋਰਿ ਸਿੱਧ ਹੁਇ ਜਾਇ। ਸੇਵਹੁ ਸਿੱਖਜਨ ਕੋ ਮਨ ਲਾਇ॥ ੧੫॥

ਗੁਰੂ ਜੀ ਦੇ ਰਸੀਲੇ ਨੈਣ ਕਿਰਪਾ ਨਾਲ ਭਰ ਗਏ, ਇਹ ਸੁਣ ਕੇ ਤੇ ਉਸ ਨੂੰ ਵੇਖ ਕੇ ਉਨ੍ਹਾਂ ਬਚਨ ਕੀਤੇ, "ਤੇਰਾ ਕਾਰਜ ਸਿੱਧ ਹੋ ਜਾਵੇਗਾ, ਸਿੱਖਾਂ ਦੀ ਮਨ ਲਾ ਕੇ ਸੇਵਾ ਕਰੋ॥ ੧੫॥

ਪਾਕ ਈਂਟਕਾ ਹੋਵਹਿਂ ਨੀਕੇ। ਕਰਹੁ ਮਨੋਰਥ ਪੂਰਨ ਜੀ ਕੇ'।
ਇਮਿ ਸੁਨਿ ਕੈ ਤਬਿ ਬੰਦਨ ਠਾਨੀ। ਪੁਨ ਆਯਹੁ ਲਵਪੁਰੀ ਮਹਾਨੀ॥੧੬॥

ਇੱਟਾਂ ਬੜੀ ਚੰਗੀ ਤਰ੍ਹਾਂ ਪੱਕਣਗੀਆਂ ਤੇ ਆਪਣੇ ਜੀਅ ਦਾ ਮਨੋਰਥ ਪੂਰਾ ਕਰੋ"। ਇਹ ਸੁਣ ਕੇ ਬੁੱਧੂ ਨੇ ਬੰਦਨਾ ਕੀਤੀ ਤੇ ਫਿਰ ਚਲ ਕੇ ਲਾਹੌਰ ਆ ਗਿਆ॥ ੧੬॥

ਗੁਰੂ ਵਾਕ ਪਰ ਕਰਿ ਬਿਸਵਾਸ। ਦਈ ਪਜਾਵੈ ਅਗਨਿ ਪ੍ਰਕਾਸ਼।
ਕਿਤਿਕ ਦਜੌਸ ਮਹਿਂ ਮੂਹਰੀ ਖੋਲੀ। ਪਾਕੀ ਈਂਟ ਭਈ ਬਹੁ ਮੋਲੀ॥ ੧੭॥

ਗੁਰੂ ਜੀ ਦੇ ਬਚਨਾਂ ਤੇ ਵਿਸ਼ਵਾਸ ਕਰਕੇ ਉਸ ਆਵਿਆਂ ਨੂੰ ਅਗਨੀ ਦੇ ਦਿੱਤੀ। ਕਈ ਦਿਨਾਂ ਬਾਅਦ ਬਾਰੀ ਖੋਲ੍ਹੀ, ਬਹੁ-ਮੁੱਲੀਆਂ ਪੱਕੀਆਂ ਇੱਟਾਂ ਵੇਖੀਆਂ॥ ੧੭॥

'ਸਿੱਖਜਨ ਕੋ ਅਹਾਰ ਅਚਵਾਵੈਂ। ਸਦਨ ਆਨਿ ਆਛੇ ਤ੍ਰਿਪਤਾਵੈਂ।
ਪੁਨ ਬੇਚੌਂ ਸਭਿ ਈਂਟ ਪਜਾਵੈਂ। ਧਨ ਦੈਨੋ ਜਿਸੁ ਤੇ ਨਿਤ ਲਜਾਵੈਂ ॥ ੧੮ ॥

ਸਿੱਖਾਂ ਨੂੰ ਭੋਜਨ ਖਵਾਇਆ, ਘਰ ਵਿਚ ਲਿਆ ਕੇ ਚੰਗੀ ਤਰ੍ਹਾਂ ਤ੍ਰਿਪਤ ਕੀਤੇ। ਪਹਿਲਾਂ ਆਵਿਆਂ ਦੀਆਂ ਸਾਰੀਆਂ ਇੱਟਾਂ ਵੇਚਾਂਗਾ, ਫਿਰ ਉਸ ਬਾਣੀਏ ਨੂੰ ਧਨ ਦੇਵਾਂਗਾ ਜਿਸ ਪਾਸੋਂ ਨਿਤ ਕਰਜ਼ ਤੇ ਧਨ ਲਿਆਉਂਦੇ ਹਾਂ॥ ੧੮॥

ਸਦਨ ਜਾਇ ਕੈ ਕੀਨਸਿ ਤਯਾਰੀ। ਭੋਜਨ ਸ੍ਵਾਦਲ ਅਨਿਕ ਪ੍ਰਕਾਰੀ।
ਸਿਖ ਸੰਗਤਿ ਬਹੁਤੇ ਬੁਲਵਾਏ। ਪਾਂਤਿਹ ਪਾਂਤਿ ਬਨਾਇ ਬਿਠਾਏ॥ ੧੯ ॥

ਘਰ ਜਾ ਕੇ ਤਿਆਰੀ ਕੀਤੀ, ਅਨੇਕ ਪ੍ਰਕਾਰ ਦੇ ਸਵਾਦੀ ਭੋਜਨ ਤਿਆਰ ਕਰਵਾਏ। ਬਹੁਤ ਸਿੱਖ ਸੰਗਤ ਬੁਲਵਾਈ, ਸਾਰਿਆਂ ਨੂੰ ਪੰਗਤੀਆਂ ਵਿਚ ਚੰਗੀ ਤਰ੍ਹਾਂ ਬੈਠਾ ਦਿੱਤਾ॥ ੧੯॥

ਪ੍ਰਥਮ ਕੀਰਤਨ ਕੋ ਕਰਿਵਾਯਹੁ। ਗਾਇ ਰਬਾਬੀ ਸ਼ਬਦ ਸੁਨਾਯਹੁ।
ਕਰਿ ਅਰਦਾਸ ਬ੍ਰਤਾਇ ਅਹਾਰਾ। ਅਚਵਨਿ ਕੀਨਿ ਅਨੇਕ ਪ੍ਰਕਾਰਾ॥ ੨੦ ॥

ਪਹਿਲਾਂ ਕੀਰਤਨ ਕਰਵਾਇਆ, ਰਬਾਬੀਆਂ ਨੇ ਗਾ ਕੇ ਸ਼ਬਦ ਸੁਣਾਏ, ਅਰਦਾਸ ਕਰਕੇ ਭੋਜਨ ਵਰਤਾਇਆ, ਸਾਰਿਆਂ ਨੇ ਅਨੇਕ ਪ੍ਰਕਾਰ ਦਾ ਭੋਜਨ ਛਕਿਆ॥ ੨੦॥

ਤ੍ਰਿਪਤਿ ਭਈ ਸਭਿ ਸੰਗਤਿ ਆਛੈ। ਏਕ ਸਿੱਖ ਚਲਿ ਆਯਹੁ ਪਾਛੈ।
ਕਰੀ ਜਾਚਨਾ 'ਦੇਹੁ ਅਹਾਰੇ। ਗੁਰ ਹਿਤ ਤੇ ਕੀਨਸਿ ਤੈਂ ਤਯਾਰੇ' ॥ ੨੧ ॥

ਸਾਰੀ ਸੰਗਤ ਚੰਗੀ ਤਰ੍ਹਾਂ ਤ੍ਰਿਪਤ ਹੋ ਗਈ, ਬਾਅਦ ਵਿਚ ਇਕ ਸਿੱਖ ਚਲ ਕੇ ਆਇਆ। ਉਸ ਨੇ ਆ ਕੇ ਮੰਗਿਆ, "ਮੈਨੂੰ ਭੋਜਨ ਦੇਵੋ, ਤੂੰ ਗੁਰੂ ਜੀ ਵਾਸਤੇ ਤਿਆਰ ਕੀਤਾ ਹੈ" ॥ ੨੧॥

ਕਹਤਿ ਭਯੋ 'ਅਬਿ ਬਰਤਜੋ ਸਾਰੋ। ਪੂਰਬ ਆਵਤਿ ਕਰਤਿ ਅਹਾਰੋ'।
ਸਭਿ ਸੰਗਤਿ ਨੇ ਹਾਥ ਪਖਾਰੇ। ਖਰੋ ਹੋਇ ਅਰਦਾਸ ਉਚਾਰੇ॥ ੨੨ ॥

ਬੁੱਧੂ ਨੇ ਕਿਹਾ, "ਹੁਣ ਸਾਰਾ ਵਰਤਾਇਆ ਗਿਆ ਹੈ, ਪਹਿਲਾਂ ਆ ਕੇ ਭੋਜਨ ਛੱਕ ਲੈਂਦਾ।" ਸਾਰੀ ਸੰਗਤ ਨੇ ਹੱਥ ਧੋ ਲਏ ਤੇ ਖੜੇ ਹੋ ਕੇ ਅਰਦਾਸ ਕੀਤੀ॥ ੨੨॥

'ਸ੍ਰੀ ਸਤਿਗੁਰੁ ਬੁੱਧੂ ਸਿਖ ਤੇਰੋ। ਭੋਜਨ ਸਿੱਖ ਅਚਾਇ ਘਨੇਰੋ।
ਰਾਸ ਪਚਾਵਾ ਆਇ ਇਸੀ ਕੋ। ਤੁਮ ਕਰੁਨਾ ਤੇ ਪਾਕਹਿ ਨੀਕੋ' ॥ ੨੩ ॥

"ਹੇ ਸਤਿਗੁਰੂ ਜੀ ਬੁੱਧੂ ਤੁਹਾਡਾ ਸਿੱਖ ਹੈ, ਉਸ ਨੇ ਸਿੱਖਾਂ ਨੂੰ ਬਹੁਤ ਪ੍ਰਸਾਦਿ ਛਕਾਇਆ ਹੈ। ਇਸ ਦਾ ਇੱਟਾਂ ਦਾ ਆਵਾ ਸਿਰੇ ਚੜ੍ਹੇ, ਤੁਹਾਡੀ ਕਿਰਪਾ ਨਾਲ ਇਹ ਸਾਰੀਆਂ ਇੱਟਾਂ ਚੰਗੀ ਤਰ੍ਹਾਂ ਪੱਕਣ" ॥ ੨੩॥

ਸੁਨਿ ਸਿਖ ਲੱਖੂ ਊਚ ਉਬਾਚਾ। 'ਬੁੱਧੂ ਰਹਜੋ ਪਚਾਵਾ ਕਾਚਾ।
ਹੇਰਿ ਛੁਧਾਤੁਰ ਦਿਯ ਨ ਅਹਾਰਾ। ਨਹਿਂ ਪਾਕਹਿ, ਭਾ ਦੋਸ਼ ਉਦਾਰਾ' ॥ ੨੪ ॥

ਇਹ ਸੁਣ ਕੇ ਲੱਖੂ ਸਿੱਖ ਉੱਚੀ ਆਵਾਜ਼ ਵਿਚ ਬੋਲਿਆ, "ਬੁੱਧੂ ਦਾ ਆਵਾ ਕੱਚਾ ਰਹੇਗਾ, ਇਸ ਨੇ ਮੈਨੂੰ ਭੁੱਖਾ ਵੇਖ ਕੇ ਵੀ ਭੋਜਨ ਨਹੀਂ ਦਿੱਤਾ ਹੈ, ਇਸਨੇ ਵੱਡਾ ਪਾਪ ਕੀਤਾ ਹੈ, ਇੱਟਾਂ ਨਹੀਂ ਪੱਕਣਗੀਆਂ" ॥ ੨੪॥

ਸੁਨਿ ਬੁੱਧੂ ਲੱਖੂ ਸੰਗ ਕਹੈ। 'ਬਡਾ ਨਵੀਨ ਸਿੱਖਜ ਤੂੰ ਅਹੈਂ।
ਮਮ ਕਾਰਜ ਹਿਤ ਗੁਰੂ ਉਬਾਚਾ। 'ਪਕਹਿ ਪਜਾਵਾ ਰਹੈ ਨ ਕਾਚਾ॥ ੨੫ ॥

ਇਹ ਸੁਣ ਕੇ ਬੁੱਧੂ ਨੇ ਲੱਖੂ ਨੂੰ ਕਿਹਾ, "ਤੂੰ ਵੱਡਾ ਨਵਾਂ ਸਿੱਖ ਆਇਆ ਹੈਂ, ਮੇਰਾ ਕਾਰਜ ਠੀਕ ਹੋਣ ਬਾਰੇ ਗੁਰੂ ਜੀ ਨੇ ਬਚਨ ਕੀਤੇ ਹਨ, "ਆਵਾ ਪੱਕੇਗਾ, ਕੱਚਾ ਨਹੀਂ ਰਹੇਗਾ" ॥ ੨੫॥

ਐਸੋ ਕੌਨ ਜੁ ਬਾਕ ਮਿਟਾਵੈ। ਗੁਰ ਕੋ ਕਹਜੋ ਸਦਾ ਸਫਲਾਵੈ।
ਭੋਜਨ ਸਮੈ ਨ ਪਹੁੰਚਜੋ ਆਪ। ਕ੍ਰੋਧ ਕਰੇ ਹਮ ਦੇਤੋ ਸ੍ਰਾਪ!' ॥ ੨੬ ॥

ਐਸਾ ਕੌਣ ਹੈ ਜੋ ਗੁਰੂ ਜੀ ਦਾ ਵਾਕ ਮਿਟਾ ਦੇਵੇ, ਗੁਰੂ ਜੀ ਦਾ ਕਿਹਾ ਬਚਨ ਸਦਾ ਪੂਰਨ ਹੁੰਦਾ ਹੈ। ਭੋਜਨ ਦੇ ਸਮੇਂ ਤੂੰ ਆਪ ਨਹੀਂ ਪਹੁੰਚਿਆਂ 'ਤੇ ਕ੍ਰੋਧ ਕਰਕੇ ਸਾਨੂੰ ਸ੍ਰਾਪ ਦਿੰਦਾ ਹੈਂ" ॥ ੨੬ ॥

'ਹਮ ਭੀ ਹੈਂ ਗੁਰ ਸਿੱਖਜ ਮਹਾਂਨੇ। ਨਹਿਂ ਭੋਜਨ ਦੇ ਕਰਿ ਤ੍ਰਿਪਤਾਨੇ।
ਰਹੈ ਪਚਾਵਾ ਕਾਚਾ ਜਾਨਿ'। ਇਮ ਕਹਿ ਸਿੱਖਜ ਕੀਨਿ ਪ੍ਰਸਥਾਨ ॥ ੨੭ ॥

"ਅਸੀਂ ਵੀ ਗੁਰੂ ਜੀ ਦੇ ਮਹਾਨ ਸਿੱਖ ਹਾਂ, ਸਾਨੂੰ ਭੋਜਨ ਦੇ ਕੇ ਤੂੰ ਤ੍ਰਿਪਤ ਨਹੀਂ ਕੀਤਾ ਹੈ, ਇਹ ਹੁਣ ਸਮਝੋ ਕਿ ਤੁਹਾਡਾ ਆਵਾ ਕੱਚਾ ਹੀ ਰਹੇਗਾ।" ਇਸ ਤਰ੍ਹਾਂ ਕਹਿ ਕੇ ਸਿੱਖ ਚਲੇ ਗਿਆ ॥ ੨੭ ॥

ਦਿਵਸ ਆਗਲੇ ਬੁੱਢੂ ਗਯੋ। ਜਾਇ ਈਂਟਕਾ ਦੇਖਤਿ ਭਯੋ।
ਜਿਤਿਕ ਨਿਕਾਲੀ ਪੀਲੀ ਆਵਤਿ। ਪਾਕੀ ਲਾਲ ਨਹੀਂ ਦ੍ਰਿਸ਼ਟਾਵਤਿ ॥ ੨੮ ॥

ਅਗਲੇ ਦਿਨ ਬੁੱਢੂ ਆਪਣੇ ਭੱਠੇ ਤੇ ਗਿਆ, ਜਾ ਕੇ ਇੱਟਾਂ ਵੇਖਣ ਲੱਗਾ, ਜਿਹੜੀ ਵੀ ਇੱਟ ਕੱਢਦਾ ਸੀ, ਉਹੋ ਹੀ ਪਿੱਲੀ ਨਿਕਲਦੀ ਸੀ, ਕੋਈ ਵੀ ਪੱਕੀ ਲਾਲ ਨਹੀਂ ਸੀ ਦਿੱਸਦੀ ॥ ੨੮ ॥

ਚੌਂਕ੍ਰਿਤ ਚਿਤ ਤੂਸ਼ਨਿ ਕਰਿ ਖਰਜੋ। ਮੂਲ ਨਫਾ ਸਭਿ ਘਾਟਾ ਪਰਜੋ।
ਬ੍ਰਿੰਦ ਰੁਪੱਯਾ ਲਾਗਤਿ ਭਈ। ਮਾਟੀ ਸੋਂ ਮਾਟੀ ਮਿਲਿ ਗਈ ॥ ੨੯ ॥

ਚਿਤ ਵਿਚ ਹੈਰਾਨ ਹੋ ਕੇ ਚੁਪ ਖੜ੍ਹਾ ਰਿਹਾ, ਮੂਲ ਨਾਲ ਨਫਾ ਹੋਣ ਦੀ ਬਜਾਏ, ਘਾਟਾ ਪੈਂਦਾ ਵੇਖਿਆ। ਬੇਅੰਤ ਰੁਪਏ ਲਾਗਤ ਆਈ ਸੀ, ਮਿੱਟੀ ਨਾਲ ਮਿੱਟੀ ਮਿਲ ਗਈ ॥ ੨੯ ॥

ਬਹੁਤ ਬਿਸੂਰਤ ਰਿਣ ਤੇ ਤ੍ਰਾਸਾ। 'ਕਜਾ ਕਰਿ ਹੌਂ, ਮੈਂ ਗਰ ਮਹਿਂ ਫਾਸਾ'।
ਕਰੀ ਧੀਰ ਗੁਰੁ ਬਦਨ ਬਿਚਾਰਾ। ਤਬਿ ਲਵਪੁਰਿ ਤੇ ਤੁਰਤ ਪਧਾਰਾ ॥ ੩੦ ॥

ਬਹੁਤ ਭੈੜੀ ਹਾਲਤ ਹੋ ਗਈ, ਕਰਜ਼ੇ ਤੋਂ ਬਹੁਤ ਡਰ ਗਿਆ, "ਮੈਂ ਹੁਣ ਕੀ ਕਰਾਂਗਾ ਮੇਰੇ ਗਲ ਵਿਚ ਫਾਹੀ ਪੈ ਗਈ ਹੈ।" ਪਰ ਗੁਰੂ ਜੀ ਦਾ ਬਚਨ ਵਿਚਾਰ ਕੇ ਕੁਝ ਧੀਰਜ ਧਾਰਨ ਕੀਤਾ, ਫਿਰ ਲਾਹੌਰ ਤੋਂ ਤੁਰਤ ਚਲ ਪਿਆ ॥ ੩੦ ॥

ਆਇ ਸੁਧਾਸਰ ਬੰਦਨ ਠਾਨੀ। ਬਹੁਰ ਬਾਰਤਾ ਅਪਨਿ ਬਖਾਨੀ।
'ਰਾਵਰਿ ਬਾਕ ਭਰੋਸਾ ਧਾਰਿ। ਗੁਰ ਸੰਗਤਿ ਕੋ ਦਯੋ ਅਹਾਰ ॥ ੩੧ ॥

ਅੰਮ੍ਰਿਤਸਰ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਫਿਰ ਆਪਣੀ ਸਾਰੀ ਵਾਰਤਾ ਸੁਣਾਈ। "ਆਪ ਜੀ ਦੇ ਬਚਨਾਂ ਤੇ ਭਰੋਸਾ ਧਾਰਨ ਕਰਕੇ ਗੁਰੂ ਦੀ ਸੰਗਤ ਨੂੰ ਭੋਜਨ ਖਵਾਇਆ ॥ ੩੧ ॥

ਤਊ ਪਚਾਵਾ ਕਾਚਾ ਰਹਜੋ। ਮੂਲ ਨਫਾ ਕੁਛ ਹਾਥ ਨ ਲਹਜੋ।
ਨਹਿਂ ਅਲੰਬ ਤੁਮਰੇ ਬਿਨ ਮੇਰਾ। ਮਰੌਂ ਦੇਤਿ ਮੈਂ ਕਰਜ ਘਨੇਰਾ' ॥ ੩੨ ॥

ਫਿਰ ਵੀ ਮੇਰਾ ਆਵਾ ਕੱਚਾ ਰਿਹਾ ਹੈ, ਮੂਲ ਅਤੇ ਨਫਾ ਕੁਝ ਵੀ ਹੱਥ ਵਿਚ ਨਾ ਆਇਆ। ਤੁਹਾਡੇ ਬਗੈਰ ਮੇਰਾ ਕੋਈ ਆਸਰਾ ਨਹੀਂ ਹੈ, ਮੈਂ ਤਾਂ ਵੱਡਾ ਕਰਜ਼ ਉਤਾਰਦਾ ਹੀ ਮਰ ਜਾਵਾਂਗਾ" ॥ ੩੨ ॥

ਸਤਿਗੁਰ ਕਹਜੋ 'ਜੁ ਸੰਗਤਿ ਭੋਜਨ। ਬਿਰਥਾ ਗਯੋ ਤਹਾਂ ਤੇ ਕੋ ਜਨ।
ਭਯੋ ਦੋਸ਼ ਕਛੁ ਲੇਹੁ ਬਿਚਾਰੀ'। ਸੁਨਿ ਬੁੱਢੂ ਕਰ ਜੋਰਿ ਉਚਾਰੀ ॥ ੩੩ ॥

ਸਤਿਗੁਰੂ ਜੀ ਨੇ ਕਿਹਾ, "ਜਿਸ ਸੰਗਤ ਨੇ ਭੋਜਨ ਛੱਕਿਆ ਸੀ, ਉਸ ਵਿਚੋਂ ਕੋਈ ਭੁੱਖਾ ਤਾਂ ਨਹੀਂ ਚਲਾ ਗਿਆ ਸੀ। ਤੇਰੇ ਪਾਸੋਂ ਜਰੂਰ ਕੋਈ ਗਲਤੀ ਹੋਈ ਹੈ, ਇਸ ਗੱਲ ਨੂੰ ਚੰਗੀ ਤਰ੍ਹਾਂ ਵਿਚਾਰ ਲਵੋ।" ਇਹ ਸੁਣ ਕੇ ਬੁੱਢੂ ਨੇ ਕਿਹਾ ॥ ੩੩ ॥

'ਸਭਿ ਪ੍ਰਸੰਨ ਹੋਏ ਜਬਿ ਖਾਇ। ਏਕ ਸਿੱਖ ਤਬਿ ਜਾਚਤੋ ਆਇ।
ਤਿਸਕੋ ਨਹਿੰ ਅਹਾਰ ਮੈਂ ਦੀਨਾ। 'ਕਾਚੋ ਰਹੈ' ਤਾਂਹਿ ਬਚ ਕੀਨਾ॥ ੩੪॥

"ਜਦ ਸਾਰੇ ਭੋਜਨ ਛੱਕ ਕੇ ਪ੍ਰਸੰਨ ਹੋ ਗਏ ਤਾਂ ਫਿਰ ਇਕ ਸਿੱਖ ਨੇ ਆ ਕੇ ਭੋਜਨ ਮੰਗਿਆ, ਉਸ ਨੂੰ ਮੈਂ ਭੋਜਨ ਨਹੀਂ ਸੀ ਦਿੱਤਾ। ਉਸ ਨੇ ਇਹ ਬਚਨ ਕੀਤਾ ਸੀ ਕਿ "ਤੇਰਾ ਆਵਾ ਕੱਚਾ ਹੀ ਰਹੇਗਾ"॥ ੩੪॥

ਮੈਂ ਭਾਖਤੋ 'ਐਸੋ ਨਹਿੰ ਕੋਇ। ਸਤਿਗੁਰ ਬਾਕ ਮਿਟਾਵੈ ਜੋਇ'।
ਤੁਮਰੋ ਵਾਕ ਨਿਫਲ ਕਰਿ ਦਯੋ। ਤਿਸਕੋ ਕਹਤੋ ਸਾਚ ਸਭਿ ਭਯੋ॥ ੩੫॥

ਮੈਂ ਉਸ ਵੇਲੇ ਕਿਹਾ ਸੀ ਕਿ "ਐਸਾ ਕੋਈ ਨਹੀਂ ਹੋਇਆ ਹੈ, ਜਿਹੜਾ ਸਤਿਗੁਰੂ ਦੇ ਕਹੇ ਹੋਏ ਬਚਨਾਂ ਨੂੰ ਮੇਟ ਦੇਵੇ"। ਤੁਹਾਡੇ ਬਚਨਾਂ ਨੂੰ ਉਸ ਅਸਫਲ ਕਰ ਦਿੱਤਾ ਹੈ, ਉਸ ਦਾ ਕਿਹਾ ਸਭ ਸੱਚਾ ਹੋ ਗਿਆ ਹੈ॥ ੩੫॥

ਇਕ ਹੋਈ ਮੁਝ ਤੇ ਯਹਿ ਭੂਲ। ਜਿਸ ਤੇ ਵਾਕ ਕਹਤੋ ਪ੍ਰਤਿਕੂਲ।
ਜੇ ਆਵਤਿ ਸੋ ਸਭਿ ਕੇ ਸਾਥ। ਦੇਤਿ ਅਹਾਰ ਤ੍ਰਿਪਤਿ ਹੇ ਨਾਥ !॥ ੩੬॥

ਮੈਥੋਂ ਇਹ ਇਕ ਭੁੱਲ ਹੋਈ ਹੈ, ਜਿਸ ਕਰਕੇ ਉਸ ਨੇ ਇਹ ਉਲਟ ਵਾਕ ਕਿਹਾ। ਜੇ ਉਹ ਸਾਰਿਆਂ ਦੇ ਨਾਲ ਆਉਂਦਾ, ਹੇ ਪ੍ਰਭੂ ! ਫਿਰ ਮੈਂ ਜ਼ਰੂਰ ਉਸ ਨੂੰ ਭੋਜਨ ਦੇ ਕੇ ਤ੍ਰਿਪਤ ਕਰਦਾ॥ ੩੬॥

ਦੇਤਿ ਸ੍ਰਾਪ ਤਤਛਿਨ ਉਠਿ ਗਯੋ। ਪੁਨ ਖੋਜਤੋ ਸੋ ਮਿਲਤਿ ਨ ਭਯੋ'।
ਸੁਨਿ ਸਤਿਗੁਰ ਨੇ ਤੂਸ਼ਨ ਠਾਨੀ। ਬੁੱਧੂ ਕੇ ਚਿਤ ਚਿੰਤ ਮਹਾਨੀ॥ ੩੭॥

ਉਹ ਸ੍ਰਾਪ ਦੇ ਕੇ ਤੁਰੰਤ ਚਲੇ ਗਿਆ, ਫਿਰ ਲੱਭਣ ਉਤੇ ਕਿਤੇ ਵੀ ਨਾ ਮਿਲਿਆ।" ਇਹ ਸੁਣ ਕੇ ਸਤਿਗੁਰੂ ਜੀ ਚੁਪ ਹੋ ਗਏ। ਬੁੱਧੂ ਦੇ ਚਿੱਤ ਵਿਚ ਮਹਾਨ ਚਿੰਤਾ ਸੀ॥ ੩੭॥

ਨੀਚੀ ਗ੍ਰੀਵ, ਬਿਸੂਰਤਿ ਭਾਰੀ। ਕਿਹ ਤੇ ਦੇਊਂ ਦਰਬ ਬਿਵਹਾਰੀ।
ਭਯੋ ਅਧੀਰਜ ਪੀਰ ਘਨੇਰੀ। 'ਕਹਾਂ ਹੋਇ ਹੈ ਗਤਿ ਅਬਿ ਮੇਰੀ'॥ ੩੮॥

ਧੌਣ ਨੀਵੀਂ ਕੀਤੀ ਸੀ ਤੇ ਭਾਰੀ ਦੁਖੀ ਸੀ, "ਸ਼ਾਹਾਂ ਦਾ ਧਨ ਕਿਸ ਤਰ੍ਹਾਂ ਮੋੜੇਗਾ"। ਅਧੀਰਜ ਹੋ ਕੇ ਬਹੁਤ ਦੁਖੀ ਹੋਇਆ, "ਹੁਣ ਮੇਰੀ ਗਤੀ ਕਿਵੇਂ ਹੋਵੇਗੀ ?"॥ ੩੮॥

ਕਿਤਿਕ ਕਾਲ ਜਬਿ ਬੈਠਤੋ ਰਹਤੋ। ਕਰੁਨਾ ਕਰੀ ਗੁਰੂ ਪੁਨ ਲਹਤੋ।
ਕਹਤਿ ਭਏ 'ਤੈਂ ਨੀਕ ਨ ਠਾਨਤੋ। ਸਿੱਖ ਅਤਿਥਿ ਕੋ ਛੁਧਿਤ ਨ ਜਾਨਤੋ॥ ੩੯॥

ਜਦ ਕਾਫੀ ਸਮਾਂ ਬੈਠਿਆ ਰਿਹਾ ਤਾਂ ਗੁਰੂ ਜੀ ਨੇ ਫਿਰ ਉਸ ਤੇ ਕਿਰਪਾ ਕੀਤੀ, ਕਹਿਣ ਲੱਗੇ, "ਤੂੰ ਠੀਕ ਨਹੀਂ ਕੀਤਾ ਹੈ, ਸਿੱਖ ਮਹਿਮਾਨ ਨੂੰ ਤੂੰ ਭੁੱਖਾ ਨਹੀਂ ਜਾਣਿਆ ਹੈ॥ ੩੯॥

ਗੁਰਸਿੱਖਜਨ ਕੇ ਬਾਕ ਅਚਲ ਹੈਂ। ਕਰੌਂ ਹਟਾਵਨਿ ਨਹਿੰ ਮਮ ਬਲ ਹੈ।
ਮੋਹਿ ਕਹੇ ਕੋ ਸਿੱਖਜ ਹਟਾਵੈ। ਤਿਨ ਕੋ ਕਹਿਬੋ ਕੌਨ ਮਿਟਾਵੈ॥ ੪੦॥

ਗੁਰਸਿੱਖਾਂ ਦੇ ਬਚਨ ਅਟੱਲ ਹਨ, ਉਨ੍ਹਾਂ ਨੂੰ ਹਟਾਉਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ। ਮੇਰੇ ਕਹੇ ਨੂੰ ਸਿੱਖ ਹਟਾ ਸਕਦੇ ਹਨ ਪਰ ਉਨ੍ਹਾਂ ਦੇ ਕਹੇ ਨੂੰ ਕੋਈ ਵੀ ਨਹੀਂ ਮੇਟ ਸਕਦਾ ਹੈ॥ ੪੦॥

ਜੋ ਸੰਗਤਿ ਹਿਤ ਕਰਹਿ ਅਹਾਰੇ। ਛੁਧਿਤ ਨ ਜਾਨਿ ਦੇਹਿ ਨਿਜ ਦ੍ਵਾਰੇ।
ਤੌ ਪੂਰਨ ਗੁਰ ਪੁਰਬ ਪਛਾਨੋ। ਨਾਂਹਿ ਤ ਊਨੋ ਰਹਿ ਚਿਤ ਠਾਨੋ॥ ੪੧॥

ਜੋ ਸੰਗਤ ਵਾਸਤੇ ਭੋਜਨ ਤਿਆਰ ਕਰਵਾਓ ਤਾਂ ਆਪਣੇ ਦੁਆਰ ਤੋਂ ਕਿਸੇ ਨੂੰ ਭੁੱਖਾ ਨਾ ਜਾਣ ਦੇਵੋ, ਉਸ ਨੂੰ ਪੂਰਨ ਗੁਰਪੁਰਬ ਜਾਣੋਂ ਅਤੇ ਚਿੱਤ ਵਿਚ ਇਹ ਪੱਕੀ ਤਰ੍ਹਾਂ ਧਾਰ ਲਵੋ ਕਿ ਕਿਸੇ ਨੂੰ ਭੁੱਖਾ ਜਾਂ ਊਣਾ ਨਹੀਂ ਜਾਣ ਦੇਣਾ ਹੈ॥ ੪੧॥

ਇਹੁ ਮੇਰੀ ਸਿਖ ਮਾਨਹਿਂ ਜੇਈ। ਕਾਰਜ ਲਹੈ ਸਪੂਰਨ ਤੇਈ।
ਗੁਰ ਸਿੱਖਨ ਤੇ ਭੈ ਨਿਤ ਕਰਨੋ। ਕਬਹੁਂ ਅਨਾਦਰ ਨਹਿਂ ਮਨ ਧਰਨੋ॥ ੪੨॥

ਜਿਹੜਾ ਵੀ ਸਿੱਖ ਮੇਰੀ ਇਸ ਸਿਖਿਆ ਨੂੰ ਮੰਨੇਗਾ, ਉਹ ਆਪਣਾ ਕਾਰਜ ਸੰਪੂਰਣ ਹੋਇਆ ਪਾਵੇਗਾ। ਗੁਰੂ ਜੀ ਦੇ ਸਿੱਖਾਂ ਤੋਂ ਸਦਾ ਡਰ ਕੇ ਰਹੋ, ਉਨ੍ਹਾਂ ਦਾ ਅਨਾਦਰ ਕਰਨਾ ਕਦੀ ਵੀ ਮਨ ਵਿਚ ਨਾ ਧਾਰੋ॥ ੪੨॥

ਸਿੱਖ ਬਚਨ ਕੋ ਜਾਨਹਿਂ ਮੀਠੇ। ਸਨਮੁਖ ਮਿਲਹਿਂ, ਲਹਹਿਂ ਚਿਤ ਈਠੇ।
ਅਬਿ ਨ ਚਿੰਤ ਕਰਿ ਰਿਦੇ ਮਝਾਰ। ਕਾਰਜ ਤੇਰੋ ਦੇਹਿਂ ਸਵਾਰ॥ ੪੩॥

ਸਿੱਖ ਦੇ ਬਚਨਾਂ ਨੂੰ ਸਦਾ ਮਿੱਠੇ ਜਾਣੀਏ; ਜੇ ਸਾਹਮਣੇ ਮਿਲਣ ਤਾਂ ਚਿੱਤ ਵਿਚ ਆਪਣੇ ਮਿੱਤਰ ਅਤੇ ਇਸ਼ਟ ਸਮਝੀਏ। ਹੁਣ ਚਿੱਤ ਵਿਚ ਚਿੰਤਾ ਨਾ ਕਰੋ, ਤੇਰਾ ਕਾਰਜ ਸਵਾਰ ਦੇਵਾਂਗੇ॥ ੪੩॥

ਬਹੁਰਿ ਨ ਕਰਹੁ ਕਬਹੁ ਅਸ ਬਾਤਿ। ਸਿੱਖ ਅਨਾਦਰ ਹੈ ਦੁਖਦਾਤਿ।
ਕਾਚੀ ਈਟ ਪਚਾਵੇ ਜੋਇ। ਬਿਕਹਿਂ ਮੋਲ ਪਾਕੀ ਕੇ ਸੋਇ॥ ੪੪॥

ਦੁਬਾਰਾ ਅਜੇਹੀ ਗੱਲ ਨਹੀਂ ਕਰਨੀ ਹੈ, ਸਿੱਖਾਂ ਦਾ ਅਨਾਦਰ ਵੱਡਾ ਦੁੱਖ ਦਿੰਦਾ ਹੈ। ਜਿਹੜੀਆਂ ਤੁਹਾਡੇ ਆਵੇ ਦੀਆਂ ਕੱਚੀਆਂ ਇੱਟਾਂ ਹਨ, ਉਹ ਸਾਰੀਆਂ ਪੱਕੀਆਂ ਇੱਟਾਂ ਦੇ ਭਾਅ ਵਿਕ ਜਾਣਗੀਆਂ॥ ੪੪॥

ਰਿਣ ਉਤਰਹਿ ਅਰ ਨਫਾ ਸੁ ਪਾਵੈਂ। ਸਿੱਖਨ ਸੇਵਹੁ ਸੁਖੀ ਰਹਾਵੈਂ'।
ਬਚ ਕਹਾਇ ਬੰਦਨ ਕਰਿ ਗਯੋ। ਈਟਹਿ ਜਾਇ ਨਿਕਾਸਤਿ ਭਯੋ॥ ੪੫॥

ਕਰਜ਼ਾ ਵੀ ਉਤਰ ਜਾਵੇਗਾ ਤੇ ਨਫਾ ਵੀ ਪ੍ਰਾਪਤ ਕਰੇਂਗਾ, ਸਿੱਖਾਂ ਦੀ ਸੇਵਾ ਕਰਕੇ ਸੁਖੀ ਰਹੋ।" ਗੁਰੂ ਜੀ ਦੇ ਬਚਨ ਸੁਣ ਕੇ ਬੰਦਨਾ ਕਰਕੇ ਚਲੇ ਗਿਆ। ਜਾ ਕੇ ਇੱਟਾਂ ਨੂੰ ਆਵੇ ਵਿਚੋਂ ਬਾਹਰ ਕਢਵਾ ਲਿਆ॥ ੪੫॥

ਸਭਿ ਪਿਲਰੀ ਹੇਰਤਿ ਪਛੁਤਾਵਤਿ। ਗੁਰ ਬਚ ਸਿਮਰਤਿ ਧੀਰਜ ਪਾਵਤਿ।
ਲਗੀ ਝਰੀ ਬਰਖਾ ਬਹੁ ਹੋਈ। ਅਪਰ ਪਚਾਵਾ ਭਯੋ ਨ ਕੋਈ॥ ੪੬॥

ਸਾਰੀਆਂ ਪਿੱਲੀਆਂ ਇੱਟਾਂ ਵੇਖ ਕੇ ਬਹੁਤ ਪਛੁਤਾਇਆ, ਪਰ ਗੁਰੂ ਜੀ ਦੇ ਸ਼ਬਦ ਕਰਕੇ ਕੁਝ ਧੀਰਜ ਹੋਇਆ। ਉਸ ਸਮੇਂ ਵੱਡੀ ਝੜੀ ਲੱਗੀ ਅਤੇ ਬਹੁਤ ਬਾਰਸ਼ ਹੋਈ, ਹੋਰ ਕਿਸੇ ਭੱਠੇ ਤੇ ਇੱਟਾਂ ਪਕਾਈਆਂ ਨਾ ਜਾ ਸਕੀਆਂ॥ ੪੬॥

ਨੀਵ ਦੁਰਗ ਕੀ ਭਰਨੀ ਤਬੈ। ਨਰ ਪਤਿਸ਼ਾਹੀ ਖੋਜਤਿ ਸਬੈ।
ਨਹੀਂ ਈਟਕਾ ਪ੍ਰਾਪਤਿ ਤਿਨ ਕੋ। ਕਾਰਜ ਬਨਜੋ ਜ਼ਰੂਰੀ ਜਿਨ ਕੋ॥ ੪੭॥

ਉਸ ਸਮੇਂ ਕਿਲ੍ਹੇ ਦੀਆਂ ਨੀਂਹਾਂ ਭਰਨੀਆਂ ਸਨ, ਬਾਦਸ਼ਾਹ ਦੇ ਕਰਿੰਦੇ ਸਾਰੇ ਇੱਟਾਂ ਲੱਭਦੇ ਰਹੇ, ਪਰ ਇੱਟਾਂ ਕਿਤੇ ਵੀ ਨਾ ਮਿਲੀਆਂ। ਪਰ ਸਰਕਾਰ ਵਾਸਤੇ ਇਹ ਬੜਾ ਜ਼ਰੂਰੀ ਕਾਰਜ ਸੀ॥ ੪੭॥

ਸੁਧਿ ਕੋ ਸੁਨਿ ਬੁਧੂ ਬੁਲਵਾਇਵ। ਮੋਲ ਈਟਕਾ ਕੇਰ ਬਨਾਇਵ।
'ਜਿਮ ਪਾਕੀ ਤਿਮ ਕਾਚੀ ਦੇਵੌਂ। ਬਾਢ ਘਾਟ ਅਪਰਨ ਕੁਛੁ ਲੇਵੌ'॥ ੪੮॥

ਉਨ੍ਹਾਂ ਨੂੰ ਪਤਾ ਲੱਗਾ ਕਿ ਬੁੱਧੂ ਪਾਸ ਇੱਟਾਂ ਹਨ, ਇਸ ਲਈ ਬੁੱਧੂ ਨੂੰ ਬੁਲਾਇਆ ਗਿਆ। ਜਦ ਇੱਟਾਂ ਦਾ ਮੁੱਲ ਕਰਨ ਲੱਗੇ ਤਾਂ ਬੁੱਧੂ ਨੇ ਕਿਹਾ, "ਪੱਕੀ ਦੇ ਮੁੱਲ ਤੇ ਕੱਚੀਆਂ ਦੇਵਾਂਗਾ, ਵਾਧ ਘਾਟ ਹੋਰ ਵੀ ਕੁਝ ਲਵਾਂਗਾ"॥ ੪੮॥

ਦੁਰਗ ਨੀਵ ਬਿਗਰਹਿ ਨਹਿਂ ਕੈਸੇ। ਦਿਯੋ ਦਰਬ ਬੁੱਧੂ ਕਹ ਜੈਸੇ।
ਮੂਲ ਨਫਾ ਸਭਿ ਪਰਜੋ ਸੁ ਪਾਲੇ। ਗੁਰ ਮਹਿਮਾ ਕੋ ਲਖਜੋ ਬਿਸਾਲੇ॥ ੪੯॥

ਕਿਲ੍ਹੇ ਦੀਆਂ ਨੀਂਹਾਂ ਹੋਰ ਜ਼ਿਆਦਾ ਖਰਾਬ ਨਾ ਹੋ ਜਾਣ, ਇਸ ਕਰਕੇ ਸਰਕਾਰ ਨੇ ਬੁੱਧੂ ਦੀ ਮੰਗ ਅਨੁਸਾਰ ਹੀ ਉਸ ਨੂੰ ਧਨ ਦੇ ਦਿੱਤਾ। ਜਦ ਮਲ ਅਤੇ ਨਫਾ ਸਭ ਪੱਲੇ ਪੂਰੇ ਹੋ ਗਏ ਤਾਂ ਗੁਰੂ ਜੀ ਦੀ ਮਹਾਨ ਮਹਿਮਾ ਨੂੰ ਜਾਣ ਗਿਆ॥ ੪੯॥

Sri Satguru Jagjit Singh Ji eLlibrary NamdhariElibrary@gmail.com

ਸਿਖ ਕੋ ਬਾਕ ਨ ਗੁਰੂ ਮਿਟਾਯੋ। ਅਪਨੋ ਕਹਯੋ ਪ੍ਰਥਮ ਨਿਫਲਾਯੋ।
ਪਾਕੀ ਕੇ ਮੁਲ ਕਾਚ ਬਿਕਾਈ। ਸੁਨਿ ਕੈ ਗੁਰ ਸਿੱਖਜਨਿ ਸਮੁਦਾਈ॥ ੫੦॥

ਸਿੱਖ ਦੇ ਕਹੇ ਹੋਏ ਬਚਨ ਨੂੰ ਗੁਰੂ ਜੀ ਨੇ ਵੀ ਨਾ ਮਿਟਾਇਆ, ਆਪਣੇ ਪਹਿਲੇ ਦਿੱਤੇ ਹੋਏ ਵਰ ਨੂੰ ਅਸਫਲ ਬਣਵਾ ਲਿਆ। ਪਰ ਪੱਕੀ ਦੇ ਭਾਅ ਕੱਚੀਆਂ ਪਿੱਲੀਆਂ ਵਿਕਵਾ ਦਿੱਤੀਆਂ। ਜਦ ਸਾਰੇ ਗੁਰੂ ਜੀ ਦੇ ਸਿੱਖਾਂ ਨੇ ਗੁਰੂ ਜੀ ਦੀ ਅਜਿਹੀ ਕਰਨੀ ਬਾਰੇ ਸੁਣਿਆ ਤਾਂ ਉਹ ਬੋਲ ਉੱਠੇ॥ ੫੦॥

ਬਾਸਦੇਵ ਨਿਜ ਬਚ ਨਿਫਲਾਯੋ। ਭੀਸ਼ਮ ਕੋ ਸਾਚੋ ਦਿਖਲਾਯੋ।
'ਗਹੋਂ ਨ ਸਸਤ੍ਰ ਜੁੱਧ ਮੈਂ' ਕਹਯੋ। 'ਮੈਂ ਗਹਿਵਾਉਂ' ਭਗਤਿ ਨੇ ਚਹਯੋ॥ ੫੧॥

ਕ੍ਰਿਸ਼ਨ ਜੀ ਨੇ ਵੀ ਆਪਣਾ ਬਚਨ ਨਿਸਫਲ ਬਣਾ ਲਿਆ ਸੀ ਤੇ ਭੀਸ਼ਮ ਨੂੰ ਸੱਚ ਕਰਕੇ ਵਿਖਾ ਦਿੱਤਾ ਸੀ। ਕਿਹਾ ਸੀ "ਮੈਂ ਯੁੱਧ ਵਿਚ ਸ਼ਸਤਰ ਨਹੀਂ ਫੜਾਂਗਾ।" ਭਗਤ ਨੇ ਚਾਹਿਆ ਤਾਂ "ਮੈਂ ਸ਼ਸਤਰ ਫੜ ਲਵਾਂਗਾ" ॥ ੫੧॥

ਅਪਨਿ ਪ੍ਰਤੱਗਯਾ ਤਜਿ ਰਣ ਮਾਂਹੀ। ਗਹੇ ਸ਼ਸਤ੍ਰ ਮਾਰਣ ਹਿਤ ਤਾਂਹੀ।
ਧੁਰ ਕੀ ਬਾਣ ਇਹੀ ਪ੍ਰਭੁ ਕੇਰੀ। ਸਿੱਖਨ ਸਭਿ ਬਿਚਾਰਿ ਕਰਿ ਹੇਰੀ॥ ੫੨॥

ਯੁੱਧ ਦੇ ਮੈਦਾਨ ਵਿਚ ਆਪਣੀ ਪ੍ਰਤੱਗਿਆ ਛੱਡ ਕੇ ਉਸ ਨੂੰ ਮਾਰਨ ਵਾਸਤੇ ਆਪਣੇ ਹੱਥ ਵਿਚ ਸ਼ਸਤਰ ਫੜੇ। ਪ੍ਰਭੂ ਦੀ ਧੁਰ ਕੀ ਬਾਣੀ ਅਜੇਹੀ ਹੈ, ਸਾਰੇ ਸਿੱਖਾਂ ਨੇ ਵਿਚਾਰ ਕਰਕੇ ਵੇਖਿਆ॥ ੫੨॥

*ਦੂਸਰੀ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੮॥*

## ਅਧਿਆਇ ਉਨੰਜਵਾਂ

### ਬ੍ਰਾਹਮਣ ਗੰਗਾ ਰਾਮ ਬਾਜਰਾ ਵੇਚਣ ਆਇਆ

ਦੋਹਰਾ- ਨਗਰ ਬਠਿੰਡੇ ਮਹਿਂ ਬਸਹਿ ਇਕ ਦਿਜ ਗੰਗਾ ਰਾਮ।
ਲਾਦਿ ਅੰਨ ਬਹੁ ਬਾਜਰਾ ਆਇ ਬਨਜ ਕੇ ਕਾਮ॥ ੧॥

ਬਠਿੰਡੇ ਸ਼ਹਿਰ ਵਿਚ ਇਕ ਗੰਗਾ ਰਾਮ ਨਾਮੀ ਪੰਡਿਤ ਰਹਿੰਦਾ ਸੀ। ਉਹ ਬਹੁਤ ਸਾਰਾ ਬਾਜਰੇ ਦਾ ਅਨਾਜ ਲੱਦ ਕੇ ਵੇਚਣ ਵਾਸਤੇ ਆਇਆ॥ ੧॥

ਚੌਪਈ- ਚਲਯੋ ਚਲਯੋ ਸਤੱਦ੍ਰਵ ਉਲੰਘਾਇਵ। ਪਾਰ ਬਿਪਾਸਾ ਤੇ ਉਤਰਾਇਵ।
ਮਾਝੇ ਮਹਿਂ ਬੂਝਯੋ ਤਬਿ ਜਾਇ। 'ਅੰਨ ਬਾਜਰਾ ਕਹਾਂ ਬਿਕਾਇ? ॥੨॥

ਚਲਦਾ ਚਲਦਾ ਦਰਿਆ ਸਤਲੁਜ ਲੰਘ ਆਇਆ ਅਤੇ ਬਿਆਸ ਦਰਿਆ ਲੰਘ ਕੇ ਆਪਣਾ ਉਤਾਰਾ ਕੀਤਾ। ਤਦ ਮਾਝੇ ਵਿਚ ਜਾ ਕੇ ਪੁਛਿਆ, "ਬਾਜਰੇ ਦਾ ਅਨਾਜ ਕਿਥੇ ਵਿਕੇਗਾ?॥ ੨॥

ਜਿਸ ਥਲ ਛਿੱਪ੍ਰ ਲੇਹਿ ਕੋ ਮਲ। ਦੇ ਕਰਿ ਹਟੌਂ ਸਕਲ ਹੀ ਤੋਲਿ।
ਤਬਿ ਲੋਕਨ ਤਿਹ ਕਹ੍ਯੋ ਸੁਨਾਇ। ਸ੍ਰੀ ਗੁਰ ਅਰਜਨ ਤਾਲ ਲਵਾਇ॥ ੩ ॥

ਜਿਸ ਥਾਂ ਸਾਰਾ ਅਨਾਜ ਇਕੱਠਾ ਹੀ ਵੇਚ ਕੇ ਵਾਪਸ ਚਲਾ ਜਾਵਾਂ।" ਤਦ ਲੋਕਾਂ ਨੇ ਉਸ ਨੂੰ ਸੁਣਾ ਕੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਬਣਵਾ ਰਹੇ ਹਨ॥ ੩ ॥

ਤਹਾਂ ਅੰਨ ਕੋ ਖਰਚ ਘਨੇਰੋ। ਸਿਖ ਸੰਗਤਿ ਕੇ ਬ੍ਰਿੰਦ ਬਡੇਰੋ।
ਅਨਿਕ ਮਜੂਰ ਕਾਰ ਕੋ ਕਰੈਂ। ਨਿਸ ਬਾਸੁਰ ਤਿਸ ਹੀ ਥਲ ਥਿਰੈਂ॥ ੪ ॥

ਉਥੇ ਅਨਾਜ ਬਹੁਤ ਲੱਗਦਾ ਹੈ, ਓਥੇ ਸਿੱਖ ਸੰਗਤਾਂ ਦੇ ਵੱਡੇ-ਵੱਡੇ ਸਮੂਹ ਰਹਿੰਦੇ ਹਨ। ਅਨੇਕਾਂ ਮਜ਼ਦੂਰ ਕਾਰ ਸੇਵਾ ਕਰ ਰਹੇ ਹਨ, ਦਿਨ ਰਾਤ ਉਸ ਥਾਂ ਠਹਿਰਦੇ ਹਨ॥ ੪ ॥

ਤਹਾਂ ਪਹੂੰਚੈਂ ਗੋ ਜਿਸ ਬਾਰਿ। ਹੁਇ ਹੈ ਸਕਲ ਤੋਰ ਬਿਵਹਾਰਿ।
ਲੇ ਕਰਿ ਦਰਬ ਤੁਰਤ ਘਰ ਜੈ ਹੈਂ। ਅਪਰ ਥਾਨ ਇਮ ਨਹੀਂ ਬਿਕੈ ਹੈ॥ ੫ ॥

ਜਦ ਤੂੰ ਓਥੇ ਇਕ ਵਾਰ ਪਹੁੰਚੇਂਗਾ ਤਾਂ ਤੇਰਾ ਸਾਰਾ ਮਾਲ ਵਿਕ ਜਾਵੇਗਾ। ਧਨ ਲੈ ਕੇ ਤੁਰਤ ਆਪਣੇ ਘਰ ਨੂੰ ਚਲੇ ਜਾਵੇਂ, ਹੋਰ ਕਿਸੇ ਥਾਂ ਇਸ ਤਰ੍ਹਾਂ ਨਹੀਂ ਵਿਕੇਗਾ" ॥ ੫ ॥

ਸੁਨਿ ਲੋਕਨ ਤੇ ਚੌਪ ਬਿਸਾਲਾ। ਲਾਦਿ ਅੰਨ ਸਭਿ ਗੁਰ ਦਿਸ਼ ਚਾਲਾ।
ਸਨੇ ਸਨੇ ਪਹੁਚ੍ਯੋ ਤਹਿਂ ਜਾਇ। ਨਾਮ ਜੁ ਗੁਰ ਕੋ ਚੱਕ ਕਹਾਇ॥ ੬ ॥

ਲੋਕਾਂ ਪਾਸੋਂ ਇਸ ਤਰ੍ਹਾਂ ਸੁਣ ਕੇ ਉਹ ਬਹੁਤ ਪ੍ਰਸੰਨ ਹੋਇਆ, ਅਨਾਜ ਲੱਦ ਕੇ ਗੁਰੂ ਜੀ ਦੇ ਪਾਸੇ ਵਲ ਚਲ ਪਿਆ। ਹੌਲੀ ਹੌਲੀ ਓਥੇ ਪਹੁੰਚ ਗਿਆ, ਜਿਸ ਸਥਾਨ ਦਾ ਨਾਮ 'ਗੁਰੂ ਦਾ ਚੱਕ' ਕਹਾਉਂਦਾ ਸੀ॥ ੬ ॥

ਅਪਨ ਅੰਨ ਸਭਿ ਜਾਇ ਉਤਾਰਾ। ਡੇਰਾ ਕਰਿ ਹਰਖ੍ਯੋ ਉਰ ਭਾਰਾ।
ਜਹਿਂ ਮਾਨਵ ਸਮੁਦਾਇ ਦਿਸੰਤੇ। ਦੇਸ਼ ਬਿਦੇਸ਼ਨ ਕੇ ਬਿਚਰੰਤੇ॥ ੭ ॥

ਆਪਣਾ ਸਾਰਾ ਅਨਾਜ ਓਥੇ ਜਾ ਕੇ ਲਾਹ ਦਿੱਤਾ, ਓਥੇ ਡੇਰਾ ਜਮਾ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਜਿਥੇ ਬਹੁਤ ਮਨੁੱਖਾਂ ਦੀ ਭੀੜ ਦਿੱਸਦੀ ਸੀ ਅਤੇ ਦੇਸ਼ਾਂ-ਬਦੇਸ਼ਾਂ ਦੇ ਲੋਕ ਵਿਚਰ ਰਹੇ ਸਨ॥ ੭ ॥

ਹੋਤਿ ਤਾਲ ਕੀ ਕਾਰ ਬਿਸਾਲਾ। ਕਰਹਿਂ ਈਂਟਕਾ ਕੋ ਨਰ ਜਾਲਾ।
ਕੇਤਿਕ ਚੂਨੇ ਕੀ ਬਡਿ ਕਾਰ। ਮਿਲ ਕਰਿ ਕਰਹਿਂ ਅਨੇਕ ਪ੍ਰਕਾਰ॥ ੮ ॥

ਸਰੋਵਰ ਦੀ ਵੱਡੀ ਪੱਧਰ ਤੇ ਕਾਰ ਸੇਵਾ ਚਲ ਰਹੀ ਸੀ। ਮਨੁੱਖਾਂ ਦੇ ਕਈ ਟੋਲੇ ਇੱਟਾਂ ਢੋ ਰਹੇ ਸਨ। ਕਈ ਚੂਨਾ ਪੀਸਣ ਦੀ ਵੱਡੀ ਕਾਰ ਸਾਰੇ ਮਿਲ ਕੇ ਕਈ ਪ੍ਰਕਾਰ ਨਾਲ ਕਰ ਰਹੇ ਸਨ॥ ੮ ॥

ਕੇਤਿਕ ਈਂਧਨ ਅਧਿਕ ਸਕੇਲੈਂ। ਸੀਸ ਉਠਾਇ ਪਜਾਵਨਿ ਮੇਲੈਂ।
ਕੇਤਿਕ ਰੋਰ ਬਹੋਰਨ ਕਰੈਂ। ਭਲੇ ਸੁਧਾਰਿ ਏਕ ਥਲ ਧਰੈਂ॥ ੯ ॥

ਕਈ ਬਹੁਤ ਬਾਲਣ ਇਕੱਠਾ ਕਰ ਰਹੇ ਸਨ ਅਤੇ ਸਿਰਾਂ ਤੇ ਚੁੱਕ ਕੇ ਪਹੁੰਚਾ ਰਹੇ ਸਨ। ਕਈ ਰੋੜਾਂ ਨੂੰ ਰੋਲ ਰਹੇ ਸਨ ਅਤੇ ਚੰਗੀ ਤਰ੍ਹਾਂ ਸਵਾਰ ਬਣਾ ਕੇ ਇਕ ਥਾਂ ਰੱਖ ਰਹੇ ਸਨ॥ ੯ ॥

ਕੇਤਿਕ ਆਨਹਿਂ ਤਾਲ ਨਜੀਕੇ। ਕੋ ਘਰ ਘਰਿ ਲਾਵਤਿ ਹੈਂ ਨੀਕੇ।
ਕਰੇ ਈਂਟਕਾ ਕੇ ਬਡਿ ਢੇਰ। ਕੇਤਿਕ ਕਰਦਮ ਕਰਿ ਕਰਿ ਗੇਰ॥ ੧੦ ॥

ਕਈ ਸਰੋਵਰ ਵਿਚ ਇੱਟਾਂ ਲਿਆ ਰਹੇ ਸਨ ਤੇ ਘੜ ਘੜ ਕੇ ਚੰਗੀ ਤਰ੍ਹਾਂ ਲਾ ਰਹੇ ਸਨ। ਇੱਟਾਂ ਦੇ ਵੱਡੇ-ਵੱਡੇ ਚੱਕੇ ਲਾ [illegible]

ਕੇਤਿਕ ਚੂਨੋ ਪੀਸ ਬਨਾਇ। ਕੋ ਕਾਰੀਗਰ ਨਿਕਟ ਪੁਚਾਇ।
ਸਿਰ ਪਰ ਧਰਹਿਂ ਟੋਕਰੀ ਢੋਵੈਂ। ਸਗਰੇ ਦਿਨ ਗੁਰ ਦਰਸ਼ਨ ਜੋਵੈਂ॥ ੧੧॥

ਕਈ ਰੋੜ ਪੀਸ ਕੇ ਚੂਨਾ ਬਣਾ ਰਹੇ ਸਨ, ਕਈ ਇਸ ਚੂਨੇ ਨੂੰ ਕਾਰੀਗਰਾਂ ਦੇ ਪਾਸ ਪਹੁੰਚਾ ਰਹੇ ਸਨ। ਸਿਰ ਤੇ ਟੋਕਰੀ ਰੱਖ ਕੇ ਢੋਂਦੇ ਸਨ, ਸਾਰਾ ਦਿਨ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥ ੧੧॥

ਤਿਨ ਮਹੁਂ ਕੇਤਿਕ ਸਿਖ ਸ਼ਰਧਾਲੂ। ਕਰਹਿਂ ਪ੍ਰੇਮ ਤੇ ਕਾਰ ਬਿਸਾਲੂ।
ਕੇਤਿਕ ਤਹਿਂ ਮਜੂਰ ਕਰਿ ਕਾਰੀ। ਭਈ ਸੰਝ ਤੇ ਲੇਤਿ ਦਿਹਾਰੀ॥ ੧੨॥

ਉਨ੍ਹਾਂ ਵਿਚ ਕਈ ਸਿੱਖ ਸ਼ਰਧਾਲੂ ਪ੍ਰੇਮ ਨਾਲ ਬੜੀ ਉੱਤਮ ਕਾਰ ਸੇਵਾ ਕਰ ਰਹੇ ਸਨ। ਕਈ ਮਜ਼ਦੂਰ ਦੇ ਤੌਰ ਤੇ ਕੰਮ ਕਰ ਰਹੇ ਸਨ ਤੇ ਸ਼ਾਮ ਨੂੰ ਆਪਣੀ ਦਿਹਾੜੀ ਲੈ ਲੈਂਦੇ ਸਨ॥ ੧੨॥

ਕੇਤਿਕ ਕਾਰੀਗਰ ਹੈਂ ਲਾਗੇ। ਸਰਬ ਵਸਤੁ ਆਨਹਿਂ ਤਿਨ ਆਗੇ।
ਸਿੱਖਜਨ ਕੋ ਪਿਖਿ ਦਿਜ ਬਿਸਮਾਯੋ। ਘਾਲ ਬਡੀ ਘਾਲਨਿ ਚਿਤ ਲਾਯੋ॥੧੩॥

ਕਈ ਕਾਰੀਗਰ ਲੱਗੇ ਸਨ, ਸਾਰੀਆਂ ਵਸਤਾਂ ਉਨ੍ਹਾਂ ਦੇ ਅੱਗੇ ਲਿਆਉਂਦੇ ਸਨ। ਸਿੱਖਾਂ ਨੂੰ ਵੇਖ ਕੇ ਬ੍ਰਾਹਮਣ ਗੰਗਾ ਰਾਮ ਬਹੁਤ ਹੈਰਾਨ ਹੋਇਆ, ਜਿਨ੍ਹਾਂ ਵੱਡੀ ਘਾਲ ਘਾਲਣ ਵਿਚ ਚਿੱਤ ਲਾਇਆ ਸੀ॥ ੧੩॥

ਗੰਗਾਰਾਮ ਬਿੱਪ੍ਰ ਚਿਤ ਫਿਰਜੋ। ਗੁਰ ਪ੍ਰਤਾਪ ਨੀਕੋ ਉਰ ਧਰਜੋ।
ਮਸਤਕ ਟੇਕਿ ਦੂਰ ਤੇ ਗਯੋ। ਅਪਨਿ ਅੰਨ ਕੇ ਢਿਗ ਥਿਰ ਥਿਯੋ॥ ੧੪॥

ਗੰਗਾ ਰਾਮ ਬ੍ਰਾਹਮਣ ਦਾ ਮਨ ਨੇਕੀ ਵਲ ਪਲਟਿਆ। ਗੁਰੂ ਜੀ ਦੇ ਪ੍ਰਤਾਪ ਨੂੰ ਚੰਗੀ ਤਰ੍ਹਾਂ ਮਨ ਵਿਚ ਧਾਰਨ ਕੀਤਾ। ਮੱਥਾ ਟੇਕ ਕੇ ਦੂਰ ਚਲਾ ਗਿਆ ਤੇ ਆਪਣੇ ਅਨਾਜ ਦੇ ਲਾਗੇ ਖੜਾ ਹੋ ਗਿਆ॥ ੧੪॥

ਤਿਸ ਦਿਨ ਗੁਰ ਕੇ ਦੇਗ ਨ ਹੋਈ। ਅੰਨ ਗਯੋ ਬੁਰ ਲਜਾਇ ਨ ਕੋਈ।
ਬਹੁ ਗ੍ਰਾਮਨ ਕੋ ਜੇਤਿਕ ਆਯੋ। ਸੋ ਸਭਿ ਲੰਗਰ ਬਿਖੈ ਲਗਾਯੋ॥ ੧੫॥

ਉਸ ਦਿਨ ਗੁਰੂ ਜੀ ਦਾ ਲੰਗਰ ਨਾ ਚਲਿਆ, ਅਨਾਜ ਬੁੜ ਗਿਆ ਸੀ ਤੇ ਕੋਈ ਵੀ ਲੈ ਕੇ ਨਹੀਂ ਆਇਆ ਸੀ। ਬਹੁਤ ਪਿੰਡਾਂ ਵਿਚੋਂ ਜਿਹੜਾ ਅਨਾਜ ਆਇਆ ਜੀ, ਉਹ ਸਾਰਾ ਲੰਗਰ ਵਿਚ ਲਾ ਦਿੱਤਾ ਸੀ॥ ੧੫॥

ਨਰਨਿ ਹਜ਼ਾਰਨ ਹੋਇ ਅਹਾਰਾ। ਬਰਤਤਿ ਰਹੇ ਸੰਝ ਲਗ ਸਾਰਾ।
ਨਹੀਂ ਅੰਨ ਪਹੁਚਜੋ ਕਿਤਹੀ ਤੇ। ਬਿਨ ਭੋਜਨ ਸੋ ਦਿਵਸ ਬਿਤੀਤੇ॥ ੧੬॥

ਹਜ਼ਾਰਾਂ ਮਨੁੱਖ ਭੋਜਨ ਛੱਕਦੇ ਸਨ, ਸਾਰਾ ਭੋਜਨ ਹੀ ਸ਼ਾਮ ਤਕ ਵਰਤ ਗਿਆ। ਹੋਰ ਕਿਸੇ ਸਥਾਨ ਤੋਂ ਅੰਨ ਨਾ ਪਹੁੰਚਿਆ, ਇਸ ਲਈ ਭੋਜਨ ਤੋਂ ਬਗੈਰ ਦਿਨ ਬੀਤ ਗਿਆ॥ ੧੬॥

ਬਹੁਰ ਆਗਲੋ ਦਿਨ ਜਬਿ ਭਯੋ। ਕਿਤ ਤੇ ਅੰਨ ਨ ਆਵਨਿ ਥਯੋ।
ਸੁਨਿਕੈ ਗੰਗਾਰਾਮ ਬਿਚਾਰਾ। 'ਇਨ ਕੋ ਅਰਪਹਿਂ ਦਰਬ ਹਜ਼ਾਰਾ॥ ੧੭॥

ਫਿਰ ਜਦ ਅਗਲਾ ਦਿਨ ਹੋਇਆ, ਕਿਸੇ ਪਾਸੇ ਤੋਂ ਅਨਾਜ ਨਾ ਆਇਆ। ਇਹ ਸੁਣ ਕੇ ਗੰਗਾਰਾਮ ਨੇ ਵਿਚਾਰ ਕੀਤੀ ਕਿ ਗੁਰੂ ਜੀ ਨੂੰ ਹਜ਼ਾਰਾਂ ਲੋਕ ਧਨ ਅਰਪਨ ਕਰਦੇ ਹਨ॥ ੧੭॥

ਅਪਨਿ ਭਲੋ ਕਰਿਬੇ ਕੇ ਕਾਰਨ। ਰੈਨ ਦਿਵਸ ਲਾਗੇ ਸਰ ਕਾਰਨ।
ਸਕਲ ਕਾਮਨਾ ਗੁਰ ਤੇ ਚਾਹੈਂ। ਦਰਬ ਦੇਤਿ ਅਰੁ ਸੇਵ ਉਮਾਹੈਂ॥ ੧੮॥

ਆਪਣਾ ਭਲਾ ਕਰਨ ਦੇ ਕਾਰਨ, ਰਾਤ-ਦਿਨ ਸਰੋਵਰ ਬਣਾਉਣ ਵਿਚ ਲੱਗੇ ਹਨ। ਸਾਰੀਆਂ ਕਾਮਨਾਵਾਂ ਗੁਰੂ ਜੀ ਪਾਸੋਂ ਚਾਹੁੰਦੇ ਹਨ, ਧਨ ਵੀ ਦਿੰਦੇ ਹਨ ਤੇ ਸੇਵਾ ਵੀ ਬੜੇ ਉਮਾਹ ਨਾਲ ਕਰਦੇ ਹਨ॥ ੧੮॥

Sri Satguru Jagjit Singh Ji eLlibrary NamdhariElibrary@gmail.com

ਯਾ ਤੇ ਮੈਂ ਭੀ ਸੇਵਾ ਕਰੌਂ। ਸ਼ਰਧਾ ਸਤਿਗੁਰ ਕੀ ਉਰ ਧਰੌਂ।
ਹੋਇ ਸੁਫਲ ਕੁਛ ਸੁਖ ਮੈਂ ਪਾਉਂ। ਤਬਿ ਮੈਂ ਸਿੱਖੀ ਭਲੇ ਕਮਾਊਂ॥ ੧੯॥

ਇਸ ਕਰਕੇ ਮੈਂ ਵੀ ਸੇਵਾ ਕਰਾਂ, ਸਤਿਗੁਰੂ ਜੀ ਦੀ ਸ਼ਰਧਾ ਆਪਣੇ ਹਿਰਦੇ ਵਿਚ ਧਾਰਨ ਕਰਾਂ। ਸੇਵਾ ਸਫਲ ਹੋਣ ਤੇ ਮੈਂ ਵੀ ਸੁਖ ਪਾਵਾਂ, ਤਦ ਮੈਂ ਭਲੀ ਪ੍ਰਕਾਰ ਸਿੱਖੀ ਦੀ ਕਮਾਈ ਕਰਾਂਗਾ॥ ੧੯॥

ਦਿਵਸ ਦੂਸਰੇ ਦੇਗ ਨ ਹੋਈ। ਇਹ ਅਵਸਰ ਮੁਝ ਅਪਰ ਨ ਕੋਈ'।
ਇੱਤਜਾਦਿਕ ਉਰ ਚਿਤਵਤਿ ਭਯੋ। ਜਹਿਂ ਲੰਗਰ ਥਲ ਤਹਿਂ ਕੋ ਗਯੋ॥੨੦॥

ਦੂਸਰੇ ਦਿਨ ਵੀ ਲੰਗਰ ਨਾ ਚਲਿਆ। ਗੰਗਾ ਰਾਮ ਨੇ ਸੋਚਿਆ, ਮੇਰੇ ਵਾਸਤੇ ਇਹ ਚੰਗਾ ਮੌਕਾ ਹੈ, ਫਿਰ ਸ਼ਾਇਦ ਐਸਾ ਅਵਸਰ ਨਾ ਮਿਲੇ। ਇਤਿਆਦਿ ਆਪਣੇ ਚਿੱਤ ਵਿਚ ਸੋਚ ਰਿਹਾ ਸੀ। ਫਿਰ ਜਿੱਥੇ ਲੰਗਰ ਦਾ ਸਥਾਨ ਸੀ, ਉਥੇ ਗਿਆ॥ ੨੦॥

ਬੂਝਨਿ ਕਰਯੋ 'ਦੇਗ਼ ਕਿਮ ਚਲੈ?। ਕਿਹ ਤੇ ਅੰਨ ਰਾਸ ਨਿਤਿ ਮਿਲੈ?'।
ਸਿੱਖਨ ਕਹਯੋ 'ਗ੍ਰਾਮ ਤੇ ਆਵੈ। ਮਾਨਵ ਆਨਿ ਹਜ਼ਾਰੋਂ ਖਾਵੈਂ॥ ੨੧॥

ਪੁੱਛਣ ਲੱਗਾ, "ਲੰਗਰ ਕਿਵੇਂ ਚਲਦਾ ਹੈ? ਅਨਾਜ ਦੀ ਰਾਸ ਨਿਤ ਕਿਥੋਂ ਮਿਲਦੀ ਹੈ?" ਸਿੱਖਾਂ ਨੇ ਕਿਹਾ, "ਅਨਾਜ ਪਿੰਡਾਂ ਤੋਂ ਆਉਂਦਾ ਹੈ, ਹਜ਼ਾਰਾਂ ਮਨੁੱਖ ਆ ਕੇ ਖਾਂਦੇ ਹਨ॥ ੨੧॥

ਸਿਖ ਸੇਵਕ ਗੁਰ ਕੇ ਬਹੁ ਆਨਹਿਂ। ਹਾਥ ਜੋਰਿ ਅਰਪਨ ਗਨ ਠਾਨਹਿਂ।
ਨਿਤ ਅਤੋਟ ਸਤਿਗੁਰੂ ਭੰਡਾਰਾ। ਚਲਯੋ ਜਾਇ ਸਦ ਇਸੀ ਪ੍ਰਕਾਰਾ'॥੨੨॥

ਗੁਰੂ ਜੀ ਦੇ ਸਿੱਖ ਸੇਵਕ ਬਹੁਤ ਆਉਂਦੇ ਹਨ। ਸਾਰੇ ਹੱਥ ਜੋੜ ਕੇ ਗੁਰੂ ਜੀ ਨੂੰ ਅਨਾਜ ਅਰਪਣ ਕਰਦੇ ਹਨ। ਸਦਾ ਅਤੁੱਟ ਸਤਿਗੁਰੂ ਜੀ ਦਾ ਭੰਡਾਰਾ ਇਸ ਪ੍ਰਕਾਰ ਚਲਦਾ ਜਾਂਦਾ ਹੈ"॥ ੨੨॥

ਸੁਨਿ ਕਰਿ ਗੰਗਾਰਾਮ ਬਖਾਨਾ। 'ਬੇਚਨ ਹੇਤ ਅੰਨ ਮੈਂ ਆਨਾ।
ਨਗਰ ਬਠਿੰਡੇ ਬਾਸ ਹਮਾਰਾ। ਲੇਨਿ ਲਾਭ ਕੋ ਇਤ ਪਗ ਧਾਰਾ॥ ੨੩॥

ਇਹ ਸੁਣ ਕੇ ਗੰਗਾ ਰਾਮ ਨੇ ਕਿਹਾ, "ਮੈਂ ਵੇਚਣ ਵਾਸਤੇ ਅਨਾਜ ਲਿਆਇਆਂ ਹਾਂ। ਮੈਂ ਬਠਿੰਡੇ ਸ਼ਹਿਰ ਦਾ ਵਾਸੀ ਹਾਂ, ਲਾਭ ਪ੍ਰਾਪਤ ਕਰਨ ਵਾਸਤੇ ਏਧਰ ਚਲ ਕੇ ਆਇਆਂ ਹਾਂ॥ ੨੩॥

ਆਜ ਦੇਗ਼ ਲੇ ਮੁਝ ਤੇ ਕੀਜਹਿ। ਗਨ ਸੰਗਤਿ ਕੋ ਭੋਜਨ ਦੀਜਹਿ।
ਛੁਧਿਤ ਰਹੇ ਸਭਿ ਸੋਲਾ ਜਾਮ। ਇਸਤੇ ਲਾਭ ਨ ਕੋ ਅਭਿਰਾਮ'॥ ੨੪॥

ਅੱਜ ਮੇਰੇ ਪਾਸੋਂ ਅਨਾਜ ਲੈ ਕੇ ਲੰਗਰ ਚਲਾਵੋ, ਸਮੂਹ ਸੰਗਤ ਨੂੰ ਭੋਜਨ ਛਕਾਉ। ਸੋਲ੍ਹਾਂ ਪਹਿਰ ਤੋਂ ਸਾਰੇ ਭੁੱਖੇ ਹਨ, ਇਸ ਤੋਂ ਚੰਗਾ ਹੋਰ ਕੋਈ ਲਾਭ ਨਹੀਂ"॥ ੨੪॥

ਸਿਖ ਨੇ ਭਨਯੋ 'ਬੂਝਿ ਗੁਰ ਲੇਊਂ। ਤੋਹਿ ਅੰਨ ਪੁਨ ਦੇਗ ਕਰੇਊਂ।
ਇਮ ਕਹਿ ਮਨ ਤੇ ਗਿਨਤਯੋ ਗਿਨਤੀ। ਜਾਇ ਕੀਨ ਪ੍ਰਭੁ ਆਗੇ ਬਿਨਤੀ॥੨੫॥

ਉਸ ਸਿੱਖ ਨੇ ਕਿਹਾ, "ਪਹਿਲਾਂ ਗੁਰੂ ਜੀ ਪਾਸੋਂ ਪੁੱਛ ਲਈਏ, ਤੇਰੇ ਅਨਾਜ ਨਾਲ ਫਿਰ ਲੰਗਰ ਤਿਆਰ ਕਰਾਂਗੇ। ਇਸ ਤਰ੍ਹਾਂ ਮਨ ਵਿਚ ਗਿਣਤੀਆਂ ਗਿਣ ਕੇ ਗੁਰੂ ਜੀ ਪਾਸ ਜਾ ਕੇ ਬੇਨਤੀ ਕੀਤੀ॥ ੨੫॥

'ਜੰਗਲ ਤੇ ਇਕ ਇਤ ਦਿਜ ਆਯੋ। ਬੇਚਨ ਹੇਤੁ ਬਾਜਰਾ ਲਜਾਯੋ।
ਸੋ ਅਬਿ ਦੇਗ ਕਰਾਵਨ ਚਹੈ। ਕਰਹਿਂ ਸੁ ਹੁਕਮ ਜਿ ਰਾਵਰ ਕਹੈਂ॥ ੨੬॥

ਮਾਲਵੇ ਦੇਸ਼ ਤੋਂ ਇਕ ਬ੍ਰਾਹਮਣ ਆਇਆ ਹੈ, ਉਹ ਵੇਚਣ ਵਾਸਤੇ ਬਾਜਰਾ ਲਿਆਇਆ ਹੈ। ਉਸ ਬਾਜਰੇ ਨਾਲ ਉਹ ਲੰਗਰ ਚਲਾਉਣਾ ਚਾਹੁੰਦਾ ਹੈ, ਜੇ ਆਪ ਜੀ ਆਗਿਆ ਕਰੋ ਤਾਂ ਉਸ ਨੂੰ ਕਹੀਏ"॥ ੨੬॥

ਸਤਿਗੁਰ ਸ੍ਰੀ ਮੁਖ ਤੇ ਫੁਰਮਾਯੋ। 'ਲੇਹੁ ਤੋਲ ਜੇਤਿਕ ਮਨ ਭਾਯੋ।
ਮੇਲਾ ਜਬਹਿ ਬਿਸਾਖੀ ਹੋਇ। ਆਇ ਜਿ ਦਰਬ ਦੇਹਿ ਤਿਹ ਸੋਇ' ॥ ੨੭ ॥

ਸਤਿਗੁਰੂ ਜੀ ਨੇ ਆਪਣੇ ਮੁੱਖ ਤੋਂ ਫੁਰਮਾਇਆ, "ਜਿੰਨਾ ਮਨ ਨੂੰ ਭਾਉਂਦਾ ਹੈ, ਓਨਾ ਅਨਾਜ ਤੋਲ ਕੇ ਲੈ ਲਵੋ। ਜਦ ਵਿਸਾਖੀ ਦਾ ਮੇਲਾ ਲਗੇਗਾ ਤਾਂ ਉਹ ਆ ਕੇ ਆਪਣਾ ਸਾਰਾ ਧਨ ਲੈ ਲਵੇ" ॥ ੨੭ ॥

ਸੁਨਿ ਕਰਿ ਲੀਨਿ ਬਾਜਰਾ ਸੈ ਮਨ। ਕਰਿ ਕੈ ਦੇਗ ਅਚਾਈ ਤਤਛਿਨ।
ਦਿਵਸ ਦੂਸਰੇ ਤੈਸੇ ਭਯੋ। ਕਿਤ ਤੇ ਅੰਨ ਨ ਆਵਨ ਥਯੋ ॥ ੨੮ ॥

ਇਹ ਸੁਣ ਕੇ ਸੌ ਮਣ ਬਾਜਰਾ ਤੋਲ ਕੇ ਲੈ ਲਿਆ। ਲੰਗਰ ਤਿਆਰ ਕਰਕੇ ਛੇਤੀ ਹੀ ਸਭ ਸੰਗਤ ਨੂੰ ਛਕਾ ਦਿੱਤਾ। ਦੂਸਰੇ ਦਿਨ ਵੀ ਇਸ ਤਰ੍ਹਾਂ ਹੀ ਹੋਇਆ। ਹੋਰ ਕਿਸੇ ਥਾਂ ਤੋਂ ਵੀ ਅਨਾਜ ਨਾ ਆਇਆ ॥ ੨੮ ॥

ਧਰਿ ਸ਼ਰਧਾ ਉਰ ਗੰਗਾਰਾਮ। ਕਰਤਿ ਭਯੋ ਤੈਸੇ ਤਬਿ ਕਾਮ।
ਸੈ ਮਨ ਤੋਲ ਦਿਯੋ ਤਿਸ ਤਾਈਂ। ਭਈ ਦੇਗ ਸੰਗਤਿ ਤ੍ਰਿਪਤਾਈ ॥ ੨੯ ॥

ਗੰਗਾ ਰਾਮ ਨੇ ਹਿਰਦੇ ਵਿਚ ਸ਼ਰਧਾ ਧਾਰ ਕੇ ਪਹਿਲਾਂ ਵਾਂਗ ਹੀ ਕਾਰਜ ਕੀਤਾ। ਸੌ ਮਣ ਅਨਾਜ ਹੋਰ ਤੋਲ ਕੇ ਦੇ ਦਿੱਤਾ। ਲੰਗਰ ਤਿਆਰ ਹੋਇਆ ਤੇ ਸੰਗਤ ਛਕ ਕੇ ਤ੍ਰਿਪਤ ਹੋ ਗਈ ॥ ੨੯ ॥

ਦਿਵਸ ਤੀਸਰੇ ਦੇਖਯੋ ਤੈਸੇ। ਸੈ ਮਨ ਦੀਨ ਪ੍ਰਥਮ ਹੀ ਜੈਸੇ।
ਦੇਗ ਬਨਹਿ ਸੰਗਤਿ ਤ੍ਰਿਪਤਾਵਹਿ। ਸਰ ਕੀ ਸਭਿ ਹੀ ਕਾਰ ਕਮਾਵਹਿ ॥ ੩੦ ॥

ਤੀਸਰੇ ਦਿਨ ਵੀ ਉਸ ਤਰ੍ਹਾਂ ਹੀ ਹੋਇਆ, ਗੰਗਾ ਰਾਮ ਨੇ ਸੌ ਮਣ ਅਨਾਜ ਪਹਿਲਾਂ ਵਾਂਗ ਦੇ ਦਿੱਤਾ। ਲੰਗਰ ਤਿਆਰ ਹੁੰਦਾ ਸੀ ਅਤੇ ਸੰਗਤ ਛਕ ਕੇ ਤ੍ਰਿਪਤ ਹੋ ਜਾਂਦੀ ਸੀ। ਸਾਰੇ ਸਰੋਵਰ ਦੀ ਕਾਰ-ਸੇਵਾ ਦੀ ਕਮਾਈ ਕਰਦੇ ਸਨ ॥ ੩੦ ॥

ਪੰਚ ਦਿਵਸ ਲਗਿ ਤੈਸੇ ਕੀਨੋ। ਅੰਨ ਪੰਚ ਸੈ ਮਨ ਤਿਹ ਦੀਨੋ।
ਰਹਯੋ ਪਿਖਤਿ ਪੁਨ ਸਭਿ ਬਿਵਹਾਰੁ। ਦਿਨਪ੍ਰਤਿ ਹੋਤਿ ਤਾਲ ਕੀ ਕਾਰੁ ॥ ੩੧ ॥

ਪੰਜ ਦਿਨ ਤਕ ਉਸ ਤਰ੍ਹਾਂ ਹੀ ਕੀਤਾ, ਗੰਗਾ ਰਾਮ ਨੇ ਪੰਜ ਸੌ ਮਣ ਅਨਾਜ ਦਿੱਤਾ, ਫਿਰ ਸਾਰੇ ਕਾਰ-ਵਿਹਾਰ ਵੇਖਦਾ ਰਿਹਾ, ਦਿਨਪ੍ਰਤਿ ਸਰੋਵਰ ਦੀ ਕਾਰ ਸੇਵਾ ਚੱਲ ਰਹੀ ਸੀ ॥ ੩੧ ॥

ਅੰਨ ਹਜ਼ਾਰਹੁ ਮਨ ਅਰਪਾਵਹਿ। ਆਨ ਸਿੱਖ ਪੁਨ ਕਾਰ ਕਮਾਵਹਿ।
ਧਨੀ ਪੁਰਖ ਧਨ ਦੇਤਿ ਚੜ੍ਹਾਇ। ਪੁਨ ਨਿਜ ਕਰ ਸੋਂ ਸੇਵ ਕਮਾਇ ॥ ੩੨ ॥

ਹਜ਼ਾਰਾਂ ਮਣ ਅਨਾਜ ਅਰਪਣ ਕਰਦੇ ਸਨ, ਫਿਰ ਸਿੱਖ ਆ ਕੇ ਕਾਰ-ਸੇਵਾ ਕਰਦੇ ਸਨ। ਧਨੀ ਲੋਕ ਧਨ ਦੇ ਦਿੰਦੇ ਸਨ, ਫਿਰ ਆਪਣੇ ਹੱਥਾਂ ਨਾਲ ਸੇਵਾ ਕਮਾਉਂਦੇ ਸਨ ॥ ੩੨ ॥

ਹੇਰਿ ਹੇਰਿ ਸਿੱਖਨ ਕੀ ਰੀਤਿ। ਦਿਜਬਰ ਕੈ ਉਪਜਤਿ ਚਿਤ ਪ੍ਰੀਤ।
ਮਿਲ ਸਭਿਹਿਨਿ ਮੈਂ ਕਰਿਬੇ ਲਗਯੋ। ਸੇਵਾ ਸਰ ਕੀ ਪ੍ਰੇਮੈ ਪਗਯੋ ॥ ੩੩ ॥

ਸਿੱਖਾਂ ਦੀ ਰੀਤੀ ਵੇਖ ਵੇਖ ਕੇ, ਬ੍ਰਾਹਮਣ ਦੇ ਚਿੱਤ ਵਿਚ ਪ੍ਰੀਤ ਉਤਪੰਨ ਹੋ ਗਈ। ਸਾਰਿਆਂ ਵਿਚ ਮਿਲ ਕੇ ਪ੍ਰੇਮ ਵਿਚ ਭਿੱਜ ਕੇ ਸਰੋਵਰ ਦੀ ਕਾਰ-ਸੇਵਾ ਕਰਨ ਲੱਗਾ ॥ ੩੩ ॥

ਦਿਨਪ੍ਰਤਿ ਸ਼ਰਧਾ ਅਧਿਕ ਬਧਾਵੈ। ਭਾਗ ਜਗੇ ਕਹੁ ਕੌਨ ਸਿਖਾਵੈ।
ਘਰ ਕੀ ਚਿੰਤਾ ਦਿਨਪ੍ਰਤਿ ਤਜਾਰੇ। ਕਰਹਿ ਪ੍ਰੇਮ ਅਰੁ ਸੇਵਾ ਲਾਗੇ ॥ ੩੪ ॥

ਦਿਨ ਬਦਿਨ ਅਧਿਕ ਸ਼ਰਧਾ ਵਧਦੀ ਜਾਂਦੀ ਸੀ, ਜਿਸ ਦੇ ਭਾਗ ਜਾਗ ਪੈਣ ਉਸ ਨੂੰ ਕੌਣ ਸਿਖਾਵੇ। ਘਰ ਦੀ ਚਿੰਤਾ ਦਿਨ-ਬਦਿਨ ਛੱਡੀ ਜਾ ਰਿਹਾ ਸੀ, ਬੜਾ ਪ੍ਰੇਮ ਕਰਕੇ ਸੇਵਾ ਵਿਚ ਲੱਗਾ ਰਹਿੰਦਾ ਸੀ ॥ ੩੪ ॥

ਕੇਤਿਕ ਦਿਨ ਗੁਰ ਨਿਕਟ ਗੁਜ਼ਾਰੇ। ਕਰਹਿ ਕਾਰ ਉਰ ਸ਼ਰਧਾ ਧਾਰੇ।
ਪੁਨ ਬੈਸਾਖੀ ਕੋ ਬਡ ਮੇਲਾ। ਚਹੁੰ ਦਿਸ਼ ਕੇ ਨਰ ਭਏ ਸਕੇਲਾ॥ ੩੫॥

ਕਈ ਦਿਨ ਗੁਰੂ ਜੀ ਪਾਸ ਗੁਜ਼ਾਰੇ, ਹਿਰਦੇ ਵਿਚ ਸ਼ਰਧਾ ਧਾਰ ਕੇ ਕਾਰ ਕਰ ਰਿਹਾ ਸੀ। ਫਿਰ ਵਿਸਾਖੀ ਦਾ ਵੱਡਾ ਮੇਲਾ ਆ ਗਿਆ, ਚਾਰੇ ਪਾਸਿਆਂ ਤੋਂ ਆ ਕੇ ਸਿੱਖ ਇਕੱਠੇ ਹੋਏ॥ ੩੫॥

ਅਧਿਕ ਭੀਰ ਸਤਿਗੁਰ ਢਿਗ ਹੋਈ। ਧਰਹਿਂ ਭੇਟ ਬੰਦਤਿ ਸਭਿ ਕੋਈ।
ਸੁੰਦਰ ਵਸਤੁ ਅਨਕ ਪ੍ਰਕਾਰਾ। ਕੋ ਆਨਹਿਂ ਧਨ ਕੀ ਉਪਹਾਰਾ॥ ੩੬॥

ਸਤਿਗੁਰੂ ਜੀ ਪਾਸ ਲੋਕਾਂ ਦੀ ਬਹੁਤ ਵੱਡੀ ਭੀੜ ਇਕੱਠੀ ਹੋਈ। ਸਾਰੇ ਭੇਟ ਧਰ ਕੇ ਬੰਦਨਾ ਕਰਦੇ ਸਨ। ਅਨੇਕ ਪ੍ਰਕਾਰ ਦੀਆਂ ਸੁੰਦਰ ਵਸਤੂਆਂ ਲਿਆਉਂਦੇ ਸਨ। ਕਈ ਅਨਾਜ ਦਾ ਉਪਹਾਰ ਵੀ ਲਿਆਉਂਦੇ ਸਨ॥ ੩੬॥

ਜੇਤਿਕ ਨਰ ਮੇਲੇ ਪੁਰ ਆਏ। ਧਰਹਿਂ ਭਾਉ ਸਰ ਸੇਵ ਕਮਾਏਂ।
ਅਨਿਕ ਕਾਮਨਾ ਪੂਰਨ ਹੋਇ। ਨਈ ਕਰਤਿ ਹੈ ਮਨ ਮਹਿਂ ਕੋਇ॥ ੩੭॥

ਜਿੰਨੇ ਵੀ ਮਨੁੱਖ ਮੇਲੇ ਵਿਚ ਆਏ ਸਨ, ਉਹ ਬੜਾ ਪ੍ਰੇਮ ਧਾਰਨ ਕਰਕੇ ਕਾਰ-ਸੇਵਾ ਦੀ ਕਮਾਈ ਕਰਦੇ ਸਨ। ਅਨੇਕ ਪ੍ਰਕਾਰ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ। ਕਈ ਮਨ ਵਿਚ ਨਵੀਆਂ ਕਾਮਨਾਵਾਂ ਧਾਰਨ ਕਰਦੇ ਸਨ॥ ੩੭॥

ਕਰਹਿ ਮੇਵਰੋ ਸਭਿ ਅਰਦਾਸ। ਸਕਲ ਨਿਵੇਦਹਿ ਸਿੱਖਜਨ ਆਸ।
ਸੁਨਿ ਸਤਿਗੁਰ ਦੇ ਖੁਸ਼ੀ ਬਿਸਾਲ। ਦਰਸ਼ਨ ਪਿਖਿ ਪਿਖਿ ਹੋਹਿਂ ਨਿਹਾਲ॥ ੩੮॥

ਅਰਦਾਸੀਆ ਸਭ ਦੀ ਅਰਦਾਸ ਕਰਦਾ ਸੀ, ਸਭ ਸਿੱਖਾਂ ਦੀ ਆਸ ਪੂਰੀ ਹੋਣ ਦੀ ਬੇਨਤੀ ਕਰਦਾ ਸੀ। ਸਤਿਗੁਰੂ ਜੀ ਸੁਣ ਕੇ ਵਿਸ਼ਾਲ ਖੁਸ਼ੀ ਦਿੰਦੇ ਸਨ, ਦਰਸ਼ਨ ਕਰ ਕਰ ਕੇ ਨਿਹਾਲ ਹੁੰਦੇ ਸਨ॥ ੩੮॥

ਮੇਲਾ ਬਿਥੁਰ ਗਯੋ ਪੁਨ ਤਹਾਂ। ਗੰਗਾਰਾਮ ਪ੍ਰੇਮ ਉਰ ਮਹਾਂ।
ਸਦਨ ਜਾਨ ਨਹਿਂ ਚਿਤਵਨਿ ਕਰਤਾ। ਨਿਜ ਕੱਲਜਾਨ ਆਸ ਉਰ ਧਰਤਾ॥ ੩੯॥

ਫਿਰ ਓਥੋਂ ਮੇਲਾ ਖਿੰਡ ਗਿਆ, ਗੰਗਾ ਰਾਮ ਦੇ ਹਿਰਦੇ ਵਿਚ ਮਹਾਨ ਪ੍ਰੇਮ ਸੀ। ਆਪਣੇ ਘਰ ਜਾਣ ਨੂੰ ਉਸ ਦਾ ਦਿਲ ਨਹੀਂ ਸੀ ਕਰਦਾ, ਆਪਣੇ ਕਲਿਆਣ ਦੀ ਆਸ ਮਨ ਵਿਚ ਧਾਰਨ ਕਰਦਾ ਸੀ॥ ੩੯॥

ਬੈਸਾਖੀ ਕੇਤਿਕ ਦਿਨ ਪਾਛੇ। ਸ੍ਰੀ ਅਰਜਨ ਸਿਮਰਨ ਕਰਿ ਆਛੇ।
'ਅੰਨ ਪ੍ਰਥਮ ਦੀਨਸਿ ਦਿਜ ਜਾਂਹੀ। ਆਨਹੁ ਤਿਹ ਬੁਲਾਇ ਹਮ ਪਾਹੀ॥ ੪੦॥

ਵਿਸਾਖੀ ਦੇ ਕਈ ਦਿਨ ਪਿਛੋਂ, ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਯਾਦ ਕੀਤਾ, "ਜਿਸ ਬ੍ਰਾਹਮਣ ਨੇ ਸਾਨੂੰ ਪਹਿਲਾਂ ਅਨਾਜ ਦਿੱਤਾ ਸੀ, ਉਸ ਨੂੰ ਮੇਰੇ ਪਾਸ ਬੁਲਾ ਕੇ ਲਿਆਵੋ॥ ੪੦॥

ਮੇਲੇ ਮਹਿਂ ਆਯਹੁ ਧਨ ਜੋਇ। ਤਿਸ ਮਹਿਂ ਤੇ ਦੀਜਹਿ ਪਿਖਿ ਸੋਇ'।
ਹੁਕਮ ਮਸੰਦਨ ਪਰ ਇਮ ਹੋਵਾ। ਸਿਖ ਨੇ ਜਾਇ ਸੁ ਦਿਜ ਕੋ ਜੋਵਾ॥ ੪੧॥

ਮੇਲੇ ਦੇ ਸਮੇਂ ਜਿਹੜਾ ਧਨ ਆਇਆ ਸੀ, ਉਸ ਵਿਚੋਂ ਵੇਖ ਕੇ ਬ੍ਰਾਹਮਣ ਨੂੰ ਧਨ ਦੇਵੋ।" ਜਦ ਮਸੰਦਾਂ ਨੂੰ ਅਜਿਹਾ ਹੁਕਮ ਹੋਇਆ ਤਾਂ ਇਕ ਸਿੱਖ ਨੇ ਜਾ ਕੇ ਬ੍ਰਾਹਮਣ ਨੂੰ ਲੱਭ ਲਿਆ॥ ੪੧॥

ਕਹਜੋ 'ਬਿੱਪ੍ਰ ਤੁਮ ਉਠਿ ਚਲਿ ਸਾਥ। ਸਿਮਰਤਿ ਹੈਂ ਅਬਿ ਸ੍ਰੀ ਗੁਰੁਨਾਥ'।
'ਕਜਾ ਮੁਝ ਕਹਹਿਂ? ਬਿਚਾਰਤਿ ਮਨ ਮੈਂ। ਸਿਖ ਕੇ ਸੰਗ ਆਇ ਤਿਸ ਛਿਨ ਮੈਂ॥ ੪੨॥

ਉਸ ਨੂੰ ਕਿਹਾ, "ਹੇ ਪੰਡਿਤ ਜੀ! ਉੱਠ ਕੇ ਮੇਰੇ ਨਾਲ ਚਲੋ, ਗੁਰੂ ਜੀ ਹੁਣ ਤੁਹਾਨੂੰ ਯਾਦ ਕਰਦੇ ਹਨ।" ਗੰਗਾ ਰਾਮ ਸੋਚਣ ਲੱਗਾ ਕਿ ਗੁਰ ਜੀ ਮੈਨੂੰ ਕੀ ਕਹਿਣਗੇ? ਉਹ ਓਸੇ ਵੇਲੇ ਸਿੱਖ ਦੇ ਨਾਲ ਆ ਗਿਆ॥ ੪੨॥

ਬੰਦਨ ਕਰਿ ਬੈਠਯੋ ਅਗੁਵਾਈ। ਜਿਸ ਕੇ ਪ੍ਰੇਮ ਵਧਯੋ ਅਧਿਕਾਈ।
ਸੇਵਾ ਮਹਿਂ ਨਿਸ ਦਿਨ ਅਨੁਰਾਗਾ। ਅਪਰ ਮਨੋਰਥ ਸਗਰੋ ਤਯਾਗਾ ॥ ੪੩ ॥

ਬੰਦਨਾ ਕਰਕੇ ਸਾਹਮਣੇ ਬੈਠ ਗਿਆ, ਜਿਸ ਦੇ ਹਿਰਦੇ ਵਿਚ ਪ੍ਰੇਮ ਬਹੁਤ ਵਧਿਆ ਹੋਇਆ ਸੀ। ਦਿਨ ਰਾਤ ਪ੍ਰੇਮ ਨਾਲ ਸੇਵਾ ਕਰਦਾ ਸੀ ਤੇ ਹੋਰ ਸਾਰੇ ਮਨੋਰਥ ਤਿਆਗ ਦਿੱਤੇ ਸਨ ॥ ੪੩ ॥

*ਦੂਸਰੀ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ ॥ ੪੯ ॥*

## ਅਧਿਆਇ ਪੰਜਾਹਵਾਂ

*ਗੰਗਾ ਰਾਮ, ਮੂਲ ਚੰਦ*

ਦੋਹਰਾ- ਬੈਠਯੋ ਬੰਦਨ ਕਰਿ ਨਿਕਟ ਪਿਖਿ ਸ੍ਰੀ ਅਰਜਨ ਨਾਥ।
ਕ੍ਰਿਪਾ ਬਿਲੋਚਨ ਭਰਿ ਰਹੇ ਕਹਿਯੋ ਬਿੱਪ੍ਰ ਕੇ ਸਾਥ ॥ ੧ ॥

ਸਵਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵੇਖ ਕੇ ਬੰਦਨਾ ਕਰਕੇ ਪੰਡਿਤ ਗੰਗਾ ਰਾਮ ਗੁਰੂ ਜੀ ਦੇ ਪਾਸ ਬੈਠ ਗਿਆ। ਗੁਰੂ ਜੀ ਦੇ ਨੈਣ ਕਿਰਪਾ ਨਾਲ ਭਰੇ ਹੋਏ ਸਨ, ਬ੍ਰਾਹਮਣ ਨੂੰ ਉਨ੍ਹਾਂ ਕਿਹਾ ॥ ੧ ॥

ਚੌਪਈ- 'ਦਿਜ ਜੂ ਮੋਲ ਅੰਨ ਕੋ ਲੀਜੈ। ਪੁਰਹੁ ਕਾਮਨਾ ਸਦਨ ਸਿਧੀਜੈ।
ਖੁਰਯੋ ਹੁਤੋ ਜਬਿ ਤੁਮ ਨੇ ਦਯੋ। ਸਤਿਸੰਗਤਿ ਸਭਿ ਅਚਵਨ ਕ੍ਰਯੋ ॥ ੨ ॥

"ਹੇ ਪੰਡਿਤ ਜੀ ! ਜਿਹੜਾ ਤੁਹਾਡੇ ਪਾਸੋਂ ਅਨਾਜ ਮੁੱਲ ਲਿਆ ਸੀ ਉਸ ਦੀ ਕੀਮਤ ਪ੍ਰਾਪਤ ਕਰਕੇ ਆਪਣੇ ਘਰ ਨੂੰ ਜਾਵੋ। ਉਸ ਸਮੇਂ ਸਾਡੇ ਲੰਗਰ ਵਿਚੋਂ ਅਨਾਜ ਖੁੜ ਗਿਆ ਸੀ, ਜਦ ਤੁਸਾਂ ਸਾਨੂੰ ਅਨਾਜ ਦਿੱਤਾ ਸੀ। ਸਾਰੀ ਸੰਗਤ ਨੇ ਭੋਜਨ ਛੱਕਿਆ ॥ ੨ ॥

ਲੇਹੁ ਮੋਲ ਤੇ ਦਰਬ ਸਵਾਯੋ। ਜਿਸਤੇ ਦੂਰ ਦੇਸ਼ ਤੇ ਲਯਾਯੋ।
ਪੁਨ ਉਧਾਰ ਪਰ ਬਾਂਛਤ ਕਾਲਾ। ਦਯੋ ਅੰਨ ਤੈਂ ਆਨਿ ਬਿਸਾਲਾ" ॥ ੩ ॥

ਮੁੱਲ ਨਾਲੋਂ ਸਵਾਇਆ ਧਨ ਲਵੋ, ਜਿਹੜਾ ਤੁਸੀਂ ਬੜੇ ਦੂਰ ਦੇਸ਼ ਤੋਂ ਲਿਆਏ ਹੋ। ਫਿਰ ਉਧਾਰ ਦਿੱਤਾ ਹੈ ਅਤੇ ਲੋੜ ਸਮੇਂ ਦਿੱਤਾ ਹੈ, ਤੁਸੀਂ ਸਾਨੂੰ ਬਹੁਤ ਉੱਤਮ ਅਨਾਜ ਦਿੱਤਾ ਹੈ" ॥ ੩ ॥

ਸੁਨਿ ਦਿਜ ਹਾਥ ਜੋਰਿ ਕੈ ਬੋਲਾ। 'ਪ੍ਰਭੁ ਜੀ ! ਮੈ ਨ ਲੇਉਂ ਕਛੁ ਮੋਲਾ।
ਰਾਵਰਿ ਕੀ ਸੇਵਾ ਮੈਂ ਕਰਿਹੌਂ। ਜਨਮ ਸੁਫਲ ਕੀ ਆਸਾ ਧਰਿਹੌਂ ॥ ੪ ॥

ਇਹ ਸੁਣ ਬ੍ਰਾਹਮਣ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ ! ਮੈਂ ਕੁਝ ਵੀ ਮੁੱਲ ਵਜੋਂ ਨਹੀਂ ਲਵਾਂਗਾ। ਮੈਂ ਆਪ ਜੀ ਦੀ ਸੇਵਾ ਕਰਾਂਗਾ, ਮੈਂ ਆਪਣਾ ਜਨਮ ਸਫਲਾ ਕਰਨ ਦੀ ਆਸ ਧਾਰਨ ਕੀਤੀ ਹੋਈ ਹੈ ॥ ੪ ॥

ਸਦਨ ਜਾਨ ਕੀ ਨਾਂਹਿਨ ਚਾਹੂ। ਬੈਸ ਬਿਤਾਵੋਂ ਸੰਗਤਿ ਮਾਂਹੂ।
ਤੁਮ ਤੇ ਪਰੇ ਅਪਰ ਕੋ ਨੀਕਾ ?। ਜਹਿਂ ਕੱਲਯਾਨ ਹੋਇ ਹੈ ਜੀ ਕਾ ॥ ੫ ॥

ਮੈਂ ਹੁਣ ਆਪਣੇ ਘਰ ਜਾਣਾ ਨਹੀਂ ਚਾਹੁੰਦਾ ਹਾਂ, ਮੈਂ ਸੰਗਤ ਵਿਚ ਹੀ ਆਪਣੀ ਉਮਰ ਬਤੀਤ ਕਰਾਂਗਾ। ਤੁਹਾਡੇ ਨਾਲੋਂ ਹੋਰ ਕੋਣ ਚੰਗਾ ਹੈ, ਜਿਨ੍ਹਾਂ ਪਾਸ ਰਹਿ ਕੇ ਜੀਵਨ ਦਾ ਕਲਿਆਣ ਹੁੰਦਾ ਹੈ ॥ ੫ ॥

Sri Satguru Jagjit Singh Ji eLlibrary NamdhariElibrary@gmail.com

ਨਹਿੰ ਤੁਮਰੋ ਦਰ ਛੋਰਨ ਕਰੋਂ। ਰਾਵਰਿ ਨਾਮ ਧਯਾਨ ਹੀ ਧਰੋਂ'।
ਸੁਨਿ ਬੋਲੇ ਸ੍ਰੀ ਸਤਿਗੁਰ ਤਬੈ। 'ਦਰਬ ਸਰਬ ਲਿਹੁ ਦਿਜਬਰ ਅਬੈ ॥੬॥

ਮੈਂ ਤੁਹਾਡਾ ਦਰ ਨਹੀਂ ਛੱਡਾਂਗਾ, ਆਪ ਜੀ ਦੇ ਨਾਮ ਨਾਲ ਹੀ ਧਿਆਨ ਧਾਰਨ ਕਰਾਂਗਾ।" ਇਹ ਸੁਣ ਕੇ ਗੁਰੂ ਜੀ ਬੋਲੇ, "ਹੇ ਪੰਡਿਤ ਜੀ ! ਸਾਰਾ ਧਨ ਹੁਣੇ ਹੀ ਲੈ ਲਵੋ॥ ੬॥

ਸੋ ਗ੍ਰਿਹ ਅਪਨੇ ਦੇਹੁ ਪੁਚਾਇ। ਕੈ ਅਬਿ ਆਪ ਸੁ ਲੇਹੁ ਸਿਧਾਇ।
ਬਹੁਰੋ ਆਇ ਕਰਹੁ ਸਰ ਸੇਵਾ। ਬਾਂਛਤਿ ਪਾਇਂ, ਦੇਹਿਂ ਗੁਰਦੇਵਾ ॥੭॥

ਉਹ ਆਪਣੇ ਘਰ ਪਹੁੰਚਾ ਦੇਵੋ, ਜਾਂ ਆਪ ਲੈ ਕੇ ਚਲੇ ਜਾਵੋ, ਬਾਅਦ ਵਿਚ ਆ ਕੇ ਸਰੋਵਰ ਦੀ ਸੇਵਾ ਕਰੋ, ਮੂੰਹ ਮੰਗੀ ਮੁਰਾਦ ਪਾਵੋ, ਗੁਰਦੇਵ ਸਭ ਕੁਝ ਦੇਣਗੇ॥ ੭॥

ਦਿਜ ਕੋ ਦਰਬ ਲੇਤਿ ਸੋ ਨਾਂਹੀ। ਹਮਰੇ ਸਿੱਖ ਦੇਤਿ ਹਮ ਪਾਹੀ।
ਸਤਿਗੁਰ ਕੇ ਘਰ ਤੋਟ ਨ ਕੋਈ। ਆਮਦ ਖਰਚ ਸਦਾਇਮਿ ਹੋਈ' ॥੮॥

ਇਹ ਧਨ ਬ੍ਰਾਹਮਣ ਦਾ ਹੈ, ਉਹ ਅਸੀਂ ਨਹੀਂ ਲੈਂਦੇ, ਮੇਰੇ ਸਿੱਖ ਮੇਰੇ ਪਾਸ ਆ ਕੇ ਧਨ ਦਿੰਦੇ ਹਨ, ਸਤਿਗੁਰੂ ਦੇ ਘਰ ਕਿਸੇ ਚੀਜ਼ ਦੀ ਤੋਟ ਨਹੀਂ ਹੈ, ਆਮਦਨ-ਖਰਚ ਸਦਾ ਹੀ ਇਸ ਤਰ੍ਹਾਂ ਚਲਦਾ ਹੈ" ॥ ੮॥

ਗੰਗਾਰਾਮ ਨੰਮ੍ਰਿ ਹੁਇ ਭਨਯੋ। 'ਮੈਂ ਮਨ ਤੇ ਰਾਵਰਿ ਸਿਖ ਬਨਯੋ।
ਅਰਪਨ ਕਰਯੋ ਅੰਨ ਮੈਂ ਆਨਿ। ਕਰਿਹੌਂ ਰਾਵਰਿ ਸੇਵ ਮਹਾਂਨ ॥ ੯॥

ਗੰਗਾ ਰਾਮ ਸਨਿਮਰ ਹੋ ਕੇ ਬੋਲਿਆ, "ਮੈਂ ਆਪਣਾ ਮਨ ਕਰਕੇ ਆਪ ਜੀ ਦਾ ਸਿੱਖ ਬਣਿਆ ਹਾਂ। ਮੈਂ ਆ ਕੇ ਅਨਾਜ ਅਰਪਣ ਕੀਤਾ ਹੈ, ਮੈਂ ਆਪ ਜੀ ਦੀ ਮਹਾਨ ਸੇਵਾ ਕਰਾਂਗਾ॥ ੯॥

ਸਦਨ ਜਾਨਿ ਕੀ ਚਾਹਿ ਨ ਮੋਰੇ। ਨਹੀਂ ਮਨੋਰਥ ਮਨ ਮਹਿਂ ਔਰੇ।
ਅਪਨੋ ਸਿੱਖਯ ਬਨਾਵਨ ਕਰੀਅਹਿ। ਉਰ ਤੇ ਭਰਮ ਮੋਹ ਪਰਹਰੀਅਹਿ॥੧੦॥

ਹੁਣ ਘਰ ਜਾਣ ਦੀ ਮੇਰੀ ਚਾਹਤ ਨਹੀਂ ਹੈ, ਮੇਰੇ ਮਨ ਵਿਚ ਕੋਈ ਹੋਰ ਮਨੋਰਥ ਨਹੀਂ ਹੈ। ਆਪਣਾ ਸਿੱਖ ਬਣਾ ਲਵੋ। ਮੇਰੇ ਹਿਰਦੇ ਵਿਚੋਂ ਮੋਹ ਭਰਮ ਨੂੰ ਦੂਰ ਕਰੋ॥ ੧੦॥

ਦੀਨ ਜਾਨਿ ਲਿਹੁ ਅਪਨਿ ਬਨਾਈ। ਪਰਯੋ ਆਨ ਕਰਿ ਮੈਂ ਸ਼ਰਨਾਈ।
ਦੀਨ ਦਯਾਲ ਸ਼ੁਭ ਨਾਮ ਸੁਨਯੋ ਹੈ। ਸਿੱਖਨ ਵਤਸ਼ਲ ਬਿਰਦ ਗੁਨਯੋ ਹੈ॥੧੧॥

ਗਰੀਬ ਜਾਣ ਕੇ ਮੈਨੂੰ ਆਪਣਾ ਬਣਾ ਲਵੋ, ਮੈਂ ਆ ਕੇ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ। ਦੀਨ ਦਿਆਲ ਤੁਹਾਡਾ ਸ਼ੁਭ ਨਾਮ ਸੁਣਿਆ ਹੈ। ਸਿੱਖਾਂ ਦੇ ਪਿਆਰੇ ਹੋਣਾ ਤੁਹਾਡਾ ਧਰਮ ਗੁਣਿਆ ਹੈ॥ ੧੧॥

ਛੋਰੌਂ ਨਹੀਂ ਆਸਰੋ ਰਾਵਰਿ। ਤਜਹਿ ਜਿ ਅਪਰ ਗਿਨਯ ਕੋ ਬਾਵਰ।
ਕਰਿ ਨਿਸ਼ਚੈ ਮੈਂ ਗਹਯੋ ਅਲੰਬ। ਬੈਠਯੋ ਤਜਿਕੈ ਸਰਬ ਕੁਟੰਬ ॥੧੨॥

ਆਪ ਜੀ ਆਪਣਾ ਆਸਰਾ ਨਾ ਛੱਡੋ, ਆਪ ਨੂੰ ਛੱਡ ਕੇ ਜੇ ਕਿਸੇ ਹੋਰ ਪਿੱਛੇ ਲੱਗਾਂਗਾ ਤਾਂ ਲੋਕ ਮੈਨੂੰ ਪਾਗਲ ਕਹਿਣਗੇ। ਨਿਸ਼ਚੇ ਕਰੋ ਮੈਂ ਤੁਹਾਡਾ ਆਸਰਾ ਫੜਿਆ ਹੈ, ਸਾਰਾ ਪਰਿਵਾਰ ਛੱਡ ਕੇ ਤੁਹਾਡੇ ਪਾਸ ਬੈਠਾ ਹਾਂ॥ ੧੨॥

Sri Satguru Jagjit Singh Ji eLlibrary NamdhariElibrary@gmail.com

ਨਹੀਂ ਪ੍ਰੀਤ ਅਬਿ ਕਿਸਕੇ ਸਾਥ। ਕਰਜੋ ਖੋਜ ਮੈਂ ਤੁਮਕੋ ਨਾਥ।
ਅਸ ਦ੍ਰਿੜ ਨਿਸ਼ਚਾ ਦਿਜ ਕੋ ਦੇਖਿ। ਸ੍ਰੀ ਅਰਜਨ ਕਰਿ ਕ੍ਰਿਪਾ ਵਿਸ਼ੇਖ॥੧੩॥

ਹੁਣ ਕਿਸੇ ਦੇ ਨਾਲ ਵੀ ਮੇਰੀ ਪ੍ਰੀਤ ਨਹੀਂ ਹੈ, ਮੈਂ ਬੜੀ ਖੋਜ ਕਰਕੇ ਆਪ ਜੀ ਨੂੰ ਆਪਣਾ ਸਵਾਮੀ ਬਣਾਇਆ ਹੈ।" ਬ੍ਰਾਹਮਣ ਦਾ ਅਜਿਹਾ ਦ੍ਰਿੜ ਨਿਸ਼ਚਾ ਵੇਖ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਿਸ਼ੇਸ਼ ਕਿਰਪਾ ਕੀਤੀ॥ ੧੩॥

ਨਿਰਮਲ ਜਲ ਤੇ ਚਰਨ ਪਖਾਰੇ। ਪਾਹੁਲ ਦਈ ਸੰਦੇਹ ਨਿਵਾਰੇ।
ਅਪਨੀ ਸੇਵਾ ਬਿਖੈ ਲਗਾਯਹੁ। ਮੋਖ ਕਰਨ ਕੋ ਸਿੱਖ ਬਨਾਯਹੁ॥ ੧੪॥

ਨਿਰਮਲ ਜਲ ਲੈ ਕੇ ਚਰਨ ਧੁਆਏ ਤੇ ਚਰਨ ਪਾਹੁਲ ਦੇ ਕੇ ਉਸ ਦਾ ਸ਼ੰਕਾ ਦੂਰ ਕੀਤਾ। ਆਪਣੀ ਸੇਵਾ ਵਿਚ ਲਾ ਲਿਆ, ਮੁਕਤੀ ਬਖਸ਼ਣ ਵਾਸਤੇ ਆਪਣਾ ਸਿੱਖ ਬਣਾ ਲਿਆ॥ ੧੪॥

ਉਰ ਅਨੰਦ ਲਹਿ ਸੇਵਾ ਲਾਗਜੋ। ਪੂਰਬ ਭਾਗ ਭਾਲ ਪਰ ਜਾਗਜੋ।
ਦਿਨ ਪ੍ਰਤਿ ਕਾਰ ਕਰਤਿ ਹੈ ਜਜੋਂ ਜਜੋਂ। ਉਰ ਨਿਰਮਲ ਦਿਜ ਹੋਵਹਿ ਤਜੋਂ ਤਜੋਂ॥੧੫॥

ਹਿਰਦੇ ਵਿਚ ਆਨੰਦ ਭਰ ਕੇ ਸੇਵਾ ਵਿਚ ਲੱਗ ਗਿਆ, ਮਸਤਕ ਦੇ ਪਹਿਲੇ ਭਾਗ ਜਾਗ ਪਏ। ਦਿਨ-ਬਦਿਨ ਜਿਵੇਂ-ਜਿਵੇਂ ਪ੍ਰੀਤ ਕਰਕੇ ਕਾਰ ਸੇਵਾ ਕਰਦਾ ਸੀ, ਬ੍ਰਾਹਮਣ ਦਾ ਹਿਰਦਾ ਤਿਵੇਂ-ਤਿਵੇਂ ਨਿਰਮਲ ਹੁੰਦਾ ਜਾਂਦਾ ਸੀ॥ ੧੫॥

ਕੇਤਿਕ ਕਾਲ ਰਹਜੋ ਜਬਿ ਪਾਸ। ਸ੍ਰੀ ਅਰਜਨ ਕਰਿ ਕ੍ਰਿਪਾ ਪ੍ਰਕਾਸ਼।
ਇਕ ਦਿਨ ਸ਼ੁਭ ਉਪਦੇਸ਼ ਬਤਾਯੋ। ਸੱਤਿਨਾਮ ਸਿਮਰਨ ਲਿਵ ਲਾਯੋ॥੧੬॥

ਜਦ ਕਾਫੀ ਸਮਾਂ ਗੁਰੂ ਜੀ ਪਾਸ ਰਿਹਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਰਪਾ ਕੀਤੀ। ਇਕ ਦਿਨ ਸ਼ੁਭ ਉਪਦੇਸ਼ ਦਿੱਤਾ ਅਤੇ ਸਤਿਨਾਮ ਦੇ ਸਿਮਰਨ ਦੀ ਲਿਵ ਲਾ ਦਿੱਤੀ॥ ੧੬॥

ਸਿੱਧਾਂ ਆਨਿ ਖਰੀ ਕਰ ਜੋਰਿ। ਭਯੋ ਸਿੱਧ ਸਤਿਗੁਰ ਕੇ ਜੋਰ।
ਸ੍ਰੀ ਅੰਮ੍ਰਿਤਸਰ ਕਾਰ ਕਰੰਤਾ। ਭਯੋ ਬਿਸਾਲੈ ਸ਼ਕਤਿ ਧਰੰਤਾ॥ ੧੭॥

ਉਸ ਦੇ ਆਲੇ-ਦੁਆਲੇ ਸਿੱਧੀਆਂ ਹੱਥ ਜੋੜ ਕੇ ਖਲੋ ਗਈਆਂ, ਸਤਿਗੁਰੂ ਜੀ ਦੇ ਬਲ ਨਾਲ ਪੂਰਨ ਸਿੱਧ ਹੋ ਗਿਆ। ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰਦਾ ਵਿਸ਼ਾਲ ਸ਼ਕਤੀਸ਼ਾਲੀ ਹੋ ਗਿਆ॥ ੧੭॥

ਪੁਨ ਸ੍ਰੀ ਗੁਰੁ ਨੇ ਰੁਖਸਦ ਕਰਜੋ। ਮਾਨਿ ਹੁਕਮ ਪਦ ਪਰ ਸਿਰ ਧਰਜੋ।
ਨਗਰ ਬਠਿੰਡੇ ਕੋ ਚਲਿ ਆਯੋ। ਭਯੋ ਮਸਤ ਮਨ ਭਰਮ ਮਿਟਾਯੋ॥ ੧੮॥

ਫਿਰ ਗੁਰੂ ਜੀ ਨੇ ਉਸ ਨੂੰ ਵਿਦਾ ਕੀਤਾ, ਗੁਰੂ ਜੀ ਦੀ ਆਗਿਆ ਮੰਨ ਕੇ ਚਰਨਾਂ ਤੇ ਮੱਥਾ ਧਰਿਆ। ਬਠਿੰਡੇ ਸ਼ਹਿਰ ਵਲ ਚਲ ਕੇ ਆ ਗਿਆ। ਮਨ ਦੇ ਸਾਰੇ ਭਰਮ ਮਿਟਾ ਕੇ ਮਸਤ ਹੋ ਗਿਆ॥ ੧੮॥

ਉਤਰਜੋ ਰੰਗ ਹੁਤੋ ਜਗ ਕਾਚੋ। ਸੱਤਜਨਾਮ ਰਾਚਜੋ ਰੰਗ ਸਾਚੋ।
ਹੇਰਿ ਲੋਕ ਮਨ ਬਿਸਮਤਿ ਹੋਏ। ਕਰਤਿ ਅਦਾਬ ਅਧਿਕ ਸਭਿ ਕੋਏ॥ ੧੯॥

ਜਗਤ ਦਾ ਕੱਚਾ ਰੰਗ ਉਤਰ ਗਿਆ, ਸਤਿਨਾਮ ਦੇ ਸੱਚੇ ਰੰਗ ਵਿਚ ਰੰਗਿਆ ਗਿਆ। ਲੋਕ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਏ, ਸਾਰੇ ਹੀ ਬਹੁਤ ਆਦਰ ਕਰਦੇ ਸਨ॥ ੧੯॥

ਵਹਿਰ ਨਗਰ ਤੇ ਬੈਠਜੋ ਰਹੈ। ਫੁਰਹਿ ਬਚਨ ਜੈਸੋ ਕਿਸਿ ਕਹੈ।
'ਪ੍ਰੋਹਤ ਧਰਮ ਛੋਰਾ' ਲਿਖਿ ਦੀਨੋ। ਅਪਰ ਬਿੱਪ੍ਰ ਕੋ ਤਿਸੁ ਮੈਂ ਕੀਨ॥ ੨੦॥

ਨਗਰ ਦੇ ਬਾਹਰ ਜਾ ਕੇ ਬੈਠਾ ਰਹਿੰਦਾ ਸੀ, ਜਿਹੜਾ ਵੀ ਕਿਸੇ ਨੂੰ ਬਚਨ ਕਰਦਾ ਸੀ, ਪੂਰਾ ਹੁੰਦਾ ਸੀ। ਇਹ ਲਿਖ ਦਿੱਤਾ ਕਿ "ਪ੍ਰੋਹਤ ਧਰਮ ਮੈਂ ਛੱਡਿਆ।" ਕਿਸੇ ਹੋਰ ਬ੍ਰਾਹਮਣ ਨੂੰ ਬਠਿੰਡੇ ਦਾ ਪ੍ਰੋਹਤ ਬਣਾ ਦਿੱਤਾ॥ ੨੦॥

ਨਿਜ ਪੁੱਤ੍ਰਨ ਤੇ ਦਯੋ ਛੁਟਾਈ। ਕੇਵਲ ਸੱਤਿਨਾਮ ਲਿਵ ਲਾਈ।
ਤਹਾਂ ਰਹਤਿ ਖੱਤ੍ਰੀ ਜੁਗ ਭ੍ਰਾਤਾ। ਧਨੀ ਅਧਿਕ ਜਗ ਮਹਿਂ ਬੱਖਜਾਤਾ ॥੨੧॥

ਆਪਣੇ ਪੁੱਤਰਾਂ ਤੋਂ ਪ੍ਰੋਹਤਾਈ ਦਾ ਕੰਮ ਛੁਡਵਾ ਦਿੱਤਾ, ਕੇਵਲ ਸਤਿਨਾਮ ਨਾਲ ਲਿਵ ਲਾਈ। ਉਥੇ ਦੋ ਖੱਤਰੀ ਭਰਾ ਰਹਿੰਦੇ ਸਨ, ਉਹ ਜਗਤ ਵਿਚ ਬੜੇ ਧਨੀ ਦੇ ਤੌਰ ਤੇ ਮਸ਼ਹੂਰ ਸਨ ॥ ੨੧ ॥

ਜੇਸ਼ਟ ਬਿਧੀਚੰਦ ਹੈ ਨਾਮੂ। ਸਿਧੀਚੰਦ ਛੋਟੇ ਤਿਹ ਧਾਮੂ।
ਲਘੁ ਨੇ ਸੇਵਾ ਤਿਸ ਕੀ ਠਾਨੀ। ਖਾਨ ਪਾਨ ਦੇ ਆਇਸੁ ਮਾਨੀ ॥ ੨੨ ॥

ਵੱਡੇ ਦਾ ਨਾਂ ਬਿਧੀ ਚੰਦ ਸੀ ਅਤੇ ਉਸ ਘਰ ਵਿਚ ਜਿਹੜਾ ਛੋਟਾ ਭਰਾ ਸੀ, ਉਸ ਦਾ ਨਾਂ ਸਿਧੀ ਚੰਦ ਸੀ। ਛੋਟਾ ਗੰਗਾ ਰਾਮ ਦੀ ਬਹੁਤ ਸੇਵਾ ਕਰਦਾ ਸੀ, ਖਾਣ ਪੀਣ ਨੂੰ ਦਿੰਦਾ ਸੀ ਅਤੇ ਆਗਿਆ ਮੰਨਦਾ ਸੀ ॥ ੨੨ ॥

ਕਰ ਜੋਰਹਿ, ਬੈਠਹਿ ਨਿਤ ਪਾਸ। ਜਬਿ ਕੁਛ ਬਚਨ ਸੁ ਕਰਹਿ ਪ੍ਰਕਾਸ਼।
ਤਾਤਕਾਲ ਮਾਨਹਿ ਤਿਮ ਕਰੈ। ਬਿਨ ਆਲਸ਼ ਸੇਵਾ ਤਤਪਰੈ ॥ ੨੩ ॥

ਹੱਥ ਜੋੜ ਕੇ ਸਦਾ ਪਾਸ ਬੈਠਦਾ ਸੀ, ਜਦ ਗੰਗਾ ਰਾਮ ਕੋਈ ਬਚਨ ਕਰਦਾ ਸੀ, ਤਾਂ ਛੋਟਾ ਤੁਰਤ ਮੰਨਦਾ ਸੀ ਤੇ ਆਗਿਆ ਅਨੁਸਾਰ ਕਾਰਜ ਕਰਦਾ ਸੀ, ਕਿਸੇ ਆਲਸ ਤੋਂ ਬਗੈਰ ਸੇਵਾ ਕਰਦਾ ਸੀ ॥ ੨੩ ॥

ਬਸਤ੍ਰ ਰੁਚਿਰ ਅਰਪਹਿ ਢਿਗ ਲਜਾਇ। ਸ੍ਵਾਦਲ ਭੋਜਨ ਦੇ ਤ੍ਰਿਪਤਾਇ।
ਨਿਜ ਕਰ ਤੇ ਸੁੰਦਰ ਜਲ ਆਨਹਿ। ਕਰਨ ਪ੍ਰਸੰਨ ਕਰਾਵਤਿ ਪਾਨਹਿ ॥੨੪॥

ਸੁੰਦਰ ਵਸਤਰ ਲਿਆ ਕੇ ਦਿੰਦਾ ਸੀ, ਸਵਾਦੀ ਭੋਜਨ ਖਵਾ ਕੇ ਉਸ ਨੂੰ ਤ੍ਰਿਪਤ ਕਰਦਾ ਸੀ। ਆਪਣੇ ਹੱਥਾਂ ਨਾਲ ਸੁੰਦਰ ਜਲ ਲਿਆਉਂਦਾ ਸੀ ਤੇ ਪ੍ਰਸੰਨ ਕਰਨ ਵਾਸਤੇ ਪਾਣੀ ਪਿਆਉਂਦਾ ਸੀ ॥ ੨੪ ॥

ਸਿਧੀਚੰਦ ਸੇਵਾ ਇਮ ਕਰੈ। ਉਰ ਸ਼ਰਧਾ ਨਿਸ ਬਾਸੁਰ ਧਰੈ।
ਬੀਤ ਗਯੋ ਜਬਿ ਕੇਤਿਕ ਕਾਲ। ਸਭਿ ਤਜਿ, ਘਾਲੀ ਘਾਲ ਬਿਸਾਲ ॥ ੨੫ ॥

ਸਿਧੀ ਚੰਦ ਇਸ ਤਰ੍ਹਾਂ ਸੇਵਾ ਕਰਦਾ ਸੀ, ਦਿਨ ਰਾਤ ਦਿਲ ਵਿਚ ਸ਼ਰਧਾ ਬਣਾਈ ਰੱਖਦਾ ਸੀ। ਜਦ ਕਾਫੀ ਸਮਾਂ ਬੀਤ ਗਿਆ ਤਾਂ ਸਭ ਕੁਝ ਛੱਡ ਕੇ ਵਿਸ਼ਾਲ ਘਾਲ ਕਮਾਈ ਕੀਤੀ ॥ ੨੫ ॥

ਪਿਖਿ ਕਰਿ ਦਿਜਬਰ ਗੰਗਾਰਾਮ। ਭਯੋ ਪ੍ਰਸੰਨ ਕ੍ਰਿਪਾ ਅਭਿਰਾਮ।
'ਸਿਧੀਚੰਦ ਤੂੰ ਸੇਵਾ ਕਰੈ। ਕੌਨ ਮਨੋਰਥ ਮਨ ਮੈਂ ਧਰੈਂ? ॥ ੨੬ ॥

ਇਹ ਵੇਖ ਕੇ ਪੰਡਿਤ ਗੰਗਾ ਰਾਮ ਨੇ ਪ੍ਰਸੰਨ ਹੋ ਕੇ ਸੁੰਦਰ ਕਿਰਪਾ ਕੀਤੀ ਅਤੇ ਕਿਹਾ, "ਹੇ ਸਿਧੀ ਚੰਦ ! ਤੂੰ ਜਿਹੜੀ ਏਨੀ ਸੇਵਾ ਕਰਦਾ ਹੈਂ, ਕੀ ਮਨੋਰਥ ਮਨ ਵਿਚ ਧਾਰਨ ਕੀਤਾ ਹੈ ? ॥ ੨੬ ॥

ਸੋ ਅਬਿ ਹਮਰੇ ਤੀਰ ਕਹੀਜੈ। ਬਾਂਛਤਿ ਹੋਹਿ ਨਿਸੰਸੈ ਲੀਜੈ।
ਸ਼ਰਧਾ ਸੇਵ ਹੇਰਿ ਕਰਿ ਤੋਹੀ। ਅਨਕੰਪਾ ਉਪਜਤਿ ਹੈ ਮੋਹੀ' ॥ ੨੭ ॥

ਉਹ ਮਨੋਰਥ ਹੁਣ ਸਾਡੇ ਪਾਸ ਕਹੋ, ਮੂੰਹ-ਮੰਗੀ ਮੁਰਾਦ ਕਿਸੇ ਸ਼ੱਕ ਤੋਂ ਬਗੈਰ ਪ੍ਰਾਪਤ ਕਰੋ। ਤੇਰੀ ਸ਼ਰਧਾ ਭਰੀ ਸੇਵਾ ਵੇਖ ਕੇ ਮੈਨੂੰ ਬਹੁਤ ਦਇਆ ਆਈ ਹੈ" ॥ ੨੭ ॥

ਇਮ ਸੁਨਿ ਸਿਧੀਚੰਦ ਦਿਜ ਬੈਨ। ਭਯੋ ਅਨੰਦ ਪ੍ਰਫੁਲਜਤ ਨੈਨ।
ਹਾਥ ਜੋਰਿ ਕਰਿ ਕਹਯੋ ਅਗਾਰੀ। 'ਜੇ ਅਬਿ ਰਾਵਰ ਕਰੁਨਾ ਧਾਰੀ ॥ ੨੮ ॥

ਗੰਗਾ ਰਾਮ ਦੇ ਇਹ ਬਚਨ ਸੁਣ ਕੇ, ਸਿਧੀ ਚੰਦ ਬਹੁਤ ਪ੍ਰਸੰਨ ਹੋਇਆ ਤੇ ਉਸ ਦੇ ਨੈਣ ਖੁਸ਼ੀ ਨਾਲ ਖਿੜ ਗਏ। ਹੱਥ ਜੋੜ ਕੇ ਕਹਿਣ ਲੱਗਾ, "ਜੇ ਹੁਣ ਆਪ ਜੀ ਨੇ ਕਿਰਪਾ ਧਾਰਨ ਕੀਤੀ ਹੈ ॥ ੨੮ ॥

ਪੁੱਤ੍ਰ ਨਹੀਂ ਉਪਜਤਿ ਘਰ ਮੇਰੇ। ਹਾਰੇ ਕਰਿ ਉਪਚਾਰ ਘਨੇਰੇ।
ਸਿੱਧ ਸਪੂਤ ਦੀਜੀਏ ਮੋਹੀ। ਬਚਨ ਆਪ ਕੇ ਤੇ ਸਭਿ ਹੋਹੀ' ॥ ੨੯ ॥

ਮੇਰੇ ਘਰ ਵਿਚ ਪੁੱਤਰ ਦੀ ਦਾਤ ਨਹੀਂ ਹੋਈ, ਮੈਂ ਬਹੁਤ ਯਤਨ ਕਰਕੇ ਹਾਰ ਚੁਕਾਂ ਹਾਂ, ਮੈਨੂੰ ਸਿੱਧੀ ਵਾਲਾ ਪੁੱਤਰ ਦੇਵੋ, ਆਪ ਜੀ ਦੇ ਬਚਨਾਂ ਨਾਲ ਸਭ ਕੁਝ ਹੋ ਸਕਦਾ ਹੈ" ॥ ੨੯ ॥

ਸੁਨਿਕੈ ਦਿਜਬਰ ਗੰਗਾਰਾਮ। ਗੁਰ ਕੋ ਸਿੱਖ ਉਰ ਬ੍ਰਿਤਿ ਅਭਿਰਾਮ।
ਪੁੱਤ੍ਰ ਦਾਸ ਕੇ ਲਖਯੋ ਨ ਧਾਮੂ। ਸ਼ਰਧਾ ਸਹਤ ਰਹਤਿ ਨਿਤ ਸ਼ਾਮ ॥ ੩੦ ॥

ਬ੍ਰਾਹਮਣ ਗੰਗਾ ਰਾਮ ਨੇ ਇਹ ਸੁਣ ਕੇ ਸੋਚਿਆ ਕਿ ਇਸ ਗੁਰੂ ਦੇ ਸਿੱਖ ਦੀ ਹਿਰਦੇ ਦੀ ਬ੍ਰਿਤੀ ਬਹੁਤ ਨੇਕ ਹੈ। ਸੇਵਕ ਦੇ ਘਰ ਪੁੱਤਰ ਨਹੀਂ ਹੋਇਆ ਹੈ, ਬੜੀ ਸ਼ਰਧਾ ਧਾਰ ਕੇ ਸਦਾ ਸ਼ਰਨ ਵਿਚ ਰਹਿੰਦਾ ਹੈ। ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ॥ ੩੦ ॥

'ਸੁਤ ਉਪਜਹਿ ਬੁਧਿ ਜੁਤਿ ਬਡ ਸਿੱਧ। ਹੋਵਹਿ ਜਗਤਿ ਬਿਸਾਲ ਪ੍ਰਸਿੱਧ।
ਜਨਮਤਿ ਹੀ ਅਚਰਜ ਦਿਖਰਾਵਹਿ। ਬੰਦਹਿ ਚਰਨ ਜੁ ਹੇਰਨ ਆਵਹਿ ॥ ੩੧ ॥

"ਤੁਹਾਡੇ ਘਰ ਚੰਗੀ ਬੁੱਧੀ ਵਾਲਾ ਵੱਡਾ ਸਿੱਧ ਪੁੱਤਰ ਪੈਦਾ ਹੋਵੇਗਾ ਜਿਹੜਾ ਜਗਤ ਵਿਚ ਵਿਸ਼ਾਲ ਪ੍ਰਸਿੱਧ ਹੋਵੇਗਾ, ਲੋਕਾਂ ਨੂੰ ਅਸਚਰਜ ਵਿਖਾਵੇਗਾ ਤੇ ਜਿਹੜੇ ਵੇਖਣ ਆਉਣਗੇ ਉਹ ਚਰਨ ਬੰਦਨਾ ਕਰਨਗੇ ॥ ੩੧ ॥

ਦੋਹਰਾ-ਸਵਾ ਗਿਲਸ਼ਤ ਪ੍ਰਮਾਨ ਕੀ ਚੋਟੀ ਕੇ ਸਿਰ ਕੇਸ।
ਅਤਿ ਸੁਪੇਦ ਜੁਤਿ ਜਨਮ ਹੈ ਅਸ ਹੁਇ ਸਿੱਧ ਵਿਸ਼ੇਸ਼ ॥ ੩੨ ॥

ਸਵਾ ਗਿੱਠ ਲੰਮੇ ਸਿਰ ਦੀ ਚੋਟੀ ਦੇ ਕੇਸ ਹੋਣਗੇ, ਜਿਹੜੇ ਪੂਰਨ ਤੌਰ ਤੇ ਸਫੈਦ ਹੋਣਗੇ, ਇਸ ਤਰ੍ਹਾਂ ਵਿਸ਼ੇਸ਼ ਸਿੱਧ ਦਾ ਜਨਮ ਹੋਵੇਗਾ ॥ ੩੨ ॥

ਬੰਸ ਬਿਭੂਖਨ, ਸੰਤ ਸ਼ੁਭ, ਦੀਰਘ ਪਰ ਉਪਕਾਰਿ।
ਸ੍ਰੀ ਅਰਜਨ ਕੀ ਕ੍ਰਿਪਾ ਤੇ ਉਪਜਹਿ ਪੁੱਤ੍ਰ ਤੁਮਾਰ ॥ ੩੩ ॥

ਕੁਲ ਦਾ ਗਹਿਣਾ ਹੋਵੇਗਾ, ਸ਼ੁਭ ਸੰਤ ਹੋਵੇਗਾ ਅਤੇ ਵੱਡਾ ਪਰਉਪਕਾਰੀ ਹੋਵੇਗਾ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ ਤੁਹਾਡੇ ਘਰ ਅਜਿਹਾ ਪੁੱਤਰ ਪੈਦਾ ਹੋਵੇਗਾ ॥ ੩੩ ॥

ਜਿਸ ਕੋ ਮ਼ਾਨੈ ਦੇਸ਼ ਬਹੁ ਰਹੈ ਦਾਸ ਕੇ ਭਾਇ।
ਮਹਾਂ ਸ਼ਕਤਿ ਧਰਿ ਉਪਜ ਹੈ ਲਿਹੁ ਸੇਵਾ ਫਲ ਪਾਇ' ॥ ੩੪ ॥

ਉਸ ਨੂੰ ਸਾਰਾ ਜੱਗ ਮੰਨੇਗਾ ਅਤੇ ਬਹੁਤ ਲੋਕ ਉਸ ਦੇ ਸੇਵਕ ਹੋਣਗੇ। ਵੱਡੀ ਸ਼ਕਤੀ ਧਾਰਨ ਕਰਕੇ ਪੈਦਾ ਹੋਵੇਗਾ, ਇਹ ਆਪਣੀ ਸੇਵਾ ਦਾ ਫਲ ਪਾ ਲਵੋ" ॥ ੩੪ ॥

ਸਿਧੀਚੰਦ ਸੁਨਿ ਬਾਕ ਕੋ ਸੁਧਾ ਸਮਾਨ ਬਿਲੰਦ।
ਬੰਦਤਿ ਪਦ ਅਰਬਿੰਦ ਤਿਹ ਧਾਰਤਿ ਰਿਦੈ ਅਨੰਦ ॥ ੩੫ ॥

ਸਿਧੀ ਚੰਦ ਨੇ ਅੰਮ੍ਰਿਤ ਵਰਗੇ ਸ੍ਰੇਸ਼ਟ ਬਚਨਾਂ ਨੂੰ ਸੁਣ ਕੇ, ਗੰਗਾ ਰਾਮ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਹਿਰਦੇ ਵਿਚ ਆਨੰਦ ਧਾਰਨ ਕੀਤਾ ॥ ੩੫ ॥

Sri Satguru Jagjit Singh Ji eLlibrary NamdhariElibrary@gmail.com

ਪੂਰਬ ਸਮ ਸੇਵਤਿ ਅਧਿਕ ਜਬਿ ਬੀਤਯੋ ਕੁਛ ਕਾਲ।
ਗਰਭ ਧਰਯੋ ਤਿਹ ਭਾਰਜਾ ਉਪਜੀ ਖੁਸ਼ੀ ਬਿਸਾਲ॥ ੩੬॥

ਪਹਿਲਾਂ ਵਾਂਗ ਹੀ ਗੰਗਾ ਰਾਮ ਦੀ ਬਹੁਤ ਸੇਵਾ ਕਰਦਾ ਸੀ। ਜਦ ਕੁਝ ਸਮਾਂ ਬੀਤ ਗਿਆ ਤਾਂ ਉਸ ਦੀ ਪਤਨੀ ਨੇ ਗਰਭ ਧਾਰਨ ਕੀਤਾ ਜਿਸ ਕਾਰਨ ਵਿਸ਼ਾਲ ਖ਼ੁਸ਼ੀ ਪੈਦਾ ਹੋਈ॥ ੩੬॥

ਦਸਮੇ ਮਾਸ ਪ੍ਰਸੂਤ ਭਾ ਮਹਾਂ ਸਿੱਧ ਬਪੁ ਜੋਇ।
ਜਿਨ ਜਿਨ ਦੇਖਯੋ ਜਾਇ ਤਬਿ ਸਭਿ ਕੇ ਅਚਰਜ ਹੋਇ॥ ੩੭॥

ਦਸਵੇਂ ਮਹੀਨੇ ਇਕ ਮਹਾਨ ਸਿੱਧ ਬੱਚੇ ਨੇ ਜਨਮ ਲਿਆ। ਜਿਸ ਜਿਸ ਵੀ ਜਾ ਕੇ ਵੇਖਿਆ, ਉਹ ਬਹੁਤ ਹੈਰਾਨ ਹੋਇਆ॥ ੩੭॥

ਚੋਟੀ ਸਵਾ ਗਿਲਸ਼ਤ ਕੀ ਸੇਤ ਕੇਸ ਇਕ ਸਾਰ।
ਅਭਿਬੰਦਨ ਸਭਿ ਹੀ ਕਰਤਿ ਸੁਨਿ ਸੁਨਿ ਜਾਇਂ ਨਿਹਾਰ॥ ੩੮॥

ਸਵਾ ਗਿੱਠ ਲੰਮੀ ਚੋਟੀ ਸੀ ਅਤੇ ਵਾਲ ਇਕਸਾਰ ਸਫੇਦ ਸਨ। ਜਿਹੜਾ ਵੀ ਸੁਣ ਸੁਣ ਕੇ ਵੇਖਣ ਜਾਂਦਾ ਸੀ, ਉਹ ਹੀ ਬੰਦਨਾ ਕਰਦਾ ਸੀ॥ ੩੮॥

ਸਿਧੀਚੰਦ ਤਬਿ ਆਇ ਕੈ ਬੰਦਤਿ ਗੰਗਾਰਾਮ।
ਹਰਖਤਿ ਹੁਇ ਤਬਿ ਹੀ ਧਰਯੋ ਮੂਲਚੰਦ ਤਿਸ ਨਾਮ॥ ੩੯॥

ਸਿਧੀ ਚੰਦ ਨੇ ਫਿਰ ਆ ਕੇ ਗੰਗਾ ਰਾਮ ਦੇ ਚਰਨਾਂ ਤੇ ਬੰਦਨਾ ਕੀਤੀ। ਫਿਰ ਬਹੁਤ ਪ੍ਰਸੰਨ ਹੋ ਕੇ ਬੱਚੇ ਦਾ ਨਾਂ ਮੂਲ ਚੰਦ ਰਖਿਆ॥ ੩੯॥

ਅਪਰ ਕਥਾ ਕਹਿਂ ਲਗ ਕਥੌਂ ਭਯੋ ਸਿੱਧ ਜਗ ਮਾਂਹਿ।
ਅਜ਼ਮਤ ਧਰਿ ਜੋ ਜਗਤ ਬਹੁ ਆਨ ਮਾਨਤੇ ਤਾਂਹਿ॥ ੪੦॥

ਹੋਰ ਕਥਾ ਕਿਥੋਂ ਤਕ ਕਹਾਂ, ਜਗਤ ਵਿਚ ਬਹੁਤ ਵੱਡਾ ਸਿੱਧ ਹੋਇਆ, ਬਹੁਤ ਕਰਾਮਾਤੀ ਹੋਣ ਕਰਕੇ, ਦੂਰ ਦੂਰ ਤੋਂ ਲੋਕ ਆ ਕੇ ਮੰਨਦੇ ਸਨ॥ ੪੦॥

ਕਾਰ ਸੁਧਾਸਰ ਕੀ ਕਰੀ ਦਿਜਬਰ ਗੰਗਾਰਾਮ।
ਭਯੋ ਸ਼ਕਤਿ ਧਰਿ ਅਸ ਬਲੀ ਸਿਮਰਤਿ ਸ੍ਰੀ ਸਤਿਨਾਮ॥ ੪੧॥

ਬ੍ਰਾਹਮਣ ਗੰਗਾ ਰਾਮ ਨੇ ਕੁਝ ਸਮਾਂ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕੀਤੀ ਸੀ ਅਤੇ ਸਤਿਨਾਮ ਦਾ ਸਿਮਰਨ ਕਰਕੇ ਉਸ ਅਜਿਹੀ ਬਲਵਾਨ ਸ਼ਕਤੀ ਪ੍ਰਾਪਤ ਕੀਤੀ॥ ੪੧॥

ਅਬਿ ਲਗ ਜਗ ਮਹਿਂ ਬਿਦਤ ਬਹੁ ਨਗਰ ਸੁਨਾਮ ਬਿਸਾਲ।
ਤਿਸ ਢਿਗ ਪੂਜਾ ਹੋਤਿ ਹੈ ਮੂਲਚੰਦ ਕੀ ਜਾਲ॥ ੪੨॥

ਹੁਣ ਤਕ ਸੁਨਾਮ ਨਗਰ ਜਗਤ ਵਿਚ ਵਿਸ਼ਾਲ ਪ੍ਰਸਿੱਧ ਹੈ, ਉਸ ਨਗਰ ਦੇ ਪਾਸ ਮੂਲ ਚੰਦ ਦੀ ਪੂਜਾ ਹੁੰਦੀ ਹੈ॥ ੪੨॥

ਸੰਤਤਿ ਗੰਗਾਰਾਮ ਕੀ ਪੂਜਾ ਧਨ ਸੋ ਲੇਤਿ।
ਸੇਵਤਿ ਜੋ ਕਰਿ ਕਾਮਨਾ ਸੋ ਪੂਰਨ ਕਰਿ ਦੇਤਿ॥ ੪੩ ॥

ਗੰਗਾ ਰਾਮ ਦੀ ਸੰਤਾਨ ਦੀ ਪੂਜਾ ਵੀ ਹੁੰਦੀ ਹੈ ਤੇ ਲੋਕ ਧਨ ਅਰਪਣ ਕਰਦੇ ਹਨ। ਜਿਹੜੀ ਕਾਮਨਾ ਕਰਕੇ ਸੇਵਾ ਕਰਦੇ ਹਨ, ਉਹ ਕਾਮਨਾ ਪੂਰਨ ਕਰ ਦਿੰਦੇ ਹਨ॥ ੪੩ ॥

ਇੱਤਜਾਦਿਕ ਕੇਤਿਕ ਗਿਨੋਂ ਕਰਤਿ ਸੁਧਾਸਰ ਕਾਰ।
ਦੁਇ ਲੋਕਨ ਕੇ ਸੁਖ ਲਹੇ ਸ਼ਕਤੀ ਪਾਇ ਉਦਾਰ॥ ੪੪ ॥

ਇੱਤਿਆਦਿ ਹੋਰ ਕਿੰਨੇ ਗਿਣਾਂ, ਜਿਨ੍ਹਾਂ ਵੀ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕੀਤੀ ਸੀ, ਉਨ੍ਹਾਂ ਦੋਹਾਂ ਲੋਕਾਂ ਦਾ ਸੁਖ ਪ੍ਰਾਪਤ ਕੀਤਾ ਅਤੇ ਵੱਡੀ ਸ਼ਕਤੀ ਪ੍ਰਾਪਤ ਕੀਤੀ॥ ੪੪ ॥

*ਦੂਸਰੀ ਰਾਸ ਦਾ ਪੰਜਾਹਾਂ ਅਧਿਆਇ ਸਮਾਪਤ ਹੋਇਆ॥ ੫੦॥*

## *ਅਧਿਆਇ ਇਕਵੰਜਵਾਂ*

### *ਮਸੰਦਾਂ ਦੀ ਖੁਟਿਆਈ*

ਦੋਹਰਾ- ਸਿਖ ਅਨਗਨ ਸਮੁਦਾਇ ਹੈ ਕਰਤਿ ਸੁਧਾਸਰ ਕਾਰ।
ਪਕੇ ਪਜਾਵੇ ਈਂਟਕਾ ਆਨ ਤਾਲ ਪਰ ਡਾਰ॥ ੧ ॥

ਅਣਗਿਣਤ ਸਿੱਖ ਇਕੱਠੇ ਹੋ ਕੇ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰ ਰਹੇ ਸਨ, ਆਵਿਆਂ ਵਿਚ ਇੱਟਾਂ ਪਕਾਉਂਦੇ ਸਨ ਤੇ ਫਿਰ ਉਨ੍ਹਾਂ ਨੂੰ ਸਰੋਵਰ ਤੇ ਪਹੁੰਚਾ ਦਿੰਦੇ ਸਨ॥ ੧ ॥

ਚੌਪਈ- ਪਾਕੀ ਚਿਨਿਬੇ ਲਗੇ ਸੁਪਾਨ। ਸੌਂਪੀ ਕਾਰ ਮਸੰਦਨ ਮਾਨ।
ਜੋ ਧਨ ਦੇਸ਼ ਬਿਦੇਸ਼ਨ ਆਵੈ। ਆਦਿ ਬਿਸਾਖੀ ਜਿਤਿਕ ਚਢਾਵੈਂ ॥੨ ॥

ਪੱਕੀਆਂ ਪੌੜੀਆਂ ਬਣਾਉਣ ਲੱਗੇ, ਇਹ ਕਾਰ ਮਸੰਦਾਂ ਨੂੰ ਸੌਂਪ ਦਿਤੀ। ਜਿਹੜਾ ਧਨ ਦੇਸ਼ਾਂ ਵਿਦੇਸ਼ਾਂ ਵਿਚੋਂ ਆਉਂਦਾ ਸੀ ਅਤੇ ਵਿਸਾਖੀ ਵਾਲੇ ਦਿਨ ਜਿਹੜਾ ਚੜ੍ਹਾਵਾ ਚੜ੍ਹਦਾ ਸੀ॥ ੨ ॥

ਸਰਬ ਮਸੰਦ ਸੰਭਾਰਨ ਕਰੈਂ। ਖਰਚਹਿਂ ਜਹਾਂ ਕਾਜ ਬਨ ਪਰੈ।
ਸਭਿ ਸੰਗਤਿ ਕੇ ਸਦਨ ਸਿਧਾਰੈਂ। ਲੇ ਗੁਰ ਕਾਰ ਆਨਿਬੋ ਧਾਰੈਂ॥ ੩ ॥

ਉਹ ਸਾਰਾ ਧਨ ਮਸੰਦ ਸੰਭਾਲ ਲੈਂਦੇ ਸਨ, ਤੇ ਜਿੱਥੇ ਵੀ ਲੋੜ ਪੈਂਦੀ ਸੀ ਓਥੇ ਹੀ ਖਰਚ ਕਰਦੇ ਸਨ। ਸਾਰੀ ਸੰਗਤ ਦੇ ਘਰਾਂ ਵਿਚ ਜਾਂਦੇ ਸਨ, ਤੇ ਕਾਰ ਭੇਟ ਇਕੱਠੀ ਕਰਕੇ ਗੁਰੂ ਜੀ ਪਾਸ ਲਿਆਉਂਦੇ ਸਨ॥ ੩ ॥

ਕਾਰੀਗਰਿ ਆਦਿਕ ਸਮੁਦਾਇ। ਜਹਾਂ ਖਰਚ ਦੇਨੋ ਬਨਿ ਜਾਇ।
ਸਰਬ ਥਾਨ ਸੋ ਦੈਬੋ ਕਰੈਂ। ਦੇਗ ਆਦਿ ਮਹਿਂ ਖਰਚ ਬਿਚਰੈਂ॥ ੪॥

ਕਾਰੀਗਰ ਆਦਿ ਜੋ ਇਕੱਠੇ ਹੋਏ ਸਨ, ਜਿਥੇ ਵੀ ਖਰਚ ਦੇਣਾ ਬਣਦਾ ਸੀ, ਸਭ ਥਾਈਂ ਉਹ ਧਨ ਦਿੰਦੇ ਸਨ ਅਤੇ ਲੰਗਰ ਆਦਿ ਤਿਆਰ ਕਰਨ ਵਾਸਤੇ ਵੀ ਖਰਚਾ ਦਿੰਦੇ ਸਨ॥ ੪॥

ਆਮਦ ਖਰਚ ਸੰਭਾਰਤਿ ਸਾਰੋ। ਆਇ ਉਪਾਇਨ ਅਨਿਕ ਪ੍ਰਕਾਰੋ।
ਬ੍ਰਿੰਦ ਚਿਨਹਿਂ ਘਰ ਈਂਟ ਸੁਧਾਰਹਿਂ। ਚਹਿਤ ਜੁ ਸੰਗਤਿ ਤਿਨ ਢਿਗ ਡਾਰਹਿਂ॥੫॥

ਆਮਦਨ ਖਰਚ ਸਾਰਾ ਸੰਭਾਲਦੇ ਸਨ, ਕਈ ਪ੍ਰਕਾਰ ਦੇ ਉਪਹਾਰ ਆਉਂਦੇ ਸਨ। ਬਹੁਤ ਕਾਰੀਗਰ ਇੱਟਾਂ ਘੜ ਕੇ ਸੁਧਾਰਦੇ ਸਨ ਤੇ ਫਿਰ ਉਨ੍ਹਾਂ ਦੀ ਚਿਣਾਈ ਕਰਦੇ ਸਨ, ਜਿੱਥੇ ਵੀ ਉਹ ਚਾਹੁੰਦੇ ਸਨ ਸੰਗਤ ਓਥੇ ਹੀ ਉਨ੍ਹਾਂ ਪਾਸ ਇੱਟਾਂ ਆਦਿ ਫੜਾ ਦਿੰਦੀ ਸੀ॥ ੫॥

ਬਹਿਲੋ ਆਦਿਕ ਸਿਖ ਸਮੁਦਾਇ। ਲਗੇ ਪਜਾਵਨ ਈਂਟ ਪਕਾਇ।
ਜੋ ਜੋ ਹਿਤ ਕਰਿ ਕਾਰ ਕਰੰਤਾ। ਸੋ ਸੋ ਨਿਰਮਲ ਰਿਦਾ ਬਨੰਤਾ॥ ੬॥

ਬਹਿਲੋ ਆਦਿ ਸਿੱਖ ਸਮੂਹ ਆਵਿਆਂ ਵਿਚ ਇੱਟਾਂ ਪਕਾਉਣ ਤੇ ਲੱਗੇ ਹੋਏ ਸਨ। ਜਿਹੜਾ ਜਿਹੜਾ ਸਿੱਖ ਪਿਆਰ ਨਾਲ ਕਾਰ-ਸੇਵਾ ਕਰਦਾ ਸੀ, ਉਸਦਾ ਹਿਰਦਾ ਨਿਰਮਲ ਹੋ ਜਾਂਦਾ ਸੀ॥ ੬॥

ਕਰਹਿ ਕਾਮਨਾ ਜਸ ਜਸ ਮਨ ਮਹਿਂ। ਪੁਰਹਿ ਸੇਵ ਸਰ ਕੇਤਿਕ ਦਿਨ ਮਹਿਂ।
ਜੋ ਸਕਾਮ ਹੁਇ, ਬਾਂਛਤਿ ਪਾਇ। ਜੋ ਨਿਸ਼ਕਾਮ ਰਿਦਾ ਬਿਮਲਾਇ॥ ੭॥

ਜਿਸ ਤਰ੍ਹਾਂ ਦੀ ਵੀ ਮਨ ਵਿਚ ਕਾਮਨਾ ਕਰਦੇ ਸਨ, ਸਰੋਵਰ ਦੀ ਕੁਝ ਦਿਨ ਕਾਰ-ਸੇਵਾ ਕਰਨ ਨਾਲ ਪੂਰੀ ਹੋ ਜਾਂਦੀ ਸੀ, ਜੋ ਕੁਝ ਵੀ ਮੰਗਦੇ ਸਨ, ਉਹੀ ਮੂੰਹ ਮੰਗਿਆ ਪ੍ਰਾਪਤ ਕਰ ਲੈਂਦੇ ਸਨ। ਜਿਨ੍ਹਾਂ ਦੇ ਹਿਰਦੇ ਕਾਮਨਾ-ਰਹਿਤ ਹੁੰਦੇ ਸਨ, ਉਨ੍ਹਾਂ ਦੇ ਹਿਰਦੇ ਉੱਜਲ ਹੋ ਜਾਂਦੇ ਸਨ॥ ੭॥

ਲੋਕ ਪ੍ਰਲੋਕਨ ਸੁਖ ਸਮੁਦਾਯੋ। ਸਦਾ ਬ੍ਰੱਤ ਗੁਰੂ ਸਭਿਨਿ ਲਗਾਯੋ।
ਕਾਰ ਸੁਧਾਸਰ ਕੇਰ ਬਹਾਨਾ। ਦਾਸਨ ਦੇਤਿ ਕਾਮਨਾ ਦਾਨਾ॥ ੮॥

ਲੋਕ-ਪ੍ਰਲੋਕ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਸਨ, ਗੁਰੂ ਜੀ ਨੇ ਇੱਛਾਵਾਂ ਪੂਰੀਆਂ ਕਰਨ ਦਾ ਸਦਾਬ੍ਰਤ ਲਾਇਆ ਹੋਇਆ ਸੀ। ਅੰਮ੍ਰਿਤ ਸਰੋਵਰ ਕਾਰ-ਸੇਵਾ ਤਾਂ ਇਕ ਬਹਾਨਾ ਸੀ, ਉਹ ਸੇਵਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥ ੮॥

ਸ੍ਰੀ ਅੰਮ੍ਰਿਤਸਰ ਮਹਿਮਾ ਭਾਰੀ। ਸ੍ਰੀ ਅਰਜਨ ਬਹੁ ਭਾਂਤਿ ਉਚਾਰੀ।
'ਮੱਜਨ ਕਰੇ ਕਲੂਖ ਨ ਰਹੈਂ। ਬਾਂਛਤਿ ਪਾਇ ਭਾਉ ਜੋ ਗਹੈ'॥ ੯॥

ਸ੍ਰੀ ਅੰਮ੍ਰਿਤ ਸਰੋਵਰ ਦੀ ਭਾਰੀ ਮਹਿਮਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਵਾਰ ਇਹ ਉਚਾਰਨ ਕਰਦੇ ਸਨ। "ਇਸ ਵਿਚ ਇਸ਼ਨਾਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ, ਜਿਹੜੇ ਪ੍ਰੇਮ ਕਰਦੇ ਹਨ ਉਹ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ"॥ ੯॥

ਮਹਾਂ ਮਹਾਤਮ ਸੰਗਤਿ ਜਾਨੈ। ਸ਼ਰਧਾ ਧਰਿ ਧਰਿ ਸੇਵਾ ਠਾਨੈ।
ਕੇਤਿਕ ਜਬਿ ਚਿਨ ਲੀਨ ਸੁਪਾਨਾ। ਮਿਲਿ ਸਿੱਖਜਨਿ ਗੁਰ ਸੰਗ ਬਖਾਨਾ॥੧੦॥

ਸਾਰੀ ਸੰਗਤ ਸਰੋਵਰ ਦੇ ਮਹਾਨ ਮਹਾਤਮ ਨੂੰ ਜਾਣਦੀ ਸੀ, ਇਸ ਕਰਕੇ ਸ਼ਰਧਾ ਧਾਰ ਕੇ ਸੇਵਾ ਕਰਦੇ ਸਨ। ਜਦ ਕਾਫੀ ਪੌੜੀਆਂ ਪੱਕੀਆਂ ਬਣਾ ਲਈਆਂ ਤਾਂ ਸਿੱਖਾਂ ਨੇ ਮਿਲ ਕੇ ਗੁਰੂ ਜੀ ਨੂੰ ਕਿਹਾ॥ ੧੦॥

'ਸਰ ਕੋ ਮਹਾਂ ਮਹਾਤਮ ਅਹੈ। ਥਿਰਹਿ ਹਜ਼ਾਰਨ ਸੰਮਤ ਕਹੈ।
ਚਿਨਨੇ ਮਹਿਂ ਕਾਚੋ ਹੁਇ ਕਾਮ। ਊਪਰ ਤੇ ਬਨਾਇਂ ਅਭਿਰਾਮ॥ ੧੧॥

"ਇਸ ਸਰੋਵਰ ਦਾ ਮਹਾਨ ਮਹਾਤਮ ਹੈ, ਇਹ ਹਜ਼ਾਰਾਂ ਸਾਲਾਂ ਤਕ ਸਥਿਰ ਰਹਿਣਾ ਹੈ। ਪੌੜੀਆਂ ਦੀ ਚਿਣਾਈ ਵਿਚ ਕੰਮ ਕੱਚਾ ਹੋ ਰਿਹਾ ਹੈ, ਉਪਰ ਵਲ ਚੰਗੀਆਂ ਬਣਾਉਂਦੇ ਹਨ॥ ੧੧॥

ਏਕ ਈਂਟ ਚੂਨੇ ਕੀ ਜਰੈਂ। ਪੁਨ ਕਰਦਮ ਸੋਂ ਭਰਤੀ ਭਰੈਂ।
ਉਖਰੇ ਥਿਰਹਿ ਨਹੀ ਲਘੁ ਕਾਲ। ਏਵ ਮਸੰਦ ਦੰਭ ਕੇ ਨਾਲ॥ ੧੨॥

ਇਕ ਇੱਟ ਚੂਨੇ ਨਾਲ ਜੜਦੇ ਹਨ ਫਿਰ ਭਰਤੀ ਗਾਰੇ ਨਾਲ ਭਰ ਦਿੰਦੇ ਹਨ, ਇਹ ਇੱਟਾਂ ਥੋੜ੍ਹੇ ਸਾਲਾਂ ਵਿਚ ਹੀ ਉੱਖੜ ਜਾਣਗੀਆਂ। ਇਸ ਤਰ੍ਹਾਂ ਮਸੰਦ ਧੋਖੇ ਨਾਲ॥ ੧੨॥

ਥੋਰੋ ਲਾਗਹਿ ਸਰਫਾ ਚੂਨੇ। ਇਹੁ ਕਰਤੇ ਲੋਭੀ ਮਤ ਊਨੇ।
ਜਿਮ ਦਿਢਤਾ ਕੇ ਸ਼ਬਦ ਬਨਾਵੋ। ਥਿਰਹਿ ਸਦਾ ਸ੍ਰੀ ਮੁਖ ਤੇ ਗਾਵੋ॥ ੧੩॥

ਇਹ ਚਾਹੁੰਦੇ ਹਨ ਕਿ ਚੂਨਾ ਥੋੜ੍ਹਾ ਲੱਗੇ, ਚੂਨੇ ਦਾ ਸਰਫਾ ਕਰ ਰਹੇ ਹਨ, ਇਹ ਮਾੜੀ ਮੱਤ ਵਾਲੇ ਲੋਭ ਕਰ ਰਹੇ ਹਨ। ਜਿਵੇਂ ਦ੍ਰਿੜ੍ਹਤਾ ਦੇ ਸ਼ਬਦ ਬਣਾਉਂਦੇ ਹੋ, ਜਿਹੜੇ ਸਦਾ ਸਥਿਰ ਰਹਿੰਦੇ ਹਨ ਅਤੇ ਮੁਖ ਨਾਲ ਗਾਇਣ ਕਰਦੇ ਹੋ॥ ੧੩॥

ਤਿਮ ਕਰਿਵਾਵਹੁ ਤੁਮ ਸਮਰੱਥ। ਤੀਨ ਲੋਕ ਧਨ ਰਾਵਰਿ ਹੱਥ'।
ਸੁਨਿ ਸਿੱਖਨ ਤੇ ਸਤਿਗੁਰ ਪਾਵਨ। ਕਰੇ ਸਮੀਪ ਮਸੰਦ ਅਵਾਹਨਿ॥ ੧੪॥

ਉਸ ਤਰ੍ਹਾਂ ਤੁਸੀਂ ਸਮਰੱਥ ਹੋ, ਪੌੜੀਆਂ ਨੂੰ ਚੰਗੀ ਤਰ੍ਹਾਂ ਪੱਕੀਆਂ ਬਣਵਾਵੋ, ਤਿੰਨਾਂ ਲੋਕਾਂ ਦਾ ਧਨ ਤੁਹਾਡੇ ਹੱਥ ਵਿਚ ਹੈ।" ਸਿੱਖਾਂ ਦੇ ਇਹ ਵਾਕ ਸੁਣ ਕੇ ਸਤਿਗੁਰੂ ਜੀ ਨੇ ਮਸੰਦਾਂ ਨੂੰ ਆਪਣੇ ਪਾਸ ਬੁਲਾਇਆ॥ ੧੪॥

ਸਭਿ ਸੋਂ ਕਹਜੋ 'ਕਾਰ ਇਹੁ ਕਾਚੀ। ਕਯੋਂ ਤੁਮ ਕਰਹੁ ਲੋਭ ਮਤਿ ਰਾਚੀ?।
ਚੂਨੇ ਕੋ ਸਰਫਾ ਕਿਮੁ ਧਰੋ?। ਦਰਬ ਅਪਰ ਦਿਹੁ ਸੰਚੈ ਕਰੋ॥ ੧੫॥

ਅਤੇ ਕਿਹਾ, "ਤੁਸੀਂ ਇਹ ਕੱਚਾ ਕੰਮ ਕਰ ਰਹੇ ਹੋ, ਤੁਸੀਂ ਮਨ ਵਿਚ ਲੋਭ ਕਿਉਂ ਕਰਦੇ ਹੋ? ਚੂਨੇ ਦਾ ਸਰਫਾ ਕਿਉਂ ਕਰਦੇ ਹੋ? ਹੋਰ ਧਨ ਖਰਚ ਕੇ ਚੂਨਾ ਇਕੱਠਾ ਕਰੋ॥ ੧੫॥

ਜੇਤਿਕ ਕਾਰੀਗਰ ਮੰਗਵਾਵਤਿ। ਦਿਹੁ ਪੁਚਾਇ ਲਾਗਹਿ ਮਨ ਭਾਵਤਿ'।
ਸੁਨਤਿ ਮਸੰਦਨ ਬਚਨ ਬਖਾਨਾ। 'ਸ੍ਰੀ ਗੁਰ ਜੀ ਧਨ ਲਗੈ ਮਹਾਨਾ'॥ ੧੬॥

ਜਿੰਨਾ ਕਾਰੀਗਰ ਮੰਗਵਾਉਂਦੇ ਹਨ, ਉਨਾ ਹੀ ਉਨ੍ਹਾਂ ਪਾਸ ਭੇਜੋ ਤਾਂਕਿ ਉਹ ਆਪਣੇ ਮਨ ਦੀ ਇੱਛਾ ਅਨੁਸਾਰ ਲਾ ਸਕਣ" ਇਹ ਸੁਣ ਕੇ ਮਸੰਦਾਂ ਨੇ ਕਿਹਾ, "ਹੇ ਗੁਰੂ ਜੀ! ਬਹੁਤ ਧਨ ਖਰਚ ਹੋ ਰਿਹਾ ਹੈ॥ ੧੬॥

ਅਪਰ ਸਰਬ ਘਰ ਕੇ ਬਿਵਹਾਰ। ਦਿਨ ਪ੍ਰਤਿ ਲੰਗਰ ਬਨਹਿ ਉਦਾਰ।
ਦਰਬ ਬਿਨਾ ਨਿਰਬਾਹ ਨ ਹੋਇ। ਗ੍ਰਾਮਨਿ ਅੰਨ ਅਨਿਕ ਮਨ ਜੋਇ॥ ੧੭॥

ਘਰ ਦੇ ਹੋਰ ਕਈ ਕਾਰ-ਵਿਹਾਰ ਵੀ ਹਨ, ਦਿਨ-ਬਦਿਨ ਲੰਗਰ ਬਹੁਤ ਤਿਆਰ ਹੋ ਰਿਹਾ ਹੈ। ਧਨ ਤੋਂ ਬਗੈਰ ਨਿਰਬਾਹ ਨਹੀਂ ਹੋ ਸਕਦਾ। ਪਿੰਡਾਂ ਵਿਚੋਂ ਜਿਹੜਾ ਅਨਾਜ ਆ ਰਿਹਾ ਹੈ॥ ੧੭॥

ਸੋ ਸਭਿ ਲਗਹਿ ਖਰੀਦਹਿਂ ਔਰ। ਇਮ ਧਨ ਚਹਿਯਤਿ ਹੈ ਬਹੁ ਠੌਰ।
ਸਿੱਖਜਨ ਕੋ ਦੇਬੋ ਸਿਰੁਪਾਉ। ਨਿਤਿ ਪ੍ਰਤਿ ਖਰਚ ਇਹੀ ਸਮੁਦਾਉ॥ ੧੮॥

ਉਹ ਸਾਰਾ ਲੱਗ ਜਾਂਦਾ ਹੈ ਤੇ ਹੋਰ ਖਰੀਦਣਾ ਪੈਂਦਾ ਹੈ, ਇਸ ਤਰ੍ਹਾਂ ਧਨ ਬਹੁਤ ਥਾਵਾਂ ਤੇ ਚਾਹੀਦਾ ਹੈ। ਸਿੱਖਾਂ ਨੂੰ ਸਿਰੋਪੇ ਦਿੰਦੇ ਹਾਂ, ਨਿਤਾਪ੍ਰਤੀ ਬਹੁਤ ਧਨ ਖਰਚ ਹੁੰਦਾ ਹੈ॥ ੧੮॥

ਨੀਠ ਨੀਠ ਕਰਿ ਸਭਿ ਨਿਰਬਾਹੈਂ। ਦੇਤਿ ਜਹਾਂ ਕਹਿਂ ਤੇ ਜਬਿ ਚਾਹੈਂ।
ਚਹੀਅਹਿ ਦਰਬ ਹਜ਼ਾਰਹੁਂ ਨੀਤ। ਤਾਲ ਕਰਨ ਭਾਖਹੁ ਜਿਸ ਰੀਤਿ॥੧੯॥

ਸੰਕੋਚ ਕਰ ਕਰ ਕੇ ਸਭ ਨਿਰਬਾਹ ਕਰਦੇ ਹਾਂ, ਸਭ ਥਾਂ ਦਿੰਦੇ ਹਾਂ ਜਿਥੇ ਕਹਿੰਦੇ ਹੋ ਜਾਂ ਚਾਹੁੰਦੇ ਹੋ, ਨਿਤ ਹਜ਼ਾਰਾਂ ਰੁਪਏ ਦਾ ਧਨ ਚਾਹੀਦਾ ਹੈ, ਸਰੋਵਰ ਨੂੰ ਬਣਾਉਣ ਦਾ ਜਿਸ ਰੀਤੀ ਅਨੁਸਾਰ ਕਹਿੰਦੇ ਹੋ॥ ੧੯॥

ਬਡੇ ਜਤਨ ਤੇ ਚੂਨੋ ਹੋਇ। ਬਹੁਰ ਮਸਾਲੇ ਭਾਖਹਿਂ ਜੋਇ।
ਦਰਬ ਖ਼ਰਚ ਸੋ ਬੀਚ ਮਿਲਾਵੈਂ। ਬਹੁ ਨਰ ਮਿਲਹਿਂ ਤਬੈ ਬਨਿ ਆਵੈ'॥੨੦॥

ਬੜੇ ਯਤਨਾਂ ਨਾਲ ਚੂਨਾ ਤਿਆਰ ਹੁੰਦਾ ਹੈ, ਹੋਰ ਜਿਹੜੇ ਵੀ ਮਸਾਲੇ ਕਹਿੰਦੇ ਹਨ, ਧਨ ਖਰਚ ਕੇ ਵਿਚ ਮਿਲਾਉਂਦੇ ਹਾਂ। ਬਹੁਤ ਮਰਦ ਮਿਲਣ, ਤਦ ਹੀ ਬਣ ਆਉਂਦੀ ਹੈ"॥ ੨੦॥

ਰਿਦਾ ਮਸੰਦਨ ਕੋ ਲਘੁ ਜਾਨਜੋ। ਸ੍ਰੀ ਮੁਖ ਤੇ ਤਬਿ ਬਾਕ ਬਖਾਨਜੋ।
'ਪੂਰਨ ਖੀਸਾ ਨਿਤ ਸਤਿਗੁਰ ਕੋ। ਕਰਹੁ ਉਦਾਰ ਆਪਨੇ ਉਰ ਕੋ॥ ੨੧॥

ਗੁਰੂ ਜੀ ਨੇ ਮਸੰਦਾਂ ਦੇ ਦਿਲਾਂ ਨੂੰ ਬਹੁਤ ਛੋਟਾ ਜਾਣਿਆ, ਗੁਰੂ ਜੀ ਨੇ ਫਿਰ ਮੁੱਖ ਤੋਂ ਬਚਨ ਕੀਤਾ, "ਸਤਿਗੁਰੂ ਦੀ ਜੇਬ ਸਦਾ ਪੂਰਨ ਹੁੰਦੀ ਹੈ, ਤੁਸੀਂ ਆਪਣੇ ਦਿਲਾਂ ਨੂੰ ਵੱਡਾ ਕਰੋ॥ ੨੧॥

ਹਾਥ ਤੁਮਾਰੇ ਖਰਚਹੁ ਨੀਤਿ। ਸ਼ਰਧਾ ਧਰਹੁ ਕਰਹੁ ਥਿਰ ਚੀਤਿ।
ਤੋਟ ਨਹੀਂ ਕ੍ਰਬਿ ਇਸ ਕੋ ਹੋਇ। ਸ਼ੰਕਾ ਮਨ ਮਹਿਂ ਕਰਹੁ ਨ ਕੋਇ'॥੨੨॥

ਤੁਹਾਡੇ ਹੱਥ ਵਿਚ ਹੈ, ਨਿਤ ਖਰਚ ਕਰਦੇ ਹੋ, ਸ਼ਰਧਾ ਧਾਰਨ ਕਰਕੇ ਆਪਣੇ ਦਿਲ ਨੂੰ ਸਥਿਰ ਕਰੋ। ਇਸ ਵਿਚ ਕਦੇ ਵੀ ਤੋਟ ਨਹੀਂ ਆਉਂਦੀ, ਆਪਣੇ ਮਨ ਵਿਚ ਕੋਈ ਸ਼ੰਕਾ ਨਾ ਕਰੋ"॥ ੨੨॥

ਸਤਿਗੁਰ ਇਮ ਕਹਿ ਬਹੁ ਸਮਝਾਏ। ਤਊ ਮਸੰਦਨ ਸ਼ਰਧਾ ਲਜਾਏ।
ਕਹਿਨ ਲਗੇ 'ਜਜੋਂ ਜਜੋਂ ਧਨ ਆਵਹਿ। ਤਜੋਂ ਤਜੋਂ ਸਰ ਕੀ ਕਾਰ ਕਰਾਵਹਿਂ'॥੨੩॥

ਸਤਿਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ ਬਹੁਤ ਸਮਝਾਇਆ, ਤਦ ਮਸੰਦ ਸ਼ਰਧਾ ਲਿਆਏ ਅਤੇ ਕਹਿਣ ਲੱਗੇ, "ਜਿਵੇਂ-ਜਿਵੇਂ ਧਨ ਆਵੇ, ਤਿਵੇਂ-ਤਿਵੇਂ ਸਰੋਵਰ ਦੀ ਕਾਰ ਕਰਾਵਾਂਗੇ"॥ ੨੩॥

ਇਕ ਦੁਇ ਦਿਨ ਚੂਨਾ ਬਹੁ ਲਾਗਜੋ। ਬਹੁਰ ਬਰਜ ਦੀਨਸ ਲਬ ਜਾਗਜੋ।
ਏਕ ਈਂਟ ਹੀ ਬਹੁਰਿ ਲਗਵੈਂ। ਪੀਛੇ ਕਰਦਮ ਸਗਰੋ ਪਾਵੈਂ॥ ੨੪॥

ਇਕ ਦੋ ਦਿਨ ਬਹੁਤ ਮਸਾਲਾ ਲਾਇਆ, ਬਾਅਦ ਵਿਚ ਜਦ ਲੋਭ ਫਿਰ ਜਾਗ ਪਿਆ ਤਾਂ ਰੋਕ ਦਿੱਤਾ, ਫਿਰ ਇਕ ਇੱਟ ਹੀ ਲਾਉਂਦੇ ਸਨ, ਬਾਅਦ ਵਿਚ ਸਾਰੇ ਗਾਰਾ ਪਾ ਦਿੰਦੇ ਸਨ॥ ੨੪॥

ਖਰੇ ਮਸੰਦ ਕਾਰ ਕਰਿਵਾਵੈਂ। ਧਨ ਲਘੁ ਲਗਹਿ ਤਥਾ ਸਮੁਝਾਵੈਂ।
ਨਿਕਟ ਤਿਨਹੁਂ ਕੇ ਥਿਤ ਨਿਤ ਰਹੈਂ। ਕਰਹਿਂ ਕਾਰ ਸਰ ਸੋ ਜਿਮ ਕਹੈਂ॥੨੫॥

ਮਸੰਦ ਖੜੇ ਹੋ ਕੇ ਕਾਰ ਸੇਵਾ ਕਰਵਾਉਂਦੇ ਸਨ, ਧਨ ਘੱਟ ਖਰਚ ਹੋਵੇ ਇਸ ਤਰ੍ਹਾਂ ਸਮਝਾਉਂਦੇ ਸਨ। ਸਦਾ ਹੀ ਕਾਰੀਗਰਾਂ ਦੇ ਲਾਗੇ ਖੜੇ ਰਹਿੰਦੇ ਸਨ। ਉਹ ਸਰੋਵਰ ਦੀ ਚਿਣਵਾਈ ਉਸ ਤਰ੍ਹਾਂ ਹੀ ਕਰਦੇ ਸਨ ਜਿਵੇਂ ਮਸੰਦ ਕਹਿੰਦੇ ਸਨ॥ ੨੫॥

ਦੇਨ ਲੇਨ ਸਗਰੋ ਬਿਵਹਾਰ। ਕਰਹਿਂ ਮਸੰਦ ਸਦਾ ਅਸ ਕਾਰ।
ਸਿੱਖ ਕਰਹਿਂ ਸੇਵਾ ਢਿਗ ਹੇਰੈਂ। ਮਨ ਅਨਖਾਇ ਸੁ ਕ੍ਰੁਪਹਿਂ ਘਨੇਰੈ॥ ੨੬॥

ਲੈਣ-ਦੇਣ ਦਾ ਸਾਰਾ ਕਾਰ-ਵਿਹਾਰ, ਮਸੰਦ ਸਦਾ ਇਸ ਤਰ੍ਹਾਂ ਕਰਦੇ ਸਨ। ਜਿਹੜੇ ਸਿੱਖ ਨੇੜੇ ਸੇਵਾ ਕਰਦੇ ਸਨ, ਉਹ ਮਸੰਦਾਂ ਦੇ ਕਾਰ-ਵਿਹਾਰ ਨੂੰ ਵੇਖਦੇ ਸਨ ਤੇ ਮਨ ਵਿਚ ਖਿੱਝ ਕੇ ਕ੍ਰੋਧ ਕਰਦੇ ਸਨ॥ ੨੬॥

ਕਹਜੋ ਨ ਮਾਨੈਂ ਕਿਸ ਕੋ ਸੋਈ। ਕਰਹਿਂ ਆਪਨੇ ਚਿਤ ਹੁਇ ਜੋਈ।
ਪੁਨ ਸਤਿਗੁਰੁ ਢਿਗ ਸਿੱਖ ਕਹੰਤੇ। 'ਅਬਿ ਮਸੰਦ ਨਿਜ ਮਤਿ ਬਰਤੰਤੇ॥੨੭॥

ਮਸੰਦ ਕਿਸੇ ਦਾ ਵੀ ਆਖਾ ਨਹੀਂ ਮੰਨਦੇ ਸਨ, ਉਸ ਤਰ੍ਹਾਂ ਹੀ ਕਰਦੇ ਸਨ, ਜਿਵੇਂ ਉਨ੍ਹਾਂ ਦੇ ਦਿਲ ਵਿਚ ਹੁੰਦੀ ਸੀ। ਫਿਰ ਸਿੱਖਾਂ ਗੁਰੂ ਜੀ ਪਾਸ ਜਾ ਕੇ ਕਿਹਾ, "ਹੁਣ ਮਸੰਦ ਆਪਣੀ ਮਨ-ਮਰਜ਼ੀ ਹੀ ਕਰਦੇ ਹਨ॥ ੨੭॥

ਬਨਹਿਂ ਸੁਪਾਨ ਪੰਕ ਲਗਵਾਇ। ਏਕ ਈਂਟ ਕੋ ਚੂਨਾ ਲਾਇ।
ਮੁਹਰੀ ਕੋ ਦਿਖਰਾਵਨਿ ਕਾਰਨ। ਕਹਿ ਕਾਰੀਗਰ ਕਰਹਿਂ ਸੁਧਾਰਨ॥ ੨੮॥

ਪੌੜੀਆਂ ਗਾਰਾ ਲਾ ਕੇ ਬਣਾ ਰਹੇ ਹਨ, ਲੋਕਾਂ ਨੂੰ ਵਿਖਾਉਣ ਲਈ ਇਕ ਬਾਹਰਲੀ ਇੱਟ ਨੂੰ ਚੂਨਾ ਲਾ ਦਿੰਦੇ ਹਨ। ਕਾਰੀਗਰ ਨੂੰ ਕਹਿ ਕੇ ਆਪਣੀ ਮਰਜ਼ੀ ਮੁਤਾਬਕ ਬਣਵਾਉਂਦੇ ਹਨ॥ ੨੮॥

ਅੰਤਰ ਬਨਹਿ ਨਿਰੰਤਰ ਕਾਚਾ। ਨਹਿਂ ਨ ਮਸੰਦਨ ਕੋ ਮਨ ਸਾਚਾ'।
ਸੁਨਿ ਸਿੱਖਜਨ ਤੇ ਪੁਨ ਬੁਲਵਾਏ। ਨਿਕਟ ਦੇਖਿ ਕਰਿ ਗੁਰ ਫੁਰਮਾਏ॥੨੯॥

ਅੰਦਰਲਾ ਪਾਸਾ ਸਾਰਾ ਕੱਚਾ ਬਣ ਰਿਹਾ ਹੈ, ਇਨ੍ਹਾਂ ਮਸੰਦਾਂ ਦਾ ਮਨ ਸੱਚਾ ਨਹੀਂ ਹੈ।" ਸਿੱਖਾਂ ਪਾਸੋਂ ਸੁਣ ਕੇ ਗੁਰੂ ਜੀ ਨੇ ਫਿਰ ਮਸੰਦਾਂ ਨੂੰ ਬੁਲਾਇਆ, ਪਾਸ ਪਹੁੰਚਣ ਤੇ ਗੁਰੂ ਜੀ ਨੇ ਫੁਰਮਾਇਆ॥ ੨੯॥

'ਤਾਲ ਰਚਨ ਮਹਿਂ ਦੰਭ ਨ ਕਰੀਅਹਿ। ਇਹ ਸਤਿਗੁਰੁ ਕੋ ਸਦਨ ਬਿਚਰੀਅਹਿ।
ਕਜੋਂ ਸਰਫਾ ਤੁਮ ਡਰ ਕਰਿ ਧਰੋ। ਚੂਨੋ ਸਰਬ ਲਗਾਵਨਿ ਕਰੋ॥ ੩੦॥

"ਸਰੋਵਰ ਰਚਨਾ ਕਰਨ ਵਿਚ ਕਪਟ ਨਾ ਕਰੋ, ਇਸਨੂੰ ਸਤਿਗੁਰੂ ਜੀ ਦਾ ਘਰ ਸਮਝੋ, ਕਿਸ ਡਰ ਕਰਕੇ ਤੁਸੀਂ ਸਰਫਾ ਕਰਦੇ ਹੋ, ਸਾਰੇ ਹੀ ਚੂਨੇ ਨਾਲ ਚਿਣਵਾਈ ਕਰੋ॥ ੩੦॥

ਧਨ ਕੀ ਕਮੀ ਨ ਕੋਊ ਰਹੈ। ਸ਼ਰਧਾ ਧਰਹਿ ਸੇਵ ਜੋ ਗਹੈ'।
ਸੁਨਿ ਮਸੰਦ ਗਨ ਬਾਕ ਬਖਾਨਜੋ। 'ਸਿੱਖਨ ਕਛੂ ਭੇਵ ਨਹਿਂ ਜਾਨਜੋ॥ ੩੧॥

ਧਨ ਦੀ ਕੋਈ ਕਮੀ ਨਹੀਂ ਰਹੇਗੀ, ਜਿਹੜਾ ਵੀ ਸੇਵਾ ਕਰੇ ਉਹ ਪਹਿਲਾਂ ਸ਼ਰਧਾ ਧਾਰਨ ਕਰੇ।" ਇਹ ਸੁਣ ਕੇ ਸਾਰੇ ਮਸੰਦਾਂ ਨੇ ਕਿਹਾ, "ਸਿੱਖਾਂ ਨੇ ਅਸਲੀ ਭੇਦ ਨੂੰ ਨਹੀਂ ਜਾਣਿਆ ਹੈ॥ ੩੧॥

ਇਕ ਰਾਵਰਿ ਢਿਗ ਆਨ ਬਤਾਵੈਂ:-'ਦਰਬ ਮਸੰਦ ਨਹੀਂ ਸਰ ਲਾਵੈਂ'।
ਧਨ ਕੋ ਆਵਨ ਜਾਵਨ ਜੋਈ। ਤਿਸ ਗਤਿ ਕੋ ਨਹਿਂ ਜਾਨੈ ਕੋਈ॥ ੩੨॥

ਇਕ ਸਿੱਖ ਆਪ ਜੀ ਦੇ ਪਾਸ ਆ ਕੇ ਕਹਿ ਦਿੰਦਾ ਹੈ, 'ਮਸੰਦ ਸਰੋਵਰ ਦੀ ਉਸਾਰੀ ਤੇ ਧਨ ਨਹੀਂ ਲਾ ਰਹੇ ਹਨ।" ਪਰ ਇਹ ਸਿੱਖ ਇਹ ਨਹੀਂ ਜਾਣਦੇ ਕਿ ਧਨ ਕਿਥੋਂ ਆਉਂਦਾ ਜਾਂਦਾ ਹੈ, ਉਸ ਤਥ ਨੂੰ ਕੋਈ ਨਹੀਂ ਜਾਣਦਾ ਹੈ॥ ੩੨॥

ਖਰਚ ਹਜ਼ਾਰਹੁ ਕੋ ਨਿਤ ਹੋਵੈ। ਤਿਸਕੋ ਕਹੋ ਕੌਨ ਸਿਖ ਜੋਵੈ।
ਹਮ ਰਾਵਰ ਕੀ ਆਗਜਾ ਪਾਇ। ਕਹਿ ਕਰਿ ਗਾਢੀ ਕਾਰ ਕਰਾਇਂ'॥ ੩੩॥

ਹਜ਼ਾਰਾਂ ਦਾ ਨਿਤ ਖਰਚਾ ਹੁੰਦਾ ਹੈ, ਇਸ ਬਾਰੇ ਕਿਹੜਾ ਸਿੱਖ ਜਾਣਦਾ ਹੈ। ਅਸੀਂ ਆਪ ਜੀ ਦੀ ਆਗਿਆ ਪਾ ਕੇ ਪੱਕੀ ਕਾਰ ਕਰਵਾ ਰਹੇ ਹਾਂ"॥ ੩੩॥

Sri Satguru Jagjit Singh Ji eLlibrary NamdhariElibrary@gmail.com

ਇਮ ਕਹਿ ਗਏ ਮਸੰਦ ਮਹਾਂਨੇ। ਇਕ ਦੁਇ ਦਿਨ ਆਛੀ ਗਤਿ ਠਾਨੇ।
ਚੂਨਾ ਅਧਿਕ ਲਗਾਵਨ ਕੀਨਾ। ਕੁਛਕ ਤ੍ਰਾਸ ਗੁਰ ਦਿਸ਼ ਕੋ ਚੀਨਾ॥ ੩੪॥

ਇਹ ਕਹਿ ਕੇ ਸਾਰੇ ਮਸੰਦ ਚਲੇ ਗਏ, ਇਕ ਦੋ ਦਿਨ ਫਿਰ ਮਸਾਲਾ ਚੰਗੀ ਤਰ੍ਹਾਂ ਲਾਇਆ। ਚੂਨਾ ਜ਼ਿਆਦਾ ਲਾਉਣ ਲੱਗ ਗਏ, ਕੁਝ ਹੱਦ ਤਕ ਗੁਰੂ ਜੀ ਦਾ ਵੀ ਡਰ ਸਮਝਿਆ॥ ੩੪॥

ਕੇਤਿਕ ਦਿਨ ਚਿਨਵਾਵਤਿ ਰਹੇ। ਪੁਨਹ ਆਮਦਨ ਲਘੁ ਧਨ ਲਹੇ।
ਕਰਨ ਲਗੇ ਤੈਸੀ ਬਿਧਿ ਕਾਰੁ। ਲਗਿ ਚੂਨਾ ਇਕ ਈਂਟ ਮਝਾਰ॥ ੩੫॥

ਕਈ ਦਿਨ ਚਿਣਵਾਈ ਹੁੰਦੀ ਰਹੀ, ਫਿਰ ਆਮਦਨ ਵਿਚ ਘੱਟ ਧਨ ਮਿਲਦਾ ਵੇਖ ਕੇ ਪਹਿਲਾਂ ਵਾਂਗ ਹੀ ਕਾਰ ਕਰਨ ਲੱਗ ਗਏ। ਕੇਵਲ ਬਾਹਰਲੀ ਇਕ ਇੱਟ ਤੇ ਹੀ ਚੂਨਾ ਲਾਉਂਦੇ ਸਨ॥ ੩੫॥

ਦੇਖਿ ਸਿੱਖ ਨਹਿਂ ਸਕਹਿਂ ਸਹਾਰੇ। ਸਤਿਗੁਰ ਬਡ ਬੁਨਿਯਾਦ ਉਚਾਰੇ।
ਕਾਰ ਮਸੰਦ ਬਨਾਵਹਿਂ ਦੰਭਾ। ਦਿਸ਼ ਦੋਨਹੁਂ ਤੇ ਹੋਤਿ ਅਚੰਭਾ॥ ੩੬॥

ਇਹ ਵੇਖ ਕੇ ਸਿੱਖ ਸਹਾਰ ਨਾ ਸਕੇ, ਸਤਿਗੁਰੂ ਜੀ ਕਹਿੰਦੇ ਨੀਂਹ ਬਹੁਤ ਪੱਕੀ ਕਰਨੀ ਹੈ। ਪਰ ਮਸੰਦ ਖੋਟੀ ਕਾਰ ਕਰ ਰਹੇ ਹਨ। ਦੋਵਾਂ ਪਾਸਿਆਂ ਤੋਂ ਹੈਰਾਨੀ ਹੁੰਦੀ ਹੈ॥ ੩੬॥

ਰਹਿ ਨ ਸਕਹਿਂ ਮਿਲਿ ਗੁਰ ਢਿਗ ਆਇ। ਜਹਿਂ ਬੈਠੇ ਗੁਰ ਸਹਿਜ ਸੁਭਾਇ।
ਕਰ ਜੋਰਤਿ ਕਹਿ ਸਿੱਖ ਸਮੁਦਾਇ। 'ਸਰ ਸੋਪਾਨਨਿ ਪੰਕ ਲਗਾਇਂ॥ ੩੭॥

ਸਿੱਖ ਰਹਿ ਨਾ ਸਕੇ ਤੇ ਫਿਰ ਮਿਲ ਕੇ ਗੁਰੂ ਜੀ ਪਾਸ ਆਏ, ਜਿਥੇ ਗੁਰੂ ਜੀ ਸਹਿਜ ਸੁਭਾਅ ਬੈਠੇ ਸਨ। ਹੱਥ ਜੋੜ ਕੇ ਸਿੱਖ ਸੰਗਤ ਨੇ ਕਿਹਾ, "ਸਰੋਵਰ ਦੀਆਂ ਪੌੜੀਆਂ ਨੂੰ ਗਾਰਾ ਲਾ ਰਹੇ ਹਨ॥ ੩੭॥

ਕਹੇ ਆਪਕੇ ਲਾਵੇਂ ਕਬੈ। ਚੂਨੇ ਸੰਗ ਈਂਟਕਾ ਸਬੈ।
ਨਾਂਹਿ ਤ ਕਰਦਮ ਸੌਂ ਚਿਨਵਾਵਤਿ। ਮੁਹਰੀ ਮਹਿਂ ਚੂਨਾ ਲਗਵਾਵਤਿ' ॥੩੮॥

ਆਪ ਦੇ ਕਹੇ ਤੇ ਕਦੀ-ਕਦੀ ਸਾਰੀਆਂ ਇੱਟਾਂ ਨੂੰ ਚੂਨਾ ਲਾਉਂਦੇ ਹਨ, ਨਹੀਂ ਤਾਂ ਗਾਰੇ ਨਾਲ ਹੀ ਚਿਣਵਾਈ ਕਰਦੇ ਹਨ, ਬਾਹਰਲੀ ਇਕ ਇੱਟ ਤੇ ਚੂਨਾ ਲਾ ਦਿੰਦੇ ਹਨ"॥ ੩੮॥

ਤ੍ਰਿਤੀ ਬਾਰ ਸੁਨਿ ਕਰਿ ਖੁਟਿਆਈ। ਕੁਛ ਰਿਸ ਕਰਿ ਗੁਰ ਗਿਰਾ ਅਲਾਈ।
'ਸ੍ਰੀ ਅੰਮ੍ਰਿਤਸਰ ਕੀ ਬੁਨਿਯਾਦ। ਭਈ ਸਥਿਰ, ਕਥਿ ਹੋਇ ਨ ਬਾਦ॥ ੩੯॥

ਤੀਸਰੀ ਵਾਰ ਮਸੰਦਾਂ ਦੀ ਖੋਟ ਵੇਖ ਕੇ ਕੁਝ ਗੁੱਸੇ ਵਿਚ ਆ ਕੇ ਗੁਰੂ ਜੀ ਨੇ ਬਚਨ ਕੀਤੇ, "ਸ੍ਰੀ ਅੰਮ੍ਰਿਤ ਸਰੋਵਰ ਦੀ ਬੁਨਿਆਦ ਪੱਕੀ ਹੋਵੇਗੀ, ਮੇਰਾ ਇਹ ਬਚਨ ਵਿਅਰਥ ਨਹੀਂ ਜਾਵੇਗਾ॥ ੩੯॥

ਨੋਟ:-ਮਸੰਦਾਂ ਦੀ ਖੋਟ ਵਾਲੀ ਕਥਾ ਠੀਕ ਨਹੀਂ ਜਾਪਦੀ, ਕਿਉਂਕਿ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਚੰਗੇ ਆਚਰਣ ਵਾਲੇ ਗੁਰਸਿੱਖਾਂ ਨੂੰ ਮਸੰਦ ਬਣਾਇਆ ਸੀ। ਗੁਰੂ ਜੀ ਮਾੜੇ ਮਸੰਦਾਂ ਨੂੰ ਕੱਢ ਵੀ ਸਕਦੇ ਸਨ। ਅੱਗੇ ਜਾ ਕੇ ਇਨ੍ਹਾਂ ਮਸੰਦਾਂ ਦੀ ਔਲਾਦ ਪੂਜਾ ਦੇ ਧਨ ਨਾਲ ਮਲੀਨ ਮੱਤ ਵਾਲੀ ਹੋ ਗਈ ਸੀ। ਜਦ ਦਸਵੇਂ ਪਾਤਸ਼ਾਹ ਨੇ ਇਨ੍ਹਾਂ ਨੂੰ ਵਿਗੜੇ ਹੋਏ ਵੇਖਿਆ ਤਾਂ ਸਜ਼ਾਵਾਂ ਦੇ ਕੇ ਪੰਥ ਵਿਚੋਂ ਕੱਢ ਦਿੱਤੇ।

ਏਕ ਬਾਰ ਇਹ ਜਾਇ ਖਿਦਾਰਾ। ਬਨਹਿਂ ਨਵੀਨ ਫੇਰ ਸਰ ਸਾਰਾ।
ਇਨਹਿ ਜਿ ਪੋਲ ਬਨਾਵਨ ਕੀਨਾ। ਪੋਲੀ ਜਰ ਅਪਨੀ ਕਰਿ ਲੀਨਾ॥ ੪੦॥

ਇਕ ਵਾਰ ਇਹ ਸਰੋਵਰ ਢਹੇਗਾ, ਫਿਰ ਦੁਬਾਰਾ ਇਹ ਸਰੋਵਰ ਨਵਾਂ ਬਣੇਗਾ। ਇਨ੍ਹਾਂ ਨੇ ਜਿਹੜਾ ਪੋਲਾ ਬਣਾਇਆ ਹੈ, ਇਨ੍ਹਾਂ ਨੇ ਆਪਣੀ ਜੜ੍ਹ ਪੋਲੀ ਕਰ ਲਈ ਹੈ॥ ੪੦॥

Sri Satguru Jagjit Singh Ji eLlibrary NamdhariElibrary@gmail.com

ਜਬਿ ਮਸੰਦ ਬਿਨਸਹਿਂ ਨਹਿਂ ਰਹੈਂ। ਸੰਗਤਿ ਬਿਖੈ ਨ ਢੋਈ ਲਹੈਂ।
ਤਬਿ ਮੇਰੇ ਸਿਖ ਹੋਇਂ ਬਿਸਾਲਾ। ਕਾਰ ਸਮਾਲਹਿਂ ਗੇ ਇਸ ਤਾਲਾ॥ ੪੧॥

ਜਦ ਮਸੰਦਾਂ ਦਾ ਨਾਸ਼ ਹੋ ਜਾਵੇਗਾ ਤੇ ਇਹ ਨਹੀਂ ਰਹਿਣਗੇ ਅਤੇ ਸੰਗਤ ਵਿਚ ਇਹ ਢੋਈ ਨਹੀਂ ਪਾਉਣਗੇ, ਭਾਵ ਸੰਗਤ ਇਨ੍ਹਾਂ ਨੂੰ ਮੂੰਹ ਨਹੀਂ ਲਾਵੇਗੀ, ਤਦ ਮੇਰੇ ਬਹੁਤ ਸਿੱਖ ਹੋਣਗੇ, ਉਹ ਇਸ ਸਰੋਵਰ ਦੀ ਕਾਰ-ਸੇਵਾ ਸੰਭਾਲਣਗੇ॥ ੪੧॥

ਈਂਟ ਸੁ ਚੂਨਾ ਅਧਿਕ ਲਗਾਵਹਿਂ। ਪਵਰੀ ਪਾਕੀ ਪਰਮ ਬਨਾਵਹਿਂ।
ਸਰ ਕੀ ਜਰਾਂ ਸਥਿਰ ਜੋ ਕਰੈਂ। ਅਪਨ ਸਥਿਰਤਾ ਕੋ ਸੋ ਭਰੈਂ॥ ੪੨॥

ਉਹ ਇੱਟਾਂ ਨੂੰ ਮਸਾਲਾ ਬਹੁਤ ਲਾਉਣਗੇ ਅਤੇ ਪੌੜੀਆਂ ਪਰਮ ਪੱਕੀਆਂ ਬਣਾਉਣਗੇ। ਜਿਸ ਤਰ੍ਹਾਂ ਉਹ ਸਰੋਵਰ ਦੀਆਂ ਜੜ੍ਹਾਂ ਪੱਕੀਆਂ ਕਰਨਗੇ, ਉਸ ਤਰ੍ਹਾਂ ਉਨ੍ਹਾਂ ਦੀਆਂ ਜੜ੍ਹਾਂ ਵੀ ਪੱਕੀਆਂ ਹੋਣਗੀਆਂ॥ ੪੨॥

ਦੰਭ ਮਸੰਦਨ ਕੀਨ ਜੁ ਤਾਲਾ। ਜੜ੍ਹ ਨ ਰਹੈ ਇਨਿ ਕੀ ਚਿਰਕਾਲਾ।
ਪੂਰਬ ਇਨ ਕੋ ਬ੍ਰਿੰਦ ਬਿਨਾਸੈ। ਪੁਨ ਸਰ ਢਹਿ ਕਰਿ ਬਨਹਿ ਪ੍ਰਕਾਸ਼ੈ॥ ੪੩॥

ਸਰੋਵਰ ਦੀ ਤਿਆਰੀ ਵਿਚ ਜਿਹੜਾ ਮਸੰਦਾਂ ਨੇ ਪਖੰਡ ਕੀਤਾ ਹੈ, ਉਸ ਕਾਰਨ ਇਨ੍ਹਾਂ ਦੀ ਜੜ੍ਹ ਹੁਣ ਜ਼ਿਆਦਾ ਚਿਰ ਤਕ ਨਹੀਂ ਲੱਗੀ ਰਹੇਗੀ। ਪਹਿਲਾਂ ਇਨ੍ਹਾਂ ਸਾਰੇ ਮਸੰਦਾਂ ਦਾ ਵਿਨਾਸ਼ ਹੋਵੇਗਾ, ਫਿਰ ਸਰੋਵਰ ਢਹਿ ਕੇ ਦੁਬਾਰਾ ਬਣੇਗਾ॥ ੪੩॥

ਹੋਨਹਾਰ ਇਨ ਤੇ ਕਰਿਵਾਵਹਿ। ਫਲ ਕੋ ਪਾਵਹਿਂ ਤਬਿ ਪਛੁਤਾਵਹਿਂ।
ਦੇਹਿ ਭਾਵਨੀ ਕੋ ਫਲੁ ਤਾਲ। ਅਬ ਕਹਾ ਕਹਿਨ ਬਨੈ ਇਨ ਨਾਲਾ॥ ੪੪॥

ਹੋਣਹਾਰ ਹੋਣੀ ਇਨ੍ਹਾਂ ਪਾਸੋਂ ਇਹ ਕੁਝ ਕਰਵਾ ਰਹੀ ਹੈ, ਇਸ ਦਾ ਉਲਟ ਫਲ ਪਾ ਕੇ ਫਿਰ ਇਹ ਪਛਤਾਉਣਗੇ। ਇਹ ਅੰਮ੍ਰਿਤ ਸਰੋਵਰ ਇਨ੍ਹਾਂ ਨੂੰ ਇਨ੍ਹਾਂ ਦੀ ਕੀਤੀ ਦਾ ਫਲ ਦੇਵੇਗਾ, ਹੁਣ ਇਨ੍ਹਾਂ ਨੂੰ ਕੀ ਕਹਿਣਾ ਬਣਦਾ ਹੈ"॥ ੪੪॥

*ਦੂਸਰੀ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

## *ਅਧਿਆਇ ਬਵੰਜਵਾਂ*

*ਵਾਹਿਗੁਰੂ ਆਪ ਸ੍ਰੋਵਰ ਦੀ ਕਾਰ ਕਰਨ ਆਇਆ*

ਦੋਹਰਾ-ਮੰਦ ਮਸੰਦਨ ਬ੍ਰਿੰਦ ਕੋ ਸ੍ਰਾਪ ਭਯੋ ਇਸ ਭਾਇ।
ਤਨ ਧਰਿ ਸ੍ਰੀ ਗੁਰ ਦਸਮੁ ਬਰ ਸਗਰੇ ਦਏ ਖਪਾਇ॥ ੧॥

ਮਾੜੀ ਮੱਤ ਵਾਲੇ ਮਸੰਦਾਂ ਨੂੰ ਇਸ ਪ੍ਰਕਾਰ ਗੁਰੂ ਜੀ ਨੇ ਸਰਾਪ ਦਿੱਤਾ, ਫਿਰ ਦਸਵਾਂ ਸਰੀਰ ਧਾਰਨ ਕਰਕੇ ਸਾਰਿਆਂ ਮਸੰਦਾਂ ਨੂੰ ਖਤਮ ਕਰ ਦਿੱਤਾ॥ ੧॥

ਬਲੀ ਤੁਰਕਪਤਿ ਕਾਬਲੀ ਇਸ ਥਲ ਦਲ ਚਲਿ ਆਇ।
ਸਰ ਸੋਪਾਨ ਉਖੇਰ ਕਰਿ ਪੂਰ ਦਿਯੋ ਸਭਿ ਥਾਇਂ॥ ੨॥

ਬਲਵਾਨ ਕਾਬਲੀ ਤੁਰਕਾਂ ਦਾ ਰਾਜਾ ਇਸ ਥਾਂ ਫੌਜਾਂ ਸਮੇਤ ਆਇਆ, ਉਸ ਆ ਕੇ ਸਾਰੀਆਂ ਪੌੜੀਆਂ ਉਖੇੜ ਕੇ ਸਰੋਵਰ ਨੂੰ ਭਰ ਦਿੱਤਾ॥ ੨॥

ਸਿੰਘ ਬ੍ਰਿੰਦ ਮਹਿਪਤਿ ਭਏ ਹਤੇ ਜਮਨ ਸਮੁਦਾਇ।
ਨੀਵ ਪੁਰਾਤਨ ਤਾਲ ਕੀ ਦੇਖਿ ਭਲੇ ਸੋ ਥਾਇਂ॥ ੩॥

ਫਿਰ ਸਿੰਘ ਸਮੂਹ ਵੀ ਰਾਜੇ ਮਹਾਰਾਜੇ ਹੋ ਗਏ, ਉਨ੍ਹਾਂ ਮਲੇਛਾਂ ਨੂੰ ਮਾਰ ਕੇ ਉਨ੍ਹਾਂ ਨੇ ਪੁਰਾਣੇ ਸਰੋਵਰ ਦੀ ਨੀਂਹ ਨੂੰ ਭਲੀ ਪ੍ਰਕਾਰ ਵੇਖਿਆ॥ ੩॥

ਕਰੀ ਸੁਪਾਨ ਚਿਨਾਇ ਪੁਨ ਚੂਨੋ ਸਰਬ ਲਗਾਇ।
ਤਿਮ ਸ੍ਰੀ ਹਰਿਮੰਦਰ ਕਰਯੋ ਕੰਚਨ ਰਤਨ ਖਚਾਇ॥ ੪॥

ਉਨ੍ਹਾਂ ਫਿਰ ਸਰੋਵਰ ਦੀਆਂ ਪੌੜੀਆਂ ਨਿਰੋਲ ਚੂਨਾ ਲਾ ਕੇ ਬਣਾਈਆਂ, ਉਸ ਤਰ੍ਹਾਂ ਹੀ ਹਰਿਮੰਦਰ ਸਾਹਿਬ ਨੂੰ ਸੋਨਾ ਅਤੇ ਰਤਨ ਜੜਵਾ ਕੇ ਬਣਵਾਇਆ॥ ੪॥

ਸੁਨੋ ਕਥਾ ਸਰ ਬਨਨ ਕੀ ਸ੍ਰੀ ਅਰਜਨ ਉਪਕਾਰ।
ਕਾਰ ਕਰਾਵਤਿ ਤੀਰ ਥਿਤ ਸ੍ਰੀ ਮੁਖ ਬਾਕ ਉਚਾਰਿ॥ ੫॥

ਸਰੋਵਰ ਬਣਨ ਦੀ ਕਥਾ ਸੁਣੋ, ਜਿਹੜਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਪਕਾਰ ਕੀਤਾ, ਸਰੋਵਰ ਦੇ ਕੰਢੇ ਤੇ ਬੈਠ ਕੇ ਮੁਖਵਾਕ ਦਾ ਉਚਾਰਨ ਕਰਕੇ ਸਰੋਵਰ ਦੀ ਕਾਰ-ਸੇਵਾ ਕਰਵਾਉਂਦੇ ਸਨ॥ ੫॥

ਅਨਗਨ ਨਰ ਕੀ ਭੀਰ ਹੈ ਚਾਰਹੁੰ ਦਿਸ਼ ਮਹਿਂ ਲਾਗ।
ਚਿਨਹਿਂ ਖਨਹਿਂ 'ਗੁਰੁ ਗੁਰੁ' ਭਨਹਿਂ ਭਜਨ ਭਗਤਿ ਬਡਭਾਗ॥੬॥

ਅਣਗਿਣਤ ਲੋਕਾਂ ਦੀ ਭੀੜ ਚਾਰੇ ਪਾਸੇ ਲੱਗੀ ਹੋਈ ਸੀ। ਚਿਣਾਈ ਕਰਦੇ ਅਤੇ ਮਿੱਟੀ ਪੁਟ ਕੇ 'ਗੁਰੂ ਗੁਰੂ' ਕਹਿੰਦੇ ਸਨ ਅਤੇ ਵੱਡੇ ਭਾਗਾਂ ਵਾਲੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦੇ ਸਨ॥ ੬॥

ਚੌਪਈ- ਸ੍ਰੀ ਲਛਮੀਪਤਿ ਏਕੰਕਾਰ। ਜਗ ਸਿਰਜਨ ਪਾਲਨ ਸੰਹਾਰ।
ਤੀਨ ਲੋਕ ਸੁਾਮੀ ਬਡਿ ਚੀਨ। ਦੀਨ ਦਯਾਲ ਨਿਜ ਭਗਤਿ ਅਧੀਨ॥੭॥

ਆਦਿ ਮਾਇਆ ਦੇ ਪਤੀ ਸ੍ਰੀ ਵਾਹਿਗੁਰੂ ਜੀ, ਜਿਹੜੇ ਜਗਤ ਨੂੰ ਸਿਰਜਣ ਵਾਲੇ, ਪਾਲਣ ਵਾਲੇ ਅਤੇ ਖਤਮ ਕਰਨ ਵਾਲੇ ਹਨ। ਤਿੰਨਾਂ ਲੋਕਾਂ ਦੇ ਵੱਡੇ ਸਵਾਮੀ ਜਿਹੜੇ ਦੀਨ ਦਿਆਲ ਸਦਾ ਆਪਣੇ ਭਗਤਾਂ ਦੇ ਅਧੀਨ ਰਹਿੰਦੇ ਹਨ॥ ੭॥

ਸੱਚ ਖੰਡ ਮਹਿਂ ਸਭਿ ਬਿਧਿ ਜਾਨੀ। ਅਪਨਿ ਸਮੀਪਨਿ ਸਾਥ ਬਖਾਨੀ।
'ਸ੍ਰੀ ਨਾਨਕ ਤਨ ਕੋ ਮੈਂ ਧਾਰਯੋ। ਨਰਕ ਪਰਨ ਤੇ ਨਰਨ ਉਬਾਰਯੋ॥੮॥

ਸੱਚਖੰਡ ਵਿਚ ਉਨ੍ਹਾਂ ਨੇ ਸਭ ਕੁਝ ਜਾਣ ਲਿਆ ਅਤੇ ਆਪਣੇ ਨਿਕਟਵਰਤੀਆਂ ਨੂੰ ਕਹਿਣ ਲੱਗੇ, "ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਨ ਧਾਰਨ ਕੀਤਾ ਸੀ, ਲੋਕਾਂ ਨੂੰ ਨਰਕਾਂ ਵਿਚ ਪੈਣ ਤੋਂ ਬਚਾਇਆ॥ ੮॥

ਅਬਿ ਸਰੂਪ ਪੰਚਮ ਤਿਨ ਕੇਰਾ। ਸ੍ਰੀ ਅਰਜਨ ਹਿਤ ਜਗਤ ਬਡੇਰਾ।
ਭਗਤੁ ਬੇਸ ਮਹਿਂ ਛਪਹਿ ਬਿਸਾਲੇ। ਚਾਹਤਿ ਭਗਤਿ ਪੰਥ ਕਹੁ ਪਾਲੇ॥੯॥

ਹੁਣ ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਉਨ੍ਹਾਂ ਦੇ ਅੰਦਰ ਜਗਤ ਵਾਸਤੇ ਬਹੁਤ ਸਨੇਹ ਹੈ। ਉਹ ਵਿਸ਼ਾਲ ਭਗਤ ਵੇਸ਼ ਵਿਚ ਛੁਪੇ ਹਨ ਤੇ ਭਗਤੀ ਪੰਥ ਦੀ ਪਾਲਣਾ ਕਰਨਾ ਚਾਹੁੰਦੇ ਹਨ॥ ੯॥

Sri Satguru Jagjit Singh Ji eLlibrary NamdhariElibrary@gmail.com

ਇਸ ਉਪਾਇ ਮਹਿਂ ਲਗਹਿਂ ਮਹਾਨਾ। ਖਿਰਹਿਂ ਸਦੀਵ ਨਰਨ ਕੱਲਜਾਨਾ।
ਸੁਧਾ ਸਰੋਵਰ ਕੋ ਸਿਰਜਾਵਤਿ। ਮਹਾਂ ਮਹਾਤਮ ਕੋ ਦਿਪਤਾਵਤਿ॥ ੧੦॥

ਇਸ ਉਪਾਅ ਵਿਚ ਉਹ ਵੱਡੀ ਪੱਧਰ ਤੇ ਲੱਗੇ ਹਨ, ਸਦਾ ਹੀ ਮਨੁੱਖਾਂ ਦੇ ਕਲਿਆਣ ਕਰਨ ਲਈ ਜੁਟੇ ਰਹਿੰਦੇ ਹਨ। ਉਹ ਇਕ ਅੰਮ੍ਰਿਤ ਸਰੋਵਰ ਬਣਾ ਰਹੇ ਹਨ, ਇਕ ਮਹਾਨ ਮਹਾਤਮ ਨੂੰ ਪ੍ਰਗਟ ਕਰਨ ਲੱਗੇ ਹਨ॥ ੧੦॥

ਕਰਜੋ ਚਹਤਿ ਵਿਚ ਸ੍ਰੀ ਹਰਿਮੰਦਰ। ਅਵਨੀਤਲ ਮਹਿਂ ਅਦਭੁਤ ਸੁੰਦਰ।
ਜਿਸ ਮਹਿਂ ਭਜਨ ਪ੍ਰਵਿਰਤਹਿ ਮਹਾਂ। ਚਹੁੰ ਦਿਸ਼ ਕੇ ਨਰ ਨੰਮ੍ਰਹਿਂ ਤਹਾਂ॥੧੧॥

ਉਸ ਸਰੋਵਰ ਦੇ ਦਰਮਿਆਨ ਸ੍ਰੀ ਹਰਿਮੰਦਰ ਸਾਹਿਬ ਬਣਾਉਣਾ ਚਾਹੁੰਦੇ ਹਨ, ਜਿਹੜਾ ਸਾਰੀ ਧਰਤੀ ਤੇ ਅਦਭੁਤ ਸੁੰਦਰ ਹੋਵੇਗਾ। ਜਿਸ ਵਿਚ ਮਹਾਨ ਭਜਨ ਕੀਰਤਨ ਹੋਵੇਗਾ, ਚਾਰੇ ਪਾਸਿਆਂ ਤੋਂ ਨਰ ਆ ਕੇ ਬੰਦਨਾ ਕਰਨਗੇ॥ ੧੧॥

ਭਗਤਿ ਨਿਰੰਤਰ ਅੰਤਰ ਹੋਇ। ਮੋਕਹੁ ਸਿਮਰਹਿਂ ਗੇ ਸਭਿ ਕੋਇ।
ਦੰਭ ਬਿਹੀਨੇ ਪ੍ਰੇਮ ਪ੍ਰਬੀਨ। ਹੋਹਿਂ ਕੀਰਤਨ ਮੈਂ ਲਿਵਲੀਨ॥ ੧੨॥

ਉਸ ਦੇ ਅੰਦਰ ਨਿਰੰਤਰ ਭਗਤੀ ਹੋਵੇਗੀ, ਸਾਰੇ ਲੋਕ ਮੇਰੇ ਨਾਮ ਦਾ ਸਿਮਰਨ ਕਰਨਗੇ। ਪਖੰਡ-ਰਹਿਤ ਅਤੇ ਉੱਤਮ ਪ੍ਰੇਮ ਨਾਲ ਭਰੇ ਕੀਰਤਨ ਵਿਚ ਲਿਵਲੀਨ ਹੋ ਜਾਣਗੇ॥ ੧੨॥

ਮੋਕਹੁ ਸਦਾ ਭਗਤਿ ਹੈ ਪਜਾਰੀ। ਰਹੌਂ ਬਨਜੋ ਜਨ ਕੇ ਅਨੁਸਾਰੀ।
ਭਗਤਿ ਭੇਖ ਧਰਿ ਬਿਦਤਜੋ ਜੈਸੇ। ਭਗਤਿ ਬਸੀ ਦਿਖਰਾਵੌਂ ਤੈਸੇ॥ ੧੩॥

ਮੈਨੂੰ ਸਦਾ ਭਗਤੀ ਪਿਆਰੀ ਹੈ, ਮੈਂ ਸਦਾ ਉਨ੍ਹਾਂ ਦੇ ਅਨੁਸਾਰ ਹੀ ਰਹਿੰਦਾ ਹਾਂ। ਭਗਤੀ ਭੇਸ ਧਾਰ ਕੇ ਜਿਵੇਂ ਪ੍ਰਗਟ ਹੋਈ ਹੋਵੇ, ਭਗਤਾਂ ਦੇ ਅਧੀਨ ਹੋਇਆ ਮੈਂ ਇਸ ਤਰ੍ਹਾਂ ਵਿਖਾਵਾਂਗਾ॥ ੧੩॥

ਅਬਿ ਮੈਂ ਸਰ ਕੀ ਕਾਰ ਕਮਾਵੌਂ। ਛਪਨ ਹੇਤ ਬਪੁ ਕੋ ਪਲਟਾਵੋ'।
ਇਮ ਕਹਿ ਕਰਿ ਮਧਸੂਦਨ ਮਾਧੋ। ਬਨ ਮਜੂਰ ਤਨ ਕਟ ਪਟ ਬਾਧੋ॥ ੧੪॥

ਹੁਣ ਮੈਂ ਆਪ ਜਾ ਕੇ ਸਰੋਵਰ ਦੀ ਕਾਰ-ਸੇਵਾ ਕਰਦਾ ਹਾਂ, ਛੁਪਣ ਹਿਤ ਮੈਂ ਆਪਣੇ ਰੂਪ ਨੂੰ ਪਲਟਾ ਲਵਾਂਗਾ" ਇਸ ਤਰ੍ਹਾਂ ਕਹਿ ਕੇ ਵਾਹਿਗੁਰੂ ਨੇ ਇਕ ਮਜ਼ਦੂਰ ਦਾ ਸਰੀਰ ਧਾਰਨ ਕਰ ਲਿਆ ਤੇ ਆਪਣੇ ਲੱਕ ਨੂੰ ਪਰਨਾ ਬੰਨ੍ਹ ਲਿਆ॥ ੧੪॥

ਕਹੀ ਕੰਧ ਖਨਿਬੇ ਹਿਤ ਧਾਰੀ। ਗਹੀ ਟੋਕਰੀ ਹਾਥ ਮਝਾਰੀ।
ਮਹਿਮਾ ਭਗਤਨਿ ਕੀ ਬਡਕਾਰਨ। ਬਸੀ ਪ੍ਰੇਮ ਅਪਨ ਪੋ ਦਿਖਾਰਨ॥ ੧੫॥

ਮਿੱਟੀ ਪੁਟਣ ਵਾਸਤੇ ਇਕ ਕਹੀ ਨੂੰ ਮੋਢਿਆਂ ਤੇ ਧਰ ਲਿਆ ਅਤੇ ਹੱਥ ਵਿਚ ਇਕ ਟੋਕਰੀ ਫੜ ਲਈ। ਭਗਤਾਂ ਦੀ ਮਹਿਮਾ ਵਡਿਆਉਣ ਲਈ ਅਤੇ ਆਪਣਾ ਆਪ ਭਗਤਾਂ ਦੇ ਪ੍ਰੇਮ ਵੱਸ ਵਿਖਾਉਣ ਲਈ॥ ੧੫॥

ਜਗਤ ਕੰਤ ਜਗ ਗੁਰ ਪੁਰਿ ਆਏ। ਮਿਲੇ ਮਜੂਰਨਿ ਕਾਰ ਕਮਾਏ।
ਬ੍ਰਹਮਾਦਿਕ ਸ਼ਿਵ ਕੋ ਸੁਧਿ ਹੋਈ। ਕੌਤਕ ਪਿਖਨ ਦੇਵ ਸਭਿ ਕੋਈ॥ ੧੬॥

ਜਗਤ ਦੇ ਮਾਲਕ ਜਗਤ ਗੁਰੂ ਦੀ ਪੁਰੀ ਵਿਚ ਆਏ ਤੇ ਮਜ਼ਦੂਰਾਂ ਨਾਲ ਮਿਲ ਕੇ ਕਾਰ-ਸੇਵਾ ਕਰਨ ਲੱਗੇ। ਬ੍ਰਹਮਾ ਆਦਿ ਸ਼ਿਵਜੀ ਨੂੰ ਜਦ ਇਹ ਪਤਾ ਲੱਗਾ ਤਾਂ ਕੌਤਕ ਵੇਖਣ ਵਾਸਤੇ ਸਾਰੇ ਦੇਵਤੇ॥ ੧੬॥

'ਜੈ ਜੈ' ਭਨਤਿ ਗਗਨ ਮਹਿਂ ਆਏ। ਅਦਭੁਤ ਗਤਿ ਦੇਖਤਿ ਸੁਰ ਛਾਏ।
ਬਿਸਮਤਿ ਚਿਤ ਨਿਜ ਬਿਖੈ ਬਖਾਨੇ।'ਇਨ ਕੇ ਚਲਿਤ ਇਹੀ ਪ੍ਰਭੁ ਜਾਨੈਂ॥੧੭॥

'ਜੈ ਜੈ' ਕਹਿੰਦੇ ਅਕਾਸ਼ ਵਿਚ ਆਏ, ਅਦਭੁਤ ਗਤੀ ਵੇਖਣ ਵਾਸਤੇ ਅਕਾਸ਼ ਵਿਚ ਛਾ ਗਏ। ਬੜੇ ਹੈਰਾਨ ਹੋ ਕੇ ਆਪਸ ਵਿਚ ਕਹਿਣ ਲੱਗੇ, "ਇਨ੍ਹਾਂ ਦੇ ਚਰਿੱਤਰ ਇਹੀ ਪ੍ਰਭੂ ਜਾਣਦੇ ਹਨ॥ ੧੭॥

ਨਿਜ ਪ੍ਰੀਤਮ ਕੇ ਨਿਤ ਹਿਤਕਾਰੀ। ਬਿਦਤਾਵਤਿ ਇਮਿ ਜਗਤ ਮਝਾਰੀ।
ਭਗਤ ਸਰੂਪ ਏਕ ਭਵ ਧਾਰਾ। ਦੁਤੀਏ ਸੋ ਬਸਿ ਰਹਿਨ ਦਿਖਾਰਾ॥ ੧੮॥

ਆਪਣੇ ਪਿਆਰੇ ਦੇ ਸਦਾ ਹੀ ਹਿਤੂ ਬਣੇ ਰਹਿੰਦੇ ਹਨ, ਇਸ ਤਰ੍ਹਾਂ ਜਗਤ ਵਿਚ ਪ੍ਰਗਟ ਹੁੰਦੇ ਰਹਿੰਦੇ ਹਨ। ਸੰਸਾਰ ਵਿਚ ਪਹਿਲਾਂ ਇਕ ਭਗਤ ਸਰੂਪ ਧਾਰਿਆ ਹੈ। ਦੂਸਰਾ ਸਰੂਪ ਭਗਤ ਦੇ ਅਧੀਨ ਰਹਿਣ ਵਾਲਾ ਪ੍ਰਗਟ ਕੀਤਾ ਹੈ॥ ੧੮॥

ਭਗਤਿ ਕਬੀਰ ਨਿਕੇਤ ਸਿਧਾਏ। ਬਨਿ ਬਨਜਾਰਾ ਖੇਪ ਚਲਾਏ।
ਨਾਮ ਦੇਵ ਕੋ ਛਾਪਰ ਛਾਯੋ। ਭਗਤਨਿ ਵਤਸਲ ਬਿਰਦ ਦਿਖਾਯੋ॥ ੧੯॥

ਭਗਤ ਕਬੀਰ ਜੀ ਦੇ ਘਰ ਗਏ ਸਨ ਅਤੇ ਵਣਜਾਰਾ ਬਣ ਕੇ ਵਣਜ ਚਲਾਈ ਸੀ। ਨਾਮਦੇਵ ਨੂੰ ਛੱਤਰ ਛੱਤ ਕੇ ਦਿੱਤਾ ਸੀ। ਭਗਤਾਂ ਦੇ ਵੱਸ ਵਿਚ ਰਹਿਣਾ ਸਦਾ ਆਪਣਾ ਧਰਮ ਵਿਖਾਇਆ ਹੈ॥ ੧੯॥

ਫੇਰਿ ਦੇਹੁਰਾ ਗਊ ਜਿਵਾਈ। ਮੁਗਲ ਰੂਪ ਧਰਿ ਮਿਲੇ ਗੁਸਾਈਂ।
ਗਏ ਸੈਨ ਕੇ ਤਨ ਧਰਿ ਨਾਈ। ਪ੍ਰੀਤਮੁ ਹਿਤ ਨ੍ਰਿਪ ਸੇਵ ਕਮਾਈ॥ ੨੦॥

ਮੰਦਰ ਨੂੰ ਫੇਰਿਆ ਅਤੇ ਮਰੀ ਹੋਈ ਗਊ ਨੂੰ ਜੀਵਤ ਕੀਤਾ, ਮੁਗਲ ਰੂਪ ਧਾਰ ਪ੍ਰਭੂ ਮਿਲੇ। ਸੈਨ ਦੀ ਖਾਤਰ ਨਾਈ ਦਾ ਰੂਪ ਧਾਰ ਕੇ ਰਾਜੇ ਪਾਸ ਗਏ, ਆਪਣੇ ਪਿਆਰੇ ਸੈਨ ਵਾਸਤੇ ਰਾਜੇ ਦੀ ਸੇਵਾ ਕੀਤੀ॥ ੨੦॥

ਕੌਨ ਕੌਨ ਇਨ ਕਰਮ ਗਿਨੀਜੈ। ਬਸਿ ਭਗਤਨ ਕੇ ਸਦਾ ਲਖੀਜੈ।
ਕਹੀ ਗਹੀ ਕਰ ਪ੍ਰਭੁ ਸਮਰੱਥ। ਧਰੀ ਟੋਕਰੀ ਦੂਸਰ ਹੱਥ॥ ੨੧॥

ਕਿਹੜਾ ਕਿਹੜਾ ਇਨ੍ਹਾਂ ਦਾ ਕਰਮ ਗਿਣੀਏ, ਸਦਾ ਹੀ ਭਗਤਾਂ ਦੇ ਵੱਸ ਵਿਚ ਰਹਿੰਦੇ ਹਨ।" ਸਮਰੱਥ ਪ੍ਰਭੂ ਨੇ ਇਕ ਕਹੀ ਫੜ ਲਈ ਅਤੇ ਟੋਕਰੀ ਦੂਸਰੇ ਹੱਥ ਵਿਚ ਫੜ ਲਈ॥ ੨੧॥

ਹਰਿਮੰਦਰ ਜਿਸ ਥਲ ਚਿਨਵਾਇ। ਖਨਨ ਲਗੇ ਮ੍ਰਿਤਕਾ ਤਹਿਂ ਜਾਇ।
ਕਾਰ ਨਿਕਾਸਹਿਂ ਵਹਿਰ ਗਿਰਾਈ। ਦੇਖਤਿ ਭਏ ਦੇਵ ਸਮੁਦਾਈ॥ ੨੨॥

ਜਿਸ ਸਥਾਨ ਤੇ ਹਰਿਮੰਦਰ ਦੀ ਇਮਾਰਤ ਦੀ ਉਸਾਰੀ ਹੋਈ ਹੈ ਉਸ ਥਾਂ ਤੋਂ ਜਾ ਕੇ ਮਿੱਟੀ ਪੁੱਟਣ ਲੱਗ ਗਏ। ਮਿੱਟੀ ਕੱਢ ਕੇ ਬਾਹਰ ਸੁਟਦੇ ਸਨ, ਸਾਰੇ ਦੇਵਤੇ ਵੇਖ ਰਹੇ ਸਨ॥ ੨੨॥

ਪਲਟਿ ਪਲਟਿ ਅਪਨੋ ਤਨ ਸਾਰੇ। ਆਇ ਲਗੇ ਸਗਰੇ ਸਰ ਕਾਰੇ।
ਤਿਨ ਕੋ ਪ੍ਰੇਰਤਿ ਕਾਰ ਕਰਾਵਹਿਂ। ਕਹਿ ਸਭਿ ਸੋਂ ਉਤਸਾਹ ਬਧਾਵਹਿਂ॥੨੩॥

ਸਾਰੇ ਦੇਵਤੇ ਆਪਣੇ ਸਰੂਪ ਬਦਲ ਬਦਲ ਕੇ ਸਰੋਵਰ ਦੀ ਕਾਰ ਸੇਵਾ ਵਿਚ ਆ ਲੱਗੇ। ਉਨ੍ਹਾਂ ਨੂੰ ਪ੍ਰੇਰ ਕੇ ਕਾਰ ਕਰਵਾਉਂਦੇ ਸਨ, ਸਾਰਿਆਂ ਨੂੰ ਕਹਿ ਕੇ ਉਨ੍ਹਾਂ ਦਾ ਉਤਸ਼ਾਹ ਵਧਾਉਂਦੇ ਸਨ॥ ੨੩॥

ਛਿਨਿਕ ਮਾਤ੍ਰ ਮਹਿਂ ਮਾਟੀ ਪਾਟੀ। ਸਭਿ ਨਿਕਾਸ ਕਰਿ ਬਾਹਰ. ਸਾਟੀ।
ਸ਼੍ਰੀ ਅਰਜਨ ਕਰ ਨਿਰਨੈ ਹੇਰੈਂ। 'ਆਜ ਕਾਰ ਕੋ ਕਰਹਿ ਘਨੇਰੇ ?॥ ੨੪॥

ਇਕ ਮਾਤਰਾ ਵਿਚ ਮਿੱਟੀ ਪੁੱਟੀ ਤੇ ਸਾਰੀ ਕੱਢ ਕੇ ਬਾਹਰ ਸੁੱਟ ਦਿਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨਿਰਣੇ ਕਰਕੇ ਵੇਖ ਰਹੇ ਸਨ ਅਤੇ ਸੋਚ ਰਹੇ ਸਨ ਕਿ ਅੱਜ ਕਾਰ-ਸੇਵਾ ਬੜੀ ਵੱਡੀ ਪੱਧਰ ਤੇ ਕਿਉਂ ਹੋ ਰਹੀ ਹੈ ?॥ ੨੪॥

ਸੰਗਤਿ ਨਹੀਂ ਕਹੂੰ ਤੇ ਆਈ। ਜਿਤ ਕਿਤ ਦੀਖਤਿ ਜਨ ਸਮੁਦਾਈ।
ਬੇਸ ਅਨੂਪਮ ਅਦਭੁਤ ਕ੍ਰਾਂਤਿ। ਕਰਤਿ ਕਾਰ ਕੋ ਸ਼ੋਭਤਿ ਗਾਤਿ'॥ ੨੫॥

ਬਾਹਰੋਂ ਸੰਗਤ ਵੀ ਹੋਰ ਨਹੀਂ ਆਈ ਹੈ, ਜਿਥੇ ਕਿਥੇ ਮਨੁੱਖ ਹੀ ਮਨੁੱਖ ਵਿਖਾਈ ਦੇ ਰਹੇ ਹਨ, ਇਨ੍ਹਾਂ ਦਾ ਅਨੂਪਮ ਭੇਸ ਹੈ ਤੇ ਅਦਭੁਤ ਸਰੂਪ ਹੈ ਅਤੇ ਕਾਰ ਸੇਵਾ ਵੀ ਸਭੀ ਸੁਖ ਗਤੀ ਨਾਲ ਕਰ ਰਹੇ ਹਨ॥ ੨੫॥

ਸ੍ਵੈਯਾ- ਸ੍ਰੀ ਗੁਰ ਦੇਵ ਬਿਚਾਰਿ ਨਿਹਾਰਤਿ 'ਹੈ ਸਭਿ ਮਹਿਂ ਇਕ ਸੁੰਦਰ ਡੀਲਾ।
ਚਾਰੁ ਬਿਲੋਚਨ ਸੋਚ ਬਿਮੋਚਤਿ, ਪ੍ਰੇਰਤਿ ਹੈ ਸਭਿਹੂਨਿ ਛਬੀਲਾ।
ਬ੍ਰਿੰਦ ਅਦਾਇਬ ਰਾਖਤਿ ਹੈਂ, ਅਭਿਲਾਖਤਿ ਭਾਖਤਿ ਹੈਂ ਗੁਨ ਸ਼ੀਲਾ।
ਔਰ ਨਹੀਂ ਜਗਮੌਰ ਇਹੀ ਇਸੁ ਠੌਰ ਬਿਖੈ ਦਿਖਰਾਵਤਿ ਲੀਲਾ ॥੨੬॥

ਗੁਰੂ ਜੀ ਇਸ ਤਰ੍ਹਾਂ ਵਿਚਾਰ ਕੇ ਵੇਖਦੇ ਹਨ, ਉਨ੍ਹਾਂ ਸਾਰਿਆਂ ਵਿਚ ਇਕ ਸੁੰਦਰ ਡੀਲ-ਡੌਲ ਵਾਲਾ ਵਿਅਕਤੀ ਸੀ, ਸੰਦਰ ਨੈਣ, ਸੋਚ-ਰਹਿਤ ਅਤੇ ਸਾਰਿਆਂ ਨੂੰ ਉਹ ਛੈਲ ਛਬੀਲਾ ਪ੍ਰੇਰਤ ਕਰ ਰਿਹਾ ਸੀ। ਸਾਰੇ ਅਦਬ ਕਰਦੇ ਸਨ ਅਤੇ ਆਪਣੀਆਂ ਅਭਿਲਾਸ਼ਾਵਾਂ ਕਹਿ ਰਹੇ ਸਨ। ਜਗਤ ਵਿਚ ਇਸ ਤਰ੍ਹਾਂ ਦਾ ਕੋਈ ਸ਼੍ਰੋਮਣੀ ਨਹੀ ਹੈ ਜਿਹੜਾ ਇਸ ਪ੍ਰਕਾਰ ਦੀ ਲੀਲ੍ਹਾ ਵਿਖਾ ਸਕੇ॥ ੨੬॥

ਲਘੁ ਕਾਲ ਮੈਂ ਕਾਰ ਬਿਸਾਲ ਕਰੀ ਥਲ ਜਾਂਹਿ ਬਿਖੈ ਚਿਨਿਬੋ ਹਰਿਮੰਦਿਰ।
ਮ੍ਰਿਤਕਾ ਤਹਿਂ ਤੇ ਕਰਿ ਤੂਰਨਤਾ ਨਿਕਸਾਇ ਲਈ ਸਗਰੀ ਸਰ ਅੰਦਰ।
ਜਸੁ ਭਾਖਿ ਮਹਾਤਮ ਆਨਨ ਤੇ ਕਰਵਾਵਤਿ ਹੈਂ ਕਰ ਤੇ ਤਨ ਸੁੰਦਰ।
ਇਕ ਆਵਤਿ ਹੈਂ,ਇਕ ਜਾਤਿ ਨਿਕਾਸਤਿ ਸ੍ਰੀਗੁਰ ਦੇਖਤਿ ਭੇ ਕਰਿ ਨੰਦਰ॥੨੭॥

ਥੋੜ੍ਹੇ ਸਮੇਂ ਵਿਚ ਉਸ ਥਾਂ ਵਿਸ਼ਾਲ ਕਾਰ-ਸੇਵਾ ਕੀਤੀ ਹੈ, ਜਿਥੇ ਕਿ ਅਸੀਂ ਹਰਿਮੰਦਰ ਦੀ ਉਸਾਰੀ ਕਰਨੀ ਹੈ। ਸਾਰੇ ਸਰੋਵਰ ਵਿਚ ਉਸ ਸਥਾਨ ਤੋਂ ਬਹੁਤ ਛੇਤੀ ਮਿੱਟੀ ਕੱਢ ਲਈ ਹੈ। ਮੁੱਖ ਨਾਲ ਮਹਾਤਮ ਦਾ ਜੱਸ ਕਹਿ ਰਹੇ ਹਨ ਅਤੇ ਹੱਥਾਂ ਨਾਲ ਕਾਰ ਸੇਵਾ ਕਰ ਰਹੇ ਹਨ। ਬਹੁਤ ਸੁੰਦਰ ਸਰੀਰ ਹੈ। ਇਕ ਆਉਂਦਾ ਹੈ, ਇਕ ਜਾਂਦਾ ਹੈ। ਮਿੱਟੀ ਕੱਢ ਰਹੇ ਹਨ, ਗੁਰੂ ਜੀ ਨਿਗਾਹ ਕਰਕੇ ਵੇਖ ਰਹੇ ਹਨ॥ ੨੭॥

'ਚਿਤ ਚੌਪ ਧਰੀ ਸੁਰ ਗੋਪ ਅਹੈਂ ਪਲਟੇ ਤਨਾ' ਜਾਨਿ ਗੁਰੂ 'ਚਲਿ ਆਏ'।
ਜਿਮਿ ਸੂਰਜ ਬਾਲ ਬਿਲੋਕਤਿ ਹੀ ਅਰਬਿੰਦ ਬਿਲੋਚਨ ਦ੍ਵੈ ਬਿਕਸਾਏ।
ਬਰ ਡੀਠ ਮਿਲੀ ਜੁਗ ਮੂਰਤ ਕੀ ਇਕ ਜੋਤਿ ਸ੍ਰਬੋਤਮ ਹੀ ਉਮਹਾਏ।
ਅਵਲੋਕਤਿ ਕੀਰਤਿ ਕੋ ਬਰਨੈਂ ਭੁਨਸਾਰ ਸਮੈਂ ਬਿਚ ਰਾਗ ਸੁਹਾਏ ॥੨੮॥

ਗੁਰੂ ਜੀ ਇਹ ਜਾਣ ਕੇ ਕਿ ਇਹ ਸਾਰੇ ਛਿਪੇ ਹੋਏ ਦੇਵਤੇ ਹਨ ਤਾਂ ਚਲ ਕੇ ਓਥੇ ਆ ਗਏ। ਜਿਵੇਂ ਚੜ੍ਹਦੇ ਸੂਰਜ ਨੂੰ ਵੇਖਦੇ ਹੀ ਕੰਵਲ ਫੁੱਲ ਖਿੜ ਜਾਂਦੇ ਹਨ, ਇਸ ਤਰ੍ਹਾਂ ਵੇਖ ਕੇ ਗੁਰੂ ਜੀ ਦੇ ਦੋਵੇਂ ਕੰਵਲ ਨੈਣ ਖਿੜ ਗਏ। ਪ੍ਰਭੂ ਜੀ ਦੀ ਇਕ ਜੋਤ ਸਰੂਪ ਨੂੰ ਵੇਖ ਕੇ ਗੁਰੂ ਜੀ ਬਹੁਤ ਉਮਾਹ ਵਿਚ ਆ ਗਏ। ਵੇਖਦਿਆਂ ਹੀ ਉਨ੍ਹਾਂ ਦੀ ਕੀਰਤੀ ਦਾ ਸੁਹਾਵਣੇ ਰਾਗ ਵਿਚ ਸਵੇਰ ਦੇ ਸਮੇਂ ਵਰਣਨ ਕੀਤਾ॥ ੨੮॥

ਦੋਹਰਾ-ਸੂਹੀ ਰਾਗ ਸੁ ਛੰਤ ਕਰਿ ਜੁਕਤਿ ਬਿਲਾਵਲੁ ਗਾਇ।
ਅਪਨ ਅਨੰਦ ਬਿਲੰਦ ਕੋ ਦਿਯੋ ਜਨਾਇ ਸੁਨਾਇ॥ ੨੯॥

ਸੂਹੀ ਰਾਗ ਵਿਚ ਸ੍ਰੇਸ਼ਟ ਛੰਤ ਬਣਾ ਕੇ ਬਿਲਾਵਲੁ ਰਾਗ ਨਾਲ ਮਿਲ ਕੇ ਗਾਇਆ। ਆਪਣੇ ਮਹਾਨ ਆਨੰਦ ਨੂੰ ਸੁਣਾ ਕੇ ਪ੍ਰਭੂ ਨੂੰ ਆਪਣੀ ਪ੍ਰਸੰਨਤਾ ਜਿਤਾ ਦਿੱਤੀ॥ ੨੯॥

*ਸੂਹੀ ਮਹਲਾ ੫॥*

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥
ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥ ੨ ॥
ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ ੩ ॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥
ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥
ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥
ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥ ੪ ॥ ੭ ॥ ੧੦ ॥

(ਪੰਨਾ ੭੮੩)

ਵਾਹਿਗੁਰੂ ਆਪ ਹੀ ਸੰਤਾਂ ਦਾ ਕੰਮ ਕਰਨ ਲਈ ਖੜਾ ਹੋਇਆ ਹੈ ਅਤੇ ਆਪੇ ਹੀ ਉਨ੍ਹਾਂ ਦਾ ਕੰਮ ਕਰਵਾਉਣ ਲਈ ਆਇਆ ਹੈ। ਸੁੰਦਰ ਧਰਤੀ ਸੁੰਦਰ ਸਰੋਵਰ ਤੇ ਅੰਦਰ ਅੰਮ੍ਰਿਤ ਸਰੂਪ ਪਾਣੀ ਭਰਿਆ ਹੋਇਆ ਹੈ। ਅੰਮ੍ਰਿਤ ਰੂਪੀ ਪਾਣੀ ਸਰੋਵਰ ਨੂੰ ਪਰੀਪੂਰਨ ਕਰ ਰਿਹਾ ਹੈ। ਮੇਰਾ ਕੰਮ ਪੂਰਾ ਹੋ ਗਿਆ ਹੈ ਅਤੇ ਮੇਰੇ ਸਾਰੇ ਮਨੋਰਥ ਸੰਪੂਰਣ ਹੋ ਗਏ ਹਨ। ਪੂਰਨ ਪੁਰਖ, ਅਹਿਲ ਅਤੇ ਅਮਰ ਸਾਹਿਬ ਦੀ ਕੀਰਤੀ ਵੇਦ ਪੁਰਾਣ ਗਾਇਣ ਕਰਦੇ ਹਨ। ਵਾਹਿਗੁਰੂ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ ਅਤੇ ਨਾਨਕ ਨੇ ਸਾਹਿਬ ਦਾ ਨਾਂ ਸਿਮਰਨ ਕੀਤਾ ਹੈ॥ ੧॥

ਕਰਤਾਰ ਨੇ ਮੈਨੂੰ ਨੌਂ ਖਜ਼ਾਨੇ ਅਤੇ ਸਿੱਧੀਆਂ ਰਿੱਧੀਆਂ ਦਿੱਤੀਆਂ ਹਨ ਅਤੇ ਮੈਨੂੰ ਕਿਸੇ ਗੱਲ ਦੀ ਘਾਟ ਨਹੀਂ ਰਹੀ। ਖਾਂਦਿਆਂ, ਖਰਚ ਕਰਦਿਆਂ ਅਤੇ ਮੌਜਾਂ ਮਾਣਦਿਆਂ ਮੈਂ ਸੁਖ ਪ੍ਰਾਪਤ ਕੀਤਾ ਹੈ। ਕਰਤਾਰ ਦੀਆਂ ਬਖਸ਼ਿਸ਼ਾਂ ਸਦਾ ਹੀ ਵਧਦੀਆਂ ਜਾਂਦੀਆਂ ਹਨ।

ਉਸ ਦੀਆਂ ਬਖਸ਼ਿਸ਼ਾਂ ਵਧਦੀਆਂ ਹੀ ਜਾਂਦੀਆਂ ਹਨ ਅਤੇ ਮੁਕਦੀਆਂ ਨਹੀਂ ਹਨ ਅਤੇ ਮੈਂ ਅੰਤਰਜਾਮੀ ਪ੍ਰਭੂ ਨੂੰ ਪਾ ਲਿਆ ਹੈ। ਕਰੋੜਾਂ ਹੀ ਔਕੜਾਂ ਸਨ, ਸਾਰੀਆਂ ਦੂਰ ਹੋ ਗਈਆਂ ਹਨ, ਕੋਈ ਵੀ ਦੁਖ ਮੇਰੇ ਨੇੜੇ ਨਹੀਂ ਆਉਂਦਾ। ਸ਼ਾਂਤੀ, ਅਡੋਲਤਾ ਅਤੇ ਬਹੁਤ ਆਨੰਦ ਮੈਨੂੰ ਪ੍ਰਾਪਤ ਹੋਇਆ ਹੈ ਅਤੇ ਮੇਰੀ ਸਾਰੀ ਭੁੱਖ ਮਿਟ ਗਈ ਹੈ। ਨਾਨਕ ਸਵਾਮੀ ਦੇ ਗੁਣ ਗਾਉਂਦਾ ਹੈ, ਜਿਸ ਦੀ ਵਡਿਆਈ ਅਸਚਰਜ ਹੈ। ਜਿਸ ਦਾ ਇਹ ਕੰਮ ਸੀ, ਉਸ ਨੇ ਖੁਦ ਹੀ ਇਸ ਨੂੰ ਪੂਰਾ ਕੀਤਾ ਹੈ, ਮਨੁੱਖ ਵਿਚਾਰਾ ਕੀ ਕਰ ਸਕਦਾ ਹੈ॥ ੨॥

ਭਗਤ ਵਾਹਿਗੁਰੂ ਦੇ ਗੁਣ ਗਾਉਣ ਨਾਲ ਸਦਾ ਸੁੰਦਰ ਲੱਗਦੇ ਹਨ ਅਤੇ ਸਦਾ ਉਸ ਦੀ ਜੈ ਜੈਕਾਰ ਕਰਦੇ ਹਨ।

ਗੋਬਿੰਦ ਦੀਆਂ ਸਿਫਤਾਂ ਗਾਉਣ ਅਤੇ ਸਤਸੰਗਤ ਨਾਲ ਪ੍ਰੇਮ ਕਰਨ ਨਾਲ ਅਨੰਦ ਪੈਦਾ ਹੁੰਦਾ ਹੈ।

ਜਿਸ ਨੇ ਸਰੋਵਰ ਬਣਾਉਣ ਦਾ ਉਪਰਾਲਾ ਕੀਤਾ ਹੈ, ਉਸ ਦੀ ਉਸਤਤੀ ਇਸ ਤਰ੍ਹਾਂ, ਕਿਸ ਤਰ੍ਹਾਂ ਗਿਣੀ ਜਾ ਸਕਦੀ ਹੈ ? ਅਠਾਹਠ ਤੀਰਥਾਂ, ਪੁੰਨ ਦਾਨਾਂ, ਚੰਗਿਆਂ ਕਰਮਾਂ ਅਤੇ ਪਵਿੱਤਰ ਅਮਲਾਂ ਦਾ ਮਹਾਤਮ ਇਸ ਸਰੋਵਰ ਵਿਚ ਇਸ਼ਨਾਨ ਕਰਨ ਅੰਦਰ ਹੈ।

ਪਾਪੀਆਂ ਨੂੰ ਪਵਿੱਤਰ ਕਰਨਾ ਸੁਆਮੀ ਦਾ ਧਰਮ ਹੈ, ਨਾਨਕ ਦਾ ਆਧਾਰ ਕੇਵਲ ਸ਼ਬਦ ਹੈ॥ ੩॥

ਮੇਰਾ ਪ੍ਰਭੂ ਨੇਕੀਆਂ ਦਾ ਖਜ਼ਾਨਾ ਹੈ, ਹੇ ਪ੍ਰਭੂ ! ਮੈਂ ਤੇਰੀਆਂ ਕਿਹੜੀਆਂ ਸਿਫਤਾਂ ਉਚਾਰਨ ਕਰਾਂ ?

ਹੇ ਪ੍ਰਭੂ ! ਸੰਤਾਂ ਦੀ ਬੇਨਤੀ ਹੈ ਕਿ ਸਾਨੂੰ ਆਪਣੇ ਨਾਮ ਦਾ ਪਰਮ ਅੰਮ੍ਰਿਤ ਦੇਵੋ।

ਸਾਨੂੰ ਆਪਣੇ ਨਾਮ ਦੀ ਦਾਤ ਬਖਸ਼ੋ ਤੇ ਸਾਥੋਂ ਇਕ ਖਿਣ ਲਈ ਵੀ ਨਾ ਵਿਸਰੋ।

ਹੇ ਮੇਰੀ ਜੀਭਾ ! ਤੂੰ ਸਾਹਿਬ ਦੀਆਂ ਸਿਫਤਾਂ ਉਚਾਰਨ ਕਰ ਅਤੇ ਹਮੇਸ਼ਾ ਹੀ ਰਾਤ ਦਿਨ ਉਨ੍ਹਾਂ ਨੂੰ ਗਾਇਣ ਕਰਦੀ ਰਹੋ। ਜਿਸ ਦੀ ਨਾਮ ਨਾਲ ਪ੍ਰੀਤ ਲੱਗ ਜਾਂਦੀ ਹੈ, ਉਸ ਦਾ ਤਨ ਮਨ ਅੰਮ੍ਰਿਤ ਨਾਲ ਭਿੱਜ ਜਾਂਦਾ ਹੈ। ਨਾਨਕ ਬੇਨਤੀ ਕਰਦਾ ਹੈ ਕਿ ਮੇਰੀ ਇੱਛਾ ਪੂਰੀ ਹੋ ਗਈ ਹੈ ਅਤੇ ਹੇ ਪ੍ਰਭੂ ! ਮੈਂ ਤੇਰਾ ਦਰਸ਼ਨ ਕਰਕੇ ਜੀਉਂਦਾ ਹਾਂ॥ ੪॥ ੭॥ ੧੦॥

ਦੋਹਰਾ-ਇਮ ਸਨਮੁਖ ਹੁਇ ਕਰਿ ਖਰੇ ਗਾਈ ਸਿਫਤਿ ਸੁਨਾਇ।
ਵਧਜੋ ਪ੍ਰੇਮ ਦੋਊ ਦਿਸ਼ਨ ਜਲ ਅਨੰਦ ਚਖ ਆਇ॥ ੩੦॥

ਇਸ ਤਰ੍ਹਾਂ ਵਾਹਿਗੁਰੂ ਦੇ ਸਾਹਮਣੇ ਖੜੇ ਹੋ ਕੇ ਉਸ ਦੀਆਂ ਸਿਫਤਾਂ ਗਾਇਣ ਕਰਕੇ ਸੁਣਾਈਆਂ। ਇਸ ਤਰ੍ਹਾਂ ਦੋਵੀਂ ਪਾਸੀਂ ਪ੍ਰੇਮ ਵਧਿਆ ਅਤੇ ਅਨੰਦ ਨਾਲ ਨੇਤਰਾਂ ਵਿਖੇ ਜਲ ਆ ਗਿਆ॥ ੩੦॥

ਚੌਪਈ- ਸ੍ਰੀ ਅਰਜੁਨ ਅਰਜ਼ਨਿ ਕਰਿ ਨੀਕੇ। ਅਰਜਨ ਕੀਰਤਿ ਗੁਨ ਪ੍ਰਭੁ ਹੀ ਕੇ।
ਨਿਕਟਿ ਹੋਇ ਕਰਿ ਦੋਨਹੁਂ ਹਾਥ। ਪਰਸੇ ਪਦ ਅਰਬਿੰਦਨਿ ਸਾਥ॥ ੩੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਗੀ ਤਰ੍ਹਾਂ ਬੇਨਤੀਆਂ ਕਰਕੇ ਪ੍ਰਭੂ ਜੀ ਦੇ ਗੁਣਾਂ ਦੀ ਉੱਜਲ ਕੀਰਤੀ ਕੀਤੀ। ਨੇੜੇ ਹੋ ਕੇ ਆਪਣੇ ਦੋਵੇ ਹੱਥ ਪ੍ਰਭੂ ਜੀ ਦੇ ਚਰਨ ਕੰਵਲਾਂ ਨਾਲ ਪਰਸੇ॥ ੩੧॥

ਗਹਿ ਤ੍ਰਿਲੋਕਪਤਿ ਅੰਕ ਭਰੇ ਹੈ। ਪਰਮ ਪ੍ਰੇਮ ਨੇ ਬਿਸੁਧ ਕਰੇ ਹੈਂ।
ਸ਼ੋਭਤਿ ਬਦਨ ਚੰਦ ਮਾਨਿੰਦ। ਬਾਕ ਸੁਧਾ ਬੋਲੇ ਸੁਖਕੰਦ॥ ੩੨॥

ਗੁਰੂ ਜੀ ਨੂੰ ਫੜ ਕੇ ਤਿੰਨਾਂ ਲੋਕਾਂ ਦੇ ਮਾਲਕ ਨੇ ਗਲ ਨਾਲ ਲਾ ਕੇ ਜੱਫੀ ਪਾਈ। ਪਰਮ ਪ੍ਰੇਮ ਨੇ ਬੇਸੁਧ ਕਰ ਦਿੱਤੇ। ਪ੍ਰਭੂ ਦਾ ਮੁਖੜਾ ਚੰਦ ਵਾਂਗ ਸ਼ੋਭਾ ਪਾ ਰਿਹਾ ਸੀ। ਫਿਰ ਪ੍ਰਭੂ ਨੇ ਅੰਮ੍ਰਿਤ ਵਰਗੇ ਬਚਨ ਕਹੇ॥ ੩੨॥

'ਜਗਤ ਭਗਤਿ ਮਗ ਸ਼ੁਭ ਬਿਸਤਾਰਾ। ਸਰ ਕੋ ਰਚਜੋ ਪਰਮ ਉਪਕਾਰਾ।
ਜਿਸ ਤੇ ਸਿੱਖੀ ਥਿਰਹਿ ਸਦੀਵਾ। ਗਾਇ ਕੀਰਤਨੁ ਕਰਿ ਮਨ ਨੀਵਾਂ॥ ੩੩॥

"ਤੁਸੀਂ ਜਗਤ ਵਿਚ ਭਗਤੀ ਮਾਰਗ ਦਾ ਸ਼ੁਭ ਵਿਸਥਾਰ ਕੀਤਾ ਹੈ, ਸਰੋਵਰ ਦੀ ਰਚਨਾ ਕਰਕੇ ਪਰਮ ਉਪਕਾਰ ਕੀਤਾ ਹੈ ਜਿਸ ਕਾਰਨ ਸਿੱਖੀ ਸਦਾ ਸਥਿਰ ਹੋ ਗਈ ਹੈ। ਏਥੇ ਮਨ ਨੀਵਾਂ ਕਰਕੇ ਕੀਰਤਨ ਦਾ ਗਾਇਣ ਹੋਵੇਗਾ॥ ੩੩॥

ਸਰ ਅੰਦਰ ਅਬਿ ਸ੍ਰੀ ਹਰਿਮੰਦਰ। ਸਿਰਜਹੁ ਜਿਸਕੀ ਰਚਨਾ ਸੁੰਦਰ।
ਜਰਹਿਂ ਜਵਾਹਰ ਜ਼ੇਬ ਬਿਲੰਦ। ਸ਼ੋਭਹਿ ਬਹੁ ਜਿਸ ਪੂਰਨ ਚੰਦ॥ ੩੪॥

ਇਸ ਸਰੋਵਰ ਦੇ ਅੰਦਰ ਹੁਣ ਹਰਿਮੰਦਰ ਬਣਾਵੋ ਜਿਸਦੀ ਸੁੰਦਰ ਰਚਨਾ ਕਰੋ, ਇਸ ਵਿਚ ਸੁੰਦਰ ਹੀਰੇ ਜਵਾਹਰਾਤ ਦੀ ਜੜਤ ਕਰੋ, ਜਿਸ ਦੀ ਸ਼ੋਭਾ ਪੂਰਨਮਾਸ਼ੀ ਦੇ ਚੰਦ ਵਾਂਗ ਹੋਵੇ॥ ੩੪॥

ਚਹੁੰਦਿਸ਼ ਕੋ ਚਹੁੰ ਦਰ ਸਿਰਜਾਵਹੁ। ਰੁਚਿਰ ਬੰਗਲਾ ਉਰਧ ਕਰਾਵਹੁ।
ਪਸ਼ਚਮੁ ਦਿਸ਼ ਕੋ ਸੇਤੁ ਰਚਾਵਹੁ। ਤੀਰਥ ਤੀਰ ਪੌਰ ਬਨਿਵਾਵਹੁ'॥ ੩੫॥

ਚਾਰੇ ਪਾਸੇ ਚਾਰ ਦਰਵਾਜ਼ੇ ਲਾਵੋ, ਧੁਰ ਛੱਤ ਦਾ ਵਿਚਕਾਰਲਾ ਵੱਡਾ ਗੁੰਬਦ ਉੱਚਾ ਬਣਵਾਉ, ਪੱਛਮ ਵਾਲੇ ਪਾਸੇ ਪੁਲ ਬਣਾਵੋ ਅਤੇ ਤੀਰਥ ਦੇ ਨੇੜੇ ਪੌੜੀਆਂ ਬਣਾਵੋ"॥ ੩੫॥

ਸ੍ਰੀ ਅਰਜਨ ਕੀ ਪਕਰੇ ਬਾਹੂ। ਬਜ਼ੋਂਤ ਬਤਾਵਤਿ ਸਭਿ ਜਗ ਨਾਹੂ।
'ਇਹੁ ਮੇਰੋ ਮੰਦਰ ਬਰੁ ਹੋਇ। ਜਿਸ ਕੀ ਸਮਤਾ ਕਰਹਿ ਨ ਕੋਇ॥ ੩੬॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਾਹਵਾਂ ਤੋਂ ਫੜ ਕੇ ਸਾਰੇ ਜਗਤ ਦੇ ਸਵਾਮੀ ਜੀ ਨੇ ਹਰਿਮੰਦਰ ਦੀ ਰਚਨਾ ਕਰਨ ਦੀ ਵਿਉਂਤ ਦੱਸੀ ਅਤੇ ਕਿਹਾ, "ਇਹ ਮੇਰਾ ਸ੍ਰੇਸ਼ਟ ਮੰਦਰ ਹੋਵੇਗਾ ਜਿਸ ਦੀ ਬਰਾਬਰੀ ਕੋਈ ਨਹੀਂ ਕਰ ਸਕੇਗਾ॥ ੩੬॥

ਤੀਨ ਲੋਕ ਮਹਿਂ ਹੋਹਿ ਨ ਜੈਸੋ। ਭਜਨ ਪ੍ਰਤਾਪ ਬਨਹਿ ਨਿਤਿ ਐਸੋ।
ਨਰਕ ਨਿਵਾਰਣ ਕਾਰਣ ਮੋਖ। ਮੇਰੋ ਸਿਮਰਨ ਹੁਇ ਨਿਰਦੋਖ॥ ੩੭॥

ਤਿੰਨਾਂ ਲੋਕਾਂ ਵਿਚ ਅਜਿਹਾ ਕੋਈ ਨਹੀਂ ਹੋਵੇਗਾ, ਜਿਸ ਦਾ ਭਜਨ ਪ੍ਰਤਾਪ ਨਿਤ ਐਸਾ ਬਣਿਆ ਰਹੇਗਾ। ਨਰਕਾਂ ਤੋਂ ਛੁਟਕਾਰਾ ਕਰਵਾਉਣ ਲਈ ਅਤੇ ਮੁਕਤੀ ਦੇਣ ਵਾਸਤੇ, ਏਥੇ ਸਦਾ ਮੇਰਾ ਸਿਮਰਨ ਹੋਵੇਗਾ॥ ੩੭॥

ਜੇ ਨਰ ਸ਼ਰਧਾ ਧਰਿ ਉਰ ਪਰਮੁ। ਗਾਇਂ ਕੀਰਤਨ ਹੁਇ ਨਿਸ਼ਭਰਮ।
ਮੁਹਿ ਕੋ ਮਿਲਹਿਂ ਆਇ ਨਿਹਸੰਸੈ। ਜਨਮ ਮਰਨ ਕੇ ਬੰਧ ਬਿਧੰਸੈ'॥ ੩੮॥

ਜਿਹੜੇ ਮਨੁੱਖ ਹਿਰਦੇ ਵਿਚ ਪੂਰਨ ਸ਼ਰਧਾ ਧਾਰ ਕੇ, ਕੀਰਤਨ ਗਾਉਣਗੇ ਉਹ ਭਰਮਾਂ ਤੋਂ ਰਹਿਤ ਹੋ ਜਾਣਗੇ, ਉਹ ਸੰਸੇ ਰਹਿਤ ਹੋ ਕੇ ਅਤੇ ਜੀਵਨ ਮਰਨ ਦੇ ਬੰਧਨ ਨਾਸ਼ ਕਰਕੇ ਮੈਨੂੰ ਆ ਕੇ ਮਿਲਣਗੇ"॥ ੩੮॥

ਇੱਤਜਾਦਿਕ ਸਭਿ ਬਜ਼ੋਂਤ ਬਤਾਏ। ਭਗਤਿ ਪ੍ਰਤਾਪ ਅਧਿਕ ਬਿਰਧਾਏ।
'ਜਜੋਂ ਕਜੋਂ ਕਰਿ ਸਿੱਖੀ ਬਿਸਤਾਰਹੁ। ਨਰਕ ਪਰਨ ਤੇ ਨਰਨਿ ਉਬਾਰਹੁ॥੩੯॥

ਇੱਤਿਆਦ ਸਭ ਵਿਉਂਤਾਂ ਦੱਸੀਆਂ, ਭਗਤੀ ਦਾ ਪਰਤਾਪ ਬਹੁਤ ਵਧਾਇਆ, "ਜਿਵੇਂ ਕਿਵੇਂ ਕਰਕੇ ਸਿੱਖੀ ਦਾ ਵਿਸਥਾਰ ਕਰੋ, ਨਰਕਾਂ ਵਿਚ ਪੈਣ ਤੋਂ ਲੋਕਾਂ ਨੂੰ ਬਚਾਉ॥ ੩੯॥

ਫੇਰ ਜੁੱਧ ਤੁਰਕਨ ਸੋਂ ਕਰੀਅਹਿ। ਅਪਰ ਪੰਚ ਤਨ ਜੋਤਿ ਸੰਚਰੀਅਹਿ।
ਪੰਥ ਖਾਲਸਾ ਰਚਹੁ ਬਿਸਾਲਾ। ਰੱਖਜਕ ਸਰ ਕੋ ਹੁਇ ਸਭਿ ਕਾਲਾ॥ ੪੦॥

ਫਿਰ ਤੁਰਕਾਂ ਨਾਲ ਯੁੱਧ ਕਰੋ, ਹੋਰ ਪੰਜਾਂ ਦੇਹਾਂ ਵਿਚ ਜੋਤ ਦਾ ਪ੍ਰਵੇਸ਼ ਕਰੋ। ਖਾਲਸਾ ਪੰਥ ਦੀ ਵਿਸ਼ਾਲ ਰਚਨਾ ਕਰੋ, ਜਿਹੜੇ ਹਰ ਸਮੇਂ ਸਰੋਵਰ ਦੀ ਰੱਖਿਆ ਕਰਨਗੇ॥ ੪੦॥

ਕਰਹਿ ਨਿਰੰਤਰਿ ਕੀਰਤਿ ਮੇਰੀ। ਪਰਬਿਰਤਹੁ ਸ਼ੁਭ ਰੀਤਿ ਘਨੇਰੀ।
ਪੁਨ ਮਮ ਤਨ ਮੈਂ ਲੈਤਾ ਪਾਵਹੁ। ਜਿਸ ਹਿਤ ਤਨ ਧਾਰਹੁ ਸੁ ਬਨਾਵਹੁ' ॥੪੧॥

ਉਹ ਸਦਾ ਮੇਰੀ ਕੀਰਤੀ ਕਰਨਗੇ, ਚੰਗੀ ਸ਼ੁਭ ਰੀਤੀ ਦਾ ਪ੍ਰਚਾਰ ਕਰੋ। ਫਿਰ ਮੇਰੇ ਸਰੀਰ 'ਚ ਸਮਾ ਜਾਵੋ। ਜਿਸ ਕਾਰਨ ਤੁਸੀਂ ਆਪਣਾ ਸਰੀਰ ਧਾਰਨ ਕੀਤਾ ਹੈ, ਉਸ ਮੰਦਰ ਨੂੰ ਬਣਾਵੋ"॥ ੪੧॥

ਇਮ ਕਹਿ ਸੁਨਿ ਮਿਲਿ ਅੰਤਰ ਧਯਾਨੇ। ਪੁਨ ਸੁਰ ਗਨ ਅਤਿ ਪ੍ਰੀਤੀ ਠਾਨੇ।
ਸ੍ਰੀ ਅਰਜਨ ਕੋ ਬੰਦਨ ਕੀਨਸਿ। ਨਾਮ ਨਿਵੇਦਨ ਕਰਿ ਹਿਤ ਭੀਨਸ ॥੪੨॥

ਇਸ ਤਰ੍ਹਾਂ ਕਹਿ, ਸੁਣ ਅਤੇ ਮਿਲ ਕੇ ਅੰਤਰ-ਧਿਆਨ ਹੋ ਗਏ, ਪਰ ਦੇਵਤਿਆਂ ਦੇ ਸਮੂਹ ਨੇਂ ਬੜੇ ਪ੍ਰੇਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕੀਤੀ ਅਤੇ ਬੜੇ ਹਿਤ ਨਾਲ ਬੇਨਤੀਆਂ ਕੀਤੀਆਂ॥ ੪੨॥

ਬਿਨਤੀ ਭਨਿ ਭਨਿ ਗੇ ਸੁਰਪੁਰਿ ਕੋ। ਕਰਤਿ ਪਰਸਪਰ ਜਸ ਸਤਿਗੁਰ ਕੋ।
ਸੰਗਤਿ ਕਾਰ ਕਰਤਿ ਸਰ ਕੇਰੀ। ਹੇਰਿ ਹੇਰਿ ਮਤਿ ਬਿਸਮ ਬਡੇਰੀ॥ ੪੩॥

ਬੇਨਤੀਆਂ ਕਰ ਕਰਕੇ ਸਵਰਗਾਂ ਨੂੰ ਚਲੇ ਗਏ, ਆਪਸ ਵਿਚ ਮਿਲ ਕੇ ਸਤਿਗੁਰੂ ਜੀ ਦਾ ਜੱਸ ਕਰ ਰਹੇ ਸਨ। ਜਿਹੜੀ ਸੰਗਤ ਸਰੋਵਰ ਦੀ ਕਾਰ-ਸੇਵਾ ਕਰ ਰਹੀ ਸੀ, ਉਹ ਵੇਖ ਵੇਖ ਕੇ ਬਹੁਤ ਹੈਰਾਨ ਹੋ ਕੇ ਵਿਚਾਰ ਕਰ ਰਹੀ ਸੀ॥ ੪੩॥

'ਸ੍ਰੀ ਗੁਰ ਅਰਜਨ ਧਰਿ ਅਹਿਲਾਦਾ। ਇਹੁ ਥੇ ਕੌਨ ਕੀਨ ਸੰਬਾਦਾ ?।
ਨਏ ਅਨੂਠੇ ਬੇਸ ਬਿਸਾਲੇ। ਕਿਤ ਤੇ ਆਇ ਕਹਾਂ ਇਹੁ ਚਾਲੇ ? ॥ ੪੪॥

"ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਇਹ ਕੌਣ ਸਨ ਜੋ ਆਨੰਦ ਨਾਲ ਸੰਬਾਦ ਕਰਦੇ ਰਹੇ ਹਨ। ਬੜੇ ਅਨੂਪਮ ਉਨ੍ਹਾਂ ਦੇ ਵਸਤਰ ਅਤੇ ਸਰੂਪ ਸੀ, ਇਹ ਕਿਥੋਂ ਆਏ ਸਨ ਅਤੇ ਕਿਥੇ ਚਲੇ ਗਏ ਹਨ ? ॥ ੪੪॥

ਸਰ ਕੀ ਕਾਰ ਕਮਾਵਤਿ ਗਏ। ਇਨ ਕੌ ਭੇਤ ਨ ਕਿਨਹੂੰ ਲਏ' ॥
ਪੁਨ ਸ੍ਰੀ ਅਰਜਨ ਥਰੇ ਬਿਰਾਜੇ। ਕਹਤਿ ਕਰਾਵਤਿ ਸਰ ਕੌ ਕਾਜੇ॥ ੪੫॥

ਸਰੋਵਰ ਦੀ ਕਾਰ ਸੇਵਾ ਕਰਕੇ ਗਏ ਹਨ, ਇਨ੍ਹਾਂ ਦਾ ਭੇਦ ਕੋਈ ਨਹੀਂ ਜਾਣ ਸਕਿਆ ਹੈ।" ਫਿਰ ਗੁਰੂ ਅਰਜਨ ਦੇਵ ਜੀ ਥੜ੍ਹੇ ਤੇ ਬਿਰਾਜ ਗਏ। ਕਹਿ ਕੇ ਸਰੋਵਰ ਦੀ ਕਾਰ-ਸੇਵਾ ਕਰਵਾ ਰਹੇ ਸਨ॥ ੪੫॥

ਖ੍ਵਿੰਦ ਸਿੱਖ ਅਰੁ ਲਗੇ ਮਜੂਰ। ਹੋਇ ਕਾਰ ਬਹੁ ਥਿਰੇ ਹਜੂਰ।
ਸੰਗਤਿ ਅਨਿਕ ਆਇ ਇਕ ਜਾਇ। ਰਹੈਂ ਜਿਤਿਕ ਸਰ ਕਾਰ ਕਮਾਇਂ ॥੪੬॥

ਬੜੀ ਵੱਡੀ ਗਿਣਤੀ ਵਿਚ ਸਿੱਖਾਂ ਦੇ ਟੋਲੇ ਅਤੇ ਮਜ਼ਦੂਰ ਲੱਗੇ ਹੋਏ ਸਨ। ਕਦੀ ਕਾਰ-ਸੇਵਾ ਕਰ ਰਹੇ ਸਨ ਤੇ ਕਦੀ ਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਸਨ। ਅਨੇਕ ਸੰਗਤ ਸੀ, ਕੋਈ ਆਉਂਦਾ ਸੀ ਤੇ ਕੋਈ ਜਾਂਦਾ ਸੀ। ਕਈ ਕਾਰ-ਸੇਵਾ ਕਰਨ ਵਾਸਤੇ ਰਹਿ ਜਾਂਦੇ ਸਨ॥ ੪੬॥ .

ਦੋਹਰਾ-ਸੁਧਾ ਸਰੋਵਰ ਕੀ ਸ਼ੁਭਤਿ ਚਹੁੰਦਿਸ਼ ਬਨਿਹਿਂ ਸਪਾਨ।
ਮਹਾਂ ਮਹਾਤਮ ਕੋ ਭਨਤਿ ਸ੍ਰੀ ਅਰਜਨ ਸੁਖਦਾਨ॥ ੪੭॥

ਸ੍ਰੀ ਅੰਮ੍ਰਿਤ ਸਰੋਵਰ ਦੇ ਚਾਰੇ ਪਾਸੇ ਸੁੰਦਰ ਪੌੜੀਆਂ ਬਣ ਗਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਦੇ ਮਹਾਨ ਮਹਾਤਮ ਬਾਰੇ ਦੱਸਦੇ ਸਨ॥ ੪੭॥

*ਦੂਸਰੀ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ॥ ੫੨॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤਰਵੰਞਵਾਂ

## ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ

ਦੋਹਰਾ-ਪੁਨ ਸਤਿਗੁਰੂ ਬਿਚਾਰਿ ਕੈ ਸੰਮਤ ਬ੍ਰਿਧ ਤੇ ਆਦਿ।
ਚਹਤਿ ਰਚ੍ਯੋ ਨਿਜ ਸਦਨ ਕੋ ਜਿਸ ਕੀ ਥਿਰ ਬੁਨਿਯਾਦ ॥੧॥

ਫਿਰ ਗੁਰੂ ਅਰਜਨ ਦੇਵ ਜੀ ਬਾਬਾ ਬੁੱਢਾ ਜੀ ਆਦਿ ਨਾਲ ਸਲਾਹ ਕਰਕੇ ਹਰਿਮੰਦਰ ਸਾਹਿਬ ਦੀ ਰਚਨਾ ਕਰਨੀ ਚਾਹੁੰਦੇ ਸਨ, ਜਿਸ ਦੀ ਨੀਂਹ ਬਹੁਤ ਮਜ਼ਬੂਤ ਬਣਾਉਣੀ ਚਾਹੁੰਦੇ ਸਨ॥੧॥

ਚੌਪਈ- ਸੁਨਿ ਕੈ ਸਿਖ ਆਦਿਕ ਗੁਰੁਦਾਸ। ਭਗਤੂ ਬਹਿਲੋ ਧਰੇ ਹੁਲਾਸ।
'ਸਰ ਅੰਦਰ ਹਰਿਮੰਦਰ ਸੁੰਦਰ। ਸਿਰਜਹਿਂ ਸਮਤਾ ਲਹਿ ਨ ਪੁਰੰਦਰ' ॥੨॥

ਇਹ ਸੁਣ ਕੇ ਭਾਈ ਗੁਰਦਾਸ, ਭਾਈ ਭਗਤੂ, ਭਾਈ ਬਹਿਲੋ ਆਦਿ ਸਿੱਖ ਬਹੁਤ ਪ੍ਰਸੰਨ ਹੋਏ, ਕਹਿੰਦੇ ਸਨ, "ਸਰੋਵਰ ਦੇ ਵਿਚਕਾਰ ਇਕ ਸੁੰਦਰ ਹਰਿਮੰਦਰ ਬਣੇਗਾ ਜਿਸ ਦੀ ਬਰਾਬਰੀ ਵਿਸ਼ਨੂੰ ਵੀ ਨਹੀਂ ਕਰ ਸਕੇਗਾ" ॥ ੨॥

ਸੁਨਿ ਸਿੱਖਨ ਉਤਸਾਹੁ ਬਡੇਰਾ। ਪੰਚਾਂਮ੍ਰਿਤ ਕਰਿਵਾਇ ਘਨੇਰਾ।
ਗਮਨੇ ਗੁਰੂ ਤਾਲ ਕੇ ਮਾਂਹੀ। ਸੰਗਤਿ ਬ੍ਰਿੰਦ ਸੰਗ ਮੈਂ ਜਾਹੀਂ॥ ੩॥

ਇਹ ਸੁਣ ਕੇ ਸਿੱਖਾਂ ਵਿਚ ਬੜਾ ਉਤਸ਼ਾਹ ਵਧਿਆ। ਬਹੁਤ ਵੱਡੀ ਮਿਕਦਾਰ ਵਿਚ ਕੜਾਹ ਪ੍ਰਸ਼ਾਦ ਤਿਆਰ ਕਰਵਾਇਆ ਗਿਆ। ਗੁਰੂ ਜੀ ਸਰੋਵਰ ਦੇ ਅੰਦਰ ਚਲੇ ਗਏ, ਸਮੂਹ ਸੰਗਤ ਵੀ ਉਨ੍ਹਾਂ ਦੇ ਨਾਲ ਗਈ॥ ੩॥

ਕਾਰੀਗਰਨਿ ਬੁਲਾਵਨ ਠਾਨਾ। ਸ੍ਰੀ ਮੁਖ ਤੇ ਸਭਿ ਬਝੌਂਤ ਬਖਾਨਾ।
'ਹਰਿ ਮੰਦਰ ਇਸ ਰੀਤਿ ਬਨਾਵਹੁ। ਚਾਰ ਦ੍ਵਾਰ ਚਹੁੰ ਦਿਸ਼ਨ ਰਖਾਵਹੁ ॥੪॥

ਕਾਰੀਗਰਾਂ ਨੂੰ ਬੁਲਾਇਆ ਗਿਆ, ਗੁਰੂ ਜੀ ਨੇ ਆਪਣੇ ਮੁੱਖ ਤੋਂ ਹਰਿਮੰਦਰ ਬਣਾਉਣ ਦੀ ਵਿਉਂਤ ਦੱਸੀ। "ਇਹ ਹਰਿਮੰਦਰ ਇਸ ਰੀਤੀ ਨਾਲ ਬਣਾਵੋ, ਚਾਰ ਦਰਵਾਜ਼ੇ ਚਾਰੇ ਪਾਸੇ ਰੱਖੋ॥ ੪॥

ਨਗਰ ਦਿਸ਼ਾ ਸਰ ਸੇਤ ਰਚੀਜਹਿ। ਦ੍ਵਾਰ ਦਰਸ਼ਨੀ ਸਰ ਤਟ ਕੀਜਹਿ।
ਹਰਿਮੰਦਰ ਕੀ ਕੁਰਸੀ ਸਾਰਹੁ। ਤਾਲ ਨੀਰ ਤੇ ਉਰਧ ਉਠਾਰਹੁ ॥੫॥

ਨਗਰ ਵਾਲੇ ਪਾਸੇ ਸਰੋਵਰ ਉਤੇ ਪੁਲ ਬਣਾਇਆ ਜਾਵੇ ਅਤੇ ਦਰਸ਼ਨੀ ਦਵਾਰ ਨੂੰ ਸਰੋਵਰ ਦੇ ਕਿਨਾਰੇ ਤੇ ਬਣਾਇਆ ਜਾਵੇ। ਹਰਿਮੰਦਰ ਸਾਹਿਬ ਦੀ ਕੁਰਸੀ ਸਰੋਵਰ ਦੇ ਜਲ ਤੋਂ ਉੱਚੀ ਉਠਾ ਕੇ ਉਸਾਰੋ॥ ੫॥

ਸੁਰਗ ਦਾਰੀਆਂ ਤਰੇ ਬਨਾਵਹੁ। ਪੂਰਬ ਦਿਸ਼ਿ ਹਰਿ ਪੌੜ ਚਿਨਾਵਹੁ।
ਚਹੁੰਦਿਸ਼ਿ ਕੀ ਪਰਕਰਮਾਂ ਕਰੀਅਹਿ। ਗਾਢੀ ਨੀਵ ਤਰੇ ਤੇ ਧਰੀਅਹਿ ॥੬॥

ਮਹਿਰਾਬਾਂ ਥੱਲੇ ਬਣਾਵੋ ਅਤੇ ਪੂਰਬ ਵਾਲੇ ਪਾਸੇ ਹਰਿ ਕੀਆਂ ਪੌੜੀਆਂ ਦੀ ਚਿਣਵਾਈ ਕਰੋ। ਚਾਰੇ ਪਾਸੇ ਪਰਿਕਰਮਾਂ ਦੀ ਰਚਨਾ ਕਰੋ, ਨੀਂਹ ਥੱਲੇ ਤੋਂ ਧਰੀਏ॥ ੬॥

ਦਰਿ ਮੰਦਰ ਕੇ ਚਾਰੋਂ ਜੋਇ। ਦੁਇ ਦੁਇ ਛਾਤ ਚਉਗਿਰਦੇ ਹੋਇ।
ਮੱਧ ਜਾਇ ਊਚੀ ਇਕ ਛਾਤ। ਊਪਰ ਮਿਲਿ ਸਮਹੁਇ, ਸਭਿ ਭਾਂਤਿ ॥ ੭ ॥

ਜੋ ਮੰਦਰ ਦੇ ਚਾਰੇ ਦਰਵਾਜ਼ੇ ਹਨ, ਉਨ੍ਹਾਂ ਦੇ ਚੌਗਿਰਦੇ ਦੋ ਦੋ ਛੱਤਾਂ ਬਣਾਈਆਂ ਜਾਣ। ਦਰਮਿਆਨ ਵਿਚ ਇਕ ਉੱਚੀ ਛੱਤ ਬਣਾਓ, ਉਹ ਉਪਰੋਂ ਮਿਲ ਕੇ ਹਰ ਤਰ੍ਹਾਂ ਨਾਲ ਬਰਾਬਰ ਹੋਵੇ ॥ ੭ ॥

ਤਿਸ ਪਰ ਰੁਚਿਰ ਬੰਗਲਾ ਥਪਹਿ। ਕੰਚਨ ਤੇ ਚਹੁੰਦਿਸ਼ ਮਹਿਂ ਦਿਪਹਿ'।
ਇਮ ਬਤਾਇ ਸ੍ਰੀ ਮੁਖ ਬਿਧਿ ਸਾਰੀ। ਪੁਨ ਬ੍ਰਿਧ ਸੋਂ ਗੁਰ ਗਿਰਾ ਉਚਾਰੀ ॥ ੮ ॥

ਉਸ ਉਤੇ ਸੁੰਦਰ ਵਿਚਕਾਰਲਾ ਵੱਡਾ ਗੁੰਬਦ ਬਣਾਓ, ਸੋਨੇ ਨਾਲ ਚਾਰੇ ਪਾਸੇ ਚਮਕਾ ਦੇਵੋ।" ਇਸ ਤਰ੍ਹਾਂ ਹਰਿਮੰਦਰ ਸਾਹਿਬ ਦੀ ਉਸਾਰੀ ਬਾਰੇ ਸਾਰੀ ਵਿਉਂਤ ਦੱਸ ਕੇ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ ॥ ੮ ॥

'ਸਿਮਰਹੁ ਸਭਿ ਸਤਿਗੁਰ ਸੁਖਰਾਸ। ਖਰੇ ਹੋਇ ਕੀਜਹਿ ਅਰਦਾਸ।
ਅਵਿਚਲ ਨੀਵ ਧਰੀ ਗੁਰੁ ਨਾਨਕ। ਮੰਦਰ ਸੁਭਹਿ ਲਗਹਿਂ ਮਣਿ ਮਾਨਿਕ' ॥੯॥

"ਸਾਰੇ ਸੁੱਖਾਂ ਦੀ ਰਾਸ ਸਤਿਗੁਰੂ ਜੀ ਦਾ ਸਿਮਰਨ ਕਰੋ ਅਤੇ ਖੜੇ ਹੋ ਕੇ ਅਰਦਾਸ ਕਰੋ। ਗੁਰੂ ਨਾਨਕ ਦੇਵ ਜੀ ਨੇ ਅਬਿਚਲ ਨੀਂਹ ਰੱਖੀ ਹੈ। ਸੁੰਦਰ ਮੰਦਰ ਸੁਸ਼ੋਭਿਤ ਹੋਵੇ ਜਿਸ ਨੂੰ ਮਣੀਆਂ ਅਤੇ ਮਾਣਿਕਾਂ ਦੀ ਜੜਾਈ ਕੀਤੀ ਹੋਵੇ" ॥ ੯ ॥

ਹੁਕਮ ਸੁਨਜੋ ਬ੍ਰਿਧ ਬੰਦੇ ਹਾਥ। ਸਿਮਰਨਿ ਕਰਿ ਚਾਰਹੁਂ ਗੁਰੁ ਨਾਥ।
'ਸ੍ਰੀ ਸਤਿਗੁਰ ਹਰਿਮੰਦਰ ਹੋਇ। ਜਿਸ ਤੇ ਸੁਖ ਪ੍ਰਾਪਤਿ ਸਭਿ ਕੋਇ ॥ ੧੦ ॥

ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਗੁਰੂ ਜੀ ਦੀ ਆਗਿਆ ਸੁਣੀ, ਪਹਿਲੇ ਚਾਰੇ ਗੁਰੂ ਸਾਹਿਬਾਨ ਨੂੰ ਧਿਆਇਆ ਗਿਆ ਅਤੇ ਬੇਨਤੀ ਕੀਤੀ ਗਈ, "ਹੇ ਸਤਿਗੁਰੂ ਜੀ ਏਥੇ ਸੁੰਦਰ ਹਰਿਮੰਦਰ ਸਥਾਪਤ ਹੋਵੇ ਜਿਸ ਤੋਂ ਸਭ ਨੂੰ ਸੁਖ ਪ੍ਰਾਪਤ ਹੋਵੇ ॥ ੧੦ ॥

ਕਲਿਜੁਗ ਮਹਿਂ ਨਿਹਚਲ ਇਸ ਨੀਵ। ਬੁਰਾ ਜਿ ਚਿਤਹਿ ਬਿਨਾਸੀ ਥੀਵ।
ਅੰਗ ਸੰਗ ਸਤਿਗੁਰੂ ਸਹਾਇ। ਸਿਰ ਸ਼ੱਤ੍ਰਨਿ ਕੇ ਇਹ ਦਿਪਤਾਇ ॥ ੧੧ ॥

ਕਲਿਜੁਗ ਵਿਚ ਇਹ ਨੀਂਹ ਅਟੱਲ ਰਹੇਗੀ, ਜਿਹੜਾ ਵੀ ਇਸ ਦਾ ਬੁਰਾ ਚਿਤਵੇਗਾ, ਉਹ ਵਿਨਾਸ਼ ਹੋ ਜਾਵੇਗਾ। ਸਤਿਗੁਰੂ ਜੀ ਅੰਗ ਸੰਗ ਹੋ ਕੇ ਇਸ ਦੀ ਰਖਿਆ ਕਰਨਗੇ। ਛੱਤਰਧਾਰੀਆਂ ਦੇ ਸਿਰਾਂ ਤੇ ਜਗਮਗਾਏਗਾ ॥ ੧੧ ॥

ਮਾਨਹਿ, ਪੁਰਹਿ ਮਨੋਰਥ ਸੋਇ! ਸੀਸ ਨਿਵਾਇ ਬਿਘਨ ਗਨ ਖੋਇ।
ਦਿਨ ਪ੍ਰਤਿ ਦਿਪਹਿ ਦੁਗੁਨ ਚਗੁਨੋ। ਜਿਮ ਪ੍ਰਤਿਪਦ ਤੇ ਹੁਇ ਸਸਿ ਪੂਨੋ ॥੧੨॥

ਜਿਹੜਾ ਇਸ ਨੂੰ ਮੰਨੇਗਾ ਉਸ ਦੇ ਸਾਰੇ ਮਨੋਰਥ ਪੂਰੇ ਹੋਣਗੇ, ਜਿਹੜਾ ਸੀਸ ਨਿਵਾਏਗਾ, ਉਸ ਦੇ ਸਾਰੇ ਵਿਘਨ ਦੂਰ ਹੋ ਜਾਣਗੇ। ਦਿਨ-ਬ-ਦਿਨ ਇਸ ਦਾ ਪ੍ਰਕਾਸ਼ ਦੁਗਣਾ-ਚੌਗਣਾ ਜਗਮਗਾਏਗਾ, ਜਿਵੇਂ ਏਕਮ ਤੋਂ ਚੰਦਰਮਾਂ ਪੂਰਨਮਾਸ਼ੀ ਦਾ ਹੋ ਜਾਂਦਾ ਹੈ ॥ ੧੨ ॥

ਬੀਚ ਬਿਰਾਜਹਿਂ ਗੁਰੁ ਸਭਿ ਸਮੈਂ। ਆਇ ਚਤੁਰ ਦਿਸ਼ ਕੇ ਨਰ ਨਿਮੈਂ'।
ਇਮਿ ਅਰਦਾਸ ਕਰੀ ਬ੍ਰਿਧ ਜਬੈ। ਸ੍ਰੀ ਅਰਜਨ ਕਰ ਪੰਕਜ ਤਬੈ ॥ ੧੩ ॥

ਇਸ ਵਿਚ ਗੁਰੂ ਜੀ ਹਰ ਸਮੇਂ ਬਿਰਾਜਮਾਨ ਰਹਿਣਗੇ, ਚਾਰੇ ਪਾਸਿਆਂ ਤੋਂ ਮਨੁੱਖ ਆ ਕੇ ਸਿਰ ਝੁਕਾਉਣਗੇ"। ਜਦ ਬਾਬਾ ਬੁੱਢਾ ਜੀ ਨੇ ਇਸ ਤਰ੍ਹਾਂ ਅਰਦਾਸ ਕੀਤੀ ਤਾਂ ਗੁਰੂ ਅਰਜਨ ਦੇਵ ਜੀ ਨੇ ਹਸਤਕੰਵਲ ਨਾਲ ॥ ੧੩ ॥

ਗਹੀ ਈਂਟ ਤਹਿਂ ਕਰੀ ਟਿਕਾਵਨ। ਮੰਦਰ ਅਵਿਚਲ ਨੀਵ ਰਖਾਵਨ।
ਤਬਿ ਕਾਰੀਗਰ ਨਿਕਟਿ ਸੁ ਹੇਰਿ। ਹੇਤ ਜਨਾਵਨ ਮਤੀ ਬਡੇਰ॥ ੧੪॥

ਇਕ ਇੱਟ ਫੜੀ ਜਿਹੜੀ ਓਥੇ ਅਬਿਚਲ ਮੰਦਰ ਦੀ ਨੀਂਹ ਰੱਖਣ ਵਾਸਤੇ ਰੱਖੀ ਸੀ ਤੇ ਟਿਕਾ ਦਿੱਤੀ। ਤਦ ਨੇੜੇ ਖਲੋਤੇ ਇਕ ਕਾਰੀਗਰ ਨੇ ਵੇਖ ਕੇ ਆਪਣੀ ਵੱਡੀ ਮੱਤ ਜਤਾਉਣ ਦੇ ਵਾਸਤੇ॥ ੧੪॥

ਨਿਜ ਕਰ ਤੇ ਉਠਾਇ ਸੋ ਲੀਨਿ। ਫੇਰ ਘੇਰ ਘਰਿ ਕਰਿ ਧਰਿ ਦੀਨ।
ਸ੍ਰੀ ਅਰਜਨ ਅਵਲੋਕਨ ਕਰਜੋ। 'ਕਹਾਂ ਕੀਨ ਤੈਂ ?' ਬਾਕ ਉਚਰਜੋ॥ ੧੫॥

ਆਪਣੇ ਹੱਥਾਂ ਨਾਲ ਉਹ ਇੱਟ ਚੁੱਕ ਲਈ ਤੇ ਘੇਰ ਕੇ ਅਤੇ ਘੜ ਕੇ ਥੱਲੇ ਧਰ ਦਿੱਤੀ। ਇਹ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਇੱਟ ਨੂੰ ਵੇਖ ਕੇ ਕਿਹਾ, "ਇਹ ਕਿਥੇ ਰੱਖ ਦਿੱਤੀ ਹੈ ?॥ ੧੫॥

'ਹਮ ਗੁਰ ਸਿਮਰਿ ਸਮੈ ਸੁਭ ਜਾਨਾ। ਧਰੀ ਈਂਟ ਹਿਤ ਅਚਲ ਸਥਾਨਾ।
ਚਿਨਿਬੇ ਹਾਰ ਆਜ ਤੇ ਪਾਛੇ। ਈਂਟ ਅਪਰ ਜੋ ਧਰਿਹੈਂ ਆਛੇ॥ ੧੬॥

ਅਸੀਂ ਸਤਿਗੁਰਾਂ ਦਾ ਸਿਮਰਨ ਕਰਦੇ ਸਮੇਂ ਇਹ ਸ਼ੁਭ ਜਾਣ ਲਿਆ ਸੀ, ਅਤੇ ਇੱਟ ਅਚੱਲ ਸਥਾਨ ਵਾਸਤੇ ਧਰੀ ਸੀ। ਚਿਣਾਈ ਕਰਨ ਵਾਲਾ ਕਾਰੀਗਰ ਅੱਜ ਤੋਂ ਬਾਅਦ ਜਿਹੜੀ ਇੱਟ ਉਹ ਆਪ ਚੰਗੀ ਤਰ੍ਹਾਂ ਵੀ ਲਾਵੇਗਾ॥ ੧੬॥

ਤਿਸ ਉਖੇਰ ਪੁਨ ਆਪ ਧਰੈਂ ਹੈ। ਕਾਰੀਗਰਨ ਬਿਖੇ ਅਸ ਹ੍ਵੈ ਹੈਂ।
ਇਮ ਦੇ ਸ੍ਰਾਪ ਕਹਜੋ ਗੁਰ ਫੇਰ। 'ਅਸ ਕ੍ਰਿਤਿ ਤੇ ਹਮ ਲੀਨ ਸੁ ਹੇਰ॥ ੧੭॥

ਤਾਂ ਉਸਾਰਨ ਵਾਲਾ ਉਸ ਨੂੰ ਉਖੇੜ ਕੇ ਫਿਰ ਆਪ ਲਾਵੇਗਾ। ਇਸ ਤਰ੍ਹਾਂ ਦੀ ਬਾਣ ਕਾਰੀਗਰਾਂ ਵਿਚ ਹੋਵੇਗੀ।" ਇਸ ਤਰ੍ਹਾਂ ਸਰਾਪ ਦੇ ਕੇ ਗੁਰੂ ਜੀ ਨੇ ਫਿਰ ਕਿਹਾ, "ਇਸ ਕ੍ਰਿਤ ਤੋਂ ਅਸੀਂ ਵੇਖ ਲਿਆ ਹੈ॥ ੧੭॥

ਨੋਟ:-ਗੁਰੂ ਜੀ ਛੋਟੀ-ਮੋਟੀ ਗੱਲ ਤੇ ਸਰਾਪ ਨਹੀਂ ਦਿੰਦੇ ਸਨ, ਫਿਰ ਆਪ ਵਲੋਂ ਤਿਆਰ ਕੀਤੇ ਜਾ ਰਹੇ ਹਰਿਮੰਦਰ ਨੂੰ ਸਰਾਪ ਦੇਣਾ ਅਸੰਭਵ ਹੈ। ਕਵੀ ਜੀ ਨੇ ਭਵਿਖ ਨੂੰ ਸਾਹਮਣੇ ਰੱਖ ਕੇ ਇਹ ਗੱਲ ਜੋੜੀ ਹੈ।

ਜਥਾ ਮਸੰਦਨ ਲਾਯਹੁ ਗਾਰਾ। 'ਬਹੁਰ ਬਨਹਿ ਸਰ' ਸ੍ਰਾਪ ਉਚਾਰਾ।
ਤਿਮ ਤਵ ਕ੍ਰਿਤ ਤੇ ਜਾਨੀ ਜਾਇ। ਮੰਦਰ ਹੁਇ ਕਰਿ ਭਗਨ ਗਿਰਾਇ॥੧੮॥

ਜਿਵੇਂ ਮਸੰਦਾਂ ਨੇ ਗਾਰਾ ਲਾਇਆ ਸੀ ਤਾਂ ਮੈਂ ਸਰੋਵਰ ਦੁਬਾਰਾ ਬਣੇਗਾ ਦਾ ਸਰਾਪ ਦਿੱਤਾ ਸੀ, ਇਸ ਗੱਲ ਨੂੰ ਜੇ ਉਸ ਤਰ੍ਹਾਂ ਜਾਣਿਆ ਜਾਏ ਤਾਂ ਮੰਦਰ ਇਕ ਵਾਰ ਬਣ ਕੇ ਫਿਰ ਢਹਿ ਕੇ ਡਿੱਗੇਗਾ॥ ੧੮॥

ਨੋਟ:-ਕਵੀ ਜੀ ਦੇ ਸਮੇਂ ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਇਕ ਵਾਰ ਬਣ ਕੇ ਫਿਰ ਅਫਗਾਨਾਂ ਵਲੋਂ ਢਾਹਿਆ ਜਾ ਚੁਕਾ ਸੀ ਤੇ ਦੁਬਾਰਾ ਮਹਾਰਾਜਾ ਰਣਜੀਤ ਸਿੰਘ, ਜੱਸਾ ਸਿੰਘ ਆਹਲੂਵਾਲੀਆ ਆਦਿ ਵਲੋਂ ਬਹੁਤ ਸੁੰਦਰ ਹਰਿਮੰਦਰ ਸਾਹਿਬ ਬਣਾਇਆ ਜਾ ਚੁਕਾ ਸੀ। ਗੁਰੂ ਜੀ ਦੀ ਵਡਿਆਈ ਕਰਨ ਨੂੰ ਕਿ ਉਹ ਜਾਣੀਜਾਣ ਸਨ, ਉਨ੍ਹਾਂ ਦੇ ਮੁਖ ਤੋਂ ਸਰਾਪ ਬਣਾ ਦਿੱਤਾ ਹੈ। ਅਸਲ ਵਿਚ ਕਵੀ ਜੀ ਇਹ ਨਹੀਂ ਸਮਝ ਸਕੇ ਕਿ ਇਸ ਨਾਲ ਗੁਰੂ ਜੀ ਦੀ ਕੋਈ ਵਡਿਆਈ ਨਹੀਂ ਹੁੰਦੀ।

ਬਹੁਰ ਉਸਾਰਹਿਂ ਸਿੱਖ ਹਮਾਰੇ। ਚਹੁੰ ਦਿਸ਼ ਕੋ ਧਨ ਲਾਇ ਉਦਾਰੇ।
ਸਰ ਜੁਤਿ ਹਰਿਮੰਦਰ ਪੁਨ ਹੋਇ। ਅਵਿਚਲ ਨੀਵ ਸਦਾ ਇਸ ਜੋਇ'॥੧੯॥

ਫਿਰ ਸਾਡੇ ਸਿੱਖ ਇਸ ਦੀ ਉਸਾਰੀ ਕਰਨਗੇ, ਚਾਰੇ ਪਾਸਿਆਂ ਤੋਂ ਆ ਕੇ ਬੜਾ ਖੁਲ੍ਹਾ ਧਨ ਲਾਉਣਗੇ। ਸਰੋਵਰ ਅਤੇ ਹਰਿਮੰਦਰ ਦੁਬਾਰਾ ਬਣਨਗੇ, ਪਰ ਇਸ ਦੀ ਅਟੱਲ ਨੀਂਹ ਇਹੋ ਹੋਵੇਗੀ"॥ ੧੯॥

ਪੁਨ ਪੰਚਾਮ੍ਰਿਤ ਦ੍ਰਿਸ਼ਟਿ ਲਗਾਇਵ। ਕਹਿ ਬ੍ਰਿਧ ਸੋਂ ਸਭਿ ਮਹਿਂ ਬਰਤਾਇਵ।
'ਜੈਜੈ' ਨਾਦ ਕਰਹਿਂ ਸਿਖ ਸਾਰੇ। ਲਗੇ ਕਾਰ ਸਰ ਪ੍ਰੇਮੀ ਭਾਰੇ॥ ੨੦॥

ਫਿਰ ਗੁਰੂ ਜੀ ਨੇ ਕੜਾਹ ਪ੍ਰਸ਼ਾਦਿ ਤੇ ਆਪਣੀ ਦ੍ਰਿਸ਼ਟੀ ਪਾਈ ਅਤੇ ਬਾਬਾ ਬੁੱਢਾ ਜੀ ਨੂੰ ਕਹਿ ਕੇ ਸਭ ਨੂੰ ਵਰਤਾਇਆ। ਸਾਰੇ ਸਿੱਖਾਂ 'ਜੈ ਜੈਕਾਰਾ' ਦੀ ਧੁਨੀ ਗਾਈ ਅਤੇ ਵੱਡੇ ਪ੍ਰੇਮ ਨਾਲ ਕਾਰ ਸੇਵਾ ਕਰਨ ਲੱਗੇ॥ ੨੦॥

ਚੂਨੋ ਸੂਖਮ ਪੀਸਨ ਕਰੈਂ। ਸੰਚਿ ਸੰਚਿ ਬਹੁ ਇਕ ਥਲ ਧਰੈਂ।
ਬਹੁਤ ਮਲ ਕੇ ਡਾਲਿ ਮਸਾਲੇ। ਕਰਹਿਂ ਮਿਲਾਵਨਿ ਮਸਲ ਬਿਸਾਲੇ॥ ੨੧॥

ਬਹੁਤ ਬਰੀਕ ਚੂਨਾ ਪੀਸਦੇ ਸਨ, ਇਕੱਠਾ ਕਰ ਕਰਕੇ ਇਕ ਥਾਂ ਰੱਖਦੇ ਸਨ। ਬਹੁਤ ਮਲ ਮਲ ਕੇ ਅਤੇ ਮਸਾਲੇ ਪਾ ਕੇ ਬਹੁਤ ਪੀਹ ਪੀਹ ਕੇ ਰਲਾਉਂਦੇ ਸਨ॥ ੨੧॥

ਧਰੇ ਪ੍ਰੀਤਿ ਸਿਖ ਕਾਰ ਕਰੰਤੇ। ਕੋ ਨਿਸ ਮੈਂ ਭੀ ਲਗੇ ਰਹੰਤੇ।
ਬਹੁਤ ਮਿਲੇ ਕਰਿ ਕਾਰ ਪਚਾਵਨਿ। ਅਧਿਕ ਈਂਟ ਕੋ ਖਰਚ ਲਗਾਵਨਿ॥੨੨॥

ਸਾਰੇ ਸਿੱਖ ਬੜੇ ਪ੍ਰੇਮ ਨਾਲ ਕਾਰ ਸੇਵਾ ਕਰਦੇ ਸਨ, ਕਈ ਰਾਤ ਨੂੰ ਵੀ ਲੱਗੇ ਰਹਿੰਦੇ ਸਨ। ਬਹੁਤ ਵਿਅਕਤੀ ਮਿਲ ਕੇ ਇੱਟਾਂ ਦੇ ਪਹੁੰਚਾਉਣ ਦੀ ਕਾਰ-ਸੇਵਾ ਕਰਦੇ ਸਨ। ਇੱਟਾਂ ਦੀ ਉਸਾਰੀ ਤੇ ਲੱਗਣ ਦਾ ਖਰਚ ਬਹੁਤ ਸੀ॥ ੨੨॥।

ਕੋ ਸਿਰ ਧਰਹਿਂ ਉਠਾਇ ਸੁ ਲਜਾਵੈਂ। ਕਾਰੀਗਰ ਕੇ ਨਿਕਟ ਪੁਚਾਵੈਂ।
ਕੋ ਚੂਨੇ ਕੋ ਲਜਾਇ ਉਠਾਈ। ਹਰਿ ਮੰਦਰ ਪਰ ਦੇਤਿ ਲਗਾਈ॥ ੨੩॥

ਕਈ ਸਿਰ ਉਤੇ ਰੱਖ ਕੇ ਉਠਾ ਕੇ ਲਿਆਉਂਦੇ ਸਨ ਤੇ ਕਾਰੀਗਰਾਂ ਦੇ ਪਾਸ ਪਹੁੰਚਾਉਂਦੇ ਸਨ। ਕਈ ਚੂਨੇ ਨੂੰ ਚੁੱਕ ਕੇ ਲਿਆਉਂਦੇ ਸਨ ਅਤੇ ਲਿਆ ਕੇ ਹਰਿਮੰਦਰ ਤੇ ਲਾ ਦਿੰਦੇ ਸਨ॥ ੨੩॥

ਸਭਿ ਕੀ ਸੇਵਾ ਅਲਪ ਬਿਸਾਲਾ। ਜੋ ਨਿਸ਼ਕਾਮ ਕਾਮਨਾ ਵਾਲਾ।
ਲਘੁ ਅਰੁ ਮਹਿਦ ਪ੍ਰੇਮ ਉਰ ਜੈਸੇ। ਸ੍ਰੀ ਸਤਿਗੁਰ ਉਰ ਜਾਨਹਿਂ ਤੈਸੇ॥ ੨੪॥

ਸਾਰਿਆਂ ਦੀ ਸੇਵਾ ਵਿਸ਼ਾਲ ਨਿਰਲੇਪ ਸੀ, ਜਿਹੜੇ ਨਿਸ਼ਕਾਮ ਕਾਮਨਾ ਵਾਲੇ ਸਨ, ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰੇਮ ਥੋੜ੍ਹਾ ਸੀ ਜਾਂ ਜ਼ਿਆਦਾ, ਗੁਰੂ ਜੀ ਸਭ ਕੁਝ ਚੰਗੀ ਤਰ੍ਹਾਂ ਜਾਣਦੇ ਸਨ॥ ੨੪॥

ਜੋਗ ਛੇਮ ਸਿੱਖਨ ਕੀ ਕਰਤਾ। ਜਨਮ ਮਰਨ ਕੇ ਕਲਮਲ ਹਰਤਾ।
ਕ੍ਰਿਪਾ ਕਰਹਿਂ ਦਾਸਨ ਕੋ ਹੇਰਹਿਂ। ਜੋ ਘਾਲਤਿ ਹੈਂ ਘਾਲ ਘਨੇਰਹਿਂ॥ ੨੫॥

ਅਪ੍ਰਾਪਤ ਦੀ ਪ੍ਰਾਪਤੀ ਅਤੇ ਪ੍ਰਾਪਤ ਦੀ ਰੱਖਿਆ ਭਾਵ ਹਰ ਤਰ੍ਹਾਂ ਦੀ ਸਿੱਖਾਂ ਦੀ ਭਲਾਈ ਦੇ ਕਰਤਾ ਸਨ, ਉਨ੍ਹਾਂ ਦੇ ਜਨਮ ਮਰਨ ਦੇ ਪਾਪ ਦੂਰ ਕਰਦੇ ਸਨ। ਗੁਰੂ ਜੀ ਕਿਰਪਾ ਕਰਕੇ ਆਪਣੇ ਸੇਵਕਾਂ ਨੂੰ ਵੇਖਦੇ ਸਨ, ਜਿਹੜੇ ਵੱਡੀ ਘਾਲ ਕਮਾਈ ਕਰ ਰਹੇ ਸਨ ॥ ੨੫॥

ਸੁੰਦਰ ਸਰ ਕੀ ਬਨੀ ਸੁਪਾਨ। ਬਾਹੀ ਚਾਰਹੁੰ ਕੋਨ ਸਮਾਨ।
ਹਰਿਮੰਦਰ ਕੀ ਕੁਰਸੀ ਭਈ। ਪਰਬ੍ਰਿਤਿ ਬਰਖਾ ਰੁਤ ਜਗ ਭਈ॥ ੨੬॥

ਸਰੋਵਰ ਦੀਆਂ ਸੁੰਦਰ ਪੌੜੀਆਂ ਬਣੀਆਂ ਸਨ, ਚਾਰੇ ਬਾਹੀਆਂ ਦੇ ਕੋਨੇ ਇਕ ਸਮਾਨ ਸਨ। ਜਦ ਹਰਿਮੰਦਰ ਦੀ ਕੁਰਸੀ ਉਸਾਰੀ ਜਾ ਰਹੀ ਸੀ, ਉਸ ਸਮੇਂ ਵਰਖਾ ਰੁਤ ਦੀ ਪਰਵਿਰਤੀ ਜਾਗ ਪਈ॥ ੨੬॥

ਸ੍ਰੀ ਸਤਿਗੁਰੂ ਨੇ ਤਾਲ ਬਨਾਵਾ। ਮਨਹੁੰ ਭਰਨਿ ਕੋ ਘਨ ਉਮਡਾਵਾ।
ਘਟਾ ਘੁਮਡ ਕਰਿਨਭ ਮਹਿਂ ਆਈ। ਕਬਹੁੰ ਸ਼ਜਾਮ,ਸਿਤਕਬਿ ਬਿਦਤਾਈ ॥੨੭॥

ਗੁਰੂ ਜੀ ਨੇ ਸਰੋਵਰ ਬਣਾਇਆ ਸੀ, ਮਾਨੋ ਉਸ ਸਰੋਵਰ ਨੂੰ ਭਰਨ ਵਾਸਤੇ ਘਟਾਵਾਂ ਉਮਡ ਕੇ ਆ ਗਈਆਂ ਸਨ। ਘਟਾ ਉੱਡ ਕੇ ਅਸਮਾਨ ਵਿਚ ਆ ਗਈ। ਕਦੀ ਕਾਲੀ ਅਤੇ ਕਦੇ ਸਫੇਦ ਪ੍ਰਗਟ ਹੋਈ॥ ੨੭॥

ਨਿਰਮਲ ਜਲ ਕੋ ਛੋਰਨ ਕਰੈ। ਗੁਰ ਕੋ ਰੁਖ਼ ਲਖਿ ਸਰ ਕੋ ਭਰੈ।
ਝੁਕਹਿਂ ਮੇਘ ਜਨੁ ਲਾਗਹਿਂ ਅਵਿਨੀ। ਘੋਖਤਿ ਮਧੁਰ ਮਧੁਰ,ਰੁਤ ਰਵਨੀ ॥੨੮॥

ਬੱਦਲ ਨਿਰਮਲ ਜਲ ਛੱਡ ਰਹੇ ਸਨ, ਗੁਰੂ ਜੀ ਦਾ ਰੁਖ ਵੇਖ ਕੇ ਸਰੋਵਰ ਨੂੰ ਭਰ ਰਹੇ ਸਨ। ਬੱਦਲ ਇਸ ਤਰ੍ਹਾਂ ਝੁਕ ਗਿਆ ਮਾਨੋ ਧਰਤੀ ਨੂੰ ਲੱਗ ਚਲਿਆ ਸੀ। ਬੜੀ ਮਿੱਠੀ-ਮਿੱਠੀ ਰੁੱਤ ਹੈ॥ ੨੮॥

ਸੁੰਦਰ ਜਲ ਸੋਂ ਪੂਰਨ ਕਰਯੋ। ਊਨਵ ਘਨ ਗਨ ਸ਼ੋਭਤਿ ਧਰਯੋ।
ਸ੍ਰੀ ਸਤਿਗੁਰ ਪਰਮਾਰਥ ਰੂਪ। ਕਰਯੋ ਬਿਲੋਕਨ ਤਾਲ ਅਨੂਪ॥ ੨੯॥

ਸਰੋਵਰ ਸੁੰਦਰ ਜਲ ਨਾਲ ਭਰ ਦਿੱਤਾ, ਨੀਵੇਂ ਬੱਦਲਾਂ ਨੇ ਬੜੀ ਸ਼ੋਭਾ ਪਾਈ। ਸ੍ਰੀ ਸਤਿਗੁਰੂ ਜੀ ਪਰਮਾਰਥ ਦਾ ਰੂਪ ਹਨ, ਉਨ੍ਹਾਂ ਨੇ ਅਨੂਪਮ ਸਰੋਵਰ ਨੂੰ ਵੇਖਿਆ॥ ੨੯॥

ਸੰਗਤਿ ਸੰਗ ਸਿਖ ਸਮੁਦਾਏ। ਹੇਰਿ ਹੇਰਿ ਕਰਿ ਸਭਿ ਹਰਖਾਏ।
ਅਤਿ ਸ਼ੋਭਾ ਚਾਰਹੁੰ ਦਿਸ਼ ਮਾਂਹੀ। ਕਰਦਮ ਬਿਨ ਠਹਿਰਯੋ ਜਲੁ ਤਾਂਹੀ ॥੩੦॥

ਸੰਗਤ ਦੇ ਨਾਲ ਸਾਰੇ ਸਿੱਖ ਵੇਖ ਵੇਖ ਕੇ ਬਹੁਤ ਪ੍ਰਸੰਨ ਹੋਏ, ਚਾਰੇ ਪਾਸੇ ਅਤਿ ਸ਼ੋਭਾ ਛਾਈ ਹੋਈ ਸੀ। ਗਾਰੇ ਤੋਂ ਬਗੈਰ ਉਥੇ ਜਲ ਠਹਿਰ ਗਿਆ॥ ੩੦॥

ਆਇ ਸੰਗਤਾਂ ਸੁਨਿ ਸੁਨਿ ਬ੍ਰਿੰਦ। ਮੱਜਤ ਨਿਤਪ੍ਰਤਿ ਲਹਤਿ ਅਨੰਦ।
ਜਨਮ ਜਨਮ ਕੇ ਸੰਚਿਤ ਪਾਪੂ। ਸਰ ਸ਼ਨਾਨ ਤੇ ਕੀਨਸਿ ਖਾਪੂ॥ ੩੧॥

ਬਹੁਤ ਸੰਗਤ ਸੁਣ ਸੁਣ ਕੇ ਆਈ, ਨਿਤਾਪ੍ਰਤਿ ਇਸ਼ਨਾਨ ਕਰਕੇ ਆਨੰਦ ਲੈਂਦੇ ਸਨ। ਜਿਹੜੇ ਜਨਮਾਂ ਦੇ ਪਾਪ ਇਕੱਠੇ ਹੋਏ ਸਨ, ਉਹ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਦੂਰ ਹੋ ਗਏ॥ ੩੧॥

ਕਰਹਿਂ ਪ੍ਰਕਰਮਾਂ ਫਿਰਿ ਚਹੁੰਫੇਰੇ। ਸ਼ਬਦ ਪਠਹਿਂ ਫਲ ਪਾਇਂ ਘਨੇਰੇ।
ਕਰਹਿਂ ਕਾਮਨਾ ਤਤਛਿਨ ਪਾਵਹਿਂ। ਕਹਤਿ ਸ਼ਲਾਘਾ ਧਾਮਨਿ ਜਾਵਹਿਂ ॥੩੨॥

ਫਿਰ ਚਾਰ-ਚੁਫੇਰੇ ਪਰਿਕਰਮਾਂ ਕਰਦੇ ਸਨ, ਸ਼ਬਦ ਪੜ੍ਹ ਕੇ ਵਾਧੂ ਫਲ ਪ੍ਰਾਪਤ ਕਰਦੇ ਸਨ। ਮਨ ਵਿਚ ਜਿਹੜੀ ਵੀ ਕਾਮਨਾ ਧਾਰਨ ਕਰਦੇ ਸਨ, ਉਹ ਤੁਰੰਤ ਪੂਰੀ ਹੋ ਜਾਂਦੀ ਸੀ। ਗੁਰੂ ਜੀ ਦੀ ਸ਼ਲਾਘਾ ਕਰਕੇ ਆਪਣੇ ਘਰਾਂ ਨੂੰ ਜਾਂਦੇ ਸਨ॥ ੩੨॥

ਜਹਿਂ ਸਿਖ ਸੰਗਤਿ ਕੋ ਹੁਇ ਮੇਲਾ। ਸਤੁਤਿ ਸੁਨਾਇਂ ਸੁ ਤਾਲ ਸੁਹੇਲਾ।
ਅਤਿ ਰਮਨੀਕ ਬਨੀ ਜਿਹ ਸ਼ੋਭਾ। ਦੇਖਤਿ ਜਿਸਹਿ ਨ ਕਿਹਿ ਮਨ ਲੋਭਾ ॥੩੩॥

ਜਿਥੇ ਸਿੱਖ ਸੰਗਤ ਇਕੱਠੀ ਹੁੰਦੀ ਸੀ, ਉਥੇ ਉਸਤਤ ਸੁਣਾਉਂਦੇ ਸਨ ਕਿ ਸਰੋਵਰ ਬਹੁਤ ਸੁਖਦਾਈ ਹੈ। ਜਿਸ ਦੀ ਅਤਿ ਰਮਣੀਕ ਸ਼ੋਭਾ ਬਣੀ ਹੈ, ਜਿਸ ਨੂੰ ਵੇਖ ਵੇਖ ਕੇ ਕਿਸ ਦਾ ਮਨ ਲੁਭਾਇਮਾਨ ਨਹੀਂ ਹੁੰਦਾ ?॥ ੩੩॥

ਆਪ ਸਤਿਗੁਰੂ ਕਾਰ ਕਰਾਵੈਂ। ਮੱਜਨ ਕੋ ਫਲ ਘਨੋ ਸੁਨਾਵੈਂ।
ਪਸਰਯੋ ਸੁਜਸ ਦੇਸ਼ ਪਰਦੇਸ਼। ਸੁਨਿ ਸੁਨਿ ਆਵਹਿਂ ਸਿੱਖ ਬਿਸ਼ੇਸ਼॥ ੩੪॥

ਗੁਰੂ ਜੀ ਆਪ ਕਾਰ ਕਰਵਾਉਂਦੇ ਸਨ, ਸਰੋਵਰ ਵਿਚ ਇਸ਼ਨਾਨ ਕਰਨ ਦਾ ਉਹ ਬੜਾ ਉੱਤਮ ਫਲ ਦੱਸਦੇ ਸਨ। ਦੇਸ਼ ਪਰਦੇਸ਼ ਵਿਚ ਸ਼ੋਭਾ ਦਾ ਜੱਸ ਫੈਲ ਗਿਆ, ਸੁਣ ਸੁਣ ਕੇ ਵਿਸ਼ੇਸ਼ ਸਿੱਖ ਆ ਰਹੇ ਸਨ॥ ੩੪॥

ਇਕ ਦਰਸ਼ਨ ਕੀ ਕਾਂਖਾ ਘਨੀ। ਦੁਤੀਏ ਸਰ ਕੀ ਉਸਤਤਿ ਸੁਨੀ।
ਚਿਤ ਮਹਿਂ ਚੌਂਪ ਅਧਿਕ ਕਰਿ ਆਵੈਂ। ਸਰ ਸ਼ਨਾਨ ਕਰਿ ਉਰ ਹਰਖਾਵੈਂ ॥ ੩੫ ॥

ਇਕ ਤਾਂ ਗੁਰੂ ਜੀ ਦੇ ਦਰਸ਼ਨਾਂ ਦੀ ਵੱਡੀ ਤਾਂਘ ਸੀ, ਦੂਸਰਾ ਸਰੋਵਰ ਦੀ ਬਹੁਤ ਉਸਤਤ ਸੁਣੀ, ਦਿਲ ਵਿਚ ਬਹੁਤ ਪਿਆਰ ਵਧਾ ਕੇ ਆਉਂਦੇ ਸਨ। ਸਰੋਵਰ ਵਿਚ ਇਸ਼ਨਾਨ ਕਰਕੇ ਦਿਲ ਵਿਚ ਬਹੁਤ ਖ਼ੁਸ਼ ਹੁੰਦੇ ਸਨ॥ ੩੫ ॥

ਦਰਸਹਿਂ ਸਤਿਗੁਰ ਕੋ ਸੁਖ ਪਾਇ। ਅਨਿਕ ਭਾਂਤਿ ਕੋ ਸੁਜਸੁ ਸੁਨਾਇ।
'ਜਗ ਸਾਗਰ ਦੁਸ਼ਤਰ ਬਡ ਦਾਰੁਨ। ਤਿਸ ਤੇ ਅਪਨੇ ਦਾਸ ਉਬਾਰਨ ॥ ੩੬ ॥

ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਸੁਖ ਪਾਉਂਦੇ ਸਨ। ਅਨੇਕ ਪ੍ਰਕਾਰ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਸਨ, ਕਹਿੰਦੇ ਸਨ, "ਇਹ ਭਵਸਾਗਰ ਬੜਾ ਕਠਨ ਅਤੇ ਭਿਆਨਕ ਹੈ, ਇਸ ਨੂੰ ਪਾਰ ਕਰਨਾ ਬੜਾ ਮੁਸ਼ਕਲ ਹੈ, ਗੁਰੂ ਜੀ ਆਪਣੇ ਸੇਵਕਾਂ ਨੂੰ ਬਚਾ ਕੇ ਇਸ ਭਵਸਾਗਰ ਨੂੰ ਪਾਰ ਕਰਵਾਉਂਦੇ ਹਨ॥ ੩੬ ॥।

ਕਰਜੋ ਸਭਿਨਿ ਪਰ ਬਡ ਉਪਕਾਰਾ। ਧੰਨੁ ਧੰਨੁ ਗੁਰ ਸਿੱਖ ਦਤਾਰਾ'।
ਇੱਤਜਾਦਿਕ ਜਸ ਜਗ ਮਹਿਂ ਭਯੋ। ਦੂਨ ਚਗੁਨਾਹੁਇ ਨਿਤ ਨਯੋ॥ ੩੭ ॥

ਸਾਰਿਆਂ ਉਤੇ ਉਨ੍ਹਾਂ ਵੱਡਾ ਉਪਕਾਰ ਕੀਤਾ ਹੈ, ਸਿੱਖਾਂ ਦੇ ਦਾਤਾਰ, ਗੁਰੂ ਅਰਜਨ ਦੇਵ ਜੀ ਧੰਨ ਹਨ" ਇੱਤਿਆਦਿ ਜੱਸ ਜੱਗ ਵਿਚ ਪਰਗਟ ਹੋਇਆ। ਦੁੱਗਣਾ, ਚੋਗੁਣਾ ਨਿਤ ਨਵਾਂ ਵਧਦਾ ਹੀ ਜਾਂਦਾ ਸੀ॥ ੩੭ ॥

ਕਿਤਕ ਕਾਲ ਸਰ ਮਹਿਂ ਜਲ ਰਹਜੋ। ਬਹੁਰੋ ਸੋਖ ਸਰਬ ਨੇ ਲਹਜੋ।
ਸ਼੍ਰੀ ਅਰਜਨ ਕੇ ਢਿਗ ਸਿਖ ਸਾਰੇ। ਸੰਭ੍ਰਮ ਯੁਤ ਕਰ ਜੋਰਿ ਉਚਾਰੇ॥ ੩੮ ॥

ਕਾਫੀ ਸਮੇਂ ਤਕ ਸਰੋਵਰ ਵਿਚ ਜਲ ਖੜਾ ਰਿਹਾ, ਫਿਰ ਸਾਰਿਆਂ ਨੇ ਵੇਖਿਆ ਕਿ ਜਲ ਬਿਲਕੁਲ ਸੁੱਕ ਗਿਆ ਹੈ। ਫਿਰ ਸਾਰੇ ਸਿੱਖ ਗੁਰੂ ਅਰਜਨ ਦੇਵ ਜੀ ਪਾਸ ਆਏ, ਕਾਹਲੀ ਨਾਲ ਹੱਥ ਜੋੜ ਕੇ ਉਨ੍ਹਾਂ ਕਿਹਾ॥ ੩੮ ॥

'ਇਹੁ ਤਾਲਨ ਮਹਿਂ ਦੋਸ਼ ਮਹਾਂਨਾ। ਮਹਾਂ ਨੀਰ ਸੋਖਹਿ ਜਿਸ ਥਾਨਾ।
ਬਨਜੋ ਬਨਾਯੋ ਨਿਸ਼ਫਲ ਹੋਇ। ਬੀਚ ਨ ਠਹਿਰ ਸਕਹਿ ਜਲ ਜੋਇ॥ ੩੯ ॥

"ਇਸ ਸਰੋਵਰ ਵਿਚ ਮਹਾਨ ਦੋਸ਼ ਹੈ, ਜਿਸ ਵਿਚ ਏਨੀ ਵੱਡੀ ਮਿਕਦਾਰ ਵਿਚ ਖੜਾ ਪਾਣੀ ਛੱਟ ਸੁੱਕ ਗਿਆ ਹੈ। ਬਣਿਆ ਬਣਾਇਆ ਇਹ ਸਰੋਵਰ ਸਫਲ ਨਹੀਂ ਹੋਇਆ ਹੈ, ਜਿਸ ਵਿਚ ਜਲ ਠਹਿਰ ਨਹੀਂ ਸਕਦਾ ਹੈ॥ ੩੯ ॥

ਕੇਤਿਕ ਤਾਲ ਰਹੇ ਇਸ ਭਾਂਤਿ। ਬਿਨ ਜਲ ਤੇ ਸੂਕੇ ਗਿਰ ਜਾਤਿ।
ਮਹਾਂ ਬਿਘਨ ਇਹੁ ਤਾਲਨ ਕੇਰਾ। ਜੋ ਰਾਵਰਿ ਕੇ ਸਰ ਮਹਿਂ ਹੇਰਾ॥ ੪੦ ॥

ਕਈ ਸਰੋਵਰ ਇਸ ਪ੍ਰਕਾਰ ਰਹਿੰਦੇ ਹਨ, ਜਲ ਤੋਂ ਬਗੈਰ ਸੁੱਕ ਕੇ ਡਿੱਗ ਪੈਂਦੇ ਹਨ, ਇਸ ਸਰੋਵਰ ਵਿਚ ਮਹਾਂ ਵਿਘਨ ਹੈ, ਜੋ ਆਪ ਜੀ ਦੇ ਸਰੋਵਰ ਵਿਚ ਵੇਖਿਆ ਹੈ॥ ੪੦ ॥

ਨਹਿਂ ਉਪਾਇ ਇਸ ਦੋਸ਼ ਮਿਟਾਵਨਿ ?। ਜਿਸ ਤੇ ਹੋਇ ਨੀਰ ਠਹਿਰਾਵਨ।
ਰਾਵਰ ਸਰਬ ਰੀਤਿ ਸਮਰੱਥ। ਜਗ ਸਿਰਜਨ ਭੰਨਣ ਤੁਮ ਹੱਥ॥ ੪੧ ॥

ਕੀ ਇਸ ਦਾ ਦੋਸ਼ ਦੂਰ ਕਰਨ ਦਾ ਕੋਈ ਉਪਾਅ ਨਹੀਂ ਹੈ? ਜਿਸ ਉਪਾਅ ਕਰਨ ਨਾਲ ਇਸ ਵਿਚ ਜਲ ਠਹਿਰਾਇਆ ਜਾ ਸਕੇ। ਆਪ ਜੀ ਹਰ ਪ੍ਰਕਾਰ ਸਮਰੱਥ ਹੋ, ਜੱਗ ਦੀ ਸਿਰਜਣਾ ਅਤੇ ਵਿਨਾਸ਼ ਕਰਨਾ ਆਪ ਜੀ ਦੇ ਹੱਥ ਹੈ"॥ ੪੧ ॥

Sri Satguru Jagjit Singh Ji eLlibrary NamdhariElibrary@gmail.com

ਸੁਨਿ ਸਿੱਖਨ ਤੇ ਸਤਿਗੁਰ ਪੂਰੇ। ਸ੍ਰੀ ਮੁਖ ਤੇ ਭਾਖੇ ਬਚ ਰੂਰੇ।
'ਇਸ ਤਲਾਵ ਕੋ ਤ੍ਰਿਪਤਿ ਨ ਹੋਈ। ਰੀਤ ਛੁਧਾਤੁਰ ਸਮਸਰ ਜੋਈ॥ ੪੨ ॥

ਪੂਰਨ ਸਤਿਗੁਰੂ ਜੀ ਨੇ ਸਿੱਖਾਂ ਪਾਸੋਂ ਗੱਲ-ਬਾਤ ਸੁਣ ਕੇ ਆਪਣੇ ਮੁਖਾਰਬਿੰਦ ਤੋਂ ਸੁੰਦਰ ਬਚਨ ਕੀਤੇ, "ਇਸ ਸਰੋਵਰ ਦੀ ਤ੍ਰਿਪਤੀ ਨਹੀਂ ਹੋਈ, ਇਸ ਦੀ ਰੀਤੀ ਪਿਆਸਿਆਂ ਸਮਾਨ ਹੈ, ਭਾਂਵ ਹੇਠਲੀ ਮਿੱਟੀ ਰੇਤਲੀ ਹੈ ਜਿਹੜੀ ਜਲ ਨੂੰ ਝੱਟ ਪੀ ਜਾਂਦੀ ਹੈ॥ ੪੨ ॥

ਸਰ ਸੰਤੋਖ ਥਾਨ ਜਿਸ ਪਾਵਨਿ। ਤਹਿਂ ਕੀ ਕਰਹੁ ਕਾਰ ਇਤ ਲਜਾਵਨਿ।
ਤਿਸ ਮ੍ਰਿਤਕਾ ਤੇ ਹੁਇ ਸੰਤੋਸ਼। ਸਕਲ ਬਿਨਾਸਹਿ ਤ੍ਰਿਸ਼ਨਾ ਦੋਸ਼॥ ੪੩ ॥

ਜਿਥੇ ਸੰਤੋਖਸਰ ਦੀ ਮਿੱਟੀ ਕੱਢ ਕੇ ਬਾਹਰ ਸੁਟੀ ਹੈ, ਉਸ ਚੀਕਨੀ ਮਿੱਟੀ ਨੂੰ ਏਥੇ ਲਿਆਉਣ ਦੀ ਕਾਰ ਕਰੋ, ਉਸ ਚੀਕਨੀ ਮਿੱਟੀ ਨਾਲ ਇਸ ਸਰੋਵਰ ਨੂੰ ਸੰਤੋਖ ਆ ਜਾਵੇਗਾ ਅਤੇ ਇਸ ਦਾ ਸਾਰਾ ਤ੍ਰਿਸ਼ਨਾ ਦੋਸ਼ ਖਤਮ ਹੋ ਜਾਵੇਗਾ॥ ੪੩ ॥

ਨੋਟ:-ਚੀਕਨੀ ਮਿੱਟੀ ਜਲ ਨੂੰ ਹੇਠਾਂ ਨਹੀਂ ਸਿੰਮਣ ਦਿੰਦੀ।

ਬ੍ਰਿੱਧ ਆਦਿਕ ਸਿਖ ਸਗਰੇ ਜਾਵਹਿਂ। ਏਕ ਬਾਰ ਜੇਤਿਕ ਧਰ ਲਜਾਵਹਿਂ।
ਸ੍ਰੀ ਅੰਮ੍ਰਿਤਸਰ ਮਹਿਂ ਸਭਿ ਪਾਵਹੁ। ਦਿਹੁ ਸੰਤੋਸ਼ ਜਲ ਕੋ ਠਹਿਰਾਵਹੁ' ॥੪੪ ॥

ਬਾਬਾ ਬੁੱਢਾ ਜੀ ਆਦਿ ਸਾਰੇ ਸਿੱਖ ਜਾਵੋ, ਇਕ ਵਾਰ ਜਿੰਨਾ ਧਰ ਲਿਆਵੋ, ਉਹ ਅੰਮ੍ਰਿਤ ਸਰੋਵਰ ਦੇ ਵਿਚ ਪਾਵੋ ਅਤੇ ਸੰਤੋਖ ਦੇ ਕੇ ਜਲ ਨੂੰ ਠਹਿਰਾਵੋ" ॥ ੪੪ ॥

ਸੁਨਿ ਸਤਿਗੁਰ ਕੇ ਵਾਕ ਸੁਹਾਏ। ਸਿੱਖ ਇਕੱਤ੍ਰ ਭਏ ਸਮੁਦਾਏ।
ਮਿਲਿ ਸੰਤੋਖਸਰ ਪਰ ਸਭਿ ਗਏ। ਤਹਿਂ ਕੀ ਮ੍ਰਿਤਕਾ ਲਜਾਵਤਿ ਭਏ॥ ੪੫ ॥

ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਸਾਰੇ ਸਿੱਖ ਇਕੱਠੇ ਹੋ ਗਏ। ਸਾਰੇ ਮਿਲ ਕੇ ਸੰਤੋਖਸਰ ਗਏ ਤੇ ਉਸ ਸਰੋਵਰ ਦੀ ਮਿੱਟੀ ਲਿਆਉਣ ਲੱਗੇ॥ ੪੫ ॥

ਜਿਤਿਕ ਤਾਲ ਅੰਤਰ ਬਿਸਤਾਰਾ। ਤਰ ਹਰਿਮੰਦਰ ਚਹੁੰਦਿਸ਼ ਸਾਰਾ।
ਮ੍ਰਿਤਕਾ ਸਗਲ ਥਾਨ ਪਸਰਾਈ। ਸਤਿਗੁਰ ਕਹਿ ਕਰਿ ਸਭਿ ਬਿਥਰਾਈ ॥੪੬ ॥

ਜਿੰਨਾ ਵੀ ਸਰੋਵਰ ਅੰਦਰ ਫੈਲਿਆ ਹੋਇਆ ਸੀ, ਹਰਿਮੰਦਰ ਸਾਹਿਬ ਦੇ ਚਾਰ-ਚੁਫੇਰੇ ਜਿੰਨਾ ਵੀ ਸਥਾਨ ਸੀ, ਸਾਰੇ ਸੰਤੋਖਸਰ ਦੀ ਮਿੱਟੀ ਫੈਲਾ ਦਿੱਤੀ, ਸਤਿਗੁਰੂ ਜੀ ਨੇ ਕਹਿ ਕੇ ਸਭ ਥਾਂ ਖਿਲਾਰ ਦਿੱਤੀ॥ ੪੬ ॥

ਬਹੁਰ ਨੀਰ ਸ਼ੁਸ਼ਕਜੋ ਨਹਿਂ ਕਬੈ। ਪੂਰਨ ਰਹਜੋ ਭਰਜੋ ਜਲਿ ਸਬੈ।
ਸਿਖ ਸੰਗਤਿ ਸਮੁਦਾਇ ਅਨੰਦ। ਮੱਜਤਿ ਕਲਮਲ ਹਤਹਿ ਬਿਲੰਦ॥ ੪੭ ॥

ਫਿਰ ਕਦੀ ਵੀ ਸਰੋਵਰ ਵਿਚੋਂ ਜਲ ਨਾ ਸੁੱਕਿਆ, ਸਦਾ ਹੀ ਸਾਰਾ ਸਰੋਵਰ ਜਲ ਨਾਲ ਭਰਿਆ ਰਹਿੰਦਾ ਸੀ। ਸਾਰੀ ਸਿੱਖ ਸੰਗਤ ਅਨੰਦਮਈ ਹੋ ਗਈ, ਇਸ਼ਨਾਨ ਕਰਕੇ ਆਪਣੇ ਪਾਪਾਂ ਦਾ ਨਾਸ਼ ਕਰਦੇ ਸਨ॥ ੪੭ ॥

*ਦੂਸਰੀ ਰਾਸ ਦਾ ਤਰਵੰਞਵਾਂ ਅਧਿਆਇ ਸਮਾਪਤ ਹੋਇਆ॥ ੫੩ ॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਚਰਵੰਜਵਾਂ

## ਸ੍ਰੀ ਅੰਮ੍ਰਿਤਸਰ ਨਗਰ ਵਸਾਇਆ

ਦੋਹਰਾ- ਸ੍ਰੀ ਹਰਿਮੰਦਰ ਕੋ ਬਹੁਰ ਕਾਰੀਗਰਨ ਲਗਾਇ।
ਕਰਤਿ ਉਸਾਰਨ ਕਉ ਭਲੇ ਚਹੁੰਦਿਸ਼ ਦਰ ਰਖਵਾਇ ॥ ੧ ॥

ਫਿਰ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ ਬਹੁਤ ਕਾਰੀਗਰ ਲਾਏ, ਚਾਰੇ ਪਾਸੇ ਚਾਰ ਦਰਵਾਜ਼ੇ ਰੱਖ ਕੇ ਚੰਗੀ ਤਰ੍ਹਾਂ ਉਸਾਰੀ ਕਰ ਰਹੇ ਸਨ ॥ ੧ ॥

ਚੌਪਈ- ਸਿਖ ਪ੍ਰੇਮੀ ਬਹੁ ਕਾਰ ਕਮਾਇਂ। ਚੂਨੋ ਪੀਸਹਿਂ ਪ੍ਰੇਮ ਲਗਾਇ।
ਬਹੁ ਸੂਖਮ ਬਹੁ ਡਾਲ ਮਸਾਲੇ। ਸਿਰ ਉਠਾਇ ਕਰਿ ਲਯਾਇਂ ਉਤਾਲੇ ॥੨ ॥

ਸਿੱਖ ਪ੍ਰੇਮੀ ਬਹੁਤ ਕਾਰ-ਸੇਵਾ ਕਮਾਉਂਦੇ ਸਨ, ਬੜੇ ਪ੍ਰੇਮ ਨਾਲ ਚੂਨਾ ਪੀਂਹਦੇ ਸਨ। ਬਹੁਤ ਬਰੀਕ ਅਤੇ ਸੂਖਮ ਮਸਾਲੇ ਰਲਾ ਕੇ ਫਿਰ ਸਿਰ ਤੇ ਚੁੱਕ ਕੇ ਬਹੁਤ ਛੇਤੀ-ਛੇਤੀ ਲਿਆਉਂਦੇ ਸਨ ॥ ੨ ॥

ਬ੍ਰਿੰਦ ਈਂਟਕਾ ਸੀਸ ਉਠਾਵੈਂ। ਕਾਰੀ ਗਰਨਿ ਨਿਕਟ ਪਹੁੰਚਾਵੈਂ।
ਨੀਕੇ ਘਰ ਘਰ ਧਰਹਿਂ ਸੁਧਾਰ। ਕਰਹਿਂ ਨਿਤਾਪ੍ਰਤਿ ਮੰਦਰ ਕਾਰ ॥ ੩ ॥

ਬਹੁਤ ਸਾਰੀਆਂ ਇੱਟਾਂ ਸਿਰ ਤੇ ਚੁੱਕਦੇ ਸਨ ਤੇ ਕਾਰੀਗਰਾਂ ਦੇ ਪਾਸ ਪਹੁੰਚਾਉਂਦੇ ਸਨ। ਕਾਰੀਗਰ ਚੰਗੀ ਤਰ੍ਹਾਂ ਘੜ ਘੜ ਕੇ ਸੁਧਾਰ ਕੇ ਲਾਉਂਦੇ ਸਨ, ਨਿਤਾਪ੍ਰਤੀ ਮੰਦਰ ਦੀ ਕਾਰ ਸੇਵਾ ਕਰਦੇ ਸਨ ॥ ੩ ॥

ਸ੍ਰੀ ਸਤਿਗੁਰ ਕੀ ਆਇਸੁ ਪਾਇ। ਨਹਿਂ ਕਾਸ਼ਟ ਕਿਸ ਥਾਇਂ ਲਗਾਇਂ।
ਚੂਨੇ ਸੰਗ ਈਂਟਕਾ ਜਰੈਂ। ਭਿਤ ਠਾਢੀ ਗਾਢੀ ਅਤਿ ਕਰੈਂ ॥ ੪ ॥

ਗੁਰੂ ਜੀ ਦੀ ਆਗਿਆ ਪਾ ਕੇ, ਗਾਰਾ ਕਿਸੇ ਥਾਂ ਵੀ ਨਹੀਂ ਲਾਉਂਦੇ ਸਨ। ਇੱਟਾਂ ਦੀ ਜੜਾਈ ਚੂਨੇ ਨਾਲ ਹੀ ਕਰਦੇ ਸਨ। ਹਰਿਮੰਦਰ ਸਾਹਿਬ ਦੀਆਂ ਕੰਧਾਂ ਬੜੀਆਂ ਮਜ਼ਬੂਤ ਖੜੀਆਂ ਕਰਦੇ ਸਨ ॥ ੪ ॥

ਚਹੁੰਦਿਸ਼ ਖਰੀ ਕਰੀ ਬਹੁ ਖਰੀ। ਕਰਦਮ ਸੰਗ ਨ ਈਂਟੈ ਧਰੀ।
ਕਾਲਬੂਤ ਸੰਗ ਕਰਿ ਕਰਿ ਜੋਰ। ਚਾਰਹੁੰ ਦਰ ਮੇਲੇ ਦੁਹੁੰ ਓਰ ॥ ੫ ॥

ਚਾਰੇ ਪਾਸੇ ਬਹੁਤ ਮਜ਼ਬੂਤ ਅਤੇ ਚੰਗੀ ਦੀਵਾਰ ਖੜੀ ਕੀਤੀ। ਗਾਰੇ ਨਾਲ ਕੋਈ ਇੱਟ ਨਹੀਂ ਸੀ ਲਾਉਂਦੇ। ਹੇਠਾਂ ਕਲਬੂਤ ਦਾ ਆਸਰਾ ਬਣਾ ਕੇ ਫਿਰ ਇੱਟਾਂ ਦੀ ਜੜਾਈ ਕਰਦੇ ਸਨ। ਚਾਰੇ ਦਰਵਾਜ਼ੇ ਦੋਹਾਂ ਪਾਸਿਆਂ ਤੋਂ ਮੇਲੇ ਭਾਵ ਡਾਟ ਲਗਾਈ ॥ ੫ ॥

ਚਿਨ ਚਿਨ ਊਪਰ ਕੀਨ ਉਤੰਗ। ਮੇਲੀ ਛਾਤ ਸੁ ਚੂਨੇ ਸੰਗ।
ਮਹਿਮਾ ਕੇ ਗੁਰ ਸ਼ਬਦ ਬਨਾਵੈਂ। ਹਰਖਹਿ ਸੰਗਤਿ ਜਬਹਿ ਸੁਨਾਵੈਂ ॥ ੬ ॥

ਦੀਵਾਰਾਂ ਚਿਣ ਚਿਣ ਬੜੀ ਛੇਤੀ ਉਪਰ ਚੁਕ ਦਿੱਤੀਆਂ ਅਤੇ ਚੂਨੇ ਨਾਲ ਛੱਤ ਨੂੰ ਮੇਲ ਦਿੱਤੀਆਂ। ਗੁਰੂ ਜੀ ਮਹਿਮਾ ਦੇ ਸ਼ਬਦ ਬਣਾਉਂਦੇ ਸਨ, ਜਦ ਗੁਰੂ ਜੀ ਉਹ ਸ਼ਬਦ ਸੰਗਤ ਨੂੰ ਸੁਣਾਉਂਦੇ ਸਨ ਤੇ ਸਾਰੇ ਬਹੁਤ ਪ੍ਰਸੰਨ ਹੁੰਦੇ ਸਨ ॥ ੬ ॥

Sri Satguru Jagjit Singh Ji eLlibrary NamdhariElibrary@gmail.com

ਸੁਧਾ ਸਰੋਵਰ ਅਰੁ ਗੁਰੁ ਧਾਮੂ। ਦੋਨਹੁੰ ਬਿਖੈ ਜੁ ਥਲ ਅਭਿਰਾਮੂ।
ਤਹਿੰ ਬਜ਼ਾਰ ਕੀ ਚਿਨਤੀ ਹੋਇ। ਨਿਜ ਨਿਜ ਹਾਟਿ ਸੁਧਾਰਹਿ ਕੋਇ॥ ੭॥

ਅੰਮ੍ਰਿਤ ਸਰੋਵਰ ਅਤੇ ਗੁਰੂ ਜੀ ਦੇ ਘਰ ਦੇ ਦਰਮਿਆਨ ਜਿਹੜਾ ਸ੍ਰੇਸ਼ਟ ਸਥਾਨ ਸੀ, ਉਥੇ ਬਜ਼ਾਰ ਬਣਾਇਆ ਗਿਆ ਸੀ, ਸਾਰੇ ਆਪਣੀਆਂ-ਆਪਣੀਆਂ ਹੱਟੀਆਂ ਸੁਧਾਰ ਕੇ ਬਣਵਾ ਰਹੇ ਸਨ॥ ੭॥

ਜਯੋਂ ਬਰ ਦੇਂ ਤਯੋਂ ਸ਼ਬਦ ਬਨਾਵੈਂ। ਸਤਿਗੁਰ ਤੇ ਸਭਿ ਸਿਖ ਸੁਨ ਪਾਵੈਂ।
'ਹੋਵੈ ਵਸਦੀ ਸਘਨ ਅਪਾਰ। ਰਾਮਦਾਸ ਪੁਰਿ ਬਨਹਿੰ ਬਜ਼ਾਰ॥ ੮॥

ਗੁਰੂ ਜੀ ਜਿਵੇਂ-ਜਿਵੇਂ ਵਰ ਦਿੰਦੇ ਸਨ, ਉਸ ਤਰ੍ਹਾਂ ਹੀ ਉਹ ਸ਼ਬਦ ਬਣਾ ਦਿੰਦੇ ਸਨ ਅਤੇ ਸਾਰੇ ਸਿੱਖ ਸਤਿਗੁਰੂ ਜੀ ਪਾਸੋਂ ਸੁਣਦੇ ਸਨ। "ਏਥੇ ਅਪਾਰ ਸੰਘਣੀ ਵਸੋਂ ਹੋਵੇਗੀ, ਰਾਮਦਾਸ ਨਗਰੀ ਵਿਚ ਬਜ਼ਾਰ ਬਣਨਗੇ॥ ੮॥

ਇਸ ਕੇ ਸਮ ਹੁਇ ਨਗਰ ਨ ਕੋਈ। ਆਇ ਪ੍ਰਵੇਸ਼ਹਿ ਲਛਮੀ ਜੋਈ।
ਚਹੁੰ ਦਿਸ਼ ਤੇ ਇਹੁ ਬਧਹਿ ਬਿਸਾਲ। ਬਸੈਂ ਲੋਕ ਸਭਿ ਜਾਤਨਿ ਜਾਲ॥ ੯॥

ਇਸ ਦੇ ਬਰਾਬਰ ਕੋਈ ਨਗਰੀ ਨਹੀਂ ਹੋਵੇਗੀ ਅਤੇ ਧਨ ਦੌਲਤ ਇਸ ਨਗਰੀ ਅੰਦਰ ਪ੍ਰਵੇਸ਼ ਕਰੇਗਾ। ਚਾਰਾਂ ਪਾਸਿਆਂ ਤੋਂ ਇਹ ਬਹੁਤ ਵਧੇਗਾ ਅਤੇ ਸਾਰੀਆਂ ਜਾਤਾਂ ਦੇ ਬਹੁਤ ਲੋਕ ਏਥੇ ਵੱਸਣਗੇ॥ ੯॥

ਦੇਸ਼ ਬਿਦੇਸ਼ਨਿ ਬਨਜ ਮਹਾਨਾ। ਚਲਹਿ ਜਹਾਂ ਕਹਿੰ, ਨਰ ਧਨਵਾਨਾ'।
ਸੁਨਿ ਸੁਤਿਗੁਰ ਕੇ ਬਾਕ ਸੁਹਾਏ। ਬਸਨ ਹੇਤ ਕੇਤਿਕ ਸਿਖ ਆਏ॥ ੧੦॥

ਦੇਸ਼ਾਂ ਵਿਦੇਸ਼ਾਂ ਨਾਲ ਬਹੁਤ ਵਪਾਰ ਹੋਵੇਗਾ, ਜਿਥੋਂ-ਕਿਥੋਂ ਧਨਵਾਨ ਮਨੁੱਖ ਚਲ ਕੇ ਆਉਣਗੇ।" ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਗੁਰੂ ਜੀ ਦੀ ਨਗਰੀ ਵਿਚ ਵੱਸਣ ਵਾਸਤੇ ਬਹੁਤ ਸਿੱਖ ਆਏ॥ ੧੦॥

ਸਦਨ ਚਿਨਾਇ, ਬਨਾਇ ਦੁਕਾਨ। ਕਰਨ ਲਗੇ ਬਿਵਹਾਰ ਸੁਜਾਨ।
ਲਵਪੁਰਿ ਆਦਿਕ ਜੇ ਨਿਤ ਬਾਸੇ। ਗੁਰਪੁਰਿ ਕੋ ਖਲ ਕਰਿ ਉਪਹਾਸੇ॥ ੧੧॥

ਘਰਾਂ ਦੀ ਚਿਣਾਈ ਕਰਵਾਉਂਦੇ ਸਨ ਤੇ ਦੁਕਾਨਾਂ ਬਣਾਉਂਦੇ ਸਨ, ਚਤੁਰ ਮਨੁੱਖ ਕਾਰ-ਵਿਹਾਰ ਕਰਨ ਲੱਗ ਗਏ। ਲਾਹੌਰ ਆਦਿ ਨਗਰਾਂ ਵਿਚ ਜਿਹੜੇ ਮਨੁੱਖ ਸਦਾ ਵਸਦੇ ਆ ਰਹੇ ਸਨ, ਉਹ ਮੂਰਖ ਗੁਰੂ ਜੀ ਦੀ ਨਗਰੀ ਦੀ ਹਾਸੀ ਉਡਾਉਂਦੇ ਸਨ॥ ੧੧॥

ਮੂਰਖ ਗੁਰ ਪ੍ਰਤਾਪ ਨਹਿੰ ਜਾਨਹਿੰ। ਮਿਲਹਿੰ ਪਰਸੁਪਰ ਏਵ ਬਖਾਨਹਿੰ।
'ਨਗਰ ਬਸਹਿ ਕੈਸੇ ਤਿਸ ਥਾਨ। ਚਹੁੰਦਿਸ਼ ਕੋ ਜਲੁ ਆਇ ਮਹਾਂਨ॥ ੧੨॥

ਉਹ ਮੂਰਖ ਗੁਰੂ ਜੀ ਦਾ ਪਰਤਾਪ ਨਹੀਂ ਸੀ ਜਾਣਦੇ, ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਸਨ, "ਉਸ ਥਾਂ ਕਿਵੇਂ ਨਗਰ ਵੱਸ ਸਕਦਾ ਹੈ ਜਿਥੇ ਚਾਰੇ ਪਾਸਿਆਂ ਤੋਂ ਮਹਾਨ ਜਲ ਆਉਂਦਾ ਹੈ॥ ੧੨॥

ਥਿਰਹਿ ਚੁਮਾਸੇ ਮਹਿੰ ਬਹੁ ਪਾਨੀ। ਕਿਮ ਘਰ ਰਹਹਿੰ, ਹੋਹਿੰਗੇ ਹਾਨੀ।
ਜੋ ਜੋ ਬਸਹਿੰ ਜਾਹਿੰ ਪਿਖਿ ਹਾਲਾ। ਉਜਰ ਜਾਹਿੰਗੇ ਥੋਰਿਯ ਕਾਲਾ'॥ ੧੩॥

ਬਰਖਾ ਰੁੱਤ ਦੇ ਚਾਰ ਮਹੀਨਿਆਂ ਦੌਰਾਨ ਬਹੁਤ ਪਾਣੀ ਖੜਾ ਹੋ ਜਾਂਦਾ ਹੈ, ਘਰ ਕਿਵੇਂ ਖੜੇ ਰਹਿਣਗੇ, ਢਹਿ ਜਾਣਗੇ। ਜੋ ਜੋ ਵੀ ਜਾ ਕੇ ਵਸਣਗੇ, ਉਹ ਘਰਾਂ ਦੇ ਢਹਿ ਜਾਣ ਦਾ ਹਾਲ ਵੇਖ ਕੇ ਚਲੇ ਜਾਣਗੇ ਅਤੇ ਥੋੜ੍ਹੇ ਸਮੇਂ ਵਿਚ ਸਾਰੇ ਉਜੜ ਜਾਣਗੇ" ॥ ੧੩॥

ਇਮ ਸੁਨਿ ਸੁਨਿ ਸਿੱਖਨ ਦੁਖ ਪਾਵਾ। ਨਿਸ਼ਚਾ ਮੂਢਨ ਕਹੇ ਡੁਲਾਵਾ।
ਸ੍ਰੀ ਅਰਜਨ ਕੇ ਢਿਗ ਜਬਿ ਆਏ। ਹਾਥ ਜੋਰਿ ਮਿਲਿ ਸਭਿਨਿ ਸੁਨਾਏ ॥੧੪॥

ਇਸ ਤਰ੍ਹਾਂ ਸੁਣ ਸੁਣ ਕੇ ਸਿੱਖਾਂ ਨੇ ਦੁੱਖ ਪਾਇਆ, ਮੂਰਖਾਂ ਨੇ ਕਹਿ ਕਹਿ ਕੇ ਨਿਸਚਾ ਡਾਂਵਾਂ-ਡੋਲ ਕਰ ਦਿੱਤਾ। ਜਦ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਪਾਸ ਆਏ ਤਾਂ ਹੱਥ ਜੋੜ ਕੇ ਸਾਰਿਆਂ ਨੇ ਕਿਹਾ॥ ੧੪॥

'ਸੁਨੀਅਹਿ ਗੁਰੂ ਗ਼ਰੀਬ ਨਿਵਾਜੂ! ਆਪ ਕਰਤਿ ਬਡ ਨਗਰ ਸਮਾਜੂ।
ਸ੍ਰੀ ਮੁਖਵਾਕ-ਮਹਾਂ ਇਹੁ ਬਾਸੈ। ਲਛਮੀ ਥਿਰਹਿ ਅਨੂਪ ਪ੍ਰਕਾਸ਼ੈ- ॥੧੫॥

"ਹੇ ਗਰੀਬ ਨਿਵਾਜ਼ ਗੁਰੂ ਜੀ ! ਸੁਣੋ, ਤੁਸੀਂ ਵੱਡਾ ਨਗਰ ਵਸਾਉਣ ਲੱਗੇ ਹੋ, ਤੁਹਾਡਾ ਮੁਖਵਾਕ ਹੈ ਕਿ ਇਹ ਨਗਰ ਘੁੱਗ ਵਸੇਗਾ, ਧਨ ਦੌਲਤ ਕੀ ਕੋਈ ਘਾਟ ਨਹੀਂ ਰਹੇਗੀ ਅਤੇ ਅਨੂਪਮ ਪ੍ਰਕਾਸ਼ ਹੋਵੇਗਾ॥ ੧੫॥

ਅਪਰ ਪੁਰਨ ਕੇ ਨਰ ਬਿਵਹਾਰੀ। ਸਹਤ ਹਾਸ ਇਵ ਕਰਤਿ ਉਚਾਰੀ।
ਚਹੁੰਦਿਸ਼ ਕੌ ਜਲ ਜਹਿਂ ਥਿਰ ਹੋਇ। ਕੈਸ ਤਹਾਂ ਬਸਹਿਗੋ ਕੋਇ॥ ੧੬॥

ਹੋਰਨਾਂ ਨਗਰਾਂ ਦੇ ਕਾਰ ਵਿਹਾਰੀ ਮਨੁੱਖ ਹਾਸੇ ਨਾਲ ਇੰਝ ਕਹਿੰਦੇ ਹਨ ਕਿ ਜਿਥੇ ਚਾਰੇ ਪਾਸੇ ਜਲ ਖੜਾ ਰਹੇ, ਓਥੇ ਕੋਈ ਕਿਸ ਤਰ੍ਹਾਂ ਵਸੇਗਾ॥ ੧੬॥

ਸਦਨ ਗਿਰੈਂ ਤਬਿ ਊਜਰ ਜੈ ਹੈਂ। ਬਸਨ ਹਾਰ ਇਤ ਉਤ ਦੁਖ ਪੈਹੈਂ।
ਸੁਨਿ ਸਿੱਖਜਨ ਤੇ ਸਤਿਗੁਰ ਕਹਜੋ। 'ਜਿਮ ਚਹੁਦਿਸ਼ ਜਲ ਆਵਤਿ ਲਹਜੋ॥੧੭॥

ਘਰ ਡਿੱਗ ਪੈਣ ਤੇ ਫਿਰ ਉਜੜ ਜਾਣਗੇ, ਵਸਣ ਵਾਸਤੇ ਏਧਰ-ਓਧਰ ਦੁੱਖ ਪਾਉਣਗੇ"। ਸਿੱਖਾਂ ਪਾਸੋਂ ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਜਿਵੇਂ ਚਾਰੇ ਪਾਸੇ ਜਲ ਆਉਂਦਾ ਵੇਖਿਆ ਹੈ॥ ੧੭॥

ਤਿਮ ਚਹੁੰਦਿਸ਼ ਕੇ ਨਰ ਉਮਡਾਵੈਂ। ਬਸਿਬੇ ਹੇਤ ਨਗਰ ਇਸ ਆਵੈਂ।
ਬਡੇ ਜਤਨ ਤੇ ਸਦਨ ਸਥਾਨ। ਲੇ ਕਰਿ ਬਸਿ ਹੈਂ ਗਨ ਧਨਵਾਨ॥ ੧੮॥

ਤਿਵੇਂ ਚਾਰੇ ਪਾਸਿਆਂ ਦੇ ਨਰ ਆਉਣਗੇ, ਉਹ ਇਸ ਨਗਰ ਵਿਚ ਵਸਣ ਵਾਸਤੇ ਆਉਣਗੇ। ਬੜੇ ਯਤਨਾਂ ਨਾਲ ਘਰ ਵਾਸਤੇ ਥਾਂ ਪ੍ਰਾਪਤ ਕਰਕੇ ਧਨਵਾਨ ਮਨੁੱਖ ਵਸਣਗੇ॥ ੧੮॥

ਬ੍ਰਿੰਦ ਨਰਨ ਕੌ ਰਿਜ਼ਕ ਮਹਾਨਾ। ਆਨ ਧਰਹਿੰਗੇ ਹਮ ਇਸਥਾਨਾ।
ਖੈਬੇ ਹੇਤ ਆਇ ਸਭਿ ਕੋਈ। ਆਨ ਥਾਨ ਤੇ ਪਾਇ ਨ ਜੋਈ॥ ੧੯॥

ਬਹੁਤ ਮਨੁੱਖ ਅਨਾਜ ਅਤੇ ਹੋਰ ਪਦਾਰਥ ਲੈ ਕੇ ਏਥੇ ਆਉਣਗੇ ਤੇ ਸਾਨੂੰ ਲਿਆ ਕੇ ਦੇਣਗੇ, ਜਿਹੜਾ ਮਨੁੱਖ ਕਿਸੇ ਹੋਰ ਥਾਂ ਤੋਂ ਭੋਜਨ ਪ੍ਰਾਪਤ ਨਹੀਂ ਕਰ ਸਕੇਗਾ, ਉਹ ਸਾਰੇ ਸਾਡੇ ਲੰਗਰ ਵਿਚ ਖਾਣ ਵਸਤੇ ਆਉਣਗੇ॥ ੧੯॥

ਗੁਰਪੁਰਿ ਦਿਨ ਪ੍ਰਤਿ ਵਧਹਿ ਬਿਸਾਲਾ। ਕਰਹਿਂ ਵਾਸ ਨਰ ਸਦਾ ਸੁਖਾਲਾ।
ਜੀਵਤਿ ਸਿਮਰਹਿਂ ਰਿਦੇ ਗੁਬਿੰਦ। ਹਰਿਮੰਦਰ ਮਹਿਂ ਹੁਇ ਕਰਿ ਬ੍ਰਿੰਦ॥੨੦॥

ਇਹ ਗੁਰੂ ਦੀ ਨਗਰੀ ਦਿਨ ਪ੍ਰਤਿ ਬਹੁਤ ਵਧੇਗੀ, ਜਿਹੜੇ ਮਨੁੱਖ ਏਥੇ ਵਸਣਗੇ ਉਹ ਸਦਾ ਸੁਖੀ ਰਹਿਣਗੇ। ਸਾਰੇ ਜੀਉਂਦਿਆਂ ਹਰਿਮੰਦਰ ਸਾਹਿਬ ਵਿਚ ਇਕੱਠੇ ਹੋ ਕੇ ਆਪਣੇ ਹਿਰਦੇ ਵਿਚ ਗੋਬਿੰਦ ਦੇ ਨਾਮ ਦਾ ਸਿਮਰਨ ਕਰਨਗੇ॥ ੨੦॥

ਕਰਹਿਂ ਜੀਵਕਾ ਬਸਿ ਗੁਰਪੁਰਿ ਮੈਂ। ਸਤਿਗੁਰ ਸਬਦ ਧਾਰਿ ਕਰਿ ਉਰ ਮੈਂ।
ਅੰਤ ਸਮੈਂ ਗਤਿ ਪਾਇਂ ਸੁਖਾਰੇ। ਦੁਇ ਲੋਕਨ ਕੇ ਕਾਰਜ ਸਾਰੇ॥ ੨੧॥

ਗੁਰੂ ਜੀ ਦੀ ਨਗਰੀ ਵਿਚ ਵਸ ਕੇ ਆਪਣੀ ਜੀਵਕਾ ਤੋਰਨਗੇ ਅਤੇ ਸਤਿਗੁਰੂ ਦਾ ਸ਼ਬਦ ਆਪਣੇ ਹਿਰਦੇ ਵਿਚ ਧਾਰਨਗੇ। ਅੰਤ ਸਮੇਂ ਸੁਖਾਲੀ ਗਤੀ ਪ੍ਰਾਪਤ ਕਰਨਗੇ ਤੇ ਉਨ੍ਹਾਂ ਦੇ ਦੋ ਲੋਕਾਂ ਦੇ ਕਾਰਜ ਪੂਰਨ ਹੋ ਜਾਣਗੇ॥ ੨੧॥

ਨਿੰਦਕ ਦੁਸ਼ਟ ਬਿਲੋਕ ਨ ਸੱਕਈਂ। ਦੁਖੀ ਹੋਤਿ ਪਰ ਸੁਖ ਕੋ ਤੱਕਈ।
ਸੋ ਪਚਿ ਪਚਿ ਜਬਿ ਜਾਵੈਂ ਹਾਰ। ਸ਼ਰਨ ਪਰੈਂ ਸਤਿਗੁਰ ਦਰਬਾਰ॥ ੨੨ ॥

ਨਿੰਦਕ ਦੁਸ਼ਟ ਵੇਖ ਨਹੀਂ ਸਕਣਗੇ, ਉਹ ਦੂਸਰੇ ਦੇ ਸੁੱਖ ਨੂੰ ਵੇਖ ਕੇ ਦੁਖੀ ਹੁੰਦੇ ਹਨ, ਉਹ ਸੜ ਸੜ ਕੇ ਜਦ ਹਾਰ ਜਾਣਗੇ ਤਾਂ ਸਤਿਗੁਰੂ ਦੇ ਦਰਬਾਰ ਵਿਚ ਗੁਰੂ ਜੀ ਦੇ ਸ਼ਰਨੀਂ ਪੈ ਜਾਣਗੇ॥ ੨੨ ॥

ਨਹੀਂ ਬਸਹਿਂ ਪਛੁਤਾਵਹਿਂ ਪਾਛੈ। ਸੁਖ ਆਛੇ ਪਿਖਿ ਬਸਿਬੋ ਬਾਂਛੈ'।
ਸੁਨਿ ਸੁਨਿ ਸੇਵਕ ਭਏ ਪ੍ਰਸੰਨ। ਕਹਤਿ ਬਾਕ 'ਸ਼੍ਰੀ ਗੁਰ ਧੰਨ ਧੰਨ' ॥ ੨੩ ॥

ਇਸ ਨਗਰੀ ਵਿਚ ਨਾ ਵਸਣ ਕਰਕੇ ਪਿਛੋਂ ਪਛਤਾਉਣਗੇ, ਚੰਗੇ ਸੁਖਾਂ ਨੂੰ ਵੇਖ ਕੇ ਫਿਰ ਇਸ ਨਗਰ ਵਿਚ ਵਸਣਾ ਚਾਹੁਣਗੇ।" ਸੇਵਕ ਸੁਣ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ, "ਸ੍ਰੀ ਗੁਰੂ ਜੀ ਧੰਨ ਹਨ" ॥ ੨੩ ॥

ਦਿਨਪ੍ਰਤਿ ਬਸਹਿਂ ਆਨ ਕਰਿ ਨਏ। ਨਰ ਕੁਟੰਬ ਜੁਤਿ ਘਰ ਗਨ ਭਏ।
ਖੁਲਜੋ ਬਜ਼ਾਰ ਹੇਤ ਬਿਵਹਾਰਾ। ਸਤਿਗੁਰ ਸਭਿ ਕੀ ਕਰਹਿਂ ਸੰਭਾਰਾ॥ ੨੪ ॥

ਦਿਨ-ਪ੍ਰਤਿ ਨਵੇਂ ਲੋਕ ਆ ਕੇ ਵੱਸਦੇ ਸਨ, ਮਨੁੱਖ ਪਰਿਵਾਰ ਸਹਿਤ ਬਹੁਤ ਘਰ ਬਣ ਗਏ। ਕਾਰ-ਵਿਹਾਰ ਹਿਤ ਬਾਜ਼ਾਰ ਖੁਲ੍ਹ ਗਏ, ਸਤਿਗੁਰੂ ਜੀ ਸਾਰਿਆਂ ਦੀ ਸੰਭਾਲ ਕਰਦੇ ਸਨ॥ ੨੪ ॥

ਕੇਤਿਕ ਮਾਸ ਬਿਤੀਤੇ ਜਬੈ। ਬੈਠੇ ਸੌਦਾ ਲੇ ਕਰਿ ਸਬੈ।
ਆਇ ਨ ਕੋਇ ਖਰੀਦਨ ਹਾਰਾ। ਹੋਤਿ ਅਲਪ ਹੀ ਕੁਛ ਬਿਵਹਾਰਾ॥ ੨੫ ॥

ਜਦ ਕਈ ਮਹੀਨੇ ਬੀਤ ਗਏ ਤਾਂ ਸਾਰੇ ਸੌਦਾ ਲੈ ਕੇ ਬੈਠ ਗਏ। ਕੋਈ ਵੀ ਖਰੀਦਣ ਵਾਲਾ ਨਹੀਂ ਸੀ ਆਉਂਦਾ, ਬਹੁਤ ਥੋੜ੍ਹਾ ਕਾਰ ਵਿਹਾਰ ਚਲ ਰਿਹਾ ਸੀ॥ ੨੫ ॥

ਬ੍ਰਿੰਦ ਬਨਕ ਇਕ ਦਿਨ ਮਿਲਿ ਆਏ। ਸ਼੍ਰੀ ਗੁਰੁ ਅਰਜਨ ਜਹਾਂ ਸੁਹਾਏ।
ਹਾਥ ਜੋਰਿ ਸਭਿ ਬਿਨੈ ਬਖਾਨੀ। 'ਸੁਨਹੁ ਬ੍ਰਿਤੰਤ ਆਪ ਸਭਿ ਦਾਨੀ॥ ੨੬ ॥

ਇਕ ਦਿਨ ਬਾਣੀਏ ਮਿਲ ਕੇ ਇਕੱਠੇ ਹੋ ਕੇ ਚਲ ਕੇ ਆਏ ਜਿਥੇ ਗੁਰੂ ਅਰਜਨ ਦੇਵ ਜੀ ਸ਼ੋਭਾ ਪਾ ਰਹੇ ਸਨ। ਹੱਥ ਜੋੜ ਕੇ ਸਾਰਿਆਂ ਨੇ ਬੇਨਤੀ ਕੀਤੀ, "ਸਾਡਾ ਹਾਲ ਸੁਣੋ, ਆਪ ਸਭ ਜਾਣਨਹਾਰ ਹੋ॥ ੨੬ ॥

ਬਨਕ ਅਨੇਕ ਬਸੇ ਪੁਰਿ ਆਈ। ਬੈਠੇ ਕਰਿ ਦੁਕਾਨ ਸਮੁਦਾਈ।
ਸਰਬ ਭਾਂਤਿ ਕੋ ਸੌਦਾ ਲੇਕੈ। ਹੇਤ ਜੀਵਕਾ ਇੱਛਾ ਕੈ ਕੈ॥ ੨੭ ॥

ਬਹੁਤ ਬਾਣੀਏ ਇਸ ਸ਼ਹਿਰ ਵਿਚ ਆ ਕੇ ਵੱਸੇ ਹਨ, ਸਾਰੇ ਦੁਕਾਨਾਂ ਲਾ ਕੇ ਬੈਠ ਗਏ ਹਨ। ਸਭ ਪ੍ਰਕਾਰ ਦਾ ਸੌਦਾ ਲੈ ਕੇ ਅਤੇ ਜੀਵਕਾ ਹਿਤ ਇੱਛਾ ਧਾਰਨ ਕਰਕੇ ਆਏ ਹਨ॥ ੨੭ ॥

ਸਕਲ ਕੁਟੰਬਦਾਰ ਹਮ ਅਹੈਂ। ਸਭਿਹਿਨਿ ਕੇਰ ਗੁਜ਼ਾਰੋ ਚਹੈਂ।
ਜਬਿ ਤੇ ਖੋਲੀ ਆਨਿ ਦੁਕਾਨ। ਬੈਠੇ ਰਹੈਂ ਪ੍ਰਤੀਖਨਵਾਨ॥ ੨੮ ॥

ਅਸੀਂ ਸਾਰੇ ਪਰਿਵਾਰ ਸਹਿਤ ਏਥੇ ਆਏ ਹਾਂ, ਸਾਰੇ ਆਪਣਾ ਗੁਜ਼ਾਰਾ ਕਰਨਾ ਚਾਹੁੰਦੇ ਹਾਂ। ਜਦ ਤੋਂ ਆ ਕੇ ਦੁਕਾਨ ਖੋਲ੍ਹੀ ਹੈ, ਸਾਰਾ ਦਿਨ ਗਾਹਕ ਦੇ ਉਡੀਕਵਾਨ ਹੋ ਕੇ ਬੈਠੇ ਰਹਿੰਦੇ ਹਾਂ॥ ੨੮ ॥

ਨਹੀਂ ਖਰੀਦ ਕਰਨ ਕੋ ਆਵੈ। ਸੌਦਾ ਅਲਪ ਕਬਹੁੰ ਬਿਕ ਜਾਵੈ।
ਯਾਂਤੇ ਨਹਿਂ ਪਰਵਾਰ ਗੁਜ਼ਾਰਾ। ਜਿਸ ਤੇ ਸਭਿ ਕੋ ਬਨਹਿ ਅਹਾਰਾ॥ ੨੯ ॥

ਕੋਈ ਵੀ ਖਰੀਦ ਕਰਨ ਵਾਸਤੇ ਨਹੀਂ ਆਉਂਦਾ ਹੈ, ਕਦੀ ਕਦੀ ਥੋੜ੍ਹਾ-ਬਹੁਤਾ ਸੌਦਾ ਵਿਕ ਜਾਂਦਾ ਹੈ। ਇਸ ਤਰ੍ਹਾਂ ਸਾਡੇ ਪਰਿਵਾਰ ਦਾ ਗੁਜ਼ਾਰਾ ਨਹੀਂ ਚਲਦਾ ਹੈ, ਜਿਸ ਨਾਲ ਸਾਰਿਆਂ ਨੂੰ ਭੋਜਨ ਦੇਣਾ ਬਣ ਸਕੇ॥ ੨੯ ॥

ਪਟ ਪਹਿਰਨ ਕੋ ਖਰਚ ਮਹਾਂਨਾ। ਬ੍ਯਾਹਿ ਆਦਿ ਉਤਸਵ ਜੇ ਨਾਨਾ।
ਕਰ੍ਯੋ ਚਹੈਂ ਹਮ ਬਸ ਕਰਿ ਜਬੈ। ਏਤੋ ਬਨਜ ਹੋਤਿ ਨਹਿਂ ਅਬੈ॥ ੩੦ ॥

ਪਹਿਨਣ ਵਾਲੇ ਕਪੜਿਆਂ ਤੇ ਬਹੁਤ ਖਰਚ ਆਉਂਦਾ ਹੈ, ਜਦ ਕੋਈ ਵਿਆਹ ਆਦਿ ਜਾਂ ਕੋਈ ਹੋਰ ਉਤਸਵ ਹੁੰਦਾ ਹੈ ਏਥੇ ਵੱਸ ਕੇ ਜਿੰਨਾ ਵਪਾਰ ਅਸੀਂ ਕਰਨਾ ਚਾਹੁੰਦੇ ਸੀ, ਓਨਾ ਵਪਾਰ ਹੁਣ ਏਥੇ ਹੁੰਦਾ ਨਹੀਂ ਹੈ॥ ੩੦॥

ਨਹੀਂ ਜੀਵਕਾ ਅਪਰ ਬਿਧਾਨਾ। ਬਨਹਿ ਨ ਅਪਰ ਕਾਰ ਜੇ ਨਾਨਾ।
ਤੁਮ ਅੰਤਰਜਾਮੀ ਸਭਿ ਜਾਨੋ। ਕਰੇ ਬਸਾਵਨ, ਪਾਲਨ ਠਾਨੋ॥ ੩੧ ॥

ਸਾਡੇ ਸਾਹਮਣੇ ਕੋਈ ਵੀ ਵਿਧੀ ਜੀਵਕਾ ਦੀ ਨਹੀਂ ਹੈ, ਹੋਰ ਕਈ ਪ੍ਰਕਾਰ ਦੇ ਜਿਹੜੇ ਕੰਮ ਹਨ, ਉਹ ਸਾਥੋਂ ਹੋ ਨਹੀਂ ਸਕਦੇ। ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ, ਸਾਨੂੰ ਵਸਾਉਣ ਲਈ ਸਾਡੀ ਪਾਲਣਾ ਕਰੋ॥ ੩੧॥

ਅਪਰ ਨ ਕੋਊ ਮਾਲਕ ਹਮਰੋ। ਬਸੇ ਆਸਰਾ ਲੇ ਕਰਿ ਤੁਮਰੋ।
ਪ੍ਰਤਿਪਾਲਕ ਸਭਿ ਜਗ ਕੇ ਅਹੋ। ਫੁਰਹਿ ਆਪ ਕੋ ਬਚ, ਜਿਮ ਕਹੋ ॥੩੨ ॥

ਹੋਰ ਸਾਡਾ ਕੋਈ ਮਾਲਕ ਨਹੀਂ ਹੈ, ਤੁਹਾਡਾ ਆਸਰਾ ਹੀ ਲੈ ਕੇ ਵਸੇ ਹਾਂ। ਤੁਸੀਂ ਸਾਰੇ ਜਗਤ ਦੇ ਪ੍ਰਤਿਪਾਲਕ ਹੋ, ਜਿਵੇਂ ਆਪ ਬਚਨ ਕਰਦੇ ਹੋ, ਉਹ ਪੂਰਾ ਹੁੰਦਾ ਹੈ"॥ ੩੨॥

ਸ੍ਰੀ ਅਰਜਨ ਸੁਨਿ ਕਰਿ ਸਭਿ ਬਿਨਤੀ। ਬਿਕਸਤਿ ਭਨ੍ਯੋ 'ਤਜਹੁ ਅਸ ਗਿਨਤੀ।
ਕਰਹੁ ਆਜ ਤੇ ਐਸੀ ਕਾਰ। ਜਿਸਤੇ ਵਧਹਿ ਅਧਿਕ ਬਿਵਹਾਰ॥ ੩੩ ॥

ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀ ਸਾਰੀ ਬੇਨਤੀ ਸੁਣ ਕੇ ਮੁਸਕਰਾ ਕੇ ਬੋਲੇ, "ਇਸ ਤਰ੍ਹਾਂ ਦੀਆਂ ਵਿਚਾਰਾਂ ਛੱਡੋ, ਅੱਜ ਤੋਂ ਐਸੀ ਕਾਰ ਕਰੋ ਜਿਸ ਨਾਲ ਵਿਵਹਾਰ ਵਿਚ ਵਾਧਾ ਹੋਵੇ॥

ਉਠਹੁ ਭੋਰ ਕਰਿ ਸੌਚ ਸ਼ਨਾਨ। ਗੁਰੂ ਬਾਨੀ ਸੋਂ ਕੀਜੈ ਧ੍ਯਾਨ।
ਪੁਨ ਸ੍ਰੀ ਹਰਿਮੰਦਰਿ ਮੈਂ ਜਾਵਹੁ। ਜਥਾ ਸ਼ਕਤਿ ਤਹਿਂ ਭੇਟ ਚਢਾਵਹੁ॥੩੪ ॥

ਸਵੇਰੇ ਸਵੱਖਤੇ ਉੱਠ ਕੇ ਇਸ਼ਨਾਨ ਕਰੋ ਤੇ ਫਿਰ ਗੁਰਬਾਣੀ ਨਾਲ ਧਿਆਨ ਲਾਵੋ, ਫਿਰ ਹਰਿਮੰਦਰ ਸਾਹਿਬ ਵਿਚ ਜਾਵੋ, ਆਪਣੀ ਸਮਰੱਥਾ ਅਨੁਸਾਰ ਭੇਟਾ ਚੜ੍ਹਾਵੋ॥ ੩੪॥

ਹਾਥ ਜੋਰਿ ਕਰਿ ਸੀਸ ਨਿਵਾਵਹੁ। ਪ੍ਰਭੁ ਸਮਾਨ ਸ਼ਰਧਾ ਉਪਜਾਵਹੁ।
ਬਹੁਰੋ ਆਇ ਬਨਜ ਕੋ ਕੀਜੈ। ਦਿਨ ਸਗਰੇ ਮਹਿਂ ਲਾਹਾ ਲੀਜੈ॥ ੩੫ ॥

ਹੱਥ ਜੋੜ ਕੇ ਸਿਰ ਨਿਵਾਵੋ, ਪ੍ਰਭੂ ਪ੍ਰਤਿ ਸ਼ਰਧਾ ਉਪਜਾਵੋ, ਫਿਰ ਆ ਕੇ ਵਪਾਰ ਕਰੋ, ਸਾਰਾ ਦਿਨ ਲਾਭ ਪ੍ਰਾਪਤ ਕਰੋ॥ ੩੫॥

ਪੁਨ ਸੰਧ੍ਯਾ ਜਬਿ ਹੋਵਹਿ ਆਇ। ਤਬਿ ਉਠਿ ਤਜਹੁ ਬਨਹੁ ਸਮੁਦਾਇ।
ਸ੍ਰੀ ਹਰਿਮੰਦਰ ਦਰਸ਼ਨ ਕਰੋ। ਬਿਨਤੀ ਭਨਹੁ ਕਾਮਨਾ ਧਰੋ॥ ੩੬ ॥

ਫਿਰ ਜਦ ਸ਼ਾਮ ਪੈ ਜਾਵੇ, ਤਦ ਉੱਠ ਕੇ ਸਾਰੇ ਵਪਾਰ ਨੂੰ ਛੱਡ ਦੇਵੋ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰੋ, ਬੇਨਤੀ ਕਰੋ ਅਤੇ ਕਾਮਨਾ ਧਾਰਨ ਕਰੋ॥ ੩੬॥

ਸਭਿ ਪੂਰਨਿ ਹੁਇ ਤੁਮਰੀ ਜਾਇਂ। ਕਰਹੁ ਬਨਜ ਬਡਿ ਲਾਹਾ ਪਾਇ।
ਨਹੀਂ ਤੋਟ ਹੁਇ ਕਿਸੂ ਪਦਾਰਥ। ਨਿਤਿਪ੍ਰਤਿ ਪੁਰਵਹੁ ਅਪਨ ਸ੍ਵਾਰਥ ॥ ੩੭ ॥

ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ, ਵਪਾਰ ਕਰਕੇ ਵੱਡਾ ਲਾਭ ਪ੍ਰਾਪਤ ਕਰੋ। ਕਿਸੇ ਪਦਾਰਥ ਦੀ ਤੋਟ ਨਹੀਂ ਆਵੇਗੀ, ਨਿਤਾਪ੍ਰਤਿ ਆਪਣਾ ਸਵਾਰਥ ਪੂਰਾ ਕਰੋ॥ ੩੭॥

ਧਨ ਕੀ ਗਿਨਤੀ ਹੈ ਕਹੁ ਕੌਨ। ਲਛਮੀ ਬਸਹਿ ਆਇ ਕਰਿ ਭੌਨ।
ਸ੍ਰੀ ਹਰਿਮੰਦਰ ਮਹਾਂ ਮਹਾਤਮੁ। ਸਭਿ ਕੀ ਪੁਰਹਿਂ ਕਾਮਨਾ ਆਤਮ ॥ ੩੮ ॥

ਧਨ ਦੀ ਗਿਣਤੀ ਕੀ ਕਰਨੀ ਹੈ, ਲਛਮੀ ਹੀ ਤੁਹਾਡੇ ਘਰਾਂ ਵਿਚ ਆ ਵਸੇਗੀ। ਸ੍ਰੀ ਹਰਿਮੰਦਰ ਸਾਹਿਬ ਦਾ ਮਹਾਨ ਮਹਾਤਮ ਹੈ, ਸਭ ਦੇ ਮਨ ਦੀਆਂ ਕਾਮਨਾਵਾਂ ਪੂੰਰੀਆਂ ਹੋਣਗੀਆਂ॥ ੩੯॥

ਸ੍ਰੀ ਹਰਿਮੰਦਰ ਦਾਸੀ ਮਾਯਾ। ਇਹੁ ਠਾਂ ਬਾਸ ਕਰਹਿ ਮਨ ਭਾਯਾ।
ਨੌ ਨਿਧਿ ਸਿੱਧਿ ਰਿੱਧਿ ਜੇ ਨਾਨਾ। ਆਇ ਸ਼ਰਨ ਪਰਿ ਹੈਂ ਇਸ ਥਾਨਾ ॥ ੩੯ ॥

ਮਾਇਆ ਸ੍ਰੀ ਹਰਿਮੰਦਰ ਸਾਹਿਬ ਦੀ ਦਾਸੀ ਹੈ, ਏਥੇ ਮਨ-ਭਾਉਂਦਾ ਵਾਸਾ ਕਰਦੀ ਹੈ। ਜਿਹੜੀਆਂ ਕਈ ਪ੍ਰਕਾਰ ਦੀਆਂ ਨੌ ਨਿਧੀਆਂ ਅਠਾਰਾਂ ਸਿੱਧੀਆਂ ਅਤੇ ਰਿੱਧੀਆਂ ਹਨ, ਉਹ ਇਸ ਥਾਂ ਦੀ ਆ ਕੇ ਸ਼ਰਨ ਪੈਂਦੀਆਂ ਹਨ॥ ੩੯॥

ਜੋ ਸੇਵਹਿ ਸਿਖ ਲੇਵਹਿ ਸੋਇ। ਅੰਤ ਕਾਲ ਆਛੀ ਗਤਿ ਹੋਇ।
ਕੌਨ ਕਮੀ ਪ੍ਰਭੁ ਕੇ ਦਰਬਾਰ। ਜਹਿਂ ਤ੍ਰਿਲੋਕਪਤਿ ਬਸਹਿਂ ਉਦਾਰ ॥ ੪੦ ॥

ਸਿੱਖ ਜੋ ਕੁਝ ਵੀ ਮੰਗਦੇ ਹਨ, ਪਾਉਂਦੇ ਹਨ ਅਤੇ ਅੰਤ ਸਮੇਂ ਚੰਗੀ ਗਤੀ ਪਾਉਂਦੇ ਹਨ। ਪ੍ਰਭੂ ਦੇ ਦਰਬਾਰ ਵਿਚ ਕਿਸ ਚੀਜ਼ ਦੀ ਕਮੀ ਹੈ, ਜਿਥੇ ਤਿੰਨਾਂ ਲੋਕਾਂ ਦਾ ਮਾਲਕ, ਪ੍ਰਭੂ ਆਪ ਵਸਦਾ ਹੈ"॥ ੪੦॥

ਸੁਨਿ ਕਰਿ ਸਭਿ ਸਿੱਖਨ ਮਨ ਮਾਨੀ। ਕਰਨ ਲਗੇ ਜਿਮ ਗੁਰੂ ਬਖਾਨੀ।
ਦੋਇ ਸਮੈਂ ਦਰਸਹਿਂ ਹਰਿਮੰਦਰ। ਰਿਕਤ ਪਾਣ ਕੋ ਜਾਇ ਨ ਅੰਦਰ ॥ ੪੧ ॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਆਪਣੇ ਮਨ ਵਿਚ ਮੰਨ ਲਈ, ਉਹ ਉਸ ਤਰ੍ਹਾਂ ਹੀ ਕਰਨ ਲੱਗੇ ਜਿਵੇਂ ਗੁਰੂ ਜੀ ਨੇ ਫੁਰਮਾਇਆ ਸੀ। ਦੋਵੇਂ ਸਮੇਂ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਸਨ ਅਤੇ ਕਦੇ ਵੀ ਖਾਲੀ ਹੱਥੀਂ ਅੰਦਰ ਨਹੀਂ ਜਾਂਦੇ ਸਨ॥ ੪੧॥

ਸਰਬ ਪਦਾਰਥ ਸਭਿ ਕੇ ਹੋਏ। ਸਰਬ ਰੀਤਿ ਤੇ ਸਭਿ ਸੁਖ ਜੋਏ।
ਅਬਿ ਲਗ ਜਾਨੀ ਜਾਇ ਸੁ ਚਾਲ। ਕਰਤਿ ਸਦੀਵ ਜਿ ਸਿੱਖ ਬਿਸਾਲ ॥ ੪੨ ॥

ਫਿਰ ਸਾਰੇ ਸਿੱਖਾਂ ਦੇ ਘਰਾਂ ਵਿਚ ਸਰਬ ਪ੍ਰਕਾਰ ਦੇ ਪਦਾਰਥ ਆ ਗਏ, ਭਲੀ ਰੀਤੀ ਅਨੁਸਾਰ ਸਭ ਨੇ ਸੁਖ ਪਾਇਆ। ਹੁਣ ਤਕ ਓਹੋ ਰੀਤੀ ਜਾਣੀ ਜਾਂਦੀ ਹੈ, ਜਿਹੜਾ ਵੀ ਸਿੱਖ ਕੋਈ ਵੀ ਮਨੋਂਕਾਮਨਾ ਧਾਰ ਕੇ ਹਰਿਮੰਦਰ ਸਾਹਿਬ ਵਿਚ ਮੱਥਾ ਟੇਕਦਾ ਹੈ, ਉਸਦੀ ਸਦਾ ਹੀ ਮਨੋਂਕਾਮਨਾ ਪੂਰੀ ਹੁੰਦੀ ਹੈ॥ ੪੨॥

*ਦੂਸਰੀ ਰਾਸ ਦਾ ਚਰਵੰਞਵਾਂ ਅਧਿਆਇ ਸਮਾਪਤ ਹੋਇਆ॥ ੫੪॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਪਚਵੰਝਵਾਂ

## ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਦੇ ਪ੍ਰਸੰਗ

ਦੋਹਰਾ- ਪੱਟੀ ਕੇ ਦੁਇ ਚੌਧਰੀ ਵਿੱਲੋਂ ਲਾਲ ਲੰਗਾਹ।
ਕਰੀ ਆਨਿ ਕਰਿ ਬੰਦਨਾ ਸ੍ਰੀ ਗੁਰੂ ਅਰਜਨ ਪਾਹਿ॥ ੧॥

ਪੱਟੀ ਇਲਾਕੇ ਦੇ ਦੋ ਚੌਧਰੀ ਵਿੱਲੋਂ ਲਾਲ ਅਤੇ ਲੰਗਾਹਾ ਨੇ ਗੁਰੂ ਅਰਜਨ ਦੇਵ ਜੀ ਦੇ ਪਾਸ ਆ ਕੇ ਬੰਦਨਾ ਕੀਤੀ॥ ੧॥

ਚੌਪਈ- ਸ੍ਰੀ ਅੰਮ੍ਰਿਤਸਰ ਮਹਿਮਾ ਸੁਨੀ। ਸ੍ਰੀ ਮੁਖ ਤੇ ਸਭਿ ਮਹਿਂ ਇਮ ਭਨੀ।
'ਕਾਰ ਨਿਕਾਰਹਿ ਹੋਇ ਉਬਾਰ। ਧਨ ਲਾਏ ਹੁਇ ਬੰਸ ਉਧਾਰਿ॥ ੨॥

ਉਨ੍ਹਾਂ ਸ੍ਰੀ ਅੰਮ੍ਰਿਤ ਸਰੋਵਰ ਦੀ ਮਹਿਮਾ ਸੁਣੀ, ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਨ੍ਹਾਂ ਨੂੰ ਇਸ ਤਰ੍ਹਾਂ ਸੁਣਾਈ, "ਕਾਰ ਸੇਵਾ ਕਰਨ ਨਾਲ ਤੁਹਾਡਾ ਕਲਿਆਣ ਹੋਵੇਗਾ ਤੇ ਜੇ ਕਾਰ ਸੇਵਾ ਦੇ ਨਾਲ ਧਨ ਵੀ ਲਾਵੋਗੇ ਤਾਂ ਤੁਹਾਡੇ ਪਰਿਵਾਰ ਦਾ ਵੀ ਉਧਾਰ ਹੋ ਜਾਵੇਗਾ॥ ੨॥

ਕਰਹਿ ਸੁਪਾਨ ਚਿਨਾਵਨਿ ਜੋਇ। ਅਵਚਲਿ ਨੀਵ ਤਾਂਹਿ ਕੀ ਹੋਇ।
ਮਾਨ ਸਰੋਵਰ ਜਥਾ ਬਿਰਾਜਾ। ਹਰਿਮੰਦਰ ਬਿਚ ਬਨਹਿ ਜਹਾਜਾ॥ ੩॥

ਜਿਹੜਾ ਵੀ ਪੌੜੀਆਂ ਦੀ ਚਿਣਵਾਈ ਕਰੇਗਾ, ਉਸ ਦੇ ਖਾਨਦਾਨ ਦੀ ਨੀਂਹ ਸਦਾ ਲਈ ਪੱਕੀ ਹੋ ਜਾਵੇਗੀ। ਮਾਨ ਸਰੋਵਰ ਝੀਲ ਵਾਂਗ ਬਿਰਾਜਮਾਨ ਹੋਵੇਗਾ ਅਤੇ ਹਰਿਮੰਦਰ ਵਿਚ ਹੀ ਭਵਸਾਗਰ ਪਾਰ ਕਰਨ ਦਾ ਜਹਾਜ਼ ਬਣੇਗਾ॥ ੩॥

ਸ਼ਰਧਾ ਸਹਤ ਕਰਹਿ ਇਸ਼ਨਾਨ। ਪਾਪ ਮਿਟਹਿਂ ਪ੍ਰਾਪਤ ਕੱਲਜਾਨ।
ਹਰਿਮੰਦਿਰ ਮਹਿਂ ਸ਼ਬਦ ਜੁ ਸੁਨਿ ਹੈ। ਜਨਮ ਜਨਮ ਕੇ ਪਾਪਨਿ ਹਨਿਹੈ॥੪॥

ਜਿਹੜਾ ਸ਼ਰਧਾ ਨਾਲ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦੇ ਸਾਰੇ ਪਾਪ ਮਿੱਟ ਜਾਣਗੇ ਅਤੇ ਕਲਿਆਣ ਦੀ ਪ੍ਰਾਪਤੀ ਹੋਵੇਗੀ। ਜਿਹੜਾ ਵੀ ਹਰਿਮੰਦਰ ਵਿਚ ਸ਼ਬਦ ਸੁਣੇਗਾ, ਉਸ ਦੇ ਜਨਮਾਂ ਜਨਮਾਂ ਦੇ ਪਾਪ ਦੂਰ ਹੋ ਜਾਣਗੇ॥ ੪॥

ਉਪਜੈ ਭਗਤਿ, ਗਤਾਨ ਕੋ ਪਾਵੈ। ਆਵਨ ਜਾਨੋ ਜਗਤ ਮਿਟਾਵੈ'।
ਸੁਨਿ ਕਰਿ ਲਗੇ ਕਾਰ ਕੋ ਕਰਨੇ। ਖਨਹਿਂ ਪੋਟ ਸਿਰ ਪਰ ਕਰਿ ਧਰਨੇ॥੫॥

ਭਗਤੀ ਉਪਜੇਗੀ ਅਤੇ ਗਿਆਨ ਪ੍ਰਾਪਤ ਕਰੇਗਾ ਅਤੇ ਜਗਤ ਵਿਚ ਆਉਣਾ ਜਾਣਾ ਖਤਮ ਹੋ ਜਾਵੇਗਾ।" ਇਹ ਸੁਣ ਕੇ ਦੋਵੇਂ ਕਾਰ-ਸੇਵਾ ਕਰਨ ਲੱਗੇ। ਮਿੱਟੀ ਪੁੱਟ ਕੇ ਭਾਰ ਨੂੰ ਸਿਰ ਉਤੇ ਰੱਖਦੇ ਸਨ॥ ੫॥

ਧਨ ਕੋ ਦੀਨ ਮਜੂਰ ਲਗਾਏ। ਦਿਨ ਪ੍ਰਤਿ ਸ਼ਰਧਾ ਉਰ ਅਧਿਕਾਏ।
ਸੁਨਿ ਸੁਨਿ ਮਹਿਮਾ ਦੇਸ਼ ਬਿਦੇਸ਼। ਸੰਗਤਿ ਸਹਤ ਮਸੰਦ ਵਿਸ਼ੇਸ਼॥ ੬॥

ਧਨ ਦੇ ਕੇ ਮਜ਼ਦੂਰ ਲਗਵਾਉਂਦੇ ਸਨ, ਪ੍ਰਤੀ ਦਿਨ ਹਿਰਦੇ ਵਿਚ ਸ਼ਰਧਾ ਵਧਦੀ ਜਾਂਦੀ ਸੀ। ਸੁਣ ਸੁਣ ਕੇ ਸਰੋਵਰ ਦੀ ਮਹਿਮਾ ਦੇਸ਼ਾਂ ਬਿਦੇਸ਼ਾਂ ਵਿਚ ਵਧ ਗਈ, ਸੰਗਤ ਅਤੇ ਵਿਸ਼ੇਸ਼ ਮਸੰਦਾਂ ਸਹਿਤ॥ ੬॥

ਮਹਿਮਾ ਸਿੱਖਨ ਗੁਰੂ ਸੁਨਾਵੈ। ਸੁਨਿ ਸੁਨਿ ਦਾਸਨ ਕੇ ਮਨ ਭਾਵੈ।
ਸਭਦਨ ਬਿਖੈ ਮਹਾਤਮ ਕਹੈਂ। ਕਰਹਿਂ ਕਾਰ ਸਿਖ ਸੁਧਤਾ ਲਹੈਂ ॥ ੭ ॥

ਗੁਰੂ ਜੀ ਸਿੱਖਾਂ ਨੂੰ ਮਹਿਮਾ ਸੁਣਾਉਂਦੇ ਸਨ। ਮਹਿਮਾ ਸੁਣ ਸੁਣ ਕੇ ਸੇਵਕਾਂ ਦੇ ਮਨ ਵਿਚ ਪ੍ਰੇਮ ਉਤਪੰਨ ਹੁੰਦਾ ਸੀ। ਸਾਰਾ ਦਿਨ ਮਹਾਤਮ ਬਾਰੇ ਕਹਿੰਦੇ ਸਨ, ਸਿੱਖ ਕਾਰ ਕਰਕੇ ਸਵੱਛਤਾ ਪ੍ਰਾਪਤ ਕਰਦੇ ਸਨ ॥ ੭ ॥

ਮਾਝ ਮਹਲਾ ੫ ॥

ਉਦਮੁ ਕਰਤ ਮਨੁ ਨਿਰਮਲੁ ਹੋਆ ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥
ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥ ੨ ॥
(ਪੰਨਾ ੯੯)

ਉੱਦਮ ਕਰਨ ਨਾਲ ਮੇਰਾ ਮਨ ਨਿਰਮਲ ਹੋ ਗਿਆ ਹੈ। ਹਰੀ ਦੀ ਰਾਹ ਤੇ ਤੁਰਦਿਆਂ ਮੇਰਾ ਸਾਰਾ ਭਰਮ ਦੂਰ ਹੋ ਗਿਆ ਹੈ। ਸਤਿਗੁਰੂ ਜੀ ਵਡਿਆਈਆਂ ਦਾ ਖਜ਼ਾਨਾ ਹਨ, ਵਾਹਿਗੁਰੂ ਦਾ ਨਾਮ ਮੈਨੂੰ ਸੁਣਾਇਆ ਹੈ ਅਤੇ ਮੇਰੀਆਂ ਸਾਰੀਆਂ ਬੀਮਾਰੀਆਂ ਮਲੀਆਮੇਟ ਹੋ ਗਈਆਂ ਹਨ ॥ ੨ ॥

ਚੌਪਈ- ਇੱਤਜਾਦਿਕ ਬਹੁ ਗੁਰੂ ਬਨਾਵੈਂ। ਸੁਨਿ ਪਠਿ ਕਾਰ ਕਰਨਿ ਉਰ ਭਾਵੈਂ।
ਦੌਨਹੁ ਰਹੈਂ ਪਾਸ ਗੁਰਦੇਵ। ਮੁਕਤਿ ਰੂਪ ਹੋਏ ਕਰਿ ਸੇਵ ॥ ੮ ॥

ਇੱਤਿਆਦਿ ਗੁਰੂ ਜੀ ਬਾਣੀ ਦੀ ਰਚਨਾ ਕਰਦੇ ਸਨ, ਸਿੱਖ ਬਾਣੀ ਪੜ੍ਹ-ਸੁਣ ਕੇ ਕਾਰ ਸੇਵਾ ਕਰਦੇ ਸਨ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਦੋਵੇਂ ਵੇਲੇ ਗੁਰੂ ਜੀ ਪਾਸ ਰਹਿੰਦੇ ਸਨ ਤੇ ਸੇਵਕ ਮੁਕਤੀ ਰੂਪ ਹੋ ਕੇ ਸੇਵਾ ਕਰਦੇ ਸਨ ॥ ੮ ॥

ਅਜਬ, ਅਜਾਇਬ ਉਮਰਾ ਸ਼ਾਹੂ। ਸੰਘੇ ਇਹੁ ਮਸੰਦ ਗੁਰ ਪਾਹੂ।
ਕਾਰ ਸੁਧਾਸਰ ਕੀ ਭੀ ਕਰੈਂ। ਸੰਗਤਿ ਤੇ ਗੁਰੁ ਕਾਰ ਸੰਭਰੈਂ ॥ ੯ ॥

ਅਜਬ, ਅਜਾਇਬ ਤੇ ਉਮਰਾ ਸ਼ਾਹ, ਇਹ ਸਾਰੇ ਮਸੰਦ ਗੁਰੂ ਜੀ ਪਾਸ ਆਏ। ਉਹ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਵੀ ਕਰਦੇ ਸਨ ਅਤੇ ਸੰਗਤ ਪਾਸੋਂ ਗੁਰੂ ਜੀ ਵਾਸਤੇ ਦਸਵੰਧ ਵੀ ਇਕੱਠਾ ਕਰਦੇ ਸਨ ॥ ੯ ॥

ਆਨਿ ਗੁਰੂ ਕੇ ਪਾਸਿ ਪੁਚਾਵੈਂ। ਨਿਜ ਹਿਤ ਜੋ ਸਿੱਖਨ ਤੇ ਪਾਵੈਂ।
ਤਿਸਕੇ ਸੰਗ ਕਰਹਿਂ ਗੁਜ਼ਰਾਨੇ। ਇਕ ਦਿਨ ਸਾਹਿਬ ਬੂਝਨਿ ਠਾਨੇ ॥੧੦ ॥

ਉਹ ਆ ਕੇ ਇਕੱਠੀ ਹੋਈ ਕਾਰ ਗੁਰੂ ਜੀ ਪਾਸ ਜਮ੍ਹਾਂ ਕਰਵਾਉਂਦੇ ਸਨ, ਆਪਣਾ ਹਿਤ ਕਰਕੇ ਜੋ ਸਿੱਖਾਂ ਤੋਂ ਪ੍ਰਾਪਤ ਕਰਦੇ ਸਨ। ਉਸ ਦੇ ਨਾਲ ਆਪਣਾ ਗੁਜ਼ਾਰਾ ਕਰਦੇ ਸਨ। ਇਕ ਦਿਨ ਗੁਰੂ ਜੀ ਨੇ ਪੁਛਿਆ ॥ ੧੦ ॥

'ਗੁਰ ਧਨ ਕੋ ਤੁਮ ਕਿਸ ਬਿਧਿ ਜਾਨੋ ? ਜੋ ਸੰਗਤਿ ਤੇ ਲਜਾਵਨ ਠਾਨੋ'।
ਕਹਜੋ ਤਿਨਹੁਂ 'ਹਮੁ ਬਿਖੁ ਸਮ ਜਾਨੈਂ। ਸ਼ਿਵ ਨਿਰਮਾਇਲ ਕੇਰਿ ਸਮਾਨੇ' ॥੧੧ ॥

"ਗੁਰੂ ਦੇ ਧਨ ਨੂੰ ਤੁਸੀਂ ਕਿਸ ਵਿਧੀ ਅਨੁਸਾਰ ਜਾਣਦੇ ਹੋ ? ਜੋ ਸੰਗਤ ਤੋਂ ਇਕੱਠੀ ਕਰਕੇ ਲਿਆਉਂਦੇ ਹੋ।" ਉਨ੍ਹਾਂ ਨੇ ਕਿਹਾ, "ਅਸੀਂ ਤਾਂ ਇਸ ਨੂੰ ਜ਼ਹਿਰ ਸਮਾਨ ਜਾਣਦੇ ਹਾਂ, ਸ਼ਿਵਜੀ ਦੇ ਚੜ੍ਹਾਵੇ ਦੇ ਪਦਾਰਥ ਵਾਂਗ ਜਾਣਦੇ ਹਨ, ਜਿਸ ਨੂੰ ਪੁਰਾਣਾਂ ਵਿਚ ਨਾ ਗ੍ਰਹਿਣ ਯੋਗ ਲਿਖਿਆ ਹੈ ॥ ੧੧ ॥

ਸੁਨਿ ਸ੍ਰੀ ਮੁਖ ਤੇ ਬਾਕ ਉਚਾਰਾ। 'ਕਰਹੁ ਜਿ ਇਮੁ, ਤੁਮ ਹੋਇ ਉਧਾਰਾ'।
ਪੈੜਾ ਸਿਖ ਛੱਜਲ ਤਿਸੁ ਜਾਤੀ। ਕੰਦੂ ਸੰਘਰ ਜਾਤਿ ਉਪਾਤੀ ॥ ੧੨ ॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, "ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਹਾਡਾ ਉਧਾਰ ਹੋਵੇਗਾ। ਇਕ ਛੱਜਲ ਜਾਤੀ ਦਾ ਪੈੜਾ ਨਾਮੀ ਸਿੱਖ ਅਤੇ ਸੰਘਰ ਜਾਤੀ ਤੋਂ ਉਪਜੇ ਕੰਦੂ ਨਾਮੀ ਸਿੱਖ ਨੇ ॥ ੧੨ ॥

ਸ੍ਰੀ ਅਰਜਨ ਕੋ ਬੰਦਨ ਕੀਨਿ। ਪੁਨ ਅਰਦਾਸ ਕਰੀ ਹੁਇ ਦੀਨ।
'ਕਿਮੁ ਹਮਰੋ ਹੋਵਹਿ ਕੱਲਜਾਨ। ਸ੍ਰੀ ਗੁਰ ਦਿਹੁ ਉਪਦੇਸ਼ ਬਖਾਨ' ॥੧੩॥

ਗੁਰੂ ਅਰਜਨ ਦੇਵ ਜੀ ਪਾਸ ਆ ਕੇ ਬੰਦਨਾ ਕੀਤੀ, ਫਿਰ ਸਨਿੰਮਰ ਹੋ ਕੇ ਬੇਨਤੀ ਕੀਤੀ, "ਸਾਡਾ ਕਿਵੇਂ ਕਲਿਆਣ ਹੋਵੇਗਾ, ਹੇ ਗੁਰੂ ਜੀ ! ਸਾਨੂੰ ਉਪਦੇਸ਼ ਦੇਵੋ" ॥ ੧੩ ॥

ਸਤਿਗੁਰੁ ਕਹਜੋ 'ਸੁਧਾਸਰ ਨ੍ਹਾਵੋ। ਸ਼ਬਦ ਬਿਚਾਰਹੁ ਗੁਰਮਤਿ ਪਾਵੋ।
ਗੁਰ ਸਿੱਖਨ ਕੀ ਸੇਵਾ ਕਰੀਅਹਿ। ਤਜਿ ਹੰਕਾਰ ਨੰਮ੍ਰਤਾ ਧਰੀਅਹਿ ॥੧੪॥

ਸਤਿਗੁਰੂ ਜੀ ਨੇ ਕਿਹਾ, "ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ ਅਤੇ ਸ਼ਬਦ ਤੇ ਵਿਚਾਰ ਕਰਕੇ, ਗੁਰਮਿਤ ਪਾਵੋ। ਗੁਰੂ ਜੀ ਦੇ ਸਿੱਖਾਂ ਦੀ ਸੇਵਾ ਕਰੋ ਅਤੇ ਹੰਕਾਰ ਛੱਡ ਕੇ ਨਿੰਮਰਤਾ ਧਾਰਨ ਕਰੋ॥ ੧੪ ॥

ਜੋ ਸਤਿਗੁਰੁ ਤੀਸਰ ਪਤਿਸ਼ਾਹੂ। ਹਮਰੇ ਪਿਤਾ ਹਕਾਰੇ ਪਾਹੂ।
ਕਹਜੋ ਬਚਨ 'ਕਲਿਜੁਗ ਕੇ ਜੀਵ। ਸਗਰੀ ਸ਼ਕਤਿ ਬਿਹੀਨੇ ਥੀਵ ॥੧੫॥

ਜਿਹੜੇ ਤੀਸਰੇ ਪਾਤਸ਼ਾਹ ਸਤਿਗੁਰੂ ਅਮਰਦਾਸ ਜੀ ਸਨ, ਉਨ੍ਹਾਂ ਨੇ ਇਕ ਵਾਰ ਸਾਡੇ ਪਿਤਾ ਜੀ ਗੁਰੂ ਰਾਮਦਾਸ ਨੂੰ ਪਾਸ ਬੁਲਾ ਕੇ ਬਚਨ ਕਹੇ ਕਿ ਕਲਜੁੱਗ ਦੇ ਜੀਵ, ਸਭ ਸ਼ਕਤੀਆਂ ਰਹਿਤ ਹੋ ਗਏ ਹਨ॥ ੧੫ ॥

ਇਕ ਤੋ ਭਈ ਆਰਜਾ ਛੋਟੀ। ਹੀਨ ਪਦਾਰਥ ਬੁੱਧੀ ਮੋਟੀ।
ਕਰ ਨ ਸਕਹਿਂ ਸਭਿ ਤੀਰਥ ਮੱਜਨ। ਬਿਧਿ ਸੌਂ ਦਾਨੁ ਦੇਹਿਂ ਨਹਿਂ ਸ੍ਰਜਨ॥੧੬॥

ਇਕ ਤਾਂ ਇਨ੍ਹਾਂ ਦੀ ਉਮਰ ਛੋਟੀ ਹੋ ਗਈ ਹੈ, ਘਟੀਆ ਪਦਾਰਥਾਂ ਕਾਰਨ ਬੁੱਧੀ ਮੋਟੀ ਹੋ ਗਈ ਹੈ। ਸਾਰੇ ਤੀਰਥਾਂ ਵਿਚ ਇਸ਼ਨਾਨ ਨਹੀਂ ਕਰ ਸਕਦੇ, ਭਲੇ ਪੁਰਸ਼ਾਂ ਨੂੰ ਚੰਗੀ ਵਿਧੀ ਅਨੁਸਾਰ ਦਾਨ ਵੀ ਨਹੀਂ ਦੇ ਸਕਦੇ॥ ੧੬ ॥

ਇਸ ਕਾਰਨ ਤੇ ਤੀਰਥ ਮਹਾਂ। ਮੱਦ੍ਰ ਦੇਸ਼ ਮਹਿਂ ਰਚੀਅਹਿ ਇਹਾਂ।
ਤੀਨ ਲੋਕ ਕੇ ਤੀਰਥ ਜੋਇ। ਸਭਿ ਕੋ ਫਲ ਸ਼ਨਾਨ ਤੇ ਹੋਇ ॥੧੭॥

ਇਸ ਕਾਰਨ ਇਕ ਮਹਾਨ ਤੀਰਥ, ਪੰਜਾਬ ਦੇਸ਼ ਵਿਚ ਜਾ ਕੇ ਬਣਾਵੋ, ਉਹ ਤੀਰਥ ਤਿੰਨਾਂ ਲੋਕਾਂ ਵਿਚ ਐਸਾ ਹੋਵੇ ਜਿਸ ਵਿਚ ਇਸ਼ਨਾਨ ਕਰਨ ਨਾਲ ਸਭ ਫਲ ਪ੍ਰਾਪਤ ਹੋਣ॥ ੧੭ ॥

ਇਸ ਥਲ ਥੇਹੁ ਬਤਾਯਹੁ ਜਬੈ। ਹਮਰੇ ਪਿਤਾ ਖਨਾਯਹੁ ਤਬੈ।
ਸ੍ਰੀ ਅੰਮ੍ਰਿਤਸਰ ਰਾਖਜੋ ਨਾਮੂ। ਚਤੁਰ ਪਦਾਰਥ ਕੋ ਨਿਤ ਧਾਮੂ ॥੧੮॥

ਜਦ ਇਸ ਸਥਾਨ ਵਿਖੇ ਉਸ ਸਰੋਵਰ ਨੂੰ ਬਣਾਉਣ ਬਾਰੇ ਦੱਸਿਆ ਤਾਂ ਮੇਰੇ ਪਿਤਾ ਜੀ ਨੇ ਸਰੋਵਰ ਦੀ ਖੁਦਵਾਈ ਸ਼ੁਰੂ ਕਰ ਦਿੱਤੀ। ਇਸ ਦਾ ਨਾਂ ਉਨ੍ਹਾਂ ਨੇ ਅੰਮ੍ਰਿਤ ਸਰੋਵਰ ਰਖਿਆ, ਜਿਹੜਾ ਚਾਰ ਪਦਾਰਥਾਂ ਦਾ ਸਦਾ ਘਰ ਹੈ॥ ੧੮ ॥

ਕਾਸ਼ੀ ਆਦਿਕ ਤੀਰਥ ਸਬੈ। ਇਸ ਕੀ ਸ਼ਰਨ ਰਹੈਂ ਪਰਿ ਅਬੈ।
ਬਰਤਹਿ ਕਾਲ ਕਲੀ ਕੋ ਘੋਰੈ। ਕਿਸ ਕੀ ਹੱਤਜਾ ਕੋ ਨਹਿਂ ਛੋਰੈ ॥੧੯॥

ਕਾਸ਼ੀ ਆਦਿ ਸਾਰੇ ਤੀਰਥ ਹੁਣ ਇਸ ਦੀ ਸ਼ਰਨ ਵਿਚ ਪਏ ਰਹਿੰਦੇ ਹਨ। ਕਲਿਜੁਗ ਦੇ ਘੋਰ ਸਮੇਂ ਦਾ ਵਰਤਾਰਾ ਹੋਵੇਗਾ ਤਾਂ ਵੀ ਕੋਈ ਕਿਸੇ ਨੂੰ ਮਾਰਨ ਤੋਂ ਨਹੀਂ ਛੱਡੇਗਾ॥ ੧੯ ॥

ਬਰਤ ਦਾਨ ਤਪ ਤੀਰਥ ਜੇਤੇ। ਕਰਹਿਂ ਨਿਵਾਸ ਇਸੀ ਮਹਿਂ ਤੇਤੇ।
ਜਗਤ ਨਾਥੁ ਇਹ ਹੋਇ ਬਿਸਾਲਾ। ਗੰਗਾ ਲੋਪ ਹੋਇ ਜਿਸ ਕਾਲਾ ॥੨੦॥

ਜਿੰਨੇ ਵੀ ਵਰਤ, ਦਾਨ, ਤਪ ਅਤੇ ਤੀਰਥ ਇਸ਼ਨਾਨ ਹਨ, ਉਹ ਸਾਰੇ ਇਸ ਤੀਰਥ ਵਿਚ ਨਿਵਾਸ ਕਰਨਗੇ, ਇਹ ਸਾਰੇ ਜਗਤ ਦਾ ਵੱਡਾ ਨਾਥ ਬਣੇਗਾ। ਜਿਸ ਸਮੇਂ ਗੰਗਾ ਲੋਪ ਹੋਵੇਗਾ।

ਨੋਟ:-ਗੰਗ ਲੋਪ ਦਾ ਸਮਾਂ ਲਗਪਗ ੧੯੫੬ ਬਿਕਰਮੀ ਵਿਚ ਮੁੱਕ ਗਿਆ ਦੱਸਿਆ ਜਾਂਦਾ ਹੈ।

ਕੋਸਨ ਲੌ ਇਸ ਕੇ ਚੌਫੇਰੇ। ਸੰਤ ਰਿਖਿਨਿ ਕੇ ਥਿਰ ਹੈਂ ਡੇਰੇ।
ਯਾਂਤੇ ਕਰਹੁ ਤਾਲ ਇਸ਼ਨਾਨ। ਤੁਮਰੀ ਹੋਵਹਿ ਗੀ ਕੱਲਜਾਨ' ॥੨੧॥

ਤਾਂ ਇਸ ਤੀਰਥ ਦੇ ਚਾਰ-ਚੌਫੇਰੇ ਕਈ ਕੋਹਾਂ ਤੱਕ ਸੰਤ ਅਤੇ ਰਿਖੀ ਆਪਣੇ ਡੇਰੇ ਸਥਾਪਤ ਕਰ ਲੈਣਗੇ। ਇਸ ਕਰਕੇ ਸਰੋਵਰ ਵਿਚ ਇਸ਼ਨਾਨ ਕਰੋ ਤਾਂਕਿ ਤੁਹਾਡਾ ਕਲਿਆਣ ਹੋ ਜਾਵੇ"॥ ੨੧॥

ਗੁਰ ਪੂਰੇ ਕੇ ਸੁੰਦਰ ਬੈਨਿ। ਸਿੱਖਨਿ ਸੁਨਿ ਮਨ ਉਪਜਜੋ ਚੈਨਿ।
ਮਹਿਮਾ ਸੁਨੀ ਸੁਧਾਸਰ ਕੇਰੀ। ਜੋ ਸਤਿਗੁਰ ਨਿਜ ਮੁਖ ਤੇ ਟੇਰੀ ॥੨੨॥

ਪੂਰਨ ਗੁਰੂ ਜੀ ਦੇ ਸੁੰਦਰ ਬਚਨ ਸੁਣ ਕੇ, ਸਿੱਖਾਂ ਦੇ ਮਨ ਵਿਚ ਸ਼ਾਂਤੀ ਉਤਪੰਨ ਹੋਈ। ਅੰਮ੍ਰਿਤ ਸਰੋਵਰ ਦੀ ਮਹਿਮਾ ਸੁਣੀ ਜਿਹੜੀ ਸਤਿਗੁਰੂ ਜੀ ਨੇ ਆਪਣੇ ਮੁਖ ਤੋਂ ਕਹੀ ਸੀ॥ ੨੨॥

ਕਹਤਿ ਭਏ 'ਸਤਿਗੁਰ ਧੰਨ ਧੰਨ। ਕੀਨੋ ਹਮਰਾ ਸਫਲ ਜਨੰਮ'।
ਕੇਤਿਕ ਦਿਨ ਰਹਿ ਸਤਿਗੁਰ ਪਾਸ। ਕਰੀ ਟਹਿਲ ਸਰ ਚਿੱਤ ਹੁਲਾਸਿ ॥੨੩॥

ਕਹਿਣ ਲੱਗੇ, "ਸਤਿਗੁਰੂ ਜੀ ਧੰਨ ਹਨ, ਜਿਨ੍ਹਾਂ ਸਾਡਾ ਜਨਮ ਸਫਲ ਕੀਤਾ ਹੈ"। ਉਹ ਕਾਫੀ ਦਿਨ ਸਤਿਗੁਰੂ ਜੀ ਪਾਸ ਰਹੇ ਤੇ ਸਰੋਵਰ ਦੀ ਮਨ ਵਿਚ ਪ੍ਰਸੰਨ ਹੋ ਕੇ ਟਹਿਲ ਸੇਵਾ ਕੀਤੀ॥ ੨੩॥

ਗੁਰਬਾਣੀ ਸਿਉਂ ਪ੍ਰੇਮ ਲਗਾਈ। ਕਰੀ ਸੇਵ ਸਿੱਖਨ ਅਧਿਕਾਈ।
ਅਪਨੋ ਜਨਮ ਸਫਲ ਕਰਿ ਜਾਨੈ। ਪੂਰਨ ਭਾਗ ਆਪਨੇ ਮਾਨੈ ॥੨੪॥

ਗੁਰਬਾਣੀ ਨਾਲ ਬੜਾ ਪ੍ਰੇਮ ਲਾਇਆ ਅਤੇ ਸਿੱਖਾਂ ਦੀ ਬਹੁਤ ਸੇਵਾ ਕੀਤੀ। ਆਪਣਾ ਜਨਮ ਸਫਲ ਹੋਇਆ ਜਾਣਿਆ ਅਤੇ ਆਪਣੇ ਪੂਰਨ ਭਾਗ ਮੰਨੇ॥ ੨੪॥

ਪੁਨ ਸਤਿਗੁਰ ਕੀ ਆਗਜਾ ਧਾਰੀ। ਗਏ ਆਪਨੇ ਦੇਸ਼ ਮਝਾਰੀ।
ਜਾਇ ਤਹਾਂ ਅਪਨੇ ਗ੍ਰਿਹ ਅੰਤਰ। 'ਗੁਰ ਗੁਰ' ਜਾਪ ਜਪੈਂ ਸੁ ਨਿਰੰਤਰ ॥੨੫॥

ਫਿਰ ਸਤਿਗੁਰੂ ਜੀ ਦੀ ਆਗਿਆ ਮੰਨ ਕੇ ਆਪਣੇ ਦੇਸ਼ ਵਿਚ ਚਲੇ ਗਏ, ਓਥੇ ਜਾ ਕੇ ਆਪਣੇ ਘਰ ਵਿਚ ਸਦਾ 'ਗੁਰ ਗੁਰ' ਦਾ ਜਾਪ ਜਪਦੇ ਸਨ॥ ੨੫॥

ਅਪਨੇ ਮੀਤ ਸਬੰਧੀ ਜੇਤੇ। ਜਥਾ ਜੋਗ ਉਪਦੇਸ਼ੇ ਤੇਤੇ।
ਗੁਰ ਸਰ ਮਹਿਮਾ ਅਧਿਕ ਬਤਾਈ। ਸਤਿਗੁਰੁ ਸਿੱਖ ਭਏ ਅਧਿਕਾਈ ॥੨੬॥

ਆਪਣੇ ਮਿੱਤਰ ਸੰਬੰਧੀ ਜਿੰਨੇ ਵੀ ਸਨ, ਉਨ੍ਹਾਂ ਨੂੰ ਯਥਾਯੋਗ ਉਪਦੇਸ਼ ਦਿੱਤਾ। ਗੁਰੂ ਜੀ ਦੇ ਸਰੋਵਰ ਦੀ ਬਹੁਤ ਮਹਿਮਾ ਦੱਸੀ, ਬਹੁਤ ਲੋਕ ਸਤਿਗੁਰੂ ਜੀ ਦੇ ਸਿੱਖ ਹੋ ਗਏ॥ ੨੬॥

ਪ੍ਰਾਤੈ ਉਠ ਸ਼ਨਾਨ ਪੁਨ ਕਰੈਂ। ਗੁਰੂ ਧਜਾਨ ਧਰਿ ਜਪ ਮੁਖ ਰਰੈਂ।
ਕਿਰਤ ਧਰਮ ਕੀ ਬਹੁਰ ਸੰਭਾਰੈਂ। ਸਿੱਖਜ ਸੰਤ ਕੀ ਸੇਵਾ ਧਾਰੈਂ ॥੨੭॥

ਫਿਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ ਸਨ, ਗੁਰੂ ਜੀ ਵਲ ਧਿਆਨ ਧਾਰ ਕੇ ਮੁਖ ਤੋਂ ਜਾਪ ਕਰਦੇ ਸਨ। ਧਰਮ ਦੀ ਕਮਾਈ ਕਰਦੇ ਸਨ ਅਤੇ ਸਿੱਖਾਂ ਅਤੇ ਸੰਤਾਂ ਦੀ ਸੇਵਾ ਕਰਦੇ ਸਨ॥ ੨੭॥

ਜਹਿਂ ਕਹਿਂ ਸਿੱਖੀ ਮਾਰਗ ਤੋਰਾ। ਗੁਰੂ ਧਯਾਨ ਜਿਵ ਚੰਦ ਚਕੋਰਾ।
ਇਸ ਬਿਧਿ ਅਪਨੀ ਆਯੁ ਬਿਤਾਈ। ਪੈੜਾ ਕੰਦੂ ਗੁਰ ਸਿਖ ਭਾਈ ॥੨੮॥

ਜਿੱਥੇ ਕਿੱਥੇ ਸਿੱਖੀ ਦਾ ਮਾਰਗ ਤੋਰਿਆ, ਗੁਰੂ ਜੀ ਵੱਲ ਇੰਝ ਧਿਆਨ ਲਾਉਂਦੇ ਸਨ, ਜਿਵੇਂ ਚਕੋਰ, ਚੰਦ ਵੱਲ ਵੇਖਦਾ ਹੈ। ਇਸ ਵਿਧੀ ਅਨੁਸਾਰ ਆਪਣੀ ਉਮਰ ਗੁਜ਼ਾਰੀ, ਪੈੜੇ ਅਤੇ ਕੰਦੂ ਨੂੰ ਗੁਰੂ ਜੀ ਦੀ ਸਿੱਖੀ ਬਹੁਤ ਚੰਗੀ ਲੱਗੀ॥ ੨੮॥

ਅੰਤਰ ਸ਼ੁਧ ਸਰੂਪ ਹੁਇ ਗਏ। ਗੁਰ ਚਰਨਨ ਮਨ ਨਿਸ਼ਚਾ ਠਏ।
ਜੋ ਜੋ ਤਿਨ ਕੋ ਸੰਗੀ ਹੋਯਹੁ। ਭੋਗ ਮੋਖ ਤਿਨ ਸਗਰੇ ਜੋਯਹੁ ॥੨੯॥

ਅੰਤਰ ਹਿਰਦੇ ਸ਼ੁੱਧ ਸਰੂਪ ਹੋ ਗਏ ਅਤੇ ਗੁਰੂ ਜੀ ਦੇ ਚਰਨਾਂ ਵਿਚ ਨਿਸ਼ਚਾ ਬੱਝ ਗਿਆ। ਜਿਹੜੇ ਜਿਹੜੇ ਵੀ ਉਨ੍ਹਾਂ ਦੇ ਸੰਗੀ ਹੋਏ ਉਨ੍ਹਾਂ ਨੇ ਭੁਗਤੀ-ਮੁਕਤੀ ਪ੍ਰਾਪਤ ਕੀਤੀ॥ ੨੯॥

ਜੋ ਗੁਰੁ ਅਰਜਨ ਸ਼ਰਣ ਸਿਧਾਰਾ। ਜਗਤ ਜਲਧ ਤੇ ਪਾਰ ਉਤਾਰਾ।
ਗੁਰ ਨਾਨਕ ਕੇ ਮਾਂਹਿ ਸਮਾਈ। ਜਨਮ ਮਰਨ ਕੀ ਤ੍ਰਾਸ ਮਿਟਾਈ ॥੩੦॥

ਜਿਹੜਾ ਵਿਅਕਤੀ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਇਆ, ਉਹ ਭਵਸਾਗਰ ਪਾਰ ਕਰਕੇ ਗੁਰੂ ਨਾਨਕ ਦੇਵ ਜੀ ਵਿਚ ਸਮਾ ਜਾਂਦਾ ਹੈ ਅਤੇ ਜਨਮ ਮਰਨ ਦਾ ਡਰ ਖਤਮ ਹੋ ਜਾਂਦਾ ਹੈ॥ ੩੦॥

*ਦੂਸਰੀ ਰਾਸ ਦਾ ਪਚਵੰਞਵਾਂ ਅਧਿਆਇ ਸਮਾਪਤ ਹੋਇਆ॥ ੫੫॥*

## ਅਧਿਆਇ ਛਪਵੰਞਵਾਂ

*ਸ੍ਰੀ ਅੰਮ੍ਰਿਤਸਰ ਮਹਾਤਮ, ਸਿੱਖਾਂ ਨੂੰ ਬਖਸ਼ਿਸ਼ਾਂ*

ਦੋਹਰਾ-ਨਿਤ ਕਾਰੀਗਰ ਚਿਨਤਿ ਹੈਂ ਸ਼੍ਰੀ ਹਰਿਮੰਦਰ ਚਾਰੁ।
ਸ਼੍ਰੀ ਅਰਜਨ ਸਿੱਖਨ ਸਹਤ ਅਨੰਦ ਬਿਲੰਦ ਨਿਹਾਰਿ ॥੧॥

ਕਾਰੀਗਰ ਸਦਾ ਹੀ ਹਰਿਮੰਦਰ ਸਾਹਿਬ ਦੀ ਸੁੰਦਰ ਚਿਣਵਾਈ ਕਰਦੇ ਰਹਿੰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਸਹਿਤ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੧॥

ਚੌਪਈ-ਚਹੁੰ ਦਿਸ਼ ਬਨੀ ਸੁਪਾਨ ਚਕੋਰ। ਸੁੰਦਰ ਬਨਯੋ ਦਰਸ਼ਨੀ ਪੋਰ।
ਸਰ ਅੰਦਰ ਪੁਲ ਰਚਯੋ ਬਿਸਾਲ। ਜਹਿਂ ਕੋ ਆਇ ਜਾਇਂ ਨਰ ਜਾਲ ॥੨॥

ਚਾਰੇ ਪਾਸੇ ਚੌਰਸ ਪੌੜੀਆਂ ਬਣਾਈਆਂ ਗਈਆਂ। ਦਰਸ਼ਨੀ ਡਿਉਢੀ ਦੀਆਂ ਪੌੜੀਆਂ ਸੁੰਦਰ ਬਣਾਈਆਂ ਗਈਆਂ। ਸਰੋਵਰ ਦੇ ਉਤੇ ਵੱਡਾ ਪੁਲ ਬਣਾਇਆ ਗਿਆ, ਜਿਸ ਰਾਹੀਂ ਮਨੁੱਖ ਸ੍ਰੀ ਹਰਿਮੰਦਰ ਸਾਹਿਬ ਵਿਚ ਆਉਂਦੇ ਜਾਂਦੇ ਸਨ॥ ੨॥

ਚਹੁੰ ਦਿਸ਼ ਤੇ ਮਿਨਤੀ ਕਰਿ ਸਾਰੀ। ਕੁਰਸੀ ਸਰ ਤੇ ਉਰਧ ਉਸਾਰੀ।
ਚਾਰ ਕੋਨ ਜੁਤ ਭਲੇ ਬਨਾਇ। ਪੂਰਬ ਦਿਸ਼ ਹਰਿ ਪੌੜਿ ਰਖਾਇ ॥੩॥

ਚਾਰੇ ਪਾਸਿਆਂ ਤੋਂ ਮਿਣਤੀ ਕਰਕੇ, ਕੁਰਸੀ ਸਰੋਵਰ ਤੋਂ ਉੱਚੀ ਬਣਾਈ ਗਈ। ਚਾਰੇ ਕੋਨੇ ਭਲੀ ਪ੍ਰਕਾਰ ਬਣਾਏ ਗਏ ਅਤੇ ਪੂਰਬ ਵਾਲੇ ਪਾਸੇ ਹਰਿ ਕੀ ਪੌੜੀ ਦੀ ਉਸਾਰੀ ਕੀਤੀ ਗਈ॥ ੩॥

Sri Satguru Jagjit Singh Ji eLlibrary NamdhariElibrary@gmail.com

ਪਰਦਛਨਾ ਦੈਬੇ ਕੇ ਕਾਰਨ। ਕੁਰਸੀ ਪਰ ਥਲ ਰਾਖ ਸੁਧਾਰਨ।
ਮਿਨ ਚਹੁੰਦਿਸ਼ ਤੇ ਏਕ ਸਮਾਨ। ਹਰਿਮੰਦਰਿ ਰਚਿ ਲੀਨ ਮਹਾਂਨ ॥੪॥

ਪਰਿਕਰਮਾ ਕਰਨ ਦੇ ਕਾਰਨ ਕੁਰਸੀ ਸੋਧ ਕੇ ਵਧਾ ਕੇ ਰੱਖੀ ਭਾਵ ਹਰਿਮੰਦਰ ਸਾਹਿਬ ਦੀਆਂ ਛੋਟੀਆਂ ਪਰਿਕਰਮਾਂ ਬਣਾਈਆਂ ਗਈਆਂ। ਚਾਰੇ ਪਾਸਿਆਂ ਤੋਂ ਇਕ ਸਮਾਨ ਮਿਣਤੀ ਕਰਕੇ ਮਹਾਨ ਹਰਿਮੰਦਰ ਸਾਹਿਬ ਦੀ ਰਚਨਾ ਕਰ ਲਈ॥ ੪॥

ਚਹੁੰ ਦਰ ਪਰਿ ਕਰਿ ਕਰਿ ਇਕ ਛਾਤ। ਕਰਿ ਹਰਿ ਪੌੜਛਾਤ ਤਿਸੁ ਭਾਂਤਿ।
ਦੂਤੀ ਛਾਤ ਲਗ ਜਬਹਿ ਉਸਾਰਾ। ਬਿਚ ਹਰਿਮੰਦਰ ਕੋ ਥਲ ਸਾਰਾ ॥੫॥

ਚਾਰੇ ਦਰਵਾਜ਼ਿਆਂ ਉਤੇ ਇਕ-ਇਕ ਛੱਤ ਬਣਾ ਕੇ ਉਸ ਪ੍ਰਕਾਰ ਦੀ ਹੀ ਇਕ ਛੱਤ ਹਰਿ ਕੀ ਪੌੜੀ ਤੇ ਬਣਾ ਦਿੱਤੀ। ਜਦ ਦੂਸਰੀ ਛੱਤ ਦੀ ਉਸਾਰੀ ਕੀਤੀ ਗਈ ਤਾਂ ਉਸ ਦੇ ਵਿਚ ਹਰਿਮੰਦਰ ਸਾਹਿਬ ਵਾਲਾ ਸਾਰਾ ਸਥਾਨ ਆ ਗਿਆ॥ ੫॥

ਭਈ ਚੁਗਿਰਦੇ ਦੁਇ ਦੁਇ ਛਾਤ। ਕਰੀ ਬੀਚ ਤੇ ਏਕ ਸੁਹਾਤ।
ਊਪਰ ਤੇ ਪੁਨ ਸਮ ਕਰਿ ਦਯੋ। ਏਕ ਛਾਤ ਦੋ ਛਾਤ ਮਿਲਯੋ॥ ੬॥

ਚੌਗਿਰਦ ਦੋ ਦੋ ਛੱਤਾਂ ਬਣ ਗਈਆਂ ਤੇ ਵਿਚ ਇਕ ਹੀ ਛੱਤ ਸ਼ੋਭ ਰਹੀ ਸੀ। ਉਪਰ ਤੋਂ ਫਿਰ ਬਰਾਬਰ ਕਰ ਦਿੱਤੀ ਤੇ ਇਕ ਛੱਤ ਦੂਸਰੀ ਛੱਤ ਨੂੰ ਮਿਲ ਪਈ॥ ੬॥

ਤਿਮਿ ਹਰਿ ਪੌੜ ਦੁਛਾਤ ਜੁ ਹੋਈ। ਊਪਰ ਮਿਲਜੋ ਕਿਯੋ ਸਮ ਸੋਈ।
ਤਿਹਿ ਸਮਾਨ ਥਲ ਜਬਹਿ ਬਨਾਯਹੁ। ਕਰਨ ਬੰਗਲਾ ਊਰਧ ਉਠਾਯਹੁ ॥੭॥

ਉਸ ਤਰ੍ਹਾਂ ਹਰਿ ਕੀ ਪੌੜੀ ਦੀਆਂ ਵੀ ਦੋ ਛੱਤਾਂ ਹੋ ਗਈਆਂ ਤੇ ਉਪਰੋਂ ਮਿਲਣ ਤੇ ਬਰਾਬਰ ਕਰ ਦਿੱਤੀਆਂ। ਉਸ ਵਰਗਾ ਜਦ ਸਥਾਨ ਬਣ ਗਿਆ ਤਾਂ, ਉਸ ਉਪਰ ਉੱਚੇ ਗੁੰਬਦ ਦੀ ਉਸਾਰੀ ਕੀਤੀ ਗਈ॥ ੭॥

ਡਾਲ ਮਸਾਲੇ ਮੋਲ ਬਿਸਾਲੇ। ਚੂਨੋ ਸੂਖਮ ਪੀਸ ਖਰਾਲੇ।
ਸਿਰ ਪਰ ਧਰਿ ਧਰਿ ਲੇ ਕਰਿ ਜਾਵਹਿਂ। ਹਰਿ ਮੰਦਰ ਕੇ ਸ਼ਿਖਰ ਪੁਚਾਵਹਿਂ॥੮॥

ਬੜੇ ਕੀਮਤੀ ਮਸਾਲੇ ਪਾ ਕੇ, ਚੂਨੇ ਨੂੰ ਬਹੁਤ ਬਰੀਕ ਪੀਸ ਕੇ, ਸਿਰਾਂ ਉਤੇ ਚੁੱਕ ਚੁੱਕ ਕੇ ਲਈ ਜਾਂਦੇ ਸਨ ਤੇ ਹਰਿਮੰਦਰ ਸਾਹਿਬ ਦੇ ਸਿੱਖਰ ਤੇ ਪਹੁੰਚਾਉਂਦੇ ਸਨ॥ ੮॥

ਘਰਹਿਂ ਈਂਟਕਾ ਧਰਹਿਂ ਬਨਾਈ। ਪਾਵੇ ਚਾਰਹੁੰ ਊਰਧ ਉਠਾਈ।
ਕਾਲਬੂਤ ਊਪਰ ਪੁਨ ਕਰੇ। ਚਾਰਹੁੰ ਦਰ ਚੂਨੇ ਯੁਤਿ ਜਰੇ॥ ੯॥

ਇੱਟਾਂ ਘੜ ਕੇ ਬਣਾ ਕੇ ਫਿਰ ਚੰਗੀ ਤਰ੍ਹਾਂ ਲਾਉਂਦੇ ਸਨ। ਚਾਰੇ ਪਾਸੇ ਉਚੇ ਉਠਾਏ। ਡਾਟ ਦੇ ਥੱਲੇ ਫਿਰ ਕਲਬੂਤ ਲਾਉਂਦੇ ਸਨ ਅਤੇ ਚਾਰੇ ਦਰਵਾਜ਼ੇ ਚੂਨੇ ਨਾਲ ਜੜੇ॥ ੯॥

ਪੁਨ ਊਪਰ ਕੋ ਮੰਡਪ ਹੋਏ। ਚਹੁੰ ਖੂਟਨਿ ਚਹੁੰ ਕਲਸ ਪਰੋਏ।
ਲਘੁ ਲਘੁ ਕਲਸ ਚੁਗਿਰਦੇ ਕਰੇ। ਚਾਮੀਕਰ ਕੇ ਦੀਪਤਿ ਖਰੇ ॥੧੦॥

ਫਿਰ ਉਪਰ ਵਲ ਵਿਚਕਾਰਲਾ ਵੱਡਾ ਗੁੰਬਦ ਬਣਾਇਆ ਤੇ ਚਾਰੇ ਨੁਕਰਾਂ ਤੇ ਚਾਰ ਛੋਟੇ ਗੁੰਬਦ ਬਣਾਏ, ਛੋਟੇ-ਛੋਟੇ ਗੁੰਬਦ ਚਾਰ ਚੁਫੇਰੇ ਬਣਾ ਦਿੱਤੇ ਜਿਹੜੇ ਸੋਨੇ ਨਾਲ ਮੜ੍ਹੇ ਹੋਏ ਚਮਕ ਰਹੇ ਸਨ॥ ੧੦॥

ਊਚੋ ਕਲਸ ਬੀਚ ਕੋ ਹੋਵਾ। ਚਹੁੰਦਿਸ਼ ਦੂਰ ਦੂਰ ਲਗ ਜੋਵਾ।
ਭਯੋ ਸਪੂਰਨ ਸ੍ਰੀ ਹਰਿਮੰਦਰ। ਜਿਹ ਸਮਸਰ ਨ ਅਪਰ ਜਗ ਅੰਦਰ ॥੧੧॥

ਵਿਚਲਾ ਗੁੰਬਦ ਬਹੁਤ ਉੱਚਾ ਬਣਾਇਆ, ਜਿਹੜਾ ਚਾਰੇ ਪਾਸੇ ਦੂਰ ਦੂਰ ਤਕ ਦਿਖਾਈ ਦਿੰਦਾ ਸੀ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸੰਪਰਣ ਹੋਇਆ, ਉਸਦਾ ਜੱਗ ਵਿਚ ਹੋਰ ਕੋਈ ਸਾਨੀ ਨਹੀਂ ਹੈ॥ ੧੧॥

Sri Satguru Jagjit Singh Ji eLlibrary NamdhariElibrary@gmail.com

ਮੱਧ ਛਾਤ ਚਹੁੰ ਦਿਸ਼ ਮਹਿਂ ਤਹਾਂ। ਰਚੀ ਦਰੀਚੀ ਸੁੰਦਰ ਮਹਾਂ।
ਖਸ਼ਟ ਰੁਤਨ ਮਹਿਂ ਸਭਿ ਸੁਖਦਾਈ। ਲਗਹਿ ਪਵਨ ਪਸ਼ਚਮ ਪੁਰਵਾਈ॥੧੨॥

ਜਿਥੇ ਚਾਰੇ ਪਾਸੇ ਵਿਚਕਾਰਲੀ ਮੰਜ਼ਲ ਸੀ, ਓਥੇ ਸੁੰਦਰ ਬਾਰੀਆਂ ਬਣਾਈਆਂ ਗਈਆਂ। ਇਹ ਬਾਰੀਆਂ ਛੇਆਂ ਰੁੱਤਾਂ ਵਿਚ ਵੀ ਸੁਖਦਾਈ ਹਨ, ਪੱਛਮ ਅਤੇ ਪੂਰੇ ਦੀ ਹਵਾ ਅਨਕੂਲ ਲਗਦੀ ਹੈ॥ ੧੨॥

ਜਹਿਂ ਗ੍ਰੀਖਮ ਮਹਿਂ ਸ੍ਵੇਦ ਨ ਜੋਵੈਂ। ਹਿਮ ਰੁਤ ਮਹਿਂ ਪਾਲੋ ਨਹਿਂ ਹੋਵੈ।
ਬਰਖਾ ਮਹਿਂ ਬਡ ਹੋਤਿ ਬਹਾਰ। ਬਿਨ ਕਰਦਮ ਤੇ ਸੁੰਦਰ ਬਾਰਿ॥੧੩॥

ਜਿਥੇ ਬੈਠਿਆਂ ਗਰਮੀ ਦੀ ਰੁੱਤ ਵਿਚ ਮੁੜ੍ਹਕਾ ਨਹੀਂ ਆਉਂਦਾ ਅਤੇ ਸਰਦੀ ਦੀ ਰੁੱਤ ਵਿਚ ਪਾਲਾ ਨਹੀਂ ਹੁੰਦਾ ਹੈ। ਵਰਖਾ ਸਮੇਂ ਵੱਡੀ ਬਹਾਰ ਹੋ ਜਾਂਦੀ ਹੈ, ਇਹ ਸੁੰਦਰ ਬਾਰੀਆਂ ਗਾਰੇ ਤੋਂ ਬਗੈਰ ਬਣਾਈਆਂ ਗਈਆਂ ਹਨ॥ ੧੩॥

ਚਹੁੰ ਦਿਸ਼ ਦ੍ਰਿਸ਼ਟਿ ਨੀਰ ਪਰ ਪਰੈ। ਮੇਘ ਧਾਰ ਬਿਨ ਮਲ ਤੇ ਭਰੈ।
ਜਗਤ ਮਝਾਰ ਨ ਐਸੋ ਕੋਈ। ਮੰਦਿਰ ਦਿਖਤਿ ਅਨੰਦ ਨ ਹੋਈ॥੧੪॥

ਚਾਰੇ ਪਾਸੇ ਦ੍ਰਿਸ਼ਟੀ ਨਿਰਮਲ ਜਲ ਤੇ ਪੈਂਦੀ ਹੈ, ਜਿਵੇਂ ਬੱਦਲ ਮੈਲ-ਰਹਿਤ ਜਲ ਨਾਲ ਭਰੇ ਹੋਣ। ਸਾਰੇ ਸੰਸਾਰ ਵਿਚ ਐਸਾ ਕੋਈ ਮੰਦਰ ਵਿਖਾਈ ਨਹੀਂ ਦਿੰਦਾ ਜਿਥੇ ਅਜੇਹਾ ਅਨੰਦ-ਮਈ ਨਜ਼ਾਰਾ ਦਿੱਸਦਾ ਹੋਵੇ॥ ੧੪॥

ਚਿੱਤ੍ਰਿਤਿ ਚਾਂਮੀਕ ਰਤੇ ਚਾਰ। ਚਾਰੁ ਓਰ ਮਹਿਂ ਚਮਕ ਨਿਹਾਰ।
ਚਾਰ ਪਦਾਰਥ ਕੋ ਦਾਤਾਰ। ਚਾਰ ਬਰਨ ਕੋ ਜਹਾਂ ਉਚਾਰ॥ ੧੫॥

ਹਰਿਮੰਦਰ ਸੁੰਦਰ ਸੋਨੇ ਨਾਲ ਚਿਤਰਿਆ ਹੋਇਆ ਹੈ, ਚਾਰੇ ਪਾਸੇ ਚਮਕ ਦਿਖਾਈ ਦਿੰਦੀ ਹੈ। ਇਹ ਹਰਿਮੰਦਰ ਸਾਹਿਬ ਚਾਰ ਪਦਾਰਥਾਂ ਦਾ ਦਾਤਾ ਹੈ, ਚਾਰ ਅੱਖਰਾਂ ਭਾਵ ਜਿਥੇ ਵਾਹਿਗੁਰੂ ਨਾਮ ਦਾ ਉਚਾਰਨ ਹੁੰਦਾ ਹੈ॥ ੧੫॥

ਚਾਰ ਬਰਨ ਜਹਿਂ ਬੰਦਨ ਧਾਰਿ। ਚਾਰ ਬਰਨ ਦਿਪਤਹਿਂ ਦੁਤਿ ਵਾਰ।
ਚਾਰਚੱਕ੍ਰ ਮਹਿਂ ਬਿਦਤ ਉਦਾਰਿ। ਚਾਰਮੋਖ ਠਾਂਢੀ ਦਰਬਾਰ॥ ੧੬॥

ਚਾਰੇ ਜਾਤਾਂ ਜਿਥੇ ਬੰਦਨਾਂ ਕਰਦੀਆਂ ਹਨ, ਜਿਥੇ ਸੁੰਦਰ ਰੰਗ ਸੁਭਾਇਮਾਨ ਹੋ ਕੇ ਚਮਕ ਰਹੇ ਹਨ। ਚਾਰਾਂ ਚੱਕਾਂ ਵਿਚ ਪਰਗਟ ਹੈ। ਚਾਰ ਮੁਕਤੀਆਂ, ਸਲੋਕ, ਸਾਰੂਪ, ਸਾਮੀਪ ਅਤੇ ਸਾਯੁਜ ਹਰ ਵੇਲੇ ਦਰਬਾਰ ਵਿਚ ਖੜੀਆਂ ਰਹਿੰਦੀਆਂ ਹਨ॥ ੧੬॥

ਦਰਸ਼ਨੀਯ ਜੋ ਆਸ਼੍ਰਮ ਚਾਰ। ਚਾਰ ਬੇਦ ਜਹਿਂ ਸਾਰ ਉਚਾਰ।
ਚਾਰ ਦਿਸ਼ਾ ਮਹਿਂ ਚਾਰਹੁੰ ਦ੍ਵਾਰ। ਸ਼੍ਰਵਣਾਦਿਕ ਸਾਧਨ ਜਹਿਂ ਟਾਰ॥੧੭॥

ਜਿਥੇ ਦਰਸ਼ਨ ਯੋਗ ਬ੍ਰਹਮਚਰਜ, ਗ੍ਰਹਿਸਤ, ਬਾਨ-ਪ੍ਰਸਥ ਅਤੇ ਸੰਨਿਆਸ ਚਾਰ ਆਸ਼੍ਰਮ ਹਨ, ਜਿਥੇ ਚਾਰੇ ਵੇਦਾਂ ਦੇ ਤੱਤ ਦਾ ਉਚਾਰਨ ਹੁੰਦਾ ਹੈ, ਜਿਥੇ ਚਾਰੇ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਹਨ, ਜਿਥੇ ਸੁਣਨ ਆਦਿ ਦੇ ਸਾਧਨ ਹਨ॥ ੧੭॥

ਸ਼੍ਰੀ ਅਰਜਨ ਠਾਂਢੇ ਬਿਚ ਹੋਇ। ਕੀਨ ਅਨੰਦ ਬਿਲੰਦਹਿ ਜੋਇ।
ਸ਼੍ਰੀ ਕਰਤਾਰ ਸਿਫਤ ਕੋ ਕਰੈਂ। ਸਰ ਕੋ ਬੀਚ ਮਹਾਤਮ ਧਰੈਂ॥ ੧੮॥

ਸ੍ਰੀ ਗੁਰੂ ਅਰਜਨ ਦੇਵ ਜੀ ਉਸ ਸ੍ਰੀ ਹਰਿਮੰਦਰ ਸਾਹਿਬ ਵਿਚ ਸਥਿਤ ਹੋ ਗਏ ਅਤੇ ਬੜਾ ਅਨੰਦ ਲਿਆ। ਵਾਹਿਗੁਰੂ ਦੀ ਸਿਫਤ-ਸਾਲਾਹ ਕਰਦੇ ਸਨ ਅਤੇ ਸਰੋਵਰ ਦੇ ਵਿਚਕਾਰ ਮਹਾਤਮ ਨੂੰ ਧਰਿਆ ਸੀ॥ ੧੮॥

ਹਰਿ ਮੰਦਰ ਕੀ ਮਹਿਮਾ ਗਾਵੈਂ। ਸੁੰਦਰ ਸ਼ਬਦ ਬਿਲੋਕਿ ਬਨਾਵੈਂ।
ਸੁਨਿ ਸੁਨਿ ਸੰਗਤਿ ਸ਼ਰਧਾ ਧਰੈ। ਸਰ ਮੱਜਹਿ ਅਭਿਬੰਦਨ ਰਰੈ॥ ੧੯॥

ਸਦਾ ਹਰਿਮੰਦਰ ਦੀ ਮਹਿਮਾ ਗਾਉਂਦੇ ਸਨ ਅਤੇ ਵੇਖ ਕੇ ਸੁੰਦਰ ਸ਼ਬਦ ਬਣਾਉਂਦੇ ਸਨ, ਜਿਨ੍ਹਾਂ ਨੂੰ ਸੁਣ ਸੁਣ ਕੇ ਸੰਗਤ ਸ਼ਰਧਾ ਧਾਰਨ ਕਰਦੀ ਸੀ। ਸਰੋਵਰ ਵਿਚ ਇਸ਼ਨਾਨ ਕਰਕੇ ਅਭਿਨੰਦਨ ਕਰਦੇ ਸਨ॥੧੯॥

ਸਰ ਕਰਿਬੇ ਮਹਿਂ ਘਾਲੀ ਘਾਲ। ਹਰਿਮੰਦਰ ਕੀ ਸੇਵ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਤਿਨ ਪਰ ਪੁਨ ਕਰਿ ਕੇ। ਨਿਕਟ ਅਵਾਹਨ ਕਰੇ ਸਿਮਰਿ ਕੇ॥੨੦॥

ਸਰੋਵਰ ਬਣਾਉਣ ਵਿਚ ਵੱਡੀ ਘਾਲਣਾ ਘਾਲੀ ਸੀ ਅਤੇ ਹਰਿਮੰਦਰ ਸਾਹਿਬ ਦੀ ਵੀ ਵਿਸ਼ਾਲ ਸੇਵਾ ਕੀਤੀ ਸੀ। ਉਨ੍ਹਾਂ ਉੱਤੇ ਫਿਰ ਕਿਰਪਾ-ਦ੍ਰਿਸ਼ਟੀ ਕਰਕੇ ਯਾਦ ਕਰਕੇ ਪਾਸ ਬੁਲਾਏ॥ ੨੦॥

ਬਖਸ਼ਿਸ਼ ਬਖਸ਼ਨਿ ਕਰਨਿ ਨਿਹਾਲ। ਲਿਯੇ ਬੁਲਾਇ ਸਿੱਖਜ ਤਤਕਾਲ।
ਭਗਤੂ ਆਦਿਕ ਜੇ ਨਿਸ਼ਕਾਮ। ਆਠ ਜਾਮ ਸਿਮਰਤਿ ਜੇ ਨਾਮ॥ ੨੧॥

ਬਖਸ਼ਿਸ਼ਾਂ ਬਖਸ਼ ਕੇ ਨਿਹਾਲ ਕਰਨ ਲਈ, ਤੁਰੰਤ ਸਿੱਖਾਂ ਨੂੰ ਪਾਸ ਬੁਲਾ ਲਿਆ। ਭਗਤੂ ਆਦਿ ਜੋ ਨਿਸ਼ਕਾਮ ਸਿੱਖ ਸਨ ਅਤੇ ਜਿਹੜੇ ਅੱਠੇ ਪਹਿਰ ਨਾਮ ਦਾ ਸਿਮਰਨ ਕਰਦੇ ਸਨ॥ ੨੧॥

'ਬਰੰਬ੍ਰੂਹ' ਸਭਿਹਿਨਿ ਸੌਂ ਕਹਜੋ। 'ਲਿਹੁ ਗੁਰ ਘਰ ਤੇ ਜੋ ਉਰ ਚਹਜੋ।
ਸਵਾਧਾਨ ਹੁਇ ਸੇਵ ਕਮਾਈ। ਤਿਸ ਕੀ ਅਬਿ ਲੀਜਹਿ ਬਡਿਆਈ'॥੨੨॥

ਫਿਰ ਸਾਰਿਆਂ ਨੂੰ ਕਿਹਾ, "ਵਰ ਮੰਗੋ, ਜੋ ਵੀ ਹਿਰਦੇ ਵਿਚ ਚਾਹੁੰਦੇ ਹੋ ਗੁਰੂ ਘਰ ਤੋਂ ਮੰਗ ਲਵੋ, ਤੁਸੀਂ ਬੜੀ ਸਾਵਧਾਨੀ ਨਾਲ ਸੇਵਾ ਕੀਤੀ ਹੈ, ਉਸ ਕਮਾਈ ਦੀ ਹੁਣ ਵਡਿਆਈ ਲਵੋ"॥ ੨੨॥

ਸਭਿਹਿਨਿ ਹਾਥ ਜੋਰਿ ਕਰਿ ਭਾਖਾ। 'ਗੁਰ ਜੀ ਰਹੀ ਨਹੀਂ ਅਭਿਲਾਖਾ।
ਚਰਨ ਤੁਮਾਰੇ ਉਰ ਮਹਿਂ ਬਾਸੈਂ। ਸਤ ਚਿਤ ਆਨੰਦ ਚਿੱਤ ਪ੍ਰਕਾਸ਼ੈਂ॥੨੩॥

ਸਾਰਿਆਂ ਨੇ ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ ! ਹੁਣ ਕੋਈ ਅਭਿਲਾਸ਼ਾ ਨਹੀਂ ਰਹੀ ਹੈ। ਤੁਹਾਡੇ ਚਰਨ ਸਾਡੇ ਹਿਰਦੇ ਵਿਚ ਵਸਦੇ ਹਨ ਸਤ ਚਿੱਤ ਅਨੰਦ ਸਾਡੇ ਹਿਰਦੇ ਵਿਚ ਪ੍ਰਕਾਸ਼ ਰਿਹਾ ਹੈ॥ ੨੩॥

ਇਸ ਤੇ ਉੱਤਮ ਅਪਰ ਨ ਕੋਈ। ਰਾਵਰ ਤੇ ਹਮ ਜਾਚਹਿਂ ਸੋਈ'।
ਅਤਿ ਪ੍ਰਸੰਨ ਸੁਨਿਕੈ ਗੁਰ ਭਏ। ਸਭਿਹਿਨਿ ਕੋ ਊਚੈ ਪਦ ਦਏ॥ ੨੪॥

ਇਸ ਤੋਂ ਉੱਤਮ ਹੋਰ ਕੁਝ ਨਹੀਂ, ਆਪ ਜੀ ਪਾਸੋਂ ਅਸੀਂ ਇਹੋ ਕੁਝ ਮੰਗਦੇ ਹਾਂ"। ਇਹ ਸੁਣ ਕੇ ਗੁਰੂ ਜੀ ਅਤੀ ਪ੍ਰਸੰਨ ਹੋਏ, ਸਾਰਿਆਂ ਨੂੰ ਉਚੀਆਂ ਪਦਵੀਆਂ ਦਿੱਤੀਆਂ॥ ੨੪॥

ਜੀਵਨ ਮੁਕਤਿ ਅਵਸਥਾ ਕਈ। ਸਾਹਿਬ ਬੁੱਢਾ ਸੰਗਤ ਲਈ।
ਹੁਤੋ ਪ੍ਰਥਮ ਭੀ ਸਭਿ ਹੀ ਲਾਇਕ। ਤਊ ਬਡਾਈ ਅਧਿਕ ਸੁਭਾਇਕ॥ ੨੫॥

ਬਾਬਾ ਬੁੱਢਾ ਜੀ ਨੂੰ ਜੀਵਨ-ਮੁਕਤਿ ਦੀ ਪਦਵੀ ਦਿੱਤੀ। ਉਹ ਪਹਿਲਾਂ ਵੀ ਸਭ ਤਰ੍ਹਾਂ ਇਸ ਦੇ ਲਾਇਕ ਸਨ, ਉਨ੍ਹਾਂ ਨੂੰ ਵੱਡੀ ਪਦਵੀ ਬਖਸ਼ਣਾ ਸੁਭਾਵਿਕ ਹੀ ਸੀ॥ ੨੫॥

ਪੁਨ ਭਾਈ ਭਗਤੂ ਕੋ ਦੀਨ। ਜੀਵਨ ਮੁਕਤਿ ਅਵਸਥਾ ਲੀਨ।
'ਰਹੈ ਬਿਰਾੜ ਦੇਸ਼ ਕੋ ਜੰਗਲ। ਤਿਨ ਕੁਲਿ ਕੋ ਦੈਬੇ ਹਿਤ ਮੰਗਲ'॥ ੨੬॥

ਫਿਰ ਭਾਈ ਭਗਤੂ ਨੂੰ ਜੀਵਨ-ਮੁਕਤਿ ਦੀ ਪਦਵੀ ਬਖਸ਼ੀ ਅਤੇ ਆਗਿਆ ਕੀਤੀ, "ਮਾਲਵੇ ਦੇਸ਼ ਵਿਚ ਜੋ ਬਰਾੜ ਕਲ ਦੇ ਤੇਰੇ ਪੁੱਤ ਪੋਤਰ ਰਹਿੰਦੇ ਹਨ, ਉਨ੍ਹਾਂ ਦੀਆਂ ਖੁਸ਼ੀਆਂ ਵਾਸਤੇ ਇਹ ਪਦਵੀ ਦਿੱਤੀ ਹੈ"॥ ੨੬॥

Sri Satguru Jagjit Singh Ji eLlibrary NamdhariElibrary@gmail.com

ਸੰਗਤਿ ਦਈ ਹੁਤੀ ਜੁ ਅਸ਼ੇਸ਼। ਨਿਤ ਪ੍ਰਤਿ ਮਾਨਹਿ ਸੋ ਸਭਿ ਦੇਸ਼।
ਪੁੱਤ੍ਰ ਪੌਤ੍ਰ ਕੀ ਮਨਤਾ ਤੈਸੇ। ਕਰਤਿ ਰਹੇ ਸ਼੍ਰੀ ਗੁਰੁ ਕਹਿਂ ਜੈਸੇ॥ ੨੭॥

ਜੋ ਪਹਿਲਾਂ ਹੀ ਸੰਗਤ ਦਿਤੀ ਹੋਈ ਹੈ, ਉਹ ਸਾਰਾ ਦੇਸ਼ ਹੀ ਭਗਤੂ ਨੂੰ ਮੰਨਦਾ ਸੀ। ਪੁੱਤਰ ਪੋਤਰਿਆਂ ਦੀ ਵੀ ਉਸ ਤਰ੍ਹਾਂ ਹੀ ਮਨਤਾ ਹੋਈ। ਉਹ ਉਸ ਤਰ੍ਹਾਂ ਹੀ ਕਰਦੇ ਰਹੇ ਜਿਵੇਂ ਗੁਰੂ ਜੀ ਨੇ ਆਗਿਆ ਕੀਤੀ ਸੀ॥ ੨੭॥

ਪੁਨ ਭਾਈ ਬਹਿਲੋ ਸੰਗ ਕਹਜੋ। 'ਪੁਰਹੁ ਕਾਮਨਾ 'ਜਿਮਿ ਚਿਤਿ ਚਹਜੋ'।
ਭਯੋ ਗਜਾਨ ਤਤਛਿਨ ਉਰ ਮਾਂਹੀ। ਬ੍ਰਹਮ ਬਿਨਾਂ ਕੁਛ ਲਖਿਯਤਿ ਨਾਂਹੀ॥੨੮॥

ਫਿਰ ਭਾਈ ਬਹਿਲੋ ਨੂੰ ਕਿਹਾ, "ਜਿਵੇਂ ਵੀ ਤੁਹਾਡਾ ਚਿੱਤ ਚਾਹੁੰਦਾ ਹੈ, ਉਸ ਤਰ੍ਹਾਂ ਹੀ ਕਾਮਨਾ ਪੂਰੀ ਕਰੋ" ਏਨਾ ਕਹਿਣ ਨਾਲ ਹੀ ਤੁਰਤ ਗਿਆਨ ਹੋ ਗਿਆ, ਬ੍ਰਹਮ ਬਿਨਾਂ ਕੁਝ ਦਿੱਸਦਾ ਹੀ ਨਹੀਂ ਸੀ॥ ੨੮॥

'ਅਪਨੀ ਕਮਰੀ ਦੇਹੁ ਬਿਛਾਇ। ਬੰਧ ਪੋਟ ਕੋ ਲਿਹੁ ਅਪਨਾਇ।
ਭੂਤ, ਪਿਸ਼ਾਚ, ਪ੍ਰੇਤ, ਬੈਤਾਲ। ਗੁਪਤ ਰਹਤਿ ਜਿਨ ਸ਼ਕਤਿ ਬਿਸਾਲ॥ ੨੯॥

ਆਪਣੀ ਕੰਬਲੀ ਵਿਛਾ ਦੇਵੋ, ਪੰਡ ਬੰਨ੍ਹ ਕੇ ਉਸ ਨੂੰ ਅਪਨਾਅ ਲਵੋ, ਭੂਤ, ਪਿਸ਼ਾਚ, ਪ੍ਰੇਤ ਅਤੇ ਬੇਤਾਲ, ਇਹ ਜਿਹੜੀਆਂ ਚਾਰ ਭੂਤਾਂ ਦੀਆਂ ਕਿਸਮਾਂ ਹਨ, ਗੁਪਤ ਰਹਿਣ ਕਰਕੇ ਇਨ੍ਹਾਂ ਵਿਚ ਵਿਸ਼ਾਲ ਸ਼ਕਤੀਆਂ ਹੁੰਦੀਆਂ ਹਨ॥ ੨੯॥

ਸਭਿ ਤੇਰੇ ਹੋਵਹਿਂ ਅਨੁਸਾਰੀ। ਚਿਤ ਜਿਮਿ ਚਹਹੁ ਕਰਾਵਹੁ ਕਾਰੀ।
ਸ਼੍ਰੀ ਗੁਰ ਅਮਰ ਕ੍ਰਿਪਾ ਰਸ ਢਰੇ। ਪ੍ਰਥਮ ਬਖਸ਼ ਇਹੁ ਲਾਲੋ ਕਰੇ॥ ੩੦॥

ਸਭ ਤੇਰੀ ਆਗਿਆ ਅਨੁਸਾਰ ਹੋਣਗੇ, ਜਿਵੇਂ ਚਾਹੋ, ਇਨ੍ਹਾਂ ਤੋਂ ਕਾਰ ਕਰਾਵੋ। ਸ੍ਰੀ ਗੁਰੂ ਅਮਰਦਾਸ ਜੀ ਨੇ ਪਹਿਲਾਂ ਪ੍ਰਸੰਨ ਹੋ ਕੇ ਇਹ ਬਖਸ਼ਿਸ ਭਾਈ ਲਾਲੋ ਨੂੰ ਕੀਤੀ ਹੋਈ ਸੀ॥ ੩੦॥

ਨੋਟ:-ਇਕ ਵਾਹਿਗਰੂ ਨੂੰ ਮੰਨਣ ਵਾਲੇ ਭੂਤਾਂ-ਪ੍ਰੇਤਾਂ ਨੂੰ ਨਹੀਂ ਮੰਨਦੇ, ਇਹ ਕੇਵਲ ਕਵੀ ਜੀ ਦਾ ਵਿਸ਼ਵਾਸ ਹੈ। ਜਿਸ ਵਿਅਕਤੀ ਨੇ ਬ੍ਰਹਮ-ਗਿਆਨ ਪਾ ਲਿਆ ਹੋਵੇ, ਉਸ ਨੂੰ ਹੋਰ ਸ਼ਕਤੀਆਂ ਦੀ ਕੀ ਲੋੜ ਹੈ?

ਦੇਸ਼ ਬਿਦੇਸ਼ਨ ਮੈਂ ਜੋ ਅਹੈ। ਸਾਗਰ ਕੇ ਟਾਪੂ ਮਹਿਂ ਰਹੈਂ।
ਗਿਰ ਸੁਮੇਰੁ ਲਗ ਪਰਬਤ ਬਾਸੀ। ਚਹੈਂ ਸੁ ਕਰੈਂ ਸ਼ਕਤਿ ਬਲਰਾਸੀ॥ ੩੧॥

ਦੇਸ਼ਾਂ-ਬਿਦੇਸ਼ਾਂ ਵਿਚ ਜਿਹੜੇ ਹੋਰ ਵੀ ਰਹਿੰਦੇ ਹਨ, ਜਿਹੜੇ ਸਮੁੰਦਰ ਅਤੇ ਟਾਪੂਆਂ ਵਿਚ ਰਹਿੰਦੇ ਹਨ, ਸੁਮੇਰ ਪਰਬਤ ਤੇ ਜੋ ਪਰਬਤ ਵਾਸੀ ਹਨ ਬੜੇ ਸ਼ਕਤੀਸ਼ਾਲੀ ਹੋਣ ਕਰਕੇ ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਹੀ ਕਰਦੇ ਹਨ॥ ੩੧॥

ਪੋਟ ਬਿਖੈ ਬੰਧਹੁ ਇਸ ਬਾਰੀ। ਪੁੱਤ੍ਰ ਪੌਤ੍ਰ ਲਗ ਰਹਿਂ ਅਨੁਸਾਰੀ।
ਅਪਨ ਸਰੂਪ ਦਸਮ ਜਬ ਧਰੌਂ। ਤਬਿ ਇਨ ਕੌਂ ਮੁਕਤਾਵਿਨ ਕਰੌਂ॥ ੩੨॥

ਇਸ ਵਾਰ ਉਨ੍ਹਾਂ ਨੂੰ ਆਪਣੀ ਕੰਬਲੀ ਦੀ ਪੰਡ ਵਿਚ ਬੰਨ੍ਹ ਲਵੋ, ਪੁੱਤਰਾਂ ਪੋਤਰਿਆਂ ਤਕ ਉਹ ਆਗਿਆ ਅਨੁਸਾਰ ਰਹਿਣਗੇ। ਜਦ ਮੈਂ ਆਪਣਾ ਦਸਵਾਂ ਸਰੂਪ ਧਾਰਨ ਕਰਾਂਗਾ, ਫਿਰ ਮੈਂ ਇਨ੍ਹਾਂ ਨੂੰ ਮੁਕਤ ਕਰ ਦੇਵਾਂਗਾ" ॥ ੩੨॥

ਮਾਨ ਬਚਨ ਸਤਿਗੁਰ ਕੋ ਐਸੇ। ਕਮਰੀ ਕਰੀ ਬਿਛਾਵਿਨ ਤੈਸੇ।
ਬੰਧਨ ਲਗਜੋ ਪੋਟ ਕੋ ਜਬਿ ਹੀ। ਉੱਤਰ ਦਿਸ਼ ਕੇ ਜੋ ਗਨ ਸਭਿ ਹੀ॥ ੩੩॥

ਗੁਰੂ ਜੀ ਦਾ ਇਹ ਬਚਨ ਮੰਨ ਕੇ, ਭਾਈ ਬਹਿਲੋ ਨੇ ਆਪਣੀ ਕੰਬਲੀ ਵਿਛਾ ਦਿੱਤੀ। ਜਦ ਪੰਡ ਨੂੰ ਬੰਨ੍ਹਣ ਲੱਗਾ, ਉਤਰ ਦਿਸ਼ਾ ਦੇ ਜਿਹੜੇ ਸਾਰੇ ਭੂਤ ਸਨ॥ ੩੩॥

Sri Satguru Jagjit Singh Ji eLlibrary NamdhariElibrary@gmail.com

ਨਿਜ ਦਿਸ਼ ਤੇ ਛੁਟਾਇ ਕਰਿ ਪਾਲੋ। ਗੁਰ ਕੇ ਚਰਨ ਪਰੇ ਤਤਕਾਲੋ।
'ਬਖਸ਼ਹੁ ਮਹਾਂਰਾਜ ! ਹਮ ਦਾਸ। ਇਸ ਦਿਸ਼ ਕੇ ਨਿਤੁ ਰਾਵਰਿ ਪਾਸ ॥ ੩੪ ॥

ਆਪਣੇ ਵਲ ਦੀ ਦਿਸ਼ਾ ਵਾਲੇ ਆਪਣੇ ਆਪ ਨੂੰ ਛੁਡਵਾਉਣ ਲਈ ਤੁਰੰਤ ਗੁਰੂ ਜੀ ਦੇ ਚਰਨਾਂ ਤੇ ਪੈ ਗਏ ਅਤੇ ਕਹਿਣ ਲੱਗੇ, "ਹੇ ਮਹਾਰਾਜ ! ਸਾਨੂੰ ਬਖਸ਼ੋ, ਅਸੀਂ ਤੁਹਾਡੇ ਸੇਵਕ ਹਾਂ, ਇਸ ਦਸ਼ਾ ਦੇ ਭੂਤ ਸਦਾ ਆਪ ਜੀ ਪਾਸ ਰਹਿਣ ॥ ੩੪ ॥

ਤੀਨੋਂ ਦਿਸ਼ ਕੇ ਸਭਿ ਦੇ ਦੀਜੈ। ਹਮ ਕੋ ਅਪਨੀ ਸ਼ਰਨਿ ਰਖੀਜੈ'।
ਪੁਨ ਚੌਥੋ ਦਿਸ਼ ਪਕਰਨ ਚਹਜੋ। ਤਬਿ ਸਤਿਗੁਰੁ ਬਹਿਲੋ ਸੰਗ ਕਹਜੋ ॥ ੩੫ ॥

ਬਾਕੀ ਤਿੰਨਾਂ ਪਾਸਿਆਂ ਦੇ ਇਸ ਨੂੰ ਦੇ ਦੇਵੋ ਅਤੇ ਸਾਨੂੰ ਆਪਣੀ ਸ਼ਰਨ ਵਿਚ ਰੱਖੋ"। ਫਿਰ ਜਦ ਚੌਥੀ ਦਿਸ਼ਾ ਦੇ ਫੜਨੇ ਚਾਹੇ ਤਾਂ ਸਤਿਗੁਰੂ ਜੀ ਨੇ ਭਾਈ ਬਹਿਲੋ ਨੂੰ ਕਿਹਾ ॥ ੩੫ ॥

'ਲਿਹੁ ਤੀਨਹੁ ਦਿਸ਼ੁ ਹੀ ਕੀ ਪੋਟ। ਸੇਵ ਕਰਹਿਂ ਤੇਰੀ ਸਭਿ ਕੋਟਿ'।
ਮਾਨ ਬਾਕ ਤੀਨਹੁਂ ਦਿਸ਼ ਕੇਰੇ। ਕਰਿ ਲੀਨੇ ਅਨੁਸਾਰਿ ਘਨੇਰੇ ॥ ੩੬ ॥

ਤਿੰਨਾਂ ਤਰਫਾਂ ਦੀ ਪੰਡ ਲੈ ਲਵੋ, ਇਹ ਤੇਰੀ ਕਰੋੜਾਂ ਪ੍ਰਕਾਰ ਦੀ ਸੇਵਾ ਕਰਨਗੇ"। ਗੁਰੂ ਦਾ ਬਚਨ ਮੰਨ ਕੇ, ਉਸ ਨੇ ਤਿੰਨਾਂ ਪਾਸਿਆਂ ਦੇ ਆਪਣੀ ਆਗਿਆ ਅਨੁਸਾਰ ਕਰ ਲਏ ॥ ੩੬ ॥

ਬਹੁਰ ਗੁਰੂ ਪਿਖਿ ਸੇਵ ਬਡੇਰੀ। ਕਰੀ ਪਜਾਵਨ ਈਂਟਨ ਕੇਰੀ।
ਬਿਸ਼ਟਾ ਕੋ ਢੋਵਤਿ ਧਰਿ ਧੀਰ। ਚਾਮ ਉਚਰਗਾ ਕਿਤਿਕ ਸਰੀਰ ॥ ੩੭ ॥

ਫਿਰ ਗੁਰੂ ਜੀ ਨੇ ਭਾਈ ਬਹਿਲੋ ਦੀ ਸੇਵਾ ਵੇਖਕੇ ਕਿ ਉਹ ਬਹੁਤ ਇੱਟਾਂ ਢੋਂਦਾ ਰਿਹਾ ਸੀ, ਧੀਰਜ ਧਾਰ ਕੇ ਗੰਦ-ਮੰਦ ਵੀ ਢੋਂਦਾ ਰਿਹਾ ਸੀ, ਕੰਮ ਕਰਦਿਆਂ ਉਸ ਦਾ ਚੰਮ ਉੱਚੜ ਗਿਆ ਸੀ ॥ ੩੭ ॥

ਨਿਸਬਾਸੁਰ ਖੋਦੀ ਸਰ ਕਾਰਾ। ਘਨੋ ਭਾਰ ਸਿਰ ਵਹਿਰ ਨਿਕਾਰਾ।
ਬਰ ਦੀਨਸ 'ਜਿਮਿ ਗੁਰੂ ਕਰਾਹੁ। ਕਰਤਿ ਸਿੱਖ ਪੂਰੇ ਚਿਤ ਚਾਹੁ ॥ ੩੮ ॥

ਦਿਨ ਰਾਤ ਸਰੋਵਰ ਦੀ ਖੁਦਵਾਈ ਦੀ ਕਾਰ ਕਰਦਾ ਰਿਹਾ ਸੀ, ਬਹੁਤ ਭਾਰ ਚੁੱਕ ਕੇ ਬਾਹਰ ਸੁੱਟਦਾ ਰਿਹਾ ਸੀ, ਉਸ ਨੂੰ ਵਰ ਦਿੱਤਾ, "ਜਿਵੇਂ ਗੁਰੂ ਘਰ ਵਿਚ ਕੜਾਹ ਪ੍ਰਸ਼ਾਦ ਹੈ, ਸਿੱਖ ਆਪਣੀ ਪੂਰੀ ਚਿੱਤ ਦੀ ਚਾਹਤ ਅਨੁਸਾਰ ਕਰਦੇ ਹਨ ॥ ੩੮ ॥

ਤਿਮ ਸੰਗਤਿ ਮਹਿਂ ਟਿਕਰੀ ਤੇਰੀ। ਕਰਤਿ ਰਹੈਂਗੇ ਨਿਜ ਹਿਤ ਹੇਰੀ।'
ਭਾਈ ਉਗਰੂ ਅਰੁ ਕੱਲਜਾਨਾ। ਇਨ ਕੌ ਪਦਵੀ ਦਈ ਮਹਾਂਨਾ ॥ ੩੯ ॥

ਤਿਵੇਂ ਸੰਗਤ ਵਿਚ ਤੇਰੀ ਮੰਨੀ ਜਾਵੇਗੀ, ਆਪਣਾ ਨਿਜੀ ਹਿਤ ਵੇਖ ਕੇ ਉਹ ਤੇਰੀ ਸੇਵਾ ਕਰਦੇ ਰਹਿਣਗੇ।" ਫਿਰ ਭਾਈ ਉਗਰੂ ਤੇ ਭਾਈ ਕਲਿਆਣੇ ਨੂੰ ਵੀ ਮਹਾਨ ਪਦਵੀਆਂ ਦਿੱਤੀਆਂ ॥ ੩੯ ॥

ਜਥਾ ਜਥਾ ਸ਼ਰਧਾ ਉਰ ਸੇਵਾ। ਤਥਾ ਤਥਾ ਪਦ ਗਜਾਨ ਅਭੇਵਾ।
ਦਸਮੇ ਪਾਤਿਸ਼ਾਹੁ ਭੇ ਜਬੈ। ਭਯੋ ਦਿਵਾਨ ਨੰਦ ਚੰਦ ਤਬੈ ॥ ੪੦ ॥

ਜਿਵੇਂ ਜਿਵੇਂ ਕਿਸੇ ਨੇ ਸ਼ਰਧਾ ਧਾਰ ਕੇ ਸੇਵਾ ਕੀਤੀ ਸੀ, ਉਸ ਤਰ੍ਹਾਂ ਹੀ ਉਨ੍ਹਾਂ ਨੇ ਅਭੇਵ ਗਿਆਨ ਦੀਆਂ ਪਦਵੀਆਂ ਪ੍ਰਾਪਤ ਕੀਤੀਆਂ। ਜਦ ਦਸਵੇਂ ਪਾਤਸ਼ਾਹ ਜੀ ਹੋਏ ਤਾਂ ਉਸ ਸਮੇਂ ਉਨ੍ਹਾਂ ਦੇ ਇਕ ਦੀਵਾਨ ਨੰਦ ਚੰਦ ਸਨ ॥ ੪੦ ॥

ਗੁਰ ਢਿਗ ਇਸ ਕੋ ਹੁਤੋ ਪਿਤਾਮਾ। ਉਮਰਾ ਸ਼ਾਹੁ ਜਿਸੀ ਕੋ ਨਾਮਾ।
ਗ੍ਰਾਮ ਡਰੋਲੀ ਕੋ ਇਹੁ ਬਾਸੀ। ਕਿਯ ਮਸੰਦ ਦੇ ਸੰਗਤਿ ਰਾਸੀ ॥ ੪੧ ॥

ਗੁਰੂ ਅਰਜਨ ਦੇਵ ਜੀ ਪਾਸ ਦੀਵਾਨ ਨੰਦ ਚੰਦ ਦਾ ਪਿਤਾਮਾ ਰਹਿੰਦਾ ਸੀ, ਜਿਸ ਦਾ ਨਾਂ ਉਮਰਾ ਸ਼ਾਹ ਸੀ। ਇਹ ਗ੍ਰਿਾਂ ਡਰੋਲੀ ਦਾ ਰਹਿਣ ਵਾਲਾ ਸੀ, ਬਹੁਤ ਸੰਗਤ ਦੇ ਕੇ ਇਸ ਨੂੰ ਮਸੰਦ ਥਾਪਿਆ ਸੀ ॥ ੪੧ ॥

ਭਾਈ ਜੇਠਾ, ਸਿਖ ਪਿਰਾਣਾ। ਪੈੜਾ, ਅਪਰ ਲੰਗਾਹ ਮਹਾਣਾ।
ਇੱਤਜਾਦਿਕ ਸਿਖ ਕੋ ਕੋ ਗਨੀਅਹਿ। ਘਾਲੀ ਘਾਲ ਕਿਤਿਕ ਕੋ ਭਨੀਅਹਿ ॥੪੨॥

ਭਾਈ ਜੇਠਾ, ਭਾਈ ਪਿਰਾਣਾ, ਭਾਈ ਪੈੜਾ ਤੇ ਮਹਾਨ ਸਿੱਖ ਭਾਈ ਲੰਗਾਹ ਇੱਤਿਆਦਿ ਸਿੱਖ ਕਿਥੋਂ ਤਕ ਗਿਣਤੀ ਕਰੀਏ, ਜਿਨ੍ਹਾਂ ਘਾਲ ਕਮਾਈ ਕੀਤੀ, ਕਿੰਨਿਆਂ ਦੀ ਗਿਣਤੀ ਕਹੀਏ॥ ੪੨॥

ਅਜ਼ਮਤ ਜੁਤਿ ਸਗਰੇ ਹੁਇ ਗਏ। ਬ੍ਰਹਮ ਗਜਾਨ ਉਰ ਮਹਿਂ ਨਿਪਜਏ।
ਸਿੱਧਾਂ ਸਕਲ ਅਗਾਰੀ ਖਰੀ। ਜਿਮਿ ਚਾਹਹਿਂ ਲੇ ਤੂਰਨ ਕਰੀ॥ ੪੩॥

ਸਾਰੇ ਸਿੱਖ ਹੀ ਕਰਾਮਾਤ ਵਾਲੇ ਹੋ ਗਏ, ਹਿਰਦੇ ਵਿਚ ਬ੍ਰਹਮ-ਗਿਆਨ ਪਰਗਟ ਹੋਇਆ। ਸਾਰੀਆਂ ਸਿੱਧੀਆਂ ਅੱਗੇ ਖੜੀਆਂ ਹੋ ਗਈਆਂ, ਜੋ ਚਾਹੁੰਦੇ ਸੀ ਤੁਰੰਤ ਕਰ ਸਕਦੇ ਸਨ॥ ੪੩॥

ਚਢਨ ਅਕਾਸ਼ ਉਠਾਵਨ ਸੈਲ। ਕੋਸ ਹਜ਼ਾਰਨ ਕੋ ਬਡ ਗੈਲ।
ਨਿਮਖ ਬਿਖੈ ਪਹੁੰਚੈਂ ਜਬਿ ਚਾਹੈਂ। ਛਿਤਿ ਕੰਪਾਵਤਿ, ਸਿੰਧੁ ਉਮਾਹੈਂ॥ ੪੪॥

ਅਕਾਸ਼ਾਂ ਵਿਚ ਚੜ੍ਹ ਕੇ ਸੈਲ ਕਰਦੇ ਸਨ, ਹਜ਼ਾਰਾਂ ਕੋਹਾਂ ਦੇ ਵੱਡੇ ਪੈਂਡੇ ਨੂੰ ਜਦ ਚਾਹੁਣ, ਅੱਖ ਦੇ ਫੋਰ ਵਿਚ ਪਹੁੰਚ ਜਾਂਦੇ ਸਨ। ਜੇ ਚਾਹੁਣ ਤਾਂ ਅਕਾਸ਼ ਨੂੰ ਕੰਬਾ ਦੇਣ ਅਤੇ ਸਾਗਰ ਨੂੰ ਉਛਾਲ ਦੇਣ॥ ੪੪॥

ਦਿੱਲੀ ਆਦਿਕ ਅਪਰ ਲਹੌਰ। ਪਕਰਿ ਉਠਾਇ ਭਿਰਾਵਹਿਂ ਦੌਰ।
ਬਡੋ ਸਰੀਰ ਬਧਾਵਹਿਂ ਐਸੇ। ਬੀਚ ਅਕਾਸ਼ੁ ਨੇ ਮੇਵਹਿਂ ਜੈਸੇ॥ ੪੫॥

ਦਿੱਲੀ ਆਦਿ ਤੇ ਹੋਰ ਲਾਹੌਰ, ਫੜ ਕੇ ਚੁੱਕ ਕੇ ਆਪਸ ਵਿਚ ਭਿੜਾ ਦੇਣ। ਬਹੁਤ ਵੱਡਾ ਸਰੀਹ ਇਸ ਤਰ੍ਹਾਂ ਵਧਾ ਲੈਂਦੇ ਸਨ, ਕਿ ਜਿਹੜੇ ਅਕਾਸ਼ ਵਿਚ ਵੀ ਸਮਾਉਂਦੇ ਨਹੀਂ ਸਨ॥ ੪੫॥

ਅਣੂ ਬਣ ਜਾਨ ਨ ਦੇਹਿਂ ਦਿਖਾਈ। ਉਡਨਿ ਸ਼ਕਤਿ ਪਹੁਚਹਿਂ ਸਭਿ ਥਾਈਂ।
ਪਲਟਿ ਸ਼ਰੀਰ ਚਹੈਂ ਚਿਤ ਜੈਸੇ। ਤਤਛਿਨ ਅਪਰ ਲੇਤਿ ਧਰਿ ਤੈਸੇ॥ ੪੬॥

ਬਹੁਤ ਸੂਖਮ ਤੋਂ ਸੂਖਮ ਬਣ ਜਾਂਦੇ ਸਨ ਅਤੇ ਦਿਖਾਈ ਨਹੀਂ ਦਿੰਦੇ ਸਨ ਜਿਹੜਾ ਵੀ ਸਰੀਰ ਧਾਰਨ ਕਰਨਾ ਚਾਹੁੰਦੇ ਸਨ, ਉਹੀ ਸਰੀਰ ਪਲਟਾ ਲੈਂਦੇ ਸਨ, ਤੁਰੰਤ ਹੋਰ ਸਰੀਰ ਧਾਰਨ ਕਰ ਲੈਂਦੇ ਸਨ॥ ੪੬॥

ਜਿਤੀ ਸਮਰਥਾ ਹੈ ਜਗ ਮਾਂਹੀ। ਅਸ ਕੋ ਨਹੀਂ ਜੁ ਤਿਨ ਢਿਗ ਨਾਂਹੀ।
ਤਊ ਗੁਰੂ ਕੋ ਘਰ ਬਹੁ ਨੀਵਾ। ਅਜਰੁ ਜਰਨ ਸਭਿਹਿਨ ਮਤਿ ਥੀਵਾ॥ ੪੭॥

ਜਗਤ ਵਿਚ ਜਿੰਨੀ ਵੀ ਸਮਰਥਾ ਜਾਂ ਸ਼ਕਤੀ ਹੈ, ਐਸੀ ਕੋਈ ਸ਼ਕਤੀ ਨਹੀਂ ਜਿਹੜੀ ਉਨ੍ਹਾਂ ਸਿੱਖਾਂ ਪਾਸ ਨਹੀਂ ਹੈ, ਫਿਰ ਵੀ ਉਸ ਗੁਰੂ ਦਾ ਘਰ ਬਹੁਤ ਨੀਂਵਾਂ ਹੈ। ਸਾਰਿਆਂ ਨੇ ਹੀ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਦਾ ਮੱਤ ਪੱਕਾ ਕੀਤਾ ਹੈ॥ ੪੭॥

ਜੇ ਕਰਿ ਗੁਰ ਹਿਤ ਕਿਨਹੁ ਦਿਖਾਈ। ਕੈ ਨਿਜ ਹਿਤ ਕਰ ਸ਼ਕਤਿ ਲਗਾਈ।
ਸੋ ਸਤਿਗੁਰ ਕੇ ਉਰ ਨਹਿਂ ਭਾਈ। ਛੀਨ ਲੀਨਿ, ਦੀਨਸਿ ਸਮੁਝਾਈ॥ ੪੮॥

ਜੇ ਕਿਸੇ ਨੇ ਸ਼ਕਤੀ ਗੁਰੂ ਜੀ ਵਾਸਤੇ ਦਿਖਾਈ ਜਾਂ ਆਪਣੇ ਹਿਤ ਵਾਸਤੇ ਕਿਸੇ ਨੇ ਸ਼ਕਤੀ ਵਿਖਾਈ, ਉਹ ਸ਼ਕਤੀ ਸਤਿਗੁਰੂ ਜੀ ਦੇ ਮਨ ਨੂੰ ਨਾ ਚੰਗੀ ਲੱਗੀ ਤਾਂ ਖੋਹ ਲਈ ਅਤੇ ਸਮਝਾ ਕੇ ਫਿਰ ਦੇ ਦਿੱਤੀ॥ ੪੮॥

ਜਿਨਹੁਂ ਸੁਧਾਸਰ ਸੇਵਾ ਕੀਨਸਿ। ਇਮ ਸਭਿ ਕੋ ਗੁਰ ਬਖਸ਼ਿਸ਼ ਦੀਨਸਿ।
ਸਿੱਖ ਅਨੇਕ ਨਿਹਾਲ ਕਰੇ ਹੈਂ। ਜਥਾ ਰਾਮ ਕਪਿ ਸ਼ਕਤਿ ਧਰੇ ਹੈਂ॥ ੪੯॥

ਜਿਨ੍ਹਾਂ ਨੇ ਅੰਮ੍ਰਿਤ ਸਰੋਵਰ ਦੀ ਸੇਵਾ ਕੀਤੀ, ਇਸ ਤਰ੍ਹਾਂ ਹੀ ਸਾਰਿਆਂ ਨੂੰ ਗੁਰੂ ਜੀ ਨੇ ਬਖਸ਼ਿਸ਼ਾਂ ਦਿੱਤੀਆਂ। ਅਨੇਕ ਸਿੱਖ ਨਿਹਾਲ ਕੀਤੇ ਹਨ, ਜਿਵੇਂ ਰਾਮ ਦੇ ਸੇਵਕਾਂ ਨੇ ਸ਼ਕਤੀ ਧਾਰਨ ਕਰ ਲਈ ਹੋਵੇ॥ ੪੯॥

ਦੋਹਰਾ- ਇਮਿ ਸ੍ਰੀ ਅੰਮ੍ਰਿਤਸਰ ਕਥਾ ਭਾਖੀ ਸਕਲ ਬਨਾਇ।
ਭਏ ਕ੍ਰਿਤਾਰਥ ਸਿੱਖਜ ਜਿਮੁ ਸੋ ਸਭਿ ਦਏ ਸੁਨਾਇ॥ ੫੦॥

ਇਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਦੀ ਸਾਰੀ ਕਥਾ ਬਣਾ ਕੇ ਕਹੀ ਹੈ, ਜਿਵੇਂ ਸਿੱਖਾਂ ਦਾ ਕ੍ਰਿਤਾਰਥ ਹੋਇਆ, ਉਹ ਸਾਰਾ ਸੁਣਾ ਦਿੱਤਾ ਹੈ॥ ੫੦॥

ਚੌਪਈ- ਭਾਈ ਸਾਲ੍ਹੋ ਆਦਿ ਮਸੰਦ। ਗੁਰ ਘਰ ਕੀ ਕਰਿ ਕਾਰ ਬਿਲੰਦ।
ਲੈਬੋ ਦੈਬੋ ਆਵਨ ਜਾਨਾ। ਦਰਬ ਸੰਭਾਰ ਖਰਚ ਕਰਿ ਨਾਨਾ॥ ੫੧॥

ਭਾਈ ਸਾਲ੍ਹੋ ਆਦਿ ਮਸੰਦਾਂ ਨੇ, ਗੁਰੂ ਘਰ ਦੀ ਬਹੁਤ ਉੱਚੀ ਕਾਰ-ਸੇਵਾ ਕੀਤੀ। ਧਨ ਆਉਂਦਾ ਜਾਂਦਾ ਸੀ ਤਾਂ ਲੈਂਦੇ ਦੇਂਦੇ ਸਨ, ਇਸ ਤਰ੍ਹਾਂ ਧਨ ਸੰਭਾਲ ਕੇ ਕਈ ਪ੍ਰਕਾਰ ਦਾ ਖਰਚ ਕੀਤਾ॥ ੫੧॥

ਉਮਰਾ ਸ਼ਾਹੁ ਅਪਰ ਕੱਲਜਾਣਾ। ਜੇਠਾ ਗੁਰਮੁਖ, ਸਿੱਖ ਪਿਰਾਣਾ।
ਕੇਤਿਕ ਰਹੈਂ ਸੰਗ ਗੁਰੁ ਸਦਾ। ਕੋ ਥਲ ਅਪਰ ਸੁ ਦਰਸਹਿਂ ਕਦਾ॥ ੫੨॥

ਭਾਈ ਉਮਰਾ ਸ਼ਾਹ ਤੇ ਹੋਰ ਕਲਿਆਣਾ, ਜੇਠਾ, ਗੁਰਮੁਖ ਤੇ ਸਿੱਖ ਪਿਰਾਣਾ ਸਦਾ ਹੀ ਗੁਰੂ ਜੀ ਦੇ ਨਾਲ ਰਹਿੰਦੇ ਸਨ। ਕਈ ਕਿਸੇ ਹੋਰ ਥਾਂ ਰਹਿੰਦੇ ਸਨ ਤੇ ਕਦੀ-ਕਦੀ ਹੀ ਦਰਸ਼ਨ ਕਰਦੇ ਸਨ॥ ੫੨॥

ਜਹਾਂ ਕਹਾਂ ਸਿੱਖੀ ਬਿਸਤਾਰੈਂ। ਸੱਤਜ ਨਾਮ ਜਪ ਭ੍ਰਮ ਨਿਰਵਾਰੈਂ।
ਬੈਠਹਿਂ ਸ੍ਰੀ ਅਰਜਨ ਹਰਿਮੰਦਰੁ। ਕਥਹਿਂ ਸੁਧਾਸਰ ਮਹਿਮਾ ਸੁੰਦਰ॥ ੫੩॥

ਜਿਥੇ-ਕਿਥੇ ਸਿੱਖੀ ਦਾ ਵਿਸਥਾਰ ਕਰਦੇ ਸਨ, ਸਤਿਨਾਮ ਦਾ ਜਾਪ ਕਰਕੇ ਭਰਮਾਂ ਨੂੰ ਦੂਰ ਕਰਦੇ ਸਨ। ਗੁਰੂ ਅਰਜਨ ਦੇਵ ਜੀ ਹਰਿਮੰਦਰ ਸਾਹਿਬ ਵਿਚ ਬੈਠਦੇ ਸਨ ਅਤੇ ਅੰਮ੍ਰਿਤ ਸਰੋਵਰ ਦੀ ਸੁੰਦਰ ਮਹਿਮਾ ਕਹਿੰਦੇ ਸਨ॥ ੫੩॥

ਸੋਰਠਿ ਰਾਗ ਮਝਾਰ ਬਨਾਵੈਂ। ਮਹਾਂ ਮਹਾਤਮ ਕੋ ਬਿਦਤਾਵੈਂ।
ਸੂਹੀ ਰਾਗ ਛੰਦ ਕੇ ਮਾਂਹੀ। ਤੀਰਥ ਮਹਿਮਾ ਕੋ ਸ਼ੁਭ ਪ੍ਰਾਹੀਂ॥ ੫੪॥

ਸੋਰਠਿ ਰਾਗ ਵਿਚ ਮਹਿਮਾ ਗਾਉਂਦੇ ਹਨ ਤੇ ਮਹਾਨ ਮਹਾਤਮ ਨੂੰ ਪਰਗਟ ਕਰਦੇ ਹਨ, ਸੂਹੀ ਰਾਗ ਦੇ ਛੰਦਾਂ ਵਿਚ ਵੀ ਤੀਰਥ ਦੀ ਮਹਿਮਾ ਨੂੰ ਸ਼ੁਭ ਢੰਗ ਨਾਲ ਕਹਿੰਦੇ ਸਨ॥ ੫੪॥

ਹਰਿਮੰਦਰ ਕੋ ਕਹੈਂ ਮਹਾਤਮ। 'ਦਰਸ਼ਨ ਪਰਸਨ ਨਿਰਮਲ ਆਤਮ।
ਅੰਮ੍ਰਿਤ ਸਰਿ ਜਿਨ ਮੱਜਨ ਕੀਨਾ। ਕੋਟਿ ਜਨਮ ਕੇ ਅਘ ਕਰਿ ਛੀਨਾ'॥ ੫੫॥

ਹਰਿਮੰਦਰ ਸਾਹਿਬ ਦਾ ਵੀ ਮਹਾਤਮ ਕਹਿੰਦੇ ਸਨ ਕਿ ਦਰਸ਼ਨ ਪਰਸ ਕੇ ਆਤਮਾ ਨਿਰਮਲ ਹੋ ਜਾਂਦੀ ਹੈ। ਜਿਸ ਨੇ ਵੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ, ਉਸ ਨੇ ਕੋਟਾਂ ਜਨਮਾਂ ਦੇ ਪਾਪਾਂ ਦਾ ਨਾਸ਼ ਕਰਵਾ ਲਿਆ॥ ੫੫॥

ਸ੍ਰੀ ਹਰਿ ਮੰਦਰ ਬੰਦਨ ਕਰਿ ਕੈ। ਬੈਠਹਿਂ ਸਾਦਰ ਸ਼ਰਧਾ ਧਰਿ ਕੈ।
ਸਤਿਗੁਰ ਸਬਦ ਸ਼੍ਰਵਨ ਕੋ ਕਰੈਂ। ਸਰਬ ਓਰਿ ਤੇ ਮਨ ਕੋ ਥਿਰੈਂ॥ ੫੬॥

ਸ੍ਰੀ ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ, ਸ਼ਰਧਾ ਧਾਰ ਕੇ ਬੜੇ ਆਦਰ ਨਾਲ ਬੈਠਦੇ ਸਨ। ਜਿਹੜੇ ਸਤਿਗੁਰੂ ਜੀ ਦੇ ਸ਼ਬਦ ਸੁਣਦੇ ਸਨ, ਉਹ ਸਭ ਪਾਸਿਆਂ ਤੋਂ ਮਨ ਨੂੰ ਸਥਿਰ ਕਰ ਲੈਂਦੇ ਸਨ॥ ੫੬॥

ਅਥਵਾ ਕਰਹਿ ਸੁਨਾਵਨਿ ਕੋਈ। ਫਲ ਅਤੋਟ ਕੋ ਪਾਵੈ ਸੋਈ।
ਜੇ ਨਰ ਬਸਹਿਂ ਦੂਰਿ ਕਿਸ ਥਾਨੇ। ਆਵਹਿਂ ਦੀਪਮਾਲ ਹਿਤ ਠਾਨੇ॥ ੫੭॥

ਜਿਹੜਾ ਸ਼ਬਦ ਨੂੰ ਆਪ ਸੁਣਾਉਂਦਾ ਸੀ, ਉਹ ਅਤੁੱਟ ਫਲ ਪ੍ਰਾਪਤ ਕਰਦਾ ਸੀ, ਜਿਹੜੇ ਮਨੁੱਖ ਦੂਰ ਕਿਸੇ ਥਾਂ ਵਸਦੇ ਸਨ, ਉਹ ਦੀਵਾਲੀ ਦੇ ਸਮੇਂ ਪ੍ਰੇਮ ਨਾਲ ਆਉਂਦੇ ਸਨ॥ ੫੭॥

ਬਹੁਰ ਮੇਖ ਕੀ ਜਬਿ ਸੰਕ੍ਰਾਂਤਿ। ਤਬਿ ਇਤ ਆਇ ਸ਼ਨਾਨਹਿਂ ਗਾਤਿ।
ਜਥਾ ਬਰਖ ਦਿਨ ਮੱਜਤਿ ਰਹੈਂ। ਦੁਇਨਿ ਪਰਬ ਫਲ ਤੈਸੋ ਲਹੈਂ॥ ੫੮॥

ਫਿਰ ਜਦ ਵਿਸਾਖੀ ਦਾ ਦਿਹਾੜਾ ਆਉਂਦਾ ਸੀ ਤਾਂ ਮਨੁੱਖ ਵਿਸਾਖੀ ਦਾ ਇਸ਼ਨਾਨ ਕਰਨ ਆਉਂਦੇ ਸਨ। ਜਿੰਨਾ ਸਾਰਾ ਸਾਲ ਇਸ਼ਨਾਨ ਕਰਨ ਦਾ ਫਲ ਹੈ, ਦੋਵਾਂ ਪੁਰਬਾਂ ਤੇ ਦੋ ਦਿਨ ਇਸ਼ਨਾਨ ਕਰਨ ਦਾ ਫਲ ਉਸ ਦੇ ਬਰਾਬਰ ਪਾਉਂਦੇ ਸਨ॥ ੫੮॥

'ਦੋਨਹੁ ਪਰਬ ਬਿਖੈ ਇਸ ਥਾਨੇ। ਅਠਿਸਠਿ ਤੀਰਥ ਆਇ ਸ਼ਨਾਨੇ।
ਕਲਿ ਕੇ ਨਰ ਕਲਮਲ ਸਮੁਦਾਇ। ਮਤਿ ਮਲੀਨਿ ਨਹਿਂ ਪੁੰਨ ਉਪਾਇ॥੫੯॥

"ਦੋਹਾਂ ਪੁਰਬਾਂ ਦੇ ਸਮੇਂ, ਇਸ ਸਥਾਨ ਤੇ ਅਠਾਹਠ ਤੀਰਥ ਇਸ਼ਨਾਨ ਕਰਨ ਵਾਸਤੇ ਆਉਂਦੇ ਹਨ। ਕਲਿਜੁਗਾਂ ਦੇ ਮਨੁੱਖਾ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ, ਫਿਰ ਦੁਬਾਰਾ ਮੱਤ ਮੈਲੀ ਨਹੀਂ ਹੁੰਦੀ ਹੈ॥ ੫੯॥

ਸੋ ਸਭਿ ਤੀਰਥ ਦੇਸ਼ ਮਝਾਰੇ। ਕਰਿ ਸ਼ਨਾਨ ਕੋ ਤਾਂਹਿ ਉਤਾਰੇ।
ਤਿਨ ਪਾਪਨਿ ਕੇ ਭਾਰ ਦਬਾਏ। ਸਹਿ ਨਹਿਂ ਸਕਹਿਂ ਅਧਿਕ ਅਕੁਲਾਏ॥੬੦॥

ਸਾਰੇ ਦੇਸ਼ ਵਿਚਲੇ ਜਿੰਨੇ ਤੀਰਥ ਹਨ, ਇਸ਼ਨਾਨ ਕਰਨ ਵਾਸਤੇ ਏਥੇ ਉਤਰਦੇ ਹਨ, ਉਹ ਪਾਪਾਂ ਦੇ ਭਾਰ ਹੇਠ ਦੱਬੇ ਸਹਿ ਨਹੀਂ ਸਕਦੇ ਤੇ ਬਹੁਤ ਵਿਆਕੁਲ ਹੋ ਜਾਂਦੇ ਹਨ॥ ੬੦॥

ਗੰਗਾ ਆਦਿਕ ਤੀਰਥ ਜੇਈ। ਅੰਮ੍ਰਿਤਸਰ ਮਹਿਂ ਆਵਹਿਂ ਤੇਈ।
ਨਾਮੁ ਮਹਾਤਮ ਜਹਿਂ ਅਧਿਕਾਈ। ਕਰਿ ਸ਼ਨਾਨ ਤਜਿ ਅਘ ਸਮੁਦਾਈ॥੬੧॥

ਗੰਗਾ ਆਦਿ ਜੋ ਤੀਰਥ ਹਨ, ਉਹ ਵੀ ਅੰਮ੍ਰਿਤ ਸਰੋਵਰ ਵਿਚ ਆਉਂਦੇ ਹਨ, ਜਿਸ ਦੇ ਨਾਮ ਦਾ ਵੱਡਾ ਮਹਾਤਮ ਹੈ, ਉਹ ਇਸ਼ਨਾਨ ਕਰਕੇ ਸਭ ਪਾਪਾਂ ਤੋਂ ਰਹਿਤ ਹੋ ਜਾਂਦੇ ਹਨ॥ ੬੧॥

ਦੀਪਮਾਲ ਬੈਸਾਖੀ ਦੋਇ। ਛਟੇ ਮਾਸ ਤੀਰਥ ਸਭਿ ਕੋਇ।
ਰਹੈਂ ਸੁਧਾਸਰ ਮੈਂ ਤਬਿ ਆਇ। ਜੋ ਨਰ ਤਿਸ ਛਿਨ ਇਹਾਂ ਨਹਾਇ॥੬੨॥

ਦੀਵਾਲੀ ਅਤੇ ਵਿਸਾਖੀ ਦੋਨੋਂ ਸਮੇਂ, ਛੇਵੇਂ ਮਹੀਨੇ ਤੀਰਥ ਤੇ ਸਭ ਆਉਂਦੇ ਹਨ, ਫਿਰ ਉਹ ਆ ਕੇ ਅੰਮ੍ਰਿਤ ਸਰੋਵਰ ਵਿਚ ਰਹਿੰਦੇ ਹਨ, ਜਿਹੜੇ ਮਨੁੱਖ ਉਸ ਸਮੇਂ ਏਥੇ ਆ ਕੇ ਇਸ਼ਨਾਨ ਕਰਦੇ ਹਨ॥ ੬੨॥

ਸਭਿ ਤੀਰਥ ਕੋ ਮੱਜਨ ਹੋਇ। ਯਾਂ ਤੇ ਅਧਿਕ ਮਹਾਂਤਮ ਜੋਇ।
ਕਰਹਿ ਸ਼ਨਾਨ ਸਕਲ ਫਲ ਪਾਵੈ। ਸੁਤ ਬਿਤ ਲਾਭ, ਕਲੁਖ ਨਸਾਵੈ॥੬੩॥

ਤਾਂ ਸਭ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ, ਇਸ ਕਰਕੇ ਇਸ ਦਾ ਜ਼ਿਆਦਾ ਮਹਾਤਮ ਹੈ। ਇਸ਼ਨਾਨ ਕਰਕੇ ਸਾਰੇ ਫਲ ਪਾਉਂਦਾ ਹੈ, ਇਸਤਰੀ ਪੁੱਤਰ ਦਾ ਲਾਭ ਹੁੰਦਾ ਹੈ ਤੇ ਸਾਰੇ ਪਾਪ ਦੂਰ ਹੋ ਜਾਂਦੇ ਹਨ॥ ੬੩॥

*ਦੂਸਰੀ ਰਾਸ ਦਾ ਛਪੰਜਵਾਂ ਅਧਿਆਇ ਸਮਾਪਤ ਹੋਇਆ॥ ੫੬॥*

*ਦੂਸਰੀ ਰਾਸ ਸਮਾਪਤ ਹੋਈ॥*

❖❖❖

Sri Satguru Jagjit Singh Ji eLlibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਤੀਸਰੀ ਰਾਸ

# ਅਧਿਆਇ ਪਹਿਲਾ

## ਮੰਗਲਾਚਰਨ

### ੧. 'ਕਾਵਿ ਸੰਕੇਤ ਮਿਰਜਾਦਾ' ਦਾ ਮੰਗਲ

ਦੋਹਰਾ- ਸਾਰਸੁਤੀ ਸਰਿਤਾ ਵਹੋ ਬਾਕ ਤਰੰਗ ਵਿਚਾਰ ॥
ਚਾਰੁ ਸੁ ਮਮ ਮਾਨਸ ਬਿਖੈ, ਜਾਨੌਂ ਸਾਰ ਅਸਾਰ ॥ ੧ ॥

ਹੇ ਸਰਸਵਤੀ ਨਦੀ ! ਤੇਜ਼ ਵੇਗ ਵਿਚ ਵਹੋ, ਜਿਸ ਵਿਚ ਵਾਕਾਂ ਦੇ ਤਰੰਗ ਉੱਠਣ ਅਤੇ ਵਿਚਾਰਾਂ ਦੀਆਂ ਲਹਿਰਾਂ ਪੈਣ। ਹੇ ਸਰਸਵਤੀ ! ਤੂੰ ਮੇਰੇ ਅੰਤਹਕਰਣ ਰੂਪੀ ਭੂਮਿਕਾ ਉਤੇ ਆ ਕੇ ਵਿਚਰੋ ਤਾਂਕਿ ਮੈਂ ਸੱਚ ਅਤੇ ਝੂਠ ਦੀ ਪਰਖ ਕਰ ਸਕਾਂ ॥ ੧ ॥

### ੨. ਇਸ਼ਟ ਦੇਵ 'ਅਕਾਲ ਪੁਰਖ' ਦਾ ਮੰਗਲ

ਸ੍ਵੈਯਾ- ਕਰਤਾ ਜਗ ਕੇਰ ਸੁਰਾਸਰ ਕੋ ਨਿਸ ਦਯੋਸ ਚਰਾਚਰ ਕੌ ਭਰਤਾ।
ਭਰਤਾ ਸਭਿ ਕੋ ਪਰਮੇਸ਼੍ਵਰ ਪੂਰਨ ਦਾਸ ਬਿਨੈ ਨਿਤ ਆਚਰਤਾ।
ਚਰਿਤਾ ਜਿਸਕੇ ਨ ਲਖੇ ਪਰ ਹੈਂ ਮੁਨਿ ਸ਼ੇਸ਼ ਗਿਰਾ ਕਹਿ ਅੱਛਰਤਾ।
ਛਰਤਾ ਮਤਿ ਕੋ ਲਖਿ ਚਾਤੁਰਤਾ ਤਜਿ, ਆਤੁਰਤਾ ਗਹਿ, ਸੰਕਰਤਾ ॥੨ ॥

ਦੇਵਤਿਆਂ ਤੋਂ ਲੈ ਕੇ ਦੈਂਤਾਂ ਤਕ ਜੋ ਸਾਰੇ ਜਗਤ ਦਾ ਕਰਤਾ ਹੈ, ਜੋ ਦਿਨ ਰਾਤ ਜੜ੍ਹ-ਚੇਤਨ ਨੂੰ ਪਾਲਣ ਵਾਲਾ ਹੈ। ਸਭ ਦਾ ਸਵਾਮੀ ਪਰਮੇਸਰ ਸਾਰੇ ਪੂਰਨ ਹੈ, ਏਨਾ ਵੱਡਾ ਹੋ ਕੇ ਵੀ ਉਹ ਦਾਸਾਂ ਦੀਆਂ ਬੇਨਤੀਆਂ ਦੇ ਅਨੁਕੂਲ ਹੈ। ਬੇਅੰਤ ਪ੍ਰਭੂ ਦੇ ਚਰਿੱਤਰ ਸਮਝੇ ਨਹੀਂ ਜਾ ਸਕਦੇ, ਮੁਨੀ, ਸ਼ੇਸ਼ਨਾਗ ਤੇ ਸਰਸਵਤੀ ਉਸਨੂੰ ਨਾਸ਼ ਨਾ ਹੋਣ ਵਾਲਾ ਆਖਦੇ ਹਨ। ਹੇ ਮਨ ! ਉਸ ਨੂੰ ਵਰਣਨ ਕਰਨ ਵਿਚ ਤੂੰ ਆਪਣੀ ਚਤੁਰਾਈ ਛੱਡ, ਉਸ ਨੂੰ ਪਰਮ ਸੁੰਦਰ ਜਾਣਕੇ ਨਿੰਮਰਤਾ ਧਾਰਨ ਕਰ, ਤਾਂਕਿ ਤੇਰਾ ਕਲਿਆਣ ਕਰਤਾ ਹੋਵੇ ॥ ੨ ॥

### ੩. ਇਸ਼ਟ ਗੁਰੂ 'ਸ੍ਰੀ ਗੁਰੂ ਨਾਨਕ ਦੇਵ ਜੀ' ਦਾ ਮੰਗਲ

ਕਬਿੱਤ- ਮਿਟਿਕੈ ਬਿਕਾਰਨਿ ਤੇ ਸ਼ਰਨ ਪਰੀਜੈ ਨਿਤ, ਨਾਮ ਕੇ ਉਚਾਰਲ ਤੇ ਮੋਹ ਜਾਤਿ ਘਟਿ ਕੈ।
ਘਟ ਕੈ ਮਝਾਰ ਧ੍ਯਾਨ ਧਾਰਨਿ ਤੇ, ਪਾਰ ਹੋਹਿ ਮਨ ਟਿਕ ਜਾਇ ਬਿਸ਼ਿਯਾਨ ਤੇ ਉਲਟਿ ਕੈ।
ਲਟਕੈ ਨ ਸਿਰ ਤਰਵਾਯੋ ਹੈ ਗਰਭ ਬੀਚ, ਪਰਯੋ ਬਸਿ ਸਦਾ ਬਹੁ ਬੰਧਨਿ ਬਿਕਟ ਕੈ।
ਕਟਿ ਕੈਸ ਦੇਹਿਂ ਮੋਖ, ਐਸੇ ਗੁਰ ਨਾਨਕ ਜੀ ਬੰਦ ਹੌਂ ਪਦਾਰਬਿੰਦ ਇੰਦ੍ਰਿਨਿ ਸਿਮਟਿਕੈ ॥੩ ॥

Sri Satguru Jagjit Singh Ji eLlibrary NamdhariElibrary@gmail.com

ਜਿਸ ਪ੍ਰਭੂ ਦੇ ਨਿਤ ਸ਼ਰਨ ਪਿਆਂ ਸਾਰੇ ਵਿਕਾਰ ਮਿਟ ਜਾਂਦੇ ਹਨ, ਜਿਸ ਦਾ ਨਾਮ ਉਚਾਰਨ ਨਾਲ ਮੋਹ ਦੂਰ ਹੋ ਜਾਂਦਾ ਹੈ; ਹਿਰਦੇ ਵਿਚ ਜਿਸ ਦਾ ਧਿਆਨ ਧਾਰਨ ਕਰਨ ਨਾਲ ਮਨ ਵਿਸ਼ਿਆਂ ਤੋਂ ਹੱਟ ਕੇ, ਟਿੱਕ ਜਾਂਦਾ ਹੈ ਤੇ ਭਵਸਾਗਰ ਪਾਰ ਹੋ ਜਾਂਦਾ ਹੈ। ਫਿਰ ਪੁੱਠੇ ਸਿਰ ਹੋ ਕੇ ਗਰਭ ਵਿਚ ਲਟਕਣਾ ਨਹੀਂ ਪੈਂਦਾ, ਭਾਵ ਜਿਨ੍ਹਾਂ ਕਠਨ ਬੰਧਨਾਂ ਦੇ ਵੱਸ ਜੀਵ ਨਿੱਤ ਪਿਆ ਹੋਇਆ ਹੈ, ਉਨ੍ਹਾਂ ਸਾਰਿਆਂ ਨੂੰ ਕੱਟ ਕੇ ਜੋ ਮੁਕਤੀ ਦੇਣ ਦੇ ਸਮਰੱਥ ਹਨ, ਐਸੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਉੱਤੇ ਬੜੇ ਪ੍ਰੇਮ ਨਾਲ ਮੈਂ ਬੰਦਨਾ ਕਰਦਾ ਹਾਂ॥ ੩॥

*੪. ਇਸ਼ਟ ਗੁਰੂ 'ਸ੍ਰੀ ਗੁਰੂ ਅੰਗਦ ਦੇਵ ਜੀ' ਦਾ ਮੰਗਲ*

**ਦੋਹਰਾ-ਕੰਦ ਅਨੰਦ ਬਿਲੰਦ ਕੇ ਸ੍ਰੀ ਗੁਰ ਅੰਗਦ ਚੰਦ।**
**ਚੰਦਨ ਸਮ ਦੁਖ ਘਾਮ ਕੋ ਬੰਦੋਂ ਬਿਘਨ ਨਿਕੰਦ॥ ੪॥**

ਮੈਂ ਚੰਦ ਵਰਗੇ ਮਿੱਠੇ ਪ੍ਰਕਾਸ਼ ਦੇ ਦਾਤਾ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਕਰਦਾ ਹਾਂ ਜੋ ਦੁੱਖ ਰੂਪੀ ਤਪਸ਼ ਨੂੰ ਚੰਦਨ ਸਮਾਨ ਸੀਤਲਤਾ ਦੇਣ ਵਾਲੇ ਹਨ, ਬੜੇ ਅਨੰਦ ਦੇ ਮੇਘ ਹਨ, ਤੇ ਕਵੀਆਂ ਦੇ ਸਾਰੇ ਵਿਘਨਾਂ ਨੂੰ ਕੱਟ ਦੇਣ ਵਾਲੇ ਹਨ॥ ੪॥

*੫. ਇਸ਼ਟ ਗੁਰੂ 'ਸ੍ਰੀ ਗੁਰੂ ਅਮਰਦਾਸ ਜੀ' ਦਾ ਮੰਗਲ*

**ਦੋਹਰਾ-ਮਾਰ ਹੰਕਾਰ ਜੁ ਡਸਤਿ ਨਿਤ ਤਾਂਹਿ ਸਹਾਇਕ ਮਾਰ।**
**ਮਾਰਸਿ ਚਹਿਂ, ਸ੍ਰੀ ਅਮਰ ਭਜਿ ਨਿਤ, ਜੋ ਬਿਨਾ ਸ਼ੁਮਾਰ॥ ੫॥**

ਹੰਕਾਰ ਰੂਪੀ ਸੱਪ ਜੋ ਸਦਾ ਡੰਗਦਾ ਹੈ ਤੇ ਜਿਸ ਦਾ ਸਹਾਇਕ ਕਾਮ ਹੈ, ਜੇ ਤੂੰ ਦੋਹਾਂ ਨੂੰ ਮਾਰਨਾ ਚਾਹੁੰਦਾ ਹੈਂ ਤਾਂ ਸਦਾ ਗੁਰੂ ਅਮਰਦਾਸ ਜੀ ਦਾ ਸਿਮਰਨ ਕਰ ਜੋ ਆਲੇਖ ਅਤੇ ਕਾਮਨਾ ਤੋਂ ਰਹਿਤ ਹਨ॥ ੫॥

*੬. ਇਸ਼ਟ ਗੁਰੂ 'ਸ੍ਰੀ ਗੁਰੂ ਰਾਮਦਾਸ ਜੀ' ਦਾ ਮੰਗਲ*

**ਦੋਹਰਾ-ਰਾਮਦਾਸ ਸ੍ਰੀ ਸਤਿਗੁਰੂ ਰੂਪ ਏਕ ਸ੍ਰੀ ਰਾਮ।**
**ਰਾਮ ਭ੍ਰਾਤ ਹ੍ਵੈ ਰਿਪੁ ਹਤੇ ਨਮੋ ਚਰਨ ਅਭਿਰਾਮ॥ ੬॥**

ਸ੍ਰੀ ਗੁਰੂ ਰਾਮਦਾਸ ਜੀ ਦੇ ਸੁੰਦਰ ਚਰਨਾਂ ਤੇ ਮੇਰੀ ਨਮਸਕਾਰ ਹੋਵੇ ਜੋ ਆਪ ਅਕਾਲ ਪੁਰਖ ਦਾ ਰੂਪ ਹਨ ਅਤੇ ਜਿਨ੍ਹਾਂ ਨੇ ਅਕਾਲ ਪੁਰਖ ਰੂਪ ਵਿਚ ਸ੍ਰੀ ਰਾਮ ਚੰਦਰ ਦੇ ਸਹਾਈ ਹੋ ਕੇ ਸੰਤਾਂ ਦੇ ਵੈਰੀਆਂ ਦਾ ਨਾਸ਼ ਕੀਤਾ ਸੀ॥ ੬॥

*੭. ਇਸ਼ਟ ਗੁਰੂ 'ਸ੍ਰੀ ਗੁਰੂ ਅਰਜਨ ਦੇਵ ਜੀ' ਦਾ ਮੰਗਲ*

**ਦੋਹਰਾ-ਅਰਜਨ ਸਰ ਸੇ ਵਾਕ ਜਿਨ ਬਿਦਤ ਸੁਜਸ ਅਰਜੰਨ।**
**ਅਰਜ਼ਨਿ ਦਾਸਨਿ ਕੀ ਸੁਨਤਿ ਨਮੋ ਗੁਰੂ ਅਰਜੰਨ॥ ੭॥**

ਜਿਨ੍ਹਾਂ ਦੇ ਬਚਨ ਅਰਜਨ ਦੇ ਤੀਰਾਂ ਵਾਂਗ ਅਮੋਘ ਹਨ ਅਤੇ ਜਿਨ੍ਹਾਂ ਦਾ ਉੱਜਲ ਅਤੇ ਸ੍ਰੇਸ਼ਟ ਜੱਸ ਸਾਰੇ ਸੰਸਾਰ ਵਿਚ ਪ੍ਰਗਟ ਹੋ ਰਿਹਾ ਹੈ, ਜੋ ਦਾਸਾਂ ਦੀਆਂ ਬੇਨਤੀਆਂ ਨੂੰ ਸੁਣਦੇ ਹਨ, ਐਸੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੇਰੀ ਨਮਸਕਾਰ ਹੈ॥ ੭॥

*੮. ਇਸ਼ਟ ਗੁਰੂ 'ਸ੍ਰੀ ਗੁਰੂ ਹਰਿਗੋਵਿੰਦ ਜੀ' ਦਾ ਮੰਗਲ*

**ਦੋਹਰਾ-ਬਿੰਦੂ ਨੀਰ ਪਦ ਪਰਸ ਕੀ ਪ੍ਰਾਪਤਿ ਮੁਖ ਅਰਬਿੰਦ।**
**ਬਿੰਦਕ ਬਿਖੈ ਨਿਹਾਲ ਕਿਯ ਸ੍ਰੀ ਗੁਰ ਹਰਿਗੋਬਿੰਦ॥ ੮॥**

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨ-ਕੰਵਲਾਂ ਨੂੰ ਛੋਹੀ ਹੋਈ ਜਲ ਦੀ ਬੂੰਦ ਜਿਨ੍ਹਾਂ ਨੇ ਆਪਣੇ ਮੂੰਹ ਵਿਚ ਪ੍ਰਾਪਤ ਕੀਤੀ ਹੈ, ਉਹ ਪਲਾਂ ਵਿਚ ਨਿਹਾਲ ਹੋ ਗਏ ਹਨ॥ ੮॥

੯. ਇਸ਼੍ਰ ਗੁਰੂ 'ਸ਼੍ਰੀ ਗੁਰੂ ਹਰਿਰਾਇ ਜੀ' ਦਾ ਮੰਗਲ

ਦੋਹਰਾ-ਰਾਇ ਜਗਤ ਕੇ ਅਵਤਰੇ ਸੁਖ ਉਪਜੇ ਭਜਿ ਨਾਇ।
ਨਾਇ ਸੀਸ ਕਰਿ ਬੰਦਨਾ ਜੈ ਜੈ ਸ੍ਰੀ ਹਰਿਰਾਇ॥ ੯॥

ਜਗਤ ਦੇ ਸਵਾਮੀ ਸੰਸਾਰ ਵਿਚ ਅਵਤਾਰ ਧਾਰ ਕੇ ਆਏ ਹਨ ਜਿਨ੍ਹਾਂ ਦੇ ਨਾਂ ਦਾ ਸਿਮਰਨ ਕਰਨ ਨਾਲ ਸੁੱਖ ਪ੍ਰਾਪਤ ਹੁੰਦਾ ਹੈ। ਮੈਂ ਉਨ੍ਹਾਂ ਅੱਗੇ ਸਿਰ ਨਿਵਾ ਕੇ ਮੱਥਾ ਟੇਕ ਕੇ ਕਹਿੰਦਾ ਹਾਂ, "ਹੇ ਗੁਰੂ ਹਰਿਰਾਇ ਜੀ! ਤੁਹਾਡੀ ਜੈ ਜੈ ਹੋਵੇ" ॥ ੯॥

੧੦. ਇਸ਼੍ਰ ਗੁਰੂ 'ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ' ਦਾ ਮੰਗਲ

ਦੋਹਰਾ-ਕ੍ਰਿਸ਼ਨ ਰਿਦਾ ਉੱਜਲ ਕਰਹਿਂ ਪ੍ਰਥਮ ਰੂਪ ਸ੍ਰੀ ਬਿਸ਼ਨੁ।
ਬਿਸ ਨ ਰਹਤਿ ਬਿਖ਼ਿਯਾਨ ਕੀ ਸਿਮਰ ਗੁਰੂ ਹਰਿਕ੍ਰਿਸ਼ਨ॥੧੦॥

ਵਾਹਿਗੁਰੂ ਜੀ ਦਾ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਕਾਲੇ ਦਿਲਾਂ ਨੂੰ ਵੀ ਉੱਜਲ ਕਰ ਦਿੰਦੇ ਹਨ ਤੇ ਉਨ੍ਹਾਂ ਦਾ ਸਿਮਰਨ ਕਰਨ ਨਾਲ ਵਿਸ਼ਿਆਂ ਦੀ ਜ਼ਹਿਰ ਦੂਰ ਹੋ ਜਾਂਦੀ ਹੈ॥ ੧੦॥

੧੧. ਇਸ਼੍ਰ ਗੁਰੂ 'ਸ਼੍ਰੀ ਗੁਰੂ ਤੇਗ ਬਹਾਦਰ ਜੀ' ਦਾ ਮੰਗਲ

ਦੋਹਰਾ-ਤੇਗ ਬਹਾਦਰ ਸਤਿਗੁਰੂ ਦੇ ਸ਼ੱਤ੍ਰੁਨਿ ਉਦਬੇਗ।
ਬੇਗ ਧਾਰਿ ਰੱਛਹਿਂ ਜਨਨ ਗਿਰਾ ਦੁਸ਼ਟ ਪਰ ਤੇਗ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਵੈਰੀਆਂ ਨੂੰ ਹੈਰਾਨੀਜਨਕ ਘਬਰਾਹਟ ਵਿਚ ਪਾਉਣ ਵਾਲੇ ਹਨ ਤੇ ਆਪਣੇ ਸੇਵਕਾਂ ਦੀ ਰਖਿਆ ਤੁਰਤ ਕਰਨ ਵਾਲੇ ਹਨ ਤੇ ਉਨ੍ਹਾਂ ਦੀ ਬਾਣੀ ਦੁਸ਼ਟਾਂ ਉਤੇ ਤਲਵਾਰ ਦਾ ਕੰਮ ਕਰਨ ਵਾਲੀ ਹੈ॥ ੧੧॥

੧੨. ਇਸ਼੍ਰ ਗੁਰੂ 'ਸ਼੍ਰੀ ਗੁਰੂ ਗੋਬਿੰਦ ਸਿੰਘ ਜੀ' ਦਾ ਮੰਗਲ

ਦੋਹਰਾ-ਸਿੰਘ ਮ੍ਰਿਗਨ ਰਿਪੁ ਬ੍ਰਿੰਦ ਕੋ ਮਹਾਂ ਬਲੀ ਨਰ ਸਿੰਘ।
ਸਿੰਘ ਪੰਥ ਕੇ ਮੂਲ ਦ੍ਰਿਢ ਭਜਿ ਸ੍ਰੀ ਗੋਬਿੰਦ ਸਿੰਘ॥ ੧੨॥

ਗੁਰੂ ਗੋਬਿੰਦ ਸਿੰਘ ਜੀ ਹਿਰਨ ਰੂਪੀ ਸਾਰੇ ਵੈਰੀਆਂ ਨੂੰ ਮਾਰਨ ਲਈ ਸ਼ੇਰ ਰੂਪੀ ਹਨ, ਮਹਾਂਬਲੀਆਂ ਵਿਚ ਚੋਟੀ ਦੇ ਬਲਵਾਨ ਹਨ, ਖਾਲਸਾ ਪੰਥ ਦੇ ਮੂਲ ਹਨ, ਐਸੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿਮਰਨ ਕਰੋ॥ ੧੨॥

੧੩. ਸਮਸਤ ਗੁਰਾਂ ਦਾ ਮੰਗਲ

ਦੋਹਰਾ-ਰਚੋ ਰਾਸਿ ਅਬਿ ਤੀਸਰੀ ਸਤਿਗੁਰ ਸੁਜਸ ਬਿਸਾਲ।
ਨਮਸਕਾਰ ਕਰਿ ਸਭਿਨਿ ਕੋ ਬਿਘਨ ਬ੍ਰਿੰਦ ਕੋ ਟਾਲਿ॥੧੩॥

ਸਤਿਗੁਰੂ ਜੀ ਦੇ ਮਹਾਨ ਜੱਸ ਨਾਲ ਭਰੀ ਹੋਈ ਹੁਣ ਮੈਂ ਤੀਸਰੀ ਰਾਸ ਰਚਣ ਲੱਗਾ ਹਾਂ ਤੇ ਸਾਰੇ ਸਤਿਗੁਰਾਂ ਨੂੰ ਨਮਸਕਾਰ ਕਰਦਾ ਹਾਂ ਜੋ ਮੇਰੇ ਸਾਰੇ ਵਿਘਨਾਂ ਨੂੰ ਦੂਰ ਕਰ ਦੇਣ॥ ੧੩॥

ਮੰਗਲਾਚਰਨ ਸਮਾਪਤ

Sri Satguru Jagjit Singh Ji eLlibrary NamdhariElibrary@gmail.com

### ਗੁਰੂ ਜੀ ਦੀ ਕਥਾ ਦਾ ਪੁਨਰ ਆਰੰਭ

ਸੁਨਤਿ ਸਿੰਘ ਗੁਰੁ ਕਥਾ ਕੋ ਪ੍ਰੇਮ ਸਾਥ ਪੁਲਕਾਤਿ।
ਪੀਵਤਿ ਅੰਮ੍ਰਿਤ ਤ੍ਰਿਪਤਿ ਨਹਿਂ ਰੁਚਿ ਚੌਗੁਨ ਉਪਜਾਤਿ॥ ੧੪॥

ਭਾਈ ਰਾਮ ਕੁਇਰ ਤੋਂ ਗੁਰੂ ਜੀ ਦੀ ਕਥਾ ਸੁਣ ਕੇ ਸਿੰਘਾਂ ਦੇ ਪ੍ਰੇਮ ਨਾਲ ਰੋਮ ਖੜੇ ਹੋ ਗਏ। ਕਥਾ ਰੂਪ ਅੰਮ੍ਰਿਤ ਨੂੰ ਪੀ ਤ੍ਰਿਪਤ ਨਹੀਂ ਸੀ ਹੋ ਰਹੇ, ਕਥਾ ਸੁਨਣ ਦੀ ਰੁਚੀ ਹੋਰ ਦੁੱਗਣੀ-ਚੌਗਣੀ ਵਧ ਗਈ॥ ੧੪॥

*ਚੌਪਈ*- ਭਾਈ ਰਾਮਕੁਇਰ ਮੁਖ ਚੰਦ। ਨਿਕਸਤਿ ਤਿਸ ਤੇ ਸੁਧਾ ਮਨਿੰਦ।
ਜਿਸ ਮਹਿਂ ਸਦ ਗੁਨ ਕੋ ਸਮੁਦਾਇ। ਧਰਿ ਹਿਰਦੇ ਜਮ ਭੇਟ ਨ ਪਾਇ॥੧੫॥

ਭਾਈ ਰਾਮ ਕੁਇਰ ਦੇ ਚੰਦ ਮੁਖ ਤੋਂ ਇਹ ਕਥਾ ਅੰਮ੍ਰਿਤ ਵਾਂਗ ਨਿਕਲ ਰਹੀ ਸੀ। ਜਿਸ ਵਿਚ ਸਾਰੇ ਸ੍ਰੇਸ਼ਟ ਗੁਣ ਮੌਜੂਦ ਸਨ, ਜਿਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰਨ ਨਾਲ ਜਮਾਂ ਨਾਲ ਵਾਸਤਾ ਨਹੀਂ ਪੈਂਦਾ ਹੈ॥ ੧੫॥

ਕਹਤਿ ਸੁਨਤਿ ਜਿਸ ਅਨਿਕ ਮਹਾਤਮ। ਕਹਾ ਤਿਨ ਮਹਿਮਾ ਧਰੈਂ ਜੁ ਆਤਮ।
ਉਪਜਹਿ ਦਿਨ ਪ੍ਰਤਿ ਚਾਉ ਘਨੇਰਾ। ਇਕ ਮਨ ਹੋਇ ਸੁਨਹਿਂ ਕਰਿ ਘੇਰਾ॥੧੬॥

ਜਿਸ ਨੂੰ ਕਹਿਣ ਸੁਣਨ ਦੇ ਅਨੇਕ ਮਹਾਤਮ ਹਨ, ਉਸ ਦੀ ਹਿਰਦੇ ਵਿਚ ਕੀ ਮਹਿਮਾ ਧਾਰਨ ਕਰੀਏ ? ਦਿਨ-ਬ-ਦਿਨ ਸੁਣਨ ਵਾਸਤੇ ਚਾਹਤ ਹੋਰ ਵਧਦੀ ਜਾਂਦੀ ਸੀ, ਸਾਰੇ ਚਾਰ-ਚੁਫੇਰੇ ਘੇਰਾ ਪਾ ਕੇ ਇਕ ਮਨ ਹੋ ਕੇ ਸੁਣਦੇ ਸਨ॥ ੧੬॥

ਰਾਮਕੁਇਰ ਗਿਰਵਰ ਕੇ ਸਮਸਰ। ਕਥਾ ਜੁ ਉਪਜੀ ਸਲਿਤਾ ਸੁਖ ਕਰਿ।
ਗੁਰ ਜਸੁ ਉਜਲ ਜਲ ਭਰਪੂਰਾ। ਪ੍ਰੇਮ ਪ੍ਰਵਾਹ ਬਿਮਲ ਵਹੁ ਰੂਰਾ॥ ੧੭॥

ਰਾਮ ਕੁਇਰ ਜੀ ਹਿਮਾਲੀਆ ਪਰਬਤ ਦੇ ਸਮਾਨ ਹਨ, ਜਿਨ੍ਹਾਂ ਦੇ ਮੁੱਖ ਵਿਚੋਂ ਨਦੀ ਰੂਪੀ ਸੁਖਦਾਇਕ ਕਥਾ ਵਹਿ ਰਹੀ ਹੈ। ਗੁਰੂ ਜੀ ਦਾ ਜੱਸ ਉੱਜਲ ਜਲ ਭਰਪੂਰ ਹੈ, ਸੁੰਦਰ ਅਤੇ ਉੱਜਲ ਪ੍ਰੇਮ ਪ੍ਰਵਾਹ ਵਹਿ ਰਿਹਾ ਹੈ॥ ੧੭॥

ਭ੍ਰਮ ਬੇਮੁਖਤਾ ਦ੍ਵੈ ਦ੍ਰਿਢ ਕੂਲਾ। ਜਿਨ ਪਰ ਅਵਗੁਨ ਤਰੁ ਗਨ ਫੂਲਾ।
ਪਠਨਿ ਸੁਨਨਿ ਬਲ ਬੇਗ ਬਿਸਾਲਾ। ਜਰ ਸਮੇਤ ਭਗਨਤਿ ਤਤਕਾਲਾ॥੧੮॥

ਭਰਮ ਬੇਮੁਖਤਾ ਦੋ ਪੱਕੇ ਕਿਨਾਰੇ ਹਨ, ਜਿਨ੍ਹਾਂ ਉਤੇ ਔਗੁਣ ਰੂਪ ਦਰੱਖਤ ਖਿੜਿਆ ਹੋਇਆ ਸੀ। ਪੜ੍ਹਨ ਸੁਣਨ ਦੇ ਵਿਸ਼ਾਲ ਬਲ ਦੇ ਪ੍ਰਵਾਹ ਨਾਲ ਇਸ ਔਗੁਣ ਰੂਪੀ ਬ੍ਰਿਛ ਨੂੰ ਜੜ੍ਹਾਂ ਸਮੇਤ ਤੋੜੀ ਜਾਂਦਾ ਹੈ॥ ੧੮॥

ਸਦ ਗੁਨ ਕਮਲ ਬ੍ਰਿੰਦ ਬਿਕਸਾਵਤਿ। ਮਨ ਸੰਤਨ ਕੇ ਮਧੁਪਨਿ ਭਾਵਤਿ।
ਸਿੰਘ ਸਕਲ ਜਲਜੰਤੁ ਅਨੰਦਤਿ। ਕਰਤਿ ਕੇਲ ਗੁਰ ਰਹਤਿ ਅਨਿੰਦਤਿ॥੧੯॥

ਚੰਗੇ ਗੁਣਾਂ ਦੇ ਕੰਵਲ ਫੁੱਲ ਖਿੜੇ ਹੋਏ ਹਨ, ਜਿਹੜੇ ਸੰਤ ਰੂਪੀ ਭੌਰਿਆਂ ਦੇ ਮਨ ਨੂੰ ਚੰਗੇ ਲੱਗਦੇ ਹਨ। ਸਾਰੇ ਸਿੰਘ ਜਲ ਜੀਵਾਂ ਵਾਂਗ ਅਨੰਦ-ਮਈ ਰਹਿੰਦੇ ਹਨ, ਜਿਹੜੇ ਨਾ ਨਿੰਦਣਯੋਗ ਗੁਰੂ ਜੀ ਦੀ ਕਥਾ ਰੂਪੀ ਨਦੀ ਵਿਚ ਕੇਲ ਕਰਦੇ ਰਹਿੰਦੇ ਹਨ॥ ੧੯॥

ਦਸ ਗੁਰ ਦਸਹੁਂ ਘਾਟ ਜਿਸ ਕੇਰੇ। ਦੁਖੀ ਤ੍ਰਿਖਾਤੁਰ ਜਨ ਹੁਇ ਨੇਰੇ।
ਗੁਰ ਜਸ ਜਲ ਤੇ ਸਭਿ ਸੁਖ ਪਾਵਹਿਂ। ਬਿਖ੍ਹਿਯਨ ਤ੍ਰਿਖਾ ਤੁਰਤ ਬਿਨਸਾਵਹਿਂ॥੨੦॥

ਜਿਸ ਦੇ ਦਸ ਗੁਰੂ ਦਸ ਹੀ ਘਾਟ ਹਨ, ਦੁਖੀ ਅਤੇ ਪਿਆਸੇ ਲੋਕ ਨੇੜੇ ਆਉਂਦੇ ਹਨ। ਗੁਰੂ-ਜਸ ਰੂਪੀ ਜਲ ਤੋਂ ਸਾਰੇ ਸੁਖ ਪਾਉਂਦੇ ਹਨ ਅਤੇ ਵਿਸ਼ਿਆਂ ਦੀ ਪਿਆਸ ਤੁਰਤ ਮਿਟਾ ਦਿੰਦੇ ਹਨ॥ ੨੦॥

ਅੰਤਕ ਘਾਮ ਪੀਰ ਨਹਿਂ ਦੇਈ। ਨਿਤਪ੍ਰਤਿ ਨਿਕਟ ਹੋਇ ਜੋ ਸੇਈ।
ਰਾਮਕੁਇਰ ਪਰਬੀਨ ਜੁ ਮਾਲੀ। ਕੀਰਤਿ ਗੁਰਨਿ ਸਕੇਲਿ ਬਿਸਾਲੀ॥ ੨੧॥

ਉਨ੍ਹਾਂ ਨੂੰ ਯਮ ਰੂਪੀ ਧੁੱਪ ਪੀੜ ਨਹੀਂ ਦਿੰਦੀ ਜੋ ਨਿਤ ਅਜੇਹੇ ਜਲ ਦੇ ਨੇੜੇ ਰਹਿਣ। ਰਾਮ ਕੁਇਰ ਇਕ ਚਤੁਰ ਮਾਲੀ ਹੈ, ਜਿਸ ਗੁਰੂ ਜੀ ਦੀ ਵਿਸ਼ਾਲ ਕੀਰਤੀ ਇਕੱਠੀ ਕੀਤੀ ਹੋਈ ਹੈ॥ ੨੧॥

ਗ੍ਰੰਥ ਬਨਾਵਨਿ ਬਾਗ ਲਗਾਯਹੁ। ਤਰੁਵਰੁ ਜੇਤਿਕ ਧਜਾਇ ਸੁਹਾਯਹੁ।
ਛੰਦ ਅਨੇਕ ਪ੍ਰਕਾਰਨ ਸ਼ਾਖਾ। ਤੁਕ ਬਹੁ ਪੱਤ੍ਰ ਸਘਨ ਸ਼ੁਭ ਭਾਖਾ॥ ੨੨॥

ਇਹ ਗ੍ਰੰਥ ਬਣਾਉਣ ਦਾ ਉਨ੍ਹਾਂ ਬਾਗ ਲਾਇਆ ਹੈ, ਸਾਰੇ ਬ੍ਰਿਛ ਅਧਿਆਇਆਂ ਦੇ ਰੂਪ ਵਿਚ ਸ਼ੋਭ ਰਹੇ ਹਨ, ਛੰਦ ਅਨੇਕ ਪ੍ਰਕਾਰ ਦੀਆਂ ਸ਼ਾਖਾਵਾਂ ਹਨ, ਸ਼ੁਭ ਭਾਖਾ ਦੀਆਂ ਤੁਕਾਂ ਸੰਘਣੇ ਪੱਤੇ ਹਨ॥ ੨੨॥

ਗੁਣ ਗਨ ਤਿਨ ਮਹਿਂ ਸੁਮਨਸ ਫੂਲੇ। ਅਰਥ ਸੁਫਲ ਜੁਤਿ, ਭਾਖਨ ਝੂਲੇ।
ਸ਼ਾਂਤਿ ਰਸਾਦਿਕ ਰਸ ਜਿਨ ਮਾਂਹੀ। ਕਸ਼ਟ ਘਾਮ ਹਤਿ ਛਾਯਾ ਤਾਂਹੀ॥ ੨੩॥

ਸਮੂਹ ਗੁਣ ਉਸ ਵਿਚ ਸੁਮਨ ਦੇ ਫੁੱਲ ਖਿੜੇ ਹਨ, ਅਰਥ ਸਰੇਸ਼ਟ ਫਲ ਸਹਿਤ ਝੂਲ ਰਹੇ ਹਨ। ਜਿਨ੍ਹਾਂ ਵਿਚ ਸ਼ਾਂਤੀ ਰਸ ਆਦਿ ਕਸ਼ਟ ਰੂਪੀ ਧੁੱਪ ਨੂੰ ਦੂਰ ਕਰਕੇ ਛਾਂ ਕਰ ਰਿਹਾ ਹੈ॥ ੨੩॥

ਪ੍ਰੇਮ ਬਾਰਿ ਤੇ ਸਿੰਚਨ ਕਰਿਤਾ। ਢਿਗ ਨਹਿਂ ਹੋਹਿ ਮੋਹ ਪਸ਼ੁ ਹਰਤਾ।
ਅਸ ਉਪਬਨ ਮਹਿਂ ਜੋ ਨਰ ਬਾਸੇ। ਮੋਖ ਸੁਗੰਧਿ ਸਦਾ ਤਿਨ ਪਾਸੇ॥ ੨੪॥

ਪ੍ਰੇਮ ਦੇ ਜਲ ਨਾਲ ਇਸ ਬਾਗ ਨੂੰ ਸਿੰਜਦੇ ਹਨ, ਮੋਹ ਰੂਪੀ ਪਸ਼ੂ ਨੂੰ ਇਨ੍ਹਾਂ ਬ੍ਰਿਛਾਂ ਦੇ ਨੇੜੇ ਨਹੀਂ ਆਉਣ ਦਿੰਦੇ। ਇਸ ਤਰ੍ਹਾਂ ਦੇ ਬਾਗ ਵਿਚ ਜਿਹੜਾ ਵਸਦਾ ਹੈ, ਮੁਕਤੀ ਰੂਪੀ ਸੁਗੰਧੀ ਸਦਾ ਹੀ ਉਨ੍ਹਾਂ ਦੇ ਪਾਸ ਰਹਿੰਦੀ ਹੈ॥ ੨੪॥

ਦੋਹਰਾ- ਸਭਿ ਸ਼੍ਰੋਤਾ ਬਚ ਕਹਤਿ ਭੇ ਹਾਥ ਜੋਰਿ ਹੁਇ ਦੀਨ।
'ਹਰਿ ਗੋਬਿੰਦ ਕੇ ਜਨਮ ਕੀ ਕਹਹੁ ਕਥਾ ਪਰਬੀਨ' ॥ ੨੫॥

ਸਾਰੇ ਸ੍ਰੋਤੇ ਹੱਥ ਜੋੜ ਕੇ ਅਤੇ ਦੀਨ ਹੋ ਕੇ ਬਚਨ ਕਹਿ ਰਹੇ ਸਨ, "ਸ੍ਰੀ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਸ੍ਰੇਸ਼ਟ ਕਥਾ ਸੁਣਾਓ"॥ ੨੫॥

ਸੁਨਿ ਕੈ ਸਾਹਿਬ ਰਾਮਕੌਰ ਕਹਤਿ ਭਏ ਸੁਖਦਾਇ:-।
ਆਦਿ ਅੰਤ ਸਭਿ ਕਹਤਿਹੌਂ ਸੁਨਹੁਂ ਕਥਾ ਮਨ ਲਾਇ॥ ੨੬॥

ਇਹ ਸੁਣ ਕੇ ਸ੍ਰੀ ਰਾਮ ਕੁਇਰ ਸਾਹਿਬ ਜੀ ਨੇ ਸੁਖਦਾਇਕ ਬਚਨ ਕਹੇ। ਆਦਿ ਤੋਂ ਲੈ ਕੇ ਅੰਤ ਤਕ ਕਥਾ ਕਹਿੰਦਾ ਹਾਂ ਤੁਸੀਂ ਸਾਰੀ ਕਥਾ ਮਨ ਲਾ ਕੇ ਸੁਣੋ॥ ੨੬॥

ਜਹਿਂ ਕਹਿਂ ਗੁਰ ਸਿੱਖੀ ਹੁਤੀ ਬਿਦਤਜੋ ਏਵ ਪ੍ਰਸੰਗ।
ਸਰਬ ਜਗਤ ਮਹਿਂ ਜਸੁ ਮਹਾਂ ਕਰਹਿਸੁ ਉੱਜਲ ਰੰਗ॥ ੨੭॥

ਜਿਥੇ-ਕਿਥੇ ਗੁਰਸਿੱਖੀ ਹੋਈ ਹੈ, ਇਹ ਪ੍ਰਸੰਗ ਇਸ ਤਰ੍ਹਾਂ ਪਰਗਟ ਹੋਇਆ ਹੈ। ਸਾਰੇ ਜਗਤ ਵਿਚ ਮਹਾਨ ਜੱਸ ਅਤੇ ਸ੍ਰੇਸ਼ਟ ਉੱਜਲ ਰੰਗ ਕਰਦਾ ਹੈ॥ ੨੭॥

ਕਬਿੱਤ-ਸੁਨੇ ਦੇਸ਼ ਦੇਸ਼ ਹੂੰ ਤੇ ਆਏ ਹੈਂ ਅਸ਼ੇਸ਼ ਸਿਖ ਭੇਟਨਿ ਬਿਸ਼ੇਸ਼ ਕੋ ਚਢਾਵੈਂ ਪਗ ਸੀਸ ਧਰਿ।
ਗਾਦੀ ਪੈ ਬਿਰਾਜੈਂ ਗੁਰੂ ਅਰਜਨ ਬੈਠੇ ਬੀਚ, ਕਰਾਮਾਤ ਪੂਰਨ ਸੁ ਜੋਤਿ ਜਗਦੀਸ਼ ਧਰਿ।
ਬਾਂਛਤਿ ਕੋ ਦੇਤਿ ਹੈਂ ਅਨੰਦ ਹੂੰ ਕੋ ਹੇਤ ਹੈ, ਦੁਖਨਿ ਹਰਿ ਲੇਤਿ ਹੈਂ ਸੁ ਦਾਸਨਿ ਅਸੀਸ ਧਰਿ।
ਕੇਊ ਰਹੈਂ ਪਾਸ ਹਰੈਂ ਜਮਹੂੰ ਕੋ ਤ੍ਰਾਸ ਬਹੁ ਧਾਰੈਂ ਗੁਨ ਰਾਸ ਕੋ, ਨਿਵਾਰੈਂ ਮੋਹ ਰੀਸ ਧਰਿ ॥੨੮॥

ਗੁਰੂ ਜੀ ਦਾ ਜੱਸ ਸੁਣਕੇ ਦੇਸ਼ਾਂ ਦੇਸ਼ਾਂ ਤੋਂ ਸਿੱਖ ਆਉਂਦੇ ਹਨ, ਵਿਸ਼ੇਸ਼ ਭੇਟਾਵਾਂ ਚੜ੍ਹਾ ਕੇ ਗੁਰ ਚਰਨਾਂ ਤੇ ਮੱਥਾ ਟੇਕਦੇ ਹਨ। ਗੱਦੀ 'ਤੇ ਬਿਰਾਜਮਾਨ ਹੋਏ, ਗੁਰੂ ਅਰਜਨ ਦੇਵ ਜੀ ਵਿਚਕਾਰ ਬੈਠਦੇ ਹਨ, ਸਭ ਕਰਾਮਾਤਾਂ ਵਿਚ ਪੂਰਨ, ਸ੍ਰੇਸ਼ਟ ਵਾਹਿਗੁਰੂ ਦੀ ਜੋਤ ਧਾਰਨ ਕੀਤੀ ਹੋਈ ਹੈ। ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹਨ, ਅਨੰਦ ਦੇ ਦਾਤੇ ਹਨ, ਦੁੱਖਾਂ ਨੂੰ ਦੂਰ ਕਰ ਦਿੰਦੇ ਹਨ ਅਤੇ ਆਪਣੇ ਸੇਵਕਾਂ ਨੂੰ ਅਸ਼ੀਰਵਾਦ ਦਿੰਦੇ ਹਨ। ਕਈ ਪਾਸ ਰਹਿੰਦੇ ਹਨ, ਉਨ੍ਹਾਂ ਦੇ ਜਮਾਂ ਦੇ ਭੈਅ ਨੂੰ ਦੂਰ ਕਰਦੇ ਹਨ, ਗੁਣਾਂ ਦੀ ਪੂੰਜੀ ਨੂੰ ਧਾਰਨ ਕਰਦੇ ਹਨ ਅਤੇ ਮੋਹ ਨੂੰ ਦੂਰ ਕਰਦੇ ਹਨ॥ ੨੮॥

ਸੰਗਤਿ ਪਿਤਾ ਨੈ ਦੀਨਿ, ਥੋਰੀ ਕਛੁ ਆਵੈ ਤਹਾਂ, ਪ੍ਰਿਥੀਏ ਸੁ ਮਹਾਂਦੇਵ ਹੇਤ ਗੁਜਰਾਨ ਕੇ।
ਕਰਾਮਾਤ ਸਾਹਿਬ ਸੁ ਏਕ ਗੁਰੂ ਅਰਜਨ ਤਾਂ ਸੋ ਦ੍ਵੈਸ਼ ਠਾਨੈਂ, ਨਹਿਂ ਸਾਕਹੀ ਪਛਾਨ ਕੈ।
ਦਰਬ ਉਦਾਰ ਆਵੈ ਚਲਜੋ ਦਿਸ਼ ਚਾਰ ਹੂੰ ਤੇ ਅਨਿਕ ਪਦਾਰਥ ਅਨੂਠੇ ਗਤਿ ਦਾਨ ਕੇ।
ਜਰੀ ਹੂੰ ਨ ਜਾਇ, ਜਰ ਜਾਇਂ ਦੁਖ ਪਾਇ ਕਰਿ 'ਹੁਤੋ ਲਘੁ ਭ੍ਰਾਤ ਭਯੋ ਐਸ਼੍ਵਰਜ ਮਹਾਂਨ ਕੇ' ॥੨੯॥

ਸਾਰੀ ਸੰਗਤ ਪਿਤਾ ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਸੀ, ਥੋੜ੍ਹੀ-ਬਹੁਤ ਸੰਗਤ ਉਥੇ ਪ੍ਰਿਥੀਏ ਮਹਾਂਦੇਵ ਕੋਲ ਵੀ ਆਉਂਦੀ ਸੀ ਜਿਸ ਨਾਲ ਉਨ੍ਹਾਂ ਦਾ ਮਸਾਂ ਗੁਜ਼ਾਰਾ ਹੀ ਹੁੰਦਾ ਸੀ। ਕਰਾਮਾਤ ਯੁਕਤ ਗੁਰੂ ਅਰਜਨ ਦੇਵ ਜੀ ਨਾਲ ਉਹ ਦ੍ਵੈਖ ਭਾਵਨਾ ਰੱਖਦੇ ਹਨ, ਉਸ ਨੂੰ ਆਪਣਾ ਛੋਟਾ ਭਰਾ ਸਮਝਦੇ ਹਨ, ਗੁਰੂ ਨਹੀਂ ਸੀ ਪਛਾਣਦੇ। ਚਾਰੇ ਪਾਸਿਆਂ ਤੋਂ ਖੁਲ੍ਹਾ ਧਨ ਆ ਰਿਹਾ ਸੀ, ਅਨੇਕ ਪ੍ਰਕਾਰ ਦੇ ਪਦਾਰਥ ਆ ਰਹੇ ਸਨ, ਦਾਨ ਦੀ ਵਿਲੱਖਣ ਗਤੀ ਸੀ। ਦੋਵਾਂ ਭਰਾਵਾਂ ਤੋਂ ਗੁਰੂ ਜੀ ਦੀ ਚੜ੍ਹਤ ਜਰੀ ਨਹੀਂ ਸੀ ਜਾਂਦੀ, ਦੁੱਖ ਪਾ ਕੇ ਸੜ ਜਾਂਦੇ ਸਨ ਤੇ ਕਹਿੰਦੇ ਸਨ ਸਾਡਾ ਛੋਟਾ ਭਰਾ ਹੈ ਜਿਹੜਾ ਮਹਾਨ ਐਸ਼ ਲੈ ਰਿਹਾ ਹੈ॥ ੨੯॥

ਕੋਊ ਦਿਨ ਬੀਤ ਗਏ ਗਾਦੀ ਗੁਰਤਾ ਕੀ ਲੀਏ ਮੇਲਾ ਤਬਿ ਆਯੋ ਮਹਾਂ, ਮੇਖ ਸੰਕ੍ਰਾਂਤ ਕੋ।
ਮਿਲੀ ਦੂਰਿ ਦੂਰਿ ਹੂੰ ਤੇ ਸੰਗਤਿ ਹਜ਼ੂਰ ਗਨ ਪੂਰਨ ਪਦਾਰਥ ਦਰਬ ਭੂਰ ਭਾਂਤਿ ਕੋ।
ਬੈਠੇ ਗੁਰੂ ਅਰਜਨ ਹੇਰਿ ਕਰੈਂ ਅਰਜ਼ਨਿ ਸਖਾ ਅਰਜਨ ਕੇ ਸਰੂਪ ਸੁਖਦਾਤ ਕੋ।
ਭੇਟ ਧਰੈਂ ਆਇ ਆਇ ਜਾਚੈਂ ਚਿਤ ਚਾਇ ਚਾਇ ਪਾਇ ਪਾਇ ਬਰ ਕੋ ਹਰਖ ਭਰਿ ਜਾਤਿ ਕੋ॥੩੦॥

ਜਦ ਗੁਰਤਾ-ਗੱਦੀ ਲੈ ਕੇ ਬਹੁਤ ਦਿਨ ਬੀਤ ਗਏ ਤਾਂ ਵੈਸਾਖੀ ਦਾ ਪੁਰਬ ਆ ਗਿਆ। ਦੂਰ ਦੂਰ ਤੋਂ ਸੰਗਤ ਆ ਕੇ ਗੁਰੂ ਜੀ ਨੂੰ ਮਿਲੀ ਤੇ ਉਨ੍ਹਾਂ ਨੇ ਕਈ ਪ੍ਰਕਾਰ ਦੇ ਪਦਾਰਥ ਅਤੇ ਧਨ ਅਰਪਣ ਕੀਤਾ। ਗੁਰੂ ਅਰਜਨ ਦੇਵ ਜੀ ਬੈਠੇ ਹਨ, ਉਨ੍ਹਾਂ ਦੇ ਸੁਖਦਾਤੇ ਸਰੂਪ ਨੂੰ ਵੇਖ ਕੇ ਸਿੱਖ ਬੇਨਤੀਆਂ ਕਰਦੇ ਹਨ। ਆ ਆ ਕੇ ਭੇਟਾਵਾਂ ਅਰਪਣ ਕਰਦੇ ਹਨ, ਚਿੱਤ ਵਿਚ ਚਾਹ ਚਾਹ ਕੇ ਮੁਰਾਦਾਂ ਮੰਗਦੇ ਹਨ ਅਤੇ ਵਰ ਪਾ ਪਾ ਕੇ ਖ਼ੁਸ਼ ਹੋ ਕੇ ਚਲੇ ਜਾਂਦੇ ਹਨ॥ ੩੦॥

ਆਯੋ ਸਿਖ ਏਕ ਬਰ ਜੇਵਰ ਕੋ ਲਜਾਇ ਧਰਜੋ, ਤੇਵਰ ਮਨੋਹਰ ਚਢਾਯੋ ਹਾਥ ਬੰਦ ਕੇ।
ਬਿਨਤੀ ਸੁਨਾਈ 'ਦੇਹੁ ਮੰਦਰ ਪੁਚਾਈ ਏਹੁ, ਭਾਵਨਾ ਪੁਰੇਹੁ ਮੇਰੀ, ਦਾਨੀ ਹੋ ਅਨੰਦ ਕੇ'।
ਕਹਜੋ ਮਾਨਿ, ਦਾਸ ਕੋ ਪਠਾਯੋ ਸੁ ਅਵਾਸ ਕੋ, ਬਿਲੋਕਜੋ ਛਬਿ ਰਾਸ ਕੋ ਜੁ ਮੋਲ ਧਨ ਬ੍ਰਿੰਦ ਕੇ।
ਗੰਗਾ ਹਰਖਾਈ, ਅੰਗ ਪਹਿਰੇ ਸੁਹਾਈ ਬਹੁ ਗੁਰਤਾ ਬਡਾਈ ਜਾਨ ਕੰਤਹਿ ਬਿਲੰਦ ਕੇ॥੩੧॥

ਇਕ ਸਿੱਖ ਆਇਆ, ਉਸ ਆ ਕੇ ਇਕ ਸੁੰਦਰ ਗਹਿਣੇ ਨੂੰ ਗੁਰੂ ਜੀ ਦੇ ਅੱਗੇ ਲਿਆ ਧਰਿਆ ਅਤੇ ਹੱਥ ਜੋੜ ਕੇ ਤਿੰਨ ਜਨਾਨੇ ਕੱਪੜੇ ਅੱਗੇ ਚੜ੍ਹਾ ਦਿੱਤੇ ਅਤੇ ਬੇਨਤੀ ਕੀਤੀ, "ਇਨ੍ਹਾਂ ਵਸਤਰਾਂ ਨੂੰ ਆਪਣੇ ਘਰ ਪਹੁੰਚਾ ਦੇਵੋ, ਮੇਰੀ ਮੁਰਾਦ ਪੂਰੀ ਕਰੋ, ਤੁਸੀਂ ਅਨੰਦਦਾਤਾ ਹੋ"। ਉਸ ਸਿੱਖ ਦਾ ਕਿਹਾ ਮੰਨ ਕੇ ਗੁਰੂ ਜੀ ਨੇ ਉਹ ਵਸਤਰ ਇਕ ਸਿੱਖ ਨੂੰ ਦੇ ਕੇ ਆਪਣੇ ਘਰ ਨੂੰ ਭੇਜ ਦਿੱਤਾ। ਬੜੇ ਕੀਮਤੀ ਅਤੇ ਸੁੰਦਰ ਕਪੜੇ ਗਹਿਣੇ ਵੇਖ ਕੇ ਗੁਰੂ ਜੀ ਦੀ ਮਹਿਲ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਈ। ਆਪਣੇ ਪਤੀ ਦੇਵ ਦੀ ਉੱਚੀ ਵਡਿਆਈ ਜਾਣ ਕੇ ਉਸ ਨੇ ਵਸਤਰਾਂ ਨੂੰ ਆਪਣੇ ਗਲ ਵਿਚ ਪਾ ਕੇ ਬੜੀ ਸ਼ੋਭਨੀਕ ਬਣ ਗਈ॥ ੩੧॥

ਸ੍ਵੈਯਾ- ਸੰਗਤਿ ਬ੍ਰਿੰਦ ਬਿਦਾ ਕਰਿ ਦੀਨਿ ਦੀਏ ਸਿਰੁਪਾਉ ਜਥੋ ਚਿਤ ਜਾਨੇ।
ਕੇਤਿਕ ਪੈ ਬਹੁ ਕੀਨਿ ਖੁਸ਼ੀ ਧਨ ਪੂਤਨ ਕੇ ਜੁ ਮਨੋਰਥ ਠਾਨੇ।
'ਸ੍ਰੀ ਗੁਰ ਅੰਤ ਸਹਾਇਕ ਹੋਵਹੁ' ਕੇਤਿਕ ਨੇ ਇਹ ਭਾਂਤਿ ਬਖਾਨੇ।
ਕੇਤਿਕ ਕੋ ਸਤਿਨਾਮ ਲਗਾਯਹੁ, ਕੇਤਿਕ ਗ੍ਯਾਨ ਤੇ ਕੀਨਿ ਮਹਾਂਨੇ ॥੩੨॥

ਸਮੂਹ ਸੰਗਤ ਨੂੰ ਜਿਵੇਂ ਚਿੱਤ ਵਿਚ ਜਾਣਿਆ, ਉਸ ਤਰ੍ਹਾਂ ਸਰੋਪੇ ਆਦਿ ਦੇ ਕੇ ਵਿਦਾ ਕੀਤਾ। ਕਈ ਸਿੱਖਾਂ ਉੱਤੇ ਬਹੁਤ ਖੁਸ਼ੀ ਕੀਤੀ, ਧਨ, ਪੁੱਤ ਆਦਿ ਜੋ ਵੀ ਕਿਸੇ ਮਨੋਰਥ ਕੀਤਾ ਦਿੱਤਾ। ਕਈਆਂ ਨੇ ਕੇਵਲ ਇਹੋ ਮੰਗਿਆ, "ਹੇ ਗੁਰੂ ਅੰਤ ਸਮੇਂ ਸਹਾਈ ਹੋਵੋ"। ਕਈਆਂ ਨੂੰ ਸਤਿਨਾਮ ਸਿਮਰਨ ਤੇ ਲਾ ਦਿੱਤਾ, ਕਈਆਂ ਨੂੰ ਗਿਆਨ ਦੇ ਕੇ ਮਹਾਨ ਕਰ ਦਿੱਤਾ॥ ੩੨॥

ਭਾਂਤਿ ਅਨੇਕਨ ਕੇਰ ਮਨੋਰਥ ਸਿੱਖਜਨ ਕੇ ਸਭਿ ਪੂਰਨ ਕੀਨੇ।
ਜਾਤਿ ਭਏ ਨਿਜ ਧਾਮਨ ਕੋ, ਅਭਿਰਾਮ ਕਹੈਂ ਜਸ ਕੋ ਰਸਭੀਨੇ।
'ਸੁੰਦਰ ਰੂਪ ਸੁਸ਼ੀਲ ਮਹਾਂ ਬਰ ਦੇਤਿ ਉਦਾਰ, ਸਮਾਨ ਨ ਚੀਨੇ।
ਸ੍ਰੀ ਗੁਰ ਨੰਦ ਬਿਲੰਦ ਗੁਣੋ ਕਰਿ, ਰੂਪ ਮੁਕੰਦ ਅਭੈ ਬਰ ਦੀਨੇ' ॥੩੩॥

ਸਿੱਖਾਂ ਦੇ ਅਨੇਕਾਂ ਪ੍ਰਕਾਰ ਦੇ ਮਨੋਰਥ ਪੂਰੇ ਕੀਤੇ, ਉਹ ਆਪਣੇ ਘਰਾਂ ਨੂੰ ਜਾ ਰਹੇ, ਸੁੰਦਰ ਜੱਸ ਕਹਿ ਰਹੇ ਸਨ। "ਸੁੰਦਰ ਸਰੂਪ ਹੈ, ਮਹਾਨ ਸੁਸ਼ੀਲ ਹਨ ਅਤੇ ਖੁਲ੍ਹ-ਦਿਲੀ ਨਾਲ ਵਰ ਦਿੰਦੇ ਹਨ, ਇਨ੍ਹਾਂ ਵਰਗਾ ਹੋਰ ਕੋਈ ਨਹੀਂ ਵੇਖਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰ ਬੜੇ ਉੱਚੇ ਗੁਣਾਂ ਵਾਲੇ ਹਨ, ਮੁਕਤੀ ਦਾਤਾ ਸਰੂਪ ਹੈ ਤੇ ਭੈ-ਰਹਿਤ ਵਰ ਦਿੰਦੇ ਹਨ"॥ ੩੩॥

ਫੇਰ ਗਏ ਗੁਰ ਮੰਦਰ ਕੋ ਪਿਖਿ ਗੰਗ ਉਠੀ ਉਰ ਮੈਂ ਹਰਖਾਈ।
ਤੇਵਰ ਜ਼ੇਵਰ ਕੀ ਸਭਿ ਬਾਤਿ ਸੁ ਪੂਛਤਿ ਭੀ 'ਕਿਤ ਭੇਟਜੁ ਆਈ?
ਕੀਨਿ ਅਜਾਇਬ ਮੋਲ ਮਹਾਂਨ ਕੋ ਦੇਸ਼ ਕਿਸੂ ਮਹਿਂ ਭਾ ਅਧਿਕਾਈ।
ਰਾਵਰ ਕੇ ਚਰਨਾਂਬੁਜ ਕੋ ਅਰਪਯੋ ਕਰਿ ਭਾਵਨੀ ਸੋਂ ਛਬਿ ਪਾਈ' ॥੩੪॥

ਫੇਰ ਗੁਰੂ ਜੀ ਘਰ ਨੂੰ ਗਏ, ਸੁਪਤਨੀ ਗੰਗਾ ਜੀ ਵੇਖ ਕੇ ਉੱਠੀ ਅਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਤਿੰਨਾਂ ਜਨਾਨੇ ਕਪੜਿਆਂ ਅਤੇ ਗਹਿਣੇ ਦੀ ਗੱਲ ਪੁੱਛਣ ਲੱਗੀ, "ਇਹ ਭੇਟਾ ਕਿਥੋਂ ਆਈ ਹੈ? ਅਜੀਬ ਅਤੇ ਸੁੰਦਰ ਵਸਤਰ ਜਿਹੜੇ ਬਹੁਤ ਕੀਮਤੀ ਹਨ, ਉਹ ਕਿਸ ਦੇਸ਼ ਦਾ ਵੱਡਾ ਹਾਕਮ ਹੈ ਜਿਸ ਨੇ ਭਾਵਨਾ ਧਾਰ ਕੇ ਆਪ ਦੇ ਚਰਨਾਂ ਤੇ ਅਰਪਣ ਕਰਕੇ ਸ਼ੋਭਾ ਪਾਈ ਹੈ"॥ ੩੪॥

ਕਬਿੱਤ-ਭਨੈਂ ਨਿਜ ਭਾਰਜਾ ਸੋਂ 'ਆਰਜਾ! ਸ਼੍ਰਵਣ ਕਰਿ, ਬਡੇ ਗੁਰੂ ਨਾਨਕ ਪ੍ਰਤਾਪ ਸਭਿ ਦੇਸ਼ ਕਰਿ।
ਕਲੀ ਕਾਲ ਭਾਰੀ ਜਾਨਿ ਸਿੱਖੀ ਬਿਸਤਾਰੀ ਆਨਿ, ਬਿਸ਼ੈ ਬਿਸ ਤਾਰੀ, ਸਤਿਨਾਮ ਦੇ ਵਿਸ਼ੇਸ਼ੁ ਕਰਿ।
ਆਵੈਂ ਦੂਰਿ ਦੂਰਿ ਤੇ ਉਪਾਇਨ ਕੋ ਭੂਰ ਲ੍ਯਾਇ ਪੂਰਨ ਮਨੋਰਥ ਹਦੂਰ ਮੈਂ ਅਸ਼ੇਸ਼ ਕਰਿ।
ਤਿਨਹੰ ਕੇ ਨਾਮ ਕਰਿ ਆਨੇ ਨਿਜ ਧਾਮ ਹੂੰ ਤੇ, ਚੀਰ ਅਭਿਰਾਮ, ਧਨ ਮੁਕਤਾਦਿ ਬੇਸ ਕਰਿ' ॥੩੫॥

ਗੁਰੂ ਜੀ ਆਪਣੀ ਸੁਪਤਨੀ ਨੂੰ ਕਹਿਣ ਲੱਗੇ, "ਹੇ ਸ੍ਰੇਸ਼ਟ ਇਸਤਰੀ! ਸੁਣੋ, ਵੱਡੇ ਗੁਰੂ ਨਾਨਕ ਦੇਵ ਜੀ ਦਾ ਸਭ ਦੇਸ਼ਾਂ ਵਿਚ ਵੱਡਾ ਪ੍ਰਤਾਪ ਹੈ, ਕਲਜੁਗ ਦਾ ਸਮਾਂ ਕਠਨ ਜਾਣ ਕੇ ਉਨ੍ਹਾਂ ਸਿੱਖੀ ਦਾ ਵਿਸਥਾਰ ਕੀਤਾ, ਵਿਸ਼ਿਆਂ ਦੀ ਜ਼ਹਿਰ ਤੋਂ ਸੰਸਾਰ ਨੂੰ ਤਾਰਿਆ ਅਤੇ ਸਤਿਨਾਮ ਦਾ ਵਿਸ਼ੇਸ਼ ਜਾਪ ਕਰਾਇਆ। ਉਨ੍ਹਾਂ ਦੇ ਸਿੱਖ ਦੂਰ ਦੂਰ ਤੋਂ ਬਹੁਤ ਨਜ਼ਰਾਨੇ ਲੈ ਕੇ ਆਉਂਦੇ ਹਨ ਅਤੇ ਭੇਟ ਕਰਕੇ ਆਪਣੇ ਮਨੋਰਥ ਪੂਰੇ ਕਰਦੇ ਹਨ। ਉਨ੍ਹਾਂ ਦੇ ਨਾਮ ਕਰਕੇ ਮੈਂ ਆਪਣੇ ਘਰ ਇਹ ਵਧੀਆ ਕਪੜੇ, ਗਹਿਣੇ, ਧਨ ਅਤੇ ਹੀਰੇ ਮੋਤੀ ਲੈ ਕੇ ਆਇਆ ਹਾਂ" ॥ ੩੫ ॥

**ਮਹਿਮਾ ਉਤੰਗ ਗੁਰੂ ਨਾਨਕ ਕੀ ਸੁਨੀ ਗੰਗ, ਮਹਾਂ ਪ੍ਰੇਮ ਸੰਗ ਨਮੋ ਕੀਨਿ ਹਾਥ ਬੰਦ ਕੇ।**
**ਐਸੇ ਰਾਮਦਾਸਪੁਰਿ ਬਾਸ ਕੈ ਬਿਤਾਇ ਸਮੋਂ, ਦਾਸ ਮਿਲਿ ਆਸ ਧਰਿ ਪਾਸ ਹ੍ਵੈ ਮੁਕੰਦ ਕੇ।**
**ਜ਼ਰੀਦਾਰ ਅੰਬਰ ਪਟੰਬਰ ਸੁਹਾਇ ਬਡੋ ਕਬਿ ਕਬਿ ਪਹਿਰੇ ਸਮੇਤ ਹ੍ਵੈ ਅਨੰਦ ਕੇ।**
**ਨਾਤੁਰ ਸੁਧਾਰਿ ਧਰੈਂ ਦਾਸੀ ਜੇ ਸੰਭਾਰਿ ਕਰੈਂ, ਬਚਨ ਉਚਰੈਂ 'ਬਨਜੋ ਲਾਗੇ ਧਨ ਬ੍ਰਿੰਦ ਕੇ' ॥੩੬॥**

ਜਦ ਗੰਗਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਮਹਿਮਾ ਸੁਣੀ ਤਾਂ ਉਨ੍ਹਾਂ ਹੱਥ ਜੋੜ ਕੇ ਨਮਸਕਾਰ ਕੀਤੀ। ਇਸ ਤਰ੍ਹਾਂ ਰਾਮਦਾਸਪੁਰ ਵਸ ਕੇ ਸਮਾਂ ਬਤੀਤ ਕੀਤਾ, ਦਾਸ ਆਸਾਂ ਲੈ ਕੇ ਮੁਕਤੀਦਾਤੇ ਦੇ ਪਾਸ ਆਉਂਦੇ ਸਨ। ਮਾਤਾ ਜੀ ਜਰੀਦਾਰ ਪਟ ਦੇ ਵਸਤਰ ਜਦ ਜਦ ਵੀ ਅਨੰਦ-ਮਈ ਹੋ ਕੇ ਪਹਿਨਦੇ ਸਨ ਤਾਂ ਬਹੁਤ ਸ਼ੋਭਨੀਕ ਅਤੇ ਸੁੰਦਰ ਲੱਗਦੇ ਸਨ ਜਾਂ ਜਦ ਕਦੀ ਦਾਸੀ ਕਪੜਿਆਂ ਦੀ ਸਾਫ ਸਫਾਈ ਅਤੇ ਸੰਭਾਲ ਕਰਦੀ ਸੀ ਤਾਂ ਉਹ ਕਹਿੰਦੀ ਸੀ, "ਬਹੁਤ ਧਨ ਖਰਚ ਕੇ ਇਹ ਵਸਤਰ ਬਣੇ ਹਨ" ॥ ੩੬ ॥

**ਗ੍ਰੀਖਮ ਬਿਤਾਈ ਰੁਤਿ ਬਰਖਾ ਕੀ ਆਈ ਪੁਨਿ ਘਟਾ ਘੁਮੜਾਈ ਜਲ ਜਲਧਰ ਛੋਰਿਤੇ।**
**ਝਰੀ ਮਿਟਿ ਗਈ ਜਬਿ ਦਾਸੀ ਸੁਧਿ ਲਈ ਤਬਿ, ਸਭਿ ਪਸ਼ਮੰਬਰ ਪਟੰਬਰ ਲੇ ਭੋਰ ਤੇ।**
**ਆਤਪ ਲਗੈਬੇ ਹੇਤ ਪਾਏ ਸੋ ਨਿਕੇਤ ਪਰ, ਬੈਠੀ ਹ੍ਵੈ ਸੁਚੇਤ ਕਰੈ ਰਾਖੀ ਚਹੂੰ ਓਰ ਤੇ।**
**ਬੀਥਕਾ ਮੈਂ ਜਾਤਿ ਲੋਕ ਸੁੰਦਰ ਬਿਲੋਕਿ ਕਰਿ ਸਗਰੇ ਸਰਾਹੈਂ 'ਸਿਖ ਲਜਾਯੋ ਸੁਖ ਲੋਰ ਤੇ' ॥੩੭॥**

ਗਰਮੀ ਦੀ ਰੁੱਤ ਬੀਤ ਗਈ, ਫਿਰ ਵਰਖਾ ਰੁੱਤ ਆ ਗਈ, ਘਟਾਵਾਂ ਚੜ੍ਹ ਕੇ ਆ ਗਈਆਂ ਅਤੇ ਬੱਦਲਾਂ ਨੇ ਬਹੁਤ ਬਾਰਸ਼ ਕੀਤੀ। ਜਦ ਬਾਰਸ਼ ਦੇ ਦਿਨ ਖਤਮ ਹੋਏ ਤਾਂ ਦਾਸੀ ਨੇ ਜਦ ਵਸਤਰਾਂ ਦੀ ਦੇਖ-ਭਾਲ ਕੀਤੀ ਤਾਂ ਉਸ ਸਾਰੇ ਕਪੜੇ ਲੈ ਲਏ ਅਤੇ ਧੁਪ ਲਵਾਉਣ ਵਾਸਤੇ ਛੱਤ ਤੇ ਸੁੱਕਣੇ ਪਾ ਦਿੱਤੇ ਅਤੇ ਆਪ ਬੜੀ ਸੁਚੇਤ ਹੋ ਕੇ ਕਪੜਿਆਂ ਦੀ ਰਾਖੀ ਬੈਠ ਗਈ। ਗਲੀ ਵਿਚ ਜਾਂਦੇ ਲੋਕ ਕਪੜਿਆਂ ਨੂੰ ਵੇਖ ਕੇ ਬੜੀ ਸ਼ਲਾਘਾ ਕਰਦੇ ਸਨ ਅਤੇ ਕਹਿੰਦੇ ਸਨ "ਕੋਈ ਸਿੱਖ ਸੁਖ ਦੀ ਲੋੜ ਵਾਸਤੇ ਲਿਆਇਆ ਹੈ" ॥ ੩੭ ॥

**ਪ੍ਰਿਥੀਏ ਕੀ ਦਾਸੀ ਦੇਖਿ ਈਰਖਾ ਵਿਸ਼ੇਖ ਕਰਿ, ਗਈ ਤਿਸ ਭਾਰਜਾ ਕੇ ਪਾਸਿ ਹ੍ਵੈ ਸਨਾਇ ਦੀਨ।**
**'ਤੁਮਰੀ ਦਿਰਾਣੀ ਕੇ ਲੁਭਾਣੀ ਸ਼ੁਭ ਚੀਰ ਹੇਰਿ ਆਏ ਕਿਸੀ ਦੇਸ਼ ਤੇ ਬਿਸ਼ੇਸ਼ ਧਨੁ ਲਾਇ ਕੀਨ।**
**ਆਗੇ ਨ ਬਿਲੋਕੇ ਅਸ, ਸੁਨੇ ਹੂੰ ਨ ਕਾਨ ਕਰਿ, ਕਿਸੀ ਪਾਤਿਸ਼ਾਹ ਢਿਗ ਹੋਹਿੰ ਕਿਧੋ ਨਾਂਹਿ ਚੀਨ।**
**ਊਪਰਿ ਪਰੇ ਹੈਂ, ਮਹਾਂ ਦਮਕ ਭਰੇ ਹੈਂ, ਚਾਰੁ ਕੈਸੇ ਕਿਸੂ ਕਰੇ ਹੈਂ, ਧਰੇ ਹੈਂ ਭਾਵ ਬੀਨ ਬੀਨ' ॥੩੮॥**

ਜਦ ਪ੍ਰਿਥੀਏ ਦੀ ਦਾਸੀ ਨੇ ਉਹ ਸੁੰਦਰ ਵਸਤਰ ਵੇਖੇ ਤੇ ਬੜੀ ਈਰਖਾ ਕੀਤੀ ਤੇ ਓਸੇ ਵੇਲੇ ਪ੍ਰਿਥੀਏ ਦੀ ਪਤਨੀ ਕਰਮੋ ਪਾਸ ਗਈ ਤੇ ਉਸ ਨੂੰ ਸੁਣਾ ਕੇ ਕਿਹਾ, "ਮੈਂ ਤੁਹਾਡੀ ਦਰਾਣੀ ਦੇ ਦਿਲ ਨੂੰ ਮੋਹ ਲੈਣ ਵਾਲੇ ਸ਼ੁਭ ਵਸਤਰ ਵੇਖ ਕੇ ਆਈ ਹਾਂ, ਕਿਸੇ ਬਾਹਰਲੇ ਦੇਸ਼ ਵਿਚ ਬਹੁਤ ਧਨ ਲਾ ਕੇ ਤਿਆਰ ਕੀਤੇ ਹਨ। ਪਹਿਲਾਂ ਤਾਂ ਅਜਿਹੇ ਕਪੜੇ ਕਿਤੇ ਨਹੀਂ ਵੇਖੇ ਅਤੇ ਨਾ ਹੀ ਕੰਨਾਂ ਨਾਲ ਸੁਣੇ ਹਨ, ਕਿਸੇ ਬਾਦਸ਼ਾਹ ਪਾਸ ਵੀ ਹੋਣ ਜਾਂ ਨਾ ਹੋਣ, ਇਹ ਜਾਣ ਲਵੋ। ਉਪਰ ਛੱਤ ਤੇ ਪਏ ਹਨ, ਬਹੁਤ ਚਮਕ ਰਹੇ ਹਨ, ਪਤਾ ਨਹੀਂ ਏਨੇ ਸੁੰਦਰ ਕਿਸੇ ਨੇ ਕਿਸ ਤਰ੍ਹਾਂ ਬਣਾਏ ਹਨ, ਕਿਸੇ ਨੇ ਚੁਣ ਚੁਣ ਕਾਰੀਗਰੀ ਕੀਤੀ ਹੈ" ॥ ੩੮ ॥

ਸੁਨਿ ਕੈ ਸ਼ਰੀਕਨਿ ਲਗੀ ਹੈ ਮਨ ਨੀਕ ਨ, ਅਰੂਢੀ ਨਿਜ ਮੰਦਰ ਪੈ ਸੁੰਦਰ ਨਿਹਾਰਿਓ।
ਸੂਰਜ ਕੀ ਜੋਤਿ ਸੰਗ ਏਕ ਰੰਗ ਹੋਇ ਰਹ੍ਯੋ, ਜਰੀ ਅੰਗ ਅੰਗ ਮੈਂ, ਨ ਜਰੀ ਜਾਇ ਜਾਰਿਓ।
ਝਲਮਲ ਝਲਕਤਿ ਆਗ ਸਮ ਲਾਗ੍ਯੋ ਨੈਨ, ਬੈਨ ਹੂੰ ਨ ਬੋਲ ਸਕੈ ਮਾਨੋ ਉਰ ਫਾਰਿਓ।
ਹੋਈ ਬਿਸੰਭਾਰ ਲੀਨ ਦਾਸੀ ਨੇ ਉਤਾਰਿ ਤਬਿ, ਧਾਰਤਿ ਉਦਾਸੀ, ਮਨ ਮਾਨੋ ਕਿਤ ਹਾਰਿਓ ॥੩੯॥

ਇਹ ਸੁਣ ਕੇ ਸ਼ਰੀਕਣ ਕਰਮੋਂ ਦੇ ਮਨ ਨੂੰ ਚੰਗਾ ਨਾ ਲਗਿਆ ਆਪਣੇ ਘਰ ਦੀ ਛੱਤ ਤੇ ਚੜ੍ਹ ਕੇ ਉਸ ਸੁੰਦਰ ਵਸਤਰਾਂ ਨੂੰ ਵੇਖਿਆ। ਵਸਤਰ ਸੂਰਜ ਦੀ ਜੋਤ ਨਾਲ ਇਕ ਰੰਗ ਹੋ ਰਹੇ ਸਨ, ਵੇਖ ਕੇ ਅੰਗ ਅੰਗ ਵਿਚ ਸੜ ਗਈ, ਸਹਾਰ ਨਾ ਸਕੀ, ਈਰਖਾ ਨੇ ਸਾੜ ਦਿੱਤਾ। ਝਿਲਮਿਲ ਝਲਕਦੇ ਵਸਤਰ ਉਸ ਦੀਆਂ ਅੱਖਾਂ ਨੂੰ ਅੱਗ ਵਾਂਗ ਲੱਗੇ, ਕੁਝ ਬੋਲਿਆ ਵੀ ਨਹੀਂ ਸੀ ਜਾਂਦਾ, ਮਾਨੋਂ ਦਿਲ ਪਾਟ ਗਿਆ ਸੀ। ਜਦ ਬੇਹੋਸ਼ ਹੋ ਗਈ ਤਾਂ ਦਾਸੀ ਨੇ ਸੰਭਾਲ ਕੇ ਥੱਲੇ ਉਤਾਰ ਲਈ। ਤਦ ਬਹੁਤ ਉਦਾਸ ਹੋ ਗਈ, ਮਨ ਮਾਨੋਂ ਕਿਸੇ ਤੋਂ ਹਾਰ ਗਿਆ ਸੀ॥ ੩੯॥

ਬੈਠੀ ਸਾਰੇ ਦਿਨ, ਉਦਬਿਗਨ ਭਈ ਹੈ ਮਨ, ਰੈਨ ਪਰੀ ਜਾਨਿ ਕੈ ਪ੍ਰਿਥੀਆ ਧਾਮ ਆਇਓ।
ਹੇਰਿ ਬਾਲ ਹਾਲ ਕੋ ਬੁਲਾਇ ਕੈ ਬਿਹਾਲ ਕੋ ਕਹ੍ਯੋ ਹੈ ? 'ਕਿਸ ਖਯਾਲ ਤੇ ਬਿਸਾਦ ਬਡੋ ਪਾਇਓ?।
ਕੌਨ ਕਾਜ ਭੌਨ ਕੋ ਬਿਗਰ ਗਯੋ ? ਮੌਨ ਕਰੀ, ਕੈਧੌਂ ਕਿਹ ਸੰਗ ਲਰੀ, ਕੈ ਕਛੂ ਗਵਾਇਓ?।
ਦੀਜੈ ਸੋ ਬਤਾਇ ਸਭਿ ਚਿੰਤ ਕੋ ਬਿਤਾਇ ਅਬਿ, ਕੈਸੇ ਪਛੁਤਾਇ ਮੁਰਝਾਇ ? ਸਮਝਾਇਓ' ॥੪੦॥

ਸਾਰਾ ਦਿਨ ਮਨ ਵਿਚ ਬਹੁਤ ਵਿਆਕੁਲ ਹੋ ਕੇ ਬੈਠੀ ਰਹੀ, ਰਾਤ ਪਈ ਜਾਣ ਕੇ ਪ੍ਰਿਥੀਆ ਘਰ ਆਇਆ। ਆਪਣੀ ਇਸਤਰੀ ਦੇ ਹਾਲ ਨੂੰ ਵੇਖ ਕੇ ਬੁਲਾ ਕੇ ਵਿਆਕੁਲ ਹੋਈ ਨੂੰ ਕਿਹਾ, "ਕਿਸ ਖਿਆਲ ਕਰਕੇ ਬਹੁਤ ਬੇਚੈਨ ਹੋਈ ਹੈਂ? ਘਰ ਦਾ ਕਿਹੜਾ ਕੰਮ ਵਿਗੜ ਗਿਆ ਹੈ ? ਚੁੱਪ ਧਾਰਨ ਕੀਤੀ ਹੈ ਜਾਂ ਕਿਸੇ ਨਾਲ ਲੜੀ ਹੈਂ ਜਾਂ ਕੁਝ ਗਵਾਚ ਗਿਆ ਹੈ ? ਸਾਰੀ ਗੱਲ ਮੈਨੂੰ ਦੱਸੋ ਕਿ ਚਿੰਤਾ ਕਿਸ ਗੱਲ ਦੀ ਹੈ, ਕਿਸ ਤਰ੍ਹਾਂ ਪਛਤਾਵਾ ਕਰਕੇ ਮੁਰਝਾ ਰਹੀ ਹੈਂ ? ਮੈਨੂੰ ਸਮਝਾਓ" ॥ ੪੦॥

ਸੁਨਿਕੈ ਸਨੇਹ ਸਾਨੀ ਬਾਨੀ ਨਿਜ ਕੰਤ ਹੂੰ ਕੀ ਕਰਮੋ ਕਹਤਿ ਭਈ ਰਿਸ ਧਾਰਿ ਅਤੀਆ।
'ਹਮਰੇ ਸ਼ਰੀਕ ਹੂੰ ਕੇ ਨੀਕੀ ਨੀਕੀ ਭੇਟ ਆਵੈਂ, ਚੀਰ ਤਾਕੀ ਤੀ ਕੇ ਹੇਰਿ ਹੋਈ ਬਿਸਮਤੀਆ।
ਝਲਾਝਲ ਝਲਕਤਿ ਡੀਠ ਨ ਠਹਿਰ ਸਕੈ, ਧੂਨੀ ਜ੍ਯੋਂ ਧੁਖਤਿ ਮਮ ਸੁਲਗਤਿ ਛਤੀਆ।
ਹੋਇ ਹੈ ਬਡਾਈ ਨਿਤ, ਹਮਰੀ ਘਟਾਈ, ਬਾਤ ਸਾਕਨ ਮੈਂ ਬਿਥਰੈ ਜਗੱਤ ਜਿਤ ਕਿਤੀਆ ॥੪੧॥

ਆਪਣੇ ਪਤੀ ਦੇ ਪਿਆਰ-ਭਰੇ ਬਚਨ ਸੁਣਕੇ, ਕਰਮੋ ਨੇ ਬੜੇ ਗੁੱਸੇ ਵਿਚ ਆ ਕੇ ਕਿਹਾ, "ਸਾਡੇ ਸ਼ਰੀਕਾਂ ਦੇ ਬੜੀਆਂ ਚੰਗੀਆਂ ਭੇਟਾਵਾਂ ਆਉਂਦੀਆਂ ਹਨ, ਮੈਂ ਇਸਤਰੀ ਦੇ ਕਪੜੇ ਵੇਖ ਕੇ ਬਹੁਤ ਹੈਰਾਨ ਹੋਈ ਹਾਂ। ਝਲਝਲ ਝਲਕਦਿਆਂ ਦੇ ਉਤੇ ਨਜ਼ਰ ਨਹੀਂ ਠਹਿਰਦੀ, ਜਿਵੇਂ ਧੂਣੀ ਧੁਖਦੀ ਹੋਵੇ, ਇਸ ਤਰ੍ਹਾਂ ਮੇਰੀ ਛਾਤੀ ਸੜਦੀ ਹੈ। ਉਨ੍ਹਾਂ ਦੀ ਸਦਾ ਵਡਿਆਈ ਵਧ ਰਹੀ ਹੈ ਅਤੇ ਸਾਡੀ ਘਟ ਰਹੀ ਹੈ, ਜਿਥੇ-ਕਿਥੇ ਸਾਕਾਂ ਵਿਚ ਇਹ ਗੱਲ ਫੈਲ ਗਈ ਹੈ॥ ੪੧॥

ਕਰਤੇ ਪਿਤਾ ਕੀ ਸੇਵ ਪਾਵਤੇ ਸੁ ਪਦ ਏਵ, ਗੁਰਤਾ ਕੋ ਲੇਵ ਗੁਰਦੇਵ ਜਗ ਹੋਵਤੇ।
ਛੂਛੇ ਰਹੇ ਜੇਠੇ ਤੁਮ, ਪੈਠੇ ਘਰ ਬੈਠੇ ਰਹੋ, ਲੇ ਗਯੋ ਅਨੁਜ, ਸੋਈ ਕਾਟੈਂ ਜੋਈ ਬੋਵਤੇ।
ਅਨਗਿਨ ਧਨੁ ਆਵੈ, ਜਨ ਗਨ ਮਨ ਭਾਵੈ, ਮੋਦ ਮੈਂ ਸਮਾਵੈ, ਹਮ ਦੀਨ ਹੋਇ ਰੋਵਤੇ।
ਭਈ ਬਿਪਰੀਤਿ ਮਹਾਂ, ਜਰੀ ਹੂੰ ਨ ਜਾਇ ਚੀਤਿ, ਤੁਮਰੀ ਅਨੀਤ ਹੇਰਿ ਸੁਖ ਮੈਂ ਨ ਸੋਵਤੇ' ॥੪੨॥

ਜੇ ਤੁਸੀਂ ਪਿਤਾ ਜੀ ਦੀ ਸੇਵਾ ਕਰਦੇ ਤਾਂ ਇਸ ਤਰ੍ਹਾਂ ਇਹ ਸ੍ਰੇਸ਼ਟ ਪਦਵੀ ਪਾਉਂਦੇ, ਗੁਰਤਾ ਪ੍ਰਾਪਤ ਕਰਕੇ ਜਗਤ ਦੇ ਗੁਰਦੇਵ ਹੁੰਦੇ। ਤੁਸੀਂ ਜੇਠੇ ਪੁੱਤਰ ਹੋ ਕੇ ਖਾਲੀ ਰਹੇ ਹੋ, ਘਰ ਵਿਚ ਪ੍ਰਵੇਸ਼ ਕਰਕੇ ਬੈਠੇ ਰਹੇ ਹੋ, ਛੋਟਾ ਭਰਾ ਗੁਰਗੱਦੀ ਲੈ ਗਿਆ

ਹੈ, ਆਪਣੇ ਬੀਜੇ ਕੰਡੇ ਆਪ ਹੀ ਪੁਟਦੇ ਹੋ। ਅਣਗਿਣਤ ਧਨ ਆਉਂਦਾ ਹੈ, ਜਿਵੇਂ ਜਨ ਸਮੂਹ ਦੇ ਮਨ ਨੂੰ ਭਾਉਂਦਾ ਹੈ, ਸਦਾ ਅਨੰਦ ਪ੍ਰਸੰਨ ਰਹਿੰਦੇ ਹਨ, ਅਸੀਂ ਦੀਨ ਹੋਏ ਰੋ ਰਹੇ ਹਾਂ। ਬਹੁਤ ਵੱਡੀ ਉਲਟ ਫੇਰੀ ਹੋਈ ਹੈ, ਸਾਡੇ ਦਿਲ ਪਾਸੋਂ ਇਹ ਜਰੀ ਨਹੀਂ ਜਾਂਦੀ, ਤੁਹਾਡੀ ਅਨੀਤੀ ਵੇਖ ਕੇ ਸੁਖ ਨਾਲ ਨਹੀਂ ਸੁੱਤਾ ਜਾਂਦਾ" ॥ ੪੨ ॥

ਭਾਰਜਾ ਬਿਲੋਕਿ ਕੈ, ਸ ਸ਼ੋਕ ਬੀਚ ਓਕ ਕੈ, ਸੁ ਕਰਨ ਪ੍ਰਸੰਨ ਤਿਸ ਬਾਕ ਕੋ ਬਖਾਨਿਓ।
'ਚਿੰਤਾ ਚਿਤ ਚੂਰ ਕਰਿ, ਦੁਖ ਕੋ ਬਿਦਾਰ ਦੂਰ, ਜਾਨੀਏ ਨ ਕੂਰ ਲੇਹੁ ਸਾਚਿ ਮਨਿ ਮਾਨਿਓ।
ਜੀਵਤਿ ਹੈਂ ਜਾਵਤਿ ਸੋ ਪਾਵਤਿ ਉਪਾਇਨ ਕੋ ਸੰਮਤ ਕਿਤਿਕ ਹੋਇ ਅਰਜਨ ਹਾਨਿਓ।
ਜਨਮੈ ਨ ਸੁਤ, ਮ੍ਰਿਤੁ ਪਾਛੇ ਹਮੈ ਹੋਇ ਹਿਤ ਪਾਵੈਂ ਗੁਰਿਆਈ ਕੋ ਜੋ ਪਦ ਹੈ ਮਹਾਨਿਓ ॥੪੩ ॥

ਪ੍ਰਿਥੀਏ ਨੇ ਆਪਣੀ ਪਤਨੀ ਨੂੰ ਵੇਖ ਜਦ ਉਸ ਨੂੰ ਬਹੁਤ ਜ਼ਿਆਦਾ ਦੁਖੀ ਅਨੁਭਵ ਕੀਤਾ ਤਾਂ ਉਸ ਨੂੰ ਪ੍ਰਸੰਨ ਕਰਨ ਵਾਸਤੇ ਬੋਲਿਆ, "ਆਪਣੇ ਦਿਲ ਦੀ ਚਿੰਤਾ ਨੂੰ ਦੂਰ ਕਰੋ, ਦੁਖੀ ਹੋਣਾ ਵੀ ਛੱਡ ਦੇਵੋ, ਮੇਰੀ ਗੱਲ ਝੂਠੀ ਨਾ ਮੰਨੋ, ਇਸ ਨੂੰ ਮਨ ਵਿਚ ਸੱਚੀ ਮੰਨ ਲਵੋ। ਜਦ ਸ੍ਰੀ ਗੁਰੂ ਅਰਜਨ ਦੇਵ ਜੀਉਂਦੇ ਹਨ ਤਦ ਤਕ ਹੀ ਉਪਹਾਰ ਪ੍ਰਾਪਤ ਕਰਨਗੇ, ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੁਝ ਸਾਲਾਂ ਨੂੰ ਅੰਤ ਹੋ ਜਾਵੇਗਾ, ਇਨ੍ਹਾਂ ਦੇ ਘਰ ਪੁੱਤਰ ਪੈਦਾ ਨਹੀਂ ਹੋਵੇਗਾ, ਉਨ੍ਹਾਂ ਦੇ ਅੰਤ ਬਾਅਦ ਸਾਡਾ ਭਲਾ ਹੋਵੇਗਾ ਤੇ ਅਸੀਂ ਹੀ ਮਹਾਨ ਗੁਰਿਆਈ ਪਦ ਨੂੰ ਪਾਵਾਂਗੇ॥ ੪੩ ॥

ਨੰਦ ਕੇ ਅਨੰਦ ਬਿਨ ਵਸਤੂ ਬਿਲੰਦ ਗਨ ਭਰਜੇ ਜੋ ਸਦਨ ਸਭਿ ਆਪਨੋ ਹੀ ਜਾਨੀਅਹਿ।
ਮਾਲਕ ਨ ਔਰ ਬੈਠਿ ਠੌਰ ਜੋ ਸੰਭਾਰੈਂ ਸੋਊ, ਯਾਂਤੇ ਹਮ ਲੇਹਿੰ ਗੇ, ਨ ਦੇਹਿੰ ਆਨ ਮਾਨੀਅਹਿ।
ਸਗਰੇ ਪਦਾਰਥ ਅਕਾਰਥ ਸਪੂਤ ਬਿਨ, ਹਮ ਕੋ ਸਕਾਰਥ ਬਨਹਿੰ, ਪਹਿਚਾਨੀਅਹਿ।
ਕੋ ਦਿਨ ਬਡਾਈ ਜਰੋ, ਹੇਰਿ ਕੈ ਨ ਜਰੋ ਤਿਹ, ਜਰ ਹੀਨ ਜਰ ਕਿਸ ਕਾਜ ਕੀ? ਬਿਗਾਨੀਅਹਿ ॥੪੪ ॥

ਪੁੱਤਰ ਦੀ ਖ਼ੁਸ਼ੀ ਬਿਨਾਂ ਜੋ ਉਸ ਨੇ ਘਰ ਦੁਰਲੱਭ ਅਤੇ ਕੀਮਤੀ ਵਸਤਾਂ ਭਰੀਆਂ ਹਨ, ਉਨ੍ਹਾਂ ਨੂੰ ਆਪਣੀਆਂ ਹੀ ਜਾਣੋ। ਹੋਰ ਕੋਈ ਮਾਲਕ ਏਥੇ ਬੈਠਾ ਨਹੀਂ ਹੈ, ਜਿਹੜਾ ਇਨ੍ਹਾਂ ਵਸਤਾਂ ਨੂੰ ਸੰਭਾਲੇਗਾ, ਇਸ ਕਰਕੇ ਅਸੀਂ ਹੀ ਲਵਾਂਗੇ, ਹੋਰ ਕਿਸੇ ਨੂੰ ਨਹੀਂ ਦੇਵਾਂਗੇ, ਮੇਰੀ ਇਸ ਗੱਲ ਨੂੰ ਮੰਨੋ। ਪੁੱਤਰ ਦੀ ਦਾਤ ਬਗੈਰ ਇਹ ਸਾਰੇ ਪਦਾਰਥ ਅਕਾਰਥ ਹਨ, ਸਾਨੂੰ ਇਹ ਸਕਾਰਥ ਬਣਦੇ ਹਨ, ਇਸ ਤੱਥ ਨੂੰ ਸਮਝੋ। ਕੁਝ ਦਿਨ ਤਕ ਵਡਿਆਈ ਜਰੋ, ਉਨ੍ਹਾਂ ਨੂੰ ਵੇਖ ਕੇ ਸੜੋ ਨਾ, ਜੜ੍ਹ ਤੋਂ ਬਗੈਰ, ਭਾਵ ਪੁੱਤਰ ਤੋਂ ਬਗੈਰ ਧਨ ਦੌਲਤ ਕਿਸ ਕੰਮ, 'ਉਹ ਤਾਂ ਬਿਗਾਨਾ ਹੈ'" ॥ ੪੪ ॥

ਸ੍ਵੈਯਾ- ਯੌਂ ਪ੍ਰਿਥੀਏ ਕਹਿ ਧੀਰਜ ਕੀਨਸਿ 'ਹੋਹੁ ਸੁਚੇਤ ਨ ਚਿੰਤ ਧਰੀਜੈ।
ਬੀਤ ਗਈ ਅਬਿ ਹਾਥ ਨ ਆਵਤਿ, ਪਾਛਲ ਬਾਤ ਨ ਯਾਦ ਕਰੀਜੈ।
ਅਪਨੀ ਸੰਗਤਿ ਤੇ ਬਿਤ ਆਵਤਿ ਲੇ ਖਰਚੋ ਪਟ ਚਾਰੁ ਬਨੀਜੈ।
ਜੇਰ ਜਵਾਹਰਿ ਜ਼ੇਵਰ ਕੋ ਕਰਿ ਤੇਵਰ ਜੇਵਰ ਕੋ ਪਹਿਰੀਜੈ' ॥ ੪੫ ॥

ਇਸ ਤਰ੍ਹਾਂ ਪ੍ਰਿਥੀਏ ਨੇ ਕਹਿ ਕੇ ਧੀਰਜ ਦਿੱਤਾ, "ਸੁਚੇਤ ਰਹੋ ਤੇ ਚਿੰਤਾ ਨਾ ਕਰੋ, ਜਿਹੜੀ ਬੀਤ ਗਈ ਹੈ, ਉਹ ਤਾਂ ਹੱਥ ਨਹੀਂ ਆਉਣੀ, ਪਿਛਲੀਆਂ ਗੱਲਾਂ ਨੂੰ ਯਾਦ ਨਾ ਕਰੀਏ। ਆਪਣੀ ਸੰਗਤ ਪਾਸੋਂ ਧਨ ਆਉਂਦਾ ਹੈ, ਉਸ ਨੂੰ ਖਰਚ ਕੇ ਸੁੰਦਰ ਪਟ ਦੇ ਕਪੜੇ ਬਣਾ ਲਵੋ। ਗਹਿਣਿਆਂ ਨੂੰ ਹੀਰੇ ਜਵਾਹਰਾਤ ਜੜਵਾ ਕੇ ਸੁੰਦਰ ਕਪੜੇ ਤੇ ਗਹਿਣੇ ਪਹਿਨੋ" ॥ ੪੫ ॥

ਦੋਹਰਾ-ਇੱਤਜਾਦਿਕ ਕਹਿ ਤੀਯ ਕੋ ਕਰਿ ਪ੍ਰਸੰਨ ਤਿਹ ਜੀਯ।
ਰਲਿ ਕੀਨਸਿ ਕੂਰੀ ਰਲੀ, ਹੁਇ ਨਿਸ਼ਚੈ ਲਖਿ ਲੀਯ॥ ੪੬ ॥

ਇਸ ਤਰ੍ਹਾਂ ਇਤਿਆਦਿ ਕਹਿ ਕੇ ਆਪਣੀ ਇਸਤਰੀ ਦੇ ਦਿਲ ਨੂੰ ਪ੍ਰਸੰਨ ਕਰ ਦਿੱਤਾ। ਦੋਹਾਂ ਨੇ ਮਿਲ ਕੇ ਝੂਠੀ ਖ਼ੁਸ਼ੀ ਮੰਨਾਈ, ਆਪਣੇ ਦਿਲ ਵਿਚ ਇਹ ਗੱਲ ਨਿਸ਼ਚੇ ਰੂਪ ਵਿਚ ਮੰਨ ਲਈ॥ ੪੬ ॥

ਬੁਰਾ ਚਿਤਵਿ ਕਰਿ ਅਪਰ ਕੋ ਆਪਨ ਆਨੰਦ ਠਾਨਿ।
ਪ੍ਰਭੁ ਬਿਪਰਜੈ ਕਰਤਿ ਤਿਸ ਇਹ ਤੋ ਬਿਦਤਿ ਜਹਾਨ॥ ੪੭॥

ਦੂਸਰੇ ਦਾ ਬੁਰਾ ਚਿਤਵ ਕੇ ਆਪਣੇ ਆਪ ਨੂੰ ਅਨੰਦਮਈ ਕਰ ਲਿਆ। ਪ੍ਰਭੂ ਸਦਾ ਇਸ ਦੇ ਉਲਟ ਹੀ ਕਰਦਾ ਹੈ, ਇਹ ਸਾਰੇ ਜਹਾਨ ਵਿਚ ਪਰਗਟ ਹੈ॥ ੪੭॥

*ਤੀਸਰੀ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥*

## ਅਧਿਆਇ ਦੂਜਾ

*ਮਾਤਾ ਗੰਗਾ ਜੀ ਵਲੋਂ ਪੁੱਤਰ ਦੀ ਮੰਗ ਤੇ ਗੁਰੂ ਜੀ ਵਲੋਂ ਆਗਿਆ*

ਦੋਹਰਾ- ਦਾਸੀ ਪ੍ਰਿਥੀਏ ਕੀ ਸੁਨਤਿ ਦੰਪਤਿ ਕੇ ਸਭਿ ਬੈਨ।
ਮਨ ਪ੍ਰਸੰਨ ਅਤਿ ਹੀ ਭਈ ਕਰਿ ਬਿਚਾਰ ਦਿਨ ਰੈਨ॥ ੧॥

ਪ੍ਰਿਥੀਏ ਦੀ ਦਾਸੀ ਨੇ ਦੰਪਤੀ (ਪ੍ਰਿਥੀਏ ਤੇ ਕਰਮੋ) ਦੀ ਸਾਰੀ ਗੱਲ-ਬਾਤ ਸੁਣ ਲਈ, ਮਨ ਵਿਚ ਬਹੁਤ ਪ੍ਰਸੰਨ ਹੋਈ ਅਤੇ ਦਿਨ-ਰਾਤ ਇਸ ਬਾਰੇ ਵਿਚਾਰ ਕਰਦੀ ਰਹਿੰਦੀ ਸੀ॥ ੧॥

ਸ੍ਰੀ ਗੁਰ ਅਰਜਨ ਕੀ ਹੁਤੀ ਇਕ ਦਾਸੀ ਬੁਧਿਵਾਨ।
ਤਿਹ ਸੋਂ ਕਹਯੋ ਪ੍ਰਸੰਗ ਸਭਿ ਜਿਤਨੋ ਕੀਨ ਬਖਾਨ॥ ੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਇਕ ਬੜੀ ਬੁਧੀਵਾਨ ਦਾਸੀ ਸੀ। ਪ੍ਰਿਥੀਏ ਦੀ ਦਾਸੀ ਨੇ ਉਸ ਨੂੰ ਸਾਰਾ ਪ੍ਰਸੰਗ ਸੁਣਾ ਦਿੱਤਾ ਜਿਹੜਾ ਉਸ ਪ੍ਰਿਥੀਏ ਤੇ ਕਰਮੋਂ ਦੇ ਮੁੱਖ ਤੋਂ ਸੁਣਿਆ ਸੀ॥ ੨॥

'ਪ੍ਰਿਥੀਏ ਨਿਜ ਤਿਯ ਨਿਕਟ ਹੁਇ ਗੁਰ ਅਰਜਨ ਪਰ ਕੋਪ।
ਦਿਯੋ ਸ੍ਰਾਪ 'ਸੁਤ ਹੋਹਿ ਨਹਿ' ਇਹ ਰਾਖਹੁ ਉਰ ਗੋਪ॥ ੩॥

"ਪ੍ਰਿਥੀਏ ਨੇ ਆਪਣੀ ਇਸਤਰੀ ਪਾਸ, ਗੁਰੂ ਅਰਜਨ ਦੇਵ ਤੇ ਕਰੋਧਵਾਨ ਹੋ ਕੇ ਉਨ੍ਹਾਂ ਨੂੰ ਸਰਾਪ ਦਿੱਤਾ ਹੈ ਕਿ ਉਨ੍ਹਾਂ ਦੇ ਘਰ ਪੁੱਤਰ ਜਨਮ ਨਹੀਂ ਲਵੇਗਾ, ਇਸ ਗੱਲ ਨੂੰ ਆਪਣੇ ਦਿਲ ਵਿਚ ਗੁਪਤ ਰੱਖੋ॥ ੩॥

ਸਕਲ ਪਦਾਰਥ ਹਮ ਲਹੈਂ ਜਬਿ ਗੁਰ ਮ੍ਰਿਤੁ ਕੋ ਪਾਇ।
ਗੁਰਿਆਈ ਕੋ ਲੇਹਿਂ ਤਬਿ ਚਿੰਤਾ ਕਰਹੁ ਨ ਕਾਇ॥ ੪॥

ਇਹ ਵੀ ਕਿਹਾ ਹੈ ਕਿ ਜਦ ਗੁਰੂ ਜੀ ਜੋਤੀ ਜੋਤ ਸਮਾ ਜਾਣਗੇ ਤਾਂ ਉਨ੍ਹਾਂ ਦੇ ਸਾਰੇ ਪਦਾਰਥ ਅਸੀਂ ਹੀ ਲਵਾਂਗੇ, ਤਦ ਗੁਰਿਆਈ ਵੀ ਪ੍ਰਾਪਤ ਕਰਾਂਗੇ, ਤੁਸੀਂ ਕੋਈ ਚਿੰਤਾ ਨਾ ਕਰੋ॥ ੪॥

ਹੋਨਹਾਰ ਨਿਸ਼ਚੈ ਇਹੀ ਜਾਨੀ ਜਾਤਿ ਸੁ ਬਾਤ।
ਬੀਤੇ ਸੰਮਤ ਬਹੁਤ ਹੀ ਨਹਿਂ ਜਨਮਯੋ ਗ੍ਰਿਹ ਤਾਤ॥ ੫॥

ਉਨ੍ਹਾਂ ਨੇ ਆਪਣੇ ਦਿਲ ਵਿਚ ਇਹ ਹੀ ਗੱਲ ਪੱਕੀ ਜਾਣੀ ਕਿ ਕਈ ਸਾਲ ਬੀਤ ਗਏ, ਪਰ ਗੁਰੂ ਜੀ ਦੇ ਘਰ ਵਿਚ ਪੁੱਤਰ ਨੇ ਜਨਮ ਨਹੀਂ ਲਿਆ॥ ੫॥

Sri Satguru Jagjit Singh Ji eLlibrary NamdhariElibrary@gmail.com

ਯਾਂਤੇ ਮਾਲਕ ਇਹੀ ਹੈਂ ਗੁਰਤਾ ਜੁਤ ਘਰ ਬਾਰ।
ਨਹਿਂ ਅਪਰਨ ਕੋ ਪ੍ਰਾਪਤੀ, ਦੇਖਹੁ ਰਿਦੈ ਬਿਚਾਰ॥ ੬॥

ਇਸ ਲਈ ਗੁਰ-ਗੱਦੀ ਅਤੇ ਘਰ-ਬਾਰ ਦਾ ਇਹ ਹੀ ਮਾਲਕ ਹੈ। ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖੋ, ਹੋਰ ਕਿਸੇ ਨੂੰ ਪ੍ਰਾਪਤੀ ਵਾਸਤੇ ਅਰਪਣ ਨਹੀਂ ਕਰਨਗੇ"॥ ੬॥

ਸੋਰਠਾ- ਗੁਰ ਦਾਸੀ ਸੁਨਿ ਬੈਨ ਨੈਨ ਭਰੇ ਜਲ ਕਹਤਿ ਇਮੁ।
'ਦੇ ਪ੍ਰਭੁ ਸੁਤ ਗੁਰ ਐਨ ਗੁਰਤਾ ਇਨ ਕੇ ਹੋਹਿ ਕਿਮ॥ ੭॥

ਗੁਰੂ ਜੀ ਦੀ ਦਾਸੀ ਨੇ ਜਦ ਇਹ ਗੱਲ ਸੁਣੀ ਤਾਂ ਅੱਖਾਂ ਵਿਚ ਹੰਝੂ ਭਰ ਕੇ ਇੰਝ ਬੋਲੀ, "ਹੇ ਪ੍ਰਭੂ! ਗੁਰੂ ਜੀ ਦੇ ਘਰ ਪੁੱਤਰ ਦੇਵੇ, ਇਨ੍ਹਾਂ ਨੂੰ ਗੁਰਤਾ ਕਿਵੇਂ ਮਿਲ ਜਾਵੇਗੀ॥ ੭॥

ਅਜਹੁ ਨ ਜਰਾ ਅਰੂਢ ਦੰਪਤਿ ਕੀ ਬਯ ਹੈ ਤਰੁਨ।
ਮਤਸਰ ਅਗਨੀ ਗੂਢ ਜਰਤਿ ਮਰਤਿ ਕਹਿ ਦੁਰਬਚਨ॥ ੮॥

ਹਾਲੇ ਤੇ ਉਨ੍ਹਾਂ ਤੇ ਬੁਢੇਪਾ ਨਹੀਂ ਆਇਆ, ਦੋਹਾਂ ਜੀਆਂ ਦੀ ਉਮਰ ਜੁਆਨ ਹੈ, ਸਾੜੇ ਦੀ ਅੱਗ ਵਿਚ ਬੁਰੀ ਤਰ੍ਹਾਂ ਸੜਕੇ ਮਰਦਿਆਂ ਨੇ ਇਹ ਦੁਰਬਚਨ ਆਖੇ ਹਨ॥ ੮॥

ਬਸਹਿ ਗੁਰੂ ਕੋ ਧਾਮ ਇਹ ਉਜਰੇ ਜਗ ਫਿਰਹਿਂ ਗੇ।
ਸੁਤ ਜਨਮਹਿ ਅਭਿਰਾਮ ਜਿਸੁ ਹੇਰਤਿ ਰਿਪੁ ਡਰਹਿਂ ਗੇ॥ ੯॥

ਦਾਸੀ ਨੇ ਕਿਹਾ, "ਗੁਰੂ ਜੀ ਦਾ ਘਰ ਵਸਦਾ ਰਹੇਗਾ, ਇਹ ਉੱਜੜ ਕੇ ਜਗਤ ਵਿਚ ਰੁਲਦੇ ਫਿਰਨਗੇ, ਇਨ੍ਹਾਂ ਦੇ ਘਰ ਸੁੰਦਰ ਪੁੱਤਰ ਪੈਦਾ ਹੋਵੇਗਾ ਜਿਸ ਨੂੰ ਵੇਖ ਕੇ ਦੁਸ਼ਮਣ ਡਰਨਗੇ"॥ ੯॥

ਮਿਲਿ ਦਾਸੀ ਇਮ ਦੋਇ ਨਿਜ ਨਿਜ ਪਖ ਕੀ ਬਾਤ ਕਰਿ।
ਅਪਨੇ ਮੰਦਰਿ ਸੋਇ ਗਮਨੀ ਚਿੰਤਾ ਰਿਦੈ ਧਰਿ॥ ੧੦॥

ਦੋਵਾਂ ਦਾਸੀਆਂ ਨੇ ਮਿਲ ਕੇ ਇਸ ਤਰ੍ਹਾਂ ਆਪਣੇ-ਆਪਣੇ ਪੱਖ ਦੀ ਗੱਲ ਕਹੀ, ਦੋਵੇਂ ਆਪਣੇ-ਆਪਣੇ ਘਰ ਚਲੀਆਂ ਗਈਆਂ, ਆਪਣੇ ਹਿਰਦਿਆਂ ਵਿਚ ਉਨ੍ਹਾਂ ਚਿੰਤਾ ਧਾਰਨ ਕੀਤੀ ਹੋਈ ਸੀ॥ ੧੦॥

ਗੁਰ ਅਰਜਨ ਕੇ ਧਾਮ ਆਨਿ ਸੁਨਾਈ ਤਰਕ ਜੁਤ।
'ਇਮ ਪ੍ਰਿਥੀਏ ਕੀ ਬਾਮ ਬੁਰਾ ਚਿਤਹਿ 'ਕਿਮ ਹ੍ਵੈ ਨ ਸੁਤ'॥੧੧॥

ਗੁਰੂ ਜੀ ਦੀ ਦਾਸੀ ਨੇ ਗੁਰੂ ਅਰਜਨ ਦੇਵ ਜੀ ਦੇ ਘਰ ਆ ਕੇ ਇਸ ਤਰ੍ਹਾਂ ਤਰਕ ਸਹਿਤ ਗੱਲ ਸੁਣਾਈ, "ਇਸ ਤਰ੍ਹਾਂ ਪ੍ਰਿਥੀਏ ਦੀ ਇਸਤਰੀ ਨੇ ਬੁਰਾ ਚਿਤਵਿਆ ਹੈ ਕਿ ਗੁਰੂ ਜੀ ਦੇ ਘਰ ਕਦੀ ਵੀ ਪੁੱਤਰ ਪੈਦਾ ਨਹੀਂ ਹੋਵੇਗਾ॥੧੧॥

ਸਗਰੋ ਸੁਨਜੋ ਪ੍ਰਸੰਗ ਤਿਨ ਕੀ ਦਾਸੀ ਨੇ ਭਨਜੋ।
ਭਰੀ ਹਰਖ ਕੇ ਸੰਗ, ਮੈਂ ਦੁਖ ਪਾਵਤਿ ਸਿਰ ਧੁਨਜੋ'॥ ੧੨॥

ਸਾਰਾ ਪ੍ਰਸੰਗ ਉਨ੍ਹਾਂ ਦੀ ਦਾਸੀ ਨੇ ਉਨ੍ਹਾਂ ਪਾਸੋਂ ਸੁਣ ਕੇ ਕਿਹਾ ਹੈ, ਉਹ ਖ਼ੁਸ਼ੀ ਨਾਲ ਭਰੀ ਹੋਈ ਹੈ ਅਤੇ ਦੁਖੀ ਹੋ ਕੇ ਸਿਰ ਮਾਰਿਆ ਹੈ"॥ ੧੨॥

ਕਬਿੱਤ-ਸੁਨਜੋ ਸ਼੍ਰੋਨ ਗੰਗ ਤਾਤਕਾਲ ਚਿਤ ਭਈ ਭੰਗ, ਲੇਤਿ ਸ੍ਵਾਸ ਦੁਖ ਸੰਗ ਸੋਚਨ ਕੋ ਸੋਚਤੀ।
'ਨੰਦ ਤੇ ਬਿਲੰਦ ਹੀ ਅਨੰਦ ਹੋਤਿ ਬ੍ਰਿੰਦ ਬੀਚ ਨੰਦਹੀਨ ਮੈਹੋਂ' ਕਹਿ ਆਸ੍ਰਨ ਕੋ ਮੋਚਤੀ।

'ਹਮਰੇ ਸ਼ਰੀਕ ਨਿਤ ਮ੍ਰਿਤੁ ਕੀ ਉਡੀਕ ਕਰੈਂ ਤਾਂਕੀ ਤੀਯ ਸਗਰੇ ਪਦਾਰਥ ਕੋ ਲੋਚਤੀ'।
ਐਸੇ ਮਨ ਗਿਨਤੀ ਗਿਨਤਿ ਬੀਤੇ ਨਿਸ ਦਿਨ, ਨੀਕੋ ਖਾਨ ਪਾਨ ਚੀਰ ਭੂਖਨ ਨ ਰੋਚਤੀ ॥੧੩॥

ਜਦ ਮਾਤਾ ਗੰਗਾ ਜੀ ਨੇ ਇਹ ਪ੍ਰਸੰਗ ਸੁਣਿਆ ਤਾਂ ਤੁਰੰਤ ਉਨ੍ਹਾਂ ਦਾ ਦਿਲ ਟੁੱਟ ਗਿਆ, ਬੜੀ ਦੁਖੀ ਹੋ ਕੇ ਸਾਹ ਲੈ ਰਹੀ ਸੀ ਅਤੇ ਸਮਝਣ ਵਾਸਤੇ ਸੋਚਦੀ ਸੀ, 'ਪੁੱਤਰ ਨੂੰ ਪ੍ਰਾਪਤ ਕਰਕੇ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ, ਮੈਂ ਪੁੱਤਰ ਹੀਣ ਹਾਂ' ਇਹ ਕਹਿ ਕੇ ਹੰਝੂ ਕੇਰਦੀ ਸੀ। "ਮੇਰੇ ਸ਼ਰੀਕ ਸਦਾ ਸਾਡੀ ਮੌਤ ਦੀ ਉਡੀਕ ਕਰਦੇ ਹਨ, ਉਨ੍ਹਾਂ ਦੀ ਪਤਨੀ ਸਾਰੇ ਪਦਾਰਥਾਂ ਦੀ ਲੋਚਨਾ ਕਰਦੀ ਹੈ।" ਇਸ ਤਰ੍ਹਾਂ ਗਿਣਤੀਆਂ ਗਿਣ ਕੇ ਰਾਤ-ਦਿਨ ਬੀਤਦੇ ਸਨ, ਚੰਗਾ ਖਾਣ, ਪੀਣ ਅਤੇ ਗਹਿਣੇ ਕਪੜੇ ਪਾਉਣ ਦੀ ਰੁਚੀ ਖਤਮ ਹੋ ਗਈ ਸੀ॥ ੧੩॥

ਸਮੈ ਪਾਇ ਸਤਿਗੁਰੂ ਆਏ ਨਿਜ ਮੰਦਰ ਮੈਂ ਸੁੰਦਰ ਪ੍ਰਯੰਕ ਪੈ ਬਿਰਾਜੇ ਮਨ ਸ਼ਾਂਤਿ ਹੈ।
ਗੰਗਾ ਉਠੀ ਹੇਰਿ ਕਰਿ ਹਾਥ ਜੋਰਿ ਨੇਰ ਕਰਿ, ਖਰੀ ਹੋਇ ਬਿਨਤੀ ਸੁਨਾਈ ਹਿਤ ਤਾਤ ਹੈ।
'ਕਰਥੋ ਗ੍ਰਿਹਸਤ ਸੂਨ ਸਦਨ ਸਮਾਨ ਜਾਨੋ, ਉਪਜੇ ਸਪੂਤ ਇਹ ਦੀਪਕ ਕੀ ਭਾਂਤਿ ਹੈ।
ਨਾਂਹਿ ਤ ਅੰਧੇਰ ਹੋਤਿ, ਦੁਖ ਕੋ ਉਦੋਤ ਨਿਤ, ਲੋਕ ਪਰਲੋਕ ਮੈਂ ਨ ਸ਼ੋਭਾ ਉਪਜਾਤਿ ਹੈ ॥੧੪॥

ਸਮਾਂ ਪਾ ਕੇ ਸਤਿਗੁਰੂ ਜੀ ਆਪਣੇ ਘਰ ਆਏ ਅਤੇ ਸ਼ਾਂਤ ਮਨ ਨਾਲ ਇਕ ਸੁੰਦਰ ਪਲੰਘ ਉਤੇ ਬਿਰਾਜ ਗਏ। ਉਨ੍ਹਾਂ ਨੂੰ ਵੇਖ ਕੇ ਸ੍ਰੀ ਮਤੀ ਗੰਗਾ ਜੀ ਉਠੇ ਅਤੇ ਗੁਰੂ ਜੀ ਦੇ ਨੇੜੇ ਹੋ ਕੇ ਹੱਥ ਜੋੜ ਕੇ ਖੜੀ ਹੋ ਗਈ ਅਤੇ ਪੁੱਤਰ ਪ੍ਰਾਪਤੀ ਦੀ ਬੇਨਤੀ ਸੁਣਾਈ, "ਉੱਤਮ ਗ੍ਰਹਿਸਤ ਸੁੰਞੇ ਘਰ ਸਮਾਨ ਜਾਣੋ, ਜੇ ਪੁੱਤਰ ਪੈਦਾ ਹੋਵੇ ਤਾਂ ਇਹ ਦੀਪਕ ਵਾਂਗ ਹੈ ਜਿਸ ਨਾਲ ਸਾਰੇ ਘਰ ਵਿਚ ਪ੍ਰਕਾਸ਼ ਹੋ ਜਾਂਦਾ ਹੈ, ਨਹੀਂ ਤਾਂ ਸਾਰੇ ਹਨੇਰਾ ਹੀ ਹੁੰਦਾ ਹੈ, ਸਦਾ ਦੁੱਖ ਵਿਚ ਵਾਧਾ ਹੁੰਦਾ ਹੈ, ਲੋਕ-ਪਰਲੋਕ ਵਿਚ ਸ਼ੋਭਾ ਪ੍ਰਾਪਤ ਨਹੀਂ ਹੁੰਦੀ॥ ੧੪॥

ਆਪ ਸਰਬੱਗਜ, ਕਹਾ ਮੈਂ ਕਹੌਂ ਅਲਪੱਗਜ ਮਨ, ਤਊ ਨਿਜ ਦੁਖ ਕੋ ਸੁਨਾਵੌਂ ਮਹਾਂਦੀਨ ਹੋਇ।
ਰਾਵਰੇ ਸਹੋਦਰ ਨੇ ਆਪਨੀ ਕ੍ਰਿਸ਼ੋਦਰੀ ਸੋਂ ਭਨਜੋ ਜਿਮਿ, ਸੁਨਜੋ ਤਿਮ, ਦਾਸੀ ਸੁਨਿ ਆਈ ਸੋਇ।
'ਪੁੱਤ੍ਰ ਹੈ ਨ ਤਿਨ ਘਰ ਪੀਛੈ ਹਮ ਬਨੈਂ ਗੁਰ ਸਗਰੇ ਪਦਾਰਥ ਕੋ ਲੇਹਿਂ ਰਮਣੀਕ ਜੋਇ'।
ਸ਼ੋਕ ਮੁਝ ਹੋਤਿ ਹੇ ਤਨੂਜ ਨ ਉਦੋਤ ਹੈ ਸਭਿਨਿ ਸਿਰ ਮੌਤ ਹੈ ਸਥਿਰ ਜਗੁ ਨਾਂਹੀ ਕੋਇ ॥੧੫॥

ਤੁਸੀਂ ਸਰਬ ਸਮਰੱਥ ਹੋ ਕਿ ਮੈਂ ਘੱਟ ਬੁੱਧੀ ਵਾਲੀ ਕੀ ਕਹਿ ਸਕਦੀ ਹਾਂ, ਆਪਣੇ ਮਨ ਦੇ ਦੁੱਖ ਨੂੰ ਮਹਾਂ ਦੀਨ ਹੋ ਕੇ ਸੁਣਾਉਂਦੀ ਹਾਂ, ਜਿਵੇਂ ਆਪ ਜੀ ਦੇ ਵੱਡੇ ਭਰਾ ਨੇ ਆਪਣੀ ਪਤਨੀ ਨੂੰ ਕਿਹਾ ਹੈ, ਉਹ ਤੁਸੀਂ ਵੀ ਸੁਣ ਲਵੋ, ਸਾਡੀ ਦਾਸੀ ਸਭ ਕੁਝ ਸੁਣ ਕੇ ਆਈ ਹੈ, ਕਹਿੰਦੀ ਹੈ, ਉਹ ਕਹਿੰਦੇ ਹਨ ਕਿ 'ਉਨ੍ਹਾਂ ਦੇ ਘਰ ਪੁੱਤਰ ਨਹੀਂ ਹੋਵੇਗਾ, ਪਿਛੋਂ ਮੈਂ ਗੁਰੂ ਬਣਾਂਗਾ, ਸਾਰੇ ਸੁਹਾਵਣੇ ਜੋ ਪਦਾਰਥ ਹਨ, ਉਹ ਸਾਰੇ ਮੈਂ ਲੈ ਲਵਾਂਗਾ'। ਮੈਨੂੰ ਬੜਾ ਦੁੱਖ ਹੋਇਆ ਹੈ, ਪੁੱਤਰ ਪੈਦਾ ਹੋਇਆ ਨਹੀਂ ਹੈ, ਸਾਰਿਆਂ ਦੇ ਸਿਰ ਤੇ ਮੌਤ ਹੈ ਅਤੇ ਜੱਗ ਵਿਚ ਕੋਈ ਸਥਿਰ ਨਹੀਂ ਰਹੇਗਾ॥ ੧੫॥

ਸਿੱਖਨ ਹਜ਼ਾਰਨਕੀ ਕਾਮਨਾ ਕੋ ਕਰਹੁ ਪੂਰ, ਵਿੱਤ ਸੁਤ ਆਦਿਕ ਸਕਲ ਸੁਖਦਾਯ ਕੋ।
ਆਪਨੇ ਸਦਨ ਮੈਂ ਸੁਨੰਦ ਦੇਹੁ ਗੁਰੂ ਤੁਮ, ਬੰਸ ਕੋ ਬਿਭੂਖਨ ਅਨੇਕ ਰਿਪੁ ਘਾਯਕੋ।
ਹਾਸੀ ਨ ਸ਼ਰੀਕ ਕਰੈਂ ਹੇਰਿ ਨ ਅਨੰਦ ਧਰੈਂ ਤੈਸੇ ਬਿਧਿ ਕਰੋ ਅਬਿ ਤੁਮ ਸਭਿ ਲਾਯਕੋ'।
ਐਸੇ ਕਹਿ ਬੈਨ, ਕਰੇ ਨੀਚੇ ਜੁਗ ਨੈਨ, ਭਈ ਲਾਜ ਹੂੰ ਕੋ ਐਨ, ਤੇ ਸੰਕੋਚੀ ਨਿਜ ਕਾਯ ਕੋ ॥੧੬॥

ਹਜ਼ਾਰਾਂ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ, ਧਨ, ਪੁੱਤਰ ਆਦਿ ਸਾਰੇ ਸੁਖ ਦਿੰਦੇ ਹੋ, ਤੁਸੀਂ ਗੁਰੂ ਜੀ ਹੋ, ਆਪਣੇ ਘਰ ਵੀ ਇਕ ਪੁੱਤਰ ਦੀ ਦਾਤ ਬਖਸ਼ੋ ਜਿਹੜਾ ਅਨੇਕਾਂ ਦੁਸ਼ਮਣਾਂ ਨੂੰ ਮਾਰ ਕੇ ਸਾਡੀ ਵੰਸ਼ ਦਾ ਗਹਿਣਾ ਬਣੇ। ਸ਼ਰੀਕ ਸਾਡਾ ਮਜ਼ਾਕ ਨਾ ਉਡਾਉਣ ਅਤੇ ਸਾਨੂੰ ਵੇਖ ਕੇ ਅਨੰਦਿਤ ਨਾ ਹੋਣ, ਹੁਣ ਉਸ ਤਰ੍ਹਾਂ ਕਰੋ ਤੁਸੀਂ ਹਰ ਵਿਧੀ ਅਨੁਸਾਰ

ਸਮਰੱਥ ਹੋ"। ਇਸ ਤਰ੍ਹਾਂ ਕਹਿ ਕੇ ਮਾਤਾ ਗੰਗਾ ਜੀ ਨੇ ਦੋਵੇਂ ਨੈਣ ਨੀਵੇਂ ਕਰ ਲਏ, ਲਾਜ ਦਾ ਘਰ ਬਣ ਗਈ ਤੇ ਆਪਣੇ ਸਾਰੇ ਸਰੀਰ ਨੂੰ ਸੰਕੋਚ ਲਿਆ॥ ੧੬ ॥

'ਹਮਰੇ ਨ ਤਾਤ ਭਯੋ ਐਸੀ ਤੌ ਕਹਤਿ ਬਾਤ, ਮੋ ਕੋ ਬਿਨ ਭਾਗ ਜਾਨਿ ਮਾਨਤਿ ਅਨੰਦ ਕੋ।
ਆਪ ਸਮਰਥ ਨਾਥ, ਸਭੈ ਬਿਧਿ ਹਾਥ ਬਿਖੈ, ਕ੍ਰਿਪਾ ਸਾਥ ਕਹੋ ਬਾਕ, ਸੁੰਦਰ ਸੁ ਨੰਦ ਕੋ।
ਕੀਜੈ ਮੋ ਕ੍ਰਿਤਾਰਥ ਸਕਾਰਥੋ ਸਦਨ ਹੋਇ ਦਾਸੀ ਜਾਨ ਮੇਟੀਅਹਿ ਸੰਕਟ ਬਿਲੰਦਕੋ'।
ਧਾਰੀ ਪੁਨਿ ਮੌਨ, ਨਹੀਂ ਬੋਲਯੋ ਜਾਇ ਬੈਨ ਕੌਨ, ਨੈਨਨ ਮੈਂ ਨੀਰ ਐਨਿ ਡਾਰੇ ਬ੍ਰਿੰਦ ਬੂੰਦ ਕੋ ॥੧੭॥

"ਸਾਡੇ ਘਰ ਪੁੱਤਰ ਨਹੀਂ ਹੋਇਆ, ਇਸ ਤਰ੍ਹਾਂ ਦੀ ਗੱਲ ਕਰਦੇ ਹਨ, ਮੈਨੂੰ ਅਭਾਗਣ ਜਾਣ ਕੇ ਅਨੰਦ ਪਾਉਂਦੇ ਹਨ। ਤੁਸੀਂ ਸਮਰੱਥ ਸਵਾਮੀ ਹੋ, ਸਭ ਵਿਧੀਆਂ ਤੁਹਾਡੇ ਹੱਥ ਵਿਚ ਹਨ, ਕਿਰਪਾ ਕਰਕੇ ਬਚਨ ਕਹੋ ਤਾਂਕਿ ਸੁੰਦਰ ਪੁੱਤਰ ਪੈਦਾ ਹੋਵੇ। ਮੇਰੇ ਤੇ ਕ੍ਰਿਤਾਰਥ ਕਰੋ ਤੇ ਸਾਰਾ ਘਰ ਸਕਾਰਥਾ ਹੋ ਜਾਵੇ, ਦਾਸੀਆਂ ਇਹ ਜਾਣ ਕੇ ਆਪਣੇ ਵੱਡੇ ਦੁੱਖ ਨੂੰ ਖਤਮ ਕਰ ਲੈਣਾ" ਫਿਰ ਮਾਤਾ ਗੰਗਾ ਜੀ ਨੇ ਮੋਨ ਧਾਰਨ ਕਰ ਲਈ, ਕੋਈ ਬਚਨ ਵੀ ਬੋਲਿਆ ਨਹੀਂ ਸੀ ਜਾਂਦਾ। ਅੱਖਾਂ ਵਿਚ ਜਲ ਭਰ ਆਇਆ ਸੀ ਅਤੇ ਧਰਤੀ ਉੱਤੇ ਸਾਰੀਆਂ ਬੂੰਦਾਂ ਨੂੰ ਡੇਗ ਰਹੀ ਸੀ॥ ੧੭॥

ਸਤਿਗੁਰ ਹੇਰੀ ਕ੍ਰਿਪਾ ਠਾਨਿ ਕੈ ਘਨੇਰੀ ਤਬਿ, 'ਲਾਲਸ ਬਡੇਰੀ ਜੌ ਪੈ ਕੀਨੀ ਸੁਤ ਲੇਨਿ ਕੀ।
ਰਾਖਾ ਰਹਿ ਘਾਸ ਕੌ ਨ ਗਮਨੈ ਅਵਾਸੁ ਕੋ, ਦਰਸੁ ਕਰਿ ਤਾਸ ਕੋ ਸ਼ਕਤਿ ਬਰ ਦੇਨਿ ਕੀ।
ਸਾਹਿਬੁ ਸੁ ਬੁੱਢਾ ਨਾਮ, ਮਹਾਂ ਗੁਨ ਬ੍ਰਿੰਦ ਧਾਮ, ਗਯਾਨ ਅਭਿਰਾਮ ਸ਼ੇਰ ਮੋਹ ਸਮ ਏਨ ਕੀ।
ਕੀਜੀਏ ਪ੍ਰਸੰਨ ਬਰ ਲੀਜੀਏ ਸੁ ਧੰਨਿ ਬਨਿ, ਬਿਨਤੀ ਭਨੀਜੀਏ ਬਡਾਈ ਤਜਿ ਬੈਨ ਕੀ ॥੧੮॥

ਸਤਿਗੁਰੂ ਜੀ ਨੇ ਫਿਰ ਵੱਡੀ ਕਿਰਪਾ ਧਾਰ ਕੇ ਆਪਣੀ ਸੁਪਤਨੀ ਵਲ ਵੇਖਿਆ, "ਜੇ ਤੂੰ ਪੁੱਤਰ ਪ੍ਰਾਪਤੀ ਦੀ ਵੱਡੀ ਕਾਮਨਾ ਕੀਤੀ ਹੈ। ਜਿਹੜਾ ਘਾਹ ਦੀ ਰਾਖੀ ਕਰਦਾ ਹੈ ਤੇ ਆਪਣੇ ਘਰ ਨੂੰ ਨਹੀਂ ਜਾਂਦਾ ਹੈ, ਉਨ੍ਹਾਂ ਦੇ ਦਰਸ਼ਨ ਕਰੋ, ਉਹ ਸ਼ਕਤੀਸ਼ਾਲੀ ਵਰ ਦੇਣਗੇ, ਉਨ੍ਹਾਂ ਦਾ ਨਾਂ ਬਾਬਾ ਬੁੱਢਾ ਜੀ ਹੈ, ਉਹ ਸਾਰੇ ਮਹਾਂ ਗੁਣਾਂ ਦੇ ਘਰ ਹਨ ਅਤੇ ਉਨ੍ਹਾਂ ਦੇ ਸੁੰਦਰ ਗਿਆਨ ਰੂਪੀ ਸ਼ੇਰ ਅੱਗੇ ਮੋਹ ਰੂਪੀ ਹਿਰਨ ਆਦਿ ਠਹਿਰ ਨਹੀਂ ਸਕਦੇ ਹਨ। ਉਨ੍ਹਾਂ ਨੂੰ ਪ੍ਰਸੰਨ ਕਰਕੇ ਮਨ ਭਾਉਂਦਾ ਵਰ ਪ੍ਰਾਪਤ ਕਰੋ, ਬਚਨਾਂ ਦੀ ਵਡਿਆਈ ਛੱਡ ਕੇ ਨਿੰਮਰਤਾ ਵਾਲੇ ਬਚਨਾਂ ਨਾਲ ਬੇਨਤੀ ਕਰੋ॥ ੧੮॥

'ਸਭਿ ਹੀ ਗੁਰੂਕੇ ਪਾਇ ਸੇਵਤਿ ਬਿਤਾਇ ਬੈਸ, ਗ੍ਰਾਮ ਗੁਰੂ ਧਾਮ ਕੋ ਸੰਭਾਰੇ ਕਾਰ ਤਿਨ ਕੀ।
ਮਹਾਂ ਸਮਰੱਥ ਹੈ, ਜਿ ਹਾਥ ਧਰੇ ਮੱਥ ਹੈ, ਸਕਲ ਦੁਖ ਲੱਥ ਹੈ, ਬਿਹਾਇ ਚਿੰਤ ਮਨ ਕੀ।
ਪਰਵੈ ਮਨੋਰਥ ਪ੍ਰਸੰਨ ਹੋਹਿ ਜਾਹੀ ਪਰ, ਬਾਂਛਤਿ ਕੋ ਦੇਹਿ, ਲਾਜ ਰਾਖ ਹੈ ਸ਼ਰੰਨ ਕੀ।
ਚਿਤ ਮੈਂ ਅਚਲ ਹੈ, ਬਿਸਾਲ ਧੀ ਪ੍ਰਬਲ ਹੈ, ਟਹਿਲ ਤਾ ਸਫਲ ਹੈ ਅਟੱਲਤਾ ਬਚਨ ਕੀ' ॥੧੯॥

ਪੰਜੇ ਗੁਰੂ ਸਾਹਿਬਾਨ ਦੇ ਚਰਨ ਕੰਵਲਾਂ ਦੀ ਸੇਵਾ ਕਰਕੇ ਉਮਰ ਬਿਤਾਈ ਹੈ, ਗੁਰੂ ਘਰ ਦੇ ਪਿੰਡਾਂ ਅਤੇ ਘਰਾਂ ਦੇ ਕਾਰ-ਵਿਹਾਰ ਨੂੰ ਸੰਭਾਲਦੇ ਹਨ। ਮਹਾਨ ਸਮਰੱਥ ਹਨ, ਜਿਸ ਦੇ ਵੀ ਮੱਥੇ ਤੇ ਹੱਥ ਧਰਦੇ ਹਨ ਭਾਵ ਜਿਸ 'ਤੇ ਵੀ ਕਿਰਪਾ ਕਰਦੇ ਹਨ, ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਮਨ ਦੀਆਂ ਚਿੰਤਾਵਾਂ ਖਤਮ ਹੋ ਜਾਂਦੀਆਂ ਹਨ। ਪ੍ਰਸੰਨ ਹੋ ਜਾਣ 'ਤੇ ਮੂੰਹ ਮੰਗੀ ਮੁਰਾਦ ਬਖ਼ਸ਼ਦੇ ਹਨ, ਸ਼ਰਨ ਆਏ ਦੀ ਲਾਜ ਰੱਖਦੇ ਹਨ। ਵਿਸ਼ਾਲ ਪ੍ਰਬਲ ਬੁੱਧੀ ਹੈ, ਟਹਿਲਤਾ ਸਫਲ ਹੈ ਅਤੇ ਬਚਨ ਅਟੱਲ ਹਨ"॥ ੧੯॥

ਕਬਿੱਤ-ਐਸੇ ਨਿਜ ਦਾਸ ਕੀ ਪ੍ਰਸੰਸਾ ਕੋ ਪ੍ਰਕਾਸ਼ ਕੀਨਿ ਗੰਗਾ ਸੁਨਿ ਲੀਨਿ ਆਸਾ ਧਾਰੀ ਉਰ ਨੰਦ ਕੀ।
ਬਾਕ ਪੈ ਬਿਸਾਸ ਕਰਿ ਰਾਤਿ ਕੋ ਨਿਵਾਸ ਕਰਿ ਉਦਯੋ ਸਪਤਾਸੁ ਤਯਾਰੀ ਕਰੀ ਜਾਨ ਬ੍ਰਿੰਦ ਕੀ।

ਸਜੰਦਨ ਤੁਰੰਗ ਜੋਰਿ ਸੁੰਦਰ ਸਜਾਇ ਰੰਗ, ਕਲਸ ਉਤੰਗ ਚਾਮੀਕਰ ਦੁਤਿ ਦੁੰਦ ਕੀ।
ਗਾਜੈ ਮੰਦ ਨੀਰ ਧਰ ਸ਼ਬਦ ਗੰਭੀਰ ਭਯੋ ਬਾਰਤਾ ਸਕਲ ਕਰੈਂ ਆਨੰਦ ਬਿਲੰਦ ਕੀ ॥੨੦॥

ਇਸ ਤਰ੍ਹਾਂ ਆਪਣੇ ਸੇਵਕ ਦੀ ਪ੍ਰਸੰਸਾ ਨੂੰ ਪਰਗਟ ਕੀਤਾ, ਮਾਤਾ ਗੰਗਾ ਜੀ ਨੇ ਸੁਣ ਕੇ ਮਨ ਵਿਚ ਪੁੱਤਰ ਦੀ ਆਸ ਧਾਰਨ ਕੀਤੀ। ਗੁਰੂ ਜੀ ਦੇ ਬਚਨਾਂ ਤੇ ਵਿਸ਼ਵਾਸ ਕਰਕੇ ਅਤੇ ਰਾਤ ਠਹਿਰ ਕੇ, ਜਦ ਸੂਰਜ ਚੜ੍ਹਿਆ ਤੇ ਸਮੂਹ ਸਵਾਰੀਆਂ ਦੇ ਜਾਣ ਦੀ ਤਿਆਰੀ ਕੀਤੀ। ਰੱਥਾਂ ਨਾਲ ਘੋੜੇ ਜੋੜ ਕੇ ਉਨ੍ਹਾਂ ਨੂੰ ਸੁੰਦਰ ਰੰਗਾਂ ਨਾਲ ਸਜਾਇਆ ਗਿਆ। ਦੋਹਾਂ ਰੱਥਾਂ ਉਤੇ ਸੋਨੇ ਦਾ ਕਲਸਾਂ ਦੀ ਬਹੁਤ ਸ਼ੋਭਾ ਸੀ। ਬੱਦਲਾਂ ਵਾਂਗ ਗੱਜਣ ਦੀ ਆਵਾਜ਼ ਆ ਰਹੀ ਸੀ, ਸਾਰੇ ਖੁਸ਼ੀ ਵਿਚ ਭਰ ਉੱਚੀ-ਉੱਚੀ ਬੋਲ ਰਹੇ ਸਨ, ਜਿਸ ਨਾਲ ਸਾਰੇ ਬੁਲੰਦ ਆਵਾਜ਼ ਗੂੰਜ ਰਹੀ ਸੀ॥ ੨੦॥

ਦਾਸੀ ਬ੍ਰਿੰਦ ਸਿੱਖਨੀ ਬਹਿਲ ਪੈ ਅਰੂਢ ਚਲੀ ਮਾਨਵ ਕੀ ਭੀਰ ਸੰਗ ਗਮਨੇ ਸੁ ਰਾਹ ਕੋ।
ਮਧੁਰ ਸਨਿਗਧ, ਬਿਸਦ ਹੈ ਬਰਨ ਜਿਸ ਲੀਨੋ ਪਕਵਾਨ ਹੇਤ ਖਾਨ ਚਿਤ ਚਾਹ ਕੋ।
ਜੋਰ ਭਰੇ ਵਾਹਨ ਖੁਲੇ ਹੈ ਬਹੁ ਦਿਨ ਖਰੇ, ਚੰਚਲ ਚਲਾਕੀ ਕਰੈਂ ਦੇਤਿ ਉਤਸਾਹ ਕੋ।
ਬ੍ਰਿੱਧ ਕੋ ਸਥਾਨ ਨੇਰੇ ਰਹਯੋ ਤਬਿ ਪੂਰੇ ਪੰਥ, ਭਾਜੇ ਘੰਟ ਬਾਜੇ ਛਬਿ ਛਾਜੇ ਸ਼ੁਭ ਬਾਹ ਕੋ ॥੨੧॥

ਦਾਸੀਆਂ ਦਾ ਇਕ ਵੱਡਾ ਸਮੂਹ ਤੇ ਹੋਰ ਸਿੱਖਣੀਆਂ ਗੱਡਿਆਂ ਤੇ ਚੜ੍ਹ ਕੇ ਚਲ ਪਈਆਂ ਅਤੇ ਵੱਡੀ ਭੀੜ, ਮਾਤਾ ਜੀ ਦੇ ਨਾਲ ਚਲ ਪਈ। ਮਿੱਠੇ ਅਤੇ ਤਲੇ ਹੋਏ ਭੋਜਨ ਜਿਵੇਂ ਪੂਰੀਆਂ ਕਚੌਰੀਆਂ, ਮਾਲ ਪੂੜੇ ਆਦਿ ਚਿੱਤ ਦੀ ਚਾਹਤ ਅਨੁਸਾਰ ਖਾਣ ਵਾਸਤੇ ਨਾਲ ਲੈ ਲਏ। ਭਰੇ ਹੋਏ ਖੁਲ੍ਹੇ ਵਾਹਨਾਂ ਵਿਚ ਖੜੇ ਸਿੱਖ-ਸੇਵਕ ਬੜੀਆਂ ਚੰਚਲ ਚਾਲਾਕੀਆਂ ਕਰਕੇ ਉਤਸ਼ਾਹ ਵਧਾ ਰਹੇ ਸਨ। ਜਦ ਬਾਬਾ ਬੁੱਢਾ ਜੀ ਦਾ ਸਥਾਨ ਨੇੜੇ ਰਹਿ ਗਿਆ ਤਾਂ ਉਸ ਰਾਹ ਰੱਥ ਦੌੜਾਏ, ਭੱਜ ਰਹੇ ਘੋੜਿਆਂ ਦੀਆਂ ਘੰਟੀਆਂ ਬਹੁਤ ਉੱਚੀ-ਉੱਚੀ ਵੱਜ ਰਹੀਆਂ ਸਨ ਤੇ ਸ਼ੁਭ ਪ੍ਰਵਾਹ ਦੀ ਛਵੀ ਬਹੁਤ ਸੱਜ ਰਹੀ ਸੀ॥ ੨੧॥

ਪੀਛੇ ਤੇ ਬਹਿਲ ਬ੍ਰਿੰਦ ਬਲ ਕੋ ਬਿਲੰਦ ਕਰੈਂ ਸਗਰੀ ਧਵਾਈ ਧੂਰ ਚਢੀ ਅਸਮਾਨ ਮੈਂ।
ਘੂੰਗਰੂ ਘਮੰਕੇ, ਘੋਰੇ ਪੈਰ ਕੋ ਬਜੰਤੇ, ਨੇਮੀ ਸ਼ਬਦ ਉਠੰਤੇ, ਜਾਨ ਦੌਰਤਿ ਪਯਾਨ ਮੈਂ।
ਸ਼ੇਰ ਉਠੇ ਜੋਰ, ਖੱਗ ਉਡੇ ਚਹੁੰ ਓਰ ਧਾਏ ਬਨ ਤੇ ਪਲਾਏ ਮ੍ਰਿਗਤ੍ਰਾਸਿ ਤਿਸ ਥਾਨ ਮੈਂ।
ਕੋਊ ਬ੍ਰਿਧ ਪਾਸਿ ਤਾਂਸੋ ਪੂਛਯੋ 'ਇਹੁ ਕੌਨ ਆਵੈ? ਜੀਵ ਭਏ ਬਯਾਕੁਲ ਬਿਸਾਲ ਹੀ ਭਯਾਨ ਮੈਂ ॥੨੨॥

ਪਿਛੇ ਬਹਿਲਾਂ ਦਾ ਸਮੂਹ ਬਹੁਤ ਜ਼ੋਰ ਨਾਲ ਭੱਜਿਆ ਤੇ ਉਨ੍ਹਾਂ ਦੇ ਭੱਜਣ ਨਾਲ ਏਨੀ ਧੂੜ ਉੱਡੀ ਕਿ ਸਾਰੇ ਅਸਮਾਨ ਵਿਚ ਛਾ ਗਈ। ਘੁੰਗਰੂ ਉੱਚੀ-ਉੱਚੀ ਖੜਕਦੇ ਸਨ, ਘੋੜਿਆਂ ਦੇ ਪੈਰਾਂ ਨਾਲ ਬੱਧੇ ਹੋਏ ਵੀ ਬਹੁਤ ਉੱਚੀ-ਉੱਚੀ ਵੱਜ ਰਹੇ ਸਨ, ਰਥਾਂ ਅਤੇ ਬਹਿਲਾਂ ਦੇ ਪਹੀਆਂ ਦੀ ਆਵਾਜ਼ ਬਹੁਤ ਉੱਚੀ ਉੱਠਦੀ ਸੀ, ਜਦ ਵਾਹਨਾਂ ਨੂੰ ਤੇਜ਼ ਰਫਤਾਰ ਨਾਲ ਭਜਾਉਂਦੇ ਸਨ। ਜੰਗਲ ਦੇ ਸ਼ੇਰ ਉਠ ਭੱਜੇ, ਸਾਰੇ ਪੰਛੀ ਚਾਰੇ ਪਾਸੇ ਉੱਡ ਕੇ ਚਲੇ ਗਏ ਅਤੇ ਜੰਗਲ ਦੇ ਹਿਰਨ ਡਰ ਕੇ ਭੱਜ ਉਠੇ। ਉਸ ਸਮੇਂ ਬਾਬਾ ਬੁੱਢਾ ਜੀ ਪਾਸ ਕੋਈ ਸੇਵਕ ਖਲੋਤਾ ਸੀ, ਬਾਬਾ ਬੁੱਢਾ ਜੀ ਨੇ ਪੁਛਿਆ, "ਇਹ ਕੌਣ ਆਇਆ ਹੈ, ਜੰਗਲ ਦੇ ਸਾਰੇ ਜੀਵ ਡਰ ਕੇ ਵਿਆਕੁਲ ਹੋ ਗਏ ਹਨ॥ ੨੨॥

ਤਾਂ ਨੇ ਪਹਿਚਾਨ ਕਰਿ, ਬੁੱਢੇ ਸੋਂ ਬਖਾਨ ਕਰਿ, 'ਗੁਰੂ ਕੇ ਪਯਾਨ ਕਰਿ ਆਵੈਂ ਇਤ ਓਰ ਕੋ।
ਨਰਨਿ ਕੀ ਭੀਰ ਸੰਗ, ਸਜੰਦਨ ਤੁਰੰਗ ਲਗੇ, ਭਾਜੇ ਤੇ ਸ਼ਬਦ ਹੋਤਿ, ਸਕਟ ਸੁ ਜ਼ੋਰ ਕੋ'।
ਬੈਨ ਸ਼੍ਰੋਨ ਧਾਰੇ ਤੇ ਉਚਾਰੇ ਬ੍ਰਿਧ ਤਾਂਸੋ ਫੇਰ 'ਰਾਮਦਾਸ ਪੁਰੇ ਕਿਨ ਕੀਨੋ ਅਸ ਸ਼ੋਰ ਕੋ।
ਭਾਜਰ ਕੋ ਪਾਇ ਸਮੁਦਾਇ ਨਰ ਲਜਾਇ ਸਾਥ ਚਲੇ ਕਿਸ ਥਾਨ ਕੋ ਉਠਾਇ ਧੁਨਿ ਘੋਰ ਕੋ?' ॥੨੩॥

ਉਸ ਪੁਰਸ਼ ਨੇ ਪਹਿਚਾਣ ਕੇ ਬਾਬਾ ਬੁਢਾ ਜੀ ਨੂੰ ਕਿਹਾ, "ਇਸ ਪਾਸੇ ਗੁਰੂ ਜੀ ਦੇ ਵਾਹਣ ਆ ਰਹੇ ਹਨ, ਮਨੁੱਖਾਂ ਦੀ ਬਹੁਤ ਭੀੜ ਹੈ, ਰੱਥਾਂ ਨੂੰ ਘੋੜੇ ਜੁੱਤੇ ਹੋਏ ਹਨ, ਉਨ੍ਹਾਂ ਦੇ ਭੱਜਣ ਨਾਲ, ਰੱਥਾਂ ਅਤੇ ਬਹਿਲਾਂ ਦੇ ਪਹੀਆਂ ਦਾ ਬਹੁਤ ਉੱਚੀ

ਸ਼ੋਰ ਹੋ ਰਿਹਾ ਹੈ।" ਜਦ ਬਾਬਾ ਬੁੱਢਾ ਜੀ ਨੇ ਇਹ ਸ਼ਬਦ ਸੁਣੇ ਤਾਂ ਬਾਬਾ ਬੁੱਢਾ ਜੀ ਨੇ ਫਿਰ ਕਿਹਾ, "ਰਾਮਦਾਸ ਪੁਰੇ ਐਸਾ ਸ਼ੋਰ ਕਿਸ ਕੀਤਾ ਹੈ, ਏਨੀਂ ਆਵਾਜ਼ ਕਰਕੇ ਇਹ ਸਾਰੇ ਮਨੁੱਖ ਭਾਜੜ ਪਾ ਕੇ ਇਨ੍ਹਾਂ ਸਭ ਮਨੁੱਖਾਂ ਨੂੰ ਕਿਥੇ ਲੈ ਕੇ ਚਲੇ ਹਨ ?" ॥ ੨੩॥

ਐਸੇ ਕਹਿ ਦੇਖਨ ਲਗੇ ਹੈਂ ਪੁਨ ਤਾਂਹੀ ਓਰ ਇਤਨੇ ਮੈਂ ਨੇਰੇ ਆਇ ਤਜਾਗ ਸਭਿ ਯਾਨ ਕੋ।
ਗੰਗਾ ਸੰਗ ਦਾਸੀ ਲੀਨਿ ਦਾਸਨ ਕੋ ਆਗੇ ਕੀਨਿ ਨਮੋ ਪਾਇ ਠਾਨਿ, ਆਗੇ ਧਰਜੋ ਪਕਵਨ ਕੋ।
ਸਹਿਜ ਸੁਭਾਇ ਬ੍ਰਿਧ ਬਾਕ ਕੋ ਸੁਨਾਇ ਕਹਜੋ 'ਕੈਸੇ ਆਈ ਮਾਤ ਕਰਿ ਭਾਜਰ ਮਹਾਨ ਕੋ?'।
ਸੁਨੇ ਕੰਪਮਾਨ ਭਈ ਪੌਨ ਲਗੇ ਕੇਲਾ ਜਿਮ ਸੂਕਜੋ ਮੁਖ, ਬੋਲੀ ਨਹੀਂ, ਮਹਾਂ ਤ੍ਰਾਸ ਮਾਨ ਕੋ ॥੨੪॥

ਇਸ ਤਰ੍ਹਾਂ ਕਹਿ ਕੇ ਫਿਰ ਉਨ੍ਹਾਂ ਵਲ ਵੇਖਣ ਲੱਗੇ, ਏਨੇ ਚਿਰ ਵਿਚ ਸਾਰੇ ਵਾਹਣਾਂ ਨੂੰ ਛੱਡ ਕੇ ਬਾਬਾ ਬੁੱਢਾ ਜੀ ਦੇ ਨੇੜੇ ਆ ਗਏ, ਮਾਤਾ ਗੰਗਾ ਜੀ ਨੇ ਆਪਣੇ ਨਾਲ ਦਾਸੀਆਂ ਨੂੰ ਅੱਗੇ ਕੀਤਾ ਅਤੇ ਨਮਸਕਾਰ ਕਰਕੇ ਪਕਵਾਨ ਬਾਬਾ ਬੁੱਢਾ ਜੀ ਦੇ ਅੱਗੇ ਰੱਖ ਦਿੱਤੇ। ਸਹਿਜ ਸੁਭਾਇ ਬਾਬਾ ਬੁਢਾ ਜੀ ਨੇ ਬਚਨ ਕੀਤਾ, "ਹੇ ਮਾਤਾ ਜੀ ! ਏਡੀ ਵੱਡੀ ਭਾਜੜ ਲੈ ਕੇ ਕਿਸ ਤਰ੍ਹਾਂ ਆਏ ਹੋ?" ਬਾਬਾ ਬੁਢਾ ਜੀ ਦੇ ਇਹ ਬਚਨ ਸੁਣ ਕੇ ਮਾਤਾ ਗੰਗਾ ਜੀ ਕੰਬ ਗਏ, ਜਿਵੇਂ ਕੇਲੇ ਨੂੰ ਹਵਾ ਲੱਗਣ ਨਾਲ ਉਹ ਕੁਮਲਾ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਦੇ ਬੁਲ੍ਹ ਸੁੱਕ ਗਏ, ਬਹੁਤ ਡਰ ਗਈ ਤੇ ਫਿਰ ਕੁਛ ਨਾ ਬੋਲੀ॥੨੪॥

ਦਾਸੀ ਬੋਲੀ ਹਾਥ ਜੋਰਿ, 'ਸਤਿਗੁਰੂ ਇਤ ਓਰ, ਆਗਜਾ ਦੇ ਕੈ ਪਠੀ, ਸੁਤ ਲੋਰੈ ਤੁਮ ਬੈਨ ਤੇ।
ਸਿੱਖਨ ਮੈਂ ਮੁੱਖਿ, ਗੁਰੂ ਨਾਨਕ ਕੋ ਦੇਖਜੋ ਆਪ, ਗੁਨ ਮੈਂ ਮਹਾਨ ਹੋ, ਸਮਾਨ ਆਨ ਹੈ ਨ ਤੇ।
ਘਾਲੀ ਬਡੀ ਘਾਲ ਭਏ ਬੈਸ ਮੈਂ ਬਿਸਾਲ, ਅਬਿ ਸੰਕਟ ਕਰਾਲ ਕੇ ਕਟੈਯਾ ਦੇਖਿ ਨੈਨ ਤੇ।
ਹੂਜੀਏ ਕ੍ਰਿਪਾਲ ਬਰ ਕੀਜੀਏ ਨਿਹਾਲ ਕਰਿ, ਜਾਚੇ ਮਾਤ ਬੈਠੀ ਪਦ ਬੰਦੇ ਮਨ ਦੈਨ ਤੇ' ॥੨੫॥

ਇਕ ਦਾਸੀ ਹੱਥ ਜੋੜ ਕੇ ਬੋਲੀ, "ਸਤਿਗੁਰੂ ਜੀ ਨੇ ਇਸ ਪਾਸੇ ਭੇਜਿਆ ਹੈ, ਤੁਹਾਡੇ ਬਚਨਾਂ ਨਾਲ ਪੁੱਤਰ ਦੀ ਦਾਤ ਪਾਉਣਾ ਚਾਹੁੰਦੇ ਹਨ। ਤੁਸੀਂ ਸਾਰੇ ਸਿੱਖਾਂ ਵਿਚ ਮੁੱਖੀ ਹੋ, ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਵੀ ਦਰਸ਼ਨ ਕੀਤੇ ਹਨ, ਗੁਣਾਂ ਵਿਚ ਮਹਾਨ ਹੋ, ਆਪ ਵਰਗਾ ਹੋਰ ਕੋਈ ਨਹੀਂ ਹੈ। ਤੁਸੀਂ ਬਹੁਤ ਵੱਡੀ ਕਮਾਈ ਕੀਤੀ ਹੈ, ਉਮਰ ਵਿਚ ਵੀ ਤੁਸੀਂ ਸਭ ਤੋਂ ਵੱਡੇ ਹੋ। ਹੁਣ ਆਪਣੀ ਕ੍ਰਿਪਾ-ਦ੍ਰਿਸ਼ਟੀ ਨਾਲ ਵਿਕਰਾਲ ਸੰਕਟ ਨੂੰ ਦੂਰ ਕਰੋ। ਮਾਤਾ ਜੀ ਆਪ ਦੇ ਚਰਨ-ਕੰਵਲਾਂ ਤੇ ਬੰਦਨਾ ਕਰਕੇ ਬੈਠੀ ਹੈ ਤੇ ਆਪ ਜੀ ਪਾਸੋਂ ਮਨ ਦੀ ਦੀਨਤਾ ਕਰਕੇ ਵਰ ਮੰਗਦੀ ਹੈ" ॥ ੨੫॥

ਬੁੱਢੇ ਸ੍ਰੋਨ ਸੁਨਿ ਕੈ ਜਬਾਬ ਦੀਨ ਭਨਿ ਕੈ 'ਤਨੁਜ ਕਹਾਂ ਮੋਹਿ ਢਿਗ, ਘਾਹੀ ਗੁਰ ਧਾਮ ਕੋ।
ਰਾਖਾ ਰਹੋਂ ਬੀੜ ਕੋ, ਸ਼ਕਤਿ ਮੋ ਮੈਂ ਕਹਾਂ ਅਸ, ਸੇਵਕ ਸਦਾ ਕੇ ਕਰੈ ਕਾਮ ਅਭਿਰਾਮ ਕੋ।
ਆਪ ਗੁਰੂ ਪੂਰਨ ਹੈਂ ਪੂਰਤਿ ਮਨੋਰਥਨਿ, ਜਾਚਤਿ ਹਜ਼ਾਰੋਂ ਦਾਸ ਲੇਹਿਂ ਤਿਨ ਨਾਮ ਕੋ।
ਕੋਸ ਹੋਹਿਂ ਸੈਂਕਰੇ ਅਰਾਧੇ ਜਨ ਭੈ ਧਰੇ, ਸਹਾਇ ਜਾਇਕੈ ਕਰੈਂ, ਬਿਦਾਰੈਂ ਰਿਪੁ ਬਾਮ ਕੋ' ॥੨੬॥

ਇਹ ਬੇਨਤੀ ਆਪਣੇ ਕੰਨਾਂ ਨਾਲ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਮੇਰੇ ਪਾਸ ਪੁੱਤਰ ਕਿਥੇ ਹੈ, ਮੈਂ ਤਾਂ ਗੁਰੂ ਘਰ ਦਾ ਘਾਹੀ ਹਾਂ, ਮੈਂ ਤਾਂ ਇਸ ਬੀੜ ਦਾ ਰਾਖਾ ਹਾਂ, ਮੇਰੇ ਵਿਚ ਏਨੀ ਸ਼ਕਤੀ ਕਿਥੋਂ, ਸਦਾ ਸੇਵਕ ਕਹਾ ਕੇ ਬੀੜ ਦੇ ਸਾਰੇ ਕੰਮ ਕਰਦਾ ਹਾਂ। ਗੁਰੂ ਜੀ ਆਪ ਪੂਰਨ ਸਮਰੱਥ ਹਨ, ਉਹ ਸਭ ਦੇ ਮਨੋਰਥ ਪੂਰੇ ਕਰਦੇ ਹਨ, ਜਿਹੜੇ ਹਜ਼ਾਰਾਂ ਸਿੱਖ ਨਾਮ ਲੈ ਕੇ ਆਪ ਪਾਸੋਂ ਮੰਗਦੇ ਹਨ। ਸੈਂਕੜੇ ਕੋਹਾਂ ਤੋਂ ਸੇਵਕ ਭੈਭੀਤ ਹੋ ਕੇ ਅਰਾਧਨਾ ਕਰਦੇ ਹਨ ਤਾਂ ਗੁਰੂ ਜੀ ਜਾ ਕੇ ਸਹਾਇਤਾ ਕਰਦੇ ਹਨ ਅਤੇ ਟੇਢੇ ਵੈਰੀਆਂ ਨੂੰ ਖਤਮ ਕਰਦੇ ਹਨ" ॥ ੨੬॥

ਮੋਨ ਪੁਨ ਧਾਰੀ ਸੁਨਿ ਗੰਗਾ ਯੌ ਨਿਰਾਸੁ ਭਈ, ਮਨ ਮੈਂ ਉਦਾਸ ਬਹੁ ਸੰਕਟ ਕੋ ਪਾਇਕੈ।
ਦਾਸੀ ਦਾਸ ਬਿੰਦ ਜਾਨ ਸਗਰੇ ਬਿਮਨ ਭਏ, ਬੋਲਤਿ ਨ ਬੈਨ ਦੀਨੋ ਹਰਖ ਮਿਟਾਇ ਕੈ।

**ਨਮੋ ਠਾਨਿ ਠਾਨਿਕੈ ਉਠੇਹੈਂ ਚਢਿ ਜਾਨ ਪੈ ਸੁ ਪੰਥ ਪ੍ਰਸਥਾਨ ਕੈ ਬਿਸਾਲ ਚਿੰਤ ਪਾਇਕੈ।**
**ਪ੍ਰਿਥੀਏ ਕੋ ਬਾਕ ਹੋਇ ਸਾਚੋ ਸਭਿ ਜਾਨਯੋ ਮਨ, ਉਪਜੈ ਨ ਨੰਦ, ਚਲੇ ਜਾਤਿ ਮੁਰਝਾਇਕੈ ॥੨੭॥**

ਮਾਤਾ ਗੰਗਾ ਇਹ ਸੁਣ ਕੇ ਬਹੁਤ ਨਿਰਾਸ਼ ਹੋ ਗਈ ਤੇ ਉਹ ਬਿਲਕੁਲ ਚੁਪ ਹੋ ਗਏ, ਇਸ ਸੰਕਟ ਨੂੰ ਪਾ ਕੇ ਮਨ ਵਿਚ ਬਹੁਤ ਉਦਾਸ ਹੋ ਗਏ। ਸੇਵਕ-ਸੇਵਕਾਵਾਂ ਸਾਰੇ ਇਹ ਜਾਣ ਕੇ ਬਹੁਤ ਉਦਾਸ ਹੋ ਗਏ, ਕੋਈ ਵੀ ਨਾ ਬੋਲਿਆ, ਖ਼ੁਸ਼ੀ ਮਿਟਾ ਕੇ ਸਾਰੇ ਦੀਨ ਹੋ ਗਏ। ਨਮਸਕਾਰ ਕਰ ਕਰ ਕੇ ਉਠਦੇ ਸਨ ਤੇ ਆਪਣੇ ਆਪਣੇ ਵਾਹਣਾਂ ਤੇ ਚੜ੍ਹਦੇ ਜਾਂਦੇ ਸਨ। ਇਸ ਤਰ੍ਹਾਂ ਵਾਹਣਾਂ ਤੇ ਚੜ੍ਹ ਕੇ ਉਹ ਚਲੇ ਗਏ। ਸਾਰੇ ਇਹ ਸੋਚ ਰਹੇ ਸਨ ਕਿ ਪ੍ਰਿਥੀਏ ਦਾ ਵਾਕ ਹੁਣ ਸੱਚਾ ਹੋਵੇਗਾ, ਗੁਰੂ ਜੀ ਦੇ ਘਰ ਪੁੱਤਰ ਪੈਦਾ ਨਹੀਂ ਹੋਵੇਗਾ, ਸਾਰੇ ਉਦਾਸ ਹੋ ਕੇ ਚਲੇ ਜਾ ਰਹੇ ਸਨ॥ ੨੭॥

**ਆਇ ਗਏ ਰਾਮਦਾਸ ਪੁਰਿ ਮੈਂ, ਉਤਰ ਬਰੇ ਸਦਨ, ਗੁਰੂ ਜੀ ਦੇਖੇ, ਬੰਦਨਾ ਕੋ ਧਾਰਿ ਕਰਿ।**
**ਕੋਮਲ ਕਮਲ ਕੁਮਲਾਯੋ ਸੋ ਬਦਨ ਹੇਰਿ, ਪੂਛੀ 'ਸੁਤ ਕਾਮਨਾ ਕੋ ਪਾਈ ਚਿੰਤ ਟਾਰ ਕਰਿ?।**
**ਕੈਸੇ ਤੂ ਬਿਮਨ ? ਨਹੀਂ ਆਨੰਦ ਸਮੇਤ ਮਨ, ਬਾਰਤਾ ਕੋ ਭਨਿ, ਜਿਮ ਆਈ ਤਹਾਂ ਕਾਰ ਕਰਿ'।**
**ਲੋਚਨ ਮੈਂ ਬਾਰਿ ਭਰਿ, ਊਚੇ ਬਡ ਸ੍ਵਾਸ ਭਰਿ, ਬਾਰਤਾ ਬਤਾਈ ਮੁਖ ਬਾਕ ਕੋ ਉਚਾਰਿ ਕਰਿ ॥੨੮॥**

ਰਾਮਦਾਸ ਪੁਰ ਵਿਚ ਆ ਗਏ, ਉਤਰ ਕੇ ਘਰ ਦੇ ਅੰਦਰ ਦਾਖਲ ਹੋ ਗਏ, ਗੁਰੂ ਜੀ ਨੂੰ ਵੇਖ ਕੇ ਬੰਦਨਾ ਕੀਤੀ। ਗੁਰੂ ਜੀ ਨੇ ਸ੍ਰੀਮਤੀ ਗੰਗਾ ਜੀ ਦੇ ਮੁੱਖੜੇ ਨੂੰ ਕਮਲ ਦੇ ਫੁੱਲ ਵਾਂਗ ਕੁਮਲਾਇਆ ਹੋਇਆ ਵੇਖ ਕੇ ਪੁਛਿਆ, "ਕੀ ਪੁੱਤਰ ਦੀ ਕਾਮਨਾ, ਚਿੰਤਾ ਦੂਰ ਕਰਕੇ ਪਾ ਲਈ ਹੈ ? ਤੂੰ ਏਨੀ ਉਦਾਸ ਕਿਉਂ ਹੈਂ ? ਮਨ ਅਨੰਦ ਪ੍ਰਸੰਨ ਨਹੀਂ ਹੈ, ਉਹ ਸਾਰੀ ਵਾਰਤਾ ਮੈਨੂੰ ਸੁਣਾਓ ਜਿਵੇਂ ਓਥੇ ਕਰ ਕੇ ਆਏ ਹੋ।" ਨੈਣਾਂ ਵਿਚ ਪਾਣੀ ਭਰ ਕੇ, ਲੰਮੇ ਲੰਮੇ ਸਾਹ ਲੈ ਕੇ, ਮਾਤਾ ਗੰਗਾ ਜੀ ਨੇ ਮੁਖਵਾਕ ਉਚਾਰਨ ਕਰਕੇ ਸਾਰੀ ਵਾਰਤਾ ਸੁਣਾਈ॥ ੨੮॥

**'ਸੁਨੇ ਪ੍ਰਭੁ ! ਰਾਵਰ ਕੇ ਪ੍ਰੇਰੇ ਹਮ ਗਏ ਤਹਾਂ ਬੰਦਨ ਕੋ ਠਾਨਿ ਕੀਨ ਆਗੇ ਅਰਦਾਸ ਕੋ।**
**ਆਤਮਜ ਰਹਯੋ ਕਿਤ, ਦੀਨਸਿ ਅਹਿਤ ਮਹਾਂ, 'ਭਾਜਰ ਪਰੈਗੀ ਪੁਰਿ ਸੰਕਟ ਪ੍ਰਕਾਸ਼' ਕੋ।**
**ਐਸੀ ਬਿੱਪਰੀਤ ਭਈ ਚਿੰਤਾ ਬਡ ਚੀਤ ਭਈ, ਆਈ ਭਯਭੀਤ ਭਈ ਆਪਨੇ ਅਵਾਸ ਕੋ।**
**ਕਲਪ ਤਰੂ ਪੈ ਜਿਮ ਜਾਇ ਕੋ ਜਤਨ ਕਰਿ , ਪਾਇ ਨ ਪਦਾਰਥ ਗਵਾਇ ਬਿਤ ਪਾਸ ਕੋ' ॥੨੯॥**

"ਹੇ ਪ੍ਰਭੂ ਜੀ ! ਸੁਣੋ, ਆਪ ਜੀ ਦੇ ਪ੍ਰੇਰੇ ਹੋਏ ਅਸੀਂ ਓਥੇ ਗਏ ਸੀ, ਜਦ ਬੰਦਨਾ ਕਰਕੇ ਅਸੀਂ ਬੇਨਤੀ ਕੀਤੀ, ਤਾਂ ਪੁੱਤਰ ਦਾ ਵਰ ਤਾਂ ਕਿਤੇ ਰਿਹਾ, ਸਾਨੂੰ ਬਹੁਤ ਵੱਡਾ ਸਰਾਪ ਦੇ ਦਿੱਤਾ, ਨਗਰ ਵਿਚ ਵੱਡਾ ਸੰਕਟ ਆਉਣ ਤੇ ਭਾਜੜ ਪਵੇਗੀ, ਐਸੀ ਉਲਟੀ ਗੱਲ ਹੋਣ ਤੇ ਮਨ ਵਿਚ ਚਿੰਤਾ ਬਹੁਤ ਵਧੀ ਹੈ, ਮੈਂ ਭੈਭੀਤ ਹੋ ਕੇ ਆਪਣੇ ਘਰ ਆ ਗਈ ਹਾਂ। ਜਿਵੇਂ ਕਲਪ ਬ੍ਰਿੱਛ ਦੇ ਪਾਸ ਜਾ ਕੇ ਯਤਨ ਕਰਨ ਤੇ ਵੀ ਕੋਈ ਪਦਾਰਥ ਨਾ ਪਾ ਸਕੇ, ਸਗੋਂ ਆਪਣੇ ਪਾਸ ਵਾਲਾ ਵੀ ਗਵਾ ਆਵੇ" ॥ ੨੯॥

**ਬੂਝੀ ਗੁਰ ਗਵਨੀ 'ਤੈਂ ਕੌਨ ਸੇ ਸਮਾਜ ਸੰਗ, ਕੈਸੇ ਭਾਉ ਕੀਨ, ਭੇਟ ਦੀਨ ਕੌਨ ਜਾਇ ਕਰਿ?'।**
**ਗੰਗਾ ਨੇ ਉਚਾਰੀ 'ਚਢਿ ਰਥ ਅਸਵਾਰੀ ਗਈ, ਗਾਡੀ ਬਹੁ ਸੰਗ ਲੈਕੇ, ਜਨ ਸਮੁਦਾਇ ਕਰਿ।**
**ਮਧੁਰ, ਸਨਿਗਧ ਪ੍ਰਸਾਦਿ ਕੋ ਅਗਾਰੀ ਧਰਯੋ, ਭਨਯੋ ਹੈ ਮਨੋਰਥ ਸੁ ਦਾਸੀ ਨੇ ਸੁਨਾਇ ਕਰਿ।**
**ਤਿਨੋਂ ਨੇ ਟਲਾਇ ਕਰਿ, ਸ੍ਰਾਪ ਕੋ ਅਲਾਇ ਕਰਿ ਸਭੈ ਬਿਸਮਾਇ ਕਰਿ, ਤ੍ਰਾਸ ਉਪਜਾਇ ਕਰਿ' ॥੩੦॥**

ਗੁਰੂ ਜੀ ਨੇ ਪੁਛਿਆ, "ਕਿਨ੍ਹਾਂ ਲੋਕਾਂ ਦੇ ਨਾਲ ਤੂੰ ਗਈ ਸੀ, ਤੂੰ ਕਿਸ ਤਰ੍ਹਾਂ ਪ੍ਰੇਮ ਕੀਤਾ, ਕਿਹੜੀ ਜਾ ਕੇ ਭੇਟ ਅੱਗੇ ਰੱਖੀ ? ਮਾਤਾ ਗੰਗਾ ਜੀ ਨੇ ਕਿਹਾ, "ਰੱਥ ਉਤੇ ਸਵਾਰ ਹੋ ਕੇ ਗਏ, ਬਹੁਤ ਗੜ੍ਹਬਹਿਲਾਂ ਨਾਲ ਲਈਆਂ, ਬਹੁਤ ਵੱਡਾ ਇਕੱਠ ਕਰਕੇ, ਮਿੱਠਾ ਅਤੇ ਤਲੀਆਂ ਹੋਈਆਂ ਪੂਰੀਆਂ ਅਤੇ ਕਚੌਰੀਆਂ ਦਾ ਪ੍ਰਸ਼ਾਦਿ ਅੱਗੇ ਧਰਿਆ, ਇਕ ਦਾਸੀ ਨੇ ਸਾਰਾ ਮਨੋਰਥ

ਬਾਬਾ ਬੁੱਢਾ ਜੀ ਨੂੰ ਦੱਸ ਦਿੱਤਾ। ਉਨ੍ਹਾਂ ਨੇ ਟਾਲ ਕੇ ਸਰਾਪ ਦੇ ਕੇ, ਸਾਰਿਆਂ ਨੂੰ ਹੈਰਾਨ ਅਤੇ ਡਰ ਉਪਜਾ ਕੇ ਵਾਪਸ ਭੇਜ ਦਿੱਤਾ ਹੈ॥ ੩੦॥

ਸੈਯਾ ਛੰਦ- ਸ੍ਰੀ ਗੁਰੂ ਅਰਜਨ ਸੁਨਿ ਕਰਿ ਪੁਨ ਕਹਿ, ਸਿੱਛਾ ਦਈ ਸੁਮਤ ਬਿਸਤਾਰਿ।
'ਪੂਰਨ ਪੁਰਖਨ ਕੇ ਢਿਗ ਜਾਨੋ ਡਿੰਭ ਨ ਕੀਜੈ ਕਛੂ ਬਿਚਾਰ।
ਹੋਇ ਦੀਨ ਹੰਕਾਰ ਨਿਵਾਰਹੁ, ਬਿਨਤੀ ਕੀਜਹਿ ਆਪ ਉਚਾਰ।
ਨਹੀਂ ਜਨਾਵਨ ਆਪਾ ਕਰੀਅਹਿ, ਬਚਨ ਧੂਰਿ ਕੇ ਬਨ ਅਨੁਹਾਰ' ॥ ੩੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣਕੇ ਫਿਰ ਕਿਹਾ ਅਤੇ ਸ੍ਰੇਸ਼ਟ ਮੱਤ ਵਾਲੀ ਸਿਖਿਆ ਵਿਸਥਾਰ ਸਹਿਤ ਦਿੱਤੀ, "ਜਦ ਵੀ ਪੂਰਨ ਪੁਰਖਾਂ ਪਾਸ ਜਾਵੋ ਤਾਂ ਕਦੀ ਵੀ ਵਿਚਾਰ ਕੇ ਪਖੰਡ ਨਾ ਕਰੀਏ। ਦੀਨ ਹੋ ਕੇ ਹੰਕਾਰ ਨੂੰ ਦੂਰ ਕਰੋ ਅਤੇ ਆਪ ਉਚਾਰਨ ਕਰਕੇ ਬੇਨਤੀ ਕਰੋ। ਕਦੀ ਵੀ ਆਪਾ ਨਾ ਜਣਾਈਏ ਅਤੇ ਨੀਵੇਂ ਤੋਂ ਨੀਵੇਂ ਹੋ ਕੇ ਬਚਨ ਕਰੀਏ" ॥ ੩੧ ॥

ਦੋਹਰਾ- ਇੱਤਜਾਦਿਕ ਸ਼ੁਭ ਮਤਿ ਕਹੀ ਸੁਨਿ ਗੰਗਾ ਪਛੁਤਾਇ।
'ਬਿਨਾ ਬਿਚਾਰੇ ਮੈਂ ਕਰਜੋ ਤਿਸਕੋ ਫਲ ਦੁਖ ਪਾਇ' ॥ ੩੨ ॥

ਇਤਿਆਦਿ ਚੰਗੀ ਸਿਖਿਆ ਦਿੱਤੀ, ਇਹ ਸੁਣ ਕੇ ਸ੍ਰੀਮਤੀ ਗੰਗਾ ਜੀ ਬਹੁਤ ਪਛੁਤਾਈ ਅਤੇ ਬੋਲੀ ਕਿ 'ਮੈਂ ਇਹ ਸਭ ਕੁਝ ਬਿਨਾਂ ਵਿਚਾਰੇ ਕੀਤਾ ਸੀ, ਇਸ ਲਈ ਉਸ ਦਾ ਫਲ ਦੁੱਖ ਪਾਇਆ ਹੈ' ॥ ੩੨ ॥

*ਤੀਸਰੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥*

## *ਅਧਿਆਇ ਤੀਸਰਾ*

*ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਨੇ ਵਰ ਦਿੱਤਾ*

ਦੋਹਰਾ- ਨੀਚ ਬਿਲੋਚਨ ਕਰਿ ਰਹੀ ਸੋਚਤਿ ਸੋਚ ਬਿਸਾਲ।
ਕਿਤਿਕ ਦੇਰ ਮਹਿਂ ਧੀਰ ਧਰਿ ਬੋਲੀ ਨੰਮ੍ਰਤ ਨਾਲ॥ ੧ ॥

ਨੀਵੇਂ ਨੈਣ ਕਰਕੇ ਕਾਫੀ ਸਮਾਂ ਸੋਚਦੇ ਰਹੇ, ਫਿਰ ਕੁਝ ਦੇਰ ਬਾਅਦ ਧੀਰਜ ਧਾਰਨ ਕਰਕੇ ਬੜੀ ਨਿੰਮਰਤਾ ਸਹਿਤ ਬੋਲੇ॥ ੧ ॥

ਸੈਯਾ ਛੰਦ- 'ਸ੍ਰੀ ਜਗ ਗੁਰ ਸਰਬੱਗਜ ਸਦਾ ਉਰ ਸਕਲ ਸ਼ਕਤਿ ਮਹਿਂ ਪੂਰਨ ਭੂਰ।
ਚਹਹੁ ਕਰਹੁ ਨਹਿਂ ਬਿਲਮ ਲਗਹਿ ਪ੍ਰਭੁ! ਸਭਿ ਦੇਸ਼ਨ ਮਹਿਂ ਸਭਿਨਿ ਹਦੂਰ।
ਕਰਹਿਂ ਅਰਾਧਨ ਪਹੁੰਚਹੁ ਤਤਛਿਨ, ਸ਼ਰਧਾਲੂ ਕੀ ਇੱਛਾ ਪੂਰਿ।
ਲਾਖਹੁਂ ਕੇ ਕਾਜਨ ਕਹੁ ਕਰਿਤਾ, ਬਹੁ ਇਮ ਕਹਹਿਂ, ਨ ਹੌਂ ਕਹਿ ਕੂਰ ॥੨ ॥

"ਹੇ ਜਗਤ ਗੁਰੂ ਜੀ ਤੁਸੀਂ ਸਦਾ ਸਰਬ ਗਿਆਤਾ ਹੋ, ਤੁਹਾਡਾ ਹਿਰਦਾ ਸਭ ਸ਼ਕਤੀਆਂ ਨਾਲ ਪੂਰਨ ਹੈ, ਜੋ ਕੁਝ ਵੀ ਕਰਨਾ ਚਾਹੋ, ਕਿਸੇ ਦੇਰ ਤੋਂ ਬਗੈਰ ਝੱਟ ਕਰ ਦਿੰਦੇ ਹੋ, ਸਭ ਦੇਸ਼ਾਂ ਵਿਚ ਸਾਰਿਆਂ ਦੇ ਨੇੜੇ ਰਹਿੰਦੇ ਹੋ। ਜਿਹੜੇ ਵੀ ਅਰਾਧਨਾ ਕਰਦੇ ਹਨ, ਤੁਸੀਂ ਝੱਟ ਉਥੇ ਪਹੁੰਚ ਜਾਂਦੇ ਹੋ ਅਤੇ ਆਪਣੇ ਸ਼ਰਧਾਲੂ ਦੀ ਇੱਛਾ ਪੂਰੀ ਕਰਦੇ ਹੋ। ਲੱਖਾਂ ਦੇ ਕੰਮ ਕਰਦੇ ਹੋ, ਬਹੁਤ ਲੋਕ ਇਸ ਤਰ੍ਹਾਂ ਕਹਿੰਦੇ ਹਨ, ਉਹ ਕੁਝ ਵੀ ਝੂਠ ਨਹੀਂ ਕਹਿੰਦੇ॥ ੨ ॥

ਬ੍ਰਿਧ ਨੇ ਸੁਜਸ ਆਪ ਕੋ ਉਚਰਯੋ 'ਜਗੁ ਜਾਚਕ ਸੋ ਦੇਵਨ ਹਾਰ'।
ਜੱਦਯਪਿ ਸਮਰਥ ਸਭਿ ਬਿਧਿ ਇਮ ਹੋ ਤੱਦਪਿ ਆਗਯਾ ਕੀਨਿ ਉਚਾਰਿ।
'ਤਿਨ ਤੇ ਬਰ ਲਿਹੁ ਪੁੱਤ੍ਰ ਚਹਤਿ ਜੋ' ਸੋ ਮੁਝ ਤੇ ਹੁਇ ਸਕੀ ਨ ਕਾਰ।
ਬਿਗਰਯੋ ਆਪ ਸੁਧਾਰਨ ਕਰੀਅਹਿ ਸ਼ੁਭ ਸੀਛਾ ਦਿਹੁ, ਮੈਂ ਅਨੁਸਾਰਿ॥ ੩॥

ਬ੍ਰਿਧ ਨੇ ਆਪ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ ਕਿ ਜਗਤ ਜੋ ਕੁਝ ਵੀ ਮੰਗਦਾ ਹੈ, ਤੁਸੀਂ ਦੇਵਣਹਾਰ ਹੋ। ਜੇ ਤੁਸੀਂ ਸਭ ਤਰ੍ਹਾਂ ਨਾਲ ਇਸ ਤਰ੍ਹਾਂ ਸਮਰੱਥ ਹੋ, ਤਦ ਫਿਰ ਉਚਾਰਨ ਕਰਕੇ ਆਗਿਆ ਦੇਵੋ, ਉਨ੍ਹਾਂ ਤੋਂ ਵਰ ਲੈ ਕੇ ਜਿਹੜਾ ਪੁੱਤਰ ਚਾਹੁੰਦੀ ਹਾਂ, ਉਹ ਕਾਰ ਮੈਥੋਂ ਹੋ ਨਹੀਂ ਸਕਣੀ ਹੈ, ਮੈਥੋਂ ਵਿਗਾੜ ਹੋ ਗਿਆ ਹੈ, ਆਪ ਇਸ ਦਾ ਸੁਧਾਰ ਕਰੀਏ, ਮੈਨੂੰ ਸ਼ੁਭ ਸਿਖਿਆ ਦੇਵੋ ਤਾਂਕਿ ਮੈਂ ਆਪ ਦੀ ਆਗਿਆ ਅਨੁਸਾਰ ਕਰ ਸਕਾਂ॥ ੩॥

ਬਡ ਪੁਰਸ਼ਨ ਕੀ ਸੇਵਾ ਕਰਨੀ ਇਸ ਮਹਿਂ ਚਹੀਐ ਬੁਧਿ ਅਧਿਕਾਇ।
ਬੰਸੁ ਬਿਭੂਖਨ, ਪੂਖਨ ਸਮਸਰ ਸੁਤਿ ਹੁਇ, ਅਸ ਮਤਿ ਦਿਹੁ ਸਿਖਰਾਇ।
ਤਿਮ ਅਬਿ ਕੀਜਹਿ, ਹੇਰ ਪ੍ਰਸੀਜਹਿ, ਸ਼ੁਭ ਬਰ ਲੀਜਹਿ ਚਿੰਤ ਬਿਲਾਇ।
ਬਖਸ਼ਹੁ ਭੂਲ ਲਖਹੁ ਅਨੁਕੂਲੀ, ਲਹੌਂ ਮੂਲ ਸੁਖ ਧੂਲੀ ਪਾਇ'॥ ੪॥

ਵੱਡੇ ਪੁਰਖਾਂ ਦੀ ਸੇਵਾ ਕਰਨ ਲਈ ਵੱਡੀ ਬੁੱਧੀ ਹੋਣੀ ਚਾਹੀਦੀ ਹੈ, ਵੰਸ਼ ਦਾ ਗਹਿਣਾ, ਸੂਰਜ ਸਦਰਸ਼ ਪੁੱਤਰ ਹੋਵੇ, ਅਜਿਹੀ ਬੁੱਧੀ ਮੈਨੂੰ ਸਿਖਾ ਦੇਵੋ। ਉਸ ਤਰ੍ਹਾਂ ਹੁਣ ਕਰਾਂ ਕਿ ਵੇਖ ਕੇ ਪ੍ਰਸੰਨ ਹੋ ਜਾਣ ਅਤੇ ਸਭ ਵਰ ਪ੍ਰਾਪਤ ਕਰਾਂ ਅਤੇ ਸਾਰੀਆਂ ਚਿੰਤਾਵਾਂ ਨੂੰ ਦੂਰ ਕਰਾਂ। ਮੇਰੀ ਭੁੱਲ ਬਖਸ਼ ਦੇਵੋ, ਆਪਣੀ ਆਗਿਆਕਾਰੀ ਸਮਝੋ, ਚਰਨਾਂ ਦੀ ਧੂੜੀ ਜੋ ਸੁਖਾਂ ਦਾ ਮੂਲ ਹੈ ਉਹ ਮੈਂ ਪ੍ਰਾਪਤ ਕਰਾਂ"॥ ੪॥

ਇਮ ਹੁਇ ਦੀਨ ਗੁਰੂ ਜਬ ਬੂਝੇ ਸ਼ੁਭ ਮਤਿ ਦੇਤਿ ਭਏ ਤਤਕਾਲ।
'ਜਾਟ ਸਿੱਖ ਪੁਨ ਇੰਦ੍ਰੇ ਜਿਤ ਹੈ, ਤਿਹ ਸੇਵਹੁ ਅਪਨੇ ਕਰ ਨਾਲਿ।
ਧਰਹੁ ਪ੍ਰੇਮ ਆਪਾ ਨ ਜਨਾਵਹੁ, ਕਰਹੁ ਕਾਰ ਉਠਿ ਭੋਰ ਬਿਸਾਲ।
ਪ੍ਰਥਮ ਸ਼ਨਾਨਹੁ, ਪੁਨ ਕ੍ਰਿਤ ਠਾਨਹੁ, ਅੰਨ ਸੁਧਾਰਹੁ ਸ਼ੁਭ ਤ੍ਰਿਸਕਾਲ॥ ੫॥

ਜਦ ਗੁਰੂ ਜੀ ਨੇ ਆਪਣੀ ਸੁਪਤਨੀ ਨੂੰ ਦੀਨ ਹੋਈ ਜਾਣਿਆ ਤਾਂ ਤੁਰਤ ਸ਼ੁਭ ਸਿਖਿਆ ਦਿੱਤੀ, ਉਨ੍ਹਾਂ ਫੁਰਮਾਇਆ, "ਇਕ ਉਹ ਜੱਟ ਸਿੱਖ ਜ਼ਿਮੀਂਦਾਰ ਹਨ, ਦੂਸਰਾ ਉਨ੍ਹਾਂ ਨੇ ਇੰਦਰੀਆਂ ਨੂੰ ਜਿੱਤਿਆ ਹੋਇਆ ਹੈ, ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਉਨ੍ਹਾਂ ਵਸ ਕੀਤਾ ਹੋਇਆ ਹੈ, ਉਨ੍ਹਾਂ ਦੀ ਆਪਣੇ ਹੱਥਾਂ ਨਾਲ ਸੇਵਾ ਕਰੋ। ਪ੍ਰੇਮ ਧਾਰਨ ਕਰੋ ਅਤੇ ਆਪਾ ਨਾ ਜਣਾਵੋ, ਸਵੇਰੇ ਸਵੱਖਤੇ ਉਠ ਕੇ ਕਾਰ ਕਰੋ। ਪਹਿਲਾਂ ਇਸ਼ਨਾਨ ਕਰੋ ਤੇ ਅਨਾਜ ਨੂੰ ਸੁਧਾਰਨ ਦੀ ਕਿਰਤ ਕਰੋ॥ ੫॥

ਅਰਧ ਚਣਕ ਗੋਧੂਮ ਮਿਲਾਵਹੁ, ਪੀਸਹੁ ਆਪੇ ਲੇਹੁ ਪਕਾਇ।
ਮੋਟ ਰੋਟਕਾ ਲਵਣ ਅਮੇਜ਼ੀ, ਤਿਹ ਊਪਰ ਬਹੁ ਘ੍ਰਿਤ ਕੋ ਪਾਇ।
ਦਧਿ ਮਥੀਅਹਿ ਥੋਰਾ ਜਲ ਪਾਵਹੁ, ਸੰਘਨੀ ਛਾਛ, ਤਨਕ ਤੁਰਸ਼ਾਇ।
ਧੂਪ ਦੇਹੁ ਲਿਹੁ ਬਾਸਨ ਪਾਈ, ਦੁਇ ਤ੍ਰੈ ਗਠੇ ਸਥੂਲ ਮੰਗਾਇ॥ ੬॥

ਅੱਧੇ ਛੋਲੇ ਲਵੋ ਅਤੇ ਅੱਧੀ ਕਣਕ ਲੈ ਕੇ ਉਨ੍ਹਾਂ ਨੂੰ ਰਲਾ ਕੇ ਆਪ ਚੱਕੀ ਵਿਚ ਪੀਸੋ ਅਤੇ ਫਿਰ ਆਪਣੇ ਹੱਥਾਂ ਨਾਲ ਪਕਾਓ, ਲੂਣ ਵਾਲੇ ਮੋਟੇ ਰੋਟ ਬਣਾਓ, ਉਨ੍ਹਾਂ ਉਤੇ ਬਹੁਤ ਘਿਉ ਪਾਉ, ਦਹੀਂ ਨੂੰ ਰਿੜਕ ਕੇ ਥੋੜਾ ਵਿਚ ਜਲ ਪਾਵੋ ਸੰਘਣੀ ਲੱਸੀ ਥੋੜੀ ਖੱਟੀ ਹੋਵੇ, ਧੂਪ ਦੇ ਕੇ ਉਸ ਨੂੰ ਬਰਤਨ ਵਿਚ ਪਾ ਲਵੋ, ਫਿਰ ਦੋ ਤਿੰਨ ਮੋਟੇ ਗੰਢੇ ਮੰਗਵਾ ਲਵੋ॥ ੬॥

ਪਾਇਨਿ ਨਗਨ ਉਪਾਇਨ ਅਸ ਲਿਹੁ, ਨਿਜ ਸਿਰ ਧਰਿ ਗਮਨਹੁ ਤਿਸ ਪਾਸ।
ਤਜਿ ਗਿਨਤੀ ਬਿਨਤੀ ਕੋ ਭਨੀਅਹਿ ਹੁਇਂ ਕ੍ਰਿਪਾਲ ਤਬਿ ਸਭਿ ਗੁਨ ਰਾਸਿ।
ਦੇਹਿਂ ਸੁ ਬਰ ਕੋ ਇੱਛਾ ਪੂਰਹਿਂ, ਲਖਹੁ ਨਿਸੰਸੈ ਲਿਹੁ ਸੁਤ ਆਸਿ।
ਅਤਿ ਉੱਤਮ ਹੁਇ ਬਲੀ ਬਿਲੰਦਹਿ ਸੇਵਹਿਂ ਜਿਤਿਕ ਬਨਹਿ ਸਮਦਾਸ ॥੭॥

ਨੰਗੇ ਪੈਰੀਂ ਭੋਜਨ ਨੂੰ ਇਸ ਤਰ੍ਹਾਂ ਲਵੇ, ਆਪਣੇ ਸਿਰ ਤੇ ਧਰ ਕੇ ਬਾਬਾ ਬੁੱਢਾ ਜੀ ਦੇ ਪਾਸ ਜਾਵੇ। ਸਾਰੀਆਂ ਗਿਣਤੀਆਂ ਛੱਡ ਕੇ ਬੇਨਤੀ ਕਰੋ ਤਾਂ ਗੁਣਾਂ ਦੇ ਘਰ ਭਾਵ ਬਾਬਾ ਬੁੱਢਾ ਜੀ ਕਿਰਪਾਲੂ ਹੋ ਜਾਣਗੇ। ਸ੍ਰੇਸ਼ਟ ਵਰ ਦੇ ਕੇ ਤੇਰੀਆਂ ਇਛਾਵਾਂ ਪੂਰੀਆਂ ਕਰਨਗੇ, ਕਿਸੇ ਸ਼ੱਕ ਤੋਂ ਬਗੈਰ ਪੁੱਤਰ ਦੀ ਆਸ ਪੂਰੀ ਹੋਵੇਗੀ। ਪੁੱਤਰ ਅਤੀ ਉੱਤਮ ਅਤੇ ਬਹੁਤ ਬਲਵਾਨ ਹੋਵੇਗਾ। ਜਿਹੜੇ ਉਨ੍ਹਾਂ ਦੀ ਸੇਵਾ ਕਰਨਗੇ ਉਹ ਵੀ ਅਤੀ ਉੱਤਮ ਅਤੇ ਮਹਾਂਬਲੀ ਹੋਣਗੇ' ॥ ੭॥

ਸੁਨਿ ਅਨੰਦ ਕਿਯ, ਮਨਹੁ ਨੰਦ ਭਾ ਨੀਠ ਨੀਠ ਨਿਸ ਕੀਨਿ ਬਿਤੀਤ।
ਜਾਗ੍ਰਤ ਰਹੀ ਚੌਂਪ ਅਤਿ ਉਪਜੀ ਅੰਮ੍ਰਿਤ ਵੇਲਾ ਮੱਜਨ ਕੀਤਿ।
ਸੁੰਦਰ ਅੰਨ ਸੁਧਾਰਯੋ ਰੁਚਿ ਕਰਿ, ਪੀਸਨ ਲਗੀ ਆਪ ਉਠਿ ਪ੍ਰੀਤਿ।
ਦਾਸੀ ਜਾਚਿ ਰਹੀ ਬਹੁਤੇਰੀ, ਤਰਜ ਤਰਜ ਬਰਜੀ ਦਿਢ ਚੀਤ॥ ੮॥

ਇਹ ਸੁਣ ਕੇ ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਏ, ਮਾਨੋ ਪੁੱਤਰ ਮਿਲ ਗਿਆ ਹੋਵੇ। ਜਿਵੇਂ ਕਿਵੇਂ ਰਾਤ ਬਤੀਤ ਕੀਤੀ। ਅਤੀ ਪ੍ਰੇਮ ਪਰਗਟ ਹੋਣ ਕਰਕੇ ਸਾਰੀ ਰਾਤ ਜਾਗਦੀ ਰਹੀ। ਜਦ ਅੰਮ੍ਰਿਤ ਵੇਲਾ ਹੋਇਆ ਤਾਂ ਉਠ ਕੇ ਇਸ਼ਨਾਨ ਕੀਤਾ। ਸੁੰਦਰ ਅਨਾਜ ਬੜੇ ਪ੍ਰੇਮ ਨਾਲ ਸੁਧਾਰਿਆ, ਫਿਰ ਉਠ ਕੇ ਪ੍ਰੀਤ ਨਾਲ ਚੱਕੀ ਵਿਚ ਪੀਹਣ ਲੱਗੀ। ਦਾਸੀ ਬਹੁਤ ਕਹਿੰਦੀ ਰਹੀ, ਪਰ ਮਾਤਾ ਜੀ ਨੇ ਦ੍ਰਿੜ੍ਹ ਚਿਤ ਹੋ ਕੇ ਉਸਨੂੰ ਝਿੜਕ ਕੇ ਰੋਕ ਦਿੱਤਾ॥ ੮॥

ਆਪਹਿ ਕਰੀ ਪਕਾਵਨ ਘ੍ਰਿਤ ਜਤ, ਪੰਚਨ ਕੋ ਪ੍ਰਸ਼ਾਦਿ ਕਰਿ ਤਯਾਰ।
ਛਾਛ ਧੂਪ ਦੇ ਸੰਘਨੀ ਸ੍ਵਾਦਲ, ਗਠੇ ਸਹਤ ਨਿਜ ਸਿਰ ਪਰ ਧਾਰਿ।
ਚਰਨ ਨਗਨ ਗਮਨੀ ਤਬਿ ਮਾਰਗ, ਦਾਸੀ ਦੋਇਕ ਚਲੀ ਪਿਛਾਰਿ।
ਅਪਰ ਬਰਜ ਕਰਿ ਸਰਬ ਹਟਾਏ, ਤਊ ਦੂਰਿ ਹੁਇ ਗਮਨੇ ਲਾਰ॥ ੯॥

ਆਪੇ ਮਿਸੀਆਂ ਰੋਟੀਆਂ ਪਕਾਈਆਂ ਅਤੇ ਘਿਉ ਪਾ ਕੇ ਪੰਜਾਂ ਦਾ ਪ੍ਰਸ਼ਾਦਿ ਤਿਆਰ ਕਰ ਲਿਆ। ਸੰਘਣੀ ਅਤੇ ਸਵਾਦੀ ਲੱਸੀ ਸਮੇਤ ਗੰਢਿਆਂ ਦੇ ਆਪਣੇ ਸਿਰ ਤੇ ਰੱਖ ਲਈ। ਫਿਰ ਨੰਗੇ ਪੈਰੀਂ ਚਲ ਪਈ, ਦੋ ਇਕ ਦਾਸੀਆਂ ਪਿੱਛੇ ਪਿੱਛੇ ਆ ਰਹੀਆਂ ਸਨ। ਬਾਕੀ ਸਭ ਨੂੰ ਰੋਕ ਕੇ ਹਟਾ ਦਿੱਤਾ, ਉਹ ਦੂਰ ਹੋ ਕੇ ਨਾਲ ਜਾ ਰਹੀਆਂ ਸਨ॥ ੯॥

ਭਯੋ ਸ਼੍ਰਮ ਗਮਨੀ ਜਬਿ ਮਾਰਗ, ਤਊ ਨ ਲਜਾਵਤਿ ਭੀ ਮਨ ਮਾਂਹਿ।
ਸੀਸ ਉਠਾਯੋ ਦੁਖਤਿ ਭਯੋ ਬਹੁ ਗਿਨਹਿ ਨਹੀਂ ਚਿਤ ਚੌਂਪ ਸੁ ਤਾਂਹਿ।
ਮਹਿਮਾ ਸਿੱਖਨ ਕੀ ਬਡ ਪਰਖਤਿ ਧਰਹਿਂ ਭਾਵ ਗੁਰ ਸੇਵਕ ਮਾਂਹਿ।
ਕੌਨ ਵਸਤੁ ਹੈ ਦੁਲਭ ਤਿਨਹੁ ਕਹੁ ਧੰਨ ਪੁਰਖੁ ਸਭਿ ਬਿਖੈ ਕਹਾਹਿਂ॥ ੧੦॥

ਜਦ ਰਾਹ ਵਿਚ ਜਾ ਰਹੇ ਸੀ ਤਾਂ ਬਹੁਤ ਥੱਕ ਗਏ, ਪਰ ਉਸ ਥਕਾਵਟ ਨੂੰ ਉਨ੍ਹਾਂ ਮਨ ਵਿਚ ਨਾ ਲਿਆਂਦਾ, ਸਿਰ ਦੁਖ ਰਿਹਾ ਸੀ ਪਰ ਉਸ ਦੀ ਪ੍ਰਵਾਹ ਨਹੀਂ ਸੀ ਕਰ ਰਹੇ, ਕਿਉਂਕਿ ਚਿੱਤ ਵਿਚ ਬੜਾ ਚਾਅ ਸੀ। ਸਿੱਖਾਂ ਦੀ ਵੱਡੀ ਮਹਿਮਾ ਪਰਖਦੇ ਹਨ, ਭਾਵ ਗੁਰੂ ਦੇ ਸੇਵਕਾਂ ਵਾਸਤੇ ਕਿਹੜੀ ਵਸਤੂ ਦੁਰਲਭ ਹੈ, ਉਹ 'ਧੰਨ ਪੁਰਖ' ਸਭ ਥਾਂ ਕਹਾਉਂਦੇ ਹਨ॥ ੧੦॥

ਪਹੁੰਚੀ ਜਾਇ ਸੁ ਬੀਚ ਬੀੜ ਕੇ ਆਗੇ ਬ੍ਰਿਧ ਸੋ ਛੁਧਤਿ ਬਿਸਾਲ।
ਤਿਸੁ ਨਿਸੁ ਨਹਿੰ ਭੋਜਨ ਕੋ ਕੀਨਸਿ ਅਧਿਕ ਤ੍ਰਿਖਤ ਬੈਠਜੋ ਤਿਸ ਕਾਲ।
ਜਬਹਿ ਗੰਗ ਕੋ ਆਵਤਿ ਦੇਖਜੋ ਤਤਛਿਨ ਉਠਜੋ ਪ੍ਰੀਤਿ ਕੇ ਨਾਲ।
'ਧੰਨ ਮਾਤ ਹੋ! ਉਚਿਤ ਸਦਨ ਗੁਰ, ਮਮ ਕਾਰਨ ਆਈ ਪਗ ਨਾਲਿ॥੧੧॥

ਚਲਦੇ-ਚਲਦੇ ਬੀੜ ਵਿਚ ਜਾ ਪਹੁੰਚੇ, ਅੱਗੇ ਬਾਬਾ ਬੁੱਢਾ ਜੀ ਨੂੰ ਬਹੁਤ ਭੁੱਖ ਲੱਗੀ ਹੋਈ ਸੀ, ਉਸ ਰਾਤ ਉਨ੍ਹਾਂ ਭੋਜਨ ਨਹੀਂ ਸੀ ਖਾਧਾ, ਉਸ ਸਮੇਂ ਉਹ ਬਹੁਤ ਭੁੱਖੇ ਬੈਠੇ ਸਨ। ਜਦ ਮਾਤਾ ਗੰਗਾ ਜੀ ਨੂੰ ਆਉਂਦਿਆਂ ਵੇਖਿਆ, ਤੁਰੰਤ ਬੜੇ ਪ੍ਰੇਮ ਨਾਲ ਉੱਠੇ ਅਤੇ ਕਿਹਾ, "ਹੇ ਮਾਤਾ ਜੀ! ਤੁਸੀਂ ਧੰਨ ਹੋ, ਤੁਹਾਡਾ ਗੁਰੂ ਘਰ ਵਿਚ ਰਹਿਣਾ ਉਚਿਤ ਹੈ, ਪਰ ਮੇਰੇ ਕਾਰਨ ਪੈਦਲ ਚਲ ਕੇ ਆਏ ਹੋ॥੧੧॥

ਡੋਰੇ ਸਜੰਦਨ ਜੋਗ ਗਮਨ ਹਿਤ ਪੁਨ ਲਜਾਈ ਸਿਰਿ ਭਾਰ ਉਠਾਇ।
ਕਜੋਂ ਨ ਆਸ ਪੂਰਨ ਹੁਇ ਤੇਰੀ, ਸਭਿ ਤੇ ਬਡੀ, ਬਹੁਰ ਇਮੁ ਆਇ।
ਕਿਸੂ ਪ੍ਰਕਾਰ ਹੰਕਾਰ ਨ ਕੀਨਸਿ, ਮਨ ਨੀਵੇ ਬਨਿ, ਪ੍ਰੇਮ ਬਢਾਇ'।
ਇਮ ਕਹਿ ਮਿਲਜੋ, ਉਤਾਰਜੋ ਸਿਰ ਤੇ, ਮਾਤ ਜੋਰਿ ਕਰ ਨਮੋ ਕਰਾਇ॥੧੨॥

ਤੁਹਾਡਾ ਰੱਥਾਂ ਉਤੇ ਚੜ੍ਹ ਕੇ ਸਫਰ ਕਰਨਾ ਯੋਗ ਹੈ, ਪਰ ਤੁਸੀਂ ਪੈਦਲ ਚਲ ਕੇ ਅਤੇ ਆਪਣੇ ਸਿਰ ਤੇ ਭਾਰ ਚੁੱਕ ਕੇ ਆਏ ਹੋ। ਤੁਹਾਡੀ ਆਸ ਕਿਉਂ ਨਾ ਪੂਰੀ ਹੋਵੇਗੀ, ਸਭ ਤੋਂ ਵੱਡੇ ਤੇ ਫਿਰ ਇਸ ਤਰ੍ਹਾਂ ਆਏ ਹੋ। ਕਿਸੇ ਪ੍ਰਕਾਰ ਦਾ ਹੰਕਾਰ ਨਹੀਂ ਕੀਤਾ, ਮਨ ਵਿਚ ਨੀਵੇਂ ਬਣ ਕੇ ਪ੍ਰੇਮ ਵਧਾਇਆ ਹੈ"। ਬਾਬਾ ਬੁੱਢਾ ਜੀ ਇਸ ਤਰ੍ਹਾਂ ਕਹਿ ਕੇ ਮਿਲੇ, ਮਾਤਾ ਜੀ ਦੇ ਸਿਰ ਤੋਂ ਭਾਰ ਥੱਲੇ ਲਾਹਿਆ, ਫਿਰ ਮਾਤਾ ਜੀ ਨੂੰ ਹੱਥ ਜੋੜ ਕੇ ਨਮਸਕਾਰ ਕੀਤੀ॥੧੨॥

ਮੋਟਿ ਰੋਟਿਕਾ ਗੱਠੇ ਸੰਗ ਕਰਿ ਬ੍ਰਿਧ ਤਬਿ ਸ੍ਵਾਦਲ ਕਰਿ ਕਰਿ ਖਾਇ।
ਪਾਨਿ ਛਾਛ ਕਰਿ ਕਵਰ ਪਾਇ ਮੁਖ, ਰੁਚਿ ਕਰਿ ਭੋਜਨ ਰਹਜੋਂ ਅਘਾਇ।
'ਸੁਤ ਕੋ ਛੁਧਤਿ ਜਨਨਿ ਜਬਿ ਜਾਨਤਿ ਸਭਿ ਤਜਿ ਕਰਿ ਤਿਸ ਕੋ ਤ੍ਰਿਪਤਾਇ।
ਤਿਮਿ ਹੇ ਮਾਤਾ! ਮੁਹਿ ਤ੍ਰਿਪਤਾਇਸ ਛੁਧਤਿ ਤ੍ਰਿਖਤਿ ਲਖਿ ਕੈ ਸਹਿਸਾਇ'॥੧੩॥

ਮੋਟੀਆਂ ਰੋਟੀਆਂ ਨਾਲ ਗੰਢੇ ਲੈ ਕੇ ਬਾਬਾ ਬੁੱਢਾ ਜੀ ਨੇ ਬੜਾ ਸਵਾਦ ਲਾ ਲਾ ਕੇ ਖਾਧੀਆਂ। ਲੱਸੀ ਪੀ ਕੇ ਰੋਟੀ ਦੀ ਬੁਰਕੀ ਮੂੰਹ ਵਿਚ ਪਾਉਂਦੇ ਸਨ, ਇਸ ਤਰ੍ਹਾਂ ਬੜੇ ਸਵਾਦ ਨਾਲ ਭੋਜਨ ਖਾਂਦੇ ਬੋਲੇ, "ਜਦ ਮਾਤਾ ਜੀ ਆਪਣੇ ਪੁੱਤਰ ਨੂੰ ਭੁੱਖਾ ਜਾਣਦੇ ਹਨ ਤਾਂ ਸਾਰੇ ਕੰਮ ਛੱਡ ਕੇ ਉਸ ਨੂੰ ਭੋਜਨ ਖਵਾ ਕੇ ਤ੍ਰਿਪਤ ਕਰਦੇ ਹਨ। ਇਸ ਤਰ੍ਹਾਂ ਮਾਤਾ ਜੀ! ਤੁਸੀਂ ਮੈਨੂੰ ਭੁੱਖੇ-ਪਿਆਸੇ ਨੂੰ ਤ੍ਰਿਪਤ ਕੀਤਾ ਹੈ"॥੧੩॥

ਗੰਗਾ ਸੁਨਿ ਕਰਿ ਬਿਨੈ ਬਿਖਾਨੀ ਸੁਕਚਤਿ ਦੀਨ ਮਨਾ ਕਰ ਜੋਰਿ।
'ਗਾਦੀ ਕੋ ਮਾਲਿਕ ਸੁਭ ਬਖਸ਼ਹੁ ਸ਼ਰਨਿ ਪਰੀ ਦਾਸੀ ਮੈਂ ਤੋਰ।
ਸ੍ਰੀ ਨਾਨਕ ਕੇ ਦਰਸ਼ਨ ਕਰਤਾ ਸੇਵਤਿ ਭੇ ਗੁਰ ਚਰਨ ਨਿਹੋਰਿ।
ਤੁਮਰੇ ਸਮਸਰ ਅਪਰ ਨ ਲਖੀਅਤਿ ਸੰਕਟ ਅੰਧਕਾਰ ਕੇ ਭੋਰ॥੧੪॥

ਇਹ ਸੁਣ ਕੇ ਮਾਤਾ ਜੀ ਨੇ ਹੱਥ ਜੋੜ ਕੇ ਦੀਨ ਮਨ ਨਾਲ ਸੁੰਗੜ ਕੇ ਬੇਨਤੀ ਕੀਤੀ, "ਗੱਦੀ ਦਾ ਸੁਭ ਮਾਲਕ ਬਖਸ਼ੋ, ਮੈਂ ਦਾਸੀ ਤੁਹਾਡੀ ਸ਼ਰਨ ਆਈ ਹਾਂ। ਤੁਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਹਨ ਅਤੇ ਬੇਨਤੀ ਕਰਕੇ ਗੁਰੂ ਜੀ ਦੇ ਚਰਨਾਂ ਦੀ ਸੇਵਾ ਕਰਦੇ ਰਹੇ ਹੋ। ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ, ਤੁਸੀਂ ਸੰਕਟ ਰੂਪੀ ਅੰਧਕਾਰ ਦੀ ਆਪ ਸਵੇਰ ਹੋ॥੧੪॥

ਭਈ ਅਵੱਗਜਾ ਛਿਮਹੁ ਗੁਰੂ ਸਿਖ, ਸੇਵ ਕਰਨ ਤੇ ਮੈਂ ਅਨਜਾਨ।
ਕੇਵਲ ਬਡੇ ਪ੍ਰੇਮ ਕੋ ਹੇਰਹਿਂ ਨਹਿਂ ਕਛੁ ਭੂਖੇ ਖਾਨ ਰੁ ਪਾਨ।
ਕਹਤਿ ਸੁਨਤਿ ਇਮ ਤ੍ਰਿਪਤਜੋ ਬ੍ਰਿਧ ਤਬਿ ਕਰਿ ਕੈ ਚੁਰੀ ਪਖਾਰੇ ਪਾਨ।
ਤਿਸ ਛਿਨ ਬਹਜੋ ਬਾਯੁ ਬਹੁ ਬਲ ਸੋਂ ਜਲਧਰ ਗਰਜਜੋ ਗਗਨ ਮਹਾਨ ॥੧੫॥

ਮੈਥੋਂ ਅਵੱਗਿਆ ਹੋ ਗਈ ਹੈ, ਗੁਰੂ ਸਿੱਖ ਜਾਣ ਕੇ ਮੁਆਫ ਕਰੋ, ਸੇਵਾ ਕਰਨ ਤੋਂ ਮੈਂ ਅਣਜਾਣ ਹਾਂ, ਕੇਵਲ ਵੱਡੇ ਪ੍ਰੇਮ ਨੂੰ ਵੇਖੋ, ਭੁਖੇ ਨੂੰ ਖਾਣ ਪੀਣ ਦੇਣ ਤੇ ਨਾ ਵਿਚਾਰ ਕਰੋ।" ਇਸ ਤਰ੍ਹਾਂ ਕਹਿ ਸੁਣ ਕੇ ਬਾਬਾ ਬੁੱਢਾ ਜੀ ਤ੍ਰਿਪਤ ਹੋ ਗਏ ਤੇ ਚੁਲ਼ੀ ਕਰਕੇ ਉਨ੍ਹਾਂ ਹੱਥ ਧੋਤੇ। ਉਸ ਸਮੇਂ ਬਹੁਤ ਤੇਜ਼ ਹਵਾ ਚੱਲੀ ਤੇ ਅਕਾਸ਼ ਵਿਚ ਬਹੁਤ ਉੱਚੀ ਆਵਾਜ਼ ਵਿਚ ਬੱਦਲ ਗੱਜੇ॥ ੧੫॥

ਤੜਿਤਾ ਲਸ਼ਕਤਿ ਤੇਜ ਅਧਿਕ ਧਰਿ ਦਸਹੂੰ ਦਿਸ਼ਨਿ ਮਹਿਂ ਕੀਨ ਪ੍ਰਕਾਸ਼।
ਮਨਹੁਂ ਮੇਘ ਹੈ ਸੁਭਟ ਮਹਾਂਬਲਿ, ਛਟਾ ਖੜਗ ਥਰਕਾਵਤਿ ਪਾਸ।
ਜਨੁ ਹੇਰਤਿ ਬ੍ਰਿਧਕੋ ਤਬਿ ਪ੍ਰੇਰਤਿ 'ਬਰਕੋ ਦੇਹੁ ਪੂਰੀ ਅਹਿਆਸ'।
ਪਿਖਿ ਲੱਛਨ ਬਿਸਮਤ ਹੁਇ ਹਰਖਜੋ 'ਹੁਇ ਹੈ ਨੰਦਨ ਬਲ ਕੀ ਰਾਸਿ' ॥੧੬॥

ਬਹੁਤ ਤੇਜ਼ ਬਿਜਲੀ ਲਿਸ਼ਕੀ, ਜਿਸ ਨੇ ਦਸਾਂ ਦਿਸ਼ਾਵਾਂ ਵਿਚ ਆਪਣਾ ਪ੍ਰਕਾਸ਼ ਕੀਤਾ। ਜਿਵੇਂ ਮਹਾਂਬਲੀ ਬੱਦਲ ਰੂਪੀ ਸੂਰਮਾਂ ਬਿਜਲੀ ਰੂਪੀ ਤਲਵਾਰ ਲਿਸ਼ਕਾ ਰਿਹਾ ਹੋਵੇ, ਮਾਨੋਂ ਬੱਦਲ ਬਾਬੇ ਬੁੱਢਾ ਜੀ ਨੂੰ ਵੇਖ ਰਿਹਾ ਹੋਵੇ ਤੇ ਬਾਬਾ ਜੀ ਨੂੰ ਪ੍ਰੇਰ ਰਿਹਾ ਹੋਵੇ ਕਿ ਮਾਤਾ ਜੀ ਨੂੰ ਵਰ ਦੇ ਕੇ ਉਸ ਦੀ ਆਸ ਪੂਰੀ ਕਰੋ। ਇਹ ਲੱਛਣ ਵੇਖ ਕੇ ਬਾਬਾ ਬੁੱਢਾ ਜੀ ਹੈਰਾਨ ਹੋ ਕੇ ਪ੍ਰਸੰਨ ਹੋਏ, "ਤੁਹਾਡੇ ਘਰ ਬਲਵਾਨ ਪੁੱਤਰ ਪੈਦਾ ਹੋਵੇਗਾ"।

ਬੋਲਜੋ ਬਡ ਉਤਸਾਹ ਬਧਾਵਤਿ 'ਧੰਨ ਮਾਤ ! ਆਵਨ ਭਾ ਤੋਹਿ।
ਬਲੀ ਬਿਸਾਲ ਖੜਗ ਖਰ ਕਰ ਧਰਿ ਮੁਗ਼ਲਨ ਮਾਰ ਗੁਰੂ ਬਡ ਹੋਹਿ।
ਗਾਦੀ ਤਜਹਿ ਤਖਤ ਪਰ ਬੈਠਹਿ ਅਸ ਲੱਛਨ ਦੀਖਤਿ ਹੈਂ ਮੋਹਿ।
ਰਣ ਪ੍ਰਿਯ, ਰਣ ਘਮਸਾਨ ਮਚਾਵਹਿ, ਦੁਸ਼ਟ ਖਪਾਵਹਿ ਕਰਿ ਕੈ ਕ੍ਰੋਹਿ ॥੧੭॥

ਫਿਰ ਬੜਾ ਉਤਸ਼ਾਹ ਵਧਾ ਕੇ ਬੋਲੇ, "ਹੇ ਮਾਤਾ ਜੀ ! ਧੰਨ ਤੁਹਾਡਾ ਇਸ ਸੰਸਾਰ ਵਿਚ ਆਉਣਾ ਹੈ। ਤੁਹਾਡੇ ਘਰ ਵੱਡਾ ਬਲਵਾਨ ਤਿਖੀ ਤਲਵਾਰ ਹੱਥ ਵਿਚ ਧਾਰਨ ਕਰਨ ਵਾਲਾ ਅਤੇ ਮੁਗ਼ਲਾਂ ਨੂੰ ਮਾਰਨ ਵਾਲਾ ਵੱਡਾ ਗੁਰੂ ਪੈਦਾ ਹੋਵੇਗਾ। ਗੱਦੀ ਛੱਡ ਕੇ ਤਖਤ 'ਤੇ ਬੈਠੇਗਾ, ਇਸ ਤਰ੍ਹਾਂ ਦੇ ਮੈਨੂੰ ਲੱਛਣ ਦਿੱਸਦੇ ਹਨ। ਰਣ-ਭੂਮੀ ਦਾ ਪ੍ਰੇਮੀ, ਰਣ ਵਿਚ ਘਮਸਾਨ ਮਚਾਵੇਗਾ ਅਤੇ ਕ੍ਰੋਧ ਕਰਕੇ ਦੁਸ਼ਟਾਂ ਦਾ ਨਾਸ ਕਰ ਦੇਵੇਗਾ॥ ੧੭॥

ਜਥਾ ਸੁ ਕੰਦਕ ਮੈਂ ਅਬਿ ਫੋਰੇ ਤਿਮ ਮੁਗ਼ਲਨ ਕੇ ਫੋਰਹਿ ਸੀਸ।
ਜਿਮ ਖੁਧਜਾਰਥੁ ਮੁਝਿ ਤ੍ਰਿਪਤਾਇਸ ਤਿਮ ਤੂੰ ਤ੍ਰਿਪਤਹਿ ਆਸ ਜੁ ਥੀਸ।
ਪੀਰੀ ਅਰੁ ਮੀਰੀ ਜੁਗ ਧਾਰਹਿ ਨਾਮ ਸੁ ਹਰਿ ਗੋਵਿੰਦ ਜਗਦੀਸ਼।
ਜੋਧਾ ਪ੍ਰਗਟਹਿ ਸਦਨ ਤੁਮਾਰੇ ਜੀਤਹਿ ਅਨਗਨ ਸ਼ੱਤ੍ਰੁ ਮਹੀਸ਼॥ ੧੮॥

ਜਿਸ ਤਰ੍ਹਾਂ ਹੁਣ ਮੈਂ ਗੰਢੇ ਭੰਨੇ ਹਨ, ਇਸ ਤਰ੍ਹਾਂ ਉਹ ਮੁਗਲਾਂ ਦੇ ਸਿਰ ਭੰਨੇਗਾ, ਜਿਵੇਂ ਤੁਸੀਂ ਮੈਨੂੰ ਭੁੱਖੇ ਨੂੰ ਤ੍ਰਿਪਤ ਕੀਤਾ ਹੈ, ਉਸ ਤਰ੍ਹਾਂ ਤੁਹਾਡੀ ਆਸ ਵੀ ਪੂਰੀ ਹੋਵੇਗੀ ਅਤੇ ਤੁਸੀਂ ਵੀ ਤ੍ਰਿਪਤ ਹੋ ਜਾਵੋਗੇ। ਉਹ ਪੀਰੀ ਮੀਰੀ ਦੀਆਂ ਦੋ ਤਲਵਾਰਾਂ ਧਾਰਨਗੇ ਤੇ ਨਾਂ ਉਨ੍ਹਾਂ ਦਾ ਹਰਿ ਗੋਬਿੰਦ ਹੋਵੇਗਾ। ਤੁਹਾਡੇ ਘਰ ਵਿਚ ਇਕ ਮਹਾਨ ਯੋਧਾ ਪਰਗਟ ਹੋਵੇਗਾ, ਜਿਹੜਾ ਅਨੇਕ ਵੈਰੀਆਂ ਨੂੰ ਜਿੱਤ ਲਵੇਗਾ॥ ੧੮॥

Sri Satguru Jagjit Singh Ji eLlibrary NamdhariElibrary@gmail.com

ਸੁਨਹੁ ਮਾਤ ਤੈਂ ਸੁਜਸੁ ਲਿਯੋ ਬਹੁ ਜਨਮਜੋ ਰਾਮ ਕੌਸ਼ਲਜਾ ਜੈਸ।
ਸ੍ਰੀ ਘਨਸ਼ਜਾਮ ਦੇਵਕੀ ਜਾਏ ਤੇਰੇ ਭਾਗ ਭਏ ਅਬਿ ਤੈਸ।
ਅਤਿਸ਼ੈ ਪੁੰਨਨਿ ਕੋ ਫਲ ਪ੍ਰਗਟਹਿ ਸੁੰਦਰ ਰੂਪ ਸਰਬ ਹੀ ਬੈਸ।
ਅੰਗ ਬਿਲੰਦ ਸਭਿਨਿ ਤੇ ਹੋਵਹਿਂ, ਬਲ ਕੀ ਸਮਤਾ ਹੋਇ ਨ ਹੈਸੁ ॥੧੯॥

ਹੇ ਮਾਤਾ ਜੀ ! ਸੁਣੋ, ਤੁਸੀਂ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ ਹੈ, ਜਿਵੇਂ ਕੌਸ਼ਲਿਆ ਦੇ ਘਰ ਰਾਮ ਨੇ ਜਨਮ ਲਿਆ ਸੀ ਅਤੇ ਦੇਵਕੀ ਦੇ ਘਰ ਘਨਸ਼ਾਮ ਪਰਗਟ ਹੋਏ ਸਨ, ਤੁਹਾਡੇ ਭਾਗ ਵੀ ਹੁਣ ਕੌਸ਼ਲਿਆ ਅਤੇ ਦੇਵਕੀ ਸਮਾਨ ਹਨ। ਬਹੁਤ ਪੁੰਨਾਂ ਦਾ ਫਲ ਪਰਗਟ ਹੋਵੇਗਾ, ਜਿਹੜਾ ਸਾਰੀ ਉਮਰ ਸੁੰਦਰ ਸਰੂਪ ਸਹਿਤ ਵਿਚਰੇਗਾ। ਉਸ ਦੇ ਸਰੀਰ ਦੇ ਅੰਗ ਸਭ ਨਾਲੋਂ ਉੱਚੇ ਹੋਣਗੇ ਅਤੇ ਤਾਕਤ ਵਿਚ ਉਸ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕੇਗਾ" ॥ ੧੯ ॥

ਸੋਲਹਿ ਸੈ ਇਕਵੰਜਾ ਸੰਮਤ ਮਾਸ ਅਸੌਜ ਇਕੀਸਵ ਜਾਨਿ।
ਬੁੱਢੇ ਬਾਕ ਬਖਾਨਜੋ ਤਿਸ ਦਿਨ ਸੁਨਤਿ ਸ਼੍ਰੋਨ ਭਾ ਅਨਦ ਮਹਾਨ।
'ਧੰਨੁ ਧੰਨੁ ਸਤਿਗੁਰ ਕੇ ਸਿਖ ਤੁਮ ਸੇਵਤਿ ਬਾਂਛਤਿ ਦੇਵਤਿ ਦਾਨ'।
ਕਰਿ ਬੰਦਨ ਪੁਨਿ ਪੁਨਿ ਕਰ ਬੰਦਤਿ ਹਰਖਤਿ ਉਰ ਘਰ ਕੀਨਿ ਪਯਾਨ ॥੨੦॥

ਸੰਮਤ ਵਿੱਕੀ ਅੱਸੂ ਸੋਲਾਂ, ਸੌ ਇਕਵੰਜਾ ਜਾਣੋ, ਤਿਸ ਦਿਨ ਬਾਬਾ ਬੁੱਢਾ ਜੀ ਨੇ ਇਹ ਵਰ ਦਿੱਤਾ, ਜਿਸ ਨੂੰ ਕੰਨਾਂ ਨਾਲ ਸੁਣ ਕੇ ਮਹਾਨ ਅਨੰਦ ਪ੍ਰਾਪਤ ਕੀਤਾ ਅਤੇ ਕਿਹਾ, "ਹੇ ਸਤਿਗੁਰੂ ਜੀ ਦੇ ਸਿੱਖ ! ਤੁਸੀਂ ਧੰਨ ਹੋ, ਤੁਹਾਡੀ ਸੇਵਾ ਕਰਨ ਨਾਲ ਤੁਸੀਂ ਮੂੰਹ ਮੰਗੀ ਮੁਰਾਦ ਦਾਨ ਵਿਚ ਦਿੰਦੇ ਹੋ"। ਬਾਰ-ਬਾਰ ਹੱਥ ਜੋੜ ਕੇ ਬੰਦਨਾ ਕੀਤੀ, ਦਿਲ ਵਿਚ ਪ੍ਰਸੰਨ ਹੋ ਕੇ ਘਰ ਨੂੰ ਚਲ ਪਏ॥ ੨੦॥

ਤਤਛਿਨ ਮਿਲੇ ਦਾਸ ਗਨ ਦਾਸੀ ਬਿਗਸਤਿ ਬਦਨ ਦੇਖਿ ਸੁਖ ਮਾਨਿ।
'ਕਹਹੁ ਮਾਤ ਬਾਂਛਤਿ ਅਬਿ ਪਾਯਹੁ ਸੇਵੇ ਭਲੀ ਭਾਂਤਿ ਹਿਤ ਠਾਨ ?'।
ਸਭਿ ਕੋ ਧੀਰਜ ਦੇ ਕਹਿ ਮ੍ਰਿਦੁ ਬਚ, ਆਈ ਰਾਮਦਾਸਪੁਰਿ ਥਾਨ।
ਸਭਿਨਿ ਗੁਰੂ ਕਹੁ ਧਜਾਨ ਧਾਰਿ ਕਰਿ ਨਮਹਿ ਚਰਨ ਕਰਿ ਬਿਨੈ ਬਖਾਨਿ ॥੨੧॥

ਤੁਰੰਤ ਸਾਰੇ ਦਾਸ ਦਾਸੀਆਂ ਮਿਲ ਪਏ, ਮਾਤਾ ਜੀ ਦੇ ਚਿਹਰੇ ਤੇ ਮੁਸਕਰਾਹਟ ਵੇਖ ਕੇ ਸਭ ਨੇ ਸੁਖ ਮਾਣਿਆ ਅਤੇ ਪੁਛਿਆ, "ਮਾਤਾ ਜੀ ! ਦੱਸੋ ਹੁਣ ਮੂੰਹ ਮੰਗੀ ਮੁਰਾਦ ਪਾ ਲਈ ਹੈ ਅਤੇ ਭਲੀ ਪ੍ਰਕਾਰ ਹਿਤ ਨਾਲ ਸੇਵਾ ਕੀਤੀ ਹੈ ?" ਸਾਰਿਆਂ ਨੂੰ ਧੀਰਜ ਦੇ ਕੇ ਮਿੱਠੇ ਬਚਨ ਕਹਿ ਕੇ ਰਾਮਦਾਸ ਪੁਰੇ ਆਪਣੇ ਘਰ ਆ ਗਏ। ਸਾਰਿਆਂ ਗੁਰੂ ਸਾਹਿਬਾਨ ਦਾ ਧਿਆਨ ਧਾਰ ਕੇ ਉਨ੍ਹਾਂ ਦੇ ਚਰਨਾਂ ਤੇ ਨਮਸਕਾਰ ਕਰਕੇ ਬੇਨਤੀ ਕੀਤੀ॥ ੨੧॥

ਜਿਸ ਦਿਨ ਮਾਤ ਗੰਗ ਬਰ ਲੀਨਸਿ ਤਿਸ ਦਿਨ ਸੁਤ ਚਾਹਤਿ ਸੋ ਜਾਇ।
ਤਸ ਪ੍ਰਸ਼ਾਦਿ ਕਰ ਤਿਹ ਥਲ ਪਹੁੰਚਹਿ ਉਰ ਮੈਂ ਬ੍ਰਿਧ ਕੋ ਧਜਾਨ ਧਰਾਇ।
ਕਰਿ ਅਰਦਾਸਿ ਅਹਾਰ ਸੁ ਬੰਟਹਿ, ਨਿਜ ਕਰ ਤੇ ਸਭਿ ਸੇਵ ਕਰਾਇ।
ਨੰਦਨ ਬਾਂਛਤਿ ਨੰਦਨ ਪਾਵਹਿ, ਅਬ ਲੌ ਫਲਦਾਇਕ ਵਹਿ ਥਾਇ ॥੨੨॥

ਜਿਸ ਦਿਨ ਮਾਤਾ ਗੰਗਾ ਜੀ ਨੇ ਪੁੱਤਰ ਦਾ ਵਰ ਪ੍ਰਾਪਤ ਕੀਤਾ, ਉਸ ਦਿਨ ਜਿਸ ਕਿਸੇ ਨੂੰ ਪੁੱਤਰ ਦੀ ਕਾਮਨਾ ਹੋਵੇ ਤਾਂ ਉਹ ਇਸ ਤਰ੍ਹਾਂ ਕਰੇ। ਉਸ ਤਰ੍ਹਾਂ ਦਾ ਭੋਜਨ ਤਿਆਰ ਕਰਕੇ ਉਸ ਸਥਾਨ ਤੇ ਪਹੁੰਚੇ ਅਤੇ ਹਿਰਦੇ ਵਿਚ ਬਾਬਾ ਬੁੱਢਾ ਜੀ ਦਾ ਧਿਆਨ ਧਾਰਨ ਕਰੇ। ਅਰਦਾਸ ਕਰਕੇ ਭੋਜਨ ਨੂੰ ਵੰਡ ਦੇਵੇ ਤੇ ਆਪਣੇ ਹੱਥਾਂ ਨਾਲ ਸਭ ਸੇਵਾ ਕਰੇ। ਪੁੱਤਰ ਦੀ ਇੱਛਾ ਵਾਲੇ ਨੂੰ ਪੁੱਤਰ ਮਿਲਦਾ ਹੈ, ਹੁਣ ਤਕ ਉਹ ਅਸਥਾਨ ਫਲਦਾਇਕ ਹੈ॥ ੨੨॥

Sri Satguru Jagjit Singh Ji eLlibrary NamdhariElibrary@gmail.com

ਨੋਟ:-ਇਹ ਸਥਾਨ ਗੁਰਦੁਆਰਾ ਬਾਬਾ ਬੁੱਢਾ ਜੀ ਦੀ ਬੀੜ ਹੈ, ਹਰ ਸੰਗ੍ਰਾਂਦ ਨੂੰ ਏਥੇ ਬੜਾ ਮੇਲਾ ਲੱਗਦਾ ਹੈ। ਜਿਨ੍ਹਾਂ ਸੇਵਕਾਂ ਨੂੰ ਪੁੱਤਰਾਂ ਦੀ ਦਾਤ ਮਿਲਦੀ ਹੈ, ਉਹ ਆਪਣੇ ਪੁੱਤਰਾਂ ਨੂੰ ਮੱਥਾ ਟਿਕਾਉਣ ਜਾਂਦੇ ਹਨ।

ਗ੍ਰਿਹ ਲਗ ਆਵਤਿ ਗੰਗਾ ਪਗ ਸੋਂ ਥਕਤਿ ਭਈ ਬਹੁ ਮ੍ਰਿਦੁਲ ਸਰੀਰ।
ਅਸਨ ਖਾਨ ਪੁਨਿ ਕੀਨਸਿ ਕੁਛ ਨਹਿਂ, ਸੂਕੇ ਅਧਰਨ ਪੀਨੋ ਨੀਰ।
ਚਰਨ ਅਰੁਨ ਅਤਿ ਰੁਧਿਰ ਚੁਵਤਿ ਜਨੁ ਲਪਟੀ ਧੂਰ ਅੰਗੁ ਅਰੁ ਚੀਰ।
ਛੁਧਤਿ ਤ੍ਰਿਖਤਿ ਪੁਨਿ ਸ਼੍ਰਮ ਬਹੁ ਹੋਵਾ ਤਊ ਪ੍ਰੇਮ ਤੇ ਤਜੀ ਨ ਧੀਰ॥੨੩॥

ਘਰ ਤਕ ਪੈਦਲ ਆਉਣ ਕਰਕੇ ਮਾਤਾ ਗੰਗਾ ਜੀ ਕੋਮਲ ਸਰੀਰ ਹੋਣ ਕਰਕੇ ਬਹੁਤ ਥੱਕ ਗਏ। ਭੋਜਨ ਖਾਣ ਆਦਿ ਫਿਰ ਕੁਝ ਨਾ ਕੀਤਾ, ਬੁਲ੍ਹ ਸੁੱਕੇ ਸਨ, ਇਸ ਲਈ ਪਾਣੀ ਪੀਤਾ। ਚਰਨਾਂ ਵਿਚੋਂ ਖੂਨ ਸਿੰਮ ਰਿਹਾ ਸੀ, ਕਪੜਿਆਂ ਅਤੇ ਸਰੀਰ ਨੂੰ ਬਹੁਤ ਧੂੜ ਲੱਗੀ ਹੋਈ ਸੀ। ਭੁੱਖੀ ਪਿਆਸੀ ਸੀ, ਫਿਰ ਬਹੁਤ ਜ਼ਿਆਦਾ ਥਕਾਵਟ ਹੋ ਗਈ, ਫਿਰ ਵੀ ਪ੍ਰੇਮ ਕਰਕੇ ਧੀਰਜ ਨਾ ਛੱਡਿਆ॥ ੨੩॥

ਸਰਬ ਆਰਬਲ ਸੁਖ ਸੋਂ ਬੀਤੀ ਨਹੀਂ ਬਿਸਾਦਿ ਭਯੋ ਕਬਿ ਕੋਇ।
ਗਮਨ ਪੰਥ ਕੋ ਕਯੋਂ ਕਬਿ ਕੀਨਸਿ, ਯਾਂਤੇ ਅਧਿਕ ਥਕਤਿ ਭਈ ਸੋਇ।
ਨੀਠ ਨੀਠ ਘਰ ਆਨਿ ਪਹੂੰਚੀ ਪਾਇ ਸੁ ਬਾਂਛਤਿ ਹਰਖਤਿ ਹੋਇ।
ਕਛੂ ਖੇਦ ਕੋ ਗਿਨਤਿ ਨਹੀਂ ਮਨ ਚਿਰੰਕਾਲ ਕੀ ਚਿੰਤਾ ਖੋਇ॥ ੨੪॥

ਸਾਰੀ ਉਮਰ ਬੜੇ ਸੁੱਖ ਨਾਲ ਬੀਤੀ ਸੀ, ਕਦੇ ਵੀ ਕੋਈ ਕਸ਼ਟ ਨਹੀਂ ਸੀ ਹੋਇਆ, ਕਦੇ ਵੀ ਚਲ ਕੇ ਪੈਂਡਾ ਨਹੀਂ ਸੀ ਕੀਤਾ, ਇਸ ਕਰਕੇ ਬਹੁਤ ਥੱਕ ਗਏ ਸਨ। ਜਿਵੇਂ-ਕਿਵੇਂ ਘਰ ਆ ਪਹੁੰਚੀ, ਮੂੰਹ ਮੰਗੀ ਮੁਰਾਦ ਪਾ ਕੇ ਮਨ ਵਿਚ ਬਹੁਤ ਪ੍ਰਸੰਨ ਸੀ। ਦੁੱਖ ਕਿਸੇ ਗਿਣਤੀ ਵਿਚ ਹੀ ਨਹੀਂ ਸੀ, ਕਿਉਂਕਿ ਬਹੁਤ ਦੇਰ ਤੋਂ ਜਿਹੜੀ ਚਿੰਤਾ ਮਨ ਨੂੰ ਲੱਗੀ ਸੀ, ਦੂਰ ਹੋ ਗਈ ਸੀ॥ ੨੪॥

ਉਸ਼ਨ ਉਦਕ ਕਰ ਚਰਨ ਪਖਾਰੇ ਦਾਸੀ ਬ੍ਰਿੰਦ ਕਰਹਿਂ ਸਭਿ ਸੇਵ।
ਤਬਿ ਲੌ ਸੰਧ੍ਯਾ ਭੀ 'ਰਵਿ ਅਸਤ੍ਯੋ' ਕਹਤਿ ਭਈ 'ਭੋਜਨ ਲਿਹੁ ਜੇਵ'।
'ਪਤਿ ਦਰਸ਼ਨ ਕਰਿ ਅਸਨ ਅਚੋਂਗੀ ਕਰਤਿ ਉਡੀਕਨ ਬੈਠੀ ਏਵ'।
ਸੁਨਿ ਸੁਨਿ ਸਦਨ ਅਨੰਦ ਮਨ ਠਾਨਹਿ ਇਤਨੇ ਮਹਿਂ ਆਏ ਗੁਰਦੇਵ॥੨੫॥

ਤੱਤਾ ਪਾਣੀ ਕਰਕੇ ਚਰਨ ਧੋਤੇ, ਸਾਰੀਆਂ ਦਾਸੀਆਂ ਸੇਵਾ ਕਰ ਰਹੀਆਂ ਸਨ। ਤਦ ਤਕ ਸ਼ਾਮ ਹੋ ਗਈ। ਦਾਸੀਆਂ ਨੇ ਕਿਹਾ, "ਸੂਰਜ ਡੁੱਬ ਗਿਆ ਹੈ ਭੋਜਨ ਛੱਕ ਲਵੋ।" ਮਾਤਾ ਜੀ ਨੇ ਕਿਹਾ, "ਪਤੀ ਦੇਵ ਦੇ ਦਰਸ਼ਨ ਕਰਕੇ ਭੋਜਨ ਛਕਾਂਗੀ ਇਸ ਤਰ੍ਹਾਂ ਬੈਠੀ ਉਡੀਕ ਕਰਾਂਗੀ।" ਸੁਣ ਸੁਣ ਮਨ ਵਿਚ ਅਨੰਦਿਤ ਹੋ ਰਹੇ ਸਨ ਕਿ ਗੁਰੂ ਜੀ ਵੀ ਆ ਗਏ॥ ੨੫॥

ਥਿਤ ਪ੍ਰਯੰਕ ਪਰ ਸਤਿਗੁਰ ਹੋਏ ਪੁਨ ਪ੍ਰਸੰਗ ਪੂਛਯੋ 'ਕਿਮ ਕੀਨ ?'।
ਭਨੀ ਬਾਰਤਾ ਸਰਬ ਛੋਰ ਤੇ 'ਪੁੱਤ੍ਰ ਖੜਗ ਧਾਰੀ ਬਰ ਦੀਨਿ।
ਸੇਵ ਬਿਲੋਕਿ ਪ੍ਰਸੰਨ ਭਏ ਅਤਿ ਅਧਿਕ ਅਧਿਕ ਕਹਿ ਬਾਕ ਪ੍ਰਬੀਨ।
ਪੀਰੀ ਮੀਰੀ ਬਰਤਹਿ ਦੋਨਹੁਂ ਡੀਲ ਬਿਲੰਦ, ਸਬਲ ਹੁਇ ਪੀਨ॥੨੬॥

ਸਤਿਗੁਰੂ ਜੀ ਪਲੰਘ 'ਤੇ ਬੈਠ ਗਏ, ਫਿਰ ਪ੍ਰਸੰਗ ਪੁਛਿਆ, "ਕਿਵੇਂ ਕੀਤਾ ?" ਸ੍ਰੀਮਤੀ ਗੰਗਾ ਜੀ ਨੇ ਸਾਰੀ ਵਾਰਤਾ

ਸੁਣਾਈ, "ਖੜਗਧਾਰੀ ਪੁੱਤਰ ਦਾ ਵਰ ਦਿੱਤਾ ਹੈ। ਸੇਵਾ ਵੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਬਹੁਤ-ਬਹੁਤ ਚਤੁਰ ਬਚਨ ਕਹੇ। ਮੀਰੀ-ਪੀਰੀ ਵਰਤਾਵੇਗਾ ਅਤੇ ਡੀਲ-ਡੌਲ ਬਹੁਤ ਉੱਚਾ ਲੰਮਾ ਹੋਵੇਗਾ ਅਤੇ ਬੜਾ ਬਲਵਾਨ ਅਤੇ ਸ਼ਕਤੀਸ਼ਾਲੀ ਹੋਵੇਗਾ॥ ੨੬॥

ਕ੍ਰਿਪਾ ਆਪ ਕੀ ਤੇ ਬਰ ਪਾਇਸ, ਔਚਕ ਭਏ ਸ਼ਗੁਨ ਸ਼ੁਭ ਆਇ।
ਗਰਜਜੋ ਘਨ ਅਰੁ ਚਮਕੀ ਤੜ਼ਿਤਾ ਤਿਨ ਕੋ ਦੇਖਿ ਬ੍ਰਿੱਧ ਹਰਖਾਇ।
'ਬੈਠਹਿ ਤਖਤ, ਮਹਦ ਹੁਇ ਜੋਧਾ ਰਣ ਪ੍ਰਿਯ, ਹਨਹਿਂ ਰਿਪੁਨਿ ਸਮੁਦਾਇ।
ਗੁਣ ਬਿਸ਼ਾਲ, ਨਿਜਬੰਸ ਬ੍ਰਿਧਾਵਹਿ, ਗੁਰ ਘਰ ਮਹਿਂ ਅਸ ਸੁਤ ਉਪਜਾਇ' ॥੨੭॥

ਆਪ ਜੀ ਦੀ ਕਿਰਪਾ ਨਾਲ ਵਰ ਪ੍ਰਾਪਤ ਕੀਤਾ ਹੈ, ਅਚਨਚੇਤ ਕਈ ਸ਼ੁਭ ਸ਼ਗਨ ਹੋਏ। ਬੱਦਲ ਗੱਜਿਆ ਅਤੇ ਬਿਜਲੀ ਚਮਕੀ, ਜਿਨ੍ਹਾਂ ਨੂੰ ਵੇਖ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਕਿਹਾ ਕਿ ਗੱਦੀ ਛੱਡ ਕੇ ਤਖਤ 'ਤੇ ਬੈਠੇਗਾ, ਬਹੁਤ ਵੱਡਾ ਯੋਧਾ ਹੋਵੇਗਾ ਤੇ ਰਣਖੇਤਰ ਨਾਲ ਪਿਆਰ ਕਰੇਗਾ ਅਤੇ ਬਹੁਤ ਵੈਰੀਆਂ ਨੂੰ ਮਾਰੇਗਾ। ਵਿਸ਼ਾਲ ਗੁਣਵਾਣ ਅਤੇ ਨਿਜੀ ਵੰਸ਼ ਨੂੰ ਬਹੁਤ ਵਧਾਵੇਗਾ, ਗੁਰੂ ਘਰ ਵਿਚ ਅਜੇਹੇ ਪੁੱਤਰ ਪੈਦਾ ਕਰੇਗਾ" ॥ ੨੭॥

ਸੁਨਤਿ ਪ੍ਰਸੰਨ ਭਏ ਗੁਰ ਅਰਜਨ ਮਹਿਮਾ ਸੰਤਨਿ ਕਰਹਿਂ ਉਚਾਰ।
'ਸ਼ੁਸ਼ਕ ਸਥਲ ਜਲ ਪਲ ਮਹਿਂ ਪੂਰੈਂ, ਪੂਰਨ ਸ਼ੁਸ਼ਕ ਕਰਹਿਂ ਇਕ ਬਾਰ।
ਰੰਕ ਰਾਵ ਤੇ, ਰਾਵ ਰੰਕ ਤੇ, ਮ੍ਰਿਤੁ ਜੀਵਾਇਂ ਜਿਵਤਿ ਦੇਂ ਮਾਰਿ।
ਅਚਲ ਚਲਾਵਹਿਂ, ਚਲਤਿ ਥਿਰਾਵਹਿਂ, ਬਾਕ ਅਮਿਟ ਹੈਂ, ਪ੍ਰਗਟ ਸੰਸਾਰ ॥੨੮॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਅਤੇ ਸੰਤਾਂ ਦੀ ਮਹਿਮਾ ਉਚਾਰਨ ਕੀਤੀ, "ਸੁੱਕੇ ਹੋਏ ਸਥਾਨ ਪੱਲਾਂ ਵਿਚ ਜਲ ਨਾਲ ਭਰ ਦਿੰਦੇ ਹਨ ਅਤੇ ਪਾਣੀ ਨਾਲ ਭਰੇ ਅਸਥਾਨਾਂ ਨੂੰ ਇਕ ਵਾਰ ਕਹਿਣ ਨਾਲ ਖੁਸ਼ਕ ਕਰ ਦਿੰਦੇ ਹਨ। ਗਰੀਬ ਤੋਂ ਰਾਜਾ ਬਣਾ ਦਿੰਦੇ ਹਨ ਅਤੇ ਰਾਜੇ ਤੋਂ ਗਰੀਬ ਬਣਾ ਦਿੰਦੇ ਹਨ। ਮਰੇ ਹੋਏ ਨੂੰ ਜੀਉਂਦਾ ਕਰ ਦਿੰਦੇ ਹਨ ਅਤੇ ਜੀਉਂਦੇ ਨੂੰ ਮਾਰ ਦਿੰਦੇ ਹਨ ਜਿਹੜਾ ਚੱਲ ਨਹੀਂ ਸਕਦਾ ਉਸ ਨੂੰ ਚੱਲਣ ਵਾਲਾ ਕਰ ਦਿੰਦੇ ਹਨ ਅਤੇ ਜਿਹੜਾ ਚਲਦਾ ਹੈ ਉਸ ਨੂੰ ਖੜਾ ਕਰ ਦਿੰਦੇ ਹਨ, ਸੰਤਾਂ ਦੇ ਬਚਨ ਅਮਿਟ ਹਨ, ਇਹ ਸੰਸਾਰ ਵਿਚ ਪਰਗਟ ਹੈ॥ ੨੮॥

ਅੰਤ ਸੰਤ ਕੋ ਕੋਇ ਨ ਪਾਵਹਿਂ, ਸੁਰ ਨਰ ਅਸੁਰ ਜਾਤਿ ਸਭਿ ਹਾਰਿ।
ਸੰਤ ਹੁਕਮ ਕੋ ਫੇਰ ਨ ਸਾਕਹਿਂ, ਸਗਰੇ ਸਾਦਰ ਲੇਂ ਸਿਰ ਧਾਰ।
ਬੁੱਢਾ ਸਾਹਿਬ ਤਪ ਕੀ ਮੂਰਤਿ, ਆਤਮ ਗਜਾਨੀ ਗੁਨ ਗਨਸਾਰ।
ਜਿਹ ਸੇਵੇ ਬਾਂਛਤਿ ਹੁਇ ਪ੍ਰਾਪਤਿ, ਦੁਖ ਦਾਰਿਦ ਕੇ ਦੂੰਦ ਬਿਦਾਰ' ॥੨੯॥

ਕੋਈ ਵੀ ਸੰਤਾਂ ਦਾ ਅੰਤ ਨਹੀਂ ਪਾ ਸਕਦਾ, ਦੇਵਤੇ, ਮਨੁੱਖ ਅਤੇ ਦੈਂਤ ਸਾਰੇ ਅੰਤ ਪਾਉਂਦੇ ਹਾਰ ਜਾਂਦੇ ਹਨ। ਸੰਤ ਦੇ ਹੁਕਮ ਨੂੰ ਕੋਈ ਵੀ ਫੇਰ ਨਹੀਂ ਸਕਦਾ, ਸਾਰੇ ਅਦਬ ਨਾਲ ਸਿਰ ਨਿਵਾਉਂਦੇ ਹਨ। ਬਾਬਾ ਬੁੱਢਾ ਸਾਹਿਬ ਤਪ ਦੀ ਮੂਰਤ ਹਨ, ਆਤਮ ਗਿਆਨੀ ਅਤੇ ਸਮੂਹ ਗੁਣਾਂ ਵਾਲੇ ਹਨ। ਜਿਹੜੇ ਵੀ ਉਨ੍ਹਾਂ ਦੀ ਸੇਵਾ ਕਰਦੇ ਹਨ, ਉਹ ਮੂੰਹ ਮੰਗੀ ਮੁਰਾਦ ਪਾਉਂਦੇ ਹਨ ਅਤੇ ਦੁਖ ਦਲਿਦਰ ਦੇ ਦਵੰਦ ਨੂੰ ਦੂਰ ਕਰਵਾ ਲੈਂਦੇ ਹਨ॥ ੨੯॥

ਦੋਹਰਾ- ਇੱਤਜਾਦਿਕ ਗੁਨ ਬ੍ਰਿੱਧ ਕੇ ਬਰਨੇ ਸ਼੍ਰੀ ਮੁਖ ਆਪ।
ਸੁਨਿ ਗੰਗਾ ਬੰਦਨ ਕਰੀ 'ਧੰਨ ਸਿੱਖ ਨਿਸ਼ਪਾਪ' ॥ ੩੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਆਪਣੇ ਮੁਖ ਨਾਲ ਬਾਬਾ ਬੁੱਢਾ ਜੀ ਦੇ ਗੁਣ ਵਰਨਣ ਕੀਤੇ, ਮਾਤਾ ਗੰਗਾ ਜੀ ਨੇ ਸੁਣ ਕੇ ਬੰਦਨਾ ਕੀਤੀ ਅਤੇ ਕਿਹਾ, "ਧੰਨ ਨਿਸ਼ਪਾਪ ਸਿੱਖ ਹਨ" ॥ ੩੦॥

ਜਨਮ ਦਾਰਿਦੀ ਘਰ ਬਿਖੈ ਕਲਪ ਤਰੂ ਜਿਮ ਪਾਇ।
ਤਿਮ ਪ੍ਰਸੰਨ ਗੰਗਾ ਭਈ ਚਿੰਤਾ ਸਕਲ ਮਿਟਾਇ॥ ੩੧॥

ਜਿਵੇਂ ਕਿਸੇ ਦਾ ਜਨਮ ਕੰਗਾਲ ਦੇ ਘਰ ਹੋਇਆ ਹੋਵੇ ਤੇ ਉਸ ਨੂੰ ਕਲਪ ਬ੍ਰਿਛ ਮਿਲ ਗਿਆ ਹੋਵੇ, ਇਸ ਤਰ੍ਹਾਂ ਮਾਤਾ ਗੰਗਾ ਜੀ ਪ੍ਰਸੰਨ ਹੋ ਗਈ ਅਤੇ ਉਸ ਦੀਆਂ ਸਾਰੀਆਂ ਚਿੰਤਾਵਾਂ ਖਤਮ ਹੋ ਗਈਆਂ॥ ੩੧॥

ਸੋਰਠਾ- ਪਤਿ ਕੋ ਅਸਨ ਅਚਾਇ ਪਰਮ ਪ੍ਰੇਮ ਬੈਠੀ ਨਿਕਟਿ।
ਪੁਨ ਆਪਨਿ ਮੁਖਿ ਪਾਇ ਚਿਤ ਚਿੰਤਾ ਕਾਟੀ ਬਿਕਟ॥ ੩੨॥

ਆਪਣੇ ਪਤੀ ਦੇਵ ਨੂੰ ਭੋਜਨ ਛਕਾਇਆ ਅਤੇ ਬੜੇ ਪ੍ਰੇਮ ਨਾਲ ਪਾਸ ਬੈਠੀ ਰਹੀ। ਫਿਰ ਆਪ ਭੋਜਨ ਛਕਿਆ ਅਤੇ ਚਿੱਤ ਦੀ ਵੱਡੀ ਵਿਕਰਾਲ ਚਿੰਤਾ ਖਤਮ ਹੋਈ॥ ੩੨॥

ਨਿਸ ਮਹਿਂ ਆਨੰਦ ਮਾਨਿ, ਸੁਪਤਿ ਜਥਾ ਸੁਖ ਹ੍ਵੈ ਰਹੇ।
ਤਿਨ ਪਦ ਬੰਦਨ ਠਾਨਿ, ਕਵਿ ਸੰਤੋਖ ਸਿੰਘ ਗੁਨ ਕਹੇ॥ ੩੩॥

ਰਾਤ ਨੂੰ ਆਨੰਦ ਮਾਣ ਕੇ ਸੁਖੀ ਹੋ ਕੇ ਸੁੱਤੇ ਰਹੇ। ਕਵੀ ਸੰਤੋਖ ਸਿੰਘ ਉਨ੍ਹਾਂ ਦੇ ਗੁਣਾਂ ਦਾ ਵਰਣਨ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਹਨ॥ ੩੩॥

*ਤੀਸਰੀ ਰਾਸ ਦਾ ਤੀਜਾ ਅਧਿਆਇ ਸਮਾਪਤ ਹੋਇਆ॥ ੩॥*

## ਅਧਿਆਇ ਚੌਥਾ

*ਸ੍ਰੀ ਹਰਿ ਗੋਵਿੰਦ ਜੀ ਅਵਤਾਰ ਧਾਰਿਆ*

ਦੋਹਰਾ-ਸ੍ਰੀ ਅਰਜਨ ਉਰ ਗੰਗ ਜੁਤ ਪਰਮ ਪ੍ਰਸੰਨ ਸੁ ਹੋਇ।
ਚਹਤਿ ਪੁੱਤ੍ਰ ਬਡ ਤੇਜ ਮਯ ਜਿਹ ਸਮ ਦੂਤੀ ਨ ਕੋਇ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਮਤੀ ਗੰਗਾ ਜੀ ਦੋਵੇਂ ਹਿਰਦੇ ਵਿਚ ਪਰਮ ਪ੍ਰਸੰਨ ਹੋਏ, ਵੱਡੇ ਤੇਜ ਵਾਲਾ ਪੁੱਤਰ ਚਾਹੁੰਦੇ ਸਨ ਜਿਸ ਵਰਗਾ ਕੋਈ ਹੋਰ ਨਾ ਹੋਇਆ ਹੋਵੇ॥ ੧॥

ਕਬਿੱਤ-ਬ੍ਰਿੱਧ ਬਰ ਪਾਇ ਗੰਗ ਗਰਭ ਧਰਯੋ ਹੈ ਤਬਿ ਦੰਪਤਿ ਅਨੰਦ ਭਏ, ਦਾਸੀ ਅਰ ਦਾਸ ਗਨ।
ਔਰ ਹਿਤਕਾਰੀ ਸੁ ਪ੍ਰਸੰਨ ਭਏ ਭਾਰੀ ਸੁਨਿ 'ਗੁਰੁ ਅਵਤਾਰੀ ਪ੍ਰਗਟੈ ਗੋ ਜਿਸ ਜਾਸ ਗਨ।
ਹੋਇਗੀ ਬਧਾਈ, ਹਮ ਬਾਂਛਤਿ ਕੋ ਪਾਈ, ਤਬਿ ਲਹੈਂ ਗੇ ਦਰਸੁ ਕਰੈਂ ਪੂਰਨ ਕੀ ਆਸ ਗਨ।
ਬਢੈਂ ਗੇ ਬਿਲਾਸੁ ਗਨ ਹੇਰੈਂਗੇ ਪ੍ਰਕਾਸ਼ ਗਨ, ਸ਼ੱਤ੍ਰ ਹ੍ਵੈਂ ਉਦਾਸ ਗਨ, ਲਹੈਂਗੇ ਬਿਨਾਸ਼ ਗਨ' ॥੨॥

ਬਾਬਾ ਬੁੱਢਾ ਜੀ ਦਾ ਵਰ ਪਾ ਕੇ ਜਦ ਮਾਤਾ ਗੰਗਾ ਜੀ ਨੇ ਗਰਭ ਧਾਰਨ ਕੀਤਾ ਤਦ ਦੋਵੇਂ ਪਤੀ-ਪਤਨੀ ਬਹੁਤ ਪ੍ਰਸੰਨ ਹੋਏ ਅਤੇ ਸਾਰੇ ਦਾਸ ਦਾਸੀਆਂ ਵੀ ਖ਼ੁਸ਼ ਹੋ ਗਏ। ਹੋਰ ਹਿਤਕਾਰੀ ਵੀ ਸੁਣ ਕੇ ਬਹੁਤ ਪ੍ਰਸੰਨ ਹੋਏ ਕਿ ਅਵਤਾਰੀ ਗੁਰੂ ਪਰਗਟ ਹੋਵੇਗਾ ਜਿਸ ਦਾ ਬਹੁਤ ਜੱਸ ਹੋਵੇਗਾ। ਵਧਾਈ ਬਣੇਗੀ, ਅਸੀਂ ਮੂੰਹ ਮੰਗੀ ਮੁਰਾਦ ਪਾਵਾਂਗੇ, ਤਦ ਉਨ੍ਹਾਂ ਦੇ ਦਰਸ਼ਨ ਕਰਾਂਗੇ ਜਿਹੜੇ ਸਭ ਦੀ ਆਸ ਪੂਰੀ ਕਰਨਗੇ। ਬੜੀਆਂ ਖ਼ੁਸ਼ੀਆਂ ਵਧਣਗੀਆਂ ਅਸੀਂ ਸਾਰੇ ਪ੍ਰਕਾਸ਼ ਵੇਖਾਂਗੇ। ਵੈਰੀਆਂ ਦੇ ਸਮੂਹ ਉਦਾਸ ਹੋਣਗੇ, ਕਿਉਂਕਿ ਉਹ ਸਾਰੇ ਤਬਾਹ ਹੋ ਜਾਣਗੇ॥ ੨॥

Sri Satguru Jagjit Singh Ji eLlibrary NamdhariElibrary@gmail.com

ਸੰਤਨ ਕੀ ਮਹਿਮਾ ਅਨੰਤ ਹੀ ਬਿਚਾਰੈਂ ਚਿਤ, ਸਮ ਭਗਵੰਤ ਕੇ, ਮਿਲੈਂਗੇ ਅੰਤ ਤਾਹਿ ਸੋਂ।
ਗੁਰੂ ਅਰਜਨ ਉਰ ਧਾਰਜੋ 'ਜੋ ਉਚਾਰਜੋ ਸ੍ਰਾਪ ਤਾਂਕੋ ਸੱਤ ਹਹਿ ਬਨੈ, ਹੀਨ ਫਲ ਨਾਹਿ ਸੋ।
ਪੁੱਤ੍ਰ ਤੇ ਪ੍ਰਥਮ ਭਨਜੋ, ਪ੍ਰਥਮ ਹੀ ਭੋਗਜੋ ਜਾਇ, ਜੋਗਤ੍ਾ ਇਹੀ ਹੈ: ਦੁਖ ਸੁਖ ਸੇਵੈ ਚਾਹਿ ਸੋ।
ਬਚਨ ਅਮਿੱਟ ਹੈ, ਉਪਾਇ ਤੇ ਨ ਹੱਟ ਹੈ, ਅਨੇਕ ਹੀ ਪਲੱਟ ਹੈ, ਨ ਮਿਟੈ ਲਟਕਾਹਿ ਸੋਂ' ॥ ੩ ॥

ਆਪਣੇ ਚਿੱਤ ਵਿਚ ਸੰਤਾਂ ਦੀ ਅਨੰਤ ਮਹਿਮਾ ਵਿਚਾਰਦੇ ਹਨ, ਭਗਵੰਤ ਦੇ ਸਮਾਨ ਅੰਤ ਭਗਵੰਤ ਨੂੰ ਹੀ ਮਿਲਣਗੇ। ਗੁਰੂ ਅਰਜਨ ਦੇਵ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਜੋ ਉਨ੍ਹਾਂ ਨੇ ਸਰਾਪ ਦਿੱਤਾ ਉਹ ਵੀ ਸੱਚਾ ਹੋਵੇਗਾ, ਉਹ ਫਲਹੀਣ ਨਹੀਂ ਹੋਵੇਗਾ। ਪੁੱਤਰ ਦਾ ਵਰ ਦੇਣ ਤੋਂ ਪਹਿਲਾਂ ਕਿਹਾ ਹੈ, ਇਸ ਲਈ ਇਹ ਸਰਾਪ ਪਹਿਲਾਂ ਹੀ ਭੋਗਣਾ ਚਾਹੀਦਾ ਹੈ, ਇਹ ਹੀ ਗੱਲ ਯੋਗ ਹੈ ਕਿ ਦੁਖ ਸੁਖ ਦੀ ਸਮਾਨ ਹੀ ਚਾਹਿਤ ਕਰੀਏ। ਸੰਤ ਦਾ ਬਚਨ ਅਮਿੱਟ ਹੈ, ਕਿਸੇ ਉਪਾਅ ਨਾਲ ਵੀ ਨਹੀਂ ਹੱਟ ਸਕਦਾ। ਅਨੇਕ ਤਰ੍ਹਾਂ ਬਦਲੀਏ, ਦੇਰ ਕਰੀਏ, ਉਹ ਮਿੱਟ ਨਹੀਂ ਸਕਦੇ ॥ ੩ ॥

ਇਤਨੇ ਮੈਂ ਸੁਧਿ ਸੁਨਿ ਸੁਲਹੀ ਕੋ ਆਗਮਨ, ਬਾਹਨੀ ਸਹੰਸ੍ਰ ਪੰਚ ਸੰਗ ਭਟ ਭੀਰ ਕੀ।
ਪ੍ਰਿਥੀਆ ਕੋ ਮੀਤ, ਤਾਂ ਪੈ ਪੱਤ੍ਰਿਕਾ ਪਠਾਇ ਨੀਤਿ, 'ਹਮ ਕੋ ਅਨੀਤ ਭਈ, ਰੀਤਿ ਨ ਗਹੀਰ ਕੀ।
ਜੇਠੋ ਮੈਂ ਸੁ ਬੈਠੋ ਰਹਜੋ, ਲਘੁ ਨੇ ਇਕੇਠੋ ਧਨ ਲੀਨਿ ਗੁਰਿਆਈ ਨ ਸਹਾਇ ਤੋਹਿ ਬੀਰ ਕੀ'।
ਐਸੇ ਸੁਨਿ ਆਯੋ ਸੰਗ ਅਧਿਕ ਸਮਾਜ ਲਜਾਯੋ, ਜੇਨ ਕੇਨ ਰੀਤਿ ਲੀਨਿ ਆਗਜਾ ਜਹਾਂਗੀਰ ਕੀ ॥੪ ॥

ਏਸੇ ਸਮੇਂ ਦੌਰਾਨ ਸੁਲਹੀ ਖਾਂ ਦੇ ਆਉਣ ਦੀ ਖ਼ਬਰ ਸੁਣੀ, ਉਹ ਪੰਜ ਹਜ਼ਾਰ ਸੂਰਮਿਆਂ ਨੂੰ ਨਾਲ ਲੈ ਕੇ ਆ ਰਿਹਾ ਹੈ। ਪ੍ਰਿਥੀਏ ਦਾ ਉਹ ਮਿੱਤਰ ਹੈ, ਉਸ ਨੂੰ ਪ੍ਰਿਥੀਆ ਨਿਤ ਚਿੱਠੀਆਂ ਲਿਖਦਾ ਹੈ, "ਮੇਰੇ ਨਾਲ ਇਨਸਾਫ ਨਹੀਂ ਹੋਇਆ ਹੈ, ਵੱਡਿਆਂ ਆਦਮੀਆਂ ਦੀ ਜੋ ਰੀਤੀ ਹੈ, ਉਹ ਮੇਰੇ ਨਾਲ ਨਹੀਂ ਹੋਈ ਹੈ। ਮੈਂ ਵੱਡਾ ਭਰਾ ਹਾਂ, ਗੱਦੀ ਤੋਂ ਬਗੈਰ ਬੈਠਾ ਹਾਂ। ਛੋਟੇ ਭਰਾ ਨੇ ਧਨ ਅਤੇ ਗੁਰਿਆਈ ਲੈ ਲਈ ਹੈ, ਤੇਰੇ ਸੂਰਮੇ ਦੀ ਸਹਾਇਤਾ ਨਹੀਂ ਮਿਲੀ ਹੈ।" ਇਸ ਤਰ੍ਹਾਂ ਸੁਣ ਕੇ ਸੁਲਹੀ ਖਾਂ ਬਹੁਤ ਫੌਜਾਂ ਨਾਲ ਲੈ ਕੇ ਜਿਵੇਂ ਕਿਵੇਂ ਜਹਾਂਗੀਰ ਦੀ ਆਗਿਆ ਲੈ ਕੇ ਆ ਗਿਆ ॥ ੪ ॥

ਕੀਨਸਿ ਖੁਟਾਈ 'ਗੁਰੂ ਅਰਜਨ ਬਾਂਧਿ ਲੇਊਂ, ਰਾਮਦਾਸ ਪੁਰਾ ਲੂਟਿ, ਦੇਊ ਮੈਂ ਸਜਾਇ ਕੋ।
ਮੀਤ ਪਰ ਕਰੋਂ ਉਪਕਾਰ ਕੋ ਸਿਧਾਰਿ ਕਰਿ 'ਆਯੋ ਰਿਸ ਧਾਰਿ ਕੈ ਲੈ ਅਨੀ ਸਮੁਦਾਇ ਕੋ।
ਸਾਰੋ ਭੇਵ ਸੁਨਜੋ ਗੁਰਦੇਵ ਸਮੋ ਜਾਨਿ ਲੇਵ 'ਆਇ, ਅਹੰਮੇਵ ਜੁਤ ਜਮਨ ਕੁਦਾਇ ਸੋਂ।
ਹੋਇ ਫਲ ਸ੍ਰਾਪ ਕੋ ਅਵਾਸਤ ਜੈਂ ਆਪ ਕੋ ਸਮੇਤ ਹ੍ਵੈ ਸੰਤਾਪ, ਪਰੈ ਭਾਜਰ ਸਥਾਇ ਸੋਂ' ॥ ੫ ॥

"ਸੁਲਹੀ ਨੇ ਖੋਟੀ ਗੱਲ ਸੋਚੀ ਕਿ ਮੈਂ ਗੁਰੂ ਅਰਜਨ ਦੇਵ ਨੂੰ ਬੰਨ੍ਹ ਲਿਆਵਾਂਗਾ, ਰਾਮਦਾਸ ਪੁਰਾ ਲੁੱਟ ਲਵਾਂਗਾ ਤੇ ਗੁਰੂ ਅਰਜਨ ਦੇਵ ਨੂੰ ਸਜ਼ਾ ਦੇਵਾਂਗਾ। ਓਥੇ ਜਾ ਕੇ ਆਪਣੇ ਮਿੱਤਰ ਤੇ ਉਪਕਾਰ ਕਰਾਂਗਾ", ਬੜੇ ਗੁੱਸੇ ਵਿਚ ਆ ਕੇ ਬਹੁਤ ਫੌਜ ਇਕੱਠੀ ਕਰਕੇ ਲਿਆਇਆ। ਜਦ ਗੁਰੂ ਜੀ ਨੇ ਸਾਰੇ ਭੇਦ ਨੂੰ ਸੁਣਿਆ ਤਾਂ "ਉਨ੍ਹਾਂ ਜਾਣ ਲਿਆ ਕਿ ਸਰਾਪ ਪਾਉਣ ਦਾ ਸਮਾਂ ਆ ਗਿਆ ਹੈ, ਕਿਉਂਕਿ ਅਹੰਕਾਰ ਨਾਲ ਭਰਿਆ ਪਠਾਣ ਖੋਟੀ ਨੀਤੀ ਧਾਰ ਕੇ ਆ ਰਿਹਾ ਹੈ। ਸਰਾਪ ਦਾ ਫਲ ਸੱਚਾ ਹੋਵੇਗਾ ਜੇ ਤੇ ਦੁੱਖ ਸਮੇਤ ਹੋ ਕੇ ਇਸ ਥਾਂ ਤੋਂ ਭਾਜੜ ਪਵੇਗੀ" ॥ ੫ ॥

ਘਰ ਕੋ ਸਮਾਜ ਲਾਦਿ, ਨਰਨਿ ਬਿਸਾਦ ਭਯੋ, ਚਲੇ ਗੁਰੂ ਅਰਜਨ, ਤ੍ਰਾਸ ਧਰਿ ਸੈਨ ਕੋ।
ਨਗਰ ਕੇ ਸੰਗ ਨਰ ਚਲੇ ਹੈਂ ਦੁਖਤਿ ਉਰ, ਪ੍ਰਿਥੀਏ ਕੋ ਗਾਰਿ ਦੇਤਿ, ਸੂਨੇ ਕਰਿ ਐਨ ਕੋ।
ਗ੍ਰਾਮ ਹੈ ਵਡਾਲੀ ਤਹਾਂ ਜਾਇ ਕੈ ਪ੍ਰਵੇਸ਼ ਭਏ, ਬਸੇ ਹੈਂ ਅਸ਼ੇਸ਼, ਕੀਨ ਸੈਨ ਜਾਇ ਰੈਨ ਕੋ।
ਗੁਰੂ ਗੁਨ ਗਾਵੈਂ, ਸਤਿਨਾਮ ਸਭਿ ਧਜਾਵੈ, ਸਿਖ ਸੰਗ ਸੁਖ ਪਾਵੈਂ, ਯੋਂ ਅਲਾਵੈ 'ਹਮੈ ਭੈ ਨ ਕੋ' ॥੬ ॥

ਘਰ ਦਾ ਸਾਮਾਨ ਲੱਦ ਕੇ ਗੁਰੂ ਅਰਜਨ ਦੇਵ ਜੀ ਤੁਰ ਪਏ, ਸੈਨਾ ਦਾ ਡਰ ਕਰਕੇ ਨਗਰ ਦੇ ਲੋਕ ਵੀ ਨਾਲ ਤੁਰ ਪਏ। ਲੋਕ ਬਹੁਤ ਦੁਖੀ ਸਨ, ਆਪਣੇ ਘਰਾਂ ਨੂੰ ਸੁੰਞੇ ਕਰਕੇ ਪ੍ਰਿਥੀਏ ਨੂੰ ਗਾਲ੍ਹਾਂ ਕੱਢਦੇ ਸਨ। ਰਾਮਦਾਸ ਪੁਰ ਦੇ ਨੇੜੇ ਹੀ ਵਡਾਲੀ ਪਿੰਡ ਸੀ, ਉਸ ਪਿੰਡ ਵਿਚ ਦਾਖਲ ਹੋ ਗਏ ਅਤੇ ਓਥੇ ਜਾ ਕੇ ਵਸ ਗਏ। ਸਾਰੇ ਗੁਰੂ ਜੀ ਦੇ ਗੁਣ ਗਾਉਂਦੇ ਸਨ ਅਤੇ ਸਤਿਨਾਮ ਦਾ ਸਿਮਰਨ ਕਰਦੇ ਸਨ, ਜਿਹੜੇ ਸਿੱਖ ਗੁਰੂ ਜੀ ਦੇ ਨਾਲ ਸਨ, ਉਹ ਇਸ ਤਰ੍ਹਾਂ ਕਹਿੰਦੇ ਸਨ, "ਸਾਨੂੰ ਕੋਈ ਡਰ ਨਹੀਂ ਹੈ" ॥ ੬ ॥

'ਸੁਲਹੀ ਜਮਨ ਆਯੋ' ਪ੍ਰਿਥੀਏ ਨੇ ਸੁਨਿ ਪਾਯੋ, 'ਸੰਗ ਚਮੂ ਲਜਾਯੋ, ਭਯੋ ਹੇਤ ਮੇਰੇ ਆਵਨੋ'।
ਸ਼ੱਤ੍ਰੂ ਹੈ ਸਹੋਦਰ ਸੁ ਤਯਾਗ ਗਯੋ ਘਰ ਅਬਿ, ਜਾਇ ਮਿਲੌਂ ਆਗੇ ਕਰੌਂ ਤਿਸੈ ਹਰਖਾਵਨੋ।
ਆਵੈ ਰਾਮਦਾਸਪੁਰਿ ਖੇਚਲ ਕਰੈਗੋ ਬਹੁ, ਯਾਂਪੇ ਰੋਕੌਂ ਜਾਇ, ਭਯੋ ਕਾਜ ਮਨ ਭਾਵਨੋ।
'ਕਰਜੋ ਤਬਿ ਜਾਵਨੋ ਪਦਾਰਥ ਸੁਹਾਵਨੋ ਲੈ, ਹੋਇ ਗਰਬਾਵਨੋ ਬਿਸਾਲ ਚਿਤ ਚਾਵਨੋ ॥ ੭ ॥

ਪ੍ਰਿਥੀਏ ਨੇ ਸੁਣਿਆ, "ਸੁਲਹੀ ਖਾਂ ਆਇਆ ਹੈ, ਨਾਲ ਬਹੁਤ ਫੌਜ ਲਿਆਇਆ ਹੈ, ਮੇਰੇ ਵਾਸਤੇ ਆਇਆ ਹੈ, ਮੇਰਾ ਦੁਸ਼ਮਣ ਭਰਾ ਘਰ ਛੱਡ ਕੇ ਚਲਾ ਗਿਆ ਹੈ, ਉਸ ਨੂੰ ਅੱਗੇ ਹੋ ਕੇ ਮਿਲਦਾ ਹਾਂ ਅਤੇ ਉਸ ਨੂੰ ਖ਼ੁਸ਼ ਕਰਦਾ ਹਾਂ,. ਕਿ ਦੁਸ਼ਮਣ ਭਰਾ ਘਰ ਛੱਡ ਕੇ ਚਲਾ ਗਿਆ ਹੈ, ਇਸ ਕਰਕੇ ਓਥੇ ਜਾ ਕੇ ਰੋਕਦਾ ਹਾਂ ਕਿ ਮਨ ਭਾਉਂਦਾ ਕੰਮ ਹੋ ਗਿਆ ਹੈ।" ਫਿਰ ਉਹ ਸੁਹਾਵਣੇ ਪਦਾਰਥ ਲੈ ਕੇ ਬੜਾ ਹੰਕਾਰੀ ਹੋ ਕੇ ਅਤੇ ਚਿੱਤ ਵਿਚ ਚਾਅ ਕਰਕੇ ਓਥੇ ਗਿਆ ॥ ੭ ॥

ਮਿਲਯੋ ਜਾਇ ਆਗੇ, ਦੇਖਿ ਦੋਊ ਅਨੁਰਾਗੇ ਮਨ, ਗਰੇ ਸੰਗ ਲਾਗੇ, ਪੁਨ ਬੈਠੇ ਮੁਸਕਾਇ ਕਰਿ।
ਜ਼ਾਫਤ ਕੇ ਹੇਤ ਧਨ ਦੀਨੋ ਹਿਤ ਕੀਨੋ ਬਹੁ 'ਆਏ ਹੋ ਕਰਮ ਧਰਿ ਮੀਤ ਸੁਖਦਾਇ ਕਰਿ'।
ਸੁਲਹੀ ਭਨਤਿ 'ਮੈਂ ਨ ਲੇਵੌਂ ਧਨ, ਅਨਬਨ ਦੇਨੋ ਬਨੈ ਗੁਰੂ ਤੁਮ ਮਾਨੈ ਜਗ ਭਾਇ ਕਰਿ।
ਬਾਂਛਿਤਿ ਕੋ ਪਾਇ ਕਰਿ, ਸੀਸ ਕੋ ਨਿਵਾਇ ਕਰਿ ਭੇਟਨਿ ਚਢਾਇ ਕਰਿ, ਬਨੈਂ ਸਿਖ ਆਇ ਕਰਿ' ॥ ੮ ॥

ਸੁਲਹੀ ਖਾਂ ਨੂੰ ਅੱਗੇ ਹੋ ਕੇ ਮਿਲਿਆ, ਦੋਵੇਂ ਇਕ ਦੂਸਰੇ ਨੂੰ ਵੇਖ ਕੇ ਮਨ ਕਰਕੇ ਪ੍ਰੇਮੀ ਹੋਏ, ਇਕ ਦੂਸਰੇ ਨੂੰ ਗਲ ਨਾਲ ਲੱਗ ਕੇ ਮਿਲੇ, ਫਿਰ ਮੁਸਕਰਾ ਕੇ ਬੈਠ ਗਏ। ਰੋਟੀ ਪਾਣੀ ਦੇ ਖਰਚੇ ਵਜੋਂ ਬਹੁਤ ਧਨ ਦਿੱਤਾ ਅਤੇ ਕਿਹਾ, "ਕਰਮ ਕਰਕੇ ਮਿੱਤਰ ਨੂੰ ਸੁਖਦਾਈ ਕਰਨ ਵਾਸਤੇ ਆਏ ਹੋ।" ਸੁਲਹੀ ਨੇ ਕਿਹਾ, "ਮੈਂ ਧਨ ਨਹੀਂ ਲਵਾਂਗਾ, ਤੁਹਾਡੇ ਵਲੋਂ ਧਨ ਦੇਣਾ ਬਣਦਾ ਨਹੀਂ ਹੈ, ਸਾਰਾ ਜੱਗ ਬੜੇ ਪ੍ਰੇਮ ਨਾਲ ਤੁਹਾਨੂੰ ਗੁਰੂ ਮੰਨਦਾ ਹੈ ਅਤੇ ਜੋ ਮੰਗਦੇ ਉਹ ਪਾਉਂਦੇ ਹਨ, ਸਿਰ ਝੁਕਾਉਂਦੇ ਹਨ, ਭੇਟਾਵਾਂ ਚੜ੍ਹਾਉਂਦੇ ਹਨ ਅਤੇ ਆ ਕੇ ਤੁਹਾਡੇ ਸਿੱਖ ਬਣਦੇ ਹਨ" ॥ ੮ ॥

*ਸੈਯਾ-* ਪ੍ਰਿਥੀਆ ਸੁਲਹੀ ਸੌਂ ਭਨੈ 'ਸੁਨਿ ਮੀਤ ਗੁਰੂ ਘਰ ਕੋ ਇਹ ਜਾਨਿ ਪ੍ਰਸਾਦੂ।
ਧਨ ਦੇਗ਼ ਕੇ ਹੇਤ ਦਯੋ ਤੁਮ ਕੋ, ਲਿਹੁ ਆਪ, ਕਰੋ ਹਮਰੋ ਅਹਿਲਾਦੂ।
ਬਿਸਵਾਸ ਬਿਸਾਲ ਅਹੈ ਤੁਮਰੇ ਪਰ, ਦੇਖ ਸਕੋ ਨਹਿਂ ਮੋਰ ਬਿਸਾਦੂ।
ਬਲ ਸੰਗ ਸਹਾਇਕ ਹੋ ਰਿਪੁ ਘਾਇਕ ਕੋ ਨ ਸਕੈ ਕਰਿ ਮੋ ਸੌਂ ਬਿਬਾਦੂ' ॥ ੯ ॥

ਫਿਰ ਪ੍ਰਿਥੀਏ ਨੇ ਸੁਲਹੀ ਨੂੰ ਕਿਹਾ, "ਹੇ ਮਿੱਤਰ ! ਸੁਣੋ, ਇਸ ਨੂੰ ਗੁਰੂ ਘਰ ਦਾ ਪ੍ਰਸ਼ਾਦ ਜਾਣੋ, ਧਨ ਤੁਹਾਨੂੰ ਲੰਗਰ ਵਾਸਤੇ ਦਿੱਤਾ ਹੈ, ਇਸ ਨੂੰ ਪ੍ਰਾਪਤ ਕਰਕੇ ਸਾਡੀਆਂ ਖ਼ੁਸ਼ੀਆਂ ਲਵੋ। ਮੈਨੂੰ ਆਪ ਉਤੇ ਪੂਰਨ ਵਿਸ਼ਵਾਸ ਹੈ, ਤੁਸੀਂ ਮੇਰਾ ਦੁਖ ਵੇਖ ਨਹੀਂ ਸਕਦੇ, ਬਲ ਸਹਿਤ ਮੇਰੇ ਸਹਾਇਕ ਹੋ, ਵੈਰੀ ਦੇ ਨਾਸ਼ ਕਰਤਾ ਹੈ, ਕੋਈ ਵੀ ਮੇਰੇ ਨਾਲ ਝਗੜਾ ਨਹੀਂ ਕਰ ਸਕਦਾ ॥ ੯ ॥

*ਕਬਿੱਤ-* ਸੁਲਹੀ ਸਲਾਹੈ 'ਤੁਮ ਸਖਾ ਹੋ ਬਿਸਾਲ ਮੇਰੇ ਤੇਰੀ ਸੁਧਿ ਸੁਨਿ ਕੈ ਚਢਾਈ ਕਰਿ ਆਇਊਂ।
ਬੰਧੋਂ ਗੁਰੂ ਅਰਜਨ ਲੇਹਾਂ ਮੈਂ ਪਕਰਿ ਕਰਿ. ਰਾਮਦਾਸ ਨਗਰੀ ਕੋ ਸਗਰੀ ਲੁਟਾਇਊਂ।

ਤੋਹਿ ਸੋਂ ਮਿਲਾਪ ਕਰਿ, ਅਧਿਕ ਪ੍ਰਤਾਪ ਕਰਿ, ਰਿਪੁਨਿ ਸੰਤਾਪ ਕਰਿ, ਸ਼ਾਹੁ ਪਾਸ ਜਾਇਊਂ।
ਸਭਿਕੋ ਸੁਨਾਇਊਂ, ਗੁਰੂ ਤੁਮਹਿਂ ਬਨਾਇਊਂ, ਸਖਾ ਕੋ ਸੁਖਦਾਇਊ ਬਿਸਾਲ ਜਸ ਪਾਇਊਂ ॥੧੦॥

ਫਿਰ ਸੁਲਹੀ ਨੇ ਸ਼ਲਾਘਾ ਕੀਤੀ, "ਤੁਸੀਂ ਮੇਰੇ ਗੂੜ੍ਹੇ ਮਿੱਤਰ ਹੋ, ਤੁਹਾਡੀ ਖ਼ਬਰ ਸੁਣ ਕੇ ਚੜ੍ਹਾਈ ਕਰ ਕੇ ਆਇਆ ਹਾਂ, ਗੁਰੂ ਅਰਜਨ ਦੇਵ ਨੂੰ ਕੈਦ ਕਰ ਲਵਾਂਗਾ ਅਤੇ ਫੜ ਕੇ ਲੈ ਜਾਵਾਂਗਾ ਅਤੇ ਸਾਰੀ ਰਾਮਦਾਸ ਨਗਰੀ ਨੂੰ ਲੁੱਟ ਲਵਾਂਗਾ। ਤੇਰੇ ਨਾਲ ਮਿਲਾਪ ਕਰਕੇ ਤੇਰਾ ਵੱਡਾ ਪ੍ਰਤਾਪ ਬਣਾਕੇ, ਤੇਰੇ ਵੈਰੀਆਂ ਨੂੰ ਦੁਖੀ ਕਰਕੇ ਫਿਰ ਮੈਂ ਬਾਦਸ਼ਾਹ ਪਾਸ ਜਾਵਾਂਗਾ। ਸਾਰਿਆਂ ਨੂੰ ਸੁਣਾ ਕੇ ਤੁਹਾਨੂੰ ਗੁਰੂ ਬਣਾਵਾਂਗਾ। ਆਪਣੇ ਮਿੱਤਰ ਨੂੰ ਸੁਖ ਦੇ ਕੇ ਵਿਸ਼ਾਲ ਜੱਸ ਪਾਵਾਂਗਾ" ॥ ੧੦ ॥

ਪ੍ਰਿਥੀਏ ਬਖਾਨੀ 'ਸਾਧ ਸਾਧ ਪ੍ਰੀਤਿ ਠਾਨੀ, ਸ਼ੁਭ ਕੀਰਤਿ ਮਹਾਨੀ ਜਗ ਭਈ ਸਖਾ ਦੋਇਕੀ।
ਆਗਮਨ ਤੇਰੋ ਸੁਨਿ ਗਯੋ ਹੈ ਪਲਾਇ ਰਿਪੁ ਪੁਰੀ ਕੋ ਉਜਾਰੁ ਕਿਯੋ, ਵਸਤੂ ਨ ਕੋਇਕੀ।
ਮਹਾਂ ਸਮਰੱਥ ਤੁਮ ਨਾਮ ਲੀਏ ਕਾਮ ਹੋਹਿ, ਆਪ ਚਲਿ ਆਏ ਪੁਨਿ ਚਿੰਤਾ ਕਿਸ ਲੋਇ ਕੀ।
ਕ੍ਰਿਤ ਕ੍ਰਿਤ ਕੀਨਿ ਸਭਿ ਕਾਜ ਕੋ ਸੁਧਾਰ ਦੀਨਿ, ਮੋ ਪੈ ਉਪਕਾਰ ਕੀਨਿ, ਰੀਤਿ ਤਰੁ ਤੋਇ ਕੀ ॥੧੧॥

ਪ੍ਰਿਥੀਏ ਨੇ ਕਿਹਾ, "ਸ਼ਾਬਾਸ਼ ! ਸ਼ਾਬਾਸ਼ ! ਤੁਸੀਂ ਏਨਾ ਪ੍ਰੇਮ ਕੀਤਾ ਹੈ, ਜੱਗ ਵਿਚ ਦੋਹਾਂ ਮਿੱਤਰਾਂ ਦੀ ਮਹਾਨ ਸ਼ੁਭ ਕੀਰਤੀ ਹੋਈ ਹੈ। ਤੁਹਾਡਾ ਆਉਣਾ ਸੁਣ ਕੇ ਹੀ ਵੈਰੀ ਨਗਰੀ ਨੂੰ ਉਜਾੜ ਕੇ ਭੱਜ ਗਿਆ ਹੈ, ਹੁਣ ਦੇਖੋ ਕਿਸੇ ਦੀ ਕੋਈ ਵਸਤੂ ਨਹੀਂ ਰਹੀ ਹੈ। ਤੁਸੀਂ ਮਹਾਨ ਸਮਰੱਥ ਹੋ, ਤੁਹਾਡਾ ਨਾਂ ਲੈਣ ਨਾਲ ਹੀ ਕੰਮ ਹੋ ਜਾਂਦੇ ਹਨ, ਜੇ ਆਪ ਚਲ ਕੇ ਆ ਗਏ ਹੋ ਫਿਰ ਕਿਸ ਪੁਰਸ਼ ਦੀ ਚਿੰਤਾ ਹੈ। ਤੁਸੀਂ ਮੈਨੂੰ ਨਿਹਾਲ ਕਰ ਦਿੱਤਾ ਹੈ, ਮੇਰੇ ਸਾਰੇ ਕਾਰਜ ਠੀਕ ਕਰਕੇ ਮੇਰੇ ਤੇ ਬਹੁਤ ਵੱਡਾ ਉਪਕਾਰ ਕੀਤਾ ਹੈ। ਤੁਸੀਂ ਬ੍ਰਿੱਛ ਅਤੇ ਜਲ ਦੀ ਰੀਤੀ, ਜਿਹੜੇ ਦੋਵੇਂ ਮਿਲ ਕੇ ਇਕ ਰੂਪ ਹੁੰਦੇ ਹਨ, ਕੀਤੀ ਹੈ॥ ੧੧ ॥

*ਸੈਯਾ-* ਮੈਂ ਅਬਿ ਲੋਕ ਬੁਲਾਇ ਮਿਲਾਇਕੈ ਫੇਰ ਪੁਰੀ ਕੋ ਬਨਾਇ ਬਸਾਊਂ।
ਜੇ ਉਜਰੇ ਉਜਰੇ ਸੋ ਰਹੋ, ਪੁਨਿ ਆਇ ਬਸੈਂ ਤਬਿ ਮੈਂ ਨ ਹਟਾਊਂ।
ਆਪ ਪਯਾਨ ਕਰੋ ਘਰ ਕੋ ਸੁਖ ਹੋਹਿ ਤੁਮੈਂ ਇਮੁ ਨੀਤ ਮਨਾਊਂ।
ਸ਼ਾਹੁ ਸੋਂ ਮੇਲ ਰਹੋ ਨਿਤ ਬਾਢਤਿ ਚੌਗਨ ਕਾਮ ਅਸੀਸ ਮੈਂ ਗਾਊਂ ॥੧੨॥

ਮੈਂ ਹੁਣ ਲੋਕਾਂ ਨੂੰ ਬੁਲਾ ਕੇ ਮਿਲਾ ਕੇ ਫਿਰ ਨਗਰੀ ਨੂੰ ਬਣਾ ਕੇ ਵਸਾਵਾਂਗਾ। ਜਿਹੜੇ ਉਜੜੇ ਹਨ, ਉਜੜੇ ਰਹਿਣ, ਜੇ ਫਿਰ ਆ ਕੇ ਵੱਸ ਜਾਣਗੇ ਤਾਂ ਮੈਂ ਉਨ੍ਹਾਂ ਨੂੰ ਬਾਹਰ ਨਹੀਂ ਕੱਢਾਂਗਾ। ਹੁਣ ਤੁਸੀਂ ਆਪਣੇ ਘਰ ਨੂੰ ਵਾਪਸ ਜਾਵੋ, ਤੁਸੀਂ ਸਦਾ ਸੁਖੀ ਰਹੋ, ਮੈਂ ਇਸ ਤਰ੍ਹਾਂ ਨਿਤ ਕਾਮਨਾ ਕਰਦਾ ਹਾਂ। ਬਾਦਸ਼ਾਹ ਨਾਲ ਤੁਹਾਡਾ ਸਦਾ ਮੇਲ-ਜੋਲ ਵਧਦਾ ਰਹੇ ਅਤੇ ਤੁਹਾਡਾ ਕਾਮ-ਕਾਜ ਚੌਗਣਾ ਹੋਵੇ, ਮੈਂ ਇਹੋ ਅਸ਼ੀਰਵਾਦ ਦਿੰਦਾ ਹਾਂ" ॥ ੧੨ ॥

*ਕਬਿੱਤ-*ਸੁਲਹੀ ਸੁਲਹੀ ਸੁਧਿ ਮਹਾਂ ਦੁਰਬੁੱਧੀ ਕੂਰ ਆਨੰਦ ਬਿਲੰਦ ਤੇ ਬਦਨ ਮੁਸਕਾਇ ਕਰਿ।
'ਗਯੋ ਭਾਜ ਜਾਨਿ ਦੇਹੁ, ਕਾਹੇ ਤਿਸ ਨਾਮ ਲੇਹੁ, ਰਾਖੋ ਨਿਜ ਗੇਹ ਸਭਿ ਨੰਗਰੀ ਬਸਾਇ ਕਰਿ।
ਫੇਰ ਬਸੈ ਆਇ ਕਰਿ ਬੈਰ ਕੋ ਲਗਾਇ ਕਰਿ, ਆਪ ਪੁਜਵਾਇ ਕਰਿ ਧਨ ਸਮੁਦਾਇ ਕਰਿ।
ਦੀਜੈ ਮੋ ਸੁਨਾਇ ਕਰਿ, ਆਵੌਂ ਪੰਥ ਧਾਇ ਕਰਿ, ਤਬਿਹੀ ਗਹਾਇ ਕਰਿ ਦੇਵੌਂ ਮਰਵਾਇ ਕਰਿ' ॥੧੩॥

ਸੁਲਹੀ ਨੇ ਪ੍ਰਿਥੀਏ ਦੀਆਂ ਗੱਲਾਂ ਸੁਣ ਕੇ ਮਹਾਨ ਮਾੜੀ ਮੱਤ ਵਾਲੇ ਨੇ ਝੂਠਾ ਆਨੰਦ ਲੈ ਕੇ ਮੁਖ ਤੋਂ ਮੁਸਕਰਾ ਕੇ ਕਿਹਾ, "ਜਿਹੜੇ ਭੱਜ ਗਏ, ਉਨ੍ਹਾਂ ਨੂੰ ਜਾਣ ਦੇਵੋ, ਉਨ੍ਹਾਂ ਦਾ ਫਿਰ ਨਾਂ ਕਿਉਂ ਲੈਂਦੇ ਹੋ, ਸਾਰੀ ਨਗਰੀ ਵਸਾ ਕੇ ਆਪਣੇ ਅਧੀਨ ਰਖੋ। ਗੁਰੂ ਅਰਜਨ ਦੇਵ ਜੇ ਫਿਰ ਆ ਕੇ ਵੈਰ ਵਧਾ ਕੇ ਆਪਣੀ ਪੂਜਾ ਕਰਾਵੇ ਅਤੇ ਧਨ ਇਕੱਠਾ ਕਰੇ ਤਾਂ ਉਸੇ ਵੇਲੇ ਮੈਨੂੰ ਖ਼ਬਰ ਕਰੋ, ਮੈਂ ਉਸੇ ਵੇਲੇ ਚੜ੍ਹਾਈ ਕਰਕੇ ਆ ਜਾਵਾਂਗਾ ਤੇ ਫੜ ਕੇ ਮਰਵਾ ਦੇਵਾਂਗਾ" ॥ ੧੩ ॥

ਐਸੇ ਕਹਿ ਧੀਰ ਦੀਨ ਮਿਲੇ ਦੋਊ ਬੀਰ ਸਮ ਪ੍ਰਿਥੀਆ ਪ੍ਰਸੰਨ ਭਯੋ ਨਿਜ ਧਾਮ ਆਇਊ।
ਸੁਲਹੀ ਬਿਤਾਇ ਨਿਸਿ ਔਰ ਕਾਮ ਹੇਤ ਗਯੋ, ਹੁਤੋ ਪਾਤਿਸ਼ਾਹਿ ਕੋ ਸੁ ਨੀਕੋ ਸੁਧਰਾਇਊ।
ਫੇਰ ਦਿੱਲੀ ਪੁਰਿ ਕੋ ਪਯਾਨੋ ਕੀਨ ਮੰਦ ਮਤਿ ਬਾਹਨੀ ਸਮੀਪ ਤੇ ਅਧਿਕ ਗਰਬਾਇਊ।
'ਚਾਹੋਂ ਚਿਤ ਕਰੋਂ ਸੋਇ, ਆਗੇ ਨਾਂਹੀ ਅਰੈ ਕੋਇ, ਮਾਨੇ ਤੁਰਕੇਸ਼ੁ ਬੈਨ, ਮੈਂ ਜਥਾ ਅਲਾਇਊ' ॥੧੪॥

ਇਸ ਤਰ੍ਹਾਂ ਕਹਿ ਕੇ ਧੀਰਜ ਦਿੱਤਾ, ਦੋਵੇਂ ਭਰਾਵਾਂ ਵਾਂਗ ਮਿਲੇ ਅਤੇ ਪ੍ਰਿਥੀਆ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਆ ਗਿਆ। ਸੁਲਹੀ ਇਕ ਰਾਤ ਬਤੀਤ ਕਰਕੇ ਬਾਦਸ਼ਾਹ ਦਾ ਕੋਈ ਹੋਰ ਕੰਮ ਸੁਧਾਰਨ ਚਲਾ ਗਿਆ। ਫਿਰ ਦਿੱਲੀ ਨਗਰ ਵਲ ਚਲਾ ਗਿਆ, ਮਾੜੀ ਮੱਤ ਵਾਲਾ, ਫੌਜ ਪਾਸ ਹੋਣ ਕਰਕੇ ਬਹੁਤ ਹੰਕਾਰ ਵਿਚ ਆ ਗਿਆ ਸੀ ਅਤੇ ਸੋਚਦਾ ਸੀ ਕਿ "ਮੇਰੇ ਚਿੱਤ ਵਿਚ ਜੋ ਵੀ ਆਵੇ, ਮੈਂ ਉਸ ਤਰ੍ਹਾਂ ਹੀ ਕਰ ਸਕਦਾ ਹਾਂ, ਮੇਰੇ ਅੱਗੇ ਕੋਈ ਅੜ ਨਹੀਂ ਸਕਦਾ, ਬਾਦਸ਼ਾਹ ਜਹਾਂਗੀਰ ਮੇਰਾ ਕਿਹਾ ਮੰਨਦਾ ਹੈ, ਮੈਂ ਜਿਵੇਂ ਵੀ ਕਹਿੰਦਾ ਹਾਂ" ॥ ੧੪ ॥

ਰਾਮਦਾਸ ਪੁਰੀ ਮੈਂ ਪ੍ਰਿਥੀਆ ਰਹਜੋ ਧਾਮ ਕਰਿ ਥੋਰੀ ਕੁਛ ਭੇਟ ਆਵੈ ਤਪਜੋ ਰਹੈ ਰਾਤ ਦਿਨ।
ਲਾਲਸਾ ਦਰਬ ਕੀ 'ਸਰਬ ਮੋਹਿ ਪੂਜੈਂ ਆਇ ਬਾਢੈ ਬਡਿਆਈ' ਪਿਤ ਸਮਤਾ ਕੋ ਚਾਹੈ ਮਨ।
ਸੰਗਤਾਂ ਅਨੁਜ ਪਾਸ ਜਾਤਿ ਕੋ ਬਿਲੋਕੈ ਸੁਨੈ, ਤਜੈਂ ਤਜੈਂ ਬਢੈ ਕ੍ਰੋਧ ਯੁਤ ਈਰਖਾ ਕੋ ਬੋਧਬਿਨ।
ਜੈਸੇ ਪਟਬੀਜਨੋ ਚਹਤਿ ਰਵਿ ਬੀਜਨੋ ਨ ਜਾਨੈ ਤੇਜ ਛੀਜਨੋ ਬਿਸਾਲਤਾ ਜਨਾਇ ਜਨੁ ॥੧੫॥

ਰਾਮਦਾਸ ਨਗਰੀ ਵਿਚ ਪ੍ਰਿਥੀਆ ਰਹਿੰਦਾ ਸੀ, ਬਹੁਤ ਥੋੜ੍ਹੀ ਭੇਟਾ ਆਉਣ ਕਰਕੇ ਰਾਤ-ਦਿਨ ਸੜਿਆ ਰਹਿੰਦਾ ਸੀ, ਧਨ ਦਾ ਬਹੁਤ ਲਾਲਚ ਸੀ, ਚਾਹੁੰਦਾ ਕਿ ਸਭ ਆ ਕੇ ਮੇਰੀ ਪੂਜਾ ਕਰਨ ਅਤੇ ਮੇਰੀ ਵਡਿਆਈ ਵਧੇ, ਮਨ ਵਿਚ ਆਪਣੇ ਪਿਤਾ ਜੀ ਦੀ ਬਰਾਬਰੀ ਕਰਨਾ ਚਾਹੁੰਦਾ ਸੀ। ਸੰਗਤਾਂ ਛੋਟੇ ਭਰਾ ਕੋਲ ਜਾਂਦੀਆਂ ਹਨ, ਜਦ ਇਹ ਵੇਖਦਾ ਅਤੇ ਸੁਣਦਾ ਸੀ ਤਾਂ ਮਨ ਵਿਚ ਵਿਚਾਰ ਤੋਂ ਬਿਨਾਂ ਈਰਖਾ ਅਤੇ ਕ੍ਰੋਧ ਕਰਦਾ ਸੀ। ਜਿਵੇਂ ਜੁਗਨੂੰ ਆਪਣੀ ਵਡਿਆਈ ਜਤਾਵੇ ਕਿ ਮੈਂ ਵੀ ਸੂਰਜ ਜਾਣਿਆਂ ਜਾਵਾਂ, ਪਰ ਉਹ ਆਪਣੇ ਚਾਨਣ ਦੇ ਛੋਟੇਪਨ ਨੂੰ ਨਹੀਂ ਜਾਣਦਾ ਕਿ ਸੂਰਜ ਸਾਹਮਣੇ ਜਾ ਕੇ ਉਸ ਦਾ ਤੇਜ ਖ਼ਤਮ ਹੋ ਜਾਵੇਗਾ ॥ ੧੫ ॥

ਪਤਿਸ਼ਾਹ ਪੰਚਮ ਪ੍ਰਪੰਚ ਕੋ ਨ ਰੰਚ ਜਾਨੈ ਸੂਧੇ ਹੀ ਸੁਭਾਵ ਰਹੇ ਗ੍ਰਾਮ ਤਿਸ ਜਾਇ ਕਰਿ।
ਪਰਉਪਕਾਰ ਹੇਤ ਧਾਰਨ ਸਰੀਰ ਕਰਜੋ ਜਹਾਂ ਰਹੈਂ ਤਹਾਂ ਚਹੈਂ ਹਿਤ ਸਮਦਾਇ ਨਰ।
ਪੂਰਬ ਕਰਾਏ ਧਾਮ ਬਾਸਿਬੇ ਕੋ ਅਭਿਰਾਮ, ਜੇਤੇ ਮੈਂ ਸੁਖੇਨ ਬਸੈਂ ਤੇਤੋ ਕੀਨਿ ਥਾਇਂ ਬਰ।
ਗਏ ਸੰਗ ਲੋਕ ਜੇਈ ਬਸੈਂ ਕਰਿ ਓਕ ਤੇਈ, ਗੁਰੂ ਕੀ ਸ਼ਰੰਨ ਮੈਂ ਅਸ਼ੋਕ ਸੁਖ ਪਾਇ ਉਰ ॥੧੬॥

ਗੁਰੂ ਅਰਜਨ ਦੇਵ ਜੀ ਰੰਚਕ ਭਰ ਵੀ ਛਲ ਨਹੀਂ ਜਾਣਦੇ, ਵਡਾਲੀ ਪਿੰਡ ਵਿਚ ਜਾ ਕੇ ਵੀ ਉਹ ਸਿੱਧੇ ਸੁਭਾਅ ਵਾਲੇ ਹੀ ਰਹੇ। ਪਰਉਪਕਾਰ ਵਾਸਤੇ ਉਨ੍ਹਾਂ ਸਰੀਰ ਧਾਰਨ ਕੀਤਾ ਸੀ, ਜਿਥੇ ਵੀ ਰਹਿੰਦੇ ਸਨ, ਓਥੇ ਹੀ ਲੋਕਾਂ ਦਾ ਭਲਾ ਚਾਹੁੰਦੇ ਸਨ। ਪਹਿਲਾਂ ਰਹਿਣ ਵਾਸਤੇ ਸੁੰਦਰ ਘਰ ਬਣਵਾਏ। ਜਿੰਨਿਆਂ ਘਰਾਂ ਵਿਚ ਸੁਖੀ ਵੱਸ ਸਕਦੇ ਸਨ, ਓਨੇ ਹੀ ਤਿਆਰ ਕਰਾਏ। ਜਿੰਨੇ ਵੀ ਲੋਕ ਨਾਲ ਗਏ ਸਨ, ਓਨੇ ਹੀ ਘਰ ਬਣਾ ਕੇ ਰਹਿੰਦੇ ਸਨ, ਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ ਹਿਰਦੇ ਵਿਚ ਦੁਖ-ਰਹਿਤ ਸੁਖ ਪਾਉਂਦੇ ਸਨ ॥ ੧੬ ॥

ਪੁਨ ਲਗਵਾਯੋ ਕੂਪ ਮਹਿਮਾ ਅਨੂਪ ਭਨੀ, ਨਾਮ ਹੈ ਛਿਹਰਟਾ ਅਜੈਂ ਸੁ ਲਗ ਜਾਨੀਯਹਿ।
ਮੱਜਨ ਜੋ ਕਰੈਂ ਨਰ, ਪਾਪਨ ਸੋ ਪਰਹਰਿ ਜੋਗ ਹ੍ਵੈ ਸੁਰਗ ਕੇ ਸਗਲ ਸੁਖਦਾਨੀਅਹਿ।
ਮਾਸ ਮਾਸ ਪ੍ਰਤਿ ਇਸ਼ਨਾਨੈ ਇਸ ਥਾਨ ਆਨਿ ਨੰਦਨ ਅਨੰਦ ਲਹਿ ਨਾਰੀ ਦੁਖਹਾਨੀਅਹਿ।
ਬਾਂਛਤਿ ਅਪਰ ਲਹੈ, ਦੋਸ਼ਨੁ ਕੋ ਦਹੈ ਨਰ, ਸਤਿਗੁਰੂ ਸ਼ਰਧਾ ਬਿਲੰਦ ਹੋਇ ਮਾਨੀਅਹਿ ॥੧੭॥

ਫਿਰ ਇਕ ਖੂਹ ਲਗਵਾਇਆ ਜਿਸ ਦੀ ਅਨੁਪਮ ਮਹਿਮਾ ਕਹੀ ਜਾਂਦੀ ਹੈ। ਉਸ ਦਾ ਨਾਂ ਛਿਹਰਟਾ ਹੈ ਤੇ ਉਹ ਅੱਜ ਤਕ ਜਾਣਿਆ ਜਾਂਦਾ ਹੈ। ਜਿਹੜੇ ਵੀ ਮਨੁੱਖ ਇਸ ਖੂਹ ਤੇ ਇਸ਼ਨਾਨ ਕਰਦੇ ਹਨ, ਉਹ ਆਪਣੇ ਪਾਪਾਂ ਨੂੰ ਦੂਰ ਕਰਕੇ ਸਵਰਗ ਦੇ ਲਾਇਕ ਹੋ ਜਾਂਦੇ ਹਨ, ਹਰ ਤਰ੍ਹਾਂ ਨਾਲ ਸਾਰੇ ਸੁਖ ਦਿੰਦਾ ਹੈ, ਜਿਹੜੀਆਂ ਨਾਰੀਆਂ ਏਥੇ ਆ ਕੇ ਹਰ ਮਹੀਨੇ ਇਸ਼ਨਾਨ ਕਰਦੀਆਂ ਹਨ, ਉਨ੍ਹਾਂ ਨੂੰ ਪੁੱਤਰ ਦੀ ਦਾਤ ਮਿਲਦੀ ਹੈ ਅਤੇ ਸਾਰੇ ਦੁੱਖ ਦੂਰ ਹੁੰਦੇ ਹਨ। ਜੋ ਮੂੰਹ ਮੰਗਿਆ ਵਰ ਲਵੇਗਾ, ਮਨੁੱਖਾਂ ਦੇ ਪਾਪਾਂ ਦਾ ਨਾਸ਼ ਕਰਦਾ ਹੈ ਅਤੇ ਸਤਿਗੁਰੂ ਵਿਚ ਸ਼ਰਧਾ ਬਹੁਤ ਵਧਦੀ ਹੈ॥ ੧੭॥

ਕਬਿੱਤ–ਆਏ ਦੇਸ਼ ਦੇਸ਼ ਤੇ ਬਿਸ਼ੇਸ਼ ਲੇ ਉਪਾਇਨ ਕੋ ਬੂਝਿ ਬੂਝਿ ਜਾਤਿ ਹੈਂ ਵਡਾਲੀ ਗੁਰ ਪਾਸ ਕੋ।
ਅਨਿਕ ਪਦਾਰਥ ਸਕਾਰਥੇ ਕਰਤਿ ਨਰ ਅਰਪੈਂ ਚਰਨ ਤੀਰ, ਬੋਲੈਂ ਅਰਦਾਸ ਕੋ।
ਭੀਰ ਭਈ ਰਹੈ ਇਕ ਆਵਤਿ ਹੈ ਜਾਤਿ ਕੋਈ, ਸੇਵਾ ਕੋ ਕਮਾਵੈਂ ਕੋਈ ਹੇਰਿ ਸੁਖਰਾਸ ਕੋ।
ਕਰਤੇ ਕਰਾਹੁ ਬਹੁ ਬਰਤੇ ਉਮਾਹ ਹੋਤਿ ਹਰਤੇ ਉਪਾਧਿ ਗਨ, ਧਰਤੇ ਪ੍ਰਕਾਸ਼ ਕੋ ॥੧੮॥

ਦੇਸ਼ਾਂ ਦੇਸ਼ਾਂ ਤੋਂ ਲੋਕ ਆਉਂਦੇ ਸਨ ਤੇ ਵਿਸ਼ੇਸ਼ ਭੇਟਾਵਾਂ ਲੈ ਕੇ ਵਡਾਲੀ ਪਿੰਡ ਬਾਰੇ ਪੁੱਛ ਪੁੱਛ ਕੇ ਗੁਰੂ ਜੀ ਪਾਸ ਜਾਂਦੇ ਸਨ। ਅਨੇਕ ਪ੍ਰਕਾਰ ਦੇ ਪਦਾਰਥ ਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰਕੇ ਬੇਨਤੀਆਂ ਕਰਦੇ ਸਨ। ਹਰ ਵੇਲੇ ਭੀੜ ਬਣੀ ਰਹਿੰਦੀ ਸੀ, ਇਕ ਮਨੁੱਖ ਆਉਂਦਾ ਸੀ ਤੇ ਇਕ ਜਾਂਦਾ ਸੀ, ਕਈ ਸੁੱਖਾਂ ਦੀ ਰਾਸ ਭਾਵ ਗੁਰੂ ਜੀ ਨੂੰ ਵੇਖ ਸੇਵਾ ਕਮਾਉਂਦੇ ਸਨ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਦੇ ਸਨ ਤੇ ਬੜੇ ਉਤਸ਼ਾਹ ਨਾਲ ਵਰਤਾਉਂਦੇ ਸਨ, ਜਿਸ ਨਾਲ ਆਪਣੇ ਦੁੱਖਾਂ ਦਾ ਨਾਸ਼ ਕਰਦੇ ਸਨ ਤੇ ਗਿਆਨ ਦਾ ਪ੍ਰਕਾਸ਼ ਹੁੰਦਾ ਸੀ॥ ੧੮॥

ਖੁਰਾਸਾਨ, ਕਾਬਲ, ਪਿਸ਼ੌਰ, ਕਸ਼ਮੀਰਪੁਰਿ, ਧੰਨੀ, ਘੇਪ, ਲੰਮੇਦੇਸ਼ ਆਵੈਂ ਦਰਸਾਨਿ ਹਿਤ।
ਬਲਖਬੁਖਾਰਾ, ਮੁਲਤਾਨ ਤੇ ਮਹਾਂਨ ਨਰ ਸੰਗਤਿ ਪਹੂਚੈ ਆਇ ਭੇਟ ਅਰਪਾਨਿ ਹਿਤ।
ਔਰ ਦੂਰਿ ਦੂਰਿ ਤੇ ਹਦੂਰ ਪੂਰ ਕਾਮਨਾ ਕੋ ਰੂਰ ਮੁਖ ਦੇਖਤੇ ਜ਼ਰੂਰ ਹਰਖਾਨ ਹਿਤ।
ਸਦਾ ਸੁਖ ਮਾਨਿ ਚਿਤ ਕੋਊ ਰਹੈਂ ਪਾਸ ਨਿਤ, ਸੇਵਤਿ ਸੁਜਾਨ ਬਿਤ ਲੇਨਿ ਰਿਦੇ ਗਜਾਨ ਹਿਤ ॥੧੯॥

ਖੁਰਾਸਾਨ, ਕਾਬਲ, ਪਿਸ਼ੌਰ, ਕਸ਼ਮੀਰ, ਧੰਨੀ, ਘੇਪ ਅਤੇ ਲੰਮੇ ਦੇਸ਼ ਤੋਂ ਦਰਸ਼ਨ ਕਰਨ ਵਾਸਤੇ ਆਉਂਦੇ ਸਨ। ਬਲਖ ਬੁਖਾਰਾ, ਮੁਲਤਾਨ ਆਦਿ ਤੋਂ ਸੰਗਤਾਂ ਭੇਟਾਵਾਂ ਅਰਪਣ ਕਰਨ ਵਾਸਤੇ ਪਹੁੰਚਦੀਆਂ ਸਨ। ਹੋਰ ਮਨੁੱਖ ਦੂਰ ਦੂਰ ਤੋਂ ਹਜ਼ੂਰੀ ਵਿਚ ਆ ਕੇ ਕਾਮਨਾਵਾਂ ਪੂਰੀਆਂ ਕਰਦੇ ਸਨ ਅਤੇ ਪ੍ਰਸੰਨਤਾ ਹਿਤ ਗੁਰੂ ਜੀ ਦੇ ਸੁੰਦਰ ਮੁੱਖ ਨੂੰ ਜ਼ਰੂਰ ਵੇਖਦੇ ਸਨ। ਕਈ ਚਿੱਤ ਵਿਚ ਸੁਖ ਮੰਨ ਕੇ ਸਦਾ ਹੀ ਪਾਸ ਰਹਿੰਦੇ ਸਨ, ਕਈ ਗਿਆਨ ਪ੍ਰਾਪਤ ਕਰਨ ਲਈ ਗੁਰੂ ਜੀ ਦੀ ਸੇਵਾ ਕਰਦੇ ਸਨ॥ ੧੯॥

ਦੁਸ਼ਮਨ ਦੇਖਿ ਦੇਖਿ ਦਾਹ ਹੋਤਿ ਦੁਖੀ ਬਹੁ, ਜਰੀ ਹੂੰ ਨ ਜਾਇ ਖੁਨਸਾਇਂ ਨਿੰਦ ਭਾਖਤੇ।
ਬਕ ਕੇ ਕਰਮ ਕਰੈਂ, ਹੰਸਨਿ ਕੀ ਰੀਸਿ ਧਰੈਂ ਉਘਰੈ ਕਪਟ ਜਾਨੈਂ ਧਨ ਅਭਿਲਾਖ ਤੇ।
ਬਸ ਨ ਬਸਾਇ ਠਾਨੇ ਅਨਿਕ ਉਪਾਇ ਮੂਢ, ਝੂਠੇ ਹ੍ਵੈ ਬਿਬਾਦ ਤੇ ਮਹਾਂਨ ਮਨ ਮਾਖਤੇ।
ਰਿਦੈ ਗੋਪ ਰਾਖਤੇ ਬਿਲੰਦ ਬਿਸ਼ੈ ਕਾਂਖਤੇ ਬਡਜੋਂ ਕੀ ਸੀਮ ਨਾਖਤੇ ਨਾ ਸੇਵਾ ਬਿਖੈ ਗਾਖਤੇ ॥੨੦॥

ਦੁਸ਼ਮਣ ਵੇਖ ਵੇਖ ਕੇ ਸੜਦੇ ਸਨ ਅਤੇ ਬਹੁਤ ਦੁਖੀ ਹੁੰਦੇ ਸਨ। ਉਨ੍ਹਾਂ ਪਾਸੋਂ ਗੁਰੂ ਜੀ ਦੀ ਚੜ੍ਹਦੀ ਕਲਾ ਜਰੀ ਨਹੀਂ ਸੀ ਜਾਂਦੀ ਤੇ ਈਰਖਾ ਕਰਕੇ ਨਿੰਦਿਆ ਕਰਦੇ ਸਨ। ਬਗਲੇ ਵਾਂਗ ਕੰਮ ਕਰਦੇ ਸਨ ਤੇ ਰੀਸ ਹੰਸਾਂ ਦੀ ਕਰਦੇ ਸਨ। ਉਨ੍ਹਾਂ ਦੇ ਪਖੰਡ ਜੱਗ ਜ਼ਾਹਰ ਹੋ ਜਾਂਦੇ ਸਨ ਜਦ ਇਹ ਪਤਾ ਲਗਦਾ ਸੀ ਕਿ ਇਹ ਧਨ ਦੀ ਇੱਛਾ ਵਾਲੇ ਹਨ। ਵੱਸ ਨਹੀਂ ਸੀ ਚਲਦਾ, ਮੂਰਖ ਅਨੇਕ ਉਪਾਅ ਕਰਦੇ ਸਨ, ਝਗੜਾ ਕਰਕੇ ਝੂਠੇ ਹੁੰਦੇ ਹਨ ਤੇ ਫਿਰ ਮਨ ਵਿਚ ਬੜਾ ਕ੍ਰੋਧ ਕਰਦੇ ਹਨ। ਹਿਰਦੇ ਵਿਚ ਭੇਦ ਰਖਦੇ ਹਨ, ਵਿਸ਼ੇ ਵਿਕਾਰਾਂ ਵਿਚ ਬੁਰੀ ਤਰ੍ਹਾਂ ਫਸੇ ਹਨ, ਵੱਡਿਆਂ ਦੀ ਹੱਦ ਲੰਘ ਜਾਂਦੇ ਹਨ ਪਰ ਮੂਰਖ ਸੇਵਾ ਵਿਚ ਨਹੀਂ ਲਗਦੇ॥ ੨੦॥

Sri Satguru Jagjit Singh Ji eLlibrary NamdhariElibrary@gmail.com

ਸ੍ਵੈਯਾ- ਗ੍ਰਾਮ ਵਡਾਲੀ ਬਸੇ ਸੁਖ ਸੌਂ ਨਵ ਮਾਸ ਤਹਾਂ ਇਸ ਭਾਂਤਿ ਬਿਤਾਏ।
ਸਿੱਖ ਸਮੂਹ ਕੀ ਸ੍ਰੇਯ ਕਰੈਂ ਸਤਿਨਾਮ ਰਰੈਂ ਲਿਵ ਦੇਤਿ ਲਗਾਏ।
ਮੇਲਿ ਰਹੈ ਬਹੁ ਸੰਗਤ ਕੋ, ਧਨਿ ਬ੍ਰਿੰਦ ਪਦਾਰਥ ਭੇਟ ਚੜ੍ਹਾਏ।
ਸੋ ਉਪਕਾਰ ਕੇ ਕਾਰਨ ਸ੍ਰੀ ਗੁਰ ਕੂਪ ਤੇ ਆਦਿਕ ਦੇਂ ਬਨਵਾਏ॥੨੧॥

ਗੁਰੂ ਜੀ ਵਡਾਲੀ ਪਿੰਡ ਵਿਚ ਬੜੇ ਸੁਖ-ਆਰਾਮ ਨਾਲ ਰਹਿੰਦੇ ਰਹੇ, ਇਸ ਤਰ੍ਹਾਂ ਨੌਂ ਮਹੀਨੇ ਬੀਤ ਗਏ। ਸਿੱਖ ਸੰਗਤਾਂ ਦਾ ਕਲਿਆਣ ਕਰਦੇ ਸਨ ਤੇ ਸਤਿਨਾਮ ਦਾ ਜਾਪ ਕਰਵਾ ਕੇ ਪ੍ਰਭੂ ਨਾਲ ਲਿਵ ਲਵਾਉਂਦੇ ਸਨ। ਬਹੁਤ ਸੰਗਤ ਮਿਲਣ ਵਾਸਤੇ ਆਉਂਦੀ ਸੀ, ਸਾਰੇ ਮਨੁੱਖ ਧਨ ਅਤੇ ਪਦਾਰਥ ਭੇਟ ਕਰਦੇ ਸਨ। ਗੁਰੂ ਜੀ ਲੋਕਾਂ ਤੇ ਉਪਕਾਰ ਕਰਨ ਵਾਸਤੇ ਖੂਹ ਆਦਿ ਲਗਵਾ ਦਿੰਦੇ ਸਨ॥ ੨੧॥

ਦੇਗ ਚਲੈ ਦਿਨ ਰੈਨਿ ਨਿਰੰਤਰ, ਬ੍ਰਿੰਦ ਮਸੰਦ ਹੀ ਕਾਰ ਗੁਜ਼ਾਰੈਂ।
ਆਪ ਗੁਰੂ ਧਨ ਕੋ ਨ ਛੁਵੈਂ ਕਰ ਸੇਵਕ ਆਨਿ ਧਰੈਂ ਜੁ ਅਗਾਰੈਂ।
ਲੇਹਿਂ ਸੰਭਾਰ ਪਦਾਰਥ ਜੋ ਸਭਿ ਪੈ ਖਰਚੈਂ ਜਿਮ ਆਪ ਉਚਾਰੈਂ।
ਕੇਵਲ ਹੇਤ ਸਭੈ ਉਪਕਾਰ ਕੇ, ਹੇਰਿ ਤ੍ਰਿਲੋਕ ਪ੍ਰਸੰਸ ਪਸਾਰੈਂ॥ ੨੨॥

ਲੰਗਰ ਨਿਰੰਤਰ ਦਿਨ-ਰਾਤ ਚਲਦਾ ਸੀ, ਸਮੂਹ ਮਸੰਦ ਹੀ ਕਾਰਗੁਜ਼ਾਰੀ ਕਰਦੇ ਸਨ। ਗੁਰੂ ਜੀ ਆਪ ਧਨ ਨੂੰ ਨਹੀ ਛੂੰਹਦੇ ਸਨ। ਸੇਵਕ ਜਿਹੜਾ ਧਨ ਉਨ੍ਹਾਂ ਦੇ ਅੱਗੇ ਆ ਕੇ ਧਰਦੇ ਸਨ ਮਸੰਦ ਉਹ ਸਾਰੇ ਪਦਾਰਥ ਸੰਭਾਲ ਲੈਂਦੇ ਸਨ ਤੇ ਉਸ ਨੂੰ ਉਸ ਤਰ੍ਹਾਂ ਖਰਚਦੇ ਸਨ, ਜਿਵੇਂ ਗੁਰੂ ਜੀ ਫੁਰਮਾਉਂਦੇ ਸਨ। ਕੇਵਲ ਉਪਕਾਰ ਹਿਤ ਹੀ ਖਰਚ ਕਰਦੇ ਸਨ ਜਿਸ ਨੂੰ ਵੇਖ ਕੇ ਤਿੰਨਾਂ ਲੋਕਾਂ ਵਿਚ ਪ੍ਰਸੰਸਾ ਫੈਲ ਗਈ ਸੀ॥ ੨੨॥

ਮਾਸ ਚਢ੍ਯੋ ਦਸਮੋ ਗ੍ਰਭ ਕੋ ਜਬਿ ਹੋਤਿ ਭਯੋ ਸੁ ਪ੍ਰਸੂਤ ਸਮੋ।
ਧਾਇ ਜਿ ਸਜਾਨੀ ਬੁਲਾਇ ਲਈ ਤਬਿ, ਆਨਿ ਅਸੀਸ ਦੀ ਨੰਦ ਜਮੋ।
ਕੋਸ਼ਠ ਅੰਤਰਿ ਦੀਪਕ ਆਠ ਦਿਪਾਇ ਧਰੇ ਕਰਿ ਦੂਰਿ ਤਮੋ।
ਸੌਨ ਸਭੈ ਸ਼ੁਭ, ਵਾਰ ਨਿਛੱਤ੍ਰਨਿ ਨੌਗ੍ਰਿਹ ਆਨਿਕੈ ਕੀਨਿ ਨਮੋ॥੨੩॥

ਗਰਭ ਧਾਰਨ ਕੀਤੇ ਨੂੰ ਦਸਵਾਂ ਮਹੀਨਾ ਚੜ੍ਹ ਪਿਆ ਸੀ। ਜਦ ਪ੍ਰਸੂਤ ਦਾ ਸਮਾਂ ਆਇਆ ਤਾਂ ਇਕ ਸਿਆਣੀ ਦਾਈ ਨੂੰ ਬੁਲਾਇਆ ਗਿਆ, ਉਸ ਨੇ ਆ ਕੇ 'ਪੁੱਤਰ ਹੋਵੇ' ਦੀ ਅਸੀਸ ਦਿੱਤੀ। ਹਨੇਰਾ ਦੂਰ ਕਰਨ ਲਈ ਕੋਠੜੀ ਅੰਦਰ ਅੱਠ ਦੀਵੇ ਜਗਾਏ ਗਏ। ਸਾਰੇ ਸ਼ਗਨ ਸ਼ੁਭ ਸਨ, ਨੌਂ ਗ੍ਰੈਹਾਂ ਨੇ ਆ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ॥ ੨੩॥

ਸੰਮਤ ਸੋਲਹਿ ਸੈ ਅਰੁ ਬਾਵਨ ਹਾੜ ਇਕੀਸਵੀ ਕੋ ਦਿਨ ਸੋਊ।
ਜਾਮਨੀ ਆਧਿ ਬਿਤੀਤਿ ਭਈ ਜਬਿ, ਪੁੱਖਜ ਨਿਛੱਤ ਸਮੋ ਤਬਿ ਹੋਊ।
ਔਰ ਭਲੇ ਗ੍ਰਿਹ ਰਾਜ ਕੋ ਜੋਗ ਭਾ ਰੂਪ ਮਨੋਗ ਸੁ ਬਾਲਕ ਜੋਊ।
ਧਾਇਨਿ ਸੇਵਤਿਤੇ ਜਨਮਯੋ ਸੁਨੁ ਦੇਖਿ ਅਨੰਦ ਕਰੈ ਸਭਿ ਕੋਊ॥੨੪॥

ਉਸ ਦਿਨ ਇੱਕੀ ਹਾੜ ਸੰਮਤ ਸੋਲ੍ਹਾਂ ਸੈ ਬਵੰਜਾ ਦਾ ਦਿਨ ਸੀ। ਜਦ ਅੱਧੀ ਰਾਤ ਬੀਤ ਗਈ, ਪੁੱਖ ਨਛੱਤਰ ਦਾ ਵਿਰ ਸਮਾਂ ਹੋਇਆ ਅਤੇ ਭਲੇ ਰਾਜ ਗ੍ਰੈਹਾਂ ਦਾ ਮੇਲ ਹੋਇਆ, ਜੋ ਸੁੰਦਰ ਸਰੂਪ ਵਾਲੇ ਬਾਲਕ ਦਾ ਪ੍ਰਤੀਕ ਸੀ। ਦਾਈ ਵਲੋਂ ਸੇਵਾ ਕਰਨ ਨਾਲ ਪੁੱਤਰ ਨੇ ਜਨਮ ਲਿਆ, ਜਿਸ ਨੂੰ ਵੇਖ ਕੇ ਸਭ ਪ੍ਰਸੰਨ ਹੋ ਗਏ॥ ੨੪॥

ਦੋਹਰਾ-ਆਦਿਤਵਾਰ ਸੁ ਦਿਨ ਮਹਾਂ ਥਿਤਿ ਇਕਾਦਸ਼ੀ ਜਾਨਿ।
ਸੁਕਲ ਪੱਖਜ ਆਖਾੜ ਕੋ ਪ੍ਰਗਟੇ ਗੁਰੂ ਮਹਾਂਨ॥ ੨੫॥

ਐਤਵਾਰ ਦਾ ਦਿਨ ਸੀ ਅਤੇ ਇਕਾਦਸ਼ੀ ਦੀ ਤਿਥੀ ਜਾਣੋ ਹਾੜ ਦੇ ਚਾਨਣੇ ਪੱਖ ਨੂੰ ਮਹਾਨ ਗੁਰੂ ਜੀ ਪਰਗਟ ਹੋਏ॥ ੨੫॥

ਸ੍ਵੈਯਾ- ਚਾਰੂ ਪ੍ਰਕਾਸ਼ ਅਵਾਸ ਭਯੋ ਪਿਖਿ ਧਾਇਨ ਬੇ ਬਸਿ ਹ੍ਵੈ ਬਲਿਹਾਰੂ।
ਹਾਰੂ ਉਦਯੋ ਮਨ ਕੋ ਜਨੁ ਚੰਦ ਬਿਲੰਦ ਸਰੂਪ ਸੁਭੈ ਸਮ ਮਾਰੂ।
ਮਾਰੂ ਰਿਪੂਨ ਕੋ, ਸੇਵਕ ਤਾਰਕ, ਮੋਹਨੀ ਮੂਰਤਿ ਬੁੱਧਿ ਉਦਾਰੂ।
ਦਾਰੂ ਸੁਦੋਸ਼ ਹੁਤਾਸਨ ਭਾ ਬਲ ਪ੍ਰਾਕ੍ਰਮ ਜਾ ਬਿਥਰੈ ਦਿਸ ਚਾਰੂ॥੨੬॥

ਘਰ ਵਿਚ ਸੁੰਦਰ ਪ੍ਰਕਾਸ਼ ਹੋਇਆ, ਜਿਸ ਨੂੰ ਵੇਖ ਕੇ ਦਾਈ ਆਪੇ ਤੋਂ ਬਾਹਰ ਹੋ ਕੇ ਬਲਿਹਾਰ ਹੋ ਗਈ। ਮਨ ਨੂੰ ਚੁਰਾਉਣ ਵਾਲਾ ਮਾਨੋਂ ਚੰਦਰਮਾ ਚੜ੍ਹਿਆ ਹੋਵੇ, ਕਾਮ ਵਰਗਾ ਸੁੰਦਰ ਸਰੂਪ ਸ਼ੋਭਦਾ ਸੀ। ਵੈਰੀਆਂ ਨੂੰ ਮਾਰਨਹਾਰਾ , ਮੋਹ ਲੈਣ ਵਾਲੀ ਸੂਰਤ ਤੇ ਸ੍ਰੇਸ਼ਟ ਬੁਧੀ ਵਾਲਾ, ਦੋਸ਼ਾਂ ਰੂਪੀ ਲੱਕੜਾਂ ਵਾਸਤੇ ਅੱਗ ਰੂਪ ਹੋਣ ਵਾਲਾ, ਜਿਨ੍ਹਾਂ ਦਾ ਬਲ ਤੇ ਪ੍ਰਾਕ੍ਰਮ ਚਾਰਾਂ ਦਿਸ਼ਾਵਾਂ ਵਿਚ ਪਸਰੇਗਾ, ਐਸਾ ਇਹ ਬਾਲਕ ਪੈਦਾ ਹੋਇਆ॥ ੨੬॥

ਦੀਪਕ ਮੰਦ ਬਿਲੰਦ ਪ੍ਰਕਾਸ਼ ਤੈ, ਧਾਇ ਭਈ ਬਿਸਮੈ ਹਰਖਾਵਤਿ।
'ਬਾਲ ਅਨੇਕ ਭਏ ਮਮ ਹਾਥ, ਨਹੀਂ ਇਸ ਕੇ ਸਮ ਕੋ ਦੁਤਿ ਪਾਵਤਿ।
ਸੁੰਦਰ ਸੂਰਤਿ ਸ਼ੋਭ ਤੇ ਪੂਰਤਿ ਸ਼੍ਰੀ ਮੁਖ ਮੰਦ ਮਨੋ ਮੁਸਕਾਵਤਿ।
ਆਪ ਕੋ ਪੀਰ ਨ ਮਾਤ ਕੋ ਪੀਰ, ਸਧੀਰ ਪ੍ਰਸੰਨਤਾ ਭੂਰ ਉਪਾਵਤਿ' ॥੨੭॥

ਬਾਲਕ ਗੁਰੂ ਜੀ ਦੇ ਵੱਡੇ ਪ੍ਰਕਾਸ਼ ਸਾਹਮਣੇ ਦੀਵੇ ਮੰਦ ਪੈ ਗਏ, ਦਾਈ ਹੈਰਾਨ ਹੋ ਕੇ ਬਹੁਤ ਪ੍ਰਸੰਨ ਹੋਈ। "ਮੇਰੇ ਹੱਥਾਂ ਨਾਲ ਅਨੇਕ ਬਾਲਕ ਪੈਦਾ ਹੋਏ ਹਨ, ਮੈਂ ਇਸ ਦੇ ਬਰਾਬਰ ਦੂਸਰਾ ਕੋਈ ਨਹੀਂ ਵੇਖਿਆ। ਸੁੰਦਰ ਸੂਰਤ ਸ਼ੋਭਾ ਨਾਲ ਭਰਪੂਰ ਹੈ, ਇੰਝ ਲਗਦਾ ਹੈ ਜਿਵੇਂ ਥੋੜ੍ਹਾ-ਥੋੜ੍ਹਾ ਹੱਸਦੇ ਹਨ। ਨਾ ਆਪ ਨੂੰ ਕੋਈ ਪੀੜ ਹੈ, ਨਾ ਮਾਤਾ ਜੀ ਨੂੰ ਕੋਈ ਦੁੱਖ ਹੈ, ਸ੍ਰੇਸ਼ਟ ਧੀਰਜਵਾਨ ਹਨ ਅਤੇ ਬਹੁਤ ਪ੍ਰਸੰਨਤਾ ਪੈਦਾ ਕਰਦੇ ਹਨ" ॥ ੨੭॥

ਕਬਿੱਤ-ਬੀਜਰੀ ਪ੍ਰਕਾਸ਼ੈ ਜਿਮ, ਤੇਜ ਕੋ ਉਜਾਸੈ ਤਿਮ, ਲੋਚਨ ਕੋ ਭਾਸੈ ਤਬਿ ਗੰਗ ਕੋ ਸੁਨਾਯੋ ਹੈ।
'ਜਨਮਯੋ ਸਪੂਤ' ਸੁਨਿ ਧਾਇਨ ਤੇ ਪੂਤ ਮਨਾ ਕਲਮਖਧੂਤ ਕੇ ਰਿਦਾ ਸੁ ਹਰਿਖਾਯੋ ਹੈ।
ਬ੍ਰਿੰਦ ਤਾਪ ਤਾਪਤੇ ਸੁ ਪ੍ਰੇਮ ਕੇ ਪ੍ਰਤਾਪ ਤੇ ਸਦੀਵ ਨਾਮ ਜਾਪਤੇ ਮਨੋਂ ਸੁ ਪ੍ਰਭੁ ਪਾਯੋ ਹੈ।
ਰੰਕ ਨਿਤ ਐਨ ਤੇ ਕਲਪਤਰੁ ਲੈਨਿ ਤੇ ਜਯੋਂ, ਕੌਨ ਭਨੈ ਬੈਨਤੇ ਜਿਤਿਕ ਮੋਦ ਛਾਯੋ ਹੈ॥੨੮॥

ਜਿਵੇਂ ਬਿਜਲੀ ਚਮਕਦੀ ਹੈ, ਉਸ ਤਰ੍ਹਾਂ ਤੇਜ ਪ੍ਰਕਾਸ਼ ਰਿਹਾ ਹੈ। ਜਦ ਨੈਣ ਪ੍ਰਕਾਸ਼ੇ ਤਾਂ ਮਾਤਾ ਗੰਗਾ ਜੀ ਨੂੰ ਸੁਣਾਇਆ ਹੈ, "ਸਪੁੱਤਰ ਨੇ ਜਨਮ ਲਿਆ ਹੈ" ਦਾਈ ਪਾਸੋਂ ਸੁਣ ਕੇ ਕਿ ਐਸਾ ਪੁੱਤਰ ਜਨਮਿਆ ਹੈ ਜਿਸ ਦੇ ਪਾਪ ਢੁਕ ਨਹੀਂ ਸਕਦੇ ਤਾਂ ਪਵਿੱਤਰ ਮਨ ਵਾਲੀ ਤੇ ਪਾਵਨ ਮਾਤਾ ਜੀ ਦਾ ਦਿਲ ਖਿੜ ਗਿਆ। ਸਮੂਹ ਤਾਪ ਤਾਪ ਕੇ ਸ੍ਰੇਸ਼ਟ ਪ੍ਰੇਮ ਦੇ ਪ੍ਰਤਾਪ ਨਾਲ, ਸਦਾ ਨਾਮ ਜਪ ਕੇ ਮਾਨੋਂ ਆਪ ਪ੍ਰਭੂ ਪਾਇਆ ਹੈ। ਜਿਵੇਂ ਗਰੀਬ ਵਿਅਕਤੀ ਨੂੰ ਕਲਪ ਬ੍ਰਿੱਛ ਮਿਲ ਗਿਆ ਹੋਵੇ, ਏਨਾ ਅਨੰਦ ਹੋਇਆ ਕਿ ਕੌਣ ਸ਼ਬਦਾਂ ਨਾਲ ਬਿਆਨ ਕਰੇ॥ ੨੮॥

ਚਾਹੈ ਚਿਰਕਾਲਕੀ ਜੁ ਕਾਮਨਾ ਬਿਸਾਲ ਕੀ ਸ਼ਰੀਕਨਿ ਕੇ ਸਾਲ ਕੀ ਬਿਨਾਸੀ ਚਿੰਤ ਮਨ ਕੀ।
ਕਮਲ ਸਮਾਨ ਭੀ ਪ੍ਰਫੁੱਲਿਤ ਮਹਾਨ ਤਬਿ ਬਾਨੀ ਸੁਖਦਾਨੀ ਸੁਨਿ ਜੈਸੇ ਮੋਰ ਘਨ ਕੀ।

Sri Satguru Jagjit Singh Ji eLlibrary NamdhariElibrary@gmail.com

ਜਵਰ ਜਰਾਵ ਭੀਨ ਧਾਇ ਕੈ ਸੁ ਹਾਥ ਦੀਨਿ, ਆਨੰਦ ਉਦਧਿ ਮੀਨ ਰੀਤਿ ਸਖੀ ਜਨ ਕੀ।
ਚੀਰਨ ਕੋ ਦੇਤਿ ਹੈ ਦਰਬ ਕੋਈ ਲੇਤਿ ਹੈ, ਸੁ ਦਾਸੀ ਦੌਰ ਦੌਰ ਕਰੈਂ, ਕਹੈਂ ਜਥੋਂ ਬਚਨ ਕੀ ॥੨੯॥

ਚਾਹੇ ਕਾਫੀ ਲੰਮੇ ਸਮੇਂ ਦੀ ਵਿਸ਼ਾਲ ਕਾਮਨਾ ਸੀ, ਸ਼ਰੀਕਾਂ ਦੇ ਮਨ ਦੀ ਦੁੱਖ ਦੀ ਚਿੰਤਾ ਮਨ ਤੋਂ ਦੂਰ ਹੋਈ। ਕੰਵਲ ਦੇ ਫੁੱਲ ਵਾਂਗ ਖਿੜ ਉਠੀ। ਜਦ ਇਹ ਖਬਰ ਦਾਈ ਤੋਂ ਸੁਣੀ ਜਿਵੇਂ ਮੋਰਾਂ ਬੱਦਲਾਂ ਦੇ ਗੱਜਣ ਦੀ ਆਵਾਜ਼ ਸੁਣੀ ਹੋਵੇ। ਜੜਾਊ ਗਹਿਣਿਆਂ ਨਾਲ ਖਚਤ, ਦਾਈ ਦੇ ਹੱਥ ਵਿਚ ਦਿੱਤੇ, ਸਮੁੰਦਰ ਵਿਚ ਮੱਛੀ ਵਾਂਗੂੰ ਦਾਸ ਦਾਸੀਆਂ ਬਹੁਤ ਪ੍ਰਸੰਨ ਹਨ। ਕੋਈ ਕੱਪੜੇ ਵੰਡ ਰਿਹਾ ਸੀ, ਕੋਈ ਧਨ ਲੈ ਰਿਹਾ ਸੀ, ਜਿਵੇਂ ਬਚਨ ਮਾਤਾ ਜੀ ਕਹਿੰਦੇ ਸਨ, ਦਾਸ ਦਾਸੀਆਂ ਭੱਜ ਭੱਜ ਕੇ ਉਸ ਤਰ੍ਹਾਂ ਕਰਦੇ ਸਨ॥ ੨੯॥

ਦੋਹਰਾ- ਅਧਿਕ ਮਹਿਦ ਉਤਸਾਹ ਕੋ ਗੰਗਾ ਕੀਨ ਅਨੰਦ।
ਘਰ ਅੰਤਰਿ ਸਭਿ ਇਸੀ ਬਿਧਿ ਬਖਸ਼ੀ ਬਖ਼ਸ਼ ਬਿਲੰਦ ॥੩੦॥

ਬੜੇ ਵੱਡੇ ਉਤਸ਼ਾਹ ਨਾਲ ਮਾਤਾ ਗੰਗਾ ਜੀ ਨੇ ਅਨੰਦ ਕੀਤਾ। ਘਰ ਵਿਚ ਸਭ ਇਸੇ ਵਿਧੀ ਅਨੁਸਾਰ ਬਹੁਤ ਬਖਸ਼ਿਸ਼ਾਂ ਬਖਸ਼ੀਆਂ॥ ੩੦॥

ਸਦਨ ਬਿਖੈ ਮੇਵਯੋ ਨਹੀਂ ਪੂਰਨ ਹ੍ਵੈ ਤਤਕਾਲ।
ਨਿਕਸਯੋ ਬਾਹਰ ਉਛਰ ਕਰਿ ਉਤਸਵ ਸੁਖਦ ਬਿਸਾਲ ॥੩੧॥

ਘਰ ਵਿਚ ਸਮਾਇਆ ਨਹੀਂ ਸੀ, ਝੱਟ ਪੂਰਾ ਭਰ ਗਿਆ। ਉੱਛਲ ਕੇ ਬਾਹਰ ਨਿਕਲੇ ਤੇ ਵੱਡਾ ਉਤਸਵ ਕੀਤਾ॥ ੩੧॥

*ਤੀਸਰੀ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

## *ਪੰਜਵਾਂ ਅਧਿਆਇ*

### *ਬਾਬਾ ਬੁੱਢਾ ਜੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਆਏ*

ਦੋਹਰਾ- ਇਕ ਦਾਸੀ ਦੌਰਤਿ ਗਈ ਗੁਰ ਅਰਜਨ ਜਿਸੁ ਥਾਨ।
ਕਰਤਿ ਉਡੀਕਨਿ ਸੁਤ ਜਨਮ ਜਾਗਤਿ ਕ੍ਰਿਪਾ ਨਿਧਾਨ ॥੧॥

ਇਕ ਦਾਸੀ ਉਸ ਸਥਾਨ ਵਲ ਦੌੜ ਕੇ ਗਈ, ਜਿਥੇ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ, ਤੇ ਆਪਣੇ ਹੋਣ ਵਾਲੇ ਪੁੱਤਰ ਦੇ ਜਨਮ ਦੀ ਉਡੀਕ ਕਰ ਰਹੇ ਸਨ, ਇਸ ਲਈ ਜਾਗਦੇ ਹੀ ਸਨ॥ ੧॥

ਸੈਯਾ ਛੰਦ- ਸਿਮਰਹਿਂ ਅਬਿਨਾਸ਼ੀ ਪੁਰਸ਼ੋਤਮ 'ਸੰਤਜ ਨਾਮ' ਸ੍ਰੀ ਬਦਨ ਉਚਾਰ।
ਸੁਠ ਪ੍ਰਯੰਕ ਪਰ ਪ੍ਰਭੁ ਬਿਰਾਜਹਿਂ ਬੈਠੇ ਏਕਲ ਬੁੱਧਿ ਉਦਾਰ।
ਸੁਧਿ ਦੀਨਸਿ ਦਾਸੀ ਕਹਿ ਬਾਨੀ 'ਸ੍ਰੀ ਗੁਰ ਜਨਮਯੋ ਪੁੱਤ੍ਰ ਤੁਮਾਰ।
ਅਤਿ ਅਨੰਦ ਹੁਇ ਸਦਨ ਅੰਦਰੇ ਉਤਸਵ ਕਰਤ ਸਰਬ ਹੀ ਨਾਰਿ' ॥੨॥

ਉਸ ਵੇਲੇ ਗੁਰੂ ਜੀ ਅਬਿਨਾਸ਼ੀ ਪਰਮੇਸ਼ਵਰ ਦਾ ਸਿਮਰਨ ਕਰ ਰਹੇ ਸਨ ਅਤੇ ਸਤਿਨਾਮ ਮੁਖ ਤੋਂ ਉਚਾਰ ਰਹੇ ਸਨ। ਸੁੰਦਰ ਪਲੰਘ ਉੱਤੇ ਗੁਰੂ ਜੀ ਬਿਰਾਜ ਰਹੇ ਸਨ, ਵੱਡੀ ਬੁੱਧੀ ਵਾਲੇ ਇਕੱਲੇ ਹੀ ਬੈਠੇ ਸਨ। ਦਾਸੀ ਨੇ ਜਾ ਕੇ ਉਨ੍ਹਾਂ ਨੂੰ ਖ਼ਬਰ ਦਿੱਤੀ ਅਤੇ ਕਿਹਾ, "ਹੇ ਪ੍ਰਭੂ ਜੀ ! ਤੁਹਾਡੇ ਘਰ ਪੁੱਤਰ ਨੇ ਜਨਮ ਲਿਆ ਹੈ। ਘਰ ਵਿਚ ਬਹੁਤ ਅਨੰਦ ਮੰਗਲ ਹੋ ਰਹੇ ਹਨ, ਸਾਰੀਆਂ ਇਸਤਰੀਆਂ ਉਤਸਵ ਮੰਨਾ ਰਹੀਆਂ ਹਨ॥ ੨॥

ਸੁਤ ਜਨਮਨਿ ਕੋ ਬੈਨ ਸ਼੍ਰੋਨਿ ਸੁਨਿ ਸ੍ਰੀ ਅਰਜਨ ਮਨ ਅਨੰਦ ਉਦਾਰ।
ਹਾਥ ਬੰਦ ਕਰਿ ਬੰਦਨ ਕੀਨਸਿ ਸ੍ਰੀ ਪਰਮੇਸੁਰ ਧ੍ਯਾਨ ਸੁ ਧਾਰਿ।
ਉਮਗਯੋ ਪ੍ਰੇਮ ਛੇਮ ਕੋ ਕਰਤਾ ਨਿਸ ਦਿਨ ਬਸੈ ਜੁ ਰਿਦੈ ਅਗਾਰ।
ਜਾਮ ਜਾਮਨੀ ਤੇ ਕਿਯ ਮੱਜਨ ਬਹੁਰ ਬਿਰਾਜੇ ਆਸਨ ਡਾਰਿ॥ ੩॥

ਆਪਣੇ ਕੰਨਾਂ ਨਾਲ ਪੁੱਤਰ ਜਨਮ ਦੀ ਖ਼ਬਰ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਤੇ ਪ੍ਰਮੇਸ਼ਰ ਦਾ ਧਿਆਨ ਧਾਰਨ ਕਰਕੇ ਹੱਥ ਜੋੜ ਕੇ ਬੰਦਨਾ ਕੀਤੀ। ਜਿਹੜਾ ਪਰਮੇਸ਼ਰ ਦਿਨ ਰਾਤ ਉਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਵਸਦਾ ਹੈ, ਮੁਕਤੀ ਦਾਤੇ ਦੇ ਮਨ ਵਿਚ ਪ੍ਰੇਮ ਨੇ ਉਛਾਲਾ ਮਾਰਿਆ। ਪਹਿਰ ਰਾਤ ਰਹਿੰਦਿਆਂ ਉੱਠ ਕੇ ਇਸ਼ਨਾਨ ਕੀਤਾ, ਫਿਰ ਆਸਣ ਲਾ ਕੇ ਬੈਠ ਗਏ॥ ੩॥

ਸੁਤ ਪਰਥਾਇ ਸਬਦ ਸ਼ੁਭ ਕੀਨਹੁ, 'ਮਹਾਂ ਪੁਰਖ ਅਵਤਾਰ ਸੁਜਾਨ।
ਅਨਿਕ ਨਰਨ ਪਰ ਪਰਉਪਕਾਰੀ ਦੈਹੋ ਦੁਸ਼ਟਨ ਦੰਡ ਮਹਾਨ।
ਪੀਰੀ ਅਰੁ ਮੀਰੀ ਕਹੁ ਬਰਤਹਿ ਨਈ ਰੀਤਿ ਬਿਦਤਾਇ ਜਹਾਨ।
ਪਹਿਰਹਿ ਸ਼ਸਤ੍ਰ ਤਖਤ ਪਰ ਬੈਠਹਿ ਬੰਸ ਬਧਾਇ ਜੁਗਨਿ ਲਗਿ ਮਾਨ॥੪॥

ਪੁੱਤਰ ਪਰਥਾਏ ਇਹ ਸ਼ੁਭ ਬਚਨ ਉਚਾਰਨ ਕੀਤਾ ਕਿ ਪੁੱਤਰ ਸ੍ਰੇਸ਼ਟ ਮਹਾਂਪੁਰਖ ਅਵਤਾਰ ਹੋਣਗੇ, ਅਨੇਕਾਂ ਮਨੁੱਖਾਂ ਤੇ ਉਹ ਪਰਉਪਕਾਰ ਕਰਨਗੇ ਅਤੇ ਦੁਸ਼ਟਾਂ ਨੂੰ ਮਹਾਨ ਸਜ਼ਾਵਾਂ ਦੇਣਗੇ। ਪੀਰ-ਮੀਰੀ ਨੂੰ ਅਪਨਾਉਣਗੇ ਅਤੇ ਜਗਤ ਵਿਚ ਨਵੀਂ ਰੀਤੀ ਪਰਗਟ ਕਰਨਗੇ। ਸ਼ਸਤਰ ਪਹਿਨਣਗੇ, ਤਖਤ ਉੱਤੇ ਬੈਠਣਗੇ, ਵੰਸ਼ ਵਧਾਉਣਗੇ ਅਤੇ ਉਨ੍ਹਾਂ ਦਾ ਮਾਣ ਜੁੱਗਾਂ ਤਕ ਹੋਵੇਗਾ॥ ੪॥

ਦੋਹਰਾ- ਕੁਲ ਭੂਖਨ ਦੂਖਨਿ ਰਿਪੁਨਿ ਪੂਖਨ ਤੇਜ ਪ੍ਰਚੰਡ।
ਤਮ ਦੁਸ਼ਟਨ ਖੈ ਕਰਨਿ ਕੋ ਦੇ ਸੰਘਰ ਮਹਿਂ ਡੰਡ॥ ੫॥

ਕੁਲ ਦੇ ਗਹਿਣੇ, ਵੈਰੀਆਂ ਨੂੰ ਦੁਖ ਦੇਣ ਵਾਲੇ, ਤਿੱਖੇ ਤੇਜ ਵਾਲੇ ਸੂਰਜ ਰੂਪੀ, ਦੁਸ਼ਟਾਂ ਰੂਪੀ ਹਨੇਰੇ ਨੂੰ ਦੂਰ ਕਰਨ ਲਈ ਜੰਗਾਂ ਵਿਚ ਉਨ੍ਹਾਂ ਨੂੰ ਦੰਡ ਦੇਣਗੇ॥ ੫॥

ਸੋਰਠਾ- ਰਿਦੈ ਅਨੰਦ ਬਿਲੰਦ ਪ੍ਰਭੁ ਮੁਕੰਦ ਕੋ ਪ੍ਰੇਮ ਉਰ।
ਸ਼ਬਦ ਬਦਤਿ ਸੁਖਕੰਦ ਆਸਾ ਰਾਗ ਸੁ ਗਾਇ ਗੁਰ॥ ੬॥

ਹਿਰਦੇ ਵਿਚ ਬੜਾ ਅਨੰਦ ਮੰਗਲ ਸੀ ਅਤੇ ਦਿਲ ਵਿਚ ਪ੍ਰਭੂ ਮੁਕਤੀਦਾਤੇ ਵਾਸਤੇ ਪ੍ਰੇਮ ਸੀ, ਇਕ ਸੁਖਦਾਈ ਸ਼ਬਦ ਆਸਾ ਰਾਗ ਵਿਚ ਉਨ੍ਹਾਂ ਗਾ ਕੇ ਪਰਗਟ ਕੀਤਾ॥ ੬॥

*ਸ੍ਰੀ ਮੁਖਵਾਕ ॥ ਆਸਾ ਮਹਲਾ ੫॥*

*ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥*
*ਉਦਰੈ ਮਾਹਿ ਆਇ ਕੀਆ ਨਿਵਾਸੁ॥ ਮਾਤਾ ਕੈ ਮਨਿ ਬਹੁਤੁ ਬਿਗਾਸੁ॥ ੧॥*

ਜੰਮਿਆ ਪੂਤੁ ਭਗਤੁ ਗੋਵਿੰਦ ਕਾ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ॥ ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ॥ ਮਿਟਿਆ ਸੋਗੁ ਮਹਾ ਅਨੰਦੁ ਥੀਆ॥
ਗੁਰਬਾਣੀ ਸਖੀ ਅਨੰਦੁ ਗਾਵੈ॥ ਸਾਚੇ ਸਾਹਿਬ ਕੈ ਮਨਿ ਭਾਵੈ॥ ੨॥
ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥
ਮਨ ਚਿੰਦਿਆ ਸਤਿਗੁਰੂ ਦਿਵਾਇਆ॥ ਭਏ ਅਚਿੰਤ ਏਕ ਲਿਵ ਲਾਇਆ॥ ੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥ ਬੁਲਾਇਆ ਬੋਲੈ ਗੁਰ ਕੈ ਭਾਣਿ॥
ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥ ੪॥ ੭॥ ੧੦੧॥

(ਪੰਨਾ ੩੯੬)

ਸੱਚੇ ਸਤਿਗੁਰੂ ਨੇ ਬਾਲਕ ਭੇਜਿਆ ਹੈ। ਜਦ ਉਸ ਨੇ ਗਰਭ ਵਿਚ ਵਾਸਾ ਕੀਤਾ, ਉਸ ਦੀ ਮਾਤਾ ਦਾ ਦਿਲ ਬਹੁਤ ਪ੍ਰਸੰਨ ਹੋਇਆ॥ ੧॥

ਸ੍ਰਿਸ਼ਟੀ ਦੇ ਸਵਾਮੀ ਦਾ ਸੰਤ ਪੁੱਤਰ ਪੈਦਾ ਹੋਇਆ ਹੈ, ਧੁਰ ਦਾ ਲਿਖਿਆ ਸਾਰਿਆਂ ਵਿਚ ਪਰਗਟ ਹੋ ਗਿਆ ਹੈ॥ ਠਹਿਰਾਉ॥ ਦਸਵੇਂ ਮਹੀਨੇ ਪ੍ਰਭੂ ਦੇ ਹੁਕਮ ਨਾਲ ਬਾਲਕ ਪੈਦਾ ਹੋਇਆ ਹੈ। ਸੋਗ ਦੂਰ ਹੋ ਗਿਆ ਹੈ ਅਤੇ ਪਰਮ ਖ਼ੁਸ਼ੀ ਪਰਗਟ ਹੋ ਗਈ ਹੈ। ਖ਼ੁਸ਼ੀ ਵਿਚ ਸਈਆਂ ਗੁਰੂ ਜੀ ਦੀ ਬਾਣੀ ਦਾ ਗਾਇਣ ਕਰਦੀਆਂ ਹਨ, ਇਹ ਸੱਚੇ ਸਾਹਿਬ ਦੇ ਦਿਲ ਨੂੰ ਚੰਗਾ ਲਗਦਾ ਹੈ॥ ੨॥

ਇਹ ਵੇਲ ਵਧੀ ਹੈ ਤੇ ਬਹੁਤ ਪੀੜ੍ਹੀਆਂ ਤਕ ਚਲਦੀ ਰਹੇਗੀ। ਪ੍ਰਭੂ ਨੇ ਸ਼ਰਧਾ ਪ੍ਰੇਮ ਦੀ ਕਲਾ ਪੱਕੇ ਪੈਰਾਂ 'ਤੇ ਖੜੀ ਕਰ ਦਿੱਤੀ ਹੈ। ਸਤਿਗੁਰਾਂ ਨੇ ਮੈਨੂੰ ਉਹ ਕੁਝ ਬਖਸ਼ ਦਿੱਤਾ ਹੈ ਜਿਸ ਨੂੰ ਮੇਰਾ ਚਿੱਤ ਚਾਹੁੰਦਾ ਸੀ। ਮੈਂ ਚਿੰਤਾ-ਰਹਿਤ ਹੋ ਗਿਆ ਹਾਂ ਅਤੇ ਮੈਂ ਆਪਣੀ ਲਿਵ ਪ੍ਰਭੂ ਨਾਲ ਜੋੜ ਲਈ ਹੈ॥੩॥

ਜਿਸ ਤਰ੍ਹਾਂ ਬਾਲਕ ਆਪਣੇ ਬਾਪ ਉੱਤੇ ਬਹੁਤ ਮਾਣ ਕਰਦਾ ਹੈ, ਇਸ ਤਰ੍ਹਾਂ ਮੈਂ ਉਹੋ ਕੁਝ ਕਹਿੰਦਾ ਹਾਂ ਜੋ ਗੁਰੂ ਜੀ ਨੂੰ ਮੇਰੇ ਪਾਸੋਂ ਅਖਵਾਉਣਾ ਚੰਗਾ ਲੱਗਦਾ। ਇਹ ਕੋਈ ਲੁਕੀ ਛਿਪੀ ਗੱਲ ਨਹੀਂ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮ ਪ੍ਰਸੰਨ ਹੋ ਕੇ ਇਹ ਦਾਤ ਮੈਨੂੰ ਬਖਸ਼ੀ ਹੈ॥ ੪॥ ੭॥ ੧੦੨॥

ਬਿਲਾਵਲੁ ਮਹਲਾ ੫॥

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥ ੧॥ ਕਾਰਜੁ ਸਤਿਗੁਰਿ ਆਪਿ ਸਵਾਰਿਆ॥
ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ॥ ੧॥ ਰਹਾਉ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ॥
ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ॥ ੨॥ ੫॥ ੨੩॥

(ਪੰਨਾ ੮੦੬)

ਪਰਮੇਸ਼ਰ ਨੇ ਆਪਣੇ ਧਰਮ ਦੀ ਪਾਲਣਾ ਕਰਕੇ ਸਾਰੇ ਪਾਸੇ ਅਨੰਦ ਮੰਗਲ ਕਰ ਦਿੱਤਾ ਹੈ। ਸੰਤਾਂ ਤੇ ਸਾਹਿਬ ਮਿਹਰਬਾਨ ਹੋ ਗਿਆ ਹੈ ਅਤੇ ਮੇਰਾ ਸਾਰਾ ਪਰਿਵਾਰ ਖ਼ੁਸ਼ ਹੈ। ਵਾਹਿਗੁਰੂ ਨੇ ਮੇਰਾ ਕੰਮ ਆਪ ਹੀ ਸਵਾਰਿਆ ਹੈ। ਵਾਹਿਗੁਰੂ ਨੇ ਹਰਿ ਗੋਬਿੰਦ ਨੂੰ ਲੰਮੀਂ ਉਮਰ ਬਖਸ਼ੀ ਹੈ ਤੇ ਉਸ ਨੇ ਮੇਰੇ ਸੁਖ, ਖ਼ੁਸ਼ੀ ਅਤੇ ਕਲਿਆਣ ਵਾਸਤੇ ਧਿਆਨ ਦਿੱਤਾ ਹੈ॥ ੧॥ ਠਹਿਰਾਉ॥

ਵਣ, ਬਨਾਸਪਤੀ ਅਤੇ ਤਿੰਨੇ ਸੰਸਾਰ ਹਰੇ ਭਰੇ ਹੋ ਗਏ ਹਨ ਅਤੇ ਮਾਲਕ ਨੇ ਸਾਰੇ ਜੀਵਾਂ ਨੂੰ ਆਧਾਰ ਬਖਸ਼ਿਆ ਹੈ। ਨਾਨਕ ਨੂੰ ਮਨ ਭਾਉਂਦੇ ਮੇਵੇ ਪ੍ਰਾਪਤ ਹੋ ਗਏ ਹਨ ਤੇ ਉਸ ਦੀਆਂ ਸਾਰੀਆਂ ਖਾਹਸ਼ਾਂ ਮੁਕੰਮਲ ਤੌਰ ਤੇ ਪੂਰੀਆਂ ਹੋ ਗਈਆਂ ਹਨ॥ ੨॥ ੫॥ ੨੩॥

ਦੋਹਰਾ-'ਸਤਿਗੁਰ ਨਾਨਕ ਦੀਨ ਸੁਤ ਚਿਰਜੀਵੀ ਜਗ ਮਾਂਹਿ।
ਚਿਤ ਅਪੁੱਤ੍ਰ ਕੋ ਸ਼ੋਕ ਹਰਿ ਮੰਗਲ ਅਨੰਦ ਉਛਾਹਿ॥ ੭॥

"ਸਤਿਗੁਰੂ ਨਾਨਕ ਦੇਵ ਜੀ ਨੇ ਜਗ ਵਿਚ ਚਿਰਜੀਵੀ ਪੁੱਤਰ ਦਿੱਤਾ ਹੈ। ਪੁੱਤਰ ਨਾ ਹੋਣ ਦੇ ਸ਼ੋਕ ਨੂੰ ਦੂਰ ਕਰਕੇ ਸਾਰੇ ਆਨੰਦ ਮੰਗਲ ਕਰ ਦਿੱਤਾ ਹੈ॥ ੭॥

ਧਰਮ ਕਲਾ ਤੇ ਕੁਲ ਚਲੀ ਮਨ ਚਿੰਦਜਾ ਫਲ ਪਾਇ।
ਹੁਇ ਪ੍ਰਸੰਨ ਨਾਨਕ ਗੁਰੂ, ਦਾਤ ਨ ਛਪੈ ਛਪਾਇ॥ ੮॥

ਧਰਮ ਮਰਯਾਦਾ ਅਨੁਸਾਰ ਕੁਲ ਚੱਲੀ ਹੈ, ਮਨ-ਇੱਛਿਤ ਫਲ ਪਾਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਸੰਨ ਹੋਏ ਹਨ, ਉਨ੍ਹਾਂ ਵਲੋਂ ਦਿੱਤੀ ਦਾਤ ਛੁਪਾਇਆਂ ਵੀ ਨਹੀਂ ਛੁੱਪ ਸਕਦੀ ॥੮॥

ਬੁੱਢਾ ਸਾਹਿਬ ਸਾਧ ਜਨ ਕ੍ਰਿਪਾ ਕਰੀ ਦਿਯ ਨੰਦ।
ਬਡੀ ਬੈਸ ਕਲਜਾਣ ਜੁਤਿ ਹੁਇ ਹੈ ਹਰਿ ਗੋਬਿੰਦ॥ ੯॥

ਬਾਬਾ ਬੁੱਢਾ ਜੀ ਪੂਰਨ ਸੰਤ ਹਨ, ਉਨ੍ਹਾਂ ਕਿਰਪਾ ਕਰਕੇ, ਪੁੱਤਰ ਦਿੱਤਾ ਹੈ, ਕਲਿਆਣ ਸਹਿਤ ਹਰਿਗੋਬਿੰਦ ਦੀ ਵੱਡੀ ਉਮਰ ਹੋਵੇਗੀ' ॥ ੯॥

*ਸੈਯਾ ਛੰਦ*-ਆਸਾ ਰਾਗ ਸਮੈਂ ਕੋ ਲਖਿ ਕਰਿ ਗਾਯਹੁ ਸ਼ਬਦ ਪ੍ਰੇਮ ਪ੍ਰਭੁ ਨਾਲ।
ਦੁਤੀ ਬਿਲਾਵਲ ਮੰਗਲ ਸੂਚਕ ਸਬਦ ਬਨਾਯੋ ਅਨੰਦ ਬਿਸਾਲ।
ਉਤਸਵ ਇਮ ਹੋਵਤਿ ਸ਼ੁਭ ਹਰਖਤਿ ਭਈ ਪ੍ਰਭਾਤਿ ਉਦਜੋ ਅੰਸੁਮਾਲ।
ਗ੍ਰਾਮ ਸਮਸਤ ਬਿਖੈ ਸੁਧਿ ਸੁਖਦਾ ਭਨਹਿਂ ਸੁਨਹਿਂ ਆਵਹਿਂ ਤਤਕਾਲ॥੧੦॥

ਆਸਾ ਰਾਗ ਗਾਉਣ ਦਾ ਯੋਗ ਸਮਾਂ ਵੇਖ ਕੇ ਗੁਰੂ ਜੀ ਨੇ ਸ਼ਬਦ ਦਾ ਗਾਇਣ ਕੀਤਾ। ਦੂਸਰਾ ਬਿਲਾਵਲ ਰਾਗ ਵਿਚ ਅਨੰਦ ਮੰਗਲ ਨੂੰ ਦਰਸਾਉਣ ਵਾਲੇ ਸ਼ਬਦ ਦੀ ਰਚਨਾ ਕੀਤੀ। ਇਸ ਤਰ੍ਹਾਂ ਉਤਸਵ ਹੋਇਆ, ਸ਼ੁਭ ਪ੍ਰਸੰਨਤਾ ਦਾ ਵਾਤਾਵਰਣ ਬਣਿਆ ਰਿਹਾ। ਫਿਰ ਸਵੇਰ ਹੋ ਗਈ ਅਤੇ ਸੂਰਜ ਚੜ੍ਹ ਪਿਆ। ਸਾਰੇ ਪਿੰਡ ਵਿਚ ਇਹ ਸੁਖ ਦੇਣ ਵਾਲੀ ਖ਼ਬਰ ਫੈਲ ਗਈ, ਜਿਹੜਾ ਵੀ ਸੁਣਦਾ ਸੀ, ਤੁਰੰਤ ਆਉਂਦਾ ਸੀ॥ ੧੦॥

ਬੰਦਨ ਵਾਰ ਹਰਿਤ ਦਲਫੂਲਨ ਅਨਿਕ ਬਰਨ ਕੀ ਰਚਿ ਕਰਿ ਸੋਇ।
ਸ੍ਰੀ ਗੁਰ ਘਰ ਦਰ ਪਰ ਬਹੁ ਬੰਧੀ ਲਘੁ ਦੁੰਦਭਿ ਮਧੁਰੀ ਧੁਨਿ ਹੋਇ।
ਅਬਲਾ ਲਲਿਤ ਕਲਿਤ ਬਰ ਬਸਤ੍ਰਨਿ ਜੇਵਰ ਜ਼ੇਬ ਅਜਾਇਬ ਜੋਇ।
ਦੇਤਿ ਬਧਾਈ ਆਪਸ ਮਹਿਂ ਮਿਲਿ,ਬੋਲਹਿਂ ਹਰਖ ਭਰੀ ਸਭਿ ਕੋਇ॥੧੧॥

ਅਨੇਕ ਪ੍ਰਕਾਰ ਦੇ ਹਰੇ ਪੱਤਿਆਂ ਦੇ ਹਾਰ ਪਰੋ ਕੇ ਬੰਦਨਵਾਰ ਦੀਆਂ ਲੜੀਆਂ ਬਣਾਈਆਂ ਗਈਆਂ ਅਤੇ ਗੁਰੂ ਘਰ ਦੇ ਦਰਵਾਜ਼ਿਆਂ ਤੇ ਬੰਨ੍ਹੀਆਂ ਗਈਆਂ ਅਤੇ ਛੋਟੇ-ਛੋਟੇ ਧੌਂਸੇ ਮਿੱਠੀਆਂ ਧੁਨਾਂ ਵਿਚ ਵੱਜ ਰਹੇ ਸਨ। ਇਸਤਰੀਆਂ ਸੁੰਦਰ ਅਤੇ ਸ੍ਰੇਸ਼ਟ ਵਸਤਰਾਂ ਸਮੇਤ ਜਿਨ੍ਹਾਂ ਦੀ ਅਜੀਬ ਸ਼ੋਭਾ ਸੀ, ਆਪਸ ਵਿਚ ਮਿਲ ਕੇ ਵਧਾਈਆਂ ਦੇ ਰਹੀਆਂ ਸਨ ਅਤੇ ਸਾਰੀਆਂ ਖ਼ੁਸ਼ੀ ਨਾਲ ਭਰੀਆਂ ਬੋਲ ਰਹੀਆਂ ਸਨ॥ ੧੧॥

ਮ੍ਰਿਗ ਦ੍ਰਿਗ ਮ੍ਰਿਗ ਗ੍ਰੀਵਾ ਬਰ ਧਾਰੀ ਬਿਧੁ ਬਦਨੀ ਕਰਿ ਕਰਿ ਸ਼ਿੰਗਾਰ।
ਕੋਕਿਲ ਕੰਠੀ ਗਾਵਹਿਂ ਗੀਤਨਿ, ਦੇਤਿ ਪਰਸਪਰ ਹਸਿਹਸਿ ਗਾਰ।

ਦੇਵ ਬਧੂਟੀ ਕਪਟ ਬੇਸ ਧਰਿ ਮਧੁਰ ਮਧੁਰ ਸੁਰ ਮੰਗਲ ਚਾਰ।
ਭਈ ਭੀਰ ਕੋ ਸਕਿਯ ਪਛਾਨ ਨ ਸੁੰਦਰ ਮੰਦਿਰ ਜੁਤਿ ਬਿਸਤਾਰ ॥੧੨॥

ਹਿਰਨੀ ਵਰਗੀਆਂ ਅੱਖਾਂ ਵਾਲੀਆਂ, ਸੰਖ ਵਰਗੀ ਧੌਣ ਵਾਲੀਆਂ, ਚੰਦਰਮਾਂ ਵਰਗੇ ਮੁਖ ਵਾਲੀਆਂ ਸ਼ਿੰਗਾਰ ਕਰ ਕਰ ਕੇ ਕੋਇਲ ਵਰਗੇ ਗਲੇ ਵਾਲੀਆਂ ਗੀਤ ਗਾ ਰਹੀਆਂ ਸਨ ਅਤੇ ਇਕ ਦੂਸਰੀ ਨੂੰ ਹੱਸ ਹੱਸ ਕੇ ਸਿੱਠਣੀਆਂ ਦੇ ਰਹੀਆਂ ਸਨ। ਦੇਵਤਿਆਂ ਦੀਆਂ ਨਾਰਾਂ, ਅਪੱਛਰਾਂ ਮਿੱਠੀ-ਮਿੱਠੀ ਸੁਰ ਵਿਚ ਸੁੰਦਰ ਮੰਗਲ ਗਾ ਰਹੀਆਂ ਸਨ। ਬਹੁਤ ਭੀੜ ਹੋ ਗਈ ਸੀ, ਜਿਸ ਕਰਕੇ ਉਨ੍ਹਾਂ ਨੂੰ ਕੋਈ ਵੀ ਪਛਾਣ ਨਾ ਸਕਿਆ। ਇਸ ਤਰ੍ਹਾਂ ਘਰ ਵਿੱਚ ਸੁੰਦਰ ਵਿਸਥਾਰ ਪੂਰਵਕ ਰੌਣਕ ਲੱਗੀ ਹੋਈ ਸੀ॥ ੧੨॥

ਗਗਨ ਗੋਪ ਹੁਇ ਸੁਰ ਬਰ ਆਏ ਗੁਰ ਮੰਦਰ ਕੋ ਚਰਚਹਿ ਚਾਰੁ।
ਮੰਜੁਲ ਫੂਲਨਿ, ਅੰਜੁਲ ਭਰਿ ਭਰਿ, ਚੰਦਨ ਕੇਸਰਿ ਘਸਿ ਘਸਿ ਡਾਰਿ।
ਅਨਿਕ ਸੁਗੰਧਿਨਿ ਸੀਂਚਹਿ ਰੁਚਿ ਕਰਿ, ਰਚਿ ਰਚਿ ਰੁਚਿਰ ਕੁਸਮ ਬਿਸਤਾਰ।
ਧੂਪ ਧੁਖਾਵਤਿ, ਬੰਦਨ ਧਾਰਤਿ, ਕਰਤਿ ਸਤੁਤਿ ਕੋ ਬਚਨ ਉਚਾਰਿ ॥੧੩॥

ਆਕਾਸ਼ ਤੋਂ ਗੁਪਤ ਹੋ ਕੇ ਸ੍ਰੇਸ਼ਟ ਦੇਵਤੇ ਆਏ ਸਨ ਤੇ ਗੁਰੂ ਘਰ ਦੀ ਸੁੰਦਰ ਚਰਚਾ ਕਰ ਰਹੇ ਸਨ। ਸੁੰਦਰ ਫੁੱਲਾਂ ਦੇ ਬੁਕ ਭਰ ਭਰ ਕੇਸਰ, ਚੰਦਨ ਨਾਲ ਘਸਾ ਕੇ ਸੁੱਟ ਰਹੇ ਸਨ। ਅਨੇਕ ਪ੍ਰਕਾਰ ਦੀਆਂ ਸੁਗੰਧੀਆਂ ਇਕੱਠੀਆਂ ਕਰ ਕਰ ਕੇ ਗੁਰੂ ਘਰ ਦੇ ਉਤੇ ਖਿਲਾਰ ਰਹੇ ਸਨ। ਧੂਪ ਧੁਖਾ ਕੇ ਬੰਦਨਾ ਕਰਦੇ ਸਨ ਅਤੇ ਉਸਤਤੀ ਦੇ ਬਚਨਾਂ ਦਾ ਉਚਾਰਨ ਕਰ ਰਹੇ ਸਨ॥ ੧੩॥

'ਭਾਨੁ ਗਜਾਨ ਕੇ ਸ਼ਾਂਤ ਰੂਪ ਬਰ, ਸਤਿ ਸੰਤੋਖ ਛਿਮਾ ਗੁਨ ਬ੍ਰਿੰਦ।
ਸ੍ਰੀ ਅਰਜਨ ਸਿਰਜਨਿ ਸੁਖ ਦਾਸਨਿ ਮਹਿਮਾ ਮਹਾਂ ਚਰਨ ਅਰਬਿੰਦ।
ਕੇਵਲ ਨਰਨ ਕਲਜਾਨ ਕਾਰਨੇ ਕਾਂਯਾਂ ਧਰੀ ਸੁਛੰਦ ਮੁਕੰਦ।
ਜਨਮਜੋ ਪੁੱਤ੍ਰ ਆਪਕੇ ਜੋਧਾ ਰਣਪ੍ਰਿਯ ਨਾਮ ਸੁ ਹਰਿ ਗੋਵਿੰਦ ॥੧੪॥

"ਤੁਸੀਂ ਗਿਆਨ ਦੇ ਸੂਰਜ ਹੋ, ਸ੍ਰੇਸ਼ਟ ਸ਼ਾਂਤ ਰੂਪ ਹੋ ਅਤੇ ਸਤ, ਸੰਤੋਖ ਅਤੇ ਖਿਮਾਂ ਸਾਰੇ ਗੁਣਾਂ ਨਾਲ ਭਰਪੂਰ ਹੋ। ਸ੍ਰੀ ਗੁਰੂ ਅਰਜਨ ਦੇਵ ਜੀ! ਤੁਸੀਂ ਦਾਸਾਂ ਨੂੰ ਸੁਖ ਦੇਣ ਵਾਲੇ ਹੋ ਅਤੇ ਤੁਹਾਡੇ ਚਰਨ ਕੰਵਲਾਂ ਦੀ ਮਹਾਨ ਮਹਿਮਾ ਹੈ। ਕੇਵਲ ਮਨੁੱਖਾਂ ਦਾ ਕਲਿਆਣ ਕਰਨ ਵਾਸਤੇ ਮੁਕਤੀਦਾਤੇ ਨੇ ਸਰੀਰ ਧਾਰਨ ਕੀਤਾ ਹੈ। ਆਪ ਦੇ ਘਰ ਵੱਡੇ ਯੋਧਾ ਪੁੱਤਰ ਨੇ ਜਨਮ ਲਿਆ ਹੈ, ਜਿਸ ਰਣਖੇਤਰ ਦੇ ਪ੍ਰੇਮੀ ਦਾ ਨਾਂ ਹਰਿਗੋਬਿੰਦ ਹੈ॥ ੧੪॥

ਦਾਹਕ ਦੁਸ਼ਟਨਿ, ਗ੍ਰਾਹਕ ਗੁਨਕੋ, ਚਾਹਕ ਧਰਮ, ਸੁ ਬਾਹੁ ਜਵਾਨ।
ਸ਼ਸਤ੍ਰ ਧਰਹਿਂ ਸੰਗ੍ਰਾਮ ਕਰਹਿਂ ਬਡ, ਹਨਹਿਂ ਤੁਰਕ ਕੋ ਦਲ ਬਲਵਾਨ।
ਦੀਨਨਿ ਦਾਸਨਿ ਸਹਤ ਉਪਾਸਨਿ ਤਿਨਕੋ ਰੱਛਕ ਹੋਇਂ ਮਹਾਂਨ।
ਨਹੀਂ ਅਰਿਨਿ ਕੋ ਅਰਨਿ ਦੇਹਿੰਗੇ, ਅਰੁਨ ਕਰਹਿਂ ਰਨ ਅਰਨ ਸਮਾਨ' ॥੧੫॥

ਉਹ ਦੁਸ਼ਟ ਨਾਸ਼ਕ, ਗੁਣਾਂ ਦੇ ਗ੍ਰਹਿਣ ਕਰਤਾ, ਧਰਮ ਦੇ ਰਖਵਾਲੇ ਅਤੇ ਸ੍ਰੇਸ਼ਟ ਬਾਹਾਂ ਵਾਲੇ ਜੁਆਨ ਭਾਵ ਆਪ ਸੂਰਮੇ ਤੇ ਸੂਰਮੇ ਆਪਣੇ ਨਾਲ ਰਖਣ ਵਾਲੇ ਹੋਣਗੇ। ਸ਼ਸਤਰ ਧਾਰਨ ਕਰਨਗੇ ਅਤੇ ਵੱਡੇ-ਵੱਡੇ ਯੁੱਧ ਲੜਨਗੇ ਅਤੇ ਤੁਰਕਾਂ ਦੇ ਬਲਵਾਨ ਦਲਾਂ ਨੂੰ ਨਾਸ਼ ਕਰਨਗੇ। ਭਗਤੀ ਸਹਿਤ ਜਿਹੜੇ ਦੀਨ ਅਤੇ ਦਾਸ ਹਨ ਉਨ੍ਹਾਂ ਦੀ ਮਹਾਨ ਰੱਖਿਆ ਕਰਨਗੇ। ਵੈਰੀਆਂ ਨੂੰ ਅੜਨ ਨਹੀਂ ਦੇਣਗੇ, ਰਣ-ਭੂਮੀ ਨੂੰ ਸੂਰਜ ਵਾਂਗ ਲਾਲ ਕਰਨਗੇ॥ ੧੫॥

ਨਮਸਕਾਰ ਕਰਿ ਸੁਰਗ ਸਿਧਾਰੇ, ਗੁਰ ਕੇ ਚਰਿਤ ਉਚਾਰਤਿ ਜਾਤਿ।
'ਕਲਜੁਗ ਬਿਖੈ ਪ੍ਰਕਾਸ਼ ਪੰਥ ਕੋ, ਸੱਤਿਨਾਮ ਸਿਮਰਨਿ ਅਵਦਾਤਿ।

ਬਡੇ ਭਾਗ ਨਰ ਅੰਗੀਕਾਰਹਿੰ ਪਾਵਹਿੰ ਮੁਕਤਿ ਰਿਦੈ ਕਰਿ ਸ਼ਾਂਤਿ।
ਜੋਗ ਭੋਗ ਮਹਿੰ ਹਰਖ ਸੋਗ ਮਹਿੰ ਸਿਮਰਹਿੰ ਸਦਾ ਹੁਕਮ ਪ੍ਰਭੁ ਦਾਤਿ ॥੧੬॥

ਦੇਵਤੇ ਨਮਸਕਾਰ ਕਰਕੇ ਸਵਰਗਾਂ ਨੂੰ ਚਲੇ ਗਏ ਅਤੇ ਜਾਂਦੇ ਹੋਏ ਗੁਰੂ ਜੀ ਦੇ ਚਰਿਤਰ ਬਾਰੇ ਉਚਾਰਨ ਕਰਦੇ ਜਾਂਦੇ ਸਨ। "ਕਲਿਜੁਗ ਵਿਚ ਸਿੱਖ ਪੰਥ ਦਾ ਪ੍ਰਕਾਸ਼ ਕਰਨਗੇ ਅਤੇ ਸਤਿਨਾਮ ਦਾ ਸਿਮਰਨ ਕਰਾਉਣਗੇ। ਵੱਡੇ ਭਾਗਾਂ ਵਾਲੇ ਮਨੁੱਖ ਅੰਗੀਕਾਰ ਕਰਕੇ ਹਿਰਦੇ ਵਿਚ ਸ਼ਾਂਤੀ ਪਾ ਕੇ ਮੁਕਤੀ ਪਾਉਣਗੇ। ਜੋਗ, ਭੋਗ, ਹਰਖ ਅਤੇ ਸੋਗ ਸਮੇਂ ਸਦਾ ਹੀ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਗੇ" ॥ ੧੬ ॥

ਜਾਚਿਕ ਜਾਚਤਿ ਜੋ ਚਿਤ ਬਾਂਛਤਿ ਗੁਰ ਅਰਜਨ ਮਨ ਮਹਦ ਉਦਾਰ।
ਢਾਢੀ, ਡੋਮ, ਭਾਟ ਬਹੁ ਆਏ ਗਾਇੰ ਕਲਾਵਤ ਮੰਗਲਚਾਰ।
ਦਰਬ ਦੀਨਿ ਲੇ ਆਸ਼ਿਖ ਉਚਰਤਿ 'ਜੀਵਹੁ ਜੁਗ ਜੁਗ ਪੁੱਤ੍ਰ ਤੁਮਾਰ'।
ਬਸਤ੍ਰ ਅੰਨ ਭੂਖਨ ਤੇ ਆਦਿਕ ਬਖਸ਼ਹਿੰ ਗੁਰੂ ਨ ਲਾਵੈਂ ਬਾਰ ॥੧੭॥

ਮੰਗਤੇ ਜੋ ਵੀ ਚਿੱਤ ਵਿਚ ਚਾਹੁੰਦੇ ਹਨ, ਮੰਗਦੇ ਹਨ, ਗੁਰੂ ਅਰਜਨ ਦੇਵ ਜੀ ਦਾ ਮਨ ਬਹੁਤ ਉਦਾਰ ਹੈ। ਢਾਢੀ, ਡੂਮ, ਭੱਟ ਬਹੁਤ ਆਏ, ਤੇ ਕਲੌਂਤ ਮੰਗਲਾਚਾਰ ਗਾਉਂਦੇ ਸਨ। ਅਸੀਸਾਂ ਦੇ ਕੇ ਧਨ ਲੈਂਦੇ ਸਨ ਅਤੇ ਕਹਿੰਦੇ ਸਨ, "ਤੁਹਾਡਾ ਪੁੱਤਰ ਜੁਗ ਜੁਗ ਜੀਵੇ" ਗੁਰੂ ਜੀ ਵਸਤਰ, ਅਨਾਜ ਅਤੇ ਗਹਿਣੇ ਆਦਿ ਬਖਸ਼ਣ ਵਿਚ ਕੋਈ ਦੇਰ ਨਹੀਂ ਸੀ ਲਾ ਰਹੇ॥ ੧੭॥

ਤੂਰਹੀ ਢੋਲ ਨਗਾਰੇ ਬਾਜਹਿੰ, ਮ੍ਰਿਦੁਲ ਮ੍ਰਿਦੰਗ ਰਬਾਬ ਸਤਾਰ।
ਗਾਵਹਿੰ ਸ਼ਬਦ ਰਬਾਬੀ ਰਾਗਨਿ ਸੱਤਿਨਾਮ ਕੋ ਜਸ ਵਿਸਤਾਰਿ।
ਭਯੋ ਕੁਲਾਹਲ ਕੌਤਕ ਦੇਖਹਿੰ ਪਾਵਹਿੰ ਨਟ ਬਾਜੀ ਹਿਤ ਧਾਰਿ।
ਅਪਰ ਸਿੱਖ ਸੇਵਕ ਦੇ ਧਨ ਕੋ ਲੇਂ ਮੰਗਤ ਜੈਕਾਰ ਉਚਾਰਿ ॥ ੧੮ ॥

ਤੁਰੀਆਂ, ਢੋਲ, ਨਗਾਰੇ, ਮ੍ਰਿਦੰਗ, ਰਬਾਬ ਅਤੇ ਸਤਾਰ ਬੜੀਆਂ ਕੋਮਲ ਸੁਰਾਂ ਵਿਚ ਵੱਜ ਰਹੇ ਸਨ। ਰਬਾਬੀ ਰਾਗਾਂ ਵਿਚ ਸ਼ਬਦ ਗਾ ਕੇ ਸਤਿਨਾਮ ਦੇ ਜੱਸ ਦਾ ਵਿਸਤਾਰ ਕਰ ਰਹੇ ਸਨ। ਬੜਾ ਰੌਲਾ ਪਿਆ ਸੀ, ਲੋਕ ਨਟਾਂ ਦੇ ਕੌਤਕ ਵੇਖ ਰਹੇ ਸਨ, ਜਿਹੜੇ ਹਿਤ ਧਾਰ ਕੇ ਬਾਜ਼ੀ ਪਾ ਰਹੇ ਸਨ। ਹੋਰ ਸਿੱਖ ਸੇਵਕ ਵੀ ਧਨ ਦਿੰਦੇ ਸਨ ਤੇ ਮੰਗਤੇ ਜੈਕਾਰੇ ਛੱਡ ਕੇ ਧਨ ਲੈ ਰਹੇ ਸਨ॥ ੧੮॥

ਕਹਿੰ ਲਗ ਕਹੌਂ ਮਹਿਦ ਉਤਸਾਹੁ ਸਭਿਹਿਨਿ ਰਿਦੇ ਅਨੰਦ ਬਿਲੰਦ।
'ਚਿਰਜੀਵੋ' ਆਸ਼ਿਖ ਮੁਖ ਭਾਖਤਿ 'ਚਿਰੰਕਾਲ ਕੇ ਚਾਹਤਿ ਨੰਦ।
ਪੂਰਨ ਆਸ ਕੀਨਿ ਗੁਰੁ ਨਾਨਕ ਪਿਖਹੁ ਦ੍ਰਿਗਨਿ ਤੇ ਨਿਤ ਸੁਖਕੰਦ'।
ਇਮ ਕਹਿ ਕਹਿ ਜਾਚਕ ਘਰ ਗਮਨੇ ਸ੍ਰੀ ਅਰਜਨ ਕੋ ਸੁਜਸ ਭਨੰਦ ॥੧੯॥

ਕਿਥੋਂ ਤਕ ਕਹਾਂ ਸਾਰਿਆਂ ਦੇ ਹਿਰਦੇ ਉਤਸ਼ਾਹ ਅਤੇ ਵੱਡੇ ਆਨੰਦ ਨਾਲ ਭਰੇ ਹੋਏ ਸਨ। 'ਲੰਮੀ ਉਮਰ ਹੋਵੇ' ਮੁਖ ਤੋਂ ਅਸੀਸ ਦਿੰਦੇ ਸਨ ਅਤੇ ਕਹਿੰਦੇ ਸਨ, "ਬੜੇ ਚਿਰਾਂ ਤੋਂ ਪੁੱਤਰ ਨੂੰ ਚਾਹੁੰਦੇ ਸੀ, ਗੁਰੂ ਨਾਨਕ ਦੇਵ ਜੀ ਨੇ ਆਸ ਪੂਰੀ ਕੀਤੀ ਹੈ, ਸੁਖਾਂ ਦੇ ਮੇਘ ਜੀ ਨੂੰ ਅੱਖਾਂ ਨਾਲ ਵੇਖੋ," ਇਸ ਤਰ੍ਹਾਂ ਕਹਿ ਕਹਿ ਕੇ ਮੰਗਤੇ ਗੁਰੂ ਅਰਜਨ ਦੇਵ ਜੀ ਦਾ ਜੱਸ ਕਰਦੇ ਆਪਣੇ ਘਰਾਂ ਨੂੰ ਪਰਤ ਗਏ॥ ੧੯॥

ਗ੍ਰਾਮ ਵਡਾਲੀ ਘਰ ਘਰ ਮੰਗਲ ਕਰਤਿ ਹਰਖ ਭਰਿ ਗਨ ਨਰ ਨਾਰਿ।
ਜਾਮ ਦਿਵਸ ਜਬਿ ਚਢਯੋ ਅਨੰਦਤਿ ਬੁੱਢਾ ਸਾਹਿਬ ਸੰਤ ਉਦਾਰ।

ਲੇ ਗੁਰਦਾਸ ਸੰਗ ਤਬਿ ਆਯਹੁ ਦਰਸ਼ਨ ਕਾਰਨ ਗੁਰ ਦਰਬਾਰ।
ਉਤਸਵ ਅਧਿਕ ਕੁਲਾਹਲ ਹੋਵਤਿ ਲਘੁ ਦੁੰਦਭਿ ਕੀ ਧੁਨਿ ਸੁਨਿ ਚਾਰੁ॥੨੦॥

ਵਡਾਲੀ ਪਿੰਡ ਵਿਚ ਘਰ-ਘਰ ਮੰਗਲ ਹੋ ਰਿਹਾ ਸੀ, ਸਾਰੇ ਨਰ ਨਾਰੀਆਂ ਖ਼ੁਸ਼ੀ ਨਾਲ ਭਰੇ ਹੋਏ ਸਨ। ਜਦ ਇਕ ਪਹਿਰ ਦਿਨ ਚੜ੍ਹੇ ਨੂੰ ਹੋ ਗਿਆ ਤਾਂ ਮਹਾਨ ਸੰਤ ਬਾਬਾ ਬੁੱਢਾ ਜੀ ਬੜੇ ਪ੍ਰਸੰਨ ਹੋ ਕੇ ਭਾਈ ਗੁਰਦਾਸ ਨੂੰ ਨਾਲ ਲੈ ਕੇ ਗੁਰ ਦਰਬਾਰ ਵਿਚ ਬਾਲਕ ਸ੍ਰੀ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਏ। ਉਸ ਸਮੇਂ ਉਤਸਵ ਕਰਕੇ ਬੜਾ ਰੌਲਾ ਮੱਚਿਆ ਹੋਇਆ ਸੀ ਤੇ ਛੋਟੀ ਦੁਦੰਭੀ ਦੀ ਸੁੰਦਰ ਧੁਨ ਸੁਣਾਈ ਦੇ ਰਹੀ ਸੀ॥ ੨੦॥

ਪੁੱਤ੍ਰ ਜਨਮ ਗੁਰ ਘਰ ਮਹਿਂ ਹੋਯਹੁ ਸੁਨਤਿ ਅਨੰਦਤਿ ਦਰਸ਼ਨ ਕੀਨਿ।
ਹਾਥ ਬੰਦ ਪਦ ਬੰਦਨ ਕਰਿ ਕੈ ਬਹੁਰ ਵਧਾਈ ਦਈ ਪ੍ਰਬੀਨ।
'ਚਿਰੰਜੀਵ ਥੀਵਹੁ ਕੁਲ ਭੂਖਨ, ਸੁਜਸ ਅਦੂਖਨ, ਬਲ ਮਹਿਂ ਪੀਨ।
ਰਾਜ ਸਾਜ ਐਸ਼੍ਰਜ ਸਮਾਜੂ ਜੋਗ ਭੋਗ ਦੋਇਨ ਸੁਖ ਲੀਨਿ' ॥ ੨੧ ॥

ਗੁਰੂ ਘਰ ਵਿਚ ਪੁੱਤਰ ਨੇ ਜਨਮ ਲਿਆ ਹੈ, ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਦਰਸ਼ਨ ਕੀਤੇ। ਹੱਥ ਜੋੜ ਕੇ ਚਰਨ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਨੂੰ ਸ੍ਰੇਸ਼ਟ ਵਧਾਈ ਦਿੱਤੀ। "ਵੱਡੀ ਉਮਰ ਵਾਲਾ ਕੁਲ ਦਾ ਰਤਨ, ਸ੍ਰੇਸ਼ਟ ਜੱਸ ਵਾਲਾ, ਦੋਸ਼ ਰਹਿਤ ਅਤੇ ਵੱਡਾ ਬਲਵਾਨ ਹੋਵੇਗਾ, ਰਾਜ ਸਾਜ, ਵਿਭੂਤੀ ਦੀ ਸਮੱਗਰੀ ਅਤੇ ਜੋਗ ਭੋਗ ਦੋਵੇਂ ਸੁਖ ਪ੍ਰਾਪਤ ਕਰੇਗਾ" ॥ ੨੧ ॥

ਸ੍ਰੀ ਅਰਜਨ ਬ੍ਰਿਧ ਕੋ ਬਡ ਆਦਰ ਮ੍ਰਿਦੁਲ ਬਾਕ ਕਹਿ ਕੀਨਿ ਮਹਾਂਨ।
'ਸ੍ਰੀ ਨਾਨਕ ਕੇ ਸੇਵਕ ਤੁਮ ਹੋ, ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ।
ਭਸਮ ਬਿਖੇ ਪਾਵਕ ਜਿਮ ਛਪ ਰਹਿ, ਸਕਲ ਕਲਾ ਜੁਤਿ ਪੂਰਨ ਗਜਾਨਿ।
ਬਚਨ ਅਮਿਟ, ਦੁਖ ਕਟਹਿ ਬਿਕਟ ਜੋ ਧੰਨ ਧੰਨ ਤੁਮ ਬਡੇ ਸੁਜਾਨ ॥੨੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਦਾ ਬੜੇ ਕੋਮਲ ਅਤੇ ਮਿੱਠੇ ਬਚਨ ਬੋਲ ਕੇ ਬੜਾ ਆਦਰ ਕੀਤਾ। ਉਨ੍ਹਾਂ ਬਚਨ ਕੀਤੇ, "ਤੁਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੇਵਕ ਹੋ, ਖ਼ੁਸ਼ੀ-ਗ਼ਮੀ ਵਿਚ ਤੁਹਾਡੀ ਬ੍ਰਿਤੀ ਸਮਾਨ ਰਹਿੰਦੀ ਹੈ, ਜਿਵੇਂ ਸਵਾਹ ਵਿਚ ਅਗਨੀ ਛਿਪੀ ਰਹਿੰਦੀ ਹੈ, ਤੁਹਾਡੇ ਵਿਚ ਪੂਰਨ ਗਿਆਨ ਸਹਿਤ ਸਾਰੀਆਂ ਕਲਾਵਾਂ ਛਿਪੀਆਂ ਹਨ। ਤੁਹਾਡੇ ਬਚਨ ਅਮਿਟ ਹਨ, ਜਿਹੜੇ ਵਿਕਰਾਲ ਦੁੱਖਾਂ ਨੂੰ ਕੱਟਦੇ ਹਨ, ਧੰਨ ਧੰਨ ਤੁਸੀਂ ਵੱਡੇ ਬੁਧੀਵਾਨ ਹੋ॥ ੨੨॥

ਰਾਵਰਿ ਬਰ ਪ੍ਰਤਾਪ ਇਹ ਹੋਵਾ, ਦੀਨਸਿ ਦਾਸੀ ਕੋ ਸੁਖਦਾਨ।
ਜਿਸ ਪਰ ਕ੍ਰਿਪਾ ਕਰਹੁ ਹਿਤ ਠਾਨਹੁ, ਤਿਸ ਕੇ ਚਾਰ ਪਦਾਰਥ ਪਾਨ।
ਤਪ ਮਹਿਂ ਪ੍ਰੀਤਿ ਤਪਹੁ ਤਪ ਦੀਰਘ, ਗੁਰ ਸਿਖਜਨ ਮਹਿਂ ਮੁੱਖਿ ਮਹਾਨ।
ਤੁਮਰੀ ਮਹਿਮਾ ਕੌਨ ਸਕਹਿ ਕਹਿ ਸੰਤ ਰੂਪ ਪਰਮੇਸੁਰ ਮਾਨ' ॥ ੨੩ ॥

ਆਪ ਜੀ ਦੇ ਵਰ ਦੇ ਪ੍ਰਤਾਪ ਨਾਲ ਇਹ ਪੁੱਤਰ ਪੈਦਾ ਹੋਇਆ ਹੈ, ਤੁਸੀ ਆਪਣੀ ਦਾਸੀ ਨੂੰ ਸੁਖ ਦਾਨ ਕੀਤਾ ਹੈ, ਜਿਸ ਉਤੇ ਹਿਤ ਕਰਕੇ ਕਿਰਪਾ ਕਰਦੇ ਹੋ, ਉਸ ਨੂੰ ਚਾਰ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਤੁਹਾਡੀ ਤਪ ਨਾਲ ਪ੍ਰੀਤ ਹੈ, ਬਹੁਤ ਮਹਾਨ ਤਪ ਕਰਦੇ ਹੋ, ਤੁਸੀਂ ਗੁਰਸਿੱਖਾਂ ਵਿਚ ਸਭ ਦੇ ਮੁੱਖੀ ਅਤੇ ਮਹਾਨ ਹੋ, ਤੁਹਾਡੀ ਮਹਿਮਾ ਕੌਣ ਕਹਿ ਸਕਦਾ ਹੈ, ਤੁਸੀਂ ਸੰਤ ਸਰੂਪ ਪਰਮੇਸ਼ਵਰ ਹੋ" ॥ ੨੩ ॥

ਸੁਨਿ ਗੁਰਦਾਸ ਗੁਰੂ ਕੇ ਬਾਕਨਿ ਸਨਮਾਨਤਿ ਬੋਲਜੋ ਕਰ ਬੰਦ।
'ਸਤਜ ਕਹਤਿ ਸਰਬੱਗਜ ਪ੍ਰਭੂ ਤੁਮ ਪੂਰਨ ਸਭਿ ਗੁਨ ਗਜਾਨ ਬਿਲੰਦ।

ਪੰਚ ਗੁਰਨਿ ਕੇ ਦਰਸ਼ਨ ਪਰਸੇ ਸੇਵਾ ਕੀਨਸਿ ਲੀਨਿ ਅਨੰਦ।
ਸਰਬ ਪ੍ਰਸੰਨ ਭਏ ਹੈਂ ਇਨ ਪਰ ਅਪਰ ਨ ਜਨੀਅਤਿ ਇਨਹੁ ਮਨਿੰਦ' ॥੨੪॥

ਭਾਈ ਗੁਰਦਾਸ ਜੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਹੱਥ ਜੋੜ ਕੇ ਬੋਲੇ, "ਸੱਚ ਕਿਹਾ ਹੈ, ਬਾਬਾ ਬੁੱਢਾ ਜੀ ਸਰਬ ਪ੍ਰਕਾਰ ਦੀ ਜਾਣਨ ਵਾਲੇ ਪ੍ਰਭੂ ਹਨ, ਅਤੇ ਸਭ ਪ੍ਰਕਾਰ ਦੇ ਗੁਣ ਗਿਆਨ ਵਿਚ ਪੂਰਨ ਹਨ, ਇਨ੍ਹਾਂ ਪੰਜ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ ਅਤੇ ਉਨ੍ਹਾਂ ਦੀ ਸੇਵਾ ਕਰਕੇ ਅਨੰਦ ਲਿਆ ਹੈ। ਸਾਰੇ ਗੁਰੂ ਸਾਹਿਬਾਨ ਇਨ੍ਹਾਂ ਉੱਤੇ ਪ੍ਰਸੰਨ ਰਹੇ ਹਨ, ਇਨ੍ਹਾਂ ਵਰਗਾ ਕੋਈ ਹੋਰ ਨਹੀਂ ਜਾਣਿਆ ਜਾਂਦਾ" ॥ ੨੪॥

ਇਮ ਬ੍ਰਿਧ ਕੇ ਗੁਨ ਬ੍ਰਿੱਧ ਭਨੇ ਤਬਿ ਰਹਤਿ ਭਏ ਸ਼੍ਰੀ ਸਤਿਗੁਰ ਪਾਸ।
ਰਾਮਦਾਸ ਪੁਰਿ ਮਹਿਂ ਸੁਧਿ ਪਹੁੰਚੀ 'ਗੁਰ ਅਰਜਨ ਕੇ ਪੁੱਤ੍ਰ ਪ੍ਰਕਾਸ਼'।
ਸੁੰਦਰ ਬਸਤ੍ਰ ਬਿਭੂਖਨ ਪਹਿਰੇ ਨਰ ਨਾਰਿਨਿ ਤਜਿ ਅਪਨ ਅਵਾਸ।
ਭੇਟ ਜਥੋਚਿਤ ਲੇ ਸਭਿ ਗਮਨੇ ਚਿਤ ਸਚੌਂਪ ਉਰ ਧਰੇ ਹੁਲਾਸ॥ ੨੫॥

ਇਸ ਪ੍ਰਕਾਰ ਬਾਬਾ ਬੁੱਢਾ ਜੀ ਦੇ ਗੁਣਾਂ ਦੀ ਬਹੁਤ ਸ਼ਲਾਘਾ ਕੀਤੀ, ਤਦ ਉਹ ਗੁਰੂ ਜੀ ਦੇ ਪਾਸ ਹੀ ਰਹਿ ਪਏ। ਫਿਰ ਰਾਮਦਾਸ ਪੁਰ ਵੀ ਇਹ ਖ਼ਬਰ ਪਹੁੰਚੀ "ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਨੇ ਜਨਮ ਲਿਆ ਹੈ।" ਜਦ ਨਗਰ ਦੇ ਨਰ ਨਾਰੀਆਂ ਨੇ ਇਹ ਸੁਣਿਆ ਤਾਂ ਉਨ੍ਹਾਂ ਸੁੰਦਰ ਵਸਤਰ ਅਤੇ ਗਹਿਣੇ ਪਹਿਣੇ ਤੇ ਆਪਣੇ ਘਰ ਛੱਡ ਕੇ ਸਾਰਿਆਂ ਨੇ ਯਥਾਯੋਗ ਭੇਟਾਵਾਂ ਲਈਆਂ ਤੇ ਹਿਰਦੇ ਵਿਚ ਖ਼ੁਸ਼ੀਆਂ ਭਰ ਕੇ, ਬੜੇ ਪ੍ਰੇਮ ਨਾਲ ਪਿੰਡ ਵਡਾਲੀ ਵਲ ਚਲ ਪਏ॥ ੨੫॥

ਗ੍ਰਾਮ ਵਡਾਲੀ ਧਾਮ ਗੁਰੂ ਕੇ ਆਨਿ ਪ੍ਰਵੇਸ਼ੇ ਉਤਸਵ ਹੋਤਿ।
ਭਨਤਿ ਬਧਾਈ, ਅਰਪ ਉਪਾਇਨ, ਪਾਇਨ ਪਰਹਿਂ ਅਨੰਦ ਉਦੋਤਿ।
'ਅਧਿਕ ਜਤਨ ਤੇ ਨੰਦਨ ਉਪਜਯੋ, ਚਿਰ ਜੀਵੀ ਹੁਇ ਸ਼੍ਰੀ ਗੁਰ ਜੋਤਿ।
ਚਾਹਤਿ ਸੁਤ ਚਿਤ ਚਿੰਤ ਉਦਧਿ ਵਤ ਅਸ ਗੰਗਾ ਤਿਸਕੇ ਇਹ ਪੋਤ' ॥੨੬॥

ਵਡਾਲੀ ਪਿੰਡ ਵਿਚ ਆ ਕੇ ਗੁਰੂ-ਘਰ ਅੰਦਰ ਪ੍ਰਵੇਸ਼ ਕੀਤਾ, ਜਿਥੇ ਵੱਡਾ ਉਤਸਵ ਹੋ ਰਿਹਾ ਸੀ। ਭੇਟਾਵਾਂ ਰੱਖ ਕੇ ਵਧਾਈਆਂ ਦਿੰਦੇ ਸਨ ਅਤੇ ਬੜਾ ਅਨੰਦ ਵਧਾ ਕੇ ਚਰਨੀਂ ਪੈਂਦੇ ਹਨ ਅਤੇ ਕਹਿੰਦੇ ਸਨ, "ਬੜੇ ਯਤਨਾਂ ਨਾਲ ਪੁੱਤਰ ਪੈਦਾ ਹੋਇਆ ਹੈ, ਇਸ ਗੁਰ ਜੋਤ ਦੀ ਲੰਮੀ ਉਮਰ ਹੋਵੇ, ਚਿੱਤ ਵਿਚ ਪੁੱਤਰ ਦੀ ਚਾਹਤ ਦੀ ਜੋ ਚਿੰਤਾ ਸੀ, ਉਹ ਸਮੁੰਦਰ ਵਾਂਗ ਸੀ, ਇਹ ਪੁੱਤਰ ਜਹਾਜ਼ ਸਮਾਨ ਮਾਤਾ ਗੰਗਾ ਜੀ ਨੂੰ ਮਿਲਿਆ ਹੈ, ਜਿਸ ਨਾਲ ਉਸਦੀ ਚਿੰਤਾ ਦੂਰ ਹੋ ਗਈ ਹੈ" ॥ ੨੬॥

ਰਾਮਦਾਸ ਪੁਰਿ ਕੀ ਸਭਿ ਨਾਰੀ ਮਿਲਿ ਬਾਲਕ ਅਵਲੋਕਨਿ ਚਾਹਿ।
ਤਿਸ ਘਰ ਕੇ ਦਰ ਪਰ ਹੁਇ ਠਾਂਢੀ ਨਮੋ ਕੀਨਿ ਉਰ ਬਹੁ ਉਤਸਾਹਿ।
'ਸਾਹਿਬਜ਼ਾਦੇ ਕੋ ਸ਼ੁਭ ਦਰਸ਼ਨ ਦਿਖਰਾਵਹੁ' ਕਹਿਂ ਪ੍ਰੇਮ ਉਮਾਹਿ।
ਧਾਇ ਲਯੋ ਮਿਸ ਦੋਨਹੁ ਕਰ ਪਰ ਦੇਖਿ ਦੇਖਿ ਕਰਿ ਬਲਿ ਬਲਿ ਜਾਹਿਂ ॥੨੭॥

ਰਾਮਦਾਸ ਪੁਰ ਦੀਆਂ ਸਾਰੀਆਂ ਨਾਰੀਆਂ ਮਿਲ ਕੇ ਬਾਲਕ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੀਆਂ ਸਨ। ਉਹ ਘਰ ਦੇ ਦਰਵਾਜ਼ੇ ਦੇ ਬਾਹਰ ਖੜੀਆਂ ਹੋ ਗਈਆਂ ਅਤੇ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਨਮਸਕਾਰ ਕੀਤੀ ਅਤੇ ਕਿਹਾ, "ਸਾਹਿਬਜ਼ਾਦੇ ਦੇ ਸ਼ੁਭ ਦਰਸ਼ਨ ਕਰਾਵੋ।" ਸਾਹਿਬਜ਼ਾਦੇ ਨੂੰ ਫਿਰ ਦੋਹਾਂ ਹੱਥਾਂ ਤੇ ਚੁਕ ਲਿਆ ਤੇ ਵੇਖ ਵੇਖ ਬਲਿਹਾਰ ਜਾਂਦੀਆਂ ਸਨ॥ ੨੭॥

ਸਭਿ ਨਾਰਿਨਿ ਸੋਂ ਗੰਗ ਉਚਾਰਤਿ 'ਹੇ ਪ੍ਰਿਯ ਸਖੀ ਸੁਨਹੁ ਮਨ ਲਾਇ।
ਬੱਢੇ ਸਾਹਿਬ ਦੇ ਹਮ ਕੋ ਬਰ ਕਰਯੋ ਨਿਹਾਲ ਭਯੋ ਸੁਖਦਾਇ।

ਕੁਲ ਭੂਖਨ ਸਭਿ ਘਰ ਕੋ ਦੀਪਕ ਸੁੰਦਰ ਸੁਤ ਐਸੋ ਅਬਿ ਪਾਇ।
ਹੇ ਸਜਨੀ ! ਇਸ ਰਜਨੀ ਊਪਰ ਉਮਗ ਉਮਗ ਮਨ ਬਲਿ ਬਲਿ ਜਾਇ' ॥੨੮॥

ਸਭ ਨਾਰੀਆਂ ਨੂੰ ਮਾਤਾ ਗੰਗਾ ਜੀ ਨੇ ਕਿਹਾ, "ਹੇ ਪਿਆਰੀ ਸਹੇਲੀਓ ! ਮਨ ਲਾ ਕੇ ਸੁਣੋ, ਬਾਬਾ ਬੁੱਢਾ ਜੀ ਨੇ ਵਰ ਦੇ ਕੇ ਮੈਨੂੰ ਨਿਹਾਲ ਕੀਤਾ ਹੈ ਤੇ ਮੈਂ ਸੁਖ ਪ੍ਰਾਪਤ ਕੀਤਾ ਹੈ, ਕੁਲ ਦਾ ਗਹਿਣਾ, ਘਰ ਦਾ ਦੀਪਕ ਐਸਾ ਸੁੰਦਰ ਪੁੱਤਰ ਹੁਣ ਪਾਇਆ ਹੈ। ਹੇ ਸਜਨੀ ! ਇਸ ਰਾਤ ਉਪਰ ਮਨ ਉੱਛਲ ਉੱਛਲ ਕੇ ਬਲਿਹਾਰ-ਬਲਿਹਾਰ ਜਾਂਦਾ ਹੈ" ॥ ੨੮॥

ਕਰਿ ਦਰਸ਼ਨ ਸੁੰਦਰ ਸਿਸ ਕੇਰਾ ਅਧਿਕ ਸਰਾਹਤਿ ਰੂਪ ਬਿਸਾਲ।
'ਬ੍ਰਿਧ ਕੇ ਬਰ ਤੇ ਬ੍ਰਿੱਧ ਹੋਇ ਬਯਾ' ਆਸ਼ਿਖ ਦੇਤਿ ਪ੍ਰੇਮ ਕੇ ਨਾਲ।
ਗੁਰੂ ਦੇਗ ਕੋ ਭੋਜਨ ਅਚਿ ਸਭਿ ਰਾਮਦਾਸ ਪੁਰਿ ਕੇ ਮਗ ਚਾਲਿ।
ਸੁਜਸ ਪਰਸਪਰ ਉਚਰਤਿ ਹਿਤ ਧਰਿ ਪਹੁੰਚੇ ਸਦਨ ਨਾਰਿ ਨਰ ਜਾਲ ॥੨੯॥

ਸੁੰਦਰ ਬਾਲਕ ਦੇ ਦਰਸ਼ਨ ਕਰਕੇ, ਉਸ ਦੇ ਸੁੰਦਰ ਸਰੂਪ ਦੀ ਬਹੁਤ ਸ਼ਲਾਘਾ ਕਰਦੇ ਸਨ। ਬਾਬਾ ਬੁੱਢਾ ਜੀ ਦੇ ਵਰ ਨਾਲ ਲੰਮੀ ਉਮਰ ਹੋਵੇਗੀ" ਇਸ ਤਰ੍ਹਾਂ ਪ੍ਰੇਮ ਨਾਲ ਅਸੀਸ ਦਿੰਦੇ ਸਨ। ਗੁਰੂ ਜੀ ਦੇ ਲੰਗਰ ਤੋਂ ਭੋਜਨ ਛੱਕ ਕੇ ਸਾਰੇ ਰਾਮਦਾਸ ਪੁਰ ਦੇ ਰਾਹ ਪੈ ਗਏ। ਆਪਸ ਵਿਚ ਸ੍ਰੇਸ਼ਟ ਜੱਸ ਕਰਦੇ ਹੋਏ, ਸਾਰੇ ਨਰ ਨਾਰੀਆਂ ਆਪਣੇ-ਆਪਣੇ ਘਰ ਪਹੁੰਚ ਗਏ ॥ ੨੯॥

ਪੁਨ ਸ੍ਰੀ ਗੁਰ ਸੰਗ ਬੁੱਢਾ ਬੋਲਜੋ 'ਬਾਲਕ ਦਰਸ਼ਨ ਦਿਹੁ ਦਿਖਰਾਇ।
ਮਹਿਦ ਲਾਲਸਾ ਮਨ ਮਹਿਂ ਮੇਰੇ, ਮਾਤ ਗਰਭ ਤੇ ਭਾ ਚਿਤ ਚਾਇ।
ਜਿਨ ਕੇ ਕਾਰਨ ਭਏ ਸ਼ਗੁਨ ਸ਼ੁਭ ਪਿਖੇ ਅਚਾਨਕ ਮੈਂ ਬਿਸਮਾਇ।
ਜਿਸ ਹਿਤ ਜਨਨੀ ਭਈ ਨੰਮ੍ਰਿਤਾ ਅਨਿਕ ਜਤਨ ਤੇ ਅਬਿ ਸੁਤ ਪਾਇ' ॥੩੦॥

ਫਿਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਕਿਹਾ, "ਮੈਨੂੰ ਬਾਲਕ ਦੇ ਦਰਸ਼ਨ ਕਰਵਾ ਦੇਵੋ, ਮੇਰੇ ਮਨ ਵਿਚ ਦਰਸ਼ਨਾਂ ਦੀ ਚਾਅ ਭਰੀ ਲਾਲਸਾ ਸ੍ਰੀ ਮਾਤਾ ਜੀ ਦੇ ਗਰਭ ਧਾਰਨ ਤੋਂ ਹੀ ਲੱਗੀ ਹੋਈ ਸੀ, ਜਿਸ ਦੇ ਕਾਰਨ ਅਚਾਨਕ ਸ਼ੁਭ ਸ਼ਗਨ ਹੋਏ ਸਨ ਜਿਨ੍ਹਾਂ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ ਸੀ। ਜਿਸ ਵਾਸਤੇ ਮਾਤਾ ਜੀ ਸਨਿੰਮਰ ਹੋ ਗਏ ਅਤੇ ਅਨੇਕ ਯਤਨਾਂ ਨਾਲ ਇਸ ਪੁੱਤਰ ਪਾਇਆ ਹੈ" ॥ ੩੦॥

ਸ੍ਰੀ ਅਰਜਨ ਕਹਿ ਧਾਇ ਹਕਾਰੀ 'ਲੇਹੁ ਬ੍ਰਿੱਧ ਕੋ ਸੰਗ ਸਿਧਾਰ।
ਅੰਤਰ ਸਦਨ ਦਿਖਾਵਹੁ ਬਾਰਿਕ ਗੁਰ ਨਾਨਕ ਕੋ ਨਾਮ ਉਚਾਰਿ।
ਅਪਰ ਨ ਡਰ ਕਰੀਅਹਿ, ਹਰਖਾਵਹੁ ਰੱਛਕ ਜਿਸ ਕੇ ਸ੍ਰੀ ਕਰਤਾਰ।
ਜਿਮ ਉਰ ਕਾਂਖਹਿਂ, ਮੁਖ ਤੇ ਭਾਖਹਿਂ ਰਹੁ ਇਸ ਆਗਜਾ ਕੇ ਅਨੁਸਾਰਿ' ॥੩੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਹਿ ਕੇ ਦਾਈ ਨੂੰ ਬੁਲਾਇਆ ਅਤੇ ਕਿਹਾ, "ਬਾਬਾ ਬੁੱਢਾ ਜੀ ਨੂੰ ਆਪਣੇ ਨਾਲ ਲੈ ਲਵੋ ਤੇ ਘਰ ਦੇ ਅੰਦਰ ਜਾ ਕੇ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਬਾਲਕ ਨੂੰ ਵਿਖਾਓ। ਹੋਰ ਕਿਸੇ ਪ੍ਰਕਾਰ ਦਾ ਡਰ ਨਾ ਮੰਨੀਏ, ਪ੍ਰਸੰਨ ਹੋਵੋ ਕਿਉਂਕਿ ਇਸ ਬਾਲਕ ਦੇ ਰਖਵਾਲੇ ਆਪ ਕਰਤਾਰ ਹਨ। ਜਿਵੇਂ ਵੀ ਬਾਬਾ ਬੁੱਢਾ ਜੀ ਚਾਹੁਣ ਅਤੇ ਜੋ ਵੀ ਮੁੱਖ ਤੋਂ ਕਹਿਣ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ" ॥ ੩੧॥

ਸੁਨਿ ਬ੍ਰਿਧ ਕੋ ਲੇ ਸੰਗ ਸਿਧਾਰੀ, ਅਜਰ ਬਿਠਾਯਹੁ ਆਸਨ ਡਾਰਿ।
ਗੰਗਾ ਕੋ ਗੁਰ ਹੁਕਮ ਸੁਨਾਯਹੁ ਹਰਖਤਿ ਹੁਇ ਕਰਿ ਲਿਹੁ ਕਰ ਧਾਰਿ।

'ਬਾਲਕ ਤਿਨ ਕੋ ਮੈਂ ਨਿਤ ਦਾਸੀ ਕਹੈਂ ਸੁ ਕਰਹੁ ਬਿਹੀਨ ਬਿਚਾਰ।
ਬੁੱਢੇ ਸਾਹਿਬ ਕੋ ਹਮ ਤੇ ਪ੍ਰਿਯ ਦਰਸਹਿੰ ਨਿਜ ਕਰੁਨਾ ਫਲ ਚਾਰੁ' ॥੩੨॥

ਇਹ ਸੁਣ ਕੇ ਦਾਈ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਚਲੀ ਗਈ ਤੇ ਉਨ੍ਹਾਂ ਨੂੰ ਆਸਣ ਡਾਹ ਕੇ ਬਿਠਾ ਦਿੱਤਾ। ਫਿਰ ਦਾਈ ਨੇ ਮਾਤਾ ਗੰਗਾ ਜੀ ਨੂੰ ਗੁਰੂ ਦਾ ਹੁਕਮ ਸੁਣਾਇਆ ਤਾਂ ਉਨ੍ਹਾਂ ਨੇ ਪ੍ਰਸੰਨ ਹੋ ਕੇ ਬਾਲਕ ਨੂੰ ਆਪਣੇ ਹੱਥਾਂ ਨਾਲ ਚੁੱਕ ਲਿਆ ਅਤੇ ਕਿਹਾ, "ਬਾਲਕ ਦੀ ਮੈਂ ਸਦਾ ਦਾਸੀ ਹਾਂ, ਜੋ ਵੀ ਕਹਿਣਗੇ ਮੈਂ ਵਿਚਾਰ ਰਹਿਤ ਕਰਾਂਗੀ, ਬਾਬਾ ਬੁੱਢਾ ਸਾਹਿਬ ਨੂੰ ਇਹ ਸਾਡੇ ਨਾਲੋਂ ਵੀ ਜ਼ਿਆਦਾ ਪਿਆਰਾ ਹੈ, ਉਹ ਆਪਣੀ ਕਿਰਪਾ ਦੇ ਸ੍ਰੇਸ਼ਟ ਫਲ ਦੇ ਦਰਸ਼ਨ ਕਰਨ" ॥ ੩੨ ॥

ਹਾਥਨ ਪਰ ਥਿਤਿ ਕਰਿ ਸੁੰਦਰ ਸਿਸ ਘਰ ਕੇ ਦਰ ਲੌ ਲਜਾਈ ਧਾਇ।
ਦੇਖਤਿ ਉਠਜੋ ਤਜਾਗ ਬ੍ਰਿਧ ਆਸਨ ਦੀਰਘ ਦਰਸ਼ਨ ਦਿਖਿ ਹਰਖਾਇ।
ਲਾਲ ਮ੍ਰਿਦੁਲ ਪਦ ਮਨਹੁੰ ਕੋਕਨਦ ਉਰਧ ਉਠਾਵਤਿ ਜਨੁ ਦਿਖਰਾਇ।
ਅੰਗ ਬਿਲੰਦ ਸਕਲ ਸ਼ੁਭ ਲੱਛਨ ਮੱਛ ਅਕਾਰ ਰੇਖ ਕਰ ਪਾਇ ॥੩੩॥

ਸੁੰਦਰ ਬਾਲਕ ਨੂੰ ਆਪਣੇ ਹੱਥਾਂ ਵਿਚ ਚੁੱਕ ਕੇ ਘਰ ਦੇ ਦਰਵਾਜ਼ੇ ਤੇ ਲੈ ਆਈ। ਬਾਬਾ ਬੁੱਢਾ ਜੀ ਵੇਖ ਕੇ ਆਪਣੇ ਆਸਣ ਤੋਂ ਉੱਠ ਖਲੋਤੇ ਤੇ ਲੰਮੀ ਡੀਲ ਡੌਲ ਵਾਲੇ ਬਾਲਕ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਲਾਲ ਕੋਮਲ ਚਰਨ ਇਸ ਤਰ੍ਹਾਂ ਲੱਗ ਰਹੇ ਸਨ ਮਾਨੋਂ ਕੰਵਲ ਫੁੱਲ ਉਪਰ ਉੱਠ ਆਪਣੇ ਆਪ ਨੂੰ ਵਿਖਾ ਰਿਹਾ ਹੋਵੇ। ਸਾਰੇ ਅੰਗ ਵੱਡੇ-ਵੱਡੇ ਸਨ ਤੇ ਸ਼ੁਭ ਲੱਛਣਾਂ ਵਾਲੀ ਮੱਛ ਦੇ ਅਕਾਰ ਦੀ ਰੇਖਾ ਹੱਥਾਂ ਅਤੇ ਪੈਰਾਂ ਵਿਚ ਸੀ॥ ੩੩ ॥

ਰੇਖ ਛੱਤ੍ਰ ਕੀ ਦਾਹਨ ਕਰ ਮਹਿਂ ਚਮਰੁ ਰੇਖ ਸ਼ੋਭਤਿ ਹੈ ਬਾਮ।
ਨਖ ਗਨ ਰਕਤ ਸੁਮਿਲਿ ਸਭਿ ਅੰਗੁਰੀ, ਬ੍ਰਤਲਾਕਾਰ ਬਦਨ ਹੈ ਬਾਮ।
ਰੁਚਿਰ ਚਿਕਰ ਮੇਚਕ ਲਘੁ ਚਿਕ੍ਰਨ, ਬਡੇ ਬਿਲੋਚਨ, ਬਰਨੀ ਬਾਮ।
ਬਾਲਕ ਬਪੁ ਬਿਰਾਜਤਿ ਸ੍ਰੀ ਪ੍ਰਭੁ ਬਰਨਤਿ ਬਾਨੀ, ਬ੍ਰਹਮਾ, ਬਾਮ ॥੩੪॥

ਛੱਤਰ ਰੇਖਾ ਸੱਜੇ ਹੱਥ ਵਿਚ ਸ਼ੋਭ ਰਹੀ ਹੈ ਅਤੇ ਖੱਬੇ ਹੱਥ ਵਿਚ ਚੋਰ ਰੇਖਾ ਸ਼ੋਭਦੀ ਹੈ। ਸਾਰੀਆਂ ਉਂਗਲੀਆਂ ਦੇ ਨਹੁੰ ਲਾਲ ਹਨ ਅਤੇ ਸੁੰਦਰ ਗੋਲਾਕਾਰ ਬਦਨ ਹੈ। ਸੁਹਣੇ, ਕਾਲੇ, ਛੋਟੇ, ਚਿਕਣੇ ਅਤੇ ਘੁੰਘਰਾਲੇ ਵਾਲ ਹਨ। ਵੱਡੇ-ਵੱਡੇ ਨੈਣ ਹਨ ਅਤੇ ਝਿਮਣੀਆਂ ਟੇਢੀਆਂ ਹਨ। ਸ੍ਰੀ ਪ੍ਰਭੂ ਬਾਲਕ ਦਾ ਸੁੰਦਰ ਸਰੀਰ ਸ਼ੋਭ ਰਿਹਾ ਹੈ, ਜਿਸ ਦੀ ਸ਼ੋਭਾ ਦਾ ਵਰਣਨ, ਸਰਸਵਤੀ, ਬ੍ਰਹਮਾ ਅਤੇ ਸ਼ਿਵਜੀ ਕਰ ਰਹੇ ਹਨ॥ ੩੪ ॥

ਦੋਹਰਾ- ਬੰਦਨ ਕਰਿ ਦਰਸੇ ਗੁਰੂ, ਬ੍ਰਿਧ ਕੇ ਬਧਜੋ ਅਨੰਦ।
ਸਭਿਨਿ ਸੁਨਾਵਤਿ ਨਾਮ ਕਹਿ ਸ਼ੁਭ ਸ੍ਰੀ ਹਰਿਗੋਬਿੰਦ' ॥ ੩੫ ॥

ਬਾਬਾ ਬੁੱਢਾ ਜੀ ਨੇ ਬੰਦਨਾ ਕਰਕੇ ਬਾਲਕ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਬਹੁਤ ਅਨੰਦ ਪਾਇਆ; ਸਾਰਿਆਂ ਨੂੰ ਸੁਣਾ ਕੇ ਬਾਲਕ ਦਾ ਸ਼ੁਭ ਨਾਂ ਸ੍ਰੀ ਹਰਿਗੋਬਿੰਦ ਰੱਖਿਆ॥ ੩੫ ॥

ਗੁਰ ਅਰਜਨ ਢਿਗ ਆਇਕੈ ਆਇਸੁ ਲੇ ਹਰਖਾਇ।
ਨਿਜ ਥਲ ਗਮਨਜੋ ਬੀੜ ਕੋ ਸੱਤਜਨਾਮ ਲਿਵਲਾਇ ॥ ੩੬ ॥

ਗੁਰੂ ਅਰਜਨ ਦੇਵ ਜੀ ਪਾਸ ਆ ਕੇ ਆਗਿਆ ਲੈ ਕੇ ਬਹੁਤ ਪ੍ਰਸੰਨ ਹੋਏ, ਆਪਣੇ ਸਥਾਨ ਬੀੜ ਵਲ ਸਤਿਨਾਮ ਨਾਲ ਲਿਵ ਲਾ ਕੇ ਚਲੇ ਗਏ॥ ੩੬ ॥

*ਤੀਸਰੀ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਛੇਵਾਂ

## ਸ੍ਰੀ ਹਰਿਗੋਬਿੰਦ ਸਾਹਿਬ ਅਵਤਾਰ ਉਤਸਵ

ਦੋਹਰਾ-ਨਿਕਟ ਨਿਕਟ ਜੇ ਗ੍ਰਾਮ ਹੈਂ ਸਭਿਨਿ ਸੁਨੀ ਸੁਧਿ ਕਾਨ।
ਮੰਗਤ ਗਨ ਸੰਗਤ ਤਬਹਿ ਦੇਤਿ ਬਧਾਈ ਆਨਿ॥ ੧॥

ਜਿਹੜੇ ਨੇੜੇ-ਨੇੜੇ ਪਿੰਡ ਸਨ, ਉਨ੍ਹਾਂ ਤਕ ਵੀ ਸ੍ਰੀ ਹਰਿਗੋਬਿੰਦ ਸਾਹਿਬ ਦੇ ਅਵਤਾਰ ਧਾਰਨ ਦੀ ਖਬਰ ਪੁੱਜੀ, ਮੰਗਤੇ ਅਤੇ ਸਮੂਹ ਸੰਗਤਾਂ ਆ ਆ ਕੇ ਵਧਾਈਆਂ ਦਿੰਦੀਆਂ ਸਨ॥ ੧॥

ਸੈਯਾ ਛੰਦ-ਜਾਚਹਿਂ ਹੀਜ ਗਾਇ ਸੁਖ ਰਾਚਹਿਂ, ਜਾਚਿਏਂ ਧਨ, ਮਾਚਹਿਂ ਨਿਜ ਖੇਲ।
ਢੋਲਕ, ਟਲਕਾ ਘੁੰਘਰੂ, ਤਾਲੀ ਤਾਲ ਮਿਲਾਇ, ਭਵਾਲੀ ਮੇਲਿ।
ਹਾਥਨਿ ਭਾਵ ਉਸਾਰਤਿ ਸ਼ਾਰਤਿ ਵਾਰਤਿ ਵਥੁ, ਡਾਰਤਿ ਬਹੁ ਬੇਲ।
ਬੈਠਤਿ ਕਬਹੁਂ ਅਮੇਠਤਿ ਅੰਗਨ, ਭੌਹ ਅਮੇਠਤਿ, ਪੈਠਤਿ ਪੇਲ॥ ੨॥

ਖੁਸਰੇ ਨੱਚਦੇ ਹਨ ਤੇ ਗਾ ਕੇ ਸੁਖਦਾਈ ਵਾਤਾਵਰਨ ਪੈਦਾ ਕਰ ਰਹੇ ਹਨ, ਧਨ ਮੰਗਦੇ ਹਨ ਤੇ ਆਪਣੀਆਂ ਖੇਡਾਂ ਖੇਡਦੇ ਹਨ। ਢੋਲਕ ਟੱਲੀਆਂ, ਘੁੰਘਰੂ ਅਤੇ ਤਾਲ ਮਿਲਾ ਕੇ ਹੱਥਾਂ ਨਾਲ ਤਾਲੀਆਂ ਵਜਾਉਂਦੇ ਹਨ ਅਤੇ ਭੁਆਟਣੀਆਂ ਲੈਂਦੇ ਹਨ। ਹੱਥ ਉੱਚੇ ਕਰਕੇ ਇਸ਼ਾਰੇ ਕਰਦੇ ਹਨ ਅਤੇ ਬਹੁਤ ਵੇਲਾਂ ਪਾਉਂਦੇ ਹਨ। ਕਦੀ ਬੈਠ ਕੇ ਅੰਗ ਅਕੜਾਉਂਦੇ ਹਨ, ਭਰਵੱਟੇ ਚਾੜ੍ਹਦੇ ਹਨ ਅਤੇ ਕਦੀ ਧੱਕੇ ਮਾਰ ਕੇ ਦੂਸਰਿਆਂ ਨੂੰ ਪਰ੍ਹਾਂ ਕਰਕੇ ਉਸ ਦੀ ਥਾਂ ਮੱਲ ਲੈਂਦੇ ਹਨ॥ ੨॥

ਹੋਤਿ ਪ੍ਰਸੰਨ ਹੇਰਿ ਗੁਰ ਅਰਜਨ ਮਨਬਾਂਛਤਿ ਧਨ ਪਾਇ ਸੁ ਜਾਇਂ।
ਇੱਤਜਾਦਿਕ ਉਤਸਵ ਅਤਿ ਬਰਧਤਿ ਸੇਵਕ ਸਿੱਖ ਰਹੇ ਹਰਖਾਇ।
ਜਿਤਿ ਕਿਤਿ ਪੂਰਨ ਮੋਦ ਮਹਾਂ ਚਿਤ ਗਾਇ ਸ਼ਬਦ ਪਦ ਗੁਰੂ ਮਨਾਇ।
ਬਹੁ ਨਰ ਨਾਰਿ ਸ਼ਿੰਗਾਰ ਧਾਰਿ ਕਰਿ ਮਿਲੇ ਵਡਾਲੀ ਮਹਿਂ ਸਮੁਦਾਇ॥੩॥

ਗੁਰੂ ਅਰਜਨ ਦੇਵ ਜੀ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਸਾਰੇ ਮੂੰਹ ਮੰਗਿਆ ਧਨ ਪਾ ਕੇ ਜਾਂਦੇ ਹਨ, ਇਸ ਤਰ੍ਹਾਂ ਕਈ ਪ੍ਰਕਾਰ ਦੇ ਉਤਸਵ ਹੁੰਦੇ ਰਹੇ ਤੇ ਸਿੱਖ ਸੰਗਤ ਬਹੁਤ ਪ੍ਰਸੰਨ ਹੋ ਰਹੀ ਹੈ, ਜਿੱਥੇ ਕਿੱਥੇ ਪੂਰਨ ਚਾਅ ਮਲ੍ਹਾਰ ਹੋ ਰਿਹਾ ਹੈ, ਕਈ ਗੁਰੂ ਜੀ ਦੇ ਸ਼ਬਦ ਗਾ ਕੇ ਗੁਰੂ ਜੀ ਦੀ ਮੰਨਤਾ ਕਰ ਰਹੇ ਹਨ। ਬਹੁਤ ਨਰ ਨਾਰੀਆਂ ਹਾਰ ਸ਼ਿੰਗਾਰ ਕਰਕੇ ਵਡਾਲੀ ਪਿੰਡ ਵਿਚ ਆ ਇੱਕਠੇ ਹੋਏ॥ ੩॥

ਗ੍ਰਾਮ ਅਲਪ ਉਤਸਵ ਅਤਿ ਬਰਧਯੋ ਚਹੂੰ ਕੋਦ ਬਹੁ ਮੋਦ ਬਿਥਾਰ।
ਗ੍ਰਾਮ ਨਗਰ ਮਹਿਂ ਸੁਨਿ ਸਿਖ ਸੇਵਕ ਮਿਲਿ ਮਿਲਿ ਕਰਹਿਂ ਮੰਗਲਾਚਾਰ।
ਪ੍ਰਿਥੀਏ ਕੀ ਦਾਸੀ ਸੁਨਿ ਧਾਈ ਕੀਨਸਿ ਕਰਮੋ ਨਿਕਟ ਉਚਾਰ।
'ਗੁਰ ਅਰਜਨ ਕੇ ਜਨਮਯੋ ਨੰਦਨ ਜਹਿਂ ਕਹਿਂ ਹੋਇ ਰਹਯੋ ਜੈਕਾਰ॥੪॥

ਛੋਟੇ ਜੇਹੇ ਪਿੰਡ ਵਿਚ ਬਹੁਤ ਵੱਡਾ ਉਤਸਵ ਹੋਇਆ, ਚਾਰੇ ਪਾਸੇ ਖ਼ੁਸ਼ੀਆਂ ਪਸਰੀਆਂ ਹੋਈਆਂ ਸਨ, ਪਿੰਡਾਂ ਸ਼ਹਿਰਾਂ ਵਿਚ ਸਿੱਖ ਸੇਵਕ ਮਿਲ ਮਿਲ ਕੇ ਮੰਗਲਾਚਾਰ ਕਰ ਰਹੇ ਸਨ। ਜਦ ਇਹ ਸਭ ਕਝ ਪ੍ਰਿਥੀਏ ਦੀ ਦਾਸੀ ਨੇ ਵੇਖਿਆ, ਤਾਂ ਉਹ

ਭੱਜ ਕੇ ਕਰਮੋ ਪਾਸ ਗਈ ਅਤੇ ਇਸ ਤਰ੍ਹਾਂ ਕਿਹਾ, "ਗੁਰੂ ਅਰਜਨ ਦੇਵ ਦੇ ਘਰ ਪੁੱਤਰ ਨੇ ਜਨਮ ਲਿਆ ਹੈ, ਜਿਸ ਕਰਕੇ ਸਾਰੇ ਜੈ ਜੈ ਕਾਰ ਹੋ ਰਹੀ ਹੈ॥ ੪॥

ਗੁਰ ਕੇ ਓਕ ਬਿਹੀਨ ਰੋਕ ਜੇ ਕੀਨ ਬਿਲੋਕਨਿ ਸੋ ਕਹਿਂ ਬੈਨ।
'ਮੰਦਰ ਕੇ ਅੰਦਰ ਸਿਸ ਸੁੰਦਰ ਦੇਖਤਿ ਰਹੀ ਨ ਤ੍ਰਿਪਤੇ ਨੈਨ'।
ਅਧਿਕ ਸਰਾਹਤਿ ਰਿਦਾ ਉਮਾਹਤਿ ਚਾਹਤਿ ਚਿਤ ਹਿਤ ਤੇ ਬਿਛੁਰੈਂ ਨ।
ਹੋਤਿ ਅਨੰਦ ਬਿਲੰਦ ਵਡਾਲੀ ਦੇਨਿ ਲੇਨਿ ਬਹੁ ਹ੍ਵੈ ਤਿਨ ਐਨ॥ ੫ ॥

ਗੁਰੂ ਜੀ ਦਾ ਘਰ ਜਿਨ੍ਹਾਂ ਬਿਨਾਂ ਰੋਕ ਦੇ ਵੇਖਿਆ ਹੈ, ਉਹ ਬਚਨ ਕਹਿੰਦੇ ਹਨ ਕਿ ਘਰ ਦੇ ਅੰਦਰ ਸੁੰਦਰ ਬਾਲਕ ਨੂੰ ਵੇਖ ਕੇ ਅੱਖਾਂ ਤ੍ਰਿਪਤ ਨਹੀਂ ਹੁੰਦੀਆਂ। ਬਹੁਤ ਸ਼ਲਾਘਾ ਕਰਦੇ ਹਨ ਕਿ ਹਿਰਦਾ ਬੜਾ ਉਤਸ਼ਾਹਿਤ ਹੋ ਜਾਂਦਾ ਹੈ ਅਤੇ ਚਿੱਤ ਚਾਹੁੰਦਾ ਹੈ ਕਿ ਬਾਲਕ ਤੋਂ ਕਦੀ ਵਿਛੜੀਏ ਨਹੀਂ। ਵਡਾਲੀ ਪਿੰਡ ਵਿਚ ਅਨੰਦ ਹੋ ਰਿਹਾ ਹੈ, ਉਸ ਘਰ ਵਿਚ ਬਹੁਤ ਲੈਣ-ਦੇਣ ਹੋ ਰਿਹਾ ਹੈ॥ ੫॥

ਬਹੁ ਸੰਗਤਿ ਉਤਸਾਹਤਿ ਗਮਨਤਿ ਸਦਨ ਗੁਰੂ ਅਰਜਨ ਕੇ ਜਾਇ।
ਦਿਨ ਪ੍ਰਤਿ ਅਧਿਕ ਪ੍ਰਤਾਪ ਵਧਤਿ ਤਿਨ ਅਨ ਗਨ ਧਨ ਜਸ ਕੋ ਉਪਜਾਇ।
ਨਿਕਸੇ ਰਾਮਦਾਸ ਪੁਰਿ ਜਬਿ ਤੇ ਭਏ ਨ ਘਟ, ਐਸ਼੍ਵਰਜ ਬਧਾਇ।
ਤੁਮਰੇ ਨਰ ਕੁਛ ਥੋਰੇ ਆਵਹਿਂ ਤਹਾਂ ਉਪਾਇਨ ਬਹੁਤੀ ਆਇ॥ ੬ ॥

ਬਹੁਤ ਸੰਗਤ ਬੜੇ ਉਤਸ਼ਾਹ ਨਾਲ ਗੁਰੂ ਅਰਜਨ ਦੇਵ ਜੀ ਦੇ ਘਰ ਜਾਂਦੀ ਹੈ। ਪ੍ਰਤੀ ਦਿਨ ਬਹੁਤ ਪ੍ਰਤਾਪ ਵੱਧ ਰਿਹਾ ਹੈ। ਅਣਗਿਣਤ ਧਨ ਆ ਰਿਹਾ ਹੈ ਅਤੇ ਜੱਸ ਪਰਗਟ ਹੋ ਰਿਹਾ ਹੈ। ਜਦ ਦੇ ਰਾਮਦਾਸ ਪੁਰ ਤੋਂ ਨਿਕਲ ਕੇ ਗਏ ਹਨ ਐਸ਼੍ਵਰਜ ਘਟਿਆ ਨਹੀਂ, ਬਲਕਿ ਵਧ ਗਿਆ ਹੈ। ਤੁਹਾਡੇ ਘਰ ਬਹੁਤ ਥੋੜ੍ਹੇ ਮਨੁੱਖ ਆਉਂਦੇ ਹਨ, ਉਨ੍ਹਾਂ ਦੇ ਘਰ ਬਹੁਤ ਉਪਹਾਰ ਅਤੇ ਨਜ਼ਰਾਨੇ ਆਉਂਦੇ ਹਨ"॥ ੬॥

ਦਲਕਯੋ ਰਿਦ ਦਾਸੀ ਤੇ ਸੁਨਿ ਕਰਿ ਮਨਹੁਂ ਸਰਪ ਨੇ ਡਸੀ ਦੁਖੰਤਿ।
ਪੀਰੀ ਪਰੀ ਧੀਰ ਉਰ ਹਰਿਕਰਿ ਹੁਇ ਭੈ ਭੀਤ 'ਸ਼ਰੀਕ ਬਧੰਤਿ'।
ਬਹਯੋ ਜਾਤਿ ਚਿਤ ਚਿੰਤਾ ਸਲਿਤਾ ਖਾਨ ਪਾਨ ਕੁਛ ਤਨਕ ਕਰੰਤਿ।
ਦੁਰਬਲਤਾ ਅੰਗਨਿ ਭਈ ਸਗਰੇ ਉਸ਼ਨ ਸਾਸ ਬਹੁ ਬਾਰ ਭਰੰਤਿ॥ ੭ ॥

ਦਾਸੀ ਤੋਂ ਇਹ ਕੁਝ ਸੁਣ ਕੇ, ਉਸ ਦਾ ਹਿਰਦਾ ਫੱਟ ਗਿਆ, ਮਾਨੋਂ ਸੱਪ ਲੜ ਜਾਣ ਨਾਲ ਦੁੱਖੀ ਹੋਈ ਹੋਵੇ। ਰੰਗ ਪੀਲਾ ਪੈ ਗਿਆ ਤੇ ਹਿਰਦੇ ਦਾ ਧੀਰਜ ਜਾਂਦਾ ਰਿਹਾ, ਸ਼ਰੀਕ ਨੂੰ ਵਧਦਾ ਵੇਖ ਕੇ ਭੈ-ਭੀਤ ਹੋ ਕੇ ਬਹੁਤ ਦੁਖੀ ਹੋਈ। ਚਿੱਤ ਚਿੰਤਾ ਦੀ ਨਦੀ ਵਿਚ ਵਹਿੰਦਾ ਜਾਂਦਾ ਸੀ, ਖਾਣਾ ਪੀਣਾ ਸਭ ਵਿਸਰ ਗਿਆ ਸੀ। ਅੰਗ ਸਾਰੇ ਦੁਰਬਲ ਹੋ ਗਏ ਸਨ, ਬਹੁਤ ਵਾਰ ਲੰਮੇ ਲੰਮੇ ਅਤੇ ਤੱਤੇ ਤੱਤੇ ਸਾਹ ਭਰਦੀ ਹੈ॥ ੭॥

ਭਈ ਰਾਤਿ ਪਤਿ ਆਇ ਸਮੀਪੀ, ਮਨ ਸੰਕਟ ਕੋ ਭਨਤਿ ਕਰਾਲ।
'ਹੇ ਗੁਰ ਸੁਤ ! ਤੁਮ ਬਾਕ ਬਖਾਨਯੋ 'ਸ਼੍ਰੀ ਅਰਜਨ ਕੇ ਹੋਇ ਨ ਬਾਲ।
ਅਬਿ ਜਨਮਯੋ ਸੁੰਦਰ ਸਮ ਚੰਦਹਿ ਸਗਰੀ ਕਰਹਿਂ ਸਰਾਹਨਿ ਬਾਲ।
ਅਧਿਕ ਉਪਾਇਨ ਚਢਹਿ ਦਰਬ ਬਹੁ ਤਿਨ ਦੇ ਸੰਗਤਿ ਕਏ ਨਿਹਾਲ॥ ੮ ॥

ਜਦ ਰਾਤ ਪਈ ਤਾਂ ਪ੍ਰਿਥੀਆ ਪਾਸ ਆਇਆ ਤਾਂ ਵਿਕਰਾਲ ਸੰਕਟ ਬਾਰੇ ਉਸ ਨੂੰ ਦੱਸਿਆ, "ਹੇ ਗੁਰੂ ਪੁੱਤਰ ! ਤੁਸੀਂ ਬਚਨ ਕੀਤਾ ਸੀ ਕਿ ਗੁਰ ਅਰਜਨ ਦੇਵ ਦੇ ਘਰ ਪੁੱਤਰ ਪੈਦਾ ਨਹੀਂ ਹੋਵੇਗਾ, ਹੁਣ ਉਨ੍ਹਾਂ ਦੇ ਘਰ ਇਕ ਚੰਦ ਵਰਗੇ ਸੁੰਦਰ

Sri Satguru Jagjit Singh Ji eLlibrary NamdhariElibrary@gmail.com

ਪੁੱਤਰ ਨੇ ਜਨਮ ਲਿਆ ਹੈ, ਜਿਸ ਦੀ ਲੋਕ ਬਹੁਤ ਸ਼ਲਾਘਾ ਕਰਦੇ ਹਨ। ਬਹੁਤ ਉਪਹਾਰ ਅਤੇ ਧਨ ਦਾ ਚੜ੍ਹਾਵਾ ਚੜ੍ਹਦਾ ਹੈ ਅਤੇ ਮੰਗਤੇ ਨਿਹਾਲ ਹੋ ਰਹੇ ਹਨ॥ ੮॥

ਅਨਿਕ ਰੀਤਿ ਕੇ ਉਤਸਵ ਹੋਵਤਿ ਬਜਹਿ ਬਧਾਈ ਅਨੰਦ ਬਿਸਾਲ।
ਜਹਿਂ ਕਹਿਂ ਸੁਜਸ ਬਿਥਾਰਯੋ ਅਪਨੋ ਜਨਮ ਲਾਭ ਲੀਨਸਿ ਇਸ ਕਾਲ।
ਬਸਯੋ ਗ੍ਰਾਮ ਸੋ, ਤੁਮ ਪਿਤ ਕੇ ਪੁਰਿ ਤਊ ਨ ਸਮਤਾ ਭੀ ਤਿਸ ਨਾਲ।
ਬਚਨ ਕੂਰ ਪੁਨ ਭਏ ਤੁਮਾਰੇ ਮੈਂ ਝੂਰਤਿ ਹੇਰਤਿ ਅਸ ਹਾਲ॥ ੯॥

ਅਨੇਕ ਰੀਤੀਆਂ ਦੇ ਉਤਸਵ ਹੋ ਰਹੇ ਹਨ, ਵਿਸ਼ਾਲ ਅਨੰਦ ਭਰਪੂਰ ਵਧਾਈਆਂ ਵੱਜ ਰਹੀਆਂ ਹਨ, ਜਿਥੇ-ਕਿਥੇ ਸ੍ਰੇਸ਼ਟ ਜੱਸ ਫੈਲਿਆ ਹੈ। ਇਸ ਸਮੇਂ ਆਪਣੇ ਜਨਮ ਦਾ ਲਾਭ ਲੈ ਰਹੇ ਹਨ। ਛੋਟਾ ਜੇਹਾ ਪਿੰਡ ਘੁਗ ਵਸ ਗਿਆ ਹੈ, ਤੁਹਾਡੇ ਪਿਤਾ ਦਾ ਵਸਾਇਆ ਇਹ ਨਗਰ ਵੀ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ। ਤੁਹਾਡੇ ਬਚਨ ਝੂਠੇ ਹੋ ਗਏ ਹਨ, ਮੈਂ ਅਜਿਹਾ ਹਾਲ ਵੇਖ ਕੇ ਝੂਰ ਰਹੀ ਹਾਂ"॥ ੯॥

ਪ੍ਰਿਥੀਏ ਭਨਯੋ 'ਜਥਾ ਸੁਤ ਲੀਨਸਿ ਗਈ ਬ੍ਰਿੱਧ ਢਿਗ ਨਗਨ ਸੁ ਪਾਇ।
ਦੇਖਿ ਸੇਵ ਤਿਸਨੇ ਬਰ ਦੀਨਸਿ ਯਾਂਤੇ ਪੁੱਤ੍ਰ ਲੀਯੋ ਹਰਖਾਇ।
ਮੋਹਿ ਬਾਕ ਨਹਿਂ ਝੂਠ ਬਿਚਾਰਹੁ ਅਪਰ ਜਤਨ ਤੇ ਕਯੋਹੁਂ ਨ ਪਾਇ।
ਸ੍ਰੀ ਨਾਨਕ ਸੇਵਕ ਨੇ ਦੀਨਹੁਂ ਜਿਸ ਕੋ ਕੋਇ ਨ ਸਕਹਿ ਮਿਟਾਇ॥ ੧੦॥

ਪ੍ਰਿਥੀਏ ਨੇ ਕਿਹਾ, "ਨੰਗੇ ਪੈਰੀਂ ਬਾਬਾ ਬੁੱਢਾ ਜੀ ਪਾਸ ਪੁੱਤਰ ਲੈਣ ਗਈ ਸੀ, ਉਸ ਨੇ ਸੇਵਾ ਵੇਖ ਕੇ ਵਰ ਦੇ ਦਿੱਤਾ, ਇਸ ਕਰਕੇ ਪੁੱਤਰ ਪ੍ਰਾਪਤ ਕਰਕੇ ਖ਼ੁਸ਼ ਹੋ ਗਈ ਹੈ, ਮੇਰੇ ਬਚਨਾਂ ਨੂੰ ਝੂਠਾ ਨਾ ਵਿਚਾਰੋ, ਹੋਰ ਯਤਨਾਂ ਨਾਲ ਕਿਸੇ ਤਰ੍ਹਾਂ ਵੀ ਪਾ ਨਹੀਂ ਸੀ ਸਕਦੀ। ਸ੍ਰੀ ਨਾਨਕ ਦੇਵ ਜੀ ਦੇ ਸੇਵਕ ਨੇ ਜਿਸ ਨੂੰ ਵੀ ਵਰ-ਸਰਾਪ ਦਿੱਤਾ ਹੈ, ਉਸ ਨੂੰ ਕੋਈ ਵੀ ਮੇਟ ਨਹੀਂ ਸਕਦਾ॥ ੧੦॥

ਬਡੇ ਪੁਰਖ ਨਿਜ ਸੇਵਾ ਹੇਰਹਿਂ ਵਸਤੁ ਅਦੇਯ ਜੁ ਦੇਤਿ ਕ੍ਰਿਪਾਲ।
ਜਗ ਗੁਰ ਨੁਖਾ ਪਗਨਿ ਤੇ ਗਮਨੀ ਬਿਨ ਪਨਹੀ, ਸਿਰ ਭਾਰ ਉਠਾਲਿ।
ਸਕਲ ਟਹਿਲ ਅਪਨੇ ਕਰ ਕੀਨਸਿ ਸ੍ਰਮਿਤ ਭਈ ਹੁਇ ਖੇਦ ਬਿਸਾਲ।
ਇਸ ਉਪਾਇ ਤੇ ਨੰਦਨ ਪ੍ਰਾਪਤਿ ਨਾਂਹਿ ਤ ਮਮ ਬਚ ਸਹੈ ਕਰਾਲ॥ ੧੧॥

ਵੱਡੇ ਪੁਰਖ ਆਪਣੀ ਸੇਵਾ ਵੇਖ ਕੇ ਨਾ ਦੇਣ ਵਾਲੀ ਵਸਤੂ ਵੀ ਦੇ ਦਿੰਦੇ ਹਨ। ਜਗਤ ਗੁਰੂ ਰਾਮਦਾਸ ਜੀ ਦੀ ਨੂੰਹ ਨੰਗੇ ਪੈਰੀ ਬਿਨਾਂ ਜੁੱਤੀ ਦੇ ਸਿਰ ਤੇ ਭਾਰ ਚੁੱਕ ਕੇ ਗਈ, ਆਪਣੇ ਹੱਥਾਂ ਨਾਲ ਟਹਿਲ ਸੇਵਾ ਕੀਤੀ ਅਤੇ ਬਹੁਤ ਥੱਕ ਕੇ ਦੁੱਖ ਪਾਇਆ। ਇਸ ਉਪਾਅ ਨਾਲ ਪੁੱਤਰ ਪ੍ਰਾਪਤ ਕੀਤਾ, ਨਹੀਂ ਤਾਂ ਮੇਰੇ ਭਿਆਨਕ ਬਚਨ ਨੂੰ ਸਹਿੰਦੀ॥ ੧੧॥

ਭਯੋ ਪੁੱਤ੍ਰ ਤੌ ਕਹਾ ਅਬਿ ਹੋਯਹੁ ਰਿਦੇ ਹਮਾਰੇ ਸੱਲਜ ਸਮਾਨ।
ਨਹੀਂ ਉਖਾਰਹਿਂ ਜਾਵਤ ਇਸਕੋ ਤਾਵਤ ਉਪਜਤਿ ਕਰਕ ਮਹਾਨ।
ਨੀਂਦ ਨਿਸਾ ਨਹਿਂ ਭੋਜਨ ਦਿਨ ਮਹਿਂ ਚਿੰਤਾ ਬਧਹਿ ਨਦੀ ਨਿਤ ਆਨਿ।
ਜਤਨ ਬਨਹਿ ਜਿਮ,ਚਿਤਵਤਿ ਰਹੁ ਤਿਮ ਕਿਤਿਕ ਦਿਵਸ ਮਹਿਂ ਕਰਹਿਂ ਸੁਹਾਨ॥ ੧੨॥

ਜੇ ਪੁੱਤਰ ਹੋ ਗਿਆ ਹੈ ਤਾਂ ਹੁਣ ਕੀ ਹੋ ਗਿਆ ਹੈ, ਇਹ ਸਾਡੇ ਹਿਰਦੇ ਵਿਚ ਸੂਲ ਵਾਂਗ ਹੈ। ਜਦ ਤਕ ਇਸ ਨੂੰ ਉਖਾੜ ਨਹੀਂ ਸੁਟਦੇ, ਤਦ ਤਕ ਇਹ ਸਾਨੂੰ ਬਹੁਤ ਬੁਰੀ ਤਰ੍ਹਾਂ ਰੜਕਦਾ ਰਹੇਗਾ, ਰਾਤ ਨੂੰ ਨੀਂਦ ਨਹੀਂ ਆਵੇਗੀ ਅਤੇ ਦਿਨ ਨੂੰ

Sri Satguru Jagjit Singh Ji eLlibrary NamdhariElibrary@gmail.com

ਭੋਜਨ ਨਹੀਂ ਚੰਗਾ ਲਗੇਗਾ, ਨਿਤ ਨਵੀਂ ਚਿੰਤਾ ਵਧੇਗੀ। ਜਿਵੇਂ ਵੀ ਯਤਨ ਬਣੇ, ਸੋਚਦੇ ਰਹੋ, ਕੁਝ ਦਿਨਾਂ ਵਿਚ ਇਸ ਨੂੰ ਖਤਮ ਕਰ ਦੇਵਾਂਗੇ॥ ੧੨॥

ਜਯੋਂ ਕਯੋਂ ਗੁਰਤਾ ਨਿਜ ਘਰ ਰਾਖਹਿਂ ਇਸ ਹਿਤ ਠਾਨਹਿਂ ਅਨਿਕ ਉਪਾਇ।
ਜਬਿ ਲੌ ਮਾਤ ਗੋਦ ਮਹਿਂ ਬਾਲਕ ਤਬਿ ਲੌ ਤ੍ਰਿਯਾ ਜਾਇ ਕੋ ਘਾਇ।
ਕੁਛ ਚਤੁਰਾਈ ਸੋ ਕਰਿ ਪਹੁੰਚਹਿ ਕਰਹਿ ਸੁ ਘਾਤੁ ਘਾਤ ਕੋ ਪਾਇ।
ਅਸ ਇਸਤ੍ਰੀ ਖੋਜਤਿ ਨਿਤ ਰਹੀਅਹਿ, ਦੇਹੁ ਦਰਬ ਤਿਸ ਲੇਹੁ ਲੁਭਾਇ ॥੧੩॥

ਜਿਵੇਂ ਕਿਵੇਂ ਗੁਰਤਾ ਆਪਣੇ ਘਰ ਵਿਚ ਰੱਖਾਂਗੇ, ਇਸ ਵਾਸਤੇ ਕਈ ਹੋਰ ਉਪਾਅ ਕਰਾਂਗੇ। ਜਦ ਤਕ ਪੁੱਤਰ ਮਾਂ ਦੀ ਗੋਦੀ ਵਿਚ ਹੈ, ਕੋਈ ਵੀ ਇਸਤਰੀ ਜਾ ਕੇ ਇਸ ਨੂੰ ਮਾਰ ਸਕਦੀ ਹੈ। ਬੜੀ ਚਤਰਾਈ ਨਾਲ ਓਥੇ ਪਹੁੰਚੇ ਤੇ ਮੌਕਾ ਪਾ ਕੇ ਮਾਰ ਦੇਵੇ। ਅਜਿਹੀ ਇਸਤਰੀ ਸਦਾ ਲੱਭਦੀ ਰਹੋ, ਅਤੇ ਉਸ ਨੂੰ ਧਨ ਦੇ ਕੇ ਲਾਲਚ ਦੇਵੋ॥ ੧੩॥

ਨਿਜ ਪੁਰਿ ਮਹਿਂ ਹੁਇ ਸੋ ਤਹਿਂ ਪਹੁੰਚਹਿ ਮਿਸਿ ਕੁਛੁ ਕਰਹਿ ਰਹਹਿ ਤਿਨਿ ਧਾਮ।
ਕੈ ਤਿਸਿ ਗ੍ਰਾਮ ਹੋਹਿ ਬੁਲਵਾਵਹੁ ਕਰਹੁ ਲੁਭਾਵਨਿ ਦੈ ਕਰਿ ਦਾਮ।
ਕੈ ਦਾਸੀ ਤਿਸਿ ਰਹੇ ਸਮੀਪੀ ਸੋ ਸੁਖੇਨ ਹੀ ਕਰਿ ਹੈ ਕਾਮ।
ਖੋਜਤਿ ਰਹਹੁ ਆਜ ਤੇ ਤੈਸੀ ਬਾਲਕ ਹਨਹਿ ਮਿਲਹਿ ਅਸ ਬਾਮ ॥੧੪॥

ਜੇ ਉਹ ਆਪਣੇ ਨਗਰ ਵਿਚ ਹੋਵੇ ਤਾਂ ਉਹ ਓਥੇ ਜਾ ਕੇ ਪਹੁੰਚੇ ਤੇ ਉਨ੍ਹਾਂ ਦੇ ਘਰ ਵਿਚ ਜਾ ਕੇ ਰਹੇ। ਜਾਂ ਜੇ ਕਿਸੇ ਪਿੰਡ ਵਿਚ ਹੋਵੇ ਤਾਂ ਉਸ ਨੂੰ ਬੁਲਾਵੋ, ਤੇ ਉਸ ਦੇ ਹੱਥ ਵਿਚ ਧਨ ਦੇ ਕੇ ਲਾਲਚ ਦੇਵੋ। ਜਾਂ ਕੋਈ ਦਾਸੀ ਜੋ ਉਨ੍ਹਾਂ ਦੇ ਪਾਸ ਰਹਿੰਦੀ ਹੋਵੇ, ਤਾਂ ਉਹ ਸੌਖੇ ਹੀ ਸਾਡਾ ਕੰਮ ਕਰ ਸਕਦੀ ਹੈ, ਇਸ ਲਈ ਹੁਣ ਤੋਂ ਹੀ ਅਜੇਹੀ ਇਸਤਰੀ ਲੱਭਦੀ ਰਹੋ, ਐਸੀ ਇਸਤਰੀ ਮਿਲੇ ਜਿਹੜੀ ਬਾਲਕ ਨੂੰ ਖਤਮ ਕਰ ਦੇਵੇ'॥ ੧੪॥

ਇਮ ਮਸਲਤ ਕਰਿ ਹਰਖੀ ਕਰਮੋ ਕਰਮ ਕੂਰ ਮਹਿਂ ਦੁਰਮਤਿ ਧਾਰਿ।
ਅਚਯੋ ਅਸਨ, ਬਿਸਰਾਮੇ ਨਿਸ ਮਹਿਂ ਚਿਤ ਮਹਿਂ ਚਿਤਵਤਿ ਅਨਿਕ ਪ੍ਰਕਾਰ।
ਜਹਿਂ ਕਹਿਂ ਬੁੱਧਿ ਕੀਨ ਬਿਸਤਾਰਨਿ, ਖੋਜਤਿ ਮਨ ਕਰਿ ਤੈਸੀ ਨਾਰਿ।
ਭਈ ਪ੍ਰਭਾਤ ਚਿੰਤ ਗ਼ਲਤਾਨੀ ਪ੍ਰਿਯ ਦਾਸੀ ਕੋ ਨਿਕਟਿ ਹਕਾਰ ॥੧੫॥

ਇਸ ਤਰ੍ਹਾਂ ਸਲਾਹ ਕਰਕੇ ਕਰਮੋ ਬਹੁਤ ਪ੍ਰਸੰਨ ਹੋਈ, ਤੇ ਦੁਸ਼ਟ ਕਰਮ ਕਰਨ ਵਾਸਤੇ ਉਸ ਮਾੜੀ ਮੱਤ ਧਾਰਨ ਕਰ ਲਈ। ਭੋਜਨ ਖਾਧਾ, ਰਾਤ ਨੂੰ ਆਰਾਮ ਕੀਤਾ ਅਤੇ ਚਿੱਤ ਵਿਚ ਅਨੇਕ ਪ੍ਰਕਾਰ ਵਿਚਾਰ ਕੀਤੀ। ਜਿਥੇ-ਕਿਥੇ ਆਪਣੀ ਬੁੱਧੀ ਨੂੰ ਫੈਲਾਇਆ, ਮਨ ਕਰਕੇ ਅਜਿਹੀ ਇਸਤਰੀ ਨੂੰ ਲੱਭ ਰਹੀ ਸੀ। ਜਦ ਸਵੇਰ ਹੋਈ ਤਾਂ ਚਿੰਤਾ ਵਿਚ ਗਲਤਾਨ ਸੀ, ਆਪਣੀ ਪਿਆਰੀ ਦਾਸੀ ਨੂੰ ਪਾਸ ਬੁਲਾਇਆ॥ ੧੫॥

ਮਨ ਕੀ ਬ੍ਰਿਥਾ ਉਚਾਰਨਿ ਕੀਨਸਿ 'ਪੁਰਿ ਮਹਿਂ ਤੇ ਤ੍ਰਿਯ ਐਸੀ ਆਨਿ।
ਲੇ ਕਰਿ ਦਰਬ ਕਾਮੁ ਇਮ ਠਾਨਹਿਂ ਸ਼੍ਰੀ ਅਰਜਨ ਕੋ ਨੰਦਨ ਹਾਨਿ।
ਤਿਸ ਕੀ ਨਿਤ ਗੁਜ਼ਰਾਨ ਕਰਾਵਹਿਂ ਅਸਨ ਬਸਨ੍ ਦੇ ਸਭਿ ਸੁਖਦਾਨ।
ਹਿਤ ਕਰਿ ਨਿਤ ਖੋਜਤਿ ਰਹੁ ਚਿਤ ਕਰਿ ਇਹ ਮੇਰੋ ਲਖਿ ਕਾਜ ਮਹਾਨ' ॥੧੬॥

ਉਸ ਦਾਸੀ ਅੱਗੇ ਆਪਣੇ ਮਨ ਦੀ ਵਿਥਿਆ ਕਹੀ, "ਨਗਰ ਵਿਚੋਂ ਅਜਿਹੀ ਇਸਤਰੀ ਲੱਭ ਕੇ ਲਿਆਵੋ ਜਿਹੜੀ ਧਨ ਲੈ ਕੇ ਇਹ ਕੰਮ ਕਰ ਦੇਵੇ ਤੇ ਗੁਰੂ ਅਰਜਨ ਦੇਵ ਦੇ ਪੁੱਤਰ ਨੂੰ ਖਤਮ ਕਰ ਦੇਵੇ। ਉਸ ਦਾ ਨਿਤ ਦਾ ਗੁਜ਼ਾਰਾ ਕਰਾਵਾਂਗੇ ਅਤੇ

Sri Satguru Jagjit Singh Ji eLlibrary NamdhariElibrary@gmail.com

ਭੋਜਨ ਬਸਤਰ ਦੇ ਕੇ ਸਭ ਪ੍ਰਕਾਰ ਦਾ ਸੁੱਖ ਦੇਵਾਂਗੇ। ਬੜੇ ਹਿਤ ਨਾਲ ਸਦਾ ਅਜਿਹੀ ਇਸਤਰੀ ਲੱਭਦੀ ਰਹੋ, ਇਹ ਮੇਰਾ ਮਹਾਨ ਕਾਰਜ ਸਮਝੋ' ॥ ੧੬ ॥

ਇਮ ਦਾਸੀ ਕਰਿ ਗੋਪ ਬਾਤ ਕੋ ਸਨੈ ਸਨੈ ਬੂਝਤਿ ਬਹੁ ਨਾਰਿ।
ਇਤਿ ਸ੍ਰੀ ਅਰਜਨ ਅਤਿ ਉਤਸਾਹਤਿ ਮੰਗਤਿ ਕੋ ਦੇਂ ਦਰਬ ਅਪਾਰ।
ਸੁਨਿ ਸੁਨਿ ਦੂਰਿ ਦੂਰਿ ਤੇ ਆਵਹਿਂ ਲੇ ਕਰਿ ਗਮਨਹਿਂ ਸੁਜਸ ਉਚਾਰ।
ਬਡੇ ਭਾਗ ਜੁਤ ਸੁਤ ਸ਼ੁਭ ਜਨਮਯੋ ਜਹਿਂ ਕਹਿਂ ਜਿਸਤੇ ਹੁਇ ਜੈਕਾਰ ॥੧੭॥

ਇਸ ਤਰ੍ਹਾਂ ਦਾਸੀ ਸਾਰੀ ਗੱਲ ਨੂੰ ਗੁਪਤ ਰੱਖ ਕੇ ਬਹੁਤ ਇਸਤਰੀਆਂ ਪਾਸੋਂ ਹੌਲੀ-ਹੌਲੀ ਪੁੱਛਦੀ ਰਹੀ। ਦੂਸਰੇ ਪਾਸੇ ਗੁਰੂ ਅਰਜਨ ਦੇਵ ਜੀ ਬੜੇ ਉਤਸ਼ਾਹ ਨਾਲ ਮੰਗਤਿਆਂ ਨੂੰ ਅਪਾਰ ਧਨ ਦੇ ਰਹੇ ਸਨ। ਪੁੱਤਰ ਦੇ ਅਵਤਾਰ ਧਾਰਨ ਬਾਰੇ ਸੁਣ ਸੁਣ ਕੇ ਬੜੇ ਦੂਰ ਦੂਰ ਤੋਂ ਲੋਕ ਆਉਂਦੇ ਸਨ ਤੇ ਸ੍ਰੇਸ਼ਟ ਜੱਸ ਕਹਿ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਕਹਿੰਦੇ ਸਨ ਵੱਡੇ ਭਾਗ ਕਰਕੇ ਸ਼ੁਭ ਪੁੱਤਰ ਨੇ ਜਨਮ ਲਿਆ ਹੈ, ਜਿਥੇ-ਕਿਥੇ ਜਿਸ ਦੀ ਜੈ ਜੈਕਾਰ ਹੋ ਰਹੀ ਹੈ॥ ੧੭ ॥

ਅਧਿਕ ਪ੍ਰਸੰਨ ਹੋਤਿ ਸੁਤ ਹੇਰਤਿ ਬਲਿਹਾਰੀ ਹੁਇ ਕਰਤਿ ਦੁਲਾਰ।
ਸੂੰਘਤਿ ਮਸਤਕ ਪਰਮ ਪ੍ਰੇਮ ਤੇ ਬ੍ਰਿੱਧ ਕੋ ਲਖਹਿਂ ਮਹਾਂ ਉਪਕਾਰ।
ਕੀਨਿ ਛਠੀ ਕੋ ਉਤਸਵ ਭਾਰੀ ਸਭਿ ਕੋ ਦੀਨਿ ਕਰਾਹ ਅਹਾਰ।
ਬਾਜੇ ਦਰ ਪਰ ਬਾਜਤਿ ਹੈਂ ਬਹੁ ਸਿਖ ਸੰਗਤਿ ਸੁਖ ਕਰਹਿਂ ਉਦਾਰ ॥੧੮॥

ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਬਲਿਹਾਰ ਹੋ ਕੇ ਪੁੱਤਰ ਨੂੰ ਦੁਲਾਰਦੇ ਹਨ, ਬੜੇ ਪ੍ਰੇਮ ਨਾਲ ਮੱਥਾ ਚੁੰਮਦੇ ਹਨ ਤੇ ਬਾਬਾ ਬੁੱਢਾ ਜੀ ਦਾ ਮਹਾਂ ਉਪਕਾਰ ਸਮਝਦੇ ਹਨ। ਛਟੀ ਦਾ ਮਹਾਨ ਉਤਸਵ ਕੀਤਾ ਅਤੇ ਸਾਰਿਆਂ ਨੂੰ ਕੜਾਹ ਪ੍ਰਸ਼ਾਦਿ ਦਾ ਭੋਜਨ ਛਕਾਇਆ। ਦਰਵਾਜ਼ੇ 'ਤੇ ਵਾਜੇ ਵੱਜ ਰਹੇ ਹਨ ਤੇ ਸਿੱਖ ਸੰਗਤ ਉੱਤਮ ਸੁਖ ਪ੍ਰਾਪਤ ਕਰ ਰਹੀ ਹੈ॥ ੮ ॥

ਦਸ ਦਿਨ ਬੀਤੇ ਪੁਨ ਉਤਸਵ ਭਾ ਮੰਗਲ ਕਰਹਿਂ ਅਨੇਕ ਪ੍ਰਕਾਰ।
ਕੁਲ ਕੀ ਸਗਲ ਰੀਤਿ ਸ਼ੁਭ ਕੀਨਸਿ ਜਥਾ ਬ੍ਰਿਧਨ ਕੇ ਅੰਗੀਕਾਰ।
ਲਘੁ ਦੁੰਦਭਿ ਕੀ ਹੋਤਿ ਮਧੁਰ ਧੁਨਿ ਸੁਨਿ ਸ਼੍ਰੋਨਨਿ ਤੇ ਅਨੰਦ ਉਦਾਰ।
ਬਜਹਿਂ ਨਫੀਰਨਿ, ਗਾਇਂ ਸਬਦ ਬਿਚ, ਖਰੇ ਲੋਕ ਉਚਰੈਂ ਜੈਕਾਰ ॥੧੯॥

ਜਦ ਦਸ ਦਿਨ ਬੀਤੇ ਤਾਂ ਮੁੜ ਉਤਸਵ ਹੋਇਆ, ਅਨੇਕ ਪ੍ਰਕਾਰ ਨਾਲ ਅਨੰਦ ਮੰਗਲ ਹੋ ਰਹੇ ਹਨ। ਕੁਲ ਦੀ ਸਾਰੀ ਰੀਤੀ ਕੀਤੀ ਗਈ ਜਿਵੇਂ ਵੱਡਿਆਂ ਦੀ ਮਰਯਾਦਾ ਹੈ। ਧੌਂਸਿਆਂ ਦੀਆਂ ਮਿੱਠੀਆਂ ਧੁਨਾਂ ਸੁਣ ਕੇ ਸ੍ਰੋਤੇ ਕੰਨਾਂ ਨਾਲ ਸੁਣ ਕੇ ਬਹੁਤ ਅਨੰਦ ਲੈ ਰਹੇ ਹਨ। ਨਫੀਰੀਆਂ ਵੱਜ ਰਹੀਆਂ ਹਨ। ਵਿਚ ਸ਼ਬਦ ਗਾ ਰਹੇ ਸਨ ਅਤੇ ਖੜੇ ਲੋਕ ਜੈ ਜੈਕਾਰ ਦਾ ਉਚਾਰਨ ਕਰ ਰਹੇ ਹਨ॥ ੧੯ ॥

ਆਦਿ ਬਿਲਾਵਲ ਸੁੰਦਰ ਰਾਗਨਿ ਗਾਇਂ ਰਬਾਬੀ ਪ੍ਰੇਮ ਲਗਾਇ।
ਸੁਨਿ ਸੁਨਿ ਸਿਖ ਸੇਵਕ ਕੇ ਹਿਰਦੇ ਦ੍ਰਵਹਿਂ ਰੀਝ ਹੀ ਮੋਦ ਬਢਾਇ।
ਬਖਸ਼ਹਿਂ ਬਸਤ੍ਰ ਬਿਭੂਖਨ ਬਹੁ ਬਿਧਿ ਬਿਰਮਤ ਬੈਠਹਿਂ ਉਠਿ ਨ ਸਕਾਇ।
ਧੰਨ ਧੰਨ ਗੁਰੁ ਧੰਨ ਜਨਮ ਸਿਸ ਜਿਸ ਤੇ ਦਸ ਦਿਸ਼ ਜਸ ਪਸਰਾਇ ॥੨੦॥

ਰਬਾਬੀ ਪ੍ਰੇਮ ਲਾ ਕੇ ਬਿਲਾਵਲ ਆਦਿ ਸੁੰਦਰ ਰਾਗ ਗਾ ਰਹੇ ਹਨ। ਸੁਣ ਸੁਣ ਕੇ ਸਿੱਖ ਸੇਵਕਾਂ ਦੇ ਹਿਰਦੇ ਪ੍ਰੇਮ ਵਿਚ

ਗਦਗਦ ਹੋ ਰਹੇ ਹਨ। ਬਹੁਤ ਵਿਧੀਆਂ ਅਨੁਸਾਰ ਵਸਤਰ ਅਤੇ ਗਹਿਣੇ ਬਖਸ਼ਦੇ ਹਨ, ਕੀਲੇ ਹੋਏ ਬੈਠੇ ਰਹਿੰਦੇ ਹਨ, ਤੇ ਉੱਠ ਨਹੀਂ ਸਕਦੇ। ਕਹਿੰਦੇ ਹਨ, ਗੁਰੂ ਜੀ ਧੰਨ ਹਨ, ਧੰਨ ਸਾਹਿਬਜ਼ਾਦੇ ਨੇ ਜਨਮ ਲਿਆ ਹੈ, ਦਸੀਂ ਪਾਸੀਂ ਜੱਸ ਪਸਰਿਆ ਹੋਇਆ ਹੈ॥ ੨੦॥

ਬਧਤਿ ਸਰੀਰ ਦੂਜ ਤੇ ਜਸ ਸਸਿ ਤਿਮ ਤਿਮ ਸੁੰਦਰਤਾ ਅਧਿਕਾਇ।
ਏਕ ਮਾਸ ਬੀਤਯੋ ਜਬਿ ਐਸੇ ਕਰਤਿ ਦੁਲਾਰ ਮਾਤ ਬਲ ਜਾਇ।
ਰਾਤ ਦਿਵਸ ਸੁਤ ਕੋ ਮੁਖ ਦੇਖਹਿ ਨਹਿਂ ਲੋਚਨ ਕਯੋਂਹੂੰ ਤ੍ਰਿਪਤਾਇ।
ਬਰਬਸ ਨਿੰਦ੍ਰਾ ਅਧਿਕ ਬਧਹਿ ਜਬਿ ਸੁਪਤਹਿ, ਛਿਪ੍ਰ ਜਾਗ ਕੋ ਪਾਇ ॥੨੧॥

ਜਿਵੇਂ ਦੂਜ ਦਾ ਚੰਦਰਮਾਂ ਵਧਦਾ ਹੈ, ਇਸ ਤਰ੍ਹਾਂ ਸਾਹਿਬਜ਼ਾਦੇ ਦਾ ਸਰੀਰ ਵਧ ਰਿਹਾ ਹੈ ਅਤੇ ਸੁੰਦਰਤਾ ਵਿਚ ਬਹੁਤ ਨਿਖਾਰ ਆ ਰਿਹਾ ਹੈ। ਇਸ ਤਰ੍ਹਾਂ ਜਦ ਇਕ ਮਹੀਨਾ ਬੀਤਿਆ, ਮਾਤਾ ਜੀ ਪੁੱਤਰ ਨੂੰ ਦੁਲਾਰ ਕੇ ਬਲਿਹਾਰ ਜਾਂਦੇ ਹਨ। ਰਾਤ ਦਿਨ ਪੁੱਤਰ ਦੇ ਮੁਖੜੇ ਨੂੰ ਵੇਖਦੇ ਰਹਿੰਦੇ ਹਨ, ਫਿਰ ਵੀ ਕਿਸੇ ਤਰ੍ਹਾਂ ਨੈਣ ਤ੍ਰਿਪਦੇ ਨਹੀਂ ਹਨ। ਜਦ ਸੌਂਦੇ ਹਨ ਤਾਂ ਜਦ ਜ਼ੋਰੋ-ਜ਼ੋਰੀ ਨੀਂਦ ਵਧ ਜਾਂਦੀ ਹੈ ਤਾਂ ਫੌਰਨ ਜਾਗ ਪੈਂਦੇ ਹਨ॥ ੨੧॥

ਜਨੁ ਪੰਨਗ ਮਨ ਮਨਿ ਸੋਂ ਲਾਗਯੋ ਅਹਿਨਿਸ ਰਾਖਨ ਮਹਿਂ ਹਿਤਕਾਰ।
ਨਿੰਦ੍ਰਾ ਤੇ ਜਬਿ ਉਘਰਹਿਂ ਲੋਚਨ ਤਨੁਜ ਬਦਨ ਪਰ ਦ੍ਰਿਸ਼ਟਿ ਪਸਾਰ।
ਪਾਲਤਿ, ਲਾਲਤਿ, ਘਾਲਤਿ ਘਾਲੇ, ਡਾਲਤਿ ਨਯਨ ਸ਼ਯਾਮਤਾ ਚਾਰੁ।
ਝਗਲੀ ਝੀਨ ਮਹੀਨ ਸੂਤ ਕੀ ਬਰਨ ਬਰਨ ਕੀ ਪਾਇ ਸੁਧਾਰਿ ॥੨੨॥

ਮਾਨੋਂ ਸੱਪ ਦਾ ਮਨ ਮਣੀ ਨਾਲ ਲੱਗਾ ਹੈ, ਦਿਨ ਰਾਤ ਰਾਖੀ ਕਰਨ ਵਿਚ ਹੀ ਆਪਣਾ ਹਿਤ ਸਮਝਦੇ ਹਨ। ਜਦ ਨੀਂਦ ਵਿਚੋਂ ਅੱਖਾਂ ਖੁਲ੍ਹਦੀਆਂ ਹਨ, ਤਾਂ ਪੁੱਤਰ ਦੇ ਮੁੱਖ ਉੱਤੇ ਦ੍ਰਿਸ਼ਟੀ ਫੈਲਾ ਦਿੰਦੇ ਹਨ, ਪਾਲਦੇ ਹਨ, ਲਾਡ ਲਡਾਉਂਦੇ ਹਨ, ਸੇਵਾ ਕਰਦੇ ਹਨ ਅਤੇ ਬਾਲਕ ਦੇ ਨੇਤ੍ਰਾਂ ਵਿਚ ਸੁਹਣਾ ਸੁਰਮਾ ਪਾਉਂਦੇ ਹਨ। ਬਾਲਕ ਦੀ ਫਰਾਕ ਬੜੇ ਬਰੀਕ ਸੂਤ ਦੀ ਬਣੀ ਹੈ, ਜਿਸ ਨੂੰ ਬੜਾ ਸੰਵਾਰ ਕੇ ਪਾਉਂਦੇ ਹਨ॥ ੨੨॥

ਕੰਚਨ ਕੇ ਕੰਕਨ ਕਰਵਾਇਸ ਜੁਗ ਜੁਗ ਹੀਰੇ ਜਰੇ ਜਰਾਇ।
ਛੁੱਦ੍ਰਘੰਟਕਾ ਬਾਜਨਵਾਰੀ ਕਾਰੀਗਰ ਨੇ ਘਰੀ ਸੁਹਾਇ।
ਪਾਵਨ ਪਦਪੰਕਜ ਮਹਿਂ ਨੂਪਰ ਰੁਣਕਤਿ ਰੁਚਿਰ ਜਿ ਉਰਧ ਉਚਾਇ।
ਛਾਪ ਛਲਾਇਨਿ ਗਰ ਕੇ ਭੂਖਨ ਸ਼ੋਭਤਿ ਸਭਿ ਹੀ ਸ਼ੁਭ ਪਹਿਰਾਇ ॥੨੩॥

ਸੋਨੇ ਦੇ ਕੰਗਣ ਬਣਾ ਕੇ ਦੋ ਦੋ ਹੀਰੇ ਜੜਾਏ ਹਨ, ਤੜਾਗੀ ਨਾਲ ਕਾਰੀਗਰ ਨੇ ਸੋਹਣੇ ਘੁੰਗਰੂ ਘੜ ਕੇ ਬੰਨ੍ਹੇ ਹਨ, ਜਿਹੜੇ ਖੜਕਦੇ ਹਨ। ਪਵਿੱਤਰ ਚਰਨ ਕੰਵਲਾਂ ਵਿਚ ਸੋਹਣੀਆਂ ਝਾਂਜਰਾਂ ਖੜਕਦੀਆਂ ਹਨ, ਜਦੋਂ ਚਰਨਾਂ ਨੂੰ ਉੱਚਾ ਉਠਾਉਂਦੇ ਹਨ। ਛਾਪ ਛੱਲੇ ਅਤੇ ਗਲ਼ ਦੇ ਗਹਿਣੇ ਜਿਹੜੇ ਪਹਿਨਾਏ ਗਏ ਹਨ, ਬਹੁਤ ਸ਼ੁਭ ਸ਼ੋਭ ਰਹੇ ਹਨ॥ ੨੩॥

ਸ਼ਯਾਮ ਬਿੰਦੁ ਸੁੰਦਰ ਬਿਚ ਭੌਹਨ ਸ਼ਯਾਮ ਕੇਸ ਐਸੇ ਛਬਿ ਪਾਇ।
ਅਲ ਕੋ ਬਾਲਕ ਅਲ ਗਨ ਤਜਿ ਕਰਿ ਧਸਯੋ ਪੰਕ ਅੰਮ੍ਰਿਤ ਕੇ ਆਇ।
ਡੀਠ ਨ ਲਗਹਿ ਡਰਤਿ ਉਰ ਜਨਨੀ ਵਾਰਤਿ ਰਾਈ ਲੋਂਨ ਮੰਗਾਇ।
ਤਿਨਕਾ ਤੋਰਿ ਤੋਰਿ ਕਰਿ ਗੇਰਤਿ ਰੱਛਕ ਸ੍ਰੀ ਨਾਨਕ ਲੇ ਨਾਇ ॥੨੪॥

ਕਾਲੀ ਬਿੰਦੀ ਭਾਵ ਤਿਲ, ਭੌਹਾਂ ਦੇ ਕਾਲੇ ਕੇਸਾਂ ਦੇ ਵਿਚਕਾਰਲੇ ਥਾਂ ਬਹੁਤ ਸ਼ੋਭਦੀ ਹੈ, ਜਿਵੇਂ ਭੌਰਿਆਂ ਦਾ ਬੱਚਾ

Sri Satguru Jagjit Singh Ji eLlibrary NamdhariElibrary@gmail.com

ਭੌਰਿਆਂ ਦੀ ਡਾਰ ਛੱਡ ਕੇ ਅੰਮ੍ਰਿਤ ਰਸ ਵਿਚ ਆ ਧਸਿਆ ਹੋਵੇ। (ਭਰਵੱਟੇ ਭੌਰਿਆਂ ਦੀਆਂ ਡਾਰਾਂ ਹਨ, ਬਿੰਦੀ ਭੌਰਿਆਂ ਦਾ ਬੱਚਾ ਹੈ, ਭਰਵੱਟਿਆਂ ਦਾ ਵਿਚਕਾਰਲਾ ਥਾਂ ਤ੍ਰਿਕੁਟੀ ਦਾ ਟਿਕਾਣਾ ਹੋਣ ਕਰਕੇ ਅੰਮ੍ਰਿਤ ਦਾ ਪੰਕ ਹੈ)। ਜਦ ਦਿਖਾਈ ਨਹੀਂ ਦਿੰਦੇ ਤਾਂ ਮਾਤਾ ਜੀ ਡਰਦੇ ਹਨ ਤੇ ਰਾਈ ਤੇ ਲੂਣ ਮੰਗਵਾ ਕੇ ਵਾਰਦੇ ਹਨ। ਤੀਲੇ ਤੋੜ ਤੋੜ ਕੇ ਥੱਲੇ ਸੁਟਦੇ ਹਨ ਤੇ ਨਾਲ-ਨਾਲ ਰੱਖਿਅਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲੈਂਦੇ ਹਨ॥ ੨੪॥

ਜੇਵਰ ਜਰੇ ਜਵਾਹਰ ਜ਼ਾਹਰ ਜ਼ੇਬ ਅਜਾਇਬ ਜਬਰ ਜਰੰਤਿ।
ਸੁਵਰਨ ਕੋ ਸੁ ਵਰਨ ਤਨ ਦੁਤਿ ਮਿਲਿ ਸਮਤਾ ਤੇ ਭੇਵ ਨ ਲਖਿਯੰਤਿ।
ਕਰਕਸ ਹੋਤਿ ਸਪਰਸ ਜਾਨੀਯਤ ਕੈ ਹੀਰਨ ਕੀ ਦਮਕ ਦਿਖੰਤਿ।
ਤਿਨ ਕੀ ਉਪਮਾ ਕਹੌਂ ਕੌਨ ਕੀ ਮਨ ਭ੍ਰਮ ਹਾਰਯੋ ਲਘੁ ਲਗੰਤ॥੨੫॥

ਜੜਾਊ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਬੜੀ ਸ਼ੋਭਾ ਪਾ ਰਹੇ ਹਨ ਅਤੇ ਅਜੀਬ ਢੰਗ ਨਾਲ ਜੜੇ ਹਨ। ਸੋਨੇ ਅਤੇ ਤਨ ਦੇ ਸ੍ਰੇਸ਼ਟ ਰੰਗ ਦੀ ਸ਼ੋਭਾ ਇਕੋ ਜਿਹੇ ਹੋਣ ਕਰਕੇ ਭੇਦ ਨਹੀਂ ਪਾਇਆ ਜਾਂਦਾ। ਛੂਹਣ ਨਾਲ ਖੁਰਦਰਾ ਜਾਂ ਕਰੜਾ ਲੱਗਦਾ ਹੈ ਅਤੇ ਹੀਰਿਆਂ ਦੀ ਚਮਕ ਦਿਖਾਈ ਦਿੰਦੀ ਹੈ। ਉਨ੍ਹਾਂ ਦੀ ਉਪਮਾ ਕੌਣ ਕਹਿ ਸਕਦਾ ਹੈ, ਮਨ ਭਰਮ ਕਰਕੇ ਹਾਰ ਜਾਂਦਾ ਹੈ, ਕਿਉਂਕਿ ਉਸ ਦੇ ਸਾਹਮਣੇ ਹੋਰ ਸਾਰੀਆਂ ਉਪਮਾਵਾਂ ਤੁੱਛ ਲੱਗਦੀਆਂ ਹਨ॥ ੨੫॥

ਦੋਹਰਾ- ਇਸ ਪ੍ਰਕਾਰ ਬ੍ਰਿੱਧਤਿ ਗੁਰੂ ਸੁੰਦਰ ਸਰਬ ਸਰੀਰ।
ਅੰਗ ਬਿਲੰਦ ਬਿਲੋਕੀਯਤਿ ਹਰਗੁਬਿੰਦ ਮਤਿ ਧੀਰ॥ ੨੬॥

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦਾ ਸੁੰਦਰ ਸਰੀਰ ਵਧ ਰਿਹਾ ਹੈ। ਸ੍ਰੀ ਹਰਿਗੋਬਿੰਦ ਧੀਰਜਵਾਨ ਦੇ ਅੰਗ ਵੱਡੇ-ਵੱਡੇ ਹਨ॥ ੨੬॥

*ਤੀਸਰੀ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥*

## ਅਧਿਆਇ ਸੱਤਵਾਂ

### *ਪ੍ਰਿਥੀਏ ਨੇ ਇਕ ਦਾਈ ਨੂੰ ਜ਼ਹਿਰ ਦੇਣ ਵਾਸਤੇ ਭੇਜਿਆ*

ਦੋਹਰਾ- ਪ੍ਰਿਥੀਏ ਕੀ ਦਾਸੀ ਫਿਰੀ ਖੋਜਤਿ ਦੁਰਮਤਿ ਨਾਰਿ।
ਇਕ ਨੇ ਕਹਿ ਧੀਰਜ ਦਈ 'ਤੋਹਿ ਕਰੋ ਮੈਂ ਕਾਰ'॥ ੧॥

ਪ੍ਰਿਥੀਏ ਦੀ ਦਾਸੀ ਕਿਸੇ ਮਾੜੀ ਮੱਤ ਵਾਲੀ ਇਸਤਰੀ ਨੂੰ ਲੱਭਦੀ ਫਿਰਦੀ ਸੀ। ਇਕ ਇਸਤਰੀ ਨੇ ਉਸ ਨੂੰ ਧੀਰਜ ਦਿੱਤਾ ਅਤੇ ਕਿਹਾ, "ਮੈਂ ਤੇਰਾ ਇਹ ਕੰਮ ਕਰਾਂਗੀ"॥ ੧॥

*ਸੈਯਾ ਛੰਦ-* ਰਾਮਦਾਸ ਪੁਰਿ ਬਸਹਿ ਕੁਚਲਣੀ ਧਾਇਨ ਕੀ ਕ੍ਰਿਤ ਤੇ ਗੁਜ਼ਰਾਨ।
ਦਾਸੀ ਮਸਲਤ ਅਘੁ ਕੀ ਕਰਿਕੈ ਕਰਮੋ ਨਿਕਟ ਸੁ ਮੇਲੀ ਆਨਿ।
ਸਾਦਰ ਸਦਨ ਬਿਠਾਇ ਸਮੀਪੀ ਪੂਰਬ ਭਾਖਯੋ ਕਸ਼ਟ ਮਹਾਨ।
'ਅਨੁਜ ਲੀਨਿ ਗੁਰਤਾ ਬਿਪ੍ਰੀਤੀ ਜੇਠੋ ਬੈਠੋ ਰਹਯੋ ਸੁਜਾਨ॥ ੨॥

ਰਾਮਦਾਸ ਪੁਰ ਨਗਰ ਵਿਚ ਇਕ ਭੈੜੇ ਚਾਲਚਲਣ ਵਾਲੀ ਇਸਤਰੀ ਦਾਈ ਦਾ ਕੰਮ ਕਰਕੇ ਗੁਜ਼ਾਰਾ ਕਰਦੀ ਸੀ। ਦਾਸੀ ਨੇ ਉਸ ਨਾਲ ਪਾਪ ਕਰਨ ਬਾਰੇ ਰਾਏ ਕਰਕੇ, ਉਸ ਨੂੰ ਲਿਆ ਕੇ ਕਰਮੋ ਨੂੰ ਮਿਲਾ ਦਿੱਤਾ। ਕਰਮੋ ਨੇ ਉਸ ਨੂੰ ਬੜੇ ਆਦਰ ਨਾਲ ਘਰ ਬਿਠਾਇਆ ਅਤੇ ਪਹਿਲਾਂ ਆਪਣੇ ਮਹਾਨ ਕਸ਼ਟ ਦੀ ਗੱਲ ਕੀਤੀ। ਛੋਟੇ ਭਰਾ ਨੇ ਉਲਟੀ ਰੀਤੀ ਕਰਕੇ ਗੁਰਤਾ ਲੈ ਲਈ ਹੈ, ਚਤੁਰ ਜੇਠ ਖਾਲੀ ਬੈਠਾ ਰਹਿ ਗਿਆ ਹੈ॥ ੨॥

ਬਹੁ ਉਪਚਾਰਨ ਤੇ ਨਿਪਜਯੋ ਸੁਤ ਤਿਨਹੁੰ ਕੀਨਿ ਉਤਸਵ ਹਰਖਾਇ।
ਕਹੈ ਕਿ 'ਗਾਦੀਕੋ ਇਹ ਮਾਲਕ ਪਾਛੈ ਗੁਰਤਾ ਲੇ ਸ਼ੁਭ ਪਾਇ'।
ਪੂਰਬ ਆਸ ਹੁਤੀ ਹਮਰੇ ਮਨ 'ਸ੍ਰੀ ਅਰਜਨ ਜਬਿ ਤਨ ਬਿਨਸਾਇ।
ਸੰਤਤਿ ਨਹੀਂ, ਬਨਹਿਂ ਹਮ ਹੀ ਗੁਰ, ਚਾਰਹੁੰ ਦਿਸ਼ ਕੇ ਪੂਜ ਕਹਾਇਂ' ॥੩॥

ਬਹੁਤ ਉਪਚਾਰ ਕਰਨ ਬਾਅਦ ਪੁੱਤਰ ਪੈਦਾ ਹੋਇਆ ਹੈ, ਉਨ੍ਹਾਂ ਨੇ ਪ੍ਰਸੰਨ ਹੋ ਕੇ ਬਹੁਤ ਉਤਸਵ ਕੀਤਾ ਹੈ। ਕਹਿੰਦੇ ਹਨ ਕਿ ਇਹ ਗੱਦੀ ਦਾ ਮਾਲਕ ਹੈ, ਪਿਛੋਂ ਇਹ ਸ਼ੁਭ ਗੁਰਤਾ ਪ੍ਰਾਪਤ ਕਰੇਗਾ। ਪਹਿਲਾਂ ਸਾਡੇ ਮਨ ਵਿਚ ਇਹ ਆਸ ਸੀ ਕਿ ਜਦ ਸ੍ਰੀ ਗੁਰੂ ਅਰਜਨ ਦੇਵ ਪਰਲੋਕ ਸਿਧਾਰ ਜਾਣਗੇ ਤਾਂ ਉਨ੍ਹਾਂ ਦੀ ਸੰਤਾਨ ਨਾ ਹੋਣ ਕਰਕੇ, ਅਸੀਂ ਹੀ ਗੁਰੂ ਬਣਾਂਗੇ ਤੇ ਚਾਰੇ ਪਾਸਿਆਂ ਤੋਂ ਪੂਜਨੀਕ ਕਹਾਵਾਂਗੇ॥ ੩॥

ਜਬਿ ਕੋ ਨੰਦਨ ਤਿਨ ਕੇ ਜਨਮਯੋਂ ਤਬਿ ਤੇ ਹਮ ਹੁਇ ਗਏ ਨਿਰਾਸ।
ਅਬਿ ਉਪਾਇ ਅਸ ਕਰਿ ਚਿਤ ਚਿਤਵਨਿ ਜਿਸ ਤੇ ਬਾਲਕ ਹੋਇ ਬਿਨਾਸ।
ਪੁਨ ਤਿਨ ਕੇ ਜਨਮੇ ਨ ਆਤਮਜ ਹਮਰੇ ਕਾਜ ਹੋਇਂ ਸਭਿ ਰਾਸ।
ਦਰਬ ਆਦਿ ਸੁੰਦਰ ਸਭਿ ਵਸਤੂ ਚਹੁੰ ਦਿਸ਼ ਤੇ ਚਲਿ ਆਇ ਅਵਾਸ ॥੪॥

ਜਦ ਤੋਂ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ ਹੈ, ਤਦ ਦੇ ਅਸੀਂ ਨਿਰਾਸ਼ ਹੋ ਗਏ ਹਾਂ। ਹੁਣ ਅਸੀਂ ਇਸ ਤਰ੍ਹਾਂ ਉਪਾਅ ਸੋਚਿਆ ਹੈ ਕਿ ਜਿਸ ਕਰਕੇ ਬਾਲਕ ਖਤਮ ਹੋ ਜਾਵੇ, ਫਿਰ ਉਨ੍ਹਾਂ ਦੇ ਘਰ ਪੁੱਤਰ ਜਨਮ ਨਹੀਂ ਲਵੇਗਾ ਤੇ ਸਾਡੇ ਸਾਰੇ ਕੰਮ ਰਾਸ ਹੋ ਜਾਣਗੇ। ਧਨ ਆਦਿ ਸੁੰਦਰ ਵਸਤਾਂ ਫਿਰ ਚਾਰੇ ਪਾਸਿਆਂ ਤੋਂ ਚਲ ਕੇ ਸਾਡੇ ਘਰ ਆਉਣਗੀਆਂ॥ ੪॥

ਤਬਿ ਤੇਰੀ ਬਹੁ ਕਰਹਿਂ ਜੀਵਕਾ ਭੋਜਨ ਬਸਨ ਸਕਲ ਪਰਵਾਰ।
ਨਿਜ ਘਰ ਤੇ ਹਮ ਦੇਹਿਂ ਤੋਹਿ ਕਹੁ ਅਰੁ ਤੇਰੋ ਜਾਨਹਿਂ ਉਪਕਾਰ।
ਮਿਹਰਵਾਨ ਕੇ ਪਿਤਾ ਪਾਸ ਤੇ ਆਦਰ ਮੈਂ ਕਰਿਵਾਉਂ ਉਦਾਰ।
ਇਹ ਕਾਰਜ ਨਿਜ ਚਾਤੁਰਤਾ ਤੇ ਕਰਹਿਂ ਅਬਹਿ ਉਪਜਹਿ ਸੁਖ ਸਾਰ ॥੫॥

ਤਦ ਤੇਰੇ ਜੀਵਨ ਨਿਰਬਾਹ ਵਾਸਤੇ ਸਾਰੇ ਪਰਿਵਾਰ ਨੂੰ ਬਹੁਤ ਭੋਜਨ ਵਸਤਰ ਦੇਵਾਂਗੇ, ਅਸੀਂ ਸਭ ਕੁਝ ਤੈਨੂੰ ਆਪਣੇ ਘਰ ਤੋਂ ਦੇਵਾਂਗੇ ਤੇ ਤੇਰਾ ਉਪਕਾਰ ਵੀ ਜਾਣਾਂਗੇ। ਮਿਹਰਵਾਨ ਦੇ ਪਿਤਾ ਜੀ ਪਾਸੋਂ ਤੇਰਾ ਮੈਂ ਬਹੁਤ ਆਦਰ-ਮਾਣ ਕਰਵਾਵਾਂਗੀ। ਇਹ ਕਾਰਜ ਆਪਣੀ ਚਤੁਰਾਈ ਨਾਲ ਕਰੇ, ਫਿਰ ਸਾਰੇ ਸੁਖ ਪ੍ਰਾਪਤ ਹੋ ਜਾਣਗੇ॥ ੫॥

ਇਕ ਸ਼ਤ ਲੇਹੁ ਰਜਤਪਨ ਅਬਿਹੂੰ, ਕਰਹੁ ਕਾਜ ਕੋ ਬਿਲਮ ਬਿਸਾਰਿ।
ਬਾਲਕ ਮ੍ਰਿਤੁ ਹਮਰੋ ਹਿਤ ਲਖਿ ਚਿਤ, ਪੁਨ ਨਹਿਂ ਕਮੀ, ਭਰਹਿਂ ਭੰਡਾਰ'।
ਇਮ ਕਹਿ ਬਸਤ੍ਰ ਆਪਨੋ ਲੇਕਰਿ ਦੀਨਸਿ ਤਿਸ ਕੇ ਊਪਰ ਡਾਰ।
ਅਤਿ ਸਨੇਹ ਕੀ ਬਾਤ ਬਖਾਨਤਿ ਕਹਿ ਕਹਿ ਕਬਹੂੰ ਭਰਿ ਦ੍ਰਿਗ ਬਾਰਿ ॥੬॥

ਚਾਂਦੀ ਦੇ ਇਕ ਸੌ ਸਿੱਕੇ ਹੁਣੇ ਹੀ ਲੈ ਲਵੋ, ਕਿਸੇ ਦੇਰ ਤੋਂ ਬਗੈਰ ਇਹ ਕਾਰਜ ਪੂਰਾ ਕਰੋ, ਚਿੱਤ ਵਿਚ ਬਾਲਕ ਦੀ ਮੌਤ

ਸਾਡੇ ਹਿਤ ਲਈ ਸਮਝੋ, ਫਿਰ ਕੋਈ ਘਾਟ ਨਹੀਂ ਰਹੇਗੀ, ਤੇਰੇ ਸਾਰੇ ਭੰਡਾਰ ਭਰ ਜਾਣਗੇ''। ਇਹ ਕਹਿ ਕੇ ਆਪਣਾ ਇਕ ਕਪੜਾ ਲੈ ਕੇ ਉਤੇ ਇਕ ਸੌ ਚਾਂਦੀ ਦੇ ਸਿੱਕੇ ਰੱਖ ਦਿੱਤੇ। ਬਹੁਤ ਪ੍ਰੇਮ ਨਾਲ ਗੱਲ ਕਰਦੀ ਸੀ, ਕਹਿ ਕਹਿ ਕੇ ਕਈ ਵਾਰ ਨੇਤਰਾਂ ਵਿਚ ਜਲ ਭਰ ਲੈਂਦੀ ਸੀ॥ ੬॥

ਧਾਇ ਕ੍ਰੂਰ ਕਰਮਾ ਅਤਿ ਪਾਪਨਿ ਸੁਨਿ ਕਰਿ ਹਰਖੀ ਧੀਰਜ ਦੀਨਿ।
'ਦੁਖੀ ਨ ਹੋਹੁ, ਕਰੌਂ ਮੈਂ ਤੋ ਹਿਤ, ਰਚੌਂ ਕਪਟ, ਕੋ ਲੇਯ ਨ ਚੀਨ।
ਤੁਮਰੇ ਸੁਖ ਤੇ ਹੈ ਸੁਖ ਮੋਕਉ ਖਾਨ ਪਾਨ ਕੀ ਸਭਿ ਸੁਧਿ ਲੀਨਿ।
ਸੋ ਉਠਿ ਗਏ ਕਹਾਂ ਤਿਨ ਸਾਥਹਿ, ਲੇਨਿ ਦੇਨਿ ਕੁਛ ਨਾਂਹਿ ਨ ਕੀਨਿ ॥੭॥

ਖੋਟੇ ਕਰਮਾਂ ਵਾਲੀ ਅਤੇ ਪਾਪਣ ਦਾਈ, ਸੁਣ ਕੇ ਬਹੁਤ ਖ਼ੁਸ਼ ਹੋਈ ਅਤੇ ਧੀਰਜ ਦਿੱਤਾ, ''ਦੁਖੀ ਨਾ ਹੋਵੋ, ਮੈਂ ਤੇਰੇ ਵਾਸਤੇ ਇਹ ਕੰਮ ਕਰਾਂਗੀ, ਐਸਾ ਪਖੰਡ ਕਰਾਂਗੀ ਕਿ ਕੋਈ ਜਾਣ ਹੀ ਨਹੀਂ ਸਕੇਗਾ। ਤੇਰੇ ਸੁਖ ਨਾਲ ਹੀ ਮੈਨੂੰ ਸੁਖ ਹੈ, ਤੁਸੀਂ ਖਾਣ ਪੀਣ ਦੀ ਸਾਰੀ ਖ਼ਬਰ ਲਈ ਹੈ। ਜਿਹੜੇ ਗੁਰੂ ਅਰਜਨ ਦੇਵ ਜੀ ਸ਼ਹਿਰ ਹੀ ਛੱਡ ਕੇ ਚਲੇ ਗਏ ਹਨ, ਉਨ੍ਹਾਂ ਦਾ ਸਾਡੇ ਨਾਲ ਹੁਣ ਕੀ ਸਾਥ ਹੈ ਉਨ੍ਹਾਂ ਨਾਲ ਅਸੀਂ ਕੋਈ ਲੈਣ ਦੇਣ ਵੀ ਨਹੀਂ ਕੀਤਾ ਹੈ॥ ੭॥

ਚਿਤ ਬਾਂਛਤਿ ਇਹ ਕਾਰਜ ਮੋਕਉ ਕਰਿਹੌਂ ਮੈਂ ਅਬਿ ਬਿਲਮ ਬਿਸਾਰਿ।
ਚਿੰਤਾ ਰੰਚਕ ਹੂੰ ਨਹਿੰ ਕੀਜਹਿ ਨਿਸ਼ਚੈ ਲਖਹੁ ਸੁਧਾਰੀ ਕਾਰ।
ਮੇਰੋ ਦ੍ਰੋਹ ਪ੍ਰਥਮ ਹੀ ਤਿਨ ਸੌਂ ਅਪਰ ਧਾਇ ਕੋ ਲੀਨਿ ਹਕਾਰ।
ਨਹੀਂ ਅਵਾਹਨ ਮੋ ਕੌ ਕੀਨਸਿ ਨਹਿੰ ਕੁਛ ਦੀਨਸਿ, ਬਹੁ ਬੁਰਿਆਰ ॥੮॥

ਇਹ ਕਾਰਜ ਮੇਰੇ ਚਿੱਤ ਨੂੰ ਚੰਗਾ ਲੱਗਾ ਹੈ, ਇਸ ਲਈ ਇਸ ਨੂੰ ਹੁਣੇ ਹੀ ਕਿਸੇ ਦੇਰੀ ਤੋਂ ਬਗ਼ੈਰ ਕਰਦੀ ਹਾਂ। ਰੰਚਕ ਭਰ ਵੀ ਚਿੰਤਾ ਨਾ ਕਰੋ, ਇਹ ਨਿਸ਼ਚੇ ਸਮਝੋ ਕਿ ਸਾਰਾ ਕਾਰਜ ਹੋ ਗਿਆ ਹੈ। ਮੈਂ ਤਾਂ ਪਹਿਲਾਂ ਹੀ ਉਨ੍ਹਾਂ ਨਾਲ ਨਾਰਾਜ਼ ਹਾਂ, ਕਿਉਂਕਿ ਉਨ੍ਹਾਂ ਕਿਸੇ ਹੋਰ ਦਾਈ ਨੂੰ ਬੁਲਾ ਲਿਆ ਹੈ, ਨਾ ਹੀ ਮੈਨੂੰ ਬੁਲਾਇਆ ਹੈ ਅਤੇ ਨਾ ਹੀ ਕੁਝ ਦਿੱਤਾ ਹੈ, ਮੇਰੇ ਨਾਲ ਇਹ ਬਹੁਤ ਬੁਰੀ ਗੱਲ ਕੀਤੀ ਹੈ॥ ੮॥

ਲਗਹਿ ਸੂਲ ਮੁਝ ਤਿਨ ਕੇ ਮੰਗਲ ਜਿਸ ਹਤਿ ਹੋਇ ਮਹਾਂ ਸੁਖ ਮੋਹਿ'।
ਪ੍ਰਿਥੀਏ ਕੀ ਬਾਮਾ ਸਭਿ ਸੁਨਿ ਕੈ ਕਹੈ ਕਿ 'ਸਾਧ ਸਾਧ ਬਹੁ ਤੋਹਿ।
ਭਯੋ ਭਰੋਸ, ਲਖੀ ਬੁਧਿ ਦੀਰਘ, ਤੁਝ ਹੀ ਤੇ ਕਾਰਜ ਸਿਧ ਹੋਇ'।
ਇਸ ਪ੍ਰਕਾਰ ਨਿਸ਼ਚੈ ਕਰਿ ਦੋਨਹੁ ਦੁਰ ਬੁੱਧਾ ਗਨ ਪਾਪ ਅਰੋਹਿ ॥੯॥

ਉਨ੍ਹਾਂ ਦੀਆਂ ਖ਼ੁਸ਼ੀਆਂ ਤੇ ਮੈਨੂੰ ਦੁਖ ਲਗਦਾ ਹੈ, ਜਿਸ ਨੂੰ ਮਾਰ ਕੇ ਮੈਨੂੰ ਮਹਾਨ ਸੁਖ ਪ੍ਰਾਪਤ ਹੋਵੇਗਾ।'' ਪ੍ਰਿਥੀਏ ਦੀ ਇਸਤਰੀ ਨੇ ਸਭ ਕੁਝ ਸੁਣ ਕੇ ਕਿਹਾ, ''ਤੈਨੂੰ ਬਹੁਤ-ਬਹੁਤ ਸ਼ਾਬਾਸ਼, ਮੈਨੂੰ ਭਰੋਸਾ ਹੋ ਗਿਆ ਹੈ ਤੇਰੀ ਬੁੱਧੀ ਬਹੁਤ ਤੇਜ਼ ਹੈ, ਤੇਰੇ ਪਾਸੋਂ ਹੀ ਇਹ ਕਾਰਜ ਸਿੱਧ ਹੋਵੇਗਾ।'' ਇਸ ਤਰ੍ਹਾਂ ਨਿਸ਼ਚਾ ਕਰਕੇ ਦੋਵੇਂ ਮੰਦੀ ਬੁਧੀ ਵਾਲੀਆਂ ਜਿਨ੍ਹਾਂ ਦੇ ਸਿਰ 'ਤੇ ਪਾਪ ਸਵਾਰ ਸਨ, ਬਹੁਤ ਪ੍ਰਸੰਨ ਹੋ ਗਈਆਂ॥ ੯॥

ਲੇ ਕੁਛ ਦਰਬ ਸਦਨ ਮਹਿਂ ਆਈ ਰੰਗਦਾਰ ਅੰਬਰ ਤਨ ਧਾਰਿ।
ਰੁਚਿਰ ਬਿਭੂਖਨ ਪਹਿਰੇ ਰੁਚਿ ਕਰਿ ਮੁਖ ਪਖਾਰ ਦ੍ਰਿਗ ਅੰਜਨ ਡਾਰਿ।
ਜ਼ਹਿਰ ਅਜ਼ਾਹਰ ਕਰ ਲੇ ਰਗਰਜੋ ਨਿਜ ਅਸਤਨ ਜੁਗ ਲੇਪ ਸੁਧਾਰਿ।
ਸ਼ੁਸ਼ਕ ਕੀਨਿ ਪੁਨ ਅੰਗੀਆ ਪਹਿਰੀ ਪੰਥ ਵਡਾਲੀ ਕੇ ਪਗ ਧਾਰਿ ॥੧੦॥

ਧਨ ਲੈ ਕੇ ਆਪਣੇ ਘਰ ਆਈ, ਰੰਗਦਾਰ ਕਪੜੇ ਪਾਏ, ਬੜੇ ਸੁੰਦਰ ਗਹਿਣੇ ਪਹਿਣੇ ਅਤੇ ਚੰਗੀ ਤਰ੍ਹਾਂ ਮੂੰਹ ਧੋ ਕੇ ਅੱਖਾਂ ਵਿਚ ਸੁਰਮਾਂ ਪਾਇਆ। ਗੁਪਤ ਤੌਰ ਤੇ ਜ਼ਹਿਰ ਨੂੰ ਆਪਣੇ ਦੋਵਾਂ ਸਥਾਨਾਂ ਨਾਲ ਰਗੜਿਆ ਅਤੇ ਚੰਗੀ ਤਰ੍ਹਾਂ ਸੁਧਾਰ ਕੇ ਲੇਪ ਕਰ ਲਿਆ। ਫਿਰ ਅੰਗੀ ਨੂੰ ਖ਼ੁਸਕ ਕਰਕੇ ਪਹਿਨ ਲਿਆ ਤੇ ਪਿੰਡ ਵਡਾਲੀ ਦੇ ਰਾਹ ਪੈ ਗਈ॥ ੧੦॥

ਦਰਬ ਲੋਭ ਤੇ ਚੌਂਪ ਚੌਗਨੀ 'ਹਤਿ ਸਿਸ ਕੋ ਮੈਂ ਲੇਉਂ ਇਨਾਮ।
ਸਕਲ ਆਰਬਲ ਕੀ ਗੁਜ਼ਰਾਨ ਜੁ ਹਇ ਹੈ ਮੋਹਿ ਕਰੇ ਇਸ ਕਾਮ'।
ਇਤ ਗੰਗਾ ਨੇ ਕਰਿ ਚਾਲੀਸਾ ਬਰਤਹਿ ਬੰਸ ਰੀਤਿ ਅਭਿਰਾਮ।
ਨਿਤਪ੍ਰਤਿ ਉਤਸਵ ਨਏ ਨਏ ਬਹੁ ਪ੍ਰਿਯ ਸੁਤ ਜਬਿ ਕੋ ਜਨਮਯੋ ਧਾਮ॥੧੧॥

ਧਨ ਦਾ ਲੋਭ ਕਰਕੇ ਬਹੁਤ ਪ੍ਰਸੰਨ ਹੋਈ ਤੇ ਸੋਚਦੀ ਹੈ ਕਿ ਬਾਲਕ ਨੂੰ ਮਾਰ ਕੇ ਮੈਂ ਬਹੁਤ ਇਨਾਮ ਲਵਾਂਗੀ। ਇਹ ਕੰਮ ਕਰਕੇ ਮੇਰੀ ਸਾਰੀ ਉਮਰ ਦੀ ਗੁਜ਼ਰਾਨ ਚਲੇਗੀ। ਏਧਰ ਵਡਾਲੀ ਵਿਖੇ ਮਾਤਾ ਗੰਗਾ ਜੀ ਨੇ ਚਾਲ੍ਹੀਵਾਂ ਦਿਨ ਕਰਕੇ ਬੰਸ ਰੀਤ ਦੀ ਪਾਲਣਾ ਕੀਤੀ ਸੀ। ਨਿਤਾ-ਪ੍ਰਤਿ ਰੋਜ਼ ਨਵੇਂ ਨਵੇਂ ਉਤਸਵ ਹੁੰਦੇ ਹਨ, ਜਦ ਤੋਂ ਪਿਆਰੇ ਪੁੱਤਰ ਨੇ ਘਰ ਵਿਚ ਜਨਮ ਲਿਆ ਹੈ॥ ੧੧॥

ਭਯੋ ਅਨੰਦ ਬਿਲੰਦ ਨੰਦ ਤੇ ਦਰਬ ਬ੍ਰਿੰਦ ਦੇ ਲੇਤਿ ਅਸੀਸ।
ਬਹੁ ਗ੍ਰਾਮਨਿ ਕੀ ਬਾਮ ਆਇ ਕਰਿ ਸਿਸੁ ਅਭਿਰਾਮ ਧਾਮ ਮਹਿਂ ਦੀਸ।
ਸਾਦਰ ਤਿਨ ਕੋ ਬਾਂਛਤਿ ਬਖਸ਼ਤਿ ਡਰਤਿ ਮਾਤ ਨਹਿਂ ਕਹਿਂ ਦੁਰਸੀਸ।
ਸ਼੍ਰੇਯ ਸਹਤ ਜਿਮ ਚਹਤਿ ਕਹਤਿ ਬਚ ਲਹਤਿ ਮਹਤ ਮੁਦ ਕਰਿ ਬਖਸ਼ੀਸ਼॥੧੨॥

ਪੁੱਤਰ ਦੇ ਪੈਦਾ ਹੋਣ ਕਰਕੇ ਵੱਡਾ ਆਨੰਦ ਹੋਇਆ ਹੈ ਤੇ ਗਰੀਬਾਂ ਨੂੰ ਧਨ ਦੇ ਕੇ ਅਸੀਸਾਂ ਲੈਂਦੇ ਹਨ। ਬਹੁਤ ਪਿੰਡਾਂ ਦੀਆਂ ਇਸਤਰੀਆਂ ਆਉਂਦੀਆਂ ਹਨ, ਤੇ ਘਰ ਵਿਚ ਸੁੰਦਰ ਬਾਲਕ ਦੇ ਦਰਸ਼ਨ ਕਰਦੀਆਂ ਸਨ। ਬੜੇ ਆਦਰ ਨਾਲ ਉਨ੍ਹਾਂ ਨੂੰ ਮੂੰਹ ਮੰਗਿਆ ਧਨ ਬਖਸ਼ਦੇ ਹਨ, ਮਾਤਾ ਜੀ ਡਰਦੇ ਹਨ ਕਿ ਕੋਈ ਬਦਅਸੀਸ ਨਾ ਦੇ ਦੇਵੇ। ਜਿਵੇਂ ਮਾਤਾ ਜੀ ਚਾਹੁੰਦੇ ਹਨ ਇਸਤਰੀਆਂ ਕਲਿਆਣ ਸਮੇਤ ਬਚਨ ਕਹਿੰਦੀਆਂ ਹਨ, ਬੜੀ ਖ਼ੁਸ਼ੀ ਜਾਣ ਕੇ ਮਾਤਾ ਜੀ ਬਖਸ਼ਿਸ਼ਾਂ ਕਰਦੇ ਹਨ॥ ੧੨॥

ਦੁਰਾਚਾਰਨੀ ਮੰਗਲ ਸਮਯੇ ਆਇ ਪ੍ਰਵੇਸ਼ੀ ਗੁਰੂ ਨਿਕੇਤ।
ਅਧਿਕ ਭੀਰ ਨਾਰਿਨਿ ਕੀ ਜਹਿਂ ਕਹਿਂ ਜਥਾ ਜੋਗ ਆਦਰ ਕਹੁ ਦੇਤਿ।
ਕਿਤਿਕ ਬਾਲ ਕੋ ਦਰਸ਼ਨ ਕਰਤੀ, ਕਿਤਿਕ ਸਰਾਹਤਿ ਪ੍ਰੀਤ ਸਮੇਤਿ।
ਕੇਤਿਕ ਲੇਤਿ ਉਛੰਗ ਦੁਲਾਰਤਿ, ਕੇਤਿਕ ਬਿਗਸਤਿ ਦੰਤਨਿ ਸੇਤ॥੧੩॥

ਉਹ ਦੁਰਾਚਾਰਨੀ ਦਾਈ ਬੜੀਆਂ ਖ਼ੁਸ਼ੀਆਂ ਦੇ ਸਮੇਂ ਘਰ ਵਿਚ ਆ ਦਾਖਲ ਹੋਈ। ਜਿਥੇ-ਕਿਥੇ ਇਸਤਰੀਆਂ ਦੀ ਬਹੁਤ ਭੀੜ ਹੈ, ਉਸ ਨੂੰ ਯਥਾਯੋਗ ਆਦਰ ਦੇ ਰਹੀਆਂ ਹਨ। ਕਈ ਬਾਲਕ ਦੇ ਦਰਸ਼ਨ ਕਰ ਰਹੀਆਂ ਹਨ, ਕਈ ਪ੍ਰੀਤ ਸਹਿਤ ਬਾਲਕ ਦੀ ਸ਼ਲਾਘਾ ਕਰ ਰਹੀਆਂ ਹਨ, ਕਈ ਗੋਦੀ ਵਿਚ ਚੁਕ ਕੇ ਲਾਡ ਲਡਾਉਂਦੀਆਂ ਹਨ। ਕਈ ਚਿੱਟੇ ਦੰਦਾਂ ਨਾਲ ਹੱਸਦੀਆਂ ਹਨ, ਭਾਵ ਖਿੜਖਿੜਾ ਕੇ ਹੱਸਦੀਆਂ ਹਨ॥ ੧੩॥

ਦੋਹਰਾ-ਬਸਤ੍ਰ ਬਿਭੂਖਨ ਦੇਖਿ ਸੁਭ ਆਦਰ ਸਾਥ ਬਿਠਾਇ।
ਇਸਤ੍ਰਿਨਿ ਕੇ ਸਮੁਦਾਇ ਮੈਂ ਪੁੱਤ੍ਰਨਿ ਬਾਤ ਚਲਾਇ॥ ੧੪॥

ਉਸ ਦਾਈ ਦੇ ਸ਼ੁਭ ਅਤੇ ਸੁੰਦਰ ਕਪੜੇ ਅਤੇ ਗਹਿਣੇ ਵੇਖ ਕੇ ਬੜੇ ਆਦਰ ਨਾਲ ਬਿਠਾਇਆ, ਉਸ ਵੇਲੇ ਇਸਤਰੀਆਂ ਦੇ ਇਕੱਠ ਵਿਚ ਪੁੱਤਰਾਂ ਦੀ ਗੱਲ ਚਲ ਰਹੀ ਸੀ॥ ੧੪॥

Sri Satguru Jagjit Singh Ji eLlibrary NamdhariElibrary@gmail.com

ਸੈਯਾ ਛੰਦ-ਸਭਿਨਿ ਬਿਖੈ ਗੰਗਾ ਮ੍ਰਿਦੁ ਬਚ ਕਹਿ 'ਦੋ ਇਕ ਦਿਨ ਤੇ ਅਨਮਨ ਨੰਦ।
ਅਸਤਨ ਲੇਤਿ ਨ ਰੁਚਿ ਕਰਿ ਮੁਖ ਮਹਿਂ ਕੋ ਦੁਖ,ਸੁਧਿ ਨਹਿਂ ਮੋਹਿ ਬਿਲੰਦ।
ਜਿਤਿਕ ਬ੍ਰਿੱਧ ਉਪਚਾਰਨਿ ਭਾਖਤਿ ਗੁਰਤੀ ਆਦਿ ਦੇਹ ਸੁਖਕੰਦ'।
ਘਾਤਿ ਪਾਇ ਕਰਿ ਦੁਸ਼ਟਾ ਬੋਲੀ ਕ੍ਰਿਸ਼ਨ ਪੂਤਨਾ ਕੇਰਿ ਮਨਿੰਦ ॥੧੫॥

ਸਾਰੀਆਂ ਦੇ ਵਿਚ ਮਾਤਾ ਗੰਗਾ ਜੀ ਨੇ ਕੋਮਲ ਬਚਨ ਕਹੇ, ਦੋ ਇਕ ਦਿਨ ਤੋਂ ਪੁੱਤਰ ਦੁੱਧ ਠੀਕ ਤਰ੍ਹਾਂ ਨਹੀਂ ਚੁੰਘ ਰਿਹਾ ਹੈ, ਰੁਚੀ ਕਰਕੇ ਥਣਾਂ ਨੂੰ ਮੂੰਹ ਵਿਚ ਨਹੀਂ ਪਾਉਂਦਾ, ਪਤਾ ਨਹੀਂ ਕੀ ਕੋਈ ਦੁੱਖ ਹੈ, ਜਿਸ ਦੀ ਮੈਨੂੰ ਬਹੁਤੀ ਸੋਝੀ ਨਹੀਂ, ਜਿੰਨੇ ਬਾਬਾ ਬੁਢਾ ਜੀ ਨੇ ਉਪਚਾਰ ਕਹੇ ਹਨ, ਮੈਂ ਸ੍ਰੀ ਹਰਿਗੋਬਿੰਦ ਨੂੰ ਗੁੜ੍ਹਤੀ ਆਦਿ ਦਿੱਤੀ ਹੈ'। ਮੌਕਾ ਪਾ ਕੇ ਉਹ ਦੁਸ਼ਟ ਦਾਈ ਬੋਲੀ, ਜਿਹੜੀ ਪੂਤਨਾ ਵਾਂਗ ਸੀ, ਜੋ ਸ੍ਰੀ ਕ੍ਰਿਸ਼ਨ ਨੂੰ ਜ਼ਹਿਰ ਦੇਣ ਗਈ ਸੀ, ਪਰ ਕ੍ਰਿਸ਼ਨ ਨੇ ਉਸ ਨੂੰ ਮਾਰ ਦਿੱਤਾ ਸੀ॥ ੧੫॥

'ਮੋਹਿ ਬਿਖੈ ਗੁਨ ਦਿਯੋ ਪ੍ਰਭੂ ਨੇ ਬਹੁ ਬਾਲਕ ਤੇ ਮੈਂ ਪਤਿਆਇ।
ਪਾਨ ਕਰਹਿ ਜੋ ਅਸਤਨ ਮੇਰੇ ਤਿਸ ਸਿਸ ਕੇ ਦੁਖ ਨਿਕਟਿ ਨ ਆਇ।
ਹਰਹਿ ਅਰੁਚ ਕੋ ਤਤਛਿਨ ਛੁੱਧਤਹਿ, ਆਰਬਲਾ ਸੁ ਅਧਿਕ ਬਿਰਧਾਇ।
ਰਹੈ ਨਿਰੋਵਾ ਸੁਖ ਸੋਂ ਬਯ ਮਹਿਂ ਨਹਿਂ ਔਸ਼ਧਿ ਕੀ ਚਾਹਿ ਰਹਾਇ ॥੧੬॥

ਕਹਿਣ ਲੱਗੀ, "ਮੈਨੂੰ ਪ੍ਰਭੂ ਨੇ ਇਹ ਗੁਣ ਦਿੱਤਾ ਹੈ, ਜਿਹੜਾ ਮੈਂ ਬਹੁਤ ਬਾਲਕਾਂ ਤੇ ਅਜ਼ਮਾਇਆ ਹੈ। ਜਿਹੜਾ ਬੱਚਾ ਮੇਰੇ ਥਣਾਂ ਨੂੰ ਇਕ ਵਾਰ ਮੂੰਹ ਵਿਚ ਪਾ ਲਵੇ, ਉਸ ਬਾਲਕ ਦੇ ਫਿਰ ਦੁੱਖ ਨੇੜੇ ਨਹੀਂ ਆਉਂਦਾ। ਦੁੱਧ ਨਾ ਚੁੰਘਣ ਦੀ ਅਰੁਚੀ ਦੂਰ ਹੋ ਜਾਂਦੀ ਹੈ, ਤੁਰੰਤ ਭੁੱਖ ਲਗਦੀ ਹੈ ਤੇ ਫਿਰ ਉਮਰ ਬਹੁਤ ਵਧਦੀ ਹੈ। ਸਾਰੀ ਉਮਰ ਨਵਾਂ ਨਰੋਆ ਰਹਿੰਦਾ ਹੈ, ਦਵਾਈ ਦੀ ਫਿਰ ਕੋਈ ਲੋੜ ਨਹੀਂ ਰਹਿੰਦੀ ॥ ੧੬॥

ਰਾਮਦਾਸ ਪੁਰਿ ਬਾਸ ਕੀਨਿ ਮੈਂ ਜਬਿ ਕੇ ਤੁਮ ਆਏ ਇਸ ਥਾਇਂ।
ਮਮ ਗੁਨ ਸੁਨਿਕੈ ਪ੍ਰਿਥੀਏ ਆਨੀ ਸੁਤਵੰਤੀ ਤਿਯ ਸਭਿ ਢਿਗ ਆਇ।
ਇਕ ਦੁਇ ਦਿਨ ਅਸਤਨ ਦੇ ਮੇਰੋ ਰੁਜ ਗਵਾਇ ਗਮਨੀ ਸਮੁਦਾਇ।
ਭਾਗਵਾਨ ਕੇ ਮੈਂ ਚਲਿ ਜਾਵੌਂ ਨਿਰਭਾਗਨ ਕੇ ਕੋ ਚਲਿ ਜਾਇ ? ॥੧੭॥

ਜਦ ਦੇ ਤੁਸੀਂ ਇਸ ਸਥਾਨ ਤੇ ਆਏ ਹੋ, ਉਸ ਸਮੇਂ ਤੋਂ ਮੈਂ ਰਾਮਦਾਸ ਪੁਰ ਵਾਸਾ ਕੀਤਾ ਹੈ। ਮੇਰੇ ਗੁਣ ਸੁਣ ਕੇ ਪ੍ਰਿਥੀਆ ਮੇਰੇ ਪਾਸ ਇਕ ਪੁੱਤਰ ਵਾਲੀ ਇਸਤਰੀ ਲੈ ਕੇ ਆਇਆ, ਇਕ ਦੋ ਦਿਨ ਬੱਚੇ ਨੂੰ ਮੈਂ ਸਥਨ ਦਿੱਤਾ, ਉਹ ਰੋਗ ਗਵਾ ਕੇ ਆਪਣੇ ਘਰ ਚਲੀ ਗਈ। ਭਾਗਾਂ ਵਾਲਿਆਂ ਦੇ ਘਰ ਮੈਂ ਚਲ ਕੇ ਜਾਂਦੀ ਹੈ, ਅਭਾਗਿਆਂ ਦੇ ਘਰ ਚਲ ਕੇ ਕੌਣ ਜਾਂਦਾ ਹੈ ? ॥ ੧੭॥

ਅਧਿਕ ਚਾਹਿ ਕਰਿ ਤੁਮਰੇ ਆਈ ਪੁਰੀ ਤੁਹਾਰੀ ਬਸੀ ਜੁ ਆਨਿ।
ਪਰਮੇਸ਼ੁਰ ਤੇ ਮੈਂ ਨਿਤ ਜਾਚੌਂ 'ਸੁਤਵੰਤੀ ਹੁਇ ਤ੍ਰਿਯਾ ਮਹਾਨ।
ਇਸ ਬਿਧਿ ਕਰਿ ਗੁਜ਼ਰਾਨ ਕਰੌਂ ਸਦ ਦਰਬ ਸਹਤ ਪਾਵੌਂ ਸਨਮਾਨ।
ਜੀਵਨ ਜੋਗ ਪੁੱਤ੍ਰ ਇਹ ਤੇਰੋ ਮੁਝ ਕੋਛਰ ਮਹਿਂ ਦੀਜਹਿ ਆਨਿ ॥੧੮॥

ਬਹੁਤ ਚਾਹਤ ਕਰਕੇ ਮੈਂ ਤੁਹਾਡੇ ਪਾਸ ਆਈ ਹਾਂ, ਜਿਹੜੀ ਤੁਹਾਡੀ ਦੂਸਰੀ ਨਗਰੀ ਵੱਸੀ ਹੈ। ਪਰਮੇਸ਼ਰ ਪਾਸੋਂ ਮੈਂ ਸਦਾ ਮੰਗਦੀ ਹਾਂ ਕਿ ਪੁੱਤਰਾਂ ਵਾਲੀ ਇਸਤਰੀ ਮਹਾਨ ਹੋਵੇ। ਇਸ ਤਰ੍ਹਾਂ ਗੁਜ਼ਾਰਾ ਕਰਦੀ ਹਾਂ, ਸਦਾ ਸਨਮਾਨ ਸਹਿਤ ਧਨ ਪਾਉਂਦੀ ਹਾਂ। ਇਹ ਜੀਉਣ-ਜੋਗ ਤੇਰਾ ਪੁੱਤਰ ਹੈ, ਮੇਰੀ ਗੋਦੀ ਵਿਚ ਇਸ ਨੂੰ ਲਿਆਵੋ" ॥ ੧੮॥

ਤਿਸ ਤੇ ਸੁਨਿ ਸਭਿ ਤ੍ਰਿਯਨਿ ਸਰਾਹੀ, ਬਸਨ ਬਿਭੂਖਨ ਸੁੰਦਰ ਹੇਰਿ।
'ਬਿਨ ਔਸ਼ਧਿ ਰੁਜ ਕੀ ਇਹ ਹਰਤਾ ਧੰਨ ਤੋਹਿ ਗੁਨ ਲਹਯੋ ਬਡੇਰ'।
ਮਰਜੀ ਸਭਿ ਨਾਰਿਨਿ ਕੀ ਲਖਿ ਕਰਿ ਮਾਤ ਗੰਗ ਬਿਸਮਾਇ ਘਨੇਰ।
ਦਿਯੋ ਪੁੱਤ੍ਰ ਤਿਸ ਗੋਦ ਪ੍ਰਮੋਦਤਿ ਦੁਸ਼ਟ ਜੀਅ ਤਿਨਕੋ ਸਮ ਸ਼ੇਰ ॥੧੯॥

ਉਸ ਤੋਂ ਇਹ ਗੱਲ ਸੁਣ ਕੇ ਸਾਰੀਆਂ ਇਸਤਰੀਆਂ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ, ਉਸ ਦੇ ਸੁੰਦਰ ਬਸਤਰ ਅਤੇ ਗਹਿਣੇ ਵੇਖ ਕੇ ਉਨ੍ਹਾਂ ਇਸਤਰੀਆਂ ਨੇ ਕਿਹਾ, "ਬਿਨਾਂ ਦਵਾਈ ਦੇ ਰੋਗ ਨੂੰ ਦੂਰ ਕਰਨਾ ਤੂੰ ਧਨ ਹੈਂ, ਐਡਾ ਵੱਡਾ ਗੁਣ ਲਿਆ ਹੈ।" ਸਭ ਇਸਤਰੀਆਂ ਦੀ ਮਰਜ਼ੀ ਵੇਖ ਕੇ, ਮਾਤਾ ਗੰਗਾ ਜੀ ਬਹੁਤ ਪ੍ਰਸੰਨ ਹੋਈ ਤੇ ਉਸ ਦੀ ਗੋਦ ਵਿਚ ਆਪਣੇ ਪੁੱਤਰ ਹਰਿ ਗੋਬਿੰਦ ਨੂੰ ਦਿੱਤਾ, ਜਿਹੜੇ ਦੁਸ਼ਟ ਜੀਵਾਂ ਵਾਸਤੇ ਸ਼ੇਰ ਵਾਂਗ ਹਨ॥ ੧੯॥

ਸ੍ਰੀ ਗੁਰੂ ਹਰਿਗੁਵਿੰਦ ਚਿਤ ਜਾਨੀ 'ਕੂਰ ਜੁ ਕਰਮਾ ਆਵੇ ਨਾਰਿ'।
ਦਿਨ ਚਾਰਿਕ ਤੇ ਅਨਮਨ ਹੋਏ ਜਿਸ ਤੇ ਮਾਤ ਚਿੰਤ ਲੇ ਧਾਰਿ।
'ਧਾਇ ਉਛੰਗ ਦੇਹਿਗੀ ਰੁਚਿ ਕਰਿ' ਯਾਂਤੇ ਪੂਰਬ ਬਿਧੀ ਸੁਧਾਰਿ।
'ਦੁਸ਼ਟਨ ਕੇ ਨਾਸ਼ਨ ਕੋ ਮਮ ਤਨ' ਸਿਸ ਸਰੂਪ ਤੇ ਕਰੀ ਸੁ ਕਾਰਿ ॥੨੦॥

ਬਾਲਕ ਸ੍ਰੀ ਹਰਿਗੋਬਿੰਦ ਜੀ ਆਪਣੇ ਚਿੱਤ ਵਿਚ ਸਮਝ ਗਏ ਸਨ ਕਿ ਖੋਟੇ ਕਰਮਾਂ ਵਾਲੀ ਨਾਰੀ ਆਵੇਗੀ। ਇਸ ਕਰਕੇ ਕੁਝ ਦਿਨਾਂ ਤੋਂ ਦੁੱਧ ਚੁੰਘਣ ਵਿਚ ਰੁਚੀ ਨਹੀਂ ਸੀ ਰਖਦੇ, ਜਿਸ ਕਰਕੇ ਮਾਤਾ ਜੀ ਨੇ ਚਿੰਤਾ ਕੀਤੀ ਸੀ। ਇਸ ਕਰਕੇ ਪੂਰਬ ਅਨੁਸਾਰ ਸੋਚ ਕੇ ਕਿ ਮੇਰੇ ਮਾਤਾ ਜੀ ਮੈਨੂੰ ਦਾਈ ਦੀ ਗੋਦੀ ਦੇਣਗੇ। ਕਿਉਂਕਿ ਮੈਂ ਤਨ ਹੀ ਦੁਸ਼ਟਾਂ ਨੂੰ ਨਾਸ ਕਰਨ ਵਾਸਤੇ ਧਰਿਆ ਹੈ, ਇਸ ਕਰਕੇ ਬਾਲਕ ਸਰੂਪ ਵਿਚ ਹੀ ਉਹ ਕਾਰ ਕਰ ਦਿੱਤੀ॥ ੨੦॥

ਧਾਇ ਉਛੰਗ ਗਏ ਹੁਇ ਚੰਚਲ, ਇਤ ਉਤ ਮੁਖ ਕਰਿ ਅੰਗ ਚਲੰਤਿ।
ਕਛੁ ਰੋਦਨ ਕਰਿ ਬਹੁਰ ਟਿਕੇ ਤਹਿੰ ਲੋਰੀ ਦੇਤਿ ਮਧੁਰ ਛਲਵੰਤਿ।
ਅੰਗੀਆ ਤੇ ਅਸਤਨ ਕਰਿ ਬਾਹਰ ਏਕ ਹਾਥ ਸੋਂ ਸਮੁਖ ਕਰੰਤ।
ਦੂਸਰ ਕਰ ਪਰ ਸਿਸ ਕੋ ਸਿਰ ਧਰਿ ਊਪਰ ਡਾਰਯੋ ਬਸਤ੍ਰ ਦੁਰੰਤ ॥੨੧॥

ਚੰਚਲ ਹੋ ਕੇ ਦਾਈ ਦੀ ਗੋਦੀ ਵਿਚ ਚਲੇ ਗਏ, ਏਧਰ ਓਧਰ ਮੁਖ ਕਰਕੇ ਅੰਗਾਂ ਨੂੰ ਚਲਾਉਂਦੇ ਸਨ। ਕੁਝ ਰੋ ਕੇ ਫਿਰ ਟਿਕ ਗਏ ਜਦ ਉਸ ਪਖੰਡਣ ਨੇ ਮਿੱਠੀ ਲੋਰੀ ਦਿੱਤੀ। ਆਪਣੀ ਅੰਗੀ ਵਿਚੋਂ ਸਥਣਾਂ ਨੂੰ ਬਾਹਰ ਕੱਢ, ਇਕ ਹੱਥ ਨਾਲ ਥਣ ਗੁਰੂ ਜੀ ਦੇ ਮੂੰਹ ਅੱਗੇ ਕਰਦੀ ਹੈ, ਦੂਸਰੇ ਹੱਥ ਤੇ ਬਾਲਕ ਦੇ ਸਿਰ ਨੂੰ ਛੁਪਾਉਣ ਵਾਸਤੇ ਉਤੇ ਕਪੜਾ ਪਾ ਕੇ ਢੱਕ ਦਿੱਤਾ॥ ੨੧॥

*ਕਬਿੱਤ-* ਤਤਛਿਨ ਅੰਤਰ ਬਸਨ ਅਸਤਨ ਦੇਤਿ, ਲੇਤਿ ਨ ਤਨਕ, ਗਹੇ ਹੋਤਿ ਇਤ ਊਤਨਾ।
ਗਾਢੋ ਜਬਿ ਕੀਨਿ ਤੌ ਪਯੋਧਰ ਕੋ ਲੀਨ ਮੁਖ, ਹਾਥ ਕੋ ਪਸਾਰਿ ਗਹੀ ਛੋਰੀ ਤਬ ਗੂਤਨਾ।
ਦੂਜੇ ਹਾਥ ਸਾਥ ਗਹਯੋ ਦੂਜੋ ਕੁਚ ਦ੍ਰਿਢ ਕਰਿ ਖੋਟੀ ਕ੍ਰਿਤ ਹੇਤੁ ਆਈ ਲਾਗੇ ਲੋਭ ਭੂਤਨਾ।
ਜਾਂਕੋ ਮਨ ਪੂਤ ਨਾ ਲਖਯੋ ਗੁਰੂ ਸਪੂਤਨਾ, ਜਿਸੀ ਕੇ ਤੀਰ ਪੂਤਨਾ, ਸੰਘਾਰੀ ਸਮ ਪੂਤਨਾ ॥੨੨॥

ਤੁਰਤ ਅੰਦਰਲੇ ਕੱਪੜੇ ਹੇਠੋਂ ਥਣ ਨੂੰ ਦੇਣ ਲੱਗੀ, ਪਰ ਸ੍ਰੀ ਹਰਿਗੋਬਿੰਦ ਨੇ ਮੂੰਹ ਨਾ ਲਾਇਆ ਤੇ ਥਣ ਨੂੰ ਫੜ ਕੇ ਇਧਰ-ਉਧਰ ਹੋ ਜਾਂਦੇ ਹਨ, ਫਿਰ ਥਣ ਨੂੰ ਜ਼ੋਰ ਨਾਲ ਘੁਟਿਆ ਤੇ ਪਿੱਛੇ ਲਮਕਦੀ ਗੁੱਤ ਨੂੰ ਹੱਥ ਨਾਲ ਫੜ ਕੇ ਛੱਡ ਦਿੱਤਾ। ਦੂਜੇ ਹੱਥ ਨਾਲ ਦੂਜਾ ਥਣ ਫੜ ਲਿਆ ਤੇ ਉਸ ਨੂੰ ਵੀ ਜ਼ੋਰ ਨਾਲ ਘੁਟਿਆ, ਲੋਭ ਕਰਕੇ ਜਿਹੜੀ ਭੂਤਨੀ, ਉਨ੍ਹਾਂ ਪਾਸ

ਆਈ ਸੀ ਅਤੇ ਜਿਸ ਨੇ ਆਪਣੇ ਮਨ ਵਿਚ ਗੁਰੂ ਜੀ ਦੇ ਸਪੁੱਤਰ ਨੂੰ ਪੁੱਤਰ ਨਹੀਂ ਸੀ ਜਾਣਿਆ ਜਿਸ ਦੇ ਪਾਸ ਕੋਈ ਪੁੱਤ ਨਹੀਂ ਸੀ, ਉਸ ਨੂੰ ਕ੍ਰਿਸ਼ਨ ਦੀ ਪੂਤਨਾ ਵਾਂਗ ਮਾਰ ਦਿੱਤਾ॥ ੨੨॥

ਗਾਢੇ ਅੰਗ ਪੀਰ ਕਰਿ, ਗਾਢੀ ਉਰ ਪੀਰ ਕਰਿ ਪ੍ਰਾਨ ਤੇ ਸਰੀਰ ਕਰਿ ਭਿੰਨ ਐਂਚ ਲੀਨਿਓ।
ਜੈਸੇ ਪੋਲ ਤੀਲ ਤੇ ਕਿਲਾਲ ਕੋ ਸੁ ਫੂਕ ਨਾਲਿ ਖੈਂਚ ਲੇਤਿ ਬਾਲਕ ਸੁਭਾਇਕ ਹੀ ਕੀਨਿਓ।
'ਹਾਇ ਹਾਇ' ਬੋਲਤੀ ਬਿਹਾਲ ਹ੍ਵੈ ਬਿਸਾਲ 'ਬਾਲ ! ਛੋਰੋ ਅਬਿ ਮੋਹਿ ਕੋ, ਪ੍ਰਤਾਪ ਚਿਤ ਚੀਨਿਓ'।
ਲੋਚਨ ਮੈਂ ਨੀਰ ਭਰਿ, ਧੀਰ ਹਰਿ ਚੀਰ ਤਜਿ, ਪਰੀ ਸਭਿ ਤੀਰ ਧਰ, ਪ੍ਰਾਨ ਕਰਿ ਹੀਨਿਓ ॥੨੩॥

ਅੰਗਾਂ ਨੂੰ ਚੰਗੀ ਤਰ੍ਹਾਂ ਨਪੀੜ ਕੇ ਤੇ ਦਿਲ ਵਿਚ ਬਹੁਤ ਪੀੜ ਕਰਕੇ ਪ੍ਰਾਣ ਸਰੀਰ ਵਿਚੋਂ ਖਿੱਚ ਲਏ, ਜਿਵੇਂ ਪੋਲੀ ਤੀਲ ਤੋਂ ਜਲ ਸਾਹ ਨਾਲ ਅੰਦਰ ਖਿੱਚ ਲਈਦਾ ਹੈ, ਇਸ ਤਰ੍ਹਾਂ ਹੀ ਸਹਿਜ ਸੁਭਾਅ ਸ੍ਰੀ ਹਰਿਗੋਬਿੰਦ ਸਾਹਿਬ ਨੇ ਦੁਸ਼ਟ ਦਾਈ ਦਾ ਸਾਹ ਖਿਚ ਲਿਆ। 'ਹਾਇ ਹਾਇ' ਬੋਲਦੀ ਬਹੁਤ ਬਿਹਾਲ ਹੋ ਗਈ ਤੇ ਕਿਹਾ, "ਹੇ ਬਾਲਕ ! ਹੁਣ ਮੈਨੂੰ ਛੱਡ ਦੇਵੋ, ਮੈਂ ਤੁਹਾਡਾ ਪ੍ਰਤਾਪ ਦਿਲ ਵਿਚ ਜਾਣ ਲਿਆ ਹੈ"। ਅੱਖਾਂ ਵਿਚ ਹੰਝੂ ਭਰ ਕੇ ਧੀਰਜ ਅਤੇ ਕੱਪੜੇ ਛੱਡ ਕੇ ਸਾਰਿਆਂ ਦੇ ਪਾਸ ਧਰਤੀ ਤੇ ਲੰਮੀ ਪੈ ਗਈ ਜਿਵੇਂ ਪ੍ਰਾਨਹੀਣ ਹੋ ਗਈ ਹੋਵੇ॥ ੨੩॥

ਕੂਕਤੀ ਪੁਕਾਰ ਬਿਸੰਭਾਰ ਹ੍ਵੈ ਪਸਾਰ ਅੰਗ, ਪਰੀ ਮ੍ਰਿਤੁ ਭਈ, ਦ੍ਰਿਗ ਨਿਕਰੇ ਪਰਤਿ ਜਨੁ।
ਮੁਖ ਤੇ ਝਗੂਰ ਜਾਤਿ, ਪੀਰੀ ਪਰ ਗਈ ਗਾਤ, ਭਯੋ ਉਤਪਾਤ, ਹੇਰਿ ਨਾਰੀ ਬਿਸਮਾਈ ਮਨ।
'ਕਹਾਂ ਹੋਇ ਗਯੋ ਬੈਠੀ ਸਭਿਨਿ ਮੈਂ ਲਿਯੋ ਸਿਸੁ' ਤ੍ਰਾਸ ਉਪਜਯੋ, ਤਜੀ ਦਰ ਜਹਾਂ ਪਰਯੋ ਤਨ।
ਗੰਗਾ ਭਯਭੀਤ ਭਈ ਪੁੱਤ੍ਰ ਕੋ ਗਹਨ ਧਾਈ ਹਾਥਨਿ ਉਚਾਵੈ ਪ੍ਰਿਯਾ ਕ੍ਰਿਪਨ ਕੋ ਮਾਨੋ ਧਨ ॥੨੪॥

ਅੰਗ ਪਸਾਰ ਕੇ ਬੇਸੰਭਾਲ ਹੋ ਕੇ ਕੂਕਦੀ ਪੁਕਾਰਦੀ ਸੀ, ਲੰਮੀ ਪਈ ਦੀ ਹੀ ਮੌਤ ਹੋ ਗਈ। ਅੱਖਾਂ ਬਾਹਰ ਨਿਕਲੀਆਂ ਪਈਆਂ ਹਨ, ਮੂੰਹ ਵਿਚੋਂ ਝੱਗ ਨਿਕਲ ਰਹੀ ਹੈ, ਰੰਗ ਪੀਲਾ ਪੈ ਗਿਆ ਹੈ, ਬੜਾ ਉਪੱਦਰ ਹੋਇਆ ਹੈ, ਇਸਤਰੀਆਂ ਵੇਖ ਕੇ ਮਨ ਵਿਚ ਹੈਰਾਨ ਹੋ ਰਹੀਆਂ ਹਨ। ਕੀ ਹੋ ਗਿਆ ਹੈ ਸਾਰਿਆਂ ਵਿਚ ਬੈਠੀ ਨੇ ਬਾਲਕ ਨੂੰ ਲਿਆ ਸੀ, ਬਹੁਤ ਡਰ ਉਪਜਿਆ, ਜਿਥੇ ਦਾਈ ਦੀ ਲਾਸ਼ ਪਈ ਸੀ, ਉਸ ਥਾਂ ਨੂੰ ਛੱਡ ਕੇ ਦੂਰ ਚਲੀਆਂ ਗਈਆਂ। ਮਾਤਾ ਗੰਗਾ ਜੀ ਭੈਭੀਤ ਹੋ ਗਏ ਤੇ ਪੁੱਤਰ ਨੂੰ ਫੜਨ ਵਾਸਤੇ ਦੌੜੇ ਤੇ ਝੱਟ ਪੁੱਤਰ ਨੂੰ ਹੱਥਾਂ ਨਾਲ ਇੰਝ ਚੁਕਿਆ ਜਿਵੇਂ ਸੂਮ ਨੂੰ ਧਨ ਪਿਆਰਾ ਹੁੰਦਾ ਹੈ॥ ੨੪॥

ਹਾਥ ਗਹੀ ਬੇਨੀ, ਬਲ ਸਾਥ ਨਹਿਂ ਛੋਰੈਂ ਤਾਂਹਿ ਮਾਤ ਛੁਟਕਾਵੈ ਕਹਾਂ ਏਤਨੋ ਸੁ ਹੋਇ ਜੋਰ।
ਦਾਸੀ ਕੋ ਪੁਕਾਰੈ ਰਿਸ ਭਰੀ 'ਕਯੋਂ ਨ ਆਵੈ ਪਾਸਿ?' ਕੰਪਤਿ ਸਰੀਰ ਤ੍ਰਾਸ ਧਾਰੇ ਉਤਪਾਤ ਘੋਰ।
ਮਿਲੀ ਗਨ ਆਇ, ਨੀਠ ਨੀਠ ਕਰਿ ਛੋਰੀ ਤਬਿ, ਕੰਠ ਸੋਂ ਲਗਾਯੋ ਨੰਦ ਪਰਯੋ ਹੈ ਬਿਲੰਦ ਸ਼ੋਰ।
ਪਰੀ ਜਿਸ ਠੌਰ ਅਵਲੋਕਤਿ ਨ ਤਾਂਹੀ ਓਰ, ਡਰੀ ਉਰ ਹੋਰ ਧਾਈ ਥਾਨ ਨਿਜ ਛੋਰਿ ਛੋਰਿ ॥੨੫॥

ਹੱਥ ਨਾਲ ਦਾਈ ਦੀ ਗੁੱਤ ਫੜੀ ਹੋਈ ਸੀ, ਬਹੁਤ ਜ਼ੋਰ ਨਾਲ ਹੱਥ ਘੁਟਿਆ ਸੀ ਤੇ ਛੱਡਦੇ ਨਹੀਂ ਸਨ, ਮਾਤਾ ਜੀ ਛੁਡਵਾਉਂਦੇ ਸਨ, ਪਰ ਉਨ੍ਹਾਂ ਵਿਚ ਏਨਾ ਬਲ ਕਿੱਥੇ ਸੀ। ਬੜੇ ਗੁੱਸੇ ਨਾਲ ਦਾਸੀ ਨੂੰ ਬੁਲਾਇਆ, "ਤੂੰ ਪਾਸ ਕਿਉਂ ਨਹੀਂ ਆਉਂਦੀ ?" ਘੋਰ ਉਪੱਦਰ ਵੇਖ ਕੇ ਡਰੀ ਹੋਈ ਹੈ। ਸਾਰੀਆਂ ਮਿਲ ਕੇ ਆਈਆਂ, ਗੁੱਤ ਮਸਾਂ-ਮਸਾਂ ਛੱਡੀ, ਫਿਰ ਪੁੱਤਰ ਨੂੰ ਗਲ ਨਾਲ ਲਾਇਆ ਤੇ ਬਹੁਤ ਰੌਲਾ ਮੱਚ ਗਿਆ। ਜਿਥੇ ਦਾਈ ਪਈ ਸੀ, ਉਸ ਪਾਸੇ ਵਲ ਵੇਖਦੀਆਂ ਨਹੀਂ ਸਨ, ਦਿਲ ਵਿਚ ਬਹੁਤ ਡਰੀਆਂ ਹੋਈਆਂ ਸਨ, ਦੌੜ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਈਆਂ॥ ੨੫॥

ਮਰੀ ਦੁਰਾਚਾਰਨੀ ਤੇ ਕੁਛਕ ਪ੍ਰਕਾਸ਼ ਭਯੋ ਬੀਜੁਰੀ ਕੀ ਰੀਤਿ ਥਰਕਾਈ ਹੈ ਅਜਰ ਬੀਚ।
ਸਭਿ ਕੇ ਬਿਲੋਚਨ ਗਏ ਹੈਂ ਮੁੰਦ ਤੇਹੀ ਛਿਨ, ਬੋਲਤਿ ਨ ਬੈਨ ਕੋਈ ਹੇਰਿਕੈ ਕਰਮ ਨੀਚ।

ਹਾਥ ਜੁਗ ਪਾਵ ਕੌ ਪਸਾਰ ਕੈ ਪਰੀ ਹੈ ਧਰ ਦਾਸ ਗਨ ਦਾਸੀ ਮਿਲਿ ਦੇਖੀ ਸੁ ਗੁਸੀ ਹੈ ਮੀਚ।
ਜੀਵ ਗਯੋ ਊਪਰ ਅਪਰ ਦੇਹਿ ਧਾਰਿ ਕਰਿ ਮੂਰਛਤਿ ਕੋਈ ਲਖਿ ਤਾਂਕੇ ਮੁਖ ਬਾਰ ਸੀਚ ॥੨੬॥

ਮਰੀ ਹੋਈ ਦੁਰਾਚਾਰਨੀ ਦਾਈ ਦੇ ਸਰੀਰ ਉਤੇ ਕੁਝ ਪ੍ਰਕਾਸ਼ ਹੋਇਆ ਜਿਵੇਂ ਵਿਹੜੇ ਵਿਚ ਬਿਜਲੀ ਲਿਸ਼ਕੀ ਹੋਵੇ, ਉਸ ਸਮੇਂ ਸਾਰਿਆਂ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਸ ਦਾਈ ਦੇ ਨੀਚ ਕਰਮ ਨੂੰ ਵੇਖ ਕੇ ਕੋਈ ਵੀ ਬੋਲਦਾ ਨਹੀਂ ਸੀ। ਦੋਵੇਂ ਹੱਥ-ਪੈਰ ਪਸਾਰ ਕੇ ਧਰਤੀ ਤੇ ਪਈ ਹੈ, ਦਾਸ ਦਾਸੀਆਂ ਮਿਲ ਕੇ ਵੇਖਦੇ ਹਨ। ਆਤਮਾ ਹੋਰ ਸਰੀਰ ਧਾਰ ਕੇ ਉਪਰ ਚਲੀ ਗਈ ਹੈ, ਕੋਈ ਬੇਹੋਸ਼ ਹੋਈ ਸਮਝ ਕੇ ਮੂੰਹ ਵਿਚ ਪਾਣੀ ਪਾਉਂਦਾ ਹੈ॥ ੨੬॥

ਦੋਹਰਾ-ਇਸ ਪ੍ਰਕਾਰ ਜਬਿ ਮਰਿ ਗਈ ਅਪਰ ਦੇਹਿ ਧਰਿ ਸੋਇ।
ਛਪਿ ਅਕਾਸ਼ ਮੈਂ ਭੇਦ ਨਿਜ ਭਨਤਿ ਸੁਨਤਿ ਸਭਿ ਕੋਇ ॥੨੭॥

ਇਸ ਤਰ੍ਹਾਂ ਜਦ ਹੋਰ ਸਰੀਰ ਧਾਰਨ ਕਰਕੇ ਮਰ ਗਈ ਤਾਂ ਅਕਾਸ਼ ਵਿਚ ਛੁਪ ਕੇ ਆਪਣਾ ਭੇਦ ਕਿਹਾ, ਜਿਸ ਨੂੰ ਸਾਰਿਆਂ ਨੇ ਸੁਣਿਆ॥ ੨੭॥

*ਤੀਸਰੀ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥ ੭॥*

## ਅਧਿਆਇ ਅੱਠਵਾਂ

### ਦਾਈ ਦੀ ਰੂਹ ਨੇ ਆਪਣੀ ਪਿਛਲੀ ਕਥਾ ਸੁਣਾਈ

ਦੋਹਰਾ-ਦੂਰੀ ਗਗਨ ਮਹਿਂ ਬਚਨ ਕਹਿ 'ਡਰਹੁ ਨ ਮੋ ਤੇ ਕੋਇ।
ਸਭਿ ਪ੍ਰਸੰਗ ਸੁਨਿ ਲੀਜੀਏ, ਭਯੋ ਕਹੌਂ ਮੈਂ ਸੋਇ॥ ੧॥

ਅਕਾਸ਼ ਵਿਚ ਛੁਪ ਕੇ ਬੋਲੀ, "ਮੈਥੋਂ ਡਰੋ ਨਹੀਂ, ਮੇਰਾ ਸਾਰਾ ਪ੍ਰਸੰਗ ਸੁਣ ਲਵੋ, ਜਿਵੇਂ ਹੋਇਆ ਹੈ, ਉਸ ਤਰ੍ਹਾਂ ਹੀ ਮੈਂ ਕਹਿੰਦੀ ਹਾਂ॥ ੧॥

ਸੈਯਾ ਛੰਦ-ਪੂਰਬ ਜਨਮ ਮੋਹਿ ਗੰਧਰਬੀ, ਸਕਲ ਸ਼ਕਤਿ ਜੁਤਿ ਮੈਂ ਮਨ ਮਾਨ।
ਗਾਵਨ ਬਿੱਦਜਾ ਬਿਖੈ ਨਿਪੁਨ ਬਹੁ ਸੁੰਦਰ ਅਤਿ ਸਰੂਪ ਦੁਤਿਵਾਨ।
ਸੁਰਗ ਸਦਾ ਬਿਚਰਤਿ ਸੁਖ ਪਾਵਤਿ ਇਕ ਦਿਨ ਸੁਰਨਿ ਸਭਾ ਕੇ ਥਾਨ।
ਕਰਤਿ ਗਾਨ ਬਹੁ ਤਾਨ ਮਿਲਾਵਤਿ ਸੁਨਤਿ ਕਾਨ ਸੋ ਹੁਇ ਬਿਰਮਾਨ ॥੨॥

ਪਿਛਲੇ ਜਨਮ ਵਿਚ ਮੈਂ ਗੰਧਰਵੀ ਭਾਵ ਸਵਰਗ ਵਿਚ ਗਾਉਣ ਵਾਲੀ ਇਸਤਰੀ ਸੀ, ਬਹੁਤ ਸ਼ਕਤੀਸ਼ਾਲੀ ਹੋਣ ਕਰਕੇ ਮੈਨੂੰ ਬਹੁਤ ਹੰਕਾਰ ਹੋ ਗਿਆ। ਗਾਉਣ ਦੀ ਵਿਦਿਆ ਵਿਚ ਮੈਂ ਨਿਪੁੰਨ ਸੀ ਅਤੇ ਮੇਰੇ ਸੁੰਦਰ ਸਰੂਪ ਦੀ ਬੜੀ ਸ਼ੋਭਾ ਸੀ। ਸਵਰਗ ਵਿਚ ਵਿਚਰਦੀ ਮੈਂ ਸਦਾ ਸੁੱਖ ਪਾਉਂਦੀ ਸੀ, ਇਕ ਦਿਨ ਮੈਂ ਦੇਵਤਿਆਂ ਦੀ ਸਭਾ ਵਿਚ ਜਾ ਕੇ ਬਹੁਤ ਸੁੰਦਰ ਸੁਰਾਂ ਵਿਚ ਗਾ ਰਹੀ ਸੀ, ਜਿਹੜਾ ਵੀ ਮੇਰੀ ਅਵਾਜ਼ ਸੁਣਦਾ ਮੇਰੇ ਤੇ ਮੋਹਿਤ ਹੋ ਜਾਂਦਾ ਸੀ॥ ੨॥

ਤਬਿ ਸੁਰਗੁਰੂ ਆਯੋ ਕਿਸ ਕਾਰਨ ਹੇਰਤਿ ਉਠੇ ਸਭਾ ਸੁਰ ਬ੍ਰਿੰਦ।
ਸਾਦਰ ਨਮੋ ਕੀਨਿ ਬਡ ਜਾਨਯੋ ਬ੍ਰਹਮ ਵਿੱਦਜਾ ਮਹਿਂ ਨਿਪੁਨ ਬਿਲੰਦ।

ਬੈਠਜੋ ਆਨਿ ਸਭਿਨਿ ਕਹੁ ਦੇਖਤਿ ਰਾਗ ਰੰਗ ਮਹਿਂ ਭਏ ਅਨੰਦ।
ਮਮ ਦਿਸ਼ਿ ਲਖਿ ਕਰਿ ਜਾਨਿ ਮਾਨ ਬਡ 'ਇਹ ਦੁਸ਼ਟਾਚਾਰਣਿ ਮਤਿ ਮੰਦ ॥੩ ॥

ਫਿਰ ਦੇਵਤਿਆਂ ਦਾ ਗੁਰੂ ਕਿਸੇ ਕਾਰਨ ਆਇਆ, ਉਸ ਨੂੰ ਵੇਖ ਕੇ ਸਾਰੇ ਦੇਵਤੇ ਉੱਠ ਕੇ ਖਲੋ ਗਏ। ਬ੍ਰਹਮ ਵਿਦਿਆ ਵਿਚ ਬੜਾ ਨਿਪੁੰਨ ਹੋਣ ਕਰਕੇ, ਮੈਂ ਉਸ ਨੂੰ ਬੜੇ ਆਦਰ ਨਾਲ ਨਮਸਕਾਰ ਕੀਤੀ। ਸਾਰਿਆਂ ਨੂੰ ਰਾਗ ਰੰਗ ਦਾ ਆਨੰਦ ਲੈਂਦੇ ਵੇਖਕੇ ਆ ਕੇ ਬੈਠ ਗਿਆ। ਮੇਰੇ ਵਲ ਵੇਖ ਕੇ ਉਹ ਸਮਝ ਗਿਆ ਕਿ ਮੇਰੇ ਮਨ ਵਿਚ ਵੱਡਾ ਹੰਕਾਰ ਹੈ ਤੇ ਮਨ ਵਿਚ ਸੋਚਿਆ ਕਿ ਇਹ ਦੁਸ਼ਟਾਚਾਰਣ ਮਾੜੀ ਮੱਤ ਵਾਲੀ ਹੈ॥ ੩ ॥

ਗਾਵਨਿ ਅਰੁ ਸਰੂਪ ਬਡ ਮੇਰੋ ਇਹੁ ਗੁਨ ਜਾਨਿ ਧਰਤਿ ਹੰਕਾਰ।
ਸੁਰਨਿ ਸਭਾ ਕੇ ਉਚਿਤ ਨ ਦੁਸ਼ਟਾਨਿਹਿਂ ਮਨ ਜਾਨਜੋ ਮੋਹਿ ਉਦਾਰ।
ਅਪਰ ਸਰਬ ਹੀ ਮਾਨਹਿਂ ਦੀਰਘ ਇੰਦ੍ਰ ਆਦਿ ਜੇਤਿਕ ਬਲਿਭਾਰ।
ਦੰਡ ਜੋਗ ਹੈ ਦੇਉਂ ਸ੍ਰਾਪ ਇਸ ਗਰਬ ਬਿਨਾਸ਼ਹਿ ਇਸੀ ਪ੍ਰਕਾਰ' ॥ ੪ ॥

ਇਹ ਗੁਣ ਜਾਣ ਕੇ ਕਿ ਮੈਂ ਬਹੁਤ ਚੰਗਾ ਗਾਉਂਦੀ ਹਾਂ ਅਤੇ ਮੇਰਾ ਸਰੂਪ ਬਹੁਤ ਸੁੰਦਰ ਹੈ, ਹੰਕਾਰ ਧਾਰਨ ਕੀਤਾ ਹੈ। ਇਹ ਦੁਸ਼ਟ ਦੇਵਤਿਆਂ ਦੀ ਸਭਾ ਦੇ ਲਾਇਕ ਨਹੀਂ, ਆਪਣੇ ਮਨ ਵਿਚ ਮੈਨੂੰ ਚੰਗੀ ਤਰ੍ਹਾਂ ਜਾਣ ਲਿਆ। ਹੋਰ ਸਾਰਿਆਂ ਨੂੰ ਵੱਡਾ ਮੰਨਦੀ ਹੈ, ਇੰਦਰ ਆਦਿ ਜਿੰਨੇ ਵੀ ਭਾਰੀ ਬਲ ਵਾਲੇ ਦੇਵਤੇ ਹਨ, ਇਹ ਸਜ਼ਾ ਦੇਣ ਦੇ ਯੋਗ ਹੈ, ਇਸ ਲਈ ਇਸ ਨੂੰ ਸ੍ਰਾਪ ਦੇ ਕੇ ਇਸ ਦਾ ਘੁਮੰਡ ਇਸ ਤਰ੍ਹਾਂ ਦੂਰ ਕਰਾਂਗਾ॥ ੪ ॥

ਇਮ ਬਿਚਾਰ ਕਰਿ ਸ੍ਰਾਪ ਦੀਨਿ ਤਬਿ 'ਮ੍ਰਿਤੁ ਮੰਡਲ ਮਹਿਂ ਜਨਮ ਸੁ ਧਾਰਿ।
ਜਾਇ ਕਰਮ ਧਾਇਨ ਕੇ ਕਰਿ ਕੈ, ਹੇਤ ਜੀਵਕਾ ਕਰਹੁ ਅਹਾਰ।
ਪਾਪ ਕਮਾਵਹੁ ਜੀਵਨਿ ਦੁਖ ਕਰਿ, ਧਰਹੁ ਦੇਹਿ ਜੋ ਮਹਿਦ ਗਵਾਰ।
ਮੱਦ੍ਰ ਦੇਸ਼ ਮਹਿਂ ਬਿਚਰਹੁ ਜਿਤ ਕਿਤ ਭੋਗਹੁ ਦੁਖ ਹ੍ਵੈ ਕਰਿ ਬੁਰਿਆਰ' ॥੫ ॥

ਇਹ ਵਿਚਾਰ ਕੇ ਮੈਨੂੰ ਸ੍ਰਾਪ ਦਿੱਤਾ ਕਿ ਮਾਤ-ਲੋਕ ਵਿਚ ਜਾ ਕੇ ਜਨਮ ਧਾਰਨ ਕਰੋ, ਉਥੇ ਜਾ ਕੇ ਦਾਈ ਦਾ ਧੰਦਾ ਕਰਕੇ ਜੀਵਨ ਨਿਰਬਾਹ ਕਰੋ। ਜੀਵਾਂ ਨੂੰ ਦੁਖੀ ਕਰਕੇ ਪਾਪ ਕਮਾਵੋ। ਜਿਥੇ ਬਹੁਤ ਗਵਾਰ ਲੋਕ ਵੱਸਦੇ ਹਨ, ਉਨ੍ਹਾਂ ਵਿਚ ਜਾ ਕੇ ਦੇਹ ਧਾਰਨ ਕਰੋ। ਪੰਜਾਬ ਦੇਸ਼ ਵਿਚ ਜਾ ਕੇ ਵਿਚਰੋ ਅਤੇ ਜਿਥੇ-ਕਿਥੇ ਬਦੀ ਕਰਨ ਵਾਲੀ ਹੋ ਕੇ ਦੁੱਖ ਭੋਗੋ॥ ੫ ॥

ਮੈਂ ਕਰ ਜੋਰੇ ਸੁਰ ਗੁਰੁ ਆਗੇ 'ਕਬਿ ਮੇਰੋ ਪੁਨ ਹੋਇ ਉਧਾਰ।
ਗਰਬ ਕੀਨਿ ਤਿਸ ਕੋ ਫਲ ਪਾਯੋ ਤੁਮ ਕ੍ਰਿਪਾਲ ਹੋ ਸਦਾ ਉਦਾਰ।
ਇਸਤ੍ਰੀ ਮਤਿ ਪੀਛੇ ਸੁਧਿ ਆਵਤਿ ਨਿਜ ਸਰੂਪ ਗੁਨ ਕੇ ਹੰਕਾਰ।
ਸਾਧੂ ਸਦਾ ਛਿਮਾਂ ਕੋ ਧਾਰਤਿ ਅਪਕਾਰੀ ਪਰ ਭੀ ਉਪਕਾਰ' ॥ ੬ ॥

ਮੈਂ ਦੇਵਤਿਆਂ ਦੇ ਗੁਰੂ ਜੀ ਅੱਗੇ ਹੱਥ ਜੋੜ ਕੇ ਕਿਹਾ, "ਮੇਰਾ ਫਿਰ ਉਧਾਰ ਕਦ ਹੋਵੇਗਾ, ਹੰਕਾਰ ਕਰਨ ਨਾਲ ਮੈਂ ਇਹ ਫਲ ਪਾਇਆ ਹੈ, ਤੁਸੀਂ ਕਿਰਪਾਲੂ ਸਦਾ ਉਦਾਰਚਿਤ ਹੋ, ਇਸਤਰੀ ਮੱਤ ਹੈ, ਪਿਛੋਂ ਹੀ ਸੋਝੀ ਆਉਂਦੀ ਹੈ, ਆਪਣੇ ਸਰੂਪ ਅਤੇ ਗੁਣਾਂ ਕਰਕੇ ਹੰਕਾਰ ਕੀਤਾ ਹੈ, ਸਾਧੂ ਸਦਾ ਹੀ ਖਿਮਾਂ ਨੂੰ ਧਾਰਦੇ ਹਨ, ਬੁਰਾ ਕਰਨ ਵਾਲੇ ਉਤੇ ਵੀ ਉਪਕਾਰ ਕਰਦੇ ਹਨ" ॥ ੬ ॥

ਸੁਰ ਗੁਰੁ ਭਨਜੋ 'ਹੋਹਿਂ ਗੁਰੁ ਅਰਜਨ ਸ੍ਰੀ ਨਾਨਕ ਕੇ ਬੈਠਹਿਂ ਥਾਨ।
ਤਿਨ ਕੋ ਪੁੱਤ੍ਰ ਜਨਮ ਜਬਿ ਧਾਰਹਿ ਤਿਸ ਕੇ ਸਾਥ ਮੇਲ ਨਿਜ ਠਾਨ।

Sri Satguru Jagjit Singh Ji eLlibrary NamdhariElibrary@gmail.com

ਸੋ ਤੇਰੋ ਤਬਿ ਕਰਹਿ ਉਧਾਰਨਿ ਨਿਜ ਬਲ ਤੇ ਹਾਨਹਿੰ ਗੋ ਪ੍ਰਾਨ।
ਬਹੁਰ ਸਰੀਰ ਪਰਾਪਤਿ ਹੁਇ ਗੋ, ਗੰਧਰਬੀ ਕੋ ਰੂਪ ਮਹਾਨਾ ॥ ੭ ॥

ਦੇਵਤਿਆਂ ਦੇ ਗੁਰੂ ਨੇ ਕਿਹਾ, "ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਗੱਦੀ ਤੇ ਬੈਠਣਗੇ, ਜਦ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਵੇ ਤਾਂ ਉਸ ਨੂੰ ਜਾ ਕੇ ਜਦ ਮਿਲੇਂਗੀ ਤਾਂ ਉਹ ਆਪਣੇ ਬਲ ਨਾਲ ਤੇਰੇ ਪ੍ਰਾਣਾਂ ਦਾ ਨਾਸ ਕਰਕੇ ਤੇਰਾ ਉਧਾਰ ਕਰ ਦੇਵੇਗਾ, ਫਿਰ ਤੈਨੂੰ ਦੁਬਾਰਾ ਗੰਧਰਵੀ ਦਾ ਸਰੀਰ ਪ੍ਰਾਪਤ ਹੋਵੇਗਾ ਤੇ ਤੇਰਾ ਇਸ ਤਰ੍ਹਾਂ ਹੀ ਮਹਾਨ ਰੂਪ ਹੋਵੇਗਾ" ॥ ੭ ॥

ਭਯੋ ਪਤਨ ਸੁਰ ਗੁਰੁ ਕੇ ਬਚ ਸੁਨਿ, ਭਾ ਅੱਗਜਾਨ ਜਨਮ ਕੋ ਪਾਇ।
ਚਿਰੰਕਾਲ ਕੀ ਬਿਚਰਤਿ ਇਤ ਉਤ ਰਾਮਦਾਸਪੁਰਿ ਬਾਸੀ ਆਇ।
ਪ੍ਰਿਥੀਏ ਕੀ ਦਾਸੀ ਮੁਝ ਮਿਲਿ ਕਰਿ ਕਰਮੋ ਢਿਗ ਪਹੁੰਚਾਈ ਜਾਇ।
ਤਿਸਨੇ ਦੀਨਿ ਰਜਤਪਣ ਇਕ ਸ਼ਤ, ਇਮ ਸਿੱਖਜਾ ਦੇ ਇਹਾਂ ਪਠਾਇ ॥੮॥

ਦੇਵਤਿਆਂ ਦੇ ਗੁਰੂ ਦੇ ਬਚਨ ਸੁਣ ਕੇ ਮੈਂ ਸਵਰਗ ਤੋਂ ਥੱਲੇ ਡਿੱਗ ਪਈ ਤੇ ਇਕ ਅਗਿਆਨੀ ਦਾ ਜਨਮ ਪਾਇਆ। ਪ੍ਰਿਥੀਏ ਦੀ ਦਾਸੀ ਮੈਨੂੰ ਮਿਲ ਕੇ ਕਰਮੋ ਦੇ ਪਾਸ ਲੈ ਗਈ, ਉਸ ਮੈਨੂੰ ਇਕ ਸੌ ਚਾਂਦੀ ਦੇ ਸਿੱਕੇ ਦਿੱਤੇ ਅਤੇ ਇਸ ਤਰ੍ਹਾਂ ਸਿੱਖਿਆ ਦੇ ਕੇ ਏਥੇ ਭੇਜਿਆ॥ ੮ ॥

'ਸ਼੍ਰੀ ਅਰਜਨ ਨੰਦਨ ਕੋ ਹਤਿ ਕਰਿ, ਇਹ ਮੋ ਪਰ ਕੀਜਹਿ ਉਪਕਾਰ'।
ਲੋਭ ਲਹਿਰ ਨੇ ਪ੍ਰੇਰਨ ਕੀਨਸਿ ਮੈਂ ਆਈ ਸੁ ਮਨੋਰਥ ਧਾਰਿ।
ਕਪਟ ਬੇਸ ਧਰਿ ਬਾਲਕ ਨਾਸ਼ਨਿ, ਜ਼ਹਿਰ ਸਥਨ ਮੈਂ ਲੇਪ ਨਿਕਾਰ।
ਪ੍ਰਭੁ ਅਵਤਾਰ ਪੁੱਤ੍ਰ ਹੈ ਤੇਰੋ, ਪਕਰਿ ਪਯੋਧਰ ਕੋ ਮੁਝ ਮਾਰਿ ॥ ੯ ॥

'ਸ੍ਰੀ ਅਰਜਨ ਦੇ ਪੁੱਤਰ ਨੂੰ ਮਾਰ ਕੇ ਮੇਰੇ ਤੇ ਉਪਕਾਰ ਕਰੋ।' ਲੋਭ ਲਹਿਰ ਦੀ ਪ੍ਰੇਰੀ ਹੋਈ ਮੈਂ ਏਥੇ ਉਹ ਮਨੋਰਥ ਧਾਰ ਕੇ ਆਈ। ਕਪਟ ਵੇਸ ਧਾਰਨ ਕਰਕੇ ਬਾਲਕ ਨੂੰ ਖਤਮ ਕਰਨ ਲਈ ਮੈਂ ਆਪਣੇ ਥਣਾਂ ਨੂੰ ਜ਼ਹਿਰ ਦਾ ਲੇਪ ਲਾ ਲਿਆ। ਤੇਰਾ ਪੁੱਤਰ ਪ੍ਰਭੂ ਦਾ ਅਵਤਾਰ ਹੈ, ਮੇਰੇ ਥਣਾਂ ਤੋਂ ਫੜ ਕੇ ਮੈਨੂੰ ਮਾਰ ਦਿੱਤਾ ਹੈ॥ ੯ ॥

ਅਬਿ ਮੈਂ ਰੂਪ ਗੰਧਰਬੀ ਪਾਯਹੁ ਜਾਤਿ ਸੁਰਗੁ ਕੋ, ਨਮੋ ਹਮਾਰ।
ਸ਼ੱਤ੍ਰ ਤੁਮਾਰੋ ਪ੍ਰਿਥੀਆ ਜਾਨਹੁ ਕਰਹਿ ਬੈਰ ਸਗਰੇ ਪਰਵਾਰ।
ਰਹਹੁ ਸੁਚੇਤ ਨ ਕਰਹੁ ਭਰੋਸਾ ਜਜੋਂ ਜਜੋਂ ਠਾਨਹਿੰ ਗੋ ਅਪਕਾਰ'।
ਇਮ ਕਹਿ ਗਮਨ ਕੀਨਿ ਨਿਜ ਘਰ ਕੋ, ਅਤਿ ਪ੍ਰਸੰਨ ਹ੍ਵੈ ਰਿਦੇ ਮਝਾਰ ॥੧੦॥

ਹੁਣ ਮੈਂ ਦੁਬਾਰਾ ਗੰਧਰਵੀ ਦਾ ਸਰੂਪ ਪਾ ਲਿਆ ਹੈ ਤੇ ਸਵਰਗ ਨੂੰ ਜਾ ਰਹੀ ਹਾਂ, ਤੁਹਾਨੂੰ ਮੇਰਾ ਨਮਸਕਾਰ ! ਪ੍ਰਿਥੀਆ ਤੁਹਾਡਾ ਵੈਰੀ ਜਾਣੋ, ਉਹ ਸਾਰੇ ਪਰਿਵਾਰ ਨਾਲ ਵੈਰ ਰੱਖਦਾ ਹੈ, ਸੁਚੇਤ ਰਹੋ ਤੇ ਉਸ 'ਤੇ ਭਰੋਸਾ ਨਾ ਕਰੋ, ਜਿਵੇਂ-ਕਿਵੇਂ ਉਹ ਬਦੀ ਹੀ ਕਰੇਗਾ'। ਇਸ ਤਰ੍ਹਾਂ ਕਹਿ ਕੇ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲੇ ਗਈ॥ ੧੦ ॥

ਅਜਰ ਬਿਖੈ ਤ੍ਰਿਯ ਬਿੰਦ ਮਿਲੀ ਤਬਿ, ਸੁਨਿ ਸਭਿ ਭੇਵ ਰਹੀ ਬਿਸਮਾਇ।
'ਧਿਕ ਧਿਕ ਕਰਮੋ ਕੀਨ ਕੁਕਰਮੋ, ਹਤੇ ਬਾਲ ਕਜਾ ਕਰ ਮੋ ਆਇ।
ਪਰਾਲਬਧ ਪਰ ਨਿਸ਼ਚੈ ਨਾਹਿਨ ਪਾਪ ਮਤੀ ਉਰ ਮਹਿੰ ਪ੍ਰਗਟਾਇ।
ਪਰਮੇਸ਼ੁਰ ਜਿਨ ਕੇਰ ਸਹਾਈ ਬੰਕ ਰੋਮਕੋ ਕਰਿ ਨ ਸਕਾਇ ॥ ੧੧ ॥

ਵਿਹੜੇ ਵਿਚ ਫਿਰ ਇਸਤਰੀਆਂ ਇਕੱਠੀਆਂ ਹੋ ਕੇ ਮਿਲੀਆਂ, ਇਹ ਭੇਦ ਸੁਣ ਕੇ ਸਾਰੀਆਂ ਬਹੁਤ ਹੈਰਾਨ ਹੋਈਆਂ। ਕਹਿਣ ਲੱਗੀਆਂ, "ਕਰਮੋ ਨੂੰ ਧਿਰਕਾਰ ਹੈ, ਧਿਰਕਾਰ ਹੈ, ਉਸ ਨੇ ਬਹੁਤ ਮਾੜਾ ਕੁਕਰਮ ਕੀਤਾ ਹੈ, ਬਾਲ ਦੀ ਹੱਤਿਆ ਕਰਨ ਨਾਲ ਉਸ ਦੇ ਹੱਥ ਵਿਚ ਕੀ ਆਉਣਾ ਹੈ। ਪਰਾਲਬਧ 'ਤੇ ਉਸਦਾ ਵਿਸ਼ਵਾਸ ਨਹੀਂ, ਹਿਰਦੇ ਵਿਚ ਪਾਪ ਵਾਲੀ ਮੱਤ ਪਰਗਟ ਕਰਦੀ ਹੈ। ਜਿਸ ਦੀ ਪ੍ਰਭੂ ਸਹਾਇਤਾ ਕਰਦਾ ਹੈ, ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ॥ ੧੧॥

ਲਗਜੋ ਕਲੰਕ ਕੁਲੀ ਅਕਲੰਕ ਜੁ ਮਤਸਰ ਪਾਵਕ ਜਰਤਿ ਮਹਾਨ।
ਬਡੇ ਭਾਗ ਇਨ ਕੇ ਸਭਿ ਰੀਤੀ ਪਿਤਾ ਪ੍ਰੇਮ ਤੇ ਗੁਰਤਾ ਦਾਨ।
ਉੱਤਮ ਕਰਮ ਕਰਤਿ ਹੈਂ ਨਿਸ ਦਿਨ ਸੱਤਿਨਾਮ ਕੋ ਸਿਮਰਨਿ ਠਾਨਿ।
ਚਹੂੰ ਕੋਦ ਤੇ ਸਮ ਪਯੋਦ ਕੇ ਪਾਇ ਪ੍ਰਮੋਦ ਦੇਤਿ ਧਨ ਆਨਿ॥ ੧੨ ॥

ਪ੍ਰਿਥੀਆ ਕੁਲ ਨੂੰ ਕਲੰਕ ਹੋ ਕੇ ਲੱਗਾ ਹੈ, ਜਿਹੜਾ ਈਰਖਾ ਦੀ ਅੱਗ ਵਿਚ ਬੁਰੀ ਤਰ੍ਹਾਂ ਸੜ ਗਿਆ ਹੈ। ਇਨ੍ਹਾਂ ਦੇ ਵੱਡੇ ਭਾਗ ਹਨ ਪਿਤਾ ਜੀ ਦੇ ਪ੍ਰੇਮ ਤੋਂ ਗੁਰਤਾ ਪ੍ਰਾਪਤ ਕੀਤੀ ਹੈ। ਦਿਨ-ਰਾਤ ਉੱਤਮ ਕਰਮ ਕਰਦੇ ਹਨ ਅਤੇ ਸੰਗਤਾਂ ਨੂੰ ਸਤਿਨਾਮ ਦਾ ਸਿਮਰਨ ਕਰਵਾਉਂਦੇ ਹਨ। ਚਾਰੇ ਪਾਸਿਆਂ ਤੋਂ ਬੱਦਲ ਵਾਂਗ ਪ੍ਰਸੰਨ ਹੋ ਕੇ ਧਨ ਦਿੰਦੇ ਹਨ॥ ੧੨॥

ਪਾਵਨ ਪਦ ਪੰਕਜ ਕੋ ਪੂਜਤਿ ਅਨਗਨ ਸੰਗਤਿ ਭੇਟ ਚੜ੍ਹਾਇ।
ਤਊ ਨ ਮਾਨ ਕਰਹਿਂ ਇਹੁ ਦੰਪਤਿ ਸਭਿ ਕੋ ਸੁਖ ਦੇ ਸਰਲ ਸੁਭਾਇ।
ਪ੍ਰਭੁ ਅਵਤਾਰ ਪੁੱਤ੍ਰ ਇਨ ਕੇਰਾ, ਮਹਿਮਾ ਸਭਿ ਮਹਿਂ ਕਹੀ ਸੁਨਾਇ।
ਮੂਰਖ ਬੁਰਾ ਕੌਨ ਕਰਿ ਸਕਹੀ ਜਥਾ ਚੰਦ ਕੋ ਚੋਰ ਨਿਕਾਇ॥ ੧੩ ॥

ਅਣਗਿਣਤ ਸੰਗਤਾਂ ਭੇਟਾਵਾਂ ਚੜ੍ਹਾ ਕੇ ਇਨ੍ਹਾਂ ਦੇ ਚਰਨ ਕੰਵਲਾਂ ਨੂੰ ਪੂਜਦੀਆਂ ਹਨ, ਫਿਰ ਇਹ ਪਤੀ-ਪਤਨੀ ਕਿਸੇ ਪ੍ਰਕਾਰ ਦਾ ਵੀ ਹੰਕਾਰ ਨਹੀਂ ਕਰਦੇ ਹਨ, ਸਾਰਿਆਂ ਨੂੰ ਸੁਖ ਦੇਣ ਵਾਲਾ ਇਨ੍ਹਾਂ ਦਾ ਸਰਲ ਸੁਭਾਅ ਹੈ। ਇਨ੍ਹਾਂ ਦੇ ਪੁੱਤਰ ਪ੍ਰਭੂ ਦਾ ਅਵਤਾਰ ਹਨ, ਦਾਈ ਨੇ ਸਭ ਨੂੰ ਇਨ੍ਹਾਂ ਦੀ ਮਹਿਮਾ ਕਹਿ ਕੇ ਸੁਣਾਈ ਹੈ। ਕਿਹੜਾ ਮੂਰਖ ਇਨ੍ਹਾਂ ਦਾ ਬੁਰਾ ਕਰ ਸਕਦਾ ਹੈ, ਜਿਵੇਂ ਸਾਰੇ ਚੋਰ ਰਲ ਕੇ ਵੀ ਚੰਦ ਦਾ ਬੁਰਾ ਨਹੀਂ ਕਰ ਸਕਦੇ॥ ੧੩॥

ਇੱਤਜਾਦਿਕ ਪ੍ਰਿਥੀਏ ਕੋ ਨਿੰਦਤਿ ਸ੍ਰੀ ਅਰਜਨ ਕੋ ਸੁਜਸ ਭਨੰਤਿ।
ਸੁਤ ਗਰ ਸੰਗ ਲਗਾਯਹੁ ਗੰਗਾ ਨੀਰ ਬਿਲੋਚਨ ਬੂੰਦ ਦਰੰਤਿ।
ਚੀਤ ਮਹਾਂ ਭਯਭੀਤ ਭਈ ਪਿਖਿ 'ਕਜੋਂ ਸੁਤ ਦੀਨਿ' ਰਿਦੇ ਪਛੁਤੰਤਿ।
'ਸ਼ੱਤ੍ਰ ਸ਼ਰੀਕ ਬਡੇ ਦੁਰਚਾਰੀ ਕੀਨਿ ਕਪਟ ਕੋ ਨਹੀ ਲਖੰਤਿ' ॥ ੧੪ ॥

ਇਤਿਆਦਿ ਪ੍ਰਿਥੀਏ ਦੀ ਨਿੰਦਿਆ ਕਰਦੇ ਹਨ ਤੇ ਸ੍ਰੀ ਅਰਜਨ ਦੇਵ ਜੀ ਦਾ ਸ੍ਰੇਸ਼ਟ ਜੱਸ ਕਹਿੰਦੇ ਹਨ। ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਗਲ ਨਾਲ ਲਾ ਲਿਆ, ਅੱਖਾਂ ਵਿਚੋਂ ਜਲ ਦੀਆਂ ਬੂੰਦਾਂ ਡਿਗ ਰਹੀਆਂ ਸਨ। ਚਿੱਤ ਵਿਚ ਇਹ ਸੋਚ ਕੇ ਭੈ-ਭੀਤ ਹੋ ਗਈ, "ਮੈਂ ਪੁੱਤਰ ਉਸ ਨੂੰ ਕਿਉਂ ਫੜਾਇਆ" ਹਿਰਦੇ ਵਿਚ ਸੋਚ ਕੇ ਪਛਤਾਉਂਦੀ ਹੈ। ਦੁਸ਼ਮਣ ਸ਼ਰੀਕ ਨੇ ਬੜਾ ਦੁਰਾਚਾਰੀ ਕੰਮ ਕੀਤਾ ਹੈ, ਮੈਂ ਉਨ੍ਹਾਂ ਦੇ ਕਪਟ ਨੂੰ ਸਮਝ ਨਹੀਂ ਸਕੀ" ॥ ੧੪॥

ਕਹਜੋ ਦਾਸ ਕੌ 'ਪਾਸ ਪਧਾਰਹੁ ਜਗ ਗੁਰ ਕੌ ਸੁਧਿ ਦੇਹੁ ਸੁਨਾਇ।
ਸ੍ਰੀ ਨਾਨਕ ਨੇ ਪੁੱਤ੍ਰ ਬਚਾਯਹੁ, ਨਾਂਹਿ ਤ ਹਤਜੋ ਹੁਤੋ ਛਲ ਲਾਇ।
ਅੰਙਣ ਮ੍ਰਿਤਕ ਧਾਇ ਕੋ ਦੇਖਹੁ ਸੁਧਿ ਸਭਿ ਕ਼ਹੀ ਗਗਨ ਮਹਿਂ ਜਾਇ।
ਲੀਨਿ ਕਲੰਕ ਭ੍ਰਾਤ ਇਹ ਤੁਮਰੇ ਜੋ ਹਮ ਕੋ ਨਹਿਂ ਦੇਖਿ ਸਕਾਇ॥੧੫ ॥

Sri Satguru Jagjit Singh Ji eLlibrary NamdhariElibrary@gmail.com

ਮਾਤਾ ਜੀ ਨੇ ਇਕ ਦਾਸ ਨੂੰ ਕਿਹਾ, "ਜਗਤ ਗੁਰੂ ਜੀ ਦੇ ਪਾਸ ਜਾਵੇ ਤੇ ਉਨ੍ਹਾਂ ਨੂੰ ਸਾਰੀ ਖ਼ਬਰ ਸੁਣਾਓ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਤਰ ਨੂੰ ਬਚਾਇਆ ਹੈ, ਨਹੀਂ ਤਾਂ ਛਲ ਨਾਲ ਉਨ੍ਹਾਂ ਮਾਰ ਦੇਣਾ ਸੀ। ਵਿਹੜੇ ਵਿਚ ਦਾਈ ਦੀ ਲਾਸ਼ ਨੂੰ ਵੇਖੋ, ਅਕਾਸ਼ ਵਿਚ ਜਾ ਕੇ ਉਸ ਸਾਰੀ ਸੂਚਨਾ ਦਿੱਤੀ ਹੈ। ਤੁਹਾਡੇ ਭਰਾ ਨੇ ਇਹ ਕਲੰਕ ਲਿਆ ਹੈ, ਜਿਹੜਾ ਸਾਨੂੰ ਵੇਖ ਨਹੀਂ ਸਕਦਾ ਹੈ॥ ੧੫॥

ਪੁਰੀ ਉਜਾਰੇ ਗ੍ਰਾਮ ਬਸੇ ਹਮ ਤਊ ਨ ਬੈਰੰ ਤਜਹਿ ਅਘਵੰਤਿ।
ਨਿਜ ਕੁਲ ਕੋ ਪੁਨ ਬਾਲਕ ਬਧ ਕੋ ਹਤਨਿ ਪਾਪ ਕੋ ਨਹੀ ਲਖੰਤਿ।
ਇਕ ਬੁਰਿਆਈ ਸਾਥ ਪ੍ਰੀਤਿ ਹੈ, ਹਮ ਤਿਸ ਕੋ ਨਹਿਂ ਬੁਰਾ ਕਰੰਤਿ।
ਜਾਹੁ ਛਿਪ੍ਰ, ਘਰ ਆਨਹੁ ਹੇਰਹਿਂ ਅਤਿ ਉਤਪਾਤ ਅਧਿਕ ਦੁਖਵੰਤਿ' ॥੧੬॥

ਨਗਰ ਤੋਂ ਉਜੜ ਕੇ ਅਸੀਂ ਪਿੰਡ ਵਿਚ ਆ ਕੇ ਵੱਸੇ ਹਾਂ, ਫਿਰ ਵੀ ਪਾਪੀ ਨੇ ਵੈਰ ਨਹੀਂ ਛੱਡਿਆ ਹੈ। ਆਪਣੇ ਕੁਲ ਦੇ ਬਾਲਕ ਨੂੰ ਮਾਰਨ ਦੇ ਪਾਪ ਨੂੰ ਨਹੀ ਸਮਝਿਆ ਹੈ। ਕੇਵਲ ਇਕ ਬੁਰਿਆਈ ਨਾਲ ਹੀ ਪ੍ਰੀਤ ਹੈ, ਅਸੀਂ ਤਾਂ ਉਸ ਦਾ ਕੁਝ ਵੀ ਬੁਰਾ ਨਹੀਂ ਕਰਦੇ। ਛੇਤੀ ਜਾਵੋ, ਉਨ੍ਹਾਂ ਨੂੰ ਘਰ ਲਿਆਵੋ ਤਾਂਕਿ ਆ ਕੇ ਇਸ ਦੁਖਦਾਈ ਉਪੱਦਰ ਨੂੰ ਆਪਣੀ ਅੱਖੀਂ ਵੇਖ ਲੈਣਾ'॥ ੧੬॥

ਸੁਨਤਿ ਦਾਸ ਦੌਰਜੋ ਗੁਰ ਪਾਸਹਿ, ਵਹਿਰ ਬਿਰਾਜਤਿ ਹੈਂ ਜਿਸ ਥਾਨ।
'ਕ੍ਰਿਪਾ ਨਿਧਾਨ! ਕਹਾਂ ਹੋ ਬੈਠੇ, ਕਾਰਜ ਬਿਗਰਜੋ ਹੁਤੋ ਮਹਾਨ।
ਸਤਿਗੁਰ ਰਾਖਜੋ ਬੰਸ ਤੁਮਾਰੋ', ਸਕਲ ਪ੍ਰਸੰਗ ਸੁ ਕੀਨਿ ਬਖਾਨ।
ਸੁਨਤਿ ਉਠੇ ਗੁਰ ਅਰਜਨ ਆਏ ਕੁਛ ਸਿਖ ਸੇਵਕ ਸੰਗ ਸੁ ਆਨਿ ॥੧੭॥

ਇਹ ਸੁਣ ਕੇ ਦਾਸ ਦੌੜ ਕੇ ਗੁਰੂ ਜੀ ਦੇ ਪਾਸ ਪਹੁੰਚਿਆ, ਗੁਰੂ ਜੀ ਬਾਹਰ ਜਿਸ ਥਾਂ ਬੈਠੇ ਸਨ ਓਥੇ ਜਾ ਕੇ ਕਿਹਾ, "ਕ੍ਰਿਪਾ ਨਿਧਾਨ ਗੁਰੂ ਜੀ! ਕਿੱਥੇ ਬੈਠੇ ਹੋ, ਮਹਾਨ ਕਾਰਜ ਵਿਗੜ ਗਿਆ ਹੈ, ਸਤਿਗੁਰੂ ਨੇ ਤੁਹਾਡੇ ਵੰਸ਼ ਨੂੰ ਰੱਖ ਲਿਆ ਹੈ।" ਫਿਰ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾ ਦਿੱਤਾ। ਗੁਰੂ ਜੀ ਉਸੇ ਵੇਲੇ ਉਠ ਕੇ ਆ ਗਏ, ਕੁਝ ਸਿੱਖ ਸੇਵਕ ਵੀ ਉਨ੍ਹਾਂ ਦੇ ਨਾਲ ਆਏ॥ ੧੭॥

ਪਰੀ ਅਜਰ ਮਹਿਂ ਧਾਇ ਮ੍ਰਿਤਕ ਹ੍ਵੈ, ਕਹਿ ਗਿਰਵਾਈ ਵਹਿਰ ਉਜਾਰ।
'ਸ੍ਰੀਨਾਨਕ ਰੱਛਕ ਹੈਂ ਹਮਰੇ ਘਰ ਬਾਹਰ ਸੰਗੀ ਇਕ ਸਾਰ।
ਕੋ ਬਪੁਰਾ ਨਰ ਬੁਰਾ ਕਰਹਿ ਜੋ ਜਬਿ ਇਕ ਸ੍ਵਾਮੀ ਰਾਖਨਹਾਰ'।
ਉਮਗ ਪ੍ਰੇਮ ਤੇ ਸ਼ਬਦ ਬਨਾਯਹੁ ਸੁੰਦਰ ਆਸਾ ਰਾਗ ਮਝਾਰ॥ ੧੮॥

ਮਰੀ ਹੋਈ ਦਾਈ ਵਿਹੜੇ ਵਿਚ ਪਈ ਸੀ, ਕਹਿ ਕੇ ਬਾਹਰ ਉਜਾੜ ਵਿਚ ਸੁਟਵਾ ਦਿੱਤੀ ਅਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਰੱਖਿਅਕ ਹਨ, ਉਹ ਘਰ ਬਾਹਰ ਇਕਸਾਰ ਸਾਡੇ ਸੰਗ ਹਨ। ਕੋਈ ਕਰੂਪ ਮਨੁੱਖ ਜਦ ਵੀ ਬੁਰਾ ਕਰੇ ਇਕ ਸਵਾਮੀ ਸਾਡਾ ਰਖਣਹਾਰ ਹੈ" ਬੜੇ ਪ੍ਰੇਮ ਅਤੇ ਉਤਸ਼ਾਹ ਵਿਚ ਆ ਕੇ ਇਕ ਸ਼ਬਦ ਦੀ ਸੁੰਦਰ ਆਸਾ ਰਾਗ ਵਿਚ ਰਚਨਾ ਕੀਤੀ॥ ੧੮॥

*ਸ੍ਰੀ ਮੁਖਵਾਕ॥ ਆਸਾ ਮਹਲਾ ੫॥*

*ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥ ੧॥*
*ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥ ਰਹਾਉ॥*

Sri Satguru Jagjit Singh Ji eLlibrary NamdhariElibrary@gmail.com

ਸਰਨਿ ਪਰੇ ਸਾਚੇ ਗੁਰਦੇਵ॥ ਪੂਰਨ ਹੋਈ ਸੇਵਕ ਸੇਵ ॥ ੨ ॥
ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ॥ ਕਹੁ ਨਾਨਕ ਗੁਰ ਕਉ ਕੁਰਬਾਨ॥ ੩ ॥ ੮ ॥ ੧੦੨ ॥

(ਪੰਨਾ ੩੯੬)

ਆਪਣਾ ਹੱਥ ਦੇ ਕੇ ਪੂਰਨ ਗੁਰੂ ਜੀ ਨੇ ਬੱਚੇ ਨੂੰ ਬਚਾ ਲਿਆ ਹੈ। ਉਸ ਦੇ ਸੇਵਕ ਦਾ ਪਰਤਾਪ ਪਰਗਟ ਹੋ ਗਿਆ ਹੈ ॥ ੧ ॥
ਅਜਿਹੇ ਪੂਰਨ ਗੁਰੂ ਜੀ ਦੀ ਮੈਂ ਆਰਾਧਨਾ ਕਰਦਾ ਹਾਂ ਅਤੇ ਅਜਿਹੇ ਵਿਸ਼ਾਲ ਗੁਰੂ ਜੀ ਨੂੰ ਮੈਂ ਸਿਮਰਦਾ ਹਾਂ।
ਜਿਸ ਵਾਸਤੇ ਵੀ ਮੈਂ ਆਪਣੇ ਦਿਲੋਂ ਪ੍ਰਾਰਥਨਾ ਕਰਦਾ ਹਾਂ, ਉਹ ਮੈਂ ਗੁਰੂ ਜੀ ਪਾਸੋਂ ਪਾ ਲੈਂਦਾ ਹਾਂ ॥ ਠਹਿਰਾਉ ॥
ਮੈਂ ਸੱਚੇ ਰੱਬ ਰੂਪ ਗੁਰੂ ਜੀ ਦੀ ਓਟ ਲਈ ਹੈ, ਉਸ ਦੇ ਸੇਵਕ ਦੀ ਸੇਵਾ ਸੰਪੂਰਨ ਹੋ ਗਈ ਹੈ।
ਉਸ ਨੇ ਮੇਰੀ ਆਤਮਾ, ਸਰੀਰ, ਜੁਆਨੀ ਅਤੇ ਮੇਰੀ ਜਿੰਦ ਜਾਨ ਦੀ ਰੱਖਿਆ ਕੀਤੀ ਹੈ। ਹੇ ਨਾਨਕ ! ਕਹੋ, ਮੈਂ ਆਪਣੇ ਗੁਰੂ ਜੀ ਉੱਤੋਂ ਬਲਿਹਾਰ ਜਾਂਦਾ ਹਾਂ ॥ ੩ ॥ ੮ ॥ ੧੦੨ ॥

ਦੋਹਰਾ- ਇਮ ਸ੍ਰੀ ਨਾਨਕ ਕੀ ਮਹਾਂ ਕਹੀ ਬਡਾਈ ਚਾਰੁ।
ਪਠਹਿ ਜੁ ਰਿਤਵਹਿ ਚਰਿਤ ਗੁਰ ਤ੍ਰਾਸ ਨ ਕਿਤ ਤੇ ਧਾਰਿ ॥੧੯ ॥

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸੁੰਦਰ ਵਡਿਆਈ ਕੀਤੀ। ਜਿਹੜਾ ਵੀ ਗੁਰੂ ਜੀ ਦੇ ਚਰਿਤਰ ਬਾਰੇ ਪੜ੍ਹਦਾ ਜਾਂ ਯਾਦ ਕਰਦਾ ਹੈ ਫਿਰ ਉਹ ਕਦੀ ਡਰ ਨਹੀਂ ਧਾਰਨ ਕਰਦਾ ਹੈ ॥ ੧੯ ॥

ਕਬਿੱਤ- ਭਯੋ ਅਸ ਕੌਤਕ ਬਿਸਮ ਰਹੇ ਲੋਕ ਸਭਿ ਪੁੱਤ੍ਰ ਕੋ ਬਿਲੋਕਿ ਭਏ ਦੰਪਤਿ ਅਨੰਦ ਅਤਿ।
ਕੀਨਸਿ ਕਰਾਹੁ ਬਾਂਟ ਦੀਨਸਿ ਉਛਾਹ ਕਰਿ,ਸਗਰੇ ਗੁਰਨਿ ਕੋ ਲੇ ਨਾਮ ਧਰਿ ਧਯਾਨ ਚਿਤ।
ਰੈਨ ਦਿਨ ਰੱਛਕ, ਦੂਜਨ ਗਨ ਭੱਛਕ, ਬਿਸਾਲ ਜਸ ਸੁੱਛਕ, ਜੋ ਸੇਵਕ ਵਛਲ ਨਿਤ।
ਰਿਦੇ ਮੈਂ ਅਰਾਧਤੇ,ਸਕਲ ਸੁਖ ਲਾਧਤੇ,ਅਨੇਕ ਬਾਧਾ ਬਾਧਤੇ ਸਦੀਵ ਸਤਿਨਾਮ ਹਿਤ ॥੨੦ ॥

ਜਦ ਅਜਿਹਾ ਕੌਤਕ ਵਾਪਰਿਆ ਤਾਂ ਸਾਰੇ ਲੋਕ ਹੈਰਾਨ ਰਹਿ ਗਏ, ਪੁੱਤਰ ਨੂੰ ਵੇਖ ਕੇ ਪਤੀ-ਪਤਨੀ ਬਹੁਤ ਪ੍ਰਸੰਨ ਹੋਏ। ਕੜਾਹ ਪ੍ਰਸ਼ਾਦਿ ਕਰਵਾਇਆ ਤੇ ਚਿੱਤ ਵਿਚ ਸਾਰੇ ਗੁਰੂ ਸਾਹਿਬਾਨ ਦਾ ਨਾਂ ਲੈ ਕੇ, ਬੜਾ ਉਤਸ਼ਾਹ ਕਰਕੇ ਵੰਡ ਦਿੱਤਾ। ਦਿਨ-ਰਾਤ ਰਾਖੇ ਹਨ, ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਹਨ, ਵਿਸ਼ਾਲ ਸਵੱਛ ਜੱਸ ਦੇਣ ਵਾਲੇ ਹਨ ਅਤੇ ਸੇਵਕਾਂ ਦੇ ਪਿਆਰੇ ਹਨ। ਜਿਹੜੇ ਹਿਰਦੇ ਵਿਚ ਆਰਾਧਦੇ ਹਨ, ਉਹ ਸਾਰੇ ਸੁੱਖ ਪ੍ਰਾਪਤ ਕਰਦੇ ਹਨ। ਜਿਹੜੇ ਸਦਾ ਸਤਿਨਾਮ ਨਾਲ ਪਿਆਰ ਕਰਦੇ ਹਨ, ਉਹ ਸਾਰੀਆਂ ਪੀੜਾਂ ਨੂੰ ਦੂਰ ਕਰਦੇ ਹਨ ॥ ੨੦ ॥

ਸੈਯਾ- ਗੰਗ ਅਨੰਦ ਸੋਂ ਨੰਦਨ ਕੋ ਪ੍ਰਤਿਪਾਰਤਿ ਹੋਇ ਸੁਚੇਤ ਸਦਾ।
ਮੰਦਰ ਅੰਦਰ ਸੁੰਦਰ ਪਾਲਨਾ ਲਾਲਤਿ ਲਾਲ ਝੁਲਾਇ ਤਦਾ।
ਨਾਰਿਨਿ ਬ੍ਰਿੰਦ ਮੈਂ ਨਾ ਕਬਿ ਲਜਾਵਤਿ 'ਦੇਖਤਿ ਡੀਠ ਲਗੈ ਨ ਕਦਾ।
ਟਾਮਨ ਕੋ ਕਰਿ ਜਾਇ ਨਹੀਂ ਰਖਵਾਰ ਰਹੋ ਗੁਰ ਰੂਪ ਸਦਾ ॥ ੨੧ ॥

ਮਾਤਾ ਗੰਗਾ ਜੀ ਅਨੰਦ ਨਾਲ ਆਪਣੇ ਪੁੱਤਰ ਦੀ ਪ੍ਰਤਿਪਾਲਣਾ ਕਰਦੇ ਸਮੇਂ ਸਦਾ ਹੀ ਸੁਚੇਤ ਰਹਿੰਦੇ ਸਨ। ਘਰ ਵਿਚ ਸੁੰਦਰ ਪੰਘੂੜਾ ਲਿਆਂਦਾ ਸੀ ਤੇ ਲਾਡ ਲਡਾ ਕੇ ਉਸ ਨੂੰ ਝੁਲਾਉਂਦੇ ਸਨ। ਇਸਤਰੀਆਂ ਦੇ ਇਕੱਠ ਵਿਚ ਕਦੇ ਵੀ ਨਹੀਂ ਲਿਆਉਂਦੇ ਸਨ, ਤਾਂਕਿ ਵੇਖ ਕੇ ਕਿਸੇ ਦੀ ਨਜ਼ਰ ਨਾ ਲੱਗ ਜਾਵੇ ਅਤੇ ਕੋਈ ਟੂਣਾ ਨਾ ਕਰ ਜਾਵੇ, ਗੁਰੂ ਰੂਪ ਦੀ ਸਦਾ ਰਖਵਾਲੀ ਕਰਦੇ ਹਨ ॥ ੨੧ ॥

ਤਾਂਤੇ ਕਰੇ ਜਲ ਮੱਜਨ ਕੋ ਮੁਖ ਚਾਰੁ ਪਖਾਰਤਿ, ਲਾਲਤਿ ਹੈ।
ਪੌਂਛਤਿ ਸੂਖਮ ਚੀਰ ਗਹੇ, ਪਟ ਸੁੰਦਰ ਫੇਰ ਉਢਾਲਤਿ ਹੈ।

ਬਾਘ ਨਖਾ ਮਧਿ ਕੰਚਨ ਤੇ ਮਖ਼ਤੂਲ ਗਰੇ ਮਹਿਂ ਡਾਲਤਿ ਹੈ।
ਯੌਂ ਦਿਨ ਕੇਤਿਕ ਬੀਤ ਗਏ ਸੁਤ ਪ੍ਰੇਮ ਕਰੇ ਪ੍ਰਤਿਪਾਲਤਿ ਹੈ ॥੨੨॥

ਇਸ਼ਨਾਨ ਕਰਨ ਵਾਸਤੇ ਪਾਣੀ ਗਰਮ ਕਰਦੇ ਸਨ, ਸੁੰਦਰ ਮੁਖੜੇ ਨੂੰ ਧੋਂਦੇ ਸਨ ਤੇ ਲਾਡ ਲਡਾਉਂਦੇ ਸਨ। ਸੂਖਮ ਕਪੜਾ ਲੈ ਕੇ ਮੁਖੜੇ ਨੂੰ ਪੂੰਝਦੇ ਸਨ, ਫਿਰ ਸੁੰਦਰ ਰੇਸ਼ਮੀ ਕਪੜੇ ਪਹਿਨਾਉਂਦੇ ਸਨ। ਸ਼ੇਰ ਦਾ ਨਹੁੰ ਸੋਨੇ ਵਿਚ ਮੜ੍ਹਾ ਕੇ ਅਤੇ ਰੇਸ਼ਮ ਦੇ ਧਾਗੇ ਵਿਚ ਪਰੋ ਕੇ ਗਲ ਵਿਚ ਪਾਉਂਦੇ ਹਨ। ਇਸ ਤਰ੍ਹਾਂ ਕਾਫੀ ਦਿਨ ਬੀਤ ਗਏ, ਪੁੱਤਰ ਦੀ ਬਹੁਤ ਪ੍ਰੇਮ ਨਾਲ ਪ੍ਰਤਿਪਾਲਣਾ ਕਰ ਰਹੇ ਹਨ॥ ੨੨॥

ਸ੍ਰੀ ਹਰਿਗੋਬਿੰਦ ਸੁੰਦਰ ਰੂਪ ਅਨੂਪਮ ਬੈਠਨੇ ਲਾਗਿ ਤਬੈ।
ਸੋਚ ਬਿਮੋਚਤਿ ਲੋਚਨ ਤੇ ਅਵਿਲੋਕਤਿ ਤੇਜ ਸਮੇਤ ਜਬੈ।
ਲੇਤਿ ਉਛੰਗ ਪਿਤਾ ਗੁਰ ਪੂਰਨ ਸੰਗਤਿ ਪੰਗਤਿ ਦੇਖਿ ਸਬੈ।
ਜਯੋਂ ਅਜਨੰਦਨ ਕੈ ਰਘੁਨੰਦਨ ਬਾਲਕ ਬੈਸ ਮਹਿਂ ਬੈਠਿ ਫਬੈਂ ॥੨੩॥

ਸੁੰਦਰ ਅਨੂਪ ਰੂਪ ਵਾਲੇ ਸ੍ਰੀ ਹਰਿਗੋਬਿੰਦ ਸਾਹਿਬ ਫਿਰ ਬੈਠਣ ਲੱਗ ਗਏ। ਸੋਚ ਰਹਿਤ ਨੈਣਾਂ ਨਾਲ ਜਦ ਤੇਜ ਸਮੇਤ ਵੇਖਦੇ ਹਨ ਤਾਂ ਪੂਰਨ ਗੁਰੂ ਪਿਤਾ ਜੀ ਗੋਦੀ ਵਿਚ ਚੁਕ ਲੈਂਦੇ ਹਨ ਤੇ ਸੰਗਤ ਪੰਗਤ ਸਾਰੀ ਦੇਖਦੀ ਹੈ, ਫਿਰ ਗੁਰੂ ਜੀ ਦੀ ਗੋਦੀ ਵਿਚ ਬੈਠੇ ਇੰਝ ਫੱਬਦੇ ਹਨ ਜਿਵੇਂ ਰਾਜੇ ਅਜ ਦੇ ਪੁੱਤਰ ਦਸਰਥ ਦੀ ਗੋਦੀ ਵਿਚ ਰਾਮਚੰਦਰ ਬੈਠੇ ਹੋਣ॥ ੨੩॥

ਅੰਙਨ ਮੈਂ ਰਿਙਮਾਣ ਭਏ, ਪੁਨ ਦੇਖਿ ਭਲੇ ਕਿਲਕਾਵਤਿ ਹੈਂ।
ਜੇ ਘਰ ਬੀਚ ਗਲੀਚਨ ਪੈ ਇਤ ਆਵਤਿ ਫੇਰਿ ਸੁ ਜਾਵਤਿ ਹੈਂ।
ਬੈਠਤਿ ਹੈਂ ਬਿਚ ਸੰਗਤਿ ਕੇ ਗਨ ਦਾਸ ਤਬੈ ਬਤਰਾਵਤਿ ਹੈਂ।
ਭਾਵਤਿ ਹੈਂ, ਮੁਸਕਾਵਤਿ ਹੈਂ, ਚਪਲਾਵਤਿ ਹੈਂ, ਸੁ ਹਸਾਵਤਿ ਹੈਂ ॥੨੪॥

ਵਿਹੜੇ ਵਿਚ ਰਿੜ੍ਹਦੇ ਹਨ, ਫਿਰ ਚੰਗੀ ਤਰ੍ਹਾਂ ਵੇਖ ਕੇ ਕਿਲਕਾਰੀਆਂ ਮਾਰਦੇ ਹਨ, ਘਰ ਵਿਚ ਗਲੀਚਿਆਂ ਉੱਤੇ ਕਦੀ ਆਉਂਦੇ ਹਨ ਅਤੇ ਕਦੀ ਜਾਂਦੇ ਹਨ। ਫਿਰ ਸੰਗਤ ਵਿਚ ਬੈਠ ਜਾਂਦੇ ਹਨ ਤਾਂ ਸਿੱਖ ਸੇਵਕ ਲਾਡ ਨਾਲ ਗੱਲਾਂ ਪੁਛਦੇ ਹਨ। ਜਦ ਮੁਸਕਰਾਉਂਦੇ ਹਨ ਤਾਂ ਬਹੁਤ ਚੰਗੇ ਲੱਗਦੇ ਹਨ। ਚੰਚਲ ਗੱਲਾਂ ਕਰਕੇ ਹਸਾਉਂਦੇ ਹਨ॥ ੨੪॥

ਜੁਗ ਦੰਤ ਸੁਭੰਤਿ ਮਹਾਂ ਦੁਤਿਵੰਤ ਹੈਂ ਓਸ਼ਟ ਲਾਲ ਬਿਸਾਲ ਸੁਹਾਏ।
ਮੁਕਤਾ ਬਿਬ ਸੰਪਟ ਬਿੱਦ੍ਰਮ ਕੇ ਬਿਧਿ ਸੁੰਦਰ ਤੇ ਜਨੁ ਬੀਚ ਟਿਕਾਏ।
ਮੁਸਕਾਵਤਿ ਤੇ ਦਿਖਰਾਵਤਿ ਹੈਂ ਜਨੁ ਅੰਮ੍ਰਿਤ ਬੀਚ ਭਿਗੋਇ ਬਨਾਏ।
ਕਵਿ ਔਰ ਬਨਾਇ ਕਹੈ ਉਪਮਾ ਜਨੁ ਕੀਰਤਿ ਕੇ ਜੁਗ ਬੀਜ ਦਿਖਾਏ ॥੨੫॥

ਦੋ ਦੰਦ ਸ਼ੋਭਦੇ ਹਨ, ਮਹਾਨ ਸੁੰਦਰ ਲੱਗਦੇ ਹਨ, ਲਾਲ ਬੁਲ੍ਹੀਆਂ ਬਹੁਤ ਸੋਹਣੀਆਂ ਲੱਗਦੀਆਂ ਹਨ। ਦੋ ਦੰਦ ਇੰਝ ਲੱਗਦੇ ਹਨ ਮਾਨੋ ਗੁਲੀਆਂ ਦੇ ਡੱਬੇ ਵਿਚ ਦੋ ਮੋਤੀ ਸਜਾ ਕੇ ਟਿਕਾਏ ਹੋਣ। ਜਦ ਮੁਸਕਰਾਉਂਦੇ ਹਨ ਤਾਂ ਇਹ ਦੰਦ ਦਿੱਸਦੇ ਹਨ, ਜਿਵੇਂ ਅੰਮ੍ਰਿਤ ਵਿਚ ਭਿਉਂ ਕੇ ਬਣਾਏ ਹੋਣ। ਕਵੀ ਹੋਰ ਉਪਮਾ ਬਣਾ ਕੇ ਕੀ ਕਹੇ, ਜਿਵੇਂ ਇਹ ਦੋ ਦੰਦ ਕੀਰਤੀ ਰੂਪੀ ਬੂਟੇ ਦੇ ਮਾਨੋ ਦੋ ਬੀਜ ਹਨ॥ ੨੫॥

ਅੰਙਨ ਬੀਚ ਫਿਰੈਂ ਗੁਡਲੀ ਬਹੁ ਭਾਂਤਿਨਿ ਤੇ ਕਰਿ ਬਾਲਕ ਲੀਲਾ।
ਖੈਂਚਤਿ ਪਾਵਨ ਪਾਵਨ ਪੰਕਜ ਨੂਪਰ ਕੋ ਰੁਣਕਾਇ ਛਬੀਲਾ।

ਦ੍ਵੈ ਕਰ ਬੰਦ ਕਰੈਂ ਅਭਿਬੰਦਨ ਦੋਖ ਨਿਕੰਦਨ ਰੂਪ ਗਹੀਲਾ।
ਪਾਇ ਸੁ ਚਾਰੁ ਪਦਾਰਥ ਸੇਵਕ ਦੇ ਗੁਰਦੇਵ ਅਤੇਵ ਸੁਸ਼ੀਲਾ ॥ ੨੬ ॥

ਬਹੁਤ ਪ੍ਰਕਾਰ ਦੀ ਬਾਲ ਲੀਲ੍ਹਾ ਕਰਕੇ ਵਿਹੜੇ ਵਿਚ ਗੋਡਿਆਂ ਭਾਰ ਫਿਰਦੇ ਹਨ। ਪਵਿੱਤਰ ਚਰਨ ਕੰਵਲਾਂ ਨੂੰ ਖਿਚ ਖਿਚ ਕੇ, ਵੱਡੀ ਛਬ ਵਾਲੇ ਝਾਂਜਰਾਂ ਛਣਕਾਉਂਦੇ ਹਨ। ਦੋਖ ਦੂਰ ਕਰਨ ਵਾਲੇ ਸੁੰਦਰ ਸਰੂਪ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਹਨ। ਅਤਿਅੰਤ ਸੁਸ਼ੀਲ ਗੁਰਦੇਵ ਸੇਵਕਾਂ ਨੂੰ ਚਾਰ ਪਦਾਰਥ ਦਿੰਦੇ ਹਨ॥ ੨੬॥

ਮਾਨੁਖ ਰੂਪ ਧਰਜੋ ਜਗ ਮੈਂ ਜਿਨ ਭੂਮ ਕੋ ਭਾਰ ਉਤਾਰਨ ਕੋ।
ਆਯੁਧ ਧਾਰਿ ਮਹਾਂ ਬਲ ਸੋਂ ਤੁਰਕਾਨ ਕੋ ਤੇਜ ਨਿਵਾਰਨਿ ਕੋ।
ਸੇਵਕ ਸੰਤਨ ਕੋ ਸੁਖ ਦੇ ਉਰ ਗਜਾਨ ਕੀ ਸੀਖ ਸਿਖਾਰਨਿ ਕੋ।
ਬਾਲਕ ਬਯ ਅਬਿ ਕ੍ਰੀੜਤਿ ਹੈਂ, ਕਰਿ ਕ੍ਰੂਰ ਜਰਾਂ ਸੁ ਉਖਾਰਨ ਕੋ ॥੨੭ ॥

ਜਿਨ੍ਹਾਂ ਨੇ ਜੱਗ ਵਿਚ ਭੂਮੀ ਦਾ ਭਾਰ ਉਤਾਰਨ ਵਾਸਤੇ ਮਨੁੱਖੀ ਰੂਪ ਧਾਰਨ ਕੀਤਾ ਹੈ। ਸ਼ਸਤਰ ਧਾਰਨ ਕਰਕੇ ਮਹਾਨ ਬਲ ਨਾਲ ਤੁਰਕਾਂ ਦੇ ਤੇਜ ਨੂੰ ਦੂਰ ਕਰਨ ਵਾਸਤੇ ਅਤੇ ਸੇਵਕਾਂ ਸੰਤਾਂ ਨੂੰ ਸੁਖ ਦੇਣ ਵਾਸਤੇ ਅਤੇ ਹਿਰਦੇ ਵਿਚ ਗਿਆਨ ਦੀ ਸਿਖਿਆ ਦੇਣ ਵਾਸਤੇ ਆਏ ਹਨ। ਕ੍ਰੂਰ ਕਰਕੇ ਤੁਰਕਾਂ ਦੀਆਂ ਜੜ੍ਹਾਂ ਉਖਾੜਨ ਵਾਸਤੇ ਜਿਹੜੇ ਆਏ ਹਨ, ਉਹ ਹੁਣ ਬਾਲ-ਉਮਰ ਵਿਚ ਕ੍ਰੀੜਾ ਕਰਦੇ ਹਨ॥ ੨੭॥

*ਤੀਸਰੀ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥੮॥*

## ਅਧਿਆਇ ਨੌਵਾਂ

### *ਸ੍ਰੀ ਹਰਿਗੋਬਿੰਦ ਜੀ ਨੇ ਸੱਪ ਦਾ ਉਧਾਰ ਕੀਤਾ*

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਸੰਮਤ ਦ੍ਵੈ ਕੇ ਹੋਇ।
ਗ੍ਰਾਮ ਵਡਾਲੀ ਕ੍ਰੀੜਤੇ ਪਿਖ ਹਰਖਤਿ ਸਭਿ ਕੋਇ॥ ੧॥

ਇਸ ਪ੍ਰਕਾਰ ਸ੍ਰੀ ਹਰਿਗੋਬਿੰਦ ਸਾਹਿਬ ਦੋ ਸਾਲਾਂ ਦੇ ਹੋ ਗਏ। ਵਡਾਲੀ ਨਗਰ ਵਿਚ ਖੇਡ ਕਰਦਿਆਂ ਵੇਖ ਕੇ ਸਾਰੇ ਪ੍ਰਸੰਨ ਹੁੰਦੇ ਹਨ॥ ੧॥

*ਸ੍ਵੈਯਾ-* ਪ੍ਰਿਥੀਏ ਪੁਨ ਪ੍ਰੇਰਨਿ ਕੀਨਿ ਹੁਤੇ ਇਕ ਦਜੋਸ ਬਿਖੈ ਇਕ ਆਇ ਸਪੇਲਾ।
ਬਡ ਨਾਗ ਤਜਜੋ ਸਭਿ ਤੇ ਦੁਰ ਕੈ ਸੁ ਪ੍ਰਵੇਸ਼ ਭਯੋ ਘਰ ਅੰਤਰਿ ਭੈਲਾ।
ਨਹਿੰ ਮਾਤ ਉਛੰਗ ਟਿਕੈਂ ਹਰਿ ਗੋਵਿੰਦ ਰੂਪ ਬਿਲੰਦ ਅਨੰਦ ਦੇ ਛੈਲਾ।
ਚਿਤ ਚਾਹਤਿ ਹੈਂ ਤਿਸ ਜੀਵ ਉਧਾਰਨਿ, ਹੈ ਗੁਡਲੀ ਮਿਸ ਖੇਲਤਿ ਖੇਲਾ ॥੨ ॥

ਇਕ ਦਿਨ ਇਕ ਸੱਪ ਪਾਲਣ ਵਾਲਾ ਸਪੇਰਾ ਪ੍ਰਿਥੀਏ ਦਾ ਪ੍ਰੇਰਤ ਕੀਤਾ ਹੋਇਆ, ਆਇਆ। ਸਭ ਤੋਂ ਛੁਪ ਕੇ ਉਸ ਇਕ ਭਿਆਨਕ ਫਨੀਅਰ ਨਾਗ ਛੱਡਿਆ ਜਿਹੜਾ ਗੁਰੂ ਘਰ ਅੰਦਰ ਦਾਖਲ ਹੋ ਗਿਆ। ਅਨੰਦ ਦੇਣ ਵਾਲੇ ਸੁੰਦਰ ਸਰੂਪ

ਵਾਲੇ ਸ੍ਰੀ ਹਰਿਗੋਬਿੰਦ ਜੀ ਮਾਤਾ ਦੀ ਗੋਦੀ ਵਿਚ ਨਹੀਂ ਟਿਕਦੇ ਸਨ। ਉਹ ਚਿਤ ਵਿਚ ਉਸ ਨਾਗ ਦਾ ਉਧਾਰ ਕਰਨਾ ਚਾਹੁੰਦੇ ਹਨ, ਖੇਡ ਦੇ ਬਹਾਨੇ ਸੱਪ ਨਾਲ ਖੇਡਦੇ ਹਨ॥ ੨॥

ਸ਼ਜਾਮ ਭੁਜੰਗ ਫਿਰੈ ਖੁਡ ਖੋਜਤਿ, ਪਾਵਤਿ ਹੈ ਨ ਛਪੈ ਜਿਸ ਮਾਂਹੀ।
ਮਾਤ ਕੀ ਡੀਠ ਲਗੀ ਕਿਤ ਔਰ, ਸੁ ਦਾਸਨਿ ਕਾਰਜ ਕੋ ਬਤਰਾਹੀ।
ਜਾਇ ਕੇ ਬੇਗ ਸਮੇਤ ਤਬੈ ਗਹਿ ਲੀਨਸਿ ਹਾਥ ਬਿਖੈ ਤਨ ਤਾਂਹੀ।
ਫੂੰਕਰਤੋ ਡਸਿਬੇ ਭਜਿਬੇ ਹਿਤ ਜੋਰ ਕਰਜੋ ਪੈ ਛੁਟਜੋ ਕਰ ਨਾਂਹੀ॥ ੩॥

ਕਾਲੇ ਰੰਗ ਦਾ ਸੱਪ ਕੋਈ ਖੁੱਡ ਲੱਭਦਾ ਫਿਰਦਾ ਸੀ, ਉਸ ਨੂੰ ਕੋਈ ਖੁੱਡ ਲੱਭ ਨਹੀਂ ਸੀ ਰਹੀ, ਜਿਸ ਵਿਚ ਉਹ ਜਾ ਛਿਪਦਾ। ਮਾਤਾ ਦਾ ਧਿਆਨ ਕਿਤੇ ਹੋਰਥੇ ਲੱਗਾ ਸੀ, ਉਹ ਸੇਵਕ ਨੂੰ ਕੰਮ-ਕਾਜ ਸਮਝਾ ਰਹੀ ਸੀ। ਸ੍ਰੀ ਹਰਿਗੋਬਿੰਦ ਨੇ ਦੌੜ ਕੇ ਤੁਰਤ ਸੱਪ ਨੂੰ ਫੜ ਲਿਆ। ਬੇਬਸ ਹੋਇਆ ਸੱਪ ਡੰਗ ਮਾਰਨ ਵਾਸਤੇ ਤੇ ਭੱਜਣ ਵਾਸਤੇ ਫੁੰਕਾਰੇ ਮਾਰਨ ਲੱਗਾ। ਬੜਾ ਜ਼ੋਰ ਲਾਇਆ, ਪਰ ਬਾਲਕ ਪ੍ਰੀਤਮ ਨੇ ਉਸ ਨੂੰ ਛੱਡਿਆ ਨਹੀਂ॥ ੩॥

ਸੀਸ ਦਬਾਇਕੈ ਫੇਸ ਦਿਯੋ ਬਹੁ ਦੀਰਘ ਸੋ ਉਲਟਜੋ ਬਲੁ ਖਾਏ।
ਲਾਂਗੁਲ ਕੋ ਪਟਕਾਇ ਮਰਜੋ ਤਬਿ ਤਾਂ ਦਿਸ਼ ਮਾਤ ਨੇ ਨੈਨ ਲਗਾਏ।
ਭੈ ਕਰਿ ਭੀਤ ਭਈ ਢਿਗ ਧਾਇਕੈ ਸ੍ਰੀ ਹਰਿਗੋਬਿੰਦ ਦੀਨਿ ਬਗਾਏ।
ਦੂਰ ਪਰਜੋ ਮ੍ਰਿਤੁ ਭੋਗ ਪਸਾਰ ਕੈ, ਕ੍ਰੂਰ ਭਯੰਕਰ ਹੈ ਸਰਲਾਏ॥ ੪॥

ਉਨ੍ਹਾਂ ਸਿਰ ਦਬਾ ਕੇ ਫੇਹ ਦਿੱਤਾ, ਵੱਡੇ ਵਲ ਖਾ ਕੇ ਉਲਟ ਗਿਆ। ਫਿਰ ਪੂਛੋਂ ਫੜ ਕੇ ਪਟਕਾ ਕੇ ਮਾਰਿਆ ਤਾਂ ਮਾਤਾ ਜੀ ਦੀ ਨਜ਼ਰ ਓਸ ਪਾਸੇ ਗਈ। ਪਾਸ ਜਾ ਕੇ ਭੈਭੀਤ ਹੋ ਗਈ ਤੇ ਸ੍ਰੀ ਹਰਿਗੋਬਿੰਦ ਨੂੰ ਉਸ ਥਾਂ ਤੋਂ ਦੂਰ ਭਜਾ ਦਿੱਤਾ। ਫਨ ਫੈਲਾ ਕੇ ਦੂਰ ਲੰਮਾ ਪੈ ਗਿਆ ਤੇ, ਸਿੱਧਾ ਹੋ ਕੇ ਬੜਾ ਭਿਆਨਕ ਲਗਦਾ ਹੈ॥ ੪॥

ਮਾਤ ਨੇ ਜਾਇ ਉਛੰਗ ਲੀਏ ਬਿਸਮਾਇ ਰਹੀ ਸਭਿ ਦੇਖਤਿ ਕਾਂਯਾਂ।
'ਡੰਗ ਹਤਜੋ ਨਹਿੰ ਹੋਇ, ਪਰਜੋ ਮ੍ਰਿਤੁ, ਸ੍ਰੀਗੁਰ ਨਾਨਕ ਨੰਦ ਬਚਾਯਾ'।
ਅੰਗਨ ਤੇ ਮ੍ਰਿਤਕਾ ਪਟ ਪੌਛਤਿ ਧੀਰਜ ਤੇ ਮਨ ਫੇਰ ਟਿਕਾਯਾ।
ਹੌਲ ਰਹਜੋ ਉਰ ਰੌਰ ਪਰਜੋ, ਪੁਨ ਦੌਰਤਿ ਆਵਤਿ ਦਾਸ ਨਿਕਾਯਾ॥ ੫॥

ਮਾਤਾ ਜੀ ਨੇ ਜਾ ਕੇ ਪੁੱਤਰ ਨੂੰ ਚੁੱਕ ਲਿਆ ਤੇ ਸਾਰੇ ਸਰੀਰ ਨੂੰ ਵੇਖ ਕੇ ਬੜੀ ਹੈਰਾਨ ਹੋਈ। ਕਿਤੇ ਡੰਗ ਨਾ ਮਾਰਿਆ ਹੋਵੇ, ਸੱਪ ਮਰਿਆ ਹੋਇਆ ਪਿਆ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਤਰ ਨੂੰ ਬਚਾਇਆ। ਦਿਲ ਵਿਚ ਬਹੁਤ ਸਹਿਮ ਗਏ, ਸਾਰੇ ਰੌਲਾ ਪੈ ਗਿਆ, ਫਿਰ ਸਾਰੇ ਸੇਵਕ ਦੌੜ ਕੇ ਆਏ॥ ੫॥

ਸ੍ਰੀ ਗੁਰ ਪੈ ਤਬ ਧਾਇ ਕਹਜੋ 'ਇਕ ਨਾਗ ਮਹਾਂ ਨਿਕਸਜੋ ਬਲਿ ਭਾਰੀ।
ਸ੍ਰੀ ਹਰਿ ਗੋਵਿੰਦ ਹਾਥ ਗਹਜੋ ਤਜਿ ਪ੍ਰਾਨ ਪਰਜੋ ਨਹਿੰ ਜਾਇ ਨਿਹਾਰੀ।
ਨਾਂਹਿ ਛੁਯੋ ਬਡ ਆਨੰਦ ਭਾ, ਪਰਮੇਸ਼ੁਰ ਆਪ ਭਯੋ ਰਖਵਾਰੀ'।
ਦੇਖਨਿ ਕੋ ਘਰ ਆਵਤਿ ਭੇ ਸਿਖ ਸਾਥ ਕਛੂ ਬਿਸਮੇ ਨਰ ਨਾਰੀ॥ ੬॥

ਫਿਰ ਗੁਰੂ ਅਰਜਨ ਦੇਵ ਜੀ ਪਾਸ ਭੱਜ ਕੇ ਗਏ ਅਤੇ ਕਿਹਾ, ਇਕ ਵੱਡਾ ਸ਼ਕਤੀਸ਼ਾਲੀ ਫਨ ਵਾਲਾ ਸੱਪ ਨਿਕਲਿਆ ਹੈ। ਸ੍ਰੀ ਹਰਿਗੋਬਿੰਦ ਨੇ ਹੱਥ ਨਾਲ ਫੜਿਆ ਹੈ, ਹੁਣ ਮਰਿਆ ਹੋਇਆ ਪਿਆ ਹੈ, ਉਸ ਵੱਲ ਵੇਖਿਆ ਨਹੀਂ ਜਾਂਦਾ। ਉਸ ਨੇ ਬਾਲਕ ਨੂੰ ਡੰਗ ਨਹੀਂ ਮਾਰਿਆ, ਬੜਾ ਭਾਰੀ ਅਨੰਦ ਹੋਇਆ ਹੈ, ਪਰਮੇਸ਼ਵਰ ਨੇ ਆਪ ਉਨ੍ਹਾਂ ਦੀ ਰਾਖੀ ਕੀਤੀ ਹੈ। ਦੇਖਣ ਵਾਸਤੇ ਘਰ ਨੂੰ ਆ ਗਏ, ਉਨ੍ਹਾਂ ਦੇ ਨਾਲ ਕੁਝ ਸਿੱਖ ਸੇਵਕ ਅਤੇ ਨਰ ਨਾਰੀਆਂ ਵੀ ਆਏ ਜਿਹੜੇ ਬਹੁਤ ਹੈਰਾਨ ਹੋਏ॥ ੬॥

ਦੋਹਰਾ-ਸ੍ਰੀ ਅਰਜਨ ਜੀ ਜਬਿ ਗਏ ਮ੍ਰਿਤਕ ਸਰਪ ਭਾ ਜੋਇ।
ਅਪਰ ਦੇਹਿ ਸੁੰਦਰ ਧਰੀ ਕਰੀ ਦਿਖਾਵਨਿ ਸੋਇ॥ ੭॥

ਗੁਰੂ ਅਰਜਨ ਦੇਵ ਜੀ ਜਦ ਉਸ ਥਾਂ ਗਏ ਜਿਥੇ ਮਰਿਆ ਹੋਇਆ ਸੱਪ ਪਿਆ ਸੀ, ਤਾਂ ਉਸ ਸੱਪ ਨੇ ਇਕ ਮਨੁੱਖ ਦੀ ਸੁੰਦਰ ਦੇਹ ਧਾਰਨ ਕਰਕੇ ਵਿਖਾਈ॥ ੭॥

ਸੈਯਾ- ਬੂਝਨਿ ਕੀਨਿ ਤਿਸੇ 'ਕਹੁ ਕੌਨ ਤੂੰ ਕੈਸੇ ਭੁਜੰਗਮ ਕੋ ਤਨ ਪਾਯੋ ?।
ਕਯੋਂ ਮ੍ਰਿਤੁ ਭਾ, ਕਿਮ ਦੇਹਿ ਲਈ ਅਸ, ਕਯੋਂ ਕਹੁ ਕਾਰਨ ਹਯਾਂ ਚਲਿ ਆਯੋ ?'।
ਹਾਥ ਕੋ ਜੋਰਿ ਪ੍ਰਸੰਗ ਸੁਨਾਯਹੁ 'ਪੂਰਬ ਦੇਹ ਮੁਨੀ ਤਪ ਤਾਯੋ।
ਹੁਯੋ ਹੰਕਾਰ ਉਦਾਰ ਮੁਝੇ 'ਨਹਿਂ ਮੋ ਸਮ ਬੇਦ ਕਿਨੂੰ ਨਰ ਗਾਯੋ' ॥ ੮ ॥

ਉਸ ਮਨੁੱਖ ਨੂੰ ਪੁਛਿਆ, "ਦੱਸੋ ਤੁਸੀਂ ਕੌਣ ਹੋ, ਤੂੰ ਕਿਸ ਤਰ੍ਹਾਂ ਸੱਪ ਦੀ ਦੇਹ ਧਾਰਨ ਕੀਤੀ ਹੈ, ਕਿਉਂ ਮਰ ਗਿਆ ਹੈਂ, ਇਸ ਤਰ੍ਹਾਂ ਦੀ ਦੇਹ ਕਿਵੇਂ ਪ੍ਰਾਪਤ ਕੀਤੀ ਹੈ, ਏਥੇ ਕਿਸ ਕਾਰਨ ਚਲ ਕੇ ਆਇਆ ਹੈਂ ?" ਉਸ ਮਨੁੱਖ ਨੇ ਹੱਥ ਜੋੜ ਕੇ ਸਾਰਾ ਪ੍ਰਸੰਗ ਸੁਣਾਇਆ, "ਪਿਛਲੇ ਜਨਮ ਵਿਚ ਮੈਂ ਮੁਨੀ ਸੀ ਤੇ ਬਹੁਤ ਤਪ ਕੀਤਾ। ਮੈਨੂੰ ਬਹੁਤ ਹੰਕਾਰ ਹੋ ਗਿਆ ਕਿ ਮੇਰੇ ਵਰਗਾ ਕਿਸੇ ਨੇ ਵੇਦਾਂ ਦਾ ਗਾਇਣ ਨਹੀਂ ਕੀਤਾ ਹੈ॥ ੮॥

ਏਕ ਸਮੈਂ ਬਿਚਰੰਤਿ ਹੁਤੇ ਰਿਖਿ ਨਾਰਦ ਮੋ ਢਿਗ ਆਇ ਗਯੋ।
ਗਯਾਨ ਪ੍ਰਸੰਗ ਭਨੇ ਬਹੁਤੇ, ਭਗਤੀ ਭਵ ਤਾਰਕ ਨਾਮ ਲਿਯੋ।
ਮੈਂ ਪ੍ਰਸ਼ਨੋਤਰ ਭੂਰ ਕਰੇ ਗਰਬਯੋ ਉਰ ਮੈਂ ਨਹਿਂ ਮਾਨ ਕਿਯੋ।
ਧਾਰਿ ਰਿਦੈ ਸਮਤਾ ਤਿਹ ਸੌਂ ਬਚ ਕੂਰ ਕਹੇ ਤਬਿ ਕੋਪ ਭਯੋ॥ ੯ ॥

ਇਕ ਸਮੇਂ ਵਿਚਰਦਾ ਵਿਚਰਦਾ ਨਾਰਦ ਰਿਖੀ ਮੇਰੇ ਪਾਸ ਆ ਗਿਆ। ਉਸ ਨੇ ਬਹੁਤ ਗਿਆਨ ਦੇ ਪ੍ਰਸੰਗ ਸੁਣਾਏ ਕਿ ਨਾਮ ਲੈ ਕੇ ਭਗਤੀ ਕਰਨ ਨਾਲ ਸੰਸਾਰ ਤੋਂ ਤਰ ਜਾਈਦਾ ਹੈ। ਮੈਂ ਬਹੁਤ ਸਵਾਲ ਕੀਤੇ, ਮੈਂ ਦਿਲ ਵਿਚ ਬੜਾ ਘੁਮੰਡ ਕੀਤਾ ਤੇ ਨਾਰਦ ਮੁਨੀ ਦੀ ਗੱਲ ਨੂੰ ਨਾ ਮੰਨਿਆ। ਮੈਂ ਉਨ੍ਹਾਂ ਨੂੰ ਆਪਣੇ ਬਰਾਬਰ ਸਮਝ ਕੇ ਦੁਰਬਚਨ ਬੋਲੇ ਜਿਸ ਕਰਕੇ ਨਾਰਦ ਮੁਨੀ ਗੁੱਸੇ ਵਿਚ ਆ ਗਏ॥ ੯॥

'ਕਯੋਂ ਤਪ ਪਾਵਤਿ ਹੈ ਤਨ ਮੂਰਖ ਬੇਦ ਰਹੱਸ ਨਹੀਂ ਮਨ ਜਾਨਯੋ।
ਮੋਰ ਅਨਾਦਰ ਕੋ ਫਲ ਪਾਵਹੁ', ਤਾਂ ਛਿਨ ਮੈਂ ਇਮ ਸ੍ਰਾਪ ਬਖਾਨਯੋ।
'ਤੂੰ ਕੁਟਲਾਈ ਕਰੇਂ ਅਧਿਕੈ ਅਰੁ ਮੋਹਿ ਜੁ ਬਾਕ ਨਹੀਂ ਹਿਤ ਮਾਨਯੋ।
ਯਾਤੇ ਭੁਜੰਗ ਸਰੀਰ ਧਰੋ ਕਰਿ ਕੋਟਲਤਾ ਸਭਿ ਸੂਧਤ ਹਾਨਯੋ॥ ੧੦ ॥

ਮੈਨੂੰ ਕਿਹਾ "ਮੂਰਖ ਤਪ ਕਰਕੇ ਕਿਉਂ ਸਰੀਰ ਨੂੰ ਤਪਾਉਂਦਾ ਹੈਂ, ਤੂੰ ਵੇਦਾਂ ਦੇ ਰਹੱਸ ਨੂੰ ਨਹੀਂ ਜਾਣਿਆ ਹੈ, ਇਸ ਕਰਕੇ ਮੇਰਾ ਅਨਾਦਰ ਕਰਨ ਦਾ ਫਲ ਪਾਵੋ" ਤੇ ਉਸ ਸਮੇਂ ਮੈਨੂੰ ਇਸ ਪ੍ਰਕਾਰ ਸਰਾਪ ਦਿੱਤਾ ਕਿ "ਤੂੰ ਬਹੁਤ ਕਪਟ ਕੀਤਾ ਹੈ ਤੇ ਮੇਰੇ ਬਚਨਾਂ ਨੂੰ ਮੰਨਿਆ ਨਹੀਂ ਹੈਂ, ਇਸ ਕਰਕੇ ਸੱਪ ਦਾ ਸਰੀਰ ਧਾਰਨ ਕਰਕੇ ਸਾਰੀ ਕੁਟਲਤਾ ਨੂੰ ਦੂਰ ਕਰੋ॥ ੧੦॥

ਬੇਦ ਪਢਯੋ ਤਨ ਤਾਪ ਤਪਯੋ ਇਸ ਕੋ ਫਲ ਸ੍ਰਾਪ ਕੇ ਅੰਤ ਮੋਂ ਪਾਵੈਂ।
ਸੰਕਟ ਕੇ ਬਸਿ ਜੀਵਨਿ ਦੇਖਿ, ਧਰੈਂ ਅਵਤਾਰ ਪ੍ਰਭੂ ਧਰ ਜਾਵੈਂ।
ਹਾਥ ਛੁਵੈ ਤਿਨ ਕੋ ਤਨ ਤੇਰੇ ਈ ਤਾ ਛਿਨ ਮੈਂ ਸੁਰਲੋਕ ਸਿਧਾਵੈਂ।
ਤੌ ਲਗਿ ਜੂਨ ਭੁਜੰਗਮ ਕੀ ਦੁਖਦਾਇਕ ਧਾਰਿ ਧਰਾ ਬਿਚਰਾਵੈਂ ॥੧੧ ॥

ਵੇਦ ਪੜ੍ਹ ਕੇ ਤਪ ਕਰਕੇ ਸਰੀਰ ਨੂੰ ਤਪਾਇਆ ਹੈ, ਇਸ ਦੇ ਫਲ ਵਜੋਂ ਮੇਰੇ ਸ੍ਰਾਪ ਨੂੰ ਪਾਵੇ, ਸੰਕਟ ਵਿਚ ਵੱਸ ਕੇ ਜੀਵਨ ਵੇਖੇ, ਜਦ ਪ੍ਰਭੂ ਅਵਤਾਰ ਧਾਰ ਕੇ ਆਉਣਗੇ ਤਾਂ ਮੇਰਾ ਸ੍ਰਾਪ ਖਤਮ ਹੋ ਜਾਵੇਗਾ, ਉਨ੍ਹਾਂ ਦੇ ਹੱਥ ਤੇਰੇ ਸਰੀਰ ਨੂੰ ਲੱਗਣ ਨਾਲ ਤੂੰ ਉਸੇ ਵੇਲੇ ਸਵਰਗ ਵਿਚ ਚਲਾ ਜਾਵੇਂਗਾ। ਉਸ ਸਮੇਂ ਤਕ ਸੱਪ ਦੀ ਦੁਖਦਾਇਕ ਜੂਨ ਧਾਰ ਕੇ ਧਰਤੀ ਤੇ ਫਿਰੋ'' ॥ ੧੧॥

'ਸ੍ਰੀ ਗੁਰ ! ਸੋ ਅਬਿ ਆਇ ਸਮੋਂ, ਗਹਿ ਮੋਹਿ ਸਪੇਲੇ ਨੇ ਆਨਿ ਕੈ ਛੋਰਾ।
ਪ੍ਰੇਰਨਿ ਕੀਨਿ ਸ਼ਰੀਕ ਤੁਮਾਰੇ ਨੈ ਲੋਭ ਦਿਖਾਇ ਕਛੂ ਤਿਸ ਥੋਰਾ।
ਖੋਜਿ ਰਹਯੋ ਖੁਡ ਪਾਈ ਨਹੀਂ, ਗਹਿ ਲੀਨਿ ਤਬੈ ਬਲ ਤੇ ਸਿਰ ਫੋਰਾ।
ਜਾਉਂ ਅਬੈ ਸੁਰਲੋਕ ਜਹਾਂ, ਗੁਰ ਪੂਰਨ ! ਹੋ ਅਭਿਬੰਦਨ ਮੋਰਾ' ॥੧੨॥

"ਸ੍ਰੀ ਗੁਰੂ ਜੀ ਨੂੰ ਮਿਲਣ ਦਾ ਹੁਣ ਸਮਾਂ ਆਇਆ ਹੈ, ਸਪੇਰੇ ਨੇ ਮੈਨੂੰ ਫੜ ਕੇ ਲਿਆ ਕੇ ਏਥੇ ਛੱਡਿਆ ਹੈ। ਉਸ ਨੂੰ ਤੁਹਾਡੇ ਸਰੀਕ ਪ੍ਰਿਥੀਏ ਨੇ ਪ੍ਰੇਰਿਆ ਹੈ, ਉਸ ਨੂੰ ਧਨ ਦੌਲਤ ਦਾ ਲੋਭ ਵਿਖਾਇਆ ਹੈ। ਮੈਂ ਹੁਣ ਸਵਰਗ ਵਿਚ ਜਾਵਾਂਗਾ, ਤੁਸੀਂ ਪੂਰਨ ਗੁਰੂ ਜੀ ਹੋ, ਮੈਂ ਤੁਹਾਨੂੰ ਬੰਦਨਾ ਕਰਦਾ ਹਾਂ" ॥ ੧੨॥

ਬ੍ਰਿੰਦ ਖਰੇ ਨਰ ਨਾਰਿ ਸਭੈ ਸੁਨਿ ਸਾਰੋ ਪ੍ਰਸੰਗ ਰਿਦੈ ਬਿਸਮਾਏ।
ਸ਼੍ਰੀ ਗੁਰ ਨੇ ਮ੍ਰਿਤੁ ਪੰਨਗ ਕੋ ਉਚਵਾਇ ਕੈ ਬਾਹਰ ਦੀਨਿ ਦਬਾਏ।
ਕੀਨ ਮਹਾਂ ਉਤਸਾਹਨ ਕੋ ਧਨ ਦੀਨਸਿ ਰੰਕ ਮਿਲੇ ਸਮੁਦਾਏ।
ਔਰ ਕਰਾਹੁ ਕਰੈਂ ਬਹੁਤੇ ਗੁਰੁ ਨਾਨਕ ਆਦਿ ਕੇ ਪੈਰ ਮਨਾਏ ॥੧੩॥

ਸਾਰੇ ਨਰ ਨਾਰੀਆਂ ਜਿਹੜੇ ਉਥੇ ਖੜੇ ਸਨ, ਇਹ ਪ੍ਰਸੰਗ ਸੁਣ ਕੇ ਬਹੁਤ ਹੈਰਾਨ ਹੋਏ। ਗੁਰੂ ਜੀ ਨੇ ਮਰੇ ਹੋਏ ਸੱਪ ਨੂੰ ਚੁਕਵਾ ਕੇ ਬਾਹਰ ਦਬਵਾ ਦਿੱਤਾ। ਫਿਰ ਬਹੁਤ ਉਤਸ਼ਾਹ ਕੀਤਾ ਤੇ ਗਰੀਬਾਂ ਨੂੰ ਬਹੁਤ ਧਨ ਦਿੱਤਾ। ਬਹੁਤ ਕੜਾਹ ਪ੍ਰਸ਼ਾਦਿ ਕਰਾਇਆ ਤੇ ਗੁਰੂ ਨਾਨਕ ਆਦਿ ਗੁਰੂ ਸਾਹਿਬਾਨ ਦੇ ਚਰਨਾਂ ਦੀ ਮੰਨਤਾ ਕੀਤੀ॥ ੧੩॥

ਜਾਤਿ ਸਭੈ ਸੁਧਿ ਲੋਕ ਭਨੈਂ, ਪ੍ਰਿਥੀਏ ਸੁਨਿਕੈ ਰਿਸ ਕੋ ਉਪਜਾਈ।
'ਮੂਰਖ ਲੋਗ ਜਿ ਬਾਤ ਸੁਨਾਵਤਿ, ਝੂਠ ਕਹੈਂ ਸਭਿ ਗਾਥ ਬਨਾਈ।
ਮੋ ਉਰ ਕੋ ਪਰਤੀਤਿ ਨ ਆਵਤਿ, ਹਾਥ ਮਲੈਂ ਬਿਧਿ ਲੇਤਿ ਉਪਾਈ।
ਉੱਤਮਤਾ ਨਿਜ ਨੰਦਨ ਕੀ ਜਗ ਬੀਚ ਬਿਥਾਰਤਿ ਹੀ ਹਰਖਾਈ ॥੧੪॥

ਲੋਕਾਂ ਨੇ ਜਾ ਕੇ ਪ੍ਰਿਥੀਏ ਨੂੰ ਖਬਰ ਦਿੱਤੀ, ਪ੍ਰਿਥੀਆ ਸੁਣ ਕੇ ਬਹੁਤ ਗੁੱਸੇ ਵਿਚ ਆਇਆ। ਕਹਿਣ ਲੱਗਾ, "ਮੂਰਖ ਲੋਕ ਜਿਹੜੀਆਂ ਗੱਲਾਂ ਸੁਣਾਉਂਦੇ ਹਨ, ਉਹ ਸਾਰੀ ਝੂਠੀ ਕਹਾਣੀ ਬਣਾਈ ਹੈ, ਮੇਰੇ ਹਿਰਦੇ ਵਿਚ ਤੇ ਪਰਤੀਤ ਨਹੀਂ ਆਉਂਦੀ। ਜਿਸ ਤਰ੍ਹਾਂ ਮਦਾਰੀ ਹੱਥ ਮੱਲ ਕੇ ਵਸਤੂ ਬਣਾ ਲੈਂਦਾ ਹੈ, ਇਸ ਤਰ੍ਹਾਂ ਹੀ ਇਨ੍ਹਾਂ ਲੋਕਾਂ ਨੇ ਕਹਾਣੀ ਬਣਾ ਲਈ ਹੈ, ਆਪਣੇ ਪੁੱਤਰ ਦੀ ਜੱਗ ਵਿਚ ਉੱਤਮਤਾ ਵਿਸਥਾਰ ਕੇ ਖ਼ੁਸ਼ ਹੁੰਦੇ ਹਨ॥ ੧੪॥

ਲੋਭ ਬਧਯੋ ਮਨ ਮੈਂ ਅਧਿਕਾਇ, ਪੁਜਾਵਨ ਕੋ ਇਮ ਬਾਤ ਬਨਾਵੈ।
'ਦੇਹਿਂ ਉਪਾਇਨ ਕੋ ਸਮੁਦਾਇ' ਸੁ ਕੀਰਤਿ ਆਪਨੀ ਲੋਕ ਸੁਨਾਵੈ।
ਕਯਾ ਉਹੁ ਬਾਲਕ ਜਾਨਤਿ ਨਾ ਕੁਛ, ਏਕ ਤੇ ਏਕ ਬਡਾਈ ਬਧਾਵੈ।
ਜਯੋਂ ਧਨ ਆਇ ਉਪਾਇ ਬਨਾਵਤਿ ਯੌਂ ਛਲਿ ਕੈ ਨਿਜ ਪਾਇ ਪੁਜਾਵੈ ॥੧੫॥

ਉਨ੍ਹਾਂ ਦੇ ਮਨ ਵਿਚ ਬੜਾ ਲੋਭ ਵਧਿਆ ਹੈ, ਇਸ ਲਈ ਪੂਜਾ ਕਰਵਾਉਣ ਵਾਸਤੇ ਇਹ ਗੱਲ ਬਣਾਈ ਹੈ, ਲੋਕ ਆ

ਕੇ ਉਪਹਾਰ ਭੇਟ ਕਰਨ, ਇਸ ਕਰਕੇ ਆਪਣੀ ਸ੍ਰੇਸ਼ਟ ਕੀਰਤੀ ਲੋਕਾਂ ਨੂੰ ਸੁਣਾਉਂਦੇ ਹਨ। ਜਿਵੇਂ ਕਿਵੇਂ ਧਨ ਆਵੇ, ਇਸ ਕਰਕੇ ਛਲ ਕਰਕੇ ਆਪਣੇ ਚਰਨਾਂ ਦੀ ਪੂਜਾ ਕਰਵਾਉਂਦੇ ਹਨ" ॥ ੧੫ ॥

ਅਪਨੀ ਸੰਗਤ ਹ੍ਵੈ ਇਕਠੀ ਜਬਿ, ਤੌ ਪ੍ਰਿਥੀਆ ਸਭਿ ਬੀਚ ਸੁਨਾਵੈ।
'ਏ ਛਲ ਕੇ ਕਰਤਾ ਪੁਜਵਾਵਤਿ ਮੂਰਖ ਲੋਕਨ ਕੋ ਬਿਰਮਾਵੈ।
ਆਪ ਗੁਰੂ ਬਨਿ ਬੈਠਤਿ ਬੀਚਿ, ਛਲੈ ਧਨ ਕੋ, ਬਹੁ ਦੰਭ ਕਮਾਵੈ।
ਜੋ ਸਿਖ ਮੋਹਿ, ਨਹੀਂ ਦਰਸੋ ਤਿਸ' ਯੌ ਕਰਿ ਨਿੰਦ ਸਭਾ ਮੈਂ ਬਤਾਵੈ ॥੧੬ ॥

ਜਦ ਪ੍ਰਿਥੀਏ ਦੀ ਸੰਗਤ ਇਕੱਠੀ ਹੁੰਦੀ ਸੀ ਤਾਂ ਉਹ ਸਭ ਦੇ ਵਿਚ ਇਸ ਤਰ੍ਹਾਂ ਸੁਣਾਉਂਦਾ ਸੀ, "ਇਹ ਛਲ ਕਰਕੇ ਲੋਕਾਂ ਨੂੰ ਭਰਮਾ ਕੇ ਆਪਣੀ ਪੂਜਾ ਕਰਵਾਉਂਦੇ ਹਨ, ਆਪ ਗੁਰੂ ਬਣ ਕੇ ਬੈਠ ਜਾਂਦੇ ਹਨ, ਛਲ ਨਾਲ ਧਨ ਇੱਕਠਾ ਕਰਕੇ ਬੜਾ ਪਖੰਡ ਕਰਦੇ ਹਨ, ਜਿਹੜੇ ਮੇਰੇ ਸਿੱਖ ਹਨ, ਉਹ ਉਨ੍ਹਾਂ ਦੇ ਦਰਸ਼ਨ ਨਾ ਕਰਨ।" ਇਸ ਤਰ੍ਹਾਂ ਨਿੰਦਿਆ ਕਰਕੇ ਸਭਾ ਵਿਚ ਦੱਸਦਾ ਸੀ॥ ੧੬ ॥

ਸੈਯਾ- ਸਾਚੋ ਬਨੈ ਨਿਜ ਸੰਗਤਿ ਮੈਂ ਨਿਤ ਪਾਪ ਕਮਾਵਤਿ ਕੂਰ ਭਨੰਤਾ।
ਨਿੰਦਤਿ ਹੈ ਗੁਰ ਪੂਰਨ ਕੋ ਉਰ ਧਾਰਿ ਛਿਮਾ ਜੁਊ ਧੀਰਜਵੰਤਾ।
ਹਾਨ ਰੁ ਲਾਭ ਸਮਾਨ ਜਿਨੋ ਕਹੁ, ਸ਼ੋਕ ਨਹੀਂ ਕਬਿ, ਨਾ ਹਰਖੰਤਾ।
ਭੋਗ ਮੈਂ ਜੋਗ ਅਰੋਗ ਕਰੈ, ਜਢ ਲੋਗਨ ਪੈ ਉਪਕਾਰ ਕਰੰਤਾ ॥ ੧੭ ॥

ਆਪ ਸੰਗਤ ਵਿਚ ਸੱਚਾ ਬਣਦਾ ਹੈ, ਸਦਾ ਪਾਪ ਕਮਾਉਂਦਾ ਸੀ ਤੇ ਝੂਠ ਬੋਲਦਾ ਸੀ। ਪੂਰਨ ਗੁਰੂ ਦੀ ਨਿੰਦਿਆ ਕਰਦਾ ਸੀ, ਜਿਨ੍ਹਾਂ ਨੇ ਹਿਰਦੇ ਵਿਚ ਖਿਮਾਂ ਧਾਰਨ ਕੀਤੀ ਹੋਈ ਹੈ ਤੇ ਜਿਹੜੇ ਮਹਾਨ ਧੀਰਜਵਾਨ ਹਨ। ਜਿਨ੍ਹਾਂ ਵਾਸਤੇ ਨੁਕਸਾਨ ਤੇ ਲਾਭ ਬਰਾਬਰ ਹਨ, ਜਿਹੜੇ ਨਾ ਕਦੀ ਦੁਖੀ ਹੁੰਦੇ ਹਨ ਅਤੇ ਨਾ ਪ੍ਰਸੰਨ ਹੁੰਦੇ ਹਨ॥ ੧੭ ॥

ਸ੍ਰੀ ਗੁਰ ਬੈਠਨਿ ਥਾਨ ਗਏ ਜਬਿ ਗੰਗ ਬਿਲੋਕਤਿ ਹੈ ਬਲਿਹਾਰੀ।
ਨੀਰ ਤੇ ਸਾਰੋ ਸ਼ਰੀਰ ਪਖਾਰਤਿ ਦਾਸੀ ਜਿ ਤੀਰ ਸੋ ਬਾਤ ਉਚਾਰੀ।
'ਦੇਖਹੁ ਰੀ ਕਸ ਸੰਕਟ ਭਾ ਸੁਤ ਮੇਰੋ ਬਚਜੋ ਗਹਿ ਪੰਨਗ ਭਾਰੀ।
ਮੈਂ ਦਿਨ ਰੈਨ ਰਖੋਂ ਢਿਗ ਐਨ ਮੈਂ, ਹੇਰਤਿ ਹੌਂ ਨਿਜ ਨੈਨ ਅਗਾਰੀ ॥੧੮ ॥

ਜਦ ਗੁਰੂ ਜੀ ਆਪਣੇ ਬੈਠਣ ਵਾਲੇ ਸਥਾਨ ਤੇ ਚਲੇ ਗਏ ਤਾਂ ਮਾਤਾ ਗੰਗਾ ਜੀ ਸ੍ਰੀ ਹਰਿਗੋਬਿੰਦ ਨੂੰ ਵੇਖ ਵੇਖ ਕੇ ਬਲਿਹਾਰ ਜਾਂਦੇ ਹਨ। ਜਲ ਨਾਲ ਸਾਰੇ ਸਰੀਰ ਨੂੰ ਇਸ਼ਨਾਨ ਕਰਵਾਇਆ ਤੇ ਜਿਹੜੀ ਦਾਸੀ ਪਾਸ ਬੈਠੀ ਸੀ ਉਸ ਨੂੰ ਕਿਹਾ, "ਵੇਖੋ ਮੇਰਾ ਪੁੱਤਰ ਕਿੱਡੇ ਵੱਡੇ ਸੰਕਟ ਵਿਚੋਂ ਬਚਿਆ ਹੈ, ਇਸ ਨੇ ਕਿੰਨਾ ਵੱਡਾ ਸੱਪ ਫੜ ਲਿਆ ਸੀ। ਮੈਂ ਦਿਨ ਰਾਤ ਇਸ ਨੂੰ ਆਪਣੇ ਪਾਸ ਰੱਖਾਂਗੀ ਅਤੇ ਆਪਣੀਆਂ ਅੱਖਾਂ ਨਾਲ ਵੇਖਦੀ ਰਹਾਂਗੀ॥ ੧੮ ॥

ਥੋਰੇ ਈ ਕਾਲ ਕਰਜੋ ਇਤਿ ਲੋਚਨ ਤਾਂ ਫਲ ਹੌਲ ਪਰਜੋ ਉਰਿ ਮੇਰੇ।
ਯੌਂ ਕਹਿ ਹਾਥ ਰੁਮਾਲ ਧਰੇ ਮੁਖਚੰਦ ਕੋ ਪੋਛਤਿ ਭੀ ਤਿਸ ਬੇਰੇ।
ਸਾਰੋ ਸਰੀਰ ਸੁਧਾਰਿ ਭਲੇ ਨਵ ਚੀਰ ਨਿਕਾਸ ਕੈ ਲਜਾਈ ਅਛੇਰੇ।
ਨੰਦਨ ਕੋ ਪਹਿਰਾਇ ਅਨੰਦਤਿ ਸੁੰਦਰ ਰੂਪ ਮੁਕੰਦ ਕੋ ਹੇਰੇ॥ ੧੯ ॥

ਜੇ ਥੋੜਾ ਸਮਾਂ ਵੀ ਅੱਖਾਂ ਤੋਂ ਲਾਂਭੇ ਹੁੰਦਾ ਹੈ ਤਾਂ ਮੇਰੇ ਹਿਰਦੇ ਵਿਚ ਹੌਲ ਉਠਦੇ ਹਨ।" ਇਸ ਤਰ੍ਹਾਂ ਕਹਿ ਕੇ ਹੱਥ ਵਿਚ ਰੁਮਾਲ ਫੜਿਆ ਤੇ ਆਪਣੇ ਪੁੱਤਰ ਦੇ ਚੰਦ ਵਰਗੇ ਮੁਖੜੇ ਨੂੰ ਪੂੰਝਿਆ। ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਸੁਧਾਰ ਕੇ ਨਵੇਂ ਅਤੇ ਸੋਹਣੇ ਕਪੜੇ ਕੱਢ ਕੇ ਲਿਆਈ ਤੇ ਆਪਣੇ ਪੁੱਤਰ ਨੂੰ ਪਹਿਨਾ ਕੇ ਮੁਕਤੀਦਾਤੇ ਦੇ ਸੁੰਦਰ ਰੂਪ ਨੂੰ ਵੇਖ ਕੇ ਅਨੰਦਿਤ ਹੋ ਗਈ॥ ੧੯ ॥

ਬ੍ਰਿੰਦ ਨੁਛਾਵਰ ਕੀਨਿ ਤਬੈ ਨਿਜ ਹਾਥ ਤੇ ਦੇਤਿ ਗਰੀਬਨਿ ਕੋ।
ਅੰਮ੍ਰਿਤ ਤੇ ਮਧੁਰੀ ਅਧਿਕੈ ਅਸ ਲੇਤਿ ਹੈ ਪੁੰਜ ਅਸੀਸਨਿ ਕੋ।
ਬਾਦਿਤ ਪੌਰ ਬਿਖੈ ਬਜਵਾਇ, ਭਨੈਂ ਦੁਰਬਾਕ ਸ਼ਰੀਕਨਿ ਕੋ।
ਹੋਤਿ ਮਹਾਂ ਉਤਸਾਹ ਤਹਾਂ ਪ੍ਰਭੁ ਕੇ ਗੁਨ ਗਾਵਤ ਗੀਤਨਿ ਕੋ ॥੨੦॥

ਫਿਰ ਬਹੁਤ ਧਨ ਪੁੱਤਰ ਉਤੋਂ ਦੀ ਵਾਰ ਕੇ ਗਰੀਬਾਂ ਨੂੰ ਦਿੱਤਾ ਤੇ ਅੰਮ੍ਰਿਤ ਤੋਂ ਵੀ ਮਿੱਠੀਆਂ ਉਨ੍ਹਾਂ ਤੋਂ ਅਸੀਸਾਂ ਲਈਆਂ, ਦਰਵਾਜ਼ੇ ਤੇ ਵਾਜੇ ਵਜਵਾਏ। ਲੋਕ ਸ਼ਰੀਕ ਪ੍ਰਿਥੀਏ ਨੂੰ ਗਾਲ੍ਹਾਂ ਕੱਢਦੇ ਸਨ। ਬੜਾ ਉਤਸ਼ਾਹ ਹੋ ਰਿਹਾ ਸੀ ਤੇ ਪ੍ਰਭੂ ਦੇ ਗੁਣਾਂ ਦੇ ਗੀਤ ਗਾ ਰਹੇ ਸਨ॥ ੨੦॥

ਭੇਦ ਨ ਜਾਨਤਿ ਨੰਦਨ ਕੋ ਜਿਨ ਪੰਨਗ ਕਾਲੀ ਕੋ ਮਾਨੁ ਮਥਜੋ।
ਕੇਸੀ ਕਰਾਲ, ਬਕਾਸੁਰ, ਕੰਸ ਹਤੇ ਗਨ ਦੈਂਤ ਮੁਨੀਨਿ ਕਥਜੋ।
ਮੱਲਜ ਚੰਡੂਰ ਹਨਜੋ ਬਲ ਸੋਂ, ਮਘਨਾਥ ਕੋ ਜਾਂਹੀ ਤੇ ਤੇਜ ਅਥਜੋ।
ਜਾਇ ਸੁਯੰਬਰ ਭੂਪਤਿ ਕੇ ਗਨ ਬੈਲ ਕੋ ਏਕ ਹੀ ਬਾਰ ਨਥਜੋ ॥੨੧॥

ਆਪਣੇ ਪੁੱਤਰ ਦਾ ਭੇਦ ਨਹੀਂ ਸੀ ਜਾਣਦੇ, ਜਿਸ (ਕਾਲੀਯ ਨਾਮੀਂ ਨਾਗ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਸੀ) ਕਾਲੇ ਫਨੀਅਰ ਸੱਪ ਨੂੰ ਮਾਰ ਦਿੱਤਾ ਸੀ। ਮੁਨੀਆਂ ਨੇ ਇਹ ਵਾਰਤਾ ਕਹੀ ਹੈ ਕਿ ਕ੍ਰਿਸ਼ਨ ਨੇ ਬਕਾਸੁਰ, ਕੰਸ ਅਤੇ ਹੋਰ ਦੈਂਤਾਂ ਨੂੰ ਮਾਰਿਆ ਸੀ। ਆਪਣੇ ਬਲ ਨਾਲ ਪਹਿਲਵਾਨ ਚੰਡੂਰ ਨੂੰ ਮਾਰਿਆ ਤੇ ਮਘ ਦੇਸ਼ ਦੇ ਰਾਜੇ, ਜਰਾਸਿੰਧ ਦੇ ਤੇਜ ਨੂੰ ਦੂਰ ਕੀਤਾ। ਰਾਜਿਆਂ ਦੇ ਸੁਅੰਬਰ ਵਿਚ ਜਾ ਕੇ ਸਾਰੇ ਬਲਦਾਂ ਨੂੰ ਇਕੋ ਵਾਰ ਹੀ ਨੱਥ ਦਿੱਤਾ।

ਨੋਟ:-ਕਵੀ ਜੀ ਏਥੇ ਗੁਰੂ ਹਰਿਗੋਬਿੰਦ ਸਾਹਿਬ ਦੀ ਸ੍ਰੀ ਕ੍ਰਿਸ਼ਨ ਜੀ ਨਾਲ ਤੁਲਨਾ ਕਰਦੇ ਹਨ ਕਿ ਗੁਰੂ ਜੀ ਕ੍ਰਿਸ਼ਨ ਜੀ ਵਰਗੇ ਵੱਡੇ ਅਵਤਾਰ ਹਨ। ਪਰ ਗੁਰੂ ਸਾਹਿਬਾਨ 'ਗੁਰੂ ਪਦ' ਦੇ ਅਵਤਾਰ ਹਨ। ਉਹ ਆਪਣਾ ਗੁਰੂ ਪਾਰਬ੍ਰਹਮ ਪ੍ਰਮੇਸ਼ਰ ਨੂੰ ਮੰਨਦੇ ਹਨ। ਇਸ ਕਰਕੇ ਅਵਤਾਰਾਂ ਤੋਂ ਗੁਰੂ ਅਵਤਾਰ ਉੱਚਾ ਹੈ।

ਸ੍ਰੀ ਹਰਿਗੋਵਿੰਦ ਨੰਦਨ ਕੀ ਮਹਿਮਾ ਕਛਿਹੂੰ ਚਿਤ ਜਾਨਤਿ ਹੈ।
'ਸ੍ਰੀ ਗੁਰ ਪੂਰਨ ਕੇਰ ਸਪੂਤ ਭਯੋ ਅਵਤਾਰ' ਹੀ ਮਾਨਤਿ ਹੈ।
'ਹੀਨ ਕਰੇ ਬਿਘਨਾਂ ਸਭਿ ਹੂੰ ਸ਼ਕਤੀ ਅਤਿਵਾਨ' ਪਛਾਨਤਿ ਹੈ।
'ਪੰਨਗ ਭੀਖਨ ਮਾਰ ਦਿਯੋ, ਹਤਿ ਧਾਇ, ਮਹਾਂ ਬਲ ਠਾਨਤਿ ਹੈ' ॥੨੨॥

ਸ੍ਰੀ ਹਰਿਗੋਬਿੰਦ ਪੁੱਤਰ ਦੀ ਮਹਿਮਾ ਮਾਤਾ ਜੀ ਚਿੱਤ ਵਿਚ ਜਾਣਦੇ ਹਨ, 'ਪੂਰਨ ਗੁਰੂ ਜੀ ਦੇ ਪੁੱਤਰ ਅਵਤਾਰ ਪੈਦਾ ਹੋਏ ਹਨ' ਇਹ ਉਹ ਮੰਨਦੇ ਹਨ। 'ਸਾਰੇ ਵਿਘਨਾਂ ਨੂੰ ਦੂਰ ਕਰਦੇ ਹਨ ਅਤੇ ਬੜੇ ਸ਼ਕਤੀਸ਼ਾਲੀ ਹਨ', ਇਹ ਉਹ ਪਛਾਣਦੇ ਹਨ। 'ਭਿਆਨਕ ਸੱਪ ਨੂੰ ਮਾਰ ਦਿੱਤਾ ਅਤੇ ਮਾਰਨ ਵਾਸਤੇ ਮਹਾਂਬਲ ਧਾਰਨ ਕੀਤਾ' ॥ ੨੨॥

ਮਾਤ ਕਰੈ ਨਿਸ਼ਚੈ ਅਸ ਕੋ ਜਬਿ, ਸ੍ਰੀ ਹਰਿਗੋਵਿੰਦ ਜਾਨਿ ਰਿਦੇ।
ਮੋਹ ਉਪਾਵਤਿ ਹੈਂ ਤਿਸਕੇ ਕਰਿ ਬਾਲਕ ਰੀਤਿ ਅਨੇਕ ਤਦੇ।
ਹੋਇ ਛੁਧਾਤੁਰ ਜਾਚਤਿ ਭੋਜਨ ਧੂਰਿ ਲਗਾਵਤਿ ਧਾਇ ਕਦੇ।
ਗੋਦ ਤੇ ਜਾਤਿ ਪ੍ਰਮੋਦ ਭਰੇ ਰਹੁ ਕੋਦ ਫਿਰੈਂ ਰੁਦਯੰਤ ਜਿਦੇ॥੨੩॥

ਮਾਤਾ ਜੀ ਜਦ ਇਸ ਤਰ੍ਹਾਂ ਨਿਸ਼ਚਾ ਕਰਦੇ ਹਨ ਤਾਂ ਸ੍ਰੀ ਹਰਿਗੋਬਿੰਦ ਜੀ ਹਿਰਦੇ ਵਿਚ ਜਾਣ ਜਾਂਦੇ ਹਨ, ਤਦ ਉਹ ਅਨੇਕ ਪ੍ਰਕਾਰ ਦੀਆਂ ਬਾਲਕ ਰੀਤੀਆਂ ਅਨੁਸਾਰ ਮੋਹ ਪੈਦਾ ਕਰਦੇ ਹਨ। ਜਦ ਭੁੱਖੇ ਹੁੰਦੇ ਹਨ ਤਾਂ ਭੋਜਨ ਮੰਗਦੇ ਹਨ, ਕਦੇ ਭੱਜ ਕੇ ਧੂੜ ਲਾਉਂਦੇ ਹਨ। ਕਦੀ ਗੋਦੀ ਵਿਚੋਂ ਨਿਕਲ ਖ਼ੁਸ਼ੀ-ਖ਼ੁਸ਼ੀ ਚਾਰੇ ਪਾਸੇ ਫਿਰਦੇ ਹਨ ਅਤੇ ਕਦੇ ਜ਼ਿਦ ਕਰਕੇ ਰੋਂਦੇ ਹਨ॥ ੨੩॥

ਬਾਲਕ ਕੀ ਸਮ ਚੰਚਲਤਾ ਅਵਲੋਕਤਿ ਗੰਗ ਸਪੂਤ ਹੀ ਜਾਨਤਿ।
ਪਾਲਤਿ ਹੈ ਨਿਤ ਲਾਲਤਿ ਹੈ, ਹਿਤ ਘਾਲਤਿ ਹੈ ਮਨ ਕੋ ਪ੍ਰਿਯ ਮਾਨਤਿ।
ਕੇਤਿਕ ਦਯੋਸ ਬਿਤੀਤ ਭਏ ਸੁਖ ਸਾਥ ਤਬੈ ਪਗ ਮੈਂ ਬਲ ਠਾਨਤਿ।
ਹੋਤਿ ਖਰੇ ਗੁਨ ਪੁੰਜ ਖਰੇ ਜਿਨ ਦਾਸ ਤਰੇ ਸਤਿਨਾਮੁ ਬਖਾਨਤਿ॥੨੪॥

ਜਦ ਮਾਤਾ ਜੀ ਬਾਲਕਾਂ ਵਰਗੀ ਚੰਚਲਤਾ ਵੇਖਦੇ ਹਨ ਤਾਂ ਆਪਣਾ ਪੁੱਤਰ ਹੀ ਜਾਣਦੇ ਹਨ। ਸਦਾ ਪਾਲਦੇ ਲਾਡ ਲਡਾਉਂਦੇ ਹਨ। ਮਨ ਨੂੰ ਪਿਆਰਾ ਜਾਣ ਕੇ ਸੇਵਾ ਕਰਦੇ ਹਨ। ਕਈ ਦਿਨ ਇਸ ਤਰ੍ਹਾਂ ਬੀਤ ਗਏ ਤਾਂ ਚਰਨਾਂ ਵਿਚ ਬਲ ਆ ਗਿਆ। ਜਿਨ੍ਹਾਂ ਵਿਚ ਸਾਰੇ ਚੰਗੇ ਗੁਣ ਹਨ, ਅਤੇ ਜਿਨ੍ਹਾਂ ਸਤਿਨਾਮ ਜਪਾ ਕੇ ਆਪਣੇ ਸੇਵਕਾਂ ਨੂੰ ਤਾਰਿਆ ਹੈ, ਉਹ ਹੁਣ ਉੱਠ ਕੇ ਖੜੇ ਹੁੰਦੇ ਹਨ॥ ੨੪॥

ਸ੍ਰੀ ਚਰਣਾਂਬੁਜ ਤੇ ਚਲਿਬੇ ਪਗ ਨੂਪਰ ਝੂਪਰ ਦੌਰ ਬਜਾਵੈਂ।
ਕੰਚਨ ਕੀ ਬਰ ਕਿੰਕਨਿ ਹੈ ਕਟਿ ਹੀਰੇ ਜਰਾਉ ਜਰੇ ਦਮਕਾਵੈਂ।
ਪੀਤਗਰੇ ਝਗੁਲੀ ਬਹੁ ਝੀਨ ਮਹਾਂ ਦੁਤਿ ਤੇ ਤਨ ਚਾਰੁ ਦਿਪਾਵੈ।
ਹਾਥ ਮੈਂ ਕੰਕਨ ਛਾਪ ਛਲਾਯਨਿ ਸੀਸ ਬਿਭੂਖਨ ਸ਼ੋਭ ਬਢਾਵੈਂ॥੨੫॥

ਜਦ ਆਪਣੇ ਚਰਨਾਂ ਕੰਵਲਾਂ ਤੇ ਚਲਦੇ ਹਨ ਤਾਂ ਪ੍ਰਿਥਵੀ ਤੇ ਦੌੜ ਕੇ ਝਾਂਜਰਾਂ ਖੜਕਾਉਂਦੇ ਹਨ। ਸੋਨੇ ਦੀ ਸੁੰਦਰ ਘੁੰਗਰੂਆਂ ਵਾਲੀ ਤੜਾਗੀ ਲੱਕ ਨੂੰ ਬੰਨ੍ਹੀ ਹੋਈ ਹੈ, ਜਿਸ ਨਾਲ ਜੜੇ ਸੁੰਦਰ ਹੀਰੇ ਚਮਕਦੇ ਹਨ। ਬਹੁਤ ਪਤਲੇ ਕਪੜੇ ਦੀ ਫਰਾਕ ਜਿਹੜੀ ਗਲ ਵਿਚ ਪਾਈ ਹੈ, ਬਹੁਤ ਸੁੰਦਰ ਤੇ ਸਰੀਰ ਤੇ ਪਾਈ ਹੋਈ ਬਹੁਤ ਫੱਬਦੀ ਹੈ। ਹੱਥ ਵਿਚ ਸੋਨੇ ਦੇ ਛਾਪ ਛੱਲੇ ਪਾਏ ਹਨ ਤੇ ਸਿਰ ਦੇ ਗਹਿਣੇ ਬਹੁਤ ਸ਼ੋਭਾ ਵਧਾ ਰਹੇ ਹਨ॥ ੨੫॥

ਬਾਲਕ ਔਰ ਮਿਲੇ ਤਿਸ ਠੌਰ ਮੈਂ ਦੌਰਤਿ ਹੈਂ ਅਗੁਵਾ ਪਿਛਵਾਈ।
ਖੇਲਤਿ ਹੈਂ ਬਹੁ ਮੇਲਤਿ ਰੌਰ ਗੁਰੂ ਹਰਿਗੋਵਿੰਦ ਜੀ ਹਰਖਾਈ।
ਹੋਇ ਇਕੈਠਤਿ ਬੈਠਤਿ ਹੈਂ ਕਬਿ ਅੰਗ ਅਮੈਠਤਿ ਦੋਰਿ ਪਲਾਈ।
ਸੁੰਦਰ ਮੰਦਰ ਅੰਦਰ ਹ੍ਵੈ ਕਬਿ ਬਾਹਰ, ਰੋਕਤਿ ਹੈਂ ਭਜ ਜਾਈ॥ ੨੬॥

ਜਿਸ ਥਾਂ ਹੋਰ ਬਾਲਕ ਮਿਲਦੇ ਹਨ ਤਾਂ ਸ੍ਰੀ ਹਰਿਗੋਬਿੰਦ ਜੀ ਦੌੜ ਕੇ ਉਨ੍ਹਾਂ ਦੀ ਅਗਵਾਈ ਕਰਦੇ ਹਨ। ਬਹੁਤ ਬਾਲਕ ਮਿਲ ਕੇ ਖੇਡਦੇ ਹਨ ਅਤੇ ਬਹੁਤ ਰੌਲਾ ਪਾਉਂਦੇ ਹਨ, ਜਿਸ ਨੂੰ ਵੇਖ ਕੇ ਬਾਲਕ ਗੁਰੂ ਜੀ ਬਹੁਤ ਪ੍ਰਸੰਨ ਹੁੰਦੇ ਹਨ। ਇੱਕਠੇ ਹੋ ਕੇ ਬੈਠਦੇ ਹਨ। ਕਦੀ ਅੰਗ ਅਕੜਾਉਂਦੇ , ਕਦੀ ਦੌੜਦੇ ਹਨ। ਸੁੰਦਰ ਘਰ ਦੇ ਕਦੀ ਅੰਦਰ ਜਾਂਦੇ ਹਨ ਅਤੇ ਕਦੀ ਬਾਹਰ ਜਾਂਦੇ ਹਨ, ਜਦ ਰੋਕਦੇ ਹਨ ਤਾਂ ਭੱਜ ਜਾਂਦੇ ਹਨ॥ ੨੬॥

ਗ੍ਰਾਮ ਵਡਾਲੀ ਕੇ ਬਾਲਕ ਜੇ ਬਡ ਭਾਗ ਭਰੇ ਇਮ ਖੇਲਤਿ ਹੈਂ।
ਸ੍ਰੀ ਹਰਿ ਗੋਵਿੰਦ ਸੰਗ ਮਿਲੇ ਬਹੁ ਸ੍ਵਾਦ ਕੇ ਭੋਜਨ ਮੇਲਤਿ ਹੈਂ।

ਦਜੋਸ ਸਬੈ ਨਹਿਂ ਪਾਸ ਤਜੈਂ ਮਿਲਿ ਆਪਸ ਮੈਂ ਬਲ ਰੇਲਤਿ ਹੈਂ।
ਆਪ ਦਿਖਾਇ ਕਰੇ ਕੁਸ਼ਤੀ ਗਹਿ ਹਾਥਨਿ ਸਾਥ ਧਕੇਲਤਿ ਹੈਂ॥੨੭॥

ਵਡਾਲੀ ਪਿੰਡ ਦੇ ਬਾਲਕ ਜਿਹੜੇ ਬਹੁਤ ਭਾਗਾਂ ਵਾਲੇ ਹਨ, ਇਸ ਤਰ੍ਹਾਂ ਖੇਡਦੇ ਹਨ। ਸ੍ਰੀ ਹਰਿਗੋਬਿੰਦ ਨਾਲ ਮਿਲ ਕੇ ਸਵਾਦੀ ਭੋਜਨ ਪਾਉਂਦੇ ਹਨ। ਸਾਰਿਆਂ ਨੂੰ ਦਿੰਦੇ ਹਨ, ਉਹ ਸਾਥ ਨਹੀਂ ਛੱਡਦੇ ਹਨ, ਆਪਸ ਵਿਚ ਇਕ ਦੂਸਰੇ ਨੂੰ ਜ਼ੋਰ ਨਾਲ ਧਕੇਲਦੇ ਹਨ। ਆਪ ਵਿਖਾ ਕੇ ਕੁਸ਼ਤੀ ਕਰਦੇ ਹਨ ਤੇ ਹੱਥਾਂ ਨਾਲ ਧੱਕੇ ਦਿੰਦੇ ਹਨ॥ ੨੭॥

ਦੋਹਰਾ- ਇਸ ਪ੍ਰਕਾਰ ਕ੍ਰੀੜਤਿ ਪ੍ਰਭੂ ਖੇਲਤਿ ਖੇਲ ਬਿਸਾਲ।
ਮਿਲਹਿਂ ਜਾਲ ਬਾਲਕ ਲਲਿਤ, ਨਿਸ ਮਹਿਂ ਨਿਜ ਨਿਜ ਸਾਲ॥੨੮॥

ਇਸ ਪ੍ਰਕਾਰ ਪ੍ਰਭੂ ਕ੍ਰੀੜਾ ਕਰਦੇ ਸਨ, ਅਤੇ ਵਿਸ਼ਾਲ ਖੇਡਾਂ ਖੇਡਦੇ ਸਨ। ਬਹੁਤ ਬਾਲਕ ਇਕੱਠੇ ਹੋ ਕੇ ਖੇਡਦੇ ਸਨ ਤੇ ਰਾਤ ਵੇਲੇ ਆਪੋ ਆਪਣੇ ਘਰ ਚਲੇ ਜਾਂਦੇ ਸਨ॥ ੨੮॥

*ਤੀਸਰੀ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

## *ਅਧਿਆਇ ਦਸਵਾਂ*

### *ਰਾਤ ਨੂੰ ਦੇਵਤੇ ਚਰਨ ਪਰਸਨ ਆਏ*

ਦੋਹਰਾ- ਸ੍ਰੀ ਅਰਜਨ ਹੁਇਂ ਜਾਮਨੀ ਆਵਹਿਂ ਅਜਰ ਮਝਾਰ।
ਬੈਠਿ ਪ੍ਰਯੰਕ ਬਿਰਾਜਤੇ ਸਭਿ ਸੁਖ ਕੇ ਦਾਤਾਰ॥ ੧॥

ਜਦ ਰਾਤ ਪੈ ਜਾਂਦੀ ਸੀ ਤਾਂ ਗੁਰੂ ਜੀ ਘਰ ਅੰਦਰ ਆ ਜਾਂਦੇ ਸਨ ਤੇ ਸਭ ਸੁਖਾਂ ਦੇ ਦਾਤਾਰ ਫਿਰ ਪਲੰਘ ਤੇ ਬੈਠ ਜਾਂਦੇ ਸਨ॥ ੧॥

ਸ੍ਵੈਯਾ- ਹਾਥ ਕੋ ਜੋਰਿ ਕੈ ਗੰਗ ਬਖਾਨਤਿ 'ਆਪ ਮਹਾਂ ਮਤਿ ਦੇਤਿ ਸਬੈ।
ਮੋਹਿ ਰਿਦਾ ਡਰਪੰਤਿ ਰਹੇ ਇਸ ਹੇਤੁ ਕਰੌਂ ਬਿਨਤੀ ਸੁ ਅਬੈ।
ਬ੍ਰਿੰਦ ਬਡੇ ਉਤਪਾਤ ਕੇ ਘਾਤਕ ਆਪ ਸਮੱਥ੍ਰ ਜਬੈ ਰੁ ਕਬੈ।
ਹੋਇ ਨ ਕੋ ਬਿਘਨਾ ਤਿਸ ਥਾਨ ਜਹਾਂ ਤੁਮ ਨਾਮ ਉਚਾਰਿ ਤਬੈ॥੨॥

ਹੱਥ ਜੋੜ ਕੇ ਮਾਤਾ ਗੰਗਾ ਜੀ ਨੇ ਕਿਹਾ, "ਆਪ ਜੀ ਸਾਰਿਆਂ ਨੂੰ ਚੰਗੀ ਮੱਤ ਦਿੰਦੇ ਹੋ, ਮੇਰਾ ਹਿਰਦਾ ਡਰਦਾ ਰਹਿੰਦਾ ਹੈ, ਇਸ ਕਰਕੇ ਹੁਣ ਮੈਂ ਬੇਨਤੀ ਕਰਦੀ ਹਾਂ। ਜਦ ਕਦੀ ਵੱਡੇ-ਵੱਡੇ ਉਪੱਦਰਾਂ ਦੇ ਨਾਸ਼ ਕਰਨ ਦੇ ਕੇਵਲ ਆਪ ਜੀ ਸਮਰੱਥ ਹੋ। ਜਿਥੇ ਤੁਸੀਂ ਨਾਮ ਦਾ ਉਚਾਰਨ ਕਰਦੇ ਹੋ, ਉਥੇ ਕੋਈ ਵਿਘਨ ਨਹੀਂ ਹੁੰਦਾ॥ ੨॥

ਆਇ ਬਸੇ ਹਮ ਗ੍ਰਾਮ ਬਿਖੈ ਕਰਿ ਬ੍ਰਿੰਦ ਉਪਾਇ ਕੋ ਨੰਦਨ ਪਾਯੋ।
ਸੁੰਦਰ ਰੂਪ ਬਿਲੰਦ ਅਨੰਦਕ ਏਕ ਅਹੈ ਨ ਦੁਤੀ ਉਪਜਾਯੋ।
ਸ਼੍ਰੀ ਗੁਰ ਨਾਨਕ ਆਪ ਦਯਾ ਕਰਿ ਹਾਥ ਦੈ ਜਾਨਿ ਕੈ ਦਾਸ ਬਚਾਯੋ।
ਘਾਲਿ ਮਹਾਂ ਅਪਰਾਧਨਿ ਤੇ. ਇਸ ਪੰਨਗ ਤੇ ਸਖ ਸੌਂ ਉਬਰਾਯੋ॥ ੩॥

ਅਸੀਂ ਪਿੰਡ ਵਿਚ ਆ ਕੇ ਵੱਸ ਗਏ ਹਾਂ ਅਤੇ ਬਹੁਤ ਉਪਾਅ ਕਰਕੇ ਪੁੱਤਰ ਨੂੰ ਪਾਇਆ ਹੈ। ਸੁੰਦਰ ਰੂਪ ਅਤੇ ਬਹੁਤ ਅਨੰਦਾਇਕ ਇਕ ਇਹੋ ਹੈ, ਹੋਰ ਦੂਸਰਾ ਕੋਈ ਪੈਦਾ ਨਹੀਂ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥ ਦੇ ਕੇ ਦਇਆ ਕਰਕੇ ਦਾਸ ਜਾਣ ਕੇ ਸੇਵਕ ਨੂੰ ਬਚਾਇਆ ਹੈ। ਮਹਾਂ ਅਪਰਾਧਣ ਦਾਈ ਤੇ ਇਸ ਕਾਲੇ ਨਾਗ ਤੋਂ ਬਚਾਇਆ ਹੈ॥ ੩॥

ਆਪ ਚਲੋ ਅਪਨੇ ਪੁਰਿ ਕੋ ਤਹਿਂ ਬਾਸ ਕਰੋ ਬਿਘਨੋ ਨਹਿਂ ਹੋਵੈ।
ਸੇਵਕ ਬ੍ਰਿੰਦ ਬਸੈਂ ਸਭਿ ਸੇਵਹਿਂ, ਚਿੰਤ ਤਹਾਂ ਬਸਿ ਕੈ ਹਮ ਖੋਵੈਂ।
ਈਖਦ ਗ੍ਰਾਮ ਬਿਖੈ ਬਸਤੇ, ਨਰ ਬ੍ਰਿੰਦ ਨਹੀ ਪੁਰਿ ਜੇਤਿਕ ਜੋਵੈਂ।
ਥਾਨ ਬਡੇਨ ਕੇ ਬਾਸ ਕਰੋ ਸੁਖਰਾਸਿ ! ਤਹਾਂ ਨਿਸ਼ਚਿੰਤ ਹੀ ਸੋਵੈਂ ॥੪॥

ਆਪ ਜੀ ਆਪਣੇ ਨਗਰ ਨੂੰ ਚਲੋ, ਉਥੇ ਜਾ ਕੇ ਵੱਸੀਏ, ਕੋਈ ਵਿਘਨ ਨਹੀਂ ਹੋਵੇਗਾ, ਉਥੇ ਬਹੁਤ ਸੇਵਕ ਵਸਦੇ ਹਨ, ਸਾਰੇ ਆਪ ਦੀ ਸੇਵਾ ਕਰਦੇ ਹਨ, ਉਨ੍ਹਾਂ ਵਿਚ ਵਸ ਕੇ ਆਪਣੀ ਚਿੰਤਾ ਨੂੰ ਦੂਰ ਕਰੀਏ। ਥੋੜ੍ਹੇ ਜੇਹੇ ਸੇਵਕ ਪਿੰਡ ਵਿਚ ਵਸਦੇ ਹਨ, ਬਹੁਤੇ ਮਨੁੱਖ ਨਹੀਂ ਹਨ ਜਿੰਨੇ ਨਗਰ ਵਿਚ ਰਹਿੰਦੇ ਹਨ। ਹੇ ਸੁੱਖਾਂ ਦੀ ਰਾਸ ਵੱਡੇ ਨਗਰ ਦੇ ਵਿਚ ਜਾ ਕੇ ਵਾਸਾ ਕਰੋ, ਉਥੇ ਜਾ ਕੇ ਨਿਸ਼ਚਿੰਤ ਹੋ ਕੇ ਸੌਂਵੀਏ" ॥ ੪॥

ਸ੍ਰੀ ਗੁਰਨਾਥ ਭਨਜੋ 'ਡਰ ਨਾ ਉਰ, ਬਾਲਕ ਕੇ ਰਖਵਾਰ ਰਮਾਪਤਿ।
ਭਾਵੀ ਟਰੈ ਨਹਿਂ ਕੋ ਕਿਤ ਜਾਇ, ਬਨੈ ਤਿਸ ਰੀਤਿ ਮਿਟੈ ਨ ਕਦਾਚਿਤ।
ਆਸ ਕਰੋ ਪਰਮੇਸ਼ਰ ਕੀ ਜਿਸ ਤੇ ਨਹਿਂ ਔਰ ਬਡੋ ਸੁਖਦਾ ਹਿਤ।
ਤ੍ਰਾਸ ਬਿਨਾਂ ਕਿਮ ਤ੍ਰਾਸ ਕਰੈ, ਸਿਮਰੋ ਸਤਿਨਾਮ ਬਿਸਾਲ ਸਦਾ ਚਿਤ ॥੫॥

ਗੁਰੂ ਜੀ ਨੇ ਕਿਹਾ, "ਡਰਨ ਦੀ ਕੋਈ ਲੋੜ ਨਹੀਂ ਹੈ, ਬਾਲਕ ਦਾ ਰਖਵਾਲਾ ਆਪ ਵਾਹਿਗੁਰੂ ਹੈ। ਕਿਤੇ ਵੀ ਚਲੇ ਜਾਈਏ ਭਾਵੀ ਟਲਦੀ ਨਹੀਂ ਹੈ, ਉਸੇ ਰੀਤੀ ਅਨੁਸਾਰ ਹੀ ਬਣਦਾ ਹੈ, ਕਦੇ ਵੀ ਮਿੱਟਦਾ ਨਹੀਂ ਹੈ। ਕੇਵਲ ਇਕ ਪਰਮੇਸ਼ਰ ਤੇ ਆਸ ਰਖੋ, ਜਿਸ ਤੋਂ ਵੱਡਾ ਹੋਰ ਕੋਈ ਸੁਖਦਾਤਾ ਨਹੀਂ ਹੈ। ਡਰ ਬਿਨਾਂ ਕਿਵੇਂ ਡਰ ਰੱਖਦੇ ਹੋ, ਸਦਾ ਵਿਸ਼ਾਲ ਚਿੱਤ ਹੋ ਕੇ ਸਤਿਨਾਮ ਦਾ ਸਿਮਰਨ ਕਰੋ॥ ੫॥

ਗੂਢ ਮਹਾਂ ਕਪਟੀ ਪ੍ਰਿਥੀਆ ਨਹਿਂ ਦੇਖਿ ਸਕੈ ਪਰ ਕੀ ਬਡਿਆਈ।
ਬਾਹਰ ਪ੍ਰੇਮ ਕਰੈ ਹਿਤ ਭਾਖਤਿ ਰਾਖਤਿ ਖੋਟ ਰਿਦੈ ਦੁਸ਼ਟਾਈ।
ਹੇਰਤਿ ਹੀ ਹਮ ਕੋ ਦੁਖ ਪਾਵਤਿ ਯਾ ਹਿਤ ਠਾਨਿ ਅਨੇਕ ਉਪਾਈ।
ਯਾਂਤੇ ਰਹੋ ਤਿਸ ਤੇ ਹੁਇ ਦੂਰਿ ਭਲੀ ਨ ਸ਼ਰੀਕਨਿ ਕੀ ਕੁਟਲਾਈ ॥੬॥

ਬਹੁਤ ਗੁੱਝਾ ਕਪਟੀ ਪ੍ਰਿਥੀਆ ਦੂਸਰੇ ਦੀ ਵਡਿਆਈ ਵੇਖ ਕੇ ਜਰ ਨਹੀਂ ਸਕਦਾ। ਉਤੋਂ ਉਤੋਂ ਪ੍ਰੇਮ ਵਿਖਾਉਂਦਾ ਹੈ, ਤੇ ਹਿਤੂ ਬੋਲੀ ਬੋਲਦਾ ਹੈ, ਪਰ ਹਿਰਦੇ ਵਿਚ ਬੜੀ ਖੋਟੀ ਦੁਸ਼ਟਾਈ ਰੱਖਦਾ ਹੈ। ਸਾਨੂੰ ਵੇਖਦਿਆਂ ਹੀਂ ਦੁਖੀ ਹੋ ਜਾਂਦਾ ਹੈ ਜਾਂ ਹਿਤ ਕਰਕੇ ਦੁਖ ਦੇਣ ਦੇ ਬਹੁਤ ਉਪਾਅ ਕਰਦਾ ਹੈ, ਇਸ ਕਰ ਕੇ ਉਸ ਤੋਂ ਦੂਰ ਰਹਿਣਾ ਹੀ ਠੀਕ ਹੈ, ਸ਼ਰੀਕਾਂ ਦੀ ਕੁਟਲ-ਨੀਤੀ ਚੰਗੀ ਨਹੀਂ' ॥ ੬॥

ਯੌਂ ਕਹਿ ਸ੍ਰੀ ਗੁਰ ਤੂਸ਼ਨ ਕੀਨਿ, ਬਿਚਾਰਤਿ 'ਨਾਰਿ ਸੁਭਾਵ ਸ ਤ੍ਰਾਸਾ।
ਸੋਚਤਿ ਹੈ ਸੁਤ ਧਾਰਿ ਸਨੇਹ ਕੋ, ਜਾਨਤਿ ਹੈ ਨ ਇਹੈ ਬਲ ਰਾਸਾ।
ਧੀਰਜ ਛੋਰਿ ਡਰਾਕੁਲ ਬੋਲਤਿ ਬਾਕ ਸੁਨੇ ਅਸ ਹੋਤਿ ਉਦਾਸਾ।
ਚਾਹਤਿ ਹੈ ਪੁਰਿ ਮੈਂ ਬਸਿਬੇ ਕਹੁ ਪਾਸ ਸ਼ਰੀਕਨਿ ਕੇਰ ਅਵਾਸਾ' ॥੭॥

ਇਹ ਕਹਿ ਕੇ ਗੁਰੂ ਜੀ ਚੁਪ ਕਰ ਗਏ ਤੇ ਫਿਰ ਵਿਚਾਰਨ ਲੱਗੇ ਕਿ "ਇਸਤਰੀ ਦਾ ਸੁਭਾਵ ਹੀ ਡਰਾਕਲ ਹੁੰਦਾ ਹੈ, ਆਪਣੇ ਪੁੱਤਰ ਦੇ ਪਿਆਰ ਬਾਰੇ ਸੋਚਦੀ ਹੈ, ਇਹ ਨਹੀਂ ਜਾਣਦੀ ਕਿ ਇਹ ਸ਼ਕਤੀ ਦੀ ਖਾਣ ਹਨ। ਧੀਰਜ ਛੱਡ ਕੇ ਡਰਾਕਲ ਬਚਨ ਬੋਲਦੀ ਹੈ ਤੇ ਇਸ ਤਰ੍ਹਾਂ ਉਦਾਸ ਹੋ ਜਾਂਦੀ ਹੈ। ਨਗਰ ਦੇ ਵਿਚ ਵਸਣਾ ਚਾਹੁੰਦੀ ਹੈ, ਸ਼ਰੀਕਾਂ ਦੇ ਪਾਸ ਰਹਿਣਾ ਚਾਹੁੰਦੀ ਹੈ"॥ ੭॥

ਯੌਂ ਚਿਤ ਮੈਂ ਚਿਤਵੰਤਿ ਦਯਾਨਿਧਿ ਹੇਤ ਪ੍ਰਸੰਨ ਕੇ ਬੈਨ ਕਹੇ।
'ਬਾਸੁਰ ਕੇਤਿਕ ਬਾਸ ਕਰੋ ਇਤ, ਫੇਰ ਕਰੈਂ ਚਿਤ ਤੋਰ ਚਹੇ।
ਬਾਲਕ ਕੋ ਪ੍ਰਤਿਪਾਲ ਕਰੋ ਨਿਤ ਹੋਇ ਬਿਸਾਲ ਅਨੰਦ ਲਹੇ'।
ਗੰਗ ਨੇ ਸ੍ਰੌਨ ਸੁਨੀ ਹਰਖੀ ਉਰ 'ਛੋਡਿ ਹੈਂ ਗ੍ਰਾਮ ਕੋ ਬਾਸ ਇਹੇ' ॥ ੮ ॥

ਦਇਆ ਦੇ ਭੰਡਾਰ ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਚਿੱਤ ਵਿਚ ਸੋਚ ਰਹੇ ਸਨ, ਫਿਰ ਪ੍ਰਸੰਨਤਾ ਵਾਲੇ ਬਚਨ ਕਹੇ, "ਕੁਝ ਦਿਨ ਏਥੇ ਵਾਸ ਕਰੋ, ਫਿਰ ਉਥੇ ਜਾਣ ਦਾ ਮਨ ਬਣਾਵਾਂਗੇ, ਬਾਲਕ ਦੀ ਏਥੇ ਪ੍ਰਤਿਪਾਲਨਾ ਕਰੋ, ਉਹ ਨਿਤ ਵਿਸ਼ਾਲ ਅਨੰਦ ਲਵੇ।" ਮਾਤਾ ਗੰਗਾ ਜੀ ਨੇ ਜਦ ਇਹ ਗੱਲ ਸੁਣੀ ਤਾਂ ਬਹੁਤ ਪ੍ਰਸੰਨ ਹੋਈ ਅਤੇ ਮਨ ਵਿਚ ਸੋਚਿਆ ਕਿ "ਹੁਣ ਪਿੰਡ ਵਿਚ ਰਹਿਣਾ ਛੱਡ ਦੇਵਾਂਗੇ"॥ ੮॥

ਯਾ ਬਿਧਿ ਬੋਲਤਿ ਬੂਝਤਿ ਕੋ ਨਿਸ ਜਾਮ ਗਈ ਕਰਿ ਖਾਨ ਅਹਾਰਾ।
ਫੇਰ ਜਥਾ ਸੁਖ ਸੌਂ ਸੁਪਤੇ ਉਠਿ ਪ੍ਰਾਤ ਸਮੇਂ ਜਲ ਮੱਜਨ ਧਾਰਾ।
ਤਾਤ ਕੋ ਲਾਲਤਿ ਹੈ ਪ੍ਰਤਿਪਾਲਤਿ ਭੂਖਨ ਘਾਲਤਿ ਸ਼ੌਕ ਉਦਾਰਾ।
ਸੁੰਦਰ ਚੀਰ ਸਰੀਰ ਬਿਖੈ ਪਹਿਰਾਵਤਿ ਹੀ ਹਰਖਾਵਤਿ ਭਾਰਾ॥ ੯॥

ਗੁਰੂ ਜੀ ਦੇ ਇਸ ਤਰ੍ਹਾਂ ਬੋਲਦਿਆਂ ਅਤੇ ਮਾਤਾ ਜੀ ਦੇ ਪੁਛਦਿਆਂ ਅਤੇ ਭੋਜਨ ਛਕਦਿਆਂ ਪਹਿਰ ਰਾਤ ਬੀਤ ਗਈ। ਫਿਰ ਪਹਿਲਾਂ ਵਾਂਗ ਸੁਖ ਨਾਲ ਸੌਂ ਗਏ। ਫਿਰ ਸਵੇਰੇ ਸਵੱਖਤੇ ਉਠ ਕੇ ਜਲ ਵਿਚ ਇਸ਼ਨਾਨ ਕੀਤਾ। ਪੁੱਤਰ ਨੂੰ ਲਾਡ ਲਡਾਉਂਦੇ ਹਨ, ਪਾਲਣਾ ਕਰਦੇ ਹਨ ਅਤੇ ਬਹੁਤ ਸ਼ੌਕ ਨਾਲ ਗਹਿਣੇ ਪਾਉਂਦੇ ਹਨ। ਸਰੀਰ ਤੇ ਸੁੰਦਰ ਕਪੜੇ ਪਹਿਨਾ ਕੇ ਬਹੁਤ ਪ੍ਰਸੰਨ ਹੁੰਦੇ ਹਨ॥ ੯॥

ਦਾਸਨ ਪੈ ਨ ਭਰੋਸ ਧਰੈ, ਅਠ ਜਾਮ ਰਖੈ ਨਿਜ ਨੈਨ ਅਗਾਰੀ।
ਸੋਵਤਿ ਹਾਥ ਲਗਾਇਕੈ ਨੰਦਨ ਔਚਕ ਜਾਗ ਉਠੇ ਡਰ ਧਾਰੀ।
ਨੀਤ ਸਨੇਹ ਅਛੇਹ ਨਵੋਂ ਹੁਇ, ਡੀਲ ਬਿਸਾਲ ਬਧੈ ਬਲਿ ਭਾਰੀ।
ਸੁੰਦਰ ਸੂਰਤਿ ਸ਼ੋਭਤਿ ਹੈ, ਨਿਜ ਕੋਛਰ ਲੇਕਰਿ ਹ੍ਵੈ ਬਲਿਹਾਰੀ॥ ੧੦॥

ਸੇਵਕਾਂ ਤੇ ਭਰੋਸਾ ਨਹੀਂ ਕਰਦੇ, ਅੱਠੇ ਪਹਿਰ ਆਪਣੀਆਂ ਅੱਖਾਂ ਦੇ ਸਾਹਮਣੇ ਰੱਖਦੇ ਹਨ। ਹੱਥ ਰਖ ਕੇ ਸੌਂਦੇ ਹਨ ਕਿ ਕਿਤੇ ਪੁੱਤਰ ਡਰ ਕੇ ਉੱਠ ਨਾ ਪਵੇ। ਨਿਤ ਨਾ ਮਿਟਣ ਵਾਲਾ ਨਵਾਂ ਪਿਆਰ ਵਧਦਾ ਹੈ ਸ੍ਰੀ ਹਰਿਗੋਬਿੰਦ ਜੀ ਦਾ ਵਿਸ਼ਾਲ ਡੀਲ ਡੌਲ ਹੈ ਅਤੇ ਭਾਰੀ ਬਲ ਵਧਿਆ ਹੈ। ਬੜੀ ਸੁੰਦਰ ਸੂਰਤ ਸ਼ੋਭਦੀ ਹੈ, ਆਪਣੇ ਕੁਛੜ ਚੁਕ ਕੇ ਮਾਤਾ ਜੀ ਬਲਿਹਾਰ ਜਾਂਦੇ ਹਨ॥ ੧੦॥

ਕੇਤਿਕ ਦਦੋਸ ਬਿਤੀਤ ਗਏ ਜਬਿ ਏਕ ਨਿਸਾ ਪਰਿ ਕੈ ਸਭਿ ਸੋਏ।
ਦੇਵ ਮਿਲੇ ਸਮੁਦਾਇ ਤਬੈ ਸਭਿ ਆਵਨਿ ਕੀਨਿ ਪ੍ਰਮੋਦਤਿ ਹੋਏ।
ਸ੍ਰੀ ਹਰਿਗੋਵਿੰਦ ਜਾਨਿ ਤਿਨੋ ਕਹੁ ਛੋਰਿ ਪ੍ਰਯੰਕ ਉਠੇ ਸਭਿ ਜੋਏ।
ਦ੍ਵੈ ਕਰ ਬੰਦ ਕਰੈਂ ਅਭਿਬੰਦਨ ਦਖ ਨਿਕੰਦਨ ਤੀਰ ਖਰੋਏ॥ ੧੧॥

ਕਈ ਦਿਨ ਬੀਤ ਗਏ, ਜਦ ਇਕ ਰਾਤ ਸਾਰੇ ਲੰਮੇ ਪੈ ਕੇ ਸੌਂ ਗਏ। ਤਦ ਸਾਰੇ ਦੇਵਤੇ ਇਕੱਠੇ ਹੋ ਕੇ ਸ੍ਰੀ ਹਰਿਗੋਬਿੰਦ ਜੀ ਨੂੰ ਮਿਲਣ ਵਾਸਤੇ ਬਹੁਤ ਪ੍ਰਸੰਨ ਹੋ ਕੇ ਆਏ। ਸ੍ਰੀ ਹਰਿਗੋਬਿੰਦ ਜੀ ਉਨ੍ਹਾਂ ਦੇ ਆਉਣ ਬਾਰੇ ਜਾਣ ਕੇ ਪਲੰਘ ਤੋਂ ਉਠ ਪਏ। ਦੇਵਤੇ ਦੋਵੇਂ ਹੱਥ ਜੋੜ ਜੋੜ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਭਾਵ ਸ੍ਰੀ ਹਰਿਗੋਬਿੰਦ ਦੇ ਪਾਸ ਖਲੋ ਕੇ ਅਭਿਬੰਦਨ ਕਰਦੇ ਸਨ॥ ੧੧॥

ਨਾਰਦ, ਸਾਰਦ, ਪਾਰਦ ਸੇ ਤਨ, ਸ੍ਰੀ ਬ੍ਰਹਮਾ, ਮਘਵਾ, ਜੁਤ ਆਏ।
ਆਠ ਬਸੂ ਅਰ ਰੁੱਦ੍ਰ ਇਕਾਦਸ਼, ਪਾਵਕ ਅੱਗ੍ਰ ਮਿਲੇ ਸਮੁਦਾਏ।
ਔਰ ਕਹਾਂ ਤਿਨਕੀ ਗਿਨਤੀ ਹੁਇ ਦੇਖਨਿ ਕੋ ਅਵਤਾਰ ਸੁਹਾਏ।
ਚੌਸਠ ਜੋਗਨਿ, ਬੀਰ ਬਵੰਜਨ ਦ੍ਵੈ ਕਰ ਜੋਰਤਿ ਸੀਸ ਨਿਵਾਏ॥ ੧੨ ॥

ਨਾਰਦ, ਸਾਰਦਾ, ਜਿਨ੍ਹਾਂ ਦੇ ਪਾਰੇ ਵਰਗੇ ਸਰੀਰ ਹਨ ਅਤੇ ਸ੍ਰੀ ਬ੍ਰਹਮਾ ਵੀ ਮਘਵਾ ਦੇ ਨਾਲ ਆਏ। ਅੱਠ ਦੇਵਤੇ ਅਤੇ ਗਿਆਰਾਂ ਸ਼ਿਵਜੀ ਪਵਿੱਤਰ ਸੁਗੰਧਿਤ ਬ੍ਰਿਛ ਅੱਗ੍ਰ ਨੂੰ ਇਕੱਠੇ ਹੋ ਕੇ ਮਿਲੇ। ਹੋਰ ਉਨ੍ਹਾਂ ਦੀ ਕਿਥੋਂ ਤਕ ਗਿਣਤੀ ਹੋਵੇ, ਸਾਰੇ ਅਵਤਾਰ ਨੂੰ ਵੇਖਣ ਵਾਸਤੇ ਸ਼ੋਭ ਰਹੇ ਸਨ। ਚੌਂਠ ਜੋਗਨੀਆਂ, ਬਵੰਜਾ ਬੀਰਾਂ ਨੇ ਦੋਵੇਂ ਹੱਥ ਜੋੜ ਕੇ ਸਿਰ ਨਿਵਾਏ॥ ੧੨ ॥

'ਨਾਸ਼ਨਿ ਕੋ ਤੁਰਕਾਨਿ ਸਮੂਹ, ਸਰੀਰ ਧਰਜੋ ਤੁਮ ਅੰਤਰਜਾਮੀ!।
ਸੇਵਕ ਸੰਤਨਿ ਕੋ ਪ੍ਰਤਿਪਾਰਨਿ, ਜੋ ਸਤਿਨਾਮ ਜਪੈ ਨਿਤ ਸ੍ਵਾਮੀ।
ਲੋਕ ਅਨੇਕ ਉਧਾਰਨਿ ਕੋ ਚਿਤ ਦੇਨਿ ਬਿਬੇਕ ਭਏ ਪਥਗਾਮੀ!।
ਸੂਰ ਮਹਾਂ ਭੁਜ ਪੂਰਨ ਸ਼੍ਰੀ ਗੁਰ, ਸ਼ੱਤ੍ਰੁਨ ਚੂਰਨਿ ਕੋ ਨਿਤ ਕਾਮੀ' ॥੧੩ ॥

ਉਹ ਸ੍ਰੀ ਹਰਿਗੋਬਿੰਦ ਸਾਹਿਬ ਦੀ ਉਸਤਤੀ ਕਰ ਰਹੇ ਸਨ, "ਤੁਰਕਾਂ ਦੇ ਸਮੂਹਾਂ ਦਾ ਨਾਸ਼ ਕਰਨ ਵਾਸਤੇ ਹੇ ਅੰਤਰਜਾਮੀ ! ਤੁਸੀਂ ਸਰੀਰ ਧਾਰਨ ਕੀਤਾ ਹੈ। ਸੇਵਕਾਂ ਸੰਤਾਂ ਦੀ ਤੁਸੀਂ ਪ੍ਰਤਿਪਾਲਣਾ ਕਰੋਗੇ ਅਤੇ ਸਦਾ ਸਤਿਨਾਮ ਦਾ ਜਾਪ ਕਰੋਗੇ। ਅਨੇਕਾਂ ਲੋਕਾਂ ਦਾ ਉਧਾਰ ਕਰੋਗੇ। ਰਾਹ ਚਲਣ ਵਾਲੇ ਜਗਿਆਸੂਆਂ ਨੂੰ ਚਿਤ ਵਿਚ ਬਿਬੇਕ ਦੇਵੋਗੇ। ਗੁਰੂ ਜੀ ਮਹਾਨ ਸੂਰਮੇ ਹਨ, ਵੈਰੀਆਂ ਨੂੰ ਨਾਸ਼ ਕਰਨ ਦਾ ਤੁਹਾਡਾ ਨਿਤ ਕਾਰਜ ਹੋਵੇਗਾ" ॥ ੧੩ ॥

ਕੀਰਤਿ ਕੋ ਬਿਸਤੀਰਤਿ ਯੌ ਪਦ ਪੂਜਤਿ ਚੰਦਨ ਕੋ ਚਰਚਾਏ।
ਧੂਪ ਧੁਖਾਵਤਿ ਫੂਲ ਚਢਾਵਤਿ ਔਰ ਸੁਗੰਧਿਨ ਕੋ ਅਰਚਾਏ।
ਕੁੰਕਮ ਸੋਂ ਘਨਸਾਰ ਘਸਾਇ ਕਰੈਂ ਬਿਨਤੀ ਸੁਰ ਹ੍ਵੈ ਸਮੁਦਾਏ।
'ਜਜੋਂ ਹੁਇ ਆਇਸ ਰਾਵਰ ਕੀ ਹਮ ਕਾਜ ਕਰੈਂ ਤਿਮ ਦਜੋ ਫੁਰਮਾਏ' ॥੧੪ ॥

ਇਸ ਤਰ੍ਹਾਂ ਕੀਰਤੀ ਕਰਦੇ ਚਰਨ ਕੰਵਲਾਂ ਨੂੰ ਪੂਜ ਰਹੇ ਸਨ ਅਤੇ ਚੰਦਨ ਘਸਾ ਰਹੇ ਸਨ। ਧੂਫ ਧੁਖਾਉਂਦੇ ਸਨ ਅਤੇ ਫੁੱਲ ਚੜ੍ਹਾਉਂਦੇ ਸਨ ਅਤੇ ਕਈ ਪ੍ਰਕਾਰ ਦੀਆਂ ਸੁਗੰਧੀਆਂ ਨਾਲ ਪੂਜਾ ਕਰ ਰਹੇ ਸਨ। ਕੇਸਰ ਨੂੰ ਚੰਦਨ ਨਾਲ ਘਸਾ ਕੇ ਸਾਰੇ ਦੇਵਤੇ ਇਕੱਠੇ ਹੋ ਕੇ ਬੇਨਤੀਆਂ ਕਰ ਰਹੇ ਸਨ, "ਜਿਵੇਂ ਵੀ ਆਪ ਜੀ ਦੀ ਆਗਿਆ ਹੋਵੇ ਅਸੀਂ ਆਪ ਜੀ ਦੇ ਹੁਕਮ ਅਨੁਸਾਰ ਕਾਰਜ ਕਰਾਂਗੇ" ॥ ੧੪ ॥

ਚੌਸਠ ਜੋਗਨਿ ਕੀਨਿ ਬਿਨੈ 'ਬਡ ਭੂਖ ਹਮੈ ਨਹਿੰ ਪਾਇੰ ਅਹਾਰਾ'।
ਬੀਰ ਬਵੰਜਨਿ ਬਾਕ ਕਹੈਂ 'ਹਮ ਚਾਹਤਿ ਹੈਂ ਬਡ ਜੁੱਧ ਅਖਾਰਾ'।
ਨਾਰਦ ਆਦਿਕ ਪ੍ਰਾਰਥਨਾ ਕਰਿ 'ਬ੍ਰਿੰਦ ਮਲੇਛ ਬਲੀਨ ਸੰਘਾਰਾ।
ਰਾਵਰਿ ਕ੍ਰੁੱਧਤਿ ਜੁੱਧ ਕਰੋ ਇਮ ਚਾਹਤਿ ਦੇਵਨ ਕੋ ਗਨ ਸਾਰਾ' ॥੧੫ ॥

ਚੌਠ ਜੋਗਨੀਆਂ ਨੇ ਬੇਨਤੀ ਕੀਤੀ, "ਸਾਨੂੰ ਬੜੀ ਭੁੱਖ ਲੱਗੀ ਹੈ, ਕਾਫੀ ਸਮੇਂ ਤੋਂ ਅਸੀਂ ਕੋਈ ਭੋਜਨ ਨਹੀਂ ਪਾਇਆ ਹੈ।" ਬਵੰਞਾ ਵੀਰਾਂ ਨੇ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਯੁੱਧ ਦਾ ਵੱਡਾ ਅਖਾੜਾ ਲਾਓ।" ਨਾਰਦ ਆਦਿ ਨੇ ਪ੍ਰਾਰਥਨਾ ਕੀਤੀ, "ਮਲੇਛ ਬਲੀਆਂ ਨੂੰ ਮਾਰਨ ਲਈ, ਆਪ ਜੀ ਕ੍ਰੋਧ ਵਿਚ ਆ ਕੇ ਯੁੱਧ ਕਰੋ, ਸਾਰੇ ਦੇਵਤੇ ਇਸ ਤਰ੍ਹਾਂ ਚਾਹੁੰਦੇ ਹਨ" ॥ ੧੫ ॥

ਸ੍ਰੀ ਹਰਿ ਗੋਵਿੰਦ ਦੇਤਿ ਅਨੰਦ ਕੋ ਦੇਵਨ ਬ੍ਰਿੰਦਨ ਸੋਂ ਕਹਿ ਬਾਨੀ।
'ਬੀਰ ਸਭੈ ਤੁਮ ਧਾਰ ਸਰੀਰ ਕੋ ਧੀਰਜ ਸੋਂ ਬਿਚਰੋ ਧਰਿ ਆਨੀ।
ਨਾਰਦ ਕੋ ਦਿਖਰਾਉਂ ਮਹਾਂ ਰਣ, ਮਾਰਿ ਮਲੇਛ ਕਰੋਂ ਘਮਸਾਨੀ।
ਪੀਵਹੁ ਸ਼੍ਰੋਨਤ ਚੌਸਠ ਜੋਗਨਿ! ਲੇਹੁ ਡਕਾਰ ਮਹਾਂ ਤ੍ਰਿਪਤਾਨੀ ॥ ੧੬ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸਾਰੇ ਦੇਵਤਿਆਂ ਨੂੰ ਇਸ ਤਰ੍ਹਾਂ ਬਚਨ ਕਰਕੇ ਪ੍ਰਸੰਨ ਕਰ ਦਿੱਤਾ, "ਤੁਸੀਂ ਸਾਰੇ ਬਹਾਦੁਰ ਬੀਰ ਹੋ, ਸਾਰੇ ਸਰੀਰ ਧਾਰਨ ਕਰਕੇ ਧੀਰਜ ਨਾਲ ਇਸ ਧਰਤੀ ਤੇ ਆਵੋ, ਨਾਰਦ ਨੂੰ ਮੈਂ ਮਹਾਂ ਯੁੱਧ ਵਿਖਾਵਾਂਗਾ, ਮਲੇਛ ਮਾਰ ਕੇ ਵੱਡਾ ਘਮਸਾਣ ਕਰਾਂਗਾ। ਚੌਠ ਜੋਗਨੀਆਂ ਲਹੂ ਪੀਣਗੀਆਂ ਅਤੇ ਡਕਾਰ ਮਾਰ ਕੇ ਮਹਾਨ ਤ੍ਰਿਪਤ ਹੋਣਗੀਆਂ ॥ ੧੬ ॥

ਜੁੱਧ ਘੁਮੰਡ ਪ੍ਰਚੰਡ ਰਚੋਂ, ਸ਼ਿਵ ਲੇਹੁ ਬਿਲੰਦ ਹੀ ਮੁੰਡਨਿ ਮਾਲਾ।
ਕਾਲੀ! ਕਪਾਲ ਭਰੋ ਅਪਨੋ ਪਲਸ਼੍ਰੋਣਤ ਸੰਗ ਉਮੰਗ ਬਿਸਾਲਾ।
ਜੋ ਸਭਿ ਦੇਵਨਿ ਕੇ ਮਨਿ ਭਾਵਤਿ ਸੋ ਕਰਿਹੋਂ ਬਲ ਧਾਰਿ ਕਰਾਲਾ।
ਲਾਲਤਿ ਮਾਤ ਕੋ ਦੇਉਂ ਅਨੰਦ ਸੁ ਬਾਲਿਕ ਆਰਬਲਾ ਇਸ ਕਾਲਾ ॥੧੭ ॥

ਬੜੇ ਘੁਮੰਡ ਵਿਚ ਆ ਕੇ ਪ੍ਰਚੰਡ ਯੁੱਧ ਲੜਾਂਗਾ, ਸ਼ਿਵਜੀ ਕੱਟੇ ਹੋਏ ਸਿਰਾਂ ਦੀ ਵੱਡੀ ਮਾਲਾ ਲਵੇਗਾ। ਹੇ ਕਾਲੀ ! ਤੂੰ ਆਪਣਾ ਖੱਪਰ ਲਹੂ ਅਤੇ ਮਾਸ ਨਾਲ ਭਰ ਲੈਣਾ। ਜੋ ਸਾਰੇ ਦੇਵਤਿਆਂ ਨੂੰ ਚੰਗਾ ਲਗਦਾ ਹੈ, ਉਹ ਮੈਂ ਵਿਕਰਾਲ ਬਲ ਧਾਰ ਕੇ ਯੁੱਧ ਕਰਾਂਗਾ। ਆਪਣੀ ਮਾਤਾ ਜੀ ਨੂੰ ਵੀ ਬੜਾ ਆਨੰਦ ਦੇਵਾਂਗਾ, ਇਸ ਸਮੇਂ ਮੇਰੀ ਬਾਲਕ ਉਮਰ ਹੈ॥ ੧੭॥

ਜੋ ਸੁਰ ਕੇ ਉਰ ਹੋਇ ਮਨੋਰਥ ਆਇ ਸਰੀਰ ਧਰੋ ਧਰਿ ਮੈਂ।
ਮੋ ਸੰਗ ਸੈਨ ਬਨੋ ਰਣ ਮੈਂ ਬਲਵੰਤ ਮਲੇਛਨਿ ਸੰਘਰ ਮੈਂ।
ਆਯੁਧ ਕੇਰ ਪ੍ਰਹਾਰ ਕਰੋ ਉਤਸਾਹਤਿ ਹ੍ਵੈ ਕਰਿਕੈ ਬਰ ਮੈਂ।
ਫੇਰ ਪਯਾਨ ਕਰੈਂ ਸੁਰਲੋਕ ਸੁਧਾਰਿਕੇ ਕਾਜ ਬਸੈਂ ਘਰ ਮੈਂ ॥ ੧੮ ॥

ਜਿਨ੍ਹਾਂ ਦੇਵਤਿਆਂ ਦੇ ਮਨ ਵਿਚ ਇਹ ਮਨੋਰਥ ਹੋਵੇ, ਉਹ ਸਰੀਰ ਧਾਰ ਕੇ ਮੇਰੇ ਪਾਸ ਆਵੇ, ਯੁੱਧ ਵਿਚ ਮੇਰੇ ਨਾਲ ਮੇਰੀ ਸੈਨਾ ਬਣੋ, ਮੈਂ ਬਲਵਾਨ ਮਲੇਛਾਂ ਨਾਲ ਸੰਘਰਸ਼ ਕਰਨਾ ਹੈ। ਹਥਿਆਰ ਲੈ ਕੇ ਯੁੱਧ ਵਿਚ ਮੈਂ ਉਤਸ਼ਾਹਿਤ ਹੋ ਕੇ ਸ੍ਰੇਸ਼ਟ ਵਾਰ ਕਰਨੇ ਹਨ। ਉਨ੍ਹਾਂ ਮਲੇਛਾਂ ਦਾ ਸੁਧਾਰ ਕਰਕੇ ਫਿਰ ਮੈਂ ਸਵਰਗ ਲੋਕ ਵਿਚ ਚਲਾ ਜਾਵਾਂਗਾ ਅਤੇ ਆਪਣੇ ਘਰ ਵਿਚ ਵੱਸਾਂਗਾ" ॥ ੧੮ ॥

'ਧੰਨ ਗੁਰੂ! ਸਭਿ ਦੇਵ ਮਨੋਰਥ ਪੂਰਨ ਕੋ ਕਰਤਾ ਹਰਖਾਵਤਿ।
ਸ਼ਾਂਤਕੀ ਪੰਚ ਸਰੀਰ ਧਰੇ ਸਤਿਨਾਮ ਸਨੇਹ ਮੈਂ ਸੇਵਕ ਲਾਵਤਿ।
ਮਾਨਵ ਕੀਨ ਨਿਹਾਲ ਕਰੋਰਨਿ ਸ੍ਰੀ ਪ੍ਰਭੁ ਕੇ ਉਮਗੈਂ ਗੁਨ ਗਾਵਤਿ।
ਪੰਚ ਸਰੂਪ ਅਨੂਪ ਧਰੇ ਅਬਿ ਪੰਥ ਪ੍ਰਕਾਸ਼ ਕਰੋ ਰਿਪੁ ਘਾਵਤਿ ॥ ੧੯ ॥

"ਧੰਨ ਗੁਰੂ ਜੀ ! ਸਭ ਦੇਵਤਿਆਂ ਦੇ ਮਨੋਰਥ ਪੂਰਨ ਕਰਨ ਲਈ ਸਵਾਮੀ ਪ੍ਰਸੰਨ ਹੋਏ ਹਨ। ਸ਼ਾਂਤ ਸਰੂਪ ਪੰਜ ਸਰੀਰ ਧਾਰਨ ਕੀਤੇ, ਜਿਨ੍ਹਾਂ ਸਤਿਨਾਮ ਨੂੰ ਪਿਆਰ ਕਰਨ ਵਾਸਤੇ ਆਪਣੇ ਸੇਵਕਾਂ ਨੂੰ ਲਾਇਆ। ਕਰੋੜਾਂ ਮਨੁੱਖ ਨਿਹਾਲ ਕੀਤੇ

Sri Satguru Jagjit Singh Ji eLlibrary NamdhariElibrary@gmail.com

ਹਨ, ਬੜੇ ਉਤਸ਼ਾਹ ਨਾਲ ਉਹ ਪ੍ਰਭੂ ਦੇ ਗੁਣ ਗਾ ਰਹੇ ਹਨ। ਪੰਜ ਸਰੂਪ ਅਨੂਪਮ ਧਾਰਨ ਕੀਤੇ ਹਨ, ਹੁਣ ਦੁਸ਼ਮਣਾਂ ਨੂੰ ਮਾਰ ਕੇ ਨਵੇਂ ਪੰਥ ਦਾ ਪ੍ਰਕਾਸ਼ ਕਰੋ॥ ੧੯॥

ਘੋਰ ਮਹਾਂ ਕਲਿ ਕਾਲ ਬਿਖੈ ਜੁਗ ਆਦਿ ਕੀ ਰੂਰ ਮ੍ਰਿਜਾਦ ਚਲਾਈ।
ਕਯੋਂ ਨ ਚਲੈ, ਸਭਿ ਕੇ ਕਰਤਾ ਤੁਮ ਆਪ ਭਏ ਜਬਿ ਆਨਿ ਸਹਾਈ।
ਦੇਵਨਿ ਯੌਂ ਸਿਫਤੀ ਕਰਿ ਦੀਰਘ ਦੇਖਿ ਸਰੂਪ ਸਭੈ ਬਲਿ ਜਾਈ।
ਦੋਖ ਨਿਕੰਦਨ ਕੋ ਕਰਿ ਬੰਦਨ ਆਨੰਦ ਕੰਦ ਬਿਲੰਦ ਕਰਾਈ॥੨੦॥

ਘੋਰ ਮਹਾਂ ਕਲਜੁਗ ਦੇ ਸਮੇਂ ਆਦਿ ਜੁਗ ਦੀ ਸੁੰਦਰ ਮਰਯਾਦਾ ਚਲਾਈ ਹੈ। ਸੁੰਦਰ ਮਰਯਾਦਾ ਕਿਉਂ ਨਾ ਚਲੇ, ਜਦ ਸਾਰਿਆਂ ਦੀ ਰਚਨਾ ਕਰਨ ਵਾਲੇ ਤੁਸੀਂ ਆਪ ਹੀ ਆ ਕੇ ਸਹਾਇਤਾ ਕੀਤੀ ਹੈ।" ਦੇਵਤਿਆਂ ਨੇ ਇਸ ਤਰ੍ਹਾਂ ਗੁਰੂ ਜੀ ਦੀ ਬਹੁਤ ਉਸਤਤ ਕੀਤੀ ਅਤੇ ਗੁਰੂ ਜੀ ਦਾ ਸੁੰਦਰ ਸਰੂਪ ਵੇਖ ਕੇ ਬਲਿਹਾਰ ਜਾਂਦੇ ਸਨ। ਫਿਰ ਦੋਖਾਂ ਦਾ ਨਾਸ਼ ਕਰਨ ਵਾਲੇ ਨੂੰ ਬੰਦਨਾ ਕਰਕੇ ਬਹੁਤ ਅਨੰਦ ਪ੍ਰਾਪਤ ਕੀਤਾ॥ ੨੦॥

ਜਾਨਿ ਲਗੇ ਜਬਿ ਗੰਗ ਬਿਲੋਚਨਿ ਨੀਂਦ ਕੋ ਤਯਾਗਤਿ ਹੀ ਬਿਕਸਾਏ।
ਗੌਨਤਿ ਕੀ ਅਵਿਲੋਕਤਿ ਪੀਠ, ਅਚੰਭ ਭਈ ਉਰ ਤ੍ਰਾਸਕੋ ਪਾਏ।
'ਬ੍ਰਿੰਦ ਦੇ ਚੋਰ ਗਏ ਭਜ ਕੈ ਮਮ ਨੰਦਨ ਕੋ ਇਹ ਲੇਵਨਿ ਆਏ।
ਚਾਰੁ ਬਿਭੂਖਨ ਹੀਰਨ ਕੇ ਜੁਤ ਲੇ ਅਬ ਜਾਤਿ ਜਿ, ਕੌਨ ਛੁਟਾਏ' ॥੨੧॥

ਜਦ ਜਾਣ ਲੱਗੇ ਤਾਂ ਮਾਤਾ ਗੰਗਾ ਜੀ ਦੇ ਨੈਣ ਨੀਂਦ ਛੱਡਦਿਆਂ ਹੀ ਖਿੜ ਗਏ। ਉਨ੍ਹਾਂ ਨੇ ਜਾਂਦੇ ਹੋਏ ਦੇਵਤਿਆਂ ਦੀ ਪਿੱਠ ਵੇਖੀ ਤਾਂ ਬਹੁਤ ਹੈਰਾਨ ਹੋ ਕੇ ਬਹੁਤ ਡਰ ਗਏ। ਉਨ੍ਹਾਂ ਸੋਚਿਆ ਕਿ "ਸਾਰੇ ਚੋਰ ਭੱਜ ਕੇ ਗਏ ਹਨ ਜਿਹੜੇ ਮੇਰੇ ਪੁੱਤਰ ਨੂੰ ਲੈਣ ਆਏ ਸਨ। ਸੁੰਦਰ ਗਹਿਣੇ ਹੀਰਿਆਂ ਨਾਲ ਜੜੇ ਜੋ ਹੁਣ ਲੈ ਕੇ ਜਾ ਰਹੇ ਹਨ, ਇਨ੍ਹਾਂ ਤੋਂ ਹੁਣ ਕੌਣ ਛੁਡਵਾਏਗਾ" ॥ ੨੧॥

ਸੇਵਕਨੀ ਸੁਪਤੀ ਜਿ ਸਮੀਪ ਪੁਕਾਰ ਕੈ ਊਚੇ ਸਮੂਹ ਜਗਾਈ।
'ਕਯੋਂ ਨ ਬਿਲੋਕਤਿ ਹੋ ਉਠਿਕੈ ? ਗਨ ਚੋਰਨਿ ਆਨਿ ਕੈ ਦੀਨਿ ਦਿਖਾਈ।
ਸ੍ਰੀ ਹਰਿਗੋਵਿੰਦ ਮੋਹਿ ਤੇ ਦੂਰ ਹੁਤੇ ਅਬਿ ਮੈਂ, ਗਹਿ ਲੀਨਿ ਉਠਾਈ।
ਦੇਖਤਿ ਮੇਰੇ ਸੁ ਅੰਙਣ ਬੀਚ ਤੇ ਜਾਗਤੀ ਜਾਨਿ ਗਏ ਸੁ ਪਲਾਈ' ॥੨੨॥

ਜਿਹੜੀਆਂ ਸੇਵਕਣਾਂ ਪਾਸ ਸੁੱਤੀਆਂ ਸਨ ਉਨ੍ਹਾਂ ਸਾਰੀਆਂ ਨੂੰ ਵਾਜ ਕੇ ਜਗਾਇਆ ਅਤੇ ਕਿਹਾ, "ਤੁਸੀਂ ਉੱਠ ਕੇ ਕਿਉਂ ਨਹੀਂ ਵੇਖਦੀਆਂ ਹੋ? ਮੈਨੂੰ ਵੱਡੀ ਗਿਣਤੀ ਵਿਚ ਚੋਰ ਵਿਖਾਈ ਦਿੱਤੇ ਹਨ। ਸ੍ਰੀ ਹਰਿਗੋਬਿੰਦ ਮੇਰੇ ਤੋਂ ਦੂਰ ਸਨ, ਹੁਣ ਮੈਂ ਫੜ ਕੇ ਉਠਾਇਆ ਹੈ। ਮੈਂ ਵਿਹੜੇ ਦੇ ਵਿਚ ਵੇਖੇ ਹਨ, ਮੈਨੂੰ ਜਾਗਦੀ ਸਮਝ ਕੇ ਭੱਜ ਗਏ ਹਨ"॥ ੨੨॥

ਦਾਸੀ ਉਠੀ ਤਤਕਾਲ ਫਿਰੀ ਚਹੁੰ ਕੋਦ ਮੈਂ, ਹੇਰਤਿ ਨਾ ਦਰਸਾਏ।
ਸ਼ੇਸ਼ ਨਿਸਾ ਜਿਤਨੀ ਜੁ ਹੁਤੀ ਸਭਿ ਜਾਗਤਿ ਮਾਤ ਨੇ ਜਾਮ ਬਿਤਾਏ।
ਬੋਲਤਿ ਬਾਤਨ ਕੋ ਬਤਰਾਵਤਿ, ਤ੍ਰਾਸਤਿ ਨੀਂਦ ਗਈ ਕਿਸ ਥਾਏ।
ਚਿੰਤਤਿ ਚਿੱਤ ਮਹਾਂ ਚਿਤ ਮੈਂ 'ਸੁਤ ਕੋ ਬਿਘਨਾ ਨ ਕਛੂ ਹੁਇ ਜਾਏ' ॥੨੩॥

ਦਾਸੀਆਂ ਫੌਰਨ ਉਠ ਕੇ ਵਿਹੜੇ ਦੇ ਚਾਰੇ ਕੋਨਿਆਂ ਵਿਚ ਫਿਰੀਆਂ, ਪਰ ਕਿਤੇ ਵੀ ਕੋਈ ਦਿਖਾਈ ਨਾ ਦਿੱਤਾ। ਬਾਕੀ ਜਿੰਨੀ ਵੀ ਰਾਤ ਰਹਿੰਦੀ ਸੀ, ਉਹ ਪਹਿਰ ਰਾਤ ਮਾਤਾ ਜੀ ਨੇ ਗਦਿਆਂ ਦੀ ਗੁਜ਼ਾਰੀ। ਬੋਲਦੇ ਹਨ ਤੇ ਗੱਲਾਂ ਦੱਸਦੇ ਹਨ, ਡਰਦਿਆਂ ਨੀਂਦ ਪਤਾ ਨਹੀਂ ਕਿਥੇ ਗ਼ਾਇਬ ਹੋ ਗਈ ਸੀ। ਚਿਤ ਵਿਚ ਮਹਾਂ ਚਿੰਤਾ ਹੈ ਕਿ "ਪੁੱਤਰ ਉਤੇ ਕੋਈ ਆਫਤ ਨਾ ਆ ਜਾਏ"॥ ੨੩॥

ਭੋਰ ਭਈ ਸਭਿ ਜਾਗਤਿ ਹੀ ਅਨੁਰਾਗਤਿ ਤਾਤ ਕੋ ਮਾਤ ਦੁਲਾਰੇ।
ਸ੍ਰੀ ਹਰਿ ਗੋਵਿੰਦ ਕੇਰ ਪਿਤਾ ਗੁਰ ਆਇ ਜਬੈ ਨਿਜ ਧਾਮ ਮਝਾਰੇ।
ਭੀਰੁ ਭਯਾਕੁਲ ਭੂਰ ਭਈ ਭਗਵੰਤ ਸੁ ਕੰਤ ਕੇ ਆਈ ਅਗਾਰੇ।
ਹਾਥ ਕੋ ਜੋਰਿ ਨਿਹੋਰਤਿ ਹੈ 'ਤੁਮ ਕਯੋਂ ਨਹੀਂ ਤਾਤ ਕੋ ਤ੍ਰਾਸੁ ਬਿਚਾਰੇ ॥੨੪॥

ਸਵੇਰੇ ਸਾਰਿਆਂ ਦੇ ਜਾਗਦਿਆਂ ਹੀ ਮਾਤਾ ਜੀ ਬੜੇ ਪ੍ਰੇਮ ਨਾਲ ਆਪਣੇ ਪੁੱਤਰ ਨੂੰ ਲਾਡ ਲਡਾਉਣ ਲੱਗੇ। ਫਿਰ ਸ੍ਰੀ ਹਰਿ ਗੋਬਿੰਦ ਦੇ ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਘਰ ਅੰਦਰ ਆਏ। ਭੈ ਕਰਕੇ ਬਹੁਤ ਡਰੀ ਹੋਈ ਆਪਣੇ ਪਤੀ ਜੀ ਦੇ ਅੱਗੇ ਆਏ ਤੇ ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਤੁਸੀਂ ਪੁੱਤਰ ਦੇ ਡਰ ਬਾਰੇ ਕਿਉਂ ਵਿਚਾਰ ਨਹੀਂ ਕਰਦੇ॥ ੨੪॥

ਜਾਮਨੀ ਮੈਂ ਜਬਿ ਜਾਗਤੀ ਨਹਿਂ ਮੈਂ ਸੰਕਟ ਹੋਤਿ ਮਹਾਂ ਭਯ ਦਾਏ।
ਚੋਰ ਹੁਤੇ ਸਮੁਦਾਇ ਸੁ ਅੰਙਣ ਸ਼੍ਰੀ ਹਰਿ ਗੋਬਿੰਦ ਲੇਨਿ ਕੋ ਆਏ।
ਬੀਚ ਲੀਏ ਸਭਿ ਸੋਂ ਪਰਵਾਰਤਿ ਆਪਸ ਮੈਂ ਬਹੁ ਬਾਕ ਅਲਾਏ।
ਆਂਖ ਗਈ ਖੁਲ ਮੇਰੀ ਤਬੈ ਤਤਕਾਲ ਹੀ ਤ੍ਰਾਸ ਤੇ ਦੇਖਿ ਪਲਾਏ ॥੨੫॥

ਰਾਤ ਨੂੰ ਜੇ ਮੈਂ ਨਾ ਜਾਗਦੀ ਤਾਂ ਮਹਾਂ ਭੈਦਾਇਕ ਸੰਕਟ ਵਾਪਰ ਜਾਣਾ ਸੀ। ਬਹੁਤ ਵੱਡੀ ਗਿਣਤੀ ਵਿਚ ਚੋਰ ਵਿਹੜੇ ਵਿਚ ਇਕੱਠੇ ਹੋ ਕੇ ਸ੍ਰੀ ਹਰਿਗੋਬਿੰਦ ਨੂੰ ਲੈਣ ਆਏ ਸਨ। ਬਾਲਕ ਨੂੰ ਵਿਚ ਲੈ ਕੇ ਆਪਸ ਵਿਚ ਬਹੁਤ ਗੱਲਾਂ ਕਰ ਰਹੇ ਸਨ, ਮੇਰੀ ਅੱਖ ਖੁਲ੍ਹੀ ਤਾਂ ਤੁਰਤ ਵੇਖ ਕੇ ਡਰ ਕੇ ਚਲੇ ਗਏ॥ ੨੫॥

ਮੈਂ ਉਠਿ ਤੂਰਨ ਨੰਦਨ ਲੀਨਸਿ ਦਾਸੀ ਜਗਾਈ ਬਿਲੋਕਨਿ ਚੋਰਨਿ।
ਧਾਇ ਗਈ ਸਗਰੀ ਦਿਸ਼ ਮਹਿਂ ਤਿਸਨੇ ਬਹੁ ਬੋਲਿ ਦਈ ਸੁਧਿ ਹੋਰਨ।
ਰੌਰ ਪਰਯੋ ਸੁਨ ਦੌਰਿ ਗਏ ਤਬਿ ਦਾਸ ਫਿਰੇ ਘਰ ਕੇ ਚਹੁੰ ਕੋਰਨ।
ਕਯੋਂ ਨ ਚਲੋ ਅਪੁਨੇ ਪੁਰਿ ਕੋ ? ਇਸ ਗ੍ਰਾਮ ਕੋ ਬਾਸ ਕਰੋ ਅਬਿ ਛੋਰਨਿ ॥੨੬॥

ਮੈਂ ਉਠ ਕੇ ਤੁਰਤ ਆਪਣੇ ਪੁੱਤਰ ਨੂੰ ਫੜਿਆ ਤੇ ਸਾਰੀਆਂ ਦਾਸੀਆਂ ਨੂੰ ਜਗਾ ਕੇ ਚੋਰਾਂ ਨੂੰ ਵੇਖਣ ਵਾਸਤੇ ਭੇਜਿਆ। ਦਾਸੀਆਂ ਚਾਰ-ਚੁਫੇਰੇ ਗਈਆਂ ਤੇ ਉਨ੍ਹਾਂ ਨੇ ਹੋਰਨਾਂ ਨੂੰ ਵੀ ਖ਼ਬਰ ਕੀਤੀ। ਬਹੁਤ ਰੌਲਾ ਪੈਣ ਕਾਰਨ ਦੌੜ ਗਏ ਤੇ ਫਿਰ ਨੌਕਰ ਘਰ ਦੇ ਚਾਰੇ ਕੋਨਿਆਂ ਵਿਚ ਭੱਜੇ ਫਿਰੇ। ਅਸੀਂ ਕਿਉਂ ਨਾ ਆਪਣੇ ਸ਼ਹਿਰ ਨੂੰ ਚੱਲੀਏ ? ਇਸ ਪਿੰਡ ਦਾ ਵਸੇਬਾ ਹੁਣ ਛੱਡ ਦੇਵੋ॥ ੨੬॥

ਹੋਤਿ ਮਹਾਂ ਉਤਪਾਤ ਇਹਾਂ ਸੁਖਬਾਸ ਤਹਾਂ ਪੁਰਿ ਰੂਰ ਜਹਾਂ।
ਮੋਹਿ ਕੋ ਤ੍ਰਾਸ ਬਿਸਾਲ ਰਿਦੇ ਬਿੱਪ੍ਰੀਤ ਹੀ ਨੀਤ ਭਈ ਅਸਹਾਂ।
ਸ਼੍ਰੀ ਹਰਿ ਗੋਬਿੰਦ ਨੰਦਨ ਮੇਰੋ ਜੁ ਹੋਇ ਬਿਲੰਦ ਤੋ ਭੈ ਨ ਕਹਾਂ।
ਚਿੰਤ ਲਹਾਂ ਇਸ ਗ੍ਰਾਮ ਰਹਾਂ, ਕਰ ਜੋਰ ਕਹਾਂ ਕਰਿ ਮੋਰ ਚਹਾਂ ॥੨੭॥

ਏਥੇ ਬਹੁਤ ਉਪੱਦਰ ਹੋ ਰਹੇ ਹਨ, ਜਿਹੜਾ ਸੁੰਦਰ ਨਗਰ ਹੈ ਓਥੇ ਜਾ ਕੇ ਸੁਖੀ ਵਸੀਏ, ਮੇਰੇ ਹਿਰਦੇ ਵਿਚ ਬੜਾ ਡਰ ਬਹਿ ਗਿਆ ਹੈ, ਏਥੇ ਨਿੱਤ ਹੀ ਐਸੀਆਂ ਉਲਟ ਰੀਤੀਆਂ ਹੋ ਰਹੀਆਂ ਹਨ। ਮੇਰੇ ਪੁੱਤਰ ਸ੍ਰੀ ਹਰਿਗੋਬਿੰਦ ਜੋ ਹੁਣ ਵੱਡੇ ਹੋ ਗਏ ਹਨ, ਇਸ ਕਰਕੇ ਕੋਈ ਡਰ ਨਹੀਂ ਹੈ। ਇਸ ਪਿੰਡ ਵਿਚ ਰਹਿ ਕੇ ਨਿੱਤ ਚਿੰਤਾ ਵਿਚ ਪਈ ਰਹਿੰਦੀ ਹਾਂ, ਮੈਂ ਹੱਥ ਜੋੜ ਕੇ ਕਹਿੰਦੀ ਹਾਂ ਮੇਰੀ ਇੱਛਾ ਪੂਰੀ ਕਰੋ" ॥ ੨੭॥

ਸ੍ਰੀ ਗੁਰ ਗੰਗ ਕੇ ਬਾਕ ਸੁਨੇ ਮੁਸਕਾਵਤਿ ਧੀਰ ਕੇ ਬਾਕ ਕਹੈਂ।
'ਤੇਰੋ ਕਹਜੋ ਹਮ ਮਾਨਿ ਚਲੈਂ ਪੁਰਿ ਬੀਚ ਅਵਾਸ ਕੇ ਬਾਸੁ ਚਹੈਂ।
ਤੋ ਸੁਤ ਕੋ ਨਹਿਂ ਤ੍ਰਾਸ ਕਿਸੂ ਥਲ ਸ੍ਰੀ ਪਰਮੇਸੁਰ ਰੱਛਕ ਹੈਂ।
ਭੋਰ ਕੋ ਪਜਾਨ ਕਰੈਂ ਨਗਰੀ ਨਿਜ, ਲੇ ਸਗਰੀ ਵਸਤੂ ਜਿ ਅਹੈਂ' ॥੨੮॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸ੍ਰੀਮਤੀ ਗੰਗਾ ਜੀ ਦੇ ਬਚਨ ਸੁਣੇ ਤਾਂ ਮੁਸਕਰਾ ਕੇ ਧੀਰਜ ਵਾਲੇ ਸ਼ਬਦ ਕਹੇ, "ਤੇਰਾ ਕਿਹਾ ਅਸੀਂ ਮੰਨ ਲਿਆ ਹੈ, ਹੁਣ ਨਗਰ ਵਿਚ ਜਾ ਕੇ ਹੀ ਵਾਸਾ ਕਰਨਾ ਚਾਹੁੰਦੇ ਹਾਂ, ਤੇਰੇ ਪੁੱਤਰ ਨੂੰ ਕਿਸੇ ਸਥਾਨ ਤੇ ਜਾ ਕੇ ਵੀ ਕੋਈ ਡਰ ਨਹੀਂ ਹੈ, ਕਿਉਂਕਿ ਉਸ ਦਾ ਰਾਖਾ ਆਪ ਵਾਹਿਗੁਰੂ ਹੈ। ਕੱਲ੍ਹ ਸਵੇਰੇ ਆਪਣੀ ਨਗਰੀ ਵਿਚ ਚੱਲਾਂਗੇ ਅਤੇ ਆਪਣੀਆਂ ਸਾਰੀਆਂ ਵਸਤੂਆਂ ਲੈ ਜਾਵਾਂਗੇ" ॥ ੨੮॥

ਦੋਹਰਾ- ਇਸ ਪ੍ਰਕਾਰ ਕਹਿ ਸ੍ਰੀ ਗੁਰੂ ਤਜਾਰੀ ਸਕਲ ਕਰਾਇ।
ਸਦਨ ਸਮਾਜ ਸੰਭਾਰਿਓ ਦਾਸ ਲਗੇ ਸਮੁਦਾਇ॥ ੨੯॥

ਇਸ ਪ੍ਰਕਾਰ ਕਹਿ ਕੇ ਗੁਰੂ ਜੀ ਨੇ ਪੂਰੀ ਤਿਆਰੀ ਕਰਵਾ ਦਿੱਤੀ। ਸਾਰੇ ਸੇਵਕਾਂ ਨੇ ਮਿਲਕੇ ਘਰ ਦਾ ਸਾਰਾ ਸਾਮਾਨ ਸੰਭਾਲ ਲਿਆ॥ ੨੯॥

*ਤੀਸਰੀ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥*

## ਅਧਿਆਇ ਗਿਆਰ੍ਹਵਾਂ

### *ਸ੍ਰੀ ਅੰਮ੍ਰਿਤਸਰ ਵਾਪਸ ਆਏ*

ਦੋਹਰਾ- ਜਬ ਸ੍ਰੀ ਅਰਜਨ ਚਲਨਿ ਕੋ ਕਹਜੋ ਸਭਿਨਿ ਕੇ ਮਾਂਹੁ।
ਦਾਸੀ ਦਾਸ ਸਮੂਹ ਜੇ ਹਰਖਤਿ ਕੀਨਿ ਉਮਾਹਿ॥ ੧॥

ਜਦ ਗੁਰੂ ਜੀ ਨੇ ਸਾਰਿਆਂ ਵਿਚ ਅੰਮ੍ਰਿਤਸਰ ਚੱਲਣ ਵਾਸਤੇ ਕਿਹਾ ਤਾਂ ਸਾਰੇ ਦਾਸ ਦਾਸੀਆਂ ਨੇ ਬਹੁਤ ਪ੍ਰਸੰਨ ਹੋ ਕੇ ਬੜਾ ਉਤਸ਼ਾਹ ਕੀਤਾ॥ ੧

ਕਬਿੱਤ- ਚਾਰੁ ਅਸਵਾਰੀ ਕਰੀ ਸਾਰੀ ਤਬਿ ਤਜਾਰੀ ਤਹਿਂ ਹੇਰਿ ਨਰ ਨਾਰੀ ਕੋ ਉਛਾਹ ਭਯੋ ਮਨ ਮੈਂ।
ਸਜੰਦਨ ਬਹਲ ਅਰੁ ਸਕਟੇ ਸਮਾਜ ਭਰੇ, ਦਾਸ ਕਰੈਂ ਕਾਰਜ ਕੋ ਲਾਦੀ ਆਨਿ ਤਿਨ ਮੈਂ।
ਬਡੋ ਬਰਟੋਹੇ ਥਾਰ ਦੀਰਘ ਕਰਾਹੇ ਲੀਨਿ ਔਰ ਸਭਿ ਬਾਸਨ ਸੰਭਾਰੇ ਤਿਸ ਛਿਨ ਮੈਂ।
ਬਸਨ ਕੇ ਭਾਰ ਭੂਰ ਧਰੇ ਕਰਿ ਪੂਰਨ ਕੋ ਬ੍ਰਿਖਭਕੋ ਜੋਰਿ ਕੀਨਿ ਤੂਰਨ ਗਮਨ ਮੈਂ ॥੨॥

ਸੁੰਦਰ ਅਸਵਾਰੀਆਂ ਦਾ ਇੰਤਜ਼ਾਮ ਕੀਤਾ ਤੇ ਪੂਰੀ ਤਿਆਰੀ ਕਰ ਲਈ, ਜਿਸ ਨੂੰ ਵੇਖ ਕੇ ਨਰ ਨਾਰੀਆਂ ਨੇ ਮਨ ਵਿਚ ਬੜਾ ਉਤਸ਼ਾਹ ਕੀਤਾ। ਰੱਥ, ਬਹਿਲ ਅਤੇ ਗੱਡੇ ਸਾਮਾਨ ਨਾਲ ਭਰ ਲਏ, ਸਾਰੇ ਦਾਸ ਸਾਮਾਨ ਨੂੰ ਲੱਦਣ ਦਾ ਕਾਰਜ ਕਰ ਰਹੇ ਸਨ। ਵੱਡੇ ਵਲਟੋਹੇ, ਥਾਲ, ਵੱਡੇ ਵੱਡੇ ਕੜਾਹੇ ਲੈ ਲਏ ਅਤੇ ਸਾਰੇ ਬਰਤਨ ਵੀ ਸੰਭਾਲ ਲਏ, ਬਸਤਰਾਂ ਦੀਆਂ ਪੰਡਾਂ [illegible]

Sri Satguru Jagjit Singh Ji eLlibrary NamdhariElibrary@gmail.com

ਸੁੰਦਰ ਸੁਰੰਗ ਸਜਜੋ ਸਜੰਦਨ ਪੈ ਜ਼ਰੀਦਾਰ, ਊਰਧ ਉਤੰਗ ਦ੍ਵੈ ਕਲਸ ਚਾਮੀ ਕਰ ਕੇ।
ਚੰਚਲ ਤੁਰੰਗ ਬਲ ਸੰਗ ਭਰੇ ਅੰਗ ਜਿਨ, ਘੁੰਗਰੂ ਘਮੰਕਤਿ ਸਜਾਏ ਬੀਚ ਗਰ ਕੇ।
ਜੂਲੇ ਸਾਥ ਜੋਰਿ ਕਰ, ਹੇਰੇ ਕਛੂ ਤੋਰ ਕਰਿ ਫੇਰੇ ਪੁਨ ਮੋਰ ਕਰਿ ਖਰੇ ਦਰ ਘਰ ਕੇ।
ਸ੍ਰੀ ਹਰਿ ਗੋਬਿੰਦ ਨੰਦ ਲੇ ਕਰਿ ਉਛੰਗ ਗੰਗ ਆਨੰਦ ਬਿਲੰਦ ਕਰਿ, ਬੈਠੀ ਬੀਚ ਬਰਿਕੇ ॥੩॥

ਰੱਥ ਸੁੰਦਰ ਜ਼ਰੀਦਾਰ ਸ੍ਰੇਸ਼ਟ ਰੰਗ ਨਾਲ ਸਜਾਏ ਗਏ, ਅਤੇ ਉਨ੍ਹਾਂ ਦੇ ਉਤੇ ਦੋ ਸੋਨੇ ਦੇ ਕਲਸ ਲਾਏ ਗਏ। ਚੰਚਲ ਘੋੜੇ ਜਿਹੜੇ ਬਹੁਤ ਬਲਵਾਨ ਸਨ ਉਨ੍ਹਾਂ ਦੇ ਗਲ੍ਹਾਂ ਵਿਚ ਘੁੰਗਰੂਆਂ ਦੀਆਂ ਮਹੇਲਾਂ ਪਾਈਆਂ ਗਈਆਂ ਸਨ, ਜੂਲਿਆਂ ਨਾਲ ਜੋੜ ਕੇ, ਕੁਝ ਤੋਰ ਕੇ ਵੇਖੇ, ਫਿਰ ਦੁਬਾਰਾ ਮੋੜ ਕੇ ਘਰ ਦੇ ਦਰਵਾਜ਼ੇ ਤੇ ਖੜੇ ਕਰ ਦਿੱਤੇ। ਮਾਤਾ ਗੰਗਾ ਜੀ ਆਪਣੇ ਪੁੱਤਰ ਸ੍ਰੀ ਹਰਿਗੋਬਿੰਦ ਨੂੰ ਲੈ ਕੇ ਬੜੇ ਅਨੰਦ ਨਾਲ ਰੱਥ ਦੇ ਵਿਚ ਬੈਠ ਗਈ॥ ੩॥

ਪਾਲਕੀ ਅਰੂਢ ਭਏ ਗੁਰੂ ਗੁਨ ਗੂਢ ਮਹਾਂ ਪੰਥ ਪ੍ਰਸਥਾਨੇ ਹਰਖਾਨੇ ਪੁਰਿ ਜਾਨਿਕੋ।
ਨੰਦ ਮੁਖ ਚੰਦ ਦੇਖਿ ਗਮਨੈ ਸੁ ਮੰਦਮੰਦ, ਦਾਸੀ, ਦਾਸ, ਬ੍ਰਿੰਦ ਸਿਖ, ਸੰਗਤਾਂ ਮਹਾਨ ਕੋ।
ਰਾਮਦਾਸ ਨਗਰੀ ਮੈਂ ਜਾਇ ਕੈ ਪ੍ਰਵੇਸ਼ ਭਏ, ਬਾਦਿਤ ਅਸ਼ੇਸ਼ ਬਜਵਾਏ ਹਰਖਾਨ ਕੋ।
ਦੂੰਦਭਿ ਅਲਪ ਸੰਖ ਸ਼ੋਰ ਔ ਨਫੀਰ ਗਨ ਬਾਜਤਿ ਮ੍ਰਿਦੰਗ ਸੋ ਰਬਾਬੀ ਕਰੈਂ ਗਾਨ ਕੋ ॥੪॥

ਗੂੜ੍ਹ ਗੁਣਾਂ ਵਾਲੇ ਗੁਰੂ ਜੀ ਪਾਲਕੀ ਵਿਚ ਚੜ੍ਹ ਗਏ ਤੇ ਆਪਣੇ ਨਗਰ ਨੂੰ ਜਾਣ ਲਈ ਬਹੁਤ ਪ੍ਰਸੰਨ ਹੋ ਕੇ ਚਲ ਪਏ। ਪੁੱਤਰ ਦਾ ਚੰਦ ਵਰਗਾ ਮੁਖ ਵੇਖ ਕੇ ਹੌਲੀ-ਹੌਲੀ ਜਾ ਰਹੇ ਸਨ, ਦਾਸ ਦਾਸੀਆਂ ਅਤੇ ਸਮੂਹ ਸਿੱਖ ਸੰਗਤਾਂ ਨਾਲ ਜਾ ਰਹੀਆਂ ਸਨ। ਜਦ ਰਾਮਦਾਸ ਨਗਰੀ ਵਿਚ ਜਾ ਕੇ ਪ੍ਰਵੇਸ਼ ਕੀਤਾ ਤਾਂ ਖ਼ੁਸ਼ ਹੋ ਕੇ ਵਿਸ਼ੇਸ਼ ਵਾਜੇ ਵਜਾਏ ਗਏ। ਦੁਦੰਬੀਆਂ, ਸੰਖ ਅਤੇ ਨਫੀਰੀਆਂ ਵੱਜ ਰਹੀਆਂ ਸਨ, ਜਿਨ੍ਹਾਂ ਕਰਕੇ ਬੜਾ ਰੌਲਾ ਮੱਚਿਆ ਸੀ। ਮ੍ਰਿਦੰਗ ਵਜਾ ਕੇ ਰਬਾਬੀ ਸ਼ਬਦ ਗਾ ਰਹੇ ਸਨ॥ ੪॥

ਰਹੇ ਤੀਨ ਸੰਮਤ ਵਡਾਲੀ ਗੁਰੂ ਮਹਾਰਾਜ, ਸਗਰੇ ਸਮਾਜ ਸਾਜ ਪੁਰੀ ਨਿਜ ਆਇ ਗੇ।
ਲੋਕ ਸਮੁਦਾਇ ਗੁਰ ਆਗਮ ਕੋ ਸੁਨਿ ਪਾਇ, ਭਏ ਇਕ ਥਾਇਂ ਸਭਿ ਹੀ ਕੈ ਮੋਦ ਛਾਇਗੇ।
ਆਏ ਅਗੁਵਾਇ, ਧਾਇ ਮਿਲੇ ਚਿਤ ਚਾਇ ਚਾਇ, ਸ਼ਬਦ ਸੁ ਗਾਇ ਗਾਇ, ਪ੍ਰੇਮ ਉਮਗਾਇ ਗੇ।
ਭੇਟ ਅਰਪਾਇ, ਅਰਦਾਸਨਿ ਸੁਨਾਇ ਕਰਿ, ਸੀਸ ਕੋ ਨਿਵਾਇ ਕਰਿ ਗੁਰੂ ਪਗ ਲਾਇਗੇ ॥੫॥

ਗੁਰੂ ਮਹਾਰਾਜ ਤਿੰਨ ਸਾਲ ਵਡਾਲੀ ਪਿੰਡ ਵਿਚ ਰਹੇ ਸਨ। ਸਾਰਾ ਸਾਮਾਨ ਅਤੇ ਸਾਜ ਵਾਜ ਆਪਣੀ ਨਗਰੀ ਵਿਚ ਆ ਗਿਆ। ਜਦ ਲੋਕਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾ ਸਾਰੇ ਇਕ ਥਾਂ ਇਕੱਠੇ ਹੋ ਕੇ ਬਹੁਤ ਪ੍ਰਸੰਨ ਹੋਏ। ਉਹ ਗੁਰੂ ਜੀ ਨੂੰ ਅਗੋਂ ਲੈਣ ਆਏ, ਭੱਜ-ਭੱਜ ਕੇ ਤੇ ਚਿੱਤ ਵਿਚ ਬੜੀ ਖ਼ੁਸ਼ੀ ਭਰ ਕੇ ਮਿਲਦੇ ਸਨ ਅਤੇ ਸ਼ਬਦਾਂ ਨੂੰ ਗਾ-ਗਾ ਕੇ ਪ੍ਰੇਮ ਵਧਾਉਂਦੇ ਸਨ। ਭੇਟਾਵਾਂ ਅਰਪਣ ਕਰਦੇ ਸਨ ਅਤੇ ਬੇਨਤੀਆਂ ਸੁਣਾ ਕੇ ਗੁਰੂ ਜੀ ਦੇ ਚਰਨਾਂ ਨੂੰ ਹੱਥ ਲਾ ਕੇ ਸੀਸ ਨਿਵਾਉਂਦੇ ਸਨ॥ ੫॥

ਦੇਤਿ ਹੈਂ ਬਧਾਈ,'ਪੁਰੀ ਆਪਨੀ ਸੁਹਾਈ, ਬਸੋ ਪੁੱਤ੍ਰ ਕੇ ਸਮੇਤ ਨਿਤ ਦਰਸ ਕੋ ਦੀਜੀਏ'।
ਲੇਕਰਿ ਸਿਧਾਰੇ ਸੰਗ ਸਦਨ ਸੁਰੰਗ ਜਹਾਂ, ਹਾਥ ਜੋਰ ਕਹੈਂ 'ਇਹਾਂ ਸੁਖ ਸੋਂ ਬਸੀਜੀਏ'।
ਸ੍ਰੀ ਹਰਿਗੁਬਿੰਦ ਨੰਦ ਹੇਰਤਿ ਉਛੰਗ ਗੰਗ, ਸਜੰਦਨ ਤੇ ਉਤਰੀ, ਸੁ ਨਾਰੀ ਕਹੈਂ 'ਜੀਜੀਏ।
ਸਦਾ ਮੋਦ ਕੀਜੀਏ ਸੁ ਨਗਰੀ ਥਿਰੀਜੀਏ, ਉਪਾਇਨ ਕੋ ਲੀਜੀਏ, ਹਮਾਰੇ ਪੈ ਪ੍ਰਸੀਜੀਏ' ॥੬॥

ਅਤੇ ਆਪਣੇ ਪੁੱਤਰ ਸਮੇਤ ਸਦਾ ਦਰਸ਼ਨ ਦੇਵੋ।" ਸਿੱਖਸੰਗਤ ਗੁਰੂ ਪਰਿਵਾਰ ਨੂੰ ਲੈ ਕੇ ਉਨ੍ਹਾਂ ਦੇ ਘਰ ਲੈ ਗਈ ਤੇ ਹੱਥ ਜੋੜ ਕੇ ਕਹਿਣ ਲੱਗੇ, "ਏਥੇ ਸੁਖ ਨਾਲ ਵਸੋ" ਮਾਤਾ ਗੰਗਾ ਜੀ ਸ੍ਰੀ ਹਰਿਗੋਬਿੰਦ ਆਪਣੇ ਪੁੱਤਰ ਨੂੰ ਗੋਦ ਵਿਚ ਵੇਖਦੀ ਹੈ, ਜਦ ਰੱਥ ਤੋਂ ਉਤਰੀ ਤਾਂ ਇਸਤਰੀਆਂ ਨੇ ਕਿਹਾ, "ਜੀਉਂਦੇ ਰਹੋ। ਸਦਾ ਪ੍ਰਸੰਨ ਰਹੋ ਤੇ ਇਸ ਨਗਰੀ ਵਿਚ ਰਹੋ, ਭੇਟਾਵਾਂ ਪ੍ਰਾਪਤ ਕਰੋ ਤੇ ਸਾਡੇ ਤੇ ਖ਼ੁਸ਼ੀਆਂ ਕਰੋ" ॥ ੬ ॥

**ਸਦਨ ਸਮਾਜ ਕੋ ਸੰਭਾਰਿ ਕੈ ਉਤਾਰਿ ਕਰਿ ਪਿਤਾ ਕੇ ਸਥਾਨ ਪੁਨ ਗੁਰੂ ਨੇ ਗਮਨ ਕੀਨਿ।**
**ਚਰਨ ਨਗਨ ਕਰਿ ਗੰਗ ਲੇ ਉਛੰਗ ਨੰਦ ਗਮਨੀ ਹੈ ਸੰਗ ਬਹੁ ਉੱਤਮ ਪ੍ਰਸਾਦਿ ਲੀਨਿ।**
**ਗਏ ਤਬਿ ਹਾਥ ਬੰਦ, ਬੰਦਨਾ ਕਰੀ ਹੈ ਤਹਾਂ ਅਰਜ਼ ਗੁਜਾਰਿ ਕੈ ਪ੍ਰਸਾਦਿ ਕੋ ਬਰਤਾਇ ਦੀਨਿ।**
**ਫਿਰੇ ਹੈਂ ਪ੍ਰਕਰਮਾ ਤੀਨ ਅਧਿਕ ਅਧੀਨ ਹੋਇ, ਕੁਛਕ ਅਸੀਨ ਪੁਨ ਬੰਦਤ ਸੁ ਮਨ ਦੀਨਿ ॥੭॥**

ਸਾਰੇ ਸਾਮਾਨ ਨੂੰ ਉਤਾਰ ਕੇ ਅਤੇ ਸੰਭਾਲ ਕੇ, ਫਿਰ ਗੁਰੂ ਜੀ ਹਰਿਮੰਦਰ ਸਾਹਿਬ ਵਿਖੇ ਗਏ। ਜੋੜੇ ਉਤਾਰ ਕੇ ਨੰਗੇ ਪੈਰੀਂ ਚਲ ਪਏ, ਮਾਤਾ ਗੰਗਾ ਜੀ ਵੀ ਪੁੱਤਰ ਨੂੰ ਕੁੱਛੜ ਚੁਕ ਕੇ ਨਾਲ ਗਈ। ਬਹੁਤ ਉੱਤਮ ਪ੍ਰਸ਼ਾਦਿ ਨਾਲ ਲਿਆ ਸੀ। ਫਿਰ ਦੋਹਾਂ ਨੇ ਹੱਥ ਜੋੜ ਕੇ ਬੰਦਨਾਂ ਕੀਤੀ ਤੇ ਫਿਰ ਅਰਦਾਸ ਕਰਕੇ ਸਾਰੇ ਪ੍ਰਸ਼ਾਦਿ ਨੂੰ ਲੋਕਾਂ ਵਿਚ ਵੰਡ ਦਿਤਾ। ਫਿਰ ਬਹੁਤ ਸਨਿਮਰ ਹੋ ਕੇ ਤਿੰਨ ਪਰਿਕਰਮਾਂ ਕੀਤੀਆਂ। ਫਿਰ ਕੁਝ ਦੇਰ ਬੈਠ ਕੇ ਬੜੇ ਸ਼ਰਧਾ ਵਾਲੇ ਮਨ ਨਾਲ ਨਮਸਕਾਰ ਕੀਤੀ॥ ੭ ॥

**ਤੈਸੀ ਬਿਧਿ ਗੰਗ ਸੁਤ ਸੰਗ ਲੈ ਕਰਤਿ ਭਈ ਪੂਜ ਗੁਰੂ ਥਾਨ ਕੋ ਸਦਨ ਪੁਨਿ ਆਇਕੈ।**
**ਜਗਤ ਮ੍ਰਿਜਾਦ ਹੇਤ ਬਹੁਰੋ ਬਿਚਾਰਜੋ ਉਰ, 'ਜੇਠੋ ਹੈ ਸਹੋਦਰ ਸਮੀਪ ਮਿਲੈਂ ਜਾਇਕੈ'।**
**ਮਧੁਰ ਪ੍ਰਸ਼ਾਦ ਲੀਨਿ ਰਿਦੈ ਅਹਿਲਾਦ ਹਿਤ, 'ਗੋਪ ਬਾਦ ਠਾਨੈ ਨਹਿਂ', ਐਸੇ ਚਿਤ ਲ਼ਜਾਇਕੈ !।**
**ਚਲੇ ਹਰਖਾਇਕੈ ਸ ਦਾਸ ਸਮੁਦਾਇਕੈ, ਉਪਾਇਨ ਉਠਾਇਕੇ ਜਿਠਾਈਤਾ ਰਖਾਇਕੈ ॥੮॥**

ਉਸ ਤਰ੍ਹਾਂ ਫਿਰ ਮਾਤਾ ਗੰਗਾ ਜੀ ਨੇ ਪੁੱਤਰ ਨੂੰ ਨਾਲ ਲੈ ਕੇ ਗੁਰੂ ਅਸਥਾਨ ਦੀ ਪੂਜਾ ਕੀਤੀ। ਫਿਰ ਘਰ ਆ ਕੇ ਜਗਤ ਮਰਯਾਦਾ ਖਾਤਰ ਹਿਰਦੇ ਵਿਚ ਇਹ ਵਿਚਾਰ ਕੀਤੀ ਕਿ "ਵੱਡਾ ਭਰਾ ਨੇੜੇ ਰਹਿੰਦਾ ਹੈ ਇਸ ਲਈ ਉਸ ਨੂੰ ਜਾ ਕੇ ਪਹਿਲਾਂ ਮਿਲਣਾ ਚਾਹੀਦਾ ਹੈ।" ਬੜੇ ਪਿਆਰ ਨਾਲ ਮਿੱਠਾ ਪ੍ਰਸ਼ਾਦਿ ਲਿਆ ਤੇ ਇਸ ਤਰ੍ਹਾਂ ਦੀ ਗੱਲ ਚਿੱਤ ਵਿਚ ਵਿਚਾਰ ਕੇ ਕਿ ਪ੍ਰਿਥੀਆ ਫਿਰ ਕੋਈ ਗੁਝੇ ਝਗੜੇ ਨਾ ਕਰੇ, ਬੜੇ ਖੁਸ਼ ਹੋ ਕੇ ਦਾਸ ਦਾਸੀਆਂ ਨੂੰ ਨਾਲ ਲੈ ਕੇ ਬੜੇ ਉਪਹਾਰ ਚੁਕਵਾ ਕੇ ਪ੍ਰਿਥੀਏ ਦਾ ਵੱਡਾਪੁਣਾ ਰੱਖਣ ਲਈ ਚਲ ਪਏ॥ ੮ ॥

**ਪ੍ਰਿਥੀਏ ਕੇ ਪਾਸ ਜਾਇ ਬੰਦਨ ਕਰੀ ਹੈ ਪਾਇ, ਆਇਸੁ ਕੋ ਪਾਇ ਬੈਠੇ ਰਾਖਿ ਕੈ ਜਿਠਾਈ ਕੋ।**
**ਗੰਗਾ ਮ੍ਰਿਦੁ ਬਾਨੀ ਬੋਲਿ ਮਿਲੀ ਹੈ ਜਿਠਾਨੀ ਸਾਥ, ਟੇਕਜੋ ਮਾਥ, ਨੰਦ ਕੋ ਲਗਾਇ ਤਿਸ ਪਾਈ ਕੋ।**
**ਕਰਮੋ ਨਿਹਾਰਿ ਕਰਿ ਸੁੰਦਰ ਲਿਲਾਰ ਮਹਾਂ ਦੀਰਘ ਦਰਸ ਭਲੇ ਭਾਗ ਬਡਿਆਈ ਕੋ।**
**ਟੂਕ ਟੂਕ ਰਿਦਾ ਭਯੋ, ਜਲ ਬਲ ਛਾਰ ਥਿਯੋ, ਊਪਰ ਕਪਟ ਕੀਯੋ ਦੁਧ ਬਿਖ ਨਜਾਈ ਕੋ ॥੯॥**

ਪ੍ਰਿਥੀਏ ਦੇ ਪਾਸ ਜਾ ਕੇ ਉਸ ਦੇ ਪੈਰਾਂ ਤੇ ਬੰਦਨਾ ਕੀਤੀ, ਫਿਰ ਆਗਿਆ ਪਾ ਕੇ ਵੱਡਿਆਂ ਦੀ ਵਡਿਆਈ ਰੱਖ ਕੇ ਬੈਠ ਗਏ। ਮਾਤਾ ਗੰਗਾ ਜੀ ਬੜੇ ਕੋਮਲ ਬਚਨ ਬੋਲ ਕੇ ਆਪਣੀ ਜਿਠਾਣੀ ਨੂੰ ਮਿਲੀ, ਮੱਥਾ ਟੇਕਿਆ ਤੇ ਆਪਣੇ ਪੁੱਤਰ ਨੂੰ ਉਸ ਦੇ ਚਰਨੀਂ ਲਾਇਆ। ਕਰਮੋ ਨੇ ਸੁੰਦਰ ਮਸਤਕ ਨੂੰ ਵੇਖਿਆ ਤੇ ਜਦ ਇਹ ਜਾਣਿਆ ਕਿ ਬਾਲਕ ਦੇ ਵੱਡੀ ਵਡਿਆਈ ਵਾਲੇ ਸ੍ਰੇਸ਼ਟ ਭਾਗ ਹਨ ਤਾਂ ਉਸ ਦਾ ਹਿਰਦਾ ਟੋਟੇ-ਟੋਟੇ ਹੋ ਗਿਆ, ਸੜ-ਬਲ ਕੇ ਸਵਾਹ ਹੋ ਗਈ, ਉਪਰੋਂ ਉਪਰੋਂ ਕਪਟ ਰਖਿਆ ਜਿਵੇਂ ਦੁੱਧ ਵਿਚ ਜ਼ਹਿਰ ਲੁਕੀ ਹੁੰਦੀ ਹੈ॥ ੯ ॥

Sri Satguru Jagjit Singh Ji eLlibrary NamdhariElibrary@gmail.com

ਆਸ਼ਿਖ ਕਹਤਿ 'ਚਿਰੰਜੀਵ ਸੁਤ ਹੋਹਿ ਤੋਹਿ' ਕੁਸ਼ਲ ਪ੍ਰਸ਼ਨ ਕਰਿ ਗੋਦ ਮੈਂ ਬਿਠਾਯੋ ਹੈ।
ਏਤਨੇ ਮੈਂ ਸਤਿਗੁਰ ਦਾਸ ਕੋ ਪਠਾਯੋ ਤਹਾਂ ਲਜਾਇ ਕਰਿ ਪ੍ਰਿਥੀਏ ਕੇ ਪਾਇਂ ਪਰ ਪਾਯੋ ਹੈ।
'ਆਪਕੀ ਕ੍ਰਿਪਾ ਤੇ ਜੈਸੇ ਕ੍ਰਿਪਨ ਲਹੈ ਸੁਧਨ, ਤੈਸੇ ਹੀ ਇਹ ਨੰਦਨ ਸਦਨ ਮੈਂ ਸੁਹਾਯੋ ਹੈ।
ਜਾਨੋ ਨਿਜ ਦਾਸ ਕੀਜੈ ਆਸ਼ਿਖਾ ਪ੍ਰਕਾਸ਼ ਸੁਭ, ਉਮਰ ਬਿਸਾਲ ਹੋਇ ਜੈਸੇ ਜਨਮਾਯੋ ਹੈ' ॥੧੦॥

ਅਸੀਸ ਦਿੱਤੀ, "ਤੇਰੇ ਪੁੱਤਰ ਦੀ ਲੰਮੀ ਉਮਰ ਹੋਵੇ" ਸੁਖ-ਸਾਂਦ ਪੁੱਛ ਕੇ ਗੋਦੀ ਵਿਚ ਬਿਠਾ ਲਿਆ। ਏਨੇ ਵਿਚ ਗੁਰੂ ਜੀ ਨੇ ਸੇਵਕ ਨੂੰ ਭੇਜ ਕੇ ਸ੍ਰੀ ਹਰਿਗੋਬਿੰਦ ਨੂੰ ਆਪਣੇ ਪਾਸ ਬੁਲਾ ਕੇ ਪ੍ਰਿਥੀਏ ਦੇ ਚਰਨਾਂ ਤੇ ਪਵਾਇਆ ਅਤੇ ਕਿਹਾ, "ਆਪ ਜੀ ਦੀ ਕਿਰਪਾ ਨਾਲ ਜਿਵੇਂ ਕੰਜੂਸ ਨੂੰ ਸ੍ਰੇਸ਼ਟ ਧਨ ਲੱਭਾ ਹੋਵੇ ਆਪਣਾ ਦਾਸ ਜਾਣ ਕੇ ਸ਼ੁਭ ਅਸੀਸ ਦੇਵੋ, ਜਿਵੇਂ ਇਸ ਨੂੰ ਜਨਮ ਦਿੱਤਾ ਹੈ, ਉਸ ਤਰ੍ਹਾਂ ਇਸ ਦੀ ਉਮਰ ਵੀ ਵੱਡੀ ਹੋਵੇ" ॥ ੧੦॥

ਦੇਖਤਿ ਬਿਸਮ ਗਯੋ, ਰਿਦੈ ਮਹਾਂ ਗ਼ਮ ਭਯੋ, ਬਧਯੋ ਮਨ ਕਮਿ ਥਿਯੋ, ਸੁੰਦਰ ਸੁ ਨੰਦ ਜਾਨਿ।
ਮਾਧੁਰੋ ਬਚਨ ਕਹਯੋ 'ਹੋਵੈ ਚਿਰਜੀਵ ਬਾਲ, ਆਰਬਲਾ ਅਧਿਕ ਅਨੰਦ ਕੋ ਬਿਲੰਦ ਠਾਨਿ'।
ਮੋਰ ਜਿਮ ਬਾਕ ਆਛੇ ਜੀਵਨ ਕੋ ਭੱਛ ਕਾਛੇ, ਬੰਚਕ ਜਯੋਂ ਕਹੈ ਕਛ ਰਾਖੈ ਕੁਛ ਰਿਦੈ ਆਨ।
ਘਟੇ ਮੁਖ ਦੂਧ ਧਰੈ ਪੇਟ ਬਿਖ ਸੰਗ ਭਰੈ, ਤੈਸੇ ਸੋ ਕਰਮ ਕਰੈ ਸੰਕਟ ਮਹਾਨ ਮਾਨ ॥੧੧॥

ਪ੍ਰਿਥੀਆ ਵੇਖਦਿਆਂ ਹੀ ਹੈਰਾਨ ਰਹਿ ਗਿਆ, ਦਿਲ ਵਿਚ ਬਹੁਤ ਚਿੰਤਾ ਅਨੁਭਵ ਕੀਤੀ, ਵਧਿਆ ਹੋਇਆ ਮਨ ਥੋੜ੍ਹਾ ਹੋ ਗਿਆ ਜਦ ਇਹ ਜਾਣਿਆ ਕਿ ਪੁੱਤਰ ਬਹੁਤ ਸੁੰਦਰ ਹੈ। ਬੜਾ ਮਿੱਠਾ ਬਚਨ ਕਿਹਾ, "ਸਦਾ ਸਲਾਮਤ ਰਹੇ, ਬਾਲਕ ਦੀ ਉਮਰ ਬਹੁਤ ਲੰਮੀ ਹੋਵੇ ਅਤੇ ਸਦਾ ਅਨੰਦ ਪ੍ਰਸੰਨ ਰਹੇ"। ਮੋਰ ਦੇ ਜਿਵੇਂ ਬਚਨ ਚੰਗੇ ਹੁੰਦੇ ਹਨ, ਪਰ ਜੀਵ ਜੰਤੂਆਂ ਨੂੰ ਖਾਣਾ ਚਾਹੁੰਦਾ ਹੈ, ਠੱਗ ਜਿਵੇਂ ਕਹਿੰਦਾ ਕੁਝ ਹੈ, ਪਰ ਦਿਲ ਵਿਚ ਹੋਰ ਕੁਝ ਰਖਦਾ ਹੈ, ਜਿਵੇਂ ਘੜੇ ਦੇ ਮੂੰਹ ਵਿਚ ਦੁੱਧ ਹੋਵੇ ਤੇ ਪੇਟ ਭਾਵ ਅੰਦਰ ਜ਼ਹਿਰ ਨਾਲ ਭਰਿਆ ਹੋਵੇ। ਇਸ ਤਰ੍ਹਾਂ ਦਾ ਜਿਹੜਾ ਕੰਮ ਕਰੇ ਉਹ ਮਹਾਨ ਸੰਕਟ ਮੰਨੋ॥ ੧੧॥

'ਸੰਮਤ ਕਿਤਿਕ ਕੋ ਅਨੰਦ ਸੰਗ ਭਯੋ ਨੰਦ ?' ਗੁਰੂ ਤਬਿ ਕਹਯੋ 'ਅਬਿ ਤੀਸਰੇ ਬਰਸ ਕੋ'।
ਕੁਸ਼ਲ ਪ੍ਰਸ਼ਨ ਦੋਊ ਦਿਸ਼ਿ ਤੇ ਸਕਲ ਕਹੀ, ਕੇਊ ਘਟੀ ਬੈਠੇ ਸਿਸ ਅੰਗਨਿ ਪਰਸ ਕੋ।
ਸ੍ਰੀ ਹਰਿਗੁਵਿੰਦ ਸੰਗ ਆਪ ਲੇ ਉਠਤਿ ਭਏ, ਗਮਨੇ ਬਹੁਰ ਮਹਾਂਦੇਵ ਕੇ ਦਰਸ ਕੋ।
ਸਦਨ ਪ੍ਰਵੇਸ਼ ਕੀਨਿ ਪਾਇਨ ਪ੍ਰਣਾਮ ਠਾਨਿ ਮਿਲਿ ਕੈ ਪਰਸਪਰ ਧਾਰਤਿ ਹਰਸ਼ ਕੋ ॥੧੨॥

ਫਿਰ ਪ੍ਰਿਥੀਏ ਨੇ ਪੁਛਿਆ, "ਕਿਹੜੇ ਸਾਲ ਅਨੰਦ ਦੇਣ ਵਾਲੇ ਪੁੱਤਰ ਨੇ ਜਨਮ ਲਿਆ ਹੈ ?" ਫਿਰ ਗੁਰੂ ਜੀ ਨੇ ਕਿਹਾ, "ਹੁਣ ਤੀਸਰਾ ਸਾਲ ਚੜ੍ਹਿਆ ਹੈ" ਫਿਰ ਦੋਹਾਂ ਪਾਸਿਆਂ ਨੇ ਇਕ ਦੂਸਰੇ ਨੂੰ ਸੁਖ ਸਾਂਦ ਪੁੱਛੀ। ਕੁਝ ਘੜੀਆਂ ਵਿਹੜੇ ਵਿਚ ਬੈਠੇ ਰਹੇ। ਫਿਰ ਗੁਰੂ ਜੀ ਪੁੱਤਰ ਨੂੰ ਲੈ ਕੇ ਉੱਠ ਪਏ ਤੇ ਦੂਸਰੇ ਵੱਡੇ ਭਰਾ ਮਹਾਂਦੇਵ ਦੇ ਦਰਸ਼ਨ ਕਰਨ ਚਲੇ ਗਏ। ਉਸ ਦੇ ਘਰ ਜਾ ਕੇ ਚਰਨਾਂ ਤੇ ਪ੍ਰਣਾਮ ਕਰਕੇ ਬੜੇ ਪ੍ਰਸੰਨ ਹੋ ਕੇ ਇਕ ਦੂਸਰੇ ਨੂੰ ਮਿਲੇ॥ ੧੨॥

ਸ੍ਰੀ ਹਰਿ ਗੋਵਿੰਦ ਨੰਦ ਪਾਯੋ ਚਰਣਾਰਬਿੰਦ ਦੇਖਤਿ ਉਠਾਯੋ ਮਹਾਂਦੇਵ ਲੀਨਿ ਗੋਦ ਮੈਂ।
ਸੂੰਘਤਿ ਲਿਲਾਰ ਕੋ ਦੁਲਾਰਤਿ ਉਚਾਰਿ ਬਚ, 'ਹੋਹਿ ਮਹਾਂਜੋਧਾ ਚਿਰੰਜੀਵੀ ਰਹੋ ਮੋਦ ਮੈਂ।
ਬੰਸ ਕੋ ਬਿਭੂਖਨ, ਅਦੂਖਨ ਹੈ ਪੂਖਨ ਸੋਂ, ਕਟੈਗੋ ਕਲੂਖਨਿ, ਸੱਮੁਖੈ ਚਹੂੰ ਕੋਦਮੈਂ।
[illegible] ਪਾਲੈ ਕੇ ਬਿਠਾਇ ਬਧ ਬਿਨੋਦ ਮੈਂ ॥੧੩॥

ਪੁੱਤਰ ਹਰਿਗੋਬਿੰਦ ਨੂੰ ਉਸ ਦੇ ਚਰਨਾਂ ਤੇ ਪਵਾਇਆ, ਮਹਾਂਦੇਵ ਨੇ ਵੇਖਦਿਆਂ ਹੀ ਚੁੱਕ ਕੇ ਆਪਣੀ ਗੋਦ ਵਿਚ ਲੈ ਲਿਆ। ਫਿਰ ਮੱਥਾ ਚੁੰਮ ਕੇ ਬੜਾ ਲਾਡ ਲਡਾਇਆ ਅਤੇ ਕਿਹਾ, "ਮਹਾਂ ਜੋਧਾ ਬਣੇਗਾ ਅਤੇ ਪ੍ਰਸੰਨ ਚਿੱਤ ਰਹਿ ਕੇ ਲੰਮੀ ਉਮਰ ਭੋਗੇਗਾ। ਵੰਸ਼ ਦੇ ਸੂਰਜ ਵਾਂਗ ਨਿਰਵਿਕਾਰ ਰਹਿਣਾ ਹੋਵੇਗਾ, ਪਾਪਾਂ ਦਾ ਨਾਸ਼ ਕਰੇਗਾ ਤੇ ਚਾਰੇ ਪਾਸੇ ਪੂਜਿਆ ਜਾਵੇਗਾ। ਵੱਡੀ ਡੀਲ-ਡੌਲ ਵਾਲਾ ਸਰੀਰ ਹੋਵੇਗਾ ਅਤੇ ਸੁੰਦਰ ਅਤੇ ਸੁਸ਼ੀਲ ਹੋਵੇਗਾ, ਸ੍ਰੇਸ਼ਟ ਜੱਸ ਫੈਲਾਇਗਾ ਤੇ ਆਪਣੀ ਸਾਰੀ ਉਮਰ ਚਾਅ ਅਤੇ ਉਮੰਗ ਨਾਲ ਬਤੀਤ ਕਰੇਗਾ"॥ ੧੩॥

ਦੋਹਰਾ-ਇਮ ਕਹਿ ਮਹਾਂ ਪ੍ਰਮੋਦ ਕਰਿ ਮਹਾਂਦੇਵ ਧਰਿ ਪ੍ਰੀਤਿ।
ਦਰਬ ਨਿਛਾਵਰ ਬਹੁ ਕਿਯੋ ਨਿਜ ਸੁਤ ਸਮ ਲਖਿ ਚੀਤ ॥੧੪॥

ਇਸ ਤਰ੍ਹਾਂ ਕਹਿ ਕੇ ਮਹਾਂਦੇਵ ਪ੍ਰੀਤ ਧਾਰਨ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਆਪਣੇ ਪੁੱਤਰ ਵਾਂਗ ਚਿੱਤ ਵਿਚ ਜਾਣ ਕੇ ਬਹੁਤ ਧਨ ਨਿਛਾਵਰ ਕੀਤਾ॥ ੧੪॥

ਕਬਿੱਤ-ਸ੍ਰੀ ਗੁਰੂ ਉਚਾਰੀ, 'ਭਈ ਕਰੁਨਾ ਤੁਮਾਰੀ ਭਾਰੀ ਯਾਂਤੇ ਸੁਖਕਾਰੀ ਸੁਤ ਕਾਂਖਤਿ ਕੋ ਦੀਨਿਓ।
ਆਪ ਹ੍ਵੈ ਸਹਾਈ ਲੀਨਿ ਦੁਖ ਤੇ ਬਚਾਈ ਨਿਤ, ਬਿਘਨ ਬਿਨਾਸ ਕੈ ਪ੍ਰਬਲ ਕੀਨਿ ਹੀਨਿਓ'।
ਮਹਾਂਦੇਵ ਕਹ੍ਯੋ 'ਪਿਤਾ ਸਤਿਗੁਰੂ ਹਮਾਰੇ ਜੋਇ ਤਿਨਕੀ ਕ੍ਰਿਪਾ ਤੇ ਐਸੋ ਪਦ ਮਹਾਂ ਲੀਨਿਓ।
ਸੋਈ ਹੈ ਸਹਾਇ ਨਿਜ ਪ੍ਯਾਰੇ ਕੋ ਬਚਾਇ ਲੇਤਿ, ਸੰਕਟ ਨ ਕੋਊ ਹੋਤਿ ਜਹਾਂ ਪੱਖ ਕੀਨਿਓ' ॥੧੫॥

ਗੁਰੂ ਜੀ ਨੇ ਕਿਹਾ, "ਤੁਹਾਡੀ ਵੱਡੀ ਕਿਰਪਾ ਹੋਈ ਹੈ, ਇਸ ਕਰਕੇ ਪੁੱਤਰ ਨੂੰ ਸੁਖਦਾਇਕ ਮਨ-ਚਾਹੇ ਵਰ ਦਿੱਤੇ ਹਨ। ਆਪ ਸਹਾਈ ਹੋ ਕੇ ਨਿੱਤ ਦੇ ਦੁੱਖਾਂ ਤੋਂ ਬਚਾ ਲਿਆ ਹੈ, ਤੁਸੀਂ ਪ੍ਰਬਲ ਵਿਘਨਾਂ ਦੇ ਬਲ ਨੂੰ ਹੀਨ ਕਰਕੇ ਨਾਸ਼ ਕਰ ਦਿੱਤਾ ਹੈ।" ਮਹਾਂਦੇਵ ਨੇ ਕਿਹਾ, "ਸਾਡੇ ਜਿਹੜੇ ਸਤਿਗੁਰੂ ਪਿਤਾ ਜੀ ਸਨ, ਉਨ੍ਹਾਂ ਦੀ ਕਿਰਪਾ ਨਾਲ ਤੁਸੀਂ ਐਸਾ ਮਹਾਂ ਪਦ ਪ੍ਰਾਪਤ ਕੀਤਾ ਹੈ, ਉਹ ਹੀ ਸਦਾ ਸਹਾਈ ਹੋ ਕੇ ਆਪਣੇ ਪਿਆਰਿਆਂ ਨੂੰ ਬਚਾ ਲੈਂਦੇ ਹਨ, ਜਿਸ ਦਾ ਵੀ ਉਹ ਪੱਖ ਕਰਦੇ ਹਨ ਉਸ ਨੂੰ ਕੋਈ ਦੁੱਖ ਨਹੀਂ ਹੁੰਦਾ"॥ ੧੫॥

ਆਪਸ ਮੈਂ ਐਸੇ ਕੁਛ ਬਾਰਤਾ ਕਰਤਿ ਭਏ ਆਇਸੁ ਕੋ ਪਾਇ ਪੁਨ ਆਏ ਹੈਂ ਸਦਨ ਕੋ।
ਸੁਖ ਸੋਂ ਬਸੇ ਹੈਂ, ਸਭਿ ਸੰਕਟ ਨਸੇ ਹੈਂ, ਦੇਖਿ ਦਾਸ ਬਿਕਸੇ ਹੈਂ, ਗੁਰੁ ਬਾਲਕ ਬਦਨ ਕੋ।
ਖੇਲਤਿ ਅਜਰ ਮਾਂਝ ਪਿਤਾ ਪੈਸਕਾਰ ਸਾਂਝ ਬੈਠਤਿ ਘਰੀ ਕ ਦੁਖ ਦਾਸਨ ਕਦਨ ਕੋ।
ਮੰਦਰ ਕੇ ਅੰਦਰਿ ਬਿਰਾਜੈਂ ਰੂਪ, ਸੁੰਦਰ ਸੁ ਆਨੰਦ ਬਿਲੰਦ ਕੈ ਲਜਾਵਤਿ ਮਦਨ ਕੋ ॥੧੬॥

ਇਸ ਤਰ੍ਹਾਂ ਕੁਝ ਦੇਰ ਆਪਸ ਵਿਚ ਗੱਲਾਂ ਕਰਦੇ ਰਹੇ, ਫਿਰ ਗੁਰੂ ਜੀ ਆਗਿਆ ਪਾ ਕੇ ਆਪਣੇ ਘਰ ਨੂੰ ਆ ਗਏ। ਸ੍ਰੀ ਹਰਿਗੋਬਿੰਦ ਜੀ ਸੁਖ ਨਾਲ ਵਸਦੇ ਸਨ, ਸਾਰੇ ਸੰਕਟ ਦੂਰ ਹੋ ਗਏ ਸਨ, ਸੇਵਕ ਗੁਰੂ ਬਾਲਕ ਦੇ ਮੁਖ ਨੂੰ ਵੇਖ ਕੇ ਪ੍ਰਸੰਨ ਹੁੰਦੇ ਸਨ। ਵਿਹੜੇ ਵਿਚ ਖੇਡਦੇ ਹਨ, ਪਿਤਾ ਜੀ ਕੁਝ ਸਮਾਂ ਬੈਠ ਕੇ ਦਾਸਾਂ ਦੇ ਦੁੱਖਾਂ ਨੂੰ ਦੂਰ ਕਰਦੇ ਹਨ। ਫਿਰ ਘਰ ਦੇ ਅੰਦਰ ਬਿਰਾਜ ਜਾਂਦੇ ਹਨ, ਸੁੰਦਰ ਰੂਪ ਬੜਾ ਅਨੰਦ-ਦਾਇਕ ਹੈ ਜਿਸ ਨੂੰ ਵੇਖ ਕੇ ਕਾਮਦੇਵ ਵੀ ਲੱਜਤ ਹੁੰਦਾ ਹੈ॥ ੧੬॥

ਸ੍ਵਾਦਲ ਅਹਾਰਿ ਦੇਤਿ ਜਾਗੇ ਤੇ ਸਕਾਰ ਹੋਤਿ, ਫੇਰ ਜਾਮ ਦਿਨ ਚਢੇ ਭੋਜਨ ਕਰਤਿ ਹੈਂ।
ਖੇਲਤਿ ਪਲਾਵਤਿ ਬਿਭੂਖਨ ਸੁਹਾਵਤਿ ਹੈਂ, ਸੀਸ ਫੂਲ ਹੀਰਨਿ ਜਰਾਵ ਕੋ ਧਰਤਿ ਹੈਂ।
ਦੀਰਘ ਬਿਲੋਚਨ ਬਿਲੋਕਤ ਹੈਂ ਜਿਸਿ ਦਿਸ਼ਿ ਹੋਤਿ ਹੈਂ ਨਿਹਾਲ ਦੁਖ ਸਾਗਰ ਤਰਤਿ ਹੈਂ।
ਆਸ ਪਾਸ ਦਾਸ ਰਹੈਂ ਬਾਸ ਮੈਂ ਨਿਵਾਸ ਕਰੈਂ, ਰਾਖੈ ਮਾਤ ਤ੍ਰਾਸ ਨ ਬਿਸਾਸ ਕੋ ਪਰੇਤਿ ਹੈਂ ॥੧੭॥

ਸਵੇਰ ਹੋਣ ਤੇ ਜਾਗਦੇ ਹਨ ਤਾਂ ਸਵਾਦੀ ਪਦਾਰਥ ਦਿੰਦੇ ਹਨ, ਫਿਰ ਪਹਿਰ ਦਿਨ ਜਾਣ ਤੇ ਭੋਜਨ ਕਰਦੇ ਹਨ। ਜਦ ਖੇਡਦੇ ਹਨ ਤਾਂ ਗਹਿਣੇ ਕਪੜੇ ਬੜੇ ਸ਼ੋਭਦੇ ਹਨ, ਸਿਰ ਤੇ ਹੀਰਿਆਂ ਨਾਲ ਜੜਿਆ ਹੋਇਆ ਸੀਸ ਫੁੱਲ ਧਾਰਨ ਕਰਦੇ ਹਨ। ਜਿਧਰ ਵੀ ਵੱਡੇ-ਵੱਡੇ ਨੈਣਾਂ ਨਾਲ ਵੇਖਦੇ ਹਨ, ਉਹ ਨਿਹਾਲ ਹੋ ਕੇ ਦੁਖਾਂ ਦੇ ਸਾਗਰ ਨੂੰ ਤਰ ਕੇ ਪਾਰ ਹੋ ਜਾਂਦੇ ਹਨ। ਸੇਵਕ ਸਦਾ ਆਸ-ਪਾਸ ਰਹਿੰਦੇ ਹਨ, ਕਿਉਂਕਿ ਉਹ ਮਾਤਾ ਜੀ ਤੋਂ ਡਰਦੇ ਹਨ, ਜਿਹੜੇ ਪੁੱਤਰ ਦਾ ਥੋੜ੍ਹਾ ਚਿਰ ਵੀ ਵਿਸਾਹ ਨਹੀਂ ਕਰਦੇ॥ ੧੭॥

ਹੋਤਿ ਰਾਤਿ ਮਾਤ ਨਿਜ ਹਾਥ ਸੋਂ ਅਚਾਇ ਪੁਨਿ ਪਾਸ ਲੇ ਸੁਪਤਿ ਪ੍ਰਤਿਪਾਰਤਿ ਹੈ ਪ੍ਰੀਤਿ ਕਰਿ।
ਹਾਥ ਲਾਇਗਾਤ ਸਾਥ ਸੋਵਤਿ ਹੈ, ਜਾਗੈ ਪ੍ਰਾਤਚੰਦ ਮੁਖ ਧੋਵਤਿ, ਦੁਲਾਰੇ ਮੋਦ ਚੀਤ ਕਰਿ।
ਨਏ ਨਏ ਰੰਗਦਾਰ ਅੰਬਰ ਪਟੰਬਰ ਲੇ ਅੰਗ ਮੈਂ ਸੁਰੰਗ ਕਬਿ ਸ਼ਜਾਮ ਕਬਿ ਪੀਤ ਕਰਿ।
ਐਸੀ ਬਿਧਿ ਨੀਤ ਕਰਿ, ਮਹਾਂ ਮਨ ਹੀਤ ਕਰਿ, ਉਤਸਾਹ ਰੀਤਿ ਕਰਿ, ਬਸੇ ਪੁਰ ਥੀਤ ਕਰਿ ॥੧੮॥

ਜਦ ਰਾਤ ਹੁੰਦੀ ਹੈ ਤਾਂ ਮਾਤਾ ਜੀ ਆਪਣੇ ਹੱਥਾਂ ਨਾਲ ਚੁੱਕ ਲੈਂਦੇ ਹਨ, ਫਿਰ ਆਪਣੇ ਪਾਸ ਲੈ ਕੇ ਸੌਂ ਜਾਂਦੇ ਹਨ ਅਤੇ ਬੜੀ ਪ੍ਰੀਤ ਨਾਲ ਪਾਲਣਾ ਕਰਦੇ ਹਨ। ਹੱਥ ਰੱਖ ਕੇ ਨਾਲ ਸੌਂਦੇ ਹਨ, ਜਦ ਸਵੇਰੇ ਜਾਗਦੇ ਹਨ ਤਾਂ ਮੁਖ ਧੋਂਦੇ ਹਨ ਅਤੇ ਫਿਰ ਚਿੱਤ ਵਿਚ ਬੜਾ ਪਿਆਰ ਧਾਰਨ ਕਰਕੇ ਲਾਡ ਲਡਾਉਂਦੇ ਹਨ। ਨਵੇਂ-ਨਵੇਂ ਰੰਗਦਾਰ ਰੇਸ਼ਮ ਦੇ ਕਪੜੇ ਲੈ ਕੇ ਪਾਉਂਦੇ ਹਨ, ਕਦੇ ਕਾਲੇ ਰੰਗ ਦੇ ਹੁੰਦੇ ਹਨ ਅਤੇ ਕਦੇ ਪੀਲਾ ਰੰਗ ਹੁੰਦਾ ਹੈ। ਨਿੱਤ ਇਸ ਤਰ੍ਹਾਂ ਕਰਕੇ, ਮਨ ਵਿਚ ਬਹੁਤ ਪ੍ਰੀਤ ਧਰ ਕੇ, ਉਤਸ਼ਾਹ ਦੀ ਰੀਤੀ ਕਰਕੇ ਨਗਰ ਵਿਚ ਵੱਸਦੇ ਹਨ॥ ੧੮॥

ਕੇਤਿਕ ਬਿਤੇ ਹੈਂ ਮਾਸ ਬ੍ਰਿੱਧਤਿ ਪ੍ਰਕਾਸ਼ ਬਯ, ਹੋਏ ਤੀਨ ਸੰਮਤ ਕੇ ਸ੍ਰੀ ਹਰਿਗੋਵਿੰਦ ਚੰਦ।
ਗੰਗਾ ਕੇ ਉਮੰਗ ਮਨ ਬੋਲੀ ਸ੍ਰੀ ਗੁਰੂ ਕੇ ਸੰਗ 'ਬਿਘਨ ਬਿਸਾਲਨਿ ਤੇ ਪ੍ਰਭੂ ਨੇ ਉਬਾਰਜੋ ਨੰਦ।
ਬ੍ਰਹਮਭੋਜ ਕੀਜੈ ਆਪ, ਅਧਿਕ ਪ੍ਰਤਾਪ ਹੋਇ, ਜੇਨ ਕੇਨ ਦੀਜੀਏ ਅਹਾਰ ਹ੍ਵੈ ਅਨੰਦ ਕੰਦ !।
ਖਾਇ ਹਰਖਾਵੈਂ, ਦੇਖਿ ਆਸ਼ਿਖ ਅਲਾਵੈਂ, ਬਹੁ ਜੱਸੁ ਬਿਥਰਾਵੈਂਗੇ ਬਿਲੰਦ ਹੀ ਨਿਕੰਦ ਦੁੰਦ ॥੧੯॥

ਜ਼ਦ ਕਈ ਮਹੀਨੇ ਬੀਤ ਗਏ, ਤਾਂ ਸ੍ਰੀ ਹਰਿਗੋਬਿੰਦ ਜੀ ਤਿੰਨਾਂ ਸਾਲਾਂ ਦੇ ਹੋ ਗਏ। ਮਾਤਾ ਗੰਗਾ ਜੀ ਦੇ ਮਨ ਵਿਚ ਬੜੀ ਉਮੰਗ ਸੀ, ਉਹ ਗੁਰੂ ਜੀ ਨੂੰ ਬੋਲੀ, "ਵੱਡੇ-ਵੱਡੇ ਵਿਘਨਾਂ ਤੋਂ ਪ੍ਰਭੂ ਨੇ ਪੁੱਤਰ ਨੂੰ ਬਚਾਇਆ ਹੈ। ਆਪ ਹੁਣ ਬ੍ਰਹਮ ਭੋਜ ਤਿਆਰ ਕਰਵਾਓ ਤੇ ਅਨੰਦ ਦੇ ਬੱਦਲ ਬਣ ਕੇ ਜਿੰਨ੍ਹੂ ਕਿੰਨ੍ਹੂ ਭੋਜਨ ਕਰਵਾਓ ਤਾਂਕਿ ਵੱਡਾ ਪ੍ਰਤਾਪ ਹੋਵੇ। ਭੋਜਨ ਖਾ ਕੇ ਖ਼ੁਸ਼ ਹੋਣਗੇ ਤੇ ਅਸੀਸਾਂ ਦੇਣਗੇ ਤੇ ਦੁੱਖਾਂ ਦੇ ਕੱਟਣ ਵਾਲਾ ਬਹੁਤ ਜਸ ਫੈਲਾਉਣਗੇ॥ ੧੯॥

ਬਾਨੀ ਪੁੰਨਸਾਨੀ ਸੁਨਿ ਸਤਿਗੁਰੂ ਅਰਜਨ ਹੋਇਕੈ ਹਰਖਮਨ ਹੁਕਮ ਬਖਾਨਿਓ।
'ਦੀਜੈ ਪੁੰਜ ਧਨ ਆਵੈ ਵਸਤੂ ਅਨੇਕ ਮਨ ਕੀਜੀਏ ਬਿਸਾਲ ਹ੍ਵੈ ਅਤੋਟ ਅੰਨ ਆਨਿਓ।
ਮਾਨੁਖ ਅਸੰਖ ਆਵੈਂ, ਭੋਜਨ ਜੋ ਮਨ ਭਾਵੈਂ ਖਾਵੈਂ ਹਰਖਾਵੈਂ ਕਰੈਂ ਪਾਕ ਕੋ ਮਹਾਨਿਓ।
ਘ੍ਰਿੱਤ ਕੋ ਮੰਗਾਵੋ ਸਰਕਰਾ ਕੋ ਖਰੀਦ ਲਜਾਵੋ, ਸੁੰਦਰ ਗੁਧੂਮ ਕੋ ਪਿਸਾਵੋ ਜੋ ਪ੍ਰਮਾਨਿਓ ॥੨੦॥

ਦਾਨ ਪੁੰਨ ਵਾਲੇ ਸ਼ਬਦ ਸੁਣ ਕੇ ਗੁਰੂ ਅਰਜਨ ਦੇਵ ਜੀ ਮਨ ਵਿਚ ਬਹੁਤ ਪ੍ਰਸੰਨ ਹੋਏ ਤੇ ਹੁਕਮ ਕੀਤਾ। "ਖੁਲ੍ਹੇ ਦਿਲ ਨਾਲ ਸੇਵਕਾਂ ਨੂੰ ਧਨ ਦੇਵੋ ਤਾਂਕਿ ਅਨੇਕਾਂ ਮਣ ਅਨਾਜ ਲਿਆਉਣ ਅਤੇ ਕਿਸੇ ਪ੍ਰਕਾਰ ਦੀ ਤੋਟ ਨਾ ਆਵੇ। ਬੇਅੰਤ ਮਨੁੱਖ ਆ ਕੇ ਮਨ ਭਾਉਂਦਾ ਭੋਜਨ ਛੱਕ ਕੇ ਮਹਾਨ ਪ੍ਰਸੰਨਤਾ ਪ੍ਰਾਪਤ ਕਰਨ। ਘਿਉ ਮੰਗਾਵੋ ਅਤੇ ਖੰਡ ਖਰੀਦ ਕੇ ਲਿਆਵੋ, ਸੁੰਦਰ ਕਣਕ ਅੰਦਾਜ਼ੇ ਦੀ ਪਿਸਾਵੋ ਤਾਂਕਿ ਆਟਾ ਵੇਲੇ ਸਿਰ ਨਾ ਘਟੇ॥ ੨੦॥

ਦਾਸਨ ਦਰਬ ਦੇਯ ਵਸਤੂ ਮੰਗਾਈ ਸਭਿ ਧਰੇ ਹੈਂ ਕਰਾਹੇ, ਬਹੁ ਕੀਨਿ ਪਕਵਾਨ ਕੋ।
ਕਰਜੋ ਹੈ ਕਰਾਹੁ, ਪੂਪਪੂਰਿਕਾ ਕਚੌਰੀ ਬਹੁ, ਮੋਦਕ ਬਨਾਏ ਜੇਊ ਮੋਦਕ ਮਹਾਨ ਕੋ।
ਮੇਵੇ ਸੋਂ ਅਮੇਜ਼ ਕਰਿ ਰਾਇਤਾ ਸਲੋਨ ਬਡੋ, ਮੂਲਿਕਾ, ਬ੍ਰਿੰਦਾਰਕ ਰਿਧਾਏ ਸੰਗ ਖਾਨਿ ਕੋ।
ਭੋਜਨ ਸੋਂ ਕੋਸ਼ਠ ਭਰਾਯੋ ਭਾਂਤਿ ਭਾਂਤਿ ਕਰਿ, ਸਿੱਖਜ ਕੋ ਬਿਠਾਯੋ ਕਰੈ ਜਪੁਜੀ ਬਖਾਨ ਕੋ ॥੨੧॥

ਸੇਵਕਾਂ ਨੂੰ ਧਨ ਦੇ ਕੇ ਸਭ ਵਸਤਾਂ ਮੰਗਵਾਈਆਂ ਤੇ ਕੜਾਹੇ ਧਰ ਕੇ ਬਹੁਤ ਪਕਵਾਨ ਤਿਆਰ ਕਰਵਾਇਆ, ਕੜਾਹ ਪ੍ਰਸ਼ਾਦਿ, ਪੂੜੇ ਪੂਰੀਆਂ, ਕਚੌਰੀਆਂ ਅਤੇ ਮਹਾਨ ਅਨੰਦ ਦੇਣ ਵਾਲੇ ਲੱਡੂ ਬਣਾਏ ਗਏ। ਮੇਵੇ ਮਿਲਾ ਕੇ ਲੂਣ ਵਾਲਾ ਰਾਇਤਾ ਬਣਾਇਆ ਗਿਆ ਅਤੇ ਮੂਲੀਆਂ ਬੈਂਗਣ ਵੀ ਨਾਲ ਖਾਣ ਵਾਸਤੇ ਪਕਾਏ ਗਏ। ਭਾਂਤ-ਭਾਂਤ ਦੇ ਭੋਜਨ ਤਿਆਰ ਕਰਵਾ ਕੇ ਕਮਰਾ ਭਰ ਲਿਆ ਤੇ ਸਿੱਖਾਂ ਨੂੰ ਬਿਠਾ ਕੇ ਜਪੁਜੀ ਸਾਹਿਬ ਦਾ ਪਾਠ ਕਰਵਾਇਆ॥ ੨੧॥

ਪ੍ਰਿਥੀਆ ਸੁ ਪ੍ਰਥਮ ਹਕਾਰਜੋ ਸਨਮਾਨ ਸਾਥ, ਕਰਮੋ ਬੁਲਾਈ ਸੰਗ ਦਾਸੀ ਚਲਿ ਆਈ ਹੈ।
ਮਹਾਂਦੇਵ ਮਹਾਂ ਮੋਦ ਰਿਦੈ ਕਰਿ ਆਯੋ ਆਪ, ਔਰ ਸਿੱਖ ਸੰਗਤਾਂ ਮਿਲੀ ਜੁ ਸਮੁਦਾਈ ਹੈ।
ਬਿੱਪ੍ਰ ਆਏ ਬ੍ਰਿੰਦ ਮਿਲਿ ਸੁਨਿ ਸੁਨਿ ਗ੍ਰਾਮਨਿ ਤੇ, ਰੰਕ ਭਏ ਅਨਗਨ, ਪੰਕਤਿ ਬਿਠਾਈ ਹੈ।
ਲਗੇ ਹੈਂ ਪਰੋਸਨਿ ਅਸਨ ਕੋਂ ਅਨੇਕ ਨਰ 'ਲੇਹਿਂ' 'ਦੇਹਿਂ' ਬਾਨੀ ਤਹਿਂ ਆਨਨ ਅਲਾਈ ਹੈ ॥੨੨॥

ਪ੍ਰਿਥੀਏ ਨੂੰ ਸਨਮਾਨ ਨਾਲ ਸਭ ਤੋਂ ਪਹਿਲਾਂ ਬੁਲਾਇਆ ਗਿਆ, ਕਰਮੋ ਨੂੰ ਵੀ ਬੁਲਾਇਆ ਜਿਹੜੀ ਆਪਣੀ ਦਾਸੀ ਨੂੰ ਨਾਲ ਲੈ ਕੇ ਆ ਗਈ ਹੈ। ਮਹਾਂਦੇਵ ਹਿਰਦੇ ਵਿਚ ਬੜਾ ਅਨੰਦ ਭਰ ਕੇ ਆਇਆ ਤੇ ਹੋਰ ਸਿੱਖ ਸੰਗਤਾਂ ਵੀ ਮਿਲ ਕੇ ਇਕੱਠੀਆਂ ਹੋਈਆਂ। ਇਸ ਉਤਸਵ ਬਾਰੇ ਸੁਣ ਕੇ ਪਿੰਡਾਂ ਤੋਂ ਬਹੁਤ ਬ੍ਰਾਹਮਣ ਅਤੇ ਆਮ ਲੋਕ ਆਏ। ਅਣਗਿਣਤ ਗਰੀਬ ਲੋਕ ਆਏ ਜਿਨ੍ਹਾਂ ਨੂੰ ਪੰਗਤਾਂ ਵਿਚ ਬਿਠਾ ਦਿੱਤਾ। ਅਨੇਕ ਮਨੁੱਖ ਖਾਣਾ ਪਰੋਸਣ ਲੱਗੇ ਅਤੇ 'ਲਓ ਜੀ-ਦੇਵੋ ਜੀ' ਦੀਆਂ ਆਵਾਜ਼ਾਂ ਆ ਰਹੀਆਂ ਹਨ॥ ੨੨॥.

ਜਿਤਨੋ ਅਸਨ ਖਾਇ ਨਰ ਤ੍ਰਿਪਤਾਇ ਰਹੈਂ ਏਕ ਬਾਰ ਤੇਤਨੋ ਪਰੋਸਜੋ ਹੈ ਬਨਾਇ ਕਰਿ।
ਕੋਊ ਦੇਹਿ ਮੋਦਕ ਸੁ ਪੂਰਿਕਾ ਕਰਾਹੁ ਦੇਤਿ, ਪੂਪ ਸੋ ਕਚੌਰੀ ਖਾਇ ਰਹੇ ਤ੍ਰਿਪਤਾਇ ਕਰਿ।
ਦਧਿ ਸੋਂ ਪਕੌਰੀ ਬਰੇ ਜੀਰਕ ਮਿਰਚ ਪਾਇ, ਧਨੀਆ ਲਵਨ ਸੋਂ ਪਰੋਸੀ ਹੈ ਮਿਲਾਇ ਕਰਿ।
ਸਾਦ ਕੋ ਸਰਾਹੈਂ ਅਹਿਲਾਦਤਿ ਉਮਾਹੈਂ ਮਨ, ਤ੍ਰਿਪਤਿ ਹ੍ਵੈ ਚਾਹੈਂ ਖਾਨਿ ਰਹੇ ਬਿਸਮਾਇ ਕਰਿ ॥੨੩॥

ਜਿੰਨਾ ਭੋਜਨ ਖਾ ਕੇ ਮਨੁੱਖ ਇਕ ਵਾਰ ਤ੍ਰਿਪਤ ਹੋ ਜਾਵੇ, ਓਨਾ ਹੀ ਭੋਜਨ ਚੰਗੀ ਤਰ੍ਹਾਂ ਨਾਲ ਪਰੋਸਿਆ ਗਿਆ ਹੈ, ਕਿਸੇ ਨੂੰ ਲੱਡੂ ਦਿੰਦੇ ਹਨ ਅਤੇ ਕਿਸੇ ਨੂੰ ਕੜਾਹ ਪੂਰੀਆਂ ਵੰਡਦੇ ਹਨ, ਕਈ ਕਚੌਰੀਆਂ ਤੇ ਪੂੜੇ ਖਾ ਕੇ ਤ੍ਰਿਪਤ ਹੋ ਰਹੇ ਹਨ। ਦਹੀਂ ਵਿਚ ਪਕੌੜੀਆਂ ਭਲੇ, ਜ਼ੀਰਾ, ਮਿਰਚ, ਧਨੀਆਂ ਅਤੇ ਲੂਣ ਮਿਲਾ ਕੇ ਪਰੋਸ ਰਹੇ ਹਨ। ਸਵਾਦੀ ਭੋਜਨ ਦੀ ਸ਼ਲਾਘਾ ਕਰਦੇ ਸਨ ਅਤੇ ਮਨ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥ ੨੩॥

ਰੰਕਨ ਕੋ ਭੋਜਨ ਦਿਯੋ ਹੈ ਤ੍ਰਿਪਤਾਇ ਕਰਿ, ਜਾਚਤਿ ਜਿਤਿਕ ਦੇਤਿ ਸਭਿਨਿ ਹਕਾਰ ਕਰਿ।
ਖਾਵਤਿ ਅਘਾਵੈਂ, ਬਹੁ ਆਸ਼ਿਖ ਅਲਾਵੈਂ 'ਗਨਾਸ਼੍ਰੀ ਹਰਿ ਗੋਵਿੰਦ ਜੀਵੋ ਜੱਗ ਜੁਗ ਚਾਰ ਕਰਿ'।
ਤਬਿ ਗੁਰੂ ਅਰਜਨ ਮਨ ਕੇ ਉਦਾਰ ਮਹਾਂ, ਦੱਛਨਾ ਰਜਤਪਨ ਦੀਨਿ ਹੈ ਸੁਧਾਰਿ ਕਰਿ।
ਸੁਜਸੁ ਉਚਾਰੈਂ ਸਾਰੇ ਕਹਿ ਬਿਸਤਾਰੈਂ ਬਹੁ 'ਧੰਨ ਗੁਰੂ ਕੀਨੋ ਮਖ ਉਰ ਕੋ ਉਦਾਰ ਕਰਿ' ॥੨੪॥

ਗਰੀਬਾਂ ਨੂੰ ਰਜਵਾਂ ਭੋਜਨ ਦਿੱਤਾ ਗਿਆ, ਜਿੰਨਾ ਵੀ ਕੋਈ ਮੰਗਦਾ ਸੀ, ਆਵਾਜ਼ ਮਾਰ ਕੇ ਦਿੰਦੇ ਸਨ। ਖਾ ਕੇ ਤ੍ਰਿਪਤ ਹੋ ਕੇ ਬਹੁਤ ਅਸੀਸਾਂ ਦਿੰਦੇ ਸਨ ਅਤੇ ਕਹਿੰਦੇ ਸਨ, "ਸ੍ਰੀ ਹਰਿਗੋਬਿੰਦ ਇਸ ਜੱਗ ਵਿਚ ਚਾਰ ਜੁਗਾਂ ਤਕ ਜੀਵੇ।" ਫਿਰ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਦਾ ਮਨ ਬੜਾ ਉਦਾਰ ਹੈ, ਨੇ ਹਰ ਇਕ ਨੂੰ ਇਕ ਚਾਂਦੀ ਦਾ ਸਿੱਕਾ ਦੱਛਨਾ ਵਜੋਂ ਦਿੱਤਾ। ਸਾਰੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ, "ਧੰਨ ਗੁਰੂ ਜੀ ਹਨ, ਜਿਨ੍ਹਾਂ ਬੜੇ ਖੁਲ੍ਹੇ-ਦਿਲ ਨਾਲ ਯੱਗ ਲਾਇਆ ਹੈ" ॥ ੨੪ ॥

ਦੱਛਨਾ ਕੋ ਲੇਇਂ ਦਿਜ ਆਸ਼ਿਖਾ ਕੋ ਦੇਯ ਬਹੁ 'ਉਮਰ ਬਿਲੰਦ ਹੋਇ ਸੁੰਦਰ ਸੁ ਨੰਦ ਕੀ'।
ਕਰਤੇ ਸਤੁਤਿ ਆਪ ਆਪਨੇ ਸਦਨ ਗਏ ਪ੍ਰਿਥੀਏ ਕੋ ਭੋਜਨ ਅਚਾਯੋ ਸੰਗ ਬ੍ਰਿੰਦ ਕੀ।
ਕਰਮੋ ਕੋ ਸਾਦਰ ਅਹਾਰ ਦੀਨੋ ਭਾਂਤਿ ਭਾਂਤਿ, ਊਪਰ ਪ੍ਰਸੰਨ ਰੀਤਿ ਕਪਟ ਬਿਲੰਦ ਕੀ।
ਮਹਾਂਦੇਵ ਮਹਾਂ ਮੋਦ ਸ੍ਰੀ ਹਰਿ ਗੋਵਿੰਦ ਗੋਦ ਅਚਿਕੈ ਅਸਨ ਕੋ ਮ੍ਰਿਜਾਦ ਜਸੋਂ ਬਿਲੰਦ ਕੀ ॥੨੫ ॥

ਬ੍ਰਾਹਮਣ ਦੱਛਨਾ ਲੈ ਕੇ ਬਹੁਤ ਅਸੀਸਾਂ ਦਿੰਦੇ ਸਨ, "ਸੁੰਦਰ ਪੁੱਤਰ ਦੀ ਵੱਡੀ ਉਮਰ ਹੋਵੇ" ਉਸਤਤਿ ਕਰਦੇ ਆਪਣੇ ਘਰਾਂ ਨੂੰ ਚਲੇ ਗਏ। ਪ੍ਰਿਥੀਏ ਨੂੰ ਵੀ ਸਾਰਿਆਂ ਦੇ ਨਾਲ ਭੋਜਨ ਛਕਾਇਆ ਗਿਆ। ਕਰਮੋਂ ਨੂੰ ਬੜੇ ਆਦਰ ਨਾਲ ਭਾਂਤ-ਭਾਂਤ ਦਾ ਭੋਜਨ ਛਕਾਇਆ, ਉਹ ਉਪਰੋਂ ਤਾਂ ਪ੍ਰਸੰਨ ਵਿਖਾਈ ਦਿੰਦੀ ਸੀ, ਪਰ ਅੰਦਰੋਂ ਕਪਟ ਨਾਲ ਭਰੀ ਹੋਈ ਸੀ। ਮਹਾਂਦੇਵ ਨੇ ਬੜੇ ਪ੍ਰਸੰਨ ਹੋ ਕੇ ਸ੍ਰੀ ਹਰਿਗੋਬਿੰਦ ਨੂੰ ਗੋਦੀ ਵਿਚ ਚੁਕ ਲਿਆ ਜਿਵੇਂ ਵੱਡਿਆਂ ਦੀ ਮਰਯਾਦਾ ਹੈ ॥ ੨੫ ॥

ਦੋਹਰਾ- ਮਹਾਂਦੇਵ ਗੁਰਦੇਵ ਸੁਤ ਅਹੰਮੇਵ ਜਿਸ ਨਾਂਹਿ।
ਗੁਰਤਾ ਗੁਰੁ ਨਿਜ ਅਨੁਜ ਕੀ ਪਿਖਿ ਪ੍ਰਸੰਨ ਮਨ ਮਾਂਹਿ ॥੨੬ ॥

ਗੁਰੂ ਰਾਮਦਾਸ ਜੀ ਦੇ ਪੁੱਤਰ ਮਹਾਂਦੇਵ ਵਿਚ ਕਿਸੇ ਪ੍ਰਕਾਰ ਦਾ ਵੀ ਅਹੰਕਾਰ ਨਹੀਂ ਹੈ, ਉਹ ਆਪਣੇ ਛੋਟੇ ਭਰਾ ਦੀ ਗੁਰਤਾ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੈ ॥ ੨੬ ॥

ਨੰਦਨ ਅਪਨ ਮਨਿੰਦ ਲਖਿ ਹਰਿ ਗੁਵਿੰਦ ਸੁਖਕੰਦ।
ਧਰਤਿ ਅਨੰਦ ਬਿਲੰਦ ਕੋ ਪਿਖਿ ਚਕੋਰ ਜਿਮ ਚੰਦ ॥ ੨੭ ॥

ਸੁਖਾਂ ਦੇ ਘਰ ਸ੍ਰੀ ਹਰਿਗੋਬਿੰਦ ਪੁੱਤਰ ਨੂੰ ਆਪਣੇ ਪੁੱਤਰ ਵਰਗਾ ਵੇਖ ਕੇ ਵੱਡਾ ਅਨੰਦ ਧਾਰਨ ਕੀਤਾ ਤੇ ਉਸ ਵੱਲ ਇੰਝ ਵੇਖ ਰਿਹਾ ਸੀ ਜਿਵੇਂ ਚਕੋਰ ਚੰਦ ਨੂੰ ਵੇਖਦੀ ਹੈ ॥ ੨੭ ॥

ਸੋਰਠਾ- ਰਿਦੈ ਮੁਦਤਿ ਅਤਿ ਹੋਇ ਅਧਿਕ ਮੁਦਤਿ ਕਰਿ ਅਨੁਜ ਕੋ।
ਜਸ ਬਿਸਤੀਰਤਿ ਸੋਇ ਸਦਨ ਗਯੋ ਨਰ ਸੰਗ ਕੁਛ ॥ ੨੮ ॥

ਆਪਣੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਉਸ ਆਪਣੇ ਛੋਟੇ ਭਰਾ ਨੂੰ ਵੀ ਬਹੁਤ ਖ਼ੁਸ਼ ਕਰ ਦਿੱਤਾ ਤੇ ਜਸ ਦਾ ਵਿਸਥਾਰ ਕਰਦਾ ਹੋਇਆ ਕੁਝ ਹੋਰ ਮਨੁੱਖਾਂ ਸਮੇਤ ਆਪਣੇ ਘਰ ਨੂੰ ਚਲਾ ਗਿਆ ॥ ੨੮ ॥

ਸੁਨਿ ਸੁਨਿ ਆਵਤਿ ਧਾਇ ਸਗਰੇ ਨਰ ਗੁਰ ਨਗਰ ਕੇ।
ਬਾਂਛਤਿ ਭੋਜਨ ਖਾਇ ਕਰਤਿ ਸਤੁਤਿ ਗਮਨੇ ਸਦਨ ॥ ੨੯ ॥

ਗੁਰੂ ਜੀ ਦੀ ਨਗਰੀ ਦੇ ਸਾਰੇ ਮਨੁੱਖ ਸੁਣ-ਸੁਣ ਕੇ ਆ ਰਹੇ ਸਨ, ਮੂੰਹ ਮੰਗਿਆ ਭੋਜਨ ਖਾ ਕੇ ਉਸਤਤਿ ਕਰਦੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ ॥ ੨੯ ॥

ਬਾਜੇ ਬਜਹਿਂ ਬਿਸਾਲ ਅੰਮ੍ਰਿਤ ਵੇਲਾ ਹੋਤਿ ਹੀ।
ਸੰਧਜਾ ਲਗਿ ਸਖ ਨਾਲਿ ਲਘ ਦੰਦਭਿਸ ਨਫੀਰ ਗਨ ॥ ੩੦ ॥

ਅੰਮ੍ਰਿਤ ਵੇਲਾ ਹੁੰਦਿਆਂ ਹੀ ਵਿਸ਼ਾਲ ਵਾਜੇ ਵੱਜਦੇ ਹਨ ਅਤੇ ਸ਼ਾਮ ਤਕ ਛੋਟੀਆਂ ਦੁੰਭੀਆਂ ਅਤੇ ਤੂਤੀਆਂ ਸੁਖ ਸਹਿਤ ਵੱਜਦੀਆਂ ਹਨ॥ ੩੦॥

ਮਚਹਿ ਕੁਲਾਹਲ ਜਾਲ ਫੈਲਤਿ ਜਸ ਸਤਿਗੁਰ ਮਹਤ।
ਲੇਨੋ ਦੇਨ ਬਿਸਾਲ ਹੋਤਿ ਗੁਰੂ ਦਰਬਾਰ ਮਹਿਂ॥ ੩੧॥

ਸਾਰੇ ਹੀ ਸਤਿਗੁਰੂ ਜੀ ਦੇ ਵੱਡੇ ਜੱਸ ਦਾ ਸ਼ੋਰ ਮੱਚਿਆ ਹੋਇਆ ਹੈ, ਗੁਰੂ ਜੀ ਦੇ ਦਰਬਾਰ ਵਿਚ ਵਿਸ਼ਾਲ ਲੈਣ-ਦੇਣ ਹੁੰਦਾ ਹੈ॥ ੩੧॥

*ਤੀਸਰੀ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥*

# ਅਧਿਆਇ ਬਾਰ੍ਹਵਾਂ

## *ਸ੍ਰੀ ਹਰਿਗੋਵਿੰਦ ਜੀ ਦੇ ਸੀਤਲਾ ਨਿਕਲੀ*

ਦੋਹਰਾ-ਅਤਿ ਉਤਸਾਹ ਬਿਲੋਕ ਕੈ ਕਰਮੋਂ ਦਿਲ ਦਿਲਗੀਰ।
ਨਰ ਨਾਰਿਨਿ ਤੇ ਸੁਨਤਿ ਜਸ ਮਨਹੁਂ ਰਿਦਾ ਦੇ ਚੀਰ॥ ੧॥

ਵੱਡਾ ਉਤਸ਼ਾਹ ਵੇਖ ਕੇ ਕਰਮੋਂ ਦਾ ਦਿਲ ਬਹੁਤ ਗ਼ਮਗੀਨ ਹੋ ਗਿਆ। ਇਸਤਰੀ-ਪੁਰਸ਼ਾਂ ਤੋਂ ਜੱਸ ਸੁਣ ਕੇ ਮਾਨੋਂ ਉਸ ਦਾ ਹਿਰਦਾ ਫੱਟ ਜਾਂਦਾ ਹੈ॥ ੧॥

ਪਾਧੜੀ ਛੰਦ-ਬਜਿਯੰਤ ਪੌਰ ਬਾਜੇ ਬਿਸਾਲ। ਸੁਨਿਯੰਤਿ ਸ਼੍ਰੋਨ ਤਬਿ ਹ੍ਵੈ ਬਿਹਾਲ।
ਬਸ ਚਲਹਿ ਨਹੀਂ ਸੰਕਟ ਮਹਾਨ। ਮਨ ਗਿਨਤਿ ਗਟੀ 'ਕਿਮ ਬਿਘਨ ਠਾਨਿ?॥੨॥

ਘਰ ਦੇ ਦਰਵਾਜ਼ੇ 'ਤੇ ਬਹੁਤ ਵਾਜੇ ਵੱਜ ਰਹੇ ਹਨ, ਜਦ ਕਰਮੋ ਇਨ੍ਹਾਂ ਵਾਜਿਆਂ ਨੂੰ ਕੰਨਾਂ ਨਾਲ ਸੁਣਦੀ ਹੈ ਤਾਂ ਬੇਹਾਲ ਹੋ ਜਾਂਦੀ ਹੈ। ਵਸ ਚਲਦਾ ਨਹੀਂ, ਮਹਾਨ ਦੁਖੀ ਹੈ, ਮਨ ਵਿਚ ਗਿਣਤੀਆਂ ਗਿਣਦੀ ਹੈ ਕਿ ਕਿਵੇਂ ਕੋਈ ਵਿਘਨ ਖੜਾ ਕਰਾਂ?॥ ੨॥

ਉਰ ਸੱਲਜ ਮੋਹਿ ਕਿਮ ਨਿਕਸਿ ਜਾਇ। ਸ਼੍ਰੀ ਹਰਿ ਗੁਵਿੰਦ ਜਿਮ ਕਾਲ ਖਾਇ।
ਤਬਿ ਅਨੰਦ ਉਦਹਿ, ਰਿਦ ਕਰਕ ਹੋਇ। ਨਤੁ ਮ੍ਰਿਤਕ ਤੁੱਲ ਹਮ ਜਿਯਨਿ ਜੋਇ॥੩॥

ਮੇਰੇ ਹਿਰਦੇ ਦੀ ਸੂਲ ਕਿਵੇਂ ਨਿਕਲੇ, ਜਿਵੇਂ ਸ੍ਰੀ ਹਰਿਗੋਬਿੰਦ ਦੀ ਮ੍ਰਿਤੂ ਹੋ ਜਾਵੇ। ਤਾਂ ਮੇਰੇ ਹਿਰਦੇ ਦੀ ਪੀੜ ਅਨੰਦ ਵਿਚ ਬਦਲ ਜਾਵੇ, ਨਹੀਂ ਤਾਂ ਸਾਡਾ ਇਹ ਜੀਉਣਾ ਮੁਰਦੇ ਦੀ ਨਿਆਈਂ ਹੈ॥ ੩॥

ਨਿਤ ਕਰਤਿ ਮਹਾਂ ਮੰਗਲ ਸੁ ਚਾਰ। ਬਹੁ ਦਰਬ ਆਇ ਭਰਿ ਲਿਯ ਭੰਡਾਰ।
ਲਘੁਬਾਨ ਹਮਹੁਂ ਤੇ ਭੇ ਮਹਾਨ। ਸੁਤ ਭਯੋ ਚੰਦ ਸਮੁ ਲਿਖ ਜਹਾਨ॥ ੪॥

ਨਿੱਤ ਸ੍ਰੇਸ਼ਟ ਮਹਾਂ ਮੰਗਲ ਕਰਦੇ ਹਨ, ਬਹੁਤ ਧਨ ਆਇਆ ਹੈ, ਸਾਰੇ ਭੰਡਾਰ ਭਰ ਲਏ ਹਨ, ਸਾਥੋਂ ਛੋਟੇ ਥਾਂ ਹੋ ਕੇ ਵੱਡਾ ਬਣ ਗਿਆ ਹੈ, ਪੁੱਤਰ ਜਹਾਨ ਵਿਚ ਚੰਦ ਸਮਾਨ ਪੈਦਾ ਹੋਇਆ ਹੈ॥ ੪॥

ਮੰਗਲ ਕਰੰਤਿ ਗੰਗਾ ਅਨੰਦ। ਸ਼੍ਰੀ ਹਰਿ ਗੁਬਿੰਦ ਜਿਸ ਸ਼ੋਭ ਨੰਦ।
ਜਬਿ ਬਡੋ ਹੋਇ ਸਮ ਬਲੀ ਸਿੰਘ। ਸਭਿ ਕੋ ਨਿਵਾਇ ਸੰਤੋਖ ਸਿੰਘ ॥ ੫ ॥

ਗੰਗਾ ਸਦਾ ਅਨੰਦ ਮੰਗਲ ਕਰਦੀ ਹੈ, ਜਿਸ ਦਾ ਹਰਿਗੋਬਿੰਦ ਵਰਗਾ ਸ਼ੋਭਨੀਕ ਪੁੱਤਰ ਹੈ। ਜਦ ਵੱਡਾ ਹੋਵੇਗਾ ਤਾਂ ਸ਼ੇਰ ਵਾਂਗ ਬਲਵਾਨ ਹੋਵੇਗਾ, ਹੇ ਸੰਤੋਖ ਸਿੰਘਾ ! ਉਹ ਸਭ ਨੂੰ ਨਿਵਾਏਗਾ॥ ੫ ॥

ਇਮ ਰਾਤਿ ਦਿਵਸ ਕਰਤੀ ਬਿਚਾਰ। ਪਤਿ ਸਾਥ ਦੁਖੰਤਿ ਬਾਕਨਿ ਉਚਾਰਿ।
'ਕਿਮ ਨਹੀਂ ਚਿੰਤ ਚਿਤ ਮੈਂ ਤੁਮਾਰ। ਦੀਰਘ ਸ਼ਰੀਕ ਨਿਤ ਹੈ ਉਦਾਰ ॥ ੬ ॥

ਇਸ ਤਰ੍ਹਾਂ ਰਾਤ ਦਿਨ ਵਿਚਾਰ ਕਰਦੀ ਹੈ ਤੇ ਪਤੀ ਨਾਲ ਬੜੀ ਦੁੱਖੀ ਹੋ ਕੇ ਇੰਝ ਗੱਲ ਕਰਦੀ ਹੈ, "ਤੁਹਾਡੇ ਚਿੱਤ ਵਿਚ ਕਿਉਂ ਕੋਈ ਚਿੰਤਾ ਨਹੀਂ ਹੈ ? ਵੱਡਾ ਸ਼ਰੀਕ ਨਿੱਤ ਵੱਡਾ ਧੰਨਵਾਨ ਹੋ ਰਿਹਾ ਹੈ॥ ੬ ॥

ਇਕ ਪੁੱਤ੍ਰ ਤਿਨਹੁ ਕਿਮ ਦਿਹੁ ਖਪਾਇ। ਗੁਰਤਾ ਬਹੋਰ ਹਮਰੇ ਸੁ ਆਇ।
ਤੁਮ ਰਹੇ ਬੈਠਿ ਨਹਿੰ ਕਰਿ ਉਪਾਇ। ਇਹ ਬਡੋ ਕਾਜ ਮਨ ਨਹੀਂ ਲਜਾਇ ॥੭ ॥

ਉਨ੍ਹਾਂ ਦਾ ਇਕ ਪੁੱਤਰ ਹੈ, ਕਿਸੇ ਤਰ੍ਹਾਂ ਉਸ ਨੂੰ ਮਾਰ ਖਪਾ ਦੇਵੋ ਤਾਂਕਿ ਗੁਰਤਾ ਫਿਰ ਸਾਡੇ ਪਾਸ ਆ ਜਾਵੇ। ਤੁਸੀਂ ਐਵੇਂ ਬੈਠ ਰਹੇ ਹੋ, ਕੋਈ ਉਪਾਅ ਨਹੀਂ ਸੋਚ ਰਹੇ, ਇਸ ਵੱਡੇ ਕੰਮ ਨੂੰ ਆਪਣੇ ਮਨ ਵਿਚ ਨਹੀਂ ਲਿਆਉਂਦੇ ॥ ੭ ॥

ਜਜੋਂ ਕਜੋਂ ਬ੍ਰਿਤੰਤ ਹਮਰੋ ਬਿਤੀਤ। ਨਿਜ ਪੁੱਤ੍ਰ ਪੌਤ੍ਰ ਕਜਾ ਕਰਹਿੰ ਰੀਤਿ।
ਹੁਇ ਦਰਬ ਹੀਨ ਮਾਂਗਤਿ ਫਿਰਾਇਂ। ਸਿਖ ਦੇਂ ਨ ਭੇਟ, ਨਹਿੰ ਲਗਹਿੰ ਪਾਇ ॥੮ ॥

ਜਿਵੇਂ ਕਿਵੇਂ ਸਾਡਾ ਹਾਲ ਤਾਂ ਬਤੀਤ ਹੋ ਜਾਵੇਗਾ, ਸਾਡੇ ਪੁੱਤਰ ਪੋਤਰੇ ਕੀ ਰੀਤੀ ਕਰਨਗੇ। ਉਹ ਧਨ-ਹੀਣ ਹੋ ਜਾਣਗੇ ਤੇ ਮੰਗਦੇ ਫਿਰਨਗੇ, ਕੋਈ ਵੀ ਸਿੱਖ ਕੁਝ ਭੇਟ ਨਹੀਂ ਕਰੇਗਾ ਅਤੇ ਨਾ ਹੀ ਕੋਈ ਪੈਰਾਂ ਨੂੰ ਛੂਹੇਗਾ॥ ੮ ॥

ਤਬਿ ਅਪਨ ਬਡਨਿ ਕੋ ਖੋਟ ਜਾਨਿ। ਮੁਰਝਾਇ ਝੂਰ ਕਜਾ ਕ੍ਰਿਤ ਠਾਨਿ।
ਅਬਿ ਤੋ ਉਪਾਇ ਜੇ ਕਰਹਿੰ ਆਪ। ਅਸ ਜੁਗਤਿ ਠਾਨਿ ਤਿਨ ਪੁੱਤ੍ਰ ਖਾਪ ॥ ੯ ॥

ਤਦ ਆਪਣੇ ਵਡੇਰਿਆਂ ਦੀ ਖੋਟ ਜਾਣ ਕੇ ਝੂਰਦੇ ਮੁਰਝਾ ਜਾਣਗੇ। ਹੁਣ ਜੇ ਆਪ ਕੋਈ ਉਪਾਅ ਕਰੋ, ਕੋਈ ਐਸੀ ਜੁਗਤੀ ਕਰੋ ਕਿ ਉਨ੍ਹਾਂ ਦਾ ਪੁੱਤਰ ਖਤਮ ਹੋ ਜਾਵੇ॥ ੯ ॥

ਗੁਰਤਾ ਬਹੋਰ ਹਮ ਬੰਸੁ ਪਾਇ। ਸਭਿ ਸਿੱਖਜ ਦੇਹਿੰ ਧਨ, ਲਗਹਿੰ ਪਾਇ।
ਕਰਿ ਸਕਹਿੰ ਕਛੂ ਤੋ ਬਿਲਮ ਟਾਰਿ। ਅਸ ਕਰਿ ਉਪਾਇ ਤਿਨ ਪੁੱਤ ਮਾਰਿ' ॥੧੦ ॥

ਸਾਡਾ ਵੰਸ਼ ਦੁਬਾਰਾ ਗੁਰਤਾ ਪ੍ਰਾਪਤ ਕਰ ਲਵੇ, ਸਾਰੇ ਸਿੱਖ ਆ ਕੇ ਸਾਨੂੰ ਧਨ ਦੇਣ ਤੇ ਸਾਡੇ ਚਰਨਾਂ 'ਤੇ ਮੱਥਾ ਟੇਕਣ। ਜੇ ਕੁਝ ਕਰ ਸਕਦੇ ਹੋ ਤਾਂ ਦੇਰੀ ਛੱਡ ਕੇ ਕੋਈ ਐਸਾ ਉਪਾਅ ਕਰਕੇ ਉਨ੍ਹਾਂ ਦੇ ਪੁੱਤਰ ਨੂੰ ਮਾਰ ਦੇਵੋ" ॥ ੧੦ ॥

ਸਭਿ ਸੁਨੇ ਪ੍ਰਿੱਥੀਏ ਬਚਨ ਕਾਨ। ਤਬਿ ਦਈ ਧੀਰ ਤਿਸ ਕੋ ਬਖਾਨ।
'ਮਤ ਕਰਹੁ ਚਿੰਤ, ਨਹਿੰ ਜਿਯਹਿ ਸੋਇ। ਹੈ ਬਾਲ ਅਲਪ ਨਹਿੰ ਬਡੋ ਹੋਇ ॥੧੧ ॥

ਪ੍ਰਿਥੀਏ ਨੇ ਕਰਮੋ ਦੀਆਂ ਸਾਰੀਆਂ ਗੱਲਾਂ ਸੁਣੀਆਂ ਤੇ ਉਸ ਨੂੰ ਧੀਰਜ ਦੇਣ ਵਾਸਤੇ ਕਿਹਾ, "ਫਿਕਰ ਨਾ ਕਰ, ਉਹ ਜੀਉਂਦਾ ਨਹੀਂ ਰਹੇਗਾ, ਛੋਟਾ ਬਾਲਕ ਹੈ, ਵੱਡਾ ਨਹੀਂ ਹੋਵੇਗਾ॥ ੧੧ ॥

ਤਿਹ ਨਿਕਸਿ ਸੀਤਲਾ ਕਰਹਿ ਹਾਨ। ਮਮ ਬਚਨ ਪਤਾ ਅਬਿ ਲੇਹੁ ਜਾਨਿ।
ਤਿਸਤੇ ਜਿ ਬਚਹਿ ਨਹਿੰ ਮ੍ਰਿਤੁ ਹੋਇ। ਤੌ ਮੈਂ ਉਪਾਵ ਅਸ ਕਰਹੁਂ ਕੋਇ ॥੧੨ ॥

ਉਸ ਨੂੰ ਸੀਤਲਾ ਨਿਕਲ ਕੇ ਉਸ ਦਾ ਨਾਸ਼ ਕਰ ਦੇਵੇਗੀ, ਮੇਰੇ ਬਚਨਾਂ ਦਾ ਹੁਣ ਪਰਤਾਵਾ ਲੈ ਕੇ ਜਾਵੇ, ਉਸ ਤੋਂ ਉਹ

ਜਿਸ ਤੇ ਬਿਨਾਸਿ ਸ੍ਰੀ ਹਰਿਗੁਵਿੰਦ। ਹਮ ਪੁਤ੍ਰ ਪੌਤ੍ਰ ਸਭਿ ਹ੍ਵੈ ਅਨੰਦ।
ਅਬ ਆਇ ਨਿਕਟਿ ਬਿਧਿ ਹ੍ਵੈ ਸੁਖੈਨ। ਇਸ ਹਤੌਂ ਰੀਤਿ ਕਰਿ ਜੇਨਕੇਨ' ॥੧੩॥

ਜਿਸ ਨਾਲ ਸ੍ਰੀ ਹਰਿਗੋਬਿੰਦ ਦਾ ਵਿਨਾਸ਼ ਹੋ ਜਾਵੇ, ਸਾਡੇ ਪੁੱਤਰ ਪੋਤਰੇ ਫਿਰ ਅਨੰਦ ਲੈਣਗੇ। ਹੁਣ ਸਾਡੇ ਨੇੜੇ ਆ ਵਸੇ ਹਨ, ਹੁਣ ਕੋਈ ਸੌਖੀ ਵਿਧੀ ਬਣ ਜਾਵੇਗੀ" ॥ ੧੩ ॥

ਕਰਮੋਂ ਸੁਨੰਤਿ ਬੋਲੀ ਕੁ ਬੈਨ। 'ਤੁਮਰੋ ਬਚੰਨ ਬਰਕਤ ਸੁ ਹੈ ਨ।
ਭਾ ਪ੍ਰਥਮ ਕੂਰ ਕਹਿ 'ਹ੍ਵੈ ਜਰੂਰ'। ਮੈਂ ਸੁਨਤਿ ਜਾਂਹਿ ਕਿਯ ਹਰਖ ਭੂਰ ॥੧੪॥

ਕਰਮੋਂ ਇਹ ਸੁਣ ਕੇ ਬੋਲੀ, "ਤੁਹਾਡੇ ਬਚਨਾਂ ਵਿਚ ਕੋਈ ਬਰਕਤ ਨਹੀਂ ਹੈ, ਪਹਿਲਾਂ ਵੀ ਕਿਹਾ ਸੀ ਮੇਰੇ ਬਚਨ ਜ਼ਰੂਰ ਪੂਰੇ ਹੋਣਗੇ, ਪਰ ਉਹ ਝੂਠੇ ਨਿਕਲੇ ਸਨ, ਮੈਂ ਇਨ੍ਹਾਂ ਨੂੰ ਸੁਣ ਕੇ ਕੀ ਖ਼ੁਸ਼ ਹੋਣਾ ਹੈ ? ॥ ੧੪ ॥

ਤੁਮ ਘਟੰਤਿ ਜਾਤਿ ਐਸ਼੍ਵਰਜ ਮਾਂਹਿ। ਸੋ ਬ੍ਰਿਧੈ ਸਦਾ, ਕੋ ਕਸ਼ਟ ਨਾਂਹਿ।
ਐਸੇ ਬਿਲੋਕਿ ਮੁਝ ਚਿੰਤ ਹੋਤਿ। ਦਿਨ ਰੈਨ ਐਨ ਸੰਕਟ ਉਦੋਤਿ' ॥ ੧੫ ॥

ਤੂੰ ਐਸ਼-ਆਰਾਮ ਵਿਚ ਖੱਚਤ ਹੋ ਗਿਆ ਹੈਂ, ਇਸ ਕਰਕੇ ਕਸ਼ਟ ਸਦਾ ਵਧਦਾ ਹੀ ਜਾਂਦਾ ਹੈ। ਇਹ ਵੇਖ ਕੇ ਮੈਨੂੰ ਬਹੁਤ ਚਿੰਤਾ ਹੁੰਦੀ ਹੈ, ਦਿਨ ਰਾਤ ਸਾਡੇ ਘਰ ਨਵੇਂ ਤੋਂ ਨਵਾਂ ਸੰਕਟ ਪੈਦਾ ਹੁੰਦਾ ਰਹਿੰਦਾ ਹੈ" ॥ ੧੫ ॥

ਕਹਿ ਪ੍ਰਿਥੀਆ 'ਅਬਿ ਕੈ ਦੇਖਿ ਲੇਹੁ। ਸੁਖ ਹੋਹਿ ਤੋਹਿ ਜਜੋਂ ਮੈਂ ਕਹੇਹੁ'।
ਇਮ ਸਦਾ ਕਰਤਿ ਦੰਪਤਿ ਬਿਚਾਰ। ਕੁਛ ਕਰੈਂ ਕਪਟ ਮਿਲਿ ਬਚ ਉਚਾਰਿ ॥੧੬॥

ਪ੍ਰਿਥੀਏ ਨੇ ਕਿਹਾ, "ਇਸ ਵਾਰੀ ਦੇਖ ਲਵੀਂ, ਤੈਨੂੰ ਸੁੱਖ ਹੋਵੇਗਾ, ਜਿਵੇਂ ਮੈਂ ਕਿਹਾ ਹੈ" ਇਸ ਤਰ੍ਹਾਂ ਦੋਵੇਂ ਜੀਅ ਸਦਾ ਵਿਚਾਰ ਕਰਦੇ ਰਹਿੰਦੇ ਸਨ, ਕੋਈ ਕਪਟ ਕਰੀਏ, ਇਸ ਤਰ੍ਹਾਂ ਮਿਲ ਕੇ ਉਚਾਰਣ ਕਰਦੇ ਰਹਿੰਦੇ ਸਨ ॥ ੧੬ ॥

ਨਿਤ ਚਿਤਹਿਂ ਖੋਟ ਕਿਮ ਹ੍ਵੈ ਅਨਰਥ। ਨਹਿਂ ਕਰਾਮਾਤ ਕੀ ਕੁਛ ਸਮਰਥ।
ਇਤਿ ਅਰਜਨ ਗੁਰੁ ਸਰਲੈ ਸੁਭਾਇ। ਉਪਕਾਰ ਕਰਨ ਇਕ ਰਿਦੈ ਲਜਾਇ ॥੧੭॥

ਸਦਾ ਹੀ ਚਿੱਤ ਵਿਚ ਖੋਟ ਰਹਿੰਦੀ ਕਿ ਕਿਸ ਤਰ੍ਹਾਂ ਅਨਰਥ ਹੋ ਜਾਵੇ, ਪਰ ਕਿਸੇ ਕਰਾਮਾਤ ਦੀ ਕੋਈ ਸਮਰੱਥਾ ਨਹੀਂ ਸੀ। ਉਧਰ ਗੁਰੂ ਅਰਜਨ ਦੇਵ ਜੀ ਦਾ ਬੜਾ ਸਰਲ ਸੁਭਾਅ ਹੈ, ਸਦਾ ਹਿਰਦੇ ਵਿਚ ਉਪਕਾਰ ਕਰਨ ਬਾਰੇ ਹੀ ਸੋਚਦੇ ਰਹਿੰਦੇ ਹਨ ॥ ੧੭ ॥

ਲੋਕਨਿ ਅਨੇਕ ਕੀ ਕਰਤਿ ਸ਼੍ਰੇਯ। ਸਤਿਨਾਮ ਦੇਤਿ ਕਿਸ ਗਜਾਨ ਦੇਯ।
ਸ੍ਰੀ ਹਰਿ ਗੁਬਿੰਦ ਆਨੰਦ ਕੰਦ। ਖੇਲਤਿ ਬ੍ਰਿਧੰਤਿ ਜਿਮ ਦੂਜ ਚੰਦ ॥ ੧੮ ॥

ਅਨੇਕ ਲੋਕਾਂ ਦਾ ਕਲਿਆਣ ਕਰਦੇ ਹਨ, ਸਤਿਨਾਮ ਦਾ ਸਿਮਰਨ ਕਰਵਾ ਕੇ ਗਿਆਨ ਦਿੰਦੇ ਹਨ। ਸ੍ਰੀ ਹਰਿਗੋਬਿੰਦ ਜੀ ਅਨੰਦ ਦੇ ਬੱਦਲ ਹਨ, ਖੇਡਦੇ-ਖੇਡਦੇ ਇਸ ਤਰ੍ਹਾਂ ਵਧ ਰਹੇ ਹਨ, ਜਿਵੇਂ ਦੂਜ ਦਾ ਚੰਦ ਵਧਦਾ ਹੈ ॥ ੧੮ ॥

ਮ੍ਰਿਦੁ ਬਚਨ ਤੋਤਲੇ ਮੁਖ ਕਹੰਤਿ। ਸੁਨਿ ਮਧੁਰ ਸ਼੍ਰੋਨ ਕੋ ਸੁਖਦਵੰਤ।
ਗੰਗਾ ਅਨੰਦ ਕਰਤੀ ਦੁਲਾਰ।ਗਰ ਸੰਗ ਲਾਇ ਸੂੰਘਤਿ ਲਿਲਾਰ ॥ ੧੯ ॥

ਬੜੇ ਮਿੱਠੇ ਅਤੇ ਕੋਮਲ ਬਚਨ ਤੋਤਲੀ ਜ਼ੁਬਾਨ ਨਾਲ ਕਹਿੰਦੇ ਹਨ, ਮਿੱਠੇ ਬਚਨ ਸੁਣ ਕੇ ਕੰਨਾਂ ਨੂੰ ਸੁਖ ਮਿਲਦਾ ਹੈ। ਮਾਤਾ ਗੰਗਾ ਜੀ ਦੁਲਾਰ ਕੇ ਅਨੰਦ ਲੈਂਦੇ ਹਨ, ਗਲ ਨਾਲ ਲਾ ਕੇ ਮੱਥਾ ਚੁੰਮਦੇ ਹਨ ॥ ੧੯ ॥

ਸੁਨਿ ਬਾਕ ਤੋਤਰੇ ਤ੍ਰਿਪਤਿ ਹੈ ਨ। ਪੁਨਿ ਪੁਨਿ ਬੁਲਾਇ ਸੁੰਦਰ ਸੁ ਬੈਨ।
ਮੁਖ ਚੰਦਿ ਦੇਖਿ ਕਰਿ ਨਹਿੰ ਅਘਾਇ। ਪਿਤ ਨਿਕਟ ਗਏ ਚਿਤ ਆਕੁਲਾਇ ॥੨੦॥

ਤੋਤਲੇ ਬਚਨ ਸੁਣ ਸੁਣ ਤ੍ਰਿਪੰਤ ਨਹੀਂ ਹੁੰਦੇ, ਬਾਰ-ਬਾਰ ਸੁੰਦਰ ਬਚਨ ਬੁਲਵਾਉਂਦੇ ਹਨ। ਚੰਦ ਵਰਗਾ ਮੁਖੜਾ ਵੇਖ-ਵੇਖ ਰੱਜਦੀ ਨਹੀਂ। ਜਦ ਪਿਤਾ ਜੀ ਦੇ ਪਾਸ ਜਾਂਦੇ ਹਨ, ਤਾਂ ਵਿਆਕੁਲ ਹੋ ਜਾਂਦੀ ਹੈ॥ ੨੦॥

ਬਹੁ ਬਾਰ ਪਠਾਵਤਿ ਨਿਕਟਿ ਦਾਸ। ਸੁਧਿ ਸੁਨਤਿ ਪੁਨਹਿ ਪੁਨ ਲਜਾਇ ਪਾਸ।
ਜਿਮ ਧੇਨੁ ਵਤਸ ਲਘੁ ਨਹਿੰ ਤਜੰਤਿ। ਤਿਮਿ ਮਹਾਂ ਪ੍ਰੀਤਿ ਦਿਨ ਦਿਨ ਬਿਧੰਤਿ ॥੨੧॥

ਬਹੁਤ ਵਾਰ ਸੇਵਕਾਂ ਨੂੰ ਪਾਸ ਭੇਜਦੀ ਹੈ, ਖਬਰ ਸੁਣ ਕੇ ਉਹ ਦੁਬਾਰਾ ਪਾਸ ਲਿਆਉਂਦੇ ਹਨ। ਜਿਵੇਂ ਗਾਂ ਛੋਟੇ ਵੱਛੇ ਨੂੰ ਨਹੀਂ ਛੱਡਦੀ ਹੈ, ਉਸ ਤਰ੍ਹਾਂ ਮਹਾਂ ਪ੍ਰੀਤ ਦਿਨ-ਬਦਿਨ ਵਧ ਰਹੀ ਹੈ॥ ੨੧॥

ਤਜਿ ਮਾਤ ਗੋਦ ਕੋ ਨਿਕਸਿ ਧਾਇਂ। ਤਬਿ ਅਲੰਕਾਰ ਮ੍ਰਿਦੁ ਧੁਨਿ ਉਠਾਇਂ।
ਪਗ ਨੂਪਰ ਭੂ ਪਰ ਚਲਤਿ ਬਾਜ। ਕਟਿ ਕਿੰਕਨਿ ਕੰਚਨ ਬਰ ਬਿਰਾਜ ॥੨੨॥

ਜਦ ਮਾਤਾ ਜੀ ਦੀ ਗੋਦ ਛੱਡ ਕੇ ਭੱਜਦੇ ਹਨ ਤਦ ਪਹਿਣੇ ਹੋਏ ਗਹਿਣੇ ਮਿੱਠੀ ਧੁਨ ਪੈਦਾ ਕਰਦੇ ਹਨ। ਧਰਤੀ ਦੇ ਚੱਲਣ ਨਾਲ ਪੈਰਾਂ ਦੀਆਂ ਝਾਂਜਰਾਂ ਖੜਕਦੀਆਂ ਹਨ, ਲੱਕ ਨਾਲ ਸੋਨੇ ਦੀ ਬੱਧੀ ਘੁੰਗਰੂਆਂ ਵਾਲੀ ਤੜਾਗੀ ਬੜੀ ਸੁੰਦਰ ਲੱਗਦੀ ਹੈ॥ ੨੨॥

ਹੀਰਨਿ ਜਰਾਉ ਕਰ ਕਟਕ ਸ਼ੋਭ। ਦੁਤਿ ਦੇਖਿ ਰੁਚਿਰ ਕਿਸ ਕੇ ਨ ਲੋਭ।
ਬਿਚ ਅਜਰ ਚਾਰੁ ਦੌਰਤਿ ਫਿਰੰਤਿ। ਸਿਰ ਸੀਸ ਫੂਲ ਸੁੰਦਰ ਸੁਭੰਤਿ ॥੨੩॥

ਹੀਰਿਆਂ ਨਾਲ ਜੜੇ ਹੱਥ ਦੇ ਕੜੇ ਬੜੇ ਸ਼ੋਭਨੀਕ ਲੱਗਦੇ ਹਨ, ਸੁੰਦਰ ਸਰੂਪ ਵੇਖ ਕੇ ਕਿਸ ਦਾ ਮਨ ਵੇਖਣ ਨੂੰ ਲੁਭਾਇਮਾਨ ਨਹੀਂ ਹੁੰਦਾ ? ਵਿਹੜੇ ਵਿਚ ਦੌੜਦੇ ਫਿਰਦੇ ਹਨ ਅਤੇ ਸਿਰ ਤੇ ਸੀਸਫੂਲ ਬੜਾ ਫੱਬਦਾ ਹੈ॥ ੨੩॥

ਸੂਖਮ ਸੁ ਚੀਰ ਗਰ ਪੀਤ ਰੰਗ। ਗੋਟਾ ਸੁ ਲਾਗ ਸਭਿ ਕੋਰ ਸੰਗ।
ਚਮਕਹਿਂ ਸੁ ਫੂਲ ਤਿਸ ਕੇ ਬਨਾਇ। ਗਰ ਕੰਧ ਜੁਗਲ ਪਰ ਬਹੁ ਸੁਹਾਇ ॥੨੪॥

ਗਲ ਵਿਚ ਪੀਲੇ ਰੰਗ ਦੇ ਕੋਮਲ ਕਪੜੇ ਪਾਉਂਦੇ ਹਨ, ਸਾਰੇ ਕਪੜਿਆਂ ਨੂੰ ਗੋਟਾ ਲੱਗਾ ਹੁੰਦਾ ਹੈ। ਗੋਟੇ ਦੇ ਬਣੇ ਫੁਲ ਬੜੇ ਚਮਕਦੇ ਹਨ, ਗਲੇ ਤੇ ਦੋਹਾਂ ਮੋਢਿਆਂ ਤੇ ਬੜੇ ਸੁਹਾਵਣੇ ਲੱਗਦੇ ਹਨ॥ ੨੪॥

ਮਧੁਰੇ ਸੁਬੋਲ ਕ੍ਰੀੜਾ ਕਰੰਤਿ। ਜੋ ਕਰਹਿ ਦਰਸ ਉਰ ਮੁਦ ਧਰੰਤਿ।
ਤਨ ਗੌਰ ਰੰਗ ਲੋਚਨ ਬਿਸ਼ਾਲ। ਅਰਬਿੰਦ ਪਾਂਖਰੀ ਸੇਤ ਲਾਲ॥ ੨੫॥

ਮਿੱਠੇ ਸ੍ਰੇਸ਼ਟ ਸ਼ਬਦ ਬੋਲ ਕੇ ਖੇਡਾਂ ਖੇਡਦੇ ਹਨ, ਜਿਹੜਾ ਵੀ ਦਰਸ਼ਨ ਕਰਦਾ ਹੈ, ਹਿਰਦੇ ਵਿਚ ਪ੍ਰਸੰਨਤਾ ਧਾਰਨ ਕਰਦਾ ਹੈ। ਸਰੀਰ ਦਾ ਰੰਗ ਗੋਰਾ ਹੈ ਅਤੇ ਨੈਣ ਵੱਡੇ-ਵੱਡੇ ਹਨ, ਜਿਹੜੇ ਕੰਵਲ ਦੀਆਂ ਪੰਖੜੀਆਂ ਵਾਂਗ ਚਿੱਟੇ ਅਤੇ ਲਾਲ ਹਨ॥ ੨੫॥

ਭੁਜ ਹੈਂ ਪ੍ਰਲੰਬ ਕੰਧੇ ਉਤੰਗ। ਬਰ ਸੁਮਿਲ ਆਂਗੁਰੀ ਨਖ ਸੁਰੰਗ।
ਮੁਖ ਮੰਡਲ ਪਰ ਕੁੰਡਲ ਝੁਲੰਤਿ। ਸੁੰਦਰ ਸੁ ਕੇਸ ਮੇਚਕ ਸੁਭੰਤਿ॥ ੨੬॥

ਬਾਹਾਂ ਲੰਮੀਆਂ ਹਨ ਅਤੇ ਮੋਢੇ ਉੱਚੇ ਹਨ, ਸ੍ਰੇਸ਼ਟ ਲੰਮੀਆਂ ਉਂਗਲੀਆਂ ਹਨ, ਜਿਨ੍ਹਾਂ ਦੇ ਨੌਹ ਲਾਲ ਹਨ। ਚਿਹਰੇ ਉਤੇ ਵਾਲਾਂ ਦੇ ਕੁੰਡਲ ਲਮਕਦੇ ਹਨ, ਸੁੰਦਰ ਕਾਲੇ ਕੇਸ ਬਹੁਤ ਸ਼ੋਭਾ ਪਾ ਰਹੇ ਹਨ॥ ੨੬॥

Sri Satguru Jagjit Singh Ji eLlibrary NamdhariElibrary@gmail.com

ਨਿਤ ਪ੍ਰੀਤਿ ਨਵੀਨ ਇਮ ਹੈ ਅਨੰਦ। ਬਿਤ ਗਏ ਦਦੋਸ ਤਨ ਹੈ ਬਿਲੰਦ।
ਜਬਿ ਭਏ ਬਰਖ ਪੰਚੈ ਬਿਤੀਤ। ਕ੍ਰੀੜਤਿ ਬਿਸਾਲ ਹਰਖੰਤਿ ਚੀਤ॥ ੨੭॥

ਨਿੱਤ ਨਵੀਂ ਪ੍ਰੀਤ ਇਸ ਤਰ੍ਹਾਂ ਅਨੰਦ ਦਿੰਦੀ ਹੈ, ਕਈ ਦਿਨ ਬੀਤ ਗਏ ਤਾਂ ਸਰੀਰ ਬਹੁਤ ਉੱਚਾ ਹੋ ਗਿਆ। ਜਦ ਪੰਜ ਸਾਲ ਬਤੀਤ ਕੀਤੇ ਤਾਂ ਖੇਡਾਂ ਖੇਡ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਹਨ॥ ੨੭॥

ਇਕ ਦਿਨ ਚਢ੍ਯੋ ਸੁ ਜੂਰ ਹਰਿ ਗੋਵਿੰਦ। ਤਬਿ ਰਹੇ ਪੌਢਿ ਚਿਤ ਮਾਤ ਚਿੰਦ।
ਪੁਨਿ ਦਿਵਸ ਤੀਸਰੇ ਭੀ ਦਿਖਾਇ। ਜਿਹ ਨਾਮ ਸੀਤਲਾ ਜਗਤ ਗਾਇ॥੨੮॥

ਇਕ ਦਿਨ ਸ੍ਰੀ ਹਰਿਗੋਬਿੰਦ ਨੂੰ ਬੁਖਾਰ ਚੜ੍ਹ ਗਿਆ, ਜਦ ਲੰਮੇ ਪਏ ਰਹੇ ਤਾਂ ਮਾਤਾ ਜੀ ਨੂੰ ਬਹੁਤ ਚਿੰਤਾ ਹੋ ਗਈ। ਫਿਰ ਤੀਸਰੇ ਦਿਨ ਜਿਸ ਨੂੰ ਜੱਗ ਵਿਚ ਚੀਚਕ ਦੀ ਬੀਮਾਰੀ ਕਹਿੰਦੇ ਹਨ, ਦਿਖਾਈ ਦਿੱਤੀ॥ ੨੮॥

ਬਹੁ ਸਘਨ ਨਿਕਸਿ ਬਿਸਫੋਟ ਬਿੰਦ। ਕੋ ਦਿਖੰਤਿ ਛੋਟ ਕੋ ਹੈ ਬਿਲੰਦ।
ਇਕ ਬਾਰ ਸਰਬ ਭਾ ਤਨ ਸੁਲਾਲ। ਨਹਿਂ ਛੂਛ ਥਾਨ ਕੀਨੇ ਬਿਹਾਲ॥੨੯॥

ਬਹੁਤ ਸੰਘਣੀਆਂ ਫਿਮਣੀਆਂ ਨਿਕਲ ਆਈਆਂ, ਕੋਈ ਛੋਟੀ ਦਿਸਦੀ ਸੀ ਤੇ ਕੋਈ ਵੱਡੀ ਲੱਗਦੀ ਸੀ, ਇਕ ਵਾਰ ਸਾਰਾ ਸਰੀਰ ਲਾਲ ਹੋ ਗਿਆ। ਕੋਈ ਵੀ ਥਾਂ ਖਾਲੀ ਨਾ ਰਿਹਾ, ਜਿਸ ਨੇ ਬਹੁਤ ਦੁਖੀ ਕੀਤਾ॥ ੨੯॥

ਪੌਢੇ ਪ੍ਰਯੰਕ ਪਰ ਦਿਵਸੁ ਰਾਤਿ। ਬਿਸਫੋਟ ਸਘਨ ਤੇ ਸੋਜ ਗਾਤ।
ਕਰ ਚਰਨ ਤਰਵ ਪਰ ਜੀਹ ਮਾਂਹਿ। ਸਘਨੀ ਘਨੀ ਸੁ ਖਰ ਚੁੰਚ ਜਾਂਹਿ॥੩੦॥

ਦਿਨ ਰਾਤ ਪਲੰਘ ਤੇ ਪਏ ਰਹਿੰਦੇ ਹਨ, ਫਿਮਣੀਆਂ ਕਾਰਨ ਸਰੀਰ ਤੇ ਸੋਜ ਹੋ ਗਈ ਹੈ। ਹੱਥ, ਪੈਰਾਂ ਦੀਆਂ ਤਲੀਆਂ ਅਤੇ ਜੀਭ ਉਤੇ ਵੀ ਫਿਮਣੀਆਂ ਨਿਕਲ ਆਈਆਂ ਹਨ। ਸਾਰੀਆਂ ਬੜੀਆਂ ਸੰਘਣੀਆਂ ਹਨ, ਜਿਨ੍ਹਾਂ ਦੀਆਂ ਨੋਕਾਂ ਤਿੱਖੀਆਂ ਅਤੇ ਲਾਲ ਹਨ॥ ੩੦॥

ਲੋਚਨ ਦੁ ਬੀਚ ਮੀਚੇ ਗਏ ਸੁ। ਉਘਰੰਤਿ ਨਹੀਂ ਦਿਖਿਯਤਿ ਨ ਲੇਸ਼।
ਰਹਿ ਬੈਠ ਨਿਕਟ ਤਜਿ ਧੀਰ ਗੰਗ। ਬਹੁ ਬਾਰਿ ਪੁੱਤ੍ਰ ਕੇ ਦਿਖਤਿ ਅੰਗ॥੩੧॥

ਦੋਵੇਂ ਸ੍ਰੇਸ਼ਟ ਨੈਣ ਮੀਟੇ ਗਏ, ਉਘੜਦੇ ਨਹੀਂ ਹਨ ਅਤੇ ਕੁਝ ਵੀ ਦਿਖਾਈ ਨਹੀਂ ਦਿੰਦਾ ਹੈ। ਮਾਤਾ ਗੰਗਾ ਜੀ ਧੀਰਜ ਛੱਡ ਕੇ ਪਾਸ ਬੈਠੇ ਰਹਿੰਦੇ ਹਨ, ਬਹੁਤ ਵਾਰ ਪੁੱਤਰ ਦੇ ਅੰਗਾਂ ਨੂੰ ਵੇਖਦੇ ਹਨ॥ ੩੧॥

ਜਿਮ ਹੋਵੈ ਸਾਗਰ ਮਹਿਂ ਜਹਾਜ। ਕਿਹ ਲਾਦ ਲੀਨਿ ਸਭਿ ਘਰ ਸਮਾਜ।
ਬਹਿ ਬਾਯੁ ਕੁਫੇਰੀ ਹੇਰਿ ਤਾਂਹਿ। ਇਕ ਪ੍ਰਭੁ ਆਸ ਤਿਮ ਚਿੰਤ ਮਾਂਹਿ॥ ੩੨॥

ਜਿਵੇਂ ਸਾਗਰ ਵਿਚ ਜਹਾਜ਼ ਹੋਵੇ ਤੇ ਉਸ ਉਤੇ ਸਾਰਾ ਸਾਮਾਨ ਲੱਦ ਲਿਆ ਹੋਵੇ, ਬਹੁਤ ਹਵਾ ਅਤੇ ਘੁੰਮਣਘੇਰੀ ਵੇਖ ਕੇ ਮਨ ਵਿਚ ਕੇਵਲ ਇਕ ਪ੍ਰਭੂ ਦੀ ਆਸ ਹੁੰਦੀ ਹੈ, ਇਸ ਤਰ੍ਹਾਂ ਮਾਤਾ ਗੰਗਾ ਜੀ ਚਿੰਤਾ ਵਿਚ ਸਨ॥ ੩੨॥

ਬਹੁ ਡਰਤਿ ਰਿਦੇ ਚਿੰਤਾ ਬਿਲੰਦ। 'ਮਮ ਪੁੱਤ੍ਰ ਏਕ ਜਨੁ ਚਾਰੁ ਚੰਦ।
ਹੈ ਜਿਤਕ ਹਮਾਰੋ ਗਨ ਕੁਟੰਬ। ਪ੍ਰਿਯ ਸਭਿਨਿ ਰਿਦੇ ਇਕ ਇਹ ਅਲੰਬ॥੩੩॥

ਮਾਤਾ ਜੀ ਬਹੁਤ ਡਰਦੇ ਸਨ ਤੇ ਹਿਰਦੇ ਵਿਚ ਭਾਰੀ ਚਿੰਤਾ ਹੈ, ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ, "ਮੇਰਾ ਪੁੱਤਰ ਮਾਨੋਂ ਇਕ ਸੁੰਦਰ ਚੰਦ ਹੈ, ਸਾਡਾ ਜਿੰਨਾ ਵੀ ਪਰਿਵਾਰ ਹੈ, ਸਾਰਿਆਂ ਨੂੰ ਇਹ ਬਹੁਤ ਪਿਆਰਾ ਹੈ ਅਤੇ ਸਾਡਾ ਇਕ ਆਸਰਾ ਹੈ॥ ੩੩॥

ਜਿਮ ਕ੍ਰਿਪਨ ਜਤਨ ਕਰਿ ਧਨ ਉਪਾਇ। ਤਿਮ ਅਧਿਕ ਚਾਹ ਤੇ ਨੰਦ ਪਾਇ।
ਪ੍ਰਭੁ ਪਾਰਬ੍ਰਹਮ ਰੱਛਕ ਅਕਾਲ। ਅਬਿ ਹੁਇਂ ਸਹਾਇ ਮੁਝ ਪਰ ਕ੍ਰਿਪਾਲ ॥੩੪॥

ਜਿਵੇਂ ਕੰਜੂਸ ਨੂੰ ਬਹੁਤ ਯਤਨਾਂ ਬਾਅਦ ਧਨ ਮਿਲਿਆ ਹੋਵੇ, ਅਸੀਂ ਬਹੁਤ ਚਾਹਤ ਨਾਲ ਆਪਣੇ ਪੁੱਤਰ ਨੂੰ ਪਾਇਆ ਹੈ। ਪ੍ਰਭੂ ਪਾਰਬ੍ਰਹਮ ਅਕਾਲ ਪੁਰਖ ਇਸ ਦੇ ਰਖਵਾਲੇ ਹਨ। ਹੇ ਕ੍ਰਿਪਾਲੂ ਪ੍ਰਭੂ ਜੀ ਹੁਣ ਮੇਰੀ ਸਹਾਇਤਾ ਕਰੋ॥ ੩੪॥

ਗੁਰ ਨਾਨਕ ਜਿਸ ਨਿਜ ਦਾਸ ਜਾਨ। ਹੋਵਹੁ ਸਹਾਇ ਸਭਿ ਕਸ਼ਟ ਹਾਨਿ।
ਸ਼ੁਭ ਰਹੋ ਚਾਰੁ ਲੋਚਨ ਬਿਸਾਲ। ਨਹਿਂ ਅੰਗ ਭੰਗ ਕੀਜਹਿ ਕ੍ਰਿਪਾਲ! ॥੩੫॥

ਗੁਰੂ ਨਾਨਕ ਦੇਵ ਜੀ ਦੇ ਸਿੱਖ ਨੂੰ ਆਪਣਾ ਦਾਸ ਜਾਣੋ, ਸਹਾਇਕ ਹੋ ਕੇ ਇਸ ਦੇ ਸਾਰੇ ਦੁੱਖ ਦੂਰ ਕਰੋ। ਸੁੰਦਰ ਵਿਸ਼ਾਲ ਨੈਣ ਠੀਕ ਠਾਕ ਰਹਿਣ, ਹੇ ਕ੍ਰਿਪਾਲੂ ਕੋਈ ਅੰਗ ਵੀ ਭੰਗ ਨਾ ਕਰੇ॥ ੩੫॥

ਹੁਇ ਮਾਤ ਸੀਤਲਾ ਬਹੁ ਪ੍ਰਸੰਨ। ਮਮ ਪੁੱਤ੍ਰ ਰੱਛ ਹੋ ਸੁਖ ਸਪੰਨ'।
ਇਮ ਕਰਤਿ ਬੇਨਤੀ ਗੰਗ ਮਾਤ। ਦਿਨ ਲਘੁ ਅਹਾਰ ਨਹਿਂ ਸੁਪਤਿ ਰਾਤਿ॥ ੩੬॥

ਮਾਤਾ ਸੀਤਲਾ ਬਹੁਤ ਪ੍ਰਸੰਨ ਹੋਵੇ ਤੇ ਮੇਰੇ ਪੁੱਤਰ ਦੀ ਰਖਿਆ ਕਰਕੇ ਸੁਖ ਸ਼ਾਂਤੀ ਬਖਸ਼ੇ" ਇਸ ਤਰ੍ਹਾਂ ਮਾਤਾ ਗੰਗਾ ਜੀ ਬੇਨਤੀ ਕਰਦੀ ਹੈ। ਦਿਨੇ ਬਹੁਤ ਥੋੜ੍ਹਾ ਭੋਜਨ ਖਾਂਦੇ ਹਨ ਤੇ ਰਾਤ ਸੌਂਦੇ ਨਹੀਂ ਹਨ॥ ੩੬॥

ਚਿੰਤਾ ਬਿਲੰਦ ਜਿਸ ਕੇ ਰਹੰਤਿ। ਬਹੁ ਕਸ਼ਟ ਪੁੱਤ੍ਰ ਕੇ ਤਨ ਲਹੰਤਿ।
ਜੋ ਪ੍ਰਭੁ ਆਪ ਸਭਿ ਦੁਖਨਿ ਖੋਇ। ਤਿਸ ਦੇਹਿ ਕਸ਼ਟ ਅਸ ਹੈ ਨ ਕੋਇ॥੩੭॥

ਜਿਸ ਨੂੰ ਬਹੁਤ ਵੱਡੀ ਚਿੰਤਾ ਰਹਿੰਦੀ ਹੈ, ਪੁੱਤਰ ਦੇ ਸਰੀਰ ਉਤੇ ਬਹੁਤ ਆਏ ਕਸ਼ਟ ਨੂੰ ਵੇਖ ਰਹੀ ਹੈ। ਜੋ ਪ੍ਰਭੂ ਆਪ ਸਭ ਦੇ ਦੁਖ ਦੂਰ ਕਰਦੇ ਹਨ, ਉਸ ਦੇ ਸਰੀਰ ਤੇ ਐਸਾ ਕਸ਼ਟ ਹੋਵੇ ਇਹ ਕਦੀ ਹੋ ਨਹੀਂ ਸਕਦਾ॥ ੩੭॥

ਤੱਦਪਿ ਜੁ ਧਰਜੋ ਮਾਨੁਖ ਸਰੀਰ। ਅਨੁਸਾਰਿ ਤਾਂਹਿ ਵਰਤਹਿ ਸੁ ਧੀਰ।
ਦਿਨ ਤੀਨ ਬਿਤੇ ਨਿਕਸੀ ਜੁ ਬ੍ਰਿੰਦ। ਸਭਿ ਭਰੀ,ਊਚ ਹ੍ਵੈ ਕਰਿ ਬਿਲੰਦ॥੩੮॥

ਤਦ ਵੀ ਜੋ ਮਨੁੱਖਾ ਸਰੀਰ ਧਾਰਨ ਕੀਤਾ ਹੈ, ਉਸ ਅਨੁਸਾਰ ਧੀਰਜ ਵਰਤਦੇ ਹਨ। ਜਦ ਤਿੰਨ ਦਿਨ ਬੀਤੇ ਤਾਂ ਜਿਹੜੀਆਂ ਫਿਮਣੀਆਂ ਨਿਕਲੀਆਂ ਸਨ, ਉਹ ਉਚੀਆਂ ਹੋ ਕੇ ਸਭ ਭਰ ਗਈਆਂ॥ ੩੮॥

ਦੋਹਰਾ- ਇਸ ਪ੍ਰਕਾਰ ਪਰਿਵਾਰ ਸਭਿ ਚਿੰਤਾ ਧਰਤਿ ਉਦਾਸ।
ਨਿਸ ਦਿਨ ਪ੍ਰਭੁ ਅਰਾਧਤੇ 'ਸੰਕਟ ਹੋਹਿਂ ਬਿਨਾਸ਼' ॥ ੩੯॥

ਇਸ ਪ੍ਰਕਾਰ ਸਾਰਾ ਪਰਿਵਾਰ ਚਿੰਤਾ ਧਾਰਨ ਕਰਕੇ ਉਦਾਸ ਹੋ ਗਿਆ। ਦਿਨ ਰਾਤ ਪ੍ਰਭੂ ਦੀ ਆਰਾਧਨਾ ਕਰਦੇ ਹਨ ਅਤੇ ਬੇਨਤੀ ਕਰਦੇ ਸਨ, "ਸੰਕਟ ਦੂਰ ਹੋ ਜਾਵੇ"॥ ੩੯॥

*ਤੀਸਰੀ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥*

❖❖❖

# ਅਧਿਆਇ ਤੇਰ੍ਹਵਾਂ

### *ਪ੍ਰਿਥੀਏ ਦੀ ਝੂਠੀ ਗੋਂਦ, ਸਤਿਗੁਰਾਂ ਤੇ ਭਰੋਸਾ ਰੱਖਣ੍ ਤੇ ਸੀਤਲਾ ਮੁੜੀ*

*ਦੋਹਰਾ*-ਇਤ ਕੁਟੰਬ ਸਭਿ ਚਿੰਤ ਜੁਤ ਮਹਾਂਦੇਵ ਤੇ ਆਦਿ।
ਚਿਤ ਚਾਹਤਿ ਹੁਇ ਕੁਸ਼ਲ ਤਨ ਪੁਨਹਿਂ ਪਿਖੈਂ ਅਹਿਲਾਦ ॥੧॥

ਇਸ ਤਰ੍ਹਾਂ ਮਹਾਂਦੇਵ ਆਦਿ ਸਮੇਤ ਸਾਰਾ ਪਰਿਵਾਰ ਚਿੰਤਾ ਵਿਚ ਡੁੱਬਾ ਸੀ, ਸਾਰੇ ਦਿਲ ਵਿਚ ਚਾਹੁੰਦੇ ਸਨ ਕਿ ਪੁੱਤਰ ਦਾ ਸਰੀਰ ਰਾਜ਼ੀ ਹੋ ਜਾਵੇ ਤੇ ਫਿਰ ਅਨੰਦ ਮੰਗਲ ਵੇਖੀਏ॥ ੧॥

*ਪਾਧੜੀ ਛੰਦ*- ਉਤ ਪ੍ਰਿਥੀਆ ਰਿਦੈ ਅਨੰਦ ਧਾਰਿ। ਕਰਮੋ ਸਮੀਪ ਬਾਕਨਿ ਉਚਾਰਿ।
'ਅਬਿ ਹੇਰਿ ਭਯੋ ਜਿਮ ਤਿਨਹੁਂ ਨੰਦ। ਨਹਿ ਜਿਯਨ ਆਸ, ਸ਼ੋਕਤਿ ਬਿਲੰਦ ॥੨॥

ਓਧਰ ਪ੍ਰਿਥੀਏ ਨੇ ਹਿਰਦੇ ਵਿਚ ਬੜਾ ਅਨੰਦ ਧਾਰਨ ਕੀਤਾ ਸੀ, ਕਰਮੋ ਦੇ ਪਾਸ ਜਾ ਕੇ ਉਸ ਨੇ ਕਿਹਾ, "ਹੁਣ ਤੂੰ ਵੇਖ ਰਹੀ ਹੈਂ ਜਿਵੇਂ ਉਨ੍ਹਾਂ ਦੇ ਪੁੱਤ ਦਾ ਹਾਲ ਹੈ, ਹੁਣ ਜੀਉਣ ਦੀ ਕੋਈ ਆਸ ਨਹੀਂ, ਬਹੁਤ ਦੁਖੀ ਹਨ॥ ੨॥

ਸਤਿ ਬਾਕ ਮੋਰ ਅਜਹੂੰ ਨ ਜਾਨਿ। ਜਿਮ ਕਹਜੋ ਪ੍ਰਥਮ ਮੈਂ ਕੋਪ ਠਾਨਿ।
ਤਿਮ ਭਈ ਸੀਤਲਾ ਨਿਕਸਿ ਭੂਰ। ਅਬਿ ਹੋਇ ਮ੍ਰਿਤੁ ਤਿਸ ਕੀ ਜ਼ਰੂਰ ॥ ੩॥

ਮੇਰੇ ਸੱਚੇ ਬਚਨਾਂ ਨੂੰ ਹਾਲੇ ਵੀ ਨਹੀਂ ਜਾਣਦੀ? ਜਿਵੇਂ ਮੈਂ ਪਹਿਲਾਂ ਗੁੱਸੇ ਵਿਚ ਆ ਕੇ ਕਿਹਾ ਸੀ, ਉਸ ਤਰ੍ਹਾਂ ਹੀ ਬਹੁਤ ਸੀਤਲਾ ਨਿਕਲੀ ਹੈ, ਹੁਣ ਉਸ ਦੀ ਜ਼ਰੂਰ ਮੌਤ ਹੋ ਜਾਵੇਗੀ॥ ੩॥

ਮੈਂ ਕਈ ਬਾਰ ਲੀਨੋ ਪਤਜਾਇ। ਮੁਖ ਕਹੌਂ ਬਾਕ ਨਹਿਂ ਨਿਫਲ ਜਾਇ।
ਬਲ ਕਰਾਮਾਤ ਕੋ ਮੋਹਿ ਮਾਂਹਿ। ਅਰਜਨ ਲਖੈ ਇਕ, ਔਰ ਨਾਂਹਿ॥ ੪॥

ਮੈਂ ਕਈ ਵਾਰ ਪਰਤਾਵਾ ਲਿਆ ਹੈ ਕਿ ਮੇਰਾ ਕਿਹਾ ਵਾਕ ਕਦੇ ਵੀ ਵਿਅਰਥ ਨਹੀਂ ਜਾਂਦਾ ਹੈ। ਮੇਰੇ ਵਿਚ ਕਰਾਮਾਤ ਦੀ ਤਾਕਤ ਹੈ, ਇਹ ਕੇਵਲ ਗੁਰੂ ਅਰਜਨ ਦੇਵ ਜੀ ਜਾਣਦਾ ਹੈ, ਹੋਰ ਕੋਈ ਨਹੀਂ ਸਮਝਦਾ॥ ੪॥

ਸੋ ਡਰਤਿ ਰਹਤਿ ਮੋ ਤੇ ਬਿਸਾਲ। ਪਦ ਕਰਹਿ ਬੰਦਨਾ ਮਿਲਿਨਿ ਕਾਲ।
ਨਹਿਂ ਮਹਾਂਦੇਵ ਤੇ ਭੈ ਕਰੰਤਿ। ਭੋਰਾ ਸੁਭਾਉ ਨਹਿਂ ਕੁਛ ਬੁਲੰਤਿ॥ ੫॥

ਇਸ ਕਰਕੇ ਉਹ ਮੈਥੋਂ ਬਹੁਤ ਡਰਦਾ ਹੈ, ਜਦ ਵੀ ਮੈਨੂੰ ਮਿਲਦਾ ਹੈ ਤਾਂ ਮੇਰੇ ਚਰਨਾਂ 'ਤੇ ਬੰਦਨਾ ਕਰਦਾ ਹੈ। ਮਹਾਂਦੇਵ ਤੋਂ ਨਹੀਂ ਡਰਦਾ, ਭੋਲਾ ਸੁਭਾਅ ਹੋਣ ਕਰਕੇ ਉਹ ਕੁਝ ਬੋਲਦਾ ਨਹੀਂ ਹੈ॥ ੫॥

ਸੁਤ ਮਰੇ ਪਿਛਾਰੀ ਬਨਹਿ ਦੀਨ। ਪੁਨ ਨਹੀਂ ਨਿਪਜਿ ਹੈ ਆਸ ਹੀਨ।
ਸੁਨਿ ਕੰਤ ਬੈਨ ਕਰਮੋ ਸੁ ਚੈਨ। ਉਰ ਹਰਖ ਧਾਰਿ ਪਰਫੁੱਲਜ ਨੈਨ॥ ੬॥

ਪੁੱਤਰ ਮਰਨ ਤੋਂ ਬਾਅਦ ਦੀਨ ਬਣ ਜਾਵੇਗਾ, ਫਿਰ ਪੁੱਤਰ ਪੈਦਾ ਨਹੀਂ ਹੋਵੇਗਾ ਤੇ ਆਸ-ਹੀਣ ਰਹੇਗਾ।" ਆਪਣੇ ਪਤੀ ਦੇ ਇਹ ਬੋਲ ਸੁਣ ਕੇ ਕਰਮੋ ਨੂੰ ਚੈਨ ਆਇਆ। ਹਿਰਦੇ ਵਿਚ ਪ੍ਰਸੰਨ ਹੋ ਗਈ ਤੇ ਨੈਣ ਖਿੜ ਗਏ॥ ੬॥

Sri Satguru Jagjit Singh Ji eLlibrary NamdhariElibrary@gmail.com

'ਇਮ ਬਚਨ ਸਾਚ ਤੁਮਰੋ ਜਿ ਹੋਇ। ਇਸ ਸਮ ਉਛਾਹ ਨਹਿੰ ਅਪਰ ਕੋਇ।
ਜਿਸ ਨਿਕਟਿ ਬੀਸ ਦਸ ਗ੍ਰਾਮ ਰਾਜ। ਬਡ ਹੋਇ ਖਰਚ ਤੁਟਜੋ ਸਮਾਜ॥੭॥

ਇਸ ਤਰ੍ਹਾਂ ਜੇ ਤੁਹਾਡਾ ਬਚਨ ਸੱਚਾ ਹੋ ਜਾਵੇ, ਇਸ ਬਰਾਬਰ ਹੋਰ ਕੋਈ ਖੁਸ਼ੀ ਦੀ ਗੱਲ ਨਹੀਂ ਹੈ। ਜਿਸ ਪਾਸ ਦਸਾਂ ਵੀਹਾਂ ਪਿੰਡਾਂ ਦਾ ਰਾਜ ਹੋਵੇ, ਖਰਚਾ ਵੱਡਾ ਹੋਵੇ ਤੇ ਸਾਜ਼-ਸਾਮਾਨ ਵੀ ਟੁੱਟਿਆ ਹੋਵੇ॥ ੭॥

ਤਿਸ ਢਿਗ ਅਚਾਨਕੈ ਬਨਿ ਸੁ ਜਾਇ। ਸਭਿ ਚੱਕ੍ਰਵਰਤਿ ਕੋ ਰਾਜ ਪਾਇ।
ਇਸ ਬਿਧਿ ਉਛਾਹ ਹਮਰੇ ਸੁ ਹੋਇ। ਗੁਰਤਾ ਸੁ ਪਾਇ ਹਮ ਬੰਸ ਜੋਇ॥੮॥

ਉਸ ਪਾਸ ਜੇ ਅਚਾਨਕ ਐਸੀ ਵਾਰਤਾ ਬਣ ਜਾਵੇ ਕਿ ਉਹ ਸਭ ਸ੍ਰਿਸ਼ਟੀ ਦਾ ਰਾਜ ਪਾ ਲਵੇ। ਇਸ ਪ੍ਰਕਾਰ ਸਾਨੂੰ ਫਿਰ ਪ੍ਰਸੰਨਤਾ ਹੋਵੇਗੀ, ਸਾਡਾ ਵੰਸ਼ ਜੇ ਗੁਰਤਾ ਪਾ ਲਵੇ॥ ੮॥

ਸੰਮਤ ਹਜ਼ਾਰ ਲਗ ਹੋਹਿਂ ਪੂਜ। ਜਗ ਜਿਹ ਸਮਾਨ ਨਹਿੰ ਔਰ ਦੂਜ।
ਪੂਜੰਤਿ ਪਾਇ ਬਨਿ ਸਿੱਖਜ ਬ੍ਰਿੰਦ। ਬੰਦੈਂ ਅਨੰਦ ਚੰਦਹਿ ਮਨਿੰਦ'॥੯॥

ਹਜ਼ਾਰਾਂ ਸਾਲਾਂ ਤਕ ਸਾਡੀ ਪੂਜਾ ਹੋਵੇਗੀ, ਜੱਗ ਵਿਚ ਸਾਡੇ ਵਰਗਾ ਹੋਰ ਕੋਈ ਦੂਜਾ ਨਹੀਂ ਹੋਵੇਗਾ। ਬਹੁਤ ਲੋਕ ਸਿੱਖ ਬਣ ਕੇ ਸਾਡੀ ਪੂਜਾ ਕਰਨਗੇ, ਚੰਦਰਮਾਂ ਵਾਂਗੂੰ ਨਮਸਕਾਰ ਕਰ ਕੇ ਅਨੰਦਿਤ ਹੋਣਗੇ॥ ੯॥

ਇਮ ਚਿਤਹਿਂ ਪਾਪ 'ਕਿਮ ਹੁਇ ਅਨਰਥ'। ਜਿਨ ਕੇਰ ਠਟਨ ਸਭਿ ਹ੍ਵੈ ਬਿਅਰਥ॥
ਬਡ ਪ੍ਰੀਤਿ ਪਾਪ ਸੋਂ ਦਿਵਸ ਰੈਨ। ਪਰ ਹੈ ਸੁ ਨਰਕ ਇਮ ਜਾਨਿ ਭੈ ਨ॥੧੦॥

ਇਸ ਤਰ੍ਹਾਂ ਪਾਪ ਬਾਰੇ ਸੋਚਦੀ ਹੈ ਕਿ ਕਿਵੇਂ ਅਨਰਥ ਹੋਵੇ ? ਜਿਸ ਪ੍ਰਿਥੀਏ ਦੇ ਸੋਚੇ ਹੋਏ ਸਾਰੇ ਵਿਚਾਰ ਵਿਅਰਥ ਹੋਣੇ ਹਨ। ਪਾਪ ਨੂੰ ਰਾਤ ਦਿਨ ਬਹੁਤ ਪਿਆਰ ਕਰਦੇ ਹਨ, ਜਿਹੜੇ ਇਸ ਤਰ੍ਹਾਂ ਕਰਨ ਵਿਚ ਭੈ ਨਹੀਂ ਜਾਣਦੇ, ਉਹ ਨਰਕ ਵਿਚ ਪੈਣਗੇ॥ ੧੦॥

ਇਨ ਕੇ ਅਨੰਦ ਦੁਰਿ ਦੁਰਿ ਕਰੰਤਿ। ਬਹੁ ਦੁਸ਼ਟ ਬੁੱਧਿ ਪਰਦੁਖ ਚਹੰਤਿ।
ਇਸ ਲੋਕ ਅਜਸ ਨਹਿਂ ਡਰਹਿਂ ਕੂਰ। ਪਰਲੋਕ ਨਰਕ ਪ੍ਰਾਪਤਿ ਜ਼ਰੂਰ॥੧੧॥

ਪ੍ਰਿਥੀਏ ਦੇ ਘਰ ਲੁਕ ਲੁਕ ਕੇ ਅਨੰਦ ਕਰਦੇ ਹਨ, ਬਹੁਤ ਦੁਸ਼ਟ ਬੁੱਧੀ ਹੈ, ਦੂਸਰੇ ਦਾ ਦੁੱਖ ਚਾਹੁੰਦੇ ਹਨ। ਇਸ ਦੁਨੀਆਂ ਵਿਚ ਅਪਜੱਸ ਤੋਂ ਇਹ ਝੂਠੇ ਲੋਕ ਡਰਦੇ ਨਹੀਂ ਹਨ, ਪਰ ਪਰਲੋਕ ਵਿਚ ਜਾ ਕੇ ਜ਼ਰੂਰ ਨਰਕ ਪ੍ਰਾਪਤ ਕਰਦੇ ਹਨ॥ ੧੧॥

ਸ੍ਰੀ ਹਰਿਗੁਵਿੰਦ ਜੀ ਦਿਵਸ ਪੰਚ। ਦੁਖ ਭਯੋ ਅਧਿਕ ਸੁਖ ਹ੍ਵੈ ਨ ਰੰਚ।
ਬਿਸਫੋਟ ਭਯੇ ਇਕਬਾਰ ਬਿੰਦ। ਚਮਕਹਿਂ ਬਿਸਾਲ ਮੁਕਤਾ ਮਨਿੰਦ॥੧੨॥

ਪੰਜਵੇਂ ਦਿਨ ਸ੍ਰੀ ਹਰਿਗੋਬਿੰਦ ਜੀ ਦਾ ਦੁੱਖ ਹੋਰ ਵੱਧ ਗਿਆ ਹੈ, ਰੰਚ ਭਰ ਵੀ ਸੁਖ ਨਹੀਂ ਹੈ, ਸਾਰੀਆਂ ਫਿਮਣੀਆਂ ਇਕੋ ਵਾਰ ਫਿਸ ਗਈਆਂ ਹਨ, ਜਿਹੜੀਆਂ ਮੋਤੀਆਂ ਵਾਂਗ ਬਹੁਤ ਚਮਕਦੀਆਂ ਹਨ॥ ੧੨॥

ਨਹਿਂ ਖਾਨ ਪਾਨ ਨਹਿਂ ਬਾਕ ਭਾਖ। ਤੂਸ਼ਨ ਰਹੰਤਿ, ਨਹਿਂ ਖੋਲਿ ਆਂਖ।
ਕਰਿ ਮ੍ਰਿਦੁਲ ਸੇਜ ਤੂਲਾਦਿ ਪਾਇ। ਦਿਸ਼ਿ ਦੁਤਿਯ ਮਸੇ ਪਾਸੋ ਫਿਰਾਇ॥੧੩॥

ਨਾ ਕੁਝ ਖਾਂਦੇ-ਪੀਂਦੇ ਹਨ ਅਤੇ ਨਾ ਹੀ ਕੁਝ ਬੋਲਦੇ ਹਨ, ਚੁੱਪ ਰਹਿੰਦੇ ਹਨ ਤੇ ਅੱਖਾਂ ਵੀ ਨਹੀਂ ਖੋਲ੍ਹਦੇ ਹਨ। ਰੂੰ ਆਦਿ ਪਾ ਕੇ ਬਿਸਤਰੇ ਨੂੰ ਨਰਮ ਕਰ ਦਿਤਾ, ਦੂਸਰੀ ਤਰਫ ਪਾਸਾ ਬੜੀ ਮੁਸ਼ਕਲ ਨਾਲ ਮੋੜਦੇ ਹਨ॥ ੧੩॥

Sri Satguru Jagjit Singh Ji eLlibrary NamdhariElibrary@gmail.com

ਕੋ ਗਹੈ ਅੰਗ ਪਿਲ ਪਿਲ ਕਰੰਤਿ। ਇਕ ਪਾਸ ਪਰੇ ਚਿਰਲੌ ਬਿਤੰਤਿ।
ਪਿਖਿ ਮਾਤ ਗੰਗ ਚਿੰਤਾ ਬਿਲੰਦ। 'ਸਤਿਗੁਰ ਸਹਾਇ ਹ੍ਵੈ ਅਨੰਦ ਕੰਦ ॥੧੪॥

ਕੋਈ ਫੜ ਕੇ ਪਾਸਾ ਬਦਲਵਾਉਂਦਾ ਹੈ, ਨਹੀਂ ਤਾਂ ਕਾਫੀ ਦੇਰ ਤਕ ਇਕ ਪਾਸੇ ਪਏ ਰਹਿੰਦੇ ਹਨ, ਮਾਤਾ ਗੰਗਾ ਜੀ ਵੇਖ ਕੇ ਬਹੁਤ ਚਿੰਤਾ ਕਰਦੇ ਹਨ ਅਤੇ ਕਹਿੰਦੇ ਹਨ, "ਹੇ ਅਨੰਦ ਦੇ ਬੱਦਲ ਸਤਿਗੁਰੂ ਜੀ ! ਸਹਾਈ ਹੋਵੋ" ॥ ੧੪ ॥

ਮੈਂ ਦੀਨ ਬਹੁਤ ਇਹ ਦਰਬ ਮੋਰ। ਦੁਖ ਹਰਹੁ ਆਪ ਇਹ ਅਧਿਕ ਘੋਰ।
ਕਰੁਨਾ ਨਿਧਾਨ ਜ਼ਾਹਰ ਜਹਾਨ। ਦੀਨਾਨਨਾਥ ਸੁਖ ਕਰਿ ਸੁਜਾਨ' ॥੧੫॥

ਮੈਂ ਬਹੁਤ ਗਰੀਬ ਹਾਂ, ਇਹ ਮੇਰਾ ਧਨ ਹੈ, ਆਪ ਜੀ ਇਹ ਘੋਰ ਦੁੱਖ ਦੂਰ ਕਰੋ। ਹੇ ਕਿਰਪਾ ਨਿਧਾਨ, ਜ਼ਾਹਰ ਜਹਾਨ, ਦੀਨਾ ਨਾਥ ! ਮੇਰੇ ਸ੍ਰੇਸ਼ਟ ਪੁੱਤਰ ਨੂੰ ਆਰਾਮ ਦੇਵੋ" ॥ ੧੫ ॥

ਦਿਨ ਰੈਨ ਬੈਨ ਬਿਨ ਚੈਨ ਏਵ। ਗੰਗਾ ਭਨੰਤਿ ਜਸੁ ਦੇਵ ਦੇਵ।
ਦੀਰਘ ਉਸਾਸ ਲੇ ਬਾਰ ਬਾਰ। ਦ੍ਰਿਗ ਭਰਤਿ ਢਰਤਿ ਬਹੁ ਬੂੰਦ ਬਾਰਿ ॥੧੬॥

ਦਿਨ ਰਾਤ ਚੈਨ-ਰਹਿਤ ਇਹ ਬਚਨ ਕਰਦੇ ਰਹਿੰਦੇ ਹਨ, ਇਸ ਤਰ੍ਹਾਂ ਮਾਤਾ ਗੰਗਾ ਜੀ ਅਕਾਲ ਪੁਰਖ ਦਾ ਜੱਸ ਬੋਲਦੇ ਰਹਿੰਦੇ ਹਨ, ਬਾਰ-ਬਾਰ ਲੰਮੇ ਸਾਹ ਲੈਂਦੇ ਹਨ ਅਤੇ ਅੱਖਾਂ ਵਿਚ ਜਲ ਭਰ ਕੇ ਪਾਣੀ ਦੀਆਂ ਬੂੰਦਾਂ ਥੱਲੇ ਡਿਗਦੀਆਂ ਰਹਿੰਦੀਆਂ ਹਨ ॥ ੧੬ ॥

ਸੁਤ ਅੰਗ ਬਿਲੋਕਤਿ ਟਕ ਲਗਾਇ। ਕਬਿ ਅਵਨਿ ਪਿਖਹਿਂ ਨਿਸ਼ਚਲ ਰਹਾਇ।
ਬਹੁ ਭਈ ਦੂਬਰੀ ਦੇਹਿ ਜਾਂਹਿ। ਰਹਿ ਬੈਠਿ ਨਿਕਟ ਮੁਖ ਮੋਨ ਤਾਂਹਿ ॥੧੭॥

ਇਕ ਟੱਕ ਦ੍ਰਿਸ਼ਟੀ ਲਾ ਕੇ ਆਪਣੇ ਪੁੱਤਰ ਦੇ ਅੰਗਾਂ ਨੂੰ ਵੇਖਦੇ ਰਹਿੰਦੇ ਹਨ, ਫਿਰ ਪ੍ਰਿਥਵੀ ਵਲ ਵੇਖ ਕੇ ਅਚਲ ਰਹਿ ਜਾਂਦੇ ਹਨ। ਉਨ੍ਹਾਂ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ, ਚੁੱਪ ਧਾਰ ਕੇ ਪੁੱਤਰ ਦੇ ਪਾਸ ਬੈਠੇ ਰਹਿੰਦੇ ਹਨ ॥ ੧੭ ॥

ਇਮ ਪੰਚ ਦਿਵਸ ਲਗ ਦੁਖ ਬਿਸਾਲ। ਸਭਿ ਕੁਟੰਬ ਦਾਸ ਦਾਸੀਨ ਜਾਲ।
ਨਹਿਂ ਕਰਤਿ ਕੋਇ ਰੁਚਿ ਸੋਂ ਅਹਾਰ। ਉਦਬਿਗਨ ਰਿਦੇ ਕਰਿ ਨਹਿਂ ਸੰਭਾਰਿ ॥੧੮॥

ਇਸ ਤਰ੍ਹਾਂ ਪੰਜ ਦਿਨ ਤਕ, ਸਾਰਾ ਪਰਿਵਾਰ ਅਤੇ ਸਾਰੇ ਦਾਸ ਦਾਸੀਆਂ ਬਹੁਤ ਦੁਖੀ ਰਹੇ। ਕੋਈ ਵੀ ਰੁਚੀ ਅਨੁਸਾਰ ਭੋਜਨ ਵੀ ਨਹੀਂ ਖਾਂਦਾ ਹੈ, ਹਿਰਦੇ ਵਿਆਕੁਲ ਹੋਣ ਕਰਕੇ ਆਪਣੀ ਸੰਭਾਲ ਨਹੀਂ ਰਹੀ ਹੈ ॥ ੧੮ ॥

ਨਿਸ ਮੈਂ ਨ ਸੁਪਤਿ ਬਹ ਰਹਤਿ ਜਾਗ। ਕਰਿ ਗੰਗ ਪੁੱਤ੍ਰ ਬਾਤੈਂ ਸੁਭਾਗ।
ਗੁਰ ਅਰਜਨ ਢਿਗ ਭਾਖੰਤਿ ਜਾਇ। 'ਦਿਨ ਰੈਨ ਗੰਗ ਨਹਿਂ ਅਸਨ ਖਾਇ' ॥੧੯॥

ਰਾਤ ਨੂੰ ਸੌਂਦੇ ਨਹੀਂ, ਬਹੁਤੇ ਜਾਗਦੇ ਰਹਿੰਦੇ ਹਨ ਤੇ ਸੁਭਾਗੇ ਪੁੱਤਰ ਦੀਆਂ ਗੱਲਾਂ-ਬਾਤਾਂ ਕਰਦੇ ਰਹਿੰਦੇ ਹਨ। ਫਿਰ ਗੁਰੂ ਅਰਜਨ ਦੇਵ ਜੀ ਪਾਸ ਜਾ ਕੇ ਕਹਿੰਦੇ ਹਨ, "ਮਾਤਾ ਗੰਗਾ ਜੀ ਦਿਨ ਰਾਤ ਭੋਜਨ ਨਹੀਂ ਖਾਂਦੇ ਹਨ" ॥ ੧੯ ॥

ਸੁਨਿ ਦੇਤਿ ਧੀਰ 'ਨਹਿਂ ਕਰਹੁ ਤ੍ਰਾਸ। ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰ ਨਾਨਕ ਇਨਕੇ ਨਿਤ ਸਹਾਇ। ਜਿਨ ਨਾਮ ਜਪੇ ਸਭਿ ਕਸ਼ਟ ਜਾਇ' ॥੨੦॥

ਗੁਰੂ ਜੀ ਸੁਣ ਕੇ ਧੀਰਜ ਦਿੰਦੇ ਹਨ, "ਡਰਨ ਦੀ ਕੋਈ ਲੋੜ ਨਹੀਂ, ਕੇਵਲ ਇਕ ਪਾਰਬ੍ਰਹਮ ਦੀ ਆਸ ਧਾਰਨ ਕਰੋ। ਗੁਰੂ ਨਾਨਕ ਦੇਵ ਜੀ ਸਦਾ ਹੀ ਇਨ੍ਹਾਂ ਦੇ ਸਹਾਈ ਹਨ, ਜਿਨ੍ਹਾਂ ਦਾ ਨਾਮ ਜਪਣ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ ॥ ੨੦ ॥

Sri Satguru Jagjit Singh Ji eLlibrary NamdhariElibrary@gmail.com

ਬਹੁ ਇਸ ਪ੍ਰਕਾਰ ਤਿਸ ਕੋ ਸੁਨਾਇਂ। ਹਹਿ ਏਕ ਪੁੱਤ੍ਰ ਕਿਮ ਚੈਨ ਪਾਇ।
ਜਬਿ ਦਿਵਸ ਖਸ਼ਟਮੋ ਭਾ ਬਿਤੀਤ। ਤਿਸ ਰਾਤਿ ਫਿਰੀ ਮੁਰਝਾਨ ਕੀਤਿ ॥੨੧॥

ਉਹ ਫਿਰ ਇਸ ਪ੍ਰਕਾਰ ਉਨ੍ਹਾਂ ਨੂੰ ਸੁਣਾਉਂਦੇ ਹਨ ਕਿ ਇਕ ਪੁੱਤਰ ਹੈ ਕਿਵੇਂ ਚੈਨ ਪਾਇਆ ਜਾ ਸਕਦਾ ਹੈ। ਜਦ ਛੇਵਾਂ ਦਿਨ ਬੀਤ ਗਿਆ, ਤਾਂ ਉਸ ਰਾਤ ਸੀਤਲਾ ਦਾ ਮੋੜ ਪੈ ਗਿਆ॥ ੨੧॥

ਤਬਿ ਭਈ ਪ੍ਰਾਤ ਉਦਿਯੰਤਿ ਭਾਨੁ। ਸ੍ਰੀ ਹਰਿ ਗੁਬਿੰਦ ਅਖਿਯਾਂ ਮਹਾਨ।
ਬਿਕਸੇ ਬਿਸਾਲ ਜਨੁ ਕਮਲ ਪੱਤ੍ਰ। ਪਿਖਿ ਮਾਤ ਅਨੰਦ ਅਤਿ ਭਾ ਬਚਿੱਤ੍ਰ ॥੨੨॥

ਤਦ ਫਿਰ ਜਦ ਸਵੇਰ ਹੋਈ ਅਤੇ ਸੂਰਜ ਚੜ੍ਹਿਆ ਤਾਂ ਸ੍ਰੀ ਹਰਿਗੋਬਿੰਦ ਨੇ ਮਹਾਨ ਨੇਤ੍ਰਾਂ ਨੂੰ ਖੋਲ੍ਹਿਆ। ਨੇਤਰ, ਕੌਂਵਲ ਪੱਤਰ ਵਾਂਗ ਵਿਸ਼ਾਲ ਖਿੜ ਗਏ, ਮਾਤਾ ਜੀ ਇਹ ਵਚਿਤਰ ਨਜ਼ਾਰਾ ਵੇਖ ਕੇ ਬਹੁਤ ਪ੍ਰਸੰਨ ਹੋਈ॥ ੨੨॥

ਕੁਛ ਭਾ ਭਰੋਸ 'ਦ੍ਰਿਗ ਰਹਿਂ ਅਦੋਸ਼। ਸੁਤ ਕੋ ਸਰੀਰ ਕੀ ਆਇ ਹੋਸ਼'।
ਕੁਛ ਅਲਪ ਕੀਨਿ ਮੁਖ ਖਾਨ ਪਾਨ। ਪਿਖਿ ਸਭਿ ਕੁਟੰਬ ਬਡ ਮੋਦ ਠਾਨਿ ॥੨੩॥

ਕੁਝ ਭਰੋਸਾ ਹੋ ਗਿਆ ਕਿ ਨੈਣ ਸਾਬਤ ਰਹਿ ਗਏ ਹਨ, ਪੁੱਤਰ ਦੇ ਸਰੀਰ ਨੂੰ ਹੋਸ਼ ਆ ਗਈ। ਮੁਖ ਨਾਲ ਕੁਝ ਖਾਧਾ-ਪੀਤਾ। ਇਹ ਵੇਖ ਕੇ ਸਾਰਾ ਪਰਿਵਾਰ ਪ੍ਰਸੰਨ ਹੋ ਗਿਆ॥ ੨੩॥

ਉਰ ਭੇ ਸਧੀਰ ਬੋਲਤਿ ਪ੍ਰਸੰਨ। ਸਭਿ ਕਹੈਂ 'ਗੁਰੂ ਨਾਨਕ ਸੁ ਧੰਨ।
ਦੁਖ ਸਮਯ ਆਨ ਹੋਏ ਸਹਾਇ। ਨਿਜ ਦਾਸ ਜਾਨਿ ਲੀਨਸਿ ਬਚਾਇ' ॥ ੨੪॥

ਹਿਰਦੇ ਵਿਚ ਧੀਰਜ ਆ ਗਿਆ ਤੇ ਖ਼ੁਸ਼ੀ-ਖ਼ੁਸ਼ੀ ਬੋਲਦੇ ਹਨ, ਕਹਿੰਦੇ ਹਨ, "ਹੇ ਗੁਰੂ ਨਾਨਕ ਦੇਵ ਜੀ! ਤੁਸੀਂ ਧੰਨ ਹੋ! ਦੁੱਖ ਦੇ ਸਮੇਂ ਆ ਕੇ ਸਹਾਇਤਾ ਕੀਤੀ ਹੈ, ਆਪਣਾ ਦਾਸ ਜਾਣ ਕੇ ਬਚਾ ਲਿਆ ਹੈ"॥ ੨੪॥

ਸੁਨਿ ਮਹਾਂਦੇਵ ਸੁਧਿ ਹੇਤਿ ਆਇ। ਨਿਤ ਚਿੰਤ ਕਰਤਿ ਸੁਖ ਕੋ ਮਨਾਇ।
ਗੁਰ ਅਰਜਨ ਢਿਗ ਬੈਠਯੋ ਸੁ ਆਇ। ਕਰਿ ਨਮੋ ਸਹਤ ਆਦਰ ਬਿਠਾਇ ॥੨੫॥

ਇਹ ਸੁਣ ਮਹਾਂਦੇਵ ਖ਼ਬਰ ਲੈਣ ਆਇਆ ਤੇ ਨਿੱਤ ਚਿੰਤਾ ਕਰਦੇ ਨੇ ਸੁਖ ਮਨਾਇਆ। ਗੁਰੂ ਅਰਜਨ ਦੇਵ ਜੀ ਦੇ ਪਾਸ ਆ ਕੇ ਬੈਠ ਗਿਆ। ਗੁਰੂ ਜੀ ਨੇ ਬੜੇ ਆਦਰ ਸਹਿਤ ਨਮਸਕਾਰ ਕਰਕੇ ਬਿਠਾਇਆ ॥ ੨੫॥

'ਸੁਧਿ ਦੇਹੁ ਬਾਲ ਕੀ ਸੁਖ ਸਰੀਰ। ਹਮ ਸੁਨੀ ਅਬਹਿ ਮਿਟਿ ਗੀ ਸੁ ਪੀਰ।
ਬਿਸਫੋਟ ਅਹੈਂ ਕਿਸ ਬਿਧਿ, ਬਤਾਇ ?। ਬਰ ਬਚੇ ਨੇਤ੍ਰ ਸ਼ੁਭ ਮੁਖ ਸੁਹਾਇ' ॥੨੬॥

ਕਹਿਣ ਲੱਗਾ, "ਬਾਲਕ ਦੇ ਸਰੀਰ ਦੇ ਸੁਖ ਬਾਰੇ ਦੱਸੋ, ਮੈਂ ਸੁਣਿਆ ਹੈ ਕਿ ਪੀੜ ਹੱਟ ਗਈ ਹੈ। ਮਾਤਾ ਦੇ ਦਾਣੇ ਕਿਸ ਤਰ੍ਹਾਂ ਫਿਸ ਗਏ ਹਨ ? ਬਾਲਕ ਦੇ ਨੇਤ੍ਰ ਬਚ ਗਏ ਹਨ, ਸ਼ੁਭ ਮੁਖੜਾ ਫਿਰ ਸੁਹਾਵਣਾ ਹੋ ਗਿਆ ਹੈ ?॥ ੨੬॥

ਸੁਨਿ ਸ੍ਰੌਨ ਗੁਰੂ ਅਰਜਨ ਭਨੰਤਿ। 'ਤੁਮ ਹੋ ਬਿਸ਼ਾਲ ਕਰੁਨਾ ਕਰੰਤਿ।
ਤਹਿਂ ਸਕਲ ਕੁਸ਼ਲ ਸਹਿਜੇ ਸੁਭਾਇ। ਉਪਜੰਤਿ ਮੋਦ, ਨਹਿਂ ਬਿਘਨ ਆਇ ॥੨੭॥

ਆਪਣੇ ਕੰਨਾਂ ਨਾਲ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਤੁਸੀਂ ਵਿਸ਼ਾਲ ਕਿਰਪਾ ਕੀਤੀ ਹੈ, ਉਹ ਪਹਿਲਾਂ ਵਾਂਗ ਬਿਲਕੁਲ ਠੀਕ ਹਨ, ਬੜੀ ਪ੍ਰਸੰਨਤਾ ਹੋਈ ਹੈ ਕਿ ਕੋਈ ਵਿਘਨ ਨਹੀਂ ਆਇਆ ਹੈ॥ ੨੭॥

ਅਬ ਮੁਰੀ ਸੀਤਲਾ ਸਭਿ ਸਰੀਰ। ਮੁਰਝਾਇ ਸਕਲ ਬਿਸਫੋਟ ਪੀਰ।
ਦੀਨਾਨ ਨਾਥ ਹੋਏ ਸਹਾਇ। ਦ੍ਰਿਗ ਲਿਏ ਆਪ ਕਰ ਦੈ ਬਚਾਇ॥ ੨੮॥

ਹੁਣ ਸਾਰੇ ਸਰੀਰ ਦੀ ਸੀਤਲਾ ਮੁੜ ਪਈ ਹੈ, ਫਿੰਸੀਆਂ ਦੇ ਫਿਸਣ ਦੀ ਸਾਰੀ ਪੀੜ ਹਟ ਗਈ ਹੈ। ਦੀਨਾ ਨਾਥ ਪ੍ਰਭੂ ਜੀ ਸਹਾਈ ਹੋਏ ਹਨ ਦੋਵੇਂ ਨੈਣ ਆਪਣਾ ਹੱਥ ਦੇ ਕੇ ਬਚਾ ਲਏ ਹਨ॥ ੨੮॥

ਕੁਛ ਲਗਯੋ ਕਰਨਿ ਅਬਿ ਖਾਨ ਪਾਨ। ਹੁਇ ਹੈ ਅਰੋਗ ਅੰਗਨਿ ਮਹਾਨ।
ਜਬਿ ਅਏ ਪ੍ਰਥਮ ਸੁਧਿ ਲੇਨਿ ਆਪ। ਤਬਿ ਥੇ ਬਿਹਾਲ ਸਭਿ ਤਨ ਸੰਤਾਪ ॥੨੯॥

ਹੁਣ ਕੁਝ ਖਾਣ ਪੀਣ ਵੀ ਲੱਗ ਗਿਆ ਹੈ, ਸਰੀਰ ਦੇ ਅੰਗਾਂ ਤੋਂ ਵੀ ਅਰੋਗ ਹੋ ਜਾਵੇਗਾ। ਜਦ ਆਪ ਪਹਿਲਾਂ ਖ਼ਬਰ ਲੈਣ ਆਏ ਸੀ, ਤਦ ਬਹੁਤ ਬਿਹਾਲ ਸੀ ਤੇ ਸਾਰਾ ਸਰੀਰ ਦੁਖੀ ਸੀ॥ ੨੯॥

ਤੁਮ ਦਯਾ ਸਾਥ ਸਭਿ ਸੁਖ ਸਰੀਰ। ਅਬਿ ਗਈ ਬਹੁਤ ਮਿਟਿ ਅੰਗ ਪੀਰ'।
ਸੁਨਿ ਮਹਾਂਦੇਵ ਹ੍ਵੈ ਕਰਿ ਅਨੰਦ। ਤਬਿ ਦਈ ਆਸ਼ਿਖਾ 'ਸੁਖ ਬਿਲੰਦ' ॥੩੦॥

ਤੁਹਾਡੀ ਦਇਆ ਨਾਲ ਸਾਰੇ ਸਰੀਰ ਨੂੰ ਆਰਾਮ ਆ ਗਿਆ ਹੈ, ਹੁਣ ਸਰੀਰ ਦੇ ਅੰਗਾਂ ਦੀ ਪੀੜ ਬਹੁਤ ਘੱਟ ਗਈ ਹੈ।" ਇਹ ਸੁਣ ਕੇ ਮਹਾਂਦੇਵ ਬਹੁਤ ਪ੍ਰਸੰਨ ਹੋਇਆ ਤੇ ਅਸੀਸ ਦਿੱਤੀ, "ਬੜਾ ਸੁਖ ਪਾਇਗਾ" ॥ ੩੦॥

ਪੁਨ ਆਯੋ ਪ੍ਰਿਥੀਆ ਕਪਟ ਧਾਰਿ। ਉਰ ਮੈਂ ਅਨਰਥ ਮੁਖ ਮ੍ਰਿਦੁ ਉਚਾਰਿ।
ਸਨਮਾਨ ਸਾਥ ਗੁਰ ਨਮਹਿ ਕੀਨਿ। ਬਹੁ ਭਾਉ ਧਾਰਿ ਬੈਠਾਇ ਲੀਨਿ ॥੩੧॥

ਫਿਰ ਪ੍ਰਿਥੀਆ ਕਪਟ ਧਾਰ ਕੇ ਆਇਆ, ਉਸ ਦੇ ਹਿਰਦੇ ਵਿਚ ਅਨਰਥ ਹੈ ਤੇ ਮੂੰਹ ਤੋਂ ਮਿੱਠੇ ਬੋਲ ਬੋਲਦਾ ਹੈ। ਗੁਰੂ ਜੀ ਨੇ ਆਦਰ ਨਾਲ ਨਮਸਕਾਰ ਕੀਤੀ ਅਤੇ ਬੜਾ ਪ੍ਰੇਮ ਧਾਰ ਕੇ ਬਿਠਾ ਲਿਆ॥ ੩੧॥

'ਸੁਧਿ ਦੇਹੁ ਨੰਦ ਕੀ ਹੋਹਿ ਜੈਸ। ਬਹੁ ਦੁਖਦ ਸੀਤਲਾ ਮਾਂਹਿ ਭੈ ਸੁ।
ਦ੍ਰਿਗ ਮੁੰਦੇ, ਖੋਲਬੇ ਨਾਂਹਿ ਕੀਨਿ। ਸੁਖ ਕਰੈ ਈਸ਼, ਨਹਿਂ ਹੋਹਿ ਹੀਨ' ॥੩੨॥

ਕਹਿਣ ਲੱਗਾ, "ਪੁੱਤਰ ਬਾਰੇ ਦੱਸੋ ਜਿਵੇਂ ਉਸ ਦਾ ਹਾਲ ਹੈ, ਸੀਤਲਾ ਬਹੁਤ ਦੁਖਦਾਇਕ ਬੀਮਾਰੀ ਹੈ, ਇਸ ਵਿਚ ਸਦਾ ਡਰ ਹੁੰਦਾ ਹੈ। ਕੀ ਅੱਖਾਂ ਬੰਦ ਹਨ, ਖੋਲ੍ਹੀਆਂ ਨਹੀਂ ਹਨ, ਈਸ਼ਵਰ ਸੁਖ ਕਰੇ, ਉਨ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ" ॥ ੩੨॥

ਗੁਰ ਕਹਯੋ 'ਪ੍ਰਭੁ ਹੋਵਹਿਂ ਸਹਾਇ। ਤੁਮਰੀ ਕ੍ਰਿਪਾ ਸੁ ਦੈ ਹੈਂ ਬਚਾਇ।
ਜੀਵਨਿ ਅਧੀਨ ਇਹ ਨਾਂਹਿ ਕਾਰ। ਈਸ਼ੁਰ ਜਿਵਾਇ ਕੈ ਦੇਹਿ ਮਾਰ ॥੩੩॥

ਗੁਰੂ ਜੀ ਨੇ ਕਿਹਾ, "ਪ੍ਰਭੂ ਸਹਾਈ ਹੋਵੇ, ਤੁਹਾਡੀ ਕਿਰਪਾ ਨੇ ਬਚਾ ਲਿਆ ਹੈ। ਇਹ ਕਾਰਜ ਜੀਵਾਂ ਦੇ ਵੱਸ ਵਿਚ ਨਹੀਂ, ਈਸ਼ਵਰ ਹੀ ਜਿਵਾਉਂਦਾ ਹੈ ਜਾਂ ਮਾਰ ਦਿੰਦਾ ਹੈ॥ ੩੩॥

ਇਕ ਆਸ ਪ੍ਰਭੂ ਕੀ ਧਰਹਿਂ ਚੀਤ। ਜੋ ਸਕਲ ਜਗਤ ਦੁਖ ਸੁਖਹਿ ਕੀਤ'।
ਇਮ ਸੁਨੀ ਪ੍ਰਿਥੀਏ ਜਾਨਿ ਲੀਨਿ। 'ਨਹਿਂ ਕੁਸ਼ਲ ਇਨਹੁਂ ਕੇ ਕਸ਼ਟ ਭੀਨ' ॥੩੪॥

ਇਕ ਪ੍ਰਭੂ ਦੀ ਆਸ ਚਿੱਤ ਵਿਚ ਧਾਰਨ ਕੀਤੀ ਹੈ, ਜੋ ਜਗਤ ਦੇ ਸਾਰੇ ਦੁਖਾਂ-ਸੁਖਾਂ ਦਾ ਕਰਤਾ ਹੈ" ਇਸ ਤਰ੍ਹਾਂ ਸੁਣ ਕੇ ਪ੍ਰਿਥੀਏ ਨੇ ਇਹ ਜਾਣ ਲਿਆ ਕਿ ਠੀਕ-ਠਾਕ ਨਹੀਂ ਹੈ, ਇਨ੍ਹਾਂ ਦੇ ਦੁੱਖ ਬਹੁਤ ਵਧ ਗਏ ਹਨ॥ ੩੪॥

ਮੁਖ ਸ਼ੋਕਵਾਨ ਕਰਿਕੈ ਦਿਖਾਇ। ਚਿਤ ਮੈਂ ਅਨੰਦ ਅਧਿਕੈ ਬਧਾਇ।
ਉਠਿ ਗਯੋ ਸਦਨ ਕਪਟੀ ਬਿਸਾਲ। ਰਿਦ ਮੈਂ ਗੁਨੰਤਿ 'ਨਹਿਂ ਜਿਯੇ ਬਾਲ' ॥੩੫॥

ਚਿਹਰਾ ਬੜਾ ਦੁੱਖੀ ਹੋਇਆ ਵਿਖਾਇਆ ਅਤੇ ਚਿੱਤ ਵਿਚ ਅਧਿਕ ਅਨੰਦ ਵਧਾਇਆ, ਵੱਡਾ ਕਪਟੀ ਉੱਠ ਕੇ ਘਰ ਨੂੰ ਚਲਾ ਗਿਆ। ਹਿਰਦੇ ਵਿਚ ਇਹ ਸਮਝਦਾ ਸੀ ਕਿ ਬਾਲਕ ਜੀਉਂਦਾ ਨਹੀਂ ਰਹੇਗਾ॥ ੩੫॥

Sri Satguru Jagjit Singh Ji eLlibrary NamdhariElibrary@gmail.com

ਇਮ ਭਯੋ ਦਿਵਸ ਸਪਤਮ ਬਿਤੀਤਿ। ਸ੍ਰੀ ਹਰਿਗੁਬਿੰਦ ਤਨ ਅਨੰਦ ਥੀਤ।
ਰੁਚਿ ਸੰਗ ਕੀਨਿ ਤਬਿ ਖਾਨ ਪਾਨ। ਬਿਕਸੇ ਮਨੋਗ ਲੋਚਨ ਮਹਾਨ॥ ੩੬ ॥

ਇਸ ਤਰ੍ਹਾਂ ਸੱਤਵਾਂ ਦਿਨ ਬੀਤ ਗਿਆ, ਸ੍ਰੀ ਹਰਿਗੋਬਿੰਦ ਦਾ ਸਰੀਰ ਅਨੰਦਮਈ ਹੋ ਗਿਆ। ਫਿਰ ਰੁਚੀ ਅਨੁਸਾਰ ਖਾਣ-ਪੀਣ ਕਰਦਾ ਸੀ, ਸੁਹਣੇ ਨੈਣ ਮਹਾਨ ਖਿੜ ਗਏ॥ ੩੬ ॥

ਤਬਿ ਲਗੇ ਸ਼ੁਸ਼ਕ ਹੋਵਨਿ ਸੁਖੇਨ। ਬਿਸਫੋਟ ਹੁਤੇ ਭਰਿ ਭੂਰ ਜੇਨ।
ਤਨ ਪ੍ਰਥਮ ਚਰਮ ਜੁਤ ਸ਼ੁਸ਼ਕ ਹੋਇ। ਸਭਿ ਗਏ ਉਤਰ ਨਹਿਂ ਦਿਖਤਿ ਕੋਇ ॥੩੭॥

ਫਿਰ ਸਾਰੀਆਂ ਫਿਨਸੀਆਂ ਖ਼ੁਸ਼ਕ ਹੋਣ ਲੱਗੀਆਂ, ਜਿਹੜੀਆਂ ਫਿਸ ਕੇ ਬਹੁਤ ਭਰ ਗਈਆਂ ਸਨ। ਸਰੀਰ ਪਹਿਲੀ ਜਿਲਦ ਵਾਂਗ ਹੀ ਖ਼ੁਸਕ ਹੋ ਗਿਆ। ਸਭ ਨਿਸ਼ਾਨ ਮਿੱਟ ਗਏ ਅਤੇ ਕੋਈ ਵੀ ਦਿਖਾਈ ਨਹੀਂ ਸੀ ਦਿੰਦਾ॥ ੩੭॥

ਸੁਖ ਸੰਗ ਗੰਗ ਸੁਤ ਤਨ ਪਖਾਰ। ਮੁਖ ਚੰਦ ਧੋਇ ਕਰਿ ਉਸ਼ਨ ਬਾਰ।
ਸਭਿ ਦਾਸ ਅਪਰ ਦਾਸੀ ਸੁ ਆਇ। ਹਰਖਾਇ ਬਾਕ ਕੋ ਕਹਿਂ ਸੁਨਾਇ ॥੩੮॥

ਮਾਤਾ ਗੰਗਾ ਜੀ ਨੇ ਸੁਖ ਨਾਲ ਆਪਣੇ ਪੁੱਤਰ ਦੇ ਸਰੀਰ ਨੂੰ ਸਾਫ ਕੀਤਾ ਅਤੇ ਗਰਮ ਜਲ ਨਾਲ ਚੰਦ ਵਰਗੇ ਮੁੱਖੜੇ ਨੂੰ ਧੋਤਾ। ਸਾਰੇ ਦਾਸ ਅਤੇ ਦਾਸੀਆਂ ਆਏ, ਬਹੁਤ ਖ਼ੁਸ਼ ਹੋ ਕੇ ਉਨ੍ਹਾਂ ਬਚਨ ਸੁਣਾਏ॥ ੩੮॥

ਦੋਹਰਾ- 'ਲੇਹੁ ਬਧਾਈ ਪੁੱਤ੍ਰ ਕੀ ਉਰ ਪ੍ਰਮੋਦ ਕੋ ਧਾਰਿ'।
ਜਿਤ ਕਿਤ ਅਤਿ ਉਤਸਾਹ ਤੇ ਸੁਨਿ ਕਰਿ ਨਰ ਗਨ ਨਾਰਿ ॥੩੯॥

"ਹਿਰਦੇ ਵਿਚ ਅਨੰਦ ਮੰਗਲ ਨੂੰ ਧਾਰ ਕੇ ਪੁੱਤਰ ਦੀ ਵਧਾਈ ਲਵੋ।" ਜਿਥੇ ਕਿਥੇ ਨਰ ਨਾਰੀਆਂ ਨੇ ਇਹ ਖਬਰ ਸੁਣ ਕੇ ਬਹੁਤ ਉਤਸ਼ਾਹ ਕੀਤਾ॥ ੩੯॥

ਕਰਿ ਸ਼ਨਾਨ ਨਿਜ ਨੰਦ ਕੋ ਭੂਖਨ ਬਸਤ੍ਰ ਉਢਾਇ।
ਮਾਤ ਹੋਤਿ ਬਲਿਹਾਰਨੇ ਨਵੋਂ ਜਨਮ ਜਨੁ ਪਾਇ॥ ੪੦॥

ਆਪਣੇ ਪੁੱਤਰ ਨੂੰ ਇਸ਼ਨਾਨ ਕਰਵਾ ਕੇ ਸੁੰਦਰ ਗਹਿਣੇ ਅਤੇ ਕਪੜੇ ਪਵਾਏ। ਮਾਤਾ ਬਲਿਹਾਰ ਜਾ ਰਹੀ ਸੀ, ਜਿਵੇਂ ਪੁੱਤਰ ਨੇ ਨਵਾਂ ਜਨਮ ਪਾਇਆ ਹੋਵੇ॥ ੪੦॥

ਸ੍ਰੀ ਅਰਜਨ ਕੇ ਨਿਕਟਿ ਤਬਿ ਲਜਾਏ ਦਾਸ ਉਠਾਇ।
ਪਦ ਪੰਕਜ ਪਰ ਪਾਇ ਕਰਿ ਰਿਦੈ ਅਨੰਦ ਬਧਾਇ॥ ੪੧॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਦਾਸ ਬਾਲਕ ਸ੍ਰੀ ਹਰਿਗੋਬਿੰਦ ਨੂੰ ਚੁੱਕ ਕੇ ਲਿਆਏ, ਚਰਨ ਕੰਵਲਾਂ ਤੇ ਪਾ ਕੇ ਹਿਰਦੇ ਦਾ ਅਨੰਦ ਵਧਾਇਆ॥ ੪੧॥

ਨੰਦਨ ਦਿਖਜੋ ਅਨੰਦ ਜੁਤ ਗੋਦ ਲੀਨਿ ਬੈਠਾਇ।
ਸਿਰ ਪਰ ਧਰਿ ਕਰ ਕਮਲ ਕੋ ਆਸ਼ਿਖ ਦੀ ਹਰਖਾਇ ॥੪੨॥

ਜਦ ਗੁਰੂ ਜੀ ਨੇ ਪੁੱਤਰ ਨੂੰ ਬਹੁਤ ਖ਼ੁਸ਼ ਵੇਖਿਆ ਤਾਂ ਚੁਕ ਕੇ ਗੋਦ ਵਿਚ ਬਿਠਾ ਲਿਆ, ਫਿਰ ਸਿਰ ਤੇ ਹੱਥ ਧਰ ਕੇ ਖ਼ੁਸ਼ ਹੋ ਕੇ ਅਸੀਸ ਦਿੱਤੀ॥ ੪੨॥

ਚਾਰੁ ਬਿਲੋਚਨ ਹੇਰਿ ਕਰਿ ਅਰੁ ਸੁਖ ਸਕਲ ਸਰੀਰ।
ਕਰਜੋ ਸ਼ਬਦ ਅਰਜਨ ਗੁਰੂ ਜੋ ਧੀਰਨ ਮਹਿਂ ਧੀਰ॥ ੪੩॥

ਪੁੱਤਰ ਦੇ ਸੁੰਦਰ ਨੈਣ ਅਤੇ ਸਾਰਾ ਸੁਖੀ ਸਰੀਰ ਵੇਖ ਕੇ ਗੁਰੂ ਅਰਜਨ ਦੇਵ ਜੀ, ਜਿਹੜੇ ਵੱਡੇ ਧੀਰਜਵਾਨ ਹਨ, ਨੇ ਇਕ ਸ਼ਬਦ ਦਾ ਉਚਾਰਨ ਕੀਤਾ॥ ੪੩॥

ਗਉੜੀ ਮਹਲਾ ੫ ॥

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥
ਨਾਨਕ ਨਾਮੁ ਜਪੈ ਸੋ ਜੀਵੈ ॥ ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥

(ਪੰਨਾ ੨੦੦)

ਸ੍ਰੀ ਨਾਨਕ ਗੁਰਦੇਵ ਨੇ ਪੁੱਤਰ ਦੀਆਂ ਅੱਖੀਆਂ ਖੋਲ੍ਹ ਦਿੱਤੀਆਂ ਹਨ, ਮੇਰੇ ਸਾਰੇ ਭਰਮ ਦੂਰ ਹੋ ਗਏ ਹਨ ਅਤੇ ਮੇਰੀ ਸੇਵਾ ਸਫਲ ਹੋਈ ਹੈ॥ ੧ ॥ ਠਹਿਰਾਉ॥

ਅਨੰਦ ਦੇਣ ਵਾਲੇ ਪ੍ਰਭੂ ਨੇ ਚੀਚਕ ਤੋਂ ਬਚਾ ਲਿਆ ਹੈ, ਪਾਰਬ੍ਰਹਮ ਪ੍ਰਭੂ ਨੇ ਆਪਣੀ ਮਿਹਰ ਕੀਤੀ ਹੈ॥੧॥

ਹੇ ਨਾਨਕ ! ਕੇਵਲ ਉਹੀ ਜੀਉਂਦਾ ਹੈ ਜੋ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ, ਸਾਧਸੰਗਤ ਵਿਚ ਉਹ ਵਾਹਿਗੁਰੂ ਦਾ ਅੰਮ੍ਰਿਤ ਰਸ ਪੀਂਦਾ ਹੈ॥ ੨॥੧੦੩॥੧੭੨॥

ਦੋਹਰਾ- 'ਸ੍ਰੀ ਨਾਨਕ ਗੁਰਦੇਵ ਨੈ ਕਰੇ ਸੁ ਨੈਨ ਪ੍ਰਕਾਸ਼।
ਰੱਛਾ ਕੀਨਸਿ ਹਾਥਿ ਦੈ ਲਖਿ ਪੂਰੀ ਮਮ ਆਸ॥ ੪੪ ॥

"ਸ੍ਰੀ ਨਾਨਕ ਗੁਰਦੇਵ ਨੇ ਸ੍ਰੇਸ਼ਟ ਨੈਣ ਖੋਲ੍ਹ ਦਿੱਤੇ ਹਨ, ਹੱਥ ਦੇ ਕੇ ਮੇਰੇ ਪੁੱਤਰ ਦੀ ਰੱਖਿਆ ਕੀਤੀ ਹੈ ਤੇ ਮੇਰੀ ਆਸ ਪੂਰੀ ਕੀਤੀ ਹੈ॥ ੪੪ ॥

ਪੂਰਨ ਸੇਵਾ ਜਾਨਿ ਕਰਿ ਭਰਮ ਬਿਦਾਰਯੋ ਦੂਰ।
ਨਿਸ਼ਚੈ ਅਪਨੇ ਕਰਿ ਲਏ ਸਭਿ ਨਿੰਦਕ ਕਰਿ ਕੂਰ॥ ੪੫ ॥

ਮੇਰੀ ਪੂਰੀ ਹੋਈ ਸੇਵਾ ਜਾਣ ਕੇ ਮੇਰੇ ਭਰਮ ਨੂੰ ਦੂਰ ਕੀਤਾ ਹੈ। ਸਭ ਨਿੰਦਕ ਝੂਠੇ ਕਰ ਕੇ ਨਿਸਚਿਤ ਰੂਪ ਵਿਚ ਆਪਣੇ ਕਰ ਲਏ ਹਨ॥ ੪੫ ॥

ਨਿਕਸੀ ਅਤਿਸ਼ੈ ਸੀਤਲਾ ਤਿਸ ਤੇ ਹ੍ਵੈ ਰਖਵਾਰ।
ਦਾਸ ਉਧਾਰਯੋ ਆਪਨੋ ਪਾਰਬ੍ਰਹਮ ਕਰਤਾਰ॥ ੪੬ ॥

ਬੜੀ ਭਿਆਨਕ ਸੀਤਲਾ ਨਿਕਲੀ ਸੀ, ਉਸ ਤੋਂ ਬਚਾ ਲਿਆ ਹੈ, ਪਾਰਬ੍ਰਹਮ ਕਰਤਾਰ ਨੇ ਆਪਣੇ ਦਾਸ ਦਾ ਉਧਾਰ ਕੀਤਾ ਹੈ॥ ੪੬ ॥

ਸ੍ਰੀ ਗੁਰ ਨਾਨਕ ਨਾਮ ਕੋ ਜਪਤਿ ਹੋਇ ਚਿਰੰਜੀਵ।
ਸਾਧੂ ਬ੍ਰਿਧ ਕੇ ਵਾਕ ਤੇ ਦੁਖ ਹਰਿ ਅੰਮ੍ਰਿਤ ਪੀਵ' ॥ ੪੭ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਜਪ ਕੇ ਵੱਡੀ ਉਮਰ ਵਾਲਾ ਹੋਵੇਗਾ। ਸੰਤ ਬਾਬਾ ਬੁੱਢੇ ਜੀ ਦੇ ਵਾਕ ਨਾਲ ਦੁੱਖ ਦੂਰ ਹੋ ਗਏ ਹਨ ਅਤੇ ਅੰਮ੍ਰਿਤ ਪੀ ਲਿਆ ਹੈ' ॥ ੪੭ ॥

ਤੀਸਰੀ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥

❖❖❖

ਨੋਟ:- ਅਧਿਆਇ ਚੌਦ੍ਹਵਾਂ ਗੁਰਮਤਿ ਅਨੁਸਾਰ ਨਾ ਹੋਣ ਕਰਕੇ ਇਸ ਦੇ ਅਰਥ ਸ਼ਾਮਿਲ ਨਹੀਂ ਕੀਤੇ ਗਏ ਹਨ।

# ਅਧਿਆਇ ਚੌਦ੍ਹਵਾਂ

*ਸੀਤਲਾ ਦਾ ਪ੍ਰਸੰਗ*

ਦੋਹਰਾ- ਪੁਨ ਗੰਗਾ ਮਨ ਮੋਦ ਕਰਿ ਚਹਤਿ ਸੀਤਲਾ ਪੂਜ।
ਸਭਿ ਤਜਾਰੀ ਕਰਿਵਾਇ ਕਰਿ ਲੇ ਸੁਤ ਜਨੁ ਸਸਿ ਦੂਜ॥ ੧ ॥

*ਪਾਧੜੀ ਛੰਦ-* ਪਰਵਾਰ ਸਰਬ ਪ੍ਰਿਥਮੇ ਮਿਲਾਇ। ਕਰਮੋ ਜਿਠਾਣਿ ਭੇਜੀ ਬੁਲਾਇ।
ਸ਼੍ਰੀ ਹਰਿਗੁਬਿੰਦ ਇਸ਼ਨਾਨ ਕੀਨਿ। ਇਮ ਕਹ੍ਯੋ ਜਾਇ ਦਾਸੀ ਪ੍ਰਬੀਨ ॥੨ ॥
'ਦੁਰਗਾ ਸੁ ਪੂਜਨੇ ਜਾਤਿ ਮਾਤ। ਅਬਿ ਚਲਹੁ ਆਪ ਭੀ ਤਹਿਂ ਬੁਲਾਤਿ'।
ਸੁਨਿ ਕਰਿ ਦੁਖੀ ਸੁ ਹਿਰਦੈ ਕੁਭਾਗ। ਜਨੁ ਡਸੀ ਸਰਪ ਬਿਖ ਚਢਨਿ ਲਾਗਿ ॥੩ ॥
ਸੋਚਤਿ ਬਿਸਾਲ, ਨਿਸ਼ਚਲ ਸਰੀਰ। ਨਹਿਂ ਉਠ੍ਯੋ ਜਾਤਿ ਦ੍ਰਿਢ ਗੂਢ ਪੀਰ।
ਪੁਨ ਕਿਤਿਕ ਦੇਰ ਮਹਿਂ ਹੁਇ ਤਯਾਰ। ਪਹਿਰੇ ਨ ਵਸਤ੍ਰ ਕੁਛ ਰੰਗਦਾਰ ॥੪ ॥
ਨਹਿਂ ਅਲੰਕਾਰ ਪਹਿਰੇ ਸੁ ਚਾਰੁ। ਚਲਿ ਗਈ ਸਦਨ ਜਹਿਂ ਬ੍ਰਿੰਦ ਨਾਰਿ।
ਦਾਸੀ ਕਿਤੇਕ ਜਹਿਂ ਲੀਨ ਸੰਗ। ਮਿਲਿ ਰਹੀ ਬੈਠ ਹ੍ਵੈ ਨਿਕਟ ਗੰਗ ॥੫ ॥
ਸ਼੍ਰੀ ਹਰਿ ਗੁਬਿੰਦ ਲੇ ਗੋਦ ਮਾਇ। ਕਰਮੋ ਚਰੰਨ ਮਸਤਕ ਟਿਕਾਇ।
ਉਰ ਕਪਟ ਸੁ ਮੁਖ ਤੇ ਬਚ ਭਨੰਤਿ। 'ਚਿਰੰਜੀਵ ਹੋਹੁ ਸੁੰਦਰ ਸੁਭੰਤਿ' ॥੬ ॥
ਪਠਿ ਦਾਸ ਪ੍ਰਿਥੀਆ ਪੁਨ ਬੁਲਾਇ। ਅਰ ਮਹਾਂਦੇਵ ਸਾਦਰ ਮਿਲਾਇ।
ਇਨ ਆਦਿ ਅਪਰ ਨਰ ਨਾਰਿ ਬ੍ਰਿੰਦ। ਪੁਰਿ ਕੇਰ ਮਿਲੇ ਕਰਿ ਕਰਿ ਅਨੰਦ ॥੭ ॥
ਸਭਿ ਪਹਿਰ ਬਿਭੂਖਨ ਚਾਰੁ ਚੀਰ। ਘਰ ਬਿਖੈ ਕੀਨ ਮਿਲਿ ਭੂਰ ਭੀਰ।
ਬਹੁ ਦੇਤਿ ਬਧਾਈ ਆਨਿ ਆਨਿ। ਸਨਮਾਨ ਠਾਨਿ ਗੰਗਾ ਮਹਾਨ॥ ੮ ॥
ਜਿਨਿ ਕੰਠ ਕੋਕਿਲਾ ਗਾਇਂ ਗੀਤ। ਬਹੁ ਕਰਿ ਉਛਾਹ ਧਰਿ ਹਰਖ ਚੀਤ।
ਮੁਖ ਹਸਤਿ ਚਲਤਿ ਜੇ ਹਸਤਿ ਚਾਲਿ। ਜਨੁ ਅਨੰਦ ਉਦਧਿ ਮਹਿਂ ਮੀਨ ਜਾਲ॥ ੯॥
ਇਕਠੇ ਸੁ ਹੋਇ ਨਰ ਏਕ ਥਾਨ। ਗਮਨੇ ਸੁ ਅੱਗ੍ਰ ਉਰ ਹਰਖ ਠਾਨਿ।
ਸ਼੍ਰੀ ਹਰਿ ਗੁਬਿੰਦ ਲੇ ਗੰਗ ਸੰਗ। ਸਭਿ ਤ੍ਰਿਯਾ ਗਾਵਤੀ ਮਨ ਉਮੰਗ॥੧੦॥
ਦਿਸ਼ ਪਸ਼ਚਮ ਪੁਰਿ ਤੇ ਗਮਨ ਠਾਨਿ। ਤਹਿਂ ਦੁਰਗਿਆਣਿ ਦੁਰਗਾ ਸਥਾਨ।
ਬਹੁ ਸੰਗ ਸੁ ਬਾਦਿਤ ਤਬ ਬਜਾਇ। ਲਘੁ ਦੁੰਦਭਿ ਬਾਜਤਿ ਧੁਨਿ ਉਠਾਇ॥੧੧॥

ਕਰ ਝਾਂਝ ਨਫੀਰਨਿ ਸ਼ਬਦ ਹੋਤਿ। ਲੇ ਪਟਹਿ ਪਣਵ ਧੁਨਿ ਊਚ ਉਦੋਤਿ।
ਇੱਤਜਾਦਿ ਅਨਿਕ ਬਾਜੇ ਬਜਾਇ। ਸਭਿ ਚਲੇ ਜਾਤਿ ਮਾਰਗ ਸੁਹਾਇ ॥੧੨॥
ਤ੍ਰਿਯ ਸਹਤ ਪ੍ਰਿਥੀਆ ਪਿਖਿ ਉਛਾਹ। ਜਨੁ ਚੁਭਤਿ ਸੂਲ ਉਰ ਦ੍ਰਿਗਨਿ ਮਾਂਹਿ।
ਬਹੁ ਕਸ਼ਟ ਰਿਦੇ ਮੁਖ ਮਧੁਰ ਭਾਖਿ। ਕਹਿ ਤਨਕ ਬਾਤ ਨਤੁ ਮੌਨ ਰਾਖਿ ॥੧੩॥
ਨਹਿਂ ਸਮੁਖ ਕਿਸੀ ਕੇ ਆਂਖ ਜੋਰ। ਇਮ ਚਲੇ ਜਾਤਿ ਦੁਰਗਜਾਣਿ ਓਰ।
ਪਹੁੰਚੇ ਸਮੀਪ ਥਲ ਰੁਚਿਰ ਭੌਨ। ਸਭਿ ਕੀਨਿ ਬੰਦਨਾ ਔਨਿ ਔਨਿ ॥੧੪॥
ਪੂਜਕ ਸੁ ਬਿੱਪ੍ਰ ਬੈਠਜੋ ਸਥਾਨ। ਦੇ ਪ੍ਰਥਮ ਬੰਧਾਈ ਧੁਜ ਮਹਾਨ।
ਚੰਦਨ ਸੁਗੰਧਿ ਧੂਪਨਿ ਧੁਖਾਇ। ਬਡ ਫੂਲ ਮਾਲ ਸੁੰਦਰ ਚਢਾਇ ॥੧੫॥
ਪਟ ਪਾਟ ਕੋ ਸੁ ਚੋਲਾ ਬਿਸਾਲ। ਧਰਿ ਚੰਡਿ ਊਪਰ ਜੁ ਰੰਗ ਲਾਲ।
ਗਨ ਪੂੰਗ ਨਾਲੀਅਰ ਸੋ ਚੜਾਇ। ਹਰਖੰਤਿ ਕੀਨਿ ਸਭਿ ਜਗਤ ਮਾਇ ॥੧੬॥
ਕੀਨ ਸ ਕਰਾਹੁ ਤਹਿਂ ਬਾਂਟ ਦੀਨਿ। ਗਨ ਲੋਕ ਸੰਗ ਸਭਿਹੂਨਿ ਲੀਨਿ।
ਦਿਜ ਪਾਠਕ ਤਿਨ ਕੋ ਦਰਬ ਦੇਯ। ਸ਼ੁਭ ਬਸਤ੍ਰ ਮਧੁਰ ਭੋਜਨ ਅਚੇਯ ॥੧੭॥
ਸਭਿ ਕੋ ਪ੍ਰਸੰਨ ਕਰਿ ਹ੍ਵੈ ਪ੍ਰਸੰਨ। ਕਹਿਂ 'ਮਾਤ ਭਗਵਤੀ ਧੰਨਿ ਧੰਨਿ'।
ਇਕ ਬਾਰ ਕੀਨਿ ਜੈਕਾਰ ਬੋਲ। ਪੁਨ ਹਟੇ ਨਗਰ ਦਿਸ਼ ਬਾਂਧਿ ਟੋਲ ॥੧੮॥
ਬਜਿਯੰਤਿ ਬਾਜ ਸੁਨਿਯੰਤਿ ਦੂਰਿ। ਦਿਜਿਯੰਤਿ ਦਾਨ ਦੀਨਾਨ ਭੂਰ।
ਗਾਵੰਤਿ ਗੀਤ ਧਰਿਮੋਦ ਚੀਤ। ਪੁਰਿ ਮੈਂ ਪ੍ਰਵੇਸ਼ ਕਰਿ ਬੰਸ ਰੀਤਿ ॥੧੯॥
ਘਰ ਆਨਿ ਅਧਿਕ ਸਨਮਾਨ ਕੀਨਿ। ਬਹੁ ਕਰਿ ਕਰਾਹੁ ਸਭਿ ਪਾਨ ਦੀਨ।
ਬਧਾਈ ਸਹਤ ਆਸ਼ਿਖ ਉਚਾਰ। 'ਸ਼੍ਰੀ ਹਰਿ ਗੋਵਿੰਦ ਕੀ ਬਯ ਉਦਾਰ' ॥੨੦॥
ਕੰਨਜਾ ਹਕਾਰਿ ਦੀਨਸਿ ਅਹਾਰ। ਸ਼ੁਭਿ ਬਸਤ੍ਰ ਬਿਭੂਖਨ ਦੇਯ ਚਾਰੁ।
ਤਿਨ ਕੋ ਪ੍ਰਸੰਨ ਕੀਨਸਿ ਮਹਾਨ। ਸਭਿ ਦੇ ਅਸੀਸ ਮ੍ਰਿਦੁ ਬਚ ਬਖਾਨ ॥੨੧॥
ਦਿਜ ਘਰ ਜੁ ਪਾਠ ਕਰਤੇ ਪ੍ਰਬੀਨ। ਤਿਨ ਕੋ ਪ੍ਰਸੰਨ ਕਰਿ ਦਰਬ ਦੀਨਿ।
ਸਭਿ ਅਪਰ ਜਾਤਿ ਜਾਚਿਕ ਜਿ ਆਇ। ਸਨਮਾਨ ਸਾਥ ਤਿਨ ਧਨ ਦਿਵਾਇ ॥੨੨॥

*ਦੋਹਰਾ*-ਭਯੋ ਕੁਲਾਹਲ ਗੁਰੂ ਘਰ ਲੇਨਿ ਦੇਨਿ ਕੀ ਭੀਰ।
ਸੁਤ ਪਰ ਵਾਰਤਿ ਦਰਬ ਬਹੁ ਬਖਸ਼ਤਿ ਸੁੰਦਰ ਚੀਰ ॥੨੩॥

*ਪਾਧੜੀ ਛੰਦ*- ਉਤਸ਼ਾਹ ਅਧਿਕ ਗੁਰ ਘਰ ਕਰੰਤਿ। ਸਿਖ ਮਿਲਹਿਂ ਆਇ ਪੂਜਾ ਚਢੰਤਿ।
ਨਰ ਨਾਰਿ ਸਭਿਨਿ ਮਹਿਂ ਜਸੁ ਬਿਸਾਲ। ਮਿਲਿ ਸਕਲ ਕਹਤਿ ਸੁਖਦਾ ਰਸਾਲ ॥੨੪॥

Sri Satguru Jagjit Singh Ji eLlibrary NamdhariElibrary@gmail.com

ਪੁਨ ਖ਼ੁਸ਼ੀ ਹੋਤਿ ਨਿਤਿ ਪ੍ਰਿਤਿ ਮਹਾਨ। ਦਿਨ ਪ੍ਰਤਿ ਕਰਾਹੁ ਹੁਇ ਕਰਹਿਂ ਖਾਨ।
ਅਰਦਾਸ ਹੋਤਿ ਬਾਂਛਤਿ ਜੁ ਕੋਇ। ਕਰੁਨਾਨਿਧਾਨ ਪੂਰੰਤਿ ਸੋਇ॥ ੨੫॥
ਸਭਿ ਦੇਸ਼ ਦੇਸ਼ ਮਹਿਂ ਤਜਿ ਮਸੰਦ। ਗੁਰ ਕਾਰ ਚਲੀ ਆਵਹਿ ਬਿਲੰਦ।
ਸਿਖ ਮੁੱਖ ਤਿਨਹੁਂ ਸਿਰਪਾਉ ਦੇਤਿ। ਬਹੁ ਸੰਗਿ ਸੰਗਤਾਂ ਸੋਇ ਲੇਤਿ॥੨੬॥
ਦੇਸ਼ਨਿ ਬਿਦੇਸ਼ ਬਡਿ ਟੋਲ ਬਾਂਧਿ। ਧਨ ਲੇ ਪਹੂੰਚੇ ਗੁਰ ਕੋ ਅਗਾਧਿ।
ਅਤਿ ਦੁਲਭ ਪਦਾਰਥ ਆਇ ਪਾਸ। ਅਰਪੰਤਿ ਦੀਨ ਹੁਇ ਦਰਬ ਰਾਸ॥੨੭॥
ਹੁਇ ਦੀਪਮਾਲ ਸੰਕ੍ਰਾਂਤ ਮੇਖ। ਸਿਖ ਸੰਗਤਿ ਤਬਿ ਆਵਹਿ ਵਿਸ਼ੇਖ।
ਗੁਰ ਤੀਰ ਭੀਰ ਭਰਿ ਜਾਇ ਭੂਰ। ਇਕ ਦਰਸ਼ਨ ਹਿਤ ਆਵਹਿਂ ਜ਼ਰੂਰ॥੨੮॥
ਸਭਿ ਘਟਨਿ ਜਾਨਿ ਗਨ ਸਿੱਖਜ ਆਇ। ਬਾਂਛਤਿ ਸੁ ਦੇਤਿ ਆਨੰਦ ਉਪਾਇ।
ਉਪਦੇਸ਼ ਦੇਤਿ ਸਤਿਨਾਮ ਕੇਰ। ਸਿਮਰੰਤਿ ਸਿੱਖ ਸ਼ਕਤੀ ਬਡੇਰ॥ ੨੯॥
'ਤਜਿ ਕਾਮ ਕ੍ਰੋਧ ਮਦ ਲੋਭੁ ਮੋਹੁ। ਅਪਮਾਨ ਮਾਨ ਇਕ ਰਸਹਿ ਹੋਹੁ।
ਹੌਮੈਂ ਨਿਵਾਰ ਭਾਣਾ ਸੁ ਮੰਨ। ਪ੍ਰਭੁ ਕਰਜੋ ਜਾਨਿ ਨਿਤ ਰਹੁ ਪ੍ਰਸੰਨ॥ ੩੦॥
ਨਹਿਂ ਅਪਰ ਕੋਇ ਦੁਖ ਸੁਖ ਜੁ ਦੇਯ। ਕਰਤਾਰ ਪੁਰਖ ਤਿਸ ਨਾਮ ਲੇਯ।
ਅੰਨਜਾਇ ਕਰਤਿ ਨਹਿਂ ਕਬਹੁ ਜੋਇ। ਸਭਿ ਜਥਾ ਜੋਗ ਕ੍ਰਿਤ ਕਰਹਿ ਸੋਇ॥੩੧॥
ਅਸ ਦੀਨ ਬੰਧੁ ਤਿਸ ਕਰਹੁ ਮੀਤ। ਪੁਨ ਚਿੰਤ ਛੋਰਿ ਧਰਿ ਨਾਮ ਚੀਤ'।
ਇਸ ਭਾਂਤਿ ਦੇਤਿ ਉਪਦੇਸ਼ ਸਾਰ। ਉਰ ਧਰਹਿਂ ਜ ਨਰ ਤਿਨ ਭੇ ਉਧਾਰ॥੩੨॥
ਸਿਖ ਕਰਾਮਾਤ ਜੁਤ ਭੇ ਕਿਤੇਕ। ਨਹਿਂ ਤਜਹਿਂ ਗੁਰੂ ਪਗ ਧਰਹਿਂ ਟੇਕ।
ਅੰਮ੍ਰਿਤ ਬਧੀਕ ਜਬਿ ਸਾਦ ਪਾਇ। ਅਸ ਕੌਨ ਮੂਢ ਤਹਿਂ ਤਜਾਗ ਜਾਇ॥੩੩॥
ਸਿਖ ਰਹੈਂ ਪਾਸ ਸੇਵੰਤਿ ਸੇਵ। ਗੁਰ ਲਖੈਂ ਸਕਲ ਦੇਵਾਨ ਦੇਵ।
ਉਰ ਹਰਖ ਸ਼ੋਕ ਜਿਨ ਕੇ ਨ ਲੇਸ਼। ਨਰ ਰੂਪ ਸੁ ਨਟ ਜਜੋਂ ਕਾਛ ਬੇਸ॥੩੪॥
ਨਿਤਪ੍ਰਤਿ ਪ੍ਰਤਾਪ ਹੋਵਤਿ ਬਿਸਾਲ। ਜਿਨ ਬਡੇ ਭਾਗ ਨਿਤ ਰਹਤਿ ਨਾਲ।
ਧਨ ਬਿੰਦ ਆਇ ਨਹਿਂ ਛੁਵਤਿ ਹਾਥ। ਸਭਿ ਦੇ ਲਗਾਇ ਉਪਕਾਰ ਸਾਥ॥੩੫॥
ਸੁਨਿ ਜਸੁ ਬਿਸਾਲ ਦ੍ਰੋਹੀ ਜੁ ਕੂਰ। ਬਿਨ ਅਗਨ ਜਰਤਿ ਦੁਖ ਪਾਇਂ ਭੂਰ।
ਦੁਰਬੁੱਧਿ ਮੂਢ ਬਿਨ ਹੇਤੁ ਦ੍ਰੋਹ। ਮਤਸਰ ਮਹਾਨ ਕਰਿ ਨਿਫਲ ਕ੍ਰੋਹ॥ ੩੬॥
ਕੋ ਕਹੈ ਤਿਨਹੁਂ ਕੇ ਸੰਗ ਜਾਇ। 'ਤਜਿ ਮਾਨ ਕਜੋਂ ਨ ਪਗ ਪਰਹੁ ਆਇ।
ਉਰ ਅਨੰਦ ਲਹਹੁ ਦੁਖ ਹ੍ਵੈ ਨ ਕੋਇ। ਸਗਰੇ ਪਦਾਰਥਨਿ ਲੇਹਿ ਸੋਇ'॥੩੭॥
ਕਜਾ ਕਰਹਿ ਜੰਤੁ ਜਿਨ ਕੇ ਨ ਭਾਗ। ਜਸ ਸੁਨੰਤਿ ਜਰਤਿ ਉਰ ਹੀਨ ਆਗ।
ਤਜੋਂ ਤਜੋਂ ਪ੍ਰਤਾਪ ਗੁਰ ਕੋ ਬਧੰਤਿ। ਕਿਸ ਜਤਨ ਸੂਰ ਮੂਰਖ ਛਪੰਤਿ॥੩੮॥

ਪੁਰਿ ਰਾਮਦਾਸ ਕੇ ਹੋਇ ਭੀਰ। ਬਹੁ ਬਸਨ ਲਾਗਿ ਲਖਿ ਗੁਰਨਿ ਤੀਰ।
ਸਿਖ ਮਨ ਬਿਕਾਰ ਮ੍ਰਿਗ ਤਿਨਹੁੰ ਸਿੰਘ। ਅਸ ਗੁਰੂ ਦਰਸ ਸੰਤੋਖ ਸਿੰਘ॥੩੯॥
ਦੋਹਰਾ-ਕੁਛਕ ਦਿਵਸ ਬੀਤਤਿ ਭਏ ਗੁਰ ਕੋ ਇਸੀ ਪ੍ਰਕਾਰ।
ਸੁਨਿ ਸ਼੍ਰੋਤਾ ਆਗਲ ਕਥਾ ਦੇ ਜੁ ਪਦਾਰਥ ਚਾਰ॥ ੪੦॥

## ਅਧਿਆਇ ਪੰਦਰ੍ਹਵਾਂ

### ਬ੍ਰਾਹਮਣ ਵਲੋਂ ਜ਼ਹਿਰ

ਦੋਹਰਾ-ਲਘੁ ਦੁੰਦਭਿ ਦੁਇ ਸਮੇਂ ਮੈਂ ਬਾਜਤਿ ਗੁਰ ਕੇ ਪੌਰ॥
ਸਦਨ ਨਫੀਰਨ ਕੋ ਮਿਲਹਿ, ਗਾਇੰ ਸਬਦ ਸਿਰਮੋਰ॥ ੧॥

ਗੁਰੂ ਘਰ ਦੇ ਦਰਵਾਜ਼ੇ ਤੇ ਦੋਵੇਂ ਸਮੇਂ ਛੋਟੀ ਦੁੰਦਭੀ ਵੱਜਦੀ ਰਹਿੰਦੀ ਹੈ। ਘਰ ਵਿਚ ਤੂਤੀਆਂ ਦੇ ਨਾਲ ਮਿਲ ਕੇ ਸ੍ਰੇਸ਼ਟ ਸ਼ਬਦ ਗਾਇਣ ਹੁੰਦਾ ਹੈ॥ ੧॥

*ਨਿਸ਼ਾਨੀ ਛੰਦ-* ਬਜਹਿ ਕੁਲਾਹਲਿ ਹੋਤਿ ਹੈ ਮੰਗਲ ਉਪਜੰਤੇ।
ਪਤਨੀ ਪ੍ਰਿਥੀਏ ਕੀ ਸੁਨੀ ਉਰ ਸ਼ੋਕ ਬਧੰਤੇ।
ਨਹਿੰ ਨ ਬਡਾਈ ਸਹਿ ਸਕਹਿ ਦੁਖ ਪ੍ਰਾਪਤਿ ਭਾਰੀ।
ਨਹਿੰ ਪੂਰੀ ਮਨ ਭਾਵਨੀ ਦੁਸ਼ਟਾਂ ਜੋ ਧਾਰੀ॥ ੨॥

ਵਾਜੇ ਵੱਜਦਿਆਂ ਮੰਗਲ ਪੈਦਾ ਹੁੰਦਾ ਹੈ, ਪਰ ਪ੍ਰਿਥੀਏ ਦੀ ਪਤਨੀ ਕਰਮੋਂ ਦਾ ਸੁਣ ਕੇ ਦਿਲ ਦਾ ਦੁੱਖ ਬਹੁਤ ਵਧ ਜਾਂਦਾ ਹੈ। ਉਹ ਵਡਿਆਈ ਸਹਿ ਨਹੀਂ ਸਕਦੀ, ਭਾਰੀ ਦੁੱਖ ਪ੍ਰਾਪਤ ਕਰਦੀ ਹੈ, ਉਸ ਦੀ ਭਾਵਨਾ ਪੂਰੀ ਨਹੀਂ ਹੋਈ, ਜਿਹੜੀ ਦੁਸ਼ਟਾਂ ਨੇ ਧਾਰਨ ਕੀਤੀ ਹੋਈ ਹੈ॥ ੨॥

ਅਨਿਕ ਉਪਾਵਨਿ ਚਿਤਵਤੀ ਚਿੰਤਾ ਗ਼ਲਤਾਨੀ।
ਬਸ ਨ ਬਸਾਵਹਿ ਬੁਰੇ ਪਰ ਦੁਰਮਤੀ ਅਯਾਨੀ।
'ਜਤਨ ਬਾਦ ਹੀ ਜਾਤਿ ਹੈ ਨਹਿੰ ਪੂਰਜੋ ਕਾਜਾ।
ਅਬਿ ਦਿਨਪ੍ਰਤਿ ਬਹੁ ਬਧਤਿ ਹੈ ਸਭਿ ਰੀਤਿ ਸਮਾਜਾ॥ ੩॥

ਹੋਰ ਅਨੇਕਾਂ ਉਪਾਅ ਸੋਚਦੀ ਚਿੰਤਾ ਵਿਚ ਗਲਤਾਨ ਹਨ। ਮੂਰਖ ਭੈੜੀ ਮੱਤ ਵਾਲੀ ਦਾ ਗੁਰੂ ਜੀ ਦਾ ਬੁਰਾ ਕਰਨ ਵਿਚ ਕੋਈ ਵੱਸ ਨਹੀਂ ਚਲਦਾ ਹੈ। ਸਾਰੇ ਯਤਨ ਖਾਲੀ ਜਾਂਦੇ ਹਨ, ਕੋਈ ਵੀ ਕਾਰਜ ਪੂਰਾ ਨਹੀਂ ਹੁੰਦਾ। ਸੋਚਦੀ ਹੈ ਕਿ ਸ੍ਰੀ ਹਰਿਗੋਬਿੰਦ ਹੁਣ ਸਮਾਜ ਦੀਆਂ ਸਾਰੀਆਂ ਰੀਤੀਆਂ ਅਨੁਸਾਰ ਦਿਨ ਪ੍ਰਤਿ ਦਿਨ ਵੱਡੇ ਹੋ ਰਹੇ ਹਨ॥ ੩॥

ਤਸੁ ਲਾਯਕ ਸਭਿ ਰੀਤਿ ਤੇ ਸੁੰਦਰ ਬਲ ਭਾਰੀ।
ਕਿਤਿਕ ਬਰਖ ਮਹਿੰ ਹੋਇ ਹੈ ਸੁਧਿ ਲੇਹਿ ਸੰਭਾਰੀ।

ਗੁਰਤਾ ਰਹਿ ਹੈ ਤਿਨਹੁਂ ਢਿਗ ਕੁਲ ਚਲਹਿ ਅਗਾਰੀ।
ਹਮ ਛੂਛੇ ਜਿਸ ਭਾਂਤਿ, ਤਿਮ ਸੰਤਤੀ ਹਮਾਰੀ॥ ੪॥

ਸਭ ਰੀਤੀਆਂ ਅਨੁਸਾਰ ਲਾਇਕ ਹੈ ਅਤੇ ਸੁੰਦਰ ਤੇ ਭਾਰੀ ਬਲਵਾਨ ਹੈ। ਕਈਆਂ ਸਾਲਾਂ ਵਿਚ ਵੱਡਾ ਹੋ ਗਿਆ ਹੈ ਅਤੇ ਹੋਸ਼ ਸੰਭਾਲ ਲਈ ਹੈ। ਹੁਣ ਗੁਰਤਾ ਉਨ੍ਹਾਂ ਪਾਸ ਹੀ ਰਹੇਗੀ ਅਤੇ ਉਨ੍ਹਾਂ ਦੀ ਕੁਲ ਅੱਗੇ ਚਲੇਗੀ, ਜਿਸ ਤਰ੍ਹਾਂ ਅਸੀਂ ਖਾਲੀ ਰਹੇ ਹਾਂ ਉਸ ਤਰ੍ਹਾਂ ਸਾਡੀ ਸੰਤਾਨ ਵੀ ਖਾਲੀ ਰਹੇਗੀ॥ ੪॥

ਕਹਾਂ ਕਰਹਿਂਗੇ ਬਾਪੁਰੇ ਜਾਚਹਿਂ ਘਰ ਜਾਈ।
ਰਲੀਆਂ ਪਿਖਹਿਂ ਸ਼ਰੀਕ ਕੀ ਦੀਰਘ ਦੁਖ ਪਾਈ।
ਅਬਿਤੋ ਥੋਰੇ ਜਤਨ ਤੇ ਹਇ ਆਵਤਿ ਕਾਜਾ।
ਹਰਿ ਗੋਬਿੰਦ ਇਕ ਹਤੇ ਤੇ ਸਗਰੇ ਸੁਖ ਸਾਜਾ॥ ੫॥

ਕੀ ਕਰਨਗੇ ਵਿਚਾਰੇ, ਘਰ ਘਰ ਜਾ ਕੇ ਮੰਗਣਗੇ। ਸ਼ਰੀਕ ਦਾ ਸੁਖ ਵੇਖ ਕੇ ਬਹੁਤ ਦੁੱਖ ਪਾਉਂਦੀ ਹੈ, ਕਹਿੰਦੀ ਹੈ ਹੁਣ ਤਾਂ ਥੋੜ੍ਹੇ ਯਤਨ ਨਾਲ ਹੀ ਕਾਰਜ ਪੂਰਾ ਹੋ ਜਾਵੇਗਾ, ਇਕ ਹਰਿਗੋਬਿੰਦ ਨੂੰ ਮਾਰਨ ਨਾਲ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ॥ ੫॥

ਲਘੁ ਦਰਖਤ ਜਬਿ ਉਗਤਿ ਹੈ ਬਲ ਅਲਪ ਉਖਾਰੇ।
ਗਾਢੋ ਹੋਵਹਿ ਮੂਲ ਤੇ ਨਰ ਲਗਿ ਤਬਿ ਹਾਰੇ'।
ਇੱਤਜਾਦਕ ਚਿੰਤਾ ਕਰਹਿਂ ਨਿਸ ਬਾਸੁਰ ਸੋਊ।
ਜਿਮ ਪਪੀਲਕਾ ਸੈਲ ਕੋ ਚਹਿ ਭਗਨਤਿ ਕੋਊ॥ ੬॥

ਛੋਟਾ ਦਰੱਖਤ ਜਦ ਉੱਗਦਾ ਹੈ ਤਾਂ ਥੋੜ੍ਹੇ ਜ਼ੋਰ ਨਾਲ ਹੀ ਪੁਟਿਆ ਜਾਂਦਾ ਹੈ, ਪਰ ਜੇ ਜੜ੍ਹ ਬਹੁਤ ਲੰਮੀ ਹੋ ਜਾਵੇ ਤਾਂ ਮਨੁੱਖ ਜ਼ੋਰ ਲਾ-ਲਾ ਕੇ ਹਾਰ ਜਾਂਦਾ ਹੈ। ਇਤਿਆਦਿ ਦਿਨ ਰਾਤ ਚਿੰਤਾ ਕਰਦੇ ਰਹਿੰਦੇ ਹਨ, ਜਿਵੇਂ ਕੋਈ ਕੀੜੀ ਪਹਾੜ ਨੂੰ ਤੋੜਨਾ ਚਾਹੇ॥ ੬॥

ਇਕ ਦਿਨ ਪ੍ਰਿਥੀਆ ਬੈਠਿ ਕਰਿ ਨਿਜ ਪਤਨੀ ਪਾਸੂ।
ਕਰਤਿ ਬਡਾਈ ਆਪਨੀ ਸੁਖ ਸਹਤ ਬਿਲਾਸੂ।
'ਅਰਜਨ ਗੁਰੂ ਕਹਾਵਤੋ ਮਮ ਪਦ ਸਿਰ ਧਾਰੇ।
ਕਿਮ ਸਿਖ ਹਮਰੇ ਤਾਂਹਿ ਕੇ ਹੁਇਂ ਨੰਮ੍ਰਿ ਅਗਾਰੇ॥ ੭॥

ਇਕ ਦਿਨ ਪ੍ਰਿਥੀਆ ਆਪਣੀ ਪਤਨੀ ਪਾਸ ਬੈਠ ਕੇ ਬੜੇ ਸੁਖ ਆਰਾਮ ਨਾਲ ਆਪਣੀ ਵਡਿਆਈ ਕਰ ਰਿਹਾ ਸੀ, "ਗੁਰੂ ਅਰਜਨ ਮੇਰੀ ਪਦਵੀ ਸਿਰ 'ਤੇ ਧਾਰ ਕੇ ਗੁਰੂ ਕਹਾਉਂਦਾ ਹੈ, ਕਿਸ ਤਰ੍ਹਾਂ ਮੇਰੇ ਸਿੱਖ ਉਸ ਦੇ ਅੱਗੇ ਜਾ ਕੇ ਸਿਰ ਨਿਵਾਉਣਗੇ॥ ੭॥

ਜੋ ਸਿਖ ਹੈਂ ਸ਼ੁਭ ਮਤੀ ਜੁਤਿ ਮੋਹੂ ਕਹੁ ਮਾਨੈ।
ਕਰਾਮਾਤਿ ਸਾਹਿਬ ਲਖੈ ਗਨ ਭੇਟਨਿ ਆਨੈ।
ਬਾਂਛਤਿ ਪਾਵਹਿਂ ਕਾਮਨਾ ਬਹੁ ਕਹਤਿ ਸੁਨਾਏ।
'ਅਮੁਕ ਸਥਲ ਜਹਿਂ ਬਿਖਮ ਥੋ ਤਹਿਂ ਭਏ ਸਹਾਏ'॥ ੮॥

ਜਿਹੜਾ ਤਾਂ ਕੋਈ ਚੰਗੀ ਮੱਤ ਵਾਲਾ ਸਿੱਖ ਹੈ, ਉਹ ਮੈਨੂੰ ਹੀ ਮੰਨਦਾ ਹੈ, ਮੇਰੀ ਕਰਾਮਾਤ ਵੇਖ ਕੇ ਭੇਟਾਵਾਂ ਲਿਆਉਂਦੇ

ਹਨ, ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ ਅਤੇ ਸੁਣਾ ਕੇ ਕਹਿੰਦੇ ਹਨ "ਫਲਾਣੇ ਥਾਂ ਜਦ ਮੁਸ਼ਕਲ ਬਣੀ ਸੀ ਤਾਂ ਉਥੇ ਸਹਾਈ ਹੋਇਆ ਸੀ" ॥ ੮॥

ਇਮ ਸੁਨਿ ਕੈ ਕਰਮੋ ਖਿਝੀ 'ਕਜਾ ਕਰਤਿ ਬਡਾਈ।
ਏਕ ਸੱਲ ਛਾਤੀ ਠੁਕਯੋ ਸੋ ਨਹਿੰ ਨਿਕਸਾਈ।
ਜਤਨ ਅਨੇਕਨਿ ਕਰਿ ਥਕਯੋ ਸਭਿ ਬਾਦ ਗਏ ਹੈਂ।
ਲਖਹੁ ਨ ਸੰਕਟ ਅਤਿ ਬਡੇ ਨਿਤ ਬ੍ਰਿਧਤਿ ਭਏ ਹੈਂ॥ ੯॥

ਇਸ ਤਰ੍ਹਾਂ ਸੁਣ ਕੇ ਕਰਮੋ ਖਿੱਝ ਗਈ ਅਤੇ ਬੋਲੀ, "ਆਪਣੀ ਕੀ ਵਡਿਆਈ ਕਰਦਾ ਹੈਂ, ਜਿਹੜਾ ਇਕ ਕੰਡਾ ਛਾਤੀ ਵਿਚ ਠੁਕਿਆ ਹੈ, ਉਹ ਤਾਂ ਤੈਥੋਂ ਹਾਲੇ ਤਕ ਕਢਿਆ ਨਹੀਂ ਗਿਆ। ਅਨੇਕਾਂ ਯਤਨ ਕਰ ਚੁਕਾ ਹੈਂ, ਪਰ ਸਭ ਬੇਕਾਰ ਗਏ ਹਨ, ਏਨੇ ਵੱਡੇ ਸੰਕਟ ਨੂੰ ਵੇਖਦਾ ਨਹੀਂ, ਉਹ ਨਿੱਤ ਵੱਡਾ ਹੁੰਦਾ ਜਾਂਦਾ ਹੈ॥ ੯॥

ਪ੍ਰਥਮ ਭਨਯੋ ਤੁਮ ਬਾਕ ਕੋ 'ਸੁਤ ਨਹਿੰ ਉਪਜੈ ਹੈ'।
ਕੂਰੋ ਭਯੋ ਨ ਕਛੁ ਫੁਰਯੋ ਅਬਿ ਸੋ ਮੁਦਤੈ ਹੈਂ।
'ਗੁਰਤਾ ਹਮਰੇ ਆਇ ਹੈ,' ਸੋ ਭੀ ਨਹਿੰ ਹੋਵਾ।
ਚਹਤਿ ਹੁਤੋ 'ਹਤਿ ਹੋਹਿਗੋ' ਅਬਿ ਮ੍ਰਿਖਾ ਸੁਜੋਵਾ॥ ੧੦॥

ਪਹਿਲਾਂ ਤੂੰ ਬਚਨ ਕੀਤਾ ਸੀ ਕਿ ਪੁੱਤਰ ਪੈਦਾ ਨਹੀਂ ਹੋਵੇਗਾ, ਤੇਰਾ ਬਚਨ ਝੂਠਾ ਰਿਹਾ, ਕੋਈ ਵੀ ਪੂਰਾ ਨਹੀਂ ਹੋਇਆ ਹੁਣ ਤਕ ਅਨੰਦ ਕਰਦੇ ਹਨ। ਗੁਰਤਾ ਸਾਡੇ ਪਾਸ ਆਵੇਗੀ, ਸੋ ਵੀ ਨਹੀਂ ਹੋਇਆ। ਚਾਹੁੰਦਾ ਸੀ ਮਰ ਜਾਵੇਗਾ, ਉਹ ਵੀ ਵਾਕ ਝੂਠਾ ਨਿਕਲਿਆ ਹੈ॥ ੧੦॥

ਜਤਨ ਧਾਇ ਕੇ ਪਠਨ ਕੋ ਤਬਿ ਭਯੋ ਸੁ ਬਾਦੂ।
ਪ੍ਰਾਨ ਬਿਨਾਸੇ ਤਿਸੀ ਕੇ ਬਾਲਕ ਅਹਿਲਾਦੂ।
ਬਹੁਰ ਸਰਪ ਕੈ ਤ੍ਰਾਸ ਤੇ ਜੀਵਤਿ ਹੀ ਜੋਵਾ।
ਪਰਾਲਬਧ ਕੇ ਬੇਗ ਤੇ ਤਿਸ ਕੋ ਹਤਿ ਹੋਵਾ॥ ੧੧॥

ਯਤਨ ਕਰਕੇ ਦਾਈ ਨੂੰ ਭੇਜਿਆ ਸੀ, ਉਹ ਵੀ ਵਿਅਰਥ ਗਿਆ, ਉਸ ਦਾਈ ਦੇ ਹੀ ਪ੍ਰਾਣਾਂ ਦਾ ਨਾਸ਼ ਹੋ ਗਿਆ, ਬਾਲਕ ਅਨੰਦ ਵਿਚ ਰਿਹਾ। ਫਿਰ ਸੱਪ ਦੇ ਡਰ ਤੋਂ ਵੀ ਜੀਉਂਦਾ ਰਿਹਾ, ਪਰਾਲਬਧ ਦੇ ਵੇਗ ਨਾਲ ਉਹ ਸੱਪ ਹੀ ਮਾਰਿਆ ਗਿਆ॥ ੧੧॥

ਕਹਯੋ 'ਨਿਕਸਿ ਹੈ ਸੀਤਲਾ ਸਿਸ ਪ੍ਰਾਨ ਬਿਨਾਸੈਂ'।
ਸਕਲ ਅੰਗ ਸੁੰਦਰ ਰਹੇ ਕੁਛ ਬਿਘਨ ਨ ਤ੍ਰਾਸੈ।
ਇਹ ਸਭਿ ਤੁਮਰੇ ਬਾਕ ਥੇ ਕਯੋਂਹੂੰ ਨ ਸਚ ਥੀਵੇ।
ਜਿਸਹਿ ਚਹਿਤਿ ਸੰਘਾਰਿਬੇ ਬਿਨ ਰੁਜ ਸੋ ਜੀਵੇ॥ ੧੨॥

ਜਦ ਸੀਤਲਾ ਨਿਕਲੀ ਸੀ ਤਾਂ ਤੁਸੀਂ ਕਿਹਾ ਸੀ ਕਿ ਇਸ ਦੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ, ਪਰ ਉਸ ਦੇ ਸਾਰੇ ਅੰਗ ਸੁੰਦਰ ਰਹੇ ਹਨ, ਕੋਈ ਵਿਗਾੜ ਨਹੀਂ ਹੋਇਆ ਹੈ। ਇਹ ਸਾਰੇ ਤੁਹਾਡੇ ਸ਼ੁਭ ਬਚਨ ਸਨ, ਕੋਈ ਵੀ ਸੱਚਾ ਨਾ ਹੋਇਆ। ਜਿਸਨੂੰ ਤੁਸੀਂ ਮਾਰਨਾ ਚਾਹੁੰਦੇ ਹੋ ਉਹ ਰੋਗ ਰਹਿਤ ਜੀ ਰਿਹਾ ਹੈ॥ ੧੨॥

ਜਿਸਕੀ ਚਿੰਤਾ ਰਾਤਿ ਦਿਨ ਬਾਸਹਿ ਉਰ ਮੇਰੇ।
ਧੂਨ ਸਮ ਛਾਤੀ ਧੁਖਤਿ ਰਿਪੁ ਘਾਤੀ ਹੇਰੇ।
ਅਪਨ ਬਡਾਈ ਬਾਦ ਹੀ ਕਿਮ ਆਪ ਸੁਨਾਵੈਂ।
ਜਿਸਤੇ ਸਗਰੀ ਕੁਲ ਦੁਖਹਿ ਸੋ ਚੀਤ ਨ ਆਵੈ॥ ੧੩॥

ਜਿਸ ਦੀ ਚਿੰਤਾ ਦਿਨ ਰਾਤ ਮੇਰੇ ਮਨ ਵਿਚ ਵੱਸਦੀ ਹੈ, ਅਤੇ ਜਿਸ ਕਰਕੇ ਮੇਰੀ ਛਾਤੀ ਧੂਣੀ ਵਾਂਗ ਧੁੱਖਦੀ ਹੈ, ਜਿਹੜੀ ਦੁਸ਼ਮਣ ਨੂੰ ਮਰਿਆ ਵੇਖਣਾ ਚਾਹੁੰਦੀ ਹੈ। ਆਪਣੀ ਝੂਠੀ ਵਡਿਆਈ ਆਪ ਹੀ ਕਿਵੇਂ ਸੁਣਾਉਂਦੇ ਹੋ, ਜਿਸ ਕਾਰਨ ਸਾਰੀ ਕੁਲ ਦੁਖੀ ਹੋਵੇਗੀ, ਉਹ ਗੱਲ ਤੁਹਾਡੇ ਚਿੱਤ ਵਿਚ ਨਹੀਂ ਆਉਂਦੀ ਹੈ"॥ ੧੩॥

ਸੁਨਿ ਪ੍ਰਿਥੀਏ ਧੀਰਜ ਦਈ ਬਹੁ ਬਿਧਿ ਸਮੁਝਾਈ।
'ਬਚੇ ਪ੍ਰਾਨ ਤਿਸ ਪੁੱਤ੍ਰ ਕੇ ਬਹੁ ਕਰੇ ਉਪਾਈ।
ਪਾਠ ਕਰੇ ਬਹੁ ਚੰਡਿ ਕੇ ਦਿਜ ਹ੍ਵੈ ਸਮੁਦਾਈ।
ਦਾਨ ਦੀਨਿ ਅਨਗਿਨਤਿ ਹੀ ਮਮ ਬਚ ਨਿਫਲਾਈ॥ ੧੪॥

ਇਹ ਸੁਣ ਕੇ ਪ੍ਰਿਥੀਏ ਨੇ ਬਹੁਤ ਪ੍ਰਕਾਰ ਧੀਰਜ ਦੇ ਕੇ ਸਮਝਾਇਆ, "ਉਸ ਦੇ ਪੁੱਤਰ ਦੇ ਪ੍ਰਾਣ ਬਹੁਤ ਉਪਾਅ ਕਰਨ ਨਾਲ ਬਚੇ ਹਨ। ਬ੍ਰਾਹਮਣਾਂ ਨੇ ਇਕੱਠਿਆਂ ਹੋ ਕੇ ਚੰਡੀ ਦਾ ਬਹੁਤ ਪਾਠ ਕੀਤਾ ਹੈ ਅਤੇ ਬਹੁਤ ਦਾਨ ਦੇ ਕੇ ਮੇਰੇ ਬਚਨ ਨੂੰ ਨਿਸ਼ਫਲ ਕਰ ਦਿੱਤਾ ਹੈ॥ ੧੪॥

ਤਊ ਸੁਨਹੁ ਮਮ ਬਾਕ ਕੋ ਤੈਂ ਚਹਿ ਤਿਹ ਹਾਨਾ।
ਸੋ ਕਾਰਜ ਮੈ ਕਰਹੁਂਗੋ ਬਚ ਹੈਂ ਨਹਿਂ ਪ੍ਰਾਨਾ।
ਪ੍ਰਥਮ ਜਤਨ ਸਭਿ ਬਾਦ ਭੇ ਇਹੁ ਹੋਇ ਨ ਬਾਦੂ।
ਪਹੁੰਚਹਿ ਜਮਕੇ ਧਾਮ ਕੋ ਤੁਝ ਹੁਇ ਅਹਿਲਾਦੂ॥ ੧੫॥

ਫਿਰ ਵੀ ਮੇਰੇ ਬਚਨ ਸੁਣੋ, ਤੂੰ ਜੋ ਉਸ ਦਾ ਨਾਸ਼ ਚਾਹੁੰਦੀ ਹੈਂ ਸੋ ਕਾਰਜ ਵੀ ਮੈਂ ਕਰਾਂਗਾ ਤੇ ਉਸ ਦੇ ਪ੍ਰਾਣ ਨਹੀਂ ਬਚਣਗੇ। ਪਹਿਲੇ ਸਾਰੇ ਯਤਨ ਬੇਕਾਰ ਗਏ, ਇਹ ਯਤਨ ਵਿਅਰਥ ਨਹੀਂ ਜਾਵੇਗਾ, ਉਹ ਜਮਾਂ ਦੇ ਘਰ ਚਲਾ ਜਾਵੇਗਾ ਅਤੇ ਤੈਨੂੰ ਬਹੁਤ ਖ਼ੁਸ਼ੀ ਹੋਵੇਗੀ॥ ੧੫॥

ਸੱਲਜ ਉਖਾਰੋਂ ਬੰਸ ਕੋ ਗੁਰਤਾ ਹਮ ਲੈ ਹੈਂ।
ਦੇਸ਼ ਬਿਦੇਸ਼ਨਿ ਸਕਲ ਤੇ ਪੂਜਾ ਕਰਵੈ ਹੈਂ।
ਬੇਦੀ ਤੇਹਣ ਬੰਸ ਮਹਿਂ ਭੱਲਜਨ ਕੇ ਨਾਂਹੀ।
ਗੁਰਤਾ ਸੋਢਨਿ ਕੇ ਅਹੈ ਹਮ ਤੀਨਹੁਂ ਮਾਂਹੀ॥ ੧੬॥

ਇਸ ਵੰਸ਼ ਦਾ ਕੰਡਾ ਮੈਂ ਪੁੱਟ ਦੇਵਾਂਗਾ, ਅਤੇ ਸਾਰੇ ਦੇਸ਼ਾਂ ਬਿਦੇਸ਼ਾਂ ਤੋਂ ਆਪਣੀ ਪੂਜਾ ਕਰਵਾਵਾਂਗਾ। ਇਹ ਗੁਰਤਾ ਬੇਦੀ, ਤ੍ਰੇਹਣ ਅਤੇ ਭਲਿਆਂ ਵਿਚ ਨਹੀਂ, ਇਹ ਸੋਢੀਆਂ ਵਿਚ ਸਾਡੇ ਤਿੰਨਾਂ ਵਿਚ ਰਹੇਗੀ॥ ੧੬॥

ਮਹਾਂਦੇਵ ਭੋਰੋ ਅਹੈ ਨਹਿਂ ਚਾਹ ਕਰੰਤਾ।
ਅਰਜਨ ਹੁਇ ਬਿਨ ਪੁੱਤ੍ਰ ਤੇ ਅਧਿਕੈ ਦੁਖਵੰਤਾ।
ਬੈਸ ਬਿਤੇ ਤਨ ਬਿਨਸ ਹੈ ਇਸਥਿਰ ਨਹਿਂ ਕੋਈ।
ਪੁਨ ਹਮ ਹੀ ਗੁਰ ਹੋਹਿੰਗੇ ਕੋ ਦੁਤਿਯ ਨ ਹੋਈ॥ ੧੭॥

ਮਹਾਂਦੇਵ ਨੂੰ ਇਸ ਗੁਰਤਾ ਦੀ ਭੋਰਾ ਵੀ ਚਾਹਤ ਨਹੀਂ ਹੈ, ਸ੍ਰੀ ਅਰਜਨ ਪੁੱਤਰ ਬਗੈਰ ਹੋ ਕੇ ਬਹੁਤ ਦੁਖੀ ਹੋ ਜਾਵੇਗਾ, ਉਮਰ ਬੀਤਣ ਨਾਲ ਤਨ ਨਸ਼ਟ ਹੋ ਜਾਂਦਾ ਹੈ, ਏਥੇ ਕਿਸੇ ਵੀ ਸਥਾਈ ਤੌਰ ਤੇ ਨਹੀਂ ਰਹਿਣਾ ਹੈ, ਫਿਰ ਅਸੀਂ ਗੁਰੂ ਹੋਵਾਂਗੇ ਹੋਰ ਦੂਸਰਾ ਕੋਈ ਨਹੀਂ ਹੋਵੇਗਾ॥ ੧੭॥

ਤਜਹੁ ਚਿੰਤ ਉਰ ਹਰਖ ਧਰਿ ਲਖਿ ਸਚੁ ਮਮ ਬਾਨੀ।
ਬਿਖ ਦੈ ਕਰਿ ਬਾਲਕ ਹਤੋਂ ਸਭਿ ਕੇ ਅਗਵਾਨੀ।
ਬਿੱਪ੍ਰ ਖਿਡਾਵਾ ਇਕ ਅਹੈ ਹਰਿਗੋਵਿੰਦ ਕੇਰਾ।
ਦੇ ਕਰਿ ਦਰਬ ਲੁਭਾਇਹੋਂ ਮਾਨਿਹ ਬਚ ਮੇਰਾ॥ ੧੮॥

ਚਿੰਤਾ ਨੂੰ ਛੱਡੋ, ਖ਼ੁਸ਼ ਹੋਵੋ ਅਤੇ ਮੇਰੇ ਬਚਨਾਂ ਨੂੰ ਸੱਚੇ ਜਾਣੋ, ਜ਼ਹਿਰ ਦੇ ਕੇ ਬਾਲਕ ਨੂੰ ਸਭ ਦੇ ਸਾਹਮਣੇ ਮਾਰ ਦੇਵਾਂਗਾ। ਹਰਿਗੋਬਿੰਦ ਦਾ ਇਕ ਖਿਡਾਵਾ ਬ੍ਰਾਹਮਣ ਹੈ, ਉਸ ਨੂੰ ਧਨ ਦੇ ਕੇ ਲਾਲਚ ਦੇਵਾਂਗਾ, ਇਹ ਮੇਰਾ ਬਚਨ ਮੰਨੋ" ॥ ੧੮॥

ਸੁਨਿ ਕਰਮੋ ਇਸ ਜਤਨ ਕੋ ਜਾਨਜੋ 'ਹਤਿ ਹੋਵੈ।
ਸੱਲ ਰਿਦੇ ਚਿਰਕਾਲ ਕੋ ਇਸ ਬਿਧਿ ਤੇ ਖੋਵੈ'।
ਕਰਿ ਮਸਲਤਿ ਮੋਦਤਿ ਉਠੇ ਹਰਿ ਚਿੰਤ ਮਹਾਨੀ।
ਜਾਨਜੋ ਕਾਰਜ ਹੁਇ ਗਯੋ ਹਰਿਗੋਵਿੰਦ ਹਾਨੀ॥ ੧੯॥

ਇਹ ਸੁਣ ਕੇ ਕਰਮੋਂ ਨੇ ਇਹ ਸਮਝ ਲਿਆ ਕਿ ਬੱਚਾ ਮਾਰਿਆ ਜਾਵੇਗਾ। ਹਿਰਦੇ ਵਿਚ ਚਿਰਾਂ ਦਾ ਖੁਭਿਆ ਕੰਡਾ ਨਿਕਲ ਜਾਵੇਗਾ। ਮਹਾਨ ਚਿੰਤਾ ਨੂੰ ਦੂਰ ਕਰਕੇ ਬਹੁਤ ਪ੍ਰਸੰਨ ਹੋ ਗਈ। ਇਹ ਜਾਣਿਆ ਕਿ ਹਰਿਗੋਬਿੰਦ ਨੂੰ ਮਾਰਨ ਦਾ ਕਾਰਜ ਹੋ ਗਿਆ ਹੈ॥ ੧੯॥

ਇਕ ਦੁਇ ਦਿਨ ਬੀਤੇ ਜਬਹਿ ਕੁਛ ਅਵਸਰ ਪਾਯੋ।
ਪਰੀ ਰਾਤਿ ਪਠਿ ਦਾਸ ਕੋ ਸੋ ਬਿੱਪ੍ਰ ਬੁਲਾਯੋ।
ਸਨਮਾਨਜੋ ਮ੍ਰਿਦੁ ਬੈਨ ਤੇ ਨਿਜ ਨਿਕਟ ਬਿਠਾਯੋ।
'ਸ਼ੁ ਸੁਭਾਵ ਤੇਰੋ ਅਹੈ ਹਮਰੇ ਉਰ ਭਾਯੋ॥ ੨੦॥

ਇਕ ਦੋ ਦਿਨ ਜਦ ਬੀਤ ਗਏ ਤਾਂ ਜਦ ਕੁਝ ਮੌਕਾ ਪਾਇਆ। ਜਦ ਰਾਤ ਪਈ ਤਾਂ ਇਕ ਨੌਕਰ ਨੂੰ ਭੇਜ ਕੇ ਉਸ ਬ੍ਰਾਹਮਣ ਨੂੰ ਬੁਲਾਇਆ। ਬੜੇ ਮਿੱਠੇ ਬਚਨ ਬੋਲ ਕੇ ਉਸ ਦਾ ਬਹੁਤ ਸਨਮਾਨ ਕਰਕੇ ਪਾਸ ਬਿਠਾਇਆ ਅਤੇ ਕਿਹਾ, "ਤੁਹਾਡਾ ਬੜਾ ਸ਼ੁਭ ਸੁਭਾਵ ਹੈ, ਸਾਡੇ ਦਿਲ ਨੂੰ ਇਹ ਬਹੁਤ ਚੰਗਾ ਲੱਗਾ ਹੈ॥ ੨੦॥

ਹਮ ਦੇਖਤਿ ਹੈਂ ਨਿਤਾਪ੍ਰਤਿ ਬਹੁ ਸੇਵ ਕਰੰਤਾ।
ਰਾਤ ਦਿਵਸ ਬਿਚਰਤਿ ਰਹੈਂ ਇਤ ਉਤ ਹਿਤਵੰਤਾ।
ਤੋਹਿ ਰਾਖਿਬੇ ਪਾਸ ਕੋ ਚਿਤ ਚਹਤਿ ਹਮਾਰੋ।
ਕਰਵਾਵਹਿਂ ਗੁਜ਼ਰਾਨ ਕੋ ਨਿਤ ਰਖਹਿਂ ਸੁਖਾਰੋ॥ ੨੧॥

ਅਸੀਂ ਰੋਜ਼ ਵੇਖਦੇ ਹਾਂ ਕਿ ਤੂੰ ਬਹੁਤ ਸੇਵਾ ਕਰਦਾ ਹੈਂ, ਰਾਤ ਦਿਨ ਹਿੱਤ ਧਾਰ ਕੇ ਇਧਰ ਉਧਰ ਭੱਜਾ ਫਿਰਦਾ ਹੈਂ, ਤੈਨੂੰ ਆਪਣੇ ਪਾਸ ਰੱਖਣ ਨੂੰ ਸਾਡਾ ਚਿੱਤ ਚਾਹੁੰਦਾ ਹੈ। ਤੇਰਾ ਚੰਗਾ ਗੁਜ਼ਾਰਾ ਕਰਵਾਵਾਂਗੇ ਅਤੇ ਨਿੱਤ ਸੁਖਾਲਾ ਰੱਖਾਂਗੇ॥ ੨੧॥

ਸ੍ਰੀ ਅਰਜਨ ਤੁਛ ਦੇਤਿ ਹੈਂ ਠਾਨੇ ਬਡਿ ਸੇਵਾ।
ਨਹਿਂ ਪਰਖਹਿ ਤਬ ਨਿਰਤਿ ਕੋ ਨਾਮ ਜਾਨਹਿਂ ਕੇਵਾ।

ਬਿੱਪ੍ਰ ਭਨਜੋ 'ਸੁਨਿ ਗੁਰੂ ਜੀ ! ਚਾਹਿਤ ਗੁਜ਼ਰਾਨਾ।
ਜੁ ਕਛੁ ਕਹਹਿਂ ਕਾਰਜ ਕਰੌਂ ਆਲਸ ਬਿਸਰਾਨਾ॥ ੨੨॥

ਸ੍ਰੀ ਅਰਜਨ ਤੈਨੂੰ ਬਹੁਤ ਥੋੜ੍ਹੀ ਤਨਖਾਹ ਦਿੰਦੇ ਹਨ, ਪਰ ਤੂੰ ਸੇਵਾ ਬਹੁਤ ਕਰਦਾ ਹੈਂ; ਤੇਰੀ ਕਿਰਤ ਨੂੰ ਉਹ ਪਰਖਦੇ ਨਹੀਂ, ਇਸ ਭੇਦ ਨੂੰ ਅਸੀਂ ਜਾਣਦੇ ਹਾਂ।" ਬ੍ਰਾਹਮਣ ਨੇ ਕਿਹਾ, "ਹੇ ਗੁਰੂ ਜੀ ! ਸੁਣੋ, ਮੈਂ ਗੁਜ਼ਾਰਾ ਕਰਨਾ ਚਾਹੁੰਦਾ ਹਾਂ, ਜੋ ਕੁਝ ਵੀ ਉਹ ਕਹਿੰਦੇ ਹਨ, ਮੈਂ ਬਿਨਾਂ ਕਿਸੇ ਆਲਸ ਦੇ ਉਹ ਕੰਮ ਕਰਦਾ ਹਾਂ॥ ੨੨॥

ਅਪਰ ਥਾਨ ਨਹਿਂ ਜੀਵਕਾ ਮੈਂ ਭਯੋ ਖਿਡਾਵਾ।
ਜਾਗ੍ਰਤਿ ਰਾਖੌਂ ਗੋਦ ਮਹਿਂ ਬਹੁ ਕਰਿ ਪਰਚਾਵਾ।
ਖਰੋ ਫਿਰਤਿ ਹੌਂ ਸਦਨ ਮਹਿਂ ਜੰਘਾਂ ਥਕਿ ਜੈ ਹੈਂ।
ਰਾਖਤਿ ਉਰਧ ਉਠਾਇ ਕੈ ਨਹਿਂ ਬੈਠਨ ਦੈਹੈਂ॥ ੨੩॥

ਮੈਨੂੰ ਕਿਸੇ ਹੋਰ ਥਾਂ ਨੌਕਰੀ ਨਹੀ ਮਿਲੀ, ਇਸ ਕਰਕੇ ਮੈਂ ਖਿਡਾਵਾ ਬਣਿਆ ਹਾਂ, ਜਾਗਦੇ ਬੱਚੇ ਨੂੰ ਬਹੁਤ ਪ੍ਰਕਾਰ ਦੇ ਦਿਲ ਬਹਿਲਾਵੇ ਕਰਵਾ ਕੇ ਆਪਣੀ ਗੋਦ ਵਿਚ ਰਖਦਾ ਹਾਂ। ਬੱਚੇ ਨੂੰ ਚੁਕ ਕੇ ਜਦ ਘਰ ਵਿਚ ਤੁਰਿਆ ਫਿਰਦਾ ਹਾਂ ਤਾਂ ਲੱਤਾਂ ਥੱਕ ਜਾਂਦੀਆਂ ਹਨ, ਬੱਚੇ ਨੂੰ ਕੁੱਛੜ ਚੁਕਵਾ ਕੇ ਰੱਖਦੇ ਹਨ, ਕਦੇ ਵੀ ਬੈਠਣ ਨਹੀਂ ਦਿੰਦੇ॥ ੨੩॥

ਦੀਰਘ ਥੂਲ ਸਰੀਰ ਹੈ ਜਿਸ ਭਾਰ ਘਨੇਰਾ।
ਕਰੌਂ ਖਿਲਾਵਨਿ ਗੋਦ ਲੇ ਪਰਚਾਇ ਬਡੇਰਾ।
ਅਪਰਨਿ ਢਿਗ ਨਹਿਂ ਜਾਤਿ ਹੈ ਰਹਿ ਕੌਛਰ ਮੋਰੀ।
ਸੁਖ ਸੌਂ ਰਾਖਤਿ ਖੇਲਤੇ, ਜਾਤਿ ਨ ਕਿਤ ਓਰੀ'॥ ੨੪॥

ਬਾਲਕ ਦਾ ਬਹੁਤ ਮੋਟਾ ਸਰੀਰ ਹੈ ਅਤੇ ਭਾਰ ਵੀ ਜ਼ਿਆਦਾ ਹੈ, ਮੈਂ ਉਸ ਨੂੰ ਕੁੱਛੜ ਚੁਕ ਕੇ ਹੀ ਬਹੁਤ ਖਿਡਾਉਂਦਾ ਹਾਂ। ਉਹ ਹੋਰ ਕਿਸੇ ਦੇ ਪਾਸ ਨਹੀਂ ਜਾਂਦਾ ਹੈ, ਮੇਰੇ ਕੁੱਛੜ ਹੀ ਰਹਿੰਦਾ ਹੈ, ਮੈਂ ਉਸ ਨੂੰ ਖਿਡਾ ਕੇ ਸੁਖੀ ਰੱਖਦਾ ਹਾਂ ਤੇ ਕਿਸੇ ਹੋਰ ਥਾਂ ਨਹੀਂ ਜਾਂਦਾ॥ ੨੪॥

ਪੁਨ ਪ੍ਰਿਥੀਆ ਕਹਿਬੇ ਲਗਜੋ 'ਕਾਰਜ ਇਕ ਮੇਰਾ।
ਸਿੱਧ ਹੋਤਿ ਸੋ ਤੋਹਿ ਤੇ ਲਿਹੁ ਧਨ ਬਹੁਤੇਰਾ।
ਏਕ ਬਾਰਿ ਕਰਿ ਲੇਹਿਂ ਜੇ ਸੁਖ ਹੁਇ ਬਯਸਾਰੀ।
ਕਰਨ ਸੁਖਾਰੋ ਤੋਹਿ ਕੋ, ਅਪਰਨਿ ਕਹੁ ਭਾਰੀ'॥ ੨੫॥

ਫਿਰ ਪ੍ਰਿਥੀਆ ਕਹਿਣ ਲੱਗਾ, "ਮੇਰਾ ਇਕ ਕੰਮ ਹੈ, ਜੇ ਤੂੰ ਉਹ ਪੂਰਾ ਕਰ ਦੇਵੇਂ ਤਾਂ ਬਹੁਤ ਧਨ ਮਿਲੇਗਾ, ਇਕ ਵਾਰ ਕੰਮ ਕਰ ਦੇਵੇਂ, ਸਾਰੀ ਉਮਰ ਸੁਖ ਭੋਗੇਂਗਾ, ਤੇਰੇ ਵਾਸਤੇ ਕਰਨਾ ਬਹੁਤ ਆਸਾਨ ਹੈ, ਪਰ ਦੂਸਰਿਆਂ ਵਾਸਤੇ ਬਹੁਤ ਮੁਸ਼ਕਲ ਹੈ॥ ੨੫॥

ਬਿੱਪ੍ਰ ਕਹਜੋ 'ਅਸ ਕਾਜ ਕਜਾ ਮੋ ਤੇ ਬਨਿ ਜਾਵੈ।
ਜਿਸ ਤੇ ਦਰਬ ਸਮੂਹ ਦਿਹੁ ਤੁਮਰੇ ਚਿਤ ਭਾਵੈ।
ਕਜੋਂ ਨ ਕਰਹੁਂ ਗੋ ਮੈਂ ਤਿਸੈ ਜਿਸ ਤੇ ਸੁਖ ਪਾਊਂ।
ਅਪਨੋ ਹਿਤ ਸਗਰੇ ਚਹਤਿ ਕਜਾ ਰੰਕ ਜੁ ਰਾਊ'॥ ੨੬॥

ਬ੍ਰਾਹਮਣ ਨੇ ਕਿਹਾ, "ਐਸਾ ਕਿਹੜਾ ਕੰਮ ਹੈ ਜਿਹੜਾ ਮੈਥੋਂ ਹੋ ਜਾਣ ਤੇ ਤੁਸੀਂ ਆਪਣੇ ਚਿੱਤ ਚਾਹਿਆ ਬਹੁਤ ਧਨ ਮੈਨੂੰ ਦੇਵੋਗੇ ? ਉਸ ਕੰਮ ਨੂੰ ਮੈਂ ਕਿਉਂ ਨਹੀਂ ਕਰਾਂਗਾ, ਜਿਸ ਤੋਂ ਮੈਂ ਸੁਖ ਪਾਵਾਂਗਾ, ਆਪਣਾ ਭਲਾ ਸਾਰੇ ਚਾਹੁੰਦੇ ਹਨ, ਭਾਵੇਂ ਉਹ ਗ਼ਰੀਬ ਜਾਂ ਰਾਜੇ ਹੋਣ"॥ ੨੬॥

ਕਹਿ ਪ੍ਰਿਥੀਆ 'ਪ੍ਰਥਮੇ ਸਪਥ ਕਰ ਲੇਹਿ ਜਨੇਊ।
ਮੈਂ ਭੀ ਉਚਰੌਂ ਸਪਥ ਕੋ ਤੁਝ ਕੋ ਧਨ ਦੇਊਂ।
ਮੋਰ ਤੋਰ ਚਹੁੰ ਸ਼੍ਰੋਨ ਤੇ ਸੁਨਿ ਹੈ ਨਹਿੰ ਪੰਚੋ।
ਦੋਨੋ ਕੋ ਬਿਸਵਾਸ ਹੁਇ ਸੰਸੈ ਨਹਿੰ ਰੰਚੋ॥ ੨੭॥

ਪ੍ਰਿਥੀਏ ਨੇ ਕਿਹਾ, "ਪਹਿਲਾਂ ਹੱਥ ਵਿਚ ਜਨੇਊ ਫੜ ਕੇ ਕਸਮ ਖਾਹ, ਮੈਂ ਵੀ ਕਸਮ ਚੁੱਕ ਕੇ ਤੈਨੂੰ ਧਨ ਦੇਵਾਂਗਾ। ਮੇਰੇ ਤੇਰੇ ਚਾਰੇ ਕੰਨ ਹੀ ਇਸ ਨੂੰ ਸੁਣਨ, ਪੰਜਵਾਂ ਕੰਨ ਨਾ ਸੁਣੇ, ਦੋਵਾਂ ਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ, ਰਤਾ ਭਰ ਵੀ ਸੰਸਾ ਨਹੀਂ ਹੋਣਾ ਚਾਹੀਦਾ॥ ੨੭॥

ਸਪਥ ਕਰਨਿ ਤੇ ਹੋਤਿ ਦ੍ਰਿੜ੍ਹ, ਸੰਦੇਹਿ ਨ ਹੋਵੈ।
ਧੀਰਜ ਉਪਜੈ ਦੁਹਨਿ ਕੇ ਸਿਧ ਕਾਰਜ ਜੋਵੈਂ।
ਲੇਹੁ ਜਨੇਊ ਹਾਥ ਗਹਿ ਨਹਿੰ ਕਹੂੰ ਬਖਾਨੋ।
ਤਨ ਮਨ ਤੇ ਬਲ ਬੁੱਧਿ ਤੇ ਤੁਮਰੋ ਹਿਤ ਠਾਨੋ'॥ ੨੮॥

ਸੌਂਹ ਖਾਣ ਨਾਲ ਦ੍ਰਿੜ੍ਹਤਾ ਹੋ ਜਾਂਦੀ ਹੈ ਤੇ ਫਿਰ ਕੋਈ ਸ਼ੰਕਾ ਨਹੀਂ ਰਹਿੰਦੀ, ਦੋਹਾਂ ਧਿਰਾਂ ਨੂੰ ਧੀਰਜ ਆ ਜਾਂਦਾ ਹੈ ਅਤੇ ਕਾਰਜ ਵੀ ਸਿੱਧ ਹੋ ਜਾਂਦਾ ਹੈ। ਜਨੇਊ ਨੂੰ ਆਪਣੇ ਹੱਥ ਵਿਚ ਫੜੋ ਹੋਰ ਕੁਝ ਨਾ ਕਹੋ, ਮੈਂ ਤਨ, ਮਨ ਅਤੇ ਬਲ-ਬੁਧੀ ਨਾਲ ਤੇਰਾ ਹਿੱਤ ਹੀ ਧਾਰਨ ਕੀਤਾ ਹੈ"॥ ੨੮॥

ਸੁਨਤਿ ਬਿੱਪ੍ਰ ਨੇ ਬਚ ਕਹੇ ਗਹਿ ਹਾਥ ਜਨੇਊ।
'ਗੋਪ ਬਾਤ ਜਿਮ ਤੁਮ ਕਹੋ, ਨਹਿੰ ਕਹੂੰ ਕਹੇਊ।
ਜੇ ਮੁਝ ਤੇ ਹੁਇ ਆਇ ਹੈ ਤੌ ਮੈਂ ਕਰਿ ਦੈਹੋਂ।
ਨਾਂਹਿ ਤ ਇਸ ਕੀ ਸਪਥ ਮੁਝ ਨਹਿੰ ਆਨ ਸੁਨੈ ਹੋਂ'॥੨੯॥

ਫਿਰ ਬ੍ਰਾਹਮਣ ਨੇ ਜਨੇਊ ਹੱਥ ਵਿਚ ਫੜ ਕੇ ਕਿਹਾ, "ਗੁਪਤ ਗੱਲ ਜਿਹੜੀ ਤੁਸੀਂ ਕਹੋਗੇ ਉਹ ਮੈਂ ਕਿਸੇ ਹੋਰ ਪਾਸ ਨਹੀਂ ਕਹਾਂਗਾ। ਜੇ ਕੰਮ ਮੈਥੋਂ ਹੋ ਸਕਿਆ ਤਾਂ ਮੈਂ ਕਰ ਦੇਵਾਂਗਾ, ਨਹੀਂ ਤਾਂ ਇਸ ਦੀ ਮੈਨੂੰ ਸੌਂਹ ਹੈ, ਕੋਈ ਹੋਰ ਨਹੀਂ ਸੁਣੇਗਾ"॥ ੨੯॥

ਸੁਨਿ ਪ੍ਰਿਥੀਏ ਧੀਰਜ ਭਈ ਨਿਜ ਕਪਟ ਸੁਨਾਵਾ।
'ਹੇ ਦਿਜ! ਅਬਿ ਉਪਕਾਰ ਕਰਿ ਧਨ ਲਿਹੁ ਮਨ ਭਾਵਾ।
ਹਰਿਗੋਬਿੰਦ ਕੋ ਦੇਹੁ ਬਿਖ ਇਹ ਕਾਰਜ ਮੇਰਾ।
ਸੱਲਜ ਰਿਦੈ ਕਰਤਾ ਕਰਕ ਦੁਖ ਦਿਖੇ ਘਨੇਰਾ॥ ੩੦॥

ਇਹ ਸੁਣ ਕੇ ਪ੍ਰਿਥੀਏ ਨੂੰ ਧੀਰਜ ਆਇਆ ਤੇ ਉਸ ਨੇ ਆਪਣੇ ਕਪਟ ਨੂੰ ਸੁਣਾਇਆ, "ਹੁਣ ਉਪਕਾਰ ਕਰੋ ਤੇ ਮਨ ਭਾਉਂਦਾ ਧਨ ਲਵੋ। ਹਰਿਗੋਬਿੰਦ ਨੂੰ ਜ਼ਹਿਰ ਦੇਵੋ, ਇਹ ਮੇਰਾ ਕਾਰਜ ਹੈ, ਉਹ ਮੇਰੇ ਸੀਨੇ ਵੱਡਾ ਕੰਡਾ ਚੁਭਿਆ ਹੈ, ਜਿਹੜਾ ਬੜੀ ਪੀੜ ਕਰਦਾ ਹੈ॥ ੩੦॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਅਰਜਨ ਸੁਤ ਬਿਨ ਰਹੈ, ਗੁਰਤਾ ਹਮ ਪਾਵਹਿਂ।
ਨਾਂਹਿ ਤ, ਇਨ ਕੇ ਬੰਸ ਤੇ ਕਜੋਂ ਹੁਂ ਨ ਕਰ ਆਵਹਿ।
ਲੇਹੁ ਰਜਤਪਣ ਪੰਚਸੈ ਹਮ ਤੇ ਤਤਕਾਲਾ।
ਸਰਬ ਆਰਬਲ ਲਗਿ ਰਹਹੁ ਸੁਖ ਦੇਹਿਂ ਬਿਸਾਲਾ' ॥ ੩੧ ॥

ਸ੍ਰੀ ਅਰਜਨ ਪੁੱਤ ਤੋਂ ਬਗੈਰ ਰਹੇ ਤੇ ਗੁਰਿਆਈ ਅਸੀਂ ਪਾਈਏ, ਨਹੀਂ ਤਾਂ ਇਨ੍ਹਾਂ ਦੇ ਵੰਸ਼ ਵਿਚੋਂ ਕਦੇ ਵੀ ਸਾਡੇ ਪਾਸ ਨਹੀਂ ਆਵੇਗੀ। ਸਾਥੋਂ ਪੰਜ ਸੌ ਚਾਂਦੀ ਦੇ ਸਿੱਕੇ ਤੁਰਤ ਪ੍ਰਾਪਤ ਕਰੋ ਤੇ ਸਾਰੀ ਉਮਰ ਵਿਸ਼ਾਲ ਸੁੱਖ ਨਾਲ ਬਤੀਤ ਕਰੋ" ॥ ੩੧ ॥

ਸੁਨਿ ਦਿਜ ਨੇ ਤੂਸ਼ਨਿ ਕਰੀ ਪੁਨ ਪ੍ਰਿਥੀਆ ਭਾਖੈ।
'ਮੋਹਿ ਜਨੇਊ ਕੀ ਸਪਥ ਧਨ ਕਹਜੋ ਨ ਰਾਖੈਂ।
ਅਪਰ ਰੀਤਿ ਖਾਤਰਜਮਾ ਜਿਮ ਹੋਵਹਿ ਤੇਰੀ।
ਹਮ ਨਹਿਂ ਕੂਰ ਬਖਾਨਤੇ, ਕਜੋਂ ਚਿੰਤ ਘਨੇਰੀ॥ ੩੨ ॥

ਇਹ ਸੁਣ ਕੇ ਬ੍ਰਾਹਮਣ ਚੁੱਪ ਹੋ ਗਿਆ, ਪ੍ਰਿਥੀਏ ਨੇ ਫਿਰ ਕਿਹਾ, "ਮੈਨੂੰ ਵੀ ਜਨੇਊ ਦੀ ਕਸਮ ਹੈ, ਕਿਹਾ ਹੋਇਆ ਧਨ ਨਹੀਂ ਰੱਖਾਂਗਾ। ਹੋਰ ਜਿਸ ਰੀਤੀ ਨਾਲ ਵੀ ਤੇਰੀ ਤਸੱਲੀ ਹੁੰਦੀ ਹੋਵੇ, ਅਸੀਂ ਝੂਠ ਨਹੀਂ ਬੋਲਦੇ ਹਾਂ, ਕਿਉਂ ਚਿੰਤਾ ਕਰਦਾ ਹੈਂ॥ ੩੨ ॥

ਇਹੁ ਕਰਨੋ ਤੁਝ ਕੋ ਸੁਗਮ ਨਿਤ ਰਖਹਿਂ ਉਛੰਗਾ।
ਕਿਸਹੂੰ ਬਿਧਿ ਮੁਖ ਦੀਜੀਏ ਨਹਿਂ ਦੇਖਹਿ ਗੰਗਾ।
ਅਪਰ ਨ ਕੋ ਰਖਵਾਰ ਹੈ ਤੁਝ ਪਰ ਬਿਸਵਾਸਾ।
ਦੇ ਬਿਖ ਮ੍ਰਿਤਕ ਕਰੀਜੀਏ ਕਹਿ 'ਸੂਲ ਪ੍ਰਕਾਸ਼ਾ' ॥ ੩੩ ॥

ਇਹ ਕੰਮ ਕਰਨਾ ਤੇਰੇ ਵਾਸਤੇ ਬਹੁਤ ਆਸਾਨ ਹੈ, ਕਿਉਂਕਿ ਤੂੰ ਸਦਾ ਉਸ ਨੂੰ ਕੁੱਛੜ ਚੁੱਕ ਕੇ ਰੱਖਦਾ ਹੈਂ, ਜ਼ਹਿਰ ਦੇ ਕੇ ਮਾਰ ਦੇਵੇ ਤੇ ਉਨ੍ਹਾਂ ਨੂੰ ਕਹੋ ਕਿ ਕਲੇਜੇ ਵਿਚ ਸੂਲ ਪ੍ਰਗਟ ਹੋਇਆ ਹੈ॥ ੩੩ ॥

ਕੋਇ ਨ ਜਾਨੈ ਬਿਖ ਦਈ ਸਭਿ ਸੂਲ ਪਛਾਨਹਿ।
ਤੋ ਕਹੁ ਨਹਿਂ ਕਿਹ ਭਾਂਤਿ ਡਰ ਹਮ ਪਖ ਕੋ ਠਾਨਹਿਂ।
ਜੇ ਕੋਈ ਤਵ ਨਾਮ ਲੇ ਡਾਂਟਹੁ ਬਹੁ ਤਾਂਹੀ।
ਨਤੁ ਆਵਹੁ ਹਮਰੇ ਸਦਨ ਕਿਸ ਦੇਵਹਿਂ ਨਾਂਹੀ' ॥ ੩੪ ॥

ਕੋਈ ਵੀ ਨਹੀਂ ਜਾਣੇਗਾ ਕਿ ਜ਼ਹਿਰ ਦਿੱਤੀ ਹੈ, ਸਾਰੇ ਸੂਲ ਹੀ ਸਮਝਣਗੇ, ਤੈਨੂੰ ਉਹ ਕੁਝ ਵੀ ਨਹੀਂ ਕਹਿਣਗੇ, ਕਿਉਂਕਿ ਉਹ ਸਾਡੇ ਪਾਸੋਂ ਡਰਦੇ ਹਨ। ਜਿਹੜਾ ਵੀ ਤੇਰਾ ਨਾਂ ਲਵੇ, ਉਸ ਦੀ ਡਾਂਟ ਡਪਟ ਕਰੋ, ਨਹੀਂ ਤਾਂ ਸਾਡੇ ਘਰ ਆ ਜਾਵੇ, ਅਸੀਂ ਕਿਸੇ ਤਰ੍ਹਾਂ ਵੀ ਤੈਨੂੰ ਉਨ੍ਹਾਂ ਦੇ ਹੱਥ ਵਿਚ ਨਹੀਂ ਦੇਵਾਂਗੇ" ॥ ੩੪ ॥

ਦਰਬ ਲੋਭ ਤੇ ਫਿਰ ਗਯੋ ਦਿਜ ਮੂਢ ਬਡੇਰਾ।
ਕਹਜੋ: 'ਗੰਗ ਸੁਧਿ ਨਿਤ ਰਖੈ ਲਖਿ ਸੰਝ ਸਵੇਰਾ।

ਨਹੀਂ ਅਪਰ ਕੀ ਚੌਕਸੀ ਲਾਗੇ ਨਿਜ ਕਾਜਾ।
ਘਰ ਅੰਤਰਿ ਮੈਂ ਰਾਖਤੋ ਜਹਿਂ ਸਕਲ ਸਮਾਜਾ॥ ੩੫॥

ਵੱਡੇ ਮੂਰਖ ਬ੍ਰਾਹਮਣ ਦਾ ਧਨ ਦਾ ਲੋਭ ਕਰਕੇ ਮਨ ਫਿਰ ਗਿਆ। ਕਹਿਣ ਲੱਗਾ, "ਸਵੇਰੇ ਸ਼ਾਮ ਮਾਤਾ ਗੰਗਾ ਜੀ ਉਸ ਦੀ ਪੂਰੀ ਖ਼ਬਰ ਰੱਖਦੇ ਹਨ। ਹੋਰ ਕਿਸੇ ਦੀ ਖ਼ਬਰਦਾਰੀ ਨਹੀਂ ਹੈ, ਸਾਰੇ ਆਪਣੇ-ਆਪਣੇ ਕੰਮਾਂ ਵਿਚ ਲੱਗੇ ਰਹਿੰਦੇ ਹਨ। ਘਰ ਅੰਦਰ ਜਿਥੇ ਸਾਰਾ ਸਾਜ਼-ਸਾਮਾਨ ਪਿਆ ਹੈ, ਉਥੇ ਦੀ ਖ਼ਬਰ ਮੈਂ ਰੱਖਦਾ ਹਾਂ"॥ ੩੫॥

ਕਹਿ ਪ੍ਰਿਥੀਆ 'ਬਲ ਬੁੱਧਿ ਕਰਿ ਛਲ ਠਾਨਹੁ ਐਸੇ।
ਘਰ ਮਹਿਂ ਬਿਖ ਦਿਹੁ ਲਖੈ ਨਹਿਂ ਗੰਗਾ ਕਿਮ ਜੈਸੇ।
ਪੁਨ ਤੁਝ ਕੋ ਕਿਛੁ ਡਰ ਨਹੀਂ ਆਵਹੁ ਮੁਝ ਪਾਸੂ'।
ਇਸ ਪ੍ਰਕਾਰ ਦਿਜ ਦ੍ਰਿੜ ਕਿਯੋ ਸਭਿ ਦੇ ਭਰਵਾਸੂ॥ ੩੬॥

ਪ੍ਰਿਥੀਏ ਨੇ ਕਿਹਾ, "ਬੁੱਧੀ ਦੇ ਬਲ ਨਾਲ ਐਸਾ ਛਲ ਕਰੋ ਕਿ ਘਰ ਵਿਚ ਇਸ ਤਰ੍ਹਾਂ ਜ਼ਹਿਰ ਦੇਵੇ ਕਿ ਜਿਸ ਨੂੰ ਗੰਗਾ ਵੀ ਨਾ ਜਾਣ ਸਕੇ, ਫਿਰ ਤੈਨੂੰ ਕੋਈ ਡਰ ਨਹੀਂ, ਮੇਰੇ ਪਾਸ ਆ ਜਾਵੇਂ।" ਪ੍ਰਿਥੀਏ ਨੇ ਇਸ ਤਰ੍ਹਾਂ ਬ੍ਰਾਹਮਣ ਨੂੰ ਸਭ ਭਰੋਸੇ ਦੇ ਕੇ ਦ੍ਰਿੜ੍ਹ ਕਰ ਦਿੱਤਾ॥ ੩੬॥

ਅਪਰ ਬਹੁਤ ਮਸਲਤ ਕਰੀ ਕਹਿਂ ਲਗਿ ਲਿਖਿ ਸੋਊ।
ਕਪਟ ਕਰਨਿ ਕਹੁ ਪਾਪ ਮੈ ਪਾਪੀ ਬਡ ਦੋਊ।
ਬਹੁਤ ਬਾਤ ਪਰਪੱਕਜ ਕਰਿ ਦਿਜ ਗੁਰ ਘਰ ਆਵਾ।
ਪ੍ਰਿਥੀਏ ਨੇ ਜੋ ਬਿਖ ਦਈ ਸੋ ਸਿਰ ਧਰਿ ਲਜਾਵਾ॥ ੩੭॥

ਹੋਰ ਵੀ ਬਹੁਤ ਸਲਾਹ ਮਸ਼ਵਰਾ ਕੀਤਾ, ਮੈਂ ਕਿਥੋਂ ਤਕ ਲਿਖਾਂ, ਪਾਪ ਵਿਚ ਕਪਟ ਕਰਨ ਨੂੰ ਦੋਵੇਂ ਵੱਡੇ ਪਾਪੀ ਹਨ। ਗੱਲ ਪੱਕੀ ਕਰ ਕੇ ਬ੍ਰਾਹਮਣ ਗੁਰੂ ਜੀ ਦੇ ਘਰ ਆਇਆ। ਪ੍ਰਿਥੀਏ ਨੇ ਜਿਹੜੀ ਜ਼ਹਿਰ ਦਿੱਤੀ ਸੀ ਉਹ ਸਿਰ 'ਤੇ ਧਰ ਕੇ ਲੈ ਆਇਆ॥ ੩੭॥

ਦੋਹਰਾ-ਪਾਹਨ ਸੋਂ ਪੀਸਨਿ ਕਰੀ ਅਤਿ ਸੂਖਮ ਤਿਸ ਰਾਤਿ।
ਪੁਰੀ ਬਾਂਧਿ ਸਿਰ ਮਹਿਂ ਧਰੀ 'ਉਠਿ ਕਰਿ ਦੈਹੋਂ ਪ੍ਰਾਤ'॥ ੩੮॥

ਉਸ ਰਾਤ ਉਸ ਜ਼ਹਿਰ ਨੂੰ ਪੱਥਰਾਂ ਨਾਲ ਪੀਸ ਕੇ ਬਹੁਤ ਬਰੀਕ ਕਰ ਲਿਆ, ਫਿਰ ਇਕ ਪੁੜੀ ਵਿਚ ਬੰਨ੍ਹ ਕੇ ਆਪਣੇ ਸਿਰ ਤੇ ਬੱਧੀ ਪੱਗ ਵਿਚ ਰੱਖ ਲਈ ਅਤੇ ਮਨ ਬਣਾਇਆ ਕਿ "ਸਵੇਰੇ ਉੱਠ ਕੇ ਬਾਲਕ ਨੂੰ ਦੇ ਦਵਾਂਗਾ"॥ ੩੮॥

ਰੈਨ ਸੈਨ ਕਰਿ ਪਰਿ ਰਹੇ ਐਨ ਗੁਰੂ ਕੇ ਬਿੱਪ੍ਰ।
ਪ੍ਰਾਤ ਹੋਤਿ ਜਾਗਤਿ ਭਏ ਕਰਜੋ ਪਾਪ ਚਹਿ ਛਿੱਪ੍ਰ॥ ੩੯॥

ਬ੍ਰਾਹਮਣ ਰਾਤ ਗੁਰੂ ਜੀ ਦੇ ਘਰ ਸੁੱਤਾ ਪਿਆ ਰਿਹਾ, ਸਵੇਰ ਹੁੰਦਿਆਂ ਹੀ ਜਾਗ ਪਿਆ, ਜਿਹੜਾ ਪਾਪ ਕਰਨਾ ਚਾਹੁੰਦਾ ਹੈ॥ ੩੯॥

*ਤੀਸਰੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੫॥*

❖❖❖

# ਅਧਿਆਇ ਸੋਲ੍ਹਵਾਂ

## ਕੁੱਤਾ ਜ਼ਹਿਰ ਵਾਲਾ ਦਹੀਂ ਖਾ ਕੇ ਮਰ ਗਿਆ

ਦੋਹਰਾ-ਭਈ ਪ੍ਰਾਤ ਉਠਿ ਬਿੱਪ੍ਰ ਨੇ ਹਰਿ ਗੋਬਿੰਦ ਲੇ ਗੋਦ।
ਇਤ ਉਤ ਲਗਜੋ ਖਿਲਾਵਨੇ ਗੰਗਾ ਦਿਖਤਿ ਪ੍ਰਮੋਦ ॥ ੧ ॥

ਸਵੇਰੇ ਉੱਠ ਕੇ ਬ੍ਰਾਹਮਣ ਨੇ ਸ੍ਰੀ ਹਰਿਗੋਬਿੰਦ ਨੂੰ ਆਪਣੇ ਕੁੱਛੜ ਚੁੱਕ ਲਿਆ। ਇਧਰ ਓਧਰ ਚੁਕ ਕੇ ਖਿਡਾਉਣ ਲੱਗਾ, ਮਾਤਾ ਗੰਗਾ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥ ੧॥

*ਨਿਸਾਨੀ ਛੰਦ*-ਦਾਸੀ ਦਧਿ ਲਜਾਵਤਿ ਭਈ ਬਹੁ ਮਧਰ ਮਲਾਈ।
ਅਲਪ ਕਟੋਰਾ ਰਜਤ ਕੋ ਜਿਸ ਮਹਿਂ ਨਿਤ ਖਾਈ।
ਤਬਿ ਦਿਜ ਨਿਜ ਕਰ ਮੈਂ ਲਿਯੋ ਸਭਿ ਆਂਖ ਬਚਾਏ।
ਘਰ ਉਪਰ ਘਰ ਗਯੋ ਤਹਿਂ ਨਹਿਂ ਅਪਰ ਦਿਖਾਏ ॥ ੨ ॥

ਦਾਸੀ ਮਿੱਠੀ ਮਲਾਈ ਵਾਲਾ ਦਹੀਂ ਚਾਂਦੀ ਦੇ ਉਸ ਕਟੋਰੇ ਵਿਚ ਪਾ ਕੇ ਲਿਆਈ, ਜਿਸ ਕਟੋਰੇ ਵਿਚ ਸ੍ਰੀ ਹਰਿਗੋਬਿੰਦ ਜੀ ਰੋਜ਼ ਦਹੀਂ ਖਾਇਆ ਕਰਦੇ ਹਨ। ਫਿਰ ਬ੍ਰਾਹਮਣ ਨੇ ਕਟੋਰੇ ਨੂੰ ਆਪਣੇ ਹੱਥ ਵਿਚ ਲਿਆ ਤੇ ਸਾਰਿਆਂ ਦੀ ਅੱਖ ਬਚਾ ਕੇ ਚੁਬਾਰੇ ਤੇ ਚੜ੍ਹ ਗਿਆ ਤਾਂਕਿ ਕਿਸੇ ਹੋਰ ਨੂੰ ਦਿਖਾਈ ਨਾ ਦੇਵੇ॥ ੨॥

ਧਰਜੋ ਕਟੋਰਾ ਤਾਕ ਮਹਿਂ ਸੋ ਪੁਰੀ ਨਿਕਾਰੀ।
ਦਧਿ ਮਹਿਂ ਦੀਨਸਿ ਝਾਰਿ ਕਰਿ ਬਿਚ ਅੰਗੁਰੀ ਮਾਰੀ।
ਨੀਕੋ ਦਿਯੋ ਮਿਲਾਇ ਕੈ ਨਹਿਂ ਲਖੀਅਹਿ ਨਜਾਰੇ।
ਧਰਕਤਿ ਛਾਤੀ ਤ੍ਰਾਸ ਕਰਿ, ਇਤ ਉਤਹਿ ਨਿਹਾਰੇ ॥ ੩ ॥

ਕਟੋਰੇ ਨੂੰ ਤਾਕ ਵਿਚ ਰੱਖ ਕੇ, ਉਹ ਪੁੜੀ ਕੱਢੀ, ਦਹੀਂ ਵਿਚ ਝਾੜ ਕੇ ਵਿਚ ਉਂਗਲੀ ਫੇਰ ਦਿੱਤੀ ਤੇ ਦਹੀਂ ਵਿਚ ਚੰਗੀ ਤਰ੍ਹਾਂ ਮਿਲਾ ਦਿੱਤੀ, ਜ਼ਹਿਰ ਹੁਣ ਵੱਖ ਨਹੀਂ ਸੀ ਦਿੱਸਦੀ। ਡਰ ਨਾਲ ਛਾਤੀ ਧੜਕ ਰਹੀ ਸੀ, ਫਿਰ ਏਧਰ ਓਧਰ ਵੇਖਿਆ॥ ੩॥

ਬਿੱਪ ਛਿੱਪ੍ਰ ਕੋ ਕਰਤਿ ਭਾ ਗਹਿ ਹਾਥ ਕਟੋਰਾ।
ਲਗਜੋ ਪਿਲਾਵਨਿ ਉਪਰੇ ਕਰਿ ਮੁਖ ਕੀ ਓਰਾ।
ਸ੍ਰੀ ਗੁਰ ਹਰਿਗੋਬਿੰਦ ਜੀ ਸਭਿ ਅੰਤਰਜਾਮੀ।
ਨਾਕ ਐਂਠ ਫੇਰਜੋ ਬਦਨ ਲਖਿ ਕੈ ਦਿਜ ਖਾਮੀ ॥ ੪ ॥

ਬ੍ਰਾਹਮਣ ਨੇ ਤੁਰਤ ਕਟੋਰਾ ਆਪਣੇ ਹੱਥ ਵਿਚ ਫੜ ਲਿਆ ਤੇ ਉਪਰ ਚੁੱਕ ਕੇ ਸ੍ਰੀ ਹਰਿਗੋਬਿੰਦ ਜੀ ਨੂੰ ਪਿਲਾਉਣ ਲੱਗਾ, ਪਰ ਅੰਤਰਜਾਮੀ ਗੁਰੂ ਜੀ ਨੇ ਨੱਕ ਚੜ੍ਹਾ ਕੇ ਮੂੰਹ ਫੇਰ ਲਿਆ ਜਦ ਉਨ੍ਹਾਂ ਵੇਖਿਆ ਕਿ ਬ੍ਰਾਹਮਣ ਵਿਚ ਕੋਈ ਖੋਟ ਹੈ॥ ੪॥

ਦਿਜ ਨੇ ਬਲ ਤੇ ਮੋਰ ਮੁਖ ਕਿਯ ਸਮੁਖ ਕਟੋਰਾ।
ਬਾਕ ਕੂਰ ਤੇ ਝਿਰਕਤੋ 'ਹਾਊ ਇਤ ਓਰਾ।
ਆਵਹਿ ਗਹਿ ਲੈ ਜਾਇਗੋ ਨਾ ਤੁਰ ਦਧਿ ਪੀਜੈ।
ਅਧਿਕ ਮਧਰ ਹੈ ਸ੍ਵਾਦ ਮੈਂ ਨਹਿਂ ਦੇਰਿ ਕਰੀਜੈ' ॥ ੫ ॥

ਬ੍ਰਾਹਮਣ ਨੇ ਮੂੰਹ ਮੋੜ ਕੇ ਕਟੋਰਾ ਸਾਹਮਣੇ ਕੀਤਾ ਤੇ ਕਠੋਰ ਸ਼ਬਦ ਬੋਲ ਕੇ ਝਿੜਕਿਆ, "ਜੇ ਤੂੰ ਦਹੀਂ ਨਹੀਂ ਪੀਵੇਂਗਾ ਤਾਂ ਹਊਆ ਇਧਰ ਆਊਗਾ ਤੇ ਤੈਨੂੰ ਫੜ ਕੇ ਲੈ ਜਾਵੇਗਾ। ਦਹੀਂ ਸਵਾਦ ਵਿਚ ਬਹੁਤ ਮਿੱਠਾ ਹੈ, ਇਸ ਲਈ ਖਾਣ ਵਿਚ ਚਿਰ ਨਾ ਲਾਓ"॥ ੫॥

ਹਰਿਗੋਬਿੰਦ ਸ੍ਰੀ ਗੁਰ ਤਬੈ ਜਾਨਜੋ 'ਮਖ ਲਾਵੈ।
ਛਲ ਤੇ ਬਲ ਕੋ ਕਰਤਿ ਹੈ ਬਿਖ ਦੂਜਨ ਪਿਲਾਵੈ'।
ਨਿਜ ਕਰ ਸੋਂ ਬਿਖ ਦਧੀ ਮਿਲਿ ਦੀਨੋਂ ਸੁ ਹਟਾਈ।
ਨਿਕਟ ਨ ਮੁਖ ਕੋ ਕਰਤਿ ਭੇ ਇਤ ਉਤ ਫਿਰਿ ਜਾਈ॥ ੬॥

ਸ੍ਰੀ ਗੁਰੂ ਹਰਿਗੋਬਿੰਦ ਨੇ ਫਿਰ ਜਾਣਿਆ ਕਿ ਦੁਰਜਨ ਛਲ ਵਲ ਨਾਲ ਦਹੀਂ ਪਿਲਾ ਰਿਹਾ ਹੈ, ਇਸ ਕਰਕੇ ਮੂੰਹ ਨੂੰ ਲਾਉਂਦਾ ਹੈ। ਫਿਰ ਉਨ੍ਹਾਂ ਨੇ ਦੋਹਾਂ ਹੱਥਾਂ ਨਾਲ ਕਟੋਰਾ ਫੜ ਕੇ ਮੂੰਹ ਤੋਂ ਹਟਾਇਆ। ਕਟੋਰੇ ਦੇ ਲਾਗੇ ਮੂੰਹ ਨਹੀਂ ਸੀ ਕਰਦੇ, ਮੁੱਖ ਨੂੰ ਇਧਰ ਉਧਰ ਫੇਰ ਲੈਂਦੇ ਸਨ॥ ੬॥

ਬਿੱਪ੍ਰ ਕ੍ਰੋਧ ਕੋ ਕਰਿ ਤਬਹਿ ਤਾੜਤਿ ਝਿੜਕੰਤਾ।
ਗਹੇ ਹਾਥ ਦ੍ਵੈ ਹਾਥ ਇਕ ਬਲ ਸਕਲ ਕਰੰਤਾ।
ਦੁਤਿਯ ਹਾਥ ਸੋਂ ਦਧਿ ਗਹਜੋ ਮੁਖ ਬਲ ਕਰਿ ਲਾਯੋ।
ਨੇਤ੍ਰ ਦਿਖਾਵਤਿ ਲਾਲ ਕਰਿ ਬਡ ਤ੍ਰਾਸ ਉਪਾਯੋ॥ ੭॥

ਬ੍ਰਾਹਮਣ ਨੇ ਫਿਰ ਗੁੱਸਾ ਕਰਕੇ ਬਾਲਕ ਗੁਰੂ ਜੀ ਨੂੰ ਝਿੜਕਿਆ ਤੇ ਗੁਰੂ ਜੀ ਦੇ ਦੋਵੇਂ ਹੱਥ ਇਕ ਹੱਥ ਵਿਚ ਜ਼ੋਰ ਨਾਲ ਫੜ ਲਏ, ਦੂਸਰੇ ਹੱਥ ਨਾਲ ਦਹੀਂ ਫੜ ਲਿਆ ਤੇ ਜ਼ੋਰ ਨਾਲ ਬਾਲ-ਗੁਰੂ ਜੀ ਦੇ ਮੂੰਹ ਨੂੰ ਲਾਇਆ। ਉਹ ਲਾਲ ਅੱਖਾਂ ਕੱਢ ਕੇ ਗੁਰੂ ਜੀ ਨੂੰ ਡਰਾਉਂਦਾ ਸੀ॥ ੭॥

ਹਰਿ ਗੋਬਿੰਦ ਮੁਖ ਬਲ ਧਰੇ ਚਿੰਘਾਰ ਪੁਕਾਰੀ।
ਸ਼ੋਰ ਕਰਜੋ ਊਚੇ ਮਹਾਂ ਰੋਦਤਿ ਰਵ ਭਾਰੀ।
ਦਧੀ ਲਗਾਈ ਅਧਰ ਸੋਂ ਦਿਜ ਅਧਮ ਸੁ ਜੋਰੇ।
ਤਊ ਸ਼ਬਦ ਅਤਿਸਿਸ ਕਰਜੋ ਇਤ ਉਤ ਮੁਖ ਮੋਰੇ॥ ੮॥

ਸ੍ਰੀ ਹਰਿਗੋਬਿੰਦ ਨੇ ਫਿਰ ਬਲ ਧਾਰਨ ਕਰਕੇ ਉੱਚੀ ਦਿੱਤੀ ਚੀਖ ਮਾਰੀ, ਬਹੁਤ ਉੱਚੀ-ਉੱਚੀ ਸ਼ੋਰ ਕੀਤਾ ਤੇ ਭਾਰੀ ਆਵਾਜ਼ ਨਾਲ ਰੋਣ ਲੱਗ ਗਏ। ਪਾਪੀ ਬ੍ਰਾਹਮਣ ਨੇ ਬੜੇ ਜ਼ੋਰ ਨਾਲ ਦਹੀਂ ਬਾਲਕ ਗੁਰੂ ਜੀ ਦੇ ਹੋਠਾਂ ਨੂੰ ਲਾ ਦਿੱਤਾ, ਫਿਰ ਬਾਲ ਗੁਰੂ ਜੀ ਨੇ ਮੂੰਹ ਮੋੜ ਕੇ ਬਹੁਤ ਉੱਚੀ ਪੁਕਾਰ ਕੀਤੀ॥ ੮॥

ਕਰ ਪਕਰੇ ਕਰਿ ਜੋਰ ਸੋਂ ਦਧਿ ਦਿਸ਼ਿ ਮੁਖ ਫੇਰੈ।
'ਕਜਾ ਹੋਵਤਿ ਹੈ ਤੋਹਿ ਕੋ' ਊਚੇ ਇਮ ਟੇਰੈ।
'ਜੇ ਨਹਿਂ ਪੀਵਤਿ ਅਬਿ ਭਲਾ ਆਵਤਿ ਹੈ ਹਾਊ।
ਗਹਿ ਲੇਵਹਿ, ਛੋਰਹਿ ਨਹੀਂ, ਮੈਂ ਤੌ ਚਲਿ ਜਾਊਂ'॥ ੯॥

ਜ਼ੋਰ ਨਾਲ ਗੁਰੂ ਜੀ ਦੇ ਦੋਵੇਂ ਹੱਥ ਫੜ ਕੇ, ਉਨ੍ਹਾਂ ਦਾ ਮੂੰਹ ਕਟੋਰੇ ਵਲ ਮੋੜਦਾ ਸੀ ਅਤੇ ਬੜੀ ਉੱਚੀ ਆਵਾਜ਼ ਵਿਚ ਕਹਿੰਦਾ ਸੀ, "ਤੈਨੂੰ ਕੀ ਹੁੰਦਾ ਹੈ, ਜੇ ਹੁਣ ਦਹੀਂ ਨਹੀਂ ਪੀਵੇਂਗਾ ਤਾਂ ਹਊਆ ਆ ਜਾਵੇਗਾ, ਤੈਨੂੰ ਫੜ ਲਵੇਗਾ, ਛੱਡੇਗਾ ਨਹੀਂ, ਮੈਂ ਤਾਂ ਫਿਰ ਚਲਾ ਜਾਵਾਂਗਾ"॥ ੯॥

ਫੇਰ ਘੇਰ ਬਹੁ ਕਰਤਿ ਹੈ ਕਬਿਹੂੰ ਪਰਚਾਵੈ।
ਹਾਥ ਗੀਵ ਦਿਢ ਗਹਿ ਰਹਜੋ ਦਧਿ ਸਮਖ ਲਿਜਾਵੈ।

'ਏਕ ਬਾਰਿ ਕਿਮ ਪੀਯ ਲੇ' ਚਾਹਤਿ ਚਿਤ ਮਾਂਹੀ।
'ਬਹੁਰ ਕਰਹਿ ਰੋਦਨ ਅਧਿਕ ਮੁਝਕੋ ਡਰ ਨਾਂਹੀ' ॥ ੧੦॥

ਬਹੁਤ ਹੇਰ ਫੇਰ ਕਰਦਾ ਸੀ ਤੇ ਕਦੀ ਪ੍ਰੇਮ ਨਾਲ ਪਰਚਾਉਂਦਾ ਵੀ ਸੀ। ਕਦੀ ਧੌਣ ਨੂੰ ਚੰਗੀ ਤਰ੍ਹਾਂ ਫੜ ਕੇ ਦਹੀਂ ਮੁੱਖ ਨੂੰ ਲਾਉਂਦਾ ਸੀ। ਇਕ ਵਾਰ ਕਿਸੇ ਤਰ੍ਹਾਂ ਪੀ ਲਵੇ ਚਿੱਤ ਵਿਚ ਇਹ ਚਾਹੁੰਦਾ ਸੀ, ਫਿਰ ਜਿੰਨਾ ਮਰਜ਼ੀ ਰੋਵੇ, ਮੈਨੂੰ ਕੋਈ ਡਰ ਨਹੀਂ॥ ੧੦॥

ਕੰਪਤਿ ਕਰ ਤ੍ਰਾਸਤਿ ਰਿਦਾ ਧੀਰਜ ਸਭਿ ਨਾਸ਼ਾ।
ਰੁਦਤਿ ਪਸਾਰਤਿ ਬਦਨ ਜਬਿ ਦਧਿ ਕਰਿ ਮੁਖ ਪਾਸਾ।
ਪਾਵੌਂ, ਕਿਮਹੁੰ ਲੰਘਾਇ ਲੇ ਉਦਰੰਤਰਿ ਜਾਵੈ।
ਪੁਨ ਚੋਰੀ ਛਪਿ ਜਾਇਗੀ ਕਾਰਜ ਬਨਿ ਆਵੈ" ॥ ੧੧॥

ਹੱਥ ਕੰਬ ਰਹੇ ਸਨ, ਹਿਰਦਾ ਡਰਿਆ ਹੋਇਆ ਸੀ ਤੇ ਸਾਰਾ ਧੀਰਜ ਜਾਂਦਾ ਰਿਹਾ ਸੀ, ਸੋਚਦਾ ਸੀ ਕਿ ਰੋਂਦਾ ਹੋਇਆ ਮੂੰਹ ਨੂੰ ਪਰ੍ਹਾਂ ਕਰ ਲੈਂਦਾ ਹੈ, ਜਦ ਮੈਂ ਦਹੀਂ ਮੂੰਹ ਦੇ ਕੋਲ ਲੈ ਕੇ ਜਾਂਦਾ ਹਾਂ। ਮੈਂ ਕਿਸ ਤਰ੍ਹਾਂ ਇਸ ਦੇ ਮੂੰਹ ਵਿਚ ਪਾਵਾਂ ਕਿ ਇਕ ਵਾਰ ਦਹੀਂ ਇਸ ਦੇ ਪੇਟ ਵਿਚ ਚਲਾ ਜਾਵੇ, ਫਿਰ ਚੋਰੀ ਛੁਪ ਜਾਵੇਗੀ ਤੇ ਮੇਰਾ ਕੰਮ ਬਣ ਜਾਵੇਗਾ॥ ੧੧॥

ਰੁਦਤਿ ਪੁਕਾਰੇ ਊਚ ਤਬਿ ਦੇ ਦੂਰਿ ਸੁਨਾਈ।
ਸ਼੍ਰੋਨ ਪਰੀ ਧੁਨਿ ਗੰਗ ਕੇ ਬੈਠੀ ਜਿਸ ਥਾਈਂ।
ਆਤੁਰ ਸ਼ਬਦ ਦੁਖਾਰਤੋ ਜੋ ਸੁਨਜੋ ਨ ਜਾਈ।
ਦੌਰਤਿ ਸ਼੍ਰੀ ਅਰਜਨ ਨਿਕਟ ਤੂਰਨ ਚਲਿ ਆਈ॥ ੧੨॥

ਜਦ ਉੱਚੀ-ਉੱਚੀ ਰੋ ਰਿਹਾ ਸੀ ਤਾਂ ਦੂਰ ਤਕ ਸੁਣਾਈ ਦੇ ਰਿਹਾ ਸੀ, ਮਾਤਾ ਗੰਗਾ ਜੀ ਜਿਥੇ ਬੈਠੇ ਸਨ, ਓਥੇ ਉਨ੍ਹਾਂ ਦੇ ਕੰਨਾਂ ਵਿਚ ਵੀ ਉਨ੍ਹਾਂ ਦੇ ਪੁੱਤਰ ਦੀ ਆਵਾਜ਼ ਪਹੁੰਚੀ। ਬੜੀ ਦੁਖਦਾਇਕ ਆਤਰ ਆਵਾਜ਼ ਸੀ, ਜਿਸ ਨੂੰ ਸੁਣਿਆ ਨਹੀਂ ਸੀ ਜਾਂਦਾ। ਮਾਤਾ ਜੀ ਦੌੜ ਕੇ ਝੱਟ ਗੁਰੂ ਅਰਜਨ ਦੇਵ ਜੀ ਦੇ ਪਾਸ ਪਹੁੰਚ ਗਏ॥ ੧੨॥

'ਹਰਿ ਗੁਵਿੰਦ ਕਿਤ ਰੁਦਤਿ ਹੈ ਬਹੁ ਬਜਾਕੁਲ ਬਾਨੀ।
ਸੁਨਿਯਤਿ ਊਚ ਪੁਕਾਰਤੋ ਅਤਿ ਸੰਕਟ ਸਾਨੀ'।
ਸ਼੍ਰੀ ਗੁਰ ਭਾਖਤਿ 'ਪ੍ਰਾਤ ਤੇ ਦਿਜ ਗੋਦੀ ਲੀਨੋ।
ਊਪਰ ਲੇ ਘਰ ਮਹਿਂ ਗਯੋ ਕਛੁ ਜਾਇ ਨ ਚੀਨੋ' ॥ ੧੩॥

ਉਨ੍ਹਾਂ ਕਿਹਾ, "ਹਰਿਗੋਬਿੰਦ ਬੜੀ ਵਿਆਕੁਲ ਆਵਾਜ਼ ਨਾਲ ਰੋ ਰਿਹਾ ਹੈ, ਬੜੀ ਉੱਚੀ-ਉੱਚੀ ਪੁਕਾਰ ਰਿਹਾ ਹੈ, ਕਿਸੇ ਭਾਰੀ ਸੰਕਟ ਵਿਚ ਹੈ।" ਗੁਰੂ ਜੀ ਨੇ ਕਿਹਾ, "ਸਵੇਰ ਤੋਂ ਹੀ ਬ੍ਰਾਹਮਣ ਨੇ ਚੁਕਿਆ ਹੈ, ਉਪਰ ਚੁਬਾਰੇ ਵਿਚ ਲੈ ਗਿਆ ਹੈ, ਕੋਈ ਗੱਲ ਜਾਣੀ ਨਹੀਂ ਜਾਂਦੀ"॥ ੧੩॥

ਹੌਲ ਪਿਖਜੋ ਉਰ ਗੰਗ ਕੇ ਗੁਰ ਦਾਸ ਪਠਾਯੋ।
'ਛਿੱਪ੍ਰ ਬਿਲੋਕਹ ਜਾਇ ਕਰਿ ਕੈਸੇ ਰੁਦਨਾਯੋ'।
ਦੌਰਤਿ ਦਾਸ ਪਹੂਚਿਓ ਜਹਿਂ ਏਕਲ ਠਾਂਢੋ।
ਹਾਥ ਬਿਖੈ ਦਧਿ ਲੈ ਰਹਜੋ ਛੋਰੇ ਕਰ ਗਾਢੇ॥ ੧੪॥

ਸ੍ਰੀ ਮਤੀ ਗੰਗਾ ਜੀ ਦੀ ਘਬਰਾਹਟ ਵੇਖ ਕੇ, ਗੁਰੂ ਨੇ ਇਕ ਸੇਵਕ ਨੂੰ ਭੇਜਿਆ ਅਤੇ ਕਿਹਾ, "ਛੇਤੀ ਜਾ ਕੇ ਵੇਖੋ ਸ੍ਰੀ ਹਰਿਗੋਬਿੰਦ ਕਿਉਂ ਰੋਏ ਹਨ" ਦੌੜ ਕੇ ਸੇਵਕ ਉਥੇ ਪਹੁੰਚਾ ਜਿਥੇ ਬ੍ਰਾਹਮਣ ਇਕੱਲਾ ਖੜਾ ਸੀ, ਇਕ ਹੱਥ ਵਿਚ ਦਹੀਂ ਫੜਿਆ ਸੀ ਅਤੇ ਦੂਸਰੇ ਹੱਥ ਨਾਲ ਜਿਹੜੇ ਸ੍ਰੀ ਹਰਿਗੋਬਿੰਦ ਦੇ ਤਕੜੇ ਹੱਥ ਫੜੇ ਹੋਏ ਸਨ, ਉਹ ਛੱਡ ਦਿੱਤੇ॥੧੪॥

Sri Satguru Jagjit Singh Ji eLlibrary NamdhariElibrary@gmail.com

'ਰੁਦਨਾਯੋ ਕਿਮ ਬਿੱਪ੍ਰ! ਤੁਮ 'ਗੁਰ ਸੁਨਿ ਕਰਿ ਪੂਛਾ'।
ਕਹਤਿ ਸੁ 'ਮੈ ਦਧਿ ਪਜਾਵਤੋ' ਬੋਲਤਿ ਛਬਿ ਛੂਛਾ।
'ਨਹਿੰ ਪੀਵਤਿ ਇਮ ਜਾਨਿਕੈ ਝਿਰਕਯੋ ਡਰ ਪਾਯੋ।
ਤੂੰ ਭੀ ਪਿਖਿ ਅਬਿ ਖਰੋ ਰਹੁ' ਪੁਨ ਮੁਖ ਢਿਗ ਲਜਾਯੋ॥ ੧੫॥

"ਹੇ ਬ੍ਰਾਹਮਣ! ਇਨ੍ਹਾਂ ਨੂੰ ਕਿਉਂ ਰਵਾਇਆ ਹੈ, ਗੁਰੂ ਜੀ ਨੇ ਸੁਣ ਕੇ ਪੁਛਿਆ ਹੈ" ਕਹਿਣ ਲੱਗਾ, "ਮੈਂ ਦਹੀਂ ਪਿਲਾ ਰਿਹਾ ਹਾਂ" ਉਸ ਸਮੇਂ ਬ੍ਰਾਹਮਣ ਦੀ ਆਵਾਜ਼ ਨਹੀਂ ਸੀ ਨਿਕਲ ਰਹੀ, ਮੂੰਹ ਦਾ ਰੰਗ ਉਡਿਆ ਹੋਇਆ ਸੀ। "ਨਾ ਪੀਂਦਾ ਵੇਖ ਕੇ ਝਿੜਕਿਆ ਅਤੇ ਡਰਾਇਆ ਹੈ, ਤੂੰ ਵੀ ਖੜੇ ਹੋ ਕੇ ਹੁਣ ਵੇਖ ਲੈ" ਕਟੋਰੇ ਨੂੰ ਫਿਰ ਮੁੱਖ ਦੇ ਪਾਸ ਲਿਆਂਦਾ॥ ੧੫॥

ਹਾਥ ਸਾਥ ਤੇ ਹਟਕਿ ਕੈ ਪਿਖਿ ਨਾਕ ਚਢਾਯੋ।
ਦੇਖਿ ਦਾਸ ਨਿਜ ਨੈਨ ਤੇ ਗੁਰ ਤੀਰ ਬਤਾਯੋ।
ਬਹੁਰ ਪਠਯੋ 'ਅਬਿ ਜਾਇਕੈ ਆਨਹੁੰ ਹਮ ਪਾਸੇ।
ਕਯੋਂ ਨਹਿੰ, ਪੀਂਵਤਿ ਦਧੀ ਕੋ ਬਡ ਰੁਦਨ ਪ੍ਰਕਾਸ਼ੇ॥ ੧੬॥

ਪਰ ਬਾਲ ਗੁਰੂ ਜੀ ਨੇ ਹੱਥਾਂ ਨਾਲ ਰੋਕ ਦਿੱਤਾ ਤੇ ਨੱਕ ਚੜ੍ਹਾਇਆ। ਇਹ ਵੇਖ ਕੇ ਸੇਵਕ ਨੇ ਗੁਰੂ ਜੀ ਪਾਸ ਜਾ ਕੇ ਉਨ੍ਹਾਂ ਨੂੰ ਦੱਸਿਆ। ਗੁਰੂ ਜੀ ਨੇ ਫਿਰ ਭੇਜਿਆ, "ਹੁਣ ਜਾ ਕੇ ਸਾਡੇ ਪਾਸ ਲਿਆਵੋ, ਕਿਉਂ ਨਹੀਂ ਦਹੀਂ ਪੀਂਦੇ, ਏਨਾ ਉੱਚੀ ਉੱਚੀ ਰੋਂਦੇ ਹਨ॥ ੧੬॥

ਦਧਿ ਸਮੇਤ ਆਨਹੁ ਦੁਹਨਿ ਕਜਾ ਕਾਰਨ ਹੋਵਾ।
ਅਪਨਿ ਹਦੂਰ ਖਵਾਈ ਹੈਂ, ਦੇਖਹੁ ਕਿਮ ਰੋਵਾ'।
ਦਾਸ ਗਯੋ ਤਿਨ ਪਾਸ ਪੁਨਿ ਆਨੇ ਗੁਰ ਤੀਰਾ।
ਬਿਨਾਂ ਲਖੇ ਦਿਜ ਮੂਢਕੋ ਬਿਨਸਯੋ ਸਭਿ ਧੀਰਾ॥ ੧੭॥

ਦਹੀਂ ਸਮੇਤ ਦੋਹਾਂ ਨੂੰ ਲਿਆਵੋ, ਕੀ ਕਾਰਨ ਹੋਇਆ ਹੈ, ਅਸੀਂ ਆਪ ਖਵਾਉਂਦੇ ਹਾਂ, ਵੇਖਦੇ ਹਾਂ ਕਿਵੇਂ ਰੋਂਦਾ ਹੈ" ਸੇਵਕ ਫਿਰ ਉਨ੍ਹਾਂ ਦੇ ਪਾਸ ਗਿਆ ਤੇ ਉਨ੍ਹਾਂ ਨੂੰ ਗੁਰੂ ਜੀ ਦੇ ਪਾਸ ਲਿਆਂਦਾ। ਗੁਰੂ ਅਰਜਨ ਦੇਵ ਜੀ ਦੇ ਵੇਖੇ ਬਿਨਾਂ ਹੀ ਮੂਰਖ ਬ੍ਰਾਹਮਣ ਦਾ ਧੀਰਜ ਜਾਂਦਾ ਰਿਹਾ॥ ੧੭॥

ਸ਼੍ਰੀ ਗੁਰੁ ਅਰੁ ਗੰਗਾ ਖਰੀ ਨੰਦਨ ਕੋ ਹੇਰਾ।
ਝਲਕਤਿ ਨੇਤ੍ਰ ਬਿਸਾਲ ਜੁਗ ਜਲ ਭਰਯੋ ਘਨੇਰਾ।
ਮੁਖ ਬਯਾਕੁਲ ਕੁਛ ਅਧਰ ਸੋਂ ਦਧਿ ਲਾਗਿ ਰਹਯੋ ਹੈ।
ਸੁਬਕਤਿ ਰੋਦਤਿ ਅਧਿਕ ਹੀ ਬਹੁ ਕਸ਼ਟ ਲਹਯੋ ਹੈ॥ ੧੮॥

ਗੁਰੂ ਜੀ ਅਤੇ ਮਾਤਾ ਗੰਗਾ ਜੀ ਨੇ ਪੁੱਤਰ ਨੂੰ ਵੇਖਿਆ, ਦੋਵੇਂ ਵਿਸ਼ਾਲ ਨੇਤਰ ਝਲਕ ਰਹੇ ਸਨ ਤੇ ਉਨ੍ਹਾਂ ਵਿਚ ਬਹੁਤ ਜਲ ਭਰਿਆ ਹੋਇਆ ਸੀ। ਵਿਆਕੁਲ ਮੁੱਖ ਦੇ ਬੁਲ੍ਹਾਂ ਤੇ ਕੁਝ ਦਹੀਂ ਲੱਗਾ ਹੋਇਆ ਸੀ। ਡੁਸਕਾਰੇ ਮਾਰ ਕੇ ਰੋ ਰਹੇ ਸਨ ਜਿਵੇਂ ਬਹੁਤ ਕਸ਼ਟ ਝੱਲਿਆ ਹੋਵੇ॥ ੧੮॥

ਪਿਤ ਕੀ ਦਿਸ਼ਾ ਬਿਲੋਕਤੇ ਅਚ਼ਮਤ ਤੇ ਜਾਨੋ।
'ਦੁਸ਼ਟ ਬਿੱਪ੍ਰ ਬਿਖ ਦੇਤਿ ਹੈ' ਸਮਝਾਵਤਿ ਮਾਨੋ।
ਪਕਰ ਬਿਖੈ ਮਨ ਗੰਗ ਕੋ 'ਕੁਛ ਕਾਰਣ ਭਾਰੀ।
ਇਸ ਪ੍ਰਕਾਰ ਖੋਟੋ ਰੁਦਨ ਨਹਿੰ ਕੀਨਿ ਅਗਾਰੀ'॥ ੧੯॥

ਪਿਤਾ ਜੀ ਵਲ ਵੱਡੀ ਵਡਿਆਈ ਜਾਣ ਕੇ ਵੇਖ ਰਹੇ ਸਨ ਮਾਨੋਂ ਸਮਝਾ ਰਹੇ ਸਨ, "ਦੁਸ਼ਟ ਬ੍ਰਾਹਮਣ ਜ਼ਹਿਰ ਦੇ ਰਿਹਾ ਸੀ" ਮਾਤਾ ਗੰਗਾ ਜੀ ਦਾ ਮਨ ਪਕੜ ਵਿਚ ਆਇਆ ਭਾਵ ਉਸ ਨੂੰ ਇਹ ਸੋਚ ਫੁਰੀ ਕਿ ਕੋਈ ਭਾਰੀ ਕਾਰਨ ਹੈ, ਇਸ ਪ੍ਰਕਾਰ ਤਾਂ ਪਹਿਲਾਂ ਕਦੀ ਨਹੀਂ ਰੋਏ॥ ੧੯॥

ਸ੍ਰੀ ਅਰਜਨ ਸਭਿ ਜਾਨਿ ਕੈ ਬੂਝਯੋ ਦਿਜ ਤਾਂਈ।
'ਕਯੋਂ ਨਹਿਂ ਪੀਵਤਿ ਦਧੀ ਕੋ ਬਾਲਕ ਰੁਦਨਾਈ?'।
ਬਿੱਪ੍ਰ ਭਨਯੋਂ 'ਨਿਤ ਪਿਯਤ ਜਿਮ ਤਿਮ ਆਜ ਪਿਲਾਵੌਂ।
ਕਰਤਿ ਹਟਾਵਨਿ ਹਾਥ ਤੇ ਜਬਿ ਮੁਖ ਢਿਗ ਲਜਾਵੌਂ॥੨੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ ਜਾਣ ਕੇ ਬ੍ਰਾਹਮਣ ਨੂੰ ਪੁਛਿਆ, "ਬਾਲਕ ਦਹੀਂ ਕਿਉਂ ਨਹੀਂ ਪੀਂਦਾ ਹੈ ਤੇ ਰੋਂਦਾ ਹੈ?" ਬ੍ਰਾਹਮਣ ਨੇ ਕਿਹਾ, "ਨਿੱਤ ਪੀਂਦਾ ਹੈ, ਜਿਵੇਂ ਅੱਜ ਪਿਲਾ ਰਿਹਾ ਹਾਂ, ਜਦ ਮੈਂ ਇਸ ਦੇ ਮੂੰਹ ਨੂੰ ਲਾਉਣ ਲੱਗਦਾ ਹਾਂ ਤਾਂ ਹੱਥਾਂ ਨਾਲ ਪਿਛਾਂਹ ਹਟਾ ਦਿੰਦਾ ਹੈ॥ ੨੦॥

ਮੁਖ ਫੇਰਤਿ ਨਹਿਂ ਸਮੁਖ ਹ੍ਵੈ ਮੈਂ ਕਹਿ ਡਰਪਾਯੋ।
ਰੁਦਨ ਪੁਕਾਰ ਅਚਾਨ ਕੈ ਕਿਮ ਨਹੀਂ ਲਖਾਯੋ'।
ਭਨਯੋ ਗੁਰੂ ਨੇ ਸੁਨਿ ਸਕਲ 'ਅਬਿ ਨਿਕਟ ਹਮਾਰੀ।
ਦਧੀ ਪਿਲਾਵਹੁ ਸਹਿਜ ਸੌਂ ਹੁਇ ਸਿਸੁ ਅਨੁਸਾਰੀ'॥ ੨੧॥

ਮੂੰਹ ਫੇਰੇ ਨਾ, ਸਾਹਮਣੇ ਰੱਖੇ, ਇਸ ਕਰਕੇ ਮੈਂ ਡਰਾਇਆ ਹੈ ਅਚਾਨਕ ਰੋਇਆ ਅਤੇ ਪੁਕਾਰਿਆ ਹੈ, ਮੈਂ ਨਹੀਂ ਸਮਝ ਸਕਿਆਂ ਹਾਂ।" ਫਿਰ ਗੁਰੂ ਜੀ ਨੇ ਸਾਰੀ ਗੱਲ ਸੁਣ ਕੇ ਕਿਹਾ, "ਬਾਲਕ ਦੀ ਆਗਿਆ ਅਨੁਸਾਰ ਸਹਿਜ ਨਾਲ ਦਹੀਂ ਪਿਲਾਓ"॥ ੨੧॥

ਇਮ ਸ੍ਰੀ ਗੁਰ ਕੇ ਬਾਕ ਸੁਨਿ ਦਿਜ ਉਰ ਹਰਖਾਯੋ।
ਦੇਵੌਂ ਬਿਖ ਇਨ ਦੇਖਤੇ ਅਵਸਰ ਸੁਭ ਪਾਯੋ।
ਕਪਟ ਨ ਮੇਰੋ ਅਬਿ ਲਖਹਿਂ ਸੁਭ ਕਾਰਜ ਹੋਵਾ।
ਜਾਨਹਿਂਗੇ ਮ੍ਰਿਤੁ ਸੂਲ ਤੇ ਦਧਿ ਸਭਿ ਨੇ ਜੋਵਾ॥ ੨੨॥

ਗੁਰੂ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣਕੇ ਬ੍ਰਾਹਮਣ ਆਪਣੇ ਦਿਲ ਵਿਚ ਬਹੁਤ ਖ਼ੁਸ਼ ਹੋਇਆ। ਉਸ ਮਨ ਵਿਚ ਸੋਚਿਆ ਕਿ ਇਨ੍ਹਾਂ ਦੇ ਸਾਹਮਣੇ ਮੈਂ ਜ਼ਹਿਰ ਦੇਵਾਂਗਾ, ਇਹ ਮੈਂ ਸ਼ੁਭ ਮੌਕਾ ਪਾਇਆ ਹੈ। ਇਹ ਸਮਝ ਲੈਣਗੇ ਕਿ ਮੌਤ ਸੂਲ ਕਾਰਨ ਹੋਈ ਹੈ, ਕਿਉਂਕਿ ਦਹੀਂ ਸਾਰਿਆਂ ਨੇ ਵੇਖ ਲਿਆ ਹੈ॥੨੨॥

ਤਬਿ ਧੀਰਜ ਧਰਿ ਦਧੀ ਕੋ ਮੁਖ ਕੇ ਢਿਗ ਢੋਵਾ।
'ਪੀਵਹਿਗੋ ਅਬਿ, ਮ੍ਰਿਤੁ ਹੋਇ' ਡਰ ਉਰ ਤੇ ਖੋਵਾ।
ਭ੍ਰਿਕੁਟੀਕੁਟਲ ਚਢਾਇ ਕਰਿ ਦ੍ਰਿਗ ਕ੍ਰੂਰ ਦਿਖਾਏ।
ਹਟਕਯੋ ਬਾਸਨ ਹਾਥ ਤੇ ਰਿਸ ਕੁਛ ਉਪਜਾਏ॥ ੨੩॥

ਤਦ ਧੀਰਜ ਧਾਰ ਕੇ ਦਹੀਂ ਨੂੰ ਸ੍ਰੀ ਹਰਿਗੋਬਿੰਦ ਜੀ ਦੇ ਮੁਖ ਤਕ ਲੈ ਗਿਆ, ਮਨ ਵਿਚ ਸੋਚਿਆ ਕਿ ਜੇ ਹੁਣ ਪੀਣ ਨਾਲ ਮੌਤ ਹੋ ਜਾਵੇਗੀ ਤਾਂ ਮੈਨੂੰ ਕੋਈ ਵੀ ਡਰ ਨਹੀਂ ਰਹੇਗਾ। ਪਰ ਜਦ ਦਹੀਂ ਬਾਲ ਗੁਰੂ ਜੀ ਦੇ ਮੁਖ ਤਕ ਲੈ ਕੇ ਗਏ ਤਾਂ ਉਨ੍ਹਾਂ ਨੇ ਟੇਢੇ ਭਰਵੱਟੇ ਚੜ੍ਹਾ ਕੇ ਵਿਕਰਾਲ ਨੈਣ ਵਿਖਾਏ ਤੇ ਬਰਤਨ ਨੂੰ ਹੱਥਾਂ ਨਾਲ ਪਰ੍ਹੇ ਕੀਤਾ ਅਤੇ ਗੁੱਸਾ ਪ੍ਰਗਟ ਕੀਤਾ॥ ੨੩॥

ਹਰਿਗੁਬਿੰਦ ਜਬਿ ਇਮ ਕਰੀ ਸ੍ਰੀ ਅਰਜਨ ਜਾਨੀ।
'ਕਪਟ ਦਧੀ ਮਹਿਂ ਕੁਛ ਕਰਯੋ ਦਿਜ ਦੁਰਮਤਿ ਠਾਨੀ'।
ਲੇਕਰਿ ਅਪਨੀ ਗੋਦ ਮਹਿਂ ਪ੍ਰਿਯ ਨੰਦ ਬਿਠਾਯੋ।
ਦ੍ਰਿਗ ਪੌਂਛਤਿ ਦੇ ਪਜਾਰ ਕੋ ਮੁਖ ਮਧੁਰ ਅਲਾਯੋ॥ ੨੪॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਇਸ ਤਰ੍ਹਾਂ ਕੀਤਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਜਾਣ ਗਏ ਕਿ ਦਹੀਂ ਵਿਚ ਬੁਰੀ ਮੱਤ ਵਾਲੇ ਬ੍ਰਾਹਮਣ ਨੇ ਕੋਈ ਕਪਟ ਕੀਤਾ ਹੈ। ਆਪਣੇ ਪਿਆਰੇ ਪੁੱਤਰ ਨੂੰ ਉਨ੍ਹਾਂ ਗੋਦ ਵਿਚ ਬਿਠਾ ਲਿਆ, ਅੱਖਾਂ ਪੂੰਝ ਕੇ ਪਿਆਰ ਕੀਤਾ ਤੇ ਮੁੱਖ ਤੋਂ ਮਿੱਠੇ ਬਚਨ ਕਹੇ॥ ੨੪॥

ਦਿਜ ਕਰ ਤੇ ਦਧਿ ਕਰ ਲਈ ਪਜਾਵਨ ਪੁਨ ਲਾਗੇ।
ਹਰਖਤਿ ਦਿਜ ਭੀ ਕਹਤਿ ਹੈ 'ਕਰੀਅਹਿ ਮੁਖ ਆਗੇ'।
ਜਬਹਿ ਕਟੋਰਾ ਢਿਗ ਬਦਨ ਸ੍ਰੀ ਗੁਰ ਨੇ ਕੀਨੋ।
ਨੀਚ ਬਿਲੋਚਨ ਕਰਿ ਰਹੇ ਹਟਕਯੋ, ਨਹਿਂ ਪੀਨੋ॥ ੨੫॥

ਬ੍ਰਾਹਮਣ ਦੇ ਹੱਥ ਵਿਚੋਂ ਦਹੀਂ ਲਈ ਤੇ ਫਿਰ ਆਪ ਪਿਆਉਣ ਲੱਗੇ। ਬੜਾ ਪ੍ਰਸੰਨ ਹੋ ਕੇ ਬ੍ਰਾਹਮਣ ਨੇ ਕਿਹਾ, "ਆਪ ਮੁੱਖ ਦੇ ਸਾਹਮਣੇ ਕਰੋ"। ਜਦ ਗੁਰੂ ਜੀ ਨੇ ਕਟੋਰੇ ਨੂੰ ਸ੍ਰੀ ਹਰਿਗੋਬਿੰਦ ਦੇ ਮੂੰਹ ਦੇ ਸਾਹਮਣੇ ਕੀਤਾ ਤਾਂ ਬਾਲ ਗੁਰੂ ਜੀ ਨੇ ਅੱਖਾਂ ਨੀਵੀਆਂ ਕਰ ਲਈਆਂ, ਨਾ ਹੀ ਰੋਕਿਆ ਅਤੇ ਨਾ ਹੀ ਪੀਤਾ॥ ੨੫॥

ਦਿਖਿ ਦਿਜ ਬਿਸਮੈ ਹੁਇ ਰਹਯੋ 'ਅਜ਼ਮਤ ਇਨ ਮਾਂਹੀ।
ਦਧੀ ਸਦੋਸ਼ ਪਛਾਨਿ ਕੈ ਲਾਵਤਿ ਮੁਖ ਨਾਂਹੀ।
ਕੁਛ ਹੁਇ ਜਾਇ ਨ ਅਸ ਅਬੈ ਮਨ ਕਪਟ ਉਘਾਰੈ।'
ਤ੍ਰਸਤਿ ਭਯੋ ਪੁਨ ਮਨ ਬਿਖੈ ਬਹੁ ਗਟੀ ਬਿਚਾਰੈ॥ ੨੬॥

ਇਹ ਵੇਖ ਕੇ ਬ੍ਰਾਹਮਣ ਬਹੁਤ ਹੈਰਾਨ ਹੋਇਆ, ਉਸ ਸੋਚਿਆ ਕਿ ਇਨ੍ਹਾਂ ਵਿਚ ਕਰਾਮਾਤ ਹੈ। ਦੂਸ਼ਣ ਵਾਲਾ ਦਹੀਂ ਜਾਣ ਕੇ ਮੂੰਹ ਨਹੀਂ ਲਾ ਰਿਹਾ ਹੈ, ਹੁਣ ਕੋਈ ਐਸੀ ਗੱਲ ਨਾ ਹੋ ਜਾਵੇ ਕਿ ਕਪਟਪੁਣੇ ਦਾ ਪਾਜ ਹੀ ਖੁਲ੍ਹ ਜਾਵੇ। ਫਿਰ ਮਨ ਵਿਚ ਬਹੁਤ ਡਰਦਾ ਹੋਇਆ ਕਈ ਪ੍ਰਕਾਰ ਦੀਆਂ ਸੋਚਾਂ ਵਿਚਾਰਾਂ ਕਰ ਰਿਹਾ ਸੀ॥ ੨੬॥

ਅਲਪ ਜਾਤਿ ਕੂਕਰ ਹੁਤੋ ਪਿਸਤਾ ਕਹਿਂ ਜਾਂਹੀ।
ਜਿਸ ਪ੍ਰਯੰਕ ਪਰ ਗੁਰ ਬਿਰਹਿਂ ਤਿਸ ਤਰੈ ਰਹਾਹੀ।
ਵਹਿਰ ਚਲਤਿ ਕਿਤ ਸੰਗ ਹੁਇ ਪਗ ਪੰਕਜ ਤੀਰਾ।
ਰਹਤਿ ਹਦੂਰ ਸਦੀਵ ਹੀ ਜਿਹ ਭਾਗ ਗਹੀਰਾ॥ ੨੭॥

ਇਕ ਥੋੜੀ ਜਾਤੀ ਦਾ ਕੁੱਤਾ ਸੀ, ਜਿਸ ਨੂੰ ਪਿਸਤਾ ਕਹਿੰਦੇ ਸਨ, ਜਿਸ ਪਲੰਘ ਤੇ ਗੁਰੂ ਜੀ ਲੇਟਦੇ ਸਨ, ਸਦਾ ਉਸ ਦੇ ਥੱਲੇ ਬੈਠਾ ਰਹਿੰਦਾ ਸੀ। ਜਦ ਬਾਹਰ ਜਾਂਦੇ ਸਨ ਤਾਂ ਗੁਰੂ ਜੀ ਦੇ ਚਰਨ ਕੰਵਲਾਂ ਦੇ ਨਾਲ ਹੀ ਰਹਿੰਦਾ ਸੀ। ਵੱਡੇ ਭਾਗਾਂ ਵਾਲਾ ਸਦਾ ਗੁਰੂ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ॥ ੨੭॥

ਕਰਯੋ ਹਕਾਰਨ ਸ੍ਵਾਨ ਕੋ ਪਰਯੰਕ ਤਰੇ ਹੈ।
ਨਿਕਸਯੋ ਪੂੰਛ ਹਿਲਾਵਤੋ ਦ੍ਰਿਗ ਸਮੁਖ ਕਰੇ ਹੈ।

ਤਿਸ ਕੇ ਬਾਸਨ ਗੁਰੂ ਨੇ ਦਧਿ ਕਰ ਤੇ ਪਾਈ।
ਸੂੰਘਤਿ ਹੀ ਤਿਸਤੇ ਹਟਜੋ ਮੁਖ ਤਨਕ ਨ ਲਾਈ॥ ੨੮॥

ਪਲੰਘ ਦੇ ਹੇਠੋਂ ਕੁੱਤੇ ਨੂੰ ਬੁਲਾਇਆ, ਉਹ ਪੂਛ ਹਿਲਾਉਂਦਾ ਨਿਕਲ ਆਇਆ ਤੇ ਅੱਖਾਂ ਨੂੰ ਗੁਰੂ ਜੀ ਦੇ ਚਿਹਰੇ ਸਾਹਮਣੇ ਕੀਤਾ। ਉਸ ਦੇ ਬਰਤਨ ਵਿਚ ਗੁਰੂ ਜੀ ਨੇ ਦਹੀਂ ਨੂੰ ਪਾ ਦਿੱਤਾ। ਦਹੀਂ ਨੂੰ ਸੁੰਘ ਕੇ ਹੀ ਉਹ ਪਿੱਛੇ ਹੱਟ ਗਿਆ ਤੇ ਦਹੀਂ ਨੂੰ ਮੂੰਹ ਨਾ ਲਾਇਆ॥ ੨੮॥

ਅਜ਼ਮਤ ਗੁਰ ਕੇ ਸ੍ਵਾਨ ਮਹਿਂ ਜੂਠੋ ਨਿਤ ਖੈਹੈ।
ਬਿਖ ਜਾਨੀ ਅਚਵੀ ਨਹੀਂ ਗੁਰ ਕੋ ਸਮਝੈ ਹੈ।
ਸਿਰ ਹਿਲਾਇ ਖਰਕਾਇ ਕੈ ਅਪਨੇ ਜੁਗ ਕਾਨਾ।
'ਬਿਖ ਸਮੇਤ ਇਹੁ ਦਧੀ ਹੈ ਮੈਂ ਕਰੌਂ ਨ ਖਾਨਾ॥ ੨੯॥

ਗੁਰੂ ਜੀ ਦੇ ਕੁੱਤੇ ਦੀ ਇਹ ਵਡਿਆਈ ਸੀ ਕਿ ਜੂਠ ਨਿੱਤ ਖਾਂਦਾ ਸੀ, ਪਰ ਦਹੀਂ ਵਿਚ ਜ਼ਹਿਰ ਜਾਣ ਕੇ ਖਾਂਧਾ ਨਹੀਂ ਸੀ ਅਤੇ ਉਸ ਗੁਰੂ ਜੀ ਨੂੰ ਸਮਝਾਇਆ। ਸਿਰ ਹਿਲਾ ਕੇ ਆਪਣੇ ਦੋਹਾਂ ਕੰਨਾਂ ਨੂੰ ਖੜਕਾ ਗੁਰੂ ਜੀ ਨੂੰ ਦੱਸਿਆ, ਇਸ ਦਹੀਂ ਵਿਚ ਜ਼ਹਿਰ ਹੈ ਇਸ ਕਰਕੇ ਮੈਂ ਖਾਧਾ ਨਹੀਂ ਹੈ॥ ੨੯॥

ਅਪ ਗਤਿ ਮੇਰੀ ਹੋਇਗੀ, ਖੋਟੀ ਮ੍ਰਿਤੁ ਪਾਵੌਂ।
ਦੁਸ਼ਟ ਦਿਜਾਧਮ ਕੀ ਕ੍ਰਿਤ ਕੈਸੇ ਇਸ ਖਾਵੌਂ।'
ਕ੍ਰਿਯਾ ਕਰਤਿ ਕੋ ਪਰਖ ਕੈ ਗੁਰਬਾਕ ਅਲਾਏ।
'ਤੂੰ ਹਮਰੇ ਨਿਤ ਸੰਗ ਹੈਂ ਇਤ ਉਤ ਸਭਿ ਥਾਏਂ॥ ੩੦॥

ਹੁਣ ਮੇਰੀ ਗਤੀ ਨਹੀਂ ਹੋਵੇਗੀ, ਖੋਟੀ ਮੌਤ ਪਾਵਾਂਗਾ, ਦੁਸ਼ਟ ਬ੍ਰਾਹਮਣ ਦੀ ਇਹ ਕਿਰਤ ਕੈਸੇ ਖਾਵਾਂਗਾ। ਉਸ ਕੁੱਤੇ ਦੇ ਕ੍ਰਿਆ ਕਰਮ ਨੂੰ ਪਰਖ ਕੇ ਗੁਰੂ ਜੀ ਨੇ ਬਚਨ ਕੀਤਾ, "ਤੂੰ ਸਦਾ ਸਾਡੇ ਨਾਲ ਹੈਂ, ਏਥੇ ਓਥੇ ਸਭ ਥਾਈਂ ਸਾਡੇ ਪਾਸ ਹੈਂ॥ ੩੦॥

ਨਹਿਂ ਬਿਛਰਹਿਂ ਸ਼ੁਭ ਹੋਇ ਗਤਿ ਸੰਦੇਹ ਨ ਕੀਜੈ।
ਬਿਦਤਹਿ ਕਪਟ ਜਿ ਦੁਸ਼ਟ ਹੈ ਦਧਿ ਅਬਿ ਸਭਿ ਪੀਜੈ'।
ਇਸ ਪ੍ਰਕਾਰ ਗੁਰ ਤੇ ਸੁਨਤਿ ਤਜਿ ਮ੍ਰਿਤੁ ਕੋ ਤ੍ਰਾਸਾ।
ਬਿਨ ਬਿਲੰਬ ਸਭਿ ਹੀ ਦਧੀ ਪੀ ਕਰਿ ਤ੍ਰਿਪਤਾਸਾ॥ ੩੧॥

ਵਿਛੜਾਂਗੇ ਨਹੀਂ, ਸ਼ੁਭ ਗਤੀ ਪ੍ਰਾਪਤ ਹੋਵੇਗੀ, ਇਸ ਵਿਚ ਕੋਈ ਸੰਦੇਹ ਨਾ ਕਰੋ। ਦੁਸ਼ਟ ਬ੍ਰਾਹਮਣ ਦਾ ਕਪਟ ਪ੍ਰਗਟ ਕਰੋ, ਇਸ ਕਰਕੇ ਦਹੀਂ ਨੂੰ ਪੀ ਲਵੋ।" ਇਸ ਪ੍ਰਕਾਰ ਗੁਰੂ ਜੀ ਤੋਂ ਸੁਣ ਕੇ ਮੌਤ ਦੇ ਭੈਅ ਨੂੰ ਛੱਡ ਦਿੱਤਾ ਅਤੇ ਸਾਰਾ ਦਹੀਂ ਪੀ ਕੇ ਤ੍ਰਿਪਤ ਹੋ ਗਿਆ॥ ੩੧॥

ਬੈਠਿ ਗਈ ਗੰਗਾ ਨਿਕਟਿ ਦਿਜ ਦੁਸ਼ਟ ਬਿਠਾਵਾ।
ਅਪਰ ਦਾਸ ਸਿਖ ਪਾਸ ਗਨ ਬੈਠੇ ਤਿਸ ਥਾਵਾ।
ਹੇਰਤਿ ਬਿਸਮਤਿ ਚਿਤ ਸਮਸਤ ਕਾਰਣ ਕਜਾ ਹੋਈ।
ਬਿੱਪ੍ਰ ਬਦਨ ਤਬਿ ਪੀਤ ਭਾ ਸਭਿ ਧੀਰਜ ਖੋਈ॥ ੩੨॥

ਮਾਤਾ ਗੰਗਾ ਜੀ ਨੇੜੇ ਬੈਠ ਗਈ ਤੇ ਦੁਸ਼ਟ ਬ੍ਰਾਹਮਣ ਨੂੰ ਵੀ ਬਿਠਾ ਲਿਆ, ਹੋਰ ਸਿੱਖ ਸੇਵਕ ਗੁਰੂ ਜੀ ਦੇ ਪਾਸ ਬੈਠ ਗਏ। ਵੇਖ ਕੇ ਚਿੱਤ ਵਿਚ ਸਾਰੇ ਹੈਰਾਨ ਹੋਏ ਕਿ ਕੀ ਕਾਰਨ ਹੋਇਆ ਹੈ। ਬ੍ਰਾਹਮਣ ਦਾ ਮੂੰਹ ਪੀਲਾ ਭੂਕ ਹੋ ਗਿਆ ਤੇ ਉਹ ਧੀਰਜ-ਰਹਿਤ ਹੋ ਗਿਆ॥ ੩੨ ॥

'ਧਰਾ ਪ੍ਰਵੇਸ਼ਜੋ ਜਾਇ ਨਹਿੰ, ਨਭ ਉੱਡਜੋ ਨ ਜਾਈ।
ਕਪਟ ਖੁਟਾਈ ਕ੍ਰਿਤੀ ਮਮ ਸਭਿਹੂੰ ਲਖਿ ਪਾਈ।'
ਧਰਿ ਮੁਖ ਮੌਨ ਬਿਲੋਕਤੇ ਬੋਲਤਿ ਨਹਿੰ ਕੋਈ।
ਅੰਤਰਜਾਮੀ ਧੰਨਿ ਗੁਰ ਉਰ ਸਭਿ ਸੁਧਿ ਹੋਈ॥ ੩੩ ॥

ਸੋਚਦਾ ਹੈ, "ਧਰਤੀ ਵਿਚ ਵੀ ਪ੍ਰਵੇਸ਼ ਨਹੀਂ ਹੋ ਸਕਦਾ ਤੇ ਉੱਡ ਕੇ ਅਕਾਸ਼ ਵਿਚ ਵੀ ਨਹੀਂ ਜਾਇਆ ਜਾ ਸਕਦਾ, ਮੇਰੇ ਕਪਟ ਅਤੇ ਖੋਟੇਪਨ ਨੂੰ ਸਾਰੇ ਜਾਣ ਗਏ ਹਨ। ਮੋਨ ਧਾਰਨ ਕਰਕੇ ਸਾਰੇ ਵੇਖਦੇ ਹਨ, ਪਰ ਬੋਲਦਾ ਕੋਈ ਨਹੀਂ ਹੈ, ਧੰਨ ਅੰਤਰਜਾਮੀ ਗੁਰੂ ਜੀ ਹਨ, ਜਿਨ੍ਹਾਂ ਦੇ ਹਿਰਦੇ ਵਿਚ ਸਾਰੀ ਖ਼ਬਰ ਹੈ॥ ੩੩ ॥

ਘਟੀ ਏਕ ਮਹਿੰ ਸ੍ਵਾਨ ਸੋ ਗਿਰ ਪਰਜੋ ਜੁ ਠਾਂਢਾ।
ਤਰਫਤਿ ਮਾਰਤਿ ਪਗਨਿ ਕਹੁ ਸੰਕਟ ਬਡ ਬਾਢਾ।
ਲਾਗੁਲ ਐਂਠਤਿ ਬੈਠਿ ਕਬਿ ਪੈਠਤਿ ਘਰ ਜਾਈ।
ਸ਼ਬਦ ਕਰਤਿ ਕਬਿ ਆਇ ਕੈ ਆਗੈ ਲਿਟ ਜਾਈ॥ ੩੪ ॥

ਇਕ ਘੜੀ ਬਾਅਦ ਖਲੋਤਾ ਹੋਇਆ ਕੁੱਤਾ ਡਿੱਗ ਪਿਆ। ਤੜਫਦਾ ਪੈਰ ਮਾਰ ਰਿਹਾ ਸੀ, ਬਹੁਤ ਦੁਖੀ ਹੋਇਆ ਭੂਕ ਰਿਹਾ ਸੀ। ਪੂਛ ਅਕੜਾਉਂਦਾ ਹੈ, ਕਦੀ ਬੈਠ ਜਾਂਦਾ ਹੈ ਅਤੇ ਕਦੇ ਘਰ ਵਿਚ ਜਾ ਕੇ ਪ੍ਰਵੇਸ਼ ਕਰਦਾ ਹੈ, ਕਦੀ ਭੌਂਕਦਾ ਹੈ ਅਤੇ ਕਦੀ ਅੱਗੇ ਆ ਕੇ ਲੇਟ ਜਾਂਦਾ ਹੈ॥ ੩੪ ॥

ਲਾਲ ਬਿਲੋਚਨ ਹੁਇ ਗਏ ਵਜਾਕੁਲਤਾ ਪਾਏ।
ਇਸ ਪ੍ਰਕਾਰ ਸੰਕਟ ਲਹਜੋ ਸਭਿ ਕੇ ਅਗੁਵਾਏ।
ਕੇਤਿਕ ਚਿਰ ਮਹਿੰ ਮਰਿ ਰਹਜੋ ਮੁਖ ਦੀਨਿ ਪਸਾਰੇ।
ਦੰਤ ਨਿਕਾਸੇ ਵਹਿਰ ਕੋ ਗਿਰ ਗੁਰੂ ਅਗਾਰੇ॥ ੩੫ ॥

ਬਹੁਤ ਵਿਆਕੁਲਤਾ ਪਾ ਕੇ ਅੱਖਾਂ ਲਾਲ ਹੋ ਗਈਆਂ, ਇਸ ਪ੍ਰਕਾਰ ਸਭ ਦੇ ਸਾਹਮਣੇ ਸੰਕਟ ਪਾਇਆ। ਕੁਝ ਚਿਰ ਬਾਅਦ ਮਰ ਗਿਆ ਤੇ ਸਿਰ ਧਰਤੀ ਤੇ ਪਸਾਰ ਕੇ ਲੇਟ ਗਿਆ ਅਤੇ ਗੁਰੂ ਜੀ ਅੱਗੇ ਡਿੱਗ ਕੇ ਦੰਦ ਬਾਹਰ ਨੂੰ ਕੱਢੇ॥ ੩੫ ॥

ਪਗ ਪੰਕਜ ਤਬਿ ਆਪਨੋ ਕੂਕਰ ਕੇ ਛੁਾਵਾ।
ਗਯੋ ਬਿਕੁੰਠ ਬਿਬਾਨ ਚਢਿ ਉੱਤਮ ਪਦ ਪਾਵਾ।
ਸਭਿ ਦੇਖਤਿ ਵਿਸਮਾਇਗੇ ਕਰਿ ਹਾਹਾਕਾਰਾ।
ਹਰਿ ਗੋਵਿੰਦ ਉਬਰੇ ਭਲੇ ਜਨ ਸੁਖਦ ਉਦਾਰਾ॥ ੩੬ ॥

ਫਿਰ ਗੁਰੂ ਜੀ ਨੇ ਆਪਣੇ ਚਰਨ ਕੰਵਲ ਕੁੱਤੇ ਨੂੰ ਛੁਹਾਏ ਤਾਂ ਬਿਬਾਣ ਤੇ ਚੜ੍ਹ ਕੇ ਉੱਤਮ ਪਦਵੀ ਪਾ ਕੇ ਬਿਕੁੰਠ ਨੂੰ ਚਲਾ ਗਿਆ। ਸਾਰੇ ਵੇਖ ਕੇ ਹਾਹਾਕਾਰ ਕਰਕੇ ਬਹੁਤ ਹੈਰਾਨ ਹੋਏ, ਆਪਣੇ ਦਾਸਾਂ ਨੂੰ ਬਹੁਤ ਸੁਖ ਦੇਣ ਵਾਲੇ ਸ੍ਰੀ ਹਰਿਗੋਬਿੰਦ ਜੀ ਸੁਰੱਖਿਅਤ ਰਹੇ॥ ੩੬ ॥

*ਤੀਸਰੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥*

# ਅਧਿਆਇ ਸਤਾਰ੍ਹਵਾਂ

## ਮਰੇ ਬ੍ਰਾਹਮਣ ਨੂੰ ਜਿਵਾਉਣਾ ਤੇ ਜ਼ਹਿਰ ਦੇਣ ਦਾ ਕਾਰਨ ਸੁਣਨਾ

ਦੋਹਰਾ- ਜਾਨਿ ਖੋਟ ਦਿਜ ਦੁਸਟ ਕੋ ਸ੍ਰੀ ਗੁਰ ਸਹਿ ਨ ਸਕਾਇ।
ਕ੍ਰੋਧ ਕਰਜੋ ਦੇਖਤਿ ਭਏ ਜਬਹਿ ਸ੍ਵਾਨ ਮ੍ਰਿਤੁ ਪਾਇ॥ ੧ ॥

ਦੁਸ਼ਟ ਬ੍ਰਾਹਮਣ ਦਾ ਖੋਟ ਜਾਣ ਕੇ, ਗੁਰੂ ਜੀ ਸਹਿ ਨਾ ਸਕੇ। ਜਦ ਕੁੱਤੇ ਦੀ ਮੌਤ ਹੋ ਗਈ ਤਾਂ ਉਨ੍ਹਾਂ ਉਸ ਵਲ ਕ੍ਰੋਧ ਨਾਲ ਵੇਖਿਆ ਅਤੇ ਫੁਰਮਾਇਆ॥ ੧ ॥

ਕਬਿੱਤ-'ਜੈਸੇ ਦੁਖ ਪਾਯੋ ਸ੍ਵਾਨ ਦੁਜਨ ਮਹਾਨ ਦਿਜ ! ਭਯੋ ਪ੍ਰਾਨ ਹਾਨ ਅਬਿ ਹੇਰਤਿ ਅਗਾਰੀ ਤੋਹਿ।
ਤੈਸੇ ਪਾਇ ਸੰਕਟ ਬਿਸਾਲ ਤਾਤਕਾਲ ਫਲ, ਮੂਰਖ ਅਜਾਨ ! ਜਾਨਿ ਤੇਰੋ ਤਨ ਨਾਸ਼ ਹੋਹਿ'।
ਐਸੇ ਗੁਰ ਬੈਨ ਭਨੇ ਸੁਨੇ ਸ੍ਰੌਨ ਮੂਢ ਬਿੱਪ੍ਰ, ਉਠਜੋ ਸੂਲ ਤੇਹੀ ਛਿਨ ਗਿਰਜੋ ਧਰ ਭਯੋ ਮੋਹਿ।
ਲਿਟਤਿ ਕਰਤਿ 'ਹਾਇ ਹਾਇ, ਨ ਸਹਾਇ ਅਬਿ' ਪਰਜੋ ਅਰਿਰਾਇ ਦੁਖ ਪਾਇ ਜੋ ਧਰਤਿ ਦ੍ਰੋਹਿ॥੨॥

"ਹੇ ਮਹਾਨ ਦੁਸ਼ਟ ਬ੍ਰਾਹਮਣ ! ਜਿਸ ਤਰ੍ਹਾਂ ਤੇਰੇ ਅੱਗੇ ਤੇਰੇ ਵੇਖਦਿਆਂ ਕੁੱਤਾ ਮਰਿਆ ਹੈ, ਹੇ ਮੂਰਖ ! ਤੂੰ ਵੀ ਫੌਰਨ ਉਸ ਤਰ੍ਹਾਂ ਦਾ ਹੀ ਵੱਡਾ ਦੁੱਖ ਪਾਵੇਂਗਾ, ਇਸ ਲਈ ਇਹ ਸਮਝ ਲਵੇ ਕਿ ਤੇਰੇ ਸਰੀਰ ਨੇ ਵੀ ਨਾਸ਼ ਹੋ ਜਾਣਾ ਹੈ।" ਜਦ ਗੁਰੂ ਜੀ ਨੇ ਬ੍ਰਾਹਮਣ ਨੂੰ ਇਸ ਤਰ੍ਹਾਂ ਦੇ ਬਚਨ ਕਹੇ ਤਾਂ ਉਸ ਦੇ ਪੇਟ ਵਿਚ ਵੀ ਉਸੇ ਵੇਲੇ ਸੂਲ ਉਠਿਆ ਤੇ ਤੁਰੰਤ ਮੂਰਛਿਤ ਧਰਤੀ ਤੇ ਡਿੱਗ ਪਿਆ ਅਤੇ ਲੇਟਿਆ ਹੋਇਆ 'ਹਾਇ ਹਾਇ' ਕਰਦਾ ਦੁਖੀ ਹੋ ਕੇ ਚੀਖਾਂ ਮਾਰ ਰਿਹਾ ਸੀ॥ ੨ ॥

ਏਕ ਘਟੀ ਸੂਲ ਭਯੋ, ਸੰਕਟ ਬਿਸਾਲ ਦਯੋ, ਫੇਰ ਮਰਿ ਗਯੋ ਹਾਥ ਪਾਇਨਿ ਪਸਾਰਿ ਕਰਿ।
ਮਰੇ ਦੋਊ ਹੇਰਿ ਕਰਿ, ਬਿਸਮੇ ਬਡੇਰ ਸਭਿ ਕਹੈਂ ਬਾਕ 'ਪ੍ਰਭੂ ਨੇ ਬਚਾਯੋ ਹਿਤ ਧਾਰਿ ਕਰਿ।
ਪਾਪੀ ਇਨ ਕੀਨ ਕਹਾਂ ਠਾਨਿਕੈ ਕਪਟ ਮਹਾਂ ਬਿਖ ਕੋ ਪਿਲਾਇ ਰਹਾ, ਪੀਓ ਨ, ਪੁਕਾਰ ਕਰਿ।
ਅੰਸ ਜਗਦੀਸ਼ ਕੀ ਸ਼ਰੀਰ ਧਰਜੋ ਆਇ ਕਰਿ, ਨੰਦਨ ਤੁਮਾਰੋ ਕਰਾਮਾਤ ਕੋ ਉਦਾਰ ਕਰਿ ॥੩ ॥

ਇਕ ਘੜੀ ਉਸ ਨੂੰ ਸੂਲ ਹੋਇਆ, ਜਿਸ ਨੇ ਉਸ ਨੂੰ ਬਹੁਤ ਦੁੱਖ ਦਿੱਤਾ। ਫਿਰ ਹੱਥ ਪੈਰ ਪਸਾਰ ਕੇ ਮਰ ਗਿਆ। ਦੋਵੇਂ ਮਰੇ ਹੋਏ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ ਅਤੇ ਕਹਿੰਦੇ ਹਨ, "ਪ੍ਰਭੂ ਨੇ ਹਿਤ ਧਾਰ ਕੇ ਬਚਾਇਆ ਹੈ। ਇਸ ਪਾਪੀ ਨੇ ਮਹਾਨ ਕਪਟ ਕੀ ਜਾਣ ਕੇ ਕੀਤਾ ਹੈ ? ਸ੍ਰੀ ਹਰਿਗੋਬਿੰਦ ਨੂੰ ਜ਼ਹਿਰ ਪਿਲਾ ਰਿਹਾ ਸੀ, ਪਰ ਉਨ੍ਹਾਂ ਪੀਤਾ ਨਹੀਂ ਬਲਕਿ ਪੁਕਾਰ ਕੀਤੀ ਹੈ, ਉਹ ਪ੍ਰਭੂ ਦੀ ਅੰਸ਼ ਹਨ ਜਿਨ੍ਹਾਂ ਆ ਕੇ ਇਸ ਦੁਨੀਆਂ ਵਿਚ ਸਰੀਰ ਧਾਰਨ ਕੀਤਾ ਹੈ, ਤੁਹਾਡੇ ਪੁੱਤਰ ਵਿਚ ਵੱਡੀ ਕਰਾਮਾਤ ਹੈ॥ ੩ ॥

ਆਪ ਅਵਤਾਰ ਤੁਮ ਸਮ ਜਾਯੋ ਆਤਮਜ, ਅਪਰ ਜਿ ਹੋਤਿ ਮਾਰਿ ਦੇਤਿ ਨ ਬਚਤਿ ਹੈ।
ਲੇ ਗਯੋ ਇਕਾਕੀ, ਬਿਖ ਪਾਇ ਕੈ ਦਧੀ ਕੋ ਮੂਢ ਓਜ ਤੇ ਪਿਲਾਇ ਰਹਜੋ, ਕਯੋਂ ਹੂੰ ਨ ਅਚਤਿ ਹੈਂ।
ਸ੍ਰੀ ਹਰਿਗੋਵਿੰਦ ਕੀਨਿ ਜਤਨ ਬਿਲੰਦ ਆਪ, ਮਾਰਜੋ ਮਹਾਂ ਪਾਪੀ, ਪਾਪ ਪਾਵਕ ਤਚਤਿ ਹੈ।
ਆਜ ਭੀ ਜਨਮ ਨਯੋ ਭਯੋ ਬਡੇ ਭਾਗ ਜੁਤ, ਉਘਰਿਓ ਕਪਟ ਕੈਸੇ ਮੂਢ ਤੇ ਪਚਤਿ ਹੈ ॥੪ ॥

ਆਪ ਤੁਸੀਂ ਅਵਤਾਰ ਹੋ ਤੇ ਆਪਣੇ ਵਰਗਾ ਪੁੱਤਰ ਪੈਦਾ ਕੀਤਾ ਹੈ। ਜੇ ਕੋਈ ਹੋਰ ਹੁੰਦਾ ਤਾਂ ਇਸ ਨੇ ਮਾਰ ਦੇਣਾ ਸੀ ਤੇ ਉਸ ਬਚ ਨਹੀਂ ਸੀ ਸਕਣਾ। ਇਕੱਲੇ ਬਾਲਕ ਨੂੰ ਲੈ ਗਿਆ ਤੇ ਦਹੀਂ ਵਿਚ ਜ਼ਹਿਰ ਮਿਲਾ ਕੇ ਜ਼ੋਰ ਨਾਲ ਪਿਲਾ ਰਿਹਾ ਸੀ, ਪਰ ਸ੍ਰੀ ਬਾਲਕ ਨੇ ਨਹੀਂ ਪੀਤਾ। ਸ੍ਰੀ ਹਰਿਗੋਬਿੰਦ ਨੇ ਆਪ ਵੱਡਾ ਯਤਨ ਕੀਤਾ ਅਤੇ ਮਹਾਂ ਪਾਪੀ ਨੂੰ ਮਾਰ ਦਿੱਤਾ, ਪਾਪੀ ਹੁਣ ਪਾਪ ਦੀ ਅਗਨੀ ਵਿਚ ਸੜਦਾ ਹੈ। ਵੱਡੇ ਭਾਗਾਂ ਸਹਿਤ ਅੱਜ ਨਵਾਂ ਜਨਮ ਹੋਇਆ ਹੈ, ਕਪਟ ਜ਼ਾਹਰ ਹੋ ਗਿਆ ਹੈ, ਮੂਰਖ ਨੂੰ ਕਿਵੇਂ ਪਚ ਸਕਦਾ ਹੈ, ਭਾਵ ਕਪਟ ਲੁਕ ਨਹੀਂ ਸਕਿਆ॥ ੪॥

**ਕੀਨਿ ਕਜੋਂ ਕੁਕਰਮ ਅਧਰਮੀ ਭਰਮ ਕਰਿ ਕੌਨੇ ਸਿਖਲਾਯੋ ਬਿਖ ਦੈ ਕੈ ਸਿਸੁ ਮਾਰਨੋ।**
**ਮਹਾਂ ਦੁਰਬੁੱਧੀ ਨਹੀਂ ਪਾਪ ਕੀ ਪਛਾਨ ਕਰੀ, ਦਿਜ ਕੋ ਜਨਮ, ਪੈ ਚੰਡਾਰ ਕ੍ਰਿਤ ਕਾਰਨੋ।**
**ਜੈਸੇ ਕਾਜ ਕਰਜੋ ਤੈਸੋ ਪਾਯੋ ਹੈ ਬਿਲੰਬ ਬਿਨ, ਮੂਰਖ ਮਹਾਨ ਕੀਨਿ ਕਾਹੂੰ ਨੇ ਸਿਖਾਰਨੋ।**
**ਪਰਜੋ ਹੈ ਕੁਰੂਪ ਹੇਰਿ ਸ੍ਰੀ ਗੁਰੂ ਜੀ ਤਿਸੀ ਬੇਰ ਸ਼ਬਦ ਬਨਾਯੋ ਫੇਰ ਕੀਨਸਿ ਉਚਾਰਨੋ॥ ੫॥**

ਇਸ ਅਧਰਮੀ ਨੇ ਕਿਉਂ ਕੁਕਰਮ ਕੀਤਾ ਹੈ? ਕਿਸ ਨੇ ਭਰਮ ਕਰਕੇ ਇਸ ਨੂੰ ਸਿਖਾਇਆ ਹੈ ਕਿ ਜ਼ਹਿਰ ਦੇ ਕੇ ਬਾਲਕ ਨੂੰ ਮਾਰ ਦੇਵੋ? ਮਹਾਨ ਦੁਸ਼ਟ ਬੁੱਧੀ ਵਾਲੇ ਨੇ ਪਾਪ ਦੀ ਪਛਾਣ ਨਹੀਂ ਕੀਤੀ, ਬ੍ਰਾਹਮਣ ਦੇ ਘਰ ਜਨਮ ਲੈ ਕੇ, ਚੰਡਾਲ ਵਾਲੀ ਕਾਰ ਕੀਤੀ ਹੈ। ਜਿਵੇਂ ਉਸ ਦੁਸ਼ਟਾਂ ਵਾਲਾ ਕੰਮ ਕੀਤਾ ਹੈ ਉਸ ਦਾ ਕਿਸੇ ਦੇਰ ਬਗੈਰ ਫਲ ਪਾ ਲਿਆ ਹੈ, ਮਹਾਨ ਮੂਰਖਤਾ ਕੀਤੀ ਹੈ, ਪਤਾ ਨਹੀਂ ਇਸ ਨੂੰ ਕਿਸ ਨੇ ਸਿਖਾਇਆ ਹੈ। ਮਰੇ ਹੋਏ ਦੀ ਕਰੂਪ ਸ਼ਕਲ ਵੇਖ ਕੇ, ਗੁਰੂ ਜੀ ਨੇ ਇਕ ਸ਼ਬਦ ਬਣਾ ਕੇ ਉਸ ਦਾ ਉਚਾਰਨ ਕੀਤਾ॥ ੫॥

*ਭੈਰਉ ਮਹਲਾ ੫॥*

*ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥੧॥*
*ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥੧॥ ਰਹਾਉ॥*
*ਅਪਣਾ ਖਸਮੁ ਜਨਿ ਆਪਿ ਧਿਆਇਆ॥ ਇਆਣਾ ਪਾਪੀ ਓਹੁ ਆਪਿ ਪਚਾਇਆ॥ ੨॥*
*ਪ੍ਰਭ ਮਾਤ ਪਿਤਾ ਆਪਣੇ ਦਾਸ ਕਾ ਰਖਵਾਲਾ॥ ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ॥ ੩॥*
*ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥ ੪॥ ੯॥*

*(ਪੰਨਾ ੧੧੩੭)*

ਜ਼ਹਿਰ ਨੇ ਇਕ ਤਿਲ ਦੇ ਦਾਣੇ ਜਿੰਨਾ ਵੀ ਬੁਰਾ ਅਸਰ ਨਹੀਂ ਕੀਤਾ ਹੈ। ਦੁਸ਼ਟ ਬ੍ਰਾਹਮਣ ਸੂਲ ਹੋਣ ਨਾਲ ਮਰ ਗਿਆ॥ ੧॥

ਪ੍ਰਭੂ ਦੇ ਸੇਵਕ ਨੂੰ ਪਰਮ ਪ੍ਰਭੂ ਨੇ ਆਪ ਹੀ ਬਚਾ ਲਿਆ ਹੈ। ਪਾਪੀ ਗੁਰਾਂ ਦੇ ਪਰਤਾਪ ਕਰਕੇ ਮਰ ਗਿਆ॥ ੧॥ ਠਹਿਰਾਉ॥

ਸੇਵਕ ਖ਼ੁਦ ਹੀ ਆਪਣੇ ਸੁਆਮੀ ਨੂੰ ਯਾਦ ਕਰਦਾ ਹੈ। ਮੂਰਖ ਪਾਪੀ ਨੂੰ ਉਸ ਸੁਆਮੀ ਨੇ ਆਪ ਹੀ ਤਬਾਹ ਕਰ ਦਿੱਤਾ ਹੈ॥ ੨॥

ਸੁਆਮੀ ਹੀ ਆਪਣੇ ਸੇਵਕ ਦਾ ਮਾਤਾ-ਪਿਤਾ ਅਤੇ ਰਖਵਾਲਾ ਹੈ। ਨਿੰਦਕ ਦਾ ਮੱਥਾ ਇਸ ਲੋਕ ਅਤੇ ਪਰਲੋਕ ਵਿਚ ਵੀ ਕਾਲਾ ਕੀਤਾ ਜਾਂਦਾ ਹੈ॥ ੩॥

ਪ੍ਰਮੇਸ਼ਵਰ ਨੇ ਆਪਣੇ ਸੇਵਕ ਨਾਨਕ ਦੀ ਬੇਨਤੀ ਸੁਣ ਲਈ ਹੈ। ਨਿਰਾਸ਼ ਹੋ ਕੇ ਨੀਚ ਪਾਪੀ ਮਰ ਮੁਕ ਗਿਆ ਹੈ॥ ੪॥ ੯॥

**ਕਬਿੱਤ- ਪਾਪੀ ਦਿਜ ਮਰਜੋ,ਸੂਲ ਕਰਜੋ ਈਸ਼ ਮਹਾਂਰਾਜ ਪਰਜੋ ਫਲ ਭਰਜੋ ਦੁਖ,ਜੀਵਬੇ ਕੀ ਹਾਨ ਕੀਨਿ।**
**ਜੈਸੇ ਮਾਤ ਪਿਤ ਨਿਜ ਪੁੱਤ੍ਰ ਕੋ ਬਚਾਇ ਲੇਤਿ ਤੈਸੇ ਨਿਜ ਦਾਸ ਕੋ ਭਯੋ ਹੈ ਰਖਵਾਰ ਚੀਨਿ।**

Sri Satguru Jagjit Singh Ji eLlibrary NamdhariElibrary@gmail.com

ਨਿੰਦਕ ਹਮਾਰੇ ਜੋ ਸ਼ਰੀਕਨਿ ਕਲੰਕ ਮਹਾਂ, ਕਾਰੋ ਮੁਖ ਕਾਰਸ ਪਖਾਰੇ ਤੇ ਨ ਹੋਇ ਹੀਨ।
ਦਿਨੋ ਦਿਨ ਹ੍ਵੈ ਸਵਾਈ ਪ੍ਰਭੁ ਨੇ ਲਗਾਈ ਅਸ ਕੁਲ ਤੇ ਨ ਜਾਇ ਅਪਜਸ ਯੌਂ ਕਮਾਇ ਲੀਨਿ ॥੬॥

ਪਾਪੀ ਬ੍ਰਾਹਮਣ ਮਰ ਗਿਆ ਹੈ, ਈਸ਼ਵਰ ਮਹਾਰਾਜ ਨੇ ਉਸ ਦੇ ਪੇਟ ਵਿਚ ਸੂਲ ਪੈਦਾ ਕੀਤਾ, ਜੋ ਉਸ ਕੀਤਾ ਸੀ ਉਸ ਦੇ ਫਲ ਸਰੂਪ ਦੁਖ ਪਾ ਕੇ ਮਰ ਗਿਆ। ਜਿਵੇਂ ਮਾਤਾ ਪਿਤਾ ਆਪਣੇ ਪੁੱਤਰ ਨੂੰ ਬਚਾ ਲੈਂਦੇ ਹਨ, ਉਸ ਤਰ੍ਹਾਂ ਆਪਣਾ ਸੇਵਕ ਸਮਝ ਕੇ ਰਖਵਾਲੀ ਕੀਤੀ ਹੈ। ਜਿਹੜੇ ਸ਼ਰੀਕ ਸਾਡੇ ਨਿੰਦਕ ਹਨ, ਉਨ੍ਹਾਂ ਦਾ ਮਹਾਂ ਕਲੰਕਤ ਰੂਪ ਕਾਲਖ ਨਾਲ ਕਾਲਾ ਹੋਇਆ ਹੈ, ਇਹ ਕਾਲਖ ਧੋਤਿਆਂ ਵੀ ਨਹੀਂ ਉਤਰੇਗੀ। ਇਹ ਕਾਲਖ ਪ੍ਰਭੂ ਨੇ ਐਸੀ ਲਾਈ ਹੈ ਕਿ ਇਹ ਦਿਨੋਂ ਦਿਨ ਵਧੇਗੀ, ਇਹ ਵੰਸ਼ ਵਿਚੋਂ ਨਹੀਂ ਜਾਵੇਗੀ, ਐਸਾ ਮਾੜਾ ਜੱਸ ਉਨ੍ਹਾਂ ਨੇ ਕਮਾ ਲਿਆ ਹੈ॥ ੬॥

ਦਾਸ ਸਿੱਖ ਬ੍ਰਿੰਦ ਦੇਖਿ ਨਿੰਦਤਿ ਅਸ਼ੇਸ਼ ਤਸ 'ਕਲੁਖ ਬਿਸ਼ੇਸ਼ ਕੀਨਿ, ਕੌਨੇ ਸਿਖਲਾਇ ਕਰਿ?।
ਕਾਂਕੇ ਬਿਨ ਪ੍ਰੇਰੇ ਕਜੋਂ ਕਰਤਿ ਦਿਜ ਲੋਭ ਬਿਨ ?' ਸਭਿਨਿ ਕੋ ਮਨ ਇਮ ਆਵੈ ਬਿਸਮਾਇ ਕਰਿ।
ਸ਼੍ਰੀ ਹਰਿਗੋਬਿੰਦ ਚੰਦ ਆਰਜਾ ਬਿਲੰਦ ਇਨ, ਕੌਨ ਪ੍ਰਾਨ ਭੰਗ ਸਕੈ ਪ੍ਰਭੁ ਜੇ ਸਹਾਇ ਕਰਿ।
ਦਾਸਨ ਕੇ ਗੋਪ ਤਾਸ ਨੰਦ ਕੋ ਉਬਾਰੇ ਕਜੋਂ ਨ, ਭਏ ਅਵਤਾਰ ਗੁਰੁ ਨਾਨਕ ਜੀ ਆਇ ਕਰਿ ॥੭॥

ਸਿੱਖ-ਸੇਵਕ ਵੇਖ ਕੇ ਬਹੁਤ ਨਿੰਦਿਆ ਕਰਦੇ ਹਨ, "ਇਸ ਨੇ ਬਹੁਤ ਮਾੜਾ ਕੰਮ ਕੀਤਾ ਹੈ, ਇਸ ਨੂੰ ਕਿਸ ਨੇ ਸਿਖਾਇਆ ਹੈ ? ਬ੍ਰਾਹਮਣ ਲੋਭ ਬਗੈਰ ਕਿਸੇ ਦੀ ਪ੍ਰੇਰਨਾ ਬਗੈਰ ਕਿਵੇਂ ਇਹ ਕੰਮ ਕਰ ਸਕਦਾ ਹੈ?" ਸਾਰਿਆਂ ਦੇ ਮਨ ਵਿਚ ਹੈਰਾਨ ਹੋ ਕੇ ਇਸ ਤਰ੍ਹਾਂ ਆਉਂਦਾ ਹੈ। ਸ੍ਰੀ ਹਰਿਗੋਬਿੰਦ ਦੀ ਲੰਮੀ ਉਮਰ ਹੈ, ਉਸ ਨੂੰ ਕੌਣ ਮਾਰ ਸਕਦਾ ਹੈ, ਜਿਸ ਦਾ ਪ੍ਰਭੂ ਸਹਾਈ ਹੋਵੇ। ਆਪਣੇ ਸੇਵਕਾਂ ਦੀ ਰਖਿਆ ਕਰਨ ਵਾਲੇ ਪੁੱਤਰ ਨੂੰ ਕਿਉਂ ਨਾ ਬਚਾਉਂਦੇ, ਜਿਹੜੇ ਆ ਕੇ ਆਪ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਹੋਏ॥ ੭॥

ਕੂਕਰ ਬਿਲੋਕ ਕਰਿ ਕ੍ਰਿਪਾ ਕੋ ਕਰਤਿ ਗੁਰ, ਗੁਨ ਕੋ ਉਚਰ ਕਰਿ ਦਾਸਨਿ ਸੁਨਾਯੋ ਹੈ।
'ਰਹਜੋ ਹਮ ਸੰਗ, ਜਬਿ ਬੈਠਤਿ ਪ੍ਰਯੰਕ ਪਰ, ਤਰੇ ਰਹੇ ਪਰ, ਨਹਿਂ ਅਪਰ ਸਿਧਾਯੋ ਹੈ।
ਪਨਹੀ ਕੋ ਪਾਵਤਿ ਨਿਹਾਰਤਿ ਉਠਤਿ ਚਲੈ, ਖਰੇ ਹੇਰਿ ਖਰੋ ਰਹੈ ਲਾਂਗੁਲ ਹਿਲਾਯੋ ਹੈ।
ਐਸੋ ਮਤਵਾਨ ਸ੍ਵਾਨ ਦੁਲਭ ਨ ਆਵੈ ਪਾਨ' ਆਗਜਾ ਦੀਨਿ ਖੱਫਨ ਸੌਂ ਛਿੱਤ ਮੈਂ ਦਬਾਯੋ ਹੈ॥੮॥

ਕੁੱਤੇ ਵਲ ਵੇਖ ਕੇ ਗੁਰੂ ਜੀ ਨੇ ਕਿਰਪਾ ਕੀਤੀ, ਉਸ ਦੇ ਗੁਣ ਕਹਿ ਕੇ ਆਪਣੇ ਸੇਵਕਾਂ ਨੂੰ ਸੁਣਾਏ, "ਹਮੇਸ਼ਾਂ ਸਾਡੇ ਨਾਲ ਰਹਿੰਦਾ ਸੀ, ਜਦ ਅਸੀਂ ਪਲੰਘ ਤੇ ਬੈਠਦੇ ਸੀ ਤਾਂ ਇਹ ਪਲੰਘ ਦੇ ਹੇਠਾਂ ਰਹਿੰਦਾ ਸੀ, ਹੋਰਥੇ ਕਿਤੇ ਵੀ ਨਹੀਂ ਜਾਂਦਾ ਸੀ। ਸਾਨੂੰ ਜੁੱਤੀ ਪਾਉਂਦਿਆਂ ਨੂੰ ਵੇਖ ਕੇ ਉੱਠ ਕੇ ਚਲ ਪੈਂਦਾ ਸੀ, ਜੇ ਅਸੀਂ ਖੜੇ ਰਹਿੰਦੇ ਸੀ ਤਾਂ ਖੜਾ ਰਹਿੰਦਾ ਸੀ ਤੇ ਪੂਛ ਹਿਲਾਉਂਦਾ ਰਹਿੰਦਾ ਸੀ। ਐਸਾ ਸਿਆਣਾ ਕੁੱਤਾ ਦੁਰਲੱਭ ਹੈ, ਛੇਤੀ ਹੱਥ ਨਹੀਂ ਆਉਂਦਾ।" ਫਿਰ ਆਗਿਆ ਕੀਤੀ ਤਾਂ ਖੱਫਣ ਪਾ ਕੇ ਧਰਤੀ ਹੇਠ ਦਬਾ ਦਿੱਤਾ॥ ੮॥

ਪਰਜੋ ਦਿਜ ਹੇਰਿ, ਫੇਰ ਗੰਗਾ ਕਰ ਜੋਰ ਕਹੈ 'ਮਰਜੋ ਇਹ ਪਾਪੀ, ਪੈ ਪ੍ਰਗਟ ਪਾਪ ਭਯੋ ਨਾਹਿ।
ਕੌਨ ਹੇਤ ਬਿਖ ਦੇਯ ਮਾਰਜੋ ਚਹੈ ਨੰਦ ਮੇਰੋ, ਯਾਂਕੋ ਕੌਨ ਕਾਜ ਹੋਤਿ ਠਾਨੈ ਪਾਪ ਜਿਸੀ ਚਾਹਿ?।
ਕੈਧੋ ਸਿਖਲਾਯੋ ਕਿਨ, ਬਨੇ ਜੋਊ ਦੁਸ਼ਮਨ, ਆਗੈ ਉਤਪਾਤ ਕੀਨਿ, ਬਸਤਿ ਵਡਾਲੀ ਮਾਂਹਿ?।
ਨਿਰਨੈ ਭਯੋ ਨ ਏਹਿ, ਸਭਿ ਕੋ ਸੰਦੇਹ ਰਹਜੋ, ਗਯੋ ਤਜਾਗ ਦੇਹਿ ਕੋ ਬਤਾਇ ਦੇਹਿ ਬਾਤ ਯਾਹਿ ॥੯॥

ਮਰੇ ਪਏ ਬ੍ਰਾਹਮਣ ਵਲ ਵੇਖਿਆ, ਫਿਰ ਮਾਤਾ ਗੰਗਾ ਜੀ ਨੇ ਹੱਥ ਜੋੜ ਕੇ ਕਿਹਾ, "ਇਹ ਪਾਪੀ ਮਰ ਗਿਆ ਹੈ, ਪਰ

ਇਸ ਦਾ ਪਾਪ ਪ੍ਰਗਟ ਨਹੀਂ ਹੋਇਆ ਹੈ, ਇਹ ਕਿਸ ਕਾਰਨ ਮੇਰੇ ਪੁੱਤਰ ਨੂੰ ਮਾਰਨਾ ਚਾਹੁੰਦਾ ਸੀ, ਇਸ ਨੂੰ ਕੀ ਗਰਜ਼ ਸੀ ਜਿਸ ਕਰਕੇ ਇਹ ਏਡਾ ਵੱਡਾ ਪਾਪ ਕਰਨਾ ਚਾਹੁੰਦਾ ਸੀ ? ਜਾਂ ਕੀ ਇਸ ਨੂੰ ਕਿਸੇ ਨੇ ਸਿਖਾਇਆ ਹੈ, ਜਿਹੜਾ ਸਾਡਾ ਦੁਸ਼ਮਣ ਬਣਿਆ ਹੈ। ਪਹਿਲਾਂ ਵੀ ਜਦ ਵਡਾਲੀ ਪਿੰਡ ਵਿਚ ਰਹਿੰਦੇ ਸੀ ਤਾਂ ਬਹੁਤ ਉਪੱਦਰ ਕੀਤੇ ਸਨ। ਇਸ ਗੱਲ ਦਾ ਨਿਰਣਾ ਨਹੀਂ ਹੋਇਆ, ਸਭ ਨੂੰ ਸ਼ੰਕਾ ਰਿਹਾ ਹੈ, ਸਰੀਰ ਛੱਡ ਕੇ ਚਲਾ ਗਿਆ ਹੈ, ਇਹ ਗੱਲ ਦੱਸ ਦੇਵੇ॥ ੯॥

**ਆਪਕੇ ਬਚਨ ਤੇ ਉਠਯੋ ਹੈ ਸੂਲ, ਮਰਯੋ ਏਹਿ ਪ੍ਰਭੁ ਜੀ, ਜਿਵਾਵੋ, ਨਹਿਂ ਮਾਰਨ ਕਰੀਜੀਏ।**
**ਏਕ ਦਿਜ ਦੇਹਿ ਦੂਜੇ ਖੋਇ ਹੈ ਸੰਦੇਹ ਸਭਿ, ਛਲ ਕੋ ਬਤਾਇ ਦੇਹਿ, ਬੂਝਿ ਇਸ ਲੀਜੀਏ।**
**ਸਭਿ ਕੋ ਪ੍ਰਤੀਤਿ ਆਇ, ਦੇਯ ਗੋ ਸੁਨਾਇ, ਨਹਿਂ ਗੋਪ ਕੋ ਰਖਾਇ, ਇਸ ਮੁੱਖ ਤੇ ਸੁਨੀਜੀਏ।**
**ਆਪ ਕੇ ਸ਼ਰੀਕ ਬਿਨ ਪਾਪ ਅਸ ਕਰੈ ਕੌਨ, ਤਊ ਬ੍ਰਿੰਦ ਲੋਕਨ ਮੈਂ ਦਿਜ ਤੇ ਕਹੀਜੀਏ॥੧੦॥**

ਤੁਹਾਡੇ ਬਚਨਾਂ ਕਰਕੇ ਉਸ ਦੇ ਸੂਲ ਉਠਿਆ ਹੈ ਤੇ ਇਹ ਮਰ ਗਿਆ ਹੈ ਇਸ ਨੂੰ ਜੀਵਤ ਕਰੋ, ਮਰਨ ਨਾ ਦੇਵੋ, ਇਕ ਬ੍ਰਾਹਮਣ ਦਾ ਸਰੂਪ ਹੈ, ਦੂਸਰਾ ਸਾਰੇ ਸ਼ੰਕੇ ਦੂਰ ਹੋਣ, ਛੱਲ ਨੂੰ ਦੱਸ ਦੇਵੇ, ਇਸ ਤੋਂ ਅਸੀਂ ਪੁੱਛ ਲਈਏ। ਸਾਰਿਆਂ ਨੂੰ ਪਰਤੀਤ ਆ ਜਾਵੇ, ਸਭ ਕੁਝ ਦੱਸ ਦੇਵੇ, ਕੋਈ ਗੱਲ ਵੀ ਗੁਪਤ ਨਾ ਰੱਖੇ, ਇਸ ਦੇ ਮੁੱਖ ਤੋਂ ਸੁਣੀਏ। ਆਪ ਦੇ ਸ਼ਰੀਕਾਂ ਬਗੈਰ ਹੋਰ ਕੌਣ ਪਾਪ ਕਰ ਸਕਦਾ ਹੈ, ਲੋਕਾਂ ਦੇ ਇਕੱਠ ਵਿਚ ਬ੍ਰਾਹਮਣ ਤੋਂ ਇਹ ਸਭ ਕੁਝ ਕਹਾਓ॥ ੧੦॥

**ਔਰ ਸੁਨੋ ਬਾਤ, ਲੋਕ ਨਿੰਦਾ ਕੋ ਬਖਾਨ ਕਰੈਂ ਬਿਪ੍ਰ ਮਾਰਯੋ ਧਾਮ ਬਿਖੈ, ਭੇਦ ਨ ਸਕੈਂਗੇ ਜਾਨਿ।**
**ਧੇਨੁ ਦਿਜ ਰੱਛਕ ਹੈ ਬਿਰਦ ਤੁਮਾਰੋ ਭਾਰੋ, ਛਮੋ ਅਪਰਾਧ ਆਪ ਪਾਪੀ ਪੈ ਕ੍ਰਿਪਾ ਕੋ ਠਾਨ।**
**ਸਹਜ ਸੁਭਾਵ ਹੈ ਕ੍ਰਿਪਾਲਤਾ ਬਿਸਾਲ ਧਰੋ, ਬਿਨੈ ਮੇਰੀ ਮਾਨੀਏ, ਸਦੀਵ ਤੁਮ ਰਾਖੋ ਮਾਨ।**
**ਕਰਯੋ ਜਿਮ ਭਰਯੋ ਤਿਮ,ਮਰਯੋ ਧਰਿ ਪਰਯੋ ਅਬਿ ਡਰਯੋ ਨ ਸ਼ਰੀਕ ਟਰਯੋ ਜਰਯੋ ਨ ਹਰਯੋ ਨ ਮਾਨ ॥੧੧॥**

ਹੋਰ ਵੀ ਸੁਣੋ, ਮੂਰਖ ਲੋਕ ਕਹਿਣਗੇ ਕਿ ਆਪਣੇ ਘਰ ਵਿਚ ਬ੍ਰਾਹਮਣ ਨੂੰ ਮਾਰ ਦਿੱਤਾ ਹੈ, ਉਹ ਅਸਲ ਭੇਦ ਨਹੀਂ ਜਾਣ ਸਕਣਗੇ। ਗਊ ਬ੍ਰਾਹਮਣ ਦੀ ਰਖਿਆ ਕਰਨਾ ਤੁਹਾਡਾ ਵੱਡਾ ਧਰਮ ਹੈ, ਪਾਪੀ ਉਤੇ ਕਿਰਪਾ ਕਰਕੇ ਉਸ ਦਾ ਅਪਰਾਧ ਬਖਸ਼ ਦੇਵੋ। ਸਹਿਜ ਸੁਭਾਅ ਵਿਸ਼ਾਲ ਕਿਰਪਾਲਤਾ ਧਾਰਨ ਕਰੋ, ਇਹ ਮੇਰੀ ਬੇਨਤੀ ਮੰਨੋ, ਤੁਸੀਂ ਸਦਾ ਹੀ ਮੇਰਾ ਮਾਣ ਰੱਖਿਆ ਹੈ। ਇਸ ਤਰ੍ਹਾਂ ਉਸ ਕੀਤਾ ਸੀ, ਉਸ ਤਰ੍ਹਾਂ ਉਸ ਪਾ ਲਿਆ ਹੈ, ਮਰਿਆ ਧਰਤੀ ਤੇ ਪਿਆ ਹੈ, ਹੁਣ ਸ਼ਰੀਕ ਨਾ ਡਰਿਆ, ਨਾ ਟਲਿਆ, ਨਾ ਹੀ ਜਰਿਆ ਹੈ ਤੇ ਮਾਣ ਆਪ ਦਾ ਚੁਰਾ ਨਹੀਂ ਸਕਿਆ'॥ ੧੧॥

**ਗੰਗਾ ਕੇ ਬਚਨ ਸੁਨਿ ਬੋਲੇ ਗੁਰੂ ਅਰਜਨ, 'ਪਾਪੀ ਦੰਡ ਦੇਨਿ ਜੋਗ ਦੋਸ਼ ਨ ਪਛਾਨ ਕੋਇ।**
**ਬਾਲਕ ਹਤਨਿ ਪੁਨ ਨਿਮਕ ਹਮਾਰੋ ਖਾਇ, ਫੇਰ ਗੁਰੁਧਾਮ ਕੋ ਅਦਾਇਬ ਨ ਕੀਨਿ ਜੋਇ।**
**ਐਸੋ ਬਡੋ ਕਲਮਲ ਧਾਰੀ ਨ ਗਿਲਾਨ ਮਨ, ਕੌਨ ਜਾਨੈ ਕੈਸੇ ਕੀਨਿ ਮੂਰਖ ਨਿਲਾਜ ਹੋਇ।**
**ਕਯੋਂ ਤੂੰ ਇਮ ਬਾਤ ਕਹੈਂ ਬਿੱਪ੍ਰ ਕੋ ਜਿਵਾਯੋ ਚਹੈਂ? ਕਾਸ਼ਟ ਮੈਂ ਪਾਇ ਦਹੈਂ ਲੇਹਿ ਫਲ ਮ੍ਰਿਤੁ ਸੋਇ ॥੧੨॥**

ਆਪਣੀ ਪਤਨੀ ਗੰਗਾ ਜੀ ਦੇ ਬਚਨ ਸੁਣ ਕੇ ਗੁਰੂ ਅਰਜਨ ਦੇਵ ਜੀ ਬੋਲੇ, "ਪਾਪੀ ਸਜ਼ਾ ਦੇਣ ਯੋਗ ਹੈ, ਇਸ ਵਿਚ ਕੋਈ ਦੋਸ਼ ਨਾ ਪਛਾਣੋ। ਸਾਡਾ ਲੂਣ ਖਾ ਕੇ ਬਾਲਕ ਨੂੰ ਮਾਰਨ ਲੱਗਾ ਸੀ, ਫਿਰ ਗੁਰੂ ਘਰ ਦੀ ਜਿਹੜਾ ਇਜ਼ਤ ਨਹੀਂ ਕਰਦਾ ਹੈ, ਐਸੇ ਪਾਪੀ ਕਰਮ ਕਰਨ ਵਾਲੇ ਬਾਰੇ ਜਿਸ ਦੇ ਮਨ ਵਿਚ ਨਫਰਤ ਨਹੀਂ ਹੈ। ਕੌਣ ਜਾਣੇ ਇਸ ਮੂਰਖ ਨਿਰਲਜ ਨੇ ਕਿਵੇਂ ਇਹ ਕਾਰਾ ਕੀਤਾ ਹੈ। ਤੂੰ ਕਿਉਂ ਇਸ ਤਰ੍ਹਾਂ ਕਹਿੰਦੀ ਹੈਂ, ਤੇ ਇਸ ਬ੍ਰਾਹਮਣ ਨੂੰ ਜੀਉਂਦਾ ਕਰਨਾ ਚਾਹੁੰਦੀ ਹੈਂ। ਲੱਕੜਾਂ ਪਾ ਕੇ ਇਸ ਨੂੰ ਸਾੜ ਦੇਵਾਂਗੇ, ਜੋ ਮ੍ਰਿਤੂ ਦੰਡ ਹੈ ਉਹੀ ਫਲ ਪ੍ਰਾਪਤ ਕਰੇ॥ ੧੨॥

**ਗੁਰੂ ਬਾਕ ਸੁਨਿਕੈ ਬਖਾਨੀ ਗੰਗ ਬਾਨੀ ਪੁਨ, 'ਸੁਨੀ ਮੈਂ ਕਹਾਨੀ ਕਾਨ ਬਡੇ ਪੁਰਖਾਨ ਕੀ।**
**ਤੁਮ ਸੋਂ ਭਨਤਿ ਨ ਬਨਤਿ ਮਹਾਂਮਤਿ ਆਪ, ਤਉਸੁ ਪ੍ਰਸੰਗ ਪਾਇ ਕਹੌਂ ਹਠ ਠਾਨਿ ਕੀ।**

ਦਿਜ ਦੋਸ਼ਵਾਨ ਹੋਇ ਦੇਹਿ ਕੋ ਨ ਦੰਡ ਦੇਹਿ ਅਪਰ ਅਨੇਕ ਬਿਧਿ ਠਾਨੈ ਜਿਮ ਜਾਨਿ ਕੀ।
ਖੋਟਾਨਿ ਕੋ ਖੋਟ ਪ੍ਰਗਟਾਵੈ ਗੋ ਸੁ ਦਿਜ ਜੀਵਿ, ਯਾਂਤੇ ਮੇਰੀ ਬੇਨਤੀ ਸੁ ਮਾਨੋ ਤਿਯ ਬਾਨ ਕੀ' ॥੧੩॥

ਗੁਰੂ ਜੀ ਦੇ ਬਚਨ ਸੁਣ ਕੇ ਮਾਤਾ ਗੰਗਾ ਜੀ ਫਿਰ ਬੋਲੇ, "ਮੈਂ ਵੱਡੇ ਪੁਰਖਾਂ ਦੀ ਕਹਾਣੀ ਆਪਣੇ ਕੰਨਾਂ ਨਾਲ ਸੁਣੀ ਹੈ, ਤੁਹਾਡੇ ਪਾਸ ਕਹਿਣੀ ਬਣਦੀ ਨਹੀਂ, ਕਿਉਂਕਿ ਆਪ ਵੱਡੇ ਵਿਦਵਾਨ ਹੋ, ਫਿਰ ਵੀ ਇਹ ਪ੍ਰਸੰਗ ਮੈਂ ਦ੍ਰਿੜ੍ਹਤਾ ਧਾਰਨ ਕਰਕੇ ਕਹਿੰਦੀ ਹਾਂ। ਜੇ ਬ੍ਰਾਹਮਣ ਦੋਸ਼ੀ ਹੋਵੇ ਤਾਂ ਉਸ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ, ਹੋਰ ਅਨੇਕ ਵਿਧੀਆਂ ਜਿਵੇਂ ਠੀਕ ਜਾਣੋ ਕਰੋ। ਖੋਟੇ ਦੇ ਖੋਟ ਨੂੰ ਬ੍ਰਾਹਮਣ ਜੀਅ ਕੇ ਪ੍ਰਗਟ ਕਰੇ, ਇਸ ਲਈ ਮੇਰੇ ਇਸਤਰੀ ਸੁਭਾਵ ਦੀ ਬੇਨਤੀ ਮੰਨੋ" ॥ ੧੩ ॥

ਸ੍ਰੀ ਗੁਰੂ ਸੁ ਜਾਨੀ, ਬਿਨੈ ਠਾਨੀ ਮਨ ਮਾਨੀ, ਪੁਨ ਮੰਤ੍ਰ ਸਤਿਨਾਮ ਕੋ ਪਠਯੋ ਹੈ ਜਲ ਹਾਥ ਲੀਨਿ।
ਛਿਰਕਯੋ ਬਦਨ ਪਰ ਸਗਰੇ ਸ਼ਰੀਰ ਫੇਰ, ਜੀਵ ਉਠਯੋ ਮੂਢ ਮਤਿ ਕਪਟ ਜੁ ਗੂਢ ਕੀਨਿ।
ਜੈਸੇ ਗਾਢਿ ਨਿੰਦ੍ਰਾ ਮੈਂ ਸੁਪਤਿ ਚਿਰਕਾਲ ਹੁੰਕੋ ਜਾਗਿ ਪਰਯੋ ਤਾਤਕਾਲ ਸਾਰੀ ਸੁਧਿ ਤੈਸੇ ਚੀਨਿ।
ਹੇਰੇ ਚਹੂੰ ਓਰ ਬੈਠੇ ਨਰ ਪਰਵਾਰ ਕਰਿ, ਸਿਮਰੀ ਖੁਟਾਈ, ਨਿਜ ਲੋਚਨ ਨਿਵਾਇ ਦੀਨਿ ॥੧੪॥

ਸ੍ਰੀ ਗੁਰੂ ਜੀ ਜਾਣ ਗਏ ਕਿ ਬੇਨਤੀ ਕੀਤੀ ਹੈ, ਇਸ ਲਈ ਮਨ ਵਿਚ ਮੰਨ ਲਈ ਤੇ ਹੱਥ ਵਿਚ ਜਲ ਲੈ ਕੇ ਸਤਿਨਾਮ ਦਾ ਮੰਤਰ ਪੜ੍ਹਿਆ, ਫਿਰ ਮੂੰਹ ਅਤੇ ਸਾਰੇ ਸਰੀਰ ਉਤੇ ਪਾਣੀ ਛਿੜਕਿਆ, ਮੂਰਖ ਮੱਤ ਵਾਲਾ ਜੀਵਤ ਹੋ ਗਿਆ, ਜਿਸ ਨੇ ਬਹੁਤ ਵੱਡਾ ਕਪਟ ਕੀਤਾ ਸੀ। ਜਿਵੇਂ ਬਹੁਤ ਦੇਰ ਤੋਂ ਗੂੜ੍ਹੀ ਨੀਂਦ ਵਿਚ ਸੁੱਤਾ ਹੋਵੇ ਫੌਰਨ ਜਾਗ ਪਿਆ ਤੇ ਸਾਰੀ ਸੋਝੀ ਹੋ ਗਈ। ਚਾਰ ਪਾਸੇ ਮਨੁੱਖਾਂ ਨੂੰ ਬੈਠਿਆਂ ਵੇਖਿਆ, ਫਿਰ ਉਸ ਨੂੰ ਆਪਣੀ ਖੋਟੀ ਕਰਤੂਤ ਯਾਦ ਆਈ ਤਾਂ ਆਪਣੇ ਨੈਣ ਨੀਵੇਂ ਕਰ ਲਏ ॥ ੧੪ ॥

ਧਾਰੀ ਉਰ ਸ਼ਰਮ, ਅਧਰਮੀ ਸੋਂ ਗੁਰੂ ਭਨੈਂ: 'ਕੈਸੇ ਤੂੰ ਭਰਮ ਕੈ ਕੁਕਰਮ ਕਮਾਯੋ ਹੈ ?।
ਲੀਨਿ ਧਨ ਧਾਨ, ਕੀਨਿ ਖਾਨਪਾਨ ਨੀਕੀ ਰੀਤਿ, ਐਸੀ ਬਿਪਰੀਤਿ ਬਿਖੈ ਕਿਮ ਤੂੰ ਲੁਭਾਯੋ ਹੈ ?।
ਕੌਨ ਕਾਜ ਤੋਹਿ ਹੋਤਿ, ਪਾਪ ਕੋ ਉਦੋਤਿ ਜਬਿ, ਕੈਧੋਂ ਕੁਛ ਦੀਨਿ ਕਿਨਿ ਪਾਪ ਸਿਖਲਾਯੋ ਹੈ ?।
ਸਾਚ ਹੀ ਬਤਾਉ, ਨਹਿੰ ਕੀਜੀਏ ਵਲਾਉ, ਮੂਢ ਛੋਰਯੋ ਤੋਹਿ ਮਾਰਬੇ ਕੋ ਯਾਂਤੇ ਬਖ਼ਸ਼ਾਯੋ ਹੈ' ॥੧੫॥

ਹਿਰਦੇ ਵਿਚ ਸ਼ਰਮ ਧਾਰਨ ਕਰ ਲਈ, ਫਿਰ ਅਧਰਮੀ ਨੂੰ ਗੁਰੂ ਜੀ ਨੇ ਕਿਹਾ, "ਤੂੰ ਕਿਸ ਤਰ੍ਹਾਂ ਭਰਮ ਕੇ ਇਹ ਕਰਮ ਕਮਾਇਆ ਹੈ ? ਸਾਥੋਂ ਧਨ ਅਤੇ ਅਨਾਜ ਲੈਂਦਾ ਸੀ, ਚੰਗੀ ਤਰ੍ਹਾਂ ਖਾਂਦਾ ਪੀਂਦਾ ਸੀ, ਐਸਾ ਭੈੜਾ ਕਰਮ ਕਰਨ ਵਾਸਤੇ ਕਿਵੇਂ ਲੁਭਾਇਆ ਹੈਂ ? ਤੇਰਾ ਕਿਹੜਾ ਕੰਮ ਹੁੰਦਾ ਸੀ ਜਿਹੜਾ ਅਜਿਹਾ ਪਾਪ ਕਰਨ ਨੂੰ ਤਿਆਰ ਹੋਇਆ ਜਾਂ ਕਿਸੇ ਨੇ ਕੁਝ ਲਾਲਚ ਦੇ ਕੇ ਤੈਨੂੰ ਇਹ ਪਾਪ ਕਰਨ ਲਈ ਸਿਖਾਇਆ ਹੈ ? ਸੱਚ ਦੱਸ, ਇਸ ਵਿਚ ਕੋਈ ਵਲ ਵਲਾ ਨਾ ਕਰ, ਮੂਰਖਾ ਤੈਨੂੰ ਛੱਡ ਦਿੱਤਾ ਹੈ ਅਤੇ ਮੌਤ ਤੋਂ ਬਚਾਇਆ ਹੈ" ॥ ੧੫ ॥

ਸੁਨਿ ਕੈ ਦਿਜਾਧਮ ਸਮੁਖ ਨ ਕਰਤਿ ਡੀਠ, ਨੀਠ ਨੀਠ ਊਪਰ ਕੋ ਲੋਚਨ ਉਠਾਇ ਹੈ।
ਕੰਪਤਿ ਸਰੀਰ, ਉਰ ਧੀਰਜਿ ਨ, ਤ੍ਰਾਸ ਮਹਾਂ ਭਯੋ ਭਯਭੀਤ ਕੌਨ ਪੀਰ ਉਪਜਾਇ ਹੈ।
ਮ੍ਰਿਤਕ ਹ੍ਵੈ ਪਰਯੋਂ ਤਬਿ ਮ੍ਰਿਤਕਾ ਲਗੀ ਹੈਗਾਤ, ਮੁਖ ਮੈਂ ਭਗੂਰ, ਸੀਸ ਪਾਗ ਤੇ ਨੰਗਾਇ ਹੈ।
ਮਾਨਹੁ ਨਰਕ ਤੇ ਨਿਕਾਸਿ ਕੇ ਬਿਠਾਯੋ ਅਘੀ, ਪੀਤ ਮੁਖ ਲੋਟਿਬੇ ਤੇ ਭਯੋ ਬਿਕੁਲਾਇ ਹੈ ॥੧੬॥

ਇਹ ਸੁਣ ਕੇ ਪਾਪੀ ਬ੍ਰਾਹਮਣ ਸਾਹਮਣੇ ਨਜ਼ਰ ਨਹੀਂ ਸੀ ਕਰਦਾ, ਬਹੁਤ ਹੌਲੀ-ਹੌਲੀ ਅੱਖਾਂ ਉਪਰ ਨੂੰ ਚੁਕੀਆਂ। ਸਰੀਰ ਕੰਬ ਰਿਹਾ ਹੈ, ਹਿਰਦੇ ਵਿਚ ਧੀਰਜ ਨਹੀਂ ਹੈ, ਬਹੁਤ ਭੈਭੀਤ ਅਤੇ ਡਰਿਆ ਹੈ ਕਿ ਸੂਲ ਕਿਸ ਨੇ ਪੈਦਾ ਕੀਤਾ ਹੈ। [illegible] ਮੂੰਹ ਵਿਚੋਂ ਝੱਗ ਵਗਦੀ ਹੈ, ਸਿਰ 'ਤੇ ਪੱਗ ਨਾ ਹੋਣ ਕਰਕੇ

'Sri Satguru Jagjit Singh Ji eLlibrary NamdhariElibrary@gmail.com

ਨੰਗਾ ਹੈ ਮਾਨੋ ਪਾਪੀ ਨੂੰ ਨਰਕਾਂ ਵਿਚੋਂ ਕੱਢ ਕੇ ਬਿਠਾਇਆ ਹੈ, ਪੀਲਾ ਚਿਹਰਾ ਹੈ, ਲੇਟਣ ਕਰਕੇ ਬਹੁਤ ਵਿਆਕੁਲ ਹੋ ਗਿਆ ਹੈ॥ ੧੬॥

**ਸੂਲ ਨੇ ਸੰਕਟ ਦੀਯੋ ਸੂਲ ਜਯੋਂ ਚੁਭੇ ਹੈ ਤਨ, ਭਯੋ ਅਸ ਸੂਲ ਨ ਬਿਲੋਕਯੋ ਜਾਇ ਪਾਤਕੀ।**
**ਬੋਲਯੋ ਹਾਥ ਜੋਰ ਕਰਿ ਚੋਰ ਸਮ ਘੋਰ ਅਘੀ, 'ਛੋਰਤੇ ਬ਼ਤਾਵੌਂ ਬਾਤ ਭਈ ਜਿਮ ਘਾਤਕੀ।**
**ਪ੍ਰਿਥੀਏ ਬੁਲਾਯੋ ਮੋਹਿ, ਬੋਲਿ ਕੈ ਲੁਭਾਯੋ ਧ੍ਰੋਹਿ, ਠਾਨੈ ਬਹੁ ਦ੍ਰੋਹ, ਕ੍ਰੋਹ ਮਹਾਂ ਉਤਪਾਤ ਕੀ।**
**ਮੇਰੋ ਸਨਮਾਨ ਕਰਿ, ਮਧੁਰ ਬਖਾਨ ਕਰਿ, ਸੀਛਜਾ ਯੌਂ ਮਹਾਨ ਕਰਿ, ਬਾਰਤਾ ਸੁ ਰਾਤਿ ਕੀ ॥੧੭॥**

ਸੂਲ ਨੇ ਬਹੁਤ ਦੁੱਖੀ ਕੀਤਾ ਹੈ ਜਿਵੇਂ ਸੂਲ (ਕੰਡਾ) ਸਰੀਰ ਨੂੰ ਚੁਭਿਆ ਹੋਵੇ, ਐਸਾ ਕਲੇਸ਼ ਹੋਇਆ ਕਿ ਜਿਸ ਨੂੰ ਵੇਖਿਆ ਨਹੀਂ ਜਾ ਸਕਦਾ। ਹੱਥ ਜੋੜ ਕੇ ਇਸ ਤਰ੍ਹਾਂ ਬੋਲਿਆ ਜਿਵੇਂ ਘੋਰ ਪਾਪੀ ਅਤੇ ਚੋਰ ਹੁੰਦਾ ਹੈ, ਕਹਿਣ ਲੱਗਾ, "ਜਿਵੇਂ ਮਾਰਨ ਦੀ ਗੱਲ ਹੋਈ ਹੈ, ਉਹ ਮੈਂ ਆਰੰਭ ਤੋਂ ਦੱਸਦਾ ਹਾਂ। ਪ੍ਰਿਥੀਏ ਨੇ ਮੈਨੂੰ ਬੁਲਾਇਆ, ਬੋਲ ਕੇ ਧ੍ਰੋਹ ਕਰਨ ਲਈ ਲਾਲਚ ਦਿੱਤਾ। ਉਸ ਨੇ ਤੁਹਾਡੇ ਵਾਸਤੇ ਬਹੁਤ ਵੈਰ, ਕ੍ਰੋਧ ਅਤੇ ਉਪੱਦਰ ਧਾਰਨ ਕੀਤਾ ਹੋਇਆ ਹੈ। ਉਸ ਮੇਰਾ ਬੜਾ ਆਦਰ ਕਰਕੇ, ਮਿੱਠੇ-ਮਿੱਠੇ ਸ਼ਬਦ ਬੋਲ ਕੇ, ਇਸ ਤਰ੍ਹਾਂ ਮਹਾਨ ਸਿਖਿਆ ਦਿੱਤੀ, ਜਿਹੜੀ ਅੱਜ ਰਾਤ ਦੀ ਗੱਲ ਹੈ॥ ੧੭॥

**'ਪੰਚ ਸੈ ਰਜਤਪਨ ਦੇਵੋਂ ਏਕਬਾਰ ਗਿਨ, ਫੇਰ ਸੁਧਿ ਲੇਉਂ ਤੇਰੀ ਸਦਾ ਗੁਜ਼ਰਾਨ ਕੀ'।**
**ਭਾਵੀ ਤਬਿ ਪ੍ਰੇਰਯੋ ਮੋਹਿ, ਮਾਨ ਲੀਨਿ ਭਨੀ ਤਿਨ, ਸੰਖੀਆ ਮੰਗਾਇ ਕਰਿ ਦੀਨ ਨਿਜ ਪਾਨ ਕੀ।**
**ਲਯਾਯੋ ਮੈਂ ਰਗਰ, ਪੁਰੀ ਬਾਂਧਿ ਕਰਿ ਧਰੀ ਸਿਰ, ਭੋਰ ਹੋਤਿ ਦਧਿ ਮੈਂ ਮਿਲਾਈ ਹੇਤ ਖਾਨ ਕੀ।**
**ਮੱਤ ਮੇਰੀ ਹਾਨ ਕੀ, ਦ੍ਰਿੜਾਈ ਪਾਪ ਠਾਨ ਕੀ, ਭ੍ਰਮਾਈ ਯੌਂ ਅਜਾਨ ਕੀ ਨ ਕੀਨਿ ਬਾਤ ਸਜਾਨ ਕੀ ॥੧੮॥**

ਉਸ ਮੈਨੂੰ ਕਿਹਾ, ਕਿ ਮੈਂ ਤੈਨੂੰ ਪੰਜ ਸੌ ਚਾਂਦੀ ਦੇ ਸਿੱਕੇ ਇਕੋ ਵਾਰ ਗਿਣ ਕੇ ਦੇਵਾਂਗਾ, ਫਿਰ ਸਦਾ ਹੀ ਤੇਰੇ ਗੁਜ਼ਾਰੇ ਦੀ ਖ਼ਬਰ ਲੈਂਦਾ ਰਹਾਂਗਾ। ਭਾਵੀ ਨੇ ਫਿਰ ਮੈਨੂੰ ਪ੍ਰੇਰਿਆ, ਜੋ ਉਸ ਕਿਹਾ ਸੀ ਮੈਂ ਮੰਨ ਲਿਆ ਤੇ ਫਿਰ ਉਸ ਸੰਖੀਆ ਮੰਗਾ ਕੇ ਆਪਣੇ ਹੱਥਾਂ ਨਾਲ ਮੈਨੂੰ ਦਿੱਤਾ। ਇਸ ਨੂੰ ਤੁਹਾਡੇ ਘਰ ਲਿਆ ਕੇ ਮੈਂ ਉਸ ਨੂੰ ਰਗੜ ਕੇ ਬਰੀਕ ਕਰਕੇ ਇਕ ਪੁੜੀ ਵਿਚ ਬੰਨ੍ਹ ਕੇ ਸਿਰ ਦੀ ਪੱਗ ਵਿਚ ਰੱਖ ਲਿਆ, ਸਵੇਰ ਹੁੰਦਿਆਂ ਹੀ ਬਾਲਕ ਦੇ ਖਾਣ ਵਾਲੇ ਦਹੀਂ ਵਿਚ ਮਿਲਾ ਦਿੱਤਾ। ਮੇਰੀ ਮੱਤ ਮਾਰੀ ਗਈ ਪਾਪ ਕਰਨ ਦਾ ਦ੍ਰਿੜ੍ਹ ਇਰਾਦਾ ਬਣਾ ਲਿਆ, ਮੂਰਖ ਇਸ ਤਰ੍ਹਾਂ ਭਰਮ ਗਿਆ ਕਿ ਸਿਆਣੀ ਗੱਲ ਨਾ ਕੀਤੀ॥ ੧੮॥

**ਸ੍ਰੀ ਹਰਿ ਗੁਬਿੰਦ, ਕਰਾਮਾਤ ਮੈਂ ਬਿਲੰਦ, ਜਾਨਿ ਪਾਨ ਤੇ ਹਟਾਇ, ਨਹੀਂ ਪਾਨ ਕਰੀ ਤਯਾਗ ਦੀਨਿ।**
**ਦੇਨਿ ਬਿਖ ਕਾਰਨ ਉਚਾਰਨ ਕਰਯੋ ਹੈ ਸਭਿ, ਆਪ ਹੋ ਕ੍ਰਿਪਾਲ ਛਿਮਾ ਛਿਤ ਕੇ ਸਮਾਨ ਚੀਨਿ।**
**ਲੋਭੁ ਕੀ ਲਹਿਰ ਨੇ ਕਹਿਰ ਉਪਜਾਯੋ ਉਰ, ਪਤਿਤ ਉਧਾਰਨ ਕੋ ਰਾਵਰਿ ਬਿਰਦ ਕੀਨਿ।**
**ਬਖਸ਼ੋ ਖ਼ਤਾ ਕੋ, ਕਹਯੋ ਸਾਚ ਮੈਂ ਪਤਾ ਕੋ ਅਬਿ, ਕਰੋ ਨ ਭਰੋਸ ਵਾਂਕੋ ਪਾਪ ਮੈਂ ਪ੍ਰਬੀਨ ਪੀਨ' ॥੧੯॥**

ਸ੍ਰੀ ਹਰਿਗੋਬਿੰਦ ਵਿਚ ਮਹਾਨ ਕਰਾਮਾਤ ਹੈ, ਉਹ ਜ਼ਹਿਰ ਦੀ ਮਿਲਾਵਟ ਬਾਰੇ ਜਾਣ ਗਏ ਤੇ ਹੱਥ ਨਾਲ ਹਟਾ ਦਿੱਤਾ ਖਾਧਾ ਨਹੀਂ, ਛੱਡ ਦਿੱਤਾ। ਜ਼ਹਿਰ ਦੇਣ ਦਾ ਸਾਰਾ ਕਾਰਨ ਉਚਾਰਨ ਕੀਤਾ ਹੈ। ਆਪ ਜੀ ਕਿਰਪਾਲੂ ਹੋ ਅਤੇ ਧਰਤੀ ਵਾਂਗ ਖਿਮਾਂ ਦੇ ਦਾਤੇ ਮੈਂ ਪਹਿਚਾਣੇ ਹਨ। ਲੋਭ ਦੀ ਲਹਿਰ ਨੇ ਹਿਰਦੇ ਵਿਚ ਕਹਿਰ ਉਪਜਾਇਆ ਹੈ। ਪਾਪੀਆਂ ਦੇ ਉਧਾਰ ਵਾਸਤੇ ਆਪ ਨੇ ਆਪਣਾ ਬਿਰਦ ਬਣਾਇਆ ਹੈ। ਮੇਰੀ ਗ਼ਲਤੀ ਬਖਸ਼ ਦੇਵੋ, ਮੈਂ ਹੁਣ ਸੱਚ-ਸੱਚ ਪਤਾ ਦੱਸ ਦਿੱਤਾ ਹੈ, ਉਸ ਦਾ ਹੁਣ ਭਰੋਸਾ ਨਾ ਕਰੋ, ਉਹ ਪਾਪ ਕਰਨ ਵਿਚ ਬਹੁਤ ਮਾਹਰ ਹੈ'॥ ੧੯॥

**ਸੈਯਾ- ਸ੍ਰੀ ਗੁਰ ਨੇ ਸੁਨਿ ਸਾਚ ਭਨਯੋ ਜਬਿ ਹੋਏ ਕ੍ਰਿਪਾਲ ਬਖਾਨਤਿ ਬੈਨਾ।**
**'ਕੀਨਿ ਖਤਾ ਜਿਨਕੀ ਤੁਝਨੇ ਤਿਨ ਆਗੈ ਬਿਨੈ ਕਰਿ ਹੈ ਮਨ ਦੈਨਾ।**

ਸੋ ਬਖਸ਼ੈਂ, ਸ਼ਰਨੀ ਪਰੀਏ, ਅਪਰਾਧ ਅਸਾਧਨ, ਤੇ ਜਿਨ ਭੈ ਨਾ।
ਮਾਤ ਕੀ ਗੋਦ ਮੈਂ ਬੈਠੇ ਬਿਰਾਜਤਿ ਜਾਂਹੀ ਕੇ ਨਾਮ ਤੇ ਹ੍ਵੈ ਸੁਖਚੈਨਾ ॥੨੦॥

ਜਦ ਗੁਰੂ ਜੀ ਨੇ ਸੁਣਿਆ ਕਿ ਬ੍ਰਾਹਮਣ ਨੇ ਸੱਚ ਬੋਲ ਦਿੱਤਾ ਹੈ ਤਾਂ ਉਨ੍ਹਾਂ ਕਿਰਪਾਲੂ ਹੋ ਕੇ ਬਚਨ ਕੀਤੇ, "ਜਿਨ੍ਹਾਂ ਦੀ ਖਤਾ ਕੀਤੀ ਹੈ, ਉਨ੍ਹਾਂ ਅੱਗੇ ਦੀਨ ਮਨ ਹੋ ਕੇ ਬੇਨਤੀ ਕਰ, ਉਹੀ ਬਖਸ਼ਣਗੇ, ਉਨ੍ਹਾਂ ਦੀ ਸ਼ਰਨੀ ਪਵੋ, ਜਿਨ੍ਹਾਂ ਨੂੰ ਦੁਸ਼ਟਾਂ ਦੇ ਪਾਪਾਂ ਦਾ ਕੋਈ ਡਰ ਨਹੀਂ ਹੈ। ਮਾਤਾ ਜੀ ਦੀ ਗੋਦ ਵਿਚ ਬੈਠੇ ਬਿਰਾਜ ਰਹੇ ਹਨ ਤੇ ਜਿਨ੍ਹਾਂ ਦਾ ਨਾਮ ਲੈਣ ਨਾਲ ਸੁਖ ਚੈਨ ਪ੍ਰਾਪਤ ਹੁੰਦਾ ਹੈ" ॥ ੨੦॥

ਸ੍ਰੀ ਹਰਿਗੋਬਿੰਦ ਕੀ ਦਿਸ਼ ਹ੍ਵੈ ਦਿਜ ਬੇਨਤੀ ਵਾਕ ਕਹੇ ਸਮੁਦਾਈ।
'ਸੇਵਕ ਮੈਂ ਸੁਭਿ ਸੇਵ ਕਰੌਂ ਤੁਮ, ਦੇਵਨ ਦੇਵ ਸਭੈ ਜਗਰਾਈ!।
ਮੈਂ ਮਤਿਹੀਨ ਕਰਯੋ ਅਪਰਾਧ ਛਿਮੋ ਪ੍ਰਭੁ ਆਪ ਪਰਯੋ ਸ਼ਰਨਾਈ'।
ਯੌਂ ਕਹਿਕੇ ਪਗ ਪੰਕਜ ਊਪਰ ਸੀਸ ਧਰਯੋ ਧਰਿਕੈ ਅਗਵਾਈ ॥੨੧॥

ਸ੍ਰੀ ਹਰਿਗੋਬਿੰਦ ਵਾਲੇ ਪਾਸੇ ਹੋ ਕੇ ਬ੍ਰਾਹਮਣ ਨੇ ਬੇਨਤੀ ਦੇ ਬਹੁਤ ਸ਼ਬਦ ਕਹੇ, "ਮੈਂ ਤੁਹਾਡਾ ਸੇਵਕ ਹਾਂ ਤੁਹਾਡੀ ਹਰ ਤਰ੍ਹਾਂ ਸੇਵਾ ਕਰਾਂਗਾ, ਤੁਸੀਂ ਦੇਵਤਿਆਂ ਦੇ ਦੇਵ ਜਗਤ ਦੇ ਰਾਜੇ ਹੋ। ਮੈਂ ਮੂਰਖ ਨੇ ਅਪਰਾਧ ਕੀਤਾ ਹੈ, ਮੈਨੂੰ ਮੁਆਫ ਕਰੋ, ਮੈਂ ਆਪ ਜੀ ਦੀ ਸ਼ਰਨੀ ਪਿਆ ਹਾਂ।" ਇਹ ਕਹਿ ਕੇ ਅੱਗੇ ਹੋ ਕੇ ਸ੍ਰੀ ਹਰਿਗੋਬਿੰਦ ਜੀ ਦੇ ਚਰਨ ਕੰਵਲਾਂ ਤੇ ਸਿਰ ਧਰ ਦਿੱਤਾ॥ ੨੧॥

ਸੰਮਤ ਸ੍ਰੀ ਪਿਤ ਕੋ ਚਿਤ ਜਾਨਿ ਦਯਾਨਿਧਿ ਬਾਨ ਤਬੈ ਹੁਇ ਆਈ।
ਕੀਨਿ ਮਹਾਂ ਅਪਰਾਧ ਜਿਨੇ ਬਖਸ਼ਯੋ ਬਿਨਤੀ ਸੁਨਿਕੈ ਸਹਸਾਈ।
ਨਾਥ ਨੇ ਹਾਥ ਪਸਾਰ ਤਬੈ ਤਿਹ ਮਾਥ ਧਰਯੋ ਦੁਤਿ ਸਾਥ ਸੁਹਾਈ।
ਏਕ ਗਰੀਬ ਨਿਵਾਜ ਗੁਰੂ ਬਿਨ ਆਨ ਕੇ ਬੀਚ ਕਹਾਂ ਬਡਿਆਈ ॥੨੨॥

ਪਿਤਾ ਜੀ ਦੀ ਮਰਜ਼ੀ ਚਿੱਤ ਵਿਚ ਜਾਣ ਕੇ ਦਇਆ ਨਿਧਾਨ ਸੁਭਾਵ ਹੋ ਗਿਆ। ਜਿਸ ਨੇ ਮਹਾਂ ਅਪਰਾਧ ਕੀਤਾ ਸੀ ਉਸ ਦੀ ਬੇਨਤੀ ਸੁਣ ਕੇ ਛੇਤੀ ਹੀ ਬਖਸ਼ ਦਿੱਤਾ। ਸ੍ਰੀ ਹਰਿਗੋਬਿੰਦ ਜੀ ਨੇ ਹੱਥ ਫੈਲਾ ਕੇ ਉਸ ਦੇ ਮੱਥੇ ਉਤੇ ਰੱਖ ਦਿੱਤਾ, ਜਿਹੜਾ ਹੱਥ ਸੁੰਦਰਤਾ ਨਾਲ ਸ਼ੋਭ ਰਿਹਾ ਸੀ। ਇਕ ਗਰੀਬ ਨਿਵਾਜ਼ ਗੁਰੂ ਜੀ ਤੋਂ ਬਗੈਰ ਹੋਰ ਕਿਸੇ ਵਿਚ ਐਸੀ ਵਡਿਆਈ ਕਿੱਥੇ ਹੈ॥ ੨੨॥

ਐਸੋ ਬਡੋ ਅਪਰਾਧ ਕਰਯੋ ਜਿਨ ਪ੍ਰਾਨ ਕੇ ਹਾਨ ਲੌ ਕੀਨਿ ਉਪਾਈ।
ਪਾਤਕ ਬਾਲਕ ਘਾਤਕ ਕੋ ਪੁਨਿ ਅੰਨ ਤੇ ਲੌਨ ਗੁਰੂ ਘਰ ਖਾਈ।
ਸੋ ਤਤਕਾਲ ਬਿਨੈ ਸੁਨਿ ਕੈ ਕਰਿ ਦੀਨੋ ਨਿਹਾਲ ਪਿਖੈਂ ਸਮੁਦਾਈ।
ਏਕ ਗਰੀਬ ਨਿਵਾਜ਼ ਗੁਰੂ ਬਿਨ ਆਨਕੇ ਬੀਚ ਕਹਾਂ ਬਡਿਆਈ ॥੨੩॥

ਜਿਸ ਨੇ ਐਸਾ ਵੱਡਾ ਅਪਰਾਧ ਕੀਤਾ ਸੀ, ਜਿਸ ਨੇ ਪ੍ਰਾਣ ਨਾਸ਼ ਕਰਨ ਦਾ ਪੂਰਾ ਉਪਾਅ ਕੀਤਾ ਸੀ। ਇਕ ਬਾਲਕ ਘਾਤਕ ਸੀ, ਦੂਸਰਾ ਗੁਰੂ ਘਰ ਦਾ ਲੂਣ ਖਾਧਾ ਸੀ, ਉਸ ਦੀ ਬੇਨਤੀ ਸੁਣ ਕੇ ਸਾਰੀ ਸਿੱਖ-ਸੰਗਤ ਦੇ ਸਾਹਮਣੇ ਉਨ੍ਹਾਂ ਦੇ ਵੇਖਦਿਆਂ ਨਿਹਾਲ ਕਰ ਦਿੱਤਾ। ਇਕ ਗਰੀਬ ਨਿਵਾਜ ਗੁਰ ਤੋਂ ਬਗੈਰ ਹੋਰ ਕਿਸੇ ਵਿਚ ਐਸੀ ਵਡਿਆਈ ਕਿੱਥੇ ਹੈ॥੨੩॥

Sri Satguru Jagjit Singh Ji eLlibrary NamdhariElibrary@gmail.com

ਦੋਹਰਾ-ਇਸ ਪ੍ਰਕਾਰ ਬਖਸ਼ਯੋ ਸੁ ਦਿਜ ਗੁਰੂ ਗਰੀਬ ਨਿਵਾਜ਼।
ਮਾਤ ਪਿਤਾ ਦੇਖਤਿ ਅਨੰਦ ਅਰੁ ਸਿਖ ਦਾਸ ਸਮਾਜ॥੨੪॥

ਇਸ ਪ੍ਰਕਾਰ ਗੁਰੂ ਗਰੀਬ ਨਿਵਾਜ਼ ਨੇ ਬ੍ਰਾਹਮਣ ਨੂੰ ਬਖਸ਼ ਦਿੱਤਾ। ਮਾਤਾ-ਪਿਤਾ ਅਤੇ ਸਿੱਖ-ਸੇਵਕ ਸਾਰੇ ਵੇਖ ਕੇ ਬਹੁਤ ਪ੍ਰਸੰਨ ਹੋਏ॥ ੨੪॥

ਮਹਿਮਾ ਮਹਾਂ ਪ੍ਰਮਾਨ ਤੇ ਮਹਾਂ ਪੁਰਖ ਸੁਖਕੰਦ।
ਗੁਰ ਘਰ ਮਹਿਂ ਅਵਤਾਰ ਲਿਯ ਸ੍ਰੀ ਹਰਿਗੋਵਿੰਦ ਚੰਦ॥੨੫॥

ਸੁਖਾਂ ਦੇ ਮੇਘ ਪ੍ਰਭੂ ਸ੍ਰੀ ਹਰਿਗੋਬਿੰਦ ਸਾਹਿਬ ਦੀ ਮਹਿਮਾਂ ਅਪਰ ਅਪਾਰ ਹੈ, ਜਿਨ੍ਹਾਂ ਨੇ ਗੁਰੂ ਘਰ ਵਿਚ ਹਰਿਗੋਬਿੰਦ ਦੇ ਰੂਪ ਵਿਚ ਅਵਤਾਰ ਧਾਰਨ ਕੀਤਾ॥ ੨੫॥

ਭਯੋ ਨਰਨ ਸਮੁਦਾਇ ਤਹਿਂ ਬੈਠਿ ਰਹੇ ਪਰਵਾਰ।
ਬਿਸਮਹਿਂ ਅਘਿ ਦੀਰਘ ਪਿਖਯੋ ਬਖਸ਼ਯੋ ਬਹੁਰ ਉਦਾਰ॥੨੬॥

ਉਸ ਵੇਲੇ ਉਥੇ ਬਹੁਤ ਮਨੁੱਖ ਪਰਿਵਾਰਾਂ ਸਹਿਤ ਬੈਠੇ ਸਨ, ਜਦ ਉਨ੍ਹਾਂ ਨੇ ਅਜਿਹੇ ਵੱਡੇ ਪਾਪਾਂ ਨੂੰ ਅੱਖੀਂ ਵੇਖਿਆ ਅਤੇ ਉਸ ਨੂੰ ਖੁਲ੍ਹੇ ਦਿਲ ਨਾਲ ਬਖਸ਼ਣ ਬਾਰੇ ਸੁਣਿਆ ਤਾਂ ਉਹ ਬਹੁਤ ਹੈਰਾਨ ਹੋਏ॥ ੨੬॥

'ਦਾਤਾ ਹੋਵੈਂ ਅਧਿਕ ਹੀ ਜਬੈ ਤਨੂੰ ਬਲ ਜੁਾਨ।
ਕਰਹਿਂ ਨਿਹਾਲ ਅਨੇਕ ਹੀ ਜੋ ਇਨ ਕੇ ਥਿਦਮਾਨ'॥੨੭॥

"ਇਹ ਵੱਡੇ ਦਾਤਾ ਹੋਣਗੇ ਜਦ ਸਰੀਰ ਬਲਵਾਨ ਤੇ ਜਵਾਨ ਹੋਵੇਗਾ, ਤਾਂ ਜੋ ਵੀ ਇਨ੍ਹਾਂ ਦੇ ਸਾਹਮਣੇ ਆਵੇਗਾ ਉਸ ਨੂੰ ਬਹੁਤ ਨਿਹਾਲ ਕਰਨਗੇ"॥ ੨੭॥

ਇੱਤਜਾਦਿਕ ਕੀਰਤਿ ਕਰਤਿ ਭਰਤਿ ਹਰਖ ਉਰ ਬੀਚ।
ਕ੍ਰੋਰ ਜਤਨ ਕੋਈ ਕਰਹੁ ਕਿਮ ਹੁਇ ਇਨਕੀ ਮੀਚ॥ ੨੮॥

ਇਤਿਆਦਕ ਉਸਤਤਿ ਕਰਕੇ ਸਾਰਿਆਂ ਦੇ ਹਿਰਦੇ ਪ੍ਰਸੰਨਤਾ ਨਾਲ ਭਰ ਗਏ। ਭਾਵੇਂ ਕਰੋੜਾਂ ਯਤਨ ਕਰੇ, ਇਨ੍ਹਾਂ ਦੇ ਬਰਾਬਰ ਕੋਈ ਕਿਵੇਂ ਹੋ ਸਕਦਾ ਹੈ॥ ੨੮॥

ਧਾਇ ਹਤੀ, ਪੰਨਗ ਹਨਯੋ, ਦਿਜ ਕੋ ਕੀਨ ਬਿਨਾਸ਼।
ਉਲਟ ਪਰਤਿ ਹੈ ਤਿਨਹੁਂ ਪਰ, ਬੁਰਾ ਜੁ ਚਹਿਂ ਕਰਿ ਆਸ॥੨੯॥

ਦਾਈ ਮਾਰੀ, ਸੱਪ ਦਾ ਨਾਸ਼ ਕੀਤਾ ਅਤੇ ਬ੍ਰਾਹਮਣ ਦਾ ਸੱਤਿਆਨਾਸ਼ ਕੀਤਾ, ਸਾਰੀਆਂ ਕ੍ਰਿਆਵਾਂ ਉਨ੍ਹਾਂ ਦੇ ਉਲਟ ਪਈਆਂ ਜਿਹੜੇ ਦੂਸਰੇ ਦਾ ਬੁਰਾ ਕਰਨਾ ਚਾਹੁੰਦੇ ਸਨ॥ ੨੯॥

*ਤੀਸਰੀ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੭॥*

❖❖❖

# ਅਧਿਆਇ ਅਠਾਰਵਾਂ

## ਪ੍ਰਿਥੀਏ ਦਾ ਝਗੜਨਾ

ਦੋਹਰਾ- ਸਗਰੇ ਸੁਨਤਿ ਪ੍ਰਸੰਗ ਕੋ ਦਿਜ ਮੂਰਖ ਚਹੂੰ ਓਰ।
ਬੋਲੇ ਸ੍ਰੀ ਅਰਜਨ ਗੁਰੂ 'ਕੀਨ ਜੁ ਤੈਂ ਅਘ ਘੋਰ॥ ੧॥

ਬ੍ਰਾਹਮਣ ਦੀ ਮੂਰਖਤਾ ਦੇ ਪ੍ਰਸੰਗ ਨੂੰ ਚਾਰੇ ਪਾਸੇ ਲੋਕਾਂ ਨੇ ਸੁਣਿਆ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਤੂੰ ਵੱਡਾ ਪਾਪ ਕੀਤਾ ਹੈ॥ ੧॥

ਸੈਯਾ- ਸੋ ਪ੍ਰਿਥੀਏ ਮੁਖ ਪੈ ਕਹਿ ਹੈਂ ਤਿਹ ਦੇਹੁ ਮਨਾਇ ਭਨੀ ਜਿਮ ਬਾਨੀ।
ਪੰਚ ਸੈ ਦੇਨਿ ਕਹੇ ਤੁਝਕੋ, ਬਿਖ ਕੀ ਜਿਮ ਤਾਂਹੀ ਨੇ ਸੀਖਿ ਸਿਖਾਨੀ।
ਪਾਪ ਮਤੀ ਜਿਸ ਕੇ ਨਿਤ ਹੈ ਚਿਤ, ਈਰਖਾ ਆਗਿ ਮੇਂ ਦਾਹਿ ਮਹਾਨੀ।
ਸੰਕਟ ਘੋਰ ਘਨੋ ਹੁਇ ਦੇਖਤਿ ਕੀਰਤਿ ਕੋ ਸੁਨਿ ਕੈ ਸੁਖ ਹਾਨੀ' ॥੨॥

ਇਸ ਬਾਰੇ ਪ੍ਰਿਥੀਏ ਦੇ ਸਾਹਮਣੇ ਉਸ ਦੇ ਮੂੰਹ ਤੇ ਕਹੋ ਤੇ ਉਸ ਨੂੰ ਮਨਾਉ ਜਿਵੇਂ ਤੂੰ ਕਿਹਾ ਹੈ। ਤੈਨੂੰ ਜਿਵੇਂ ਉਸ ਪੰਜ ਸੋ ਰੁਪਈਆ ਦੇਣਾ ਕੀਤਾ ਹੈ ਅਤੇ ਜ਼ਹਿਰ ਦੇਣ ਵਾਸਤੇ ਸਿਖਿਆ ਦਿੱਤੀ ਹੈ। ਉਸ ਦਾ ਚਿੱਤ ਸਦਾ ਪਾਪ ਕਰਨ ਵਿਚ ਗਲਤਾਨ ਹੈ, ਅਤੇ ਸਦਾ ਹੀ ਈਰਖਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ, ਉਹ ਦੂਸਰੇ ਦੇ ਸੁੱਖ ਨੂੰ ਵੇਖ ਕੇ ਬਹੁਤ ਦੁਖੀ ਹੁੰਦਾ ਹੈ ਅਤੇ ਦੂਸਰੇ ਦੀ ਕੀਰਤੀ ਨੂੰ ਸੁਣ ਕੇ ਉਸ ਦੇ ਸੁਖ ਦਾ ਨਾਸ਼ ਹੋ ਜਾਂਦਾ ਹੈ।"

ਬਿੱਪ੍ਰ ਕਹਯੋ 'ਸੁਨਿ ਸ੍ਰੀ ਗੁਰ ਪੂਰਨ ਜਯੋਂ ਤਿਸਨੇ ਮੁਝਕੋ ਸਮੁਝਾਈ।
ਤਯੋਂ ਤਿਸ ਆਨਨ ਪੈ ਉਚਰੌਂ, ਮਮਨਾਸ਼ ਕੀਓ ਅਸ ਸੀਖ ਸਿਖਾਈ।
ਮੈਂ ਗੁਜ਼ਰਾਨ ਕਰੌਂ ਤੁਮਰੇ ਘਰ, ਭੂਰ ਕਲੰਕ ਦੀਓ ਦੁਖਦਾਈ।
ਭਾਵੀ ਨੇ ਪੇਰਨ ਕੀਨਿ ਬੁਰੇ ਮਹਿਂ, ਦੋਨਹੁ ਲੋਕ ਮੈਂ ਲੀਨਿ ਗਵਾਈ' ॥੩॥

ਬ੍ਰਾਹਮਣ ਨੇ ਕਿਹਾ, "ਹੇ ਪੂਰਨ ਸਤਿਗੁਰੂ ਜੀ ! ਸੁਣੋ, ਜਿਵੇਂ ਉਸ ਮੈਨੂੰ ਸਮਝਾਇਆ ਸੀ, ਉਹ ਮੈਂ ਉਸ ਦੇ ਮੂੰਹ ਤੇ ਕਹਾਂਗਾ। ਉਸ ਮੈਨੂੰ ਅਜਿਹੀ ਸਿਖਿਆ ਦੇ ਕੇ ਮੇਰਾ ਵਿਨਾਸ਼ ਕਰ ਦਿੱਤਾ ਹੈ। ਮੈਂ ਤੁਹਾਡੇ ਘਰ ਰਹਿ ਕੇ ਗੁਜ਼ਾਰਾ ਕਰਾਂਗਾ, ਉਸ ਮੈਨੂੰ ਵੱਡਾ ਦੁਖਦਾਇਕ ਕਲੰਕ ਦਿੱਤਾ ਹੈ, ਭਾਵੀ ਨੇ ਮੈਨੂੰ ਬੁਰਾ ਕਰਮ ਕਰਨ ਦੀ ਪ੍ਰੇਰਨਾਂ ਦਿੱਤੀ, ਜਿਸ ਕਰਕੇ ਮੈਂ ਦੋਵੇਂ ਲੋਕ ਗਵਾ ਲਏ ਹਨ॥ ੩॥

ਦੋਹਰਾ- ਸ੍ਰੀ ਅਰਜਨ ਦਿਜ ਸੋਂ ਕਹਯੋ 'ਮਹਾਂ ਮੂਢ ਕਯਾ ਕੀਨਿ ?।
ਸਾਹਿਬਜ਼ਾਦੇ ਮੋਲ ਕੋ ਪੰਚ ਸਹਸ ਕਰਿ ਦੀਨਿ' ॥ ੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਨੂੰ ਕਿਹਾ, "ਹੇ ਮਹਾਂ ਮੂਰਖ ! ਤੂੰ ਇਹ ਕੀ ਕੀਤਾ ਹੈ ? ਤੂੰ ਸਾਹਿਬਜ਼ਾਦੇ ਦਾ ਮੁੱਲ ਪੰਜ ਸੌ ਰੁਪਏ ਕਰ ਦਿੱਤਾ?" ॥ ੪॥

ਬਹਰ ਕਹਯੋ ਸੰਗ ਦਾਸਿ ਕੇ 'ਧਾਮ ਪ੍ਰਿੱਥੀਏ ਜਾਇ।

ਆਨਹੁੰ ਸਾਥ ਹਕਾਰ ਕੈ ਲੇਕਰਿ ਹਮਰੋ ਨਾਇ॥ ੫॥

ਫਿਰ ਗੁਰੂ ਜੀ ਨੇ ਸੇਵਕਾਂ ਨੂੰ ਕਿਹਾ, "ਪ੍ਰਿਥੀਏ ਦੇ ਘਰ ਜਾ ਕੇ ਉਸ ਨੂੰ ਸਾਡਾ ਨਾਂ ਲੈ ਕੇ ਬੁਲਾ ਕੇ ਲਿਆਵੋ॥ ੫॥

ਕਬਿੱਤ-ਕਰੋ ਸਨਮਾਨ ਬੋਲਿ ਮਧੁਰ ਮਹਾਨ ਸਾਥਿ ਆਨੋ ਹਮ ਧਾਮ ਕੋ ਪ੍ਰਸੰਨਤਾ ਉਪਾਇ ਮਨਾ।
ਗਯੋ ਸੁਨਿ ਦਾਸ ਬੈਠੋ ਪ੍ਰਿਥੀਆ ਅਵਾਸ ਜਿਸ, ਸੀਸ ਕੋ ਨਿਵਾਇ ਅਭਿਬੰਦਨ ਸੁ ਕੀਨਿ ਤਿਨ।
'ਆਪ ਕੋ ਹਕਾਰਨ ਕਰਯੋ ਹੈ ਗੁਰੂ ਅਰਜਨ, ਅਬਿ ਹੀ ਉਠੀਜੈ, ਚਲਿ ਮਿਲੀਏ ਬਿਲੰਬ ਬਿਨ'।
ਸੁਨਿਕੈ ਹਰਖ ਕਰਿ, ਗਮਨਯੋ ਗੁਰੂ ਕੇ ਘਰਿ, 'ਮੋਹਿ ਸਾਥ ਕਾਜ ਕੌਨ?' ਬੂਝਯੋ ਦਾਸ ਸਾਥ 'ਭਨਿ'॥ ੬॥

ਬੜੇ ਆਦਰ ਨਾਲ ਮਿੱਠੇ ਬਚਨ ਬੋਲੋ, ਤਾਂਕਿ ਸਾਡੇ ਘਰ ਮਨ ਵਿਚ ਬੜੀ ਪ੍ਰਸੰਨਤਾ ਉਪਜਾ ਕੇ ਆਵੇ।" ਸੇਵਕ ਉਥੇ ਗਏ ਜਿਥੇ ਆਪਣੇ ਘਰ ਪ੍ਰਿਥੀਆ ਬੈਠਾ ਹੋਇਆ ਸੀ, ਸਿਰ ਨਿਵਾ ਕੇ ਉਸ ਨੂੰ ਬੰਦਨਾ ਕੀਤੀ ਅਤੇ ਕਿਹਾ, "ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਬੁਲਾਇਆ ਹੈ, ਹੁਣੇ ਹੀ ਉਠ ਕੇ ਚਲੋ ਤੇ ਉਨ੍ਹਾਂ ਨੂੰ ਕਿਸੇ ਦੇਰੀ ਬਗੈਰ ਮਿਲ ਲਵੋ।" ਇਹ ਸੁਣ ਕੇ ਬੜਾ ਪ੍ਰਸੰਨ ਹੋ ਕੇ ਗੁਰੂ ਜੀ ਦੇ ਘਰ ਵਲ ਚਲ ਪਿਆ ਅਤੇ ਸੇਵਕ ਤੋਂ ਪੁੱਛਣ ਲੱਗਾ, "ਮੇਰੇ ਨਾਲ ਕੀ ਕੰਮ ਹੈ?"

'ਮੋਹਿ ਕੋ ਨ ਸੁਧਿ ਕੋਈ, ਪਠਯੋ ਚਲਿ ਆਯੋ ਇਤ' ਐਸੇ ਬਾਤ ਬੋਲਤਿ ਸੁ ਆਯੋ ਗੁਰ ਧਾਮ ਕੋ।
ਕੋਠੇ ਮੈਂ ਬਿਠਾਯੋ ਦਿਜ 'ਬੋਲੀਏ ਨ ਬਾਕ ਤੁਮ ਹਮਰੇ ਬੁਲਾਏ ਬਿਨ, ਬੈਠ ਇਕ ਜਾਮ ਕੋ'।
ਬਿੱਪ੍ਰ ਨੇ ਅਲਾਯੋ, 'ਜਿਮ ਆਪ ਨੇ ਬਤਾਯੋ ਤਿਮ ਕਰੋਂ, ਬੈਠਿ ਰਹੋਂ ਜੌਬਿ ਲੇਹੁ ਮਮ ਨਾਮ ਕੋ।
ਤਬਿ ਮੈਂ ਛਪੀ ਨ ਰਾਖੋਂ, ਜਥਾਰਥ ਸੋਈ ਭਾਖੋਂ, ਮੁਕਰ ਨ ਦੇਯ ਹੈਂ, ਬਿਗਾਰ੍ਯੋ ਜਿਮੁ ਕਾਮ ਕੋ' ॥੭॥

ਸੇਵਕ ਨੇ ਕਿਹਾ, "ਮੈਨੂੰ ਕੋਈ ਪਤਾ ਨਹੀਂ, ਉਨ੍ਹਾਂ ਭੇਜਿਆ ਹੈ, ਏਥੇ ਚਲ ਕੇ ਆ ਗਿਆ ਹਾਂ।" ਇਸ ਤਰ੍ਹਾਂ ਗੱਲਾਂ ਕਰਦੇ ਗੁਰੂ ਘਰ ਪਹੁੰਚ ਗਏ। ਬ੍ਰਾਹਮਣ ਨੂੰ ਕੋਠੇ ਦੇ ਅੰਦਰ ਬਿਠਾਇਆ ਸੀ ਤੇ ਉਸ ਨੂੰ ਕਿਹਾ ਸੀ, "ਸਾਡੇ ਬੁਲਾਏ ਬਗੈਰ ਕਿਸੇ ਨਾਲ ਵੀ ਗੱਲ ਨਹੀਂ ਕਰਨੀ ਹੈ, ਏਥੇ ਇਕ ਪਹਿਰ ਬੈਠਾ ਰਹੋ।" ਬ੍ਰਾਹਮਣ ਨੇ ਕਿਹਾ, "ਜਿਵੇਂ ਆਪ ਨੇ ਦੱਸਿਆ ਹੈ, ਉਸ ਤਰ੍ਹਾਂ ਹੀ ਕਰਾਂਗਾ, ਤਦ ਤਦ ਬੈਠਾ ਰਹਾਂਗਾ ਜਦ ਤਕ ਤੁਸੀਂ ਮੇਰਾ ਨਾਂ ਲੈ ਕੇ ਨਹੀਂ ਬੁਲਾਉਂਦੇ ਹੋ। ਫਿਰ ਮੈਂ ਕੋਈ ਗੱਲ ਲੁਕਾ ਕੇ ਨਹੀਂ ਰੱਖਾਂਗਾ, ਜੋ ਸੱਚ ਹੈ ਉਹੀ ਕਹਾਂਗਾ, ਮੁਕਰਨ ਨਹੀਂ ਦੇਵਾਂਗਾ, ਜਿਵੇਂ ਉਸ ਕੰਮ ਨੂੰ ਵਿਗਾੜਿਆ ਹੈ॥ ੭॥

ਇਤਨੇ ਮੈਂ ਪ੍ਰਿਥੀਆ ਪਹੂੰਚਯੋ ਗੁਰੂ ਪਾਸ ਆਨਿ, ਹੇਤ ਸਨਮਾਨ ਕੇ ਉਠੇ ਹੈਂ ਕੀਨਿ ਬੰਦਨਾ।
ਮਧੁਰ ਮਹਾਨ ਕੋ ਬਖਾਨਿਕੈ ਬਿਠਾਯੋ ਤੀਰ, ਆਪ ਤੇ ਅਧਿਕ ਕਰਿ ਜਾਨਿ ਦੁਖਕੰਦਨਾ।
ਨੰਮ੍ਰ ਹੋਇ ਬੋਲੇ 'ਭ੍ਰਾਤ ਹਮਰੇ ਬਿਸਾਲ ਤੁਮ, ਆਦਰ ਸਥਾਨ ਸਦਾ ਕਹੈਂ ਹਮ ਮੰਦ ਨਾ।
ਦ੍ਵੈਸ਼ ਕੋ ਨ ਲੇਸ਼ ਲਖਿ, ਆਪ ਤੇ ਵਿਸ਼ੇਸ਼ ਹਮ ਜਾਨਤਿ ਅਸ਼ੇਸ਼ ਤੁਮ ਬਨਤਿ ਬਿਲੰਦ ਨਾ॥ ੮॥

ਏਨੇ ਵਿਚ ਪ੍ਰਿਥੀਆ ਗੁਰੂ ਜੀ ਪਾਸ ਪਹੁੰਚ ਗਿਆ, ਗੁਰੂ ਜੀ ਸਨਮਾਨ ਕਰਨ ਵਾਸਤੇ ਉਠ ਖਲੋਤੇ ਅਤੇ ਬੰਦਨਾ ਕੀਤੀ, ਬਹੁਤ ਮਿੱਠੇ ਬਚਨ ਬੋਲ ਕੇ ਪਾਸ ਬਿਠਾਇਆ, ਦੁੱਖਾਂ ਦੇ ਕੱਟਣ ਵਾਲੇ ਗੁਰੂ ਜੀ ਨੇ ਉਸ ਨੂੰ ਆਪ ਤੋਂ ਵੱਡਾ ਜਾਣਿਆ। ਫਿਰ ਸਨਿੰਮਰ ਹੋ ਕੇ ਬੋਲੇ, "ਤੁਸੀਂ ਸਾਡੇ ਵੱਡੇ ਭਰਾ ਹੋ, ਇਸ ਲਈ ਅਸੀਂ ਸਦਾ ਹੀ ਆਦਰ ਨਾਲ ਸ਼ੁਭ ਸ਼ਬਦ ਕਹਿੰਦੇ ਹਾਂ। ਅਸੀਂ ਜ਼ਰਾ ਭਰ ਵੀ ਦ੍ਵੈਸ਼ ਨਾਲ ਨਹੀਂ ਵੇਖਦੇ, ਅਸੀਂ ਸਦਾ ਹੀ ਵਿਸ਼ੇਸ਼ ਤੌਰ ਤੇ ਆਪ ਨੂੰ ਵੱਡਾ ਜਾਣਦੇ ਹਾਂ, ਪਰ ਤੁਸੀਂ ਕਦੇ ਵੀ ਵੱਡੇ ਨਹੀਂ ਬਣਦੇ॥ ੮॥

ਬਡੋ ਭ੍ਰਾਤ ਪਿਤਾ ਕੇ ਸਮਾਨ ਜਗ ਜਾਨਿਯਤਿ, ਹਿਤ ਕੋ ਕਰਤਿ, ਇਹੀ ਬਾਰਤਾ ਪ੍ਰਮਾਨ ਕੀ।
ਸੇਵ ਮਨ ਨਾਨੈ ਕੋ ਨਮਾਨੇ ਪੰਜਾ ਨੇਨਿ ਨੇਨੋ ਸਾਸਨ ਅਛੋਧ ਨਹੀਂ ਮਿੱਟ ਸੱਕ ਹਾਨ ਕੀ।

ਖੋਟੋ ਕਾਮੁ ਕੀਨਿ ਬਿਖ ਦਧੀ ਸੋਂ ਦਿਵਾਇ ਦੀਨ, ਬਿੱਪ੍ਰ ਕੋ ਲੁਭਾਇ ਲੀਨਿ, ਪ੍ਰੇਰਜੋ ਦੁਰ ਬਾਨ ਕੀ।
ਲਾਜ ਨ ਜਹਾਨ ਕੀ, ਨ ਕੀਨਿ ਕੁਲ ਕਾਨ ਕੀ, ਨ ਰੀਤਿ ਦਯਾਵਾਨ ਕੀ, ਨ ਪਾਪ ਕੀ ਪਛਾਨ ਕੀ ॥੯॥

ਸਾਰੇ ਜੱਗ ਵਿਚ ਵੱਡੇ ਭਰਾ ਨੂੰ ਪਿਤਾ ਸਮਾਨ ਜਾਣਿਆ ਜਾਂਦਾ ਹੈ, ਇਸ ਕਰਕੇ ਅਸੀਂ ਉਸ ਤਰ੍ਹਾਂ ਆਪ ਦਾ ਆਦਰ ਅਤੇ ਪਿਆਰ ਕਰਦੇ ਹਾਂ, ਇਹ ਗੱਲ ਸਮਝਣ ਵਾਲੀ ਹੈ। ਤੁਸੀਂ ਸਾਡੇ ਨਾਲ ਵੈਰ ਧਾਰਨ ਕੀਤਾ ਹੋਇਆ ਹੈ। ਵਿਚਾਰਾ ਬਾਲਕ ਦੋਸ਼-ਰਹਿਤ ਹੈ, ਉਸ ਨੂੰ ਵੈਰੀ ਮਿੱਤਰ ਦੀ ਕੋਈ ਪਹਿਚਾਣ ਨਹੀਂ। ਤੁਸੀਂ ਖੋਟਾ ਕੰਮ ਕੀਤਾ ਹੈ, ਉਸ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦਿਵਾ ਦਿੱਤਾ। ਬ੍ਰਾਹਮਣ ਨੂੰ ਲਾਲਚ ਦਿੱਤਾ, ਤੇਰੀ ਨੀਤ ਨੇ ਉਸ ਨੂੰ ਪ੍ਰੇਰ ਲਿਆ। ਤੈਨੂੰ ਇਸ ਜਹਾਨ ਦੀ ਲਾਜ ਨਹੀਂ ਹੈ, ਆਪਣੀ ਕੁਲ ਨੂੰ ਨਾਸ਼ ਕਰ ਰਿਹਾ ਹੈਂ, ਇਹ ਦਇਆਵਾਨ ਦੀ ਰੀਤੀ ਨਹੀਂ ਹੈ ਅਤੇ ਨਾ ਹੀ ਪਾਪ ਦੀ ਪਛਾਣ ਕੀਤੀ ਹੈ॥ ੯॥

ਜਮ ਕੋ ਨ ਜਾਨਜੋ ਨ ਕਲੰਕ ਕੋ ਪ੍ਰਮਾਨਜੋ, ਹ੍ਵੈ ਅਜਾਨ ਹਿਤ ਹਾਨਜੋ, ਕਾਜ ਠਾਨਜੋ ਮਤਿਮੰਦ ਕੋ।
ਰਾਖੇ ਗੁਰੂ ਨਾਨਕ ਸਹਾਇ ਭਏ ਆਨ ਕਰਿ, ਤੇਰੇ ਮੁਖ ਕਾਲਖ ਲਗਾਈ ਜਿਮ ਚੰਦੁ ਕੋ।
ਮਿਟੈ ਨ ਪਖਾਰੀ, ਦਿਨੋ ਦਿਨ ਹੋਇ ਕਾਰੀ ਬਹੁ, ਅਪਜਸ ਭਾਰੀ ਦੁਖ ਕਾਰੀ ਲੈਂ ਬਿਲੰਦ ਕੋ।
ਹੰਸਨ ਕੇ ਕੀਚ, ਜਿਮ ਕਾਲਮਾ ਕਮਲ ਬੀਚ, ਤਿਮ ਬੁਧਿ ਨੀਚ ਤੇਰੀ, ਕਰੈਂ ਛੰਦ ਬੰਦ ਕੋ ॥੧੦॥

ਨਾ ਜਮ ਨੂੰ ਜਾਣਿਆ ਹੈ ਅਤੇ,ਨਾ ਕਲੰਕ ਹੀ ਪ੍ਰਮਾਣਿਤ ਕੀਤਾ ਹੈ, ਅਣਜਾਣ ਹੋ ਕੇ ਪੁੱਤਰ ਨੂੰ ਮਰਵਾਉਣ ਲੱਗੇ ਸੀ, ਐਸੀ ਭਰਿਸ਼ਟ ਬੁਧੀ ਵਾਲਾ ਕਾਰਜ,ਕੀਤਾ ਹੈ। ਉਸ ਨੂੰ ਗੁਰੂ ਨਾਨਕ ਦੇਵ ਜੀ ਨੇ ਬਚਾ ਲਿਆ ਤੇ ਮੌਕੇ ਤੇ ਸਹਾਇਤਾ ਕੀਤੀ ਹੈ। ਤੇਰੇ ਮੁਖ ਤੇ ਇੰਝ ਕਾਲਖ ਲਾ ਦਿੱਤੀ ਹੈ, ਜਿਵੇਂ ਚੰਦ ਤੇ ਦਾਗ ਹੈ। ਇਹ ਧੋਤਿਆਂ ਵੀ ਸਾਫ ਨਹੀਂ ਹੋਵੇਗੀ, ਦਿਨੋ-ਦਿਨ ਬਹੁਤ ਕਾਲੀ ਹੁੰਦੀ ਜਾਵੇਗੀ ਅਤੇ ਤੂੰ ਬਹੁਤ ਵੱਡਾ ਅਤੇ ਦੁਖਦਾਇਕ ਬਦਨਾਮੀਂ ਪਾਵੇਂਗਾ। ਤੂੰ ਇਸ ਤਰ੍ਹਾਂ ਹੈਂ ਜਿਵੇਂ ਹੰਸਾਂ ਨੂੰ ਚਿੱਕੜ, ਜਿਵੇਂ ਕੰਵਲ ਵਿਚ ਕਾਈ ਹੈ, ਇਸ ਤਰ੍ਹਾਂ ਤੇਰੀ ਬੁੱਧੀ ਨੀਚ ਹੈ ਜੋ ਤੂੰ ਵਲਛਲ ਕਰਦਾ ਹੈਂ॥ ੧੦॥

ਲਾਗਜੋ ਏਕ ਅੰਕ ਹੀ ਕਲੰਕ ਮੁਖ ਤੇਰੇ ਅਬਿ, ਰਹੈ ਚਿਰਕਾਲ, ਦਹੈ ਚਿੱਤ ਕੁਲ ਸੁਨਿ ਸੁਨਿ।
ਖੋਟੋ ਤੁਝ ਜਾਨੈਂ, ਮੌਨ ਠਾਨੈ, ਨ ਬਖਾਨੈ ਕਛੁ, ਸੰਗਤਾਂ ਮਝਾਰ ਪਛੁਤਾਵੈਂ ਸੀਸ ਧੁਨਿਧੁਨਿ।
ਸੁਨੈਂ ਗੁਰਸਿੱਖ, ਦੀਨੀ ਬਾਲਕ ਕੋ ਬਿਖ ਇਨ, ਚਾਹੈਂਗੇ ਨ ਮੁਖ ਪਿਖਿ, ਦੋਸ਼ ਮਹਾਂ ਗੁਨਿ ਗਨਿ।
ਨਿੰਦ ਕੋ ਉਚਾਰੈਂ, ਤੇਰੀ ਕ੍ਰਿਤ ਕੋ ਧਿਕਾਰੈਂ ਸਭਿ, ਫੈਲੈ ਜਗ ਸਾਰੇ, ਭਨੈਂ ਆਪਸ ਮੈਂ ਪੁਨਿ ਪੁਨਿ' ॥੧੧॥

ਇਕ ਵਾਰ ਹੁਣ ਕਲੰਕ ਤੇਰੇ ਮੁੱਖ ਤੇ ਲੱਗ ਗਿਆ ਹੈ, ਇਹ ਹੁਣ ਬਹੁਤ ਦੇਰ ਤਕ ਰਹੇਗਾ, ਇਸ ਨੂੰ ਸੁਣ-ਸੁਣ ਕੇ ਕੁਲ ਦੇ ਚਿੱਤ ਸੜਨਗੇ। ਤੈਨੂੰ ਖੋਟਾ ਜਾਣ ਕੇ, ਚੁਪ ਕਰ ਰਹਿਣਗੇ, ਕੁਝ ਨਹੀਂ ਕਹਿਣਗੇ ਤੇ ਸੰਗਤਾਂ ਵਿਚ ਸਿਰ ਮਾਰ-ਮਾਰ ਕੇ ਪਛਤਾਵੇਂਗਾ। ਜਦ ਗੁਰਸਿੱਖ ਇਹ ਸੁਣਨਗੇ ਕਿ ਇਸ ਨੇ ਬਾਲਕ ਨੂੰ ਜ਼ਹਿਰ ਦਿੱਤੀ ਹੈ ਤਾਂ ਉਹ ਤੇਰੇ ਮੂੰਹ ਨਹੀਂ ਲਗਣਾ ਚਾਹੁਣਗੇ, ਅਤੇ ਸਾਰੇ ਲੋਕ ਤੈਨੂੰ ਮਹਾਂ ਦੋਸ਼ੀ ਸਮਝਣਗੇ। ਤੇਰੀ ਨਿੰਦਿਆ ਕਰਨਗੇ ਅਤੇ ਤੇਰੀ ਇਸ ਕਾਰ ਨੂੰ ਧਿਰਕਾਰਨਗੇ, ਸਾਰੇ ਜੱਗ ਵਿਚ ਇਹ ਖ਼ਬਰ ਫੈਲ ਜਾਵੇਗੀ ਤੇ ਸਾਰੇ ਲੋਕ ਆਪਸ ਵਿਚ ਮਿਲ ਕੇ ਗੱਲਾਂ ਕਰਨਗੇ' ॥ ੧੧॥

ਕ੍ਰੋਧ ਕਰਿ ਛੋਭ ਸੋਂ ਹੰਕਾਰ ਧਰਿ ਬੋਲਜੋ ਤਬਿ 'ਝੂਠੇ ਉਪਾਲੰਭ ਦੇਤਿ ਆਪ ਤੇ ਬਨਾਇ ਕਰਿ।
ਹਮਰੋ ਬਿਗਾਰਜੋ ਕਹਾਂ ਜਾਂ ਤੇ ਬਿਖ ਦੇਨਿ ਚਹਾ ਮੇਰੋ ਨਾਮ ਕੌਨ ਲੇਤਿ ਦ੍ਵੈਸ਼ ਉਪਜਾਇ ਕਰਿ ?।
ਕੋਊ ਨਹਿਂ ਪ੍ਰੇਰਜੋ ਕਬਿ, ਕੂਰ ਕਜੋਂ ਕਹਤਿ ਤੁਮ, ਦੇਖਿ ਨ ਸਕਹੁ ਤੁਹਮਤ ਕਜੋਂ ਉਠਾਇ ਕਰਿ।
[illegible] ਬਨਾਇਬ ਲੋਕਿ ਕੌਨ ਕਰਜੋ ਕਾਮ ਨਾਮ ਦੀਜੀਏ ਸੁਨਾਇ ਕਰਿ' ॥੧੨॥

ਇਹ ਸੁਣ ਕੇ ਪ੍ਰਿਥੀਆ ਬੜਾ ਕ੍ਰੋਧ ਕਰਕੇ ਅਤੇ ਹੰਕਾਰ ਧਾਰ ਕੇ ਬੋਲਿਆ, "ਆਪ ਹੀ ਗੱਲ ਬਣਾ ਕੇ ਮੈਨੂੰ ਝੂਠਾ ਉਲਾਹਮਾ ਦਿੰਦੇ ਹੋ, ਤੁਸੀਂ ਸਾਡਾ ਕੀ ਵਿਗਾੜਿਆ ਹੈ ਜਿਹੜਾ ਮੈਂ ਤੁਹਾਡੇ ਬੱਚੇ ਨੂੰ ਜ਼ਹਿਰ ਦੇਣਾ ਚਾਹੁੰਦਾ ਸੀ, ਕੌਣ ਈਰਖਾ ਕਰਕੇ ਮੇਰਾ ਨਾਂ ਲੈਂਦਾ ਹੈ ? ਮੈਂ ਕਦੀ ਵੀ ਕਿਸੇ ਨੂੰ ਨਹੀਂ ਪ੍ਰੇਰਿਆ, ਤੁਸੀਂ ਝੂਠ ਕਿਉਂ ਬੋਲਦੇ ਹੋ। ਜਦ ਮੈਨੂੰ ਵੇਖਿਆ ਹੀ ਨਹੀਂ ਹੈ ਤਾਂ ਝੂਠੀ ਤੁਹਮਤ ਕਿਉਂ ਲਾਉਂਦੇ ਹੋ। ਜਿਵੇਂ ਮਦਾਰੀ ਹੱਥ ਮਲ ਕੇ ਚੀਜ਼ਾਂ ਬਣਾ ਲੈਂਦਾ ਹੈ, ਉਸ ਤਰ੍ਹਾਂ ਤੁਸੀਂ ਗੱਲਾਂ ਬਣਾ ਲੈਂਦੇ ਹੋ। ਕਿਸ ਨੇ ਇਹ ਕੰਮ ਕੀਤਾ ਹੈ, ਉਸ ਦਾ ਮੈਨੂੰ ਨਾਂ ਦੱਸੋ" ॥ ੧੨ ॥

**ਬੋਲੇ ਗੁਰੂ ਅਰਜਨ 'ਸੇਵਕ ਉਠਹੁ ਅਬਿ, ਸਾਂਕੁਰ ਕੋ ਛੋਰਿਕੈ ਕਿਵਾਰੋਂ ਕੋ ਉਘਾਰ ਦੇਹੁ'।**
**ਤਾਤਕਾਲ ਉਠਿਕੈ ਨਿਕਾਰਜੋ ਦਿਜ, ਬੈਠੋ ਆਇ ਪ੍ਰਿਥੀਏ ਕੇ ਸਨਮੁਖ, ਚਪੇ ਦੋਊ ਚੋਰ ਜੇਹ।**
**ਲੋਚਨ ਕੋ ਜੋਰੈ ਨਹਿਂ, ਬੋਲਜੋ ਮੁਖ ਲੋਰੇ ਨਹਿਂ, ਛਪਨ ਕੋ ਟੋਰੈ ਦਾਵ, ਪਾਵਤਿ ਨ ਮਿਸਕੇਹ।**
**ਉਘਰਜੋ ਕਪਟ, ਜਾਤਿ ਨਿਘਰਜੋ ਪ੍ਰਿਥੀ ਕੇ ਬੀਚ, ਮੁਖ ਪੈ ਖੁਟਾਈ ਕੀ ਸ਼ਰਮ ਬਰਖਾਇ ਮੇਂਹ ॥੧੩॥**

ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜਾਓ ਕੁੰਡਾ ਖੋਲ੍ਹ ਕੇ, ਦਰਵਾਜ਼ਾ ਖੋਲ੍ਹ ਦੇਵੋ।" ਤੁਰਤ ਬ੍ਰਾਹਮਣ ਨੂੰ ਬਾਹਰ ਕੱਢ ਦਿੱਤਾ ਤੇ ਉਹ ਪ੍ਰਿਥੀਏ ਦੇ ਸਾਹਮਣੇ ਆ ਕੇ ਬੈਠ ਗਿਆ ਤੇ ਦੋਵੇਂ ਚੋਰ ਸ਼ਰਮਿੰਦੇ ਹੋ ਗਏ। ਦੋਵੇਂ ਇਕ ਦੂਸਰੇ ਨਾਲ ਅੱਖਾਂ ਨਹੀਂ ਮਿਲਾਉਂਦੇ ਸਨ ਅਤੇ ਕੁਝ ਬੋਲਣਾ ਵੀ ਨਹੀਂ ਚਾਹੁੰਦੇ ਸਨ, ਲੁਕਣ ਵਾਸਤੇ ਬਹਾਨਾ ਲੱਭਦੇ ਸਨ, ਪਰ ਕੋਈ ਵੀ ਬਹਾਨਾ ਨਹੀਂ ਲੱਭਦਾ ਸੀ। ਕਪਟ ਪ੍ਰਗਟ ਹੋ ਗਿਆ, ਪ੍ਰਿਥੀਆ ਧਰਤੀ ਦੇ ਵਿਚ ਨਿੱਘਰਦਾ ਜਾਂਦਾ ਸੀ। ਮੁਖ ਤੇ ਖੋਟੇਪਣ ਦੀ ਸ਼ਰਮ ਨੇ ਮੁੜ੍ਹਕਾ ਲਿਆ ਦਿੱਤਾ ॥ ੧੩ ॥

**ਬੋਲਜੋ ਦਿਜ 'ਮੂਢ ! ਕਜੋਂ ਕਰਾਯੋ ਥੋ ਕਪਟ ਗੂੜ੍ਹ, ਕੈਸੇ ਗੁਰਬੰਸ ਮੈਂ ਜਨਮ ਤੁਮ ਲੀਨਿਓਂ ?।**
**ਆਪ ਪਾਪ ਕੂਪ ਮੈਂ ਡੁਬਤਿ ਮੋਕੋ ਸੰਗ ਗਹਿ, ਕਰਾਮਾਤ ਸਾਹਿਬ ਸੋਂ ਬੈਰ ਬਡ ਕੀਨਿਓਂ।**
**ਕਿਮ ਨਿਬਹੋ ਗੇ ਦੂਊ ਲੋਕ ਸੁਖ ਖੋ ਗੇ, ਸਭਿ ਨਿੰਦਾ ਜੁਤ ਹੋਗੇ, ਦੁਖ ਭੋਗੋਗੇ, ਮਲੀਨਿਓਂ !।**
**ਮੁਕਰਤਿ ਕੈਸੇ ? ਮੋ ਸੋਂ ਕਹਜੋ ਰਾਤਿ ਜੈਸੇ ਅਬਿ ਸਭਿਨਿ ਮੈਂ ਤੈਸੇ ਕਹੁ, ਪਾਪ ਮੈਂ ਪ੍ਰਬੀਨਿਓਂ !' ॥੧੪॥**

ਫਿਰ ਬ੍ਰਾਹਮਣ ਬੋਲਿਆ, "ਹੇ ਮੂਰਖ ! ਐਡਾ ਵੱਡਾ ਕਪਟ ਮੈਥੋਂ ਕਿਉਂ ਕਰਵਾਇਆ, ਗੁਰੂ ਜੀ ਦੀ ਵੰਸ਼ ਵਿਚ ਤੂੰ ਕਿਵੇਂ ਜਨਮ ਧਾਰਨ ਕੀਤਾ ਹੈ ? ਆਪ ਤਾਂ ਪਾਪ ਦੇ ਖੂਹ ਵਿਚ ਡੁਬੇ ਹੋ, ਮੈਨੂੰ ਵੀ ਨਾਲ ਜਕੜ ਲਿਆ, ਕਰਾਮਾਤੀ ਸਾਹਿਬ ਦੇ ਨਾਲ ਤੂੰ ਵੱਡਾ ਵੈਰ ਕੀਤਾ ਹੈ। ਹੇ ਮਲੀਨ ਬੁੱਧੀ ਵਾਲੇ ! ਦੋਹਾਂ ਲੋਕਾਂ ਵਿਚ ਤੁਹਾਡਾ ਕਿਵੇਂ ਨਿਰਬਾਹ ਹੋਵੇਗਾ, ਤੁਹਾਡਾ ਸੁਖ ਜਾਂਦਾ ਰਿਹਾ ਹੈ, ਹੁਣ ਨਿੰਦਿਆ ਸਹਿਤ ਹੋ ਕੇ ਦੁਖ ਭੋਗੋਗੇ। ਹੇ ਚਤੁਰ ਪਾਪੀ ! ਕਿਵੇਂ ਮੁਕਰਦੇ ਹੋ ! ਜਿਵੇਂ ਮੈਨੂੰ ਰਾਤ ਨੂੰ ਕਿਹਾ ਸੀ, ਹੁਣ ਸਾਰਿਆਂ ਨੂੰ ਉਸ ਤਰ੍ਹਾਂ ਦੱਸੋ" ॥ ੧੪ ॥

**ਸੁਨਿਕੈ ਕੁਟਲ ਬਡੋ ਕਪਟ ਨ ਮਾਨੈ, ਪੁਨਿ ਲੋਚਨ ਨ ਨੀਚ ਕਰੈ, ਬੋਲਤਿ ਕਠੋਰ ਬੈਨ।**
**'ਕਹਾਂ ਭਯੋ ਦਿਜ ਕੋ ਸਿਖਾਇ ਕੈ ਕਹਾਯੋ ਕੂਰ, ਉਪਾਲੰਭ ਦੇਤਿ, ਤਪਤਾਵੈ ਮਨ ਮੋਹਿ ਭੈ ਨ।**
**ਨਿੰਦਾ ਕੋ ਬਿਥਾਰੈ ਜਗ, ਲੋਕਨ ਮੈਂ ਬਨੈ ਠਗ, ਆਪ ਕੋ ਪਜਾਵੈ, ਅਗ ਪਾਸ ਤੇ ਦਰਬ ਲੈਨ।**
**ਕਰੈ ਉਤਪਾਤਿ, ਮੈਂ ਨ ਡਰੋਂ ਇਨ ਬਾਤਨਿ ਤੇ, ਘਾਤ ਨਿਬਨਾਵੈ ਸਗਰੇਨ ਕੋ ਸੁਨਾਇ ਦੈਨਿ' ॥੧੫॥**

ਇਹ ਸੁਣ ਕੇ ਵੱਡਾ ਕੁਟਲਬਾਜ਼, ਆਪਣੇ ਕਪਟ ਨੂੰ ਨਾ ਮੰਨਿਆ, ਆਪਣੀਆਂ ਅੱਖਾਂ ਵੀ ਨੀਵੀਆਂ ਨਹੀਂ ਸੀ ਕਰਦਾ, ਬੜੀ ਕਠੋਰ ਆਵਾਜ਼ ਵਿਚ ਬੋਲਿਆ, "ਕੀ ਹੋ ਗਿਆ ਜੇ ਇਕ ਬ੍ਰਾਹਮਣ ਨੂੰ ਸਿਖਾ ਕੇ ਝੂਠ ਬੁਲਵਾ ਕੇ ਉਲਾਹਮਾ ਦੇ ਕੇ ਆਪਣੇ ਮਨ ਨੂੰ ਤ੍ਰਿਪਤ ਕਰ ਲਿਆ ਹੈ, ਪਰ ਮੈਨੂੰ ਇਸ ਦਾ ਕੋਈ ਡਰ ਨਹੀਂ ਹੈ। ਜੱਗ ਵਿਚ ਨਿੰਦਿਆ ਫੈਲਾਉਂਦੇ ਹੋ, ਲੋਕਾਂ ਵਿਚ ਠੱਗ ਬਣ ਕੇ ਆਪਣੀ ਪੂਜਾ ਕਰਵਾਉਂਦੇ ਹੋ ਤੇ ਮੂਰਖਾਂ ਪਾਸੋਂ ਧਨ ਲੈਂਦੇ ਹੋ। ਜਿਹੜਾ ਤੁਸੀਂ ਵੱਡਾ ਉਪੱਦਰ ਕਰਦੇ ਹੋ, ਉਸ ਤੋਂ ਮੈਂ ਨਹੀਂ ਡਰਦਾ, ਸਾਰਿਆਂ ਨੂੰ ਸੁਣਾਉਣ ਵਾਸਤੇ ਦਾਅ ਦੀ ਰਚਨਾ ਕਰਦੇ ਹੋ" ॥ ੧੫ ॥

ਜਾਨ ਬਡੋ ਢੀਠੁ, ਅਵਿਲੋਕ ਕੈ ਨਿਠੁਰ ਡੀਠ, 'ਪਾਪ ਯਾਂਕੋ ਮੀਠ ਹੈ' ਬਿਚਾਰਜੋ ਗੁਰੂ ਅਰਜਨ।
ਔਗੁਨ ਕਰਤ ਨਹੀਂ ਲਾਜ ਕੋ ਧਰਤਿ, ਪੁਨਿ ਬਕਤਿ ਕਠੋਰ, ਬਨੈ ਬਾਤਨ ਮੈਂ ਸੁਰਜਨ।
ਆਨਨ ਪੈ ਭਨੈ ਦਿਜ, ਮਾਨਤਿ ਨ, ਕਰੈ ਜਿਵ, ਉਲਟੋ ਸੁ ਕ੍ਰੋਧ ਹੋਤਿ ਦੁਰਮਤਿ ਦੁਰਜਨ।
ਜਾਂਕੈ ਹਿਤ ਪਾਪ ਧਰੈ, ਔਗੁਨ ਅਨੇਕ ਕਰੈ ਸੋ ਤੋ ਨਹੀਂ ਪਾਵੈ ਦਈ ਗੁਰਤਾ ਜੁ ਗੁਰ ਜਨ ॥੧੬॥

ਗੁਰੂ ਅਰਜਨ ਦੇਵ ਜੀ ਨੇ ਵਿਚਾਰਿਆ ਕਿ ਇਹ ਵੱਡਾ ਢੀਠ ਤੇ ਕਠੋਰ ਹੈ, ਇਸ ਨੂੰ ਕੇਵਲ ਪਾਪ ਹੀ ਮਿੱਠਾ ਲੱਗਦਾ ਹੈ। ਔਗੁਣ ਕਰਦਾ ਸ਼ਰਮ ਨਹੀਂ ਕਰਦਾ ਹੈ, ਫਿਰ ਕਠੋਰ ਬਕਵਾਸ ਕਰਦਾ ਹੈ ਅਤੇ ਗੱਲਾਂ ਵਿਚ ਚਤੁਰ ਬਣਦਾ ਹੈ। ਬ੍ਰਾਹਮਣ ਮੂੰਹ ਤੇ ਕਹਿ ਰਿਹਾ ਹੈ, ਪਰ ਮੰਨਦਾ ਨਹੀਂ, ਭੈੜੀ ਮੱਤ ਵਾਲਾ ਦੁਸ਼ਟ ਉਲਟਾ ਗੁੱਸਾ ਕਰਦਾ ਹੈ। ਆਪਣੇ ਹਿਤ ਵਾਸਤੇ ਪਾਪ ਕਰਦਾ ਹੈ, ਅਨੇਕ ਪ੍ਰਕਾਰ ਦੇ ਔਗੁਣ ਕਰਦਾ ਹੈ, ਉਸ ਗੁਰਤਾ ਨੂੰ ਤਾਂ ਪਾ ਨਹੀਂ ਸਕਦਾ ਜੋ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਦਿੱਤੀ ਹੈ॥ ੧੬॥

ਫੇਰ ਬੋਲਜੋ ਪਾਪ ਮਤਿ 'ਅਬਿ ਲੌ ਨ ਕੀਨ ਕੁਛ, ਉੱਦਮ ਕਰੈ ਹੌਂ ਅਸ ਅਧਿਕ ਬਿਚਾਰਿਕੈ।
ਪੁੱਤ੍ਰ ਕੇ ਸਮੇਤ ਤੋਹਿ ਜਮ ਕੇ ਨਿਕੇਤ ਪਠੌਂ ਕੋਊ ਦਿਨ ਬੀਤ, ਲੇਹੁ ਠੀਕ ਉਰਧਾਰਿਕੈ।
ਮੈਂ ਤੋ ਬਡੋ ਪੂਤ ਤਜਾਗ ਦੀਨਿਸਿ ਪਿਤਾ ਨੈ ਆਪ, ਬੈਸ ਮੇਂ ਅਲਪ ਲੀਨਿ ਗੁਰਤਾ ਹੰਕਾਰਕੈ।
ਕੋਈ ਤੋ ਕਰੈ ਗੋ ਨਜਾਇ, ਕੈਸੇ ਕੈ ਅੰਨਜਾਇ ਹੋਇ ਨਾਤੁਰ ਅੰਧੇਰ ਪਰੈ ਜਗ ਅਬਿਚਾਰ ਕੈ' ॥੧੭॥

ਪਾਪੀ ਮੱਤ ਵਾਲਾ ਫਿਰ ਬੋਲਿਆ, "ਹੁਣ ਤਕ ਤਾਂ ਮੈਂ ਕੁਝ ਨਹੀਂ ਕੀਤਾ, ਹੁਣ ਮੈਂ ਬਹੁਤ ਵਿਚਾਰ ਕੇ ਇਸ ਬਾਰੇ ਪੂਰਾ ਜ਼ੋਰ ਲਾਵਾਂਗਾ। ਤੇਰੇ ਪੁੱਤਰ ਸਮੇਤ ਤੈਨੂੰ ਜਮਾਂ ਦੇ ਘਰ ਵਿਚ ਭੇਜ ਦਵਾਂਗਾ, ਹਿਰਦੇ ਵਿਚ ਧਾਰ ਕੇ ਕੁਝ ਦਿਨ ਬੀਤ ਲੈਣ ਦੇਵੋ। ਮੈਂ ਤਾਂ ਵੱਡਾ ਪੁੱਤ ਸੀ, ਪਿਤਾ ਨੇ ਮੈਨੂੰ ਛੱਡ ਦਿੱਤਾ। ਤੂੰ ਉਮਰ ਵਿਚ ਮੈਥੋਂ ਛੋਟਾ ਸੀ, ਤੇ ਹੰਕਾਰ ਕਰਕੇ ਗੁਰਤਾ ਲੈ ਲਈ। ਕੋਈ ਤਾਂ ਨਿਆਂ ਕਰੇਗਾ, ਅਨਿਆਂ ਕਿਵੇਂ ਹੋਵੇਗਾ, ਨਹੀਂ ਤਾਂ ਸਾਰੇ ਜੱਗ ਵਿਚ ਵਿਚਾਰ ਤੋਂ ਬਿਨਾਂ ਹਨੇਰ ਨਾ ਪੈ ਜਾਵੇ"॥ ੧੭॥

ਸ੍ਰੀ ਗੁਰੂ ਬਖਾਨੀ 'ਕੁਛ ਨਈ ਨਹਿਂ ਰੀਤਿ ਠਾਨੀ, ਆਦਿ ਹੂੰ ਤੇ ਚਲੀ ਆਇ ਬਿਦਤ ਜਗੱਤ ਹੈ।
ਭਏ ਗੁਰੂ ਨਾਨਕ ਸਪੁੱਤ੍ਰ ਦੋਇ ਮਹਾਂ ਮਤ ਸੇਵਾ ਨਹਿਂ ਲਗੇ, ਲੀਨਿ ਸੇਵਾ ਜੋ ਲਗੱਤਿ ਹੈ।
ਦੂਜੇ ਗੁਰੂ ਅੰਗਦ ਉਦਾਰਚਿਤ ਗਜਾਨ ਰੂਪ ਦੋਨੋ ਸੁਤ ਦੀਨਿ ਨਹੀਂ, ਲੀਨਿ ਜੋ ਭਗਤਿ ਹੈ।
ਤੀਜੇ ਗੁਰੂ ਅਮਰ ਬਿਰਾਜੇ, ਤਿਨ ਦੋਇ ਨੰਦ ਛੂਛੇ ਰਹੇ, ਆਨ ਥਾਨ ਜੋਤਿ ਸੁ ਜਗਤਿ ਹੈ ॥੧੮॥

ਗੁਰੂ ਜੀ ਨੇ ਕਿਹਾ, "ਕੋਈ ਨਵੀਂ ਰੀਤੀ ਨਹੀਂ ਚੱਲੀ ਹੈ, ਆਦਿ ਤੋਂ ਚਲਦੀ ਆਈ ਜੱਗ ਵਿਚ ਪ੍ਰਗਟ ਹੈ। ਗੁਰੂ ਨਾਨਕ ਦੇਵ ਜੀ ਦੇ ਦੋ ਪੁੱਤਰ ਹੋਏ, ਦੋਵੇਂ ਬੜੇ ਬੁਧੀਮਾਨ ਸਨ, ਪਰ ਸੇਵਾ ਵਿਚ ਨਹੀਂ ਲੱਗੇ, ਜਿਹੜਾ ਸੇਵਾ ਵਿਚ ਲੱਗਿਆ, ਉਹ ਹੀ ਗੱਦੀ ਲੈ ਗਿਆ। ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੀ ਦੋ ਪੁੱਤਰ ਸਨ, ਪਰ ਉਦਾਰਚਿਤ ਗਿਆਨ ਰੂਪ ਗੁਰੂ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਨਹੀਂ ਦਿੱਤੀ, ਜਿਸ ਨੇ ਗੁਰਭਗਤੀ ਕੀਤੀ, ਉਹ ਗੱਦੀ ਲੈ ਗਿਆ। ਤੀਸਰੇ ਗੁਰੂ ਅਮਰਦਾਸ ਜੀ ਹੋਏ, ਉਨ੍ਹਾਂ ਦੇ ਦੋਵੇਂ ਪੁੱਤਰ ਖਾਲੀ ਰਹੇ, ਹੋਰ ਥਾਂ ਤੋਂ ਆ ਕੇ ਜੋਤ ਜਗ ਪਈ ਹੈ॥ ੧੮॥

ਚੌਥੇ ਗੁਰੂ ਰਾਮਦਾਸ ਪਰਮ ਪ੍ਰਕਾਸ਼ਵਾਨ, ਸੇਵਾ ਕਰੀ ਜਾਨਿਕੈ ਬਿਠਾਇ ਗਾਦੀ ਹਮ ਕੋ।
ਜਥਾ ਜੋਗ ਜਾਨੈ, ਕੋ ਅਜੋਗ ਕੋ ਬਖਾਨੈ ਇਸੁ, ਜਹਾਂ ਕਹਾਂ ਮਾਨੈ ਨਹਿਂ ਪਾਵੈ ਅਬਿ ਤੁਮ ਕੋ।
ਈਰਖਾ ਕਰੇ ਤੇ ਏਕ ਰਿਦੇ ਕੋ ਸੰਤਾਪ ਲੇਹਿ, ਦੇਖਿ ਦੇਖਿ ਪਾਇ ਦੁਖਿ, ਪਾਇ ਨਹੀ ਸਮ ਕੋ।
[illegible] ਅਨੇਕ ਤੇ ਬਿਬੇਕ ਹੀਨ ਜਾਨ ਹੈ ਨ ਕੈਸੇ ਕਾਜ ਧਾਰਿ ਹੈ, ਬਿਚਾਰ, ਤਜਾਗ ਗ਼ਮ ਕੋ' ॥੧੯॥

Sri Satguru Jagjit Singh Ji eLlibrary NamdhariElibrary@gmail.com

ਚੌਥੇ ਗੁਰੂ ਰਾਮਦਾਸ ਪਰਮ ਪ੍ਰਕਾਸ਼ਵਾਨ ਸਨ, ਮੇਰੀ ਸੇਵਾ ਨੂੰ ਜਾਣ ਕੇ ਮੈਨੂੰ ਗੱਦੀ ਤੇ ਬਿਠਾ ਦਿੱਤਾ। ਯਥਾ-ਯੋਗ ਜਾਣ ਕੇ ਵੀ, ਅਯੋਗ ਗੱਲ ਕਰਦਾ ਹੈਂ, ਜਿਥੇ-ਕਿਥੇ ਵੀ ਤੈਨੂੰ ਨਹੀਂ ਮੰਨਣਗੇ ਤੇ ਗੁਰਤਾ ਤੈਨੂੰ ਪ੍ਰਾਪਤ ਨਹੀਂ ਹੋਵੇਗੀ। ਈਰਖਾ ਕਰਕੇ ਆਪਣੇ ਹਿਰਦੇ ਵਿਚ ਦੁੱਖ ਪ੍ਰਾਪਤ ਕਰਦਾ ਹੈਂ, ਵੇਖ-ਵੇਖ ਕੇ ਦੁੱਖ ਪਾਉਂਦਾ ਹੈਂ, ਪਰ ਬਰਾਬਰੀ ਨਹੀਂ ਪਾ ਸਕਦਾ। ਅਨੇਕ ਯਤਨ ਕਰਨ ਨਾਲ ਵੀ ਗਿਆਨਹੀਣ ਕਦੇ ਵੀ ਗੁਰੂ ਨਹੀਂ ਬਣ ਸਕਦਾ। ਕ਼ਾਮ ਨੂੰ ਛੱਡ ਕੇ ਵਿਚਾਰ ਕਰ ਕੇ ਵੇਖ ਕਿ ਕਿਵੇਂ ਤੂੰ ਗੁਰਤਾ ਦੇ ਭਾਰ ਨੂੰ ਧਾਰ ਸਕਦਾ ਹੈਂ ?"॥ ੧੯॥

**ਸੁਨਿ ਕੈ ਸੁ ਪਾਯੋ ਦੁਖਿ, ਬੋਲਯੋ ਕਰਿ ਲਾਲ ਮੁਖਿ 'ਬੈਠਨਿ ਨ ਦੇਊਂ ਸੁਖਿ ਬਾਤਿ ਜੋ ਬਨਾਈ ਅਬਿ।**
**ਲਘੁਨ ਕੇ ਪਾਸ ਤੇ ਖਸੋਟਤੇ ਜੋ ਬਲੀ ਹੋਇ ਜੈਸੇ ਕੈਸੇ ਮਾਰ ਲੇਤਿ, ਜਾਨਤਿ ਹੈਂ ਲੋਕ ਸਬਿ।**
**ਪਿਤਾ ਕੀ ਕਰੀ ਕੋ ਫੇਰ ਦੇਤਿ ਹੈਂ ਸੁ ਬਲ ਪਾਇ, ਤਿਸੀ ਅਨੁਸਾਰ ਬਨ ਜਾਤਿ ਹੈ ਕਹੈਂ ਜੁ ਸਬਿ।**
**ਨਿਬਲ ਪੈ ਛੋਰੈ ਕੌਨ, ਮੈਤੋ ਰਹਯੋ ਮੋਨਿ ਧਰਿ, ਦੇਖਿ ਹੈਂ ਤਮਾਸ਼ੋ ਅਬਿ ਜੋਰਿ ਕਰਿ ਲੇਊਂ ਜਬਿ' ॥ ੨੦ ॥**

ਇਹ ਸੁਣ ਕੇ ਪ੍ਰਿਥੀਆ ਬੜਾ ਦੁਖੀ ਹੋਇਆ, ਮੂੰਹ ਲਾਲ ਕਰਕੇ ਬੋਲਿਆ, "ਹੁਣ ਤੂੰ ਜਿਹੜੀ ਸੁਖ ਪਾਉਣ ਵਾਲੀ ਗੱਲ ਬਣਾਈ ਹੈ, ਮੈਂ ਤੈਨੂੰ ਬੈਠਣ ਨਹੀਂ ਦੇਵਾਂਗਾ। ਸਾਰੇ ਲੋਕ ਜਾਣਦੇ ਹਨ ਕਿ ਜਿਹੜੇ ਬਲਵਾਨ ਹੁੰਦੇ ਹਨ, ਉਹ ਮਾੜਿਆਂ ਨੂੰ ਮਾਰ ਕੇ ਸਭ ਕੁਝ ਖੋਹ ਲੈਂਦੇ ਹਨ, ਜਿਹੜੇ ਬਲਵਾਨ ਹੁੰਦੇ ਹਨ, ਉਹ ਪਿਤਾ ਦੀ ਕੀਤੀ ਨੂੰ ਆਪਣੇ ਬਲ ਨਾਲ ਬਦਲ ਦਿੰਦੇ ਹਨ ਅਤੇ ਫਿਰ ਉਸੇ ਦੀ ਆਗਿਆ ਅਨੁਸਾਰ ਬਣ ਜਾਂਦਾ ਹੈ। ਨਿਰਬਲ ਪਾਸ ਕੌਣ ਛੱਡਦਾ ਹੈ, ਮੈਂ ਤਾਂ ਹੁਣ ਤੱਕ ਚੁਪ ਰਿਹਾ ਹਾਂ, ਹੁਣ ਤੁਸੀਂ ਤਮਾਸ਼ਾ ਵੇਖਣਾ, ਮੈਂ ਜ਼ੋਰ ਨਾਲ ਗੁਰਤਾ ਪ੍ਰਾਪਤ ਕਰਾਂਗਾ"॥ ੨੦॥

**'ਬਲੀਜੇ ਅਨੀਤਿ ਕਰੈ, ਮਤਿ ਬਿੱਪ੍ਰੀਤ ਧਰੈ, ਤਾਂਕੋ ਪ੍ਰਭੁ ਹਰੈ, ਹਾਰ ਜਾਤਿ ਹੈ ਹੰਕਾਰ ਤੇ।**
**ਭਯੋ ਹਰਨਾਖਸ ਪ੍ਰਹਲਾਦ ਸੋਂ ਵਿਰੋਧੀ ਬਡੋ, ਇੰਦ੍ਰ ਕੋ ਨਿਕਾਸ ਦੀਨਿ ਆਯੁਧ ਪ੍ਰਹਾਰ ਤੇ।**
**ਸਹਿ ਨ ਸਕਹਿ ਜਗਤੇਸ਼ ਨਰਸਿੰਘ ਭਯੋ ਲਾਗੀ ਨ ਬਿਲੰਬ ਕੁਛ ਨਖਨ ਸੋ ਮਾਰਤੇ।**
**ਬਹੁਰ ਸੁਗ੍ਰੀਵ ਸੰਗ ਬਾਲੀ ਬਲ ਕੀਨਿ ਮਹਾਂ, ਰਾਮਚੰਦ ਆਗੇ ਨਹੀਂ ਅਟਕਿਓ ਬਿਦਾਰਤੇ ॥੨੧ ॥**

ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ, "ਬਲੀ ਜੇ ਅਨੀਤੀ ਕਰੇ ਅਤੇ ਉਲਟੀ ਮੱਤ ਧਾਰਨ ਕਰੇ, ਉਸ ਨੂੰ ਪ੍ਰਭੂ ਖਤਮ ਕਰ ਦਿੰਦਾ ਹੈ, ਉਹ ਫਿਰ ਹੰਕਾਰ ਤੋਂ ਹਾਰ ਜਾਂਦਾ ਹੈ। ਹਰਨਾਖਸ਼ ਪ੍ਰਹਿਲਾਦ ਦਾ ਵੱਡਾ ਵਿਰੋਧੀ ਹੋ ਗਿਆ ਸੀ ਤੇ ਉਸ ਇੰਦਰ ਨੂੰ ਸ਼ਸਤਰ ਮਾਰ ਕੇ ਸਵਰਗ ਵਿਚੋਂ ਕੱਢ ਦਿੱਤਾ ਸੀ। ਪਰ ਜਗਤ ਦੇ ਈਸ਼ਵਰ ਇਹ ਸਹਿ ਨਾ ਸਕੇ ਤੇ ਤੁਰਤ ਕਿਸੇ ਦੇਰ ਬਗੈਰ ਨਰਸਿੰਘ ਦਾ ਰੂਪ ਧਾਰ ਕੇ ਹਰਨਾਖਸ਼ ਨੂੰ ਨੌਂਹਾਂ ਨਾਲ ਮਾਰ ਦਿੱਤਾ। ਫਿਰ ਸੁਗਰੀਵ ਨਾਲ ਬਾਲੀ ਨੇ ਆਪਣੇ ਬਲ ਦੇ ਜ਼ੋਰ ਨਾਲ ਬਹੁਤ ਜ਼ੁਲਮ ਕੀਤਾ, ਪਰ ਰਾਮ ਚੰਦਰ ਦੇ ਅੱਗੇ ਅਟਕ ਨਹੀਂ ਸਕਿਆ, ਉਨ੍ਹਾਂ ਉਸ ਨੂੰ ਮਾਰ ਦਿੱਤਾ॥ ੨੧॥

**ਕਪਟ ਪ੍ਰਬੀਨ ! ਏ ਪੁਰਾਤਨ ਕਹਾਨੀ ਸੁਨਿ, ਔਰ ਭਯੋ ਰਾਵਨ ਬਿਸਾਲ ਬਲਵਾਨ ਹੈ।**
**ਜਹਾਂ ਕਹਾਂ ਓਜ ਤੇ ਅਨੀਤਿ ਮਹਾਂ ਠਾਨੀ ਜਗ, ਇੰਦ੍ਰ ਆਦਿ ਦੇਵ, ਨਰ ਦੇਵਨ ਕੋ ਹਾਨ ਹੈ।**
**ਤਾਪਸੀ ਸੁ ਬੇਸ ਧਰਿ ਰਾਘਵ ਬਿਸ਼ੇਸ਼ ਬਲ ਕੁਟੰਬ ਅਸੇਸ ਜੁਤ ਕੀਨ ਅਵਸਾਨ ਹੈ।**
**ਗੰਜਨ ਗਰਬ, ਰਿਪੁ ਭੰਜਨ ਬਿਲੰਦ ਓਜ, ਰੰਜਨ ਭਗਤ ਮਧੁਸੂਦਨ ਕੀ ਬਾਨ ਹੈ॥ ੨੨ ॥**

ਹੇ ਚਤੁਰ ਕਪਟੀ ! ਇਕ ਪੁਰਾਤਨ ਕਹਾਣੀ ਸੁਣੋ, ਇਕ ਰਾਵਣ ਨਾਮੀ ਰਾਜਾ ਬਹੁਤ ਵੱਡਾ ਬਲਵਾਨ ਹੋਇਆ ਹੈ। ਜਿਥੇ ਕਿਥੇ ਪਾਪ ਅਤੇ ਅਨੀਤੀ ਦਾ ਪਰਸਾਰਨ ਕੀਤਾ ਹੋਇਆ ਸੀ, ਇੰਦਰ ਆਦਿ ਦੇਵਤਿਆਂ, ਮਨੁੱਖਾਂ ਅਤੇ ਰਿਸ਼ੀਆਂ ਨੂੰ ਦੁਖੀ ਕੀਤਾ ਸੀ। ਸ੍ਰੀ ਰਾਮਚੰਦਰ ਨੇ ਸਾਰੇ ਕੁਟੰਬ ਸਮੇਤ ਰਾਵਣ ਦਾ ਨਾਸ਼ ਕਰ ਦਿੱਤਾ। ਘੁਮੰਡ ਦਾ ਨਾਸ਼ ਕਰਨ ਵਾਲੇ, ਵੱਡੇ-ਵੱਡੇ ਬਲੀ ਵੀਰਾਂ ਦਾ ਨਾਸ਼ ਕਰਨ ਵਾਲੇ ਪਮੇਸ਼ਵਰ ਦਾ ਭਗਤਾਂ ਨੂੰ ਪਸੰਨ ਕਰਨ ਦੀ ਸਾਨ ਹੈ॥ ੨੨॥

ਪਾਪਮਤੀ! ਔਰ ਸੁਨਿ ਗੁਨਿ ਮਧੁ ਸੂਦਨ ਕੇ, ਭਯੋ ਹੈ ਦ੍ਰਜੋਧਨ ਨਰੇਸ਼ ਕੌਰਵਾਨ ਕੋ।
ਪਾਂਡਵ ਨਿਕਾਰਿਕੈ ਹੰਕਾਰ ਕੋ ਉਦਾਰ ਕਰਿ, ਸਾਰੋ ਰਾਜ ਲੀਨਿ ਜਾਨੈ ਮੋਹਿ ਨ ਸਮਾਨ ਕੋ।
ਬਲ ਤੇ ਅਨੀਤਿਕਰਿ, ਬੁਧਿ ਬਿੱਪ੍ਰੀਤਿ ਕਰਿ, ਭਾਨੁਜ ਕੋ ਮੀਤ ਕਰਿ ਮਹਾਂ ਮਨ ਮਾਨ ਕੋ।
ਜੰਗ ਬੀਚ ਹਾਰਯੋ,ਮਾਰ ਡਾਰਯੋ,ਨ ਸੰਭਾਰਯੋਬਲ,ਕੌਨ ਨ ਬਿਦਾਰਯੋ ਜੋ ਹੰਕਾਰਯੋਅਘ ਠਾਨਿ ਕੋ ॥੨੩॥

ਹੇ ਪਾਪੀ ਮੱਤ ਵਾਲੇ! ਪ੍ਰਮੇਸ਼ਵਰ ਦੇ ਹੋਰ ਗੁਣ ਸੁਣੋ, ਕੌਰਵਾਂ ਦਾ ਦਰਯੋਧਨ ਨਾਮੀ ਵੱਡਾ ਰਾਜਾ ਹੋਇਆ ਹੈ, ਉਸ ਪਾਂਡਵਾਂ ਨੂੰ ਕੱਢ ਕੇ, ਵੱਡਾ ਹੰਕਾਰ ਧਾਰ ਕੇ, ਸਾਰਾ ਰਾਜ ਖੋਹ ਲਿਆ ਤੇ ਇਹ ਸਮਝਿਆ ਕਿ ਉਸ ਵਰਗਾ ਦੂਸਰਾ ਹੋਰ ਕੋਈ ਨਹੀਂ ਹੈ। ਤਾਕਤ ਨਾਲ ਅਨੀਤੀ ਕਰਕੇ ਅਤੇ ਉਲਟ ਮੱਤ ਧਾਰ ਕੇ ਅਤੇ ਕਰਣ ਨੂੰ ਮਿੱਤਰ ਬਣਾ ਕੇ ਮਨ ਵਿਚ ਹੰਕਾਰ ਕੀਤਾ। ਪਰ ਜੰਗ ਵਿਚ ਹਾਰ ਗਿਆ, ਮਾਰਿਆ ਗਿਆ, ਆਪਣਾ ਬਲ ਸੰਭਾਲ ਨਾ ਸਕਿਆ। ਕਿਸ ਨੂੰ ਨਹੀਂ ਮਾਰਿਆ ਜਿਸ ਵੀ ਹੰਕਾਰ ਕਰਕੇ ਪਾਪ ਕੀਤੇ ਹਨ? ॥੨੩॥

ਬਡੇ ਬਡੇ ਗਿਨੈ ਲਘੁ ਭਏ ਤਿਨ ਕੌਨ ਭਨੈ, ਦੁੱਜਨ ਗੁਮਾਨੀ ਹਨੈ, ਬਾਨ ਭਗਵਾਨ ਕੀ।
ਤੂੰ ਤੋ ਏਕ ਜੰਤ ਕਹਾਂ ਬਲ ਕੋ ਗਰਬ ਧਰੈਂ, ਬਾਂਕੋ ਰੋਮ ਹੋਇ ਹੈ ਨ ਜਤਨ ਮਹਾਨ ਕੀ।
ਸਗਰੇ ਤੁਰਕ ਮਿਲਿ ਆਵੈਂ ਨ ਗੁਰਾਈ ਪਾਵੈਂ ਬਾਦ ਸਭਿ ਜਾਵੈਂ, ਪਛੁਤਾਵੈਂ ਹਿਤ ਹਾਨ ਕੀ।
ਐਸੇ ਮਨ ਜਾਨਿ ਕੈ,ਬਿਚਾਰ ਉਰ ਠਾਨਿਕੈ, ਸਮਝ ਲੇਹੁ ਸਜਾਨਿ ਕੈ,ਸਮਾਨ ਮਤਿਵਾਨ ਕੀ ॥੨੪॥

ਵੱਡੇ-ਵੱਡੇ ਗਿਣੇ ਹਨ, ਜਿਹੜੇ ਛੋਟੇ ਹੋਏ ਹਨ, ਉਨ੍ਹਾਂ ਬਾਰੇ ਕੋਈ ਕੀ ਕਹੇ, ਭਗਵਾਨ ਨੇ ਸਭ ਪਾਪੀਆਂ ਅਤੇ ਹੰਕਾਰੀਆਂ ਨੂੰ ਮਾਰ ਦਿੱਤਾ। ਤੂੰ ਤਾਂ ਇਕ ਸਾਧਾਰਣ ਮਨੁੱਖ ਹੈਂ, ਕਿਹੜੇ ਬਲ ਤੇ ਘੁਮੰਡ ਕਰਦਾ ਹੈਂ, ਕਿੰਨੇ ਵੀ ਮਹਾਨ ਯਤਨ ਕਰਕੇ ਵੇਖ ਲੈ, ਸਾਡਾ ਵਾਲ ਵਿੰਗਾ ਨਹੀਂ ਹੋਵੇਗਾ। ਭਾਵੇਂ ਸਾਰੇ ਤੁਰਕ ਮਿਲ ਕੇ ਆ ਜਾਣ, ਤੈਨੂੰ ਗੁਰਿਆਈ ਨਹੀਂ ਮਿਲੇਗੀ, ਸਾਰੇ ਯਤਨ ਵਿਅਰਥ ਜਾਣਗੇ ਤੇ ਆਪਣਾ ਨੁਕਸਾਨ ਹੋਣ ਤੇ ਸਾਰੇ ਪਛਤਾਉਣਗੇ। ਮਨ ਵਿਚ ਇਸ ਤਰ੍ਹਾਂ ਜਾਣ ਕੇ, ਹਿਰਦੇ ਵਿਚ ਵਿਚਾਰ ਕਰ ਅਤੇ ਇਸ ਸਿਆਣਪ ਨੂੰ ਬੁੱਧੀਵਾਨਾਂ ਵਾਂਗ ਸਮਝ ਲਵੇ॥ ੨੪॥

ਦੋਹਰਾ-ਰਕਤ ਨੈਨ ਦੁਰਬੈਨ ਕਹਿਂ, 'ਭੈ ਨ ਹਮੈ, ਛਲ ਐਨ!।
ਪਾਇ ਹੈਂ ਨ ਕੁਛ ਲਾਭ ਕੋ, ਰੈਨ ਸੈਨ ਕਰਿ ਚੈਨ' ॥੨੫॥

ਹੇ ਛਲ ਦੇ ਘਰ! ਲਾਲ ਅੱਖਾਂ ਕੱਢ ਕੇ ਦੁਰਬਚਨ ਕਹਿੰਦਾ ਹੈਂ, ਸਾਨੂੰ ਕੋਈ ਡਰ ਨਹੀਂ, ਤੈਨੂੰ ਇਸ ਤੋਂ ਕੋਈ ਲਾਭ ਪ੍ਰਾਪਤ ਨਹੀਂ ਹੋਣਾ ਹੈ, ਰਾਤ ਨੂੰ ਚੈਨ ਨਾਲ ਸੌਇਆਂ ਕਰ" ॥੨੫॥

*ਕਬਿੱਤ*-ਸੁਨਿ ਜਰ ਗਯੋ, ਦੁਖ ਖਿਯੋ ਤਪਤਯੋ ਉਰ ਪ੍ਰਿਥੀਆ ਕਹਤਿ ਭਯੋ ਆਂਖੇ ਕਰਿ ਲਾਲ ਕੋ।
'ਪ੍ਰਿਥੀਆ ਕਹਾਵੋਂ ਤਬ, ਪੁੱਤ੍ਰ ਕੇ ਸਮੇਤ ਜਬਿ ਤੁਮਰੋ ਬਿਨਾਸ਼ ਕਰੋਂ, ਸਾਲਤਿ ਬਿਸਾਲ ਕੋ।
ਜਾਇ ਦਿੱਲੀ ਪੁਰਿ ਮੈਂ ਪੁਕਾਰੋਂ ਜਹਾਂਗੀਰ ਆਗੇ,ਸਗਰੀ ਅਨੀਤ ਕੋ ਸੁਨਾਵੋਂ ਤੋਹਿ ਹਾਲ ਕੋ।
ਮੈਂ ਤੋ ਠਾਨਿ ਟਾਲ ਕੋ, ਨ ਆਨਯੋ ਇਤ ਖਯਾਲ ਕੋ, ਕਰੋਂ ਸੁ ਅਬਿ ਘਾਲਿ ਕੋ ਤੁਰਕ ਪਠੋਂ ਜਾਲ ਕੋ ॥੨੬॥

ਇਹ ਸੁਣ ਕੇ ਪ੍ਰਿਥੀਆ ਸੜ ਗਿਆ, ਬੜਾ ਦੁੱਖੀ ਹੋਇਆ, ਹਿਰਦਾ ਬੜਾ ਤਪਿਆ, ਫਿਰ ਲਾਲ ਅੱਖਾਂ ਕੱਢ ਕੇ ਕਹਿਣ ਲੱਗਾ, "ਮੈਂ ਤਦ ਪ੍ਰਿਥੀਆ ਕਹਾਵਾਂਗਾ, ਜਦ ਪੁੱਤਰ ਦੇ ਸਮੇਤ ਤੇਰੇ ਵੱਡੇ ਦੁਖਦਾਈ ਦਾ ਨਾਸ਼ ਕਰ ਦੇਵਾਂਗਾ। ਦਿੱਲੀ ਵਿਚ ਜਾ ਕੇ ਮੈਂ ਜਹਾਂਗੀਰ ਦੇ ਅੱਗੇ ਪੁਕਾਰ ਕਰਾਂਗਾ, ਸਾਰੀ ਅਨੀਤੀ ਦਾ ਹਾਲ ਉਸ ਨੂੰ ਸੁਣਾਵਾਂਗਾ, ਮੈਂ ਤਾਂ ਪਹਿਲਾਂ ਇਸ ਗੱਲ ਨੂੰ ਟਾਲ ਦਿੱਤਾ ਸੀ। ਇਸ ਖਿਆਲ ਨੂੰ ਮਨ ਵਿਚ ਨਹੀਂ ਲਿਆਂਦਾ ਸੀ, ਉਹ ਕੰਮ ਹੁਣ ਮੈਂ ਕਰਾਂਗਾ ਤੇ ਬਹੁਤ ਤੁਰਕ

ਭਾਰਜਾ ਤਨੁਜ ਕੇ ਸਮੇਤ ਤਿਸੀ ਥਾਨ ਬੈਠਿ ਪਕਰ ਮੰਗਾਊਂ ਖੇਦ ਸਾਥ ਤਤਕਾਲ ਕੋ।
ਦੁਖਤਿ ਪੁਕਾਰੈਂ ਜਬਿ, ਛੂਟਬੋ ਨ ਹੋਇ ਕਿਮ, ਤਬਿ ਫਲ ਪੈਹੈਂ ਮੇਰੀ ਆਂਖ ਭਈ ਲਾਲ ਕੋ।
ਗੁਰਤਾ ਨ ਛੋਰੌਂ ਫੇਰ ਲੈਹੌਂ ਕਰਿ ਜੋਰ ਮਹਾਂ, ਸੁਖ ਸੋਂ ਸੁਪਤ ਸਿੰਘ ਛੇਰਜੋ ਤੈਂ ਕਰਾਲ ਕੋ।
ਜੈਸੇ ਹਾਥ ਨਾਲ ਕੋ ਪਕਰ ਲੇ ਬਿਸਾਲ ਕੋ ਨ ਜਾਨੈ ਬਿਖੀ ਬਜਾਲ ਕੋ, ਸੁ ਐਸੇ ਜਾਨ ਹਾਲ ਕੋ ॥੨੭॥

ਤੁਰਤ ਪਤਨੀ ਅਤੇ ਪੁੱਤਰ ਸਮੇਤ ਫੜ ਕੇ ਓਥੇ ਮੰਗਵਾਵਾਂਗਾ। ਜਦ ਦੁਖੀ ਹੋ ਕੇ ਪੁਕਾਰ ਕਰੋਗੇ, ਕਿਸੇ ਤਰ੍ਹਾਂ ਵੀ ਛੁਟਕਾਰਾ ਨਹੀਂ ਹੋਵੇਗਾ, ਤਦ ਮੇਰੀਆਂ ਲਾਲ ਹੋਈਆਂ ਅੱਖਾਂ ਨੂੰ ਫਲ ਪ੍ਰਾਪਤ ਹੋ ਜਾਵੇਗਾ, ਫਿਰ ਮੈਂ ਗੁਰਤਾ ਨਹੀਂ ਛੱਡਾਂਗਾ, ਮਹਾਨ ਜ਼ੋਰ ਲਾ ਕੇ ਪ੍ਰਾਪਤ ਕਰਾਂਗਾ, ਤੂੰ ਸੁਖ ਨਾਲ ਸੁੱਤੇ ਵਿਕਰਾਲ ਸ਼ੇਰ ਨੂੰ ਛੇੜਿਆ ਹੈ। ਜਿਵੇਂ ਕੋਈ ਵੱਡੇ ਸੱਪ ਨੂੰ ਹੱਥ ਨਾਲ ਫੜ ਲਵੇ, ਐਸੇ ਆਪਣੇ ਹਾਲ ਨੂੰ ਜਾਣੋ" ॥ ੨੭॥

ਸ੍ਰੀ ਗੁਰੂ ਬਖਾਨੀ'ਜਗਦੀਸ਼ ਜਿਮ ਠਾਨੀ ਬਿਧਿ, ਸੋਈ ਹਮ ਮਾਨੀ ਸੁਖ ਖਾਨੀ ਮਨ ਜਾਨਿ ਕੈ।
ਸ੍ਰੀ ਹਰਿ ਗੋਬਿੰਦ ਇਨ ਪੋਤ੍ਰ ਹ੍ਵੈ ਬਿਲੰਦ ਬਲੀ, ਪੰਥ ਕੋ ਪ੍ਰਕਾਸੈ ਗੋ ਬਿਸਾਲ ਤੇਜ ਸਾਨ ਕੈ।
ਸਿੱਖਨ ਕੋ ਸਿਖ ਤੇਰੋ ਬੰਸ ਬਨ ਜੈ ਹੈ ਮਿਲਿ, ਪਾਇ ਅਸ ਹੀਨਤਾ ਜੁ ਭਾਖੈਂ ਤੂੰ ਮਹਾਨ ਕੈ।
ਅਚਲ ਕਲੰਕ ਤੇਰੇ ਅਮਿਟ ਮਯੰਕ ਕੇ ਜਜੋਂ, ਸੁਨਿ ਸੁਨਿ ਦੁਖੇ ਤੇਰੋ ਦੋਸ਼ ਬੁਰੋ ਮਾਨਿ ਕੈ ॥੨੮॥

ਗੁਰੂ ਜੀ ਨੇ ਕਿਹਾ, "ਪ੍ਰਭੂ ਜਿਵੇਂ ਕਰਦੇ ਹਨ, ਅਸੀਂ ਉਸ ਤਰ੍ਹਾਂ ਹੀ ਸੁਖਦਾਇਕ ਜਾਣ ਕੇ ਮਨ ਵਿਚ ਮੰਨਦੇ ਹਾਂ। ਸ੍ਰੀ ਹਰਿਗੋਬਿੰਦ ਦਾ ਪੋਤਰਾ ਵੱਡਾ ਬਲਵਾਨ ਬਲੀ ਹੋਵੇਗਾ ਜਿਹੜਾ ਨਵੇਂ ਪੰਥ ਦਾ ਪ੍ਰਕਾਸ਼ ਕਰੇਗਾ, ਜਿਹੜਾ ਵਿਸ਼ਾਲ ਤੇਜ ਵਾਲਾ ਹੋਵੇਗਾ। ਤੇਰੀ ਵੰਸ ਸਿੱਖਾਂ ਦੇ ਸਿੱਖ ਮਿਲ ਕੇ ਬਣ ਜਾਣਗੇ, ਉਨ੍ਹਾਂ ਮਹਾਨ ਸੂਰਬੀਰਾਂ ਬਾਰੇ ਜੇ ਤੂੰ ਇਸ ਤਰ੍ਹਾਂ ਕਹਿੰਦਾ ਹੈਂ ਤਾਂ ਮਹਾਨ ਹੀਨਤਾ ਪ੍ਰਾਪਤ ਕਰੇਂਗਾ। ਤੈਨੂੰ ਲੱਗੇ ਕਲੰਕ, ਚੰਦ ਨੂੰ ਲੱਗੇ ਕਲੰਕ ਵਾਂਗ ਅਮਿਟ ਹਨ , ਤੇਰੇ ਦੋਸ਼ਾਂ ਨੂੰ ਬੁਰਾ ਜਾਣ ਕੇ ਸਿੱਖ ਸੁਣ ਸੁਣ ਕੇ ਦੁੱਖੀ ਹੋਣਗੇ ॥ ੨੮॥

ਦੋਹਰਾ- ਕਰਤਿ ਪਾਪ ਸੁਕਚਤਿ ਨਹੀਂ ਦੁਰਮਤਿ ਮਤਸਰ ਧਾਰਿ।
ਬਨਿ ਬਨਿ ਦੀਨਿ ਸੁ ਬੇਨਤੀ ਭਾਖਹੁ ਤੁਰਕ ਅਗਾਰ' ॥ ੨੯॥

ਭੈੜੀ ਮੱਤ ਅਤੇ ਅਹੰਕਾਰ ਧਾਰ ਕੇ ਪਾਪ ਕਰਨ ਤੋਂ ਤੂੰ ਹਟਦਾ ਨਹੀਂ ਹੈਂ, ਗਰੀਬ ਮਸਕੀਨ ਬਣ ਕੇ ਤੁਰਕਾਂ ਅੱਗੇ ਜਾ ਕੇ ਬੇਨਤੀਆਂ ਕਰਦਾ ਹੈਂ" ॥ ੨੯॥

ਅਧਿਕ ਸਪਰਧਾ ਬਧਿ ਚਲੀ ਕਹਿ ਸੁਨਿ ਬਾਕ ਕਠੋਰ।
ਗਾਰਿ ਦੇਤਿ ਪ੍ਰਿਥੀਆ ਉਠਜੋ ਗਮਨਜੋ ਨਿਜ ਘਰ ਓਰ ॥੩੦॥

ਕਠੋਰ ਸ਼ਬਦ ਕਹਿ ਸੁਣ ਕੇ ਈਰਖਾ ਹੋਰ ਵੱਧ ਗਈ। ਪ੍ਰਿਥੀਆ ਗਾਲ੍ਹਾਂ ਦਿੰਦਾ ਉਠ ਕੇ ਆਪਣੇ ਘਰ ਵਲ ਚਲਾ ਗਿਆ ॥ ੩੦॥

ਨਰਕ ਪਰਨ ਕੀ ਕਰਤਿ ਮਤਿ, ਚਿੰਤਾ ਨਦੀ ਬਿਸਾਲ।
ਬਹਜੋ ਜਾਤਿ ਡੂਬਤਿ ਸਕਲ ਕਲਿਮਲ ਕਲਿਤ ਕਰਾਲ ॥੩੧॥

ਨਰਕਾਂ ਵਿਚ ਪੈਣ ਦੀ ਬੁੱਧੀ ਧਾਰਨ ਕੀਤੀ ਹੋਈ ਹੈ, ਚਿੰਤਾ ਦੀ ਵਿਸ਼ਾਲ ਨਦੀ ਵਹਿ ਰਹੀ ਹੈ, ਜਿਸ ਵਿਚ ਵਿਕਰਾਲ ਪਾਪਾਂ ਨਾਲ ਗ੍ਰੱਸਿਆ ਹੋਇਆ ਡੁੱਬ ਰਿਹਾ ਹੈ ॥ ੩੧॥

# ਅਧਿਆਇ ਉਨੀਵਾਂ

## ਮਹਾਂਦੇਵ ਜੀ ਨੇ ਪ੍ਰਿਥੀਏ ਨੂੰ ਸਮਝਾਉਣਾ

ਦੋਹਰਾ- ਪ੍ਰਿਥੀਆ ਗਮਨਤਿ ਧਾਮ ਕੋ ਹਟਿ ਫਿਰ ਠਾਂਢੋ ਹੋਇ।
ਕਹਿਨ ਲਗਯੋ ਕਰਿ ਕ੍ਰੋਧ ਕੋ 'ਧਨ ਦੇ ਤੁਝ ਸਭਿ ਕੋਇ ॥੧॥

ਪ੍ਰਿਥੀਆਂ ਘਰ ਨੂੰ ਜਾਂਦਾ ਹੋਇਆ ਫਿਰ ਵਾਪਸ ਆ ਕੇ ਖੜ੍ਹਾ ਹੋ ਗਿਆ। ਕ੍ਰੋਧ ਕਰਕੇ ਫਿਰ ਕਹਿਣ ਲੱਗਾ, "ਤੁਹਾਨੂੰ ਸਾਰੇ ਧਨ ਦਿੰਦੇ ਹਨ॥ ੧॥

ਸੈਯਾ ਛੰਦ-ਸੁਖ ਕੀ ਨੀਂਦ ਨ ਸੋਵਨਿ ਦੇਵੋਂ ਕਰਿ ਪੁਕਾਰ ਮੈਂ ਪਕਰਿ ਮੰਗਾਇ।
ਸੁਤ ਬਨਿਤਾ ਜੁਤ ਖੇਦਤਿ ਕਰਿ ਕੇ ਤੁਰਕਨਿ ਤੇ ਤੁਝ ਕੋ ਮਰਵਾਇ'।
ਮੂਛਨ ਪਰ ਨਿਜ ਕਰ ਕੋ ਫੇਰਤਿ, 'ਤੈ ਮੈਂ ਪ੍ਰਿਥੀਆ ਨਾਮ ਕਹਾਇ।
ਮਿਲਿਨਿ ਹੋਇ ਤਬਿ ਹੂੰ ਤੁਮਰੇ ਸੰਗ, ਰਾਖਹੁ ਯਾਦ ਬਿਸਰ ਜਿਨ ਜਾਇ' ॥੨॥

ਮੈਂ ਤੁਹਾਨੂੰ ਸੁਖ ਦੀ ਨੀਂਦ ਨਹੀਂ ਸੌਣ ਦੇਵਾਂਗਾ, ਬਾਦਸ਼ਾਹ ਦੇ ਪੁਕਾਰ ਕਰਕੇ ਮੈਂ ਤੈਨੂੰ ਫੜਵਾ ਕੇ ਮੰਗਵਾਵਾਂਗਾ। ਪਤਨੀ ਪੁਤਰ ਸਮੇਤ ਦੁਖੀ ਕਰਕੇ ਤੁਰਕਾਂ ਪਾਸੋਂ ਮਰਵਾ ਦੇਵਾਂਗਾ" ਫਿਰ ਆਪਣੀਆਂ ਮੁੱਛਾਂ ਤੇ ਹੱਥ ਫੇਰ ਕੇ ਕਿਹਾ, "ਤਦ ਮੈਂ ਪ੍ਰਿਥੀਆ ਨਾਂ ਕਹਾਵਾਂਗਾ, ਫਿਰ ਮੇਰਾ ਤੇਰੇ ਨਾਲ ਮੇਲ ਹੋਵੇਗਾ, ਯਾਦ ਰੱਖੋ, ਭੁੱਲ ਨਹੀਂ ਜਾਣਾ" ॥ ੨ ॥

ਇਮ ਸੁਨਿ ਸਤਿਗੁਰ ਕਰਯੋ ਧਿਕਾਰਨਿ 'ਕਰਮ ਕਰਨਿ ਕੋ ਧਿਕ ਧਿਕ ਤੋਹਿ।
ਪੁਨ ਤੇਰੇ ਬਾਕਨਿ ਕੋ ਧਿਕ ਧਿਕ, ਕਰਨਿ ਪੈਜ ਕੋ ਧਿਕ ਧਿਕ ਹੋਹਿ।
ਮੁਖ ਕੋ ਧਿਕ ਧਿਕ, ਮੂਛਨਿ ਧਿਕ ਧਿਕ, ਕੁਲ ਕੀ ਰੀਤ ਤਜੀ ਧਿਕ ਜੋਹਿ।
ਪਰਹਿ ਨਰਕ ਮਹਿਂ ਤਾਰਹਿ ਨਹਿਂ ਕੋ, ਗਨ ਕਲਿਮਲ ਕਰਿਤਾ ਉਰ ਕ੍ਰੋਹਿ' ॥੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਧਿਰਕਾਰ ਦਿੱਤਾ, ਤੇਰੇ ਅਜਿਹੇ ਕਰਮ ਕਰਨ ਤੇ ਧਿਰਕਾਰ ਹੋਵੇ, ਤੇਰੇ ਇਨ੍ਹਾਂ ਬੋਲਾਂ ਤੇ ਧਿਰਕਾਰ ਹੋਵੇ, ਤੇਰੇ ਇਸ ਮਾਣ ਕਰਨ ਤੇ ਧਿਰਕਾਰ ਹੋਵੇ। ਤੇਰੇ ਇਸ ਮੂੰਹ ਨੂੰ ਧਿਰਕਾਰ ਹੋਵੇ, ਤੇਰੀਆਂ ਇਨ੍ਹਾਂ ਮੁੱਛਾਂ ਨੂੰ ਧਿਰਕਾਰ ਹੋਵੇ, ਜਿਹੜੀ ਤੂੰ ਕੁਲ ਦੀ ਰੀਤੀ ਛੱਡੀ ਹੈ ਉਸ ਨੂੰ ਧਿਰਕਾਰ ਹੋਵੇ, ਤੂੰ ਨਰਕ ਵਿਚ ਪਵੇਂਗਾ, ਤੈਨੂੰ ਕੋਈ ਨਹੀਂ ਤਾਰੇਗਾ, ਤੂੰ ਹਿਰਦੇ ਦਾ ਕ੍ਰੋਧੀ ਏਨੇ ਵੱਡੇ ਪਾਪ ਕਰਦਾ ਹੈਂ" ॥ ੩ ॥

ਗਮਨਯੋ ਪ੍ਰਿਥੀਆ ਗਾਰਿ ਨਿਕਾਸਤਿ ਸਦਨ ਪ੍ਰਵੇਸ਼ਯੋ ਰਿਦਾ ਤਪੰਤਿ।
ਗਿਨਤੀ ਗਿਨਤਿ ਅਨੇਕ ਭਾਂਤਿ ਕੀ 'ਨਹਿਂ ਪੁਰਿ ਬਸੌਂ' ਚਿੱਤ ਚਿਤਵੰਤਿ।
ਆਇ ਸੰਗਤਾਂ ਮੁਖ ਪਰ ਮੇਰੇ ਨਿੰਦਾ ਭਾਖਹਿਂਗੇ ਅਤਯੰਤ।
ਸਹੀ ਨ ਜਾਇ, ਬਿਗਾਰ ਹੋਹਿ ਗੋ, ਪਰਹਿ ਰਾਰ ਤਿਸ ਕਾਲ ਤੁਰੰਤ ॥੪॥

ਪ੍ਰਿਥੀਆ ਗਾਲਾਂ ਕੱਢਦਾ ਚਲਾ ਗਿਆ, ਤੱਪਦੇ ਹਿਰਦੇ ਨਾਲ ਘਰ ਵਿਚ ਦਾਖਲ ਹੋਇਆ। ਅਨੇਕ ਪ੍ਰਕਾਰ ਦੀਆਂ

Sri Satguru Jagjit Singh Ji eLlibrary NamdhariElibrary@gmail.com

ਗਿਣਤੀਆਂ ਗਿਣਦਾ ਸੀ। ਮੈਂ ਇਸ ਨਗਰ ਵਿਚ ਨਹੀਂ ਵੱਸਾਂਗਾ, ਆਪਣੇ, ਹਿਰਦੇ ਵਿਚ ਵਿਚਾਰ ਕਰਦਾ ਹੈ। ਸੰਗਤਾਂ ਆ ਕੇ ਮੇਰੇ ਮੂੰਹ ਤੇ ਮੇਰੀ ਨਿੰਦਿਆ ਕਰਨਗੀਆਂ। ਮੈਥੋਂ ਉਹ ਨਿੰਦਿਆ ਸਹੀ ਨਹੀਂ ਜਾਣੀ, ਵਿਗਾੜ ਹੋਵੇਗਾ ਤੇ ਉਸੇ ਸਮੇਂ ਤੁਰੰਤ ਲੜਾਈ ਹੋ ਜਾਵੇਗੀ॥ ੪॥

ਤਿਸ ਕੇ ਸਿਖ ਸੰਗਤਿ ਬਹੁ ਆਵਹਿਂ ਅਨਗਨ ਧਨ ਆਨਹਿਂ ਮਨ ਚਾਇ।
ਅਲਪ ਹੋਹਿ ਮੁਝ ਢਿਗ ਤਬ ਹਾਰੈਂ ਘਰ ਪ੍ਰਵਿਸ਼ਹਿਂ ਲੂਟਿਨ ਲੇ ਜਾਇਂ।
ਜਹਾਂ ਪ੍ਰਬਲਰਿਪੁ ਨਿਤਪ੍ਰਤਿ ਢਿਗ ਰਹਿ ਤਹਿਂ ਤੇ ਕੁਸ਼ਲ ਰਹਹਿ ਕਿਸ ਭਾਇ।
ਸਰਪ ਸ਼ੇਰ ਕੋ ਜਥਾ ਸਮੀਪੀ ਇਕ ਦਿਨ ਮਹਿਂ ਕਬਿਹੂੰ ਬਿਨਸਾਇ॥ ੫॥

ਉਸ ਦੇ ਪਾਸ ਬਹੁਤ ਸਿੱਖ ਸੰਗਤਾਂ ਆਉਂਦੀਆਂ ਹਨ ਅਤੇ ਮਨ ਚਾਹਿਆ ਧਨ ਲਿਆਉਂਦੇ ਹਨ। ਮੇਰੇ ਪਾਸ ਥੋੜ੍ਹੀ ਸੰਗਤ ਹੋਵੇਗੀ, ਇਸ ਕਰਕੇ ਮੈਂ ਹਾਰ ਜਾਵਾਂਗਾ, ਮੇਰੇ ਘਰ ਵਿਚ ਦਾਖਲ ਹੋ ਕੇ ਲੁਟ ਕੇ ਲੈ ਜਾਣਗੇ। ਜਿਥੇ ਬਲੀ ਦੁਸ਼ਮਣ ਸਦਾ ਪਾਸ ਰਹੇ, ਓਥੇ ਸੁਖ ਨਾਲ ਕਿਵੇਂ ਰਿਹਾ ਜਾ ਸਕਦਾ ਹੈ। ਸੱਪ ਅਤੇ ਸ਼ੇਰ ਦੇ ਪਾਸ ਰਹਿ ਕੇ ਇਕ ਦਿਨ ਜ਼ਰੂਰ ਖਤਮ ਹੋ ਜਾਵੇਗਾ॥ ੫॥

ਪੁੱਤ੍ਰ ਭਾਰਜਾ ਸੰਗ ਲਿਚਲਿ ਹੌਂ ਦਿੱਲੀ ਪੁਰੀ ਪਹੁੰਚਿ ਇਕ ਬਾਰ।
ਸੁਲਹੀ ਸੌਂ ਮਿਲਿ ਮਸਲਤ ਕਰਿਕੈ ਜਹਾਂਗੀਰ ਢਿਗ ਕਰੌਂ ਪੁਕਾਰ।
ਜਹਿਂ ਮੈਂ ਜਾਉਂ ਸਿੱਖ ਤਹਿਂ ਮੇਰੇ ਆਨੈਂਗੇ ਸਭਿਹੀ ਉਪਹਾਰ।
ਤਿਨ ਤੇ ਕਰਿ ਗੁਜ਼ਰਾਨ ਨਿਬਾਹੌਂ ਰਹੇ ਇਕੱਤ੍ਰ ਸਰਬ ਪਰਵਾਰ॥ ੬॥

ਪੁੱਤਰ ਅਤੇ ਪਤਨੀ ਨੂੰ ਨਾਲ ਲੈ ਜਾਵਾਂਗਾ, ਫਿਰ ਇਕ ਵਾਰ ਦਿੱਲੀ ਪਹੁੰਚ ਕੇ, ਸੁਲਹੀ ਖਾਂ ਨਾਲ ਸਲਾਹ-ਮਸ਼ਵਰਾ ਕਰਕੇ ਜਹਾਂਗੀਰ ਬਾਦਸ਼ਾਹ ਦੇ ਪਾਸ ਪਹੁੰਚ ਕੇ ਪੁਕਾਰ ਕਰਾਂਗਾ। ਜਿਥੇ ਮੈਂ ਜਾ ਕੇ ਰਹਾਂਗਾ, ਓਥੇ ਮੇਰੇ ਸਿੱਖ ਭੇਟਾਵਾਂ ਲੈ ਕੇ ਆਉਣਗੇ, ਉਨ੍ਹਾਂ ਦੇ ਆਸਰੇ ਆਪਣਾ ਗੁਜ਼ਾਰਾ ਕਰਾਂਗਾ ਤੇ ਸਾਰਾ ਪਰਿਵਾਰ ਮਿਲ ਕੇ ਇਕੱਠੇ ਰਹਾਂਗੇ॥ ੬॥

ਮਿਲਿ ਦਾਰਾ ਸੌਂ ਮਸਲਤ ਕੀਨਸਿ 'ਨਗਰੀ ਤਜਾਗ ਚਲਹੁ ਕਿਸ ਥਾਨ।
ਬਢੀ ਸਪਰਧਾ ਹਮਰੀ ਅਤਿਸ਼ੈ ਇਹਾਂ ਬਸਨ ਮੈਂ ਕੁਸ਼ਲ ਨ ਜਾਨਿ।
ਬਡੋ ਬਿਗਾਰ ਭਏ ਤੇ ਪੂਰਬ ਗਮਨ ਕਰਹੁ ਇਹ ਮਹਾਂ ਸਿਯਾਨ।
ਤਜਾਰੀ ਕਰਹੁ ਬਿਲੰਬ ਨ ਠਾਨਹੁ, ਨਾਂਹਿ ਤ ਹੋਇ ਆਨ ਕੀ ਆਨ' ॥ ੭॥

ਪ੍ਰਿਥੀਏ ਨੇ ਇਸ ਤਰ੍ਹਾਂ ਸੋਚ ਕੇ ਆਪਣੀ ਪਤਨੀ ਨਾਲ ਸਲਾਹ ਕੀਤੀ, ਉਸ ਨੂੰ ਕਿਹਾ, "ਇਹ ਨਗਰੀ ਛੱਡ ਕੇ ਕਿਸੇ ਹੋਰ ਥਾਂ ਚਲੀਏ ਸਾਡੀ ਬਹੁਤ ਜਾਇਦਾਦ ਹੈ, ਇਥੇ ਰਹਿਣ ਨਾਲ ਉਸ ਦੌਲਤ ਨੂੰ ਮਹਿਫੂਜ਼ ਨਾ ਜਾਣੋ। ਵੱਡਾ ਵਿਗਾੜ ਪੈ ਜਾਣ ਤੋਂ ਪਹਿਲਾਂ ਹੀ ਨਿਕਲ ਜਾਵੋ, ਇਸ ਨੂੰ ਮਹਾਨ ਸਿਆਣੀ ਗੱਲ ਜਾਣੋ। ਹੁਣ ਤਿਆਰੀ ਕਰੋ ਤੇ ਦੇਰ ਨਾ ਲਾਵੋ, ਨਹੀਂ ਤਾਂ ਇੱਜ਼ਤ ਦੀ ਹਾਨੀ ਹੋਵੇਗੀ" ॥ ੭॥

ਇਸ ਪ੍ਰਕਾਰ ਜਬਿ ਮਤੋ ਮਤਾਯਹੁ ਭਾਗਨਿ ਕੀ ਤਜਾਰੀ ਕਰਿ ਲੀਨਿ।
ਸਰਬ ਪੁਰੀ ਮਹਿਂ ਰੌਰਾ ਪਰ ਗਯੋ 'ਭਾਜ ਚਲਯੋ ਪ੍ਰਿਥੀਆ ਡਰ ਕੀਨਿ।
ਸ਼੍ਰੀ ਹਰਿਗੋਵਿੰਦ ਕੋ ਬਿਖ ਦੀਨਸਿ, ਉਘਰਯੋ ਕਪਟ, ਲਾਜ ਭਯਭੀਨ।
ਸਾਹਿਬਜ਼ਾਦੇ ਅਜ਼ਮਤ ਬਲ ਤੇ ਅਪਨੋ ਆਪ ਬਚਾਯਹੁ ਚੀਨਿ' ॥ ੮॥

ਇਸ ਤਰ੍ਹਾਂ ਜਦ ਸਲਾਹ ਕੀਤੀ ਤਾਂ ਭੱਜਣ ਦੀ ਤਿਆਰੀ ਕਰ ਲਈ। ਸਾਰੇ ਨਗਰ ਵਿਚ ਰੌਲਾ ਪੈ ਗਿਆ "ਪ੍ਰਿਥੀਆ

ਡਰਦਾ ਮਾਰਾ ਭੱਜ ਚਲਿਆ ਹੈ, ਸ੍ਰੀ ਹਰਿਗੋਬਿੰਦ ਨੂੰ ਜ਼ਹਿਰ ਦਿੱਤੀ, ਜਦ ਕਪਟ ਦਾ ਪਾਜ ਖੁਲ੍ਹ ਗਿਆ, ਸ਼ਰਮਿੰਦਾ ਹੋਇਆ ਬਹੁਤ ਡਰ ਗਿਆ ਹੈ। ਉਸ ਨੇ ਇਹ ਵੇਖਿਆ ਹੈ ਕਿ ਸਾਹਿਬਜ਼ਾਦੇ ਨੇ ਆਪਣੀ ਕਰਾਮਾਤ ਦੇ ਬਲ ਨਾਲ ਆਪਣੇ ਆਪ ਨੂੰ ਬਚਾਇਆ ਹੈ" ॥ ੮ ॥

ਮਿਲਿ ਮਿਲਿ ਨਰ ਦੁਰਿ ਦੁਰਿ ਕਰਿ ਬਾਤੈਂ 'ਮਾਰਨਿ ਹਿਤ ਛਲ ਬਲ ਬਡ ਧਾਰਿ'।
ਗੁਰ ਸੁਤ ਮਹਾਂਦੇਵ ਘਰ ਬੈਠੋ ਸੁਨਜੋ ਸ਼੍ਰੋਨ ਮਹਿਂ ਸਭਿ ਦੁਰਚਾਰ।
ਕਰ ਮੀਜਤਿ ਸਿਰ ਧੁਨਿ ਧੁਨਿ ਚੋਰਤਿ 'ਕਹਾਂ ਕਰਮ ਕੀਨਸਿ ਬੁਰਿਆਰ।
ਧਨ ਕਾਰਨ ਦਾਰੁਨ ਕ੍ਰਿਤ ਠਾਨਹਿ ਨਿੰਦਾ ਬਿਦਤਹਿ ਜਗਤ ਮਝਾਰ' ॥ ੯ ॥

ਲੋਕ ਮਿਲ-ਮਿਲ ਕੇ ਲੁੱਕ ਲੁੱਕ ਕੇ ਗੱਲਾਂ ਕਰਦੇ ਸਨ, "ਸਾਹਿਬਜ਼ਾਦੇ ਨੂੰ ਮਾਰਨ ਵਾਸਤੇ ਵੱਡਾ ਵਲਛਲ ਕੀਤਾ ਹੈ। ਜਦ ਗੁਰਪੁੱਤਰ ਮਹਾਂਦੇਵ ਨੇ ਆਪਣੇ ਘਰ ਬੈਠੇ ਇਸ ਦੁਰਾਚਾਰ ਦੀ ਖਬਰ ਆਪਣੇ ਕੰਨਾਂ ਨਾਲ ਸੁਣੀ ਤਾਂ ਹੱਥ ਮਲਣ ਲੱਗਾ ਅਤੇ ਸਿਰ ਹਿਲਾ-ਹਿਲਾ ਕੇ ਆਪਣੇ ਦਿਲ ਦੀ ਦ੍ਰਿੜ੍ਹਤਾ ਗਵਾ ਬੈਠਾ। ਸੋਚਦਾ ਸੀ ਇਸ ਐਡਾ ਬੁਰਾ ਕੰਮ ਕਿਉਂ ਕੀਤਾ। ਧਨ ਵਾਸਤੇ ਏਡਾ ਭਿਆਨਕ ਕੰਮ ਕੀਤਾ ਹੈ, ਸਾਰੇ ਜੱਗ ਵਿਚ ਇਸ ਦੀ ਨਿੰਦਿਆ ਪ੍ਰਗਟ ਹੋਵੇਗੀ ? ॥ ੯ ॥

ਬੈਠਜੋ ਪਛੁਤਾਵਤਿ ਘਰ ਅਪਨੇ ਇਤਨੇ ਮਹਿਂ ਇਕ ਮਾਨਵ ਆਇ।
'ਪ੍ਰਿਥੀਆ ਸਣ ਪਰਵਾਰ ਤਯਾਰ ਭਾ ਦਿਲੀ ਬਿਖੈ ਪੁਕਾਰੂ ਜਾਇ'।
ਕੀਨਿ ਸੁਨਾਵਨਿ, ਹੌਲ ਉਠਜੋ, ਤਬਿ, ਤੁਰਨ ਪਗ ਪਨਹੀ ਕੋ ਪਾਇ।
ਗਯੋ ਉਤਾਇਲ ਕਰਿਕੈ ਬਰਜਨਿ ਸਰਲ ਰਿਦਾ ਜਿਹ ਸਹਿਜ ਸੁਭਾਇ ॥ ੧੦ ॥

ਆਪਣੇ ਘਰ ਵਿਚ ਬੈਠਾ ਪਛਤਾ ਰਿਹਾ ਸੀ ਕਿ ਉਸ ਸਮੇਂ ਇਕ ਮਨੁੱਖ ਉਸ ਦੇ ਘਰ ਆਇਆ ਤੇ ਉਸ ਕਿਹਾ, "ਪ੍ਰਿਥੀਆ ਪਰਿਵਾਰ ਸਹਿਤ ਤਿਆਰ ਹੋਇਆ ਹੈ ਤੇ ਉਹ ਦਿੱਲੀ ਬਾਦਸ਼ਾਹ ਪਾਸ ਪੁਕਾਰ ਕਰਨ ਚਲਿਆ ਹੈ।" ਮਹਾਂਦੇਵ ਨੇ ਜਦ ਇਸ ਤਰ੍ਹਾਂ ਸੁਣਿਆ ਤਾਂ ਦਿਲ ਵਿਚ ਹੌਲ ਉਠਿਆ, ਪੱਗ ਬੱਧੀ ਤੇ ਪੈਰਾਂ ਵਿਚ ਜੁੱਤੀ ਪਾਈ। ਜਿਸ ਦਾ ਹਿਰਦਾ ਸਹਿਜ ਸੁਭਾਅ ਹੀ ਬੜਾ ਸਰਲ ਅਤੇ ਵਲਛਲ ਰਹਿਤ ਸੀ, ਪ੍ਰਿਥੀਏ ਨੂੰ ਰੋਕਣ ਵਾਸਤੇ ਚਲ ਪਿਆ।

ਦਸਕ ਦਾਸ ਜਿਹ ਸਾਥ ਗਏ ਚਲਿ ਦੇਖਜੋ ਘਰ ਪ੍ਰਿਥੀਏ ਕੋ ਜਾਇ।
ਅਸਵਾਰੀ ਗਨ ਤਯਾਰੀ ਹੋਵਤਿ ਸਭਿ ਵਸਤੂ ਕੇ ਭਾਰ ਬੰਧਾਇ।
ਸਕਲ ਸਕਟ ਮਹਿਂ ਲਾਦਤਿ ਸਾਭਤਿ ਹੇਰਤਿ ਲੋਕ ਖਰੇ ਸਮੁਦਾਇ।
ਵਹਿਰ ਸਦਨ ਤੇ ਕੋ ਥਿਤਿ ਅੰਤਰ, ਕੇਤਿਕ ਪੋਰ ਸਥਿਰ ਦਰਸਾਇ ॥ ੧੧ ॥

ਦਸ ਦੇ ਲਗ-ਪਗ ਦਾਸ ਜਿਹੜੇ ਉਸ ਦੇ ਨਾਲ ਗਏ, ਉਨ੍ਹਾਂ ਨੇ ਪ੍ਰਿਥੀਏ ਨੂੰ ਘਰ ਵਿਚ ਜਾ ਕੇ ਵੇਖਿਆ। ਕਈ ਪ੍ਰਕਾਰ ਦੀਆਂ ਸਵਾਰੀਆਂ ਦੀ ਤਿਆਰੀ ਹੋ ਰਹੀ ਸੀ ਤੇ ਘਰ ਦਾ ਸਾਰਾ ਸਮਾਨ ਬੰਨ੍ਹਿਆ ਹੋਇਆ ਸੀ। ਸਾਰੇ ਸਾਮਾਨ ਨੂੰ ਬੜਾ ਸੰਭਾਲ ਕੇ ਗੱਡਿਆਂ ਅਤੇ ਛਕੜਿਆਂ ਵਿਚ ਰੱਖ ਰਹੇ ਸਨ, ਅਤੇ ਬਹੁਤ ਲੋਕ ਖੜੇ ਹੋ ਕੇ ਵੇਖ ਰਹੇ ਸਨ। ਕੁਝ ਲੋਕ ਘਰ ਦੇ ਬਾਹਰ ਖੜੇ ਸਨ ਅਤੇ ਕੁਝ ਅੰਦਰ ਖੜੇ ਸਨ, ਕਈ ਦਰਵਾਜ਼ੇ ਤੇ ਹੀ ਖੜੇ ਦਿੱਸਦੇ ਸਨ ॥ ੧੧ ॥

ਮੰਦ ਮੰਦ ਕਹਿਂ ਆਪਸ ਮਹਿਂ ਨਰ 'ਪ੍ਰਿਥੀਆ ਮਹਾਂ ਉਪੱਦ੍ਰਵ ਮੂਲ।
ਤਪਤਿ ਵਿਸ਼ੇਸ਼ ਦ੍ਵੈਸ਼ ਕੋ ਠਾਨਤਿ ਅਘ ਅਸ਼ੇਸ਼ ਤੇ ਡਰਹਿ ਨ ਭੂਲ।
ਗਾਦੀ ਪਰ ਬੈਠੇ ਗੁਰ ਅਰਜਨ ਤਬਿ ਕੋ ਹੋਤਿ ਭਯੋ ਪ੍ਰਤਿਕੂਲ।
ਹਾਥ ਨਹੀਂ ਕਛ ਪਾਪਤਿ ਹੋਵਤਿ ਜਿਸ ਪਰ ਨਹਿਂ ਭੇਪਿਤ ਅਨਕੂਲ ॥ ੧੨ ॥

ਹੌਲੀ-ਹੌਲੀ ਮਨੁੱਖ ਆਪਸ ਵਿਚ ਕਹਿ ਰਹੇ ਸਨ, "ਪ੍ਰਿਥੀਆ ਮਹਾਂ ਉਪੱਦਰ ਦਾ ਮੁੱਢ ਹੈ। ਈਰਖਾ ਨਾਲ ਬਹੁਤ ਸੜਦਾ ਹੈ ਤੇ ਹੋਰ ਪਾਪ ਕਰਨੋਂ ਭੁਲ ਕੇ ਵੀ ਨਹੀਂ ਡਰਦਾ ਹੈ। ਜਦ ਤੋਂ ਗੁਰੂ ਅਰਜਨ ਦੇਵ ਜੀ ਗੱਦੀ ਤੇ ਬੈਠੇ ਹਨ, ਉਸ ਸਮੇਂ ਤੋਂ ਉਨ੍ਹਾਂ ਦੇ ਬਰਖਿਲਾਫ ਹੋ ਗਿਆ ਹੈ, ਹੱਥ ਵਿਚ ਕੁਝ ਆਉਂਦਾ ਨਹੀਂ ਹੈ, ਜਿਸ ਕਰਕੇ ਉਨ੍ਹਾਂ ਅਨੁਕੂਲ ਨਹੀਂ ਹੁੰਦਾ ਹੈ॥ ੧੨॥

ਅਬਿ ਉਤਪਾਤ ਕਰਨਿ ਕਹੁ ਗਮਨਤਿ ਵਿਖ ਕੀ ਬਾਤ ਬਿਦਤਿ ਗਈ ਹੋਇ।
ਦਬਜੋ ਲਾਜ ਤੇ ਰਹਿ ਨ ਸਕੈ ਪੁਰਿ, ਨਿੰਦਹਿੰ ਨਰ ਨਾਰੀ ਸਭਿ ਕੋਇ।
ਸੁੰਦਰ ਸ੍ਰੀ ਹਰਿਗੋਬਿੰਦ ਬਾਲਿਕ ਅਨੁਜ ਨੰਦ ਮੰਦਰ ਗੁਨ ਜੋਇ।
ਤਿਸ ਹਤਿਬੇ ਕੋ ਚਾਹਤਿ ਨਿਤ ਪ੍ਰਤਿ ਮਤਿ ਹਤਿ ਭਈ ਦੁਖਤਿ ਪਿਖਿ ਸੋਇ ॥੧੩ ॥

ਹੁਣ ਜਦ ਜ਼ਹਿਰ ਦੇਣ ਦੀ ਗੱਲ ਸਾਰੇ ਪ੍ਰਗਟ ਹੋ ਗਈ ਹੈ ਤਾਂ ਹੋਰ ਉਪੱਦਰ ਕਰਨ ਚਲ ਪਿਆ ਹੈ, ਸ਼ਰਮ ਦਾ ਮਾਰਿਆ ਹੁਣ ਨਗਰ ਵਿਚ ਤੇ ਰਹਿ ਨਹੀਂ ਸਕਦਾ, ਕਿਉਂਕਿ ਸਾਰੇ ਇਸਤਰੀ ਪੁਰਸ਼ ਇਸ ਦੀ ਨਿੰਦਿਆ ਕਰਦੇ ਹਨ। ਛੋਟੇ ਭਰਾ ਦਾ ਪੁੱਤਰ ਸ੍ਰੀ ਹਰਿਗੋਬਿੰਦ ਇਕ ਸੁੰਦਰ ਬਾਲਕ ਅਤੇ ਗੁਣਾਂ ਦਾ ਘਰ ਹੈ। ਹਰ ਵੇਲੇ ਉਸ ਨੂੰ ਮਾਰਨਾ ਚਾਹੁੰਦਾ ਹੈ, ਪਰ ਹੁਣ ਤਕ ਮਾਰ ਨਹੀਂ ਸਕਿਆ, ਇਹ ਵੇਖ ਕੇ ਦੁਖੀ ਹੁੰਦਾ ਹੈ॥ ੧੩॥

ਪ੍ਰਿਥਮ ਧਾਇ ਪੁਨ ਪੰਨਗ ਛੋਰਾ ਅਬਿ ਕੁਕਰਮ ਇਹ ਕੀਨਿ ਮਹਾਨ।
ਗੁਰ ਸੁਤ ਕੇ ਸਹਾਇ ਪਰਮੇਸ਼ੁਰ ਦਿਪਤਿ ਜੋਤਿ ਮੁਖ ਮੰਡਲ ਜਾਨਿ।
ਇੱਤਜਾਦਿਕ ਸਭਿ ਕਰਤਿ ਬਾਰਤਾ ਅਧਿਕ ਭੀਰ ਹੋਈ ਤਹਿਂ ਆਨਿ।
ਮਹਾਂਦੇਵ ਘਰ ਮਾਂਹਿ ਪ੍ਰਵੇਸ਼ਜੋ ਮਹਾਂ ਉਪੱਦ੍ਰਵ ਚਾਹਤਿ ਹਾਨਿ॥ ੧੪॥

ਪਹਿਲਾਂ ਦਾਈ ਨੂੰ ਘੱਲਿਆ, ਫਿਰ ਸੱਪ ਛੱਡਿਆ, ਹੁਣ ਇਹ ਮਹਾਨ ਕੁਕਰਮ ਕੀਤਾ ਹੈ। ਗੁਰੂ ਪੁੱਤਰ ਜਿਸ ਦੇ ਮੁਖ ਮੰਡਲ ਤੇ ਜੋਤੀ ਪ੍ਰਕਾਸ਼ ਕਰ ਰਹੀ ਹੈ, ਉਸ ਦੀ ਸਦਾ ਪਰਮੇਸਰ ਰਖਿਆ ਕਰਦੇ ਹਨ।" ਇਤਿਆਦਿ ਸਾਰੇ ਗੱਲਾਂ ਕਰ ਰਹੇ ਸਨ ਅਤੇ ਕੁਝ ਸਮੇਂ ਬਾਅਦ ਓਥੇ ਬਹੁਤ ਭੀੜ ਹੋ ਗਈ। ਉਸ ਸਮੇਂ ਮਹਾਂਦੇਵ ਜੀ ਜਿਹੜੇ ਉਪੱਦਰ ਨੂੰ ਰੋਕਣਾ ਚਾਹੁੰਦੇ ਸਨ, ਘਰ ਅੰਦਰ ਦਾਖਲ ਹੋ ਗਏ॥ ੧੪॥

ਭ੍ਰਾਤ ਬਿਸਾਲ ਪਿਖਜੋ ਕਰਿ ਬੰਦਨ ਭਰਜੋ ਕ੍ਰੋਧ ਸੋਂ ਰਿਦਾ ਤਪੰਤਿ।
ਰਕਤ ਨੇਤ੍ਰ ਕੁਛ ਆਂਸੂ ਝਲਕਤਿ ਜਿਸ ਕੋ ਮਨ ਸਮ ਬਿਹੰਗ ਉਡੰਤਿ।
ਅਨਿਕ ਖੋਟ ਸੰਕਲਪ ਉਠਾਵਤਿ ਚਹੈ ਸਭਿਨਿ ਕੋ ਪ੍ਰਾਨ ਨਿਹੰਤਿ।
ਕਹਿ ਦਾਸਨਿ ਤਜਾਰੀ ਕਰਿਵਾਵਤਿ ਬਿਪਤਾ ਪਰੀ ਉਜਰ ਗਮਨੰਤਿ॥ ੧੫॥

ਵੱਡਾ ਭਰਾ ਵੇਖ ਕੇ ਬੰਦਨਾ ਕੀਤੀ, ਹਿਰਦਾ ਕ੍ਰੋਧ ਨਾਲ ਤਪ ਰਿਹਾ ਸੀ। ਲਾਲ ਅੱਖਾਂ ਵਿਚ ਅੱਥਰੂ ਝਲਕ ਰਹੇ ਸਨ ਅਤੇ ਜਿਸ ਦਾ ਮਨ ਪੰਛੀ ਵਾਂਗ ਉੱਡ ਗਿਆ ਸੀ। ਹੋਰ ਖੋਟਾ ਕਰਮ ਕਰਨਾ ਚਾਹੁੰਦਾ ਸੀ, ਸਾਰਿਆਂ ਦੇ ਪ੍ਰਾਣ ਲੈਣ ਦਾ ਸੰਕਲਪ ਧਾਰਨ ਕੀਤਾ ਹੋਇਆ ਸੀ। ਦਾਸਾਂ ਨੂੰ ਕਹਿ ਕੇ ਉਹ ਤਿਆਰੀ ਕਰਵਾ ਰਿਹਾ ਸੀ, ਬਿਪਤਾ ਪਈ ਹੈ, ਇਸ ਕਰਕੇ ਉਜੜ ਕੇ ਜਾਂਦਾ ਹੈ॥ ੧੫॥

ਮਹਾਂਦੇਵ ਮਨ ਮਹਾਂ ਕ੍ਰੋਧ ਪਿਖਿ ਹਾਥ ਜੋਰਿ ਕਹਿ ਬਿਨੈ ਸਮਾਨ।
'ਕਿਤ ਕਹੁ ਤਜਾਰੀ ਆਪ ਕਰਾਵਤਿ? ਸਣ ਪਰਵਾਰ ਜਾਹੁ ਕਿਸ ਥਾਨ?।
ਘਰ ਕੀ ਵਸਤੁ ਸਮਸਤ ਬੰਧਾਵਹੁ ਮਨਹੁ ਪੁਰੀ ਕਬਿ ਪਿਖਹੁ ਨ ਆਨਿ।
ਕਾਰਨ ਕੌਨ ਕੌਨ ਕੌ ... ॥ ੧੬ ॥

ਮਹਾਂਦੇਵ ਨੇ ਮਨ ਵਿਚ ਮਹਾਂ ਕ੍ਰੋਧ ਵੇਖ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਨੇ ਕਿਸ ਪਾਸੇ ਦੀ ਤਿਆਰੀ ਕੀਤੀ ਹੈ, ਸਣੇ ਪਰਿਵਾਰ ਦੇ ਕਿੱਥੇ ਚਲੇ ਹੋ ? ਘਰ ਦੀਆਂ ਸਾਰੀਆਂ ਵਸਤੂਆਂ ਬੰਨ੍ਹਵਾ ਲਈਆਂ ਹਨ, ਜਾਪਦਾ ਹੈ, ਫਿਰ ਕਦੀ ਵੀ ਨਗਰ ਵਿਚ ਵਾਪਸ ਨਹੀਂ ਆਵੋਗੇ। ਘਰ ਨੂੰ ਛੱਡਣ ਦਾ ਕੀ ਕਾਰਨ ਹੈ ? ਏਥੇ ਤਾਂ ਕਿਸੇ ਦਾ ਭੈਅ ਨਹੀਂ, ਬਲਕਿ ਇਸ ਥਾਂ ਮਾਨ ਸਨਮਾਨ ਪ੍ਰਾਪਤ ਹੈ" ॥ ੧੬ ॥

ਕਹਿ ਪ੍ਰਿਥੀਆ 'ਦਿੱਲੀ ਪੁਰਿ ਗਮਨੌਂ ਜਹਾਂਗੀਰ ਕੇ ਪਹੁੰਚਹੁੰ ਪਾਸਿ।
ਕਰਿ ਪੁਕਾਰ ਮੈਂ ਅਖਿਲ ਸੁਨਾਵੌਂ ਪਠੌਂ ਤੁਰਕ ਗਨ ਇਨਹੁੰ ਅਵਾਸ।
ਸੁਤ ਬਨਿਤਾ ਜੁਤ ਅਰਜਨ ਕੋ ਤਬਿ ਪਕਰ ਲੇਹਿੰਗੇ ਦੇ ਦੁਖਰਾਸ।
ਤਹਾਂ ਮੰਗ ਵੌਂ, ਕੈਦ ਕਰਾਵੌਂ, ਮਨਵਾਵੌਂ ਤਬਿ ਜੋ ਮਮਆਸ' ॥ ੧੭ ॥

ਪ੍ਰਿਥੀਏ ਨੇ ਕਿਹਾ, "ਦਿੱਲੀ ਨਗਰ ਵਿਚ ਜਾਵਾਂਗਾ ਤੇ ਬਾਦਸ਼ਾਹ ਜਹਾਂਗੀਰ ਪਾਸ ਪਹੁੰਚਾਂਗਾ ਅਤੇ ਆਪਣੀ ਬੇਨਤੀ ਸੁਣਾਵਾਂਗਾ, ਫਿਰ ਤੁਰਕਾਂ ਨੂੰ ਇਨ੍ਹਾਂ ਦੇ ਘਰ ਭੇਜਾਂਗਾ। ਫਿਰ ਉਹ ਪੁੱਤਰ ਪਤਨੀ ਸਮੇਤ ਸ੍ਰੀ ਅਰਜਨ ਦੇਵ ਨੂੰ ਫੜ ਲੈਣਗੇ ਤੇ ਬਹੁਤ ਦੁਖ ਦੇਣਗੇ। ਓਥੇ ਇਨ੍ਹਾਂ ਨੂੰ ਮੰਗਵਾਵਾਂਗਾ, ਕੈਦ ਕਰਵਾਵਾਂਗਾ ਤੇ ਉਹ ਕੁਝ ਮੰਨਵਾਵਾਂਗਾ ਜਿਸ ਦੀ ਮੈਨੂੰ ਲੋੜ ਹੈ॥ ੧੧ ॥

ਸੁਨਿ ਤਬਿ ਮਹਾਂਦੇਵ ਕਰ ਜੋਰੇ 'ਹਮ ਦੋਨਹੁ ਤੁਵ ਅਨੁਜ ਲਗੰਤਿ।
ਬੈਸ ਬਿਖੈ ਲਘੁ ਸੁਮਤਿ ਬਿਖੈ ਲਘੁ, ਸੁਤ ਸਮਾਨ ਹਮ ਲਖਹੁ ਸੁਚਿੰਤ।
ਤੁਮ ਹੋ ਬਡੇ ਸਿਯਾਨੇ ਬਯ ਮਹਿਂ ਬੁਧਿ ਬਿਸਾਲ ਸਭਿ ਰੀਤਿ ਮਹੰਤ।
ਰੱਛਾ ਹਮਰੀ ਜਿਮ ਕਿਮ ਕਰੀਅਹਿ ਅਹੈ ਜੋਗਤਾ ਇਮ ਲਖਿਯੰਤਿ ॥ ੧੮ ॥

ਇਹ ਸੁਣ ਕੇ ਮਹਾਂਦੇਵ ਨੇ ਹੱਥ ਜੋੜ ਕੇ ਕਿਹਾ, "ਵੇਖੋ, ਅਸੀਂ ਦੋਵੇਂ ਤੇਰੇ ਛੋਟੇ ਭਰਾ ਲੱਗਦੇ ਹਾਂ, ਉਮਰ ਵਿਚ ਤੈਥੋਂ ਛੋਟੇ ਹਾਂ, ਬੁੱਧੀ ਵਿਚ ਤੈਥੋਂ ਛੋਟੇ ਹਾਂ, ਸਾਨੂੰ ਚਿੱਤ ਵਿਚ ਆਪਣੇ ਪੁੱਤਰਾਂ ਵਾਂਗ ਜਾਣੋ। ਤੁਸੀ ਬਹੁਤ ਸਿਆਣੇ ਅਤੇ ਉਮਰ ਅਤੇ ਬੁੱਧੀ ਵਿਚ ਸਾਥੋਂ ਸਭ ਰੀਤੀਆਂ ਨਾਲ ਵੱਡੇ ਹੋ। ਜਿਵੇਂ ਕਿਵੇਂ ਸਾਡੀ ਰੱਖਿਆ ਕਰੋ, ਇਹੋ ਗੱਲ ਯੋਗ ਲੱਗਦੀ ਹੈ॥ ੧੮ ॥

ਪਿਤ ਸਮ ਤੁਮ ਪ੍ਰਤਿਪਾਲਕ ਹੋਵਹ ਲਾਯਕ ਇਸੀ ਬਾਤ ਕੇ ਜਾਨਿ।
ਉਚਿਤ ਨਹੀਂ ਉਤਪਾਤ ਕਰਨਿ ਕੇ ਬਨਹੁ ਪੁਕਾਰੂ ਪਿਖਹਿ ਜਹਾਨ।
ਧਰਹੁ ਨ ਰਿਦੈ ਈਰਖਾ ਤਪ ਕਰਿ ਹ੍ਵੈ ਕਰਿ ਪਿਤਾ ਪ੍ਰਸੰਨ ਮਹਾਨ।
ਗੁਰਤਾ ਦਈ ਜਗਤ ਗੁਰ ਕੀਨਸਿ ਲਖਜੋ ਜੋਗ ਬੈਠਾਇਸੁ ਥਾਨ ॥ ੧੯ ॥

ਪਿਤਾ ਜੀ ਵਾਂਗ ਤੁਸੀਂ ਸਾਡੇ ਪ੍ਰਤਿਪਾਲਕ ਬਣੋ, ਇਸੇ ਗੱਲ ਨੂੰ ਯੋਗ ਜਾਣੋ, ਉਪੱਦਰ ਕਰਨਾ ਉਚਿਤ ਨਹੀਂ ਹੈ, ਫਰਿਆਦੀ ਬਣੋਗੇ ਤਾਂ ਸਾਰਾ ਜਹਾਨ ਵੇਖੇਗਾ। ਗੁੱਸੇ ਹੋ ਕੇ ਈਰਖਾ ਨਾ ਕਰੋ, ਮਹਾਨ ਪਿਤਾ ਜੀ ਨੂੰ ਪ੍ਰਸੰਨ ਕਰੋ। ਜਗਤ ਗੁਰੂ ਜੀ ਨੇ ਜਿਸ ਨੂੰ ਗੁਰਤਾ ਦੇ ਯੋਗ ਸਮਝਿਆ ਹੈ, ਉਸ ਨੂੰ ਆਪਣੇ ਸਥਾਨ 'ਤੇ ਬਿਠਾਇਆ ਹੈ॥ ੧੯ ॥

ਹਮ ਤੁਮ ਕੌ ਚਹਿਯਤਿ ਅਬਿ ਇਸ ਬਿਧਿ ਅਖਲ ਮਸੰਦ ਸੰਗਤਾਂ ਸੰਗ।
ਸਭਿ ਕੋ ਲੇ ਤਿਨ ਪਗ ਸਿਰ ਧਾਰਹੁ ਪਿਤ ਆਯਸੁ ਕਹੁ ਮਾਨਿ ਅਭੰਗ।
ਇਕ ਤੌ ਪਿਤਾ ਦੂਸਰੇ ਗੁਰ ਹੈਂ ਤਿਨ ਕੇ ਬਾਕ ਬਿਲੰਦਊ ਤੰਗ।
ਹੁਇ ਸਪੂਤ ਕੈਸੇ ਨਹਿਂ ਮਾਨਹਿਂ, ਸਮਝ ਬਿਚਾਰਹੁ ਰਿਦੈ ਨਿਸੰਗ ॥ ੨੦ ॥

ਸਾਨੂੰ ਦੋਹਾਂ ਨੂੰ ਹੁਣ ਇਹ ਚਾਹੀਦਾ ਹੈ ਕਿ ਸਾਰੇ ਮਸੰਦਾਂ ਅਤੇ ਸੰਗਤਾਂ ਨੂੰ ਲੈ ਕੇ ਉਨ੍ਹਾਂ ਦੇ ਚਰਨਾਂ ਤੇ ਸਿਰ ਧਰੀਏ,

ਆਪਣੇ ਪਿਤਾ ਜੀ ਦੀ ਆਗਿਆ ਨੂੰ ਮੰਨੀਏ, ਭੰਗ ਨਾ ਕਰੀਏ। ਇਕ ਤਾਂ ਉਹ ਸਾਡੇ ਪਿਤਾ ਜੀ ਹਨ, ਦੂਸਰੇ ਸਾਡੇ ਗੁਰੂ ਹਨ, ਉਨ੍ਹਾਂ ਦੇ ਬਚਨ ਬਹੁਤ ਮਹਾਨ ਹਨ। ਉਨ੍ਹਾਂ ਦੇ ਪੁੱਤਰ ਹੋ ਕੇ ਕਿਵੇਂ ਉਨ੍ਹਾਂ ਦੀ ਆਗਿਆ ਨਾ ਮੰਨੀਏ, ਇਸ ਤੱਥ ਨੂੰ ਚੰਗੀ ਤਰ੍ਹਾਂ ਹਿਰਦੇ ਵਿਚ ਨਿਸੰਗ ਹੋ ਕੇ ਵਿਚਾਰੋ॥ ੨੦॥

ਉਠਿ ਅਬਿ ਚਲਹ ਸਾਥ ਮੈਂ ਤੁਮਰੇ ਤਿਨ ਕੇ ਪਗ ਪਰ ਨਮਹਿ ਕਰੇਹੁ।
ਨਾਂਹਿ ਤ ਜਗ ਸਭਿ ਹਾਸੀ ਕਰਿ ਹੈ ਅਪਜਸ ਸਿਖ ਸੰਗਤਿ ਤੇ ਲੇਹੁ।
ਜਿਸ ਹਿਤ ਅਘ ਠਾਨਤਿ ਨਹਿੰ ਤ੍ਰਾਸਤਿ ਸੋ ਧਨ ਕਿਸ ਕੇ ਸੰਗ ਨ ਕੇਹੁ।
ਸੁਤ ਬਨਿਤਾ ਹਿਤ ਕਰਿ ਉਤਪਾਤਨਿ ਅੰਤ ਸਮੈ ਨਹਿੰ ਸਾਥੀ ਏਹੁ॥ ੨੧॥

ਉਠੋ ਤੇ ਹੁਣ ਮੇਰੇ ਨਾਲ ਚਲੋ ਤੇ ਉਨ੍ਹਾਂ ਦੇ ਚਰਨਾਂ 'ਤੇ ਸਿਰ ਧਰ ਕੇ ਨਮਸਕਾਰ ਕਰੋ, ਨਹੀਂ ਤਾਂ ਸਾਰਾ ਜਗਤ ਮਖੌਲ ਕਰੇਗਾ ਤੇ ਸਾਰੀ ਸਿੱਖ ਸੰਗਤ ਨਿੰਦਿਆ ਕਰੇਗੀ। ਜਿਸ ਧਨ ਵਾਸਤੇ ਪਾਪ ਕਰਦੇ ਹੋ ਅਤੇ ਕਿਸੇ ਪਾਸੋਂ ਡਰਦੇ ਨਹੀਂ, ਉਹ ਧਨ ਕਿਸੇ ਦੇ ਨਾਲ ਵੀ ਨਹੀਂ ਜਾਣਾ ਹੈ, ਪੁੱਤਰ ਪਤਨੀ ਵਾਸਤੇ ਇਹ ਉਪੱਦਰ ਕਰਦੇ ਹੋਂ, ਅੰਤ ਸਮੇਂ ਇਨ੍ਹਾਂ ਤੁਹਾਡੀ ਸਹਾਇਤਾ ਨਹੀਂ ਕਰਨੀ ਹੈ॥ ੨੧॥

ਇਨ ਸਨੇਹ ਕੋ ਮਿੱਥਜਾ ਜਾਨਹੁ, ਮੇਰੋ ਕਹਜੋ ਬਚਨ ਲਿਹੁ ਮਾਨਿ।
ਮਿਲਹੁ ਪ੍ਰੇਮ ਕਰਿ ਤਜਹੁ ਬਿਰੋਧਾ ਆਗੈ ਥਿਤਿ ਹੁਇ ਜੋਰਹੁ ਪਾਨ।
ਕਰੇ ਕਪਟ ਅਘ ਸੌਂ ਬਖਸ਼ਾਵਹੁ ਜਿਸ ਤੇ ਹੋਇ ਨ ਤ੍ਰਾਸ ਨਿਦਾਨ।
ਤਿਨ ਮਹਿੰ ਪਰਮ ਜੋਤਿ ਪਰਕਾਸ਼ਤਿ ਗੁਰ ਨਾਨਕ ਤ ਆਦਿ ਜੁ ਜਾਨਿ' ॥੨੨॥

ਇਸ ਪਿਆਰ ਨੂੰ ਝੂਠਾ ਜਾਣੋ, ਮੇਰੇ ਕਹੇ ਬਚਨਾਂ ਨੂੰ ਮੰਨ ਲਵੋ, ਪ੍ਰੇਮ ਕਰਕੇ ਮਿਲੋ ਤੇ ਵਿਰੋਧ ਨੂੰ ਛੱਡ ਦੇਵੋ ਤੇ ਹੱਥ ਜੋੜ ਕੇ ਅੱਗੇ ਖੜੇ ਹੋਵੋ। ਜਿਹੜੇ ਹੁਣ ਤਕ ਕਪਟ ਅਤੇ ਪਾਪ ਕੀਤੇ ਹਨ, ਉਨ੍ਹਾਂ ਨੂੰ ਬਖਸ਼ਾ ਲਵੋ, ਜਿਸ ਕਰਕੇ ਅੰਤ ਸਮੇਂ ਦਾ ਡਰ ਖਤਮ ਹੋ ਜਾਵੇ। ਉਨ੍ਹਾਂ ਦੇ ਵਿਚ ਪਰਮ ਜੋਤ ਦਾ ਪ੍ਰਕਾਸ਼ ਹੈ ਜਿਹੜੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਹੈ' ॥ ੨੨॥

ਸੁਨਿ ਪ੍ਰਿਥੀਆ ਬੋਲਜੋ ਬਿਰਮਾਵਤਿ 'ਮਹਾਦੇਵ! ਮੇਰੇ ਬਚ ਮਾਨਿ।
ਚਲਹੁ ਸੰਗ ਮਮ ਦਿੱਲੀ ਪੁਰਿ ਮਹਿੰ ਤੁਝ ਕੋ ਗੁਰੂ ਬਨਾਇਂ ਮਹਾਨ।
ਸਭਿ ਕੋਈ ਪੂਜਹਿ ਤੁਵ ਚਰਨਨਿ ਅਨਗਨ ਧਨ ਅਰਪਹਿਂ ਗਨ ਆਨਿ।
ਹਮ ਦੋਨਹੁ ਭ੍ਰਾਤਾ ਸੁਖ ਪਾਵਹਿਂ ਵਹਿ ਏਕਾਕੀ ਹੋਵਹਿ ਹਾਨ' ॥ ੨੩॥

ਇਹ ਸੁਣ ਕੇ ਪ੍ਰਿਥੀਆ ਮਹਾਂਦੇਵ ਨੂੰ ਭਰਮਾਉਣ ਵਾਸਤੇ ਬੋਲਿਆ, "ਹੇ ਮਹਾਂਦੇਵ! ਮੇਰੀ ਗੱਲ ਮੰਨੋ, "ਮੇਰੇ ਨਾਲ ਦਿੱਲੀ ਨਗਰ ਵਿਚ ਚਲੋ, ਮੈਂ ਤੈਨੂੰ ਮਹਾਨ ਗੁਰੂ ਬਣਾਵਾਂਗਾ, ਸਾਰੇ ਤੇਰੇ ਚਰਨਾਂ ਦੀ ਪੂਜਾ ਕਰਨਗੇ ਤੇ ਸਿੱਖ ਸੇਵਕਾਂ ਦੇ ਸਮੂਹ ਆ ਕੇ ਅਣਗਿਣਤ ਧਨ ਅਰਪਣ ਕਰਨਗੇ। ਅਸੀਂ ਦੋਵੇਂ ਭਰਾ ਮਿਲ ਕੇ ਸੁੱਖ ਪਾਵਾਂਗੇ, ਉਸ ਇਕੱਲੇ ਦਾ ਨੁਕਸਾਨ ਹੋਵੇਗਾ" ॥ ੨੩॥

ਦੋਹਰਾ-ਮਹਾਂਦੇਵ ਭਾਖਜੋ ਬਹੁਰ 'ਮੁਝ ਕਿਮ ਗੁਰਤਾ ਹੋਇ।
ਪਿਤਾ ਪ੍ਰਸੰਨ ਨ ਮੈਂ ਬਡੋ ਲੇ ਬੈਠਜੋ ਹੈ ਸੋਇ' ॥ ੨੪॥

ਮਹਾਂਦੇਵ ਨੇ ਫਿਰ ਕਿਹਾ, "ਮੈਂ ਕਿਵੇਂ ਗੁਰਤਾ ਲੈ ਸਕਦਾ ਹਾਂ? ਨਾ ਮੈਂ ਵੱਡਾ ਹਾਂ ਅਤੇ ਨਾ ਹੀ ਮੇਰੇ ਤੇ ਪਿਤਾ ਜੀ ਪ੍ਰਸੰਨ ਹਨ" ॥ ੨੪॥

ਸੈਯਾ ਛੰਦ-ਪ੍ਰਿਥੀਆ ਭਨਹਿ 'ਸੁਨਹੁ ਹਿਤ ਬਾਕਨਿ ਚਲਿ ਮੇਰੇ ਹ੍ਵੈ ਕਰਿ ਅਨੁਸਾਰ।
ਜਹਾਂਗੀਰ ਸੌਂ ਮਿਲਿਕੈ ਭਾਖੌਂ 'ਕੀਜੈ ਨੀਕੋ ਨਜਾਉਂ ਹਮਾਰ।

ਵਸਤੁ ਪਿਤਾ ਕੀ ਗਾਦੀ ਕੇ ਜੁਤ ਬਡੋ ਪੁੱਤ੍ਰ ਕੋ ਹੈ ਅਧਿਕਾਰ।
ਸੋ ਮੁਝ ਕੋ ਅਬਿ ਆਪ ਦਿਵਾਵਹੁ ਇਕਨੇ ਦਾਬ ਲੀਨਿ ਬਲਿਕਾਰ ॥੨੫॥

ਪ੍ਰਿਥੀਏ ਨੇ ਕਿਹਾ, "ਮੇਰੇ ਭਲੇ ਬਚਨ ਸੁਣੋ ਅਤੇ ਮੇਰੇ ਨਾਲ ਮੇਰੇ ਅਨੁਸਾਰ ਹੋ ਕੇ ਚਲੋ। ਜਹਾਂਗੀਰ ਨੂੰ ਮਿਲ ਕੇ ਕਹਾਂਗੇ, ਕਿ ਸਾਡਾ ਚੰਗਾ ਨਿਆਂ ਕਰ, ਪਿਤਾ ਜੀ ਦੀ ਗੱਦੀ ਉਤੇ ਵੱਡੇ ਪੁੱਤਰਾਂ ਦਾ ਅਧਿਕਾਰ ਹੈ, ਇਸ ਕਰਕੇ ਉਹ ਗੱਦੀ ਸਾਨੂੰ ਦਿਵਾਵੋ, ਛੋਟੇ ਨੇ ਬਲ ਕਰਕੇ ਖੋਹ ਲਈ ਹੈ।

ਜੇ ਕਰਿ 'ਵਸਤੁ ਕੇ ਅਧਿਕਾਰੀ ਸਗਲੇ ਨੰਦਨ' ਕਹੈ ਬਨਾਇ।
ਤਊ ਸੁ ਦੀਰਘ ਗਾਦੀ ਲੇਵੈ ਇਸ ਮੈਂ ਕਛੂ ਨ ਸੰਸੈ ਆਇ।
ਸੋ ਮੈਂ ਤਯਾਗੀ ਮਹਾਂਦੇਵ ਹਿਤ ਇਸਕੋ ਟੀਕਾ ਦੇ ਹਰਖਾਇ।
ਪਾਤਿਸ਼ਾਹ ਤੇ ਕਹਿ ਗੁਰ ਕਰਿ ਹੈਂ ਸਭਿ ਸੰਗਤਿ ਤੁਝ ਪੂਜੈ ਪਾਇ ॥੨੬॥

ਜਿਸ ਵਸਤ ਦੇ ਸਾਰੇ ਪੁੱਤਰ ਅਧਿਕਾਰੀ ਹੁੰਦੇ ਹਨ, ਬਣਾ ਕੇ ਕਹਿੰਦਾ ਹੈ, ਜੇ ਉਸ ਨੂੰ ਵੱਡਾ ਪੁੱਤਰ ਲੈ ਲਵੇ ਤਾਂ ਇਸ ਵਿਚ ਕੋਈ ਸ਼ੰਕਾ ਨਹੀਂ ਰਹਿੰਦੀ, ਇਸ ਕਰਕੇ ਮੈਂ ਇਹ ਗੱਦੀ ਮਹਾਂਦੇਵ ਵਾਸਤੇ ਛੱਡ ਦਿੱਤੀ ਹੈ, ਪ੍ਰਸੰਨ ਹੋ ਕੇ ਇਸ ਨੂੰ ਗੁਰਗੱਦੀ ਦਾ ਤਿਲਕ ਲਾਵੋ। ਬਾਦਸ਼ਾਹ ਨੂੰ ਕਹਿ ਕੇ ਤੈਨੂੰ ਗੁਰੂ ਬਣਾਵਾਂਗਾ ਤੇ ਸਾਰੀ ਸੰਗਤ ਤੇਰੀ ਆ ਕੇ ਪੂਜਾ ਕਰੇਗੀ ॥ ੨੬॥

'ਮੈਂ ਸਭਿ ਤੇਂ ਬਡ ਅਰਜਨ ਹੈ ਲਘੁ, ਦੋਨਹੁਂ ਕੋ ਬਿਬਾਦ ਬਡ ਜਾਨਿ।
ਨਹਿਂ ਦੋਨਹੁਂ ਕੋ ਗਾਦੀ ਪਾਵਹਿ ਯਾਂਤੇ ਮੱਧਮ ਕਰਹੁ ਮਹਾਨ।
ਮਹਾਦੇਵ ਹੈ ਮਹਾਂਦੇਵ ਸਮ ਭੋਰਾ ਮਨ, ਨਹਿਂ ਛਲ, ਨਹਿਂ ਮਾਨ।
ਯਾਂਤੇ ਹਮ ਇਸ ਪਰ ਸਭਿ ਖੁਸ਼ ਹੈਂ ਜਗ ਗੁਰਤਾ ਕੇ ਉਚਿਤ ਪ੍ਰਮਾਨ' ॥੨੭॥

ਮੈਂ ਸਭ ਤੋਂ ਵੱਡਾ ਹਾਂ ਤੇ ਸ੍ਰੀ ਅਰਜਨ ਸਭ ਤੋਂ ਨਿੱਕਾ ਹੈ, ਦੋਵਾਂ ਦਾ ਵੱਡਾ ਝਗੜਾ ਜਾਣੋ, ਅਸੀਂ ਦੋਵੇਂ ਗੱਦੀ ਨਾ ਲਈਏ, ਇਸ ਕਰਕੇ ਵਿਚਕਾਰਲੇ ਨੂੰ ਮਹਾਨ ਬਣਾ ਦੇਵੋ, ਇਹ ਮਹਾਂਦੇਵ (ਸ਼ਿਵਜੀ) ਹੈ ਤੇ ਸ਼ਿਵਜੀ ਵਾਂਗ ਹੀ ਇਸ ਦਾ ਮਨ ਭੋਲਾ ਹੈ, ਇਸ ਵਿਚ ਕੋਈ ਵਲਛਲ ਨਹੀਂ ਤੇ ਨਾ ਹੀ ਘੁਮੰਡ ਹੈ, ਇਸ ਕਰਕੇ ਅਸੀਂ ਸਾਰੇ ਇਸ 'ਤੇ ਪ੍ਰਸੰਨ ਹਾਂ, ਇਹ ਜਗਤ ਗੁਰਤਾ ਦੇ ਬਿਲਕੁਲ ਯੋਗ ਹੈ॥ ੨੭॥

ਇਮ ਕਹਿ ਕੈ ਤੁਝ ਕਰਿ ਗੁਰ ਲਯਾਵਹਿਂ ਕੀਜਹਿ ਤਯਾਰੀ ਹਮਰੇ ਸੰਗ॥
ਦੋਨਹੁਂ ਮਿਲੈਂ, ਭਲੀ ਬਿਧਿ ਬਨਿ ਹੈ, ਮਿਲਹਿ ਤੋਹਿ ਪਦ ਅਧਿਕ ਉਤੰਗ।
ਅਗਨਿ ਸਮਾਨ ਮੋਹਿ ਕਹੁ ਜਾਨਹੁ ਤੁਝ ਸਮੀਰ ਤੇ ਮਚਹਿ ਅਭੰਗ।
ਅਸ ਕੋ ਕਾਰਜ ਫੇਰ ਨ ਸਿਧਿ ਹੈ ਹਮ ਤੁਮ ਜਬਿ ਹੋਏ ਇਕ ਰੰਗ' ॥੨੮॥

ਇਹ ਕਹਿ ਕੇ ਤੈਨੂੰ ਗੁਰੂ ਬਣਾ ਕੇ ਲਿਆਵਾਂਗੇ, ਇਸ ਕਰਕੇ ਸਾਡੇ ਨਾਲ ਚੱਲਣ ਦੀ ਤਿਆਰੀ ਕਰੋ। ਦੋਵਾਂ ਦੇ ਮਿਲਣ ਨਾਲ ਭਲੀ ਵਿਧੀ ਬਣਦੀ ਹੈ, ਤੈਨੂੰ ਬਹੁਤ ਵੱਡੀ ਪਦਵੀ ਮਿਲੇਗੀ। ਮੈਨੂੰ ਅਗਨੀ ਸਮਾਨ ਜਾਣੋ, ਤੁਹਾਡੀ ਠੰਡੀ ਹਵਾ ਲਗਣ ਨਾਲ ਇਹ ਹੋਰ ਮੱਚੇਗੀ। ਇਸ ਤਰ੍ਹਾਂ ਕਾਰਜ ਫਿਰ ਕਦੀ ਸਿੱਧ ਨਹੀਂ ਹੋਵੇਗਾ, ਅਸੀਂ ਦੋਵੇਂ ਜਦ ਇਕ ਰੰਗ ਹੋ ਗਏ" ॥ ੨੮॥

ਮਹਾਂਦੇਵ ਸੁਨਿ ਕੈ ਬਿਕਸਾਨੋ 'ਭਲੋ ਮਨਾਵਨ ਆਯੋ ਤੋਹਿ।
ਸਭਿ ਸੁਖ ਪਾਵਤਿ ਨਿਜ ਘਰ ਬੈਠੇ ਇਕ ਭੀ ਚਿੰਤਾ ਨਹਿਂ ਮਨ ਮੋਹਿ।

ਲਗਜੋ ਬਿਗਾਰਨਿ ਕੋ ਉਪਦੇਸ਼ਨਿ ਜਿਸਤੇ ਸੰਕਟ ਅਤਿਸ਼ੈ ਹੋਹਿ।
ਮੈ ਨਹਿਂ ਮਾਨੌਂ ਦੈਸ਼ ਨ ਠਾਨੌ ਅਰਜਨ ਗੁਰੂ, ਨ ਰਾਗ, ਨ ਦ੍ਰੋਹਿ॥ ੨੯॥

ਮਹਾਂਦੇਵ ਇਹ ਸੁਣ ਕੇ ਮੁਸਕਰਾਇਆ ਅਤੇ ਬੋਲਿਆ, "ਚੰਗਾ ਤੈਨੂੰ ਮੰਨਾਉਣ ਆਇਆ ਹਾਂ, ਮੈਂ ਆਪਣੇ ਘਰ ਬੈਠਾ ਸਭ ਸੁਖ ਪਾ ਰਿਹਾ ਹਾਂ, ਮੇਰੇ ਮਨ ਵਿਚ ਇਕ ਵੀ ਚਿੰਤਾ ਨਹੀਂ ਹੈ। ਮੈਨੂੰ ਵਿਗਾੜਨ ਵਾਸਤੇ ਉਪਦੇਸ਼ ਦਿੰਦਾ ਹੈਂ, ਜਿਸ ਕਾਰਨ ਬਹੁਤ ਦੁੱਖ ਪ੍ਰਾਪਤ ਹੋਵੇਗਾ, ਮੈਂ ਨਹੀਂ ਮੰਨਾਂਗਾ ਤੇ ਈਰਖਾ ਧਾਰਨ ਨਹੀਂ ਕਰਾਂਗਾ, ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਹਨ, ਉਨ੍ਹਾਂ ਵਿਚ ਨਾ ਕਿਸੇ ਨਾਲ ਪ੍ਰੇਮ ਹੈ ਅਤੇ ਨਾ ਕਿਸੇ ਨਾਲ ਵੈਰ ਹੈ॥ ੨੯॥

ਸੁਨਹੁ ਭ੍ਰਾਤ ਇਕ ਬਾਤ ਨੀਤਿ ਕੀ ਅਤਿ ਉਤਪਾਤ ਚਹਤਿ ਚਿਤ ਠਾਨਿ।
ਘਰ ਫੂਟੇ ਬਡ ਸੰਕਟ ਹੋਵਤਿ ਲਘੁਤਾ ਪਾਵਤਿ ਹੈ ਜੁ ਮਹਾਨ।
ਜਹਿਂ ਕਹਿਂ ਹਾਸੀ ਕਰਹਿਂ ਜਗਤ ਮਹਿਂ ਪੁਨ ਅਪਜਸ ਕੋ ਪਾਇ ਅਜਾਨ।
ਪ੍ਰਥਮ ਬਿਸਾਲ ਬਲੀ ਜਗ ਉਪਜੇ ਭਦ ਭਏ ਤੇ ਪ੍ਰਾਪਤਿ ਹਾਨ॥ ੩੦॥

ਹੇ ਭਾਈ! ਨੀਤੀ ਦੀ ਇਕ ਗੱਲ ਸੁਣੋ, ਤੂੰ ਹਮੇਸ਼ਾ ਚਿਤ ਵਿਚ ਵੱਡਾ ਉਪੱਦਰ ਕਰਨਾ ਚਾਹੁੰਦਾ ਰਹਿੰਦਾ ਹੈਂ। ਘਰ ਵਿਚ ਫੁੱਟ ਪੈਣ ਨਾਲ ਬੜਾ ਸੰਕਟ ਪੈਦਾ ਹੁੰਦਾ ਹੈ, ਜਿਹੜਾ ਵੱਡਾ ਵੀ ਹੁੰਦਾ ਹੈ, ਉਹ ਛੋਟਾ ਹੋ ਜਾਂਦਾ ਹੈ। ਜੱਗ ਵਿਚ ਜਿੱਥੇ ਕਿਥੇ ਲੋਕ ਉਸ ਦਾ ਮਖੌਲ ਉਡਾਉਂਦੇ ਹਨ, ਤੇ ਫਿਰ ਮੂਰਖ ਬਦਨਾਮੀ ਕਰਵਾਉਂਦਾ ਹੈ, ਪਹਿਲਾਂ ਜੱਗ ਵਿਚ ਵਿਸ਼ਾਲ ਬਲੀ ਪੈਦਾ ਹੁੰਦੇ ਹਨ, ਪਰ ਫੁੱਟ ਪੈ ਜਾਣ ਤੇ ਵੱਡੀ ਹਾਨੀ ਪ੍ਰਾਪਤ ਕਰਦੇ ਹਨ॥ ੩੦॥

ਮਿਲਿਨਿ ਬਿਖੈ ਗੁਨ ਅਨਿਕ ਭਾਂਤਿ ਕੇ ਫੂਟਨਿ ਬਿਖੈ ਸੁ ਅਵਗੁਨ ਬ੍ਰਿੰਦ।
ਕਰਹੁ ਖੁਸ਼ਾਮਦ ਤੁਰਕਨਿ ਕੇਰੀ ਦੇਹੁ ਦਰਬ ਰਿਸ਼ਵਤੀ ਬਿਲੰਦ।
ਭ੍ਰਾਤ ਪਰਸਪਰ ਜਹਿਂ ਜਹਿਂ ਬਿਗਰੇ ਤਹਿਂ ਤਹਿਂ ਅਪਦਾ ਪਰਿ ਦੁਖਵੰਦ।
ਬਿਦਤਿ ਬਾਤ ਤੁਮ ਜਾਨਹੁ ਕਜੋਂ ਨਹਿਂ ਛਿਮਾਂ ਕਰਨਿ ਹੀ ਸਭਿ ਸੁਖਕੰਦ॥੩੧॥

ਇਕੱਠੇ ਰਹਿਣ ਵਿਚ ਅਨੇਕ ਪ੍ਰਕਾਰ ਦੇ ਗੁਣ ਹਨ, ਪਰ ਫੁੱਟ ਪੈ ਜਾਣ ਨਾਲ ਬਹੁਤ ਔਗੁਣ ਪੈਦਾ ਹੋ ਜਾਂਦੇ ਹਨ। ਤੁਰਕਾਂ ਨੂੰ ਬਹੁਤ ਰਿਸ਼ਵਤ ਦੇ ਕੇ ਉਨ੍ਹਾਂ ਦੀ ਖੁਸ਼ਾਮਦ ਕਰੋਗੇ, ਆਪਸ ਵਿਚ ਭਰਾ ਜਿਥੇ-ਜਿਥੇ ਵੀ ਵਿਗੜੇ ਹਨ, ਉਥੇ ਉਥੇ ਹੀ ਉਨ੍ਹਾਂ ਨੂੰ ਬੜੀ ਦੁਖਦਾਇਕ ਬਿਪਤਾ ਪੈਂਦੀ ਹੈ। ਪ੍ਰਗਟ ਗੱਲ ਨੂੰ ਤੁਸੀ ਕਿਉਂ ਨਹੀਂ ਜਾਣਦੇ, ਕਿਉਂ ਨਹੀਂ ਜਾਣਦੇ ਕਿ ਖਿਮਾਂ ਕਰਨ ਵਿਚ ਹੀ ਸਾਰੇ ਸੁਖ ਹਨ॥ ੩੧॥

ਬਿਗਰੇ ਬਾਲੀ ਭ੍ਰਾਤ ਸੁਗ੍ਰੀਵ ਜੁ ਤਿਨ ਮਹੁਂ ਭਯੋ ਬਡੋ ਕੋ ਨਾਸ਼।
ਰਾਵਣ ਨਾਸ਼ ਬਿਭੀਖਨ ਕੀਨਿਸ ਭੇਦ ਰਾਖਸ਼ਨਿ ਕਰਤਿ ਪ੍ਰਕਾਸ਼।
ਕੌਰਵ ਪਾਂਡਵ ਹਠਿ ਕਰਿ ਨਿਸ਼ਠੁਰ ਸੰਘਰ ਕਰਿ ਬਿਨਸੇ ਬਲ ਰਾਸਿ।
ਇਮ ਬਡਿਯਨਿ ਕੀ ਦਸ਼ਾ ਭਈ ਜਬਿ ਅਲਪਨਿ ਕੀ ਗਿਨਤੀ ਕਹੁ ਕਜਾ ਸੁ॥੩੨॥

ਬਾਲੀ ਅਤੇ ਸੁਗ੍ਰੀਵ ਦੋਵੇਂ ਭਰਾ ਲੜ ਪਏ ਸਨ, ਉਨ੍ਹਾਂ ਵਿਚੋਂ ਬਾਲੀ ਮਾਰਿਆ ਗਿਆ। ਬਿਭੀਖਣ ਨੇ ਰਾਵਣ ਦਾ ਨਾਸ਼ ਕਰ ਦਿੱਤਾ ਜਦ ਉਸ ਰਾਖਸ਼ਾਂ ਦਾ ਭੇਦ ਪ੍ਰਗਟ ਕਰ ਦਿੱਤਾ। ਕੌਰਵ ਹੱਠ ਕਰਕੇ ਪਾਂਡਵਾਂ ਨਾਲ ਲੜ ਪਏ ਤੇ ਉਨ੍ਹਾਂ ਵੱਡੇ ਬਲਵਾਨਾਂ ਦਾ ਨਾਸ਼ ਹੋ ਗਿਆ। ਇਸ ਤਰ੍ਹਾਂ ਵੱਡਿਆਂ ਦੀ ਹਾਲਤ ਹੋਈ, ਛੋਟਿਆਂ ਦੀ ਤਾਂ ਗਿਣਤੀ ਕੀ ਹੈ॥ ੩੨॥

ਘਰ ਕੀ ਬਾਤ ਵਹਿਰ ਪਰਕਾਸ਼ਨਿ ਕਰਹਿਂ ਪਰਸਪਰ ਨਿੰਦ ਬਖਾਨ।
ਹੋਰੇ ਅਰੁ ਖੋਟੇ ਸਭਿ ਭਾਖਹਿਂ, ਬਿਨਸਹਿ ਗੌਰ, ਬਡਾਈ, ਮਾਨ।

Sri Satguru Jagjit Singh Ji eLlibrary NamdhariElibrary@gmail.com

ਖਰਚਹਿਂ ਧਨ, ਚਿਤ ਚਿੰਤਾ ਚਿਤਵਹਿਂ ਅਸ਼ਟ ਜਾਮ ਲੌ ਦੁਖ ਗ਼ਲਤਾਨ।
ਬਿਨੈ ਕਰਨਿ ਅਰੁ ਦੀਨ ਹੋਨਿ ਬਹੁ ਇਨ ਫਲ ਬਿਨ ਪਾਇਂ ਨ ਕੁਛ ਪਾਨ ॥੩੩॥

ਆਪਸ ਵਿਚ ਨਿੰਦਿਆ ਕਰਕੇ ਘਰ ਦੀ ਗੱਲ ਬਾਹਰ ਪ੍ਰਗਟ ਕਰੋਗੇ ਸਾਰੇ ਹੌਲੇ ਅਤੇ ਖੋਟੇ ਕਹਿਣਗੇ, ਫਿਰ ਗੌਰਵਤਾ, ਵਡਿਆਈ ਤੇ ਮਾਨ ਨਾਸ਼ ਹੋ ਜਾਵੇਗਾ। ਇਕ ਪਾਸੇ ਧਨ ਖਰਚੋਗੇ, ਚਿੱਤ ਚਿੰਤਾ ਚਿਤਵੋਗੇ, ਅੱਠੇ ਪਹਿਰ ਦੁੱਖ ਵਿਚ ਗਲਤਾਨ ਰਹੋਗੇ। ਬੇਨਤੀ ਕਰਨ ਅਤੇ ਦੀਨ ਹੋਣ ਨਾਲ ਆਪਣੇ ਹੱਥ ਕੋਈ ਫਲ ਵੀ ਨਹੀਂ ਪਾਵੇਂਗਾ॥ ੩੩॥

ਸ੍ਰੀ ਨਾਨਕ ਤੇ ਆਦਿ ਗੁਰੂ ਸਭਿ ਜਗ ਮਹਿਂ ਮਹਿਮਾ ਇਨਹੁ ਮਹਾਨ।
ਅਦਬ ਕਰਹਿਂ ਸਭਿ ਸੀਸ ਨਿਵਾਵੈਂ ਪਾਤਿਸ਼ਾਹ ਆਦਿਕ ਨਰ ਜਾਨਿ।
ਜਬਿ ਤੁਮ ਗਏ ਪੁਕਾਰ ਕਰਨਿ ਕਹੁ ਝਗਰੋ ਦੁਇ ਦਿਸ਼ ਰਿਸ ਅਤਿ ਠਾਨਿ।
ਫੇਰ ਨ ਪੂਜਹਿਂ ਬੰਦਨ ਠਾਨਹਿਂ, ਜਾਨਹਿਂਗੇ ਧਨ ਕੇ ਹਿਤਵਾਨ॥ ੩੪॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਜਗਤ ਵਿਚ ਮਹਾਨ ਮਹਿਮਾ ਹੈ, ਸਾਰੇ ਸਿਰ ਨਿਵਾ ਕੇ ਆਦਰ ਕਰਦੇ ਹਨ ਅਤੇ ਮਨੁੱਖ ਉਨ੍ਹਾਂ ਨੂੰ ਸੱਚੇ ਪਾਤਸ਼ਾਹ ਜਾਣਦੇ ਹਨ। ਜਦ ਤੂੰ ਪੁਕਾਰ ਕਰਨ ਜਾਵੇਂਗਾ ਅਤੇ ਬਹੁਤ ਗੁੱਸੇ ਵਿਚ ਆ ਕੇ ਝਗੜੇ ਬਾਰੇ ਕਹੋਗੇ। ਫਿਰ ਤੈਨੂੰ ਕੋਈ ਨਹੀਂ ਪੂਜੇਗਾ, ਨਾ ਬੰਦਨਾ ਕਰੇਗਾ, ਸਾਰੇ ਜਾਣ ਲੈਣਗੇ ਕਿ ਤੂੰ ਕੇਵਲ ਧਨ ਦਾ ਹਿਤੂ ਹੈਂ॥ ੩੪॥

ਇੱਤਜਾਦਿਕ ਔਗੁਨ ਹੈਂ ਲਾਖਹੁਂ, ਤਜਹੁ ਬਿਰੋਧ ਸਰਲ ਉਰ ਹੋਇ।
ਕਰਹੁ ਪਰਸਪਰ ਬੰਦਨ ਭ੍ਰਾਤਾ ਅਤਿ ਅਨੰਦ ਘਰ ਮਹਿਂ ਲਿਹੁ ਦੋਇ।
ਕਮੀ ਪਦਾਰਥ ਕੀ ਕੁਛ ਨਾਂਹਿਨ ਸ੍ਰੀ ਗੁਰ ਕਰੀ ਕਮਾਈ ਜੋਇ।
ਗੁਨ ਹੈਂ ਅਧਿਕ ਮੇਲ ਜੇ ਠਾਨਹੁ ਸੁਜਸੁ ਜਗਤ ਮਹਿਂ ਕਹਿਂ ਸਭਿ ਕੋਇ ॥੩੫॥

ਇਸ ਤਰ੍ਹਾਂ ਦੇ ਔਗੁਣ ਹਨ, ਉਨ੍ਹਾਂ ਨੂੰ ਸਮਝੋ, ਆਪਣੇ ਹਿਰਦੇ ਨੂੰ ਛਲ-ਰਹਿਤ ਕਰਕੇ ਵਿਰੋਧ ਛੱਡ ਦੇਵੋ। ਦੋਵੇਂ ਭਰਾ ਆਪਸ ਵਿਚ ਬੰਦਨਾ ਕਰੋ ਤੇ ਦੋਵੇਂ ਆਪਣੇ ਘਰ ਵਿਚ ਅਤਿ ਆਨੰਦ ਲਵੋ। ਕਿਸੇ ਪਦਾਰਥ ਦੀ ਕੋਈ ਘਾਟ ਨਹੀਂ ਰਹਿੰਦੀ ਹੈ ਜਿਹੜੀ ਸ੍ਰੀ ਗੁਰੂ ਜੀ ਨੇ ਜੋ ਕਮਾਈ ਕੀਤੀ ਹੈ। ਜੇ ਆਪਸ ਵਿਚ ਮੇਲ ਮਿਲਾਪ ਕਰ ਲਵੋ ਤਾਂ ਇਸ ਵਿਚ ਬਹੁਤ ਗੁਣ ਹਨ, ਤੁਹਾਡਾ ਸਾਰੇ ਜਗਤ ਵਿਚ ਹਰ ਕੋਈ ਸ੍ਰੇਸ਼ਟ ਜੱਸ ਕਰੇਗਾ"॥ ੩੫॥

ਦੋਹਰਾ-ਮਹਾਂਦੇਵ ਇਮ ਮਹਾਂਮਤਿ ਮਹਾਂ ਕੁਟਿਲ ਸਮੁਝਾਇ।
ਚਿੱਕ੍ਰਨ ਬਾਸਨ ਬੂੰਦ ਜਿਮ ਛੁਈ ਨ ਮਨ ਕੁਛ ਲਜਾਇ ॥੩੬॥

ਮਹਾਂਦੇਵ ਨੇ ਇਸ ਤਰ੍ਹਾਂ ਚੰਗੀ ਮੱਤ ਦੇ ਕੇ ਮਹਾਂ ਕੁਟਿਲ ਨੂੰ ਸਮਝਾਇਆ। ਪਰ ਜਿਵੇਂ ਥਿੰਦੇ ਭਾਂਡੇ ਨੂੰ ਪਾਣੀ ਦੀ ਬੂੰਦ ਨਹੀਂ ਛੂੰਹਦੀ ਹੈ, ਇਸ ਤਰ੍ਹਾਂ ਉਸ ਦੇ ਮਨ ਤੇ ਕੋਈ ਅਸਰ ਨਾ ਹੋਇਆ॥ ੩੬॥

*ਤੀਸਰੀ ਰਾਸ ਦਾ ਉਨੀਂਵਾਂ ਅਧਿਆਇ ਸਮਾਪਤ ਹੋਇਆ॥ ੧੯॥*

❖❖❖

# ਅਧਿਆਇ ਵੀਹਵਾਂ

## ਮਹਾਂਦੇਵ ਤੇ ਪ੍ਰਿਥੀਏ ਦਾ ਝਗੜਾ

ਦੋਹਰਾ- ਸੁਨਿਕੈ ਪ੍ਰਿਥੀਆ ਲਖਹਿ ਮਨ 'ਇਹ ਭੋਰੋ ਮਤਿ ਨਾਂਹਿ।
ਆਲਸ ਕੀ ਲਾਲਸ ਜਿਸੇ ਰਹੇ ਬੈਠਿ ਘਰ ਮਾਂਹਿ' ॥ ੧ ॥

ਇਹ ਸੁਣ ਕੇ ਪ੍ਰਿਥੀਆ ਆਪਣੇ ਮਨ ਵਿਚ ਸਮਝਿਆ ਕਿ ਇਸ ਨੂੰ ਭੋਰਾ ਅਕਲ ਨਹੀਂ ਹੈ, ਜਿਸ ਨੂੰ ਹਰ ਵੇਲੇ ਆਲਸੀ ਦੀ ਲਾਲਸਾ ਹੈ ਤੇ ਸਾਰਾ ਦਿਨ ਘਰ ਵਿਚ ਬੈਠਾ ਰਹਿੰਦਾ ਹੈ॥ ੧ ॥

ਸੈਯਾ ਛੰਦ- 'ਮਹਾਂਦੇਵ ਤੁਮ ਸੁਨੋ ਭ੍ਰਾਤ ਜੀ ਜੇ ਅਬਿ ਉੱਦਮ ਕਰਿਹੋਂ ਨਾਂਹਿ।
ਸ਼ੱਤ੍ਰੂ ਸਹੋਦਰ ਨੇ ਸਭਿ ਲੀਨਸਿ ਹਮਰੋ ਬੰਸ ਕਹਾਂ ਤੇ ਖਾਹਿ।
ਜੇ ਅਬਿ ਮੁਝ ਤੇ ਲਈ ਗਈ ਨਹਿਂ ਪੁਨ ਗੁਰਤਾ ਕਿਮ ਕੋ ਲੇ ਪਾਹਿ।
ਮੈਂ ਸਮਰਥ ਹੌਂ ਲੈਬੇ ਕੋ ਇਹ, ਬਿਲਮ ਜਾਨਿ ਕੀ ਦਿੱਲੀ ਮਾਂਹਿ ॥ ੨ ॥

ਪ੍ਰਿਥੀਏ ਕਿਹਾ, "ਹੇ ਮੇਰੇ ਭਾਈ ਜੀ ਸੁਣੋ, ਜੇ ਹੁਣ ਉੱਦਮ ਨਹੀਂ ਕਰੋਗੇ ਤਾਂ ਗੁਰਤਾ ਦੀ ਗੱਦੀ ਦੁਸ਼ਮਣ ਛੋਟੇ ਭਰਾ ਨੇ ਲੈ ਲਈ ਹੈ, ਸਾਡਾ ਵੰਸ਼ ਕਿਥੋਂ ਖਾਵੇਗਾ, ਜੇ ਹੁਣ ਮੈਥੋਂ ਨਾ ਲਈ ਗਈ ਤਾਂ ਫਿਰ ਗੁਰਤਾ ਕਿਵੇਂ ਪਾਵਾਂਗੇ। ਮੈਂ ਗੁਰਤਾ ਲੈਣ ਦੇ ਸਮਰੱਥ ਹਾਂ, ਕੇਵਲ ਦਿੱਲੀ ਜਾਣ ਦੀ ਹੀ ਦੇਰ ਹੈ॥ ੨ ॥

ਮੇਰੋ ਕਹਾ ਬਿਗਰੈ ਗੋ ਕਹੁ ਤੂੰ ਮਹਿਮਾ ਇਸ ਕੀ ਜਗਤ ਬਿਸਾਲ।
ਦਰਬ ਪਦਾਰਥ ਅਧਿਕ ਅਨੂਠੇ ਚਹੁੰਦਿਸ਼ਿ ਤੇ ਆਵੈਂ ਤਤਕਾਲ।
ਝਗਰਤਿ ਕੈਦ ਹੋਇ ਤਬਿ ਹੌਰਾ ਹੇਰਹਿੰਗੇ ਨਰ ਦੇਸ਼ਨਿ ਜਾਲ।
ਪੁਨਹਿ ਉਪਾਇਨ ਅਰਪਹਿੰਗੇ ਨਹਿਂ ਕਿਤਿਕ ਦਿਵਸ ਮਹਿਂ ਹੁਇ ਅਸ ਹਾਲ ॥ ੩ ॥

ਮੇਰਾ ਕੀ ਵਿਗੜੇਗਾ ਜੇ ਤੂੰ ਜਗਤ ਵਿਚ ਇਸ ਦੀ ਵਿਸ਼ਾਲ ਮਹਿਮਾਂ ਕਹੇਂਗਾ। ਧਨ ਅਤੇ ਅਨੂਠੇ ਪਦਾਰਥ ਚਾਰੇ ਪਾਸਿਆਂ ਤੋਂ ਤੁਰੰਤ ਆ ਰਹੇ ਹਨ। ਜਦ ਝਗੜਾ ਕਰਕੇ ਮੈਂ ਕੈਦ ਕਰਾਵਾਂਗਾ ਤਾਂ ਹੌਲਾ ਹੋਇਆ ਸਾਰੇ ਦੇਸ਼ਾਂ ਦੇ ਲੋਕ ਵੇਖਣਗੇ। ਫਿਰ ਇਨ੍ਹਾਂ ਨੂੰ ਉਪਹਾਰ ਨਹੀਂ ਭੇਟ ਕਰਨਗੇ ਤੇ ਕੁਝ ਦਿਨਾਂ ਵਿਚ ਹੀ ਮਾੜਾ ਹਾਲ ਹੋ ਜਾਵੇਗਾ॥ ੩ ॥

ਹਮ ਦੋਨਹੁਂ ਲਘੁ ਐਸ਼੍ਰਜ ਮਾਂਹੀ, ਗਾਦੀ ਬੈਠਿ ਭਯੋ ਧਨਵਾਨ।
ਚਹੁੰਦਿਸ਼ਿ ਤੇ ਗਨ ਸੰਗਤਿ ਸਿੱਖਨ ਅਨਗਨ ਦਰਬ ਵਸਤੁ ਦੇਂ ਆਨਿ।
ਤੂੰ ਕਿਮ ਜਰਹਿਂ ਜਰਹਿਂ ਨਹਿਂ ਉਰ ਮੈਂ ਹਮ ਤੀਨਹੁਂ ਇਕ ਪਿਤ ਕੇ ਜਾਨਿ।
ਇਕ ਮਾਲਕ ਦ੍ਵੈ ਰਹੈਂ ਸੁ ਛੂਛੇ ਇਮ ਅਨੀਤਿ ਤੂੰ ਮਨ ਮਹਿਂ ਮਾਨਿ ॥ ੪ ॥

ਅਸੀਂ ਦੋਵੇਂ ਘੱਟ ਧਨ ਵਾਲੇ ਹਾਂ, ਇਹ ਗੱਦੀ ਤੇ ਬੈਠ ਕੇ ਧਨਵਾਨ ਹੋ ਗਏ ਹਨ, ਚਾਰਾਂ ਪਾਸਿਆਂ ਤੋਂ ਸਿੱਖ ਸੰਗਤ ਇਕੱਠੀ ਹੋ ਕੇ ਆ ਕੇ ਧਨ ਅਤੇ ਵਸਤੂਆਂ ਦਿੰਦੀ ਹੈ। ਇਹ ਕੁਝ ਤੂੰ ਕਿਵੇਂ ਸਹਾਰਦਾ ਹੈਂ, ਮੈਂ ਤਾਂ ਦਿਲ ਵਿਚ ਨਹੀਂ ਬਰਦਾਸ਼ਤ ਕਰ ਸਕਦਾ, ਤਿੰਨੇ ਇਕ ਪਿਤਾ ਦੇ ਪੁੱਤਰ ਹੋ ਕੇ ਇਕ ਮਾਲਕ ਬਣ ਗਿਆ ਹੈ, ਦੋ ਖਾਲੀ ਰਹਿ ਗਏ ਹਨ, ਇਹ ਪੁੱਠੀ ਰੀਤੀ ਤੂੰ ਹੀ ਆਪਣੇ ਮਨ ਵਿਚ ਮੰਨੋ॥ ੪ ॥

Sri Satguru Jagjit Singh Ji eLlibrary NamdhariElibrary@gmail.com

ਪਾਤਿਸ਼ਾਹ ਪਹਿ ਕਰੌਂ ਪੁਕਾਰਨਿ ਗੁਰਤਾ ਲੇਵੌਂ ਤੂਰਨ ਛੀਨਿ।
ਸੁਖ ਸੌਂ ਨਹੀਂ ਬਾਸਿਬੇ ਦੇਵੌਂ, ਸੰਕਟ ਪਰਹਿ ਹੋਹਿ ਬਹੁ ਦੀਨ।
ਮਹਾਂਦੇਵ! ਤੁਮ ਭੋਰੇ ਅਤਿਸ਼ੈ ਹਾਨ ਲਾਭ ਕੀ ਸਮਝ ਬਿਹੀਨ।
ਮੋਹਿ ਕਹੇ ਕੋ ਇਸੀ ਸਮੇਂ ਕੌ ਝੁਰਹਿਂਗੋ ਮੈਂ ਕਜੋਂ ਨਹਿਂ ਕੀਨਿ ॥ ੫ ॥

ਬਾਦਸ਼ਾਹ ਪਾਸ ਮੈਂ ਪੁਕਾਰ ਕਰਾਂਗਾ ਤੇ ਗੁਰਤਾ ਤੁਰਤ ਖੋਹ ਲਵਾਂਗਾ, ਸੁਖ ਨਾਲ ਨਹੀਂ ਵੱਸਣ ਦੇਵਾਂਗਾ, ਜਦ ਸੰਕਟ ਪੈਣਗੇ ਤਾਂ ਬਹੁਤ ਦੀਨ ਹੋ ਜਾਣਗੇ। ਹੇ ਮਹਾਂਦੇਵ ! ਤੂੰ ਬਹੁਤ ਭੋਲਾ ਹੈਂ, ਤੂੰ ਹਾਣ ਲਾਭ ਦੀ ਸਮਝ ਤੋਂ ਬਗੈਰ ਹੈਂ। ਮੇਰੇ ਇਸ ਸਮੇਂ ਦੇ ਕਹੇ ਤੇ ਫਿਰ ਝੂਰੇਂਗਾ ਅਤੇ ਕਹੇਂਗਾ, ਮੈਂ ਕਿਉਂ ਨਾ ਪ੍ਰਿਥੀਏ ਦਾ ਸਾਥ ਦਿੱਤਾ॥ ੫ ॥

ਸ੍ਰੀ ਅਰਜਨ ਨਿਜ ਛਲਬਲ ਕਰਤਾ ਤੁਮ ਸੂਧੇ ਛਲ ਸਕਹੁ ਨ ਜਾਨਿ।
ਤੁਝ ਪ੍ਰਸੰਨ ਕਰਿ ਦੇਤਿ ਨੰਮ੍ਰ ਹੁਇ ਤ੍ਰਾਸ ਧਰਤਿ 'ਇਹ ਝਗਰ ਨ ਠਾਨਿ'।
ਤੀਨਹੁਂ ਹਮ ਜਿਸਕੇ ਅਧਿਕਾਰੀ ਲੇ ਬੈਠਜੋ ਏਕਲ ਸੁਖ ਮਾਨਿ।
ਸਭਿ ਮਸੰਦ ਕਹਿ ਕਹਿ ਅਪਨਾਏ ਚਹੁੰਦਿਸ਼ਿ ਤੇ ਧਨ ਆਇ ਮਹਾਨ ॥ ੬ ॥

ਸ੍ਰੀ ਅਰਜਨ ਦੇਵ ਜਿਹੜੇ ਛਲਵਲ ਕਰਦਾ ਹੈ, ਤੂੰ ਸਿੱਧਾ ਹੋਣ ਕਰਕੇ ਉਨ੍ਹਾਂ ਛਲਾਂ ਨੂੰ ਜਾਣ ਨਹੀਂ ਸਕਿਆ। ਤੈਨੂੰ ਨੀਵਾਂ ਹੋ ਕੇ ਪ੍ਰਸੰਨ ਕਰ ਦਿੰਦਾ ਹੈ, ਕਿਉਂਕਿ ਉਹ ਡਰਦੇ ਹਨ ਕਿ ਤੂੰ ਕਿਤੇ ਝਗੜਾ ਨਾ ਕਰੇਂ। ਇਸ ਗੱਲ ਨੂੰ ਤੂੰ ਸਮਝ ਲੈ ਜਿਸ ਗੁਰਤਾ-ਗੱਦੀ ਦੇ ਅਸੀਂ ਤਿੰਨੇ ਹੱਕਦਾਰ ਹਾਂ, ਉਸ ਤੇ ਇਕੱਲਾ ਬੈਠ ਕੇ ਸੁਖ ਲੈ ਰਿਹਾ ਹੈ। ਸਾਰੇ ਮਸੰਦਾਂ ਨੂੰ ਕਹਿ ਕਹਿ ਕੇ ਆਪਣਾ ਬਣਾ ਲਿਆ ਹੈ ਅਤੇ ਚਾਰੇ ਪਾਸਿਆਂ ਤੋਂ ਮਹਾਨ ਧਨ ਆਉਂਦਾ ਹੈ॥ ੬ ॥

ਅਬਿ ਉਪਾਵ ਹੁਇ ਸਕੈ, ਸੰਗ ਚਲਿ, ਕਜੋਂ ਚੂਕਤਿ ਚਿਤ ਚੌਕ ਸੁਚੀਨਿ।
ਤੇਰੋ ਅਧਿਕ ਪ੍ਰਤਾਪ ਵਧਹਿਗੋ ਹਮ ਭੀ ਤੁਝ ਤੇ ਹੋਵਹਿਂ ਹੀਨ।
ਤੁਝ ਪਰ ਮੈਂ ਸੁਪ੍ਰਸੰਨ ਅਧਿਕ ਨਿਤ ਗੁਰੂ ਬਨਹਿਂ ਬੈਠਹਿਂ ਦੁਤਿ ਲੀਨਿ।
ਚਹੁੰਦਿਸ਼ ਕੀ ਸੰਗਤਿ ਮਿਲਿ ਪੂਜਹਿ ਅਨਿਕ ਉਪਾਇਨ ਅਰਪਨ ਕੀਨਿ ॥ ੭ ॥

ਹੁਣ ਤਾਂ ਉਪਾਅ ਹੋ ਸਕਦਾ ਹੈ, ਸਾਵਧਾਨ ਚਿੱਤ ਹੋ ਕੇ ਵੇਖੋ, ਕਿਉਂ ਭੁੱਲਦਾ ਹੈਂ ? ਤੇਰਾ ਬਹੁਤ ਪ੍ਰਤਾਪ ਵਧੇਗਾ, ਅਸੀਂ ਵੀ ਤੇਰੇ ਤੋਂ ਨੀਵੇਂ ਹੋਵਾਂਗੇ। ਤੇਰੇ ਤੇ ਮੈਂ ਬਹੁਤ ਪ੍ਰਸੰਨ ਹਾਂ, ਗੁਰੂ ਬਣ ਕੇ ਬੈਠ ਕੇ ਸ਼ੋਭਾ ਪ੍ਰਾਪਤ ਕਰੋ, ਚਾਰੇ ਪਾਸਿਆਂ ਦੀ ਸੰਗਤ ਮਿਲ ਕੇ ਪੂਜਾ ਕਰੇਗੀ ਅਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਨਗੇ॥ ੭ ॥

ਛਲਕਾਰੀ ਉਰ ਕਪਟ ਕਰਹਿ ਨਿਤ ਮੋਹਿ ਨ ਨੀਕੋ ਲਾਗਹਿ ਸੋਇ।
ਪਿਖਿ ਸਰੂਪ ਕੰਟਕ ਚਖ ਚੁਭਤੇ ਚਿਤ ਮਹਿਂ ਚਹਤਿ ਨ ਚਿਤਵਨਿ ਹੋਇ।
ਸੁਜਸ ਬਾਕ ਤਿਸ ਕੇ ਅਤਿ ਤੀਖਨ ਬਾਨ ਸਮਾਨ ਕਾਨ ਲਗਿ ਦੋਇ।
ਰਿਦ ਕੋ ਬੇਧਤਿ ਕਰਕਤਿ ਨਿਸ ਦਿਨ ਤਿਹ ਸੁਨਿ ਬਚਨ ਇਸੀ ਸਮ ਜੋਇ ॥ ੮ ॥

ਛਲਕਾਰੀ ਹਿਰਦੇ ਵਿਚ ਸਦਾ ਕਪਟ ਕਰਦਾ ਹੈ, ਮੈਨੂੰ ਅਜਿਹਾ ਪੁਰਸ਼ ਚੰਗਾ ਨਹੀਂ ਲੱਗਦਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੂਰਤ ਵੇਖਕੇ ਮੇਰੇ ਨੇਤਰਾਂ ਵਿਚ ਕੰਡਾ ਚੁਭਦਾ ਹੈ, ਚਿੱਤ ਵਿਚ ਇਹੋ ਹੀ ਚਾਹੁੰਦਾ ਹਾਂ ਕਿ ਮੈਨੂੰ ਦਿੱਸੇ ਹੀ ਨਾ। ਉਸ ਦੇ ਸ੍ਰੇਸ਼ਟ ਜੱਸ ਬਾਰੇ ਜਦ ਕੋਈ ਸ਼ਬਦ ਸੁਣਦਾ ਹਾਂ ਤਾਂ ਉਹ ਮੇਰੇ ਦੋਹਾਂ ਕੰਨਾਂ ਵਿਚ ਤਿਖੇ ਤੀਰਾਂ ਵਾਂਗੂੰ ਵੱਜਦੇ ਹਨ, ਹਿਰਦੇ ਵਿਚ ਬਹੁਤ ਰੜਕਦੇ ਹਨ, ਜਦ ਦਿਨ ਰਾਤ ਅਜੇਹੇ ਬਚਨ ਸੁਣਦਾ ਹਾਂ॥ ੮ ॥

ਮਹਾਂਦੇਵ ਤੇਰੋ ਬਡ ਕਾਰਜ ਹਮਰੇ ਬਾਦ ਪਰੇ ਬਨਿ ਆਇ।
ਜਯੋਂ ਕਯੋਂ ਕਰਿ ਦੇਂ ਤੁਹਿ ਬਡਿਆਈ ਸ਼ਾਹ ਨਿਕਟ ਗੁਨ ਬਡੇ ਸੁਨਾਇ।
ਖਰਚੋਂ ਦਰਬ ਆਪਨੋ ਮੈਂ ਸਭਿ ਜਹਾਂ ਦੇਨਿ ਕਾਰਜ ਬਨਿ ਜਾਇ।
ਝਗਰੋਂ ਮੈਂ ਜਹਿਂ ਹੋਇ ਅਦਾਲਤਿ ਤੁਮ ਬੈਠੇ ਬਹੁ ਸਹਿਜ ਸੁਭਾਇ' ॥ ੯ ॥

ਹੇ ਮਹਾਂਦੇਵ ਸਾਡਾ ਝਗੜਾ ਪੈਣ ਕਰਕੇ ਤੇਰਾ ਵੱਡਾ ਕਾਰਜ ਬਣ ਜਾਵੇਗਾ। ਜਿਵੇ ਕਿਵੇਂ ਕਰਕੇ ਬਾਦਸ਼ਾਹ ਪਾਸ ਤੇਰੇ ਵੱਡੇ ਗੁਣਾਂ ਨੂੰ ਸੁਣਾ ਕੇ ਤੈਨੂੰ ਵਡਿਆਈ ਦਿਵਾਵਾਂਗਾ। ਮੈਂ ਆਪਣੇ ਪਾਸੋਂ ਧਨ ਖਰਚਾਂਗਾ, ਜਿਥੇ ਵੀ ਧਨ ਦੇਣਾ ਪਿਆ, ਕਿਸੇ ਤਰ੍ਹਾਂ ਕੰਮ ਬਣ ਜਾਵੇ, ਅਦਾਲਤ ਵਿਚ ਜਾ ਕੇ ਮੈਂ ਝਗੜਾ ਕਰਾਂਗਾ, ਤੁਸੀਂ ਸਹਿਜ ਸੁਭਾਅ ਬੈਠੇ ਰਹਿਣਾ' ॥ ੯ ॥

ਸੁਨਿ ਕਰਿ ਮਹਾਂਦੇਵ ਕਰ ਜੋਰੇ 'ਬਡੇ ਭ੍ਰਾਤ ਬਿਨਤੀ ਮਮ ਮਾਨ।
ਤਜਹੁ ਬਿਰੋਧ ਮਿਲਹੁ ਘਰ ਮਾਂਹੂ ਅਪਰ ਨਹੀਂ ਇਸ ਬਾਤ ਸਮਾਨ।
ਪੂਰਬ ਪਿਤਾ ਕਰੀ ਤਿਹ ਸਿਮਰਹੁ, ਜਿਯਤਿ ਆਪ ਹੀ ਕੀਨਿ ਮਹਾਨ।
ਹਮ ਤੁਮ ਕਰਤਿ ਬਿਲੋਕਨਿ ਤਬਿ ਹੂੰ ਬੈਠਾਯੋ ਗਾਦੀ ਸੁਭ ਥਾਨ ॥ ੧੦ ॥

ਇਹ ਸੁਣ ਕੇ ਮਹਾਂਦੇਵ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਮੇਰੇ ਵੱਡੇ ਭਰਾ ਹੋ, ਮੇਰੀ ਬੇਨਤੀ ਮੰਨੋ, ਇਸ ਵਿਰੋਧ ਨੂੰ ਛੱਡੋ ਘਰ ਜਾ ਕੇ ਮਿਲੋ, ਇਸ ਗੱਲ ਦੇ ਬਰਾਬਰ ਹੋਰ ਕੁਝ ਨਹੀਂ ਹੈ। ਪਹਿਲੀ ਗੱਲ ਜਿਹੜੀ ਪਿਤਾ ਜੀ ਨੇ ਕੀਤੀ ਹੈ, ਉਸ ਨੂੰ ਯਾਦ ਕਰੋ, ਉਨ੍ਹਾਂ ਆਪਣੇ ਜੀਉਂਦਿਆਂ ਹੀ ਇਹ ਮਹਾਨ ਕਾਰਜ ਕੀਤਾ, ਸਾਡੇ ਤੁਹਾਡੇ ਵੇਖਦਿਆਂ ਹੀ ਉਨ੍ਹਾਂ ਸ਼ੁਭ ਗੱਦੀ ਵਾਲੇ ਸਥਾਨ ਤੇ ਬਿਠਾਇਆ ॥ ੧੦ ॥

ਛਲ ਬਲ ਕੋ ਕਰਿ ਆਪ ਨ ਲੀਨੀ ਸੇਵਾ ਕਰਤ ਰਹਯੋ ਪਿਤ ਪਾਸ।
ਤਿਨ ਰਜਾਇ ਮਹਿਂ ਰਾਜ਼ੀ ਰਹਿਨੋ ਇੱਤਜਾਦਿਕ ਜਿਸ ਮਹਿਂ ਗੁਨਰਾਸ।
ਰਹਿ ਅਨੁਸਾਰਿ ਨ ਆਪ ਜਨਾਯਹੁ ਬਿਨੈ ਕਰਤਿ ਸਮ ਦਾਸਨਿ ਦਾਸ।
ਅਜਰ ਜਰਨਿ ਅਰ ਕਰਨਿ ਭਜਨ ਬਹੁ ਸੇਵਤਿ ਕਰੇ ਪ੍ਰਸੰਨ ਪਿਤਾ ਸੁ ॥ ੧੧ ॥

ਉਨ੍ਹਾਂ ਨੇ ਛਲਵਲ ਕਰਕੇ ਆਪ ਨਹੀਂ ਲਈ ਹੈ, ਉਹ ਪਿਤਾ ਜੀ ਪਾਸ ਉਨ੍ਹਾਂ ਦੀ ਸੇਵਾ ਕਰਦਾ ਰਿਹਾ ਹੈ, ਉਹ ਉਨ੍ਹਾਂ ਦੀ ਰਜ਼ਾ ਵਿਚ ਰਾਜ਼ੀ ਰਿਹਾ, ਇਹੋ ਜੇਹੇ ਉਸ ਵਿਚ ਬਹੁਤ ਗੁਣ ਹਨ। ਉਹ ਸਦਾ ਆਗਿਆ ਵਿਚ ਰਹੇ ਹਨ, ਕਦੀ ਵੀ ਆਪਾ ਨਹੀਂ ਸੀ ਜਤਾਇਆ, ਅਤੇ ਦਾਸਾਂ ਦੇ ਦਾਸ ਵਾਂਗ ਬੇਨਤੀ ਕਰਦੇ ਸਨ, ਨਾ ਜਰੇ ਜਾਣ ਵਾਲੇ ਨੂੰ ਜਰਦੇ ਸਨ, ਬਹੁਤ ਭਜਨ ਕਰਦੇ ਸਨ ਅਤੇ ਪ੍ਰਸੰਨ ਹੋ ਕੇ ਪਿਤਾ ਜੀ ਦੀ ਸੇਵਾ ਕਰਦੇ ਸਨ ॥ ੧੧ ॥

ਬੋਲਨ ਬਨਹਿ ਤੁਮਾਰੋ ਤਬਿਹੂੰ, ਅਬਿ ਇਸਕੋ ਨਹਿਂ ਬਨਹਿ ਉਪਾਉ।
ਕਯੋਂ ਅਬਿ ਬਾਦ ਬਾਦ ਬਡ ਬਦਤੇ ਸ਼ੁਭ ਗੁਨ ਅਬਿ ਨਿਜ ਮਨ ਮਹਿਂ ਲਜਾਉ।
ਅਪਰ ਸੁਜਸ ਅਰ ਅਪਰ ਪ੍ਰਤਾਪੁ ਸੁਨਿ ਕਰਿ ਸਦਾ ਰਿਦੇ ਹਰਖਾਉ।
ਪਰ ਸੁਖ ਸੰਪਦ ਕਰਹੁ ਬਿਲੋਕਨਿ ਨਿਜ ਸੁਖ ਸਮ ਤਿਸ ਕਰਿ ਚਿਤ ਚਾਉ ॥ ੧੨ ॥

ਤੇਰਾ ਉਸ ਵੇਲੇ ਬੋਲਣਾ ਬਣਦਾ ਸੀ, ਹੁਣ ਇਸ ਦਾ ਕੋਈ ਉਪਾਅ ਨਹੀਂ ਬਣ ਸਕਦਾ। ਹੁਣ ਵਿਰੋਧ ਦੇ ਬਚਨ ਕਿਉਂ ਕਹਿੰਦਾ ਹੈਂ, ਆਪਣੇ ਮਨ ਵਿਚ ਸ਼ੁਭ ਗੁਣ ਪੈਦਾ ਕਰੋ। ਦੂਸਰੇ ਦਾ ਸ੍ਰੇਸ਼ਟ ਜੱਸ ਤੇ ਪ੍ਰਤਾਪ ਸੁਣ ਕੇ ਸਦਾ ਹਿਰਦੇ ਵਿਚ ਪ੍ਰਸੰਨ ਹੋਵੋ। ਜਦ ਕਿਸੇ ਦੂਸਰੇ ਦੀ ਸੁਖ ਸੰਪਤੀ ਨੂੰ ਵੇਖਦਾ ਹੈਂ ਤਾਂ ਆਪਣੇ ਚਿੱਤ ਵਿਚ ਉਸ ਨੂੰ ਆਪਣਾ ਸੁਖ ਸਮਝ ਕੇ ਚਿੱਤ ਵਿਚ ਪ੍ਰਸੰਨ ਹੋਵੇ ॥ ੧੨ ॥

ਪਰਦੁਖ ਦੇਖਿ ਦਯਾ ਕਹੁ ਠਾਨਹੁਂ ਮਾਨਹੁਂ ਸਭਿ ਕੋ ਅਪਨ ਸਮਾਨ।
ਇਮ ਗੁਰਮੁਖ ਸੰਤਨ ਕੋ ਮਾਰਗ ਸੇ ਪਰਲੋਕ ਲਹੈਂ ਸਨਮਾਨ।
ਬੇਮੁਖ ਸਾਕਤ ਕੇ ਮਨ ਅਵਗੁਣ ਸੋ ਤਜਾਗਹੁ ਨਹਿਂ ਕਬਿਹੂੰ ਠਾਨਿ।
ਸੁਨਹਿ ਅਪਰ ਜਸ ਤਪਹਿ ਅਧਿਕ ਤਿਸ, ਨਿਸ ਬਾਸੁਰ ਚਿੰਤਾ ਗ਼ਲਤਾਨ ॥੧੩॥

ਪਰਾਏ ਦਾ ਦੁਖ ਵੇਖ ਕੇ ਦਇਆ ਧਾਰਨ ਕਰੋ ਤੇ ਸਾਰਿਆਂ ਨੂੰ ਆਪਣੇ ਬਰਾਬਰ ਮੰਨੋ। ਇਸ ਤਰ੍ਹਾਂ ਗੁਰਮੁਖਾਂ, ਸੰਤਾਂ ਦੇ ਰਾਹ ਤੇ ਚਲ ਕੇ ਪਰਲੋਕ ਵਿਚ ਸਨਮਾਨ ਪ੍ਰਾਪਤ ਕਰੋ। ਬੇਮੁਖ ਨਿੰਦਕਾਂ ਦੇ ਮਨ ਵਰਗੇ ਔਗੁਣਾਂ ਨੂੰ ਤਿਆਗ ਦੇਵੇ ਤੇ ਫੇਰ ਕਦੀ ਵੀ ਧਾਰਨ ਨਾ ਕਰੋ। ਜਿਹੜਾ ਵਿਅਕਤੀ ਦੂਸਰੇ ਦਾ ਜੱਸ ਸੁਣ ਕੇ ਦੁਖੀ ਹੁੰਦਾ ਹੈ, ਉਹ ਦਿਨ ਰਾਤ ਚਿੰਤਾ ਵਿਚ ਗ਼ਲਤਾਨ ਰਹਿੰਦਾ ਹੈ॥ ੧੩॥

ਅਪਰਨਿ ਕੈ ਸੰਪਦ ਸੁਖ ਦੇਖਹਿ ਨਾਹਕ ਦੁਖ ਤਿਨਕੇ ਉਪਜਾਇ।
ਜੇ ਉਜਰਹਿ ਬਿਗਰਹਿ ਕਿਸ ਕਾਰਜ ਨਿਜ ਹਿਤ ਤੇ ਚੌਗੁਨ ਹਰਖਾਇ।
ਸ਼ੱਤ੍ਰ ਮਿਤ੍ਰ ਸਮ ਕੋ ਹੁਇ ਆਛੋ ਪਿਖਤਿ ਸੁਨਤਿ ਹੀ ਜ੍ਵਰ ਚਢਿ ਜਾਇ।
ਜਤਨੋ ਕਰਹਿ ਅਰ ਬਾਕਨ ਬੋਲਹਿ ਜਿਸਤੇ ਕਿਸਕੋ ਬਿਗਰ ਸੁ ਜਾਇ ॥੧੪॥

ਦੂਸਰਿਆਂ ਦਾ ਸੁਖ ਵੇਖ ਕੇ ਖਾਹਮਖਾਹ ਉਨ੍ਹਾਂ ਨੂੰ ਦੁਖੀ ਕਰਦਾ ਹੈਂ, ਜੇ ਕੋਈ ਦੂਸਰਾ ਉਜੜੇ ਜਾਂ ਉਸ ਦਾ ਕੋਈ ਵਿਗਾੜ ਹੋਵੇ ਤਾਂ ਆਪਣੇ ਹਿੱਤ ਵਾਸਤੇ ਚਾਰ ਗੁਣਾਂ ਪ੍ਰਸੰਨ ਹੁੰਦਾ ਹੈਂ। ਵੈਰੀ, ਮਿੱਤਰ ਸਮਾਨ ਜੇ ਕੋਈ ਚੰਗਾ ਧਨਵਾਨ ਹੋਵੇ ਤਾਂ ਉਨ੍ਹਾਂ ਨੂੰ ਵੇਖ ਸੁਣ ਕੇ ਹੀ ਤਾਪ ਚੜ੍ਹ ਜਾਂਦਾ ਹੈ। ਯਤਨ ਕਰਕੇ ਅਤੇ ਅਜਿਹੇ ਸ਼ਬਦ ਬੋਲ ਕੇ ਦੂਸਰੇ ਦਾ ਨੁਕਸਾਨ ਕਰਦਾ ਹੈਂ॥ ੧੪॥

ਸ੍ਰੀ ਅਰਜਨ ਕੋ ਸੁਜਸ ਈਸ਼੍ਰਜ ਆਦਿ ਆਤਮਜ ਸਭਿ ਸੁਖ ਹੇਰਿ।
ਜਰਹੁ ਨ ਜ੍ਵਰ ਸੋਂ, ਜਰਹੁ ਰਿਦੇ ਅਬਿ, ਅਜਰ ਜਰਨ ਗੁਨ ਬਡ ਤਿਸ ਕੇਰ।
ਕਰਾਮਾਤ ਸਾਹਿਬ ਸਭਿ ਰੀਤਨਿ ਨਹੀਂ ਜਨਾਵਤਿ ਵਿਘਨ ਬਡੇਰ।
ਪੁਨ ਹਮਰੋ ਸ਼ੁਭ ਭ੍ਰਾਤ ਸਹੋਦਰ ਤਿਸ ਗੁਨ ਤੇ ਗੁਨ ਸਭਿਨਿ ਘਨੇਰ॥੧੫॥

ਸ੍ਰੀ ਗੁਰੂ ਅਰਜਨ ਦੇਵ ਦੇ ਸ੍ਰੇਸ਼ਟ ਜੱਸ, ਧਨ ਅਤੇ ਪੁੱਤਰ ਦੇ ਸੁਖ ਵੇਖ ਕੇ ਈਰਖਾ ਦੀ ਅੱਗ ਵਿਚ ਨਾ ਸੜੋ, ਤੁਸੀਂ ਹਿਰਦੇ ਵਿਚ ਜੇਰਾ ਕਰੋ, ਉਨ੍ਹਾਂ ਵਿਚ ਨਾ ਜਰੇ ਜਾਣ ਨੂੰ ਵੀ ਜਰਨ ਦਾ ਵੱਡਾ ਗੁਣ ਹੈ। ਉਨ੍ਹਾਂ ਪਾਸ ਸਭ ਰੀਤੀਆਂ ਨਾਲ ਕਰਾਮਾਤਾਂ ਹਨ, ਪਰ ਵੱਡੇ ਵਿਗਾੜ ਦੇ ਹੁੰਦਿਆਂ ਵੀ ਕਰਾਮਾਤਾਂ ਨੂੰ ਜਣਾਉਂਦੇ ਨਹੀਂ ਹਨ। ਸਾਡਾ ਸਕਾ ਭਰਾ ਹੈ, ਉਸ ਦੇ ਚੰਗੇ ਗੁਣ ਹੋਣ ਕਰਕੇ ਸਾਨੂੰ ਸਾਰਿਆਂ ਨੂੰ ਵੱਡਾ ਲਾਭ ਤੇ ਮਾਣ ਹੈ॥ ੧੫॥

ਦੋਹਰਾ- ਇਮ ਬਿਚਾਰ ਮੇਰੋ ਕਹਜੋ ਮਿਲਹੁ ਬਿਰੋਧ ਬਿਸਾਰ।
ਤਿਸਤੇ ਗੁਰਤਾ ਲੇਹਿਂ ਕਿਮ ਕੋ ਬਲ ਕਰਹੁ ਉਚਾਰ ॥੧੬॥

ਇਸ ਤਰ੍ਹਾਂ ਮੇਰੇ ਕਹੇ ਤੇ ਵਿਚਾਰ ਕਰੋ ਤੇ ਸਾਰੇ ਵਿਰੋਧ ਛੱਡ ਕੇ ਉਸ ਨੂੰ ਮਿਲੋ। ਉਸ ਪਾਸੋਂ ਗੁਰਤਾ ਕਿਵੇਂ ਲਵੋਗੇ, ਤੁਸੀਂ ਕਿਹੜੀ ਤਾਕਤ ਦੀ ਗੱਲ ਕਰਦੇ ਹੋ" ॥ ੧੬॥

ਸੈਯਾ ਛੰਦ- ਸੁਨਤਿ ਸ਼੍ਰੋਨ ਮਹਿਂ ਪ੍ਰਿਥੀਆ ਉਚਰਤਿ 'ਬਲ ਬਿਸਾਲ ਸੁਨਿ ਜਸ ਮੁਝ ਮਾਂਹਿ।
ਇਤ ਤੇ ਚਲਿ ਦਿੱਲੀ ਪੁਰਿ ਪਹੁੰਚੌਂ, ਸੁਲਹੀ ਸੰਗ ਮਿਲੌਂ ਕਰਿ ਚਾਹਿ।

ਮਿੱਤ੍ਰ ਬਿਸਾਲ ਬਲੀ ਸਭਿ ਲਾਯਕ ਮੋਹਿ ਕਹੇ ਕਹੁ ਉਲੰਘਤਿ ਨਾਂਹਿ।
ਕਰਹਿ ਮਨੋਰਥ ਪੂਰਨ ਤਤਛਿਨ ਜਹਾਂਗੀਰ ਕੇ ਨਿਕਟਿ ਸੁ ਜਾਹਿ॥ ੧੭॥

ਇਹ ਸੁਣ ਕੇ ਪ੍ਰਿਥੀਏ ਨੇ ਕਿਹਾ, "ਜਿਵੇਂ ਮੇਰੇ ਵਿਚ ਵਿਸ਼ਾਲ ਬਲ ਹੈ, ਜਿਸ ਕਰਕੇ ਚੱਲ ਕੇ ਦਿੱਲੀ-ਪਹੁੰਚਾਂਗਾ ਅਤੇ ਸੁਲਹੀ ਦੇ ਨਾਲ ਬੜਾ ਪ੍ਰਸੰਨ ਹੋ ਕੇ ਮਿਲਾਂਗਾ। ਉਹ ਮੇਰਾ ਚੰਗਾ ਮਿੱਤਰ ਹੈ, ਵੱਡਾ ਬਲਵਾਨ ਅਤੇ ਲਾਇਕ ਹੈ, ਮੇਰਾ ਕਿਹਾ ਉਹ ਕਦੇ ਵੀ ਮੋੜਦਾ ਨਹੀਂ ਹੈ। ਮੇਰਾ ਮਨੋਰਥ ਉਹ ਜਹਾਂਗੀਰ ਦੇ ਪਾਸ ਜਾ ਕੇ ਤੁਰਤ ਪੂਰਾ ਕਰ ਦੇਵੇਗਾ॥ ੧੭॥

ਮੋਹਿ ਕਾਜ ਅਪਨੋ ਹੀ ਜਾਨਹਿਂ, ਆਯਹੁ ਪ੍ਰਿਥਮੈ ਜਬਿ ਇਸ ਥਾਨ।
ਇਕ ਮੇਰੇ ਹੀ ਕਾਰਨ ਕਰਿਕੈ ਸਰਬ ਬ੍ਰਿਤਾਂਤ ਲੀਨਿ ਤੁਮ ਜਾਨਿ।
ਪੁਰਿ ਤੇ ਨਿਕਸਜੋ ਬਸਜੋ ਬਡਾਲੀ, ਤਬਿ ਮੈਂ ਕਹਜੋ ਗਯੋ ਨਿਜ ਥਾਨ।
ਨਹਿਂ ਕੁਛ ਭਾਖਜੋ ਮੈਂ ਤਬਿ ਰਾਖਜੋ, ਅਬਿ ਕਾਂਖਜੋ ਬੈਰੀ ਮੁਝ ਠਾਨਿ॥ ੧੮॥

ਮੇਰੇ ਕੰਮ ਨੂੰ ਉਹ ਆਪਣਾ ਕੰਮ ਹੀ ਜਾਣਦਾ ਹੈ, ਜਦ ਉਹ ਪਹਿਲਾਂ ਇਸ ਥਾਂ ਆਇਆ ਸੀ, ਤਾਂ ਮੇਰੇ ਕੰਮ ਕਰਕੇ ਹੀ ਆਇਆ ਸੀ, ਤੂੰ ਸਾਰਾ ਬ੍ਰਿਤਾਂਤ ਜਾਣਦਾ ਹੈਂ, ਉਸ ਵੇਲੇ ਨਗਰ ਛੱਡ ਵਡਾਲੀ ਪਿੰਡ ਵਿਚ ਚਲੇ ਗਏ ਸੀ, ਤਦ ਸੁਲਹੀ ਮੇਰੇ ਕਹਿਣ ਉਤੇ ਹੀ ਵਾਪਸ ਆਪਣੇ ਸਥਾਨ ਤੇ ਗਿਆ ਸੀ। ਉਸ ਵੇਲੇ ਮੈਂ ਕੁਝ ਨਹੀਂ ਸੀ ਕਿਹਾ ਤੇ ਨਾ ਹੀ ਸੁਲਹੀ ਨੂੰ ਏਥੇ ਰਖਿਆ ਸੀ, ਪਰ ਹੁਣ ਗੁਰੂ ਅਰਜਨ ਦੇਵ ਨੇ ਮੈਨੂੰ ਵੈਰੀ ਜਾਣ ਕੇ ਘੂਰਿਆ ਹੈ॥ ੧੮॥

ਜਹਾਂਗੀਰ ਸੋਂ ਕਹਿ ਇਕ ਬਾਰੀ ਪਕਰ ਮੰਗਾਵਹਿਗੋ ਤਤਕਾਲ।
ਅਪਨੀ ਕਰੋਂ ਕਾਮਨਾ ਪੂਰਨ ਬਹੁਰ ਬਸੋਂ ਮੈਂ ਸਦਨ ਸੰਭਾਲਿ।
ਯਾਂਹੀ ਤੇ ਤੁਝ ਕੋ ਅਬਿ ਭਾਖੋਂ ਚਲਹੁ ਸੰਗ ਲਿਹੁ ਸੁ ਪਦ ਬਿਸਾਲਿ।
ਕਰੋਂ ਸਪਥ ਜੇ ਨਹਿਂ ਬਿਸਾਸ ਹੁਇ ਕਰਿ ਤਯਾਰੀ ਮਾਰਗ ਪਦ ਡਾਲਿ॥ ੧੯॥

ਜਹਾਂਗੀਰ ਨੂੰ ਕਹਿ ਕੇ ਇਕ ਵਾਰ ਤੁਰੰਤ ਫੜ ਕੇ ਮੰਗਵਾਵਾਂਗਾ, ਆਪਣੀ ਕਾਮਨਾ ਪੂਰੀ ਕਰਾਂਗਾ, ਫਿਰ ਮੈਂ ਘਰ ਸੰਭਾਲ ਕੇ ਬੈਠ ਜਾਵਾਂਗਾ। ਇਸ ਕਰਕੇ ਤੇ ਹੁਣ ਮੈਂ ਤੁਹਾਨੂੰ ਕਹਿਨਾ ਹਾਂ ਕਿ ਮੇਰੇ ਨਾਲ ਚਲੋ ਤੇ ਇਹ ਵੱਡੀ ਪਦਵੀ ਸੰਭਾਲ ਲਵੋ। ਮੈਂ ਸੁਗੰਧ ਚੁਕਦਾ ਹਾਂ ਜੇ ਮੇਰੇ ਤੇ ਵਿਸ਼ਵਾਸ ਨਹੀਂ ਹੈ, ਤਿਆਰੀ ਕਰੋ ਅਤੇ ਰਾਹ ਵਿਚ ਪੈਰ ਧਰੋ॥ ੧੯॥

ਤੁਝ ਘਰ ਲਛਮੀ ਬਿਨਾਂ ਜਤਨ ਤੇ ਆਵਤਿ ਹੈ ਨਹਿਂ ਦੇਹੁ ਕਿਵਾਰ।
ਲਾਭ ਰਾਜ ਹੁਇ ਚੱਕ੍ਰਵ ਰਤਿਕੋ ਗ੍ਰਹਨ ਕਰਤਿ ਕਜੋਂ ਨਹੀਂ ਸੰਭਾਰਿ।
ਚਹੁੰਦਿਸ਼ਿ ਕੀ ਸੰਗਤਿ ਚਲਿ ਆਵਹਿ ਪੂਜਹਿਂ ਪਾਇਨ ਦੇਂ ਉਪਹਾਰ।
ਅਪਨੇ ਮਨ ਮਹਿਂ ਸਮੁਝਤਿ ਕਜੋਂ ਨਹਿਂ, ਚਲਹਿ ਸੰਗ ਮੁਝ ਹੋਵਹੁ ਤਯਾਰ' ॥੨੦॥

ਤੇਰੇ ਘਰ ਮਾਇਆ ਕਿਸੇ ਯਤਨ ਤੋਂ ਬਗੈਰ ਆ ਰਹੀ ਹੈ, ਘਰ ਦੇ ਦਰਵਾਜ਼ੇ ਨਾ ਬੰਦ ਕਰੋ। ਜੇ ਚੱਕ੍ਰਵਰਤੀ ਦਾ ਰਾਜ ਪ੍ਰਾਪਤ ਹੁੰਦਾ ਹੈ ਤਾਂ ਗ੍ਰਹਿਣ ਕਰਕੇ ਕਿਉਂ ਨਹੀਂ ਸੰਭਾਲਦਾ ਹੈਂ। ਚਾਰੇ ਪਾਸਿਆਂ ਤੋਂ ਸੰਗਤ ਚਲ ਕੇ ਆਵੇਗੀ ਤੇ ਤੇਰੀ ਪੂਜਾ ਕਰਨਗੇ ਅਤੇ ਚਰਨਾਂ ਤੇ ਉਪਹਾਰ ਭੇਟ ਕਰਨਗੇ। ਆਪਣੇ ਮਨ ਵਿਚ ਸਮਝਦਾ ਕਿਉਂ ਨਹੀਂ ਹੈਂ, ਮੇਰੇ ਨਾਲ ਚੱਲਣ ਵਾਸਤੇ ਤਿਆਰ ਹੋ ਜਾਵੋ" ॥ ੨੦॥

ਮਹਾਂਦੇਵ ਕਹਿ 'ਗੁਰਤਾ ਜਗ ਕੀ ਮੈਂ ਲੇਵੋਂ, ਕੈ ਤੁਮ ਲਿਹੁ ਪਾਇ।
ਸਿੱਖਜਨਿ ਕੇ ਮਨ ਕੀ ਗਤਿ ਬੂਝਨਿ ਕੌਨ ਕਰਹਿ ਗੋ? ਦੇਹੁ ਬਤਾਇ।

ਅਜ਼ਮਤ ਅਜ਼ਮਾਇਸ਼ ਬਿਨ ਸੰਗਤਿ ਨਿਵਹਿਂ ਨਹੀਂ ਕਿਮ ਕਰਹੁ ਉਪਾਇ।
ਫਿਰ ਬੈਠਹਿਂ, ਨਹਿਂ ਪੂਜਨ ਆਵਹਿਂ, ਗਾਦੀ ਭ੍ਰਿਸ਼ਟ ਹੋਇ ਤਬਿ ਜਾਇ॥੨੧॥

ਮਹਾਂਦੇਵ ਨੇ ਕਿਹਾ, "ਜਗਤ ਦੀ ਗੁਰਤਾ ਮੈਂ ਲੈ ਲਵਾਂ, ਕੀ ਤੂੰ ਗੁਰਤਾ ਪਾ ਲਈ ਹੈ, ਸਿੱਖਾਂ ਦੇ ਮਨ ਦੀ ਹਾਲਤ ਕੌਣ ਜਾਣੇਗਾ ? ਮੈਨੂੰ ਇਸ ਬਾਰੇ ਦੱਸੋ। ਵਡਿਆਈ ਦੀ ਪਰਖ ਕੀਤੇ ਬਗੈਰ ਸੰਗਤ ਕਦੇ ਵੀ ਨਿਉਂਦੀ ਨਹੀਂ ਹੈ ਭਾਵੇਂ ਕਿੰਨੇ ਵੀ ਉਪਾਅ ਕਰ ਲਵੇ, ਫਿਰ ਬੈਠੇ ਰਹਾਂਗੇ ਸੰਗਤਾਂ ਮੂੰਹ ਫੇਰ ਲੈਣਗੀਆਂ, ਕੋਈ ਪੂਜਣ ਨਹੀਂ ਆਵੇਗਾ ਅਤੇ ਗੱਦੀ ਵੀ ਅਪਵਿੱਤਰ ਹੋ ਜਾਵੇਗੀ॥ ੨੧॥

ਸ੍ਰੀ ਨਾਨਕ ਸ੍ਰੀ ਅੰਗਦ ਪੂਰਨ ਸ੍ਰੀ ਗੁਰੁ ਅਮਰਦਾਸ ਜੇ ਜਾਨਿ।
ਸ੍ਰੀ ਮਤਿ ਰਾਮਦਾਸ ਪਿਤ ਹਮਰੇ· ਤਿਨ ਮਹੁਂ ਜੋਤਿ ਏਕ ਹੀ ਮਾਨਿ।
ਪਰਮ ਜੋਤਿ ਸੋਈ ਅਬਿ ਚੀਨਹੁ ਸ੍ਰੀ ਅਰਜਨ ਮੈਂ ਦਿਪਤਿ ਮਹਾਨ।
ਤਿਨਹੁ ਛੋਰ ਕਿਮ ਸੰਗਤਿ ਆਵਹਿ ਜਹਿਂ ਅਜ਼ਮਤ ਬਿਨ ਲੇਹਿਂ ਪਛਾਨ॥੨੨॥

ਸ੍ਰੀ ਨਾਨਕ ਦੇਵ ਜੀ, ਸ੍ਰੀ ਅੰਗਦ ਦੇਵ ਜੀ, ਫਿਰ ਸ੍ਰੀ ਅਮਰਦਾਸ ਜੀ ਜਾਣੋ, ਫਿਰ ਸਾਡੇ ਪਿਤਾ ਜੀ ਰਾਮਦਾਸ ਜੀ ਸੁਭਾਇਮਾਨ ਹੋਏ ਉਨ੍ਹਾਂ ਵਿਚ ਇਕੋ ਜੋਤ ਮੰਨੋ। ਉਹੀ ਪਰਮ ਜੋਤ ਹੁਣ ਸ੍ਰੀ ਗੁਰੂ ਅਰਜਨ ਦੇਵ ਵਿਚ ਪ੍ਰਕਾਸ਼ਮਾਨ ਹੈ। ਉਨ੍ਹਾਂ ਨੂੰ ਛੱਡ ਕੇ ਸੰਗਤ ਸਾਡੇ ਪਾਸ ਕਿਵੇਂ ਆਵੇਗੀ, ਸਾਨੂੰ ਕਰਾਮਾਤ ਤੋਂ ਬਗੈਰ ਪਛਾਣ ਲੈਣਗੇ॥ ੨੨॥

ਆਪ ਅਛਤ ਹੀ ਥਾਪਜੋ ਗੁਰ ਕਰਿ, ਸਕਲ· ਜਤਿ ਪੂਰਨ ਤਿਸ ਮਾਂਹਿ।
ਅਜਰ ਜਰਜੋ ਨਹਿਂ ਕਰਤਿ ਜਨਾਵਨ ਪ੍ਰਾਨ ਹਾਨ ਲੌਂ ਨਹੀਂ ਦਿਖਾਹਿਂ।
ਗੁਰੂ ਹੋਨਿ ਕੀ ਇਹੈ ਬਡਾਈ ਅਨਿਕ ਬਿਘਨ ਤੇ ਚਾਲਹਿ ਨਾਹਿ।
ਜੇ ਮਤਿਵਾਨ ਪਛਾਨ ਲੇਤਿ ਸੇ, ਨਿਤ ਸੇਵਤਿ ਪਦ ਪੰਕਜ ਤਾਂਹਿ॥ ੨੩॥

ਉਸ ਨੂੰ ਆਪ ਗੁਰੂ ਬਣਾ ਕੇ ਥਾਪਿਆ ਹੈ, ਹਰ ਤਰ੍ਹਾਂ ਨਾਲ ਉਸ ਵਿਚ ਇਕ ਪੂਰਨ ਗੁਰੂ ਦੇ ਲੱਛਣ ਹਨ। ਉਹ ਨਾ ਜਰੇ ਜਾਣ ਵਾਲੇ ਨੂੰ ਵੀ ਜਰਨ ਵਾਲੇ ਹਨ, ਉਨ੍ਹਾਂ ਦੇ ਭਾਵੇਂ ਪ੍ਰਾਣਾਂ ਦਾ ਵੀ ਨਾਸ਼ ਹੋ ਜਾਵੇ ਪਰ ਉਹ ਆਪਣੀ ਅਜ਼ਮਤ ਕਦੀ ਨਹੀਂ ਜਤਾਉਣਗੇ। ਗੁਰੂ ਹੋਣ ਦੀ ਇਹੋ ਵੱਡੀ ਵਡਿਆਈ ਹੈ ਕਿ ਉਹ ਹੋਰ ਵਿਘਨ ਪੈ ਜਾਣ ਤੇ ਵੀ ਚਲਾਇਮਾਨ ਨਹੀਂ ਹੁੰਦੇ। ਜਿਹੜੇ ਸਮਝਦਾਰ ਲੋਕ ਪਛਾਣ ਲੈਂਦੇ ਹਨ, ਉਹ ਸਦਾ ਫਿਰ ਉਨ੍ਹਾਂ ਦੇ ਚਰਨ ਕੰਵਲਾਂ ਦੀ ਪੂਜਾ ਕਰਦੇ ਹਨ॥ ੨੩॥

ਇੱਤਜਾਦਿਕ ਅਸਮੰਜਸ ਲਖਿਕੈ ਤਜਹੁ ਬਿਰੋਧ ਲੋਭ ਮਦ ਕਾਮ।
ਸਰਲ ਸੁਭਾਇ ਹੋਇ ਕਰਿ ਮਿਲੀਐ ਬੈਠਹੁ ਕੁਸ਼ਲ ਸਹਤ ਨਿਜ ਧਾਮ।
ਬੈਰ ਕਰੇ ਬਿਗਰੈ ਤੁਝ ਕਾਰਜ ਅਪਜਸ ਜਗ ਮਹਿਂ ਕਹਿਂ ਨਰ ਬਾਮ।
ਮਤ ਨਿਦਾਨ ਬਨਿ ਮਤ ਨਿਦਾਨ ਕਰਿ, ਰਿਦਾ ਸੁੱਧ ਕਰਿ ਸਿਮਰਹੁ ਰਾਮ' ॥੨੪॥

ਇਸ ਤਰ੍ਹਾਂ ਦੇ ਉਨ੍ਹਾਂ ਦੇ ਗੁਣ ਸਮਝ ਕੇ ਉਨ੍ਹਾਂ ਦਾ ਵਿਰੋਧ ਲੋਭ, ਅਹੰਕਾਰ ਅਤੇ ਕਾਮ ਨੂੰ ਛੱਡ ਦੇਵੋ। ਕੋਮਲ ਸੁਭਾਅ ਬਣਾ ਕੇ ਉਨ੍ਹਾਂ ਨੂੰ ਮਿਲੋ ਅਤੇ ਰਾਜੀ ਬਾਜ਼ੀ ਹੋ ਕੇ ਆਪਣੇ ਘਰ ਵਿਚ ਬੈਠੋ। ਵੈਰ ਕਰਨ ਨਾਲ ਤੇਰਾ ਕਾਰਜ ਵਿਗੜ ਜਾਣਾ ਹੈ ਅਤੇ ਸਾਰੇ ਜੱਗ ਵਿਚ ਇਸਤਰੀ ਪੁਰਸ਼ ਤੇਰੀ ਨਿੰਦਿਆ ਕਰਨਗੇ। ਮੂਰਖ ਨਾ ਬਣ ਅਤੇ ਅੰਤਿ ਨਾ ਕਰ, ਹਿਰਦਾ ਸ਼ੁੱਧ ਕਰਕੇ ਰਾਮ ਨਾਮ ਦਾ ਸਿਮਰਨ ਕਰ" ॥ ੨੪॥

ਪ੍ਰਿਥੀਆ ਭਨਹਿ 'ਹੋਹਿ ਕਿਮ ਤੇ ਕਿਮ ਇਸ ਕੇ ਸੰਗ ਨ ਕਰਿਹੌਂ ਮੇਲਿ।
ਬਿਗਰ ਪਰੇ ਪੁਨ ਨਿਮਹਿ ਨਹੀਂ ਕਿਮ, ਮੁਝ ਸੋਂ ਬੈਰ ਨਹੀਂ ਕੁਛ ਖੇਲ।

ਫਲ ਪੈ ਹੈ ਲਖਿ ਲੈ ਹੈ ਸੋ ਤਬਿ, ਅਬਿ ਤੋ ਗਰਬ ਕਰੈ ਸਭਿ ਪੇਲਿ।
ਚਲਹੁ ਸਾਥਿ ਨਾਹਿਂ ਬੈਠ ਰਹੋ ਘਰ, ਹਮ ਨਹਿਂ ਕਰੈਂ ਤੋਹਿ ਕੀ ਗੈਲ' ॥੨੫॥

ਪ੍ਰਿਥੀਏ ਨੇ ਕਿਹਾ, "ਕਿਸ ਤਰ੍ਹਾਂ ਵੀ ਹੋ ਜਾਵੇ, ਇਨ੍ਹਾਂ ਨਾਲ ਮੈਂ ਮੇਲ ਨਹੀਂ ਕਰਾਂਗਾ। ਹੁਣ ਜਦ ਲੜ ਹੀ ਪਏ ਹਾਂ ਤਾਂ ਮੈਂ ਇਨ੍ਹਾਂ ਅੱਗੇ ਕਿਸੇ ਤਰ੍ਹਾਂ ਵੀ ਨਿਵਾਂਗਾ ਨਹੀਂ, ਮੇਰੇ ਨਾਲ ਵੈਰ ਪਾਉਣਾ ਕੋਈ ਖੇਡ ਨਹੀਂ ਹੈ। ਜਦ ਇਸ ਵੈਰ ਦਾ ਇਨ੍ਹਾਂ ਨੂੰ ਫਲ ਮਿਲਿਆ ਤਾਂ ਤੂੰ ਵੇਖ ਲੈਣਾ, ਹੁਣ ਤਾਂ ਸਭ ਨੂੰ ਦਬਾ ਕੇ ਘੁਮੰਡ ਕਰਦੇ ਹਨ। ਮੇਰੇ ਨਾਲ ਚਲੋ ਜਾਂ ਘਰ ਬੈਠੇ ਰਹੋ, ਮੈਂ ਤੇਰੇ ਪਿੱਛੇ ਨਹੀਂ ਲੱਗਾਂਗਾ" ॥ ੨੫ ॥

ਮਹਾਂਦੇਵ ਕਹਿ 'ਮੈਂ ਨਹਿਂ ਚਾਹੌਂ, ਨਹਿਂ ਹਮਰੇ ਪਿਖਿ ਹੋਇ ਸੰਤਾਪ।
ਗੁਰਤਾ ਕੀ ਸਮਰਥਤਾ ਨਾਂਹਿਨ, ਕੂਰੋ ਕਰਤਿ ਨਹੀਂ ਉਰ ਦਾਪ।
ਦੇਖਿ ਦੇਖਿ ਕਰਿ ਦਹਿਨ ਹੋਤਿ ਚਿਤ, ਰਹੋ ਤੁਮਾਰੇ ਹੀ ਇਹ ਪਾਪ।
ਪਰ ਕੋ ਬੁਰਾ ਨ ਹਮ ਕੋ ਭਾਵਹਿ ਕਰਹੁ ਤਥਾ ਜਿਮ ਜਾਨਹੁ ਆਪ' ॥੨੬॥

ਮਹਾਂਦੇਵ ਨੇ ਕਿਹਾ, "ਮੈਂ ਗੁਰਤਾ ਨਹੀਂ ਚਾਹੁੰਦਾ ਹਾਂ, ਅਤੇ ਨਾ ਹੀ ਮੈਂ ਇਹ ਚਾਹੁੰਦਾ ਹਾਂ ਕਿ ਮੇਰੇ ਕਰਕੇ ਕਿਸੇ ਨੂੰ ਦੁੱਖ ਹੋਵੇ। ਗੁਰਤਾ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ, ਮੈਂ ਦਿਲ ਵਿਚ ਹੰਕਾਰ ਕਰਕੇ ਝੂਠਾ ਕੰਮ ਨਹੀਂ ਕਰਨਾ ਚਾਹੁੰਦਾ। ਮੇਰਾ ਤਾਂ ਤੇਰੇ ਕਾਰੇ ਵੇਖ-ਵੇਖ ਕੇ ਦਿਲ ਸੜਦਾ ਹੈ, ਇਹ ਪਾਪ ਤੇਰੇ ਪਾਸ ਹੀ ਰਹਿਣਾ ਚਾਹੀਦਾ ਹੈ, ਦੂਸਰੇ ਦਾ ਬੁਰਾ ਕਰਨਾ ਮੈਨੂੰ ਚੰਗਾ ਨਹੀਂ ਲੱਗਦਾ, ਤੂੰ ਉਂਞ ਕਰ ਜਿਵੇਂ ਤੈਨੂੰ ਚੰਗਾ ਲੱਗਦਾ ਹੈ" ॥ ੨੬ ॥

ਸੁਨਿ ਪ੍ਰਿਥੀਏ ਕਰਿ ਕੁਟਿਲ ਭ੍ਰਿਕੁਟਿ ਕੋ ਨਿਸ਼ਠੁਰ ਬੋਲਜੋ ਦੁਸ਼ਟ ਬਿਸਾਲ।
'ਹੋਸ਼ ਭਈ ਫਰਮੋਸ਼ ਤੋਹਿ ਸਭਿ ਕਹਾਂ ਲਖਹਿਂ ਇਨ ਬਾਤਨਿ ਖਜਾਲ।
ਜਾਨਿ ਲਈ ਮਨ ਕੀ ਗਤਿ ਤੈ ਸਭਿ ਅਰਜਨ ਕੋ ਹਿਮਾਯਤੀ ਹਾਲ।
ਤਿਸ ਕੇ ਗੁਨ ਗਨ, ਅਵਗੁਨ ਹਮਰੇ ਬਰਨਤਿ ਰਹਜੋ ਸਰਬ ਹੀ ਕਾਲ' ॥੨੭॥

ਇਹ ਸੁਣ ਕੇ ਦੁਸ਼ਟ ਪ੍ਰਿਥੀਆ ਭਵਾਂ ਚੜ੍ਹਾ ਕੇ ਬਹੁਤ ਬਰਖਿਲਾਫ ਬੋਲਿਆ, "ਤੇਰੀ ਮੱਤ ਮਾਰੀ ਗਈ ਹੈ, ਤੈਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ। ਮੈਂ ਤੇਰੇ ਦਿਲ ਦੀ ਸਾਰੀ ਗੱਲ ਜਾਣ ਲਈ ਹੈ, ਤੂੰ ਹਾਲੇ ਸ੍ਰੀ ਅਰਜਨ ਦੇਵ ਦਾ ਹਮਾਇਤੀ ਹੈਂ। ਉਨ੍ਹਾਂ ਦੇ ਮਹਾਨ ਗੁਣ ਅਤੇ ਮੇਰੇ ਔਗੁਣ ਹੀ ਸਾਰਾ ਸਮਾਂ ਕਹਿੰਦਾ ਰਿਹਾ ਹੈਂ" ॥ ੨੭॥

ਮਹਾਂਦੇਵ ਬੋਲਜੋ 'ਹਮ ਪੱਖੀ ਸ਼੍ਰੀ ਅਰਜਨ ਕੇ ਨਿਤ ਅਨੁਸਾਰਿ।
ਬੈਸ ਅਲਪ ਹੈ ਗੁਨ ਮਹਿਂ ਦੀਰਘ ਅਰ ਪਿਤ ਆਗਜ਼ਾ ਕੀਨਿ ਉਚਾਰ।
ਸ਼੍ਰੀ ਗੁਰ ਰਾਮਦਾਸ ਜੋ ਦੀਨਸਿ ਕੌਨ ਮਿਟਾਇ ਸਕੈ ਬਲਿ ਭਾਰਿ।
ਭਨਤਿ ਪੂਤ ਮਨ 'ਸੋ ਸਪੂਤ ਹੁਇ ਪਿਤਾ ਬਚਨ ਜੋ ਲੇ ਸਿਰ ਧਾਰਿ' ॥੨੮॥

ਮਹਾਂਦੇਵ ਨੇ ਕਿਹਾ, "ਮੈਂ ਸ੍ਰੀ ਗੁਰੂ ਅਰਜਨ ਦੇਵ ਦਾ ਪੱਖੀ ਹਾਂ ਤੇ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦਾ ਹਾਂ, ਉਨ੍ਹਾਂ ਦੀ ਉਮਰ ਛੋਟੀ ਹੈ ਪਰ ਗੁਣਾਂ ਵਿਚ ਉਹ ਵੱਡੇ ਹਨ ਅਤੇ ਪਿਤਾ ਜੀ ਨੇ ਉਨ੍ਹਾਂ ਨੂੰ ਗੁਰਗੱਦੀ ਦਿੱਤੀ ਹੈ। ਜਿਹੜੀ ਗੁਰਗੱਦੀ ਗੁਰੂ ਰਾਮਦਾਸ ਜੀ ਨੇ ਦਿੱਤੀ ਹੈ, ਉਸ ਨੂੰ ਕੌਣ ਤਾਕਤ ਨਾਲ ਮਿਟਾ ਸਕਦਾ ਹੈ ? ਪਵਿੱਤਰ ਮਹਾਤਮਾ ਲੋਕ ਕਹਿੰਦੇ ਹਨ, "ਉਹੀ ਸਪੁੱਤਰ ਹੁੰਦਾ ਹੈ ਜਿਹੜਾ ਪਿਤਾ ਦੀ ਆਗਿਆ ਨੂੰ ਸਿਰ ਤੇ ਧਾਰਨ ਕਰਦਾ ਹੈ" ॥ ੨੮॥

ਇਹ ਸਭਿ ਕਾਮ ਕਪੂਤ ਕੂਰ ਕੇ ਪਿਤਾ ਬਾਕ ਕੋ ਚਹਿ ਉਲਟਾਇ।
ਕ੍ਰੋਧੀ, ਕੁਟਿਲ, ਕ੍ਰਿਤਘਨੀ, ਕਾਇਰ, ਕੁਚਿਲ, ਕਠੋਰ, ਕੁਮਤਿ, ਕੁਟਲਾਇ।

ਇਸਤੇ ਪਰੇ ਦੋਸ਼ ਕੋ ਗਨੀਅਹਿ ਜੋ ਤੁਮ ਕਰਜੋ ਚਹਤਿ ਚਿਤ ਚਾਇ।
ਇਕ ਦਿਸ਼ਿ ਪੁੰਜ ਪਾਪ ਕੋ ਧਰੀਅਹਿ ਤਵ ਕੁਕਰਮ ਕੋ ਨਹਿਂ ਸਮੁਤਾਇ ॥੨੯॥

ਇਹ ਸਾਰੇ ਕੰਮ ਇਸ ਝੂਠੇ ਪੁੱਤ ਦੇ ਹਨ ਜਿਹੜਾ ਪਿਤਾ ਦੇ ਬਚਨਾਂ ਨੂੰ ਉਲਟਾਉਣਾ ਚਾਹੁੰਦਾ ਹੈ। ਤੂੰ ਵੱਡਾ ਕ੍ਰੋਧੀ, ਕਪਟੀ, ਕ੍ਰਿਤਘਣ, ਡਰਪੋਕ, ਮੈਲੇ ਮਨ ਵਾਲਾ, ਕਠੋਰ, ਭੈੜੀ ਬੁੱਧੀ ਵਾਲਾ ਅਤੇ ਬੁਰੇ ਕੰਮ ਕਰਨ ਤੋਂ ਨਾ ਟਲਣ ਵਾਲਾ ਹੈਂ। ਇਸ ਤੋਂ ਵੱਡਾ ਹੋਰ ਕਿਹੜਾ ਦੋਸ਼ ਮੈਂ ਗਿਣਾਂ ਜਿਹੜਾ ਤੂੰ ਹੁਣ ਪ੍ਰਸੰਨ ਹੋ ਕੇ ਕਰਨਾ ਚਾਹੁੰਦਾ ਹੈਂ। ਇਕ ਪਾਸੇ ਪਾਪਾਂ ਦੇ ਸਮੂਹ ਨੂੰ ਧਰੀਏ ਤੇਰੇ ਕੁਕਰਮਾਂ ਦਾ ਕੋਈ ਸਾਨੀ ਨਹੀਂ ਹੈ॥ ੨੯॥

ਸ੍ਰੀ ਨਾਨਕ ਕੋ ਰੂਪ ਜਗਤ ਗੁਰੁ ਸੰਤ ਸੁਮਤਿ ਸਮ ਬ੍ਰਿਤੀ ਸੁਜਾਨ।
ਜਗਤੇਸ਼ੁਰ ਅਵਤਾਰ ਬਿਦਤ ਬਹੁ, ਕਰਜੋ ਹਜ਼ਾਰਨਿ ਕੋ ਕੱਲਜਾਨ।
ਗੁਨ ਗਨ ਧਰਤਿ, ਪਿਤਾ ਪੁਨ ਹਮਰੋ ਤਿਨਹੁਂ ਬਿਠਾਯੋ ਅਪਨ ਸਥਾਨ।
ਤਿਨਕੇ ਬਾਕ ਚਹਤਿ ਉਲਟਾਏ, ਨਹਿਂ ਆਗਜਾ ਮਾਨਹਿਂ, ਕਰਿ ਮਾਨ ॥੩੦॥

ਗੁਰੂ ਅਰਜਨ ਦੇਵ ਜੀ ਜਗਤ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹਨ, ਸੰਤ ਸੁਭਾਅ, ਸ੍ਰੇਸ਼ਟ ਬੁਧੀ ਅਤੇ ਦੁਖ-ਸੁਖ ਵਿਚ ਇਕ ਰਸ ਬ੍ਰਿਤੀ ਹੈ। ਜਗਤ ਤੇ ਈਸ਼ਵਰ ਦਾ ਅਵਤਾਰ ਪ੍ਰਗਟ ਹੋਏ ਹਨ ਅਤੇ ਹਜ਼ਾਰਾਂ ਸੇਵਕਾਂ ਦਾ ਉਨ੍ਹਾਂ ਕਲਿਆਣ ਕੀਤਾ ਹੈ। ਉਹ ਇਸ ਧਰਤੀ ਤੇ ਗੁਣਾਂ ਦੇ ਭੰਡਾਰ ਹਨ, ਫਿਰ ਸਾਡੇ ਪਿਤਾ ਜੀ ਨੇ ਆਪ ਉਨ੍ਹਾਂ ਨੂੰ ਆਪਣੇ ਸਥਾਨ ਤੇ ਬਿਠਾਇਆ ਹੈ। ਤੂੰ ਪਿਤਾ ਜੀ ਦੇ ਬਚਨਾਂ ਨੂੰ ਉਲਟਾਉਣਾ ਚਾਹੁੰਦਾ ਹੈਂ, ਤੂੰ ਉਨ੍ਹਾਂ ਦਾ ਸਨਮਾਨ ਕਰਕੇ ਆਗਿਆ ਨਹੀਂ ਮੰਨਦਾ॥ ੩੦॥

ਪਿਤ ਸਥਾਨ ਬੈਠਜੋ ਤਿਸ ਨਿੰਦਹਿਂ, ਬਿੰਦਹਿਂ ਬਡਿਆਈ ਕੁਛ ਨਾਂਹਿ।
ਜਥਾ ਹੰਸ ਕੋ ਬਕ ਡਰਪਾਵੈ, ਮਸ਼ਕ ਗਰੁੜ ਕੋ ਦਾਬਨਿ ਚਾਹਿ।
ਸਜਾਲ ਸ਼ੇਰ ਕੋ ਕਰਹਿ ਡਰਾਵਨਿ, ਪਟਬੀਜਨਿ ਚਹਿ ਰਵਿ ਸਮਤਾਹਿ।
ਤਥਾ ਮਨੋਰਥ ਮਨ ਮਹਿਂ ਠਾਨਤਿ ਸ੍ਰੀ ਅਰਜਨ ਪਰ ਕਰਿ ਉਤਸਾਹਿ ॥੩੧॥

ਜਿਹੜੇ ਪਿਤਾ ਜੀ ਦੇ ਸਥਾਨ ਤੇ ਬੈਠੇ ਹਨ, ਉਨ੍ਹਾਂ ਦੀ ਨਿੰਦਿਆ ਕਰਦਾ ਹੈਂ, ਉਨ੍ਹਾਂ ਦੀ ਕੁਝ ਵੀ ਵਡਿਆਈ ਨਹੀਂ ਕਰਦਾ ਹੈਂ। ਜਿਵੇਂ ਇਕ ਹੰਸ ਨੂੰ ਬਗਲਾ ਡਰਾਵੇ ਅਤੇ ਮੱਛਰ ਗਰੁੜ ਨੂੰ ਦਬਾਉਣਾ ਚਾਹੇ ਅਤੇ ਗਿੱਦੜ ਸ਼ੇਰ ਨੂੰ ਡਰਾਵੇ ਤੇ ਜੁਗਨੂੰ ਸੂਰਜ ਦੀ ਬਰਾਬਰੀ ਕਰੇ, ਉਸ ਤਰ੍ਹਾਂ ਦਾ ਮਨੋਰਥ ਤੂੰ ਮਨ ਵਿਚ ਧਾਰਨ ਕੀਤਾ ਹੋਇਆ ਹੈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਾਤ ਪਾਉਣਾ ਚਾਹੁੰਦਾ ਹੈਂ॥ ੩੧॥

ਕਰਾਮਾਤਿ ਸਾਹਿਬ ਸੋ ਪੂਰਨ, ਧੀਰਜ ਅਜਰ ਜਰਨ, ਛਿਮਵਾਨ,
ਅਜ਼ਮਤਿ ਛੂਛਾ ਰਿਦੈ ਅਧੀਰਜ, ਛਿਮਾ ਨ ਰੰਚਕ ਤੋ ਮਹਿਂ ਜਾਨਿ।
ਸੋ ਗੌਰਾ ਤੂੰ ਹੌਰਾ ਅਤਿਸ਼ੈ, ਸੋ ਊਜਲ ਤੂੰ ਮਲਿਨ ਮਹਾਨ।
ਸਰਲ ਮ੍ਰਿਦੁਲ ਹਰਿ ਰੂਪ ਪ੍ਰਗਟ ਸੋਂ, ਕੁਟਿਲ ਕਠੋਰ ਜੀਵ ਨਿਜ ਮਾਨ ॥੩੨॥

ਕਰਾਮਾਤ ਵਿਚ ਉਹ ਪੂਰਨ ਹਨ, ਧੀਰਜਵਾਨ, ਨਾ ਜਰੇ ਜਾਣ ਨੂੰ ਜਰਨ ਵਾਲੇ ਅਤੇ ਖਿਮਾਂਵਾਨ ਹਨ। ਦੂਸਰੇ ਪਾਸੇ ਤੂੰ ਕਰਾਮਾਤ ਤੋਂ ਖਾਲੀ ਹੈਂ, ਤੇਰੇ ਹਿਰਦੇ ਵਿਚ ਧੀਰਜ ਨਹੀਂ ਹੈ ਅਤੇ ਇਹ ਸਮਝ ਲੈ ਕਿ ਤੇਰੇ ਵਿਚ ਰੰਚ ਭਰ ਵੀ ਖਿਮਾਂ ਨਹੀਂ ਹੈ। ਉਹ ਬਹੁਤ ਭਾਰੇ ਹਨ, ਤੂੰ ਬਹੁਤ ਹੌਲਾ ਹੈਂ, ਉਹ ਉੱਜਲ ਹਨ ਤੇ ਤੂੰ ਵੱਡਾ ਮਲੀਨ ਹੈਂ। ਉਹ ਸਰਲ, ਕੋਮਲ ਹਰੀ ਦਾ ਰੂਪ ਪ੍ਰਗਟ ਹੋਏ ਹਨ ਤੇ ਤੂੰ ਕਪਟੀ, ਕਠੋਰ ਜੀਵ ਆਪਣੇ ਆਪ ਨੂੰ ਸਮਝ" ॥ ੩੨॥

ਦੋਹਰਾ- ਸੁਨਿ ਪ੍ਰਿਥੀਆ ਜਰ ਬਰ ਗਯੋ, ਜਰ ਨ ਸਕ੍ਯੋ ਬਚ ਸਾਚ।
ਰਕਤ ਨੇਤ੍ਰ ਫਰਕਤਿ ਅਧਰ, ਭ੍ਰਿਕੁਟਿ ਕੁਟਿਲ ਜਿਸ ਨਾਚਿ ॥੩੩ ॥

ਇਹ ਸੁਣ ਕੇ ਪ੍ਰਿਥੀਆ ਸੜ ਬਲ ਗਿਆ, ਸੱਚੇ ਬਚਨਾਂ ਨੂੰ ਜਰ ਨਾ ਸਕਿਆ। ਉਸ ਦੀਆਂ ਅੱਖਾਂ ਲਾਲ ਹੋ ਗਈਆਂ, ਬੁਲ੍ਹ ਫੜਕਣ ਲੱਗੇ ਤੇ ਭਰਵੱਟੇ ਟੇਢੇ ਹੋ ਗਏ॥ ੩੩॥

*ਤੀਸਰੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

# ਅਧਿਆਇ ਇੱਕੀਵਾਂ

*ਮਹਾਂਦੇਵ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਵਾਰਤਾਲਾਪ*

ਦੋਹਰਾ- ਪ੍ਰਿਥੀਆ ਸੁਨਤਿ ਕਠੋਰ ਕਹਿ 'ਕਹ੍ਯੋ ਨ ਬੂਝੈ ਬੈਨ।
ਭੋਰਾ ਮੂਰਖ ਕੋ ਕਹੈਂ ਯਾਂਤੇ ਤੁਝ ਮਤਿ ਹੈ ਨ॥ ੧॥

ਪ੍ਰਿਥੀਆ ਸੁਣ ਕੇ ਬੜੀ ਕਠੋਰ ਬੋਲੀ ਬੋਲਿਆ, ਕਹਿਣ ਲੱਗਾ, "ਹੇ ਮਹਾਂਦੇਵ! ਤੂੰ ਮੇਰੇ ਕਹੇ ਬਚਨ ਸਮਝਦਾ ਨਹੀਂ ਹੈਂ। ਅਸਲ ਵਿਚ ਭੋਲਾ ਮੂਰਖ ਨੂੰ ਹੀ ਕਹਿੰਦੇ ਹਨ, ਇਸ ਕਰਕੇ ਤੈਨੂੰ ਅਕਲ ਨਹੀਂ ਹੈ॥ ੧॥

ਸੈਯਾ ਛੰਦ-ਇਨਬਾਤਨਿ ਕੋ ਤੂੰ ਕਜਾ ਜਾਨਹਿਂ ਬਰਹਿਂ ਸਦਨ ਦੂਰਿ ਬੈਠਿ ਰਹੰਤਿ।
ਸੁਮਤਿਵੰਤ ਮਹਿਂ ਬੋਲ ਨ ਆਵਹਿ ਤੈ ਇਹ ਕਾਰਜ ਕਹਾਂ ਲਖੰਤਿ।
ਜਾਹਰ ਜਿਨਹੁ ਜਵਾਹਰ ਦਿਖਯ ਨ ਸੋ ਕਿਮ ਹੋਵਹਿ ਪਰਖ ਨਿਵੰਤਿ।
ਜਿਨ ਅਜਾਨ ਕੀ ਸੰਗਤਿ ਬਰਤੀ ਸੋ ਕਿਮ ਭੇਦ ਲਖਹਿ ਬੁਧਿਵੰਤਿ ॥੨ ॥

ਇਨ੍ਹਾਂ ਗੱਲਾਂ ਨੂੰ ਤੂੰ ਕੀ ਜਾਣਦਾ ਹੈਂ, ਘਰ ਵਿਚ ਲੁਕ ਕੇ ਬੈਠਾ ਰਹਿੰਦਾ ਹੈਂ। ਸ੍ਰੇਸ਼ਟ ਮੱਤ ਵਾਲਿਆਂ ਵਿਚ ਤੈਨੂੰ ਬੋਲਣਾ ਨਹੀਂ ਆਉਂਦਾ, ਇਸ ਕਾਰਜ ਨੂੰ ਤੂੰ ਕੀ ਸਮਝ ਸਕਦਾ ਹੈਂ। ਜਿਸ ਨੇ ਜ਼ਾਹਰ ਰੂਪ ਵਿਚ ਹੀਰਾ ਵੇਖਿਆ ਹੀ ਨਾ ਹੋਵੇ, ਉਹ ਉਸ ਦੀ ਕਿਵੇਂ ਪਰਖ ਕਰ ਸਕਦਾ ਹੈ। ਜਿਸ ਨੇ ਸਦਾ ਮੂਰਖਾਂ ਦੀ ਸੰਗਤ ਕੀਤੀ ਹੋਵੇ, ਉਹ ਅਕਲ ਵਾਲਿਆਂ ਦੇ ਭੇਦ ਕਿਵੇਂ ਜਾਣ ਸਕਦਾ ਹੈ॥ ੨॥

ਤੁਝ ਸਮ ਨੇ ਕਰਿ ਸਤੁਤਿ ਭੁਲਾਯਹੁ ਗਰਬ ਧਰਤਿ ਯਾਂਤੇ ਮਨਿ ਚਾਹਿ।
ਤੈ ਸਮੇਤ ਹੀ ਪਕਰ ਮੰਗਾਵੌਂ ਤਬਿ ਤੁਮਰੀ ਅਜ਼ਮਤਿ ਲਖਿ ਜਾਹਿ।
ਲਘੁ ਦੀਰਘ ਤਬਿ ਜਾਨਿ ਪਰੈਗੋ ਜਬਿ ਹੋਵਹੁ ਤੁਰਕਨਿ ਬਸਿ ਮਾਂਹਿ।
ਮਾਨਹਿਂ ਕੌਨ ਕਹ੍ਯੋ ਕਬਿ ਤੇਰੋ ਜਿਸ ਮਹਿਂ ਰੰਚਕ ਭੀ ਮਤਿ ਨਾਂਹਿ ॥੩ ॥

ਤੇਰੇ ਵਰਗਿਆਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਤਤ ਕਰਕੇ ਉਨ੍ਹਾਂ ਨੂੰ ਭੁਲਾਇਆ ਹੈ, ਇਸ ਕਰਕੇ ਉਨ੍ਹਾਂ ਮਨ ਵਿਚ ਹੰਕਾਰ ਧਾਰਨ ਕੀਤਾ ਹੈ। ਤੇਰੇ ਸਮੇਤ ਹੀ ਮੈਂ ਫੜਵਾ ਕੇ ਮੰਗਵਾ ਲਵਾਂਗਾ ਤਦ ਮੈਂ ਤੇਰੀ ਕਰਾਮਾਤ ਵੇਖ ਲਵਾਂਗਾ। ਫਿਰ ਵੱਡੇ ਛੋਟੇ ਦਾ ਪਤਾ ਲਗੇਗਾ, ਜਦ ਤੁਰਕਾਂ ਦੇ ਵੱਸ ਵਿਚ ਪਵੇਗੇ। ਤੇਰੇ ਕਹੇ ਨੂੰ ਕੌਣ ਮੰਨੇਗਾ ਜਿਸ ਵਿਚ ਰੰਚ ਭਰ ਵੀ ਅਕਲ ਨਹੀਂ ਹੈ॥ ੩॥

ਉਠਿ ਅਬਿ ਜਾਹੁ ਨਿਕਟ ਨਹਿਂ ਬੈਠਹੁ ਸਠ ਕੀ ਬਾਤ ਸੁਨੌਂ ਨਹਿਂ ਕਾਨ।
ਜਸ ਦ੍ਰੋਹੀ ਅਰਜਨ ਹੈ ਮੋਰੋ, ਤਸ ਤੂੰਹੈਂ ਅਬਿ ਲੀਨਿ ਪਛਾਨ।
ਮੈਂ ਹਿਤ ਕਰੌਂ, ਅਜਾਨ ਨ ਜਾਨਹਿ, ਜਿਮ ਪਸੁ ਕੈ ਪਟ ਭੂਖਨ ਠਾਨਿ।
ਉਲਟੋ ਸ੍ਰਿੰਗਨਿ ਚਹਤਿ ਚੁਭਾਵਨਿ, ਮੈਂ ਤੁਝ ਜਾਨਜੋ ਤਿਸੈ ਸਮਾਨ॥ ੪॥

ਹੁਣ ਉਠ ਕੇ ਚਲੇ ਜਾਵੋ, ਮੇਰੇ ਪਾਸ ਨਾ ਬੈਠੋ, ਮੈਂ ਮੂਰਖ ਦੀ ਗੱਲ ਆਪਣੇ ਕੰਨਾਂ ਨਾਲ ਨਹੀਂ ਸੁਣਨੀ ਚਾਹੁੰਦਾ ਹਾਂ। ਜਿਵੇਂ ਸ੍ਰੀ ਅਰਜਨ ਜੀ ਮੇਰੇ ਦੁਸ਼ਮਣ ਹਨ, ਉਸ ਤਰ੍ਹਾਂ ਹੁਣ ਤੂੰ ਵੀ ਮੇਰਾ ਦੁਸ਼ਮਣ ਬਣ ਗਿਆ ਹੈਂ, ਇਹ ਗੱਲ ਮੈਂ ਹੁਣ ਪਛਾਣ ਲਈ ਹੈ, ਮੈਂ ਤਾਂ ਤੈਨੂੰ ਪਿਆਰ ਕਰਦਾ ਸੀ, ਪਰ ਤੂੰ ਮੂਰਖ ਸਮਝਿਆ ਨਹੀਂ। ਜਿਵੇਂ ਪਸ਼ੂ ਨੂੰ ਪਟ ਦੇ ਬਸਤਰਾਂ ਅਤੇ ਗਹਿਣਿਆਂ ਦੀ ਕਦਰ ਨਹੀਂ ਹੁੰਦੀ ਹੈ, ਉਲਟਾ ਉਹ ਬਸਤਰਾਂ ਅਤੇ ਗਹਿਣਿਆਂ ਨੂੰ ਸਿੰਗ ਮਾਰਨੇ ਚਾਹੁੰਦਾ ਹੈ, ਮੈਂ ਤੈਨੂੰ ਪਸ਼ੂ ਦੇ ਬਰਾਬਰ ਹੀ ਜਾਣਿਆ ਹੈ"॥ ੪॥

ਮਹਾਂਦੇਵ ਨੇ ਭਨਜੋ ਬਾਕ ਤਬਿ 'ਸ੍ਰੀ ਅਰਜਨ ਪੱਖੀ ਇਮ ਜਾਨਿ।
ਸ੍ਰੀ ਗੁਰੁ ਨੇ ਗੁਰਤਾ ਜਬਿ ਦੀਨਸਿ ਸਭਿ ਸੰਗ ਆਗਜਾ ਕੀਨਿ ਬਖਾਨ।
ਚਰਨ ਪਰਹੁ ਅਨੁਸਾਰਿ ਰਹਹੁ ਇਨਾ ਹਮ ਨੇ ਤਬਿ ਹੀ ਲੀਨਸਿ ਮਾਨਿ।
ਪਿਤ ਗੁਰ ਹਰਿ ਅਵਤਾਰ ਸੰਤ ਮਨ ਹਮ ਨ ਹਟਾਵਹਿਂ ਤੋਹਿ ਸਮਾਨ॥ ੫॥

ਮਹਾਂਦੇਵ ਨੇ ਫਿਰ ਕਿਹਾ, "ਮੈਨੂੰ ਸ੍ਰੀ ਗੁਰੂ ਅਰਜਨ ਦੇਵ ਦਾ ਪੱਖੀ ਇਸ ਤਰ੍ਹਾਂ ਜਾਣੋ, ਜਦ ਗੁਰੂ ਰਾਮਦਾਸ ਨੇ ਉਨ੍ਹਾਂ ਨੂੰ ਗੁਰਤਾ ਦਿੱਤੀ ਸੀ ਤਾਂ ਉਨ੍ਹਾਂ ਨੇ ਸਾਰਿਆਂ ਨੂੰ ਆਗਿਆ ਕੀਤੀ ਸੀ ਕਿ ਇਨ੍ਹਾਂ ਦੇ ਚਰਨਾਂ ਤੇ ਮੱਥਾ ਟੇਕੋ ਤੇ ਸਦਾ ਹੀ ਇਨ੍ਹਾਂ ਦੀ ਆਗਿਆ ਅਨੁਸਾਰ ਰਹੋ, ਮੈਂ ਓਸ ਵੇਲੇ ਹੀ ਗੁਰੂ ਪਿਤਾ ਜੀ ਦੀ ਆਗਿਆ ਮੰਨ ਲਈ ਸੀ। ਗੁਰੂ ਪਿਤਾ ਜੀ ਹਰੀ ਦਾ ਅਵਤਾਰ ਸੰਤ ਸਰੂਪ ਸਨ, ਤੇਰੇ ਵਾਂਗ ਮੈਂ ਉਨ੍ਹਾਂ ਦੀ ਆਗਿਆ ਮੋੜ ਨਹੀਂ ਸਕਦਾ॥ ੫॥

ਆਸਮਾਨ ਕੋ ਬਾਨ ਪ੍ਰਹਾਰਹਿ ਉਲਟਿ ਲਗੈ ਤਿਸ ਹੂੰ ਕੇ ਆਇ।
ਸੈਲਨਿ ਸਾਥ ਮਾਥ ਜੋ ਮਾਰਹਿ ਭਗਨਿ ਹੋਹਿ ਸਿਰਿ, ਕਛੁ ਨ ਬਸਾਇ।
ਸ਼ੇਰ ਸਰਪ ਕੇ ਦਸਨ ਗਹੈ ਜੋ, ਪਾਵਕ ਜੁਲਤ ਹਾਥ ਦੇ ਪਾਇ।
ਪਾਹਨ ਬਾਂਧੇ ਸੰਗ ਗ੍ਰੀਵ ਕੇ ਤਰਬੋ ਚਹੈ ਭੁਜਨ ਬਲ ਲਾਇ॥ ੬॥

ਜਿਹੜਾ ਆਸਮਾਨ ਨੂੰ ਤੀਰ ਮਾਰਦਾ ਹੈ, ਉਹ ਉਲਟਾ ਓਸੇ ਨੂੰ ਆ ਕੇ ਲੱਗਦਾ ਹੈ। ਪੱਥਰਾਂ ਨਾਲ ਜਿਹੜਾ ਸਿਰ ਮਾਰਦਾ ਹੈ, ਉਸ ਦਾ ਆਪਣਾ ਸਿਰ ਹੀ ਪਾਟਦਾ ਹੈ, ਕੁਝ ਵੀ ਵੱਸ ਨਹੀਂ ਚਲਦਾ ਹੈ, ਜਿਹੜਾ ਸ਼ੇਰ ਜਾਂ ਸੱਪ ਦੇ ਦੰਦ ਫੜੇਗਾ, ਜਿਹੜਾ ਬਲਦੀ ਅੱਗ ਵਿਚ ਹੱਥ ਪਾਵੇਗਾ ਤੇ ਜਿਹੜਾ ਗਲ ਨਾਲ ਪੱਥਰ ਬੰਨ੍ਹ ਕੇ ਬਾਹਾਂ ਦੀ ਸ਼ਕਤੀ ਨਾਲ ਤਰਨਾ ਚਾਹੇਗਾ, ਉਸਦੇ ਕੁਝ ਵੀ ਹੱਥ ਨਹੀਂ ਆਵੇਗਾ, ਉਲਟਾ ਨੁਕਸਾਨ ਹੀ ਪਾਵੇਗਾ॥ ੬॥

ਤਿਮ ਤੇਰੋ ਬਿਰਤਾਂਤ ਸੁ ਜਨਿਯਤਿ ਯਾਂਤੇ ਕਰਿ ਬਿਚਾਰ ਬਚ ਮਾਨਿ।
ਸ੍ਰੀ ਗੁਰ ਪਿਤ ਕੋ ਬਾਕ ਅਟਲ ਰਹਿ ਜਿਤ ਕਿਤ ਤੇ ਤੂੰ ਪਾਵਹਿਂ ਹਾਨਿ।
ਅਪਨੋ ਹਿਤ ਲਖਿ ਸੁਤ ਬਨਿਤਾ ਜੁਤਿ ਬਸਹੁ ਸੁ ਨਿਤ ਚਿਤ ਆਨੰਦ ਠਾਨਿ।
ਮੇਲ ਕਰਹੁ ਨਹਿਂ ਅਪਜਸ ਪਾਵਹੁ, ਹਰਖਹੁ ਹੇਰਿ ਲਖਹੁ ਪਿਤ ਥਾਨਿ॥ ੭॥

ਇਸ ਤਰ੍ਹਾਂ ਦੀ ਤੇਰੀ ਹਾਲਤ ਜਾਣੋ, ਇਸ ਕਰਕੇ ਮਨ ਵਿਚ ਵਿਚਾਰ ਕਰੋ ਤੇ ਮੇਰੇ ਬਚਨਾਂ ਨੂੰ ਮੰਨੋ। ਗੁਰੂ ਪਿਤਾ ਜੀ ਦੇ ਵਾਕ ਅਟੱਲ ਰਹਿਣਗੇ ਜਿਥੇ ਕਿਥੇ ਤੂੰ ਹੀ ਨੁਕਸਾਨ ਕਰਾਵੇਂਗਾ। ਆਪਣਾ ਹਿੱਤ ਸਮਝ ਕੇ ਪੁੱਤਰ ਇਸਤਰੀ ਦੇ ਨਾਲ ਸਦਾ ਚਿੱਤ

ਵਿਚ ਆਨੰਦ ਭਰ ਕੇ ਏਥੇ ਵਸੋ। ਗੁਰੂ ਜੀ ਨਾਲ ਮੇਲ ਕਰੋ, ਨਿੰਦਿਆ ਨਾ ਪਾਵੋ, ਆਪਣੇ ਪਿਤਾ ਜੀ ਦੇ ਸਥਾਨ ਤੇ ਬੈਠੇ ਨੂੰ ਵੇਖਕੇ ਪ੍ਰਸੰਨ ਹੋਵੋ" ॥ ੭॥

ਪ੍ਰਿਥੀਆ ਭਨਹਿ 'ਭਯੋ ਮਸਤਾਨਾ ਜਿਮ ਬਾਲਕ ਬਯ ਤਿਮ ਅਨਜਾਨ।
ਜੋ ਮੁਝ ਦਹੈ ਕਹੈਂ ਬਚ ਤੈਸੋ, ਚਹੈਂ ਰਹੌਂ ਤਿਸ ਦਾਸ ਸਮਾਨ।
ਮੈਂ ਨਹਿੰ ਮੂਰਖ ਕਰੌਂ ਜਤਨ ਅਬਿ ਗੁਰਤਾ ਲੇਹੌਂ ਛੀਨਿ ਮਹਾਨ।
ਰਹੌਂ ਇਕਾਕੀ ਤੁਮ ਹੁਇ ਦੋਨਹੁ ਕਰਹੁ ਉਪਾਉ ਹੋਹੁਗੇ ਹਾਨ' ॥ ੮॥

ਪ੍ਰਿਥੀਏ ਨੇ ਕਿਹਾ, "ਮਸਤਾਨਾ ਹੋ ਗਿਆ ਹੈਂ, ਜਿਵੇਂ ਇਕ ਬੱਚੇ ਦੀ ਉਮਰ ਹੁੰਦੀ ਹੈ, ਉਸ ਤਰ੍ਹਾਂ ਤੂੰ ਅਣਜਾਣ ਹੈਂ ਜੋ ਤੂੰ ਮੈਨੂੰ ਕਹਿੰਦਾ ਹੈਂ ਅਤੇ ਚਾਹੁੰਦਾ ਹੈਂ ਕਿ ਮੈਂ ਗੁਰੂ ਅਰਜਨ ਦੇਵ ਦੇ ਦਾਸ ਵਾਂਗੂੰ ਰਹਾਂ। ਮੈਂ ਮੂਰਖ ਨਹੀਂ ਕਿ ਅਜਿਹਾ ਯਤਨ ਕਰਾਂਗਾ, ਮੈਂ ਤਾਂ ਹੁਣ ਮਹਾਨ ਗੁਰਤਾ ਨੂੰ ਖੋਹ ਲਵਾਂਗਾ। ਮੈਂ ਇਕੱਲਾ , ਤੁਸੀਂ ਦੋਵੇਂ ਇੱਕਠੇ ਹੋ ਕੇ ਉਪਾਅ ਕਰੋ, ਤੁਹਾਡਾ ਨੁਕਸਾਨ ਹੀ ਹੋਵੇਗਾ" ॥ ੮॥

ਮਹਾਂਦੇਵ ਕਹਿ 'ਨਿਜ ਹਿਤ ਕਹੁ ਲਹਿ, ਪਰਹੁ ਪਾਇ ਮਿਲਿ ਬਸਹੁ ਸੁਖੈਨ।
ਕਾਮ, ਕ੍ਰੋਧ, ਮਦ, ਮਾਨ, ਲੋਭ ਤੇ ਅਬਿ ਜੇ ਨਹਿੰ ਮਾਨਹਿੰ ਮਮ ਬੈਨ।
ਦੁਖ ਤੇ ਤਰ ਦੁਖ ਲਹਹਿੰ ਅਨਿਕ ਬਿਧਿ, ਅਪਜਸੁ ਤੇ ਅਪਜਸੁ ਬਿਨ ਚੈਨ।
ਦੂਹੂੰ ਲੋਕ ਬਿਗਰਹਿੰ ਪਛੁਤਾਵਹਿੰ ਹਾਥ ਨ ਆਇ ਸਮੋ ਜੁਤਿ ਐਨ' ॥ ੯॥

ਮਹਾਂਦੇਵ ਨੇ ਕਿਹਾ, "ਆਪਣੇ ਹਿਤ ਵਾਸਤੇ ਗੁਰੂ ਅਰਜਨ ਦੇਵ ਜੀ ਦੇ ਚਰਨੀਂ ਪੈ ਜਾਵੋ ਅਤੇ ਮਿਲ ਕੇ ਸੁਖੀ ਸੁਖੀ ਵੱਸੋ। ਕਾਮ, ਕ੍ਰੋਧ, ਅਹੰਕਾਰ, ਘੁਮੰਡ ਲੋਭ ਨੂੰ ਛੱਡਣ ਬਾਰੇ ਜੇ ਮੇਰੇ ਹਾਲੇ ਵੀ ਬਚਨ ਨਾ ਮੰਨੇ ਤਾਂ ਅਨੇਕ ਪ੍ਰਕਾਰ ਦੁੱਖ ਭਰ ਦੁੱਖ ਪਾਵੇਂਗਾ ਅਤੇ ਨਿੰਦਿਆ ਤੇ ਨਿੰਦਿਆਂ ਹੋਣ ਤੇ ਬੇਚੈਨ ਹੋ ਜਾਵੇਂਗਾ, ਤੇਰਾ ਲੋਕ ਪਰਲੋਕ ਵੀ ਵਿਗੜ ਜਾਵੇਗਾ, ਫਿਰ ਪਛਤਾਵੇਂਗਾ ਤੇ ਫਿਰ ਸਮਾਂ ਸਮੇਤ ਘਰ ਦੇ ਹੱਥ ਨਹੀਂ ਆਵੇਗਾ" ॥ ੯॥

ਪ੍ਰਿਥੀਆ ਜਰਯੋ ਜਰਯੋ ਨਹਿੰ ਬਚ ਕੋ 'ਕਿਉਂ ਝਖਵਾਉ ਕਰਤਿ ਉਠਿ ਜਾਹੁ'।
ਇਮ ਕਹਿ ਮੌਨ ਧਰੀ ਰਿਸਿ ਉਰ ਭਰਿ ਸਨਮੁਖ ਨਹਿੰ ਦੇਖਤਿ ਦੁਖ ਮਾਂਹੁ।
ਹੋਨਹਾਰ ਕੋ ਰਿਦੈ ਬਿਚਾਰਯੋ ਮਹਾਂਦੇਵ ਦਿਖਿ ਤਿਸਕੇ ਦਾਹੁ।
'ਚਿੰਤਾ ਸਰ ਕੋ ਮੀਨ ਬਨ੍ਹਹੁ ਨਿਤ' ਸ੍ਰਾਪ ਦਿਯੋ ਕ੍ਰੁੱਧਤਿ ਹ੍ਵੈ ਤਾਂਹੁ ॥ ੧੦॥

ਪ੍ਰਿਥੀਆ ਸੜ ਗਿਆ ਤੇ ਮਹਾਂਦੇਵ ਦੇ ਬਚਨ ਜਰ ਨਾ ਸਕਿਆ ਤੇ ਬੋਲਿਆ, "ਕਿਉਂ ਬਕਵਾਸ ਕਰਦਾ ਹੈਂ, ਉਠ ਕੇ ਚਲੇ ਜਾ" ਇਹ ਕਹਿ ਕੇ ਦਿਲ ਵਿਚ ਗੁੱਸੇ ਨਾਲ ਭਰ ਕੇ ਮੌਨ ਧਾਰਨ ਕਰ ਲਈ ਅਤੇ ਦੁਖੀ ਹੋ ਕੇ ਸਾਹਮਣੇ ਨਹੀਂ ਸੀ ਵੇਖ ਰਿਹਾ। ਉਸ ਦਾ ਸਾੜਾ ਵੇਖ ਕੇ ਮਹਾਂਦੇਵ ਨੇ ਹਿਰਦੇ ਵਿਚ ਭਵਿੱਖ ਵਿਚ ਹੋਣ ਵਾਲੇ ਨੂੰ ਆਪਣੇ ਹਿਰਦੇ ਵਿਚ ਵਿਚਾਰਿਆ ਤੇ ਕਿਹਾ, "ਸਦਾ ਚਿੰਤਾ ਰੂਪੀ ਤਾਲਾਬ ਦੀ ਮੱਛੀ ਬਣੇ ਰਹੋ" ਗੁੱਸੇ ਵਿਚ ਆ ਕੇ ਸ੍ਰਾਪ ਦੇ ਦਿੱਤਾ॥ ੧੦॥

ਤਜਿ ਤਿਸ ਕੋ ਉਠਿ ਸਦਨ ਸਿਧਾਰਯੋ ਬਸਯੋ ਬਖੇਰਾ ਮਨ ਅਕੁਲਾਇ।
'ਨਾਮ ਪਿਤਾ ਗੁਰੁ ਰਾਮਦਾਸ ਕੋ ਤੁਰਕਨ ਸੋਂ ਮਿਲਿ ਕਜਾ ਕਹਿ ਜਾਇ।
ਦਿੱਲੀਪਤਿ ਅਕਬਰ ਤੇ ਆਦਿਕ ਸ੍ਰੀ ਗੁਰੁ ਅਮਰ ਚਰਨ ਸਿਰ ਲਾਇ।
ਅਬੈ ਨਿਲਾਯਕ ਤਿਨਕੇ ਆਗੇ ਚਲੇ ਪੁਕਾਰੂ ਬਾਹੁ ਉਠਾਇ॥ ੧੧॥

ਉਸ ਨੂੰ ਛੱਡ ਕੇ ਆਪਣੇ ਘਰ ਨੂੰ ਚਲਾ ਗਿਆ, ਝਗੜਾ ਵੱਧ ਜਾਣ ਕਰਕੇ ਵਿਆਕੁਲ ਹੋ ਗਿਆ, ਸੋਚਣ ਲੱਗਾ, ਪਿਤਾ

ਜੀ ਗੁਰੂ ਰਾਮਦਾਸ ਦਾ ਨਾਂ ਤੁਰਕ ਨੂੰ ਮਿਲ ਕੇ ਕੀ ਕਰੇਗਾ। ਦਿੱਲੀ ਦੇ ਬਾਦਸ਼ਾਹ ਅਕਬਰ ਆਦਿ ਨੇ ਸ੍ਰੀ ਗੁਰੂ ਅਮਰਦਾਸ ਦੇ ਚਰਨਾਂ ਤੇ ਸਿਰ ਰਖਿਆ ਸੀ। ਹੁਣ ਇਹ ਨਾਲਾਇਕ ਪ੍ਰਿਥੀਆ ਉਨ੍ਹਾਂ ਦੇ ਅੱਗੇ ਬਾਂਹ ਉਠਾ ਕੇ ਫਰਿਆਦੀ ਬਣ ਕੇ ਚਲਿਆ ਹੈ॥ ੧੧॥

ਮੈਂ ਸਮੁਝਾਇ ਰਹਜੋ ਬਹੁਤੇਰਾ ਏਕ ਨ ਮਾਨੀ ਮਨਿ ਮਤਿ ਮੰਦ।
ਹੋਨਹਾਰ ਕੋ ਜਾਨਹਿਂ ਕਜਾ ਹੁਇ, ਕਰਿ ਬਿਖ ਦੈਬੋ ਪਾਪ ਬਿਲੰਦ।
ਚਿਤਵਤਿ ਸਦਾ ਅਨਰਥਨਿ ਬੀਤਹਿ ਉਰ ਹੰਕਾਰ, ਨ ਮੋਹਿ ਮਨਿੰਦ।
ਇਸ ਪ੍ਰਕਾਰ ਬੀਚਾਰਤਿ ਚਿਤ ਮਹਿਂ ਗਯੋ ਸਦਨ ਮਹਿਂ ਸਦਾ ਅਨੰਦ ॥੧੨॥

ਮੈਂ ਬਹੁਤ ਸਮਝਾਇਆ ਹੈ ਪਰ ਇਸ ਮਾੜੀ ਮੱਤ ਵਾਲੇ ਮੇਰੀ ਇਕ ਗੱਲ ਨਹੀਂ ਮੰਨੀ ਹੈ। ਕੀ ਹੋਣਾ ਹੈ ਉਸ ਬਾਰੇ ਕੁਝ ਜਾਣਦਾ ਨਹੀਂ, ਇਸ ਨੇ ਜ਼ਹਿਰ ਦੇਣ ਦਾ ਵੱਡਾ ਪਾਪ ਕੀਤਾ ਹੈ। ਪਾਪ ਚਿਤਵਦਿਆਂ ਹੀ ਉਮਰ ਬੀਤਦੀ ਜਾਂਦੀ ਹੈ। ਦਿਲ ਵਿਚ ਇਹ ਹੰਕਾਰ ਹੈ ਕਿ ਮੇਰੇ ਵਰਗਾ ਕੋਈ ਨਹੀਂ। ਇਸ ਤਰ੍ਹਾਂ ਵਿਚਾਰ ਕਰਦਾ ਘਰ ਚਲਾ ਗਿਆ, ਜਿਹੜਾ ਸਦਾ ਹੀ ਅਨੰਦ ਪ੍ਰਸੰਨ ਰਹਿੰਦਾ ਹੈ॥ ੧੨॥

ਨਿਜ ਘਰ ਤੇ ਪੁਨਿ ਮਹਾਂਦੇਵ ਚਲਿ ਸ੍ਰੀ ਅਰਜਨ ਕੇ ਪਹੁੰਚਜੋ ਤੀਰ।
ਦੇਖਿ ਬਿਸਾਲ ਭ੍ਰਾਤ ਕੌ ਤਤਛਿਨ ਖਰੇ ਭਏ ਸਨਮਾਨ ਗਹੀਰ।
ਬੰਦਨ ਕਰਿ ਕੈ ਆਪਸ ਮਾਂਹੀ ਬੈਠੇ ਦੋਨਹੁਂ ਮਹਦ ਸਧੀਰ।
ਸਰਲ ਮ੍ਰਿਦੁਲ ਰਿਦ ਅਦਬ ਜੁਕਤਿ ਬੁਧਿ ਮਿਲੇ ਪ੍ਰਮੋਦਤਿ ਪਿਖਿ ਦ੍ਵੈ ਬੀਰ ॥੧੩॥

ਆਪਣੇ ਘਰ ਤੋਂ ਚਲ ਕੇ ਫਿਰ ਮਹਾਂਦੇਵ ਸ੍ਰੀ ਗੁਰੂ ਅਰਜਨ ਦੇਵ ਦੇ ਪਾਸ ਪਹੁੰਚਿਆ। ਆਪਣੇ ਵੱਡੇ ਭਰਾ ਨੂੰ ਵੇਖ ਕੇ ਗੁਰੂ ਅਰਜਨ ਦੇਵ ਜੀ ਜਿਹੜੇ ਆਦਰ ਲਈ ਗਹੀਰ ਸਨ, ਤੁਰਤ ਉਠ ਕੇ ਖੜੇ ਹੋ ਗਏ। ਆਪਸ ਵਿਚ ਬੰਧਨਾ ਕਰਕੇ ਦੋਵੇਂ ਸ੍ਰੇਸ਼ਟ ਧੀਰਜਵਾਨ ਬੈਠ ਗਏ। ਸਰਲ, ਕੋਮਲ ਅਤੇ ਆਦਰ ਭਰਪੂਰ ਬੁਧੀ ਵਾਲੇ ਇਕ ਦੂਸਰੇ ਨੂੰ ਵੇਖ ਕੇ ਬੜੇ ਪ੍ਰਸੰਨ ਹੋ ਕੇ ਮਿਲੇ॥ ੧੩॥

ਗੋਦਿ ਪ੍ਰਮੋਦਤਿ ਸ੍ਰੀ ਹਰਿਗੋਬਿੰਦ ਰੱਖਜਾ ਸ਼ਬਦ ਬਨਾਵਤਿ ਹੇਰਿ।
ਸ੍ਰੀ ਸਤਿਗੁਰ ਅਰੁ ਸ੍ਰੀ ਪਰਮੇਸ਼ੁਰ ਇਨਕੋ ਜਸ ਜਿਨਿ ਬਿਖੈ ਬਡੇਰ।
'ਭਏ ਦਾਸ ਰਖਵਾਰੇ ਆਇ ਸੁ ਹਾਥ ਦੇਇ ਰਾਖੇ ਬਹੁ ਬੇਰ।
ਮਾਤ ਪਿਤਾ ਜਿਮ ਸੁਤ ਕੌ ਰਾਖਹਿਂ ਅਸ਼ਟ ਜਾਮ ਚਿਤਵਤਿ ਫਿਰ ਫੇਰ' ॥੧੪॥

ਗੋਦ ਵਿਚ ਸ੍ਰੀ ਹਰਿਗੋਬਿੰਦ ਜੀ ਅਨੰਦ ਸਹਿਤ ਬੈਠੇ ਹਨ, ਉਨ੍ਹਾਂ ਨੂੰ ਵੇਖ ਕੇ ਰਖਿਆ ਦੇ ਸ਼ਬਦ ਬਣਾ ਰਹੇ ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਪਰਮੇਸ਼ਰ ਜੀ ਨੇ ਇਨ੍ਹਾਂ ਨੂੰ ਵੱਡਾ ਜੱਸ ਦਿੱਤਾ ਹੈ। "ਦਾਸ ਦੀ ਉਨ੍ਹਾਂ ਨੇ ਰਖਵਾਲੀ ਕੀਤੀ ਹੈ ਅਤੇ ਬਹੁਤ ਵਾਰ ਹੱਥ ਦੇ ਕੇ ਰਖਿਆ ਹੈ। ਮਾਤਾ ਪਿਤਾ ਜਿਵੇਂ ਆਪਣੇ ਪੁੱਤ ਨੂੰ ਰੱਖਦੇ ਹਨ ਅਤੇ ਅੱਠ ਪਹਿਰ ਬਾਰ-ਬਾਰ ਉਸ ਨੂੰ ਯਾਦ ਕਰਦੇ ਹਨ" ॥ ੧੪॥

ਇੱਤਜਾਦਿਕ ਤਿਨ ਬਿਖੈ ਅਰਥ ਰਖਿ ਕੀਨਸਿ ਅਪਨੀ ਬਿਨੈ ਬਖਾਨ।
ਇਸ ਪ੍ਰਕਾਰ ਕੇ ਸ਼ਬਦ ਬਨਾਏ ਜਿਨ ਮਹਿਂ ਪ੍ਰੇਮ ਪ੍ਰਵਾਹ ਮਹਾਨ।
ਸ਼੍ਰੀ ਗ੍ਰਿੰਥ ਸਾਹਿਬ ਕੇ ਬਿਚ ਲਿਖਿ, ਰਾਖੇ ਸਿੱਖਨ ਹਿਤ ਕੱਲਜਾਨ।
ਜ਼ਾਹਰ ਅਰਥ ਜਿਨਹੁਂ ਕਹੁ ਭਾਸਹਿ ਲੋਕ ਪ੍ਰਲੋਕ ਬਿਖੈ ਸੁਖਦਾਨਿ॥ ੧੫॥

ਇੱਤਿਆਦਿ ਉਨ੍ਹਾਂ ਵਿਚ ਅਰਥ ਰੱਖ ਕੇ ਆਪਣੀ ਬੇਨਤੀ ਬਿਆਨ ਕੀਤੀ ਹੈ। ਇਸ ਪ੍ਰਕਾਰ ਦੇ ਸ਼ਬਦ ਬਣਾਏ ਹਨ ਜਿਨ੍ਹਾਂ ਵਿਚ ਮਹਾਨ ਪ੍ਰੇਮ ਪ੍ਰਵਾਹ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਿੱਖਾਂ ਦੇ ਕਲਿਆਣ ਵਾਸਤੇ ਲਿਖ ਰੱਖੇ ਹਨ। ਜਿਨ੍ਹਾਂ ਨੂੰ ਅਰਥ ਪ੍ਰਗਟ ਹੋ ਜਾਂਦੇ ਹਨ ਉਹ ਲੋਕ ਪਰਲੋਕ ਵਿਚ ਸੁਖ ਪਾਉਂਦੇ ਹਨ॥ ੧੫॥

ਨਿਜ ਸਿੱਖਨ ਸੋ ਮਹਿਮਾ ਪ੍ਰਭੁ ਕੀ ਕਰਤਿ ਸੁਨਾਵਨਿ ਪ੍ਰੇਮ ਬਿਸਾਲ।
'ਪਾਠ ਪਠਹਿਂ ਰੱਛਜਾ ਜਹਿਂ ਚਾਹਹਿਂ, ਹੋਇਂ ਸਹਾਇ ਦਜਾਲ ਤਤਕਾਲ'।
ਮਹਾਂਦੇਵ ਇਤਨੇ ਮਹਿਂ ਆਏ ਸੁਧਿ ਕੋ ਲੇਨਿ ਕੁਸ਼ਲ ਹਿਤ ਨਾਲਿ।
ਸ੍ਰੀ ਹਰਿਗੋਬਿੰਦ ਕੋ ਕਰਿ ਦਰਸ਼ਨ ਮਨ ਮਾਨਜੋ 'ਹਮ ਭਏ ਨਿਹਾਲ॥੧੬॥

ਆਪਣੇ ਸਿੱਖਾਂ ਨਾਲ ਪ੍ਰਭੂ ਦੀ ਮਹਿਮਾਂ ਵਿਸ਼ਾਲ ਪ੍ਰੇਮ ਨਾਲ ਸੁਣਾਉਂਦੇ ਹਨ, "ਜਿਸ ਨੂੰ ਰਖਿਆ ਦੀ ਲੋੜ ਹੋਵੇ ਉਹ ਪਾਠ ਕਰਨ ਤਾਂ ਦਿਆਲੂ ਪ੍ਰਭੂ ਜੀ ਤੁਰਤ ਸਹਾਈ ਹੋਣਗੇ"। ਏਨੀ ਦੇਰ ਨੂੰ ਮਹਾਂਦੇਵ ਬੜੇ ਪ੍ਰੇਮ ਨਾਲ ਖਬਰ ਲੈਣ ਆ ਗਿਆ। ਸ੍ਰੀ ਹਰਿਗੋਬਿੰਦ ਦੇ ਦਰਸ਼ਨ ਕਰਕੇ ਮਨ ਵਿਚ ਮੰਨਿਆ ਕਿ ਮੈਂ ਨਿਹਾਲ ਹੋ ਗਿਆ ਹਾਂ॥ ੧੬॥

ਸ਼੍ਰੀ ਗੁਰੁ ਰਾਮਦਾਸ ਕੁਲ ਪ੍ਰਾਚੀ ਉੱਦਜਤਿ ਚੰਦ ਮਨਿੰਦ ਅਨੰਦ।
ਉੱਜਲ ਦਿਪਹਿ ਜਾਮਨੀ ਸਿੱਖੀ ਗਜਾਨਵਾਨੁ ਸਿਖ ਜੁਤਿ ਉਡ ਬ੍ਰਿੰਦ।
ਸੰਗਤਿ ਦੇਸ਼ ਬਿਦੇਸ਼ਨਿ ਕੀ ਗਨ ਕਾਨਨਿ ਕੈਰਵ ਕੋ ਬਿਗਸੰਦ।
ਦੁਸ਼ਟ ਪ੍ਰਫੁੱਲਿਤ ਹੁਇ ਜਿਤਕਿਤ ਜੋ ਮੁਰਝਾਵਹਿਂ ਮੁਖਮੰਦ ਅਰਬਿੰਦ॥੧੭॥

ਸ੍ਰੀ ਗੁਰੂ ਰਾਮਦਾਸ ਦੀ ਕੁਲ ਵਿਚ ਸ੍ਰੀ ਹਰਿਗੋਬਿੰਦ ਜੀ ਪੁੰਨਿਆ ਦੇ ਚੰਦ ਵਾਂਗ ਪੂਰਬ ਦਿਸ਼ਾ ਵਿਚ ਪ੍ਰਕਾਸ਼ਵਾਨ ਹੋਏ ਹਨ। ਸਿੱਖੀ ਰੂਪੀ ਰਾਤ ਨਿਰਮਲ ਪ੍ਰਕਾਸ਼ ਰਹੀ ਹੈ ਅਤੇ ਗਿਆਨਵਾਨ ਸਿੱਖ ਸਮੂਹ ਤਾਰਿਆਂ ਵਾਂਗ ਚਾਰ-ਚੁਫੇਰੇ ਉਮਡ ਰਹੇ ਹਨ। ਦੇਸ਼ਾਂ ਬਦੇਸ਼ਾਂ ਦੀਆਂ ਸਿੱਖ ਸੰਗਤਾਂ ਕਵੀਆਂ ਦੇ ਵਣ ਨੂੰ ਖੇੜਾ ਬਖਸ਼ ਰਹੀਆਂ ਹਨ। ਜਿਥੇ ਕਿਥੇ ਖਿੜੇ ਹੋਏ ਦੁਸ਼ਟ ਮੁਰਝਾ ਗਏ ਹਨ ਅਤੇ ਰਾਤ ਦੇ ਕੰਵਲ ਦੇ ਫੁੱਲ ਵਾਂਗ ਉਨ੍ਹਾਂ ਦੇ ਮੂੰਹ ਬੰਦ ਹੋ ਗਏ ਹਨ॥ ੧੭॥

ਜਿਮ ਕੱਸ਼ਪ ਘਰ ਸੂਰਜ ਜਨਮਜੋ ਸ਼੍ਰੀ ਅਰਜਨ ਕੇ ਹਰਿਗੋਬਿੰਦ।
ਨਿਸਾ ਅਬਿੱਦਜਾ ਨਾਸ਼ਨਿ ਕੀਨਸਿ ਅੰਧ ਉਲੂਕ ਜਿ ਨਿੰਦਕ ਨਿੰਦ।
ਸੰਤ ਅਨੰਤ ਕਮਲ ਬਿਕਸੰਤਹਿ ਚਪੇ ਚੋਰ ਦ੍ਰੋਹੀ ਦੁਖ ਬ੍ਰਿੰਦ।
ਤੁਰਕ ਤੇਜ ਤਮਪਤਿ ਕੋ ਤਾੜਤਿ ਤ੍ਰਿਸਕ੍ਰਿਤ ਤਾਰਨਿ ਬੀਰਨਿ ਵ੍ਰਿੰਦ॥੧੮॥

ਜਿਵੇਂ ਕੈਸ਼ਪ ਰਿਖੀ ਦੇ ਘਰ ਸੂਰਜ ਨੇ ਜਨਮ ਲਿਆ ਸੀ, ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਦੇ ਘਰ ਸ੍ਰੀ ਹਰਿਗੋਬਿੰਦ ਨੇ ਜਨਮ ਲਿਆ ਹੈ। ਅਵਿਦਿਆ ਰੂਪੀ ਰਾਤ ਦਾ ਨਾਸ਼ ਕੀਤਾ ਹੈ ਅਤੇ ਉਲੂ ਰੂਪੀ ਨਿੰਦਕ ਅੰਨ੍ਹੇ ਹੋ ਗਏ ਹਨ। ਸੰਤ ਕੰਵਲ ਦੇ ਫੁੱਲ ਵਾਂਗ ਖਿੜ ਗਏ ਹਨ ਅਤੇ ਚੋਰ ਤੇ ਧਰੋਹੀ ਬਹੁਤ ਦੁੱਖ ਪਾ ਕੇ ਲੱਜਤ ਹੋ ਰਹੇ ਹਨ। ਗੁਰੂ ਹਰਿਗੋਬਿੰਦ ਰੂਪੀ ਸੂਰਜ ਤੁਰਕਾਂ ਦੇ ਤੇਜ ਦੇ ਚੰਦਰਮਾਂ ਨੂੰ ਤਾੜਨਾ ਕਰਦੇ ਹਨ ਅਤੇ ਤਾਰਿਆਂ ਰੂਪੀ ਸੂਰਮਿਆਂ ਦਾ ਨਿਰਾਦਰ ਕਰਦੇ ਹਨ॥ ੧੮॥

ਇਮ ਅਨੁਮਾਨਤਿ ਮਹਾਂਦੇਵ ਮਨ ਪ੍ਰੇਮ ਕਰੇ ਬਹੁ ਲੀਨਿ ਉਛੰਗ।
'ਮੋਹਿ ਸੁਨਾਵਹੁ ਦ੍ਰੋਹਿ ਦੁਸ਼ਟ ਕੋ ਧ੍ਰੋਹੁ ਕੀਨਿ ਜਿਮ ਮਿਲਿ ਦਿਜ ਸੰਗ।
ਰੱਖਜਕ ਪਾਰਬ੍ਰਹਮ ਗੁਰੁ ਨਾਨਕ ਕਿਮ ਸਹਾਇ ਕੀਨਸਿ ਮ੍ਰਿਦ ਅੰਗ।
ਪ੍ਰਿਥਕ ਕਰਜੋ ਕਿਮ ਜਨਨੀ ਦਾਸਨਿ, ਤਜਾਗ ਸਰਬ ਹੀ ਭਏ ਨਿਸੰਗ'॥੧੯॥

ਮਹਾਂਦੇਵ ਮਨ ਵਿਚ ਸ੍ਰੀ ਹਰਿਗੋਬਿੰਦ ਬਾਰੇ ਇਸ ਤਰ੍ਹਾਂ ਅਨੁਮਾਨ ਲਾਉਂਦਾ ਹੈ, ਫਿਰ ਪਿਆਰ ਕਰਕੇ ਉਸ ਨੂੰ ਗੋਦ

Sri Satguru Jagjit Singh Ji eLlibrary NamdhariElibrary@gmail.com

ਵਿਚ ਚੁਕ ਲਿਆ ਅਤੇ ਕਿਹਾ, "ਪ੍ਰੋਹੀ ਦੁਸ਼ਟ ਦੇ ਧ੍ਰੋਹ ਬਾਰੇ ਸੁਣਾਵੇ ਜਿਵੇਂ ਉਸ ਨੇ ਬ੍ਰਾਹਮਣ ਦੇ ਨਾਲ ਮਿਲ ਕੇ ਕੀਤਾ। ਪਾਰਬ੍ਰਹਮ ਗੁਰੂ ਨਾਨਕ ਦੇਵ ਜੀ ਨੇ ਕਿਵੇਂ ਸਹਾਇਤਾ ਕਰਕੇ ਬਚਾਇਆ ਹੈ। ਉਸ ਨੇ ਬੱਚੇ ਦੀ ਮਾਤਾ ਜੀ ਅਤੇ ਦਾਸਾਂ ਤੋਂ ਕਿਵੇਂ ਵੱਖ ਕੀਤਾ, ਸਾਰੇ ਹੀ ਛੱਡ ਕੇ ਕਿਵੇਂ ਬੇਫਿਕਰ ਹੋ ਗਏ"॥ ੧੯॥

ਸ੍ਰੀ ਅਰਜਨ ਕਹਿ 'ਦਿਜ ਇਹ ਬੈਠਯੋ ਇਸ ਕੋ ਬੂਝ ਲੇਹੁ ਸਭਿ ਬਾਤ।
ਏਕਾਕੀ ਸਭਿਹਿਨ ਤੇ ਕੀਨਸਿ ਊਪਰ ਲੇ ਗਮਨਯੋ ਦਧਿ ਖ੍ਵਾਤ।
ਸਹਿਜ ਸੁਭਾਇਕ ਰਹੇ ਸਕਲ ਨਰ ਲਖਯੋ ਨ ਕਿਨਹੂੰ ਇਹ ਬਿਰਤਾਂਤ।
ਰੋਦਤਿ ਊਚ ਪੁਕਾਰਤਿ ਜਬਿਹੂੰ ਅਨਵਾਯੋ ਹਮਨੇ ਤਿਸ ਭਾਂਤਿ॥ ੨੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਹ ਬ੍ਰਾਹਮਣ ਬੈਠਾ ਹੈ ਇਸ ਪਾਸੋਂ ਹੀ ਸਾਰੀ ਗੱਲ ਪੁੱਛ ਲਵੋ। ਸਾਰਿਆਂ ਤੋਂ ਵੱਖ ਕਰਕੇ ਉਪਰ ਚੁਬਾਰੇ ਵਿਚ ਲੈ ਗਿਆ ਤੇ ਦਹੀਂ ਖਵਾਉਣ ਲੱਗਾ। ਸਾਰੇ ਮਨੁੱਖ ਸਹਿਜ ਸੁਭਾਅ ਰਹੇ ਅਤੇ ਕਿਸੇ ਨੇ ਵੀ ਇਸ ਘਟਨਾ ਨੂੰ ਨਾ ਵੇਖਿਆ। ਜਦ ਬਾਲਕ ਉੱਚੀ-ਉੱਚੀ ਰੋ ਕੇ ਪੁਕਾਰ ਕਰਨ ਲੱਗਾ ਤਦ ਅਸੀਂ ਬਾਲਕ ਨੂੰ ਹੇਠਾਂ ਮੰਗਵਾਇਆ॥ ੨੦॥

ਦਧੀ ਖੁਲਾਇ ਰਹੇ ਨਹਿਂ ਖਾਈ, ਕੂਕਰ ਖਾਈ ਮਰਯੋ ਤੁਰੰਤ'।
ਮਹਾਂਦੇਵ ਸੋਂ ਦਿਜਨੇ ਭਾਖੀ 'ਡੂਬਤਿ ਪ੍ਰਿਥੀਆ ਪਾਪ ਕਰੰਤਿ।
ਮੁਝਕੋ ਭੀ ਗਹਿ ਲਗਯੋ ਡੁਬਾਵਨਿ ਅਪਨੇ ਸੰਗ ਅਧਿਕ ਅਘਵੰਤਿ।
ਕਰਾਮਾਤ ਸਾਹਿਬ ਗੁਰਨੰਦਨ ਅੰਤਰਜਾਮੀ ਸਰਬ ਲਖੰਤਿ॥ ੨੧॥

ਦਹੀਂ ਖਵਾ ਰਿਹਾ ਸੀ, ਪਰ ਬਾਲਕ ਨੇ ਨਾ ਖਾਧਾ, ਜਦ ਉਹ ਦਹੀਂ ਕੁੱਤੇ ਨੂੰ ਪਾਇਆ ਗਿਆ ਤਾਂ ਖਾਂਦਾ ਹੀ ਤੁਰਤ ਮਰ ਗਿਆ। ਫਿਰ ਬ੍ਰਾਹਮਣ ਨੇ ਮਹਾਂਦੇਵ ਨੂੰ ਕਿਹਾ, "ਡੁੱਬ ਰਿਹਾ ਪ੍ਰਿਥੀਆ ਪਾਪ ਕਰਦਾ ਹੈ, ਵੱਡਾ ਪਾਪੀ ਮੈਨੂੰ ਵੀ ਆਪਣੇ ਨਾਲ ਲੈ ਕੇ ਫੜ ਕੇ ਡੋਬਣ ਲੱਗਾ ਸੀ। ਗੁਰੂ ਜੀ ਦੇ ਸਾਹਿਬਜ਼ਾਦੇ ਵੱਡੇ ਕਰਾਮਾਤੀ ਅਤੇ ਅੰਤਰਜਾਮੀ ਹਨ ਉਹ ਸਭ ਕੁਝ ਜਾਣ ਗਏ ਸਨ॥ ੨੧॥

ਪਾਪ ਜਾਨਿਕੈ ਅਚਯੋ ਨ ਮੁਖ ਮਹਿਂ, ਮੈਂ ਬਚ ਰਹਯੋ ਸੁ ਨਰਕ ਪਰੰਤਿ।
ਅਧਮ ਉਧਾਰਨ ਬਿਰਦ ਸੰਭਾਰਯੋ, ਬਖਸ਼ਯੋ ਕ੍ਰਿਪਾ ਕਰੀ ਭਗਵੰਤ।
ਕੌਨ ਕੌਨ ਗੁਨ ਇਨਕੇ ਉਚਰੌਂ, ਜਾਨੇ ਪਰੈਂ ਅਬੈ ਅਘਹੰਤਿ।
ਮਹਾਂਪੁਰਖ ਅਵਤਾਰ ਜੁ ਪੂਰਨ ਕਾਜ ਕਰਨ ਹਿਤ ਨਰ ਤਨਵੰਤਿ'॥ ੨੨॥

ਦਹੀਂ ਵਿਚ ਖੋਟ ਜਾਣ ਕੇ, ਉਸ ਮੁਖ ਵਿਚ ਨਾ ਪਾਇਆ, ਜਿਸ ਕਰਕੇ ਮੈਂ ਨਰਕ ਵਿਚ ਪੈਣੋਂ ਬਚ ਗਿਆ ਹਾਂ। ਨੀਚਾਂ ਨੂੰ ਤਾਰਨ ਵਾਲੇ ਨੇ ਆਪਣੇ ਧਰਮ ਨੂੰ ਸੰਭਾਲਿਆ ਹੈ, ਕਿਰਪਾ ਕਰਕੇ ਭਗਵੰਤ ਨੇ ਬਖ਼ਸ਼ ਦਿੱਤਾ ਹੈ। ਇਨ੍ਹਾਂ ਦੇ ਮੈਂ ਕਿਹੜੇ ਕਿਹੜੇ ਗੁਣ ਉਚਾਰਨ ਕਰਾਂ, ਹੁਣ ਤੋਂ ਹੀ ਲੱਗਦੇ ਹਨ ਕਿ ਇਹ ਪਾਪ ਨਾਸ਼ਕ ਹਨ। ਮਹਾਂਪੁਰਖ ਪੂਰਨ ਪ੍ਰਭੂ ਦਾ ਅਵਤਾਰ ਹਨ, ਜਿਨ੍ਹਾਂ ਨੇ ਮਨੁੱਖਾਂ ਦਾ ਕਲਿਆਣ ਕਰਨ ਹਿੱਤ ਮਨੁੱਖਾ ਸਰੀਰ ਧਾਰਨ ਕੀਤਾ ਹੈ"॥ ੨੨॥

ਬਿਸਮੈ ਮਹਾਂਦੇਵ ਪੁਨਿ ਭਾਖੀ 'ਮੈਂ ਸਮੁਝਾਇ ਰਹਯੋ ਅਬਿ ਜਾਇ।
ਅਘ ਦੀਰਘ ਨੈ ਤਿਸੈ ਦਬਾਯਹੁ ਸੁਨਿ ਸ਼ੁਭ ਬਾਤ ਨਹੀਂ ਮਨ ਲਯਾਇ।
ਦਿੱਲੀ ਗਮਨਹਿ ਤੁਰਕ ਅਗਾਰੀ ਦੀਨ ਹੋਹਿਗੋ ਬਿਨੈ ਅਲਾਇ।
ਹਮਰੇ ਬਡਿਯਨ ਕੇ ਪਗ ਪਰਤੇ ਅਸ ਬਡਿਆਈ ਲਖਹਿ ਨ ਕਾਇ॥ ੨੩॥

ਮਹਾਂਦੇਵ ਫਿਰ ਹੈਰਾਨ ਹੋ ਕੇ ਬੋਲਿਆ, "ਮੈਂ ਹੁਣ ਜਾ ਕੇ ਉਸ ਨੂੰ ਸਮਝਾਇਆ ਹੈ, ਵੱਡੇ ਪਾਪ ਨੇ ਉਸ ਨੂੰ ਦਬਾਇਆ ਹੈ, ਮੇਰੀ ਸ਼ੁਭ ਗੱਲ ਸੁਣ ਕੇ ਉਹ ਮਨ ਵਿਚ ਨਹੀਂ ਲਿਆਇਆ ਹੈ। ਹੁਣ ਦਿੱਲੀ ਜਾ ਕੇ ਤੁਰਕ ਦੇ ਅੱਗੇ ਦੀਨ ਹੋ ਕੇ ਬੇਨਤੀ ਕਰੇਗਾ, ਜਿਹੜੇ ਤੁਰਕ ਸਾਡੇ ਵੱਡਿਆਂ ਦੇ ਚਰਨੀਂ ਪੈਂਦੇ ਸਨ, ਇਸ ਤਰ੍ਹਾਂ ਆਪਣੀ ਵਡਿਆਈ ਨਹੀਂ ਸਮਝਦਾ ਹੈ॥ ੨੩॥

ਬਡੋ ਬੈਸ ਮਹਿਂ ਅਲਪ ਬੁਧਿ ਜਿਸ, ਪਾਪ ਬਾਦ ਬਿਨ ਬੋਲਤਿ ਨਾਂਹਿ।
ਕਪਟ ਲਪਟ ਘਟ, ਦਪਟ ਧ੍ਰੋਹ ਨਿਤ, ਮਤਸਰ ਪਾਵਕ ਮਹਿਂ ਜਰ ਜਾਹਿ।
ਕੁਟਿਲ ਬਡੋ ਨਹਿਂ ਸਮਝਹਿ ਕੈਸੇ ਇਤਨੇ ਔਗੁਨ ਹੁਇਂ ਜਿਸ ਮਾਂਹਿ।
ਮਾਨੁਖ ਕੀ ਗਿਨਤੀ ਕਹੁ ਕਜਾ ਹੈ, ਬ੍ਰਹਮਾ ਸਕੈ ਨ ਤਿਹ ਸਮੁਝਾਹਿ' ॥ ੨੪॥

ਉਮਰ ਵਿਚ ਵੱਡਾ ਹੈ, ਪਰ ਅਕਲ ਬਹੁਤ ਘੱਟ ਹੈ, ਪਾਪ ਤੇ ਝਗੜੇ ਬਗੈਰ ਹੋਰ ਕੋਈ ਗੱਲ ਨਹੀਂ ਕਰਦਾ ਹੈ। ਹਿਰਦਾ ਛੱਲ ਨਾਲ ਲਿਪਟਿਆ ਹੈ, ਨਿਤ ਹੀ ਧ੍ਰੋਹ ਕਰਕੇ ਘੂਰਦਾ ਹੈ। ਅਹੰਕਾਰ ਦੀ ਅੱਗ ਵਿਚ ਸੜ ਰਿਹਾ ਹੈ, ਵੱਡਾ ਕਪਟੀ ਹੈ, ਕਿਸੇ ਤਰ੍ਹਾਂ ਵੀ ਸਮਝੇਗਾ ਨਹੀਂ, ਜਿਸ ਵਿਚ ਏਨੇ ਵੱਡੇ ਔਗੁਣ ਹਨ। ਮਨੁੱਖ ਵਿਚਾਰੇ ਤਾਂ ਕਿਸ ਗਿਣਤੀ ਵਿਚ ਹਨ, ਉਸ ਨੂੰ ਤਾਂ ਬ੍ਰਹਮਾ ਵੀ ਨਹੀਂ ਸਮਝਾ ਸਕਦਾ" ॥ ੨੪॥

ਸ੍ਰੀ ਅਰਜਨ ਕਹਿ 'ਸੁਨਹੁ ਭ੍ਰਾਤ ਜੀ! ਨਾਹਕ ਹਮ ਸੋਂ ਠਾਨਹਿਂ ਦ੍ਵੈਸ਼।
ਤਦਪਿ ਕਰਹਿ ਤੌ ਹਮਸੋਂ ਕਰਿਹੈ, ਬਾਲਕ ਸੋਂ ਕਜਾ ਕਪਟ ਵਿਸ਼ੇਸ਼।
ਕਾਰਸ ਮੁਖ ਤੇ ਲੱਜਿਤਿ ਹੁਇ ਕਰਿ ਰਹਿ ਨ ਸਕਹਿ ਕਹਿ ਅਜਸੁ ਅਸ਼ੇਸ਼।
ਅਪਨੀ ਖੁਸ਼ੀ ਜਾਤਿ ਪੁਰਿ ਤਜਿਕੈ ਹਮ ਨਹਿਂ ਬੁਰਾ ਕਹਜੋ ਤਿਸ ਲੇਸ਼' ॥ ੨੫॥

ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਭਰਾ ਜੀ! ਸੁਣੋ, ਸਾਡੇ ਨਾਲ ਖਾਹਮਖਾਹ ਈਰਖਾ ਕਰਦਾ ਹੈ, ਫਿਰ ਵੀ ਜੇ ਉਸ ਈਰਖਾ ਕਰਨੀ ਹੈ ਤਾਂ ਸਾਡੇ ਨਾਲ ਕਰੇ, ਬਾਲਕ ਨਾਲ ਕਿਉਂ ਵੱਡਾ ਕਪਟ ਕਰਦਾ ਹੈ। ਮੁਖ ਤੇ ਕਾਲਖ ਲੱਗਣ ਕਾਰਨ ਸ਼ਰਮਿੰਦਾ ਹੋ ਕੇ ਰਹਿ ਨਹੀਂ ਸਕਦਾ ਤੇ ਬਹੁਤ ਨਿੰਦਿਆ ਕਰਦਾ ਹੈ। ਆਪਣੀ ਮਰਜ਼ੀ ਨਾਲ ਨਗਰ ਛੱਡ ਕੇ ਜਾ ਰਿਹਾ ਹੈ, ਅਸੀਂ ਰਤੀ ਭਰ ਵੀ ਉਸ ਨੂੰ ਬੁਰਾ ਨਹੀਂ ਕਿਹਾ ਹੈ" ॥ ੨੫॥

ਇੱਤਜਾਦਿਕ ਕੁਛ ਅਪਰ ਬਾਰਤਾ ਕਰਿਕੈ ਮਹਾਂਦੇਵ ਗ੍ਰਿਹ ਆਇ।
ਹਰਿਗੋਵਿੰਦ ਨਿਜ ਨੰਦ ਅਨੰਦਕ ਗੋਦ ਬਿਠਾਇ ਗੰਗ ਬਲਿ ਜਾਇ।
ਦੀਨਨਿ ਦਾਨ ਦੀਨਿ ਸੁਤ ਕੁਸ਼ਲੀ ਜਾਨਤਿ 'ਨਯੋ ਜਨਮ ਇਨ ਪਾਇ'।
ਰੰਕਨ ਤੇ ਆਸ਼ਿਖ ਗਨ ਲੀਨਸਿ ਅਧਿਕ ਸੁਧਾ ਤੇ ਮਾਧੁਰਤਾਇ॥ ੨੬॥

ਇਸ ਤਰ੍ਹਾਂ ਕੁਝ ਹੋਰ ਗੱਲਾਂ ਕਰਕੇ ਮਹਾਂਦੇਵ ਆਪਣੇ ਘਰ ਆ ਗਿਆ। ਆਪਣੇ ਪੁੱਤਰ ਹਰਿਗੋਬਿੰਦ ਨੂੰ ਖ਼ੁਸ਼ੀ ਨਾਲ ਗੋਦ ਵਿਚ ਬਿਠਾ ਕੇ ਮਾਤਾ ਗੰਗਾ ਜੀ ਆਪਣੇ ਪੁੱਤਰ ਤੋਂ ਬਲਿਹਾਰ ਜਾ ਰਹੇ ਹਨ। ਪੁੱਤਰ ਦੀ ਕੁਸ਼ਲਤਾ ਵਾਸਤੇ ਗਰੀਬਾਂ ਨੂੰ ਦਾਨ ਦੇ ਰਹੇ ਹਨ, ਸਮਝ ਰਹੇ ਹਨ ਕਿ ਪੁੱਤਰ ਨੇ ਨਵਾਂ ਜਨਮ ਪਾਇਆ ਹੈ। ਗਰੀਬਾਂ ਤੋਂ ਅਸੀਸਾਂ ਲੈਂਦੇ ਹਨ, ਜਿਹੜੀਆਂ ਅੰਮ੍ਰਿਤ ਨਾਲੋਂ ਵੀ ਬਹੁਤ ਮਿੱਠੀਆਂ ਹਨ॥ ੨੬॥

ਸਰਬ ਗੁਰਨਿ ਹਿਤ ਕੀਨ ਤਿਹਾਵਲ ਸ੍ਰੀ ਅਰਜਨ ਜੀ ਧਰਿ ਕਰਿ ਪਾਸ।
'ਭਏ ਸਹਾਇਕ ਆਨ ਦਾਸ ਕੇ' ਕਰਿਵਾਵਤਿ ਭੇ ਤਬਿ ਅਰਦਾਸਿ।
ਸੰਗਤਿ ਸਗਰੀ ਕਰੀ ਹਕਾਰਨਿ ਬਰਤਾਯਹੁ ਤਿਨ ਮਹਿਂ ਸੁਖਰਾਸ।
ਜੈ ਜੈ ਕਾਰ ਉਚਾਰਨਿ ਕਰਤੇ ਮਹਿਮਾ ਮਹਾਂ ਸੁ ਪ੍ਰੇਮ ਪ੍ਰਕਾਸ਼॥ ੨੭॥

ਸਾਰੇ ਗੁਰੂ ਸਾਹਿਬਾਨ ਹਿਤ, ਕੜਾਹ ਪ੍ਰਸ਼ਾਦਿ ਕਰਵਾਇਆ ਗਿਆ,ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਾਸ ਰਖ ਕੇ ਬੇਨਤੀ ਕੀਤੀ, "ਸਾਰਿਆਂ ਨੇ ਆ ਕੇ ਦਾਸ ਦੀ ਸਹਾਇਤਾ ਕੀਤੀ ਹੈ, "ਫਿਰ ਸਾਰਿਆਂ ਦੇ ਨਾਂ ਲੈ ਕੇ ਅਰਦਾਸ ਕੀਤੀ। ਸਾਰੀ ਸੰਗਤ ਬੁਲਾਈ ਤੇ ਉਨ੍ਹਾਂ ਵਿਚ ਕੜਾਹ ਪ੍ਰਸ਼ਾਦਿ ਵੰਡ ਦਿੱਤਾ। ਸਾਰੇ ਜੈ ਜੈ ਕਾਰ ਉਚਾਰਨ ਕਰਦੇ ਸਨ ਤੇ ਮਹਾਨ ਮਹਿਮਾਂ ਅਤੇ ਪ੍ਰੇਮ ਦਾ ਪ੍ਰਕਾਸ਼ ਹੋਇਆ॥੨੭॥

ਦੋਹਰਾ-ਇਸ ਪ੍ਰਕਾਰ ਉਤਸਾਹ ਕੋ ਸਿਖ ਸੰਗਤਿ ਗੁਰ ਧਾਮ।
ਸ਼ਬਦ ਕੀਰਤਨ ਹੋਤਿ ਹੈ ਸਿਮਰਤਿ ਸਭਿ ਸਤਿਨਾਮੁ॥੨੮॥

ਇਸ ਤਰ੍ਹਾਂ ਘਰ ਵਿਚ ਸਿੱਖ ਸੰਗਤ ਉਤਸ਼ਾਹਿਤ ਰਹਿੰਦੀ ਹੈ, ਸ਼ਬਦ ਕੀਰਤਨ ਹੁੰਦਾ ਹੈ ਅਤੇ ਸਾਰੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੨੮॥

'ਧੰਨ ਧੰਨ' ਗੁਰ ਕੋ ਕਹੈਂ 'ਜਹਿਂ ਕਹਿਂ ਕਰਹਿਂ ਸਹਾਇ।
ਅੰਗ ਸੰਗ ਨਿਜ ਦਾਸ ਕੇ ਬਿਘਨ ਛੁਹਨਿ ਨਹਿਂ ਪਾਇ' ॥੨੯॥

ਗੁਰੂ ਜੀ ਨੂੰ ਕਹਿੰਦੇ ਹਨ, "ਧੰਨ ਹਨ! ਧੰਨ ਹਨ! ਜਿਥੇ ਕਿਥੇ ਸਾਡੀ ਸਹਾਇਤਾ ਕਰਦੇ ਹਨ, ਸਦਾ ਸੇਵਕਾਂ ਦੇ ਅੰਗ-ਸੰਗ ਰਹਿੰਦੇ ਹਨ, ਕੋਈ ਵੀ ਵਿਘਨ ਛੂਹ ਨਹੀਂ ਸਕਦਾ"॥ ੨੯॥

*ਤੀਸਰੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

## *ਅਧਿਆਇ ਬਾਈਵਾਂ*

*ਪ੍ਰਿਥੀਆ ਸੁਲਹੀ ਨੂੰ ਮਿਲਿਆ, ਹੇਹਰਿ*

ਦੋਹਰਾ-ਇਸ ਪ੍ਰਕਾਰ ਸ੍ਰੀ ਗੁਰ ਸਦਨ ਅਤਿ ਉਤਸਾਹ ਜੁ ਕੀਨਿ।
ਅਧਿਕ ਤਿਹਾਵਲ ਬਰਤਹੀ ਭਈ ਭੀਰ ਸੁਖ ਪੀਨ॥ ੧॥

ਇਸ ਤਰ੍ਹਾਂ ਗੁਰੂ ਜੀ ਦੇ ਘਰ ਬਹੁਤ ਉਤਸ਼ਾਹ ਕਰਦੇ ਹਨ, ਬਹੁਤ ਕੜਾਹ ਪ੍ਰਸ਼ਾਦ ਵਰਤਦਾ ਹੈ ਅਤੇ ਸਦਾ ਬਹੁਤ ਭੀੜ ਲੱਗੀ ਰਹਿੰਦੀ ਹੈ॥ ੧॥

ਸ੍ਵੈਯਾ- ਲਘੁ ਦੁੰਦਭਿ ਕੀ ਧੁਨਿ ਬਾਜਤਿ ਹੈ ਬਹੁ ਨਾਦ ਨਫੀਰਨਿ ਕੇ ਸੰਗਿ ਭਾਰੀ।
ਘਰਿ ਪੌਰ ਕੁਲਾਹਲ ਹੋਇ ਰਹਯੋ ਸਭਿ ਆਸ਼ਿਖ ਦੇਤਿ ਮਿਲੇ ਨਰ ਨਾਰੀ।
ਪ੍ਰਿਥੀਏ ਕਹੁ ਗਾਰ ਨਿਕਾਰਤਿ ਹੈਂ 'ਨਿਤ ਪਾਪ ਬਿਖੈ ਰਤਿ ਜੋ ਦੁਰਚਾਰੀ।
ਹਰਿਗੋਬਿੰਦ ਕੋ ਬਿਖ ਦੀਨਿ ਅਬੈ, ਪਰਮੇਸ਼ੁਰ ਹਾਥ ਦੈ ਲੀਨਿ ਉਬਾਰੀ॥ ੨॥

ਬਹੁਤ ਨਾਦ ਨਫੀਰੀਆਂ ਦੇ ਮਿਲ ਕੇ ਛੋਟੀਆਂ ਦੁਦੰਭੀਆਂ ਦੀ ਧੁੰਨ ਵੱਜ ਰਹੀ ਹੈ, ਘਰ ਦੇ ਦਰਵਾਜ਼ੇ ਤੇ ਰੌਲਾ ਮੱਚਿਆ ਰਹਿੰਦਾ ਹੈ, ਸਭ ਇਸਤਰੀ ਪੁਰਸ਼ ਮਿਲ ਕੇ ਅਸੀਸਾਂ ਦਿੰਦੇ ਹਨ, ਪ੍ਰਿਥੀਏ ਨੂੰ ਗਾਲ੍ਹਾਂ ਕੱਢਦੇ ਹਨ, "ਉਹ ਦੁਰਾਚਾਰੀ ਸਦਾ ਪਾਪ ਵਿਚ ਰੰਗਿਆ ਰਹਿੰਦਾ ; ਸ੍ਰੀ ਹਰਿਗੋਬਿੰਦ ਨੂੰ ਹੁਣ ਜ਼ਹਿਰ ਦੇਣ ਲੱਗਾ ਸੀ, ਪਰਮੇਸ਼ਰ ਨੇ ਹੱਥ ਦੇ ਕੇ ਬਚਾ ਲਿਆ ਹੈ॥ ੨॥

Sri Satguru Jagjit Singh Ji eLlibrary NamdhariElibrary@gmail.com

ਮੁਖ ਕਾਰਖ ਲਾਗਿ ਗਈ ਤਿਸ ਕੇ, ਮਰਿਬੇ ਲਗਿ ਜਾਇ ਨ ਕੈਸੇ ਪਖਾਰੀ।
ਸ਼ਰਮਜੋ ਘਰਿ ਬੀਚ ਦੁਰਜੋ ਮਤਿ ਮੂਰਖ ਬਾਦ ਹੀ ਬੈਰ ਕਰੇ ਹਿਤ ਟਾਰੀ।
ਗੁਰ ਨਾਨਕ ਕੀ ਇਹ ਜੋਤਿ ਬਿਰਾਜਤਿ, ਹੈ ਗੁਨ ਪੂਰਨ ਜੇ ਸੁਭ ਕਾਰੀ।
ਛਲ ਬ੍ਰਿੰਦ ਕਰੇ ਨ ਛਲੇ ਕਿਸ ਰੀਤਿ, ਸਦਾ ਸਰਬੱਗਜ, ਕ੍ਰਿਤੱਗਜ ਉਦਾਰੀ' ॥੩॥

ਉਸ ਦੇ ਮੁਖ ਤੇ ਕਾਲਖ ਲੱਗ ਗਈ ਹੈ, ਮਰਨ ਤਕ ਇਹ ਕਾਲਖ ਲੱਗੀ ਰਹੇਗੀ, ਕਦੇ ਵੀ ਧੋਤੀ ਨਹੀਂ ਜਾਵੇਗੀ। ਸ਼ਰਮਿੰਦਾ ਹੋਇਆ ਘਰ ਵਿਚ ਲੁਕਿਆ ਹੈ, ਮਹਾਂ ਮੂਰਖ ਹਿੱਤ ਛੱਡ ਕੇ ਝਗੜਾ ਅਤੇ ਵੈਰ ਕਰਦਾ ਹੈ। ਸ੍ਰੀ ਹਰਿਗੋਬਿੰਦ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤ ਬਿਰਾਜਤ ਹੈ, ਜਿਹੜੇ ਸ਼ੁਭ ਕਾਰੀ ਗੁਣਾਂ ਨਾਲ ਭਰਪੂਰ ਹਨ। ਪ੍ਰਿਥੀਏ ਨੇ ਬਹੁਤ ਛਲ ਕੀਤੇ ਪਰ ਸ੍ਰੀ ਹਰਿਗੋਬਿੰਦ ਜੀ ਛਲੇ ਨਹੀਂ ਗਏ ਹਨ, ਜਿਹੜੇ ਸਦਾ ਸਰਬ ਸਮਰੱਥ ਹਨ ਅਤੇ ਸਦਾ ਕੀਤੇ ਕਰਮਾਂ ਨੂੰ ਚੰਗੀ ਤਰ੍ਹਾਂ ਜਾਣਨ ਵਾਲੇ ਹਨ" ॥ ੩ ॥

ਏ ਬਤੀਆਂ ਸੁਨਿ ਕੈ ਸਭਿ ਹੀ ਤਿਸ ਕੇ ਪੱਖ ਕੇ ਸਭਿ ਜਾਇ ਸੁਨਾਵੈਂ।
'ਲੋਕ ਹਜਾਰੋਂ ਹੀ ਗਾਰ ਨਿਕਾਰਤਿ-ਕੀਨਿ ਮਹਾਂ ਅਘ-ਬਾਕ ਅਲਾਵੈਂ।
ਯੌਂ ਉਤਸਾਹ ਕਰੈਂ ਬਹੁ ਭਾਂਤਿਨਿ ਬਾਦਿਤ ਭਾਂਤਿ ਅਨੇਕ ਬਜਾਵੈ।
ਭੀਰ ਰਹੀ ਭਰਿ, ਪਹਰਿਨ ਭਾ ਘਰਿ, ਭੂਰ ਤਿਹਾਵਲ ਕੋ ਬਰਤਾਵੈਂ' ॥ ੪ ॥

ਇਹ ਗੱਲਾਂ ਸੁਣ ਕੇ ਜਿਹੜੇ ਪ੍ਰਿਥੀਏ ਦੇ ਪੱਖ ਦੇ ਮਨੁੱਖ ਸਨ, ਉਹ ਸਾਰੀਆਂ ਗੱਲਾਂ ਪ੍ਰਿਥੀਏ ਨੂੰ ਜਾ ਕੇ ਸੁਣਾਉਂਦੇ ਸਨ, ਕਹਿੰਦੇ ਸਨ, "ਹਜ਼ਾਰਾਂ ਲੋਕ ਤੁਹਾਨੂੰ ਗਾਲ੍ਹਾਂ ਕੱਢਦੇ ਹਨ, ਉਸ ਨੇ ਵੱਡਾ ਪਾਪ ਕੀਤਾ ਹੈ, ਇਸ ਤਰ੍ਹਾਂ ਕਹਿੰਦੇ ਹਨ। ਇਸ ਤਰ੍ਹਾਂ ਬਹੁਤ ਉਤਸ਼ਾਹ ਮਨਾਉਂਦੇ ਹਨ ਅਤੇ ਕਈ ਪ੍ਰਕਾਰ ਦੇ ਵਾਜੇ ਵਜਾਉਂਦੇ ਹਨ। ਹਰ ਵੇਲੇ ਘਰ ਵਿਚ ਬਹੁਤ ਭੀੜ ਰਹਿੰਦੀ ਹੈ, ਬਹੁਤ ਕੜਾਹ ਪ੍ਰਸ਼ਾਦਿ ਵਰਤਾਉਂਦੇ ਹਨ" ॥ ੪ ॥

*ਕਬਿੱਤ*-ਪ੍ਰਿਥੀਆ ਸੁਨੰਤਿ ਮਨ ਗਿਨਤੀ ਗਿਨੰਤ ਬਹੁ 'ਕਾਜ ਨਹਿ ਸਿੱਧ ਭਯੋ ਸੱਲ ਰਹਜੋ ਛੱਤੀਆਂ।
ਨਿਫਲ ਉਪਾਇ ਗਏ, ਠਾਨਤਿ ਅਨੇਕ ਭਏ ਉਲਟੋ ਕਲੰਕ ਲਏ, ਜਾਨਜੋ ਜਿਤ ਕਿੱਤੀਆ।
ਬਿੱਪ੍ਰ ਮਤਿਹੀਨ ਬਿਖ ਦਾਵ ਤੇ ਨ ਦੀਨਿ ਜਿਨਿ, ਜਾਮਨੀ ਮੈਂ ਜਾਨਤੋ ਨ ਤਮ ਭਏ ਅੱਤੀਆ।
ਹੋਤਿ ਕ੍ਰਿਤ ਕ੍ਰਿਤ ਜਬਿ ਬੈਰੀ ਮ੍ਰਿਤੁ ਦੇਖਿ ਲੇਤਿ, ਬਚਜੋ ਨਿਜ ਭਾਗਨਿ ਤੇ ਭਲੀ ਭਾਲ ਰੱਤੀਆ ॥੫॥

ਇਹ ਸੁਣ ਕੇ ਪ੍ਰਿਥੀਆ ਮਨ ਵਿਚ ਗਿਣਤੀਆਂ ਗਿਣਦਾ ਹੈ ਕਿ ਕੰਮ ਵੀ ਸਿੱਧ ਨਹੀਂ ਹੋਇਆ ਤੇ ਛਾਤੀ ਵਿਚ ਜਿਹੜਾ ਕੰਡਾ ਚੁਭਿਆ ਹੈ, ਉਹ ਵੀ ਹਾਲੇ ਕਾਇਮ ਹੈ। ਮੇਰਾ ਉਪਾਅ ਅਸਫਲ ਰਿਹਾ, ਬਹੁਤ ਯਤਨ ਕੀਤੇ ਹਨ, ਪਰ ਉਲਟਾ ਕਲੰਕ ਹੀ ਖੱਟਿਆ ਹੈ ਅਤੇ ਹਰ ਇਕ ਨੇ ਜਾਣ ਲਿਆ ਹੈ। ਮੂਰਖ ਬ੍ਰਾਹਮਣ ਨੇ ਦਾਅ ਲਾ ਕੇ ਜ਼ਹਿਰ ਨਹੀਂ ਦਿੱਤੀ ਹੈ, ਰਾਤ ਸਮੇਂ ਜ਼ਹਿਰ ਦਿੰਦਾ ਜਦ ਅਤੀ ਹਨ੍ਹੇਰਾ ਹੋਇਆ ਸੀ ਤਾਂ ਕੋਈ ਨਾ ਜਾਣ ਸਕਦਾ। ਜਦ ਵੈਰੀ ਦੀ ਮ੍ਰਿਤੂ ਵੇਖ ਲੈਂਦਾ ਤਾਂ ਮੈਂ ਖ਼ੁਸ਼ ਹੁੰਦਾ, ਆਪਣੇ ਭਾਗਾਂ ਨਾਲ ਬਚ ਗਿਆ ਹੈ, ਮੱਥੇ ਦੀ ਰੱਤੀ ਚੰਗੀ ਸੀ ॥ ੫॥

ਨਿੰਦਕ ਬਨੇ ਹੈਂ ਨਰ, ਘਰ ਘਰ ਕਹੈਂ ਪੁਰਿ, ਸੁਨਿਓ ਨ ਜਾਇਗੋ ਬਿਸਾਲ ਬੈਰ ਚੀਨਿਓ'।
ਐਸੇ ਚਿੰਤਾ ਠਾਨਿ ਕੈ ਅਧਿਕ ਦੁਖ ਮਾਨਿਕੈ, ਕਹਤਿ ਨਿਜ ਲੋਕਨ ਸੋਂ 'ਤਜਾਰੀ ਸਭਿ ਕੀਨਿਓ।
ਲਾਦ ਲੇਹੁ ਆਜ, ਨਹੀ ਰਹੈ ਸ਼ੇਸ਼ ਕਾਜ ਕੁਛ, ਸਗਰੇ ਸਮਾਜ ਕੀ ਸੰਭਾਰ ਕਰਿ ਲੀਨਿਓ।
ਬਡੀ ਭੁਨਸਾਰ ਤੇ ਸਿਧਾਰ ਪਰੈਂ ਪੰਥ ਬੀਚ, ਦੇਖਿ ਹੈਂ ਨ ਬੋਲ ਹੈਂ ਸੁ ਰੌਲ ਹੋਇ ਹੀਨਿਓ' ॥੬॥

ਮਨੁੱਖ ਮੇਰੇ ਨਿੰਦਕ ਬਣ ਗਏ ਹਨ, ਨਗਰ ਦੇ ਘਰ-ਘਰ ਵਿਚ ਕਹਿੰਦੇ ਹਨ, ਮੈਥੋਂ ਇਹ ਸੁਣਿਆ ਨਹੀਂ ਜਾਣਾ, ਵੱਡਾ ਵੈਰ ਪਛਾਣ ਲਿਆ ਹੈ। ਐਸੀ ਚਿੰਤਾ ਕਰਕੇ ਤੇ ਵੱਡਾ ਦੁੱਖ ਮੰਨ ਕੇ ਆਪਣੇ ਲੋਕਾਂ ਨੂੰ ਕਹਿਣ ਲੱਗਾ, "ਸਭ ਤਿਆਰੀ ਕਰ ਲਵੋ, ਸਾਰਾ ਸਾਮਾਨ ਅੱਜ ਲੱਦ ਲਵੋ, ਕੁਝ ਵੀ ਬਾਕੀ ਨਾ ਰਹੇ, ਸਾਰੇ ਸਾਮਾਨ ਦੀ ਸੰਭਾਲ ਕਰ ਲਵੋ, ਸਵੇਰੇ ਸਵੱਖਤੇ ਹੀ ਚਲ ਪਵਾਂਗੇ ਅਤੇ ਰਾਹੇ ਪੈ ਜਾਵਾਂਗੇ, ਜਿਹੜਾ ਵੱਡਾ ਰੌਲਾ ਮੈਥੋਂ ਦੇਖਿਆ ਅਤੇ ਬੋਲਿਆ ਨਹੀਂ ਜਾਂਦਾ, ਉਹ ਸਾਰਾ ਦੂਰ ਹੋਵੇਗਾ" ॥ ੬ ॥

ਸੈਯਾ- ਤਿਸ ਬਾਸੁਰ ਮੈਂ ਸਭਿ ਤਯਾਰੀ ਕਰਾਇ ਕਹ੍ਯੋ 'ਤਮ ਮੈਂ ਪੁਰਿ ਤੇ ਨਿਕਸੈ ਹੌਂ।
ਨਰ ਹੇਰਿ ਕੈ ਛੇਰਿ ਨ ਕੋਈ ਕਰੈ ਸੁਨਿ ਬਾਕ ਕਠੋਰ ਕੋ ਹੌਂ ਨ ਸਹੈਹੌਂ।
ਬਿਗਰੇ ਨਰ ਨਾਰਿ ਜਿ ਗਾਰਿ ਨਿਕਾਰਤਿ,ਪੱਖਜ ਕੋ ਧਾਰਤਿ ਜੇ ਦਿਖ ਪੈ ਹੌਂ।
ਸੁਨਿ ਲੋਕ ਹਮਾਰੇ ਦੁਖੈਂ ਤਿਨਤੇ,ਰਿਸ ਧਾਰਿ ਕੈਰਾਰ ਨ ਹ੍ਵੈ,ਚਲਿ ਜੈ ਹੌਂ ॥੭॥

ਉਸ ਰਾਤ ਸਾਰੀ ਤਿਆਰੀ ਕਰਵਾ ਕੇ ਕਿਹਾ, "ਸਵੇਰੇ ਹਨੇਰੇ ਹਨੇਰੇ ਮੈਂ ਨਗਰ ਵਿਚੋਂ ਨਿਕਲਾਂਗਾ, ਕੋਈ ਮਨੁੱਖ ਵੇਖ ਕੇ ਛੇੜਖਾਨੀ ਨਾ ਕਰੇ, ਮੈਂ ਕਿਸੇ ਦੇ ਕਠੋਰ ਸ਼ਬਦ ਸਹਿ ਨਹੀਂ ਸਕਾਂਗਾ, ਜੋ ਇਸਤਰੀ ਪੁਰਸ਼ ਬਿਗੜ ਕੇ ਗਾਲ੍ਹਾਂ ਕੱਢਣਗੇ ਅਤੇ ਐਸ ਪੱਖ ਨੂੰ ਧਾਰਨਗੇ ਜਦ ਮੈਂ ਦਿੱਸ ਪਵਾਂਗਾ। ਸਾਡੇ ਲੋਕ ਵੀ ਸੁਣ ਕੇ ਦੁਖੀ ਹੋਣਗੇ, ਗੁੱਸੇ ਵਿਚ ਲੜਾਈ ਨਾ ਕਰ ਬੈਠਣ, ਇਸ ਲਈ ਮੈਂ ਹਨੇਰੇ-ਹਨੇਰੇ ਚਲਾ ਜਾਵਾਂਗਾ" ॥ ੭॥

ਪੈਠ੍ਯੋ ਨਿਕੇਤ ਮੈਂ ਬੈਠਿ ਰਹ੍ਯੋ ਸੁ ਪ੍ਰਤੀਖਤਿ 'ਸਾਂਝ ਪਰੈ ਸਹਿਸਾਈ'।
ਚਿੰਤ ਮਹਾ, ਨਹਿਂ ਭੋਜਨ ਕੀਨਿ, ਅਬੋਲ ਇਕਾਂਤ ਭਯੋ ਇਕ ਥਾਈਂ।
ਦੁੰਦਭਿ ਆਦਿਕ ਬਾਦਿਤ ਕੋ ਸੁਨਿ ਸੇਲ ਲਗੈ ਜਨੁ ਸੂਲ ਉਠਾਈ।
ਸੋ ਕਰਕੈ ਉਰ ਮੋ ਸਰਕੈ, ਗਰਕੈ ਦੁਖ ਮੈਂ ਡਰ ਕੈ ਥਰਕਾਈ॥ ੮॥

ਘਰ ਦੇ ਅੰਦਰ ਬੈਠਾ ਰਿਹਾ ਅਤੇ ਇੰਤਜ਼ਾਰ ਕਰਦਾ ਰਿਹਾ ਕਿ ਸੰਧਿਆ ਛੇਤੀ ਪਵੇ। ਬਹੁਤ ਫਿਕਰਮੰਦ ਸੀ, ਭੋਜਨ ਵੀ ਨਹੀਂ ਖਾਧਾ, ਚੁਪ-ਚਾਪ ਇਕ ਥਾਂ ਪਿਆ ਸੀ। ਦੁਦੰਭੀਆਂ ਆਦਿ ਵੱਜਦੀਆਂ ਸੁਣ ਕੇ ਏਨੀ ਪੀੜ ਹੁੰਦੀ ਸੀ ਜਿਵੇਂ ਕੰਡਾ ਚੁਭਿਆ ਹੋਵੇ। ਕੰਡਾ ਹਿਰਦੇ ਵਿਚ ਸਰਕਦਾ ਸੀ ਤੇ ਦੁੱਖ ਵਿਚ ਗਰਕ ਹੋ ਕੇ ਪ੍ਰਿਥੀਆ ਡਰ ਨਾਲ ਕੰਬਦਾ ਹੈ॥ ੮॥

ਭਾਨੁ ਅਥਯੋ, ਤਮ ਛਾਇ ਗਯੋ, ਕਰਮੋ ਕਰ ਮੋ ਗਹਿ ਭੋਜਨ ਲਯਾਈ।
ਧੀਰਜ ਦੀਨਿ ਪ੍ਰਬੋਧਨ ਕੀਨਿ, 'ਪ੍ਰਬੀਨ ਮਹਾਂ ਤੁਮ ਕਯੋਂ ਦੁਚਿਤਾਈ ?।
ਜਾਨਤਿ ਹੈਂ ਸਭਿ ਲੋਕ ਬਿਲੋਕਤਿ ਜੋ ਪਤਿਸ਼ਾਹ ਸਮੀਪ ਸਦਾਈ।
ਜਾਇ ਕੈ ਫੇਰ ਨਿਕਾਸਿ ਦਿਹੋ ਪੁਰਿ,ਆਪ ਬਸੋ ਹਟਿ ਤੂਰਨ ਆਈ ॥੯॥

ਸੂਰਜ ਡੁੱਬ ਗਿਆ, ਹਨੇਰਾ ਹੋ ਗਿਆ, ਕਰਮੋ ਹੱਥ ਵਿਚ ਫੜ ਕੇ ਭੋਜਨ ਲਿਆਈ। ਪ੍ਰਿਥੀਏ ਨੂੰ ਧੀਰਜ ਦਿੱਤਾ ਅਤੇ ਸਮਝਾਇਆ, "ਤੁਸੀਂ ਬੜੇ ਚਤੁਰ ਹੋ, ਦੁਚਿੱਤੀ ਵਿਚ ਕਿਉਂ ਪਏ ਹੋ, ਸਾਰੇ ਲੋਕ ਜਾਣਦੇ ਹਨ ਅਤੇ ਵੇਖਦੇ ਹਨ ਕਿ ਤੁਸੀਂ ਸਦਾ ਹੀ ਬਾਦਸ਼ਾਹ ਦੇ ਬਹੁਤ ਨੇੜੇ ਰਹੇ ਹੋ। ਬਾਦਸ਼ਾਹ ਪਾਸ ਜਾ ਕੇ ਇਸ ਨੂੰ ਨਗਰ ਵਿਚੋਂ ਕਢਵਾ ਦੇਵੋ ਤੇ ਆਪ ਫਿਰ ਛੇਤੀ ਵਾਪਸ ਆ ਕੇ ਏਥੇ ਰਹੋ॥ ੯॥

ਚਿੰਤ ਨਿਵਾਰਿ ਕਰੋ ਪੁਰਸ਼ਾਰਥ, ਹੋਇ ਸਕਾਰਥ ਜਾਨਿ ਤੁਮਾਰੋ।
ਉੱਦਮ ਤੇ ਬਿਨ ਪ੍ਰਾਪਤਿ ਹੈ ਨਹਿਂ, ਸੋ ਅਬਿ ਸੱਲਜ ਸਮੂਲ ਉਖਾਰੋ।

ਲੇ ਪਤਿਸ਼ਾਹਿ ਕਿ ਸੈਨ ਬਡੀ, ਪਕਰਾਇ ਦਿਜੈ, ਨਤੁ ਦੂਰ ਉਜਾਰੋ।
ਪੀਵਤਿ ਜੇ ਦਧਿ, ਜੀਵਤਿ ਨਾ ਇਮਿ, ਥੀਵਤਿ ਨਾ ਪੁਰਿ ਰੌਰ ਉਦਾਰੋ ॥੧੦॥

ਚਿੰਤਾ ਦੂਰ ਕਰ ਕੇ ਇਹ ਚੰਗਾ ਕਾਰਜ ਕਰੋ, ਤੁਹਾਡਾ ਜਾਣਾ ਸਕਾਰਥ ਹੋਵੇਗਾ। ਉੱਦਮ ਕਰਨ ਤੋਂ ਬਗੈਰ ਕੋਈ ਚੀਜ਼ ਵੀ ਪ੍ਰਾਪਤ ਨਹੀਂ ਹੁੰਦੀ, ਇਸ ਲਈ ਹੁਣ ਕਲੇਜੇ ਵਿਚ ਚੁਭ ਰਹੇ ਕੰਡੇ ਨੂੰ ਮੁਲੋਂ ਹੀ ਪੁੱਟ ਦੇਵੋ। ਬਾਦਸ਼ਾਹ ਦੀ ਵੱਡੀ ਸੈਨਾ ਲੈ ਕੇ ਫੜਵਾ ਦੇਵੋ ਜਾਂ ਕਿਤੇ ਦੂਰ ਉਜਾੜ ਦੇਵੋ, ਜੇ ਦਹੀਂ ਪੀ ਲੈਂਦਾ ਤਾਂ ਇਸ ਤਰ੍ਹਾਂ ਨਾ ਜੀਊਂਦਾ ਰਹਿੰਦਾ ਤੇ ਨਗਰ ਵਿਚ ਏਡਾ ਵੱਡਾ ਰੌਲਾ ਨਾ ਪੈਂਦਾ" ॥ ੧੦॥

ਯਾ ਬਿਧਿ ਬਾਕ ਅਨੇਕ ਕਹੇ, ਸੁਨਿ ਹਾਨੀ ਕਛੂ ਦਿਲ ਤੇ ਦਲਗੀਰੀ।
ਕੀਨ ਅਹਾਰ ਕੋ, ਬ੍ਰਿੰਦ ਬਿਚਾਰਤਿ 'ਮੇਲ ਕਰੌਂ ਜੁ ਸਭਾ ਜਹਾਂਗੀਰੀ।
ਹੋਹਿਂ ਸਹਾਇਕ ਮੇਰੇ ਸਭੈ, ਕਹਿ ਕੈ ਜੁ ਸੁਨਾਵਹਿਂ ਗੇ ਮਮ ਪੀਰੀ।
ਦੇ ਧਨ ਕੋ ਅਪਨੇ ਕਰਿ ਹੌਂ ਇਹੁ ਬੈਠੋ ਰਹੈ ਨ ਪਠੈ ਲਿਖਿ ਚੀਰੀ' ॥ ੧੧ ॥

ਇਸ ਢੰਗ ਨਾਲ ਕਰਮੋ ਨੇ ਅਨੇਕ ਗੱਲਾਂ ਕੀਤੀਆਂ। ਇਹ ਸੁਣ ਕੇ ਪ੍ਰਿਥੀਏ ਦੇ ਦਿਲ ਦੀ ਦਿਲਗੀਰੀ ਕੁਝ ਦੂਰ ਹੋਈ। ਭੋਜਨ ਖਾ ਕੇ ਫਿਰ ਸੋਚਣ ਲੱਗਾ, ਮੈਂ ਜਾ ਕੇ ਜਹਾਂਗੀਰ ਨੂੰ ਮਿਲਦਾ ਹਾਂ। ਮੇਰੀ ਸਾਰੇ ਸਹਾਇਤਾ ਕਰਦੇ ਹਨ, ਮੈਂ ਇਹ ਕਹਿ ਕੇ ਦੱਸਾਂਗਾ ਕਿ ਗੁਰਿਆਈ ਤੇ ਮੇਰਾ ਹੱਕ ਹੈ। ਧਨ ਦੇ ਕੇ ਆਪਣੇ ਬਣਾ ਲਵਾਂਗਾ, ਜਦ ਬਾਦਸ਼ਾਹ ਚਿੱਠੀ ਲਿਖ ਕੇ ਭੇਜਣਗੇ ਤਾਂ ਏਥੇ ਨਹੀਂ ਬੈਠੇ ਰਹਿਣਗੇ॥੧੧॥

ਰੈਨ ਕੋ ਨੈਨ ਮੈਂ ਨੀਂਦ ਨਹੀਂ ਵਿਚ ਐਨ ਕੇ ਸੈਨ ਰਹ੍ਯੋ ਪਰ ਕੈ।
ਪਾਪ ਬਿਖੈ ਅਨੁਰਾਗਤਿ ਜਾਗਤਿ ਲਾਗਤਿ ਨਾ ਪਲਕੈਂ ਖਿਰਿਕੈ।
ਸ਼ੋਕਤਿ ਪ੍ਰਾਤ ਉਡੀਕਤਿ ਹੀ ਨਿਸ ਚਾਰ ਘਟੀ ਤੇ ਚਲ੍ਯੋ ਚਰਿ ਕੈ।
ਸੇਵਕ ਦਾਸੀ ਲੀਏ ਬਨਿਤਾ ਸੰਗਿ ਔਰ ਸਮਾਜ ਸਭੈ ਭਰਿਕੈ॥ ੧੨ ॥

ਸਾਰੀ ਰਾਤ ਅੱਖਾਂ ਵਿਚ ਨੀਂਦ ਨਾ ਆਈ, ਸਾਰੀ ਰਾਤ ਘਰ ਵਿਚ ਪਿਆ ਰਿਹਾ। ਪਾਪ ਨਾਲ ਬਹੁਤ ਪਿਆਰ ਹੈ ਜਾਗਦਾ ਰਿਹਾ, ਅੱਖਾਂ ਦੀਆਂ ਪੱਲਕਾਂ ਟਿਕ ਕੇ ਜੁੜਦੀਆਂ ਨਹੀਂ ਹਨ। ਚਾਰ ਘੜੀ ਰਾਤ ਰਹਿੰਦਿਆਂ ਗੱਡਿਆਂ ਤੇ ਚੜ੍ਹ ਕੇ ਚਲ ਪਿਆ। ਸੇਵਕ, ਦਾਸੀਆਂ, ਇਸਤਰੀ ਅਤੇ ਸਾਰਾ ਸਾਮਾਨ ਭਰ ਕੇ ਨਾਲ ਲੈ ਲਿਆ॥ ੧੨ ॥

ਪੰਥ ਪਰੇ ਇਕ ਦ੍ਵੈ ਦਿਨ ਮੈਂ ਜਬਿ ਹੋਤਿ ਭਯੋ ਸੁਧਿ ਕਾਹੂ ਦਈ।
'ਹੈ ਸੁਲਹੀ ਇਤ ਓਰ ਅਬੈ, ਪਤਿਸ਼ਾਹ ਕੇ ਪਾਸ ਨ ਸੋ ਸੁਨਈ'।
ਹੋਤਿ ਭਯੋ ਸੁ ਪ੍ਰਸੰਨ ਰਿਦੈ ਮਹਿਂ 'ਕਾਰਜ ਮੋਹਿ ਬਨੈ ਦੁਨਈ।
ਹੇਹਰੀ ਗ੍ਰਾਮ ਬਿਖੈ ਉਤਰ੍ਯੋ ਦਿਨ ਕੇਤਿਕ ਕੋ, ਕੁਛ ਕਾਰ ਲਈ' ॥ ੧੩ ॥

ਰਾਹ ਵਿਚ ਜਾਂਦਿਆਂ ਜਦ ਇਕ ਦੋ ਦਿਨ ਹੋ ਗਏ ਤੇ ਕਿਸੇ ਨੇ ਖ਼ਬਰ ਦਿਤੀ, "ਸੁਲਹੀ ਹੁਣ ਏਸੇ ਪਾਸੇ ਹੈ, ਸੁਣਿਆ ਹੈ ਕਿ ਬਾਦਸ਼ਾਹ ਦੇ ਪਾਸ ਨਹੀਂ ਹੈ" ਇਹ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਕਿ ਮੇਰਾ ਹੁਣ ਕੰਮ ਹੋ ਜਾਵੇਗਾ। "ਕਿਸੇ ਕੰਮ ਲਈ ਕੁਝ ਦਿਨਾਂ ਤੋਂ ਹੇਹਰ ਪਿੰਡ ਵਿਚ ਉਤਾਰਾ ਕੀਤਾ ਹੋਇਆ ਹੈ" ॥ ੧੩ ॥

ਯੌਂ ਸੁਨਿ ਕੈ ਸੁਲਹੀ ਕੋ ਤਬੈ ਮਨ ਆਨੰਦ ਧਾਰਿ ਕੈ ਪੰਥ ਪਯਾਨੋ।
ਭਾਂਤਿ ਅਨੇਕ ਗਿਨੈ ਗਿਨਤੀ ਨਿਜ ਕਾਰਜ ਸਿੱਧ ਭਯੋ ਪਹਿਚਾਨੋ।

ਜਾਤਿ ਭਯੋ ਉਤਲਾਵਤਿ ਹੀ ਉਤਪਾਤ ਸੋਂ ਹੇਤ ਰਿਦੈ ਜਿਨ ਠਾਨੋ।
ਆਪਨੇ ਲੋਕਨਿ ਸੋਂ ਇਮ ਬੋਲਤਿ 'ਮੋਰ ਮਨੋਰਥ ਪੂਰਨ ਜਾਨੋ'॥ ੧੪॥

ਸੁਲਹੀ ਬਾਰੇ ਇਸ ਤਰ੍ਹਾਂ ਸੁਣ ਕੇ ਮਨ ਵਿਚ ਆਨੰਦ ਧਾਰ ਕੇ ਰਾਹੇ ਰਾਹ ਚਲ ਪਿਆ। ਅਨੇਕ ਪ੍ਰਕਾਰ ਗਿਣਤੀਆਂ ਗਿਣੀਆਂ, ਆਪਣਾ ਕਾਰਜ ਸਿੱਧ ਹੋਇਆ ਪਹਿਚਾਣ ਲਿਆ। ਬੜਾ ਉਤਾਵਲਾ ਹੋ ਕੇ ਜਾ ਰਿਹਾ ਸੀ, ਜਿਸ ਨੇ ਹਿਰਦੇ ਵਿਚ ਉਪੱਦਰ ਕਰਨਾ ਹੀ ਧਾਰਿਆ ਹੋਇਆ ਸੀ। ਆਪਣੇ ਲੋਕਾਂ ਨੂੰ ਇੰਝ ਕਹਿੰਦਾ ਸੀ, "ਮੇਰਾ ਮਨੋਰਥ ਪੂਰਾ ਹੋਇਆ ਜਾਣੋ"॥ ੧੪॥

ਕਬਿੱਤ-ਸੁਲਹੀ ਨਿਕਟ, ਮੇਰੋ ਮੀਤ ਹੈ ਅਮਿਟ ਮਹਾਂ, ਮਿਲਿਕੈ ਬਿਕਟ ਰਿਪੁ ਛਿੱਪ੍ਰ ਗਹਿਵਾਇ ਹੌਂ।
ਪੁੱਤ੍ਰ ਕੇ ਸਮੇਤ ਜਾਇ ਪਕਰੇ ਨਿਕੇਤ ਵਿਖੇ, ਮੋਚਨ ਕੋ ਹੇਤੁ ਕੋਊ ਹੋਇ ਨ, ਸਿਖਾਇ ਹੌਂ।
ਕਾਰਾਗ੍ਰਿਹ ਰਹੈ, ਲੇਊਂ ਸਗਰੇ ਮੈਂ ਗ੍ਰਿਹ ਛੀਨਿ, ਜੈਸੇ ਲਘੁ ਗ੍ਰਹ ਪਰ ਗ੍ਰਹ ਬਲੀ, ਜਾਇ ਹੌਂ।
ਜਤਨ ਬਿਹੀਨ ਹੋਇ, ਸਭਿਨਿ ਤੇ ਦੀਨ ਹੋਇ, ਮੇਰੇ ਹੀ ਅਧੀਨ ਹੋਇ, ਤਬਿ ਸੁਖ ਪਾਇ ਹੌਂ॥੧੫॥

ਹੁਣ ਤਾਂ ਸੁਲਹੀ ਨੇੜੇ ਹੀ ਹੈ, ਮੇਰਾ ਵੱਡਾ ਮਿੱਤਰ ਹੈ, ਉਸ ਨੂੰ ਮਿਲ ਕੇ ਆਪਣੇ ਵੱਡੇ ਦੁਸ਼ਮਣ ਨੂੰ ਛੇਤੀ ਫੜਾ ਦੇਵਾਂਗਾ, ਪੁੱਤਰ ਸਮੇਤ ਘਰ ਵਿਚ ਜਾ ਕੇ ਫੜ ਲਵੇਗਾ। ਗੁਰੂ ਅਰਜਨ ਦੇਵ ਜੀ ਨੂੰ ਛੁਡਾਉਣ ਦਾ ਕੋਈ ਉਪਰਾਲਾ ਨਾ ਹੋ ਸਕੇ, ਇਹ ਮੈਂ ਸੁਲਹੀ ਨੂੰ ਸਿਖਾਵਾਂਗਾ। ਬੰਦੀਖਾਨੇ ਵਿਚ ਰਹੇਗਾ ਤਾਂ ਮੈਂ ਸਾਰਾ ਘਰ ਖੋਹ ਲਵਾਂਗਾ, ਜਿਵੇਂ ਹਲਕੇ ਗ੍ਰਹਿ ਨੂੰ ਬਲੀ ਗ੍ਰਹਿ ਮਾਤ ਕਰਦਾ ਹੈ। ਯਤਨਾਂ ਤੋਂ ਰਹਿਤ ਹੋ ਜਾਵੇਗਾ, ਸਾਰਿਆਂ ਨਾਲੋਂ ਗਰੀਬ ਹੋ ਜਾਵੇਗਾ ਅਤੇ ਜਦ ਮੇਰੇ ਵੀ ਅਧੀਨ ਹੋ ਜਾਵੇਗਾ ਤਦ ਮੈਂ ਸੁਖ ਪਾਵਾਂਗਾ"॥ ੧੫॥

ਐਸੇ ਬਾਤ ਕਹਿ ਕਹਿ 'ਹੋਵੌਂ ਗੁਰੂ ਲਹਿ ਲਹਿ' ਲੋਭ ਧਨ ਚਹਿਚਹਿ ਠਾਨਤਿ ਹੰਕਾਰ ਕੋ।
ਦੇਤਿ ਹੈ ਦਿਲਾਸੇ ਨਿਜ ਲੋਕ ਭਰਵਾਸੇ ਹੇਤੁ ਕਰਤਿ ਨਿਸ਼ਾ ਸੋ ਉਰ ਨਿਸ਼ਚੈ ਉਦਾਰ ਕੋ।
ਹੇਹਰੀ ਪਹੂਚਯੋ ਜਾਇ ਡੇਰਾ ਕੀਨਿ ਥਾਇਂ ਕਿਸ, ਨਿਸ ਬਿਸਰਾਮ ਕੀਨਿ ਉਠਯੋ ਭੁਨਸਾਰ ਕੋ।
ਮੱਜਨ ਕੈ ਨੀਰ ਚੀਰ ਪਹਿਰੇ ਸਰੀਰ ਸ਼ੁਭ, ਸੁਲਹੀ ਕੇ ਤੀਰ ਪਠਯੋ ਨਰ ਸੁਧਿ ਸਾਰ ਕੋ॥੧੬॥

ਐਸੀਆਂ ਗੱਲਾਂ ਕਹਿ-ਕਹਿ ਕੇ, ਕਿ 'ਮੈਂ ਸੋਹਣਾ ਗੁਰੂ ਹੋਵਾਂਗਾ' ਧਨ ਦਾ ਲੋਭ ਚਾਹ-ਚਾਹ ਕੇ ਹੰਕਾਰ ਧਾਰਨ ਕਰ ਰਿਹਾ ਸੀ। ਆਪਣੇ ਆਪ ਨੂੰ ਦਿਲਾਸੇ ਦੇ ਰਿਹਾ ਸੀ ਅਤੇ ਲੋਕਾਂ ਦੇ ਭਰਵਾਸੇ ਵਾਸਤੇ ਆਪਣੇ ਹਿਰਦੇ ਵਿਚ ਵੱਡਾ ਨਿਸਚਾ ਧਾਰ ਕੇ ਤਸੱਲੀ ਕਰ ਰਿਹਾ ਸੀ। ਹੇਹਰ ਪਿੰਡ ਵਿਚ ਪਹੁੰਚ ਕੇ ਕਿਸੇ ਥਾਂ ਜਾ ਕੇ ਡੇਰਾ ਲਾ ਲਿਆ, ਰਾਤ ਆਰਾਮ ਕੀਤਾ ਤੇ ਸਵੇਰੇ ਸਵੱਖਤੇ ਉੱਠ ਪਿਆ। ਇਸ਼ਨਾਨ ਕਰਕੇ ਸਰੀਰ ਤੇ ਚੰਗੇ ਕਪੜੇ ਪਹਿਨੇ ਤੇ ਖਬਰ ਸਾਰ ਦੇਣ ਲਈ ਇਕ ਬੰਦੇ ਨੂੰ ਸੁਲਹੀ ਦੇ ਪਾਸ ਭੇਜਿਆ॥ ੧੬॥

ਗਯੋ ਪੁਨ ਆਪ ਕਹਯੋ 'ਅਧਿਕ ਪ੍ਰਤਾਪ ਹੋਹੁ, ਸ਼ੱਤ੍ਰਨਿ ਸੰਤਾਪ ਪਰੇ' ਬੈਠਯੋ ਤਿਸ ਤੀਰ ਹੋਇ।
ਸੁਲਹੀ ਨੇ ਬੂਝਯੋ 'ਕੌਣ ਕਾਰਜ ਉਰਝ ਰਹਯੋ ਕੈਸੇ ਚਲਿ ਆਇ ਹੋ ਸੁਨਾਵੋ ਬੀਰ ਬਾਤ ਸੋਇ।
ਸੇਵਕ ਨ ਪਠਯੋ ਤਹਾਂ ਬੈਠੇ ਰਹੇ ਹੁਤੇ ਆਪ, ਕਾਰਜ ਤੁਮਾਰੋ ਕਰਿ ਦੇਤਿ ਸੋ ਕਹਤਿ ਜੋਇ।
ਸਦਾ ਅਨੁਸਾਰ ਹੈ, ਸੋ ਸਖਤਾ ਬਿਚਾਰ ਹੈ, ਬਿਲਮ ਨਹੀਂ ਧਾਰਿ ਹੈਂ, ਸੁਧਾਰਿ ਹੈਂ ਕਹੀਜੈ ਕੋਇ'॥੧੭॥

ਬਾਅਦ ਵਿਚ ਆਪ ਗਿਆ ਅਤੇ ਕਿਹਾ, "ਆਪ ਜੀ ਦਾ ਵੱਡਾ ਪ੍ਰਤਾਪ ਹੋਵੇ, ਆਪ ਜੀ ਦੇ ਵੈਰੀ ਦੁਖੀ ਹੋਣ", ਤੇ ਉਸ ਦੇ ਪਾਸ ਬੈਠ ਗਿਆ। ਸੁਲਹੀ ਨੇ ਪੁਛਿਆ, "ਕਿਸ ਕਾਰਨ ਉਲਝ ਰਿਹਾ ਹੈਂ, ਕਿਵੇਂ ਏਥੇ ਚਲ ਕੇ ਆਇਆ ਹੈਂ, ਸਾਰੀ ਗੱਲਬਾਤ ਮੈਨੂੰ ਸੁਣਾਓ। ਸੇਵਕ ਕਿਉਂ ਨਾ ਭੇਜਿਆ ਆਪ ਓਥੇ ਹੀ ਬੈਠੇ ਰਹਿੰਦੇ, ਜਿਹੜਾ ਤੁਸੀਂ ਕੰਮ ਕਹਿੰਦੇ ਓਥੇ ਹੀ ਕਰ

ਦਿੰਦੇ। ਮੈਂ ਸਦਾ ਤੇਰੇ ਨਾਲ ਹਾਂ, ਮੇਰੀ ਮਿੱਤ੍ਰਤਾ ਤੇ ਵਿਚਾਰ ਕਰੋ, ਮੈਂ ਕੋਈ ਦੇਰ ਨਾ ਲਾਉਂਦਾ, ਜੋ ਵੀ ਕਹਿੰਦੇ ਮੈਂ ਸਵਾਰ ਦਿੰਦਾ"॥ ੧੭॥

ਪ੍ਰਿਥੀਆ ਕਹਤਿ'ਗੁਰੂ ਰਾਖੈ ਤੇਰੀ ਪਤਿ ਨਿਤ, ਮੇਰੇ ਬਿਸਵਾਸ ਚਿਤ ਥਿਤਿ ਯੌਂ ਹਮੇਸ਼ ਕੋ।
ਮੇਰੋ ਕਾਜ ਆਪਨੋ ਸਮਾਨ ਨੀਕੋ ਜਾਨਿ ਕਰਿ, ਛਿਪ੍ਰ ਹੀ ਸੁਧਾਰਿ ਦੇਤਿ ਪ੍ਰੇਮ ਕੈ ਬਿਸ਼ੇਸ਼ੁ ਕੋ।
ਕਪਟ ਬਿਹੀਨ ਪ੍ਰੇਮ ਨਿਬਹੈ ਤੁਮਾਰੋ ਭਾਰੋ, ਹਿਰਦੇ ਹਮਾਰੇ ਤੈਸੋ ਭੇਦ ਹੈ ਨ ਲੇਸ਼ ਕੋ।
ਆਗੇ ਤੁਮ ਗਏ ਜਬਿ ਛੋਡ ਗਯੋ ਪੁਰੀ ਤਬਿ, ਜਾਇ ਬਸਜੋ ਗ੍ਰਾਮ ਮੈਂ ਸਮਾਜ ਲੈ ਅਸ਼ੇਸ਼ ਕੋ ॥੧੮॥

ਪ੍ਰਿਥੀਏ ਨੇ ਕਿਹਾ, "ਗੁਰੂ ਸਦਾ ਤੇਰੀ ਇੱਜ਼ਤ ਕਾਇਮ ਰੱਖੇ, ਮੇਰੇ ਚਿੱਤ ਵਿਚ ਸਦਾ ਇਹ ਵਿਸ਼ਵਾਸ ਟਿਕਿਆ ਹੋਇਆ ਹੈ। ਮੇਰਾ ਕੰਮ ਆਪਣਾ ਹੀ ਠੀਕ ਜਾਣ ਕੇ ਬੜੇ ਪ੍ਰੇਮ ਨਾਲ ਛੇਤੀ ਹੀ ਸੁਧਾਰ ਦਿੰਦੇ ਹੋ। ਜਿਵੇਂ ਤੁਹਾਡਾ ਕਪਟਹੀਣ ਵੱਡਾ ਪ੍ਰੇਮ ਹੈ, ਇਸ ਤਰ੍ਹਾਂ ਹੀ ਮੇਰੇ ਹਿਰਦੇ ਵਿਚ ਹੈ, ਰਤਾ ਭਰ ਵੀ ਫਰਕ ਨਹੀਂ ਹੈ। ਪਹਿਲਾਂ ਜਦ ਤੁਸੀਂ ਮੇਰੇ ਨਗਰ ਵਿਚ ਗਏ ਸੀ, ਤਾਂ ਗੁਰੂ ਅਰਜਨ ਦੇਵ ਨਗਰ ਛੱਡ ਕੇ ਆਪਣਾ ਸਾਰਾ ਸਮਾਨ ਲੈ ਕੇ ਇਕ ਪਿੰਡ ਵਿਚ ਚਲੇ ਗਏ ਸਨ॥ ੧੮॥

ਆਪ ਸੰਗਿ ਮਿਲਜੋ ਆਇ ਤਬਿ ਮੈਂ ਰਹਜੋ ਸੁ ਪੁਰਿ, ਸੰਮਤ ਬਿਤਾਇ ਤੀਨ ਗ੍ਰਾਮ ਤਜਿ ਆਯੋ ਹੈ।
ਹਮ ਸੋਂ ਸਨੇਹ ਠਾਨਿ ਪੁਰੀ ਬਸਜੋ ਆਨਿ ਕਰਿ, ਬੀਤੇ ਹੈਂ ਬਰਖ ਦੋਇ ਮਹਾਂ ਸੁਖ ਪਾਯੋ ਹੈ।
ਬਡੋ ਭ੍ਰਾਤ ਮੈਹੌਂ ਗੁਰੂ ਪਦ ਅਧਿਕਾਰ ਮੇਰੋ ਪਿਤਾ ਨੇ ਅਜੋਗ ਕਰਿ ਗਾਦੀ ਸੋ ਬਿਠਾਯੋ ਹੈ।
ਦੇਤਿ ਨ ਦਰਬ, ਆਪ ਰਾਖਤਿ ਸਰਬ, ਉਰ ਧਾਰਤਿ ਗਰਬ ਕੋ, ਸਮਾਜ ਅਧਿਕਾਯੋ ਹੈ ॥੧੯॥

ਮੈਂ ਫਿਰ ਆਪ ਜੀ ਨੂੰ ਆ ਕੇ ਮਿਲਿਆ ਸੀ ਅਤੇ ਆਪ ਉਸ ਨਗਰ ਵਿਚ ਹੀ ਰਿਹਾ ਸੀ, ਹੁਣ ਤਿੰਨ ਸਾਲ ਬਤੀਤ ਕਰਕੇ ਫਿਰ ਨਗਰ ਵਿਚ ਆ ਗਿਆ ਹੈ। ਸਾਡੇ ਨਾਲ ਪ੍ਰੇਮ ਧਾਰਨ ਕਰਕੇ ਨਗਰ ਵਿਚ ਆ ਵਸਿਆ ਹੈ। ਦੋ ਸਾਲ ਬੀਤੇ ਹਨ, ਬਹੁਤ ਸੁਖ ਪਾਇਆ ਹੈ। ਮੈਂ ਵੱਡਾ ਭਰਾ ਹਾਂ, ਗੁਰੂ ਦੀ ਪਦਵੀ ਤੇ ਮੇਰਾ ਅਧਿਕਾਰ ਹੈ, ਮੇਰੇ ਪਿਤਾ ਨੇ ਅਯੋਗ ਕੰਮ ਕਰਕੇ, ਉਸ ਨੂੰ ਗੱਦੀ ਤੇ ਬਿਠਾਇਆ ਹੈ। ਸਾਨੂੰ ਕੋਈ ਧਨ ਨਹੀਂ ਦਿੰਦਾ, ਸਾਰਾ ਆਪਣੇ ਪਾਸ ਰੱਖਦਾ ਹੈ। ਦਿਲ ਵਿਚ ਬੜਾ ਘੁਮੰਡ ਕਰਦਾ ਹੈ, ਸਭ ਕੁਝ ਦਾ ਆਪ ਅਧਿਕਾਰੀ ਬਣ ਗਿਆ ਹੈ॥ ੧੯॥

ਸ਼ਾਹ ਕੋ ਨ ਜਾਨੈ, ਨਹੀਂ ਹਾਕਮ ਕੋ ਮਾਨੈ ਕਬਿ, ਤ੍ਰਾਸ ਕੋ ਨ ਠਾਨੈ, ਮਾਨ ਮਨ ਮੈਂ ਬਧਾਇ ਕਰਿ।
ਆਇ ਚਾਰ ਓਰ ਤੇ ਉਪਾਇਨ ਅਨੇਕ ਭਾਂਤਿ ਦੇਤਿ ਸਭਿ ਜਾਤਿ ਬਹੁ ਸੀਸ ਕੋ ਨਿਵਾਇ ਕਰਿ।
ਮੋ ਸੋਂ ਕਰੈ ਬਾਦ ਉਰ ਧਾਰਿ ਕੈ ਪ੍ਰਮਾਦ ਬਡੋ, ਲੋਕ ਪੁਰੀ ਆਦਿ ਕੇ ਸਭਿਨਿ ਸਿਖਰਾਇ ਕਰਿ।
ਨਿੰਦਾ ਕੋ ਕਰਾਇ ਮੇਰੀ, ਸਿੱਖਜਨ ਬਿਗਾਰ ਦੇਤਿ, ਪੂਜਾ ਹਾਨ 'ਦੂਜਾ ਹ੍ਵੈ ਨਾ' ਆਪਿ ਕੋ ਬਡਾਇ ਕਰਿ॥੨੦॥

ਬਾਦਸ਼ਾਹ ਨੂੰ ਨਹੀਂ ਜਾਣਦਾ, ਨਾ ਕਿਸੇ ਹਾਕਮ ਨੂੰ ਮੰਨਦਾ ਹੈ, ਕਿਸੇ ਪਾਸੋਂ ਡਰਦਾ ਨਹੀਂ, ਮਨ ਵਿਚ ਵੱਡਾ ਹੰਕਾਰ ਵਧਾਇਆ ਹੈ। ਚੌਹਾਂ ਪਾਸਿਆਂ ਤੋਂ ਅਨੇਕ ਪ੍ਰਕਾਰ ਦੇ ਉਪਹਾਰ ਆਉਂਦੇ ਹਨ, ਸਿੱਖ ਸੇਵਕ ਸਿਰ ਨਿਵਾ ਕੇ ਦੇ ਜਾਂਦੇ ਹਨ। ਵੱਡਾ ਹੰਕਾਰ ਧਾਰ ਕੇ ਮੇਰੇ ਨਾਲ ਝਗੜਾ ਕਰਦਾ ਹੈ, ਨਗਰ ਦੇ ਸਾਰੇ ਲੋਕਾਂ ਨੂੰ ਸਿਖਾ ਕੇ ਮੇਰੀ ਨਿੰਦਿਆ ਕਰਵਾਉਂਦਾ ਹੈ, ਮੇਰੇ ਸਿੱਖਾਂ ਨੂੰ ਵਿਗਾੜ ਦਿੱਤਾ ਹੈ। ਮੇਰੀ ਪੂਜਾ ਨਾਸ਼ ਕੀਤੀ ਹੈ ਤੇ ਆਪਣੇ ਆਪ ਨੂੰ ਵਡਿਆਉਂਦਾ ਹੈ ਕਿ, "ਮੇਰੇ ਵਰਗਾ ਹੋਰ ਕੋਈ ਦੂਜਾ ਨਹੀਂ ਹੈ"॥ ੨੦॥

ਜੋਰਿ ਪਾਇ ਮੇਰੇ ਪੈ ਅਵਾਸ ਤੇ ਨਿਕਾਸਿ ਦੀਨਿ, ਆਪਨੋ ਪ੍ਰਕਾਸ਼ ਕੀਨਿ ਤ੍ਰਾਸ ਹੀਨ ਹੋਇਕੈ।
ਨਿਕਸਜੋ ਨਿਰਾਸ੍ਰੈ ਮੈਂ ਆਸਰੋ ਨਿਹਾਰਜੋ ਏਕ, ਸਖਾ ਹੋ ਬਡੇਰੇ ਤੁਮ ਆਯੋ ਇਮ ਜੋਇਕੈ।

ਤੇਰੇ ਬਿਨ ਕੋਊ ਨ ਸਹਾਇਕ ਹਮਾਰੋ ਜਗ, ਤੋਹੀ ਕੋ ਅਸੀਸ ਦੇਤਿ ਨੀਤ ਅਵਿਲੋਇ ਕੈ।
ਗਾਦੀ ਹੈ ਪਿਤਾ ਕੀ ਪਦ ਊਚ ਗੁਰਤਾ ਕੀ ਸ਼ੁਭ, ਮੋਹੀ ਕੋ ਦਿਵਾਇ ਦੇਹੁ ਦੋਇਨ ਤੇ ਖੋਇ ਕੈ ॥੨੧॥

ਜ਼ੋਰ ਪਾ ਕੇ ਮੈਨੂੰ ਆਪਣੇ ਘਰ ਤੋਂ ਕਢਵਾ ਦਿੱਤਾ ਹੈ, ਡਰ-ਰਹਿਤ ਹੋ ਕੇ ਆਪਣੇ ਆਪ ਨੂੰ ਪਰਗਟ ਕੀਤਾ ਹੈ। ਆਸਰਾ ਰਹਿਤ ਹੋ ਕੇ ਨਗਰ ਵਿਚੋਂ ਨਿਕਲਿਆ ਹਾਂ ਤੇ ਹੁਣ ਇਕੋ ਹੀ ਆਸਰਾ ਤੱਕਿਆ ਹੈ, ਤੁਸੀਂ ਮੇਰੇ ਵੱਡੇ ਦੋਸਤ ਹੋ, ਇਸ ਕਰਕੇ ਆਪ ਜੀ ਦੇ ਪਾਸ ਆਇਆ ਹਾਂ। ਤੇਰੇ ਬਗੈਰ ਸਾਡਾ ਜੱਗ ਵਿਚ ਕੋਈ ਵੀ ਸਹਾਇਕ ਨਹੀਂ ਹੈ, ਸਦਾ ਵੇਖ ਕੇ ਤੁਹਾਨੂੰ ਹੀ ਅਸੀਸਾਂ ਦਿੰਦੇ ਹਾਂ। ਪਿਤਾ ਜੀ ਦੀ ਸ਼ੁਭ ਅਤੇ ਉੱਚੀ ਗੁਰਤਾ ਦੀ ਗੱਦੀ ਉਨ੍ਹਾਂ ਦੋਹਾਂ ਪਾਸੋਂ ਖੋਹ ਕੇ ਮੈਨੂੰ ਦਿਵਾ ਦੇਵੋ॥ ੨੧॥

ਸੁਲਹੀ ਪਠਾਨ ਕ੍ਰੋਧ ਧਾਰਿਕੈ ਮਹਾਨ ਭਨੈ,'ਅਬਿ ਲਗਿ ਤੇਰੇ ਸੰਗਿ ਬਾਦਿ ਸੋ ਉਠਾਵਹੀ ?।
ਸਮਝ੍ਯੋ ਨ ਜੋਰ, ਨ ਬਿਲੋਕ੍ਯੋ ਹਮ ਓਰ ਤਿਨ, ਮਾਲਕ ਮੁਲਕ ਕੋ ਨ ਜਾਨਿ ਤ੍ਰਾਸ ਪਾਵਹੀ ?।
ਤੇਰੇ ਹੇਤੁ ਗਯੋ ਤਬਿ, ਸਖਾ ਹੈਂ ਲਗਤਿ ਨੀਕੇ, ਗਯੋ ਪੁਰਿ ਛੋਰ ਸੋ ਪ੍ਰਸੰਗ ਬਿਸਰਾਵਹੀ ?।
ਦੇਉਂ ਮੈਂ ਸਜਾਇ, ਇਸ ਬਾਤ ਕੀ, ਸਮ੍ਰੱਥ ਮੋਹਿ, ਤਊ ਪਾਤਸ਼ਾਹਿ ਪਾਸ ਜਾਇ ਕੈ ਸੁਨਾਵਹੀ ॥੨੨॥

ਸੁਲਹੀ ਪਠਾਣ ਨੇ ਮਹਾਨ ਕ੍ਰੋਧ ਕਰਕੇ ਕਿਹਾ, "ਕੀ ਹੁਣ ਤਕ ਤੇਰੇ ਨਾਲ ਝਗੜਾ ਕਰ ਰਿਹਾ ਹੈ ? ਸਾਡੀ ਤਾਕਤ ਨੂੰ ਸਮਝਿਆ ਨਹੀਂ, ਉਸ ਨੇ ਸਾਡੇ ਵਲ ਵੇਖਿਆ ਨਹੀਂ, ਮੁਲਕ ਦੇ ਮਾਲਕ ਜਾਣ ਕੇ ਸਾਥੋਂ ਡਰਦਾ ਨਹੀਂ ਹੈ ? ਮੈਂ ਉਸ ਸਮੇਂ ਤੇਰੀ ਖਾਤਰ ਗਿਆ ਸੀ, ਤੇਰੇ ਚੰਗੇ ਦੋਸਤ ਜਾਣ ਕੇ, ਉਸ ਸਮੇਂ ਨਗਰ ਛੱਡ ਕੇ ਚਲਾ ਗਿਆ ਸੀ, ਕੀ ਉਸ ਗੱਲ ਨੂੰ ਭੁੱਲ ਗਿਆ ਹੈ ? ਮੈਂ ਇਸ ਗੱਲ ਦੀ ਉਸ ਨੂੰ ਸਜ਼ਾ ਦੇਵਾਂਗਾ, ਮੇਰੇ ਵਿਚ ਸਮਰੱਥਾ ਹੈ, ਬਾਦਸ਼ਾਹ ਪਾਸ ਜਾ ਕੇ ਸਾਰੀ ਗੱਲ ਸੁਣਾਵਾਂਗਾ॥ ੨੨॥

ਫੇਰ ਗਹਿ ਲੈ ਹੈਂ, ਨ ਸੰਦੇਹ ਉਪਜੈ ਹੈ, ਸਭਿ ਗੁਰਤਾ ਕੋ ਦੈ ਹੈਂ ਤੁਝ, ਕੋਇ ਨ ਮਿਟਾਵਈ।
ਅਬਿ ਮੋਹਿ ਕਾਜ ਸੌਂਪ ਭੇਜ੍ਯੋ ਮਾਝੇ ਦੇਸ਼ ਪਰ, ਦਰਬ ਸਰਬ ਕੋ ਮੰਗਾਵੌਂ ਏਕ ਥਾਂਵਈ।
ਕਰੌਂ ਉਗਰਾਹੀ ਬ੍ਰਿੰਦ ਪੈਸੇ ਪਾਤਿਸ਼ਾਹੀ ਲੇਵੌਂ, ਰਹੌਂ ਚਿਰਕਾਲ ਮੈਂ ਬਿਸਾਲ ਧਨ ਪਾਵਈਂ।
ਫੇਰ ਦਿੱਲੀ ਜਾਵਈਂ, ਪ੍ਰਸੰਗ ਕੋ ਸੁਨਾਵਈਂ, ਸ਼ਿਤਾਬ ਬੁਲਵਾਵਈ ਸੋ ਨਿਆਉਂ ਕੋ ਚੁਕਾਵਈ ॥੨੩॥

ਫਿਰ ਫੜ ਲਵਾਂਗਾ, ਕੋਈ ਸ਼ੰਕਾ ਵੀ ਨਹੀਂ ਰਹੇਗੀ, ਸਾਰੀ ਗੁਰਤਾ ਤੈਨੂੰ ਦੇ ਦੇਵਾਂਗਾ, ਇਸ ਕਾਰਜ ਨੂੰ ਕੋਈ ਵੀ ਹਟਾ ਨਹੀਂ ਸਕੇਗਾ। ਹੁਣ ਮੈਨੂੰ ਕਿਸੇ ਕੰਮ ਮਾਝੇ ਦੇਸ਼ ਵਿਚ ਭੇਜਿਆ ਹੈ, ਮੈਂ ਸਾਰੇ ਧਨ ਨੂੰ ਇਕ ਥਾਂ ਹੀ ਮੰਗਵਾ ਲਵਾਂਗਾ। ਮੈਂ ਬਹੁਤ ਉਗਰਾਹੀ ਕਰਾਂਗਾ ਤੇ ਕਾਫੀ ਸਮਾਂ ਰਹਿ ਕੇ ਬਹੁਤ ਧਨ ਇਕੱਠਾ ਕਰਾਂਗਾ, ਫਿਰ ਮੈਂ ਦਿੱਲੀ ਜਾਵਾਂਗਾ ਤੇ ਇਸ ਪ੍ਰਸੰਗ ਨੂੰ ਸੁਣਾਵਾਂਗਾ, ਛੇਤੀ ਬੁਲਾ ਕੇ ਪੂਰਾ ਨਿਆਂ ਕਰਾਵਾਂਗਾ॥ ੨੩॥

ਝਗਰੇ ਮਿਟਾਇ ਸਿਖ ਸਗਰੇ ਸ਼ਰਨਿ ਪਾਇ, ਨਗਰੀ ਬਿਠਾਇ ਗੁਰੂ ਤੋਹਿ ਕੋ ਬਨਾਵਈ।
ਕਰੌਂ ਉਪਕਾਰ ਨਿਜ ਸਖਾ ਪੈ ਜਗਤ ਜਾਨੈ, ਸਕਲ ਉਪਾਇਨ ਕੋ ਲੇਹੁ ਹਰਖਾਵਈ।
ਹੋਇਕੈ ਅਸ਼ੱਤ੍ਰੁ ਫਲ ਲੀਜੈ ਮਿੱਤ੍ਰ ਹੋਨ ਹੂੰ ਕੋ, ਐਸ਼੍ਰਜ ਬਚਿੱਤ੍ਰ ਪਾਇ ਮੋਦ ਉਪਜਾਵਈ ।
ਕੇਤਿਕ ਦਿਵਸ ਬਾਸ ਕੀਜੀਏ ਸਮੀਪ ਮੋਹਿ, ਕਾਜ ਫੇਰ ਹੋਹਿ ਤੇਰੋ ਦਿੱਲੀ ਜਬਿ ਜਾਵਈ ॥੨੪॥

ਸਾਰੇ ਝਗੜੇ ਮਿਟਾ ਕੇ, ਸਿੱਖਾਂ ਨੂੰ ਤੇਰੀ ਸ਼ਰਨ ਵਿਚ ਲਿਆਵਾਂਗਾ ਅਤੇ ਨਗਰੀ ਵਿਚ ਬਿਠਾ ਕੇ ਤੈਨੂੰ ਗੁਰੂ ਬਣਾਵਾਂਗਾ। ਆਪਣੇ ਦੋਸਤ ਤੇ ਐਸਾ ਉਪਕਾਰ ਕਰਾਂਗਾ ਕਿ ਸਾਰਾ ਜਗਤ ਜਾਣੇਗਾ ਅਤੇ ਤੂੰ ਸਾਰੇ ਉਪਹਾਰਾਂ ਨੂੰ ਖੁਸ਼ ਹੋ ਕੇ ਪ੍ਰਾਪਤ ਕਰੇਂਗਾ। ਦੁਸ਼ਮਣ ਰਹਿਤ ਹੋ ਕੇ, ਮਿੱਤਰ ਹੋਣ ਦਾ ਫਲ ਪ੍ਰਾਪਤ ਕਰੋ ਅਤੇ ਵਚਿਤਰ ਧਨ ਪ੍ਰਾਪਤ ਕਰਕੇ ਪ੍ਰਸੰਨ ਹੋਵੋ। ਕੁਝ ਦੇਰ ਮੇਰੇ ਪਾਸ ਰਹੋ, ਜਦ ਫਿਰ ਮੈਂ ਦਿੱਲੀ ਜਾਵਾਂਗਾ ਤਾਂ ਤੇਰਾ ਕੰਮ ਹੋ ਜਾਵੇਗਾ॥ ੨੪॥

Sri Satguru Jagjit Singh Ji eLlibrary NamdhariElibrary@gmail.com

ਹੇਹਰ ਜੋ ਗ੍ਰਾਮ ਇਹ ਪਾਤਸ਼ਾਹਿ ਦੀਨੋ ਮੋਹਿ, ਦੇਵੌਂ ਸੋਢੀ ਤੋਹਿ, ਬਾਸ ਸੁਖ ਸੋਂ ਕਰੀਜੀਏ।
ਕਰੋ ਗੁਜ਼ਰਾਨ ਸਿੱਖ ਸੰਗਤਾਂ ਮਹਾਨ ਹੋਹਿਂ, ਦੂਜਾ ਨ ਸਮਾਨ ਪੂਜਾ ਨਿਜ ਕਰਵੀਜੀਏ'।
ਪ੍ਰਿਥੀਆ ਸੁਨਤਿ ਮਨ ਆਨੰਦ ਉਪਾਯੋ ਬਹੁ ਸੁਲਹੀ ਸੋਂ ਭਾਖ੍ਯੋ 'ਮੇਰੇ ਬਾਕ ਕੋ ਸੁਨੀਜੀਏ।
ਸੁਖੀ ਨਿਤ ਥੀਜੀਏ, ਪ੍ਰਤਾਪ ਮੈਂ ਬਧੀਜੀਏ, ਮਨੋਰਥ ਪੁਰੀਜੀਏ, ਸਮੇਤ ਜਸ ਜੀਜੀਏ ॥੨੫॥

ਇਹ ਜਿਹੜਾ ਹੇਹਰ ਪਿੰਡ ਹੈ, ਇਹ ਮੈਨੂੰ ਬਾਦਸ਼ਾਹ ਨੇ ਦਿੱਤਾ ਹੈ ਇਹ ਤੈਨੂੰ ਦਿੰਦਾ ਹਾਂ, ਏਥੇ ਸੁਖ ਨਾਲ ਰਹੋ। ਏਥੇ ਗੁਜ਼ਾਰਾ ਕਰੋ, ਤੁਹਾਡੀ ਮਹਾਨ ਸਿੱਖ ਸੰਗਤ ਹੋਵੇਗੀ ਤੁਹਾਡੇ ਵਰਗਾ ਦੂਜਾ ਕੋਈ ਨਹੀਂ ਹੋਵੇਗਾ, ਨਿਤ ਆਪਣੀ ਪੂਜਾ ਕਰਵਾਵੋ।" ਇਹ ਸੁਣ ਕੇ ਪ੍ਰਿਥੀਆ ਬਹੁਤ ਪ੍ਰਸੰਨ ਹੋਇਆ ਤੇ ਫਿਰ ਸੁਲਹੀ ਨੂੰ ਕਹਿਣ ਲੱਗਾ, "ਮੇਰੀ ਗੱਲ ਵੀ ਸੁਣੋ, ਸਦਾ ਸੁਖੀ ਰਹੋ, ਤੁਹਾਡਾ ਪ੍ਰਤਾਪ ਵਧੇ, ਮਨੋਰਥ ਪੂਰਾ ਕਰੋ ਤੇ ਜੱਸ ਸਹਿਤ ਜੀਵੋ॥ ੨੫॥

ਗੁਰੂ ਅੰਗ ਸੰਗ ਹੋਇ ਸੰਕਟ ਨਿਵਾਰੈ ਸੋਇ, ਬਡੋ ਉਪਕਾਰ ਜੋਇ ਮੇਰੇ ਪਰ ਠਾਨਿਓ।
ਦੀਨੋ ਸ਼ੁਭ ਗ੍ਰਾਮ ਕਰੌਂ ਬਾਸਬੇ ਕੋ ਧਾਮ ਇਹਾਂ, ਆਠੋ ਜਾਮ ਤੇਰੀ ਸ਼੍ਰੇਯ ਮੁਖ ਤੇ ਬਖਾਨਿਓ।
ਏਕ ਕਾਮ ਔਰ ਸੁਨਿ ਤਾਲ ਬਨਵਾਯੋ ਤਿਨ, ਆਇਂ ਸਿਖ ਸੰਗਤਾਂ ਮਹਾਂਨ ਹੀ ਸ਼ਨਾਨਿਓ।
ਤੈਸੇ ਮੇਰੇ ਮਨ ਹੈ ਤੜਾਗ ਕੋ ਬਨਾਇ ਦੇਊਂ, ਭਲੀ ਇਹ ਬਾਤ ਹੈ ਮਨੋਰਥ ਉਠਾਨਿਓ ॥੨੬॥

ਗੁਰੂ ਅੰਗ-ਸੰਗ ਹੋ ਕੇ ਸਾਰੇ ਸੰਕਟ ਦੂਰ ਕਰਦਾ ਹੈ, ਜਿਹੜਾ ਤੁਸੀਂ ਵੱਡਾ ਉਪਕਾਰ ਮੇਰੇ ਤੇ ਕਰਨ ਲੱਗੇ ਹੋ। ਜਿਹੜਾ ਤੁਸੀਂ ਵਸਣ ਵਾਸਤੇ ਮੈਨੂੰ ਇਹ ਪਿੰਡ ਦਿੱਤਾ ਹੈ, ਏਥੇ ਰਹਿ ਕੇ ਅੱਠ ਪਹਿਰ ਤੁਹਾਡੇ ਸੁਖ ਦੀ ਕਾਮਨਾ ਮੁਖ ਤੋਂ ਜਪਦਾ ਰਹਾਂਗਾ। ਇਕ ਕੰਮ ਹੋਰ ਸੁਣੋ, ਉਸ ਨੇ ਨਗਰ ਵਿਚ ਇਕ ਸਰੋਵਰ ਬਣਾਇਆ ਹੈ, ਜਿਥੇ ਬਹੁਤ ਸਿੱਖ ਸੰਗਤਾਂ ਇਸ਼ਨਾਨ ਕਰਨ ਵਾਸਤੇ ਆਉਂਦੀਆਂ ਹਨ। ਮੇਰਾ ਵੀ ਜੀਅ ਕਰਦਾ ਹੈ ਕਿ ਇਕ ਤਾਲਾਬ ਬਣਾ ਦੇਵਾਂ, ਇਸ ਚੰਗੀ ਗੱਲ ਵਾਸਤੇ ਮੈਂ ਆਪਣਾ ਮਨੋਰਥ ਬਣਾਇਆ ਹੈ ॥੨੬॥

ਹੋਹੁ ਜੇ ਪ੍ਰਸੰਨ ਆਪ, ਆਪ ਨਿਰਮਲ ਜਾਂ ਮੈਂ ਐਸੋ ਤਾਲ ਸੁੰਦਰ ਬਿਸਾਲ ਬਨਿ ਜਾਇ ਹੈ'।
ਸੁਲਹੀ ਨੇ ਭਨ੍ਯੋ 'ਇਹੁ ਨੀਕੀ ਬਾਤਿ ਠਾਨੀ ਚਿਤ, ਸਭਿ ਕੋ ਸੁਖਦ ਹੈ ਅਨੇਕ ਨਰ ਨ੍ਹਾਇ ਹੈਂ'।
ਖਗ ਮ੍ਰਿਗ ਨੀਰ ਪਾਨ ਪੁੰਨ ਹੈ ਮਹਾਨ ਯਾਂਕੋ, ਰਚੀਏ ਤੜਾਗ ਚਾਰੋਂ ਭਾਗ ਤੇ ਸੁਹਾਇ ਹੈ।
ਜੈਸੇ ਬਡੀ ਸੰਗਤਾਂ ਸ ਪ੍ਰੇਮ ਤੇ ਸ਼ਨਾਨੈਂ ਤਹਾਂ, ਤੈਸੇ ਤੇਰੋ ਹੋਇ ਹੈ ਸੁਜਸ ਪਸਰਾਇ ਹੈ'॥੨੭॥

ਜੇ ਆਪ ਪ੍ਰਸੰਨ ਹੋਵੋ, ਤਾਂ ਐਸਾ ਸਰੋਵਰ ਜਿਸ ਵਿਚ ਨਿਰਮਲ ਜਲ ਹੋਵੇ ਸੁੰਦਰ ਬਣ ਜਾਵੇਗਾ।" ਸੁਲਹੀ ਨੇ ਕਿਹਾ, "ਇਹ ਤੂੰ ਚੰਗੀ ਗੱਲ ਸੋਚੀ ਹੈ, ਸਾਰਿਆਂ ਨੂੰ ਸੁੱਖ ਹੋ ਜਾਵੇਗਾ ਤੇ ਅਨੇਕਾਂ ਮਨੁੱਖ ਇਸ਼ਨਾਨ ਕਰਨਗੇ। ਪਸ਼ੂ ਪੰਛੀ ਪਾਣੀ ਪੀਣਗੇ, ਇਹ ਇਕ ਵੱਡਾ ਪੁੰਨ ਹੈ, ਇਸ ਨੂੰ ਜ਼ਰੂਰ ਬਣਾਓ, ਜਿਹੜਾ ਚਾਰੇ ਪਾਸਿਆਂ ਤੋਂ ਸੁੰਦਰ ਸੁਸ਼ੋਭਿਤ ਹੋਵੇ। ਜਿਵੇਂ-ਜਿਵੇਂ ਵੱਡੀਆਂ ਸੰਗਤਾਂ ਆ ਕੇ ਵੱਡੇ ਪ੍ਰੇਮ ਨਾਲ ਇਸ਼ਨਾਨ ਕਰਨਗੀਆਂ ਤਿਵੇਂ-ਤਿਵੇਂ ਤੇਰਾ ਜੱਸ ਦੂਰ-ਦੂਰ ਤਕ ਪਸਰ ਜਾਇਗਾ॥ ੨੭॥

ਐਸੇ ਕਹਿ ਸੁਲਹੀ ਨੇ ਦੀਨੀਸ ਦਰਬ ਤਬਿ, 'ਮੇਰੋ ਪੁੰਨ ਹੋਇਗੋ ਤੜਾਗ ਬਨਿ ਜਾਇ ਹੈ'।
ਪ੍ਰਿਥੀਏ ਨੇ ਭਾਖਿ ਕੈ ਪਟਾ ਸੁ ਲਿਖਵਾਯੋ ਗ੍ਰਾਮ, ਰਚੇ ਨਿਜ ਧਾਮ ਕੀਨਿ ਬਾਸ ਸੁਖ ਪਾਇ ਹੈ।
ਆਵੇ ਲਗਵਾਏ ਨਿਤ ਠਾਨਤੋ ਉਪਾਇ ਬਡੋ ਸਮਾ ਤਾਕੋ ਚਾਹੈ ਸੁਧਾਸਰ ਜਯੋਂ ਸੁਹਾਇ ਹੈ।
'ਆਵੈਗੀ ਉਪਾਇਨ ਅਨੇਕ ਹੀ ਪ੍ਰਕਾਰ ਕਰਿ, ਮੇਲ ਹੋਇ ਤੀਰਥ ਕੋ ਮਿਲੈਂ ਸਮੁਦਾਇ ਹੈ' ॥੨੮॥

ਇਹ ਕਹਿ ਕੇ ਸੁਲਹੀ ਨੇ ਧਨ ਦਿੱਤਾ ਅਤੇ ਕਿਹਾ, "ਤਾਲਾਬ ਬਣ ਜਾਵੇਗਾ ਤਾਂ ਮੈਨੂੰ ਪੁੰਨ ਲਗੇਗਾ।" ਪ੍ਰਿਥੀਏ ਨੇ ਕਹਿ ਕੇ ਪਿੰਡ ਦਾ ਪੱਟਾ ਲਿਖਵਾ ਲਿਆ ਤੇ ਆਪਣੇ ਘਰ ਬਣਾ ਕੇ ਓਥੇ ਸੁਖ ਨਾਲ ਰਹਿਣ ਲੱਗ ਗਿਆ। ਇੱਟਾਂ ਦੇ ਆਵੇ ਬਣਵਾਏ ਤੇ ਸਦਾ ਮਨ ਵਿਚ ਇਹ ਧਾਰਦਾ ਸੀ ਕਿ ਅੰਮ੍ਰਿਤ ਸਰੋਵਰ ਵਰਗਾ ਤਾਲਾਬ ਬਣ ਜਾਵੇ, ਫਿਰ ਅਨੇਕਾਂ ਪ੍ਰਕਾਰ ਦੇ ਉਪਹਾਰ ਆਉਣਗੇ, ਬਹੁਤ ਲੋਕ ਇਕੱਠੇ ਹੋ ਕੇ ਤੀਰਥ ਤੇ ਆ ਕੇ ਮਿਲਣਗੇ॥ ੨੮॥

ਦੋਹਰਾ- ਲਗਜੋ ਕਰਾਵਨਿ ਤਾਲ ਕੋ ਧਰਿ ਉਤਸਾਹ ਬਿਸਾਲ।
ਖਰਚਹਿ ਦਰਬ ਸੁ ਸਰਬ ਕੋ ਗੁਰ ਕੀ ਮਤਸਰ ਨਾਲ॥ ੨੯॥

ਵਿਸ਼ਾਲ ਉਤਸ਼ਾਹ ਧਾਰ ਕੇ ਸਰੋਵਰ ਬਣਾਉਣ ਲੱਗਾ। ਗੁਰੂ ਜੀ ਨਾਲ ਈਰਖਾ ਰੱਖ ਕੇ ਬਹੁਤ ਧਨ ਖਰਚ ਕਰਦਾ ਸੀ॥ ੨੯॥

'ਸ੍ਰੀ ਅਰਜਨ ਕੇ ਸਮ ਬਨੌਂ ਕਰਤਿ ਪਖੰਡ ਅਨੇਕ।
ਅਜ਼ਮਤ ਪਾਵੈ ਕਹਾਂ ਤੇ ਗਯਾਨ ਬਿਹੀਨ ਬਿਬੇਕ॥ ੩੦॥

ਕਹਿੰਦਾ ਸੀ ਸਰੋਵਰ ਗੁਰੂ ਅਰਜਨ ਦੇਵ ਜੀ ਦੇ ਸਰੋਵਰ ਵਰਗਾ ਬਣਾਵਾਂਗਾ ਤੇ ਬਹੁਤ ਪਖੰਡ ਕਰਦਾ ਸੀ। ਪਰ ਉਹ ਕਰਾਮਾਤ ਕਿਥੋਂ ਪਾ ਲੈਂਦਾ ਜਿਹੜਾ ਅਕਲ ਅਤੇ ਗਿਆਨ ਤੋਂ ਬਗੈਰ ਸੀ॥੩੦॥

*ਤੀਸਰੀ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥*

## *ਅਧਿਆਇ ਤੇਈਵਾਂ*

### *ਪ੍ਰਿਥੀਏ ਨੇ ਹੇਹਰ ਵਿਖੇ ਤਾਲ ਲਗਵਾਇਆ*

ਦੋਹਰਾ-ਸ੍ਰੀ ਗੁਰ ਸੋਂ ਮਤਸਰ ਧਰਤਿ ਰਚਤਿ ਦੰਭ ਬਹੁ ਭਾਂਤਿ।
ਲਾਗਿ ਤੜਾਗ ਬਨਾਵਨੇ ਕਹਿ ਕਹਿ ਮਹਿਮਾ ਬਾਤਿ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਈਰਖਾ ਕਰਕੇ ਪ੍ਰਿਥੀਆ ਬਹੁਤ ਪ੍ਰਕਾਰ ਦੇ ਪਖੰਡ ਕਰਦਾ ਸੀ। ਬਹੁਤ ਮਹਿਮਾ ਦੀਆਂ ਗੱਲਾਂ ਕਰਕੇ ਤਾਲ ਬਣਾਉਣ ਲੱਗਾ॥ ੧॥

*ਨਿਸ਼ਾਨੀ ਛੰਦ*-ਖਰਚਤਿ ਦਰਬ ਬਿਸਾਲ ਕੋ ਆਵੇ ਲਗਵਾਏ।
ਬ੍ਰਿੰਦ ਮਿਹਨਤੀ ਲਗਿ ਪਰੇ ਬਹੁ ਕਾਰ ਕਰਾਏ।
ਖਨਜੋ ਤੁਰਤ ਬਡ ਤਾਲ ਕੋ ਮ੍ਰਿਤਕਾ ਨਿਕਸਾਈ।
ਚਹੁੰਦਿਸ਼ਿ ਤੇ ਇਕਸਾਰ ਕਰਿ ਚਿਨਤੀ ਲਗਵਾਈ॥ ੨॥

ਉਸ ਨੇ ਬਹੁਤ ਧਨ ਖਰਚ ਕੇ ਆਵੇ ਲਗਵਾਏ, ਬਹੁਤ ਮਜ਼ਦੂਰ ਲੱਗ ਗਏ ਜਿਨ੍ਹਾਂ ਤੋਂ ਕੰਮ ਕਰਵਾਉਂਦਾ ਸੀ। ਬਹੁਤ ਵੱਡੇ ਤਾਲ ਦੀ ਪੁਟਵਾਈ ਕੀਤੀ ਤੇ ਮਿੱਟੀ ਬਾਹਰ ਕਢਵਾਈ ਅਤੇ ਚਾਰੇ ਪਾਸਿਆਂ ਤੋਂ ਇਕਸਾਰ ਕਰਵਾ ਕੇ ਚਿਣਵਾਈ ਕਰਵਾਈ॥ ੨॥

Sri Satguru Jagjit Singh Ji eLlibrary NamdhariElibrary@gmail.com

ਦਿਨ ਸਗਰੇ ਬੈਠਜੋ ਰਹੈ ਕਹਿ ਕਹਿ ਕਰਿਵਾਵੈ।
ਦੇਤਿ ਮਜੂਰੀ ਸੰਝ ਕੋ ਭੁਨਸਾਰ ਲਗਾਵੈ।
ਗਨ ਕਾਰੀਗਰ ਚਿਨਤਿ ਹੈਂ ਸੁੰਦਰਤਾ ਸੰਗਾ।
ਦੇਖਿ ਦੇਖਿ ਹਰਖਹਿ ਰਿਦੈ ਧਰਿ ਬਡੀ ਉਮੰਗਾ॥ ੩॥

ਸਾਰਾ ਦਿਨ ਬੈਠਿਆ ਰਹਿੰਦਾ ਸੀ ਤੇ ਕਹਿ ਕਹਿ ਕੇ ਕੰਮ ਕਰਵਾਉਂਦਾ ਸੀ। ਸਵੇਰੇ ਮਜ਼ਦੂਰਾਂ ਨੂੰ ਲਾਉਂਦਾ ਸੀ ਤੇ ਸ਼ਾਮ ਨੂੰ ਉਨ੍ਹਾਂ ਨੂੰ ਮਜ਼ਦੂਰੀ ਦੇ ਦਿੰਦਾ ਸੀ। ਬਹੁਤ ਕਾਰੀਗਰ ਬੜੇ ਸੁੰਦਰ ਢੰਗ ਨਾਲ ਚਿਣਵਾਈ ਕਰ ਰਹੇ ਸਨ। ਹਿਰਦੇ ਵਿਚ ਵੱਡਾ ਉਤਸ਼ਾਹ ਧਾਰ ਕੇ ਵੇਖ-ਵੇਖ ਕੇ ਪ੍ਰਸੰਨ ਹੁੰਦਾ ਸੀ॥ ੩॥

ਕਰਤਿ ਸੁਧਾਸਰ ਰੀਸ ਕੋ ਤਿਸਹੀ ਬਿਧਿ ਕੀਨੋ।
ਮੰਦਰ ਤੀਰ ਤੜਾਗ ਕੇ ਸ਼ੁਭ ਰਚਨਾ ਚੀਨੋ।
ਹਰਿ ਮੰਦਰ ਸਮ ਦਰ ਕਰੇ ਕਹਿ ਆਪ ਬਤਾਵੈ।
ਕ਼ਹਿ ਕਹਿ ਛਿੱਪ੍ਰ ਕਰਾਵਤੋ, ਧਨ ਦੇ ਹੁਲਸਾਵੈ॥ ੪॥

ਅੰਮ੍ਰਿਤ ਸਰੋਵਰ ਦੀ ਰੀਸ ਕਰਕੇ ਓਹੋ ਜੇਹਾ ਹੀ ਬਣਵਾ ਰਿਹਾ ਸੀ। ਤਾਲ ਦੇ ਕਿਨਾਰੇ ਇਕ ਮੰਦਰ ਵੀ ਬਣਾਇਆ। ਆਪ ਦੱਸ ਕੇ ਹਰਿਮੰਦਰ ਸਾਹਿਬ ਵਰਗੇ ਦਰਵਾਜ਼ੇ ਬਣਵਾਏ। ਕਹਿ-ਕਹਿ ਕੇ ਛੇਤੀ ਕਰਵਾ ਰਿਹਾ ਸੀ ਤੇ ਧਨ ਦੇ ਕੇ ਪ੍ਰਸੰਨ ਹੁੰਦਾ ਸੀ॥ ੪॥

ਮਾਨ ਸਰੋਵਰ ਬਿਮਲ ਜਲ ਘਰ ਹੰਸਨਿ ਕੇਰਾ।
ਤਿਮ ਅੰਮ੍ਰਿਤਸਰ ਕੀਰਤਨਿ ਗਨ ਸੰਤ ਬਸੇਰਾ।
ਕਮਲ ਪ੍ਰਫੁੱਲਤਿ ਬਹੁ ਬਰਨ ਦਿਪਤਾਵਤਿ ਸ਼ੋਭਾ।
ਸੱਤਿਨਾਮੁ ਹਰਿ ਰਾਮ ਪ੍ਰਭੁ ਅਲਿ ਜਨ ਗਨ ਲੋਭਾ॥ ੫॥

ਜਿਵੇਂ ਮਾਨ ਸਰੋਵਰ ਝੀਲ ਦਾ ਨਿਰਮਲ ਜਲ ਹੰਸਾਂ ਦਾ ਘਰ ਹੈ ਉਸ ਤਰ੍ਹਾਂ ਅੰਮ੍ਰਿਤਸਰ ਕੀਰਤਨੀ ਸੰਤਾਂ ਦਾ ਬਸੇਰਾ ਹੈ। ਜਿਵੇਂ ਰੰਗ-ਬਰੰਗੇ ਕੰਵਲ ਖਿੜ ਕੇ ਬਹੁਤ ਸ਼ੋਭਾ ਪਾ ਰਹੇ ਹਨ। ਸਤਿਨਾਮ ਹਰੀ ਰਾਮ ਪ੍ਰਭੂ ਦੇ ਦਾਸ ਰੂਪੀ ਭੌਰੇ ਵੇਖ ਕੇ ਲੁਭਾਇਮਾਨ ਹੋ ਰਹੇ ਹਨ॥ ੫॥

ਬਿਚ ਸੁੰਦਰ ਮਕਰੰਦ ਹੈ ਆਨੰਦ ਸੰਦੋਹਾ।
ਲਘੁ ਦੀਰਘ ਦਲ ਬ੍ਰਿੰਦ ਹੈਂ ਸਦ ਗੁਨ ਗਨ ਸੋਹਾ।
ਜਹਿਂ ਪਰਾਗ ਸ਼ਰਧਾ ਸੁਭਗ ਚਹੁੰਦਿਸ਼ਿ ਪਸਰੰਤੀ।
ਸੁਠ ਮ੍ਰਿਣਾਲ ਗੁਰ ਚਰਨ ਕੀ ਪ੍ਰੀਤੀ ਉਪਜੰਤੀ॥ ੬॥

ਵਿਚ ਸੁੰਦਰ ਰਸ ਸਮੂਹ ਆਨੰਦ ਹੈ, ਛੋਟੇ ਵੱਡੇ ਕਈ ਦਲ ਸਦਾ ਗੁਣ ਗਾਇਣ ਕਰਦੇ ਸ਼ੋਭਦੇ ਹਨ। ਜਿਵੇਂ ਪੁਸ਼ਪ ਧੂੜੀ ਚਾਰੇ ਪਾਸੇ ਪਸਰ ਗਈ ਹੋਵੇ। ਜੋ ਸੁੰਦਰ ਕਮਲ ਡੰਡੀ ਹੈ ਉਹ ਗੁਰੂ ਚਰਨਾਂ ਦੀ ਪ੍ਰੀਤ ਉਪਜਾਉਂਦੀ ਹੈ॥ ੬॥

ਮੁਕਤਾ ਮੁਕਤਿ ਅਨੇਕ ਹੀ ਲੈ ਸੰਤ ਮਰਾਲਾ।
ਮਿਲਹਿਂ ਬਿਨੋਦ ਪ੍ਰਮੋਦ ਤੇ ਚਹੁੰ ਕੋਦ ਬਿਸਾਲਾ।
ਬਕ ਸਮ ਪ੍ਰਿਥੀਆ ਦੇਖਿਕੈ ਚਿਤ ਚਾਉ ਉਠਾਵਾ।
ਪਿਖਿ ਛਪੜੀ ਢਿਗ ਗ੍ਰਾਮ ਕੀ ਚੀਕਰ ਬਿਥਰਾਵਾ॥ ੭॥

ਮੁਕਤੀ ਰੂਪ ਮੋਤੀ ਪ੍ਰਾਪਤ ਕਰਕੇ ਰਾਜਹੰਸ ਰੂਪੀ ਸੰਤ ਮਿਲ ਕੇ ਪ੍ਰਸੰਨਤਾ ਨਾਲ ਆਨੰਦ ਕਰਦੇ ਹਨ। ਬਗਲੇ ਵਰਗਾ ਪ੍ਰਿਥੀਆ ਆਪਣੇ ਬਣਾਏ ਤਾਲ ਨੂੰ ਵੇਖ ਕੇ ਚਿੱਤ ਵਿਚ ਖੁਸ਼ ਹੁੰਦਾ ਹੈ, ਜਿਹੜਾ ਇੰਞ ਲਗਦਾ ਹੈ ਮਾਨੋ ਪਿੰਡ ਦੇ ਨੇੜੇ ਛੱਪੜ ਵਿਚ ਚਿੱਕੜ ਖਿਲਾਰਿਆ ਹੋਵੇ॥ ੭॥

ਸਮਤਾ ਮਾਨਸ ਕੀ ਰਚਹਿ ਮਾਨਸ ਹਰਿਖਾਵੈ।
ਮਾਨਸ ਮੂਰਖ ਬ੍ਰਿੰਦ ਕੇ ਧਨ ਹਿਤ ਬਿਰਮਾਵੈ।
ਭੇਕ ਅਨੇਕ ਜਿ ਅਵਗੁਨਾਂ ਤਿਨ ਸੌਂ ਬਹੁ ਛਾਵਾ।
ਮਤਸਰ, ਤ੍ਰਿਸ਼ਨਾ, ਦ੍ਵੈਸ਼, ਰਿਸ ਸਮੁਦਾਇ ਰਹਾਵਾ॥ ੮॥

ਮਾਨ ਸਰੋਵਰ ਦੇ ਸਮਾਨ ਰਚੇ ਤੇ ਖੁਸ਼ ਹੋਵੇ, ਮੂਰਖ ਮਨੁੱਖਾਂ ਦੇ ਸਮੂਹ ਨੂੰ ਧਨ ਖਾਤਰ ਭਰਮਾਉਂਦਾ ਹੈ। ਅਵਗੁਣ ਰੂਪੀ ਅਨੇਕ ਡੱਡੂਆਂ ਨਾਲ ਭਰਪੂਰ ਹੈ। ਈਰਖਾ, ਤ੍ਰਿਸ਼ਨਾ, ਦ੍ਵੈਖ ਅਤੇ ਕ੍ਰੋਧ ਨਾਲ ਹਰ ਵੇਲੇ ਭਰਿਆ ਰਹਿੰਦਾ ਹੈ॥ ੮॥

ਇਸ ਪ੍ਰਕਾਰ ਪ੍ਰਿਥੀਆ ਕਰਹਿ ਹਿਤ ਠਗਿਬੇ ਮੂਢਾ।
ਬੁੱਧਿਵਾਨ ਕਿਮ ਭਰਮ ਹੈਂ ਜਿਨ ਕੋ ਰਿਦ ਗਾਢਾ।
ਮੰਦਰਿ ਚਾਰੁ ਬਨਾਇਕੈ ਅੰਦਰਿ ਤਿਹ ਬੈਸੇ।
ਲਖਹਿ ਕਿ ਸੰਗਤਿ ਆਇ ਹੈ ਅੰਮ੍ਰਿਤਸਰ ਜੈਸੇ॥ ੯॥

ਇਸ ਪ੍ਰਕਾਰ ਮੂਰਖ ਪ੍ਰਿਥੀਆ ਠੱਗੀ ਮਾਰਨ ਨਾਲ ਹੀ ਪਿਆਰ ਕਰਦਾ ਹੈ। ਪਰ ਬੁਧੀਮਾਨ ਕਿਵੇਂ ਭਰਮਾਏ ਜਾ ਸਕਦੇ ਹਨ ਜਿਹੜੇ ਗੂੜ੍ਹ ਆਸ਼ੇ ਵਾਲੇ ਹਨ। ਸੁੰਦਰ ਮੰਦਰ ਬਣਾ ਕੇ ਉਸ ਦੇ ਅੰਦਰ ਬੈਠਦਾ ਹੈ, ਸਮਝਦਾ ਹੈ ਕਿ ਏਥੇ ਵੀ ਅੰਮ੍ਰਿਤਸਰ ਵਾਂਗ ਸੰਗਤ ਆਵੇਗੀ॥ ੯॥

ਸੁਲਹੀ ਅਰੁ ਪ੍ਰਿਥੀਆ ਮਿਲਹਿਂ ਦੇਖਹਿਂ ਹਰਖਾਵੈਂ।
ਅਧਿਕ ਸਰਾਹੈਂ ਤਾਲ ਕੋ ਨਿਜ ਨਰਨਿ ਸੁਨਾਵੈਂ।
'ਮੱਜਹਿਂ ਲਾਖਹੁਂ ਨਰ ਇਹਾਂ ਤੀਰਥ ਹੁਇ ਭਾਰੀ।
ਮਹਿਮਾਂ ਪਸਰਹਿਗੀ ਅਧਿਕ ਹੇਰਹਿਂ ਨਰੁ ਨਾਰੀ॥ ੧੦॥

ਸੁਲਹੀ ਅਤੇ ਪ੍ਰਿਥੀਆ ਇਕ ਦੂਸਰੇ ਨੂੰ ਮਿਲ ਕੇ ਅਤੇ ਵੇਖ ਕੇ ਖੁਸ਼ ਹੁੰਦੇ ਹਨ। ਤਾਲ ਦੀ ਬਹੁਤ ਸ਼ਲਾਘਾ ਕਰਦੇ ਸਨ ਤੇ ਆਪਣੇ ਬੰਦਿਆਂ ਨੂੰ ਵੀ ਸੁਣਾਉਂਦੇ ਸਨ। ਲੱਖਾਂ ਲੋਕ ਏਥੇ ਇਸ਼ਨਾਨ ਕਰਨਗੇ ਤੇ ਇਹ ਇਕ ਵੱਡਾ ਤੀਰਥ ਹੋਵੇਗਾ, ਇਸ ਦੀ ਮਹਿਮਾਂ ਬਹੁਤ ਫੈਲੇਗੀ ਤੇ ਬਹੁਤ ਇਸਤਰੀ ਪੁਰਸ਼ ਇਸ ਨੂੰ ਵੇਖਣ ਆਉਣਗੇ॥ ੧੦॥

ਸ੍ਰੀ ਅੰਮ੍ਰਿਤਸਰ ਤੇ ਬਡੋ ਇਹ ਹੋਇ ਪ੍ਰਭਾਊ।
ਭਲੇ ਦੇਸ਼ ਮਹਿਂ ਬਨਜੋ ਬਰ ਮਾਨਵ ਸਮੁਦਾਊ'।
ਮੂਰਖ ਭਾਵੀ ਨਹਿਂ ਲਖਹਿ ਸਭਿ ਹੋਇ ਖੁਆਰੂ।
ਸੂਕਹਿ ਜਲ ਢਹਿ ਜਾਇਗੋ ਮੰਦਰ ਸਮ ਬਾਰੂ॥ ੧੧॥

ਸ੍ਰੀ ਅੰਮ੍ਰਿਤਸਰ ਨਾਲੋਂ ਵੀ ਇਸ ਦਾ ਵੱਡਾ ਪ੍ਰਭਾਵ ਹੋਵੇਗਾ। ਇਹ ਦੇਸ਼ ਵਿਚ ਸ੍ਰੇਸ਼ਟ ਬਣਿਆ ਹੈ ਤੇ ਸਾਰੇ ਲੋਕ ਇਸ ਨੂੰ ਮੰਨਣਗੇ। ਮੂਰਖ ਇਹ ਨਹੀਂ ਜਾਣਦਾ ਸੀ ਕਿ ਇਹ ਤਾਲ ਨਸ਼ਟ ਹੋ ਜਾਵੇਗਾ। ਤਾਲ ਦਾ ਜਲ ਸੁੱਕ ਜਾਵੇਗਾ ਤੇ ਮੰਦਰ ਰੇਤ ਦੇ ਘਰ ਵਾਂਗ ਢਹਿ ਜਾਵੇਗਾ॥ ੧੧॥

Sri Satguru Jagjit Singh Ji eLlibrary NamdhariElibrary@gmail.com

ਬਿਨ ਅਜ਼ਮਤ ਜਾਨਹਿ ਕੁਤੋ ਕਜਾ ਹੋਇ ਅਗਾਰੀ।
ਗਜਾਨ ਬਿਲੋਚਨ ਉਰ ਨਹੀ ਅੰਧੇ ਦੁਖ ਭਾਰੀ।
ਕੋਇ ਕੋਇ ਸਿਖ ਤਿਸੀ ਕੋ ਚਲਿ ਕਰਿ ਤਹਿਂ ਆਵੈ।
ਕਰਿ ਸਨਮਾਨ ਬਖਾਨਤੋ 'ਜੋ ਨਰ ਸਰ ਨ੍ਹਾਵੈ॥ ੧੨॥

ਕਰਾਮਾਤ ਤੋਂ ਬਗੈਰ ਕਿਵੇਂ ਜਾਣ ਸਕਦਾ ਸੀ ਕਿ ਅੱਗੇ ਕੀ ਹੋਵੇਗਾ? ਹਿਰਦੇ ਵਿਚ ਗਿਆਨ ਰੂਪੀ ਅੱਖਾਂ ਨਹੀਂ ਹਨ, ਗਿਆਨ ਵਿਹੂਣਾ ਅੰਨ੍ਹਾ ਭਾਰੀ ਦੁਖ ਪਾਉਂਦਾ ਹੈ। ਉਸ ਦਾ ਕੋਈ-ਕੋਈ ਸਿੱਖ ਚਲ ਕੇ ਆਉਂਦਾ ਸੀ। ਉਨ੍ਹਾਂ ਦਾ ਸਨਮਾਨ ਕਰਕੇ ਪ੍ਰਿਥੀਆ ਕਹਿੰਦਾ ਸੀ, "ਜਿਹੜਾ ਵੀ ਮਨੁੱਖ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ॥ ੧੨॥

ਮਨ ਬਾਂਛਤਿ ਫਲ ਪਾਇ ਹੈ ਸਭਿ ਪਾਪ ਉਤਾਰੇ'।
ਇੱਤਜਾਦਿਕ ਮਹਿਮਾ ਮਹਾਂ ਨਰ ਮਿਲਹਿਂ ਉਚਾਰੇ।
ਜਤਨ ਕਰਤਿ ਬਹੁ ਭਾਂਤਿ ਕੇ ਹਾਰਜੋ ਦੁਖ ਪਾਏ।
ਮੇਲਾ ਲਗਜੋ ਨ ਤਾਲ ਕੋ ਨਹਿਂ ਭੇ ਸਮਦਾਏ॥ ੧੩॥

ਉਹ ਮੂੰਹ ਮੰਗਿਆ ਫਲ ਪਾਵੇਗਾ ਤੇ ਉਸ ਦੇ ਸਭ ਪਾਪ ਉੱਤਰ ਜਾਣਗੇ" ਇੱਤਿਆਦਿ ਮਹਿਮਾ ਮਨੁੱਖਾਂ ਨੂੰ ਮਿਲ ਕੇ ਕਹਿੰਦਾ ਸੀ। ਬਹੁਤ ਪ੍ਰਕਾਰ ਦੇ ਯਤਨ ਕੀਤੇ ਪਰ ਹਾਰ ਕੇ ਦੁਖ ਪਾਇਆ। ਤਾਲ ਤੇ ਕੋਈ ਮੇਲਾ ਨਾ ਲਗਿਆ ਤੇ ਕੋਈ ਇਕੱਠ ਨਾ ਹੋਇਆ॥ ੧੩॥

ਸੁਧਾਸਰੋਵਰ ਸੰਗਤਾਂ ਨਿਤਪ੍ਰਤਿ ਬਹੁ ਆਵੈਂ।
ਕਰਹਿਂ ਸ਼ਨਾਨ ਸਭਾਵਨੀ ਮਨ ਬਾਂਛਤਿ ਪਾਵੈਂ।
ਸ਼ੁਭ ਦਿਨ ਮੇਲਾ ਨਰਨਿ ਕੋ ਮਿਲਿ ਜਾਇਂ ਹਜ਼ਾਰੋ।
ਚਾਰਹੁਂ ਦਿਸ਼ਿ ਤੇ ਆਵਤੇ ਬਹੁ ਦੇ ਉਪਹਾਰੋ॥ ੧੪॥

ਦੂਸਰੇ ਪਾਸੇ ਅੰਮ੍ਰਿਤ ਸਰੋਵਰ ਤੇ ਸੰਗਤਾਂ ਨਿਤਾਪ੍ਰਤੀ ਆਉਂਦੀਆਂ ਸਨ। ਸਰੋਵਰ ਤੇ ਇਸ਼ਨਾਨ ਕਰਦੀਆਂ ਸਨ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਸਨ। ਪੁਰਬ ਵਾਲੇ ਦਿਨ ਹਜ਼ਾਰਾਂ ਲੋਕ ਇਕੱਠੇ ਹੁੰਦੇ ਹਨ ਤੇ ਵੱਡਾ ਮੇਲਾ ਲਗਦਾ ਹੈ। ਚਾਰਾਂ ਪਾਸਿਆਂ ਤੋਂ ਲੋਕ ਆਉਂਦੇ ਸਨ ਤੇ ਬਹੁਤ ਉਪਹਾਰ ਪੇਸ਼ ਕਰਦੇ ਸਨ॥ ੧੪॥

ਜਰਹਿ ਰਿਦੇ ਮੈਂ ਜਰਹਿ ਨਹਿਂ ਸੁਨਿ ਚਿੰਤ ਰਖੰਤਾ।
ਪਚ ਹਾਰਜੋ ਮਹਿਮਾ ਕਹਤਿ ਓੜਕ ਪਛੁਤੰਤਾ।
ਪ੍ਰਿਥੀਏ ਕੇ ਸਿਖ ਰੰਕ ਜੇ ਕਬਿ ਕਬਿ ਚਲਿ ਜਾਵੈਂ।
ਆਇਂ ਬਿਨਾਂ ਉਤਸਾਹ ਤੇ ਬਾਂਛਹਿ ਨਹਿਂ ਪਾਵੈਂ॥ ੧੫॥

ਪ੍ਰਿਥੀਆ ਹਿਰਦੇ ਵਿਚ ਸੜਦਾ ਸੀ, ਸੁਣ ਕੇ ਜਰਦਾ ਨਹੀਂ ਸੀ ਤੇ ਬੜੀ ਚਿੰਤਾ ਕਰਦਾ ਸੀ। ਮਹਿਮਾ ਕਹਿੰਦਾ-ਕਹਿੰਦਾ ਖਪ-ਖਪ ਕੇ ਹਾਰ ਗਿਆ। ਓੜਕ ਪਛਤਾਉਂਦਾ ਸੀ। ਪ੍ਰਿਥੀਏ ਪਾਸ ਜੇ ਕੋਈ ਗਰੀਬ ਸਿੱਖ ਕਦੀ-ਕਦੀ ਚਲ ਕੇ ਆ ਜਾਂਦਾ ਸੀ ਤਾਂ ਉਹ ਬਿਨਾਂ ਉਤਸ਼ਾਹ ਤੋਂ ਆਉਂਦਾ ਸੀ ਤੇ ਕੋਈ ਵੀ ਮੁਰਾਦ ਨਹੀਂ ਪਾਉਂਦਾ ਸੀ॥ ੧੫॥

ਸ੍ਰੀ ਅਰਜਨ ਕੀ ਸੰਗਤਾਂ ਅੰਮ੍ਰਿਤਸਰ ਜੈ ਹੈਂ।
ਮਿਲਹਿਂ ਮੇਖ ਸ਼ੰਕ੍ਰਾਂਤ ਕੋ ਧਰਿ ਸ਼ਰਧਾ ਨੈ ਹੈਂ।

ਮਨ ਬਾਂਛਤਿ ਕੋ ਪਾਵਤੇ ਨਿਤ ਅਤਿ ਉਤਸਾਹੂ।
ਦੁੰਦਭਿ ਅਲਪ ਨਫੀਰ ਗਨ ਬਾਜਤਿ ਧੁਨਿ ਤਾਂਹੂ॥ ੧੬॥

ਗੁਰੂ ਅਰਜਨ ਦੇਵ ਜੀ ਦੀ ਸੰਗਤ ਜਿਹੜੀ ਅੰਮ੍ਰਿਤਸਰ ਪਹੁੰਚਦੀ ਹੈ ਉਹ ਮੱਸਿਆ, ਸੰਗ੍ਰਾਂਦ ਨੂੰ ਇਕੱਠੀ ਹੁੰਦੀ ਤੇ ਬੜੀ ਸ਼ਰਧਾ ਨਾਲ ਸਰੋਵਰ ਵਿਚ ਇਸ਼ਨਾਨ ਕਰਦੇ ਸਨ। ਸਾਰੇ ਬੜੇ ਉਤਸ਼ਾਹ ਨਾਲ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਦੁਦੰਭੀਆਂ ਅਤੇ ਛੋਟੀਆਂ ਨਫੀਰੀਆਂ ਦੀ ਧੁੰਨ ਵੱਜਦੀ ਰਹਿੰਦੀ ਹੈ॥ ੧੬॥

ਬਜਹਿਂ ਰਬਾਬ ਮ੍ਰਿਦੰਗ ਗਨ ਸ਼ੰਖਨਿ ਕੇ ਸ਼ੋਰਾ।
ਗਾਵਹਿਂ ਰਾਗਨਿ ਮਹਿਂ ਸ਼ਬਦ ਫਿਰਿ ਕਰਿ ਚਹੁਂ ਓਰਾ।
ਜਾਮ ਤ੍ਰਿਜਾਮਾ ਰਹੇ ਤੇ ਮੰਗਲ ਨਿਤ ਹੋਵੈ।
ਬਰਤਹਿ ਬਹੁਤ ਕਰਾਹ ਸਭਿ ਗੁਰ ਦਰਸ਼ਨ ਜੋਵੈਂ॥ ੧੭॥

ਰਬਾਬ ਅਤੇ ਮ੍ਰਿਦੰਗ ਵੱਜਦੇ ਹਨ, ਤੇ ਸੰਖ ਪੂਰਨ ਦਾਂ ਸ਼ੋਰ ਹੁੰਦਾ ਹੈ। ਰਾਗੀ ਚਾਰੇ ਪਾਸੇ ਫਿਰ ਕੇ ਸ਼ਬਦਾਂ ਦਾ ਗਾਇਣ ਕਰਦੇ ਹਨ। ਪਹਿਰ ਰਾਤ ਰਹਿੰਦਿਆਂ ਨਿੱਤ ਮੰਗਲ ਸ਼ੁਰੂ ਹੋ ਜਾਂਦਾ ਹੈ, ਬਹੁਤ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਤੇ ਗੁਰੂ ਜੀ ਦਰਸ਼ਨ ਦਿੰਦੇ ਹਨ॥ ੧੭॥

ਜਾਮ ਦਿਵਸ ਕੇ ਚੜ੍ਹੇ ਲੌ ਮੇਲਾ ਰਹਿ ਭਾਰੀ।
ਅਰਪਹਿਂ ਅਨਿਕ ਉਪਾਇਨਾ ਹੋਵਤਿ ਬਲਿਹਾਰੀ।
ਗਾਇਂ ਰਬਾਬੀ ਸ਼ਬਦ ਕੋ ਰਾਗਨਿ ਚਤੁਰਾਈ।
ਖਰੇ ਕਰਹਿਂ ਅਰਦਾਸ ਕੋ ਬਾਂਛਤਿ ਸਭਿ ਪਾਈ॥ ੧੮॥

ਪਹਿਰ ਦਿਨ ਲੰਘ ਜਾਣ ਤੇ ਭਾਰੀ ਮੇਲਾ ਲੱਗ ਜਾਂਦਾ ਹੈ, ਸੰਗਤਾਂ ਬਲਿਹਾਰ ਹੋ ਕੇ ਅਨੇਕ ਉਪਹਾਰ ਭੇਟ ਕਰਦੀਆਂ ਹਨ। ਰਾਗੀ ਬੜੀ ਚਤਰਾਈ ਨਾਲ ਰਾਗਾਂ ਵਿਚ ਸ਼ਬਦਾਂ ਦਾ ਗਾਇਣ ਕਰਦੇ ਹਨ, ਫਿਰ ਖੜੇ ਹੋ ਕੇ ਅਰਦਾਸ ਕਰਦੇ ਹਨ ਤੇ ਮਨ-ਇੱਛਤ ਫਲ ਪ੍ਰਾਪਤ ਕਰਦੇ ਹਨ॥ ੧੮॥

ਹੋਤਿ ਕੁਲਾਹਲ ਮਿਲਹਿਂ ਨਰ ਸਿਮਰਨ ਪ੍ਰਭੁ ਕੇਰਾ।
ਜੈ ਜੈਕਾਰ ਉਚਾਰਤੇ ਕਰਿ ਚਹੁਂਦਿਸ਼ਿ ਫੇਰਾ।
ਨਈ ਨਈ ਨਿਤ ਸੰਗਤਾਂ ਆਵਹਿਂ ਚਲਿ ਦੂਰੀ।
ਪ੍ਰੇਮ ਪਰਮ ਪੁਲਕਾਵਲੀ ਹੁਇ ਮਿਲਤਿ ਹਦੂਰੀ॥ ੧੯॥

ਜਦ ਸਾਰੇ ਮਨੁੱਖ ਮਿਲ ਕੇ ਪ੍ਰਭੂ ਦਾ ਸਿਮਰਨ ਕਰਦੇ ਹਨ ਤਾਂ ਬੜਾ ਰੌਲਾ ਪੈ ਜਾਂਦਾ ਹੈ। ਚਾਰੇ ਪਾਸੇ ਫਿਰ ਕੇ ਜੈ ਜੈ ਕਾਰ ਦਾ ਉਚਾਰਨ ਕਰਦੇ ਹਨ। ਦੂਰੋਂ-ਦੂਰੋਂ ਚਲ ਕੇ ਨਿੱਤ ਨਵੀਆਂ-ਨਵੀਆਂ ਸੰਗਤਾਂ ਆਉਂਦੀਆਂ ਹਨ। ਗੁਰੂ ਜੀ ਹਜ਼ੂਰ ਵਿਚ ਮਿਲ ਕੇ ਪਰਮ ਪ੍ਰੇਮ ਨਾਲ ਸਰੀਰ ਦੇ ਰੋਮ-ਰੋਮ ਖੜੇ ਹੋ ਜਾਂਦੇ ਹਨ॥ ੧੯॥

ਕੇਤਿਕ ਉਤਸਵ ਦੇਖਿ ਕੈ ਪ੍ਰਿਥੀਏ ਢਿਗ ਜਾਵੈਂ।
ਮੰਗਲ ਸਗਲ ਸੁਨਾਵਤੇ ਬਹੁ ਬਿਧਿ ਗੁਨ ਗਾਵੈਂ।
'ਅਧਿਕ ਦਰਬ ਆਵਹਿਂ ਚਲਜੋ ਗਿਨਤੀ ਕੁਛ ਨਾਂਹੀ।
ਦੇਨਿ ਲੇਨਿ ਅਤਿ ਹੋਤਿ ਹੈ ਸ਼੍ਰੀ ਅਰਜਨ ਤਾਂਹੀ॥ ੨੦॥

Sri Satguru Jagjit Singh Ji eLlibrary NamdhariElibrary@gmail.com

ਕਈ ਸਿੱਖ ਅੰਮ੍ਰਿਤਸਰ ਦਾ ਉਤਸਵ ਵੇਖ ਕੇ ਪ੍ਰਿਥੀਏ ਦੇ ਪਾਸ ਜਾਂਦੇ ਹਨ, ਅੰਮ੍ਰਿਤਸਰ ਵਿਚ ਹੋ ਰਹੇ ਅਨੰਦ ਮੰਗਲ ਬਾਰੇ ਉਸਨੂੰ ਸੁਣਾਉਂਦੇ ਹਨ ਅਤੇ ਕਈ ਪ੍ਰਕਾਰ ਦੇ ਗੁਣ ਗਾਉਂਦੇ ਸਨ, "ਬਹੁਤ ਧਨ ਆਉਂਦਾ ਹੈ, ਜਿਸ ਦੀ ਕੋਈ ਗਿਣਤੀ ਨਹੀਂ ਕੀਤੀ ਜਾ ਸਕਦੀ। ਗੁਰੂ ਅਰਜਨ ਦੇਵ ਜੀ ਵਲੋਂ ਸਭ ਦੇਣ ਲੈਣ ਹੁੰਦਾ ਹੈ॥ ੨੦॥

ਤੁਮ ਦਿਖ ਭਾਗ ਹਜ਼ਾਰਵੋਂ ਆਇ ਨ ਧਨ ਕੋਈ।
ਸੰਗਤਿ ਦੇਸ਼ ਬਿਦੇਸ਼ ਤੇ ਭਰਿ ਭੀਰਹਿ ਸੋਈ।
ਕੋ ਕੋ ਮੰਗਲ ਤਿਨਹੁ ਕੇ ਤੁਮ ਨਿਕਟ ਸੁਨਾਵੈਂ।
ਦਿਨਪ੍ਰਤਿ ਲਖਮੀ ਬਰਖਤੀ ਸਭਿ ਅਨੰਦ ਉਪਾਵੈਂ॥ ੨੧॥

ਤੇਰੇ ਪਾਸ ਤਾਂ ਉਸ ਦਾ ਹਜ਼ਾਰਵਾਂ ਹਿੱਸਾ ਵੀ ਧਨ ਨਹੀਂ ਆਉਂਦਾ, ਓਥੇ ਦੇਸ਼ਾਂ ਵਿਦੇਸ਼ਾਂ ਦੀ ਸੰਗਤ ਨਾਲ ਭੀੜ ਭਰੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਕਿਹੜੇ-ਕਿਹੜੇ ਮੰਗਲ ਤੇਰੇ ਪਾਸ ਸੁਣਾਈਏ। ਪ੍ਰਤੀ ਦਿਨ ਲੱਛਮੀ ਦੀ ਵਰਸ਼ਾ ਹੁੰਦੀ ਹੈ ਤੇ ਸਾਰੇ ਆਨੰਦ ਪਾਉਂਦੇ ਹਨ॥ ੨੧॥

ਇਕ ਆਵਤਿ, ਇਕ ਜਾਤਿ ਹੈਂ, ਇਕ ਕੀਨਸਿ ਡੇਰਾ।
ਇਕ ਦਰਸ਼ਨ ਕਹੁ ਦਰਸਤੇ ਦੇ ਦਰਬ ਘਨੇਰਾ।
ਏਕ ਸੁਨਤਿ ਰਾਗਨਿ ਸ਼ਬਦਿ, ਇਕ ਆਪੇ ਗਾਵੈਂ।
ਏਕ ਪ੍ਰਕਰਮਾਂ ਦੇਤਿ ਹੈਂ, ਇਕ ਸੀਸ ਨਿਵਾਵੈਂ॥ ੨੨॥

ਇਕ ਆਉਂਦਾ ਇਕ ਜਾਂਦਾ ਹੈ ਤੇ ਇਕ ਓਥੇ ਹੀ ਰਹਿ ਪੈਂਦਾ ਹੈ ਕਈ ਬਹੁਤ ਧਨ ਦੇ ਕੇ ਦਰਸ਼ਨ ਕਰਦੇ ਹਨ। ਕਈ ਰਾਗੀਆਂ ਪਾਸੋਂ ਸ਼ਬਦ ਸੁਣਦੇ ਹਨ ਤੇ ਕਈ ਆਪ ਹੀ ਸ਼ਬਦ ਗਾਇਣ ਕਰਦੇ ਹਨ। ਕਈ ਪਰਕਰਮਾਂ ਕਰਦੇ ਹਨ ਤੇ ਕਈ ਮੱਥਾ ਟੇਕਦੇ ਹਨ॥ ੨੨॥

ਇਕ ਕਰਤੇ ਇਸ਼ਨਾਨ ਕੋ ਕਰਿ ਅਦਬ ਉਦਾਰਾ।
ਇਕ ਕੀਰਤਿ ਮੁਖ ਤੇ ਕਰਤਿ 'ਗੁਰ ਅਰਜਨ ਭਾਰਾ'।
ਏਕ ਟਹਿਲ ਕੋ ਕਰਤਿ ਹੈਂ, ਇਕ ਬਰ ਕੋ ਲੇਵੈਂ।
ਇਕ ਸੁਤ ਬਿਤ ਕੋ ਪਾਵਤੇ ਪਗ ਪੰਕਜ ਸੇਵੈਂ॥ ੨੩॥

ਕਈ ਬੜੇ ਆਦਰ ਨਾਲ ਇਸ਼ਨਾਨ ਕਰਦੇ ਹਨ, ਕਈ ਗੁਰੂ ਅਰਜਨ ਦੇਵ ਜੀ ਦੀ ਮੁਖ ਤੇ ਕੀਰਤੀ ਕਰਦੇ ਹਨ। ਕਈ ਟਹਿਲ ਸੇਵਾ ਕਰਦੇ ਹਨ ਤੇ ਕਈ ਵਰ ਪ੍ਰਾਪਤ ਕਰਦੇ ਹਨ। ਕਈ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਪੁੱਤਰ ਪਤਨੀ ਪਾਉਂਦੇ ਹਨ॥ ੨੩॥

ਗੁਰਤਾ ਭਾਸਹਿ ਬਿਦਤ ਤਹਿੰ ਜੈਕਾਰ ਉਚਾਰੈਂ।
ਕੀਰਤ ਅਤਿ ਬਿਸਤਰਤਿ ਹੈ ਬੁਧਿ ਗਜਾਨ ਬਿਚਾਰੈਂ।
ਇੱਤਜਾਦਿਕ ਨਰ ਆਇ ਕੈ ਬਿਰਤਾਂਤ ਸੁਨਾਵੈਂ।
ਸੁਨਿ ਸੁਨਿ ਪ੍ਰਿਥੀਆ ਬਹੁ ਖਿਝਹਿ ਮਨ ਮਹਿੰ ਪਛੁਤਾਵੈ॥੨੪॥

ਓਥੇ ਗੁਰਤਾ ਪਰਗਟ ਹੋਈ ਹੈ, ਜੈ ਜੈ ਕਾਰ ਉਚਾਰਨ ਕਰਦੇ ਹਨ। ਕੀਰਤੀ ਦਾ ਬਹੁਤ ਵਿਸਥਾਰ ਹੈ ਤੇ ਬੁੱਧੀ ਗਿਆਨ ਤੇ ਵਿਚਾਰ ਕਰਦੇ ਹਨ।" ਇਤਿਆਦਿ ਮਨੁੱਖ ਆ ਕੇ ਪ੍ਰਿਥੀਏ ਨੂੰ ਗੁਰੂ ਅਰਜਨ ਦੇਵ ਜੀ ਬਾਰੇ ਦੱਸਦੇ ਸਨ। ਸੁਣ-ਸੁਣ ਕੇ ਪ੍ਰਿਥੀਆ ਬਹੁਤ ਖਿੱਝਦਾ ਸੀ ਤੇ ਮਨ ਵਿਚ ਪਛੁਤਾਉਂਦਾ ਸੀ॥੨੪॥

ਅਪਨੋ ਸ੍ਰਮ ਜੇਤੋ ਕਰਯੋ ਸਭਿ ਬਾਦ ਪਛਾਨੈ।
ਲਾਖਹੁੰ ਧਨ ਕੋ ਖਰਚ ਭਾ ਬੇਅਰਥ ਸੁਮਾਨੈ।
ਲਘੁਤਾ ਮੋਕਹੁ ਇਹੁ ਨਈ ਦੁਖਦਾਯਕ ਹੋਈ।
ਸਭਿ ਜਾਨਹਿੰਗੇ 'ਗੁਰ ਨਹੀਂ,' ਸਰ ਬਸਯੋ ਨ ਕੋਈ॥ ੨੫॥

ਆਪ ਜਿੰਨੀ ਮਿਹਨਤ ਕੀਤੀ ਹੈ, ਉਸ ਨੂੰ ਵਿਅਰਥ ਪਛਾਣਦਾ ਹੈ, ਲੱਖਾਂ ਦਾ ਖਰਚਿਆ ਧਨ ਫਜ਼ੂਲ ਵਿਚ ਚਲੇ ਗਿਆ ਮੰਨਦਾ ਹੈ। ਸੋਚਦਾ ਸੀ। ਮੈਨੂੰ ਇਹ ਛੋਟੇਪਨ ਦਾ ਨਵਾਂ ਦੁਖ ਲੱਗਾ ਹੈ, ਸਾਰੇ ਇਹ ਜਾਣਨਗੇ ਕਿ ਇਹ ਗੁਰੂ ਨਹੀਂ ਹੈ, ਇਸ ਪਾਸੋਂ ਸਰੋਵਰ ਨਹੀਂ ਵਸਿਆ ਹੈ॥ ੨੫॥

ਮੇਲਾ ਲਗਯੋ ਨ ਪੁਰਬ ਕੇ ਨਰ ਬਿੰਦ ਨ ਆਵੈਂ।
ਮਹਿਮਾ ਨਹਿਂ ਬਿਸਤ੍ਰਿਤਿ ਭਈ ਨਹਿਂ ਸ਼ਰਧਾ ਲਯਾਵੈਂ।
ਬਡ ਉਦਾਰਤਾ ਮੈਂ ਕਰੀ ਖਰਚਯੋ ਧਨ ਭਾਰੀ।
ਅਲਪ ਦਿਨਨਿ ਮਹਿਂ ਬ੍ਰਿੰਦ ਨਰ ਲਗਿ ਕੀਨਸਿ ਤਯਾਰੀ॥੨੬॥

ਪੁਰਬਾਂ ਦੇ ਸਮੇਂ ਕੋਈ ਮੇਲਾ ਨਹੀ ਲੱਗਾ ਹੈ ਤੇ ਮਨੁੱਖ ਇਕੱਠੇ ਹੋ ਕੇ ਨਹੀਂ ਆਉਂਦੇ ਹਨ। ਮੇਰੀ ਮਹਿਮਾ ਵਿਸਤ੍ਰਿਤ ਨਹੀਂ ਹੋਈ ਤਾਂ ਹੀ ਕੋਈ ਸ਼ਰਧਾ ਨਹੀਂ ਲਿਆਉਂਦਾ ਹੈ। ਮੈਂ ਵੱਡੀ ਖੁਲ੍ਹਦਿਲੀ ਵਰਤੀ ਤੇ ਭਾਰੀ ਧਨ ਖਰਚ ਕਰ ਦਿੱਤਾ। ਥੋੜ੍ਹੇ ਦਿਨਾਂ ਵਿਚ ਹੀ ਬਹੁਤ ਮਜ਼ਦੂਰ ਲਾ ਕੇ ਤਿਆਰ ਕਰਵਾਇਆ ਹੈ॥ ੨੬॥

ਸੁੰਦਰ ਬਨਯੋ ਤੜਾਗ ਬਡ ਨਹਿਂ ਕੀਮਤਿ ਜਾਨੀ।
ਯਾਂਤੇ ਸੰਗਤਿ ਆਇ ਨਹਿਂ, ਨਹਿਂ ਸ਼ਰਧਾ ਠਾਨੀ।
ਦਰਬ ਲਗਾਯਹੁ ਜਿਤਿਕ ਮੈਂ ਲਾਖਹੁੰ ਲਗਿ ਯਾ ਮੈ।
ਪੂਜਾ ਮਹਿਂ ਨਹਿਂ ਤਿਤਿਕ ਹੁਇ ਬੀਸਕ ਬਰਸਾ ਮੈਂ॥ ੨੭॥

ਤਾਲਾਬ ਬੜਾ ਸੁੰਦਰ ਬਣਿਆ ਹੈ, ਪਰ ਇਸ ਦੀ ਕਿਸੇ ਨੇ ਕਦਰ ਨਹੀਂ ਜਾਣੀ ਹੈ, ਇਸ ਕਰਕੇ ਸੰਗਤ ਆਉਂਦੀ ਨਹੀਂ ਹੈ ਅਤੇ ਨਾ ਹੀ ਸ਼ਰਧਾ ਧਾਰਨ ਕਰਦੇ ਹਨ। ਮੈਂ ਇਸ ਦੀ ਉਸਾਰੀ 'ਤੇ ਲੱਖਾਂ ਰੁਪਈਆਂ ਦਾ ਧਨ ਖਰਚ ਕੀਤਾ ਹੈ। ਓਨਾ ਧਨ ਪੂਜਾ ਵਿਚ ਵੀਹ ਸਾਲਾਂ ਤਕ ਵੀ ਇਕੱਠਾ ਨਹੀਂ ਹੋ ਸਕਦਾ ਹੈ॥ ੨੭॥

ਇਮ ਪ੍ਰਿਥੀਆ ਨਿਤਪ੍ਰਤਿ ਚਿਤਹਿ ਚਿੰਤਾ ਚਿਤ ਮਾਂਹੀ।
ਕੀਰਤਿ ਸੁਨਹਿ ਸ਼ਰੀਕ ਕੀ ਨਿਸ ਦਿਨ ਸੁਖ ਨਾਂਹੀ।
ਸੁਲਹੀ ਸੋਂ ਕਬਿ ਕਬਿ ਮਿਲੈ ਦੁਖ ਕਹਤਿ ਸੁਨਾਵੈ।
'ਜਬ ਦਿੱਲੀ ਪੁਰਿ ਚਲਹੁ ਗੇ ਕਾਰਜ ਬਨ ਜਾਵੈ॥ ੨੮॥

ਇਸ ਤਰ੍ਹਾਂ ਪ੍ਰਿਥੀਆ ਸਦਾ ਚਿੱਤ ਵਿਚ ਚਿੰਤਾ ਨਾਲ ਸੜਦਾ ਰਹਿੰਦਾ ਸੀ। ਆਪਣੇ ਸ਼ਰੀਕ ਦੀ ਕੀਰਤੀ ਸੁਣ ਕੇ ਦਿਨ ਰਾਤ ਸੁਖ ਨਸੀਬ ਨਹੀਂ ਸੀ ਹੁੰਦਾ। ਸੁਲਹੀ ਨੂੰ ਕਦੀ-ਕਦੀ ਮਿਲਦਾ ਸੀ ਤੇ ਆਪਣਾ ਦੁਖ ਕਹਿ ਕੇ ਸੁਣਾਉਂਦਾ ਸੀ। "ਜਦ ਦਿੱਲੀ ਚਲੋਗੇ ਤਾਂ ਮੇਰਾ ਕਾਰਜ ਬਣ ਜਾਵੇਗਾ॥ ੨੮॥

ਜਾਵਤਿ ਗਾਦੀ ਗੁਰੂ ਕੀ ਸ਼੍ਰੀ ਅਰਜਨ ਪਾਹੀ।
ਤਾਵਤਿ ਮਮ ਕੀਰਤਿ ਕਹਾਂ, ਪੂਜਾ ਹੁਇ ਨਾਂਹੀ।

ਅਜ਼ਮਤਿ ਹੋਇ ਨ ਮੋਹਿ ਮਹਿਂ, ਨਹਿਂ ਸ਼ਰਧਾ ਧਾਰੈਂ।
ਆਇ ਨ ਬੰਦਨ ਕਰਤਿ ਹੈਂ, ਨਹਿਂ ਦੇਂ ਉਪਹਾਰੈਂ॥ ੨੯॥

ਜਦ ਤਕ ਗੁਰੂ ਦੀ ਗੱਦੀ ਸ੍ਰੀ ਅਰਜਨ ਪਾਸ ਹੈ, ਤਦ ਤਕ ਮੇਰੀ ਕੀਰਤੀ ਕਿਥੇ ਹੋਣੀ ਹੈ ਅਤੇ ਪੂਜਾ ਵੀ ਨਹੀਂ ਹੋਣੀ ਹੈ। ਮੇਰੇ ਵਿਚ ਕਰਾਮਾਤ ਹੈ ਨਹੀਂ, ਇਸ ਕਰਕੇ ਸਿੱਖ ਸ਼ਰਧਾ ਨਹੀਂ ਧਾਰਦੇ। ਆ ਕੇ ਬੰਦਨਾ ਨਹੀਂ ਕਰਦੇ ਹਨ ਅਤੇ ਨਾ ਹੀ ਕੋਈ ਉਪਹਾਰ ਭੇਟ ਕਰਦੇ ਹਨ॥ ੨੯॥

ਤੋਹਿ ਕਰੇ ਤੇ ਮੋਹਿ ਕਹੁ ਬਡ ਬਧਹਿ ਪ੍ਰਤਾਪਾ।
ਸਿਖ ਸੰਗਤਿ ਸਭਿ ਆਇ ਹੈਂ ਕਰਿ ਹੈਂ ਮਮ ਜਾਪਾ।
ਜਬਿ ਲੌ ਦਿੱਲੀ ਜਾਇਕੇ ਗਹਿ ਲੇਤਿ ਨ ਤਾਂਹੀ।
ਤਬਿ ਲੌ ਮੇਰੋ ਸੁਖ ਕਹਾਂ, ਚਿੰਤਾ ਦੁਖ ਮਾਂਹੀ॥ ੩੦॥

ਤੇਰੇ ਕੀਤਿਆਂ ਹੀ ਮੇਰਾ ਵੱਡਾ ਪ੍ਰਤਾਪ ਵਧੇਗਾ, ਫਿਰ ਸਭ ਸੰਗਤਾਂ ਆਉਣਗੀਆਂ ਤੇ ਮੇਰੇ ਨਾਂ ਦਾ ਜਾਪ ਕਰਨਗੀਆਂ। ਜਦ ਤਕ ਦਿੱਲੀ ਜਾ ਕੇ ਇਸ ਨੂੰ ਫੜ ਨਹੀਂ ਲੈਂਦੇ, ਤਦ ਤਕ ਮੈਨੂੰ ਸੁੱਖ ਕਿਥੇ? ਚਿੰਤਾ ਦੇ ਦੁਖ ਵਿਚ ਸੜਦਾ ਰਹਾਂਗਾ॥ ੩੦॥

ਤੁਝ ਪ੍ਰਤਾਪ ਤੇ ਬਨ ਗਯੋ ਇਹ ਸੁੰਦਰ ਤਾਲਾ।
ਸਭਿ ਜਗ ਮਹਿਂ ਪਸਰਯੋ ਮਹਾਂ ਤੁਵ ਸੁਜਸੁ ਬਿਸਾਲਾ।
ਦੂਰ ਦੂਰ ਕੀ ਸੰਗਤਾਂ ਆਵਹਿਂ ਦਰਸੰਤੀ।
ਕੀਰਤਿ ਤੋਹਿ ਉਚਾਰਤੀ ਆਸੀਸ ਦਿਵੰਤੀ॥ ੩੧॥

ਤੇਰੇ ਪ੍ਰਤਾਪ ਕਰਕੇ ਇਹ ਸੁੰਦਰ ਤਾਲਾਬ ਬਣ ਗਿਆ ਹੈ, ਸਾਰੇ ਜਗਤ ਵਿਚ ਤੇਰਾ ਸ੍ਰੇਸ਼ਟ ਜੱਸ ਫੈਲਿਆ ਹੈ। ਦੂਰ ਦੂਰ ਤੋਂ ਸੰਗਤਾਂ ਆ ਕੇ ਦਰਸ਼ਨ ਕਰਦੀਆਂ ਹਨ, ਤੇਰੀ ਤਾਰੀਫ ਕਰਦੇ ਹਨ ਅਤੇ ਅਸੀਸਾਂ ਦਿੰਦੇ ਹਨ॥ ੩੧॥

ਬਧਯੋ ਪੁੰਨ ਤੇਰੋ ਮਹਾਂ ਗੁਰ ਕੇ ਘਰ ਮਾਂਹੀ।
ਹਲਤਿ ਪਲਤਿ ਸੁਧਰੇ ਦੁਊ ਜਮ ਕੋ ਦੁਖ ਨਾਹੀ।
ਤੁਵ ਸਮਾਨ ਤੁਰਕਨਿ ਬਿਖੇ ਦਿਖਿਯਤਿ ਨਹਿਂ ਕੋਈ।
ਧੰਨ ਮਾਤ ਪਿਤ ਜਨਯੋ ਜਿਨ ਉਧਰੇ ਸੇ ਦੋਈ॥ ੩੨॥

ਗੁਰ ਘਰ ਵਿਚ ਤੇਰਾ ਪੁੰਨ ਬਹੁਤ ਵਧਿਆ ਹੈ। ਲੋਕ ਪਰਲੋਕ ਦੋਵੇਂ ਸੁਧਰ ਗਏ ਅਤੇ ਜਮ ਵੀ ਤੈਨੂੰ ਦੁਖ ਨਹੀਂ ਦੇਣਗੇ ਤੇਰੇ ਵਰਗਾ ਤੁਰਕਾਂ ਵਿਚ ਹੋਰ ਕੋਈ ਨਹੀਂ ਵੇਖਿਆ ਹੈ। ਧੰਨ ਧੰਨ ਤੇਰੇ ਮਾਂ ਬਾਪ ਹਨ ਜਿਨ੍ਹਾਂ ਤੈਨੂੰ ਜਨਮ ਦਿੱਤਾ ਹੈ ਉਨ੍ਹਾਂ ਦੋਹਾਂ ਦਾ ਵੀ ਉਧਾਰ ਹੋ ਗਿਆ ਹੈ"॥ ੩੨॥

ਨਿਜ ਤਰੀਫ ਸੁਲਹੀ ਸੁਨੀ ਫੂਲਤਿ ਚਿਤ ਮਾਂਹੀ।
ਕਹਨਿ ਲਗਯੋ 'ਮੈਂ ਕਰੌਂਗੋ ਦਿੱਲੀ ਜਬਿ ਜਾਹੀਂ।
ਕੇਤਿਕ ਦਿਨ ਮਹਿਂ ਚਲਹਿਂ ਗੇ ਮਿਲਿ ਕਰਿ ਢਿਗ ਸ਼ਾਹੂ।
ਖੋਲਹਿਂ ਸਗਰੀ ਬਾਰਤਾ ਬਿਦਤਹਿ ਸਭਿ ਕਾਹੂ॥ ੩੩॥

ਸੁਲਹੀ ਆਪਣੀ ਤਾਰੀਫ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ। ਕਹਿਣ ਲੱਗਾ, "ਮੈਂ ਤੇਰਾ ਇਹ ਕੰਮ ਕਰਾਂਗਾ

ਜਦ ਦਿੱਲੀ ਜਾਵਾਂਗਾ। ਕੁਝ ਦਿਨਾਂ ਨੂੰ ਚੱਲਾਂਗੇ ਤੇ ਬਾਦਸ਼ਾਹ ਨੂੰ ਮਿਲ ਕੇ ਸਾਰੀ ਗੱਲਬਾਤ ਖੋਲ੍ਹਾਂਗੇ ਅਤੇ ਸਭ ਕੁਝ ਪਰਗਟ ਕਰਾਂਗੇ॥ ੩੩ ॥

ਗੁਰਤਾ ਤੁਝਕੋ ਦੇਯ ਹੈਂ ਬਹੁ ਕਰਿ ਬਡਿਆਈ।
ਸ੍ਰੀ ਅਰਜਨ ਕੋ ਲੇਹਿਂ ਗਹਿ, ਨਹਿਂ ਸਕਹਿ ਛੁਰਾਈ।
ਅਲਪ ਰਹਜੋ ਇਸ ਦੇਸ਼ ਕੋ ਧਨ ਸੰਚਜੋ ਸਾਰੋ।
ਕਈ ਲਾਖ ਅਰਪਨ ਕਰਹਿਂ ਢਿਗ ਸ਼ਾਹੁ ਉਦਾਰੋ॥ ੩੪ ॥

ਬਹੁਤ ਵਡਿਆਈ ਕਰਕੇ ਤੈਨੂੰ ਗੁਰਿਆਈ ਦਿਵਾਵਾਂਗਾ, ਸ੍ਰੀ ਅਰਜਨ ਦੇਵ ਨੂੰ ਫੜ ਲਵਾਂਗੇ, ਕੋਈ ਵੀ ਛੁਡਵਾ ਨਾ ਸਕੇਗਾ। ਜੋ ਰੁਪਿਆ ਦੇਸ਼ ਵਿਚੋਂ ਮੈਂ ਇਕੱਠਾ ਕਰਨ ਗਿਆ ਸੀ, ਸਾਰਾ ਇਕੱਠਾ ਕਰ ਲਿਆ ਹੈ, ਹੁਣ ਥੋੜ੍ਹਾ ਹੀ ਬਾਕੀ ਰਹਿ ਗਿਆ ਹੈ। ਕਈ ਲੱਖ ਧਨ ਬਾਦਸ਼ਾਹ ਨੂੰ ਅਰਪਣ ਕਰਾਂਗਾ॥ ੩੪ ॥

ਚਿੰਤਾ ਮੁਝ ਤੁਝ ਕਾਜ ਕੀ ਦਿਨ ਰੈਨ ਲਗੀ ਹੈ।
ਜਬਿ ਲੌ ਕਰੌਂ ਨ ਜਾਇਕੈ ਬੁਧਿ ਮੋਰ ਦਗੀ ਹੈ।
ਇਸ ਪ੍ਰਕਾਰ ਬਹੁ ਬਾਰ ਹੀ ਮਿਲਿ ਕਰਿ ਕਹਿਂ ਦੋਊ।
ਸ੍ਰੀ ਅਰਜਨ ਕੀਰਤਿ ਸੁਨਹਿਂ ਦੁਖ ਪ੍ਰਾਪਤਿ ਸੋਊ॥ ੩੫ ॥

ਮੈਨੂੰ ਤੇਰੇ ਕੰਮ ਦੀ ਦਿਨ ਰਾਤ ਚਿੰਤਾ ਲੱਗੀ ਰਹਿੰਦੀ ਹੈ, ਜਦ ਤਕ ਇਹ ਕੰਮ ਜਾ ਕੇ ਨਾ ਕਰਾਂਗਾ ਤਦ ਤਕ ਮੇਰੀ ਬੁਧੀ ਸੜ ਰਹੀ ਹੈ।" ਇਸ ਤਰ੍ਹਾਂ ਬਹੁਤ ਵਾਰ ਦੋਵੇਂ ਆਪਸ ਵਿਚ ਮਿਲਕੇ ਕਹਿੰਦੇ ਸੁਣਦੇ ਹਨ। ਸ੍ਰੀ ਅਰਜਨ ਦੇਵ ਦੀ ਕੀਰਤੀ ਸੁਣ ਕੇ ਦੁਖ ਪ੍ਰਾਪਤ ਕਰਦੇ ਹਨ॥ ੩੫ ॥

*ਤੀਸਰੀ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

## *ਅਧਿਆਇ ਚੌਵੀਵਾਂ*

### *ਭਾਈ ਗੁਰਦਾਸ ਤੇ ਪ੍ਰਿਥੀਏ ਦਾ ਸੰਬਾਦ*

ਦੋਹਰਾ- ਇਸ ਪ੍ਰਕਾਰ ਸੋਂ ਦੁਸ਼ਟਤਾ ਦੋਨਹੁ ਚਿਤ ਚਿਤਵੰਤਿ।
ਸ੍ਰੀ ਅਰਜਨ ਅਪਨੇ ਰਿਦੈ ਸਰਲ ਸੁਭਾਵ ਬ੍ਰਿਤੰਤ॥ ੧ ॥

ਇਸ ਪ੍ਰਕਾਰ ਦੋਵੇਂ ਚਿੱਤ ਵਿਚ ਦੁਸ਼ਟਤਾ ਬਾਰੇ ਸੋਚਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਸਦਾ ਆਪਣੇ ਹਿਰਦੇ ਵਿਚ ਸਰਲ ਸੁਭਾਅ ਵਰਤਦੇ ਹਨ॥ ੧ ॥

*ਨਿਸ਼ਾਨੀ ਛੰਦ*- ਹਮਰੇ ਪਿਤ੍ਰ ਕੋ ਪੁੱਤ੍ਰ ਹੈ ਪੁਨ ਬੈਸ ਬਿਸਾਲਾ।
ਨਿਕਸਜੋ ਪੁਰਿ ਤੇ ਉਜਰ ਕੈ ਤਜਿ ਗਯੋ ਦੁਖਾਲਾ।
ਅਪਜਸੁ ਬਿਖ ਕੇ ਦੈਨ ਕੋ ਸੁਨਿ ਸਹਿ ਨ ਸਕਜੋ ਹੈ।
ਆਪ ਕਿ ਉਪਾਵ ਨ ਕਛੁ ਬਨਜੋ [illegible] ਹੈ॥ ੨ ॥

Sri Satguru Jagjit Singh Ji eLlibrary NamdhariElibrary@gmail.com

ਸਾਡੇ ਪਿਤਾ ਦਾ ਪੁੱਤਰ ਫਿਰ ਉਮਰ ਵਿਚ ਵੱਡਾ ਹੈ, ਨਗਰ ਵਿਚੋਂ ਉੱਜੜ ਕੇ ਨਿਕਲ ਗਿਆ ਹੈ, ਦੁਖੀ ਹੋ ਕੇ ਨਗਰ ਛੱਡ ਗਿਆ, ਬਾਲਕ ਨੂੰ ਜ਼ਹਿਰ ਦੀ ਨਿੰਦਿਆ ਨੂੰ ਸੁਣ ਕੇ ਸਹਿ ਨਹੀਂ ਸਕਿਆ ਹੈ। ਜਦ ਹੋਰ ਕੋਈ ਉਪਾਅ ਨਹੀਂ ਬਣਿਆ ਹੈ ਉਠ ਕੇ ਚਲੇ ਜਾਣਾ ਹੀ ਠੀਕ ਸਮਝਿਆ ਹੈ॥ ੨॥

ਹਮਰੋ ਰਾਖਾ ਏਕ ਨਿਤ ਸ੍ਰੀ ਪ੍ਰਭੁ ਕਰਤਾਰਾ।
ਬੁਰੋ ਕੌਣ ਕਰਿ ਸਾਕ ਹੈ ਹੁਇ ਬੰਕ ਨ ਬਾਰਾ।
ਅਬਿ ਹਕਾਰ ਕਰਿ ਤਿਸੀ ਕਹੁ ਪਰਿ ਬਿਖੈ ਬਸਾਵੈਂ।
ਦੇਹਿਂ ਬਡਾਈ ਤਾਂਹਿ ਬਹੁ ਕਹਿ ਜਸ ਹਰਖਾਵੈਂ॥ ੩॥

ਸਾਡਾ ਤਾਂ ਇਕੋ ਹੀ ਰਾਖਾ ਪ੍ਰਭੂ ਕਰਤਾਰ ਹੈ, ਸਾਡਾ ਬੁਰਾ ਕੌਣ ਕਰ ਸਕਦਾ ਹੈ, ਵਾਲ ਵਿੰਗਾ ਨਹੀਂ ਹੋਵੇਗਾ। ਹੁਣ ਉਸ ਨੂੰ ਬੁਲਾ ਕੇ ਨਗਰ ਦੇ ਵਿਚ ਸਮਝਾਵਾਂਗੇ। ਉਸ ਨੂੰ ਬਹੁਤ ਵੱਡੀ ਵਡਿਆਈ ਦੇਵਾਂਗੇ, ਤੇ ਉਸਦਾ ਬਹੁਤ ਜਸ ਕਰਕੇ ਪ੍ਰਸੰਨ ਹੋਵਾਂਗੇ॥ ੩॥

ਉਜਰਜੋ ਵਹਿਰ ਜੁ ਫਿਰਤਿ ਹੈ ਹਮਰੀ ਭੀ ਨਿੰਦਾ।
'ਨਹੀਂ ਭ੍ਰਾਤ ਕੋ ਪਿਖਿ ਸਕੈਂ ਕਾਢਜੋ ਕਰਿ ਚਿੰਦਾ।
ਗੁਰਤਾ ਦੀਨੀ ਪਿਤਾ ਨੇ ਨਗਰੀ ਇਨ ਛੀਨੀ।
ਦੇਖ ਸਕਹਿਂ ਨਹਿਂ ਨਿਕਟ ਭੀ ਕਢਿ ਬਾਧਾ ਕੀਨੀ॥ ੪॥

ਜੇ ਉੱਜੜ ਕੇ ਬਾਹਰ ਫਿਰਦਾ ਹੈ ਤਾਂ ਸਾਡੀ ਵੀ ਨਿੰਦਿਆ ਹੁੰਦੀ ਹੈ। ਭਰਾ ਨੂੰ ਵੇਖ ਨਹੀਂ ਸਕਦੇ, ਚਿੰਤਾਤੁਰ ਹੋ ਕੇ ਕਢਿਆ ਹੈ। ਗੁਰਤਾ ਪਿਤਾ ਜੀ ਨੇ ਦਿੱਤੀ ਹੈ ਤੇ ਨਗਰੀ ਗੁਰੂ ਅਰਜਨ ਦੇਵ ਨੇ ਖੋਹ ਲਈ ਹੈ, ਉਸ ਨੂੰ ਨੇੜੇ ਵੀ ਵੇਖ ਨਹੀ ਸਕਦੇ, ਕੱਢ ਕੇ ਵਾਧਾ ਕੀਤਾ ਹੈ॥ ੪॥

ਤ੍ਰਿਸਕਾਰਜੋ ਬਡ ਭ੍ਰਾਤ ਕੋ ਕੀਨਿ ਨ ਸਨਮਾਨਾ।
ਧਨ ਕੇ ਲੋਭੀ ਗੁਰ ਭਏ ਇਸ ਬਿਧਿ ਤੇ ਜਾਨਾ।
ਇੱਤਯਾਦਿਕ ਨਰ ਭਨਤਿ ਹੈਂ ਸ੍ਰੀ ਗੁਰੂ ਬਿਚਾਰੀ।
'ਭੱਲੇ ਬੇਦੀ ਤ੍ਰਿਹੁਣ ਕੁਲ ਇਮ ਕਰਤਿ ਉਚਾਰੀ॥ ੫॥

ਵੱਡੇ ਭਰਾ ਨੂੰ ਧਿਰਕਾਰਿਆ ਹੈ, ਸਨਮਾਨ ਨਹੀਂ ਕੀਤਾ। ਇਸ ਦਾ ਮਤਲਬ ਗੁਰੂ ਜੀ ਆਪ ਹੀ ਲੋਭੀ ਹੋ ਗਏ, ਇਸ ਤਰ੍ਹਾਂ ਗੁਰੂ ਜੀ ਨੇ ਸਮਝਿਆ। ਇੱਤਿਆਦਿ ਲੋਕ ਕਹਿੰਦੇ ਹਨ, ਗੁਰੂ ਜੀ ਨੇ ਵਿਚਾਰ ਕੀਤੀ। ਭਲੇ, ਬੇਦੀ ਅਤੇ ਤ੍ਰਿਹਣ ਕੁਲ ਇੰਝ ਉਚਾਰਨ ਕਰਦੇ ਹਨ॥ ੫॥

ਹਮ ਪਰ ਅਵਗੁਨ ਧਰਤਿ ਹੈਂ ਨਹਿਂ ਭੇਵ ਲਖੰਤੇ।
ਯਾਂਤੇ ਲਯਾਵਨਿ ਉਚਿਤ ਹੈ ਅਪਜਸਹਿਂ ਮਿਟੰਤੇ'।
ਦਯਾਸਿੰਧੁ ਪੁਨ ਦਯਾ ਮਹਿਂ ਇਸ ਰੀਤਿ ਬਿਚਾਰੈਂ।
'ਵਹਿਰ ਫਿਰਤਿ ਦੁਖ ਪਾਇ ਹੈ ਯੁਤ ਸਭਿ ਪਰਵਾਰੈ'॥ ੬॥

ਸਾਡੇ ਤੇ ਦੋਸ਼ ਲਾਉਂਦੇ ਹਨ, ਅਸਲ ਭੇਦ ਨਹੀਂ ਸਮਝਦੇ, ਇਸ ਕਰਕੇ ਸਾਨੂੰ ਉਸ ਨੂੰ ਵਾਪਸ ਲਿਆਉਣਾ ਚਾਹੀਦਾ ਹੈ ਤਾਂ ਕਿ ਨਿੰਦਿਆ ਖਤਮ ਹੋ ਜਾਵੇ। ਦਇਆ ਦੇ ਸਾਗਰ ਭਾਵ ਗੁਰੂ ਅਰਜਨ ਦੇਵ ਨੇ ਫਿਰ ਦਇਆ ਵਿਚ ਇਹ ਰੀਤੀ ਵਿਚਾਰੀ ਕਿ ਬਾਹਰ ਫਿਰਦਾ ਸਾਰੇ ਪਰਿਵਾਰ ਸਹਿਤ ਦੁਖ ਪਾ ਰਿਹਾ ਹੈ॥੬॥

ਬਹੁਰ ਬਿਚਾਰਤਿ ਗੁਰੂ ਜੀ 'ਤੁਰਕਨਿ ਢਿਗ ਜਾਨਾ।
ਕਰਹਿ ਪੁਕਾਰ ਸੁ ਨਜਾਉਂ ਹਿਤ ਭਾ ਕਸ਼ਟ ਮਹਾਨਾ।
ਹਮ ਲਗਿ ਆਵਹਿੰਗੇ ਦੁਸ਼ਟ ਇਹ ਬਾਤ ਨ ਨੀਕੀ।
ਬਿਦਤਹਿ ਬਡੋ ਬਿਰੋਧ ਤਬਿ ਹੁਇ ਕੀਰਤਿ ਫੀਕੀ'॥ ੭॥

ਗੁਰੂ ਜੀ ਨੇ ਫਿਰ ਵਿਚਾਰ ਕਰਕੇ ਇਹ ਸਮਝ ਲਿਆ ਕਿ ਉਹ ਤੁਰਕਾਂ ਦੇ ਪਾਸ ਗਿਆ ਹੈ। ਉਹ ਨਿਆਂ ਵਾਸਤੇ ਮਹਾਨ ਕਸ਼ਟ ਪਾ ਕੇ ਪੁਕਾਰ ਕਰੇਗਾ, ਉਹ ਦੁਸ਼ਟ ਸਾਡੇ ਪਾਸ ਆਉਣਗੇ, ਇਹ ਗੱਲ ਚੰਗੀ ਨਹੀਂ ਹੈ। ਫਿਰ ਵੱਡਾ ਵਿਰੋਧ ਖੜਾ ਹੋ ਜਾਵੇਗਾ ਤੇ ਕੀਰਤੀ ਫਿੱਕੀ ਪੈ ਜਾਵੇਗੀ॥ ੭॥

ਇਤਨੇ ਕਾਰਨ ਰਿਦੇ ਮਹਿਂ ਸ੍ਰੀ ਗੁਰੂ ਬਿਚਾਰੇ।
ਨਿਸ਼ਚੈ ਕੀਨਸਿ ਇਹ ਮਤੋ 'ਅਬਿ ਤਿਸੈ ਹਕਾਰੇਂ'।
ਨਿਕਟ ਬੁਲਾਵਨਿ ਕੀਨਿ ਤਬਿ ਭਾਈ ਗੁਰਦਾਸੂ।
ਸਮੁਝਾਈ ਸਭਿ ਬਾਰਤਾ ਬੈਠਾਇ ਸੁ ਪਾਸੂ॥ ੮॥

ਇਹ ਸਾਰੇ ਕਾਰਨ ਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰੇ ਤੇ ਆਪਣਾ ਮਤਾ ਪੱਕਾ ਕਰ ਲਿਆ ਕਿ ਹੁਣ ਉਸ ਨੂੰ ਬੁਲਾਓ। ਫਿਰ ਭਾਈ ਗੁਰਦਾਸ ਨੂੰ ਆਪਣੇ ਪਾਸ ਬੁਲਾਇਆ ਅਤੇ ਪਾਸ ਬਿਠਾ ਕੇ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ॥ ੮॥

'ਭ੍ਰਾਤਾ ਪ੍ਰਿਥੀਆ ਹੇਹਰੀ, ਤਹਿਂ ਤੁਮ ਚਲਿ ਜਾਵੋ।
ਬਚਨ ਕਹਹੁ ਸਨਮਾਨ ਸੋਂ ਨਗਰੀ ਨਿਜ ਲਜਾਵੋ'।
ਆਇਂ ਉਪਾਇਨ ਅਨਿਕ ਬਿਧਿ ਧਨ ਵਸਤੁ ਮਹਾਨਾ।
ਸੋ ਸਭਿ ਤੁਝ ਕਉ ਅਰਪ ਹੈਂ ਬਰਤਹੁ ਹਮ ਸਾਨਾ॥ ੯॥

"ਭਰਾ ਪ੍ਰਿਥੀਆ ਹੇਹਰ ਪਿੰਡ ਵਿਚ ਰਹਿੰਦਾ ਹੈ, ਤੁਸੀਂ ਓਥੇ ਚਲ ਕੇ ਜਾਵੋ। ਸਨਮਾਨ ਦੇ ਬਚਨ ਕਹੋ ਤੇ ਉਸ ਨੂੰ ਆਪਣੀ ਨਗਰੀ ਵਿਚ ਲਿਆਵੋ। ਅਨੇਕ ਵਿਧੀਆਂ ਨਾਲ ਧਨ ਅਤੇ ਉਪਹਾਰ ਆਉਂਦੇ ਹਨ, ਉਹ ਸਾਰੇ ਤੁਹਾਨੂੰ ਅਰਪਨ ਕਰਦੇ ਹਾਂ, ਸਾਡੇ ਨਾਲ ਮਿਲ ਕੇ ਉਨ੍ਹਾਂ ਦੀ ਵਰਤੋਂ ਕਰੋ॥ ੯॥

ਤਜਹੁ ਬਿਰੋਧ ਸੁ ਕ੍ਰੋਧ ਕੋ ਬਡ ਕਲਹਾ ਮੂਲੰ।
ਹਮ ਨਹਿਂ ਰਾਖੈਂ ਭੇਦ ਕੋ ਨਿਤ ਤਵ ਅਨਕੂਲੰ।
ਹੁਇ ਨਿਸ਼ ਕਪਟ ਚਲੀਜੀਏ ਮਾਲਕ ਸਭਿ ਕੇਰੇ।
ਚਹਹੁ ਭਲਾ ਸਭਿਹੂੰਨਿ ਕੋ ਹਰਖਹੁ ਸੁਖ ਹੇਰੇ॥ ੧੦॥

ਵਿਰੋਧ ਅਤੇ ਕ੍ਰੋਧ ਨੂੰ ਛੱਡੋ ਜੋ ਵੱਡੀ ਕਲ੍ਹਾ ਦੇ ਮੂਲ ਹਨ। ਅਸੀਂ ਤੇਰੇ ਨਾਲ ਕੋਈ ਭੇਦ ਭਾਵਨਾ ਨਹੀਂ ਰੱਖਾਂਗੇ, ਤੇਰੀ ਆਗਿਆ ਅਨੁਸਾਰ ਚੱਲਾਂਗਾ। ਨਿਸ਼ਕਪਟ ਹੋ ਕੇ ਸਭ ਦੇ ਮਾਲਕ ਬਣ ਕੇ ਚਲੋ। ਸਾਰਿਆਂ ਦਾ ਭਲਾ ਚਾਹੋ ਤੇ ਪ੍ਰਸੰਨ-ਚਿੱਤ ਹੋ ਕੇ ਸੁਖੀ-ਸੁਖੀ ਰਹੋ॥ ੧੦॥

ਬਡ ਸਥਾਨ, ਅਬਿ ਹੂਜੀਏ ਉਰ ਸਰਲ ਸੁਭਾਊ।
ਅਵਗੁਨ ਅਲਪਨਿ ਕੇ ਤਜਹੁ ਰੱਛਹੁ ਸਭਿ ਕਾਊ।
ਤੁਵ ਆਇਸੁ ਮਹਿਂ ਸਭਿ ਚਲਹਿਂ ਹਮ ਆਦਿਕ ਜੇਤੇ।
ਕਲਹਿ ਕੁਟੰਬ ਕੀ ਕਲੀ ਨਹਿਂ ਕੀਜਹਿ ਚਿਤ ਚੇਤੇ॥ ੧੧॥

ਵੱਡੇ ਸਥਾਨ ਤੇ ਹੁਣ ਹੋ ਜਾਵੋ ਤੇ ਹਿਰਦੇ ਵਿਚ ਸਰਲ ਸੁਭਾਅ ਧਾਰਨ ਕਰੋ, ਛੋਟਿਆਂ ਦੇ ਔਗਣਾਂ ਨੂੰ ਛੱਡੋ ਅਤੇ ਸਭ ਦੀ ਰਖਿਆ ਕਰੋ। ਅਸੀਂ ਸਾਰੇ ਜਿੰਨੇ ਵੀ ਹਾਂ ਤੁਹਾਡੀ ਆਗਿਆ ਵਿਚ ਚੱਲਾਂਗੇ। ਪਰਿਵਾਰ ਵਿਚ ਕਲ੍ਹਾ ਚੰਗੀ ਨਹੀਂ ਹੁੰਦੀ, ਇਸ ਨੂੰ ਹੁਣ ਚਿੱਤ ਵਿਚ ਨਾ ਲਿਆਉ।

ਹਾਰੇ ਤੇ ਸੁਖ ਹੋਤਿ ਹੈ ਜੀਤੇ ਦੁਖ ਹੋਈ।
ਅਪਜਸੁ ਪਸਰਹਿ ਸਕਲ ਮਹਿਂ ਧਿਕ ਜੀਵਨ ਸੋਈ।
ਸਤਿਗੁਰ ਗਾਦੀ ਬਡੀ ਹੈ ਇਸ ਲਾਇਕ ਹੂਜੇ।
ਸਿਖ ਸੇਵਕ ਸਜਾਨੋ ਸੁਮਤਿ ਜਿਹ ਪਿਖਿ ਸਭਿ ਪੂਜੇ॥ ੧੨॥

ਹਾਰਨ ਨਾਲ ਸੁਖ ਹੁੰਦਾ ਹੈ, ਜਿੱਤਣ ਨਾਲ ਦੁਖ ਹੁੰਦਾ ਹੈ, ਜੇ ਸਾਰਿਆਂ ਵਿਚ ਨਿੰਦਿਆ ਪਸਰੇ ਤਾਂ ਉਹ ਜੀਵਨ ਧਿਰਕਾਰਨ ਯੋਗ ਹੈ। ਸਤਿਗੁਰੂ ਦੀ ਗੱਦੀ ਵੱਡੀ ਹੈ ਇਸ ਲਾਇਕ ਬਣੋ। ਸਿੱਖ ਸੇਵਕ ਬਹੁਤ ਸਿਆਣੇ ਅਤੇ ਸ੍ਰੇਸ਼ਟ ਮੱਤ ਵਾਲੇ ਹਨ, ਉਹ ਵੇਖ ਕੇ ਹੀ ਪੂਜਾ ਕਰਦੇ ਹਨ॥ ੧੨॥

ਪੁਨਿ ਪਰਲੋਕ ਬਿਸਾਲ ਸੁਖ ਸੁਭ ਗੁਨ ਤੇ ਹੋਵੈ।
ਦੋਨਹੁ ਥਲ ਮੁਖ ਊਜਲਾ ਦੁਖ ਕਬਹੁੰ ਨ ਜੋਵੈ।
ਇੱਤਯਾਦਿਕ ਸਮੁਝਾਇ ਕਰਿ ਭਾਈ ਗੁਰਦਾਸੁ॥
ਬਡੇ ਭ੍ਰਾਤ ਕੋ ਆਨੀਏ ਗਮਨਹੁ ਅਬਿ ਪਾਸੂ'॥ ੧੩॥

ਫਿਰ ਪਰਲੋਕ ਦਾ ਵਿਸ਼ਾਲ ਸੁਖ ਸ਼ੁਭ ਗੁਣਾਂ ਕਰਕੇ ਹੀ ਮਿਲਦਾ ਹੈ। ਦੋਵਾਂ ਸਥਾਨ ਤੇ ਮੁਖ ਉੱਜਲ ਹੁੰਦਾ ਹੈ ਅਤੇ ਦੁਖ ਕਦੀ ਵੀ ਤੰਗ ਨਹੀਂ ਕਰਦਾ। ਇਤਿਆਦਿ ਭਾਈ ਗੁਰਦਾਸ ਨੂੰ ਸਮਝਾ ਕੇ ਕਿਹਾ ਕਿ ਵੱਡੇ ਭਰਾ ਨੂੰ ਏਥੇ ਲਿਆਵੋ ਤੇ ਹੁਣ ਉਸ ਦੇ ਪਾਸ ਜਾਵੋ'॥ ੧੩॥

ਸੁਨਿ ਕਰਿ ਜੁਗ ਕਰ ਜੋਰ ਕਰਿ ਤਬਿ ਬਿਨੈ ਬਖਾਨੀ।
'ਸ੍ਰੀ ਗੁਰ ਜੀ ਮੈਂ ਜਾਇ ਹੌਂ ਆਇਸੁ ਕੋ ਮਾਨੀ।
ਲਖਹੁੰ ਪਰੰਤੁ ਨ ਆਇ ਹੈ ਗਨ ਅਵਗੁਨ ਧਾਰੀ।
ਭਲਾ ਭਨੈਂ ਸਮੁਝਹਿ ਬੁਰਾ ਸਭਿ ਸੁਮਤਿ ਬਿਸਾਰੀ'॥ ੧੪॥

ਇਹ ਸੁਣ ਕੇ ਭਾਈ ਗੁਰਦਾਸ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸ੍ਰੀ ਗੁਰੂ ਜੀ ਮੈਂ ਤੁਹਾਡੀ ਆਗਿਆ ਮੰਨ ਕੇ ਜਾਵਾਂਗਾ, ਪਰ ਮੈਂ ਵੀ ਜਾਣਦਾ ਹਾਂ, ਉਹ ਆਇਗਾ ਨਹੀਂ, ਜਿਸ ਨੇ ਅਨੇਕਾਂ ਔਗੁਣ ਧਾਰਨ ਕੀਤੇ ਹੋਏ ਹਨ। ਜੇ ਅਸੀਂ ਚੰਗਾ ਕਹਾਂਗੇ ਤਾਂ ਉਸ ਨੂੰ ਬੁਰਾ ਸਮਝੇਗਾ, ਉਸ ਨੇ ਸਾਰੀ ਅਕਲ ਹੀ ਵਿਸਾਰ ਦਿੱਤੀ ਹੈ"॥ ੧੪॥

ਇਮ ਕਹਿ ਕਰਿ ਪਗ ਕਮਲ ਪਰ ਨਿਜ ਸੀਸ ਲਗਾਯੋ।
ਪ੍ਰੇਮ ਸਹਤ ਬੰਦਤਿ ਭਯੋ ਚਲਿ ਬਾਹਰ ਆਯੋ।
ਕਿਤਿਕ ਦਾਸ ਨਿਜ ਸਾਥ ਲੇ ਮਗ ਕੀਨਿ ਪਿਆਨਾ।
ਕਿਤਿਕ ਦੇਰ ਮਹਿਂ ਗਯੋ ਚਲਿ ਹੇਹਰਿ ਜਿਸ ਥਾਨਾ॥ ੧੫॥

ਇਹ ਕਹਿ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸੀਸ ਧਰਿਆ, ਬੜੇ ਪ੍ਰੇਮ ਨਾਲ ਬੰਦਨਾ ਕਰਕੇ ਬਾਹਰ ਆ ਗਿਆ, ਕਈ ਸੇਵਕ ਆਪਣੇ ਨਾਲ ਲੈ ਲਏ ਤੇ ਰਸਤੇ-ਰਸਤੇ ਚਲ ਪਏ। ਕੁਝ ਸਮੇਂ ਬਾਅਦ ਓਥੇ ਪਹੁੰਚ ਗਏ ਜਿਥੇ ਹੇਹਰ ਪਿੰਡ ਵੱਸਦਾ ਸੀ॥ ੧੫॥

ਡੇਰਾ ਕੀਨਸਿ ਗ੍ਰਾਮ ਮਹਿਂ ਤਿਸ ਨਿਸ ਬਿਸਰਾਮਾ।
ਅਗਲੇ ਦਿਨ ਇਸ਼ਨਾਨ ਕਰਿ ਗਰ ਪਹਿਰਯੋ ਜਾਮਾ।
ਗਮਨਯੋ ਪ੍ਰਿਥੀਏ ਨਿਕਟ ਤਬਿ ਕਰਿ ਬੰਦਨ ਬੈਸਾ।
ਕਹਯੋ ਬ੍ਰਿਤੰਤ ਸ ਬੇਨਤੀ ਗੁਰ ਕੋ ਮਤਿ ਜੈਸਾ॥ ੧੬॥

ਪਿੰਡ ਵਿਚ ਡੇਰਾ ਕਰਕੇ ਰਾਤ ਓਥੇ ਵਿਸ਼ਰਾਮ ਕੀਤਾ। ਅਗਲੇ ਦਿਨ ਇਸ਼ਨਾਨ ਕਰਕੇ ਗਲ ਵਿਚ ਕਪੜੇ ਪਹਿਣੇ ਤੇ ਪ੍ਰਿਥੀਏ ਦੇ ਪਾਸ ਚਲੇ ਗਿਆ ਤੇ ਬੰਦਨਾ ਕਰਕੇ ਬੈਠ ਗਿਆ। ਫਿਰ ਜੋ ਕੁਝ ਵੀ ਗੁਰੂ ਜੀ ਨੇ ਕਿਹਾ ਸੀ, ਉਸ ਸਾਰੀ ਬੇਨਤੀ ਨੂੰ ਬਿਆਨ ਕਰ ਦਿੱਤਾ॥ ੧੬॥

'ਰਾਮਦਾਸ ਸ੍ਰੀ ਸਤਿਗੁਰੂ ਸੁਭ ਗੁਨ ਸਭਿ ਧਾਮੂ।
ਜਗਤ ਆਨ ਜਿਨ ਮਾਨਹੀ ਸਮਤਾ ਸ੍ਰੀ ਰਾਮੂ।
ਜੇਠੇ ਤਿਨ ਕੇ ਪੁੱਤ੍ਰ ਤੁਮ ਉੱਜਲ ਕੁਲ ਕੇਰੇ।
ਗਾਦੀ ਸ੍ਰੀ ਨਾਨਕ ਗੁਰੂ ਸਮ ਦੂਤੀ ਨ ਹੇਰੇ॥ ੧੭॥

"ਸਤਿਗੁਰੂ ਰਾਮਦਾਸ ਜੀ ਦਾ ਸ਼ੁਭ ਗੁਣਾਂ ਵਾਲਾ ਸ਼ੁਭ ਘਰ ਹੈ। ਜਗਤ ਦੇ ਲੋਕ ਜਿਸ ਨੂੰ ਰਾਮ ਦੇ ਬਰਾਬਰ ਮਹਾਨ ਮੰਨਦੇ ਹਨ, ਉਨ੍ਹਾਂ ਦੇ ਤੁਸੀਂ ਜੇਠੇ ਪੁੱਤਰ ਅਤੇ ਤੁਹਾਡੀ ਉੱਜਲ ਕੁੱਲ ਹੈ। ਗੁਰੂ ਨਾਨਕ ਦੇਵ ਜੀ ਦੀ ਗੱਦੀ ਵਰਗੀ ਹੋਰ ਕੋਈ ਦੂਜੀ ਨਹੀ ਵੇਖੀ ਹੈ॥ ੧੭॥

ਮਹਾਂ ਪੁਰਖ ਸਤਿਗੁਰ 'ਅਮਰ' ਅਜ਼ਮਤ ਕੇ ਪੂਰੇ।
ਆਨ ਨ ਸਮਸਰ ਜਿਨਹੁਂ ਕੇ ਗਜਾਨੀ ਗੁਨ ਰੂਰੇ।
ਸੋ ਤੁਮ ਜਨਨੀ ਕੇ ਪਿਤਾ ਗੁਰਤਾ ਜਿਨ ਦੀਨੀ।
ਨਾਨਕ ਦਾਦਕ ਦੁਊ ਕੁਲ ਉੱਜਲ ਜਗ ਚੀਨੀ॥ ੧੮॥

ਮਹਾਂਪੁਰਖ ਸਤਿਗੁਰੂ ਅਮਰਦਾਸ ਪੂਰਨ ਕਰਾਮਾਤ ਵਾਲੇ ਸਨ, ਉਨ੍ਹਾਂ ਦੇ ਬਰਾਬਰ ਹੋਰ ਕੋਈ ਸੁੰਦਰ ਗੁਣਾਂ ਵਾਲਾ ਗਿਆਨੀ ਨਹੀਂ ਹੈ। ਉਹ ਤੁਹਾਡੇ ਮਾਤਾ ਜੀ ਦੇ ਪਿਤਾ ਹਨ, ਜਿਨ੍ਹਾਂ ਨੇ ਗੁਰਤਾ ਦਿੱਤੀ, ਨਾਨਕੇ ਦਾਦਕੇ ਦੋਵੇਂ ਕੁੱਲਾਂ ਜੱਗ ਵਿਚ ਉੱਜਲ ਜਾਣੀਆਂ॥ ੧੮॥

ਉਚਿਤ ਤਿਨਹੁ ਕੇ ਕਰਮ ਸ਼ੁਭ ਚਹਿਯਤਿ ਤੁਮ ਹੀ ਕੋ।
ਜਿਨ ਕੋ ਜਗਤ ਸਰਾਹਿ ਹੀ ਅਸ ਕਰੀਅਹਿ ਨੀਕੋ।
ਸੋਢਿ ਬੰਸ ਮਹਿਂ ਜਨਮ ਹੈ ਛੱਤ੍ਰੀ ਬਡਬਾਹੂ।
ਤੁਰਕਨਿ ਆਗੈ ਬੇਨਤੀ ਹਤਿ ਹੁਇ ਉਤਸਾਹੂ॥ ੧੯॥

ਉਨ੍ਹਾਂ ਦਾ ਇਕ ਕੰਮ ਉਚਿਤ ਹੈ ਕਿ ਤੁਹਾਡਾ ਉਹ ਚੰਗਾ ਚਾਹੁੰਦੇ ਹਨ, ਜਿਸ ਗੱਲ ਦੀ ਜਗਤ ਸਰਾਹਣਾ ਕਰੇ ਉਹੀ ਕੰਮ ਕਰਨਾ ਚੰਗਾ ਹੈ। ਤੁਸੀਂ ਸੋਢੀ ਬੰਸ ਵਿਚ ਜਨਮ ਲਿਆ ਹੈ, ਵੱਡੀਆਂ ਬਾਹਾਂ ਵਾਲੇ ਵੱਡੇ ਖੱਤਰੀ ਸੂਰਮੇ ਹੋ, ਤੁਰਕਾਂ ਅੱਗੇ ਬੇਨਤੀ ਕਰਨ ਲਈ ਉਤਸ਼ਾਹਿਤ ਹੋਦੇ ਹੋ॥ ੧੯॥

ਯਾਂਤੇ ਸ੍ਰੀ ਅਰਜਨ ਗੁਰੂ ਬਹੁ ਕਰਿ ਸਨਮਾਨਾ।
ਕਰਯੋ ਹਕਾਰਨਿ ਆਪ ਕੋ ਬਸੀਯਹਿ ਨਿਜ ਥਾਨਾ'।

ਗੁਰ ਕੀ ਕਹਵਤ ਸਕਲ ਹੀ ਗੁਰਦਾਸ ਸੁਨਾਈ।
'ਬੀਤੀ ਗਈ ਸੁ ਜਾਨਿ ਦਿਹੁ ਸੁਧਿਤਾ ਅਗੁਵਾਈ॥ ੨੦॥

ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਬਹੁਤ ਸਨਮਾਨ ਨਾਲ ਆਪ ਜੀ ਨੂੰ ਬੁਲਾਇਆ ਹੈ ਕਿ ਆ ਕੇ ਆਪਣੇ ਨਿੱਜੀ ਸਥਾਨ ਤੇ ਵਸੋ।" ਗੁਰੂ ਜੀ ਦੀ ਕਹੀ ਹੋਈ ਸਾਰੀ ਗੱਲ ਭਾਈ ਗੁਰਦਾਸ ਨੇ ਸੁਣਾਈ "ਜਿਹੜੀ ਬੀਤ ਗਈ ਹੈ, ਉਸ ਨੂੰ ਜਾਣ ਦੇਵੋ, ਅੱਗੇ ਲਈ ਆਪੋ ਵਿਚ ਸੁਲਾਹ ਸਫਾਈ ਰਖੋ॥ ੨੦॥

ਮਿਲਹੁ ਸਕਲ. ਨਿਜ ਸਦਨ ਮਹਿਂ ਕਰਿ ਲੀਜਹਿ ਮੇਲਾ।
ਆਨ ਪਰਹਿ ਬਿਪਤਾ ਬਹੁਤ ਫਿਰ ਕੂਟਹਿ ਇਕੇਲਾ।
ਲੇਹੁ ਦਰਬ ਸਭਿ ਵਸਤੁ ਕੋ ਮਾਲਿਕ ਤੁਮ ਹੋਏ।
ਅਪਨੇ ਕਰ ਸੌਂ ਦੀਜੀਏ ਹਮ ਨੰਮ੍ਰ ਖਰੋਏ'॥ ੨੧॥

ਸਾਰੇ ਆਪਣੇ ਘਰ ਵਿਚ ਮਿਲੋ ਅਤੇ ਮੇਲ ਮਿਲਾਪ ਕਰ ਲਵੋ, ਕਿਉਂਕਿ ਇਕੱਲੇ ਤੇ ਫਿਰ ਬਹੁਤ ਬਿਪਤਾ ਆ ਪੈਂਦੀ ਹੈ ਤੇ ਇਕੱਲਾ ਫਿਰ ਮਾਰਿਆ ਜਾਂਦਾ ਹੈ। ਸਾਰਾ ਧਨ ਦੌਲਤ ਤੁਸੀਂ ਲੈ ਲਵੋ ਤੇ ਤੁਸੀਂ ਮਾਲਕ ਬਣ ਜਾਵੋ। ਸਭ ਕੁਝ ਆਪਣੇ ਹੱਥਾਂ ਨਾਲ ਦੇਵੋ, ਅਸੀਂ ਨੀਵੇਂ ਹੋ ਕੇ ਖੜੇ ਰਹਾਂਗੇ"॥ ੨੧॥

ਜਬਿ ਸਭਿ ਕਹਿ ਗੁਰਦਾਸ ਜੀ ਗਾਥਾ ਸਮੁਝਾਈ।
ਸੁਨਤਿ ਕੁਪਜੋ ਪ੍ਰਿਥੀਆ ਅਧਿਕ ਜੁਗ ਭੌਹ ਚਢਾਈ।
ਲਾਲ ਆਂਖ ਦਿਖਰਾਵਤੋ ਓਠਨਿ ਫਰਕਾਵੈ।
ਬੋਲਿ ਨ ਆਵਤਿ ਕ੍ਰੋਧ ਮਹਿਂ ਬਹੁ ਸ੍ਵਾਸ ਚਢਾਵੈ॥ ੨੨॥

ਜਦ ਭਾਈ ਗੁਰਦਾਸ ਨੇ ਕਹਿ ਕੇ ਸਾਰੀ ਗੱਲ ਸਮਝਾਈ ਤਾਂ ਪ੍ਰਿਥੀਆ ਹੋਰ ਕ੍ਰੋਧ ਵਿਚ ਆ ਗਿਆ ਤੇ ਉਸ ਨੇ ਦੋਵੇਂ ਭਵਾਂ ਉਪਰ ਚੜ੍ਹਾ ਲਈਆਂ। ਲਾਲ ਅੱਖਾਂ ਵਿਖਾ ਰਿਹਾ ਸੀ ਤੇ ਹੋਂਠ ਫਰਕ ਰਹੇ ਸਨ, ਕ੍ਰੋਧ ਵਿਚ ਭਰਿਆ ਹੋਣ ਕਰਕੇ ਬੋਲਿਆ ਨਹੀਂ ਸੀ ਜਾਂਦਾ ਤੇ ਬਹੁਤ ਸਾਹ ਚੜ੍ਹਿਆ ਹੋਇਆ ਸੀ॥ ੨੨॥

ਲਗਜੋ ਨਿਕਾਸਨਿ ਗਾਰਿ ਬਹੁ ਕਹਿ ਬਾਕ ਕਠੋਰਾ।
'ਪੂਰਬ ਕਪਟ ਬਿਸਾਲ ਕਰਿ ਅਪਮਾਨ ਸੁ ਮੋਰਾ।
ਤੁਹਮਤ ਝੂਠ ਲਗਾਇ ਕੈ ਨਿੰਦਾ ਬਿਦਤਾਈ।
ਸਭਿ ਲੋਕਨ ਕੇ ਪਾਸ ਤੇ ਬਹੁ ਗਾਰਿ ਦਿਵਾਈ॥ ੨੩॥

ਬੜੀ ਕਠੋਰ ਬੋਲੀ ਵਿਚ ਗਾਲ੍ਹਾਂ ਕੱਢਣ ਲੱਗਾ, "ਪਹਿਲਾਂ ਵੱਡਾ ਕਪਟ ਕਰਕੇ ਮੇਰਾ ਅਪਮਾਨ ਕੀਤਾ ਹੈ, ਮੇਰੇ ਉਤੇ ਝੂਠੀ ਤੁਹਮਤ ਲਾ ਕੇ ਮੇਰੀ ਨਿੰਦਿਆ ਸਾਰੇ ਪ੍ਰਗਟ ਕੀਤੀ ਹੈ ਅਤੇ ਸਾਰੇ ਲੋਕਾਂ ਪਾਸੋਂ ਬਹੁਤ ਗਾਲ੍ਹਾਂ ਦਿਵਾਈਆਂ ਹਨ॥ ੨੩॥

ਅਬਹਿ ਮਨਾਵਨਿ ਕੋ ਪਠਜੋ ਛਲ ਔਰ ਉਠਾਵਾ।
ਪ੍ਰਿਥਮ ਨਿਕਾਸਜੋ ਪੁਰੀ ਤੇ ਉਤਸਾਹ ਬਧਾਵਾ।
ਅਬਿ ਲੌ ਤੁਮ ਕੋ ਨਹਿਂ ਲਗੀ ਬਾਯੂ ਕੁਛ ਤਾਤੀ।
ਗਰਬਤਿ ਬੈਠਜੋ ਸਦਨ ਮਹਿਂ ਕਰਿ ਸੀਤਲ ਛਾਤੀ॥ ੨੪॥

ਹੁਣ ਮੰਨਾਉਣ ਵਾਸਤੇ ਤੁਹਾਨੂੰ ਭੇਜਿਆ ਹੈ, ਇਕ ਹੋਰ ਛੱਲ ਰਚਿਆ ਹੈ, ਪਹਿਲਾਂ ਬੜਾ ਉਤਸ਼ਾਹ ਵਧਾ ਕੇ ਨਗਰ ਵਿਚੋਂ ਕਢਿਆ ਹੈ, ਹਣ ਤਕ ਤੈਨੂੰ ਤੱਤੀ ਹਵਾ ਨਹੀਂ ਲੱਗੀ ਹੈ, ਬੜੇ ਘਮੰਡ ਵਿਚ ਠੰਡੀ ਛਾਤੀ ਕਰਕੇ ਘਰ ਵਿਚ ਬੈਠਾ ਹੈ॥ ੨੪॥

ਪ੍ਰਿਥੀ ਅਨਾਦਰ ਪ੍ਰਿਥੀਆ ਸੁਲਹੀ ਮਿਲਿ ਬੀਜੰ।
ਲਗਜੋ ਜੁ ਤਾਲ ਪ੍ਰਤਾਪ ਭਾ ਇਹ ਸੀਚਨ ਕੀਜੰ।
ਦਿੱਲੀ ਕੋ ਜਬਿ ਗਮਨ ਹ੍ਵੈ ਤਰਵਰ ਉਗਵੈ ਹੈਂ।
ਜਹਾਂਗੀਰ ਸੋਂ ਮੇਲ ਮਮ ਊਚੋ ਬਧਿ ਜੈਹੈ॥ ੨੫॥

ਪ੍ਰਿਥੀਆ ਦਾ ਅਨਾਦਰ ਇਕ ਪ੍ਰਕਾਰ ਦੀ ਇਹ ਪ੍ਰਿਥਵੀ ਹੈ ਅਤੇ ਸੁਲਹੀ ਦਾ ਮੈਨੂੰ ਮਿਲਣਾ ਇਕ ਪ੍ਰਕਾਰ ਦਾ ਬੀਜ ਹੈ। ਜੋ ਤਾਲਾਬ ਬਣਾ ਕੇ ਮੇਰਾ ਪ੍ਰਤਾਪ ਵਧਿਆ ਹੈ, ਉਹ ਇਕ ਪ੍ਰਕਾਰ ਉਸ ਬੀਜ ਨੂੰ ਸਿੰਜਿਆ ਹੈ ਭਾਵ ਪਾਣੀ ਦਿੱਤਾ ਹੈ। ਦਿੱਲੀ ਨੂੰ ਜਦ ਮੈਂ ਜਾਵਾਂਗਾ ਤਾਂ ਉਹ ਬੀਜ ਉੱਗ ਕੇ ਦਰੱਖਤ ਬਣ ਜਾਵੇਗਾ, ਜਦ ਮੈਂ ਜਾ ਕੇ ਜਹਾਂਗੀਰ ਨੂੰ ਮਿਲਾਂਗਾ ਤਾਂ ਇਹ ਬ੍ਰਿੱਛ ਵਧ ਕੇ ਬਹੁਤ ਉੱਚਾ ਹੋ ਜਾਵੇਗਾ॥ ੨੫॥

ਜਬਿ ਮੈਂ ਕਰੌਂ ਪੁਕਾਰ ਤਿਸ ਕੁਸਮਨ ਜੁਤ ਫੂਲੇ।
ਰਿਸਹਿ ਸ਼ਾਹਿ ਬਡ ਗੰਧ ਹੁਇ ਮਮ ਪੱਖਜ ਸੁ ਭੂਲੇ।
ਅਰਜਨ ਕੋ ਮੰਗਵਾਇ ਗਹਿ ਫਲ ਲਾਗਹਿ ਭਾਰੂ।
ਮੈਂ ਗੁਰਤਾ ਤਬਿ ਲੇਯ ਹੌਂ ਇਹ ਪਾਕਹਿ ਚਾਰੂ॥ ੨੬॥

ਜਦ ਮੈਂ ਜਹਾਂਗੀਰ ਪਾਸ ਜਾ ਕੇ ਫਰਿਆਦ ਕਰਾਂਗਾ ਤਾਂ ਇਹ ਦਰੱਖਤ ਕੁਸਮ ਦੇ ਫੁੱਲਾਂ ਨਾਲ ਖਿੜ ਪਵੇਗਾ, ਇਹ ਬ੍ਰਿੱਛ ਫਿਰ ਬੜਾ ਸੁਗੰਧਿਤ ਹੋ ਜਾਵੇਗਾ, ਜਦ ਸ਼ਾਹ ਗੁੱਸੇ ਵਿਚ ਆ ਕੇ ਮੇਰਾ ਪੱਖ ਪੂਰੇਗਾ। ਜਦ ਸ੍ਰੀ ਅਰਜਨ ਨੂੰ ਫੜ ਕੇ ਮੰਗਵਾ ਲਵੇਗਾ ਤਾਂ ਫਿਰ ਇਸ ਬ੍ਰਿੱਛ ਨੂੰ ਭਾਰੀ ਫਲ ਲਗੇਗਾ। ਜਦ ਮੈਂ ਗੁਰਤਾ ਪ੍ਰਾਪਤ ਕਰ ਲਵਾਂਗਾ ਤੇ ਇਹ ਸੁੰਦਰ ਫਲ ਪੱਕ ਜਾਣਗੇ॥ ੨੬॥

ਚਹੁੰਦਿਸ਼ ਕੀ ਸੰਗਤਿ ਮਹਾਂ ਅਰਪਹਿ ਧਨ ਆਈ।
ਪਸਰਹਿ ਜਸੁ ਸਭਿ ਜਗਤ ਮਹਿਂ ਹੁਇ ਬਡ ਬਡਿਆਈ।
ਇਹ ਫਲ ਲੈਬੇ ਹੇਤੁ ਮੈਂ ਕਰਿ ਰਹਜੋ ਉਪਾਊ।
ਤਬਿ ਜਾਨਹੁਗੇ ਤੁਮ ਰਿਦੈ ਜਬਿ ਮੈਂ ਕਰ ਪਾਊਂ॥ ੨੭॥

ਚਾਰੇ ਪਾਸਿਆਂ ਦੀ ਸੰਗਤ ਫਿਰ ਆ ਕੇ ਮੈਨੂੰ ਧਨ ਭੇਟ ਕਰੇਗੀ, ਸਾਰੇ ਜਗਤ ਵਿਚ ਮੇਰਾ ਜੱਸ ਫੈਲ ਜਾਵੇਗਾ ਅਤੇ ਮੇਰੀ ਵੱਡੀ ਵਡਿਆਈ ਹੋਵੇਗੀ। ਇਸ ਫਲ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਉਪਾਅ ਕਰ ਰਿਹਾ ਹਾਂ। ਤਦ ਤੁਸੀਂ ਆਪਣੇ ਹਿਰਦੇ ਵਿਚ ਜਾਣੋਗੇ ਜਦ ਮੈਂ ਇਹ ਸਭ ਕੁਝ ਕਰ ਲਵਾਂਗਾ॥ ੨੭॥

ਅਬਿ ਤੇ ਹੀ ਲਾਗਜੋ ਡਰਨਿ, ਸੰਗ ਮਿਲਜੋ ਨ ਸ਼ਾਹੂ।
ਮਿਟਹਿ ਬਾਤ ਮੈਂ ਗੁਰ ਰਹੌਂ ਯਾ ਤੇ ਪਠਿ ਪਾਹੂ।
ਏਵ ਨਹੀਂ ਕੁਛ ਲੇਵ ਹੌਂ, ਛਲ ਤੁਮ ਨੇ ਠਾਨਾ।
ਸੰਕਟ ਭੋਗਹ ਗੇ ਬਡੋ ਤਬਿ ਮੈਂ ਸੁਖ ਮਾਨਾ॥ ੨੮॥

ਹੁਣ ਤੋਂ ਹੀ ਡਰਨ ਲੱਗ ਗਿਆ ਹੈ, ਹਾਲੇ ਤਾਂ ਬਾਦਸ਼ਾਹ ਨੂੰ ਮਿਲਿਆ ਵੀ ਨਹੀਂ ਹਾਂ। ਉਹ ਚਾਹੁੰਦੇ ਹਨ ਕਿ ਇਹ ਗੱਲ ਮੁੱਕ ਜਾਵੇ ਤੇ ਮੈਂ ਗੁਰੂ ਬਣਿਆ ਰਹਾਂ, ਇਸ ਕਰਕੇ ਤੁਹਾਨੂੰ ਮੇਰੇ ਪਾਸ ਭੇਜਿਆ ਹੈ। ਇਸ ਤਰ੍ਹਾਂ ਕੁਝ ਨਹੀਂ ਲੈ ਸਕੋਗੇ। ਜੋ ਤੁਸੀਂ ਛਲ ਧਾਰਨ ਕੀਤਾ ਹੋਇਆ ਹੈ, ਜਦ ਵੱਡਾ ਦੁਖ ਭੋਗੋਗੇ ਤਾਂ ਮੈਂ ਸੁਖ ਮੰਨਾਂਗਾ॥ ੨੮॥

ਬਿਨਾਂ ਦੀਏ ਤੁਮ ਕਸ਼ਟ ਕੋ ਪੈਹੋਂ ਜਗ ਰਾਜੂ।
ਹੋਇ ਨ ਮੋਹਿ ਪ੍ਰਸੰਨਤਾ ਸੋ ਨਹਿਂ ਕਿਛੁ ਕਾਜੂ।
ਕੋਟਿ ਜਤਨ ਜੇ ਕਰਹੁਗੇ, ਨਹਿਂ ਮਿਟਹਿ ਉਪਾਧਾ।
ਗੁਰਤਾ ਲਿਉਂ, ਪਰੰਤੁ ਸੁਨਿ ਦੇ ਅਰਜਨ ਬਾਧਾ॥ ੨੯॥

ਜੇ ਤੁਹਾਨੂੰ ਦੁਖ ਦਿੱਤੇ ਬਗੈਰ ਮੈਂ ਜਗਤ ਦਾ ਰਾਜ ਪ੍ਰਾਪਤ ਕਰ ਲਵਾਂ ਤਾਂ ਮੈਨੂੰ ਕੋਈ ਵੀ ਪ੍ਰਸੰਨਤਾ ਨਹੀਂ ਹੋਵੇਗੀ, ਇਸ ਕਰਕੇ ਉਹ ਕਿਸੇ ਕੰਮ ਨਹੀ। ਭਾਵੇਂ ਕਰੋੜਾਂ ਵੀ ਜਤਨ ਕਰੋਗੇ ਤਾਂ ਇਹ ਦੁਖ ਨਹੀਂ ਖਤਮ ਹੋਵੇਗਾ, ਮੈਂ ਸ੍ਰੀ ਅਰਜਨ ਨੂੰ ਦੁਖ ਦੇ ਕੇ ਗੁਰਤਾ ਪ੍ਰਾਪਤ ਕਰਾਂਗਾ" ॥ ੨੯॥

ਸੁਨਿਕੈ ਪੁਨਿ ਗੁਰਦਾਸ ਨੇ ਕਰ ਜੋਰ ਬਖਾਨਾ।
'ਰਾਮਦਾਸ ਗੁਰ ਏਕ ਕੇ ਨੰਦਨ ਮਤਿਵਾਨਾ।
ਤੀਨਹੁ ਭ੍ਰਾਤਾ ਮਿਲਹੁ ਅਬਿ ਸੁਖ ਸਭਿ ਹੀ ਲੈਹੋ।
ਨਹੀਂ ਪਦਾਰਥ ਕੀ ਕਮੀ ਰਲਿ ਮਿਲਿ ਕੇ ਖੈ ਹੋ॥ ੩੦॥

ਇਹ ਸੁਣ ਕੇ ਭਾਈ ਗੁਰਦਾਸ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਗੁਰੂ ਰਾਮਦਾਸ ਜੀ ਦੇ ਬੁਧੀਵਾਨ ਪੁੱਤਰ ਹੋ, ਹੁਣ ਤਿੰਨੇ ਭਰਾ ਮਿਲ ਕੇ ਸੁਖ ਲਵੋ, ਕਿਸੇ ਪ੍ਰਕਾਰ ਦੇ ਪਦਾਰਥ ਦੀ ਘਾਟ ਨਹੀਂ ਹੈ, ਰਲ ਮਿਲ ਕੇ ਖਾਵੋ॥ ੩੦॥

ਤੀਨਹੁ ਮਹਿਂ ਕਿਹ ਕਸ਼ਟ ਹੁਇ ਸਭਿ ਹੋਹੁ ਦੁਖਾਰੇ।
ਭ੍ਰਾਤਪਨੇ ਕੋ ਮੋਹ ਤਬਿ ਬਿਦਤਾਇ ਤੁਮਾਰੇ।
ਜਾਨਿ ਦੇਹੁ ਰਿਸ ਪਾਛਲੀ ਜਿਮ ਕਿਸ ਬਿਧਿ ਹੋਈ।
ਕੋ ਜਾਨੈ ਕਿਨ ਬੁਰਾ ਕਿਯ ਪਰਹਰੀਏ ਸੋਈ॥ ੩੧॥

ਤਿੰਨਾ ਵਿਚੋਂ ਕਿਸੇ ਨੂੰ ਵੀ ਕਸ਼ਟ ਹੋਵੇ ਤਾਂ ਸਾਰੇ ਦੁਖੀ ਹੁੰਦੇ ਹਨ, ਤੁਹਾਡੇ ਵਿਚ ਫਿਰ ਭਰਾ ਹੋਣ ਦਾ ਮੋਹ ਪ੍ਰਗਟ ਹੋਵੇਗਾ। ਜਿਵੇਂ ਕਿਵੇਂ ਵੀ ਹੋਵੇ ਪਿਛਲੇ ਗੁੱਸੇ ਨੂੰ ਹੁਣ ਜਾਣ ਦੇਵੋ। ਕੌਣ ਜਾਣਦਾ ਹੈ ਕਿਸ ਨੇ ਬੁਰਾ ਕੀਤਾ ਹੈ, ਸਭ ਕੁਝ ਹੁਣ ਭੁੱਲ ਜਾਵੋ॥ ੩੧॥

ਚਲਹੁ ਆਪ ਹੁਇ ਸਰਲ ਉਰ ਨਿਜ ਪੁਰੀ ਬਸੀਜੈ।
ਮਿਲਿ ਦਿਹੁ ਦਰਸ਼ਨ ਸੰਗਤਾਂ ਭੇਟਾ ਗਨ ਲੀਜੈ।
ਸ਼੍ਰੀ ਅਰਜਨ ਨਿਤ ਨੰਮ੍ਰ ਹੈਂ, ਛਲ ਝੂਠ ਬਿਹੀਨਾ।
ਦਯਾ ਛਿਮਾ ਜੁਤ, ਗਜਾਨ ਨਿਧਿ, ਸਭਿ ਗੁਨਨਿ ਪ੍ਰਬੀਨਾ॥ ੩੨॥

ਸਾਫ ਦਿਲ ਨਾਲ ਹੁਣ ਆਪਣੇ ਨਗਰ ਵਿਚ ਚਲ ਕੇ ਵਸੋ, ਸੰਗਤਾਂ ਨੂੰ ਮਿਲ ਕੇ ਦਰਸ਼ਨ ਦੇ ਕੇ ਭੇਟਾਵਾਂ ਲਵੋ। ਸ੍ਰੀ ਅਰਜਨ ਦੇਵ ਜੀ ਸਦਾ ਹੀਂ ਸਨਿਮਰ ਹਨ ਅਤੇ ਛਲ ਝੂਠ ਤੋਂ ਰਹਿਤ ਹਨ। ਦੀਇਆ, ਖਿਮਾਂ ਸਮੇਤ ਗਿਆਨ ਦੇ ਭੰਡਾਰ ਹਨ ਅਤੇ ਸਾਰੇ ਗੁਣਾਂ ਵਿਚ ਚਤੁਰ ਹਨ" ॥ ੩੨॥

ਸੁਨਿ ਜਸੁ ਕੌ ਪ੍ਰਿਥੀਆ ਜਰਜੋ ਬਚ ਊਚੇ ਭਾਖਾ।
'ਚਲਜੋ ਜਾਹੁ, ਬੋਲਹੁ ਨਹੀਂ, ਮੈਂ ਆਦਰ ਰਾਖਾ।
ਨਤੁ ਐਸੀ ਕਰਿਵਾਇ ਹੌਂ, ਜਰਤੇ ਕਹੁ ਜਾਰੈਂ।
ਭਰਜੋ ਖੁਟਾਈ ਸੋਂ ਸਦਾ ਸ਼ੁਭ ਸ਼ੀਲ ਉਚਾਰੈਂ॥ ੩੩॥

ਗੁਰੂ ਅਰਜਨ ਦੇਵ ਜੀ ਦਾ ਜੱਸ ਸੁਣ ਕੇ ਪ੍ਰਿਥੀਆ ਸੜ ਗਿਆ ਤੇ ਬੜੀ ਉੱਚੀ ਦਿੱਤੀ ਬੋਲਿਆ, ਚਲੇ ਜਾਵੋ, ਬੋਲੋ ਨਹੀਂ, ਮੈਂ ਤੁਹਾਡਾ ਆਦਰ ਰਖਿਆ ਹੈ, ਵਰਨਾ ਐਸੀ ਕਰਾਵਾਂਗਾ, ਸੜਦੇ ਨੂੰ ਹੋਰ ਸਾੜਦੇ ਹੋ, ਉਹ (ਗੁਰੂ ਅਰਜਨ ਦੇਵ ਜੀ) ਤਾਂ ਖੋਟ ਨਾਲ ਭਰਿਆ ਹੈ ਉਸ ਨੂੰ ਸ਼ੁਭ ਤੇ ਸੁਸ਼ੀਲ ਕਹਿੰਦੇ ਹੋ॥ ੩੩॥

ਸ਼ੱਤ੍ਰੂ ਮਹਾਂ ਮੇਰੋ ਬਨਜੋ ਸੁਤਿ ਜੁਤ ਕੋ ਮਾਰੋਂ।
ਗੁਰਤਾ ਲੈਕੈ ਬਹੁਰ ਮੈਂ ਪ੍ਰਸੰਨਤਾ ਧਾਰੋਂ।
ਤੋਹਿ ਕਹੇ ਕਜ਼ਾ ਹੋਤਿ ਹੈ ਜਸ ਹੈ ਤਸ ਜਾਨੋਂ।
ਰਾਤ ਦਿਵਸ ਚਿੰਤਾ ਵਿਖੈ ਹਤਿ ਕੈ ਸੁਖ ਠਾਨੋਂ॥ ੩੪॥

ਉਹ ਮੇਰਾ ਵੱਡਾ ਦੁਸ਼ਮਣ ਬਣਿਆ ਹੈ, ਉਸ ਨੂੰ ਪੁੱਤਰ ਸਮੇਤ ਮਾਰਾਂਗਾ, ਗੁਰਤਾ ਪ੍ਰਾਪਤ ਕਰਕੇ ਫਿਰ ਮੈਂ ਪ੍ਰਸੰਨ ਹੋਵਾਂਗਾ, ਤੁਹਾਡੇ ਕਹਿਣ ਨਾਲ ਕੀ ਹੁੰਦਾ ਹੈ, ਜਿਸ ਤਰ੍ਹਾਂ ਦਾ ਉਹ ਹੈ ਮੈਂ ਜਾਣਦਾ ਹਾਂ। ਰਾਤ ਦਿਨ ਮੈਨੂੰ ਚਿੰਤਾ ਲੱਗੀ ਰਹਿੰਦੀ ਹੈ। ਗੁਰੂ ਅਰਜਨ ਦੇਵ ਨੂੰ ਮਾਰ ਕੇ ਹੀ ਸੁਖ ਪਾਵਾਂਗਾ"॥ ੩੪॥

ਤਬਿ ਭਾਈ ਗੁਰਦਾਸ ਨੇ ਕਰਿ ਕ੍ਰੋਧ ਬਖਾਨਜੋ।
'ਸ੍ਰੀ ਅਰਜਨ ਰਵਿ ਜਗ ਦਿਖਤਿ ਖਲ ਪਿਚਕ ਨ ਜਾਨਜੋ।
ਸੰਤ ਤਾਮਰਸ ਬਿਕਸਤੇ, ਸਭਿ ਨਰ ਸੁਖ ਪਾਵੈਂ।
ਤਸਕਰ ਨਿੰਦਕ ਦੁਖਤਿ ਕਹਿੰ ਨਹਿੰ ਸੋ ਘਟਿ ਜਾਵੈਂ॥ ੩੫॥

ਫਿਰ ਭਾਈ ਗੁਰਦਾਸ ਜੀ ਨੇ ਕ੍ਰੋਧ ਵਿਚ ਆ ਕੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਵਿਚ ਸੂਰਜ ਸਮਾਨ ਹਨ, ਉਲੂ ਰੂਪ ਮੂਰਖਾਂ ਨੇ ਉਨ੍ਹਾਂ ਨੂੰ ਜਾਣਿਆ ਨਹੀਂ ਹੈ। ਜਦ ਸੰਤ ਕੰਵਲ ਦੇ ਲਾਲ ਫੁੱਲ ਵਾਂਗ ਖਿੜਦੇ ਹਨ ਤਾਂ ਸਭ ਮਨੁੱਖ ਸੁਖ ਪਾਉਂਦੇ ਹਨ। ਨਿੰਦਕ ਰੂਪ ਚੋਰ ਦੁਖੀ ਹੋ ਕੇ ਜੋ ਕਹਿੰਦੇ ਹਨ, ਉਸ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕੁਝ ਘਟ ਨਹੀਂ ਜਾਵੇਗਾ॥ ੩੫॥

ਨਾਮ ਪ੍ਰਿਥੀਆ ਚੰਦ ਤੂੰ ਫੀਕੋ ਪਰਿ ਜੈ ਹੈਂ।
ਤੁਝ ਪੱਖੀ ਉਡਗਨ ਛਿਪਹਿਂ, ਸੋ ਦ੍ਰਿਸ਼ਟਿ ਨ ਐਹੈਂ।
ਅਬਿ ਬਚ ਮੋਹਿ ਨ ਮਾਨਿ ਹੈਂ ਪਛੁਤਾਇ ਘਨੇਰਾ।
ਬਸ ਨ ਚਲਹਿ ਗੋ ਤੋਹਿ ਕਛੁ ਬਲ ਲਾਇ ਬਡੇਰਾ॥ ੩੬॥

ਜਿਹੜਾ ਪ੍ਰਿਥੀਏ ਨਾਂ ਨਾਲ ਚੰਦ ਲੱਗਾ ਹੈ, ਉਹ ਫਿੱਕਾ ਪੈ ਜਾਵੇਗਾ, ਤੇਰੇ ਪੱਖੀ ਤਾਰੇ ਸਾਰੇ ਉੱਡ ਜਾਣਗੇ ਤੇ ਫਿਰ ਨਜ਼ਰ ਨਹੀਂ ਆਉਣਗੇ। ਹੁਣ ਮੇਰੇ ਬਚਨ ਨਾ ਮੰਨ ਕੇ ਬਾਅਦ ਵਿਚ ਬਹੁਤ ਪਛਤਾਵੇਂਗਾ, ਭਾਵੇਂ ਕਿੰਨਾ ਵੀ ਜ਼ੋਰ ਲਾ ਲੈ, ਤੇਰਾ ਕੁਝ ਵੀ ਵੱਸ ਨਹੀਂ ਚਲੇਗਾ॥ ੩੬॥

ਅਜਰ ਜਰਜੋਂ ਅਜ਼ਮਤ ਮਹਾਂ ਨਹਿਂ ਕਹੂੰ ਦਿਖਾਵੈਂ।
ਨਾਤੁਰ ਬੰਕ ਬਿਲੋਕਬੇ ਸਭਿ ਜਗ ਬਿਨਸਾਵੈਂ।
ਧੰਨ ਰਿਦਾ ਤਿਨ ਕੋ ਮਹਾਂ ਬਲ ਇਤਨੋ ਪਾਏ।
ਅਪਰ ਨਰਨਿ ਕੀ ਸਮ ਰਹਤਿ ਸ਼ਕਤੀ ਗੁਪਤਾਏ॥ ੩੭॥

ਉਨ੍ਹਾਂ ਨਾ ਜਰੇ ਜਾਣ ਵਾਲੇ ਨੂੰ ਜਰਿਆ ਹੈ, ਮਹਾਨ ਕਰਾਮਾਤ ਸਹਿਤ ਹਨ, ਪਰ ਉਹ ਕਰਾਮਾਤ ਕਿਸੇ ਨੂੰ ਵਿਖਾਉਂਦੇ ਨਹੀਂ ਹਨ, ਨਹੀਂ ਤਾਂ ਟੇਢਾ ਵੇਖ ਕੇ ਸਾਰੇ ਜਗਤ ਦਾ ਨਾਸ਼ ਕਰ ਸਕਦੇ ਹਨ। ਧੰਨ ਉਨ੍ਹਾਂ ਦਾ ਹਿਰਦਾ ਹੈ ਜਿਨ੍ਹਾਂ ਏਡੀ ਵੱਡੀ ਮਹਾਨ ਸ਼ਕਤੀ ਪਾਈ ਹੈ। ਆਪਣੀ ਸ਼ਕਤੀ ਨੂੰ ਗੁਪਤ ਰੱਖ ਕੇ ਹੋਰ ਲੋਕਾਂ ਵਾਂਗ ਰਹਿੰਦੇ ਹਨ॥ ੩੭॥

ਕਹਤਿ ਹੁਤੋ ਤੁਵ ਹਿਤ ਮਹਾਂ, ਮਾਨਹਿ ਸੁਖ ਪਾਈ।
ਤੁਰਕ ਅੱਗ੍ਰ ਬਿਨਤੀ ਕਰਹਿਂ ਹੋਇ ਨ ਲਘੁਤਾਈ।
ਘਰਿ ਬੈਠੇ ਹੋਵਹਿਂ ਗੁਰੂ ਮਾਨਹਿਂ ਬਹੁ ਦੇਸਾ।
ਕਰਹਿ ਬਿਨੋਦ ਅਨੇਕ ਹੀ ਬਨ ਸਭਿਨਿ ਬਿਸ਼ੇਸ਼ਾ॥ ੩੮॥

ਉਨ੍ਹਾਂ ਨੇ ਤੁਹਾਡੇ ਹਿੱਤ ਵਾਸਤੇ ਹੀ ਕਿਹਾ ਹੈ, ਜੇ ਮੰਨ ਜਾਉਗੇ ਤਾਂ ਸੁਖ ਪਾਉਗੇ। ਤੁਰਕਾਂ ਅੱਗੇ ਫਰਿਆਦ ਕਰਨ ਨਾਲ ਕੀ ਤੇਰੀ ਛੁਟਿਆਈ ਨਹੀਂ ਹੋਵੇਗੀ? ਘਰ ਵਿਚ ਬੈਠੇ ਹੋਣ ਨਾਲ ਬਹੁਤ ਦੇਸ਼ ਤੁਹਾਨੂੰ ਗੁਰੂ ਮੰਨਣਗੇ, ਜਿਸ ਕਾਰਨ ਵਡਿਆਈ ਮਿਲੇਗੀ ਅਤੇ ਸਾਰਿਆਂ ਵਿਚ ਵਿਸ਼ੇਸ਼ ਵਿਅਕਤੀ ਬਣ ਕੇ ਆਨੰਦ ਪਾਉਗੇ॥ ੩੮॥

ਨਾਂਹਿਤ ਤਰੁਵਰੁ ਤੋਹਿ ਕਹਿ ਤਿਹ ਕਟਨਿ ਕੁਠਾਰਾ।
ਏਕ ਬਾਕ ਮੁਖ ਤੇ ਕਹੈਂ ਸਭਿ ਹੁਇ ਜਰਿ ਛਾਰਾ।
ਮਹਿਮਾ ਨਹੀਂ ਪਛਾਨਤੋ ਭ੍ਰਾਤਾ ਕਰਿ ਜਾਨੈਂ।
ਕਰੋਂ ਲੋਕ ਰੁ ਪਰਲੋਕ ਗਤਿ ਹਠਿ ਠਾਨਜੋ ਹਾਨੈ॥ ੩੯॥

ਨਹੀਂ ਤਾਂ ਜਿਹੜਾ ਤੂੰ ਬ੍ਰਿੱਛ ਕਿਹਾ ਹੈ, ਉਸ ਨੂੰ ਕੱਟਣ ਵਾਸਤੇ ਕੁਹਾੜਾ ਰੂਪੀ ਗੁਰੂ ਜੀ ਦਾ ਬਚਨ ਹੀ ਕਾਫੀ ਹੈ। ਉਨ੍ਹਾਂ ਦੇ ਮੁਖ ਵਿਚੋਂ ਇਕ ਵਾਕ ਨਿਕਲਣ ਨਾਲ ਸਾਰਾ ਸੜ ਕੇ ਸਵਾਹ ਹੋ ਜਾਵੇਗਾ। ਉਨ੍ਹਾਂ ਦੀ ਤੁਸੀਂ ਮਹਿਮਾ ਨਹੀਂ ਜਾਣਦੇ ਕੇਵਲ ਭਰਾ ਸਮਝਦੇ ਹੋ, ਕਿਉਂ ਲੋਕ ਪਰਲੋਕ ਦੀ ਗਤੀ ਵਿਨਾਸ਼ ਕਰਨ ਲਈ ਹੱਠ ਕਰ ਰਹੇ ਹੋ?"॥ ੩੯॥

ਦੋਹਰਾ-ਇਸ ਪ੍ਰਕਾਰ ਗੁਰਦਾਸ ਨੇ ਕਹਜੋ ਬਾਕ ਸਭਿ ਰੀਤਿ।
ਮਹਾਂ ਕਸ਼ਟ ਕੋ ਧਾਰਿਹੀ ਆਵਹਿ ਨਹੀਂ ਪ੍ਰਤੀਤਿ॥ ੪੦॥

ਇਸ ਤਰ੍ਹਾਂ ਭਾਈ ਗੁਰਦਾਸ ਨੇ ਸਭ ਰੀਤੀਆਂ ਅਨੁਸਾਰ ਬਚਨ ਕਹੇ। ਪਰ ਉਸ ਮਹਾਨ ਕਸ਼ਟ ਨੂੰ ਧਾਰਨ ਕੀਤਾ ਹੋਇਆ ਹੈ ਤੇ ਪ੍ਰਤੀਤ ਨਹੀਂ ਆ ਰਹੀ॥ ੪੦॥

*ਤੀਸਰੀ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥ ੨੪॥*

## *ਅਧਿਆਇ ਪੰਜੀਵਾਂ*

### *ਭਾਈ ਗੁਰਦਾਸ ਜੀ ਵਾਪਸ ਆਏ*

*ਨਿਸ਼ਾਨੀ ਛੰਦ*-ਬਾਕ ਸੁਨੇ ਗੁਰਦਾਸ ਕੇ ਪ੍ਰਿਥੀਆ ਤਪਤਾਯੋ।
'ਹ੍ਵੈ ਕਰਿ ਤੂੰ ਉਪਦੇਸ਼ਟਾ ਸਮੁਝਾਵਨਿ ਆਯੋ।
ਇਨ ਬਾਤਨਿ ਕੋ ਕਜਾ ਲਖਹਿਂ ਬੁਧਿ ਕਹਾਂ ਬਿਚਾਰੀ।
ਤ੍ਰਾਸ ਪਾਇ ਤ੍ਰਿਸਕਾਰ ਕੋ ਗਹਿਬੇ ਡਰ ਭਾਰੀ॥ ੧॥

ਜਦ ਪ੍ਰਿਥੀਏ ਨੇ ਭਾਈ ਗੁਰਦਾਸ ਜੀ ਦੇ ਅਜਿਹੇ ਬਚਨ ਸੁਣੇ ਤਾਂ ਬੜੇ ਗੁੱਸੇ ਵਿਚ ਆਇਆ। ਕਹਿਣ ਲੱਗਾ, "ਤੂੰ ਉਪਦੇਸ਼ਕ ਬਣ ਕੇ ਮੈਨੂੰ ਸਮਝਾਉਣ ਆਇਆ ਹੈਂ, ਤੂੰ ਇਨ੍ਹਾਂ ਗੱਲਾਂ ਨੂੰ ਕੀ ਜਾਣਦਾ ਹੈਂ, ਤੇਰੇ ਵਿਚ ਏਨੀ ਸੂਝ ਕਿਥੇ ਹੈ। ਗੁਰੂ ਅਰਜਨ ਦੇਵ ਜੀ ਨੂੰ ਫੜੇ ਜਾਣ ਦਾ ਬਹੁਤ ਡਰ ਹੈ॥ ੧॥

ਹੇਤੁ ਮਨਾਵਨਿ ਦੀਨ ਭੇ, ਪਿਖਿ ਤੁਰਕ ਬਲੀ ਹੈ।
ਹ੍ਵੈ ਨ ਪੁਕਾਰੂ ਸ਼ਾਹਿ ਢਿਗ ਪਤਿ ਰਹਤਿ ਭਲੀ ਹੈ।
ਕਰਾਮਾਤ ਤਿਸਕੀ ਕਹੈਂ ਜੋ ਡਰਤਿ ਬਿਸਾਲਾ।
ਮੈਂ ਨ ਲਖੌਂ ਤੂੰ ਬਹੁ ਲਖੈਂ ਸੰਗ ਜੋ ਲਘੁਕਾਲਾ॥ ੨॥

ਇਹ ਜਾਣ ਕੇ ਕਿ ਤੁਰਕ ਬਹੁਤ ਬਲਵਾਨ ਹਨ, ਇਸ ਕਰਕੇ ਦੀਨ ਹੋ ਕੇ ਮੈਨੂੰ ਮੰਨਾਉਣ ਵਾਸਤੇ ਭੇਜਿਆ ਹੈ ਕਿ ਮੈਂ ਬਾਦਸ਼ਾਹ ਪਾਸ ਫਰਿਆਦ ਨਾ ਕਰਾਂ, ਮੇਰੇ ਪਾਸ ਰਹਿ ਕੇ ਹੀ ਇੱਜ਼ਤ ਭਲੀ ਰਹਿੰਦੀ ਹੈ। ਇਹ ਕਹਿੰਦੇ ਹੋ ਕਿ ਉਸ ਪਾਸ ਵੱਡੀ ਕਰਾਮਾਤ ਹੈ, ਜਿਹੜਾ ਬਹੁਤ ਡਰਦਾ ਹੈ। ਮੈਂ ਜਿਹੜਾ ਛੋਟੇ ਹੁੰਦਿਆਂ ਤੋਂ ਹੀ ਉਸ ਦੇ ਨਾਲ ਰਹਿੰਦਾ ਰਿਹਾ ਹਾਂ, ਮੈਂ ਨਹੀਂ ਉਸ ਨੂੰ ਜਾਣਦਾ, ਤੁਸੀਂ ਮੇਰੇ ਨਾਲੋਂ ਜ਼ਿਆਦਾ ਜਾਣਦੇ ਹੋ॥ ੨॥

ਮੈਂ ਨਹਿਂ ਮਾਨੌਂ, ਨਹਿਂ ਚਲੌਂ ਨਹਿ ਮਿਲੌਂ ਕਦਾਪੀ।
ਪ੍ਰਗਟ ਕਰਜੋ ਸਭਿ ਜਗਤ ਮਹਿਂ ਮੋ ਕਹੁ ਬਡ ਪਾਪੀ।
ਕਾਸ਼ਟ ਸ਼ੁਸ਼ਕ ਸਮਾਨ ਮੈਂ ਨਿਤ ਇਹੀ ਸੁਭਾਊ।
ਟੂਟ ਜਾਇ ਨਹਿਂ ਨੰਮ੍ਰ ਹ੍ਵੈ ਇਹ ਠੀਕ ਸੁਨਾਊਂ॥ ੩॥

ਮੈਂ ਨਹੀਂ ਮੰਨਾਂਗਾ, ਨਾ ਹੀ ਚੱਲਾਂਗਾ ਅਤੇ ਨਾ ਹੀ ਕਦੇ ਉਸ ਨੂੰ ਮਿਲਾਂਗਾ, ਉਸ ਨੇ ਸਾਰੇ ਜੱਗ ਵਿਚ ਮੈਨੂੰ ਵੱਡਾ ਪਾਪੀ ਪ੍ਰਗਟ ਕੀਤਾ ਹੈ। ਮੈਂ ਤਾਂ ਸੁੱਕੀ ਲੱਕੜ ਵਾਂਗ ਹਾਂ ਤੇ ਸਦਾ ਹੀ ਮੇਰਾ ਅਜਿਹਾ ਸੁਭਾਅ ਰਿਹਾ ਹੈ। ਇਹ ਸੁੱਕੀ ਲੱਕੜ ਟੁੱਟ ਸਕਦੀ ਹੈ ਪਰ ਲਿਫ ਨਹੀਂ ਸਕਦੀ, ਇਹ ਮੈਂ ਤੁਹਾਨੂੰ ਠੀਕ ਸੁਣਾਇਆ ਹੈ॥ ੩॥

ਕਰੌਂ ਬਹੁ ਬਾਤ ਬਨਾਵਤੇ, ਨਹਿਂ ਕਰਿਹੌਂ ਮੇਲਾ।
ਸੋ ਭ੍ਰਾਤਾ ਦੋਨੌਂ ਮਿਲੇ ਮੈਂ ਅਹੌਂ ਇਕੇਲਾ।
ਅਜ਼ਮਤ ਮੇਰੀ ਦੇਖੀਏ ਸ਼ੁਭ ਤਾਲ ਖਨਾਵਾ।
ਲਾਖਹੁਂ ਧਨ ਖਰਚਨਿ ਕਰਜੋ ਥਲ ਨਵੌਂ ਬਨਾਵਾ॥ ੪॥

ਕਿਉ ਬਹੁਤ ਗੱਲਾਂ ਬਣਾਉਂਦੇ ਹੋ, ਮੈਂ ਕਦੀ ਵੀ ਮਿਲਾਂਗਾ ਨਹੀਂ, ਉਹ ਦੋਵੇਂ ਭਰਾ ਮਿਲ ਕੇ ਰਹਿਣ, ਮੈਂ ਇਕੱਲਾ ਰਹਾਂਗਾ। ਮੇਰੀ ਕਰਾਮਾਤ ਵੇਖੋ, ਸ਼ੁਭ ਤਾਲਾਬ ਬਣਵਾਇਆ ਹੈ। ਲੱਖਾਂ ਦਾ ਧਨ ਖਰਚ ਕੇ ਨਵਾਂ ਸਥਾਨ ਬਣਾਇਆ ਹੈ॥ ੪॥

ਨਿਤਪ੍ਰਤਿ ਮਹਿਮਾ ਅਧਿਕ ਹ੍ਵੈ ਮੇਲਾ ਲਗਿ ਭਾਰੇ।
ਸੁਲਹੀ ਆਦਿਕ ਨੰਮ੍ਰ ਭੇ ਕਜਾ ਅਪਰ ਬਿਚਾਰੇ।
ਜਹਾਂਗੀਰ ਸੋਂ ਜਬਿ ਮਿਲੌਂ ਬਲ ਅਜ਼ਮਤ ਧਾਰੌਂ।
ਨੰਮ੍ਰ ਕਰੌਂ ਨਿਜ ਅੱਗ੍ਰ ਮੈਂ, ਪਾਵਨ ਪਰ ਡਾਰੌਂ॥ ੫॥

ਸਦਾ ਬਹੁਤ ਮਹਿਮਾ ਹੁੰਦੀ ਹੈ ਅਤੇ ਭਾਰੀ ਮੇਲਾ ਲੱਗਦਾ ਹੈ, ਸੁਲਹੀ ਖਾਂ ਵਰਗੇ ਹਾਕਮ ਵੀ ਸਨਿਮਰ ਹੋ ਗਏ ਹਨ, ਹੋਰ ਵਿਚਾਰੇ ਕੀ ਹਨ। ਜਦ ਵੀ ਜਾ ਕੇ ਜਹਾਂਗੀਰ ਨੂੰ ਮਿਲਾਂਗਾ ਤਾਂ ਤਾਕਤ ਤੇ ਕਰਾਮਾਤ ਧਾਰਨ ਕਰ ਲਵਾਂਗਾ। ਜੇ ਮੈਂ ਆਪਣੇ ਆਪ ਨੂੰ ਉਸ ਅਗੇ ਨੀਵਾਂ ਕਰ ਲਵਾਂਗਾ ਤਾਂ ਦੁਸ਼ਮਣ ਨੂੰ ਪੈਰਾਂ ਤੇ ਪਵਾਵਾਂਗਾ॥ ੫॥

ਜੁ ਕਛੁ ਕਹੌਂ ਕਰਵਾਇ ਹੌਂ ਸਭਿ ਕਾਜ ਬਨਾਵੈਂ।
ਸੁਲਹੀ ਸਮ ਉਮਰਾਵ ਸਭਿ ਨਿਜ ਸੀਸ ਝੁਕਾਵੈਂ।

ਅਪਨ ਪ੍ਰਤਾਪ ਦਿਖਾਇਕੈ ਪਗ ਪਰ ਜਬਿ ਪਾਵੌਂ।
ਅਜ਼ਮਤ ਇਸ ਕੋ ਨਾਮ ਹੈ ਸਭਿ ਕਰਿ ਦਿਖਰਾਵੌਂ॥ ੬॥

ਜੋ ਕੁਝ ਕਹਾਂਗਾ, ਕਰਵਾਵਾਂਗਾ, ਮੇਰੇ ਸਾਰੇ ਕੰਮ ਬਣਾਉਣਗੇ, ਸੁਲਹੀ ਵਰਗੇ ਸਾਰੇ ਹਾਕਮ ਮੇਰੇ ਅੱਗੇ ਸਿਰ ਝੁਕਾਉਂਦੇ ਹਨ। ਆਪਣਾ ਪ੍ਰਤਾਪ ਵਿਖਾ ਕੇ ਜਦ ਪੈਰਾਂ ਤੇ ਪੁਵਾਵਾਂਗਾ ਤਾਂ ਫਿਰ ਮੈਂ ਦਿਖਾਵਾਂਗਾ ਕਿ ਕਰਾਮਾਤ ਇਸ ਦਾ ਨਾਂ ਹੈ॥ ੬॥

ਅਰਜਨ ਕੀ ਸਮ ਨਾਂਹਿ ਮੈਂ, ਪਿਤ ਕੇਰ ਸਥਾਨੰ।
ਤਿਹ ਬਨਾਇ ਪੁਜਵਾਇ ਪਗ ਕਯਾ ਅਚਰਜ ਜਾਨੰ।
ਅਜ਼ਮਤਿ ਤਿਨ ਕਿਸ ਥਾਨ ਮਹਿਂ ਕਹੁ ਕਬਹਿ ਲਗਾਈ।
ਹੁਇ ਪ੍ਰਸੰਨ ਪਿਤ ਸਤਿਗੁਰੂ ਦੀਨਸਿ ਬਡਿਆਈ'॥ ੭॥

ਮੈਂ ਸ੍ਰੀ ਅਰਜਨ ਦੇਵ ਵਰਗਾ ਨਹੀਂ ਹਾਂ, ਪਿਤਾ ਜੀ ਦਾ ਜੋ ਥਾਂ ਹੈ, ਉਸ ਨੂੰ ਬਣਾ ਕੇ ਆਪਣੇ ਪੈਰ ਪੁਜਵਾਏ ਹਨ, ਇਸ ਵਿਚ ਕੀ ਅਸਚਰਜ ਜਾਣਦਾ ਹੈ। ਉਸ ਨੇ ਕਿਸ ਥਾਂ ਆਪਣੀ ਕਰਾਮਾਤ ਲਾਈ ਹੈ, ਪਿਤਾ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਵਡਿਆਈ ਬਖਸ਼ੀ ਹੈ"॥ ੭॥

ਸੁਨਿ ਭਾਖੀ ਗੁਰਦਾਸ ਨੇ 'ਕਯੋਂ ਕਹਿ ਬਿਨ ਜਾਨੇ।
ਸ੍ਰੀ ਨਾਨਕ ਕੀ ਜੋਤਿ ਲੈ ਅੰਗਦ ਬਰੁਸਾਨੇ।
ਕਰਿ ਸੇਵਾ ਗੁਰ ਅਮਰ ਜੀ ਬੈਠੇ ਤਿਸੁ ਗਾਦੀ।
ਜੋਤਿ ਪ੍ਰਕਾਸ਼ੀ ਤਬਿ ਵਹੀ ਤਿਮ ਕੀਨਿ ਅਬਾਦੀ॥ ੮॥

ਭਾਈ ਗੁਰਦਾਸ ਨੇ ਕਿਹਾ, "ਜਾਨਣ ਤੋਂ ਬਗੈਰ ਕਿਉਂ ਕਹਿੰਦਾ ਹੈਂ। ਗੁਰੂ ਨਾਨਕ ਦੇਵ ਜੀ ਦੀ ਜੋਤ ਲੈ ਕੇ ਗੁਰੂ ਅੰਗਦ ਦੇਵ ਜੀ ਵਰਸੋਏ ਗਏ। ਗੁਰੂ ਅਮਰਦਾਸ ਜੀ ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਦੀ ਗੱਦੀ ਤੇ ਬੈਠੇ। ਉਹੋ ਫਿਰ ਜੋਤ ਪ੍ਰਕਾਸ਼ਮਾਨ ਹੋਈ ਤੇ ਉਸ ਤਰ੍ਹਾਂ ਹੀ ਉਨ੍ਹਾਂ ਨੇ ਕਾਰਜ ਕੀਤੇ॥ ੮॥

ਰਾਮਦਾਸ ਜੀ ਜਬਿ ਟਿਕੇ ਸੋ ਜੋਤਿ ਪ੍ਰਕਾਸ਼ੀ।
ਦਾਸ ਉਧਾਰੇ ਬਿਦਤ ਬਹੁ ਤੁਮ ਪਿਖਿ ਰਹਿ ਪਾਸੀ।
ਜੋਤ ਜਗਹਿ ਸੋਈ ਅਬਹਿ ਸ੍ਰੀ ਅਰਜਨ ਮਾਂਹੀ।
ਬਿਘਨ ਅਨਿਕ ਜੇ ਕਰਿ ਪਰਹਿਂ ਬਿਦਤਾਵਤਿ ਨਾਂਹੀ॥ ੯॥

ਜਦ ਸਤਿਗੁਰੂ ਰਾਮਦਾਸ ਜੀ ਉਤੇ ਉਹ ਜੋਤ ਪ੍ਰਕਾਸ਼ਿਤ ਹੋਈ ਤਾਂ ਉਨ੍ਹਾਂ ਨੇ ਬਹੁਤ ਸਿੱਖ ਸੇਵਕਾਂ ਦਾ ਉਧਾਰ ਕੀਤਾ ਜਿਸ ਬਾਰੇ ਤੁਸੀਂ ਪਾਸ ਰਹਿ ਕੇ ਆਪ ਵੀ ਵੇਖਿਆ ਹੈ। ਉਹੀ ਜੋਤ ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਜਗ ਰਹੀ ਹੈ। ਬੇਸ਼ਕ ਭਾਵੇਂ ਕਿੰਨੀਆਂ ਵੀ ਮੁਸ਼ਕਲਾਂ ਅਤੇ ਵਿਘਨ ਪੈ ਜਾਣ, ਉਨ੍ਹਾਂ ਕਰਾਮਾਤ ਪ੍ਰਗਟ ਨਹੀਂ ਕਰਨੀ॥ ੯॥

ਸਿਰ ਲਗਿ ਹਾਨੀ ਹੋਇ ਭੀ ਨਹਿਂ ਸ਼ਕਤਿ ਦਿਖਾਵੈਂ।
ਭਾਵੀ ਈਸ਼ੁਰ ਕੀ ਲਖਹਿਂ ਸਭਿ ਬਿਧਿ ਹਰਖਾਵੈਂ।
ਇਮ ਲਖਿ ਕ੍ਰੋਧ ਰੁ ਲੋਭ ਤਜਿ ਹੂਜੈ ਮਮ ਸੰਗਾ।
ਆਗੈ ਆਵੈਂ ਲੈਨਿ ਕੋ ਕਰਿ ਮਾਨ ਉਤੰਗਾ॥ ੧੦॥

ਭਾਵੇਂ ਉਨ੍ਹਾਂ ਦਾ ਸਿਰ ਵੀ ਲੱਥ ਜਾਵੇ ਪਰ ਉਨ੍ਹਾਂ ਸ਼ਕਤੀ ਨਹੀ ਵਿਖਾਉਣੀ ਹੈ। ਉਹ ਸਭ ਈਸ਼ਵਰ ਦਾ ਭਾਣਾ ਜਾਣਦੇ ਹਨ, ਤੇ ਹਰ ਤਰ੍ਹਾਂ ਪ੍ਰਸੰਨ ਰਹਿੰਦੇ ਹਨ। ਇਸ ਤਰ੍ਹਾਂ ਸਮਝ ਕੇ ਕ੍ਰੋਧ ਅਤੇ ਲੋਭ ਛੱਡ ਕੇ ਮੇਰੇ ਨਾਲ ਚਲੋ, ਉਹ ਤੁਹਾਡਾ ਵੱਡਾ ਮਾਣ ਕਰਨ ਵਾਸਤੇ ਤੁਹਾਨੂੰ ਅਗੋਂ ਆ ਕੇ ਲੈਣ ਆਉਣਗੇ॥ ੧੦॥

ਬਯ ਲਘੁ ਤਊ ਲਖੀਜੀਯੇ ਗਾਦੀ ਪਰ ਸੋਈ।
ਨਮੋ ਉਚਿਤ ਸਭਿ ਕੇ ਅਹੈਂ ਬਡ ਤੇ ਬਡ ਹੋਈ।
ਮੈਂ ਆਯਹੁ ਹਿਤ ਕਹਨਿ ਕੋ, ਸੋ ਕਹਜੋ ਘਨੇਰੇ।
ਕੀਜੈ ਕ੍ਰਿਤ ਬਿਚਾਰ ਕੈ ਜਯੋਂ ਮਨ ਹੁਇ ਤੇਰੇ॥ ੧੧॥

ਤੁਹਾਥੋਂ ਛੋਟੀ ਉਮਰ ਦੇ ਗੱਦੀ ਤੇ ਬੈਠੇ ਹਨ, ਪਰ ਉਹ ਹਰ ਆਪ ਤੋਂ ਵੱਡੇ ਨੂੰ ਉਚਿਤ ਨਮਸਕਾਰ ਕਰਦੇ ਹਨ। ਮੈਂ ਕੇਵਲ ਤੁਹਾਨੂੰ ਕਹਿਣ ਹਿੱਤ ਆਇਆ ਸੀ ਤੇ ਬਹੁਤ ਕਹਿ ਲਿਆ ਹੈ, ਜਿਵੇਂ ਤੁਹਾਡੇ ਮਨ ਵਿਚ ਆਵੇ ਉਸ ਤਰ੍ਹਾਂ ਵਿਚਾਰ ਕਰਕੇ ਵੇਖ ਲਵੋ॥ ੧੧॥

ਹੁਇ ਨ ਸਕਹਿ ਕੁਛ ਤੋਹਿ ਤੇ ਹਲਕੋ ਪਰ ਜੈ ਹੈਂ।
ਅਬਿਕੇ ਬਿਛੁਰੇ ਭ੍ਰਾਤ ਤੇ ਨਹਿਂ ਬੰਸ ਮਿਲੈ ਹੈਂ।
ਨੀਕੀ ਨਹੀਂ ਉਪਾਧਿ ਹੈ ਢਿਗ ਤੁਰਕ ਪੁਕਾਰਾ।
ਲਗਿ ਨਹਿਂ ਜਾਇ ਕਲੰਕ ਕੁਛ, ਨਹਿਂ ਸਕਹੁ ਉਤਾਰਾ॥੧੨॥

ਤੇਰੇ ਪਾਸੋਂ ਕੁਝ ਨਹੀਂ ਹੋ ਸਕਣਾ, ਐਵੇਂ ਹੌਲਾ ਪੈ ਜਾਵੇਂਗਾ, ਹੁਣ ਭਰਾ ਨਾਲੋਂ ਵਿਛੜਣ ਨਾਲ ਫਿਰ ਵੰਸ਼ ਨਹੀਂ ਮਿਲੇਗੀ। ਇਹ ਤੇਰੇ ਵਾਸਤੇ ਚੰਗੀ ਗੱਲ ਨਹੀਂ ਹੈ ਕਿ ਤੂੰ ਤੁਰਕਾਂ ਪਾਸ ਜਾ ਕੇ ਫਰਿਆਦ ਕਰੇਂ, ਕੋਈ ਐਸਾ ਕਲੰਕ ਨਾ ਲੱਗ ਜਾਵੇ, ਜਿਸ ਨੂੰ ਫਿਰ ਜ਼ਿੰਦਗੀ ਭਰ ਉਤਾਰ ਨਾ ਸਕੇ" ॥ ੧੨॥

ਸੁਨਿ ਪ੍ਰਿਥੀਆ ਚਮਕਯੋ ਪੁਨਹਿ, 'ਕਯੋਂ ਬਾਤ ਬਨਾਵੈਂ।
ਏਕਾ ਏਕੀ ਕੀਏ ਬਿਨ ਹਮ ਮਿਲਹਿਂ ਨ ਜਾਵੈਂ।
ਮੁਝ ਸੋਂ ਮਿਲਿਬੇ ਆਸ ਕੋ ਮਨ ਨਾਂਹਿ ਨ ਰਾਖੋ।
ਗਹਿਵਾਵੌਂ ਮਰਵਾਇ ਹੌਂ ਉੱਦਮ ਅਸ ਕਾਂਖੋ॥ ੧੩॥

ਇਹ ਸੁਣ ਕੇ ਪ੍ਰਿਥੀਆ ਫਿਰ ਚਮਕਿਆ, "ਕਿਉਂ ਗੱਲਾਂ ਬਣਾਉਂਦੇ ਹੋ, ਇਕ ਦੀ ਇਕ ਕਰਨ ਤੋਂ ਬਗੈਰ ਮੈਥੋਂ ਮਿਲਿਆ ਨਹੀਂ ਜਾਣਾ। ਮੈਨੂੰ ਮਿਲਣ ਦੀ ਆਸ ਨੂੰ ਮਨ ਵਿਚ ਨਾ ਰੱਖੋ, ਉਨ੍ਹਾਂ ਨੂੰ (ਗੁਰੂ ਅਰਜਨ ਦੇਵ ਜੀ) ਫੜਵਾ ਕੇ ਮਰਵਾ ਦਿਆਂਗਾ ਐਸਾ ਉੱਦਮ ਮੈਂ ਕਰਨਾ ਚਾਹੁੰਦਾ ਹਾਂ॥ ੧੩॥

ਸਹਤ ਪੁੱਤ੍ਰ ਕੇ ਕੈਦ ਮੋਂ ਜਬਿ ਪਰਿਹੈਂ ਜਾਈ।
ਤਬਿ ਮੈਂ ਹਰਖੋਂ ਸੁਖ ਕਰੌ ਉਰਚਿੰਤ ਮਿਟਾਈ।
ਜਾਨਜੋ ਤਬਿ ਗੁਰਦਾਸ ਨੇ ਇਹ ਅਧਿਕ ਕਠੋਰਾ।
ਤੁੰਮਾ ਨਿੰਮ ਨ ਮਧੁਰ ਹੁਇ ਜੋ ਉਪਜਤਿ ਕੌਰਾ॥ ੧੪॥

ਜਦ ਪੁੱਤਰ ਸਮੇਤ ਕੈਦ ਵਿਚ ਪੈ ਜਾਵੇਗਾ, ਫਿਰ ਮੈਂ ਪ੍ਰਸੰਨ ਹੋਵਾਂਗਾ ਅਤੇ ਦਿਲ ਦੀ ਚਿੰਤਾ ਮਿਟਾ ਕੇ ਸੁਖ ਪਾਵਾਂਗਾ।"

ਇਹ ਸੁਣ ਕੇ ਭਾਈ ਗੁਰਦਾਸ ਨੇ ਸਮਝ ਲਿਆ ਕਿ ਪ੍ਰਿਥੀਆ ਬਹੁਤ ਕਠੋਰ ਹੈ। ਤੁੰਮਾ ਅਤੇ ਨਿੰਮ ਕਦੇ ਵੀ ਮਿੱਠੇ ਨਹੀਂ ਹੁੰਦੇ, ਇਹ ਜੰਮਦੇ ਹੀ ਕੌੜੇ ਹੁੰਦੇ ਹਨ॥ ੧੪॥

ਗੁਰ ਘਰ ਜਨਮਜੋ ਤੈ ਕਹਾਂ ਸੰਗਤਿ ਨਿਤ ਠਾਨੀ।
ਪਾਥਰ ਕਰ੍ਯੋਂਹੁ ਨ ਭਿੱਜਈ ਚਿਰ ਰਹਿ ਵਿਚ ਪਾਨੀ।
ਅਪਨੀ ਅਗਨਿ ਨ ਤਜਾਗ ਹੀ, ਨਿਸ਼ਠੁਰ ਮ੍ਰਿਦੁ ਨਾਂਹੀ।
ਕੋਟ ਜਤਨ ਕੋਊ ਕਰਹੁ ਪਰਕ੍ਰਿਤਿ ਨ ਜਾਹੀ॥ ੧੫॥

ਗੁਰੂ ਘਰ ਜੰਮਿਆ ਹੈ ਅਤੇ ਨਿੱਤ ਸੰਗਤ ਵੀ ਕੀਤੀ ਹੈ, ਪਰ ਪੱਥਰ ਸਮਾਨ ਹੋ ਗਿਆ ਹੈਂ ਜਿਹੜਾ ਕਿੰਨਾ ਚਿਰ ਵੀ ਪਾਣੀ ਵਿਚ ਪਿਆ ਰਹੇ, ਪਰ ਭਿੱਜਦਾ ਨਹੀਂ ਭਾਵ ਨਰਮ ਨਹੀਂ ਹੁੰਦਾ। ਆਪਣੀ ਅੱਗ ਨੂੰ ਛੱਡਦਾ ਨਹੀਂ ਤੇ ਕਠੋਰ ਹੀ ਰਹਿੰਦਾ ਹੈ ਕਦੀ ਕੋਮਲ ਨਹੀਂ ਹੁੰਦਾ, ਭਾਵੇਂ ਕਰੋੜਾਂ ਯਤਨ ਕਰ ਲਵੋ, ਸੁਭਾਅ ਜਾਂਦਾ ਨਹੀਂ॥ ੧੫॥

ਭਯੋ ਨਿਰਾਸ ਬਿਬਾਰ ਇਮ ਉਠਿ ਕਰਿ ਭਾ ਠਾਂਢਾ।
'ਪ੍ਰਥਮ ਕਲੰਕ ਜੁ ਲਗਜੋ ਬਡਿ ਅਬਿ ਕੀਨਸਿ ਗਾਢਾ।
ਦੁਖ ਪਾਵਹੁ, ਹੁਇ ਹਾਨ ਕੋ ਨੀਕੀ ਨਹਿਂ ਮਾਨੀ।
ਅਪਜਸ ਬਿਥਰਜੋ ਜਗਤ ਮਹਿਂ ਇਹ ਨਰਕ ਨਿਸ਼ਾਨੀ॥੧੬॥

ਭਾਈ ਗੁਰਦਾਸ ਜੀ ਨਿਰਾਸ਼ ਹੋ ਗਏ ਤੇ ਉੱਠ ਕੇ ਖੜੇ ਹੋ ਗਏ ਅਤੇ ਬਚਨ ਕੀਤੇ, "ਪਹਿਲਾ ਜਿਹੜਾ ਵੱਡਾ ਕਲੰਕ ਲੱਗਾ ਸੀ, ਉਸ ਨੂੰ ਹੁਣ ਪੱਕਾ ਕਰ ਲਿਆ ਹੈ, ਦੁੱਖ ਪਾਵੋਗੇ ਤੇ ਨੁਕਸਾਨ ਹੋਵੇਗਾ, ਤੁਸੀਂ ਮੇਰੀ ਚੰਗੀ ਗੱਲ ਨੂੰ ਮੰਨਿਆ ਨਹੀਂ ਹੈ। ਜਗਤ ਵਿਚ ਨਿੰਦਿਆ ਦਾ ਫੈਲਣਾ, ਇਕ ਨਰਕ ਦੀ ਨਿਸ਼ਾਨੀ ਹੁੰਦੀ ਹੈ॥ ੧੬॥

ਗੁਰੂ ਕਹਾਯੋ ਚਹਿਤ ਹੈਂ ਬਿਨ ਗੁਨ ਅੱਗਜਾਨੀ।
ਸਜਾਨੇ ਪੁਰਖ ਨ ਮਾਨਿ ਹੈਂ ਲਿਹੁ ਨਿਸ਼ਚੈ ਜਾਨੀ'।
ਉਠਤਿ ਕਹਜੋ, ਸੁਨਿ ਕੈ ਜਰਜੋ, ਬਹੁ ਕਾਢਤਿ ਗਾਰੀ।
ਆਸਨ ਪਰ ਤੇ ਉਛਲਤੋ ਉਰ ਸੁਮਤਿ ਬਿਸਾਰੀ॥ ੧੭॥

ਕਿਸੇ ਗੁਣ ਅਤੇ ਗਿਆਨ ਤੋਂ ਬਗੈਰ ਆਪਣੇ ਆਪ ਨੂੰ ਗੁਰੂ ਕਹਾਉਣਾ ਚਾਹੁੰਦੇ ਹੋ ? ਸਿਆਣੇ ਲੋਕ ਤੈਨੂੰ ਕਦੇ ਵੀ ਗੁਰੂ ਨਹੀਂ ਮੰਨਣਗੇ ਇਹ ਗੱਲ ਮੇਰੀ ਚੰਗੀ ਤਰ੍ਹਾਂ ਜਾਣ ਲਵੋ" ਭਾਈ ਗੁਰਦਾਸ ਨੇ ਉੱਠ ਕੇ ਕਿਹਾ। ਸੁਣ ਕੇ ਸੜ ਗਿਆ, ਬਹੁਤ ਗਾਲ੍ਹਾਂ ਕੱਢਣ ਲੱਗਾ। ਆਪਣੀ ਬੈਠਣ ਵਾਲੀ ਥਾਂ ਤੇ ਭੁੜਕਣ ਲੱਗਾ ਅਤੇ ਸਾਰੀ ਮੱਤ ਵਿਸਾਰ ਦਿੱਤੀ॥ ੧੭॥

ਕਹਤਿ ਅਨੁੱਚਤ ਬਹੁਤ ਹੀ, ਬੋਲਜੋ ਪੁਨ ਭਾਈ।
'ਰਾਮਦਾਸ ਸ੍ਰੀ ਸਤਿਗੁਰੂ ਸਰਬੱਗ ਸਦਾਈ।
ਤੁਝ ਕੋ ਸ਼ਕਤੀ ਨਹਿਂ ਦਈ ਸ਼ੁਭ ਰਿਦੈ ਬਿਚਾਰੀ।
ਅਜ਼ਰ ਜਰਨ ਜਾਨਜੋ ਨਹੀਂ ਹੌਰਾ ਧ੍ਰਿਤ ਹਾਰੀ॥ ੧੮॥

ਜਦ ਬਹੁਤ ਅਯੋਗ ਗੱਲਾਂ ਕੀਤੀਆਂ ਤੇ ਭਾਈ ਗੁਰਦਾਸ ਜੀ ਫਿਰ ਬੋਲੇ, "ਸ੍ਰੀ ਗੁਰੂ ਰਾਮਦਾਸ ਜੀ ਸਦਾ ਸਰਬ ਕਲਾ ਸਮਰੱਥ ਸਨ। ਉਨ੍ਹਾਂ ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੇ ਤੁਹਾਨੂੰ ਸ਼ਕਤੀ ਨਹੀਂ ਦਿੱਤੀ। ਉਨ੍ਹਾਂ ਇਹ ਸਮਝ ਲਿਆ ਸੀ

ਕਿ ਇਹ ਨਾ ਜਰੇ ਜਾਣ ਵਾਲੇ ਨੂੰ ਜਰਨਾ ਜਾਣਦਾ ਨਹੀਂ ਤੇ ਝਟਪਟ ਧੀਰਜ ਹਾਰਨ ਵਾਲਾ ਹੈ॥ ੧੮॥

ਇਹ ਕੁਛ ਤੇ ਕੁਛ ਕਰਹਿਗੋ ਅਜ਼ਮਤ ਕੋ ਪਾਏ।
ਯਾਂਤੇ ਛੂਛਾ ਰਾਖਿਓ ਨਿਜਬਲ ਨ ਟਿਕਾਏ।
ਅਬ ਤੇਰੀ ਪ੍ਰਕ੍ਰਿਤਿ ਲਖਿ ਮਨ ਮਹਿਂ ਦ੍ਰਿਢ ਜਾਨੀ।
ਉਚਿਤ ਕਰੀ ਸ੍ਰੀ ਸਤਿਗੁਰੂ ਸਭਿ ਮਹਿਂ ਬਿਦਤਾਨੀ' ॥ ੧੯ ॥

ਉਨ੍ਹਾਂ ਸਮਝਿਆ ਕਿ ਕਰਾਮਾਤ ਪਾ ਕੇ ਇਹ ਕੁਝ ਤੋਂ ਕੁਝ ਕਰ ਦੇਵੇਗਾ। ਇਸ ਕਰਕੇ ਤੈਨੂੰ ਖਾਲੀ ਰੱਖਿਆ ਤੇ ਆਪਣੀ ਸ਼ਕਤੀ ਤੇਰੇ ਵਿਚ ਨਹੀਂ ਟਿਕਾਈ ਹੈ। ਹੁਣ ਤੇਰਾ ਵਿਹਾਰ ਵੇਖ ਕੇ ਮੈਂ ਮਨ ਵਿਚ ਦ੍ਰਿੜ੍ਹ ਜਾਣ ਲਿਆ ਹੈ ਕਿ ਸਤਿਗੁਰੂ ਜੀ ਨੇ ਤੇਰੀਆਂ ਕਰਤੂਤਾਂ ਨੂੰ ਸਭ ਵਿਚ ਪ੍ਰਗਟ ਕਰਕੇ ਚੰਗਾ ਕੀਤਾ ਹੈ" ॥ ੧੯ ॥

ਗਾਰਿ ਨਿਕਾਰਤਿ ਕੋ ਤਜਜੋ ਇਮ ਕਹਿ ਜਲਿ ਆਯੋ।
'ਬਡੀ ਦੁਸ਼ਟਤਾ ਇਸ ਰਿਦੇ ਹਿਤ ਨਹਿਂ ਚਿਤ ਲਜਾਯੋ'।
ਹੋਇ ਤਯਾਰ ਮਾਰਗ ਪਰਜੋ ਰਿਸ ਕੋ ਬਿਸਰਾਏ।
ਸ੍ਰੀ ਅਰਜਨ ਕੇ ਬ੍ਰਿੰਦ ਗੁਨ ਸਿਮਰਤਿ ਹਰਖਾਏ॥ ੨੦ ॥

ਗਾਲ੍ਹਾਂ ਕੱਢਦੇ ਨੂੰ ਛੱਡ ਕੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਹਿ ਕੇ ਆ ਗਏ, "ਇਸ ਦੇ ਹਿਰਦੇ ਵਿਚ ਵੱਡੀ ਦੁਸ਼ਟਤਾ ਭਰੀ ਹੋਈ ਹੈ, ਆਪਣੇ ਹਿੱਤ ਨੂੰ ਵੀ ਚਿੱਤ ਵਿਚ ਨਹੀਂ ਲਿਆਇਆ ਹੈ।" ਆਪਣੇ ਗੁੱਸੇ ਨੂੰ ਵਿਸਾਰ ਕੇ ਤਿਆਰ ਹੋ ਕੇ ਆਪਣੇ ਰਾਹ ਪੈ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਯਾਦ ਕਰਕੇ ਬਹੁਤ ਪ੍ਰਸੰਨ ਹੋਏ॥ ੨੦॥

ਧੰਨ ਰਿਦਾ ਗੰਭੀਰ ਤਿਨ ਰਤਨਾਕਰ ਜੈਸੇ।
ਸੀਤਲ ਤਪਤ ਨ ਬਧਤਿ ਕਮਿ ਇਕਰਸ ਬ੍ਰਿਤਿ ਤੈਸੇ।
ਕਾਮ, ਕ੍ਰੋਧ, ਮਦ, ਲੋਭ, ਦੁਖ ਇੱਤਯਾਦਿ ਬਿਕਾਰਾ।
ਇਨ ਤੇ ਛੁਭਤਿ ਨ ਹੋਤਿ ਕਬ, ਰਸ ਅਨਦ ਮਝਾਰਾ॥ ੨੧ ॥

ਧੰਨ ਉਨ੍ਹਾਂ ਦਾ ਹਿਰਦਾ ਹੈ ਜਿਹੜਾ ਸਾਗਰ ਵਾਂਗ ਗੰਭੀਰ ਹੈ। ਜਿਵੇਂ ਸਾਗਰ ਵਿਚ ਠੰਡ ਅਤੇ ਤਪਸ਼ ਘਟਦੀ ਵਧਦੀ ਨਹੀਂ ਇਸ ਤਰ੍ਹਾਂ ਉਨ੍ਹਾਂ ਦੀ ਬ੍ਰਿਤੀ ਇਕ ਰਸ ਰਹਿੰਦੀ ਹੈ। ਕਾਮ, ਕ੍ਰੋਧ, ਅਹੰਕਾਰ, ਲੋਭ, ਦੁਖ ਆਦਿ ਵਿਕਾਰ ਇਨ੍ਹਾਂ ਨੂੰ ਕਦੇ ਛੂੰਹਦੇ ਵੀ ਨਹੀਂ ਅਤੇ ਸਦਾ ਅਨੰਦ ਰਸ ਵਿਚ ਰਹਿੰਦੇ ਹਨ॥ ੨੧॥

ਪੰਥ ਚਲਤਿ ਚਿਤ ਚਿਤਵਤੋ ਬਧਿ ਪ੍ਰੇਮ ਬਿਸਾਲਾ।
ਨੀਰ ਬਿਲੋਚਨ ਤੇ ਸ੍ਰਵਜੋ ਗਦ ਗਦ ਤਿਸ ਕਾਲਾ।
ਸ੍ਰੀ ਗੁਰ ਪਗ ਪੰਕਜ ਮ੍ਰਿਦੁਲ ਉਰ ਬਿਖੈ ਬਸਾਏ।
ਸੁੰਦਰ ਦਰਸ਼ਨ ਦੇਖਿਬੇ ਮਨ ਮਹਿਂ ਅਕੁਲਾਏ॥ ੨੨ ॥

ਰਾਹ ਵਿਚ ਚਲਦਿਆਂ ਗੁਰੂ ਅਰਜਨ ਦੇਵ ਜੀ ਦੇ ਗੁਣ ਯਾਦ ਕਰ ਕਰ ਕੇ ਬਹੁਤ ਪ੍ਰੇਮ ਵਧ ਗਿਆ, ਉਸ ਸਮੇਂ ਪ੍ਰੇਮ ਵਿਚ ਏਨੇ ਗਦ-ਗਦ ਹੋ ਗਏ ਕਿ ਅੱਖਾਂ ਵਿਚ ਜਲ ਵਹਿ ਤੁਰਿਆ। ਗੁਰੂ ਜੀ ਦੇ ਕੋਮਲ ਚਰਨ ਕੰਵਲਾਂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਅਤੇ ਗੁਰੂ ਜੀ ਦੇ ਸੁੰਦਰ ਦਰਸ਼ਨ ਕਰਨ ਵਾਸਤੇ ਮਨ ਵਿਚ ਵਿਆਕੁਲ ਹੋ ਗਏ॥ ੨੨॥

ਪੰਥ ਚਲਤਿ ਭਾ ਸ਼ੀਘ੍ਰ ਹੀ ਦਿਸ਼ਿ ਅੰਮ੍ਰਿਤ ਤਾਲਾ।
ਪਹੁੰਚਯੋ ਤੂਰਨ ਜਾਇਕੈ ਸ੍ਰੀ ਗੁਰ ਕੀ ਸ਼ਾਲਾ।
ਬੰਦਨ ਪਦ ਅਰਬਿੰਦ ਕਰਿ ਲੋਚਨ ਭਰਿ ਹੇਰੇ।
ਪਰਮ ਪ੍ਰੇਮ ਪੁਲਕਾਵਲੀ ਆਨੰਦ ਉਮ੍ਰਗੇਰੇ॥ ੨੩॥

ਰਾਹ ਵਿਚ ਚਲਦੇ ਚਲਦੇ ਛੇਤੀ ਹੀ ਅੰਮ੍ਰਿਤਸਰ ਪਹੁੰਚ ਗਏ, ਛੇਤੀ ਹੀ ਜਾ ਕੇ ਗੁਰੂ ਜੀ ਦੇ ਅਸਥਾਨ ਤੇ ਪਹੁੰਚ ਗਏ, ਚਰਨ-ਕੰਵਲਾਂ ਤੇ ਬੰਦਨਾ ਕਰਕੇ ਅੱਖਾਂ ਭਰ ਕੇ ਗੁਰੂ ਜੀ ਵਲ ਵੇਖਿਆ। ਪਰਮ ਪ੍ਰੇਮ ਵਿਚ ਭਿੱਜ ਜਾਣ ਨਾਲ ਰੋਮ-ਰੋਮ ਖੜੇ ਹੋ ਗਏ ਅਤੇ ਬਹੁਤ ਅਨੰਦ ਪ੍ਰਾਪਤ ਕੀਤਾ॥ ੨੩॥

ਸ੍ਰੀ ਅਰਜਨ ਜੀ ਦੇਖਿ ਕੈ ਸੁਧਿ ਬੂਝਨਿ ਕੀਨੀ।
'ਕਹਹੁ ਭ੍ਰਾਤ ਕੀ ਬਾਰਤਾ ਕੈਸੀ ਗਤਿ ਚੀਨੀ?।
ਕਿਸ ਪ੍ਰਕਾਰ ਕੋ ਮਤਿ ਅਹੈ ਆਵਨਿ 'ਇਸ ਥਾਨਾ।
ਦੁਸ਼ਟ ਸੁਭਾਵ ਤਿਆਗਿਓ ਮਾਨਯੋ ਕਿ ਨ ਮਾਨਾ?' ॥੨੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇਖ ਕੇ ਖਬਰਸਾਰ ਪੁਛੀ, "ਭਰਾ ਜੀ ਦੀ ਗੱਲ ਦੱਸੋ ਕੈਸੀ ਹਾਲਤ ਵੇਖੀ ਹੈ? ਉਨ੍ਹਾਂ ਦਾ ਏਥੇ ਆਉਣ ਬਾਰੇ ਕੈਸਾ ਮੱਤ ਹੈ, ਕੀ ਦੁਸ਼ਟ ਸੁਭਾਅ ਛੱਡ ਦਿੱਤਾ ਹੈ? ਏਥੇ ਆਉਣਾ ਮੰਨਿਆਂ ਹੈ ਕਿ ਨਹੀਂ ਮੰਨਿਆ?" ॥੨੪॥

ਹਾਥ ਬੰਦਿ ਭਾਈ ਕਹਯੋ 'ਤੁਮ ਪਰਬਲ ਮਾਯਾ।
ਜੋਗੀ ਮੁਨਿ ਜਨ ਆਦਿ ਤੇ ਕੋ ਕੌ ਨ ਭ੍ਰਮਾਯਾ।
ਜਥਾ ਭਵਿੱਖਜਤ ਕ੍ਰਿੱਤ ਕੋ ਕਰਿਬੇ ਕੋ ਚਾਹੀ।
ਤਿਸ ਪ੍ਰਕਾਰ ਹੀ ਬਨ ਸਕਹਿ ਹੁਇ ਅਨਤੈ ਨਾਂਹੀ॥ ੨੫॥

ਹੱਥ ਜੋੜ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਤੁਹਾਡੀ ਮਾਇਆ ਬਲਵਾਨ ਹੈ, ਜੋਗੀ, ਮੁਨੀ ਤੇ ਆਮ ਲੋਕਾਂ ਵਿਚ ਇਸ ਕਿਸ-ਕਿਸ ਨੂੰ ਨਹੀਂ ਭਰਮਾਇਆ ਹੈ? ਜਿਵੇਂ ਭਵਿਖ ਦੀ ਕਿਰਤ ਕਰਨ ਨੂੰ ਚਾਹੁੰਦੇ ਹੋ, ਉਸ ਤਰ੍ਹਾਂ ਹੀ ਹੁੰਦਾ ਹੈ, ਹੋਰ ਤਰ੍ਹਾਂ ਨਹੀਂ ਹੁੰਦਾ॥ ੨੫॥

ਜਿਸ ਪਰ ਕਰੁਨਾ ਨਿਜ ਕਰਹੁ, ਦੇ ਹਾਥ ਬਚਾਵੋ।
ਨਿੰਦਕ ਦੁਰਜਨ ਸਿੰਧ ਭਵ ਤਿਸ ਬਿਖੈ ਡੁਬਾਵੋ।
ਕਿਮ ਉਧਾਰ ਤਿਨ ਹੁਇ ਸਕੈ ਗੋਤੇ ਨਿਤ ਖਾਵੈਂ।
ਪੋਤ ਨ ਪ੍ਰਾਪਤਿ ਹੋਤਿ ਹੈ ਕਿਮ ਤਟ ਪਰ ਆਵੈਂ॥ ੨੬॥

ਜਿਸ ਉਤੇ ਆਪਣੀ ਕਿਰਪਾ ਕਰਦੇ ਹੋ, ਉਸ ਨੂੰ ਹੱਥ ਦੇ ਕੇ ਬਚਾ ਲੈਂਦੇ ਹੋ, ਨਿੰਦਕਾਂ ਅਤੇ ਭੈੜੀ ਮੱਤ ਵਾਲਿਆਂ ਨੂੰ ਭਵਸਾਗਰ ਵਿਚ ਡੋਬ ਦਿੰਦੇ ਹੋ। ਉਨ੍ਹਾਂ ਦਾ ਉਧਾਰ ਕਿਵੇਂ ਹੋ ਸਕਦਾ ਹੈ ਜਿਹੜੇ ਸਦਾ ਗੋਤੇ ਖਾਂਦੇ ਹਨ, ਜਹਾਜ਼ ਲੱਭਦਾ ਨਹੀਂ, ਕਿਵੇਂ ਕਿਨਾਰੇ ਲੱਗਣਗੇ?॥ ੨੬॥

ਜਥਾ ਕ੍ਰਿਆ ਬੋਲਨਿ ਗਤੀ ਪਾਖੰਡ ਕਰੰਤਾ।
ਜਿਮ ਦੁਰਜਨਤਾ ਕਰਤਿ ਹੈ, ਜਿਮ ਲੋਭ ਧਰੰਤਾ।

ਜਿਮ ਪ੍ਰਲੋਕ ਮਹਿਂ ਗਤੀ ਹੁਇ ਜਿਮ ਮਨ ਕੋ ਪਾਪੀ।
ਪਰ ਜਸੁ ਪਰ ਐਸ਼੍ਰਜੁ ਪਿਖਿ ਜਿਮ ਹ੍ਵੈ ਸੰਤਾਪੀ॥ ੨੭॥

ਜਿਵੇਂ ਬੋਲਣ ਦੀ ਕਿਰਿਆ ਹੈ ਉੱਚ ਪਖੰਡ ਕਰਦਾ ਹੈ, ਜਿਵੇਂ ਲੋਭ ਧਾਰਨ ਕਰਦਾ ਹੈ ਉਸ ਤਰ੍ਹਾਂ ਹੀ ਨੀਚਤਾ ਕਰਦਾ ਹੈ। ਜਿਵੇਂ ਮਨ ਪਾਪੀ ਹੈ, ਉਸ ਤਰ੍ਹਾਂ ਹੀ ਪਰਲੋਕ ਵਿਚ ਗਤੀ ਹੁੰਦੀ ਹੈ, ਜਿਵੇਂ ਪਰਾਇਆ ਜੱਸ ਅਤੇ ਸੁਖ ਵੇਖ ਕੇ ਦੁਖ ਪਾਉਂਦਾ ਹੈ॥ ੨੭॥

ਵਾਰ ਕਰੀ ਪਰਿਥਾਇ ਤਿਸ, ਹੈ ਜਥਾ ਬਿਕਾਰੀ।
ਤਿਮ ਬਨਾਇ ਕਰਿ ਮਗ ਬਿਖੈ ਆਨੀ ਲਿਖਿ ਸਾਰੀ।
ਸੋ ਸੁਨੀਅਹਿ ਸਭਿ ਜਾਨੀਅਹਿ ਮੈਂ ਕਰੋਂ ਉਚਾਰੀ।
ਸ਼ੁਭ ਗੁਣ ਜਿਸ ਮਹਿਂ ਲੇਸ਼ ਨਹਿਂ, ਹੰਕਾਰ ਅਫਾਰੀ॥ ੨੮॥

ਜਿਸ ਤਰ੍ਹਾਂ ਦਾ ਵਿਕਾਰੀ ਪ੍ਰਿਥੀਆ ਹੈ, ਉਸ ਤਰ੍ਹਾਂ ਦੀ ਮੈਂ ਵਾਰ (ਕਵਿਤਾ) ਬਣਾਈ ਹੈ, ਇਹ ਮੈਂ ਸਾਰੀ ਰਾਹ ਵਿਚ ਚਲਦਿਆਂ ਸੋਚੀ ਸੀ ਤੇ ਹੁਣ ਸਾਰੀ ਲਿਖ ਲਈ ਹੈ। ਉਸ ਮੇਰੀ ਸਾਰੀ ਵਾਰ ਨੂੰ ਸੁਣ ਕੇ ਜਾਣੋ, ਮੈਂ ਉਸ ਦਾ ਉਚਾਰਨ ਕਰਦਾ ਹਾਂ। ਉਸ ਵਿਚ ਇਕ ਵੀ ਸ਼ੁਭ ਗੁਣ ਨਹੀਂ ਹੈ, ਹੰਕਾਰ ਨਾਲ ਆਫਰਿਆ ਹੈ॥ ੨੮॥

*ਦੋਹਰਾ*- ਹੈ ਛਤੀਸਵੀਂ ਵਾਰ ਜੋ ਗਿਰਾ ਕਰੀ ਗੁਰਦਾਸ।
ਲਗਜੋ ਸੁਨਾਵਨਿ ਖੋਟ ਤਿਹ ਸ੍ਰੀ ਸਤਿਗੁਰ ਕੇ ਪਾਸ॥ ੨੯॥

ਭਾਈ ਗੁਰਦਾਸ ਜੀ ਨੇ ਜਿਹੜੀ ਛੱਤੀਵੀਂ ਵਾਰ ਲਿਖੀ ਹੈ, ਉਸ ਦਾ ਉਨ੍ਹਾਂ ਨੇ ਉਚਾਰਨ ਕੀਤਾ, ਉਸ ਵਾਰ ਰਾਹੀਂ ਉਹ ਪ੍ਰਿਥੀਏ ਦੇ ਸਾਰੇ ਖੋਟ, ਗੁਰੂ ਅਰਜਨ ਦੇਵ ਜੀ ਨੂੰ ਸੁਣਾਉਣ ਲੱਗੇ॥ ੨੯॥

*ਨਿਸ਼ਾਨੀ ਛੰਦ*- 'ਕਾਲੇ ਮੁਖ ਮੀਨਾ ਭਯੋ ਬਡ ਦੰਭ ਕਮਾਵੈ।
ਬੇਖ ਬਾਕ ਸ਼ੁਭ ਮੋਰ ਕੇ ਜੀਵਨਿ ਚੁਨਿ ਖਾਵੈ।
ਗਜਾਨ ਹੀਨ ਗੁਰ ਬਨਤਿ ਹੈ ਕੋ ਨਮੋ ਨ ਠਾਨੇ।
ਖੋਟੀ ਸੰਗਤਿ ਮੀਣਿਆ ਗੁਰ ਨਿੰਦ ਬਖਾਨੈਂ॥ ੩੦॥

"ਕਾਲੇ ਮੂੰਹ ਵਾਲਾ ਮੀਣਾ ਹੋ ਗਿਆ ਤੇ ਬਹੁਤ ਪਖੰਡ ਕਰਦਾ ਹੈ। ਮੋਰ ਵਾਂਗ ਸ਼ਕਲ ਤੇ ਆਵਾਜ਼ ਬੜੀ ਸੋਹਣੀ ਹੈ, ਪਰ ਜੀਵਾਂ ਨੂੰ ਚੁਣ-ਚੁਣ ਕੇ ਖਾਂਦਾ ਹੈ। ਗਿਆਨ-ਰਹਿਤ ਹੋ ਕੇ ਗੁਰੂ ਬਣਦਾ ਹੈ, ਕੋਈ ਨਮਸਕਾਰ ਵੀ ਨਹੀਂ ਕਰਦਾ ਹੈ, ਮੀਣਿਆਂ ਦੀ ਖੋਟੀ ਸੰਗਤ ਵਿਚ ਗੁਰੂ ਜੀ ਦੀ ਨਿੰਦਿਆ ਕਰਦਾ ਹੈ॥ ੩੦॥

ਦੁਰਮਤਿ ਜੀਵਤਿ ਕਰਤਿ ਹੈ ਜਬਿ ਗਹਿ ਜਮ ਮਾਰੇ।
ਕੂੜੁ ਕੁਪੱਤਾ ਹੋਹਿੰਗੋ ਦੁਖ ਸਹਹਿਂ ਕਰਾਰੇ'॥
ਇੱਤਜਾਦਿਕ ਜਿਸ ਮਹਿਂ ਕਹਜੋ ਸਭਿ ਵਾਰ ਸੁਨਾਈ।
'ਨਹਿਂ ਮਾਨਹਿਂ ਸ੍ਰੀ ਗੁਰੂ ਜੀ ਸੋ ਦੁਸ਼ਟ ਬਡਾਈ॥ ੩੧॥

ਜੀਉਂਦਿਆਂ ਮਾੜੇ ਕੰਮ ਕਰਦਾ ਹੈ, ਜਦ ਜਮ ਫੜ ਕੇ ਮਾਰਨਗੇ ਤਾਂ ਝੂਠਾ ਅਤੇ ਕਪਟੀ ਸਾਬਤ ਹੋਣ ਤੇ ਵੱਡੇ ਦੁਖ ਬਰਦਾਸ਼ਤ ਕਰੇਗਾ।" ਜਿਵੇਂ ਵੀ ਉਸ ਵਾਰ ਵਿਚ ਕਿਹਾ ਗਿਆ ਹੈ, ਸਾਰੀ ਹੀ ਗੁਰੂ ਜੀ ਨੂੰ ਸੁਣਾਈ ਅਤੇ ਕਿਹਾ, "ਹੇ ਗੁਰੂ ਜੀ! ਓਹ ਨਹੀਂ ਮੰਨੇਗਾ, ਉਹ ਵੱਡਾ ਦੁਸ਼ਟ ਹੈ॥ ੩੧॥

ਸਿਕਤਾ ਮਹਿਂ ਤੇ ਜਤਨ ਕਰਿ ਤੇਲ ਜੁ ਨਿਕਸਾਵੈ।
ਕਮਠ ਪੀਠ ਪਰ ਭਾਂਤਿ ਕਿਸ ਬਹੁ ਬਾਰ ਜਮਾਵੈ।
ਸਿਰ ਪਰ ਰਾਸ਼ਭ ਸਸੇ ਕੇ ਉਗਵਾਇ ਵਿਖਾਨਾ।
ਤੌ ਦੁਸ਼ਟਨਿ ਕੇ ਰਿਦੇ ਮਹਿਂ ਗੁਨ ਕਰਹਿ ਮਹਾਨਾ॥ ੩੨॥

ਜੇ ਕੋਈ ਯਤਨ ਕਰਕੇ ਰੇਤ ਵਿਚੋਂ ਤੇਲ ਕੱਢ ਲਵੇ, ਜੇ ਕੋਈ ਕਿਸੇ ਪ੍ਰਕਾਰ ਕੱਛੂ ਦੀ ਪਿੱਠ ਤੇ ਵਾਲ ਉਗਵਾ ਲਵੇ, ਜੇ ਗੱਧੇ ਅਤੇ ਸਹੇ ਦੇ ਸਿਰ ਤੇ ਸਿੰਗ ਉਗਵਾ ਲਵੇ, ਉਸ ਤਰ੍ਹਾਂ ਦਾ ਹੀ ਮੁਸ਼ਕਲ ਕਾਰਜ ਦੁਸ਼ਟ ਦੇ ਹਿਰਦੇ ਵਿਚ ਮਹਾਨ ਗੁਣਾਂ ਦਾ ਪੈਦਾ ਕਰਨਾ ਹੈ॥ ੩੨॥

ਜੇ ਸਰਪਨਿ ਮਨ ਮ੍ਰਿਦੁਲਤਾ ਕਜੋਂ ਹੂੰ ਹੁਇ ਜਾਈ।
ਤਉ ਦੁਸ਼ਟਨਿ ਕੇ ਸਰਲਤਾ ਉਰ ਮਹਿਂ ਉਪਜਾਈ।
ਆਵਹਿ ਬ੍ਰਹਮਾ ਆਪ ਭੀ ਕੁਟਿਲੈਂ ਸਮੁਝਾਵੈ।
ਤਊ ਨ ਤਜਿ ਹੈਂ ਮੂਢਤਾ ਨਹਿਂ ਗੁਨ ਮਨ ਲਜਾਵੈਂ॥ ੩੩॥

ਸੱਪਾਂ ਦੇ ਮਨ ਵਿਚ ਕੋਮਲਤਾ ਕਿਵੇਂ ਆ ਸਕਦੀ ਹੈ? ਉਸ ਤਰ੍ਹਾਂ ਹੀ ਦੁਸ਼ਟਾਂ ਦੇ ਮਨ ਵਿਚ ਸਰਲਤਾ ਨਹੀਂ ਪੈਦਾ ਹੋ ਸਕਦੀ। ਜੇ ਬ੍ਰਹਮਾ ਆਪ ਆ ਕੇ ਵੀ ਸਮਝਾਵੇ ਤਦ ਵੀ ਮੂਰਖਤਾ ਨਹੀਂ ਛੱਡੇਗਾ ਤੇ ਗੁਣ ਮਨ ਵਿਚ ਨਹੀਂ ਧਾਰਨ ਕਰੇਗਾ॥ ੩੩॥

ਮੈਂ ਬਹੁ ਬਾਰੀ ਬਿਨੈ ਕਰਿ ਬੰਦੇ ਜੁਗ ਪਾਨਾ।
ਕਰਹੁ ਮੇਲ ਤਜਿ ਬੈਰ ਕੋ ਇਕ ਕਹਜੋ ਨ ਮਾਨਾ।
ਉਲਟੋ ਗਾਰਿ ਨਿਕਾਰਤੋ ਬਹੁ ਕਹਸਿ ਕਠੋਰਾ।
ਅਤਿ ਅਜੋਗ ਬੋਲਤਿ ਭਯੋ, ਤਪਤਯੋ ਨਹਿਂ ਥੋਰਾ॥ ੩੪॥

ਮੈਂ ਵੀ ਬਹੁਤ ਵਾਰ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੈ ਅਤੇ ਕਿਹਾ ਹੈ ਕਿ ਵੈਰ ਛੱਡ ਕੇ ਮੇਲ ਮਿਲਾਪ ਕਰੋ, ਪਰ ਮੇਰੀ ਕਹੀ ਇਕ ਨਹੀਂ ਮੰਨੀ। ਉਲਟਾ ਗਾਲ੍ਹਾਂ ਕੱਢਦਾ ਹੈ ਅਤੇ ਰੁੱਖਾ ਬੋਲਦਾ ਹੈ। ਬਹੁਤ ਅਜੋਗ ਗੱਲਾਂ ਕਰਦਾ ਹੈ, ਬਹੁਤ ਭਖਿਆ ਹੋਇਆ ਹੈ॥ ੩੪॥

ਸ਼ਾਮ ਦਾਮ ਕੀ ਰੀਤਿ ਸਭਿ ਕਹਿ ਬਹੁਤ ਸੁਨਾਈ।
ਏਕ ਨ ਮਾਨੀ ਭਲੀ ਕਰਿ, ਠਾਨੀ ਕੁਟਿਲਾਈ।
ਇਕ ਸਮ ਬਸੁਧਾ ਸ਼ੁਭ ਕਰਿਯ ਮ੍ਰਿਦੁਤਾ ਬਹੁ ਭਾਂਤੀ।
ਬੱਕ੍ਰ ਚਲਹਿ ਪੰਨਗ ਤਹਾਂ ਇਮ ਕੁਟਲਨਿ ਬਾਤੀ॥ ੩੫॥

ਮੈਂ ਨਿਮਰਤਾ ਨਾਲ ਧਰਮ ਦੀ ਗੱਲ ਦੱਸਣ ਤੋਂ ਇਲਾਵਾ ਨੀਤੀ ਦੇ ਪਹਿਲੂ ਵਿਖਾ ਕੇ ਵੀ ਸਮਝਾਇਆ ਹੈ ਕਿ ਮੇਲ ਮਿਲਾਪ ਵਿਚ ਹੀ ਭਲਾ ਹੈ, ਪਰ ਉਸ ਨੇ ਮੇਰੀ ਇਕ ਗੱਲ ਵੀ ਚੰਗੀ ਸਮਝ ਕੇ ਨਹੀਂ ਮੰਨੀ, ਉਲਟਾ ਉਹ ਮੇਰੀਆਂ ਗੱਲਾਂ ਨੂੰ ਕੋਈ ਉਲਟੀ ਚਾਲ ਹੀ ਸਮਝਦਾ ਰਿਹਾ ਹੈ। ਭਾਵੇਂ ਧਰਤੀ ਨੂੰ ਕਿੰਨਾ ਵੀ ਪੱਧਰਾ ਕਰ ਲਈਏ ਅਤੇ ਭਾਵੇਂ ਕਈ ਪ੍ਰਕਾਰ ਦੀ ਕੋਮਲਤਾ ਭਰੀਏ ਪਰ ਸਾਫ ਤੇ ਕੋਮਲ ਜ਼ਮੀਨ ਉਤੇ ਵੀ ਸੱਪ ਟੇਢਾ ਹੀ ਚਲੇਗਾ, ਇਸ ਤਰ੍ਹਾਂ ਪ੍ਰਿਥੀਏ ਨੇ ਕੁਟਲਤਾ ਧਾਰਨ ਕੀਤੀ ਹੋਈ ਹੈ॥ ੩੫॥

ਸੁਨਹੁ ਗੁਰੂ ਜੀ ਵਾਰ ਇਹ ਲਿਖਿ ਤਹਾਂ ਪਠਾਈ।
ਨਿਜ ਔਗੁਨ ਨਹਿਂ ਪਰਖ ਹੈ, ਮੁਹਿ ਬੁਰਾ ਅਲਾਈ।

ਪਠਿਕੈ ਜਾਨਹਿ ਗੇ ਭਲੇ ਜੇ ਦੋਸ਼ ਉਚਾਰੇ।
ਇਹੀ ਭੇਟ ਤਿਹ ਜੋਗ ਥੀ ਮੈਂ ਪਠੀ ਬਿਚਾਰੇ॥ ੩੬॥

ਹੇ ਗੁਰੂ ਜੀ! ਸੁਣੋ ਇਹ ਵਾਰ ਲਿਖ ਕੇ ਮੈਂ ਓਥੇ ਭੇਜ ਦਿੱਤੀ ਹੈ, ਪਰ ਉਹ ਆਪਣੇ ਔਗੁਣਾਂ ਨੂੰ ਨਹੀਂ ਪਰਖੇਗਾ, ਮੈਨੂੰ ਬੁਰਾ ਕਹੇਗਾ। ਮੈਂ ਜਿਹੜੇ ਉਸ ਦੇ ਦੋਸ਼ ਲਿਖੇ ਹਨ ਉਹ ਪੜ੍ਹ ਕੇ ਜਾਣੇਗਾ। ਇਹੋ ਭੇਟ ਉਸਦੇ ਯੋਗ ਸੀ ਜਿਹੜੀ ਮੈਂ ਵਿਚਾਰ ਕੇ ਭੇਜੀ ਹੈ"॥ ੨੬॥

ਸੁਨਿ ਸ੍ਰੀ ਗੁਰ ਅਰਜਨ ਕਹਯੋ 'ਕੁਟਿਲ ਜੁ ਮਤ ਨੀਚਾ।
ਅੱਗ੍ਰ ਤਿਨਹੁ ਕੇ ਨਿਮਨਿ ਜੋ ਹੁਇ ਦੋਸ਼ਨਿ ਸੀ ਚਾ।
ਦੁਖਦ ਬੁਰੋ ਤਿਹ ਜਾਨੀਏ ਅਬਿ ਲਿਹੁ ਪਤਿਆਈ।
ਭਲੀ ਬਾਤ ਨਹਿੰ ਹੋਤਿ ਹੈ, ਦੇਵਤਿ ਬੁਰਿਆਈ॥ ੩੭॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਬੜਾ ਕਪਟੀ ਅਤੇ ਨੀਚ ਮੱਤ ਵਾਲਾ ਹੈ, ਉਸ ਦੇ ਅੱਗੇ ਨਿਉਣਾ ਮਾਨੋਂ ਦੋਸ਼ਾਂ ਨੂੰ ਪਾਣੀ ਦੇਣਾ ਹੈ। ਉਸ ਨੂੰ ਵੱਡਾ ਦੁਖੀ ਜਾਣੋ, ਹੁਣ ਇਸ ਦਾ ਵੀ ਪਰਤਾਵਾ ਲੈ ਲਵੋ। ਚੰਗੀ ਗੱਲ ਨਹੀਂ ਹੋਵੇਗੀ, ਬੁਰਿਆਈ ਦੇਵੇਗੀ॥ ੩੭॥

ਨਿਜ ਪਿਤ ਕੋ ਸੁਤ ਜਾਨਿ ਕੈ ਕਰਿ ਹੇਤ ਹਕਾਰਾ।
'ਡਰਪਤਿ ਮੁਝ ਤੇ' ਦੋਸ਼ਦਿਯ ਹੰਕਾਰ ਅਫਾਰਾ।
ਅਬਿ ਨਹਿੰ ਕਛੂ ਕਹੀਜੀਏ ਸੋ ਕਰਹੁ ਪੁਕਾਰਾ।
ਸ੍ਰੀ ਗੁਰੂ ਨਾਨਕ ਜੋ ਕਰਹਿੰ ਸੋਈ ਹੁਇ ਕਾਰਾ॥ ੩੮॥

ਆਪਣੇ ਪਿਤਾ ਜੀ ਦਾ ਪੁੱਤਰ ਸਮਝ ਕੇ ਆਪਣੇ ਪਾਸ ਬੁਲਾਇਆ ਹੈ, ਪਰ ਅਗੋਂ ਕਹਿੰਦਾ ਹੈ, "ਮੈਥੋਂ ਡਰਦਾ ਹੈ", ਏਨਾ ਹੰਕਾਰ ਨਾਲ ਆਫਰਿਆ ਹੋਇਆ ਹੈ। ਹੁਣ ਉਸ ਨੂੰ ਕੁਝ ਨਾ ਕਹੀਏ, ਪੁਕਾਰ ਕਰਨ ਦੇਵੋ, ਜੋ ਗੁਰੂ ਨਾਨਕ ਦੇਵ ਜੀ ਕਰਨਗੇ ਉਹੀ ਕਾਰਜ ਹੋਵੇਗਾ॥ ੩੮॥

ਤੁਰਕਨਿ ਆਗੈ ਦੀਨ ਬਨਿ ਬਿਨਤੀ ਨਿਤ ਠਾਨੈ।
ਬਡਿਯਨਿ ਕੀ ਬਡਤਾ ਜੁ ਥੀ ਨਹਿੰ ਰਿਦੇ ਪਛਾਨੈ।
ਮਤਿ ਮੂਰਖ ਹੌਰਾ ਭਯੋ ਨਿਜ ਧਰਮ ਬਿਗਾਰਾ।
ਹਾਥ ਕਛੂ ਨਹਿੰ ਆਵਹੀ ਮਲ ਛਾਨਹਿ ਛਾਰਾ॥ ੩੯॥

ਤੁਰਕਾਂ ਅੱਗੇ ਦੀਨ ਹੋ ਕੇ ਸਦਾ ਬੇਨਤੀਆਂ ਕਰਦਾ ਹੈ, ਵੱਡਿਆਂ ਦੀ ਜੋ ਵਡਿਆਈ ਸੀ, ਉਸ ਨੂੰ ਹਿਰਦੇ ਵਿਚ ਨਹੀਂ ਪਛਾਣਦਾ ਹੈ। ਮੂਰਖ ਮੱਤ ਵਲ ਹੌਲਾ ਪੈ ਗਿਆ ਅਤੇ ਧਰਮ ਵੀ ਵਿਗਾੜ ਲਿਆ ਹੈ, ਕੁਝ ਵੀ ਹੱਥ ਨਹੀਂ ਆਉਣਾ, ਉਲਟਾ ਹੱਥ ਮਲੇਗਾ ਤੇ ਖਾਕ ਛਾਣਦਾ ਫਿਰੇਗਾ"॥੩੯॥

ਦੋਹਰਾ- ਇਮ ਕਹਿ ਸ੍ਰੀ ਗੁਰ ਮੌਨ ਧਰਿ ਕਹਯੋ ਬਾਕ ਨਹਿੰ ਫੇਰ।
ਭਾਣਾ ਸ੍ਰੀ ਕਰਤਾਰ ਕੋ ਜਾਨਹਿੰ ਨੀਕੋ ਹੇਰਿ॥ ੪੦॥

ਇਹ ਕਹਿ ਕੇ ਗੁਰੂ ਜੀ ਚੁੱਪ ਕਰ ਗਏ ਤੇ ਫਿਰ ਉਨ੍ਹਾਂ ਕੋਈ ਬਚਨ ਨਾ ਕੀਤਾ। ਉਨ੍ਹਾਂ ਕਰਤਾਰ ਦੇ ਭਾਣੇ ਨੂੰ ਹੀ ਚੰਗਾ ਜਾਣਿਆ॥ ੪੦॥

*ਤੀਸਰੀ ਰਾਸ ਦਾ ਪੰਜੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

# ਅਧਿਆਇ ਛੱਬੀਵਾਂ

## ਜਹਾਂਗੀਰ ਨੂੰ ਪ੍ਰਿਥੀਆ ਮਿਲਿਆ

ਦੋਹਰਾ- ਪ੍ਰਿਥੀਆ ਪਾਛੇ ਦੁਖੀ ਹੁਈ ਚਿਤਵਤਿ ਚਿਤ ਅਤਿ ਚਿੰਤ।
ਨਹੀਂ ਸੁਹਾਵਤਿ ਅਪਰ ਕੁਛ ਗਿਨਤੀ ਗਿਨਤਿ ਅਨੰਤ॥ ੧ ॥

ਪ੍ਰਿਥੀਆ ਪਿਛੋਂ ਬਹੁਤ ਦੁੱਖੀ ਹੋਇਆ ਤੇ ਹਰ ਵੇਲੇ ਮਨ ਵਿਚ ਚਿੰਤਾ ਕਰਦਾ ਰਹਿੰਦਾ ਸੀ। ਹੋਰ ਕੁਝ ਵੀ ਉਸ ਨੂੰ ਚੰਗਾ ਨਹੀਂ ਸੀ ਲੱਗਦਾ, ਬੇਅੰਤ ਗਿਣਤੀਆਂ ਗਿਣਦਾ ਰਹਿੰਦਾ ਸੀ॥ ੧॥

ਚੌਪਈ- ਨੀਂਦ ਨ ਆਵਤਿ ਸੋਚਤਿ ਸੋਚਨਿ। ਨਿਸ ਮਹਿਂ ਮਿਲਤਿ ਨ ਪਲਕ ਬਿਲੋਚਨ।
ਮਹਦ ਕਸ਼ਟ ਅਪਨੋ ਮਹਿਂ ਕਲਪਤ। ਬਿਨਾਂ ਅਰਥ ਮਤਿ ਮੂਰਖ ਜਲਪਤਿ ॥੨ ॥

ਨੀਂਦ ਨਹੀਂ ਸੀ ਆਉਂਦੀ, ਸੋਚਾਂ ਸੋਚਦਾ ਰਹਿੰਦਾ ਹੈ, ਰਾਤ ਪੱਲ ਭਰ ਲਈ ਵੀ ਅੱਖਾਂ ਦੀਆਂ ਪਲਕਾਂ ਨਹੀਂ ਜੁੜਦੀਆਂ ਹਨ। ਬਹੁਤ ਦੁਖ ਕਾਰਨ ਆਪਣੇ ਆਪ ਵਿਚ ਕਲਪਦਾ ਰਹਿੰਦਾ ਹੈ। ਬਿਨਾਂ ਮਤਲਬ ਦੇ ਹੀ ਮੂਰਖ ਹਰ ਵੇਲੇ ਸੜਦਾ ਰਹਿੰਦਾ ਹੈ॥ ੨ ॥

ਦਿਵਸ ਬਿਖੈ ਨਹਿਂ ਭੋਜਨ ਭਾਵਤਿ। ਗਟੀ ਉਤਾਰਤਿ ਏਕ ਚਢਾਵਤਿ।
ਦੁਰਬਲ ਭਯੋ ਕ੍ਰਾਂਤਿ ਤੇ ਖਾਲੀ। ਉਰ ਸੁਲਗਤਿ ਲਕਰੀ ਜਿਮ ਆਲੀ॥ ੩ ॥

ਦਿਨ ਸਮੇਂ ਭੋਜਨ ਚੰਗਾ ਨਹੀਂ ਲੱਗਦਾ ਹੈ, ਇਕ ਗਿਣਤੀ ਘਟਾਉਂਦਾ ਹੈ, ਇਕ ਗਿਣਤੀ ਚੜ੍ਹ ਜਾਂਦੀ ਹੈ, ਭਾਵ ਹਰ ਵੇਲੇ ਗਿਣਤੀਆਂ ਗਿਣਦਾ ਰਹਿੰਦਾ ਹੈ ਕਿ ਕਿਵੇਂ ਗੁਰਗੱਦੀ ਪ੍ਰਾਪਤ ਕੀਤੀ ਜਾਵੇ। ਬਹੁਤ ਕਮਜ਼ੋਰ ਹੋ ਗਿਆ ਹੈ ਤੇ ਗਤੀਰਹਿਤ ਹੈ, ਜਿਵੇਂ ਗਿੱਲੀ ਲੱਕੜ ਧੁੱਖਦੀ ਰਹਿੰਦੀ ਹੈ॥ ੩ ॥

ਸ਼੍ਰੀ ਅਰਜਨ ਪ੍ਰਭੁਤਾ ਬਹੁ ਭਾਂਤੀ। ਚੁਭਤਿ ਸੇਲ ਸਮ ਰੜਕਤਿ ਛਾਤੀ।
ਸ਼੍ਰੀ ਹਰਿ ਗੋਬਿੰਦ ਕੀ ਸੁੰਦਰਤਾਈ। ਨਿਤ ਚਿਤਵਤਿ ਫਿਰਗੀ ਜ਼ਰਦਾਈ॥੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਹੁਤ ਪ੍ਰਕਾਰ ਦੀ ਵਡਿਆਈ ਹਰ ਵੇਲੇ ਕੰਡੇ ਵਾਂਗ ਛਾਤੀ ਵਿਚ ਚੁਭਦੀ ਰਹਿੰਦੀ ਹੈ। ਸ੍ਰੀ ਹਰਿਗੋਬਿੰਦ ਸਾਹਿਬ ਦੀ ਸੁੰਦਰਤਾ ਬਾਰੇ ਸੋਚ-ਸੋਚ ਕੇ ਮੂੰਹ ਪੀਲਾ ਹੋ ਗਿਆ ਹੈ॥ ੪॥

ਮਤਸਰ ਪਾਵਕ ਪੁੰਜ ਪ੍ਰਜੁਲਤੀ। ਪੂਜਾ ਅਧਿਕ ਹੋਤਿ ਨਹਿਂ ਭੂਲਤੀ।
ਬਧਯੋ ਗੁਰੂ ਕਹਿ ਅਧਿਕ ਪ੍ਰਤਾਪੂ। ਨਿਤ ਜਿਮ ਤੇਈਆ ਤਾਪ ਸੰਤਾਪੂ॥ ੫ ॥

ਮੱਥਾ ਅੱਗ ਵਾਂਗ ਸੜਦਾ ਰਹਿੰਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਿਹੜੀ ਬਹੁਤ ਪੂਜਾ ਹੋ ਰਹੀ ਹੈ, ਉਹ ਭੁਲਦੀ ਨਹੀਂ। ਇਹ ਸੋਚ ਕੇ ਕਿ ਗੁਰੂ ਜੀ ਦਾ ਬਹੁਤ ਪਰਤਾਪ ਵੱਧ ਗਿਆ ਹੈ, ਨਿੱਤ ਤਈਏ ਤਾਪ ਦੇ ਚੜ੍ਹਨ ਵਾਂਗ ਦੁਖ ਪਾਉਂਦਾ ਹੈ॥ ੫॥

ਪੁਨ ਪਾਛੇ ਭਾਈ ਗੁਰਦਾਸੂ। ਕਰਿਕੇ ਵਾਰ ਪਠੀ ਢਿਗ ਤਾਸੂ।
ਘਾਇ ਲਗੇ ਅੰਗ ਅੰਗ ਬਿਸਾਲਾ। ਤਿਨ ਪਰ ਮਨਹੁਂ ਲਵਨ ਘਸਿ ਡਾਲਾ ॥੬ ॥

ਫਿਰ ਪਿਛੋਂ ਭਾਈ ਗੁਰਦਾਸ ਜੀ ਨੇ ਉਸ ਦੇ ਆਚਰਣ ਬਾਰੇ ਵਾਰ ਲਿਖ ਕੇ ਭੇਜ ਦਿੱਤੀ। ਉਸ ਦਾ ਅੰਗ-ਅੰਗ ਘਾਇਲ ਹੋਇਆ ਪਿਆ ਸੀ, ਵਾਰ ਨੂੰ ਪੜ੍ਹ ਕੇ ਮਾਨੋ ਉਸ ਦੇ ਜ਼ਖਮਾਂ ਉਤੇ ਲੂਣ ਦਾ ਛਿੜਕਾ ਹੋ ਗਿਆ ਹੋਵੇ॥ ੬ ॥

Sri Satguru Jagjit Singh Ji eLlibrary NamdhariElibrary@gmail.com

ਜਨੁ ਪਾਕੇ ਬ੍ਰਿਣ ਗਾਢੀ ਪੀਰਾ। ਪਾਇ ਮਰਚ ਚੂਰਨ ਦੇ ਚੀਰਾ।
ਰਾਤਿ ਦਿਵਸ ਚਿੰਤਾ ਗ਼ਲਤਾਨੇ। ਬੈਠਯੋ ਨਿਕਟ ਨਹੀ ਨਰ ਜਾਨੇ॥ ੭॥

ਜਿਵੇਂ ਪੱਕੇ ਹੋਏ ਫੋੜੇ ਨੂੰ ਪਹਿਲਾਂ ਹੀ ਬਹੁਤ ਪੀੜ ਹੋ ਰਹੀ ਹੋਵੇ ਤੇ ਬਾਅਦ ਵਿਚ ਚੀਰਾ ਦੇ ਕੇ ਉਸ ਉਤੇ ਮਿਰਚਾਂ ਦਾ ਚੂਰਾ ਧੂੜ ਦਿੱਤਾ ਹੋਵੇ। ਰਾਤ ਦਿਨ ਚਿੰਤਾ ਵਿਚ ਗ਼ਲਤਾਨ ਰਹਿੰਦਾ ਸੀ। ਨੇੜੇ ਬੈਠੇ ਹੋਏ ਕਿਸੇ ਆਦਮੀ ਨੂੰ ਵੀ ਨਹੀਂ ਸੀ ਜਾਣ ਸਕਦਾ॥ ੭॥

ਉਡਯੋ ਰਹੈ ਮਨ ਗਹੈ ਨ ਥਿਰਤਾ। ਵਹਯੋ ਜਾਤ ਨਿਤ ਚਿੰਤਾ ਸਰਿਤਾ।
ਬਹੁਤ ਭਾਂਤਿ ਕਰਮੋ ਸਮੁਝਾਵੈ। 'ਰੁਚਿ ਸੋਂ ਭੋਜਨ ਕਯੋਂ ਨਹਿਂ ਖਾਵੈਂ॥ ੮॥

ਹਰ ਵੇਲੇ ਮਨ ਉਡਿਆ ਰਹਿੰਦਾ ਸੀ ਤੇ ਸਥਿਰ ਨਹੀਂ ਸੀ ਹੁੰਦਾ, ਸਦਾ ਹੀ ਚਿੰਤਾ ਦੀ ਨਦੀ ਵਿਚ ਬਹਿੰਦਾ ਰਹਿੰਦਾ ਸੀ। ਕਰਮੋ ਕਈ ਪ੍ਰਕਾਰ ਸਮਝਾਉਂਦੀ ਸੀ ਅਤੇ ਕਹਿੰਦੀ ਸੀ, "ਰੁਚੀ ਅਨੁਸਾਰ ਭੋਜਨ ਕਿਉਂ ਨਹੀਂ ਖਾਂਦੇ॥ ੮॥

ਹਮਰੀ ਭੀ ਹੋਵਤਿ ਗੁਜ਼ਰਾਨਾ। ਆਨਤਿ ਸਿੱਖ ਉਪਾਇਨ ਨਾਨਾ।
ਕਰਤੇ ਰਹੋ ਮਹਦ ਉਦਯੋਗਾ। ਜਿਮ ਸ਼ਰੀਕ ਹੁਇ ਹਾਣਤਿ ਜੋਗਾ॥ ੯॥

ਸਾਡਾ ਵੀ ਤਾਂ ਗੁਜ਼ਾਰਾ ਚਲਦਾ ਹੀ ਹੈ, ਸਿੱਖ ਆ ਕੇ ਕਈ ਪ੍ਰਕਾਰ ਦੇ ਉਪਹਾਰ ਭੇਟ ਕਰਦੇ ਹਨ। ਬਾਕੀ ਆਪਣਾ ਉੱਦਮ ਕਰਦੇ ਰਹੋ ਜਿਵੇਂ ਸ਼ਰੀਕ ਨੂੰ ਨਾਸ਼ ਕਰਨ ਦੇ ਯੋਗ ਹੋਵੇ॥ ੯॥

ਮਿਲਹੁ ਸਲਾਹ ਕਰਹੁ ਸੁਲਹੀ ਸੋਂ। ਦਿੱਲੀ ਪਹੁੰਚਨਿ ਹੁਇ ਜਲਦੀ ਸੋਂ।
ਕਥ ਕਥ ਕਰਮੋ ਧੀਰਜ ਦੇਤਿ। ਬਾਤੈਂ ਕਰਤਿ ਅਸਨ ਕਰਿ ਲੇਤਿ॥ ੧੦॥

ਸੁਲਹੀ ਨੂੰ ਮਿਲ ਕੇ ਸਲਾਹ ਕਰੋ, ਤਾਂਕਿ ਦਿੱਲੀ ਛੇਤੀ ਪਹੁੰਚਿਆ ਜਾ ਸਕੇ।" ਕਰਮੋ ਕਹਿ ਕਹਿ ਕੇ ਧੀਰਜ ਦਿੰਦੀ ਸੀ ਅਤੇ ਗੱਲਾਂ ਕਰਦਾ-ਕਰਦਾ ਭੋਜਨ ਕਰ ਲੈਂਦਾ ਸੀ॥ ੧੦॥

ਸੁਲਹੀ ਸਾਥ ਸੁ ਕਬਹਿ ਇਕੈਠਹਿ। ਸੰਕਟ ਕਰਤਿ ਨਿਵੇਦਨਿ ਬੈਠਹਿ।
'ਨਿਸ ਦਿਨ ਦਰਬ ਉਪਾਇਨ ਨਾਨਾ। ਅਰਪਹਿਂ ਅਰਜਨ ਕੇ ਢਿਗ ਆਨਾ॥੧੧॥

ਕਦੇ-ਕਦੇ ਸੁਲਹੀ ਨੂੰ ਮਿਲ ਕੇ ਇਕੱਠੇ ਹੁੰਦੇ ਸਨ ਅਤੇ ਬੈਠ ਕੇ ਸੰਕਟ ਦਾ ਨਿਪਟਾਰਾ ਕਰਦੇ ਸਨ ਅਤੇ ਪ੍ਰਿਥੀਆ ਸੁਲਹੀ ਨੂੰ ਕਹਿੰਦਾ ਸੀ, "ਦਿਨ ਰਾਤ ਬਹੁਤ ਲੋਕ ਧਨ ਅਤੇ ਉਪਹਾਰ ਲਿਆ ਕੇ ਗੁਰੂ ਅਰਜਨ ਦੇਵ ਨੂੰ ਅਰਪਨ ਕਰਦੇ ਹਨ॥ ੧੧॥

ਧਨੀ ਸਮਾਜ ਪ੍ਰਤਾਪ ਨਿਧਾਨਾ। ਬਧਨਿ ਬਧਤਿ ਬਧਿ ਗਯੋ ਮਹਾਨਾ।
ਚਲਨ ਸ਼ਾਹ ਢਿਗ ਠਟਹੁ ਉਪਾਊ। ਕਰਿ ਲੀਜਹਿ ਕਾਰਜ ਰਹਿ ਕਾਊ॥੧੨॥

ਧਨੀ ਅਤੇ ਲੋਕਾਂ ਦੇ ਪ੍ਰਤਾਪ ਦਾ ਖਜ਼ਾਨਾ ਹੋ ਗਿਆ ਹੈ, ਵਧਦਾ-ਵਧਦਾ ਬਹੁਤ ਵਧ ਗਿਆ ਹੈ। ਬਾਦਸ਼ਾਹ ਪਾਸ ਜਾਣ ਦਾ ਕੋਈ ਉਪਾਅ ਲੱਭੋ। ਕਾਰਜ ਕਰ ਲਈਏ ਜੇ ਕੋਈ ਰਹਿੰਦਾ ਹੈ॥ ੧੨॥

ਮੋਰ ਮਨੋਰਥ ਤਹਿਂ ਤੇ ਪੂਰੇ। ਸ਼ਾਹੁ ਸੰਗਿ ਹੁਇ ਮਿਲਿਨਿ ਹਦੂਰੇ।
ਤੂੰ ਸਮ ਸਖਾ ਰਹਤਿ ਚਿਤ ਆਸਾ। ਕਰਹਿਂ ਕਾਜ ਮੁਝ ਮਨ ਭਰਵਾਸਾ॥੧੩॥

ਜਹਾਂਗੀਰ ਨੂੰ ਮਿਲਣ ਦਾ ਮੇਰਾ ਮਨੋਰਥ ਤੇਰੇ ਪਾਸੋਂ ਹੀ ਪੂਰਾ ਹੋਣਾ ਹੈ, ਇਸ ਲਈ ਕਿਸੇ ਬਾਦਸ਼ਾਹ ਦੀ ਹਜ਼ੂਰੀ ਵਿਚ ਜਾ ਕੇ ਉਸ ਨਾਲ ਮੇਲ ਹੋ ਸਕੇ। ਮੇਰੇ ਚਿੱਤ ਵਿਚ ਪੱਕੀ ਆਸ ਹੈ ਕਿ ਮੇਰਾ ਮਿੱਤਰ ਬਾਦਸ਼ਾਹ ਪਾਸ ਰਹਿੰਦਾ ਹੈ, ਮੇਰਾ ਕੰਮ ਕਰ ਦੇਵੇਗਾ, ਮੈਨੂੰ ਪੂਰਨ ਭਰੋਸਾ ਹੈ॥੧੩॥

ਤੋਹਿ ਅਲੰਬ ਬਿਲੰਬ ਬਿਹੀਨਾ। ਆਇ ਕਦੰਬ ਮੋਹਿ ਗੁਰ ਕੀਨਾ।
ਦੀਨੇ ਸਰਬ ਭਾਂਤਿ ਸੁਖ ਜੈਸੇ। ਲੈ ਦੇਵਹੁ ਗੁਰਤਾ ਚਲਿ ਤੈਸੇ' ॥ ੧੪॥

ਤੇਰਾ ਆਸਰਾ ਦੇਰ ਰਹਿਤ ਹੈ, ਸਾਰੇ ਲੋਕਾਂ ਨੇ ਆ ਕੇ ਮੈਨੂੰ ਗੁਰੂ ਕਬੂਲ ਕੀਤਾ ਹੈ, ਜਿਵੇਂ ਮੈਨੂੰ ਸਾਰੇ ਸੁਖ ਦਿੱਤੇ ਹਨ, ਉਸ ਤਰ੍ਹਾਂ ਹੀ ਹੁਣ ਚੱਲ ਕੇ ਮੈਨੂੰ ਗੁਰਤਾ ਵੀ ਲੈ ਦੇਵੋ" ॥ ੧੪॥

ਸੁਲਹੀ ਕਹਜੋ 'ਰਾਖਿ ਬਿਸਵਾਸਾ। ਦਿੱਲੀ ਚਲੇ ਪੂਰਵ ਤੁਮ ਆਸਾ।
ਕਰਿ ਲੀਨਸਿ ਕਾਰਜ ਮੈਂ ਸਾਰੇ। ਅਬਹਿ ਪ੍ਰਤੀਖਤਿ ਸ਼ਾਹੁ ਹਕਾਰੇ॥ ੧੫॥

ਸੁਲਹੀ ਨੇ ਕਿਹਾ, "ਵਿਸ਼ਵਾਸ ਰੱਖੋ, ਦਿੱਲੀ ਚਲ ਕੇ ਤੇਰੀ ਆਸ ਪੂਰੀ ਕਰਾਂਗਾ। ਮੈਂ ਸਾਰੇ ਕੰਮ ਕਰ ਲਏ ਹਨ, ਹੁਣ ਇਹੋ ਇੰਤਜ਼ਾਰ ਹੈ ਕਿ ਕਦ ਬਾਦਸ਼ਾਹ ਬੁਲਾਉਂਦਾ ਹੈ॥ ੧੫॥

ਆਵਹਿ ਖਤ ਕਛੂ ਥੋਰਨਿ ਦਿਨ ਮੈ। ਤੂਰਨ ਚਲਹਿਂ ਅਨੰਦ ਕਰਿ ਮਨ ਮੈਂ'।
ਇਸ ਪ੍ਰਕਾਰ ਦੇ ਧੀਰਜ ਰਾਖੇ। ਦੇਤਿ ਦਰਬ ਅਰ ਮਾਧੁਰ ਭਾਖੇ॥ ੧੬॥

ਥੋੜ੍ਹੇ ਦਿਨਾਂ ਵਿਚ ਹੀ ਚਿੱਠੀ ਆਵੇਗੀ, ਛੇਤੀ ਹੀ ਮਨ ਵਿਚ ਪ੍ਰਸੰਨ ਹੋ ਕੇ ਚੱਲੀਏ।" ਸੁਲਹੀ ਇਸ ਪ੍ਰਕਾਰ ਧੀਰਜ ਦੇ ਰੱਖਦਾ ਸੀ। ਉਹ ਧਨ ਦਿੰਦਾ ਸੀ ਅਤੇ ਮਿੱਠੀ ਬੋਲੀ ਬੋਲਦਾ ਸੀ॥ ੧੬॥

ਕੇਤਿਕ ਦਿਨ ਪੁਨ ਜਬਹਿ ਬਿਤਾਏ। ਪ੍ਰਿਥੀਆ ਮਹਿਤ ਰਹਤਿ ਅਕੁਲਾਏ।
ਸੁਲਹੀ ਨੇ ਜੋ ਦੂਤ ਪਠਾਯੋ। ਇਤਨੇ ਮਹਿਂ ਚਲਿ ਸੋ ਤਹਿਂ ਆਯੋ॥ ੧੭॥

ਜਦ ਕੁਝ ਦਿਨ ਹੋਰ ਬਤੀਤ ਕੀਤੇ ਤਾਂ ਪ੍ਰਿਥੀਆ ਬਹੁਤ ਘਬਰਾਇਆ ਹੋਇਆ ਰਹਿਣ ਲੱਗਾ। ਸੁਲਹੀ ਨੇ ਜਿਹੜੇ ਏਲਚੀ ਨੂੰ ਭੇਜਿਆ ਸੀ, ਏਨੀ ਦੇਰ ਨੂੰ ਉਹ ਚਲ ਕੇ ਆ ਗਿਆ॥ ੧੭॥

ਜਹਾਂਗੀਰ ਭੇਜਾ ਪਰਵਾਨਾ। 'ਜੋ ਪੈਸਾ ਉਗਰਾਹ ਮਹਾਨਾ।
ਸੋ ਲੇ ਕਰਿ ਆਵਹੁ ਮੁਝ ਓਰਾ। ਖਤ ਦੇਖਤਿ ਨਹਿਂ ਰਹੁ ਥਿਤਿ ਥੋਰਾ' ॥੧੮॥

ਜਹਾਂਗੀਰ ਨੇ ਪਰਵਾਨਾ ਭੇਜਿਆ ਜਿਸ ਵਿਚ ਲਿਖਿਆ ਸੀ, "ਜੋ ਵੱਡੀ ਰਕਮ ਉਗਰਾਹੀ ਹੈ, ਉਹ ਲੈ ਕੇ ਮੇਰੇ ਪਾਸ ਆਵੇਂ, ਚਿੱਠੀ ਵੇਖਦਿਆਂ ਥੋੜ੍ਹੀ ਦੇਰ ਵੀ ਨਹੀਂ ਠਹਿਰਣਾ ਹੈ।" ॥ ੧੮॥

ਸੁਨਿ ਸੁਲਹੀ ਕਰਿ ਹਰਖ ਬਿਸਾਲਾ। ਸੋਜ ਸਕੇਲਿ ਲਲਿਤ ਤਤਕਾਲਾ।
ਅਪਨੀ ਸਭਿ ਤਜਾਰੀ ਕਰਿਵਾਇਸ। ਦਰਬ ਅਧਿਕ ਹੀ ਸੰਗ ਲਦਾਇਸ॥੧੯॥

ਸੁਲਹੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਸਾਰੀ ਰਕਮ ਇਕੱਠੀ ਕਰਕੇ ਤੁਰਤ ਚਲ ਪਏ। ਆਪਣੀ ਸਾਰੀ ਤਿਆਰੀ ਕਰਵਾਈ ਅਤੇ ਧਨ ਨੂੰ ਆਪਣੇ ਨਾਲ ਲਦਵਾ ਲਿਆ॥ ੧੯॥

ਬਲੀ ਤੁਰੰਗ ਮਤੰਗਨਿ ਲੀਨਸਿ। ਵਸਤ੍ਰ ਬਿਭੂਖਨ ਸੁੰਦਰ ਕੀਨਸਿ।
ਨਜ਼ਰ ਦੇਨਿ ਵਸਤੂ ਬਹੁ ਮੋਲਾ। ਸੰਚਨ ਕਰੀ ਦੇਸ਼ ਢੰਢੋਲਾ॥ ੨੦॥

ਬੜੇ ਸ਼ਕਤੀਸ਼ਾਲੀ ਘੋੜੇ ਅਤੇ ਹਾਥੀ ਲਏ ਅਤੇ ਸੁੰਦਰ ਕੱਪੜੇ ਅਤੇ ਗਹਿਣੇ ਪਾਏ ਅਤੇ ਬਾਦਸ਼ਾਹ ਨੂੰ ਨਜ਼ਰਾਨੇ ਭੇਟ ਕਰਨ ਵਾਸਤੇ ਬਹੁਤ ਕੀਮਤੀ ਤੋਹਫੇ ਇਕੱਠੇ ਕੀਤੇ॥ ੨੦॥

ਸੁਨਿ ਪ੍ਰਿਥੀਆ ਨਿਜ ਅੰਗ ਨ ਮਾਵਤਿ। ਭਰਜੋ ਹਰਖ ਹੰਕਾਰ ਬਧਾਵਤਿ।
ਸਰਬ ਪ੍ਰਕਾਰ ਕੀਨਿ ਨਿਜ ਤਜਾਰੀ। ਸੇਵਕ ਸਿੱਖ ਬ੍ਰਿੰਦ ਸੰਗਾਰੀ॥ ੨੧॥

ਇਹ ਖ਼ਬਰ ਸੁਣ ਕੇ ਪ੍ਰਿਥੀਆ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦਾ। ਖ਼ੁਸ਼ੀ ਨਾਲ ਭਰ ਗਿਆ ਅਤੇ ਹੰਕਾਰ

ਵਧਾਇਆ। ਹਰ ਤਰ੍ਹਾਂ ਨਾਲ ਉਸ ਵੀ ਤਿਆਰੀ ਕੀਤੀ ਅਤੇ ਕਈ ਸਿੱਖ ਸੇਵਕ ਵੀ ਨਾਲ ਲੈ ਲਏ॥ ੨੧॥

**ਬਹੁ ਮੋਲੇ ਬਸਤ੍ਰਨਿ ਬਨਵਾਇਸ। ਮਿਲਨਿ ਸ਼ਾਹੁ ਹਿਤੁ ਬੇਸ ਸਜਾਇਸ।**
**ਚਢਿ ਸੁਲਹੀ ਸੋਂ ਪ੍ਰਿਥੀਆ ਮਿਲਯੋ। ਦਿੱਲੀ ਸਮੁਖ ਪੰਥ ਕੋ ਚਲਯੋ॥ ੨੨॥**

ਬਹੁਤ ਕੀਮਤੀ ਕੱਪੜੇ ਬਣਵਾਏ, ਬਾਦਸ਼ਾਹ ਨੂੰ ਮਿਲਣ ਵਾਸਤੇ ਆਪਣੇ ਆਪ ਨੂੰ ਬਹੁਤ ਸਜਾਇਆ। ਘੋੜੇ ਤੇ ਚੜ੍ਹ ਕੇ ਪ੍ਰਿਥੀਆ ਸੁਲਹੀ ਨੂੰ ਮਿਲ ਪਿਆ, ਦਿੱਲੀ ਵਾਲੇ ਪਾਸੇ ਮੂੰਹ ਕਰਕੇ ਰਾਹੇ ਰਾਹ ਚਲ ਪਏ॥ ੨੨॥

**ਸਭਿ ਪਰਵਾਰ ਹੇਹਰੀ ਰਹਯੋ। 'ਗੁਰਤਾ ਲੇਹਿਂ' ਚਾਉ ਚਿਤ ਚਹਯੋ।**
**ਬਹੁ ਉਤਸ਼ਾਹ ਕਰਤਿ ਸੁਖ ਪਾਈ। ਜਨੁ ਗੁਰਤਾ ਲੀਨਸਿ ਬਡਿਆਈ॥ ੨੩॥**

ਪ੍ਰਿਥੀਏ ਦਾ ਸਾਰਾ ਪਰਿਵਾਰ ਹੇਹਰ ਪਿੰਡ ਵਿਚ ਹੀ ਰਿਹਾ। 'ਗੁਰਤਾ ਲਵਾਂਗਾ' ਚਿੱਤ ਵਿਚ ਬੜਾ ਚਾਅ ਚੜ੍ਹਿਆ ਹੈ। ਬੜਾ ਉਤਸ਼ਾਹਤ ਹੋ ਕੇ ਖੁਸ਼ ਹੋ ਰਿਹਾ ਹੈ ਜਿਵੇਂ ਗੁਰਤਾ ਦੀ ਉਸ ਵਡਿਆਈ ਲੈ ਲਈ ਹੋਵੇ॥ ੨੩॥

**ਸੁਲਹੀ ਪ੍ਰਿਥੀਆ ਮਾਰਗ ਪਰੇ। ਲੋਕ ਹਜ਼ਾਰਹੁਂ ਸੰਗੀ ਕਰੇ।**
**ਮਜ਼ਲ ਕਰਤਿ ਮਾਰਗ ਉਲੰਘਾਏ। ਦਿੱਲੀ ਨਗਰ ਜਾਇ ਨਿਕਟਾਏ॥ ੨੪॥**

ਸੁਲਹੀ ਅਤੇ ਪ੍ਰਿਥੀਆ ਰਾਹੇ ਰਾਹ ਚਲ ਪਏ ਅਤੇ ਹਜ਼ਾਰਾਂ ਸੇਵਕ ਉਨ੍ਹਾਂ ਆਪਣੇ ਨਾਲ ਲੈ ਲਏ। ਸਫਰ ਕਰਦਿਆਂ ਉਨ੍ਹਾਂ ਬਹੁਤ ਪੈਂਡਾ ਮੁਕਾ ਲਿਆ ਤੇ ਦਿੱਲੀ ਸ਼ਹਿਰ ਦੇ ਨੇੜੇ ਪਹੁੰਚ ਗਏ॥ ੨੪॥

**ਡੇਰਾ ਕਰਯੋ ਆਪਨੇ ਥਾਨਾ। ਪ੍ਰਿਥੀਆ ਉਤਰਯੋ ਢਿਗ ਹਿਤ ਠਾਨਾ।**
**ਦਿਵਸ ਆਗਲੇ ਹਜ਼ਰਤ ਪਾਸ। ਮਿਲਯੋ ਜਾਇ ਲੇਕਰਿ ਧਨ ਰਾਸ॥ ੨੫॥**

ਸੁਲਹੀ ਨੇ ਆਪਣੇ ਥਾਂ ਜਾ ਕੇ ਡੇਰਾ ਲਾ ਲਿਆ, ਪ੍ਰਿਥੀਆ ਵੀ ਪਿਆਰ ਕਰਕੇ ਨੇੜੇ ਹੀ ਉਤਰ ਪਿਆ। ਸੁਲਹੀ ਅਗਲੇ ਦਿਨ ਬਾਦਸ਼ਾਹ ਦੇ ਪਾਸ ਚਲਾ ਗਿਆ ਤੇ ਸਾਰੇ ਧਨ ਦੀ ਰਾਸ ਲੈ ਕੇ ਬਾਦਸ਼ਾਹ ਨੂੰ ਮਿਲ ਪਿਆ॥ ੨੫॥

**ਦੀਨਸਿ ਨਜ਼ਰ ਤੁਰੰਗ ਮਤੰਗੇ। ਸੁੰਦਰ ਅਪਰ ਵਸਤੁ ਦਈ ਸੰਗੇ।**
**ਕੀਨਹੁ ਸ਼ਾਹੁ ਪ੍ਰਸੰਨ ਬਿਸਾਲਾ। ਭੇਟ ਦਿਖਾਵਤਿ ਭਾ ਜਿਸ ਕਾਲਾ॥ ੨੬॥**

ਬੜੇ ਸੁੰਦਰ ਘੋੜੇ ਅਤੇ ਹਾਥੀ ਬਾਦਸ਼ਾਹ ਨੂੰ ਪੇਸ਼ ਕੀਤੇ ਅਤੇ ਉਨ੍ਹਾਂ ਦੇ ਨਾਲ ਹੋਰ ਬਹੁਤ ਸੁੰਦਰ ਵਸਤੂਆਂ ਦਿੱਤੀਆਂ। ਬਾਦਸ਼ਾਹ ਨੂੰ ਉਸ ਬਹੁਤ ਪ੍ਰਸੰਨ ਕੀਤਾ, ਜਿਸ ਸਮੇਂ ਉਸ ਕੀਮਤੀ ਤੋਹਫੇ ਬਾਦਸ਼ਾਹ ਨੂੰ ਭੇਟ ਕੀਤੇ॥ ੨੬॥

**ਦਿਵਸ ਦੂਸਰੇ ਮਿਲਯੋ ਜੁ ਫੇਰੀ। ਕਰੀ ਸਿਪਾਰਸ ਪ੍ਰਿਥੀਏ ਕੇਰੀ।**
**'ਸਤਿਗੁਰ ਰਾਮਦਾਸ ਕੋ ਨੰਦਨ। ਬਡੋ ਜੁ ਲੋਕ ਕਰਹਿਂ ਬਹੁ ਬੰਦਨ॥ ੨੭॥**

ਸੁਲਹੀ ਦੂਸਰੇ ਦਿਨ ਫਿਰ ਬਾਦਸ਼ਾਹ ਨੂੰ ਮਿਲਿਆ ਅਤੇ ਬਾਦਸ਼ਾਹ ਪਾਸ ਪ੍ਰਿਥੀਏ ਦੀ ਸ਼ਿਫਾਰਸ਼ ਕੀਤੀ ਅਤੇ ਕਿਹਾ, "ਸਤਿਗੁਰੂ ਰਾਮਦਾਸ ਦਾ ਵੱਡਾ ਪੁੱਤਰ ਹੈ, ਜਿਸ ਨੂੰ ਬਹੁਤ ਲੋਕ ਬੰਦਨਾ ਕਰਦੇ ਹਨ॥ ੨੭॥

**ਸੋ ਮਿਲਿਬੇ ਕਹੁ ਚਲਿ ਕਰਿ ਆਯੋ'। ਜਹਾਂਗੀਰ ਨੇ ਸੁਨਤਿ ਬੁਲਾਯੋ।**
**'ਸ੍ਰੀ ਨਾਨਕ ਕੋ ਘਰ ਬਡ ਊਚਾ। ਜਿਸ ਕੀ ਸਮਸਰ ਕੋ ਨ ਪਹੂਚਾ॥ ੨੮॥**

ਉਹ ਤੁਹਾਨੂੰ ਮਿਲਣ ਵਾਸਤੇ ਚੱਲ ਕੇ ਆਇਆ ਹੈ।" ਜਹਾਂਗੀਰ ਨੇ ਇਹ ਸੁਣ ਕੇ ਪ੍ਰਿਥੀਏ ਨੂੰ ਬੁਲਾ ਲਿਆ ਅਤੇ ਕਿਹਾ, "ਸ੍ਰੀ ਗੁਰੂ ਨਾਨਕ ਦੇਵ ਦਾ ਘਰ ਬਹੁਤ ਉੱਚਾ ਹੈ, ਉਸ ਦੇ ਬਰਾਬਰ ਹੋਰ ਕੋਈ ਨਹੀਂ ਪਹੁੰਚ ਸਕਿਆ॥ ੨੮॥

**ਭਏ ਅਧੀਨ ਜੁ ਬਡੇ ਹਮਾਰੇ। ਕਰਿ ਨਿਜ ਮਿਹਰ ਕਾਜ ਗਨ ਸਾਰੇ।**
**ਗਯੋ ਪਦਰ ਮਮ ਗੋਇੰਦਵਾਲ। ਸ੍ਰੀ ਗੁਰ ਅਮਰ ਹੁਤੇ ਤਿਸ ਕਾਲ॥ ੨੯॥**

ਸਾਡੇ ਵਡੇਰੇ ਉਨ੍ਹਾਂ ਦੇ ਅਧੀਨ ਹੋ ਕੇ ਰਹੇ ਹਨ, ਉਹ ਆਪਣੀ ਮਿਹਰ ਕਰਕੇ ਸਾਰੇ ਕਾਰਜ ਸਵਾਰ ਦਿੰਦੇ ਹਨ। ਮੇਰਾ ਬਾਪ ਆਪ ਚਲ ਕੇ ਗੋਇੰਦਵਾਲ ਗਿਆ ਸੀ, ਉਸ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਹੁੰਦੇ ਸਨ॥ ੨੯॥

ਮਿਲਿਕੈ ਤਿਨਹੁ ਬੰਦਗੀ ਕੀਨਿ। ਕੇਤਿਕ ਭੂਮਿ ਉਪਾਇਨ ਦੀਨਿ।
ਅਲਪ ਆਰਬਲ ਹੁਤੀ ਹਮਾਰੀ। ਮੁਲਾਕਾਤ ਸੋ ਯਾਦ ਨਿਹਾਰੀ' ॥ ੩੦ ॥

ਉਨ੍ਹਾਂ ਨੂੰ ਮਿਲ ਕੇ ਸਾਡੇ ਬਾਪ ਨੇ ਬੰਦਨਾ ਕੀਤੀ ਸੀ ਅਤੇ ਕਾਫੀ ਜ਼ਮੀਨ ਭੇਟਾ ਵਜੋਂ ਦਿੱਤੀ ਸੀ। ਉਸ ਸਮੇਂ ਮੇਰੀ ਛੋਟੀ ਉਮਰ ਸੀ। ਉਹ ਮੁਲਾਕਾਤ ਮੈਂ ਦੇਖੀ ਹੈ ਤੇ ਮੈਨੂੰ ਯਾਦ ਵੀ ਹੈ"॥ ੩੦॥

ਇੱਤਜਾਦਿਕ ਜਸ ਸਤਿਗੁਰ ਕੇਰਾ। ਜਹਾਂਗੀਰ ਨੇ ਕਹੀਸ ਬਡੇਰਾ।
ਇਤਨੇ ਮਹਿਂ ਪ੍ਰਿਥੀਆ ਚਲਿ ਗਇਊ। ਮਿਲਜੋ ਸ਼ਾਹ ਸੋਂ ਆਸ਼ਿਖ ਦਇਊ ॥੩੧ ॥

ਜਹਾਂਗੀਰ ਬਾਦਸ਼ਾਹ ਨੇ ਇਸ ਤਰ੍ਹਾਂ ਇਤਿਆਦਿ ਸਤਿਗੁਰੂ ਦਾ ਬਹੁਤ ਵੱਡਾ ਜੱਸ ਕੀਤਾ। ਏਨੇ ਚਿਰ ਨੂੰ ਪ੍ਰਿਥੀਆ ਵੀ ਓਥੇ ਚਲ ਕੇ ਪਹੁੰਚ ਗਿਆ, ਬਾਦਸ਼ਾਹ ਨੂੰ ਮਿਲ ਕੇ ਉਸ ਅਸ਼ੀਰਵਾਦ ਦਿੱਤਾ॥ ੩੧॥

ਸੁਲਹੀ ਨੇ ਪੁਨ ਕੀਨਿ ਬਡਾਈ। ਪਾਤਸ਼ਾਹੁ ਤੇ ਭੇਟ ਦਿਵਾਈ।
ਬੈਠਜੋ ਨਿਕਟ ਹੋਛਤਾ ਹੇਰੀ। 'ਕਹਾਂ ਗਰੁਵਤਾ ਗੁਰਤਾ ਕੇਰੀ' ॥ ੩੨ ॥

ਸੁਲਹੀ ਨੇ ਪ੍ਰਿਥੀਏ ਦੀ ਵਡਿਆਈ ਕੀਤੀ, ਬਾਦਸ਼ਾਹ ਪਾਸੋਂ ਪ੍ਰਿਥੀਏ ਨੂੰ ਭੇਟ ਦਿਵਾਈ। ਜਦ ਪ੍ਰਿਥੀਆ ਬਾਦਸ਼ਾਹ ਦੇ ਬਿਲਕੁਲ ਪਾਸ ਬੈਠ ਗਿਆ ਤਾਂ ਬਾਦਸ਼ਾਹ ਨੇ ਉਸ ਦੇ ਹੋਛੇਪਣ ਨੂੰ ਵੇਖਿਆ ਅਤੇ ਸੋਚਿਆ, "ਗੁਰਤਾ ਦੀ ਗੌਰਵਤਾ ਕਿਥੇ ਹੈ"॥ ੩੨॥

ਹਜ਼ਰਤ ਜਬਿ ਮੁਲਾਹਜੇ ਭਇਊ। ਅਪਨਿ ਹਵਾਲ ਤਬਹਿ ਕਹਿ ਦਇਊ।
ਮੈਂ ਬਡ ਨੰਦਨ ਹੌਂ ਫਰਿਆਦੀ॥ ਉਚਿਤ ਮੋਹਿ ਕਉ ਬੈਠਿਬਿ ਗਾਦੀ॥ ੩੩ ॥

ਬਾਦਸ਼ਾਹ ਨਾਲ ਮੁਲਾਕਾਤ ਹੁੰਦਿਆਂ ਹੀ ਪ੍ਰਿਥੀਏ ਨੇ ਆਪਣਾ ਸਾਰਾ ਹਾਲ ਕਹਿ ਸੁਣਾਇਆ, "ਮੈਂ ਵੱਡਾ ਪੁੱਤਰ ਫਰਿਆਦ ਕਰਨ ਆਇਆ ਹਾਂ, ਗੱਦੀ ਤੇ ਬੈਠਣ ਦਾ ਮੇਰਾ ਹੱਕ ਬਣਦਾ ਹੈ॥ ੩੩॥

ਸਰਬ ਸਮਾਜ ਅਲਪ ਨੇ ਲੀਨਸਿ। ਪੁਰਿ ਤੇ ਮੁਝ ਨਿਕਾਰ ਕਰਿ ਦੀਨਸਿ।
ਗੁਰੂ ਬਨਜੋ ਨਿਜ ਚਰਨ ਪੁਜਾਈਸਿ। ਅਨ ਗਨ ਧਨ ਸਿੱਖਜਨਿ ਤੇ ਪਾਈਸਿ॥੩੪ ॥

ਛੋਟੇ ਭਰਾ ਨੇ ਸਾਰੇ ਸਮਾਜ ਨੂੰ ਲੈ ਲਿਆ ਹੈ ਅਤੇ ਮੈਨੂੰ ਸ਼ਹਿਰ ਵਿਚੋਂ ਕੱਢ ਦਿੱਤਾ ਹੈ। ਗੁਰੂ ਬਣ ਕੇ ਆਪਣੇ ਚਰਨਾਂ ਦੀ ਪੂਜਾ ਕਰਵਾਉਂਦਾ ਹੈ ਅਤੇ ਅਣਗਿਣਤ ਧਨ ਸਿੱਖਾਂ ਪਾਸੋਂ ਪ੍ਰਾਪਤ ਕਰਦਾ ਹੈ॥ ੨੪॥

ਮੋਹਿ ਨ ਦੇਤਿ ਆਪ ਹੀ ਰਾਖੈ। ਅਪਰ ਕਵਨ ਹੈ ਗਰਬਤਿ ਭਾਖੈ।
ਮੈਂ ਧਰਿ ਤ੍ਰਾਸ ਆਪ ਕੋ ਭਾਰੀ। ਠਾਨੀ ਤਿਸ ਕੇ ਸਾਥ ਨ ਰਾਰੀ॥ ੩੫ ॥

ਮੈਨੂੰ ਕੁਝ ਨਹੀਂ ਦਿੰਦਾ, ਸਾਰਾ ਧਨ ਆਪ ਹੀ ਰੱਖਦਾ ਹੈ, ਹੋਰ ਕੌਣ ਹੈ, ਬੜੇ ਘੁਮੰਡ ਨਾਲ ਬੋਲਦਾ ਹੈ। ਮੈਂ ਆਪ ਜੀ ਦਾ ਬਹੁਤ ਡਰ ਮੰਨ ਕੇ ਉਸ ਨਾਲ ਲੜਾਈ ਨਹੀਂ ਕੀਤੀ ਹੈ॥ ੩੫॥

ਸੋ ਨਿਰਭੈ ਨਹਿਂ ਜਾਨਹਿ ਕਾਹੂੰ। ਬੈਠਜੋ ਸਦਨ ਗਰਬ ਮਨ ਮਾਂਹੂ।
ਚਿਤ ਤੇ ਤੁਮਰੋ ਤ੍ਰਾਸ ਬਿਸਾਰਜੋ। ਕਹਜੋ ਨ ਮਾਨਹਿ, ਮੈਂ ਕਹਿ ਹਾਰਜੋ॥ ੩੬ ॥

ਉਹ ਭੈਅ-ਰਹਿਤ ਤੇ ਕਿਸੇ ਨੂੰ ਕੁਝ ਨਹੀਂ ਜਾਣਦਾ ਅਤੇ ਆਪਣੇ ਘਰ ਵਿਚ ਘੁਮੰਡ ਧਾਰਨ ਕਰਕੇ ਬੈਠਾ ਹੈ। ਆਪਣੇ ਚਿੱਤ ਵਿਚੋਂ ਤੁਹਾਡਾ ਡਰ ਵਿਸਾਰਿਆ ਹੈ, ਉਹ ਕਿਹਾ ਮੰਨਦਾ ਨਹੀਂ, ਮੈਂ ਕਹਿ-ਕਹਿ ਕੇ ਹਾਰ ਗਿਆ ਹਾਂ॥ ੩੬॥

ਮੈਂ ਰਾਵਰਿ ਕੀਦਿਸਿ ਚਲਿ ਆਯੋ। ਤਊ ਨ ਸੰਕਤਿ ਕੁਛ ਡਰ ਪਾਯੋ।
ਕੀਜਹਿ ਹਮਰੋ ਨਜਾਇਂ ਨਿਬੇਰਾ। ਤੁਮ ਕੋ ਕੀਨਿ ਖ਼ੁਦਾਇ ਬਡੇਰਾ॥ ੩੭॥

ਮੈਂ ਆਪ ਜੀ ਪਾਸ ਚਲ ਕੇ ਆਇਆ ਹਾਂ, ਫਿਰ ਵੀ ਸ਼ੰਕਾ ਕਰਕੇ ਉਸ ਕੁਝ ਡਰ ਨਹੀਂ ਮੰਨਿਆ ਹੈ। ਸਾਡੇ ਨਿਆਂ ਦਾ ਨਿਬੇੜਾ ਕਰੋ, ਤੁਹਾਨੂੰ ਖ਼ੁਦਾ ਨੇ ਵੱਡਾ ਬਣਾਇਆ ਹੈ॥ ੩੭॥

ਨਜਾਊਂ ਕਰਨ ਤੇ ਤਖਤ ਬਿਰਾਜਾ। ਇਹੀ ਧਰਮ ਤੁਮ ਕੋ ਉਪਰਾਜਾ।
ਸੁਨਿ ਹਜ਼ਰਤ ਅਚਰਜ ਉਰ ਧਾਰਾ। ਇਹ ਅਜੋਗ ਕਜਾ ਇਨਹੁ ਉਚਾਰਾ॥੩੮॥

ਨਿਆਂ ਕਰਨ ਵਾਸਤੇ ਤੁਹਾਨੂੰ ਤਖਤ ਤੇ ਬਿਠਾਇਆ ਹੈ, ਇਹੋ ਤੁਹਾਡਾ ਧਰਮ ਬਣਦਾ ਹੈ।" ਇਹ ਸੁਣ ਕੇ ਬਾਦਸ਼ਾਹ ਹਿਰਦੇ ਵਿਚ ਬਹੁਤ ਹੈਰਾਨ ਹੋਇਆ ਅਤੇ ਸੋਚਿਆ ਕਿ ਇਸ ਵਿਚ ਅਯੋਗ ਕੀ ਹੈ ਜੋ ਇਸ ਨੇ ਕਿਹਾ ਹੈ॥ ੩੮॥

ਸ਼ਾਂਤਿ ਮਤੀ ਸਤਿਗੁਰ ਕੀ ਗਾਦੀ। ਤਿਨ ਮਹੁੰਰਾਰ ਕੁਤੋ ਫਰਿਆਦੀ।
ਜੇਕਰਿ ਕਲਹਿ ਆਪ ਮਹਿਂ ਡਾਰੇ। ਕਹਾਂ ਅਪਰ ਨਰ ਅਹੈਂ ਬਿਚਾਰੇ॥ ੩੯॥

ਸਤਿਗੁਰੂ ਦੀ ਗੱਦੀ ਸ਼ਾਂਤੀ ਮੱਤ ਵਾਲੀ ਹੈ, ਤਿਨ੍ਹਾਂ ਵਿਚ ਲੜਾਈ ਫਰਿਆਦੀ ਹੋਣਾ ਕਿੱਥੇ ਹੋ ਸਕਦਾ ਹੈ। ਜੇ ਆਪਸ ਵਿਚ ਲੜਾਈ ਕਰਨਗੇ ਤਾਂ ਹੋਰ ਮਨੁੱਖ ਕੀ ਸੋਚਣਗੇ॥ ੩੯॥

ਦੇਖਹੁ ਕਜਾ ਅਚਰਜ ਇਹ ਮਾਯਾ। ਲਘੁ ਦੀਰਘ ਨਰ ਜਾਂਹਿ ਭ੍ਰਮਾਯਾ।
ਰਿਦੈ ਬਿਚਾਰਤਿ ਹਜ਼ਰਤ ਐਸੇ। ਕਿਤਿਕ ਦੇਰ ਰਹਿ ਤੂਸ਼ਨਿ ਬੈਸੇ॥ ੪੦॥

ਵੇਖੋ ਇਹ ਅਸਚਰਜ ਮਾਇਆ ਹੈ, ਜਿਸ ਛੋਟੇ ਵੱਡੇ ਸਭ ਨੂੰ ਆਪਣੇ ਮੋਹ ਵਿਚ ਭਰਮਾਇਆ ਹੈ। ਬਾਦਸ਼ਾਹ ਇਸ ਤਰ੍ਹਾਂ ਦਿਲ ਵਿਚ ਵਿਚਾਰ ਕੇ, ਕਾਫੀ ਸਮੇਂ ਤਕ ਚੁੱਪ ਬੈਠਾ ਰਿਹਾ॥ ੪੦॥

ਦੋਹਰਾ-ਗਾਦੀ ਪਾਵਤਿ ਏਕ ਹੀ ਅਪਰ ਫਿਰਾਦੀ ਹੋਤਿ।
ਕਿਮ ਸ਼ਾਦੀ ਹੁਇ ਸਭਿਨਿ ਕੇ ਮਤਸਰ ਹ੍ਰਿਦੇ ਉਦੋਤਿ॥੪੧॥

ਗੱਦੀ ਤਾਂ ਕੇਵਲ ਇਕ ਹੀ ਪਾਉਂਦਾ ਹੈ, ਬਾਕੀ ਸਾਰੇ ਫਰਿਆਦੀ ਹੁੰਦੇ ਹਨ, ਕਿਵੇਂ ਸਾਰਿਆਂ ਨੂੰ ਖ਼ੁਸ਼ੀ ਹੋਵੇ ਤੇ ਸਾਰਿਆਂ ਦੇ ਮੱਥੇ ਅਤੇ ਹਿਰਦੇ ਪ੍ਰਕਾਸ਼ਿਤ ਹੋਣ॥ ੪੧॥

*ਤੀਸਰੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥*

## *ਅਧਿਆਇ ਸਤਾਈਵਾਂ*

### *ਜਹਾਂਗੀਰ ਨੇ ਪ੍ਰਿਥੀਏ ਨੂੰ ਪਿੰਡ ਦਿੱਤਾ*

ਦੋਹਰਾ-ਬਹੁ ਬਿਚਾਰਿ ਹਜ਼ਰਤ ਕਰਜੋ ਸਿਮਰੀ ਪੂਰਬ ਬਾਤ।
ਸੁਨਜੋ ਹੁਤੋ ਕਿਸ ਪਾਸ ਤੇ ਸ਼੍ਰੀ ਗੁਰ ਕੇਰ ਬ੍ਰਿਤਾਂਤ॥ ੧॥

ਬਾਦਸ਼ਾਹ ਨੇ ਬਹੁਤ ਸੋਚ ਵਿਚਾਰ ਕੀਤੀ ਤੇ ਪਿਛਲੀ ਇਕ ਗੱਲ ਯਾਦ ਕੀਤੀ। ਉਸ ਨੇ ਕਿਸੇ ਪਾਸੋਂ ਗੁਰੂ ਜੀ ਦਾ ਬ੍ਰਿਤਾਂਤ ਸੁਣਿਆ ਸੀ॥ ੧॥

Sri Satguru Jagjit Singh Ji eLlibrary NamdhariElibrary@gmail.com

ਸੈਯਾ ਛੰਦ-ਰਾਮਦਾਸ ਸ੍ਰੀ ਸਤਿਗੁਰ ਪੂਰਨ ਗਾਦੀ ਪਰ ਲਘੁ ਸੁਤ ਬੈਠਾਇ।
ਆਪ ਸਮਾਇ ਗਏ ਸਚਖੰਡ ਸੁ ਬਡ ਸੁਤ ਪਰ ਨ ਪ੍ਰਸੰਨ ਰਹਾਇ।
ਸੇਵਾ ਕਰੀ ਨ, ਯਾਂਤੇ ਛੂਛੇ, ਗੁਰਤਾ ਦਈ ਨ ਸਭਿ ਸੁਖਦਾਇ।
ਸੋ ਸਿਮਰਨ ਕਰਿ ਜਹਾਂਗੀਰ ਉਰ ਬੋਲਯੋ ਸਭਿ ਸੋਂ ਦੀਨਿ ਸੁਨਾਇ ॥੨॥

ਕਿ ਸ੍ਰੀ ਰਾਮਦਾਸ ਪੂਰਨ ਸਤਿਗੁਰੂ ਨੇ ਆਪਣੇ ਛੋਟੇ ਪੁੱਤਰ ਨੂੰ ਗੱਦੀ ਤੇ ਬਿਠਾਇਆ ਹੈ। ਆਪ ਜੋਤੀ ਜੋਤ ਸਮਾ ਕੇ ਸੱਚਖੰਡ ਵਿਚ ਚਲੇ ਗਏ ਹਨ ਤੇ ਵੱਡਾ ਪੁੱਤਰ ਪ੍ਰਸੰਨ ਨਹੀਂ ਰਹਿੰਦਾ ਹੈ। ਉਸ ਨੇ ਸੇਵਾ ਨਹੀਂ ਕੀਤੀ ਹੈ, ਇਸ ਕਰਕੇ ਖਾਲੀ ਰਿਹਾ ਹੈ ਅਤੇ ਉਸ ਨੂੰ ਸਭ ਸੁਖ ਦੇਣ ਵਾਲੀ ਗੁਰਤਾ ਨਹੀਂ ਦਿੱਤੀ ਹੈ। ਇਹ ਸਾਰਾ ਕੁਝ ਯਾਦ ਕਰਕੇ ਜਹਾਂਗੀਰ ਸਾਰਿਆਂ ਨੂੰ ਸੁਣਾ ਕੇ ਬੋਲਿਆ॥ ੨॥

'ਸ੍ਰੀ ਨਾਨਕ ਘਰ ਕੇ ਹਮ ਸੇਵਕ ਕਿਮ ਸ੍ਵਾਮੀ ਕੋ ਕਰਿ ਹੈਂ ਨਯਾਇ।
ਸ੍ਰੀ ਸਤਿਗੁਰ ਹੀ ਕਰਹਿਂ ਨਿਬੇਰਨਿ ਇਹੀ ਭਾਵਨਾ ਰਿਦੈ ਬਸਾਇ।
ਘਟਿ ਘਟਿ ਮਹਿਂ ਸਭਿ ਅੰਤਰਿਜਾਮੀ, ਸੁਨਹਿ ਪੁਕਾਰ, ਨ ਬਿਰਥੀ ਜਾਇ।
ਸ੍ਰੀ ਗੁਰ ਰਾਮਦਾਸ ਨੇ ਆਪਹਿ ਲਖਿ ਲਾਯਕ ਲਘੁ ਸੁਤ ਬੈਠਾਇ ॥੩॥

"ਸ੍ਰੀ ਗੁਰੂ ਨਾਨਕ ਘਰ ਦੇ ਅਸੀਂ ਸੇਵਕ ਹਾਂ, ਅਸੀਂ ਆਪਣੇ ਮਾਲਕ ਦਾ ਕਿਵੇਂ ਨਿਆਂ ਕਰ ਸਕਦੇ ਹਾਂ। ਸਤਿਗੁਰੂ ਆਪ ਹੀ ਨਬੇੜਾ ਕਰਦੇ ਹਨ, ਇਹ ਗੱਲ ਅਸੀਂ ਆਪਣੇ ਹਿਰਦੇ ਵਿਚ ਵਸਾਈ ਹੋਈ ਹੈ। ਉਹ ਅੰਤਰਜਾਮੀ ਘਟ-ਘਟ ਵਿਚ ਵੱਸਦਾ ਹੈ ਤੇ ਉਸ ਪਾਸ ਕੀਤੀ ਪੁਕਾਰ ਕਦੇ ਵੀ ਵਿਅਰਥ ਨਹੀਂ ਜਾਂਦੀ। ਸ੍ਰੀ ਗੁਰੂ ਰਾਮਦਾਸ ਨੇ ਆਪੇ ਛੋਟਾ ਪੁੱਤਰ ਲਾਇਕ ਵੇਖ ਕੇ ਗੱਦੀ 'ਤੇ ਬਿਠਾਇਆ ਹੈ॥ ੩॥

ਤਿਨਕੀ ਕਰੀ ਨ ਮੇਟਹਿਂ ਹਮ ਕਿਮ ਜਿਮ ਜੀਵਤਿ ਹੀ ਗਏ ਨਿਬੇਰ।
ਗੁਰਤਾ ਉਚਿਤ ਤੋਹਿ ਕੋ ਦੇਖਤਿ ਦੇਤਿ ਭਲੇ, ਨ ਹੁਤੋ ਕੁਛ ਬੈਰ।
ਕਰਿ ਸੰਤੋਖ ਨੰਮ੍ਰਿ ਚਿਤ ਹੋਵਹੁ ਉਚਿਤ ਤੁਮਹੁ ਤਿਹ ਲਾਗਹੁ ਪੈਰ।
ਗੁਨ ਮਹਿਂ ਬਡੋ, ਬਡੋ ਸੋ ਜਾਨੋ, ਲਘੁ ਗੁਣ ਮਹਿਂ ਤਿਹ ਲਘੁ ਹੀ ਹੇਰਿ ॥੪॥

ਉਨ੍ਹਾਂ ਦੀ ਕੀਤੀ ਹੋਈ ਅਸੀਂ ਨਹੀਂ ਮੇਟ ਸਕਦੇ, ਜਿਵੇਂ ਉਹ ਜੀਉਂਦੇ ਹੀ ਨਿਬੇੜਾ ਕਰ ਗਏ ਹਨ। ਜੇ ਤੈਨੂੰ ਗੁਰਤਾ ਵਾਸਤੇ ਯੋਗ ਸਮਝਦੇ, ਤਾਂ ਤੈਨੂੰ ਦੇ ਜਾਂਦੇ ਤੇ ਇਸ ਵਿਚ ਕੋਈ ਵੈਰ ਵਿਰੋਧ ਨਾ ਹੁੰਦਾ। ਸੰਤੋਖ ਕਰਕੇ ਅਤੇ ਸਨਿਮਰ ਚਿੱਤ ਹੋ ਕੇ ਤੇਰੇ ਵਾਸਤੇ ਹੁਣ ਇਹੋ ਉਚਿਤ ਹੈ ਕਿ ਉਨ੍ਹਾਂ ਦੇ ਹੁਣ ਚਰਨੀਂ ਲੱਗ ਜਾਉ। ਜਿਹੜਾ ਗੁਣ ਵਿਚ ਵੱਡਾ ਹੋਵੇ ਉਸ ਨੂੰ ਹੀ ਵੱਡਾ ਜਾਣੋ, ਜਿਹੜਾ ਗੁਣਾਂ ਵਿਚ ਛੋਟਾ ਹੋਵੇ, ਉਸ ਨੂੰ ਛੋਟਾ ਹੀ ਵੇਖੋ॥ ੪॥

ਗਜ ਦੀਰਘ ਲਘੁ ਸ਼ੇਰ ਹੇਰੀਯਤਿ, ਮ੍ਰਿਗਪਤਿ ਨਾਮ ਅਧਿਕ ਗੁਨ ਜਾਨਿ।
ਫਟਕ ਬਡੋ ਨਹਿਂ ਗ੍ਰਹਨ ਕਰਹਿ ਕੋ, ਹੀਰਾ ਉੱਜਲ ਲੇ ਹਿਤ ਠਾਨਿ।
ਸੰਖ ਅਸੰਖ ਨ ਪਹਿਰਹਿ ਕੋਊ ਮੁਕਤਾ ਦਿਪਤਿ ਬਿਭੂਖਨਿ ਥਾਨਿ।
ਪੀਤਰ ਪਰਹਰਿ ਹੋਹਿ ਘਨੇਰੋ ਕੰਚਨ ਥੋਰ ਧਰਹਿਂ ਨਿਜ ਪਾਨ॥ ੫॥

ਹਾਥੀ ਵੱਡਾ ਹੈ ਅਤੇ ਸ਼ੇਰ ਛੋਟਾ ਵੇਖਦੇ ਹਾਂ, ਪਰ ਸ਼ੇਰ ਦਾ ਨਾਂ ਮ੍ਰਿਗਪਤਿ ਉਸ ਦੇ ਗੁਣਾਂ ਵਿਚ ਵਾਧਾ ਹੋਣ ਕਰਕੇ ਹੀ ਜਾਣੋ। ਬਿਲੌਰ ਵੱਡਾ ਹੁੰਦਾ ਹੈ, ਪਰ ਉਸ ਨੂੰ ਕੋਈ ਨਹੀਂ ਲੈਂਦਾ, ਉੱਜਲ ਹੀਰਾ ਛੋਟਾ ਹੁੰਦਾ, ਉਸ ਨੂੰ ਸਾਰੇ ਪਾਉਣਾ ਚਾਹੁੰਦੇ ਹਨ। ਸੰਖ ਬੇਗਿਣਤ ਹਨ, ਪਰ ਉਨ੍ਹਾਂ ਨੂੰ ਕੋਈ ਨਹੀਂ ਪਹਿਨਦਾ, ਪਰ ਛੋਟੇ-ਛੋਟੇ ਮੋਤੀ ਗਹਿਣਿਆਂ ਦੇ ਸਥਾਨ ਤੇ ਪ੍ਰਕਾਸ਼ਿਤ

ਹਨ। ਪਿੱਤਲ ਭਾਵੇਂ ਬਹੁਤਾ ਹੋਵੇ, ਉਸ ਨੂੰ ਦੂਰ ਸੁਟਦੇ ਹਨ, ਪਰ ਸੋਨਾ ਬੇਸ਼ਕ ਥੋੜ੍ਹਾ ਵੀ ਹੋਵੇ ਉਸ ਨੂੰ ਆਪਣੇ ਹੱਥਾਂ ਵਿਚ ਲੈਣ ਲਈ ਹਰ ਕੋਈ ਤਿਆਰ ਹੈ॥ ੫॥

ਗੁਨ ਤੇ ਬਡੋ ਇਸੀ ਤੇ ਜਾਨਹੁ ਪਿਤਾ ਤੁਮਾਰੇ ਪਰਖਨਿ ਕੀਨਿ।
ਅਪਰ ਨ ਤਿਨਹੁ ਸਮਾਨ ਜੌਹਰੀ, ਅਲਪ ਬਿਸਾਲ ਲੇਤਿ ਸ਼ੁਭ ਚੀਨਿ।
ਕਰੀ ਤਿਨਹੁ ਕੀ ਹਮ ਕਿਮ ਮੇਟਹਿਂ ਮਹਾਂਪੁਰਖ ਗੁਨ ਗਨ ਮਹਿਂ ਪੀਨਿ।
ਜਿਨ ਕੌ ਨਮਸਕਾਰ ਨਿਤ ਕਰਨੀ ਕਿਮ ਸਮਤਾ ਚਾਹੈ ਜੁ ਪ੍ਰਬੀਨ' ॥੬॥

ਗੁਣ ਕਰਕੇ ਹੀ ਮਨੁੱਖ ਵੱਡਾ ਹੁੰਦਾ ਹੈ, ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝੋ, ਤੁਹਾਡੇ ਪਿਤਾ ਜੀ ਨੇ ਚੰਗੀ ਤਰ੍ਹਾਂ ਪਰਖ ਕੀਤੀ ਹੈ। ਉਨ੍ਹਾਂ ਦੇ ਬਰਾਬਰ ਹੋਰ ਕੋਈ ਜੌਹਰੀ ਨਹੀਂ ਹੋ ਸਕਦਾ, ਉਨ੍ਹਾਂ ਛੋਟਾ ਵੱਡਾ ਚੰਗੀ ਤਰ੍ਹਾਂ ਪਛਾਣਿਆ ਹੈ। ਉਨ੍ਹਾਂ ਦੇ ਕੀਤੇ ਹੋਏ ਫੈਸਲੇ ਨੂੰ ਅਸੀਂ ਕਿਵੇਂ ਉਲਟਾ ਸਕਦੇ ਹਾਂ। ਮਹਾਂਪੁਰਖ ਪੂਰਨ ਗੁਣਾਂ ਦੇ ਮਾਲਕ ਹਨ। ਜਿਸ ਨੂੰ ਸਦਾ ਨਮਸਕਾਰ ਕਰਨੀ ਹੈ, ਚਤਰ ਵਿਅਕਤੀ ਉਸ ਦੀ ਬਰਾਬਰੀ ਕਰਨੀ ਕਿਵੇਂ ਚਾਹੇਗਾ" ॥ ੬॥

ਪ੍ਰਿਥੀਆ ਸੁਨਿ ਹਜ਼ਰਤ ਕੇ ਬਾਕਨਿ ਤਪਤਜੋ ਚਿਤ ਮਹਿਂ ਅਤਿ ਦੁਖ ਪਾਇ।
ਕਹਨਿ ਲਗਜੋ, 'ਮੈਂ ਲਰਕੇ ਨਿਕਸਜੋ ਅਬਿ ਕੈਸੇ ਕਰਿ ਤਿਸ ਥਲ ਜਾਇ।
ਕੋ ਮੁਖ ਲੇ ਕਰਿ ਤਿਸ ਦਿਖਰਾਵੋਂ ਨਹੀਂ ਮਿਲੋਂ ਮੈਂ ਕਿਸੀ ਉਪਾਇ।
ਕਰੌ ਧਕੇਲਨਿ ਦੇਤਿ ਨਜਾਉਂ ਨਹਿਂ ਤੌ ਮੇਰੋ ਕੁਛੁ ਬਸ ਨ ਬਸਾਇ' ॥੭॥

ਪ੍ਰਿਥੀਆ ਬਾਦਸ਼ਾਹ ਦੇ ਇਹ ਵਾਕ ਸੁਣ ਕੇ ਚਿੱਤ ਵਿਚ ਸੜ ਕੇ ਬਹੁਤ ਦੁਖੀ ਹੋਇਆ। ਕਹਿਣ ਲੱਗਾ, "ਮੈਂ ਲੜ ਕੇ ਨਿਕਲਿਆ ਹਾਂ, ਹੁਣ ਮੈਂ ਉਸ ਥਾਂ ਕਿਵੇਂ ਜਾਵਾਂਗਾ। ਕਿਹੜਾ ਮੂੰਹ ਲੈ ਕੇ ਹੁਣ ਉਸ ਨੂੰ ਵਿਖਾਵਾਂਗਾ, ਹੁਣ ਮੈਂ ਕਿਸੇ ਯਤਨ ਨਾਲ ਵੀ ਉਸ ਨੂੰ ਨਹੀਂ ਮਿਲਾਂਗਾ। ਜੇ ਧੱਕੇ ਦਿੰਦੇ ਹੋ ਤੇ ਨਿਆਂ ਨਹੀਂ ਕਰਦੇ ਤਾਂ ਮੇਰੇ ਵੱਸ ਵਿਚ ਕੁਝ ਨਹੀਂ ਤੇ ਨਾ ਹੀ ਕੋਈ ਹੋਰ ਚਾਰਾ ਹੈ" ॥ ੭॥

ਜਹਾਂਗੀਰ ਪ੍ਰਿਥੀਏ ਕੀ ਸੁਨਿ ਕਰਿ ਪੁਨ ਬੋਲਜੋ 'ਕਜੋਂ ਤੂੰ ਤਪਤਾਇ ?।
ਪਿਤ ਪ੍ਰਸੰਨ ਕਰਿ ਤਿਸ ਨੇ ਲੀਨਸਿ ਕਯੋਂ ਤੇਰੇ ਉਰ ਦਾਹ ਲਗਾਇ।
ਸੇਵਾ ਕਰੀ ਨ ਅਪਨਿ ਬਡਨਿ ਕੀ ਅਬਿ ਕਜਾ ਹੁਇ, ਠਾਨੈਂ ਜਿ ਉਪਾਇ।
ਲਗਹੁ ਪਾਇ ਤਿਸ, ਕਰਹੁ ਗੁਜ਼ਾਰਾ, ਮੈਂ ਨਿਜ ਹੁਕਮ ਨ ਤਹਾਂ ਅੰਲਾਇ' ॥੮॥

ਬਾਦਸ਼ਾਹ ਜਹਾਂਗੀਰ ਪ੍ਰਿਥੀਏ ਦੀ ਇਹ ਗੱਲ ਸੁਣ ਕੇ ਫਿਰ ਬੋਲਿਆ, "ਕਿਉਂ ਸੜਦਾ ਹੈਂ। ਪਿਤਾ ਨੂੰ ਪ੍ਰਸੰਨ ਕਰਕੇ ਉਸ ਗੱਦੀ ਪ੍ਰਾਪਤ ਕੀਤੀ ਹੈ, ਤੇਰੇ ਹਿਰਦੇ ਵਿਚ ਕਿਉਂ ਸਾੜ ਪੈਂਦਾ ਹੈ। ਆਪਣੇ ਵੱਡਿਆਂ ਦੀ ਸੇਵਾ ਨਹੀਂ ਕੀਤੀ ਹੈ, ਹੁਣ ਕੀ ਹੋ ਸਕਦਾ ਹੈ, ਜੇ ਕੋਈ ਉਪਾਅ ਚਾਹੁੰਦਾ ਹੈਂ ਤਾਂ ਉਸ ਦੇ ਚਰਨੀ ਲੱਗ ਕੇ ਗੁਜ਼ਾਰਾ ਕਰੋ, ਮੈਂ ਓਥੇ ਆਪਣਾ ਹੁਕਮ ਨਹੀਂ ਕਰ ਸਕਦਾ" ॥ ੮॥

ਇਮ ਕਰਿ ਕ੍ਰੋਧ ਸ਼ਾਹੁ ਨੇ ਭਾਖੀ ਅਪਰ ਖਜਾਲ ਪੁਨਿ ਦ੍ਰਿਸ਼ਟਿ ਲਗਾਇ।
ਇਸਕੀ ਦਿਸ਼ਿ ਨਹਿਂ ਮੁਖ ਕੋ ਕੀਨਸਿ ਬੈਠਜੋ ਤਬ ਹੀ ਗ੍ਰੀਵ ਨਿਵਾਇ।
ਕਿਸਕੀ ਦਿਸ਼ਿ ਦੇਵਤਿ ਨਹਿਂ, ਰਿਸ ਉਰ, ਬ੍ਰੀੜਾ ਬਡੀ ਬਹੁਰ ਉਪਜਾਇ।
ਚਿਤ ਮਹਿਂ ਚਿਤਵਤਿ ਚਿੰਤਾ ਅਤਿਸ਼ੈ ਪਸ਼ਚਾਤਾਪ ਅਧਿਕ ਹੀ ਪਾਇ ॥੯॥

ਬਾਦਸ਼ਾਹ ਨੇ ਕ੍ਰੋਧ ਵਿਚ ਆ ਕੇ ਇਸ ਤਰ੍ਹਾਂ ਕਹਿ ਕੇ ਕਿਸੇ ਹੋਰ ਖਿਆਲ ਵਿਚ ਆਪਣੀ ਦ੍ਰਿਸ਼ਟੀ ਲਾ ਲਈ। ਉਸ ਦੇ ਵੱਲ ਫਿਰ ਆਪਣਾ ਚਿਹਰਾ ਨਾ ਕੀਤਾ, ਪ੍ਰਿਥੀਆ ਮੂੰਹ ਨੀਵਾਂ ਕਰ ਕੇ ਬੈਠਾ ਰਿਹਾ। ਕਿਸੇ ਪਾਸੇ ਵੀ ਵੇਖਦਾ ਨਹੀਂ ਸੀ, ਹਿਰਦੇ ਵਿਚ ਬੜਾ ਗੁੱਸਾ ਸੀ ਤੇ ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾ ਸੀ। ਚਿੱਤ ਵਿਚ ਵੱਡੀ ਚਿੰਤਾ ਚਿਤਵ ਰਿਹਾ ਸੀ ਤੇ ਬਹੁਤ ਪਛਤਾ ਰਿਹਾ ਸੀ॥ ੯॥

ਅਵਨੀ ਖਨਤਿ ਨਖਨਿ ਸੋਂ, ਝੁਰਤਿ, ਦੁਖ ਪਾਵਤਿ ਕੁਛ ਬੋਲ ਸਕੈ ਨ।
ਕਿਤਿਕ ਕਾਲ ਬੈਠਯੋ ਮੁਰਝਾਵਤਿ ਪੁਨਿ ਗਮਨੇ ਸਭਿ ਨਿਜ ਨਿਜ ਐਨ।
ਡੇਰੇ ਮਹਿਂ ਪ੍ਰਿਥੀਆ ਚਲਿ ਆਯਹੁ ਪਰਯੋ ਆਇ ਨਹਿਂ ਬੋਲਤਿ ਬੈਨ।
ਬਦਨ ਛਾਦਿ ਕਰਿ ਲੇ ਬਡ ਸ੍ਵਾਸਨਿ ਭਰਿ ਭਰਿ ਜਲ ਆਵਤਿ ਜੁਗ ਨੈਨ ॥੧੦॥

ਧਰਤੀ ਨੂੰ ਨੌਂਹਾਂ ਨਾਲ ਖਰੋਚਦਾ ਹੈ, ਝੂਰਦਾ ਹੈ, ਬਹੁਤ ਦੁੱਖੀ ਹੋਣ ਕਰਕੇ ਕੁਝ ਬੋਲ ਨਹੀਂ ਸਕਦਾ। ਕੁਝ ਸਮੇਂ ਤਕ ਮੁਰਝਾਇਆ ਹੋਇਆ ਬੈਠਾ ਰਿਹਾ, ਫਿਰ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਪ੍ਰਿਥੀਆ ਆਪਣੇ ਡੇਰੇ ਵਿਚ ਆ ਕੇ ਲੰਮਾ ਪੈ ਗਿਆ ਤੇ ਕੁਝ ਵੀ ਬੋਲਦਾ ਨਹੀਂ ਸੀ। ਮੂੰਹ ਢੱਕ ਕੇ ਲੰਮੇ-ਲੰਮੇ ਸਾਹ ਲੈਂਦਾ ਹੈ ਅਤੇ ਦੋਵਾਂ ਅੱਖਾਂ ਵਿਚ ਪਾਣੀ ਭਰ ਭਰ ਕੇ ਵਹਿ ਰਿਹਾ ਹੈ॥ ੧੦॥

ਖਾਨ ਪਾਨ ਨਹਿਂ ਭਾਵਤਿ ਕੈਸੇ ਚਿੰਤਾ ਮਹਿਂ ਦਿਨ ਰੈਨ ਬਿਹਾਇ।
ਇਕ ਦ੍ਵੈ ਮਾਸ ਭਏ ਇਸ ਰੀਤਿ ਸੁ ਨਹੀਂ ਸ਼ਾਹੁ ਨੇ ਯਾਦ ਕਰਾਇ।
ਕਬਹੂੰ ਨਹੀਂ ਬੁਲਾਇ ਪਠਾਯੋ ਨਹਿਂ ਸਨਮਾਨਯੋ ਪੁਨਿ ਕਿਸ ਭਾਇ।
ਯਾਂਤੇ ਅਧਿਕ ਚਿੰਤ ਮਨ ਠਾਨਤਿ ਚਿਤਵਤਿ ਚਿਤ ਮਹਿਂ ਅਨਿਕ ਉਪਾਇ ॥੧੧॥

ਖਾਣਾ ਪੀਣਾ ਕੁਝ ਵੀ ਚੰਗਾ ਨਹੀਂ ਲੱਗਦਾ, ਚਿੰਤਾ ਵਿਚ ਹੀ ਦਿਨ-ਰਾਤ ਬਤੀਤ ਕਰਦਾ ਹੈ। ਇਕ ਦੋ ਮਹੀਨੇ ਇਸ ਰੀਤੀ ਨਾਲ ਹੀ ਗੁਜ਼ਰ ਗਏ, ਬਾਦਸ਼ਾਹ ਨੇ ਦੁਬਾਰਾ ਯਾਦ ਨਾ ਕੀਤਾ। ਕਦੇ ਵੀ ਕਿਸੇ ਨੂੰ ਭੇਜ ਕੇ ਨਾ ਬੁਲਾਇਆ ਅਤੇ ਨਾ ਕਿਸੇ ਪ੍ਰਕਾਰ ਸਨਮਾਨ ਕੀਤਾ। ਇਸ ਕਰਕੇ ਮਨ ਵਿਚ ਬਹੁਤ ਚਿੰਤਾ ਧਾਰਨ ਕਰਕੇ ਚਿੱਤ ਵਿਚ ਕੁਝ ਹੋਰ ਉਪਾਅ ਸੋਚਣ ਲੱਗਾ॥ ੧੧॥

ਇਕ ਦਿਨ ਸੁਲਹੀ ਕੇ ਸੰਗਿ ਮਿਲਕੈ ਅਪਨੋ ਕਸ਼ਟ ਕਹਯੋ ਤਬਿ ਰੋਇ।
'ਪਾਤਸ਼ਾਹ ਨੇ ਕਛੂ ਨ ਕੀਨਸਿ ਜਿਸਕੀ ਆਸ ਸਦਾ ਥਿਤ ਹੋਇ।
ਅਬਿ ਕਹਾ ਕਰਹਿਂ ਉਪਾਵ ਬਤਾਵਹੁ ਜਿਸਤੇ ਰਹਿ ਆਵੈ ਪਤ ਜੋਇ।
ਕਿਸ ਮਿਸ ਕਰਿ ਦਿੱਲੀ ਤੇ ਨਿਕਸਹਿਂ,ਰਹਯੋ ਲਾਭ,ਆਗਲ ਹੀ ਖੋਇ' ॥੧੨॥

ਇਕ ਦਿਨ ਸੁਲਹੀ ਨੂੰ ਮਿਲਕੇ ਤੇ ਰੋ ਕੇ ਆਪਣੇ ਦੁਖ ਬਾਰੇ ਦੱਸਿਆ, "ਬਾਦਸ਼ਾਹ ਨੇ ਕੁਝ ਵੀ ਨਹੀਂ ਕੀਤਾ ਹੈ, ਜਿਸ ਦੀ ਸਦਾ ਆਸ ਲਾਈ ਰੱਖੀ ਹੈ। ਹੁਣ ਕੀ ਉਪਾਅ ਕਰੀਏ, ਇਸ ਬਾਰੇ ਦੱਸੋ, ਜਿਸ ਕਰਕੇ ਮੇਰੀ ਇੱਜ਼ਤ ਰਹਿ ਜਾਵੇ। ਕੀ ਮੂੰਹ ਲੈ ਕੇ ਹੁਣ ਦਿੱਲੀ ਵਿਚੋਂ ਨਿਕਲੀਏ, ਹੋਰ ਲਾਭ ਹੋਣਾ ਤੇ ਕਿਤੇ ਰਿਹਾ, ਅਗਲਾ ਹੀ ਗਵਾ ਬੈਠਾ ਹਾਂ॥ ੧੨॥

ਸੁਲਹੀ ਕਹਯੋ 'ਨ ਬਸ ਕੁਛ ਮੇਰੇ, ਪਾਤਿਸ਼ਾਹ ਸਮਝਹਿ ਪਖਵਾਨ।
ਮਿਲਹੁ ਦੋਇ ਉਮਰਾਵ ਹੇਰਿ ਕਰਿ ਇਕ ਕੋ ਨਾਮ ਸੁ ਅਬਦੁਲ ਖਾਨ।
ਦੁਤਿਯ ਮੁਹੰਮਦ ਖਾਨ ਜਾਨੀਅਹਿ ਕੁਛ ਰਿਸ਼ਵਤ ਦੀਜਹਿ ਤਿਨ ਪਾਨ।
ਕਰਹਿਂ ਸਿਪਾਰਸ਼ ਦੋਨੋਂ ਇਹ ਜਬਿ,ਸਿੱਧ ਕਾਜ ਅਪਨੋ ਤਬਿ ਜਾਨਿ' ॥੧੩॥

ਸੁਲਹੀ ਨੇ ਕਿਹਾ, "ਮੇਰੇ ਵੱਸ ਵਿਚ ਕੁਝ ਨਹੀਂ ਹੈ, ਬਾਦਸ਼ਾਹ ਨੇ ਮੈਨੂੰ ਤੇਰਾ ਪੱਖੀ ਸਮਝ ਲਿਆ ਹੈ। ਏਥੇ ਦੋ ਹਾਕਮ ਹਨ, ਉਨ੍ਹਾਂ ਨੂੰ ਵੇਖ ਕੇ ਮਿਲੋ, ਉਨ੍ਹਾਂ ਵਿਚੋਂ ਇਕ ਦਾ ਨਾਂ ਅਬਦੁਲ ਖਾਨ ਹੈ। ਦੂਸਰੇ ਨੂੰ ਮੁਹੰਮਦ ਖਾਨ ਕਹਿੰਦੇ ਹਨ, ਇਨ੍ਹਾਂ ਦੋਹਾਂ ਦੇ ਹੱਥ ਵਿਚ ਕੁਝ ਰਿਸ਼ਵਤ ਦੇਵੋ। ਜਦ ਇਹ ਦੋਵੇਂ ਸਿਫਾਰਸ਼ ਕਰਨਗੇ, ਤਦ ਆਪਣਾ ਕਾਰਜ ਸਿੱਧ ਹੋਇਆ ਜਾਣੋ"॥ ੧੩॥

ਸੁਨਿ ਪ੍ਰਿਥੀਏ ਨੇ ਜਤਨ ਸੁ ਠਾਨਜੋ ਮੁਲਾਕਾਤ ਤਿਨ ਸੋਂ ਠਹਿਰਾਇ।
ਮੁਹਰ ਤੀਨ ਸਤ ਰਿਸ਼ਵਤਿ ਦੀਨਸਿ, ਦੀਨ ਬਦਨ ਹੁਇ ਬਿਨਤੀ ਗਾਇ।
'ਦੋਇ ਮਾਸ ਕੋ ਅਰਸਾ ਗੁਜ਼ਰਜੋ ਸ਼ਾਹਿ ਨਹੀਂ ਸਿਮਰਜੋ ਨ ਬੁਲਾਇ।
ਆਯੋ ਨਜਾਉਂ ਲੇਨਿ ਗੁਰਿਆਈ, ਸੋ ਤੋ ਰਹੀ, ਪ੍ਰਥਮ ਪਤਿ ਜਾਇ ॥੧੪॥

ਇਹ ਸੁਣ ਕੇ ਪ੍ਰਿਥੀਏ ਨੇ ਯਤਨ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਦੋਹਾਂ ਨਾਲ ਮੁਲਾਕਾਤ ਪੱਕੀ ਕਰ ਲਈ। ਤਿੰਨ ਸੌ ਮੋਹਰਾਂ ਉਨ੍ਹਾਂ ਨੂੰ ਰਿਸ਼ਵਤ ਵਜੋਂ ਦਿੱਤੀਆਂ ਤੇ ਮੁਖ ਤੋਂ ਬਹੁਤ ਦੀਨ ਹੋ ਕੇ ਬੇਨਤੀ ਕੀਤੀ, "ਦੋ ਮਹੀਨੇ ਦਾ ਸਮਾਂ ਗੁਜ਼ਰ ਗਿਆ ਹੈ, ਬਾਦਸ਼ਾਹ ਨੇ ਦੁਬਾਰਾ ਨਾ ਯਾਦ ਕੀਤਾ ਹੈ ਅਤੇ ਨਾ ਹੀ ਬੁਲਾਇਆ ਹੈ। ਮੈਂ ਗੁਰਿਆਈ ਪ੍ਰਾਪਤ ਕਰਨ ਵਾਸਤੇ ਨਿਆਂ ਲੈਣ ਆਇਆ ਸੀ, ਉਹ ਤਾਂ ਕਿਤੇ ਰਹੀ ਪਹਿਲੀ ਇੱਜ਼ਤ ਵੀ ਜਾਂਦੀ ਰਹੀ ਹੈ॥ ੧੪॥

ਅਬਿ ਤੁਮ ਕਹਿ ਸਨਮਾਨ ਕਰਾਵਹੁ ਬਡੀ ਬਾਤ ਗੁਰਤਾ ਖੁਸਵਾਇ।
ਆਪ ਸ਼ਾਹੁ ਕਹਿ ਮੋਹਿ ਬਿਠਾਵਹਿ, ਇਮ ਤੋ ਕਾਰਜ ਸਿਧ ਹੁਇ ਜਾਇ।
ਨਾਂਹਿ ਤ ਗ੍ਰਾਮ ਦੇਹਿ ਕਰਿ ਆਦਰ ਤਹਾਂ ਬਸੈਂ ਜਹਿਂ ਸ਼ਾਹਿ ਬਸਾਇ।
ਇਮ ਭੀ ਰਹਿ ਆਵਤਿ ਹੈ ਮੇਰੀ, ਇਹ ਉਪਕਾਰ ਕਰਹੁ ਚਿਤ ਲਾਇ ॥੧੫॥

ਹੁਣ ਤੁਸੀਂ ਕਹਿ ਕੇ ਸਨਮਾਨ ਕਰਾਵੋ, ਵੱਡੀ ਗੱਲ ਇਹ ਹੈ ਕਿ ਗੁਰੂ ਅਰਜਨ ਦੇਵ ਪਾਸੋਂ ਗੁਰਤਾ ਖੁਹਾਵੋ। ਬਾਦਸ਼ਾਹ ਨੂੰ ਕਹਿ ਕੇ ਮੈਨੂੰ ਗੱਦੀ ਤੇ ਬਿਠਾਵੋ, ਇਸ ਤਰ੍ਹਾਂ ਮੇਰਾ ਕਾਰਜ ਸਿੱਧ ਹੋ ਜਾਵੇਗਾ। ਨਹੀਂ ਤਾਂ ਇਕ ਪਿੰਡ ਮੈਨੂੰ ਆਦਰ ਵਜੋਂ ਦੇ ਦੇਣ, ਤਾਂਕਿ ਜਿਥੇ ਬਾਦਸ਼ਾਹ ਮੈਨੂੰ ਵਸਾਉਣ, ਉਥੇ ਜਾ ਕੇ ਮੈਂ ਵੱਸ ਜਾਵਾਂ। ਬੜੀ ਚਤੁਰਾਈ ਨਾਲ ਬਾਦਸ਼ਾਹ ਨੂੰ ਮੰਨਾਵੋ, ਜਿਸ ਕਰਕੇ ਉਹ ਜਾਣੇ ਨਹੀਂ ਤੇ ਤੁਸੀਂ ਮੰਨਾ ਲਵੋ। ਇਹ ਚੰਗੀ ਮੱਤ ਵਾਲਾ ਬਾਦਸ਼ਾਹ ਪੱਖੀਆਂ ਨੂੰ ਪਰਖ ਲੈਂਦਾ ਹੈ, ਜਿਸ ਤਰ੍ਹਾਂ ਸੁਲਹੀ ਨੂੰ ਪਰਖ ਲਿਆ ਹੈ, ਭਾਵ ਤੁਸੀਂ ਬਾਦਸ਼ਾਹ ਨਾਲ ਇਸ ਤਰ੍ਹਾਂ ਗੱਲ ਕਰੋ ਕਿ ਉਹ ਤੁਹਾਨੂੰ ਮੇਰਾ ਪੱਖੀ ਨਾ ਜਾਣੇ। ਇਸ ਤਰ੍ਹਾਂ ਹੀ ਮੇਰੀ ਰਹਿ ਆਉਂਦੀ ਹੈ, ਇਸ ਲਈ ਚਿੱਤ ਲਾ ਕੇ ਇਹ ਮੇਰੇ ਤੇ ਉਪਕਾਰ ਕਰੋ॥ ੧੫॥

ਫੇਰਿ ਸਦਾ ਮੈਂ ਤੁਮ ਕੋ ਦੇਵੌਂ ਗੁਰ ਘਰ ਕੋ ਜਸ ਹੁਇ ਸਿਰੁਪਾਇ।
ਕਰਹੁ ਖੁਦਾਇ ਰਾਹ ਇਹ ਕਾਰਜ, ਬਡੋ ਸਬਾਬ ਹੋਇ ਸੁਖਦਾਇ।
ਚਾਤੁਰਤਾ ਜੁਤ ਹਜ਼ਰਤ ਫੇਰਹੁ ਲਖਹਿ ਨ ਜਿਸਤੇ, ਲੇਹੁ ਮਨਾਇ।
ਸੁਮਤਿਵੰਤ ਇਹ ਪੱਖੀ ਪਰਖਹਿ ਸੁਲਹੀ ਕੋ ਪਰਖਜੋ ਜਿਸ ਭਾਇ' ॥੧੬॥

ਮੈਂ ਸਦਾ ਤੁਹਾਨੂੰ ਦਿੰਦਾ ਰਹਾਂਗਾ, ਗੁਰੂ ਘਰ ਵਿਚ ਜਿਵੇਂ ਜੱਸ ਹੁੰਦਾ ਹੈ, ਉਸ ਤਰ੍ਹਾਂ ਮੈਂ ਸਿਰੋਪਾਉ ਦੇਵਾਂਗਾ। ਖੁਦਾ ਦੇ ਰਾਹ ਤੇ ਇਹ ਮੇਰਾ ਕਾਰਜ ਕਰੋ, ਆਪ ਨੂੰ ਵੱਡਾ ਸੁਖਦਾਇਕ ਸਵਾਬ ਮਿਲੇਗਾ, ਬੜੀ ਚਤੁਰਾਈ ਨਾਲ ਬਾਦਸ਼ਾਹ ਨੂੰ ਮੰਨਾਵੋ, ਜਿਵੇਂ ਉਸ ਨੂੰ ਪਤਾ ਹੀ ਨਾ ਲੱਗੇ, ਇਸ ਤਰ੍ਹਾਂ ਮੰਨਾ ਲਵੋ। ਚੰਗੀ ਮੱਤ ਵਾਲਾ ਇਹ ਬਾਦਸ਼ਾਹ ਪੱਖ ਕਰਨ ਵਾਲੇ ਨੂੰ ਪਰਖ ਲੈਂਦਾ ਹੈ, ਜਿਸ ਤਰ੍ਹਾਂ ਉਸ ਸੁਲਹੀ ਨੂੰ ਪਰਖ ਲਿਆ ਹੈ॥ ੧੬॥

ਉਮਰਾਵਨਿ ਸੁਨਿ ਖਾਤਰ ਕੀਨਸਿ 'ਹਮ ਹਜ਼ਰਤ ਕੋ ਲਖਹਿਂ ਸੁਭਾਇ।
ਇਸ ਬਿਧਿ ਕਹਹਿਂ ਨ ਜਾਨਹਿ ਮਨ ਮੈਂ ਅਰੁ ਤੇਰੋ ਕਾਰਜ ਬਨ ਜਾਇ।

ਨਜਾਉਂ ਬਿਚਾਰਤਿ ਬਹੁਤ ਬੇਰ ਲਗਿ ਦੇਸ਼ ਬਿਖੈ ਹੋਇ ਨ ਕੁਨਿਆਇ।
ਰੰਕ ਧਨੀ ਨਰ ਨਾਰਿ ਨੀਚ ਉਚ ਸਭਿ ਕੀ ਆਪ ਸੁਨਹਿ ਚਿਤ ਲਾਇ ॥੧੭॥

ਹਾਕਮਾਂ ਨੇ ਇਹ ਸੁਣ ਕੇ ਖਾਤਰਦਾਰੀ ਕੀਤੀ ਤੇ ਕਿਹਾ, "ਅਸੀਂ ਬਾਦਸ਼ਾਹ ਦੇ ਸੁਭਾਅ ਨੂੰ ਜਾਣਦੇ ਹਾਂ, ਇਸ ਤਰ੍ਹਾਂ ਕਰਾਂਗੇ ਕਿ ਉਹ ਮਨ ਵਿਚ ਜਾਣ ਵੀ ਨਹੀਂ ਸਕੇਗਾ ਤੇ ਤੇਰਾ ਕੰਮ ਵੀ ਬਣ ਜਾਵੇਗਾ। ਨਿਆਂ ਵਿਚਾਰਦਿਆਂ ਕਈ ਵਾਰ ਬਹੁਤ ਦੇਰ ਲੱਗ ਜਾਂਦੀ ਹੈ, ਪਰ ਦੇਸ਼ ਵਿਚ ਕਿਤੇ ਵੀ ਅਨਿਆਂ ਨਹੀਂ ਹੁੰਦਾ। ਗਰੀਬ-ਅਮੀਰ ਨਰ-ਨਾਰੀ, ਨੀਚ-ਊਚ ਸਾਰਿਆਂ ਦੀ ਗੱਲ ਆਪ ਬੜਾ ਚਿੱਤ ਲਾ ਕੇ ਸੁਣਦਾ ਹੈ॥ ੧੭॥

ਗ੍ਰਾਮ ਦੇਨਿ ਤੌ ਮਾਨਿ ਲੇਹਿਗੋ ਗਾਦੀ ਦੇਨਿ ਬਿਖੈ ਸੰਦੇਹਿ।
ਨਿਰਨੇ ਨੀਕੇ ਨਜਾਉਂ ਨਿਬੇਰਹਿ ਤਿਸ ਤੇ ਤੁਝੇ ਨ ਪਹੁੰਚਹਿ ਕੇਹ।
ਪਿਤਾ ਪ੍ਰਬੀਨ ਪ੍ਰਸੰਨ ਹੋਇ ਕਰਿ ਲਘੁਸੁਤ ਕੋ ਦੀਨਸਿ ਕਰਿ ਨੇਹ।
ਨਜਾਉਂ ਕਰਤਿ ਨਹਿਂ ਸੁਨਹਿਂ ਸਿਪਾਰਸ਼, ਜਥਾ ਜੋਗ ਮਹਿਂ ਪ੍ਰੀਤਿ ਕਰੇਹਿ ॥੧੮॥

ਪਿੰਡ ਦੇਣਾ ਉਹ ਮੰਨ ਜਾਵੇ, ਪਰ ਗੱਦੀ ਦੇਣ ਬਾਰੇ ਸ਼ੰਕਾ ਹੈ। ਜੇ ਨਿਰਣਾ ਕਰਕੇ ਠੀਕ ਨਿਆਂ ਦਾ ਨਿਬੇੜਾ ਕਰੇਗਾ ਤਾਂ ਉਸ ਨਾਲ ਤੈਨੂੰ ਕੁਝ ਪ੍ਰਾਪਤ ਨਹੀਂ ਹੋਵੇਗਾ। ਤੁਹਾਡੇ ਚਤੁਰ ਪਿਤਾ ਜੀ ਨੇ ਛੋਟੇ ਪੁੱਤਰ ਉੱਤੇ ਪ੍ਰਸੰਨ ਹੋ ਕੇ ਉਸ ਨੂੰ ਬੜੇ ਪ੍ਰੇਮ ਨਾਲ ਆਪ ਗੱਦੀ ਦਿੱਤੀ ਹੈ। ਬਾਦਸ਼ਾਹ ਨਿਆਂ ਕਰਨ ਸਮੇਂ ਕਿਸੇ ਦੀ ਸਿਫਾਰਸ਼ ਨਹੀਂ ਸੁਣਦਾ ਹੈ, ਜੋ ਗੱਲ ਠੀਕ ਹੈ, ਉਸ ਨਾਲ ਹੀ ਪ੍ਰੀਤ ਕਰਦਾ ਹੈ॥ ੧੮॥

ਨਜਾਉਂ ਕਰਨਿ ਕੀ ਬਾਤ ਸੁਨਾਵਹਿਂ, ਗੁਰਨੰਦਨ ! ਸੁਨਿ ਦੇ ਕਰਿ ਕਾਨਿ।
ਘੰਟਾ ਸਿਰ ਪਰ ਲਰਕਤਿ ਨਿਸ ਦਿਨ ਰਹਿ ਬਜਾਰ ਮਹਿਂ ਰਜੂ ਮਹਾਨ।
ਇਕ ਦਿਨ ਜਲ ਪਖਾਰ ਕਉ ਲਾਦੇ ਬ੍ਰਿਖਭ ਅਗਾਰੀ ਕਰਤਿ ਪਯਾਨ।
ਜਲ ਦਾਨੀ ਤਿਹ ਪੀਛੇ ਹਾਂਕਤਿ ਚਲਤਿ ਚਲਤਿ ਆਏ ਤਿਸ ਥਾਨਿ ॥੧੯॥

ਹੇ ਗੁਰੂ ਪੁੱਤਰ ! ਤੈਨੂੰ ਨਿਆਂ ਕਰਨ ਦੀ ਗੱਲ ਸੁਣਾਉਂਦੇ ਹਾਂ ਜ਼ਰਾ ਧਿਆਨ ਨਾਲ ਸੁਣੋ। ਬਾਦਸ਼ਾਹ ਦੇ ਸਿਰ ਤੇ ਸਦਾ ਘੰਟੀ ਲਟਕਦੀ ਰਹਿੰਦੀ ਹੈ ਤੇ ਇਸ ਘੰਟੀ ਨੂੰ ਵਜਾਉਣ ਵਾਸਤੇ ਇਕ ਲੰਮੀ ਰੱਸੀ ਬਾਜ਼ਾਰ ਵਿਚ ਲਮਕਦੀ ਰਹਿੰਦੀ ਹੈ। ਇਕ ਦਿਨ ਮਾਸ਼ਕੀ ਜਲ ਦੀਆਂ ਭਰੀਆਂ ਹੋਈਆਂ ਮਸ਼ਕਾ ਉਤੇ ਲੱਦ ਕੇ ਬਲਦਾਂ ਨੂੰ ਅੱਗੇ ਲਾ ਕੇ ਪਿੱਛੇ-ਪਿੱਛੇ ਆ ਰਹੇ ਸਨ। ਮਾਸ਼ਕੀ ਬਲਦਾਂ ਨੂੰ ਹਿਕਦੇ ਹਿਕਦੇ ਉਸ ਥਾਂ ਆ ਗਏ ਜਿਥੇ ਬਾਜ਼ਾਰ ਵਿਚ ਲੰਮੀ ਰੱਸੀ ਨਿਆਂ ਦੀ ਘੰਟੀ ਨਾਲ ਬੰਨ੍ਹੀ ਹੋਈ ਸੀ॥ ੧੯॥

ਬ੍ਰਿਖਭ ਚਰਨ ਸੋਂ ਰੱਜੂ ਲਾਗੀ ਐਂਚੀ ਗਈਸੁ ਘੰਟਾ ਹਾਲਿ।
ਬਾਜਤਿ ਨਾਦ ਭਯੋ ਤਿਸ ਕੇਰਾ ਹਜ਼ਰਤ ਬੈਠਯੋ ਤਹੇ ਕ੍ਰਿਪਾਲ।
ਸੁਨਤਿ ਸ਼ਬਦ ਕੋ ਕਹਯੋ 'ਲੇਹੁ ਸੁਧਿ' ਦੌਰੇ ਮਾਨਵ ਗਨ ਤਤਕਾਲ।
ਖੋਜਨਿ ਲਗੇ ਬਿਲੋਕਯੋ ਨਹਿਂ ਸੋ, ਇਤ ਉਤ ਬੂਝਤਿ ਭੇ ਨਰ ਜਾਲ ॥੨੦॥

ਬਲਦ ਚਲਦੇ-ਚਲਦੇ ਧਰਤੀ ਉਤੇ ਚਰਨ ਲੱਗ ਗਏ ਤਾਂ ਨਿਆਂ ਦੀ ਘੰਟੀ ਦੀ ਰੱਸੀ ਬਲਦਾਂ ਨੂੰ ਲੱਗੀ, ਜਿਸ ਨਾਲ ਰੱਸੀ ਖਿੱਚੀ ਗਈ ਤੇ ਘੰਟੀ ਵੱਜ ਪਈ। ਜਦ ਬਾਦਸ਼ਾਹ ਨੇ ਘੰਟੀ ਦੀ ਆਵਾਜ਼ ਸੁਣੀ ਤਾਂ ਉਸ ਆਪਣੇ ਸੇਵਕਾਂ ਨੂੰ ਕਿਹਾ, "ਪਤਾ ਕਰੋ" ਸੇਵਕ ਫੌਰਨ ਦੌੜ ਕੇ ਬਾਹਰ ਚਲੇ ਗਏ। ਉਹ ਲੱਭਣ ਲੱਗੇ ਪਰ ਬਾਹਰ ਕੋਈ ਮਨੁੱਖ ਨਾ ਵੇਖਿਆ, ਸਾਰੇ ਸੇਵਕ ਏਧਰ ਓਧਰ ਜਾ ਕੇ ਲੋਕਾਂ ਨੂੰ ਪੁੱਛਣ ਲੱਗੇ॥ ੨੦॥

ਇਕ ਨੇ ਕਹਯੋ ਬ੍ਰਿਖਭ ਪਗ ਲਾਗਯੋ ਰੱਜੂ ਚਲਿ ਘੰਟਾ ਠਣਕਾਰ।
ਸੁਨਿ ਹਜ਼ਰਤ ਕੋ ਸੁਧਿ ਕਰਿ ਦੀਨਸਿ ਨਹਿਂ ਕਿਸ ਨਰ ਨੇ ਕੀਨਿ ਪੁਕਾਰ।
ਜਲ ਦਾਨੀ ਕੇ ਬੈਲ ਚਰਨ ਲਗਿ ਹਾਲ ਗਯੋ ਉਠਿ ਨਾਦਿ ਉਦਾਰ।
ਜਥਾ ਜੋਗ ਤੁਮ ਪ੍ਰਜਾ ਬਸਹਿ ਸੁਖ ਨਿਬਲ ਸਬਲ ਸਭਿ ਹੁਇ ਇਕਸਾਰ ॥੨੧॥

ਇਕ ਆਦਮੀ ਨੇ ਕਿਹਾ, "ਬਲਦਾ ਦਾ ਪੈਰ ਰੱਸੀ ਨੂੰ ਲੱਗਾ ਜਿਸ ਕਰਕੇ ਘੰਟੀ ਵੱਜ ਗਈ ਹੈ। ਇਹ ਸੁਣ ਕੇ ਉਨ੍ਹਾਂ ਸੇਵਕਾਂ ਨੇ ਬਾਦਸ਼ਾਹ ਨੂੰ ਖਬਰ ਕੀਤੀ ਅਤੇ ਕਿਹਾ ਕਿ ਕਿਸੇ ਮਨੁੱਖ ਨੇ ਪੁਕਾਰ ਨਹੀਂ ਕੀਤੀ ਹੈ। ਮਾਸ਼ਕੀਆਂ ਦੇ ਬਲਦ ਚਰਨ ਲੱਗ ਗਏ ਸਨ, ਜਿਸ ਕਾਰਨ ਰੱਸੀ ਬਲਦਾਂ ਦੇ ਪੈਰਾਂ ਨੂੰ ਲੱਗਣ ਕਰਕੇ ਖਿੱਚੀ ਗਈ ਸੀ ਤੇ ਇਨਸਾਫ ਦੀ ਘੰਟੀ ਵੱਜ ਉਠੀ ਸੀ। ਤੁਹਾਡੀ ਪਰਜਾ ਪਹਿਲਾਂ ਵਾਂਗ ਸੁਖੀ ਵੱਸ ਰਹੀ ਹੈ ਤੇ ਕਮਜ਼ੋਰ ਅਤੇ ਬਲਵਾਨ ਸਭ ਇਕੋ ਜੇਹੇ ਰਹਿੰਦੇ ਹਨ॥ ੨੧॥

ਜਹਾਂਗੀਰ ਨੈ ਪੁਨਹਿ ਪਠਾਏ 'ਆਨਹੁ ਬ੍ਰਿਖਭ ਲਦਯੋ ਤਿਸੁ ਭਾਂਤਿ।
ਜਿਮ ਗਮਨਤਿ ਪਗ ਰਜੂ ਐਂਚਲੀ ਦੁਖਿਤ ਪੁਕਾਰ ਕਰੀ ਜਿਮ ਜਾਤਿ।
ਬਿਨ ਦੁਖ ਮਮ ਘੰਟਾ ਨ ਹਿਲਾਵਤਿ ਕਰਹੁਂ ਨਜਾਉਂ ਤਿਹ ਪਿਖਿ ਬਿਰਤਾਂਤ'।
ਮਤਿ ਬਿਸਮਤਿ ਨਰ ਗਏ ਦੌਰ ਕਰਿ ਜਹਾਂ ਬੈਲ ਅਰ ਥੇ ਜਲਦਾਤ ॥੨੨॥

ਇਹ ਸੁਣ ਕੇ ਜਹਾਂਗੀਰ ਨੇ ਉਨ੍ਹਾਂ ਨੂੰ ਫਿਰ ਭੇਜਿਆ ਅਤੇ ਕਿਹਾ "ਸਾਰੇ ਬਲਦਾਂ ਨੂੰ ਜਿਵੇਂ ਲੱਦਿਆ ਹੈ, ਉਸ ਹੀ ਮੇਰੇ ਪਾਸ ਲਿਆਵੋ ਜਿਵੇਂ ਚਲਦਿਆਂ ਨੇ ਉਨ੍ਹਾਂ ਰੱਸੀ ਖਿੱਚੀ ਹੈ, ਉਸ ਤੋਂ ਜਾਪਦਾ ਹੈ ਕਿ ਉਨ੍ਹਾਂ ਨੇ ਦੁਖੀ ਹੋ ਕੇ ਪੁਕਾਰ ਕੀਤੀ ਹੈ। ਬਿਨਾਂ ਦੁਖ ਦੇ ਕੋਈ ਘੰਟੀ ਨਹੀਂ ਹਿਲਾਉਂਦਾ, ਮੈਂ ਉਨ੍ਹਾਂ ਬਲਦਾਂ ਦਾ ਬ੍ਰਿਤਾਂਤ ਵੇਖ ਕੇ ਨਿਆਂ ਕਰਾਂਗਾ।" ਸਾਰੇ ਮਨੁੱਖ ਬੜੇ ਹੈਰਾਨ ਹੋ ਕੇ ਫਿਰ ਦੌੜ ਕੇ ਗਏ ਤੇ ਬਲਦਾਂ ਅਤੇ ਮਾਸ਼ਕੀਆਂ ਨੂੰ ਜਹਾਂਗੀਰ ਪਾਸ ਲੈ ਆਏ॥ ੨੨॥

ਤਿਸੀ ਰੀਤਿ ਸੋਂ ਬ੍ਰਿਖਭ ਲਦਾਯੋ ਹਾਂਕਹਿ ਪਾਛੇ ਗਮਨਯੋ ਸੋਇ।
ਆਨਯੋ ਪਾਤਸ਼ਾਹ ...ਹਾਂ ਬੈਠਯੋ, ਸਭਾ ਲਗੀ ਦੇਖਤਿ ਸਭਿ ਕੋਇ।
ਹਜ਼ਰਤ ਕਹਯੋ 'ਬੈਲ ਕੋ ਹਕ ਹੈ ਲਈ ਉਠਾਇ ਪਖਾਲੈਂ ਦੋਇ।
ਬਹੁਰ ਤੀਸਰੀ ਲਾਦਨਿ ਕੀਨਸਿ ਇਹ ਅੰਨਜਾਇ ਇਸੀ ਸੰਗਿ ਹੋਇ ॥੨੩॥

ਜਿਸ ਢੰਗ ਨਾਲ ਬਲਦਾਂ ਤੇ ਮਸ਼ਕਾਂ ਲੱਦੀਆਂ ਸਨ, ਉਸ ਤਰ੍ਹਾਂ ਹਿੱਕ ਕੇ ਉਹ ਪਿਛੇ ਲੱਗ ਕੇ ਲੈ ਆਏ। ਬਲਦਾਂ ਨੂੰ ਓਥੇ ਲੈ ਆਏ ਜਿਥੇ ਜਹਾਂਗੀਰ ਬੈਠਾ ਸੀ, ਸਭਾ ਲੱਗੀ ਹੋਈ ਸੀ ਅਤੇ ਸਾਰੇ ਹੀ ਵੇਖ ਰਹੇ ਸਨ। ਬਾਦਸ਼ਾਹ ਨੇ ਕਿਹਾ, "ਇਕ ਬਲਦ ਦਾ ਹੱਕ ਹੈ ਕਿ ਉਹ ਕੇਵਲ ਦੋ ਹੀ ਮਸ਼ਕਾਂ ਚੁੱਕੇ, ਬਾਅਦ ਜਿਹੜੀ ਤੁਸੀਂ ਤੀਸਰੀ ਲੱਦੀ ਹੈ, ਇਹ ਇਨ੍ਹਾਂ ਬਲਦਾਂ ਨਾਲ ਅਨਿਆਏ ਕੀਤਾ॥ ੨੩॥

ਯਾਂਤੇ ਮਮਘੰਟਾ ਠਣਕਾਰਯੋ, ਹੋਇ ਦੁਖੀ ਇਮ ਕੀਨਿ ਪੁਕਾਰ।
ਅਬਿ ਤੇ ਆਗੇ ਸਭਿ ਬ੍ਰਿਖਭਨਿ ਕੋ ਲਾਦਹੁ ਦੋਇ ਪਖਾਲੈਂ ਭਾਰ।
ਬਹੁਰ ਤੀਸਰੀ ਧਰਹਿ ਜੁ ਊਪਰਿ ਹੋਹਿ ਗੁਨਾਹੀ ਕੈਦ ਮਝਾਰ।
ਸਭਿਹਿਨਿ ਕਹੁ ਇਮ ਸੁਧਿ ਕਰਿ ਦੀਜੈ ਸ਼ਾਹੁ ਕੀਨਿ ਤਬਿ ਹੁਕਮ ਉਚਾਰ ॥੨੪॥

ਇਸ ਕਰਕੇ ਇਨ੍ਹਾਂ ਇਨਸਾਫ ਦੀ ਘੰਟੀ ਖੜਕਾਈ ਹੈ, ਦੁਖੀ ਹੋ ਕੇ ਇਨ੍ਹਾਂ ਨੇ ਪੁਕਾਰ ਕੀਤੀ ਹੈ। ਇਸ ਤੋਂ ਬਾਅਦ ਹੁਣ ਇਕ ਬਲਦ ਉਤੇ ਕੇਵਲ ਦੋ ਹੀ ਮਸ਼ਕਾਂ ਲੱਦੋ, ਜੇ ਬਾਅਦ ਵਿਚ ਤੁਸੀਂ ਤੀਸਰੀ ਮਸ਼ਕ ਉਤੇ ਰੱਖੋਗੇ ਤਾਂ ਤੁਸੀਂ ਗੁਨਾਹਗਾਰ ਹੋਵੋਗੇ ਤੇ ਮੇਰੀ ਕੈਦ ਵਿਚ ਰਹੋਗੇ। ਸਾਰੇ ਮਾਸ਼ਕੀਆਂ ਨੂੰ ਇਹ ਖਬਰ ਦੇ ਦੇਵੋ, ਸ਼ਾਹ ਨੇ ਫਿਰ ਹੁਕਮ ਉਚਾਰਨ ਕੀਤਾ॥ ੨੪॥

ਬਡ ਧਰਮੱਗਜ ਨਜਾਉਂ ਜਹਿਂ ਪਸ਼ੂਯਨਿ ਮਾਨੁਖ ਕੀ ਤੌ ਕਜਾ ਹੈ ਬਾਤ'।
ਇਮ ਸੁਨਿ ਪ੍ਰਿਥੀਆ ਦੁਖਤਿ ਭਯੋ ਉਰ ਗੁਰਤਾ ਆਸ ਤਯਾਗ ਪਛੁਤਾਤਿ।
'ਇਸ ਢਿਗ ਜਤਨ ਹੋਇ ਨਹਿਂ ਸਕਿਯਤਿ ਮਤਿ ਸੂਖਮ ਨਿਰਨੈ ਅਵਦਾਤਿ।
ਤਊ ਗ੍ਰਾਮ ਦੇ ਆਦਰ ਠਾਨਹਿਂ ਇਸ ਮਹਿਂ ਭੀ ਮਮ ਪਤਿ ਰਹਿ ਜਾਤਿ' ॥੨੫॥

ਵੱਡਾ ਧਰਮ ਗਿਆਤਾ ਹੈ, ਜਿਸ ਨੇ ਪਸ਼ੂਆਂ ਦਾ ਵੀ ਨਿਆਂ ਕੀਤਾ ਹੈ, ਮਨੁੱਖ ਦੀ ਤਾਂ ਗੱਲ ਹੀ ਕੀ ਹੈ।" ਇਹ ਸੁਣ ਕੇ ਪ੍ਰਿਥੀਆ ਬੜਾ ਦੁਖੀ ਹੋਇਆ ਤੇ ਗੁਰਤਾ ਦੀ ਆਸ ਛੱਡ ਕੇ ਪਛਤਾਉਣ ਲੱਗਾ। "ਉਸ ਦੇ ਪਾਸ ਕੋਈ ਵੀ ਯਤਨ ਨਹੀਂ ਹੋ ਸਕਦਾ, ਉਹ ਸੂਖਮ ਮੱਤ ਨਾਲ ਸਾਫ ਨਿਰਣੇ ਕਰਦਾ ਹੈ, ਫਿਰ ਵੀ ਜੇ ਮੈਨੂੰ ਇਕ ਪਿੰਡ ਦੇ ਦੇਵੇ ਤਾਂ ਇਸ ਨਾਲ ਵੀ ਮੇਰੀ ਇੱਜ਼ਤ ਰਹਿ ਜਾਵੇਗੀ" ॥ ੨੫ ॥

ਲੇ ਰਿਸ਼ਵਤ ਹਜ਼ਰਤ ਢਿਗ ਗਮਨੇ ਸੁਲਹੀ ਅਪਨੇ ਸੰਗਿ ਮਿਲਾਇ।
ਕਹਿ ਕਰਿ ਪ੍ਰਿਥੀਆ ਨਿਕਟ ਹਕਾਰਯੋ ਲਗੇ ਤਰੀਫ ਕਰਨਿ ਸਮੁਦਾਇ।
'ਪ੍ਰਥਮ ਭਏ ਸ੍ਰੀ ਨਾਨਕ ਇਨਕੇ ਹਿੰਦੂ ਤੁਰਕ ਮੁਰੀਦ ਬਨਾਇ।
ਰਾਮਦਾਸ ਗੁਰ ਤਿਨ ਗਾਦੀ ਪਰ ਬੈਠੇ ਸੁਜਸੁ ਜਗਤ ਪਰਛਾਇ ॥੨੬॥

ਹਾਕਮ ਪ੍ਰਿਥੀਏ ਪਾਸੋਂ ਰਿਸ਼ਵਤ ਲੈ ਕੇ ਆਪਣੇ ਨਾਲ ਸੁਲਹੀ ਨੂੰ ਲੈ ਕੇ ਬਾਦਸ਼ਾਹ ਪਾਸ ਚਲੇ ਗਏ। ਉਨ੍ਹਾਂ ਕਹਿ ਕੇ ਪ੍ਰਿਥੀਏ ਨੂੰ ਵੀ ਆਪਣੇ ਪਾਸ ਬੁਲਾ ਲਿਆ ਤੇ ਸਾਰੇ ਉਸ ਦੀਆਂ ਤਾਰੀਫਾਂ ਕਰਨ ਲੱਗੇ, "ਸਭ ਤੋਂ ਪਹਿਲਾਂ ਇਨ੍ਹਾਂ ਦੇ ਵੱਡੇ ਗੁਰੂ ਨਾਨਕ ਦੇਵ ਜੀ ਹੋਏ ਹਨ, ਜਿਨ੍ਹਾਂ ਹਿੰਦੂ ਮੁਸਲਮਾਨਾਂ ਦੋਹਾਂ ਨੂੰ ਆਪਣੇ ਮੁਰੀਦ ਬਣਾਇਆ ਸੀ, ਸ੍ਰੀ ਗੁਰੂ ਰਾਮਦਾਸ ਉਨ੍ਹਾਂ ਦੀ ਗੱਦੀ ਤੇ ਬੈਠੇ ਜਿਨ੍ਹਾਂ ਦਾ ਸ੍ਰੇਸ਼ਟ ਜੱਸ ਜਗਤ ਵਿਚ ਫੈਲਿਆ ਹੈ ॥ ੨੬ ॥

ਗੁਰ ਘਰ ਸਾਗਰ ਸਮਸਰ ਡਰਹਰਿ ਪ੍ਰਿਥੀਚੰਦ ਭਾ ਚੰਦ ਮਨਿੰਦ।
ਦੇਸ਼ ਬਿਦੇਸ਼ਨਿ ਕੇ ਨਰ ਮਾਨੈਂ ਸੀਸ ਨਿਵਾਇ ਚਰਨ ਅਰਬਿੰਦ।
ਅਜ਼ਮਤ ਕਰਿ ਤਿਨ ਹੋਤਿ ਸਹਾਇਕ ਸੁਜਸ ਬਿਲੰਦ ਕਰਹਿਂ ਨਰ ਬ੍ਰਿੰਦ।
ਸ੍ਰੀ ਨਾਨਕ ਕੀ ਜੋਤਿ ਇਨਹੁ ਮਹੁਂ ਜਾਨੀ ਪਰਹਿ ਗੁਨਹਿ ਬਖਸ਼ਿੰਦ ॥੨੭॥

ਗੁਰੂ ਘਰ ਇਕ ਸਾਗਰ ਸਮਾਨ ਹੈ ਜਿਸ ਵਿਚ ਡਰ-ਰਹਿਤ ਪ੍ਰਿਥੀਆ ਚੰਦਰਮਾਂ ਵਾਂਗ ਡਲ੍ਹਕਾਂ ਮਾਰ ਰਿਹਾ ਹੈ। ਦੇਸ਼ਾਂ ਵਿਦੇਸ਼ਾਂ ਦੇ ਲੋਕ ਇਸ ਨੂੰ ਮੰਨਦੇ ਹਨ, ਇਸ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਦੇ ਹਨ। ਕਰਾਮਾਤੀ ਹੋਣ ਕਰਕੇ, ਇਹ ਉਨ੍ਹਾਂ ਦੀ ਸਹਾਇਤਾ ਕਰਦਾ ਹੈ, ਇਸ ਦਾ ਸ੍ਰੇਸ਼ਟ ਉੱਚਾ ਜੱਸ ਹੈ ਤੇ ਬਹੁਤ ਸੇਵਕ ਇਨ੍ਹਾਂ ਪਾਸ ਰਹਿੰਦੇ ਹਨ। ਇਨ੍ਹਾਂ ਵਿਚ ਗੁਰੂ ਨਾਨਕ ਦੀ ਜੋਤ ਹੈ ਜਿਹੜੀ ਗੁਨਾਹਾਂ ਨੂੰ ਬਖਸ਼ਾਉਣ ਵਾਲੀ ਹੈ॥ ੨੭॥

ਸਨਮਾਨਤਿ ਪਤਿਸ਼ਾਹ ਰਹੇ ਸਭਿ, ਇਹ ਚਲਿ ਕਰਿ ਆਯਹੁ ਤੁਮ ਦ੍ਵਾਰ।
ਨਜਾਉਂ ਨਿਬੇਰਨਿ ਕੀਜਹਿ ਨੀਕੇ ਕਰੋ ਬਿਦਾ ਦੇਕਰਿ ਉਪਹਾਰ।
ਨਾਂਹਿ ਤ ਮਹਿਮਾ ਇਸ ਘਟਿ ਜਾਵਹਿ, ਸਿੱਖ ਤਜਹਿਂ ਨਹਿਂ ਕਰਹਿਂ ਜੁਹਾਰ।
ਇਹ ਭੀ ਪੁੰਨ ਆਪਕੇ ਘਰ ਕੋ ਕਰਹਿ ਖੁਦਾਇ ਬੰਦਗੀ ਚਾਰੁ ॥੨੮॥

ਸਾਰੇ ਬਾਦਸ਼ਾਹ ਇਸ ਘਰ ਦਾ ਸਨਮਾਨ ਕਰਦੇ ਰਹੇ ਹਨ, ਇਹ ਜਾਣ ਕੇ ਤੁਹਾਡੇ ਪਾਸ ਆਇਆ ਹੈ। ਇਸ ਦਾ ਨਿਬੇੜਾ ਕਰੋ ਤੇ ਕੋਈ ਚੰਗਾ ਉਪਹਾਰ ਦੇ ਕੇ ਇਸ ਨੂੰ ਵਿਦਾ ਕਰੋ। ਨਹੀਂ ਤਾਂ ਇਸ ਦੀ ਮਹਿਮਾ ਘਟ ਜਾਵੇਗੀ, ਸਿੱਖ ਇਸ ਨੂੰ ਛੱਡ ਜਾਣਗੇ ਤੇ ਕੋਈ ਵੀ ਸਾਹਿਬ ਸਲਾਮ ਨਹੀਂ ਕਰੇਗਾ, ਇਹ ਵੀ ਪੁੰਨ ਆਪ ਜੀ ਦੇ ਘਰ ਨੂੰ ਫਿਰ ਖੁਦਾ ਦੀ ਸੁੰਦਰ ਬੰਦਗੀ

ਵਾਲਾ ਬਣਾ ਦੇਵੇਗਾ॥ ੨੮॥

ਜਥਾ ਜੋਗ ਬੈਠਾਵਨਿ ਕਰਿਯਹਿ ਮਾਨਵ ਲਾਖਹੁਂ ਮਾਨਹਿਂ ਯਾਂਹਿ।
ਪਰੰਪਰਾ ਇਹ ਗੁਰ ਕੇ ਘਰ ਕੀ ਨਿਸ਼ਚਲ ਰਾਖਹੁ ਮਿਟਹਿ ਜੁ ਨਾਂਹਿ।
ਰਾਵਰਿ ਕੀ ਕੀਰਤਿ ਜਗ ਬਿਥਰਹਿ ਅਧਿਕ ਭਲਾ ਹੋਵੈ ਦਰਗਾਹਿ'।
ਜਹਾਂਗੀਰ ਨੇ ਸੁਨਿ ਪਹਿਚਾਨੀ 'ਰਿਸ਼ਵਤ ਲਈ ਇਨਹੁ ਇਸ ਪਾਹਿ॥੨੯॥

ਇਸ ਨੂੰ ਯਥਾ-ਯੋਗ ਗੱਦੀ ਤੇ ਬਿਠਾ ਦੇਵੋ, ਤਾਂਕਿ ਮਨੁੱਖ ਇਸ ਦੀ ਪੂਜਾ ਕਰਨ। ਗੁਰੂ-ਘਰ ਦੀ ਜਿਹੜੀ ਆਦਿ ਤੋਂ ਚਲੀ ਆ ਰਹੀ ਪ੍ਰੰਪਰਾ ਹੈ, ਉਸ ਨੂੰ ਸਥਿਰ ਰਖੋ, ਉਹ ਖਤਮ ਨਾ ਹੋ ਜਾਵੇ। ਆਪ ਜੀ ਦੀ ਕੀਰਤੀ ਜਗਤ ਵਿਚ ਫੈਲੇਗੀ ? ਤੇ ਅਗਲੀ ਦਰਗਾਹ ਵਿਚ ਅਧਿਕ ਭਲਾ ਹੋਵੇਗਾ।" ਇਹ ਸੁਣ ਕੇ ਜਹਾਂਗੀਰ ਨੇ ਪਹਿਚਾਣ ਲਿਆ, "ਇਨ੍ਹਾਂ ਨੇ ਪ੍ਰਿਥੀਏ ਪਾਸੋਂ ਰਿਸ਼ਵਤ ਲਈ ਹੈ॥ ੨੯॥

ਪ੍ਰਥਮ ਨ ਪ੍ਰਿਥੀਦੇ ਕੀ ਕੁਛ ਭਾਖੀ ਆਜ ਤਰੀਫ ਕਰਤਿ ਛਲ ਸੰਗਿ।
ਦੇ ਕਰਿ ਦਰਬ ਬਿਗਾਰਤਿ ਲੋਕਨਿ ਭਰਜੋ ਖੁਟਾਈ ਸੰਗ ਕੁਢੰਗ।
ਗੁਰਤਾ ਕੋ ਅਧਿਕਾਰ ਨ ਇਸ ਕੋ ਗਜਾਨ ਆਦਿ ਗੁਨ ਨਹਿਂ ਸ਼ੁਭ ਅੰਗ।
ਤਊ ਗੁਰੂ ਕੋ ਨੰਦਨ ਹੋਯਹੁ ਇਮ ਬਿਚਾਰ ਚਹਿ ਮਾਨ ਉਤੰਗ॥ ੩੦॥

ਪਹਿਲਾਂ ਇਨ੍ਹਾਂ ਕਦੇ ਵੀ ਪ੍ਰਿਥੀਏ ਬਾਰੇ ਗੱਲ ਨਹੀਂ ਕੀਤੀ ਹੈ, ਅੱਜ ਛਲ ਕਰਕੇ ਇਸ ਦੀ ਤਾਰੀਫ ਕਰਦੇ ਹਨ। ਪ੍ਰਿਥੀਆ ਲੋਕਾਂ ਨੂੰ ਪੈਸੇ ਦੇ ਕੇ ਵਿਗਾੜਦਾ ਹੈ। ਇਹ ਪ੍ਰਿਥੀਆ ਬੜੀ ਬੁਰੀ ਤਰ੍ਹਾਂ ਖੋਟ ਨਾਲ ਭਰਿਆ ਹੈ। ਗੁਰਤਾ ਦਾ ਇਸ ਨੂੰ ਅਧਿਕਾਰ ਨਹੀਂ ਅਤੇ ਨਾ ਗੁਰਤਾ ਦਾ ਇਸ ਨੂੰ ਕੋਈ ਗਿਆਨ ਹੈ ਅਤੇ ਨਾ ਹੀ ਗੁਰੂ ਵਾਲੇ ਇਸ ਵਿਚ ਕੋਈ ਸ਼ੁਭ ਗੁਣ ਹਨ।" "ਫਿਰ ਵੀ ਇਹ ਗੁਰੂ ਦਾ ਪੁੱਤਰ ਹੈ" ਇਹ ਤਰ੍ਹਾਂ ਚਾਹ ਕੇ ਜਹਾਂਗੀਰ ਗੁਰੂ ਘਰ ਦਾ ਮਾਨ ਉੱਚਾ ਰੱਖਣਾ ਚਾਹੁੰਦਾ ਸੀ॥ ੩੦॥

ਬੋਲਯੋ ਜਹਾਂਗੀਰ 'ਲਿਹੁ ਗ੍ਰਾਮਹਿ ਮੈਂ ਅਪਨੀ ਦਿਸ਼ਿ ਤੇ ਇਹ ਦੀਨਿ।
ਕਰਹੁ ਧਾਮ ਤਹਿਂ ਬੈਠਿ ਕੁਟੰਬ ਜੁਤ ਸ਼੍ਰੀ ਅਰਜਨ ਢਿਗ ਜਾਹੁਨ, ਚੀਨ।
ਲਵਪੁਰਿ ਕੋ ਹਮ ਜਬਿ ਚਲਿ ਆਵਹਿਂ ਜੁਗ ਭ੍ਰਾਤਨਿ ਤੇ ਸੁਨਹਿਂ ਜੁ ਕੀਨਿ।
ਅਬਿ ਤੇ ਦ੍ਵੈਸ਼ ਨ ਠਾਨਹੁਂ ਤਿਨ ਸੰਗ, ਨਿਜ ਗੁਜ਼ਰਾਨ ਹਮਹੁ ਤੇ ਲੀਨਿ॥੩੧॥

ਇਹ ਵਿਚਾਰ ਨੇ ਜਹਾਂਗੀਰ ਨੇ ਕਿਹਾ, "ਮੈਥੋਂ ਇਕ ਪਿੰਡ ਲੈ ਲਵੋ, ਇਹ ਮੈਂ ਆਪਣੀ ਤਰਫ ਤੋਂ ਤੈਨੂੰ ਦਿੰਦਾ ਹਾਂ। ਉਸ ਪਿੰਡ ਵਿਚ ਜਾ ਕੇ ਆਪਣਾ ਘਰ ਬਣਾਵੋ ਤੇ ਕੁਟੰਬ ਲੈ ਕੇ ਓਥੇ ਬੈਠੋ ਤੇ ਗੁਰੂ ਅਰਜਨ ਦੇਵ ਪਾਸ ਬਿਲਕੁਲ ਨਾ ਜਾਵੋ, ਇਹ ਸਮਝ ਲਵੋ। ਜਦ ਮੈਂ ਲਾਹੌਰ ਚਲ ਕੇ ਆਵਾਂਗਾ ਤਾਂ ਦੋਹਾਂ ਭਰਾਵਾਂ ਤੋਂ ਸਾਰੀ ਗੱਲ ਜੋ ਹੋਈ ਹੈ, ਸੁਣਾਂਗਾ। ਹੁਣ ਉਸ ਨਾਲ ਈਰਖਾ ਨਾ ਕਰੋ, ਆਪਣਾ ਗੁਜ਼ਾਰਾ ਮੈਥੋਂ ਲੈ ਲਵੋ"॥ ੩੧॥

ਇਮ ਕਹਿ ਪਟਾ ਲਿਖਾਇ ਬਿਦਾ ਕਿਯ 'ਮਿਲਹੁ ਹਮੈਂ ਜਬਿ ਲਵਪੁਰਿ ਆਇ'।
ਕੁਛਕ ਹਰਖ ਕਰਿ ਪ੍ਰਿਥੀਆ ਆਯਹੁ ਦਿੱਲੀ ਨਗਰੀ ਤੇ ਨਿਕਸਾਇ।
ਗਮਨਤਿ ਦੇਸ਼ ਮਾਲਵੇ ਪ੍ਰਾਪਤਿ, ਤਹਾਂ ਗ੍ਰਾਮ ਲੀਨਿਸ ਹਰਖਾਇ।
ਸੀਸ ਨਿਵਾਵਤਿ ਆਦਿਕ ਪ੍ਰਿਥੀਆ ਸੁੰਦਰ ਕੋਠਾ ਲੀਨਿ ਬਨਾਇ॥੩੨॥

ਇਸ ਤਰ੍ਹਾਂ ਕਹਿ ਕੇ ਪਟਾ ਲਿਖਾ ਕੇ ਵਿਦਾ ਕੀਤਾ ਅਤੇ ਕਿਹਾ, "ਜਦ ਮੈਂ ਲਾਹੌਰ ਆਵਾਂ ਤਾਂ ਮੈਨੂੰ ਆ ਕੇ ਮਿਲੋ" ਕੁਝ ਪ੍ਰਸੰਨ ਹੋ ਕੇ ਪ੍ਰਿਥੀਆ ਦਿੱਲੀ ਸ਼ਹਿਰ ਵਿਚੋਂ ਨਿਕਲ ਕੇ ਆ ਗਿਆ। ਮਾਲਵੇ ਦੇਸ਼ ਵਲ ਚਲਾ ਗਿਆ, ਜਿਥੇ ਜਾ ਕੇ ਪ੍ਰਸੰਨ ਹੋ

ਕੇ ਪਿੰਡ ਲੈ ਲਿਆ। ਲੋਕ ਪ੍ਰਿਥੀਏ ਅੱਗੇ ਸਿਰ ਝੁਕਾਉਂਦੇ ਸਨ, ਪ੍ਰਿਥੀਏ ਨੇ ਉਥੇ ਸੁੰਦਰ ਘਰ ਬਣਾਇਆ॥ ੩੨॥

ਤਿਸ ਕੀ ਸੰਗਯਾ ਤੇਸੋ ਕਹੀਅਹਿ ਸੋਢੀ ਕੋਠੇ ਕੇ ਬਿਦਤਾਇ।
ਇਸਤ੍ਰੀ ਪੁੱਤ੍ਰ ਬਸਾਇ ਹਰਖ ਜੁਤਿ ਅਪਨੀ ਪੂਜਾ ਬੈਠਿ ਕਰਾਇ।
ਥੋਰੀ ਸੰਗਤਿ ਆਵਤਿ ਚਲਿ ਕਰਿ ਦੇਤਿ ਉਪਾਇਨ ਕੁਛਕ ਚਢਾਇ।
ਕਰਿ ਗੁਜ਼ਰਾਨਿ ਬਿਤਾਇ ਸਮੋ ਨਿਜ ਪਟ-ਬੀਜਨ ਸਮ ਚਮਕ ਦਿਖਾਇ॥੩੩॥

ਉਹ ਕੋਠਾ ਬਾਅਦ ਵਿਚ 'ਸੋਢੀਆਂ ਦਾ ਕੋਠਾ' ਕਹਿ ਕੇ ਮਸ਼ਹੂਰ ਹੋਇਆ। ਇਸਤਰੀ ਪੁੱਤਰ ਸਮੇਤ ਉਸ ਪਿੰਡ ਵਿਚ ਬੈਠ ਗਿਆ ਤੇ ਆਪਣੀ ਪੂਜਾ ਕਰਵਾਉਂਦਾ ਸੀ। ਥੋੜ੍ਹੀ ਜੇਹੀ ਸੰਗਤ ਚਲ ਕੇ ਆਉਂਦੀ ਸੀ, ਜਿਹੜੀ ਕੁਝ ਉਪਹਾਰ ਚੜ੍ਹਾਉਂਦੀ ਸੀ। ਗੁਜ਼ਾਰਾ ਕਰਕੇ ਸਮਾਂ ਬਤੀਤ ਕਰ ਰਿਹਾ ਸੀ ਤੇ ਇਕ ਜੁਗਨੂੰ ਵਾਂਗ ਆਪਣੀ ਚਮਕ ਵਿਖਾ ਰਿਹਾ ਸੀ॥ ੩੩॥

ਦੋਹਰਾ- ਜਤਨ ਠਾਨਿ ਬਿਧਿ ਅਨਿਕ ਕੇ ਹਾਰ ਪਰਜੋ ਦੁਖ ਪਾਇ।
ਸਮੁਤਾ ਚਹਿ ਜਗਨਾਥ ਸੋਂ ਕਜੋਂ ਕਰਿ ਪਹੁੰਚਜੋ ਜਾਇ॥੩੪॥

ਅਨੇਕ ਪ੍ਰਕਾਰ ਯਤਨ ਕਰਕੇ ਅਖੀਰ ਦੁਖ ਪਾ ਕੇ ਹਾਰ ਗਿਆ। ਗੁਰੂ ਅਰਜਨ ਦੇਵ ਜੀ ਦੇ ਬਰਾਬਰੀ ਚਾਹੁੰਦਾ ਹੈ ਪਰ ਉਸ ਤਕ ਕਿਵੇਂ ਪਹੁੰਚਿਆ ਜਾ ਸਕਦਾ ਹੈ॥ ੩੪॥

*ਤੀਸਰੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## ਅਧਿਆਇ ਅਠਾਈਵਾਂ

### ਠਾਕਰ ਪੂਜਕ ਪਖੰਡੀ ਬ੍ਰਾਹਮਣ ਨਾਲ ਚਰਚਾ

ਦੋਹਰਾ-ਇਮ ਪ੍ਰਸੰਗ ਰਿਸ ਢੰਗ ਕੋ ਪ੍ਰਿਥੀਏ ਕਿਯੋ ਨਿਸੰਗ।
ਰੰਗ ਰੰਗ ਕੀ ਕਥਾ ਅਬਿ ਗੁਰ ਕੀ ਸੁਨਿ ਹਿਤ ਸੰਗ॥ ੧॥

ਪ੍ਰਿਥੀਏ ਨੇ ਗੁੱਸੇ ਦੇ ਢੰਗ ਦਾ ਇਸ ਤਰ੍ਹਾਂ ਪ੍ਰਸੰਗ ਨਿਸੰਗ ਹੋ ਕੇ ਕੀਤਾ। ਹੁਣ ਗੁਰੂ ਸਾਹਿਬ ਦੀ ਰੰਗ ਰੰਗ ਦੀ ਕਥਾ ਆਪਣੇ ਸਾਥੀਆਂ ਸਮੇਤ ਸੁਣੋ॥ ੧॥

ਹਾਕਲ ਛੰਦ-ਸ੍ਰੀ ਸਤਿਗੁਰ ਅਰਜਨ ਪਾਛੇ। ਬਹੁ ਕਰੇ ਉਛਾਹ ਸੁ ਆਛੇ।
ਸੁਤ ਜਨਮ ਨਵੋ ਜਨੁ ਹੋਵਾ। ਦੁਖ ਬਿਘਨ ਬ੍ਰਿੰਦ ਕੋ ਖੋਵਾ॥ ੨॥

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਪਿਛੋਂ ਬਹੁਤ ਚੰਗੇ ਉਤਸ਼ਾਹ ਕੀਤੇ। ਪੁੱਤਰ ਦਾ ਜਿਵੇਂ ਨਵਾਂ ਜਨਮ ਹੋਇਆ ਹੋਵੇ, ਸਾਰੇ ਦੁੱਖ ਵਿਘਨ ਖਤਮ ਹੋ ਗਏ॥ ੨॥

ਬਹੁ ਦਾਨ ਦੀਨਿ ਕਰਿ ਪ੍ਰੇਮਾ। ਅਭਿਲਾਖਿ ਪੁੱਤ੍ਰ ਕੀ ਛੇਮਾ।
ਮੁਖਮੰਡਲ ਸੁੰਦਰ ਚੰਦੂ। ਪਿਖਿ ਹਰਖਤਿ ਆਨੰਦ ਕੰਦੂ॥ ੩॥

ਪ੍ਰੇਮ ਕਰਕੇ ਗਰੀਬਾਂ ਨੂੰ ਬਹੁਤ ਦਾਨ ਦਿੱਤਾ, ਪੁੱਤਰ ਦੇ ਕੁਸ਼ਲ ਮੰਗਲ ਦੀ ਅਭਿਲਾਸ਼ਾ ਹੈ। ਗੁਰੂ ਹਰਿਗੋਬਿੰਦ ਦਾ ਮੁਖੜਾ ਚੰਦ ਵਾਂਗ ਸੁੰਦਰ ਹੈ, ਜਿਸ ਨੂੰ ਵੇਖ ਕੇ ਅਨੰਦ ਦਾਤੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੁੰਦੇ ਹਨ॥ ੩॥

ਦ੍ਰਿਗਦਲ ਬਿਲੰਦ ਅਰਬਿੰਦੂ। ਦੁਤਿ ਕਲਿਕਾ ਰਦਨ ਮਨਿੰਦੂ।
ਹਰਖੰਤਿ ਦਾਸ ਪਿਖਿ ਬ੍ਰਿੰਦੂ। ਕਰਿ ਪ੍ਰੇਮ ਤੁਰਕ ਅਰੁ ਹਿੰਦੂ॥ ੪॥

ਨੇਤਰ ਕੰਵਲ ਦੇ ਫੁੱਲਾਂ ਵਾਂਗ ਚੌੜੇ ਹਨ, ਦੰਦਾਂ ਦੀ ਸ਼ੋਭਾ ਕਲੀਆਂ ਵਰਗੀ ਹੈ। ਸੇਵਕ ਜਨ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ, ਤੁਰਕ ਅਤੇ ਹਿੰਦੂ ਵੇਖ ਕੇ ਬਹੁਤ ਪ੍ਰੇਮ ਕਰਦੇ ਹਨ॥ ੪॥

ਦਿਨ ਰੈਨ ਨੈਨ ਕੇ ਆਗੇ। ਰਖਿ ਜਨਨੀ ਆਨ ਨ ਤਜਾਗੇ।
ਕਰਿ ਭਲੀ ਭਾਂਤਿ ਤਕਰਾਈ। ਨਿਜ ਹਾਥ ਅਹਾਰ ਖੁਵਾਈ॥ ੫॥

ਮਾਤਾ ਗੰਗਾ ਜੀ ਦਿਨ ਰਾਤ ਆਪਣੀਆਂ ਅੱਖਾਂ ਸਾਹਵੇਂ ਰੱਖਦੇ ਹਨ ਤੇ ਇਕ ਖਿਣ ਵੀ ਛੱਡਦੇ ਨਹੀਂ ਹਨ। ਚੰਗੀ ਤਰ੍ਹਾਂ ਤਕੜਾਈ ਕਰਕੇ ਆਪਣੇ ਹੱਥਾਂ ਨਾਲ ਭੋਜਨ ਖਵਾਉਂਦੇ ਹਨ॥ ੫॥

ਬਿਸਵਾਸ ਨ ਕਰਤੀ ਕੈਸੇ। ਰਖਿ ਪਲਕ ਬਿਲੋਚਨ ਜੈਸੇ।
ਰਹਿ ਰਾਤਿ ਬਿਖੈ ਰਖਵਾਰੀ। ਨਰ ਜਾਗਤਿ ਖਰੇ ਨਿਹਾਰੀ॥ ੬॥

ਕਿਸੇ ਤਰ੍ਹਾਂ ਵੀ ਵਿਸ਼ਵਾਸ ਨਹੀਂ ਕਰਦੇ, ਇਸ ਤਰ੍ਹਾਂ ਰੱਖਦੇ ਹਨ ਜਿਵੇਂ ਪਲਕਾਂ ਅੱਖਾਂ ਨੂੰ ਸੰਭਾਲ ਕੇ ਰੱਖਦੀਆਂ ਹਨ। ਰਾਤ ਵੇਲੇ ਵੀ ਪੂਰੀ ਰਾਖੀ ਕਰਦੇ ਹਨ, ਮਨੁੱਖ ਜਾਗਦੇ ਹੋਏ ਖੜੇ ਹੋ ਕੇ ਵੇਖਦੇ ਰਹਿੰਦੇ ਹਨ॥ ੬॥

ਉਰ ਤ੍ਰਾਸ ਧਾਰਿ ਕਰਿ ਗੰਗਾ। ਸੁਤ ਪਾਲਤਿ ਦੀਰਘ ਅੰਗਾ।
ਹਰਿ ਗੋਬਿੰਦ ਛੈਲ ਛਬੀਲਾ। ਕਰਿ ਬਾਲਪਨੇ ਕੀ ਲੀਲਾ॥ ੭॥

ਮਾਤਾ ਗੰਗਾ ਜੀ ਦਿਲ ਵਿਚ ਡਰ ਧਾਰਨ ਕਰਕੇ, ਵੱਡੇ-ਵੱਡੇ ਅੰਗਾਂ ਵਾਲੇ ਪੁੱਤਰ ਦੀ ਪਾਲਣਾ ਕਰਦੇ ਹਨ। ਸ੍ਰੀ ਹਰਿਗੋਬਿੰਦ ਜੀ ਬੜੇ ਛੈਲ ਛਬੀਲੇ ਹਨ ਅਤੇ ਬਾਲਪਨੇ ਦੀ ਲੀਲ੍ਹਾ ਖੇਡਦੇ ਹਨ॥ ੭॥

ਪਦ ਪੰਕਜ ਅੰਙਣ ਦੌਰੈ। ਗਹਿ ਬਾਲਕ ਲੇ ਭਰਿ ਕੌਰੈ।
ਬਹੁ ਕਰੇ ਭੇਰ ਤਰ ਦਾਹੇ। ਜੁਗ ਬਾਹੈਂ ਓਜ ਨਿਵਾਹੈ॥ ੮॥

ਚਰਨ ਕੰਵਲਾਂ ਨਾਲ ਵਿਹੜੇ ਵਿਚ ਭੱਜਦੇ ਹਨ ਅਤੇ ਬਾਲਕਾਂ ਨੂੰ ਜੱਫੀ ਪਾ ਕੇ ਫੜ ਲੈਂਦੇ ਹਨ, ਜਿਹੜਾ ਬਹੁਤ ਭੇੜ ਕਰਦਾ ਹੈ, ਉਸ ਨੂੰ ਢਾਹ ਲੈਂਦੇ ਹਨ, ਦੋਵਾਂ ਬਾਹਾਂ ਦੇ ਬਲ ਨਾਲ ਨਿਵਾ ਦਿੰਦੇ ਹਨ॥ ੮॥

ਬਹੁ ਖੇਲਿ ਖੇਲ ਰਸ ਰਾਤੇ। ਕਰ ਚਰਨ ਕਮਲ ਜਨੁ ਰਾਤੇ।
ਇਮ ਖੇਲਤਿ ਪਿਤ ਢਿਗ ਆਵੈਂ। ਸਭਿ ਸਭਾ ਮੋਦ ਉਪਜਾਵੈਂ॥ ੯॥

ਖੇਡਾਂ ਦੇ ਰਸ ਵਿਚ ਰੰਗੇ ਹੋਏ, ਬਹੁਤ ਖੇਡਾਂ ਖੇਡਦੇ ਹਨ। ਹੱਥ ਤੇ ਚਰਨ ਮਾਨੋਂ ਲਾਲ ਕੰਵਲ ਹਨ। ਇਸ ਤਰ੍ਹਾਂ ਖੇਡਦੇ ਪਿਤਾ ਪਾਸ ਆਉਂਦੇ ਹਨ, ਸਾਰੀ ਸਭਾ ਨੂੰ ਪ੍ਰਸੰਨ ਕਰ ਦਿੰਦੇ ਹਨ॥ ੯॥

ਪਿਖਿ ਲੱਛਨ ਅੰਗ ਬਿਸਾਲਾ। 'ਗੁਰ ਭਾਰੋ ਹੋਹਿ ਕ੍ਰਿਪਾਲਾ'।
ਕੋ ਕਹੈ 'ਸੂਰ ਬਡ ਹੋਵੈ। ਗਨ ਦੁਸ਼ਟਨਿ ਕੀ ਜਰ ਖੋਵੈ'॥ ੧੦॥

ਅਜਿਹੇ ਲੱਛਣ ਤੇ ਵਿਸ਼ਾਲ ਅੰਗ ਵੇਖ ਕੇ ਸਾਰੇ ਕਹਿੰਦੇ ਹਨ, "ਕਿਰਪਾਲੂ ਜੀ ਭਾਰੀ ਗੁਰੂ ਹੋਣਗੇ" ਕਈ ਕਹਿੰਦੇ ਹਨ, "ਵੱਡੇ ਸੂਰਮੇ ਹੋਣਗੇ ਅਤੇ ਦੁਸ਼ਟਾਂ ਦੀ ਜੜ੍ਹ ਪੁੱਟ ਦੇਣਗੇ"॥ ੧੦॥

ਕੋ ਕਹੈ 'ਡੀਲ ਬਲਵਾਨਾ। ਕਿਸ ਨਰ ਕੋ ਅਸ ਨਹਿਂ ਜਾਨਾ।
ਭੁਜ ਹੋਇਂ ਪ੍ਰਲੰਬਤਿ ਭਾਰੀ। ਉਰ ਆਯੁਤ ਯੁਤ ਬਿਸਤਾਰੀ'॥ ੧੧॥

ਕਈ ਕਹਿੰਦੇ ਹਨ, "ਬੜਾ ਵੱਡਾ ਡੀਲ-ਡੌਲ ਹੈ, ਵੱਡੇ ਬਲਵਾਨ ਹੋਣਗੇ, ਅਸੀਂ ਕੋਈ ਵੀ ਅਜਿਹਾ ਮਨੁੱਖ ਨਹੀਂ ਵੇਖਿਆ ਹੈ। ਬਾਹਾਂ ਬਹੁਤ ਵੱਡੀਆਂ ਅਤੇ ਭਾਰੀਆਂ ਹੋਣਗੀਆਂ। ਛਾਤੀ ਚੌੜੀ ਅਤੇ ਵਿਸਤਾਰ ਸਹਿਤ ਹੋਵੇਗੀ॥ ੧੧॥

ਸਭਿ ਦੇਖਿ ਦੇਖਿ ਸੁਖ ਪਾਵੈਂ। ਇਮ ਸ੍ਰੀ ਗੁਰ ਦਤੋਸ ਬਿਤਾਵੈਂ।
ਨਿਤ ਬਰਧਤਿ ਡੀਲ ਬਿਸਾਲਾ। ਬਡ ਆਯੁਤ ਸੁੰਦਰ ਭਾਲਾ॥ ੧੨॥

ਸਾਰੇ ਵੇਖ-ਵੇਖ ਕੇ ਸੁਖ ਪਾਉਂਦੇ ਹਨ, ਇਸ ਤਰ੍ਹਾਂ ਇਕ ਦਿਨ ਗੁਰੂ ਹੋਣਗੇ, ਇਕ ਦੂਸਰੇ ਨੂੰ ਦੱਸਦੇ ਸਨ। ਗੁਰੂ ਜੀ ਦਾ ਡੀਲ ਡੌਲ ਨਿੱਤ ਵਧਦਾ ਜਾਂਦਾ ਹੈ। ਮੱਥਾ ਬੜਾ ਸੁੰਦਰ ਅਤੇ ਚੌੜਾ ਹੈ॥ ੧੨॥

ਸ੍ਰੀ ਅਰਜਨ ਸਭਿ ਦਿਨ ਮਾਂਹੀ। ਤਜਿ ਆਲਸ ਜਾਮ ਨਿਸਾ ਹੀ।
ਸੁਚ ਕ੍ਰਿਯਾ ਪ੍ਰਾਤ ਹਿਤਕਾਰੀ। ਪੁਨ ਬੈਠਹਿਂ ਆਸਨ ਮਾਰੀ॥ ੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਹਰ ਰੋਜ਼, ਆਲਸ ਛੱਡ ਕੇ ਪਹਿਰ ਰਾਤ ਰਹਿੰਦਿਆਂ ਹੀ ਸਵੇਰ ਦੀ ਸੌਚ ਆਦਿ ਕ੍ਰਿਆ ਚੰਗੀ ਤਰ੍ਹਾਂ ਕਰਕੇ ਫਿਰ ਆਸਣ ਲਾ ਕੇ ਬੈਠ ਜਾਂਦੇ ਹਨ॥ ੧੩॥

ਥਿਤਿ ਅਪਨ ਸਰੂਪ ਮਝਾਰਾ। ਮਨ ਰਾਖਹਿਂ ਰੋਕਿ ਉਦਾਰਾ।
ਇਕ ਦਤੋਸ ਪ੍ਰਾਤ ਜਬਿ ਹੋਈ। ਉਠਿ ਕ੍ਰਿਆ ਕਰਤਿ ਭੇ ਸੋਈ॥ ੧੪॥

ਆਪਣੇ ਸਰੂਪ ਅੰਦਰ ਸਥਿਤ ਹੋ ਜਾਂਦੇ ਹਨ ਅਤੇ ਮਨ ਨੂੰ ਚੰਗੀ ਤਰ੍ਹਾਂ ਰੋਕ ਕੇ ਰੱਖਦੇ ਹਨ। ਇਕ ਦਿਨ ਜਦ ਸਵੇਰ ਹੋਈ, ਉਠ ਕੇ ਦੈਨਿਕ ਕ੍ਰਿਆ ਕੀਤੀ॥ ੧੪॥

ਜਲ ਕੂਪ ਪ੍ਰਥਮ ਇਸ਼ਨਾਨੇ। ਸ੍ਰੀ ਅੰਮ੍ਰਿਤਸਰ ਪੁਨ ਪਜਾਨੇ।
ਸਿਖ ਗਜਾਨੀ ਕੇਤਿਕ ਸੰਗੇ। ਕੋ ਸੱਤਜਨਾਮ ਰਤਿ ਰੰਗੇ॥ ੧੫॥

ਪਹਿਲਾਂ ਖੂਹ ਦੇ ਜਲ ਨਾਲ ਇਸ਼ਨਾਨ ਕੀਤਾ, ਫਿਰ ਅੰਮ੍ਰਿਤ ਸਰੋਵਰ ਵਿਖੇ ਚਲੇ ਗਏ। ਕਈ ਸਿੱਖ ਅਤੇ ਗਿਆਨੀ ਪੁਰਖ ਨਾਲ ਸਨ। ਸਾਰੇ ਹੀ ਸਤਿਨਾਮ ਦੀ ਰੀਤੀ ਵਿਚ ਰੰਗੇ ਹੋਏ ਸਨ॥ ੧੫॥

ਨਿਸ ਦਤੋਸ ਲਗੀ ਲਿਵ ਜੀਹਾ। ਪ੍ਰਭੁ ਦਰਸ਼ਨ ਕੀ ਉਰ ਈਹਾ।
ਸਭਿ ਸੁਧਾ ਸਰੋਵਰ ਮੱਜੇ। ਬਹੁ ਜਨਮਨਿ ਕੇ ਅਘ ਭੱਜੇ॥ ੧੬॥

ਜਿਨ੍ਹਾਂ ਦੀ ਦਿਨ ਰਾਤ ਲਿਵ ਲੱਗੀ ਰਹਿੰਦੀ ਸੀ, ਕੇਵਲ ਇਕ ਪ੍ਰਭੂ ਦਰਸ਼ਨ ਦੀ ਇੱਛਾ ਹੈ। ਸਾਰਿਆਂ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਬਹੁਤ ਜਨਮਾਂ ਦੇ ਪਾਪਾਂ ਨੂੰ ਦੂਰ ਕੀਤਾ॥ ੧੬॥

ਪੁਨਿ ਸ੍ਰੀ ਗੁਰ ਕੀਨਿ ਸ਼ਨਾਨਾ। ਗਰ ਸੂਖਮ ਬਸਤ੍ਰ ਮਹਾਨਾ।
ਪਗ ਪੰਕਜ ਗਮਨੇ ਸੁੰਦਰ। ਹਿਤ ਦਰਸ਼ਨ ਸ੍ਰੀ ਹਰਿ ਮੰਦਰ॥ ੧੭॥

ਫਿਰ ਗੁਰੂ ਜੀ ਨੇ ਇਸ਼ਨਾਨ ਕੀਤਾ ਅਤੇ ਗਲ ਵਿਚ ਸੂਖਮ ਅਤੇ ਮਹੀਨ ਬਸਤਰ ਪਹਿਣ ਲਏ। ਫਿਰ ਚਰਨ ਕੰਵਲਾਂ ਨਾਲ ਸੁੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਚਲ ਪਏ॥ ੧੭॥

ਨਿਜ ਪਿਤ ਕੋ ਕਲਪਿ ਸਥਾਨਾ। ਹੁਇ ਨੰਮ੍ਰ ਪ੍ਰਨਾਮ ਸੁ ਠਾਨਾ।
ਸ੍ਰੀ ਰਾਮਦਾਸ ਧਰਿ ਧਜਾਨਾ। ਪੁਲਕਾਵਲਿ ਦੇਹ ਮਹਾਨਾ॥ ੧੮॥

ਆਪਣੇ ਪਿਤਾ ਜੀ ਦੇ ਸੁੰਦਰ ਸਥਾਨ ਨੂੰ ਵੇਖਕੇ, ਬਹੁਤ ਸਨਿਮਰ ਹੋ ਕੇ ਪ੍ਰਣਾਮ ਕੀਤਾ। ਸ੍ਰੀ ਰਾਮਦਾਸ ਜੀ ਦਾ ਧਿਆਨ ਧਰ ਕੇ ਸਰੀਰ ਦਾ ਰੋਮ-ਰੋਮ ਖੜਾ ਹੋ ਗਿਆ॥ ੧੮॥

ਜਲ ਭਰਯੋ ਬਿਲੋਚਨ ਬੀਚਾ। ਬਹਿ ਅੰਸੂ ਆਨਨ ਸੀਚਾ।
ਰੁਕਿ ਕੰਠਿ ਨ ਬੋਲਯੋ ਜਾਈ। ਬਡ ਪ੍ਰੇਮ ਦੇਹਿ ਬਿਸਰਾਈ॥ ੧੯॥

ਅੱਖਾਂ ਵਿਚ ਜਲ ਭਰ ਆਇਆ, ਨੈਣਾਂ ਵਿਚ ਹੰਝੂ ਵਹਿ ਕੇ ਮੁਖ ਭਿੱਜ ਗਿਆ, ਗਲਾ ਭਰ ਆਇਆ ਤੇ ਕੁਝ ਬੋਲਿਆ ਨਹੀਂ ਸੀ ਜਾਂਦਾ। ਵੱਡੇ ਪ੍ਰੇਮ ਵਿਚ ਦੇਹ ਦੀ ਸੁਰਤ ਭੁੱਲ ਗਈ॥ ੧੯॥

ਚਿਰ ਕਿਤਿਕ ਬਿਖੈ ਧਰਿ ਧੀਰਾ। ਪਰਕਰਮਾ ਫਿਰੇ ਗਹੀਰਾ।
ਕਰਿ ਚਤੁਰ ਬਾਰ ਹਰਿ ਮੰਦਰਿ। ਬਰ ਬੈਠ ਬਿਰਾਜੇ ਅੰਦਰ॥ ੨੦॥

ਕਾਫੀ ਦੇਰ ਬਾਅਦ ਧੀਰਜ ਧਾਰਨ ਕਰਕੇ ਤੇ ਫਿਰ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਕੀਤੀਆਂ। ਚਾਰ ਵਾਰ ਪਰਕਰਮਾਂ ਕਰਕੇ ਗੁਰੂ ਜੀ ਹਰਿਮੰਦਰ ਸਾਹਿਬ ਦੇ ਅੰਦਰ ਬਿਰਾਜ ਗਏ॥ ੨੦॥

ਥਿਤਿ ਕਿਤਿਕ ਕਾਲ ਦਰਸਾਏ। ਪੁਨਿ ਉਠਿ ਕਰਿ ਬਾਹਰਿ ਆਏ।
ਕਰ ਨਮੋ ਸੇਤ ਪੁਰ ਚਾਲੇ। ਦਰਸ਼ਨੀ ਜ ਪੌਰ ਬਿਸਾਲੇ॥ ੨੧॥

ਕਾਫੀ ਸਮਾਂ ਬੈਠ ਕੇ ਦਰਸ਼ਨ ਦਿੱਤੇ, ਫਿਰ ਉਠ ਕੇ ਬਾਹਰ ਆ ਗਏ। ਨਮਸਕਾਰ ਕਰਕੇ ਪੁਲ ਤੇ ਚੱਲ ਪਏ। ਦਰਸ਼ਨੀ ਡਿਉੜੀ ਦਾ ਜਿਹੜਾ ਵੱਡਾ ਦਰਵਾਜ਼ਾ ਹੈ॥ ੨੧॥

ਤਹਿੰ ਫਿਰ ਕਰਿ ਠਾਂਢੇ ਹ੍ਵੈਕੇ। ਹਰਿ ਮੰਦਰਿ ਦਿਸ਼ਾ ਚਿਤੈ ਕੈ।
ਕਰਿ ਬੰਦਨ ਪ੍ਰੇਮ ਸਮੇਤਾ। ਪੁਨ ਸਰ ਪਰਕਰਮਾ ਹੇਤਾ॥ ੨੨॥

ਓਥੇ ਮੁਖ ਨੂੰ ਪਿਛਲੇ ਪਾਸੇ ਮੋੜ ਕੇ ਖੜੇ ਹੋ ਗਏ, ਹਰਿਮੰਦਰ ਵਾਲੇ ਪਾਸੇ ਤੱਕ ਕੇ ਬੜੇ ਪ੍ਰੇਮ ਨਾਲ ਬੰਦਨਾ ਕੀਤੀ, ਫਿਰ ਸਰੋਵਰ ਦੀਆਂ ਪਰਕਰਮਾਂ ਕਰਨ ਹੇਤ ਚਲ ਪਏ॥ ੨੨॥

ਗੁਰ ਗਮਨੈਂ ਮੰਦਹਿਂ ਮੰਦੇ। ਦੇ ਦਰਸ਼ਨ ਦਾਸ ਅਨੰਦੇ।
ਜਹਿਂ ਝੂਲਤਿ ਦੀਹ ਨਿਸ਼ਾਨਾ। ਕਰਿ ਨਮੋ ਚਲੇ ਅਗਵਾਨਾ॥ ੨੩॥

ਗੁਰੂ ਜੀ ਹੌਲੀ-ਹੌਲੀ ਚਲਦੇ ਸਨ, ਆਪਣੇ ਸੇਵਕਾਂ ਨੂੰ ਦਰਸ਼ਨ ਦੇ ਕੇ, ਜਿਥੇ ਨਿਸ਼ਾਨ ਸਾਹਿਬ ਝੂਲਦੇ ਹਨ, ਓਥੇ ਨਮਸਕਾਰ ਕਰਕੇ ਅੱਗੇ ਚੱਲ ਪਏ॥ ੨੩॥

ਮੁਖ ਉੱਤਰ ਦਿਸ਼ ਕਰਿ ਜਾਏ। ਸਿਰ ਬਾਇਬ ਕੋਨ ਨਿਵਾਏ।
ਪੁਨਿ ਪੂਰਬ ਮੁਖ ਕਰਿ ਚਾਲੇ। ਸਿਖ ਬ੍ਰਿੰਦ ਗਮਨ ਕਰਿ ਨਾਲੇ॥੨੪॥

ਫਿਰ ਮੁਖ ਉੱਤਰ ਵਾਲੇ ਪਾਸੇ ਕਰਕੇ ਜਾ ਰਹੇ ਸਨ ਤੇ ਸਿਰ ਉੱਤਰ ਦੱਖਣ ਦੀ ਕੋਨ ਵਿਚ ਰੱਖਿਆ ਸੀ। ਫਿਰ ਪੂਰਬ ਵਾਲੇ ਪਾਸੇ ਮੂੰਹ ਕਰਕੇ ਚੱਲਣ ਲੱਗੇ, ਬਹੁਤ ਸਿੱਖ ਨਾਲ-ਨਾਲ ਚਲ ਰਹੇ ਸਨ॥ ੨੪॥

ਤਹਿਂ ਇਕ ਦਿਜ ਦੇਖਯੋ ਐਸਾ। ਸਰ ਸੁਧਾ ਤੀਰ ਪਰ ਬੈਸਾ।
ਧਰਿ ਆਗੈ ਸਾਲਗਰਾਮੂ। ਬਹੁ ਭਾਂਤਿ ਕਰਤਿ ਪਰਣਾਮੂ॥ ੨੫॥

ਫਿਰ ਓਥੇ ਇਕ ਬ੍ਰਾਹਮਣ ਨੂੰ ਵੇਖਿਆ, ਉਹ ਅੰਮ੍ਰਿਤ ਸਰੋਵਰ ਦੇ ਕਿਨਾਰੇ ਤੇ ਬੈਠਾ ਸੀ। ਆਪਣੇ ਅੱਗੇ ਸਾਲਗਰਾਮ ਧਰ ਕੇ, ਬਹੁਤ ਪ੍ਰਕਾਰ ਪਰਿਣਾਮ ਕਰ ਰਿਹਾ ਸੀ॥ ੨੫॥

ਘਸਿ ਚੰਦਨ ਕੋ ਚਰਚਾਨਾ। ਇਕ ਘੰਟਾ ਧਰਯੋ ਮਹਾਨਾ।
ਪਾਟੰਬਰ ਉਪਰ ਪੀਤਾ। ਦਿਜ ਬੈਠਯੋ ਥਿਤਿ ਨਹਿਂ ਚੀਤਾ॥ ੨੬॥

Sri Satguru Jagjit Singh Ji eLlibrary NamdhariElibrary@gmail.com

ਚੰਦਨ ਘਸਾ ਕੇ ਸਾਲਗਰਾਮ ਦੇ ਮੱਥੇ ਤੇ ਤਿਲਕ ਲਾ ਰਿਹਾ ਸੀ, ਇਕ ਵੱਡਾ ਘੜਿਆਲ ਉਸ ਓਥੇ ਰਖਿਆ ਸੀ। ਫਿਰ ਰੇਸ਼ਮੀ ਕਪੜਾ ਸਾਲਗਰਾਮ ਉਤੇ ਦਿੱਤਾ, ਬ੍ਰਾਹਮਣ ਬੇਸ਼ਕ ਬੈਠਾ ਸੀ, ਪਰ ਉਸ ਦਾ ਚਿੱਤ ਸਥਿਰ ਨਹੀਂ ਸੀ॥ ੨੬॥

ਘਰ ਕਾਰਜ ਚਿਤਵਿ ਅਨੇਕਾ। ਉਰ ਤ੍ਰਿਸ਼ਨਾ ਧਨ ਕੀ ਏਕਾ।
ਬਡ ਰਚਯੋ ਪਖੰਡ ਮਝਾਰੀ। ਬਕ ਧਯਾਨ ਲਗਾਵਤਿ ਤਾਰੀ॥ ੨੭॥

ਘਰ ਦੇ ਅਨੇਕਾਂ ਕਾਰਜਾਂ ਬਾਰੇ ਸੋਚ ਰਿਹਾ ਸੀ, ਹਿਰਦੇ ਵਿਚ ਇਕ ਧਨ ਦੀ ਤ੍ਰਿਸ਼ਨਾ ਸੀ। ਮਨ ਵਿਚ ਵੱਡਾ ਪਖੰਡ ਰਚਿਆ। ਬਗਲੇ ਵਾਂਗ ਧਿਆਨ ਲਾ ਕੇ ਤਾੜੀ ਲਾਈ ਹੋਈ ਸੀ॥ ੨੭॥

ਤਿਹ ਪਿਖਿ ਗੁਰ ਗਏ ਅਗਾਰੀ। ਦਿਜ ਉਰ ਮਹਿਂ ਤਬਿ ਰਿਸ ਧਾਰੀ।
'ਨਹਿਂ ਠਾਕੁਰ ਦਿਸ਼ਿ ਕਰ ਬੰਦੇ। ਨਹਿਂ ਮੁਹਿ ਨਿਮਿ ਕੀਨਿ ਅਨੰਦੇ' ॥੨੮॥

ਉਸ ਨੂੰ ਵੇਖ ਕੇ ਗੁਰੂ ਜੀ ਉਸ ਦੇ ਅੱਗੇ ਗਏ, ਬ੍ਰਾਹਮਣ ਨੇ ਇਹ ਵੇਖ ਕੇ ਹਿਰਦੇ ਵਿਚ ਬੜਾ ਗੁੱਸਾ ਧਾਰਨ ਕੀਤਾ ਤੇ ਬੋਲਿਆ, "ਨਾ ਠਾਕਰ ਨੂੰ ਵੇਖ ਕੇ ਬੰਦਨਾ ਕੀਤੀ ਹੈ ਅਤੇ ਨਾ ਹੀ ਮੇਰੇ ਸਾਹਮਣੇ ਨਿਊਂ ਕੇ ਮੈਨੂੰ ਖ਼ੁਸ਼ ਕੀਤਾ ਹੈ ?॥ ੨੮॥

ਹੁਇ ਨਿਕਟਿ ਗਏ ਪੁਨਿ ਆਗੇ। ਤਿਮ ਸਿੱਖ ਸਕਲ ਸੰਗ ਲਾਗੇ।
ਸਨਮਾਨ ਨ ਰਾਖਯੋ ਮੋਰਾ। ਨਹਿਂ ਦੇਖਯੋ ਠਾਕੁਰ ਓਰਾ' ॥ ੨੯॥

ਨੇੜੇ ਹੋ ਕੇ ਫਿਰ ਅੱਗੇ ਚਲੇ ਗਏ, ਉਸ ਤਰ੍ਹਾਂ ਹੀ ਸਾਰੇ ਸਿੱਖ ਨਾਲ ਰਲ ਗਏ। ਨਾ ਮੇਰਾ ਸਨਮਾਨ ਰੱਖਿਆ ਹੈ ਅਤੇ ਨਾ ਹੀ ਠਾਕੁਰ ਵੱਲ ਵੇਖਿਆ ਹੈ" ॥ ੨੯॥

ਇਮ ਚਿਤਵਤਿ ਬਿੱਪ੍ਰ ਬਿਸਾਲਾ। ਤਪਯੋ ਰਿਸ ਮਤਸਰ ਜ੍ਵਾਲਾ।
ਪਰਕਰਮਾ ਕਰਿ ਗੁਰਸ੍ਵਾਮੀ। ਦਿਜ ਉਰ ਲਖਿ ਅੰਤਰਜਾਮੀ॥ ੩੦॥

ਇਸ ਤਰ੍ਹਾਂ ਸੋਚ ਕੇ ਬ੍ਰਾਹਮਣ ਬਹੁਤ ਗੁੱਸੇ ਵਿਚ ਆ ਕੇ ਤਪਣ ਲੱਗਾ ਤੇ ਉਸਦਾ ਮੱਥਾ ਜਵਾਲਾ ਅਗਨੀ ਵਾਂਗ ਭਖਣ ਲੱਗਾ। ਸਰੋਵਰ ਦੀਆਂ ਪਰਿਕਰਮਾਂ ਕਰਕੇ ਅੰਤਰਜਾਮੀ ਗੁਰੂ ਜੀ ਬ੍ਰਾਹਮਣ ਦੇ ਹਿਰਦੇ ਦੀ ਗੱਲ ਜਾਣਕੇ॥ ੩੦॥

ਫਿਰ ਸਰੁਵਰ ਕੇ ਚਹੁੰ ਓਰਾ। ਪੁਨ ਆਇ ਦਰਸ਼ਨੀ ਪੌਰਾ।
ਕਰਿ ਬੰਦਨ ਬਹੁਰੋ ਆਏ। ਜਹਿਂ ਦਿਜ ਨੇ ਦੰਭ ਰਚਾਏ॥ ੩੧॥

ਫਿਰ ਸਰੋਵਰ ਦੇ ਚਾਰ-ਚੁਫੇਰੇ ਘੁੰਮ ਕੇ ਦਰਸ਼ਨੀ ਡਿਉੜੀ ਦੇ ਦਰਵਾਜ਼ੇ ਵਿਚ ਆਏ। ਹਰਿਮੰਦਰ ਸਾਹਿਬ ਨੂੰ ਬੰਦਨਾ ਕਰਕੇ ਫਿਰ ਉਸ ਸਥਾਨ ਤੇ ਆ ਗਏ ਜਿਥੇ ਬ੍ਰਾਹਮਣ ਨੇ ਪਖੰਡ ਰਚਿਆ ਹੋਇਆ ਸੀ॥ ੩੧॥

ਸਭਿ ਸਿੱਖ ਦਾਸ ਸਮੁਦਾਯਾ। ਅਵਿਲੋਕਯੋ ਬਿੱਪ੍ਰ ਸਮਾਯਾ।
ਗਿਨਿ ਤਿਲਕ ਸੁ ਦ੍ਵਾਦਸ਼ ਲਾਏ। ਬਿਚ ਗੋਮੁਖਿ ਹਾਥ ਉਠਾਏ॥ ੩੨॥

ਸਭ ਸਿੱਖ ਸੰਗਤਾਂ ਨੇ ਬ੍ਰਾਹਮਣ ਨੂੰ ਮਾਇਆ ਸਹਿਤ ਵੇਖਿਆ। ਉਸ ਨੇ ਬਾਰਾਂ ਅੰਗਾਂ 'ਤੇ ਬਾਰਾਂ ਨਾਮ ਲੈ ਕੇ ਬਾਰਾਂ ਵੈਸ਼ਨਵ ਤਿਲਕ ਲਾਏ ਹੋਏ ਸਨ। ਇਕ ਹੱਥ ਵਿਚ ਗੋਮੁਖੀ ਚੁਕਿਆ ਹੋਇਆ ਸੀ॥ ੩੨॥

ਬਡਿ ਆਸਨ ਤਰੇ ਡਸਾਯੋ। ਜੁਤਿ ਸੰਖ ਸਮਾਜ ਟਿਕਾਯੋ।
ਗੁਰ ਬੋਲੇ ਪਿਖਿ ਤਿਸ ਓਰੀ। 'ਕਹੁ ਬਿੱਪ੍ਰ ਕਹਾਂ ਮਤਿ ਤੋਰੀ ?॥ ੩੩॥

ਵੱਡਾ ਆਸਣ ਥੱਲੇ ਡਾਹਿਆ ਹੋਇਆ ਸੀ, ਸੰਖ ਅਤੇ ਠਾਕੁਰਾਂ ਦੀ ਹੋਰ ਸਾਰੀ ਸਮੱਗਰੀ ਟਿਕਾਈ ਹੋਈ ਸੀ। ਗੁਰੂ ਜੀ ਉਸ ਵਲ ਵੇਖ ਕੇ ਬੋਲੇ, "ਦੱਸੋ ਬ੍ਰਾਹਮਣ ਕਿਥੇ ਧਿਆਨ ਲਾਇਆ ਹੋਇਆ ਹੈ ?॥ ੩੩॥

ਕਜਾ ਕਲਪਤਿ ਮਨਿ ਮਹਿਂ ਆਈ ? ਕਿਮ ਰਿਸ ਕੀ ਦਸ਼ਾ ਬਸਾਈ ?'।
ਸੁਨਿ ਬਿੱਪ੍ਰ ਭਨਜੋ ਅਭਿਮਾਨੀ। 'ਹਮ ਠਾਕੁਰ ਸੇਵਾ ਠਾਨੀ॥ ੩੪॥

ਕੀ ਕਲਪਦਿਆਂ ਮਨ ਵਿਚ ਆਇਆ ਹੈ ਕਿ ਬੜੇ ਕ੍ਰੋਧ ਵਾਲੀ ਦਸ਼ਾ ਬਣਾਈ ਹੋਈ ਹੈ ?" ਘੁਮੰਡੀ ਬ੍ਰਾਹਮਣ ਇਹ ਸੁਣ ਕੇ ਬੋਲਿਆ, "ਅਸੀਂ ਠਾਕੁਰਾਂ ਦੀ ਸੇਵਾ ਕਰ ਰਹੇ ਹਾਂ॥ ੩੪॥

ਪੁਨ ਦਿਜਬਰ ਜਨਮ ਹਮਾਰਾ। ਤਿਮ ਛਤ੍ਰੀ ਬੰਸ ਤੁਮਾਰਾ।
ਚਲਿ ਗਏ ਸਮੀਪ ਅਗਾਰੇ। ਨਹਿਂ ਹਮਕੋ ਬੰਦਨ ਧਾਰੇ॥ ੩੫॥

ਫਿਰ ਜਿਵੇਂ ਸਾਡਾ ਬ੍ਰਾਹਮਣ ਦੇ ਤੌਰ ਤੇ ਜਨਮ ਹੋਇਆ ਹੈ, ਉਸ ਤਰ੍ਹਾਂ ਤੁਹਾਡਾ ਵੰਸ਼ ਖੱਤਰੀ ਹੈ।" ਨੇੜੇ ਹੋ ਕੇ ਅੱਗੇ ਚਲੇ ਗਏ, ਸਾਨੂੰ ਨਮਸਕਾਰ ਵੀ ਨਹੀਂ ਕੀਤੀ ਹੈ॥ ੩੫॥

ਨਹਿਂ ਸਾਲਗਰਾਮ ਸੁ ਮਾਨਾ। ਪਰਣਾਮ ਨ ਨਿਵ ਕਰਿ ਠਾਨਾ।
ਗੁਰ ਗਾਦੀ ਪਰ ਤੁਮ ਬੈਸੇ। ਅਭਿਮਾਨ ਭਯੋ ਮਨਿ ਤੈਸੇ' ॥ ੩੬॥

ਨਾ ਸਾਲਗਰਾਮ ਨੂੰ ਮੰਨਿਆ ਹੈ ਅਤੇ ਉਸ ਨੂੰ ਨਿਊਂ ਕੇ ਪਰਿਣਾਮ ਵੀ ਨਹੀਂ ਕੀਤਾ ਹੈ। ਜਿਵੇਂ ਤੁਸੀਂ ਗੁਰਗੱਦੀ ਉਤੇ ਬੈਠੇ ਹੋ, ਤੁਹਾਡਾ ਮਨ ਉਸ ਤਰ੍ਹਾਂ ਘੁਮੰਡੀ ਹੋ ਗਿਆ ਹੈ" ॥ ੩੬॥

ਸੁਨਿ ਬੋਲੇ ਗੁਰੂ ਪ੍ਰਬੀਨੂ। 'ਸ਼ੁਭ ਕਰਮਨ ਤੇ ਤੁਮ ਹੀਨੂ।
ਕਰਿ ਦੰਭ ਦਿਖਾਵਾ ਸਾਰੋ। ਨਹਿਂ ਸਮਝੈਂ ਸਾਰ ਅਸਾਰੋ॥ ੩੭॥

ਚਤੁਰ ਗੁਰੂ ਜੀ ਇਹ ਸੁਣ ਕੇ ਬੋਲੇ, "ਤੂੰ ਸ਼ੁਭ ਕਰਮਾਂ ਤੋਂ ਹੀਣਾ ਹੈਂ। ਸਾਰਾ ਦੰਭ ਦਾ ਵਿਖਾਵਾ ਕਰਦਾ ਹੈਂ ਤੇ ਚੰਗੀ ਮਾੜੀ ਗੱਲ ਨੂੰ ਸਮਝਦਾ ਹੀ ਨਹੀਂ ਹੈਂ॥ ੩੭॥

ਘਰ ਕਾਰਜ ਕੂਰ ਪਸਾਰਾ। ਮਨ ਤਹਾਂ ਫਸਾਇ ਜੰਜਾਰਾ।
ਇਹ ਠਾਕੁਰ ਸੇਵਾ ਸਾਚੀ। ਤਜਿ ਦਈ, ਨ ਮਤਿ ਮਹਿਂ ਰਾਚੀ॥ ੩੮॥

ਘਰ ਦੇ ਕੰਮਾਂ ਦਾ ਜੋ ਕੂੜਾ ਪਸਾਰਾ ਹੈ, ਤੇਰਾ ਮਨ ਉਨ੍ਹਾਂ ਜੰਜਾਲਾਂ ਵਿਚ ਫਸਿਆ ਹੈ। ਵੱਡੇ ਠਾਕੁਰ ਵਾਹਿਗੁਰੂ ਦੀ ਸੱਚੀ ਸੇਵਾ ਛੱਡ ਦਿੱਤੀ ਹੈ ਤੇ ਮਨ ਵਿਚ ਨਹੀਂ ਰਚੀ ਹੈ॥ ੩੮॥

ਮਨ ਹੋਤਿ ਜਿ ਠਾਕੁਰ ਮਾਂਹੀ। ਹਮ ਕਰਤਿ ਨਮੋ ਲਖਿ ਤਾਂਹੀ।
ਸਭਿ ਜਾਨਿ ਪਖੰਡ ਬਿਸਾਲਾ। ਹਮ ਚਲੇ ਗਏ ਤਿਸ ਕਾਲਾ' ॥ ੩੯॥

ਜੇ ਤੇਰਾ ਮਨ ਠਾਕੁਰ ਵਿਚ ਹੁੰਦਾ, ਅਸੀਂ ਉਸਨੂੰ ਵੇਖ ਕੇ ਨਮਸਕਾਰ ਕਰਦੇ। ਸਾਰਾ ਤੇਰਾ ਵਿਸ਼ਾਲ ਪਖੰਡ ਜਾਣ ਕੇ ਅਸੀਂ ਉਸ ਸਮੇਂ ਚਲੇ ਗਏ" ॥ ੩੯॥

ਸੁਨਿ ਦਿਜ ਨੇ ਮਨ ਮੇ ਜਾਨੀ। ਗੁਰ ਪੂਰਨ ਅਜ਼ਮਤ ਵਾਨੀ।
ਸਭਿ ਅੰਤਰਿ ਕੀ ਲਖਿ ਲੀਨੀ। ਅਭਿਬੰਦਨ ਤੌ ਨਹਿਂ ਕੀਨੀ॥ ੪੦॥

ਇਹ ਸੁਣ ਕੇ ਬ੍ਰਾਹਮਣ ਨ ਸਾਰੀ ਗੱਲ ਆਪਣੇ ਮਨ ਵਿਚ ਜਾਣ ਲਈ, ਆਪਣੀ ਅੰਤਰ ਦੀ ਸਾਰੀ ਗੱਲ ਸਮਝ ਲਈ ਕਿ ਇਸ ਕਰਕੇ ਬੰਦਨਾ ਨਹੀਂ ਕੀਤੀ ਹੈ॥ ੪੦॥

ਇਹ ਕਰਹਿ ਮੋਹਿ ਕੱਲਜਾਨਾ। ਸਿਖ ਬਨੌਂ ਗੁਰੂ ਅਗਵਾਨਾ।
ਲਖਿ ਭਲੇ ਤਊ ਚਿਤ ਚਾਹੀ। ਇਨ ਸੰਗ ਕਰੌਂ ਚਰਚਾ ਹੀ॥ ੪੧॥

ਫਿਰ ਮਨ ਵਿਚ ਸੋਚਿਆ, "ਇਹ ਮੇਰਾ ਕਲਿਆਣ ਕਰਨਗੇ ਜੇ ਮੈਂ ਗੁਰੂ ਜੀ ਦਾ ਸਿੱਖ ਬਣ ਜਾਵਾਂ। ਫਿਰ ਭਲਾ ਜਾਣ ਕੇ ਚਿਤ ਵਿਚ ਚਾਹਿਆ ਕਿ ਇਨ੍ਹਾਂ ਨਾਲ ਮੈਂ ਚੁੰਰਚਾ ਕਰਦਾ ਹਾਂ॥ ੪੧॥

ਪੁਨ ਪੀਛੈ ਬਨ ਹੌਂ ਦਾਸਾ। ਇਮ ਲਖਿਕੈ ਬਾਕ ਪ੍ਰਕਾਸਾ।
'ਮੁਝ ਬਿਖੈ ਤ ਅਵਗੁਨ ਜਾਨਾ। ਕਿਮ ਠਾਕੁਰ ਕੋ ਨਹਿਂ ਮਾਨਾ ? ॥੪੨॥

ਫਿਰ ਬਾਅਦ ਵਿਚ ਇਨ੍ਹਾਂ ਦਾ ਸੇਵਕ ਬਣ ਜਾਵਾਂਗਾ। ਇਸ ਤਰ੍ਹਾਂ ਸਮਝ ਕੇ ਬੋਲਿਆ, "ਮੇਰੇ ਵਿਚ ਤਾਂ ਔਗੁਣ ਜਾਣ ਲਿਆ ਹੈ ਪਰ ਠਾਕੁਰ ਨੂੰ ਕਿਉਂ ਨਹੀਂ ਮੰਨਿਆ ਹੈ ? ॥ ੪੨ ॥

ਇਸ ਮਹਿਂ ਕਯਾ ਦੋਸ਼ ਪਛਾਨਾ ?' ਸੁਨਿ ਸਤਿਗੁਰ ਸ਼ਬਦ ਬਖਾਨਾ।
ਜਿਹ ਬਿਖੈ ਦੰਭ ਕੋ ਨਾਸ਼ਾ। ਬਡ ਠਾਕੁਰ ਰੂਪ ਪ੍ਰਕਾਸ਼ਾ॥ ੪੩॥

ਇਸ ਵਿਚ ਕੀ ਦੋਸ਼ ਪਛਾਣਿਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਣ ਕੀਤਾ। ਜਿਸ ਨਾਲ ਪਖੰਡ ਦਾ ਨਾਸ਼ ਹੁੰਦਾ ਹੈ ਅਤੇ ਵੱਡੇ ਠਾਕੁਰ ਦਾ ਰੂਪ ਉਜਾਗਰ ਹੁੰਦਾ ਹੈ॥ ੪੩॥

ਸ੍ਰੀ ਮੁਖਵਾਕ॥

ਰਾਮਕਲੀ ਮਹਲਾ ੫॥

ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥ ੧॥
ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥ ੧॥ ਰਹਾਉ॥
ਆਗੈ ਰਾਖਿਓ ਸਾਲ ਗਿਰਾਮੁ॥ ਮਨੁ ਕੀਨੋ ਦਹ ਦਿਸ ਬਿਸ੍ਰਾਮੁ॥
ਤਿਲਕੁ ਚਰਾਵੈ ਪਾਈ ਪਾਇ॥ ਲੋਕ ਪਚਾਰਾ ਅੰਧੁ ਕਮਾਇ॥ ੨॥
ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥
ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥ ੩॥
ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ॥
ਚਤੁਰ ਬੇਦ ਪੂਰਨ ਹਰਿ ਨਾਇ। ਨਾਨਕ ਤਿਸ ਕੀ ਸਰਣੀ ਪਾਇ॥ ੪॥ ੬॥ ੧੭॥

(ਪੰਨਾ ੮੮੭)

ਆਪਣੇ ਮੁਖ ਨਾਲ ਤੂੰ ਧਾਰਮਿਕ ਗ੍ਰੰਥਾਂ ਨੂੰ ਅਰਥਾਂ ਸਮੇਤ ਪੜ੍ਹਦਾ ਹੈਂ, ਪ੍ਰੰਤੂ ਪੂਰਨ ਪ੍ਰਭੂ ਤੇਰੇ ਹਿਰਦੇ ਅੰਦਰ ਨਿਵਾਸ ਨਹੀਂ ਰੱਖਦਾ ਹੈ। ਤੂੰ ਲੋਕਾਂ ਨੂੰ ਆਪਣੇ ਧਰਮ ਅੰਦਰ ਪੱਕੇ ਰਹਿਣ ਲਈ ਸਿਖਿਆ ਦਿੰਦਾ ਹੈਂ। ਪਰ ਜੋ ਉਪਦੇਸ਼ ਤੂੰ ਦਿੰਦਾ ਹੈਂ, ਤੂੰ ਆਪ ਉਸ ਉਤੇ ਅਮਲ ਨਹੀਂ ਕਰਦਾ ਹੈਂ॥ ੧॥

ਹੇ ਵਿਦਵਾਨ ਪੰਡਿਤ ! ਵੇਦਾਂ ਤੇ ਵਿਚਾਰ ਕਰਕੇ ਸਮਝ ਅਤੇ ਆਪਣੇ ਚਿੱਤ ਦੇ ਗੁੱਸੇ ਨੂੰ ਦੂਰ ਕਰੋ॥ ੧॥ ਠਹਿਰਾਉ॥

ਤੂੰ ਆਪਣੇ ਸਾਹਮਣੇ ਪੱਥਰ ਦਾ ਸਾਲਗਰਾਮ ਰਖਿਆ ਹੈ, ਪਰ ਤੇਰਾ ਮਨ ਦਸੀਂ ਪਾਸੀਂ ਭੱਜਾ ਫਿਰਦਾ ਹੈ। ਤੂੰ ਇਸ ਪੱਥਰ ਨੂੰ ਤਿਲਕ ਲਾਉਂਦਾ ਹੈਂ ਅਤੇ ਇਸ ਦੇ ਪੈਰੀਂ ਪੈਂਦਾ ਹੈਂ। ਤੂੰ ਲੋਕਾਂ ਨੂੰ ਖ਼ੁਸ਼ ਕਰਕੇ ਅੰਨ੍ਹੇ ਕੰਮ ਕਰਦਾ ਹੈਂ॥ ੨॥

ਤੂੰ ਖਟ ਕਰਮ ਭਾਵ ਛੇ ਪ੍ਰਕਾਰ ਦੇ ਸੰਸਕਾਰ ਕਰਦਾ ਹੈਂ, ਤੂੰ ਆਪਣੇ ਬੈਠਣ ਲਈ ਆਸਣ ਵਿਛਾਉਂਦਾ ਹੈਂ ਤੇ ਤੇੜ ਧੋਤੀ ਬੰਨ੍ਹਦਾ ਹੈਂ। ਅਮੀਰ ਘਰਾਂ ਵਿਚ ਜਾ ਕੇ ਤੂੰ ਸਦਾ ਪੁਸਤਕਾਂ ਪੜ੍ਹਦਾ ਹੈਂ। ਤੂੰ ਮਾਲਾ ਫੇਰਦਾ ਹੈਂ ਤੇ ਧਨ ਦੀ ਮੰਗ ਕਰਦਾ ਹੈਂ। ਹੇ ਮਿੱਤਰ ਬ੍ਰਾਹਮਣ ! ਇਸ ਰੀਤੀ ਨਾਲ ਕਦੇ ਵੀ ਕੋਈ ਤਰਿਆ ਨਹੀਂ॥ ੩॥

Sri Satguru Jagjit Singh Ji eLlibrary NamdhariElibrary@gmail.com

ਕੇਵਲ ਉਹੀ ਵਿਦਵਾਨ ਹੈ ਜੋ ਗੁਰ ਸ਼ਬਦ ਦੀ ਕਮਾਈ ਕਰਦਾ ਹੈ। ਫਿਰ ਤਿੰਨਾਂ ਲੱਛਣਾਂ ਵਾਲੀ ਮਾਇਆ ਉਸ ਤੋਂ ਦੂਰ ਹੋ ਜਾਂਦੀ ਹੈ। ਨਾਨਕ ਨੇ ਓਸੇ ਪ੍ਰਭੂ ਦੀ ਓਟ ਲਈ ਹੈ ਜਿਸ ਦੇ ਨਾਮ ਅੰਦਰ ਚਾਰੇ ਵੇਦ ਪੂਰੀ ਤਰ੍ਹਾਂ ਸਮਾਏ ਹਨ॥ ੪ ॥ ੬ ॥ ੧੭॥

ਹਾਕਲ ਛੰਦ-'ਪਠਿ ਕਥਾ ਸੁਨਾਇ ਸੁ ਟੀਕਾ। ਉਰ ਰਾਮ ਨ ਪ੍ਰੇਮ ਨਜੀਕਾ।
ਜਗ ਦੰਭ ਦਿਖਾਇ ਠਗੰਤਾ। ਇਮ ਦੁਸ਼ਤਰ ਨਹੀਂ ਤਰੰਤਾ॥ ੪੪॥

ਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਵੇਦ ਪੜ੍ਹ ਕੇ ਉਸ ਦੇ ਅਰਥ ਸੁਣਾਉਂਦਾ ਹੈਂ ਪਰ ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਕਿਤੇ ਨੇੜੇ ਤੇੜੇ ਵੀ ਨਹੀਂ ਹੈ। ਜਗਤ ਨੂੰ ਪਖੰਡ ਵਿਖਾ ਕੇ ਠਗਦਾ ਹੈਂ, ਇਸ ਢੰਗ ਨਾਲ ਤੂੰ ਕਠਨ ਭਵਸਾਗਰ ਨੂੰ ਤਰ ਨਹੀਂ ਸਕੇਂਗਾ॥ ੪੪॥

ਤੁਮ ਸਿਲਾ ਰੂਪ ਪ੍ਰਭੁ ਚੀਨਾ। ਜੋ ਘਟ ਘਟ ਬਯਾਪ ਪ੍ਰਬੀਨਾ।
ਬ੍ਰਹਮੰਡ ਕੋਟ ਆਧਾਰਾ। ਸਭਿ ਮੰਗਤਿ ਕੋ ਦਾਤਾਰਾ॥ ੪੫॥

ਤੂੰ ਪ੍ਰਭੂ ਨੂੰ ਪੱਥਰ ਰੂਪ ਕਰਕੇ ਜਾਣਿਆ ਹੈ, ਜਿਹੜਾ ਪੂਰੀ ਤਰ੍ਹਾਂ ਹਰ ਹਿਰਦੇ ਵਿਚ ਵਿਆਪਕ ਹੈ। ਬ੍ਰਹਿਮੰਡ ਕਰੋੜਾਂ ਦਾ ਆਧਾਰ ਹੈ ਅਤੇ ਸਾਰੇ ਮੰਗਣ ਵਾਲਿਆਂ ਦਾ ਦਾਤਾ ਹੈ॥ ੪੫॥

ਬਡ ਸ਼ੇਸ਼ ਸਾਰਦਾ ਨੀਤਾ। ਬ੍ਰਹਮਾਦਿਕ ਸਭਿ ਜੋ ਕੀਤਾ।
ਸਭਿ ਧਯਾਵਤਿ ਗੁਨਨਿ ਬਿਸਾਲਾ। ਨਹਿਂ ਅੰਤ ਲਖਹਿ ਤ੍ਰਦੀ ਕਾਲਾ॥੪੬॥

ਵੱਡਾ ਸ਼ੇਸ਼ਨਾਗ, ਸਰਸਵਤੀ ਅਤੇ ਬ੍ਰਹਮਾ ਆਦਿ ਨੇ ਜੋ ਜੀਵ ਪੈਦਾ ਕੀਤੇ ਹਨ, ਸਾਰੇ ਨਿੱਤ ਹੀ ਪ੍ਰਭੂ ਦੇ ਗੁਣਾਂ ਨੂੰ ਧਿਆਉਂਦੇ ਹਨ, ਉਹ ਤਿੰਨਾਂ ਕਾਲਾਂ ਵਿਚ ਕੋਈ ਅੰਤ ਨਹੀਂ ਪਾਉਂਦੇ॥ ੪੬॥

ਸਤ ਮਹਿਦ ਮਹਿਦ ਮਹੀਆਨਾ। ਜਹਿਂ ਪਾਰਾਵਾਰ ਨ ਜਾਨਾ।
ਜੋ ਸਭਿ ਸੈ ਰਿਜਕ ਪੁਚਾਵੈ। ਗਜ ਕੀਟੀ ਆਦਿਕ ਖਾਵੈ॥ ੪੭॥

ਉਹ ਇਹ ਨਿਸ਼ਚਾ ਕਰਦੇ ਹਨ ਕਿ ਉਸ ਨਾਲੋਂ ਹੋਰ ਕੋਈ ਵੱਡਾ ਨਹੀਂ ਹੈ, ਉਸ ਦਾ ਪਾਰਾਵਾਰ ਨਹੀਂ ਜਾਣਿਆ ਜਾ ਸਕਦਾ ਹੈ। ਜਿਹੜਾ ਸਾਰਿਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ ਅਤੇ ਹਾਥੀ ਤੋਂ ਲੈ ਕੇ ਕੀੜੀ ਤਕ ਸਭ ਖਾਂਦੇ ਹਨ॥ ੪੭॥

ਜਿਹ ਲਾਖਹੁਂ ਸੁਰਪਤਿ ਦੇਵੰ। ਸਸਿ ਸੂਰਜ ਸ਼ੰਕਰ ਸੇਵੰ।
ਛਿਤ ਪਾਵਕ ਪੌਨ ਰੁ ਪਾਨੀ। ਬ੍ਰਹਮਾਦਿਕ ਲਾਖਹੁਂ ਗਯਾਨੀ॥ ੪੮॥

ਇੰਦਰ ਆਦਿ ਜਿਹੜੇ ਲੱਖਾਂ ਦੇਵਤੇ ਹਨ, ਚੰਦ, ਸੂਰਜ, ਸ਼ੰਕਰ, ਧਰਤੀ, ਅਗਨ, ਪੌਣ, ਪਾਣੀ ਅਤੇ ਬ੍ਰਹਮਾ ਆਦਿ ਲੱਖਾਂ ਜੋ ਗਿਆਨੀ ਹਨ, ਸਭ ਉਸ ਦੀ ਪੂਜਾ ਕਰਦੇ ਹਨ॥ ੪੮॥

ਥਲ ਤੀਨ ਲੋਕ ਮਹਿਂ ਪੂਰਾ। ਕੋ ਨਹੀਂ ਤਿਸੀ ਬਿਨ ਊਰਾ।
ਸੋ ਐਸੇ ਬਡਿ ਮਹਾਂਰਾਜਾ। ਜਿਹ ਨਿਮਖ ਬਿਖੈ ਜਗ ਸਾਜਾ॥ ੪੯॥

ਉਹ ਤਿੰਨਾਂ ਲੋਕਾਂ ਵਿਚ ਪੂਰਾ ਹੈ, ਕੋਈ ਵੀ ਥਾਂ ਉਸ ਤੋਂ ਬਗੈਰ ਊਣਾ ਨਹੀਂ ਹੈ, ਇਸ ਕਰਕੇ ਉਹ ਏਡਾ ਵੱਡਾ ਮਹਾਰਾਜਾ ਹੈ ਜਿਸ ਨੇ ਇਕ ਖਿਣ ਵਿਚ ਜਗਤ ਨੂੰ ਰਚ ਦਿੱਤਾ ਹੈ॥ ੪੯॥

ਤਿਹ ਕਲਪਯੋ ਪਾਹਨ ਮਾਂਹੀ। ਜੜ੍ਹ ਅਲਪ ਸ਼ਕਤਿ ਕੁਛ ਨਾਂਹੀ।
ਕੁਛ ਲੇਯ ਨ ਦੇਯ ਨ ਖਾਹੀ। ਅਸ ਪ੍ਰਭੁ ਕੋ ਅਸ ਬਡਿ ਆਹੀ॥ ੫੦॥

Sri Satguru Jagjit Singh Ji eLlibrary NamdhariElibrary@gmail.com

ਤੂੰ ਉਸ ਦੀ ਇਕ ਪੱਥਰ ਦੇ ਰੂਪ ਵਿਚ ਕਲਪਣਾ ਕਰ ਲਈ ਹੈ, ਮੂਰਖ ਉਹ ਕੋਈ ਛੋਟੀ ਸ਼ਕਤੀ ਨਹੀਂ ਹੈ। ਉਹ ਨਾ ਕੁਝ ਲੈਂਦਾ ਹੈ, ਨਾ ਦਿੰਦਾ ਹੈ, ਨਾ ਖਾਂਦਾ ਹੈ। ਐਸੇ ਪ੍ਰਭੂ ਨੂੰ ਐਸਾ ਵੱਡਾ ਜਾਣਿਆ ਹੈ॥੫੦॥

ਦਿਜ ਜਾਤਿ ਮਹਾਂ ਅਭਿਮਾਨਾ। ਲਖਿ ਦੰਭੀ ਤੋਹਿ ਨ ਮਾਨਾ।
ਉਰ ਕਿਤਿਕ ਕ੍ਰੋਧ ਤੁਝ ਹੋਵਾ। ਜੋ ਬਡ ਤੇ ਲਘੁ ਕਰਿ ਜੋਵਾ॥ ੫੧॥

ਬ੍ਰਾਹਮਣ ਜਾਤੀ ਵਾਲਾ ਹੋ ਕੇ ਵੱਡਾ ਹੰਕਾਰ ਕਰਦਾ ਹੈਂ, ਤੈਨੂੰ ਪਖੰਡੀ ਜਾਣ ਕੇ ਮੈਂ ਮਾਣ ਨਹੀਂ ਦਿੱਤਾ ਹੈ, ਤਾਂ ਇਹ ਵੇਖ ਕੇ ਤੈਨੂੰ ਕਿੰਨਾ ਗੁੱਸਾ ਆਇਆ ਹੈ, ਹੁਣ ਇਹ ਗੱਲ ਸਮਝ ਕਿ ਉਹ ਵਾਹਿਗੁਰੂ ਜੋ ਸਭ ਤੋਂ ਵੱਡਾ ਹੈ, ਤੂੰ ਉਸਨੂੰ ਕਿੰਨਾ ਛੋਟਾ ਕਰਕੇ ਜਾਣਿਆ ਹੈ॥ ੫੧॥

ਪ੍ਰਭੁ ਸਭਿ ਤੇ ਬਡੋ ਬਡੇਰੋ। ਸੋ ਪ੍ਰਾਹਨ ਇਹ ਮਤਿ ਤੇਰੋ।
ਸਭਿਹੂੰ ਤੇ ਲਘੁ ਕਰਿ ਦੀਨਾ। ਕਿਮ ਹੋਵਹਿ ਪ੍ਰਭੂ ਪ੍ਰਸੀਨਾ॥ ੫੨॥

ਪ੍ਰਭੂ ਸਭ ਤੋਂ ਵੱਡਾ ਤੇ ਸਭ ਦਾ ਵਡੇਰਾ ਹੈ, ਪਰ ਤੂੰ ਉਸ ਨੂੰ ਇਕ ਪੱਥਰ ਮੰਨਿਆ ਹੈ, ਇਹ ਤੇਰਾ ਮੱਤ ਹੈ। ਉਸ ਪ੍ਰਭੂ ਨੂੰ ਸਭ ਤੋਂ ਛੋਟਾ ਕਰ ਦਿੱਤਾ ਹੈ, ਇਹ ਵੇਖ ਕੇ ਪ੍ਰਭੂ ਤੇਰੇ 'ਤੇ ਕਿਵੇਂ ਪ੍ਰਸੰਨ ਹੋਵੇਗਾ ?॥ ੫੨॥

ਜਗਿ ਪਾਤਸ਼ਾਹ ਬਡ ਜੋਈ। ਤਿਹ ਮੀਆਂ ਕਹਿ ਕੈ ਕੋਈ।
ਮਨ ਲਖੈ 'ਕਰੌਂ ਬਡਿਆਈ'। ਕਿਮ ਰੀਝਹਿ ? ਦੇਹੁ ਬੁਝਾਈ॥ ੫੩॥

ਜਗਤ ਦਾ ਜਿਹੜਾ ਵੱਡਾ ਪਾਤਸ਼ਾਹ ਹੈ ਜੇ ਉਸ ਨੂੰ ਕੋਈ ਛੋਟਾ ਜੇਹਾ ਸਰਦਾਰ ਕਹਿ ਕੇ ਕੋਈ ਮਨ ਵਿਚ ਸੋਚੇ "ਮੈਂ ਉਸ ਦੀ ਵਡਿਆਈ ਕਰ ਰਿਹਾ ਹਾਂ" ਤਾਂ ਉਹ ਸਰਦਾਰਾਂ ਦਾ ਸਰਦਾਰ ਪ੍ਰਭੂ ਕਿਵੇਂ ਰੀਝੇਗਾ ? ਮੈਨੂੰ ਇਹ ਦੱਸ॥ ੫੩॥

ਅਸਿ ਮੇਰੋ ਠਾਕੁਰ ਜੋਈ। ਸਭਿਹਿਨਿ ਤੇ ਊਪਰਿ ਸੋਈ।
ਤਿਹ ਰੂਪ ਸੁਨਹੁ ਦਿਜ ਕਾਨਾ। ਤਬਿ ਸ਼੍ਰੀ ਗੁਰ ਸ਼ਬਦ ਬਖਾਨਾ॥੫੪॥

ਇਸ ਲਈ ਜਿਹੜਾ ਮੇਰਾ ਠਾਕਰ ਹੈ, ਉਹ ਸਾਰਿਆਂ ਤੋਂ ਉਪਰ ਹੈ, ਹੇ ਪੰਡਿਤ ! ਉਸ ਦਾ ਰੂਪ ਕੰਨ ਲਾ ਕੇ ਸੁਣੋ"। ਤਦ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਣ ਕੀਤਾ॥੫੪॥

*ਆਸਾ ਮਹਲਾ ੫॥*

*ਆਠ ਪਹਰ ਉਦਕ ਇਸਨਾਨੀ। ਸਦ ਹੀ ਭੋਗੁ ਲਗਾਇ ਸੁਗਿਆਨੀ॥*
*ਬਿਰਥਾ ਕਾਹੂ ਛੋਡੈ ਨਾਹੀ॥ ਬਹੁਰਿ ਬਹੁਰਿ ਤਿਸੁ ਲਾਗਹ ਪਾਈ॥ ੧॥*
*ਸਾਲਗਿਰਾਮੁ ਹਮਾਰੈ ਸੇਵਾ॥ ਪੂਜਾ ਅਰਚਾ ਬੰਦਨ ਦੇਵਾ॥ ੧॥ ਰਹਾਉ॥*
*ਘੰਟਾ ਜਾ ਕਾ ਸੁਨੀਐ ਚਹੁ ਕੁੰਟ॥ ਆਸਨੁ ਜਾ ਕਾ ਸਦਾ ਬੈਕੁੰਠ॥*
*ਜਾ ਕਾ ਚਵਰੁ ਸਭ ਊਪਰਿ ਝੁਲੈ॥ ਤਾ ਕਾ ਧੂਪੁ ਸਦਾ ਪਰਫੁਲੈ॥ ੨॥*
*ਘਟਿ ਘਟਿ ਸੰਪਟੁ ਹੈ ਰੇ ਜਾ ਕਾ॥ ਅਭਗ ਸਭਾ ਸੰਗਿ ਹੈ ਸਾਧਾ॥*
*ਆਰਤੀ ਕੀਰਤਨੁ ਸਦਾ ਅਨੰਦ॥ ਮਹਿਮਾ ਸੁੰਦਰ ਸਦਾ ਬੇਅੰਤ॥ ੩॥*
*ਜਿਸਹਿ ਪਰਾਪਤਿ ਤਿਸ ਹੀ ਲਹਨਾ॥ ਸੰਤ ਚਰਨ ਓਹੁ ਆਇਓ ਸਰਨਾ॥*
*ਹਾਥ ਚੜਿਓ ਹਰਿ ਸਾਲਗਿਰਾਮੁ॥ ਕਹੁ ਨਾਨਕ ਗੁਰਿ ਕੀਨੋ ਦਾਨੁ॥ ੪॥ ੩੯॥ ੯੦॥*

*(ਪੰਨਾ ੩੯੩)*

ਮੇਰਾ ਸ੍ਰੇਸ਼ਟ ਸਾਲਗਰਾਮ ਪ੍ਰਭੂ, ਦਿਨ ਦੇ ਅੱਠੇ ਪਹਿਰ ਹੀ ਜਲ ਵਿਚ ਇਸ਼ਨਾਨ ਕਰਦਾ ਰਹਿੰਦਾ ਹੈ ਅਤੇ ਹਮੇਸ਼ਾਂ ਹੀ ਭੋਜਨ ਛੱਕਦਾ ਰਹਿੰਦਾ ਹੈ। ਉਹ ਭੋਜਨ ਤੋਂ ਬਗੈਰ ਕਿਸੇ ਨੂੰ ਨਹੀਂ ਛੱਡਦਾ, ਮੈਂ ਮੁੜ-ਮੁੜ ਕੇ ਉਸ ਦੇ ਚਰਨਾਂ ਤੇ ਪੈਂਦਾ ਹਾਂ॥ ੧॥

ਇਹੋ ਜੇਹੇ ਸਾਲਗਰਾਮ ਦੀ ਮੈਂ ਸੇਵਾ ਕਰਦਾ ਹਾਂ। ਵਾਹਿਗੁਰੂ ਵਾਸਤੇ ਹੀ ਮੇਰੀ ਪੂਜਾ ਹੈ, ਫੁੱਲ ਭੇਟ ਅਤੇ ਬੰਦਨਾ ਹੈ॥ ੧॥ ਠਹਿਰਾਉ॥

ਵਾਹਿਗੁਰੂ ਦੀ ਘੰਟੀ ਦੁਨੀਆਂ ਦੀ ਚਹੁੰ ਕੂੰਟਾਂ ਵਿਚ ਸੁਣਾਈ ਦਿੰਦੀ ਹੈ, ਉਸ ਦਾ ਸਦਾ ਟਿਕਾਣਾ ਸੱਚਖੰਡ ਵਿਚ ਹੈ, ਉਸ ਦਾ ਚੌਰ ਸਾਰਿਆਂ ਉਤੇ ਝੁਲਦਾ ਹੈ ਅਤੇ ਉਸਦਾ ਧੂਪ ਸਦਾ ਮਹਿਕਦਾ ਰਹਿੰਦਾ ਹੈ॥ ੨॥

ਹਰ ਦਿਲ ਉਸਦਾ ਸੰਦੂਕ ਹੈ, ਸਤਿਸੰਗਤ ਉਸ ਦੀ ਅਮਰ ਕਚਹਿਰੀ ਹੈ। ਉਸ ਦੀ ਆਰਤੀ ਅਤੇ ਉਸ ਦੇ ਗੁਣਾਂ ਦਾ ਕੀਰਤਨ ਕਰਨ ਲਈ ਸਥਾਈ ਆਨੰਦ ਮਿਲਦਾ ਹੈ। ਉਸ ਦੀ ਮਹਿਮਾ ਬੜੀ ਸੁੰਦਰ ਅਤੇ ਸਦਾ ਹੀ ਬੇਅੰਤ ਹੈ॥ ੩॥

ਜੋ ਸੰਤਾਂ ਦੇ ਚਰਨਾਂ ਦੀ ਓਟ ਹੇਠ ਆਉਂਦਾ ਹੈ ਅਤੇ ਜਿਸ ਲਈ ਉਸ ਦੀ ਪ੍ਰਾਪਤੀ ਧੁਰੋਂ ਲਿਖੀ ਹੋਈ ਹੈ, ਕੇਵਲ ਓਹੀ ਐਸੇ ਮਹਾਨ ਸਾਲਗਰਾਮ ਨੂੰ ਪਾਉਂਦਾ ਹੈ। ਮੈਂ ਵਾਹਿਗੁਰੂ ਰੂਪੀ ਸਾਲਗਰਾਮ ਪ੍ਰਾਪਤ ਕੀਤਾ ਹੈ। ਹੇ ਨਾਨਕ ! ਗੁਰੂ ਜੀ ਨੇ ਇਹ ਦਾਤ ਮੈਨੂੰ ਬਖਸ਼ੀ ਹੈ॥ ੪॥ ੩੯॥ ੯੦॥

*ਹਾਕਲ ਛੰਦ*-'ਇਹ ਠਾਕਰ ਹਮਰੋ ਭਾਰਾ। ਜੋ ਸਭਿ ਕੋ ਸਦਾ ਸੰਭਾਰਾ।
ਪ੍ਰਭਿ ਊਚਹਿ ਊਚਹਿ ਊਚਾ। ਜਿਹ ਸਮਸਰ ਕੋ ਨ ਪਹੂਚਾ॥ ੫੫॥

"ਇਹ ਸਾਡਾ ਠਾਕੁਰ ਸਭ ਤੋਂ ਭਾਰਾ ਹੈ, ਜਿਹੜਾ ਸਦਾ ਹੀ ਸਭ ਦੀ ਸੰਭਾਲ ਕਰਦਾ ਹੈ। ਪ੍ਰਭੂ ਉੱਚੇ ਤੋਂ ਉੱਚਾ ਤੇ ਉਚਿਆਂ ਤੋਂ ਵੀ ਉੱਚਾ ਹੈ, ਉਸ ਦੇ ਬਰਾਬਰ ਕੋਈ ਨਹੀਂ ਪਹੁੰਚ ਸਕਦਾ॥ ੫੫॥

ਹਮ ਰਿਦ ਮਹਿਂ ਸਦਾ ਬਸਾਯੋ। ਨਿਸ ਦਯੋਸ ਨਕਬਹਿ ਭੁਲਾਯੋ।
ਗਨ ਦੀਨ ਬੰਧੁ ਜਗ ਨਾਥਾ। ਨਿਜ ਸੇਵਕ ਕੇ ਨਿਤ ਸਾਥਾ॥ ੫੬॥

ਅਸੀਂ ਉਸ ਪ੍ਰਭੂ ਨੂੰ ਸਦਾ ਹੀ ਹਿਰਦੇ ਵਿਚ ਵਸਾਇਆ ਹੈ ਅਤੇ ਦਿਨ ਰਾਤ ਉਸ ਦੇ ਭਿੰਨ-ਭੇਦ ਨੂੰ ਭੁਲਾ ਦਿੱਤਾ ਹੈ ਭਾਵ ਹਰ ਸਮੇਂ ਉਸ ਨੂੰ ਆਪਣੇ ਪਾਸ ਹੀ ਜਾਣਦੇ ਹਾਂ। ਉਹ ਜਗਤ ਦੇ ਗਰੀਬਾਂ ਦਾ ਨਾਥ ਹੈ ਅਤੇ ਆਪਣੇ ਸੇਵਕਾਂ ਦੇ ਸਦਾ ਨਾਲ ਰਹਿੰਦਾ ਹੈ॥ ੫੬॥

ਕਰਿ ਪ੍ਰਗਟ ਅਪਨ ਪੌ ਰੂਪਾ। ਹੁਇ ਭਗਤਨਿ ਕੇ ਅਨੁਰੂਪਾ।
ਜਬਿ ਭੀਰ ਪਰਹਿ ਕਿਤ ਆਈ। ਦੇ ਆਪਨਿ ਹਾਥ ਬਚਾਈ॥ ੫੭॥

ਆਪਣੇ ਆਪ ਦਾ ਰੂਪ ਪ੍ਰਗਟ ਕਰਦਾ ਹੈ ਅਤੇ ਆਪਣੇ ਭਗਤਾਂ ਦੇ ਸਦਾ ਅਨੁਸਾਰ ਚਲਦਾ ਹੈ। ਜਦ ਕਿਸੇ ਨੂੰ ਭੀੜ ਆ ਪੈਂਦੀ ਹੈ ਤਾਂ ਆਪਣਾ ਹੱਥ ਦੇ ਕੇ ਬਚਾ ਲੈਂਦਾ ਹੈ॥ ੫੭॥

ਹੈ ਭਗਤਿ ਵਛਲ ਤਿਸ ਨਾਮੂ। ਗਨ ਦੀਨ ਬੰਧੁ ਅਭਿਰਾਮੂ।
ਸੋ ਸਦਾ ਗਰੀਬ ਨਿਵਾਜਾ। ਬਹੁ ਅਧਮ ਉਧਾਰਨ ਕਾਜਾ॥ ੫੮॥

ਉਸ ਦਾ ਨਾਮ ਭਗਤ ਵਛਲ ਹੈ, ਗਰੀਬ ਦਾ ਉਹ ਸਦਾ ਇਕ ਚੰਗਾ ਸਹਾਇਕ ਹੈ, ਇਸ ਲਈ ਉਹ ਸਦਾ ਗਰੀਬ ਨਿਵਾਜ਼ ਹੈਂ, ਬਹੁਤ ਨੀਚ ਕਾਰਜਾਂ ਦਾ ਵੀ ਉਧਾਰ ਕਰ ਦਿੰਦਾ ਹੈ॥ ੫੮॥

*ਕਬਿੱਤ*- ਪ੍ਰਭੁ ਮਧੁਸੂਦਨ, ਗੋਬਿੰਦ, ਦਯਾ ਨਿਧਿ, ਹਰਿ, ਮਾਧਵ, ਮੁਕੰਦ, ਦੁਖ ਦੁੰਦ ਕੇ ਕਟੈਯਾ ਹੈ।
ਸ੍ਰੀ ਪਤਿ ਅਖਿਲ ਪਤਿ ਮਹਦ, ਜਗਤ ਪਤਿ, ਸੀਤਾ ਪਤਿ, ਰਮਾ ਪਤਿ, ਸੇਵਕ ਸਹੈਯਾ ਹੈ।

ਈਸ਼ਰ, ਅਨੰਦ ਰੂਪ, ਅੱਚੁਤ, ਅਨੂਪ ਗੁਰ, ਭੂਪਨ ਕੋ ਭੂਪਤ ਹੰਕਾਰ ਕੇ ਹਰੈਯਾ ਹੈ।
ਪਾਰਬ੍ਰਹਮ ਪੂਰਨ ਅਨੇਕ ਰਿਪੁ ਚੂਰਨ,ਅਨੰਤ ਕਰਤਾਰ,ਸਭਿ ਜੀਵਨ ਦਿਵੈਯਾ ਹੈ ॥੫੯॥

ਪ੍ਰਭੂ ਮਧੁਸੂਦਨ, ਗੋਬਿੰਦ, ਦਇਆ ਦੇ ਖਜ਼ਾਨੇ, ਹਰੀ, ਮਾਧਵ ਮੁਕਤੀਦਾਤੇ, ਦੁਖ-ਦਵੈਸ਼ ਦਾ ਨਾਸ਼ ਕਰਨ ਵਾਲੇ ਹਨ। ਸ੍ਰੀ ਪਤਿ ਸਾਰਿਆਂ ਦੇ ਵੱਡੇ ਪਤੀ ਹਨ, ਜਗਤ ਦੇ ਪਤੀ ਹਨ, ਸੀਤਾ ਦੇ ਪਤੀ ਹਨ, ਰਮਾ ਦੇ ਪਤੀ ਹਨ, ਸਦਾ ਸੇਵਕਾਂ ਦੀ ਸਹਾਇਤਾ ਕਰਦੇ ਹਨ, ਈਸ਼ਵਰ, ਅਨੰਦ ਸਰੂਪ, ਅਗਿੜ, ਅਨੂਪਮ ਗੁਰੂ ਰਾਜਿਆਂ ਦੇ ਰਾਜਿਆਂ ਦਾ ਵੀ ਹੰਕਾਰ ਦੂਰ ਕਰਨ ਵਾਲੇ ਹਨ। ਪਾਰਬ੍ਰਹਮ ਪੂਰਨ, ਅਨੇਕ ਦੁਸ਼ਮਣਾਂ ਦਾ ਨਾਸ਼ ਕਰਨ ਵਾਲੇ ਹਨ, ਅਨੰਤ ਕਰਤਾਰ ਸਭ ਨੂੰ ਜੀਵਨ ਦੇਣ ਵਾਲੇ ਹਨ" ॥ ੫੯ ॥

ਦੋਹਰਾ-ਇਸ ਪ੍ਰਕਾਰ ਠਾਕੁਰ ਪ੍ਰਭੂ ਸਾਲਿਗਰਾਮ ਬਿਸਾਲ।
ਸ੍ਰੀ ਗੁਰ ਅਰਜਨ ਬਰਨਿਓ ਸੁਨਤਿ ਬਿੱਪ੍ਰ ਤਿਸ ਕਾਲ ॥ ੬੦ ॥

ਇਸ ਪ੍ਰਕਾਰ ਪ੍ਰਭੂ ਠਾਕਰ ਹੀ ਵੱਡਾ ਸਾਲਗਰਾਮ ਹੈ, ਗੁਰੂ ਅਰਜਨ ਦੇਵ ਜੀ ਨੇ ਵਰਣਨ ਕੀਤਾ ਤੇ ਬ੍ਰਾਹਮਣ ਨੇ ਉਸ ਸਮੇਂ ਸੁਣਿਆ ॥ ੬੦ ॥

ਨੋਟ:-ਇਹ ਲਿਖਣਾ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਰੋਵਰ ਕਿਨਾਰੇ ਪਰਿਕਰਮਾ ਵਿਚ ਕੋਈ ਬ੍ਰਾਹਮਣ ਸਾਲਗਰਾਮ ਲੈ ਕੇ ਬੈਠ ਗਿਆ ਹੋਵੇਗਾ, ਸੰਭਵ ਨਹੀਂ ਹੈ। ਗੁਰੂ ਅਰਜਨ ਦੇਵ ਜੀ ਸਰੋਵਰ ਅਤੇ ਅੰਮ੍ਰਿਤਸਰ ਸ਼ਹਿਰ ਦੇ ਮਾਲਕ ਸਨ, ਕੀ ਮਾਲਕ ਨੂੰ ਕਹਿਣ ਦੀ ਕੋਈ ਜੁਰੱਤ ਕਰ ਸਕਦਾ ਸੀ ਕਿ ਮੇਰੇ ਸਾਲਗਰਾਮ ਨੂੰ ਮੱਥਾ ਟੇਕੋ? ਇਹ ਸਾਰੀ ਸਾਖੀ ਮਨਘੜਤ ਜਾਪਦੀ ਹੈ। ਭਾਈ ਸੰਤੋਖ ਸਿੰਘ ਦੇ ਸਮੇਂ ਭੇਖੀ ਸਿੱਖਾਂ ਦਾ ਦਬਾਅ ਵਧ ਗਿਆ ਸੀ ਤੇ ਉਹ ਸਿੱਖਾਂ ਨੂੰ ਬ੍ਰਾਹਮਣੀ ਰੰਗ ਵਿਚ ਰੰਗ ਰਹੇ ਸਨ, ਉਨ੍ਹਾਂ ਦੇ ਦਬਾਅ ਹੇਠ ਆ ਕੇ ਹੀ ਬ੍ਰਾਹਮਣ ਪਰਿਕਰਮਾਂ ਵਿਚ ਠਾਕੁਰ ਲੈ ਕੇ ਬੈਠਣ ਲੱਗ ਗਏ ਸਨ। ਭਾਈ ਸੰਤੋਖ ਸਿੰਘ ਨੇ ਇਹੀ ਪ੍ਰਭਾਵ ਲੈ ਕੇ ਸਾਖੀ ਲਿਖੀ ਜਾਪਦੀ ਹੈ।

*ਤੀਸਰੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ ॥ ੨੮ ॥*

## ਅਧਿਆਇ ਉਣੱਤੀਵਾਂ

### ਬ੍ਰਾਹਮਣ ਸਿੱਖ ਬਣ ਗਿਆ

ਦੋਹਰਾ-ਸੁਨਿ ਕਰਿ ਬੋਲਯੋ ਬਿੱਪ੍ਰ ਤਬਿ 'ਭਾਖਾ ਬਾਨੀ ਏਹਿ।
ਸੰਸਕ੍ਰਿਤ ਹਮ ਕਹੁ ਰੁਚਹਿ ਪਠਹਿਂ ਸੁਨਹਿਂ ਧਰਿ ਨੇਹਿ ॥ ੧ ॥

ਇਹ ਸੁਣ ਕੇ ਬ੍ਰਾਹਮਣ ਬੋਲਿਆ, "ਤੁਹਾਡੀ ਬਾਣੀ ਭਾਖਾ ਵਿਚ ਰਚੀ ਗਈ ਹੈ ਪਰ ਸਾਡੀ ਰੁਚੀ ਕੇਵਲ ਸੰਸਕ੍ਰਿਤ ਨਾਲ ਹੀ ਹੈ ਉਸ ਨੂੰ ਹੀ ਅਸੀਂ ਪੜ੍ਹਦੇ ਸੁਣਦੇ ਅਤੇ ਪਿਆਰ ਕਰਦੇ ਹਾਂ ॥ ੧ ॥

ਹਾਕਲ ਛੰਦ-ਪਰਮਾਣ ਕਰਹਿਂ ਤਿਸ ਕੇਰਾ। ਕੱਲਜਾਣ ਸੁ ਦੇਤਿ ਉਚੇਰਾ।
ਸੁਰ ਬਾਨੀ ਜਾਨਹੁਂ ਸੋਈ। ਪਠਿ ਬਿੱਦਯਾ ਲੇ ਸਭਿ ਕੋਈ ॥ ੨ ॥

ਇਸ ਨੂੰ ਹੀ ਅਸੀਂ ਮੰਨਦੇ ਹਾਂ ਜਿਹੜੀ ਬੜਾ ਉਚੇਰਾ ਕਲਿਆਣ ਦਿੰਦੀ ਹੈ। ਹਰ ਕੋਈ ਇਸ ਬੋਲੀ ਨੂੰ ਪੜ੍ਹ ਕੇ ਬ੍ਰਹਮ ਵਿਦਿਆ ਪ੍ਰਾਪਤ ਕਰਦਾ ਹੈ ॥ ੨ ॥

ਕਜਾ ਭਾਖਾ ਤੇ ਹੁਇ ਜਾਵੈ। ਜਿਹ ਲੋਕ ਨਹੀਂ ਮਨ ਲਜਾਵੈਂ।
ਕਿਮ ਕਰਿ ਹੈ ਸ਼ੁਭ ਗਤਿ ਦੇਹੀ ?। ਜਿਸ ਬਿਖੈ ਜੁਗਤਿ ਨਹਿਂ ਕੇਹੀ ॥੩॥

ਭਾਖਾ ਤੋਂ ਕੀ ਹੋ ਸਕਦਾ ਹੈ? ਪੰਡਿਤ ਲੋਕ ਇਸ ਨੂੰ ਨਹੀਂ ਮੰਨਦੇ। ਇਸ ਨਾਲ ਕਿਵੇਂ ਸ਼ੁਭ ਗਤੀ ਪ੍ਰਾਪਤੀ ਹੋਵੇ, ਜਿਸ ਵਿਚ ਕੋਈ ਜੁਗਤੀ ਨਹੀਂ ਹੈ" ॥ ੩ ॥

ਸੁਨਿ ਬੋਲੇ ਗੁਰੂ ਪ੍ਰਬੀਨਾ। 'ਬਿਨ ਭਾਖਾ ਸੰਸਕ੍ਰਿਤ ਹੀਨਾ।
ਜਗਜਾਸੂ ਨਹਿਨ ਉਧਾਰੈ। ਕਿਮ ਭਗਤ ਗਜਾਨ ਸਿਖ ਧਾਰੈ॥ ੪ ॥

ਇਹ ਸੁਣ ਕੇ ਨਿਪੁੰਨ ਗੁਰੂ ਜੀ ਬੋਲੇ, "ਭਾਖਾ ਤੋਂ ਬਗੈਰ ਸੰਸਕ੍ਰਿਤ ਮੁਹਤਾਜ ਹੈ, ਜਗਿਆਸੂ ਦਾ ਇਸ ਨਾਲ ਉਧਾਰ ਨਹੀਂ ਹੁੰਦਾ। ਕਿਵੇਂ ਸਿੱਖ ਭਗਤੀ ਗਿਆਨ ਦੀ ਸਿਖਿਆ ਧਾਰਨ ਕਰਨਗੇ॥ ੪ ॥

ਜਬਿ ਪਠਹੁ ਸ਼ਲੋਕ ਉਚਾਰੀ। ਨਹਿਂ ਸਮਝੈ ਕੋ ਨਰ ਨਾਰੀ।
ਬਿਚ ਭਾਖਾ ਅਰਥ ਬਖਾਨੇ। ਤਬਿ ਸਭਿ ਅਜਾਨ ਭੀ ਜਾਨੇ॥ ੫ ॥

ਜਦ ਸਲੋਕ ਉਚਾਰਨ ਕਰਕੇ ਪੜ੍ਹਦੇ ਹੋ, ਤਾਂ ਉਸ ਨੂੰ ਕੋਈ ਵੀ ਨਰ ਨਾਰੀ ਨਹੀਂ ਸਮਝਦਾ ਹੈ। ਜਦ ਭਾਖਾ ਵਿਚ ਅਰਥ ਕਰਦੇ ਹੋ ਤਾਂ ਸਾਰੇ ਅੰਜਾਣ ਵੀ ਅਰਥ ਸਮਝ ਜਾਂਦੇ ਹਨ॥ ੫ ॥

ਬਿਨ ਭਾਖਾ ਸਰਜੋ ਨ ਕਾਮੂ। ਉਪਦੇਸ਼ ਨ ਭਾ ਅਭਿਰਾਮੂ।
ਕੱਲਜਾਨ ਨ ਸਿਖ ਕੋ ਕੀਨਾ। ਜਿਸ ਬਿਨਾ ਭਈ ਫਲ ਹੀਨਾ॥ ੬ ॥

ਇਸ ਕਰਕੇ ਭਾਖਾ ਤੋਂ ਬਗੈਰ ਕੰਮ ਨਹੀਂ ਸਰਿਆ ਹੈ, ਉਪਦੇਸ਼ ਦਾ ਚੰਗਾ ਪ੍ਰਭਾਵ ਨਾ ਪਿਆ। ਉਸ ਨੇ ਸਿੱਖ ਦਾ ਕੋਈ ਕਲਿਆਣ ਨਾ ਕੀਤਾ, ਜਿਸ ਬਗੈਰ ਸੰਸਕ੍ਰਿਤ ਫਲਹੀਣ ਰਹਿ ਗਈ॥ ੬ ॥

ਲਖਿ ਮੂਲ ਸੁ ਭਾਖਾ ਯਾਂਤੇ। ਜਿਹ ਪਠੇ ਸਕਲ ਬਰੁਸਾਤੇ।
ਬਿਨ ਸੰਸਕ੍ਰਿੱਤ ਜੋ ਭਾਖਾ। ਬਿਚੁ ਭਗਤਿ ਗਜਾਨੁ ਜਿਸ ਰਾਖਾ॥ ੭ ॥

ਇਸ ਕਰਕੇ ਭਾਖਾ ਨੂੰ ਹੀ ਮੂਲ ਜਾਣੋ, ਜਿਸ ਨੂੰ ਪੜ੍ਹ ਕੇ ਸਾਰੇ ਸਮਝ ਸਕਦੇ ਹਨ। ਸੰਸਕ੍ਰਿਤ ਤੋਂ ਬਗੈਰ ਜਿਹੜੀ ਭਾਖਾ ਹੈ ਜਿਸ ਵਿਚ ਭਗਤੀ ਗਿਆਨ ਸਮੋ ਰੱਖਿਆ ਹੈ॥ ੭ ॥

ਸਭਿ ਸਮਝ ਲੇਹਿ ਨਰ ਨਾਰੀ। ਗਤਿ ਕਾਰਜ ਲੇਹਿਂ ਸੁਧਾਰੀ।
ਇਹ ਇਕਲੀ ਦੇ ਕਲਜਾਨਾ। ਜੋ ਸੁਨਹਿ ਕਮਾਇ ਸੁ ਜਾਨਾ॥ ੮ ॥

ਇਸ ਨੂੰ ਸਭ ਇਸਤਰੀ ਪੁਰਸ਼ ਸਮਝ ਲੈਂਦੇ ਹਨ ਅਤੇ ਉਹ ਗਤੀ ਕਾਰਜ ਚੰਗੀ ਤਰ੍ਹਾਂ ਪ੍ਰਾਪਤ ਕਰਨਗੇ। ਭਾਖਾ ਇਕੱਲੀ ਹੀ ਕਲਿਆਣਕਾਰੀ ਹੈ, ਜਿਨ੍ਹਾਂ ਸੁਣਿਆ ਤੇ ਇਸ ਦੀ ਕਮਾਈ ਕੀਤੀ ਹੈ, ਉਨ੍ਹਾਂ ਨੇ ਜਾਣ ਲਿਆ ਹੈ॥ ੮ ॥

ਪਠਿ ਕਰਹਿ ਬਿਚਾਰ ਸੁਖੈਨਾ। ਸ਼ੁਭ ਪਠਨਿ ਕਠਨ ਕੁਛ ਹੈ ਨਾ।
ਦਿਨ ਥੋਰਨਿ ਲਹਿ ਕੱਲਜਾਨਾ। ਸੁਨਿ ਪਠਹਿਂ ਕਮਾਵਹਿਂ ਨਾਨਾ॥ ੯ ॥

ਭਾਖਾ ਪੜ੍ਹ ਕੇ ਬੜੀ ਆਸਾਨੀ ਨਾਲ ਵਿਚਾਰ ਕਰ ਸਕਦਾ ਹੈ, ਇਸ ਲਈ ਭਾਖਾ ਦਾ ਪੜ੍ਹਨਾ ਸ਼ੁਭ ਹੈ, ਇਸ ਵਿਚ ਕਠਨ ਕੁਝ ਨਹੀਂ ਹੈ। ਥੋੜ੍ਹੇ ਦਿਨਾਂ ਵਿਚ ਹੀ ਕਲਿਆਣ ਪ੍ਰਾਪਤ ਹੋ ਜਾਂਦਾ ਹੈ, ਸੁਣ-ਪੜ੍ਹ ਕੇ ਕਈ ਪ੍ਰਕਾਰ ਦੀ ਕਮਾਈ ਕਰ ਸਕਦਾ ਹੈ॥ ੯ ॥

Sri Satguru Jagjit Singh Ji eLlibrary NamdhariElibrary@gmail.com

ਦੋਹਰਾ-ਚਾਹਤਿ ਨਹੀ ਸਹਾਇਤਾ ਸੰਸਕ੍ਰਿਤ ਕੀ ਏਹੁ।
ਕਟਕ ਮੋਹ ਕੋ ਬਿਕਟ ਜੋ ਕਾਟਹਿ ਲੇਹਾ ਦੇਹੁ॥ ੧੦॥

ਭਾਖਾ, ਸੰਸਕ੍ਰਿਤ ਦੀ ਸਹਾਇਤਾ ਨਹੀਂ ਚਾਹੁੰਦੀ ਹੈ। ਕਠਨ ਮੋਹ ਦੀ ਸੈਨਾ ਨੂੰ ਇਹ ਕੱਟਦੀ ਹੈ ਤੇ ਫੌਰਨ ਅਰਥਾਂ ਦੀ ਸਮਝ ਆ ਜਾਂਦੀ ਹੈ॥ ੧੦॥

ਜਥਾ ਸੁਭਟ ਅਤਿਰਥੀ ਹੁਇ ਲਰਤਿ ਨ ਚਹਤਿ, ਸਹਾਇ।
ਅਨਗਿਨ ਸ਼ਤ੍ਰੂ ਸੈਨ ਕੋ ਨਾਸਹਿ ਜੁੱਧ ਮਚਾਇ॥ ੧੧॥

ਜਿਵੇਂ ਅਤਿਰਥੀ ਸੂਰਮਾ ਹੋਵੇ, ਲੜਦਾ ਹੋਇਆ ਸਹਾਇਤਾ ਨਹੀਂ ਚਾਹੁੰਦਾ ਹੈ, ਜੁੱਧ ਮਚਾ ਕੇ ਵੈਰੀ ਦੀ ਸੈਨਾ ਦੇ ਅਣਗਿਣਤ ਜੋਧਿਆਂ ਨੂੰ ਭਜਾ ਦਿੰਦਾ ਹੈ॥੧੧॥

ਸੰਸਕ੍ਰਿਤਿ ਤੁਮਰੀ ਜੁ ਹੈ ਰਥੀ ਮਹਾਂਰਥਿ ਦੋਇ।
ਚਹਿ ਸਹਾਇ ਰਨ ਮਹਿਂ ਲਰਹਿ ਇਕ ਮਹਿਂ ਸ਼ਕਤਿ ਨ ਹੋਇ॥੧੨॥

ਜੋ ਤੁਹਾਡੀ ਸੰਸਕ੍ਰਿਤ ਹੈ ਉਹ ਰਥੀ ਹੈ ਤੇ ਦੂਸਰੀ (ਭਾਖਾ) ਮਹਾਂਰਥੀ ਹੈ। ਸੰਸਕ੍ਰਿਤ ਰਥੀ ਵਾਂਗ ਯੁੱਧ ਦੇ ਮੈਦਾਨ ਵਿਚ ਸਹਾਇਤਾ ਚਾਹੁੰਦੀ ਹੈ, ਲੜਨ ਦੀ ਇਕ ਵਿਚ ਵੀ ਸ਼ਕਤੀ ਨਹੀਂ ਹੁੰਦੀ ਹੈ॥ ੧੨॥

ਭਾਖਾ ਕੋ ਲੇ ਸੰਗ ਨਿਜ ਸਿੱਖਜਨ ਕੋ ਸਮੁਝਾਇ।
ਮੋਹ ਕਟਕ ਤਬਿ ਜੀਤ ਹੈ ਗਤਿ ਦੇ ਜੌਨ ਕਮਾਇ॥ ੧੩॥

ਭਾਖਾ ਨੂੰ ਨਾਲ ਲੈ ਕੇ ਆਪਣੇ ਸਿੱਖਾਂ ਨੂੰ ਸਮਝਾਈਦੇ ਤਾਂ ਉਹ ਮੋਹ ਦੀ ਸੈਨਾ ਨੂੰ ਜਿੱਤ ਲੈਂਦੇ ਹਨ, ਅਤੇ ਕਮਾਈ ਕਰਕੇ ਮੁਕਤੀ ਪ੍ਰਾਪਤ ਕਰਦੇ ਹਨ॥ ੧੩॥

ਜੇ ਕਰਿ ਸੁਰਬਾਨੀ ਕਹੈਂ ਇਸਕੇ ਫਲ ਅਧਿਕਾਇ।
ਤਾਂ ਪਰਿ ਪੰਡਿਤ ਕਾਨ ਸੁਨਿ, ਦੇਹਿਂ ਸੰਦੇਹਿ ਮਿਟਾਇ॥ ੧੪॥

ਜੇ ਤੂੰ ਇਸ ਨੂੰ ਦੇਵਤਿਆਂ ਦੀ ਬਾਣੀ ਕਹਿ ਕੇ ਇਹ ਕਹਿੰਦਾ ਹੈਂ ਕਿ ਇਹ ਜ਼ਿਆਦਾ ਫਲਦਾਇਕ ਹੈ ਤਾਂ ਹੇ ਪੰਡਿਤ! ਕੰਨ ਦੇ ਕੇ ਸੁਣ, ਤੇਰੇ ਸ਼ੰਕੇ ਨੂੰ ਦੂਰ ਕਰਦੇ ਹਾਂ॥ ੧੪॥

ਸਤਿਗੁਰ ਪ੍ਰਭੁ ਪ੍ਰਿਯ ਭਗਤ ਜੇ ਤਿਨ ਕੇ ਬਾਕ ਸਮਾਨ।
ਸੁਰਬਾਨੀ ਨਹਿਂ ਹੋਤਿ ਹੈ, ਇਹ ਤੌ ਬਿਦਤ ਜਹਾਨ॥ ੧੫॥

ਸਤਿਗੁਰੂ ਪ੍ਰਭੂ ਦੇ ਜਿਹੜੇ ਪਿਆਰੇ ਭਗਤ ਹਨ, ਉਨ੍ਹਾਂ ਦੇ ਬਚਨ ਸਮਾਨ ਹੀ ਹੁੰਦੇ ਹਨ, ਦੇਵਤਾ ਬਾਣੀ ਕੋਈ ਨਹੀਂ ਹੁੰਦੀ ਹੈ, ਇਹ ਤਾਂ ਸਾਰੇ ਜਹਾਨ ਵਿਚ ਪ੍ਰਗਟ ਹੈ॥ ੧੫॥

ਕਰਮ ਕਾਂਡ ਮੈਂ ਸੁਰ ਚਹੈਂ ਨਰ ਕੋ ਦੇ ਉਪਦੇਸ਼।
ਸੁਰਗ ਨਰਕ ਫਿਰ ਫਿਰ ਜਨਮ ਸੁਖ ਦੁਖ ਲਹੈ ਬਿਸ਼ੇਸ਼॥੧੬॥

ਕਰਮ-ਕਾਂਡ ਵਿਚ ਦੇਵਤੇ ਮਨੁੱਖਾਂ ਨੂੰ ਉਪਦੇਸ਼ ਦੇਣਾ ਚਾਹੁੰਦੇ ਹਨ। ਪਰ ਸੁਰਗਾਂ ਨਰਕਾਂ ਵਿਚ ਫਿਰ-ਫਿਰ ਜਨਮ ਦੇ ਦੁਖ-ਸੁਖ ਵਿਸ਼ੇਸ਼ ਤੌਰ ਤੇ ਲੈਂਦੇ ਹਨ॥ ੧੬॥

ਸਤਿਗੁਰ ਗਜਾਨ ਦ੍ਰਿੜਾਇ ਕਰਿ ਬੰਧਨ ਕਾਟਹਿ ਜੀਵ।
ਯਾਂਤੇ ਜਾਨਹੁ ਮਿਸਰ ਜੂ! ਕੋ ਘਟਿ, ਕੋ ਬਧਿ ਥੀਵ?॥ ੧੭॥

ਸਤਿਗੁਰੂ ਜੀ ਗਿਆਨ ਦ੍ਰਿੜ੍ਹ ਕਰਵਾ ਕੇ ਜੀਵ ਦੇ ਬੰਧਨ ਕੱਟ ਦਿੰਦੇ ਹਨ, ਜਿਸ ਕਰਕੇ ਹੇ ਪੰਡਿਤ ਜੀ! ਸਮਝੋ ਕਿ ਕਿਹੜੀ ਬਾਣੀ ਘੱਟ ਹੈ ਤੇ ਕਿਹੜੀ ਵੱਧ ਹੈ ਭਾਵ ਕਿਹੜੀ ਬਾਣੀ ਸ੍ਰੇਸ਼ਟ ਹੈ?॥ ੧੭॥

ਸ਼ੁਭ ਉਪਦੇਸ਼ ਜੁ ਸ਼੍ਰੇਯ ਦੇ ਸੰਸਕ੍ਰਿਤ ਭਾਖਾ ਕੋਇ।
ਕਹੇ ਕੁਰੀਤਿ ਜੁ ਦੁਹਨਿ ਮਹਿੰ ਮਾਨੇ ਅਧੁਗਤਿ ਹੋਇ॥ ੧੮॥

ਜਿਹੜੇ ਸ਼ੁਭ ਉਪਦੇਸ਼ ਮੁਕਤੀ ਪਾਉਣ ਲਈ ਦਿੰਦੇ ਹਨ, ਉਹ ਸੰਸਕ੍ਰਿਤ ਤੇ ਭਾਖਾ ਦੋਵਾਂ ਵਿਚੋਂ ਕਿਸੇ ਇਕ ਭਾਸ਼ਾ ਵਿਚ ਹੁੰਦੇ ਹਨ। ਉਹ ਮਨੁੱਖ ਉਲਟੀ ਰੀਤ ਮੰਨਦਾ ਹੈ ਜਿਹੜਾ ਕਹਿੰਦਾ ਹੈ ਕਿ ਦੋਹਾਂ ਬੋਲੀਆਂ ਵਿਚ ਉਪਦੇਸ਼ ਦਿੱਤਾ ਜਾਂਦਾ ਹੈ॥ ੧੮॥

ਪਾਤ੍ਰ ਮਝਾਰ ਅਹਾਰ ਸ਼ੁਭ ਖੈਬੇ ਤ੍ਰਿਪਤੀ ਜਾਂਹਿ।
ਜੇ ਬਿਖ ਪਾਇ ਅਚਾਦੀਏ ਮ੍ਰਿਤਕ ਨਰਕ ਕੋ ਪਾਂਹਿ॥ ੧੯॥

ਬਰਤਨ ਵਿਚ ਉਹੀ ਭੋਜਨ ਪਾ ਕੇ ਮਨੁੱਖ ਖਾਂਦਾ ਹੈ, ਜਿਸ ਦੇ ਖਾਣ ਨਾਲ ਉਹ ਰੱਜ ਜਾਵੇ। ਜੇ ਓਸੇ ਬਰਤਨ ਵਿਚ ਜ਼ਹਿਰ ਪਾ ਕੇ ਖਾਵੇ ਤਾਂ ਮਰ ਕੇ ਨਰਕਾਂ ਨੂੰ ਪ੍ਰਾਪਤ ਹੋ ਜਾਂਦਾ ਹੈ॥ ੧੯॥

ਕਿਮ ਸੰਸਕ੍ਰਿਤਿ ਕੋ ਅਧਿਕਤਾ ਕਹੈਂ, ਲਹੈ ਨਹਿੰ ਰੀਤਿ।
ਪਠਿਬੇ ਤੇ ਹੰਕਾਰ ਹ੍ਵੈ ਨਹੀਂ ਨੰਮ੍ਰਤਾ ਚੀਤ॥ ੨੦॥

ਕਿਵੇਂ ਤੂੰ ਰੀਤੀ ਨਾ ਜਾਣਦਾ ਹੋਇਆ ਸੰਸਕ੍ਰਿਤ ਦੀ ਵਿਸ਼ੇਸ਼ਤਾ ਕਹਿੰਦਾ ਹੈਂ, ਜਿਸ ਨੂੰ ਪੜ੍ਹਨ ਨਾਲ ਹੰਕਾਰ ਹੁੰਦਾ ਹੈ ਤੇ ਨਿੰਮਰਤਾ ਚਿੱਤ ਵਿਚ ਆਉਂਦੀ ਨਹੀਂ॥ ੨੦॥

ਬਿਨਾ ਗਰੀਬੀ ਭਗਤਿ ਨਹਿੰ ਜਿਸ ਤੇ ਕਲਿ ਮਹਿੰ ਸ਼੍ਰੇਯ।
ਟਿੱਬਹਿ ਊਚ ਨ ਜਾਮਈ ਕ੍ਰਿਸ਼ੀ ਬੀਜ ਜੋ ਦੇਯ॥ ੨੧॥

ਬਿਨਾਂ ਗਰੀਬੀ ਭਗਤੀ ਨਹੀਂ ਹੁੰਦੀ, ਜਿਸ ਨਾਲ ਕਲਿਜੁਗ ਵਿਚ ਮੁਕਤੀ ਮਿਲਦੀ ਹੈ, ਜੇ ਕੋਈ ਖੇਤੀ ਉੱਚੇ ਟਿੱਬੇ ਵਿਚ ਬੀਜ ਦੇਵੇ ਤਾਂ ਓਥੇ ਉਹ ਜੰਮਦੀ ਨਹੀਂ॥ ੨੧॥

ਸੰਸਕ੍ਰਿਤ ਕੀ ਬਾਰਤਾ ਅਪਰ ਸੁਨਹੁ ਮਨ ਲਾਇ।
ਮੁਨਸਬ ਹੋਇ ਬਿਚਾਰੀਏ ਕਰਿਬੇ ਪੱਖਜ ਬਿਹਾਇ॥ ੨੨॥

ਸੰਸਕ੍ਰਿਤ ਦੀ ਹੋਰ ਵਾਰਤਾ ਮਨ ਵਿਚ ਲਾ ਕੇ ਸੁਣੋ। ਪੱਖ ਕਰਨਾ ਛੱਡ ਕੇ ਨਿਆਂ ਕਰਤਾ ਹੋ ਕੇ ਵਿਚਾਰ ਕਰੋ॥ ੨੨॥

ਕਿਹ ਕਿਹ ਕੋ ਅਧਿਕਾਰ ਹ੍ਵੈ ਸਭਿਨਿ ਸੁਨਾਵਹੁ ਨਾਂਹਿ।
ਬਿਚ ਅਧਿਕਾਰਨਿ ਬੁਧਿ ਬਡ ਤੌ ਸਮਝਹਿ ਕਛੁ ਤਾਂਹਿ॥ ੨੩॥

ਸੰਸਕ੍ਰਿਤ ਵਿਚ ਮੁਕਤੀ ਦਾ ਉਪਦੇਸ਼ ਸੁਣਾਉਣ ਦਾ ਕਿਸੇ-ਕਿਸੇ ਨੂੰ ਹੀ ਅਧਿਕਾਰ ਹੈ, ਸਾਰੇ ਨਹੀਂ ਸੁਣਾ ਸਕਦੇ। ਅਧਿਕਾਰੀਆਂ ਵਿਚ ਵੀ ਵੱਡੀ ਬੁਧੀ ਵਾਲਾ ਹੋਵੇ ਤਾਂ ਹੀ ਕੁਝ ਸਮਝ ਸਕੀਦਾ ਹੈ॥ ੨੩॥

ਸੁਮਤਿਵੰਤ ਅੱਭਜਾਸਹੀ ਤੌਂ ਪਠਿ ਜਾਨੈ ਸੋਇ।
ਕਰਿ ਅੱਭਜਾਸ ਕਮਾਇ ਕੋ ਤਿਸਕੋ ਫਲ ਤਬਿ ਹੋਇ॥ ੨੪॥

ਚੰਗੀ ਮੱਤ ਵਾਲਾ ਅਭਿਆਸ ਕਰਦਾ ਹੈ ਤਾਂ ਹੀ ਕੁਝ ਪੜ੍ਹਨ ਜਾਣਦਾ ਹੈ। ਅਭਿਆਸ ਕਰਕੇ ਜੋ ਕਮਾਈ ਕਰਦਾ ਹੈ, ਉਸਨੂੰ ਫਲ ਪ੍ਰਾਪਤ ਹੁੰਦਾ ਹੈ॥ ੨੪॥

ਲਾਖਹੁੰ ਮਹਿੰ ਨਰ ਪਾਇ ਕੋ ਜੇ ਸਭਿ ਬਿਧਿ ਬਨਿ ਜਾਇ।
ਅਪਨਿ ਸ਼੍ਰੇਯ ਸੋ ਕਰਿ ਸਕਹਿ ਅਪਰਨਿ ਕੋ ਕਜਾ ਪਾਇ॥ ੨੫॥

ਜੇ ਪੜ੍ਹ ਲੈਣ ਦੀਆਂ ਸਾਰੀਆਂ ਵਿਧੀਆਂ ਬਣ ਜਾਣ ਤਾਂ ਲੱਖਾਂ ਵਿਚੋਂ ਕੋਈ ਇਕ ਮਨੁੱਖ ਸੰਸਕ੍ਰਿਤ ਪੜ੍ਹ ਕੇ ਪਰਮੇਸ਼ਵਰ ਨੂੰ ਪਾਉਂਦਾ ਹੈ, ਜਿਹੜਾ ਆਪਣੀ ਮੁਕਤੀ ਨਹੀਂ ਕਰ ਸਕਦਾ, ਉਸ ਤੋਂ ਹੋਰਨਾਂ ਨੂੰ ਕੀ ਪ੍ਰਾਪਤ ਹੋ ਸਕਦਾ ਹੈ॥ ੨੫॥

ਜਥਾ ਕੂਪ ਕੋ ਨੀਰ ਲੇ ਇਕ ਨਰ ਬੋਵੈ ਖੇਤ।
ਸਿੰਚਤਿ ਸ਼੍ਰਮਕਰਿ ਨਿਤਾ ਪ੍ਰਤਿ ਤੌ ਕੁਛ ਨਿਜ ਕਰ ਲੇਤ॥੨੬॥

ਜਿਵੇਂ ਖੂਹ ਦਾ ਪਾਣੀ ਲੈ ਕੇ ਇਕ ਮਨੁੱਖ ਖੇਤ ਬੀਜਦਾ ਹੈ, ਸਦਾ ਬੜੀ ਮਿਹਨਤ ਕਰਕੇ ਸੰਚਾਈ ਕਰਦਾ ਹੈ ਤਾਂ ਹੱਥ ਵਿਚ ਕੁਝ ਆਉਂਦਾ ਹੈ॥ ੨੬॥

ਅਬਿ ਭਾਖਾ ਕੀ ਬਾਤ ਸੁਨਿ ਸਰਬ ਜਾਤਿ ਅਧਿਕਾਰ।
ਲਘੁ ਦੀਰਘ ਬੁਧਿ ਸਭਿ ਸੁਨੈਂ ਸਮਝੈਂ ਸਾਰ ਅਸਾਰ॥ ੨੭॥

ਹੁਣ ਭਾਖਾ ਦੀ ਗੱਲ ਸੁਣੋ, ਸਾਰੀਆਂ ਜਾਤੀਆਂ ਦਾ ਇਸ ਉਤੇ ਅਧਿਕਾਰ ਹੈ, ਛੋਟੀ-ਵੱਡੀ ਬੁੱਧੀ ਵਾਲੇ ਸਾਰੇ ਇਸ ਦੇ ਸ਼ੁੱਧ-ਅਸ਼ੁੱਧ ਹੋਣ ਬਾਰੇ ਜਾਣਦੇ ਹਨ॥ ੨੭॥

ਬਹੁਤ ਨਹੀਂ ਅੱਭਜਾਸ ਚਹਿੰ ਥੋਰਨਿ ਦਿਨ ਮਹਿੰ ਜਾਨਿ।
ਊਚ ਨੀਚ ਪਠਿ ਕਿਧੌਂ ਸੁਨਿ ਭਗਤਿ ਕਰੈਂਹਿ ਹਿਤ ਠਾਨਿ॥੨੮॥

ਇਸ ਨੂੰ ਪੜ੍ਹਨ ਵਾਸਤੇ ਜ਼ਿਆਦਾ ਅਭਿਆਸ ਦੀ ਲੋੜ ਨਹੀਂ ਹੈ, ਥੋੜ੍ਹੇ ਦਿਨਾਂ ਵਿਚ ਹੀ ਜਾਣੀ ਜਾ ਸਕਦੀ ਹੈ। ਉਚ-ਨੀਚ ਵੀ ਪੜ੍ਹ ਜਾਂ ਸੁਣ ਕੇ ਹਿਤ ਧਾਰ ਕੇ ਭਗਤੀ ਕਰਦੇ ਹਨ॥ ੨੮॥

ਸਭਿ ਪਾਵਹਿਂ ਕੱਲਜਾਨ ਕੋ ਜਾਤਿ ਸਨਾਤਿ ਅਨੇਕ।
ਸਿਮਰਨ ਕਰਿ ਸਤਿਨਾਮ ਕੋ ਸਾਰ ਅਸਾਰ ਬਿਬੇਕ॥ ੨੯॥

ਚਹਨ ਵਰਨ ਅਤੇ ਚਹਨ ਵਰਨਾਂ ਤੋਂ ਵੀ ਨੀਵੀਆਂ ਜਾਤੀਆਂ ਦੇ ਲੋਕ ਇਸ ਭਾਸ਼ਾ ਰਾਹੀਂ ਮੁਕਤੀ ਪਾਉਂਦੇ ਹਨ। ਸਤਿਨਾਮ ਦਾ ਸਿਮਰਨ ਕਰਕੇ ਸ਼ੁੱਧ-ਅਸ਼ੁੱਧ ਤੇ ਵਿਚਾਰ ਕਰਦੇ ਹਨ॥ ੨੯॥

ਜੈਸੇ ਜਲਧਰ ਉਮਡਿ [illegible] ਬਰਖਾ ਕਰਿ ਇਕ ਸਾਰ।
ਸੌਧ ਮਲਿਨ ਉਚਨੀਚ ਥਲ ਜਲ ਪ੍ਰਾਪਤਿ ਪਰ ਧਾਰ॥ ੩੦॥

ਜਿਵੇਂ ਬੱਦਾ [illegible] ਸਾਰੇ ਇਕਸਾਰ ਵਰਖਾ ਕਰਦੇ ਹਨ ਤਾਂ ਉਚੇ ਨੀਵੇਂ ਸਾਰੇ ਥਾਵਾਂ ਤੇ ਇਕੋ ਜੇਹੀ ਵਰਖਾ ਹੁੰਦੀ ਹੈ॥ ੩੦॥

[illegible] ਪੰਛੀ ਸਭਿ ਥਲ ਬਿਖੈ ਸੁਖ ਪਾਯੋ ਸਭਿ ਜੀਵ।
ਬਨ ਤ੍ਰਿਣ ਹਰੀਆਵਲਿ ਭਏ, ਤਪਤ ਮਿਟੀ ਹਿਤਥੀਵ॥ ੩੧॥

ਪਸ਼ੂ ਪੰਛੀ ਤੇ ਹੋਰ ਸਾਰੇ ਜੀਵ ਧਰਤੀ 'ਤੇ ਸੁਖ ਪਾਉਂਦੇ ਹਨ, ਬ੍ਰਿੱਛ ਬੂਟੇ ਅਤੇ ਫਸਲਾਂ ਸਭ ਹਰੀਆਂ ਹੋ ਜਾਂਦੀਆਂ ਹਨ ਤੇ ਗਰਮੀ ਮਿੱਟ ਜਾਂਦੀ ਹੈ ਤੇ ਸੁਖ ਪ੍ਰਾਪਤ ਹੁੰਦਾ ਹੈ॥ ੩੧॥

ਪੁਰਿ ਗ੍ਰਾਮਨਿ ਖੇਤਨਿ ਬਿਖੈ ਸਭਿ ਪ੍ਰਮੁਦਤਿ ਇਕਸਾਰ।
ਤ੍ਰਿਪਤਿ ਭਏ ਇਕ ਬਾਰਹੀ ਜਹਿਂ ਕਹਿਂ ਕਹਿਂ ਜੈਕਾਰ॥ ੩੨॥

ਨਗਰ, ਪਿੰਡ, ਖੇਤ ਸਾਰੇ ਇਕਸਾਰ ਅਨੰਦ ਸਹਿਤ ਹੋ ਜਾਂਦੇ ਹਨ, ਸਾਰੇ ਹੀ ਇਕ ਵਾਰ ਹੀ ਤ੍ਰਿਪਤ ਹੋ ਜਾਂਦੇ ਹਨ ਤੇ ਜਿਥੇ ਕਿਥੇ ਜੈ ਜੈਕਾਰ ਹੋ ਜਾਂਦੀ ਹੈ॥ ੩੨॥

ਸ੍ਰੀ ਗੁਰ ਕੀ ਬਾਣੀ ਤਥਾ ਸਭਿ ਜਾਤਿਨਿ ਇਕ ਸਾਰ।
ਊਚ ਨੀਚ ਪਠਿ ਕਿਧੌਂ ਸੁਨਿ ਭਏ ਸ਼੍ਰੇਯ ਅਧਿਕਾਰ॥ ੩੩॥

ਇੰਞ ਹੀ ਗੁਰੂ ਜੀ ਦੀ ਬਾਣੀ ਸਭ ਜਾਤਾਂ ਵਾਸਤੇ ਇਕਸਾਰ ਹੈ, ਉਚੇ-ਨੀਵੇਂ ਪੜ੍ਹ ਕੇ ਜਾਂ ਸੁਣ ਕੇ ਮੁਕਤੀ ਦੇ ਅਧਿਕਾਰੀ ਬਣ ਜਾਂਦੇ ਹਨ॥ ੩੩॥

ਮਲਿਨ ਕਿਧੌਂ ਸੁਚ ਹੋਇ ਕਰਿ ਸਿਮਰਹਿ ਸ੍ਰੀ ਸਤਿਨਾਮ।
ਪ੍ਰਾਪਤਿ ਹੋਵਹਿ ਮੁਕਤਿ ਤਿਨ ਬਿਧਿ ਸੁਖੇਨ ਅਭਿਰਾਮ॥ ੩੪॥

ਜਿਹੜੇ ਮੈਲੇ ਅਥਵਾ ਸੁੱਚੇ ਹੋ ਕੇ ਸ੍ਰੀ ਸਤਿਨਾਮ ਦਾ ਸਿਮਰਨ ਕਰਦੇ ਹਨ ਉਨ੍ਹਾਂ ਨੂੰ ਬੜੀ ਸੌਖੀ ਅਤੇ ਸੋਹਣੀ ਮੁਕਤੀ ਪ੍ਰਾਪਤ ਹੁੰਦੀ ਹੈ॥ ੩੪॥

ਜਲਧਰ ਬਰਖਾ ਅਧਿਕ ਹੈ ਕਿਧੌਂ ਕੂਪ ਜਲ ਹੋਇ?।
ਪੰਡਿਤ ਕਹਹੁ ਬਿਚਾਰ ਕੈ, ਪੱਖਜ ਨ ਕੀਜੈ ਕੋਇ'॥ ੩੫॥

ਬੱਦਲਾਂ ਦੀ ਵਰਖਾ ਚੰਗੀ ਹੈ ਜਾਂ ਖੂਹ ਦਾ ਜਲ ਸ਼ੁਭ ਹੈ? ਹੇ ਪੰਡਿਤ! ਇਸ ਬਾਰੇ ਪੱਖ ਰਹਿਤ ਹੋ ਕੇ ਵਿਚਾਰ ਕੇ ਕਹੋ''॥ ੩੫॥

ਇੱਤਜਾਦਿਕ ਸੁਨਿ ਬਾਕ ਕੋ ਬੋਲ ਨ ਦਿਜ ਤੇ ਆਇ।
ਮੁਨਸਬ ਹੁਇ ਪਖ ਤਜਾਗ ਕਰਿ ਕਰਿ ਬਿਚਾਰਿ ਸੁਖ ਪਾਇ॥੩੬॥

ਅਜਿਹੀਆਂ ਇਤਿਆਦਿਕ ਗੱਲਾਂ ਸੁਣ ਕੇ ਬ੍ਰਾਹਮਣ ਪਾਸੋਂ ਬੋਲਿਆ ਨਹੀਂ ਸੀ ਜਾਂਦਾ। ਨਿਆਂ ਕਰਤਾ ਹੋ ਕੇ ਅਤੇ ਪੱਖਬਾਜ਼ੀ ਛੱਡ ਕੇ ਵਿਚਾਰ ਕਰ-ਕਰ ਕੇ ਸੁਖ ਪਾ ਰਿਹਾ ਸੀ॥ ੩੬॥

ਬਾਦ ਛੋਰਿ ਗੁਰ ਓਰ ਪਿਖ, ਜੁਗ ਕਰ ਜੋਰਿ ਬਖਾਨ।
'ਤੁਮ ਦਾਤਾ ਸਭਿ ਜਗਤ ਕੇ ਹਮਰੋ ਬਾਦ ਗੁਮਾਨ॥ ੩੭॥

ਵਿਵਾਦ ਛੱਡ ਅਤੇ ਗੁਰੂ ਜੀ ਵੱਲ ਵੇਖ ਕੇ ਦੋਵੇਂ ਹੱਥ ਜੋੜ ਕੇ ਬੋਲਿਆ, "ਤੁਸੀਂ ਸਾਰੇ ਜਗਤ ਦੇ ਦਾਤਾ ਹੋ, ਸਾਡਾ ਵਿਵਾਦ ਤਾਂ ਘੁਮੰਡ ਦੀ ਦੇਣ ਹੈ॥ ੩੭॥

ਸਿੱਖਜ ਕਰਹੁ, ਦੁਰਮਤਿ ਹਰਹੁ, ਮੋ ਕਹੁ ਲਖਿ ਕਰਿ ਦਾਸ।
ਕ੍ਰਿਪਾ ਸਿੰਧੁ ਮੈਂ ਬੂੰਦ ਸਮ ਕਜਾ ਕਰਿਹੌਂ ਸਮਤਾਸੁ॥ ੩੮॥

ਮੈਨੂੰ ਆਪਣਾ ਦਾਸ ਸਮਝ ਕੇ, ਆਪਣਾ ਸਿੱਖ ਬਣਾਵੋ ਤੇ ਮੇਰੀ ਭੈੜੀ ਬੁੱਧੀ ਨੂੰ ਦੂਰ ਕਰੋ। ਤੁਸੀਂ ਕਿਰਪਾ ਦੇ ਸਮੁੰਦਰ, ਹੋ, ਤੇ ਮੈਂ ਇਕ ਬੂੰਦ ਬਰਾਬਰ ਹਾਂ, ਮੈਂ ਆਪ ਦੀ ਬਰਾਬਰੀ ਕਿਵੇਂ ਕਰ ਸਕਦਾ ਹਾਂ॥ ੩੮॥

ਬਡੇ ਭਾਗ ਜਾਗੇ ਅਬਹਿ ਮੇਲ ਭਯੋ ਤੁਮ ਸਾਥ।
ਦੇ ਆਪਨਿ ਉਪਦੇਸ਼ ਕੋ ਕੀਜਹਿ ਮੋਹਿ ਸਨਾਥ'॥ ੩੯॥

ਮੇਰੇ ਵੱਡੇ ਭਾਗ ਜਾਗੇ ਹਨ ਜਿਹੜਾ ਹੁਣ ਤੁਹਾਡੇ ਨਾਲ ਮਿਲਾਪ ਹੋਇਆ ਹੈ, ਮੈਨੂੰ ਆਪਣਾ ਉਪਦੇਸ਼ ਦੇ ਕੇ ਸਵਾਮੀ ਵਾਲਾ ਬਣਾ ਦੇਵੋ''॥ ੩੯॥

ਇਮ ਕਹਿ ਪਗ ਪੰਕਜ ਗਹੇ ਤਜਾਗ ਜਾਤਿ ਹੰਕਾਰ।
ਸੰਕਟ ਬਸਿ ਨਿਜ ਜੀਵ ਲਖਿ ਗੁਰ ਪੂਰਨ ਅਵਤਾਰ॥ ੪੦॥

ਇਸ ਤਰ੍ਹਾਂ ਕਹਿ ਕੇ ਜਾਤੀ ਦਾ ਹੰਕਾਰ ਛੱਡ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਲਿਆ। ਆਪਣੇ ਜੀਵਨ ਨੂੰ ਸੰਕਟ ਵਸ ਸਮਝ ਕੇ ਗੁਰੂ ਜੀ ਨੂੰ ਪੂਰਨ ਅਵਤਾਰ ਜਾਣਿਆ॥ ੪੦॥

'ਕਰਹਿੰ ਉਧਾਰਨਿ ਕਸ਼ਟ ਤੇ ਬਧਨ ਕਾਟਹਿ ਮੋਰ।
ਮਹਾਂ ਕ੍ਰਿਪਾਲ ਸੁਸ਼ੀਲ ਹੈਂ ਹਰਹਿੰ ਆਪਦਾ ਘੋਰ'॥ ੪੧॥

"ਮੇਰੇ ਦੁਖਾਂ ਦਾ ਉਧਾਰ ਕਰੋ ਤੇ ਮੇਰੇ ਜੀਵਨ ਦੇ ਬੰਧਨਾਂ ਨੂੰ ਮਿਟਾ ਦੇਵੋ, ਤੁਸੀਂ ਮਹਾਂ ਕ੍ਰਿਪਾਲੂ ਅਤੇ ਸੁਸ਼ੀਲ ਹੋ, ਮੇਰੇ ਘੋਰ ਦੁਖਾਂ ਨੂੰ ਦੂਰ ਕਰੋ"॥ ੪੧॥

Sri Satguru Jagjit Singh Ji eLlibrary NamdhariElibrary@gmail.com

ਦੀਨ ਭਯੋ ਬਿਨਤੀ ਭਨਤਿ ਭਾਉ ਭਗਤਿ ਚਿਤ ਭੀਨ।
ਭਾਗ ਭੂਰ ਜਿਸ ਭਾਲ ਕੇ ਜਾਗੇ ਕਲਮਲ ਹੀਨ॥ ੪੨॥

ਬੜਾ ਦੀਨ ਹੋ ਕੇ ਬੇਨਤੀ ਕੀਤੀ ਅਤੇ ਚਿੱਤ ਵਿਚ ਪ੍ਰੇਮ-ਭਗਤੀ ਵਿਚ ਭਿੱਜ ਗਿਆ। ਜਿਸ ਦੇ ਮਸਤਕ ਦੇ ਚੰਗੇ ਭਾਗ ਜਾਗਣ ਉਹ ਪਾਪਾਂ ਤੋਂ ਰਹਿਤ ਹੋ ਜਾਂਦਾ ਹੈ॥ ੪੨॥

ਸ੍ਰੀ ਸਤਿਗੁਰ ਅਰਜਨ ਭਨਯੋ 'ਤੁਮ ਉੱਤਮ ਦਿਜ ਜਾਤਿ।
ਸਿਮਰਹੁ ਸ੍ਰੀ ਸਤਿਨਾਮ ਕੋ ਲਿਵ ਲਗਾਇ ਦਿਨ ਰਾਤ' ॥੪੩॥

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਕਿਹਾ, "ਤੁਸੀਂ ਉੱਤਮ ਬ੍ਰਾਹਮਣ ਜਾਤੀ ਨਾਲ ਸੰਬੰਧ ਰਖਦੇ ਹੋ, ਦਿਨ-ਰਾਤ ਲਿਵ ਲਾ ਕੇ ਸ੍ਰੀ ਸਤਿਨਾਮ ਦ ਸਿਮਰਨ ਕਰੋ" ॥ ੪੩॥

ਬਿੱਪ੍ਰ ਕਹਯੋ 'ਤ੍ਰਿਸਕਾਰ ਮੈਂ ਤੁਮਰੋ ਕੀਨਿ ਮਹਾਨ।
ਬਖਸ਼ਹੁ ਮੇਰੀ ਭੂਲ ਕੋ ਦਾਤਾ ਸਕਲ ਜਹਾਨ॥ ੪੪॥

ਬ੍ਰਾਹਮਣ ਨੇ ਕਿਹਾ, "ਮੈਂ ਤੁਹਾਡਾ ਬੜਾ ਨਿਰਾਦਰ ਕੀਤਾ ਹੈ, ਤੁਸੀ ਸਾਰੇ ਜਹਾਨ ਦੇ ਦਾਤਾ ਹੋ, ਮੇਰੀ ਭੁੱਲ ਨੂੰ ਬਖਸ਼ ਦੇਵੋ॥ ੪੪॥

ਸੁੰਦਰ ਪਦ ਅਰਬਿੰਦ ਮ੍ਰਿਦੁ ਜਲ ਸੋਂ ਇਨਹੁ ਪਖਾਰਿ।
ਦੀਜੈ ਮੈਂ ਮੁਖ ਪਾਨ ਕਰਿ ਬਨੌਂ ਸਿੱਖ ਹਿਤ ਧਾਰਿ' ॥ ੪੫॥

ਤੁਹਾਡੇ ਸੁੰਦਰ ਅਤੇ ਮੁਲਾਇਮ ਚਰਨ ਕੰਵਲ ਹਨ, ਇਨ੍ਹਾਂ ਨੂੰ ਜਲ ਨਾਲ ਸਾਫ ਕਰਕੇ, ਉਹ ਜਲ ਮੈਨੂੰ ਦੇਵੋ, ਮੈਂ ਉਸ ਨੂੰ ਮੁਖ ਵਿਚ ਪਾ ਕੇ ਹਿੱਤ ਧਾਰ ਕੇ ਆਪ ਜੀ ਦਾ ਸਿੱਖ ਬਣਾਂ" ॥ ੪੫॥

ਸ੍ਰੀ ਗੁਰੂ ਅਰਜਨ ਦੇਵ ਨੇ ਜਾਨਯੋ ਸ਼ਰਧਾ ਮਾਂਹਿ।
ਚਰਣਾਂਮ੍ਰਿਤ ਦੇ ਦਾਸ ਕਿਯ ਸਭਿ ਬਿਕਾਰ ਹਰਿ ਤਾਂਹਿ॥੪੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਇਹ ਜਾਣਿਆ ਕਿ ਉਸ ਨੇ ਵੱਡੀ ਸ਼ਰਧਾ ਧਾਰਨ ਕੀਤੀ ਹੋਈ ਹੈ ਤਾਂ ਉਸ ਨੂੰ ਚਰਣਾਂਮ੍ਰਿਤ ਦੇ ਕੇ ਆਪਣਾ ਸੇਵਕ ਬਣਾ ਲਿਆ ਤੇ ਉਸ ਦੇ ਸਾਰੇ ਵਿਕਾਰਾਂ ਨੂੰ ਦੂਰ ਕਰ ਦਿੱਤਾ॥ ੪੬॥

ਲਿਵ ਲਾਗੀ ਸਤਿਨਾਮ ਸੋਂ ਰਸਨਾ ਨੇ ਰਸ ਪਾਇ।
ਅਧਿਕਾਰੀ ਭਾ ਗਜਾਨ ਕੋ ਸ੍ਰੀ ਗੁਰ ਕਰੁਨਾ ਪਾਇ॥ ੪੭॥

ਬ੍ਰਾਹਮਣ ਦੀ ਸਤਿਨਾਮ ਨਾਲ ਲਿਵ ਲੱਗ ਗਈ ਤੇ ਜੀਭ ਨੇ ਰਸ ਪ੍ਰਾਪਤ ਕੀਤਾ, ਸ੍ਰੀ ਗੁਰੂ ਜੀ ਦੀ ਕਿਰਪਾ ਨਾਲ ਗਿਆਨ ਦਾ ਅਧਿਕਾਰੀ ਬਣ ਗਿਆ॥ ੪੭॥

ਚਾਰ ਪਦਾਰਥ ਪਾਇ ਕੈ ਦਿਜਬਰ ਭਯੋ ਨਿਹਾਲ।
ਸੁਜਸੁ ਕਰਤਿ ਗੁਰ ਕੋ ਸਦਾ ਮਹਿਮਾ ਲਖੀ ਬਿਸਾਲ॥ ੪੮॥

ਚਾਰ ਪਦਾਰਥ ਪਾ ਕੇ ਬ੍ਰਾਹਮਣ ਨਿਹਾਲ ਹੋ ਗਿਆ, ਹਰ ਵੇਲੇ ਗੁਰੂ ਜੀ ਦਾ ਜੱਸ ਕਰਦਾ ਸੀ, ਜਿਨ੍ਹਾਂ ਦੀ ਉਸ ਮਹਾਨ ਮਹਿਮਾਂ ਵੇਖੀ॥ ੪੮॥

ਬਿੱਪ੍ਰ ਸੰਗ ਪਰਸੰਗ ਇਮ ਹੋਯੋ ਗੁਰੂ ਕ੍ਰਿਪਾਲ।
ਅਬਿ ਆਗਲ ਇਤਿਹਾਸ ਕੋ ਸ਼੍ਰੋਤਾ ਸੁਨੋ ਰਸਾਲ॥ ੪੯॥

ਕ੍ਰਿਪਾਲੂ ਗੁਰੂ ਜੀ ਦਾ ਇਸ ਤਰ੍ਹਾਂ ਬ੍ਰਾਹਮਣ ਨਾਲ ਪ੍ਰਸੰਗ ਹੋਇਆ, ਹੁਣ ਸ੍ਰੋਤਾ ਗਨ ਅਗਲੇ ਸੁੰਦਰ ਅਤੇ ਰਸੀਲੇ ਇਤਿਹਾਸ ਨੂੰ ਸੁਣੋ॥ ੪੯॥

Sri Satguru Jagjit Singh Ji eLlibrary NamdhariElibrary@gmail.com

ਕਿਤਿਕ ਸਮਾਂ ਬੀਤਯੋ ਤਹਾਂ ਰਹੇ ਗੁਰੂ ਇਸ ਰੀਤਿ।
ਸਿੱਖਯ ਹੋਇਂ ਬਹੁ ਆਨ ਕਰਿ ਪਗ ਪੰਕਜ ਕਰਿ ਪ੍ਰੀਤਿ ॥੫੦॥

ਗੁਰੂ ਜੀ ਦਾ ਇਸ ਰੀਤੀ ਨਾਲ ਓਥੇ ਰਹਿੰਦਿਆਂ ਕਾਫੀ ਸਮਾਂ ਬੀਤ ਗਿਆ, ਬਹੁਤ ਲੋਕ ਉਨ੍ਹਾਂ ਦੇ ਚਰਨਾਂ ਕੰਵਲਾਂ ਨਾਲ ਪ੍ਰੀਤ ਕਰਕੇ ਉਨ੍ਹਾਂ ਦੇ ਸਿੱਖ ਹੋਏ॥ ੫੦॥

ਸ੍ਰੀ ਅੰਮ੍ਰਿਤਸਰ ਕੋ ਨਗਰ ਬਹੁਤ ਬਸਾਵਨਿ ਕੀਨਿ।
ਸੇਵਹਿਂ ਸ੍ਰੀ ਗੁਰ ਦੇਵ ਕੋ ਅਹੰਮਵ ਤੇ ਹੀਨ॥ ੫੧॥

ਸ੍ਰੀ ਅੰਮ੍ਰਿਤਸਰ ਨਗਰ ਨੂੰ ਬਹੁਤ ਵਸਾਇਆ, ਸਾਰੇ ਨਿਵਾਸੀ ਹਉਮੈਂ ਤਿਆਗ ਕੇ ਗੁਰੂ ਜੀ ਦੀ ਸੇਵਾ ਕਰਦੇ ਸਨ॥ ੫੧॥

ਸੁਧਾ ਸਰੋਵਰ ਏਕ ਦਿਸਿ ਦੂਜੀ ਦਿਸ਼ ਨਿਜ ਧਾਮ।
ਰਚਯੋ ਬਜ਼ਾਰ ਦੁਕਾਨ ਕਰਿ ਹੋਤਿ ਬਨਜ਼ ਕੋ ਕਾਮ॥ ੫੨॥

ਇਕ ਪਾਸੇ ਅੰਮ੍ਰਿਤ ਸਰੋਵਰ ਸੀ ਅਤੇ ਦੂਜੇ ਪਾਸੇ ਗੁਰੂ ਜੀ ਦਾ ਆਪਣਾ ਘਰ ਸੀ। ਵਿਚ ਦੁਕਾਨਾਂ ਬਣਵਾ ਕੇ ਵੱਡਾ ਬਾਜ਼ਾਰ ਤਿਆਰ ਕੀਤਾ ਸੀ ਜਿਥੇ ਵਣਜ ਵਿਉਪਾਰ ਦਾ ਕੰਮ ਚਲਦਾ ਸੀ॥ ੫੨॥

ਧਨੀ ਬਨਕ ਬਹੁ ਬਸੇ ਤਹਿਂ ਗੁਰ ਕੇ ਬਾਕਨਿ ਮਾਨਿ।
ਸੌਦਾ ਲੇ ਸਭਿ ਭਾਂਤਿ ਕੋ ਪੂਰਨ ਕਰਹਿਂ ਦੁਕਾਨ॥ ੫੩॥

ਗੁਰੂ ਜੀ ਦੇ ਬਚਨ ਮੰਨ ਕੇ ਬਹੁਤ ਧਨੀ ਬਾਣੀਏ, ਅੰਮ੍ਰਿਤਸਰ ਸ਼ਹਿਰ ਵਿਚ ਆ ਵੱਸੇ। ਬਹੁਤ ਪ੍ਰਕਾਰ ਦਾ ਸੌਦਾ ਪਾ ਕੇ ਉਨ੍ਹਾਂ ਦੁਕਾਨਾਂ ਭਰੀਆਂ ਹੋਈਆਂ ਸਨ॥ ੫੩॥

ਇਕ ਦਿਨ ਇਕਠੇ ਬਨਕ ਹੁਇ ਸਭਿ ਆਏ ਗੁਰ ਪਾਸਿ।
ਪ੍ਰਥਮ ਨਮੋ ਕਰਿ ਕਹਤਿ ਭੇ ਹਾਥ ਜੋਰਿ ਅਰਦਾਸ॥ ੫੪॥

ਇਕ ਦਿਨ ਸਾਰੇ ਬਾਣੀਏ ਇਕੱਠੇ ਹੋ ਕੇ ਗੁਰੂ ਜੀ ਦੇ ਪਾਸ ਆਏ। ਪਹਿਲਾਂ ਨਮਸਕਾਰ ਕਰਕੇ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥ ੫੪॥

'ਸ੍ਰੀ ਗੁਰ ਤੁਮਰੇ ਮਾਨਿ ਬਚ ਬੈਠੇ ਰਚਯੋ ਬਜ਼ਾਰ।
ਨਹੀਂ ਬਨਜ ਕੁਛ ਹੋਤਿ ਹੈ ਖਾਵਹਿਂ ਕੁਤੋ ਅਹਾਰ॥ ੫੫॥

"ਹੇ ਗੁਰੂ ਜੀ! ਅਸੀਂ ਤੁਹਾਡੇ ਬਚਨ ਮੰਨ ਕੇ ਤੁਹਾਡੇ ਬਣਾਏ ਬਾਜ਼ਾਰ ਵਿਚ ਬੈਠੇ ਹਾਂ, ਹੁਣ ਵਿਉਪਾਰ ਕੁਝ ਹੁੰਦਾ ਨਹੀਂ ਹੈ, ਇਸ ਲਈ ਭੋਜਨ ਕਿਥੋਂ ਖਾਈਏ॥ ੫੫॥

ਨਹਿਂ ਗਾਹਕ ਆਵਹਿਂ ਕਬਹੁਂ ਬਿਕਹਿ ਬਸਤੁ ਨਹਿਂ ਕਾਹਿ।
ਬਿਨ ਲੇਵਾ ਦੇਵੀ ਕਰੇ ਦਰਬ ਕਹਾਂ ਤੇ ਪਾਂਹਿਂ' ॥ ੫੬॥

ਕੋਈ ਗਾਹਕ ਨਹੀਂ ਆਉਂਦਾ, ਜਿਸ ਕਰਕੇ ਕੋਈ ਵਸਤੂ ਵੀ ਵਿਕਦੀ ਨਹੀਂ ਹੈ, ਕੁਝ ਲੈਣ ਦੇਣ ਤੋਂ ਬਗ਼ੈਰ ਧਨ ਕਿਥੋਂ ਪਾਵਾਂਗੇ" ॥੫੬॥

ਸੁਨਿ ਸ੍ਰੀ ਅਰਜਨ ਨਾਥ ਜੀ ਬਨਕਨਿ ਸੰਗ ਬਖਾਨ।
'ਨਿਤਪ੍ਰਤਿ ਸ੍ਰੀ ਦਰਬਾਰ ਮਹਿਂ ਮਸਤਕ ਟੇਕਹੁ ਆਨਿ ॥੫੭॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਬਾਣੀਆਂ ਨੂੰ ਕਿਹਾ, "ਰੋਜ਼ਾਨਾ ਸ੍ਰੀ ਦਰਬਾਰ ਵਿਚ ਆ ਕੇ ਮੱਥਾ ਟੇਕੋ॥ ੫੭॥

ਇਕ ਬਿਰਾਟਿਕਾ ਦੋਇ ਤ੍ਰੈ ਚਹੁ ਪੰਚਮ ਲੇ ਹਾਥ।
ਯਥਾ ਸ਼ਕਤਿ ਧਨ ਭੇਟ ਦਿਹੁ ਭਾਉ ਭਗਤਿ ਕੇ ਸਾਥ॥ ੫੮॥

ਇਕ ਕਉਡੀ ਦੋ ਤਿੰਨ ਚਾਰ ਪੰਜ ਹੱਥ ਵਿਚ ਲੈ ਕੇ ਆਪਣੀ ਨਿਜੀ ਸਮਰੱਥਾ ਅਨੁਸਾਰ ਪ੍ਰੇਮ ਭਗਤੀ ਦੇ ਨਾਲ ਧਨ ਭੇਟ ਕਰੋ॥ ੫੮॥

ਬਹੁਰ ਕਰਹੁ ਬਿਵਹਾਰ ਕੋ ਸਗਰੇ ਬਾਸੁਰ ਮਾਂਹਿ।
ਸੰਧਯਾ ਪੁਨਿ ਬੰਦਨ ਕਰਹੁ ਦੇਹੁ ਪ੍ਰਦੱਛਨ ਜਾਹਿ॥ ੫੯॥

ਫਿਰ ਸਾਰਾ ਦਿਨ ਵਿਉਪਾਰ ਕਰੋ, ਸ਼ਾਮ ਨੂੰ ਫਿਰ ਪਰਿਕਰਮਾ ਕਰਕੇ ਬੰਦਨਾ ਕਰੋ॥ ੫੯॥

ਹੋਹਿ ਬਨਜ ਨਿਜ ਅਧਿਕ ਹੀ ਧਨੀ ਬਨਹੁ ਸੁਖੁ ਪਾਇ।
ਪੁੱਤ੍ਰ ਪੌਤ੍ਰ ਜੁਤ ਫਲਹੁਗੇ ਸੰਸੈ ਦੇਹੁ ਮਿਟਾਇ॥ ੬੦॥

ਤੁਹਾਡਾ ਨਿਜੀ ਵਿਉਪਾਰ ਬਹੁਤ ਵਧੇਗਾ, ਧਨੀ ਬਣ ਕੇ ਸੁਖ ਪਾਉਗੇ, ਪੁੱਤਰਾਂ ਸਹਿਤ ਫਲੋ ਫੁਲੋਗੇ, ਆਪਣੇ ਸਾਰੇ ਸ਼ੰਕੇ ਮਿਟਾ ਦੇਵੋ"॥ ੬੦॥

ਸੁਨਿ ਕੈ ਸਭਿ ਕਰ ਜੋਰਿ ਕੈ ਮਾਨਿ ਤਿਸੀ ਬਿਧਿ ਕੀਨਿ।
ਚਲਯੋ ਬਨਜ ਧਨ ਗਨ ਭਯੋ ਪ੍ਰਾਪਤਿ ਭੇ ਸੁਖ ਪੀਨ॥ ੬੧॥

ਸਾਰਿਆਂ ਨੇ ਸੁਣ ਕੇ ਹੱਥ ਜੋੜ ਕੇ ਗੁਰੂ ਜੀ ਦੀ ਗੱਲ ਮੰਨ ਲਈ ਤੇ ਅੱਗੇ ਤੋਂ ਫਿਰ ਉਸ ਤਰ੍ਹਾਂ ਹੀ ਕੀਤਾ, ਉਨ੍ਹਾਂ ਦਾ ਫਿਰ ਵਿਉਪਾਰ ਚੰਗਾ ਚਲਿਆ, ਬਹੁਤ ਧਨ ਪ੍ਰਾਪਤ ਕਰਕੇ ਸੁਖ ਪਾਇਆ॥ ੬੧॥

*ਤੀਸਰੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

## ਅਧਿਆਇ ਤੀਹਵਾਂ

*ਸ਼੍ਰੀ ਹਰਿ ਗੋਵਿੰਦ ਜੀ ਨੂੰ ਤਾਪ ਦਾ ਖੇਦ*

ਦੋਹਰਾ-ਸ੍ਰੀ ਗੁਰੁ ਹਰਿ ਗੋਬਿੰਦ ਜੀ ਖੇਲਤਿ ਲਰਕਨਿ ਸੰਗ।
ਅਜਰ ਬਿਹਾਰਤਿ ਦੌਰਤੇ ਦੇਖਤਿ ਜਨਨੀ ਗੰਗ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਲੜਕਿਆਂ ਨਾਲ ਖੇਡਦੇ ਹਨ ਅਤੇ ਮਾਤਾ ਗੰਗਾ ਜੀ ਦੇ ਵੇਖਦਿਆਂ ਵੇਹੜੇ ਵਿਚ ਵਿਚਰਦੇ ਅਤੇ ਦੌੜਦੇ ਹਨ॥ ੧॥

ਤੋਟਕ ਛੰਦ- ਤਨ ਭੂਖਨ ਚਾਰੁ ਅਦੂਖਨ ਕੇ। ਪਿਖਿ ਨਾਸ਼ਕ ਬ੍ਰਿੰਦ ਕਲੂਖਨਿ ਕੇ।
ਸੁਖ ਦੇਤਿ ਮਹਾਂਸਿਖ ਦਾਸਨਿ ਕੋ। ਰਹਿੰ ਸੰਗ ਅੱਗਜਾਨ ਬਿਨਾਸ਼ਨ ਕੋ॥੨॥

ਸਰੀਰ ਉਤੇ ਦੁੱਖ ਦੂਰ ਕਰਨ ਵਾਲੇ ਸੁੰਦਰ ਗਹਿਣੇ ਪਹਿਣੇ ਹਨ, ਜਿਨ੍ਹਾਂ ਨੂੰ ਵੇਖ ਕੇ ਪਾਪਾਂ ਦਾ ਨਾਸ਼ ਹੁੰਦਾ ਹੈ। ਜਿਹੜੇ ਸਿੱਖਾਂ ਅਤੇ ਦਾਸਾਂ ਨੂੰ ਵੱਡਾ ਸੁੱਖ ਦਿੰਦੇ ਹਨ, ਜਿਹੜੇ ਸਿੱਖ ਗੁਰੂ ਜੀ ਨਾਲ ਅਗਿਆਨਤਾ ਦਾ ਨਾਸ਼ ਕਰਨ ਵਾਸਤੇ ਰਹਿੰਦੇ ਹਨ॥ ੨॥

ਦਰਸੰਤਿ ਭਲੇ ਪਰਸੰਤਿ ਪਗੰ। ਹਰਖੰਤਿ ਰਿਦੇ ਹਰਿ ਪੰਥ ਲਗੇ।

ਫਲ ਦੇਖਨਿ ਕੋ ਬਡ ਪਾਵਤ ਹੈਂ। ਤਜਿ ਬ੍ਰਿੰਦ ਬਿਕਾਰ ਸੁਹਾਵਤਿ ਹੈਂ ॥੩॥

ਭਲੇ ਦਰਸ਼ਨ ਕਰਦੇ ਹਨ ਅਤੇ ਚਰਨ ਕੰਵਲਾਂ ਨੂੰ ਪਰਸਦੇ ਹਨ, ਹਿਰਦੇ ਵਿਚ ਖ਼ੁਸ਼ ਹੁੰਦੇ ਹਨ ਤੇ ਪਰਮੇਸ਼ਰ ਦੇ ਰਾਹ ਲੱਗਦੇ ਹਨ। ਦਰਸ਼ਨ ਕਰਨ ਦਾ ਵੱਡਾ ਫਲ ਪਾਉਂਦੇ ਹਨ, ਵਿਕਾਰਾਂ ਨੂੰ ਛੱਡ ਕੇ ਸ਼ੋਭਦੇ ਹਨ॥ ੩॥

ਇਮ ਕੇਤਿਕ ਦਯੋਸ ਬਿਤੀਤ ਗਏ। ਬਡ ਡੀਲ ਸ਼ਰੀਰ ਸੁ ਹੋਤਿ ਭਏ।

ਤਨ ਧਾਰਨਿ ਕੋ ਜਿਨ ਸ੍ਵਾਂਗ ਲਯੋ। ਨਿਰਬਾਹਤਿ ਤੈਸਿਯ ਰੀਤਿ ਕਯੋ ॥੪॥

ਇਸ ਤਰ੍ਹਾਂ ਕਈ ਦਿਨ ਬੀਤ ਗਏ, ਗੁਰੂ ਜੀ ਦਾ ਸਰੀਰ ਵੱਡੇ ਡੀਲ-ਡੌਲ ਵਾਲਾ ਹੋ ਗਿਆ। ਮਨੁੱਖਾ ਸਰੀਰ ਧਾਰਨ ਦਾ ਜਿਨ੍ਹਾਂ ਸਵਾਂਗ ਲਿਆ ਸੀ, ਉਸ ਰੀਤੀ ਅਨੁਸਾਰ ਹੀ ਉਸ ਦਾ ਨਿਰਬਾਹ ਕਰ ਰਹੇ ਹਨ॥ ੪॥

ਇਕ ਦਯੋਸ ਚਢਯੋ ਤਨੁ ਤਾਪ ਮਹਾਂ। ਬਹੁ ਕੰਪਤਿ ਅੰਗ ਸੰਤਾਪ ਲਹਾ।

ਬਹੁ ਬਾਰਹਿ ਬਾਰਿ ਸੁ ਪਾਨਿ ਕਰੈਂ। ਮੁਖ ਸੂਕਤਿ ਜਾਤਿ ਨ ਹੋਤਿ ਥਿਰੇ ॥੫॥

ਇਕ ਦਿਨ ਸਰੀਰ ਨੂੰ ਬਹੁਤ ਤਾਪ ਚੜ੍ਹ ਗਿਆ, ਅੰਗ ਬਹੁਤ ਕੰਬ ਰਹੇ ਸਨ ਤੇ ਸਰੀਰ ਨੇ ਬੜਾ ਦੁਖ ਪਾਇਆ। ਬਾਰ-ਬਾਰ ਜਲ ਪੀਂਦੇ ਸਨ, ਮੂੰਹ ਸੁੱਕਦਾ ਸੀ ਤੇ ਖੜੇ ਨਹੀਂ ਸੀ ਹੋਇਆ ਜਾਂਦਾ॥ ੫॥

ਪਿਖਿ ਗੰਗ ਸੁ ਬਯਾਕੁਲ ਨੰਦਨ ਕੋ। ਸੁਧਿ ਭੇਜ ਦਈ ਜਗਬੰਦਨ ਕੋ।

ਢਿਗ ਬੈਠਿ ਰਹੀ ਦੁਖ ਪਾਵਤਿ ਹੈ।ਪ੍ਰਿਯ ਪੁੱਤ੍ਰ ਪਿਖੇ ਤਪਤਾਵਤ ਹੈ ॥੬॥

ਮਾਤਾ ਗੰਗਾ ਜੀ ਨੇ ਜਦ ਆਪਣੇ ਪੁੱਤਰ ਨੂੰ ਏਨਾ ਵਿਆਕੁਲ ਵੇਖਿਆ ਤਾਂ ਉਨ੍ਹਾਂ ਜਗਤ ਦੇ ਬੰਧਨ ਕੱਟਣ ਵਾਲੇ ਭਾਵ ਗੁਰੂ ਅਰਜਨ ਦੇਵ ਜੀ ਨੂੰ ਖ਼ਬਰ ਭੇਜ ਦਿੱਤੀ। ਪਾਸ ਬੈਠੀ ਦੁੱਖ ਪਾ ਰਹੀ ਹੈ, ਆਪਣੇ ਪਿਆਰੇ ਪੁੱਤਰ ਦਾ ਤਾਪ ਵੇਖ ਕੇ ਬਹੁਤ ਦੁਖੀ ਹੋਈ ਹੈ॥ ੬॥

ਨਿਜ ਹਾਥ ਲਗਾਇ ਰਹੀ ਤਨ ਕੋ। ਸੁਧਿ ਬੂਝਤਿ, ਪੀਰ ਬਡੀ ਮਨ ਕੋ।

ਇਤਨੇ ਮੈਂ ਸ਼੍ਰੀ ਗੁਰ ਆਪ ਅਏ। ਨਿਜ ਨੰਦਨ ਦੇਖਿ ਸਮੀਪ ਭਏ ॥੭॥

ਪੁੱਤਰ ਦੇ ਸਰੀਰ ਨੂੰ ਆਪਣਾ ਹੱਥ ਲਾਉਂਦੀ ਹੈ ਅਤੇ ਵੱਡੀ ਪੀੜ ਜਾਣ ਕੇ ਖ਼ਬਰ ਪੁੱਛਦੀ ਹੈ। ਏਨੀ ਦੇਰ ਵਿਚ ਗੁਰੂ ਜੀ ਆਪ ਆ ਗਏ, ਆਪਣੇ ਪੁੱਤਰ ਨੂੰ ਵੇਖ ਕੇ ਨੇੜੇ ਹੋ ਗਏ॥ ੭॥

ਮਨ ਬਯਾਕੁਲ ਗੰਗ ਬਿਸ਼ਾਲ ਲਖੀ। ਦ੍ਰਿਗ ਢੋਰਤਿ ਹੇਰਤਿ ਨੰਦ ਦੁਖੀ।

ਤਜਿ ਖਾਨ ਰੁ ਪਾਨ ਬਿਸੂਰਤਿ ਹੈ। ਚਿਤ ਚਿੰਤ ਮਨੋ ਇਹ ਮੂਰਤਿ ਹੈ ॥੮॥

ਜਦ ਆਪਣੀ ਪਤਨੀ ਗੰਗਾ ਜੀ ਨੂੰ ਬਹੁਤ ਵਿਆਕੁਲ ਵੇਖਿਆ, ਜਿਹੜੇ ਕਿ ਦੁਖੀ ਪੁੱਤਰ ਨੂੰ ਵੇਖ ਕੇ ਅੱਖਾਂ ਵਿਚ ਹੰਝੂ ਵਿਹਾ ਰਹੇ ਹਨ। ਖਾਣਾ-ਪੀਣਾ ਛੱਡ ਕੇ ਬੁਰਾ ਹਾਲ ਹੋਇਆ ਹੈ। ਚਿੱਤ ਵਿਚ ਐਸੀ ਚਿੰਤਾ ਕਰ ਰਹੇ ਹਨ, ਮਾਨੋਂ ਉਹ ਚਿੰਤਾ ਦੀ ਹੀ ਮੂਰਤੀ ਬਣੇ ਹਨ॥ ੮॥

ਨਹਿੰ ਆਨ ਬਿਖੈ ਮਨ ਕਾਰਜ ਕੋ। ਇਮ ਸੰਕਟ ਦੇਖਿ ਸੁ ਆਰਜ ਕੋ।

ਢਿਗ ਬੈਠਿ ਗਏ ਕਰੁਨਾ ਕਰਿ ਕੈ। ਸੁਤਿ ਦੇਹ ਸੁ ਤਾਪ ਰਹਯੋ ਚਰਿ ਕੈ ॥੯॥

ਹੋਰ ਕਿਸੇ ਕੰਮ ਵਿਚ ਮਨ ਨਹੀਂ ਲੱਗਦਾ ਹੈ, ਇਸ ਤਰ੍ਹਾਂ ਸ੍ਰੇਸ਼ਟ ਇਸਤਰੀ ਦਾ ਦੁਖ ਵੇਖ ਕੇ, ਗੁਰੂ ਜੀ ਕਿਰਪਾ ਕਰਕੇ ਪਾਸ ਬੈਠ ਗਏ, ਪੁੱਤਰ ਦੇ ਸਰੀਰ ਨੂੰ ਤਾਪ ਚੜ੍ਹਿਆ ਹੋਇਆ ਹੈ॥ ੯॥

ਗਨ ਦਾਸ ਪਿਖੇ ਦੁਖ ਪਾਵਤਿ ਹੈਂ। ਮੁਰਝਾਇ ਕਛੂ ਨ ਸੁਹਾਵਤਿ ਹੈ।
ਸਭਿਹੂੰਨਿ ਮਨੋ ਜਰ ਜੀਵਨ ਕੀ। ਮਨ ਆਨੰਦ ਦੀਰਘ ਥੀਵਨ ਕੀ ॥੧੦॥

ਸਮੂਹ ਸੇਵਕ ਵੇਖ ਕੇ ਦੁਖ ਪਾਉਂਦੇ ਹਨ, ਉਨ੍ਹਾਂ ਦੇ ਚਿਹਰੇ ਮੁਰਝਾਏ ਹੋਏ ਹਨ ਤੇ ਉਨ੍ਹਾਂ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਮਾਨੋਂ ਸਾਰਿਆਂ ਦੇ ਜੀਵਨ ਦੀ ਜੜ੍ਹ ਹਨ, ਅਤੇ ਮਨ ਅਤਿਅੰਤ ਅਨੰਦ-ਮਈ ਹੋਣ ਦੀ ਵੀ ਜਿਵੇਂ ਜੜ੍ਹ ਹਨ॥ ੧੦॥

ਇਮ ਸ੍ਰੀ ਗੁਰ ਦੇਖਿ ਬਿਸ਼ੇਖ ਦੁਖੀ। ਪਰਵਾਰ ਅਧਾਰ ਸਭੀ ਬਿਲਖੀ।
ਤਜਿ ਆਨ ਉਪਾਵ ਬਡੇ ਜਗ ਕੇ। ਪਰਮੇਸ਼ੁਰ ਪ੍ਰੀਤ ਰਹੀ ਲਗਕੇ ॥੧੧॥

ਸ੍ਰੀ ਗੁਰੂ ਜੀ ਇਸ ਤਰ੍ਹਾਂ ਸਾਰਿਆਂ ਨੂੰ ਦੁਖੀ ਵੇਖ ਕੇ (ਸੇਵਕਾਂ ਅਤੇ ਪਰਿਵਾਰ ਦੋਹਾਂ ਨੂੰ) ਇਹ ਸਮਝ ਗਏ ਕਿ ਸਾਰੇ ਪਰਿਵਾਰ ਅਤੇ ਸੇਵਕਾਂ ਦਾ ਆਸਰਾ ਸ੍ਰੀ ਹਰਿਗੋਬਿੰਦ ਜੀ ਹਨ। ਸਾਰੇ ਜਗਤ ਦੇ ਹੋਰ ਉਪਾਅ ਛੱਡ ਕੇ ਕੇਵਲ ਪਰਮੇਸ਼ਰ ਨਾਲ ਪ੍ਰੀਤ ਲੱਗੀ ਹੋਈ ਹੈ॥ ੧੧॥

ਸਤਿਨਾਮ ਸੁ ਮੰਤ੍ਰ ਮਹਾਂ ਜਪਿਕੈ। ਬਡ ਦਾਰੁਨ ਕਾਰਨ ਜੋ ਤਪਕੈ।
ਕਰ ਸ੍ਰੀਗੁਰ ਫੇਰਨਿ ਕੀਨਿ ਜਬੈ। ਮੁਖ ਪੈ ਤਨ ਪੈ, ਹਤਿ ਤਾਪ ਤਬੈ ॥੧੨॥

ਸਤਿਨਾਮ ਦਾ ਮਹਾਂ ਮੰਤਰ ਜਪ ਕੇ ਜਿਹੜਾ ਭਿਆਨਕ ਤਾਪ ਦੀ ਨਿਵਿਰਤੀ ਦਾ ਵੱਡਾ ਕਾਰਨ ਹੈ, ਜਦ ਗੁਰੂ ਜੀ ਨੇ ਆਪਣਾ ਹੱਥ ਸ੍ਰੀ ਹਰਿਗੋਬਿੰਦ ਦੇ ਮੁਖੜੇ ਅਤੇ ਸਰੀਰ ਤੇ ਫੇਰਿਆ ਤਾਂ ਉਸੇ ਵੇਲੇ ਤਾਪ ਦੂਰ ਹੋ ਗਿਆ॥ ੧੨॥

ਨ ਰਹਯੋ ਤਪ ਯੌਂ ਤਤਕਾਲ ਹਯੋ। ਉਠਿ ਸ੍ਰੀ ਹਰਿ ਗੋਬਿੰਦ ਬੈਠਿ ਗਯੋ।
ਜਿਮ ਪੂਰਬ ਖੇਲਤਿ ਮੋਦ ਧਰੇ। ਤਿਸ ਰੀਤਿ ਮਹਾਂ ਹਰਿਖੰਤਿ ਫਿਰੇ ॥੧੩॥

ਤਾਪ ਨਾ ਰਿਹਾ ਤੇ ਫੌਰਨ ਦੂਰ ਹੋ ਗਿਆ ਤੇ ਸ੍ਰੀ ਹਰਿਗੋਬਿੰਦ ਜੀ ਉੱਠ ਕੇ ਬੈਠ ਗਏ ਜਿਵੇਂ ਪਹਿਲਾਂ ਖੇਡਦਿਆਂ ਆਨੰਦ ਮਾਣਦੇ ਸਨ, ਉਸ ਤਰ੍ਹਾਂ ਹੀ ਫਿਰ ਖੇਡਾਂ ਖੇਡ ਕੇ ਮਹਾਂ ਪ੍ਰਸੰਨ ਹੋ ਰਹੇ ਸਨ॥ ੧੩॥

ਪਰਵਾਰ ਨਿਹਾਰਿ ਅਨੰਦ ਭਯੋ। ਸਮੁਦਾਇ ਮਿਲੇ ਉਤਸਾਹ ਕਯੋ।
ਸਭਿ ਸ੍ਰੀ ਗੁਰ ਕੋ ਕਰ ਜੋਰ ਕਹੈਂ। 'ਦੁਖ ਬ੍ਰਿੰਦ ਤੁਮਾਰਿ ਅਧੀਨ ਰਹੈਂ ॥੧੪॥

ਸਾਰਾ ਪਰਿਵਾਰ ਵੇਖ ਕੇ ਖ਼ੁਸ਼ ਹੋ ਗਿਆ, ਸਾਰੇ ਸੇਵਕਾਂ ਨੇ ਆਪਸ ਵਿਚ ਮਿਲ ਕੇ ਬੜਾ ਉਤਸ਼ਾਹ ਕੀਤਾ। ਸਾਰੇ ਗੁਰੂ ਜੀ ਅੱਗੇ ਹੱਥ ਜੋੜ ਕੇ ਖੜੇ ਹੋ ਗਏ ਅਤੇ ਕਹਿਣ ਲੱਗੇ, "ਸਮੂਹ ਦੁਖ ਤੁਹਾਡੇ ਹੀ ਅਧੀਨ ਰਹਿੰਦੇ ਹਨ॥ ੧੪॥

ਜਿਮ ਰਾਵਰ ਕੀ ਲਖਤੇ ਮਰਜ਼ੀ। ਤਿਮ ਹੋਤਿ ਸਭੈ, ਭਨਤੇ ਅਰਜ਼ੀ।
ਨਹਿਂ ਆਪ ਕਛੂ ਕਰਿ ਸਾਕਤਿ ਹੈਂ। ਪਦ ਧੂਲ ਜਮਾਦਿਕ ਤਾਕਤਿ ਹੈਂ ॥੧੫॥

ਜਿਵੇਂ ਆਪ ਜੀ ਠੀਕ ਸਮਝਦੇ ਹੋ, ਉਸ ਤਰ੍ਹਾਂ ਹੀ ਸਭ ਕੁਝ ਹੁੰਦਾ ਹੈ। ਜਮ ਆਦਿ ਵੀ ਆਪ ਦੀ ਚਰਨ ਧੂੜ ਨੂੰ ਤੱਕਦੇ ਰਹਿੰਦੇ ਹਨ ਆਪ ਕੁਝ ਨਹੀਂ ਕਰ ਸਕਦੇ, ਉਹ ਵੀ ਆਪ ਪਾਸ ਹੀ ਬੇਨਤੀਆਂ ਕਰਦੇ ਹਨ" ॥ ੧੫॥

ਸੁਨਿ ਸ੍ਰੀ ਗੁਰ ਨਾਮ ਬਿਸ਼ੇਸ਼ਤਿ ਹੈਂ। ਸਿਖ ਸੰਗਤਿ ਕੋ ਉਪਦੇਸ਼ਤਿ ਹੈਂ।
'ਇਹ ਮੰਤ੍ਰ ਮਹਾਂ ਸਤਿਨਾਮ ਅਹੈ। ਨਿਜ ਜੀਹ ਜਪੈ ਜੁ ਅਰੋਗ ਰਹੈ ॥੧੬॥

ਇਹ ਸੁਣ ਕੇ ਗੁਰੂ ਜੀ ਨਾਮ ਦੀ ਵਿਸ਼ੇਸ਼ਤਾ ਕਹਿੰਦੇ ਹਨ ਅਤੇ ਸਿੱਖ ਸੰਗਤ ਨੂੰ ਉਪਦੇਸ਼ ਕਰਦੇ ਹਨ। "ਇਹ ਸਤਿਨਾਮ ਸਭ ਤੋਂ ਵੱਡਾ ਮੰਤਰ ਹੈ, ਜਿਹੜਾ ਅਰੋਗ ਰਹਿਣਾ ਚਾਹੁੰਦਾ ਹੈ, ਉਹ ਇਸ ਦਾ ਸਦਾ ਜਾਪ ਕਰੇ॥ ੧੬॥

Sri Satguru Jagjit Singh Ji eLlibrary NamdhariElibrary@gmail.com

ਤਨ ਤਾਪ ਕਹਾਂ ਇਸ ਤੇ ਜੁ ਰਹੈ। ਜਗ ਤੀਨਹੁ ਤਾਪ ਨਿਖਾਪਦ ਹੈ।
ਮੁਖਿ ਧੰਨ, ਜਪੈ ਸਤਿਨਾਮ ਸਦਾ। ਕਿਹ ਸੰਕਟ ਹੋਨਿ ਨ ਦੇਤਿ ਕਦਾ ॥੧੭॥

ਸਰੀਰ ਦਾ ਕਿਹੜਾ ਐਸਾ ਬੁਖਾਰ ਹੈ, ਜਿਹੜਾ ਇਸ ਮੰਤਰ ਦੇ ਜਾਪ ਕਰਨ ਨਾਲ ਟਿੱਕ ਸਕਦਾ ਹੈ, ਇਹ ਜਗਤ ਦੇ ਤਿੰਨਾਂ ਤਾਪਾਂ ਨੂੰ ਖਪਾ ਦੇਣ ਵਾਲਾ ਹੈ। ਮੁਖ ਤੋਂ ਸਦਾ ਹੀ ਸਤਿਨਾਮ ਦੀ ਧੁਨ ਦਾ ਜਾਪ ਕਰੇ, ਇਹ ਕਦੇ ਵੀ ਸੰਕਟ ਹੋਣ ਨਹੀਂ ਦਿੰਦਾ ਹੈ॥ ੧੭॥

ਬਡ ਭਾਗ ਭਰੇ ਲਿਵ ਲਾਵਤਿ ਹੈਂ। ਦੁਖ ਲੋਕ ਪ੍ਰਲੋਕ ਨਸਾਵਤਿ ਹੈਂ'।
ਕਹਿੰ ਸਿੱਖਜਨ ਸਾਥ 'ਬਿਕਾਰ ਤਜੋ। ਸਤਿਨਾਮ ਭਜੋ,ਸਤਿਨਾਮ ਭਜੋ' ॥੧੮॥

ਵੱਡੇ ਭਾਗਾਂ ਵਾਲੇ ਇਸ ਨਾਲ ਲਿਵ ਲਾਉਂਦੇ ਹਨ, ਇਹ ਲੋਕ-ਪ੍ਰਲੋਕ ਦੇ ਦੁਖ ਦੂਰ ਕਰ ਦਿੰਦਾ ਹੈ"। ਸਿੱਖਾਂ ਨੂੰ ਕਹਿਣ ਲਗੇ, "ਵਿਕਾਰਾਂ ਨੂੰ ਛੱਡੋ, ਸਦਾ ਸਤਿਨਾਮ ਭਜੋ, ਸਤਿਨਾਮ ਭਜੋ" ॥ ੧੮॥

ਦੋਹਰਾ- ਇਮ ਕਹਿ ਸ੍ਰੀ ਅਰਜਨ ਗੁਰੂ ਸ਼ਬਦ ਬਨਾਵਨਿ ਕੀਨਿ।
ਸਤਿਗੁਰ ਅਰੁ ਸਤਿਨਾਮ ਕੀ ਮਹਿਮਾ ਜਿਨ ਮਹਿੰ ਪੀਨ ॥੧੯॥

ਇਸ ਤਰ੍ਹਾਂ ਕਹਿ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਦੀ ਰਚਨਾ ਕੀਤੀ, ਜਿਸ ਵਿਚ ਸਤਿਗੁਰੂ ਅਤੇ ਨਾਮ ਦੀ ਮਹਿਮਾ ਵਰਣਨ ਕੀਤੀ ਹੈ॥ ੧੯॥

*ਸੋਰਠਿ ਮਹਲਾ ੫ ॥*

*ਮੇਰਾ ਸਤਿਗੁਰੁ ਰਖਵਾਲਾ ਹੋਆ ॥*
*ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥ ੧ ॥ ਰਹਾਉ ॥*
*ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥*
*ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥ ੧ ॥*
*ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥*
*ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥ ੨ ॥ ੨੧ ॥ ੪੯ ॥*
*(ਪੰਨਾ ੬੨੦)*

ਮੇਰਾ ਸੱਚਾ ਗੁਰੂ ਰਖਵਾਲਾ ਹੈ, ਆਪਣੀ ਕਿਰਪਾ ਕਰਕੇ ਅਤੇ ਹੱਥ ਦੇ ਕੇ ਪ੍ਰਭੂ ਨੇ ਸ੍ਰੀ ਹਰਿਗੋਬਿੰਦ ਨੂੰ ਰੱਖ ਲਿਆ ਹੈ, ਉਹ ਹੁਣ ਨਵਾਂ ਨਰੋਆ ਹੈ॥ ੧॥ ਠਹਿਰਾਉ॥

ਬੁਖਾਰ ਉੱਤਰ ਗਿਆ ਹੈ, ਪ੍ਰਭੂ ਨੇ ਖ਼ੁਦ ਇਸ ਨੂੰ ਦੂਰ ਕੀਤਾ ਹੈ ਅਤੇ ਆਪਣੇ ਦਾਸ ਦੀ ਲਾਜ ਰੱਖ ਲਈ ਹੈ। ਸਾਧਸੰਗਤ ਪਾਸੋਂ ਮੈਂ ਸਾਰੀਆਂ ਦਾਤਾਂ ਪ੍ਰਾਪਤ ਕੀਤੀਆਂ ਹਨ, ਸੱਚੇ ਗੁਰੂ ਜੀ ਉਤੋਂ ਮੈਂ ਬਲਿਹਾਰ ਜਾਂਦਾ ਹਾਂ॥ ੧॥

ਮਾਲਕ ਨੇ ਮੇਰੇ ਲੋਕ-ਪ੍ਰਲੋਕ ਦੋਵੇਂ ਸਵਾਰ ਦਿੱਤੇ ਹਨ, ਉਸ ਨੇ ਮੇਰੇ ਗੁਣਾਂ ਔਗੁਣਾਂ ਉਤੇ ਵੀਚਾਰ ਨਹੀਂ ਕੀਤੀ ਹੈ। ਹੇ ਗੁਰੂ ਨਾਨਕ ! ਤੁਹਾਡੇ ਬਚਨ ਕਦੇ ਨਾ ਟਲਣ ਵਾਲੇ ਹਨ, ਆਪਣਾ ਮੁਬਾਰਕ ਹੱਥ ਤੁਸੀਂ ਮੇਰੇ ਮੱਥੇ ਉਤੇ ਰੱਖਿਆ ਹੈ॥ ੨॥ ੨੧॥ ੪੯॥

*ਸੋਰਠਿ ਮਹਲਾ ੫ ॥*

*ਤਾਪੁ ਗਵਾਇਆ ਗੁਰਿ ਪੂਰੇ ॥ ਵਾਜੇ ਅਨਹਦ ਤੂਰੇ ॥*
*ਸਰਬ ਕਲਿਆਣ ਪ੍ਰਭਿ ਕੀਨੇ ॥ ਕਰਿ ਕਿਰਪਾ ਆਪਿ ਦੀਨੇ ॥੧॥*

ਬੇਦਨ ਸਤਿਗੁਰਿ ਆਪਿ ਗਵਾਈ॥
ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ॥ ਰਹਾਉ॥
ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥
ਹਰਿ ਗੋਵਿਦੁ ਪ੍ਰਭਿ ਰਾਖਿਆ॥ ਜਨ ਨਾਨਕ ਸਾਚੁ ਸੁਭਾਖਿਆ॥ ੨॥ ੬॥ ੭੦॥

(ਪੰਨਾ ੬੨੬)

ਸੋਰਠ ਮਹਲਾ ੫॥

ਪੂਰੇ ਗੁਰਾਂ ਨੇ ਤਾਪ ਲਾਹ ਦਿੱਤਾ ਹੈ, ਆਤਮਕ ਆਨੰਦ ਦੇ ਵਾਜੇ ਵੱਜੇ ਹਨ।
ਸਾਰੇ ਆਰਾਮ ਪ੍ਰਭੂ ਨੇ ਮੈਨੂੰ ਬਖ਼ਸ਼ ਦਿੱਤੇ ਹਨ।
ਪ੍ਰਭੂ ਨੇ ਕਿਰਪਾ ਕਰਕੇ ਆਪ ਮੈਨੂੰ ਸਾਰੇ ਆਰਾਮ ਦਿੱਤੇ ਹਨ॥ ੧॥

ਸੱਚੇ ਗੁਰੂ ਜੀ ਨੇ ਆਪ ਹੀ ਮੇਰੇ ਸਾਰੇ ਦੁੱਖ ਦੂਰ ਕੀਤੇ ਹਨ। ਪ੍ਰਭੂ ਪ੍ਰਮੇਸ਼ਵਰ ਦੇ ਨਾਮ ਦਾ ਸਿਮਰਨ ਕਰਦੇ ਹੋਏ ਸਾਰੇ ਸਿੱਖ ਤੇ ਸੰਤ ਪ੍ਰਫੁੱਲਤ ਹੋ ਗਏ ਹਨ॥ ਠਹਿਰਾਉ॥

ਜੋ ਕੁਝ ਉਹ ਮੰਗਦੇ ਹਨ, ਸੋ ਕੁਝ ਉਹ ਪਾ ਲੈਂਦੇ ਹਨ। ਪ੍ਰਭੂ ਆਪਣੇ ਸੰਤਾਂ ਨੂੰ ਹਰ ਵਸਤੂ ਦਿੰਦਾ ਹੈ। ਪ੍ਰਭੂ ਨੇ ਹਰਿਗੋਬਿੰਦ ਦੀ ਰੱਖਿਆ ਕੀਤੀ ਹੈ। ਦਾਸ ਨਾਨਕ ਸੱਚੋ ਸੱਚ ਆਖਦਾ ਹੈ॥ ੨॥ ੬॥ ੭੦॥

ਸੋਰਠਿ ਮਹਲਾ ੫॥

ਠਾਢਿ ਪਾਈ ਕਰਤਾਰੇ॥ ਤਾਪੁ ਛੋਡਿ ਗਇਆ ਪਰਵਾਰੇ॥
ਗੁਰਿ ਪੂਰੈ ਹੈ ਰਾਖੀ॥ ਸਰਣਿ ਸਚੇ ਕੀ ਤਾਕੀ॥ ੧॥
ਪਰਮੇਸਰੁ ਆਪਿ ਹੋਆ ਰਖਵਾਲਾ॥ ਸਾਂਤਿ ਸਹਜ ਸੁਖ ਖਿਨ ਮਹਿ
ਉਪਜੇ ਮਨੁ ਹੋਆ ਸਦਾ ਸੁਖਾਲਾ॥ ਰਹਾਉ॥
ਹਰਿ ਹਰਿ ਨਾਮੁ ਦੀਓ ਦਾਰੂ॥ ਤਿਨਿ ਸਗਲਾ ਰੋਗੁ ਬਿਦਾਰੂ॥
ਅਪਣੀ ਕਿਰਪਾ ਧਾਰੀ॥ ਤਿਨਿ ਸਗਲੀ ਬਾਤ ਸਵਾਰੀ॥ ੨॥
ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥
ਗੁਰ ਕਾ ਸਬਦੁ ਭਇਓ ਸਾਖੀ॥ ਤਿਨਿ ਸਗਲੀ ਲਾਜ ਰਾਖੀ॥ ੩॥
ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੇਰਾ॥
ਜਪਿ ਨਾਨਕ ਨਾਮੁ ਸਚੁ ਸਾਖੀ॥ ਅਪੁਨੇ ਦਾਸ ਕੀ ਪੈਜ ਰਾਖੀ॥ ੪॥ ੬॥ ੫੬॥

(ਪੰਨਾ ੬੨੨)

ਕਰਤਾਰ ਨੇ ਮੇਰੇ ਘਰ ਠੰਡ ਵਰਤਾ ਦਿੱਤੀ ਹੈ ਤੇ ਬੁਖਾਰ ਮੇਰੇ ਪਰਿਵਾਰ ਨੂੰ ਛੱਡ ਗਿਆ ਹੈ।
ਪੂਰੇ ਗੁਰੂ ਜੀ ਨੇ ਮੇਰਾ ਮਾਨ ਰੱਖ ਲਿਆ ਹੈ। ਮੈਂ ਸਾਹਿਬ ਸੱਚੇ ਦੀ ਸ਼ਰਨ ਲਈ ਹੈ॥ ੧॥

ਪਰਮੇਸ਼ਰ ਖ਼ੁਦ ਮੇਰਾ ਰੱਖਣ ਵਾਲਾ ਹੋ ਗਿਆ ਹੈ। ਅਮਨ-ਚੈਨ, ਅਡੋਲਤਾ ਅਤੇ ਖੁਸ਼ੀ ਇਕ ਖਿਣ ਵਿਚ ਮੇਰੇ ਅੰਦਰ ਉਤਪੰਨ ਹੋ ਗਈਆਂ ਹਨ ਅਤੇ ਮੇਰੀ ਆਤਮਾ ਸਦਾ ਲਈ ਸੁਖੀ ਹੋ ਗਈ ਹੈ॥ ਠਹਿਰਾਉ॥

ਮਾਲਕ ਵਾਹਿਗੁਰੂ ਨੇ ਮੈਨੂੰ ਆਪਣੇ ਨਾਮ ਦੀ ਦਵਾਈ ਦਿੱਤੀ ਹੈ, ਜਿਸ ਨੇ ਮੇਰੀਆਂ ਸਾਰੀਆਂ ਬੀਮਾਰੀਆਂ ਦੂਰ ਕਰ ਦਿੱਤੀਆਂ ਹਨ। ਮੇਰੇ ਉਤੇ ਮਾਲਕ ਨੇ ਆਪਣੀ ਕਿਰਪਾ ਕੀਤੀ ਹੈ, ਜਿਸ ਨੇ ਮੇਰੇ ਸਾਰੇ ਕਾਰਜ ਸਵਾਰ ਦਿੱਤੇ ਹਨ॥ ੨॥

ਮਾਲਕ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ ਅਤੇ ਮੇਰੇ ਗੁਣਾਂ-ਔਗਣਾਂ ਵੱਲ ਧਿਆਨ ਨਹੀਂ ਦਿੱਤਾ ਹੈ।

Sri Satguru Jagjit Singh Ji eLlibrary NamdhariElibrary@gmail.com

ਗੁਰੂ ਦਾ ਸ਼ਬਦ ਮੇਰੇ ਵਿਚ ਉਜਾਗਰ ਹੋਇਆ ਹੈ, ਜਿਸ ਨੇ ਪੂਰਨ ਤੌਰ ਤੇ ਮੇਰੀ ਲਾਜ ਰੱਖ ਲਈ ਹੈ॥ ੩॥
ਹੇ ਪ੍ਰਭੂ! ਮੈਂ ਉਹ ਕੁਝ ਬੋਲਦਾ ਹਾਂ, ਜੋ ਕੁਝ ਤੂੰ ਮੇਰੇ ਪਾਸੋਂ ਬੁਲਾਉਂਦਾ ਹੈਂ। ਹੇ ਸਾਹਿਬ! ਤੂੰ ਗੁਣਾਂ ਦਾ ਸਮੁੰਦਰ ਹੈਂ।
ਨਾਨਕ ਨਾਮ ਦਾ ਸਿਮਰਨ ਕਰਦਾ ਹੈ ਅਤੇ ਗੁਰੂ ਜੀ ਦੀ ਸਿੱਖਿਆ ਨੂੰ ਸੁਣਦਾ ਹੈ।
ਪ੍ਰਭੂ ਨੇ ਆਪਣੇ ਦਾਸ ਦੀ ਲਾਜ ਰੱਖ ਲਈ ਹੈ॥ ੪॥ ੬॥ ੫੬॥

ਦੋਹਰਾ- ਇੱਤਜਾਦਿਕ ਬਹੁ ਸ਼ਬਦ ਸੁਭ ਕਰੇ ਅਪਰ ਗਤਿਦਾਇ।
ਰਾਗ ਬਿਲਾਵਲ ਆਦਿ ਜੇ ਦਿਯੇ ਗ੍ਰੰਥ ਮਹਿਂ ਪਾਇ॥ ੨੦॥

ਇੱਤਿਆਦਿ ਬਹੁਤ ਹੋਰ ਦੁਖ ਦੂਰ ਕਰਨ ਵਾਲੇ ਸ਼ਬਦਾਂ ਦੀ ਰਚਨਾ ਕੀਤੀ। ਰਾਗੁ ਬਿਲਾਵਲ ਆਦਿ ਵਿਚ ਜਿਹੜੇ ਲਿਖੇ ਹਨ, ਉਹ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਹਨ॥ ੨੦॥

ਜੋ ਜਿਸ ਸੰਕਟ ਪਰ ਕਹਜੋ ਪਢਹਿ ਜਿ ਸਿਖ ਮਨ ਲਾਇ।
ਸ਼ਰਧਾ ਤੇ ਦੁਖ ਖੈ ਕਰਹਿ ਇਹੀ ਮਨੋਰਥ ਗਾਇ॥ ੨੧॥

ਇਨ੍ਹਾਂ ਸ਼ਬਦਾਂ ਨੂੰ ਜੋ ਕੋਈ ਵਿਅਕਤੀ ਜਿਸ ਸੰਕਟ ਬਾਰੇ ਕਹੇ ਗਏ ਹਨ, ਮਨ ਲਾ ਕੇ ਪੜ੍ਹੇ ਤਾਂ ਸਾਰੇ ਦੁੱਖਾਂ ਦਾ ਨਾਸ਼ ਹੋਵੇਗਾ ਅਤੇ ਇਨ੍ਹਾਂ ਸ਼ਬਦਾਂ ਦਾ ਗਾਇਣ ਕਰਨ ਨਾਲ ਵੀ ਇਹ ਮਨੋਰਥ ਪੂਰੇ ਹੋਣਗੇ॥ ੨੧॥

ਸਰਬ ਇਹਾਂ ਹਮ ਨਹਿਂ ਲਿਖੇ ਅਰਥ ਪ੍ਰਗਟ ਤਿਨ ਕੇਰ।
ਸ਼੍ਰੀ ਗ੍ਰਿੰਥ ਸਾਹਿਬ ਪਠੇ ਜਾਨੇ ਜਾਹਿਂ ਘਨੇਰ॥ ੨੨॥

ਸਾਰੇ ਸ਼ਬਦ ਅਸੀਂ ਏਥੇ ਨਹੀਂ ਲਿਖੇ ਹਨ, ਉਨ੍ਹਾਂ ਦੇ ਅਰਥ ਪ੍ਰਗਟ ਕਰ ਦਿੱਤੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਨਾਲ ਚੰਗੀ ਤਰ੍ਹਾਂ ਜਾਣੇ ਜਾਂਦੇ ਹਨ॥ ੨੨॥

ਤੋਟਕ ਛੰਦ- ਪੁਨ ਸ਼੍ਰੀ ਗੁਰੁ ਜੱਗ ਅਰੰਭ ਕਰਜੋ। ਮਿਸ਼ਟਾਨ ਮੰਗਾਇ ਮਹਾਨ ਧਰਜੋ।
ਸਿਖ ਜਾਇ ਚਹੂੰ ਦਿਸ਼ ਘ੍ਰਿੱਤ ਲਯੋ। ਪੁਨਿ ਗੋਧੂਮ ਸੂਖਮ ਚੂਨ ਕਿਯੋ॥੨੩॥

ਫਿਰ ਗੁਰੂ ਜੀ ਨੇ ਯੱਗ ਅਰੰਭ ਕੀਤਾ, ਬਹੁਤ ਮਿੱਠਾ ਮੰਗਵਾ ਕੇ ਰੱਖ ਲਿਆ। ਸਿੱਖਾਂ ਨੇ ਚਾਰੇ ਪਾਸੇ ਜਾ ਕੇ ਘਿਉ ਲਿਆਂਦਾ। ਫਿਰ ਕਣਕ ਦਾ ਬਰੀਕ ਆਟਾ ਪਿਸਾਇਆ॥ ੨੩॥

ਪਕਵਾਨ ਪਕਾਵਨਿ ਪੁੰਜ ਲਗੇ। ਸਭਿ ਦਯੋਸ ਪਕਯੋ ਪੁਨਿ ਰੈਨ ਜਗੇ।
ਗਨ ਮੋਦਕ ਮੋਦਕ ਓਘ ਕਰੇ। ਬਹੁ ਪੂਪ ਪਕੇ ਕਰਿ ਰਾਸ ਧਰੇ॥੨੪॥

ਬਹੁਤ ਲੋਕ ਪਕਵਾਨ ਪਕਵਾਉਣ ਲੱਗੇ, ਸਾਰਾ ਦਿਨ ਪਕਵਾਨ ਪੱਕਦੇ ਰਹੇ, ਫਿਰ ਰਾਤ ਨੂੰ ਵੀ ਤਿਆਰ ਹੁੰਦੇ ਰਹੇ। ਬਹੁਤ ਅਨੰਦ ਦੇਣ ਵਾਲੇ ਲੱਡੂ ਤਿਆਰ ਕਰਵਾਏ। ਬਹੁਤ ਪਕਵਾਨ ਤਿਆਰ ਕਰਵਾ ਕੇ ਜਮ੍ਹਾਂ ਕਰ ਲਏ॥ ੨੪॥

ਦਧਿ ਸੰਗਿ ਪਕੌਰਨਿ ਮੇਲਿ ਭਲੇ। ਮਰਚਾਦਿ ਮਿਸਾਲ ਬਿਸਾਲ ਰਲੇ।
ਕਰ ਰਾਸ ਤਿਹਾਵਲ ਤਯਾਰ ਧਰਜੋ। ਬਹੁ ਭਾਂਤਿਨ ਮੇਵ ਅਮੇਜ਼ ਕਰਜੋ॥੨੫॥

ਦਹੀਂ ਵਿਚ ਪਕੋੜੀਆਂ ਅਤੇ ਭੱਲੇ ਪਾਏ ਗਏ, ਬਹੁਤ ਮਿਰਚ ਮਿਸਾਲਾ ਰਲਾਇਆ ਗਿਆ। ਰਸਦ ਇਕੱਠੀ ਕਰਕੇ ਕੜਾਹ ਪ੍ਰਸ਼ਾਦ ਤਿਆਰ ਕਰ ਲਿਆ। ਉਸ ਵਿਚ ਬਹੁਤ ਪ੍ਰਕਾਰ ਦੇ ਗਿਰੀਆਂ ਮੇਵੇ ਪਾਏ ਗਏ॥ ੨੫॥

ਨਿਵਤਾ ਕਹਿ ਦੀਨ ਚਹੂੰ ਬਰਨਾ। 'ਸਭਿਹੂੰਨਿ ਅਹਾਰ ਇਹਾਂ ਕਰਨਾ'।
ਦਰਵੇਸ਼ ਅਸ਼ੇਸ਼ ਬੁਲਾਇ ਲਏ। ਗ੍ਰਿਹਸਤੀ ਊਚ ਨੀਚ ਹਜ਼ੂਰ ਅਏ॥੨੬॥

ਚਾਰੇ ਵਰਨਾਂ ਨੂੰ ਸੱਦਾ ਭੇਜਿਆ ਗਿਆ, "ਸਾਰੇ ਏਥੇ ਆ ਕੇ ਭੋਜਨ ਛਕੋ।" ਸੰਤ ਫਕੀਰ ਵੀ ਬੁਲਾਏ ਗਏ। ਗਰੀਬ ਅਮੀਰ ਸਭ ਗ੍ਰਹਿਸਤੀ ਗੁਰੂ ਜੀ ਪਾਸ ਆਏ॥ ੨੬॥

ਬਡ ਮੇਲ ਭਯੋ ਗਿਨਤੀ ਨ ਰਹੀ। ਸੁਧਿ ਜਾਤਿ ਭਈ ਜਿਸ ਗ੍ਰਾਮ ਲਹੀ।
ਸੁਨਿ ਸਾਧ ਫਕੀਰ ਸੁ ਬ੍ਰਿੰਦ ਚਲੇ। ਘਰ ਸ਼੍ਰੀ ਗੁਰ ਕੇ ਸਭਿ ਆਇ ਮਿਲੇ ॥੨੭॥

ਬਹੁਤ ਵੱਡਾ ਮੇਲਾ ਲੱਗਾ, ਕੋਈ ਗਿਣਤੀ ਨਾ ਰਹੀ। ਜਿਸ ਪਿੰਡ ਵਿਚ ਵੀ ਗੁਰੂ ਜੀ ਦੇ ਯੱਗ ਬਾਰੇ ਖ਼ਬਰ ਪਹੁੰਚੀ, ਸੁਣ ਕੇ ਸਭ ਸਾਧ ਫਕੀਰ ਇਕੱਠੇ ਹੋ ਕੇ ਚੱਲ ਪਏ, ਗੁਰੂ ਜੀ ਦੇ ਘਰ ਆ ਕੇ ਸਾਰੇ ਮਿਲ ਪਏ॥ ੨੭॥

ਗਨ ਜਾਤਿ ਗ੍ਰਿਹੀ ਸੁਨਿ ਆਇ ਗਏ। ਚਹੁੰ ਕੋਦ ਪ੍ਰਮੋਦਤਿ ਟੋਲ ਭਏ।
ਕਰਿ ਪੰਕਤ ਰੀਤਿ ਅਨੇਕਨਿ ਕੀ। ਬਿਚ ਥਾਉਂ ਸੁ ਭੋਜਨ ਟੇਕਨ ਕੀ ॥੨੮॥

ਸਭ ਜਾਤਾਂ ਦੇ ਪਰਿਵਾਰਾਂ ਦੇ ਪਰਿਵਾਰ ਇਕੱਠੇ ਹੋ ਕੇ ਆ ਗਏ, ਚਾਰੇ ਪਾਸੇ ਪ੍ਰਸੰਨ ਚਿੱਤ ਟੋਲੀਆਂ ਫਿਰ ਰਹੀਆਂ ਸਨ। ਅਨੇਕਾਂ ਲੋਕਾਂ ਦੀਆਂ ਪੰਕਤੀਆਂ ਬਣਾ-ਬਣਾ ਕੇ ਵਿਚ ਭੋਜਨ ਟਿਕਾਉਣ ਵਾਸਤੇ ਥਾਂ ਛੱਡੀ ਜਾਂਦੇ ਸਨ ॥੨੮॥

ਇਕ ਜਾਤਿ ਕਰੀ ਇਕ ਥਾਨ ਸਬੈ। ਕਰਿ ਪਾਂਤਿ ਜੁਦੀ ਸੁ ਜੁਦੀ ਸੁ ਤਬੈ।
ਸਭਿ ਪੰਥਨਿ ਸੰਤ ਤਥਾ ਕਰਿ ਕੈ। ਥਿਤਿ ਨਜਾਰਿਯ ਨਜਾਰਿਯਤਾ ਧਰਿਕੈ ॥੨੯॥

ਸਭ ਜਾਤੀਆਂ ਦੇ ਲੋਕ ਇਕ ਥਾਂ ਇਕੱਠੇ ਕਰ ਦਿੱਤੇ, ਸਾਰੇ ਪੰਗਤਾਂ ਬਣ-ਬਣਾ ਕੇ ਬਿਠਾ ਦਿੱਤੇ। ਸਭ ਮੱਤਾਂ ਦੇ ਸੰਤ ਜਿਨ੍ਹਾਂ ਵੱਖ-ਵੱਖ ਪ੍ਰਕਾਰ ਦੇ ਬਸਤਰ ਪਹਿਨੇ ਹੋਏ ਸਨ, ਇਕ ਥਾਂ ਇਕੱਠੇ ਹੋ ਕੇ ਬੈਠ ਗਏ॥ ੨੯॥

ਬਹੁ ਭਾਂਤਿਨਿ ਕੇ ਪਕਵਾਨ ਦਏ। ਸ਼ੁਭ ਸ੍ਵਾਦ ਹੁਤੇ ਰੁਚਿ ਸਾਥ ਖਏ।
ਮੁਖ ਧੰਨਹਿ ਧੰਨ ਭਨੈਂ ਗੁਰ ਕੋ। ਬਡ ਭੋਜਨ ਦੀਨਿ, ਨ ਭੀ ਥੁਰ ਕੋ ॥੩੦॥

ਉਨ੍ਹਾਂ ਨੂੰ ਬਹੁਤ ਪ੍ਰਕਾਰ ਦੇ ਪਕਵਾਨ ਦਿੱਤੇ, ਜਿਹੜੇ ਬਹੁਤ ਸਵਾਦੀ ਸਨ ਤੇ ਸਾਰਿਆਂ ਨੇ ਆਪਣੀ ਰੁਚੀ ਅਨੁਸਾਰ ਖਾਧੇ। ਉਹ ਆਪਣੇ ਮੁਖ ਤੋਂ ਗੁਰੂ ਜੀ ਨੂੰ 'ਧੰਨ ਧੰਨ' ਕਹਿੰਦੇ ਸਨ। ਗੁਰੂ ਜੀ ਨੇ ਬਹੁਤ ਭੋਜਨ ਦਿੱਤਾ, ਕੋਈ ਥੁੜ ਨਾ ਰਹੀ॥ ੩੦॥

ਜਿਸ ਨਾਮ ਭਨੇ ਦੁਖ ਜਾਤਿ ਘਨੇ। ਤਿਨ ਕੋ ਅਭਿਬੰਦਨ ਦੇਖਿ ਬਨੇ।
ਸਭਿ ਆਸ਼ਿਖ ਦੇਤਿ 'ਅਨੰਦ ਲਵੋ। ਹਰਿਗੋਵਿੰਦ ਬੈਸ ਬਿਸਾਲ ਹੁਵੋ ॥੩੧॥

ਜਿਨ੍ਹਾਂ ਦਾ ਨਾਂ ਲੈਣ ਨਾਲ ਹੀ ਸਾਰੇ ਦੁਖ ਦੂਰ ਹੋ ਜਾਂਦੇ ਹਨ ਉਨ੍ਹਾਂ ਨੂੰ ਵੇਖ ਕੇ ਨਮਸਕਾਰ ਕਰਨਾ ਬਣਦਾ ਹੈ। ਸਾਰੇ ਅਸ਼ੀਰਵਾਦ ਦੇ ਰਹੇ ਸਨ, "ਹੇ ਹਰਿਗੋਬਿੰਦ ! ਅਨੰਦ ਲਵੋ, ਤੁਹਾਡੀ ਵੱਡੀ-ਵੱਡੀ ਉਮਰ ਹੋਵੇ॥ ੩੧॥

ਗੁਰਬੰਸ ਚਲੋ ਤਬਿ ਲੌ ਅਵਨੀ। ਜਬਿ ਲੌ ਉਡਮਾਲ ਫਿਰੈ ਰਵਨੀ।
ਸਸਿ ਸੂਰਜ ਜਾਵਤ ਜੋਤਿ ਧਰੈਂ। ਸਲਿਤਾ ਜਲ ਸਾਗਰ ਬੀਚ ਭਰੈ ॥੩੨॥

ਜਦ ਤਕ ਧਰਤੀ ਰਹੇ, ਜਦ ਤਕ ਤਾਰੇ ਅਸਮਾਨ ਤੇ ਫਿਰਦੇ ਰਹਿਣ, ਜਦ ਤਕ ਚੰਦ ਸੂਰਜ ਆਪਣੀ ਜੋਤ ਧਾਰੀ ਰੱਖਣ, ਜਦ ਤਕ ਨਦੀਆਂ ਦਾ ਜਲ ਸਾਗਰ ਵਿਚ ਭਰਦਾ ਰਹੇ, ਤਦ ਤਕ ਗੁਰੂ ਦਾ ਵੰਸ ਚਲਦਾ ਰਹੇ॥ ੩੨॥

ਜੁਗ ਕੀ ਮਿਰਜਾਦ ਜਬੈ ਲਗਿ ਹੈ। ਕਮਲਾਸਨ ਕੀ ਰਚਨਾ ਜਗ ਹੈ।
ਤਬਿ ਲੌ ਗੁਰਬੰਸ ਰਹੋ ਥਿਰ ਕੈ। ਜਗ ਮੈਂ ਜਸੁ ਦੀਰਘ ਬੀਥਿਰਕੈ ॥੩੩॥

ਜਦ ਤਕ ਜੁਗਾਂ ਦੀ ਮਰਯਾਦਾ ਹੈ, ਜਦ ਤਕ ਕਮਲ ਤੇ ਸਥਿਤ ਹੋਣ ਵਾਲੇ ਬ੍ਰਹਮਾ ਦਾ ਰਚਿਆ ਜਗਤ ਹੈ ਤਦ ਤਕ ਗੁਰੂ ਦਾ ਵੰਸ ਸਥਿਰ ਰਹੇ ਤੇ ਜਗਤ ਵਿਚ ਤੁਹਾਡਾ ਜੱਸ ਬਹੁਤ-ਬਹੁਤ ਵਧੇ॥ ੩੩॥

ਗੁਰ ਨੰਦਨ ਹੋਹਿ ਅਰੋਗ ਸਦਾ। ਬਿਘਨਾ ਨਹਿਂ ਬ੍ਯਾਪ ਸਕਾਹਿ ਕਦਾ।
ਮਨ ਬਾਂਛਤਿ ਭੋਜਨ ਖਾਂਹਿਂ ਘਨੇ। ਉਰ ਮੋਦਤਿ ਬ੍ਰਿੰਦ ਅਸੀਸ ਭਨੇ ॥੩੪॥

ਗੁਰੂ ਜੀ ਦੇ ਸਪੁੱਤਰ ! ਸਦਾ ਅਰੋਗ ਰਹੋ, ਤੁਹਾਨੂੰ ਕਦੇ ਵੀ ਕੋਈ ਵਿਘਨ ਨਾ ਵਿਆਪ ਸਕੇ"। ਸਾਰੇ ਮਨ ਚਾਹਿਆ ਭੋਜਨ ਖਾ ਰਹੇ ਸਨ। ਦਿਲ ਵਿਚ ਪ੍ਰਸੰਨ ਹੋ ਕੇ ਲੋਕ ਅਸੀਸਾਂ ਦੇ ਰਹੇ ਸਨ॥ ੩੪॥

Sri Satguru Jagjit Singh Ji eLlibrary NamdhariElibrary@gmail.com

ਪੁਨ ਦੀਨਨਿ ਦਾਨ ਦਯੋ ਧਨ ਕੋ। ਗਨ ਹੋਤਿ ਭਏ ਨ ਕਰੀ ਗਨ ਕੋ।
ਸਭਿਹੂੰਨਿ ਦਯੋ ਹਰਖੰਤਿ ਭਏ। ਜੈਕਾਰ ਉਚਾਰੰਤਿ ਨਾਦ ਥਯੇ॥ ੩੫॥

ਫਿਰ ਗ਼ਰੀਬਾਂ ਨੂੰ ਧਨ ਦਾ ਦਾਨ ਦਿੱਤਾ, ਬਹੁਤ ਦੁਨੀਆਂ ਇਕੱਠੀ ਹੋਈ ਸੀ, ਕੋਈ ਗਿਣਤੀ ਨਹੀਂ ਸੀ ਕਰ ਸਕਦਾ। ਸਾਰਿਆਂ ਨੂੰ ਦਾਨ ਦਿੱਤਾ ਜਿਸ ਕਰਕੇ ਉਹ ਪ੍ਰਸੰਨ ਹੋ ਹੋ ਕੇ ਜੈ ਜੈ ਕਾਰ ਦਾ ਨਾਦ ਉਚਾਰਣ ਕਰਦੇ ਸਨ॥ ੩੫॥

ਬਹੁਰੋ ਗੁਰ ਹੋਇ ਤਯਾਰ ਚਲੇ। ਹਰਿਮੰਦਿਰ ਹੈ ਜਿਸ ਥਾਨ ਭਲੇ।
ਉਚਵਾਇ ਪ੍ਰਸਾਦਿ ਸੰਬੂਹ ਲਯੋ। ਹਰਿ ਗੋਵਿੰਦ ਨੰਦਨ ਸੰਗ ਥਯੋ॥ ੩੬॥

ਫਿਰ ਗੁਰੂ ਜੀ ਤਿਆਰ ਹੋ ਕੇ ਉਸ ਸਥਾਨ ਤੇ ਚਲੇ ਗਏ ਜਿਥੇ ਸੁੰਦਰ ਹਰਿਮੰਦਰ ਸਾਹਿਬ ਹੈ। ਸਾਰਾ ਕੜਾਹ ਪ੍ਰਸ਼ਾਦਿ ਚੁਕਵਾ ਲਿਆ ਤੇ ਪੁੱਤਰ ਹਰਿਗੋਬਿੰਦ ਨੂੰ ਵੀ ਨਾਲ ਲੈ ਲਿਆ॥ ੩੬॥

ਪਿਤ ਕੇਰ ਸਥਾਨ ਮਹਾਨ ਮਹਾਂ। ਹਿਤ ਪੂਜਨਿ ਕੇ ਚਲਿ ਜਾਤਿ ਤਹਾਂ।
ਪਹੁੰਚੇ ਗਰ ਅੰਚਰ ਡਾਰਿ ਖਰੇ। ਪਿਤ ਧਯਾਨ ਕਰੇ ਉਰ ਪ੍ਰੇਮ ਭਰੇ॥ ੩੭॥

ਜਿਥੇ ਪਿਤਾ ਜੀ ਦਾ ਮਹਾਨ ਸਥਾਨ ਬਣਿਆ ਸੀ, ਓਥੇ ਪੂਜਾ ਕਰਨ ਵਾਸਤੇ ਚਲ ਕੇ ਗਏ। ਪਹੁੰਚ ਕੇ ਗਲ ਵਿਚ ਪੱਲਾ ਪਾ ਕੇ ਖਲੋ ਗਏ, ਬੜੇ ਪ੍ਰੇਮ ਨਾਲ ਪਿਤਾ ਜੀ ਵਲ ਧਿਆਨ ਲਾਇਆ॥ ੩੭॥

ਕਰਿ ਬੰਦਨ ਦੋਸ਼ ਨਿਕੰਦਨ ਕੋ। ਪੁਨ ਸ੍ਰੀ ਹਰਿਗੋਬਿੰਦ ਨੰਦਨ ਕੋ।
ਸ਼ਰਧਾ ਧਰਿ ਮਾਥ ਟਿਕਾਇ ਦਯੋ। ਬਯ ਦੀਰਘ ਕੋ ਬਰ ਜਾਚ ਲਯੋ॥ ੩੮॥

ਪਾਪਾਂ ਨੂੰ ਦੂਰ ਕਰਨ ਵਾਲੇ ਨੂੰ ਬੰਦਨਾ ਕਰਕੇ ਫਿਰ ਸ੍ਰੀ ਹਰਿਗੋਬਿੰਦ ਪੁੱਤਰ ਨੂੰ ਸ਼ਰਧਾ ਧਰ ਕੇ ਮੱਥਾ ਟਿਕਾ ਦਿੱਤਾ ਅਤੇ ਵੱਡੀ ਉਮਰ ਦਾ ਵਰ ਮੰਗ ਲਿਆ॥ ੩੮॥

ਕਰ ਜੋਰਿ ਖਰੇ ਅਰਦਾਸ ਭਈ। ਧਰੀ ਭਾਉ ਪ੍ਰਦੱਛਨ ਫੇਰ ਦਈ।
ਬਹੁ ਨੰਮ੍ਰ ਭਏ ਗੁਰ ਪੂਜਿ ਫਿਰੇ। ਜੁਤ ਮੰਗਲ ਕੇ ਉਤਸਾਹ ਕਰੇ॥ ੩੯॥

ਫਿਰ ਹੱਥ ਜੋੜ ਕੇ ਅਰਦਾਸ ਕੀਤੀ ਅਤੇ ਪ੍ਰੇਮ ਧਾਰ ਕੇ ਪਰਕਰਮਾਂ ਕੀਤੀਆਂ। ਬਹੁਤ ਸਨਿਮਰ ਹੋ ਕੇ ਪੂਜਾ ਕਰਕੇ ਗੁਰੂ ਜੀ ਵਾਪਸ ਆਏ ਅਤੇ ਆਨੰਦ ਅਤੇ ਉਤਸ਼ਾਹ ਨਾਲ ਭਰ ਗਏ॥ ੩੯॥

ਨਿਜ ਧਾਮ ਬਿਖੇ ਪੁਨ ਆਇ ਗਏ। ਬਹੁ ਗਾਵਤਿ ਗੀਤ ਅਨੰਦ ਭਏ।
ਬਹੁ ਭਾਂਤਿ ਸੁ ਬਾਦਿਤ ਬਾਜਤਿ ਹੈਂ। ਬਹੁ ਭਾਂਤਿ ਸੁ ਮੰਗਲ ਸਾਜਤਿ ਹੈਂ॥੪੦॥

ਫਿਰ ਆਪਣੇ ਘਰ ਆ ਗਏ। ਬਹੁਤ ਆਨੰਦ ਭਰੇ ਗੀਤ ਗਾਏ ਜਾ ਰਹੇ ਹਨ, ਕਈ ਪ੍ਰਕਾਰ ਦੇ ਵਾਜੇ ਵੱਜਦੇ ਹਨ ਅਤੇ ਕਈ ਭਾਂਤ ਦੀਆਂ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਹਨ॥ ੪੦॥

ਬਹੁ ਭਾਂਤਿ ਪ੍ਰਮੋਦਤਿ ਹੋਵਤਿ ਹੈਂ। ਨਰ ਨਾਰਿ ਖੁਸ਼ੀ ਉਰ ਜੋਵਤਿ ਹੈਂ।
ਲਘੁ ਦੁੰਦਭਿ ਕੀ ਧੁਨਿ ਬਾਜ ਰਹੀ। ਨਹਿਂ ਕਾਨ ਪਰੈ ਕੁਛ ਬਾਤ ਕਹੀ॥੪੧॥

ਕਈ ਪ੍ਰਕਾਰ ਪ੍ਰਸੰਨ ਹੋ ਰਹੇ ਹਨ, ਸਭ ਇਸਤਰੀ ਪੁਰਸ਼ਾਂ ਦੇ ਹਿਰਦੇ ਖ਼ੁਸ਼ੀਆਂ ਨਾਲ ਭਰੇ ਹਨ। ਛੋਟੀ ਦੁਦੰਭੀ ਦੀ ਧੁਨੀ ਵੱਜ ਰਹੀ ਹੈ, ਕਿਸੇ ਦੇ ਕੰਨ ਵਿਚ ਕੋਈ ਗੱਲ ਵੀ ਨਹੀਂ ਪੈਂਦੀ ਹੈ॥ ੪੧॥

ਸ਼ਰਨਾਇ ਨਫੀਰਨਿ ਹੋਤਿ ਧੁਨੀ। ਗਨ ਭਾਟ ਕਲਾਵਤ ਗਾਇ ਗੁਨੀ।
ਕਵਿ ਛੰਦ ਬਨਾਇ ਸੁਨਾਵਤਿ ਹੈਂ। ਗੁਰ ਤੇ ਮਨ ਬਾਂਛਿਤ ਪਾਵਤਿ ਹੈਂ॥੪੨॥

ਸ਼ਹਿਨਾਈਆਂ ਅਤੇ ਤੁਰੀਆਂ ਦੀਆਂ ਧੁਨੀਆਂ ਵੱਜ ਰਹੀਆਂ ਹਨ ਅਤੇ ਭੱਟ ਤੇ ਕਲਾਵਤ ਗੁਣ ਗਾਇਣ ਕਰ ਰਹੇ ਹਨ। ਕਵਿਤਾ ਦੇ ਛੰਦ ਬਣਾ ਬਣਾ ਕੇ ਸੁਣਾਉਂਦੇ ਹਨ ਅਤੇ ਗੁਰੂ ਜੀ ਪਾਸੋਂ ਮੂੰਹ ਮੰਗਿਆ ਫਲ ਪ੍ਰਾਪਤ ਕਰਦੇ ਹਨ॥ ੪੨॥

ਬਡ ਪੌਰ ਕੁਲਾਹਲ ਹੋਵਤਿ ਹੈ। ਗੁਰ ਹੇਰਿ ਕਲੂਖਨਿ ਖੋਵਤਿ ਹੈਂ।
ਬਡ ਭੀਰ ਭਰੀ ਨਰ ਨਾਰਿਨਿ ਕੀ। ਬਹੁ ਮੰਗਲ ਰੀਤਿ ਉਚਾਰਨਿ ਕੀ ॥੪੩ ॥

ਦਰਵਾਜ਼ੇ 'ਤੇ ਬਹੁਤ ਸ਼ੋਰ ਮੱਚਿਆ ਹੋਇਆ ਹੈ, ਗੁਰੂ ਜੀ ਦੇ ਦਰਸ਼ਨ ਕਰਕੇ ਪਾਪ ਦੂਰ ਹੋ ਰਹੇ ਹਨ। ਇਸਤਰੀ-ਪੁਰਸ਼ਾਂ ਦੀ ਵੱਡੀ ਭੀੜ ਜੁੜੀ ਹੋਈ ਹੈ। ਬਹੁਤ ਖੁਸ਼ੀਆਂ ਭਰੀ ਰੀਤੀ ਅਨੁਸਾਰ ਬੋਲ ਰਹੇ ਹਨ॥ ੪੩ ॥

ਨਿਜ ਨੰਦਨ ਗੰਗ ਨਿਹਾਰਤਿ ਹੈ। ਧਨ ਲੇ ਸਿਰ ਪੈ ਬਹੁ ਵਾਰਤਿ ਹੈ।
ਗਨ ਮੰਗਤ ਕੋ ਪਿਖਿ ਦੇਵਤਿ ਹੈ। ਗਨ ਆਸ਼ਿਖ ਮਾਧੁਰ ਲੇਵਤਿ ਹੈ ॥੪੪ ॥

ਮਾਤਾ ਗੰਗਾ ਜੀ ਆਪਣੇ ਪੁੱਤਰ ਜੀ ਵਲ ਵੇਖਦੇ ਹਨ। ਬਹੁਤ ਧਨ ਲੈ ਕੇ ਉਨ੍ਹਾਂ ਦੇ ਸਿਰ ਉੱਤੋਂ ਦੀ ਵਾਰਦੇ ਹਨ ਅਤੇ ਮੰਗਤਿਆਂ ਦੇ ਸਮੂਹ ਨੂੰ ਵੇਖ ਕੇ ਦੇ ਦਿੰਦੇ ਹਨ ਅਤੇ ਬਹੁਤ ਮਿੱਠੀਆਂ ਅਸੀਸਾਂ ਲੈਂਦੇ ਹਨ॥ ੪੪ ॥

ਹਰਿਗੋਵਿੰਦ ਚੰਦ ਮਨਿੰਦ ਮਹਾਂ। ਉਛਲਜੋ ਜਲ ਬਿੰਦ ਅਨੰਦ ਤਹਾਂ।
ਨਰ ਨਾਰਿ ਭਏ ਜਲਜੰਤੂ ਸਭੈ। ਇਮ ਹੋਤਿ ਕੁਲਾਹਲ ਭੂਰ ਤਬੈ ॥੪੫ ॥

ਸ੍ਰੀ ਹਰਿਗੋਬਿੰਦ ਜੀ ਚੰਦ ਵਾਂਗ ਸੁੰਦਰ ਹਨ, ਗੁਰੂ ਘਰ ਰੂਪ ਸਮੁੰਦਰ ਤੋਂ ਸਮੂਹ ਅਨੰਦ ਰੂਪ ਜਲ ਉਛਲਿਆ ਹੈ। ਇਸਤਰੀਆਂ-ਪੁਰਸ਼ ਜਿਵੇਂ ਸਾਰੇ ਜਲ ਜੀਵ ਹਨ, ਇਸ ਤਰ੍ਹਾਂ ਬਹੁਤ ਸ਼ੋਰ ਮੱਚਿਆ ਹੋਇਆ ਹੈ॥ ੪੫ ॥

*ਤੀਸਰੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦ ॥*

## *ਅਧਿਆਇ ਇਕੱਤੀਵਾਂ*

### *ਸ੍ਰੀ ਹਰਿਗੋਵਿੰਦ ਜੀ ਪੜ੍ਹਨੇ ਪਾਏ*

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਕੀਨਸਿ ਦਜੋਸ ਬਿਤੀਤ।
ਨੰਦਨ ਹਰਿ ਗੋਵਿੰਦ ਜੀ ਤਨ ਬਿਲੰਦ ਮੁਦ ਚੀਤ॥ ੧ ॥

ਇਸ ਤਰ੍ਹਾਂ ਗੁਰੂ ਜੀ ਨੇ ਦਿਨ ਬਤੀਤ ਕੀਤਾ। ਪੁੱਤਰ ਸ੍ਰੀ ਹਰਿਗੋਬਿੰਦ ਜੀ ਦਾ ਸਰੀਰ ਤੇ ਪ੍ਰਸੰਨ ਮਨ ਵੇਖ ਕੇ ਚਿੱਤ ਬਹੁਤ ਪ੍ਰਸੰਨ ਹੈ॥ ੧ ॥

ਹਾਕਲ ਛੰਦ-ਪ੍ਰਿਯ ਪੁੱਤ੍ਰ ਬਿਲੋਕ ਬਿਚਾਰੈਂ। ਸ੍ਰੀ ਅਰਜਨ ਇਮ ਉਰਧਾਰੈਂ।
'ਚਟਸਾਲ ਬਿਸਾਲ ਬਿਠਾਵੈਂ। ਤਹਿਂ ਬੈਠਤਿ ਬਿੱਦਜਾ ਪਾਵੈਂ ॥੨ ॥

ਪਿਆਰੇ ਪੁੱਤਰ ਵਲ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚਾਰਦੇ ਹਨ ਅਤੇ ਹਿਰਦੇ ਵਿਚ ਇੰਞ ਧਾਰਨ ਕਰਦੇ ਹਨ, "ਪੁੱਤਰ ਨੂੰ ਇਕ ਵੱਡੀ ਪਾਠਸ਼ਾਲਾ ਵਿਚ ਪੜ੍ਹਨੇ ਪਾਉਂਦੇ ਹਾਂ, ਜਿਥੇ ਬੈਠ ਕੇ ਇਹ ਵਿਦਿਆ ਪ੍ਰਾਪਤ ਕਰੇਗਾ॥ ੨ ॥

ਕਿਸ ਥਾਨ ਪਠੈ ਸੁ ਬਿਚਾਰੀ। ਪੁਨ ਮਨ ਮੈਂ ਬੈਸੇ ਧਾਰੀ।
ਜੋ ਹਮਰੋ ਭ੍ਰਾਤ ਬਡੇਰੋ। ਉਰ ਸਰਲ ਸੁਸ਼ੀਲ ਘਨੇਰੋ॥ ੩ ॥

ਕਿਸ ਥਾਂ ਪੜ੍ਹੇ' ਫਿਰ ਵਿਚਾਰ ਕਰਦੇ ਹਨ। ਫਿਰ ਮਨ ਵਿਚ ਇਹ ਗੱਲ ਧਾਰਨ ਕੀਤੀ ਕਿ ਜਿਹੜਾ ਸਾਡਾ ਵੱਡਾ ਭਰਾ ਹੈ ਉਸ ਦਾ ਹਿਰਦਾ ਬੜਾ ਸਰਲ ਅਤੇ ਸੁਸ਼ੀਲ ਹੈ॥ ੩ ॥

ਸ਼ੁਭ ਮਹਾਂਦੇਵ ਜਿਸ ਨਾਮੂ। ਚਲਿ ਗਏ ਤਿਸੀ ਕੇ ਧਾਮੂ।
ਕਰਿ ਬੰਦਨ ਸਾਦਰ ਬੈਸੇ। ਬਲਦੇਵ ਅੱਗ੍ਰ ਹਰਿ ਜੈਸੇ॥ ੪॥

ਜਿਸ ਦਾ ਸ਼ੁਭ ਨਾਮ ਮਹਾਂਦੇਵ ਹੈ। ਉਸ ਦੇ ਘਰ ਚਲੇ ਗਏ। ਵੱਡੇ ਭਰਾ ਨੂੰ ਬੰਦਨਾ ਕਰਕੇ ਬੈਠ ਗਏ ਜਿਵੇਂ ਕ੍ਰਿਸ਼ਨ ਦੇ ਵੱਡੇ ਭਰਾ ਬਲਰਾਮ ਪਾਸ ਕ੍ਰਿਸ਼ਨ ਜੀ ਬੈਠੇ ਹੋਣ॥ ੪॥

ਮ੍ਰਿਦੁ ਬਿਨੈ ਸਪ੍ਰੇਮ ਬਖਾਨੇ। 'ਤੁਮ ਭ੍ਰਾਤਾ ਅਹੋ ਮਹਾਨੇ।
ਸਮ ਪਿਤਾ ਸਦੀਵ ਹਮਾਰੇ। ਗੁਨ ਅਉਗਨ ਕੋ ਨ ਚਿਤਾਰੇ॥੫॥

ਬੜੇ ਪ੍ਰੇਮ ਨਾਲ ਕੋਮਲ ਸ਼ਬਦਾਂ ਨਾਲ ਬੇਨਤੀ ਕੀਤੀ, "ਤੁਸੀਂ ਸਾਡੇ ਮਹਾਨ ਭਰਾ ਹੋ, ਸਦਾ ਹੀ ਸਾਡੇ ਪਿਤਾ ਜੀ ਵਾਂਗ ਹੋ, ਤੁਸੀਂ ਕਦੇ ਵੀ ਗੁਣ-ਔਗੁਣ ਨਹੀਂ ਵੇਖਦੇ ਹੋ॥ ੫॥

ਹਰਿ ਗੋਬਿੰਦ ਦਾਸ ਤੁਮਾਰਾ। ਗਨ ਬਿਘਨ ਬਿਦਾਰ ਉਬਾਰਾ।
ਅਬਿ ਲਾਯਕ ਪਠਿਬੇ ਸੋਊ। ਜੋ ਬਿੱਦਯਾ ਲੇਵਹਿ ਕੋਊ॥ ੬॥

ਪੁੱਤਰ ਹਰਿਗੋਬਿੰਦ ਤੁਹਾਡਾ ਦਾਸ ਹੈ, ਬਹੁਤ ਮੁਸ਼ਕਲਾਂ ਨੂੰ ਦੂਰ ਕਰਕੇ ਇਸ ਨੂੰ ਪਾਲਿਆ ਹੈ। ਹੁਣ ਉਹ ਪੜ੍ਹਨ-ਲਾਇਕ ਹੋਇਆ ਹੈ, ਜੇ ਕੋਈ ਵਿਦਿਆ ਪ੍ਰਾਪਤ ਕਰ ਲਵੇ॥ ੬॥

ਤੁਮ ਆਪ ਦੇਹੁ ਫੁਰਮਾਈ। ਹਿਤ ਬਿੱਦਯਾ ਜਹਾਂ ਪਠਾਈ'।
ਸੁਨਿ ਮਹਾਂਦੇਵ ਮਤਿ ਦੀਹਾ। ਕਹਿ 'ਕਰਹੁ ਨ ਅਨਤੈ ਈਹਾ॥੭॥

ਤੁਸੀਂ ਆਪ ਹੀ ਹੁਕਮ ਕਰੋ ਕਿ ਵਿਦਿਆ ਪੜ੍ਹਨ ਵਾਸਤੇ ਇਸ ਨੂੰ ਕਿਥੇ ਭੇਜਿਆ ਜਾਵੇ ?" ਇਹ ਸੁਣ ਕੇ ਵੱਡੀ ਮੱਤ ਵਾਲੇ ਮਹਾਂਦੇਵ ਨੇ ਕਿਹਾ, ਕਿਸੇ ਹੋਰ ਦੀ ਇੱਛਾ ਨਾ ਕਰੋ॥ ੭॥

ਜਿਨ ਦੀਨਸਿ ਪੁੱਤ੍ਰ ਤੁਮਾਰਾ। ਜਟ ਬੁੱਢਾ ਬੁੱਧਿ ਉਦਾਰਾ।
ਸਮਰੱਥ ਮਹਾਂ ਜਿਸ ਮਾਂਹੀ। ਕਹਿ ਬਾਕ ਅੰਨਥਾ ਨਾਂਹੀ॥ ੮॥

ਜਿਸ ਨੇ ਤੁਹਾਨੂੰ ਪੁੱਤਰ ਦਿੱਤਾ ਹੈ, ਉਹ ਬੁੱਢਾ ਜੱਟ ਵੱਡੀ ਬੁੱਧੀ ਵਾਲਾ ਹੈ। ਜਿਸ ਵਿਚ ਹਰ ਪ੍ਰਕਾਰ ਦੀ ਮਹਾਨ ਸਮਰੱਥਾ ਹੈ, ਉਸ ਦੇ ਕਹੇ ਹੋਏ ਬਚਨ ਖਾਲੀ ਨਹੀਂ ਜਾਂਦੇ ਹਨ॥ ੮॥

ਬਡ ਕਰਾਮਾਤ ਮਹਿਂ ਪੂਰਾ। ਗਨ ਹਤਨਿ ਬਿਕਾਰਨਿ ਸੂਰਾ।
ਤਿਸ ਬਿਨਾ ਨ ਕਹੂੰ ਬਿਠਾਵਹੁ। ਜਿਮ ਚਾਹਹੁ ਤਥਾ ਪਢਾਵਹੁ॥੯॥

'ਵੱਡੀ ਕਰਾਮਾਤ ਵਿਚ ਪੂਰਾ ਹੈ, ਸਮੂਹ ਵਿਕਾਰਾਂ ਦੇ ਨਾਸ਼ ਕਰਨ ਨੂੰ ਵੱਡਾ ਸੂਰਮਾ ਹੈ। ਉਸ ਤੋਂ ਬਗੈਰ ਹੋਰ ਕਿਤੇ ਨਾ ਬਿਠਾਵੋ, ਜਿਵੇਂ ਉਸ ਦੀ ਚਾਹਤ ਹੋਵੇ, ਉਹੋ ਜੇਹਾ ਪੜ੍ਹਾਵੇ'॥ ੯॥

ਸੁਨਿ ਮਹਾਂਦੇਵ ਕੀ ਬਾਨੀ। ਸ੍ਰੀ ਅਰਜਨ ਸਾਦਰ ਮਾਨੀ।
ਸਿਖ ਪੰਚ ਸਮੀਪ ਹਕਾਰੇ। ਤਿਨ ਸੰਗ ਸੁ ਬਾਕ ਉਚਾਰੇ॥੧੦॥

ਮਹਾਂਦੇਵ ਦੀ ਗੱਲ ਸੁਣ ਕੇ, ਸ੍ਰੀ ਅਰਜਨ ਦੇਵ ਜੀ ਨੇ ਬੜੇ ਆਦਰ ਨਾਲ ਮੰਨ ਲਈ। ਪੰਜ ਸਿੱਖਾਂ ਨੂੰ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਬਚਨ ਕੀਤੇ॥ ੧੦॥

'ਜਹਿਂ ਬੁੱਢਾ ਸ਼ੁਭ ਮਤਿ ਬਾਸਾ। ਚਲਿ ਜਾਹੁ ਤਿਨਹੁ ਕੇ ਪਾਸਾ।
ਕਰ ਜੋਰਿ ਨਿਹੋਰਹੁ ਤਾਹੀ। ਕਰਿ ਨਮੋ ਕਮਲ ਪਗ ਪਾਹੀ॥੧੧॥

ਜਿਥੇ ਸ਼ੁਭ ਬੁੱਧੀ ਵਾਲੇ ਬਾਬਾ ਬੁੱਢਾ ਜੀ ਰਹਿੰਦੇ ਹਨ, ਉਨ੍ਹਾਂ ਦੇ ਪਾਸ ਚਲ ਕੇ ਜਾਵੋ। ਹੱਥ ਜੋੜ ਕੇ ਉਨ੍ਹਾਂ ਦੇ ਦਰਸ਼ਨ ਕਰੋ ਅਤੇ ਨਮਸਕਾਰ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਮੱਥਾ ਟੇਕੋ॥ ੧੧॥

ਪੁਨ ਲੀਜੈ ਨਾਮ ਹਮਾਰਾ। ਤੁਮ ਕੋ ਨਿਜ ਪਾਸ ਹਕਾਰਾ।
ਸਨਮਾਨ ਸਹਤ ਲੇ ਆਵੋ। ਅਬਿ ਤੂਰਨ ਤਹਿਂ ਚਲਿ ਜਾਵੋ' ॥੧੨॥

ਫਿਰ ਸਾਡਾ ਨਾਂ ਲਵੋ ਕਿ ਉਨ੍ਹਾਂ ਨੇ ਤੁਹਾਨੂੰ ਆਪਣੇ ਪਾਸ ਬੁਲਾਇਆ ਹੈ। ਬੜੇ ਆਦਰ ਸਹਿਤ ਉਨ੍ਹਾਂ ਨੂੰ ਲੈ ਆਵੋ, ਹੁਣ ਤੁਰੰਤ ਹੀ ਉਨ੍ਹਾਂ ਦੇ ਪਾਸ ਚਲੇ ਜਾਵੋ" ॥ ੧੨ ॥

ਸੁਨਿ ਸਿੱਖਨ ਸੀਸ ਨਿਵਾਵਾ। ਚਲਿ ਗਏ ਹੁਤੋ ਜਿਸ ਥਾਵਾ।
ਮਿਲਿ ਤਿਸੇ ਬੰਦਨਾ ਕੀਨੀ। ਗੁਰ ਆਇਸੁ ਪੁਨਿ ਕਹਿ ਦੀਨੀ ॥੧੩॥

ਇਹ ਸੁਣ ਕੇ ਸਿੱਖਾਂ ਨੇ ਸਿਰ ਨਿਵਾਏ ਅਤੇ ਓਥੇ ਚਲੇ ਗਏ ਜਿਥੇ ਬਾਬਾ ਬੁੱਢਾ ਜੀ ਰਹਿੰਦੇ ਸਨ। ਉਨ੍ਹਾਂ ਨੂੰ ਮਿਲ ਕੇ ਬੰਦਨਾ ਕੀਤੀ ਤੇ ਫਿਰ ਗੁਰੂ ਜੀ ਦੀ ਆਗਿਆ ਬਾਰੇ ਕਹਿ ਦਿੱਤਾ॥ ੧੩ ॥

ਸੁਨਿ ਬੁੱਢਾ ਬਿਕਸਯੋ ਅੰਗਾ। ਉਠਿ ਭਯੋ ਤਿਨਹੁ ਕੇ ਸੰਗਾ।
ਸ੍ਰੀ ਅਰਜਨ ਜਹਾਂ ਬਿਰਾਜੇ। ਜਿਨ ਗਿਰਾ ਸੁਨੇ ਅਘ ਭਾਜੇ ॥੧੪॥

ਇਹ ਸੁਣ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ ਤੇ ਉੱਠ ਕੇ ਉਨ੍ਹਾਂ ਸਿੱਖਾਂ ਦੇ ਨਾਲ ਚਲ ਪਏ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦੀ ਆਵਾਜ਼ ਸੁਣਨ ਨਾਲ ਹੀ ਪਾਪ ਭੱਜ ਜਾਂਦੇ ਹਨ, ਬਿਰਾਜਮਾਨ ਸਨ॥ ੧੪ ॥

ਤਹਿਂ ਬੁੱਢਾ ਚਲਿ ਕਰਿ ਆਯੋ। ਪਦ ਪੰਕਜ ਸੀਸ ਨਿਵਾਯੋ।
ਗੁਰ ਦੇਖਿ ਤਬੈ ਹੁਇ ਠਾਂਢੇ। ਸਨਮਾਨਤਿ ਆਨੰਦ ਬਾਢੇ ॥੧੫॥

ਬਾਬਾ ਬੁੱਢਾ ਜੀ ਓਥੇ ਚਲ ਕੇ ਆ ਗਏ। ਚਰਨ ਕੰਵਲਾਂ ਤੇ ਸਿਰ ਨਿਵਾਇਆ। ਗੁਰੂ ਜੀ ਬਾਬਾ ਜੀ ਨੂੰ ਵੇਖ ਕੇ ਉੱਠ ਕੇ ਖੜੇ ਹੋ ਗਏ। ਬੜੇ ਆਨੰਦ ਨਾਲ ਸਨਮਾਨ ਕੀਤਾ॥ ੧੫ ॥

'ਤਨ ਕੁਸ਼ਲ ਅਨੰਦ ਤੁਮਾਰੇ। ਚਿਤ ਪ੍ਰਭੁ ਸੌਂ ਰਚਯੋ ਉਦਾਰੇ।
ਉਪਕਾਰ ਹੇਤੁ ਤੁਮ ਦੇਹਾ। ਉਰ ਆਤਮਗਯਾਨ ਅਛੇਹਾ' ॥੧੬॥

ਗੁਰੂ ਜੀ ਬੋਲੇ, "ਬਾਬਾ ਜੀ ! ਸਰੀਰ ਅਨੰਦ ਪ੍ਰਸੰਨ ਹੈ, ਚਿੱਤ ਨੂੰ ਉੱਤਮ ਢੰਗ ਨਾਲ ਪ੍ਰਭੂ ਨਾਲ ਜੋੜਿਆ ਹੋਇਆ ਹੈ। ਉਪਕਾਰ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੋਇਆ ਹੈ, ਤੁਹਾਡੇ ਹਿਰਦੇ ਵਿਚ ਮੁਕੰਮਲ ਆਤਮ-ਗਿਆਨ ਹੈ" ॥ ੧੬ ॥

ਸੁਨਿ ਬੁੱਢੇ ਬਾਕ ਬਖਾਨਾ। 'ਤਨ ਮਾਨੁਖ ਤੁਮ ਨੇ ਠਾਨਾ।
ਜਗ ਜਾਤਿ ਨਰਕ ਦੁਖ ਪਾਏ। ਤਿਨ ਹੇਤੁ ਉਧਾਰਨ ਆਏ ॥੧੭॥

ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਮਨੁੱਖਾ ਸਰੀਰ ਤੁਸੀਂ ਧਾਰਨ ਕੀਤਾ ਹੈ। ਜਗਤ ਨਰਕਾਂ ਵਿਚ ਜਾ ਕੇ ਦੁੱਖ ਪਾ ਰਿਹਾ ਸੀ, ਤੁਸੀਂ ਉਨ੍ਹਾਂ ਦਾ ਉਧਾਰ ਕਰਨ ਵਾਸਤੇ ਆਏ ਹੋ॥ ੧੭॥

ਛਪਿ ਰਹੇ ਅਲਪ ਮਤਿ ਹੀਤੇ। ਬੁਧਿਵੰਤ ਲਖੇ ਸਭਿ ਚੀਤੇ'।
ਗੁਰ ਤਬਹਿ ਪ੍ਰਸਾਦ ਮੰਗਾਯੋ। ਮਨ ਪੰਚ ਤੋਲ ਕਰਿ ਲਯਾਯੋ ॥੧੮॥

ਥੋੜੀ ਬੁੱਧੀ ਵਾਲਿਆਂ ਤੋਂ ਛੁਪ ਰਹੇ ਹੋ, ਬੁੱਧੀਵਾਨ ਸਭ ਕੁਝ ਜਾਣਦੇ ਹਨ।" ਗੁਰੂ ਜੀ ਨੇ ਓਸੇ ਵੇਲੇ ਪ੍ਰਸ਼ਾਦ ਮੰਗਵਾਇਆ, ਪੰਜ ਮਣ ਤੋਲ ਕੇ ਲਿਆਂਦਾ॥ ੧੮ ॥

ਰਖਿ ਬੁੱਢੇ ਪ੍ਰਾਤ ਅਗੇਰੇ। ਸ਼ੁਭ ਬਾਕ ਭਨੇ ਤਿਸ ਬੇਰੇ।
'ਇਹ ਸਕਲ ਪ੍ਰਸਾਦਿ ਬ੍ਰਤਾਓ। ਹਰਿ ਗੋਵਿੰਦ ਆਪਿ ਪਢਾਓ ॥੧੯॥

ਬਾਬਾ ਬੁੱਢਾ ਜੀ ਦੇ ਅੱਗੇ ਪ੍ਰਾਤ ਰੱਖ ਕੇ ਗੁਰੂ ਜੀ ਨੇ ਸ਼ੁਭ ਬਚਨ ਇਸ ਪ੍ਰਕਾਰ ਕਹੇ, "ਇਹ ਸਾਰਾ ਪ੍ਰਸ਼ਾਦ ਵਰਤਾ ਦੇਵੋ ਅਤੇ ਸ੍ਰੀ ਹਰਿਗੋਬਿੰਦ ਨੂੰ ਆਪ ਜੀ ਪੜ੍ਹਾਈ ਕਰਵਾਉ॥ ੧੯ ॥

ਗੁਰਮੁਖੀ ਸੁ ਬਿੱਦਯਾ ਦੀਜੈ। ਇਸ ਊਪਰ ਕਰੁਨਾ ਕੀਜੈ।
ਪੱਟੀ ਲਿਖਿ ਪੈਂਤੀਂ ਸਾਰੀ। ਸਿਖਰਾਵਹੁ ਮੁਖਹੁਂ ਉਚਾਰੀ' ॥੨੦॥

ਗੁਰਮੁਖੀ ਦੀ ਇਸ ਨੂੰ ਵਿਦਿਆ ਦੇਵੋ ਅਤੇ ਬਾਲਕ ਉਪਰ ਆਪਣੀ ਕਿਰਪਾ ਕਰੋ। ਸਾਰੀ ਪੈਂਤੀ ਲਿਖ ਕੇ, ਆਪਣੇ ਮੁਖ ਨਾਲ ਉਚਾਰਣ ਕਰਕੇ ਬੱਚੇ ਨੂੰ ਸਿਖਿਆ ਦੇਵੋ" ॥ ੨੦॥

ਪੁਨਿ ਸਾਹਿਬ ਬੁੱਢੇ ਭਾਖਾ। 'ਮੈਂ ਜਾਟ, ਘਾਸ ਕੋ ਰਾਖਾ।
ਮੁਝ ਪਢਨੋ ਕਛੂ ਨ ਆਵੈ। ਕਯਾ ਜਾਨੌਂ, ਕਹਾਂ ਪਢਾਵੈਂ ॥੨੧॥

ਫਿਰ ਬਾਬਾ ਬੁੱਢਾ ਸਾਹਿਬ ਨੇ ਕਿਹਾ, "ਮੈਂ ਤਾਂ ਜੱਟ, ਘਾਹ ਦੀ ਰਾਖੀ ਕਰਨ ਵਾਲਾ ਹਾਂ, ਮੈਨੂੰ ਤਾਂ ਕੁਝ ਵੀ ਪੜ੍ਹਨਾ ਨਹੀਂ ਆਉਂਦਾ, ਮੈਂ ਕੀ ਜਾਣਦਾ ਹਾਂ, ਕਿਵੇਂ ਪੜ੍ਹਾਈਦਾ ਹੈ॥ ੨੧॥

ਜੋ ਆਪ ਪਢਹਿ ਸੁ ਪਢਾਈ। ਅਨਪਢ ਕਯਾ ਦੇਹਿ ਸਿਖਾਈ'।
ਸ੍ਰੀ ਅਰਜਨ ਸੁਨਿ ਕਰਿ ਭਾਖੈਂ। 'ਤੁਮ ਸਕਲ ਸ਼ਕਤਿ ਕੋ ਰਾਖੇ ॥੨੨॥

ਜੋ ਆਪ ਪੜ੍ਹਿਆ ਹੋਵੇ ਫਿਰ ਹੀ ਦੂਸਰੇ ਨੂੰ ਪੜ੍ਹਾ ਸਕਦਾ ਹੈ। ਅਨਪੜ੍ਹ ਆਦਮੀ ਦੂਸਰੇ ਨੂੰ ਕੀ ਸਿਖਿਆ ਦੇ ਸਕਦਾ ਹੈ।" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਬਚਨ ਕੀਤੇ, "ਤੁਹਾਡੇ ਪਾਸ ਸਭ ਸ਼ਕਤੀਆਂ ਮੌਜੂਦ ਹਨ॥ ੨੨॥

ਅਸ ਵਸਤੁ ਕੌਨ ਜਗ ਮਾਂਹੀ। ਜੋ ਤੁਮ ਕਹੁ ਆਵਤਿ ਨਾਹੀ।
ਨਹਿਂ ਆਇ ਜੁ ਰਿਦੇ ਤੁਮਾਰੇ। ਸੋ ਭਈ ਨ ਜਗਤ ਮਝਾਰੇ ॥੨੩॥

ਜਗਤ ਵਿਚ ਐਸੀ ਕਿਹੜੀ ਚੀਜ਼ ਹੈ, ਜਿਹੜੀ ਤੁਹਾਨੂੰ ਆਉਂਦੀ ਨਹੀਂ ਹੈ। ਜਿਹੜੀ ਗੱਲ ਤੁਹਾਡੇ ਹਿਰਦੇ ਵਿਚ ਨਹੀਂ ਆਉਂਦੀ ਹੈ, ਉਹ ਜਗਤ ਵਿਚ ਹੁੰਦੀ ਹੀ ਨਹੀਂ ਹੈ॥ ੨੩॥

ਜੋ ਭਈ ਪ੍ਰਪੰਚਹਿ ਮੱਧੇ। ਸੋ ਤੁਮਹਿ ਬਿਦਤਿ ਸਭਿ ਸੁੱਧੇ।
ਨਹਿਂ ਕੀਜਹਿ ਅਪਰ ਵਲਾਊ। ਸਰਬੱਗਜ ਤਤੱਗਜ ਸਦਾਊ ॥੨੪॥

ਜੋ ਕੁਝ ਵੀ ਸੰਸਾਰ ਵਿਚ ਹੋ ਰਿਹਾ ਹੈ, ਉਸ ਸਾਰੇ ਬਾਰੇ ਆਪ ਨੂੰ ਪ੍ਰਗਟ ਰੂਪ ਵਿਚ ਗਿਆਨ ਹੈ। ਇਸ ਲਈ ਟਾਲੋ ਨਹੀਂ, ਤੁਸੀਂ ਸਭ ਕੁਝ ਜਾਨਣ ਵਾਲੇ ਤੱਤ ਗਿਆਨੀ ਹੋ॥ ੨੪॥

ਸ਼ੁਭ ਦਯੋਸ ਮਹੂਰਤ ਆਜੂ। ਜੋ ਕਰਿਯ ਸੁ ਪੂਰਵੈ ਕਾਜੂ।
ਕਹਿ ਸ੍ਰੀ ਗੁਰ ਨਾਨਕ ਨਾਮੂ। ਦਿਹੁ ਬਿੱਦਯਾ ਅਬਿ ਅਭਿਰਾਮੂ' ॥੨੫॥

ਸ਼ੁਭ ਦਿਨ ਅੱਜ ਹੀ ਅਰੰਭ ਕਰੋ, ਜੋ ਕਰਨਾ ਹੈ, ਉਹ ਕਾਰਜ ਪੂਰਾ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਲੈ ਕੇ, ਹੁਣ ਸੁੰਦਰ ਵਿਦਿਆ ਪੜ੍ਹਾਓ" ॥ ੨੫॥

ਜਸੁ ਸਤਿਗੁਰ ਜਬਹਿ ਬਖਾਨਜੋ। ਤਬਿ ਬੁੱਢੇ ਸਾਹਿਬ ਮਾਨਜੋ।
ਉਰ ਹੁਇ ਪ੍ਰਸਾਦਿ ਤਤਕਾਲਾ। ਵਰਤਾਇ ਪ੍ਰਸਾਦਿ ਬਿਸਾਲਾ ॥੨੬॥

ਜਿਸ ਤਰ੍ਹਾਂ ਗੁਰੂ ਜੀ ਨੇ ਕਿਹਾ, ਬਾਬਾ ਬੁੱਢਾ ਸਾਹਿਬ ਨੇ ਉਸ ਤਰ੍ਹਾਂ ਹੀ ਮੰਨ ਲਿਆ। ਦਿਲ ਵਿਚ ਬਹੁਤ ਪ੍ਰਸੰਨ ਹੋ ਕੇ, ਬਹੁਤ ਪ੍ਰਸ਼ਾਦ ਵਰਤਾਇਆ॥ ੨੬॥

ਗੁਰ ਅੱਗ੍ਰ ਨਿਵਾਯੋ ਮਾਥਾ। ਗਹਿ ਪਟੀਆ ਅਪਨੈ ਹਾਥਾ।
ਸਭਿ ਪੈਂਤੀ ਲਿਖਿ ਕਰਿ ਦੀਨੀ। ਹਰਿ ਗੋਵਿੰਦ ਜੀ ਕਰ ਲੀਨੀ ॥੨੭॥

ਗੁਰੂ ਜੀ ਦੇ ਅੱਗੇ ਸਿਰ ਨਿਵਾਇਆ ਤੇ ਫੱਟੀ ਆਪਣੇ ਹੱਥ ਵਿਚ ਫੜ ਕੇ ਸਾਰੀ ਪੈਂਤੀ ਲਿਖ ਕੇ ਦਿੱਤੀ ਅਤੇ ਸ੍ਰੀ ਹਰਿਗੋਬਿੰਦ ਜੀ ਨੇ ਆਪਣੇ ਹੱਥ ਵਿਚ ਫੜ ਲਈ॥ ੨੭॥

ਕਹਿ ਪ੍ਰਿਥਮੇ, ਓਅੰਕਾਰਾ। ਸਤਿਗੁਰੂ ਪ੍ਰਸਾਦਿ ਉਚਾਰਾ।
ਸਭਿ ਅੱਖਰ ਆਦਿ ਉਕਾਰਾ। ਪਠਿ ਲੀਨੇ ਅੰਤ ੜਕਾਰਾ॥ ੨੮॥

ਪਹਿਲਾਂ ਇਕ ਓਅੰਕਾਰ ਕਹਿ ਕੇ ਫਿਰ ਸਤਿਗੁਰੂ ਪ੍ਰਸਾਦਿ ਦਾ ਉਚਾਰਣ ਕੀਤਾ। ਫਿਰ 'ੳ' ਤੋਂ ਅਰੰਭ ਕਰਕੇ ਅੰਤ 'ੜ' ਤਕ ਸਾਰੇ ਅੱਖਰ ਪੜ੍ਹ ਲਏ॥ ੨੮॥

ਦਿਨ ਪ੍ਰਥਮ ਪਠਤਿ ਭਏ ਏਤਾ। ਪੁਨ ਦਤੀਸ ਦੂਤੀ ਕਰਿ ਚੇਤਾ।
ਪਠਿ ਲੀਨਿ ਮੁਹਾਰਨਿ ਸਾਰੀ। ਲਗ ਲਾਗੇ ਜਥਾ ਉਚਾਰੀ॥ ੨੯॥

ਪਹਿਲੇ ਦਿਨ ਏਨਾ ਹੀ ਪੜ੍ਹਿਆ, ਫਿਰ ਦੂਸਰੇ ਦਿਨ ਸਾਰਾ ਚੇਤੇ ਕਰ ਲਿਆ ਅਤੇ ਸਾਰੀ ਮੁਹਾਰਨੀ ਪੜ੍ਹ ਲਈ। ਜਿਵੇਂ ਲਗਾਂ ਮਾਤ੍ਰਾਂ ਲਾ ਕੇ ਉਚਾਰਨ ਹੁੰਦਾ ਹੈ, ਉਸ ਤਰ੍ਹਾਂ ਹੀ ਉਚਾਰਨ ਕੀਤਾ॥ ੨੯॥

ਦਿਨ ਤ੍ਰਿਤੀਏ ਪਾਵਤਿ ਨਾਂਵੇ। ਜਿਮ ਬੁੱਢਾ ਬਾਕ ਅਲਾਵੈ।
ਪਟੀਆ ਲਿਖਿ ਨਾਵਨਿ ਪੂਰੀ। ਮੁਖ ਬਾਨੀ ਉਚਰਤਿ ਰੂਰੀ॥ ੩੦॥

ਤੀਸਰੇ ਦਿਨ ਉਸ ਤਰ੍ਹਾਂ ਹੀ ਨਾਂਵੇਂ ਪਾਉਣ ਲੱਗ ਗਏ ਜਿਵੇਂ ਬਾਬਾ ਬੁੱਢਾ ਜੀ ਉਚਾਰਨ ਕਰਦੇ ਸਨ। ਨਾਂਵਿਆਂ ਨਾਲ ਫਿਰ ਫੱਟੀਆਂ ਲਿਖਦੇ ਸਨ ਅਤੇ ਮੁਖ ਤੋਂ ਸੁੰਦਰ ਬਾਣੀ ਦਾ ਉਚਾਰਨ ਕਰਦੇ ਸਨ॥ ੩੦॥

ਸਭਿ ਬਿੱਦਜਾ ਕਾਰਨ ਜੋਈ। ਲਗਿ ਪਢਨਿ ਗੁਰਮੁਖੀ ਸੋਈ।
ਤਨੁ ਮਾਨੁ ਖਧਾਰਜੋ ਜੈਸੇ। ਨਿਰਬਾਹ ਸ੍ਵਾਂਗ ਕਹੁ ਤੈਸੇ॥ ੩੧॥

ਸ੍ਰੀ ਹਰਿਗੋਬਿੰਦ ਸਾਹਿਬ ਜੀ ਜਿਹੜੇ ਆਪ ਹੀ ਸਾਰੀ ਵਿਦਿਆ ਦਾ ਕਾਰਨ ਸੀ, ਉਹ ਗੁਰਮੁਖੀ ਪੜ੍ਹਨ ਲੱਗ ਗਏ। ਜਿਵੇਂ ਸਵਾਂਗ ਦਾ ਨਿਰਬਾਹ ਕਰਨਾ ਹੋਵੇ, ਇਸ ਤਰ੍ਹਾਂ ਉਨ੍ਹਾਂ ਨੇ ਮਨੁੱਖਾ ਸਰੀਰ ਧਾਰਨ ਕੀਤਾ ਹੋਇਆ ਸੀ॥ ੩੧॥

ਪੁਨ ਪੋਥੀ ਪਢਨਿ ਸੁ ਲਾਗੇ। ਸਭਿ ਦੇਖਤਿ ਅਚਰਜ ਪਾਗੇ।
ਨਹਿੰ ਮਹਿਮਾ ਜਿਨਹੁੰ ਪਛਾਨੀ। ਤਿਨ ਭਈ ਬੁੱਧਿ ਬਿਸਮਾਨੀ॥ ੩੨॥

ਫਿਰ ਪੋਥੀ ਪੜ੍ਹਨ ਲੱਗ ਗਏ, ਸਾਰੇ ਵੇਖ ਕੇ ਹੈਰਾਨ ਰਹਿ ਜਾਂਦੇ ਸਨ, ਜਿਨ੍ਹਾਂ ਨੇ ਉਨ੍ਹਾਂ ਦੀ ਮਹਿਮਾ ਨਹੀ ਪਛਾਣੀ ਸੀ, ਉਨ੍ਹਾਂ ਦੀ ਬੁੱਧੀ ਹੈਰਾਨ ਹੀ ਰਹਿ ਗਈ॥ ੩੨॥

ਕੁਛ ਦੇਰ ਨ ਲਾਗੀ ਐਸੇ। ਜਨੁ ਪਢੇ ਪ੍ਰਥਮ, ਪਢਿ ਤੈਸੇ।
ਸ੍ਰੀ ਅਰਜਨ ਸੁਨਤਿ ਅਨੰਦੇ। ਸੁਤ ਬਾਚਕ ਭਯੋ ਬਿਲੰਦੇ॥ ੩੩॥

ਪੜ੍ਹਾਈ ਕਰਨ ਵਿਚ ਕੁਝ ਦੇਰ ਵੀ ਨਾ ਲੱਗੀ, ਜਿਵੇਂ ਪਹਿਲਾਂ ਹੀ ਪੜ੍ਹੇ ਸਨ, ਉਸ ਤਰ੍ਹਾਂ ਹੀ ਪੜ੍ਹੀ ਜਾਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ, ਪੁੱਤਰ ਬਹੁਤ ਉੱਚੀ ਪੜ੍ਹਾਈ ਕਰਨ ਵਾਲਾ ਹੋ ਗਿਆ॥ ੩੩॥

ਜੋ ਲੇਕਰਿ ਹਾਥ ਪਢਾਵੈਂ। ਤਤਕਾਲ ਸੁ ਬਾਚ ਸੁਨਾਵੈ।
ਪੁਨ ਬਹੁਤ ਪ੍ਰਸ਼ਾਦ ਮੰਗਾਯੋ। ਸਭਿ ਬੁੱਢੇ ਅੱਗ੍ਰ ਰਖਾਯੋ॥ ੩੪॥

ਜੋ ਵੀ ਹੱਥ ਵਿਚ ਲੈ ਕੇ ਪੜ੍ਹਾਉਂਦੇ ਸਨ, ਉਹੀ ਤੁਰਤ ਹੀ ਪੜ੍ਹ ਕੇ ਸੁਣਾ ਦਿੰਦੇ ਸਨ। ਫਿਰ ਬਹੁਤ ਪ੍ਰਸ਼ਾਦ ਮੰਗਵਾਇਆ ਤੇ ਸਾਰਾ ਬਾਬਾ ਬੁੱਢਾ ਸਾਹਿਬ ਅੱਗੇ ਰੱਖ ਦਿੱਤਾ॥ ੩੪॥

ਹਰਿ ਗੋਵਿੰਦ ਪਦ ਪਰ ਡਾਰਾ। ਗੁਰ 'ਕੀਨਿਸ ਬੁੱਧਿ ਉਦਾਰਾ।
ਸਭਿ ਬਿੱਦਜਾ ਰਿਦੈ ਬਸਾਈ'। ਭੇ ਨੰਮ੍ਰ ਤਿਸੇ ਅਗਵਾਈ॥ ੩੫॥

ਸ੍ਰੀ ਹਰਿਗੋਬਿੰਦ ਨੂੰ ਬਾਬਾ ਜੀ ਦੇ ਚਰਨਾਂ ਤੇ ਪਾਇਆ। "ਗੁਰੂ ਜੀ ਨੇ ਵਿਸ਼ਾਲ ਬੁੱਧੀ ਬਣਾ ਦਿੱਤੀ ਤੇ ਸਾਰੀ ਵਿਦਿਆ ਹਿਰਦੇ ਵਿਚ ਵਸਾ ਦਿੱਤੀ।" ਫਿਰ ਉਨ੍ਹਾਂ ਦੀ ਅਗਵਾਈ ਵਿਚ ਸਨਿਮਰ ਹੋ ਗਏ॥ ੩੫॥

ਸਭਿ ਸੰਗਤਿ ਮਹਿਂ ਬਰਤਾਵਾ। ਪਕਵਾਨ ਮਹਾਂ ਮਨ ਭਾਵਾ।
ਸ੍ਰੀ ਅਰਜਨ ਪੁਨਿ ਧਨ ਲੀਨਾ। ਗਨ ਦੀਨਨਿ ਦਾਨ ਸੁ ਦੀਨਾ॥੩੬॥

ਫਿਰ ਮਨ-ਭਾਉਂਦੇ ਪਕਵਾਨ ਸਾਰੀ ਸੰਗਤ ਵਿਚ ਵਰਤਾ ਦਿੱਤੇ। ਫਿਰ ਗੁਰੂ ਅਰਜਨ ਦੇਵ ਜੀ ਨੇ ਧਨ ਲਿਆ ਤੇ ਗਰੀਬਾਂ ਨੂੰ ਦਾਨ ਦਿੱਤਾ॥ ੩੬॥

ਉਤਸਾਹ ਕੀਨਿ ਤਿਸ ਕਾਲਾ। ਲਘੁ ਦੁੰਦਭਿ ਬਜੇ ਬਿਸਾਲਾ।
ਸ਼ਰਨਾਇ ਸੁ ਝਾਂਝ ਨਫੀਰੰ। ਬਡ ਬੱਜੀ ਧੌਂਸਿ ਗਹੀਰੰ॥ ੩੭॥

ਉਸ ਸਮੇਂ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਛੋਟੇ ਨਗਾਰੇ ਬਹੁਤ ਵਜਾਏ ਗਏ। ਸ਼ਹਿਨਾਈਆਂ, ਵੱਡੇ ਛੈਣੇ ਅਤੇ ਤੂਤੀਆਂ ਦੇ ਨਾਲ ਵੱਡੇ-ਵੱਡੇ ਧੌਂਸੇ ਵੀ ਵੱਜੇ॥ ੩੭॥

ਹਰਗੋਬਿੰਦ ਜੀ ਪ੍ਰਿਯ ਲਾਗੇ। ਅਵਲੋਕਤਿ ਨਰ ਬਡਭਾਗੇ।
ਤਬਿ ਬੁੱਢਾ ਜੀ ਅਨੁਰਾਗੇ। ਉਰ ਬਿਸਰਜੋ ਸਭਿ ਬੈਰਾਗੇ॥ ੩੮॥

ਸ੍ਰੀ ਹਰਿਗੋਬਿੰਦ ਜੀ ਬੜੇ ਪਿਆਰੇ ਲੱਗ ਰਹੇ ਸਨ, ਵੱਡੇ ਭਾਗਾਂ ਵਾਲੇ ਲੋਕ ਉਨ੍ਹਾਂ ਨੂੰ ਵੇਖ ਰਹੇ ਸਨ। ਫਿਰ ਬਾਬਾ ਬੁੱਢਾ ਜੀ ਵੀ ਪ੍ਰੇਮ ਨਾਲ ਭਰ ਗਏ ਤੇ ਹਿਰਦੇ ਦਾ ਸਾਰਾ ਵੈਰਾਗ ਦੂਰ ਹੋਇਆ॥ ੩੮॥

ਭਰਿ ਅੰਕ ਬਦਨ ਅਵਿਲੋਕੇ। ਮਨ ਪ੍ਰੇਮ ਰੁਕਤਿ ਨਹਿਂ ਰੋਕੇ।
ਉਰ ਹਿਤ ਕਰਿ ਸੂੰਘਤਿ ਮਾਥਾ। ਬਰ ਦੇਤਿ ਭਯੋ ਹਿਤ ਸਾਥਾ॥੩੯॥

ਬਾਬਾ ਬੁੱਢਾ ਜੀ ਸ੍ਰੀ ਹਰਿਗੋਬਿੰਦ ਜੀ ਨੂੰ ਗੋਦੀ ਵਿਚ ਚੁਕ ਕੇ ਮੁਖੜੇ ਵੱਲ ਵੇਖਦੇ ਸਨ ਤੇ ਮਨ ਦਾ ਪ੍ਰੇਮ ਰੋਕਿਆਂ ਵੀ ਰੁਕਦਾ ਨਹੀਂ ਸੀ। ਦਿਲ ਵਿਚ ਬੜਾ ਪ੍ਰੇਮ ਕਰਕੇ ਮੱਥਾ ਚੁੰਮਦੇ ਸਨ ਅਤੇ ਪ੍ਰੇਮ ਨਾਲ ਵਰ ਦੇ ਰਹੇ ਸਨ॥ ੩੯॥

'ਬਡ ਬੀਰ, ਕਸਹੁ ਕਟਿ ਭਾਥਾ। ਗਰ ਖੜਗ, ਧਨੁਖ ਦ੍ਰਿੜ੍ਹ ਹਾਥਾ।
ਰਿਪੁ ਮਾਰਹੁ ਕਰਿ ਘਮਸਾਨਾ। ਨਹਿਂ ਪ੍ਰਤਿ ਭਟ ਹੋਵਹਿ ਆਨਾ॥੪੦॥

ਵੱਡੇ ਸੂਰਮੇ ਹੋਵੋਗੇ, ਕਮਰ ਨਾਲ ਤੀਰਾਂ ਦਾ ਭੱਥਾ ਬੰਨ੍ਹੋਗੇ, ਗਲ ਵਿਚ ਤਲਵਾਰ ਹੋਵੇਗੀ ਅਤੇ ਹੱਥ ਵਿਚ ਤੀਰ ਕਮਾਨ ਹੋਵੇਗਾ, ਯੁੱਧ ਕਰਕੇ ਵੈਰੀਆਂ ਨੂੰ ਮਾਰੋਗੇ। ਤੁਹਾਡੇ ਵਰਗਾ ਹੋਰ ਕੋਈ ਸੂਰਮਾ ਨਹੀਂ ਹੋਵੇਗਾ॥ ੪੦॥

ਕਰਿ ਸੰਘਰ ਸ਼ੱਤ੍ਰੁਨਿ ਮਾਰੋ। ਜਸੁ ਪਸਰਹਿ ਬਿਜੈ ਤੁਮਾਰੋ।
ਬਲ ਅਤੁਲਤ ਬਾਹੁ ਬਿਸਾਲਾ। ਹੁਇ ਦੀਰਘ ਡੀਲ ਕ੍ਰਿਪਾਲਾ॥੪੧॥

ਯੁੱਧ ਕਰਕੇ ਵੈਰੀਆਂ ਨੂੰ ਮਾਰੋ, ਤੁਹਾਡਾ ਸਾਰੇ ਜੱਸ ਫੈਲ ਜਾਵੇਗਾ ਤੇ ਤੁਹਾਡੀ ਜਿੱਤ ਹੋਵੇਗੀ। ਬਹੁਤ ਸ਼ਕਤੀਸ਼ਾਲੀ ਹੋਵੋਗੇ ਅਤੇ ਵਿਸ਼ਾਲ ਤੁਹਾਡੀਆਂ ਬਾਂਹਾਂ ਹੋਣਗੀਆਂ। ਹੇ ਕ੍ਰਿਪਾਲੂ! ਤੁਹਾਡੇ ਸਰੀਰ ਦਾ ਡੀਲ ਡੌਲ ਵੀ ਬਹੁਤ ਵੱਡਾ ਹੋਵੇਗਾ'॥ ੪੧॥

*ਕਬਿੱਤ*- ਜੈਸੇ ਰਾਮਚੰਦ ਪਰਕੌਸਕ ਮੁਨਿੰਦ੍ਰ ਬਰ ਹੋਇ ਕੈ ਪ੍ਰਸੰਨ ਮਨ ਬਿੱਦਜਾ ਸਿਖਰਾਇ ਕੈ।
ਦੀਨੇ ਬਰ ਔਰ ਸਭਿ ਮੰਤ੍ਰ ਸਿਰਮੌਰ ਜੇਤੇ ਅਖਿਲ ਪਢਾਏ ਤਾਤਕਾਲ ਚਿਤ ਚਾਇਕੈ।
ਤੈਸੇ ਹਰਿ ਗੋਬਿੰਦ ਬਿਲੰਦ ਬਿੱਦਜਾ ਦਈ ਸਭਿ ਔਰ ਬਰ ਕਹੇ ਉਰ ਪ੍ਰੇਮ ਉਮਗਾਇ ਕੈ।
ਬੁੱਢੇ ਹ੍ਵੈ ਪ੍ਰਸੰਨ ਸੁਭ ਆਸ਼ਿਖ ਬਖਾਨੀ ਧੰਨ, ਭਯੋ ਉਤਸਾਹ ਚਹੂੰ ਦਿਸ਼ਿ ਰਹਜੋ ਛਾਇਕੈ॥੪੨॥

ਜਿਵੇਂ ਵਿਸ਼ਵਾਮਿੱਤਰ ਨੇ ਰਾਮ ਚੰਦਰ ਨੂੰ ਵਿਦਿਆ ਸਿਖਾ ਕੇ ਬਹੁਤ ਪ੍ਰਸੰਨ ਹੋ ਕੇ ਵਰ ਦਿੱਤੇ ਸਨ। ਇਸ ਤਰ੍ਹਾਂ ਬਾਬਾ

ਬੁੱਢਾ ਜੀ ਨੇ ਸਾਰੇ ਵਰ ਅਤੇ ਮੰਤਰ ਜਿੰਨੇ ਵੀ ਸਨ ਮਨ ਵਿਚ ਪ੍ਰਸੰਨ ਹੋ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਦਿੱਤੇ। ਬੜੀ ਉੱਚੀ ਵਿਦਿਆ ਪੜ੍ਹਾਈ ਅਤੇ ਬੜਾ ਪ੍ਰੇਮ ਵਧਾ ਕੇ ਵਰ ਦਿੱਤੇ। ਬਾਬਾ ਬੁੱਢਾ ਜੀ ਨੇ ਪ੍ਰਸੰਨ ਹੋ ਕੇ ਸ਼ੁਭ ਅਸੀਸ ਦਿੱਤੀ ਅਤੇ ਚਾਰੇ ਪਾਸੇ ਬੜਾ ਉਤਸ਼ਾਹ ਭਰ ਗਿਆ॥ ੪੨॥

ਦੋਹਰਾ- ਬਿੱਦਜਾ ਦਈ ਸਿਖਾਇ ਸ਼ੁਭ ਬਾਨੀ ਪੜ੍ਹਿਬੇ ਕੇਰ।
ਬਾਚਕ ਹੋਏ ਸਕਲ ਕੇ ਪਢਤਿ ਨ ਲਾਵਤਿ ਦੇਰ॥ ੪੩॥

ਸ਼ੁਭ ਬਾਣੀ ਪੜ੍ਹਨ ਵਾਸਤੇ, ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਵਿਦਿਆ ਪੜ੍ਹਾਈ। ਸ੍ਰੀ ਹਰਿਗੋਬਿੰਦ ਸਾਹਿਬ ਸਭ ਕੁਝ ਪੜ੍ਹ ਲੈਂਦੇ ਸਨ ਅਤੇ ਪੜ੍ਹਨ ਵਿਚ ਰਤਾ ਵੀ ਦੇਰ ਨਹੀਂ ਸੀ ਲਾਉਂਦੇ॥ ੪੩॥

ਸ਼ਸਤ੍ਰਨ ਕੀ ਬਿੱਦਜਾ ਮਹਾਂ ਤਿਸਕੋ ਬਰ ਦੇ ਦੀਨਿ।
'ਬਾਨ ਪ੍ਰਹਾਰਨਿ ਅਨਿਕ ਬਿਧਿ ਐਂਚਨਿ ਧਨੁਖ ਪ੍ਰਬੀਨ॥੪੪॥

ਸ਼ਸਤਰਾਂ ਦੀ ਵਿਦਿਆ ਦਾ ਮਹਾਨ ਵਰ ਉਨ੍ਹਾਂ ਨੂੰ ਦੇ ਦਿੱਤਾ। "ਅਨੇਕ ਪ੍ਰਕਾਰ ਨਾਲ ਧਨੁੱਖ ਖਿੱਚ ਕੇ ਤੀਰਾਂ ਦਾ ਵਾਰ ਕਰੋਗੇ॥ ੪੪॥

ਖੜਗ ਪ੍ਰਹਾਰ ਨਿਸਿ ਪਰ ਗਹਿ ਤਨ ਬਚਾਇ ਕਰਿ ਦਾਵ।
ਇਤ ਉਤ ਹੋਵਨਿ ਸਮੁਖ ਪੁਨਿ ਗਨ ਸ਼ੱਤ੍ਰੁਨਿ ਕਰਿ ਘਾਵ॥੪੫॥

ਢਾਲ ਫੜ ਕੇ ਦਾਅ ਬਚਾ ਕੇ ਤਲਵਾਰ ਦਾ ਵਾਰ ਕਰੋਗੇ। ਏਧਰ ਓਧਰ ਹੋ ਕੇ ਫਿਰ ਸਾਹਮਣੇ ਆਕੇ ਵਾਰ ਕਰਕੇ ਵੈਰੀਆਂ ਦਾ ਨਾਸ਼ ਕਰੋਗੇ॥ ੪੫॥

ਸੈਯਾ- ਹੌਨਿ ਮਹਾਂ ਅਸਵਾਰ ਤੁਰੰਗਮ ਦੀਰਘ ਛਾਲ ਕੁਦਾਇ ਭਜਾਵੈਂ।
ਫੇਰਨ, ਮੰਡਲ ਕੇਰ ਭ੍ਰਮਾਵਨਿ, ਲੈ ਬਰਛਾ ਅਰਿ ਓਰ ਚਲਾਵੈਂ।
ਹਾਥ ਤੁਫੰਗ ਗਹੈਂ ਕਰਿ ਤਜਾਰ, ਪਲਾਵਤਿ ਜਾਤਿ ਛੁਟੇ ਰਿਪੁ ਘਾਵੈਂ।
ਔਰ ਜਿਤੇ ਇੱਤਜਾਦਿਕ ਜੋ ਬਰ, ਦੇਤਿ ਭਯੋਸੁ 'ਕਰੇ ਬਿਨ ਆਵੈਂ॥੪੬॥

ਬਹੁਤ ਵੱਡੇ ਘੋੜਸਵਾਰ ਹੋਵੋਗੇ ਤੇ ਘੋੜਿਆਂ ਨੂੰ ਬਹੁਤ ਭਜਾਉਗੇ ਅਤੇ ਛਾਲਾਂ ਮਰਵਾਉਗੇ। ਗੋਲਾਕਾਰ ਫੇਰ ਕੇ ਤੇ ਭ੍ਰਮਾ ਕੇ ਬਰਛਾ ਲੈ ਕੇ ਵੈਰੀ ਤੇ ਚਲਾਵੋਗੇ। ਹੱਥ ਵਿਚ ਬੰਦੂਕ ਫੜ ਕੇ ਤਿਆਰ ਕਰਕੇ ਦੌੜਦੇ ਜਾਂਦੇ ਵੈਰੀਆਂ ਦਾ ਨਾਸ਼ ਕਰੋਗੇ ਅਤੇ ਹੋਰ ਕਈ ਇਤਿਆਦਿ ਵਰ ਦਿੱਤੇ ਕਿ "ਬਿਨਾਂ ਸਿਖਿਆਂ ਹੀ ਸ਼ਸਤਰ-ਵਿਦਿਆ ਆ ਜਾਵੇਗੀ"॥ ੪੬॥

ਦਜੋਸ ਪ੍ਰਤੀ ਹਰਿ ਗੋਬਿੰਦ ਚੰਦ, ਬਿਲੰਦ ਸਰੀਰ ਅਨੰਦ ਬ੍ਰਿਧਾਵੈ।
ਨੰਦਨ ਕੋ ਪਿਖਿ ਗੰਗ ਉਮੰਗਤਿ, ਆਪ ਸੁਨੈ ਨਿਜ ਪਾਸ ਪਢਾਵੈ।
ਗੋਦ ਬਿਠਾਇ ਪ੍ਰਮੋਦਤਿ ਹੈ ਅਤਿ ਪ੍ਰੇਮ ਵਧਜੋ ਸੁਨਿ ਕੈ ਬਲਿ ਜਾਵੈ।
ਚਾਹਤਿ ਹੈ ਕੁਸ਼ਲੀ ਸੁਤ ਕੀ, ਗੁਰ ਨਾਨਕ ਨਾਮ ਲੈ ਸੀਸ ਝੁਕਾਵੈ॥੪੭॥

ਸ੍ਰੀ ਹਰਿਗੋਬਿੰਦ ਜੀ ਨੂੰ ਵਰ ਦੇ ਰਹੇ ਸਨ, ਵੱਡਾ ਸਰੀਰ ਹੋਵੇਗਾ ਜਿਹੜਾ ਅਨੰਦ ਵਧਾਵੇਗਾ। ਆਪਣੇ ਪੁੱਤਰ ਨੂੰ ਵੇਖ ਕੇ ਮਾਤਾ ਗੰਗਾ ਜੀ ਵੀ ਉਤਸ਼ਾਹ ਨਾਲ ਭਰ ਜਾਂਦੇ ਸਨ ਤੇ ਉਸ ਨੂੰ ਪਾਸ ਬਿਠਾ ਕੇ ਪੜ੍ਹਾਈ ਸੁਣਦੇ ਸਨ। ਗੋਦੀ ਵਿਚ ਬਿਠਾ ਕੇ ਪ੍ਰਸੰਨ ਹੁੰਦੇ ਸਨ ਤੇ ਸੁਣ ਕੇ ਅਤਿ ਪ੍ਰੇਮ ਵਧ ਜਾਂਦਾ ਸੀ ਤਾਂ ਬਲਿਹਾਰ ਜਾਂਦੇ ਸਨ। ਆਪਣੇ ਪੁੱਤਰ ਦੀ ਤੰਦਰੁਸਤੀ ਚਾਹੁੰਦੇ ਹਨ ਤੇ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਸਿਰ ਝੁਕਾਉਂਦੇ ਹਨ॥ ੪੭॥

ਦੋਹਰਾ- ਇਮ ਦਿਨ ਪ੍ਰਤਿ ਉਤਸਾਹ ਜੁਤ ਬਧਤਿ ਸਰੀਰ ਬਿਲੰਦ।
ਮਾਤਾ ਪਿਤਾ ਚਕੋਰ ਸਮ ਸ੍ਰੀ ਹਰਿ ਗੋਬਿੰਦ ਚੰਦ॥ ੪੮॥

ਇਸ ਤਰ੍ਹਾਂ ਦਿਨ ਪ੍ਰਤੀ ਉਤਸ਼ਾਹ ਨਾਲ ਭਰ ਕੇ ਸਰੀਰ ਵੱਡਾ ਹੁੰਦਾ ਜਾਂਦਾ ਹੈ। ਮਾਤਾ ਪਿਤਾ ਚਕੋਰ ਵਾਂਗ ਆਪਣੇ ਚੰਦ ਰੂਪੀ ਪੁੱਤਰ ਨੂੰ ਵੇਖਦੇ ਰਹਿੰਦੇ ਹਨ॥ ੪੮॥

*ਤੀਸਰੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

## *ਅਧਿਆਇ ਬੱਤੀਵਾਂ*

### *ਪੈੜੇ ਮੋਖੇ ਨੇ ਪ੍ਰਾਣ ਸੰਗਲੀ ਲਿਆਉਣੀ*

ਦੋਹਰਾ- ਪੈੜਾ ਮੋਖਾ ਸਿਖ ਹੁਤੋ ਸ੍ਰੀ ਸਤਿਗੁਰ ਕੇ ਪਾਸ।
ਸਿਵੈ ਨਿਸ ਦਿਨ ਗੁਰਨਿ ਕੋ ਸਿੱਖੀ ਰਿਦੇ ਪ੍ਰਕਾਸ਼॥ ੧॥

ਇਕ ਪੈੜਾ ਮੋਖਾ ਨਾਮੀ ਸਿੱਖ ਗੁਰੂ ਜੀ ਪਾਸ ਰਹਿੰਦਾ ਸੀ। ਉਹ ਦਿਨ ਰਾਤ ਗੁਰੂ ਜੀ ਦੀ ਸੇਵਾ ਕਰਦਾ ਸੀ ਤੇ ਉਸ ਦੇ ਹਿਰਦੇ ਵਿਚ ਸਿੱਖੀ ਦਾ ਪ੍ਰਕਾਸ਼ ਹੋਇਆ ਸੀ॥ ੧॥

ਚੌਪਈ- ਪੰਡਿਤ ਕਾਂਸ਼ੀ ਤੇ ਇਕ ਆਵਾ। ਸ੍ਰੀ ਅਰਜਨ ਸੋ ਪਾਸ ਟਿਕਾਵਾ।
ਕਰਹਿ ਕਾਮਨਾ ਬਿੱਪ੍ਰ ਬਿਸਾਲਾ। ਕਰੌਂ ਸੁਨਾਵਨਿ ਕਥਾ ਰਸਾਲਾ॥ ੨॥

ਕਾਸ਼ੀ ਤੋਂ ਇਕ ਪੰਡਿਤ ਆਇਆ ਤੇ ਸ੍ਰੀ ਗੁਰੂ ਅਰਜਨ ਦੇਵ ਪਾਸ ਠਹਿਰ ਗਿਆ। ਬ੍ਰਾਹਮਣ ਮਨ ਵਿਚ ਬਹੁਤ ਚਾਹੁੰਦਾ ਸੀ ਕਿ ਉਹ ਗੁਰੂ ਜੀ ਨੂੰ ਰੋਚਕ ਕਥਾ ਸੁਣਾਵੇ॥ ੨॥

ਪਾਛੇ ਦਛਨਾ ਲੇਵੌਂ ਮੋਖ। ਦੈ ਹੈਂ ਗਯਾਨ ਰੁ ਸਤ ਸੰਤੋਖ।
ਦਿਜ ਮਨ ਕੀ ਸਗਰੀ ਗੁਰ ਜਾਨੀ। ਰਾਖਯੋ ਨਿਕਟ ਰਹਯੋ ਸੁਖ ਮਾਨੀ॥ ੩॥

ਸਤ ਸੰਤੋਖ ਦਾ ਗਿਆਨ ਦੇ ਕੇ ਪਿਛੋਂ ਦੱਛਣਾ ਲਵਾਂਗਾ। ਗੁਰੂ ਜੀ ਨੇ ਬ੍ਰਾਹਮਣ ਦੇ ਮਨ ਦੀ ਸਾਰੀ ਗੱਲ ਜਾਣ ਲਈ। ਉਸ ਨੂੰ ਆਪਣੇ ਪਾਸ ਹੀ ਰੱਖਿਆ, ਉਹ ਸੁਖ ਜਾਣ ਕੇ ਰਹਿ ਪਿਆ॥ ੩॥

ਕੇਤਿਕ ਮਾਸ ਬਿਤੇ ਜਬਿ ਪਾਸਾ। ਤਿਸੀ ਮਨੋਰਥ ਕੀ ਧਰਿ ਆਸਾ।
ਪੁਨ ਸ੍ਰੀ ਗੁਰ ਕਹਿਂ 'ਕਥਾ ਅਲਾਵਹੁ। ਬੇਦਨਿ ਕੀ ਉਪਨਿਸ਼ਧ ਸੁਨਾਵਹੁ' ॥੪॥

ਜਦ ਬ੍ਰਾਹਮਣ ਨੂੰ ਪਾਸ ਰਹਿੰਦਿਆਂ ਕਈ ਮਹੀਨੇ ਬੀਤ ਗਏ ਤਾਂ ਉਸ ਦੇ ਮਨੋਰਥ ਦੀ ਆਸ ਧਾਰਨ ਕਰਕੇ ਗੁਰੂ ਜੀ ਨੇ ਉਸ ਨੂੰ ਕਿਹਾ, "ਵੇਦਾਂ, ਉਪਨਿਸ਼ਧਾਂ ਦੀ ਕਥਾ ਸੁਣਾਵੋ" ॥ ੪॥

ਦਿਜ ਸੁਨਿ ਹਰਖਯੋ ਲਾਗਯੋ ਕਰਨੇ। ਬ੍ਰਹਮ ਰੂਪ ਕੋ ਜਿਸ ਮਹਿਂ ਨਿਰਨੇ।
ਕਥਾ ਹੋਤਿ ਨਿਤ ਨੇਮ ਧਰਾਈ। ਇਕ ਦਿਨ ਆਯੋ ਸਾਲੋ ਭਾਈ॥ ੫॥

ਬ੍ਰਾਹਮਣ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਕਥਾ ਸੁਣਾਉਨ ਲੱਗਾ, ਜਿਸ ਕਥਾ ਵਿਚ ਬ੍ਰਹਮ ਸਰੂਪ ਦਾ ਨਿਰਣਾ ਕੀਤਾ ਹੋਇਆ ਸੀ। ਰੋਜ਼ ਨੇਮ ਅਨੁਸਾਰ ਕਥਾ ਹੁੰਦੀ ਸੀ। ਇਕ ਦਿਨ ਭਾਈ ਸਾਲੋ ਆਇਆ॥ ੫॥

Sri Satguru Jagjit Singh Ji eLlibrary NamdhariElibrary@gmail.com

ਅਨੰਨ ਹੋਇ ਗੁਰ ਪਗ ਲਪਟਾਨਾ। ਅਤਿ ਆਦਰ ਤਿਹ ਸ੍ਰੀ ਗੁਰ ਠਾਨਾ।
'ਸਾਲੋ ਹੈ ਮੁਝ ਪਰਮ ਪਿਆਰਾ। ਅਨੰਨ ਭਗਤ' ਗੁਰ ਮੁਖੋਂ ਉਚਾਰਾ' ॥ ੬ ॥

ਲਿਵਲੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ। ਗੁਰੂ ਜੀ ਨੇ ਆਦਰ ਦੇ ਕੇ ਕਿਹਾ, "ਭਾਈ ਸਾਲੋ ਮੇਰਾ ਪਰਮ ਪਿਆਰਾ ਹੈ। ਇਹ ਅਨੰਨ ਭਗਤ ਹੈ, ਭਾਵ ਇਹ ਇਕ ਪ੍ਰਭੂ ਤੋਂ ਬਗੈਰ ਹੋਰ ਕਿਸੇ ਦੂਸਰੇ ਨੂੰ ਨਹੀਂ ਮੰਨਦਾ ਹੈ" ॥ ੬ ॥

ਸੁਨਿ 'ਅਨੰਨ' ਬਚ ਗੁਰ ਤੇ ਪੰਡਿਤ। ਹਮਹਿਂ ਅਨੰਨਤਾ ਕਜੋਂ ਨਹਿਂ ਮੰਡਤ।
ਵੇਦ ਸਿਧਾਂਤ ਕਥਾ ਜੁ ਸੁਨਾਵੈਂ। ਹਮ ਕੋ ਨਹਿਂ ਅਨੰਨ ਮੁਖ ਗਾਵੈਂ ॥ ੭ ॥

ਗੁਰੂ ਜੀ ਪਾਸੋਂ ਅਨੰਨ ਸ਼ਬਦ ਸੁਣ ਕੇ ਪੰਡਿਤ ਸੋਚਣ ਲੱਗਾ ਕਿ ਮੈਨੂੰ ਅਨੰਨ ਪਦ ਨਾਲ ਕਿਉਂ ਸ਼ਸ਼ੋਭਿਤ ਨਹੀਂ ਕਰਦੇ, ਮੈਂ ਵੇਦਾਂ ਦੇ ਸਿਧਾਂਤ ਦੀ ਕਥਾ ਸੁਣਾਉਂਦਾ ਹਾਂ, ਮੈਨੂੰ ਤਾਂ ਕਦੀ ਅਨੰਨ ਆਪਣੇ ਮੁਖ ਨਾਲ ਨਹੀਂ ਕਹਿੰਦੇ ॥ ੭ ॥

ਪੰਡਿਤ ਮਨ ਮਹਿਂ ਐਸ ਬਿਚਾਰੀ। 'ਕਿਮ ਪਰਤਾਵਾ ਲਿਹੁ ਮਨ ਧਾਰੀ'।
ਪੰਡਿਤ ਮਨ ਕੀ ਸ੍ਰੀ ਗੁਰ ਜਾਨੈਂ। ਸੁਨਨਿ ਕਥਾ ਉੱਦਮ ਠਾਨੈਂ ॥ ੮ ॥

ਪੰਡਿਤ ਨੇ ਮਨ ਵਿਚ ਐਸੀ ਵਿਚਾਰ ਕੀਤੀ ਕਿ ਕਿਵੇਂ ਮਨ ਵਿਚ ਧਾਰ ਕੇ ਪਰਤਾਵਾ ਲਿਆ ਜਾਵੇ। ਪੰਡਿਤ ਦੇ ਮਨ ਦੀ ਸਾਰੀ ਗੱਲ ਗੁਰੂ ਜੀ ਨੇ ਜਾਣ ਲਈ। ਕਥਾ ਸੁਣਨ ਵਾਸਤੇ ਉਹ ਨਿੱਤ ਉੱਦਮ ਕਰਦੇ ਸਨ ॥ ੮ ॥

ਹੁਤੀ ਸਮੀਪ ਸੁ ਅਖਿਲ ਸੁਨਾਈ। ਗੁਰ ਬੂਝਜੋ 'ਆਗੇ ਸਮੁਦਾਈ।
ਸੋਭੀ ਕੀਜੈ ਹਮਹੁ ਸੁਨਾਵਨਿ'। ਬਿੱਪ੍ਰ ਭਨਜੋ 'ਪੁਸਤਕ ਇਸ ਥਾਵ ਨ ॥ ੯ ॥

ਪੰਡਿਤ ਦੇ ਪਾਸ ਜਿਹੜੀ ਪੋਥੀ ਸੀ, ਉਸ ਦੀ ਸਾਰੀ ਕਥਾ ਉਸ ਸੁਣਾ ਦਿੱਤੀ। ਗੁਰੂ ਜੀ ਨੇ ਪੁਛਿਆ, "ਅਗਲੀ ਜਿਹੜੀ ਸਾਰੀ ਕਥਾ ਹੈ, ਉਹ ਵੀ ਸਾਨੂੰ ਸੁਣਾਵੋ" ਬ੍ਰਾਹਮਣ ਨੇ ਕਿਹਾ, "ਉਹ ਪੋਥੀ ਏਥੇ ਮੇਰੇ ਪਾਸ ਨਹੀਂ ਹੈ ॥ ੯ ॥

ਸਦਨ ਹਮਾਰੇ ਸਭਿ ਲਿਖਵਾਈ। ਦਿਹੁ ਆਇਸੁ ਤੌ ਲੇਹੁਂ ਮੰਗਾਈ'।
ਸਤਿਗੁਰ ਕਹਜੋ 'ਅਨਾਵਹੁ ਸਾਰੀ। ਉਪਨਿਸ਼ਧਨਿ ਪੁਨ ਕਰਹੁ ਉਚਾਰੀ' ॥੧੦ ॥

ਸਾਡੇ ਘਰ ਵਿਚ ਸਾਰੀ ਲਿਖੀ ਹੋਈ ਪਈ ਹੈ, ਆਗਿਆ ਕਰੋ ਤਾਂ ਮੈਂ ਮੰਗਵਾ ਲਵਾਂ"। ਸਤਿਗੁਰੂ ਜੀ ਨੇ ਕਿਹਾ, "ਸਾਰੀ ਮੰਗਵਾ ਲਵੋ ਤੇ ਫਿਰ ਉਪਨਿਸਧ ਦੀ ਕਥਾ ਉਚਾਰਨ ਕਰੋ" ॥ ੧੦ ॥

ਸੁਨਿ ਦਿਜ ਨਿਜ ਸੁਤ ਲਗਜੋ ਪਠਾਵਨਿ। ਭਲੋ ਮਹੂਰਤ ਪਿਖਿ ਮਨ ਭਾਵਨ।
ਪੂਜਾ ਕਰਿ ਗਣੇਸ਼ ਕੀ ਪਾਛੇ। ਸਭਿ ਬਿਧਿ ਸ਼ੁਭ ਕਰਿ ਗਮਨਜੋ ਆਛੇ ॥ ੧੧ ॥

ਇਹ ਸੁਣ ਕੇ ਬ੍ਰਾਹਮਣ ਆਪਣੇ ਪੁੱਤਰ ਨੂੰ ਭੇਜਣ ਲੱਗਾ, ਪਹਿਲਾਂ ਉਹ ਭਲਾ ਮਨ-ਭਾਉਂਦਾ ਮਹੂਰਤ ਵੇਖਣ ਲੱਗਾ। ਗਣੇਸ਼ ਦੀ ਪੂਜਾ ਕਰਕੇ, ਪਿਛੋਂ ਸਭ ਵਿਧੀਆਂ ਸ਼ੁਭ ਵਿਚਾਰ ਕੇ ਬ੍ਰਾਹਮਣ ਦਾ ਪੁੱਤਰ ਚਲ ਪਿਆ ॥ ੧੧ ॥

ਲੇ ਕਰਿ ਗੁਰ ਤੇ ਖਰਚ ਸੁ ਪੰਥ। ਚਲਜੋ ਬਿੱਪ੍ਰ ਸੁਤ ਲੇਬੇ ਗ੍ਰੰਥ।
ਖਰ ਸਨਮੁਖਿ ਹੁਇ ਦਾਏਂ ਬਾਏਂ। ਸ਼ਬਦ ਕਰਜੋ ਅਪਸ਼ਗਨ ਦਿਖਾਏ ॥ ੧੨ ॥

ਗੁਰੂ ਜੀ ਪਾਸੋਂ ਰਾਹ ਦਾ ਖਰਚਾ ਲੈ ਕੇ ਬ੍ਰਾਹਮਣ ਦਾ ਪੁੱਤਰ ਗ੍ਰੰਥ ਲੈਣ ਵਾਸਤੇ ਚਲ ਪਿਆ। ਇਕ ਖੋਤੇ ਨੇ ਸਾਹਮਣੇ ਹੋ ਕੇ ਆਪਣੀ ਹੀਂਗਣ ਦੀ ਆਵਾਜ਼ ਕੱਢੀ, ਜਿਸ ਨੂੰ ਪੰਡਿਤ ਦੇ ਪੁੱਤਰ ਨੇ ਮਾੜਾ ਸ਼ਗਨ ਸਮਝਿਆ ॥ ੧੨ ॥

ਹਟਿ ਆਯੋ ਤਬਿ ਸ਼੍ਰੀ ਗੁਰ ਸੁਨਜੋ। ਬਿੱਪ੍ਰ ਬੁਲਾਇ ਬਾਕ ਬਰ ਭਨਜੋ।
'ਭਗਤ ਅਨੰਨ ਕਹਾਵਤਿ ਪੰਡਿਤ। ਖਰ ਤੇ ਜਾਤ੍ਰਾ ਕੀਨਸਿ ਖੰਡਤਿ ॥੧੩॥

ਪੰਡਿਤ ਦਾ ਪੁੱਤਰ ਮਾੜਾ ਸ਼ਗਨ ਹੋਣ ਕਰਕੇ ਵਾਪਸ ਆ ਗਿਆ। ਜਦ ਗੁਰੂ ਜੀ ਨੇ ਇਸ ਬਾਰੇ ਸੁਣਿਆ ਤਾਂ ਉਨ੍ਹਾਂ ਪੰਡਿਤ ਨੂੰ ਬੁਲਾ ਕੇ ਕਿਹਾ, "ਪੰਡਿਤ ਅਨੰਨ ਭਗਤ ਕਹਾਉਂਦਾ ਹੈਂ, ਪਰ ਖੋਤੇ ਦੇ ਹੀਂਗਣ ਤੇ ਹੀ ਯਾਤਰਾ ਵਿਚੇ ਛੱਡ ਦਿੱਤੀ ਹੈ॥ ੧੩॥

ਗਣਪਤਿ ਆਦਿ ਪੰਚਾਂਗ ਮਨਾਏ। ਤਿਨ ਪਰ ਨਿਹਚਾ ਨਹੀ ਟਿਕਾਏ।
ਸਿੱਖ ਅਨੰਨ ਭਗਤ ਹੈਂ ਮੇਰੇ। ਜੇ ਨ ਪ੍ਰਤੀਤ, ਲੇਹੁ ਅਬਿ ਹੇਰੇ' ॥੧੪॥

ਗਣੇਸ਼ ਆਦਿ ਨੂੰ ਪੰਜ ਅੰਗ ਕਰਕੇ ਪੂਜਿਆ ਹੈ (ਪੰਜ ਅੰਗਾਂ ਦਾ ਭਾਵ ਹੈ ਪੰਜਾਂ ਅੰਗਾਂ ਨਾਲ ਮੱਥਾ ਟੇਕੇ, ਇਹ ਪੰਜ ਅੰਗ ਹਨ:-ਗੋਡੇ, ਹੱਥ, ਮੱਥਾ, ਧਰਤੀ ਤੇ ਟੇਕ ਕੇ ਫਿਰ ਅੱਖਾਂ ਦੇਵਤਾ 'ਤੇ ਟਿਕਾ ਕੇ ਮੂਹੋਂ ਕਹਿਣਾ ਨਮਸਕਾਰ ਹੈ) ਉਸ ਤੇ ਵੀ ਨਿਸ਼ਚਾ ਨਹੀਂ ਟਿਕਾਇਆ ਹੈ। ਜੋ ਮੇਰੇ ਸਿੱਖ ਅਨੰਨ ਭਗਤ ਹਨ, ਉਨ੍ਹਾਂ ਦੀ ਪਰਤੀਤ ਨੂੰ ਹੁਣ ਆਪਣੀਆਂ ਅੱਖਾਂ ਨਾਲ ਵੇਖ ਲਵੋ" ॥ ੧੪॥

ਪੈੜੇ ਕੋ ਬੁਲਾਇ ਕਰਿ ਭਨਿਓ। ਦੇਸ਼ ਸੰਗਲਾਦੀਪ ਜਿ ਸੁਨਿਓ।
ਪ੍ਰਾਨ ਸੰਗਲੀ ਪੋਥੀ ਤਹਾਂ। ਲੇ ਆਵਹੁ ਗਮਨਹੁ ਮਗ ਮਹਾਂ' ॥੧੫॥

ਗੁਰੂ ਜੀ ਨੇ ਓਸੇ ਵੇਲੇ ਪੈੜੇ ਮੋਖੇ ਨੂੰ ਆਪਣੇ ਪਾਸ ਬੁਲਾ ਕੇ ਕਿਹਾ। ਜਿਹੜਾ ਤੁਸੀਂ ਸੰਗਲਾਦੀਪ ਦੇਸ਼ ਦਾ ਨਾਂ ਸੁਣਿਆ ਹੈ ਓਥੇ ਪ੍ਰਾਣ ਸੰਗਲੀ ਨਾਂ ਦੀ ਪੋਥੀ ਪਈ ਹੈ, ਉਸ ਪੋਥੀ ਨੂੰ ਲੈਣ ਵਾਸਤੇ ਜਾਵੋ" ॥ ੧੫॥

ਸ਼੍ਰੀ ਨਾਨਕ ਸਤਿਗੁਰ ਤਹਿਂ ਗਏ। ਗੁਰਮਤਿ ਮਹਾਂ ਦ੍ਰਿੜ੍ਹਾਵਤਿ ਭਏ।
ਨ੍ਰਿਪਤਿ ਸਹਤ ਨਰ ਦੇਸ਼ ਤਿਸੀ ਕੇ। ਸਿੱਖੀ ਧਾਰਨ ਕੀਨਸਿ ਨੀਕੇ ॥੧੬॥

ਸਤਿਗੁਰੂ ਨਾਨਕ ਦੇਵ ਜੀ ਓਥੇ ਗਏ ਸਨ ਤੇ ਓਥੇ ਜਾ ਕੇ ਉਨ੍ਹਾਂ ਨੇ ਗੁਰਮਤਿ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰਵਾਇਆ ਸੀ। ਰਾਜੇ ਸਮੇਤ ਸਾਰੇ ਦੇਸ਼ ਨੂੰ ਚੰਗੀ ਸਿੱਖੀ ਧਾਰਨ ਕਰਵਾਈ ਸੀ॥ ੧੬॥

ਸ਼੍ਰੀ ਨਾਨਕ ਕੀ ਕ੍ਰਿਪਾ ਬਿਸਾਲਾ। ਸ਼ੱਤਿਨਾਮ ਦੇ ਕਰੇ ਨਿਹਾਲਾ।
ਜਿਮ ਤਹਿਂ ਗਏ ਕਰੀ ਜਿਮ ਲੀਲਾ। ਜਿਮ ਉਪਦੇਸ਼ਜੋ ਨ੍ਰਿਪਤਿ ਸੁਸ਼ੀਲਾ॥੧੭॥

ਸਤਿਗੁਰੂ ਨਾਨਕ ਦੇਵ ਜੀ ਨੇ ਮਹਾਨ ਕਿਰਪਾ ਕਰਕੇ ਸਾਰੇ ਸਤਿਨਾਮ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਜਿਵੇਂ ਓਥੇ ਗਏ ਸਨ ਅਤੇ ਜਿਵੇਂ ਉਨ੍ਹਾਂ ਲੀਲ੍ਹਾ ਕੀਤੀ ਸੀ ਅਤੇ ਜਿਵੇਂ ਰਾਜੇ ਨੂੰ ਸ਼ੀਲ ਸੁਭਾਉ ਵਾਲਾ ਉਪਦੇਸ਼ ਦਿੱਤਾ ਸੀ॥ ੧੭॥

ਤਹਾਂ ਪ੍ਰਸੰਗ ਸਗਲ ਇਹ ਜਾਨੋ। ਪ੍ਰਾਨ ਸੰਗਲੀ ਰਚਨਿ ਮਹਾਨੋ।
ਹਮਰੋ ਸਿਖ ਆਵੈ ਤਿਸ ਦੀਜੇ। ਤਬਿ ਲਗਿ ਇਹਾਂ ਰਾਖਿਬੋ ਕੀਜੈ ॥੧੮॥

ਓਥੋਂ ਦਾ ਸਾਰਾ ਪ੍ਰਸੰਗ ਇਹ ਜਾਣੋ, ਗੁਰੂ ਨਾਨਕ ਦੇਵ ਜੀ ਨੇ ਮਹਾਨ ਪ੍ਰਾਣ ਸੰਗਲੀ ਦੀ ਰਚਨਾ ਕੀਤੀ ਹੈ। ਉਹ ਸੰਗਲਾਦੀਪ ਵਿਚ ਪਈ ਹੈ ਗੁਰੂ ਜੀ ਨੇ ਕਿਹਾ ਸੀ ਸਾਡਾ ਸਿੱਖ ਆਵੇਗਾ ਤਾਂ ਉਸ ਨੂੰ ਦੇ ਦੇਣੀ, ਤਦ ਤਕ ਇਥੇ ਆਪਣੇ ਪਾਸ ਹੀ ਰੱਖੋ॥ ੧੮॥

ਸਿਮਰਿ ਬਾਤ ਇਹ ਅਰਜਨ ਨਾਥਾ। ਪੈੜੇ ਕੋ ਕਹਿ ਦਈ ਸੁ ਗਾਥਾ।
ਲਿਖਜੋ ਹੁਕਮਨਾਮਾ ਜਿਮ ਭਾਯੋ। ਗੁਰ ਪ੍ਰਸੰਨ ਹ੍ਵੈ ਕਰ ਪਕਰਾਯੋ ॥੧੯॥

ਸ੍ਰੀ ਗੁਰੂ ਅਰਜਨ ਦੇਵ ਨੇ ਇਹ ਗੱਲ ਯਾਦ ਕਰਕੇ, ਸਾਰੀ ਕਹਾਣੀ ਪੈੜੇ ਮੋਖੇ ਨੂੰ ਕਹਿ ਦਿੱਤੀ। ਜਿਵੇਂ ਚੰਗਾ ਲੱਗਾ ਉਸ ਤਰ੍ਹਾਂ ਉਨ੍ਹਾਂ ਹੁਕਮਨਾਮਾ ਲਿਖ ਦਿੱਤਾ ਅਤੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਪੈੜੇ ਮੋਖੇ ਦੇ ਹੱਥ ਵਿਚ ਫੜਾ ਦਿੱਤਾ॥ ੧੯॥

'ਸ੍ਰੀ ਨਾਨਕ ਪੋਥੀ ਤਿਸ ਥਾਈਂ'। ਰਾਹ ਹਕੀਕਤ ਸਕਲ ਸੁਨਾਈ।
'ਪੋਥੀ ਦੇਹਿ ਸੁ ਖੋਲਹੁ ਨਾਂਹੀ। ਹਟਹੁ, ਲੇਹੁ ਆਵਹੁ ਹਮ ਪਾਹੀ' ॥੨੦॥

"ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਿਥੇ ਪੋਥੀ ਹੈ" ਉਹ ਰਾਹ ਦੀ ਸਾਰੀ ਹਕੀਕਤ ਸੁਣਾ ਦਿੱਤੀ। "ਜੇ ਪੋਥੀ ਦੇਣ ਤਾਂ ਉਸ ਨੂੰ ਖੋਲ੍ਹਣਾ ਨਹੀਂ ਹੈ, ਵਾਪਸ ਮੁੜ ਕੇ ਮੇਰੇ ਪਾਸ ਆ ਜਾਵੋ" ॥ ੨੦ ॥

ਇਕ ਸਿਖ ਰਾਖੇ ਪੈਸੇ ਪਾਂਚ। ਸੋ ਖਰਚੀ ਦੀਨੀ ਗੁਰਸਾਚ।
ਸਗਰ ਬਾਤ ਸਮੁਝਾਹਿ ਪਠਾਯੋ। ਸੁਨਿ ਆਇਸੁ ਤਤਕਾਲੁ ਸਿਧਾਯੋ ॥੨੧॥

ਇਕ ਸਿੱਖ ਦੇ ਪਾਸ ਪੰਜ ਪੈਸੇ ਸਨ, ਉਹ ਲੈ ਕੇ ਗੁਰੂ ਜੀ ਨੇ ਰਾਹ ਦਾ ਖਰਚਾ ਦੇ ਦਿੱਤਾ। ਸਾਰੀ ਗੱਲ ਸਮਝਾ ਕੇ ਭੇਜ ਦਿੱਤਾ, ਆਗਿਆ ਸੁਣ ਕੇ ਪੈੜਾ ਮੋਖਾ ਤੁਰੰਤ ਚਲਾ ਗਿਆ॥ ੨੧॥

ਪੰਡਿਤ ਕੋ ਦਿਖਾਇ ਤਬਿ ਕਹਯੋ। 'ਗਮਨਯੋ ਸਿੱਖ ਭਲੇ ਤੈਂ ਲਹਯੋ।
ਵਾਰ ਮਹੂਰਤ ਤਿਥਿ ਨਹਿੰ ਪੂਛਾ। ਬਿਨਾ ਖਰਚ ਤੇ ਮਨ ਨਹਿੰ ਛੂਛਾ ॥੨੨॥

ਫਿਰ ਗੁਰੂ ਜੀ ਨੇ ਪੰਡਿਤ ਨੂੰ ਵਿਖਾ ਕੇ ਕਿਹਾ, "ਕੀ ਤੂੰ ਸਿੱਖ ਜਾਂਦੇ ਨੂੰ ਚੰਗੀ ਤਰ੍ਹਾਂ ਵੇਖ ਲਿਆ ਹੈ। ਉਸ ਨੇ ਵਾਰ, ਮਹੂਰਤ ਤੇ ਤਿੱਥੀ ਨਹੀਂ ਪੁੱਛੀ ਹੈ, ਬਿਨਾਂ ਖਰਚੇ ਦੇ ਹੀ ਚਲੇ ਗਿਆ, ਕਿਉਂਕਿ ਉਸ ਦਾ ਮਨ ਖਾਲੀ ਨਹੀਂ ਸੀ, ਮਨ ਸਿਦਕ ਨਾਲ ਭਰਿਆ ਹੋਇਆ ਸੀ॥ ੨੨॥

ਨਿਸ਼ਚਾ ਏਕ ਕਰਨਿ ਅਰਦਾਸ। ਨਿਤ ਜਾਨਹਿ ਜਹਿੰ ਕਹਿੰ ਗੁਰ ਪਾਸ।
ਭਗਤ ਅਨੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿ ਕੈਸੇ ॥੨੩॥

ਅਰਦਾਸ ਕਰਨ ਵਿਚ ਹੀ ਸਾਡਾ ਇਕ ਨਿਸ਼ਚਾ ਹੈ। ਨਿੱਤ ਜਿਥੇ ਕਿਥੇ ਗੁਰੂ ਦੇ ਪਾਸ ਜਾਣਦੇ ਹਨ। ਇਸ ਤਰ੍ਹਾਂ ਦੇ ਸਿੱਖ ਅਨੰਨ ਭਗਤ ਅਖਵਾਉਂਦੇ ਹਨ, ਕਿਉਂਕਿ ਉਹ ਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਮੰਨਦੇ ਹਨ॥ ੨੩॥

ਗਨ ਦੇਵਨਿ ਪਰ ਨਿਸ਼ਚਾ ਤੇਰਾ। ਤਜਯੋ ਸੋਪਿ ਸੁਨਿ ਰਵ ਖਰ ਕੇਰਾ'।
ਪ੍ਰਭੁ ਗੁਰਦਾਸ ਭਾਈ ਪ੍ਰਤਿ ਗਾਇ। 'ਯਹਿ ਪ੍ਰਸੰਗ ਕੇ ਕਬਿਤ ਬਨਾਇ' ॥੨੪॥

ਤੇਰਾ ਸਾਰੇ ਦੇਵਤਿਆਂ ਤੇ ਨਿਸ਼ਚਾ ਹੈ। ਖੋਤੇ ਦੀ ਆਵਾਜ਼ ਸੁਣ ਕੇ ਰਾਹੇ ਜਾਣਾ ਛੱਡ ਦਿੱਤਾ ਹੈ। ਭਾਈ ਗੁਰਦਾਸ ਨੇ ਇਸ ਪ੍ਰਥਾਏ ਇਕ ਪ੍ਰਸੰਗ ਆਪਣੇ ਇਕ ਕਬਿੱਤ ਵਿਚ ਬਣਾ ਕੇ ਲਿਖਿਆ ਹੈ" ॥ ੨੪॥

ਸੁਨਿ ਭਾਈ ਜੁਗ ਕਬਿਤ ਬਨਾਏ। ਅਨੰਨ ਭਗਤ ਪਰਿਥਾਇ ਸੁਹਾਏ।
ਸੋ ਅਬਿ ਇਸ ਥਾਂ ਲਿਖੈਂ ਬਨਾਈ। ਪਠਿ ਕਰਿ ਜਾਨੋ ਗੁਰ ਸਿਖ ਭਾਈ ॥੨੫॥

ਭਾਈ ਗੁਰਦਾਸ ਜੀ ਨੇ ਕਬਿੱਤ ਬਣਾਇਆ ਹੈ, ਉਸ ਨੂੰ ਸੁਣੋ, ਇਹ ਅਨੰਨ ਭਗਤ ਦੇ ਪ੍ਰਥਾਏ ਹੀ ਲਿਖਿਆ ਗਿਆ ਹੈ। ਉਸ ਨੂੰ ਹੁਣ ਇਸ ਥਾਂ ਬਣਾ ਕੇ ਲਿਖਦੇ ਹਾਂ, ਹੇ ਗੁਰਸਿੱਖ ਭਰਾਵੋ ! ਇਸ ਨੂੰ ਪੜ੍ਹ ਕੇ ਜਾਣੋ॥ ੨੫॥

*ਭਾਈ ਗੁਰਦਾਸ ਜੀ ਵਾਚ॥ ਕਬਿੱਤ॥*

*ਬੈਸਨੋ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ, ਗੀਤਾ ਭਾਗਵਤ ਸ੍ਰੋਤਾ ਏਕਾਕੀ ਕਹਾਵਈ॥*
*ਤੀਰਥ ਧਰਮ ਦੇਵ ਜਾਤ੍ਰਾ ਕਉ ਪੰਡਿਤ ਪੂਛ, ਕਰਤ ਗਵਨ ਸੋ ਮਹੂਰਤ ਸੁਧਾਵਈ॥*
*ਬਾਹਰ ਨਿਕਸ ਗਰਧਬ ਸ੍ਵਾਨ ਸਗਨਿ ਕੈ, ਸੰਕਾ ਉਪਰਾਜਿ ਬਹੁਰਿ ਘਰਿ ਆਵਈ॥*

ਪਤਿ ਬ੍ਰਤਿ ਗਹਿ ਗਹਿ ਸਕਤ ਨ ਏਕਾ ਟੇਕ, ਦੁਬਿਧਾ ਅਛਤ ਨ ਪਰਮ ਪਦ ਪਾਵਈ॥ ੪੪੭॥

ਗੁਰ ਸਿੱਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥

ਪੂਛਤ ਨ ਜੋਤਕ ਅਉ ਬੇਦ ਥਿਤ ਵਾਰ ਕਛੁ, ਗ੍ਰਿਹ ਅਉ ਨਿਛਤ੍ਰ ਕੀ ਨ ਸੰਕਾ ਉਰ ਧਾਰੀ ਹੈ॥

ਜਾਨਤ ਨ ਸਗਨ, ਲਗਨ, ਆਨ ਦੇਵ ਸੇਵ, ਸਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ॥

ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥ ੪੪੮॥

ਇਕ ਐਸਾ ਬ੍ਰਾਹਮਣ ਸੀ ਜੋ ਅਨੰਨ ਵਿਸ਼ਨੂੰ ਭਗਤ ਸੀ ਭਾਵ ਵਿਸ਼ਨੂੰ ਤੋਂ ਬਗੈਰ ਉਹ ਹੋਰ ਕਿਸੇ ਨੂੰ ਨਹੀਂ ਮੰਨਦਾ ਸੀ ਅਤੇ ਸਾਲਗਰਾਮ ਦੀ ਸੇਵਾ ਵੀ ਏਸੇ ਪ੍ਰਕਾਰ ਕਰਿਆ ਕਰਦਾ ਸੀ। ਗੀਤਾ ਅਤੇ ਭਾਗਵਤ ਦਾ ਇਕ ਮਾਤ੍ਰ ਸਰੋਤਾ ਅਖਵਾਉਂਦਾ ਸੀ। ਇਕ ਵਾਰ ਧਰਮ ਤੀਰਥ ਯਾਤਰਾ ਵਾਸਤੇ ਪੰਡਿਤ ਜੋਤਸ਼ੀ ਨੂੰ ਪੁੱਛ ਕੇ ਅਤੇ ਮਹੂਰਤ ਸੁਧਾਰ ਕੇ ਚਲ ਪਿਆ, ਪਰ ਜਦ ਬਾਹਰ ਨਿਕਲਿਆ ਤਾਂ ਅਗੋਂ ਖੋਤਾ ਮਿਲਿਆ ਤੇ ਕੁੱਤਾ ਰੋਇਆ, ਇਹ ਸੁਣ ਕੇ ਇਸ ਨੂੰ ਭੈੜਾ ਸ਼ਗਨ ਮੰਨ ਕੇ ਸ਼ੰਕਾ ਉਪਜਾ ਕੇ ਮੁੜ ਘਰ ਅੰਦਰ ਆ ਗਿਆ, ਭਾਵ ਯਾਤਰਾ ਦੇ ਖਿਆਲ ਨੂੰ ਛੱਡ ਦਿੱਤਾ। ਦੁਚਿੱਤੀ ਵਿਚ ਰਹਿਣ ਵਾਲੇ ਆਪਣੇ ਆਦਰਸ਼ ਰੂਪ ਮਨੋਰਥ ਨੂੰ ਪ੍ਰਾਪਤ ਨਹੀਂ ਕਰ ਸਕਦੇ। ਪਰ ਜਿਨ੍ਹਾਂ ਗੁਰੂ ਜੀ ਦੇ ਸੇਵਕਾਂ ਨੇ ਸਿੱਖੀ ਰੂਪ ਧਾਰਨ ਕੀਤਾ ਹੈ ਉਨ੍ਹਾਂ ਇਕ ਮਾਤਰ ਟੇਕ ਆਪਣੇ ਗੁਰੂ ਉਪਰ ਹੀ ਰੱਖੀ ਹੈ॥ ੪੪੭॥

ਗੁਰੂ ਸਿੱਖ ਸੰਗਤ ਦੇ ਮਿਲਾਪ ਦਾ ਮਹਾਤਮ ਇਹੋ ਹੈ ਕਿ ਸਿੱਖੀ ਭਾਵ ਵਾਲੇ ਬ੍ਰਿਤੀ ਨੂੰ ਧਾਰ ਕੇ ਇਕੋ ਗੁਰੂ ਜੀ ਦੀ ਟੇਕ ਲੈ ਕੇ ਦੁਚਿਤਾਈ ਦੂਰ ਕਰ ਦਿੱਤੀ ਜਾਂਦੀ ਹੈ। ਗੁਰੂ ਦਾ ਸਿੱਖ ਨਾ ਜੋਤਸ਼ੀ ਨੂੰ ਪੁੱਛਦਾ ਹੈ ਅਤੇ ਨਾ ਹੀ ਵੇਦਾਂ, ਥਿੱਤ ਵਾਰ ਪਛਾਣਦਾ ਹੈ ਅਤੇ ਨਾ ਹੀ ਨਖੱਤਰਾਂ ਦੀ ਸ਼ੰਕਾ ਚਿੱਤ ਵਿਚ ਲਿਆਉਂਦਾ ਹੈ। ਸਿੱਖ ਸੰਤ ਬਾਲਕ ਹਨ ਤੇ ਸਤਿਗੁਰੂ ਪ੍ਰਤਿਪਾਲਣਾ ਕਰਨ ਵਾਲੇ ਹਨ। ਗੁਰੂ ਜੀ ਆਪਣੇ ਸਿੱਖਾਂ ਨੂੰ ਬ੍ਰਹਮ ਵਿਚਾਰ ਵਾਲਾ ਬਣਾਕੇ ਜੀਵਨ ਮੁਕਤੀ ਦੀ ਗਤੀ ਦੀ ਬਖਸ਼ਿਸ਼ ਕਰਦੇ ਹਨ॥ ੪੪੮॥

ਚੌਪਈ- ਨਿਰਨੈ ਕਰਿ ਦਿਜ ਨੇ ਤਬਿ ਜਾਨੇ। 'ਬਾਕ ਜਥਾਰਥ ਆਪ ਬਖਾਨੇ'।

ਸ਼ਾਂਤਿ ਭਈ ਸੁਨਿ ਗੁਰਿ ਰਵ ਦਿਜ ਕੋ। ਬਹੁਰ ਨ ਸੰਸਾ ਪ੍ਰਾਪਤਿ ਰਿਦਕੋ॥੨੬॥

ਬ੍ਰਾਹਮਣ ਨੇ ਫਿਰ ਨਿਰਣਾ ਕਰਕੇ ਸਾਰੀ ਗੱਲ ਜਾਣੀ ਤੇ ਕਹਿਣ ਲੱਗਾ, "ਆਪ ਜੀ ਨੇ ਠੀਕ ਬਚਨ ਕਹੇ ਹਨ" ਗੁਰੂ ਜੀ ਦੇ ਬਚਨ ਸੁਣ ਕੇ ਬ੍ਰਾਹਮਣ ਨੂੰ ਸ਼ਾਂਤੀ ਪ੍ਰਾਪਤ ਹੋਈ। ਫਿਰ ਹਿਰਦੇ ਵਿਚ ਕੋਈ ਸ਼ੰਕਾ ਨਾ ਰਹਿ ਗਈ॥ ੩੬॥

ਮਸਤਕ ਟੇਕ ਸਿਮਰਿ ਗੁਰ ਗਯੋ। ਸਭਿ ਮਗ ਉਲੰਘ ਪਹੂਚਤਿ ਭਯੋ।

ਪੁਰਿ ਸ਼ਿਵਨਾਭ ਪ੍ਰਵੇਸ਼ਨਿ ਕੀਨਾ। ਨ੍ਰਿਪਤਿ ਪ੍ਰਸੰਗ ਬੂਝਿ ਸਭਿ ਲੀਨਾ॥੨੭॥

ਪੈੜਾ ਮੋਖਾ ਮੱਥਾ ਟੇਕ ਕੇ ਗੁਰੂ ਜੀ ਨੂੰ ਯਾਦ ਕਰਕੇ ਚਲੇ ਗਿਆ। ਸਾਰਾ ਸਫਰ ਲੰਘ ਕੇ ਸੰਗਲਾਦੀਪ ਪਹੁੰਚ ਗਿਆ। ਫਿਰ ਸ਼ਿਵਨਾਭ ਦੇ ਨਗਰ ਅੰਦਰ ਜਾ ਪ੍ਰਵੇਸ਼ ਕੀਤਾ। ਫਿਰ ਰਾਜੇ ਬਾਰੇ ਸਭ ਕੁਝ ਪੁੱਛਿਆ॥ ੨੭॥

'ਮਯਾ ਮੇਦਨੀ ਤਿਸ ਕੋ ਨਾਮ। ਚਲਤਿ ਪੰਥ ਸ਼ੁਭ ਗੁਨ ਗਨ ਧਾਮ।

ਪੁੰਨਵਾਨ ਰਾਜਾ ਧਰਮੱਗਜ। ਗੁਰ ਕੋ ਸਿੱਖ ਬਿਸਾਲ ਤਤੱਗਜ॥ ੨੮॥

ਲੋਕਾਂ ਦੱਸਿਆ, "ਰਾਜੇ ਦਾ ਨਾਂ ਮਯਾ ਮੇਦਨੀ ਹੈ, ਉਸ ਦੇ ਘਰ ਵਿਚ ਸ਼ੁਭ ਗੁਣਾਂ ਵਾਲਾ ਚੰਗਾ ਪੰਥ ਚਲ ਰਿਹਾ ਹੈ, ਰਾਜਾ ਬੜਾ ਪੁੰਨਵਾਨ ਅਤੇ ਧਰਮੀ ਹੈ ਅਤੇ ਉਹ ਗੁਰੂ ਜੀ ਦਾ ਪੱਕਾ ਸਿੱਖ ਹੈ॥ ੨੮॥

ਸ੍ਰੀ ਨਾਨਕ ਸਿਖ ਨ੍ਰਿਪ ਸ਼ਿਵਨਾਭ। ਤਿਸਕੋ ਇਹ ਪੋਤਾ ਜਸੁ ਲਾਭ।

ਸੁਨਿ ਸਭਿ ਪੌਰਦਾਰ ਢਿਗ ਜਾਇ। 'ਗੁਰੂ ਨਿਕਟਿ ਤੇ ਮੈਂ ਚਲਿ ਆਇ॥੨੯॥

ਰਾਜਾ ਸ਼ਿਵਨਾਭ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ ਸੀ, ਇਹ ਰਾਜਾ ਸ਼ਿਵਨਾਭ ਦਾ ਪੋਤਰਾ ਹੁਣ ਉਸ ਜੱਸ ਨੂੰ

ਪ੍ਰਾਪਤ ਹੋਇਆ ਹੈ। ਰਾਜੇ ਬਾਰੇ ਸਭ ਕੁਝ ਸੁਣ ਕੇ ਪੈੜਾ ਮੋਖਾ ਰਾਜੇ ਦੇ ਦਰਬਾਨ ਪਾਸ ਜਾ ਕੇ ਕਹਿਣ ਲੱਗਾ, "ਮੈਂ ਗੁਰੂ ਜੀ ਪਾਸੋਂ ਚਲ ਕੇ ਆਇਆ ਹਾਂ॥ ੨੯॥

ਲਿਖਯੋ ਹੁਕਮਨਾਮਾ ਮੈਂ ਲਯਾਯੋ। ਸੁਧਿ ਭੂਪਤਿ ਕੋ ਦੇਹੁ ਸੁਨਾਯੋ'।
ਜਬਿ ਨ੍ਰਿਪ ਸੋਂ ਸਭਿ ਕਹੀ ਹਕੀਕਤ। ਪਿਤਾ ਪਿਤਾਮੇ ਤੇ ਜੁ ਉਡੀਕਤਿ॥ ੩੦॥

ਗੁਰੂ ਜੀ ਨੇ ਹੁਕਮਨਾਮਾ ਲਿਖਿਆ ਹੈ, ਉਸ ਨੂੰ ਮੈਂ ਲੈ ਕੇ ਆਇਆ ਹਾਂ, ਰਾਜੇ ਨੂੰ ਜਾ ਕੇ ਮੇਰੇ ਬਾਰੇ ਖ਼ਬਰ ਕਰੋ।" ਜਦ ਦਰਬਾਨ ਨੇ ਜਾ ਕੇ ਸਾਰੀ ਹਕੀਕਤ ਰਾਜੇ ਨੂੰ ਦੱਸੀ, ਜਿਹੜਾ ਪਿਤਾ ਪਿਤਾਮਿਆਂ ਤੋਂ ਗੁਰੂ ਜੀ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ॥ ੩੦॥

ਤਤਛਿਨ ਉਠਯੋ ਅਗਾਉ ਆਯੋ। ਕਰਿ ਆਦਰ ਅੰਤਰਿ ਪ੍ਰਵਿਸ਼ਾਯੋ।
ਸ਼ੁਭ ਆਸਨ ਪਰ ਨਿਕਟ ਬਿਠਾਇ। ਨ੍ਰਿਪ ਜੁਤ ਸਭਿਹਿਨਿ ਬੰਦੇ ਪਾਇ॥ ੩੧॥

ਤਾਂ ਰਾਜਾ ਤੁਰੰਤ ਉਠਿਆ ਤੇ ਅੱਗੇ ਹੋ ਕੇ ਲੈਣ ਆਇਆ ਤੇ ਬੜਾ ਆਦਰ ਕਰਕੇ ਪੈੜੇ ਮੋਖੇ ਨੂੰ ਮਹਿਲਾਂ ਦੇ ਅੰਦਰ ਲੈ ਗਿਆ। ਆਪਣੇ ਲਾਗੇ ਚੰਗੇ ਸਥਾਨ ਤੇ ਬਿਠਾਇਆ, ਨਿਰਪ ਸਮੇਤ ਸਾਰਿਆਂ ਨੇ ਪੈੜੇ ਮੋਖੇ ਦੇ ਚਰਨਾਂ ਤੇ ਬੰਦਨਾ ਕੀਤੀ॥ ੩੧॥

ਜਬੈ ਹੁਕਮਨਾਮਾ ਇਨ ਦੀਨਾ। ਭਯੋ ਹਰਖ ਸਿਰ ਪਰ ਧਰਿ ਲੀਨਾ।
ਕਹਿ ਨ੍ਰਿਪ ਨਿਜ ਦਾਸਨਿ ਕੈ ਸੰਗਿ। 'ਕਰੋ ਸਕਲ ਮੰਗਲ ਛਬਿ ਰੰਗਿ॥ ੩੨॥

ਜਦ ਪੈੜੇ ਮੋਖੇ ਨੇ ਗੁਰੂ ਜੀ ਦਾ ਹੁਕਮਨਾਮਾ ਦਿੱਤਾ ਤਾਂ ਰਾਜਾ ਬਹੁਤ ਪ੍ਰਸੰਨ ਹੋਇਆ ਤੇ ਉਸ ਹੁਕਮਨਾਮੇ ਨੂੰ ਆਪਣੇ ਸਿਰ ਤੇ ਰੱਖ ਲਿਆ। ਫਿਰ ਰਾਜਾ ਆਪਣੇ ਸੇਵਕਾਂ ਨੂੰ ਕਹਿਣ ਲੱਗਾ, "ਸਾਰੇ ਮਿਲ ਕੇ ਰੰਗ ਮੰਗਲ ਕਰੋ॥ ੩੨॥

ਨਗਰ ਬਿਖੈ ਸਭਿ ਕੋ ਕਹਿ ਦੀਜੈ। ਬਹੁਤ ਭਾਂਤਿ ਕੇ ਉਤਸਵ ਕੀਜੈ।
ਲਘੁ ਦੁੰਦਭਿ ਆਦਿਕ ਬਜਿੰ ਬਾਜੇ। ਬੰਦਨ ਵਾਰ ਫੂਲ ਦਰਵਾਜੇ'॥ ੩੩॥

ਸ਼ਹਿਰ ਵਿਚ ਸਾਰਿਆਂ ਨੂੰ ਕਹਿ ਦੇਵੋ ਕਿ ਉਹ ਬਹੁਤ ਪ੍ਰਕਾਰ ਦੇ ਉਤਸਵ ਕਰਨ। ਛੋਟੀਆਂ ਦੁਦੰਭੀਆਂ ਆਦਿ ਵਾਜੇ ਵਜਾਏ ਜਾਣ ਅਤੇ ਹਰ ਇਕ ਦੇ ਦਰਵਾਜ਼ੇ ਤੇ ਫੁੱਲਾਂ ਦੇ ਬੰਦਨਵਾਰ ਲਟਕਾਏ ਜਾਣ"॥ ੩੩॥

ਸਭਿ ਪੁਰਿ ਕੇ ਨਰ ਲਏ ਅਕੋਰ। ਆਏ ਨ੍ਰਿਪ ਢਿਗ ਤਬਿ ਕਰ ਜੋਰਿ।
ਕਰਯੋ ਤਿਹਾਵਲ ਬ੍ਰਿੰਦ ਅਨਾਯੋ। ਬਹੁ ਸੁਗੰਧਿ ਫੂਲਨਿ ਬਰਸਾਯੋ॥ ੩੪॥

ਫਿਰ ਸਾਰੇ ਨਗਰ ਦੇ ਲੋਕ ਨਜ਼ਰਾਨੇ ਅਤੇ ਉਪਹਾਰ ਲੈ ਕੇ ਹੱਥ ਜੋੜ ਕੇ ਰਾਜੇ ਦੇ ਪਾਸ ਆਏ। ਵੱਡੀ ਮਾਤ੍ਰਾ ਵਿਚ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਗਿਆ ਤੇ ਬਹੁਤ ਖ਼ੁਸ਼ਬੂਦਾਰ ਫੁੱਲਾਂ ਦੀ ਵਰਸ਼ਾ ਕੀਤੀ॥ ੩੪॥

ਨਰਨ ਹਜ਼ਾਰਨ ਮਹਿਂ ਨ੍ਰਿਪ ਲੇਕੈ। ਪਠਯੋ ਹੁਕਮਨਾਮਾ ਸੁਖ ਪੈ ਕੈ।
ਧੂਪ ਧੁਖਾਵਤਿ ਸੰਖ ਬਜਾਏ। ਬਹੁ ਸੁਗੰਧਿ ਚੰਦਨ ਚਰਚਾਏ॥ ੩੫॥

ਰਾਜੇ ਨੇ ਹਜ਼ਾਰਾਂ ਲੋਕਾਂ ਦੇ ਸਾਹਮਣੇ ਹੁਕਮਨਾਮੇ ਨੂੰ ਖੋਲ੍ਹ ਕੇ ਸੁਖ ਸਹਿਤ ਪੜ੍ਹਿਆ। ਫਿਰ ਹੁਕਮਨਾਮੇ ਦੇ ਪਾਸ ਧੂਪ ਧੁਖਾਇਆ ਅਤੇ ਸੰਖ ਪੂਰੇ ਅਤੇ ਬਹੁਤ ਸੁਗੰਧੀ ਚੰਦਨ ਦਾ ਛਿੜਕਾ ਕੀਤਾ॥ ੩੫॥

'ਪੈੜੇ ਸਿਖ ਕੋ ਦੇਖਨਿ ਕੀਜੈ। ਪ੍ਰਾਨ ਸੰਗਲੀ ਇਸ ਕੋ ਦੀਜੈ'।
ਪਠਿ ਸੁਨਿ ਕੈ ਸਭਿ ਹੀ ਹਰਖਾਏ। ਭਾਂਤਿ ਭਾਂਤਿ ਕੀ ਭੇਟ ਚੜ੍ਹਾਏ॥ ੩੬॥

ਰਾਜੇ ਨੇ ਫਿਰ ਪਿਹਾ, "ਪੈੜੇ ਮੋਖੇ ਸਿੱਖ ਦੇ ਦਰਸ਼ਨ ਕਰੋ ਤੇ ਇਸ ਨੂੰ ਪ੍ਰਾਨ ਸੰਗਲੀ ਪੋਥੀ ਦੇ ਦੇਵੋ।" ਪੜ੍ਹ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਭਾਂਤ-ਭਾਂਤ ਦੇ ਉਪਹਾਰ ਪੈੜੇ ਮੋਖੇ ਨੂੰ ਅਰਪਨ ਕੀਤੇ॥ ੩੬॥

ਕਹਿਂ ਲਗ ਕਹੌਂ ਉਛਾਹ ਸੁ ਕਰਜੋ। ਦਰਸ਼ਨ ਜਨੁ ਸਤਿਗੁਰੂ ਨਿਹਰਜੋ।
ਸਿੱਖੀ ਰੀਤਿ ਦੇਖਿ ਕਰਿ ਤਹਾਂ। ਅਚਰਜ ਸਹਤ ਸੁ ਪੈੜਾ ਰਹਾ॥ ੩੭॥

ਮੈਂ ਕਿਥੋਂ ਤਕ ਕਹਾਂ, ਜਿੰਨਾ ਵੱਡਾ ਉਨ੍ਹਾਂ ਨੇ ਉਤਸ਼ਾਹ ਮਨਾਇਆ ਸੀ, ਜਿਵੇਂ ਉਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਲਏ ਹੋਣ। ਓਥੇ ਸਿੱਖ ਰੀਤੀ ਵੇਖ ਕੇ ਪੈੜਾ ਮੋਖਾ ਬਹੁਤ ਹੈਰਾਨ ਹੋਇਆ॥ ੩੭॥

ਧੰਨ ਗੁਰੂ ਨਾਨਕ ਨਿਰਧਾਰਜੋ। ਅਵਨੀ ਮੰਡਲ ਸਗਲ ਉਧਾਰਜੋ।
ਕੇਤਿਕ ਦਿਨ ਰਹਿ ਸਭਿ ਸੁਖਪਾਏ। ਪੁਨ ਚਲਿਬੇ ਹਿਤ ਬਾਕ ਅਲਾਏ॥ ੩੮॥

ਗੁਰੂ ਨਾਨਕ ਦੇਵ ਜੀ ਧੰਨ ਹਨ, ਹਿਰਦੇ ਵਿਚ ਇੰਝ ਨਿਰਣਾ ਕੀਤਾ, ਜਿਨ੍ਹਾਂ ਨੇ ਧਰਤੀ ਦੇ ਸਾਰੇ ਮੰਡਲਾਂ ਦਾ ਉਧਾਰ ਕੀਤਾ। ਕਈ ਦਿਨ ਓਥੇ ਰਹਿ ਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕੀਤੇ। ਫਿਰ ਚੱਲਣ ਵਾਸਤੇ ਸ਼ਬਦ ਕਹੇ॥ ੩੮॥

ਬਹੁਮੋਲੀ ਵਥੁ ਨ੍ਰਿਪ ਨੈ ਦੀਨਿ। ਪ੍ਰਾਨ ਸੰਗਲੀ ਸੌਂਪਨਿ ਕੀਨਿ।
ਅਪਨੀ ਬਿਨੈ ਲਿਖੀ ਅਰਦਾਸ। 'ਮਮ ਮਸਤਕ ਤੁਮ ਚਰਨਨਿ ਪਾਸਿ॥ ੩੯॥

ਰਾਜੇ ਨੇ ਪੈੜੇ ਮੋਖੇ ਨੂੰ ਬਹੁਤ ਵੱਡਮੁਲੀਆਂ ਵਸਤਾਂ ਦਿੱਤੀਆਂ ਫਿਰ ਪ੍ਰਾਨ ਸੰਗਲੀ ਵੀ ਸੌਂਪ ਦਿੱਤੀ। ਫਿਰ ਆਪਣੀ ਵਲੋਂ ਇਕ ਬੇਨਤੀ ਲਿਖੀ, "ਮੇਰਾ ਮੱਥਾ ਤੁਹਾਡੇ ਚਰਨਾਂ ਪਾਸ ਹੈ॥ ੩੯॥

ਮੰਜੀ ਪਰ ਬੈਠੇ ਨ੍ਰਿਪ ਜੋਈ। ਗੁਰੂ ਜਾਨਿ ਪੂਜੈ ਸਭਿ ਕੋਈ'।
ਲੇ ਪੋਥੀ ਹੁਇ ਬਿਦਾ ਪਧਾਰਾ। ਸਤਿਗੁਰ ਮਹਿਮਾ ਮਹਾਂ ਬਿਚਾਰਾ॥੪੦॥

ਜਿਹੜਾ ਵੀ ਰਾਜਾ ਮੰਜੀ ਤੇ ਬੈਠਦਾ ਹੈ, ਸਾਰੇ ਉਸ ਦੀ ਗੁਰੂ ਜਾਣ ਕੇ ਪੂਜਾ ਕਰਦੇ ਹਨ"। ਪੈੜਾ ਮੋਖਾ ਪੋਥੀ ਲੈ ਕੇ ਵਿਦਾਇਗੀ ਲੈ ਕੇ ਚੱਲ ਪਿਆ ਤੇ ਦਿਲ ਵਿਚ ਉਸ ਵਿਚਾਰ ਕੀਤੀ ਕਿ ਸਤਿਗੁਰੂ ਜੀ ਦੀ ਬਹੁਤ ਮਹਿਮਾ ਹੈ॥ ੪੦॥

ਬਡ ਪ੍ਰਤਾਪ ਪੂਰਨ ਸਭਿ ਭੂ ਪਰ। ਜਹਿਂ ਕਹਿਂ ਛਾਇ ਰਹਜੋ ਸਭਿ ਊਪਰ।
ਮਗ ਮਹਿਂ ਆਵਤਿ ਸੰਗਤਿ ਹੇਰੇ। ਇਸ ਕੀ ਪੂਜਾ ਹੋਤਿ ਬਡੇਰੇ॥੪੧॥

ਉਨ੍ਹਾਂ ਦਾ ਸਾਰੀ ਧਰਤੀ ਉਤੇ ਪੂਰਨ ਵੱਡਾ ਪ੍ਰਤਾਪ ਹੈ ਅਤੇ ਜਿਥੇ ਕਿਥੇ ਇਹ ਸਾਰਿਆਂ ਤੇ ਛਾ ਰਿਹਾ ਹੈ। ਰਾਹ ਵਿਚ ਆਉਂਦੇ ਨੂੰ ਸੰਗਤ ਵੇਖਦੀ ਸੀ ਤੇ ਉਸ ਦੀ ਬਹੁਤ ਪੂਜਾ ਹੁੰਦੀ ਸੀ॥ ੪੧॥

ਕ੍ਰਮ ਕਰਿ ਲੰਘਜੋ ਪੰਥ ਬਿਸਾਲਾ। ਗੰਗਾ ਤੀਰ ਆਇ ਜਿਹ ਕਾਲਾ।
ਏਕ ਸਾਧ ਤਾਂਕੋ ਤਬਿ ਦੇਖਾ। ਸਿਰ ਪੋਥੀ ਲਖਿ ਅਚਰਜ ਪੇਖਾ॥੪੨॥

ਹੌਲੀ-ਹੌਲੀ ਲੰਮੇ ਸਫਰ ਨੂੰ ਤਹਿ ਕੀਤਾ, ਜਿਸ ਵੇਲੇ ਦਰਿਆ ਗੰਗਾ ਦੇ ਕੰਢੇ ਤੇ ਆਇਆ ਤਾਂ ਇਕ ਸਾਧੂ ਨੇ ਉਸ ਨੂੰ ਵੇਖਿਆ, ਸਿਰ ਉਤੇ ਪੋਥੀ ਰੱਖੀ ਵੇਖ ਕੇ ਉਸ ਨੂੰ ਬੜਾ ਅਜੀਬ ਲੱਗਾ॥ ੪੨॥

ਨਿਰਾਧਾਰ ਪੋਥੀ ਸਿਰਿ ਆਵੈ। ਦੇਖੀ ਸਾਧ ਨ ਕਿਸਿ ਦ੍ਰਿਸ਼ਟਾਵੈ।
ਦਿਖਿ ਅਜ਼ਮਤ ਭਾ ਆਵਤਿ ਸਾਥ। ਕਰਿ ਡੇਰਾ ਪੂਛੀ ਸਭਿ ਗਾਥ॥੪੩॥

ਕਿਸੇ ਆਸਰੇ ਤੋਂ ਬਗੈਰ, ਪੋਥੀ ਸਿਰ ਤੇ ਧਰੀ ਹੋਈ ਆ ਰਹੀ ਸੀ। ਸਾਧ ਨੇ ਵੇਖਿਆ ਕੋਈ ਵੀ ਆਸਰਾ ਦਿਖਾਈ ਨਹੀਂ ਸੀ ਦੇ ਰਿਹਾ। ਜਦ ਉਸ ਵੇਖਿਆ ਕਿ ਪੋਥੀ ਕਿਸੇ ਕਰਾਮਾਤ ਦੀ ਸ਼ਕਤੀ ਕਰਕੇ ਨਾਲ-ਨਾਲ ਆ ਰਹੀ ਹੈ ਤਾਂ ਉਸ ਬੈਠ ਕੇ ਸਾਰੀ ਕਹਾਣੀ ਪੈੜੇ ਮੋਖੇ ਤੋਂ ਪੁੱਛੀ॥ ੪੩॥

'ਕੌਨ ਅਹੋ ਤੁਮ ਕਹਿਂਤੇ ਆਏ ?। ਕੈਸੀ ਪੋਥੀ ਦੇਹੁ ਦਿਖਾਏ ?।
ਕਰੋ ਕ੍ਰਿਪਾ ਮੁਹਿ ਸਾਧੂ ਜਾਨਿ। ਮੈਂ ਆਯੋ ਦਰਸ਼ਨ ਇਛ ਠਾਨਿ ॥੪੪॥

"ਤੁਸੀਂ ਕੌਣ ਹੋ ਤੇ ਕਿਥੋਂ ਆਏ ਹੋ, ਇਹ ਕੈਸੀ ਪੋਥੀ ਹੈ, ਮੈਨੂੰ ਵਿਖਾਉ ? ਸਾਧੂ ਜਾਣ ਕੇ ਮੇਰੇ ਤੇ ਕਿਰਪਾ ਕਰੋ, ਮੈਂ ਦਰਸ਼ਨਾਂ ਦੀ ਇੱਛਾ ਧਾਰ ਕੇ ਆਇਆ ਹਾਂ" ॥ ੪੪ ॥

ਸੁਣਿ ਕਰਿ ਪੈੜੇ ਬਿਨਤੀ ਠਾਨੀ। 'ਸਿੰਗਲ ਦੀਪ ਤੇ ਪੋਥੀ ਆਨੀ।
ਅੰਮ੍ਰਿਤਸਰ ਗੁਰ ਅਰਜਨ ਧੀਰ। ਚਲਿ ਦੇਖਹੁ ਤੁਮ ਤਿਨ ਕੇ ਤੀਰ ॥੪੫॥

ਇਹ ਸੁਣ ਕੇ ਪੈੜੇ ਨੇ ਬੇਨਤੀ ਕੀਤੀ, "ਮੈਂ ਸਿੰਗਲਾਦੀਪ ਤੋਂ ਇਹ ਪੋਥੀ ਲਿਆਇਆ ਹਾਂ। ਅੰਮ੍ਰਿਤਸਰ ਨਗਰ ਵਿਚ ਧੀਰਜਵਾਨ ਗੁਰੂ ਅਰਜਨ ਦੇਵ ਜੀ ਰਹਿੰਦੇ ਹਨ, ਉਨ੍ਹਾਂ ਦੇ ਪਾਸ ਜਾ ਕੇ ਇਹ ਪੋਥੀ ਵੇਖ ਲਵੋ॥ ੪੫ ॥

ਗੁਰ ਆਗਜਾ ਮੁਝ ਖੋਲਹੁ ਨਾਂਹੀ। ਯਾਂਤੇ ਤੁਮ ਪਹਿ ਬਿਨਤੀ ਪ੍ਰਾਹੀ'।
ਸੁਨਿ ਬਚ ਸਾਧ ਰਿਦੈ ਅਸ ਠਾਨੀ। ਚਲਿ ਦੇਖੋਂ ਗੁਰ ਕੇ ਨਿਕਟਾਨੀ ॥੪੬॥

ਗੁਰੂ ਜੀ ਨੇ ਮੈਨੂੰ ਇਹ ਹੁਕਮ ਕੀਤਾ ਹੈ ਕਿ ਇਹ ਪੋਥੀ ਖੋਲ੍ਹਣੀ ਨਹੀਂ ਹੈ, ਇਸ ਕਰਕੇ ਮੈਂ ਤੁਹਾਡੇ ਪਾਸ ਬੇਨਤੀ ਕੀਤੀ ਹੈ।" ਇਹ ਸੁਣ ਕੇ ਸਾਧੂ ਨੇ ਮਨ ਵਿਚ ਇਹ ਗੱਲ ਪੱਕੀ ਕੀਤੀ ਕਿ ਮੈਂ ਗੁਰੂ ਜੀ ਦੇ ਪਾਸ ਜਾ ਕੇ ਹੀ ਪੋਥੀ ਵੇਖ ਲਵਾਂਗਾ॥ ੪੬ ॥

ਨਿਸ ਬਿਤੀਤ ਕਰਿ ਪ੍ਰਾਤਿ ਸ਼ਨਾਨੇ। ਗੰਗ ਮਾਤ ਪਦ ਬੰਦ ਸਿਧਾਂਨੇ।
ਪੈੜਾ ਸਾਧ ਜੁਗਮ ਚਲਿ ਆਵੈਂ। ਮਗ ਮੈਂ ਚਰਚਾ ਕਰਿ ਬਿਗਸਾਵੈਂ ॥੪੭॥

ਸਾਧੂ ਨੇ ਰਾਤ ਬਤੀਤ ਕਰਕੇ ਸਵੇਰੇ ਉੱਠ ਕੇ ਇਸ਼ਨਾਨ ਕੀਤਾ ਤੇ ਫਿਰ ਗੰਗਾ ਮਾਤਾ ਨੂੰ ਬੰਦਨਾ ਕਰਕੇ ਚੱਲ ਪਿਆ। ਪੈੜਾ ਮੋਖਾ ਤੇ ਸਾਧੂ ਦੋਵੇਂ ਇਕੱਠੇ ਚਲ ਰਹੇ ਸਨ, ਰਾਹ ਵਿਚ ਚਰਚਾ ਕਰਕੇ ਦੋਵੇਂ ਬਹੁਤ ਪ੍ਰਸੰਨ ਹੋ ਰਹੇ ਸਨ॥ ੪੭ ॥

ਪੈੜੇ ਉਪਜਯੋ ਕੁਛ ਹੰਕਾਰਾ। ਗੁਰ ਕਿਰਪਾ ਬਡ ਕਾਰਜ ਸਾਰਾ।
ਆਨਿ ਸੁਧਾਸਰ ਡੇਰਾ ਠਾਨਾ। ਪੈੜਾ ਅਪਨੇ ਧਾਮ ਸਿਧਾਨਾ ॥ ੪੮ ॥

ਪੈੜੇ ਮੋਖੇ ਵਿਚ ਕੁਝ ਹੰਕਾਰ ਪੈਦਾ ਹੋਇਆ ਕਿ ਗੁਰੂ ਦੀ ਕਿਰਪਾ ਨਾਲ ਉਸ ਵੱਡਾ ਕਾਰਜ ਕੀਤਾ ਹੈ। ਅੰਮ੍ਰਿਤਸਰ ਆ ਕੇ ਡੇਰਾ ਕੀਤਾ, ਪੈੜਾ ਮੋਖਾ ਆਪਣੇ ਘਰ ਨੂੰ ਚਲਾ ਗਿਆ॥ ੪੮ ॥

ਪੋਥੀ ਖੋਲਿ ਪਠੀ ਤਿਨ ਸਾਰੀ। ਕਲਾ ਜੋਗ ਕੀ ਸਕਲ ਉਚਾਰੀ।
ਦੁਲਭ ਬਾਤ ਅਦਭੁਤ ਗਤਿ ਦੇਖਿ। ਸਾਧੇ ਜਿਸ ਅਜ਼ਮਤ ਜੁ ਵਿਸ਼ੇਖ ॥੪੯॥

ਘਰ ਜਾ ਕੇ ਉਸ ਸਾਰੀ ਪੋਥੀ ਖੋਲ੍ਹ ਕੇ ਪੜ੍ਹੀ। ਪੋਥੀ ਵਿਚ ਜੋਗ ਦੀ ਸਾਰੀ ਕਲਾ ਦਾ ਉਚਾਰਨ ਕੀਤਾ ਹੋਇਆ ਸੀ। ਦੁਰਲਭ ਗੱਲ, ਅਦਭੁਤ ਗਤੀ ਨਾਲ ਵੇਖੀ, ਜਿਸ ਦੀ ਸਾਧਨਾ ਕਰਨ ਨਾਲ ਵੱਡੀ ਕਰਾਮਾਤ ਪ੍ਰਾਪਤ ਹੁੰਦੀ ਹੈ॥ ੪੯ ॥

ਪ੍ਰਭੁ ਮਾਇਆ ਤਿਹ ਚਿਤ ਭਰਮਾਇਸਿ। ਕੁਛ ਪ੍ਰਸੰਗ ਨਿਜ ਸਦਨ ਦੁਰਾਇਸਿ।
ਗੁਰ ਪਦ ਆਨ ਬੰਦਨਾ ਕੀਨਿ। ਪੋਥੀ ਭੇਟਾ ਪਾਤੀ ਦੀਨਿ ॥ ੫੦ ॥

ਪ੍ਰਭੂ ਦੀ ਮਾਇਆ ਨੇ ਪੈੜੇ ਮੋਖੇ ਦੇ ਚਿੱਤ ਨੂੰ ਭਰਮਾ ਲਿਆ, ਪੋਥੀ ਨੂੰ ਪੜ੍ਹ ਕੇ ਉਸ ਕੁਝ ਪ੍ਰਸੰਗ ਆਪਣੇ ਘਰ ਵਿਚ ਹੀ ਲੁਕਾ ਲਏ। ਗੁਰੂ ਜੀ ਦੇ ਚਰਨਾਂ ਤੇ ਆ ਕੇ ਬੰਦਨਾ ਕੀਤੀ ਅਤੇ ਪੋਥੀ ਗੁਰੂ ਜੀ ਨੂੰ ਭੇਟ ਕਰ ਦਿੱਤੀ॥ ੫੦ ॥

ਅੰਤਰਜਾਮੀ ਗੁਰੂ ਪ੍ਰਬੀਨ। ਤਿਨਹਿ ਕਰੀ ਜੋ ਸਭਿ ਲਖਿ ਲੀਨਿ।
ਖੋਲਿ ਬਿਲੋਕੀ ਪਠਿ ਕਰਿ ਸੋਈ। ਅਨਿਕ ਬਿਧਿਨਿ ਸਿਧਿ ਦਾਇਕ ਜੋਈ ॥੫੧॥

ਨਿਪੁੰਨ ਗੁਰੂ ਜੀ ਵੱਡੇ ਅੰਤਰਜਾਮੀ ਹਨ, ਜੋ ਕੁਝ ਪੈੜੇ ਮੋਖੇ ਨੇ ਕੀਤਾ, ਉਹ ਸਭ ਕੁਝ ਉਹ ਜਾਣ ਗਏ। ਪੋਥੀ ਖੋਲ੍ਹ ਕੇ ਉਨ੍ਹਾਂ ਪੜ੍ਹ ਕੇ ਵੇਖੀ ਜਿਹੜੀ ਅਨੇਕ ਵਿਧੀਆਂ ਨਾਲ ਸਿਧ ਕਰਨਯੋਗ ਸੀ॥ ੫੧॥

ਆਦਿ ਅੰਤ ਲੌ ਪਠਿ ਕਰਿ ਸਾਰੀ। ਜਿਸ ਤੇ ਅਜ਼ਮਤ ਲਹਿਂ ਕਰਿ ਭਾਰੀ।
ਸ੍ਰੀ ਅਰਜਨ ਤਬਿ ਰਿਦੈ ਬਿਚਾਰੀ। 'ਜੀਵ ਮੰਦ ਮਤਿ ਹੁਇਂ ਕਲਿ ਭਾਰੀ ॥੫੨॥

ਅਰੰਭ ਤੋਂ ਅੰਤ ਸਾਰੀ ਪੋਥੀ ਪੜ੍ਹ ਕੇ, ਜਿਸ ਤੋਂ ਭਾਰੀ ਕਰਾਮਾਤ ਪ੍ਰਾਪਤ ਹੁੰਦੀ ਸੀ, ਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, "ਕਲਿਜੁਗ ਵਿਚ ਸਾਰੇ ਜੀਵ ਮਾੜੀ ਮੱਤ ਵਾਲੇ ਹੋ ਗਏ ਹਨ॥ ੫੨॥

ਪੋਥੀ ਪੜਹਿਂ ਬੁੱਧਿ ਫਿਰ ਜਾਇ। ਗਜਾਨ ਹੀਨ ਜਗ ਸਿੱਧ ਕਹਾਇਂ।
ਯਾਂ ਤੇ ਉਰਿਤ ਨ ਪੋਥੀ ਰਾਖਨਾ'। ਰਿਸ ਕਰਿ ਪੈੜੇ ਕੋ ਕਿਯ ਭਾਖਨਿ ॥੫੩॥

ਇਸ ਪੋਥੀ ਨੂੰ ਪੜ੍ਹਨ ਨਾਲ ਉਨ੍ਹਾਂ ਦੀ ਬੁੱਧੀ ਫਿਰ ਜਾਵੇਗੀ, ਗਿਆਨ-ਹੀਣ ਲੋਕ ਵੀ ਜੱਗ ਵਿਚ ਆਪਣੇ ਆਪ ਨੂੰ ਸਿੱਧ ਕਹਾਉਣਗੇ, ਇਸ ਕਰਕੇ ਇਹ ਪੋਥੀ ਰੱਖਣੀ ਉਚਿਤ ਨਹੀਂ ਹੈ।" ਗੁੱਸੇ ਵਿਚ ਆ ਕੇ ਗੁਰੂ ਜੀ ਨੇ ਪੈੜੇ ਮੋਖੇ ਨੂੰ ਕਿਹਾ॥ ੫੩॥

'ਜੋ ਪ੍ਰਸੰਗ ਇਸ ਤੇ ਨਿਕਸਾਯੋ। ਸੋ ਭੀ ਚਹੀਏ ਇਹਾਂ ਮਿਲਾਯੋਂ'।
ਸੋ ਮੰਗਾਇ ਜਲ ਕਰਯੋ ਪ੍ਰਵਾਹਿ। ਅਚਰਜ ਦੇਖਿ ਭਏ ਸਭਿ ਤਾਂਹਿ ॥੫੪॥

"ਇਸ ਪੋਥੀ ਵਿਚੋਂ ਜਿਹੜਾ ਪ੍ਰਸੰਗ ਕੱਢਿਆ ਹੈ, ਉਹ ਵੀ ਇਸ ਪੋਥੀ ਵਿਚ ਮਿਲਾਉਣਾ ਚਾਹੀਦਾ ਹੈ।" ਉਹ ਪ੍ਰਸੰਗ ਵੀ ਲਿਆ ਕੇ ਪੈੜੇ ਮੋਖੇ ਨੇ ਪੋਥੀ ਵਿਚ ਮਿਲਾ ਦਿੱਤਾ ਤੇ ਗੁਰੂ ਜੀ ਨੇ ਪੋਥੀ ਨੂੰ ਜਲ ਪ੍ਰਵਾਹ ਕਰ ਦਿੱਤਾ। ਇਹ ਵੇਖ ਕੇ ਸਾਰੇ ਬਹੁਤ ਹੈਰਾਨ ਹੋਏ॥ ੫੪॥

ਦੇਖਿ ਸਾਧ ਬਿਸਮਤ ਹੁਇ ਭਾਰੀ। ਗੁਰ ਪਦ ਨਿਕਟ ਸੁ ਬਿਨੈ ਉਚਾਰੀ।
'ਮਹਾਂਰਾਜ ! ਮੁਝ ਸੁਨਿ ਅਰਦਾਸ। ਦੂਰਹੁਂ ਤੇ ਆਵਾ ਧਰਿ ਆਸ ॥੫੫॥

ਇਹ ਵੇਖ ਕੇ ਸਾਧੂ ਬਹੁਤ ਹੈਰਾਨ ਹੋਇਆ, ਉਸ ਗੁਰੂ ਜੀ ਦੇ ਚਰਨਾਂ ਤੇ ਬੇਨਤੀ ਕੀਤੀ, "ਮਹਾਰਾਜ ! ਮੇਰੀ ਬੇਨਤੀ ਸੁਣੋ, ਵੱਡੀ ਆਸ ਧਰ ਕੇ ਇਹ ਪੋਥੀ ਬਹੁਤ ਦੂਰ ਤੋਂ ਲਿਆਂਦੀ ਹੈ॥ ੫੫॥

ਪੜ੍ਹੋਂ ਲਿਖੋਂ ਪੋਥੀ ਗੁਰ ਜੋਈ। ਲਾਭ ਅਧਿਕ ਯਾਂਤੇ ਮੁਹਿ ਹੋਈ'।
ਦੇਖਿ ਸਾਧ ਧੀਰਜ ਮਨ ਖੋਯੋ। ਸੀਸ ਚਰਨ ਧਰਿ ਨੰਮ੍ਰੀ ਹੋਯੋ ॥੫੬॥

ਗੁਰੂ ਜੀ ਨੇ ਜਿਹੜੀ ਇਹ ਪੋਥੀ ਲਿਖੀ ਹੈ ਇਸ ਨੂੰ ਮੈਂ ਪੜ੍ਹਾਂਗਾ ਅਤੇ ਲਿਖਾਂਗਾ, ਇਸ ਨਾਲ ਮੈਨੂੰ ਬਹੁਤ ਲਾਭ ਹੋਵੇਗਾ' ਇਹ ਵੇਖ ਕੇ ਸਾਧੂ ਮਨ ਦਾ ਧੀਰਜ ਖੋ ਬੈਠਾ, ਚਰਨਾਂ ਤੇ ਸੀਸ ਧਰ ਕੇ ਬਹੁਤ ਸਨਿੰਮਰ ਹੋ ਗਿਆ॥ ੫੬॥

ਸਾਧ ਦਸ਼ਾ ਦਿਖਿ ਗੁਰੂ ਕ੍ਰਿਪਾਲ। 'ਜਉ ਇੱਛਾ ਕਢਿ ਲਿਹੁ ਤਤਕਾਲ'।
ਸ਼ੀਘ੍ਰ ਪ੍ਰਵਿਸ਼ ਜਲ ਕਢਿ ਕਰ ਲੀਨੀ। ਹੁਇ ਪ੍ਰਸੰਨ ਗੁਰ ਤਾਂਕੋ ਦੀਨੀ ॥੫੭॥

ਸਾਧੂ ਦੀ ਇਹ ਹਾਲਤ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਜੇ ਤੇਰੀ ਇੱਛਾ ਹੈ ਤਾਂ ਤੁਰੰਤ ਇਸ ਨੂੰ ਬਾਹਰ ਕੱਢ ਲਵੋ" ਸਾਧੂ ਨੇ ਛੇਤੀ ਹੀ ਪਾਣੀ ਵਿਚ ਦਾਖਲ ਹੋ ਕੇ ਪੋਥੀ ਕੱਢ ਲਈ ਤੇ ਗੁਰੂ ਜੀ ਨੇ ਪ੍ਰਸੰਨ ਹੋ ਕੇ ਪੋਥੀ ਉਸ ਨੂੰ ਦੇ ਦਿੱਤੀ॥ ੫੭॥

ਕੇਤਿਕ ਸਮੈ ਸੇਵ ਪੁਨ ਕਰੀ। ਉਰ ਸ਼ਰਧਾ ਅਤਿ ਗੁਰ ਮਹਿਂ ਧਰੀ।
ਪੈੜਾ ਖਰੋ ਅੱਗ੍ਰ ਕਰ ਜੋਰਿ। ਖਿਮਾ ਕਰੀ ਸਤਿਗੁਰੂ ਬਹੋਰਿ॥ ੫੮॥

ਪੈੜੇ ਮੋਖੇ ਨੇ ਕੁਝ ਸਮੇਂ ਤਕ ਫਿਰ ਗੁਰੂ ਜੀ ਦੀ ਪੂਜਾ ਕੀਤੀ, ਹਿਰਦੇ ਵਿਚ ਗੁਰੂ ਜੀ ਵਾਸਤੇ ਬਹੁਤ ਸ਼ਰਧਾ ਧਾਰਨ ਕੀਤੀ। ਇਕ ਦਿਨ ਪੈੜਾ ਮੋਖਾ ਗੁਰੂ ਜੀ ਅੱਗੇ ਹੱਥ ਜੋੜ ਕੇ ਖਲੋ ਗਿਆ। ਸਤਿਗੁਰੂ ਜੀ ਨੇ ਬਾਅਦ ਵਿਚ ਉਸ ਨੂੰ ਮੁਆਫ ਕਰ ਦਿੱਤਾ॥ ੫੮॥

ਭੂਲ ਚੂਕ ਅਪਨੀ ਬਖਸ਼ਾਈ। ਰਾਹ ਹਕੀਕਤ ਸਕਲ ਸੁਨਾਈ।
ਸੋ ਬੰਨੋ ਸਿਖ ਲਿਖੀ ਗਿਰੰਥ। ਜਾਨਤਿ ਤਾਂਕੋ ਸਗਲੋ ਪੰਥ॥ ੫੯॥

ਉਸ ਨੇ ਆਪਣੀ ਭੁੱਲ ਚੁੱਕ ਬਖਸ਼ਾ ਲਈ ਤੇ ਬਾਅਦ ਵਿਚ ਪੋਥੀ ਲਿਆਉਣ ਸਮੇਂ ਦੀ ਰਸਤੇ ਦੀ ਸਾਰੀ ਹਕੀਕਤ ਗੁਰੂ ਜੀ ਨੂੰ ਸੁਣਾਈ। ਇਹ ਓਹੀ ਬੰਨੋ ਹੈ ਜਿਸ ਬਾਅਦ ਵਿਚ ਸ੍ਰੀ ਗ੍ਰੰਥ ਸਾਹਿਬ ਦਾ ਉਤਾਰਾ ਕੀਤਾ ਸੀ, ਇਸ ਨੂੰ ਸਾਰਾ ਪੰਥ ਜਾਣਦਾ ਹੈ॥ ੫੯॥

ਦੋਹਰਾ-ਸ੍ਰੀ ਗੁਰ ਹਰਿਗੋਬਿੰਦ ਕੇ ਨਿਕਟ ਰਹਿਓ ਚਿਰਕਾਲ।
ਆਗਯਾਕਾਰੀ ਹੋਇ ਕਰਿ ਪੈੜਾ ਭਯੋ ਨਿਹਾਲ॥ ੬੦॥

ਉਹ ਕਾਫੀ ਸਮਾਂ ਗੁਰੂ ਹਰਿਗੋਬਿੰਦ ਜੀ ਦੇ ਪਾਸ ਰਿਹਾ ਤੇ ਆਗਿਆਕਾਰੀ ਹੋ ਕੇ ਪੈੜਾ ਮੋਖਾ ਨਿਹਾਲ ਹੋ ਗਿਆ॥ ੬੦॥

*ਰਾਸ ਤੀਸਰੀ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥ ੩੨॥*

## *ਅਧਿਆਇ ਤੇਤੀਵਾਂ*

### *ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਮੋਹਨ ਜੀ ਪਾਸੋਂ ਪੋਥੀਆਂ ਲੈਣ ਗਏ*

ਦੋਹਰਾ-ਆਗੇ ਸਤਿਗੁਰ ਕੀ ਕਥਾ ਕਹੌਂ ਜਥਾ ਮਤਿ ਹੋਇ।
ਤਥਾ ਸੁਨਹੁ ਸ਼੍ਰੋਤਾ ਨਿਪੁਨ ਮਥਾ ਸਾਰ ਹੈ ਜੋਇ॥ ੧॥

ਜਿਵੇਂ ਮੇਰੀ ਬੁੱਧੀ ਹੈ, ਉਸ ਤਰ੍ਹਾਂ ਗੁਰੂ ਜੀ ਦੀ ਅਗਲੀ ਕਥਾ ਕਹਿੰਦਾ ਹਾਂ। ਹੇ ਸ੍ਰੋਤਾ ਗਨ ! ਸੁਣੋ ਜਿਵੇਂ ਇਹ ਨਿਪੁੰਨ ਨਿਚੋੜ ਰਿੜਕ ਕੇ ਕੱਢਿਆ ਹੈ॥ ੧॥

ਸ੍ਰੀ ਗ੍ਰਿੰਥ ਸਾਹਿਬ ਸ਼ਬਦ ਕਰਹਿਂ ਬੀੜ ਕੌ ਏਕ।
ਗਿਰਾ ਪੰਚ ਪਤਿਸ਼ਾਹਿ ਕੀ ਪੂਰਨ ਆਦਿ ਬਿਬੇਕ॥ ੨॥

ਗੁਰੂ ਜੀ ਸਾਰੇ ਸ਼ਬਦਾਂ ਨੂੰ ਇਕ ਥਾਂ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਤਿਆਰ ਕਰਨਗੇ। ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੀ ਬਾਣੀ ਗਿਆਨ ਆਦਿ ਵਿਚ ਪੂਰਨ ਹੈ॥ ੨॥

*ਨਿਸ਼ਾਨੀ ਛੰਦ*-ਇਮ ਸ੍ਰੀ ਅਰਜਨ ਸਤਿਗੁਰੂ ਤਹਿਂ ਸਮਾ ਬਿਤਾਯੋ।
ਗਯਾਨ ਸ਼ਿਰੋਮਣਿ ਧੀਰ ਬਡ ਬਚ ਮਧੁਰ ਸੁਹਾਯੋ।

ਉਪਮਾ ਰਤਨਾਕਰ ਦਿਪਹਿ ਗੰਭੀਰ ਬਿਸਾਲਾ।
ਸਿਖ ਸੇਵਕ ਜਲ ਜੰਤੁ ਗਨ ਆਕੁਲਤ ਉਜਾਲਾ॥ ੩॥

ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਸਮਾਂ ਬਤੀਤ ਕੀਤਾ। ਉਹ ਗਿਆਨ ਵਿਚ ਸ਼ਿਰੋਮਣੀ ਹਨ, ਵੱਡੇ ਧੀਰਜਵਾਨ ਹਨ ਅਤੇ ਉਨ੍ਹਾਂ ਦੇ ਬਚਨ ਬੜੇ ਮਿੱਠੇ ਹਨ। ਉਨ੍ਹਾਂ ਦੀ ਉਪਮਾ ਗੰਭੀਰ ਅਤੇ ਅਥਾਹ ਸਾਗਰ ਵਾਂਗ ਪ੍ਰਕਾਸ਼ਿਤ ਹੈ ਅਤੇ ਸਿੱਖ ਸੇਵਕ ਜਲ ਜੀਵਾਂ ਵਾਂਗ ਹਨ ਅਤੇ ਸਾਗਰ ਦੀ ਵਿਆਕੁਲਤਾ ਲਹਿਰਾਂ ਸਮਾਨ ਹੈ॥ ੩॥

ਸਤਿ, ਸੰਤੋਖ, ਸੁਸ਼ੀਲਤਾ, ਸੁਚ, ਸੁੰਦਰਤਾਈ।
ਦਯਾ, ਛਿਮਾ, ਮੁਦਤਾ, ਮਹਾਂ ਕੋਮਲ, ਸਰਲਾਈ।
ਅਨਸੂਯੂ, ਧੀਰਜ, ਧਰਮ, ਗੁਨ ਆਦਿਕ ਗਜਾਨਾ।
ਰਤਨ ਬਿਸਾਲ ਪ੍ਰਕਾਸ਼ਤੇ ਜਾਤੀ ਇਹ ਨਾਨਾ॥ ੪॥

ਸੱਤ, ਸੰਤੋਖ, ਸੁਸ਼ੀਲਤਾ, ਸੁਚ, ਸੁੰਦਰਤਾਈ, ਦਇਆ, ਖਿਮਾ, ਮਿਠਾਸ, ਮਹਾਨ ਕੋਮਲਤਾ ਅਤੇ ਸ਼ੁਧਤਾਈ ਹੈ। ਈਰਖਾ ਰਹਿਤ, ਧੀਰਜ, ਧਰਮ ਆਦਿ ਗਿਆਨ ਵਾਲੇ ਗੁਣ ਹਨ। ਉਨ੍ਹਾਂ ਦੇ ਸਾਰੇ ਗੁਣ ਜਿਹੜੇ ਹੁਣ ਗਿਣੇ ਹਨ ਅਜਿਹੇ ਕਈਆਂ ਜਾਤੀਆਂ ਦੇ ਰਤਨ ਪ੍ਰਕਾਸ਼ਦੇ ਹਨ॥ ੪॥

ਸਾਰ ਅਸਾਰ ਬਿਚਾਰਿਬੋ ਗੰਭੀਰ ਸੁ ਨੀਰਾ।
ਪ੍ਰੇਮ ਛੋਭ ਤੇ ਭਗਤਿ ਨਿਤਿ ਬੀਚੀ ਸੁਖ ਸੀਰਾ।
ਸੰਤ ਹੰਸ ਬਿਲਸਤਿ ਸਦਾ ਜਮ ਤਾਪ ਬਿਹਾਏ।
ਛੇਮ ਅਨੇਕਨਿ ਕੋ ਕਰੈਂ ਇਮ ਸਿੰਧੁ ਸੁਹਾਏ॥ ੫॥

ਚੰਗੇ ਮਾੜੇ ਗੁਣ ਜੇ ਵਿਚਾਰੀਦੇ ਤਾਂ ਉਹ ਡੂੰਘੇ ਜਲ ਵਾਂਗ ਗੰਭੀਰ ਹਨ। ਗੁਰੂ ਰੂਪ ਸਮੁੰਦਰ ਵਿਚ ਪ੍ਰੇਮ ਰੂਪ ਛੋਭ ਤੋਂ ਨਿੱਤ ਭਗਤੀ ਰੂਪੀ ਬੜੀਆਂ ਸੀਤਲ ਅਤੇ ਸੁਖਦਾਈ ਲਹਿਰਾਂ ਉੱਠਦੀਆਂ ਹਨ। ਹੰਸ ਰੂਪੀ ਸੰਤ ਦੁਖ ਦੂਰ ਹੋਣ ਕਰਕੇ ਸਦਾ ਪ੍ਰਸੰਨ ਰਹਿੰਦੇ ਹਨ। ਅਨੇਕਾਂ ਨੂੰ ਅਨੰਦ ਮੰਗਲ ਬਖਸ਼ਦੇ ਹਨ ਜਿਵੇਂ ਸਮੁੰਦਰ ਸ਼ੋਭ ਰਿਹਾ ਹੋਵੇ॥ ੫॥

ਸ਼ਬਦ ਕਰਤਿ ਚਿਤ ਚਿਤਵਤੇ ਇਕ ਥਾਨ ਲਿਖੀਜੇ।
ਪਠਹਿਂ ਸੁਨਹਿਂ ਸਿਖ ਸੁਖ ਲਹਹਿਂ ਸਿੱਖੀ ਥਿਰ ਥੀਜੈ।
ਇਕ ਦਿਨ ਬੈਠੇ ਗੁਰੂ ਜੀ ਬਹੁ ਸਭਾ ਲਗਾਏ।
ਉਪਦੇਸ਼ਤਿ ਸਤਿਨਾਮ ਕੋ ਚਖ ਕਰੁਨਾ ਛਾਏ॥ ੬॥

ਸਦਾ ਚਿੱਤ ਵਿਚ ਇਹ ਸੋਚਦੇ ਰਹਿੰਦੇ ਹਨ ਕਿ ਸਾਰੇ ਸ਼ਬਦਾਂ ਨੂੰ ਇਕੱਠਿਆਂ ਕਰਕੇ ਇਕ ਥਾਂ ਲਿਖਿਆਂ ਜਾਵੇ, ਜਿਸ ਨੂੰ ਪੜ੍ਹ ਕੇ ਸਿੱਖ ਸੁਖ ਪ੍ਰਾਪਤ ਕਰਨ ਤੇ ਸਿੱਖੀ ਮਾਰਗ ਸਥਿਰ ਹੋ ਜਾਵੇ। ਇਕ ਦਿਨ ਗੁਰੂ ਜੀ ਵੱਡੀ ਸਭਾ ਲਾ ਕੇ ਬੈਠੇ ਸਨ, ਸਿੱਖਾਂ ਨੂੰ ਉਪਦੇਸ਼ ਦੇ ਰਹੇ ਸਨ ਤੇ ਨੈਣਾਂ ਵਿਚ ਕਿਰਪਾਲਤਾ ਛਾਈ ਹੋਈ ਸੀ॥ ੬॥

ਇਕ ਸਿਖ ਬੋਲਯੋ ਜੋਰਿ ਕਰ, 'ਗੁਰ ਜੀ ਸੁਨਿ ਲੀਜੈ।
ਪ੍ਰਿਥੀਆ ਆਦਿਕ ਅਪਰ ਬਹੁ ਤਿਨ ਕਰਮ ਲਖੀਜੈ।

ਆਪ ਬਨਾਵਤਿ ਸ਼ਬਦ ਕੋ ਨਿਜ ਬੁਧਿ ਅਨੁਸਾਰੀ।
ਸ੍ਰੀ ਨਾਨਕ ਕੋ ਨਾਮ ਸ਼ੁਭ ਧਰਿ ਦੇਤਿ ਮਝਾਰੀ॥ ੭॥

ਇਕ ਸਿੱਖ ਹੱਥ ਜੋੜ ਕੇ ਬੋਲਿਆ, "ਗੁਰੂ ਜੀ! ਸੁਣੋ, ਪ੍ਰਿਥੀਆ ਤੇ ਹੋਰ ਬਹੁਤ ਲੋਕਾਂ ਦੇ ਕਸਬ ਬਾਰੇ ਵੀ ਸਮਝ ਲਵੋ। ਤੁਸੀਂ ਆਪਣੀ ਬੁੱਧੀ ਅਨੁਸਾਰ ਸ਼ਬਦ ਬਣਾਉਂਦੇ ਹੋ ਤੇ ਉਸ ਦੇ ਵਿਚ ਸਤਿਗੁਰੂ ਗੁਰੂ ਨਾਨਕ ਦੇਵ ਜੀ ਦਾ ਸ਼ੁਭ ਨਾਂ ਧਰ ਦਿੰਦੇ ਹੋ। ਇਸ ਤਰ੍ਹਾਂ ਪ੍ਰਿਥੀਆ ਆਦਿ ਵੀ ਨਾਨਕ ਨਾਮ ਧਰ ਦਿੰਦੇ ਹਨ॥ ੭॥

ਕੋਈ ਸਕੈ ਪਛਾਨ ਕਰਿ ਕੋ ਸਕਹਿ ਨ ਜਾਨੀ।
ਅਲਪ ਮਤੀ ਆਸ਼ੈ ਗੁਰੂ ਕਿਮ ਸਕਹਿੰ ਬਖਾਨੀ।
ਰਲ ਜੈਹੈਂ ਇਮ ਸਕਲ ਹੀ ਗੁਰਮਤਿ ਬਿਗਰੈ ਹੈ।
ਕੋ ਕਿਸ ਬਿਧਿ ਕੋ ਕਿਸੁ ਬਿਧਿ ਬਾਣੀ ਉਚਰੈ ਹੈ॥ ੮॥

ਕਈ ਤਾਂ ਤੁਹਾਡੀ ਅਤੇ ਹੋਰਨਾਂ ਦੀ ਬਾਣੀ ਪਛਾਣ ਲੈਂਦੇ ਹਨ, ਪਰ ਕਈ ਨਹੀ ਪਛਾਣ ਸਕਦੇ ਹਨ। ਥੋੜ੍ਹੀ ਮੱਤ ਵਾਲੇ ਗੁਰੂ ਜੀ ਦੇ ਆਸ਼ੇ ਨੂੰ ਕਿਵੇਂ ਕਹਿ ਸਕਦੇ ਹਨ। ਇਸ ਤਰ੍ਹਾਂ ਸਾਰਿਆਂ ਦੀ ਬਾਣੀ ਰਲ ਮਿਲ ਜਾਵੇਗੀ ਤੇ ਗੁਰਮਤਿ ਹੀ ਵਿਗੜ ਜਾਵੇਗੀ। ਕਿਸੇ ਨੇ ਕਿਸੇ ਢੰਗ ਨਾਲ ਅਤੇ ਕਿਸੇ ਨੇ ਕਿਸੇ ਵਿਧੀ ਅਨੁਸਾਰ ਬਾਣੀ ਲਿਖੀ ਹੈ॥ ੮॥

ਕਰਹੁ ਜਤਨ ਅਸ ਮਿਲੈ ਨਹਿੰ ਸੁੰਦਰ ਗੁਰਬਾਨੀ'।
ਸੁਨਿ ਇਕ ਸਿਖ ਬੋਲਜੋ ਬਹੁਰ 'ਦਿਹੁ ਸੰਸੈ ਹਾਨੀ।
ਬਾਨੀ ਕੱਚੀ ਗੁਰੁ ਬਿਨਾ ਗੁਰ ਅਮਰ ਬਖਾਨੀ।
ਕਿਮ ਸਮਝਹਿੰ ਸਿਖ ਤਿਸੀ ਕੋ ਸੁਨਿ ਪਠਹਿੰ ਸੁਜਾਨੀ॥ ੯॥

ਐਸਾ ਕੋਈ ਯਤਨ ਕਰੋ ਕਿ ਸੁੰਦਰ ਗੁਰਬਾਣੀ ਵਿਚ ਮਿਲਾਵਟ ਨਾ ਹੋਵੇ।" ਇਹ ਸੁਣ ਕੇ ਇਕ ਹੋਰ ਸਿੱਖ ਬੋਲਿਆ, "ਸਾਨੂੰ ਸੰਸੇ-ਰਹਿਤ ਕਰੋ। ਗੁਰੂ ਤੋਂ ਬਗੈਰ ਬਾਣੀ ਕੱਚੀ ਹੈ", ਗੁਰੂ ਅਮਰਦਾਸ ਜੀ ਨੇ ਕਿਹਾ ਹੈ। ਉਸ ਨੂੰ ਸੁਜਾਨ ਸਿੱਖ ਕਿਵੇਂ ਸਮਝ ਸਕਣ ਤੇ ਉਸਨੂੰ ਸੁਣ ਪੜ੍ਹ ਸਕਣ॥ ੯॥

ਸਿਖ ਗੁਰਦਾਸ ਜਿ ਆਦਿ ਹੈਂ ਜਿਨ ਗਿਰਾ ਬਨਾਈ।
ਸਤਿਗੁਰ ਕੋ ਜਸੁ ਜਿਸ ਬਿਖੈ ਗੁਰਮਤੀ ਦ੍ਰਿੜ੍ਹਾਈ।
ਪਰਮੇਸ਼ੁਰ ਸੰਬੰਧਨੀ ਅਰੁ ਜੇ ਅਵਿਤਾਰਾ।
ਕਰੀ ਇਨਹੁ ਕੀ ਜਿਨ ਕਥਾ ਸੰਗ੍ਰਾਮ ਅਖਾਰਾ॥ ੧੦॥

ਜਿਹੜੇ ਭਾਈ ਗੁਰਦਾਸ ਆਦਿ ਸਿੱਖ ਹਨ, ਉਨ੍ਹਾਂ ਨੇ ਵੀ ਬਾਣੀ ਰਚੀ ਹੈ, ਜਿਸ ਵਿਚ ਸਤਿਗੁਰੂ ਦਾ ਜੱਸ ਕੀਤਾ ਗਿਆ ਹੈ ਅਤੇ ਗੁਰਮਤਿ ਦ੍ਰਿੜ੍ਹ ਕਰਵਾਈ ਗਈ ਹੈ। ਪ੍ਰਮੇਸ਼ਰ ਅਤੇ ਅਵਤਾਰਾਂ ਦੇ ਯੁੱਧਾਂ ਦੀ ਕਥਾ ਜਿਸ ਵਿਚ ਵਰਣਨ ਕੀਤੀ ਗਈ ਹੈ॥ ੧੦॥

ਪੜਹਿੰ ਸੁਨਹਿੰ ਸਿਖ ਕੈ ਨਹੀਂ ਦੀਜਹਿ ਉਪਦੇਸ਼ਾ?'।
ਬੋਲੇ ਕ੍ਰਿਪਾ ਨਿਧਾਨ ਗੁਰ ਪਿਖਿ ਕਟਤਿ ਕਲੇਸ਼ਾ।

'ਗੁਰਬਾਣੀ ਸਰਬੋਤਮਾ ਨਿਤਪ੍ਰਤਿ ਅੱਭਜਾਸੈ।
ਅਰਥ ਬਿਚਾਰੈ ਦ੍ਰਿੜ੍ਹੈ ਮਨ ਅੱਗਜਾਨਹਿੰ ਗ੍ਰਾਸੈ॥ ੧੧॥

ਇਸ ਨੂੰ ਸਿੱਖ ਪੜ੍ਹਨ ਸੁਣਨ ਕਿ ਨਹੀਂ ? ਇਸ ਬਾਰੇ ਉਪਦੇਸ਼ ਦੇਵੋ"। ਕਿਰਪਾ ਨਿਧਾਨ ਗੁਰੂ ਜੀ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਕਲੇਸ਼ ਕੱਟੇ ਜਾਂਦੇ ਹਨ, ਨੇ ਬਚਨ ਕੀਤੇ, "ਗੁਰਬਾਣੀ ਸਭ ਤੋਂ ਉੱਤਮ ਹੈ, ਇਸ ਦਾ ਸਦਾ ਅਭਿਆਸ ਕਰੋ। ਇਸ ਦੇ ਅਰਥ ਵਿਚਾਰ ਕੇ ਹਿਰਦੇ ਵਿਚ ਦ੍ਰਿੜ੍ਹ ਕਰੋ, ਕਿਉਂਕਿ ਅਗਿਆਨਤਾ ਮਨੁੱਖ ਨੂੰ ਨਸ਼ਟ ਕਰ ਦਿੰਦੀ ਹੈ॥ ੧੧॥

ਅੰਮ੍ਰਿਤ ਵੇਲਾ ਉਠਿ ਪਠਹਿ ਕਰਿ ਕੰਠ ਘਨੇਰੇ।
ਮਹਾਂ ਮਹਾਤਮ ਪ੍ਰਾਪਤੀ ਮਨ ਪ੍ਰੇਮ ਬਡੇਰੇ।
ਬਾਣੀ ਅਪਰ ਕਵੀਨ ਕੀ ਮੱਧਜਮ ਸੋ ਜਾਨੋ।
ਅਵਤਾਰਨਿ ਪ੍ਰਭੁ ਕੋ ਕਥਨ ਗੁਣ ਆਦਿਕ ਗਜਾਨੋ॥ ੧੨॥

ਅੰਮ੍ਰਿਤ ਵੇਲੇ ਉਠ ਕੇ ਬਾਣੀ ਪੜ੍ਹੋ ਅਤੇ ਕੰਠ ਕਰੋ, ਇਸ ਨਾਲ ਮਹਾਂ ਮਹਾਤਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨ ਵਿਚ ਬਹੁਤ ਪ੍ਰੇਮ ਵਧਦਾ ਹੈ। ਹੋਰ ਕਵੀਆਂ ਦੀ ਬਾਣੀ ਨੂੰ ਗੁਰੂ ਜੀ ਦੀ ਬਾਣੀ ਨੂੰ ਸਮਝਣ ਦਾ ਇਕ ਵਸੀਲਾ ਜਾਣੋ। ਜਿਸ ਨਾਲ ਅਵਤਾਰਾਂ ਅਤੇ ਪ੍ਰਭੂ ਦੇ ਗੁਣਾਂ ਦਾ ਗਿਆਨ ਮਿਲਦਾ ਹੈ॥ ੧੨॥

ਗੁਰਬਾਣੀ ਸੋਂ ਮਤ ਮਿਲਹਿ ਕੈ ਜਸੁ ਗੁਰ ਕੇਰਾ।
ਪਠਹਿ ਸੁਨਹਿ ਸੋ ਭੀ ਸੁਖਦ ਸਿਮਰਹਿ ਸਭਿ ਬੇਰਾ।
ਬਾਣੀ ਅਪਰ ਅਨੇਕ ਹੈਂ ਬਹੁ ਭਾਂਤਿ ਕਹਾਣੀ।
ਸਤਿਗੁਰ ਮਤ ਤੇ ਬਾਹਰੀ ਗਣ ਅਵਗੁਣ ਸਾਣੀ॥ ੧੩॥

ਜਿਸ ਕਵਿਤਾ ਦਾ ਮੱਤ ਗੁਰਬਾਣੀ ਨਾਲ ਮਿਲੇ ਤੇ ਉਸ ਵਿਚ ਗੁਰੂ ਦਾ ਜੱਸ ਵੀ ਕੀਤਾ ਹੋਵੇ, ਉਸ ਨੂੰ ਵੀ ਪੜ੍ਹੋ ਸੁਣੋ, ਉਹ ਵੀ ਸੁਖਦਾਇਕ ਹੈ, ਉਸ ਨੂੰ ਹਰ ਵੇਲੇ ਯਾਦ ਰੱਖੋ। ਹੋਰ ਅਨੇਕ ਪ੍ਰਕਾਰ ਦੀਆਂ ਬਾਣੀਆਂ ਹਨ ਜਿਹੜੀਆਂ ਕਈ ਪ੍ਰਕਾਰ ਦੀਆਂ ਕਹਾਣੀਆਂ ਹਨ, ਉਹ ਸਤਿਗੁਰ ਦੀ ਮੱਤ ਤੋਂ ਬਾਹਰੀਆਂ ਹਨ ਤੇ ਗੁਣਾਂ ਔਗੁਣਾਂ ਸਹਿਤ ਹਨ॥ ੧੩॥

ਸੁਨਹੁ ਨ ਪਠਹੁ ਨ ਪ੍ਰੇਮ ਕਰਿ ਅਵਗਤੀ ਪੁਚਾਵੈ।
ਪਰਚਾ ਕਰਹੁ ਸੁ ਛੇਮ ਕੋ ਜੋ ਦੁਖ ਬਿਨਸਾਵੈ।
ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ।
ਸਿੱਖੀ ਪ੍ਰਾਪਤਿ ਪਠੇ ਤੇ ਇਮ ਲੇਹੁ ਬਿਚਾਰੀ'॥ ੧੪॥

ਇਨ੍ਹਾਂ ਬਾਣੀਆਂ ਨੂੰ ਨਾ ਪੜ੍ਹੋ ਅਤੇ ਨਾ ਹੀ ਸੁਣੋ, ਕਿਉਂਕਿ ਇਹ ਮਨੁੱਖ ਦੀ ਬੁਰੀ ਦਸ਼ਾ ਬਣਾਉਂਦੀਆਂ ਹਨ। ਉਸ ਬਾਣੀ ਨਾਲ ਪ੍ਰੇਮ ਕਰੋ ਜਿਸ ਨਾਲ ਸਾਰੇ ਦੁਖ ਦੂਰ ਹੁੰਦੇ,ਹਨ। ਜੋ ਭਾਈ ਗੁਰਦਾਸ ਦੀ ਬਾਣੀ ਹੈ ਇਸ ਵਿਚ ਭਾਰੀ ਗੁਰ-ਮਹਿਮਾ ਹੈ, ਇਸ ਨੂੰ ਪੜ੍ਹਨ ਨਾਲ ਸਿੱਖੀ ਪ੍ਰਾਪਤ ਹੁੰਦੀ ਹੈ, ਇਸ ਤਰ੍ਹਾਂ ਵਿਚਾਰ ਲਵੋ"॥ ੧੪॥

ਇਮ ਕਹਿ ਲਗੇ ਬਿਚਾਰਨੇ ਜਗ ਕੀ ਕੱਲਜਾਨਾ।
ਪਿਖੀ ਭਵਿੱਖਤ ਬਾਰਤਾ ਹਮ ਹੁਇਂ ਦਸ ਥਾਨਾ।
ਪਾਛੇ ਸਿੱਖੀ ਕਿਮ ਰਹੈ ਕਿਹ ਟੇਕੈਂ ਮਾਥਾ।
ਸ਼ਬਦ ਨਿਰਾਲੇ ਕਿਮ ਰਹੈਂ ਮਿਲਹਿੰ ਨ ਕਿਹ ਸਾਥਾ॥ ੧੫॥

ਇਸ ਤਰ੍ਹਾਂ ਕਹਿ ਕੇ ਜੱਗ ਦੇ ਕਲਿਆਣ ਬਾਰੇ ਵੀਚਾਰ ਕਰਨ ਲਗੇ। ਭਵਿਖ ਉਤੇ ਵਿਚਾਰ ਕੀਤੀ ਕਿ ਅਸੀਂ ਕੁਲ ਦਸ ਸਰੀਰ ਧਾਰਨ ਕਰਾਂਗੇ, ਇਸ ਤੋਂ ਬਾਅਦ ਵਿਚ ਸਿੱਖੀ ਕਿਵੇਂ ਰਹੇਗੀ ਤੇ ਸਿੱਖ ਕਿਸ ਅੱਗੇ ਮੱਥਾ ਟੇਕਣਗੇ। ਗੁਰਬਾਣੀ ਦੇ ਸ਼ਬਦ ਨਿਰਾਲੇ ਕਿਵੇਂ ਰਹਿਣਗੇ ਤੇ ਇਹ ਹੋਰ ਕੱਚੀਆਂ ਬਾਣੀਆਂ ਦੇ ਨਾਲ ਨਾ ਮਿਲ ਸਕਣ॥ ੧੫॥

ਇਮ ਬਿਚਾਰ ਬੋਲੇ ਗੁਰੂ 'ਤਟ ਨਦੀ ਬਿਪਾਸਾ।
ਨਗਰੀ ਗੋਇੰਦਵਾਲ ਹੈ ਸ੍ਰੀ ਸਤਿਗੁਰੁ ਬਾਸਾ।
ਤਿਸ ਮਹਿਂ ਮੋਹਨ ਅਬਿ ਬਸਹਿ ਬਡ ਮਸਤ ਸੁਭਾਊ।
ਬਾਨੀ ਚਹੁਂ ਪਤਿਸ਼ਾਹ ਕੀ ਕੀਨਸਿ ਇਕ ਥਾਊਂ॥ ੧੬॥

ਇਸ ਤਰ੍ਹਾਂ ਵਿਚਾਰ ਕਰਕੇ ਗੁਰੂ ਜੀ ਬੋਲੇ, "ਬਿਆਸ ਨਦੀ ਦੇ ਕਿਨਾਰੇ ਇਕ ਗੋਇੰਦਵਾਲ ਨਾਮੀਂ ਨਗਰੀ ਹੈ, ਜਿਥੇ ਗੁਰੂ ਅਮਰਦਾਸ ਜੀ ਦਾ ਵਾਸਾ ਸੀ। ਉਸ ਨਗਰੀ ਵਿਚ ਹੁਣ ਬਾਬਾ ਮੋਹਨ ਜੀ ਰਹਿੰਦੇ ਹਨ, ਜਿਨ੍ਹਾਂ ਦਾ ਬੜਾ ਮਸਤ ਸੁਭਾਅ ਹੈ, ਉਨ੍ਹਾਂ ਨੇ ਚਾਰ ਪਾਤਸ਼ਾਹੀਆਂ ਦੀ ਬਾਣੀ ਇਕ ਥਾਂ ਇਕੱਠੀ ਕੀਤੀ ਹੋਈ ਹੈ॥ ੧੬॥

ਬਡੋ ਪੁੱਤ੍ਰ ਗੁਰ ਅਮਰ ਕੋ ਕਿਸ ਕਾਨ ਨ ਠਾਨੇ।
ਸਕਲ ਸ਼ਬਦ ਤਿਸ ਪਾਸਿ ਤੇ ਕੋ ਕਿਸ ਬਿਧਿ ਆਨੈ।
ਕੋ ਉਪਾਇ ਕਰਿ ਪਾਇਂ ਹਮ ਸਗਰੀ ਗੁਰਬਾਣੀ।
ਬੀੜ ਕਰਹਿਂ ਪੁਨ ਏਕ ਥਲ ਹਿਤ ਜਗ ਕੱਲਜਾਣੀ'॥ ੧੭॥

ਉਹ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਹਨ ਤੇ ਕਿਸੇ ਦੀ ਆਕੜ ਨਹੀਂ ਮੰਨਦੇ। ਸਾਰੇ ਸ਼ਬਦ ਉਨ੍ਹਾਂ ਦੇ ਪਾਸੋਂ ਕਿਵੇਂ ਲਿਆਂਦੇ ਜਾਣ। ਕੋਈ ਉਪਾਅ ਕਰਕੇ ਅਸੀਂ ਸਾਰੀ ਬਾਣੀ ਪ੍ਰਾਪਤ ਕਰ ਲਈਏ। ਫਿਰ ਜਗਤ ਦੇ ਕਲਿਆਣ ਹਿੱਤ ਸਾਰੀ ਬਾਣੀ ਇਕ ਬੀੜ ਵਿਚ ਇਕੱਠੀ ਕਰੀਏ"॥ ੧੭॥

ਸਭਾ ਬੀਚ ਬੈਠਜੋ ਹੁਤੋ ਭਾਈ ਗੁਰਦਾਸੂ।
ਸੁਨਤਿ ਕਹਜੋ ਕਰ ਜੋੜ ਕਰਿ 'ਹੌਂ ਪਹੁਚੌਂ ਪਾਸੂ।
ਪੋਥੀ ਸਗਰੀ ਆਨਿਹੌਂ ਆਇਸੁ ਨਿਜ ਦੀਜੈ।
ਮੋਹਨ ਮਿਲਿ ਐ ਮੋਹਰੀ ਮੋਕਹੁ ਸਮਝੀਜੈ'॥ ੧੮॥

ਉਸ ਸਮੇਂ ਸਭਾ ਵਿਚ ਭਾਈ ਗੁਰਦਾਸ ਜੀ ਬੈਠੇ ਸਨ, ਉਨ੍ਹਾਂ ਸੁਣ ਕੇ ਹੱਥ ਜੋੜ ਕੇ ਕਿਹਾ, "ਮੈਂ ਉਨ੍ਹਾਂ ਦੇ ਪਾਸ ਜਾਵਾਂਗਾ ਤੇ ਸਾਰੀਆਂ ਪੋਥੀਆਂ ਲੈ ਕੇ ਆਵਾਂਗਾ, ਮੈਨੂੰ ਆਗਿਆ ਕਰੋ। ਮੋਹਨ ਅਤੇ ਮੋਹਰੀ ਨੂੰ ਮਿਲਕੇ ਪੋਥੀਆਂ ਲੈ ਆਇਆ ਹੀ ਮੈਨੂੰ ਸਮਝੋ"॥ ੧੮॥

ਸ੍ਰੀ ਅਰਜਨ ਸੁਨਿ ਬਾਕ ਕੋ ਉਰ ਗਰਬਤਿ ਜਾਨਾ।
ਬਿਨਾ ਨਾਮ ਇਸ ਕੇ ਲਿਏ 'ਮੈਂ ਲਜਾਊਂ' ਬਖਾਨਾ।
'ਜਾਹੁ' ਕਹਜੋ ਤਿਸ ਕਾਲ ਮਹਿਂ ਗੁਰ ਰਿਦੈ ਬਿਚਾਰੀ।
ਬਾਨੀ ਹਾਥ ਨ ਆਇ ਹੈ ਹੁਇ ਨਿਰ ਹੰਕਾਰੀ॥ ੧੯॥

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਦਾ ਇਹ ਵਾਕ ਸੁਣ ਕੇ ਇਹ ਸਮਝ ਲਿਆ ਕਿ ਭਾਈ ਗੁਰਦਾਸ ਵਿਚ ਹੰਕਾਰ ਆ ਗਿਆ ਹੈ, ਸਾਡੇ ਵਲੋਂ ਭਾਈ ਗੁਰਦਾਸ ਦਾ ਨਾਂ ਲਏ ਬਿਨਾਂ ਹੀ ਇਹ ਕਹਿੰਦਾ ਹੈ ਮੈਂ ਲੈ ਆਵਾਂਗਾ। ਉਸ ਸਮੇਂ ਗੁਰੂ ਜੀ ਨੇ ਕਿਹਾ, 'ਜਾਉ'। ਪਰ ਆਪਣੇ ਹਿਰਦੇ ਵਿਚ ਵਿਚਾਰ ਕੀਤੀ ਕਿ ਹੰਕਾਰੀ ਹੋਣ ਕਰਕੇ ਬਾਣੀ ਹੱਥ ਨਹੀਂ ਆਵੇਗੀ॥ ੧੯॥

ਤਬਿ ਭਾਈ ਹੁਇ ਤਯਾਰ ਕੋ ਮਾਰਗ ਸੋ ਲੀਨਾ।
ਦੋਇ ਦਯੋਸ ਗਮਨਯੋ ਗਯੋ ਦੱਖਣ ਮੁਖ ਕੀਨਾ।
ਪਹੁੰਚਯੋ ਗੋਇੰਦਵਾਲ ਤਬਿ ਤਹਿਂ ਪਿਖੀ ਸੁ ਬਾਪੀ।
ਮੱਜਨ ਕਰਿ ਕੈ ਸਿਮਰਿ ਗੁਰ ਪਿਖਿ ਨਿਰਮਲ ਆਪੀ॥ ੨੦॥

ਫਿਰ ਭਾਈ ਜੀ ਤਿਆਰ ਹੋ ਕੇ ਗੋਇੰਦਵਾਲ ਦੇ ਰਸਤੇ ਪੈ ਗਏ, ਦੱਖਣ ਵੱਲ ਮੂੰਹ ਕਰਕੇ ਦੋ ਦਿਨ ਚਲਦਾ ਰਿਹਾ। ਫਿਰ ਗੋਇੰਦਵਾਲ ਜਾ ਕੇ ਪਹੁੰਚਿਆ ਤੇ ਜਾ ਕੇ ਬਾਉਲੀ ਸਾਹਿਬ ਨੂੰ ਵੇਖਿਆ। ਨਿਰਮਲ ਜਲ ਵੇਖ ਕੇ ਇਸ਼ਨਾਨ ਕੀਤਾ ਤੇ ਫਿਰ ਗੁਰੂ ਜੀ ਨੂੰ ਯਾਦ ਕੀਤਾ॥ ੨੦॥

ਪੁਨਹ ਚੁਬਾਰੇ ਚਲਿ ਗਯੋ ਜਹਿਂ ਭਿਰੇ ਕਿਵਾਰਾ।
ਲਗਿ ਸਮਾਧਿ ਆਸਨ ਕਰੇ ਨਹਿਂ ਦੇਹਿ ਸੰਭਾਰਾ।
ਜਾਮ ਦਿਵਸ ਕੇ ਰਹੇ ਤੇ ਪਹੁੰਚਯੋ ਤਹਿਂ ਭਾਈ।
ਬਹੁ ਪ੍ਰਕਾਰ ਕੀ ਬੇਨਤੀ ਕਰਿ ਊਚ ਸੁਨਾਈ॥ ੨੧॥

ਫਿਰ ਚੁਬਾਰੇ ਤੇ ਚੜ੍ਹ ਗਿਆ ਜਿਥੇ ਅੰਦਰੋਂ ਦਰਵਾਜ਼ੇ ਬੰਦ ਸਨ। ਬਾਬਾ ਮੋਹਨ ਜੀ ਦੀ ਸਮਾਧੀ ਲੱਗੀ ਹੋਈ ਸੀ ਤੇ ਉਹ ਸਰੀਰ ਦੀ ਸਾਰੀ ਸੁੱਧ-ਬੁੱਧ ਭੁੱਲੇ ਹੋਏ ਸਨ। ਪਹਿਰ ਦਿਨ ਰਹਿੰਦਿਆਂ ਓਥੇ ਭਾਈ ਜੀ ਪਹੁੰਚੇ ਸਨ। ਉੱਚੀ-ਉੱਚੀ ਬਹੁਤ ਪ੍ਰਕਾਰ ਦੀਆਂ ਬੇਨਤੀਆਂ ਕੀਤੀਆਂ॥ ੨੧॥

'ਸੁਧਾ ਸਰੋਵਰ ਨਗਰ ਤੇ ਮੈਂ ਚਲਿ ਕਰਿ ਆਯੋ।
ਸ੍ਰੀ ਅਰਜਨ ਕਿਸ ਕਾਜ ਕੋ ਤੁਮ ਨਿਕਟ ਪਠਾਯੋ।
ਦਰਸ਼ਨ ਮੋਕਹੁ ਦੀਜੀਏ ਉਘਰਾਇ ਕਿਵਾਰੋ।
ਭੂਖਨ ਕੁਲ ਸ੍ਰੀ ਅਮਰ ਕੇ ਗੁਨ ਗਯਾਨ ਉਦਾਰੋ!॥ ੨੨॥

"ਮੈਂ ਅੰਮ੍ਰਿਤਸਰ ਤੋਂ ਚਲ ਕੇ ਆਇਆ ਹਾਂ, ਸ੍ਰੀ ਗੁਰੂ ਅਰਜਨ ਦੇਵ ਨੇ ਕਿਸੇ ਕੰਮ ਮੈਨੂੰ ਤੁਹਾਡੇ ਪਾਸ ਭੇਜਿਆ ਹੈ। ਮੈਨੂੰ ਦਰਸ਼ਨ ਦੇਵੋ ਅਤੇ ਇਹ ਦਰਵਾਜ਼ਾ ਖੋਲ੍ਹੋ। ਤੁਸੀਂ ਗੁਰੂ ਅਮਰਦਾਸ ਦੀ ਕੁਲ ਦੇ ਰਤਨ ਹੋ ਅਤੇ ਗੁਣ ਗਿਆਨ ਦੇ ਵੱਡੇ ਭੰਡਾਰ ਹੋ॥ ੨੨॥

ਗੁਰ ਨੰਦਨ! ਬੰਦਨ ਉਚਿਤ ਕੰਦਨ ਦੁਖ ਦੋਸ਼ਾ।
ਦਰਸ਼ਨ ਤੇ ਅਘ ਕਟਤਿ ਹੈਂ ਸਭਿ ਦਾਸ ਭਰੋਸਾ।
ਲਖਿ ਹਸਤਾਮਲ ਆਤਮਾ ਦ੍ਰਿੜ ਗਯਾਨ ਸਦੀਵਾ।
ਰਹੈ ਜੋਗ ਆਰੂਢ ਬ੍ਰਿਤਿ ਇਕ ਰਸ ਨਿਤ ਥੀਵਾ॥ ੨੩॥

ਹੇ ਗੁਰੂ ਦੇ ਪੁੱਤਰ ! ਹੇ ਦੁਖਾਂ ਦਵੈਖਾਂ ਦਾ ਨਾਸ਼ ਕਰਨ ਵਾਲੇ, ਤੁਹਾਨੂੰ ਬੰਦਨਾਂ ਕਰਨੀ ਉਚਿਤ ਹੈ। ਤੁਹਾਡੇ ਦਰਸ਼ਨ ਕਰਨ ਨਾਲ ਸਭ ਪਾਪ ਕੱਟੇ ਜਾਂਦੇ ਹਨ ਤੇ ਤੁਸੀਂ ਆਪਣੇ ਸੇਵਕਾਂ ਦਾ ਭਰੋਸਾ ਹੋ। ਹੱਥ ਤੇ ਆਮਲੇ ਵਾਂਗ ਤੁਹਾਡੀ ਆਤਮਾ ਹੈ ਅਤੇ ਸਦਾ ਹੀ ਤੁਸੀਂ ਗਿਆਨ ਦ੍ਰਿੜ੍ਹ ਕਰਕੇ ਰਖਿਆ ਹੈ, ਤੁਹਾਡੀ ਸਦਾ ਹੀ ਬ੍ਰਿਤੀ ਇਕ ਰਸ ਅਤੇ ਜੋਗ ਆਰੂੜ ਰਹਿੰਦੀ ਹੈ॥ ੨੩॥

ਦਰਸ਼ਨ ਦਿਹੁ ਅਰਜ਼ਿਨਿ ਸੁਨਹੁ ਸ੍ਰੀ ਅਰਜਨ ਕਾਮੂ।
ਅਰਜਨ ਜਸੁ ਵਿਸਤ੍ਰਿਤ ਜੋ ਗੁਨ ਗਨ ਕੋਂ ਧਾਮੂ।
ਇਸ ਪ੍ਰਕਾਰ ਸਭਿ ਜਾਮਨੀ ਬਿਨਤੀ ਬਹੁ ਠਾਨੀ।
ਨੰਦਨ ਸ੍ਰੀ ਗੁਰ ਅਮਰ ਕੌ ਨਹਿਂ ਬੋਲਜੋ ਬਾਨੀ॥ ੨੪॥

ਦਰਸ਼ਨ ਦੇ ਕੇ ਮੇਰੀਆਂ ਬੇਨਤੀਆਂ ਸੁਣੋ, ਮੈਂ ਸ੍ਰੀ ਅਰਜਨ ਦੇਵ ਜੀ ਦੇ ਕੰਮ ਆਇਆ ਹਾਂ। ਗੁਰੂ ਅਰਜਨ ਦੇਵ ਦਾ ਬੜਾ ਜੱਸ ਫੈਲਿਆ ਹੈ ਜਿਹੜੇ ਗੁਣਾਂ ਦੇ ਸਮੂਹ ਦੇ ਘਰ ਹਨ।" ਇਸ ਤਰ੍ਹਾਂ ਸਾਰੇ ਪਹਿਰ ਬਹੁਤ ਬੇਨਤੀਆਂ ਕੀਤੀਆਂ, ਪਰ ਸ੍ਰੀ ਗੁਰੂ ਅਮਰਦਾਸ ਦੇ ਪੁੱਤਰ ਬੋਲੇ ਨਹੀਂ॥ ੨੪॥

ਭਈ ਭੋਰ ਲਖਿ ਔਰ ਨੇ ਭਾਈ ਸਮਝਾਯੋ।
'ਇਹ ਮਨ ਮਸਤ ਸਦੀਵ ਹੈਂ ਨਹਿਂ ਬੁਲਤਿ ਬੁਲਾਯੋ।
ਮਰਜ਼ੀ ਅਪਨੀ ਕਰਤਿ ਹੈਂ ਨਹਿਂ ਗ਼ਰਜ਼ੀ ਕਾਹੂ।
ਅਰਜ਼ੀ ਸੁਨਹਿ ਨ ਕਹੇ ਤੇ ਹਰਿ ਜੀ ਮਨ ਮਾਂਹੂ॥ ੨੫॥

ਸਵੇਰ ਹੋਈ ਵੇਖ ਕੇ ਹੋਰਨਾਂ ਨੇ ਭਾਈ ਗੁਰਦਾਸ ਨੂੰ ਸਮਝਾਇਆ, "ਇਹ ਸਦਾ ਹੀ ਮਨ ਵਿਚ ਮਸਤ ਰਹਿੰਦੇ ਹਨ ਅਤੇ ਬੁਲਾਇਆਂ ਵੀ ਬੋਲਦੇ ਨਹੀਂ ਹਨ, ਆਪਣੀ ਮਰਜ਼ੀ ਕਰਦੇ ਹਨ, ਇਨ੍ਹਾਂ ਨੂੰ ਕਿਸੇ ਨਾਲ ਕੋਈ ਗ਼ਰਜ਼ ਨਹੀਂ ਹੈ। ਕਹਿਣ ਤੇ ਕਿਸੇ ਦੀ ਬੇਨਤੀ ਸੁਣਦੇ ਨਹੀਂ ਹਨ, ਹਰ ਵੇਲੇ ਪ੍ਰਭੂ ਦਾ ਨਾਮ ਜਪਦੇ ਹਨ"॥ ੨੫॥

ਦਰ ਖੁਲਾਵਨੇ ਹੇਤੁ ਕੌ ਬਹੁ ਕਰੇ ਉਪਾਊ।
ਪਚਿ ਹਾਰਜੋ ਗੁਰਦਾਸ ਤਬਿ ਬਸ ਚਲਜੋ ਨ ਕਾਊ।
ਉਰ ਉਦਾਸ ਬਹੁ ਹੋਇ ਕੈ ਬ੍ਰੀੜਾ ਉਪਜਾਈ।
'ਕਛੁ ਨ ਕਾਜ ਭਾ ਮੈਂ ਅਯੋ ਅਬਿ ਕਜਾ ਮੁਖ ਜਾਈ'॥੨੬॥

ਦਰਵਾਜ਼ਾ ਖੁਲਵਾਉਣ ਵਾਸਤੇ ਬਹੁਤ ਉਪਾਅ ਕੀਤੇ, ਪਰ ਭਾਈ ਗੁਰਦਾਸ ਜੀ ਹਾਰ ਕੇ ਥੱਕ ਗਏ ਤੇ ਕੋਈ ਵੀ ਵੱਸ ਨਾ ਚਲਿਆ। ਹਿਰਦੇ ਵਿਚ ਬਹੁਤ ਉਦਾਸ ਹੋ ਕੇ ਦੁਖੀ ਹੋਏ, "ਮੇਰੇ ਆਉਣ ਨਾਲ ਕੋਈ ਵੀ ਕੰਮ ਨਹੀਂ ਹੋਇਆ ਹੈ, ਹੁਣ ਮੈਂ ਕਿਹੜਾ ਮੂੰਹ ਲੈ ਕੇ ਜਾਵਾਂਗਾ।"

"ਸੁਧਾ ਸਰੋਵਰ ਮਗ ਪਰਜੋ ਪਹੁੰਚਜੋ ਪੁਨ ਆਈ।
ਸ੍ਰੀ ਅਰਜਨ ਰਾਜਹਿਂ ਜਹਾਂ ਨਿਜ ਗ੍ਰੀਵ ਨਿਵਾਈ।
ਕਹੀ ਜੋਰ ਕਰ ਬਾਰਤਾ 'ਮੈਂ ਕਰੇ ਉਪਾਊ।
ਦਰ ਕਿਵਾਰ ਖੋਲੇ ਨਹੀਂ, ਬਸ ਚਲਜੋ ਨ ਕਾਊ॥ ੨੭॥

ਅੰਮ੍ਰਿਤਸਰ ਵਲ ਚਲ ਪਿਆ ਤੇ ਉਥੇ ਪਹੁੰਚ ਗਿਆ। ਜਿਥੇ ਗੁਰੂ ਅਰਜਨ ਦੇਵ ਜੀ ਬਿਰਾਜ ਰਹੇ ਸਨ, ਉਥੇ ਜਾ ਕੇ ਸਿਰ ਨਿਵਾਇਆ। ਹੱਥ ਜੋੜ ਕੇ ਸਾਰੀ ਕਹਾਣੀ ਸੁਣਾਈ, "ਮੈਂ ਬਹੁਤ ਯਤਨ ਕੀਤੇ ਹਨ ਪਰ ਮੋਹਨ ਜੀ ਨੇ ਦਰਵਾਜ਼ਾ ਨਹੀਂ ਖੋਲ੍ਹਿਆ ਹੈ ਅਤੇ ਮੇਰਾ ਕੋਈ ਵੀ ਵੱਸ ਨਹੀਂ ਚੱਲਿਆ ਹੈ॥ ੨੭॥

ਰਹਜੋ ਪੁਕਾਰਤਿ ਸਭਿ ਨਿਸਾ ਕੁਛ ਬਾਕ ਨ ਬੋਲਾ।
ਲਿਯੋ ਆਪ ਕੋ ਨਾਮ ਭੀ ਦਰ ਤਊ ਨ ਖੋਲਾ।
ਅਮਰ ਅੰਸ ਜੇ ਅਪਰ ਥੇ ਤਿਨ ਮੁਝ ਸਮੁਝਾਯੋ।
'ਮਸਤ ਰਹੈਂ ਇਹ ਤੋ ਸਦਾ' ਕਹਿ ਮੋਹਿ ਹਟਾਯੋ॥ ੨੮॥

ਸਾਰੀ ਰਾਤ ਪੁਕਾਰ ਕਰਦਾ ਰਿਹਾ ਹਾਂ, ਪਰ ਉਨ੍ਹਾਂ ਨੇ ਕੋਈ ਬਚਨ ਨਹੀਂ ਬੋਲਿਆ ਹੈ, ਮੈਂ ਆਪ ਜੀ ਦਾ ਨਾਂ ਵੀ ਲਿਆ ਹੈ, ਤਦ ਵੀ ਉਨ੍ਹਾਂ ਦਰਵਾਜ਼ਾ ਨਹੀਂ ਖੋਲ੍ਹਿਆ ਹੈ। ਗੁਰੂ ਅਮਰਦਾਸ ਜੀ ਦੀ ਕੁਲ ਦੇ ਜਿਹੜੇ ਹੋਰ ਉਥੇ ਰਹਿੰਦੇ ਹਨ ਉਨ੍ਹਾਂ ਨੇ ਮੈਨੂੰ ਸਮਝਾਇਆ ਹੈ, "ਇਹ ਸਦਾ ਹੀ ਮਸਤ ਰਹਿੰਦੇ ਹਨ" ਕਹਿ ਕੇ ਮੈਨੂੰ ਵਾਪਸ ਮੋੜ ਦਿੱਤਾ ਹੈ॥ ੨੮॥

ਤਬਿ ਸਾਹਿਬ ਬੁੱਢੇ ਸੁਨਜੋ 'ਕਾਰਜ ਨਹਿਂ ਹੋਵਾ'।
ਕੋ ਅਬਿ ਗਮਨਹਿ ਪਾਸ ਤਿਸ ਨਹਿਂ ਦੂਸਰ ਜੋਵਾ।
ਆਪ ਜਾਇਂ ਸ਼੍ਰੀ ਗੁਰ ਕਿਧੌਂ ਤਬਿ ਕਾਜ ਬਨੈ ਹੈ।
ਇਮ ਬਿਚਾਰ ਉਰ ਸਭਾ ਮਹਿਂ ਨਿਜ ਅਰਜ਼ ਭਨੈ ਹੈ॥ ੨੯॥

ਤਦ ਬਾਬਾ ਬੁੱਢਾ ਜੀ ਨੇ ਸੁਣਿਆ, "ਕੰਮ ਨਹੀਂ ਹੋਇਆ ਹੈ" ਉਸ ਦੇ ਪਾਸ ਹੁਣ ਕੌਣ ਜਾਵੇ, ਦੂਸਰਾ ਕੋਈ ਨਹੀਂ ਹੈ। ਜੇ ਗੁਰੂ ਜੀ ਆਪ ਜਾਣ ਤਾਂ ਹੀ ਕਾਰਜ ਬਣੇਗਾ। ਇਸ ਤਰ੍ਹਾਂ ਦਿਲ ਵਿਚ ਵਿਚਾਰ ਕਰਕੇ ਸਭਾ ਵਿਚ ਬੇਨਤੀ ਕੀਤੀ॥ ੨੯॥

'ਮੈਂ ਗਮਨੌਂ ਭਨੀਏ ਹੁਕਮ' ਸ੍ਰੀ ਗੁਰ ਮੁਸਕਾਏ।
'ਭਲੀ ਬਾਤ, ਤੁਮ ਜਾਹੁ ਜੇ ਕਾਰਜ ਬਨਿ ਜਾਏ'।
ਸੁਨਿ ਸ੍ਰੀ ਸਤਿਗੁਰ ਬਾਕ ਕੋ ਬੁੱਢਾ ਗਮਨਾਯੋ।
ਸਨੇ ਸਨੇ ਮਾਰਗ ਚਲਜੋ ਤਿਸ ਪੁਰਿ ਮਹਿਂ ਆਯੋ॥ ੩੦॥

"ਮੈਂ ਜਾਵਾਂ, ਆਗਿਆ ਕਰੋ" ਇਹ ਸੁਣ ਕੇ ਗੁਰੂ ਜੀ ਮੁਸਕਰਾਏ "ਚੰਗੀ ਗੱਲ ਹੈ, ਤੁਸੀਂ ਜਾਵੋ ਜੇ ਕਾਰਜ ਸਿਧ ਹੋ ਜਾਵੇ।" ਗੁਰੂ ਜੀ ਦੇ ਬਚਨ ਸੁਣ ਕੇ ਬਾਬਾ ਬੁੱਢਾ ਜੀ ਚਲੇ ਗਏ। ਹੌਲੀ-ਹੌਲੀ ਚਲਦੇ ਉਹ ਨਗਰੀ ਵਿਚ ਆ ਗਏ॥ ੩੦॥

ਕਰਿ ਸ਼ਨਾਨ ਜਲ ਬਾਵਲੀ ਹਰਖਜੋ ਮਨ ਮਾਂਹੀ।
ਗਯੋ ਚੁਬਾਰੇ ਕੋ ਬਹੁਰ ਮੋਹਨ ਕੇ ਪਾਹੀ।
ਭਿਰੇ ਕਪਾਟ ਬਿਲੋਕ ਕੈ ਪੁਨ ਊਚ ਉਚਾਰਾ।
'ਗੁਰੂ ਅਮਰ ਕੇ ਸੁਤ ਬਡੇ ! ਦਿਹੁ ਦਰਸ ਉਦਾਰਾ'॥ ੩੧॥

ਬਾਉਲੀ ਵਿਚ ਇਸ਼ਨਾਨ ਕਰਕੇ ਮਨ ਵਿਚ ਪ੍ਰਸੰਨ ਹੋ ਗਏ, ਫਿਰ ਮੋਹਨ ਦੇ ਪਾਸ ਚੁਬਾਰੇ ਤੇ ਚਲੇ ਗਏ। ਜਦ ਦਰਵਾਜ਼ੇ ਬੰਦ ਵੇਖੇ ਤਾਂ ਬਾਬਾ ਜੀ ਨੇ ਉੱਚੀ-ਉੱਚੀ ਆਵਾਜ਼ਾਂ ਮਾਰੀਆਂ, "ਹੇ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ, ਆਪਣੇ ਦਰਸ਼ਨ ਦੇਵੋ॥ ੩੧॥

ਸ੍ਰੀ ਅਰਜਨ ਭੇਜਯੋ ਮੁਝੇ, ਬੁੱਢਾ ਮਮ ਨਾਮੂ।
ਕ੍ਰਿਪਾ ਕਰਹੁ ਸੁਨਿ ਲੀਜੀਏ ਕੀਜੈ ਪੁਨ ਕਾਮੂ।
ਰਹਯੋ ਪੁਕਾਰ ਨ ਸੁਨਯੋ ਕਿਛੁ ਨ ਕਿਵਾਰ ਉਘਾਰਯੋ।
ਨਹਿੰ ਬੋਲਯੋ ਕਿਸ ਭਾਂਤਿ ਕਰਿ ਭਾਈ ਪਚਿਹਾਰਯੋ॥ ੩੨॥

ਮੈਨੂੰ ਗੁਰੂ ਅਰਜਨ ਦੇਵ ਨੇ ਭੇਜਿਆ ਹੈ, ਮੇਰਾ ਨਾਂ ਬੁੱਢਾ ਹੈ, ਕਿਰਪਾ ਕਰਕੇ ਸੁਣ ਲਵੋ ਤੇ ਫਿਰ ਕੰਮ ਕਰੋ।" ਬਾਬਾ ਬੁੱਢਾ ਜੀ ਬਹੁਤ ਪੁਕਾਰ ਕਰਦੇ ਰਹੇ, ਪਰ ਉਨ੍ਹਾਂ ਨੇ ਕੁਝ ਨਾ ਸੁਣਿਆ ਤੇ ਦਰਵਾਜ਼ਾ ਨਾ ਖੋਲ੍ਹਿਆ। ਕਿਸੇ ਪ੍ਰਕਾਰ ਵੀ ਬੋਲਿਆ ਨਹੀਂ, ਬਾਬਾ ਜੀ ਨੇ ਬਹੁਤ ਯਤਨ ਕੀਤੇ॥ ੩੨॥

ਕਰ ਸੌਂ ਦੁਹੂੰ ਕਪਾਟ ਕੋ ਖਰਕਾਵਨਿ ਕੀਨੋ।
ਜੋਰ ਲਾਇ ਜੋਹਨ ਕਰੇ ਬਹੁ ਦ੍ਰਿੜ ਕਰਿ ਦੀਨੋ।
ਜਤਨ ਰਹਯੋ ਕਰਿ ਖੁਲੇ ਨਹਿੰ, ਅੰਤਰ ਨਹਿੰ ਬੋਲਾ।
ਬੁੱਢਾ ਰਿਦੈ ਬਿਚਾਰਤੋ ਕਿਮ ਲੇ ਦਰ ਖੋਲਾ॥ ੩੩॥

ਫਿਰ ਦੋਹਾਂ ਦਰਵਾਜ਼ਿਆਂ ਨੂੰ ਹੱਥਾਂ ਨਾਲ ਖੜਕਾਉਣ ਲੱਗੇ, ਪਰ ਦਰਵਾਜ਼ੇ ਬਹੁਤ ਪੱਕੇ ਕਰਕੇ ਬੰਦ ਕੀਤੇ ਹੋਏ ਸਨ, ਜ਼ੋਰ ਲਾ ਕੇ ਵੀ ਵੇਖ ਲਿਆ। ਬਹੁਤ ਯਤਨ ਕੀਤਾ ਪਰ ਦਰਵਾਜ਼ੇ ਨਾ ਖੁਲ੍ਹੇ ਅਤੇ ਨਾ ਹੀ ਅੰਦਰ ਤੋਂ ਕੋਈ ਬੋਲਿਆ। ਬਾਬਾ ਬੁੱਢਾ ਜੀ ਹਿਰਦੇ ਵਿਚ ਵਿਚਾਰਨ ਲੱਗੇ ਕਿ ਦਰਵਾਜ਼ਾ ਕਿਵੇਂ ਖੋਲ੍ਹਿਆ ਜਾਵੇ॥ ੩੩॥

ਬਲ ਤੇ ਚੂਥੀ ਖੈਂਚ ਕੇ ਬਹੁ ਬਾਰ ਹਲਾਈ।
ਇਤ ਉਤ ਕਰਿ ਕੈ ਜ਼ੋਰ ਤੇ ਬਾਹਰ ਨਿਕਸਾਈ।
ਈਟਾਂ ਕੁਛਕ ਉਖੇਰਕੈ ਲਿਯ ਖੋਲ ਕਿਵਾਰਾ।
ਅੰਤਰ ਜਾਇ ਪ੍ਰਵੇਸ਼ਿਓ ਬਿਨ ਸ਼ੰਕ ਉਦਾਰਾ॥ ੩੪॥

ਜ਼ੋਰ ਨਾਲ ਚੂਥੀ ਖਿੱਚ ਕੇ ਬਹੁਤ ਵਾਰ ਹਿਲਾਈ, ਏਧਰ ਓਧਰ ਜ਼ੋਰ ਲਾ ਕੇ ਬਾਹਰ ਕੱਢੀ। ਕੁਝ ਇੱਟਾਂ ਉਖੇੜ ਕੇ ਦਰਵਾਜ਼ਾ ਖੋਲ੍ਹ ਲਿਆ ਤੇ ਕਿਸੇ ਸ਼ੰਕਾ ਦੇ ਬਗੈਰ ਅੰਦਰ ਪ੍ਰਵੇਸ਼ ਕਰ ਗਏ॥ ੩੪॥

ਸ੍ਰੀ ਮੋਹਨ ਬੈਠੇ ਜਹਾਂ ਪਦਮਾਸਨ ਧਾਰੀ।
ਲਗੀ ਸਮਾਧਿ ਅਖੰਡ ਰਸੁ ਨਹਿੰ ਦੇਹਿ ਸੰਭਾਰੀ।
ਕਾਸ਼ਟ ਕੇਰ ਸਮਾਨ ਦ੍ਰਿੜ੍ਹ ਰਿਜੁ ਹ੍ਵੈ ਕਰਿ ਬੈਸਾ।
ਅਚਲ ਅੰਗ ਸਗਰੇ ਕਰੇ ਥਿਤਿ ਕਾਸ਼ਟ ਜੈਸਾ॥ ੩੫॥

ਬਾਬਾ ਮੋਹਨ ਓਥੇ ਪਦਮ ਆਸਣ ਧਾਰ ਕੇ ਬੈਠੇ ਸਨ, ਅਖੰਡ ਇਕ ਰਸ ਸਮਾਧੀ ਲੱਗੀ ਹੋਈ ਸੀ ਅਤੇ ਸਰੀਰ ਦੀ ਕੋਈ ਸੋਝੀ ਨਹੀਂ ਸੀ। ਲੱਕੜੀ ਵਾਂਗ ਦ੍ਰਿੜ੍ਹ ਹੋ ਕੇ ਬੈਠੇ ਹੋਏ ਸਨ, ਸਾਰੇ ਅੰਗ ਅਚਲ ਕੀਤੇ ਹੋਏ ਸਨ ਤੇ ਲੱਕੜ ਵਾਂਗ ਸਥਿਤ ਸਨ॥ ੩੫॥

ਲਘੁ ਸਿਰ ਪਰ ਸ਼ੁਭ ਕੇਸ਼ ਹੈਂ ਚਹੁੰ ਦਿਸ਼ਨਿ ਬਖੇਰੇ।
ਸਦਾ ਰਹੈ ਜੋ ਨਗਨ ਹੀ ਮਨ ਮਸਤ ਬਡੇਰੇ।

ਬੁੱਢਾ ਬਿਸਮਯ ਹੁਇ ਰਹ੍ਯੋ ਅਵਿਲੋਕਨਿ ਕੀਨਾ।
ਰਹ੍ਯੋ ਹਿਲਾਇ ਸਰੀਰ ਕੋ ਆਸਨ ਆਸੀਨਾ॥ ੩੬॥

ਸਿਰ ਉਤੇ ਥੋੜ੍ਹੇ ਜੇਹੇ ਵਾਲ ਸਨ ਜਿਹੜੇ ਚਾਰੇ ਪਾਸੇ ਖਿਲਰੇ ਹੋਏ ਸਨ। ਸਰੀਰਕ ਤੌਰ ਤੇ ਉਹ ਸਦਾ ਨੰਗੇ ਰਹਿੰਦੇ ਸਨ ਤੇ ਮਨ ਵਿਚ ਮਸਤ ਸਨ। ਬਾਬਾ ਬੁੱਢਾ ਜੀ ਵੇਖ ਕੇ ਬਹੁਤ ਹੈਰਾਨ ਹੋਏ। ਆਸਣ ਤੇ ਬੈਠਿਆਂ ਦਾ ਸਰੀਰ ਹਿਲਾਇਆ॥ ੩੬॥

ਲਗੀ ਸਮਾਧਿ ਅਗਾਧਿ ਹੀ ਨਹਿਂ ਪੌਨ ਉਤਾਰਾ।
ਇਤ ਉਤਰਹ੍ਯੋ ਹਿਲਾਇ ਬਹੁ ਨਹਿਂ ਭਈ ਸੰਭਾਰਾ।
ਸ਼ਬਦ ਸੁਨ੍ਯੋ ਜਬਿ ਅਪਰ ਨੇ ਦਰ ਖੋਲਨਿ ਕੇਰਾ।
ਸੁਧਿ ਦੀਨਸਿ ਤਿਨ ਮੋਹਰੀ, ਆਯੋ ਤਿਸ ਬੇਰਾ॥ ੩੭॥

ਪਰ ਉਧਰ ਅਗਾਧ ਸਮਾਧੀ ਲੱਗੀ ਹੋਈ ਸੀ, ਤੇ ਪੌਣ ਉਤਰ ਨਹੀਂ ਸੀ ਰਹੀ। ਬਹੁਤ ਏਧਰ ਓਧਰ ਹਿਲਾਇਆ ਪਰ ਹੋਸ਼ ਨਾ ਆਈ। ਜਦ ਦਰਵਾਜ਼ਾ ਖੁਲ੍ਹਣ ਦੀ ਕਿਸੇ ਹੋਰ ਨੇ ਆਵਾਜ਼ ਸੁਣੀ ਤਾਂ ਉਸ ਬਾਬਾ ਮੋਹਰੀ ਜੀ ਨੂੰ ਖ਼ਬਰ ਕੀਤੀ, ਉਹ ਫਿਰ ਓਥੇ ਆਏ॥ ੩੭॥

ਨਮੋ ਕਰਤਿ ਬੁੱਢਾ ਪਿਖ੍ਯੋ ਪਦ ਗਹਤਿ ਹਿਲਾਵੈ।
ਦੌਰਤਿ ਆਏ ਮੋਹਰੀ ਕਹਿ ਬਾਕ ਸੁਨਾਵੈਂ।
'ਕ੍ਯੋਂ ਛੇਰਤਿ ਹੋ ਇਨਹੁ ਕੋ ਨਿਤ ਮਸਤ ਸੁਭਾਊ।
ਬਡ ਲਘੁ ਨਹੀਂ ਬਿਚਾਰਤੇ ਨਹਿਂ ਦੇਖਹਿਂ ਕਾਊ॥ ੩੮॥

ਜਦ ਬਾਬਾ ਬੁੱਢਾ ਜੀ ਨੂੰ ਬੰਦਨਾ ਕਰਦਿਆਂ ਅਤੇ ਬਾਬਾ ਮੋਹਨ ਜੀ ਦੇ ਪੈਰ ਹਿਲਾਉਂਦਿਆਂ ਵੇਖਿਆ ਤਾਂ ਬਾਬਾ ਮੋਹਰੀ ਜੀ ਦੌੜ ਕੇ ਆ ਕੇ ਕਹਿਣ ਲੱਗੇ, "ਇਨ੍ਹਾਂ ਨੂੰ ਛੇੜਦੇ ਹੋ, ਇਨ੍ਹਾਂ ਦਾ ਮਸਤ ਸੁਭਾਅ ਹੈ, ਉਹ ਵੱਡਾ ਨਿੱਕਾ ਨਹੀਂ ਵਿਚਾਰਦੇ ਹਨ ਅਤੇ ਨਾ ਹੀ ਕਿਸੇ ਨੂੰ ਵੇਖਦੇ ਹਨ॥ ੩੮॥

ਸ੍ਰਾਪ ਆਦਿ ਨਿਸ਼ਠੁਰ ਭਨਹਿਂ ਹੇਰਤਿ ਰਿਸ ਧਾਰੈਂ।
ਕਰ ਨ ਸਪਰਸਹੁ ਅੰਗ ਇਨ, ਨਹਿਂ ਨਯਨ ਉਘਾਰੈ।
ਨਿਜ ਸੁਭਾਉ ਮਹਿਂ ਮਸਤ ਰਹਿ ਕਿਹ ਸੰਗ ਨ ਬੋਲੈ।
ਬੈਠ੍ਯੋ ਅੰਤਰਿ ਇਮ ਰਹੈ ਕਬਿ ਕਬਿ ਦਰ ਖੋਲੈ॥ ੩੯॥

ਗੁੱਸੇ ਵਿਚ ਆ ਕੇ ਸਰਾਪ ਦੇ ਦਿੰਦੇ ਹਨ, ਇਨ੍ਹਾਂ ਦੇ ਅੰਗਾਂ ਨੂੰ ਨਾ ਛੂਹੋ, ਇਹ ਅੱਖਾਂ ਨਹੀਂ ਖੋਲ੍ਹਦੇ ਹਨ। ਆਪਣੇ ਮਸਤ ਸੁਭਾਅ ਵਿਚ ਰਹਿ ਕੇ ਕਿਸੇ ਨਾਲ ਵੀ ਬੋਲਦੇ ਨਹੀਂ ਹਨ। ਇਸ ਤਰ੍ਹਾਂ ਹੀ ਸਦਾ ਅੰਦਰ ਬੈਠੇ ਰਹਿੰਦੇ ਹਨ, ਕਦੀ-ਕਦੀ ਦਰਵਾਜ਼ਾ ਖੋਲ੍ਹਦੇ ਹਨ॥ ੩੯॥

ਜੁਗ ਹਾਥਨਿ ਭੋਜਨ ਕਰੈ ਜਬਿ ਤਜਹਿ ਸਮਾਧਾ।
ਨਾਂਹਿ ਤ ਬੈਠੈ ਇਸੀ ਬਿਧਿ ਅਨਗਾਧ ਅਗਾਧਾ।
ਸੁਨਿ ਬੁੱਢੇ ਤਿਸ ਦਿਸ਼ਾ ਕੋ ਬੰਦਨ ਪੁਨ ਕੀਨੀ।
ਨਮੋ ਮੋਹਰੀ ਕੋ ਕਰੀ ਮਹਿਮਾ ਬਡ ਚੀਨੀ॥ ੪੦॥

Sri Satguru Jagjit Singh Ji eLlibrary NamdhariElibrary@gmail.com

ਜਦ ਸਮਾਧੀ ਛੱਡਦੇ ਹਨ ਤਾਂ ਦੋਵਾਂ ਹੱਥਾਂ ਨਾਲ ਭੋਜਨ ਖਾਂਦੇ ਹਨ, ਨਹੀਂ ਤਾਂ ਏਸੇ ਤਰ੍ਹਾਂ ਅਥਾਹ ਪ੍ਰਭੂ ਵਿਚ ਲਿਵਲੀਣ ਰਹਿੰਦੇ ਹਨ।" ਇਹ ਸੁਣ ਕੇ ਬਾਬਾ ਬੁੱਢਾ ਜੀ ਉਸ ਪਾਸੇ ਬੰਦਨਾ ਕੀਤੀ, ਫਿਰ ਮਹਿਮਾ ਜਾਣ ਕੇ ਮੋਹਰੀ ਨੂੰ ਵੀ ਨਮਸਕਾਰ ਕੀਤੀ॥ ੪੦॥

ਗੁਰਬਾਣੀ ਹਾਥ ਨ ਲਗਹਿ ਉਰ ਬਿਖੈ ਬਿਚਾਰਾ।
ਚਲਜੋ ਸੁਧਾਸਰ ਕੋ ਬਹੁਰ ਗੁਰ ਕੇ ਦਰਬਾਰਾ।
ਸ੍ਰੀ ਅਰਜਨ ਸੋਂ ਮਿਲਜੋ ਤਬਿ ਪਦ ਬੰਦਨ ਠਾਨੀ।
ਕਹੀ ਬਾਰਤਾ ਸਕਲ ਹੀ 'ਪਾਇ ਨ ਗੁਰਬਾਨੀ॥ ੪੧॥

ਬਾਬਾ ਜੀ ਨੇ ਦਿਲ ਵਿਚ ਵਿਚਾਰ ਕੀਤੀ ਕਿ ਗੁਰਬਾਣੀ ਤਾਂ ਫਿਰ ਵੀ ਹੱਥ ਨਹੀਂ ਆਈ ਹੈ ਤੇ ਫਿਰ ਅੰਮ੍ਰਿਤਸਰ ਗੁਰੂ ਜੀ ਦੇ ਦਰਬਾਰ ਵੱਲ ਚੱਲ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲ ਕੇ ਬੰਦਨਾ ਕੀਤੀ ਅਤੇ ਉਨ੍ਹਾਂ ਨੂੰ ਸਾਰੀ ਕਹਾਣੀ ਸੁਣਾਈ, "ਗੁਰਬਾਣੀ ਪ੍ਰਾਪਤ ਨਹੀਂ ਹੋਈ ਹੈ॥ ੪੧॥

ਨਹਿਂ ਸਮਾਧਿ ਤਿਸ ਕੀ ਖੁਲਹਿ ਜਾਚਹਿ ਕਿਸ ਪਾਸੀ।
ਕੋ ਦੇਵਹਿ ਸਭਿ ਪੋਥੀਆਂ ਕਿਸ ਕਰਹਿ ਹੁਲਾਸੀ।
ਤੋਰਿ ਕਿਵਾਰ ਪ੍ਰਵੇਸ਼ਿਓ ਬਹੁ ਭਾਂਤਿ ਹਿਲਾਯੋ।
ਧਯਾਨ ਖੁਲਜੋ ਨਹਿਂ ਤਿਸੀ ਕਹੁ ਮੈਂ ਹਟਿ ਕਰਿ ਆਯੋ' ॥ ੪੨ ॥

ਉਨ੍ਹਾਂ ਦੀ ਸਮਾਧੀ ਹੀ ਨਹੀਂ ਖੁਲ੍ਹੀ ਹੈ, ਫਿਰ ਗੁਰਬਾਣੀ ਕਿਸ ਪਾਸੋਂ ਮੰਗੀਏ। ਸਾਰੀਆਂ ਪੋਥੀਆਂ ਕੌਣ ਦੇਵੇ, ਕਿਸ ਨੂੰ ਹੌਸਲਾ ਦੇਈਏ। ਮੈਂ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋਇਆ ਸੀ ਤੇ ਬਹੁਤ ਪ੍ਰਕਾਰ ਉਨ੍ਹਾਂ ਦੇ ਸਰੀਰ ਨੂੰ ਹਿਲਾਇਆ, ਉਨ੍ਹਾਂ ਸਮਾਧੀ ਖੋਲ੍ਹੀ ਨਹੀਂ, ਜਿਸ ਕਰਕੇ ਮੈਂ ਵਾਪਸ ਆ ਗਿਆ ਹਾਂ' ॥ ੪੨ ॥

*ਤੀਸਰੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩ ॥*

## *ਅਧਿਆਇ ਚੌਂਤੀਵਾਂ*

### *ਸ੍ਰੀ ਗੁਰੂ ਅਰਜਨ ਦੇਵ ਜੀ ਪੋਥੀਆਂ ਲੈਣ ਗਏ*

ਦੋਹਰਾ-ਸੁਨਿ ਬੁੱਢੇ ਕੇ ਬਚਨ ਕੋ ਮਿਲਹਿ ਨ ਖੁਲਹਿ ਧਿਆਨ।
ਤਿਸ ਪਰ ਬਸ ਕੈਸੇ ਚਲਹਿ ਕਹਜੋ ਸੁਨਹਿ ਨਹਿਂ ਕਾਨ॥ ੧॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਦੇ ਬਚਨ ਸੁਣੇ ਕਿ ਕਿਸੇ ਦੇ ਵੀ ਮਿਲਣ 'ਤੇ ਉਨ੍ਹਾਂ ਦੀ ਸਮਾਧੀ ਨਹੀਂ ਖੁਲ੍ਹਦੀ ਹੈ। ਉਸ ਉਤੇ ਕਿਵੇਂ ਵੱਸ ਚੱਲ ਸਕਦਾ ਹੈ ਜਿਹੜਾ ਕਿਹਾ ਹੋਇਆ ਆਪਣੇ ਕੰਨਾਂ ਨਾਲ ਸੁਣਦਾ ਹੀ ਨਹੀਂ ਹੈ॥ ੧॥

ਅੜਿਲ-ਦਰ ਕੇ ਭੇਰ ਕਿਵਾਰ ਸਮਾਧਿ ਲਗਾਵਤੋ।
ਨਿਤ ਹੀ ਮਸਤ ਸੁਭਾਵ ਨ ਕੋਇ ਬੁਲਾਵਤੋ।
ਰਹੈਂ ਦੂਰ ਲਹਿ ਤ੍ਰਾਸ ਸਮੀਪ ਨ ਜਾਤਿ ਕੋ।
ਹੈ ਕ੍ਰੋਧਤਿ ਉਚਰੈ ਸ੍ਰਾਪ, ਸੁ ਚਹਤਿ ਇਕਾਂਤ ਕੋ॥ ੨॥

ਦਰਵਾਜ਼ੇ ਬੰਦ ਕਰਕੇ ਸਮਾਧੀ ਲਾਉਂਦੇ ਹਨ, ਸਦਾ ਹੀ ਮਸਤ ਸੁਭਾਅ ਵਿਚ ਰਹਿੰਦੇ ਹਨ ਤੇ ਕੋਈ ਵੀ ਉਨ੍ਹਾਂ ਨੂੰ ਬੁਲਾਉਂਦਾ ਨਹੀਂ ਹੈ। ਸਾਰੇ ਲੋਕ ਉਸ ਪਾਸੋਂ ਦੂਰ ਹੀ ਰਹਿੰਦੇ ਹਨ ਤੇ ਕੋਈ ਵੀ ਨੇੜੇ ਨਹੀਂ ਜਾਂਦਾ ਹੈ। ਗੁੱਸੇ ਵਿਚ ਆ ਕੇ ਸਰਾਪ ਦੇ ਦਿੰਦੇ ਹਨ ਅਤੇ ਸਦਾ ਹੀ ਇਕਾਂਤ ਚਾਹੁੰਦੇ ਹਨ॥ ੨॥

ਹਮਰੇ ਪਿਤ ਕੇ ਸਾਥ ਰਿਸਾਵਤਿ ਹੀ ਰਹਜੋ।
ਗੁਰਤਾ ਪ੍ਰਾਪਤਿ ਨਾਂਹਿ ਦ੍ਵੈਸ਼ ਯਾਂਤੇ ਚਹਜੋ।
ਸ੍ਰੀ ਗੁਰ ਤਿਨ ਕੇ ਪਿਤਾ ਬਿਰਧ ਤਨ ਬਯ ਮਹਾਂ।
ਹੋ ਕਹਜੋ ਨ ਮਾਨਜੋ ਬਾਕ ਪ੍ਰੇਮ ਤੇ ਬਹੁ ਕਹਾ॥ ੩॥

ਸਾਡੇ ਪਿਤਾ ਜੀ ਦੇ ਨਾਲ ਸਦਾ ਹੀ ਗੁੱਸੇ ਰਹੇ, ਗੁਰਤਾ ਪ੍ਰਾਪਤ ਨਹੀਂ ਸੀ ਕੀਤੀ, ਇਸ ਕਰਕੇ ਈਰਖਾ ਕਰਦੇ ਸਨ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਦੀ ਵੱਡੀ ਉਮਰ ਹੋਣ ਕਰਕੇ ਸਰੀਰ ਬਹੁਤ ਬਿਰਧ ਹੋ ਗਿਆ ਸੀ, ਉਨ੍ਹਾਂ ਦਾ ਕਿਹਾ ਵੀ ਮੰਨਦੇ ਨਹੀਂ ਸਨ, ਬੇਸ਼ਕ ਉਹ ਬਹੁਤ ਪ੍ਰੇਮ ਦੇ ਬਚਨ ਕਰਦੇ ਸਨ॥ ੩॥

ਇਨ ਕਾਰਨ ਤੇ ਦੁਲਭ ਸ਼ਬਦ ਸਭਿ ਗੁਰਨਿ ਕੇ।
ਸ੍ਰੀ ਅਰਜਨ ਚਿਤਵੰਤ ਕਾਜ ਨਿਜ ਪੂਰਨ ਕੇ।
ਆਪ ਜਾਇ ਚਲਿ ਪਾਸ ਸੁ ਕੀਰਤਿ ਕੋ ਕਹੈਂ।
ਹੋ ਸੁਨੇ ਜਿ ਹੋਇ ਪ੍ਰਸੰਨ ਪੋਥੀਆਂ ਸਭਿ ਲਹੈਂ॥ ੪॥

ਇਸ ਕਾਰਨ ਸਭ ਗੁਰੂ ਸਾਹਿਬਾਨ ਦੇ ਦੁਰਲੱਭ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਕੰਮ ਦੇ ਪੂਰਾ ਕਰਨ ਲਈ ਚਾਹੁੰਦੇ ਸਨ। ਆਪ ਉਨ੍ਹਾਂ ਦੇ ਪਾਸ ਜਾ ਕੇ ਉਨ੍ਹਾਂ ਦੀ ਕੀਰਤੀ ਕਰਨ, ਜੇ ਉਹ ਸੁਣ ਕੇ ਪ੍ਰਸੰਨ ਹੋ ਜਾਣ ਤਾਂ ਸਾਰੀਆਂ ਪੋਥੀਆਂ ਲੈ ਲੈਣਗੇ॥ ੪॥

ਬਿਨ ਹਮਰੇ ਤਹਿਂ ਗਏ ਹਾਥ ਨਹਿਂ ਆਵਈ।
ਅਪਰ ਨ ਕਿਸਹੂੰ ਪਾਸ ਜਿ ਤਹਾਂ ਲਿਖਾਵਈ।
ਉਚਰਹਿਂ ਸੁਜਸੁ ਬਿਸਾਲ ਪ੍ਰਸੰਨ ਜਿ ਹੋਵਈ।
ਹੋ ਸਾਦਰ ਦੇਹਿਂ ਬੁਲਾਇ ਕ੍ਰੋਧ ਉਰ ਖੋਵਈ॥ ੫॥

ਗੁਰੂ ਜੀ ਸੋਚਦੇ ਸਨ ਕਿ ਸਾਡੇ ਉਥੇ ਜਾਣ ਤੋਂ ਬਗੈਰ ਪੋਥੀਆਂ ਹੱਥ ਨਹੀਂ ਆਉਣਗੀਆਂ, ਹੋਰ ਕਿਸੇ ਦੇ ਪਾਸ ਨਹੀਂ ਹਨ, ਜਿਸ ਨੂੰ ਵੇਖ ਕੇ ਉਤਾਰਾ ਕਰ ਲਿਆ ਜਾਵੇ। ਉਸ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰੀਏ ਤਾਂਕਿ ਉਹ ਬਹੁਤ ਪ੍ਰਸੰਨ ਹੋ ਜਾਵੇ, ਦਿਲ ਦਾ ਕ੍ਰੋਧ ਛੱਡ ਕੇ ਆਦਰ ਕਰਕੇ ਬੁਲਾ ਲਵੇ॥ ੫॥

ਬਡਿਅਨਿ ਇਹੈ ਸੁਭਾਵ ਸਰਲਤਾ ਜਾਨਿ ਕੈ।
ਸੁਜਸੁ ਸੁਨਤਿ ਰਿਸ ਹਾਨਿ, ਕਹਜੋ ਲੇਂ ਮਾਨਿ ਕੈ।

ਧਰੈਂ ਸੁ ਉਰ ਬਿਸਵਾਸ ਕਾਜ ਹੁਇ ਜਾਵਈ।
ਹੋ ਯਾਂਤੇ ਚਲਿਬੋ ਬਨਹਿ ਨ ਸੰਸੈ ਆਵਈ॥ ੬॥

ਵੱਡਿਆਂ ਦਾ ਇਹੋ ਸੁਭਾਅ ਹੈ ਕਿ ਸਰਲਤਾ ਜਾਣ ਕੇ ਸ੍ਰੇਸ਼ਟ ਜੱਸ ਸੁਣ ਕੇ ਗੁੱਸਾ ਦੂਰ ਕਰਦੇ ਹਨ ਤੇ ਕਿਹਾ ਮੰਨ ਲੈਂਦੇ ਹਨ। ਜਦ ਹਿਰਦੇ ਵਿਚ ਵਿਸ਼ਵਾਸ ਧਾਰਨ ਕਰਦੇ ਹਨ ਤਾਂ ਕਾਰਜ ਹੋ ਜਾਂਦਾ ਹੈ। ਇਸ ਕਰਕੇ ਮੇਰਾ ਹੁਣ ਚਲਣਾ ਹੀ ਬਣਦਾ ਹੈ ਤੇ ਹੁਣ ਸ਼ੰਕਾ ਨਹੀਂ ਰੱਖਣੀ ਚਾਹੀਦੀ ॥ ੬॥

ਸ੍ਰੀ ਗੁਰ ਅਰਜਨ ਨਾਥ ਬਿਸਾਲ ਬਿਚਾਰਿਕੈ।
ਕਰਿਬੋ ਬਨਹਿਂ ਜਰੂਰ ਆਲਸੋ ਟਾਲਿ ਕੈ।
ਸਭਿ ਜਗ ਪਰ ਉਪਕਾਰ ਬੀੜ ਸ੍ਰੀ ਗ੍ਰਿੰਥ ਕੀ।
ਹੋ ਬਿਦਤਹਿ ਕਲਿ ਮਹਿਂ ਅਧਿਕ ਰੀਤਿ ਸ਼ੁਭ ਪੰਥ ਕੀ॥ ੭॥

ਸ੍ਰੀ ਗੁਰੂ ਅਰਜਨ ਦੇਵ ਨੇ ਇਹ ਵਿਚਾਰ ਕੀਤੀ ਕਿ ਆਲਸ ਨੂੰ ਛੱਡ ਕੇ ਜ਼ਰੂਰ ਜਾਣਾ ਬਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨਾ, ਸਾਰੇ ਜਗਤ ਤੇ ਉਪਕਾਰ ਕਰਨਾ ਹੈ। ਇਹ ਕਲਿਜੁਗ ਵਿਚ ਪ੍ਰਗਟ ਹੋਵੇਗਾ ਤੇ ਪੰਥ ਦੀ ਸ਼ੁਭ ਰੀਤੀ ਹੋਵੇਗੀ॥ ੭॥

ਜਿਯਤ ਜੀਵਕਾ ਬਨਹਿ ਸੁ ਲਾਖਹੁਂ ਨਰਨ ਕੀ।
ਸੁਨਿ ਕਰਿ ਪਠਹਿਂ ਕਮਾਹਿਂ ਪ੍ਰੀਤ ਪ੍ਰਭੁ ਚਰਨ ਕੀ।
ਅੰਤ ਮੁਕਤਿ ਕੋ ਲੇਹਿਂ ਨ ਸੰਸੈ ਹੋਇ ਹੈ।
ਹੋ ਰਾਵ ਰੰਕ ਉਚ ਨੀਚ ਜਪਾਵਹਿ ਕੋਇ ਹੈ॥ ੮॥

ਗੁਰਬਾਣੀ ਲੱਖਾਂ ਲੋਕਾਂ ਦੇ ਮਨ ਦਾ ਆਧਾਰ ਬਣੇਗੀ ਤੇ ਲੱਖਾਂ ਗੁਰਬਾਣੀ ਲਿਖਣ ਅਤੇ ਪੜ੍ਹਨ ਵਾਲੇ ਲੋਕਾਂ ਦੀ ਰੋਜ਼ੀ ਦਾ ਸੰਗਤਾਂ ਵਲੋਂ ਪ੍ਰਬੰਧ ਹੋ ਜਾਇਆ ਕਰੇਗਾ। ਸੰਗਤਾਂ ਗੁਰਬਾਣੀ ਨੂੰ ਪੜ੍ਹ ਸੁਣ ਕੇ ਪ੍ਰਭੂ ਦੇ ਚਰਨਾਂ ਦੀ ਪ੍ਰੀਤ ਦੀ ਕਮਾਈ ਕਰਨਗੀਆਂ। ਅੰਤ ਵਿਚ ਕਿਸੇ ਸ਼ੰਕੇ ਤੋਂ ਬਗੈਰ ਮੁਕਤੀ ਪ੍ਰਾਪਤ ਕਰਨਗੇ, ਜਿਹੜੇ ਵੀ ਅਮੀਰ-ਗਰੀਬ, ਉਚ-ਨੀਚ ਗੁਰਬਾਣੀ ਦਾ ਜਾਪ ਕਰਨਗੇ॥ ੮॥

ਇਮ ਬਿਚਾਰ ਕਰਿ ਗੁਰੂ ਸੁ ਬਾਕ ਬਖਾਨਿਓ।
'ਤਜਾਰੀ ਹਮਰੀ ਕਰਹੁ ਪ੍ਰਾਤ ਪ੍ਰਸਥਾਨਿਓ'।
ਜਾਨਿ ਲਈ ਸਭਿਹੂੰਨਿ ਸੁ ਨਿਸਾ ਬਿਤਾਇ ਕੈ।
ਹੋ ਪ੍ਰਾਤ ਕੀਨਿ ਇਸ਼ਨਾਨ ਸੁਧਾਸਰ ਜਾਇ ਕੈ॥ ੯॥

ਇਹ ਕਹਿ ਕੇ ਗੁਰੂ ਜੀ ਨੇ ਬਚਨ ਕੀਤੇ, "ਸਾਡੀ ਸਵੇਰੇ ਹੀ ਤਿਆਰੀ ਕਰਵਾ ਦੇਵੋ, ਅਸੀਂ ਸਵੱਖਤੇ ਚਲੇ ਜਾਣਾ ਹੈ। ਸਾਰਿਆਂ ਨੇ ਗੁਰੂ ਜੀ ਦੀ ਗੱਲ ਨੂੰ ਸਮਝ ਲਿਆ। ਗੁਰੂ ਜੀ ਨੇ ਰਾਤ ਬਤੀਤ ਕਰਕੇ ਸਵੇਰ ਹੁੰਦਿਆਂ ਹੀ ਅੰਮ੍ਰਿਤ ਸਰੋਵਰ ਤੇ ਜਾ ਕੇ ਇਸ਼ਨਾਨ ਕੀਤਾ॥ ੯॥

ਸਭਿ ਗੁਰੁ ਆਦਿ ਮਨਾਇ ਅਰੂਢੇ ਪਾਲਕੀ।
ਜਿਨ ਕੀ ਕ੍ਰਿਪਾ ਸੁ ਦ੍ਰਿਸ਼ਟਿ ਪੀਰ ਨਹਿਂ ਕਾਲ ਕੀ।
ਸਿੱਖ ਸੰਗ ਸਮੁਦਾਇ ਦਾਸ ਸ਼ੋਭਤਿ ਚਲੇ।
ਹੋ ਮਨਹ ਚੰਦਮਾਂ ਸਾਥ ਤਾਰਕਾ ਗਨ ਭਲੇ॥ ੧੦॥

ਸਾਰੇ ਗੁਰੂ ਸਾਹਿਬ ਨੂੰ ਧਿਆ ਕੇ ਅਰਦਾਸ ਕੀਤੀ ਤੇ ਪਾਲਕੀ ਵਿਚ ਚੜ੍ਹ ਗਏ, ਜਿਸ ਗੁਰੂ ਸਾਹਿਬ ਦੀ ਕਿਰਪਾਲੂ ਦ੍ਰਿਸ਼ਟੀ ਪੈਣ ਨਾਲ ਹੀ ਮੌਤ ਦੀ ਪੀੜ ਨਹੀਂ ਹੁੰਦੀ। ਉਨ੍ਹਾਂ ਦੇ ਨਾਲ ਸਿੱਖ ਸੰਗਤ ਅਤੇ ਬਹੁਤ ਸੇਵਕ ਵੀ ਚੱਲ ਪਏ, ਇੰਝ ਲੱਗਦਾ ਸੀ ਮਾਨੋਂ ਚੰਦਰਮਾ ਨਾਲ ਤਾਰੇ ਜਾ ਰਹੇ ਸਨ॥ ੧੦॥

ਸਨੇ ਸਨੇ ਚਲਿ ਆਇ ਸੁ ਗੋਇੰਦਵਾਲ ਕੋ।
ਜਹਾਂ ਬਿਪਾਸਾ ਨਦੀ ਪ੍ਰਵਾਹੁ ਬਿਸਾਲ ਕੋ।
ਬਾਪੀ ਮੱਜਨ ਕੀਨਿ ਧਜਾਨ ਸਤਿਗੁਰ ਧਰੇ।
ਹੋ ਤਿਸ ਛਿਨ ਸ੍ਰੀ ਗੁਰ ਅਮਰ ਆਨਿ ਆਗੈ ਖਰੇ॥ ੧੧॥

ਹੌਲੀ-ਹੌਲੀ ਚਲਕੇ ਗੋਇੰਦਵਾਲ ਆ ਗਏ, ਜਿਥੇ ਬਿਆਸ ਨਦੀ ਦਾ ਵਿਸ਼ਾਲ ਪ੍ਰਵਾਹ ਵਹਿ ਰਿਹਾ ਸੀ। ਬਾਉਲੀ ਵਿਚ ਇਸ਼ਨਾਨ ਕਰਨ ਦੇ ਬਾਅਦ ਸਤਿਗੁਰੂ ਜੀ ਦਾ ਧਿਆਨ ਧਾਰਨ ਕੀਤਾ। ਓਸੇ ਵੇਲੇ ਸ੍ਰੀ ਗੁਰੂ ਅਮਰਦਾਸ ਜੀ ਅੱਗੇ ਆ ਖੜੇ ਹੋਏ॥ ੧੧॥

ਸ੍ਰੀ ਅਰਜਨ ਅਵਿਲੋਕ ਚਰਨ ਅਰਬਿੰਦ ਕੋ।
ਬੰਦਨ ਠਾਨਿ ਸ ਪ੍ਰੇਮ ਅਨੰਦ ਬਿਲੰਦ ਕੋ।
ਗਦ ਗਦ ਗਿਰਾ ਰੁਮੰਚ ਬਿਲੋਚਨ ਜਲ ਭਰੇ।
ਹੋ ਬਿਨਤੀ ਬਹੁਰ ਬਖਾਨ ਨੰਮ੍ਰ ਜੁਤਿ ਹੁਇ ਖਰੇ॥ ੧੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇਖ ਕੇ ਚਰਨਕੰਵਲਾਂ ਤੇ ਬੰਦਨਾ ਕੀਤੀ ਤੇ ਮਹਾਨ ਪ੍ਰੇਮ ਦੇ ਅਨੰਦ ਵਿਚ ਭਰ ਗਏ। ਗਦ-ਗਦ ਹੋ ਕੇ ਗਲਾ ਭਰ ਆਇਆ ਤੇ ਨੈਣਾਂ ਵਿਚ ਜਲ ਆ ਗਿਆ। ਬਹੁਤ ਬੇਨਤੀਆਂ ਕਰਕੇ ਸਨਿੰਮਰ ਹੋ ਕੇ ਖੜੇ ਰਹੇ॥ ੧੨॥

ਸਿਰ ਪਰ ਧਰਿ ਕਰਿ ਹਾਥ ਹਰਖ ਉਰ ਧਾਰਿ ਕੈ।
ਸ੍ਰੀ ਅਰਜਨ ਸੋਂ ਭਨਜੋ 'ਕਾਜ ਲਿਹੁ ਸਾਰਿਕੈ।
ਕੀਰਤਿ ਮੋਹਨ ਕਰਹੁ ਪੋਥੀਆਂ ਲੀਜੀਏ।
ਹੋ ਸ੍ਰੇਸ਼ਟ ਉੱਦਮ ਅਹੈ ਬੀੜ ਸਭਿ ਕੀਜੀਏ॥ ੧੩॥

ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰ ਉੱਤੇ ਹੱਥ ਰੱਖ ਕੇ ਦਿਲ ਵਿਚ ਪ੍ਰਸੰਨਤਾ ਧਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਹਾ, "ਤੁਹਾਡਾ ਕਾਰਜ ਸਿੱਧ ਹੋਵੇਗਾ। ਮੋਹਨ ਦੀ ਕੀਰਤੀ ਕਰਕੇ ਪੋਥੀਆਂ ਲੈ ਲਵੋ ਅਤੇ ਸ੍ਰੇਸ਼ਟ ਉੱਦਮ ਧਾਰਨ ਕਰਕੇ ਸਾਰੀ ਬੀੜ ਨੂੰ ਤਿਆਰ ਕਰਵਾਉ॥ ੧੩॥

ਰਹੋ ਨੰਮ੍ਰਤਾ ਸੰਗ ਜਿ ਮੋਹਨ ਕੁਛ ਕਹੈ।
ਸਹਿ ਕਰਿ ਬਾਕ ਕਠੋਰ ਲੇਹੁ ਜੋ ਚਿਤ ਚਹੈ।
ਕਹਿ ਨਿਸ਼ਠੁਰ ਪਛੁਤਾਇ ਨੰਮ੍ਰ ਹੁਇ ਜਾਇ ਹੈ।
ਹੋ ਮਾਨਹਿ ਤੁਮਰੋ ਕਹਜੋ, ਨ ਬਹੁਰ ਹਟਾਇ ਹੈ॥ ੧੪॥

ਜੇ ਮੋਹਨ ਕੁਝ ਕਹੇ ਵੀ ਤਾਂ ਵੀ ਨਿੰਮਰਤਾ ਨਾਲ ਰਹੋ, ਕਠੋਰ ਬਚਨ ਸਹਾਰ ਕੇ ਜੋ ਚਿੱਤ ਚਾਹੇ ਪ੍ਰਾਪਤ ਕਰੋ। ਕਠੋਰ ਸ਼ਬਦ ਕਹਿ ਕੇ ਫਿਰ ਉਹ ਪਛਤਾਇਗਾ ਤੇ ਨਰਮ ਹੋ ਜਾਵੇਗਾ, ਉਹ ਤੁਹਾਡਾ ਕਿਹਾ ਮੰਨੇਗਾ ਤੇ ਫਿਰ ਤੁਹਾਨੂੰ ਵਾਪਿਸ ਨਹੀਂ ਮੋੜੇਗਾ"॥ ੧੪॥

ਇਮ ਕਹਿ ਸ੍ਰੀ ਗੁਰ ਅਮਰ ਸੁ ਅੰਤਰ ਧਯਾਨਿਯੇ।
ਸ੍ਰੀ ਅਰਜਨ ਸੁਨਿ ਕਾਨ ਅਨੰਦ ਮਹਾਨਿਯੇ।
ਡੇਰਾ ਦੀਨਿ ਉਤਾਰ ਸਕਲ ਇਕ ਥਾਨ ਮੈਂ।
ਹੋ ਗਮਨੇ ਪੁਰਿ ਮੈਂ ਆਪ ਤੰਬੂਰਾ ਪਾਨ ਮੈਂ॥ ੧੫॥

ਇਹ ਕਹਿ ਕੇ ਸ੍ਰੀ ਗੁਰੂ ਅਮਰਦਾਸ ਜੀ ਅੰਤਰ ਧਿਆਨ ਹੋ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਬਹੁਤ ਆਨੰਦ ਪ੍ਰਸੰਨ ਹੋਏ। ਇਕ ਥਾਂ ਤੇ ਆਪਣਾ ਡੇਰਾ ਜਮਾ ਲਿਆ। ਹੱਥ ਵਿਚ ਤੰਬੂਰਾ ਫੜ ਕੇ ਨਗਰ ਵਿਚ ਚਲੇ ਗਏ॥ ੧੫॥

ਗੁਰਸੁਤ ਮੋਹਨ ਜਹਾਂ ਚੁਬਾਰੇ ਮੈਂ ਰਹੈ।
ਤਿਸ ਨੀਚੇ ਜੋ ਗਰੀ ਜਾਇ ਤਿਹ ਠਾਂ ਲਹੇ।
ਭੂਤਲ ਬੈਠੇ ਆਪਿ ਸਿੱਖ ਤਬਿ ਦੇਖਿ ਕੈ।
ਹੋ ਦੌਰੇ ਆਸਨ ਲੈਨਿ ਸੁ ਬਿਸਮ ਬਿਸੇਖ ਕੈ॥ ੧੬॥

ਗੁਰੂ ਪੁੱਤਰ ਬਾਬਾ ਮੋਹਨ ਜੀ ਜਿਥੇ ਚੁਬਾਰੇ ਵਿਚ ਰਹਿੰਦੇ ਸਨ ਉਥੇ ਗਲੀ ਵਿਚ ਹੇਠਾਂ ਇਕ ਥਾਂ ਵੇਖਕੇ ਧਰਤੀ ਉਤੇ ਹੀ ਬੈਠ ਗਏ। ਤਦ ਸਾਰੇ ਸਿੱਖ ਵੇਖ ਕੇ ਬਹੁਤ ਹੈਰਾਨ ਹੋਏ ਤੇ ਆਸਣ ਲੈਣ ਵਾਸਤੇ ਦੌੜ ਪਏ॥ ੧੬॥

ਸਫੇ ਗਲੀਚੇ ਆਦਿ ਜੁ ਲਜਾਇ ਬਿਛਾਵਨੇ।
ਮ੍ਰਿਦੁਲ ਬਾਕ ਕਹਿ ਸਭਿਨਿ ਕਰੇ ਸੁ ਹਟਾਵਨੇ।
ਤੰਬੂਰਾ ਸੁਰ ਠਾਨਿ ਲਗੇ ਪੁਨਿ ਗਾਵਨੇ।
ਹੋ ਗੌੜੀ ਰਾਗ ਅਲਾਪ ਮਧੁਰ ਸੁਰ ਭਾਵਨੇ॥ ੧੭॥

ਸਫਾਂ ਅਤੇ ਗਲੀਚੇ ਜਿਹੜੇ ਵਿਛਾਉਣ ਵਾਸਤੇ ਲੈ ਕੇ ਆਏ, ਗੁਰੂ ਜੀ ਨੇ ਮਿੱਠੇ ਬਚਨ ਬੋਲ ਕੇ ਸਭ ਵਾਪਸ ਕਰ ਦਿੱਤੇ। ਫਿਰ ਤੰਬੂਰੇ ਨੂੰ ਸੁਰ ਕਰਕੇ ਸ਼ਬਦ ਦਾ ਗਾਇਣ ਕਰਨ ਲੱਗੇ, ਰਾਗੁ ਗਉੜੀ ਵਿਚ ਮਨ ਭਾਉਂਦੀ ਮਿੱਠੀ ਸੁਰ ਵਿਚ ਅਲਾਪ ਕੀਤਾ॥ ੧੭॥

ਦੋਹਰਾ-ਸ਼ਬਦ ਬਨਾਵਤਿ ਜਾਤਿ ਹੈਂ ਗਾਵਤਿ ਗੌੜੀ ਰਾਗ।
ਕਬਿ ਊਚੀ ਧੁਨਿ ਹੋਤਿ ਹੈ ਕਬਿ ਧੁਨਿ ਸਹਿਜੇ ਲਾਗਿ॥ ੧੮॥

ਗਉੜੀ ਰਾਗ ਵਿਚ ਗਾਉਂਦੇ ਹੋਏ ਹੀ ਸ਼ਬਦ ਬਣਾਉਂਦੇ ਜਾਂਦੇ ਸਨ। ਕਦੀ ਉੱਚੀ ਧੁਨੀ ਹੁੰਦੀ ਸੀ ਅਤੇ ਕਦੀ ਧੁਨੀ ਸਹਿਜੇ ਕਰ ਲੈਂਦੇ ਸਨ॥ ੧੮॥

*ਗਉੜੀ ਮਹਲਾ ੫॥*

*ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥*
*ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥*
*ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥*
*ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥*
*ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ॥*
*ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ॥ ੧॥* (ਪੰਨਾ ੨੪੮)

ਹੇ ਮੇਰੇ ਪਿਆਰੇ ਪ੍ਰਭੂ ! ਤੇਰੇ ਘਰ ਦੀਆਂ ਇਮਾਰਤਾਂ ਉੱਚੀਆਂ ਹਨ ਤੇ ਮਹਿਲ ਅਪਾਰ ਹਨ। ਹੇ ਪਿਆਰੇ ਪ੍ਰਭੂ ! ਤੇਰੇ ਦਰਵਾਜ਼ੇ ਸੁੰਦਰ ਹਨ, ਉਹ ਸਾਧੂਆਂ ਲਈ ਪੂਜਾ ਅਸਥਾਨ ਹਨ। ਤੇਰੇ ਮੰਦਰ ਵਿਚ ਸਦਾ ਹੀ ਸੰਤ ਬੇਅੰਤ ਅਤੇ ਅਪਾਰ ਪ੍ਰਭੂ ਦਾ ਜੱਸ ਗਾਇਣ ਕਰਦੇ ਹਨ। ਜਿਥੇ ਵੀ ਸਾਧ ਸੰਤ ਇਕੱਠੇ ਹੁੰਦੇ ਹਨ, ਓਥੇ ਉਹ ਤੇਰਾ ਹੀ ਸਿਮਰਨ ਕਰਦੇ ਹਨ। ਹੇ ਮਿਹਰਬਾਨ ਸੁਆਮੀ ! ਦਇਆ ਅਤੇ ਮਿਹਰ ਧਾਰ ਕੇ ਆਪਣੇ ਗਰੀਬਾਂ ਤੇ ਕਿਰਪਾ ਕਰੋ। ਨਾਨਕ ਬੇਨਤੀ ਕਰਦਾ ਹੈ। ਮੈਨੂੰ ਤੇਰੇ ਦਰਸ਼ਨਾਂ ਦੀ ਪਿਆਸ ਹੈ, ਤੇਰਾ ਦੀਦਾਰ ਪ੍ਰਾਪਤ ਕਰਕੇ ਮੈਂ ਸਾਰੀਆਂ ਖੁਸ਼ੀਆਂ ਪਾ ਲੈਂਦਾ ਹਾਂ॥ ੧॥

ਅੜਿਲ-ਮੋਹਨ ਧੁਨਿ ਸੁਨਿ ਕਾਨ ਜਾਨਿ ਬਿਰਤਾਂਤ ਕੋ।
ਚੌਬਾਰੇ ਕੇ ਬਿਖੈ ਜੁ ਤਾਕੀ ਬਾਤ ਕੋ।
ਸੋ ਖੋਲੀ ਤਤਕਾਲ ਗਰੀ ਦਿਸ਼ਿ ਮੁਖ ਕ੍ਰਯੋ।
ਹੋ ਸ੍ਰੀ ਅਰਜਨ ਦਿਸ਼ਿ ਦੇਖਿ ਬਾਕ ਕੋ ਉਚਰਯੋ॥ ੧੯॥

ਬਾਬਾ ਮੋਹਨ ਜੀ ਇਹ ਧੁਨ ਸੁਣ ਕੇ ਸਾਰੇ ਬਿਰਤਾਂਤ ਨੂੰ ਜਾਣ ਗਏ। ਚੁਬਾਰੇ ਵਿਚ ਜੋ ਹਵਾ ਵਾਸਤੇ ਤਾਕੀ ਲੱਗੀ ਹੋਈ ਸੀ, ਉਸ ਨੂੰ ਉਨ੍ਹਾਂ ਤੁਰਤ ਖੋਲ੍ਹਿਆ ਅਤੇ ਗਲੀ ਵਾਲੇ ਪਾਸੇ ਮੂੰਹ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਲ ਵੇਖ ਕੇ ਬਚਨ ਕੀਤਾ॥ ੧੯॥

'ਪ੍ਰਥਮ ਹਮਾਰੀ ਵਸਤੁ ਲਈ ਪਿਤ ਪਾਸ ਤੇ।
ਕੁਲ ਭੱਲਜਨ ਕੀ ਹੁਤੀ ਗੁਰੂਤਾ ਜਾਸ ਤੇ।
ਲੀਨਸਿ ਸੋਢੀ ਸੇਵ ਨ ਹਮ ਢਿਗ ਸੋ ਰਹੀ।
ਹੋ ਹੁਤੇ ਤੀਨ ਤੁਮ ਭ੍ਰਾਤ ਨ ਸਮਤਾ ਮਨ ਲਹੀ॥ ੨੦॥

ਪਹਿਲਾਂ ਸਾਡੀ ਵਸਤੂ ਸਾਡੇ ਪਿਤਾ ਪਾਸੋਂ ਲੈ ਲਈ, ਜਿਸ ਵਸਤੂ ਨਾਲ ਭਲਿਆਂ ਦੀ ਕੁਲ ਦੀ ਵਡਿਆਈ ਸੀ। ਸੇਵਾ ਕਰਕੇ ਸੋਢੀ ਲੈ ਗਏ ਤੇ ਉਹ ਸਾਡੇ ਪਾਸ ਨਾ ਰਹੀ। ਤੁਸੀਂ ਤਿੰਨ ਭਰਾ ਸੀ, ਪਰ ਤੁਹਾਡੇ ਮਨ ਦੀ ਬਰਾਬਰੀ ਕੋਈ ਨਹੀਂ ਕਰ ਸਕਿਆ, ਭਾਵ ਤੁਹਾਡਾ ਚਿੱਤ ਵਿਸ਼ਾਲ ਹੈ॥ ੨੦॥

ਪਿਤਾ ਗਏ ਬੈਕੁੰਠ ਬਿਰੋਧ ਉਠਾਇਓ।
ਪਾਟਕ ਘਰਿ ਮਹਿਂ ਪਾਇ ਜੁ ਕਪਟ ਕਮਾਇਓ।
ਭ੍ਰਾਤਾ ਹੁਤੋ ਬਿਸਾਲ ਨਿਕਾਸਜੋ ਧਾਮ ਤੇ।
ਹੋ ਬੈਠਜੋ ਗੁਰ ਬਨਿ ਆਪ ਨ ਲੀਨਸਿ ਸ਼ਾਮਤੇ॥ ੨੧॥

ਪਿਤਾ ਜਦ ਬੈਕੁੰਠ ਚਲੇ ਗਏ ਤਾਂ ਪ੍ਰਿਥੀਏ ਨੇ ਵਿਰੋਧ ਕੀਤਾ, ਘਰ ਵਿਚ ਪਾਟਕ ਪਾ ਕੇ ਉਸ ਕਪਟ ਕਮਾਇਆ ਹੈ। ਵੱਡਾ ਭਰਾ ਸੀ, ਉਸ ਨੂੰ ਘਰੋਂ ਕੱਢ ਦਿੱਤਾ ਹੈ। ਆਪ ਗੁਰੂ ਬਣ ਬੈਠੇ ਹੋ, ਸੁਲਾਹ ਸਫਾਈ ਨਾਲ ਗੁਰਗੱਦੀ ਨਹੀਂ ਲਈ ਹੈ॥ ੨੧॥

ਲਾਜ ਨ ਧਾਰਿਹੁ ਆਪ ਅਬੈ ਚਲਿ ਆਇਓ।
ਸਭਿ ਗੁਰੂਅਨਿ ਕੇ ਸ਼ਬਦ ਲੈਨਿ ਹਿਤ ਧਾਇਓ।
ਅਪਰ ਜਤਨ ਕਰਿ ਰਹਜੋ ਨ ਬਸ ਕੁਛ ਚਾਲਿਓ।
ਹੋ ਭੂਤਲ ਬੈਠਿ ਗਲੀਨਿ ਪਖੰਡ ਬਿਸਾਲਿਓ॥ ੨੨॥

ਹੁਣ ਵੀ ਸ਼ਰਮ ਨਹੀਂ ਕੀਤੀ ਹੈ, ਆਪ ਚਲ ਕੇ ਆ ਗਏ ਹੋ, ਸਾਰੇ ਗੁਰੂ ਸਾਹਿਬਾਨ ਦੀ ਬਾਣੀ ਲੈਣ ਆਏ ਹੋ। ਹੋਰ ਕਈ ਯਤਨ ਕੀਤੇ ਹਨ, ਕੁਝ ਵੀ ਵੱਸ ਨਹੀਂ ਚਲਿਆ ਹੈ ਤਾਂ ਗਲੀ ਵਿਚ ਧਰਤੀ ਤੇ ਬੈਠ ਕੇ ਵੱਡਾ ਪਖੰਡ ਕੀਤਾ ਹੈ॥ ੨੨॥

ਨ੍ਰਿਗੁਨ ਬਿਹੀਨੋ ਲਾਜ ਨਿਸ਼ੰਕ ਸਮਾਇਆ।
ਜਹਿੰ ਕਹਿੰ ਢੀਠ ਕਰੰਮ ਕਰੇ ਨ ਸ਼੍ਰਮਾਇਆ।
ਭੇਉ ਨ ਜਾਨਹਿੰ ਤੋਹਿ ਠਗਤਿ ਹੈ ਜਗਤ ਕੋ।
ਹੋ ਸਦਾ ਦਿਖਾਇ ਅਧੀਨ ਅਪਨ ਪੈ ਭਗਤਿ ਕੋ॥ ੨੩॥

ਗੁਣ-ਹੀਨ ਅਤੇ ਲਾਜ-ਰਹਿਤ ਹੋ ਕੇ ਵੀ ਸ਼ੰਕਾ ਨਹੀਂ ਕਰਦੇ ਪਰ ਮਾਇਆ ਸਹਿਤ ਹੋ। ਜਿਥੇ ਕਿਥੇ ਢੀਠ ਕਰਮ ਕਰਕੇ ਸ਼ਰਮਾਉਂਦੇ ਨਹੀਂ ਹੋ। ਲੋਕ ਤੁਹਾਡੇ ਭੇਦ ਨੂੰ ਨਹੀਂ ਜਾਣਦੇ ਕਿ ਤੁਸੀਂ ਜਗਤ ਨੂੰ ਠੱਗਦੇ ਹੋ। ਆਪਣੇ ਆਪ ਨੂੰ ਸਦਾ ਭਗਤੀ ਅਧੀਨ ਵਿਖਾਉਂਦੇ ਹੋ"॥ ੨੩॥

ਨਿੰਦਾ ਉਸਤਤਿ ਬਜਾਜ ਬਚਨ ਮੋਹਨ ਕਹੇ।
ਗੁਰ ਅਰਜਨ ਹੀ ਜਾਨਿ ਅਪਰ ਨਹਿੰ ਕਿਸ ਲਹੇ।
ਸੁਨਤਿ ਤੰਬੂਰਾ ਹਾਥ ਬਹੁਰ ਗਾਵਨਿ ਕਰਜੋ।
ਹੋ ਜਿਸ ਮੈਂ ਕੀਰਤਿ ਦੀਹ ਸ਼੍ਰਵਨਿ ਮੈਂ ਰਵ ਪਰਜੋ॥ ੨੪॥

ਬਾਬਾ ਮੋਹਨ ਜੀ ਨੇ ਨਿੰਦਿਆ ਉਸਤਤ ਦੇ ਬਚਨ ਕਹੇ, ਗੁਰੂ ਜੀ ਜਾਣ ਗਏ ਤੇ ਉਨ੍ਹਾਂ ਨੇ ਗੁੱਸਾ ਨਾ ਕੀਤਾ। ਇਹ ਸੁਣ ਕੇ ਉਨ੍ਹਾਂ ਤੰਬੂਰਾ ਫਿਰ ਹੱਥ ਵਿਚ ਫੜਿਆ ਤੇ ਫਿਰ ਗਾਇਣ ਕਰਨ ਲੱਗ ਪਏ, ਜਿਸ ਸ਼ਬਦ ਵਿਚ ਬਾਬਾ ਮੋਹਨ ਜੀ ਦੀ ਕੀਰਤੀ ਕੀਤੀ ਹੋਈ ਸੀ॥ ੨੪॥

ਨੋਟ:-ਨਿੰਦਾ ਉਸਤਤਿ ਤੋਂ ਭਾਵ ਹੈ ਕਿ ਸ਼ਬਦ ਤੋਂ ਸਾਫ ਨਿੰਦਿਆ ਪਰਗਟ ਹੁੰਦੀ ਹੈ, ਪਰ ਅਸਲ ਵਿਚ ਉਸ ਵਿਚ ਉਸਤਤ ਕੀਤੀ ਹੁੰਦੀ ਹੈ। ਬਾਬਾ ਮੋਹਨ ਜੀ ਦੇ ਸ਼ਬਦਾਂ ਵਿਚ ਉਸਤਤਿ ਇਸ ਪ੍ਰਕਾਰ ਨਿਕਲੀ ਹੈ॥ ੧੪॥

ਭਲਿਆਂ ਦੀ ਕੁਲ ਵਿਚ ਗੁਰਤਾ ਗਈ ਸੀ, ਜੋ ਸਾਡੀ ਵਸਤੂ ਸੀ, ਪਰ ਤੁਸੀਂ ਸੇਵਾ ਕਰਕੇ ਲੈ ਲਈ, ਕਿਉਂਕਿ ਅਸੀਂ ਸੇਵਾ ਨਹੀਂ ਸੀ ਕੀਤੀ। ਸੇਵਾ ਕਰਕੇ ਗੁਰਗੱਦੀ ਲੈਣਾ ਮਰਿਆਦਾ ਅਨੁਸਾਰ ਹੈ, ਇਸ ਕਰਕੇ ਉਸਤਤਿ ਹੈ। ਤੁਸੀਂ ਤਿੰਨ ਭਰਾ ਸੀ ਪਰ ਤੁਹਾਡੇ ਮਨ ਦੀ ਬਰਾਬਰੀ ਕੋਈ ਨਹੀਂ ਕਰ ਸਕਿਆ, ਤੁਹਾਡਾ ਦਿਲ ਵਿਸ਼ਾਲ ਹੈ। ਪਿਤਾ ਬੈਕੁੰਠ ਗਏ, ਪ੍ਰਿਥੀਏ ਵਿਰੋਧ ਕੀਤਾ, ਪਰ ਤੁਸੀਂ ਵਿਰੋਧ ਚਿੱਤ ਵਿਚੋਂ ਹੀ ਉਠਾ ਦਿੱਤਾ। ਪ੍ਰਿਥੀਏ ਨੇ ਘਰ ਵਿਚ ਪਾਟਕ ਪਾ ਕੇ ਕਪਟ ਕਮਾਇਆ। ਪਰ ਤੁਸੀਂ ਵੱਡਾ ਭਰਾ ਜਾਣ ਕੇ ਆਪਣੇ ਆਪ ਨੂੰ ਘਰੋਂ ਕੱਢ ਲਿਆ ਭਾਵ ਵਡਾਲੀ ਚਲੇ ਗਏ। ਤੁਸੀਂ ਗੁਰੂ ਹੋ ਬੈਠੇ, ਪਰ ਆਪੇ ਨਹੀਂ ਬਣੇ ਬਲਕਿ ਨਿੰਮ੍ਰਤਾ ਅਤੇ ਸੇਵਾ ਨਾਲ ਗੁਰਤਾ ਲਈ। ਗੁਰੂ ਸਾਹਿਬਾਨ ਦੇ ਸ਼ਬਦ ਲੈਣ ਵਾਸਤੇ ਹੁਣ ਤੁਸੀਂ ਆਪ ਚਲ ਕੇ ਆਏ ਹੋ, ਇਸ ਵਿਚ ਰਤਾ ਲਾਜ ਨਹੀਂ ਮੰਨੀ। ਜਦ ਹੋਰ ਯਤਨ ਕਰਨ ਨਾਲ ਵੱਸ ਨਹੀਂ ਚਲਿਆ ਤੇ ਗਲੀ ਵਿਚ ਧਰਤੀ ਤੇ ਬੈਠ ਗਏ ਹੋ। ਤੁਸੀਂ ਪਾਪਾਂ ਨੂੰ ਖੰਡਣ ਵਾਲੇ ਹੋ (ਪਾਖੰਡ ਦੇ ਇਹ ਸਨਾਤਨ ਅਰਥ ਹਨ) ਤਿੰਨਾਂ ਗੁਣਾਂ ਤੋਂ ਅਤੀਤ ਹੋ। ਲੋਕ ਲਾਜ ਤੇ ਉੱਚੀ ਪਦਵੀ ਦੀ ਸ਼ੰਕਾ ਤੋਂ ਰਹਿਤ ਹੋ ਤੇ ਮਾਇਆ ਦੇ ਮਾਲਕ ਹੋ। ਜਿਥੇ ਕਿਤੇ ਢੀਠ ਭਾਵ ਕਠਨ ਕੰਮ ਆ ਪਏ ਹਨ, ਤੁਸੀਂ ਉਹ ਕਰਨ ਵਿਚ ਸ਼ਰਮਾਏ ਨਹੀਂ ਬਲਕਿ ਪੂਰਾ ਜ਼ੋਰ ਲਾਇਆ ਹੈ। ਤੁਹਾਡੇ ਭੇਦ ਨੂੰ ਕੋਈ ਨਹੀਂ ਜਾਣਦਾ, ਤੁਸੀਂ ਜਗਤ ਨੂੰ ਠੱਗ ਭਾਵ ਮੋਹ ਲਿਆ ਹੈ, ਕਿਉਂਕਿ ਤੁਸੀਂ ਸਦਾ ਆਪਣੇ ਆਪ ਨੂੰ ਭਗਤਾਂ ਦੇ ਅਧੀਨ ਬਣਾਇਆ ਹੈ॥ ੨੪॥

*ਸ੍ਰੀ ਮੁਖਵਾਕ॥*

*ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ॥ ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ॥*
*ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ॥*
*ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ॥*
*ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ॥*
*ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ॥ ੨॥ (ਪੰਨਾ ੨੪੮)*

ਹੇ ਮੋਹਨ! ਤੇਰੇ ਬਚਨ ਉਪਮਾ-ਰਹਿਤ ਹਨ ਅਤੇ ਤੇਰੀ ਰਹਿਣੀ-ਬਹਿਣੀ ਅਨੋਖੀ ਹੈ। ਹੇ ਮੋਹਨ! ਤੂੰ ਕੇਵਲ ਇਕ ਵਾਹਿਗੁਰੂ ਨੂੰ ਮੰਨਦਾ ਹੈਂ। ਤੇਰੇ ਵਾਸਤੇ ਹੋਰ ਸਭ ਕੁਝ ਘੱਟੇ ਦੇ ਬਰਾਬਰ ਹੈ। ਤੂੰ ਇਕ ਲੇਖੇ ਰਹਿਤ ਇਕ ਪ੍ਰਭੂ ਨੂੰ ਮੰਨਦਾ ਹੈਂ, ਜਿਸ ਆਪਣੀ ਅਪਾਰ ਸ਼ਕਤੀ ਰਾਹੀਂ ਸਾਰੇ ਜਗਤ ਨੂੰ ਧਾਰਨ ਕੀਤਾ ਹੈ। ਤੂੰ ਗੁਰੂ ਜੀ ਦੇ ਬਚਨਾਂ ਦੁਆਰਾ ਆਦਿ ਪੁਰਖ ਸਿਰਜਣਹਾਰ ਨੂੰ ਵੱਸ ਵਿਚ ਕਰ ਲਿਆ ਹੈ। ਮੇਰੇ ਮਾਲਕ ਤੂੰ ਆਪ ਹੀ ਚਲਦਾ ਹੈਂ, ਆਪ ਹੀ ਅਡੋਲ ਖਲੋਂਦਾ ਹੈਂ ਅਤੇ ਆਪ ਹੀ ਸਾਰੀ ਕਾਇਨਾਤ ਦਾ ਆਸਰਾ ਹੈਂ। ਨਾਨਕ ਬੇਨਤੀ ਕਰਦਾ ਹੈ ਕਿ ਮੇਰੀ ਇੱਜ਼ਤ ਰਖੋ। ਤੇਰੇ ਸਾਰੇ ਸੇਵਕ ਤੇਰੀ ਸ਼ਰਨ ਵਿਚ ਹਨ॥ ੨॥

*ਚੌਪਈ-* ਇਮ ਸੁਨਿ ਕਰਿ ਜਸੁ ਆਪਨ ਕੇਰਾ। ਭਯੋ ਪ੍ਰਸੰਨ ਕ੍ਰਿਪਾਲ ਘਨੇਰਾ।
ਮਨ ਮਹਿਂ ਲਾਗਿ ਬਿਚਾਰਨ ਮੋਹਨ। ਚਤਰ ਗੁਰੂ ਮੂਰਤਿ ਇਹ ਸੋਹਨ॥੨੫॥

ਇਸ ਤਰ੍ਹਾਂ ਆਪਣਾ ਜੱਸ ਸੁਣ ਕੇ, ਬਾਬਾ ਮੋਹਨ ਜੀ ਪ੍ਰਸੰਨ ਹੋ ਕੇ ਬਹੁਤ ਦਿਆਲੂ ਹੋ ਗਏ। ਮਨ ਵਿਚ ਉਹ ਵਿਚਾਰਨ ਲੱਗੇ, ਇਹ ਚਾਰ ਗੁਰੂ ਸਾਹਿਬਾਨ ਦੀ ਮੂਰਤੀ ਵਜੋਂ ਸ਼ੋਭ ਰਹੇ ਹਨ॥ ੨੫॥

ਕ੍ਰੋਧ ਈਰਖਾ ਆਦ ਬਿਕਾਰਾ। ਇਨ ਮਹਿਂ ਕੋ ਨਹਿਂ ਪਰੈ ਨਿਹਾਰਾ।
ਕਰੇ ਸ਼ੱਤ੍ਰੁਤਾ ਸੋ ਪਛੁਤਾਵਹਿ। ਸੇਵਹਿ ਪ੍ਰੀਤ ਸਕਲ ਸੁਖ ਪਾਵਹਿ॥੨੬॥

ਕ੍ਰੋਧ ਈਰਖਾ ਆਦਿ ਜਿਹੜੇ ਵਿਕਾਰ ਹਨ, ਇਨ੍ਹਾਂ ਵਿਚ ਕੋਈ ਵੀ ਦਿਖਾਈ ਨਹੀਂ ਦਿੰਦਾ ਹੈ। ਜਿਹੜਾ ਵੈਰ ਕਰਦਾ ਹੈ ਉਹ ਬਾਅਦ ਵਿਚ ਪਛਤਾਉਂਦਾ ਹੈ। ਜਿਹੜਾ ਪ੍ਰੀਤ ਨਾਲ ਉਪਾਸ਼ਨਾ ਕਰਦਾ ਹੈ ਉਹ ਸਾਰੇ ਸੁਖ ਪਾ ਲੈਂਦਾ ਹੈ॥ ੨੬॥

ਕਟਕ ਬਾਕ ਸੁਨਿਕੈ ਅਬਿ ਮੇਰੇ। ਰਹੇ ਅਛੋਭ ਸਿੰਧੁ ਸਮ ਹੇਰੇ।
ਸ਼ਾਂਤਿ ਰਿਦਾ ਸਮਤਾ ਮੁਝ ਸਾਥ। ਗਾਇ ਸ਼ਬਦ ਸ੍ਰੀ ਅਰਜਨ ਨਾਥ॥੨੭॥

ਮੇਰੇ ਕਠੋਰ ਬਚਨ ਸੁਣ ਕੇ ਇਹ ਅਡੋਲ ਰਹੇ ਹਨ, ਇਨ੍ਹਾਂ ਨੂੰ ਤਾਂ ਮੈਂ ਸਾਗਰ ਵਾਂਗ ਗਹਿਰ ਗੰਭੀਰ ਵੇਖਿਆ ਹੈ। ਸ਼ਾਂਤ ਹਿਰਦਾ ਹੈ, ਮੇਰੀ ਇਨ੍ਹਾਂ ਨਾਲ ਕੀ ਬਰਾਬਰੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸ਼ਬਦ ਦਾ ਗਾਇਣ ਕਰ ਰਹੇ ਹਨ॥ ੨੭॥

ਸ੍ਰੀ ਗੁਰ ਅਮਰ ਪਿਤਾ ਕੇ ਬੈਨ। ਕੀਨਿ ਬਿਗਾਰ ਜਿ ਮਾਨੇ ਮੈ ਨ।
ਅਬਿ ਨਹਿਂ ਉਚਿਤ ਬਿਗਾਰਨਿ ਬਾਤੀ। ਕਰੌਂ ਸੁਧਾਰਨਿ ਹੁਇ ਸੁਖ ਸ਼ਾਂਤੀ॥੨੮॥

ਮੈਂ ਜੋ ਗੁਰੂ ਪਿਤਾ ਗੁਰੂ ਅਮਰਦਾਸ ਜੀ ਦੇ ਬਚਨ ਨਹੀਂ ਮੰਨੇ ਸਨ, ਉਹ ਮੈਂ ਵਿਗਾੜ ਕੀਤਾ ਸੀ। ਹੁਣ ਵਿਗਾੜਣ ਦੀ ਗੱਲ ਉਚਿਤ ਨਹੀਂ ਹੈ। ਇਨ੍ਹਾਂ ਸੰਬੰਧਾਂ ਨੂੰ ਸੁਧਾਰ ਕੇ ਸੁਖ ਸ਼ਾਂਤੀ ਪ੍ਰਾਪਤ ਕਰਾਂਗਾ॥ ੨੮॥

ਜਗ ਮਹਿਂ ਨਿੰਦਾ ਪੂਰਬ ਲਈ। ਅਬਿ ਸੁਧਰੈ ਗੁਰਬਾਨੀ ਦਈ।
ਇਮ ਬਿਚਾਰ ਕਰ ਲੇ ਕਰਿ ਪੋਥੀ। ਮਤਿ ਤਜਿ ਦੀਨਿ ਪ੍ਰੇਮ ਤੇ ਥੋਥੀ॥੨੯॥

ਪਹਿਲਾਂ ਮੈਂ ਜਗਤ ਵਿਚ ਨਿੰਦਿਆ ਪਾਈ ਹੈ, ਗੁਰਬਾਣੀ ਦਿੱਤਿਆਂ ਨਿੰਦਿਆ ਸੁਧਰ ਜਾਵੇਗੀ। ਇਸ ਤਰ੍ਹਾਂ ਵਿਚਾਰ ਕਰਕੇ ਪੋਥੀਆਂ ਲੈ ਕੇ, ਪ੍ਰੇਮ ਤੋਂ ਖਾਲੀ ਬੁਧੀ ਛੱਡ ਦਿੱਤੀ॥ ੨੯॥

ਨਿਜ ਚੌਬਾਰੇ ਬਾਹਰ ਆਯੋ। ਸ੍ਰੀ ਅਰਜਨ ਕੋ ਤਬਿ ਦਰਸਾਯੋ।
ਚਤਰ ਗੁਰੂ ਕੀ ਜੋਤਿ ਕ੍ਰਿਪਾਲਾ। ਇਨ ਮਝਾਰ ਸੋ ਬਸਹਿ ਬਿਸਾਲਾ॥੩੦॥

ਆਪਣੇ ਚੁਬਾਰੇ ਤੋਂ ਬਾਹਰ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਵੇਖ ਕੇ ਮਨ ਵਿਚ ਸੋਚਿਆ ਕਿ ਇਹ ਕ੍ਰਿਪਾਲੂ ਚਾਰ ਗੁਰੂ ਸਾਹਿਬਾਨ ਦੀ ਜੋਤ ਹਨ, ਸਾਰੇ ਇਨ੍ਹਾਂ ਦੇ ਵਿਚ ਵੱਸਦੇ ਹਨ॥ ੩੦॥

Sri Satguru Jagjit Singh Ji eLlibrary NamdhariElibrary@gmail.com

ਦੇਖਿ ਸਰੂਪ ਸੁ ਹੋਇ ਪ੍ਰਸੰਨ। ਕਹਜੋ ਕਿ 'ਸ੍ਰੀ ਅਰਜਨ ਤੁਮ ਧੰਨਾ'।
ਸਤਿਗੁਰ ਦੇਖਜੋ ਮੋਹਨ ਆਯੋ। ਪੁਨ ਤੀਜੋ ਪਦ ਸ਼ਬਦ ਅਲਾਯੋ ॥੩੧॥

ਗੁਰੂ ਜੀ ਦਾ ਸਰੂਪ ਵੇਖ ਕੇ ਬਹੁਤ ਪ੍ਰਸੰਨ ਹੋ ਗਏ ਅਤੇ ਕਿਹਾ, "ਸ੍ਰੀ ਅਰਜਨ ਦੇਵ ਜੀ! ਤੁਸੀਂ ਧੰਨ ਹੋ" ਸਤਿਗੁਰੂ ਜੀ ਨੇ ਜਦ ਵੇਖਿਆ ਕਿ ਬਾਬਾ ਮੋਹਨ ਜੀ ਆ ਗਏ ਹਨ ਤਾਂ ਉਨ੍ਹਾਂ ਸ਼ਬਦ ਦੇ ਤੀਜੇ ਪਦ ਦਾ ਗਾਇਣ ਕੀਤਾ॥ ੩੧॥

ਸ੍ਰੀ ਮੁਖਵਾਕ॥

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ॥
ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ॥
ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ॥
ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ॥
ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ॥
ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ॥ ੩॥ (ਪੰਨਾ ੨੪੮)

ਹੇ ਮੋਹਨ! ਸਾਧ ਸੰਗਤ ਤੇਰਾ ਸਿਮਰਨ ਕਰਦੀ ਹੈ ਅਤੇ ਤੇਰੇ ਦਰਸ਼ਨਾਂ ਦਾ ਧਿਆਨ ਧਾਰ ਕੇ ਬੈਠੇ ਹੋਏ ਹਨ। ਹੇ ਮੋਹਨ! ਮੌਤ ਦਾ ਫਰਿਸ਼ਤਾ ਉਸ ਦੇ ਲਾਗੇ ਨਹੀਂ ਆਉਂਦਾ ਜੋ ਅੰਤ ਸਮੇਂ ਤੇਰਾ ਸਿਮਰਨ ਕਰਦਾ ਹੈ।

ਮੌਤ ਦਾ ਫਰਿਸ਼ਤਾ ਉਸ ਨੂੰ ਛੂੰਹਦਾ ਤਕ ਨਹੀਂ, ਜੋ ਇਕ ਮਨ ਨਾਲ ਸਾਹਿਬ ਦਾ ਸਿਮਰਨ ਕਰਦਾ ਹੈ।

ਹੇ ਸੁਆਮੀ! ਮਨ, ਬਚਨ ਅਤੇ ਕਰਮ ਕਰਕੇ ਜਿਹੜਾ ਤੈਨੂੰ ਧਿਆਉਂਦਾ ਹੈ, ਉਹ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ। ਜੋ ਗੰਦਗੀ ਪਿਸ਼ਾਬ ਵਰਗੇ ਮੂਰਖ ਅਤੇ ਮੂੜ੍ਹ ਹੁੰਦੇ ਹਨ, ਉਹ ਤੇਰਾ ਦਰਸ਼ਨ ਕਰਕੇ ਸ੍ਰੇਸ਼ਟ ਗਿਆਨਵਾਨ ਹੋ ਜਾਂਦੇ ਹਨ। ਨਾਨਕ ਬੇਨਤੀ ਕਰਦਾ ਹੈ, ਹੇ ਮੇਰੇ ਪੂਰਨ ਪੁਰਖ ਵਾਹਿਗੁਰੂ! ਤੇਰੀ ਪਾਤਸ਼ਾਹੀ ਸਦਾ ਹੀ ਸਥਾਈ ਹੈ॥ ੩॥

ਦੋਹਰਾ- ਸੁਨਤਿ ਗਾਇਬੋ ਪ੍ਰੇਮ ਸਮੇਤਾ। ਤਾਲਨਿ ਅਰੁ ਮਾਧੁਰਜ ਨਿਕੇਤਾ।
ਗਾਵਤਿ ਰੁਕਜੋ ਕੰਠ ਜਲ ਨੈਨਾ। ਭਏ ਪ੍ਰੇਮ ਤੇ ਗਦ ਗਦ ਬੈਨਾ ॥੩੨॥

ਬਾਬਾ ਮੋਹਨ ਜੀ ਬੜੇ ਪ੍ਰੇਮ ਨਾਲ ਸੁਰ ਅਤੇ ਮਿਠਾਸ ਦੇ ਘਰ ਭਾਵ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਗਾਇਣ ਨੂੰ ਸੁਣ ਰਹੇ ਸਨ। ਜਦ ਗਾਇਣ ਕਰਦਾ ਗਲਾ ਰੁਕਿਆ ਤਾਂ ਨੈਣਾਂ ਵਿਚ ਜਲ ਆ ਗਿਆ ਤੇ ਪ੍ਰੇਮ ਨਾਲ ਗਦਗਦ ਹੋ ਕੇ ਗਲਾ ਭਰ ਆਇਆ॥ ੩੨॥

ਮੋਹਨ ਦੇਖਿ ਦਸ਼ਾ ਇਸ ਭਾਂਤੀ। ਭਗਨੀ ਸੁਤ ਤੇ ਲਹਿ ਸੁਖ ਛਾਤੀ।
ਅਤਿ ਪ੍ਰਸੰਨ ਮੋਹਨ ਮਨ ਭਇਊ। ਸ਼ਬਦ ਬ੍ਰਿੰਦ ਆਗੇ ਧਰਿ ਦਇਊ ॥੩੩॥

ਬਾਬਾ ਮੋਹਨ ਜੀ ਨੇ ਆਪਣੀ ਭੈਣ ਦੇ ਪੁੱਤਰ ਭਾਵ ਗੁਰੂ ਅਰਜਨ ਦੇਵ ਜੀ ਦੀ ਇਹ ਹਾਲਤ ਵੇਖ ਕੇ ਉਨ੍ਹਾਂ ਨੂੰ ਆਪਣੀ ਸੁਖ ਛਾਤੀ ਨਾਲ ਲਾ ਲਿਆ। ਬਾਬਾ ਜੀ ਮਨ ਵਿਚ ਬਹੁਤ ਪ੍ਰਸੰਨ ਹੋਏ ਤੇ ਸ਼ਬਦਾਂ ਦੀਆਂ ਸਾਰੀਆਂ ਪੋਥੀਆਂ ਅੱਗੇ ਧਰ ਦਿੱਤੀਆਂ॥ ੩੩॥

ਪਦ ਅਰਬਿੰਦਨ ਪਰ ਸਿਰ ਧਰਜੋ। ਨਹੀਂ ਉਠਾਵਨਿ ਕੋ ਪੁਨ ਕਰਜੋ।
ਅਪਨ ਕ੍ਰੂਰਤਾ ਚਹਿ ਬਖਸ਼ਾਵਨ। ਆਗੈ ਪਾਛੈ ਕੀਨਿ ਅਭਾਵਨਿ ॥੩੪॥

ਚਰਨ ਕੰਵਲਾਂ ਤੇ ਸਿਰ ਧਰ ਦਿੱਤਾ ਤੇ ਫਿਰ ਦੁਬਾਰਾ ਨਾ ਚੁਕਿਆ। ਆਪਣੀ ਕਠੋਰਤਾ ਨੂੰ ਬਖਸ਼ਾਉਣਾ ਚਾਹੁੰਦੇ ਸਨ, ਸਾਹਮਣੇ ਜਾਂ ਜੋ ਪਿਛੋਂ ਨਿਰਾਦਰ ਕੀਤਾ ਹੋਇਆ ਸੀ॥ ੩੪॥

ਸ੍ਰੀ ਅਰਜਨ ਅਵਿਲੋਕਨਿ ਕੀਨਾ। ਨਿਰ ਹੰਕਾਰ ਸੁ ਨੰਮ੍ਰਿ ਅਧੀਨਾ।
ਕਹਯੋ ਬਾਕ ਅਨੁਚਿਤ ਨਹਿਂ ਕਰੀਅਹਿ। ਬਡ ਸਥਾਨ ਹੋ ਆਪ ਬਿਚਰੀਅਹਿ ॥੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਵੇਖਿਆ ਕਿ ਹੰਕਾਰ-ਰਹਿਤ ਅਤੇ ਨਿੰਮ੍ਰਤਾ ਦੇ ਅਧੀਨ ਹੋ ਗਏ ਹਨ ਤਾਂ ਉਨ੍ਹਾਂ ਇਹ ਬਚਨ ਕਹੇ, "ਅਨੁਚਿਤ ਗੱਲ ਨਾ ਕਰੋ, ਆਪ ਜੀ ਦਾ ਵੱਡਾ ਸਥਾਨ ਹੈ, ਇਸ ਤੇ ਵਿਚਾਰ ਕਰੋ॥ ੩੫॥

ਹਮਰੀ ਜਨਨੀ ਕੇ ਬਡ ਭ੍ਰਾਤਾ। ਲਾਗਤਿ ਹੋ ਮਾਤੁਲ ਸੁਖਦਾਤਾ।
ਪਿਤਾ ਤੁਮਾਰੋ ਗੁਰੂ ਗੰਭੀਰ। ਨਿਜ ਸੇਵਕ ਕੀ ਕਾਟਤਿ ਪੀਰ॥ ੩੬॥

ਤੁਸੀਂ ਸਾਡੀ ਮਾਤਾ ਜੀ ਦੇ ਵੱਡੇ ਭਰਾ ਹੋ ਅਤੇ ਮੇਰੇ ਸੁਖਾਂ ਦੇ ਦਾਤੇ ਮਾਮਾ ਜੀ ਲੱਗਦੇ ਹੋ। ਤੁਹਾਡੇ ਪਿਤਾ ਜੀ ਗੰਭੀਰ ਗੁਰੂ ਜੀ ਸਨ ਅਤੇ ਉਹ ਆਪਣੇ ਸੇਵਕਾਂ ਦੇ ਦੁੱਖਾਂ ਨੂੰ ਦੂਰ ਕਰਦੇ ਸਨ॥ ੩੬॥

ਤਿਨਕੇ ਨੰਦਨ ਤੁਮ ਬਡਭਾਗੇ। ਜੋਗ ਵਿਰਾਗ ਗਜਾਨ ਅਨੁਰਾਗੇ।
ਨਮੋ ਉਚਿਤ ਯਾਂਤੇ ਹਮ ਜਾਨੇ। ਬਿਸ਼ਯ ਬਾਸ਼ਨਾ ਮਨ ਤੇ ਹਾਨੇ॥ ੩੭॥

ਉਨ੍ਹਾਂ ਦੇ ਤੁਸੀਂ ਵੱਡੇ ਪੁੱਤਰ ਹੋ, ਜੋਗ, ਵਿਰਾਗ ਅਤੇ ਗਿਆਨ ਨਾਲ ਤੁਹਾਡਾ ਪ੍ਰੇਮ ਹੈ। ਇਸ ਕਰਕੇ ਅਸੀਂ ਜਾਣਦੇ ਹਾਂ ਕਿ ਆਪ ਜੀ ਨੂੰ ਸਾਡਾ ਨਮਸਕਾਰ ਕਰਨਾ ਉਚਿਤ ਹੈ, ਜਿਸ ਨਾਲ ਮਨ ਦੀਆਂ ਵਿਸ਼ੇ ਵਾਸ਼ਨਾਵਾਂ ਦੂਰ ਹੁੰਦੀਆਂ ਹਨ॥ ੩੭॥

ਜੇ ਮਾਤੁਲ ਸਨਬੰਧ ਬਿਚਾਰੈਂ। ਬੰਦਨ ਠਾਨਹਿਂ ਉਚਿਤ ਹਮਾਰੇ।
ਯਾਂਤੇ ਅਨੁਚਿਤ ਨਹੀਂ ਕਰੀਜਹਿ। ਪਦ ਪਰ ਹਮਰੀ ਬੰਦਨ ਲੀਜਹਿ' ॥ ੩੮॥

ਜੇ ਮਾਮਾ ਜੀ ਵਾਲੇ ਸੰਬੰਧ ਵਿਚਾਰੀਏ ਤਾਂ ਆਪ ਜੀ ਨੂੰ ਬੰਦਨਾ ਕਰਨਾ ਸਾਡੇ ਵਾਸਤੇ ਉਚਿਤ ਹੈ। ਇਸ ਕਰਕੇ ਅਯੋਗ ਕਾਰਜ ਨਾ ਕਰੋ, ਆਪਣੇ ਚਰਨਾਂ 'ਤੇ ਸਾਡੀ ਬੰਦਨਾ ਸਵੀਕਾਰ ਕਰੋ" ॥ ੩੮॥

ਸੁਨਿ ਗੁਰ ਨੰਦਨ ਮੋਹਨ ਕਾਨਾ। ਧਰੇ ਨੰਮ੍ਰਤਾ ਬਾਕ ਬਖਾਨਾ।
'ਸ੍ਰੀ ਅਰਜਨ ਭਗਨੀ ਸੁਤ ਮੇਰੇ। ਪਰਸੌਂ ਚਰਨ ਕਮਲ ਅਬਿ ਤੇਰੇ॥ ੩੯॥

ਇਹ ਸੁਣ ਕੇ ਗੁਰੂ ਜੀ ਦੇ ਪੁੱਤਰ ਬਾਬਾ ਮੋਹਨ ਜੀ ਨੇ ਨਿੰਮ੍ਰਤਾ ਧਾਰ ਕੇ ਇਸ ਤਰ੍ਹਾਂ ਬਚਨ ਕਹੇ, "ਸ੍ਰੀ ਗੁਰੂ ਅਰਜਨ ਦੇਵ ਜੀ ਮੇਰੀ ਭੈਣ ਦੇ ਪੁੱਤਰ ਹਨ, ਮੈਂ ਹੁਣ ਤੁਹਾਡੇ ਚਰਨ ਕੰਵਲਾਂ ਦੀ ਪੂਜਾ ਕਰਦਾ ਹਾਂ॥ ੩੯॥

ਭੂਲ ਪਰੀ ਮੁਝ ਤੇ ਬਹੁ ਪਹਿਲੇ। ਬਖਸ਼ਹੁ ਅਬਿ ਕੀਜਹਿ ਨਿਤ ਸਹਿਲੇ।
ਸਮਾਂ ਉਡੀਕਤਿ ਸੋ ਅਬਿ ਆਵਾ। ਕ੍ਰਿਪਾ ਕਰਹੁ ਦੁਖ ਬਨ ਤੁਮ ਦਾਵਾ' ॥੪੦॥

ਮੈਥੋਂ ਪਹਿਲਾਂ ਬਹੁਤ ਵੱਡੀ ਭੁੱਲ ਹੋ ਗਈ ਹੈ, ਮੇਰੀ ਭੁੱਲ ਨੂੰ ਬਖਸ਼ ਕੇ ਮੈਨੂੰ ਸਦਾ ਲਈ ਸੁਖੀ ਕਰ ਦੇਵੋ। ਜਿਸ ਸਮੇਂ ਨੂੰ ਮੈਂ ਉਡੀਕਦਾ ਸੀ, ਉਹ ਸਮਾਂ ਹੁਣ ਆ ਗਿਆ ਹੈ, ਕਿਰਪਾ ਕਰਕੇ ਮੇਰੇ ਵਣ ਰੂਪੀ ਦੁੱਖਾਂ ਨੂੰ ਦਾਵਾਨਲ ਅਗਨੀ ਬਣ ਕੇ ਸਾੜ ਦੇਵੋ" ॥ ੪੦॥

ਦੋਹਰਾ-ਇਸ ਪ੍ਰਕਾਰ ਮੋਹਨ ਜਬਹਿ ਕਹੀ ਗਿਰਾ ਮਨ ਨੀਵ।
ਸਭਿਨਿ ਸੁਨਨ ਹਿਤ ਬੂਝਿਓ ਸ੍ਰੀ ਅਰਜਨ ਸੁਖ ਸੀਵ॥ ੪੧॥

ਇਸ ਪ੍ਰਕਾਰ ਜਦ ਬਾਬਾ ਮੋਹਨ ਜੀ ਨੇ ਸਿਰ ਨੀਵਾਂ ਕਰਕੇ ਕਿਹਾ ਤਾਂ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਨੂੰ ਸੁਣਾਉਣ ਵਾਸਤੇ ਸੁਖਾਂ ਦੀ ਹੱਦ ਪੁੱਛ ਲਈ॥ ੪੧॥

*ਤੀਸਰੀ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥*

# ਅਧਿਆਇ ਪੈਂਤੀਵਾਂ

### ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਈਆਂ

ਦੋਹਰਾ- 'ਸ੍ਰੀ ਮਾਤੁਲ ਤੁਮ ਆਪ ਹੋ ਬਖਸ਼ਨ ਜੋਗ ਬਿਸਾਲ।
ਕੋ ਔਗੁਨ ਤੁਮ ਬਿਖੈ ਰਹਿ ਪੂਰਨ ਗੁਨ ਸਭਿ ਕਾਲ' ॥ ੧ ॥

"ਹੇ ਮਾਮਾ ਜੀ! ਤੁਸੀਂ ਆਪ ਹੀ ਵੱਡੇ ਬਖਸ਼ਣਯੋਗ ਹੋ। ਤੁਹਾਡੇ ਵਿਚ ਕਿਹੜਾ ਔਗੁਣ ਹੈ, ਸਦਾ ਹੀ ਪੂਰਨ ਗੁਣਵਾਨ ਰਹੇ ਹੋ" ॥ ੧ ॥

ਚੌਪਈ- ਸ੍ਰੀ ਅਰਜਨ ਤੇ ਸੁਨਿ ਇਮ ਕਹਯੋ। 'ਪ੍ਰਥਮ ਪ੍ਰਸੰਗ ਸਰਬ ਤੁਮ ਲਹਯੋ।
ਤਊ ਸੁਨਹੁ ਸਭਿ ਤੁਮੈ ਸੁਨਾਵੌਂ। ਪੁਨਿਹਿ ਢੀਠਤਾ ਨਿਜ ਬਖਸ਼ਾਵੌਂ ॥ ੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਸੋਂ ਸੁਣ ਕੇ ਇਸ ਤਰ੍ਹਾਂ ਕਿਹਾ, "ਪਹਿਲਾਂ ਪ੍ਰਸੰਗ ਸਾਰਾ ਤੁਸੀਂ ਵੇਖਿਆ ਹੈ, ਫਿਰ ਵੀ ਸੁਣੋ, ਸਾਰਾ ਤੁਹਾਨੂੰ ਸੁਣਾਉਂਦਾ ਹਾਂ, ਫਿਰ ਬਾਅਦ ਮੇਰੇ ਵਲੋਂ ਕੀਤੀ ਨਿਰਾਦਰੀ ਨੂੰ ਬਖਸ਼ਾਵਾਂਗਾ ॥ ੨ ॥

ਮਹਾਂ ਪੁਰਖੁ ਪੂਰਨ ਗੁਨ ਗਯਾਨੀ। ਹਮਰੇ ਪਿਤਾ ਭਏ ਸੁਖ ਦਾਨੀ।
ਸ੍ਰੀ ਗੁਰ ਰਾਮਦਾਸ ਬਡਭਾਗੇ। ਪਰਮ ਪ੍ਰੇਮ ਤੇ ਸੇਵਾ ਲਾਗੇ ॥ ੩ ॥

ਸਾਡੇ ਪਿਤਾ ਜੀ ਸ੍ਰੀ ਗੁਰੂ ਅਮਰਦਾਸ ਜੀ ਮਹਾਂਪੁਰਖ, ਪੂਰਨ ਗੁਣ ਗਿਆਨੀ ਅਤੇ ਸੁਖਾਂ ਦੇ ਦਾਤੇ ਹੋਏ ਹਨ। ਸ੍ਰੀ ਗੁਰੂ ਰਾਮਦਾਸ ਜੀ ਵੱਡੇ ਭਾਗਾਂ ਵਾਲੇ ਹਨ, ਜਿਹੜੇ ਧਰਮ ਪ੍ਰੇਮ ਨਾਲ ਸੇਵਾ ਵਿਚ ਲੱਗੇ ਹੋਏ ਸਨ ॥ ੩ ॥

ਆਪਾ ਨਹੀਂ ਜਨਾਵਨਿ ਕੀਨਸਿ। ਨਿਰਹੰਕਾਰ ਗਰੀਬੀ ਲੀਨਸਿ।
ਸਭਿ ਗੁਨ ਪੂਰਨ ਸ੍ਰੀ ਗੁਰ ਜਾਨੇ। ਸਭਿ ਔਗਨ ਅਪਨੇ ਮਹਿਂ ਮਾਨੇ ॥ ੪ ॥

ਉਨ੍ਹਾਂ ਨੇ ਕਦੇ ਆਪਾ ਨਹੀਂ ਸੀ ਜਣਾਇਆ ਅਤੇ ਨਿਰਹੰਕਾਰ ਗ਼ਰੀਬੀ ਧਾਰਨ ਕੀਤੀ ਹੋਈ ਸੀ। ਉਹ ਸਭ ਗੁਣ ਪੂਰਨ ਗੁਰੂ ਜੀ ਨੂੰ ਜਾਣਦੇ ਸਨ ਅਤੇ ਸਾਰੇ ਔਗੁਣ ਆਪਣੇ ਵਿਚ ਮੰਨਦੇ ਸਨ ॥ ੪ ॥

ਜੇ ਦਿਨ ਕੋ ਕਹਿਂ ਆਧੀ ਰਾਤ। ਤਿਉਂ ਮਾਨਹਿਂ ਭਾਖੀ 'ਸਤ ਬਾਤ'।
ਨਿਸ ਦਿਨ ਸੇਵਾ ਮਹੁਂ ਅਨੁਰਾਗੇ। ਸਰਬ ਭਾਂਤਿ ਜਗ ਕਾਰਜ ਤਯਾਗੇ ॥ ੫ ॥

ਜੇ ਗੁਰੂ ਅਮਰਦਾਸ ਜੀ ਦਿਨ ਨੂੰ ਅੱਧੀ ਰਾਤ ਕਹਿ ਦਿੰਦੇ ਸਨ ਤਾਂ ਸ੍ਰੀ ਰਾਮਦਾਸ ਜੀ ਉਨ੍ਹਾਂ ਦੀ ਕਹੀ ਗੱਲ ਨੂੰ ਉਸ ਤਰ੍ਹਾਂ ਹੀ ਮੰਨ ਕੇ 'ਸੱਚੀ ਗੱਲ' ਕਹਿ ਦਿੰਦੇ ਸਨ। ਦਿਨ-ਰਾਤ ਉਨ੍ਹਾਂ ਦਾ ਸੇਵਾ ਨਾਲ ਪ੍ਰੇਮ ਸੀ ਅਤੇ ਜਗਤ ਦੇ ਸਾਰੇ ਕਾਰਜ ਪੂਰੀ ਤਰ੍ਹਾਂ ਛੱਡ ਦਿੱਤੇ ਸਨ ॥ ੫ ॥

ਅਪਨੋ ਪਿਤ ਹਮ ਜਾਨਤਿ ਰਹੇ। ਈਸ਼ੁਰ ਆਪ, ਭੇਵ ਨਹਿਂ ਲਹੇ।
ਜੇ ਕੁਛ ਜਾਨਤਿ ਭੇ ਬਡਿਆਈ। ਤਊ ਪਿਤਾ ਲਖਿ ਹਮ ਸੁਖਦਾਈ ॥ ੬ ॥

ਅਸੀਂ ਆਪਣੇ ਪਿਤਾ ਜੀ ਨੂੰ ਕੇਵਲ 'ਪਿਤਾ ਜੀ' ਹੀ ਜਾਣਦੇ ਰਹੇ, ਉਹ ਈਸ਼ਵਰ ਆਪ ਹਨ, ਇਹ ਭੇਦ ਨਾ ਪਛਾਣਿਆ। ਜੇ ਕੁਝ ਵਡਿਆਈ ਜਾਣਦੇ ਵੀ ਸੀ ਤਾਂ ਆਪਣੇ ਪਿਤਾ ਜੀ ਨੂੰ ਸੁਖਦਾਇਕ ਸਮਝ ਲੈਂਦੇ ਸੀ ॥ ੬ ॥

ਸੇਵ ਨ ਕੀਨਸਿ, ਕਹ੍ਯੋ ਨ ਮਾਨ੍ਯੋ। 'ਹਮਰੋ ਪਿਤਾ' ਗਰਬ ਇਮ ਠਾਨ੍ਯੋ।
ਸ਼੍ਰੀ ਗੁਰ ਰਾਮਦਾਸ ਪਰ ਯਾਂਤੇ। ਭਏ ਪ੍ਰਸੰਨ ਰਿਦੈ ਹਰਖਾਤੇ॥ ੭॥

ਉਨ੍ਹਾਂ ਦੀ ਪੂਜਾ ਨਾ ਕੀਤੀ ਤੇ ਉਨ੍ਹਾਂ ਦਾ ਕਿਹਾ ਨਾ ਮੰਨਿਆ, 'ਸਾਡੇ ਪਿਤਾ ਹਨ" ਇਹ ਘੁਮੰਡ ਕਰ ਛੱਡਿਆ। ਇਸ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਉਤੇ ਬਹੁਤ ਪ੍ਰਸੰਨ ਹੋ ਗਏ॥ ੭॥

ਜਬਿ ਗੁਰਤਾ ਦੇਵਨਿ ਤਿਨ ਲਾਗੇ। ਸਭਿ ਤੇ ਅਧਿਕ ਜਾਨਿ ਅਨੁਰਾਗੇ।
ਪ੍ਰਿਥਮ ਹਕਾਰਨਿ ਕੀਨਸਿ ਮੋਹੀ। ਕਹਿ 'ਇਨ ਪਗ ਲਗਿ, ਸਭਿ ਸੁਖ ਹੋਹੀ॥੮॥

ਜਦ ਉਨ੍ਹਾਂ ਨੂੰ ਗੁਰਤਾ ਦੇਣ ਲੱਗੇ ਤਾਂ ਸਭ ਤੋਂ ਵੱਧ ਜਾਣ ਕੇ ਪ੍ਰੇਮ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਮੈਨੂੰ ਬੁਲਾਇਆ ਅਤੇ ਕਿਹਾ, "ਇਨ੍ਹਾਂ ਦੇ ਚਰਨੀਂ ਲੱਗੋ ਸਭ ਸੁਖ ਪ੍ਰਾਪਤ ਹੋਣਗੇ॥ ੮॥

ਗੁਰਤਾ ਉਚਿਤ ਜਾਨਿ ਹਮ ਦੀਨਸਿ। ਅਜਰ ਜਰਨ ਇਨ ਉਰ ਲਖਿ ਲੀਨਸਿ।
ਅਧਿਕ ਸਭਿਨਿ ਤੇ ਇਨ ਬਡਿਆਈ। ਪੁਰਹਿ ਕਾਮਨਾ ਲਗਹਿ ਜੁ ਪਾਈ'॥੯॥

ਅਸੀਂ ਇਨ੍ਹਾਂ ਨੂੰ ਯੋਗ ਜਾਣ ਕੇ ਗੁਰਤਾ ਦਿੱਤੀ ਹੈ, ਇਨ੍ਹਾਂ ਦੇ ਹਿਰਦੇ ਵਿਚ ਨਾ ਜਰੇ ਜਾਣ ਨੂੰ ਵੀ ਜਰ ਲੈਣ ਦੀ ਸ਼ਕਤੀ ਅਸੀਂ ਵੇਖ ਲਈ ਹੈ। ਸਾਰਿਆਂ ਤੋਂ ਵੱਧ ਇਨ੍ਹਾਂ ਦੀ ਵਡਿਆਈ ਹੈ, ਜਿਹੜਾ ਵੀ ਇਨ੍ਹਾਂ ਦੇ ਚਰਨੀ ਲਗੇਗਾ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ" ॥ ੯॥

ਮੈਂ ਗਰਬਤਿ ਨੇ ਏਕ ਨ ਮਾਨੀ। ਹਮ ਪਿਤ ਕੇ ਸੁਤ ਯੌਂ ਕਰਿ ਜਾਨੀ।
ਗਯੋ ਸਮੀਪ ਨ ਲਾਗ੍ਯੋ ਪਾਈ। ਹਮ ਘਰ ਗੁਰਤਾ ਲਖਿ ਬਡਿਆਈ॥ ੧੦॥

ਮੈਂ ਘੁਮੰਡ ਵਿਚ ਆਏ ਇਕ ਨਾ ਮੰਨੀ, ਮੈਂ ਆਪਣੇ ਆਪ ਨੂੰ ਗੁਰ ਪਿਤਾ ਦਾ ਪੁੱਤਰ ਸਮਝਿਆ। ਨਾ ਮੈਂ ਨੇੜੇ ਗਿਆ ਅਤੇ ਨਾ ਹੀ ਮੈਂ ਚਰਨੀਂ ਲੱਗਾ। ਮੈਂ ਇਹ ਵਡਿਆਈ ਸਮਝੀ ਕਿ ਗੁਰਤਾ ਤਾਂ ਸਾਡੇ ਘਰ ਹੈ॥ ੧੦॥

ਸੋਢੀ ਰਹਤਿ ਅਲੰਬ ਹਮਾਰੇ। ਲਘੁ ਅਪਨੇ ਤੇ ਤਾਂਹਿ ਬਿਚਾਰੇ।
ਪੁਨਹਿ ਮੋਹਰੀ ਲਘੁ ਸੁਤ ਜੋਊ। ਪਿਤ ਨੇ ਕਰ੍ਯੋ ਹਕਾਰਨਿ ਸੋਊ॥ ੧੧॥

ਇਹ ਸਮਝਿਆ ਕਿ ਸੋਢੀ ਤਾਂ ਸਾਡੇ ਆਸਰੇ ਰਹਿੰਦਾ ਹੈ, ਉਸ ਨੂੰ ਆਪਣੇ ਤੋਂ ਛੋਟਾ ਸਮਝਿਆ। ਫਿਰ ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਮੋਹਰੀ ਨੂੰ ਬੁਲਾਇਆ॥ ੧੧॥

ਕਹ੍ਯੋਸੁ 'ਰਾਮਦਾਸ ਕੇ ਚਰਨੀਂ। ਬੰਦਨ ਕਰਹੁ ਪਰਹੁ ਇਨ ਸ਼ਰਨੀਂ'।
ਸੁਨਿ ਕੈ ਪਿਤ ਆਇਸੁ ਨਹਿਂ ਫੇਰੀ। ਧਰ੍ਯੋ ਚਰਨ ਪਰ ਸਿਰ ਤਿਸ ਬੇਰੀ॥੧੨॥

ਗੁਰੂ ਜੀ ਨੇ ਉਸ ਨੂੰ ਕਿਹਾ, "ਸ੍ਰੀ ਰਾਮਦਾਸ ਦੇ ਚਰਨਾਂ ਤੇ ਪੈ ਕੇ ਇਨ੍ਹਾਂ ਦੀ ਸ਼ਰਨ ਵਿਚ ਆ ਜਾਵੋ"। ਇਹ ਸੁਣ ਕੇ ਮੋਹਰੀ ਨੇ ਪਿਤਾ ਜੀ ਦੀ ਆਗਿਆ ਨੂੰ ਨਾ ਮੋੜਿਆ ਤੇ ਓਸੇ ਵੇਲੇ ਗੁਰੂ ਰਾਮਦਾਸ ਜੀ ਦੇ ਚਰਨਾਂ 'ਤੇ ਸਿਰ ਧਰ ਦਿੱਤਾ॥ ੧੨॥

ਪਿਖ੍ਯੋ ਪੁੱਤ੍ਰ ਲਘੁ ਪਾਇਨ ਲਾਗਾ। ਹੁਇ ਪ੍ਰਸੰਨ ਕਹਿ 'ਭਾ ਬਡਭਾਗਾ।
ਰਿੱਧਿ ਸਿੱਧਿ ਨਵ ਨਿੱਧਿ ਅਨੰਦ। ਪੁੱਤ੍ਰ ਮੋਹਰੀ ਪਾਇਂ ਬਿਲੰਦ॥ ੧੩॥

ਜਦ ਗੁਰੂ ਅਮਰਦਾਸ ਜੀ ਨੇ ਛੋਟੇ ਪੁੱਤਰ ਨੂੰ ਚਰਨੀਂ ਲੱਗਦਾ ਵੇਖਿਆ ਤਾਂ ਪ੍ਰਸੰਨ ਹੋ ਕੇ ਕਿਹਾ, "ਵੱਡੇ ਭਾਗਾਂ ਵਾਲਾ ਹੋਵੇਂਗਾ, ਰਿੱਧੀਆਂ ਸਿੱਧੀਆਂ ਤੇ ਨੌਂ ਨਿਧੀਆਂ ਪ੍ਰਾਪਤ ਕਰਕੇ ਬਹੁਤ ਅਨੰਦ ਪ੍ਰਸੰਨ ਰਹੇਂਗਾ, ਹੇ ਪੁੱਤਰ ਮੋਹਰੀ! ਤੂੰ ਬਹੁਤ ਉੱਚੀ ਪਦਵੀਂ ਪਾਵੇਂਗਾ॥ ੧੩॥

**ਰਾਖਿ ਲਈ ਭੱਲਜਨ ਕੁਲ ਕੇਰੀ। ਸੰਤਤਿ ਤੇਰੀ ਫਲਹਿ ਘਨੇਰੀ।**
**ਸਭਿ ਸੁਖ ਪਾਵਹਿਂ ਜਾਵਦ ਜੀਵਹਿਂ। ਅੰਤ ਹਮਾਰੇ ਨਿਕਟੀ ਥੀਵਹਿਂ ॥੧੪॥**

ਤੂੰ ਭਲਿਆਂ ਦੀ ਕੁਲ ਦੀ ਲਾਜ ਰੱਖ ਲਈ ਹੈ, ਤੇਰੀ ਸੰਤਾਨ ਬਹੁਤ ਵਧੇ ਫਲੇਗੀ। ਜਦ ਤਕ ਜੀਉਂਦਾ ਰਹੇਂਗਾ ਬਹੁਤ ਸੁਖ ਪ੍ਰਾਪਤ ਕਰੇਂਗਾ ਤੇ ਅਖੀਰ ਵਿਚ ਸਾਡੇ ਪਾਸ ਆ ਜਾਵੇਂਗਾ" ॥ ੧੪ ॥

**ਇਮ ਬਰ ਦੇ ਕਰਿ ਕਰਜੋ ਨਿਹਾਲ। ਪਾਇ ਸਕਲ ਸੁਖ ਪਿਤ ਬਚ ਨਾਲ।**
**ਰਾਮਦਾਸ ਕੋ ਦੇ ਕਰਿ ਟੀਕਾ। ਕਰਜੋ ਪਿਯਾਨ ਆਪਨੋ ਨੀਕਾ॥ ੧੫॥**

ਇਸ ਤਰ੍ਹਾਂ ਵਰ ਦੇ ਕੇ ਨਿਹਾਲ ਕੀਤਾ, ਆਪਣੇ ਪਿਤਾ ਜੀ ਦੇ ਬਚਨਾਂ ਅਨੁਸਾਰ ਉਸ ਸਾਰੇ ਸੁਖ ਪ੍ਰਾਪਤ ਕੀਤੇ ਹਨ। ਸ੍ਰੀ ਰਾਮਦਾਸ ਨੂੰ ਗੁਰਿਆਈ ਦਾ ਤਿਲਕ ਲਾ ਕੇ, ਗੁਰੂ ਅਮਰਦਾਸ ਜੀ ਬੈਕੁੰਠ ਚਲੇ ਗਏ॥ ੧੫॥

**ਸ੍ਰੀ ਗੁਰ ਰਾਮ ਦਾਸ ਤਿਨ ਪਾਛੇ। ਬੈਠਿ ਸੁਹਾਵਤਿ ਗਾਦੀ ਆਛੇ।**
**ਸਰਬ ਰੀਤਿ ਗੁਰਤਾ ਬਿਦਤਾਈ। ਰੀਝ ਖੀਝ ਹੋਇ ਨ ਨਿਫਲਾਈ॥ ੧੬॥**

ਉਨ੍ਹਾਂ ਦੇ ਪਿਛੋਂ ਸ੍ਰੀ ਗੁਰੂ ਰਾਮਦਾਸ ਨੇ ਗੱਦੀ ਤੇ ਬੈਠ ਕੇ ਉਸ ਨੂੰ ਚੰਗੀ ਤਰ੍ਹਾਂ ਸ਼ੋਭਨੀਕ ਬਣਾਇਆ। ਸਾਰੀਆਂ ਰੀਤੀਆਂ ਨਾਲ ਗੁਰਤਾ ਪਰਗਟ ਹੋਈ। ਕੋਈ ਵਰ ਸਰਾਪ ਨਿਸ਼ਫਲ ਨਹੀਂ ਸੀ ਹੋਇਆ॥ ੧੬॥

**ਚਹੁੰ ਦਿਸ਼ਿ ਤੇ ਆਵਨ ਲਗਿ ਪੂਜਾ। ਬਢਜੋ ਪ੍ਰਤਾਪ ਨ ਸਮਸਰ ਦੂਜਾ।**
**ਕਰੇ ਹਜ਼ਾਰਹੁੰ ਦਾਸ ਨਿਹਾਲੂ। ਦੁਸ਼ਟਨਿ ਦੀਨਸਿ ਕਸ਼ਟ ਕਰਾਲੂ॥ ੧੭॥**

ਚਾਰੇ ਪਾਸਿਆਂ ਤੋਂ ਪੂਜਾ ਆਉਣ ਲੱਗੀ, ਬਹੁਤ ਪ੍ਰਤਾਪ ਵਧਿਆ ਤੇ ਉਨ੍ਹਾਂ ਵਰਗਾ ਦੂਸਰਾ ਕੋਈ ਨਹੀਂ ਸੀ। ਹਜ਼ਾਰਾਂ ਸੇਵਕਾਂ ਨੂੰ ਨਿਹਾਲ ਕੀਤਾ ਅਤੇ ਦੁਸ਼ਟਾਂ ਨੂੰ ਵਿਕਰਾਲ ਦੁਖ ਦਿੱਤੇ॥ ੧੭॥

**ਦੇਖਿ ਤਿਨਹੁ ਚਿਤ ਬਜਾਪੀ ਚਿੰਤਾ। ਹਮ ਛੂਛੇ ਇਹਿ ਭੇ ਭਗਵੰਤਾ।**
**ਭਯੋ ਦੀਨ ਮੈਂ ਗਮਨਜੋ ਤਹਿਂਵਾ। ਪਿਤ ਬੈਠਕ ਚਵਬਾਰੋ ਜਹਿਂਵਾ॥ ੧੮॥**

ਉਨ੍ਹਾਂ ਦੀ ਚੜ੍ਹਤ ਵੇਖ ਕੇ ਮੈਨੂੰ ਬਹੁਤ ਚਿੰਤਾ ਲੱਗ ਗਈ। ਮੈਂ ਸੋਚਦਾ ਸੀ ਕਿ ਇਹ ਭਾਗਾਂ ਵਾਲੇ ਬਣ ਗਏ ਹਨ ਤੇ ਅਸੀਂ ਖਾਲੀ ਰਹੇ ਹਾਂ। ਦੀਨ ਹੋ ਕੇ ਮੈਂ ਓਥੇ ਚਲੇ ਗਿਆ ਜਿਸ ਥਾਂ ਪਿਤਾ ਜੀ ਦੇ ਬੈਠਣ ਵਾਲਾ ਚੁਬਾਰਾ ਸੀ॥ ੧੮॥

**ਭਾਖੀ ਹਾਥ ਜੋਰਿ ਤਬ ਅਰਜ਼ੀ। 'ਹੇ ਪਿਤ ! ਮੈਂ ਨ ਚਲਜੋ ਤੁਮ ਮਰਜ਼ੀ।**
**ਤਪਤ ਰਹੌਂ ਮੈ ਦਿਨ ਅਰੁ ਰਾਤੀ। ਜਿਮ ਮਲੀਹ ਨਿਤ ਸੁਲਗਤਿ ਛਾਤੀ॥੧੯॥**

ਫਿਰ ਮੈਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਪਿਤਾ ਜੀ ! ਮੈਂ ਤੁਹਾਡੀ ਆਗਿਆ ਅਨੁਸਾਰ ਨਹੀਂ ਚਲਿਆ ਹਾਂ, ਮੈਂ ਦਿਨ ਰਾਤ ਦੁਖ ਨਾਲ ਸੜਦਾ ਰਹਿੰਦਾ ਹਾਂ ਮੇਰੀ ਛਾਤੀ ਸੁੱਕੇ ਗੋਹਿਆਂ ਦੇ ਚੋਰੇ ਵਾਂਗ ਧੁਖਦੀ ਰਹਿੰਦੀ ਹੈ॥ ੧੯॥

**ਲਖੇ ਨ ਸਰਬ ਕਲਾ ਸਮਰੱਥ। ਕਰਹੁ ਨਿਹਾਲ ਧਰਹੁ ਸਿਰ ਹੱਥ।**
**ਰਾਈ ਮੇਰੁ ਮੇਰੁ ਕੋ ਰਾਈ। ਤਤਛਿਨ ਤੁਮ ਕਰਿ ਦੇਹੁ ਗੁਸਾਈਂ॥ ੨੦॥**

ਮੇਰੇ ਮਾਲਕ ! ਮੈਂ ਤੁਹਾਨੂੰ ਸਰਬ ਕਲਾ ਸਮਰੱਥ ਨਹੀਂ ਸਮਝਿਆ ਸੀ, ਹੁਣ ਮੇਰੇ ਸਿਰ ਉਤੇ ਹੱਥ ਰੱਖ ਕੇ ਮੈਨੂੰ ਨਿਹਾਲ ਕਰ ਦੇਵੋ। ਤੁਸੀਂ ਰਾਈ ਨੂੰ ਪਰਬਤ ਤੇ ਪਰਬਤ ਨੂੰ ਰਾਈ ਤੁਰੰਤ ਬਣਾ ਦਿੰਦੇ ਹੋ॥ ੨੦॥

Sri Satguru Jagjit Singh Ji eLlibrary NamdhariElibrary@gmail.com

ਭੁਜੰਗ ਛੰਦ-ਗੁਰੂ ਰੂਪ ਸਾਰੇ ਜਗੰ ਬੀਚ ਬਯਾਪੇ। ਨਿਜੰ ਸਿੱਖਯ ਦਾਸਾਨਿ ਕੇ ਤਾਪ ਖਾਪੇ।
ਪ੍ਰਭੂ, ਈਸ਼, ਗ੍ਯਾਨੰ, ਗੁਨੰ ਕੇਰ ਧਾਮੰ। ਨਿਰੀਹੰ, ਨ੍ਰਿਬਾਣੰ, ਸਦਾ ਹੀਨ ਕਾਮੰ॥ ੨੧॥

ਤੁਸੀਂ ਗੁਰੂ ਰੂਪ ਹੋ ਕੇ ਸਾਰੇ ਜੱਗ ਵਿਚ ਵਿਆਪਕ ਹੋ, ਆਪਣੇ ਸਿੱਖ ਸੇਵਕਾਂ ਦੇ ਦੁੱਖਾਂ ਦਾ ਨਾਸ਼ ਕਰਦੇ ਹੋ। ਹੇ ਪ੍ਰਭੂ, ਈਸ਼ਵਰ, ਗਿਆਨ ਅਤੇ ਗੁਣਾਂ ਦੇ ਘਰ ਤੁਸੀਂ ਨਿਰਇੱਛਤ, ਨਿਰਬੰਧ ਤੇ ਸਦਾ ਕਾਮਨਾ-ਰਹਿਤ ਹੋ॥ ੨੧॥

ਦਯੋ ਨਾਮ ਦਾਨੰ ਮਹਾਂ ਮੂਢ ਤਾਰੇ। ਇਸੀ ਲੋਕ ਪੂਜਾ ਪ੍ਰਲੋਕੰ ਉਬਾਰੇ।
ਸਦਾ ਦ੍ਵੰਦ ਹੀਨਾ ਗ੍ਰਿਹੀ ਹ੍ਵੈ ਉਦਾਸੀ। ਕਰੋ ਜੋਗ ਭੋਗੰ, ਅਲੇਪੰ, ਅਨਾਸ਼ੀ॥ ੨੨॥

ਤੁਸੀਂ ਨਾਮ ਦਾਨ ਦੇ ਕੇ ਮੂਰਖਾਂ ਨੂੰ ਵੀ ਤਾਰ ਦਿੱਤਾ ਹੈ, ਇਸ ਲੋਕ ਵਿਚ ਪੂਜਾ ਕਰਵਾ ਕੇ, ਪਰਲੋਕ ਵਿਚ ਬਚਾ ਲੈਂਦੇ ਹੋ। ਤੁਸੀਂ ਸਦਾ ਦਵੰਦ-ਹੀਨ ਅਤੇ ਗ੍ਰਹਿਸਤ ਵਿਚ ਵੀ ਉਦਾਸ ਰਹਿੰਦੇ ਹੋ, ਜੋਗ ਭੋਗ ਦੋਵੇਂ ਕਰਦੇ ਹੋ ਤੇ ਨਿਰਲੇਪ ਤੇ ਨਾਸ਼ ਰਹਿਤ ਹੋ॥ ੨੨॥

ਜਨੰ ਦੀਨਬੰਧੂ ਸਦਾ ਸਿੱਖਯ ਪਯਾਰੇ। ਮੁਕੰਦੰ ! ਨਮੋ ਪਾਦ ਕੰਜੰ ਤੁਮਾਰੇ।
ਦਯਾਸਿੰਧੁ ! ਦਾਸਾਨਿ ਹੋਵੈਂ ਸਹਾਈ। ਰਿਦੈ ਕੀ ਲਖੈਂ ਕਾਮਨਾ ਦੈਂ ਪੁਜਾਈ॥ ੨੩॥

ਤੁਸੀਂ ਦਾਸਾਂ, ਦੀਨਾਂ ਅਤੇ ਪਿਆਰੇ ਸਿੱਖਾਂ ਦੇ ਰਖਵਾਲੇ ਹੋ, ਹੇ ਮੁਕਤੀਦਾਤੇ ! ਤੁਹਾਡੇ ਚਰਨ ਕੰਵਲਾਂ ਤੇ ਮੇਰੀ ਬੰਦਨਾ ਹੈ। ਹੇ ਦਇਆ ਦੇ ਸਮੁੰਦਰ ! ਆਪਣੇ ਸੇਵਕਾਂ ਦੀ ਸਹਾਇਤਾ ਕਰੋ। ਤੁਸੀਂ ਸਾਡੇ ਦਿਲਾਂ ਦੀ ਗੱਲ ਜਾਣ ਲੈਂਦੇ ਹੋ ਤੇ ਸਾਡੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ॥ ੨੩॥

ਅਨੰਦੰ ਕਿ ਕੰਦੰ, ਨਿਕੰਦੰ ਬਿਕਾਰਾ। ਮਹਾਂ ਮੋਹ ਕੁੰਭੀ ਬਲੀ ਸ਼ੇਰ ਭਾਰਾ।
ਅਹੰਕਾਰ ਨਾਗੰ ਬਿਹੰਗੇ ਸੁ ਤਾਂਹੀ। ਮਹਾਂ ਲੋਭ ਵੰਨ੍ਹੀ ਭਏ ਨੀਰ ਵਾਹੀ॥ ੨੪॥

ਤੁਸੀਂ ਅਨੰਦ ਦੇ ਬੱਦਲ ਹੋ ਅਤੇ ਵਿਕਾਰਾਂ ਨੂੰ ਨਾਸ਼ ਕਰਨ ਵਾਲੇ ਹੋ। ਮੇਰੇ ਮੋਹ ਰੂਪੀ ਹਾਥੀ ਲਈ ਤੁਸੀਂ ਸ਼ੇਰ ਵਾਂਗ ਹੋ ਅਤੇ ਅਹੰਕਾਰ ਰੂਪ ਸੱਪ ਲਈ ਤੁਸੀਂ ਗਰੁੜ ਸਮਾਨ ਹੋ। ਮਹਾਂ ਲੋਭ ਰੂਪੀ ਅੱਗ ਵਾਸਤੇ ਤੁਸੀਂ ਪਾਣੀ ਸਮਾਨ ਹੋ॥ ੨੪॥

ਗੁਰੂ ਸੇਵ ਠਾਨੇ ਪ੍ਰਸੰਨੰ ਕਰੇ ਹੈਂ। ਨਿਜੰ ਜੋਤਿ ਥਾਪਾਵਤਾਰੰ ਧਰੇ ਹੈਂ।
ਭਏ ਮੌਰ ਬੇਦੀਨਿ ਦੰਭੰ ਬਿਨਾਸ਼ੀ। ਵਹੀ ਜੋਤਿ ਜਾਗੀ ਇਹਾਂ ਤੇਜ ਰਾਸੀ॥ ੨੫॥

ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕੀਤਾ ਹੈ, ਉਨ੍ਹਾਂ ਨੇ ਆਪਣੀ ਨਿਜੀ ਜੋਤ ਥਾਪ ਕੇ ਤੁਹਾਨੂੰ ਗੁਰ ਅਵਤਾਰ ਬਣਾ ਦਿੱਤਾ। ਸ਼ਿਰੋਮਣੀ ਬੇਦੀਆਂ ਵਿਚ ਪਾਪਾਂ ਦਾ ਨਾਸ਼ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਹੋਏ ਹਨ, ਉਹੀ ਜੋਤ ਏਥੇ ਆ ਕੇ ਜਗੀ ਹੈ ਜਿਸ ਦਾ ਬੜਾ ਤੇਜ ਜਲਾਲ ਹੈ॥ ੨੫॥

ਪ੍ਰਸੀਦੋ ਪ੍ਰਭੋ ! ਨਾਮ ਕੀ ਲਾਜ ਰਾਖੋ। ਛਿਮੋ ਦੋਸ਼ ਮੇਰੇ ਨਿਜੰ ਦਾਸ ਲਾਖੋ।
ਨਮੋ ਸਾਂਤਿ, ਚੀਤੰ, ਨਮੋ ਗ੍ਯਾਨ ਨੀਤੰ। ਨਮੋ ਦਾਸ ਮੀਤੰ, ਨਮੋ ਸੁੱਭ੍ਰ ਗੀਤੰ॥ ੨੬॥

ਹੇ ਪ੍ਰਭੂ ਜੀ ! ਕਿਰਪਾ ਕਰੋ, ਨਾਮ ਦੀ ਲਾਜ ਰੱਖੋ, ਮੇਰੇ ਦੋਸ਼ਾਂ ਨੂੰ ਮੁਆਫ ਕਰੋ ਅਤੇ ਮੈਨੂੰ ਆਪਣਾ ਦਾਸ ਜਾਣੋ। ਸ਼ਾਂਤ ਚਿਤ ਪ੍ਰਭੂ ਨੂੰ ਮੇਰੀ ਨਮਸਕਾਰ ਹੈ, ਸਦਾ ਗਿਆਨ ਰੂਪ ਨੂੰ ਮੇਰੀ ਨਮਸਕਾਰ । ਆਪਣੇ ਸੇਵਕਾਂ ਦੇ ਮਿੱਤਰ ਨੂੰ ਮੇਰੀ ਨਮਸਕਾਰ ਹੈ, ਆਪ ਜੀ ਦੇ ਸੁੰਦਰ ਸ਼ਬਦਾਂ ਨੂੰ ਮੇਰੀ ਨਮਸਕਾਰ ਹੈ॥ ੨੬॥

ਬਿਨੰਤੀ ਸੁਨੀਜੈ ਕ੍ਰਿਪਾ ਆਪ ਕੀਜੈ। ਭਈ ਭੂਲ ਮੋ ਤੇ ਰਿਦੇ ਨਾ ਧਰੀਜੈ।
ਬਿਗਾਰੈਂ ਸਦਾ, ਕਾਜ ਪੁੱਤ੍ਰਾਨਿ ਕੇਰਾ। ਸੁਧਾਰੈ ਪਿਤਾ, ਪੈ ਦੁਲਾਰੈ ਘਨੇਰਾ॥ ੨੭॥

ਮੇਰੀ ਬੇਨਤੀ ਸੁਣ ਕੇ ਆਪ ਕਿਰਪਾ ਕਰੋ, ਜੋ ਮੈਥੋਂ ਭੁੱਲ ਹੋ ਗਈ ਹੈ ਉਹ ਦਿਲ ਵਿਚ ਨਾ ਲਿਆਉ। ਇਹ ਪੁੱਤਰਾਂ ਦਾ ਕੰਮ [illegible] ਪਿਆਰ ਕਰਦੇ ਹਨ॥ ੨੭॥

ਲਖੈ ਆਪਨੋ, ਨੀਕ ਪੰਥੇ ਚਲਾਵੈ। ਸਦਾ ਜੈ, ਸਦਾ ਜੈ, ਸਦਾ ਤੋਹਿ ਗਾਵੈਂ।
ਨਮੋ ਲੇਹੁ ਮੇਰੀ, ਗੁਰੂ ਰੂਪ ਸੋਹੇ। ਸਮਾਨੰ ਨ ਆਨੰ ਅਨੰਦੰ ਸੰਦੋਹੇ॥ ੨੮॥

ਆਪਣਾ ਜਾਣ ਕੇ ਫਿਰ ਚੰਗੇ ਰਾਹ ਪਾਉਂਦੇ ਹਨ। ਤੁਹਾਡੀ ਸਦਾ ਜੈ, ਸਦਾ ਜੈ, ਸਦਾ ਹੀ ਜੈ ਗਾਉਂਦੇ ਹਾਂ। ਮੇਰੀ ਬੰਦਨਾ ਸਵੀਕਾਰ ਕਰੋ, ਤੁਹਾਡਾ ਗੁਰੂ ਰੂਪ ਸ਼ੋਭ ਰਿਹਾ ਹੈ। ਹੇ ਅਨੰਦ ਦੇ ਭੰਡਾਰ! ਤੁਹਾਡੇ ਸਮਾਨ ਹੋਰ ਕੋਈ ਨਹੀਂ ਹੈ'॥ ੨੮॥

ਦੋਹਰਾ- ਇਮ ਅਸ਼ਟਕ ਜਬਿ ਮੈਂ ਕਹਜੋ ਭਏ ਪ੍ਰਸੰਨ ਬਿਸਾਲ।
ਬੀਚ ਚੁਬਾਰੇ ਤੇ ਸ਼ਬਦ ਨਿਕਸਤਿ ਭਾ ਤਿਸ ਕਾਲ॥ ੨੯॥

ਇਸ ਤਰ੍ਹਾਂ ਜਦ ਮੈਂ ਕਿਹਾ ਤਾਂ ਬਹੁਤ ਪ੍ਰਸੰਨ ਹੋਏ, ਉਸ ਸਮੇਂ ਚੁਬਾਰੇ ਵਿਚ ਇਕ ਅਕਾਸ਼ ਬਾਣੀ ਹੋਈ॥ ੨੯॥

ਚੌਪਈ-'ਸੁਨੋ ਪੁੱਤ੍ਰ ਮੈ ਭਯੋ ਪ੍ਰਸੰਨੇ। ਕਹੌਂ ਬਾਕ ਲੀਜੈ ਮਨ ਮੰਨੇ।
ਸਭਿ ਸਤਿਗੁਰਨਿ ਸ਼ਬਦ ਜੋ ਰਾਸੀ। ਸੋ ਸੰਭਾਰਿ ਰਾਖਿ ਨਿਜ ਨਿਜ ਪਾਸੀ॥੩੦॥

"ਹੇ ਪੁੱਤਰ ਸੁਣੋ, "ਮੈਂ ਤੁਹਾਡੇ 'ਤੇ ਬਹੁਤ ਪ੍ਰਸੰਨ ਹੋਇਆ ਹਾਂ, ਮੈਂ ਇਹ ਬਚਨ ਕਹਿੰਦਾ ਹਾਂ ਇਨ੍ਹਾਂ ਨੂੰ ਮਨ ਵਿਚ ਮੰਨ ਲਵੋ। ਜਿਹੜੀ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਇਕੱਠੀ ਕਰਕੇ ਰੱਖੀ ਹੋਈ ਹੈ, ਉਸ ਨੂੰ ਆਪਣੇ ਪਾਸ ਹੀ ਸੰਭਾਲ ਰੱਖੋ॥ ੩੦॥

ਰਾਮਦਾਸ ਕੋ ਨੰਦਨ ਗਜਾਨੀ। ਚਹੈ ਬੀੜ ਕਰਿਬੋ ਇਕ ਬਾਨੀ।
ਗੁਰਬਾਨੀ ਕੋ ਖੋਜਹਿ ਸੋਈ। ਤੁਝ ਬਿਨ ਅਪਰ ਥਾਨ ਨਹਿਂ ਹੋਈ॥ ੩੧॥

ਸ੍ਰੀ ਗੁਰੂ ਰਾਮਦਾਸ ਜੀ ਦਾ ਗਿਆਨਵਾਨ ਪੁੱਤਰ, ਸਾਰੀ ਬਾਣੀ ਨੂੰ ਇਕ ਬੀੜ ਵਿਚ ਕਰਨਾ ਚਾਹੇਗਾ। ਜਦ ਉਹ ਗੁਰਬਾਣੀ ਦੀ ਖੋਜ ਕਰਨਗੇ ਤਾਂ ਤੁਹਾਡੇ ਬਗੈਰ ਉਹ ਹੋਰ ਕਿਸੇ ਥਾਂ ਨਹੀਂ ਹੋਵੇਗੀ॥ ੩੧॥

ਅਪਰ ਲੇਨਿ ਆਵਹਿਂ ਨਹਿਂ ਦੀਜਹਿ। ਬਹੁਰ ਸੁ ਮਿਲਹਿ ਪ੍ਰੇਮ ਕੋ ਕੀਜਹਿ।
ਰਾਮਦਾਸ ਕੋ ਨਮੋ ਨ ਧਾਰੀ। ਬਨਿ ਤਿਨ ਸੁਤ ਕੇ ਨੰਮ੍ਰ ਅਗਾਰੀ॥ ੩੨॥

ਜੇ ਕੋਈ ਹੋਰ ਲੈਣ ਆਵੇ ਤਾਂ ਉਸ ਨੂੰ ਬਾਣੀ ਨਹੀਂ ਦੇਣੀ ਹੈ। ਬਾਅਦ ਵਿਚ ਜੇ ਉਹ ਮਿਲਣ ਆਉਣ ਤਾਂ ਉਨ੍ਹਾਂ ਨੂੰ ਪ੍ਰੇਮ ਨਾਲ ਮਿਲੋ। ਤੁਸੀਂ ਸ੍ਰੀ ਰਾਮਦਾਸ ਜੀ ਨੂੰ ਬੰਦਨਾ ਨਹੀਂ ਕੀਤੀ ਹੈ, ਉਸ ਦੇ ਪੁੱਤਰ ਅੱਗੇ ਸਨਿੰਮਰ ਹੋ ਜਾਵੋ॥ ੩੨॥

ਚਰਨ ਪਰਹੁ ਹ੍ਵੈ ਨਿਰਹੰਕਾਰਾ। ਸੋ ਤਬਿ ਰੱਖਜਕ ਬਨਹਿ ਤੁਮਾਰਾ।
ਅਪਰ ਨ ਗਿਨਤੀ ਗਿਨੀਅਹਿ ਕੋਈ। ਸਤਿਗੁਰ ਰੂਪ ਜਾਨੀਅਹਿ ਸੋਈ॥੩੩॥

ਉਨ੍ਹਾਂ ਦੇ ਚਰਨਾਂ ਤੇ ਪੈਣ ਨਾਲ ਤੁਹਾਡਾ ਹੰਕਾਰ ਜਾਂਦਾ ਰਹੇਗਾ, ਫਿਰ ਉਹ ਹੀ ਤੁਹਾਡਾ ਰਖਵਾਲਾ ਬਣੇਗਾ। ਹੋਰ ਕੋਈ ਗਿਣਤੀ ਨਾ ਗਿਣੋ, ਉਨ੍ਹਾਂ ਨੂੰ ਸਤਿਗੁਰੂ ਦਾ ਰੂਪ ਹੀ ਜਾਣੋ॥ ੩੩॥

ਰਹਜੋ ਪ੍ਰਤੀਖਿਨਿ ਕਰਤਿ ਬਿਸਾਲਾ। ਪ੍ਰਾਪਤਿ ਭਯੋ ਆਨਿ ਸੋ ਕਾਲਾ।
ਕਹਜੋ ਕਠੋਰ ਹੇਤੁ ਪਤੀਆਵਨਿ। ਲਖਿ ਲੀਨੇ ਤੁਮ ਸੋ ਮਨ ਭਾਵਨ॥੩੪॥

ਮੈਂ ਬਹੁਤ ਦੇਰ ਤੋਂ ਉਡੀਕ ਕਰਦਾ ਆ ਰਿਹਾ ਹਾਂ, ਹੁਣ ਆ ਕੇ ਮਿਲ ਪਏ ਹੋ। ਮੈਂ ਤੁਹਾਡਾ ਪਰਤਾਵਾ ਲੈਣ ਵਾਸਤੇ ਕਠੋਰ ਬਚਨ ਕਹੇ ਸੀ। ਫਿਰ ਮੈਂ ਵੇਖ ਲਿਆ ਕਿ ਤੁਸੀਂ ਉਹੀ ਮਨ ਨੂੰ ਪਿਆਰੇ ਲੱਗਣ ਵਾਲੇ ਗੁਰੂ ਹੋ॥ ੩੪॥

Sri Satguru Jagjit Singh Ji eLlibrary NamdhariElibrary@gmail.com

ਚਰਨ ਕਮਲ ਕੀ ਸ਼ਰਨ ਪਰਨ ਦਿਹੁ। ਪੋਥੀ ਸਾਂਭਿਤ ਰਹਜੋ ਇਸਹਿ ਲਿਹੁ।
ਪਰੀ ਭੂਲ ਬਖਸ਼ਾਵਨਿ ਕਰਿਹੌਂ। ਤਪਤ ਰਿਦੈ ਚਿਰ ਕੀ ਅਬਿ ਹਰਿਹੌਂ' ॥ ੩੫ ॥

ਚਰਨ ਕੰਵਲਾਂ ਦੀ ਸ਼ਰਨ ਪੈਣ ਦੇਵੋ, ਜਿਹੜੀਆਂ ਪੋਥੀਆਂ ਸਾਂਭਦਾ ਰਿਹਾ ਹਾਂ, ਉਹ ਹੁਣ ਲੈ ਲਵੋ। ਮੈਂ ਭੁੱਲ ਕੀਤੀ ਸੀ, ਉਹ ਹੁਣ ਬਖਸ਼ਾਵਾਂਗਾ ਤੇ ਚਿਰਾਂ ਦਾ ਜਿਹੜਾ ਹਿਰਦਾ ਧੁਖ ਰਿਹਾ ਸੀ, ਇਸ ਨੂੰ ਸ਼ਾਂਤ ਕਰਾਂਗਾ" ॥ ੩੫ ॥

ਸ੍ਰੀ ਅਰਜਨ ਸੁਨਿ ਕਰਿ ਸਭਿ ਕਾਰਨ। ਮਾਤੁਲ ਸਾਥਹਿ ਕੀਨਿ ਉਚਾਰਨ।
'ਹਮ ਗਰਜ਼ੀ ਕਹਿਨੋ ਚਿਤ ਅਰਜ਼ੀ। ਅੱਗ੍ਰ ਕਰੋ ਜਿਮ ਹ੍ਵੈ ਤੁਮ ਮਰਜ਼ੀ ॥ ੩੬ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਕਹਾਣੀ ਸੁਣ ਕੇ ਆਪਣੇ ਮਾਮਾ ਜੀ ਨੂੰ ਕਿਹਾ। ਸਾਡੀ ਬੇਨਤੀ ਕਰਨੀ ਤਾਂ ਯੋਗ ਹੈ, ਅੱਗੇ ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਕਰੋ ॥ ੩੬ ॥

ਹਮ ਹੈਂ ਅਲਪ ਸਰਬ ਹੀ ਰੀਤੀ। ਤੁਮ ਬਿਸਾਲ ਚਿਤ ਧਾਰਤਿ ਪ੍ਰੀਤੀ।
ਰਾਵਰਿ ਬਾਕ ਨ ਜਾਇ ਹਟਾਯੋ। ਹਮ ਬਾਲਿਕ, ਕਰਿ ਜਿਮ ਮਨ ਭਾਯੌ' ॥ ੩੭ ॥

ਅਸੀਂ ਤਾਂ ਸਾਰੀਆਂ ਰੀਤੀਆਂ ਅਨੁਸਾਰ ਤੁਹਾਡੇ ਨਾਲੋਂ ਛੋਟੇ ਹਾਂ, ਤੁਸੀਂ ਵਿਸ਼ਾਲ ਚਿੱਤ ਕਰਕੇ ਪ੍ਰੀਤ ਧਾਰਨ ਕੀਤੀ ਹੈ। ਆਪ ਜੀ ਦੇ ਬਚਨਾਂ ਨੂੰ ਮੋੜਿਆ ਨਹੀਂ ਜਾ ਸਕਦਾ, ਅਸੀਂ ਬਾਲਕ ਹਾਂ, ਜਿਵੇਂ ਤੁਹਾਡੇ ਮਨ ਭਾਉਂਦਾ ਹੈ ਉਸ ਤਰ੍ਹਾਂ ਕਰੋ" ॥ ੩੭ ॥

ਸੁਨਿ ਮੋਹਨ ਪਰਮੁਦਤਿ ਬਿਸਾਲਾ। ਗੁਰ ਕੇ ਚਰਨ ਪਰਜੋ ਤਿਸ ਕਾਲਾ।
ਹਾਥ ਜੋਰਿ ਨੰਮ੍ਰੀ ਅਤਿ ਭਇਊ। 'ਬਖਸ਼ਹੁ ਗੁਨਹਿ ਭੂਲ ਜੋ ਗਇਊ' ॥ ੩੮ ॥

ਇਹ ਸੁਣ ਕੇ ਬਾਬਾ ਮੋਹਨ ਜੀ ਬਹੁਤ ਪ੍ਰਸੰਨ ਹੋਏ ਤੇ ਉਸੇ ਸਮੇਂ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ। ਹੱਥ ਜੋੜ ਕੇ ਬਹੁਤ ਸਨਿੰਮਰ ਹੋ ਗਏ। "ਮੇਰੇ ਗੁਨਾਹ ਬਖਸ਼ੋ ਜੋ ਮੈਥੋਂ ਭੁੱਲ ਹੋ ਗਈ ਹੈ" ॥ ੩੮ ॥

ਨੰਮ੍ਰ ਭਯੋ ਮਾਤੁਲ ਕੋ ਹੇਰਾ। ਸ੍ਰੀ ਅਰਜਨ ਬਰ ਦੇ ਤਿਸ ਬੇਰਾ।
ਚਤੁਰਥ ਪਦ ਕੋ ਪੂਰਨ ਕਰਿਓ। ਮੋਹਨ ਖੇਦ ਸਰਬ ਪਰਹਰਿਓ ॥ ੩੯ ॥

ਜਦ ਸਨਿੰਮਰ ਹੋਏ ਆਪਣੇ ਮਾਮਾ ਜੀ ਨੂੰ ਵੇਖਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਉਸੇ ਸਮੇਂ ਵਰ ਦਿੱਤਾ। ਜਿਹੜੇ ਸ਼ਬਦ ਦਾ ਪਹਿਲਾਂ ਗਾਇਣ ਕੀਤਾ ਸੀ, ਉਸ ਦੇ ਚੌਥੇ ਪਦ ਨੂੰ ਪੂਰਾ ਕੀਤਾ ਅਤੇ ਬਾਬਾ ਮੋਹਨ ਜੀ ਦੇ ਸਾਰੇ ਦੁੱਖਾਂ ਨੂੰ ਦੂਰ ਕਰ ਦਿੱਤਾ ॥ ੩੯ ॥

*ਸ੍ਰੀ ਮੁਖਵਾਕ ॥*

*ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥*
*ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥*
*ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥*
*ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥*
*ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥ ੪ ॥ ੨ ॥*

*(ਪੰਨਾ ੨੪੮)*

ਹੇ ਮੋਹਨ ! ਤੂੰ ਆਪਣੇ ਪਰਿਵਾਰ ਸਹਿਤ ਚੰਗੇ ਤਰੀਕੇ ਨਾਲ ਪ੍ਰਫੁੱਲਤ ਹੋਇਆ ਹੈਂ। ਹੇ ਮੋਹਨ ! ਤੂੰ ਆਪਣੇ ਪੁੱਤਰ, ਮਿੱਤਰ, ਭਰਾ ਅਤੇ ਸਾਰੇ ਕੁਟੰਭ ਨੂੰ ਬਚਾ ਲਿਆ ਹੈ। ਤੂੰ ਉਨ੍ਹਾਂ ਲੋਕਾਂ ਨੂੰ ਵੀ ਤਾਰ ਦਿੱਤਾ ਹੈ ਜਿਨ੍ਹਾਂ ਤੇਰੇ ਦਰਸ਼ਨ ਪਾ ਕੇ ਆਪਣੇ ਹੰਕਾਰ ਨੂੰ ਛੱਡ ਦਿੱਤਾ ਹੈ। ਮੌਤ ਦਾ ਫਰਿਸ਼ਤਾ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ ਜਿਹੜੇ ਤੈਨੂੰ 'ਧੰਨਾ' ਕਹਿੰਦੇ ਹਨ।

Sri Satguru Jagjit Singh Ji eLlibrary NamdhariElibrary@gmail.com

ਬੇਅੰਤ ਹਨ ਤੇਰੇ ਗੁਣ, ਉਹ ਬਿਆਨ ਨਹੀਂ ਕੀਤੇ ਜਾ ਸਕਦੇ। ਹੇ ਸੱਚੇ ਗੁਰੂ ਵਾਹਿਗੁਰੂ ਸੁਆਮੀ ਜੀ ! ਨਾਨਕ ਬੇਨਤੀ ਕਰਦਾ ਹੈ, ਤੇ ਉਸ ਤੁਹਾਡਾ ਆਸਰਾ ਫੜਿਆ ਹੈ ਜਿਸ ਨਾਲ ਲੱਗ ਕੇ ਮਨੁੱਖ ਸੰਸਾਰ ਸਾਗਰ ਤਰ ਜਾਂਦਾ ਹੈ॥ ੪॥ ੨॥

ਚੌਪਈ- 'ਆਦਿ ਪ੍ਰਥਮ ਭਾਈ ਗੁਰਦਾਸੂ। ਸਾਹਿਬ ਬੁੱਢਾ ਤੁਮਰੇ ਪਾਸੂ।
ਤਿਨ ਕੋ ਮਾਨ ਹਰਯੋ ਨਹਿਂ ਦੀਨਿ। ਸੋ ਪੋਥੀ ਸਭਿ ਹਮ ਨੇ ਲੀਨਿ ॥੪੦॥

"ਤੁਹਾਡੇ ਪਾਸ ਪਹਿਲਾਂ ਭਾਈ ਗੁਰਦਾਸ ਅਤੇ ਬਾਬਾ ਬੁੱਢਾ ਸਾਹਿਬ ਵੀ ਆਏ ਸਨ, ਉਨ੍ਹਾਂ ਦੇ ਹੰਕਾਰ ਨੂੰ ਤੁਸੀਂ ਦੂਰ ਕੀਤਾ ਤੇ ਪੋਥੀਆਂ ਉਨ੍ਹਾਂ ਨੂੰ ਨਾ ਦਿੱਤੀਆਂ, ਉਹ ਸਾਰੀਆਂ ਪੋਥੀਆਂ ਅਸੀਂ ਲੈ ਲਈਆਂ ਹਨ॥ ੪੦॥

ਜਿਸ ਲਗਿ ਜਗਤ ਸਿਮਰਿ ਸਤਿਨਾਮੂ। ਹੋਇ ਉਧਾਰ ਪਾਇ ਸੁਖਧਾਮੂ।
ਸ੍ਰੀ ਮੋਹਨ ਤੁਮ ਧੰਨ ਮਹਾਨਾ। ਗੁਰਬਾਣੀ ਕੀਨਸਿ ਇਕ ਥਾਨਾ ॥੪੧॥

ਜਦ ਤਕ ਜਗਤ ਵਾਸੀ ਸਤਿਨਾਮ ਦਾ ਸਿਮਰਨ ਕਰਨਗੇ, ਉਨ੍ਹਾਂ ਦਾ ਉਧਾਰ ਹੋਵੇਗਾ ਤੇ ਉਹ ਸੁਖਾਂ ਦੇ ਘਰ ਨੂੰ ਪ੍ਰਾਪਤ ਕਰਨਗੇ। ਹੇ ਸ੍ਰੀ ਮੋਹਨ ! ਤੁਸੀਂ ਧੰਨ ਹੋ, ਜਿਹੜਾ ਤੁਸੀਂ ਬਾਣੀ ਨੂੰ ਇਕ ਥਾਂ ਇਕੱਠਾ ਕਰਕੇ ਰੱਖਿਆ ਹੈ॥ ੪੧॥

ਲੋਕ ਹਜ਼ਾਰਨਿ ਪਰ ਉਪਕਾਰੀ। ਪਠਹਿਂ ਸੁਨਹਿਂ ਉਤਰਹਿਂ ਭਵ ਪਾਰੀ।
ਮਹਾਂ ਪੁਰਖ ਕੋ ਜਗ ਮਹਿਂ ਹੋਵਨ। ਪਰ ਉਪਕਾਰ ਹੇਤੁ ਦੁਖ ਖੋਵਨਿ ॥੪੨॥

ਹਜ਼ਾਰਾਂ ਲੋਕਾਂ ਤੇ ਤੁਸੀਂ ਉਪਕਾਰ ਕੀਤਾ ਹੈ, ਇਸ ਨੂੰ ਪੜ੍ਹ ਕੇ ਉਹ ਭਵਸਾਗਰ ਨੂੰ ਪਾਰ ਕਰ ਜਾਣਗੇ। ਜਗਤ ਵਿਚ ਕੋਈ ਕੋਈ ਐਸੇ ਮਹਾਂਪੁਰਖ ਹੁੰਦੇ ਹਨ ਜਿਹੜੇ ਪਰਉਪਕਾਰ ਵਾਸਤੇ ਦੁੱਖ ਦੂਰ ਕਰਦੇ ਹਨ" ॥ ੪੨॥

ਸੁਨਿ ਮੋਹਨ ਹੁਇ ਸਰਲ ਉਚਾਰੀ। 'ਅਬਿ ਮੈਂ ਆਇਸੁ ਚਹੌਂ ਤੁਮਾਰੀ।
ਹੋਇ ਦਾਸ ਅਬਿ ਸੰਗ ਚਲੈ ਹੌਂ। ਅਪਰਨਿ ਸਮ ਤਹਿਂ ਸੇਵ ਕਮੈ ਹੌਂ ॥੪੩॥

ਇਹ ਸੁਣ ਕੇ ਬਾਬਾ ਮੋਹਨ ਜੀ ਨੇ ਕੋਮਲ ਬਚਨ ਕਹੇ, "ਹੁਣ ਮੈਂ ਤੁਹਾਡੀ ਆਗਿਆ ਚਾਹੁੰਦਾ ਹਾਂ, ਤੁਹਾਡਾ ਸੇਵਕ ਬਣ ਕੇ ਤੁਹਾਡੇ ਨਾਲ ਚੱਲਾਂਗਾ, ਹੋਰਨਾਂ ਵਾਂਗ ਤੁਹਾਡੀ ਸੇਵਾ ਦੀ ਕਮਾਈ ਕਰਾਂਗਾ॥ ੪੩॥

ਰਹੌਂ ਸਮੀਪ ਚਰਨ ਅਰਬਿੰਦਾ। ਇਮ ਕਹਿ ਬਾਢਯੋ ਪ੍ਰੇਮ ਬਿਲੰਦਾ।
ਸਾਗਰ ਸਮ ਉਛਰਯੋ ਉਰ ਮਾਂਹੀ। ਪੂਰਨ ਚੰਦ ਗੁਰੂ ਪਿਖਿ ਤਾਂਹੀ ॥੪੪॥

ਤੁਹਾਡੇ ਚਰਨ ਕੰਵਲਾਂ ਦੇ ਨੇੜੇ ਰਹਾਂਗਾ"। ਇਸ ਤਰ੍ਹਾਂ ਕਹਿ ਕੇ ਬਹੁਤ ਪ੍ਰੇਮ ਵਧਿਆ, ਜਿਵੇਂ ਪੂਰਨਮਾਸ਼ੀ ਦੇ ਚੰਦ ਨੂੰ ਵੇਖ ਕੇ ਸਾਗਰ ਵਿਚ ਜਵਾਰਭਾਟਾ ਆ ਜਾਂਦਾ ਹੈ, ਇਸ ਤਰ੍ਹਾਂ ਹੀ ਗੁਰੂ ਜੀ ਨੂੰ ਵੇਖ ਕੇ ਉਸ ਦੇ ਹਿਰਦੇ ਵਿਚ ਉਛਾਲ ਆ ਗਿਆ॥ ੪੪॥

ਗਦਗਦ ਗਿਰਾ ਨੇਤ੍ਰ ਜਲ ਛਾਵਾ। ਦੇਹਿ ਰੋਮ ਹਰਖਣ ਹੁਇ ਆਵਾ।
ਲਖਯੋ ਪ੍ਰੇਮ ਤੇ ਬਿਹਬਲ ਭਾਰੀ। ਸ੍ਰੀ ਅਰਜਨ ਤਬਿ ਗਿਰਾ ਉਚਾਰੀ ॥੪੫॥

ਗਦਗਦ ਹੋ ਕੇ ਗਲਾ ਭਰ ਆਇਆ ਤੇ ਨੈਣਾਂ ਵਿਚ ਜਲ ਛਾ ਗਿਆ ਅਤੇ ਸਰੀਰ ਦਾ ਰੋਮ-ਰੋਮ ਰੁਮਾਂਚਿਕ ਹੋ ਗਿਆ। ਜਦ ਗੁਰੂ ਅਰਜਨ ਦੇਵ ਜੀ ਨੇ ਬਾਬਾ ਮੋਹਨ ਜੀ ਨੂੰ ਪ੍ਰੇਮ ਨਾਲ ਬਿਹਬਲ ਹੋਏ ਵੇਖਿਆ ਤਾਂ ਉਨ੍ਹਾਂ ਨੇ ਬਚਨ ਕੀਤੇ॥ ੪੫॥

'ਮੋਹਨ ਮਾਤੁਲ ਜੀ ਤੁਮ ਸਜਾਨੇ। ਪੂਰਨ ਗੁਨਨਿ ਮਹਾਨ ਸੁ ਗ੍ਯਾਨੇ।
ਬੀਚ ਚੁਬਾਰੇ ਧਰਹੁ ਸਮਾਧਿ। ਸਾਧਹੁ ਦਿਨਪ੍ਰਤਿ ਅਗਮ ਅਗਾਧ ॥੪੬॥

ਮੋਹਨ ਮਾਮਾ ਜੀ ਤੁਸੀਂ ਬਹੁਤ ਸਿਆਣੇ ਹੋ, ਪੂਰਨ ਗੁਣਵਾਨ ਅਤੇ ਮਹਾਨ ਗਿਆਨੀ ਹੋ। ਇਸ ਚੁਬਾਰੇ ਵਿਚ ਬੈਠ ਕੇ ਧਿਆਨੀ ਲਾਓ ਅਤੇ ਰੋਜ਼ ਅਗਮ ਅਗਾਧ ਪ੍ਰਭ ਦੀ ਆਰਾਧਨਾ ਕਰੋ॥ ੪੬॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਨਾਨਕ ਕੋ ਮੰਤ੍ਰ ਜਪੀਜਹਿ। ਉਧਰਹੁ ਆਪ ਬੰਸ ਉਧਰੀਜਹਿ।
ਹਮ ਦਿਸ਼ਿ ਦਯਾ ਕਰਤਿ ਨਿਤ ਰਹੀਯਹਿ। ਇਸ ਹੀ ਥਲ ਹਮਰੀ ਸੁਧਿ ਲਹੀਯਹਿ ॥੪੭॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਹੋਏ ਮੰਤਰ ਦਾ ਜਾਪ ਕਰੋ ਤੇ ਆਪਣਾ ਅਤੇ ਵੰਸ਼ ਦਾ ਉਧਾਰ ਕਰੋ। ਸਾਡੇ ਵਲ ਸਦਾ ਦਇਆ ਕਰਦੇ ਰਹੋ, ਇਸ ਥਾਂ ਬੈਠੇ ਹੀ ਸਾਡੀ ਖਬਰ ਸਾਰ ਲੈਂਦੇ ਰਹੋ॥ ੪੭॥

ਆਗਜਾ ਮਾਨੀ ਮੋਹਨਿ ਸੋਈ। ਸ੍ਰੀ ਅਰਜਨ ਗੁਰ ਉਚਰੀ ਜੋਈ।
ਪਰਕਰਮਾ ਚਹੁੰ ਦਿਸ਼ਿ ਫਿਰਿ ਦੀਨੀ। ਪਰਮ ਪ੍ਰੇਮ ਤੇ ਬੰਦਨ ਕੀਨੀ॥ ੪੮॥

ਬਾਬਾ ਮੋਹਨ ਜੀ ਨੇ ਆਗਿਆ ਮੰਨ ਲਈ, ਜਿਵੇਂ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ ਸੀ। ਫਿਰ ਉਨ੍ਹਾਂ ਨੇ ਉੱਠ ਕੇ ਚਾਰੇ ਪਾਸੇ ਪਰਕਰਮਾਂ ਕੀਤੀਆਂ ਅਤੇ ਪਰਮ ਪ੍ਰੇਮ ਨਾਲ ਬੰਦਨਾ ਕੀਤੀ॥ ੪੮॥

ਅਪਨ ਚੁਬਾਰੇ ਪਹੁੰਚਯੋ ਜਾਈ। ਪ੍ਰਥਮ ਸਮਾਨ ਸਮਾਧਿ ਲਗਾਈ।
ਬਾਨੀ ਮਧਮਾ ਸਾਥ ਪਠੰਤਾ। ਸ੍ਰੀ ਨਾਨਕ ਕੋ ਮੰਤ੍ਰ ਕਮੰਤਾ॥ ੪੯॥

ਆਪਣੇ ਚੁਬਾਰੇ ਵਿਚ ਪਹੁੰਚ ਗਏ ਤੇ ਪਹਿਲਾਂ ਵਾਂਗ ਹੀ ਸਮਾਧੀ ਲਾ ਲਈ ਤੇ ਨਾਲ-ਨਾਲ ਦਿਲ ਵਿਚ ਪਾਠ ਕਰਦੇ ਸਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੂਲ ਮੰਤਰ ਦੀ ਕਮਾਈ ਵੀ ਕਰਦੇ ਸਨ॥ ੪੯॥

ਨੋਟ:-ਬਾਣੀਆਂ ਚਾਰ ਪ੍ਰਕਾਰ ਦੀਆਂ ਹਨ:- ਪਰਾ, ਪਸ਼ਯੰਤੀ, ਮਧਜਮਾ ਅਤੇ ਬੈਖਰੀ। ਇਹ ਖਿਆਲ ਦੀਆਂ ਚਾਰ ਹਾਲਤਾਂ ਹਨ।

'ਪਰਾ, ਇਸ ਦੀ ਉਤਪਤੀ ਰੂਪ ਰਹਿਤ ਮਨ ਵਿਚ ਹੈ, 'ਪਸ਼ਯੰਤੀ' ਦਿਮਾਗ ਤਕ ਇਸ ਦੀ ਖ਼ਬਰ ਪਹੁੰਚਾਉਣੀ, 'ਮਧਜਮ' ਦਿਲ ਵਿਚ ਹੀ ਪਾਠ ਕਰਨਾ, 'ਬੈਖਰੀ' ਉਚਾਰਨ ਕਰਕੇ ਪੜ੍ਹਨਾ।

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਸਬਦ ਪੋਥੀਆਂ ਲੀਨਿ।
ਹਰਖਤਿ ਸ੍ਰੀ ਗੁਰ ਅਮਰ ਕੋ ਨਮੋ ਧਯਾਨ ਕਰਿ ਕੀਨਿ॥ ੫੦॥

ਇਸ ਪ੍ਰਕਾਰ ਗੁਰੂ ਜੀ ਨੇ ਸ਼ਬਦ ਪੋਥੀਆਂ ਲੈ ਲਈਆਂ। ਪ੍ਰਸੰਨ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਧਿਆਨ ਧਾਰ ਕੇ ਨਮਸਕਾਰ ਕੀਤੀ॥ ੫੦॥

*ਤੀਸਰੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

## *ਅਧਿਆਇ ਛੱਤੀਵਾਂ*

*ਬਾਬਾ ਮੋਹਰੀ ਜੀ ਮਿਲੇ*

ਦੋਹਰਾ-ਕਰਿ ਕਾਰਜ ਅਰਜਨ ਗੁਰੂ ਪਰਮ ਪ੍ਰਸੰਨਤਾ ਪਾਇ।
ਕਰਯੋ ਚਹਤਿ ਬਡ ਬੀੜ ਕੋ ਸਭਿ ਬਾਨੀ ਇਕ ਥਾਇੰ॥ ੧॥

ਕਾਰਜ ਪੂਰਾ ਹੋ ਜਾਣ ਤੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ। ਸਾਰੀ ਬਾਣੀ ਨੂੰ ਇਕ ਸਥਾਨ ਤੇ ਇਕੱਠੀ ਕਰਕੇ ਇਕ ਵੱਡੀ ਬੀੜ ਤਿਆਰ ਕਰਨੀ ਚਾਹੁੰਦੇ ਸਨ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਚਲਨਿ ਸੁਧਾਸਰ ਕੀ ਕਰਿ ਤਜਾਰੀ। ਸੁਨੀ ਮੋਹਰੀ ਨੇ ਸਧਿ ਸਾਰੀ।
'ਅਤਿ ਪ੍ਰਸੰਨ ਮੋਹਨ ਹੁਇ ਗਇਊ। ਪਰਜੋ ਚਰਨ ਪੁਸਤਕ ਸਭਿ ਦਇਊ' ॥੨॥

ਉਨ੍ਹਾਂ ਨੇ ਅੰਮ੍ਰਿਤਸਰ ਨੂੰ ਜਾਣ ਦੀ ਤਿਆਰੀ ਕਰ ਲਈ, ਬਾਬਾ ਮੋਹਰੀ ਜੀ ਨੇ ਸਾਰੀ ਖ਼ਬਰ ਸੁਣੀ, "ਮੋਹਨ ਜੀ ਅਤੀ ਪ੍ਰਸੰਨ ਹੋ ਗਏ ਹਨ, ਗੁਰੂ ਜੀ ਦੇ ਚਰਨਾਂ ਤੇ ਪੈ ਗਏ ਹਨ ਅਤੇ ਸਾਰੀਆਂ ਪੋਥੀਆਂ ਦੇ ਦਿੱਤੀਆਂ ਹਨ" ॥ ੨ ॥

ਮਹਾਂ ਮਸਤ ਜੋ ਕਿਸਹਿ ਨ ਮਾਨਹਿ। ਸਭਿ ਸੋਂ ਅਨਰਸ ਬਾਕ ਬਖਾਨਹਿ।
ਕਿਮ ਇਨ ਕੇ ਹੋਯਹੁ ਅਨੁਸਾਰੀ ?। ਕਰੀ ਨਮੋ ਪੁਨ ਚਰਨ ਅਗਾਰੀ ॥੩॥

ਜਿਹੜਾ ਮਹਾਂ ਮਸਤ ਰਹਿੰਦਾ ਸੀ ਅਤੇ ਕਿਸੇ ਦੀ ਗੱਲ ਨਹੀਂ ਸੀ ਮੰਨਦਾ, ਸਾਰਿਆਂ ਨੂੰ ਮਾੜੇ ਬਚਨ ਬੋਲਦਾ ਸੀ। ਇਹ ਕਿਵੇਂ ਗੁਰੂ ਜੀ ਦਾ ਆਗਿਆਕਾਰੀ ਹੋ ਗਿਆ ? ਜਿਸ ਨੇ ਗੁਰੂ ਜੀ ਦੇ ਚਰਨਾਂ ਉਤੇ ਨਮਸਕਾਰ ਕੀਤੀ ਹੈ॥ ੩ ॥

ਜੋ ਗੁਰ ਰਾਮਦਾਸ ਕੇ ਆਗੇ। ਨਿਮਜੋ ਨਹੀਂ ਪਿਤ ਬਾਕਨਿ ਤਜਾਗੇ।
ਯਾਂਤੇ ਗੁਰ ਅਰਜਨ ਬਡਿਆਈ। ਆਦਿ ਨਿੰਮ੍ਰਤਾ ਕੁਛ ਲਖਿ ਪਾਈ ॥੪॥

ਜਿਹੜਾ ਗੁਰੂ ਰਾਮਦਾਸ ਜੀ ਅੱਗੇ ਨਿਵਿਆ ਨਹੀਂ ਤੇ ਆਪਣੇ ਪਿਤਾ ਜੀ ਦੀ ਆਗਿਆ ਨਾ ਮੰਨੀ, ਇਸ ਕਰਕੇ ਇਹ ਗੁਰੂ ਅਰਜਨ ਦੇਵ ਦੀ ਵਡਿਆਈ ਤੇ ਨਿੰਮ੍ਰਤਾ ਆਦਿ ਬਾਬਾ ਮੋਹਨ ਜੀ ਨੇ ਸਮਝ ਲਈ ਹੈ॥ ੪ ॥

ਜੋ ਚਾਰਹੁ ਸਤਿਗੁਰ ਮੈਂ ਜੋਤਿ। ਸੋ ਗੁਰ ਅਰਜਨ ਬਿਖੈ ਉਦੋਤ।
ਇਮ ਬੀਚਾਰ ਮੋਹਰੀ ਆਯੋ। ਦੇਖਿ ਦੂਰ ਹੀ ਤੇ ਹਰਖਾਯੋ॥ ੫॥

ਜੋ ਚਾਰ ਸਤਿਗੁਰਾਂ ਦੀ ਜੋਤ ਹੈ, ਉਹ ਗੁਰੂ ਅਰਜਨ ਦੇਵ ਜੀ ਵਿਚ ਪਰਗਟ ਹੋਈ ਹੈ। ਇਹ ਵਿਚਾਰ ਕਰਕੇ ਬਾਬਾ ਮੋਹਰੀ ਜੀ ਆਏ ਤੇ ਗੁਰੂ ਜੀ ਨੂੰ ਦੂਰ ਤੋਂ ਹੀ ਵੇਖ ਕੇ ਪ੍ਰਸੰਨ ਹੋ ਗਏ॥ ੫॥

ਜਾਇ ਪ੍ਰਦਛਨਾ ਦੀਨਸਿ ਗੁਰ ਕੀ। ਬੰਦਤਿ ਭਯੋ ਪ੍ਰੀਤਿ ਕਰਿ ਉਰ ਕੀ।
'ਸ਼੍ਰੀ ਅਰਜਨ ਗੁਰ ਗਜਾਨ ਉਦਾਰੇ। ਕ੍ਰਿਪਾ ਕਰਹੁ ਘਰ ਚਲਹੁ ਹਮਾਰੇ ॥੬॥

ਜਾ ਕੇ ਗੁਰੂ ਜੀ ਦੀਆਂ ਪਰਕਰਮਾਂ ਕੀਤੀਆਂ ਤੇ ਦਿਲ ਵਿਚ ਬੜੀ ਪ੍ਰੀਤ ਧਾਰ ਕੇ ਬੰਦਨਾ ਕੀਤੀ ਤੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਤੁਸੀਂ ਉੱਤਮ ਗਿਆਨਵਾਨ ਹੋ। ਕਿਰਪਾ ਕਰਕੇ ਸਾਡੇ ਘਰ ਚਲੋ॥ ੬॥

ਜਥਾ ਬਿਦਰ ਕੇ ਗਏ ਨਿਕੇਤ। ਦਈ ਬਡਾਈ ਪ੍ਰੀਤਿ ਸਮੇਤ।
ਪ੍ਰੇਮ ਰਿਦੇ ਕੋ ਦੇਖਨਿ ਕਰੋ। ਯਾਂਤੇ ਦੀਨ ਧਾਮ ਪਗ ਧਰੋ' ॥ ੭॥

ਜਿਵੇਂ ਕ੍ਰਿਸ਼ਨ ਜੀ ਬਿਦਰ ਦੇ ਘਰ ਗਏ ਸਨ ਤੇ ਪ੍ਰੀਤ ਸਹਿਤ ਵਡਿਆਈ ਦਿੱਤੀ ਸੀ। ਮੇਰੇ ਹਿਰਦੇ ਦੇ ਪ੍ਰੇਮ ਨੂੰ ਵੇਖੋ, ਇਸ ਲਈ ਗਰੀਬ ਦੇ ਘਰ ਚਰਨ ਪਾਉ॥ ੭॥

ਇਸ ਪ੍ਰਕਾਰ ਕਰਿ ਬਹੁ ਬਡਿਆਈ। ਪਰਜੋ ਅਗਾਰੀ ਪਦ ਲਪਟਾਈ।
ਭਯੋ ਪ੍ਰੇਮ ਤੇ ਬਿਹਬਲ ਭਾਰੀ। ਸ਼੍ਰੀ ਅਰਜਨ ਅਸ ਦਸ਼ਾ ਨਿਹਾਰੀ ॥੮॥

ਇਸ ਪ੍ਰਕਾਰ ਬਹੁਤ ਵਡਿਆਈ ਕਰਕੇ ਬਾਬਾ ਮੋਹਰੀ ਜੀ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਏ, ਬੜੇ ਪ੍ਰੇਮ ਨਾਲ ਭਰ ਕੇ ਬਿਹਬਲ ਹੋ ਗਏ। ਜਦ ਗੁਰੂ ਅਰਜਨ ਦੇਵ ਜੀ ਨੇ ਅਜਿਹੀ ਹਾਲਤ ਵੇਖੀ॥ ੮॥

ਕੀਨਿ ਉਠਾਵਨ ਬਾਕ ਬਖਾਨਾ। ਹਮਰੇ ਮਾਤੁਲ ਅਹੋ ਮਹਾਨਾ।
ਸ੍ਰੀ ਗੁਰ ਅਮਰਦਾਸ ਕੇ ਨੰਦਨ। ਜਿਨ ਦੇਖਤਿ ਹੁਇ ਪਾਪ ਨਿਕੰਦਨ॥ ੯॥

ਤਾਂ ਉਨ੍ਹਾਂ ਨੇ ਬਾਬਾ ਮੋਹਰੀ ਜੀ ਨੂੰ ਉਪਰ ਉਠਾ ਕੇ ਕਿਹਾ, "ਤੁਸੀਂ ਸਾਡੇ ਮਹਾਨ ਮਾਮਾ ਜੀ ਹੋ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਹੋ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਹੀ ਪਾਪ ਦੂਰ ਹੋ ਜਾਂਦੇ ਹਨ॥ ੯॥

ਹਮਰੀ ਕੁਲ ਸਭਿ ਤਿਨ ਕੇ ਦਾਸ। ਜਿਨਹੁੰ ਕ੍ਰਿਪਾ ਤੇ ਭਏ ਪ੍ਰਕਾਸ਼।
ਨਿਸ ਦਿਨ ਤਿਨ ਕੋ ਨਾਮ ਜਪੀਜਹਿ। ਜਗ ਗੁਰ ਮਹਿਦ ਮਹਾਨ ਲਖੀਜਹਿ॥੧੦॥

ਸਾਡਾ ਸਾਰਾ ਵੰਸ਼ ਉਨ੍ਹਾਂ ਦਾ ਸੇਵਕ ਹੈ, ਜਿਨ੍ਹਾਂ ਦੀ ਕਿਰਪਾ ਨਾਲ ਪ੍ਰਕਾਸ਼ ਹੋਇਆ ਹੈ। ਰਾਤ ਦਿਨ ਉਨ੍ਹਾਂ ਦਾ ਨਾਮ ਜਪਦੇ ਹਾਂ। ਜਗਤ ਵਿਚ ਗੁਰੂ ਜੀ ਨੂੰ ਬਹੁਤ ਮਹਾਨ ਸਮਝਦੇ ਹਾਂ॥ ੧੦॥

ਯਾਂਤੇ ਨਮੋਂ ਉਚਿਤ ਤੁਮ ਅਹੋ। ਮਮ ਪਦ ਗਹਨ ਅਨੁਚਤਾ ਲਹੋ।
ਸੇਵੋਂ ਰਜ ਪਗ ਕਮਲ ਤੁਮਾਰੀ। ਕ੍ਰਿਪਾ ਕਰਹੁ ਲਖਿ ਕੈ ਅਨੁਸਾਰੀ॥ ੧੧॥

ਇਸ ਕਰਕੇ ਮੇਰਾ ਤੁਹਾਨੂੰ ਨਮਸਕਾਰ ਕਰਨਾ ਯੋਗ ਹੈ, ਮੇਰੇ ਚਰਨਾਂ ਨੂੰ ਫੜਨਾ ਅਯੋਗ ਸਮਝੋ। ਮੈਂ ਤੁਹਾਡੇ ਚਰਨ ਕੰਵਲਾਂ ਦੀ ਪੂਜਾ ਕਰਦਾ ਹਾਂ, ਆਗਿਆਕਾਰੀ ਸਮਝ ਕੇ ਕਿਰਪਾ ਕਰੋ" ॥ ੧੧॥

ਸੁਨਤਿ ਮੋਹਰੀ ਜੁਗ ਕਰ ਜੋਰੇ। 'ਮੋਹਿ ਉਚਿਤ ਤੁਮ ਚਰਨ ਨਿਹੋਰੇ।
ਪਾਛਲ ਜਨਮ ਹੁਤੋ ਅਕ੍ਰੂਰ। ਤਬਿ ਭੀ ਰਾਵਰਿ ਕੇਰ ਹਦੂਰ॥ ੧੨॥

ਇਹ ਸੁਣ ਕੇ ਮੋਹਰੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਤੁਹਾਡੇ ਚਰਨ ਫੜਨਾ ਮੇਰੇ ਲਈ ਉਚਿਤ ਹੈ। ਪਿਛਲੇ ਜਨਮ ਵਿਚ ਮੈਂ ਅਕ੍ਰੂਰ ਸੀ ਤਦ ਵੀ ਆਪ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ॥ ੧੨॥

ਅਕ੍ਰੂਰ ਇਕ ਯਾਦਵ ਸੀ ਜੋ ਸ੍ਰੀ ਕਿਸ਼ਨ ਦਾ ਚਾਚਾ ਤੇ ਮਿੱਤਰ ਸੀ। ਸੱਤ੍ਰਾਜਿਤ ਵੀ ਯਾਦਵ ਸੀ ਜਿਸ ਸੂਰਜ ਦੀ ਤਪੱਸਿਆ ਕਰਕੇ ਸਮੰਤਕ ਮਣੀ ਪ੍ਰਾਪਤ ਕੀਤੀ ਸੀ। ਜਿਸ ਦੀ ਲੜਕੀ ਸੱਤਭਾਗਾ ਨੂੰ ਵਿਆਹੀ ਸੀ। ਸੱਤ੍ਰਾਜਿਤ ਤੋਂ ਮਣੀ ਜਾਮਵੰਤ ਪਾਸ ਚਲੀ ਗਈ। ਕ੍ਰਿਸ਼ਨ ਨੇ ਜਾਮਵੰਤ ਨਾਲ ਲੜਾਈ ਕਰਕੇ ਇਹ ਮਣੀ ਲਈ ਤੇ ਫਿਰ ਸੱਤ੍ਰਾਜਿਤ ਨੂੰ ਦਿੱਤੀ। ਇਸ ਨੇ ਅਕ੍ਰੂਰ ਨੂੰ ਰੱਖਣ ਨੂੰ ਦੇ ਦਿੱਤੀ। ਸ੍ਰੀ ਕ੍ਰਿਸ਼ਨ ਨੇ ਫਿਰ ਅਕ੍ਰੂਰ ਤੋਂ ਲੈ ਕੇ ਸੱਤਭਾਮਾ ਨੂੰ ਦਿੱਤੀ॥ ੧੨॥

ਕ੍ਰਿਸ਼ਨਚੰਦ ਤੁਮ ਅੰਤਰਜਾਮੀ। ਰੱਛਕ ਸੇਵਕ ਕੇ ਸਦ ਸ੍ਵਾਮੀ।
ਮਣਿ ਕਾਰਣ ਮੁਝ ਤੇ ਭਈ ਭੂਲ। ਕਿਤਿਕ ਕਾਲ ਬਰਤਜੋ ਪ੍ਰਤਿਕੂਲ॥੧੩॥

ਹੇ ਕ੍ਰਿਸ਼ਨ ਜੀ! ਤੁਸੀਂ ਅੰਤਰਜਾਮੀ ਹੋ ਤੇ ਆਪਣੇ ਸੇਵਕਾਂ ਦੀ ਸਦਾ ਰਖਿਆ ਕਰਦੇ ਹੋ। ਮਣੀ ਲੈਣ ਕਾਰਨ ਮੈਥੋਂ ਭੁੱਲ ਹੋ ਗਈ ਸੀ, ਕਾਫੀ ਸਮਾਂ ਮੈਂ ਉਲਟ ਰਿਹਾ ਹਾਂ॥ ੧੩॥

ਸੋ ਅਬਿ ਛਿਮਾ ਧਾਰਿ ਬਖਸ਼ੀਜੈ। ਚਲਹੁ ਸਦਨ ਮਮ ਇੱਛ ਪੁਰੀਜੈ।
ਅਬਿ ਕੇ ਬਿਛੁਰੇ ਹੋਇ ਨ ਮੇਲਾ। ਕਰਹੁ ਕ੍ਰਿਪਾ ਮੁਝ ਲੇਹੁ ਸਕੇਲਾ॥੧੪॥

ਇਸ ਕਰਕੇ ਹੁਣ ਮੁਆਫੀ ਬਖਸ਼ੋ ਅਤੇ ਮੇਰੇ ਨਾਲ ਘਰ ਚਲ ਕੇ ਮੇਰੀ ਇੱਛਾ ਪੂਰੀ ਕਰੋ। ਹੁਣ ਦੇ ਵਿਛੜਿਆਂ ਦੇ ਫਿਰ ਮੇਲੇ ਨਹੀਂ ਹੋਣੇ। ਕਿਰਪਾ ਕਰਕੇ ਮੈਨੂੰ ਮਿਲਾ ਲਵੋ॥ ੧੪॥

ਅੰਤ ਸਮੈ ਪਰਲੋਕ ਮਝਾਰੀ। ਨਿਜ ਸਮੀਪ ਰਾਖੋ ਹਿਤ ਧਾਰੀ'।
ਸ੍ਰੀ ਅਰਜਨ ਸੁਨਿ ਕੈ ਤਿਹ ਸਮੈਂ। ਕਹਜੋ 'ਅੰਤ ਕੋ ਮਿਲਿ ਹੈਂ ਹਮੈ॥੧੫॥

ਅੰਤ ਸਮੇਂ ਪਰਲੋਕ ਵਿਚ ਪ੍ਰੇਮ ਕਰਕੇ ਮੈਨੂੰ ਆਪਣੇ ਪਾਸ ਹੀ ਰਖੋ।" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਕਿਹਾ, "ਤੁਸੀਂ ਅੰਤ ਸਮੇਂ ਸਾਨੂੰ ਆ ਮਿਲੋਗੇ॥ ੧੫॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਅਮਰਦਾਸ ਅਨੁਸਾਰੀ। ਮਾਨਜ ਬਾਕ ਰਹਜੋ ਹਿਤ ਧਾਰੀ।
ਤਬਿ ਹੂੰ ਬਖਸ਼ੇ ਸਰਬ ਪ੍ਰਕਾਰਾ। ਸਦਾ ਸਮੀਪੀ ਰਹੈਂ ਹਮਾਰਾ ॥੧੬॥

ਤੁਸੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਰਹੇ ਹੋ ਅਤੇ ਬੜੇ ਪ੍ਰੇਮ ਨਾਲ ਉਨ੍ਹਾਂ ਦੇ ਬਚਨਾਂ ਨੂੰ ਮੰਨਦੇ ਰਹੇ ਹੋ, ਉਨ੍ਹਾਂ ਨੇ ਉਸ ਸਮੇਂ ਤੁਹਾਨੂੰ ਕਈ ਪ੍ਰਕਾਰ ਬਖਸ਼ ਦਿੱਤਾ ਸੀ ਕਿ ਤੁਸੀਂ ਸਦਾ ਮੇਰੇ ਪਾਸ ਰਹੋਗੇ" ॥ ੧੬ ॥

ਇਮ ਕਹਿ ਭੇ ਪ੍ਰਸੰਨ ਜਗਨਾਥ। ਗਮਨੇ ਸਦਨ ਮੋਹਰੀ ਸਾਥ।
ਮਾਤੁਲ ਕੀ ਪਤਨੀ ਸੰਗ ਮਿਲੇ। ਤੂਰਨ ਉਠੀ ਹਰਖ ਕਰਿ ਭਲੇ ॥੧੭॥

ਇਸ ਤਰ੍ਹਾਂ ਕਹਿ ਕੇ ਜਗਤ ਦੇ ਮਾਲਕ ਬੜੇ ਪ੍ਰਸੰਨ ਹੋਏ ਅਤੇ ਮੋਹਰੀ ਦੇ ਨਾਲ ਉਸ ਦੇ ਘਰ ਗਏ। ਆਪਣੇ ਮਾਮਾ ਜੀ ਦੀ ਪਤਨੀ ਨੂੰ ਮਿਲੇ, ਉਹ ਵੀ ਗੁਰੂ ਜੀ ਨੂੰ ਵੇਖ ਕੇ ਪ੍ਰਸੰਨ ਹੋ ਕੇ ਮਿਲੀ॥ ੧੭॥

ਨਮੋ ਕਰਤਿ ਕੋ ਆਸ਼ਿਖ ਦੀਨਿ। ਪੁਨਹਿ ਨਿਛਾਵਰ ਕਰ ਤੇ ਕੀਨ।
ਬਸਤ੍ਰ ਬਿਭੂਖਨ ਦਰਬ ਬਿਸਾਲਾ। ਵਾਰ ਵਾਰ ਕਰਿ ਦੇ ਤਿਸ ਕਾਲਾ ॥੧੮॥

ਨਮਸਕਾਰ ਕਰਨ ਤੇ ਉਸ ਅਸੀਸ ਦਿੱਤੀ, ਫਿਰ ਹੱਥ ਨਾਲ ਵਾਰਨੇ ਕੀਤੇ। ਬਹੁਤ ਕਪੜੇ, ਓਸੇ ਵੇਲੇ ਗਹਿਣੇ ਅਤੇ ਧਨ ਵਾਰ ਵਾਰ ਕੇ ਗ਼ਰੀਬਾਂ ਨੂੰ ਦਿੱਤੇ॥ ੧੮॥

ਬੂਝੀ ਕੁਸ਼ਲ ਮਧੁਰ ਬਚ ਸੰਗਾ। 'ਸੁਖ ਕੇ ਸਹਤ ਅਹੈ ਸ਼ੁਭ ਗੰਗਾ?।
ਪੁੱਤ੍ਰ ਤੁਮਾਰੋ ਹਰਿਗੋਬਿੰਦ। ਬਾਲ ਅਵਸਥਾ, ਅਹੈ ਅਨੰਦ ? ॥ ੧੯ ॥

ਫਿਰ ਮਿੱਠੇ ਬਚਨ ਬੋਲ-ਸੁਖ ਸਾਂਦ ਪੁਛੀ, "ਕੀ ਗੰਗਾ ਜੀ ਰਾਜ਼ੀ ਖੁਸ਼ੀ ਹਨ ? ਤੁਹਾਡੇ ਛੋਟੀ ਉਮਰ ਦੇ ਬਾਲਕ ਪੁੱਤਰ ਸ੍ਰੀ ਹਰਿਗੋਬਿੰਦ ਅਨੰਦ ਪ੍ਰਸੰਨ ਹਨ ? ॥ ੧੯ ॥

ਕੁਸ਼ਲੀ ਸਕਲ ਅਪਰ ਪਰਵਾਰਾ ?। ਸਭਿ ਸੁਖ ਸਾਥ ਸ਼ਰੀਰ ਤਮਾਰਾ ?'।
ਸ੍ਰੀ ਅਰਜਨ ਸੁਨਿ ਕੈ ਸਭਿ ਸ੍ਰੈਨ। ਕਹਜੋ 'ਕ੍ਰਿਪਾ ਤੁਮਰੀ ਸੁਖ ਭੌਨ ॥੨੦॥

ਹੋਰ ਸਾਰਾ ਪਰਿਵਾਰ ਰਾਜ਼ੀ ਖੁਸ਼ੀ ਹੈ ? ਹੋਰ ਤੁਹਾਡਾ ਸਰੀਰ ਰਾਜ਼ੀ ਖੁਸ਼ੀ ਹੈ ?" ਸ੍ਰੀ ਗੁਰੂ ਅਰਜਨ ਦੇਵ ਜੀ ਸਭ ਕੁਝ ਸੁਣ ਕੇ ਬੋਲੇ, "ਤੁਹਾਡੀ ਕਿਰਪਾ ਨਾਲ ਘਰ ਵਿਚ ਸਾਰੇ ਰਾਜ਼ੀ ਖੁਸ਼ੀ ਹਨ॥ ੨੦॥

ਤੁਮ ਹੋ ਬਡੇ ਆਸ਼ਿਖਾ ਦੇਹੂ। ਯਾਂ ਤੇ ਸਭਿ ਸੁਖ ਹਮਰੇ ਗੇਹੂ'।
ਇਮ ਸੁਨਿ ਮਾਤੁਲ ਪਤਨੀ ਫੇਰ। ਕਹਿ ਕਰੁਨਾ ਜੁਤ ਬਾਕ ਬਡੇਰ ॥੨੧॥

ਤੁਸੀਂ ਵੱਡੇ ਹੋ, ਅਸੀਸ ਦਿੰਦੇ ਹੋ, ਜਿਸ ਕਰਕੇ ਸਾਡੇ ਘਰ ਵਿਚ ਸਭ ਸੁਖ-ਸਾਂਦ ਹੈ"। ਇਹ ਸੁਣ ਕੇ ਮਾਮਾ ਜੀ ਦੀ ਪਤਨੀ ਨੇ ਕਿਰਪਾ-ਭਰਪੂਰ ਬਹੁਤ ਬਚਨ ਕਹੇ॥ ੨੧॥

'ਰਾਮਦਾਸ ਅਰ ਬੀਬੀ ਭਾਨੀ। ਗਮਨੇ ਜੁਗ ਬੈਕੁੰਠ ਸਥਾਨੀ।
ਤਬਿ ਤੇ ਤੁਮ ਨੇ ਹਮੇ ਭੁਲਾਯੋ। ਕ[illegible]ਾਂ ਨ ਕਛੁ ਸੰਦੇਸ਼ ਪਠਾਯੋ ॥੨੨॥

"ਸ੍ਰੀ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੋਵੇਂ ਬੈਕੁੰਠ ਵਿਚ [illegible]ਲੇ ਗਏ ਹਨ, ਉਸ ਸਮੇਂ ਤੋਂ ਬਾਅਦ ਤੁਸੀਂ ਸਾਨੂੰ ਭੁਲਾ ਦਿੱਤਾ ਹੈ, ਕਦੀ ਵੀ ਕੋਈ ਸੁਨੇਹਾ ਨਹੀਂ ਭੇਜਿਆ ਹੈ॥ ੨੨ ॥

Sri Satguru Jagjit Singh Ji eLlibrary NamdhariElibrary@gmail.com

ਮਿਲੇ ਨ ਪ੍ਰੇਮ ਧਾਰਿ ਕਬਿ ਆਈ। ਮਨਹੁ ਤਜਾਗ ਕੀਨਹੁ ਕਿ ਸਥਾਈ'।
ਇਮ ਬੋਲਤਿ ਰੋਦਨਿ ਕੋ ਠਾਨਾ। ਸਿਮਰਿ ਸਿਮਰਿ ਪਾਛਲ ਸੁਖ ਨਾਨਾ॥੨੩॥

ਅਤੇ ਕਦੇ ਵੀ ਪ੍ਰੇਮ ਕਰਕੇ ਮਿਲਣ ਨਹੀਂ ਆਏ ਹੋ, ਮਾਨੋ ਸਾਨੂੰ ਸਦਾ ਲਈ ਛੱਡ ਦਿੱਤਾ ਹੋਵੇ।" ਇਹ ਕਹਿ ਕੇ ਰੋਣ ਲੱਗ ਗਈ, ਪਿਛਲੇ ਕਈ ਸੁਖਾਂ ਨੂੰ ਯਾਦ ਕਰ ਰਹੀ ਸੀ॥ ੨੩॥

'ਸਭਿ ਪਰਵਾਰ ਮਿਲਜੋ ਤਬਿ ਰਹਜੋ। ਅਬਹਿ ਬਿਛੋਹਾ ਕਿਤਨਕ ਲਹਜੋ।
ਭੱਲਜਨ ਕੁਲ ਕੇ ਭੂਖਨ ਪਾਸ। ਸਭਿ ਇਕਠੇ ਰਹਿਂ ਏਕ ਅਵਾਸ॥ ੨੪॥

"ਇਕ ਸਮਾਂ ਸੀ ਜਦੋਂ ਸਾਰਾ ਪਰਿਵਾਰ ਮਿਲ ਕੇ ਇਕੱਠਾ ਰਹਿੰਦਾ ਸੀ, ਹੁਣ ਅਸੀਂ ਕਿੰਨਾ ਵਿਛੋੜਾ ਪਾਇਆ ਹੈ। ਭਲਿਆਂ ਦੀ ਕੁਲ ਦੇ ਸਿਰਤਾਜ ਭਾਵ ਗੁਰੂ ਅਮਰਦਾਸ ਪਾਸ ਸਾਰੇ ਇਕੱਠੇ ਇਕ ਘਰ ਵਿਚ ਰਹਿੰਦੇ ਸਨ॥ ੨੪॥

ਅਬਿ ਅਸ ਸਮਾਂ ਮਿਲਨਿ ਕਬਿ ਹੋਵਾ। ਬਹੁ ਦਿਨ ਮਹਿਂ ਤੁਮ ਦਰਸ਼ਨ ਜੋਵਾ'।
ਮਾਤੁਲ ਪਤਨੀ ਰੋਦਤਿ ਹੇਰੀ। ਸ਼੍ਰੀ ਗੁਰ ਨੇਤ੍ਰ ਅੱਸ੍ਰ ਤਬਿ ਗੇਰੀ॥ ੨੫॥

ਹੁਣ ਐਸਾ ਸਮਾਂ ਆਇਆ ਹੈ ਕਿ ਕਦ ਮੇਲ ਹੋਵੇਗਾ। ਬਹੁਤ ਦੇਰ ਬਾਅਦ ਤੁਹਾਡੇ ਦਰਸ਼ਨ ਕੀਤੇ ਹਨ।" ਜਦ ਗੁਰੂ ਜੀ ਨੇ ਆਪਣੇ ਮਾਮਾ ਜੀ ਦੀ ਪਤਨੀ ਨੂੰ ਰੋਂਦੀ ਵੇਖਿਆ ਤਾਂ ਗੁਰੂ ਜੀ ਦੇ ਨੈਣਾਂ ਵਿਚੋਂ ਵੀ ਹੰਝੂ ਡਿੱਗ ਪਏ॥ ੨੫॥

ਫਸੇ ਮੋਹ ਨਰ ਰੋਦਤਿ ਜੈਸੇ। ਛਾਯੋ ਨੀਰ ਬਿਲੋਚਨ ਤੈਸੇ।
ਦੀਰਘ ਸ੍ਵਾਸ ਲੇਤਿ ਬਹੁ ਬਾਰੀ। ਮੁਖ ਪਰਪੁਲਤ ਅੱਸ੍ਰ ਕੋ ਬਾਰੀ॥ ੨੬॥

ਜਿਵੇਂ ਮੋਹ ਵਿਚ ਫਸਿਆ ਮਨੁੱਖ ਰੋਂਦਾ ਹੈ, ਇਸ ਤਰ੍ਹਾਂ ਨੈਣਾਂ ਵਿਚ ਜਲ ਛਾ ਗਿਆ। ਬਹੁਤ ਵਾਰ ਲੰਮੇ-ਲੰਮੇ ਸਾਹ ਲੈਂਦੇ ਸਨ ਅਤੇ ਮੁਖ ਹੰਝੂਆਂ ਦੇ ਜਲ ਨਾਲ ਭਿੱਜ ਗਿਆ॥ ੨੬॥

ਨਿਜ ਪਤਨੀ ਅਰ ਗੁਰ ਕੋ ਹੇਰਾ। ਬਾਕ ਮੋਹਰੀ ਕਹਿ ਤਿਸ ਵੇਰਾ।
'ਰੋਦਨ ਐਸੇ ਕਰੋਂ ਤੁਮ ਠਾਨਾ ?। ਜਗਤ ਮੇਲਿ ਨਦਿ ਤਰੀ ਸਮਾਨਾ॥੨੭॥

ਜਦ ਬਾਬਾ ਮੋਹਰੀ ਜੀ ਨੇ ਆਪਣੀ ਪਤਨੀ ਅਤੇ ਗੁਰੂ ਜੀ ਨੂੰ ਵੇਖਿਆ ਤਾਂ ਉਨ੍ਹਾਂ ਨੇ ਕਿਹਾ, "ਤੁਸੀਂ ਇਸ ਤਰ੍ਹਾਂ ਕਿਉਂ ਰੋਂਦੇ ਹੋ ? ਜਗਤ ਦਾ ਮੇਲ ਤਾਂ ਨਦੀ ਵਿਚ ਬੇੜੀ ਸਮਾਨ ਹੈ॥ ੨੭॥

ਮਿਲਨਿ ਅੰਤ ਮਹਿਂ ਹੋਤਿ ਬਿਯੋਗਾ। ਪਰਾਰਬਧ ਕੇ ਬਸਿ ਸਭਿ ਲੋਗਾ।
ਪ੍ਰਭੁ ਸਰੂਪ ਜੋ ਪਿਤਾ ਹਮਾਰੇ। ਤਿਮ ਸ਼੍ਰੀ ਅਰਜਨ ਪਿਤਾ ਉਦਾਰੇ॥ ੨੮॥

ਮਿਲਣ ਤੋਂ ਬਆਦ ਅੰਤ ਵਿਚ ਵਿਛੋੜਾ ਹੀ ਹੁੰਦਾ ਹੈ, ਸਭ ਲੋਕ ਕੁਦਰਤ ਦੇ ਵੱਸ ਵਿਚ ਹਨ। ਪ੍ਰਭੂ ਸਰੂਪ ਜਿਹੜੇ ਸਾਡੇ ਪਿਤਾ ਸਨ, ਉਸ ਤਰ੍ਹਾਂ ਸ੍ਰੀ ਅਰਜਨ ਦੇਵ ਦੇ ਪਿਤਾ ਜੀ ਵੀ ਉੱਤਮ ਪੁਰਸ਼ ਸਨ॥ ੨੮॥

ਅਪਨੇ ਸਦਨ ਬਿਕੁੰਠ ਸਿਧਾਰੇ। ਸੋਚਨਿ ਜੋਗ ਨ ਸੋ ਸੁਖ ਭਾਰੇ।
ਮਨਮਤਿ ਉਰਝੇ ਭਗਤਿ ਬਿਹੀਨੇ। ਕਬਹੁਂ ਨ ਪ੍ਰਭੁ ਕੋ ਸਿਮਰਨਿ ਕੀਨੇ॥੨੯॥

ਉਹ ਦੋਵੇਂ ਆਪਣੇ ਘਰ ਬੈਕੁੰਠ ਵਿਚ ਚਲੇ ਗਏ ਹਨ, ਉਹ ਭਾਰੇ ਸੁਖ ਸੋਚਣ ਯੋਗ ਨਹੀਂ ਹਨ। ਭਗਤੀ ਬਗੈਰ ਮਨਮਤ ਵਿਚ ਉਲਝ ਜਾਂਦੇ ਹਨ ਤੇ ਕਦੇ ਵੀ ਪ੍ਰਭੂ ਦਾ ਸਿਮਰਨ ਨਹੀਂ ਕਰਦੇ॥ ੨੯॥

ਸੋ ਸੋਚਨਿ ਕੇ ਜੋਗ ਮਹਾਨਾ। ਧਰਮ ਤਜਾਗ ਜਿਨ ਕਿਯ ਅਘ ਨਾਨਾ।
ਨਹਿਂ ਸਤਿਗੁਰ ਕੀ ਸੇਵ ਕਮਾਈ। ਸਤਿਗੁਰ ਗਿਰਾ ਨ ਰਿਦੈ ਬਸਾਈ॥ ੩੦॥

ਉਹ ਸੋਚਣ ਯੋਗ ਹਨ ਜਿਨ੍ਹਾਂ ਧਰਮ ਤਿਆਗ ਕੇ ਅਨੇਕਾਂ ਪ੍ਰਕਾਰ ਦੇ ਪਾਪ ਕੀਤੇ ਹਨ। ਸਤਿਗੁਰੂ ਦੀ ਸੇਵਾ ਦੀ ਕਮਾਈ ਨਹੀਂ ਕੀਤੀ ਹੈ ਅਤੇ ਸਤਿਗੁਰੂ ਦੇ ਬਚਨਾਂ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ ਹੈ॥ ੩੦॥

ਨਿਸ ਦਿਨ ਪਚੀ ਕੁਟੰਬ ਮਝਾਰੇ। ਕੂੜ ਬੋਲਿ ਸੰਚਹਿਂ ਧਨ ਭਾਰੇ।
ਤਪ ਤੀਰਥ ਜਿਨ ਕੀਨਿ ਨ ਕੋਊ। ਸੋਚਨਿ ਜੋਗ ਜਾਨੀਯਹਿ ਸੋਊ॥ ੩੧॥

ਦਿਨ ਰਾਤ ਪਰਿਵਾਰ ਵਿਚ ਖੱਚਤ ਰਹਿੰਦੇ ਹਨ ਅਤੇ ਝੂਠ ਬੋਲ ਕੇ ਬਹੁਤ ਧਨ ਇਕੱਠਾ ਕਰਦੇ ਹਨ। ਜਿਨ੍ਹਾਂ ਨੇ ਕੋਈ ਤਪ ਤੀਰਥ ਨਹੀਂ ਕੀਤਾ ਹੈ, ਉਹ ਹੀ ਸੋਚਣ ਯੋਗ ਜਾਣੀਏ॥ ੩੧॥

ਸੁਪਨਹਿ ਕਬਿ ਸਤਿਸੰਗ ਨ ਸੇਵਾ। ਗੁਨ ਬਿਹੀਨ ਅਫਰੇ ਅਹੰਮੇਵਾ।
ਰਿਦੇ ਦਯਾ ਨਹਿਂ ਦੀਨਹੁ ਦਾਨਾ। ਸੇ ਸੋਚਨਿ ਕੇ ਜੋਗ ਮਹਾਨਾ॥ ੩੨॥

ਸੁਪਨੇ ਵਿਚ ਵੀ ਕਦੀ ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਗੁਣਾਂ ਤੋਂ ਬਗੈਰ ਹੀ ਹੰਕਾਰ ਨਾਲ ਆਫਰੇ ਹੋਏ ਹਨ। ਹਿਰਦੇ ਵਿਚ ਦਇਆ ਨਹੀਂ ਅਤੇ ਨਾ ਹੀ ਕਦੀ ਗਰੀਬਾਂ ਨੂੰ ਦਾਨ ਦਿੱਤਾ ਹੈ, ਉਹ ਸਭ ਮਹਾਨ ਸੋਚਣ ਯੋਗ ਹਨ॥ ੩੨॥

ਮਿਲੇ ਕੁਸੰਗ ਕਮਾਇਂ ਬਿਕਾਰਾ। ਰਿਦੇ ਸਦਾ ਸਤਿਨਾਮੁ ਬਿਸਾਰਾ।
ਤਜੇ ਸੁ ਪੰਥ ਕੁਮਾਰਗ ਚਾਲਾ। ਸੋ ਸੋਚਨਿ ਕੇ ਜੋਗ ਬਿਸਾਲਾ'॥ ੩੩॥

ਭੈੜੀ ਸੰਗਤ ਵਿਚ ਪੈ ਕੇ ਵਿਕਾਰ ਕਮਾਉਂਦੇ ਹਨ, ਹਿਰਦੇ ਵਿਚੋਂ ਸਤਿਨਾਮ ਨੂੰ ਸਦਾ ਲਈ ਵਿਸਾਰਿਆ ਹੋਇਆ ਹੈ। ਸ੍ਰੇਸ਼ਟ ਪੰਥ ਛੱਡ ਕੇ ਜਿਹੜੇ ਭੈੜੇ ਰਾਹ ਚਲਦੇ ਹਨ, ਉਹ ਸਭ ਸੋਚਣ ਦੇ ਯੋਗ ਹਨ'॥ ੩੩॥

ਇੱਤਜਾਦਿਕ ਕਹਿ ਕੋਮਲ ਬਾਨੀ। ਸਮੁਝਾਈ ਨਿਜ ਪਤਨਿ ਮਹਾਨੀ।
'ਜਲ ਪ੍ਰਵਾਹ ਮਿਲਿ ਤ੍ਰਿਣ ਬਿਛੁਰੈਂ ਹੈਂ। ਤਥਾ ਬੂਲ ਤਨ ਕੀ ਗਤਿ ਐਹੈ॥੩੪॥

ਇਤਿਆਦਿ ਕੋਮਲ ਬਚਨ ਕਹਿ ਕੇ ਬਾਬਾ ਮੋਹਰੀ ਜੀ ਨੇ ਆਪਣੀ ਪਤਨੀ ਨੂੰ ਸਮਝਾਇਆ। ਜਿਵੇਂ ਜਲ ਵਿਚ ਪ੍ਰਵਾਹ ਕੀਤੇ ਹੋਏ ਤੀਲੇ ਵਿਛੜ ਜਾਂਦੇ ਹਨ, ਉਸ ਤਰ੍ਹਾਂ ਹੀ ਸਰੀਰ ਦੀ ਗਤੀ ਹੁੰਦੀ ਹੈ॥ ੩੪॥

ਪਰਾਰਬਧ ਕੋ ਬੇਗ ਸੁ ਪਾਇ। ਮਿਲਿ ਬਿਛੁਰਤਿ ਦੇਹੀ ਇਸ ਭਾਇ।
ਸੁਨਹੁ ਸੁਬ੍ਰਿਤੇ ! ਇਮ ਉਰ ਜਾਨਿ। ਰੋਦਨਿ ਸ਼ੋਕ ਕਰਹੁ ਸਭਿ ਹਾਨਿ'॥ ੩੫॥

ਜਿਵੇਂ ਪ੍ਰਾਲਬਧ ਦਾ ਵੇਗ ਹੈ ਉਸ ਤਰ੍ਹਾਂ ਹੀ ਮਨੁੱਖ ਪਾਉਂਦਾ ਹੈ, ਇਸ ਪ੍ਰਕਾਰ ਸਰੀਰ ਮਿਲਦੇ ਵਿਛੜਦੇ ਰਹਿੰਦੇ ਹਨ। ਹੇ ਸ੍ਰੇਸ਼ਟ ਬ੍ਰਿਤੀ ਵਾਲੀ! ਇਸ ਤਰ੍ਹਾਂ ਦਿਲ ਵਿਚ ਜਾਣ ਤੇ ਦੁੱਖ ਨੂੰ ਦੂਰ ਕਰੋ'॥ ੩੫॥

ਬਚਨ ਮੋਹਰੀ ਕੇ ਸਮ ਭਾਨੂ। ਸ਼ੋਕ ਤਿਮਰ ਕੋ ਕੀਨਸਿ ਹਾਨੂ।
ਧਰਿ ਧੀਰਜ ਸਭਿ ਬੈਠੇ ਪਾਸ। ਬਹੁ ਬਿਧਿ ਕੋ ਕਿਯ ਬਾਕ ਬਿਲਾਸ॥ ੩੬॥

ਬਾਬਾ ਮੋਹਰੀ ਜੀ ਦੇ ਬਚਨ ਸੂਰਜ ਵਾਂਗ ਸਨ, ਦੁੱਖ ਰੂਪੀ ਹਨੇਰੇ ਨੂੰ ਉਨ੍ਹਾਂ ਦੂਰ ਕਰ ਦਿੱਤਾ। ਧੀਰਜ ਧਾਰਨ ਕਰਕੇ ਸਾਰੇ ਬੈਠ ਗਏ ਅਤੇ ਕਈ ਪ੍ਰਕਾਰ ਦੀਆਂ ਗੱਲਾਂ-ਬਾਤਾਂ ਕੀਤੀਆਂ॥ ੩੬॥

ਨੰਦ ਮੋਹਰੀ ਕੋ ਜੁ ਅਨੰਦੁ। ਆਇ ਕਰੀ ਬੰਦਨ ਕਰ ਬੰਦਿ।
ਸ੍ਰੀ ਗੁਰ ਅਰਜਨ ਬਹੁ ਸਤਿਕਾਰਾ। ਪਾਸ ਬਿਠਾਯੋ ਆਨੰਦ ਧਾਰਾ॥ ੩੭॥

ਜੋ ਬਾਬਾ ਮੋਹਰੀ ਜੀ ਦਾ ਅਨੰਦ ਨਾਮੀਂ ਪੁੱਤਰ ਸੀ ਉਸ ਨੇ ਆ ਕੇ ਹੱਥ ਜੋੜ ਕੇ ਬੰਦਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਉਸ ਦਾ ਬਹੁਤ ਸਤਿਕਾਰ ਕੀਤਾ, ਪਾਸ ਬਿਠਾ ਕੇ ਆਨੰਦ ਧਾਰਨ ਕੀਤਾ॥ ੩੭॥

ਅਤਿ ਹਰਖਤਿ ਚਿਤ ਸਭਿ ਪਰਵਾਰੂ। ਕਰਿਵਾਵਤਿ ਭੇ ਤਜਾਰ ਅਹਾਰੂ।
ਸਾਦਰ ਚੌਂਕੀ ਚਾਰੁ ਡਸਾਈ। ਤਿਸ ਪਰ ਸਤਿਗੁਰ ਦੀਨਿ ਬਿਠਾਈ॥ ੩੮॥

ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋ ਕੇ ਫਿਰ ਭੋਜਨ ਤਿਆਰ ਕਰਵਾਉਣ ਲੱਗੇ। ਆਦਰ ਨਾਲ ਬੜੀ ਸੁੰਦਰ ਚੌਂਕੀ ਡਾਹੀ, ਸਤਿਗੁਰੂ ਜੀ ਨੂੰ ਉਸ ਉੱਤੇ ਬਿਠਾ ਦਿੱਤਾ॥ ੩੮॥

ਨਾਨਾ ਰਸ ਕੇ ਭੋਜਨ ਪਾਏ। ਥਾਲ ਬਿਸਾਲ ਧਰਜੋ ਅਗੁਵਾਏ।
ਬਾਨੀ ਮਧੁਰ ਮੋਹਰੀ ਕਹੈ। ਅਸਨ ਅਚਾਵਤਿ ਦਰਸ਼ਨ ਲਹੈ॥ ੩੯॥

ਕਈ ਪ੍ਰਕਾਰ ਦੇ ਰਸੀਲੇ ਭੋਜਨ ਪਰੋਸ ਕੇ ਵੱਡਾ ਥਾਲ ਗੁਰੂ ਜੀ ਦੇ ਅੱਗੇ ਰੱਖ ਦਿੱਤਾ। ਬਾਬਾ ਮੋਹਰੀ ਬੜੀ ਮਿੱਠੀ ਬਾਣੀ ਕਹਿ ਰਹੇ ਹਨ। ਭੋਜਨ ਛੱਕਦਿਆਂ ਦੇ ਦਰਸ਼ਨ ਕਰ ਰਹੇ ਸਨ॥ ੩੯॥

ਸਕਲ ਕੁਟੰਬ ਅਚਜੋ ਮਿਲਿ ਫੇਰੀ। ਰਾਤ੍ਰਿ ਬਿਖੈ ਸੁਠ ਸੇਜ ਬਡੇਰੀ।
ਸੁਪਤਿ ਹੇਤੁ ਸ੍ਰੀ ਗੁਰ ਕੋ ਦਈ। ਇਮ ਸੁਖ ਸੋਂ ਪ੍ਰਾਤੀ ਪੁਨ ਭਈ॥੪੦॥

ਫਿਰ ਸਾਰੇ ਪਰਿਵਾਰ ਨੇ ਮਿਲ ਕੇ ਭੋਜਨ ਛਕਿਆ। ਰਾਤ ਨੂੰ ਬੜਾ ਸੁੰਦਰ ਬਿਸਤਰਾ ਵਿਛਾਇਆ ਤੇ ਗੁਰੂ ਜੀ ਨੂੰ ਸੌਣ ਵਾਸਤੇ ਦਿੱਤਾ। ਇਸ ਤਰ੍ਹਾਂ ਸੁੱਖ ਨਾਲ ਫਿਰ ਸਵੇਰ ਹੋ ਗਈ॥ ੪੦॥

ਜਾਇ ਬਾਵਲੀ ਕੀਨਿ ਸ਼ਨਾਨਾ। ਪਠਿ ਜਪੁਜੀ ਸ੍ਰੀ ਨਾਨਕ ਧਜਾਨਾ।
ਲੀਨਿ ਮੋਹਰੀ ਅਪਨੇ ਸਾਥ। ਗਮਨੇ ਸ੍ਰੀ ਗੁਰ ਅਰਜਨ ਨਾਥ॥ ੪੧॥

ਫਿਰ ਬਾਉਲੀ ਵਿਚ ਜਾ ਕੇ ਇਸ਼ਨਾਨ ਕੀਤਾ, ਜਪੁਜੀ ਸਾਹਿਬ ਦਾ ਪਾਠ ਕਰਕੇ ਗੁਰੂ ਨਾਨਕ ਦੇਵ ਜੀ ਵਿਚ ਧਿਆਨ ਲਾਇਆ। ਫਿਰ ਬਾਬਾ ਮੋਹਰੀ ਨੂੰ ਆਪਣੇ ਨਾਲ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਹਰ ਨੂੰ ਚਲ ਪਏ॥ ੪੧॥

ਅਪਰ ਲੋਕ ਗਨ ਸੰਗ ਸਿਧਾਏ। ਪਾਸ ਬਿਪਾਸਾ ਪਿਖਿ ਹਰਖਾਏ।
ਸੁੰਦਰ ਹੈ ਪ੍ਰਵਾਹ ਜਿਸ ਕੇਰੇ। ਨਾਦਤਿ ਖਗ ਚਕਵਾਦਿ ਘਨੇਰੇ॥੪੨॥

ਹੋਰ ਲੋਕਾਂ ਦਾ ਸਮੂਹ ਵੀ ਨਾਲ ਚਲ ਪਿਆ। ਦਰਿਆ ਬਿਆਸ ਦੇ ਪਾਸ ਆ ਕੇ ਵੇਖ ਕੇ ਬਹੁਤ ਖੁਸ਼ ਹੋਏ। ਜਿਸ ਦਾ ਸੁੰਦਰ ਪ੍ਰਵਾਹ ਹੈ ਅਤੇ ਜਿਸ ਵਿਚ ਚਕਵੇ ਆਦਿ ਪੰਛੀ ਇਸ਼ਨਾਨ ਕਰਕੇ ਬਹੁਤ ਪ੍ਰਸੰਨ ਹੁੰਦੇ ਹਨ॥ ੪੨॥

ਦੂਊ ਦੇਹੁਰੇ ਦੇਖਨਿ ਕਰੇ। ਕਮਲ ਕਲੀ ਸਮ ਸੁੰਦਰ ਖਰੇ।
ਪਿਖੇ ਦੂਰ ਤੇ ਉੱਜਲ ਐਸੇ। ਭਾਦੋਂ ਮਾਸ ਖੂੰਬ ਜੁਗ ਜੈਸੇ॥ ੪੩॥

ਦੋਵੇਂ ਦੇਹੁਰੇ ਵੇਖੇ, ਜਿਹੜੇ ਕੰਵਲ ਦੀ ਬੰਦ ਕਲੀ ਵਾਂਗ ਖੜੇ ਸਨ। ਦੂਰੋਂ ਵੇਖਣ 'ਤੇ ਏਨੇ ਉੱਜਲ ਲੱਗ ਰਹੇ ਸਨ ਜਿਵੇਂ ਭਾਦੋਂ ਮਹੀਨੇ ਵਿਚ ਦੋ ਖੁੰਬਾਂ ਉਗੀਆਂ ਹੋਣ॥ ੪੩॥

ਜਨਨੀ ਪਿਤ ਅਰ ਪਿਤ ਨਿਜ ਜੋਊ। ਨੇਤ੍ਰ ਭਰਜੋ ਜਲ ਸਿਮਰੇ ਦੋਊ।
ਭਰੇ ਪ੍ਰੇਮ ਪੁਲਕਾਵਲਿ ਹੋਈ। ਗਏ ਸਮੀਪ ਸੰਗ ਸਭਿ ਕੋਈ॥ ੪੪॥

ਆਪਣੀ ਮਾਤਾ ਜੀ ਦੇ ਪਿਤਾ ਭਾਵ ਸ੍ਰੀ ਗੁਰੂ ਅਮਰਦਾਸ ਜੀ ਅਤੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਦੀਆਂ ਸਮਾਧਾਂ ਜਦ ਵੇਖੀਆਂ ਤਾਂ ਉਨ੍ਹਾਂ ਦੋਹਾਂ ਦੀ ਯਾਦ ਆਉਣ ਨਾਲ ਅੱਖਾਂ ਵਿਚ ਜਲ ਭਰ ਆਇਆ॥ ੪੪॥

ਪੂਰਬ ਸ੍ਰੀ ਗੁਰ ਅਮਰ ਸਥਾਨੀ। ਬੰਦਨ ਕੀਨਿ ਜੋਰ ਜੁਗ ਪਾਨੀ।
ਬਹੁਰ ਪ੍ਰਕਰਮਾ ਦੀਨਸਿ ਫਿਰਿ ਕੈ। ਮਸਤਕ ਧੂਲ ਲਗਾਵਨਿ ਕਰਿ ਕੈ॥੪੫॥

ਪਹਿਲੀ ਸਮਾਧ ਗੁਰੂ ਅਮਰਦਾਸ ਜੀ ਦੀ ਸੀ, ਗੁਰੂ ਅਰਜਨ ਦੇਵ ਜੀ ਨੇ ਉਸ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ਫਿਰ ਉਸ ਦੀਆਂ ਪਰਿਕਰਮਾਂ ਕੀਤੀਆਂ ਅਤੇ ਮੱਥੇ ਉਤੇ ਉਸ ਸਥਾਨ ਦੀ ਧੂੜ ਲਾਈ॥ ੪੫॥

Sri Satguru Jagjit Singh Ji eLlibrary NamdhariElibrary@gmail.com

ਬੈਠੇ ਪੁਨਹਿ ਕਰਾਹੁ ਮੰਗਾਯੋ। ਕਰਿ ਅਰਦਾਸ ਤਹਾਂ ਵਰਤਾਯੋ।
ਨਿਕਟਿ ਦੇਖਿ ਸੁੰਦਰ ਕੋ ਕਹਯੋ। 'ਹੇ ਸ਼ੁਭ ਮਤਿ ਤੁਮ ਸਭਿ ਕਿਛੁ ਲਹਯੋ ॥੪੬॥

ਫਿਰ ਬੈਠ ਕੇ ਕੜਾਹ ਪ੍ਰਸ਼ਾਦ ਮੰਗਵਾਇਆ ਤੇ ਅਰਦਾਸ ਕਰਕੇ ਓਥੇ ਵਰਤਾ ਦਿੱਤਾ। ਫਿਰ ਸੁੰਦਰ ਨੂੰ ਵੇਖ ਕੇ ਕਿਹਾ, "ਹੇ ਸ਼ੁਭ ਮੱਤ ਵਾਲੇ ! ਤੁਸੀਂ ਤਾਂ ਸਭ ਕੁਝ ਵੇਖਿਆ ਹੈ॥ ੪੬॥

ਸ੍ਰੀ ਗੁਰੁ ਅਮਰਦਾਸ ਜਿਸ ਭਾਂਤੀ। ਗੁਰਤਾ ਤਿਲਕ ਦੀਨਿ ਸੁਖ ਸ਼ਾਂਤੀ।
ਗੁਰੂ ਭਏ ਜਿਮ ਪਿਤਾ ਹਮਾਰੇ। ਸੋ ਬਨਾਇ ਅਬਿ ਕਰਹੁ ਉਚਾਰੇ' ॥ ੪੭॥

ਜਿਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਸੁਖ ਸ਼ਾਂਤੀ ਨਾਲ ਗੁਰੂ ਰਾਮਦਾਸ ਜੀ ਨੂੰ ਤਿਲਕ ਲਾਇਆ ਸੀ, ਜਿਸ ਤਰ੍ਹਾਂ ਸਾਡੇ ਪਿਤਾ ਜੀ ਗੁਰੂ ਬਣੇ, ਉਸ ਨੂੰ ਹੁਣ ਬਣਾ ਕੇ ਉਚਾਰਣ ਕਰੋ" ॥ ੪੭॥

ਸੁਨਿ ਸੁੰਦਰ ਨੇ ਸੱਦ ਬਨਾਵਾ। ਸ੍ਰੀ ਅਰਜਨ ਕੋ ਸਕਲ ਸੁਨਾਵਾ।
ਹੁਇ ਪ੍ਰਸੰਨ ਸੋ ਲੀਨਿ ਲਿਖਾਈ। ਕਹਯੋ 'ਗ੍ਰਿੰਥ ਮੈਂ ਧਰਹਿਂ ਬਨਾਈ ॥ ੪੮॥

ਇਹ ਸੁਣ ਕੇ ਬਾਬਾ ਸੁੰਦਰ ਨੇ ਸਦ ਬਣਾਈ ਅਤੇ ਸਾਰੀ ਗੁਰੂ ਅਰਜਨ ਦੇਵ ਜੀ ਨੂੰ ਸੁਣਾਈ। ਗੁਰੂ ਜੀ ਨੇ ਪ੍ਰਸੰਨ ਹੋ ਕੇ ਲਿਖਵਾ ਲਈ। ਗੁਰੂ ਜੀ ਨੇ ਕਿਹਾ, "ਇਸ ਨੂੰ ਗ੍ਰੰਥ ਵਿਚ ਸ਼ਾਮਲ ਕਰਾਂਗੇ॥ ੪੮॥

ਅੰਤ ਸਮੈ ਇਸ ਪਾਠ ਜੁ ਕਰਿਹੀ। ਅੰਤਕ ਪੀਰ ਤਿਨਹੁਂ ਕੀ ਟਰਿਹੀ'।
ਇਮ ਕਹਿ ਤਹਿਂ ਤੇ ਗਮਨੇ ਆਗੇ। ਪਿਖਯੋ ਦੇਹੁਰਾ ਪਿਤ ਦੁਤਿ ਜਾਗੇ ॥ ੪੯॥

ਅੰਤ ਸਮੇਂ ਜਿਹੜਾ ਇਸ ਦਾ ਪਾਠ ਕਰੇਗਾ, ਅੰਤ ਸਮੇਂ ਦੀ ਪੀੜ ਉਸ ਦੀ ਦੂਰ ਹੋ ਜਾਵੇਗੀ।" ਇਹ ਕਹਿ ਕੇ ਅੱਗੇ ਚਲ ਪਏ। ਦੂਸਰੀ ਆਪਣੇ ਪਿਤਾ ਜੀ ਦੀ ਸਮਾਧ ਵੇਖੀ॥ ੪੯॥

ਨਮਹਿ ਕਰਤਿ ਪਰਕਰਮਾਂ ਦੀਨਸਿ। ਤਹਾਂ ਪ੍ਰਸ਼ਾਦਿ ਬ੍ਰਤਾਵਨ ਕੀਨਸਿ।
ਪਿਤ ਕੋ ਧਰਯੋ ਧਯਾਨ ਸੁਖ ਪਾਏ। ਆਨੰਦ ਤੇ ਲੋਚਨ ਜਲ ਛਾਏ ॥ ੫੦॥

ਨਮਸਕਾਰ ਕਰਕੇ ਪਰਿਕਰਮਾਂ ਕੀਤੀਆਂ ਅਤੇ ਓਥੇ ਵੀ ਕੜਾਹ ਪ੍ਰਸ਼ਾਦ ਵਰਤਾਇਆ। ਆਪਣੇ ਪਿਤਾ ਜੀ ਵੱਲ ਧਿਆਨ ਧਾਰ ਕੇ ਸੁਖ ਪਾਇਆ ਅਤੇ ਅਨੰਦ ਨਾਲ ਅੱਖਾਂ ਵਿਚ ਜਲ ਛਾ ਗਿਆ॥ ੫੦॥

ਸਰਬ ਰੀਤਿ ਸ਼ੁਭ ਕਰਿਕੈ ਫਿਰੇ। ਮੰਦ ਮੰਦ ਆਵਤਿ ਭੇ ਘਰੇ।
ਬੈਠਿ ਕਰਯੋ ਸੁਖ ਸੰਗ ਅਹਾਰਾ। ਸ੍ਰੀ ਗੁਰ ਅਰਜਨ ਪਰਮ ਉਦਾਰਾ ॥ ੫੧॥

ਸਭ ਸ਼ੁਭ ਰੀਤੀਆਂ ਪੂਰੀਆਂ ਕਰਕੇ ਫਿਰ ਹੌਲੀ-ਹੌਲੀ ਘਰ ਵਲ ਆ ਗਏ। ਬੈਠ ਕੇ ਆਰਾਮ ਨਾਲ ਭੋਜਨ ਛਕਿਆ। ਸ੍ਰੀ ਗੁਰੂ ਅਰਜਨ ਦੇਵ ਜੀ ਪਰਮ ਦਿਆਲੂ ਹਨ॥ ੫੧॥

*ਤੀਸਰੀ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥*

❖❖❖

# ਅਧਿਆਇ ਸੈਂਤੀਵਾਂ

## ਖਡੂਰ ਸਾਹਿਬ ਜਾ ਕੇ ਬਾਬਾ ਦਾਤੂ ਜੀ ਨੂੰ ਮਿਲੇ

ਦੋਹਰਾ- ਨਿਕਟ ਮੋਹਰੀ ਆਦਿ ਨਰ ਬੈਠੇ ਸਭਿ ਸੁਖ ਪਾਇ।
ਸ੍ਰੀ ਅਰਜਨ ਤਿਸ ਛਿਨ ਬਿਖੈ ਬੋਲੇ ਮੁਖ ਮੁਸਕਾਇ॥ ੧॥

ਬਾਬਾ ਮੋਹਰੀ ਜੀ ਤੇ ਹੋਰ ਮਨੁੱਖਾਂ ਨੇ ਨੇੜੇ ਬੈਠ ਕੇ ਬੜਾ ਸੁਖ ਪਾਇਆ। ਉਸ ਸਮੇਂ ਗੁਰੂ ਅਰਜਨ ਦੇਵ ਜੀ ਮੁਸਕਰਾ ਕੇ ਬੋਲੇ॥ ੧॥

ਸਵੈਯਾ ਛੰਦ-'ਮਾਤੁਲ ਜੀ ਆਗਜ਼ਾ ਅਬਿ ਦੀਜਹਿ ਸੁਧਾ ਸਰੋਵਰ ਕਰਹਿਂ ਪਯਾਨ।
ਕਾਰਜ ਭਯੋ ਹਮਾਰੋ ਪੂਰਨ ਕ੍ਰਿਪਾ ਤੁਮਾਰੀ ਤੇ ਹਿਤ ਠਾਨਿ।
ਚਤੁਰ ਗੁਰਨਿ ਕੀ ਬਾਨੀ ਪ੍ਰਾਪਤਿ ਸਭਿ ਕੋ ਕਰਿ ਹੈਂ ਏਕ ਸਥਾਨ।
ਜਿਸ ਕੋ ਪਠਿ ਸੁਨਿ ਅਰਥ ਬਿਚਾਰਨਿ ਰਿਦੈ ਬਸਾਇ ਪਾਇਂ ਕੱਲਜਾਨ॥ ੨॥

"ਮਾਮਾ ਜੀ ਹੁਣ ਆਗਿਆ ਦੇਵੋ, ਹੁਣ ਅੰਮ੍ਰਿਤਸਰ ਨੂੰ ਚੱਲੀਏ। ਤੁਹਾਡੀ ਕਿਰਪਾ ਨਾਲ ਸਾਡਾ ਕਾਰਜ ਪੂਰਾ ਹੋ ਗਿਆ ਹੈ। ਚਾਰ ਗੁਰੂ ਸਾਹਿਬਾਨ ਦੀ ਬਾਣੀ ਪ੍ਰਾਪਤ ਹੋ ਗਈ ਹੈ, ਜਿਸ ਨੂੰ ਹੁਣ ਇਕ ਗ੍ਰੰਥ ਵਿਚ ਇਕੱਠੀ ਕਰਾਂਗੇ, ਜਿਸ ਨੂੰ ਪੜ੍ਹ ਸੁਣ ਕੇ ਅਰਥਾਂ ਤੇ ਵਿਚਾਰ ਕਰਨ ਅਤੇ ਹਿਰਦੇ ਵਿਚ ਵਸਾ ਕੇ ਕਲਿਆਣ ਪ੍ਰਾਪਤ ਕਰਨ॥ ੨॥

ਪੁਨਿ ਮਾਤੁਲ ਜੇਸ਼ਟ ਕੋ ਦਰਸ਼ਨ ਪ੍ਰੇਮ ਸੰਗ ਮਿਲਿਬੋ ਕਰਿ ਲੀਨਿ।
ਬਹੁਰ ਕ੍ਰਿਪਾ ਕਰਿ ਮੇਲਿ ਆਪ ਕੋ ਮਹਾਂ ਲਾਭ ਹੋਵਾ ਮਨ ਚੀਨਿ।
ਸਕਲ ਕੁਟੰਬ ਅਲੰਬ ਹਮਾਰੋ ਹਰਖ ਪਰਸਪਰ ਦਰਸ਼ਨ ਕੀਨਿ।
ਦ੍ਵੈ ਸਤਿਗੁਰ ਕੇ ਪੂਜਿ ਦੇਹੁਰੇ ਮੱਜਨ ਬਾਪੀ ਆਨੰਦ ਦੀਨਿ॥ ੩॥

ਪਹਿਲਾਂ ਵੱਡੇ ਮਾਮਾ ਜੀ ਨੂੰ ਪ੍ਰੇਮ ਨਾਲ ਮਿਲ ਕੇ ਦਰਸ਼ਨ ਕਰ ਲਏ ਹਨ। ਫਿਰ ਕਿਰਪਾ ਕਰਕੇ ਆਪ ਜੀ ਨੂੰ ਮਿਲਣ ਨਾਲ ਬਹੁਤ ਲਾਭ ਹੋਇਆ ਹੈ, ਇਹ ਮੈਂ ਮਨ ਵਿਚ ਜਾਣ ਲਿਆ ਹੈ। ਤੁਸੀਂ ਹੀ ਮੇਰੇ ਸਾਰੇ ਪਰਿਵਾਰ ਦਾ ਆਸਰਾ ਹੋ, ਬੜੇ ਪ੍ਰਸੰਨ ਹੋ ਕੇ ਇਕ ਦੂਸਰੇ ਦੇ ਦਰਸ਼ਨ ਕੀਤੇ ਹਨ। ਦੋਹਾਂ ਸਤਿਗੁਰਾਂ ਦੀਆਂ ਸਮਾਧੀਆਂ ਦੇ ਦਰਸ਼ਨ ਕਰਕੇ ਅਤੇ ਬਾਉਲੀ ਵਿਚ ਇਸ਼ਨਾਨ ਕਰਕੇ ਬੜਾ ਆਨੰਦ ਪਾਇਆ ਹੈ॥ ੩॥

ਸੁਨਤਿ ਮੋਹਰੀ ਜੁਗ ਕਰ ਜੋਰੇ 'ਗੁਰਤਾ ਗਾਦੀ ਪਰ ਥਿਤਿ ਆਪ।
ਯਾਂਤੇ ਤੁਮ ਸਭਿ ਤੇ ਹੈ ਦੀਰਘ ਬੰਦਨੀਯ ਬਡ ਦਿਪਹਿ ਪ੍ਰਤਾਪ।
ਇਹ ਠਾਂ ਬਾਸ ਕਰੋ ਸੁਖ ਪਾਵਹੁ ਹਮ ਦਰਸਹਿਂ ਗਨ ਦੋਖਨ ਖਾਪ।
ਸੰਗਤਿ ਆਇ ਉਪਾਇਨ ਅਰਪੈ ਸਭਿ ਦੇਸ਼ਨਿ ਕੀ ਮਿਲਹਿ ਕਲਾਪ'॥ ੪॥

ਇਹ ਸੁਣ ਕੇ ਬਾਬਾ ਮੋਹਰੀ ਜੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਆਪ ਜੀ ਗੁਰਗੱਦੀ ਤੇ ਬੈਠੇ ਹੋ, ਇਸ ਕਰਕੇ ਆਪ ਸਭ ਤੋਂ ਵੱਧ ਪੂਜਣ-ਯੋਗ ਹੋ, ਆਪ ਜੀ ਦਾ ਵੱਡਾ ਪ੍ਰਤਾਪ ਪ੍ਰਕਾਸ਼ਮਾਨ ਹੈ। ਇਸ ਥਾਂ ਵੱਸ ਕੇ ਸੁਖ ਪਾਵੋ, ਅਸੀਂ ਦਰਸ਼ਨ

ਕਰਕੇ ਪਾਪਾਂ ਦਾ ਨਾਸ਼ ਕਰੀਏ। ਸਭ ਦੇਸ਼ਾਂ ਦੀ ਸੰਗਤ ਆ ਕੇ ਆਪ ਨੂੰ ਉਪਹਾਰ ਭੇਟ ਕਰੇਗੀ, ਆਪ ਸਮੂਹ ਸੰਗਤਾਂ ਨੂੰ ਮਿਲੋ'॥ ੪॥

ਸ੍ਰੀ ਅਰਜਨ ਕਹਿਂ 'ਮਾਤੁਲ ਜੀ ! ਸੁਨਿ ਹਮ ਤੁਮਰੀ ਆਇਸੁ ਅਨੁਸਾਰਿ।
ਇਕ ਪਰੰਤੁ ਕਾਰਨ ਲਖਿ ਲੀਜਹਿ ਬ੍ਰਿੱਧ ਗੁਰੂ ਜੋ ਪਿਤਾ ਤੁਮਾਰ।
ਹਮਰੇ ਪਿਤ ਕੋ ਆਗਯਾ ਦੀਨਸਿ ਸਰ ਕੀ ਜਾਇ ਕਰਾਵਹੁ ਕਾਰ।
ਅੰਦਰ ਹਰਿ ਮੰਦਰਿ ਰਚਿ ਸੁੰਦਰ ਸੇਵ ਸੰਭਾਰਹੁ ਸਰਬ ਪ੍ਰਕਾਰ॥ ੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਮਾਮਾ ਜੀ! ਸੁਣੋ, ਮੈਂ ਤੁਹਾਡੀ ਆਗਿਆ ਅਨੁਸਾਰ ਹਾਂ। ਪਰ ਇਕ ਕਾਰਨ ਸਮਝ ਲਵੋ, ਬ੍ਰਿੱਧ ਗੁਰੂ ਅਮਰਦਾਸ ਜੀ ਜੋ ਤੁਹਾਡੇ ਪਿਤਾ ਹਨ, ਉਨ੍ਹਾਂ ਨੇ ਸਾਡੇ ਪਿਤਾ ਜੀ ਨੂੰ ਇਹ ਆਗਿਆ ਕੀਤੀ ਸੀ ਕਿ ਜਾ ਕੇ ਸਰੋਵਰ ਦੀ ਕਾਰ ਸੇਵਾ ਕਰਾਵੋ, ਉਸ ਸਰੋਵਰ ਦੇ ਵਿਚਕਾਰ ਸੁੰਦਰ ਹਰਿਮੰਦਰ ਸਾਹਿਬ ਬਣਾਵੋ ਅਤੇ ਇਹ ਸੇਵਾ ਸਰਬ ਪ੍ਰਕਾਰ ਸੰਭਾਲੋ॥ ੫॥

ਬ੍ਰਿੱਧ ਗੁਰੂ ਕੇ ਹਮ ਸਭਿ ਸੇਵਕ ਕਰਿ ਨ ਸਕਹਿਂ ਤਿਨ ਆਗਜਾ ਭੰਗ।
ਪਿਤ ਪਾਛੇ ਹਮ ਟਹਿਲ ਸੰਭਾਰੀ ਕਰਤਿ ਸੁਧਾਸਰ ਕੀ ਹਿਤ ਸੰਗ।
ਯਾਂਤੇ ਬਾਸ ਉਚਿਤ ਹੈ ਤਿਹ ਠਾਂ ਮਾਨਿ ਗੁਰੂ ਕੇ ਬਾਕ ਨਿਸੰਗ।
ਇਹਠਾ ਉਹਠਾਂ ਭੇਦ ਨ ਕੋਊ ਦੋਨਹੁ ਗੁਰ ਸਥਾਨ ਇਕ ਰੰਗ॥ ੬॥

ਬ੍ਰਿੱਧ ਗੁਰੂ ਜੀ ਦੇ ਅਸੀਂ ਸਾਰੇ ਸੇਵਕ ਹਾਂ, ਉਨ੍ਹਾਂ ਦੀ ਆਗਿਆ ਨੂੰ ਅਸੀਂ ਭੰਗ ਨਹੀਂ ਕਰ ਸਕਦੇ। ਪਿਤਾ ਜੀ ਤੋਂ ਪਿਛੋਂ ਮੈਂ ਟਹਿਲ ਸੇਵਾ ਸੰਭਾਲੀ ਹੈ ਅਤੇ ਬੜੇ ਪਿਆਰ ਨਾਲ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾ ਰਿਹਾ ਹਾਂ। ਇਸ ਕਰਕੇ ਗੁਰੂ ਜੀ ਦੇ ਬਚਨਾਂ ਨੂੰ ਨਿਸ਼ੰਗ ਮੰਨ ਕੇ ਮੇਰਾ ਓਥੇ ਵੱਸਣਾ ਉਚਿਤ ਹੈ। ਏਥੇ ਓਥੇ ਵਿਚ ਕੋਈ ਭੇਦ ਨਹੀਂ ਹੈ, ਕਿਉਂਕਿ ਦੋਵੇਂ ਇਕ ਰੰਗ ਗੁਰੂ ਸਥਾਨ ਹਨ॥ ੬॥

ਆਗੇ ਜਿਮ ਆਗਜਾ ਹੁਇ ਤੁਮਾਰੀ ਤਿਮ ਹਮ ਕਰਿ ਹੈਂ ਹਰਖ ਉਪਾਇ'।
ਸੁਨਤਿ ਮੋਹਰੀ ਲਖੀਸੁ ਨੀਕੇ 'ਜਥਾ ਜੋਗ ਤੁਮ ਕਹੀ ਬਨਾਇ।
ਤੱਦਪਿ ਜਾਮਨਿ ਤੀਨ ਬਸੀਜਹਿ, ਦਰਸਹਿਂ, ਦਿਹੁ ਦਰਸ਼ਨ ਸਮੁਦਾਇ।
ਪੁਨ ਪ੍ਰਸਥਾਨਹੁ, ਮਨਸੁਖ ਮਾਨਹੁਂ, ਠਾਨਹੁਂ ਸੇਵ, ਸ਼ਨਾਨਹੁ ਜਾਇ'॥ ੭॥

ਅੱਗੇ ਜਿਵੇਂ ਤੁਹਾਡੀ ਆਗਿਆ ਹੋਵੇ ਅਸੀਂ ਬੜੀ ਪ੍ਰਸੰਨਤਾ ਨਾਲ ਕਰਦੇ ਹਾਂ" ਇਹ ਸੁਣ ਕੇ ਬਾਬਾ ਮੋਹਰੀ ਜੀ ਨੇ ਚੰਗਾ ਸਮਝਿਆ ਅਤੇ ਕਿਹਾ, "ਜਥਾ-ਯੋਗ ਤੁਸੀਂ ਠੀਕ ਗੱਲ ਕਹੀ ਹੈ, ਫਿਰ ਤਿੰਨ ਪਹਿਰ ਹੋਰ ਏਥੇ ਠਹਿਰ ਜਾਵੋ, ਸੰਗਤ ਨੂੰ ਦਰਸ਼ਨ ਦੇਵੋ, ਉਹ ਆ ਕੇ ਆਪ ਜੀ ਦੇ ਦਰਸ਼ਨ ਕਰਨ। ਫਿਰ ਮਨ ਵਿਚ ਸੁਖ ਮੰਨ ਕੇ ਚਲੇ ਜਾਵੋ ਅਤੇ ਸੇਵਾ ਅਤੇ ਇਸ਼ਨਾਨ ਕਰੋ"॥ ੭॥

ਮਾਨਿ ਮੋਹਰੀ ਮਾਤੁਲ ਕੇ ਬਚ ਸ੍ਰੀ ਅਰਜਨ ਪੁਨਿ ਕੀਨਿ ਨਿਵਾਸ।
ਸੇਵਾ ਕੇ ਬਸਿ ਹ੍ਵੈ ਕਰਿ ਬਾਸੇ ਮਿਲਿ ਸਭਿ ਬੈਠਹਿਂ ਧਰਹਿਂ ਹੁਲਾਸ।
ਭਗਤਿ ਵਿਰਾਗ ਗਯਾਨ ਕੀ ਚਰਚਾ ਕਰਹਿਂ ਮਧੁਰ ਸ਼ੁਭ ਬਾਕ ਪ੍ਰਕਾਸ਼।
ਜਥਾ ਜੋਗ ਉੱਤਰ ਦੇ ਸਭਿ ਕੌ ਅਨਿਕ ਭਾਂਤਿ ਕੇ ਮੁਦਤਿ ਬਿਲਾਸ॥ ੮॥

ਆਪਣੇ ਮਾਮਾ ਜੀ ਦੇ ਬਚਨ ਮੰਨ ਕੇ ਸ੍ਰੀ ਗੁਰ ਅਰਜਨ ਦੇਵ ਜੀ ਓਥੇ ਠਹਿਰ ਗਏ। ਸੇਵਾ ਦੇ ਵੱਸ ਹੋ ਕੇ ਠਹਿਰ ਗਏ,

ਸਾਰੇ ਬੜੇ ਪ੍ਰਸੰਨ ਹੋ ਕੇ ਮਿਲ ਕੇ ਬੈਠ ਗਏ। ਗੁਰੂ ਜੀ ਭਗਤੀ, ਵਿਰਾਗ ਦੀ ਚਰਚਾ, ਬੜੇ ਮਿੱਠੇ ਅਤੇ ਸ਼ੁਭ ਬਚਨ ਬੋਲ ਕੇ ਕਰ ਰਹੇ ਸਨ। ਯਥਾ ਯੋਗ ਸਭ ਨੂੰ ਉੱਤਰ ਦਿੱਤੇ, ਅਨੇਕ ਪ੍ਰਕਾਰ ਦੇ ਬਿਲਾਸ ਕਰਕੇ ਪ੍ਰਸੰਨ ਹੁੰਦੇ ਸਨ॥ ੮॥

ਤੀਨ ਦਿਵਸ ਸ੍ਰੀ ਅਰਜਨ ਬਸਿ ਕਰਿ ਜਥਾ ਜੋਗ ਸਭਿ ਕੋ ਹਰਖਾਇ।
ਜਾਚੀ ਬਿਦਾ ਨੰਮ੍ਰਤਾ ਅਤਿ ਕਰਿ 'ਮਾਤੁਲ ਜੀ ! ਅਬਿ ਦੇਹੁ ਰਜਾਇ।
ਸੁਧਾ ਸਰੋਵਰ ਪਹੁੰਚਜੋ ਚਾਹਤਿ ਕਹੇ ਆਪ ਕੇ ਰਹਿ ਇਹ ਥਾਇਂ'।
ਕਹਤਿ ਮੋਹਰੀ 'ਜਯੋਂ ਨਿਜ ਇੱਛਾ, ਬਹੁਰ ਮਿਲਹੁ ਕਬਿ ਦੇਹੁ ਬਤਾਇ ?' ॥ ੯ ॥

ਗੁਰੂ ਅਰਜਨ ਦੇਵ ਜੀ ਨੇ ਤਿੰਨ ਦਿਨ ਓਥੇ ਠਹਿਰ ਕੇ ਯਥਾ-ਯੋਗ ਸਭ ਨੂੰ ਪ੍ਰਸੰਨ ਕੀਤਾ ਤੇ ਫਿਰ ਅਤਿ ਸਨਿਮਰ ਹੋ ਕੇ ਜਾਣ ਦੀ ਆਗਿਆ ਮੰਗੀ, "ਮਾਮਾ ਜੀ ! ਹੁਣ ਆਗਿਆ ਦੇਵੋ। ਆਪ ਦੇ ਹੁਕਮ ਅਨੁਸਾਰ ਇਸ ਥਾਂ ਠਹਿਰ ਕੇ ਮੈਂ ਅੰਮ੍ਰਿਤਸਰ ਪਹੁੰਚਣਾ ਚਾਹੁੰਦਾ ਹਾਂ।" ਬਾਬਾ ਮੋਹਰੀ ਜੀ ਨੇ ਕਿਹਾ, "ਜਿਵੇਂ ਆਪ ਜੀ ਦੀ ਇੱਛਾ ਹੈ, ਫਿਰ ਕਦ ਮਿਲੋਗੇ, ਇਹ ਸਾਨੂੰ ਦੱਸ ਦੇਵੋ ?" ॥ ੯ ॥

ਸ੍ਰੀ ਗੁਰ ਕਹਯੋ 'ਕਰੋ ਜਬਿ ਸਿਮਰਨਿ ਤਬਿ ਤੁਮਰੀ ਆਇਸੁ ਅਨੁਸਾਰ।
ਹੋਹਿ ਮੇਲ ਦਰਸ਼ਨ ਹਮ ਕਰਿ ਹੈਂ ਸਦਾ ਨਿਹਾਲ ਸੁ ਬੁੱਧਿ ਉਦਾਰ !'।
ਮਾਤੁਲਪਤਨੀ ਦੀਨਿ ਸੰਦੇਸਾ 'ਮੋ ਦਿਸ਼ ਤੇ ਅਸ ਕਰਹੁ ਉਚਾਰ।
ਰਾਮਸੱਤਿ ਗੰਗਾ ਕੋ ਕਹਿਨੀ, ਹਰਿ ਗੋਬਿੰਦ ਕੋ ਦੀਜੈ ਪਜਾਰ॥ ੧੦॥

ਗੁਰੂ ਜੀ ਨੇ ਕਿਹਾ, "ਹੇ ਸ੍ਰੇਸ਼ਟ ਮਹਾਨ ਬੁਧੀ ਵਾਲੇ ! ਜਦ ਵੀ ਯਾਦ ਕਰੋਗੇ ਤਾਂ ਤੁਹਾਡੀ ਆਗਿਆ ਅਨੁਸਾਰ ਮੇਲ ਦਰਸ਼ਨ ਹੋਣਗੇ ਤੇ ਸਾਨੂੰ ਦਰਸ਼ਨ ਦੇ ਕੇ ਸਦਾ ਹੀ ਨਿਹਾਲ ਕਰੋਗੇ।" ਮਾਮੀ ਨੇ ਸੰਦੇਸ਼ਾ ਦਿੱਤਾ, "ਮੇਰੇ ਵਲੋਂ ਇਸ ਤਰ੍ਹਾਂ ਉਚਾਰਨ ਕਰਨਾ, ਰਾਮ ਸੱਤ ਗੰਗਾ ਨੂੰ ਕਹਿਣੀ ਅਤੇ ਹਰਿਗੋਬਿੰਦ ਨੂੰ ਪਿਆਰ ਦੇਣਾ॥ ੧੦॥

ਸਭਿ ਕੀ ਕੁਸ਼ਲ ਬੂਝਨੀ ਨੀਕੇ ਹਮ ਕੋ ਸਿਮਰੋ ਅਪਨੇ ਜਾਨਿ।
ਨਿਜ ਸੁਤ ਕੋ ਜਬਿ ਬਜਾਹੁ ਰਚਾਵਹੁ ਹਮਹਿ ਹਕਾਰਹੁ, ਚਾਹਿ ਮਹਾਨ'।
'ਆਛੀ ਬਾਤ' ਕਹੀ, ਕਰਿ ਬੰਦਨ, ਬਿਦਾ ਹੋਇ ਕਿਯ ਵਹਿਰ ਪਯਾਨ।
ਸ੍ਰੀ ਗੁਰ ਅਮਰ ਚੁਬਾਰੇ ਗਮਨੇ ਤਪੇ ਜਹਾਂ, ਤਿਸ ਦਰਸ਼ਨ ਠਾਨਿ॥ ੧੧॥

ਸਭ ਦੀ ਸੁਖ-ਸਾਂਦ ਚੰਗੀ ਤਰ੍ਹਾਂ ਪੁਛਣੀ ਅਤੇ ਮੈਨੂੰ ਆਪਣੀ ਜਾਣ ਕੇ ਯਾਦ ਕਰੋ, ਆਪਣੇ ਪੁੱਤਰ ਦਾ ਜਦ ਵਿਆਹ ਰਚਾਵੋ, ਤਾਂ ਸਾਨੂੰ ਬੁਲਾਉ, ਸਾਡੀ ਬੜੀ ਚਾਹ ਹੈ।"

'ਚੰਗੀ ਗੱਲ' ਕਹਿ ਕੇ ਗੁਰੂ ਜੀ ਨੇ ਬੰਦਨਾ ਕੀਤੀ ਅਤੇ ਵਿਦਾ ਹੋ ਕੇ ਬਾਹਰ ਨਿਕਲ ਆਏ ਤੇ ਗੁਰੂ ਅਮਰਦਾਸ ਜੀ ਦੇ ਚੁਬਾਰੇ ਤੇ ਚੜ੍ਹ ਗਏ, ਜਿਥੇ ਉਨ੍ਹਾਂ ਤਪ ਕੀਤਾ ਸੀ, ਉਸ ਸਥਾਨ ਦੇ ਦਰਸ਼ਨ ਕੀਤੇ॥ ੧੧॥

ਕਹਯੋ ਮੋਹਰੀ ਸੋਂ 'ਇਕ ਖਾਸਾ ਹਿਤ ਪੋਥਿਨਿ ਕੇ ਦੇਹੁ ਮੰਗਾਇ'।
ਮਾਨਿ ਬਾਕ ਤਤਕਾਲ ਅਨਾਯਹੁ ਤਿਸ ਪਰ ਪੁਸਤਕ ਧਰੇ ਬਨਾਇ।
ਸਿੱਖਜਨਿ ਹਰਖ ਸਿਕੰਧ ਉਠਾਯਹੁ ਧੁਨਿ ਸੰਖਨਿ ਕੀ ਅਧਿਕ ਉਠਾਇ।
ਤੁਰਹੀ ਲਘੁ ਦੁੰਦਭਿ ਬਜਵਾਏ ਜੈ ਜੈ ਸ਼ਬਦ ਭਯੋ ਚਹੁੰ ਘਾਇ॥ ੧੨॥

ਫਿਰ ਬਾਬਾ ਮੋਹਰੀ ਜੀ ਨੂੰ ਕਿਹਾ, "ਇਕ ਪਾਲਕੀ ਪੋਥੀਆਂ ਨੂੰ ਰੱਖਣ ਵਾਸਤੇ ਮੰਗਵਾ ਦੇਵੋ। ਗੁਰੂ ਜੀ ਦੇ ਬਚਨ ਮੰਨ

ਕੇ ਤੁਰੰਤ ਪਾਲਕੀ ਮੰਗਵਾ ਲਈ, ਉਸ ਵਿਚ ਸੰਭਾਲ ਕੇ ਪੋਥੀਆਂ ਧਰ ਦਿੱਤੀਆਂ। ਸਿੱਖਾਂ ਨੇ ਖ਼ੁਸ਼ ਹੋ ਕੇ ਪਾਲਕੀ ਨੂੰ ਆਪਣੇ ਮੋਢਿਆਂ ਤੇ ਰੱਖ ਲਿਆ ਅਤੇ ਬਹੁਤ ਸੰਖਾਂ ਦੀ ਧੁਨੀ ਪੂਰੀ ਗਈ। ਤੁਰੀਆਂ ਅਤੇ ਛੋਟੀਆਂ ਦੁਦੰਭੀਆਂ ਵਜਵਾਈਆਂ ਤੇ ਜੈ ਜੈ ਸ਼ਬਦ ਚਾਰੇ ਪਾਸੇ ਗੂੰਜ ਗਿਆ॥ ੧੨॥

ਪਦ ਅਰਬਿੰਦ ਨਗਨ ਹੀ ਗਮਨੇ ਸ੍ਰੀ ਅਰਜਨ ਖਾਸੇ ਪਿਛਵਾਇ।
ਆਦਿ ਮੋਹਰੀ ਅਪਰ ਸਕਲ ਹੀ ਕਹੈਂ 'ਚਢਹੁ ਸਿਵਕਾ ਸੁਖ ਪਾਇ'।
ਭਨਜੋ ਗੁਰੂ 'ਇਨ ਰੂਪ ਚਤੁਰ ਗੁਰ ਇਨ ਕੋ ਆਦਰ ਜਿਤੋ ਕਰਾਇ।
ਲੋਕ ਪ੍ਰਲੋਕ ਅਨੰਦ ਤਿਤਿਕ ਲਹਿ, ਬਿਘਨ ਬਿਨਾਸ਼ਨ ਹੁਇਂ ਸਮੁਦਾਇ' ॥੧੩॥

ਸ੍ਰੀ ਗੁਰੂ ਅਰਜਨ ਦੇਵ ਜੀ ਆਪ ਨੰਗੇ ਪੈਰੀਂ ਹੀ ਪਾਲਕੀ ਦੇ ਪਿੱਛੇ ਪਿੱਛੇ ਚਲ ਪਏ। ਮੋਹਰੀ ਆਦਿ ਅਤੇ ਹੋਰ ਸਾਰਿਆਂ ਨੇ ਕਿਹਾ, "ਪਾਲਕੀ ਵਿਚ ਸੁਖ ਪਾ ਕੇ ਚੜ੍ਹ ਜਾਵੋ।" ਪਰ ਗੁਰੂ ਜੀ ਨੇ ਕਿਹਾ, "ਇਹ ਪੋਥੀਆਂ ਚਾਰ ਗੁਰਾਂ ਦਾ ਸਰੂਪ ਹਨ, ਇਨ੍ਹਾਂ ਦਾ ਆਦਰ ਜਿੰਨਾ ਵੀ ਕੋਈ ਕਰੇਗਾ, ਲੋਕ ਪਰਲੋਕ ਵਿਚ ਓਨਾ ਅਨੰਦ ਲਵੇਗਾ ਅਤੇ ਉਸ ਦੇ ਪਾਪਾਂ ਦਾ ਨਾਸ਼ ਹੋਵੇਗਾ" ॥ ੧੩॥

ਏਕ ਕੋਸ ਲਗਿ ਸਕਲ ਗਏ ਸੰਗਿ ਪੁਨ ਸ੍ਰੀ ਅਰਜਨ ਥਿਤਿ ਤਿਸ ਥਾਨੁ।
ਚਰਨ ਮੋਹਰੀ ਕੇ ਸਿਰ ਧਰਿ ਕੈ ਭਾਂਤਿ ਭਾਂਤਿ ਕੀ ਬਿਨੈ ਬਖਾਨਿ।
ਕਹਿ ਬਹੁ ਬਾਰਿ ਹਟਾਏ ਪੁਰਿ ਕੋ ਪੁਨ ਸਭਿ ਕੋ ਕਰਿਕੈ ਸਨਮਾਨ।
ਮੋਰਨਿ ਕਰੇ, ਆਪ ਪਗ ਗਮਨੇ ਸੰਖਨਿ ਅਰੁ ਜੈ ਸ਼ਬਦ ਬਖਾਨਿ॥ ੧੪॥

ਇਕ ਕੋਹ ਤਕ ਸਾਰੇ ਲੋਕ ਨਾਲ ਗਏ, ਫਿਰ ਗੁਰੂ ਅਰਜਨ ਦੇਵ ਜੀ ਇਕ ਥਾਂ ਖੜੇ ਹੋ ਗਏ ਅਤੇ ਬਾਬਾ ਮੋਹਰੀ ਦੇ ਚਰਨਾਂ 'ਤੇ ਸਿਰ ਧਰ ਕੇ ਭਾਂਤ ਭਾਂਤ ਦੀ ਬੇਨਤੀ ਕੀਤੀ। ਬਹੁਤ ਵਾਰ ਕਹਿ ਕੇ ਸਾਰਿਆਂ ਨੂੰ ਪਿੱਛੇ ਮੁੜਨ ਨੂੰ ਕਿਹਾ ਅਤੇ ਫਿਰ ਸਾਰਿਆਂ ਦਾ ਆਦਰ ਕਰਕੇ ਮੋੜ ਦਿੱਤਾ। ਆਪ ਪੈਦਲ ਹੀ ਚਲ ਪਏ, ਸੰਖਾਂ ਦੀ ਧੁੰਨ ਅਤੇ ਜੈ ਜੈ ਸ਼ਬਦ ਗੂੰਜ ਰਿਹਾ ਸੀ॥ ੧੪॥

ਮੰਦ ਮੰਦ ਚਲਿ ਉਤਸਵ ਕਰਤੇ ਗ੍ਰਾਮ ਖਡੂਰ ਪਹੁਚੇ ਜਾਇ।
ਸ੍ਰੀ ਅੰਗਦ ਜੀ ਜਹਾਂ ਦੇਹੁਰਾ ਪ੍ਰੇਮ ਸਹਤ ਤਹਿਂ ਸੀਸ ਨਿਵਾਇ।
ਚਾਰ ਪ੍ਰਦੱਛਨ ਦੇ ਪ੍ਰਸਾਦ ਬਹੁ ਕਰਿ ਅਰਦਾਸ ਸਭਿਨਿ ਬਰਤਾਇ।
ਧਜਾਨ ਧਾਰਿ ਕਰਿ ਬਿਨੈ ਭਾਖਿ ਕਰਿ ਮਹਾਂ ਸੁਜਸ ਕੋ ਕਥਜੋ ਬਨਾਇ॥੧੫॥

ਹੌਲੀ-ਹੌਲੀ ਚਲਦੇ ਉਤਸਵ ਕਰਦੇ, ਖਡੂਰ ਸਾਹਿਬ ਪਿੰਡ ਪਹੁੰਚ ਗਏ। ਜਿਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦੇਹੁਰਾ ਹੈ ਓਥੇ ਜਾ ਕੇ ਪ੍ਰੇਮ ਸਹਿਤ ਸੀਸ ਨਿਵਾਇਆ। ਚਾਰ ਪਰਿਕਰਮਾਂ ਕਰਕੇ ਅਤੇ ਬਹੁਤ ਪ੍ਰਸ਼ਾਦਿ ਤਿਆਰ ਕਰਵਾ ਕੇ ਸਾਰਿਆਂ ਨੂੰ ਵੰਡ ਦਿੱਤਾ। ਗੁਰੂ ਅੰਗਦ ਦੇਵ ਜੀ ਦਾ ਧਿਆਨ ਧਾਰ ਕੇ ਅਤੇ ਸ੍ਰੇਸ਼ਟ ਜੱਸ ਕਰਕੇ ਬੇਨਤੀ ਕੀਤੀ॥ ੧੫॥

ਪੁਨ ਕਰੀਰ ਕੋ ਦਰਸ਼ਨ ਕੀਨਸਿ ਬੰਦਤਿ ਚਤੁਰ ਪ੍ਰਦਛਨਾ ਦੀਨਿ।
ਸ੍ਰੀ ਅੰਗਦ ਕੋ ਨੰਦਨ ਦਾਤੂ ਸੁਨਿ ਸੁਧਿ ਸ੍ਰੀ ਗੁਰ ਅਰਜਨ ਚੀਨ।
ਹੋਇ ਅਨੰਦ ਬਿਲੰਦ ਰਿਦੇ ਮਹਿਂ ਆਇ ਮਿਲਜੋ ਮਨ ਪ੍ਰੇਮ ਨਵੀਨ।
ਹਿਤ ਸਨਮਾਨ ਅੱਗ੍ਰ ਤੇ ਉਠਿ ਕਰਿ ਮਿਲੇ ਪਰਸਪਰ ਨਮਤਾ ਕੀਨਿ॥ ੧੬॥

ਫਿਰ ਕਰੀਰ ਦੇ ਰੁੱਖ ਦੇ ਦਰਸ਼ਨ ਕੀਤੇ ਅਤੇ ਬੰਦਨਾਂ ਕਰਕੇ ਚਾਰ ਪਰਿਕਰਮਾਂ ਕੀਤੀਆਂ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਨੂੰ ਜਦ ਇਹ ਖਬਰ ਮਿਲੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਆਏ ਹਨ ਤਾਂ ਉਹ ਬਹੁਤ ਅਨੰਦ ਪ੍ਰਸੰਨ ਹੋ ਕੇ ਅਤੇ ਮਨ ਵਿਚ ਬੜਾ ਪ੍ਰੇਮ ਧਾਰਨ ਕਰਕੇ ਆ ਕੇ ਮਿਲਿਆ, ਸਨਮਾਨ ਹਿਤ ਗੁਰੂ ਜੀ ਉੱਠ ਕੇ ਅੱਗੇ ਹੋ ਕੇ ਮਿਲੇ ਅਤੇ ਆਪਸ ਵਿਚ ਇਕ ਦੂਸਰੇ ਨੂੰ ਨਮਸਕਾਰ ਕੀਤੀ॥ ੧੬॥

ਜਬਿ ਦਾਤੂ ਨੇ ਧਰਯੋ ਚਰਨ ਸਿਰਨਿਜ ਕਰ ਪਰ ਸ੍ਰੀ ਗੁਰ ਨੇ ਲੀਨਿ।
ਆਪ ਨਮੋ ਕਰਿ ਪਾਸ ਬਿਠਾਏ ਕਹਯੋ ਬਾਕ 'ਕਯੋਂ ਅਨੁਚਿਤ ਕੀਨਿ?।
ਗੁਰ ਕੇ ਗੁਰ ਗੁਰ ਨੰਦਨ ਹੋ ਤੁਮ ਹਮ ਹੈਂ ਆਪ ਦਾਸ ਮਨ ਚੀਨ।
ਸੇਵਨਿ ਉਚਿਤ ਚਰਨ ਰਜ ਰਾਵਰਿ ਸਦਾ ਤੁਮਾਰੇ ਅਹੈਂ ਅਧੀਨ॥ ੧੭॥

ਜਦ ਬਾਬਾ ਦਾਤੂ ਜੀ ਨੇ ਆਪਣਾ ਸਿਰ ਗੁਰੂ ਜੀ ਦੇ ਚਰਨਾਂ ਤੇ ਧਰਿਆ ਤਾਂ ਗੁਰੂ ਜੀ ਨੇ ਬਾਬਾ ਜੀ ਦੇ ਸਿਰ ਨੂੰ ਆਪਣੇ ਹੱਥਾਂ ਵਿਚ ਲੈ ਲਿਆ। ਆਪ ਨਮਸਕਾਰ ਕਰਕੇ ਪਾਸ ਬਿਠਾਏ ਅਤੇ ਬਚਨ ਕਹੇ, "ਤੁਸੀਂ ਅਨੁਚਿਤ ਗੱਲ ਕਿਉਂ ਕੀਤੀ ਹੈ ? ਮੇਰੇ ਗੁਰੂ ਦੇ ਗੁਰੂ ਦੇ ਗੁਰੂ ਦੇ ਪੁੱਤਰ ਹੋ, ਅਸੀਂ ਤੁਹਾਡੇ ਦਾਸ ਹਾਂ, ਇਹ ਗੱਲ ਮਨ ਵਿਚ ਸਮਝੋ, ਆਪ ਜੀ ਦੇ ਚਰਨਾਂ ਦੀ ਸੇਵਾ ਕਰਨੀ ਸਾਡੇ ਲਈ ਬਣਦੀ ਹੈ, ਅਸੀਂ ਸਦਾ ਆਪ ਦੇ ਅਧੀਨ ਹਾਂ"॥ ੧੭॥

ਸੁਨਿ ਦਾਤੂ ਕਰ ਜੋਰਿ ਕਹਤਿ ਭਾ "ਆਪਿ ਸੁਨਹੁ ਮੇਰੋ ਬਿਰਤੰਤ।
ਹਤਿ ਹੰਕਾਰ ਭਯੋ ਮੈਂ ਜੈਸੋ ਅਰ ਤੁਮਰੋ ਆਗਮ ਚਿਤਵੰਤ।
ਸ੍ਰੀ ਗੁਰ ਅਮਰ ਲੀਨਿ ਜਬਿ ਗੁਰਤਾ ਭਈ ਈਰਖਾ ਮੁਝ ਅਤਯੰਤਿ।
ਤਿਨ ਕੀ ਮਹਿਮਾ ਪਾਵਕ ਸਮਸਰ ਸ਼ੁਸ਼ਕ ਤ੍ਰਿਣਨ ਜਯੋਂ ਰਿਦਾ ਜਰੰਤਿ॥੧੮॥

ਇਹ ਸੁਣ ਕੇ ਬਾਬਾ ਦਾਤੂ ਜੀ ਨੇ ਹੱਥ ਜੋੜ ਕੇ ਕਿਹਾ, "ਆਪ ਮੇਰਾ ਬਿਰਤਾਂਤ ਸੁਣੋ। ਹੰਕਾਰ ਦਾ ਨਾਸ਼ ਕਰਕੇ ਜਿਵੇਂ ਮੈਂ ਹੁਣ ਹੋਇਆ ਹਾਂ ਅਤੇ ਤੁਹਾਨੂੰ ਅੱਗੇ ਹੋ ਕੇ ਮਿਲਣ ਬਾਰੇ ਵਿਚਾਰਿਆ ਹੈ। ਸ੍ਰੀ ਗੁਰੂ ਜੀ ਅਮਰਦਾਸ ਜੀ ਨੇ ਜਦ ਗੁਰਤਾ ਲਈ ਤਾਂ ਮੇਰੇ ਵਿਚ ਬਹੁਤ ਈਰਖਾ ਉਤਪੰਨ ਹੋਈ। ਉਨ੍ਹਾਂ ਦੀ ਪਵਿੱਤਰ ਮਹਿਮਾ ਦੀ ਬਰਾਬਰੀ ਲਈ ਸੁੱਕੇ ਤੀਲਿਆਂ ਵਾਂਗ ਮੇਰਾ ਹਿਰਦਾ ਸੜਨ ਲੱਗਾ॥ ੧੮॥

ਦੇਸ਼ ਬਿਦੇਸ਼ਨਿ ਕੀ ਬਡ ਸੰਗਤਿ ਨਰ ਨਾਰੀ ਆਵਹਿਂ ਸਮੁਦਾਇ।
ਅਨਿਕ ਉਪਾਇਨ ਪਾਇਨ ਅਰਪਹਿਂ ਮਨ ਬਾਂਛਤਿ ਸਭਿ ਹੀ ਫਲ ਪਾਇ।
ਮੋ ਕਹੁ ਦੁਖਤਿ ਦੇਖਿ ਕਰਿ ਗਮਨੇ, ਗੋਇੰਦਵਾਲ ਬਸੇ ਪੁਨ ਜਾਇ।
ਤਹਿਂ ਭੀ ਅਧਿਕ ਭੀਰ ਹੁਇ ਨਿਤਪ੍ਰਤਿ ਮਹਿਮਾ ਪੂਰਨ ਭੀ ਚਹੁਂ ਘਾਇ॥੧੯॥

ਦੇਸ਼ਾਂ ਵਿਦੇਸ਼ਾਂ ਦੀ ਵੱਡੀ ਸੰਗਤ, ਇਸਤਰੀ ਪੁਰਸ਼ ਇਕੱਠੇ ਹੋ ਕੇ ਆਉਂਦੇ ਸਨ। ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ ਅਤੇ ਮੂੰਹ ਮੰਗੇ ਇਨਾਮ ਫਲ ਪ੍ਰਾਪਤ ਕਰਦੇ ਸਨ। ਮੈਨੂੰ ਈਰਖਾ ਕਰਦੇ ਵੇਖ, ਏਥੋਂ ਚਲੇ ਗਏ ਤੇ ਗੋਇੰਦਵਾਲ ਵਿਚ ਜਾ ਕੇ ਵੱਸ ਗਏ। ਓਥੇ ਵੀ ਨਿੱਤ ਬਹੁਤ ਭੀੜ ਰਹਿੰਦੀ, ਚਾਰੇ ਪਾਸੇ ਪੂਰਨ ਮਹਿਮਾ ਹੋ ਰਹੀ ਸੀ॥ ੧੯॥

ਇਕ ਖੱਤ੍ਰੀ ਮਮ ਮਿੱਤ੍ਰ ਹੁਤੋ ਬਹੁ ਇਕ ਦਿਨ ਆਇ ਕਹਯੋ ਇਮ ਬੈਨ।
'ਤੁਮ ਤੌ ਪੁੱਤ੍ਰ ਕਹਾਵਤਿ ਗੁਰ ਕੇ ਕੁਛ ਰਚਨਾ ਤੁਮਰੇ ਢਿਗ ਹੈ ਨ।
ਸੰਗਤਿ ਆਇ ਨ ਅਰਪਹਿ ਧਨ ਕੋ, ਨਮੋ ਨ ਕਰਤਿ ਆਇ ਕੋ ਐਨ।
ਰਹੇ ਰੰਕ ਸਮ ਬੈਠਿ ਦਾਰਿਦੀ ਬਿਨ ਉੱਦਮ ਆਲਸ ਦਿਨ ਰੈਨ॥ ੨੦॥

ਮੇਰਾ ਇਕ ਖੱਤਰੀ ਦੋਸਤ ਹੁੰਦਾ ਸੀ, ਉਸ ਨੇ ਇਕ ਦਿਨ ਆ ਕੇ ਮੈਨੂੰ ਇਸ ਤਰ੍ਹਾਂ ਕਿਹਾ, "ਤੁਸੀਂ ਤਾਂ ਗੁਰੂ ਜੀ ਦੇ ਪੁੱਤਰ ਕਹਾਉਂਦੇ ਹੋ ਪਰ ਤੁਹਾਡੇ ਪਾਸ ਤਾਂ ਕੋਈ ਰੌਣਕ ਨਹੀਂ ਹੈ। ਨਾ ਸੰਗਤ ਆਉਂਦੀ ਹੈ ਅਤੇ ਨਾ ਹੀ ਤੁਹਾਨੂੰ ਧਨ ਅਰਪਣ ਕਰਦੀ ਹੈ। ਤੁਹਾਡੇ ਘਰ ਆ ਕੇ ਕੋਈ ਵੀ ਨਮਸਕਾਰ ਨਹੀਂ ਕਰਦਾ ਹੈ। ਆਮ ਲੋਕਾਂ ਵਾਂਗ ਬਗੈਰ ਉੱਦਮ ਦੇ ਆਲਸੀ ਹੋ ਕੇ ਦਿਨ-ਰਾਤ ਬੈਠੇ ਰਹਿੰਦੇ ਹੋ॥ ੨੦॥

ਕਿਸੀ ਥਾਨ ਕੋ ਖੱਤ੍ਰੀ ਕੋਊ ਗੁਰੂ ਬਨਯੋ ਨਿਜ ਪਦ ਪੁਜਵਾਇ।
ਹੁਤੋ ਟਹਿਲੀਆ ਤੁਮਰੇ ਘਰ ਕੋ ਅਬਿ ਸਮਾਜ ਅਧਿਕੈ ਬਿਰਧਾਇ।
ਭਏ ਮ੍ਰਿਤਕ ਜੀਵਤਿ ਹੀ ਜਗ ਤੁਮ ਜਿਨ ਕੋ ਨਾਮ ਨਹੀਂ ਬਿਦਤਾਇ।
ਅਹੋ ਨਿਲਾਯਕ! ਲੇਤਿ ਨ ਤਿਸ ਤੇ ਜੋ ਅਬਿ ਬੈਠਯੋ ਬਹੁ ਧਨ ਪਾਇ"॥ ੨੧॥

ਕਿਸੇ ਥਾਂ ਦਾ ਕੋਈ ਖੱਤਰੀ ਸੀ, ਉਹ ਗੁਰੂ ਬਣ ਕੇ ਆਪਣੇ ਚਰਨਾਂ ਦੀ ਪੂਜਾ ਕਰਵਾ ਰਿਹਾ ਹੈ। ਤੁਹਾਡੇ ਘਰ ਦਾ ਉਹ ਸੇਵਕ ਸੀ, ਹੁਣ ਆਪਣਾ ਸਮਾਜ ਬਹੁਤ ਵਧਾ ਰਿਹਾ ਹੈ। ਤੁਸੀਂ ਤਾਂ ਜੱਗ ਵਿਚ ਜੀਉਂਦੇ ਹੀ ਮਰ ਗਏ ਹੋ। ਜਿਨ੍ਹਾਂ ਦਾ ਨਾਂ ਮਸ਼ਹੂਰ ਨਹੀਂ ਹੋਇਆ ਹੈ। ਹੇ ਨਾਲਾਇਕ! ਉਸ ਤੋਂ ਗੁਰਗੱਦੀ ਕਿਉਂ ਨਹੀਂ ਲੈਂਦਾ, ਜਿਸ ਤੇ ਉਹ ਬੈਠ ਕੇ ਬਹੁਤ ਧਨ ਪਾ ਰਿਹਾ ਹੈ"॥ ੨੧॥

ਸਰਪ ਸਮਾਨ ਹੁਤੋ ਮਨ ਪੂਰਬ ਤਿਸ ਕੇ ਬਾਕਨਿ ਛੇਰਨ ਕੀਨਿ।
ਗੁਰੂ ਅਮਰ ਕੋ ਡਸਨਿ ਹੇਤੁ ਮੈਂ ਕਸ਼ਟ ਦੇਨਿ ਕੋ ਉੱਦਮ ਲੀਨਿ।
ਬਾਕ ਬਾਨ ਸੇ ਗਡੇ ਰਿਦੇ ਮਮ ਦੁਖ ਕੋ ਧਾਰਤਿ ਧੀਰਜ ਛੀਨਿ।
ਤ੍ਰਿਣ ਮਨ ਜਰਤਿ ਕ੍ਰੋਧ ਬਡ ਅਗਨੀ ਮਨਹੁਂ ਘ੍ਰਿਤ ਤਿਨ ਉਪਰ ਦੀਨਿ॥ ੨੨॥

ਮੇਰਾ ਮਨ ਪਹਿਲਾਂ ਹੀ ਸੱਪ ਸਮਾਨ ਸੀ, ਉਨ੍ਹਾਂ ਦੇ ਬੋਲਾਂ ਨੇ ਮੇਰੇ ਮਨ ਨੂੰ ਛੇੜ ਦਿੱਤਾ। ਗੁਰੂ ਅਮਰਦਾਸ ਜੀ ਨੂੰ ਡੱਸਣ ਖਾਤਰ ਮੈਂ ਉਨ੍ਹਾਂ ਨੂੰ ਦੁਖ ਦੇਣ ਵਾਸਤੇ ਉੱਦਮ ਕੀਤਾ। ਮੇਰੇ ਦੋਸਤ ਦੇ ਬੋਲ ਮੇਰੇ ਦਿਲ ਵਿਚ ਤੀਰਾਂ ਵਾਂਗ ਗੱਡੇ ਗਏ, ਮੈਂ ਦੁਖੀ ਹੋ ਕੇ ਧੀਰਜ ਖੋਹ ਬੈਠਾ। ਸੁੱਕੇ ਤੀਲੇ ਵਰਗਾ ਮੇਰਾ ਮਨ ਪਹਿਲਾਂ ਹੀ ਕ੍ਰੋਧ ਅੱਗ ਨਾਲ ਸੜ ਰਿਹਾ ਸੀ, ਮੇਰੇ ਦੋਸਤ ਦੇ ਬੋਲਾਂ ਨੇ ਉਸ ਉਤੇ ਅੱਗ ਪਾਉਣ ਵਾਲਾ ਕੰਮ ਕੀਤਾ॥ ੨੨॥

ਹੋਤਿ ਸੁਸ਼ੀਲ ਸੰਗ ਲਹਿ ਖੋਟੇ ਬਿਗਰ ਜਾਤਿ ਸ਼ੁਭ ਮਤਿ ਬਿਸਰਾਇ।
ਰਿਸਤੇ ਗੋਇੰਦਵਾਲ ਪਹੂਚਯੋ ਸਭਾ ਬਿਖੈ ਦੇਖੇ ਤਬਿ ਜਾਇ।
ਮਨੋ ਗਜਾਨ ਕੋ ਭਾਨੁ ਪ੍ਰਕਾਸ਼ੈ ਚਹੁਂ ਦਿਸ਼ਿ ਸਦ ਗੁਨ ਜਨ ਸਮੁਦਾਇ।
ਅਵਗੁਨ ਉਡਗਨ ਨਿਸਾ ਅਵਿੱਦਜਾ ਨਹਿਂ ਪੱਯਤਿ ਸਭਿ ਗਏ ਪਲਾਇ॥ ੨੩॥

ਸੁਸ਼ੀਲ ਮਨੁੱਖ ਜੇ ਖੋਟੇ ਆਦਮੀ ਦੀ ਸੰਗਤ ਕਰੇ ਤਾਂ-ਸ਼ੁਭ ਮੱਤ ਵਿਸਾਰ ਕੇ ਉਹ ਵਿਗੜ ਜਾਂਦਾ ਹੈ। ਫਿਰ ਮੈਂ ਗੋਇੰਦਵਾਲ ਦੇ ਰਸਤੇ ਪੈ ਕੇ ਓਥੇ ਪਹੁੰਚਿਆ, ਜਿਥੇ ਗੁਰੂ ਜੀ ਦੀ ਸਭਾ ਲੱਗੀ ਹੋਈ ਸੀ ਤੇ ਜਾ ਕੇ ਗੁਰੂ ਜੀ ਨੂੰ ਵੇਖਿਆ। ਮੈਨੂੰ ਇੰਝ ਲੱਗਾ ਜਿਵੇਂ ਗਿਆਨ ਦਾ ਸੂਰਜ ਪ੍ਰਕਾਸ਼ ਰਿਹਾ ਹੋਵੇ ਤੇ ਚਾਰੇ ਪਾਸੇ ਸ੍ਰੇਸ਼ਟ ਗੁਣਾਂ ਵਾਲੇ ਸੇਵਕ ਬੈਠੇ ਸਨ। ਔਗੁਣ ਰੂਪੀ ਤਾਰੇ ਤੇ ਰਾਤ ਰੂਪੀ ਅਵਿਦਿਆ ਕਿਤੇ ਦਿਸਦੀ ਨਹੀਂ ਸੀ, ਸਭ ਦੂਰ ਹੋ ਗਏ ਸਨ॥ ੨੩॥

ਇਕ ਕਰ ਜੋਰਿ ਬੰਦਨਾ ਕਰਿਹੀਂ, ਏਕ ਉਪਾਇਨ ਅਰਪਹਿਂ ਆਨਿ।
ਇਕ ਬਰ ਜਾਚਤਿ ਬਾਂਛਤਿ ਚਿਤ ਕੋ, ਇਕ ਬੂਝਤਿ ਅਪਨੀ ਕੱਲਜਾਨ।
ਏਕ ਸ਼ਬਦ ਕੋ ਪਠੈਂ ਬਿਚਾਰੈਂ ਗਾਇਂ ਰਬਾਬੀ ਰਾਗਨਿ ਤਾਨ।
ਇਕ ਅਰਦਾਸ ਕਰਤਿ ਹੈਂ ਠਾਂਢੇ ਮੰਗਲ ਹੋਤਿ ਅਨੇਕ ਬਿਧਾਨ॥ ੨੪॥

ਕਈ ਹੱਥ ਜੋੜ ਕੇ ਬੰਦਨਾ ਕਰ ਰਹੇ ਸਨ ਅਤੇ ਕਈ ਆ ਕੇ ਉਪਹਾਰ ਭੇਟ ਕਰ ਰਹੇ ਸੀ। ਕਈ ਮੂੰਹ ਮੰਗੀਆਂ ਮੁਰਾਦਾਂ ਮੰਗ ਰਹੇ ਸਨ ਅਤੇ ਕਈ ਆਪਣੇ ਕਲਿਆਣ ਬਾਰੇ ਪੁੱਛ ਰਹੇ ਸਨ। ਕਈ ਸ਼ਬਦ ਨੂੰ ਪੜ੍ਹ ਕੇ ਵਿਚਾਰਦੇ ਸਨ ਅਤੇ ਰਬਾਬੀ ਸੁਰਾਂ ਵਿਚ ਗਾਇਣ ਕਰ ਰਹੇ ਸਨ। ਕਈ ਖੜੇ ਹੋ ਕੇ ਅਰਦਾਸਾਂ ਕਰ ਰਹੇ ਸਨ। ਇਸ ਤਰ੍ਹਾਂ ਅਨੇਕ ਪ੍ਰਕਾਰ ਦੇ ਅਨੰਦ ਮੰਗਲ ਹੋ ਰਹੇ ਸਨ॥ ੨੪॥

ਅਧਿਕ ਪ੍ਰਤਾਪ ਬਿਲੋਕਿ ਜਰਯੋ ਨਹਿਂ, ਜਰਯੋ ਕ੍ਰੋਧ ਕੀ ਅਗਨਿ ਮਝਾਰ।
ਤੂਰਨ ਕਰਤਿ ਉਲੰਘਯੋ ਸਭਿਕੋ ਜਾਇ ਗੁਰੂ ਕੇ ਲਾਤ ਪ੍ਰਹਾਰਿ।
ਕਹੀ ਕਠੋਰ ਗਿਰਾ ਬਹੁ ਬਿਧਿ ਕੀ ਦਈ ਅਨੇਕ ਪ੍ਰਕਾਰਨਿ ਗਾਰਿ।
ਨਿਬਲ ਸ਼ਰੀਰ ਅਵਸਥਾ ਬ੍ਰਿਧ ਬਡ ਸਹਯੋ ਨ ਗਯੋ ਘਾਤ ਤਿਸ ਬਾਰ॥ ੨੫॥

ਮੈਂ ਏਨਾ ਮਹਾਨ ਪ੍ਰਤਾਪ ਵੇਖ ਕੇ ਜਰ ਨਾ ਸਕਿਆ ਅਤੇ ਕ੍ਰੋਧ ਦੀ ਅੱਗ ਵਿਚ ਸੜ ਗਿਆ। ਤੁਰੰਤ ਸਾਰਿਆਂ ਵਿਚੋਂ ਦੀ ਲੰਘ ਕੇ ਗੁਰੂ ਜੀ ਦੇ ਜਾ ਕੇ ਲੱਤ ਮਾਰੀ। ਕਈ ਪ੍ਰਕਾਰ ਦੇ ਕਠੋਰ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਕਈ ਪ੍ਰਕਾਰ ਦੀਆਂ ਗਾਲ੍ਹਾਂ ਦਿੱਤੀਆਂ। ਛੋਟਾ ਕੱਦ ਬਹੁਤ ਬਿਰਧ ਅਵਸਥਾ ਸੀ, ਇਸ ਕਰਕੇ ਉਹ ਮੇਰੇ ਵਾਰ ਨੂੰ ਸਹਿ ਨਾ ਸਕੇ॥ ੨੫॥

ਵੱਖਜ ਸਥਲ ਮਹਿਂ ਘਾਤ ਲਾਤ ਕੋ ਲਗਤਿ ਗਿਰੇ ਪ੍ਰਿਥਵੀ ਪਰ ਜਾਇ।
ਹਾਹਾਕਾਰ ਸਭਾ ਮਹਿਂ ਹੋਵਾ ਸਿੱਖਜਨਿ ਗਹਿ ਭੁਜ ਦਏ ਬਿਠਾਇ।
ਉਠੰਤਿ ਭਈ ਸੁਧਿ ਮਮ ਪਗ ਪਕਰੇ ਸਨੇ ਸਨੇ ਮਲਿ ਮ੍ਰਿਦੁਲਤਾਇ।
ਕਹਿਨ ਲਗੇ 'ਮਮ ਅੰਗ ਨਿਠੁਰ ਬਡ ਕਰਤਿ ਕਾਰ ਕੋ ਬੈਸ ਬਿਤਾਇ॥ ੨੬॥

ਵੱਖੀ ਵਾਲੇ ਥਾਂ ਲੱਤ ਦਾ ਵਾਰ ਲੱਗਣ ਨਾਲ ਧਰਤੀ ਤੇ ਡਿੱਗ ਪਏ, ਸਾਰੀ ਸੰਗਤ ਵਿਚ ਹਾਹਾਕਾਰ ਮੱਚ ਗਈ, ਸਿੱਖਾਂ ਨੇ ਬਾਂਹ ਤੋਂ ਫੜ ਕੇ ਬਿਠਾ ਦਿੱਤਾ। ਉੱਠ ਕੇ ਜਦ ਹੋਸ਼ ਆਈ ਤਾਂ ਮੇਰੇ ਪੈਰ ਫੜ ਕੇ ਹੌਲੀ-ਹੌਲੀ ਨਰਮਾਈ ਨਾਲ ਮਲਣ ਲੱਗੇ ਅਤੇ ਕਿਹਾ, "ਮੇਰੇ ਅੰਗ ਬੜੇ ਸਖ਼ਤ ਹੋ ਗਏ ਹਨ, ਸੇਵਾ ਕਰਦਿਆਂ ਸਾਰੀ ਉਮਰ ਬਿਤਾਈ ਹੈ॥ ੨੬॥

ਤੁਮ ਨਿਤ ਬੈਠੇ ਮ੍ਰਿਦੁ ਪਦ ਪੰਕਜ ਪੀੜਤਿ ਹੁਏ ਲਾਗਿ ਮਮ ਅੰਗ।
ਕਰੀ ਅਵੱਗਯਾ, ਤੁਮ ਕੋ ਦੇਖੇ ਉਠਯੋ ਨ ਮੈਂ ਆਦਰ ਕੇ ਸੰਗ।
ਜਥਾ ਜੋਗ ਤਾੜਨ ਕਿਯ ਮੁਝ ਕੋ ਗੁਰ ਕੇ ਨੰਦਨ ਬੁੱਧਿ ਉਤੰਗ।
ਆਪ ਕਰੋ ਫੁਰਮਾਵਨਿ ਕੋ ਅਬਿ, ਸੇਵਾ ਠਾਨਹੁਂ ਰਿਦੇ ਉਮੰਗ॥ ੨੭॥

ਆਰਾਮ ਨਾਲ ਬੈਠਣ ਕਾਰਨ ਤੁਹਾਡੇ ਚਰਨ ਕੰਵਲ ਬੜੇ ਕੋਮਲ ਹੋ ਗਏ ਹਨ, ਮੇਰੇ ਸਖ਼ਤ ਹੱਡਾਂ ਨੂੰ ਲੱਗਣ ਕਾਰਨ ਇਹ ਜ਼ਰੂਰ ਦੁਖੇ ਹੋਣਗੇ। ਮੈਥੋਂ ਗ਼ਲਤੀ ਹੋ ਗਈ ਹੈ ਕਿ ਤੁਹਾਨੂੰ ਵੇਖ ਕੇ ਉਠਿਆ ਨਹੀਂ ਅਤੇ ਮੈਂ ਆਦਰ ਵੀ ਨਹੀਂ ਕੀਤਾ ਹੈ। ਤੁਸੀਂ ਮੈਨੂੰ ਯੋਗ ਤਾੜਨਾ ਕੀਤੀ ਹੈ। ਤੁਸੀਂ ਗੁਰੂ ਜੀ ਦੇ ਪੁੱਤਰ ਹੋ ਤੁਹਾਡੀ ਮਹਾਨ ਬੁੱਧੀ ਹੈ। ਹੁਣ ਮੈਨੂੰ ਆਗਿਆ ਕਰੋ, ਤਾਂਕਿ ਮੈਂ ਹਿਰਦੇ ਵਿਚ ਉਤਸ਼ਾਹ ਭਰਕੇ ਆਪ ਦੀ ਸੇਵਾ ਕਰ ਸਕਾਂ॥ ੨੭॥

ਮੈਂ ਗੁਰ ਦਾਸ ਗੁਰੂ ਸੁਤ ਹੋ ਤੁਮ ਗੁਰ ਸਮ ਲਖੋਂ ਆਪ ਕੋ ਨੀਤ।
ਕ੍ਰੋਧ ਨਿਵਾਰਿ ਛਿਮਹੁ ਅਪਰਾਧੂ ਉਰ ਸਾਧੂ ਸੇਵਕ ਮਮ ਚੀਤ।
ਦਾਸਨਿ ਦਾਸ ਪਛਾਨਹੁ ਮੋਕੋ ਕੀਨਿ ਕ੍ਰਿਪਾਲ ਬਿਸਾਲ ਸੁ ਨੀਤ।
ਅਪਨਿ ਜਾਨਿਕੇ ਤਾੜਤਿ ਭੇ ਮੁਝ ਦੋਖ ਬਿਕਾਰਨਿ ਮਤਿ ਬਿਪਰੀਤ'॥ ੨੮॥

ਮੈਂ ਗੁਰੂ ਜੀ ਦਾ ਸੇਵਕ ਹਾਂ ਅਤੇ ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਮੈਂ ਸਦਾ ਹੀ ਆਪ ਜੀ ਨੂੰ ਗੁਰੂ ਜੀ ਦੇ ਬਰਾਬਰ ਵੇਖਦਾ ਹਾਂ। ਗੁੱਸਾ ਛੱਡ ਕੇ ਮੇਰੇ ਅਪਰਾਧ ਨੂੰ ਮੁਆਫ ਕਰੋ, ਆਪ ਜੀ ਦਾ ਹਿਰਦਾ ਸਾਧੂਆਂ ਵਾਂਗ ਸ੍ਰੇਸ਼ਟ ਹੈ। ਮੈਨੂੰ ਆਪਣੇ ਦਾਸਾਂ ਦਾ ਦਾਸ ਜਾਣੋ, ਤੁਸੀਂ ਸਦਾ ਹੀ ਮੇਰੇ ਤੇ ਬਹੁਤ ਕਿਰਪਾ ਕੀਤੀ ਹੈ। ਆਪਣਾ ਜਾਣ ਕੇ ਮੇਰੇ ਔਗੁਣਾਂ ਨੂੰ ਵੇਖ ਕੇ ਮੈਨੂੰ ਡਾਂਟਿਆ ਹੈ"॥ ੨੮॥

ਮੈਂ ਸੁਨਿ ਕ੍ਰੋਧਤਿ ਬਾਕ ਕਹਜੋ ਤਬਿ 'ਭਲੈ ਆਪਨੋ ਇਸ ਮਹਿਂ ਜਾਨਿ।
ਨਰਨਿ ਅਚੰਭ ਦਿਖਾਯ ਦੰਭ ਕਿਯ ਮੋਕਹੁ ਨਹੀਂ ਸੁਹਾਇ ਮਹਾਨ।
ਇਹ ਸਭਿ ਤਜਾਗ ਅਪਰ ਥਲ ਗਮਨਹੁ ਟਿਕਹੁ ਨੰ, ਮੇਰੋ ਭਨਜੋ ਪਛਾਨ।
ਛਲ ਸੌਂ ਮਮ ਪਿਤ ਕੀ ਕਰਿ ਸੇਵਾ ਗੁਰਤਾ ਲੀਨਿ ਗਰੀਬੀ ਠਾਨਿ॥ ੨੯॥

ਮੈਂ ਇਹ ਸੁਣ ਕੇ ਬੜੇ ਗੁੱਸੇ ਵਾਲੇ ਬਚਨ ਕਹੇ, "ਇਸ ਵਿਚ ਹੀ ਆਪਣਾ ਭਲਾ ਜਾਣੋ, ਲੋਕਾਂ ਨੂੰ ਅਚੰਭਾ ਵਿਖਾ ਕੇ ਪਖੰਡ ਕਰ ਰਹੇ ਹੋ, ਮੈਨੂੰ ਇਹ ਚੰਗਾ ਨਹੀਂ ਲੱਗਦਾ। ਇਹ ਸਥਾਨ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵੋ, ਏਥੇ ਨਾ ਰਹੋ, ਮੇਰੇ ਕਹੇ ਹੋਏ ਨੂੰ ਚੰਗੀ ਤਰ੍ਹਾਂ ਜਾਣ ਲਵੋ। ਛਲ ਕਰਕੇ ਮੇਰੇ ਪਿਤਾ ਜੀ ਦੀ ਗਰੀਬੀ ਧਾਰ ਕੇ ਸੇਵਾ ਕਰਕੇ ਗੁਰਤਾ ਪ੍ਰਾਪਤ ਕੀਤੀ ਹੈ॥ ੨੯॥

ਮੋਹਿ ਪਿਤਾ ਕੋ ਭੋਰ ਸੁਭਾਊ, ਛਲ ਚਾਤੁਰਤਾ ਲਖੀ ਨ ਤੋਹਿ।
ਅਜ਼ਮਤ ਆਦਿਕ ਠਗ ਕਰਿ ਲਜਾਯਹੁ ਰਚਜੋ ਪਖੰਡ ਅਧਿਕ ਧਨ ਹੋਹਿ।
ਵਸਤੁ ਹਮਾਰੀ ਤੈਂ ਕਿਮ ਧਾਰੀ, ਯਾਂਤੇ ਮੁਝ ਆਵਤਿ ਮਨ ਰੋਹਿ।
ਭਲੋ ਚਹੈ ਤੌ ਰਹੌਂ ਨਹੀਂ ਅਬਿ, ਲਹੈਂ ਕਸ਼ਟ ਬਚਮਨੈਂ ਨ ਮੋਹਿ'॥ ੩੦॥

ਮੇਰੇ ਪਿਤਾ ਜੀ ਦਾ ਭੋਲਾ ਸੁਭਾਅ ਸੀ, ਉਹ ਤੁਹਾਡੇ ਛਲ ਅਤੇ ਚਤੁਰਾਈ ਨੂੰ ਸਮਝ ਨਹੀਂ ਸਕੇ। ਕਰਾਮਾਤ ਆਦਿ ਠੱਗ ਕੇ ਲਿਆਏ ਹੋ, ਹੁਣ ਇਹ ਪਖੰਡ ਰਚਿਆ ਹੈ ਕਿ ਹੋਰ ਧਨ ਆਵੇ। ਜਿਹੜੀ ਸਾਡੀ ਵਸਤੂ ਸੀ, ਉਹ ਤੁਸੀਂ ਕਿਵੇਂ ਧਾਰਨ ਕਰ ਲਈ ਹੈ, ਇਸ ਕਰਕੇ ਮੇਰੇ ਮਨ ਵਿੱਚ ਗੁੱਸਾ ਆਉਂਦਾ ਹੈ। ਜੇ ਹੁਣ ਆਪਣਾ ਭਲਾ ਚਾਹੁੰਦੇ ਹੋ ਤਾਂ ਏਥੇ ਨਾ ਰਹੋ, ਜੇ ਮੇਰਾ ਬਚਨ ਨਹੀਂ ਮੰਨੋਗੇ ਤਾਂ ਬਹੁਤ ਦੁਖ ਪਾਵੋਗੇ"॥ ੩੦॥

ਸੁਨਿ ਕਠੋਰ ਬਾਨੀ ਅਸ ਮੇਰੀ ਸਰਲ ਰਿਦੇ ਬੋਲੇ ਹਿਤ ਠਾਨਿ।
'ਅਬਿ ਤੇ ਆਗੇ ਕਰੌਂ ਤਥਾ ਮੈਂ ਜਥਾ ਰਜਾਇ ਆਪਕੀ ਜਾਨਿ।
ਦਾਸ ਤੁਮਾਰੋ ਕ੍ਰੋਧ ਨਿਵਾਰੋ ਮੁਝ ਪਰ ਹੋਹੁ ਪ੍ਰਸੰਨ ਮਹਾਨ'।
ਇਮ ਕਹਿ ਨਮੋ ਕਰੀ ਕਰ ਜੋਰੇ ਕਵਿ ਸੰਤੋਖ ਸਿੰਘ ਕਰਤਿ ਬਖਾਨਿ॥ ੩੧॥

ਮੇਰੀ ਅਜਿਹੀ ਕਠੋਰ ਬੋਲੀ ਸੁਣ ਕੇ ਹਿੱਤ ਧਾਰ ਕੇ ਸਰਲ ਹਿਰਦੇ ਨਾਲ ਬੋਲੇ, "ਹੁਣ ਅੱਗੇ ਤੋਂ ਮੈਂ ਉਸ ਤਰ੍ਹਾਂ ਹੀ ਕਰਾਂਗਾ ਜਿਵੇਂ ਆਪ ਜੀ ਦੀ ਆਗਿਆ ਹੋਵੇਗੀ। ਮੈਂ ਤੁਹਾਡਾ ਸੇਵਕ ਹਾਂ, ਇਸ ਲਈ ਗੁੱਸਾ ਦੂਰ ਕਰੋ ਅਤੇ ਮੇਰੇ ਉੱਤੇ ਮਹਾਨ ਪ੍ਰਸੰਨ ਹੋਵੋ"। ਇਹ ਕਹਿ ਕੇ ਹੱਥ ਜੋੜ ਕੇ ਨਮਸਕਾਰ ਕੀਤੀ, ਕਵੀ ਸੰਤੋਖ ਸਿੰਘ ਇਸ ਤਰ੍ਹਾਂ ਬਿਆਨ ਕਰਦਾ ਹੈ॥ ੩੧॥

ਦੋਹਰਾ- ਨਿਸਾ ਪਰੀ ਆਸਨ ਅਪਨ ਗੁਰੂ ਬਿਰਾਜੇ ਜਾਇ।
ਬਿਸਮਤਿ ਗਮਨੇ ਅਪਰ ਨਰ ਸ਼੍ਰੀ ਗੁਰੂ ਧੰਨ ਸੁਹਾਇ॥ ੩੨॥

ਰਾਤ ਪੈਣ ਤੇ ਗੁਰੂ ਜੀ ਆਪਣੇ ਆਸਣ 'ਤੇ ਜਾ ਬਿਰਾਜੇ, ਹੋਰ ਲੋਕ ਵੀ ਹੈਰਾਨ ਹੋ ਕੇ ਚਲੇ ਗਏ, ਉਹ ਸੋਚ ਰਹੇ ਸਨ ਕਿ ਧੰਨ ਗੁਰੂ ਜੀ ਹਨ॥ ੩੨॥

*ਤੀਸਰੀ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੭॥*

# ਅਧਿਆਇ ਅਠੱਤੀਵਾਂ

## ਦਾਤੂ ਜੀ ਦੇ ਪੈਰ ਦਾ ਦਰਦ ਹਟਾਇਆ

*ਨਿਸ਼ਾਨੀ ਛੰਦ*-ਅਰਧ ਨਿਸਾ ਮਹਿਂ ਸ਼੍ਰੀ ਗੁਰੂ ਘਰ ਤਜਾਗ ਚਲੇ ਹੈਂ।
ਗ੍ਰਹਨ ਕਰੀ ਨਹਿਂ ਵਸਤੁ ਕੁਛ ਨਹਿਂ ਕਿਸੂ ਮਿਲੇ ਹੈਂ।
ਪਨਹੀ ਬਿਨ ਪਗ ਕਮਲ ਤੇ ਮਾਰਗ ਪ੍ਰਸਥਾਨੇ।
ਰਿਦੈ ਬਿਚਾਰਤਿ 'ਕਿਤ ਚਲਹਿਂ, ਬੈਠਹਿਂ ਕਿਸ ਥਾਨੇ ॥ ੧ ॥

ਅੱਧੀ ਰਾਤ ਨੂੰ ਗੁਰੂ ਜੀ ਘਰ ਛੱਡ ਕੇ ਚਲੇ ਗਏ, ਕੋਈ ਵੀ ਵਸਤੂ ਗ੍ਰਹਿਣ ਨਾ ਕੀਤੀ ਅਤੇ ਨਾ ਹੀ ਕਿਸੇ ਨੂੰ ਮਿਲੇ। ਘੋੜੀ ਤੋਂ ਬਗੈਰ ਹੀ ਆਪਣੇ ਚਰਨ ਕੰਵਲਾਂ ਨਾਲ ਹੀ ਚੱਲ ਕੇ ਚਲੇ ਗਏ। ਹਿਰਦੇ ਵਿਚ ਇਹ ਸੋਚ ਰਹੇ ਸਨ, "ਕਿਥੇ ਚਲੀਏ, ਕਿਹੜੇ ਸਥਾਨ 'ਤੇ ਜਾ ਕੇ ਬੈਠੀਏ ? ॥ ੧ ॥

ਮਾਨਵ ਮਿਲਹਿਂ ਨ ਆਨਿ ਜਹਿਂ ਨਹਿਂ ਛੂਟੈ ਧਜਾਨਾ।
ਨਹਿਂ ਬੋਲਹਿਂ, ਨਹਿਂ ਕਲਹਿ ਕਰਿ, ਕੁਛ ਬਿਘਨ ਨ ਠਾਨਾ।
ਏਕਾਕੀ ਬੈਠਹਿਂ ਕਹੂੰ ਪ੍ਰਭੁ ਕੋ ਸਿਮਰੈ ਹੈ।
ਵਹਿਰ ਉਪਾਧਿ ਅਨੇਕ ਹ੍ਵੈ ਇਕ ਰਸੁ ਬਿਸਰੈ ਹੈਂ' ॥ ੨ ॥

ਅਜਿਹੇ ਥਾਂ ਤੇ ਜਾ ਕੇ ਬੈਠੀਏ ਜਿਥੇ ਕੋਈ ਮਨੁੱਖ ਨਾ ਆਏ ਅਤੇ ਨਾ ਹੀ ਸਮਾਧੀ ਟੁੱਟੇ। ਨਾ ਬੋਲਣ, ਨਾ ਕਲੇਸ਼ ਕਰਨ ਤੇ ਕੋਈ ਵਿਘਨ ਵੀ ਨਾ ਪਾਉਣ, ਕਿਤੇ ਇਕਾਂਤ ਵਿਚ ਬੈਠ ਕੇ ਪ੍ਰਭੂ ਦਾ ਸਿਮਰਨ ਕਰੀਏ। ਬਾਹਰਲੀਆਂ ਅਨੇਕ ਉਪਾਧੀਆਂ ਇਕ ਹੋ ਕੇ ਇਕ ਦਮ ਵਿਸਰ ਜਾਣ' ॥ ੨ ॥

ਏਵ ਬਿਚਾਰਤਿ ਚਲਤਿ ਮਗ, ਬਾਸਰ ਕੇ ਗ੍ਰਾਮੂ।
ਆਇ ਪਹੂਚੇ ਛਿਨਕ ਮਹਿਂ ਦੇਖਜੋ ਇਕ ਧਾਮੂ।
ਕੋਠਾ ਹੁਤੋ ਗੁਪਾਲ ਕੋ ਤਹਿਂ ਕੇਤਿਕ ਦੂਰੀ।
ਤਿਸ ਕੋ ਦਰ ਮੂੰਦਨਿ ਕਰਜੋ ਲਿਖਿ ਕੇ ਬਿਧਿ ਰੂਰੀ ॥ ੩ ॥

ਇਸ ਤਰ੍ਹਾਂ ਵਿਚਾਰਦੇ ਬਾਸਰਕੇ ਪਿੰਡ ਦੇ ਰਾਹੇ ਪੈ ਗਏ। ਕੁਝ ਖਿਣਾਂ ਵਿਚ ਹੀ ਉਥੇ ਪਹੁੰਚ ਗਏ ਤੇ ਉਥੇ ਆ ਕੇ ਇਕ ਮਕਾਨ ਵੇਖਿਆ। ਪਿੰਡ ਤੋਂ ਕੁਝ ਦੂਰੀ ਤੇ ਇਕ ਗੁਆਲੇ ਦਾ ਕੋਠਾ ਸੀ। ਅੰਦਰ ਦਾਖਿਲ ਹੋ ਕੇ ਉਸ ਦਾ ਦਰਵਾਜ਼ਾ ਚੰਗੀ ਤਰ੍ਹਾਂ ਬੰਦ ਕਰ ਲਿਆ ॥ ੩ ॥

'ਜੋ ਦਰ ਖੋਲਹਿ ਆਨਿ ਕੇ ਤਿਸ ਦੋਸ਼ ਲਗੈ ਹੈ।
ਨਹੀਂ ਸਿੱਖ, ਤਿਸ ਕੇ ਨ ਗੁਰ, ਨਹਿਂ ਸ਼੍ਰੇਯ ਪਗੈ ਹੈ।
ਬਿਗਰੈ ਲੋਕ ਪ੍ਰਲੋਕ ਤਿਸ ਹਮਹੂੰ ਨ ਸਹਾਏ।'
ਇਮ ਲਿਖਿਕੇ ਦਰ ਊਪਰੇ ਅੰਤਰ ਪ੍ਰਵਿਸ਼ਾਏ ॥ ੪ ॥

"ਜਿਹੜਾ ਆ ਕੇ ਇਸ ਦਰਵਾਜ਼ੇ ਨੂੰ ਖੋਲ੍ਹੇਗਾ ਉਸ ਨੂੰ ਪਾਪ ਲਗੇਗਾ, ਉਹ ਸਾਡਾ ਸਿੱਖ ਨਹੀਂ ਹੋਵੇਗਾ ਤੇ ਅਸੀਂ ਉਸ ਦੇ ਗੁਰੂ ਨਹੀਂ ਹੋਵਾਂਗੇ ਅਤੇ ਨਾ ਹੀ ਉਸਦਾ ਕਲਿਆਣ ਹੋਵੇਗਾ। ਉਸਦੀ ਲੋਕ ਪਰਲੋਕ ਵਿਚ ਵਿਗੜ ਜਾਵੇਗੀ ਤੇ ਅਸੀਂ ਉਸ ਦੀ ਸਹਾਇਤਾ ਨਹੀਂ ਕਰਾਂਗੇ।" ਇਸ ਤਰ੍ਹਾਂ ਦਰਵਾਜ਼ੇ ਦੇ ਬਾਹਰ ਲਿਖ ਕੇ ਕੋਠੇ ਦੇ ਅੰਦਰ ਚਲੇ ਗਏ॥ ੪॥

ਤਿਸ ਕੋਠੇ ਮਹਿਂ ਛਪਿ ਗਏ ਪਦਮਾਸਨ ਕੀਨਾ।
ਲਗੀ ਸਮਾਧਿ ਅਗਾਧਿ ਹੀ ਏਕਹਿ ਰਸ ਭੀਨਾ।
ਗੋਇੰਦਵਾਲ ਪ੍ਰਭਾਤਿ ਭੀ ਤਹਿਂ ਗੁਰੂ ਨ ਪਾਯੋ।
ਖੋਜਤਿ ਸਿੱਖਜ ਅਨੇਕ ਹੀ ਕਿਤਹੂੰ ਨ ਦਰਸਾਯੋ॥ ੫॥

ਉਸ ਕੋਠੇ ਵਿਚ ਛੁਪ ਕੇ ਪਦਮ ਆਸਣ ਲਾ ਕੇ ਬੈਠ ਗਏ, ਅਗਾਧ ਸਮਾਧੀ ਲੱਗ ਗਈ ਅਤੇ ਇਕ ਰਸ ਵਿਚ ਭਿੱਜ ਗਏ। ਜਦ ਗੋਇੰਦਵਾਲ ਵਿਚ ਸਵੇਰ ਹੋਈ ਤਾਂ ਗੁਰੂ ਸਾਹਿਬ ਦਾ ਪਤਾ ਨਾ ਲੱਗਾ। ਅਨੇਕਾਂ ਸਿੱਖ ਲੱਭਣ ਲੱਗੇ ਪਰ ਕਿਤੇ ਵੀ ਦਰਸ਼ਨ ਨਾ ਹੋਏ॥ ੫॥

ਸ੍ਰੀ ਅਰਜਨ ਗੁਰ ! ਸ਼੍ਰੋਨ ਸੁਨਿ ਮੈਂ ਭਯੋ ਅਨੰਦੇ।
ਸਭਿ ਵਸਤੂ ਧਨ ਆਦਿ ਜੇ, ਕਰਿ ਅਪਨਿ ਬਿਲੰਦੇ।
ਬਸਤ੍ਰ ਬਿਭੂਖਨ ਪਹਿਰ ਕੇ ਕਰਿ ਉਰ ਹੰਕਾਰਾ।
ਗਾਦੀ ਪਰ ਬੈਠਤਿ ਭਯੋ ਧਨ ਲੋਭ ਸੁ ਧਾਰਾ॥ ੬॥

ਹੇ ਸ੍ਰੀ ਗੁਰੂ ਅਰਜਨ ਦੇਵ ਜੀ ! ਸੁਣੋ, ਇਹ ਸੁਣ ਕੇ ਮੈਂ ਬਹੁਤ ਪ੍ਰਸੰਨ ਹੋਇਆ। ਸਾਰੀਆਂ ਵਸਤਾਂ, ਧਨ ਆਦਿ ਮੈਂ ਆਪਣਾ ਹੀ ਸਮਝਿਆ। ਮੈਂ ਕਪੜੇ ਅਤੇ ਗਹਿਣੇ ਪਾ ਕੇ ਵੱਡੇ ਹੰਕਾਰ ਵਿਚ ਆ ਕੇ ਗੱਦੀ ਤੇ ਬੈਠ ਗਿਆ ਅਤੇ ਧਨ ਦੇ ਲੋਭ ਨੂੰ ਧਾਰਨ ਕਰ ਲਿਆ॥ ੬॥

ਕਰਤਿ ਰਹਯੋ ਪਰਤੀਖਨਾ ਕੋ ਆਇ ਨ ਪਾਸਾ।
ਨਹੀਂ ਉਪਾਇਨ ਕਿਨ ਦਈ, ਨਹਿਂ ਪੂਜੀ ਆਸਾ।
ਭੂਲਯੋ ਔਚਕ ਆਇ ਜੋ ਅਵਲੋਕ ਪਧਾਰੇ।
ਰੁਖ ਮਿਲਿਬੇ ਕੋ ਨਹਿਂ ਕਰੈ ਨਹਿਂ ਗੁਰੂ ਨਿਹਾਰੈ॥ ੭॥

ਬਹੁਤ ਇੰਤਜ਼ਾਰ ਕਰਦਾ ਰਿਹਾ, ਪਰ ਮੇਰੇ ਕੋਲ ਕੋਈ ਨਾ ਆਇਆ, ਨਾ ਕਿਸੇ ਨੇ ਉਪਹਾਰ ਭੇਟ ਕੀਤਾ ਅਤੇ ਨਾ ਹੀ ਕਿਸੇ ਨੇ ਪੂਜਾ ਕੀਤੀ। ਜਿਹੜਾ ਭੁਲ ਚੁਕ ਕੇ ਆਉਂਦਾ ਸੀ, ਮੈਨੂੰ ਵੇਖ ਕੇ ਦੂਸਰੇ ਪਾਸੇ ਚਲਾ ਜਾਂਦਾ ਸੀ, ਜਦ ਉਹ ਗੁਰੂ ਜੀ ਨੂੰ ਨਹੀਂ ਵੇਖਦੇ ਸਨ ਤਾਂ ਮੈਨੂੰ ਮਿਲਣ ਵਾਸਤੇ ਨਹੀਂ ਆਉਂਦੇ ਸਨ॥ ੭॥

'ਗੁਣ ਬਿਹੀਨ ਪੂਜਾ ਕਹਾਂ, ਬਿੱਦਜਾ ਬਿਨ ਮਾਨਾ।
ਜੀਤ ਕਹਾਂ ਬਿਨ ਸੂਰਤਾ, ਮਨ ਥਿਤ ਬਿਨ ਧਜਾਨਾ।
ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾਂ ਨ ਰਾਜੂ।
ਗਜਾਨ ਕਹਾਂ ਬਿਨ ਸਤਿਗੁਰੂ, ਸ਼ੋਭਾ ਬਿਨ ਲਾਜੂ॥ ੮॥

"ਗੁਣਾਂ ਬਗੈਰ ਪੂਜਾ ਕਿਵੇਂ, ਵਿਦਿਆ ਬਗੈਰ ਕਿਸ ਚੀਜ਼ ਦਾ ਮਾਣ ਹੈ। ਸੂਰਮਤਾਈ ਤੋਂ ਬਗੈਰ ਜਿੱਤ ਕਿਵੇ ਪ੍ਰਾਪਤ ਹੋ ਸਕਦੀ ਹੈ ਅਤੇ ਧਿਆਨ ਲਾਉਣ ਤੋਂ ਬਗੈਰ ਮਨ ਕਿਵੇਂ ਸਥਿਰ ਹੋ ਸਕਦਾ ਹੈ। ਸੰਤੋਖ ਤੋਂ ਬਗੈਰ ਹਿਰਦੇ ਵਿਚ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ ਅਤੇ ਤਪੱਸਿਆ ਬਗੈਰ ਰਾਜ ਕਿਵੇਂ ਮਿਲ ਸਕਦਾ ਹੈ। ਸਤਿਗੁਰੂ ਬਗੈਰ ਗਿਆਨ ਕਿਥੋਂ ਮਿਲ ਸਕਦਾ ਹੈ ਅਤੇ ਸ਼ਰਮ ਬਗੈਰ ਸ਼ੋਭਾ ਕਿਵੇਂ ਮਿਲ ਸਕਦੀ ਹੈ॥ ੮॥

ਬਿਨ ਜਹਾਜ ਤਰਿਬੋ ਕਹਾਂ ਸਾਗਰ ਅਸਗਾਹੂ।
ਭਗਤਿ ਕਹਾਂ ਬਿਨ ਪ੍ਰੇਮ ਕੇ ਪਗ ਪੰਕਜ ਮਾਹੂ।
ਕਵਿਤਾ ਬਿਨ ਕੀਰਤਿ ਕਹਾਂ, ਜਸੁ ਬਿਨਾ ਨ ਦਾਨਾ।
ਮੁਕਤਿ ਕਹਾਂ ਬਿਨ ਪ੍ਰਭੂ ਕੇ, ਸੁਰ ਬਿਨਾ ਨ ਗਾਨਾ॥ ੯॥

ਜਹਾਜ਼ ਤੋਂ ਬਗੈਰ ਅਸਗਾਹ ਸਾਗਰ ਕਿਵੇਂ ਤਰਿਆ ਜਾ ਸਕਦਾ ਹੈ ਅਤੇ ਚਰਨ ਕੰਵਲਾਂ ਨਾਲ ਪ੍ਰੇਮ ਕਰਨ ਤੋਂ ਬਗੈਰ ਭਗਤੀ ਕਿਵੇਂ ਹੋ ਸਕਦੀ ਹੈ। ਕਵਿਤਾ ਬਗੈਰ ਕੀਰਤੀ ਕਿਵੇਂ ਹੋ ਸਕਦੀ ਹੈ ਅਤੇ ਦਾਨ ਬਗੈਰ ਜੱਸ ਕਿਵੇਂ ਮਿਲ ਸਕਦਾ ਹੈ। ਪ੍ਰਭੂ ਬਗੈਰ ਮੁਕਤੀ ਕਿਵੇਂ ਮਿਲ ਸਕਦੀ ਹੈ ਅਤੇ ਸੁਰ ਬਗੈਰ ਗੀਤ ਨਹੀਂ ਗਾਇਆ ਜਾ ਸਕਦਾ॥ ੯॥

ਸਦ ਗੁਣ ਬਿਨਾ ਨ ਸ੍ਰੇਯ ਹੈ, ਸ਼ਰਧਾ ਬਿਨ ਸੇਵਾ।
ਮੰਤ੍ਰ ਸਿੱਧਿ ਬਿਨ ਜਪੁ ਕਹਾਂ, ਬਰ ਬਿਨਾ ਨ ਦੇਵਾ।
ਬਿਨ ਸਿੱਖੀ ਤਰਿਬੋ ਕਹਾਂ ਜਗ ਸਾਗਰ ਭਾਰਾ।
ਕਰੋਸ ਕਹਾਂ ਸੂਰਜ ਬਿਨਾ, ਮੈਂ ਏਵ ਬਿਚਾਰਾ॥ ੧੦॥

ਸ਼ੁਭ ਗੁਣਾਂ ਬਗੈਰ ਕਲਿਆਣ ਨਹੀਂ ਹੋ ਸਕਦਾ ਅਤੇ ਸ਼ਰਧਾ ਬਗੈਰ ਸੇਵਾ ਨਹੀਂ ਹੁੰਦੀ। ਸਿਧੀ ਬਗੈਰ ਮੰਤਰ ਦਾ ਉਚਾਰਣ ਕਿਵੇਂ ਹੋ ਸਕਦਾ ਹੈ ਅਤੇ ਵਰ ਦੇਣ ਦੀ ਸ਼ਕਤੀ ਤੋਂ ਬਗੈਰ ਦੇਵਤਾ ਕੀ ਹੈ। ਸਿੱਖੀ ਤੋਂ ਬਗੈਰ ਇਹ ਭਾਰੀ ਭਵ-ਸਾਗਰ ਕਿਵੇਂ ਤਰਿਆ ਜਾ ਸਕਦਾ ਹੈ ਅਤੇ ਸੂਰਜ ਤੋਂ ਬਗੈਰ ਦਿਨ ਕਿਵੇਂ ਹੋ ਸਕਦਾ ਹੈ" ਇਸ ਤਰ੍ਹਾਂ ਮੈਂ ਵਿਚਾਰਿਆ ਹੈ॥ ੧੦॥

ਨਮੋ ਨ ਕੀਨੀ ਸਿੱਖ ਕਿਹ, ਕਿਤ ਰਹਜੋ ਸੁ ਦੈਬੋ।
ਸੁਨਤਿ ਖਿਝਹਿਂ ਸਭਿ ਮਨ ਬਿਖੈ ਕਹਾ ਤਿਨ ਤੇ ਲੈਬੋ।
ਗੁਰਤਾ ਗਾਦੀ ਜਿਸਹਿ ਢਿਗ ਤਿਸ ਹੀ ਕੀ ਪੂਜਾ।
ਬਿਨ ਅਜ਼ਮਤ ਕੈਸੇ ਪੁਜਹਿ ਬੈਠੇ ਜੇ ਦੂਜਾ॥ ੧੧॥

ਕਿਸੇ ਸਿੱਖ ਨੇ ਵੀ ਨਮਸਕਾਰ ਨਾ ਕੀਤੀ, ਧਨ ਦੇਣਾ ਤਾਂ ਇਕ ਪਾਸੇ ਰਿਹਾ। ਮੇਰਾ ਨਾਂ ਸੁਣ ਕੇ ਹੀ ਸਾਰੇ ਮਨ ਵਿਚ ਖਿਝ ਜਾਂਦੇ ਸੀ, ਮੈਂ ਉਨ੍ਹਾਂ ਪਾਸੋਂ ਕੀ ਪ੍ਰਾਪਤ ਕਰ ਸਕਦਾ ਸੀ। ਜਿਸ ਪਾਸ ਗੁਰਗੱਦੀ ਹੈ, ਪੂਜਾ ਕੇਵਲ ਉਸ ਦੀ ਹੀ ਹੁੰਦੀ ਹੈ। ਕਰਾਮਾਤ ਬਗੈਰ ਕਿਵੇਂ ਪੂਜਾ ਹੋਵੇ ਜੇ ਕੋਈ ਦੂਸਰਾ ਗੁਰਗੱਦੀ ਉਤੇ ਬੈਠ ਵੀ ਜਾਵੇ॥ ੧੧॥

ਗੁਰੂ ਅਮਰ ਕੇ ਸਦਨ ਤੇ ਮੈਂ ਸਭਿ ਕੁਛ ਲੀਨਾ।
ਦਰਬ ਸਰਬ ਲੇ ਗਰਬ ਹਤਿ ਚਲਿਬੋ ਮਗ ਕੀਨਾ।
ਲੋਭ ਧਾਰਿ ਮੈਂ ਲੇ ਚਲਜੋਂ ਬੇਸਰ ਬਹੁ ਲਾਦੀ।
ਦੁਇ ਤ੍ਰੈ ਸੇਵਕ ਸੰਗ ਥੇ ਅਤਿ ਭਾ ਅਹਿਲਾਦੀ॥ ੧੨॥

ਗੁਰੂ ਅਮਰਦਾਸ ਜੀ ਦੇ ਘਰ ਦਾ ਸਾਰਾ ਸਾਮਾਨ ਮੈਂ ਲੈ ਲਿਆ ਅਤੇ ਹੰਕਾਰ ਛੱਡ ਕੇ ਸਾਰਾ ਧਨ ਲੈ ਕੇ ਮੈਂ ਆਪਣੇ ਘਰ ਵਲ ਚਲ ਪਿਆ। ਲੋਭ ਧਾਰਨ ਕਰਕੇ ਬਹੁਤ ਖੱਚਰਾਂ ਲੱਦ ਕੇ ਮੈਂ ਚਲ ਪਿਆ। ਦੋ ਤਿੰਨ ਸੇਵਕ ਮੇਰੇ ਨਾਲ ਸਨ, ਅਤੇ ਮੈਂ ਬਹੁਤ ਪ੍ਰਸੰਨ ਸੀ॥ ੧੨॥

ਦੋਇ ਘਟੀ ਜਬਿ ਦਿਨ ਰਹਜੋ ਮਾਰਗ ਪ੍ਰਸਥਾਨੇ।
ਅਪਨੇ ਸਦਨ ਖਡੂਰ ਕੋ ਚਿਤ ਚਾਹਤਿ ਜਾਨੇ।

ਬਹੁ ਧਨ ਲੈ ਗਮਨਜੋ ਜਬੈ ਦਿਨਮਣਿ ਅਸਤਾਯੋ।
ਅੰਧਕਾਰ ਭਾ ਜਗਤ ਮੈਂ ਦਸਹੂੰ ਦਿਸ਼ਿ ਛਾਯੋ॥ ੧੩॥

ਜਦ ਦਿਨ ਦੋ ਘੜੀ ਰਹਿ ਗਿਆ ਤਾਂ ਅਸੀਂ ਚਲ ਪਏ, ਆਪਣੇ ਘਰ ਖਡੂਰ ਜਾਣ ਨੂੰ ਚਿੱਤ ਚਾਹੁੰਦਾ ਸੀ। ਬਹੁਤ ਧਨ ਲੈ ਕੇ ਜਦ ਚਲ ਪਿਆ ਤਾਂ ਸੂਰਜ ਡੁੱਬ ਗਿਆ, ਜਗਤ ਵਿਚ ਸਾਰੇ ਪਾਸੇ ਹਨੇਰਾ ਛਾ ਗਿਆ॥ ੧੩॥

ਪਹੁੰਚਜੋ ਨਹੀਂ ਖਡੂਰ ਮੈਂ ਰਹਿ ਦੂਰ ਕਿਤੇਕਾ।
ਤਸਕਰ ਭੈਦਾਯਕ ਮਿਲੇ ਤਿਹ ਸਮੇ ਅਨੇਕਾ।
ਦੇਖਤਿ ਸ਼ਸਤ੍ਰ ਉਠਾਇ ਕੈ ਮਾਰਨਿ ਕੋ ਆਏ।
ਤ੍ਰਾਸ ਪਾਇ ਤਿਨ ਪਾਸ ਤੇ ਮਮ ਦਾਸ ਪਲਾਏ॥ ੧੪॥

ਖਡੂਰ ਪਹੁੰਚ ਨਾ ਸਕਿਆ ਤੇ ਬਹੁਤ ਦੂਰ ਹੀ ਰਹਿ ਗਿਆ, ਉਸ ਸਮੇਂ ਅਨੇਕਾਂ ਖਤਰਨਾਕ ਡਾਕੂ ਸਾਨੂੰ ਮਿਲੇ। ਸਾਨੂੰ ਵੇਖ ਕੇ ਹਥਿਆਰ ਚੁਕ ਕੇ ਮਾਰਨ ਨੂੰ ਆਏ, ਮੇਰੇ ਨਾਲ ਜਿਹੜੇ ਸੇਵਕ ਸਨ, ਉਹ ਉਨ੍ਹਾਂ ਪਾਸੋਂ ਡਰਦੇ ਭੱਜ ਗਏ॥ ੧੪॥

ਮੈਂ ਡਰ ਧਰਿ ਬੋਲਜੋ ਤਬੈ 'ਕਜੋਂ ਮਾਰੋ ਮੋਹੀ।
ਧਨ ਕਾਰਨ ਮਾਰਨ ਕਰਹੁ ਲਿਹੁ ਜੇਤਿਕ ਹੋਹੀ'।
ਛੀਨ ਲੀਨਿ ਵਸਤੂ ਸਕਲ ਨਹਿੰ ਬੋਲਨਿ ਦੀਨੋ।
ਪੁਨ ਸਰੀਰ ਕੇ ਚੀਰ ਸਭਿ ਕਿਯ ਤਿਨ ਤੇ ਹੀਨੋ॥ ੧੫॥

ਮੈਂ ਡਰ ਕੇ ਬੋਲਿਆ, "ਮੈਨੂੰ ਕਿਉਂ ਮਾਰਦੇ ਹੋ, ਧਨ ਦੇ ਕਾਰਨ ਮੈਨੂੰ ਮਾਰਦੇ ਹੋ, ਜਿੰਨਾ ਚਾਹੀਦਾ ਹੈ ਲੈ ਲਵੋ"। ਉਨ੍ਹਾਂ ਸਭ ਵਸਤਾਂ ਖੋਹ ਲਈਆਂ ਤੇ ਮੈਨੂੰ ਬੋਲਣ ਨਾ ਦਿੱਤਾ, ਫਿਰ ਉਨ੍ਹਾਂ ਮੇਰੇ ਸਰੀਰ ਦੇ ਵੀ ਸਾਰੇ ਕਪੜੇ ਲਾਹ ਲਏ॥ ੧੫॥

ਅਤਿਸ਼ੈ ਸੰਕਟ ਪਾਇ ਕੈ ਨਿਜ ਆਇ ਨਿਕੇਤਾ।
ਚਿੰਤਾ ਸਲਿਤਾ ਚਿਤ ਬਹਜੋ ਮਨ ਸ਼ੋਕ ਸਮੇਤਾ।
ਕਰਨਿ ਅਵੱਗਜਾ ਬਡਨਿ ਕੀ ਕੈਸੇ ਸੁਖ ਪਾਵੈ।
ਕਟਹਿ ਤਰੋਵਰ ਕੋ ਜਬੈ ਪੁਨਿ ਫਲ ਕਿਮ ਖਾਵੈ॥ ੧੬॥

ਮੈਂ ਬਹੁਤ ਦੁੱਖ ਪਾ ਕੇ ਆਪਣੇ ਘਰ ਆਇਆ, ਮੇਰਾ ਮਨ ਦੁਖ ਸਮੇਤ ਚਿੰਤਾ ਦੀ ਨਦੀ ਵਿਚ ਬਹਿ ਗਿਆ। ਜਿਹੜਾ ਮਨੁੱਖ ਵੱਡਿਆਂ ਦੀ ਹੁਕਮ-ਅਦੂਲੀ ਕਰੇ ਉਹ ਕਿਵੇਂ ਸੁਖ ਪਾ ਸਕਦਾ ਹੈ, ਜੇ ਦਰੱਖਤ ਨੂੰ ਹੀ ਵੱਢ ਦੇਵੇ ਤਾਂ ਫਲ ਫਿਰ ਕਿਥੋਂ ਖਾਵੇਗਾ॥ ੧੬॥

ਤੋਰਹਿ ਤਰੀ ਜੁ ਤੋਇ ਮਹਿਂ ਕਿਮ ਤਰਹਿ ਸੁਖਾਰੋ।
ਸਦਨ ਢਾਹਿ ਵਨ ਬਸਨ ਚਹਿ ਮਤਿਮੰਦ ਗਵਾਰੋ।
ਇਮ ਚਿਤਵਤਿ ਚਿੰਤਾ ਮਹਾਂ ਸਭਿ ਪ੍ਰਸਤੁ ਗਵਾਏ।
ਬਹੁਤ ਬਿਸੂਰਤਿ ਬੈਠਿ ਕਰਿ ਨਹਿਂ ਕਿਸੁ ਬਤਾਏ॥ ੧੭॥

ਜਿਹੜਾ ਜਲ ਉਤੇ ਚਲਦੀ ਬੇੜੀ ਨੂੰ ਹੀ ਤੋੜ ਦੇਵੇਗਾ, ਉਹ ਫਿਰ ਕਿਵੇਂ ਸੁਖ ਨਾਲ ਤਰ ਸਕੇਗਾ, ਆਪਣੇ ਘਰ ਨੂੰ ਢਾਹ ਕੇ ਜਿਹੜਾ ਵੱਸਣਾ ਚਾਹੇ ਉਸ ਵਰਗਾ ਮੂਰਖ ਕੌਣ ਹੋ ਸਕਦਾ ਹੈ। ਇਸ ਤਰ੍ਹਾਂ ਮਹਾਨ ਚਿੰਤਾ ਵਿਚ ਡੁੱਬ ਕੇ ਸਭ ਕੁਝ ਗਵਾ ਲਿਆ। ਵੱਡੀ ਮਾੜੀ ਸੂਰਤ ਬਣਾ ਕੇ ਬੈਠ ਗਿਆ ਅਤੇ ਕਿਸੇ ਨੂੰ ਵੀ ਆਪਣੇ ਦੁਖ ਬਾਰੇ ਨਾ ਦੱਸਿਆ॥ ੧੭॥

ਤਬਿ ਤੇ ਮੇਰੀ ਲਾਤ ਮਹਿਂ ਹੁਇ ਪੀੜ ਘਨੇਰੀ।
ਅਸਥੀ ਕੋ ਚੀਰਹਿ ਮਨਹੁਂ ਦੁਖ ਦੇਤਿ ਬਡੇਰੀ।
ਕਿਤਿਕ ਕਾਲ ਬੀਤਤਿ ਭਯੋ ਗੁਰ ਖੋਜਯੋ ਸਾਰੇ।
ਬੁੱਢੇ ਆਦਿਕ ਸਿੱਖ ਸਭਿ ਲਜਾਏ ਤਿਸ ਬਾਰੇ॥ ੧੮॥

ਉਸ ਸਮੇਂ ਤੋਂ ਮੇਰੀ ਲੱਤ ਵਿਚ ਬਹੁਤ ਪੀੜ ਹੁੰਦੀ ਹੈ, ਜਿਵੇਂ ਹੱਡੀਆਂ ਨੂੰ ਚੀਰਿਆ ਜਾ ਰਿਹਾ ਹੈ, ਇਸ ਤਰ੍ਹਾਂ ਬਹੁਤ ਤਕਲੀਫ ਹੋ ਰਹੀ ਹੈ। ਕਾਫੀ ਸਮਾਂ ਬੀਤ ਗਿਆ, ਗੁਰੂ ਜੀ ਨੂੰ ਸਾਰਿਆਂ ਨੇ ਲੱਭਿਆ। ਬਾਬਾ ਬੁੱਢਾ ਜੀ ਆਦਿ ਸਿੱਖ ਫਿਰ ਲੱਭ ਕੇ ਲਿਆਏ॥ ੧੮॥

ਤਿਸੀ ਰੀਤਿ ਬੈਠੇ ਬਹੁਰ ਬਰ ਗੁਰਤਾ ਗਾਦੀ।
ਮਿਲਿ ਸਭਿਹਿਨਿ ਬਹੁ ਭਾਂਤਿ ਕੀ ਕੀਨੀ ਸੁਭ ਸ਼ਾਦੀ।
ਜਦਪਿ ਲਾਤ ਮਹਿਂ ਪੀਰ ਬਹੁ ਅਤਿਸ਼ੈ ਦੁਖ ਪਾਊਂ।
ਲਾਜ ਭਾਰ ਤੇ ਦਬ ਰਹਯੋ ਨਹਿਂ ਨਿਕਟ ਸਿਧਾਊਂ॥੧੯॥

ਪਹਿਲਾਂ ਵਾਂਗ ਹੀ ਫਿਰ ਗੁਰੂ ਜੀ ਗੱਦੀ ਉਤੇ ਬੈਠ ਗਏ, ਫਿਰ ਸਾਰਿਆਂ ਨੇ ਮਿਲ ਕੇ ਖੁਸ਼ੀਆਂ ਮਨਾਈਆਂ। ਜਦ ਮੇਰੀ ਲੱਤ ਵਿਚ ਬਹੁਤ ਪੀੜ ਹੋਣ ਲੱਗੀ, ਤਾਂ ਮੈਂ ਬਹੁਤ ਸ਼ਰਮਿੰਦਾ ਹੋਇਆ ਬੈਠਾ ਰਿਹਾ ਤੇ ਗੁਰੂ ਜੀ ਦੇ ਪਾਸ ਨਾ ਗਿਆ॥ ੧੯॥

ਕਰਨਿ ਖੁਟਾਈ ਦੁਖ ਲਹੈ ਜਗ ਬਿਖੈ ਲਜਾਵਹਿ।
ਮਹਾਂ ਪੁਰਖ ਕੇ ਤੀਰ ਪੁਨ ਕਿਮ ਨਹੀਂ ਸਿਧਾਵਹਿ।
ਚਿਰੰਕਾਲ ਪੀਰਾ ਸਹੀ, ਪਰ ਗਯੋ ਨ ਪਾਸੂ।
ਚਲਨਿ ਲਗੇ ਸ੍ਰੀ ਅਮਰ ਜਬਿ ਬੈਕੁੰਠ ਅਵਾਸੂ॥ ੨੦॥

ਖੋਟ ਕਰਕੇ ਦੁਖ ਪਾਇਆ ਅਤੇ ਜਗਤ ਵਿਚ ਸ਼ਰਮਿੰਦਾ ਹੋਇਆ। ਮਹਾਂਪੁਰਖਾਂ ਦੇ ਪਾਸ ਫਿਰ ਕਿਵੇਂ ਜਾ ਸਕਦਾ ਸੀ। ਬਹੁਤ ਦੇਰ ਤਕ ਪੀੜ ਬਰਦਾਸ਼ਤ ਕੀਤੀ, ਪਰ ਉਨ੍ਹਾਂ ਦੇ ਪਾਸ ਨਾ ਗਿਆ, ਜਦ ਗੁਰੂ ਅਮਰਦਾਸ ਜੀ ਬੈਕੁੰਠ ਵਿਚ ਆਪਣੇ ਘਰ ਜਾਣ ਲੱਗੇ॥ ੨੦॥

ਹੁਇ ਨਿਲਾਜ ਦੁਖ ਬਡੇ ਤੇ ਮੈਂ ਨਿਕਟ ਸਿਧਾਰਾ।
ਖਰੋ ਅਗਾਰੀ ਹੋਇ ਕਰਿ ਕਰ ਜੋਰਿ ਉਚਾਰਾ।
'ਅਪਰਾਧੀ ਮੈਂ ਆਪਕੋ ਅਬਿ ਚਲਿ ਕਰਿ ਆਵਾ।
ਛਮੋ ਅਵੱਗਜਾ ਕਰੀ ਜੋ ਬਹੁ ਸੰਕਟ ਪਾਵਾ॥ ੨੧॥

ਤਾਂ ਸ਼ਰਮ ਛੱਡ ਕੇ ਮੈਂ ਗੁਰੂ ਜੀ ਪਾਸ ਗਿਆ ਤੇ ਉਨ੍ਹਾਂ ਦੇ ਸਾਹਮਣੇ ਖਲੋ ਕੇ ਹੱਥ ਜੋੜ ਕੇ ਮੈਂ ਕਿਹਾ, "ਮੈਂ ਤੁਹਾਡਾ ਅਪਰਾਧੀ ਹੁਣ ਚਲ ਕੇ ਤੁਹਾਡੇ ਪਾਸ ਆਇਆ ਹਾਂ, ਜੋ ਮੈਂ ਗ਼ਲਤੀ ਕੀਤੀ ਸੀ ਉਸਦੀ ਮੈਂ ਮੁਆਫੀ ਮੰਗਦਾ ਹਾਂ, ਮੈਂ ਹੁਣ ਤਕ ਬਹੁਤ ਦੁਖ ਪਾਇਆ ਹੈ॥ ੨੧॥

ਮਹਾਂ ਪੁਰਖ ਉਰ ਬੈਰ ਇਮ ਜਿਉਂ ਨੀਰ ਲਕੀਰਾ।
ਪਾਹਨ ਰੇਖਾ ਪ੍ਰੀਤ ਦ੍ਰਿੜ, ਅਸ ਭਾਖਹਿਂ ਧੀਰਾ।

ਮਦਮਤੀ ਮੈਂ ਸ਼ਰਨ ਹੌਂ ਤੁਮ ਦੀਨ ਦਯਾਲਾ'।
ਇਮ ਬਿਨਤੀ ਸੁਨਿ ਸ਼੍ਰੀ ਗੁਰੂ ਬੋਲੇ ਤਿਸ ਕਾਲਾ॥ ੨੨॥

ਮਹਾਂਪੁਰਖਾਂ ਦੇ ਦਿਲ ਵਿਚ ਵੈਰ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਪਾਣੀ ਵਿਚ ਲਕੀਰ ਹੋਵੇ, ਪੱਥਰ ਤੇ ਲੀਕ ਵਾਂਗ ਉਨ੍ਹਾਂ ਦੀ ਪ੍ਰੀਤ ਦ੍ਰਿੜ੍ਹ ਹੁੰਦੀ ਹੈ ਅਤੇ ਧੀਰਜ ਨਾਲ ਬੋਲਦੇ ਹਨ। ਮੈਂ ਤੁਹਾਡੀ ਹੁਣ ਸ਼ਰਨ ਆਇਆ ਹਾਂ, ਤੁਸੀਂ ਦੀਨ ਦਿਆਲ ਹੋ।" ਮੇਰੀ ਇਹ ਬੇਨਤੀ ਸੁਣ ਕੇ ਗੁਰੂ ਜੀ ਬੋਲੇ॥ ੨੨॥

'ਹੋਵਹਿ ਸ਼੍ਰੀ ਗੁਰ ਰਾਮਦਾਸ ਸੋਢੀ ਕੁਲ ਟੀਕਾ।
ਸ਼੍ਰੀ ਅਰਜਨ ਸੁਤ ਤਿਨਹੁ ਕੋ ਗੁਨਗਨ ਤੇ ਨੀਕਾ।
ਸੋ ਖਡੂਰ ਪ੍ਰਵਿਸ਼ਹਿ ਜਬਹਿ ਹੋਵਹਿ ਤੁਮ ਮੇਲਾ।
ਚਰਨ ਦੁਹੇਲਾ ਦੇਖਿ ਕੈ ਸੋ ਕਰਹਿਂ ਸੁਹੇਲਾ'॥ ੨੩॥

"ਸ੍ਰੀ ਗੁਰੂ ਰਾਮਦਾਸ ਜੀ ਹੁਣ ਗੁਰੂ ਬਣਨਗੇ, ਸ੍ਰੀ ਅਰਜਨ ਦੇਵ ਉਨ੍ਹਾਂ ਦੇ ਪੁੱਤਰ ਵੱਡੇ ਗੁਣਾਂ ਦੇ ਮਾਲਕ ਹਨ। ਉਹ ਜਦ ਖਡੂਰ ਵਿਚ ਆਉਣਗੇ ਤਾਂ ਤੁਹਾਡੇ ਨਾਲ ਮੇਲ ਹੋਵੇਗਾ, ਤੁਹਾਡੇ ਚਰਨਾਂ ਦਾ ਦੁਖ ਵੇਖ ਕੇ ਉਹ ਤੁਹਾਡੀ ਸਹਾਇਤਾ ਕਰਨਗੇ"॥ ੨੩॥

ਸੁਨਿ ਕੈ ਤਿਨ ਤੇ ਆਇ ਘਰ ਨਿਤ ਕਰਤਿ ਉਡੀਕਾ।
ਕਬਿ ਦਰਸ਼ਨ ਨਿਜ ਦੇਹਿੰਗੇ ਕਰਿ ਹੈਂ ਪਦ ਨੀਕਾ।
ਆਨਿ ਕ੍ਰਿਤਾਰਥ ਅਬਿ ਕਿਓ, ਕਾਟਹੁ ਮਮ ਪੀਰਾ।
ਸ਼੍ਰੀ ਨਾਨਕ ਅੰਗਦ ਅਮਰ ਤੁਮ ਹੀ ਪ੍ਰਭੁ ਧੀਰਾ॥ ੨੪॥

ਉਨ੍ਹਾਂ ਪਾਸੋਂ ਇਹ ਸੁਣ ਕੇ ਮੈਂ ਘਰ ਆ ਕੇ ਸਦਾ ਤੁਹਾਡੀ ਉਡੀਕ ਕਰਦਾ ਰਿਹਾ ਹਾਂ ਕਿ ਕਦ ਆ ਕੇ ਦਰਸ਼ਨ ਦੇਵੋਗੇ ਤਾਂ ਮੇਰੇ ਪੈਰ ਨੂੰ ਠੀਕ ਕਰੋਗੇ। ਹੁਣ ਤੁਸੀਂ ਮੇਰੇ ਤੇ ਬਹੁਤ ਕਿਰਪਾ ਕੀਤੀ ਹੈ। ਇਸ ਕਰਕੇ ਮੇਰਾ ਦੁਖ ਦੂਰ ਕਰੋ, ਸ੍ਰੀ ਨਾਨਕ, ਸ੍ਰੀ ਅੰਗਦ, ਸ੍ਰੀ ਅਮਰਦਾਸ ਹੁਣ ਤੁਸੀਂ ਹੀ ਧੀਰਜਵਾਨ ਪ੍ਰਭੂ ਹੋ॥ ੨੪॥

ਚਰਨ ਸ਼ਰਨ ਪਰਨੇ ਦਿਹੋ ਪੂਰਹੁ ਉਰ ਆਸਾ।
ਨਿਹਨ ਹਟਾਵਨਿ ਕੀਜੀਏ ਜੈਸੇ ਨਿਜ ਦਾਸਾ'।
ਸ਼੍ਰੀ ਅਰਜਨ ਸੁਨਿ ਪੁਨ ਭਨਜੋ 'ਜਿਮ ਚਾਹ ਤੁਮਾਰੀ।
ਕਰਹੁ ਤਥਾ ਥਲ ਵਡੇ ਹੋ ਹਮ ਸਿੱਖ ਅਗਾਰੀ॥ ੨੫॥

ਆਪਣੇ ਚਰਨਾਂ ਦੀ ਮੈਨੂੰ ਸ਼ਰਨ ਬਖਸ਼ੋ ਅਤੇ ਮੇਰੀ ਆਸ ਪੂਰੀ ਕਰੋ, ਮੈਨੂੰ ਹੁਣ ਪਿਛੇ ਨਾ ਹਟਾਉ ਤੇ ਆਪਣਾ ਦਾਸ ਬਣਾਉ।" ਸ੍ਰੀ ਗੁਰੂ ਅਰਜਨ ਦੇਵ ਜੀ ਸੁਣ ਕੇ ਬੋਲੇ, "ਜਿਵੇਂ ਤੁਹਾਡੀ ਚਾਹਤ ਹੈ, ਉਸ ਤਰ੍ਹਾਂ ਹੀ ਕਰੋ, ਤੁਸੀਂ ਵੱਡੇ ਥਾਂ ਹੋ ਅਸੀਂ ਤਾਂ ਪਹਿਲਾਂ ਹੀ ਤੁਹਾਡੇ ਸਿੱਖ ਹਾਂ॥ ੨੫॥

ਸਕੈਂ ਹਟਾਇ ਨ ਤੁਮ ਕ੍ਰਿਤੀ ਕਰ ਬੰਦਤਿ ਆਗੇ।
ਗੁਰ ਗੁਰ ਗੁਰ ਕੇ ਪੁੱਤ੍ਰ ਸੁਭ ਬਡ ਬੁੱਧਿ ਸੁਭਾਗੇ'।
ਤਬਿ ਦਾਤੂ ਕਰ ਜੋਰ ਕੈ ਚਰਨੀ ਲਪਟਾਯੋ।
ਸ਼੍ਰੀ ਅਰਜਨ ਕਰ ਫੇਰਿਕੈ ਦੁਖ ਲਾਤ ਹਟਾਯੋ॥ ੨੬॥

ਤੁਹਾਡੇ ਅੱਗੇ ਹੱਥ ਜੋੜ ਕੇ ਤੁਹਾਡੀ ਕ੍ਰਿਤ ਨੂੰ ਹਟਾ ਨਹੀਂ ਸਕਦੇ ਤੁਸੀਂ ਸਾਡੇ ਗੁਰੂ ਦੇ ਗੁਰੂ ਦੇ ਗੁਰੂ ਦੇ ਪੁੱਤਰ ਹੋ ਕੇ ਚੰਗੇ ਭਾਗਾਂ ਵਾਲੇ ਅਤੇ ਵੱਡੀ ਬੁੱਧੀ ਵਾਲੇ ਹੋ।" ਤਦ ਬਾਬਾ ਦਾਤੂ ਹੱਥ ਜੋੜ ਕੇ ਚਰਨਾਂ ਨਾਲ ਲੱਗ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਹੱਥ ਫੇਰ ਕੇ ਲੱਤ ਦਾ ਦੁਖ ਦੂਰ ਕਰ ਦਿੱਤਾ॥ ੨੬॥

ਚਿਰੰਕਾਲ ਕੀ ਪੀਰ ਬਡ ਛਿਨ ਬਿਖੈ ਨਿਵਾਰੀ।
ਮਨ ਪ੍ਰਸੰਨ ਦਾਤੂ ਭਯੋ ਮਹਿਮਾ ਉਰਧਾਰੀ।
ਕਹਿਤੇ ਸੁਨਤਿ ਪ੍ਰਸੰਗ ਕੋ ਸੂਰਜ ਅਸੰਤਾਯੋ।
ਨਾਨਾ ਬਿੰਜਨੁ ਤਯਾਰਿ ਕਰਿ ਸ੍ਰੀ ਗੁਰੁ ਅਚਵਾਯੋ॥ ੨੭॥

ਲੰਮੇ ਸਮੇਂ ਦੀ ਪੁਰਾਣੀ ਪੀੜ ਨੂੰ ਇਕ ਛਿਣ ਵਿਚ ਦੂਰ ਕਰ ਦਿੱਤਾ। ਬਾਬਾ ਦਾਤੂ ਜੀ ਦਾ ਮਨ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਦੀ ਵੱਡੀ ਮਹਿਮਾਂ ਉਨ੍ਹਾਂ ਨੇ ਆਪਣੇ ਦਿਲ ਵਿਚ ਧਾਰਨ ਕੀਤੀ। ਇਹ ਪ੍ਰਸੰਗ ਕਹਿੰਦਿਆਂ ਸੁਣਦਿਆਂ ਸੂਰਜ ਡੁੱਬ ਗਿਆ, ਬਾਬਾ ਦਾਤੂ ਜੀ ਨੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਗੁਰੂ ਜੀ ਨੂੰ ਛਕਾਏ॥ ੨੭॥

ਭਗਤਿ ਬਿਬੇਕ ਬਿਗਜਾਨ ਕੀ ਚਰਚਾ ਬਹੁ ਕੀਨੀ।
ਨਾਸ਼ਵੰਤ ਦ੍ਰਿਸ਼ਮਾਨ ਸਭਿ, ਸੱਤਾ ਸਤਿ ਚੀਨੀ।
ਸਾਰ ਅਸਾਰ ਬਿਚਾਰ ਕਰਿ ਨਿਸ਼ਚੈ ਠਹਿਰਾਯੋ।
ਪਾਰਬ੍ਰਹਮ ਪਰਮਾਤਮਾ ਪਰਪੰਚ ਸੁਹਾਯੋ॥ ੨੮॥

ਭਗਤੀ, ਗਿਆਨ, ਵਿਗਿਆਨ ਦੀ ਬਹੁਤ ਚਰਚਾ ਕੀਤੀ। ਜੋ ਕੁਝ ਵੀ ਦਿਸਦਾ ਹੈ ਸਾਰਾ ਨਾਸਵਾਨ ਹੈ ਅਤੇ ਚੇਤਨ ਸਤਾ ਨੂੰ ਹੀ ਸੱਤ ਜਾਣਿਆ। ਗੁਣ ਔਗੁਣ ਵਿਚਾਰ ਕੇ ਹਿਰਦੇ ਵਿਚ ਇਹ ਨਿਸ਼ਚਾ ਦ੍ਰਿੜ੍ਹ ਕੀਤਾ ਕਿ ਪਾਰਬ੍ਰਹਮ ਪਰਮਾਤਮਾ ਦਾ ਹੀ ਪਰਪੰਚ ਸਾਰੇ ਸ਼ੋਭ ਰਿਹਾ ਹੈ॥ ੨੮॥

ਸੁਠ ਪ੍ਰਯੰਕ ਪੁਨ ਸੁਪਤਿ ਭੇ ਸ੍ਰੀ ਅਰਜਨ ਨਾਥਾ।
ਜਾਮ ਜਾਮਨੀ ਤੇ ਜਗੇ ਸੁਚਿ ਕਰਿ ਜਲ ਸਾਥਾ।
ਪੁਨਿ ਦਾਸੂ ਕੇ ਦਰਸ ਕੋ ਗਮਨੇ ਤਿਸ ਡੇਰੇ।
ਲਗੀ ਸਮਾਧਿ ਅਗਾਧਿ ਹੀ ਬਿਨ ਬਾਧ ਬਡੇਰੇ॥ ੨੯॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਸੁੰਦਰ ਪਲੰਘ ਤੇ ਸੁੱਤੇ ਤੇ ਪਹਿਰ ਰਾਤ ਰਹਿੰਦਿਆਂ ਜਾਗ ਕੇ ਜਲ ਦੇ ਨਾਲ ਸੁਚਮ ਕੀਤੀ। ਫਿਰ ਬਾਬਾ ਦਾਸੂ ਜੀ ਦੇ ਦਰਸ਼ਨ ਕਰਨ ਵਾਸਤੇ ਉਸ ਦੇ ਡੇਰੇ ਗਏ। ਉਨ੍ਹਾਂ ਦੀ ਅਖੰਡ ਅਗਾਧ ਸਮਾਧੀ ਲੱਗੀ ਹੋਈ ਸੀ॥ ੨੯॥

ਬ੍ਰਿਤਿ ਅਖੰਡ ਨਿਸ਼ਚਲ ਟਿਕੀ ਕੋਠੇ ਸ਼ੁਭ ਮਾਂਹੀ।
ਕੀਨਿ ਉਥਾਨ ਹਿਲਾਇ ਕੇ ਕਰਿ ਜਤਨੁ ਸੁ ਤਾਂਹੀ।
ਬਿਕਸੇ ਕਮਲ ਬਿਲੋਚਨੈ ਹਾਲੀ ਮੁਖ ਜੀਹਾ।
ਸ੍ਰੀ ਅਰਜਨ ਚਰਨੀ ਪਰੇ ਬਿਨਤੀ ਕਰਿ ਦੀਹਾ॥ ੩੦॥

ਸ਼ੁਭ ਕੋਠੇ ਦੇ ਅੰਦਰ ਉਨ੍ਹਾਂ ਦੀ ਅਖੰਡ ਬ੍ਰਿਤੀ ਟਿਕੀ ਹੋਈ ਸੀ। ਕਈ ਯਤਨ ਕਰਕੇ ਉਨ੍ਹਾਂ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ। ਫਿਰ ਉਨ੍ਹਾਂ ਦੇ ਕੰਵਲ ਰੂਪ ਨੈਣ ਖੁਲ੍ਹ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਚਰਨੀਂ ਪੈ ਕੇ ਬੇਨਤੀ ਕੀਤੀ॥ ੩੦॥

ਦਾਸੂ ਨੇ ਦੇਖੇ ਜਬੈ ਕਰ ਬੰਦਿ ਅਗਾਰੀ।
ਬੰਦੇ ਪਦ ਅਰਬਿੰਦ ਮ੍ਰਿਦੁ ਮੁਖ ਗਿਰਾ ਉਚਾਰੀ।
'ਬਿਚ ਸਮਾਧਿ ਕੇ ਧ੍ਯਾਨ ਜਿਹ ਮੈਂ ਨਿਤਪ੍ਰਤਿ ਠਾਨਾ।
ਸੋ ਸਰੂਪ ਤੁਮ ਹੀ ਅਹੋ ਮਹਿਦੇ ਮਹੀਆਨਾ॥ ੩੧॥

ਬਾਬਾ ਦਾਸੂ ਜੀ ਨੇ ਜਦ ਵੇਖਿਆ ਕਿ ਗੁਰੂ ਅਰਜਨ ਦੇਵ ਜੀ ਹੱਥ ਜੋੜ ਕੇ ਚਰਨ ਕੰਵਲਾਂ ਨਾਲ ਲੱਗੇ ਹਨ ਤਾਂ ਉਨ੍ਹਾਂ ਨੇ ਕਿਹਾ, "ਆਪਣੀ ਸਮਾਧੀ ਵਿਚ ਜਿਸ ਦਾ ਮੈਂ ਨਿਤ ਧਿਆਨ ਧਾਰਨ ਕਰਦਾ ਹਾਂ ਉਹ ਮਹਾਨ ਬ੍ਰਹਮ ਗਿਆਨੀ ਸਰੂਪ ਤੁਸੀਂ ਹੀ ਹੋ, ਮੈਂ ਜਾਣ ਲਿਆ ਹੈ॥ ੩੧॥

ਸ਼੍ਰੀ ਨਾਨਕ ਅਵਤਾਰ ਹੋ ਇਕ ਜੋਤਿ ਬਿਰਾਜੇ।
ਕਲਿ ਮਹਿਂ ਨਰਨਿ ਉਧਾਰ ਹਿਤ ਨਿਜ ਤਨ ਉਪਰਾਜੇ'।
ਸ਼੍ਰੀ ਗੁਰ ਕਹਿਂ 'ਤੁਮ ਬਹੁ ਬਡੇ ਹਮ ਬਾਲ ਤਿਹਾਰੇ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਰਹਹੁ ਦੁਖ ਕਾਟਨਿ ਹਾਰੇ॥ ੩੨॥

ਸ੍ਰੀ ਨਾਨਕ ਜੀ ਅਵਤਾਰ ਹੋ ਕੇ ਇਕ ਜੋਤ ਬਿਰਾਜੇ ਹਨ, ਕਲਿਜੁਗ ਵਿਚ ਮਨੁੱਖੀ ਜੀਵਾਂ ਦਾ ਉਧਾਰ ਕਰਨ ਵਾਸਤੇ ਉਨ੍ਹਾਂ ਨੇ ਮਨੁੱਖੀ ਸਰੀਰ ਧਾਰਨ ਕੀਤਾ ਸੀ। ਗੁਰੂ ਜੀ ਨੇ ਕਿਹਾ, "ਤੁਸੀਂ ਬਹੁਤ ਵੱਡੇ ਹੋ, ਅਸੀਂ ਤੁਹਾਡੇ ਬਾਲਕ ਹਾਂ, ਸਾਡੇ ਵਲ ਕਿਰਪਾ ਦ੍ਰਿਸ਼ਟੀ ਨਾਲ ਵੇਖਦੇ ਰਹੋ, ਤੁਸੀਂ ਦੁੱਖਾਂ ਨੂੰ ਕੱਟਣ ਵਾਲੇ ਹੋ॥ ੩੨॥

ਇਕ ਰਸ ਬ੍ਰਿਤੀ ਅਖੰਡ ਸ਼ੁਭ ਚਿਰਕਾਲ ਟਿਕਾਈ।
ਸਰਬ ਭਾਂਤਿ ਸਮਰਥ ਬਡੇ ਸਭਿ ਸ਼ਕਤੀ ਪਾਈ।
ਚਹਹੁ ਸੁ ਕਰਹੁ ਨ ਦੇਰ ਲਗਿ ਬਿਚ ਚਉਦਹਿ ਲੋਕਾ।
ਨਹਿਂ ਆਗ੍ਯਾ ਕੋ ਫੇਰਹੀ ਚਹਿਂ ਦਰਸ ਬਿਲੋਕਾ'॥ ੩੩॥

ਤੁਸੀਂ ਇਕ ਰਸ ਅਖੰਡ ਸ਼ੁਭ ਬ੍ਰਿਤੀ ਚਿਰਾਂ ਤੋਂ ਟਿਕਾਈ ਹੈ। ਤੁਸੀਂ ਸਭ ਤਰ੍ਹਾਂ ਨਾਲ ਵੱਡੇ ਸਮਰੱਥ ਹੋ ਅਤੇ ਸਭ ਸ਼ਕਤੀਆਂ ਪਾਈਆਂ ਹਨ। ਤੁਸੀਂ ਕਿਸੇ ਦੇਰ ਬਗੈਰ ਚੌਦਾਂ ਲੋਕਾਂ ਵਿਚ ਜੋ ਚਾਹੋ ਕਰ ਸਕਦੇ ਹੋ। ਕੋਈ ਵੀ ਤੁਹਾਡੀ ਆਗਿਆ ਨੂੰ ਮੋੜ ਨਹੀਂ ਸਕਦਾ, ਸਾਰੇ ਤੁਹਾਡੇ ਦਰਸ਼ਨ ਕਰਨੇ ਚਾਹੁਣਗੇ"॥ ੩੩॥

ਤਬਿ ਦਾਸੂ ਨੇ ਬਚ ਕਹ੍ਯੋ 'ਪੂਰਹੁ ਮਮ ਆਸਾ।
ਚਿਰੰਕਾਲ ਕੋ ਤਨ ਤਜੇ ਇਸ ਚਹੌਂ ਨ ਬਾਸਾ।
ਸ਼੍ਰੀ ਨਾਨਕ ਕੇ ਪਾਸ ਮੈਂ ਚਾਹਤਿ ਅਬਿ ਜਾਯੋ।
ਅਪਨੋ ਬਾਕ ਭਨੀਜੀਏ ਹੁਇ ਮੁਝ ਮਨ ਭਾਯੋ'॥ ੩੪॥

ਇਹ ਸੁਣ ਕੇ ਦਾਸੂ ਨੇ ਬਚਨ ਕਹੇ, "ਮੇਰੀ ਆਸ ਪੂਰੀ ਕਰੋ, ਕਾਫੀ ਦੇਰ ਤੋਂ ਇਸ ਪੁਰਾਣੇ ਸਰੀਰ ਨੂੰ ਛੱਡਣਾ ਚਾਹੁੰਦਾ ਹਾਂ। ਮੈਂ ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਜਾਣਾ ਚਾਹੁੰਦਾ ਹਾਂ। ਆਪਣੇ ਬਚਨ ਕਹੋ ਤਾਂਕਿ ਮੇਰੇ ਮਨ-ਭਾਉਂਦੀ ਗੱਲ ਪੂਰੀ ਹੋ ਜਾਵੇ"॥ ੩੪॥

ਸ਼੍ਰੀ ਗੁਰ ਬੋਲੇ 'ਹੋਹਿ ਇਮ ਕੇਤਿਕ ਦਿਨ ਮਾਂਹੀ।
ਤਨ ਤਜਿ ਗਮਨਹੁ ਬੇਗ ਸੋਂ ਸ਼੍ਰੀ ਨਾਨਕ ਪਾਹੀ।

ਅਜਰ ਜਰਨ ਧੀਰਜ ਧਰਨ ਸ੍ਰੀ ਅੰਗਦ ਰੂਪਾ।
ਤੁਮ ਤਿਨਕੇ ਬਡ ਪੁੱਤ੍ਰ ਹੋ ਚਿਤ ਸ਼ਾਂਤਿ ਅਨੂਪਾ॥ ੩੫॥

ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਕੁਝ ਦਿਨਾਂ ਵਿਚ ਹੀ ਹੋ ਜਾਵੇਗਾ, ਇਹ ਸਰੀਰ ਛੱਡ ਕੇ ਗੁਰੂ ਨਾਨਕ ਦੇਵ ਜੀ ਦੇ ਪਾਸ ਚਲੇ ਜਾਵੋਗੇ। ਗੁਰੂ ਅੰਗਦ ਦੇਵ ਜੀ ਨਾ ਜਰੇ ਨੂੰ ਜਰਨ ਵਾਲੇ ਧੀਰਜ ਦਾ ਰੂਪ ਸਨ। ਤੁਸੀਂ ਉਨ੍ਹਾਂ ਦੇ ਵੱਡੇ ਪੁੱਤਰ ਹੋ, ਤੁਹਾਡੇ ਚਿੱਤ ਵਿਚ ਅਨੂਪਮ ਸ਼ਾਂਤੀ ਹੈ॥ ੩੫॥

ਦਾਸ ਜਾਨਿ ਕਿਰਪਾ ਕਰੋ ਅਪਨੇ ਨਿਤ ਜਾਨੋ।
ਸੀਖ ਸਿਖਾਵੋ ਸ਼ੁਭ ਮਤੀ ਜਿਮ ਪੰਥ ਮਹਾਨੋ।
ਇਮ ਕਹਿ ਠਾਨੀ ਨਮੋ ਪਦ ਪਰਕਰਮਾ ਦੀਨੀ।
ਅਪਰ ਭਨੀ ਬਹੁ ਬੇਨਤੀ ਮਹਿਮਾ ਬਡ ਚੀਨੀ॥ ੩੬॥

ਦਾਸ ਜਾਣ ਕੇ ਕਿਰਪਾ ਕਰੋ ਤੇ ਮੈਨੂੰ ਸਦਾ ਹੀ ਆਪਣਾ ਜਾਣੋ। ਜਿਵੇਂ ਸਿੱਖੀ ਦੇ ਮਹਾਨ ਮਾਰਗ ਵਿਚ ਚਲਣਾ ਹੈ, ਉਸ ਤਰ੍ਹਾਂ ਸ਼ੁਭ ਮੱਤ ਵਾਲੀ ਮੈਨੂੰ ਸਿਖਿਆ ਦੇਵੋ"। ਇਹ ਕਹਿ ਕੇ ਗੁਰੂ ਅਰਜਨ ਦੇਵ ਜੀ ਨੇ ਚਰਨਾਂ 'ਤੇ ਨਮਸਕਾਰ ਕਰਕੇ ਪਰਿਕਰਮਾਂ ਕੀਤੀਆਂ। ਅਤੇ ਵੱਡੀ ਮਹਿਮਾ ਜਾਣ ਕੇ ਹੋਰ ਬਹੁਤ ਬੇਨਤੀਆਂ ਕੀਤੀਆਂ॥ ੩੬॥

ਆਇਸੁ ਲੇ ਨਿਕਸੇ ਸਦਨ ਭੇ ਚਲਿਬੇ ਤਯਾਰੂ।
ਤਬਿ ਦਾਤੂ ਕਰ ਜੋਰਿਕੇ ਇਮ ਬਾਕ ਉਚਾਰੂ।
'ਸ੍ਰੀ ਅੰਮ੍ਰਿਤਸਰ ਸਮ ਲਖਹੁ ਬਸਿਯਹਿ ਇਸ ਥਾਨੂ।
ਮਿਲੇ ਰਹੈਂ ਹਰਖੈਂ ਦਰਸ ਗੁਨ ਗਯਾਨ ਨਿਧਾਨੂ'॥ ੩੭॥

ਆਗਿਆ ਲੈ ਕੇ ਘਰ ਵਿਚੋਂ ਨਿਕਲ ਕੇ ਚਲਣ ਲੱਗੇ। ਫਿਰ ਬਾਬੇ ਦਾਤੂ ਜੀ ਨੇ ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਇਸ ਸਥਾਨ ਨੂੰ ਅੰਮ੍ਰਿਤਸਰ ਵਰਗਾ ਸਮਝ ਕੇ ਇਸ ਥਾਂ ਤੇ ਵਾਸਾ ਕਰੋ। ਮਿਲ ਕੇ ਰਹੀਏ ਅਤੇ ਦਰਸ਼ਨ ਕਰਕੇ ਖੁਸ਼ ਰਹੀਏ, ਤੁਸੀਂ ਗਿਆਨ ਤੇ ਗੁਣਾਂ ਦਾ ਖਜ਼ਾਨਾ ਹੋ"॥ ੩੭॥

ਸੁਨਿ ਧੀਰਜ ਸਤਿਗੁਰ ਦਈ ਹੁਇ ਤਯਾਰ ਚਲੇ ਹੈਂ।
ਖਾਸੇ ਪਰ ਪੁਸਤਕ ਸੁਭਤਿ ਸ਼ੁਭ ਚਮਰ ਢੁਲੇ ਹੈ।
ਰਾਗੀ ਕਰਤੇ ਕੀਰਤਨ ਬਹੁ ਸਾਜ ਬਜਾਏ।
ਤਬਿ ਸੰਖਨਿ ਕੀ ਧੁਨਿ ਭਈ ਸੁਮਨਸ ਬਰਸਾਏ॥ ੩੮॥

ਇਹ ਸੁਣ ਕੇ ਸਤਿਗੁਰੂ ਨੇ ਧੀਰਜ ਦਿੱਤਾ ਤੇ ਤਿਆਰ ਹੋ ਕੇ ਚਲ ਪਏ। ਪਾਲਕੀ ਵਿਚ ਸਾਰੀਆਂ ਪੋਥੀਆਂ ਧਰ ਲਈਆਂ, ਤੇ ਸ਼ੁਭ ਚੌਰ ਪਾਲਕੀ ਦੇ ਉਤੋਂ ਦੀ ਫਿਰ ਰਿਹਾ ਸੀ। ਰਾਗੀ ਬਹੁਤ ਸਾਜ ਵਜਾ ਕੇ ਕੀਰਤਨ ਕਰ ਰਹੇ ਸਨ ਤੇ ਫਿਰ ਸੰਖਾਂ ਦੀ ਆਵਾਜ਼ ਹੋਈ ਤੇ ਸੁਮਨ ਦੇ ਫੁੱਲਾਂ ਦੀ ਵਰਸ਼ਾ ਹੋਈ ੩੮॥

ਲਘੁ ਦੁੰਦਭਿ ਮ੍ਰਿਦੁ ਬਾਜਤੇ ਤੁਰਹੀ ਸੁ ਨਫੀਰੀ।
ਜੈ ਜੈਕਾਰ ਉਚਾਰਤੇ ਚਹੁੰਦਿਸ਼ਿ ਮਹਿੰ ਭੀਰੀ।
ਕਰਤਿ ਮੰਗਲਾਚਾਰ ਕੋ ਬਹੁ ਧੂਪ ਧੁਖਾਵੈਂ।
ਮੰਦ ਮੰਦ ਸ੍ਰੀ ਸਤਿਗੁਰੁ ਪਾਛੇ ਤਿਸ ਜਾਵੈਂ॥ ੩੯॥

ਛੋਟੀਆਂ ਦੁੰਦਭੀਆਂ, ਤੁਰੀਆਂ ਅਤੇ ਨਫੀਰੀਆਂ ਵੱਜ ਰਹੀਆਂ ਸਨ ਅਤੇ ਲੋਕਾਂ ਦੀ ਭੀੜ ਚਾਰੇ ਪਾਸੇ ਜੈ ਜੈ ਕਾਰ ਕਰ ਰਹੀ ਸੀ। ਬਹੁਤ ਧੂਪ ਧੁਖਾ ਕੇ ਮੰਗਲਾਚਾਰ ਕਰ ਰਹੇ ਸਨ ਅਤੇ ਹੌਲੀ-ਹੌਲੀ ਸਤਿਗੁਰੂ ਜੀ ਪਿੱਛੇ-ਪਿੱਛੇ ਜਾ ਰਹੇ ਸਨ॥ ੩੯॥

ਏਕ ਕੋਸ ਚਲਿ ਕੈ ਟਿਕੇ ਦਾਤੂ ਸੰਗ ਭਾਖੀ।
'ਹਟਹੁ ਆਪ ਕਰੁਨਾ ਕਰਹੁ ਪੂਰੀ ਅਭਿਲਾਖੀ।
ਸਿਮਰਹੁ ਅਪਨੇ ਜਾਨਿ ਕੈ ਹਮ ਦਾਸ ਤਿਹਾਰੇ'।
ਕਰੀ ਪਰਸਪਰ ਬੰਦਨਾ ਉਰ ਪ੍ਰੇਮ ਉਦਾਰੇ॥ ੪੦॥

ਇਕ ਕੋਹ ਚਲ ਕੇ ਠਹਿਰ ਗਏ ਤੇ ਬਾਬਾ ਦਾਤੂ ਜੀ ਨੂੰ ਕਿਹਾ, "ਹੁਣ ਪਿੱਛੇ ਮੁੜ ਕੇ ਕਿਰਪਾ ਕਰੋ, ਤੁਹਾਡੀ ਚਾਹ ਹੁਣ ਪੂਰੀ ਹੋ ਗਈ ਹੈ। ਆਪਣਾ ਜਾਣ ਕੇ ਸਾਨੂੰ ਯਾਦ ਰੱਖੋ ਅਸੀਂ ਤੁਹਾਡੇ ਦਾਸ ਹਾਂ।" ਫਿਰ ਦੋਹਾਂ ਨੇ ਬੜੇ ਪ੍ਰੇਮ ਨਾਲ ਮਿਲ ਕੇ ਇਕ ਦੂਸਰੇ ਨੂੰ ਬੰਦਨਾ ਕੀਤੀ॥ ੪੦॥

ਸ੍ਰੀ ਦਾਤੂ ਘਰ ਕੋ ਹਟਯੋ ਮਨ ਆਨੰਦ ਹੋਵਾ।
ਚਤੁਰ ਗੁਰੂ ਕੋ ਰੂਪ ਅਬਿ ਸ੍ਰੀ ਅਰਜਨ ਜੋਵਾ।
ਮਹਿਮਾ ਮਹਾਂ ਬਿਚਾਰਤੋ ਬਡ ਅਜ਼ਮਤ ਵਾਨਾ।
ਬਹੁਰ ਗਰੀਬੀ ਕੇ ਸਹਤ ਨਿਤ ਕ੍ਰਿਪਾ ਨਿਧਾਨਾ॥ ੪੧॥

ਬਾਬਾ ਦਾਤੂ ਜੀ ਬੜੇ ਪ੍ਰਸੰਨ ਹੋ ਕੇ ਵਾਪਸ ਆਪਣੇ ਘਰ ਨੂੰ ਮੁੜ ਗਏ। ਗੁਰੂ ਅਰਜਨ ਦੇਵ ਜੀ ਹੁਣ ਚਾਰ ਗੁਰੂ ਸਾਹਿਬਾਨ ਦਾ ਰੂਪ ਹਨ। ਉਨ੍ਹਾਂ ਦੀ ਮਹਾਨ ਮਹਿਮਾ 'ਤੇ ਵਿਚਾਰ ਕੀਤੀ ਕਿ ਉਹ ਵੱਡੇ ਪ੍ਰਤਾਪ ਵਾਲੇ ਹਨ। ਵੱਡੀ ਗਰੀਬੀ ਸਹਿਤ ਸਦਾ ਕਿਰਪਾ ਨਿਧਾਨ ਹਨ॥ ੪੧॥

ਸ੍ਰੀ ਸਤਿਗੁਰ ਪਗ ਨਗਨ ਤੇ ਪਾਛੇ ਪ੍ਰਸਥਾਨੇ।
ਆਗੇ ਖਾਸਾ ਪੋਥੀਅਨਿ ਸਿਖ ਕੰਧ ਪਯਾਨੇ।
ਚਮਰ ਚਾਰੁ ਦੁਹ ਦਿਸ਼ਿ ਢੁਰਤਿ ਬਹੁ ਸੰਖ ਬਜਾਵੈਂ।
ਇਮ ਮੰਗਲ ਕੋ ਕਰਤਿ ਹੀ ਉੱਤਰ ਦਿਸ਼ਿ ਜਾਵੈਂ॥ ੪੨॥

ਸਤਿਗੁਰੂ ਜੀ ਨੰਗੇ ਪੈਰ ਪਿੱਛੇ-ਪਿੱਛੇ ਜਾ ਰਹੇ ਸਨ, ਉਨ੍ਹਾਂ ਦੇ ਅੱਗੇ ਪਾਲਕੀ ਵਿਚ ਪੋਥੀਆਂ ਰੱਖ ਕੇ ਸਿੱਖ ਪਾਲਕੀ ਨੂੰ ਮੋਢਿਆਂ ਤੇ ਚੁੱਕ ਕੇ ਚਲੇ ਜਾ ਰਹੇ ਸਨ। ਚੌਰ ਚਾਰੇ ਪਾਸੇ ਝੁਲ ਰਹੇ ਸਨ ਤੇ ਸੰਖ ਵੱਜ ਰਹੇ ਸਨ, ਇਸ ਤਰ੍ਹਾਂ ਮੰਗਲ ਕਰਦੇ ਉਤਰ ਵਾਲੇ ਪਾਸੇ ਜਾ ਰਹੇ ਸਨ॥ ੪੨॥

ਸਨੇ ਸਨੇ ਸਭਿ ਹੀ ਚਲਤਿ ਮਨ ਨੰਮ੍ਰ ਕਰੰਤੇ।
ਸ੍ਰੀ ਅਰਜਨ ਉਰ ਭਾਉ ਪਿਖਿ ਬਲਿਹਾਰ ਹੁਵੰਤੇ।
ਸੁਧਾ ਸਰੋਵਰ ਕੋਸ ਦੁਇ ਜਬਿ ਰਹਯੋ ਅਗਾਰੇ।
ਸੌਚਿ ਕਰਨਿ ਹਿਤ ਸਭਿ ਟਿਕੇ ਖਾਸਾ ਸੁ ਉਤਾਰੇ॥ ੪੩॥

ਸਾਰੇ ਹੌਲੀ-ਹੌਲੀ ਮਨ ਵਿਚ ਸਨਿੰਮਰ ਹੋ ਰਹੇ ਸਨ। ਗੁਰਬਾਣੀ ਦੀਆਂ ਪੋਥੀਆਂ ਪ੍ਰਤਿ ਗੁਰੂ ਅਰਜਨ ਦੇਵ ਜੀ ਦਾ ਪਿਆਰ ਵੇਖ ਕੇ ਬਲਿਹਾਰ ਜਾ ਰਹੇ ਸਨ। ਜਦ ਅੰਮ੍ਰਿਤ ਸਰੋਵਰ ਦੋ ਕੋਹ ਅੱਗੇ ਰਹਿ ਗਿਆ, ਫਿਰ ਸਾਰੇ ਸੁੱਚਮਤਾ ਕਰਨ ਵਾਸਤੇ ਮਲੋ ਜਾਣ ਤੇ ਪਾਲਕੀ ਉਨ੍ਹਾਂ ਨੇ ਹੇਠਾਂ ਰੱਖ ਦਿੱਤੀ॥ ੪੩॥

Sri Satguru Jagjit Singh Ji eLlibrary NamdhariElibrary@gmail.com

ਜਾਮ ਦਿਵਸ ਬਾਕੀ ਰਹਜੋ ਥਿਤ ਭੇ ਜਿਸ ਕਾਲਾ।
ਕਰੀ ਸੌਚਿ ਸਭਿ ਹੂੰ ਤਹਾਂ ਉਰ ਹਰਖ ਬਿਸਾਲਾ।
ਪ੍ਰਵਿਸ਼ੇ ਚਾਹਤਿ ਨਿਜ ਪੁਰੀ ਕਰਿ ਕਾਰਜ ਆਏ।
ਸੰਖਨ ਬਾਦਿਤ ਸ਼ਬਦ ਕੋ ਧੁਨਿ ਊਚ ਉਠਾਏ॥ ੪੪॥

ਜਦ ਪਹਿਰ ਦਿਨ ਬਾਕੀ ਰਹਿ ਗਿਆ ਤਾਂ ਜਿਥੇ ਠਹਿਰੇ ਹੋਏ ਸਨ, ਉਥੇ ਸਾਰਿਆਂ ਮਨ ਵਿਚ ਪ੍ਰਸੰਨ ਹੋ ਕੇ ਸੁੱਚਮਤਾ ਕੀਤੀ। ਉਹ ਪੂਰਾ ਕੰਮ ਕਰ ਕੇ ਆਏ ਸਨ, ਇਸ ਲਈ ਨਗਰ ਵਿਚ ਦਾਖਲ ਹੋਣਾ ਚਾਹੁੰਦੇ ਸਨ। ਸੰਖਾਂ ਅਤੇ ਵਾਜਿਆਂ ਦੀ ਆਵਾਜ਼ ਨੂੰ ਉਨ੍ਹਾਂ ਨੇ ਹੋਰ ਉੱਚਾ ਕਰ ਦਿੱਤਾ॥ ੪੪॥

*ਤੀਸਰੀ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥ ੩੮॥*

# ਅਧਿਆਇ ਉਣਤਾਲੀਵਾਂ

## *ਸ੍ਰੀ ਅੰਮ੍ਰਿਤਸਰ ਪੁੱਜੇ, ਇਕਾਂਤ ਥਾਂ ਪਸੰਦ ਕੀਤੀ*

ਦੋਹਰਾ- ਦੋਇ ਕੋਸ ਪਰ ਟਿਕ ਗੁਰੂ ਥਕੇ ਪੰਥ ਪ੍ਰਸਥਾਨ।
ਕੀਨਿ ਭਲੇ ਬਿਸਰਾਮ ਕੋ ਹ੍ਵੈ ਸੁਚਿ ਥਿਤ ਤਿਸ ਥਾਨ॥ ੧॥

ਦੋ ਕੋਹ ਤੇ ਪਹੁੰਚ ਕੇ ਗੁਰੂ ਜੀ ਰਾਹ ਚਲਦੇ ਥੱਕ ਗਏ, ਉਥੇ ਉਨ੍ਹਾਂ ਨੇ ਆਰਾਮ ਕੀਤਾ ਤੇ ਸੁੱਚਮ ਕਰਕੇ ਉਥੇ ਬੈਠ ਗਏ॥ ੧॥

ਚੌਪਈ- ਦ੍ਰਿਗ ਮੁੱਦ੍ਰਿਤ ਕਰਿ ਠਾਨਜੋ ਧਜਾਨੂ। ਬੈਠੇ ਨਿਸ਼ਚਲ ਗਜਾਨ ਨਿਧਾਨੂ।
ਸੁਧਾ ਸਰੋਵਰ ਪੁਰਿ ਸੁਧਿ ਹੋਈ। ਗੁਰ ਆਗਮਨਿ ਸੁਨਜੋ ਸਭਿ ਕੋਈ॥ ੨॥

ਨੈਣ ਬੰਦ ਕਰਕੇ ਧਿਆਨ ਲਾਇਆ ਅਤੇ ਗਿਆਨ ਦੇ ਖਜ਼ਾਨੇ ਭਾਵ ਗੁਰੂ ਜੀ ਨਿਸ਼ਚਲ ਬੈਠ ਗਏ। ਅੰਮ੍ਰਿਤਸਰ ਜਦ ਇਹ ਖਬਰ ਪੁੱਜੀ ਤਾਂ ਸਾਰਿਆਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥ ੨॥

ਸ੍ਰੀ ਹਰਿਗੋਬਿੰਦ ਚੰਦ ਅਨੰਦੇ। ਬਦਨ ਸਦਨ ਛਬਿ ਖਿਰਜੋ ਬਿਲੰਦੇ।
ਪਾਇ ਕਿਰਨ ਸੁਧਿ ਪ੍ਰਾਤ ਮਨਿੰਦਾ। ਭਏ ਪ੍ਰਫੁੱਲਿਤਿ ਦ੍ਰਿਗ ਅਰਬਿੰਦਾ॥ ੩॥

ਸ੍ਰੀ ਹਰਿਗੋਬਿੰਦ ਸਾਹਿਬ ਜਿਨ੍ਹਾਂ ਦਾ ਅਨੰਦਮਈ ਚੰਦ ਵਰਗਾ ਮੁਖੜਾ ਹੈ ਤੇ ਜਿਹੜੇ ਘਰ ਦਾ ਸ਼ਿੰਗਾਰ ਹਨ, ਘਰ ਵਿਚ ਖੜੇ ਸਨ। ਜਦ ਉਨ੍ਹਾਂ ਸਵੇਰ ਦੀ ਕਿਰਨ ਵਾਂਗ ਖ਼ਬਰ ਸੁਣੀ ਤਾਂ ਕੰਵਲ ਦੇ ਫੁੱਲ ਵਾਂਗ ਉਨ੍ਹਾਂ ਦਾ ਚਿਹਰਾ ਖਿੜ ਗਿਆ॥ ੩॥

ਸੁਨਿ ਸਾਹਿਬ ਬੁੱਢਾ ਹਰਖਾਏ। ਸਿਖ ਗੁਰਦਾਸ ਆਦਿ ਸਮੁਦਾਏ।
'ਜਿਸ ਕਾਰਜ ਗਮਨੇ ਕਰਿ ਆਏ'। ਸੁਨਿ ਗੰਗਾ ਮਨ ਆਨੰਦ ਪਾਏ॥ ੪॥

ਇਹ ਸੁਣ ਕੇ ਬਾਬਾ ਬੁੱਢਾ ਜੀ ਬਹੁਤ ਪ੍ਰਸੰਨ ਹੋਏ, ਭਾਈ ਗੁਰਦਾਸ ਅਤੇ ਹੋਰ ਜਿਹੜੀ ਸਿੱਖ ਸੰਗਤ ਸੀ, ਸਾਰੇ ਸੁਣ ਕੇ ਬਹੁਤ ਖੁਸ਼ ਹੋਏ। ਮਾਤਾ ਗੰਗਾ ਜੀ ਨੇ ਵੀ ਜਦ ਸੁਣਿਆ ਕਿ ਜਿਸ ਕੰਮ ਵਾਸਤੇ ਗਏ ਸਨ, ਉਹ ਪੂਰਾ ਕਰ ਕੇ ਆਏ ਹਨ ਤਾਂ ਉਹ ਵੀ ਸੁਣ ਕੇ ਬਹੁਤ ਪ੍ਰਸੰਨ ਹੋਏ॥ ੪॥

'ਪੁਸਤਕ ਸਭਿ ਖਾਸੇ ਪਰ ਲਜਾਵਤਿ। ਆਪ ਗੁਰੂ ਪਨਹੀ ਬਿਨ ਆਵਤਿ'।
ਇਮ ਸੁਨਿ ਬਡ ਉਤਸਾਹ ਬਧਾਵਾ। ਸੁਮਨਸ ਚੰਦਨ ਧੂਪ ਧੁਖਾਵਾ॥ ੫॥

"ਸਾਰੀਆਂ ਪੋਥੀਆਂ ਪਾਲਕੀ ਵਿਚ ਲਿਆ ਰਹੇ ਹਨ, ਆਪ ਗੁਰੂ ਜੀ ਪਾਲਕੀ ਤੋਂ ਬਗੈਰ ਆ ਰਹੇ ਹਨ" ਇਹ ਸੁਣ ਕੇ ਬਹੁਤ ਉਤਸ਼ਾਹ ਵਧਾਇਆ। ਸੁਮਨ, ਚੰਦਨ ਅਤੇ ਧੂਪ ਧੁਖਾਇਆ॥ ੫॥

ਲੇ ਸੰਗ ਸ੍ਰੀ ਗੁਰ ਹਰਿ ਗੋਬਿੰਦ। ਚਲੇ ਅਗਾਊ ਜੁਤ ਸਿਖ ਬ੍ਰਿੰਦ।
ਮਧੁਰ ਪ੍ਰਸ਼ਾਦਿ ਅਧਿਕ ਸੰਗ ਲੀਨਾ। ਸ੍ਰੀ ਗੁਰ ਸਮੁਖ ਪਯਾਨੋ ਕੀਨਾ॥ ੬॥

ਸ੍ਰੀ ਹਰਿਗੋਬਿੰਦ ਸਾਹਿਬ ਨੂੰ ਨਾਲ ਲੈ ਕੇ ਸਿੱਖ ਇਕੱਠੇ ਹੋ ਕੇ ਗੁਰੂ ਅਰਜਨ ਦੇਵ ਜੀ ਨੂੰ ਅੱਗੇ ਜਾ ਕੇ ਲੈਣ ਲਈ ਚਲ ਪਏ। ਬਹੁਤ ਮਿੱਠਾ ਪ੍ਰਸ਼ਾਦਿ ਨਾਲ ਲਿਆ ਅਤੇ ਗੁਰੂ ਜੀ ਵਲ ਮੁਖ ਕਰਕੇ ਚਲ ਪਏ॥ ੬॥

ਪਰਮ ਪ੍ਰੇਮ ਕੇ ਜਾਲ ਫਸਾਏ। ਮਨਹੁ ਮੀਨ ਗਨ ਐਂਚਤਿ ਆਏ।
ਪੁਰਿਕੇ ਨਰ ਗਨ ਸੁਨਿ ਸਮੁਦਾਏ। ਦੇਖਨਿ ਦਰਸ ਗੁਰੂ ਕਹੁ ਧਾਏ॥ ੭॥

ਪਰਮ ਪ੍ਰੇਮ ਦੇ ਜਾਲ ਫਸਾਏ ਮਾਨੋ ਮੱਛੀਆਂ ਨੂੰ ਫੜਨ ਆਏ ਸਨ। ਨਗਰੀ ਦੇ ਲੋਕਾਂ ਨੇ ਜਦ ਇਸ ਬਾਰੇ ਸੁਣਿਆ ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ॥ ੭॥

ਜੋ ਨਿਤਪ੍ਰਤਿ ਹਿਤ ਕਰਿ ਦਰਸੈ ਹੈਂ। ਸੋ ਬਹੁ ਦਿਨ ਮੈਂ ਦਰਸ਼ਨ ਪੈ ਹੈਂ।
ਗਏ ਧਾਇ ਕਰਿ ਚੌਂਪ ਉਮੰਗੇ। ਰੁਚਿਰ ਉਪਾਇਨ ਲੇ ਕਰਿ ਸੰਗੇ॥ ੮॥

ਜੋ ਰੋਜ਼ ਪ੍ਰੇਮ ਸਹਿਤ ਦਰਸ਼ਨ ਕਰਦੇ ਸਨ, ਉਨ੍ਹਾਂ ਨੇ ਬਹੁਤ ਦਿਨਾਂ ਬਾਅਦ ਦਰਸ਼ਨ ਕਰਨੇ ਸਨ। ਉਹ ਬੜੇ ਚਾਅ ਅਤੇ ਉਤਸ਼ਾਹ ਨਾਲ ਦਰਸ਼ਨ ਕਰਨ ਗਏ, ਉਹ ਆਪਣੀ ਰੁਚੀ ਅਨੁਸਾਰ ਕੁਝ ਉਪਹਾਰ ਵੀ ਲੈ ਕੇ ਗਏ॥ ੮॥

ਸਭਿ ਨਰ ਸ੍ਰੀ ਹਰਿਗੋਬਿੰਦ ਸਾਥ। ਦਰਸੇ ਸਤਿਗੁਰ ਅਰਜਨ ਨਾਥ।
ਪਾਇਨ ਜਾਇ ਉਤਾਇਲ ਪਰੇ। ਨਿਜ ਨਿਜ ਸਭਿਨਿ ਅਕੋਰੈਂ ਧਰੇ॥ ੯॥

ਸ੍ਰੀ ਹਰਿਗੋਬਿੰਦ ਸਾਹਿਬ ਨਾਲ ਸਮੂਹ ਨਰ ਆਏ ਤੇ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਬੜੇ ਉਤਾਵਲੇ ਹੋ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ, ਫਿਰ ਸਾਰੇ ਆਪਣੇ ਉਪਹਾਰ ਗੁਰੂ ਜੀ ਅੱਗੇ ਧਰਦੇ ਸਨ॥ ੯॥

ਸਭਿਨਿ ਬਿਲੋਚਨ ਕਮਲ ਸਰੀਖੇ। ਭਏ ਪ੍ਰਫੁੱਲਜਤਿ ਰਵਿ ਗੁਰ ਦੀਖੇ।
ਸ੍ਰੀ ਹਰਿ ਗੋਬਿੰਦ ਅੰਕ ਬਿਠਾਏ। ਪਿਖਤਿ ਅਨੰਦ ਬਿਲੰਦ ਬਧਾਏ॥ ੧੦॥

ਸਾਰਿਆਂ ਦੇ ਕੰਵਲ ਨੈਣ ਪਿਆਸੇ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਉਹ ਖਿੜ ਉਠੇ। ਗੁਰੂ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਨੂੰ ਗੋਦ ਵਿਚ ਬਿਠਾ ਲਿਆ, ਉਸ ਨੂੰ ਵੇਖ ਬਹੁਤ ਪ੍ਰਸੰਨ ਹੋਏ॥ ੧੦॥

ਸਾਹਿਬ ਬੁੱਢਾ ਅਰੁ ਗੁਰਦਾਸ। ਬੂਝੀ ਕੁਸ਼ਲ ਤਿਨਹੁਂ ਕੇ ਪਾਸ।
ਹਾਥ ਜੋਰਿ ਤਬਿ ਸਕਲ ਬਖਾਨੈਂ। 'ਕ੍ਰਿਪਾ ਆਪ ਕੀ ਤੇ ਸੁਖ ਠਾਨੈਂ॥ ੧੧॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਪਾਸੋਂ ਗੁਰੂ ਜੀ ਨੇ ਸੁਖ-ਸਾਂਦ ਪੁੱਛੀ। ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਤੁਹਾਡੀ ਕਿਰਪਾ ਕਰਕੇ ਸਭ ਸੁਖ-ਸਾਂਦ ਹੈ॥ ੧੧॥

ਘਰ ਰਾਵਰ ਕੇ ਅਰੁ ਸਭਿ ਥਾਈਂ। ਕੁਸ਼ਲ ਅਨੰਦ ਰਹੈਂ ਸਮੁਦਾਈ'।
ਪੁਸ਼ਪ ਪ੍ਰਸਾਦਿ ਸਿੱਖ ਗਨ ਲਜਾਏ। ਕਹਿ ਪੁਸਤਕ ਪਰ ਸੋ ਚਢਿਵਾਏ॥੧੨॥

ਆਪ ਜੀ ਦੇ ਘਰ ਅਤੇ ਸਭ ਥਾਂਈਂ ਸਾਰੀ ਸਿੱਖ ਸੰਗਤ ਆਨੰਦ ਪ੍ਰਸੰਨ ਹੈ।" ਬਹੁਤ ਸਿੱਖ ਫੁੱਲਾਂ ਦਾ ਪ੍ਰਸ਼ਾਦਿ ਲੈ ਕੇ ਆਏ ਸਨ, ਉਹ ਕਹਿ ਕੇ ਪੋਥੀਆਂ ਦੇ ਉਤੇ ਚੜ੍ਹਵਾ ਦਿੱਤੇ॥ ੧੨॥

ਧੂਪ ਧੁਖਾਵਤਿ ਸੰਖ ਬਜਾਏ। ਜੈ ਜੈ ਮੰਗਲ ਸ਼ਬਦ ਉਠਾਏ।
ਇਮ ਸਭਿ ਹੀ ਜਬਿ ਮਿਲੇ ਅਗਾਊ। ਹਰਖੇ ਦੁਹਿ ਦਿਸ਼ਿ ਹੇਰਤਿ ਭਾਊ ॥੧੩॥

ਫਿਰ ਧੂਪ ਧੁਖਾ ਕੇ ਸੰਖ ਵਜਾਏ, ਅਤੇ ਜੈ ਜੈ ਦੇ ਮੰਗਲ ਸ਼ਬਦਾਂ ਦਾ ਉਚਾਰਨ ਕੀਤਾ। ਇਸ ਤਰ੍ਹਾਂ ਜਦ ਸਾਰੇ ਸਿੱਖ ਅੱਗੋਂ ਆ ਕੇ ਮਿਲੇ ਤਾਂ ਦੋਹਾਂ ਪਾਸਿਆਂ ਦੇ ਸਿੱਖ ਬਹੁਤ ਪ੍ਰਸੰਨ ਹੋਏ॥ ੧੩॥

ਕਿਰਤਨ ਕਰਤਿ ਸਿੱਖ ਅਗੁਵਾਈ। ਸਮੁਖ ਸੁਧਾਸਰ ਗਮਨੇ ਜਾਈ।
ਚੌਰ ਢੁਰਤਿ ਉਤਸਾਹ ਬਧਾਵਤਿ। ਸੰਗਤਿ ਸੰਗ ਗੁਰੂ ਛਬਿ ਪਾਵਤਿ॥ ੧੪॥

ਕੀਰਤਨ ਕਰਦੇ ਸਿੱਖਾਂ ਦੀ ਅਗਵਾਈ ਕਰਦੇ ਅੰਮ੍ਰਿਤਸਰ ਦੇ ਸਾਹਮਣੇ ਚਲੇ ਗਏ। ਪਾਲਕੀ ਉਤੇ ਚੌਰ ਕਰਦੇ ਬੜਾ ਉਤਸ਼ਾਹ ਵਧਾ ਰਹੇ ਸਨ, ਸੰਗਤ ਦੇ ਨਾਲ ਮਿਲਕੇ ਗੁਰੂ ਜੀ ਬੜੀ ਸ਼ੋਭਾ ਪਾ ਰਹੇ ਸੀ॥ ੧੪॥

ਚਤੁਰ ਘਟੀ ਦਿਨ ਰਹਜੇ ਚਲੇ ਹੈਂ। ਸਿੱਖਜ ਆਇ ਸਮੁਦਾਇ ਮਿਲੇ ਹੈਂ।
ਇਕ ਦਿਸ਼ ਸੰਖ ਨਫੀਰੀ ਬਾਜਤਿ। ਲਘੁ ਦੁੰਦਭਿ ਮਧੁਰੀ ਘਨ ਲਾਜਤਿ ॥੧੫॥

ਚਾਰ ਘੜੀ ਦਿਨ ਰਹਿੰਦਿਆਂ ਚਲੇ ਹਨ ਅਤੇ ਸਾਰੀਆਂ ਸਿੱਖ ਸੰਗਤਾਂ ਉਨ੍ਹਾਂ ਨੂੰ ਆ ਕੇ ਮਿਲ ਪਈਆਂ ਹਨ। ਇਕ ਪਾਸੇ ਸੰਖ ਤੇ ਨਫੀਰੀਆਂ ਵੱਜ ਰਹੀਆਂ ਸਨ। ਛੋਟੀਆਂ ਦੁੰਦਭੀਆਂ ਦੀ ਮਿੱਠੀ ਆਵਾਜ਼ ਸੁਣ ਕੇ ਬੱਦਲ ਵੀ ਸ਼ਰਮਸਾਰ ਹੋ ਰਹੇ ਸਨ॥ ੧੫॥

ਸ੍ਰੀ ਅਰਜਨ ਸ੍ਰੀ ਹਰਿ ਗੋਬਿੰਦ। ਸ਼ੋਭਤਿ ਪੋਥਿਨਿ ਜੁਤ ਸਿਖ ਬ੍ਰਿੰਦ।
ਬ੍ਰਹਮਾ ਬਿਸ਼ਨ ਅਮਰ ਇੰਦ੍ਰਾਦਿ। ਮਨਹੁ ਬੇਦ ਕੀ ਕਰਨਿ ਮ੍ਰਿਜਾਦਿ॥ ੧੬॥

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ, ਸਿੱਖ ਸੰਗਤਾਂ ਅਤੇ ਪੋਥੀਆਂ ਸਹਿਤ ਬੜੀ ਸ਼ੋਭਾ ਪਾ ਰਹੇ ਸਨ। ਬ੍ਰਹਮਾ, ਵਿਸ਼ਨੂੰ ਅਤੇ ਇੰਦਰ ਆਦਿ ਦੇਵਤੇ ਮਾਨੋਂ ਵੇਦਾਂ ਦੀ ਮਰਯਾਦਾ ਕਰ ਰਹੇ ਸਨ॥ ੧੬॥

ਇਕਠੇ ਹੁਇ ਉਤਸਾਹਤਿ ਚਾਲੇ। ਨਗਰ ਸੁਧਾਸਰ ਬੈਕੁੰਠ ਆਲੇ।
ਖਾਸਾ ਫੂਲ ਮਾਲ ਜੁਤ ਆਗੇ। ਸ੍ਰੀ ਗੁਰ ਜੁਤ ਸਿਖ ਪਾਛਹਿ ਲਾਗੇ॥ ੧੭॥

ਇਕੱਠੇ ਹੋ ਕੇ ਸਾਰੇ ਬੜੇ ਉਤਸ਼ਾਹ ਨਾਲ ਚਲ ਕੇ ਬੈਕੁੰਠ ਘਰ ਸ੍ਰੀ ਅੰਮ੍ਰਿਤਸਰ ਜਾ ਰਹੇ ਸਨ। ਪਾਲਕੀ ਫੁੱਲਾਂ ਦੀਆਂ ਮਾਲਾਵਾਂ ਸਹਿਤ ਅੱਗੇ ਜਾ ਰਹੀ ਸੀ। ਗੁਰੂ ਅਰਜਨ ਦੇਵ ਜੀ ਸੰਗਤ ਸਹਿਤ ਪਿੱਛੇ-ਪਿੱਛੇ ਆ ਰਹੇ ਸਨ॥ ੧੭॥

ਜੈ ਜੈ ਸ਼ਬਦ ਕਰਤਿ ਚਲਿ ਜਾਹੀਂ। ਪਹੁੰਚਤਿ ਭਦੇ ਜਾਇ ਕਰਿ ਪਾਹੀ।
ਸੁਧਾ ਸਰੋਵਰ ਪੂਰਬ ਪਾਸੇ। ਬੜਾ ਨਾਮ ਅਬਿ ਲਗਹੁ ਪ੍ਰਕਾਸ਼ੇ॥ ੧੮॥

ਜੈ ਜੈ ਸ਼ਬਦ ਦਾ ਉਚਾਰਨ ਕਰਕੇ ਚਲੇ ਜਾ ਰਹੇ ਸਨ ਤੇ ਉਹ ਅੰਮ੍ਰਿਤ ਸਰੋਵਰ ਦੇ ਪਾਸ ਪਹੁੰਚ ਗਏ। ਅੰਮ੍ਰਿਤ ਸਰੋਵਰ ਦੇ ਪੂਰਬੀ ਪਾਸੇ ਜਿਥੇ ਅੱਜ-ਕਲ੍ਹ ਬੜਾ ਪ੍ਰਕਾਸ਼ਮਾਨ ਹੈ॥ ੧੮॥

ਤਹਾਂ ਸਥਾਪਤਿ ਕਰਿ ਪੋਥੀਨ। ਟਿਕੇ ਨਿਕਟ ਗੁਰ ਆਨੰਦ ਭੀਨ।
ਮੰਗਤਿ ਜਨ ਸੁਨਿ ਕਰਿ ਚਲਿ ਆਏ। ਮਨ ਬਾਂਛਤਿ ਸਭਿਹਿਨਿ ਤਬਿ ਪਾਏ॥੧੯॥

ਉਥੇ ਪੋਥੀਆਂ ਨੂੰ ਸਥਾਪਿਤ ਕਰ ਦਿੱਤਾ, ਗੁਰੂ ਜੀ ਪ੍ਰਸੰਨ ਹੋ ਕੇ ਪਾਸ ਠਹਿਰ ਗਏ। ਮੰਗਣ ਵਾਲੇ ਸਾਰੇ ਸੁਣ ਕੇ ਉਥੇ ਆਏ ਤੇ ਸਭ ਨੇ ਮੂੰਹ ਮੰਗੀਆਂ ਮੁਰਾਦਾਂ ਪਾਈਆਂ॥ ੧੯॥

ਅਧਿਕ ਭੀਰ ਸਤਿਗੁਰ ਢਿਗ ਹੋਈ। ਦਰਸ਼ਨ ਕਰਿ ਗਮਨਤਿ ਸਭਿ ਕੋਈ।
ਬਹੁਤ ਪ੍ਰਸਾਦਿ ਲਜਾਇ ਬਰਤਾਵਾ। ਸਭਿਹਿਨਿ ਕੇ ਮਨ ਆਨੰਦ ਛਾਵਾ ॥੨੦॥

ਸਤਿਗੁਰੂ ਜੀ ਪਾਸ ਬਹੁਤ ਭੀੜ ਲੱਗ ਗਈ, ਸਾਰੇ ਦਰਸ਼ਨ ਕਰਕੇ ਜਾ ਰਹੇ ਸਨ। ਬਹੁਤ ਪ੍ਰਸ਼ਾਦਿ ਲਿਆ ਕੇ ਵਰਤਾਇਆ, ਸਾਰਿਆਂ ਦੇ ਮਨ ਵਿਚ ਆਨੰਦ ਛਾ ਗਿਆ॥ ੨੦॥

ਸੰਧਜਾ ਕਰਿ ਸਤਿਗੁਰ ਤਿਸ ਥਾਨੂ। ਬ੍ਰਿੱਧ ਸਾਥ ਤਬਿ ਬਾਕ ਬਖਾਨੂ।
'ਆਪ ਰਹਹੁ ਪੁਸਤਕ ਕੇ ਪਾਸ। ਲੇਕਰਿ ਅਪਰ ਸਾਥਿ ਗਨ ਦਾਸ॥ ੨੧॥

ਉਸ ਸਥਾਨ ਵਿਖੇ ਸੰਝ ਦੇ ਹੋਣ ਕਰਕੇ, ਤਦ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਆਪ ਪੋਥੀਆਂ ਪਾਸ ਰਹੋ ਅਤੇ ਆਪਣੇ ਨਾਲ ਹੋਰ ਸਿੱਖ ਸੇਵਕ ਲੈ ਲਵੋ॥ ੨੧॥

ਜਾਗ੍ਰਨ ਕਰਹੁ ਸਿਮਰ ਸਤਿਨਾਮ। ਕਿਰਤਨ ਹੋਇ ਸੁ ਚਾਰਹੁਂ ਜਾਮ'।
ਸ਼੍ਰੀ ਹਰਿ ਗੋਬਿੰਦ ਕਉ ਲੇ ਸਾਥ। ਨਮੋ ਕੀਨਿ ਸ਼੍ਰੀ ਅਰਜਨ ਨਾਥ॥ ੨੨॥

ਸਤਿਨਾਮ ਦਾ ਸਿਮਰਨ ਕਰਕੇ ਸਾਰੀ ਰਾਤ ਜਾਗਦੇ ਰਹੋ, ਚਾਰੇ ਪਹਿਰ ਕੀਰਤਨ ਹੋਣਾ ਚਾਹੀਦਾ ਹੈ। ਸ੍ਰੀ ਹਰਿਗੋਬਿੰਦ ਨੂੰ ਲੈ ਕੇ, ਗੁਰੂ ਅਰਜਨ ਦੇਵ ਜੀ ਨੇ ਪੋਥੀਆਂ ਨੂੰ ਨਮਸਕਾਰ ਕੀਤੀ॥ ੨੨॥

ਉਠਤਿ ਪ੍ਰਦਛਨਾ ਦਿਸ਼ਿ ਕਹੁ ਆਏ। ਪੌਰ ਦਰਸ਼ਨੀ ਸੀਸ ਨਿਵਾਏ।
ਅੰਦਰ ਬਰ ਹਰਿ ਮੰਦਰ ਗਏ। ਚਤੁਰ ਪ੍ਰਦਛਨਾ ਫਿਰ ਤਹਿਂ ਦਏ॥ ੨੩॥

ਉੱਠ ਕੇ ਫਿਰ ਪਰਿਕਰਮਾਂ ਵਾਲੇ ਪਾਸੇ ਆ ਗਏ ਤੇ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਤੇ ਆ ਕੇ ਸਿਰ ਨਿਵਾਇਆ। ਅੰਦਰ ਲੰਘ ਕੇ ਹਰਿਮੰਦਰ ਸਾਹਿਬ ਦੇ ਅੰਦਰ ਗਏ ਅਤੇ ਚਾਰ ਪਰਿਕਰਮਾਂ ਕੀਤੀਆਂ॥ ੨੩॥

ਖਰੇ ਹੋਇ ਕਰਿ ਸ਼੍ਰੀ ਦਰਬਾਰ। ਹਾਥ ਜੋਰਿ ਕਰਿ ਬਿਨੈ ਉਚਾਰ।
ਨਮਸਕਾਰ ਕਰਿਕੈ ਬਹੁ ਭਾਊ। ਹਟੇ ਬਹੁਰ ਜਿਨ ਪ੍ਰੇਮ ਸੁਭਾਊ॥ ੨੪॥

ਦਰਬਾਰ ਸਾਹਿਬ ਵਿਚ ਫਿਰ ਖੜੇ ਹੋ ਕੇ, ਹੱਥ ਜੋੜ ਕੇ ਬੇਨਤੀ ਕੀਤੀ। ਬੜੇ ਪ੍ਰੇਮ ਨਾਲ ਫਿਰ ਦਰਸ਼ਨ ਕਰਕੇ, ਗੁਰੂ ਜੀ ਜਿਨ੍ਹਾਂ ਦਾ ਸੁਭਾਅ ਬੜੇ ਪ੍ਰੇਮ ਵਾਲਾ ਹੈ, ਬਾਹਰ ਮੁੜ ਆਏ॥ ੨੪॥

ਸ਼੍ਰੀ ਹਰਿ ਗੋਵਿੰਦ ਸੰਗ ਸੁਹਾਏ। ਮੰਦ ਮੰਦ ਅਪਨੇ ਘਰ ਆਏ।
ਦਾਸੀ ਦਾਸ ਆਨਿ ਪਗ ਲਾਗੇ। ਬੂਝੀ ਕੁਸ਼ਲ ਗੁਰੂ ਰਸ ਪਾਗੇ॥ ੨੫॥

ਸ੍ਰੀ ਹਰਿਗੋਬਿੰਦ ਜੀ ਨਾਲ ਸ਼ੋਭ ਰਹੇ ਸਨ, ਹੌਲੀ-ਹੌਲੀ ਚਲ ਕੇ ਆਪਣੇ ਘਰ ਨੂੰ ਆ ਗਏ। ਸਭ ਦਾਸ ਦਾਸੀਆਂ ਆ ਕੇ ਚਰਨੀਂ ਲੱਗ ਗਏ। ਗੁਰੂ ਜੀ ਨੇ ਸਾਰਿਆਂ ਦੀ ਸੁਖ-ਸਾਂਦ ਪੁੱਛੀ।

ਅੰਤਰ ਪ੍ਰਵਿਸ਼ੇ ਉਠਿ ਸ਼੍ਰੀ ਗੰਗਾ। ਆਨਿ ਲਗੀ ਪਾਇਨ ਕੇ ਸੰਗਾ।
ਸੁਤ ਕੋ ਲੇ ਪ੍ਰਯੰਕ ਪਰ ਬੈਸੇ। ਰਾਮਚੰਦ ਕੋ ਦਸਰਥ ਜੈਸੇ॥ ੨੬॥

ਜਦ ਘਰ ਦੇ ਅੰਦਰ ਪ੍ਰਵੇਸ਼ ਕੀਤਾ ਤਾਂ ਸ੍ਰੀ ਗੰਗਾ ਜੀ ਉੱਠ ਕੇ ਆ ਕੇ ਚਰਨਾਂ ਨਾਲ ਲੱਗ ਗਈ। ਪੁੱਤਰ ਨੂੰ ਲੈ ਕੇ ਪਲੰਘ ਤੇ ਬੈਠ ਗਏ, ਜਿਵੇਂ ਰਾਜਾ ਦਸ਼ਰਥ ਰਾਮਚੰਦਰ ਨੂੰ ਲੈ ਕੇ ਬੈਠ ਗਏ ਹੋਣ॥ ੨੬॥

ਮਾਤੁਲ ਪਤਨੀ ਕੇ ਸੰਦੇਸ਼। ਅਪਰ ਬਾਰਤਾ ਬਿਤੀ ਅਸ਼ੇਸ਼।
ਸਨੇ ਸਨੇ ਗੰਗਾ ਕੇ ਸ਼੍ਰੌਨ। ਕੀਨਿ ਸੁਨਾਵਨਿ ਗੁਰ ਸੁਖ ਭੌਨ॥ ੨੭॥

ਆਪਣੀ ਮਾਮੀ ਜੀ ਦੇ ਸੰਦੇਸ਼ ਬਾਰੇ ਦੱਸਿਆ ਤੇ ਹੋਰ ਵੀ ਜੋ ਗੱਲ-ਬਾਤ ਹੋਈ ਸੀ, ਉਸ ਬਾਰੇ ਦੱਸਿਆ। ਹੌਲੀ-ਹੌਲੀ [illegible]

ਤਬਿ ਗੰਗਾ ਮਨ ਆਨੰਦ ਪਾਏ। ਨਿਕਟ ਬੈਠਿ ਭੋਜਨ ਅਚਵਾਏ।
ਨਿਜ ਕਰ ਤੇ ਠਾਨਤਿ ਬਹੁ ਸੇਵਾ। ਮਹਿਮਾ ਜਾਨਹਿ ਸ੍ਰੀ ਗੁਰ ਦੇਵਾ॥ ੨੮॥

ਤਦ ਸ੍ਰੀ ਗੰਗਾ ਜੀ ਮਨ ਵਿਚ ਬਹੁਤ ਪ੍ਰਸੰਨ ਹੋਈ ਤੇ ਪਾਸ ਬੈਠ ਕੇ ਭੋਜਨ ਖਵਾਇਆ। ਆਪਣੇ ਹੱਥਾਂ ਨਾਲ ਬਹੁਤ ਸੇਵਾ ਕਰਦੀ ਸੀ, ਕਿਉਂਕਿ ਉਹ ਸ੍ਰੀ ਗੁਰੂ ਜੀ ਦੀ ਮਹਿਮਾ ਜਾਣਦੀ ਸੀ॥ ੨੮॥

ਸੁਪਤਿ ਹੇਤੁ ਪਰਯੰਕ ਅਰੂਢੇ। ਇਕ ਪਰ ਹਰਿ ਗੋਬਿੰਦ ਗੁਨ ਗੂਢੇ।
ਸੁਖ ਸੋਂ ਸੈਨ ਕਰੀ ਨਿਸ ਮਾਂਹੀ। ਰਹੀ ਜਾਮ ਜਾਗੇ ਗੁਨ ਗ੍ਰਾਹੀ॥ ੨੯॥

ਸੌਣ ਵਾਸਤੇ ਪਲੰਘ ਵਿਛਾਏ, ਇਕ ਪਲੰਘ ਉਤੇ ਸ੍ਰੀ ਹਰਿਗੋਬਿੰਦ ਜੀ ਘਣੇ ਗੁਣਾਂ ਵਾਲੇ ਸਾਰੀ ਰਾਤ ਬੜੇ ਸੁਖ ਨਾਲ ਸੁੱਤੇ ਰਹੇ, ਜਦ ਪਹਿਰ ਰਾਤ ਰਹਿੰਦੀ ਸੀ ਤਾਂ ਗੁਰੂ ਜੀ ਜਾਗ ਪਏ॥ ੨੯॥

ਸਤਿਚੇਤਨ ਆਨੰਦ ਸਰੂਪਾ। ਤਿਸ ਮਹਿਂ ਨਿਸ਼ਚਲ ਬ੍ਰਿਤੀ ਅਨੂਪਾ।
ਪ੍ਰਥਮ ਸੌਚ ਕਰਿ ਕੈ ਮਨ ਪਾਵਨਿ। ਪੁਨਹੁ ਕੀਨਿ ਜਲ ਲੇ ਰਦ ਧਾਵਨ॥ ੩੦॥

ਗੁਰੂ ਜੀ ਸਤਿਚੇਤਨ ਅਨੰਦ ਸਰੂਪ ਹਨ, ਤਿਸ ਵਿਚ ਉਨ੍ਹਾਂ ਦੀ ਅਨੂਪਮ ਬੁੱਧੀ ਨਿਸ਼ਚਲ ਟਿਕੀ ਰਹਿੰਦੀ ਹੈ। ਪਹਿਲਾਂ ਸੁੱਚਮ ਕਰਕੇ ਮਨ ਨੂੰ ਪਵਿੱਤਰ ਕਰਦੇ ਸਨ, ਫਿਰ ਜਲ ਲੈ ਕੇ ਦਾਤਣ ਕਰਦੇ ਸਨ॥ ੩੦॥

ਕੂਪ ਨੀਰ ਤੇ ਮੱਜਨ ਠਾਨਿ। ਪੁਨ ਦੁਖਭੰਜਨਿ ਕੀਨਿ ਸ਼ਨਾਨ।
ਥੜੇ ਜਾਇ ਬੈਠੇ ਸੁਖ ਭੌਨ। ਅਜਪਾ ਜਾਪ ਜਪਯੋ ਕਰਿ ਮੌਨਿ॥ ੩੧॥

ਫਿਰ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਦੇ ਸਨ, ਫਿਰ ਦੁਖਭੰਜਨੀ ਬੇਰੀ ਲਾਗੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਸਨ। ਫਿਰ ਸੁੱਖਾਂ ਦੇ ਘਰ ਥੜਾ ਸਾਹਿਬ ਤੇ ਜਾ ਬੈਠਦੇ ਸਨ ਅਤੇ ਮੋਨ ਧਾਰ ਅਜਪਾ ਜਾਪ ਜਪਦੇ ਸਨ॥ ੩੧॥

ਪੁਨ ਪ੍ਰਾਚੀ ਦਿਸ਼ਿ ਭੀ ਅਰੁਨਾਈ। ਤਿਮਰ ਨਸਯੋ ਚਟਿਕਾ ਚੁਹਕਾਈ।
ਕਮਲ ਬਿਲੋਚਨ ਬਿਕਸੇ ਦੋਈ। ਉਠੇ ਪ੍ਰਭੂ ਪ੍ਰਭਾਤਿ ਲਖਿ ਹੋਈ॥ ੩੨॥

ਫਿਰ ਪੂਰਬ ਵਾਲੇ ਪਾਸੇ ਸੂਰਜ ਦੀ ਲਾਲੀ ਛਾ ਜਾਂਦੀ ਸੀ। ਹਨੇਰਾ ਦੂਰ ਹੋ ਜਾਂਦਾ ਸੀ ਤੇ ਚਿੜੀਆਂ ਚਹਿਕਣ ਲੱਗ ਜਾਂਦੀਆਂ ਸਨ। ਫਿਰ ਦੋਵੇਂ ਕੰਵਲ ਨੈਣ ਖਿੜ ਜਾਂਦੇ ਸਨ ਅਤੇ ਪ੍ਰਭਾਤ ਹੋਈ ਵੇਖ ਕੇ ਗੁਰੂ ਜੀ ਉੱਠ ਜਾਂਦੇ ਸਨ॥ ੩੨॥

ਬਡੀ ਪ੍ਰਕਰਮਾਂ ਫਿਰ ਕਰਿ ਆਏ। ਪੌਰ ਦਰਸ਼ਨੀ ਸੀਸ ਨਿਵਾਏ।
ਪੁਨਹ ਜਾਇ ਦਰਬਾਰ ਸੁ ਬੰਦੇ। ਚਤੁਰ ਪ੍ਰਦਛਨਾ ਕੀਨਿ ਅਨੰਦੇ॥ ੩੩॥

ਫਿਰ ਵੱਡੀਆਂ ਪਰਿਕਰਮਾਂ ਕਰਕੇ ਆਉਂਦੇ ਹਨ ਅਤੇ ਦਰਸ਼ਨੀ ਦਰਵਾਜ਼ੇ ਤੇ ਸੀਸ ਨਿਵਾਉਂਦੇ ਹਨ। ਫਿਰ ਦਰਬਾਰ ਸਾਹਿਬ ਵਿਚ ਜਾ ਕੇ ਬੰਦਨਾ ਕਰਦੇ ਹਨ ਅਤੇ ਅਨੰਦ ਸਹਿਤ ਚਾਰ ਪਰਿਕਰਮਾਂ ਕਰਦੇ ਹਨ॥ ੩੩॥

ਇਮ ਦਰਸ਼ਨ ਕਰਿ ਫਿਰ ਪੁਨ ਆਏ। ਬੈਠਿ ਥੜੇ ਪਰ ਗੁਰੂ ਸੁਹਾਏ।
ਮਨਹੁ ਸ਼ੰਭੁ ਥਿਤ ਗਿਰ ਕੈਲਾਸ਼ਾ। ਸੁਰ ਜਿਮ ਸਿਖ ਬੈਸੇ ਚਹੁੰ ਪਾਸਾ॥ ੩੪॥

ਇਸ ਤਰ੍ਹਾਂ ਦਰਸ਼ਨ ਕਰਕੇ ਫਿਰ ਆ ਜਾਂਦੇ ਹਨ ਅਤੇ ਥੜਾ ਸਾਹਿਬ ਤੇ ਬੈਠ ਕੇ ਸ਼ੋਭਦੇ ਹਨ। ਥੜਾ ਸਾਹਿਬ ਤੇ ਬੈਠੇ ਇੰਞ ਲੱਗਦੇ ਹਨ ਜਿਵੇਂ ਕੈਲਾਸ਼ ਪਰਬਤ ਪਰ ਸ਼ਿਵ ਜੀ ਬੈਠੇ ਹੋਣ ਅਤੇ ਉਨ੍ਹਾਂ ਇਰਦ-ਗਿਰਦ ਬੈਠੇ ਸਿੱਖ ਇੰਞ ਲੱਗਦੇ ਸਨ ਜਿਵੇਂ ਉਹਨਾਂ ਦੇ ਦੁਆਲੇ ਦੇਵਤੇ ਬੈਠੇ ਹੋਣ॥ ੩੪॥

ਸੰਗਤਿ ਆਇ ਲਗਯੋ ਦੀਵਾਨ। ਬੀਚ ਬਿਰਾਜਹਿਂ ਕ੍ਰਿਪਾ ਨਿਧਾਨ।
ਸ੍ਰੀ ਮੁਖ ਤੇ ਬੋਲੇ ਬਚ ਐਸੇ। ਨਿਕਸੇ ਕਮਲ ਖਿਰੇਅਲਿ ਜੈਸੇ ॥ ੩੫ ॥

ਜਦ ਸੰਗਤ ਆ ਜਾਂਦੀ ਸੀ ਤਾਂ ਦੀਵਾਨ ਲੱਗ ਜਾਂਦਾ ਹੈ ਤੇ ਕਿਰਪਾ ਨਿਧਾਨ ਗੁਰੂ ਜੀ ਉਨ੍ਹਾਂ ਦੇ ਵਿਚ ਬੈਠ ਜਾਂਦੇ ਹਨ। ਗੁਰੂ ਜੀ ਆਪਣੇ ਮੁਖ ਤੋਂ ਇਸ ਤਰ੍ਹਾਂ ਬਚਨ ਬੋਲਦੇ ਹਨ, ਖਿੜੇ ਕੰਵਲਾਂ ਤੋਂ ਜਿਵੇਂ ਭੌਰੇ ਨਿਕਲਦੇ ਹਨ॥ ੩੫ ॥

'ਚਿਤ ਦੈ ਸੁਨਿ ਭਾਈ ਗੁਰਦਾਸ!। ਪਰ ਉਪਕਾਰ ਬਡੋ ਸੁਖਰਾਸਿ।
ਦੇਖਿ ਦੇਖਿ ਕਰਿ ਸਭਿ ਪੋਥੀਨ। ਕਰਹੁ ਗ੍ਰਿੰਥ ਸਾਹਿਬ ਰਸ ਭੀਨ॥ ੩੬ ॥

ਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਦਾਸ ਜੀ! ਮੇਰੀ ਗੱਲ ਚਿੱਤ ਲਾ ਕੇ ਸੁਣੋ, ਪਰਉਪਕਾਰ ਕਰਨਾ ਵੱਡੀ ਸੁੱਖਾਂ ਦੀ ਪੂੰਜੀ ਹੈ। ਇਹ ਸਾਰੀਆਂ ਪੋਥੀਆਂ ਵੇਖ ਵੇਖ ਕੇ ਰਸ-ਭਿੰਨਾ ਗ੍ਰੰਥ ਸਾਹਿਬ ਤਿਆਰ ਕਰੋ॥ ੩੬ ॥

ਸੁਮਤਿ ਬਿਲੋਚਨ ਜਿਨਕੇ ਨਾਂਹਿ ਨ। ਸਮ ਦਮ ਸਬਲ ਸੁ ਬਾਹਨਿ ਜਾਂਹਿ ਨ।
ਤਪ, ਮਖ ਪਗ ਤੇ ਜੇ ਨਰ ਹੀਨੇ। ਤਿਨ ਹਿਤੁ ਸੇਤੁ ਰਚਹੁ ਹਿਤ ਦੀਨੇ॥ ੩੭ ॥

ਸ੍ਰੇਸ਼ਟ ਮੱਤ ਵੇਖਣ ਵਾਲੇ ਜਿਨ੍ਹਾਂ ਦੇ ਨੈਣ ਨਹੀਂ ਹਨ, ਸਮ ਦਮ ਰੂਪ ਅਤੇ ਬਲਵਾਨ ਭੁਜਾਂ ਜਿਨ੍ਹਾਂ ਦੇ ਨਹੀਂ, ਤਪ ਤੇ ਯੱਗ ਰੂਪੀ ਪੈਰਾਂ ਤੋਂ ਜਿਹੜੇ ਹੀਣੇ ਹਨ, ਉਨ੍ਹਾਂ ਵਾਸਤੇ ਨਾਲ ਇਕ ਪੁਲ ਦੀ ਰਚਨਾ ਕਰੋ॥ ੩੭ ॥

ਸਾਗਰ ਅਗਨਿ ਸੰਸਾਰ ਅਗਾਹੂ। ਜਿਸ ਪੁਲ ਆਸ੍ਰੈ ਇਹ ਤਰ ਜਾਹੂ।
ਸੋ ਚਿਤ ਲਾਇ ਬਨਾਵਨਿ ਕੀਜਹਿ। ਨਰ ਅਸੰਖ ਕੋ ਹਿਤ ਕਰਿ ਦੀਜਹਿ ॥੩੮ ॥

ਸਾਗਰ, ਅਗਨੀ ਤੇ ਇਹ ਅਗਾਹ ਸੰਸਾਰ ਜਿਸ ਪੁਲ ਦੇ ਆਸਰੇ ਉਹ ਤਰ ਕੇ ਪਾਰ ਹੋ ਜਾਣ, ਉਸ ਨੂੰ ਚਿੱਤ ਲਾ ਕੇ ਬਣਾਵੋ। ਅਸੰਖਾਂ ਮਨੁੱਖਾਂ ਦੇ ਹਿਤ ਲਈ ਇਹ ਕੰਮ ਕਰੋ॥ ੩੮ ॥

ਮਹਾਂ ਪੁਰਖ ਕੋ ਜਗ ਤਨ ਧਾਰਨਿ। ਅਨ ਗਨ ਨਰਨ ਸ੍ਰੇਯ ਕੇ ਕਾਰਨ।
ਯਾਂਤੇ ਅਬਿ ਕੋ ਥਾਨ ਨਿਹਾਰੋ। ਹੋਇ ਇਕਾਕੀ ਸੁੰਦਰ ਸਾਰੋ॥ ੩੯ ॥

ਮਹਾਂਪੁਰਖ ਜਗਤ ਵਿਚ ਸਰੀਰ ਇਸ ਕਰਕੇ ਧਾਰ ਕੇ ਆਉਂਦੇ ਹਨ, ਅਣਗਿਣਤ ਮਨੁੱਖਾਂ ਦਾ ਉਹ ਆਸਰਾ ਬਣਦੇ ਹਨ। ਇਸ ਕਰਕੇ ਹੁਣ ਅਜਿਹਾ ਥਾਂ ਵੇਖੋ, ਜਿਹੜਾ ਇਕਾਂਤ ਥਾਂ ਵੀ ਹੋਵੇ ਤੇ ਸੁੰਦਰ ਵੀ ਹੋਵੇ॥ ੩੯ ॥

ਜਿਹ ਹੇਰਤਿ ਹੁਇ ਹਰਖ ਬਿਸਾਲਾ। ਹਰਿਆਵਲਿ ਅਵਨੀ ਤਰੁ ਜਾਲਾ।
ਜਲ ਸਮੀਪ ਹੁਇ ਸੁੰਦਰ ਛਾਯਾ। ਸਘਨ ਹਰਿਤ ਦਲ ਹੁਇਂ ਸਮੁਦਾਯਾ' ॥੪੦ ॥

ਜਿਸ ਨੂੰ ਵੇਖ ਕੇ ਹੀ ਪ੍ਰਸੰਨਤਾ ਪ੍ਰਾਪਤ ਹੋਵੇ, ਧਰਤੀ ਤੇ ਹਰਿਆਵਲ ਹੋਵੇ ਤੇ ਦਰੱਖਤਾਂ ਦਾ ਝੁੰਡ ਹੋਵੇ। ਜਲ ਨੇੜੇ ਹੋਵੇ ਤੇ ਸੁੰਦਰ ਛਾਂ ਹੋਵੇ। ਹਰੇ ਦਰੱਖਤਾਂ ਨਾਲ ਕੋਈ ਸੰਘਣਾ ਭਰਿਆ ਥਾਂ ਵੇਖੋ" ॥ ੪੦ ॥

ਸੁਨਿ ਭਾਈ ਗੁਰਦਾਸ ਅਲਾਵਹਿ। 'ਜੋ ਥਲ ਕ੍ਰਿਪਾ ਸਿੰਧੁ ਕੋ ਭਾਵਹਿ।
ਸੋ ਆਛੋ ਹੁਇ ਬੈਠਨਿ ਜੋਗ। ਜਹਾਂ ਨ ਪਹੁੰਚ ਸਕਹਿਂ ਸਭਿ ਲੋਗ' ॥ ੪੧ ॥

ਇਹ ਸੁਣ ਕੇ ਭਾਈ ਗੁਰਦਾਸ ਨੇ ਕਿਹਾ, "ਜਿਹੜਾ ਥਾਂ ਕਿਰਪਾ ਦੇ ਸਾਗਰ ਨੂੰ ਚੰਗਾ ਲੱਗੇ, ਉਹ ਹੀ ਬੈਠਣ ਯੋਗ ਚੰਗਾ ਹੋਵੇਗਾ, ਜਿਥੇ ਕਿ ਸਾਰੇ ਲੋਕ ਨਾ ਪਹੁੰਚ ਸਕਣ" ॥ ੪੧ ॥

ਸੁਨਿ ਸ੍ਰੀ ਅਰਜਨ ਆਪਹਿ ਚਲੇ। ਖੋਜਨਿ ਥਾਨ ਬੈਠਿਬੇ ਭਲੇ।
ਸੰਗ ਚਲੇ ਬੁੱਢਾ ਗੁਰਦਾਸ। ਕਿਤਿਕ ਸਿੱਖ ਜੇ ਗਯਾਨ ਨਿਵਾਸ॥ ੪੨ ॥

ਇਹ ਸੁਣ ਕੇ ਗੁਰੂ ਦੇਵ ਜੀ ਆਪ ਹੀ ਬੈਠਣ ਲਈ ਚੰਗਾ ਥਾਂ ਵੇਖਣ ਲਈ ਚੱਲ ਪਏ। ਨਾਲ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਚਲ ਪਏ। ਕਈ ਹੋਰ ਸਿੱਖ ਵੀ ਜਿਹੜੇ ਬਹੁਤ ਸਿਆਣੇ ਸਨ॥ ੪੨ ॥

Sri Satguru Jagjit Singh Ji eLlibrary NamdhariElibrary@gmail.com

ਚਲੇ ਸੁਧਾਸਰ ਤੇ ਦਿਸ਼ਿ ਪ੍ਰਾਚੀ। ਮਤਿ ਉਪਕਾਰ ਬਿਖੈ ਜਿਨ ਰਾਚੀ।
ਇਤ ਉਤ ਫਿਰ ਕਰਿ ਸਥਲ ਨਿਹਾਰੇ। ਜਹਿਂ ਤਰੁ ਸੰਘਨੇ ਤਹਾਂ ਪਧਾਰੇ ॥੪੩॥

ਅੰਮ੍ਰਿਤ ਸਰੋਵਰ ਦੇ ਪੂਰਬ ਵਲ ਚਲ ਪਏ, ਜਿਨ੍ਹਾਂ ਦੀ ਮੱਤ ਉਪਕਾਰ ਵਿਚ ਰਚੀ ਹੋਈ ਸੀ। ਏਧਰ ਉਧਰ ਫਿਰ ਕੇ ਸਾਰੇ ਸੰਥਾਨ ਵੇਖੇ, ਜਿਥੇ ਬਹੁਤ ਸੰਘਣੇ ਦਰੱਖਤ ਸਨ, ਉਥੇ ਪਹੁੰਚ ਗਏ॥ ੪੩॥

ਕਿਤਿਕ ਕਾਲ ਬਿਚਰਤਿ ਤਿਤ ਓਰਾ। ਨਹਿਂ ਪਾਈ ਬੈਠਿਬਿ ਕੀ ਠੌਰਾ।
ਚਲਦਲ ਖਰੇ ਹਰੇ ਦਿਖਿ ਦੂਰੇ। ਗਮਨਤਿ ਪਹੁੰਚੇ ਸ੍ਰੀ ਗੁਰ ਪੂਰੇ॥ ੪੪॥

ਕਿੰਨੀ ਦੇਰ ਉਸ ਪਾਸੇ ਫਿਰਦੇ ਰਹੇ, ਕੋਈ ਵੀ ਬੈਠਣ ਦੀ ਥਾਂ ਨਾ ਪਾਈ। ਕੁਝ ਦੂਰ ਪਿੱਪਲ ਦੇ ਬੜੇ ਹਰੇ ਦਰੱਖਤ ਖੜੇ ਸਨ। ਪੂਰੇ ਗੁਰੂ ਜੀ ਫਿਰਦੇ-ਫਿਰਦੇ ਓਥੇ ਪਹੁੰਚ ਗਏ॥ ੪੪॥

*ਕਬਿੱਤ*-ਬਦਰੀ ਅਨੇਕ ਖਰੀ ਹਰੀ ਹਰੀ ਸ਼ੋਭ ਖਰੀ, ਘਾਮ ਕੀ ਤਪਤ ਹਰੀ, ਹੇਰੀ ਏਕ ਢਾਲ ਕੀ।
ਜੰਡ ਹੈਂ ਅਖੰਡ ਗਨ, ਠਾਂਢੀ ਹੈ ਕਰੀਰ ਭੀਰ ਚਲਦਲ ਚਲਾਚਲ ਦਲ ਕਲ ਜਾਲ ਕੀ।
ਸੁੰਦਰ ਸੁਖਦ ਛਾਇ ਮੁਦਤ ਕਰਤਿ ਮਨ, ਚਾਰੋਂ ਓਰ ਦਿਖੈ ਹਰਿਆਈ ਥੋਰੇ ਕਾਲ ਕੀ।
ਧਰਾ ਜਲ ਨਾਲ ਕੀ, ਬਿਟਪ ਜੁਤ ਡਾਲ ਕੀ, ਪਸੰਦ ਮੈਂ ਕ੍ਰਿਪਾਲ ਕੀ, ਪ੍ਰਮੁਦਤ ਬਿਸਾਲ ਕੀ ॥੪੫॥

ਇਕ ਥਾਂ ਅਨੇਕ ਬੇਰੀਆਂ ਵੇਖੀਆਂ, ਜਿਹੜੀਆਂ ਬੜੀਆਂ ਹਰੀਆਂ ਭਰੀਆਂ ਖੜੀਆਂ, ਗਰਮੀ ਦੀ ਤਪਸ਼ ਨੂੰ ਦੂਰ ਕਰ ਰਹੀਆਂ ਸਨ ਤੇ ਸਾਰੀਆਂ ਦੇਖਣ ਵਿਚ ਇਕੋ ਜੇਹੀਆਂ ਲੱਗਦੀਆਂ ਸਨ। ਜੰਡ ਦੇ ਦਰੱਖਤਾਂ ਦਾ ਇਕ ਝੁੰਡ ਖੜਾ ਸੀ ਅਤੇ ਕਈ ਕਰੀਰ ਦੇ ਬਿੱਛ ਵੀ ਸਨ। ਪਿੱਪਲ ਦੇ ਚੰਚਲ ਸੁੰਦਰ ਦਰੱਖਤ ਸਮੂਹ ਪੱਤੀਆਂ ਸਮੇਤ ਖੜੇ ਸਨ। ਸੁੰਦਰ ਛਾਂ ਮਨ ਨੂੰ ਸੁਖਦਾਇਕ ਕਰਦੀ ਸੀ। ਸਾਰੇ ਪਾਸੇ ਨਵੀਂ ਉਗੀ ਹੋਈ ਹਰਿਆਵਲੀ ਦਿਖਾਈ ਦਿੰਦੀ ਸੀ। ਧਰਤੀ ਦੇ ਨਾਲ ਹੀ ਜਲ ਹੈ, ਜਿਸ ਨੂੰ ਦਰੱਖਤਾਂ ਦੀਆਂ ਟਾਹਣੀਆਂ ਛੂੰਹਦੀਆਂ ਹਨ। ਗੁਰੂ ਜੀ ਨੇ ਉਹ ਸਥਾਨ ਪਸੰਦ ਕੀਤਾ ਜਿਹੜਾ ਕਿ ਬੜਾ ਅਨੰਦਦਾਇਕ ਸੀ।

*ਸ੍ਵੈਯਾ*- ਸ੍ਰੀ ਗੁਰ ਦੇਖਿ ਕਹਯੋ ਗੁਰਦਾਸ ਕੋ, 'ਪੰਚਬਟੀ ਸਮ ਥਾਨ ਨਿਹਾਰਾ।
ਬੀਚ ਧਰਾ ਇਕ ਸਾਰ ਜਹਾਂ, ਤਹਿਂ ਬੈਠਨਿ ਚਾਹਤਿ ਚਿੱਤ ਹਮਾਰਾ।
ਤੰਬੂ ਕਨਾਤ ਇਹਾਂ ਲਗਵਾਵਹੁ ਭਾਖਿ ਮੰਗਾਵਹੁ ਦਾਸ ਹਕਾਰਾ।
ਹੈ ਸੁਖਵੰਤ ਇਕੰਤ ਮਹਾਂ, ਚਹੂੰ ਓਰ ਖਰੇ ਤਰੁ ਚਾਰੁ ਹਜ਼ਾਰਾ' ॥੪੬॥

ਉਸ ਸਥਾਨ ਨੂੰ ਵੇਖ ਕੇ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਕਿਹਾ, "ਇਹ ਪੰਚਵੱਟੀ ਸਮਾਨ ਥਾਂ ਵੇਖਿਆ ਹੈ, ਜਿਸ ਦੇ ਵਿਚ ਧਰਤੀ ਇਕ ਸਮਾਨ ਹੈ, ਸਾਡਾ ਚਿੱਤ ਏਥੇ ਬੈਠਣਾ ਚਾਹੁੰਦਾ ਹੈ। ਏਥੇ ਤੰਬੂ ਕਨਾਤਾਂ ਲਗਾਵੋ ਤੇ ਸੇਵਕਾਂ ਨੂੰ ਮੰਗਾਵੋ, ਇਹ ਮਹਾਨ ਸੁਖਦਾਇਕ ਥਾਂ ਹੈ, ਚਾਰੇ ਪਾਸੇ ਚਾਰ ਹਜ਼ਾਰ ਦਰੱਖਤ ਖੜੇ ਹਨ" ॥ ੪੬॥

ਯੌਂ ਸੁਨਿ ਕੈ ਗੁਰਦਾਸ ਭਨਯੋ 'ਸੋਈ ਥਾਨ ਭਲੋ ਜਹਿਂ ਆਪ ਕੋ ਭਾਵੈ।
ਮੋ ਮਨ ਭੀ ਹਰਖਾਵਤਿ ਹੈ, ਜਲ ਹੈ, ਥਲ ਨੀਵੇ ਸੁ ਭੂਮ ਸੁਹਾਵੈ।
ਪੰਚ ਬਟੀ ਸਮ ਆਪ ਕਹੋ ਅਤਿ ਹੋਇ ਮਹਾਤਮ ਜੋ ਦਰਸਾਵੈ'।
ਯੌਂ ਕਹਿ ਤੰਬੂ ਕਨਾਤ ਮੰਗਾਇ ਲਗਾਵਤਿ ਭੇਦ ਕੋ ਆਪ ਬਤਾਵੈਂ ॥੪੭॥

ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਉਹੀ ਥਾਂ ਭਲਾ ਹੈ ਜਿਹੜਾ ਆਪ ਨੂੰ ਚੰਗਾ ਲਗਦਾ ਹੈ, ਮੇਰਾ ਮਨ ਵੀ ਬਹੁਤ ਪ੍ਰਸੰਨ ਹੋਇਆ ਹੈ, ਨੀਵੇਂ ਥਾਂ ਵਿਚ ਜਲ ਹੈ, ਇਸ ਲਈ ਭੂਮੀ ਬਹੁਤ ਸ਼ੋਭਦੀ ਹੈ, ਆਪ ਨੇ ਇਸ ਦੀ ਪੰਚਵੱਟੀ ਨਾਲ

ਤੁਲਨਾ ਦਿਤੀ ਹੈ, ਇਸ ਸਥਾਨ ਦੇ ਦਰਸ਼ਨ ਦਾ ਵੱਡਾ ਮਹਾਤਮ ਹੋਵੇਗਾ।" ਇਸ ਤਰ੍ਹਾਂ ਕਹਿ ਕੇ ਤੰਬੂ ਕਨਾਤ ਮੰਗਵਾਏ, ਸੇਵਕ ਲਾ ਰਹੇ ਸਨ ਤੇ ਗੁਰੂ ਜੀ ਦੱਸ ਰਹੇ ਸਨ॥ ੪੭॥

ਨੋਟ:- ਤ੍ਰੇਤੇ ਯੁੱਗ ਵਿਚ ਨਾਸਕ ਵਿਚ ਗੋਦਾਵਰੀ ਦੇ ਕੰਢੇ ਪੰਚਬਟੀ ਦਾ ਸਥਾਨ ਸੀ ਜੋ ਬੜਾ ਇਕਾਂਤ ਅਤੇ ਰਮਣੀਕ ਸੀ, ਸ੍ਰੀ ਰਾਮਚੰਦਰ ਜੀ ਏਥੇ ਠਹਿਰੇ ਸਨ। ਇਹ ਸਥਾਨ ਹੁਣ ਵੀ ਹੈ।

ਸ੍ਰੀ ਗੁਰ ਫੇਰ ਕਹਯੋ 'ਹਮ ਜਾਤਿ, ਸੰਵਾਰਿ, ਸਥਾਨ ਸੁ ਤਯਾਰ ਕਰੋ।
ਜਾਵਦ ਫੇਰਸੁ ਆਵੈਂ ਇਹਾਂ ਤਬਿ ਲੌ ਕਰਿ ਤੰਬੂ ਕਨਾਤ ਖਰੋ'।
ਦੇਯ ਨਿਦੇਸ਼ ਅਸ਼ੇਸ਼ ਤਿਸੇ ਤਬਿ ਆਪ ਹਟੇ ਚਲਿ ਆਇ ਘਰੋ।
ਦੇਤਿ ਸਦਾ ਨਿਜ ਸਿੱਖਜਨ ਕੋ ਸੁਖ ਦੇਵ ਗੁਰੂ ਨਿਤ ਧਯਾਨ ਧਰੋ॥ ੪੮॥

ਸ੍ਰੀ ਗੁਰੂ ਜੀ ਨੇ ਫਿਰ ਕਿਹਾ, "ਅਸੀਂ ਜਾਂਦੇ ਹਾਂ, ਇਸ ਥਾਂ ਨੂੰ ਸਵਾਰ ਕੇ ਤਿਆਰ ਕਰੋ। ਅਸੀਂ ਹੁਣ ਜਾਂਦੇ ਹਾਂ, ਫਿਰ ਆਵਾਂਗੇ ਤਦ ਤਕ ਏਥੇ ਤੰਬੂ ਕਨਾਤ ਖੜੇ ਕਰ ਦੇਵੋ।" ਉਨ੍ਹਾਂ ਨੂੰ ਆਦੇਸ਼ ਦੇ ਕੇ ਗੁਰੂ ਜੀ ਆਪ ਵਾਪਸ ਘਰ ਆ ਗਏ। ਗੁਰੂ ਸਦਾ ਹੀ ਸਿੱਖਾਂ ਨੂੰ ਸੁਖ ਦਿੰਦੇ ਹਨ, ਗੁਰੂ ਜੀ ਦਾ ਸਦਾ ਹੀ ਧਿਆਨ ਧਾਰਨ ਕਰੋ॥ ੪੯॥

*ਤੀਸਰੀ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥ ੩੯॥*

## ਅਧਿਆਇ ਚਾਲੀਵਾਂ

### *ਰਾਮ ਸਰ*

ਦੋਹਰਾ- ਤਬਿ ਭਾਈ ਗੁਰਦਾਸ ਨੇ ਦਾਸ ਬੁਲਾਏ ਪਾਸ।
ਸ੍ਰੀ ਗੁਰ ਕੀ ਆਇਸੁ ਕਹੀ ਸੁਨਤਿ ਹੁਲਾਸ ਪ੍ਰਕਾਸ਼॥ ੧॥

ਤਦ ਭਾਈ ਗੁਰਦਾਸ ਨੇ ਸੇਵਕਾਂ ਨੂੰ ਆਪਣੇ ਪਾਸ ਬੁਲਾਇਆ ਅਤੇ ਸਾਰਿਆਂ ਨੂੰ ਗੁਰੂ ਜੀ ਦੀ ਆਗਿਆ ਬਾਰੇ ਦੱਸਿਆ, ਸਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ॥ ੧॥

ਚੌਪਈ- ਮਿਲਿ ਬ੍ਰਿੰਦਨ ਸਮ ਕੀਨਸਿ ਅਵਨੀ। ਚਹੁੰ ਦਿਸ਼ਿ ਹਰਿਆਵਲਿ ਖਿਤਿ ਰਵਨੀ।
ਡੋਰਨਿ ਤਾਨ ਖਰੇ ਕਿਯ ਤੰਬੂ। ਨੰਮ੍ਰ ਸਥਾਨ ਨਿਕਟ ਕਛੁ ਅੰਬੂ॥ ੨॥

ਸਾਰੇ ਸੇਵਕਾਂ ਨੇ ਇਕੱਠਿਆਂ ਹੋ ਕੇ ਧਰਤੀ ਨੂੰ ਪੱਧਰਾ ਕੀਤਾ। ਚਾਰੇ ਪਾਸੇ ਸੋਹਣੀ ਹਰਿਆਵਲ ਸੀ। ਕਈ ਤੰਬੂਆਂ ਦੇ ਰੱਸੇ ਫੜ ਕੇ ਖੜੇ ਸੀ। ਕਈ ਨੀਵੇਂ ਥਾਂ ਪਾਣੀ ਦੇ ਪਾਸ ਸਨ॥ ੨॥

ਕਰਿ ਕਨਾਤ ਠਾਢੀ ਤਹਿਂ ਗਾਢੀ। ਚਹੂੰ ਕੋਦ ਸੁੰਦਰ ਦੁਤਿ ਬਾਢੀ।
ਜਲ ਕੋ ਬਹੁ ਛਿਰਕਾਵ ਕਰਾਵਾ। ਪੁਨ ਗੁਲਾਬ ਬੂੰਦਨ ਬਰਸਾਵਾ॥ ੩॥

ਕਨਾਤਾਂ ਖੜੀਆਂ ਕਰ ਕੇ ਗੱਡ ਦਿੱਤੀਆਂ। ਚਾਰੇ ਪਾਸਿਆਂ ਦੀ ਸੁੰਦਰ ਚਮਕ ਵੱਧ ਗਈ। ਫਿਰ ਜਲ ਦਾ ਸੁੰਦਰ ਛਿੜਕਾਅ ਕਰਵਾਇਆ ਗਿਆ, ਫਿਰ ਗੁਲਾਬ ਦੀਆਂ ਬੂੰਦਾਂ ਦੀ ਵਰਸ਼ਾ ਕੀਤੀ ਗਈ॥ ੩॥

ਚਹੁੰ ਦਿਸ਼ਿ ਚੰਦਨ ਚਰਚਜੋ ਚਾਰੂ। ਬਹੁ ਖੁਸ਼ਬੋਇ ਉਠਤਿ ਮਹਿਕਾਰੂ।
ਆਨਿ ਬਾਗ ਤੇ ਸੁੰਦਰ ਬੂਟੇ। ਕਰੇ ਲਗਾਵਨਿ ਸੁਮਨਸੁ ਜੂਟੇ॥ ੪॥

ਚਾਰੇ ਪਾਸੇ ਸੁੰਦਰ ਚੰਦਨ ਦਾ ਛਿੜਕਾ ਕੀਤਾ, ਖੁਸ਼ਬੂ ਦੀ ਬਹੁਤ ਮਹਿਕ ਆ ਰਹੀ ਸੀ। ਹੋਰ ਬਾਗਾਂ ਤੋਂ ਲਿਆ ਕੇ ਫੁੱਲਾਂ ਨਾਲ ਜੜੇ ਹੋਏ ਸੁੰਦਰ ਬੂਟੇ ਲਾਏ॥ ੪॥

ਬਰਨ ਬਰਨ ਕੇ ਫੂਲ ਪ੍ਰਫੁੱਲਜਤਿ। ਬਾਯੁ ਬਹਤਿ ਸ਼ਾਖਾ ਜਿਨ ਝੁੱਲਜਤਿ।
ਸਕਲ ਸਥਲ ਤੇ ਰੇਣੁ ਦਬਾਈ। ਕੰਟਕ, ਸ਼ੁਸ਼ਕ ਸੁ ਤ੍ਰਿਣਨਿ ਹਟਾਈ॥ ੫॥

ਭਿੰਨ ਭਿੰਨ ਪ੍ਰਕਾਰ ਦੇ ਫੁੱਲ ਖਿੜੇ ਹੋਏ ਸਨ, ਹਵਾ ਦੇ ਵਗਣ ਨਾਲ ਜਿਨ੍ਹਾਂ ਦੀਆਂ ਟਹਿਣੀਆਂ ਝੂਲਦੀਆਂ ਸਨ, ਸਾਰੇ ਥਾਵਾਂ ਤੇ ਧੂੜ ਨੂੰ ਦਬਾ ਦਿੱਤਾ। ਕੰਡੇ ਅਤੇ ਸੁੱਕੇ ਕੱਖ ਦੂਰ ਕੀਤੇ॥ ੫॥

ਥਲ ਕਨਾਤ ਅੰਤਰ ਥਰ ਜੇਤਾ। ਛਾਯੋ ਰੁਚਿਰ ਫਰਸ਼ ਤੇ ਤੇਤਾ।
ਤੰਬੂ ਕੇ ਅੰਤਰ ਚੰਦੋਵਾ। ਝਾਲਰ ਦਾਰ ਝਲਕਤੋ ਹੋਵਾ॥ ੬॥

ਕਨਾਤ ਦੇ ਅੰਦਰ ਵਾਰ ਦਾ ਜਿੰਨਾ ਥਾਂ ਸੀ ਉਸ ਥਾਂ ਸੁੰਦਰ ਵਸਤਰ ਵਿਛਾ ਦਿੱਤੇ ਗਏ। ਤੰਬੂ ਦੇ ਅੰਦਰ ਚੰਦੋਆ ਲਾ ਦਿੱਤਾ, ਜਿਹੜਾ ਝਾਲਰਦਾਰ ਬੜਾ ਝਲਕਦਾ ਸੀ॥ ੬॥

ਰੇਸ਼ਮ ਡੋਰ ਬੰਧਿ ਕਰਿ ਤਾਨਾ। ਜਰੀ ਚਿੱਤ੍ਰ ਚਿੱਤ੍ਰਿਤਿ ਜਿਹ ਨਾਨਾ।
ਰੰਗ ਦਾਰ ਅੰਬਰ ਲੇ ਔਰ। ਤੰਬੂ ਕੇ ਅੰਤਰ ਚਹੁੰ ਓਰ॥ ੭॥

ਰੇਸ਼ਮ ਦੀ ਡੋਰ ਨਾਲ ਚੰਦੋਆ ਤਾਣਿਆ ਗਿਆ, ਜਿਸ ਵਿਚ ਕਈ ਪ੍ਰਕਾਰ ਦੇ ਜਰੀ ਦੇ ਚਿੱਤਰ ਚਿਤਰੇ ਹੋਏ ਸਨ। ਫਿਰ ਰੰਗਦਾਰ ਕਪੜਾ ਲੈ ਕੇ ਤੰਬੂ ਦੇ ਅੰਦਰ ਚਾਰੇ ਪਾਸੇ ਵਿਛਾਇਆ ਗਿਆ ਸੀ॥ ੭॥

ਗੋਲ ਸਰਲ ਸੁੰਦਰ ਸ਼ੁਭ ਰੰਗ। ਖਰੀ ਖਰੀ ਦ੍ਵੈ ਚੋਬ ਉਤੰਗ।
ਊਪਰ ਕਲਸ ਸੁਨਹਿਰੀ ਸ਼ੋਭਾ। ਜਨੁ ਜੁਗ ਕਮਲ ਕਲੀ ਛਬਿ ਲੋਭਾ॥ ੮॥

ਗੋਲ, ਸਰਲ ਸੁੰਦਰ ਸ਼ੁਭ ਰੰਗ ਦੀਆਂ ਚੰਗੀਆਂ ਦੋ ਚੋਬਾਂ ਖੜੀਆਂ ਕੀਤੀਆਂ। ਉਨ੍ਹਾਂ ਦੇ ਉਪਰ ਸੁਨਹਿਰੀ ਕਲਸ ਸ਼ੋਭ ਰਿਹਾ ਸੀ। ਮਾਨੋ ਦੋ ਕਮਲਾਂ ਦੀ ਕਲੀ ਦੀ ਸ਼ੋਭਾ ਲੁਭਾਇਮਾਨ ਹੋ ਰਹੀ ਸੀ॥ ੮॥

ਐਸੋ ਥਾਨ ਕੀਨਿ ਰਮਨੀਕੋ। ਜਿਹ ਦੇਖਤਿ ਹੁਇ ਆਨੰਦ ਜੀ ਕੋ।
ਰਾਖੇ ਕੇਤਿਕ ਦਾਸ ਬਿਠਾਏ। ਗੁਰ ਢਿਗ ਤਬਿ ਗੁਰਦਾਸ ਸਿਧਾਏ॥ ੯॥

ਐਸਾ ਰਮਣੀਕ ਥਾਂ ਬਣਾਇਆ, ਜਿਸ ਨੂੰ ਵੇਖ ਕੇ ਦਿਲ ਪ੍ਰਸੰਨ ਹੋ ਜਾਂਦਾ ਸੀ। ਉਥੇ ਕਈ ਸੇਵਕ ਬਿਠਾ ਲਏ। ਫਿਰ ਭਾਈ ਗੁਰਦਾਸ ਜੀ ਗੁਰੂ ਜੀ ਪਾਸ ਗਏ॥ ੯॥

ਉਤ ਸ੍ਰੀ ਅਰਜਨ ਢਿਗ ਪੋਥੀਨ। ਬਸਹਿਂ ਪ੍ਰੇਮ ਕਰਿ ਭਾਉ ਪ੍ਰਬੀਨ।
ਬੈਠਿ ਥੜੇ ਦੀਵਾਨ ਲਗਾਵੈਂ। ਸਭਿ ਸੰਗਤਿ ਕੋ ਦਰਸ ਦਿਖਾਵੈਂ॥ ੧੦॥

ਪ੍ਰਬੀਨ ਭਾਉ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਜੋ ਪੋਥੀਆਂ ਹਨ, ਉਨ੍ਹਾਂ ਨੂੰ ਸਾਰੀ ਸੰਗਤ ਦੇ ਸਾਹਮਣੇ ਬੈਠਕੇ ਥੜੇ ਦੇ ਉਤੇ ਦੀਵਾਨ ਲਗਾਉਂਦੇ ਹਨ ਤੇ ਸਾਰੀ ਸੰਗਤ ਨੂੰ ਉਨ੍ਹਾਂ ਪੋਥੀਆਂ ਦੇ ਦਰਸ਼ਨ ਕਰਵਾਉਂਦੇ ਹਨ॥ ੧੦॥

ਜਾਇ ਕੀਨਿ ਅਰਦਾਸ ਅਗਾਰੀ। 'ਸ੍ਰੀ ਗੁਰ ਭਯੋ ਸਥਾਨ ਤਯਾਰੀ।
ਚਹੁੰ ਦਿਸ਼ਿ ਤੇ ਰਮਣੀਕ ਬਨਾਵਾ। ਬ੍ਰਿੰਦ ਤਰੋਵਰੁ ਜਹਿਂ ਦ੍ਰਿਸ਼ਟਾਵਾ॥ ੧੧॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਅੱਗੇ ਜਾ ਕੇ ਅਰਦਾਸ ਕੀਤੀ, "ਹੇ ਗੁਰੂ ਜੀ! ਸਥਾਨ ਤਿਆਰ ਹੋ ਗਿਆ ਹੈ। ਚਾਰੇ ਪਾਸਿਆਂ ਤੋਂ ਰਮਣੀਕ ਬਣਾ ਦਿੱਤਾ ਹੈ। ਜਿਥੇ ਬਿੱਛਾਂ ਦਾ ਝੁੰਡ ਦਿਖਾਈ ਦਿੰਦਾ ਹੈ"॥ ੧੧॥

Sri Satguru Jagjit Singh Ji eLlibrary NamdhariElibrary@gmail.com

ਸੁਨਿ ਸ੍ਰੀ ਅਰਜਨ ਸਭਿ ਪੋਥੀਨ। ਲੇ ਗਮਨੇ ਉਤਸਾਹੁ ਸੁ ਕੀਨਿ।
ਖਾਸੇ ਕੌ ਉਚਵਾਇ ਚਲੇ ਹੈਂ। ਦੁਹਿੰ ਦਿਸ਼ਿ ਸੁੰਦਰ ਚਮਰ ਢੁਲੇ ਹੈਂ॥ ੧੨॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਸਾਰੀਆਂ ਪੋਥੀਆਂ ਲੈ ਕੇ ਬੜੇ ਉਤਸ਼ਾਹ ਨਾਲ ਉਥੇ ਚਲੇ ਗਏ। ਪੋਥੀਆਂ ਨੂੰ ਪਾਲਕੀ ਵਿਚ ਰੱਖ ਕੇ ਉਠਵਾ ਕੇ ਲੈ ਗਏ, ਦੋਵੇਂ ਪਾਸੀਂ ਸੁੰਦਰ ਚੌਰ ਕਰ ਰਹੇ ਸਨ॥ ੧੨॥

ਮੁਕਤਾ ਗਨ ਪਰ ਮਨਹੁੰ ਮਰਾਲ। ਉਡਤਿ ਭ੍ਰਮਤਿ ਨਿਕਟ ਨ ਡਰ ਨਾਲ।
ਸਿਖ ਸੰਗਤਿ ਲੈ ਫੂਲਨਿ ਮਾਲਾ। ਲਰਕਾਈ ਚਹੁੰ ਦਿਸ਼ਨਿ ਬਿਸਾਲਾ॥ ੧੩॥

ਮਾਨੋਂ ਜਿਵੇਂ ਮੋਤੀਆਂ ਉਤੇ ਹੰਸ ਉੱਡ ਰਿਹਾ ਹੋਵੇ, ਉਡਦਾ ਭਾਉਂਦਾ ਫਿਰਦਾ ਹੋਵੇ, ਡਰ ਕਰਕੇ ਨੇੜੇ ਨਾ ਆਉਂਦਾ ਹੋਵੇ। ਸਿੱਖ ਸੰਗਤਾਂ ਨੇ ਫੁੱਲਾਂ ਦੀਆਂ ਮਾਲਾਵਾਂ ਲੈ ਕੇ ਪਾਲਕੀ ਦੇ ਚਾਰੇ ਪਾਸੇ ਲਟਕਾ ਦਿੱਤੀਆਂ॥ ੧੩॥

ਧੂਪ ਧੁਖਾਵਤਿ ਜਾਤਿ ਅਗਾਰੀ। ਧੁਨਿ ਮਿਲਿ ਜੈ ਜੈ ਕਾਰ ਉਚਾਰੀ।
ਹੋਤਿ ਭਯੋ ਸੰਖਨ ਕੋ ਸ਼ੋਰਾ। ਕਰਹਿਂ ਕੀਰਤਨ ਮਿਲਿ ਮਿਲਿ ਜੋਰਾ॥ ੧੪॥

ਅੱਗੇ ਧੂਪ ਧੁਖਾ ਕੇ ਲਈ ਜਾ ਰਹੇ ਸਨ ਅਤੇ ਸਾਰੇ ਮਿਲ ਕੇ ਜੈ ਜੈ ਕਾਰ ਦੀ ਧੁੰਨ ਦਾ ਉਚਾਰਨ ਕਰਦੇ ਸਨ। ਸੰਖਾਂ ਦੇ ਵੱਜਣ ਦਾ ਬੜਾ ਜ਼ੋਰ ਹੋ ਰਿਹਾ ਸੀ ਅਤੇ ਬੜੇ ਜ਼ੋਰ ਨਾਲ ਮਿਲ ਮਿਲ ਕੇ ਕੀਰਤਨ ਕਰਦੇ ਸਨ॥ ੧੪॥

ਲਘੁ ਦੁੰਦਭਿ ਮਿਲਿ ਸੰਗ ਨਫੀਰਾ। ਕਰਤਿ ਬਜਾਵਨਿ ਭੀ ਬਡ ਭੀਰਾ।
ਇਮ ਉਤਸਾਹ ਕਰਤਿ ਗੁਰ ਚਾਲੇ। ਗਮਨੇ ਸਿੱਖਜ ਸੁ ਪ੍ਰੇਮ ਬਿਸਾਲੇ॥ ੧੫॥

ਛੋਟੀਆਂ ਦੁਦੰਭੀਆਂ ਅਤੇ ਨਫੀਰੀਆਂ ਨੂੰ ਮਿਲ ਕੇ ਬਹੁਤ ਲੋਕ ਵਜਾ ਰਹੇ ਹਨ। ਇਸ ਤਰ੍ਹਾਂ ਉਤਸ਼ਾਹ ਕਰਦੇ ਗੁਰੂ ਜੀ ਚਲ ਪਏ, ਸਿੱਖ ਵੀ ਬੜੇ ਪ੍ਰੇਮ ਨਾਲ ਗਏ॥ ੧੫॥

ਸਨੇ ਸਨੇ ਤਿਸ ਥਾਨ ਪਹੂਚੇ। ਚਲਦਲ ਸਦਲ ਝੁਲਤਿ ਜਹਿਂ ਊਚੇ।
ਸੁੰਦਰ ਚਹੁੰ ਦਿਸ਼ਿ ਬਨਯੋ ਨਿਹਾਰਾ। ਲਪਟੈਂ ਛੁਟਤਿ ਅਧਿਕ ਮਹਿਕਾਰਾ॥ ੧੬॥

ਹੌਲੀ ਹੌਲੀ ਉਸ ਥਾਂ ਪਹੁੰਚੇ, ਜਿਥੇ ਪਿੱਪਲ ਦੇ ਉਚੇ ਬ੍ਰਿਛ ਝੂਲ ਰਹੇ ਸਨ, ਚਾਰੇ ਪਾਸੇ ਸੁੰਦਰ ਬਣੇ ਅਸਥਾਨ ਨੂੰ ਵੇਖਿਆ, ਜਿਥੇ ਖੁਸ਼ਬੂ ਦੀਆਂ ਬਹੁਤ ਲਪਟਾਂ ਮਹਿਕ ਰਹੀਆਂ ਸਨ॥ ੧੬॥

ਅਧਿਕ ਪ੍ਰਸੰਨ ਭਏ ਪਿਖਿ ਸਾਰੇ। ਅੰਤਰ ਖਾਸਾ ਦੀਨਿ ਉਤਾਰੇ।
ਖੁਸ਼ੀ ਕਰੀ ਊਪਰ ਗੁਰਦਾਸ। ਬੈਠੇ ਸਤਿਗੁਰ ਧਰੇ ਹੁਲਾਸ॥ ੧੭॥

ਸਾਰਾ ਕੁਝ ਵੇਖ ਕੇ ਬਹੁਤ ਪ੍ਰਸੰਨ ਹੋਏ, ਅੰਦਰ ਜਾ ਕੇ ਪਾਲਕੀ ਨੂੰ ਥੱਲੇ ਰੱਖ ਦਿੱਤਾ। ਭਾਈ ਗੁਰਦਾਸ ਦੇ ਉਤੇ ਆਪਣੀ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਸਤਿਗੁਰੂ ਜੀ ਅਨੰਦ ਧਾਰ ਕੇ ਬੈਠ ਗਏ॥ ੧੭॥

ਸਿਖ ਸੰਗਤਿ ਬੈਠੇ ਤਿਸ ਥਾਨਿ। ਗੁਰ ਕੇ ਚਹੁੰਦਿਸ਼ਿ ਲਗਯੋ ਦਿਵਾਨ।
ਸਮੁਖ ਸਥਾਨ ਨੰਮ੍ਰ ਕੁਛ ਨੀਰਾ। ਤਿਸ ਪਿਖਿ ਬੋਲੇ ਸਤਿਗੁਰ ਧੀਰਾ॥ ੧੮॥

ਸਿੱਖ ਸੰਗਤਾਂ ਵੀ ਉਸ ਸਥਾਨ ਤੇ ਬੈਠ ਗਈਆਂ, ਗੁਰੂ ਜੀ ਦੇ ਚਾਰੇ ਪਾਸੇ ਦਿਵਾਨ ਲੱਗ ਗਿਆ। ਸਾਹਮਣੇ ਨੀਵੇਂ ਸਥਾਨ 'ਤੇ ਕੁਝ ਪਾਣੀ ਸੀ, ਉਸ ਨੂੰ ਵੇਖ ਕੇ ਧੀਰਜਵਾਨ ਗੁਰੂ ਜੀ ਬੋਲੇ॥ ੧੮॥

'ਨਿਜ ਦਾਸਨਿ ਕੇ ਹਿਤ ਕੱਲਜਾਨ। ਅਲਪ ਰਚਹੁ ਸਰ ਸੁੰਦਰ ਥਾਨ।
ਜਿਤਿਕ ਨਿਕਾਸਹਿਂ ਕਾਰ ਇਹਾਂ ਕੀ। ਤਿਤਿਕ ਮਲਿਨਤਾ ਨਾਸਹਿ ਤਾਂਕੀ॥੧੯॥

"ਆਪਣੇ ਸੇਵਕਾਂ ਦੇ ਕਲਿਆਣ ਹਿਤ, ਇਕ ਛੋਟਾ ਸੁੰਦਰ ਸਰੋਵਰ ਬਣਾਓ। ਜਿੰਨੇ ਵੀ ਕਾਰ ਸੇਵਾ ਕਰਕੇ ਇਸ ਸਥਾਨ ਦੀ ਮੈਲ ਕੱਢਣਗੇ ਓਨੀਂ ਹੀ ਓਨਾਂ ਦੀ ਮੈਲ ਦੂਰ ਹੋ ਜਾਵੇਗੀ॥ ੧੯॥

ਸੇਵਾ ਕਰਹਿ ਤੀਰਥਨਿ ਕੇਰੀ। ਦੁਹਿ ਲੋਕਨਿ ਲਹਿ ਸ਼੍ਰੇਯ ਘਨੇਰੀ'।
ਸ੍ਰੀ ਅਰਜਨ ਕੋ ਸੁਨਿ ਫੁਰਮਾਵਨਿ। ਸੰਗਤਿ ਉਠੀ ਕਾਰ ਨਿਕਸਾਵਨਿ ॥੨੦॥

ਜਿਹੜੇ ਵੀ ਤੀਰਥਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦਾ ਦੋ ਲੋਕਾਂ ਵਿਚ ਚੰਗਾ ਕਲਿਆਣ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਸੁਣ ਕੇ ਸੰਗਤ ਕਾਰ ਸੇਵਾ ਕਰਨ ਵਾਸਤੇ ਉਠ ਖਲੋਤੀ॥ ੨੦॥

ਏਕ ਜਾਮ ਲੌ ਕਰੀ ਨਿਕਾਸਨਿ। ਰਚ੍ਯੋ ਅਲਪ ਸਰ ਮਿਲਿ ਬਹੁ ਦਾਸਨਿ।
ਪਿਖਿ ਸੰਧ੍ਯਾ ਸਭਿ ਗੁਰੂ ਹਟਾਏ। ਸੰਗਤਿ ਥਿਤਿ ਹੁਇ ਬਾਕ ਅਲਾਏ ॥੨੧॥

ਇਕ ਪਹਿਰ ਤਕ ਉਨ੍ਹਾਂ ਗਾਰ ਕੱਢਣ ਦੀ ਸੇਵਾ ਕੀਤੀ ਅਤੇ ਸਾਰੇ ਸੇਵਕਾਂ ਨੇ ਮਿਲ ਕੇ ਇਕ ਛੋਟਾ ਸਰੋਵਰ ਬਣਾ ਦਿੱਤਾ। ਸ਼ਾਮ ਹੋ ਗਈ ਵੇਖ ਕੇ ਗੁਰੂ ਜੀ ਨੇ ਸਭ ਨੂੰ ਹਟਾ ਦਿੱਤਾ ਅਤੇ ਸੰਗਤ ਦੇ ਬੈਠ ਜਾਣ ਤੇ ਉਨ੍ਹਾਂ ਨੇ ਬਚਨ ਕੀਤੇ॥ ੨੧॥

'ਸ੍ਰੀ ਗੁਰ ਜੀ ਤੀਰਥ ਇਸ ਕੇਰਾ। ਧਰਹੁ ਨਾਮ ਹੁਇ ਬਿਦਤ ਬਡੇਰਾ'।
ਸੁਨਿ ਬੁੱਢੇ ਕੋ ਬੂਝਨ ਠਾਨਾ। 'ਕੌਨ ਨਾਮ ਇਸ ਕਰਹਿਂ ਬਖਾਨਾ ? ॥ ੨੨॥

"ਸ੍ਰੀ ਗੁਰੂ ਜੀ (ਭਾਵ ਗੁਰੂ ਰਾਮਦਾਸ ਜੀ) ਨੇ ਇਹ ਤੀਰਥ ਬਣਾਇਆ ਹੈ। ਇਸ ਦਾ ਕੋਈ ਨਾਮ ਰੱਖੋ ਜਿਹੜਾ ਸਾਰੇ ਜੱਗ ਵਿਚ ਪ੍ਰਗਟ ਹੋਵੇ।" ਇਹ ਸੁਣ ਕੇ ਬਾਬਾ ਬੁੱਢਾ ਜੀ ਨੂੰ ਪੁੱਛਿਆ, "ਇਸ ਦਾ ਕੀ ਨਾਮ ਰਖਿਆ ਜਾਏ ?॥ ੨੨॥

ਹੁਇ ਸਾਰਥ ਫਲਦਾਯਕ ਭਾਰੀ। ਮੱਜਤਿ ਅਘ ਕੀ ਮੈਲ ਉਤਾਰੀ'।
'ਸ੍ਰੀ ਗੁਰ ਤੁਮ ਸਰਬੱਗ੍ਯ ਬਿਸਾਲਾ। ਲਖਹੁ ਬ੍ਰਿਤਾਂਤ ਜੁ ਹੁਇ ਤ੍ਰੈ ਕਾਲਾ ॥੨੩॥

ਜਿਹੜਾ ਅਰਥਾਂ ਸਹਿਤ ਹੋਵੇ ਅਤੇ ਭਾਰੀ ਫਲਦਾਇਕ ਵੀ ਹੋਵੇ ਅਤੇ ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਵੀ ਉਤਾਰੇ"। ਬਾਬਾ ਬੁੱਢਾ ਜੀ ਨੇ ਕਿਹਾ, "ਹੇ ਗੁਰੂ ਜੀ ਤੁਸੀਂ ਹਰ ਤਰ੍ਹਾਂ ਨਾਲ ਮਹਾਨ ਹੋ, ਇਸ ਦਾ ਬ੍ਰਿਤਾਂਤ ਤੁਸੀਂ ਜਾਣਦੇ ਹੋ, ਜੋ ਤਿੰਨਾਂ ਸਮਿਆਂ ਵਿਚ ਹੁੰਦਾ ਰਿਹਾ ਹੈ॥ ੨੩॥

ਰਾਵਰਿ ਅਛਤਿ ਨ ਸਮਰਥ ਕਾਹੂ। ਧਰਹੁ ਨਾਮ ਜਿਮ ਹੁਇ ਮਨ ਮਾਂਹੂ'।
ਸ੍ਰੀ ਅਰਜਨ ਸਭਿ ਸੁਨਤਿ ਉਚਾਰਾ। 'ਪੰਚਬਟੀ ਥਿਤ ਰਾਮ ਉਦਾਰਾ॥ ੨੪॥

ਆਪ ਜੀ ਸਰਬ ਸਮਰੱਥ ਹੋ, ਹੋਰ ਕੋਈ ਇਸ ਦਾ ਨਾਂ ਰੱਖਣ ਦੇ ਸਮਰੱਥ ਨਹੀਂ ਹੈ, ਇਸ ਦਾ ਨਾਂ ਰੱਖੋ ਜਿਵੇਂ ਵੀ ਆਪ ਜੀ ਦੇ ਮਨ ਵਿਚ ਹੈ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਾ ਕੁਝ ਸੁਣ ਕੇ ਬਚਨ ਕੀਤੇ, "ਪੰਚਬਟੀ ਵਿਖੇ ਮਹਾਨ ਰਾਮ ਨਿਵਾਸ ਕੀਤਾ ਸੀ॥ ੨੪॥

ਇਹਾਂ ਰਾਮ ਕੋ ਨਾਮ ਸੁ ਬਾਸਾ। ਰਚਹਿਂ ਗ੍ਰਿੰਥ ਸਾਹਿਬ ਸੁਖ ਰਾਸਾ।
ਨਾਮ ਸੁ ਨਾਮੀ ਭੇਦ ਨ ਕੋਈ। ਏਕ ਰੂਪ ਜਾਨਤਿ ਸਭਿ ਲੋਈ॥ ੨੫॥

ਏਥੇ ਵੀ ਰਾਮਦਾਸ ਜੀ ਦੇ ਨਾਮ ਦਾ ਵਾਸਾ ਹੈ, ਪ੍ਰਭੂ ਦੇ ਸੁਖਾਂ ਰੂਪੀ ਪੂੰਜੀ ਦੇ ਗ੍ਰੰਥ ਦੀ ਏਥੇ ਰਚਨਾ ਕਰੀਏ। ਨਾਮ ਅਤੇ ਨਾਮੀ ਵਿਚ ਕੋਈ ਅੰਤਰ ਨਹੀਂ ਹੁੰਦਾ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਇਕ ਰੂਪ ਹਨ॥੨੫॥

ਰਾਮ ਨਾਮ ਕੀ ਮਹਿਮਾ ਮਹਾਂ। ਰਚਹਿਂ ਗ੍ਰਿੰਥ ਸਾਹਿਬ ਜੀ ਇਹਾਂ।
ਯਾਂਤੇ ਨਾਮ ਰਾਮਸਰ ਹੋਵਾ। ਪਾਤਕ ਘਾਤਕ ਮੱਜਤਿ ਜੋਵਾ'॥ ੨੬॥

ਰਾਮ ਨਾਮ ਦੀ ਮਹਾਨ ਮਹਿਮਾ ਹੈ, ਪ੍ਰਭੂ ਦੇ ਗ੍ਰੰਥ ਦੀ ਏਥੇ ਰਚਨਾ ਕਰੀਏ। ਇਸ ਕਰਕੇ ਪ੍ਰਭੂ ਰਾਮਦਾਸ ਜੀ ਦੇ ਨਾਮ ਤੇ ਇਸ ਦਾ ਨਾਂ ਰਾਮਸਰ ਹੋਇਆ, ਜਿਹੜਾ ਵੀ ਇਸ ਵਿਚ ਇਸ਼ਨਾਨ ਕਰੇਗਾ ਉਸ ਦੇ ਸਾਰੇ ਪਾਪਾਂ ਦਾ ਨਾਸ਼ ਹੋਵੇਗਾ'॥ ੨੬॥

ਸੁਨਿ ਸੰਗਤਿ ਸਗਰੀ ਹਰਖਾਈ। ਹਾਥ ਜੋਰਿ ਕਰਿ ਗ੍ਰੀਵ ਨਿਵਾਈ।
ਤਿਸ ਪਰਿਥਾਇ ਸਬਦ ਗੁਰ ਕੀਨਾ। ਨਾਮ ਮਹਾਤਮ ਕੋ ਧਰਿ ਦੀਨਾ॥੨੭॥

ਇਹ ਸੁਣ ਕੇ ਸਾਰੀ ਸੰਗਤ ਪ੍ਰਸੰਨ ਹੋ ਗਈ ਅਤੇ ਹੱਥ ਜੋੜ ਕੇ ਉਨ੍ਹਾਂ ਆਪਣੇ ਸਿਰ ਨੂੰ ਨਿਵਾਇਆ। ਉਸ ਦੇ ਪ੍ਰਥਾਇ ਫਿਰ ਗੁਰੂ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਅਤੇ ਸਰੋਵਰ ਦੇ ਨਾਂ ਦੇ ਮਹਾਤਮ ਨੂੰ ਅੰਕਿਤ ਕਰ ਦਿੱਤਾ॥ ੨੭॥

*ਸ੍ਰੀ ਮੁਖਵਾਕ॥ ਗਉੜੀ ਮਹਲਾ ੫॥*

*ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ॥੧॥ ਰਹਾਉ॥*
*ਨਿਰਮਲ ਉਦਕੁ ਗੋਵਿੰਦ ਕਾ ਨਾਮ॥ ਮਜਨੁ ਕਰਤ ਪੂਰਨ ਸਭਿ ਕਾਮ॥੧॥*
*ਸੰਤਸੰਗਿ ਤਹ ਗੋਸਟਿ ਹੋਇ॥ ਕੋਟਿ ਜਨਮ ਕੇ ਕਿਲਵਿਖ ਖੋਇ॥੨॥*
*ਸਿਮਰਹਿ ਸਾਧ ਕਰਹਿ ਆਨੰਦੁ॥ ਮਨਿ ਤਨਿ ਰਵਿਆ ਪਰਮਾਨੰਦੁ॥੩॥*
*ਜਿਸਹਿ ਪਰਾਪਤਿ ਹਰਿ ਚਰਣ ਨਿਧਾਨ॥ ਨਾਨਕ ਦਾਸ ਤਿਸਹਿ ਕੁਰਬਾਨ॥੪॥੯੫॥੧੬੪॥*

*(ਪੰਨਾ ੧੯੮)*

ਹਰ ਰੋਜ਼ ਰਾਮਸਰ ਵਿਚ ਇਸ਼ਨਾਨ ਕਰੋ। ਇਸ ਵਿਚ ਇਸ਼ਨਾਨ ਕਰਕੇ ਪ੍ਰਭੂ ਦੇ ਅਤਿ ਸੁਆਦੀ ਅੰਮ੍ਰਿਤ ਨੂੰ ਪੀਵੋ॥ ੧॥ ਠਹਿਰਾਉ॥

ਪ੍ਰਭੂ ਦੇ ਨਾਮ ਦਾ ਪਾਣੀ ਅਤਿ ਪਵਿੱਤਰ ਹੈ। ਇਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਕੰਮ ਪੂਰੇ ਹੋ ਜਾਂਦੇ ਹਨ॥ ੧॥

ਸਤਿਸੰਗਤ ਵਿਚ ਈਸ਼ਵਰੀ ਨਾਮ ਤੇ ਵਖਿਆਨ ਹੁੰਦਾ ਹੈ, ਜਿਸ ਕਾਰਨ ਕਰੋੜਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ॥ ੨॥

ਸੰਤ ਲੋਕ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ, ਜਿਸ ਕਾਰਨ ਉਹ ਸਦਾ ਪ੍ਰਸੰਨ ਰਹਿੰਦੇ ਹਨ। ਉਨ੍ਹਾਂ ਦਾ ਮਨ ਤਨ ਮਹਾਨ ਪ੍ਰਸੰਨਤਾ ਵਿਚ ਡੁੱਬਾ ਰਹਿੰਦਾ ਹੈ॥ ੩॥

ਜਿਸ ਨੇ ਵੀ ਪ੍ਰਭੂ ਦੇ ਚਰਨਾਂ ਦਾ ਖ਼ਜ਼ਾਨਾ ਪ੍ਰਾਪਤ ਕੀਤਾ ਹੈ, ਨਾਨਕ ਉਸ ਤੋਂ ਬਲਿਹਾਰ ਜਾਂਦਾ ਹੈ॥ ੪॥ ੯੫॥ ੧੬੪॥

*ਚੌਪਈ-* 'ਮੱਜਤਿ ਜਲ ਇਹ ਸ਼ਬਦ ਪਠੰਤਾ। ਤਿਸ ਤੀਰਥ ਕੋ ਫਲ ਸੁ ਲਹੰਤਾ'।
ਸੁਨਿਕੈ ਸੰਗਤਿ ਬਾਕ ਬਿਲਾਸੇ। ਮਸਤਕ ਟੇਕਤਿ ਪਰਮ ਹੁਲਾਸੇ॥੨੮॥

"ਜਲ ਵਿਚ ਇਸ਼ਨਾਨ ਕਰਦਿਆਂ ਇਸ ਸ਼ਬਦ ਦਾ ਜੋ ਪਾਠ ਕਰਦਾ ਹੈ, ਉਹ ਇਸ ਤੀਰਥ ਦੇ ਫਲ ਨੂੰ ਪ੍ਰਾਪਤ ਕਰਦਾ ਹੈ।" ਇਹ ਬਚਨ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ, ਮੱਥਾ ਟੇਕ ਟੇਕ ਕੇ ਪਰਮ ਆਨੰਦ ਪ੍ਰਾਪਤ ਕਰ ਰਹੇ ਸਨ॥ ੨੮॥

ਸਤਿਗੁਰ ਆਗਜ਼ਾ ਸਭਿ ਕੋ ਦਈ। 'ਦਿਨਮਣਿ ਅਥਯੋ ਨਿਸਾ ਅਬਿ ਭਈ।
ਸ੍ਰੀ ਹਰਿ ਗੋਬਿੰਦ ਕੇ ਸੰਗ ਜਾਵਹੁ। ਗਮਨਹੁ ਨਗਰ ਬਿਖੈ ਸੁਖ ਪਾਵਹੁ'॥੨੯॥

ਸਤਿਗੁਰੂ ਜੀ ਨੇ ਸਾਰਿਆਂ ਨੂੰ ਆਗਿਆ ਦਿੱਤੀ ਅਤੇ ਬਚਨ ਕੀਤੇ, "ਹੁਣ ਸੂਰਜ ਡੁੱਬ ਗਿਆ ਹੈ ਅਤੇ ਰਾਤ ਹੋ ਗਈ ਹੈ, ਹੁਣ ਤੁਸੀਂ ਸ੍ਰੀ ਹਰਿਗੋਬਿੰਦ ਸਾਹਿਬ ਦੇ ਨਾਲ ਜਾਵੋ ਅਤੇ ਆਪਣੇ-ਆਪਣੇ ਨਗਰਾਂ ਨੂੰ ਜਾ ਕੇ ਸੁਖ ਪਾਵੋ"॥ ੨੯॥

ਬਿਦਾ ਕਰੇ ਸਭਿ ਸੋਂ ਇਮ ਕਹਯੋ। ਢਿਗ ਗੁਰਦਾਸੁ ਰੁ ਬੁੱਢਾ ਰਹਯੋ।
ਸ੍ਰੀ ਹਰਿ ਗੋਬਿੰਦੁ ਚੰਦ ਨਿਕੇਤ। ਸਦਨ ਪ੍ਰਵੇਸ਼ੇ ਸਭਿਨਿ ਸਮੇਤ॥ ੩੦॥

ਸਾਰਿਆਂ ਨੂੰ ਵਿਦਾ ਕਰਕੇ ਇਸ ਤਰ੍ਹਾਂ ਕਿਹਾ ਅਤੇ ਪਾਸ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਰਹੇ। ਸ੍ਰੀ ਹਰਿਗੋਬਿੰਦ ਜੀ ਸਾਰਿਆਂ ਨੂੰ ਨਾਲ ਲੈ ਕੇ ਘਰ ਚਲੇ ਗਏ॥ ੩੦॥

ਕਰਿ ਬੰਦਨ ਸਭਿ ਅਪਨੇ ਧਾਮ। ਗਏ ਸਿੱਖਜ ਕੀਨਸਿ ਬਿਸਰਾਮ।
ਸ੍ਰੀ ਅਰਜਨ ਡੇਰੇ ਮਹਿਂ ਰਹੇ। ਜਿਨ ਦਰਸ਼ਨ ਦੁਖ ਦਾਰਿਦ ਦਹੇ॥ ੩੧॥

ਬੰਦਨਾਂ ਕਰਕੇ ਸਾਰੇ ਸਿੱਖ ਆਪਣੇ ਘਰਾਂ ਨੂੰ ਚਲੇ ਗਏ, ਘਰਾਂ ਵਿਚ ਜਾ ਕੇ ਉਨ੍ਹਾਂ ਨੇ ਵਿਸ਼ਰਾਮ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਡੇਰੇ ਵਿਚ ਹੀ ਰਹੇ, ਜਿਸ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਸਭ ਦੁੱਖਾਂ ਦਾ ਨਾਸ਼ ਹੁੰਦਾ ਹੈ॥੩੧॥

ਸੇਵਕ ਕਿਤਿਕ ਰਹੇ ਹਿਤ ਸੇਵਾ। ਅਹੈਂ ਸਮੀਪੀ ਜੇ ਗੁਰਦੇਵਾ।
ਸੂਪਕਾਰ ਕਰਿ ਤਯਾਰ ਅਹਾਰੇ। ਕੀਨਿ ਸੁਨਾਵਨਿ ਖਰੋ ਅਗਾਰੇ॥ ੩੨॥

ਕੁਝ ਸੇਵਕ ਸੇਵਾ ਕਰਨ ਵਾਸਤੇ ਰਹਿ ਗਏ, ਜਿਹੜੇ ਕਿ ਗੁਰੂ ਜੀ ਦੇ ਬਹੁਤ ਨੇੜੇ ਸਨ। ਰਸੋਈਏ ਨੇ ਭੋਜਨ ਤਿਆਰ ਕਰਕੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਸੁਣਾਇਆ॥ ੩੨॥

ਆਇਸੁ ਲੇ ਕਰਿ ਥਾਰ ਮਝਾਰਾ। ਕੀਨਿ ਪਰੋਸਨਿ ਰੁਚਿਰ ਅਹਾਰਾ।
ਸ੍ਰੀ ਗੁਰ ਕੌ ਤਬਿ ਜਾਇ ਅਚਾਯੋ। ਪਾਛੇ ਸਭਿ ਸਿੱਖਜਨਿ ਮੁਖ ਪਾਯੋ॥ ੩੩॥

ਆਗਿਆ ਲੈ ਕੇ ਥਾਲ ਵਿਚ ਸਵਾਦੀ ਭੋਜਨ ਨੂੰ ਪਰੋਸ ਦਿੱਤਾ ਤੇ ਗੁਰੂ ਜੀ ਨੂੰ ਜਾ ਕੇ ਛਕਾਇਆ, ਬਾਅਦ ਵਿਚ ਸਾਰੇ ਸਿੱਖਾਂ ਨੇ ਛਕਿਆ॥ ੩੩॥

ਬੀਤੀ ਜਾਮਨਿ ਘਟਿਕਾ ਚਾਰੀ। ਨਿਕਟਿ ਹੋਇ ਗੁਰਦਾਸ ਉਚਾਰੀ।
'ਸੁਨਹੁ ਕ੍ਰਿਪਾਲ ਸਘਨ ਬਨ ਮਹਾਂ। ਸਸਿਕਰ ਭੀ ਨਹਿਂ ਪ੍ਰਵਿਸ਼ਹਿ ਇਹਾਂ॥੩੪॥

ਜਦ ਚਾਰ ਪਹਿਰ ਰਾਤ ਬੀਤੀ ਤਾਂ ਭਾਈ ਗੁਰਦਾਸ ਨੇ ਨੇੜੇ ਜਾ ਕੇ ਕਿਹਾ, "ਹੇ ਕ੍ਰਿਪਾਲੂ ਗੁਰੂ ਜੀ! ਸੁਣੋ, ਇਸ ਸਾਰੇ ਜੰਗਲ ਵਿਚ ਚੰਦਰਮਾਂ ਦੀ ਕਿਰਨ ਵੀ ਪ੍ਰਵੇਸ਼ ਨਹੀਂ ਕਰਦੀ ਹੈ॥ ੩੪॥

ਰਾਮਚੰਦ ਜਿਮ ਕਾਨਨ ਸੇਵਾ। ਭਈ ਜਾਮਨੀ ਤੁਮ ਗਤਿ ਏਵਾ।
ਬਾਂਛਤਿ ਜਥਾ ਇਕਾਂਕੀ ਹੋਵਨਿ। ਤਥਾ ਸਥਲ ਇਹ ਕੀਨਸਿ ਜੋਵਨਿ॥ ੩੫॥

ਰਾਮਚੰਦਰ ਜੀ ਜਿਵੇਂ ਸੰਘਣੇ ਜੰਗਲਾਂ ਵਿਚ ਰਹੇ ਸਨ, ਤੁਹਾਡੀ ਹਾਲਤ ਵੀ ਅੱਜ ਉਨ੍ਹਾਂ ਵਰਗੀ ਹੋਈ ਹੈ। ਜਿਵੇਂ ਤੁਸੀਂ ਇਕਾਂਤ ਵਿਚ ਰਹਿਣ ਦੀ ਇੱਛਾ ਕਰਦੇ ਸੀ, ਉਸ ਤਰ੍ਹਾਂ ਦਾ ਹੀ ਇਹ ਸਥਾਨ ਹੋ ਗਿਆ ਹੈ॥ ੩੫॥

ਕਮਲਾਸਨ ਤੁਮਰੋ ਹਿਤ ਜਾਨਿ। ਪ੍ਰਥਮ ਰਚਯੋ ਇਹ ਰੁਚਿਰ ਸਥਾਨ'।
ਕਹਤਿ ਗੁਰੂ 'ਸੁਨ ਹੇ ਗੁਰਦਾਸ!। ਮਹਿਮਾ ਇਸ ਥਲ ਮਹਾਂ ਪ੍ਰਕਾਸ਼॥ ੩੬॥

ਪ੍ਰਭੂ ਨੇ ਤੁਹਾਡੇ ਹਿੱਤ ਨੂੰ ਜਾਣ ਕੇ ਹੀ ਪਹਿਲਾਂ ਇਸ ਸੁੰਦਰ ਸਥਾਨ ਦੀ ਰਚਨਾ ਕੀਤੀ ਹੈ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਦਾਸ ਜੀ! ਸੁਣੋ, ਇਸ ਸਥਾਨ ਦੀ ਮਹਾਨ ਮਹਿਮਾ ਪ੍ਰਕਾਸ਼ਿਤ ਹੋਵੇਗੀ॥ ੩੬॥

ਰਚਨਾ ਅਨਿਕ ਭਾਂਤਿ ਕੀ ਹੋਵੈ। ਪ੍ਰਗਟੈ ਗੁਰ ਪ੍ਰਤਾਪ ਰਿਪੁ ਖੋਵੈ'।
ਇਸ ਪ੍ਰਕਾਰ ਕਹਿ ਬਚ ਅਕਲੰਕ। ਭਏ ਅਰੂਢਨਿ ਰੁਚਿਰ ਪ੍ਰਯੰਕ॥ ੩੭॥

ਏਥੇ ਅਨੇਕ ਪ੍ਰਕਾਰ ਦੀਆਂ ਰਚਨਾਵਾਂ ਰਚੀਆਂ ਜਾਣਗੀਆਂ, ਏਥੇ ਗੁਰੂ ਜੀ ਦਾ ਪ੍ਰਤਾਪ ਪ੍ਰਗਟ ਹੋਵੇਗਾ ਤੇ ਦੁਸ਼ਮਣ ਦਾ ਨਾਸ਼ ਹੋਵੇਗਾ" ਇਸ ਤਰ੍ਹਾਂ ਦੇ ਬਚਨ ਕਹਿ ਕੇ ਕਲੰਕ-ਰਹਿਤ ਗੁਰ ਜੀ ਸੁੰਦਰ ਪਲੰਘ ਤੇ ਲੇਟ ਗਏ॥ ੩੭॥

ਆਸਤਰਨ ਬਰ ਬਿਸਦ ਬਿਸਾਲੇ। ਸੇਜਬੰਦ ਸੁੰਦਰ ਦੁਤਿਵਾਲੇ।
ਚਮਕਤਿ ਜਥਾ ਚਾਂਦਨੀ ਅੰਬਰ। ਤਥਾ ਲੀਨਿ ਊਪਰ ਸੁਭ ਅੰਬਰ॥ ੩੮॥

ਸ੍ਰੇਸ਼ਟ ਵਿਛਾਉਣਾ ਬਹੁਤ ਸਫੇਦ ਸੀ ਅਤੇ ਬਿਸਤਰ ਬੜਾ ਸੁੰਦਰ ਪ੍ਰਕਾਸ਼ਮਾਨ ਸੀ। ਅਕਾਸ਼ ਦੀ ਚਾਦਨੀ ਵਾਂਗ ਉਹ ਚਮਕ ਰਿਹਾ ਸੀ। ਉਨ੍ਹਾਂ ਆਪਣੇ ਉਪਰ ਸੁੰਦਰ ਚਾਦਰਾ ਲਿਆ ਸੀ॥ ੩੮॥

ਪੌਢਿ ਜਥਾ ਸੁਖ ਸੁਪਤਿ ਕ੍ਰਿਪਾਲਾ। ਜਾਮ ਜਾਮਨੀ ਰਹਿ ਜਿਸ ਕਾਲਾ।
ਸੌਚ ਸ਼ਨਾਨ ਕੀਨਿ ਪੁਨ ਧਯਾਨਾ। ਸ੍ਰੀ ਨਾਨਕ ਕੋ ਸੁਮਰਨਿ ਠਾਨਾ॥ ੩੯॥

ਪਲੰਘ ਉਤੇ ਲੰਮੇ ਪੈ ਕੇ ਕ੍ਰਿਪਾਲੂ ਗੁਰੂ ਜੀ ਸੁਖ ਦੀ ਨੀਂਦ ਸੌਂ ਗਏ, ਜਿਸ ਵੇਲੇ ਇਕ ਪਹਿਰ ਰਾਤ ਰਹਿ ਗਈ ਤਾਂ ਸੁਚਮ ਇਸ਼ਨਾਨ ਕਰਕੇ ਧਿਆਨ ਲਾ ਲਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਨ ਲੱਗੇ॥ ੩੯॥

ਅਰਨੋਦਯ ਹੋਯਹੁ ਲਖਿ ਤਾਸੂ। ਢਿਗ ਹਕਾਰਿ ਬੁੱਢਾ ਗੁਰਦਾਸੂ।
ਕਹਜੋ ਮਨੋਰਥ ਆਪਨਿ ਜੀ ਕਾ। ਜਿਸ ਤੇ ਹੋਇ ਸਭਿਨਿ ਕੋ ਨੀਕਾ॥ ੪੦॥

ਜਦ ਸਵੇਰ ਸਾਰ ਹੁੰਦਾ ਵੇਖਿਆ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਆਪਣੇ ਮਨ ਦਾ ਮਨੋਰਥ ਕਿਹਾ, ਜਿਸ ਨਾਲ ਸਾਰਿਆਂ ਦਾ ਚੰਗਾ ਕਲਿਆਣ ਹੋਵੇ॥ ੪੦॥

'ਹੋਨ ਇਕਾਕੀ ਹਮ ਅਬਿ ਚਾਹਤਿ। ਹਿਤ ਦਰਸ਼ਨ ਸਭਿ ਸਿੱਖਜ ਉਮਾਹਤਿ।
ਯਾਂਤੇ ਸਾਹਿਬ ਬੁੱਢਾ ਜਾਵਉ। ਸਭਿ ਸੰਗਤਿ ਕੋ ਤਹਾਂ ਟਿਕਾਵਉ॥ ੪੧॥

ਗੁਰੂ ਜੀ ਨੇ ਕਿਹਾ, "ਅਸੀਂ ਹੁਣ ਇਕੱਲੇ ਰਹਿਣਾ ਚਾਹੁੰਦੇ ਹਾਂ, ਸਾਰੇ ਸਿੱਖ ਦਰਸ਼ਨ ਕਰਨ ਵਾਸਤੇ ਬੜਾ ਉਤਸ਼ਾਹ ਰੱਖਦੇ ਹਨ, ਇਸ ਕਰਕੇ ਬਾਬਾ ਬੁੱਢਾ ਜੀ, ਤੁਸੀਂ ਸੰਗਤ ਪਾਸ ਜਾਵੋ ਤੇ ਉਨ੍ਹਾਂ ਨੂੰ ਏਥੇ ਆਉਣ ਤੋਂ ਰੋਕੋ॥ ੪੧॥

ਸੁਧਾ ਸਰੋਵਰ ਬਰ ਹਰਿ ਮੰਦਿਰ। ਪਠਹੁ ਸੁਨਹੁ ਸੁੰਦਰ ਤਿਸ ਅੰਦਰ।
ਹਮਰੇ ਦਰਸ਼ਨ ਸਮਸਰ ਜਾਨਹੁ। ਨਹਿਂ ਸੰਸੈ ਇਸ ਮੈਂ ਕੁਛ ਠਾਨਹੁ॥ ੪੨॥

ਅੰਮ੍ਰਿਤ ਸਰੋਵਰ ਤੇ ਸ੍ਰੇਸ਼ਟ ਹਰੀ ਦਾ ਮੰਦਰ ਬਣਿਆ ਹੈ, ਉਸ ਦੇ ਅੰਦਰ ਬੈਠ ਕੇ ਗੁਰਬਾਣੀ ਪੜ੍ਹੋ ਅਤੇ ਸੁਣੋ। ਸਾਡੇ ਦਰਸ਼ਨ ਆਪਸ ਵਿਚ ਹੀ ਜਾਣੋ, ਇਸ ਵਿਚ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਕਰੋ॥ ੪੨॥

ਆਪ ਰਹਹੁ ਤੁਮ ਤਿਹ ਠਾਂ ਜਾਇ। ਸਭਿ ਸੰਗਤਿ ਰਾਖਹੁ ਅਟਕਾਇ।
ਮਨ ਬਾਂਛਤਿ ਸਿੱਖਨਿ ਕੋ ਦੀਜਹਿ। ਹਮਰੇ ਸਮਸਰ ਸਕਲ ਕਰੀਜਹਿ॥ ੪੩॥

ਤੁਸੀਂ ਆਪ ਜਾ ਕੇ ਉਸ ਥਾਂ ਰਹੋ ਅਤੇ ਸਾਰੀ ਸੰਗਤ ਨੂੰ ਰੋਕ ਕੇ ਰੱਖੋ, ਜੋ ਵੀ ਸਿੱਖ ਮੰਗਦੇ ਹਨ ਉਨ੍ਹਾਂ ਨੂੰ ਦੇਵੋ, ਸਾਡੇ ਵਾਂਗ ਸਭ ਕੁਝ ਕਰੋ॥ ੪੩॥

ਕਾਰ ਸਮਸਤ ਤੋਰਬੋ ਕਰਨੀ। ਸਭਿ ਸੰਗਤਿ ਕੋ ਧੀਰਜ ਧਰਨੀ'।
ਆਦਿਸੁ ਮਾਨਿ ਜੋਰ ਕਰਿ ਹਾਥ। ਸੀਸ ਚਰਨ ਧਰਿ ਪ੍ਰੇਮ ਕਿ ਸਾਥ॥ ੪੪॥

ਸਾਰਾ ਕੰਮ-ਕਾਜ ਸਾਡੇ ਵਾਂਗ ਕਰੋ ਅਤੇ ਸਾਰੀ ਸੰਗਤ ਨੂੰ ਧੀਰਜ ਦੇਵੋ।" ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਆਗਿਆ ਮੰਨੀ ਅਤੇ ਬੜੇ ਪ੍ਰੇਮ ਨਾਲ ਚਰਨਾਂ ਤੇ ਸਿਰ ਰੱਖਿਆ॥ ੪੪॥

ਬੁੱਢਾ ਤਬਿ ਚਲਿ ਕਰਿ ਪੁਰਿ ਆਯੋ। ਸਿਖ ਸੰਗਤਿ ਕੋ ਹੁਕਮ ਸੁਨਾਯੋ।
ਜਿਮ ਸ੍ਰੀ ਅਰਜਨ ਆਗਜਾ ਦਈ। ਤਿਸੀ ਰੀਤਿ ਨਿਸ ਦਿਨ ਕ੍ਰਿਤ ਕਈ॥੪੫॥

ਬਾਬਾ ਬੁੱਢਾ ਜੀ ਫਿਰ ਚਲ ਕੇ ਨਗਰ ਵਿਚ ਆਏ ਅਤੇ ਸਾਰੀ ਸਿੱਖ ਸੰਗਤ ਨੂੰ ਗੁਰੂ ਜੀ ਦੇ ਆਦੇਸ਼ ਨੂੰ ਸੁਣਾਇਆ। ਜਿਵੇਂ ਗੁਰ ਅਰਜਨ ਦੇਵ ਜੀ ਨੇ ਆਗਿਆ ਕੀਤੀ ਸੀ ਉਸ ਤਰਾਂ ਦਿਨ ਰਾਤ ਕੰਮ-ਕਾਜ ਕਰਦੇ ਸਨ॥੪੫॥

ਸਭਿ ਸੰਗਤਿ ਅੰਮ੍ਰਿਤਸਰ ਨਾਵੈ। ਦਰਸਨ ਸ੍ਰੀ ਹਰਿਮੰਦਰ ਜਾਵੈ।
ਮੇਲਿ ਕੀਰਤਨ ਹੋਤਿ ਬਿਸਾਲਾ। ਬੈਠਹਿ ਬੁੱਢਾ ਬਿਚ ਸਭਿ ਕਾਲਾ॥ ੪੬॥

ਸਾਰੀ ਸੰਗਤ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੀ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੀ ਸੀ। ਸਾਰੇ ਮਿਲਕੇ ਵਿਸ਼ਾਲ ਕੀਰਤਨ ਕਰਦੇ ਸਨ, ਅਤੇ ਬਾਬਾ ਬੁੱਢਾ ਜੀ ਸੰਗਤ ਦੇ ਵਿਚ ਬੈਠੇ ਰਹਿੰਦੇ ਸਨ॥ ੪੬॥

*ਤੀਸਰੀ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥ ੪੦॥*

## ਅਧਿਆਇ ਇਕਤਾਲੀਵਾਂ

### *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਲਿਖਾਈ*

ਦੋਹਰਾ- ਨਿਕਟ ਰਹਜੋ ਗੁਰਦਾਸ ਇਕ ਲਿਖਨਿ ਸੁਨਨਿ ਕੇ ਹੇਤੁ।
ਕੇਤਿਕ ਸੇਵਕ ਅਪਰ ਜੇ ਬੈਠਹਿਂ ਹੋਹਿ ਸੁਚੇਤ॥ ੧॥

ਇਕ ਭਾਈ ਗੁਰਦਾਸ ਜੀ ਹੀ ਲਿਖਣ ਸੁਣਨ ਵਾਸਤੇ ਗੁਰੂ ਜੀ ਦੇ ਪਾਸ ਰਹੇ, ਹੋਰ ਜਿਹੜੇ ਸੇਵਕ ਸਨ ਉਹ ਸੁਚੇਤ ਹੋ ਕੇ ਬੈਠੇ ਰਹਿੰਦੇ ਸਨ॥ ੧॥

ਚੌਪਈ- ਨਿਕਟ ਨ ਪਹੁੰਚਹਿਂ ਬਿਨਾ ਬੁਲਾਏ। ਚਹੁੰਦਿਸ਼ਿ ਬੈਠੇ ਕਰਿ ਚੁਕਸਾਏ।
ਜੋ ਮਾਨਵ ਆਵਹਿਂ ਅਨਜਾਨੇ। ਬਰਜਹਿਂ ਤਿਨਹਿਂ ਨ ਢਿਗ ਦੇਂ ਜਾਨੇ॥੨॥

ਉਨ੍ਹਾਂ ਵਿਚੋਂ ਕੋਈ ਵੀ ਬੁਲਾਉਣ ਤੋਂ ਬਗੈਰ ਗੁਰੂ ਜੀ ਪਾਸ ਨਹੀਂ ਪਹੁੰਚਦਾ ਸੀ। ਚਾਰੇ ਪਾਸੇ ਬੈਠੇ ਚੌਕਸ ਰਹਿੰਦੇ ਸਨ। ਜਿਹੜਾ ਵੀ ਮਨੁੱਖ ਭੁਲ-ਭੁਲੇਕੇ ਆਉਂਦਾ ਸੀ, ਉਸਨੂੰ ਗੁਰੂ ਜੀ ਪਾਸ ਜਾਣ ਤੋਂ ਰੋਕਦੇ ਸਨ॥ ੨॥

ਇਮ ਏਕਾਕੀ ਹ੍ਵੈ ਗੁਰ ਪੂਰੇ। ਤਬਿ ਗੁਰਦਾਸ ਹਕਾਰਿ ਹਦੂਰੇ।
ਨਿਕਟ ਬਿਠਾਇ ਮਨੋਰਥ ਭਾਖਾ। 'ਸੁਨਿ ਭਾਈ! ਹਮਰੀ ਅਭਿਲਾਖਾ॥੩॥

ਇਸ ਤਰ੍ਹਾਂ ਗੁਰੂ ਜੀ ਨੇ ਬਿਲਕੁਲ ਇਕਾਂਤ-ਮਈ ਹੋ ਕੇ, ਭਾਈ ਗੁਰਦਾਸ ਜੀ ਨੂੰ ਆਪਣੇ ਪਾਸ ਬੁਲਾਇਆ। ਆਪਣੇ ਪਾਸ ਬਿਠਾ ਕੇ ਉਸ ਨੂੰ ਆਪਣਾ ਮਨੋਰਥ ਦੱਸਿਆ ਅਤੇ ਫੁਰਮਾਇਆ, "ਹੇ ਭਾਈ ਜੀ! ਸਾਡੀ ਅਭਿਲਾਸ਼ਾ ਸੁਣੋ॥ ੩॥

ਰਚਹੁ ਗ੍ਰਿੰਥ ਕੀ ਬੀੜ ਉਦਾਰੀ। ਲਿਖਿ ਅੱਖਰ ਗੁਰਮੁਖੀ ਮਝਾਰੀ।
ਸ੍ਰੀ ਨਾਨਕ ਪੱਟੀ ਜੁ ਬਨਾਈ। ਪੈਂਤੀ ਅੱਖਰ ਕਰੇ ਸੁਹਾਈ॥ ੪॥

ਉੱਤਮ ਗ੍ਰੰਥ ਦੀ ਬੀੜ ਦੀ ਰਚਨਾ ਕਰੋ ਅਤੇ ਇਸ ਨੂੰ ਗੁਰਮੁਖੀ ਅੱਖਰਾਂ ਵਿਚ ਲਿਖੋ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਪੱਟੀ ਬਣਾਈ ਹੈ, ਉਸ ਵਿਚ ਪੈਂਤੀ ਅੱਖਰਾਂ ਨੂੰ ਸ਼ੋਭਨੀਕ ਬਣਾਇਆ ਹੈ॥ ੪॥

ਤਿਨ ਮਹਿਂ ਲਿਖਹੁ ਸਰਬ ਗੁਰਬਾਨੀ। ਪਠਿਬੇ ਬਿਖੈ ਸੁਖੈਨ ਮਹਾਨੀ।
ਜਿਨਕੀ ਬੁੱਧਿ ਮਹਿਦ ਅਧਿਕਾਈ। ਬਹੁ ਅੱਭਜਾਸਹਿਂ ਬਿੱਦਜਾ ਪਾਈ॥੫॥

ਉਨ੍ਹਾਂ ਅੱਖਰਾਂ ਵਿਚ ਸਾਰੀ ਗੁਰਬਾਣੀ ਲਿਖੋ, ਉਨ੍ਹਾਂ ਅੱਖਰਾਂ ਵਿਚ ਪੜ੍ਹਨਾ ਬਹੁਤ ਅਸਾਨ ਹੈ। ਜਿਨ੍ਹਾਂ ਦੀ ਬੁੱਧੀ ਬ੍ਰਹਮਗਿਆਨ ਵਿਚ ਵੱਡੀ ਹੈ ਅਤੇ ਜਿਨ੍ਹਾਂ ਨੇ ਬਹੁਤ ਅਭਿਆਸ ਕਰਕੇ ਵਿਦਿਆ ਪਾਈ ਹੈ॥ ੫॥

Sri Satguru Jagjit Singh Ji eLlibrary NamdhariElibrary@gmail.com

ਬਹੁਤ ਬਰਖ ਲਗਿ ਪਠਹਿਂ ਬਿਚਾਰਹਿਂ। ਸੋ ਤਬ ਜਾਨਹਿਂ ਸਾਰ ਅਸਾਰਹਿ।
ਤਿਸ ਤਤ ਕੋ ਗੁਰਮੁਖੀ ਮਝਾਰੀ। ਲਿਖਹਿਂ ਸੁਗਮ ਸ਼ਰਧਾ ਉਰਧਾਰੀ॥ ੬॥

ਬਹੁਤ ਸਾਲਾਂ ਤਕ ਉਹ ਪੜ੍ਹਨਗੇ ਅਤੇ ਵਿਚਾਰਨਗੇ, ਫਿਰ ਹੀ ਜਾ ਕੇ ਉਹ ਗੁਣ-ਔਗੁਣ ਨੂੰ ਜਾਣ ਸਕਣਗੇ। ਉਸ ਤੱਤ ਨੂੰ ਗੁਰਮੁਖੀ ਵਿਚ ਹਿਰਦੇ ਵਿਚ ਸ਼ਰਧਾ ਧਾਰ ਕੇ ਚੰਗੀ ਤਰ੍ਹਾਂ ਲਿਖੋ॥ ੬॥

ਸਹਸਕ੍ਰਿਤ ਅਰ ਤੁਰਕਨਿ ਭਾਸ਼ਾ। ਇਸ ਮਹਿਂ ਲਿਖਿ ਲੈ ਹੈਂ ਬੁਧਿਰਾਸਾ।
ਸਭਿ ਊਪਰ ਪਸਰਹਿ ਇਹ ਧਾਈ। ਜਿਮ ਜਲ ਪਰ ਸੁ ਚਿਕਨਤਾ ਪਾਈ॥ ੭॥

ਸੰਸਕ੍ਰਿਤ ਅਤੇ ਜਿਹੜੀ ਤੁਰਕਾਂ ਦੀ ਭਾਸ਼ਾ ਹੈ, ਬੁਧੀਵਾਨ ਲੋਕ ਇਨ੍ਹਾਂ ਭਾਸ਼ਾਵਾਂ ਵਿਚ ਆਪੇ ਲਿਖ ਲੈਣਗੇ। ਸਾਰਿਆਂ ਦੇ ਵਿਚ ਇਹ ਦੌੜ ਕੇ ਫੈਲੇਗੀ, ਜਿਵੇਂ ਪਾਣੀ ਉਤੇ ਥਿੰਦਾਈ ਪਾਈ ਜਾਵੇ ਤਾਂ ਉਹ ਸਾਰੇ ਖਿਲਰ ਜਾਂਦੀ ਹੈ॥ ੭॥

ਕਿਰਤ ਕਰਤਿ ਗ੍ਰਿਹਸਤੀ ਮਤਿ ਥੋਰੀ। ਸੁਗਮ ਪਠਹਿਂ ਬਿਦਜਾ ਜਿਨ ਲੋਰੀ।
ਪ੍ਰਗਟਹਿ ਗਾਡੀ ਰਾਹੁ ਬਿਸਾਲਾ। ਚਲਹਿ ਜੁ, ਨਹਿਂ ਭੂਲਹਿਂ ਕਿਸ ਕਾਲਾ॥ ੮॥

ਕਿਰਤ ਕਰਦੇ ਕਿਰਤੀਆਂ ਦੀ ਬੁੱਧੀ ਥੋੜ੍ਹੀ ਹੁੰਦੀ ਹੈ, ਜਿਨ੍ਹਾਂ ਨੂੰ ਵਿਦਿਆ ਦੀ ਲੋੜ ਹੈ, ਉਹ ਇਸ ਨੂੰ ਆਸਾਨੀ ਨਾਲ ਪੜ੍ਹ ਲੈਣਗੇ ਤੇ ਵੱਡਾ ਗਾਡੀ ਰਾਹ ਪ੍ਰਗਟ ਹੋਵੇਗਾ, ਜਿਹੜਾ ਵੀ ਇਸ ਰਾਹ ਚਲੇਗਾ ਉਹ ਕਦੀ ਵੀ ਫਿਰ ਭੁਲੇਗਾ ਨਹੀਂ॥ ੮॥

ਲਿਖਹੁ ਗੁਰਮੁਖੀ ਅੱਖਰ ਯਾਂਤੇ। ਸਗਲ ਜਗਤ ਮਹਿਂ ਹੁਇ ਬੱਖਜਾਤੇ।
ਸ਼ਰਧਾਵੰਤੇ ਪਠਹਿਂ ਸੁਖੈਨ। ਜਾਨਹਿਂ ਹਰਿ ਸਿਮਰਨ ਗਤਿ ਦੈਨ॥ ੯॥

ਇਸ ਕਰਕੇ ਗੁਰਮੁਖੀ ਅੱਖਰਾਂ ਵਿਚ ਲਿਖੋ, ਇਹ ਸਾਰੇ ਜਗਤ ਵਿਚ ਪ੍ਰਗਟ ਹੋਵੇਗੀ। ਸ਼ਰਧਾਵਾਨ ਇਸ ਨੂੰ ਆਸਾਨੀ ਨਾਲ ਪੜ੍ਹ ਲੈਣਗੇ ਤੇ ਉਹ ਇਹ ਜਾਣ ਲੈਣਗੇ ਕਿ ਹਰੀ ਦਾ ਸਿਮਰਨ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥ ੯॥

ਇਨ ਕੀ ਮਹਿਮਾ ਮਹਾਂਭਿਰਾਮੂ। ਬਿਦਤਹਿ ਜਗ ਗੁਰਮੁਖੀ ਸੁ ਨਾਮੂ।
ਦੇਖਹਿਂ ਪਠਹਿਂ ਲਿਖਹਿਂ ਸਨਮਾਨਹਿਂ। ਨਿਜ ਪਾਤਕ ਘਾਤਕ ਹਿਤ ਠਾਨਹਿ॥੧੦॥

ਇਸ ਦੀ ਮਹਿਮਾ ਅਤਿ ਸੁੰਦਰ ਹੈ, ਜੱਗ ਵਿਚ ਗੁਰਮੁਖੀ ਦਾ ਨਾਮ ਪ੍ਰਗਟ ਹੋਵੇਗਾ। ਜਿਹੜੇ ਇਸ ਨੂੰ ਵੇਖਣਗੇ, ਪੜ੍ਹਨਗੇ, ਲਿਖਣਗੇ ਉਹ ਇਸ ਦਾ ਸਨਮਾਨ ਕਰਨਗੇ ਅਤੇ ਪਾਪ ਨਾਸ਼-ਕਰਤਾ ਜਾਣਕੇ ਇਸ ਨੂੰ ਪ੍ਰੇਮ ਕਰਨਗੇ॥ ੧੦॥

ਚਤੁਰ ਗੁਰੂ ਕੇ ਸ਼ਬਦ ਮੁਕੰਦੇ। ਪਿਖਿ ਪੋਥੀ ਤੁਮ ਲਿਖਹੁ ਅਨੰਦੇ।
ਸਭਿ ਬੇਦਨਿ ਕੋ ਸਾਰ ਨਿਕਾਰਾ। ਮਥ ਸਾਗਰ ਜਿਮ ਰਤਨ ਉਦਾਰਾ॥ ੧੧॥

ਚਾਰ ਗੁਰੂ ਸਾਹਿਬਾਨ ਦੇ ਸ਼ਬਦ ਮੁਕਤੀਦਾਤੇ ਹਨ, ਪੋਥੀਆਂ ਨੂੰ ਵੇਖ ਕੇ ਅਨੰਦ ਨਾਲ ਸ਼ਬਦਾਂ ਨੂੰ ਲਿਖੋ। ਇਹ ਸਾਰੇ ਵੇਦਾਂ ਦਾ ਤੱਤ ਕੱਢਿਆ ਹੈ, ਜਿਵੇਂ ਸਾਗਰ ਨੂੰ ਰਿੜਕ ਕੇ ਸ੍ਰੇਸ਼ਟ ਰਤਨਾਂ ਨੂੰ ਕੱਢਿਆ ਗਿਆ ਸੀ॥ ੧੧॥

ਨੋਟ:- ਗੁਰਬਾਣੀ ਨੂੰ ਵੇਦਾਂ ਦਾ ਟੀਕਾ ਕਹਿਣਾ ਗੁਰਬਾਣੀ ਦੇ ਵਿਰੁੱਧ ਹੈ, ਕਿਉਂਕਿ ਗੁਰੂ ਜੀ ਨੇ ਬਾਣੀ ਨੂੰ ਵਾਹਿਗੁਰੂ ਵਲੋਂ ਆਈ 'ਧੁਰ ਕੀ ਬਾਣੀ' ਕਿਹਾ ਹੈ।

ਸ਼੍ਰੀ ਨਾਨਕ ਸ਼੍ਰੀ ਅੰਗਦ ਨਾਮੂ। ਸ਼੍ਰੀ ਗੁਰ ਅਮਰ ਅਪਰ ਸ਼੍ਰੀ ਰਾਮੂ।
ਪ੍ਰਿਥਕ ਪ੍ਰਿਥਕ ਲਿਖਿ ਇਨ ਕੀ ਬਾਨੀ। ਪਠਿ ਕਰਿ ਆਪ ਲੇਹੁ ਪਹਿਚਾਨੀ॥੧੨॥

ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦੇ ਨਾਂ ਹਨ, ਇਨ੍ਹਾਂ ਦੀ ਬਾਣੀ ਪਹਿਲਾਂ ਲਿਖੋ ਅਤੇ ਪੜ੍ਹ ਕੇ ਆਪ ਹੀ ਪਹਿਚਾਣ ਲਵੋ"॥ ੧੨॥

ਸੁਨਿ ਭਾਈ ਗੁਰਦਾਸ ਉਚਾਰੀ। 'ਕਹਾ ਬੁੱਧਿ ਪ੍ਰਭੁ ਇਤੀ ਹਮਾਰੀ।
ਮੈਂ ਅਲਪੱਗਜ ਜੀਵ ਕਿਮ ਜਾਨੌਂ। ਗੁਰ ਕੀ ਗਿਰਾ ਅਗਮ ਗਤਿ ਮਾਨੌ ॥੧੩॥

ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਹੇ ਗੁਰੂ ਜੀ! ਮੇਰੀ ਏਨੀ ਬੁੱਧੀ ਕਿਥੇ ਹੈ, ਮੈਂ ਛੋਟੀ ਬੁੱਧੀ ਵਾਲਾ ਜੀਵ ਕਿਵੇਂ ਜਾਣ ਸਕਦਾ ਹਾਂ। ਗੁਰੂ ਜੀ ਦੀ ਬਾਣੀ ਨੂੰ ਅਗਮ ਅਗਾਧ ਮੰਨੋ॥ ੧੩॥

ਰਿਦਾ ਅਗਾਧ ਅਬਾਧ ਗੰਭੀਰਾ। ਗਿਰਾ ਰੂਪ ਸੋਈ ਗੁਰ ਧੀਰਾ।
ਬ੍ਰਹਮਾਦਿਕ ਲਖਿ ਸਕੈਂ ਨ ਕੋਊ। ਮੋ ਮਹਿਂ ਕਹਾਂ ਇਤੀ ਮਤਿ ਹੋਊ ॥੧੪॥

ਉਨ੍ਹਾਂ ਦਾ ਹਿਰਦਾ ਅਗਾਧ, ਨਿਰਵਿਘਨ ਅਤੇ ਗੰਭੀਰ ਹੈ। ਉਹ ਧੀਰਜਵਾਨ ਗੁਰੂ ਜੀ ਹੀ ਬਾਣੀ ਰੂਪ ਹਨ। ਉਨ੍ਹਾਂ ਦੀ ਬਾਣੀ ਨੂੰ ਬ੍ਰਹਮਾ ਆਦਿ ਵੀ ਜਾਣ ਨਹੀਂ ਸਕਦੇ ਹਨ, ਮੇਰੇ ਵਿਚ ਏਨੀ ਬੁੱਧੀ ਕਿਥੇ ਹੈ॥ ੧੪॥

ਜੇਕਰਿ ਹੋਵਹੁ ਆਪ ਸਹਾਈ। ਲਖਹੁਂ ਤਿਤਿਕ ਜੋ ਦੇਹੁ ਲਖਾਈ'।
ਸੁਨਿ ਪ੍ਰਸੰਨ ਹੁਇ ਬਰ ਕੋ ਦੀਨਾ। ਸ਼੍ਰੀ ਗੁਰ ਪਰਮ ਕ੍ਰਿਪਾਲ ਪ੍ਰਬੀਨਾ ॥੧੫॥

ਜੇ ਆਪ ਜੀ ਸਹਾਇਤਾ ਕਰੋ, ਤਾਂ ਓਨਾ ਹੀ ਸਮਝ ਲਵਾਂਗਾ ਜੋ ਮੈਨੂੰ ਲਿਖਾਉਗੇ।" ਇਹ ਸੁਣ ਕੇ ਪਰਮ ਕਿਰਪਾਲੂ ਅਤੇ ਚਤੁਰ ਗੁਰੂ ਜੀ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਵਰ ਦਿੱਤਾ॥ ੧੫॥

'ਜਥਾ ਪੁੱਤ੍ਰ ਹੋਵੈ ਘਰ ਬਾਹਰ। ਅੰਤਰ ਮਾਤਾ ਪਿਤਾ ਅਜਾਹਰਿ।
ਅਪਰ ਕੁਟੰਬ ਜੁ ਬੋਲਹਿ ਬਾਤੀ। ਜਾਨ ਲੇਹਿ ਬਾਲਕ ਬੱਖਜਾਤੀ॥ ੧੬॥

ਜਿਵੇਂ ਪੁੱਤਰ ਘਰ ਤੋਂ ਬਾਹਰ ਹੋਵੇ ਤੇ ਮਾਤਾ ਪਿਤਾ ਅੰਦਰ ਲੁਕੇ ਹੋਣ, ਹੋਰ ਪਰਿਵਾਰ ਜੋ ਗੱਲਾਂ ਕਰੇਗਾ ਤਾਂ ਬਾਲਕ ਪ੍ਰਗਟ ਰੂਪ ਵਿਚ ਜਾਣ ਲਵੇਗਾ॥ ੧੬॥

ਕੋ ਨਰ ਬੂਝਹਿ ਅੰਤਰ ਭੌਨ। 'ਕੌਨ ਕੌਨ ਬੋਲਹਿ? ਕਹਿ ਤੌਨ'।
ਤਬਿ ਬਾਲਕ ਸੁਨਿ ਜੌਨ ਅਲਾਵੈ। ਪ੍ਰਿਥਕ ਪ੍ਰਿਥਕ ਕਰਿ ਤਾਂਹਿ ਬਤਾਵੈ ॥੧੭॥

ਕੋਈ ਮਨੁੱਖ ਆਪਣੇ ਘਰ ਅੰਦਰੋਂ ਪੁੱਛੇ ਕਿ ਕੌਣ-ਕੌਣ ਬੋਲਦਾ ਹੈ ਤਾਂ ਬਾਲਕ ਸੁਣ ਕੇ ਜੋ ਕਹੇਗਾ, ਵੱਖ-ਵੱਖ ਕਰਕੇ ਉਨ੍ਹਾਂ ਬਾਰੇ ਦੱਸੇਗਾ॥ ੧੭॥

ਇਹ ਮਮ ਪਿਤਾ ਬਾਕ, ਇਹ ਮਾਤਾ। ਇਹ ਭਗਨੀ ਬਚ, ਇਹ ਕਹਿ ਭ੍ਰਾਤਾ।
ਇਮ ਸਮਝਹਿੰਗੋ ਹੁਇ ਸਵਧਾਨਾ। ਲਿਖਿ ਗੁਰਬਾਨੀ ਸੁਫਲ ਮਹਾਨਾ' ॥੧੮॥

ਉਹ ਕਹੇਗਾ ਇਹ ਮੇਰੇ ਪਿਤਾ ਜੀ ਦੇ ਬਚਨ ਹਨ, ਇਹ ਮੇਰੀ ਮਾਤਾ ਕਹਿ ਰਹੀ ਹੈ, ਇਹ ਮੇਰੀ ਭੈਣ ਦੀ ਆਵਾਜ਼ ਹੈ, ਇਹ ਮੇਰਾ ਭਰਾ ਕਹਿ ਰਿਹਾ ਹੈ। ਇਸ ਤਰ੍ਹਾਂ ਸਮਝ ਕੇ ਸਾਵਧਾਨ ਹੋ ਜਾਵੋ, ਗੁਰਬਾਣੀ ਲਿਖ ਕੇ ਮਹਾਨ ਸਫਲਤਾ ਪ੍ਰਾਪਤ ਕਰੋ" ॥ ੧੮॥

ਇਮ ਸੁਨਿ ਕੈ ਭਾਈ ਗੁਰਦਾਸੂ। ਧਰਜੋ ਸੀਸ ਪਗ ਪੰਕਜ ਪਾਸੂ।
ਕ੍ਰਿਪਾ ਦ੍ਰਿਸ਼ਟਿ ਗੁਰ ਕੀ ਤਬਿ ਪਾਈ। ਤੀਨ ਕਾਲ ਗਜਾਤਾ ਹੁਇ ਆਈ ॥੧੯॥

ਇਹ ਸੁਣ ਕੇ ਭਾਈ ਗੁਰਦਾਸ ਨੇ ਚਰਨ ਕੰਵਲਾਂ ਤੇ ਸਿਰ ਧਰਿਆ, ਤਦ ਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਪ੍ਰਾਪਤ ਕੀਤੀ ਅਤੇ ਤਿੰਨਾਂ ਲੋਕਾਂ ਦਾ ਗਿਆਨ ਹੋ ਗਿਆ॥ ੧੯॥

ਕਾਗਦ ਕੇ ਸੁਧਾਰ ਕਰਿ ਪਤਰੇ। ਰੁਚਿਰ ਪ੍ਰਮਾਨ ਕੀਨਿ ਤਬਿ ਕਤਰੇ।
ਪਾਇ ਨੀਰ ਸਜਾਹੀ ਕਰਿ ਤਜਾਰੀ। ਗੁਰੂ ਸਿਮਰ ਲੇਖਣ ਕਰ ਧਾਰੀ॥ ੨੦॥

ਫਿਰ ਉਨ੍ਹਾਂ ਕਾਗਜ਼ ਦਿਆਂ ਪੱਤਰਿਆਂ ਨੂੰ ਸੁਧਾਰਿਆ ਤੇ ਫਿਰ ਕੱਤਰ ਕੇ ਇਕ ਅੰਦਾਜ਼ੇ ਨਾਲ ਸੁੰਦਰ ਬਣਾਏ। ਪਾਣੀ ਪਾ [illegible]

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਅਰਜਨ ਪੋਥੀ ਤਬਿ ਖੋਲੀ। ਹੇਤ ਲਿਖਾਵਨਿ ਗਿਰਾ ਅਮੋਲੀ।
ਪ੍ਰਥਮ ਸਿਮਰ ਸ੍ਰੀ ਨਾਨਕ ਨਾਮੂ। ਨਮੋ ਕੀਨਿ ਧਰਿ ਧ੍ਯਾਨ ਭਿਰਾਮੂ॥ ੨੧॥

ਗੁਰੂ ਅਰਜਨ ਦੇਵ ਜੀ ਨੇ ਫਿਰ ਪੋਥੀ ਖੋਲ੍ਹੀ ਅਤੇ ਅਮੋਲਕ ਬਚਨ ਲਿਖਾਉਣ ਦੀ ਤਿਆਰੀ ਕੀਤੀ। ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਨੂੰ ਯਾਦ ਕੀਤਾ, ਅਤੇ ਉਨ੍ਹਾਂ ਦਾ ਧਿਆਨ ਧਾਰ ਕੇ ਨਮਸਕਾਰ ਕੀਤੀ॥ ੨੧॥

ਪੂਰਬ ਸ੍ਰੀ ਜਪੁਜੀ ਲਿਖਵਾਈ। ਰੁਚਿਰ ਮੰਗਲਾਚਰਨ ਸੁਹਾਈ।
ਪੌੜੀ ਸਾਢੇ ਚਾਰ ਉਚਾਰੀ। ਪਾਰਬ੍ਰਹਮ ਬਰਨਨ ਸੁਖਕਾਰੀ॥ ੨੨॥

ਸਭ ਤੋਂ ਪਹਿਲਾਂ ਜਪੁਜੀ ਸਾਹਿਬ ਲਿਖਵਾਇਆ, ਸੁੰਦਰ ਮੰਗਲਾਚਰਨ ਬੜੀ ਸੁਹਾਈ। ਫਿਰ ਸਾਢੇ ਚਾਰ ਪੌੜੀਆਂ ਦਾ ਉਚਾਰਨ ਕੀਤਾ ਅਤੇ ਸੁਖਦਾਇਕ ਪਾਰਬ੍ਰਹਮ ਦਾ ਵਰਣਨ ਕੀਤਾ॥ ੨੨॥

ਡੇਢ ਬਿਖੈ ਗੁਰ ਮਹਿਮਾ ਕਹੀ। ਕੀਨਿ ਮੰਗਲਾ ਚਰਨੈ ਸਹੀ।
'ਜੇ ਜੁਗ ਚਾਰੇ' ਲਿਖੀ ਸੁ ਫੇਰੇ। ਇਸ ਮਹਿਂ ਭਨਯੋ ਵਿਰਾਗ ਬਡੇਰੇ॥ ੨੩॥

ਡੇਢ ਵਿਚ ਗੁਰੂ ਜੀ ਦੀ ਮਹਿਮਾ ਕੀਤੀ ਅਤੇ ਮੰਗਲਾਚਰਨ ਨੂੰ ਸਹੀ ਕੀਤਾ। 'ਜੇ ਜੁਗ ਚਾਰੇ' ਫਿਰ ਲਿਖੀ, ਇਸ ਵਿਚ ਬਹੁਤ ਵੈਰਾਗ-ਮਈ ਬਾਣੀ ਕਹੀ॥ ੨੩॥

ਸ਼੍ਰਵਨ ਮਹਾਤਮ ਚਾਰ ਮਝਾਰੀ। ਪੁਨਹਿ ਮਨਨ ਭਾਖਯੋ ਬਿਚ ਚਾਰੀ।
ਨਿੱਧ੍ਯਾਸਨ 'ਪੰਚੇ ਪਰਵਾਨ'। ਇਸ ਮਹਿਂ ਨੀਕੇ ਕੀਨਿ ਬਖਾਨ॥ ੨੪॥

ਚਾਰ ਪੌੜੀਆਂ ਵਿਚ ਸੁਣਨ ਦੇ ਮਹਾਤਮ ਨੂੰ ਕਿਹਾ, ਫਿਰ ਚਾਰ ਪੌੜੀਆਂ ਵਿਚ ਮੰਨਣ ਦੇ ਮਹਾਤਮ ਨੂੰ ਦੱਸਿਆ 'ਪੰਚ ਪਰਵਾਨ' ਵਾਲੀ ਪੌੜੀ ਵਿਚ ਵਾਰ-ਬਾਰ ਚਿੱਤ ਬ੍ਰਿੱਤੀ ਨੂੰ ਧਿਆਨ ਵਿਚ ਲਿਆਉਣ ਦੀ ਕਿਰਿਆ ਨੂੰ ਸਮਝਾਇਆ, ਇਸ ਵਿਚ ਬੜੇ ਚੰਗੇ ਢੰਗ ਨਾਲ ਸਮਝਾਇਆ ਗਿਆ॥ ੨੪॥

'ਤੂੰ ਸਦਾ ਸਲਾਮਤਿ ਨਿਰੰਕਾਰ'। ਸਾਖ੍ਯਾਤ ਪਰ ਇਹ ਤੁਕ ਚਾਰ।
ਇਹ ਕ੍ਰਮ ਪ੍ਰਿਥਮੈ ਬਰਨਨ ਕਰਯੋ। ਜਪ ਅਰੁ ਬੇਦ ਅਰਥ ਇਕ ਧਰਯੋ॥ ੨੫॥

ਪੰਚ ਪਰਵਾਨ ਅਤੇ ਅਸੰਖ ਦੀਆਂ ਤਿੰਨ ਪਉੜੀਆਂ ਤੇ ਇਨ੍ਹਾਂ ਦੇ ਅੰਤ ਵਾਲੀ ਤੁਕ ਬ੍ਰਹਮ ਦੀ ਸਾਖਯਾਤਕਾਰਤਾ ਉੱਤੇ ਇਹ ਚਾਰ ਤੁਕਾਂ ਹਨ। ਇਹ ਕਰਮ ਪਹਿਲਾਂ ਵੀ ਵਰਣਨ ਕੀਤਾ ਹੈ। ਜਪ ਅਤੇ ਵੇਦ ਸਮਾਨ ਅਰਥ ਹਨ॥ ੨੫॥

ਬ੍ਰਹਮ ਜਾਨਿਬੇ ਕੇ ਇਹ ਨਾਮੂ। ਦੋਨਹੁ ਪਦ ਸਮਸਰ ਅਭਿਰਾਮੂ।
ਯਾਂਤੇ ਪ੍ਰਥਮ ਨਾਮ 'ਜਪੁ' ਰਾਖਯੋ। ਸਭਿ ਗੁਰਬਾਣੀ ਕੋ ਇਹ ਭਾਖਯੋ॥ ੨੬॥

ਬ੍ਰਹਮ ਨੂੰ ਜਾਨਣ ਕਰਕੇ ਇਹ ਨਾਮ ਹੈ, ਦੋਵੇਂ ਪਦ ਬਿਲਕੁਲ ਇਕ ਤੁਲ ਹਨ, ਇਸ ਕਰਕੇ ਗੁਰੂ ਜੀ ਨੇ ਪਹਿਲਾ ਨਾਂ 'ਜਪੁ' ਰਖਿਆ। ਜਪੁਜੀ ਸਾਹਿਬ ਦੀ ਸਾਰੀ ਬਾਣੀ ਦਾ ਨਾਂ ਜਪੁ ਰੱਖਿਆ॥ ੨੬॥

ਕਹਿਂ ਲਗ ਕਹੌਂ ਮਹਾਤਮ ਬਾਨੀ। ਜੋ ਸਭਿ ਕੀ ਸਿਰਮੌਰ ਬਖਾਨੀ।
ਅਪਰ ਨ ਉੱਤਮ ਜਿਸ ਤੇ ਕੋਈ। ਅਰੁ ਸੁਖੇਨ ਹੀ ਪ੍ਰਾਪਤਿ ਹੋਈ॥ ੨੭॥

ਇਸ ਬਾਣੀ ਦਾ ਮਹਾਤਮ ਕਿਥੋਂ ਤਕ ਵਰਣਨ ਕਰਾਂ, ਜਿਸ ਨੂੰ ਸਭ ਬਾਣੀਆਂ ਤੋਂ ਸ਼੍ਰੋਮਣੀ ਮੰਨਿਆ ਗਿਆ ਹੈ, ਇਸ ਤੋਂ ਉਤਮ ਹੋਰ ਕੋਈ ਬਾਣੀ ਨਹੀਂ ਹੈ ਅਤੇ ਇਹ ਸੌਖੇ ਢੰਗ ਨਾਲ ਹੀ ਪ੍ਰਾਪਤ ਹੋ ਗਈ॥ ੨੭॥

Sri Satguru Jagjit Singh Ji eLlibrary NamdhariElibrary@gmail.com

ਪ੍ਰਥਮ ਰਾਗ ਸ੍ਰੀ ਰਾਗ ਲਿਖਾਵਾ। ਘਰ ਅਨੇਕ ਮਹਿਂ ਜਾਇ ਜੁ ਗਾਵਾ।
ਕਿਤਿਕ ਲਿਖੇ ਜਬਿ, ਬੂਝਤਿ ਭਏ। 'ਕਹੁ ਗੁਰਦਾਸ ਜਾਨਿ ਭੀ ਲਏ?' ॥੨੮॥

ਸਭ ਤੋਂ ਪਹਿਲਾਂ ਸ੍ਰੀ ਰਾਗ ਲਿਖਾਇਆ, ਜਿਹੜਾ ਅਨੇਕ ਘਰਾਂ ਵਿਚ ਗਾਇਆ ਜਾ ਸਕਦਾ ਹੈ। ਜਦ ਕਈ ਰਾਗ ਲਿਖੇ ਗਏ ਤਾਂ ਗੁਰੂ ਜੀ ਪੁੱਛਣ ਲੱਗੇ, "ਹੇ ਭਾਈ ਗੁਰਦਾਸ! ਦੱਸੋ, ਕੀ ਜਾਣ ਭੀ ਲਏ ਹਨ?" ॥ ੨੮॥

ਹਾਥ ਜੋਰਿ ਕੈ ਬਾਕ ਬਖਾਨਜੋ। 'ਰਾਵਰ ਕੀ ਕਰੁਨਾ ਤੇ ਜਾਨਜੋ।
ਪਤਿ ਕੋ ਬਚ ਬਹੁ ਨਰਨ ਮਝਾਰੀ। ਲੇਤਿ ਪਛਾਨ ਦੁਰੀ ਜਿਮ ਨਾਰੀ ॥੨੯॥

ਭਾਈ ਗੁਰਦਾਸ ਨੇ ਹੱਥ ਜੋੜ ਕੇ ਕਿਹਾ, "ਆਪ ਜੀ ਦੀ ਕਿਰਪਾ ਨਾਲ ਜਾਣ ਲਿਆ ਹੈ। ਬਹੁਤ ਨਾਰਾਂ ਵਿਚ ਖਲੋਤੀ ਜਿਵੇਂ ਲੁਕੀ ਹੋਈ ਪਤਨੀ ਆਪਣੇ ਪਤੀ ਦੇ ਬਚਨਾਂ ਨੂੰ ਪਛਾਣ ਲੈਂਦੀ ਹੈ॥ ੨੯॥

ਤਿਮ ਪੋਥੀ ਪਰ ਤੇ ਗੁਰ ਬੈਨ। ਲਿਖੇ ਪਛਾਨ ਚਤੁਰ ਗੁਰ ਜੈਨ।
ਅਪਰਨ ਕੇ ਜੋ ਸ਼ਬਦ ਬਨਾਏ। ਪਰਖਿ ਪਰਖਿ ਕਰਿ ਸਰਬ ਹਟਾਏ ॥੩੦॥

ਇਸ ਤਰ੍ਹਾਂ ਪੋਥੀ ਤੇ ਲਿਖੇ ਹੋਏ ਗੁਰੂ ਦੇ ਬਚਨ ਜੋ ਚਤੁਰ ਗੁਰੂ ਸਾਹਿਬਾਨ ਦੇ ਸਨ, ਪਛਾਣ ਲਏ ਹਨ। ਦੂਸਰਿਆਂ ਨੇ ਜੋ ਸ਼ਬਦ ਬਣਾਏ ਹਨ, ਪਰਖ ਪਰਖ ਕੇ ਸਭ ਹਟਾ ਦਿੱਤੇ ਹਨ" ॥ ੩੦॥

ਕਹਿ ਇਮ ਗਯੋ, ਇਕਾਕੀ ਭਏ। ਭਗਤ ਜੁ, ਆਨਿ ਦਿਖਾਈ ਦਏ।
ਜਿਨ ਦੇਖਨਿ ਤੇ ਹੋਤਿ ਉਧਾਰਾ। ਸਤਿਗੁਰ ਦੀਨਨ ਕਰਿ ਪ੍ਰਤਿਪਾਰਾ ॥੩੧॥

ਇਸ ਤਰ੍ਹਾਂ ਕਹਿ ਕੇ ਚਲੇ ਗਿਆ, ਗੁਰੂ ਜੀ ਫਿਰ ਇਕੱਲੇ ਰਹਿ ਗਏ। ਫਿਰ ਭਗਤ ਆ ਦਿਖਾਈ ਦਿੱਤੇ, ਜਿਨ੍ਹਾਂ ਨੂੰ ਵੇਖਣ ਨਾਲ ਉਧਾਰ ਹੋ ਜਾਂਦਾ ਹੈ। ਸਤਿਗੁਰੂ ਜੀ ਗਰੀਬਾਂ ਦੀ ਪਾਲਣਾ ਕਰਦੇ ਹਨ॥ ੩੧॥

ਪਦ ਅਰਬਿੰਦ ਬੰਦਨਾ ਕੀਨਸਿ। ਦਰਸ ਬਿਲੋਕਿ ਪ੍ਰੇਮ ਚਿਤ ਭੀਨਸਿ।
ਸਭਿ ਠਾਂਢੇ ਹੁਇ ਸਤੁਤਿ ਉਚਾਰੀ। ਪਾਰਬ੍ਰਹਮ ਤੁਮ ਨਰ ਤਨ ਧਾਰੀ ॥੩੨॥

ਭਗਤਾਂ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਦਰਸ਼ਨ ਕਰਨ ਨਾਲ ਉਨ੍ਹਾਂ ਦੇ ਚਿੱਤ ਪ੍ਰੇਮ ਵਿਚ ਭਿੱਜ ਗਏ। ਸਾਰੇ ਖੜੇ ਹੋ ਕੇ ਉਸਤਤਿ ਉਚਾਰਨ ਲਗੇ, "ਹੇ ਪਾਰਬ੍ਰਹਮ ਤੁਸੀਂ ਆਪ ਮਨੁੱਖੀ ਸਰੀਰ ਧਾਰਨ ਕੀਤਾ ਹੈ॥ ੩੨॥

ਘੋਰ ਜਾਨਿ ਕਲਿਜੁਗ ਕੋ ਕਾਲਾ। ਆਪ ਅਵਤਰੇ ਪ੍ਰਭੁ ਕ੍ਰਿਪਾਲਾ।
ਭਗਤ ਵਛਲ ਬਸਿ ਪ੍ਰੇਮ ਗੁਸਾਈਂ। ਸ੍ਰੀ ਅਰਜਨ ਪੰਚਮ ਤਨ ਪਾਈ ॥੩੩॥

ਕਲਿਜੁਗ ਦੇ ਸਮੇਂ ਨੂੰ ਮਾੜਾ ਜਾਣ ਕੇ ਆਪ ਕ੍ਰਿਪਾਲੂ ਪ੍ਰਭੂ ਨੇ ਅਵਤਾਰ ਲਿਆ ਹੈ। ਭਗਤਾਂ ਦਾ ਪਿਆਰਾ ਗੁਸਾਈਂ ਭਗਤਾਂ ਦੇ ਪ੍ਰੇਮ ਦੇ ਵੱਸ ਵਿਚ ਹੈ। ਸ੍ਰੀ ਅਰਜਨ ਦੇਵ ਜੀ ਨੇ ਪੰਜਵਾਂ ਸਰੀਰ ਪਾਇਆ ਹੈ॥ ੩੩॥

*ਭੁਜੰਗ ਛੰਦ*- ਮਹਾਰਾਜ ਰਾਜਾਨਿ ਰਾਜਾ ਬਿਰਾਜੋ। ਸਭੈ ਲੋਕ ਜਾਚੈਂ ਸੁ ਦਾਤਾ ਸਮਾਜੋ।
ਕਲੀ ਕਾਲ ਮੈਂ ਨਾਮ ਕੋ ਦਾਨ ਦੈ ਹੋ। ਅਨੇਕਾਨਿ ਦਾਸਾਨਿ ਕੋ ਤਾਰ ਲੈ ਹੋ ॥੩੪॥

ਆਪ ਮਹਾਰਾਜਿਆਂ ਦੇ ਰਾਜਿਆਂ ਦੇ ਵੀ ਰਾਜੇ ਹੋ। ਸਭ ਲੋਕ ਤੁਹਾਥੋਂ ਮੰਗਦੇ ਹਨ, ਤੁਸੀਂ ਸਾਰਿਆਂ ਦੇ ਦਾਤੇ ਹੋ। ਕਲਿਜੁਗ ਦੇ ਸਮੇਂ ਤੁਸੀਂ ਨਾਮ ਦਾ ਦਾਨ ਦਿੰਦੇ ਹੋ ਅਤੇ ਅਨੇਕਾਂ ਸੇਵਕਾਂ ਨੂੰ ਤੁਸੀਂ ਤਾਰਿਆ ਹੈ।। ੩੪॥

ਮਹਾਂ ਸਿੰਧੁ ਬੰਨ੍ਹੀ ਦਝੈਂ ਮੂੜ੍ਹ ਮਾਨੀ। ਤੁਹੀ ਏਕ ਰਾਖਾ ਕ੍ਰਿਪਾ ਜਾਂਹਿ ਠਾਨੀ।
ਸੁਪੰਥੰ ਸੁਖੇਨੰ ਦਿਖਾਵੋ ਸੰਦੇਹਾ। ਬਿਕਾਰੰ ਬਿਦਾਰੋ ਜਪੇ ਨਾਸ਼ ਮੋਹਾ॥ ੩੫॥

ਮਹਾਂ ਸਾਗਰ ਰੂਪੀ ਅਗਨੀ ਮੂਰਖਾਂ ਅਤੇ ਘੁਮੰਡੀਆਂ ਨੂੰ ਸਾੜਦੀ ਹੈ। ਤੁਸੀਂ ਇਕ ਰਾਖੇ ਹੋ ਜਿਨ੍ਹਾਂ ਤੇ ਤੁਸੀਂ ਕਿਰਪਾ ਕਰਦੇ ਹੋ। ਆਸਾਨ ਸ੍ਰੇਸ਼ਟ ਮਾਰਗ ਸਭ ਨੂੰ ਦਿਖਾਉਂਦੇ ਹੋ। ਵਿਕਾਰਾਂ ਨੂੰ ਮਾਰਨ ਵਾਲੇ ਹੋ ਅਤੇ ਨਾਮ ਜਪਾ ਕੇ ਮੋਹ ਦਾ ਨਾਸ਼ ਕਰਦੇ ਹੋ॥ ੩੫॥

ਤੁਹੀ ਬ੍ਰਹਮ ਗਜਾਨੀ, ਬ੍ਰਹਮੰ ਰੂਪ ਤੇਰੋ। ਤੁਹੀ ਏਕ ਈਸ਼ੰ ਸਭੈ ਲੋਕ ਚੇਰੋ।
ਤੁਹੀ ਏਕ ਰੂਪੰ, ਤੁਹੀ ਰੂਪ ਨਾਨਾ। ਤੁਹੀ ਜੀਵਕਾ ਦੇਂ, ਕਰੈਂ ਜੀਵ ਖਾਨਾ॥ ੩੬॥

ਤੁਸੀਂ ਹੀ ਬ੍ਰਹਮ ਗਿਆਨੀ ਹੋ ਅਤੇ ਤੁਸੀਂ ਹੀ ਬ੍ਰਹਮ ਰੂਪ ਹੋ। ਤੁਸੀਂ ਹੀ ਇਕ ਈਸ਼ਵਰ ਹੋ ਅਤੇ ਸਭ ਲੋਕ ਤੁਹਾਡੇ ਸੇਵਕ ਹਨ। ਤੁਸੀਂ ਹੀ ਇਕ ਰੂਪ ਹੋ ਅਤੇ ਤੁਸੀਂ ਹੀ ਅਨੇਕ ਰੂਪ ਹੋ। ਤੁਸੀਂ ਹੀ ਰੋਜ਼ੀ ਦਿੰਦੇ ਹੋ ਅਤੇ ਸਾਰੇ ਖਾਣਾ ਖਾਂਦੇ ਹਨ॥

ਕਰੀ ਸੇਵ ਹੇਰੋ ਕਰਾਮਾਤ ਦਾਨੀ। ਗੁਨੱਗਜੰ ਸਰੱਬਜੰ, ਕ੍ਰਿਤੱਗਜੰ ਪ੍ਰਮਾਨੀ।
ਅਮਾਨੰ ਸਮਾਨੰ ਸਮਾਨੰ ਬ੍ਰਿਤੀਹੈ। ਉਦਾਰੰ ਅਪਾਰੰ ਨ ਕੈਸੇ ਮਿਤੀ ਹੈ॥ ੩੭॥

ਕੀਤੀ ਸੇਵਾ ਵੇਖਦੇ ਹੋ ਤੇ ਕਰਾਮਾਤ ਦੇ ਦਾਤੇ ਹੋ। ਸਰਬ ਗੁਣ ਗਿਆਤਾ ਹੋ, ਕੀਤੇ ਦੇ ਜਾਨਣ ਵਾਲੇ ਭਲੀ ਪ੍ਰਕਾਰ ਜਾਣੇ ਜਾਂਦੇ ਹੋ। ਆਦਰ ਨਿਰਾਦਰ ਵਿਚ ਸਮਾਨ ਇਕੋ ਜੇਹੀ ਬ੍ਰਿਤੀ ਹੈ, ਅਪਾਰ ਉਦਾਰਚਿਤ ਹੋ, ਕੋਈ ਹੱਦ ਨਹੀਂ ਹੈ॥ ੩੭॥

ਤੁਹੀ ਦੀਨ ਬੰਧੁ, ਦਜ਼ਾਵਾਨ, ਦਾਤਾ। ਭਏ ਬੰਸ ਬੇਦੀਨਿ ਬੀਚੇ ਬਖ਼ਜਾਤਾ।
ਪੁਨੰ 'ਅੰਗਦੰ' ਰੂਪ ਹੋਏ ਗੁਸਾਈਂ। ਪਿਤਾ ਮੋਹਰੀ ਕੇ ਤ੍ਰਿਤੀ ਦੇਹ ਗਾਈ॥ ੩੮॥

ਤੁਸੀਂ ਹੀ ਗਰੀਬਾਂ ਦੇ ਰਖਵਾਲੇ ਹੋ, ਦਇਆਵਾਨ ਅਤੇ ਦਾਤੇ ਹੋ। ਬੇਦੀਆਂ ਦੀ ਵੰਸ਼ ਵਿਚ ਪ੍ਰਗਟ ਹੋਏ ਹੋ, ਫਿਰ ਆਪ ਪ੍ਰਭੂ ਜੀ ਗੁਰੂ 'ਅੰਗਦ ਦੇਵ' ਜੀ ਦਾ ਰੂਪ ਹੋ ਗਏ, ਫਿਰ ਮੋਹਰੀ ਦੇ ਪਿਤਾ ਜੀ ਭਾਵ ਗੁਰੂ ਅਮਰਦਾਸ ਦੇ ਰੂਪ ਵਿਚ ਤੁਸੀਂ ਤੀਸਰੀ ਦੇਹ ਧਾਰਨ ਕੀਤੀ॥ ੩੮॥

ਗੁਰੂ ਰਾਮਦਾਸੰ ਪ੍ਰਕਾਸ਼ੇ ਬਹੋਰੀ। ਭਏ ਪੰਚਮੇ ਆਪ ਰੂਪੰ ਬਹੋਰੀ।
ਸਦਾ ਸ਼ਾਂਤਿ ਚਿੱਤੰ, ਛਿਮਾਵੰਤਿ, ਧੀਰੰ। ਰਸੰ ਏਕ ਬ੍ਰਿੱਤੀ, ਅਬੈਰੰ, ਅਭੀਰੰ॥ ੩੯॥

ਫਿਰ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ। ਬਾਅਦ ਵਿਚ ਆਪ ਪੰਜਵਾਂ ਰੂਪ ਹੋ ਗਏ। ਤੁਸੀਂ ਸਦਾ ਹੀ ਸ਼ਾਂਤ ਚਿੱਤ, ਖਿਮਾਂਵੰਤ ਅਤੇ ਧੀਰਜਵਾਨ ਹੋ। ਤੁਹਾਡੀ ਬ੍ਰਿਤੀ ਸਦਾ ਇਕ ਰਸ ਰਹਿੰਦੀ ਹੈ, ਤੁਸੀਂ ਨਿਰਵੈਰ ਅਤੇ ਨਿਰਭਉ ਹੋ॥ ੩੯॥

ਜਨੰਸੌਤਿਨਾਮੰ ਕ੍ਰਿਪਾਠਾਨਿਦੀਨੰ। ਦੁਊ ਲੋਕ ਕੋ ਤ੍ਰਾਸ ਕੀਨੰ ਸੁ ਹੀਨੰ।
ਲਖੈਂ ਨਾਂਹਿ ਤੋਕੋ ਭ੍ਰਮੰਧਾਰਿ ਮੂਢਾ। ਮਹਾਂ ਸੂਖਮੰ ਰੂਪ ਗੁਢਾਨ ਗੂਢਾ॥ ੪੦॥

ਆਪਣੀ ਕਿਰਪਾ ਧਾਰ ਕੇ ਲੋਕਾਂ ਨੂੰ ਸਤਿਨਾਮ ਦਾ ਨਾਮ ਦਿੰਦੇ ਹੋ, ਦੋਹਾਂ ਲੋਕਾਂ (ਲੋਕ ਪਰਲੋਕ) ਦੇ ਡਰ ਨੂੰ ਦੂਰ ਕੀਤਾ ਹੈ। ਮੂਰਖ ਮਨੁੱਖ ਭਰਮਾਂ ਵਿਚ ਪਏ ਤੁਹਾਨੂੰ ਪਛਾਣਦੇ ਨਹੀਂ ਹਨ। ਤੁਹਾਡਾ ਮਹਾਂ ਸੂਖਮ ਰੂਪ ਗੁੱਝਿਆਂ ਤੋਂ ਗੁੱਝਾ ਹੈ॥ ੪੦॥

ਸਦਾ ਜੈ, ਸਦਾ ਜੈ, ਸਦਾ ਜੈ ਅਨੰਦੋ। ਨਮਸਤੰ, ਨਮਸਤੰ, ਨਮਸਤੰ, ਬਿਲੰਦੋ!।
ਸੁਧਾ ਬਾਕ ਬਕਤ੍ਰੰ ਸੁ ਚੰਦੈ ਮਨਿੰਦੋ। ਰਿਦੇ ਨਾਮ ਬਾਸੈ ਬਰੰ ਦੈ ਗੁਬਿੰਦੋ!' ॥੪੧॥

ਹੇ ਅਨੰਦ ਸਰੂਪ! ਤੁਹਾਡੀ ਸਦਾ ਜੈ ਹੋਵੇ, ਸਦਾ ਜੈ ਹੋਵੇ, ਸਦਾ ਜੈ ਹੋਵੇ। ਹੇ ਮਹਾਨ ਪ੍ਰਭੂ! ਤੁਹਾਨੂੰ ਨਮਸਕਾਰ ਹੈ, ਨਮਸਕਾਰ ਹੈ, ਨਮਸਕਾਰ ਹੈ। ਤੁਹਾਡੇ ਚੰਦ ਵਰਗੇ ਮੁਖ ਵਿਚੋਂ ਸਦਾ ਅੰਮ੍ਰਿਤ ਵਰਗੇ ਬਚਨ ਨਿਕਲਦੇ ਹਨ। ਹੇ ਵਰ ਦਾਤੇ ਗੋਬਿੰਦ! ਤੁਹਾਡੇ ਹਿਰਦੇ ਵਿਚ ਨਾਮ ਵੱਸਦਾ ਹੈ'॥ ੪੧॥

ਦੋਹਰਾ- ਇਮ ਅਸ਼ਟਕ ਭਗਤਨਿ ਭਨਜੋ ਪਢਹਿ ਜੁ ਨਿਤ ਕਰਿ ਪ੍ਰੇਮ।
ਸੁਤ ਬਿਤਾਦਿ ਮਨ ਬਾਂਛਤੇ ਪਾਵਹਿ ਜਨ ਜੁਤ ਖੇਮ॥ ੪੨ ॥

ਇਸ ਤਰ੍ਹਾਂ ਅੱਠਾਂ ਭਗਤਾਂ ਨੇ ਉਸਤਤਿ ਕੀਤੀ। ਜਿਹੜੇ ਵੀ ਇਸਨੂੰ ਪ੍ਰੇਮ ਨਾਲ ਨਿਤ ਪੜ੍ਹਨਗੇ ਉਹ ਪੁੱਤਰ, ਧਨ ਆਦਿ ਮੁਕਤੀ ਸਹਿਤ ਪ੍ਰਾਪਤ ਕਰਨਗੇ॥ ੪੨ ॥

ਚੌਪਈ- ਸੁਨਿ ਸ਼੍ਰੀ ਅਰਜਨ ਠਾਂਢੇ ਹ੍ਵੈ ਕੇ। ਮਧੁਰ ਬਾਕ ਤੇ ਆਦਰ ਕੈ ਕੈ।
ਸਕਲ ਬਿਠਾਏ ਨਿਕਟ ਅਨੰਦੇ। ਬੂਝਨਿ ਕਰੇ 'ਭਗਤ ਤੁਮ ਬ੍ਰਿੰਦੇ ॥੪੩ ॥

ਉਸਤਤਿ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਖੜੇ ਹੋ ਕੇ ਬੜੇ ਆਦਰ ਨਾਲ ਮਿੱਠੇ ਬਚਨ ਕਹੇ। ਸਾਰਿਆਂ ਨੂੰ ਆਪਣੇ ਪਾਸ ਬਿਠਾ ਲਿਆ ਤੇ ਪੁਛਿਆ, "ਤੁਸੀਂ ਸਾਰੇ ਭਗਤ ਇਕੱਠੇ ਹੋ ਕੇ ਆਏ ਹੋ॥ ੪੩ ॥

ਸਗਰੇ ਅਪਨੋ ਨਾਮ ਸੁਨਾਵੋ। ਪੁਨਿ ਆਗਮ ਕੋ ਹੇਤੁ ਬਤਾਵੋ।
ਕਿਸ ਪ੍ਰਕਾਰ ਤੁਮ ਕਰੁਨਾ ਕਰੀ। ਮਹਾਂ ਸੁਫਲ ਮਿਲਿਬੇ ਤੁਮ ਘਰੀ' ॥੪੪ ॥

ਸਾਰੇ ਆਪਣਾ ਆਪਣਾ ਨਾਮ ਸੁਣਾਵੋ, ਫਿਰ ਆਉਣ ਦਾ ਕਾਰਨ ਦੱਸੋ। ਕਿਸ ਪ੍ਰਕਾਰ ਤੁਸੀਂ ਕਿਰਪਾ ਕੀਤੀ ਹੈ, ਤੁਹਾਨੂੰ ਮਿਲਕੇ ਇਹ ਘੜੀ ਮਹਾਂ ਸੁਫਲ ਹੋ ਗਈ ਹੈ" ॥ ੪੪ ॥

ਕਹਜੋ ਕਬੀਰ ਜੋਰਿ ਜੁਗ ਹਾਥ। 'ਸੁਨਹੁ ਸਕਲ ਸ਼੍ਰੀ ਅਰਜਨ ਨਾਥ।
ਬੇਣੀ, ਨਾਮੁ ਦੇਵ, ਰਵਿਦਾਸ। ਪੀਪਾ, ਸਧਨਾ, ਸੈਣ ਪ੍ਰਕਾਸ਼॥ ੪੫ ॥

ਭਗਤ ਕਬੀਰ ਜੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਹੇ ਸਵਾਮੀ ਗੁਰੂ ਅਰਜਨ ਦੇਵ ਜੀ! ਸਾਰਿਆਂ ਦੇ ਨਾਂ ਸੁਣੋ। ਬੇਣੀ, ਨਾਮਦੇਵ, ਰਵਿਦਾਸ, ਪੀਪਾ, ਸਧਨਾ, ਸੈਣ ਇਹ ਨਾਂ ਪ੍ਰਗਟ ਹੋਏ ਹਨ॥ ੪੫ ॥

ਭੀਖਨ, ਧੰਨਾ ਅਰੁ ਜੈ ਦੇਵ। ਬਿੱਪ੍ਰ ਤ੍ਰਿਲੋਚਨ, ਸ਼੍ਰੀ ਗੁਰਦੇਵ !।
ਪਰਮਾਨੰਦ, ਰਾਮਾਨੰਦ ਜਾਨੋ। ਮੈਂ ਜੁ ਕਬੀਰ, ਫਰੀਦ ਪ੍ਰਮਾਨੋ ॥੪੬ ॥

ਹੇ ਗੁਰਦੇਵ! ਭੀਖਨ, ਧੰਨਾ, ਜੈ ਦੇਵ ਬ੍ਰਾਹਮਣ, ਤ੍ਰਿਲੋਚਨ ਇਨ੍ਹਾਂ ਦੇ ਸ਼ੁਭ ਨਾਂ ਹਨ। ਇਨ੍ਹਾਂ ਨੂੰ ਪਰਮਾਨੰਦ, ਰਾਮਾਨੰਦ ਜਾਣੋ, ਮੈਨੂੰ ਕਬੀਰ ਤੇ ਇਨ੍ਹਾਂ ਨੂੰ ਫਰੀਦ ਪ੍ਰਮਾਣਿਤ ਕਰੋ॥ ੪੬ ॥

ਸੂਰਦਾਸ, ਜੁਤ ਪੰਦ੍ਰਹਿ ਕਹੀਐ। ਚਾਰ ਅਪਰ ਇਨ ਨਾਮ ਸੁ ਲਹੀਐ।
ਮੂਸਨ, ਮਸਕਨ, ਸੰਮਨ ਏਹੋ। ਚੌਥੋ ਦਾਸ ਜਮਾਲ ਲਖੇ ਹੋ॥ ੪੭ ॥

ਸੂਰਦਾਸ ਸਮੇਤ ਪੰਦਰਾਂ ਕਹੋ, ਚਾਰ ਹੋਰ ਹਨ ਉਨ੍ਹਾਂ ਦੇ ਨਾਂ ਵੀ ਸੁਣੋ। ਇਹ ਹਨ ਮੂਸਨ, ਮਸਕਨ ਅਤੇ ਸੰਮਨ, ਚੌਥਾ ਜਮਾਲ ਜਾਣ ਲਵੋ॥ ੪੭ ॥

ਨੋਟ:- ਕਈ ਵਿਦਵਾਨ ਚਉਬੋਲਿਆਂ ਵਿਚ ਚਾਰ ਭਗਤਾਂ ਦੇ ਨਾਮ ਇਸ ਤਰ੍ਹਾਂ ਦੱਸਦੇ ਹਨ, ਮੂਸਨ, ਸੰਮਨ, ਜਮਾਲ ਅਤੇ ਪਤੰਗ, ਇਥੇ ਮਸਕਨ ਤੋਂ ਭਾਵ ਪਤੰਗ ਹੈ, ਕਿਉਂਕਿ ਮਸਕਨ ਦਾ ਪਦ ਅਰਥ ਪਤੰਗ ਹੈ।

ਅਬਿ ਆਗਮਨ ਕਾਜ ਸੁਨਿ ਲੀਜਹਿ। ਉਰ ਬਿਚਾਰ ਪੁਨ ਪੂਰਨ ਕੀਜਹਿ।
ਬੇਦ ਕਹੈ ਨਾਰਾਇਨ ਸ੍ਵਾਸ। ਕਮਲਾਸਨ ਸ਼ੁਭ ਕੀਨਿ ਪ੍ਰਕਾਸ਼॥ ੪੮ ॥

ਹੁਣ ਆਉਣ ਦਾ ਕਾਰਨ ਸੁਣ ਲਵੋ, ਹਿਰਦੇ ਵਿਚ ਵਿਚਾਰ ਕੇ ਫਿਰ ਪੂਰਾ ਕਰੋ। ਵੇਦ ਨੂੰ ਨਾਰਾਇਨ ਦੇ ਸਵਾਸ ਕਹਿੰਦੇ ਹਨ। ਬ੍ਰਹਮਾ ਨੇ ਲਿਖ ਕੇ ਇਨ੍ਹਾਂ ਦਾ ਪ੍ਰਕਾਸ਼ ਕੀਤਾ॥ ੪੮ ॥

ਬਹੁਰ ਬਜਾਸ ਬਿਸਤਾਰ ਬਨਾਵਾ। ਨਰਨ ਉਧਾਰਨ ਹੇਤੁ ਉਪਾਵਾ।
ਤਿਨ ਮਹਿਂ ਬਾਮ ਦੇਵ ਤੇ ਆਦਿ। ਸਾਖੀ ਲਿਖੀ ਮਨੀਨ ਬਿਬਾਦ॥ ੪੯ ॥

ਫਿਰ ਰਿਸ਼ੀ ਵੇਦ ਵਿਆਸ ਨੇ ਇਸਦਾ ਵਿਸਥਾਰ ਕੀਤਾ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਉਤਪਤ ਕੀਤੀ। ਇਨ੍ਹਾਂ ਵਿਚ ਬਾਮ ਦੇਵ ਆਦਿ ਦੀਆਂ ਸਾਖੀਆਂ ਤੇ ਮੁਨੀਆਂ ਦੇ ਝਗੜੇ ਲਿਖੇ ਹਨ॥ ੪੯ ॥

ਤਿਨ ਬੇਦਨਿ ਕੋ ਦੂਸਰ ਰੂਪ। ਰਚਨ ਲਗੇ ਮਤੁ ਗ੍ਰਿੰਥ ਅਨੂਪ।
ਲਿਖਹੁਂ ਇਹਾਂ ਸਾਖੀ ਭਗਤਨਿ ਕੀ। ਭਈ ਬਾਰਤਾ ਜਿਮ ਪ੍ਰਭੁ ਜਨ ਕੀ॥੫੦॥

ਉਨ੍ਹਾਂ ਵੇਦਾਂ ਦਾ ਦੂਸਰਾ ਰੂਪ ਤੁਸੀਂ ਆਪਣੀ ਮੱਤ ਦੇ ਅਨੂਪਮ ਗ੍ਰੰਥ ਦੀ ਰਚਨਾ ਕਰਨ ਲੱਗੇ ਹੋ। ਇਸ ਵਿਚ ਭਗਤਾਂ ਦੀਆਂ ਸਾਖੀਆਂ ਵੀ ਲਿਖੋ, ਪ੍ਰਭੂ ਦੇ ਭਗਤਾਂ ਦੀਆਂ ਜਿਵੇਂ ਵਾਰਤਾਵਾਂ ਹੋਈਆਂ ਬੀਤੀਆਂ ਹਨ॥ ੫੦ ॥

ਕਲਿਜੁਗ ਘੋਰ ਮੰਦ ਮਤਿ ਜਾਨੇ। ਤਿਨ ਹਿਤ ਰਚਹੁ ਸੁਖੇਨ ਮਹਾਨੇ।
ਇਸ ਮਹਿਂ ਸ਼ਬਦ ਲਿਖਾਇ ਹਮਾਰੇ। ਉਪਦੇਸ਼ਨ ਹਿਤ ਦਿਹੁ ਬਿਸਤਾਰੇ' ॥੫੧॥

ਕਲਿਜੁਗ ਵਿਚ ਭਿਆਨਕ ਮਾੜੀ ਮੱਤ ਵਾਲੇ ਰਹਿੰਦੇ ਹਨ, ਉਨ੍ਹਾਂ ਵਾਸਤੇ ਬੜੇ ਆਸਾਨ ਗ੍ਰੰਥ ਦੀ ਰਚਨਾ ਕਰੋ। ਇਸ ਵਿਚ ਸਾਡੇ ਸ਼ਬਦ ਲਿਖੋ, ਉਪਦੇਸ਼ ਵਾਸਤੇ ਵਿਸਥਾਰ ਦੇਵੋ॥ ੫੧ ॥

ਸ੍ਰੀ ਅਰਜਨ ਸੁਨਿ ਭਗਤਨਿ ਬਿਨਤੀ। ਹੇਤੁ ਲਿਖਾਵਨਿ ਕੀਨਸਿ ਗਿਨਤੀ।
ਸਭਿਹਿਨਿ ਸੋਂ ਸ਼੍ਰੀ ਗੁਰ ਫੁਰਮਾਯੋ। 'ਪ੍ਰਥਮ ਜੁ ਤੁਮ ਨੇ ਕਛੂ ਬਨਾਯੋ॥ ੫੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਦੀ ਬੇਨਤੀ ਸੁਣ ਕੇ ਲਿਖਵਾਉਣ ਵਾਸਤੇ ਵਿਚਾਰ ਕੀਤੀ। ਸਾਰਿਆਂ ਨੂੰ ਗੁਰੂ ਜੀ ਨੇ ਫੁਰਮਾਇਆ, "ਪਹਿਲਾਂ ਜੋ ਕੁਝ ਤੁਸੀਂ ਲਿਖਿਆ ਹੈ॥ ੫੨ ॥

ਸੋਨ ਚਢਾਵਹਿਂ ਗ੍ਰਿੰਥ ਮਝਾਰੀ। ਰਚਹੁ ਅਬਹਿ ਇਸਕੇ ਅਨੁਸਾਰੀ।
ਜਥਾ ਕ੍ਰੰਮ ਬਾਨੀ ਸੁ ਬਨਾਓ। ਪ੍ਰਥਕ ਪ੍ਰਥਕ ਬਿਚ ਰਾਗ ਲਿਖਾਓ' ॥ ੫੩ ॥

ਸੁਣ ਕੇ ਗ੍ਰੰਥ ਵਿਚ ਚੜ੍ਹਾਵਾਂਗੇ, ਪਹਿਲਾਂ ਇਸ ਨੂੰ ਇਸ ਅਨੁਸਾਰ ਲਿਖੋ, ਯੋਗ ਕਰਮ ਅਨੁਸਾਰ ਬਾਣੀ ਬਣਾਓ ਤੇ ਇਕੱਲੇ-ਇਕੱਲੇ ਰਾਗ ਵਿਚ ਲਿਖਾਉ" ॥ ੫੩ ॥

ਸੁਨਿ ਹਰਖੇ ਸਭਿ ਭਗਤ ਬਿਸਾਲਾ। 'ਧੰਨ ਧੰਨਾ' ਉਚਰਹਿਂ ਤਿਸ ਕਾਲਾ।
ਲਗੇ ਬਨਾਵਨਿ ਗਿਰਾ ਨਵੀਨ। ਬੈਠਿ ਸਮੀਪੀ ਗੁਰੂ ਪ੍ਰਬੀਨ॥ ੫੪ ॥

ਸਾਰੇ ਭਗਤ ਸੁਣ ਕੇ ਬਹੁਤ ਖੁਸ਼ ਹੋਦੇ ਤੇ ਉਸ ਸਮੇਂ 'ਧੰਨ ਧੰਨਾ' ਕਹਿਣ ਲੱਗ ਗਏ। ਨਵੀਂ ਬਾਣੀ ਬਣਾਉਣ ਲੱਗੇ, ਨਿਪੁੰਨ ਗੁਰੂ ਜੀ ਪਾਸ ਬੈਠ ਗਏ॥ ੫੪ ॥

*ਤੀਸਰੀ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੧ ॥*

❖❖❖

# ਅਧਿਆਇ ਬਤਾਲ੍ਹੀਵਾਂ

## ਭਗਤ ਬਾਣੀ ਚੜ੍ਹਾਈ

ਦੋਹਰਾ-ਸ੍ਰੀ ਅਰਜਨ ਅਰਜ਼ਿਨ ਸੁਨਹਿਂ, ਅਰਜੁਨ ਜਸੁ ਉਪਜਾਇ।
ਸਮੈ ਦੁਪਹਿਰੀ ਲਗਿ ਗੁਰੂ ਬੈਠਿ ਗ੍ਰਿੰਥ ਲਿਖਵਾਇਂ ॥ ੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਬੇਨਤੀਆਂ ਸੁਣਦੇ ਸਨ ਤੇ ਉਨ੍ਹਾਂ ਦਾ ਉੱਜਲ ਜੱਸ ਹੁੰਦਾ ਸੀ। ਦੁਪਹਿਰ ਤਕ ਗੁਰੂ ਜੀ ਗ੍ਰੰਥ ਲਿਖਵਾਉਂਦੇ ਸਨ॥ ੧ ॥

ਚੌਪਈ- ਸੁਧਾ ਸਰੋਵਰ ਪੁਨ ਚਲਿ ਆਵਹਿਂ। ਕਰਹਿਂ ਪ੍ਰਦੱਛਨ ਸੀਸ ਨਿਵਾਵਹਿਂ।
ਬੈਠਹਿਂ ਜਬਹਿ ਸੰਗਤਾਂ ਬ੍ਰਿੰਦ। ਦਰਸਹਿਂ ਸਤਿਗੁਰ ਚੰਦ ਮਨਿੰਦ ॥ ੨ ॥

ਫਿਰ ਚਲ ਕੇ ਅੰਮ੍ਰਿਤ ਸਰੋਵਰ ਤੇ ਆ ਜਾਂਦੇ ਸਨ, ਪਰਿਕਰਮਾ ਕਰਕੇ ਮੱਥਾ ਟੇਕਦੇ ਸਨ। ਜਦ ਸੰਗਤਾਂ ਦੇ ਇਕੱਠ ਵਿਚ ਬੈਠਦੇ ਸਨ ਤਾਂ ਸਿੱਖ ਚੰਦ ਵਾਂਗ ਉਨ੍ਹਾਂ ਦੇ ਦਰਸ਼ਨ ਕਰਦੇ ਸਨ॥ ੨ ॥

ਹਰਿਮੰਦਰ ਮਹਿਂ ਹੁਇ ਦਰਬਾਰੇ। ਥਿਤਿ ਮਸੰਦ ਅਰਦਾਸ ਉਚਾਰੇਂ।
ਆਇਂ ਉਪਾਇਨ ਪਾਇਨ ਅਰਪਹਿਂ। ਸੁਰ ਸਮੁਦਾਇ ਜਾਇਂ ਜਿਮ ਹਰਿ ਪਹਿਂ ॥੩ ॥

ਹਰਿਮੰਦਰ ਸਾਹਿਬ ਦਰਬਾਰ ਲੱਗਦਾ ਸੀ। ਮਸੰਦ ਖੜੇ ਹੋ ਕੇ ਬੇਨਤੀਆਂ ਕਰਦੇ ਸਨ ਅਤੇ ਆ ਕੇ ਉਪਹਾਰ ਚਰਨਾਂ ਤੇ ਅਰਪਣ ਕਰਦੇ ਸਨ, ਜਿਵੇਂ ਸਾਰੇ ਦੇਵਤੇ ਇਕੱਠੇ ਹੋ ਕੇ ਹਰੀ ਦੇ ਪਾਸ ਜਾਂਦੇ ਹਨ॥ ੩ ॥

ਦਯਾ ਧਾਰਿ ਦਰਸ਼ਨ ਕੋ ਦੇਤਿ। ਸਿਖ ਦੇਖਤਿ ਮਨ ਬਾਂਛਤਿ ਲੇਤਿ।
ਏਕ ਜਾਮ ਤਹਿਂ ਬੈਠਿ ਬਿਤਾਵਹਿਂ। ਪੁਨ ਤੰਬੂ ਦਿਸ਼ਿ ਕੋ ਚਲਿ ਆਵਹਿਂ ॥੪ ॥

ਗੁਰੂ ਜੀ ਦਇਆ ਧਾਰ ਕੇ ਦਰਸ਼ਨ ਦਿੰਦੇ ਸਨ, ਸਿੱਖ ਵੇਖ ਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਇਕ ਪਹਿਰ ਉਥੇ ਬੈਠ ਕੇ ਬਤੀਤ ਕਰਦੇ ਸਨ, ਫਿਰ ਚਲ ਕੇ ਤੰਬੂ ਵਾਲੇ ਪਾਸੇ ਆ ਜਾਂਦੇ ਸਨ॥ ੪ ॥

ਰਾਤਿ ਦਿਵਸ ਬੀਤਹਿ ਬਿਚ ਡੇਰੇ। ਸ਼ਬਦ ਬਨਾਇ ਲਿਖਾਇਂ ਘਨੇਰੇ।
ਭਗਤਿ ਵਿਰਾਗ ਗ੍ਯਾਨ ਗੁਨ ਸਾਨੀ। ਨਾਨਾ ਬਿਧਿਨਿ ਬਨਾਵਹਿਂ ਬਾਨੀ ॥੫ ॥

ਰਾਤ ਦਿਨ ਡੇਰੇ ਵਿਚ ਬਤੀਤ ਕਰਦੇ ਸਨ, ਸ਼ਬਦ ਬਣਾ ਕੇ ਫਿਰ ਲਿਖਾਉਂਦੇ ਸਨ। ਭਗਤੀ, ਵਿਰਾਗ ਅਤੇ ਗਿਆਨ ਦੇ ਗੁਣਾਂ ਨਾਲ ਮਿਲੀ ਹੋਈ, ਕਈ ਪ੍ਰਕਾਰ ਦੀ ਬਾਣੀ ਬਣਾਉਂਦੇ ਸਨ॥ ੫ ॥

ਇਸ ਪ੍ਰਕਾਰ ਨਿਤ ਪ੍ਰਤਿ ਵਿਵਹਾਰੇ। ਕਿਤਿਕ ਦਿਵਸ ਸਤਿਗੁਰੂ ਗੁਜ਼ਾਰੇ।
ਲਿਖੇ ਸ਼ਬਦ ਭਗਤਨਿ ਕੇ ਜਬੈ। ਕਹਿ ਗੁਰਦਾਸ ਬਿਸਮ ਉਰ ਤਬੈ ॥੬ ॥

ਇਸ ਪ੍ਰਕਾਰ ਸਦਾ ਪ੍ਰੀਤ ਵਿਹਾਰ ਕਰਦੇ ਸਨ। ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ। ਜਦ ਭਗਤਾਂ ਦੇ ਸ਼ਬਦ ਲਿਖੇ ਤਾਂ ਦਿਲ ਵਿਚ ਪ੍ਰਸੰਨ ਹੋ ਕੇ ਭਾਈ ਗੁਰਦਾਸ ਨੇ ਕਿਹਾ॥ ੬ ॥

'ਪੰਚੋਂ ਪਾਤਿਸ਼ਾਹਿ ਕੀ ਗਿਰਾ। ਅੰਤ ਨਾਮ ਸ੍ਰੀ ਨਾਨਕ ਧਰਾ।
ਅਬਹਿ ਆਪ ਭਗਤਨਿ ਕੇ ਨਾਮੂ। ਅੰਤ ਸ਼ਬਦ ਕੇ ਧਰਹੁ ਭਿਰਾਮੂ॥ ੭॥

"ਪੰਜਾਂ ਪਾਤਿਸ਼ਾਹੀਆਂ ਦੀ ਬਾਣੀ ਵਿਚ ਅਖੀਰ 'ਤੇ ਨਾਮ ਨਾਨਕ ਹੀ ਰਖਿਆ ਹੈ। ਹੁਣ ਆਪ ਭਗਤਾਂ ਦੇ ਨਾਂ ਸ਼ਬਦ ਦੇ ਅੰਤ ਵਿਚ ਲਿਖਾਏ ਹਨ॥ ੭॥

ਦੀਖਤਿ ਇਹਾਂ ਭਗਤ ਨਹਿਂ ਕੋਈ। ਸ੍ਰੀ ਗੁਰ ਜੀ ਸੰਸੈ ਦਿਹੁ ਖੋਈ'।
ਸ੍ਰੀ ਅਰਜਨ ਤਬਿ ਬਾਕ ਬਖਾਨੇ। 'ਜੇ ਚਿਤ ਚਾਹਤਿ ਇਸ ਕਹੁ ਜਾਨੇ॥ ੮॥

ਪਰ ਏਥੇ ਤਾਂ ਕੋਈ ਭਗਤ ਦਿਖਾਈ ਨਹੀਂ ਦਿੰਦਾ ਹੈ, ਹੇ ਗੁਰੂ ਜੀ ! ਮੇਰੇ ਇਸ ਸੰਸੇ ਨੂੰ ਦੂਰ ਕਰੋ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਬਚਨ ਕੀਤੇ, "ਜੇ ਦਿਲ ਵਿਚ ਚਾਹੁੰਦੇ ਹੋ ਤਾਂ ਇਸ ਨੂੰ ਵੀ ਜਾਣ ਲਵੋ॥ ੮॥

ਜੋ ਤਵ ਸਮੈਂ ਆਗਮਨ ਕੇਰੋ। ਪ੍ਰਾਤ ਦੁ ਘਟਿਕਾ ਆਉ ਅਗੇਰੋ।
ਤਬਿ ਸੰਸੈ ਤੁਵ ਹੋਹਿ ਬਿਨਾਸ਼ੀ।' ਸੁਨਿ ਗੁਰਦਾਸ ਲਹਜੋ ਸੁਖਰਾਸੀ॥ ੯॥

ਜੋ ਸਵੇਰੇ ਤੇਰੇ ਆਉਣ ਦਾ ਵੇਲਾ ਹੈ, ਉਸ ਤੋਂ ਦੋ ਘੜੀਆਂ ਪਹਿਲਾਂ ਆਵੇਂ। ਤਦ ਤੇਰੇ ਸ਼ੰਕੇ ਦੂਰ ਹੋ ਜਾਵਣਗੇ। ਸੁਣ ਕੇ ਭਾਈ ਗੁਰਦਾਸ ਜੀ ਗੁਰੂ ਜੀ ਦੀ ਗੱਲ ਨੂੰ ਸਮਝ ਗਏ॥ ੯॥

ਵਹਿਰ ਕਨਾਤ ਕਿਤਿਕ ਥਲ ਤਜਾਗਾ। ਤਹਿਂ ਭਾਈ ਕੋ ਤੰਬੂ ਲਾਗਾ।
ਲਿਖਨਿ ਸਮੈ ਹਜ਼ੂਰ ਚਲਿ ਆਵਹਿ। ਨਾਤੁਰ ਤਿਸ ਮਹਿਂ ਦਿਵਸ ਬਿਤਾਵਹਿ ॥੧੦॥

ਬਾਹਰ ਕਨਾਤ ਵਿਚ ਕਿੰਨਾ ਹੀ ਥਾਂ ਛੱਡਿਆ ਹੋਇਆ ਸੀ, ਓਥੇ ਭਾਈ ਗੁਰਦਾਸ ਜੀ ਲਈ ਤੰਬੂ ਲਗਾ ਦਿੱਤਾ। ਲਿਖਣ ਸਮੇਂ ਗੁਰੂ ਜੀ ਚਲ ਕੇ ਓਥੇ ਆ ਜਾਂਦੇ ਸਨ, ਨਹੀਂ ਤਾਂ ਬਾਕੀ ਸਮਾਂ ਉਹ ਤੰਬੂ ਵਿਚ ਹੀ ਬਤੀਤ ਕਰਦੇ ਸਨ॥ ੧੦॥

ਸੁਨਿ ਸਤਿਗੁਰ ਕੇ ਬਾਕ ਅਛੇਰੇ। ਤਬਿ ਭਾਈ ਗਮਨਜੋ ਨਿਜ ਡੇਰੇ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਰਹੀ ਜਾਮ ਕਿਯ ਸੋਚ ਬਨਾਈ॥ ੧੧॥

ਸਤਿਗੁਰੂ ਜੀ ਦੇ ਚੰਗੇ ਬਚਨ ਸੁਣ ਕੇ, ਭਾਈ ਜੀ ਆਪਣੇ ਡੇਰੇ ਚਲੇ ਗਏ। ਸੁਖ ਨਾਲ ਸੌਂ ਕੇ ਰਾਤ ਲੰਘਾਈ, ਜਦ ਪਹਿਰ ਰਾਤ ਰਹਿ ਗਈ ਤਾਂ ਸੁਚਮ ਬਣਾਈ॥ ੧੧॥

ਗੁਰ ਢਿਗ ਪਹੁੰਚਨਿ ਸਮੈ ਲਖਾਯੋ। ਦ੍ਵੈ ਘਟਿਕਾ ਆਗੈ ਚਲਿ ਆਯੋ।
ਤਿਸ ਛਿਨ ਸਤਿਗੁਰ ਕੇ ਚਹੁੰ ਦਿਸ਼ ਮੈਂ। ਚਰਚਾ ਕਰਤਿ ਭਗਤ ਪ੍ਰਭੁ ਰਸ ਮੈਂ ॥੧੨॥

ਗੁਰੂ ਜੀ ਪਾਸ ਪਹੁੰਚਣ ਦਾ ਸਮਾਂ ਜਾਣਿਆਂ, ਤਾਂ ਦੋ ਘੜੀਆਂ ਪਹਿਲਾਂ ਹੀ ਚਲ ਕੇ ਆ ਗਏ। ਉਸ ਸਮੇਂ ਸਤਿਗੁਰੂ ਜੀ ਦੇ ਚਾਰੇ ਪਾਸੇ, ਭਗਤ ਪ੍ਰਭੂ ਰਸ ਵਿਚ ਭਿੱਜੇ ਚਰਚਾ ਕਰ ਰਹੇ ਸਨ॥ ੧੨॥

ਸਹਿਮ ਰਹਜੋ ਠਾਂਢੋ ਤਿਸ ਥਾਈਂ। ਜਹਿਂ ਦਰ ਹੁਤੋ ਆਇਬੇ ਜਾਈ।
ਉਠੇ ਭਗਤ ਨਿਜ ਸਦਨ ਸਿਧੈਬੇ। ਤਬਿ ਗੁਰਦਾਸ ਸਰਬ ਦਰਸੈਬੇ॥ ੧੩॥

ਸਹਿਮ ਕੇ ਉਸ ਥਾਂ ਖੜਾ ਰਿਹਾ ਜਿਥੇ ਆਉਣ ਜਾਣ ਦਾ ਰਸਤਾ ਸੀ। ਭਗਤ ਉੱਠ ਕੇ ਆਪਣੇ ਘਰਾਂ ਨੂੰ ਚਲ ਪਏ, ਤਦ ਭਾਈ ਗੁਰਦਾਸ ਨੇ ਸਾਰਿਆਂ ਦੇ ਦਰਸ਼ਨ ਕੀਤੇ॥ ੧੩॥

ਭਗਤ ਕਬੀਰ ਆਦਿ ਜੇ ਸਗਰੇ। ਦੇਖਤਿ ਜਾਨੇ ਅਬਿ ਇਹ ਡਗਰੇ।
ਧਾਇ ਪਰਜੋ ਚਰਨਨਿ ਸਭਿਹੀ ਕੇ। ਜੋਰਿ ਹਾਥ ਬੰਦਨ ਕਰਿ ਨੀਕੇ॥ ੧੪॥

ਭਗਤ ਕਬੀਰ ਆਦਿ ਜਿਹੜੇ ਸਾਰੇ ਸਨ ਵੇਖ ਕੇ ਜਾਣਿਆ ਕਿ ਇਹ ਹੁਣ ਰਾਹ ਪੈ ਚਲੇ ਹਨ। ਦੌੜ ਕੇ ਸਾਰਿਆਂ ਦੀ ਚਰਨੀਂ ਪੈ ਗਏ। ਹੱਥ ਜੋੜ ਕੇ ਚੰਗੀ ਤਰਾਂ ਬੰਦਨਾ ਕੀਤੀ॥ ੧੪॥

Sri Satguru Jagjit Singh Ji eLlibrary NamdhariElibrary@gmail.com

ਤਬਿ ਸਭਿ ਭਗਤਨਿ ਇਸ ਕੋ ਬੰਦਯੋ। ਕੁਸ਼ਲ ਪ੍ਰਸ਼ਨ ਤੇ ਅਧਿਕ ਅਨੰਦਯੋ।
ਨਿਜ ਨਿਜ ਨਾਮ ਸੁਨਾਵਨਿ ਕਰਯੋ। ਮਿਲੇ ਸਕਲ ਉਰ ਸੰਸੈ ਹਰਯੋ॥੧੫॥

ਤਦ ਸਾਰੇ ਭਗਤਾਂ ਨੇ ਇਸ ਨੂੰ ਬੰਦਨਾ ਕੀਤੀ, ਕੁਸ਼ਲਤਾ ਪੁੱਛ ਕੇ ਬਹੁਤ ਅਨੰਦਮਈ ਕਰ ਦਿੱਤਾ। ਸਾਰਿਆਂ ਨੇ ਆਪਣਾ ਆਪਣਾ ਨਾਂ ਸੁਣਾਇਆ। ਸਾਰਿਆਂ ਨੂੰ ਮਿਲ ਕੇ ਦਿਲ ਦੇ ਸ਼ੰਕੇ ਦੂਰ ਹੋ ਗਏ॥ ੧੫॥

ਬਹੁਰ ਆਪਨੇ ਧਾਮ ਸਿਧਾਰੇ। ਡਰ ਧਰਿ ਕਰਿ ਗੁਰਦਾਸ ਬਿਚਾਰੇ।
ਹਮ ਢਿਗ ਪਹੁਚਹੁ, ਗੁਰ ਫੁਰਮਾਯੋ। ਮੈਂ ਨਹਿਂ ਗਯੋ ਨ ਦਰਸ਼ਨ ਪਾਯੋ॥੧੬॥

ਫਿਰ ਸਾਰੇ ਆਪਣੇ ਘਰਾਂ ਨੂੰ ਚਲੇ ਗਏ। ਡਰ ਧਾਰਨ ਕਰਕੇ ਭਾਈ ਗੁਰਦਾਸ ਜੀ ਨੇ ਵਿਚਾਰ ਕੀਤੀ ਕਿ ਗੁਰੂ ਜੀ ਨੇ ਮੈਨੂੰ ਕਿਹਾ ਸੀ ਕਿ ਮੇਰੇ ਪਾਸ ਆਉਣਾ, ਮੈਂ ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ ਅਤੇ ਨਾ ਹੀ ਉਨ੍ਹਾਂ ਦੇ ਦਰਸ਼ਨ ਕੀਤੇ ਹਨ॥ ੧੬॥

ਤਬਿ ਤੂਰਨ ਹੀ ਨਿਕਟ ਪਯਾਨਾ। ਬੰਦਨ ਕੀਨਿ ਬੰਦਿ ਜੁਗ ਪਾਨਾ।
ਮਹਿਮਾ ਲਖੀ ਮਹਿਦ ਮਹੀਯਾਨਾ। ਖਰੋ ਹੋਇ ਗੁਰ ਸੁਜਸੁ ਬਖਾਨਾ॥੧੭॥

ਤਦ ਫੌਰਨ ਗੁਰੂ ਜੀ ਦੇ ਪਾਸ ਚਲੇ ਗਿਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਵੱਡਿਆਂ ਤੋਂ ਵੱਡੇ ਭਾਵ ਗੁਰੂ ਅਰਜਨ ਦੇਵ ਜੀ ਦੀ ਮਹਿਮਾ ਨੂੰ ਸਮਝਿਆ। ਖੜੇ ਹੋ ਕੇ ਗੁਰੂ ਜੀ ਦਾ ਜੱਸ ਕੀਤਾ॥ ੧੭॥

'ਨਿਰੰਕਾਰ ਕੇ ਤੁਮ ਆਕਾਰਾ। ਸਰਗੁਨ ਰੂਪ ਬਿਸ਼ਨੁ ਤਨ ਧਾਰਾ।
ਸਤਿਜੁਗ ਮਹਿਂ ਬਾਵਨ ਬਪੁ ਪਾਵਨਿ। ਮਾਪੇ ਤੀਨ ਲੋਕ ਤ੍ਰੈ ਪਾਵਨਿ॥੧੮॥

ਤੁਸੀਂ ਨਿਰੰਕਾਰ ਦਾ ਸਰੂਪ ਹੋ, ਈਸ਼ਵਰ ਦਾ ਸਰਗੁਣ ਰੂਪ ਧਾਰਨ ਕੀਤਾ ਹੈ। ਸਤਿਜੁਗ ਵਿਚ ਬਾਵਨ ਅਵਤਾਰ ਦਾ ਸਰੀਰ ਧਾਰਿਆ ਅਤੇ ਤਿੰਨਾਂ ਲੋਕਾਂ ਨੂੰ ਤਿੰਨਾਂ ਕਦਮਾਂ ਨਾਲ ਹੀ ਮਿਣ ਲਿਆ॥ ੧੮॥

ਤ੍ਰੇਤੈ ਰਘੁਵਰ ਰੂਪ ਸੁਹਾਵਨ। ਘਾਇ ਅਗਿਨ ਰਾਖਸ਼ ਯੁਤ ਰਾਵਨ।
ਦ੍ਵਾਪੁਰ ਹੋਏ ਕ੍ਰਿਸ਼ਨ ਮੁਰਾਰੀ। ਸ਼ੱਤ੍ਰੁਨ ਸੈਨ ਅਸੰਖ ਸੰਘਾਰੀ॥ ੧੯॥

ਤ੍ਰੇਤੇ ਤੁਸੀਂ ਰਾਮ ਰੂਪ ਸੁਹਾਏ ਤੇ ਰਾਵਣ ਸਹਿਤ ਅਣਗਿਣਤ ਰਾਖਸ਼ਾਂ ਨੂੰ ਮਾਰਿਆ। ਦਵਾਪਰ ਵਿਚ ਕ੍ਰਿਸ਼ਨ ਮੁਰਾਰੀ ਹੋਏ, ਅਸੰਖਾਂ ਦੀ ਗਿਣਤੀ ਵਿਚ ਵੈਰੀ ਦੀ ਸੈਨਾ ਨੂੰ ਮਾਰਿਆ॥ ੧੯॥

ਅਬਿ ਕਲਿਜੁਗ ਕੋ ਕਾਲ ਨਿਹਾਰਾ। ਗੁਰੂ ਰੂਪ ਆਪਨਿ ਕੋ ਧਾਰਾ।
ਹਮ ਨਰ ਮੰਦ ਮਤੀ ਨਹਿਂ ਜਾਨੈਂ। ਤੁਮਰੀ ਮਹਿਮਾ ਮਹਿਦ ਮਹਾਨੈ॥੨੦॥

ਹੁਣ ਕਲਿਜੁਗ ਦੇ ਸਮੇਂ ਨੂੰ ਵੇਖਿਆ ਹੈ, ਹੁਣ ਆਪ ਜੀ ਨੇ ਗੁਰੂ ਰੂਪ ਧਾਰਨ ਕੀਤਾ ਹੈ, ਅਸੀਂ ਮਾੜੀ ਬੁੱਧੀ ਵਾਲੇ ਮਨੁੱਖ ਆਪ ਨੂੰ ਜਾਣਦੇ ਨਹੀਂ ਹਾਂ, ਤੁਹਾਡੀ ਮਹਿਮਾ ਬਹੁਤ ਮਹਾਨ ਹੈ॥ ੨੦॥

ਬਖਸ਼ਹੁ ਭੂਲ ਦਯਾ ਸਿੰਧੁ ਮੇਰੀ। ਦਾਸ ਜਾਨਿ ਰਖਿ ਲਾਜ ਬਡੇਰੀ'।
ਸ੍ਰੀ ਅਰਜਨ ਸੁਨਿ ਕੈ ਤਿਸ ਕਾਲਾ।ਬੋਲੇ ਹੋਇ ਪ੍ਰਸੰਨ ਬਿਸਾਲਾ॥ ੨੧॥

ਹੇ ਦਇਆ ਦੇ ਸਾਗਰ! ਮੇਰੀ ਭੁੱਲ ਬਖਸ਼ ਦੇਵੋ, ਮੈਨੂੰ ਦਾਸ ਜਾਣ ਕੇ ਮੇਰੀ ਲਾਜ ਰੱਖੋ।" ਗੁਰੂ ਅਰਜਨ ਦੇਵ ਜੀ ਆਪਣੀ ਉਸਤਤਿ ਸੁਣ ਕੇ, ਬਹੁਤ ਪ੍ਰਸੰਨ ਹੋ ਕੇ ਬੋਲੇ॥ ੨੧॥

'ਤੁਝ ਪਰ ਖੁਸ਼ੀ ਸੁਨਹੁ ਬਡਭਾਗੇ!। ਮਨ ਬਾਂਛਿਤ ਲੀਜਹਿ ਅਬਿ ਮਾਂਗੇ।
ਤੁਝ ਤੇ ਨਹੀਂ ਅਦੇਯ ਹਮਾਰੇ। ਸੇਵਕ ਪ੍ਰੇਮੀ ਹਮਹੁੰ ਪਿਆਰੇ'॥ ੨੨॥

"ਹੇ ਵੱਡੇ ਭਾਗਾਂ ਵਾਲੇ! ਤੇਰੇ ਉਤੇ ਮੈਂ ਬਹੁਤ ਖੁਸ਼ ਹਾਂ, ਹੁਣ ਮਨ ਚਾਹਤ ਵਸਤੂ ਮੈਥੋਂ ਮੰਗ ਲਵੋ। ਤੁਹਾਥੋਂ ਵੱਡਾ ਹੋਰ ਕੋਈ ਆਦਰਯੋਗ ਨਹੀਂ ਹੈ, ਤੁਸੀਂ ਸਾਡੇ ਸੇਵਕ ਪ੍ਰੇਮੀ ਅਤੇ ਪਿਆਰੇ ਹੋ"॥ ੨੨॥

Sri Satguru Jagjit Singh Ji eLlibrary NamdhariElibrary@gmail.com

ਤਬਿ ਕਰ ਜੋਰਿ ਕਹਜੋ ਗੁਰਦਾਸ। 'ਭਗਤ ਜੁ ਆਵਤਿ ਹੈਂ ਤੁਮ ਪਾਸ।
ਸ੍ਰੀ ਗੁਰ ਆਪ ਜਥਾ ਤਿਨ ਦਰਸਹੁ। ਚਰਚਾ ਕਰਹੁ ਸਰੀਰ ਸਪਰਸ਼ਹੁ॥ ੨੩॥

ਤਦ ਹੱਥ ਜੋੜ ਕੇ ਭਾਈ ਗੁਰਦਾਸ ਜੀ ਨੇ ਕਿਹਾ, "ਜੋ ਭਗਤ ਤੁਹਾਡੇ ਪਾਸ ਆਉਂਦੇ ਹਨ, ਗੁਰੂ ਜੀ! ਆਪ ਉਨ੍ਹਾਂ ਦੇ ਯੋਗ ਦਰਸ਼ਨ ਕਰਦੇ, ਉਨ੍ਹਾਂ ਨਾਲ ਚਰਚਾ ਕਰਦੇ ਹੋ ਅਤੇ ਉਨ੍ਹਾਂ ਦੇ ਸਰੀਰਾਂ ਨਾਲ ਸਪੱਰਸ਼ ਵੀ ਕਰਦੇ ਹੋ॥ ੨੩॥

ਤਥਾ ਦਰਸ ਮੈਂ ਤਿਨ ਕੋ ਪਾਊਂ। ਗਜਾਨ ਵਾਕ ਕੋ ਕਹੌਂ ਕਹਾਊਂ।
ਸੁਨਤਿ 'ਤਥਾਸਤੁ' ਸ੍ਰੀ ਗੁਰ ਕਹਜੋ। ਸੁਨਿ ਗੁਰ ਵਾਕ ਅਨੰਦ ਉਰ ਲਹਜੋ॥੨੪॥

ਮੇਰੀ ਇਹ ਮੰਗ ਹੈ ਕਿ ਮੈਂ ਵੀ ਉਸ ਤਰ੍ਹਾਂ ਉਨ੍ਹਾਂ ਦੇ ਦਰਸ਼ਨ ਕਰ ਸਕਾਂ, ਗਿਆਨ ਦੇ ਬਚਨ ਕਹਾਂ ਤੇ ਉਨ੍ਹਾਂ ਤੋਂ ਕਹਾਵਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਠੀਕ ਹੈ ਇਸ ਤਰ੍ਹਾਂ ਹੀ ਹੋਵੇਗਾ" ਗੁਰੂ ਜੀ ਦੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਦਿਲ ਵਿਚ ਬਹੁਤ ਪ੍ਰਸੰਨ ਹੋਏ॥ ੨੪॥

ਬਹੁਰ ਲਿਖਾਵਨਿ ਲਗੇ ਮੁਕੰਦ। ਭਰੇ ਪ੍ਰੇਮ ਸੋਂ ਸ਼ਬਦ ਸੁ ਬ੍ਰਿੰਦ।
ਜਬਹਿ ਰਾਗ ਕੋ ਭੋਗ ਸੁ ਆਵੈ। ਤਬਹਿ ਭਗਤ ਨਿਜ ਸ਼ਬਦ ਲਿਖਾਵੈਂ॥੨੫॥

ਫਿਰ ਮੁਕਤੀਦਾਤੇ ਲਿਖਾਉਣ ਲੱਗੇ, ਸ਼ਬਦ ਸਮੂਹ ਪ੍ਰੇਮ ਨਾਲ ਭਰੇ ਹੋਏ ਸਨ। ਜਦ ਰਾਗ ਦਾ ਅੰਤ ਨੇੜੇ ਆ ਜਾਂਦਾ ਸੀ ਤਾਂ ਤਦ ਭਗਤ ਆਪਣੇ ਸ਼ਬਦ ਲਿਖਾਉਂਦੇ ਸਨ॥ ੨੫॥

ਦਾਸ ਸਿੱਖ ਕੋ ਅਪਰ ਨ ਜਾਇ। ਗੁਰ, ਗੁਰਦਾਸ, ਭਗਤ ਸਮੁਦਾਇ।
ਜਿਸ ਭਵਜਲ ਮਹਿਂ ਜੀਵ ਦੁਹੇਲੇ। ਕਰਹਿਂ ਤਿਨਹੁ ਹਿਤ ਤਰਨ ਸੁਹੇਲੇ॥੨੬॥

ਕੋਈ ਹੋਰ ਸਿੱਖ ਸੇਵਕ ਓਥੇ ਨਹੀਂ ਜਾਂਦਾ ਸੀ। ਗੁਰੂ ਜੀ, ਭਾਈ ਗੁਰਦਾਸ ਤੇ ਭਗਤਾਂ ਦਾ ਇਕੱਠ ਹੀ ਉਥੇ ਹੁੰਦਾ ਸੀ। ਜਿਸ ਭਵਜਲ ਵਿਚ ਜੀਵ ਦੁਖ ਪਾ ਰਹੇ ਹਨ, ਉਨ੍ਹਾਂ ਵਾਸਤੇ ਕਰ ਰਹੇ ਸਨ ਤਾਂਕਿ ਉਹ ਆਸਾਨੀ ਨਾਲ ਇਹ ਭਵਜਲ ਤਰ ਕੇ ਪਾਰ ਹੋ ਜਾਣ॥੨੬॥

ਸ੍ਰੀ.ਮੁਖ ਤੇ ਜਿਮ ਉਚਰ ਸੁਨਾਵਹਿਂ। ਭਾਈ ਲਿਖਤਿ ਬਾਯੁ ਸਮ ਜਾਵਹਿ।
ਤੂਰਨ ਲਿਖਹਿ ਅਟਕ ਨਹਿਂ ਪਰੈ। ਥੋਰੇ ਕਾਲ ਕਾਜ ਬਹੁ ਕਰੈ॥ ੨੭॥

ਗੁਰੂ ਜੀ ਜਿਵੇਂ ਬੋਲ ਕੇ ਸੁਣਾਉਂਦੇ ਸਨ, ਭਾਈ ਜੀ ਉਸ ਸਮਾਨ ਹੀ ਹਵਾ ਵਾਂਗ ਲਿਖਦੇ ਜਾਂਦੇ ਸਨ। ਉਹ ਫੌਰਨ ਲਿਖ ਲੈਂਦੇ ਸਨ, ਕਿਤੇ ਵੀ ਅਟਕਦੇ ਨਹੀਂ ਸਨ। ਥੋੜ੍ਹੇ ਹੀ ਸਮੇਂ ਵਿਚ ਬਹੁਤ ਕੰਮ ਕਰ ਲਿਆ॥ ੨੭॥

ਆਸ਼ੇ ਸਬਦਨਿ ਕੋ ਜਬਿ ਜਾਨਹਿ। ਨਾਂਹਿ ਤ ਗੁਰ ਕੋ ਬੂਝਨ ਠਾਨਹਿ।
ਤਬਹਿ ਲਿਖਹਿ ਤਤਕਾਲ ਲਿਖਾਰੀ। ਸ੍ਰੀ ਮੁਖ ਤੇ ਸ਼ੁਭ ਜਥਾ ਉਚਾਰੀ॥੨੮॥

ਜਦ ਸ਼ਬਦਾਂ ਦੇ ਆਸ਼ੇ ਨੂੰ ਜਾਣ ਲੈਂਦੇ ਸਨ, ਨਹੀਂ ਤਾਂ ਗੁਰੂ ਜੀ ਪਾਸੋਂ ਪੁਛ ਲੈਂਦੇ ਸਨ। ਭਾਈ ਗੁਰਦਾਸ ਜੀ ਤਦ ਫੌਰਨ ਲਿਖ ਲੈਂਦੇ ਸਨ, ਗੁਰੂ ਜੀ ਜਿਵੇਂ ਵੀ ਉਚਾਰਨ ਕਰਦੇ ਸਨ॥ ੨੮॥

ਇਕ ਦਿਨ ਭਾਨੁ ਆਇ ਮੱਧਜਾਨਾ। ਸ੍ਰੀ ਗੁਰ ਗਏ ਸੁਧਾਸਰ ਥਾਨਾ।
ਦੇ ਦਰਸ਼ਨ ਬਹੁਰੋ ਮੁਰਿ ਆਏ। ਜਾਮ ਦਿਵਸ ਬੈਠੇ ਹਰਖਾਏ॥ ੨੯॥

ਇਕ ਦਿਨ ਸਿਖਰ ਦੁਪਹਿਰ ਲੱਗੀ ਹੋਈ ਸੀ ਤੇ ਸ੍ਰੀ ਗੁਰੂ ਜੀ ਅੰਮ੍ਰਿਤ ਸਰੋਵਰ ਤੇ ਗਏ ਹੋਏ ਸਨ। ਦਰਸ਼ਨ ਦੇ ਕੇ ਬਾਅਦ ਵਿਚ ਉਹ ਮੁੜ ਆਏ, ਇਕ ਪਹਿਰ ਦਿਨ ਬੈਠ ਕੇ ਬਹੁਤ ਪ੍ਰਸੰਨ ਹੋਏ॥ ੨੯॥

Sri Satguru Jagjit Singh Ji eLlibrary NamdhariElibrary@gmail.com

ਬਾਵਨ ਅਖਰੀ ਕਰੀ ਬਨਾਵਨਿ। ਉਚਰਤਿ ਮੁਖ ਤੇ ਹੇਤ ਲਿਖਾਵਨਿ।
ਆਦਿ ਅੰਤ ਧਰਿ ਏਕ ਸ਼ਲੋਕ। ਮਹਿਮਾ ਸਤਿਗੁਰ ਕੀ ਸੁਖ ਓਕ॥ ੩੦॥

ਗੁਰੂ ਜੀ ਨੇ ਬਾਵਨ ਅੱਖਰੀ ਬਣਾਈ, ਉਸ ਨੂੰ ਲਿਖਵਾਉਣ ਵਾਸਤੇ ਮੁਖ ਤੋਂ ਉਚਾਰਨ ਕਰ ਰਹੇ ਸਨ। ਆਦਿ ਅੰਤ ਵਿਚ ਇਕ ਇਕ ਸਲੋਕ ਜੋੜਿਆ ਜਿਸ ਵਿਚ ਸਤਿਗੁਰੂ ਦੀ ਸੁਖਦਾਇਕ ਮਹਿਮਾ ਕੀਤੀ ਗਈ॥ ੩੦॥

ਲਿਖਿ ਪਠਿਕੈ ਪ੍ਰਸੰਨ ਭਾ ਭਾਈ। ਕਹਿਨਿ ਲਗਯੋ 'ਬਹੁ ਰੁਚਿਰ ਬਨਾਈ।
ਸੁੰਦਰ ਪਾਠ ਅਰਥ ਜਹਿੰ ਰਾਖਾ। ਸੁਨਿ ਸ੍ਰੀ ਅਰਜਨ ਪੁਨ ਬਚ ਭਾਖਾ॥ ੩੧॥

ਭਾਈ ਜੀ ਲਿਖ ਪੜ੍ਹਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਬਹੁਤ ਸੁੰਦਰ ਬਣਾਈ ਹੈ, ਸੁੰਦਰ ਪਾਠ ਅਰਥ ਇਸ ਵਿਚ ਰੱਖਿਆ ਹੈ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ॥ ੩੧॥

'ਸ੍ਰੀ ਪਰਮੇਸੁਰ ਕੀਰਤਿ ਠਾਨੀ। ਰੁਚਿਰ ਬਿਭੂਖਨ ਤਿਸੁ ਗੁਰਬਾਨੀ।
ਜੋ ਇਹੁ ਬਾਵਨ ਬਰਨੀ ਬਨੀ। ਸ਼ੁਭਤਿ ਜਰਾਊ ਹੀਰਨਿ ਮਨੀ॥ ੩੨॥

"ਸ੍ਰੀ ਪਰਮੇਸ਼ਰ ਦੀ ਕੀਰਤੀ ਕੀਤੀ ਗਈ ਹੈ, ਗੁਰਬਾਣੀ ਪ੍ਰਭੂ ਦੇ ਸੁੰਦਰ ਗਹਿਣੇ ਹਨ। ਜਿਹੜੀ ਇਹ ਬਾਵਨ ਅੱਖਰੀ ਬਣੀ ਹੈ, ਜੜਾਊ ਹੀਰੇ ਮਣੀਆਂ ਕਰਕੇ ਬੜੀ ਸ਼ੋਭਾ ਪਾ ਰਹੀ ਹੈ॥ ੩੨॥

ਜੇਬ ਜਵਾਹਰ ਜਰਯੋ ਜਰਾਊ। ਤਿਹ ਜੇਵਰ ਕੇ ਸਮ ਛਬਿ ਪਾਊ।
ਪਾਠਕ ਭੁਗਤਿ ਮੁਕਤਿ ਕੀ ਦਾਤਾ।ਹਲਤਿ ਪਲਤਿ ਸੁਖ ਜਿਨ ਰਸ ਜਾਤਾ॥ ੩੩॥

ਇਸ ਵਿਚ ਸ਼ੋਭਾ ਵਾਲੇ ਰਤਨ ਜੜੇ ਹਨ, ਇਹ ਗਹਿਣੇ ਦੇ ਬਰਾਬਰ ਛਵੀ ਪਾਇਗੀ। ਪਾਠਕ ਵਾਸਤੇ ਇਹ ਭੁਗਤੀ ਮੁਕਤੀ ਦੀ ਦਾਤੀ ਹੋਵੇਗੀ। ਜਿਹੜਾ ਇਸ ਦੇ ਰਸ ਨੂੰ ਸਮਝ ਲਵੇਗਾ ਉਹ ਲੋਕ ਪਰਲੋਕ ਵਿਚ ਸੁਖ ਪਾਵੇਗਾ" ॥ ੩੩॥

ਕਹਤਿ ਸੁਨਤਿ ਬਚ ਇਸੀ ਪ੍ਰਕਾਰੇ। ਭਈ ਜਾਮਨੀ ਤਮ ਘਨ ਸਾਰੇ।
ਭਾਈ ਗਯੋ ਆਪਨੇ ਡੇਰੇ। ਗੁਰੂ ਬਿਚਾਰਨਿ ਕੀਨਿ ਬਡੇਰੇ॥ ੩੪॥

ਇਸ ਪ੍ਰਕਾਰ ਬਚਨ ਕਹਿੰਦਿਆਂ ਸੁਣਦਿਆਂ ਰਾਤ ਪੈ ਗਈ ਤੇ ਸੰਘਣਾ ਹਨੇਰਾ ਹੋ ਗਿਆ। ਭਾਈ ਗੁਰਦਾਸ ਜੀ ਆਪਣੇ ਡੇਰੇ ਚਲੇ ਗਏ। ਗੁਰੂ ਜੀ ਨੇ ਬਹੁਤ ਵਿਚਾਰ ਕੀਤੀ॥ ੩੪॥

ਜਿਸਕੋ ਪਠਹਿੰ ਸਿੱਖ ਕਰਿ ਨੇਮ। ਕੰਠ ਕਰੇ ਨਿਤਪ੍ਰਤਿ ਜੁਤਿ ਪ੍ਰੇਮ।
ਜਿਮ ਗੀਤਾ ਸਭਿ ਸ਼ਾਸਤ੍ਰਨਿ ਸਾਰ। ਬੇਦ ਸਾਰ ਤਿਮ ਲੇਹਿੰ ਨਿਕਾਰ॥ ੩੫॥

ਜਿਸ ਨੂੰ ਸਿੱਖ ਨੇਮ ਕਰਕੇ ਪੜ੍ਹਨ ਅਤੇ ਪ੍ਰੇਮ ਨਾਲ ਰੋਜ਼ ਕੰਠ ਕਰਨ। ਜਿਵੇਂ ਗੀਤਾ ਸਾਰੇ ਸ਼ਾਸਤਰਾਂ ਦਾ ਸਾਰ ਹੈ, ਵੇਦਾਂ ਦੀ ਸਾਰ ਉਸ ਤਰ੍ਹਾਂ ਹੀ ਕੱਢ ਲੈਣਗੇ॥ ੩੫॥

ਨਰਨ ਉਧਾਰਨ ਹਿਤ ਅਸ ਬਾਨੀ। ਚਹਿਯਹਿ ਰਚੀ ਮਹਿਦ ਸੁਖ ਦਾਨੀ।
ਜਾਮ ਜਾਮਨੀ ਜਾਗਹਿੰ ਜਾਵਤ। ਇਹੀ ਬਚਾਰ ਕਰਤਿ ਰਹਿੰ ਤਾਵਤ॥ ੩੬॥

ਮਨੁੱਖ ਦੇ ਉਧਾਰ ਵਾਸਤੇ ਐਸੀ ਬਾਣੀ ਰਚਨੀ ਚਾਹੀਦੀ ਹੈ, ਜਿਹੜੀ ਵੱਡੇ ਸੁੱਖਾਂ ਦੀ ਦਾਤੀ ਹੋਵੇ। ਪਹਿਰ ਰਾਤ ਤਕ ਜਦ ਤਕ ਜਾਗਦੇ ਰਹਿੰਦੇ ਸਨ ਤਦ ਤਕ ਇਹੋ ਵਿਚਾਰ ਕਰਦੇ ਰਹਿੰਦੇ ਸਨ॥ ੩੬॥

ਬਹੁਰ ਜਥਾ ਸੁਖ ਸ੍ਰੀ ਗੁਰ ਸੋਏ। ਜਿਨ ਬਹੁ ਦਾਸਨਿ ਕੇ ਦੁਖ ਖੋਏ।
ਜਾਮ ਨਿਸਾ ਤੇ ਜਾਗਤਿ ਸ੍ਵਾਮੀ। ਕਰੀ ਸੋਚ ਸਭਿ ਅੰਤਰ ਜਾਮੀ॥ ੩੭॥

ਫਿਰ ਗੁਰੂ ਜੀ, ਜਿਨ੍ਹਾਂ ਆਪਣੇ ਦਾਸਾਂ ਦੇ ਸਭ ਦੁਖ ਦੂਰ ਕੀਤੇ ਸਨ, ਸੌਂ ਜਾਂਦੇ ਸਨ। ਫਿਰ ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਅੰਤਰਜਾਮੀ ਗੁਰੂ ਜੀ ਨੇ ਹਰ ਪ੍ਰਕਾਰ ਸੋਚ ਕੀਤੀ॥ ੩੭॥

ਦੰਤ ਧਾਵਨੀ ਕੀਨਿ ਬਨਾਇ। ਪੁਨ ਗਮਨ ਗੁਰ ਸਹਿਜ ਸੁਭਾਇ।
ਤੰਬੂ ਭਾਈ ਕੇ ਤਬਿ ਆਏ। ਚਲੇ ਤਾਂਹਿ ਕੋ ਸਾਥ ਰਲਾਏ॥ ੩੮॥

ਦੰਦਾਂ ਨੂੰ ਦਾਤਨ ਨਾਲ ਚੰਗੀ ਤਰ੍ਹਾਂ ਸਾਫ ਕੀਤਾ, ਫਿਰ ਗੁਰੂ ਜੀ ਸਹਿਜ ਸੁਭਾਅ ਚਲ ਪਏ ਫਿਰ ਭਾਈ ਗੁਰਦਾਸ ਦੇ ਤੰਬੂ ਪਾਸ ਆਏ ਤੇ ਉਸ ਨੂੰ ਵੀ ਆਪਣੇ ਨਾਲ ਲੈ ਕੇ ਚਲ ਪਏ॥ ੩੮॥

ਰਾਮ ਸਰੋਵਰ ਤੀਰਥ ਤੀਰ। ਕੀਨਿ ਸ਼ਨਾਨ ਗੁਰੂ ਗੰਭੀਰ।
ਪੁਨ ਤਿਹ ਠਾਂ ਗੁਰਦਾਸ ਸ਼ਨਾਨਾ। ਬਸਤ੍ਰ ਪਹਿਰ ਕਰਿ ਥਿਤਿ ਤਿਸ ਥਾਨਾ॥ ੩੯॥

ਗੁਰੂ ਜੀ ਨੇ ਰਾਮ ਸਰੋਵਰ ਤੀਰਥ ਦੇ ਕੰਢੇ ਜਾ ਕੇ ਇਸ਼ਨਾਨ ਕੀਤਾ, ਫਿਰ ਉਸ ਥਾਂ ਭਾਈ ਗੁਰਦਾਸ ਨੇ ਵੀ ਇਸ਼ਨਾਨ ਕੀਤਾ, ਕਪੜੇ ਪਹਿਣ ਕੇ ਉਸ ਥਾਂ ਬੈਠ ਗਏ॥ ੩੯॥

ਰਾਮ ਤਾਲ ਕੀ ਕੋਨ ਇਸਾਨ। ਇਕ ਬਦਰੀ ਸੁਭ ਖਰੀ ਸਥਾਨ।
ਕ੍ਰਿਪਾ ਸਿੰਧੁ ਅਵਿਲੋਕਨਿ ਕੀਨੇ। ਤਿਸ ਤਰੁ ਕੇ ਤਰ ਤਬਿ ਆਸੀਨੇ॥ ੪੦॥

ਰਾਮ ਸਰੋਵਰ ਦੇ ਪੂਰਬ ਤੇ ਉੱਤਰ ਦੇ ਵਿਚਕਾਰਲੇ ਪਾਸੇ ਇਕ ਸ਼ੁਭ ਅਸਥਾਨ 'ਤੇ ਬੇਰੀ ਖੜੀ ਸੀ। ਕਿਰਪਾ ਦੇ ਸਾਗਰ ਗੁਰੂ ਜੀ ਨੇ ਉਸ ਦਰੱਖਤ ਨੂੰ ਵੇਖਿਆ ਤੇ ਫਿਰ ਉਸ ਦੇ ਹੇਠਾਂ ਆ ਕੇ ਬੈਠ ਗਏ॥ ੪੦॥

ਸਨਮੁਖਿ ਬੈਠਿ ਗਯੋ ਗੁਰਦਾਸ। ਸ੍ਰੀ ਗੁਰ ਕੀਨਸਿ ਬਾਕ ਪ੍ਰਕਾਸ਼।
'ਸਮਾਂ ਘੋਰ ਕਲਜੁਗ ਕੋ ਆਯੋ। ਕਟਕ ਬਿਕਾਰਨਿ ਕੋ ਜਗ ਛਾਯੋ॥ ੪੧॥

ਭਾਈ ਗੁਰਦਾਸ ਜੀ ਉਨ੍ਹਾਂ ਦੇ ਸਾਹਮਣੇ ਬੈਠ ਗਏ। ਸ੍ਰੀ ਗੁਰੂ ਜੀ ਨੇ ਬਚਨ ਕੀਤੇ, "ਭਿਆਨਕ ਕਲਜੁਗ ਦਾ ਸਮਾਂ ਆਇਆ ਹੈ, ਜੱਗ ਵਿਚ ਵਿਕਾਰਾਂ ਦੀ ਸੈਨਾ ਛਾਈ ਹੋਈ ਹੈ॥ ੪੧॥

ਤਿਨ ਕੋ ਪਾਇ ਪਾਪ ਨਰ ਕਰਿਈਂ। ਅੰਤ ਕਾਲ ਬਿਚ ਨਰਕ ਸੁਪਰਿਈ।
ਭੋਗ ਮਹਾਂ ਦੁਖ ਸੰਮਤ ਘਨੇ। ਤਹਾਂ ਸਹਾਇਕ ਕੋਇ ਨ ਬਨੇ॥ ੪੨॥

ਇਨ੍ਹਾਂ ਵਿਕਾਰਾਂ ਨੂੰ ਪਾ ਕੇ ਮਨੁੱਖ ਪਾਪ ਕਰ ਰਹੇ ਹਨ, ਅੰਤ ਕਾਲ ਸਮੇਂ ਇਹ ਲੋਕ ਨਰਕਾਂ ਵਿਚ ਪੈਣਗੇ, ਉਥੇ ਬਹੁਤ ਦੁਖ ਭੋਗਣਗੇ, ਉਥੇ ਉਨ੍ਹਾਂ ਦੀ ਕੋਈ ਵੀ ਸਹਾਇਤਾ ਨਹੀਂ ਕਰੇਗਾ॥ ੪੨॥

ਜਿਨ ਹਿਤ ਪਾਪਨਿ ਕਰਤਿ ਅਨੇਕ। ਤਿਨ ਮਹਿਂ ਤਹਾਂ ਨ ਪਹੁੰਚਹੋ ਏਕ।
ਬਹੁ ਦੂਤਨਿ ਤੇ ਲਹੈਂ ਸਜਾਈਂ। ਭੋਗ ਪਾਪ ਫਲ ਪੁਨ ਨਿਕਸਾਈ॥ ੪੩॥

ਮਨੁੱਖ ਜਿਨ੍ਹਾਂ ਵਾਸਤੇ ਅਨੇਕਾਂ ਪਾਪ ਕਰਦਾ ਹੈ, ਉਨ੍ਹਾਂ ਵਿਚੋਂ ਉਥੇ ਇਕ ਨੇ ਵੀ ਸਹਾਇਤਾ ਕਰਨ ਲਈ ਨਹੀਂ ਪਹੁੰਚਣਾ। ਜਮਾਂ ਪਾਸੋਂ ਬਹੁਤ ਸਜ਼ਾਵਾਂ ਪਾਉਣਗੇ। ਪਾਪਾਂ ਨੂੰ ਭੋਗ ਕੇ ਫਿਰ ਫਲ ਨਿਕਲੇਗਾ॥ ੪੩॥

ਸ਼ਸ਼ਿਕਰ ਸੌਂ ਮਿਲਿ ਤ੍ਰਿਣਨਿ ਮਝਾਰੀ। ਆਇ ਪਰਤਿ ਦੁਖ ਪਾਵਤਿ ਭਾਰੀ।
ਅੰਨ ਤ੍ਰਿਣਨਿ ਮਹਿਂ ਮਿਲਿ ਸੋ ਜਾਇ। ਪੁਨ ਦੇਹੀ ਤਿਸ ਕੋ ਮੁਖ ਖਾਇ॥ ੪੪॥

ਖਰਗੋਸ਼ ਸੁੱਕੇ ਘਾਹ ਵਿਚ ਜਾਕੇ, ਵਾਪਸ ਪਰਤ ਕੇ ਬੜਾ ਦੁੱਖ ਪਾਉਂਦਾ ਹੈ, ਫਿਰ ਉਹ ਹੋਰ ਘਾਹ ਨੂੰ ਜਾ ਮਿਲਦਾ ਹੈ ਤੇ ਮੂੰਹ ਨਾਲ ਚਰ ਕੇ ਉਸ ਘਾਹ ਨੂੰ ਆਪਣੇ ਪੇਟ ਵਿਚ ਲੈ ਜਾਂਦਾ ਹੈ॥ ੪੪॥

ਦੰਤਨ ਤਰੇ ਕਸ਼ਟ ਕੋ ਪਾਵਹਿ। ਪੁਨਹ ਉਦਰ ਮਹਿਂ ਜਾਇ ਸਮਾਵਹਿ।
ਤਹਿਂ ਜਠਰਾਗਨਿ ਤੇ ਤਪਤਾਇ। ਪ੍ਰਥਕ ਹੋਇ ਰਸ ਤਹਿਂ ਮਿਲਿ ਜਾਇ॥ ੪੫॥

ਘਾਹ ਦੰਦਾਂ ਥੱਲੇ ਆ ਕੇ ਦੁਖ ਪਾਉਂਦਾ ਹੈ, ਫਿਰ ਢਿੱਡ ਵਿਚ ਜਾ ਕੇ ਸਮਾ ਜਾਂਦਾ ਹੈ। ਓਥੇ ਜਾ ਕੇ ਪੇਟ ਦੀ ਅੱਗ ਨਾਲ ਸੜਦਾ ਹੈ ਤੇ ਟੋਟੇ-ਟੋਟੇ ਹੋ ਕੇ ਪੇਟ ਦੇ ਰਸ ਨਾਲ ਮਿਲ ਜਾਂਦਾ ਹੈ॥ ੪੫॥

ਜਾਇ ਨਸਾ ਮਹਿਂ ਰੁਧਿਰ ਬਨੈ ਹੈ। ਇਮ ਹੀ ਸਪਤ ਧਾਤ ਮਹਿਂ ਜੈ ਹੈ।
ਪੁਨਹ ਰੇਤ ਸੋਂ ਮਿਲਿ ਨਿਕਸਾਵਹਿ। ਛਿਦ੍ਰ ਜੋਨਿ ਕੇ ਤਬਿ ਪ੍ਰਵਿਸ਼ਾਵਹਿ ॥੪੬॥

ਨਾੜਾਂ ਵਿਚ ਜਾ ਕੇ ਲਹੂ ਬਣ ਜਾਂਦਾ ਹੈ, ਇਸ ਤਰ੍ਹਾਂ ਸੱਤਾਂ ਧਾਤਾਂ ਵਿਚ ਚਲੇ ਜਾਂਦਾ ਹੈ, ਫਿਰ ਵੀਰਜ ਨਾਲ ਮਿਲ ਕੇ ਬਾਹਰ ਨਿਕਲਦਾ ਹੈ ਤੇ ਫਿਰ ਇਸਤਰੀ ਦੇ ਗੁਪਤ ਅੰਗ ਵਿਚ ਚਲੇ ਜਾਂਦਾ ਹੈ॥ ੪੬॥

ਗਰਭ ਬਿਖੈ ਦੁਖ ਗਿਨੇ ਨ ਜਾਂਹੀ। ਬਿਸ਼ਟਾ ਮੂਤ੍ਰ ਮਿਲਯੋ ਬਸਿ ਤਾਂਹੀ।
ਜਬਿ ਨਿਕਸਤਿ ਪੁਨਿ ਜੋਨੀ ਦ੍ਵਾਰਾ। ਛਿਦ੍ਰ ਛੋਟ ਦੁਖ ਲਹਤਿ ਅਪਾਰਾ ॥੪੭॥

ਗਰਭ ਵਿਚ ਪੈ ਕੇ ਦੁਖ ਗਿਣੇ ਨਹੀਂ ਜਾਂਦੇ ਹਨ, ਗੰਧ ਮੂਤਰ ਵਿਚ ਵੱਸਦਾ ਹੈ, ਜਦ ਫਿਰ ਬਾਹਰ ਦੁਨੀਆਂ ਵਿਚ ਆਉਂਦਾ ਹੈ ਤਾਂ ਪੈਦਾਇਸ਼ ਸਮੇਂ ਬਹੁਤ ਦੁਖ ਪਾਉਂਦਾ ਹੈ॥ ੪੭॥

ਇਮ ਜਨਮੈਂ ਤਨ ਪਾਇ ਬਹੋਰੀ। ਮਰਹਿ ਫੇਰਿ ਕਰਿ ਕਰਿ ਅਘ ਘੋਰੀ।
ਤਨਕ ਮਾਤ੍ਰ ਸੰਕਟ ਇਹ ਕਹੇ। ਗਿਨੇ ਨ ਜਾਇਂ ਜਿਤਕ ਇਹ ਲਹੇ॥੪੮॥

ਇਸ ਤਰ੍ਹਾਂ ਜਨਮ ਲੈ ਕੇ ਫਿਰ ਸਰੀਰ ਪਾਉਂਦਾ ਹੈ। ਫਿਰ ਭਿਆਨਕ ਪਾਪ ਕਰ ਕਰ ਕੇ ਮਰ ਜਾਂਦਾ ਹੈ, ਮੈਂ ਥੋੜ੍ਹੀ ਮਾਤ੍ਰਾ ਵਿਚ ਹੀ ਇਹ ਦੁਖ ਕਹੇ ਹਨ, ਗਿਣੇ ਨਹੀਂ ਜਾ ਸਕਦੇ, ਜਿੰਨੇ ਮਨੁੱਖ ਨੂੰ ਸਹਿਣੇ ਪੈਂਦੇ ਹਨ॥ ੪੮॥

ਯਾਂਤੇ ਰਚਹਿਂ ਏਕ ਅਸ ਬਾਨੀ। ਨਿਤ ਜਿਸ ਪਠਤਿ ਹੋਹਿਂ ਅਘ ਹਾਨੀ।
ਰਿਦੇ ਬਸਾਇ ਕਮਾਵੈ ਜੋਈ। ਬਹੁਰ ਨ ਜਨਮ ਮਰਨ ਤਿਸ ਹੋਈ॥੪੯॥

ਇਸ ਕਰਕੇ ਇਕ ਐਸੀ ਬਾਣੀ ਲਿਖੀਏ, ਜਿਸ ਨੂੰ ਨਿੱਤ ਪੜ੍ਹਨ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ। ਜਿਹੜਾ ਵੀ ਇਸ ਨੂੰ ਹਿਰਦੇ ਵਿਚ ਵਸਾ ਕੇ ਇਸ ਦੀ ਕਮਾਈ ਕਰੇ, ਉਸ ਦਾ ਫਿਰ ਕਦੀ ਜਨਮ ਮਰਨ ਨਹੀਂ ਹੋਵੇਗਾ" ॥ ੪੯॥

ਇੱਤਜਾਦਿਕ ਬਹੁ ਬਾਕ ਬਿਲਾਸੇ। ਉਪਕਾਰੀ ਗੁਰ ਕੀਨਿ ਪ੍ਰਕਾਸ਼ੇ।
ਇਤਨੇ ਮਹਿਂ ਪ੍ਰਭਾਤਿ ਹੁਇ ਆਈ। ਭਯੋ ਪ੍ਰਕਾਸ਼ ਚਿਰੀ ਚੁਹਕਾਈ॥ ੫੦॥

ਇਤਿਆਦਿ ਬਹੁਤ ਅਨੰਦਮਈ ਬਚਨ ਉਪਕਾਰੀ ਗੁਰੂ ਜੀ ਉਚਾਰਨ ਕੀਤੇ। ਏਨੇ ਚਿਰ ਨੂੰ ਪ੍ਰਭਾਤ ਹੋ ਗਈ, ਲੋਅ ਲੱਗ ਗਈ ਤੇ ਚਿੜੀਆਂ ਚਹਿਕਣ ਲੱਗ ਗਈਆਂ॥ ੫੦॥

*ਤੀਸਰੀ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੨॥*

## ਅਧਿਆਇ ਤਰਤਾਲੀਵਾਂ

*ਸੁਖਮਨੀ ਸਾਹਿਬ, ਸੱਤਾ ਬਲਵੰਡ*

ਦੋਹਰਾ-ਰਾਮਤਾਲ ਈਸਾਨ ਦਿਸ਼ ਬੈਠੇ ਗੁਰੂ ਕ੍ਰਿਪਾਲ।
ਰਚਨਿ ਲਗੇ ਤਬ ਸੁਖਮਨੀ ਦੇ ਸੁਖ ਕਰਤਿ ਨਿਹਾਲ॥ ੧॥

ਰਾਮਸਰ ਦੇ ਪੂਰਬ ਤੇ ਉੱਤਰ ਦੀ ਵਿਚਕਾਰਲੀ ਦਿਸ਼ਾ ਵਿਚ ਕ੍ਰਿਪਾਲੂ ਗੁਰੂ ਜੀ ਬੈਠੇ ਹਨ। ਉਥੇ ਉਹ ਸੁਖਮਨੀ ਸਾਹਿਬ ਦੀ ਰਚਨਾ ਕਰਨ ਲੱਗੇ ਹਨ ਜਿਹੜਾ ਲੋਕਾਂ ਨੂੰ ਸੁਖ ਦੇ ਕੇ ਨਿਹਾਲ ਕਰੇ॥ ੧॥

ਚੌਪਈ- ਪ੍ਰਥਮ ਸ਼ਲੋਕ ਗੁਰੂ ਪਗ ਬੰਦੇ। ਕੀਨਿ ਮੰਗਲਾਚਰਨ ਬਿਲੰਦੇ।
ਪ੍ਰਭੁ ਸਿਮਰਨ ਕੀ ਮਹਿਮਾ ਫੇਰ। ਅਸ਼ਟਪਦੀ ਮਹਿਂ ਰਚੀ ਬਡੇਰ॥ ੨॥

ਪਹਿਲੇ ਸਲੋਕ ਵਿਚ ਗੁਰੂ ਜੀ ਨੇ ਚਰਨ ਬੰਦਨਾ ਕੀਤੀ ਅਤੇ ਮਹਾਨ ਮੰਗਲਾਚਰਨ ਕੀਤਾ। ਫਿਰ ਪ੍ਰਭੂ ਸਿਮਰਨ ਦੀ ਵੱਡੀ ਮਹਿਮਾ ਅਸ਼ਟਪਦੀ ਵਿਚ ਲਿਖੀ॥ ੨॥

ਨਾਮ ਮਹਾਤਮ ਮਹਿਦ ਮਹਾਨਾ। ਬਹੁ ਬਿਧਿ ਸੋਂ ਸਤਿਗੁਰੂ ਬਖਾਨਾ।
ਬ੍ਰਹਮ ਗਜਾਨੀ ਉਰ ਭਗਤ ਵਿਰਾਗੀ। ਸਾਧ ਸੰਗਤਿ ਜਿਨ ਕੀ ਲਿਵ ਲਾਗੀ॥੩॥

ਨਾਮ ਦਾ ਮਹਾਤਮ ਬਹੁਤ ਮਹਾਨ ਹੈ, ਬਹੁਤ ਢੰਗਾਂ ਨਾਲ ਸਤਿਗੁਰੂ ਜੀ ਨੇ ਬਿਆਨ ਕੀਤਾ। ਬ੍ਰਹਮ-ਗਿਆਨੀ, ਵਿਰਾਗੀ ਭਗਤ, ਸਾਧ ਸੰਗਤ ਵਿਚ ਜਿਨ੍ਹਾਂ ਦੀ ਲਿਵ ਲੱਗੀ ਹੈ॥ ੩॥

ਕਹਜੋ ਮਹਾਤਮ ਅਤਿ ਤਿਨ ਕੇਰਾ। ਸੰਤ੍ਨਿ ਰਿਪੁ ਕੋ ਕਸ਼ਟ ਬਡੇਰਾ।
'ਨਿਰਗੁਨ ਆਪ ਸਰਗੁਨ ਭੀ ਓਹੀ। ਕਲਾਧਾਰ ਜਿਨ ਸਗਲੀ ਮੋਹੀ' ॥੪॥

ਉਨ੍ਹਾਂ ਦਾ ਬੜਾ ਮਹਾਤਮ ਵਰਣਨ ਕੀਤਾ। ਸੰਤਾਂ ਦੇ ਵੈਰੀ ਵੱਡਾ ਦੁਖ ਪਾਉਣਗੇ। "ਆਪ ਹੀ ਪ੍ਰਭੂ ਨਿਰਗੁਣ ਹੈ ਅਤੇ ਆਪ ਹੀ ਸਰਗੁਣ ਹੈ। ਆਪਣੀ ਕਲਾ ਧਾਰ ਕੇ ਜਿਸ ਸਗਲ ਸੰਸਾਰ ਨੂੰ ਮੋਹਿਆ ਹੈ" ॥ ੪॥

ਤੱਤ੍ਹੂੰ ਮਸੀ ਬਾਕ ਇਹ ਭਾਖਾ। ਇਮ ਸ੍ਰੁਤਿ ਸਾਰ ਆਨਿ ਸਭਿ ਰਾਖਾ।
ਕਰਿ ਸੁਖਮਨੀ ਅੰਤ ਮਹਿਂ ਆਪੂ। ਕਹਜੋ ਮਹਾਤਮ ਅਧਿਕ ਪ੍ਰਤਾਪੂ॥੫॥

ਤੂੰ ਬ੍ਰਹਮ ਹੈਂ, ਇਹ ਵਾਕ ਕੀਤਾ, ਇਸ ਤਰ੍ਹਾਂ ਸ਼ਰੁਤੀਆਂ ਦਾ ਸਾਰਾ ਸਾਰ ਰਖਿਆ। ਸੁਖਮਨੀ ਸਾਹਿਬ ਲਿਖ ਕੇ ਇਸ ਦਾ ਮਹਾਤਮ ਦਸਿਆ ਕਿ ਇਸ ਦਾ ਬਹੁਤ ਪ੍ਰਤਾਪ ਹੋਵੇਗਾ॥ ੫॥

ਨੋਟ:- ਭਾਈ ਵੀਰ ਸਿੰਘ ਅਨੁਸਾਰ ਸਤਿਗੁਰੂ ਜੀ ਨੇ ਆਪ ਸੁਖਮਨੀ ਨੂੰ ਕਿਸੇ ਸ਼ਰੁਤੀ ਦਾ ਸਾਰ ਨਹੀਂ ਆਖਿਆ ਹੈ, ਉਨ੍ਹਾਂ ਫੁਰਮਾਇਆ ਹੈ, "ਉਤਮ ਸਲੋਕ ਸਾਧ ਕੇ ਬਚਨ॥ ਅਮੁਲੀਕ ਲਾਲ ਏਹਿ ਰਤਨ॥" ਜਿਸ ਦੇ ਅਰਥ ਹਨ ਬ੍ਰਹਮ ਰੂਪੀ ਸਮੁੰਦਰ ਵਿਚੋਂ ਆਏ ਇਹ ਅਮੋਲਕ ਰਤਨ ਹਨ। ਸੁਖਮਨੀ ਨੂੰ ਸ਼ਰੁਤੀ ਸਾਰ ਕਹਿਣਾ ਯੋਗ ਨਹੀਂ।

ਸਭਿ ਤੇ ਊਚ ਪਾਇ ਅਸਥਾਨ। ਨਿਤ ਪਾਠਕ ਮਿਟਿ ਆਵਨਿ ਜਾਨਿ।
ਮੈਂ ਮਹਿਮਾ ਕਜਾ ਕਰਵ ਬਖਾਨੀ। ਗੁਰ ਸਰਬੱਗ ਕਹੀ ਸੁ ਮਹਾਨੀ॥੬॥

ਇਹ ਸਭ ਤੋਂ ਉੱਚਾ ਅਸਥਾਨ ਪਾਵੇਗਾ, ਜਿਹੜਾ ਪਾਠਕ ਇਸ ਨੂੰ ਨਿੱਤ ਪੜ੍ਹੇਗਾ ਉਸਦਾ ਆਉਣਾ ਜਾਣਾ ਮਿਟ ਜਾਵੇਗਾ। ਮੈਂ ਇਸ ਦੀ ਕੀ ਮਹਿਮਾ ਬਿਆਨ ਕਰਾਂ, ਗੁਰੂ ਜੀ ਨੇ ਆਪ ਹੀ ਇਸ ਦੀ ਬਹੁਤ ਮਹਿਮਾ ਬਿਆਨ ਕੀਤੀ ਹੈ॥ ੬॥

ਪ੍ਰਾਤ ਸਮੇਂ ਇਕ ਮਨ ਕਰਿ ਪਾਠ। ਮਿਟਹਿ ਪਾਪ ਕ੍ਰਿਤ ਜਾਮ ਜੁ ਆਠ।
ਜਨਮ ਮਰਨ ਤਿਨਕੋ ਕਟਿ ਜਾਇ। ਪਠਿ ਪ੍ਰਭੁ ਚਰਨਨਿ ਰਹੇ ਸਮਾਇ॥੭॥

ਸਵੇਰ ਸਮੇਂ ਜਿਹੜਾ ਇਕ ਮਨ ਹੋ ਕੇ ਇਸ ਦਾ ਪਾਠ ਕਰੇ। ਅੱਠ ਪਹਿਰ ਕੀਤੇ ਕੰਮਾਂ ਦੇ ਸਾਰੇ ਪਾਪ ਮਿਟ ਜਾਂਦੇ ਹਨ। ਉਨ੍ਹਾਂ ਦਾ ਜਨਮ ਮਰਨ ਕੱਟ ਜਾਂਦਾ ਹੈ ਅਤੇ ਪੜ੍ਹ ਕੇ ਉਹ ਹਰ ਵੇਲੇ ਪ੍ਰਭੂ ਦੇ ਚਰਨਾਂ ਵਿਚ ਸਮਾਇਆ ਰਹਿੰਦਾ ਹੈ॥ ੭॥

ਜਹਾਂ ਬੈਠਿ ਸੁਖਮਨੀ ਉਚਾਰੀ। ਤਿਸ ਕੇ ਦਰਸ਼ਨ ਹੁਇ ਫਲ ਭਾਰੀ।
ਸਭਿ ਲਿਖਵਾਇ ਉਠੇ ਗੁਰ ਪੂਰੇ। ਪਰਉਪਕਾਰ ਚਰਿਤ ਜਿਨ ਰੂਰੇ॥੮॥

ਜਿਥੇ ਬੈਠ ਕੇ ਸੁਖਮਨੀ ਸਾਹਿਬ ਦਾ ਉਚਾਰਨ ਕੀਤਾ ਹੈ, ਉਸ ਸਥਾਨ ਦੇ ਦਰਸ਼ਨ ਕਰਨ ਨਾਲ ਵੀ ਭਾਰੀ ਫਲ ਮਿਲਦਾ ਹੈ। ਸਾਰਾ ਸੁਖਮਨੀ ਸਾਹਿਬ ਲਿਖਵਾ ਕੇ ਪੂਰਨ ਗੁਰੂ ਜੀ, ਜਿਨ੍ਹਾਂ ਦਾ ਸ੍ਰੇਸ਼ਟ ਪਰਉਪਕਾਰੀ ਚਰਿਤ੍ਰ ਹੈ, ਉੱਠ ਬੈਠੇ॥ ੮॥

Sri Satguru Jagjit Singh Ji eLlibrary NamdhariElibrary@gmail.com

ਇਸੀ ਪ੍ਰਕਾਰ ਨਿਤਾਪ੍ਰਤਿ ਬਾਨੀ। ਲਿਖਵਾਵਹਿਂ ਰਚਿ ਰਚਿ ਗੁਨਖਾਨੀ।
ਬਹੁਰ ਕਥਾ ਔਰੈ ਇਕ ਹੋਈ। ਬਰਨੀ ਬਨੈ ਇਹਾਂ ਅਬਿ ਸੋਈ॥ ੯॥

ਇਸ ਤਰ੍ਹਾਂ ਰੋਜ਼ ਉਚਾਰਨ ਕਰ ਕਰ ਕੇ ਗੁਰੂ ਜੀ ਬਾਣੀ ਲਿਖਵਾਉਂਦੇ ਸਨ। ਬਾਅਦ ਵਿਚ ਇਕ ਹੋਰ ਕਥਾ ਹੋਈ, ਉਹ ਹੁਣ ਏਥੇ ਵਰਣਨ ਕਰਨੀ ਬਣਦੀ ਹੈ॥ ੯॥

ਰਾਮਕਲੀ ਸ਼ੁਭ ਰਾਗ ਮਝਾਰ। ਡੋਮ ਬਨਾਈ ਲਿਖੀ ਸੁ ਵਾਰ।
ਲੱਧਾ ਸਿੱਖ ਤਿਨਹੁਂ ਲੇ ਆਵਾ। ਸ੍ਰੀ ਗੁਰ ਕੋ ਦਰਸ਼ਨ ਕਰਿਵਾਵਾ॥ ੧੦॥

ਸ਼ੁਭ ਰਾਮਕਲੀ ਰਾਗ ਵਿਚ ਮਰਾਸੀਆਂ ਦੀ ਬਣਾਈ ਵਾਰ ਲਿਖੀ ਹੈ। ਲੱਧਾ ਨਾਮੀ ਸਿੱਖ ਉਨ੍ਹਾਂ ਨੂੰ ਲੈ ਕੇ ਆਇਆ। ਤੇ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਵਾਏ॥ ੧੦॥

ਸੁਨਿ ਸਿੱਖਨਿ ਬੂਝੀ ਸਭਿ ਸਾਥਾ। 'ਸਰਬ ਬ੍ਰਿਤਾਂਤ ਕਹਹੁ ਹਮ ਸਾਥਾ'।
ਸੁਨਿ ਸ਼੍ਰੋਤਨਿ ਤੇ ਸਕਲ ਪ੍ਰਸੰਗ। ਕੀਨਿ ਉਚਾਰਨ ਹਿਤ ਕੇ ਸੰਗ॥ ੧੧॥

ਇਹ ਸੁਣ ਕੇ ਸਾਰੇ ਸਿੱਖਾਂ ਨੇ ਮਿਲ ਕੇ ਪੁਛਿਆ, "ਸਾਨੂੰ ਸਾਰੀ ਕਹਾਣੀ ਸੁਣਾਓ।" ਸਰੋਤਿਆਂ ਪਾਸੋਂ ਸਾਰ ਪ੍ਰਸੰਗ ਸੁਣ ਕੇ ਸਾਰੀ ਕਥਾ ਬੜੇ ਪ੍ਰੇਮ ਨਾਲ ਸੁਣਾਈ॥ ੧੧॥

ਹੁਤੋ ਡੂਮ ਬਲਵੰਡ ਮਹਾਨਾ। ਸੱਤਾ ਤਿਸ ਕੋ ਅਨੁਜ ਸੁਜਾਨਾ।
ਦਾਰਿਦ ਤੇ ਦੂਹੂੰਅਨਿ ਦੁਖ ਪਾਯੋ। ਕਰੇ ਯਤਨ ਧਨ ਹਾਥ ਨ ਆਯੋ॥ ੧੨॥

ਇਕ ਬਲਵੰਡ ਨਾਮੀਂ ਮਹਾਨ ਮਿਰਾਸੀ ਸੀ ਤੇ ਸੱਤਾ ਉਸ ਦਾ ਛੋਟਾ ਭਰਾ ਬੜਾ ਚਤੁਰ ਸੀ। ਗ਼ਰੀਬੀ ਕਰਕੇ ਦੋਹਾਂ ਨੇ ਬੜਾ ਦੁਖ ਪਾਇਆ, ਬਹੁਤ ਯਤਨ ਕੀਤੇ ਪਰ ਧਨ ਹੱਥ ਨਾ ਆਇਆ॥ ੧੨॥

ਤਬਿ ਬਲਵੰਡ ਦੇਸ਼ ਕਿਤ ਗਯੋ। ਫਿਰਯੋ ਬਹੁਤ ਕੁਛ ਦਰਬ ਨ ਪਯੋ।
ਸੱਤਾ ਸਤਿਗੁਰ ਪਾਸ ਰਹਯੋ ਹੈ। ਕਰਹਿ ਕੀਰਤਨ ਅਨੰਦ ਲਹਯੋ ਹੈ॥ ੧੩॥

ਤਦ ਬਲਵੰਡ ਦੇਸ਼ ਵਿਚ ਕਿਤੇ ਗਿਆ, ਬਹੁਤ ਫਿਰਿਆ ਪਰ ਧਨ ਪ੍ਰਾਪਤ ਨਾ ਹੋਇਆ। ਸੱਤਾ ਸਤਿਗੁਰੂ ਪਾਸ ਰਿਹਾ, ਕੀਰਤਨ ਕਰਕੇ ਆਨੰਦ ਲੈਂਦਾ ਹੈ॥ ੧੩॥

ਸੁਖ ਸੌਂ ਕੀਨਸਿ ਨਿਜ ਗੁਜ਼ਰਾਨ। ਪਾਇ ਦਰਬ ਕਰਿ ਪਹਿਰਨ ਖਾਨ।
ਕਿਤਿਕ ਸਿੱਖਜ ਅਰਦਾਸ ਕਰਾਵਹਿਂ। ਸਤਿਗੁਰ ਘਰ ਤੇ ਸਭਿ ਕੁਛ ਪਾਵਹਿਂ॥੧੪॥

ਸੁਖ ਨਾਲ ਆਪਣਾ ਗੁਜ਼ਾਰਾ ਕਰਦਾ ਹੈ, ਧਨ ਪ੍ਰਾਪਤ ਕਰਕੇ ਪਹਿਣਦਾ ਖਾਂਦਾ ਹੈ। ਕਈ ਸਿੱਖ ਅਰਦਾਸ ਕਰਵਾਉਂਦੇ ਹਨ, ਇਸ ਕਰਕੇ ਸਤਿਗੁਰੂ ਜੀ ਦੇ ਘਰ ਤੋਂ ਸਭ ਕੁਝ ਪਾਉਂਦਾ ਹੈ॥ ੧੪॥

ਫਿਰ ਬਲਵੰਡ ਬਿਦੇਸ਼ ਮਝਾਰੇ। ਨਿਰਧਨ ਹੀ ਆਯੋ ਗੁਰਦ੍ਵਾਰੇ।
ਦੁਖੀ ਹੋਇ ਕਰਿ ਬਹੁ ਅਕੁਲਾਯੋ। ਸ੍ਰੀ ਅਰਜਨ ਜਸ ਕਵਿਤ ਬਨਾਯੋ॥ ੧੫॥

ਫਿਰ ਬਲਵੰਡ ਵਿਦੇਸ਼ ਵਿਚ ਸਾਰੇ ਫਿਰਕੇ ਨਿਰਧਨ ਹੀ ਗੁਰਦੁਆਰੇ ਆਇਆ। ਦੁਖੀ ਹੋ ਕੇ ਬਹੁਤ ਵਿਆਕੁਲ ਹੋਇਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਕਵਿਤਾ ਵਿਚ ਬਣਾਇਆ॥ ੧੫॥

ਕਬਿੱਤ-'ਆਯੋ ਨਿਜ ਦ੍ਵਾਰੇ, ਦਯਾ ਕਲਪਤਰ ਥਾਰੇ ਭਾਰੇ ਬਿਰਦ ਬਿਲੰਦ, ਦੀਨ ਦਰਦ ਬਿਦਾਰੋ ਹੋ।
ਦ੍ਰੋਪਤੀ ਉਧਾਰੀ, ਗਜ ਗ੍ਰਾਹ ਤੇ ਛੁਟਾਰੀ, ਭੀਰ ਰਾਖਸ਼ਨਿ ਮਾਰੀ ਵੈਰੀ ਦੇਵਨਿ ਨਿਹਾਰੇ ਹੋ।
ਪ੍ਰਹਲਾਦ ਮੋਚਨ, ਬਿਲੋਚਨ ਸੁ ਪੁੰਡਰੀਕ, ਪੋਚ ਬਲਮੀਕ ਜਸ ਸੋਚ ਕੀਯੋ ਚਾਰੋ ਹੋ।
ਗਨਕਾ ਗਿਨੀ ਹੈ ਕੌਨ ਗੀਰਬ ਪਗਸ ਆਈ, ਜੈਸੇ ਏ ਉਧਾਰੇ ਤੈਸੇ ਮੋਹਿ ਕੋ ਉਧਾਰੋ ਹੋ' ॥੧੬॥

ਦਇਆ ਰੂਪ ਕਲਪ ਬ੍ਰਿੱਛ ਆਪ ਦੇ ਦੁਆਰ ਤੇ ਆਇਆ ਹੈ, ਧਰਮ ਨੂੰ ਪਾਲਣ ਵਾਲੇ ਹੋ, ਦੁਖੀਆਂ ਦੇ ਦਰਦ ਨੂੰ ਦੂਰ ਕਰਦੇ ਹੋ। ਤੁਸੀਂ ਦ੍ਰੋਪਤੀ ਦਾ ਉਧਾਰ ਕੀਤਾ, ਹਾਥੀ ਨੂੰ ਤੰਦੂਏ ਪਾਸੋਂ ਛੁਡਵਾਇਆ ਅਤੇ ਦੇਵਤਿਆਂ ਦੇ ਵੈਰੀ ਜਾਣ ਕੇ ਬਹੁਤ ਰਾਖਸ਼ਾਂ ਨੂੰ ਮਾਰਿਆ ਹੈ। ਪ੍ਰਹਿਲਾਦ ਦੇ ਦੁਖ ਨੂੰ ਦੂਰ ਕੀਤਾ ਭਾਵ ਉਸ ਨੂੰ ਛੁਡਵਾਉਣ ਵਾਲੇ ਹੋ। ਕੰਵਲ ਵਰਗੇ ਤੁਹਾਡੇ ਨੈਣ ਹਨ, ਬਾਲਮੀਕ ਦਾ ਜੱਸ ਵਿਚਾਰ ਕੇ ਉਸ ਨੂੰ ਪਵਿੱਤਰ ਕੀਤਾ ਹੈ। ਮੈਂ ਕਿਥੋਂ ਤਕ ਗਿਣਤੀ ਕਰਾਂ ਜਿਵੇਂ ਇਨ੍ਹਾਂ ਸਭ ਦਾ ਉਧਾਰ ਕੀਤਾ ਹੈ। ਇਸ ਤਰ੍ਹਾਂ ਮੇਰਾ ਵੀ ਉਧਾਰ ਕਰੋ" ॥ ੧੬ ॥

*ਚੌਪਈ-* ਕ੍ਰਿਪਾ ਸਿੰਧੁ ਕੇ ਨਿਕਟ ਉਚਾਰਾ। 'ਅਬਿ ਅਲੰਬ ਮੈਂ ਲੀਨਿ ਤੁਮਾਰਾ।
ਸੁਨਿ ਸ੍ਰੀ ਗੁਰ ਨੇ ਧੀਰਜ ਦੀਨਸਿ। 'ਪੂਰਨ ਹੁਇ ਜੁ ਮਨੋਰਥ ਕੀਨਸਿ ॥੧੭ ॥

ਕਿਰਪਾ ਦੇ ਸਾਗਰ ਭਾਵ ਗੁਰੂ ਜੀ ਪਾਸ ਉਚਾਰਨ ਕੀਤਾ, "ਹੁਣ ਮੈਂ ਤੁਹਾਡਾ ਆਸਰਾ ਲਿਆ ਹੈ।" ਇਹ ਸੁਣ ਕੇ ਗੁਰੂ ਜੀ ਨੇ ਧੀਰਜ ਦਿੱਤਾ, "ਜੋ ਤੂੰ ਮਨੋਰਥ ਧਾਰਨ ਕੀਤਾ ਹੈ ਉਹ ਪੂਰਾ ਹੋਵੇਗਾ॥ ੧੭ ॥

ਰਹੁ ਹਮ ਨਿਕਟ ਕੀਰਤਨ ਕਰੋ। ਅਨੁਜ ਸਹਤ ਰਾਗਨਿ ਸੁਰ ਭਰੋ।
ਚਲਹਿ ਇਹਾਂ ਗੁਜ਼ਰਾਨ ਤੁਮਾਰੀ। ਲਹੁ ਪਦਾਰਥ ਹੁਇ ਅਨੁਸਾਰੀ' ॥੧੮ ॥

ਸਾਡੇ ਪਾਸ ਰਹਿ ਕੇ ਕੀਰਤਨ ਕਰੋ, ਆਪਣੇ ਛੋਟੇ ਭਰਾ ਸਹਿਤ ਰਾਗਾਂ ਵਿਚ ਸੁਰਾਂ ਭਰੋ। ਇਥੇ ਤੁਹਾਡਾ ਗੁਜ਼ਾਰਾ ਚਲੇਗਾ, ਆਗਿਆਕਾਰੀ ਹੋ ਕੇ ਮੂੰਹ ਮੰਗੇ ਪਦਾਰਥ ਲਵੋ" ॥ ੧੮ ॥

ਇਮ ਕਹਿ ਗੁਰ ਧਨ ਦੀਨਿ ਬਿਸਾਲਾ। ਲੇ ਆਇਸੁ ਘਰ ਗਾ ਤਿਸ ਕਾਲਾ।
ਪੁਨਹ ਸਮੀਪ ਗੁਰੂ ਕੇ ਆਵਾ। ਮਿਲਯੋ ਅਨੁਜ ਯੁਤ ਕਿਰਤਨ ਗਾਵਾ ॥੧੯ ॥

ਇਹ ਕਹਿ ਕੇ ਗੁਰੂ ਜੀ ਨੇ ਬਹੁਤ ਧਨ ਦਿੱਤਾ, ਆਗਿਆ ਲੈ ਕੇ ਘਰ ਨੂੰ ਚਲਾ ਗਿਆ। ਫਿਰ ਗੁਰੂ ਜੀ ਦੇ ਪਾਸ ਆਇਆ ਅਤੇ ਆਪਣੇ ਛੋਟੇ ਭਰਾ ਨਾਲ ਮਿਲ ਕੇ ਕੀਰਤਨ ਦਾ ਗਾਇਣ ਕੀਤਾ॥ ੧੯ ॥

ਸੁਨਿ ਸਤਿਗੁਰੂ ਪ੍ਰਸੰਨ ਉਦਾਰਾ। ਨਾਮ 'ਰਾਇ ਬਲਵੰਡਾ' ਉਚਾਰਾ।
ਹਰਖਤਿ ਹੁਇ ਹੁਇ ਰੁਚਿ ਸੋਂ ਗਾਵੈਂ। ਦੋਨਹੁੰ ਭ੍ਰਾਤ ਸੁਰਸ ਅਧਿਕਾਵੈ ॥੨੦ ॥

ਕੀਰਤਨ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਨਾਂ 'ਰਾਇ ਬਲਵੰਡਾ' ਰੱਖ ਦਿੱਤਾ। ਪ੍ਰਸੰਨ ਹੋ ਕੇ ਬੜਾ ਸੁੰਦਰ ਗਾਇਣ ਕਰਦਾ ਸੀ। ਦੋਵੇਂ ਭਰਾ ਬੜੇ ਪ੍ਰੇਮ ਸਹਿਤ ਕੀਰਤਨ ਕਰਦੇ ਸਨ॥ ੨੦ ॥

ਰਾਗ ਰਾਗਨੀ ਕਰਿ ਅਨੁਰਾਗੇ। ਗਾਵਹਿੰ ਸੁੰਦਰ ਸਭਿ ਸੁਭ ਲਾਗੇ।
ਸਿੱਖ ਸਰਾਹਨ ਕਰਹਿੰ ਸੁਨੰਤੇ। ਤਜੋਂ ਤਜੋਂ ਸੋ ਅਹੰਕਾਰ ਕਰੰਤੇ ॥ ੨੧ ॥

ਰਾਗ ਰਾਗਨੀਆਂ ਨਾਲ ਬੜਾ ਪ੍ਰੇਮ ਕਰਦੇ ਸਨ ਤੇ ਬੜਾ ਸੁੰਦਰ ਗਾਉਂਦੇ ਸਨ, ਸਭ ਨੂੰ ਬਹੁਤ ਚੰਗਾ ਲੱਗਦਾ ਸੀ। ਸਾਰੇ ਸਿੱਖ ਸੁਣ ਕੇ ਸ਼ਲਾਘਾ ਕਰਦੇ ਸਨ, ਤਿਵੇਂ-ਤਿਵੇਂ ਉਹ ਹੰਕਾਰ ਕਰਦੇ ਸਨ॥ ੨੧ ॥

ਇਸ ਬਿਧਿ ਕੇਤਿਕ ਕਾਲ ਬਿਤਾਯੋ। ਦਿਨਪ੍ਰਤਿ ਉਰ ਹੰਕਾਰ ਬਧਾਯੋ।
ਕ੍ਰਿਪਾ ਸਿੰਧੁ ਨੇ ਤਿਨ ਗਤਿ ਜਾਨੀ। ਹੋਛੇ ਡੂਮ ਜਾਤਿ, ਭਏ ਮਾਨੀ ॥੨੨ ॥

ਇਸ ਵਿਧੀ ਅਨੁਸਾਰ ਕਾਫੀ ਸਮਾਂ ਬਤੀਤ ਕੀਤਾ। ਪ੍ਰਤੀ ਦਿਨ ਉਨ੍ਹਾਂ ਦੇ ਹਿਰਦੇ ਦਾ ਹੰਕਾਰ ਵਧਦਾ ਹੀ ਜਾਂਦਾ ਸੀ। ਕਿਰਪਾ ਸਾਗਰ ਭਾਵ ਗੁਰੂ ਜੀ ਨੇ ਉਨ੍ਹਾਂ ਦੀ ਹਾਲਤ ਸਮਝ ਲਈ ਕਿ ਇਹ ਮਿਰਾਸੀ ਬੜੇ ਘੁਮੰਡੀ ਹੋ ਗਏ ਹਨ॥ ੨੨ ॥

ਆਦਿ ਅੰਤ ਕੀ ਦਸ਼ਾ ਬਿਸਾਰੀ। ਹਮ ਬਿੱਦਜਾ ਬਡ, ਭੇ ਹੰਕਾਰੀ।
ਗੁਰੂ ਗਰੀਬ ਨਿਵਾਜ ਨ ਜਾਨਾ। ਗਾਇ ਨੀਕ ਹਮ ਭਏ ਮਹਾਨਾ॥ ੨੩॥

ਆਦਿ ਅੰਤ ਦੀ ਹਾਲਤ ਇਨ੍ਹਾਂ ਨੇ ਵਿਸਾਰ ਦਿੱਤੀ ਹੈ। ਸਾਡੇ ਪਾਸ ਵੱਡੀ ਵਿਦਿਆ ਹੈ, ਮਨ ਵਿਚ ਇਸ ਤਰ੍ਹਾਂ ਸੋਚ ਕੇ ਹੰਕਾਰੀ ਹੋ ਗਏ ਹਨ। ਗੁਰੂ ਗ਼ਰੀਬ ਨਿਵਾਜ਼ ਨੂੰ ਨਾ ਜਾਣਿਆਂ, ਅਸੀਂ ਬਹੁਤ ਚੰਗਾ ਗਾਉਂਦੇ ਹਾਂ, ਇਸ ਲਈ ਮਹਾਨ ਹੋ ਗਏ ਹਾਂ॥ ੨੩॥

ਹੰਕਾਰਤਿ ਕੁਛ ਸਮੇ ਬਿਤਾਵਾ। ਭਗਨੀ ਕੋ ਸੁ ਬਜਾਹ ਤਬਿ ਆਵਾ।
ਯੁਗ ਭ੍ਰਾਤਾ ਸਤਿਗੁਰ ਢਿਗ ਗਏ। ਮੁਖ ਤੇ ਕਰਤਿ ਸੁਜਸੁ ਕੋ ਭਏ॥ ੨੪॥

ਹੰਕਾਰ ਵਿਚ ਕੁਝ ਸਮਾਂ ਬਤੀਤ ਕੀਤਾ, ਤਦ ਉਨ੍ਹਾਂ ਦੀ ਭੈਣ ਦਾ ਵਿਆਹ ਆ ਗਿਆ, ਦੋਵੇਂ ਭਰਾ ਸਤਿਗੁਰੂ ਪਾਸ ਗਏ, ਸਾਹਮਣੇ ਜਾ ਕੇ ਸ੍ਰੇਸ਼ਟ ਜੱਸ ਕਰਨ ਲੱਗੇ॥ ੨੪॥

'ਦਾਸ ਜਾਨਿ ਹਮ ਕਾਰਜ ਕੀਜਹਿ। ਦਰਬ ਬਿਸਾਲ ਆਪ ਅਬਿ ਦੀਜਹਿ।
ਜਿਸਤੇ ਕਰਹਿਂ ਬਜਾਹੁ ਹਮ ਭਾਰਾ। ਪਿਖਹਿਂ ਸੁਨਹਿਂ ਹੁਇ ਸੁਜਸੁ ਤੁਮਾਰਾ॥੨੫॥

"ਦਾਸ ਜਾਣ ਕੇ ਸਾਡਾ ਕਾਰਜ ਕਰੋ, ਬਹੁਤ ਧਨ ਹੁਣ ਸਾਨੂੰ ਦੇਵੋ, ਜਿਸ ਨਾਲ ਅਸੀਂ ਭਾਰੀ ਵਿਆਹ ਕਰੀਏ, ਜਿਹੜਾ ਵੀ ਇਸ ਵਿਆਹ ਨੂੰ ਵੇਖੇ ਸੁਣੇ ਉਹ ਤੁਹਾਡਾ ਸ੍ਰੇਸ਼ਟ ਜੱਸ ਕਰੇ"॥ ੨੫॥

ਗੁਰੂ ਕਹਯੋ 'ਚਿੰਤਾ ਦਿਹੁ ਟਾਰਾ। ਸ੍ਰੀ ਨਾਨਕ ਕੋ ਅਟੁਟ ਭੰਡਾਰਾ।
ਪ੍ਰਾਤਕਾਲ ਜੇਤਿਕ ਧਨ ਆਵਹਿ। ਸਿਖ ਸੰਗਤਿ ਹਮ ਆਨਿ ਚਢਾਵਹਿ॥੨੬॥

ਗੁਰੂ ਜੀ ਨੇ ਕਿਹਾ, "ਚਿੰਤਾ ਨਾ ਕਰੋ, ਸ੍ਰੀ ਨਾਨਕ ਦੇ ਘਰ ਅਤੁੱਟ ਭੰਡਾਰ ਹਨ। ਸਵੇਰੇ ਜਿੰਨਾ ਵੀ ਧਨ ਆਵੇ, ਸਿੱਖ ਸੰਗਤ ਆ ਕੇ ਜਿੰਨਾ ਵੀ ਧਨ ਸਾਨੂੰ ਭੇਟ ਕਰਨਗੇ॥ ੨੬॥

ਸੋ ਸਭਿ ਹੀ ਤੁਮ ਲੇਹੁ ਸੰਭਾਰੀ। ਸਤਿਗੁਰ ਕਾਰਜ ਸਰਬ ਸੁਧਾਰੀ'।
ਦੁਹੂੰ ਸੁਨਤਿ ਮਨ ਆਨੰਦ ਪਾਏ। ਗੁਰ ਜਸ ਉਚਰਤਿ ਸਦਨ ਸਿਧਾਏ॥੨੭॥

ਉਹ ਸਾਰਾ ਧਨ ਤੁਸੀਂ ਸੰਭਾਲ ਲੈਣਾ, ਸਤਿਗੁਰੂ ਤੁਹਾਡੇ ਸਾਰੇ ਕਾਰਜ ਸੁਧਾਰ ਦੇਵੇਗਾ।" ਦੋਵੇਂ ਸੁਣ ਕੇ ਪ੍ਰਸੰਨ ਹੋ ਗਏ ਤੇ ਗੁਰੂ ਜੀ ਦਾ ਜੱਸ ਉਚਾਰਨ ਕਰਦੇ ਘਰ ਨੂੰ ਚਲੇ ਗਏ॥ ੨੭॥

ਜਾਮਨਿ ਬਿਤੀ ਪ੍ਰਾਤਿ ਜਬਿ ਹੋਈ। ਦਰਸ਼ਨ ਕਰਨਿ ਆਇ ਸਭਿ ਕੋਈ।
ਸਿਖ ਸੰਗਤਿ ਦੇ ਮਿਲਹਿਂ ਅਕੋਰ। ਬੰਦੈਂ ਚਰਨ ਕਮਲ ਕਰ ਜੋਰਿ॥ ੨੮॥

ਜਦ ਰਾਤ ਬੀਤੀ ਅਤੇ ਸਵੇਰ ਹੋਈ, ਸਾਰੇ ਸਿੱਖ ਦਰਸ਼ਨ ਕਰਨ ਆਏ। ਸਿੱਖ ਸੰਗਤਾਂ ਉਪਹਾਰ ਲੈ ਲੈ ਕੇ ਮਿਲਦੀਆਂ ਸਨ। ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾਂ ਕਰਦੀਆਂ ਸਨ॥ ੨੮॥

ਸਭਿ ਦਿਨ ਕੀ ਪੂਜਾ ਗਿਨਿ ਜਬੈ। ਭਯੋ ਰਜਤਪਨ ਇਕ ਸੌ ਤਬੈ।
ਦੁਹੂੰ ਭ੍ਰਾਤ ਕੋ ਸਗਰੇ ਦੀਨਿ। ਗਰਬੇ ਮੂਢ ਨਹੀਂ ਤਬਿ ਲੀਨਿ॥ ੨੯॥

ਸਾਰੇ ਦਿਨ ਦੀ ਪੂਜਾ ਜਦ ਗਿਣੀ ਤਾਂ ਸੌ ਰੁਪਏ ਇਕੱਠੇ ਹੋਏ, ਦੋਵਾਂ ਭਰਾਵਾਂ ਨੂੰ ਸਾਰਾ ਧਨ ਦੇ ਦਿੱਤਾ, ਪਰ ਹੰਕਾਰੀ ਮੂਰਖਾਂ ਨੇ ਰੁਪਏ ਨਾ ਲਏ॥ ੨੯॥

ਦਿਏ ਬਗਾਇ ਗੁਰੂ ਕੇ ਆਗੇ। 'ਹਮ ਸੌਂ ਕਰਨਿ ਮਸ਼ਕਰੀ ਲਾਗੇ।
ਕਜਾ ਹਮ ਲੈ ਕੇ ਬਜਾਹ ਰਚਾਵਹਿਂ। ਧਨ ਬਹੁ ਘਰ ਤੇ ਕਯੋਂ ਨ ਦਿਵਾਵਹਿਂ॥੩੦॥

ਉਨ੍ਹਾਂ ਗੁਰੂ ਜੀ ਦੇ ਅੱਗੇ ਪੈਸੇ ਵਗਾਹ ਕੇ ਮਾਰੇ ਤੇ ਬੋਲੇ, "ਕੀ ਸਾਨੂੰ ਮਸ਼ਕਰੀ ਕਰਨ ਲੱਗੇ ਹੋ, ਕੀ ਏਨਾ ਧਨ ਲੈ ਕੇ ਅਸੀਂ ਵਿਆਹ ਰਚਾਵਾਂਗੇ ? ਹੋਰ ਧਨ ਘਰ ਤੋਂ ਕਿਉਂ ਨਹੀਂ ਦਵਾਉਂਦੇ ਹੋ ?॥ ੩੦॥

ਸੁਨਤਿ ਸਤਿਗੁਰੂ ਧੀਰਜ ਦੀਨਿ। 'ਪੂਰਹਿਂ ਸ੍ਰੀ ਨਾਨਕ ਇਛ ਕੀਨਿ।
ਲਿਹੁ ਧਨ ਇਤੋ, ਨਿਬਾਹਹੁ ਕਾਰ। ਕਰਤਿ ਕੀਰਤਨ ਲਹਹੁ ਉਦਾਰ॥ ੩੧॥

ਸਤਿਗੁਰੂ ਜੀ ਨੇ ਸੁਣ ਕੇ ਧੀਰਜ ਦਿੱਤਾ, "ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੀ ਇੱਛਾ ਪੂਰੀ ਕਰਨਗੇ, ਏਨਾ ਧਨ ਲਵੋ ਤੇ ਆਪਣਾ ਕਾਰਜ ਪੂਰਾ ਕਰੋ। ਕੀਰਤਨ ਕਰਕੇ ਬਹੁਤ ਧਨ ਲਵੋਗੇ॥ ੩੧॥

ਸਤਿਗੁਰ ਘਰ ਤੇ ਨਿਤ ਤੁਮ ਲੇਨਾ। ਏਕ ਬਾਰ ਨਹਿਂ ਕੀਨਸਿ ਦੇਨਾ।
ਸਦਾ ਤੁਮਾਰੀ ਸਾਂਝ ਹਮਾਰੇ। ਨਹਿਂ ਫੇਰਹੁ ਲੀਜਹੁ ਇਹੁ ਪਜਾਰੇ॥ ੩੨॥

ਸਤਿਗੁਰੂ ਦੇ ਘਰ ਤੋਂ ਤੁਸੀਂ ਨਿੱਤ ਲੈਣਾ ਹੈ, ਅਸੀਂ ਇਕ ਵਾਰ ਹੀ ਤੁਹਾਨੂੰ ਨਹੀਂ ਦੇਣਾ ਹੈ। ਸਦਾ ਹੀ ਤੁਹਾਡੀ ਸਾਡੇ ਨਾਲ ਸਾਂਝ ਹੈ, ਇਨ੍ਹਾਂ ਨੂੰ ਨਾ ਮੋੜੋ, ਮੇਰੇ ਪਿਆਰੇ ਇਹ ਰੁਪਏ ਲੈ ਲਵੋ"॥ ੩੨॥

ਬਹੁਤ ਨੰਮ੍ਰਤਾ ਕਰਿ ਗੁਰ ਕਹਜੋ। ਤਬਿ ਸਭਿ ਦਰਬ ਹਾਥ ਨਿਜ ਗਹਜੋ।
ਲੇ ਗਮਨੇ ਮਤਿਮੰਦ ਨਿਕੇਤ। ਬੋਲਤਿ ਭੇ ਗੁਰ ਨਿੰਦ ਸਮੇਤ॥ ੩੩॥

ਗੁਰੂ ਜੀ ਨੇ ਬੜੀ ਨਿੰਮ੍ਰਤਾ ਨਾਲ ਕਿਹਾ, ਫਿਰ ਉਨ੍ਹਾਂ ਸਾਰਾ ਧਨ ਆਪਣੇ ਹੱਥ ਵਿਚ ਫੜ ਲਿਆ ਤੇ ਦੋਵੇਂ ਪੈਸੇ ਲੈ ਕੇ ਆਪਣੇ ਘਰ ਨੂੰ ਚਲੇ ਗਏ। ਰਾਹ ਵਿਚ ਗੁਰੂ ਜੀ ਦੀ ਨਿੰਦਿਆ ਭਰੇ ਸ਼ਬਦ ਬੋਲਦੇ ਜਾਂਦੇ ਸਨ॥ ੩੩॥

'ਨਹੀਂ ਆਜ ਤੇ ਨਿਕਟ ਪਧਾਰਹਿਂ। ਨਹੀਂ ਕੀਰਤਨ ਕਬਹੁਂ ਉਚਾਰਹਿਂ।
ਹਮਰੋ ਕਾਰਜ ਸਰਜੋ ਨ ਕੋਈ। ਗੁਰ ਸਮੀਪ ਰਹਿ ਕਜਾ ਪੁਨਿ ਹੋਈ'॥ ੩੪॥

ਕਹਿ ਰਹੇ ਸਨ, "ਅੱਜ ਤੋਂ ਬਾਅਦ ਉਨ੍ਹਾਂ ਦੇ ਪਾਸ ਨਹੀਂ ਜਾਵਾਂਗੇ, ਹੁਣ ਕਦੀ ਵੀ ਕੀਰਤਨ ਨਹੀਂ ਕਰਾਂਗੇ। ਸਾਡਾ ਕੋਈ ਵੀ ਕਾਰਜ ਨਹੀਂ ਸਰਿਆ ਹੈ, ਗੁਰੂ ਜੀ ਪਾਸ ਰਹਿ ਕੇ ਅਸੀਂ ਕੀ ਖੱਟਿਆ ਹੈ"॥ ੩੪॥

ਇਮ ਕਹਿ ਕਰਿ ਦ੍ਵੈ ਰਹੇ ਅਵਾਸ। ਨਹਿਂ ਗਮਨੇ ਸ੍ਰੀ ਸਤਿਗੁਰ ਪਾਸ।
ਦਿਵਸ ਆਗਲੇ ਜਬਿਹੀ ਜਾਨੇ। ਸਿੱਖਜਨਿ ਸੋਂ ਤਬਿ ਬਾਕ ਬਖਾਨੇ॥ ੩੫॥

ਇਸ ਤਰ੍ਹਾਂ ਕਹਿ ਕੇ ਦੋਵੇਂ ਘਰ ਹੀ ਰਹੇ ਤੇ ਉਹ ਸਤਿਗੁਰੂ ਜੀ ਪਾਸ ਨਾ ਗਏ। ਅਗਲੇ ਦਿਨ ਜਦ ਗੁਰੂ ਜੀ ਨੇ ਜਾਣਿਆਂ ਤਾਂ ਉਨ੍ਹਾਂ ਸਿੱਖਾਂ ਨਾਲ ਬਚਨ ਕੀਤੇ॥ ੩੫॥

'ਨਹੀਂ ਰਬਾਬੀ ਚਲਿ ਕਰਿ ਆਏ। ਜਾਹੁ ਸਦਨ ਤੇ ਲਜਾਉ ਬੁਲਾਏ'।
ਗੁਰ ਆਗਜਾ ਸੁਨਿ ਸਿੱਖ ਸਿਧਾਰੇ। ਜਾਇ ਘਰੋ ਤਿਨ ਸਾਥ ਉਚਾਰੇ॥ ੩੬॥

"ਰਬਾਬੀ ਚਲ ਕੇ ਨਹੀਂ ਆਏ ਹਨ, ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਬੁਲਾ ਕੇ ਲਿਆਉ।" ਗੁਰੂ ਜੀ ਦੀ ਆਗਿਆ ਪਾ ਕੇ ਸਿੱਖ ਉਨ੍ਹਾਂ ਦੇ ਘਰ ਗਏ, ਸਿੱਖਾਂ ਨੇ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਕਿਹਾ॥ ੩੬॥

'ਉਠਹੁ ਚਲਹੁ ਬਡਭਾਗ ਤੁਮਾਰਾ। ਸਤਿਗੁਰ ਸਿਮਰਤਿ ਤੁਮਹੁ ਹਕਾਰਾ।
ਪਰਮ ਪ੍ਰਸੰਨ ਬਿਰਾਜਤਿ ਜਹਿਂਵਾ। ਤੂਰਨ ਲਿਹੁ ਦਰਸ਼ਨ ਅਬਿ ਤਹਿਂਵਾ॥੩੭॥

"ਉੱਠ ਕੇ ਚਲੋ ਤੁਹਾਡੇ ਵੱਡੇ ਭਾਗ ਹਨ, ਸਤਿਗੁਰੂ ਜੀ ਨੇ ਤੁਹਾਨੂੰ ਯਾਦ ਕਰਕੇ ਬੁਲਾਇਆ ਹੈ। ਜਿਥੇ ਪਰਮ ਪ੍ਰਸੰਨ ਹੋ ਕੇ ਬਿਰਾਜ ਰਹੇ ਹਨ, ਤੁਰੰਤ ਉਥੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ"॥ ੩੭॥

ਸੁਨਿ ਸੱਤੇ ਬਲਵੰਡਹਿ ਕਹਜੋ। 'ਗੁਰ ਢਿਗ ਜਾਇ ਕਹਾਂ ਹਮ ਲਹਜੋ।
ਜਬਿ ਹਮ ਕਿਰਤਨ ਕਰਹਿਂ ਬਨਾਇ। ਆਇ ਦੀਵਾਨ ਸਰਬ ਲਗ ਜਾਇ॥੩੮॥

ਇਹ ਸੁਣ ਕੇ ਸੱਤੇ ਬਲਵੰਡ ਨੇ ਕਿਹਾ, "ਗੁਰੂ ਜੀ ਪਾਸ ਜਾ ਕੇ ਅਸੀਂ ਕੀ ਲੈਣਾ ਹੈ। ਜਦ ਅਸੀਂ ਚੰਗੀ ਤਰ੍ਹਾਂ ਸਵਾਰ ਕੇ ਕੀਰਤਨ ਕਰਦੇ ਹਾਂ, ਸਿੱਖ ਸੇਵਕ ਆਉਂਦੇ ਹਨ ਤੇ ਦੀਵਾਨ ਲੱਗ ਜਾਂਦਾ ਹੈ॥ ੩੮॥

ਸ੍ਰੀ ਅਰਜਨ ਵਿਚ ਬੈਠਹਿਂ ਆਈ। ਗੁਰੂ ਗੁਰੂ ਕਹਿਂ ਸਭਿ ਲਗਿ ਪਾਈ।
ਅਨਿਕ ਉਪਾਇਨ ਆਨਿ ਚਢਾਵਹਿਂ। ਹੇਰਿ ਹੇਰਿ ਕਰਿ ਸੁਜਸੁ ਅਲਾਵਹਿਂ ॥੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਆ ਕੇ ਫਿਰ ਵਿਚ ਬੈਠ ਜਾਂਦੇ ਹਨ, ਗੁਰੂ ਗੁਰੂ ਕਰਕੇ ਸਾਰੇ ਲੋਕ ਚਰਨਾਂ 'ਤੇ ਮੱਥਾ ਟੇਕਦੇ ਹਨ। ਅਨੇਕ ਪ੍ਰਕਾਰ ਦੇ ਉਪਹਾਰ ਲਿਆ ਕੇ ਚੜ੍ਹਾਉਂਦੇ ਹਨ ਅਤੇ ਵੇਖ ਵੇਖ ਕੇ ਸ੍ਰੇਸ਼ਟ ਜੱਸ ਕਰਦੇ ਹਨ॥ ੩੯॥

ਗੁਰਤਾ ਗਾਦੀ ਕੋ ਹਮ ਮੂਲ। ਨਹਿਂ ਜਬਿ ਜਾਇਂ ਹੋਇ ਪ੍ਰਤਿਕੂਲ।
ਤਿਨ ਕੋ ਗੁਰੂ ਨ ਕਹਿ ਹੈ ਕੋਇ। ਧਨ ਕੀ ਪੂਜਾ ਕਿਤ ਤੇ ਹੋਇ॥ ੪੦॥

ਗੁਰਤਾ ਗੱਦੀ ਦੇ ਅਸੀਂ ਮੁੱਢ ਹਾਂ ਭਾਵ ਮੂਲ ਆਧਾਰ ਹਾਂ, ਜਦ ਅਸੀਂ ਨਾ ਗਏ ਤਾਂ ਸਾਰੇ ਉਲਟ ਹੋ ਜਾਣਗੇ, ਉਨ੍ਹਾਂ ਨੂੰ ਫਿਰ ਕੋਈ ਵੀ ਗੁਰੂ ਨਹੀਂ ਕਹੇਗਾ, ਫਿਰ ਧਨ ਦੀ ਪੂਜਾ ਕਿਥੋਂ ਹੋਵੇਗੀ ?॥ ੪੦॥

ਹਮ ਬਿਨ ਬੈਠਜੋ ਰਹੈ ਇਕਾਂਕੀ। ਮਹਿਮਾ ਸਕਲ ਜਾਇ ਹੈ ਤਾਂਕੀ'।
ਸੁਨਤਿ ਸਿੱਖ ਨੇ ਪੁਨ ਸਮਝਾਏ। 'ਸਮਤਿ ਬਿਸਾਰਿ ਕਹਾਂ ਗਰਬਾਏ॥ ੪੧॥

ਸਾਡੇ ਬਗੈਰ ਇਕੱਲੇ ਬੈਠੇ ਰਹਿਣਗੇ ਅਤੇ ਗੁਰੂ ਜੀ ਦੀ ਸਾਰੀ ਮਹਿਮਾ ਜਾਂਦੀ ਰਹੇਗੀ"। ਸਿੱਖਾਂ ਨੇ ਸੁਣ ਕੇ ਦੁਬਾਰਾ ਸਮਝਾਇਆ, "ਸ੍ਰੇਸ਼ਟ ਮੱਤ ਨੂੰ ਵਿਸਾਰ ਕੇ ਕਿਉਂ ਹੰਕਾਰ ਕਰਦੇ ਹੋ ?॥ ੪੧॥

ਕਜਾ ਅਨਬਨ ਬੋਲਹੁ ਮੁਖ ਬਾਨੀ। ਕਹਿ ਬਾਵਰ, ਕੈ ਜਿਮ ਮਦਪਾਨੀ।
ਤੁਮ ਸਤਿਗੁਰ ਤੇ ਸ਼ੋਭਹੁ ਭਲੇ। ਕਰਹੁ ਕੀਰਤਨ ਤਿਨ ਕੋ ਮਿਲੇ॥ ੪੨॥

ਮੁਖ ਵਿਚੋਂ ਕੈਸੇ ਊਟ-ਪਟਾਂਗ ਬੋਲ ਬੋਲਦੇ ਹੋ, ਕੀ ਸ਼ੁਦਾਈ ਹੋ ਗਏ ਹੋ ਜਾਂ ਸ਼ਰਾਬ ਪੀ ਲਈ ਹੈ ? ਤੁਸੀਂ ਸਤਿਗੁਰੂ ਪਾਸੋਂ ਭਲੀ ਸ਼ੋਭਾ ਪਾਈ ਹੈ, ਉਨ੍ਹਾਂ ਨੂੰ ਮਿਲ ਕੇ ਕੀਰਤਨ ਕਰੋ॥ ੪੨॥

ਜਗਤ ਬਿਖੈ ਤੁਮਰੀ ਬਡਿਆਈ। ਬਹੁਰੋ ਦਰਬ ਲੇਹੁ ਸਮੁਦਾਈ।
ਉਠਹੁ ਚਲਹੁ ਮਾਨਹੁ ਬਚ ਮੇਰਾ। ਤੁਮ ਪਰ ਗੁਰੂ ਪ੍ਰਸੰਨ ਘਨੇਰਾ॥ ੪੩॥

ਜਗਤ ਵਿਚ ਤੁਹਾਡੀ ਵਡਿਆਈ ਹੋਈ ਹੈ, ਫਿਰ ਤੁਸੀਂ ਕਾਫੀ ਧਨ ਵੀ ਪ੍ਰਾਪਤ ਕਰਦੇ ਹੋ। ਉਠੋ ਅਤੇ ਮੇਰੇ ਬਚਨ ਮੰਨ ਕੇ ਚਲੋ, ਤੁਹਾਡੇ ਉਤੇ ਗੁਰੂ ਜੀ ਬਹੁਤ ਪ੍ਰਸੰਨ ਹਨ"॥ ੪੩॥

ਇਸ ਪ੍ਰਕਾਰ ਸਿਖ ਕਹਿ ਬਹੁ ਹਾਰਜੋ। ਨਹੀਂ ਚਲਨਿ ਕੋ ਮੂਢ ਉਚਾਰਜੋ।
ਜਾਇ ਗੁਰੂ ਕੇ ਨਿਕਟ ਉਚਾਰੇ। 'ਨਹਿਂ ਆਵਤਿ ਬਿਨਮਤਿ ਹੰਕਾਰੇ'॥ ੪੪॥

ਇਸ ਪ੍ਰਕਾਰ ਸਿੱਖ ਕਹਿ ਕਹਿ ਕੇ ਹਾਰ ਗਿਆ, ਪਰ ਮੂਰਖਾਂ ਚਲਣਾ ਨਾ ਮੰਨਿਆ। ਸਿੱਖ ਨੇ ਗੁਰੂ ਜੀ ਪਾਸ ਜਾ ਕੇ ਸਭ ਕੁਝ ਦੱਸਿਆ, "ਉਹ ਨਹੀਂ ਆ ਰਹੇ ਹਨ, ਮੂਰਖ ਬੜੇ ਹੰਕਾਰੇ ਹੋਏ ਹਨ"॥ ੪੪॥

ਸੁਨਿ ਸਤਿਗੁਰ ਸਿਖ ਔਰ ਪਠਾਵਾ। ਲੇਨਿ ਹੇਤ ਤਿਨ ਸਦਨ ਸਿਧਾਵਾ।
'ਚਲਹੁ ਰਬਾਬੀ ਗੁਰੂ ਹਕਾਰਤਿ। ਢਿਗ ਚਲਿ ਨਿਜ ਦੁਖ ਕਜੋਂ ਨ ਉਚਾਰਤਿ॥੪੫॥

ਇਹ ਸੁਣ ਕੇ ਸਤਿਗੁਰੂ ਜੀ ਇਕ ਹੋਰ ਸਿੱਖ ਨੂੰ ਭੇਜਿਆ, ਉਨ੍ਹਾਂ ਨੂੰ ਲੈਣ ਵਾਸਤੇ ਉਹ ਉਨ੍ਹਾਂ ਦੇ ਘਰ ਗਿਆ। ਉਸ ਨੇ ਜਾ ਕੇ ਕਿਹਾ, "ਰਬਾਬੀਓ ! ਚਲੋ, ਗੁਰੂ ਜੀ ਬੁਲਾ ਰਹੇ ਹਨ। ਉਨ੍ਹਾਂ ਦੇ ਪਾਸ ਜਾ ਕੇ ਆਪਣੇ ਦੁਖ ਨੂੰ ਕਿਉਂ ਨਹੀਂ ਦੱਸਦੇ ਹੋ॥ ੪੫॥

ਨੌ ਨਿਧ ਰਿਧਿ ਸਿਧਿ ਰਮਾ ਬਡੇਰੀ। ਸ੍ਰੀ ਗੁਰ ਕੋ ਰੁਖ ਨਿਤਪ੍ਰਤਿ ਹੇਰੀ।
ਜਿਸ ਦਿਸ਼ਿ ਸ਼ਾਰਤਿ ਆਪ ਉਸਾਰਤਿ। ਤਿਸ ਢਿਗ ਜਾਤਿ ਬਿਲਮ ਨਹਿਂ ਧਾਰਤਿ॥੪੬॥

ਉਨ੍ਹਾਂ ਪਾਸ ਨੌਂ ਨਿਧੀਆਂ, ਸਾਰੀਆਂ ਰਿਧੀਆਂ ਸਿਧੀਆਂ ਅਤੇ ਬਹੁਤ ਲਛਮੀ ਭਾਵ ਧਨ ਹੈ। ਲਛਮੀ ਸਦਾ ਹੀ ਗੁਰੂ ਜੀ ਵਲ ਵੇਖਦੀ ਰਹਿੰਦੀ ਹੈ। ਜਿਸ ਪਾਸੇ ਵੀ ਆਪ ਇਸ਼ਾਰਾ ਕਰਦੇ ਹਨ, ਉਸ ਪਾਸੇ ਜਾਣ ਲੱਗੀ ਦੇਰ ਨਹੀਂ ਲਾਉਂਦੀ ਹੈ॥ ੪੬॥

ਅਸ ਪ੍ਰਭੁ ਕੋ ਤੁਮ ਤਜਾਗਤਿ ਕੈਸੇ। ਸਮਝ ਸੁ ਮਿਲਹੁ, ਪ੍ਰਤੀਖਤਿ ਬੈਸੇ।
ਦੋਨਹੁ ਭ੍ਰਾਤ ਗਰਬ ਧਰਿ ਕਹਜੋ। 'ਤਿਨ ਢਿਗ ਹਮਹੁ ਕਛੂ ਨਹਿਂ ਲਹਜੋ ॥੪੭॥

ਐਸੇ ਪ੍ਰਭੂ ਨੂੰ ਤੁਸੀਂ ਕਿਵੇਂ ਤਿਆਗਦੇ ਹੋ। ਇਹ ਗੱਲ ਸਮਝ ਕੇ ਉਨ੍ਹਾਂ ਨੂੰ ਮਿਲੋ, ਤੁਹਾਡੀ ਉਡੀਕ ਕਰ ਰਹੇ ਬੈਠੇ ਹਨ। ਦੋਵਾਂ ਭਰਾਵਾਂ ਨੇ ਹੰਕਾਰ ਧਾਰ ਕੇ ਕਿਹਾ, "ਉਨ੍ਹਾਂ ਪਾਸੋਂ ਅਸੀਂ ਕੁਝ ਨਹੀਂ ਲਿਆ ਹੈ ॥ ੪੭॥

ਨਹੀਂ ਜਾਇਂ ਅਬਿ ਕੈਸੇ ਪਾਸ। ਤਿਨ ਕੌ ਤਜਿ ਹਮ ਰਹੈਂ ਅਵਾਸ।
ਕੇਤੇ ਜਤਨ ਬਨਾਵਹੁ ਕੋਈ। ਗੁਰ ਸੰਗ ਹਮਰੋ ਮੇਲ ਨ ਹੋਈ' ॥ ੪੮॥

ਹੁਣ ਅਸੀਂ ਕਿਸੇ ਤਰ੍ਹਾਂ ਵੀ ਉਨ੍ਹਾਂ ਦੇ ਪਾਸ ਨਹੀਂ ਜਾਵਾਂਗੇ, ਉਨ੍ਹਾਂ ਨੂੰ ਛੱਡ ਕੇ ਹੁਣ ਆਪਣੇ ਘਰ ਹੀ ਰਹਾਂਗੇ। ਕੋਈ ਕਿੰਨੇ ਵੀ ਯਤਨ ਬਣਾ ਲਵੇ, ਗੁਰੂ ਜੀ ਨਾਲ ਹੁਣ ਸਾਡਾ ਕਦੀ ਮੇਲ ਨਹੀਂ ਹੋਵੇਗਾ" ॥ ੪੮॥

ਸੁਨਿ ਕਠੋਰ ਬਾਨੀ ਤਿਨ ਕੇਰੀ। ਕਹਜੋ ਜਾਇ ਗੁਰ ਕੋ ਤਿਸ ਬੇਰੀ।
'ਪ੍ਰਭੁ ਜੀ ਨਹਿਂ ਮਾਨੈਂ ਕਿਮ ਮੂਢੇ। ਰਹਜੋ ਗਰਬ ਮਦ ਰਿਦੇ ਅਰੂਢੇ' ॥ ੪੯॥

ਉਨ੍ਹਾਂ ਦੇ ਕਠੋਰ ਬੋਲ ਸੁਣ ਕੇ, ਸਿੱਖ ਨੇ ਸਭ ਕੁਝ ਗੁਰੂ ਜੀ ਨੂੰ ਜਾ ਕੇ ਦੱਸਿਆ, "ਪ੍ਰਭੂ ਜੀ ਉਹ ਨਹੀਂ ਮੰਨਦੇ, ਵੱਡੇ ਮੂਰਖ ਹਨ, ਉਨ੍ਹਾਂ ਦਾ ਹਿਰਦਾ ਬੜੇ ਹੰਕਾਰ ਨਾਲ ਭਰਿਆ ਹੈ" ॥ ੪੯॥

ਸੁਨਿ ਸ੍ਰੀ ਅਰਜਨ ਛਿਮਾ ਨਿਧਾਨਾ। ਝੂਠੇ ਤਿਨ ਕੋ ਕਰਨਿ ਮਹਾਨਾ।
ਆਪ ਚਲਨਿ ਕੋ ਬਣੌਂਤ ਬਿਚਾਰਾ। ਤਿਨ ਕੇ ਬਿੱਦਜਾ ਕੋ ਅਹੰਕਾਰਾ ॥ ੫੦॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ, ਜਿਹੜੇ ਖਿਮਾਂ ਦੇ ਖਜ਼ਾਨੇ ਹਨ, ਉਨ੍ਹਾਂ ਨੂੰ ਮਹਾਨ ਝੂਠਾ ਕਰਨ ਵਾਸਤੇ, ਆਪ ਚਲਣ ਦੀ ਸਲਾਹ ਬਣਾਈ। ਰਬਾਬੀਆਂ ਨੂੰ ਆਪਣੀ ਵਿਦਿਆ ਤੇ ਬਹੁਤ ਅਹੰਕਾਰ ਸੀ ॥ ੫੦॥

ਸਾਦਰ ਆਨਹਿਂ ਤਿਨ ਕੋ ਜਾਇ। ਬਹੁਰੋ ਦਰਬ ਦੇਹਿਂ ਸਮੁਦਾਇ।
ਕਰਹਿਂ ਕੀਰਤਨ ਗੁਰ ਜਸੁ ਗਾਵਹਿਂ। ਸਿਖ ਸੰਗਤਿ ਕੇ ਰਿਦੈ ਬਸਾਵਹਿਂ ॥ ੫੧॥

ਉਨ੍ਹਾਂ ਨੂੰ ਜਾ ਕੇ ਬੜੇ ਆਦਰ ਨਾਲ ਲਿਆਉਂਦੇ ਹਾਂ, ਫਿਰ ਉਨ੍ਹਾਂ ਨੂੰ ਬਹੁਤ ਧਨ ਦਿੰਦੇ ਹਾਂ। ਕੀਰਤਨ ਕਰਕੇ ਗੁਰੂ ਦਾ ਜੱਸ ਗਾਉਣਗੇ, ਸਿੱਖ ਸੰਗਤ ਦੇ ਹਿਰਦੇ ਵਿਚ ਵਸਾਉਣਗੇ ॥ ੫੧॥

ਚਹੀਅਹਿ ਰੁਚਿਰ ਰਬਾਬੀ ਹਮੈ। ਕਰਹਿਂ ਕੀਰਤਨ ਦੋਨਹੁ ਸਮੈ।
ਇਮ ਬਿਚਾਰ ਕਰਿ ਭੇ ਗੁਰ ਤਯਾਰੀ। ਜਿਨ ਸੁਭਾਵ ਪਰ ਕਵਿ ਬਲਿਹਾਰੀ ॥ ੫੨॥

ਸਾਨੂੰ ਚੰਗੇ ਰਬਾਬੀ ਚਾਹੀਦੇ ਹਨ, ਜਿਹੜੇ ਦੋਵੇਂ ਸਮੇਂ ਕੀਰਤਨ ਕਰਨ। ਇਹ ਵਿਚਾਰ ਕੇ ਗੁਰੂ ਜੀ ਨੇ ਜਾਣ ਦੀ ਤਿਆਰੀ ਕਰ ਲਈ। ਜਿਨ੍ਹਾਂ ਦੇ ਸੁਭਾਅ ਤੋਂ ਕਵੀ ਬਲਿਹਾਰ ਜਾਂਦਾ ਹੈ ॥ ੫੨॥

*ਤੀਸਰੀ ਰਾਸ ਦਾ ਤਿਰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ ॥ ੪੩॥*

❖❖❖

# ਅਧਿਆਇ ਚੁਤਾਲੀਵਾਂ

*ਸੱਤਾ ਬਲਵੰਡ, ਭਾਈ ਲੱਧਾ ਪਰਉਪਕਾਰੀ*

ਦੋਹਰਾ- ਧਰਮਸਾਲ ਸਾਲੋ ਜਹਾਂ ਤਿਸ ਕੇ ਨਿਕਟ ਨਿਕੇਤ।
'ਆਪ ਜਾਇ ਆਨਹਿਂ ਤਿਨਹਿ' ਗਮਨੇ ਗੁਰ ਇਸ ਹੇਤੁ ॥੧॥

ਜਿਥੇ ਭਾਈ ਸਾਲੋ ਦੀ ਧਰਮਸ਼ਾਲਾ ਹੈ, ਉਸ ਦੇ ਲਾਗੇ ਹੀ ਸੱਤੇ ਬਲਵੰਡ ਦਾ ਘਰ ਸੀ। ਉਨ੍ਹਾਂ ਨੂੰ ਆਪ ਜਾ ਕੇ ਲਿਆਉਂਦੇ ਹਾਂ, ਇਸ ਵਾਸਤੇ ਗੁਰੂ ਜੀ ਉਨ੍ਹਾਂ ਦੇ ਘਰ ਵਲ ਚੱਲ ਪਏ॥ ੧॥

*ਨਿਸ਼ਾਨੀ ਛੰਦ-* ਗਮਨੇ ਸ੍ਰੀ ਅਰਜਨ ਤਬਹਿ ਤਿਨ ਸਦਨ ਮਝਾਰੇ।
ਕਰਨਿ ਹੇਤੁ ਆਦਰ ਸ਼ਬਦ, ਸੋ ਗਾਵਨ ਹਾਰੇ।
ਸ੍ਰੀ ਨਾਨਕ ਤੇ ਆਦਿ ਗੁਰ ਸਭਿਹਿਨ ਇਹ ਰਾਖੇ।
ਗਾਇ ਗੁਰੂ ਕੇ ਸਬਦ ਕੋ ਸਿਖ ਸੁਨਹਿਂ ਭਿਲਾਖੇ॥ ੨॥

ਗੁਰੂ ਅਰਜਨ ਦੇਵ ਜੀ ਫਿਰ ਉਨ੍ਹਾਂ ਦੇ ਘਰ ਵਿਚ ਚਲੇ ਗਏ। ਸ਼ਬਦ ਦਾ ਆਦਰ ਕਰਨ ਹਿਤ, ਕਿਉਂਕਿ ਉਹ ਸ਼ਬਦ ਨੂੰ ਗਾਉਣ ਵਾਲੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਾਰੇ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਰਖਿਆ ਸੀ। ਗੁਰੂ ਦੇ ਸ਼ਬਦ ਨੂੰ ਸਿੱਖ ਬੜੀ ਚਾਹਤ ਨਾਲ ਸੁਣਦੇ ਹਨ॥ ੨॥

ਬਹੁਤਨਿ ਕੋ ਕੱਲਜਾਨ ਹੈ ਸੁਨਿਬੇ ਅਰੁ ਗਾਏ।
ਬਹੁਰੋ ਆਦਰ ਸ਼ਬਦ ਕੋ ਬੀਚਾਰਤਿ ਜਾਏ।
ਪੌਰ ਪ੍ਰਵੇਸ਼ੇ ਸਦਨ ਮਹਿਂ ਸ਼੍ਰੀ ਅਰਜਨ ਠਾਂਢੇ।
ਦੇਖਿ ਨ ਆਦਰ ਉਠਿ ਕਰਜੋ ਉਰ ਗਰਬ ਜੁ ਬਾਢੇ॥ ੩॥

ਸੁਣਨ ਅਤੇ ਗਾਇਣ ਨਾਲ ਬਹੁਤਿਆਂ ਦਾ ਕਲਿਆਣ ਹੋ ਜਾਂਦਾ ਹੈ, ਫਿਰ ਉਹ ਸ਼ਬਦ ਦੇ ਆਦਰ ਤੇ ਵੀਚਾਰ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਰਵਾਜ਼ੇ ਅੰਦਰ ਦਾਖਲ ਹੋ ਕੇ ਅੰਦਰ ਜਾ ਕੇ ਖਲੋ ਗਏ। ਉਨ੍ਹਾਂ ਨੂੰ ਵੇਖ ਕੇ ਆਦਰ ਵਾਸਤੇ ਉੱਠ ਕੇ ਖੜੇ ਨਾ ਹੋਏ, ਹਿਰਦੇ ਵਿਚ ਬਹੁਤ ਹੰਕਾਰ ਵਧਿਆ ਹੋਇਆ ਸੀ॥ ੩॥

ਬੈਠਿ ਰਹੇ ਦੋਨਹੁ ਮੁਗਧ ਮੁਖ ਧਰਿ ਕਰਿ ਮੋਨਾ।
ਮਹਿਮਾ ਲਖਹਿਂ ਨ ਗੁਰੂ ਕੀ ਚਲਿ ਆਏ ਭੌਨਾ।
ਸੱਤੇ ਅਰੁ ਬਲਵੰਡ ਕੋ ਸ਼੍ਰੀ ਅਰਜਨ ਭਾਖੀ।
'ਕੋ ਕਾਰਨ ਐਸੋ ਭਯੋ ਜਿਸ ਤੇ ਰਿਸ ਰਾਖੀ? ॥ ੪॥

ਦੋਵੇਂ ਮੂੰਹ ਮੋਟਾ ਕਰਕੇ ਮੌਨ ਧਾਰ ਕੇ ਬੈਠੇ ਰਹੇ, ਗੁਰੂ ਜੀ ਦੀ ਮਹਿਮਾ ਨਾ ਜਾਣੀ ਕਿ ਸਾਡੇ ਘਰ ਚਲ ਕੇ ਆਏ ਹਨ। ਸੱਤੇ ਅਤੇ ਬਲਵੰਡ ਨੂੰ ਗੁਰੂ ਜੀ ਨੇ ਕਿਹਾ, "ਕਿਹੜਾ ਐਸਾ ਹੈ ਕਾਰਨ ਜਿਸ ਨਾਲ ਏਨਾ ਗੁੱਸਾ ਕੀਤਾ ਹੈ? ॥ ੪॥

ਆਵਨ ਜਾਨੋ ਦਰਬ ਹੈ ਨਹਿਂ ਥਿਰਤਾ ਪੈ ਹੈ।
ਇਸ ਤੇ ਰਿਸ ਤੁਮ ਕਜੋਂ ਕਰੀ ਪੁਨ ਬਹੁਤੋ ਦੈ ਹੈਂ।
ਸ਼੍ਰੀ ਨਾਨਕ ਕੋ ਕੋਸ਼ ਹੈ ਕਮਤੀ ਕੁਛ ਨਾਂਹੀ।
ਸ਼ਰਧਾ ਧਰਿ ਕਿਰਤਨ ਕਰਹੁ ਆਵਹਿ ਤੁਮ ਪਾਹੀ' ॥ ੫ ॥

ਧਨ ਆਉਂਦਾ ਜਾਂਦਾ ਰਹਿੰਦਾ ਹੈ, ਇਹ ਕਿਤੇ ਵੀ ਟਿਕਦਾ ਨਹੀਂ, ਇਸ ਕਾਰਨ ਤੁਸੀਂ ਗੁੱਸਾ ਕਿਉਂ ਕੀਤਾ ਹੈ, ਫਿਰ ਤੁਹਾਨੂੰ ਬਹੁਤ ਦੇਵਾਂਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਖ਼ਜ਼ਾਨਾ ਹੈ, ਕੁਝ ਵੀ ਘਟਦਾ ਨਹੀਂ ਹੈ, ਸ਼ਰਧਾ ਧਾਰ ਕੇ ਕੀਰਤਨ ਕਰੋ ਅਤੇ ਮੇਰੇ ਪਾਸ ਆਵੋ" ॥ ੫ ॥

ਸੁਨਿ ਬੋਲਜੋ ਬਲਵੰਡ ਤਬਿ, "ਹਮ ਪਿਖਜੋ ਨ ਕੋਈ।
ਕਹਾਂ ਖਜ਼ਾਨੋ ਹੈ ਧਰਜੋ ਤੁਮ ਭਾਖਤਿ ਜੋਈ।
ਇਕ ਸਹੰਸ ਮੇਂ ਬਜਾਹੁ ਹੁਇ, ਸੌ ਹਮ ਨੇ ਪਾਏ।
ਨਹਿਂ ਗਮਨਹਿਂ ਤੁਮ ਨਿਕਟ ਅਬਿ ਕਜਾ ਲੇਹਿਂ ਕਮਾਏ ॥੬ ॥

ਇਹ ਸੁਣ ਕੇ ਭਟ ਬਲਵੰਡ ਬੋਲਿਆ, "ਅਸੀਂ ਤਾਂ ਕੋਈ ਖਜ਼ਾਨਾ ਨਹੀਂ ਵੇਖਿਆ, ਉਹ ਖਜ਼ਾਨਾ ਕਿਥੇ ਧਰਿਆ ਹੈ, ਜਿਸ ਬਾਰੇ ਤੁਸੀਂ ਕਹਿੰਦੇ ਹੋ, ਇਕ ਸੌ ਰੁਪਏ ਨਾਲ ਕੀ ਵਿਆਹ ਹੋ ਜਾਂਦਾ ਹੈ, ਸੌ ਰੁਪਈਆ ਸਾਨੂੰ ਦਿੱਤਾ ਸੀ। ਹੁਣ ਤੁਹਾਡੇ ਪਾਸ ਨਹੀਂ ਜਾਵਾਂਗੇ, ਹੁਣ ਕੀ ਕਮਾ ਲਵਾਂਗੇ ॥ ੬ ॥

ਅਪਰਥਾਨ ਰਹਿ ਕਰਿ ਕਹੂੰ ਨਿਜ ਰਾਗ ਸੁਨਾਵੈਂ।
ਲੇਹਿਂ ਦਰਬ ਉਰ ਭਾਵਤੋ, ਕਹਿ ਤਾਨ ਰਿਝਾਵੈਂ।
ਜਿਤੇ ਬਰਖ ਤੁਮ ਢਿਗ ਰਹੇ ਖਿੱਦਜਾ ਨਿਜ ਖੋਈ।
ਸੁਨਿ ਰੀਝਤਿ ਜਾਨਤਿ ਗੁਨਨਿ ਪੈ ਮੌਜ ਨ ਕੋਈ ॥ ੭ ॥

ਕਿਸੇ ਹੋਰ ਥਾਂ ਰਹਿ ਕੇ ਆਪਣਾ ਰਾਗ ਸੁਣਾਵਾਂਗੇ, ਦਿਲ ਭਾਉਂਦਾ ਧਨ ਲਵਾਂਗੇ, ਸੁਰਾਂ ਕੱਢ ਕੇ ਲੋਕਾਂ ਨੂੰ ਖੁਸ਼ ਕਰਾਂਗੇ। ਜਿੰਨੇ ਵਰਸ਼ ਤੁਹਾਡੇ ਪਾਸ ਰਹੇ ਹਾਂ, ਆਪਣੀ ਵਿਦਿਆ ਹੀ ਗਵਾ ਬੈਠੇ ਹਾਂ। ਸਾਡੇ ਗੁਣਾਂ ਨੂੰ ਜਾਣਦੇ ਤੇ ਸੁਣਕੇ ਰੀਝਦੇ ਵੀ ਰਹੇ ਹੋ, ਪਰ ਅਸੀਂ ਕੋਈ ਮੌਜ ਨਹੀਂ ਮਾਣੀ ॥ ੭ ॥

ਸ਼੍ਰੀ ਨਾਨਕ ਪੂਰਬ ਭਏ ਜਗ ਕਿਨਹੁੰ ਨ ਜਾਨਜੋ।
ਮਰਦਾਨਾ ਜਬਿ ਰਾਖਿਓ ਸਭਿ ਮਹਿਂ ਪ੍ਰਗਟਾਨਜੋ।
ਸ਼੍ਰੀ ਅੰਗਦ ਗੁਰੁ ਅਮਰ ਜੀ ਤੁਮਰੋ ਪਿਤ ਜੋਈ।
ਪ੍ਰਗਟ ਰਬਾਬੀ ਕਰਤਿ ਭੇ ਇਮ ਲਖੈ ਨ ਕੋਈ ॥ ੮ ॥

ਪਹਿਲਾਂ ਗੁਰੂ ਨਾਨਕ ਹੋਏ, ਉਨ੍ਹਾਂ ਨੂੰ ਜਗਤ ਵਿਚ ਕਿਸੇ ਨਾ ਜਾਣਿਆ, ਜਦ ਮਰਦਾਨਾ ਰਖਿਆ ਤਾਂ ਸਾਰਿਆਂ ਵਿਚ ਮਸ਼ਹੂਰ ਹੋ ਗਏ। ਸ੍ਰੀ ਅੰਗਦ ਦੇਵ, ਗੁਰੂ ਅਮਰਦਾਸ ਅਤੇ ਤੁਹਾਡੇ ਜਿਹੜੇ ਪਿਤਾ ਜੀ ਹੋਏ ਹਨ, ਉਨ੍ਹਾਂ ਨੂੰ ਵੀ ਰਬਾਬੀ ਪ੍ਰਗਟ ਕਰਦੇ ਰਹੇ ਹਨ, ਉਸ ਤਰ੍ਹਾਂ ਤਾਂ ਕੋਈ ਵੀ ਪਛਾਣਦਾ ਨਹੀਂ ਸੀ ॥ ੮ ॥

ਤੁਮ ਢਿਗ ਹਮ ਕਿਰਤਨ ਕਰੈਂ ਗੁਰ ਮਹਿਮਾ ਗਾਵੈਂ।
ਸੁਨਿ ਸੁਨਿ ਸਿਖ ਬਹੁ ਦੇਸ਼ ਕੇ ਬਸਤੂ ਗਨ ਲਜਾਵੈਂ।

ਗੁਰੂ ਗੁਰੂ ਉਚਰਹਿਂ ਤੁਮੈ ਪੂਜਹਿਂ ਧਨ ਆਨੈਂ।
ਸੁਨਿ ਕਰਿ ਹਮਰੇ ਰਾਗ ਕੋ ਸੰਗਤਿ ਸਭ ਮਾਨੈ॥ ੯॥

ਤੁਹਾਡੇ ਪਾਸ ਅਸੀਂ ਕੀਰਤਨ ਕਰਦੇ ਹਾਂ ਤੇ ਗੁਰੂ ਮਹਿਮਾ ਗਾਉਂਦੇ ਹਾਂ ਤਾਂ ਦੇਸ਼ ਦੇ ਸਿੱਖ ਸੁਣ ਸੁਣ ਕੇ ਬਹੁਤ ਵਸਤਾਂ ਭੇਟ ਕਰਨ ਵਾਸਤੇ ਲਿਆਉਂਦੇ ਹਨ, ਗੁਰੂ ਗੁਰੂ ਉਚਾਰਦੇ ਹਨ ਅਤੇ ਤੁਹਾਨੂੰ ਆ ਕੇ ਧਨ ਪੂਜਦੇ ਹਨ, ਕੇਵਲ ਸਾਡੇ ਰਾਗ ਨੂੰ ਸੁਣ ਕੇ ਸਾਰੀ ਸੰਗਤ ਤੁਹਾਨੂੰ ਮੰਨਦੀ ਹੈ॥੯॥

ਇਤਨੋ ਗੁਨ ਹਮਰੋ ਮਹਾਂ ਕੁਛ ਜਾਨਜੋ ਨਾਂਹੀ।
ਨਾਂਹਿ ਤ ਆਧੀ ਭੇਟ ਕੋ ਦਿਹੁ ਹਮ ਘਰ ਮਾਂਹੀ।
ਅਬਿ ਜਾਨੀ ਪਰਿ ਹੈ ਭਲੇ ਕਿਮ ਗੁਰੂ ਕਹਾਵੋ।
ਵਸਤੁ ਹਜ਼ਾਰਹੁਂ ਦਰਬ ਬਹੁ ਕੈਸੇ ਤੁਮ ਪਾਵੋ॥ ੧੦॥

ਸਾਡੇ ਵਿਚ ਏਨੇ ਮਹਾਨ ਗੁਣ ਹਨ, ਤੁਸੀਂ ਜਾਣੇ ਨਹੀਂ ਹਨ. ਨਹੀਂ ਤਾਂ ਅੱਧੀ ਭੇਟਾ ਸਾਡੇ ਘਰ ਦੇਵੋ। ਹੁਣ ਪਤਾ ਲੱਗ ਜਾਵੇਗਾ ਕਿ ਗੁਰੂ ਕਿਵੇਂ ਚੰਗੇ ਅਖਵਾਉਂਦੇ ਹਨ, ਵਸਤਾਂ ਅਤੇ ਹਜ਼ਾਰਾਂ ਰੁਪਈਆਂ ਦਾ ਧਨ ਤੁਸੀਂ ਕਿਥੋਂ ਪਾਵੋਗੇ॥ ੧੦॥

ਹਮ ਅਬਿ ਰਹਿ ਕੇ ਅਪਰ ਢਿਗ ਲੇਂ ਗੁਰੂ ਬਨਾਈ।
ਪੂਜਾ ਹੋਵਹਿ ਤਿਸੀ ਕੀ ਮਾਨਹਿਂ ਸਮੁਦਾਈ।
ਹਮ ਅਧੀਨ ਕਰਿਬੋ ਗੁਰੂ ਨਹਿਂ ਤੁਮਨੇ ਜਾਨਾ।
ਅਬਿ ਪੀਛੇ ਪਛੁਤਾਇ ਹੋ ਮਨਤਾ ਹੁਇ ਹਾਨਾ॥ ੧੧॥

ਅਸੀਂ ਹੁਣ ਰਹਿ ਕੇ ਕਿਸੇ ਦੂਸਰੇ ਪਾਸੇ ਜਾ ਕੇ ਉਸ ਨੂੰ ਗੁਰੂ ਬਣਾ ਲਵਾਂਗੇ, ਉਸ ਦੀ ਪੂਜਾ ਹੋਵੇਗੀ ਅਤੇ ਬਹੁਤ ਲੋਕ ਮੰਨਣਗੇ। ਸਾਨੂੰ ਆਪਣੇ ਅਧੀਨ ਕੀਤਾ ਸੀ, ਤੁਸੀਂ ਸਾਨੂੰ ਗੁਰੂ ਨਾ ਮੰਨਿਆ, ਹੁਣ ਪਿਛੋਂ ਪਛਤਾਉਂਦੇ ਹੋ, ਕਿਉਂਕਿ ਤੁਹਾਡੀ ਮਾਨਤਾ ਨੂੰ ਨੁਕਸਾਨ ਪੁੱਜਾ ਹੈ॥ ੧੧॥

ਜਹਾਂ ਰਾਗ ਹਮ ਕਰਹਿਂਗੇ ਗੁਰੁ ਤਿਸੈ ਬਨਾਵਹਿਂ।
ਤੁਮਰੇ ਨਿਕਟ ਨ ਜਾਹਿਂਗੇ ਏਕਲ ਰਹਿ ਜਾਵਹਿਂ।
ਸ੍ਰੀ ਅਰਜਨ ਚਿਤ ਸ਼ਾਂਤਿ ਅਤਿ ਬਹੁ ਛਿਮਾ ਨਿਧਾਨਾ।
ਨਿਜ ਨਿੰਦਾ ਤੇ ਛੁਭਤਿ ਨਹਿਂ ਸੁਨਿ ਕਛੁ ਨ ਬਖਾਨਾ॥੧੨॥

ਜਿਥੇ ਅਸੀਂ ਰਾਗ ਗਾਵਾਂਗੇ, ਉਸ ਨੂੰ ਹੀ ਗੁਰੂ ਬਣਾ ਦੇਵਾਂਗੇ ਪਰ ਤੁਹਾਡੇ ਪਾਸ ਨਹੀਂ ਜਾਵਾਂਗੇ, ਇਕੱਲੇ ਰਹਿ ਜਾਵਾਂਗੇ।" ਸ੍ਰੀ ਗੁਰੂ ਅਰਜਨ ਦੇਵ ਦਾ ਚਿੱਤ ਬਹੁਤ ਸ਼ਾਂਤ ਹੈ ਅਤੇ ਉਹ ਖਿਮਾਂ ਦੇ ਖਜ਼ਾਨੇ ਹਨ। ਆਪਣੀ ਨਿੰਦਿਆ ਤੋਂ ਖਿੱਝਦੇ ਨਹੀਂ ਹਨ, ਇਸ ਕਰਕੇ ਸੁਣ ਕੇ ਕੁਝ ਨਹੀਂ ਕਹਿੰਦੇ ਹਨ॥ ੧੨॥

ਸ੍ਰੀ ਨਾਨਕ ਤੇ ਆਦਿ ਕੀ ਜਬਿ ਨਿੰਦ ਸੁਨਾਈ।
ਕਰਿ ਧਿਕਾਰ ਨਿਕਸੇ ਸਦਨ ਰਿਸ ਉਰ ਮੈਂ ਛਾਈ।
'ਬੇਦੀ ਕੁਲ ਕੇ ਤਿਲਕ ਕੀ ਨਿੰਦਾ ਤੁਮ ਕੀਨੀ।
ਫਿਟ ਜਾਵਹਿਗੀ ਦੇਹਿ ਤੁਮ ਰੁਜ ਤੇ ਹੁਇ ਹੀਨੀ॥ ੧੩॥

ਪਰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੀ ਨਿੰਦਿਆ ਸੁਣਾਈ ਤਾਂ ਫਿਟਕਾਰ ਕੇ ਘਰ ਵਿਚੋਂ ਨਿਕਲੇ ਤੇ ਹਿਰਦਾ ਗੁੱਸੇ ਨਾਲ ਭਰ ਗਿਆ। ਕਹਿਣ ਲੱਗੇ, "ਬੇਦੀ ਕੁਲ ਦੇ ਤਿਲਕ ਭਾਵ ਗੁਰੂ ਨਾਨਕ ਦੇਵ ਜੀ ਦੀ ਤੂੰ ਨਿੰਦਿਆ ਕੀਤੀ ਹੈ। ਤੁਹਾਡੀ ਦੇਹ ਫੁੱਟ ਜਾਵੇਗੀ ਤੇ ਤੁਸੀਂ ਰਜ ਰੋਗ ਨਾਲ ਪੀੜਤ ਹੋਵੋਗੇ" ॥ ੧੩ ॥

ਇਮ ਕਹਿ ਸਤਿਗੁਰ ਆਇ ਕਰਿ ਥਲ ਥੜੇ ਸੁਹਾਏ।
ਸਭਿ ਸੰਗਤਿ ਇਕਠੀ ਭਈ ਦੀਵਾਨ ਲਗਾਏ।
ਸਿੱਖਨਿ ਕੋ ਆਇਸੁ ਦਈ 'ਤੁਮ ਰਾਗ ਸੁਨਾਵਹੁ।
ਗਾਵਹੁ ਸ਼ਬਦ ਸੁ ਤਾਨ ਜੁਤਿ ਬਿੱਦਜਾ ਇਹੁ ਪਾਵਹੁ' ॥੧੪ ॥

ਇਹ ਕਹਿ ਕੇ ਸਤਿਗੁਰੂ ਆ ਕੇ ਥੜੇ ਉਤੇ ਬਿਰਾਜ ਗਏ, ਸਭ ਸੰਗਤ ਇਕੱਠੀ ਕਰਕੇ ਦੀਵਾਨ ਲਾਇਆ ਤੇ ਫਿਰ ਸਿੱਖਾਂ ਨੂੰ ਆਗਿਆ ਕੀਤੀ, "ਤੁਸੀਂ ਰਾਗ ਸੁਣਾਵੋ, ਰਾਗਾਂ ਵਿਚ ਸ਼ਬਦਾਂ ਨੂੰ ਗਾਵੋ, ਇਹ ਵਿਦਿਆ ਆਪ ਪ੍ਰਾਪਤ ਕਰੋ" ॥ ੧੪ ॥

ਗਹਜੋ ਦੁਤਾਰਾ ਸਿੱਖ ਕਿਹ, ਕਿਨ ਗਹੀ ਰਬਾਬੈਂ।
ਹੁਇ ਨਿਸ਼ੰਕ ਗਾਵਨਿ ਲਗੇ ਸਭ ਭਏ ਅਜਾਬੈਂ।
ਬਚਨ ਮਾਨਿਬੇ ਗੁਰੂ ਕੋ ਬਿੱਦਜਾ ਸਭਿ ਪਾਈ।
ਜਾਨਤਿ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ ॥ ੧੫ ॥

ਕਿਸੇ ਸਿੱਖ ਨੇ ਦੁਤਾਰਾ ਫੜ ਲਿਆ ਤੇ ਕਿਸੇ ਨੇ ਰਬਾਬ ਲੈ ਲਈ, ਸ਼ੰਕਾ ਰਹਿਤ ਹੋ ਕੇ ਸ਼ਬਦ ਗਾਇਣ ਕਰਨ ਲੱਗ ਪਏ ਜਿਸ ਨੂੰ ਵੇਖ ਕੇ ਸਾਰੇ ਹੈਰਾਨ ਰਹਿ ਗਏ। ਗੁਰੂ ਜੀ ਦੇ ਬਚਨ ਮੰਨ ਕੇ ਸਾਰੀ ਵਿਦਿਆ ਪ੍ਰਾਪਤ ਕੀਤੀ, ਰਾਗ ਨੂੰ ਜਾਣਦੇ ਨਹੀਂ ਸਨ, ਗਾ ਕੇ ਬਹੁਤ ਪ੍ਰਸੰਨ ਹੋਏ ॥ ੧੫ ॥

ਸੁਨਿ ਸਿੱਖਨਿ ਕੇ ਰਾਗ ਕੋ ਗੁਰ ਭਏ ਪ੍ਰਸੰਨਾ।
ਬਰ ਦੀਨੋ 'ਤੁਮ ਪ੍ਰੇਮ ਜੁਤ ਹਮਰੋ ਬਚ ਮੰਨਾ।
ਅਬਿ ਤੇ ਬਿੱਦਜਾ ਰਾਗ ਕੀ ਸਿੱਖਨਿ ਮਹਿਂ ਆਈ।
ਗਾਵਹਿਂ ਸੁਨਹਿਂ ਸੁ ਪ੍ਰੀਤ ਧਰਿ ਲੇਂ ਸ਼ੁਭ ਗਤਿ ਪਾਈ ॥੧੬ ॥

ਸਿੱਖਾਂ ਦੇ ਰਾਗ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਵਰ ਦਿੱਤਾ, "ਤੁਸੀਂ ਪ੍ਰੇਮ ਵਿਚ ਮੇਰਾ ਬਚਨ ਮੰਨਿਆ ਹੈ, ਹੁਣ ਤੋਂ ਰਾਗ ਵਿਦਿਆ ਸਿੱਖਾਂ ਵਿਚ ਆ ਗਈ ਹੈ। ਬੜਾ ਪ੍ਰੇਮ ਧਾਰਨ ਕਰਕੇ ਗਾਇਣ ਕਰਨਗੇ ਅਤੇ ਸੁਣਨਗੇ ਜਿਸ ਕਾਰਨ ਸ਼ੁਭ ਗਤੀ ਪਾਉਣਗੇ ॥ ੧੬ ॥

ਡੋਮ ਜਾਤਿ ਪਛੁਤਾਇ ਹੈਂ ਤ੍ਰਿਸ਼ਨਾ ਡਹਿਕਾਏ।
ਲੀਏ ਸਬਦ ਘਰ ਘਰ ਫਿਰਹਿਂ ਨਹਿਂ ਹੁਇਂ ਤ੍ਰਿਪਤਾਏ।
ਪਾਇਂ ਅਨਾਦਰ ਜਿਤ ਕਿਤੀ ਬਿਨ ਕਹੇ ਸੁ ਜਾਵੈਂ।
ਤਊ ਨ ਸਿਖ ਮੁਖ ਲਾਇ ਹੈਂ ਦੁਖ ਲਹਿ ਅਕੁਲਾਵੈਂ ॥੧੭ ॥

ਲਾਲਚ ਨਾਲ ਭਰੇ ਹੋਏ ਮਿਰਾਸੀ ਪਛਤਾਉਣਗੇ। ਸ਼ਬਦ ਲੈ ਕੇ ਘਰ-ਘਰ ਫਿਰਨਗੇ, ਪਰ ਤ੍ਰਿਪਤ ਨਹੀਂ ਹੋਣਗੇ। ਜਿਥੇ ਕਿਥੇ ਵੀ ਬਿਨਾਂ ਕਹੇ ਦੇ ਜਾਣਗੇ ਬੜਾ ਅਨਾਦਰ ਪਾਉਣਗੇ। ਕੋਈ ਵੀ ਸਿੱਖ ਮੂੰਹ ਨਹੀਂ ਲਾਵੇਗਾ, ਇਸ ਕਰਕੇ ਦੁਖੀ ਹੋ ਕੇ ਬਹੁਤ ਵਿਆਕੁਲ ਹੋ ਜਾਣਗੇ ॥ ੧੭ ॥

ਗੁਰ ਸਿੱਖਨਿ ਕੋ ਬਰ ਦਿਯੋ ਬਿੱਦਯਾ ਸੁਭ ਪਾਈ।
ਸ੍ਰਾਪ ਡੂਮ ਮੂਢਨਿ ਲਹਯੋ ਭਾਵੀ ਕਰਿਵਾਈ।
ਨਿਤਪ੍ਰਤਿ ਕਿਰਤਨ ਸਿਖ ਕਰਹਿਂ ਤਯੋਂ ਤਯੋਂ ਸੁਭ ਗਾਵੈਂ।
ਸੰਗਤਿ ਕੋ ਬਡ ਪ੍ਰੇਮ ਹੁਇ ਮਨ ਸ਼ਬਦ ਟਿਕਾਵੈਂ॥ ੧੮॥

ਗੁਰੂ ਜੀ ਨੇ ਗੁਰਸਿੱਖਾਂ ਨੂੰ ਵਰ ਦੇ ਦਿੱਤਾ ਤੇ ਉਨ੍ਹਾਂ ਨੇ ਸ਼ੁਭ ਵਿਦਿਆ ਪ੍ਰਾਪਤ ਕਰ ਲਈ, ਮੂਰਖ ਮਰਾਸੀਆਂ ਨੇ ਸਰਾਪ ਲੈ ਲਿਆ, ਭਾਵੀ ਨੇ ਉਨ੍ਹਾਂ ਪਾਸੋਂ ਇਹ ਕੁਝ ਕਰਵਾਇਆ, ਸਿੱਖ ਨਿਤ ਕੀਰਤਨ ਕਰਦੇ ਸਨ ਇਸ ਕਰਕੇ ਸ਼ੁਭ ਗਾਇਣ ਕਰਨ ਲੱਗ ਗਏ। ਸੰਗਤ ਬੜਾ ਪ੍ਰੇਮ ਕਰਦੀ ਸੀ ਤੇ ਮਨ ਵਿਚ ਸ਼ਬਦ ਨੂੰ ਟਿਕਾਉਂਦੇ ਸਨ॥ ੧੮॥

ਪਟਨੇ ਕੀ ਸੰਗਤਿ ਮਹਾਂ ਦਰਸ਼ਨ ਹਿਤ ਆਈ।
ਕਰ ਬੰਦਨ ਸਤਿਗੁਰੂ ਕੋ ਬਹੁ ਭੇਟ ਚੜ੍ਹਾਈ।
ਸੱਤੇ ਅਰੁ ਬਲਵੰਡ ਕੋ ਤਿਨ ਬੂਝਨਿ ਠਾਨਾ।
'ਕਹਾਂ ਗਏ ਪ੍ਰਭੁ ਜੀ ਅਬੈ ਨਹਿਂ ਕਰਤੇ ਗਾਨਾ?' ॥ ੧੯॥

ਪਟਨੇ ਦੀ ਵੱਡੀ ਸੰਗਤ ਦਰਸ਼ਨ ਵਾਸਤੇ ਆਈ, ਉਨ੍ਹਾਂ ਸਤਿਗੁਰੂ ਨੂੰ ਬੰਦਨਾ ਕਰਕੇ ਬਹੁਤ ਭੇਟ ਚੜ੍ਹਾਈ। ਉਨ੍ਹਾਂ ਸੱਤੇ ਅਤੇ ਬਲਵੰਡ ਬਾਰੇ ਪੁਛਿਆ, "ਹੇ ਪ੍ਰਭੂ ਜੀ! ਕਿਥੇ ਗਏ ਹਨ, ਹੁਣ ਸ਼ਬਦ ਗਾਇਣ ਨਹੀਂ ਕਰਦੇ?" ॥ ੧੯॥

ਗੁਰ ਬੋਲੇ 'ਸੋ ਫਿਟਿ ਗਏ ਨਹਿਂ ਪਚਯੋ ਹੰਕਾਰਾ।
ਗਰਬਤਿ ਮੂਰਖ ਨਿੰਦ ਕਹਿਂ, ਲਹਿਂ ਕਸ਼ਟ ਉਦਾਰਾ।
ਤਿਨ ਕੇ ਮਸਤਕ ਜੋ ਲਗਹਿ ਸੋ ਸਿਖ ਦੁਖ ਪਾਵਹਿ।
ਨਿਕਟ ਹਮਾਰੇ ਤਿਨਹੁ ਕੀ ਨਹਿਂ ਅਰਜ਼ ਕਰਾਵੈ॥ ੨੦॥

ਗੁਰੂ ਜੀ ਨੇ ਕਿਹਾ, "ਫਿੱਟ ਗਏ ਹਨ, ਉਨ੍ਹਾਂ ਨੂੰ ਗੁਰੂ ਘਰ ਦਾ ਮਾਣ ਪਚਿਆ ਨਹੀਂ ਹੈ, ਮੂਰਖ ਹੰਕਾਰ ਵਿਚ ਆ ਕੇ ਗੁਰੂ ਘਰ ਦੀ ਨਿੰਦਿਆ ਕਰਦੇ ਸਨ ਤੇ ਭਾਰੀ ਦੁਖ ਪਾਉਣਗੇ। ਜਿਹੜਾ ਸਿੱਖ ਵੀ ਉਨ੍ਹਾਂ ਦੇ ਮੱਥੇ ਲੱਗੇਗਾ ਉਹ ਭਾਰੀ ਦੁਖ ਪਾਵੇਗਾ, ਸਾਡੇ ਪਾਸ ਉਨ੍ਹਾਂ ਬਾਰੇ ਕੋਈ ਬੇਨਤੀ ਨਾ ਕਰੇ॥ ੨੦॥

ਕਰਹਿ ਸਿਪਾਰਸ਼ ਜਬਹਿ ਕੋ ਹਮ ਦੇਹਿਂ ਸਜਾਈ।
ਤਿਸ ਕੋ ਮੁਖ ਕਾਲਾ ਕਰਹਿਂ ਸਿਰ ਕੋ ਮੁੰਡਵਾਈ।
ਬਹੁਰ ਚਢਾਵਹਿਂ ਗਧੇ ਪਰ ਪੁਰਿ ਫੇਰਹਿਂ ਸਾਰੇ।
ਢੋਲ ਬਜਹਿ ਤਿਹ ਸੰਗ ਤਬਿ ਨਰ ਨਾਰਿ ਨਿਹਾਰੇ' ॥ ੨੧॥

ਜਿਹੜਾ ਵੀ ਉਨ੍ਹਾਂ ਦੀ ਸਿਫਾਰਸ਼ ਕਰੇਗਾ, ਉਹ ਸਜ਼ਾ ਪਾਵੇਗਾ, ਉਸ ਦਾ ਸਿਰ ਮੁੰਨ ਕੇ ਮੂੰਹ ਕਾਲਾ ਕਰਾਂਗੇ, ਫਿਰ ਉਸ ਨੂੰ ਖੋਤੇ ਤੇ ਚੜ੍ਹਾ ਕੇ ਸਾਰੇ ਨਗਰ ਵਿਚ ਫੇਰਾਂਗੇ। ਨਾਲ-ਨਾਲ ਢੋਲ ਵਜਾਵਾਂਗੇ, ਤਾਂਕਿ ਸਾਰੇ ਇਸਤਰੀ ਪੁਰਸ਼ ਉਸ ਨੂੰ ਵੇਖ ਸਕਣ" ॥ ੨੧॥

ਸੁਨਿ ਸ੍ਰੀ ਅਰਜਨ ਕੇ ਬਚਨ ਸੰਗਤਿ ਬਿਸਮਾਈ।
ਸੀਸ ਧੁਨਹਿ ਹੋਈ ਬੁਰੀ ਪੁਨ ਪੁਨ ਪਛੁਤਾਈ।

ਗੁਰ ਆਇਸੁ ਇਸ ਭਾਂਤਿ ਕੀ ਸਭਿ ਮਹਿਂ ਬਿਦਤਾਨੀ।
ਤਿਨ ਕੇ ਮੁਖ ਕੋ ਲਗਹਿ ਨਹਿਂ ਬੋਲਹਿ ਨਹਿਂ ਬਾਨੀ॥੨੨॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ। ਸਿਰ ਹਿਲਾਉਂਦੇ ਸਨ ਕਿ ਬਹੁਤ ਬੁਰੀ ਹੋਈ ਹੈ, ਬਾਅਦ ਵਿਚ ਪਛਤਾਉਣਗੇ। ਗੁਰੂ ਜੀ ਦੀ ਇਹ ਆਗਿਆ ਸਾਰੇ ਪ੍ਰਗਟ ਹੋ ਗਈ। ਉਨ੍ਹਾਂ ਦੇ ਕੋਈ ਸਿੱਖ ਮੱਥੇ ਨਹੀਂ ਲੱਗੇਗਾ, ਨਾ ਹੀ ਬੋਲੇਗਾ॥੨੨॥

ਉਪਜਯੋ ਰੋਗ ਸ਼ਰੀਰ ਮਹਿਂ ਥੋਰਨ ਦਿਨ ਮਾਂਹੀ।
ਦੂਖ ਦਾਰਿਦ ਤੇ ਗ੍ਰਸਿਤ ਭੇ ਸੁਖ ਕਿਤਹੂੰ ਨਾਂਹੀ।
ਜਹਿਂ ਕਹਿਂ ਜਾਚਨਿ ਜਾਤਿ ਜਬਿ, ਇਨ ਦਿਸ਼ਿ ਨਹਿਂ ਦੇਖੈਂ।
ਕ੍ਰੋਧ ਹੋਇ ਗਾਰੀ ਕਢਹਿਂ ਦੈਬੋ ਕਿਸ ਲੇਖੈ॥ ੨੩॥

ਥੋੜ੍ਹੇ ਦਿਨਾਂ ਬਾਅਦ ਹੀ ਸਰੀਰ ਵਿਚ ਰੋਗ ਪੈਦਾ ਹੋ ਗਿਆ। ਦੁਖ ਅਤੇ ਗਰੀਬੀ ਵਿਚ ਗ੍ਰਸਤ ਹੋ ਗਏ, ਸੁਖ ਕਿਤੇ ਨਾ ਰਿਹਾ। ਜਿਥੇ ਕਿਥੇ ਵੀ ਮੰਗਣ ਜਾਂਦੇ ਸਨ, ਕੋਈ ਇਨ੍ਹਾਂ ਵਲ ਵੇਖਦਾ ਵੀ ਨਹੀਂ ਸੀ। ਸਿੱਖ ਗੁੱਸੇ ਵਿਚ ਆ ਕੇ ਗਾਲ੍ਹਾਂ ਕੱਢਦੇ ਸਨ, ਧਨ ਦੇਣਾ ਤਾਂ ਕਿਸ ਲੇਖੇ ਸੀ॥ ੨੩॥

ਕਰਹਿਂ ਅਨਾਦਰ ਸ੍ਵਾਨ ਸਮ ਘਰ ਤੇ ਨਿਕਸਾਵੈਂ।
ਵਹਿਰ ਜਾਇ, ਤਹਿਂ ਭੀ ਤਥਾ, ਨਹਿਂ ਆਦਰ ਪਾਵੈਂ।
ਪਰਮੇਸ਼ੁਰ ਅਰੁ ਸਤਿਗੁਰੂ ਇਨ ਤੇ ਹੰਕਾਰੇ।
ਦੁਹਿ ਲੋਕਨ ਦੁਖ ਪਾਇਂ ਸੋ, ਕੋ ਨਹੀਂ ਉਬਾਰੇ॥ ੨੪॥

ਕੁੱਤੇ ਵਾਂਗ ਬੇਇੱਜ਼ਤੀ ਕਰਕੇ ਘਰ ਵਿਚੋਂ ਕੱਢ ਦਿੰਦੇ ਸਨ। ਜੇ ਬਾਹਰ ਜਾਂਦੇ ਸਨ ਤਾਂ ਓਥੇ ਵੀ ਆਦਰ ਨਹੀਂ ਪਾਉਂਦੇ ਸਨ। ਪਰਮੇਸ਼ਰ ਅਤੇ ਸਤਿਗੁਰੂ ਇਨ੍ਹਾਂ ਦੇ ਹੰਕਾਰ ਕਰਕੇ ਵਿਰੁੱਧ ਸਨ, ਦੋ ਲੋਕਾਂ ਵਿਚ ਦੁਖ ਪਾਉਣਗੇ, ਇਨ੍ਹਾਂ ਨੂੰ ਕੋਈ ਵੀ ਨਹੀਂ ਬਚਾ ਸਕੇਗਾ॥ ੨੪॥

ਇਨ ਹੂੰ ਕੀ ਸ਼ਰਨੀ ਪਰੇ ਬਿਨਤੀ ਭਨਿ ਦੀਨਾ।
ਮਨ ਭਾਵਹਿ ਬਖਸ਼ਹਿਂ ਤਿਸਹਿਂ ਨਤੁ ਦੁਖ ਮਹਿਂ ਲੀਨਾ।
ਸਗਰੇ ਜਗ ਤਜਾਰੇ ਜਬਹਿ ਨਹਿਂ ਬੈਠਨਿ ਪਾਵੈਂ।
ਭੀਖ ਸਰੀਖੀ ਨਹਿਂ ਪਰਹਿ ਤ੍ਰਿਸਕ੍ਰਿਤ ਜਿਤ ਜਾਵੈਂ॥੨੫॥

ਗੁਰੂ ਜੀ ਦੀ ਸ਼ਰਨ ਵਿਚ ਜਾ ਕੇ ਦੀਨ ਹੋ ਕੇ ਬੇਨਤੀ ਕਰਨ, ਜੇ ਉਨ੍ਹਾਂ ਦੇ ਮਨ ਚੰਗਾ ਲੱਗੇ ਤਾਂ ਬਖਸ਼ ਦੇਣ, ਨਹੀਂ ਤਾਂ ਸਦਾ ਦੁਖ ਪਾਉਣਗੇ। ਜਦ ਸਾਰੇ ਜੱਗ ਨੇ ਹੀ ਉਨ੍ਹਾਂ ਨੂੰ ਤਿਆਗ ਦਿੱਤਾ ਸੀ। ਕਿਸੇ ਥਾਂ ਬੈਠ ਵੀ ਨਹੀਂ ਸੀ ਸਕਦੇ। ਭਿਖਿਆ ਵਰਗੀ ਮਾਮੂਲੀ ਚੀਜ਼ ਵੀ ਨਹੀਂ ਸੀ ਪ੍ਰਾਪਤ ਹੁੰਦੀ॥ ੨੫॥

ਪਛੁਤਾਏ ਦੁਖ ਪਾਇਕੈ, ਗੁਰ ਮਹਿਮਾ ਜਾਨੀ।
ਸਿੱਖਜਨਿ ਪਹਿ ਬਿਨਤੀ ਭਨਤਿ ਕਿਨਹੂੰ ਨਹਿਂ ਮਾਨੀ।

'ਕਾਰੋ ਮੁਖ ਕਰਿਵਾਇ ਜੋ ਸੋ ਕਰਹਿ ਬਖਾਨੈ।
ਤੁਮ ਸ੍ਰਾਪੇ ਸ਼੍ਰੀ ਸਤਿਗੁਰੂ ਹੰਕਾਰ ਜਿ ਠਾਨੇ॥ ੨੬॥

ਦੁਖ ਪਾ ਕੇ ਪਛੁਤਾਉਂਦੇ ਸਨ, ਫਿਰ ਗੁਰੂ ਜੀ ਦੀ ਮਹਿਮਾ ਨੂੰ ਜਾਣਿਆ। ਸਿੱਖਾਂ ਪਾਸ ਬੇਨਤੀ ਕਰਦੇ ਸਨ, ਪਰ ਕਿਸੇ ਵੀ ਉਨ੍ਹਾਂ ਦੀ ਗੱਲ ਨਾ ਮੰਨੀ। ਜਿਸ ਨੇ ਮੂੰਹ ਕਾਲਾ ਕਰਵਾਉਣਾ ਹੋਵੇ ਉਹੀ ਤੁਹਾਡੇ ਬਾਰੇ ਕਹੇ। ਤੁਸੀਂ ਸਤਿਗੁਰੂ ਜੀ ਦੇ ਸਰਾਪੇ ਹੋਏ ਹੋ, ਕਿਉਂਕਿ ਤੁਸੀਂ ਬਹੁਤ ਹੰਕਾਰੀ ਹੋ ਗਏ ਸੀ"॥ ੨੬॥

ਬੈਠ ਬਿਸੂਰਤਿ ਘਰ ਬਿਖੈ ਹਮਨੇ ਕਜਾ ਕੀਨਾ।
ਆਇ ਆਪ ਸ਼੍ਰੀ ਸਤਿਗੁਰੂ ਨਹਿਂ ਆਦਰ ਦੀਨਾ।
ਕਹਿ ਕਠੋਰ ਨਿੰਦਾ ਕਰੀ ਕਜਾ ਥੇ ਹਮ ਕੀਰੇ।
ਝੂਠੇ ਧਾਰਿ ਗੁਮਾਨ ਕੋ ਨਹਿਂ ਲਖਜੋ ਗਹੀਰੇ॥ ੨੭॥

ਭੈੜੀ ਦਸ਼ਾ ਵਿਚ ਘਰ ਵਿਚ ਬੈਠੇ ਸੋਚਦੇ ਸਨ, "ਅਸੀਂ ਕੀ ਕੀਤਾ ਹੈ। ਸਤਿਗੁਰ ਜੀ ਆਪ ਸਾਡੇ ਘਰ ਆਏ, ਅਸੀਂ ਆਦਰ ਨਾ ਕੀਤਾ, ਕਠੋਰ ਬਚਨ ਕਹਿ ਕੇ ਨਿੰਦਿਆ ਕੀਤੀ, ਅਸੀਂ ਤੁੱਛ ਕੰਗਲੇ ਸੀ। ਝੂਠਾ ਹੰਕਾਰ ਧਾਰਨ ਕਰਕੇ ਗੁਰੂ ਸਾਹਿਬ ਨੂੰ ਨਾ ਸਮਝਿਆ॥ ੨੭॥

ਪਾਤਿਸ਼ਾਹਿ ਪੰਚੇ ਗੁਰੂ ਸਮ ਭਾਨੁ ਪ੍ਰਕਾਸ਼ੇ।
ਜਗ ਮਹਿਂ ਅਰਜੋ ਨ ਅੱਗ੍ਰ ਕੋ ਰਿਪੁ ਸ੍ਰਾਪ ਬਿਨਾਸੇ।
ਮੂਰਤਿ ਇਹੀ ਖੁਦਾਇ ਕੀ ਜਿਸ ਕੋ ਅਪਮਾਨਾ।
ਹਮ ਕੋ ਸੁਖ ਕਿਮ ਹੋਇ ਹੈ ਗੁਰ ਸ੍ਰਾਪ ਬਖਾਨਾ॥ ੨੮॥

ਪੰਜੇ ਪਾਤਿਸ਼ਾਹ ਗੁਰੂ ਸਮਾਨ ਸੂਰਜ ਵਾਂਗ ਪ੍ਰਕਾਸ਼ਵਾਨ ਹਨ, ਉਨ੍ਹਾਂ ਅੱਗੇ ਕੋਈ ਅੜਿਆ ਨਹੀਂ, ਦੁਸ਼ਮਣ ਨੂੰ ਸ੍ਰਾਪ ਦੇ ਕੇ ਹੀ ਖਤਮ ਕਰ ਦਿੰਦੇ ਹਨ। ਇਹ ਖੁਦਾ ਦੀ ਮੂਰਤ ਹੈ ਜਿਸ ਦਾ ਅਸੀਂ ਅਪਮਾਨ ਕੀਤਾ ਹੈ। ਸਾਨੂੰ ਸੁਖ ਕਿਵੇਂ ਪ੍ਰਾਪਤ ਹੋਵੇਗਾ ਜੇ ਗੁਰੂ ਜੀ ਨੇ ਸ੍ਰਾਪ ਦਿੱਤਾ ਹੈ॥ ੨੮॥

ਭਾਵੀ ਨੇ ਪ੍ਰੇਰਨਿ ਕਰਜੋ ਉਰ ਭਯੋ ਹੰਕਾਰਾ।
ਹਮ ਹੈਂ ਸਭਿ ਹੀ ਤੇ ਬਡੇ, ਇਮ ਭਾ ਮਦਭਾਰਾ।
ਗੁਰੂ ਸਭਾ ਸਨਮਾਨ ਹ੍ਵੈ ਹਮ ਜਰਜੋ ਨ ਸੋਈ।
ਘੋਰ ਆਪਦਾ ਮੈਂ ਪਰੇ ਨਹਿਂ ਰੱਖਜਕ ਕੋਈ॥ ੨੯॥

ਭਾਵੀ ਨੇ ਸਾਨੂੰ ਪ੍ਰੇਰਤ ਕਰਕੇ ਸਾਡੇ ਦਿਲ ਵਿਚ ਹੰਕਾਰ ਭਰ ਦਿੱਤਾ। ਅਸੀਂ ਆਪਣੇ ਆਪ ਨੂੰ ਇਹ ਸਮਝ ਬੈਠੇ ਕਿ ਅਸੀਂ ਸਭ ਤੋਂ ਵੱਡੇ ਕਲਾਕਾਰ ਹਾਂ, ਇਸ ਤਰ੍ਹਾਂ ਬਹੁਤ ਘੁਮੰਡ ਕੀਤਾ। ਗੁਰੂ ਜੀ ਦਾ ਸਭਾ ਵਿਚ ਜੋ ਸਨਮਾਨ ਹੁੰਦਾ ਹੈ ਅਸੀਂ ਜਰਿਆ ਨਾ। ਹੁਣ ਘੋਰ ਬਿਪਤਾ ਵਿਚ ਪੈ ਗਏ ਹਾਂ, ਸਾਡਾ ਕੋਈ ਰਖਵਾਲਾ ਨਹੀਂ ਹੈ॥ ੨੯॥

ਇਕ ਦਿਨ ਬੈਠੇ ਝੂਰਤੇ ਮਨ ਮਹਿਂ ਇਮ ਆਈ।
ਲੱਧਾ ਸਿੱਖ ਲਹੌਰ ਮੈਂ ਤਿਹ ਬਡ ਬਡਿਆਈ।

ਕਈ ਬਾਰ ਗੁਰਦਾਸ ਨੇ ਸ਼ੁਭ ਸਤੁਤਿ ਉਚਾਰੀ।
ਤਿਸ ਕੇ ਸਮ ਦੂਸਰ ਨਹੀਂ ਅਸ ਪਰਉਪਕਾਰੀ॥ ੩੦॥

ਇਕ ਦਿਨ ਬੈਠੇ ਝੂਰ ਰਹੇ ਸਨ ਕਿ ਮਨ ਵਿਚ ਇਹ ਗੱਲ ਆਈ ਕਿ ਇਕ ਲੱਧਾ ਨਾਂ ਦਾ ਸਿੱਖ ਲਾਹੌਰ ਵਿਚ ਰਹਿੰਦਾ ਹੈ ਜਿਸ ਦੀ ਵੱਡੀ ਵਡਿਆਈ ਹੈ। ਕਈ ਵਾਰ ਭਾਈ ਗੁਰਦਾਸ ਜੀ ਨੇ ਉਸਦੀ ਉਸਤਤਿ ਦੇ ਬਚਨ ਉਚਾਰਨ ਕੀਤੇ ਹਨ, ਉਸ ਦੇ ਬਰਾਬਰ ਦਾ ਹੋਰ ਕੋਈ ਦੂਸਰਾ ਪਰਉਪਕਾਰੀ ਨਹੀਂ ਹੈ॥ ੩੦॥

ਸੋ ਬਖਸ਼ਾਵਹਿਗੋ ਹਮੈਂ ਨਿਸ਼ਚੈ ਅਸ ਠਾਨੀ।
ਲਵਪੁਰਿ ਕੋ ਗਮਨੇ ਜੁਗਲ ਸਭਿ ਕਰਿ ਮਦਹਾਨੀ।
ਏਕ ਨਿਸਾ ਬਸਿ ਪੰਥ ਮਹਿਂ ਪਹੁੰਚੇ ਤਿਸ ਥਾਈਂ।
ਫਿਰਤਿ ਮਿਲਹਿਂ ਸਿਖ ਗਰੀ ਮਹਿਂ ਇਤ ਉਤ ਟਰਿ ਜਾਂਈ॥੩੧॥

ਉਹ ਸਾਨੂੰ ਗੁਰੂ ਜੀ ਪਾਸੋਂ ਬਖਸ਼ਵਾ ਦੇਵੇਗਾ, ਇਸ ਤਰ੍ਹਾਂ ਨਿਸ਼ਚਾ ਪੱਕਾ ਕੀਤਾ। ਦੋਵੇਂ ਹੰਕਾਰ ਨੂੰ ਦੂਰ ਕਰਕੇ ਲਾਹੌਰ ਸ਼ਹਿਰ ਵਲ ਚਲ ਪਏ। ਇਕ ਰਾਤ ਰਾਹ ਵਿਚ ਠਹਿਰ ਕੇ ਓਥੇ ਪਹੁੰਚ ਗਏ, ਗਲੀ ਵਿਚ ਏਧਰ ਓਧਰ ਫਿਰਦੇ ਸਿੱਖ ਮਿਲੇ ਪਰ ਉਹ ਵੇਖ ਕੇ ਏਧਰ ਓਧਰ ਟਲ ਜਾਂਦੇ ਸਨ॥ ੩੧॥

ਕੋ ਸਿਖ ਬਦਨ ਦੁਰਾਇ ਨਿਜ ਅੰਚਰ ਕੋ ਡਾਰੇ।
ਨਹਿਂ ਦਿਖਾਇ ਮੁਖ ਆਪਨੋ, ਨਹਿਂ ਤਿਨਹੁ ਨਿਹਾਰੇ।
ਮਹਾਂ ਅਘੀ ਸਮ ਜਾਨਿਕੈ ਬੋਲੈ ਨਹਿਂ ਕੋਈ।
ਇਹ ਗੁਰ ਤੇ ਸ੍ਰਾਪਤਿ ਮਹਾਂ ਕਿਤ ਮਿਲੈ ਨ ਢੋਈ॥ ੩੨॥

ਕੋਈ ਸਿੱਖ ਮੂੰਹ ਛੁਪਾਉਣ ਲਈ ਮੂੰਹ ਤੇ ਕਪੜਾ ਲੈ ਲੈਂਦਾ ਸੀ। ਨਾ ਉਹ ਆਪਣਾ ਮੂੰਹ ਵਿਖਾਉਂਦਾ ਸੀ ਤੇ ਨਾ ਹੀ ਉਨ੍ਹਾਂ ਵਲ ਵੇਖਦਾ ਸੀ। ਮਹਾਂ ਪਾਪੀ ਜਾਣ ਕੇ ਕੋਈ ਵੀ ਬੋਲਦਾ ਨਹੀਂ ਸੀ। ਕਹਿੰਦੇ ਸਨ ਇਹ ਗੁਰੂ ਦੇ ਮਹਾਨ ਸਰਾਪੇ ਹੋਏ ਹਨ, ਇਨ੍ਹਾਂ ਨੂੰ ਕਿਤੇ ਵੀ ਢੋਈ ਨਹੀਂ ਮਿਲਣੀ॥ ੩੨॥

ਪਹੁੰਚੇ ਲੱਧੇ ਕੇ ਸਦਨ ਕਿਨ ਜਾਇ ਸੁਨਾਵਾ।
'ਸੱਤੇ ਜੁਤ ਬਲਵੰਡ ਜੋ ਤੇਰੇ ਗ੍ਰਿਹ ਆਵਾ'।
ਦੌਰਿ ਪੌਰ ਪਟ ਭੇਰਿਕੈ ਅੰਤਰ ਹੁਇ ਬੈਸਾ।
ਫਿਟਕੇ ਸ੍ਰੀ ਅਰਜਨ ਗੁਰੂ ਦੁਖ ਬਾਢਯੋ ਤੈਸਾ॥ ੩੩॥

ਲੱਧੇ ਦੇ ਘਰ ਪਹੁੰਚੇ ਤਾਂ ਕਿਸੇ ਨੇ ਜਾ ਕੇ ਸੁਣਾਇਆ, "ਸੱਤਾ ਤੇ ਜਿਹੜਾ ਬਲਵੰਡ ਹੈ, ਉਹ ਤੇਰੇ ਘਰ ਆ ਰਹੇ ਹਨ।" ਭਾਈ ਲੱਧਾ ਉਸੇ ਵੇਲੇ ਦੌੜ ਕੇ ਦਰਵਾਜ਼ਾ ਬੰਦ ਕਰਕੇ ਅੰਦਰ ਬੈਠ ਗਿਆ। ਉਹ ਸੋਚਣ ਲੱਗਾ ਕਿ ਇਹ ਤਾਂ ਗੁਰੂ ਅਰਜਨ ਦੇਵ ਜੀ ਦੇ ਫਿਟਕਾਰੇ ਹੋਏ ਹਨ, ਇਸ ਕਰਕੇ ਮਨ ਵਿਚ ਬੜਾ ਦੁਖ ਵਧਿਆ॥ ੩੩॥

ਪੌਰ ਖਰੇ ਹੁਇ ਕੌਰ ਲਗਿ ਬਹੁ ਬਿਨੈ ਬਖਾਨੀ।
'ਤ੍ਰਾਹਿ ਤ੍ਰਾਹਿ ਸ਼ਰਨੀ ਪਰੇ ਸੁਨਿ ਸਿਫਤ ਮਹਾਨੀ।
ਗੁਰ ਸਿੱਖਜਨਿ ਮਹਿਂ ਨਾਮ ਤੁਵ ਕਹਿਂ ਪਰਉਪਕਾਰੀ।
ਕਰਿ ਸਹਾਇਤਾ ਦੀਨ ਲਖਿ ਕਟਿ ਬਿਥਾ ਹਮਾਰੀ॥ ੩੪॥

ਦਰਵਾਜ਼ੇ ਵਿਚ ਖੜੇ ਹੋ ਕੇ ਕੌਲੇ ਨਾਲ ਲੱਗ ਕੇ ਬਹੁਤ ਬੇਨਤੀ ਕੀਤੀ, "ਬੜੇ ਡਰੇ ਹੋਏ ਅਤੇ ਦੁਖੀ ਹੋਏ ਤੁਹਾਡੀ ਸ਼ਰਨ ਆਏ ਹਾਂ, ਤੁਹਾਡੀ ਅਸੀਂ ਮਹਾਨ ਸਿਫਤ ਸੁਣੀ ਹੈ। ਗੁਰਸਿੱਖਾਂ ਵਿਚ ਤੁਹਾਡੇ ਨਾਮ ਨਾਲ ਪਰਉਪਕਾਰੀ ਸ਼ਬਦ ਲਾਉਂਦੇ ਹਨ। ਸਾਨੂੰ ਦੀਨ ਸਮਝ ਕੇ ਸਾਡੀ ਸਹਾਇਤਾ ਕਰੋ ਤੇ ਸਾਡੇ ਦੁਖ ਨੂੰ ਦੂਰ ਕਰੋ॥ ੩੪॥

ਲਾਜ ਨਾਮ ਕੀ ਰਾਖੀਏ ਅਰਦਾਸ ਸੁਨੀਜੈ।
ਏਕ ਬੇਰ ਸ੍ਰੀ ਗੁਰ ਨਿਕਟਿ ਹਮਰੀ ਸੁਧਿ ਦੀਜੈ।
ਆਨ ਥਾਨ ਤੁਝ ਬਿਨਾ ਨਹਿਂ ਜਿਸਕੇ ਢਿਗ ਜਾਵੈਂ।
ਦਰ ਤੇਰੇ ਹਮ ਪਰ ਰਹੇ ਕਰਿ ਜਯੋਂ ਉਰ ਭਾਵੈ॥ ੩੫॥

ਆਪਣੇ ਨਾਂ ਦੀ ਲਾਜ ਰਖੋ ਤੇ ਸਾਡੀ ਬੇਨਤੀ ਸੁਣੋ, ਇਕ ਵਾਰ ਗੁਰੂ ਜੀ ਦੇ ਪਾਸ ਸਾਡੇ ਬਾਰੇ ਖਬਰ ਪਹੁੰਚਾਓ। ਤੁਹਾਡੇ ਬਗੈਰ ਹੋਰ ਕੋਈ ਥਾਂ ਨਹੀਂ ਜਿਥੇ ਜਾਈਏ। ਤੇਰੇ ਦਰ ਤੇ ਆ ਕੇ ਪੈ ਗਏ ਹਾਂ, ਜਿਵੇਂ ਤੁਹਾਡੇ ਦਿਲ ਵਿਚ ਆਵੇ ਉਸ ਤਰ੍ਹਾਂ ਹੀ ਕਰੋ॥ ੩੫॥

ਮਾਰਹੁ ਕਿਧੌਂ ਜਿਵਾਇ ਦਿਹੁ ਹਮ ਤੋਹਿ ਅਧੀਨਾ।
ਘਰ ਨਿਕਸੇ ਤਕ ਸ਼ਰਨ ਤੁਵ ਕੀਜਹਿ ਦੁਖ ਹੀਨਾ'।
ਇਸ ਪ੍ਰਕਾਰ ਬਹੁ ਬੇਨਤੀ ਕਰਿ ਕੇਤਿਕ ਕਾਲਾ।
ਬੈਠਿ ਰਹੇ ਦਰ ਪਰ ਤਬਹਿ, ਹੁਇ ਲਜਤਿ ਬਿਸਾਲਾ॥ ੩੬॥

ਮਾਰੋ ਜਾਂ ਜਿਵਾਲੋ ਅਸੀਂ ਹੁਣ ਤੁਹਾਡੇ ਅਧੀਨ ਹਾਂ, ਘਰੋਂ ਨਿਕਲ ਕੇ ਤੁਹਾਡੀ ਸ਼ਰਨ ਆਏ ਹਾਂ, ਸਾਡੇ ਦੁਖ ਦੂਰ ਕਰੋ।" ਇਸ ਪ੍ਰਕਾਰ ਕਾਫੀ ਸਮੇਂ ਤਕ ਬਹੁਤ ਬੇਨਤੀ ਕੀਤੀ। ਬਹੁਤ ਲੱਜਤ ਹੋ ਕੇ ਦਰਵਾਜ਼ੇ ਤੇ ਬੈਠੇ ਰਹੇ॥ ੩੬॥

ਲੱਧਾ ਚਿਤਵਤਿ ਚਿਤ ਬਿਖੈ ਮੈਂ ਕਿਯ ਉਪਕਾਰਾ।
ਸਭਿ ਤਜਿ ਮੇਰੇ ਦਰ ਪਰੇ ਇਨ ਕਾਰਜ ਭਾਰਾ।
ਕਹਨਿ ਬਨਹਿ ਨਹਿਂ ਨਿਕਟ ਗੁਰ ਮੁਖ ਕਰਿ ਹੈਂ ਕਾਰੋ।
ਕਿਮ ਕਾਰਜ ਇਨ ਕੋ ਬਨਹਿ ਨਹਿਂ ਕੋ ਉਪਚਾਰੋ॥ ੩੭॥

ਲੱਧਾ ਮਨ ਵਿਚ ਸੋਚਣ ਲੱਗਾ ਕਿ ਜੋ ਮੈਂ ਉਪਕਾਰ ਕੀਤੇ ਹਨ ਤਾਂ ਸਭ ਥਾਂ ਛੱਡ ਕੇ ਮੇਰੇ ਦਰ ਆ ਪਏ ਹਨ, ਪਰ ਇਨ੍ਹਾਂ ਦਾ ਕੰਮ ਬਹੁਤ ਔਖਾ ਹੈ। ਮੇਰਾ ਗੁਰੂ ਜੀ ਪਾਸ ਕਹਿਣਾ ਬਣਦਾ ਨਹੀਂ ਹੈ, ਕਿਉਂਕਿ ਗੁਰੂ ਜੀ ਮੁਖ ਕਾਲਾ ਕਰ ਦੇਣਗੇ, ਇਨ੍ਹਾਂ ਦਾ ਕਾਰਜ ਕਿਵੇਂ ਹੋ ਸਕਦਾ ਹੈ, ਕੋਈ ਵੀ ਹੱਲ ਲੱਭਦਾ ਨਹੀਂ ਹੈ॥ ੩੭॥

ਬਹੁਰ ਬਿਚਾਰਯੋ ਆਪਹੀ ਕਰਿਹੌਂ ਮੁਖ ਕਾਰਾ।
ਚਢਿ ਗਰਧਬ ਪਰ ਜਾਇ ਹੌਂ ਗੁਰ ਕੇ ਦਰਬਾਰਾ।
ਤੌ ਕਹਿਬੋ ਨੀਕੋ ਅਹੈ ਬਨਿ ਹੈ ਇਨ ਕਾਜੂ।
ਦੇਖਹਿਂ ਪ੍ਰਥਮ ਸਜਾਇ ਕੋ ਗੁਰ ਦੇਹਿਂ ਨਿਵਾਜੂ॥ ੩੮॥

ਫਿਰ ਆਪ ਵਿਚਾਰ ਕੀਤੀ, "ਆਪ ਹੀ ਆਪਣਾ ਮੂੰਹ ਕਾਲਾ ਕਰ ਲੈਂਦਾ ਹਾਂ, ਖੋਤੇ ਤੇ ਚੜ੍ਹ ਕੇ ਗੁਰੂ ਜੀ ਦੇ ਦਰਬਾਰ ਪਹੁੰਚ ਜਾਂਦਾ ਹਾਂ ਤੇ ਫਿਰ ਗੁਰੂ ਜੀ ਨੂੰ ਮਿਲ ਕੇ ਇਨ੍ਹਾਂ ਦੇ ਬਾਰੇ ਕਹਾਂਗਾ ਤਾਂ ਇਨ੍ਹਾਂ ਦਾ ਕੰਮ ਹੋ ਜਾਵੇਗਾ। ਪਹਿਲੀ ਸਜ਼ਾ ਨੂੰ ਵੇਖ ਕੇ ਗੁਰੂ ਜੀ ਮੁਆਫ ਕਰ ਦੇਣਗੇ"॥ ੩੮॥

Sri Satguru Jagjit Singh Ji eLlibrary NamdhariElibrary@gmail.com

ਕਰਿ ਨਿਸ਼ਚੈ ਦਰ ਖੋਲਿ ਕੈ ਅੰਤਰ ਪ੍ਰਵਿਸ਼ਾਏ।
ਧੀਰ ਦੀਨਿ 'ਕਰਿਹੌਂ ਜਤਨ ਗੁਰ ਇੱਛ ਪੁਰਾਏ'।
ਤਿਸ ਦਿਨ ਰਾਖੇ ਪਾਸ ਨਿਜ ਪੁਨ ਉਠਯੋ ਸਕਾਰਾ।
ਪੂਰਬ ਮੂੰਡ ਮੁੰਡਾਇਕੈ ਮੁਖ ਕੀਨਸਿ ਕਾਰਾ॥ ੩੯॥

ਇਹ ਨਿਸ਼ਚਾ ਕਰਕੇ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਅੰਦਰ ਆਉਣ ਦਿੱਤਾ ਅਤੇ ਧੀਰਜ ਦੇ ਕੇ ਕਿਹਾ, "ਮੈਂ ਯਤਨ ਕਰਾਂਗਾ ਤਾਂਕਿ ਗੁਰੂ ਤੁਹਾਡੀ ਇੱਛਾ ਪੂਰੀ ਕਰਨ। ਉਸ ਦਿਨ ਆਪਣੇ ਪਾਸ ਰੱਖੇ ਤੇ ਅਗਲੇ ਦਿਨ ਉਠ ਕੇ ਪਹਿਲਾਂ ਸਿਰ ਮੁੰਨਾਇਆ ਅਤੇ ਮੂੰਹ ਕਾਲਾ ਕੀਤਾ॥ ੩੯॥

ਗਰਧਬ ਕਰਿ ਭਾਰਾ ਲਿਯੋ ਹੁਇ ਤਿਸ ਅਸਵਾਰੋ।
ਸੰਗ ਢੋਲ ਬਜਵਾਇਓ ਨਰ ਪਿਖਹਿਂ ਹਜ਼ਾਰੋਂ।
ਮਗ ਨਿਸ ਬਸਿ ਗੁਰ ਕੀ ਪੁਰੀ ਆਗਲ ਦਿਨ ਆਯੋ।
ਪ੍ਰਥਮ ਪ੍ਰਕਰਮਾਂ ਨਗਰ ਕੀ ਕਰਿ ਕੈ ਪ੍ਰਵਿਸ਼ਾਯੋ॥ ੪੦॥

ਭਾੜੇ ਤੇ ਇਕ ਗਧਾ ਲੈ ਲਿਆ ਤੇ ਉਸ ਉਤੇ ਅਸਵਾਰ ਹੋ ਗਿਆ ਤੇ ਨਾਲ ਇਕ ਢੋਲਚੀ ਨੂੰ ਲੈ ਲਿਆ ਜਿਹੜਾ ਢੋਲ ਵਜਾਉਂਦਾ ਜਾਂਦਾ ਸੀ। ਹਜ਼ਾਰਾਂ ਲੋਕ ਇਹ ਨਜ਼ਾਰਾ ਵੇਖ ਰਹੇ ਸਨ। ਰਾਹ ਵਿਚ ਇਕ ਦਿਨ ਠਹਿਰ ਕੇ ਅਗਲੇ ਦਿਨ ਗੁਰੂ ਦੀ ਨਗਰੀ ਵਿਚ ਆ ਗਿਆ। ਪਹਿਲਾਂ ਸਾਰੇ ਨਗਰ ਦੀਆਂ ਪਰਿਕਰਮਾਂ ਕਰਕੇ ਫਿਰ ਸ਼ਹਿਰ ਵਿਚ ਦਾਖਲ ਹੋਇਆ॥ ੪੦॥

ਕੌਤਕ ਹੇਤੁ ਬਿਲੋਕਬੇ ਨਰ ਭੇ ਸਮੁਦਾਯਾ।
ਗਰੀ ਗਰੀ ਫਿਰ ਨਗਰ ਮਹਿਂ ਨਿਜ ਬੇਖ ਦਿਖਾਯਾ।
ਨਰ ਨਾਰੀ ਬਾਲਕ ਤਰੁਨ ਬ੍ਰਿਧ ਸਕਲ ਨਿਹਾਰਾ।
ਜਸੁ ਪਸਰਯੋ ਸਭਿ 'ਧੰਨ' ਕਹਿਂ 'ਕਿਯ ਬਡ ਉਪਕਾਰਾ॥੪੧॥

ਇਸ ਕੌਤਕ ਨੂੰ ਵੇਖਣ ਵਾਸਤੇ ਬਹੁਤ ਮਨੁੱਖ ਇਕੱਠੇ ਹੋ ਕੇ ਆਏ, ਨਗਰ ਦੀ ਗਲੀ-ਗਲੀ ਵਿਚ ਫਿਰ ਕੇ ਆਪਣੇ ਭੇਸ ਨੂੰ ਵਿਖਾਇਆ, ਇਸਤਰੀ ਪੁਰਸ਼, ਬਾਲਕ, ਜਵਾਨ ਅਤੇ ਬੁੱਢਿਆਂ ਸਾਰਿਆਂ ਨੇ ਵੇਖਿਆ, ਸਾਰੇ ਸ਼ਹਿਰ ਵਿਚ ਜੱਸ ਪਸਰ ਗਿਆ ਤੇ ਸਾਰੇ ਧੰਨ ਧੰਨ ਕਹਿ ਰਹੇ ਸਨ ਕਿ ਬਹੁਤ ਵੱਡਾ ਉਪਕਾਰ ਕਰ ਰਿਹਾ ਹੈ॥ ੪੧॥

ਕੌਨ ਸਕੈ ਕਰਿ ਇਸ ਬਿਧੀ ਪਰ ਹੇਤੁ ਬਿਸਾਲਾ।
ਧੰਨ ਗੁਰੂ ਕੇ ਸਿੱਖ ਹੈਂ ਜੋ ਪਰਮ ਕ੍ਰਿਪਾਲਾ।
ਹਾਨ ਲਾਭ ਪਤਿ ਆਪਨੀ ਨਹਿਂ ਨੈਕ ਬਿਚਾਰਾ।
ਪੂਰਨ ਸ੍ਰੀ ਗੁਰ ਬਾਕ ਕੋ ਇਮ ਬੇਖ ਸੁਧਾਰਾ॥ ੪੨॥

ਇਸ ਵਿਧੀ ਅਨੁਸਾਰ ਕੌਣ ਦੂਸਰੇ ਵਾਸਤੇ ਕਰ ਸਕਦਾ ਹੈ, ਧੰਨ ਗੁਰੂ ਜੀ ਕੇ ਸਿੱਖ ਹਨ ਜੋ ਏਨੇ ਪਰਮ ਕ੍ਰਿਪਾਲੂ ਹਨ। ਹਾਣ ਲਾਭ ਅਤੇ ਇੱਜ਼ਤ ਮਾਣ ਨੂੰ ਵੀ ਰਤੀ ਭਰ ਨਹੀਂ ਵਿਚਾਰਿਆ ਹੈ, ਗੁਰੂ ਜੀ ਦੇ ਬਚਨਾਂ ਨੂੰ ਪੂਰਾ ਕਰਨ ਵਾਸਤੇ ਇਹ ਭੇਸ ਧਾਰਨ ਕੀਤਾ ਹੈ॥ ੪੨॥

ਢੋਲ ਬਜੈ ਸੁਨਿ ਸ਼ਬਦ ਕੋ ਹੇਰਹਿਂ ਨਰ ਨਾਰੀ।
ਗਰੀ ਗਰੀ ਫਿਰਿ ਸਭਿ ਪੁਰੀ ਸਿਖ ਪਰਉਪਕਾਰੀ।

ਥੜ੍ਹੇ ਸੁਹਾਵਤਿ ਗੁਰੂ ਜੀ ਇਮ ਸੁਨਿ ਕੈ ਕਾਨਾ।
ਤਿਤ ਕੋ ਗਰਧਬ ਪ੍ਰੇਰਿ ਕੈ ਆਯੋ ਸਮੁਹਾਨਾ॥ ੪੩॥

ਢੋਲ ਵੱਜਣ ਦੀ ਆਵਾਜ਼ ਨੂੰ ਸੁਣ ਕੇ ਇਸਤਰੀ ਪੁਰਸ਼ ਵੇਖ ਰਹੇ ਸਨ। ਗਲੀ-ਗਲੀ ਫਿਰ ਕੇ ਪਰਉਪਕਾਰੀ ਸਿੱਖ ਸਾਰੇ ਨਗਰ ਵਿਚ ਘੁੰਮਿਆ, ਥੜ੍ਹੇ ਤੇ ਬਿਰਾਜ ਰਹੇ ਗੁਰੂ ਜੀ ਨੇ ਇਸ ਤਰ੍ਹਾਂ ਸੁਣਿਆ ਕਿ ਗਧੇ ਉਤੇ ਚੜ੍ਹ ਕੇ ਇਕ ਮਹਾਨ ਪੁਰਸ਼ ਆ ਰਿਹਾ ਹੈ॥ ੪੩॥

*ਤੀਸਰੀ ਰਾਸ ਦਾ ਚੁਤਾਲ਼ੀਵਾਂ ਅਧਿਆਇ ਸਮਾਪਤ ਹੋਇਆ॥ ੪੪॥*

## ਅਧਿਆਇ ਪੰਜਤਾਲ਼ੀਵਾਂ

### ਸੱਤਾ ਬਲਵੰਡ ਬਖਸ਼ੇ

ਦੋਹਰਾ- ਲੱਧਾ ਪਰਪਉਕਾਰ ਹਿਤ ਸ਼ੰਕ ਨਹੀਂ ਮਨ ਕੀਨਿ।
ਇਨ ਕੋ ਬਖਸ਼ਹਿਂ ਸ੍ਰੀ ਗੁਰੂ ਕਹਾ ਮੇਰੋ ਹੁਇ ਹੀਨ॥ ੧॥

ਭਾਈ ਲੱਧੇ ਨੇ ਪਰਉਪਕਾਰ ਹਿਤ ਮਨ ਵਿਚ ਕੋਈ ਸ਼ੰਕਾ ਨਾ ਕੀਤੀ। ਉਸ ਸੋਚਿਆ ਕਿ ਜੇ ਗੁਰੂ ਜੀ ਇਨ੍ਹਾਂ ਨੂੰ ਬਖਸ਼ ਦੇਣਗੇ ਤਾਂ ਮੇਰਾ ਕੀ ਵਿਗੜੇਗਾ॥ ੧॥

ਸਵੈਯਾ ਛੰਦ- ਸੀਸ ਮੁੰਡਾਇ ਬਾਲ ਪੁਨ ਬਿਰਧਹਿਂ, ਮੁਖ ਕਾਰੋ ਲਿਉਂ ਨੀਰ ਪਖਾਰ।
ਪਰ ਕਾਰਜ ਕਾਂਯਾਂ ਜੇ ਆਵਹਿ ਸਫਲ ਜਨਮ ਹੋਵਹਿ ਤਿਸ ਬਾਰ।
ਰਿਦੈ ਬਿਖੈ ਚਿਤਵਹਿ ਉਪਕਾਰਹਿ ਸਤਿਗੁਰ ਚਰਨ ਪ੍ਰੇਮ ਕੋ ਧਾਰਿ।
ਅਧਿਕ ਭੀਰ ਸੰਗ ਢੋਲ ਬਜਤਿ ਬਡ ਸ਼ੋਰ ਹੋਤਿ ਬੋਲਤਿ ਨਰ ਨਾਰਿ॥ ੨॥

ਜਿਹੜਾ ਸਿਰ ਮੁੰਨਵਾਇਆ ਹੈ, ਵਾਲ ਫਿਰ ਵਧ ਜਾਣਗੇ। ਜਿਹੜਾ ਮੂੰਹ ਕਾਲਾ ਕੀਤਾ ਹੈ, ਉਹ ਪਾਣੀ ਨਾਲ ਧੋ ਲਵਾਂਗਾ। ਪਰਾਏ ਕਾਰਜ ਵਾਸਤੇ ਜੇ ਸਰੀਰ ਕੰਮ ਆਵੇ ਤਾਂ ਉਸ ਬਾਰੇ ਜਨਮ ਸਫਲ ਹੋ ਜਾਂਦਾ ਹੈ। ਸਤਿਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਧਾਰ ਕੇ ਹਿਰਦੇ ਵਿਚ ਉਪਕਾਰ ਬਾਰੇ ਸੋਚਦਾ ਹੈ। ਬਹੁਤ ਭੀੜ ਲੱਗੀ ਹੋਈ ਸੀ, ਨਾਲ-ਨਾਲ ਢੋਲ ਵੱਜ ਰਿਹਾ ਸੀ, ਲੋਕਾਂ ਦੇ ਬੋਲਣ ਕਾਰਨ ਬੜਾ ਸ਼ੋਰ ਹੋ ਰਿਹਾ ਸੀ॥ ੨॥

ਆਯੋ ਨਿਕਟ ਸੁਨੀ ਧੁਨਿ ਸ੍ਰੀ ਗੁਰ ਬੂਝਨਿ ਲਗੇ ਲੋਕ ਜੇ ਤੀਰ।
'ਕੋ ਆਵਤਿ ਬਡ ਸ਼ੋਰ ਮਚਾਵਤਿ ਢੋਲ ਬਜਾਵਤਿ ਲਖਿਯਤਿ ਭੀਰ?।
ਕੌਨ ਦੇਸ਼ ਕੀ ਸੰਗਤਿ ਹੈ ਇਹ' ਸਭਿ ਲਖਿ ਪੂਛਤਿ ਗੁਨੀ ਗਹੀਰ।
ਹਾਥ ਜੋਰਿ ਸਿਖ ਕਹੀ ਬਾਰਤਾ 'ਸਿੱਖੀ ਧੰਨ ਸਿਦਕ ਪ੍ਰਭੁ ਧੀਰ !॥ ੩॥

ਜਦ ਨੇੜੇ ਆਇਆ ਤਾਂ ਗੁਰੂ ਜੀ ਨੇ ਵੀ ਢੋਲ ਵੱਜਣ ਦੀ ਧੁਨੀ ਸੁਣੀ ਤਾਂ ਉਹ ਉਨ੍ਹਾਂ ਲੋਕਾਂ ਨੂੰ ਪੁੱਛਣ ਲੱਗੇ ਜਿਹੜੇ ਉਨ੍ਹਾਂ ਦੇ ਨੇੜੇ ਖੜੇ ਸਨ, "ਕੌਣ ਆ ਰਿਹਾ ਹੈ, ਵੱਡਾ ਸ਼ੋਰ ਮੱਚਿਆ ਹੋਇਆ ਹੈ, ਢੋਲ ਵੱਜਦੇ ਨੂੰ ਬਹੁਤ ਦੁਨੀਆਂ ਵੇਖ ਰਹੀ

ਹੈ, ਕਿਹੜੇ ਦੇਸ਼ ਦੀ ਇਹ ਸੰਗਤ ਹੈ ?" ਸਭ ਕੁਝ ਜਾਣਦੇ ਹੋਏ ਵੀ ਗੁਰੂ ਜੀ ਪੁੱਛਣ ਲੱਗੇ। ਹੱਥ ਜੋੜ ਕੇ ਇਕ ਸਿੱਖ ਨੇ ਕਿਹਾ, "ਹੇ ਧੀਰਜਵਾਨ ਪ੍ਰਭੂ ਜੀ ਧੰਨ ਸਿੱਖੀ ਦਾ ਸਿਦਕ ਹੈ॥ ੩॥

ਲੱਧਾ ਗੁਰਮੁਖ ਪਰਉਪਕਾਰੀ ਬਾਕ ਗੁਰੂ ਤੇ ਬੇਖ ਬਨਾਇ।
ਗਧੇ ਅਰੂਢਜੋ, ਕਰਿ ਮੁਖ ਕਾਰੋ, ਸੀਸ ਮੁੰਡਾਇ ਢੋਲ ਬਜਵਾਇ।
ਫਿਰਜੋ ਨਗਰ ਤਿਸ ਕੇ ਹਿਤ ਹੇਰਨਿ ਆਵਤਿ ਲੋਕ ਬ੍ਰਿੰਦ ਬਿਸਮਾਇ'।
ਇਤਨੇ ਮਹਿਂ ਸਨਮੁਖ ਭਾ ਗੁਰ ਕੇ, ਦਰਸ਼ਨ ਦੇਖਤਿ ਪ੍ਰੇਮ ਬਧਾਇ॥ ੪॥

ਪਰਉਪਕਾਰੀ ਗੁਰਮੁਖ ਲੱਧੇ ਨੇ ਗੁਰੂ ਜੀ ਦੇ ਬਚਨਾਂ ਅਨੁਸਾਰ ਆਪਣਾ ਭੇਸ ਬਣਾਇਆ ਹੋਇਆ ਹੈ, ਗਧੇ ਤੇ ਚੜ੍ਹਿਆ ਹੋਇਆ ਹੈ, ਮੁਖ ਕਾਲਾ ਕੀਤਾ ਹੈ, ਸੀਸ ਮੁੰਨਵਾ ਕੇ ਢੋਲ ਵਜਾਉਂਦਾ ਹੋਇਆ ਨਗਰ ਵਿਚ ਘੁੰਮਿਆ ਹੈ, ਉਸ ਨੂੰ ਵੇਖਣ ਵਾਸਤੇ ਬਹੁਤ ਲੋਕ ਇਕੱਠੇ ਹੋ ਕੇ ਆਏ ਹਨ।" ਏਨੀ ਦੇਰ ਨੂੰ ਭਾਈ ਲੱਧਾ ਗੁਰੂ ਜੀ ਦੇ ਸਾਹਮਣੇ ਆ ਗਿਆ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਪ੍ਰੇਮ ਵਧਾਇਆ॥ ੪॥

ਹਾਥ ਬੰਦਿ ਕਰਿ ਬੰਦਨ ਕੀਨਸਿ ਪਦ ਅਰਬਿੰਦਹਿ ਦ੍ਰਿਸ਼ਟਿ ਲਗਾਇ।
ਗਰਧਬ ਚਢਜੋ ਸਤੁਤਿ ਕੋ ਉਚਰਤਿ 'ਕ੍ਰਿਪਾ ਨਿਧਾਨ ਨਾਮ ਤੁਮ ਗਾਇ।
ਪਤਿਤਨਿ ਪਾਵਨ, ਅਧਮ ਉਧਾਰਨ, ਗੁਰੂ ਗਰੀਬ ਨਿਵਾਜ ਅਲਾਇ।
ਦਾਸ ਬ੍ਰਿੰਦ ਬਖਸ਼ਿੰਦ ਬਿਲੰਦੇ ਚੰਦ ਮਨਿੰਦ ਅਨੰਦ ਉਪਾਇ॥ ੫॥

ਹੱਥ ਜੋੜ ਕੇ ਬੰਦਨਾ ਕੀਤੀ ਅਤੇ ਚਰਨ ਕੰਵਲਾਂ ਤੇ ਦ੍ਰਿਸ਼ਟੀ ਲਾਈ। ਗਧੇ ਤੇ ਚੜ੍ਹੇ ਨੇ ਹੀ ਉਸਤਤਿ ਉਚਾਰਨ ਕੀਤੀ, "ਕਿਰਪਾ ਨਿਧਾਨ ਤੁਹਾਡਾ ਨਾਮ ਗਾਇਆ ਜਾਂਦਾ ਹੈ। ਤੁਸੀਂ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ, ਨੀਚ ਪਾਪੀਆਂ ਦਾ ਉਧਾਰ ਕਰਨ ਵਾਲੇ ਅਤੇ ਗੁਰੂ ਗਰੀਬ-ਨਿਵਾਜ਼ ਕਹਾਉਂਦੇ ਹੋ, ਆਪਣੇ ਦਾਸਾਂ ਲਈ ਵੱਡੇ ਬਖਸ਼ਣਹਾਰ ਹੋ ਅਤੇ ਚੰਦ ਵਾਂਗ ਅਨੰਦ ਦੇਣ ਵਾਲੇ ਹੋ॥ ੫॥

ਰਿਸ ਪ੍ਰਸੰਨਤਾ ਸਫਲ ਤੁਮਾਰੀ, ਛਿਮਹੁ ਭੂਲ ਨਿਜ ਦਾਸ ਪਛਾਨਿ।
ਆਗਜਾ ਮਾਨਿ ਪ੍ਰਥਮ ਕੀ ਇਮ ਕਿਯ, ਅਪਰ ਸਜ਼ਾਇ ਉਚਿਤ ਕੁਛ ਜਾਨਿ।
ਸੋ ਦੀਜਹਿ ਨਹਿਂ ਦੇਰਿ ਕਰੀਜਹਿ, ਪੁਨ ਮੈਂ ਅਰਜ਼ ਗੁਜ਼ਾਰਨਿ ਠਾਨਿ।
ਦੀਨ ਬੰਧੁ ਪ੍ਰਭੁ ਦਯਾਸਿੰਧੁ ਗੁਰ ਬੁਧਿ ਅੰਧੇ ਕਹੁ ਦੇ ਦ੍ਰਿਗ ਗਜਾਨ'॥ ੬॥

ਗੁੱਸੇ ਅਤੇ ਮਿਹਰ ਦੇ ਕਹੇ ਤੁਹਾਡੇ ਸ਼ਬਦ ਪੂਰੇ ਹੁੰਦੇ ਹਨ, ਨਿਜ ਦਾਸ ਜਾਣ ਕੇ ਭੁੱਲ ਬਖਸ਼ ਦੇਵੋ। ਮੈਂ ਤੁਹਾਡੀ ਆਗਿਆ ਮੰਨ ਕੇ ਪਹਿਲਾਂ ਇਹ ਕੁਝ ਕਰ ਲਿਆ ਹੈ, ਜੇ ਕੁਝ ਹੋਰ ਸਜ਼ਾ ਉਚਿਤ ਸਮਝਦੇ ਹੋ ਤਾਂ ਮੈਨੂੰ ਦੇਵੋ, ਇਸ ਵਿਚ ਦੇਰ ਨਾ ਕਰੋ, ਫਿਰ ਮੈਂ ਬੇਨਤੀ ਕਰਾਂ। ਹੇ ਦੀਨ ਬੰਧੂ ਪ੍ਰਭੂ ਦਇਆ ਦੇ ਸਾਗਰ ਗੁਰੂ ਜੀ! ਬੁੱਧੀ ਦੇ ਅੰਨ੍ਹੇ ਨੂੰ ਅੱਖਾਂ ਰੂਪੀ ਗਿਆਨ ਦੇਵੋ"॥ ੬॥

ਸ੍ਰੀ ਅਰਜਨ ਅਵਲੋਕਨਿ ਕੀਨਸਿ ਲੋਚਨ ਜਲ ਪੂਰਨ ਹੁਇ ਆਇ।
'ਗੁਰ ਮਾਰੇ ਕਉ ਸਿੱਖਜ ਬਚਾਵਹਿਂ, ਸਿੱਖ ਮਾਰਹਿ ਤਿਸ ਨਹਿਂ ਕਿਤ ਥਾਇਂ।
ਤਪਤ ਹਤਹਿ ਤਰੁ ਜਲ ਮਿਲਿ ਜੀਵੈ, ਜਲ ਤੇ ਹਤਿ ਹੁਇ ਤਬਿ ਸੁਸਕਾਇ।
ਘਾਵ ਸੁਗਮ ਲਾਗੇ ਹੁਇ ਜੀਵਨ, ਛਲ ਤੇ ਬਚਹਿ ਨ ਪ੍ਰਾਨ ਨਸਾਇ'॥ ੭॥

ਜਦ ਗੁਰੂ ਅਰਜਨ ਦੇਵ ਜੀ ਨੇ ਉਸ ਵਲ ਵੇਖਿਆ ਤਾਂ ਨੈਣਾਂ ਵਿਚ ਜਲ ਭਰ ਆਇਆ ਅਤੇ ਕਹਿਣ ਲੱਗੇ, "ਗੁਰ ਮਾਰੇ ਨੂੰ ਸਿੱਖ ਬਚਾ ਲੈਂਦੇ ਹਨ, ਪਰ ਸਿੱਖ ਮਾਰੇ ਪਾਸ ਕੋਈ ਥਾਂ ਨਹੀਂ ਰਹਿੰਦੀ ਹੈ। ਬ੍ਰਿਛ ਤਪਸ਼ ਨੂੰ ਦੂਰ ਕਰਦਾ ਹੈ ਤੇ ਜਲ

ਮਿਲਣ ਨਾਲ ਜੀਉਂਦਾ ਹੈ, ਪਰ ਜਲ ਦਾ ਮਾਰਿਆ ਹੀ ਸੁੱਕ ਜਾਂਦਾ ਹੈ। ਸਹਿਜ ਸੁਭਾਅ ਜ਼ਖਮ ਲੱਗਿਆ ਹੋਵੇ ਤੇ ਮਨੁੱਖ ਜਿਉਂਦਾ ਰਹਿ ਸਕਦਾ ਹੈ ਪਰ ਜੇ ਕੋਈ ਵਿਸਾਹ ਕੇ ਭਾਵ ਧੋਖੇ ਨਾਲ ਵਾਰ ਕਰੇ ਤਾਂ ਪ੍ਰਾਣ ਨਹੀਂ ਬੱਚਦੇ ਹਨ" ॥ ੭॥

ਸਿਖ ਸੰਗਤਿ ਕੋ ਇਮ ਸੁਨਾਇ ਕਰਿ ਭਏ ਪ੍ਰੇਮ ਬਸਿ ਕਹਜੋ ਨ ਜਾਇ।
ਪਠੇ ਦਾਸ ਖਰ ਤੇ ਉਤਰਾਯਹੁ ਪੁਨ ਸ਼ਨਾਨ ਨੀਕੇ ਕਰਿਵਾਇ।
ਪਟ ਪਹਿਰਾਇ ਨਿਕਟ ਤਬਿ ਆਯੋ ਗੁਰ ਪਗ ਪੰਕਜ ਰਹਿ ਲਪਟਾਇ।
ਬੂਝਜੋ 'ਕਹੁ ਲੱਧਾ ਕਿਸ ਕਾਰਨ ਇਹ ਅਨਬਨ ਤਨ ਬੇਖ ਬਨਾਇ?' ॥ ੮ ॥

ਸਿੱਖ ਸੰਗਤ ਨੂੰ ਇਸ ਤਰ੍ਹਾਂ ਕਹਿ ਕੇ ਪ੍ਰੇਮ-ਵੱਸ ਹੋ ਗਏ ਤੇ ਫਿਰ ਕਿਹਾ ਨਾ ਜਾਏ। ਸੇਵਕਾਂ ਨੂੰ ਭੇਜਿਆ ਕਿ ਇਸ ਨੂੰ ਖੋਤੇ ਤੋਂ ਉਤਾਰੋ, ਫਿਰ ਸੁੰਦਰ ਢੰਗ ਨਾਲ ਇਸ਼ਨਾਨ ਕਰਵਾਇਆ। ਰੇਸ਼ਮੀ ਕਪੜੇ ਪਾ ਕੇ ਗੁਰੂ ਜੀ ਦੇ ਨੇੜੇ ਆਇਆ ਤੇ ਗੁਰੂ ਦੇ ਚਰਨ ਕੰਵਲਾਂ ਨਾਲ ਲੱਗ ਗਿਆ। ਗੁਰੂ ਜੀ ਨੇ ਪੁਛਿਆ, "ਹੇ ਭਾਈ ਲੱਧਾ ! ਦੱਸੋ ਕਿਸ ਕਾਰਨ ਇਹ ਅਨੋਖਾ ਭੇਸ ਬਣਾਇਆ ਹੈ ?" ॥ ੮ ॥

'ਤੁਮ ਅੰਤਰਯਾਮੀ ਸਭਿ ਜਾਨੋਂ ਛਪੀ ਬਾਰਤਾ ਜਗ ਨਹਿਂ ਕੋਇ।
ਆਗਜਾ ਮਾਨਿ ਤਊ ਮੈਂ ਭਾਖੋਂ ਹੁਤੇ ਆਪਕੇ ਬਚ ਕਿਯ ਸੋਇ।
'ਕਰਹਿ ਅਰਜ ਤਿਸ ਗਧੇ ਚਢਾਵਹਿਂ, ਮੁਖ ਕਾਰੋ ਠਾਨਹਿਂ, ਪਿਖਿ ਲੋਇ।
ਮੂੰਡ ਮੁੰਡਾਇ ਸਜਾਇ ਦੇਹਿਂ ਅਸ, ਯਾਂਤੇ ਇਨ ਸੰਗੀ ਨਹਿਂ ਹੋਇ' ॥ ੯ ॥

ਭਾਈ ਲੱਧੇ ਨੇ ਕਿਹਾ, "ਤੁਸੀਂ ਅੰਤਰਜਾਮੀ, ਸਭ ਕੁਝ ਜਾਣਦੇ ਹੋ, ਜਗਤ ਦੀ ਕੋਈ ਵਾਰਤਾ ਤੁਹਾਥੋਂ ਛੁਪੀ ਹੋਈ ਨਹੀਂ ਹੈ, ਆਗਿਆ ਮੰਨ ਕੇ ਉਹ ਮੈਂ ਕਹਿੰਦਾ ਹਾਂ, ਜਿਵੇਂ ਆਪ ਨੇ ਬਚਨ ਕੀਤੇ ਹੋਏ ਸਨ, "ਜਿਹੜਾ ਵੀ ਬੇਨਤੀ ਕਰੇਗਾ, ਉਸ ਨੂੰ ਗਧੇ ਤੇ ਚੜ੍ਹਾ ਕੇ ਮੂਖ ਕਾਲਾ ਕਰਾਂਗੇ, ਉਸ ਦੇ ਸਿਰ ਦੇ ਵਾਲ ਮੁੰਨਵਾ ਕੇ ਐਸੀ ਸਜ਼ਾ ਦੇਵਾਂਗੇ, ਇਸ ਕਰਕੇ ਇਨ੍ਹਾਂ ਦਾ ਸੰਗੀ ਕੋਈ ਨਾ ਹੋਵੇ" ॥ ੯ ॥

'ਮੈਂ ਰਾਵਰ ਕੇ ਬਚਨ ਕਮਾਏ ਪੂਰਬ ਕਰਿ ਕੁਬੇਖ ਫਿਰਿ ਆਇ।
ਅਰਜ਼ ਕਰੌਂ ਪਸ਼ਚਾਤ ਕ੍ਰਿਪਾ ਨਿਧਿ ਸੁਨਹੁ ਗੁਰੂ ਬਖਸ਼ਿੰਦ ਸੁਭਾਇ।
ਸੱਤਾ ਅਰੁ ਬਲਵੰਡ ਦੁਖਿਤ ਅਤਿ ਚਿਤ ਕੋ ਗਰਬ ਗਯੋ ਬਿਨਸਾਇ।
ਭਏ ਰੰਕ ਰੋਗੀ ਬਹੁ ਆਤੁਰ ਹੋਤਿ ਦੀਨ ਜਿਸ ਕਿਸ ਪਹਿ ਜਾਇ ॥ ੧੦ ॥

"ਮੈਂ ਆਪ ਜੀ ਦੇ ਬਚਨਾਂ ਤੇ ਪੂਰਨ ਅਮਲ ਕੀਤਾ ਹੈ, ਪਹਿਲਾਂ ਇਹ ਸਾਰਾ ਭੇਸ ਧਾਰ ਕੇ ਫਿਰ ਆਇਆ ਹਾਂ, ਬਾਅਦ ਮੈਂ ਬੇਨਤੀ ਕਰਦਾ ਹਾਂ ਕ੍ਰਿਪਾਨਿਧਾਨ ਗੁਰੂ ਜੀ ਸੁਣੋ, ਤੁਹਾਡਾ ਬਖਸ਼ਣਹਾਰਾ ਸੁਭਾਅ ਹੈ। ਸੱਤਾ ਅਤੇ ਬਲਵੰਡ ਅਤਿ ਦੁਖੀ ਹਨ ਅਤੇ ਉਨ੍ਹਾਂ ਦੇ ਚਿੱਤ ਦਾ ਸਾਰਾ ਹੰਕਾਰ ਦੂਰ ਹੋ ਗਿਆ ਹੈ। ਬਹੁਤ ਗ਼ਰੀਬ ਅਤੇ ਰੋਗੀ ਹੋ ਗਏ ਹਨ, ਬਹੁਤ ਆਤਰ ਹੋ ਕੇ ਦੀਨ ਹੋ ਗਏ ਹਨ ਅਤੇ ਜਿਸ ਕਿਸ ਪਾਸ ਵੀ ਜਾਂਦੇ ਹਨ, ਕੋਈ ਵੀ ਉਨ੍ਹਾਂ ਨੂੰ ਮੂੰਹ ਨਹੀਂ ਲਾਉਂਦਾ ਹੈ ॥ ੧੦ ॥

ਭੂਲ ਛਿਮਾਪਨ ਕਰਹੁ ਗੁਰੂ ਜੀ! ਨਿਜ ਪਗ ਪੰਕਜ ਲੇਹੁ ਮਿਲਾਇ'।
ਸ਼੍ਰੀ ਅਰਜਨ ਸਭਿ ਸਭਾ ਸਹਤ ਤਬਿ ਉਪਕਾਰੀ ਬਡ ਲਖਜੋ ਸੁਭਾਇ।
'ਇਤੋ ਖੇਦ ਕਜੋਂ ਪ੍ਰਾਪਤਿ ਹੋਵਾ, ਜੇ ਹਮ ਕੋ ਤੂੰ ਕਹਤਿ ਬਨਾਇ।
ਬਖਸ਼ ਦੇਤਿ ਤੁਵ ਬਾਕਨਿ ਤੇ ਹਮ ਬਿਨ ਹੰਕਾਰ ਭਏ ਲਖਿ ਪਾਇ ॥ ੧੧ ॥

ਹੇ ਗੁਰੂ ਜੀ ! ਉਨ੍ਹਾਂ ਦੀ ਭੁੱਲ ਨੂੰ ਬਖਸ਼ ਦੇਵੋ, ਉਨ੍ਹਾਂ ਨੂੰ ਆਪਣੇ ਚਰਨ ਕੰਵਲਾਂ ਨਾਲ ਮਿਲਾ ਲਵੋ।" ਸ੍ਰੀ ਅਰਜਨ ਦੇਵ ਜੀ ਨੇ ਸਾਰੀ ਸਭਾ ਸਹਿਤ ਭਾਈ ਲਧੇ ਦਾ ਅਤਿ ਉਪਕਾਰੀ ਸੁਭਾਅ ਵੇਖਿਆ ਤਾਂ ਬੋਲੇ, "ਇਤਨਾ ਦੁਖ ਕਿਉਂ ਪ੍ਰਾਪਤ ਹੋਇਆ ਹੈ, ਜੋ ਤੂੰ ਸਾਨੂੰ ਬਣਾ ਕੇ ਕਹਿੰਦਾ ਹੈਂ ? ਤੇਰੇ ਕਹਿਣ ਤੇ ਹੀ ਅਸੀਂ ਬਖਸ਼ ਦਿੰਦੇ, ਜਦ ਅਸੀਂ ਜਾਣ ਲੈਂਦੇ ਕਿ ਉਹ ਬਿਨਾਂ ਹੰਕਾਰ ਹੋ ਗਏ ਹਨ॥ ੧੧॥

ਬਿੱਦਜਾ ਮਦ ਤੇ ਮੂਰਖ ਅੰਧੇ ਉਚਿਤ ਸਜ਼ਾਇ ਦੁਹਨਿ ਕੋ ਚੀਨ।
ਕਰੇ ਨਿਕਾਸਨਿ ਗਰਬ ਹਰਨਿ ਕੋ ਅਬਿ ਤੈਂ ਤਿਨ ਕੀ ਰੱਛਜਾ ਕੀਨਿ।
ਲੇਹੁ ਬੁਲਾਇ ਉਬਾਰੋ ਦੂਖ ਤੇਜੇ ਹੰਕਾਰ ਭਯੋ ਉਰ ਹੀਨ।
ਲੋਹ ਪਾਇ ਕਰਿ ਤਪਤ ਅਗਨਿ ਕੀ ਮ੍ਰਿਦੁਤਾ ਗਹਹਿ,ਸੁ ਲਖਹੁ ਪ੍ਰਬੀਨ' ॥੧੨॥

ਰਾਗ ਵਿਦਿਆ ਦਾ ਮਾਣ ਕਰਕੇ ਮੂਰਖ ਅੰਨ੍ਹੇ ਹੋ ਗਏ ਸਨ, ਇਹ ਦੋਹਾਂ ਨੂੰ ਯੋਗ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਦੋਹਾਂ ਦਾ ਹੰਕਾਰ ਦੂਰ ਹੋ ਗਿਆ ਹੈ, ਹੁਣ ਤੂੰ ਉਨ੍ਹਾਂ ਦੀ ਰਖਿਆ ਕੀਤੀ ਹੈ। ਉਨ੍ਹਾਂ ਨੂੰ ਬੁਲਾ ਲਵੋ ਤੇ ਦੁਖ ਦੂਰ ਕਰੋ ਜੋ ਉਨ੍ਹਾਂ ਦੇ ਹਿਰਦੇ ਦਾ ਹੰਕਾਰ ਦੂਰ ਹੋ ਗਿਆ ਹੈ। ਲੋਹਾ ਅੱਗ ਦੀ ਤਪਸ਼ ਨੂੰ ਪਾ ਕੇ ਨਰਮ ਹੋ ਜਾਂਦਾ ਹੈ, ਇਹੋ ਹੀ ਇਨ੍ਹਾਂ ਬਾਰੇ ਸਮਝੋ" ॥ ੧੨॥

ਤਬਿ ਲੱਧੇ ਹਰਖਤਿ ਨਰ ਭੇਜਜੋ ਸ੍ਰੀ ਸਤਿਗੁਰ ਢਿਗ ਲਏ ਬੁਲਾਇ।
ਗੁਰ ਅੰਚਰ ਕਰ ਜੋਰਿ ਦੀਨ ਕਹਿ 'ਸ਼ਰਨ ਸ਼ਰਨ ਰਾਖਹੁ ਸੁਖਦਾਇ'।
ਪਰੇ ਅਗਾਰੀ ਗਹਿ ਪਗ ਪੰਕਜ ਦ੍ਰਿਗ ਤੇ ਨਿਕਰਤਿ ਜਲ ਘਿਘਿਆਇ।
'ਛਿਮਹੁ ਛਿਮਹੁ ਪ੍ਰਭੁ ਹਮਹੁ ਆਪ ਅਬਿ ਕਰੀ ਉਚਿਤ ਇਹ ਦਈ ਸਜ਼ਾਇ' ॥੧੩॥

ਫਿਰ ਭਾਈ ਲੱਧੇ ਨੇ ਪ੍ਰਸੰਨ ਹੋ ਕੇ ਇਕ ਮਨੁੱਖ ਨੂੰ ਭੇਜ ਕੇ ਸੱਤੇ ਅਤੇ ਬਲਵੰਡ ਨੂੰ ਸਤਿਗੁਰੂ ਪਾਸ ਬੁਲਾ ਲਿਆ। ਗੁਰੂ ਜੀ ਦਾ ਦਾਮਨ ਫੜ ਕੇ ਹੱਥ ਜੋੜ ਦਿੱਤੇ ਅਤੇ ਬੋਲੇ, "ਹੇ ਸੁਖਦਾਤੇ ! ਆਪਣੀ ਸ਼ਰਨ ਵਿਚ ਰਖੋ, ਆਪਣੀ ਸ਼ਰਨ ਵਿਚ ਰਖੋ"। ਚਰਨ ਕੰਵਲ ਫੜ ਕੇ ਅੱਗੇ ਲੰਮੇ ਪੈ ਗਏ ਅਤੇ ਘਿਘਿਆ ਕੇ ਅੱਖਾਂ ਵਿਚ ਜਲ ਵਹਿ ਤੁਰਿਆ। ਕਹਿਣ ਲੱਗੇ, "ਹੇ ਪ੍ਰਭੂ ਜੀ ! ਮੁਆਫ ਕਰੋ, ਮੁਆਫ ਕਰੋ, ਤੁਸੀਂ ਉਚਿਤ ਹੀ ਕੀਤਾ ਹੈ ਜੋ ਸਾਨੂੰ ਇਹ ਸਜ਼ਾ ਦਿੱਤੀ ਹੈ" ॥ ੧੩॥

ਸ੍ਰੀ ਅਰਜਨ ਤਬਿ ਕਹਜੋ ਤਿਨਹੁ ਕਹੁ 'ਸਿੱਖ ਲੱਧੇ ਕੋ ਭਾ ਉਪਕਾਰ।
ਇਸਕੇ ਕਹੇ ਬਖਸ਼ ਤੁਮ ਦੀਨੇ, ਬਹੁਰ ਬਿਕਾਰ ਨ ਕਰਹੁ ਹੰਕਾਰ।
ਅਧਿਕ ਹੁਤੇ ਅਪਰਾਧੀ ਦੋਨੋ ਸ੍ਰੀ ਨਾਨਕ ਗੁਰ ਨਿੰਦ ਉਚਾਰਿ।
ਤਊ ਛਿਮਾ ਇਸਨੇ ਕਰਿਵਾਈ ਨਤੁ ਦੁਹ ਲੋਕਨਿ ਕਸ਼ਟ ਹਜਾਰ' ॥ ੧੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਉਨ੍ਹਾਂ ਨੂੰ ਕਿਹਾ, "ਇਹ ਸਾਡੇ ਸਿੱਖ ਭਾਈ ਲੱਧੇ ਦਾ ਉਪਕਾਰ ਹੈ, ਉਸ ਦੇ ਕਹੇ ਤੇ ਅਸੀ ਤੁਹਾਨੂੰ ਬਖਸ਼ ਦਿੱਤਾ ਹੈ, ਫਿਰ ਕਦੀ ਹੰਕਾਰ ਕਰਨ ਦਾ ਵਿਕਾਰ ਨਾ ਕਰੋ। ਤੁਸੀਂ ਦੋਵੇਂ ਵੱਡੇ ਅਪਰਾਧੀ ਸੀ, ਜਿਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਨਿੰਦਿਆ ਕੀਤੀ ਸੀ। ਤੁਹਾਡੀ ਖਿਮਾਂ ਇਸ ਨੇ ਕਰਵਾਈ ਹੈ, ਨਹੀਂ ਤਾਂ ਦੋਹਾਂ ਲੋਕਾਂ ਵਿਚ ਹਜ਼ਾਰਾਂ ਕਸ਼ਟ ਪਾਉਂਦੇ" ॥ ੧੪॥

ਪੁਨ ਲੱਧੇ ਬਹੁ ਬਿਨਤੀ ਕੀਨਸਿ 'ਤਨ ਅਰੋਗ ਇਨ ਕੇ ਕਰਿ ਦੇਹੁ।
ਗਾਵਨਿ ਉਚਤਿ ਸਭਾ ਮਹਿਂ ਤਬਿ ਹੁਇਂ ਪੂਰਬ ਸਮਸਰ ਜਬਹਿ ਬਨੇਹੁ'।
ਸ੍ਰੀ ਅਰਜਨ ਭਾਖਜੋ 'ਇਨ ਦੋਇਨ ਗੁਰ ਨਿੰਦਾ ਕਿਯ ਭਾ ਦੁਖ ਦੇਹੁ।
ਸੋ ਅਪਰਾਧ ਨਿਵਾਰਨਿ ਹੁਇ ਜਬਿ, ਮਿਟਹਿ ਰੋਗ ਤਬਿ ਨਿਰਸੰਦੇਹੁ ॥ ੧੫॥

ਫਿਰ ਭਾਈ ਲੱਧੇ ਨੇ ਬੇਨਤੀ ਕੀਤੀ, "ਤਨ ਤੋਂ ਵੀ ਇਨ੍ਹਾਂ ਨੂੰ ਅਰੋਗ ਕਰ ਦੇਵੋ, ਤਾਂਕਿ ਸਭ ਵਿਚ ਫਿਰ ਗਾਇਣ ਕਰਨ ਲੱਗ ਜਾਣ, ਜਿਵੇਂ ਪਹਿਲਾਂ ਗਾਇਣ ਕਰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਕਿਹਾ, "ਗੁਰੂ ਦੀ ਨਿੰਦਿਆ ਕਰਨ ਕਰਕੇ, ਇਨ੍ਹਾਂ ਦੇ ਸਰੀਰ ਨੂੰ ਦੁਖ ਹੋਇਆ ਹੈ, ਉਹ ਅਪਰਾਧ ਜਦ ਇਹ ਦੂਰ ਕਰਨਗੇ ਤਦ ਇਹ ਬਿਨਾਂ ਸ਼ੱਕ ਰਾਜ਼ੀ ਹੋ ਜਾਣਗੇ॥ ੧੫॥

ਜਿਸ ਮੁਖ ਤੇ ਨਿੰਦਾ ਇਨ ਭਾਖੀ ਤਿਸ ਤੇ ਗੁਰ ਜਸੁ ਕਰਹਿਂ ਬਖਾਨ।
ਇਹ ਉਪਚਾਰ ਰੋਗ ਤਨ ਬਿਨਸੈ, ਹੋਹਿ ਸ਼ਰੀਰ ਸੁ ਪ੍ਰਥਮ ਸਮਾਨ'।
ਤਬਿ ਲੱਧੇ ਦੋਨਹੁ ਸੰਗ ਭਾਖਜੋ 'ਅਬਿ ਦੁਖ ਭੰਜਨਿ ਕਰਹੁ ਸ਼ਨਾਨ।
ਬ੍ਰਹਮ ਰੂਪ ਸ੍ਰੀ ਨਾਨਕ ਬਰਨਹੁ ਗੁਰ ਬਨਿ ਤਾਰਜੋ ਜਿਨਹੁ ਜਹਾਨ॥ ੧੬॥

ਜਿਸ ਮੁਖ ਨਾਲ ਇਨ੍ਹਾਂ ਗੁਰੂ ਘਰ ਦੀ ਨਿੰਦਿਆ ਕਹੀ ਹੈ, ਉਸ ਮੁਖ ਨਾਲ ਗੁਰੂ ਦਾ ਜੱਸ ਵਰਣਨ ਕਰਨ, ਇਸ ਢੰਗ ਨਾਲ ਤਨ ਦਾ ਰੋਗ ਮਿੱਟ ਜਾਵੇਗਾ ਤਾਂ ਸਰੀਰ ਵੀ ਪਹਿਲੇ ਸਮਾਨ ਹੋ ਜਾਵੇਗਾ।" ਫਿਰ ਭਾਈ ਲੱਧੇ ਨੇ ਦੋਵਾਂ ਨੂੰ ਕਿਹਾ, "ਹੁਣ ਦੁਖ ਭੰਜਨੀ ਵਿਚ ਇਸ਼ਨਾਨ ਕਰੋ। ਬ੍ਰਹਮ ਰੂਪ ਸ੍ਰੀ ਨਾਨਕ ਦੇਵ ਦਾ ਜੱਸ ਵਰਣਨ ਕਰੋ ਜਿਨ੍ਹਾਂ ਨੇ ਗੁਰੂ ਬਣ ਕੇ ਸਾਰੇ ਜਹਾਨ ਨੂੰ ਤਾਰਿਆ॥ ੧੬॥

ਭਿੰਨ ਭਿੰਨ ਪੁਨ ਪੰਚਹੁਂ ਗੁਰ ਕੀ ਨਿਜ ਬਾਨੀ ਤੇ ਕੀਰਤਿ ਗਾਉ।
ਹੁਇ ਨਿਸ਼ਕਪਟ ਗਰਬ ਕੋ ਪਰਹਰਿ ਸਤਿ ਸੰਗਤਿ ਮਹਿਂ ਬਹੁਰ ਸਮਾਉ'।
ਸੁਨਿ ਹਰਖੇ ਜਨੁ ਅੰਮ੍ਰਿਤ ਬਰਖੇ, ਦੁਖਦਾਰਿਦ ਉਰ ਸਰਬ ਬਿਲਾਉ।
ਸ੍ਰੀ ਦੁਖਭੰਜਨ ਮੱਜਨ ਕੀਨਹੁ ਸਿਮਰਿ ਨਾਮ ਸ੍ਰੀ ਗੁਰ ਕਰਿ ਭਾਉ॥ ੧੭॥

ਮੁੜ ਕੇ ਫਿਰ ਪੰਜਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਭਿੰਨ-ਭਿੰਨ ਕੀਰਤਨ ਗਾਵੋ। ਨਿਸ਼ਕਪਟ ਹੋ ਕੇ ਅਤੇ ਹੰਕਾਰ ਦੂਰ ਕਰਕੇ ਬਾਅਦ ਵਿਚ ਸੰਗਤ ਵਿਚ ਸਮਾ ਜਾਵੋ।" ਦੋਵੇਂ ਸੁਣ ਕੇ ਬਹੁਤ ਖੁਸ਼ ਹੋਏ ਜਿਵੇਂ ਅੰਮ੍ਰਿਤ ਦੀ ਵਰਸ਼ਾ ਹੋਈ ਹੋਵੇ, ਹਿਰਦੇ ਦੇ ਦੁਖ ਅਤੇ ਗ਼ਰੀਬੀ ਸਭ ਦੂਰ ਹੋ ਗਈ। ਸ੍ਰੀ ਦੁਖ ਭੰਜਨੀ ਵਿਚ ਇਸ਼ਨਾਨ ਕੀਤਾ ਅਤੇ ਬੜਾ ਪ੍ਰੇਮ ਕਰਕੇ ਗੁਰੂ ਜੀ ਦੇ ਨਾਮ ਦਾ ਸਿਮਰਨ ਕੀਤਾ॥ ੧੭॥

ਸ੍ਰੀ ਅਰਜਨ ਕੇ ਪੁਨ ਹੁਇ ਸਨਮੁਖ ਠਾਂਢੇ ਭਏ ਸੁ ਦਰਪ ਨਿਕੰਦ।
ਰੁਚਿਰ ਰਾਗਨੀ ਰਾਮਕਲੀ ਵਿਚ ਕਰੀ ਵਾਰ ਉਰ ਧਾਰਿ ਅਨੰਦ।
ਪੌੜੀ ਚਾਰ ਮਝਾਰ ਕਹਜੋ ਸੁਭ ਸ੍ਰੀ ਨਾਨਕ ਕੋ ਸੁਜਸ ਬਿਲੰਦ।
ਹੁਤੀ ਜਥਾ ਮਤਿ ਤਥਾ ਕਥਜੋ ਤਬਿ ਹੋਨਿ ਕ੍ਰਿਤਾਰਥ ਸ੍ਵਾਰਥਵੰਦ॥ ੧੮॥

ਹੰਕਾਰ ਦੂਰ ਕਰਕੇ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਖੜੇ ਹੋ ਗਏ। ਸੁੰਦਰ ਰਾਮਕਲੀ ਰਾਗੁ ਵਿਚ ਹਿਰਦੇ ਵਿਚ ਅਨੰਦ ਧਾਰ ਕੇ ਵਾਰ ਲਿਖੀ। ਚਾਰ ਪੌੜੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰੇਸ਼ਟ ਜੱਸ ਵਰਣਨ ਕੀਤਾ। ਜਿਵੇਂ ਉਨ੍ਹਾਂ ਦੀ ਬੁਧੀ ਸੀ ਉਸ ਤਰ੍ਹਾਂ ਹੀ ਉਨ੍ਹਾਂ ਨੇ ਕ੍ਰਿਤਾਰਥ ਹੋਣ ਦੇ ਸੁਆਰਥ ਨੂੰ ਮੁਖ ਰੱਖ ਕੇ ਕਥਨ ਕੀਤਾ॥ ੧੮॥

ਇਕ ਇਕ ਪੌੜੀ ਚਤੁਰ ਗੁਰੂ ਕੀ ਸੁੰਦਰ ਕੀਰਤਿ ਕਹੀ ਬਨਾਇ।
ਸ੍ਰੀ ਅਰਜਨ ਪਰਤੱਖ ਅੱਗ੍ਰ ਥਿਤ ਹਾਥ ਜੋਰਿ ਸਭਿ ਦਈ ਸੁਨਾਇ।
ਭਏ ਪ੍ਰਸੰਨ ਵਾਰ ਕੋ ਸੁਨਿ ਕੈ ਤਬਿ ਸ੍ਰੀ ਗ੍ਰਿੰਥ ਬਿਖੇ ਲਿਖਵਾਇ।
ਰੋਗ ਛੀਨ ਭਾ ਤਨ ਨਵੀਨ ਸੁਭ, ਲੋਕ ਬਿਲੋਕਿ ਰਹੇ ਬਿਸਮਾਇ॥ ੧੯॥

ਇਕ-ਇਕ ਪੌੜੀ ਵਿਚ ਚਤੁਰ ਗੁਰੂ ਜੀ ਦੀ ਸੁੰਦਰ ਕੀਰਤੀ ਬਣਾ ਕੇ ਕਹੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਹੱਥ ਜੋੜ ਕੇ ਸਾਰੀ ਸੁਣਾ ਦਿੱਤੀ। ਸ੍ਰੀ ਗੁਰੂ ਜੀ ਵਾਰ ਸੁਣ ਕੇ ਬਹੁਤ ਪ੍ਰਸੰਨ ਹੋਏ, ਫਿਰ ਉਨ੍ਹਾਂ ਉਸ ਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਵਾ ਦਿੱਤਾ। ਉਨ੍ਹਾਂ ਦੇ ਸਰੀਰਾਂ ਦੇ ਰੋਗ ਦੂਰ ਹੋ ਗਏ ਅਤੇ ਤਨ ਸੁਭ ਤੇ ਨਵੇਂ ਨਰੋਏ ਹੋ ਗਏ, ਉਨ੍ਹਾਂ ਦੇ ਸਰੀਰਾਂ ਨੂੰ ਵੇਖ ਕੇ ਲੋਕ ਬਹੁਤ ਹੈਰਾਨ ਹੋਏ॥ ੧੯॥

ਪਠਹਿ ਸੁਨਹਿ ਜੋ ਵਾਰ ਪ੍ਰੇਮ ਕਰਿ ਤਨ ਕੇ ਰੁਜ ਤਿਸਕੇ ਹੁਇੰ ਹਾਨ।
ਨਿਤਪ੍ਰਤਿ ਨੇਮ ਕਰਹਿ ਮੁਖ ਉਚਰਹਿ ਗੁਰ ਕੀ ਸ਼ਰਧਾ ਵਧਹਿ ਮਹਾਨ।
ਮਨ ਬਾਂਛਤਿ ਕੋ ਦੇਤਿ ਗੁਰੂ ਜਸੁ ਧਰਹਿ ਪ੍ਰੇਮ ਕਰਿ ਰੂਪ ਜੁ ਧਯਾਨੰ।
ਅਸ ਕੋ ਵਸਤੁ ਜੋ ਹਾਥ ਨ ਆਵੈ ਪਾਠ ਕਰੈ ਸ੍ਰੀ ਗ੍ਰਿੰਥ ਮਹਾਨ॥ ੨੦॥

ਜਿਹੜੇ ਇਸ ਵਾਰ ਨੂੰ ਪ੍ਰੇਮ ਨਾਲ ਪੜ੍ਹਨ ਸੁਣਨਗੇ, ਉਨ੍ਹਾਂ ਦੇ ਤਨ ਦੇ ਸਾਰੇ ਰੋਗ ਦੂਰ ਹੋਣਗੇ। ਜਿਹੜੇ ਨਿਤਾਪ੍ਰਤੀ ਨੇਮ ਨਾਲ ਮੁਖ ਤੋਂ ਉਚਾਰਨਗੇ, ਉਨ੍ਹਾਂ ਵਿਚ ਗੁਰੂ ਜੀ ਦੀ ਮਹਾਨ ਸ਼ਰਧਾ ਵਧੇਗੀ। ਗੁਰੂ ਜੀ ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹਨ, ਜਿਹੜੇ ਗੁਰੂ ਜੀ ਦੇ ਰੂਪ ਦਾ ਧਿਆਨ ਧਰ ਕੇ ਪੜ੍ਹਦੇ ਹਨ। ਐਸੀ ਕੋਈ ਵਸਤੂ ਨਹੀਂ ਜੋ ਹੱਥ ਨਾ ਆਵੇ ਜਿਹੜੇ ਮਹਾਨ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ॥ ੨੦॥

ਸਭਾ ਲਗੀ ਸ੍ਰੀ ਅਰਜਨ ਜੀ ਤਬਿ ਲੱਧੇ ਕੀ ਉਪਮਾ ਬਡ ਕੀਨਿ।
'ਧੰਨ ਸਿੱਖਜ ਪੁਨ ਪਰਉਪਕਾਰੀ ਪਰਹਿਤ ਜਿਨਹੁ ਲਾਜ ਤਜਿ ਦੀਨ।
ਕਰ ਨ ਸਕਹਿ ਕੋ ਕਰਜੋ ਸੁ ਐਸੇ, ਜਾਨੇ ਭਏ ਰਬਾਬੀ ਦੀਨ।
ਦ੍ਵੈ ਪੁਰਿ ਬਿਖੈ ਕੁਬੇਖ ਦਿਖਾਯੋ ਅਰਜ਼ ਗੁਜ਼ਾਰ ਕੀਏ ਦੁਖ ਹੀਨ॥ ੨੧॥

ਜਦ ਗੁਰੂ ਅਰਜਨ ਦੇਵ ਜੀ ਦਾ ਦਰਬਾਰ ਲੱਗਾ ਤਾਂ ਉਸ ਵਿਚ ਭਾਈ ਲੱਧੇ ਦੀ ਬਹੁਤ ਉਪਮਾ ਕੀਤੀ, "ਧੰਨ ਪਰਉਪਕਾਰੀ ਸਿੱਖ ਹੈ, ਪਰਾਏ ਦੇ ਭਲੇ ਵਾਸਤੇ ਜਿਸ ਨੇ ਆਪਣੀ ਲਾਜ ਹੀ ਛੱਡ ਦਿੱਤੀ। ਇਸ ਨੇ ਐਸਾ ਕਾਰਜ ਕੀਤਾ ਹੈ, ਜਿਸ ਨੂੰ ਕੋਈ ਕਰ ਨਹੀਂ ਸਕਦਾ, ਜਦ ਉਸ ਨੇ ਦੋ ਰਬਾਬੀਆਂ ਨੂੰ ਦੀਨ ਹੋਏ ਵੇਖਿਆ ਤਾਂ ਦੋ ਨਗਰਾਂ ਵਿਚ ਆਪਣੇ ਭੈੜੇ ਭੇਸ ਅਤੇ ਰੂਪ ਨੂੰ ਵਿਖਾਇਆ ਤੇ ਬੇਨਤੀ ਕਰਕੇ ਉਨ੍ਹਾਂ ਦੇ ਦੁਖ ਦੂਰ ਕੀਤੇ ਹਨ॥ ੨੧॥

ਸਾਰ ਮਹਾਂ ਸਿਮਰਨਿ ਸਤਿਨਾਮੂ ਕਾਰ ਮਹਾਂ ਕਰਿਬੋ ਉਪਕਾਰ।
ਇਨ ਦੋਨਹੁ ਬਿਨ ਮਾਨੁਖ ਤਨ ਧਿਕ ਸਮੋ ਬਿਤਾਵਹਿ ਲਖਹਿ ਨ ਸਾਰ।
ਪੂਛ ਸੀਂਗ ਬਿਨ ਪਸੂ ਜਨਮ ਤਿਨ, ਆਏ ਬਾਦ ਬੀਚ ਸੰਸਾਰ।
ਅੰਤ ਸਮੇਂ ਜਮਦੂਤ ਗਹੈ ਦ੍ਰਿਢ, ਝੂਰਤਿ ਗਮਨਹਿੰ ਦ੍ਵੈ ਕਰ ਝਾਰਿ॥ ੨੨॥

ਸਭ ਤੋਂ ਵੱਡੀ ਗੱਲ ਹੈ ਸਤਿਨਾਮ ਦਾ ਸਿਮਰਨ, ਤੇ ਸਭ ਤੋਂ ਵੱਡੀ ਕਾਰ ਹੈ ਪਰਉਪਕਾਰ ਕਰਨਾ, ਇਨ੍ਹਾਂ ਦੋਹਾਂ ਬਗੈਰ ਮਨੁੱਖੀ ਸਰੀਰ ਨੂੰ ਫ਼ਿਟਕਾਰ ਹੈ, ਸਮਾਂ ਬਤੀਤ ਕਰਦੇ ਹਨ ਪਰ ਗੁਣ ਨੂੰ ਨਹੀਂ ਜਾਣਦੇ। ਉਨ੍ਹਾਂ ਦਾ ਪੂਛ ਤੇ ਸਿੰਗ ਬਗੈਰ ਪਸ਼ੂ ਦਾ ਜਨਮ ਹੈ, ਉਹ ਸੰਸਾਰ ਦੇ ਵਿਚ ਫਜ਼ੂਲ ਹੀ ਆਏ ਹਨ। ਅੰਤ ਸਮੇਂ ਜਮਦੂਤ ਦ੍ਰਿੜ੍ਹਤਾ ਨਾਲ ਫੜ ਲੈਂਦੇ ਹਨ, ਝੂਰਦੇ ਹੋਏ ਫਿਰ ਦੋਵੇਂ ਹੱਥ ਝਾੜ ਕੇ ਚਲੇ ਜਾਂਦੇ ਹਨ॥ ੨੨॥

ਪੁੰਨ, ਦਾਨ, ਤਪ, ਮਖ ਕੋ ਕਰਿਬੋ, ਹੋਤਿ ਨ ਪਰਉਪਕਾਰ ਸਮਾਨ।
ਕਲਮਲ ਕਰਨਿ ਅਨਕਨਿ ਰੀਤੀ ਕ੍ਰਿਤਘਣ ਕੇ ਸਮ ਕੋਇ ਨ ਜਾਨਿ।
ਰਹਨਿ ਅਹਿੰਸ, ਧਰਮ ਸਭਿ ਕੀਨੇ, ਹਿੰਸਾ ਕਰੇ ਪਾਪ ਪਹਿਚਾਨ।
ਯਾਂਤੇ ਨਿਤ ਚਿਤਵਹਿ ਉਪਕਾਰ ਧਨ ਤੇ ਤਨ ਤੇ ਮਨ ਤੇ ਠਾਨਿ'॥ ੨੩॥

ਪੁੰਨ, ਦਾਨ, ਤਪ ਅਤੇ ਯੱਗ ਕਰਨਾ ਪਰਉਪਕਾਰ ਦੇ ਬਰਾਬਰ ਨਹੀਂ ਪਹੁੰਚਦਾ। ਅਨੇਕਾਂ ਰੀਤੀਆਂ ਨਾਲ ਭਾਵੇਂ ਪਾਪ ਕਰਨ, ਪਰ ਕਿਸੇ ਪਾਪ ਨੂੰ ਕ੍ਰਿਤਘਣ ਦੇ ਬਰਾਬਰ ਨਾ ਜਾਣੋ। ਅਹਿੰਸਤ ਰਹਿਣ, ਧਰਮ ਸਭ ਕਰੇ, ਪਰ ਅਹਿੰਸਾ ਪਾਪ ਪਹਿਚਾਣ ਕੇ ਕਰੇ। ਇਸ ਕਰਕੇ ਸਦਾ ਹੀ ਮਨ, ਤਨ ਅਤੇ ਧਨ ਕਰਕੇ ਉਪਕਾਰ ਦਾ ਹੀ ਚਿਤਵਨ ਕਰੇ"॥ ੨੩॥

ਨਰ ਸ਼ੁਭ ਸਭਾ ਸਭੈ ਸੁਨਿ ਸ਼੍ਰੌਨਨਿ ਗੁਰ ਬਾਕਨਿ ਪਰ ਨਿਸ਼ਚਾ ਕੀਨਿ।
ਸੱਤਿਨਾਮ ਕੋ ਸਿਮਰਨ ਠਾਨੈਂ ਪਰਉਪਕਾਰ ਕਰਨਿ ਹਿਤ ਚੀਨ।
ਪੁਨ ਲੱਧਾ ਦਿਨ ਕੇਤਿਕ ਰਹਿ ਕਰਿ ਜਾਚੀ ਬਿਦਾ ਹੋਇ ਕਰਿ ਦੀਨ।
'ਦਾਸਨਿ ਦਾਸ ਦਯਾਨਿਧਿ ਜਾਨਹੁ ਔਗੁਨ ਕੇ ਸਮੇਤ ਗੁਨ ਹੀਨ॥ ੨੪॥

ਸ਼ੁਭ ਸਭਾ ਵਿਚ ਬੈਠੇ ਸਾਰੇ ਮਨੁੱਖਾਂ ਨੇ ਗੁਰੂ ਜੀ ਦੇ ਬਚਨ ਸੁਣ ਕੇ ਉਸ ਤੇ ਨਿਸ਼ਚਾ ਕੀਤਾ। ਸਤਿਨਾਮ ਦਾ ਸਿਮਰਨ ਕਰਨ ਤੇ ਹਿਤ ਜਾਣ ਕੇ ਪਰਉਪਕਾਰ ਕਰਨ। ਫਿਰ ਲੱਧਾ ਨੇ ਕਈ ਦਿਨ ਰਹਿ ਕੇ ਦੀਨ ਹੋ ਕੇ ਜਾਣ ਦੀ ਆਗਿਆ ਮੰਗੀ। ਕਹਿਣ ਲੱਗਾ, "ਹੇ ਦਇਆ ਦੇ ਖਜ਼ਾਨੇ ਭਾਵ ਗੁਰੂ ਜੀ, ਮੈਨੂੰ ਦਾਸਾਂ ਦਾ ਦਾਸ ਜਾਣੋ, ਔਗੁਣਾਂ ਸਮੇਤ ਅਤੇ ਗੁਣਾਂ ਤੋਂ ਰਹਿਤ ਜਾਣੋ॥ ੨੪॥

ਸਿੱਖਜ ਤੁਮਾਰੋ ਕਹੈ ਜਗਤ ਮੁਝ ਲਾਜ ਬਿਰਦ ਕੀ ਰਾਖਨ ਹਾਰ'।
ਸੁਨਿ ਪ੍ਰਸੰਨ ਸ਼੍ਰੀ ਅਰਜਨ ਹੋਏ ਕੀਨਸਿ ਬਿਦਾ ਸੁ ਮ੍ਰਿਦੁਲ ਉਚਾਰ।
ਪਦ ਅਰਬਿੰਦ ਬੰਦਨਾ ਠਾਨੀ ਕੀਨਿ ਪ੍ਰਦੱਛਨ ਫਿਰਿ ਚਹੁੰ ਬਾਰ।
ਪੁਨ ਹਰਿਮੰਦਿਰ ਅੰਦਰ ਗਮਨਜੋ ਤਹਿਂ ਬੰਦਨ ਕੀਨਸਿ ਹਿਤ ਧਾਰਿ॥ ੨੫॥

ਮੈਨੂੰ ਜਗਤ ਵਾਲੇ ਕੇਵਲ ਆਪ ਜੀ ਦਾ ਸਿੱਖ ਹੀ ਕਹਿਣ, ਤੁਸੀਂ ਧਰਮ ਦੀ ਲਾਜ ਰੱਖਣ ਵਾਲੇ ਹੋ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ, ਬੜੇ ਮਿੱਠੇ ਤੇ ਕੋਮਲ ਬਚਨ ਬੋਲ ਕੇ ਵਿਦਾ ਕੀਤਾ। ਭਾਈ ਲੱਧਾ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਫਿਰ ਚਾਰ ਪਰਿਕਰਮਾਂ ਕੀਤੀਆਂ, ਫਿਰ ਹਰਿਮੰਦਰ ਸਾਹਿਬ ਦੇ ਅੰਦਰ ਗਿਆ ਅਤੇ ਓਥੇ ਵੀ ਹਿਤ ਧਾਰ ਕੇ ਬੰਦਨਾ ਕੀਤੀ॥ ੨੫॥

ਲਵਪੁਰਿ ਕੋ ਗਮਨਜੋ ਉਰ ਹਰਖਤਿ ਗੁਰਜਸੁ ਦੀਰਘ ਕਰਤਿ ਬਖਾਨ।
ਸਗਰੇ ਨਗਰ ਉਚਾਰਤਿ ਜਿਤ ਕਿਤ ਨਿਜ ਸਿੱਖਨਿ ਪਰ ਕਰੁਨਾ ਠਾਨਿ।
ਇਤ ਸ਼੍ਰੀ ਅਰਜਨ ਰਚਤਿ ਗ੍ਰਿੰਥ ਨਿਤ ਲਿਖਤਿ ਜਾਤਿ ਗੁਰਦਾਸ ਸੁਜਾਨ।
ਰਾਗ ਬਸੰਤ ਬਨਾਇ ਸ਼ਬਦ ਸਭਿ ਲਗੇ ਵਾਰ ਕਰਿਬੇ ਸੁਖਦਾਨ॥ ੨੬॥

ਫਿਰ ਲਾਹੌਰ ਨੂੰ ਚਲਾ ਗਿਆ, ਦਿਲ ਵਿਚ ਪ੍ਰਸੰਨ ਹੋ ਕੇ ਗੁਰੂ ਜੀ ਦਾ ਬਹੁਤ ਜੱਸ ਕਰਦਾ ਸੀ। ਜਿਥੇ ਕਿਥੇ ਸਾਰੇ ਨਗਰਾਂ ਵਿਚ ਇਹ ਕਹਿ ਰਹੇ ਸਨ ਕਿ ਆਪਣੇ ਸਿੱਖਾਂ ਤੇ ਕਿਰਪਾ ਧਾਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨਿਤ ਗ੍ਰੰਥ ਦੀ ਰਚਨਾ ਕਰ ਰਹੇ ਹਨ ਅਤੇ ਭਾਈ ਗੁਰਦਾਸ ਜੀ ਉਸ ਨੂੰ ਲਿਖ ਰਹੇ ਹਨ। ਰਾਗੁ ਬਸੰਤ ਦੇ ਸਾਰੇ ਸ਼ਬਦ ਬਣਾ ਕੇ, ਫਿਰ ਸੁਖਦਾਤਾ ਜੀ ਵਾਰ ਦੀ ਰਚਨਾ ਕਰਨ ਲੱਗੇ॥ ੨੬॥

ਪੌੜੀ ਤੀਨ ਉਦਾਰਨਿ ਕੀਨੀ ਸੂਪਕਾਰ ਤਬਿਹੂੰ ਚਲਿ ਆਇ।
'ਪ੍ਰਭੁ ਜੀ ਭੋਜਨ ਅਬਿ ਤਯਾਰ ਹੈ ਰਾਵਰ ਕੀ ਜਿਮ ਹੋਇ ਰਜਾਇ'।
ਹਿਤ ਅਹਾਰ ਕੇ ਆਦਰ ਕਰਿਬੇ ਸ਼੍ਰੀ ਗੁਰ ਹਟੇ, ਨ ਬਹੁਰ ਬਨਾਇ।
ਅਚਜੋ ਅਨਾਇ ਤ੍ਰਿਪਤ ਤਬਿ ਹ੍ਵੈ ਕਰਿ ਨਿਜ ਸੰਗਤਿ ਮਹਿਂ ਇਹੁ ਬਿਦਤਾਇ॥੨੭॥

ਜਦ ਤਿੰਨ ਪੌੜੀਆਂ ਦਾ ਉਚਾਰਨ ਕੀਤਾ ਤਾਂ ਰਸੋਈਆ ਚਲ ਕੇ ਆ ਗਿਆ ਅਤੇ ਕਹਿਣ ਲੱਗਾ, "ਪ੍ਰਭੂ ਜੀ ਭੋਜਨ ਹੁਣ ਤਿਆਰ ਹੈ ਜਿਵੇ ਆਪ ਜੀ ਦੀ ਆਗਿਆ ਹੋਵੇ।" ਭੋਜਨ ਦਾ ਆਦਰ ਕਰਕੇ ਗੁਰੂ ਜੀ ਨੇ ਉਸੇ ਵੇਲੇ ਲਿਖਣਾ ਬੰਦ ਕਰ ਦਿੱਤਾ, ਫਿਰ ਹੋਰ ਕੁਝ ਨਾ ਲਿਖਿਆ। ਆ ਕੇ ਭੋਜਨ ਛਕਿਆ ਤੇ ਤ੍ਰਿਪਤ ਹੋ ਕੇ ਸੰਗਤ ਵਿਚ ਗੱਲ ਪ੍ਰਗਟ ਕੀਤੀ॥ ੨੭॥

ਤਿਤਨੀ ਰਹੀ ਨ ਬਹੁਰ ਬਨਾਈ ਅਪਰ ਖ੍ਯਾਲ ਮਹਿਂ ਗੇ ਬਿਰਮਾਇ।
ਸੱਤੇ ਅਰ ਬਲਵੰਡ ਕਥਾ ਕੋ ਕੇਤਿਕ ਸਿੱਖ ਕਹੈਂ ਇਸ ਭਾਇ।
ਸ੍ਰੀ ਗੁਰ ਅਮਰ ਹਦੂਰ ਭਏ ਹੈਂ ਤਿਨਹੁ ਨਿਕਾਸੇ ਪੁਨਹੁ ਮਿਲਾਇ।
ਸੋ ਮਿੱਥਜਾ ਇਮ ਲਖੀ ਜਾਤਿ ਹੈ ਨੀਕੇ ਨਿਰਨੈ ਕੀਨਿ ਬਨਾਇ॥ ੨੮॥

ਓਨੀ ਰਹੀ ਹੋਰ ਨਾ ਬਣਾਈ, ਬਾਅਦ ਵਿਚ ਹੋਰ ਖਿਆਲਾਂ ਵਿਚ ਪਰਚ ਗਏ। ਸੱਤੇ ਅਤੇ ਬਲਵੰਡ ਦੀ ਕਥਾ ਨੂੰ ਕਈ ਲੋਕ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਉਹ ਸ੍ਰੀ ਗੁਰੂ ਅਮਰਦਾਸ ਦੇ ਹਜ਼ੂਰੀ ਵਿਚ ਹੋਏ ਹਨ, ਉਨ੍ਹਾਂ ਨੇ ਹੀ ਕੱਢ ਕੇ ਬਾਅਦ ਵਿਚ ਮਿਲਾਏ ਸਨ। ਇਹ ਗੱਲ ਇਸ ਤਰ੍ਹਾਂ ਝੂਠੀ ਸਮਝੀ ਜਾ ਸਕਦੀ, ਚੰਗਾ ਨਿਰਣਾ ਕਰਕੇ ਬਣਾਈ ਹੈ॥ ੨੮॥

ਰਚੀ ਵਾਰ ਗੁਰ ਕੀਰਤਿ ਕੀ ਤਿਨ ਲਿਖੇ ਬੀਚ ਪੰਚੇ ਪਤਿਸ਼ਾਹੁ।
ਪ੍ਰਥਮ ਹੁਤੇ ਜੇ ਕਹਤਿ ਕੁਤੋ ਇਮ, ਯਾਂਤੇ ਸ੍ਰੀ ਅਰਜਨ ਕੇ ਪਾਹਿ।
ਨਹੀਂ ਸੰਦੇਹ ਕੀਜੀਏ ਕੋਈ ਸਿੱਖ ਬਿਚਾਰਹੁ ਨਿਜ ਮਨ ਮਾਂਹਿ।
ਕਵਿ ਸੰਤੋਖ ਸਿੰਘ ਸਿਮਰਹੁ ਸਤਿਗੁਰ ਕਥਾ ਸੁਨੋ ਚਿਤ ਉਚਟਹੁ ਨਾਂਹਿ॥੨੯॥

ਜਿਹੜੀ ਸੱਤੇ ਬਲਵੰਡ ਨੇ ਵਾਰ ਲਿਖੀ ਹੈ, ਉਸ ਵਿਚ ਪੰਜਾਂ ਪਾਤਸ਼ਾਹੀਆਂ ਦੀ ਕੀਰਤੀ ਲਿਖੀ ਗਈ ਹੈ, ਜੇ ਪਹਿਲਾਂ ਹੋਏ ਹੁੰਦੇ ਤਾਂ ਇਹ ਕੀਰਤੀ ਕਿਵੇਂ ਕਹਿ ਲੈਂਦੇ, ਇਸ ਕਰਕੇ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਹੀ ਹੋਏ ਹਨ। ਇਸ ਵਿਚ ਕੋਈ ਸ਼ੰਕਾ ਨਹੀਂ ਕਰਨਾ ਚਾਹੀਦਾ, ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਵਿਚ ਆਪ ਵਿਚਾਰ ਕਰਨ। ਕਵੀ ਸੰਤੋਖ ਸਿੰਘ ਨੂੰ ਯਾਦ ਕਰਕੇ ਸਤਿਗੁਰੂ ਦੀ ਕਥਾ ਸੁਣੋ ਤੇ ਚਿੱਤ ਵਿਚ ਉਦਾਸ ਨਾ ਹੋਵੋ॥ ੨੯॥

ਦੋਹਰਾ-ਨਿਤਪ੍ਰਤਿ ਸ੍ਰੀ ਅਰਜਨ ਗੁਰੂ ਬਾਨੀ ਰਚਹਿਂ ਨਵੀਨ।
ਪਰਮੇਸ਼ੁਰ ਕੋ ਸੁਜਸੁ ਬਹੁ ਕੈ ਸੁਭ ਸੰਤ ਪ੍ਰਬੀਨ॥ ੩੦॥

ਨਿਤਾਪ੍ਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਨਵੀਂ ਬਾਣੀ ਦੀ ਰਚਨਾ ਕਰਦੇ ਸਨ। ਸਭ ਚਤੁਰ ਸੰਤ ਸ੍ਰੀ ਪ੍ਰਮੇਸ਼ਰ ਦਾ ਸ੍ਰੇਸ਼ਟ ਜੱਸ ਬਹੁਤ ਕਹਿੰਦੇ ਹਨ॥ ੩੦॥

'ਸਿਮਰਨ ਕਰਿ ਸਤਿਨਾਮ ਕੋ ਨਰ ਤਨ ਬਾਦ ਨ ਖੋਇ।
ਕਰੋ ਸਫਲ ਲਗਿ ਕੈ ਅਚਲ ਤੁਮ ਕੋ ਸਭਿ ਸੁਖ ਹੋਇ' ॥੩੧॥

"ਸਤਿਨਾਮ ਦਾ ਸਿਮਰਨ ਕਰੋ, ਮਨੁੱਖ ਜਨਮ ਫਜ਼ੂਲ ਵਿਚ ਨਾ ਗਵਾਓ। ਅਚਲ ਪ੍ਰਭੂ ਨਾਲ ਲੱਗ ਕੇ ਜਨਮ ਨੂੰ ਸਫਲ ਕਰੋ ਤਾਂਕਿ ਤੁਹਾਨੂੰ ਸਾਰੇ ਸੁਖ ਪ੍ਰਾਪਤ ਹੋਣ" ॥ ੩੧॥

ਬਹੁਤ ਭਾਂਤਿ ਕੇ ਸੁਜਸ ਜੁਤਿ ਲਿਖਵਾਵਹਿਂ ਉਪਦੇਸ਼।
ਅਪਨੇ ਮਨ ਪਰ ਕਿਤਿਕ ਕਹਿਂ ਸਿਖਜਨਿ ਹਰਨਿ ਕਲੇਸ਼॥੩੨॥

ਬਹੁਤ ਪ੍ਰਕਾਰ ਦੇ ਸ੍ਰੇਸ਼ਟ ਜੱਸ ਸਮੇਤ ਉਪਦੇਸ਼ ਲਿਖਵਾਉਂਦੇ ਸਨ। ਆਪਣੇ ਮਨ ਪਰਥਾਏ ਹੀ ਬਹੁਤ ਕਹਿ ਕੇ ਸਿੱਖਾਂ ਦੇ ਕਲੇਸ਼ਾਂ ਨੂੰ ਦੂਰ ਕਰਦੇ ਸਨ॥ ੩੨॥

ਲਾਖਹੁਂ ਨਰ ਪਠਿ ਸੁਨਨਿ ਕਰਿ ਗੁਰਮਤਿ ਕੋ ਉਰਧਾਰਿ।
ਛੋਡਿ ਸਕਲ ਜੰਜਾਲ ਕੋ ਹੋਏ ਭਵਜਲ ਪਾਰ॥ ੩੩॥

ਲੱਖਾਂ ਨਰ ਪੜ੍ਹ ਸੁਣ ਕੇ ਗੁਰਮਤਿ ਨੂੰ ਹਿਰਦੇ ਵਿਚ ਧਾਰਨ ਕਰਦੇ ਹਨ। ਸਭ ਜੰਜਾਲਾਂ ਨੂੰ ਛੱਡ ਕੇ ਭਵਜਲ ਪਾਰ ਹੋ ਜਾਂਦੇ ਹਨ॥ ੩੩॥

*ਚੌਪਈ-* ਸ੍ਰੀ ਅਰਜਨ ਸਮ ਪਰਉਪਕਾਰੀ। ਹੁਯੋ ਨ ਹੈ, ਹੋਹਿ ਨ ਹਿਤਧਾਰੀ।
ਦੋਨੋ ਬਡੇ ਜਹਾਜ ਬਨਾਏ। ਭਰਿ ਭਰਿ ਪੂਰ ਸੁ ਪਾਰ ਲੰਘਾਏ॥ ੩੪॥

ਸ੍ਰੀ ਗੁਰੂ ਅਰਜਨ ਦੇਵ ਵਰਗਾ ਪਰਉਪਕਾਰੀ ਨਾ ਕੋਈ ਹੋਇਆ ਹੈ, ਨਾ ਕੋਈ ਹੈ ਅਤੇ ਨਾ ਏਨਾ ਹਿਤਧਾਰੀ ਕੋਈ ਹੋਵੇਗਾ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਨੇ ਦੋ ਵੱਡੇ ਜਹਾਜ਼ ਬਣਾਏ, ਜਿਹੜੇ ਭਰ-ਭਰ ਪੂਰ ਪਾਰ ਲੰਘਾਈ ਜਾਂਦੇ ਹਨ॥ ੩੪॥

ਸ੍ਰੀ ਅੰਮ੍ਰਿਤਸਰ ਬਿਚ ਹਰਿਮੰਦਿਰ। ਰਚਨਾ ਬਹੁ ਬਨਾਇ ਕਰਿ ਸੁੰਦਰ।
ਸ੍ਰੀ ਗ੍ਰਿੰਥ ਸਾਹਿਬ ਰਚਿ ਦੂਜਾ। ਨਿਜ ਥਲ ਥਿਤ ਕਰਿ ਠਾਨੀ ਪੂਜਾ॥ ੩੫॥

ਸ੍ਰੀ ਅੰਮ੍ਰਿਤਸਰ ਵਿਚ ਬਹੁਤ ਸੁੰਦਰ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ ਹੈ। ਦੂਸਰਾ ਸ੍ਰੀ ਗ੍ਰੰਥ ਸਾਹਿਬ ਦੀ ਰਚਨਾ ਕਰਕੇ ਉਸ ਸਥਾਨ ਵਿਚ ਸਥਿਤ ਕਰਕੇ ਪੂਜਾ ਕਰਵਾਈ॥ ੩੫॥

ਇਨ ਦੋਨਹੁ ਕੇ ਆਸ਼੍ਰਿਤ ਹ੍ਵੈ ਕੈ। ਕਰਤਿ ਜੀਵਕਾ ਬਹੁ ਸੁਖ ਪੈ ਕੈ।
ਇਮ ਇਸ ਲੋਕ ਭਲਾ ਬਹੁ ਕੇਰਾ। ਕਰਜੋ ਗੁਰੂ ਅਰਜਨ ਹਿਤ ਹੇਰਾ॥ ੩੬॥

ਇਨ੍ਹਾਂ ਦੋਵਾਂ ਦਾ ਆਸਰਾ ਲੈ ਕੇ ਜਿਹੜੇ ਕਿਰਤ ਕਰਦੇ ਹਨ, ਉਹ ਬਹੁਤ ਸੁਖ ਪਾਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਇਸ ਦੁਨੀਆਂ ਦਾ ਬਹੁਤ ਭਲਾ ਕੀਤਾ। ਇਹ ਸਭ ਕੁਝ ਗੁਰੂ ਅਰਜਨ ਦੇਵ ਜੀ ਨੇ ਲੋਕਾਂ ਦਾ ਹਿਤ ਵੇਖ ਕੇ ਕੀਤਾ॥ ੩੬॥

ਸ਼ਰਧਾ ਧਰਹਿਂ ਸੁਧਾਸਰ ਮੱਜਹਿਂ। ਪਾਪ ਕਮਾਤੇ ਸਭਿ ਹੀ ਭਜਹਿਂ।
ਹਰਿ ਮੰਦਿਰ ਮਹਿਂ ਹਰਿ ਜਸੁ ਗਾਏ। ਕੈਧੌਂ ਬੈਠਿ ਸੁਨਹਿਂ ਮਨ ਲਾਏ॥ ੩੭॥

ਜਿਹੜੇ ਸ਼ਰਧਾ ਧਾਰ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਸਾਰੇ ਕਮਾਏ ਹੋਏ ਪਾਪ ਦੂਰ ਹੋ ਜਾਂਦੇ ਹਨ। ਹਰਿਮੰਦਰ ਵਿਚ ਹਰਿ ਜਸ ਗਾ ਕੇ ਜਾਂ ਬੈਠ ਕੇ ਮਨ ਲਾ ਕੇ ਸੁਣੇ॥ ੩੭॥

ਅਘ ਕੋ ਤਜਿ ਕਰਿ ਸ਼ੁਭ ਗਤਿ ਲੀਨਾ। ਇਮ ਪਰਲੋਕ ਭਲਾ ਗੁਰ ਕੀਨਾ।
ਯਾਂਤੇ ਇਨ ਸਮਸਰ ਉਪਕਾਰੀ। ਅਪਰ ਨ ਸੁਨਜੋ ਨ ਕਬਹੁਂ ਨਿਹਾਰੀ॥ ੩੮॥

ਪਾਪ ਨੂੰ ਤਿਆਗ ਕੇ ਸ਼ੁਭ ਗਤੀ ਪ੍ਰਾਪਤ ਕਰਦੇ ਹਨ, ਇਸ ਤਰ੍ਹਾਂ ਗੁਰੂ ਜੀ ਨੇ ਪਰਲੋਕ ਵੀ ਭਲਾ ਕਰ ਦਿੱਤਾ ਹੈ, ਇਸ ਕਰਕੇ ਇਨ੍ਹਾਂ ਦੇ ਬਰਾਬਰ ਕੋਈ ਵੀ ਪਰਉਪਕਾਰੀ ਨਹੀਂ ਹੈ, ਹੋਰ ਨਾ ਕੋਈ ਸੁਣਿਆ ਹੈ ਨਾ ਵੇਖਿਆ ਹੈ॥ ੩੮॥

ਧੰਨ ਗੁਰੂ ਅਰਜਨ ਗੁਨ ਖਾਨੀ। ਪਰਉਪਕਾਰ ਰੈਨ ਦਿਨ ਠਾਨੀ।
ਬਾਰ ਬਾਰ ਤਿਨ ਕੇ ਪਗ ਨਮੋ। ਕਰਹੁ ਸਹਾਇ ਅੰਤ ਕੇ ਸਮੋ॥ ੩੯॥

ਗੁਣਾਂ ਦੀ ਖਾਨ, ਗੁਰੂ ਅਰਜਨ ਦੇਵ ਜੀ ਧੰਨ ਹਨ, ਜਿਨ੍ਹਾਂ ਨੇ ਰਾਤ ਦਿਨ ਪਰਉਪਕਾਰ ਕੀਤੇ। ਬਾਰ ਬਾਰ ਉਨ੍ਹਾਂ ਦੇ ਚਰਨਾਂ ਵਿਚ ਨਮਸਕਾਰ ਕਰੋ, ਉਹ ਅੰਤ ਸਮੇਂ ਤੁਹਾਡੀ ਸਹਾਇਤਾ ਕਰਨਗੇ॥ ੩੯॥

*ਤੀਸਰੀ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੫॥*

# ਅਧਿਆਇ ਛਿਆਲੀਵਾਂ

## ਕਾਨ੍ਹਾ, ਪੀਲੋ, ਆਦਿ ਭਗਤ ਆਏ

ਦੋਹਰਾ- ਬਿਦਾ ਹੋਇ ਲੱਧਾ ਗਯੋ ਪੁਰਿ ਲਹੌਰ ਕੀ ਓਰ।
ਸਦਨ ਪ੍ਰਵੇਸ਼ਯੋ ਜਾਇ ਕਰਿ ਮਿਲੇ ਸਿੱਖ ਕਰ ਜੋਰਿ॥ ੧॥

ਵਿਦਾਇਗੀ ਲੈ ਕੇ ਲੱਧਾ ਆਪਣੇ ਨਗਰ ਲਾਹੌਰ ਵਲ ਚਲਾ ਗਿਆ, ਜਦ ਆਪਣੇ ਘਰ ਵਿਚ ਦਾਖਿਲ ਹੋਇਆ ਤਾਂ ਸਿੱਖ ਹੱਥ ਜੋੜ ਕੇ ਮਿਲੇ॥ ੧॥

ਸੈਯਾ ਛੰਦ- ਕਰਹਿਂ ਪਰਸਪਰ ਨਮੋ ਭਾਉ ਧਰਿ ਬੂਝਹਿਂ ਕੁਸ਼ਲ ਬਹੁਰ ਗੁਰ ਗਾਥ।
'ਕਿਮ ਪਰਚਤਿ ਸਿੱਖਜਨਿ ਦੇ ਦਰਸ਼ਨ, ਕਿਸ ਥਲ ਬੈਠਤਿ ਹੈਂ ਜਗ ਨਾਥ ?।
ਤੁਮ ਚਲਿ ਗਏ ਪ੍ਰਸੰਗ ਭਯੋ ਕਿਮ, ਕਹਯੋ ਕਹਾਂ ਤਬਿ ਸ੍ਰੀ ਮੁਖ ਸਾਥ !
ਕੌਨ ਬੇਸ ਤੇ ਮਿਲੇ ਪ੍ਰਥਮ ਗੁਰ ਹਾਥ ਜੋਰਿ ਜਬਿ ਟੇਕਯੋ ਮਾਥ'॥ ੨॥

ਆਪਸ ਵਿਚ ਨਮਸਕਾਰ ਕਰਕੇ ਬੜਾ ਪ੍ਰੇਮ ਧਾਰ ਕੇ ਸੁਖ-ਸਾਂਦ ਪੁੱਛਦੇ ਸਨ। ਫਿਰ ਗੁਰੂ ਜੀ ਨੂੰ ਮਿਲਣ ਦੀ ਗਾਥਾ ਨੂੰ ਪੁਛਿਆ, "ਸਿੱਖਾਂ ਨੂੰ ਦਰਸ਼ਨ ਦੇ ਕੇ ਕਿਵੇਂ ਪ੍ਰਸੰਨ ਹੁੰਦੇ ਹਨ ਅਤੇ ਜਗਤ ਦੇ ਮਾਲਕ ਕਿਸ ਸਥਾਨ ਤੇ ਬੈਠਦੇ ਹਨ ? ਤੁਸੀਂ ਜਦ ਓਥੇ ਚਲ ਕੇ ਗਏ ਤਾਂ ਕਿਵੇਂ ਪ੍ਰਸੰਨ ਹੋਏ ਤੇ ਗੁਰੂ ਜੀ ਨੇ ਆਪਣੇ ਮੁਖ ਤੋਂ ਕੀ ਕਿਹਾ, ਕਿਹੜੇ ਭੇਖ ਵਿਚ ਗੁਰੂ ਜੀ ਮਿਲੇ ਜਦ ਤੁਸੀਂ ਹੱਥ ਜੋੜ ਕੇ ਮੱਥਾ ਟੇਕਿਆ"॥ ੨॥

ਲੱਧੇ ਕਹਯੋ 'ਕਹਾਂ ਲਗਿ ਕਹਿ ਹੌਂ ਸ੍ਰੀ ਅਰਜਨ ਕੇ ਗੁਨ ਬਿਸਥਾਰਿ।
ਏਕ ਜੀਹ ਕਯਾ ਬਪੁਰੀ ਸਮਰਥ ਉਚਰੇ ਜਾਇਂ ਨ, ਧਰੌਂ ਹਜ਼ਾਰ।
ਨੀਰਧ ਸੇ ਗੰਭੀਰ ਧੀਰ ਧਰਿ ਸਦਾ ਸੁਸ਼ੀਲ ਛਬੀਲੇ ਚਾਰੁ।
ਕਰਤਿ ਉਧਾਰਨਿ ਨਰਨਿ ਹਜ਼ਾਰਨਿ ਇਹ ਤੋ ਸਦਾਬਰਤ ਬਿਵਹਾਰ॥ ੩॥

ਭਾਈ ਲੱਧੇ ਨੇ ਕਿਹਾ, "ਕਿਥੋਂ ਤਕ ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣਾਂ ਦਾ ਵਰਣਨ ਕਰਾਂ, ਇਕ ਇਹ ਜੀਭ ਵਿਚਾਰੀ ਇਹਦੇ ਕੀ ਸਮਰੱਥ ਹੈ, ਜੇ ਮੈਂ ਹਜ਼ਾਰਾਂ ਜੀਭਾਂ ਵੀ ਧਾਰਨ ਕਰਾਂ, ਮੈਂ ਉਨ੍ਹਾਂ ਦੀ ਉਪਮਾ ਕਹਿਣ ਦੇ ਸਮਰੱਥ ਨਹੀਂ ਹਾਂ। ਉਹ ਸਮੁੰਦਰ ਵਾਂਗ ਗੰਭੀਰ, ਧੀਰਜਵਾਨ ਅਤੇ ਸਦਾ ਹੀ ਸੁੰਦਰ ਸੁਸ਼ੀਲ ਅਤੇ ਛਬੀਲੇ ਹਨ। ਉਹ ਹਜ਼ਾਰਾਂ ਮਨੁੱਖਾਂ ਦਾ ਉਧਾਰ ਕਰਦੇ ਹਨ, ਇਹ ਉਨ੍ਹਾਂ ਦਾ ਸਦਾ ਹੀ ਵਿਹਾਰ ਹੈ॥ ੩॥

ਗੁਨ ਅਨਗਿਨ, ਕਯਾ ਗਿਨਤੀ ਭਨਿ ਹੌਂ ? ਇਕ ਗੁਨ ਪਿਖਿ ਮੈਂ ਹੁਇ ਬਲਿਹਾਰ।
ਧਨ ਤੇ ਤਨ ਤੇ ਮਨ ਤੇ ਦਿਨਪ੍ਰਤਿ ਕਰੁਨਾ ਕਲਿਤ ਕਰਤਿ ਉਪਕਾਰ।
ਪ੍ਰਥਮ ਸੁਧਾਸਰ ਸਿਰਜਯੋ ਸੁੰਦਰ ਸ਼ੋਭਤਿ ਚਹੁੰ ਦਿਸ਼ਿ ਤੇ ਇਕਸਾਰ।
ਕਲਮਲ ਟਾਰਹਿਂ ਮੱਜਨ ਧਾਰਹਿਂ ਨਾਮ ਉਚਾਰਹਿਂ ਸੰਝ ਸਕਾਰ॥ ੪॥

ਉਨ੍ਹਾਂ ਵਿਚ ਅਣਗਿਣਤ ਗੁਣ ਹਨ, ਮੈਂ ਉਨ੍ਹਾਂ ਦੀ ਕੀ ਗਿਣਤੀ ਕਰ ਸਕਦਾ ਹਾਂ ? ਮੈਂ ਉਨ੍ਹਾਂ ਦਾ ਇਕ ਗੁਣ ਵੇਖ ਕੇ ਹੀ ਬਲਿਹਾਰ ਹੋ ਜਾਂਦਾ ਹਾਂ। ਧਨ, ਤਨ ਅਤੇ ਮਨ ਨਾਲ ਸਾਰਾ ਦਿਨ ਕਿਰਪਾ ਸਹਿਤ ਉਪਕਾਰ ਕਰਦੇ ਹਨ। ਪਹਿਲਾਂ ਉਨ੍ਹਾਂ ਨੇ ਅੰਮ੍ਰਿਤ ਸਰੋਵਰ ਦਾ ਨਿਰਮਾਣ ਕੀਤਾ ਜਿਹੜਾ ਚਾਰੇ ਪਾਸੇ ਇਕ-ਸਾਰ ਸ਼ੋਭਾ ਪਾ ਰਿਹਾ ਹੈ। ਜਿਹੜੇ ਉਸ ਵਿਚ ਇਸ਼ਨਾਨ ਕਰਦੇ ਹਨ, ਉਨ੍ਹਾਂ ਦੇ ਪਾਪ ਦੂਰ ਹੁੰਦੇ ਹਨ ਤੇ ਉਹ ਸ਼ਾਮ ਸਵੇਰੇ ਨਾਮ ਦਾ ਉਚਾਰਨ ਕਰਦੇ ਹਨ॥ ੪॥

ਅਬਿ ਸ੍ਰੀ ਨਾਨਕ ਆਦਿ ਜਿ ਬਾਨੀ ਅਨਿਕ ਜਤਨ ਤੇ ਕਰਿ ਇਕ ਥਾਇਂ।
ਤਿਸਹਿ ਮਿਲਾਇ ਸ਼ਬਦ ਸਮੁਦਾਇ ਜਿ ਰਚਤਿ ਰੁਚਿਰ ਨਿਤਪ੍ਰਤਿ ਸੁਖਦਾਇ।
ਠਟਜੋ ਚਹਤਿ ਹੈਂ ਬੀੜ ਬਡੇਰੀ ਬਨਹਿ ਗ੍ਰਿੰਥ ਸਾਹਿਬ ਛਬਿ ਪਾਇ।
ਆਪ ਅਛਤ ਅਰੁ ਪਾਛੇ ਕਲਿ ਮਹਿਂ ਜਿਸਕੋ ਪਠਿ ਸੁਨਿ ਮੋਹ ਨ ਸਾਇ॥ ੫॥

ਹੁਣ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਬਾਣੀ ਅਨੇਕ ਯਤਨ ਕਰਕੇ ਇਕ ਥਾਂ ਕਰ ਰਹੇ ਹਨ। ਉਸ ਵਿਚ ਉਹ ਸਾਰੇ ਸ਼ਬਦਾਂ ਨੂੰ ਮਿਲਾ ਰਹੇ ਹਨ ਜੋ ਸੁੰਦਰ ਸ਼ਬਦ ਨਿਤਾਪ੍ਰਤੀ ਬਣਾ ਰਹੇ ਹਨ। ਉਹ ਚਾਹੁੰਦੇ ਹਨ ਕਿ ਇਕ ਵੱਡੀ ਬੀੜ ਬਣੇ ਜਿਹੜਾ ਇਕ ਗ੍ਰੰਥ ਸਾਹਿਬ ਦੀ ਸ਼ੋਭਾ ਪਾਏ। ਆਪਣੇ ਹੁੰਦਿਆਂ ਅਤੇ ਪਿਛੋਂ ਕਲਜੁਗ ਵਿਚ ਜਿਸ ਨੂੰ ਪੜ੍ਹ ਸੁਣ ਕੇ ਮੋਹ ਮਾਇਆ ਦਾ ਪ੍ਰਭਾਵ ਨਾ ਪੈ ਸਕੇ॥ ੫॥

ਗਾਡੀ ਮਗ ਸਿੱਖੀ ਬਿਸਤਾਰੀ ਮਨੋਂ ਨਿਸ਼ਾਨ ਤੁੰਗ ਛਬਿ ਧਾਰ।
ਪਠਤਿ ਸੁਨਤਿ ਮਨ ਦ੍ਰਵਤਿ ਸੁਚਿਤ ਹੁਇ ਸ਼ੁਭ ਕੱਲਜਾਨ ਬਤਾਇ ਸੁਖਾਰਿ।
ਸਿੱਖ ਸਿਮਰਿ ਸਤਿਨਾਮ ਸੁਖਾਰੇ ਸਕਲ ਸੁਖਨਿ ਲਹਿ ਸ਼੍ਰੇਯ ਉਦਾਰ।
ਕਰਾਮਾਤ ਜ਼ਾਹਰ ਜਿਸ ਮਹਿਂ ਨਿਤ ਕਰਤਿ ਗੁਰੂ ਅਬਿ ਇਹ ਉਪਕਾਰ॥ ੬॥

ਸੌਖੇ ਮਾਰਗ ਵਾਲੀ ਸਿੱਖੀ ਦਾ ਵਿਸਥਾਰ ਕੀਤਾ ਹੈ ਮਾਨੋ ਉੱਚਾ ਨਿਸ਼ਾਨ ਸ਼ੋਭਾ ਪਾ ਰਿਹਾ ਹੈ। ਪੜ੍ਹਨ ਸੁਣਨ ਨਾਲ ਮਨ ਸਾਵਧਾਨ ਹੋ ਕੇ ਪਸੀਜ ਜਾਏਗਾ ਅਤੇ ਸੁਖਾਲੇ ਸ਼ੁਭ ਕਲਿਆਣ ਬਾਰੇ ਸਿਖਿਆ ਦੇਵੇਗਾ। ਸਿੱਖ ਸੁਖਾਲੇ ਸਤਿਨਾਮ ਦਾ ਸਿਮਰਨ ਕਰਕੇ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰਕੇ ਉੱਤਮ ਕਲਿਆਣ ਪ੍ਰਾਪਤ ਕਰਨਗੇ। ਜਿਸ ਵਿਚ ਸਦਾ ਹੀ ਕਰਾਮਾਤ ਪ੍ਰਗਟ ਹੋਵੇਗੀ, ਇਹ ਉਪਕਾਰ ਗੁਰੂ ਜੀ ਹੁਣ ਨਿੱਤ ਕਰਦੇ ਹਨ॥ ੬॥

ਭਗਤ ਬ੍ਰਿੰਦ ਆਵਤਿ ਨਿਤਪ੍ਰਤਿ ਢਿਗ, ਸੋ ਬਾਨੀ ਨਿਜ ਨਈ ਬਨਾਇਂ।
ਪ੍ਰਥਮ ਸ਼ਬਦ ਬਿਚ ਰਾਗ ਗੁਰਨਿ ਕੇ ਪੀਛੇ ਭਗਤ ਅਪਨਿ ਲਿਖਵਾਇ।
ਲਿਖਜੋ ਗਯੋ ਬਹੁ, ਤਨਕ ਰਹਜੋ ਅਬਿ ਇਸੀ ਖਯਾਲ ਮਹਿਂ ਗੁਰ ਬਿਰਮਾਇਂ।
ਪੁਰਿ ਮਹਿਂ ਲੱਧੇ ਸਕਲ ਸੁਨਾਈ ਸੁਨਿ ਸੁਨਿ ਜਹਿਂ ਕਹਿਂ ਭੀ ਬਿਦਤਾਇ॥ ੭॥

ਉਨ੍ਹਾਂ ਦੇ ਪਾਸ ਸਦਾ ਹੀ ਭਗਤ ਆਉਂਦੇ ਰਹਿੰਦੇ ਹਨ, ਉਹ ਸਦਾ ਹੀ ਨਵੀਂ ਬਾਣੀ ਬਣਾਉਂਦੇ ਰਹਿੰਦੇ ਹਨ। ਰਾਗਾਂ ਵਿਚ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਆਉਂਦੀ ਹੈ, ਬਾਅਦ ਵਿਚ ਭਗਤ ਆਪਣੀ ਬਾਣੀ ਲਵਾਉਂਦੇ ਹਨ। ਬਹੁਤ ਲਿਖਿਆ ਗਿਆ ਹੈ, ਥੋੜ੍ਹਾ ਹੀ ਰਹਿੰਦਾ ਹੈ ਹੁਣ ਏਸੇ ਖਿਆਲ ਵਿਚ ਗੁਰੂ ਜੀ ਪਰਚ ਰਹੇ ਹਨ।" ਨਗਰ ਵਿਚ ਭਾਈ ਲੱਧੇ ਨੇ ਸਾਰੀ ਗੱਲ ਸੁਣਾਈ, ਜਿਹੜੀ ਗੱਲ ਸੁਣ ਸੁਣ ਕੇ ਸਾਰੇ ਹੀ ਪ੍ਰਗਟ ਹੋ ਗਈ॥ ੭॥

ਲਵਪੁਰਿ ਤਿਸੀ ਸਮੇਂ ਮਹਿਂ ਹੋਤੇ ਚਤੁਰ ਭਗਤ ਸ਼ੁਭ ਪੰਥ' ਮਝਾਰ।
ਇਕ ਕਾਨ੍ਹਾ ਛੱਜੂ ਕਹਿਂ ਦੂਜੋ ਸ਼ਾਹਿ ਹੁਸੈਨ ਸੁ ਪੀਲੋ ਚਾਰ।
ਬਿਥਰਜੋ ਗੁਰ ਬਿਰਤਾਂਤ ਨਗਰ ਮਹਿਂ, ਇਨਿਹਿਂ ਸੁਨਜੋ ਤਬਿ ਸਰਬ ਪ੍ਰਕਾਰ।
'ਭਗਤਨਿ ਬਾਨੀ ਲਿਖੀ ਗ੍ਰਿੰਥ ਮਹਿਂ' ਇਮ ਸੁਨਿ ਇਨ ਕੈ ਛੋਭ ਉਦਾਰ॥ ੮॥

Sri Satguru Jagjit Singh Ji eLlibrary NamdhariElibrary@gmail.com

ਲਾਹੌਰ ਵਿਚ ਉਸ ਸਮੇਂ ਕਈ ਸਿਆਣੇ ਭਗਤ ਵੀ ਰਹਿੰਦੇ ਸਨ ਜਿਹੜੇ ਚੰਗੇ ਮਾਰਗ ਤੇ ਚਲਦੇ ਸਨ। ਉਨ੍ਹਾਂ ਵਿਚ ਕਾਨ੍ਹਾ, ਛਜੂ, ਸ਼ਾਹ ਹੁਸੈਨ ਅਤੇ ਪੀਲੋ ਦੇ ਨਾਂ ਸ੍ਰੇਸ਼ਟ ਸਨ। ਸਾਰੇ ਸ਼ਹਿਰ ਵਿਚ ਗੁਰੂ ਜੀ ਦਾ ਨਾਂ ਪ੍ਰਗਟ ਹੋਇਆ। ਇਨ੍ਹਾਂ ਨੇ ਸਰਬ ਪ੍ਰਕਾਰ ਗੁਰੂ ਜੀ ਦਾ ਨਾਂ ਸੁਣਿਆ। ਉਨ੍ਹਾਂ ਨੂੰ ਜਦ ਪਤਾ ਲੱਗਾ, "ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਵੀ ਲਿਖੀ ਗਈ ਹੈ" ਇਹ ਸੁਣ ਕੇ ਉਹ ਬਹੁਤ ਘਬਰਾ ਗਏ॥ ੮॥

ਸ੍ਰੀ ਨਾਨਕ ਗਾਦੀ ਪਰ ਬੈਠੇ ਸ੍ਰੀ ਅਰਜਨ ਪਰਤਾਪ ਮਹਾਨ।
ਸੁਮਤਿਵੰਤ, ਸਰਬੱਗਜ, ਸਧੀਰਜ, ਸਦ ਗੁਨ ਕਹਿੰ ਲਗਿ ਕਰੈਂ ਬਖਾਨ।
ਅਪਰ ਭਗਤ ਜੇ ਸਰਬ ਹਕਾਰੇ, ਹਮਹਿਂ ਹਕਾਰਨਿ ਕਜੋਂ ਨਹਿਂ ਠਾਨਿ।
ਇਹ ਕਜਾ ਕੀਨਿ ਬਿਚਾਰਤਿ ਚਿਤ ਮੈਂ ਭਏ ਸੰਦੇਹ ਕੁਛਕ ਰਿਸਵਾਨ॥ ੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਹਨ, ਜਿਨ੍ਹਾਂ ਦਾ ਮਹਾਨ ਪ੍ਰਤਾਪ ਹੈ। ਸ੍ਰੇਸ਼ਟ ਬੁਧੀ ਵਾਲੇ, ਕਾਮਲ, ਸ੍ਰੇਸ਼ਟ ਧੀਰਜ ਵਾਲੇ, ਸ੍ਰੇਸ਼ਟ ਗੁਣ ਵਾਲੇ ਉਨ੍ਹਾਂ ਨੂੰ ਸਾਰੇ ਹੀ ਕਹਿੰਦੇ ਹਨ। ਹੋਰ ਸਾਰੇ ਭਗਤਾਂ ਨੂੰ ਬੁਲਾਇਆ ਹੈ, ਸਾਨੂੰ ਕਿਉਂ ਨਹੀਂ ਬੁਲਾਇਆ ਹੈ, ਉਨ੍ਹਾਂ ਨੇ ਇਹ ਕੀ ਕੀਤਾ ਹੈ, ਸਾਰੇ ਚਿੱਤ ਵਿਚ ਇਹ ਵਿਚਾਰਦੇ ਸਨ ਅਤੇ ਮਨ ਵਿਚ ਕੁਝ ਸ਼ੰਕੇ ਅਤੇ ਕੁਝ ਕ੍ਰੋਧ ਵੀ ਪੈਦਾ ਹੋਇਆ॥ ੯॥

ਇਕ ਦਿਨ ਚਾਰੋਂ ਮਿਲੇ ਪਰਸਪਰ ਇਸ ਬ੍ਰਿਤਾਂਤ ਹਿਤ ਕਰਤਿ ਉਚਾਰ।
'ਬਨਜੋ ਗ੍ਰਿੰਥ ਸਾਹਿਬ ਪਰਮਾਰਥ ਗਿਨੇ ਗਏ ਜੇ ਭਗਤ ਉਦਾਰ।
ਸਗਲ ਜਗਤ ਮਹਿਂ ਇਹੁ ਬਿਸਤੀਰਹਿ ਜਿਮ ਸਿੱਖੀ ਜਹਿਂ ਕਹਿਂ ਬਿਸਤਾਰ।
ਹਮਰੋ ਨਾਮ ਲਿਖਜੋ ਨਹਿਂ ਜੇ ਤਹਿਂ ਬਿਦਤਹਿ ਨਹਿਂ ਪਾਛੇ ਸੰਸਾਰ॥ ੧੦॥

ਇਕ ਦਿਨ ਚਾਰੇ ਮਿਲ ਕੇ ਇਸ ਬ੍ਰਿਤਾਂਤ ਬਾਰੇ ਆਪਸ ਵਿਚ ਗੱਲਾਂ ਕਰਨ ਲੱਗੇ, "ਗ੍ਰੰਥ ਸਾਹਿਬ ਬਣਿਆ ਹੈ, ਜਿਹੜੇ ਵੱਡੇ ਉੱਤਮ ਗਿਣੇ ਗਏ ਭਗਤ ਹਨ, ਸਾਰੇ ਜਗਤ ਵਿਚ ਇਹ ਪ੍ਰਗਟ ਹੋਣਗੇ ਜਿਵੇਂ ਜਿਵੇਂ ਸਿੱਖੀ ਦਾ ਵਿਸਥਾਰ ਹੋਵੇਗਾ। ਜੇ ਇਸ ਗ੍ਰੰਥ ਵਿਚ ਸਾਡਾ ਨਾਂ ਨਾ ਲਿਖਿਆ ਗਿਆ ਬਾਅਦ ਵਿਚ ਸੰਸਾਰ ਵਿਚ ਸਾਡਾ ਨਾਂ ਮਸ਼ਹੂਰ ਨਹੀਂ ਹੋਵੇਗਾ॥ ੧੦॥

ਇਸ ਕੋ ਜਤਨ ਕਰਹੁ ਜਿਮ ਹੋਵਹਿ, ਅਪਨੇ ਸ਼ਬਦ ਲਿਖਾਵੈ ਤਾਂਹਿ'।
ਕਾਨ੍ਹੇ ਭਨਜੋ 'ਕੌਨ ਸੁਧਿ ਲਜਾਯੋ ਪ੍ਰਥਮੈ ਨਿਰਨੈ ਕਰਿ ਲਿਹੁ ਤਾਂਹਿ'।
ਕਹਿ ਪੀਲੋ 'ਲੱਧਾ ਸਿਖ ਇਕ ਹੈ, ਗਾ ਉਪਕਾਰ ਹੇਤੁ ਗੁਰ ਪਾਹਿ।
ਤਿਸਨੇ ਦੇਖਤਿ ਸੁਨਜੋ ਪ੍ਰਸੰਗ ਇਹ ਨਿਸ਼ਚੈ ਕੀਨਸਿ, ਮਿੱਥਜਾ ਨਾਂਹਿ' ॥੧੧॥

ਇਸ ਲਈ ਯਤਨ ਕਰੋ, ਜਿਵੇਂ ਵੀ ਹੋਵੇ, ਉਸ ਗ੍ਰੰਥ ਵਿਚ ਆਪਣੀ ਬਾਣੀ ਲਿਖਵਾਈਏ।" ਕਾਨ੍ਹੇ ਨੇ ਕਿਹਾ, "ਕੌਣ ਖਬਰ ਲਿਆਇਆ ਹੈ, ਪਹਿਲਾਂ ਉਸ ਪਾਸੋਂ ਨਿਰਣਾ ਕਰ ਲਈਏ।" ਪੀਲੋ ਨੇ ਕਿਹਾ, "ਇਕ ਲੱਧਾ ਨਾਮੀ ਸਿੱਖ ਹੈ, ਉਹ ਉਪਕਾਰ ਵਾਸਤੇ ਗੁਰੂ ਜੀ ਪਾਸ ਗਿਆ ਸੀ, ਉਸ ਇਹ ਪ੍ਰਸੰਗ ਵੇਖ ਸੁਣ ਕੇ ਨਿਸ਼ਚੇ ਕੀਤਾ ਹੈ, ਇਸ ਵਿਚ ਕੋਈ ਝੂਠ ਨਹੀਂ ਹੈ"॥ ੧੧॥

ਸ਼ਾਹੁ ਹੁਸੈਨ ਭਨਜੋ 'ਤਿਹ ਸਿੱਖ ਕੋ ਬੂਝਹੁ ਅਪਨਿ ਹਦੂਰ ਬੁਲਾਇ।
ਬਹੁਰ ਉਪਾਵ ਕਰਹਿਂ ਜਿਮ ਹੋਵਹਿ ਸਰਬ ਪ੍ਰਸੰਗ ਸੁ ਦੇਯ ਸੁਨਾਇ'।
ਤਬਿ ਛੱਜੂ ਨੇ ਦਾਸ ਪਠਾਯੋ ਲੱਧਾ ਕਰਜੋ ਅਵਾਹਨਿ ਜਾਇ।
ਗਮਨਜੋ ਭਗਤਨਿ ਕੇ ਢਿਗ ਹਰਖਤਿ, ਮਿਲਜੋ ਚਰਨ ਪਰ ਸੀਸ ਨਿਵਾਇ ॥੧੨॥

ਸ਼ਾਹ ਹੁਸੈਨ ਨੇ ਕਿਹਾ, "ਉਸ ਸਿੱਖ ਨੂੰ ਆਪਣੇ ਪਾਸ ਬੁਲਾ ਕੇ ਪੁਛੋ, ਫਿਰ ਉਪਾਅ ਕਰੀਏ ਜਿਵੇਂ ਹੋਵੇ, ਉਹ ਸਾਰਾ ਪ੍ਰਸੰਗ ਸੁਣਾ ਦੇਵੇ।" ਤਦ ਛੱਜੂ ਨੇ ਇਕ ਦਾਸ ਨੂੰ ਭਾਈ ਲੱਧੇ ਨੂੰ ਬੁਲਾਉਣ ਵਾਸਤੇ ਭੇਜਿਆ। ਭਾਈ ਲੱਧਾ ਬੜਾ ਪ੍ਰਸੰਨ ਹੋ ਕੇ ਭਗਤਾਂ ਦੇ ਪਾਸ ਗਿਆ ਤੇ ਚਰਨਾਂ ਤੇ ਸਿਰ ਨਿਵਾ ਕੇ ਉਨ੍ਹਾਂ ਨੂੰ ਮਿਲਿਆ॥ ੧੨॥

'ਕਹੁ ਲੱਧਾ! ਸਤਿਗੁਰੂ ਬਾਰਤਾ ਕਿਸ ਪਰਚੇ ਮਹਿਂ ਦਿਵਸ ਬਿਹਾਇਂ।
ਕਹਾ ਦੇਖਜੋ ਤੈਂ ਤਹੀ ਜਾਇ ਕਰਿ ਸੋ ਹਮ ਕੋ ਸਭਿ ਦੇਹੁ ਸੁਨਾਇ'।
ਹਾਥ ਜੋਰਿ ਕਰਿ ਕਹੀ ਸਰਬ ਤਿਨ 'ਅਬਿ ਬਾਨੀ ਕੋ ਰਹੇ ਬਨਾਇ।
ਰੈਨ ਦਿਵਸ ਹੁਇ ਇਸ ਕੇ ਤਤਪਰ ਨਾਨਾ ਭਾਂਤਿਨਿ ਸ਼ਬਦ ਲਿਖਾਇਂ॥੧੩॥

ਭਗਤਾਂ ਨੇ ਕਿਹਾ, "ਭਾਈ ਲੱਧਾ, ਸਤਿਗੁਰੂ ਜੀ ਬਾਰੇ ਵਾਰਤਾ ਸੁਣਾਓ, ਕਿਸ ਰੁਝੇਵੇਂ ਵਿਚ ਉਹ ਦਿਨ ਬਤੀਤ ਕਰਦੇ ਹਨ, ਤੂੰ ਓਥੇ ਜਾ ਕੇ ਕੀ ਵੇਖਿਆ ਹੈ, ਉਹ ਸਭ ਕੁਝ ਸਾਨੂੰ ਸੁਣਾ ਦੇਵੋ।" ਭਾਈ ਲੱਧੇ ਨੇ ਹੱਥ ਜੋੜ ਕੇ ਸਾਰੀ ਗੱਲ ਦੱਸੀ, "ਹੁਣ ਬਾਣੀ ਇਕੱਠੀ ਕਰ ਰਹੇ ਹਨ। ਰਾਤ ਦਿਨ ਇਸ ਕਾਰਜ ਵਿਚ ਲੱਗੇ ਰਹਿੰਦੇ ਹਨ ਤੇ ਕਈ ਪ੍ਰਕਾਰ ਦੇ ਸ਼ਬਦ ਲਿਖਾ ਰਹੇ ਹਨ॥ ੧੩॥

ਪੰਚ ਗੁਰਨਿ ਕੀ ਪ੍ਰਥਮ ਲਿਖਤਿ ਹੈਂ ਤਿਨ ਪੀਛੇ ਸਭਿ ਭਗਤ ਲਿਖਾਇਂ।
ਆਦਿ ਕਬੀਰ ਪ੍ਰਤੱਛ ਹੋਇ ਕਰਿ ਨਵੇਂ ਸ਼ਬਦ ਨਿਜ ਦੇਤਿ ਬਨਾਇ।
ਗਨ ਰਾਗਨਿ ਮਹਿਂ ਲਿਖਤਿ ਜਾਤਿ ਬਹੁ ਹੈ ਭਾਈ ਗੁਰਦਾਸ ਜਿ ਨਾਇ।
ਬਨਜੋ ਗ੍ਰਿੰਥ ਬਡ ਜਨੁ ਜਹਾਜ ਹੈ ਭਉਜਲ ਤੇ ਪਾਰ ਜੁ ਉਤਰਾਇ॥ ੧੪॥

ਪੰਜ ਗੁਰੂ ਸਾਹਿਬਾਨ ਦੀ ਬਾਣੀ ਪਹਿਲਾਂ ਲਿਖਾਉਂਦੇ ਹਨ, ਉਸ ਦੇ ਬਾਅਦ ਸਾਰੇ ਭਗਤਾਂ ਦੀ ਬਾਣੀ ਲਿਖਵਾਉਂਦੇ ਹਨ। ਭਗਤ ਕਬੀਰ ਆਦਿ ਪ੍ਰਤੱਖ ਹੋ ਕੇ ਆਪ ਨਵੇਂ ਸ਼ਬਦ ਬਣਾ ਕੇ ਦਿੰਦੇ ਹਨ, ਜਿਨ੍ਹਾਂ ਦਾ ਨਾਂ ਭਾਈ ਗੁਰਦਾਸ ਹੈ, ਉਹ ਸਾਰੇ ਰਾਗਾਂ ਵਿਚ ਲਿਖਦੇ ਜਾਂਦੇ ਹਨ। ਵੱਡਾ ਗ੍ਰੰਥ ਬਣਿਆ ਹੈ ਜਿਹੜਾ ਜਹਾਜ਼ ਸਮਾਨ ਹੈ, ਜਿਹੜਾ ਮਨੁੱਖਾਂ ਨੂੰ ਭਵਜਲ ਤੋਂ ਪਾਰ-ਉਤਾਰਾ ਕਰਵਾਏਗਾ॥ ੧੪॥

ਬਹੁਤ ਬਨਜੋ, ਕੁਛ ਰਹਜੋ ਤਨਕ ਅਬਿ, ਕੇਤਿਕ ਦਿਵਸ ਬਿਖੇ ਹੁਇ ਤਯਾਰ'।
ਸੁਨਿ ਕਾਨ੍ਹਾ ਪੂਛਨਿ ਪੁਨ ਲਾਗਜੋ 'ਭਗਤ ਆਗਵਨ ਕਿਸੁ ਪ੍ਰਕਾਰ?।
ਗੁਰੂ ਅਵਾਹਨ ਤੇ ਸੋ ਆਏ, ਕਿਧੋਂ ਅਵਾਹਨ ਬਿਨ ਤਿਸ ਬਾਰ?।
ਕੋ ਦਰਸਤਿ ਹੈ ਤਿਨ ਸਰੂਪ ਕੋ, ਕਿਤ ਬੈਠੈਂ ਇਹ ਸਕਲ ਉਚਾਰ'॥ ੧੫॥

ਜ਼ਿਆਦਾ ਭਾਗ ਬਣ ਗਿਆ ਹੈ, ਹੁਣ ਥੋੜ੍ਹਾ ਹੀ ਰਹਿ ਗਿਆ ਹੈ, ਕੁਝ ਦਿਨਾਂ ਵਿਚ ਤਿਆਰ ਹੋ ਜਾਵੇਗਾ।" ਇਹ ਸੁਣ ਕੇ ਭਗਤ ਕਾਨ੍ਹਾ ਫਿਰ ਪੁਛਣ ਲੱਗਾ, "ਭਗਤ ਕਿਸ ਪ੍ਰਕਾਰ ਆਉਂਦੇ ਹਨ? ਗੁਰੂ ਜੀ ਦੇ ਬੁਲਾਉਣ ਤੇ ਆਉਂਦੇ ਹਨ ਜਾਂ ਬਿਨ ਬੁਲਾਏ ਹੀ ਆ ਜਾਂਦੇ ਹਨ? ਉਨ੍ਹਾਂ ਦੇ ਸਰੂਪ ਦੇ ਕੌਣ ਦਰਸ਼ਨ ਕਰਦਾ ਹੈ, ਕਿਥੇ ਇਹ ਬੈਠਦੇ ਹਨ? ਇਹ ਸਭ ਕੁਝ ਸਾਨੂੰ ਸੁਣਾਓ"॥ ੧੫॥

ਲੱਧੇ ਭਨਜੋ 'ਇਕਾਂਤ ਭਏ ਗੁਰ ਬਨ ਮਹਿਂ ਵਹਿਰ ਸੁ ਡੇਰਾ ਲਾਇ।
ਪ੍ਰਥਮ ਰਾਗ ਸ੍ਰੀ ਰਾਗ ਬਖਾਨਜੋ ਤਬਹਿ ਭਗਤ ਆਏ ਸਮੁਦਾਇ।
ਸ੍ਰੀ ਅਰਜਨ ਸੋਂ ਕਰਿ ਸੰਬਾਦ ਸ਼ੁਭ ਪੁਨ ਗੁਰਦਾਸ ਸਰੂਪ ਦਿਖਾਇ।
ਤਿਸ ਢਿਗ ਕਹਤਿ ਲਿਖਤਿ ਸੋ ਜਾਵਹਿ ਇਸ ਪ੍ਰਕਾਰ ਅਬਿ ਲੌ ਲਿਖਵਾਇ'॥੧੬॥

ਭਾਈ ਲੱਧੇ ਨੇ ਕਿਹਾ, "ਗੁਰੂ ਜੀ ਨੇ ਬਾਹਰ ਜੰਗਲ ਵਿਚ ਜਿਹੜਾ ਡੇਰਾ ਲਾਇਆ ਹੈ ਉਸ ਸਥਾਨ 'ਤੇ ਇਕਾਂਤ ਵਿਚ ਆਉਂਦੇ ਹਨ। ਪਹਿਲਾਂ ਰਾਗ ਸ੍ਰੀ ਰਾਗ ਉਚਾਰਨ ਕੀਤਾ ਹੈ, ਉਸ ਰਾਗ ਦੀ ਬਾਣੀ ਲਿਖਣ ਸਮੇਂ ਸਾਰੇ ਭਗਤ ਇਕੱਠੇ ਹੋ ਕੇ ਆਏ ਸਨ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸ਼ੁਭ ਵਾਰਤਾਲਾਪ ਕਰਦੇ ਹਨ, ਫਿਰ ਭਾਈ ਗੁਰਦਾਸ ਨੂੰ ਆਪਣਾ ਸਰੂਪ ਵਿਖਾਉਂਦੇ ਹਨ। ਉਨ੍ਹਾਂ ਪਾਸ ਆ ਕੇ ਉਹ ਆਪਣੀ ਬਾਣੀ ਕਹਿੰਦੇ ਹਨ ਤੇ ਉਹ ਲਿਖਦੇ ਜਾਂਦੇ ਹਨ, ਇਸ ਪ੍ਰਕਾਰ ਹੁਣ ਲਿਖਵਾ ਲਵੋ" ॥ ੧੬ ॥

ਇਮ ਕਹਿ ਲੱਧਾ ਗਯੋ ਸਦਨ ਕੋ ਪੁਨਹਿ ਪਰਸਪਰ ਕਰਤਿ ਬਿਚਾਰ।
'ਬਿਨਾ ਹਕਾਰਨਿ ਤੇ ਸੋ ਪਹੁੰਚੇ, ਤੁਮ ਭੀ ਚਲਹੁ ਸੁ ਇਸੀ ਪ੍ਰਕਾਰ।
ਨਿਜ ਬਾਨੀ ਸ੍ਰੀ ਗ੍ਰਿੰਥ ਚਢਾਵੋ ਰਹੈ ਨਾਮ ਥਿਰ ਜਗਤ ਮਝਾਰ।
ਮਨ ਆਸ਼ੈ ਕੋ ਸਭਿ ਹੀ ਜਾਨਹਿਂ ਲਿਖਵਾਵਹੁ ਕਹਿ ਸਬਦ ਮਝਾਰ' ॥ ੧੭ ॥

ਇਸ ਪ੍ਰਕਾਰ ਕਹਿ ਕੇ ਭਾਈ ਲੱਧਾ ਆਪਣੇ ਘਰ ਨੂੰ ਚਲਾ ਗਿਆ ਤੇ ਭਗਤ ਫਿਰ ਆਪਸ ਵਿਚ ਵਿਚਾਰ ਵਟਾਂਦਰਾ ਕਰਨ ਲੱਗੇ, "ਉਹ ਬਿਨਾਂ ਬੁਲਾਉਣ ਤੋਂ ਓਥੇ ਪਹੁੰਚੇ ਹਨ, ਤੁਸੀਂ ਵੀ ਏਸੇ ਪ੍ਰਕਾਰ ਉਨ੍ਹਾਂ ਦੇ ਪਾਸ ਪਹੁੰਚੋ। ਆਪਣੀ ਬਾਣੀ ਨੂੰ ਗ੍ਰੰਥ ਵਿਚ ਚੜ੍ਹਾਵੋ ਤਾਂਕਿ ਤੁਹਾਡਾ ਨਾਂ ਜਗਤ ਵਿਚ ਸਦਾ ਲਈ ਰਹੇ" ॥ ੧੭ ॥

ਇਮ ਸਲਾਹ ਕਰਿ ਨਿਸਾ ਬਿਤਾਈ ਭਈ ਪ੍ਰਾਤ ਕਾਨ੍ਹਾ ਅਸਵਾਰ।
ਤੀਨਹੁੰ ਅਪਰ ਗਮਨ ਕੋ ਠਾਨਯੋ ਜਿਨ ਕੇ ਉਰ ਕੁਛ ਕੁਛ ਹੰਕਾਰ।
ਪੰਥ ਜਾਮਨੀ ਏਕ ਬਿਤਾਈ ਅਗਲੇ ਦਿਨ ਗੁਰਪੁਰੀ ਮਝਾਰ।
ਆਇ ਪ੍ਰਵੇਸ਼ੇ, ਮਾਨ ਵਿਸ਼ੇਸ਼ੇ, ਪਹੁੰਚੇ ਸ੍ਰੀ ਗੁਰ ਕੇ ਦਰਬਾਰ ॥ ੧੮ ॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਕਾਨ੍ਹਾ ਘੋੜੇ ਤੇ ਸਵਾਰ ਹੋ ਗਿਆ, ਬਾਕੀ ਤਿੰਨ ਵੀ ਜਾਣ ਨੂੰ ਤਿਆਰ ਹੋ ਗਏ ਜਿਨ੍ਹਾਂ ਦੇ ਦਿਲਾਂ ਵਿਚ ਕੁਝ ਕੁਝ ਹੰਕਾਰ ਸੀ। ਰਾਹ ਵਿਚ ਇਕ ਰਾਤ ਬਤੀਤ ਕੀਤੀ ਤੇ ਅਗਲੇ ਦਿਨ ਗੁਰੂ ਦੀ ਨਗਰੀ ਵਿਚ ਪਹੁੰਚ ਗਏ। ਬਹੁਤ ਹੰਕਾਰ ਨਾਲ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਏ ॥ ੧੮ ॥

ਹਰਿਮੰਦਿਰ ਸੁੰਦਰ ਕੇ ਅੰਦਰ ਸ੍ਰੀ ਗੁਰ ਸ਼ੋਭਤਿ ਬਹੁ ਤਿਸ ਕਾਲ।
ਲਖੇ ਮਾਨ ਜੁਤ ਭਗਤ ਆਗਵਨ ਆਗੈ ਠਾਂਢੇ ਭਏ ਕ੍ਰਿਪਾਲ।
ਬੰਦਨ ਠਾਨਿ ਪਰਸਪਰ ਹਰਖਤਿ, ਕਹਿ ਬੈਠਾਰੇ ਸਭਿ ਹਿਤ ਨਾਲ।
ਸ੍ਰੀ ਅਰਜਨ ਸਾਦਰ ਕਹਿ ਮਾਧੁਰ 'ਸਭਿਹਿਨਿ ਕਰੁਨਾ ਕੀਨਿ ਬਿਸਾਲ ॥ ੧੯ ॥

ਉਸ ਸਮੇਂ ਗੁਰੂ ਜੀ ਸੁੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸ਼ੋਭਾ ਪਾ ਰਹੇ ਸਨ। ਜਦ ਉਨ੍ਹਾਂ ਵੇਖਿਆ ਕਿ ਭਗਤ ਬੜੇ ਹੰਕਾਰ ਨਾਲ ਆ ਰਹੇ ਹਨ ਤਾਂ ਕ੍ਰਿਪਾਲੂ ਜੀ ਉੱਠ ਕੇ ਖੜੇ ਹੋ ਗਏ। ਆਪਸ ਵਿਚ ਬੰਦਨਾ ਕਰਕੇ ਬੜੇ ਪ੍ਰਸੰਨ ਹੋਏ, ਸਾਰਿਆਂ ਨੂੰ ਬੜੇ ਪਿਆਰ ਨਾਲ ਕਹਿ ਕੇ ਬਿਠਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੇ ਆਦਰ ਨਾਲ ਮਿੱਠੇ ਬਚਨ ਕਹੇ, "ਆਪ ਸਾਰਿਆਂ ਨੇ ਬੜੀ ਕਿਰਪਾ ਕੀਤੀ ਹੈ ॥ ੧੯ ॥

ਦਰਸ਼ਨ ਦੀਨਿ ਕ੍ਰਿਤਾਰਥ ਕੀਨਸਿ, ਪਰਮਾਰਥ ਮਨ ਭੀਨਸਿ ਨੀਤਿ।
ਬਿਚਰਹੁ ਨਰਨਿ ਉਧਾਰਨਿ ਕਾਰਨ, ਕਰੇ ਨਿਹਾਰਨਿ ਹੁਇ ਸੁਖ ਚੀਤ।
ਮਿਲਹੁ ਸਧਾਰਨ ਮੋਹੁ ਬਿਦਾਰਨ, ਦਾਰੁਨ ਦੁਖ ਟਾਰਨਿ ਕੀ ਰੀਤਿ।
ਤਾਰਨ ਤਰਨਿ ਸ਼ਰਨ ਪ੍ਰਤਿਪਾਰਨ, ਜੀਤ ਬਿਕਾਰਨਿ ਤੇ ਬਿੱਪ੍ਰੀਤ ॥ ੨੦ ॥

ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ ਹੈ, ਤੁਹਾਡੇ ਮਨ ਸਦਾ ਹੀ ਆਤਮ ਵਿਦਿਆ ਵਿਚ ਭਿੱਜੇ ਰਹਿੰਦੇ ਹਨ। ਮਨੁੱਖਾਂ ਦਾ ਉਧਾਰ ਕਰਨ ਵਾਸਤੇ ਇਸ ਦੁਨੀਆਂ ਵਿਚ ਵਿਚਰ ਰਹੇ ਹੋ। ਤੁਹਾਡੇ ਦਰਸ਼ਨਾਂ ਨਾਲ ਮਨ ਨੂੰ ਸੁਖ ਮਿਲਦਾ ਹੈ। ਸਾਧਾਰਣ ਮਿਲ ਕੇ ਮੋਹ ਦਾ ਨਾਸ਼ ਕਰਦੇ ਹੋ। ਭਿਆਨਕ ਦੁਖ ਵੀ ਦੂਰ ਹੁੰਦੇ ਹਨ। ਜਿਹੜਾ ਤੁਹਾਡੀ ਸ਼ਰਨ ਆਉਂਦਾ ਹੈ ਉਸ ਦੀ ਪ੍ਰਤੀਪਾਲਣਾ ਕਰਦੇ ਤੇ ਇਸ ਜਗਤ ਤੋਂ ਤਾਰ ਦਿੰਦੇ ਹੋ। ਉਲਟ ਕਰਨ ਵਾਲੇ ਵਿਕਾਰਾਂ ਤੇ ਆਪ ਜੀ ਦੀ ਜਿੱਤ ਹੈ॥ ੨੦॥

ਕਾਰਨ ਕਵਨ ਆਪ ਆਗਵਨੁ ਗੁਰ ਪਵਨੁ ਮਿਲਿ ਕਰਿ ਸਮੁਦਾਇ ?'।
ਸਭਿ ਮਹਿਂ ਅਧਿਕ ਹੰਕਾਰੀ ਕਾਨ੍ਹਾ ਕਾਨਿ ਸੁਨਤਿ ਜਸੁ ਮਨ ਉਮਗਾਇ।
'ਆਵਨਿ ਹੇਤੁ ਨਿਕੇਤ ਬਿਖੈ ਤੁਮ ਹਮਰੋ ਭਯੋ ਲਖਹੁ ਇਸ ਭਾਇ।
ਸੁਨਜੋ ਤਹਾਂ ਬਡ ਰਚਜੋ ਗ੍ਰਿੰਥ ਜੀ ਬਾਨੀ ਪੰਚ ਗੁਰੂਨਿ ਬਨਾਇ॥ ੨੧॥

ਕੀ ਕਾਰਨ ਹੈ, ਆਪ ਜੀ ਸਾਰੇ ਇਕੱਠੇ ਹੋ ਕੇ ਗੁਰੂ ਘਰ ਆਏ ਹੋ ? ਸਾਰਿਆਂ ਨਾਲੋਂ ਜ਼ਿਆਦਾ ਹੰਕਾਰੀ ਕਾਨ੍ਹੇ ਨੇ ਜਦ ਕੰਨਾਂ ਨਾਲ ਆਪਣੀ ਉਸਤਤਿ ਸੁਣੀ ਤਾਂ ਉਹ ਬੜੇ ਉਤਸ਼ਾਹ ਨਾਲ ਭਰ ਗਿਆ ਤੇ ਬੋਲਿਆ, "ਸਾਡਾ ਤੁਹਾਡੇ ਘਰ ਕਿਵੇਂ ਆਉਣਾ ਹੋਇਆ ਹੈ, ਇਸ ਨੂੰ ਇਸ ਤਰ੍ਹਾਂ ਸਮਝੋ। ਸੁਣਿਆ ਹੈ ਤੁਸੀਂ ਪੰਜਾਂ ਗੁਰੂਆਂ ਦੀ ਬਾਣੀ ਇਕੱਠੀ ਕਰਕੇ ਇਕ ਵੱਡਾ ਗ੍ਰੰਥ ਲਿਖਿਆ ਹੈ॥ ੨੧॥

ਗਨ ਭਗਤਨਿ ਕੇ ਸ਼ਬਦ ਲਿਖਾਏ ਸਭਿ ਰਾਗਨ ਕੇ ਬਿਖੇ ਬਨਾਇ।
ਤਿਨ ਸਭਿ ਕੇ ਨਹਿਂ ਦੇਹ ਗ੍ਰੇਹ ਅਬਿ, ਜਗ ਮਹਿਂ ਬਿਦਤ ਨਹੀਂ ਬਹੁ ਥਾਇਂ।
ਬਾਦ ਰਹੈਂ ਠਾਨਤਿ ਬਹੁ ਹਿੰਦੂ ਤੁਰਕ ਨ ਚੀਨਿ ਸਕਹਿਂ ਸਮੁਦਾਇ।
ਕਹਾਂ ਭਏ ਨਰ ਲਖਹਿਂ ਨ ਤਿਨ ਕੋ ਹੁਤੇ ਕੌਨ, ਕਿਮ ਭਏ ਸੁਭਾਇ ?॥੨੨॥

ਬਹੁਤ ਭਗਤਾਂ ਦੇ ਸ਼ਬਦ ਵੀ ਸਭ ਰਾਗਾਂ ਵਿਚ ਸੋਹਣੀ ਤਰ੍ਹਾਂ ਬਣਾ ਕੇ ਲਿਖਾਏ ਹਨ। ਉਨ੍ਹਾਂ ਸਾਰਿਆਂ ਦੇ ਹੁਣ ਸਰੀਰ ਅਤੇ ਪਰਿਵਾਰ ਵੀ ਨਹੀਂ ਰਹੇ ਹਨ ਅਤੇ ਜਗਤ ਵਿਚ ਬਹੁਤ ਥਾਂ ਉਹ ਮਸ਼ਹੂਰ ਵੀ ਨਹੀਂ ਹਨ। ਬਹੁਤ ਹਿੰਦੂ ਝਗੜਾ ਕਰਨਗੇ ਅਤੇ ਤੁਰਕ ਵੀ ਇਸ ਨੂੰ ਸਮਝ ਨਹੀਂ ਸਕਣਗੇ। ਉਹ ਮਨੁੱਖ ਕਿਥੇ ਹੋਏ ਹਨ, ਉਨ੍ਹਾਂ ਨੂੰ ਵੇਖਿਆ ਨਹੀਂ ਕਿ ਉਹ ਕੌਣ ਸਨ ਤੇ ਕਿਸ ਤਰ੍ਹਾਂ ਦਾ ਉਨ੍ਹਾਂ ਦਾ ਸੁਭਾਅ ਸੀ ?॥ ੨੨॥

ਹਮ ਜੀਵਤਿ ਆਨੰਦ ਰਸ ਪੀਵਤਿ ਬਿਦਤ ਸੁ ਥੀਵਤਿ ਜਗਤ ਮਝਾਰ।
ਜਾਨਹਿਂ ਰਾਉ ਰੰਕ ਮਹਿਂ ਸਗਰੇ ਮਾਨਹਿਂ ਬਚਨ ਚਰਨ ਸਿਰ ਧਾਰਿ।
ਆਗਜਾ ਲਖੈਂ ਬੇਦ ਸਮ ਹਮਰੀ, ਕਰਿ ਨਹਿਂ ਸਕਹੈ ਕੋ ਹਟਕਾਰ।
ਇਮ ਬਿਸਤਰਤਿ ਸੁਜਸੁ ਸਭਿ ਦਿਸ਼ਿ ਮਹਿਂ, ਤੁਮ ਕਜਾ ਨਹਿਂ ਜਾਨਤਿ ਇਹ ਸਾਰ॥੨੩॥

ਅਸੀਂ ਜੀਉਂਦੇ ਹਾਂ, ਅਨੰਦ ਰਸ ਪੀਂਦੇ ਹਾਂ ਅਤੇ ਜਗਤ ਵਿਚ ਪ੍ਰਗਟ ਹੋ ਰਹੇ ਹਾਂ। ਰਾਜਾ ਪਰਜਾ ਸਾਨੂੰ ਸਭ ਜਾਣਦੇ ਹਨ ਤੇ ਸਾਡੇ ਅਗੇ ਸਿਰ ਧਰ ਕੇ ਸਾਡੇ ਬਚਨ ਮੰਨਦੇ ਹਨ। ਸਾਡੀ ਆਗਿਆ ਵੇਦਾਂ ਦੇ ਬਰਾਬਰ ਮੰਨਦੇ ਹਨ, ਕੋਈ ਵੀ ਸਾਡੀ ਗੱਲ ਨੂੰ ਮੋੜ ਨਹੀਂ ਸਕਦਾ। ਇਸ ਤਰ੍ਹਾਂ ਸਾਡਾ ਸ੍ਰੇਸ਼ਟ ਜੱਸ ਚਾਰੇ ਪਾਸੇ ਫੈਲਿਆ ਹੈ। ਤੁਸੀਂ ਇਸ ਬਾਰੇ ਕੀ ਨਹੀਂ ਜਾਣਦੇ ਹੋ ?॥ ੨੩॥

ਬਾਨੀ ਲਿਖੀ ਮ੍ਰਿਤਕ ਜੇ ਹੁਇਗੇ, ਹਮ ਜੀਵਤਿ ਕੀ ਸੁਧਿ ਨਹਿਂ ਲੀਨਿ।
ਜੇ ਹਮਰੇ ਤੁਮ ਸ਼ਬਦ ਲਿਖਹੁ ਨਹਿਂ, ਕਿਮ ਪ੍ਰਮਾਨ ਹੁਇ ਗ੍ਰੰਥ ਨਵੀਨ।
ਸੁਨਹਿਂ ਨ, ਪਢਹਿਂ ਨ, ਕਹਜੋ ਨ ਮਾਨਹਿਂ, ਲਿਖਹਿਂ ਨ ਜੇ ਨਰ ਅਧਿਕ ਪ੍ਰਬੀਨ।
ਯਾਂਤੇ ਨੀਕੀ ਸਾਖਿ ਨ ਲੀਨਹਿ ਤੁਮ ਜੌ ਹਮਰਾ ਨਾਮ ਸ਼ੀਘ੍ਰ ਚੀਨਿ ॥ ੨੪॥

Sri Satguru Jagjit Singh Ji eLlibrary NamdhariElibrary@gmail.com

ਉਨ੍ਹਾਂ ਦੀ ਬਾਣੀ ਲਿਖੀ ਹੈ ਜੋ ਮਰ ਗਏ ਹਨ, ਜੀਉਂਦਿਆਂ ਦੀ ਤੁਸੀਂ ਖ਼ਬਰਸਾਰ ਹੀ ਨਹੀਂ ਲਈ ਹੈ। ਜੇ ਤੁਸੀਂ ਸਾਡੇ ਸ਼ਬਦ ਨਹੀਂ ਲਿਖੋਗੇ ਤਾਂ ਤੁਹਾਡਾ ਨਵਾਂ ਗ੍ਰੰਥ ਕਿਵੇਂ ਪ੍ਰਮਾਣਿਤ ਹੋਵੇਗਾ। ਜਿਹੜੇ ਮਨੁੱਖ ਵਧੇਰੇ ਚਤੁਰ ਹਨ ਉਹ ਇਸ ਗ੍ਰੰਥ ਨੂੰ ਨਾ ਸੁਣਨਗੇ, ਨਾ ਪੜ੍ਹਨਗੇ, ਨਾ ਕਿਹਾ ਮੰਨਣਗੇ ਅਤੇ ਨਾ ਹੀ ਲਿਖਣਗੇ। ਇਸ ਕਰਕੇ ਤੁਸੀਂ ਚੰਗੀ ਗੱਲ ਨਹੀਂ ਕੀਤੀ ਹੈ, ਤੁਸੀਂ ਜਗਤ ਗੁਰੂ, ਇਹ ਗੱਲ ਚੰਗੀ ਤਰ੍ਹਾਂ ਸਮਝ ਲਵੋ" ॥ ੨੪ ॥

ਬੋਲੇ ਸ੍ਰੀ ਅਰਜਨ 'ਹਮ ਬਾਨੀ ਜਿਤ ਕਿਤ ਹੁਤੀ ਕਰੀ ਇਕ ਥਾਇਂ।
ਬ੍ਰਿੰਦ ਭਗਤ ਸੋ ਲਖਿ ਕਰਿ ਆਏ ਤਿਨ ਸੋਂ ਕਹਯੋ ਸੁ ਹਮ ਸਮੁਝਾਇ।
ਗੁਰਬਾਨੀ ਅਨੁਸਾਰ ਬਨਾਈ ਦੇਖਿ ਮਿਲਤਿ ਕੋ ਦਈ ਲਿਖਾਇ।
ਤੁਮ ਅਬਿ ਆਏ ਕਰਹੁ ਸ਼ਬਦ ਨਿਜ ਸੁਨੈਂ ਉਚਿਤ ਤਬਿ ਲੇਹਿਂ ਚਢਾਇ' ॥੨੫॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬੋਲੇ, "ਅਸੀਂ ਬਾਣੀ ਜਿਥੇ ਕਿਤੇ ਵੀ ਸੀ ਇਕ ਥਾਂ ਇਕੱਠੀ ਕੀਤੀ ਹੈ। ਸਮੂਹ ਭਗਤ ਜਿਹੜੇ ਇਹ ਵੇਖ ਕੇ ਆਏ, ਉਨ੍ਹਾਂ ਨੂੰ ਅਸੀਂ ਇਹ ਕਹਿ ਕੇ ਸਮਝਾਇਆ ਸੀ ਕਿ ਜਿਹੜੀ ਬਾਣੀ ਗੁਰਬਾਣੀ ਦੇ ਆਸ਼ੇ ਨਾਲ ਮਿਲਦੀ ਹੋਵੇਗੀ, ਉਹ ਸਾਨੂੰ ਲਿਖਾ ਦੇਵੋ। ਤੁਸੀਂ ਹੁਣ ਆਏ ਹੋ ਆਪਣੀ ਬਾਣੀ ਪੜ੍ਹੋ, ਅਸੀਂ ਸੁਣਦੇ ਹਾਂ ਜੇ ਇਹ ਗੁਰਬਾਣੀ ਦੇ ਆਸ਼ੇ ਅਨੁਸਾਰ ਠੀਕ ਹੋਵੇਗੀ ਤਾਂ ਇਸ ਨੂੰ ਵੀ ਗ੍ਰੰਥ ਵਿਚ ਚੜ੍ਹਾ ਲਵਾਂਗੇ" ॥ ੨੫ ॥

ਬ੍ਰਹਮ ਗਜ੍ਯਾਨ ਕੋ ਮਨ ਅਭਿਮਾਨਾ ਸੁਨਿ ਕਾਨ੍ਹਾ ਉਰ ਹਰਖਿਤ ਹੋਇ।
ਜਾਨਯੋ 'ਗੁਰੁ ਅਨੁਸਾਰਿ ਹਮਾਰੇ, ਮੈਂ ਕਜਾ ਲਘੁ ਹੌਂ ਲਖਹਿਂ ਨ ਜੋਇ।
ਬਾਨੀ ਕਰੌਂ ਬਨਾਵਨ ਅਪਨੀ ਬ੍ਰਹਮ ਗਜ੍ਯਾਨ ਕੇ ਬਿਖੈ ਪਰੋਇ।
ਬਿਦਤਹਿ ਜਿਤ ਕਿਤ ਚਿਤ' ਇਮ ਚਿਤਵਤਿ ਬੋਲਯੋ ਸਬਦ ਅਹੰਬ੍ਰਹਮ ਸੋਇ ॥੨੬॥

ਜਿਸ ਨੂੰ ਆਪਣੇ ਬ੍ਰਹਮ ਗਿਆਨ ਤੇ ਬੜਾ ਹੰਕਾਰ ਸੀ, ਕਾਨ੍ਹਾ ਦਿਲ ਵਿਚ ਬਹੁਤ ਪ੍ਰਸੰਨ ਹੋਇਆ। ਉਹ ਸਮਝ ਗਿਆ ਕਿ 'ਗੁਰੂ ਸਾਡੇ ਅਨੁਸਾਰੀ ਹਨ, ਮੈਂ ਕਿਹੜਾ ਕੋਈ ਛੋਟਾ ਭਗਤ ਹਾਂ ਜਿਹੜੇ ਗੁਰੂ ਜੀ ਮੈਨੂੰ ਜਾਣਦੇ ਨਹੀਂ ਹਨ। ਮੈਂ ਆਪਣੀ ਬਾਣੀ ਬ੍ਰਹਮ ਗਿਆਨ ਵਿਚ ਪਰੋ ਕੇ ਬਣਾਉਂਦਾ ਹਾਂ, ਜਿਥੇ ਕਿਥੇ ਇਹ ਪ੍ਰਗਟ ਹੈ।' ਇਸ ਤਰ੍ਹਾਂ ਚਿੱਤ ਵਿਚ ਸੋਚ ਕੇ ਸ਼ਬਦ ਬੋਲਿਆ ਕਿ ਮੈਂ ਬ੍ਰਹਮ ਹਾਂ ॥ ੨੬ ॥

*ਕਾਨ੍ਹੁ ਵਾਚ॥*

*ਓਹੀ ਰੇ ਮੈਂ ਓਹੀ ਰੇ। ਜਾਂਕਉ ਬੇਦ ਪੁਰਾਨ ਸਭਿ ਗਾਵੈਂ ਖੋਜਤਿ ਖੋਜ ਨ ਕੋਈ ਰੇ।*
*ਜਾਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ।*
*ਬ੍ਰਹਮਾ ਬਿਸਨੁ ਮਹੇਸ ਅਰਾਧਹਿਂ ਸਭਿ ਕਰਦੇ ਜਾਕੀ ਸੇਵਾ ਰੇ।*
*ਕਹਿ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ ॥ ੧ ॥*

ਓਹੀ ਹਾਂ ਮੈਂ ਓਹੀ ਹਾਂ, ਜਿਸ ਨੂੰ ਸਾਰੇ ਵੇਦ ਪੁਰਾਣ ਗਾਉਂਦੇ ਹਨ ਅਤੇ ਲੱਭ ਲੱਭ ਕੇ ਕੋਈ ਲੱਭ ਨਹੀਂ ਸਕਿਆ। ਜਿਸ ਦੀ ਨਾਰਦ ਪੂਜਾ ਕਰਦਾ ਹੈ ਅਤੇ ਦੇਵੀ ਦੇਵਤੇ ਵੀ ਪੂਜਦੇ ਹਨ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਜਿਸ ਦੀ ਆਰਾਧਨਾ ਕਰਦੇ ਅਤੇ ਸਾਰੇ ਜਿਸ ਦੀ ਸੇਵਾ ਕਰਦੇ ਹਨ। ਹੇ ਕਾਨ੍ਹਾ ! ਕਹੋ ਮੇਰਾ ਇਸ ਤਰ੍ਹਾਂ ਦਾ ਸਰੂਪ ਹੈ, ਮੈਂ ਪ੍ਰਾਪਤੀ-ਰਹਿਤ ਲੇਖਾ-ਰਹਿਤ ਅਤੇ ਭੇਦ-ਰਹਿਤ ਹਾਂ ॥ ੧ ॥

*ਸੈਯਾ ਛੰਦ-* ਇਮ ਆਸ਼ੈ ਜਬਿ ਅਪਨ ਜਨਾਯਹੁ ਸ੍ਰੀ ਅਰਜਨ ਸੁਨਿ ਦੀਨਿ ਹਟਾਇ।
'ਹਮਰੇ ਇਹੁ ਪਰਮਾਣ ਨ ਹੁਇ ਹੈ, ਪਠੈਂ ਸਿੱਖ ਹੰਕਾਰ ਬਢਾਇਂ।

ਹੈ ਤੋ ਸਹੀ, ਤਊ ਨਰ ਕਲਿਕੇ ਬਿਗਰਹਿਂ ਲਗਹਿਂ ਬਿਕਾਰਨਿ ਧਾਇ।
ਗਤਿ ਕਿਤ ਰਹੀ ਨਰਕ ਹੁਇਂ ਪ੍ਰਾਪਤਿ, ਯਾਂਤੇ ਹਮ ਨਹਿਂ ਇਸੈ ਚਢਾਇਂ ॥੨੭॥

ਜਦ ਕਾਨ੍ਹੇ ਨੇ ਆਪਣਾ ਅਜਿਹਾ ਆਸ਼ਾ ਪ੍ਰਗਟ ਕੀਤਾ ਤਾਂ ਗੁਰੂ ਜੀ ਨੇ ਉਸ ਨੂੰ ਗ੍ਰੰਥ ਸਾਹਿਬ ਵਿਚ ਦਰਜ ਕਰਨ ਤੋਂ ਰੋਕ ਦਿੱਤਾ, ਉਨ੍ਹਾਂ ਨੇ ਕਿਹਾ, "ਸਾਡੇ ਇਹ ਪਰਵਾਣ ਨਹੀਂ ਹੋਵੇਗਾ। ਕਿਉਂਕਿ ਸਾਡੇ ਸਿੱਖ ਇਸ ਨੂੰ ਪੜ੍ਹ ਕੇ ਹੰਕਾਰ ਵਧਾਉਣਗੇ। ਹੈ ਤਾਂ ਸਹੀ, ਪਰ ਕਲਿਜੁਗ ਦੇ ਮਨੁੱਖ ਵਿਗੜ ਜਾਣਗੇ ਤੇ ਵਿਕਾਰਾਂ ਵਿਚ ਧਾ ਕੇ ਜਾ ਲੱਗਣਗੇ। ਮੁਕਤੀ ਤਾਂ ਕਿਤੇ ਰਹੀ ਨਰਕ ਪ੍ਰਾਪਤ ਹੋਵੇਗਾ, ਇਸ ਕਰਕੇ ਅਸੀਂ ਇਸ ਨੂੰ ਗ੍ਰੰਥ ਵਿਚ ਨਹੀਂ ਚੜ੍ਹਾਵਾਂਗੇ॥ ੨੭॥

ਇਸ ਪਰ ਸੁਨਿ ਦ੍ਰਿਸ਼ਟਾਂਤ ਹਮਾਰੋ, ਬ੍ਰਹਮ ਗਯਾਨ ਅਰੁ ਘ੍ਰਿਤ ਸਮਾਨ।
ਕਫੀ ਹੰਕਾਰੀ ਖਾਇ ਗ੍ਰਹਨ ਕਰਿ ਛਾਤੀ ਬੋਝ ਬਧਹਿ, ਬਡ ਮਾਨ।
ਪਿੱਤੀ ਸਹਤ ਬਿਕਾਰੀ ਜੇ ਨਰ ਬਿਖੈ ਲਗੈ ਅਤੀਸਾਰ ਮਹਾਨ।
ਪੁਸ਼ਟ ਹੋਨ ਗਤਿ ਪ੍ਰਾਪਤਿ ਹੋਇ ਨ ਰੋਗੀ ਕਸ਼ਟ ਨਰਕ ਪਹਿਚਾਨ॥ ੨੮॥

ਇਸ ਬਾਰੇ ਸਾਡਾ ਦ੍ਰਿਸ਼ਟਾਂਤ ਸੁਣੋ, ਬ੍ਰਹਮ-ਗਿਆਨ ਤੇ ਘਿਉ ਇਕੋ ਜਿਹੇ ਹਨ। ਬਲਗਮ ਵਾਲਾ ਜੇ ਘਿਉ ਨੂੰ ਖਾਵੇਗਾ ਤਾਂ ਛਾਤੀ ਤੇ ਬੋਝ ਵਧ ਜਾਵੇਗਾ। ਇਸ ਤਰ੍ਹਾਂ ਹੰਕਾਰੀ ਜੇ ਆਖੇਗਾ 'ਮੈਂ ਬ੍ਰਹਮ ਹਾਂ' ਤਾਂ ਘੁਮੰਡ ਹੋਰ ਵਧ ਜਾਵੇਗਾ। ਜੇ ਗਰਮੀ ਵਾਲਾ ਘਿਉ ਖਾਵੇਗਾ ਤਾਂ ਉਸ ਨੂੰ ਦਸਤ ਲੱਗ ਜਾਣਗੇ, ਤਕੜਾ ਹੋਣ ਦੇ ਥਾਂ ਉਹ ਦੁਖ ਪਾਵੇਗਾ। ਇਸ ਤਰ੍ਹਾਂ ਹੀ ਵਿਕਾਰੀ ਮਨੁੱਖ ਮੁਕਤੀ ਪ੍ਰਾਪਤੀ ਕਰਨੀ ਤਾਂ ਇਕ ਪਾਸੇ ਰਹੀ, ਉਹ ਨਰਕਾਂ ਦਾ ਦੁਖ ਸਹੇਗਾ॥ ੨੮॥

ਸੁਖ ਤੇ ਰਹਜੋ ਮਹਾਂ ਦੁਖ ਪਾਵਹਿ ਯਾਂਤੇ ਹਮਰੇ ਨਹੀਂ ਪ੍ਰਮਾਨ।
ਸੋ ਬ੍ਰਹਮ ਗਯਾਨ ਘ੍ਰਿਤ ਕੋ ਲੇ ਕਰਿ ਮਿਸ਼ਰੀ ਭਗਤਿ ਮਿਲਾਵਨ ਠਾਨਿ।
ਸੁਖਦਾਯਕ ਸਭਿ ਨਰ ਕੋ ਜਾਨਹੁ ਇਸ ਪ੍ਰਕਾਰ ਕਰਿ ਲੇ ਕੱਲਯਾਨ।
ਅਹੰਬ੍ਰਹਮ ਤਊ ਉਰ ਮਹਿਂ ਬਾਸੇ ਮੁਖ ਤੇ ਕਹੇ ਦਾਸ ਦਾਸਾਨਿ॥ ੨੯॥

ਸੁਖ ਤਾਂ ਇਕ ਪਾਸੇ ਰਿਹਾ, ਮਹਾਂ ਦੁਖ ਪਾਵੇਗਾ, ਇਸ ਕਰਕੇ ਤੁਹਾਡੀ ਬਾਣੀ ਸਾਨੂੰ ਪ੍ਰਵਾਨ ਨਹੀਂ ਹੈ। ਅਸੀ ਬ੍ਰਹਮ ਗਿਆਨ ਰੂਪ ਘਿਉ ਨੂੰ ਲੈ ਕੇ ਵਿਚ ਭਗਤੀ ਰੂਪ ਮਿਸ਼ਰੀ ਮਿਲਾਈ ਹੈ। ਇਹ ਸਾਰੇ ਮਨੁੱਖਾਂ ਨੂੰ ਸੁਖ ਦੇਣ ਵਾਲੀ ਹੈ, ਇਸ ਲਈ ਇਹ ਉਨ੍ਹਾਂ ਨੂੰ ਕਲਿਆਣ ਦੇਣ ਵਾਲੀ ਹੈ। 'ਮੈਂ ਬ੍ਰਹਮ ਹਾਂ' ਹਿਰਦੇ ਵਿਚ ਵਸਦਾ ਹੈ, ਪਰ ਮੁਖ ਤੋਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਕਹਿੰਦਾ ਹੈ, ਇਹ ਸਾਡਾ ਮੱਤ ਹੈ॥ ੨੯॥

ਇਹ ਮਤ ਹਮਰੋ ਮਿਲੇ ਨ ਤੁਮ ਸੋਂ, ਗ੍ਰਿੰਥ ਬਿਖੈ ਕਿਮ ਦੇਹਿਂ ਲਿਖਾਇ।
ਸ਼ਬਦ ਬਿਰੋਧੀ ਮਿਲਹਿਂ ਨ ਇਕ ਥਲ, ਰਾਖਹੁ ਆਪ ਲਿਖਹੁ ਕਿਤ ਥਾਇਂ।
ਗੁਰ ਘਰੁ ਨੰਮ੍ਰ ਥਾਨ ਮਹਿਂ ਜਾਨਹੁ ਨੰਮ੍ਰ ਹੋਹਿ ਸੋ ਮਿਲਿ ਕਰਿ ਜਾਇ।
ਊਚੋ ਸਦਾ ਤ੍ਰਾਸ ਕੋ ਪਾਵਹਿ ਬਾਯੁ ਆਦਿ ਤੇ ਸੰਕਟ ਪਾਇ॥ ੩੦॥

ਇਹ ਸਾਡਾ ਮੱਤ ਤੁਹਾਡੇ ਨਾਲ ਨਹੀਂ ਮਿਲਦਾ ਹੈ, ਫਿਰ ਇਸ ਨੂੰ ਗ੍ਰੰਥ ਵਿਚ ਕਿਵੇਂ ਲਿਖਾ ਦੇਈਏ। ਵਿਰੋਧੀ ਭਾਵਨਾ ਵਾਲੇ ਸ਼ਬਦ ਇਕ ਸਥਾਨ ਤੇ ਨਹੀਂ ਮਿਲ ਸਕਦੇ, ਇਸ ਨੂੰ ਆਪਣੇ ਪਾਸ ਰਖੋ ਤੇ ਕਿਸੇ ਥਾਂ ਲਿਖ ਲੈਣਾ। ਗੁਰੂ ਘਰ ਨੂੰ ਤੁਸੀਂ ਨੀਵੇਂ ਥਾਂ ਜਾਣੋ, ਜਿਹੜਾ ਨਿਮਰ ਹੋ ਜਾਵੇ ਉਹ ਗੁਰੂ ਘਰ ਨਾਲ ਮਿਲ ਜਾਂਦਾ ਹੈ। ਜਿਹੜਾ ਉੱਚਾ ਹੁੰਦਾ ਹੈ, ਉਹ ਸਦਾ ਡਰਦਾ ਰਹਿੰਦਾ ਹੈ, ਕਿਉਂਕਿ ਹਵਾ ਆਦਿ ਚੱਲਣ ਨਾਲ ਉਹ ਡਿੱਗ ਕੇ ਦੁਖ ਪਾਉਂਦਾ ਹੈ" ॥ ੩੦॥

ਬਚਨ ਬਿਲਾਸ ਸੁਨੇ ਜਬਿ ਗੁਰ ਕੇ ਉੱਤਰ ਫੁਰਯੋ ਨ, ਰਹਯੋ ਬਿਚਾਰ।
ਸਕਾ ਬਿਖੈ ਖਿਝ ਕਰਿ ਰਿਸ ਧਾਰੀ ਲਾਲ ਬਿਲੋਚਨ ਕਰਿ ਤਿਸ ਬਾਰ।

'ਸਭਿ ਮਹਿਂ ਕਰਯੋ ਨਿਰਾਦਰ ਮੇਰੋ, ਆਯੋ ਲਖਿ ਨ ਕਰਯੋ ਸਤਿਕਾਰ।
ਜੁਕਤਿ ਉਕਤਿ ਕਰਿ ਸਬਦ ਹਟਾਯਹੁ ਸਭਿ ਬੇਦਨਿ ਕੋ ਜਿਸ ਮਹਿਂ ਸਾਰ' ॥੩੧॥

ਜਦ ਭਗਤ ਕਾਨ੍ਹੇ ਨੇ ਗੁਰੂ ਜੀ ਦੇ ਬਚਨ ਸੁਣੇ ਤਾਂ ਉਸ ਨੂੰ ਕੋਈ ਉੱਤਰ ਨਾ ਔਹੜਿਆ, ਦਿਲ ਵਿਚ ਵਿਚਾਰਦਾ ਰਿਹਾ। ਸਭ ਦੇ ਵਿਚ ਖਿੱਝ ਕੇ ਬੜੇ ਗੁੱਸੇ ਵਿਚ ਆ ਕੇ ਅੱਖਾਂ ਲਾਲ ਕਰ ਲਈਆਂ ਅਤੇ ਕਹਿਣ ਲੱਗਾ, "ਸਾਰਿਆਂ ਦੇ ਵਿਚ ਤੁਸੀਂ ਮੇਰਾ ਨਿਰਾਦਰ ਕੀਤਾ ਹੈ, ਉਮਰ ਵੇਖ ਕੇ ਵੀ ਮੇਰਾ ਸਤਿਕਾਰ ਨਹੀਂ ਕੀਤਾ ਹੈ। ਟਾਲ-ਮਟੋਲ ਕਰਕੇ ਮੇਰਾ ਸ਼ਬਦ ਮੋੜ ਦਿੱਤਾ ਹੈ, ਜਿਸ ਵਿਚ ਸਾਰੇ ਵੇਦਾਂ ਦਾ ਸਿਧਾਂਤ ਦਿੱਤਾ ਗਿਆ ਹੈ॥ ੩੧॥

ਕਹਤਿ ਭਯੋ 'ਅਬਿ ਸਹਹੁ ਸ੍ਰਾਪ ਮਮ ਤ੍ਰਿਸਕਾਰਨਿ ਕੋ ਲਿਹੁ ਫਲ ਪਾਇ।
ਤੁਮਰੋ ਹੋਇ ਨਿਰਾਦਰ ਅਤਿਸ਼ੈ ਤੁਰਕਨਿ ਘਰ ਤੇ ਮਿਲਹਿ ਸਜ਼ਾਇ।
ਜਿਹ ਸਜ਼ਾਇ ਤੇ ਪ੍ਰਾਨ ਬਿਨਾਸ਼ਹਿਂ ਪਰਹੁ ਰਿਪੁਨ ਬਸਿ ਜੋ ਦੁਖਦਾਇ।
ਸੁਤ ਬਨਿਤਾ ਸੋਂ ਮਿਲਨਿ ਨ ਹੋਵਹਿ ਅੰਤ ਸਮੋ ਐਸੋ ਬਨਿ ਜਾਇ' ॥ ੩੨ ॥

ਕਹਿਣ ਲੱਗਾ, "ਹੁਣ ਸ੍ਰਾਪ ਸਹੋ, ਮੇਰਾ ਨਿਰਾਦਰ ਕਰਨ ਦਾ ਫਲ ਪਾਓ। ਤੁਹਾਡਾ ਵੱਡਾ ਨਿਰਾਦਰ ਹੋਵੇਗਾ, ਤੁਰਕਾਂ ਦੇ ਘਰ ਤੋਂ ਤੁਹਾਨੂੰ ਸਜ਼ਾ ਮਿਲੇਗੀ। ਜਿਸ ਸਜ਼ਾ ਨਾਲ ਤੁਹਾਡੇ ਪ੍ਰਾਣ ਜਾਂਦੇ ਰਹਿਣਗੇ ਅਤੇ ਵੈਰੀਆਂ ਦੇ ਵੱਸ ਵਿਚ ਪੈ ਕੇ ਦੁਖ ਪਾਉਗੇ। ਪੁੱਤਰ ਪਤਨੀ ਨਾਲ ਮੇਲ ਨਹੀਂ ਹੋਵੇਗਾ, ਅੰਤ ਵੇਲਾ ਐਸਾ ਬਣ ਜਾਵੇਗਾ" ॥ ੩੨ ॥

ਨੋਟ:- ਕਵੀ ਜੀ ਗੁਰੂ ਜੀ ਦੀ ਸ਼ਹੀਦੀ ਦੇ ਪ੍ਰਸੰਗ ਨੂੰ ਜਾਣਦੇ ਹਨ ਉਸ ਨੂੰ ਮੁਖ ਰਖ ਕੇ ਆਪ ਜੀ ਨੇ ਕਾਨ੍ਹੇ ਦਾ ਸ੍ਰਾਪ ਬਣਾ ਦਿੱਤਾ ਹੈ। ਗੁਰੂ ਜੀ ਨੂੰ ਸ੍ਰਾਪ ਦੇਣ ਦੀ ਕਾਨ੍ਹੇ ਵਿਚ ਕੀ ਸਮਰੱਥਾ ਸੀ? ਕਵੀ ਜੀ ਇਕ ਪ੍ਰਕਾਰ ਭਗਤ ਕਾਨ੍ਹੇ ਨੂੰ ਗੁਰੂ ਜੀ ਨਾਲੋਂ ਵੱਡਾ ਬਣਾ ਰਹੇ ਹਨ। ਗੁਰੂ ਜੀ ਪ੍ਰਭੂ ਦੀ ਰਜ਼ਾ ਨੂੰ ਮੰਨਦੇ ਹਨ, ਜੋ ਕੁਝ ਵੀ ਹੁੰਦਾ ਹੈ ਪ੍ਰਭੂ ਕਰਦਾ ਹੈ, ਉਹ ਨਾ ਕਿਸੇ ਨੂੰ ਸਰਾਪ ਦਿੰਦੇ ਸਨ ਅਤੇ ਨਾ ਹੀ ਕੋਈ ਉਨ੍ਹਾਂ ਨੂੰ ਸਰਾਪ ਦੇ ਸਕਦਾ ਸੀ।

ਸੁਨਿ ਸ਼੍ਰੀ ਅਰਜਨ ਰਿਦੈ ਬਿਚਾਰੀ ਇਸਨੇ ਦੀਨਹੁਂ ਸ੍ਰਾਪ ਉਦਾਰ।
ਪ੍ਰਥਮ ਮਾਨ ਧਰਿ ਆਵਨਿ ਕੀਨੋ ਭਗਤ ਆਪ ਤੇ ਅਲਪ ਬਿਚਾਰਿ।
ਸ਼ਬਦ ਭਨਯੋ ਅਹੰਕਾਰ ਮਹਾਂ ਜੁਤਿ ਪਢਹਿ ਸੁਨਹਿ ਸੁ ਕਰਹਿ ਹੰਕਾਰ।
ਅਮਿਲ ਜਾਨ ਕਰਿ ਦਯੋ ਹਟਾਇ ਸੁ ਇਸ ਨੇ ਕਰਯੋ ਕ੍ਰੋਧ ਦੁਖਕਾਰ॥ ੩੩ ॥

ਇਹ ਸੁਣ ਕੇ ਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਇਸ ਨੇ ਬਹੁਤ ਵੱਡਾ ਸ੍ਰਾਪ ਦੇ ਦਿੱਤਾ ਹੈ। ਪਹਿਲਾਂ ਵੱਡਾ ਹੰਕਾਰ ਧਾਰ ਕੇ ਆਇਆ ਹੈ ਤੇ ਕਬੀਰ ਆਦਿ ਭਗਤਾਂ ਨੂੰ ਆਪਣੇ ਆਪ ਤੋਂ ਛੋਟਾ ਸਮਝਿਆ ਹੈ। ਵੱਡੇ ਅਹੰਕਾਰ ਵਾਲਾ ਸ਼ਬਦ ਬਣਾਇਆ ਜਿਸ ਨੂੰ ਪੜ੍ਹ ਸੁਣ ਕੇ ਸਾਰੇ ਹੰਕਾਰ ਕਰਨ। ਸਾਡੇ ਆਸ਼ੇ ਨਾਲ ਨਾ ਮਿਲਦਾ ਜਾਣ ਕੇ ਅਸੀਂ ਵਾਪਸ ਕਰ ਦਿੱਤਾ ਹੈ, ਇਸ ਏਨਾ ਵੱਡਾ ਦੁਖਦਾਇਕ ਕ੍ਰੋਧ ਕੀਤਾ ਹੈ॥ ੩੩ ॥

ਹਮ ਜੇ ਸ੍ਰਾਪ ਦੇਹਿਂ ਨਹਿਂ ਇਸ ਕੋ ਅਫਰ ਜਾਇਗੋ ਦੀਰਘ ਮਾਨ।
ਗਨ ਭਗਤਨਿ ਕੋ ਅਲਪ ਜਾਨਿਬੇ ਜੇ ਨ ਮਿਲੈ ਫਲ ਇਸੇ ਮਹਾਨ।
ਇਮ ਬਿਚਾਰਿ ਉਰ, ਬੋਲੇ ਸ਼੍ਰੀ ਗੁਰ, 'ਹਮ ਲਹੌਰ ਤੁਝ ਦੇਹਿਂ ਨ ਜਾਨਿ।
ਰਾਖਹਿਂ ਵਹਿਰ ਮਿੱਤ੍ਰ ਕੋ ਪਾਵਹਿਂ ਅਵਗ਼ਤਿ ਮਰਹਿਂ ਹੋਇ ਹੈਰਾਨ' ॥੩੪॥

ਅਸੀਂ ਜੇ ਹੁਣ ਇਸ ਨੂੰ ਸ੍ਰਾਪ ਨਾ ਦਿੱਤਾ ਤਾਂ ਵੱਡੇ ਹੰਕਾਰ ਨਾਲ ਆਫਰ ਜਾਵੇਗਾ। ਇਸ ਨੇ ਸਭ ਭਗਤਾਂ ਨੂੰ ਆਪਣੇ ਆਪ ਤੋਂ ਛੋਟਾ ਜਾਣਿਆ, ਜੇ ਹੁਣ ਇਸ ਨੂੰ ਇਸ ਦਾ ਮਹਾਨ ਫਲ ਨਾ ਮਿਲਿਆ। ਇਹ ਵਿਚਾਰ ਕੇ ਗੁਰੂ ਜੀ ਬੋਲੇ, "ਅਸੀਂ

Sri Satguru Jagjit Singh Ji eLlibrary NamdhariElibrary@gmail.com

ਤੈਨੂੰ ਲਾਹੌਰ ਪਹੁੰਚਣ ਹੀ ਨਹੀਂ ਦੇਣਾ ਹੈ, ਲਾਹੌਰ ਦੇ ਬਾਹਰ ਹੀ ਤੇਰੀ ਮੌਤ ਹੋ ਜਾਵੇਗੀ, ਅਬਗਤ ਮਰ ਕੇ ਹੈਰਾਨ ਹੋਵੇਂਗਾ' ॥ ੩੦ ॥

ਨੋਟ:- ਮਹਿਮਾ ਪ੍ਰਕਾਸ਼ ਵਿਚ ਕਾਨ੍ਹੇ ਦਾ ਸ੍ਰਾਪ ਦੇਣਾ ਅਤੇ ਗੁਰੂ ਜੀ ਦਾ ਪ੍ਰਤੀ ਸ੍ਰਾਪ ਦੇਣਾ ਨਹੀਂ ਲਿਖਿਆ ਹੈ। ਜਾਪਦਾ ਹੈ ਇਹ ਕਵੀ ਜੀ ਦੇ ਮਨ ਦੀ ਕਾਢ ਹੈ। ਸ੍ਰਾਪ ਕਿਸੇ ਨੇ ਨਹੀਂ ਦਿੱਤਾ।

ਸੁਨਿਕੈ ਪੁਨ ਕਾਨ੍ਹਾ 'ਭਨਿ ਬੈਨਨਿ 'ਬਰਖ ਪੰਚ ਸੈ ਉਮਰ ਬਿਸਾਲ।
ਬਿਘਨ ਅਨੇਕ ਸਮੀਪ ਨ ਆਵਹਿਂ ਜੋਗ ਅਭਜਾਸ ਕਰੋਂ ਸਭਿ ਕਾਲ।
ਕਾਲ ਜਾਲ ਜਹਿਂ ਪੌਹਿ ਨ ਸਾਕਹਿਂ ਅਸ ਮਠ ਮਹਿਂ ਬਾਸੋਂ ਨਿਸਚਾਲਿ।
ਮੈਂ ਨ ਮਰੋਂ, ਤੁਮ ਸ੍ਰਾਪ ਬਿਫਲ ਹ੍ਵੈ, ਦਸਮਦ੍ਵਾਰ ਕੀ ਕਰੋਂ ਸੰਭਾਲ' ॥ ੩੫ ॥

ਇਹ ਸੁਣ ਕੇ ਕਾਨ੍ਹੇ ਨੇ ਫਿਰ ਕਿਹਾ, "ਮੇਰੀ ਪੰਜ ਸੌ ਸਾਲ ਦੀ ਵੱਡੀ ਉਮਰ ਹੋਵੇਗੀ। ਕੋਈ ਵੀ ਵਿਘਨ ਮੇਰੇ ਨੇੜੇ ਨਹੀਂ ਆਵੇਗਾ, ਸਾਰਾ ਸਮਾਂ ਮੈਂ ਯੋਗ ਅਭਿਆਸ ਕਰਾਂਗਾ। ਕਾਲ ਜਾਲ ਮੇਰੇ ਨੇੜੇ ਨਹੀਂ ਆਵੇਗਾ। ਇਸ ਤਰ੍ਹਾਂ ਮਠ ਵਿਚ ਅਚਲ ਬੈਠਾਂਗਾ। ਮੈਂ ਨਹੀਂ ਮਰਾਂਗਾ, ਤੁਹਾਡਾ ਸ੍ਰਾਪ ਅਜਾਈਂ ਜਾਵੇਗਾ, ਸਵਾਸਾਂ ਨੂੰ ਮੈਂ ਦਸਵੇਂ ਦਵਾਰ ਵਿਚ ਸੰਭਾਲ ਕਰਾਂਗਾ' ॥ ੩੫ ॥

ਸ੍ਰੀ ਅਰਜਨ ਕਹਿ 'ਜੌਨ ਮਠੀਲੀ ਬਸ ਕਰਿ ਧਾਰਤਿ ਬਡ ਅਭਿਮਾਨ।
ਸੋ ਫੂਟਹਿਗੀ, ਬਸਹਿਂ ਕਹਾਂ ਫੁਨ, ਕਰਹੁ ਅਬਹਿ ਪਰਲੋਕ ਪਯਾਨ।
ਜਿਯਬੋ ਆਸ ਨ ਧਰਿ, ਨਿਰਾਸ ਬਨਿ, ਹਾਡ ਪਿੰਜਰੇ ਪ੍ਰੇਮ ਨ ਠਾਨਿ।
ਜੀਵਤਿ ਰਹਜੋ ਸਮੈਂ ਬਹੁਤੇਰੋ ਜਿਸ ਤੇ ਉਰ ਹੰਕਾਰ ਮਹਾਨ' ॥ ੩੬ ॥

ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜਿਸ ਦੇਹ ਰੂਪੀ ਮਠ ਵਿਚ ਬੈਠ ਕੇ ਏਨਾ ਹੰਕਾਰ ਧਾਰਨ ਕਰਦਾ ਹੈਂ, ਉਹ ਦੇਹ ਛੁਟ ਜਾਵੇਗੀ, ਫਿਰ ਕਿਥੇ ਵਸੇਂਗਾ, ਹੁਣ ਪਰਲੋਕ ਨੂੰ ਜਾਣ ਦੀਆਂ ਤਿਆਰੀਆਂ ਕਰੋ, ਬਹੁਤ ਸਮਾਂ ਤੂੰ ਜੀਅ ਲਿਆ ਹੈ, ਜਿਸ ਕਰਕੇ ਹਿਰਦੇ ਵਿਚ ਏਨਾ ਹੰਕਾਰ ਵਧਾਇਆ ਹੈ" ॥ ੩੬ ॥

ਦੋਹਰਾ- ਕਿਤਿਕ ਕਾਲ ਤੂਸ਼ਨਿ ਭਏ ਸਭਾ ਬਿਖੈ ਸਭਿ ਕੋਇ।
ਬਿਸਮੇ ਸੁਨਿ ਕੈ ਸ੍ਰਾਪ ਬਡਿ ਹੋਨੀ ਹੋਇਸੁ ਹੋਇ ॥ ੩੭ ॥

ਸਭਾ ਵਿਚ ਕਾਫੀ ਸਮੇਂ ਤਕ ਸਾਰੇ ਚੁਪ ਬੈਠੇ ਰਹੇ, ਵੱਡੇ ਸ੍ਰਾਪ ਸੁਣ ਕੇ ਸਾਰੇ ਹੈਰਾਨ ਸਨ ਕਿ ਜੋ ਹੋਣੀ ਕਰੇਗੀ ਉਸ ਤਰ੍ਹਾਂ ਹੀ ਹੋਵੇਗਾ ੩੭ ॥

ਰਿਦਾ ਗਿਰਾ ਹਿਤ ਮੇਲਿਬੇ ਮਿਲੇ ਹੁਤੇ ਇਕ ਥਾਨ।
ਭਾਵੀ ਨੇ ਐਸੀ ਕਰੀ ਬਧਯੋ ਬਿਯੋਗ ਮਹਾਨ ॥ ੩੮ ॥

ਹਿਰਦੇ ਦਾ ਭਾਵ ਤੇ ਬਾਣੀ ਦੇ ਮੇਲਣ ਵਾਸਤੇ ਇਕ ਥਾਂ ਮਿਲੇ ਸਨ। ਭਾਵੀ ਨੇ ਇਸ ਤਰ੍ਹਾਂ ਕੀਤਾ ਕਿ ਮਹਾਨ ਵਿਓਗ ਵਧਿਆ ॥ ੩੮ ॥

*ਤੀਸਰੀ ਰਾਸ ਦਾ ਛਿਆਲੀਵਾਂ ਅਧਿਆਇ ਸਮਾਪਤ ਹੋਇਆ ॥ ੪੬ ॥*

❖❖❖

# ਅਧਿਆਇ ਸੰਤਾਲੀਵਾਂ

*ਕਾਨ੍ਹਾ ਮਰ ਗਿਆ, ਕਾਂਸ਼ੀ ਤੋਂ ਪੰਡਿਤ, ਸਲੋਕ ਸਹਸਕ੍ਰਿਤੀ*

ਦੋਹਰਾ-ਕਿਤਿਕ ਕਾਲ ਤੂਸ਼ਨ ਰਹੇ ਸਭਾ ਨ ਬੋਲਜੋ ਕੋਇ।
ਸ੍ਰੀ ਅਰਜਨ ਪੀਲੋ ਦਿਸ਼ਾ ਕੀਨਿ ਬਿਲੋਚਨ ਜੋਇ॥ ੧॥

ਕਾਫੀ ਸਮੇਂ ਤਕ ਚੁਪ ਛਾਈ ਰਹੀ, ਸਭਾ ਵਿਚ ਕੋਈ ਨਾ ਬੋਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੀਲੋ ਵਲ ਨੇਤਰ ਕਰਕੇ ਵੇਖਿਆ॥ ੧॥

ਸੈਯਾ ਛੰਦ- 'ਪੀਲੋ ਭਗਤ ਆਪਨੋ ਮਤ ਕਹੁ ਹਮਹਿ ਸੁਨਾਵੋ ਸ਼ਬਦ ਬਨਾਇ।
ਜਿਸਤੇ ਗੁਰਮਤਿ ਹੁਇ ਉਪਦੇਸ਼ਨਿ ਸਿਮਰਹਿ ਪਰਮੇਸ਼ੁਰ ਲਿਵਲਾਇ।
ਹੋਇ ਸ਼੍ਰੇਯ ਮਗ ਲਹਹਿਂ ਸੁਗਮ ਹੀ ਭਾਉ ਭਗਤਿ ਤੇ ਸੰਗ ਮਿਲਾਇ'।
ਸੁਨਤਿ ਸਭਾ ਮਹਿਂ ਸ਼ਬਦ ਬਖਾਨਜੋ ਪੀਲੋ ਅਪਨੋ ਮਤੋ ਸੁਨਾਇ॥ ੨॥

"ਹੇ ਪੀਲੋ ਭਗਤ! ਆਪਣਾ ਮੱਤ ਕਹੋ, ਸਾਨੂੰ ਸ਼ਬਦ ਬਣਾ ਕੇ ਸੁਣਾਓ। ਜਿਸ ਵਿਚ ਗੁਰਮਤਿ ਦਾ ਉਪਦੇਸ਼ ਹੋਵੇ, ਜਿਸ ਕਰਕੇ ਲਿਵ ਲਾ ਕੇ ਪ੍ਰਮੇਸ਼ਰ ਦਾ ਸਿਮਰਨ ਕਰਨ। ਪ੍ਰੇਮ ਭਗਤੀ ਨੂੰ ਨਾਲ ਮਿਲਾ ਕੇ ਸੌਖੇ ਹੀ ਮੁਕਤੀ ਦਾ ਮਾਰਗ ਪ੍ਰਾਪਤ ਕਰ ਲੈਣ।" ਇਹ ਸੁਣ ਕੇ ਸ਼ਬਦ ਬੋਲ ਕੇ ਆਪਣਾ ਮੱਤ ਸੁਣਾ ਦਿੱਤਾ॥ ੨॥

*ਪੀਲੋ ਵਾਚੁ॥*

*ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੁਏ।*
*ਓਨਾਂ ਚਿੱਕੜ ਪਾਵ ਨ ਬੋੜਿਆ ਨਾ ਆਲੂਦ ਭਏ॥*

ਹੇ ਪੀਲੋ ਸਾਡੇ ਨਾਲੋਂ ਤਾਂ ਉਹੀ ਚੰਗੇ ਹਨ, ਜਿਹੜੇ ਜੰਮਦੇ ਹੀ ਮਰ ਗਏ ਹਨ। ਉਨ੍ਹਾਂ ਸੰਸਾਰ ਰੂਪ ਚਿੱਕੜ ਵਿਚ ਪੈਰ ਨਹੀਂ ਡੋਬਿਆ ਹੈ ਤੇ ਨਾ ਹੀ ਉਹ ਵਿਸ਼ਿਆਂ ਦੀ ਮੈਲ ਨਾਲ ਮੈਲੇ ਹੋਏ ਹਨ॥

ਸੈਯਾ ਛੰਦ-'ਇਹ ਭੀ ਨਹਿਂ ਪ੍ਰਮਾਨ ਹਮ ਕਰਿ ਹੈਂ ਜਿਸ ਮਹਿਂ ਨਹੀਂ ਭਗਤਿ ਉਪਦੇਸ਼।
ਸ੍ਰੀ ਕਰਤਾਰ ਕੇਰ ਇਹ ਭਾਣਾ ਜੰਮਣ ਮਰਣਾ ਸੀਸ ਅਸੇਸ।
ਪਾਇ ਜਨਮ ਨਰ ਲਾਭ ਲੇਯ ਸ਼ੁਭ, ਭਜਹਿ ਸਦਾ ਸਤਿਨਾਮੁ ਵਿਸ਼ੇਸ਼।
ਮਾਨਹਿ ਹੁਕਮ ਖਸਮ ਕੋ ਨੀਕੋ ਤਜਾਗਹਿ ਹਉਮੈਂ ਸਹਤ ਕਲੇਸ਼' ॥ ੩॥

"ਇਸ ਨੂੰ ਵੀ ਅਸੀਂ ਪ੍ਰਵਾਨ ਨਹੀਂ ਕਰਦੇ ਹਾਂ, ਜਿਸ ਵਿਚ ਭਗਤੀ ਦਾ ਉਪਦੇਸ਼ ਹੀ ਨਹੀਂ ਹੈ। ਸ੍ਰੀ ਕਰਤਾਰ ਦੇ ਭਾਣੇ ਵਿਚ ਹੀ ਜੰਮਣਾ ਮਰਣਾ ਸਾਰਿਆਂ ਦੇ ਸਿਰ ਹੈ। ਜਨਮ ਪਾ ਕੇ ਮਨੁੱਖ ਸ਼ੁਭ ਲਾਭ ਲਵੇ ਅਤੇ ਸਦਾ ਸਤਿਨਾਮ ਦਾ ਭਜਨ ਕਰੇ, ਖਸਮ ਪ੍ਰਭੂ ਦੇ ਹੁਕਮ ਨੂੰ ਚੰਗੀ ਤਰ੍ਹਾਂ ਮੰਨੇ ਅਤੇ ਹਉਮੈਂ ਕਲੇਸ਼ ਸਹਿਤ ਛੱਡ ਦੇਵੇ" ॥ ੩॥

ਦੋਹਰਾ-'ਛੱਜੂ ਕਹੁ ਮਤ ਆਪਨੋ ਜਸ ਨਿਸ਼ਚਾ ਮਨ ਕੀਨਿ'।
ਗੁਰ ਆਇਸੁ ਕੋ ਮਾਨਿ ਕਰਿ ਬੋਲਜੋ ਸ਼ਬਦ ਨਵੀਨ॥ ੪॥

ਫਿਰ ਗੁਰੂ ਨੇ ਕਿਹਾ, "ਛੱਜੂ ਭਗਤ! ਤੁਸੀਂ ਵੀ ਆਪਣਾ ਮੱਤ ਕਹੋ ਜਿਵੇਂ ਤੁਸੀਂ ਮਨ ਵਿਚ ਨਿਸ਼ਚਾ ਕੀਤਾ ਹੈ।" ਭਗਤ ਛੱਜ ਨੇ ਵੀ ਗੁਰ ਜੀ ਦੀ ਆਗਿਆ ਮੰਨ ਕੇ ਆਪਣੇ ਨਵੇਂ ਸ਼ਬਦ ਨੂੰ ਬੋਲ ਕੇ ਸੁਣਾਇਆ॥ ੪॥

Sri Satguru Jagjit Singh Ji eLlibrary NamdhariElibrary@gmail.com

ਛੱਜੂ ਵਾਚ॥

ਕਾਗਦ ਸੰਦੀ ਪੂਤਲੀ ਤਊ ਨ ਤ੍ਰਿਯਾ ਨਿਹਾਰ।
ਯੌਂ ਹੀ ਮਾਰ ਲਿਜਾਵਹੀ ਜਥਾ ਬਲੋਚਨਿ ਧਾਰ॥ ੧॥

ਇਸਤਰੀ ਕਾਗਜ਼ ਦੀ ਪੁਤਲੀ ਸਮਾਨ ਹੈ, ਇਸ ਕਰਕੇ ਇਸ ਨੂੰ ਨਾ ਵੇਖੋ। ਇਹ ਬਿਲੋਚਾ ਦੀ ਧਾੜ ਵਾਂਗ ਉਂਝ ਹੀ ਤੁਹਾਨੂੰ ਮਾਰ ਕੇ ਲੈ ਜਾਵੇਗੀ॥ ੧॥

*ਸੈਯਾ ਛੰਦ*– 'ਛੱਜੂ ਭਗਤ ਸੁਨੋ ਮਤਿ ਹਮਰੋ ਪੰਥ ਰਚਯੋ ਕਰਿਬੇ ਸਤਿਸੰਗ।
ਸਿਮਰਹਿਂ ਮਿਲਿ ਕਰਿ ਸ੍ਰੀ ਪਰਮੇਸੁਰ ਗ੍ਰਿਹਸਤ ਬਿਖੈ ਲਿਵਲਾਇਂ ਅਭੰਗ।
ਕਾਰ ਧਰਮ ਕੀ ਕਰਿ ਗੁਜ਼ਰਾਨਹਿਂ, ਸੇਵਹਿਂ ਸੰਤਨਿ ਸਹਤ ਉਮੰਗ।
ਭਾਉ ਭਗਤਿ ਕਰਿ ਜਗਤ ਸੁ ਤਰਿ ਹੈਂ, ਸੱਤਿਨਾਮ ਕੋ ਚਢਿਬੋ ਰੰਗ॥ ੫॥

"ਹੇ ਛੱਜੂ ਭਗਤ! ਸੁਣੋ, ਅਸੀਂ ਇਹ ਪੰਥ ਸਤਿਸੰਗ ਕਰਨ ਵਾਸਤੇ ਬਣਾਇਆ ਹੈ। ਸਾਰੇ ਇਕ ਰਸ ਗ੍ਰਹਿਸਤ ਵਿਚ ਰਹਿ ਕੇ ਇਕੱਠੇ ਹੋ ਕੇ ਮਿਲ ਕੇ ਪ੍ਰਮੇਸ਼ਰ ਦਾ ਸਿਮਰਨ ਕਰਨ। ਧਰਮ ਦੀ ਕਿਰਤ ਕਰਕੇ ਗੁਜ਼ਾਰਾ ਕਰਨ ਅਤੇ ਬੜੇ ਉਤਸ਼ਾਹ ਨਾਲ ਸੰਤਾਂ ਦੀ ਸੇਵਾ ਕਰਨ। ਪ੍ਰੇਮ ਭਗਤੀ ਕਰਕੇ ਭਵਸਾਗਰ ਨੂੰ ਤਰ ਜਾਣਗੇ ਅਤੇ ਸਤਿਨਾਮ ਦਾ ਗੂੜ੍ਹਾ ਰੰਗ ਚੜ੍ਹ ਜਾਵੇਗਾ॥ ੫॥

ਗ੍ਰਿਹਸਤ ਬਿਨਾਂ ਨਹਿਂ ਅਪਰ ਜਤਨ ਅਬਿ ਬਨ ਮੈਂ ਛੁਧਿਤ ਰਹਯੋ ਨਹਿਂ ਜਾਇ।
ਨਗਰ ਨਿਕਟ ਜਬਿ ਰਹਨਿ ਲਗੇ ਇਹੁ ਨਰ ਨਾਰੀ ਮਿਲਿ ਹੈਂ ਸਮੁਦਾਇ।
ਮਿਲੇ ਬੀਚ ਮਨ ਨਹਿਂ ਬਿਕਾਰ ਹੁਇ ਅਸ ਬਿਰਲੋ ਜਗ ਮਹਿਂ ਕੋ ਆਇ।
ਕਿਮ ਨਹਿਂ ਤ੍ਰਿਯ ਕੋ ਪਿਖਹਿਂ ਤਜਾਗ ਕਰਿ, ਯਾਂਤੇ ਗ੍ਰਹਸਤ ਬਿਖੈ ਪ੍ਰਭੁ ਪਾਇਂ॥ ੬॥

ਗ੍ਰਹਿਸਤ ਤੋਂ ਬਗੈਰ ਹੋਰ ਕੋਈ ਯਤਨ ਨਹੀਂ ਹੈ। ਜੰਗਲਾਂ ਵਿਚ ਭੁੱਖਿਆਂ ਨਹੀਂ ਰਿਹਾ ਜਾ ਸਕਦਾ। ਨਗਰ ਨੇੜੇ ਜਦ ਨਰ ਨਾਰੀ ਮਿਲ ਕੇ ਰਹਿਣ ਲੱਗੇ। ਇਕੱਠ ਵਿਚ ਰਹਿਣ ਨਾਲ ਮਨ ਵਿਚ ਵਿਕਾਰ ਨਹੀਂ ਆਉਂਦਾ, ਐਸਾ ਕੋਈ ਵਿਰਲਾ ਹੀ ਜਗਤ ਵਿਚ ਆਉਂਦਾ ਹੈ। ਇਸਤਰੀ ਦਾ ਤਿਆਗ ਧਾਰਨ ਕਰਕੇ ਕਿਵੇਂ ਨਾ ਵੇਖੇਗਾ, ਇਸ ਕਰਕੇ ਗ੍ਰਹਿਸਤ ਵਿਚ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ॥ ੬॥

ਨਿਜ ਤਨ ਤੇ ਸ੍ਰਮ ਕਰੈਂ ਖਾਟ ਧਨ ਬਹੁਰ ਬਾਂਟ ਕਰਿ ਭੋਜਨ ਖਾਇਂ।
ਬਿਨ ਹੰਕਾਰ ਕਰਹਿ ਸਤਿਸੰਗਤਿ ਪੰਗਤਿ ਬੈਠਿ ਭਗਤਿ ਕਰਿ ਭਾਇ।
ਸ੍ਰੀ ਪ੍ਰਭੁ ਕੀ ਇਕ ਸ਼ਰਨਿ ਬਿਨਾਂ ਅਬਿ ਅਪਰ ਜਤਨ ਕੋ ਸਮੋ ਨ ਕਾਇ।
ਯਾਂਤੇ ਗ੍ਰਿਹਸਤ ਬਿਖੈ ਉਪਦੇਸ਼ਨ ਕਰਤਿ ਕਿਰਤ ਹਰਿ ਨਹਿਂ ਬਿਸਰਾਇ॥ ੭॥

ਆਪ ਮਿਹਨਤ ਕਰੇ ਤੇ ਧਨ ਕਮਾ ਕੇ ਫਿਰ ਵੰਡ ਕੇ ਭੋਜਨ ਖਾਵੇ। ਹੰਕਾਰ ਰਹਿਤ ਹੋ ਕੇ ਸਤਿਸੰਗਤ ਕਰੇ ਅਤੇ ਪੰਗਤ ਵਿਚ ਬੈਠ ਕੇ ਪ੍ਰੇਮ ਧਾਰ ਕੇ ਭਗਤੀ ਕਰੇ। ਇਕ ਪ੍ਰਭੂ ਦੀ ਸ਼ਰਨ ਬਗੈਰ ਹੁਣ ਹੋਰ ਯਤਨਾਂ ਦਾ ਕੋਈ ਸਮਾਂ ਨਹੀਂ ਹੈ। ਇਸ ਕਰਕੇ ਗ੍ਰਹਿਸਤ ਵਿਚ ਕਿਰਤ ਕਰਨ ਦਾ ਉਪਦੇਸ਼ ਕਰਦੇ ਹਾਂ ਤੇ ਕਿਰਤ ਕਰਦਿਆਂ ਕਦੀ ਵੀ ਹਰੀ ਨੂੰ ਨਹੀਂ ਵਿਸਾਰਨਾ ਚਾਹੀਦਾ"॥ ੭॥

ਦੋਹਰਾ-ਆਇਸੁ ਗੁਰ ਕੀ ਪਾਇ ਕਰਿ ਬੋਲਜੋ ਸ਼ਾਹੁ ਹੁਸੈਨ।
ਸਭਾ ਬਿਖੈ ਸਭਿ ਹੀ ਸੁਨਹਿੰ ਤਿਸ ਕੀ ਦਿਸ਼ ਦਰਿ ਨੈਨ ॥੮॥

ਗੁਰੂ ਜੀ ਦੀ ਆਗਿਆ ਪਾ ਕੇ ਸ਼ਾਹ ਹੁਸੈਨ ਬੋਲਿਆ। ਸਭਾ ਵਿਚ ਸਾਰੇ ਸਿੱਖ ਉਸ ਪਾਸੇ ਅੱਖਾਂ ਕਰਕੇ, ਉਸ ਨੂੰ ਸੁਣਦੇ ਸਨ।

*ਸ਼ਾਹੁ ਹੁਸੈਨੋ ਬਾਰ॥*

*ਚੁੱਪ ਵੇ ਅੜਿਆ ਚੁੱਪ ਵੇ ਅੜਿਆ।*
*ਬੋਲਣ ਦੀ ਨਹੀਂ ਜਾਇ ਵੇ ਅੜਿਆ। ਸੱਜਣਾ ਬੋਲਣ ਦੀ ਜਾਇ ਨਾਹੀਂ।*
*ਅੰਦਰ ਬਾਹਰ ਹਿੱਕਾ ਸਾਈਂ। ਕਿਸਨੂੰ ਆਖ ਸੁਣਾਈ।*
*ਇਕੋ ਦਿਲਬਰ ਸਭਿ ਘਟ ਰਵਿਆ ਦੂਜੀ ਨਹੀਂ ਕਦਾਈਂ।*
*ਕਹੇ ਹੁਸੈਨ ਫਕੀਰ ਨਿਮਾਣਾ ਸਤਿਗੁਰ ਥੋਂ ਬਲਿ ਬਲਿ ਜਾਂਹੀ ॥੧॥*

ਹੇ ਭਾਈ ਚੁਪ ਰਹੋ, ਚੁਪ ਰਹੋ, ਇਹ ਬੋਲਣ ਦਾ ਸਥਾਨ ਨਹੀਂ ਹੈ, ਹੇ ਪਿਆਰੇ ਇਹ ਬੋਲਣ ਦੀ ਜਗ੍ਹਾ ਨਹੀਂ ਹੈ। ਅੰਦਰ ਬਾਹਰ ਇਕੋ ਪ੍ਰਭੂ ਹੈ, ਕਿਸ ਨੂੰ ਕਹਿ ਕੇ ਸੁਣਾਵਾਂ। ਇਕ ਪਿਆਰਾ ਘਟ-ਘਟ ਵਿਚ ਸਮਾਇਆ ਹੋਇਆ ਹੈ, ਦੂਸਰਾ ਹੋਰ ਕੋਈ ਨਹੀਂ ਹੈ। ਗਰੀਬ ਫਕੀਰ ਹੁਸੈਨ ਕਹਿੰਦਾ ਹੈ, ਸਤਿਗੁਰੂ ਤੋਂ ਬਲਿਹਾਰ ਜਾਵਾਂ॥ ੧॥

*ਸੈਯਾ ਛੰਦ-* ਸ੍ਰੀ ਅਰਜਨ ਮੁਸਕਾਵਤ ਬੋਲੇ ਕਰੁਨਾ ਭਰੇ ਰਸੀਲੇ ਨੈਨ।
'ਭਲਾ ਕਹਜੋ ਚੁਪ ਕਰਹੁ ਰਿਦੈ ਰਖਿ, ਰਹਹੁ ਅਬੋਲੇ ਸ਼ਾਹ ਹੁਸੈਨਾ'।
ਇਹ ਤੀਨਹੁ ਸ਼੍ਰੀ ਗੁਰ ਕੇ ਸਨਮੁਖ ਪ੍ਰਤਿ ਉੱਤਰ ਕੋ ਕਹਜੋ ਨ ਬੈਨ।
ਭਏ ਪ੍ਰਥਮ ਹੀ ਸ੍ਰਾਪ ਘੋਰ ਬਹੁ ਯਾਂਤੇ ਸ਼ਾਂਤਿ ਕੀਨਿ ਮਨ ਚੈਨ॥ ੯॥

ਸ੍ਰੀ ਗੁਰੂ ਅਰਜਨ ਦੇਵ ਜੀ ਰਸੀਲੇ ਨੈਣਾਂ ਵਿਚ ਕਿਰਪਾ ਧਾਰਨ ਕਰਕੇ ਬੋਲੇ, "ਭਲਾ ਕਿਹਾ ਹੈ ਚੁਪ ਕਰੋ, ਹਿਰਦੇ ਵਿਚ ਰਖੋ, ਹੇ ਸ਼ਾਹ ਹੁਸੈਨ ਅਬੋਲ ਰਹੋ।" ਇਨ੍ਹਾਂ ਤਿੰਨਾਂ ਨੇ ਗੁਰੂ ਜੀ ਦੇ ਸਨਮੁਖ ਕੋਈ ਪ੍ਰਤਿਕੂਲ ਉੱਤਰ ਨਾ ਬੋਲਿਆ। ਪਹਿਲਾਂ ਹੀ ਘੋਰ ਸ੍ਰਾਪ ਦਿੱਤਾ ਹੈ। ਇਸ ਕਰਕੇ ਉਨ੍ਹਾਂ ਮਨ ਦੇ ਚੈਨ ਨੂੰ ਸ਼ਾਂਤ ਰਖਿਆ॥ ੯॥

ਅਨਰਸ ਭਯੋ ਸੰਗ ਸ਼੍ਰੀ ਗੁਰ ਕੇ ਉਠਿ ਕਰਿ ਗਮਨੇ ਲਵਪੁਰਿ ਓਰ।
ਸ਼੍ਰੀ ਅੰਮ੍ਰਿਤਸਰ ਨਹੀਂ ਬਾਸ ਕਿਯ, ਬਸ ਨ ਚਲਜੋ ਕੁਛ ਲਖਿ ਗੁਰ ਜੋਰ।
ਨਿਜ ਆਵਨਿ ਕੌ ਕਰਿ ਪਛੁਤਾਵਨਿ ਲਹਜੋ ਅਨਾਦਰ ਸ੍ਰਾਪ ਜੁ ਘੋਰ।
ਰਹਤਿ ਸਦਨ ਅਪਨੇ ਚਿਤ ਹਰਖਤਿ ਕਿਮ ਆਵਤਿ ਇਮ ਹੁਇ ਇਸ ਠੌਰ ॥੧੦॥

ਸ੍ਰੀ ਗੁਰੂ ਜੀ ਦੇ ਸੰਗ ਅਜੋੜ ਹੋ ਗਏ ਤੇ ਉੱਠ ਕੇ ਲਾਹੌਰ ਨੂੰ ਚਲੇ ਗਏ। ਸ੍ਰੀ ਅੰਮ੍ਰਿਤਸਰ ਵਿਖੇ ਨਹੀਂ ਠਹਿਰੇ, ਕਿਉਂਕਿ ਗੁਰੂ ਜੀ ਦਾ ਆਤਮਕ ਬਲ ਜਾਣ ਕੇ ਉਨ੍ਹਾਂ ਦਾ ਵੱਸ ਨਾ ਚਲਿਆ। ਆਪਣੇ ਆਉਣ ਉਤੇ ਬਹੁਤ ਪਛੁਤਾਏ, ਅਨਾਦਰ ਅਤੇ ਘੋਰ ਸ੍ਰਾਪ ਲਿਆ। ਆਪਣੇ ਘਰ ਵਿਚ ਰਹਿ ਕੇ ਖੁਸ਼ ਰਹਿੰਦੇ, ਜੇ ਜਾਣਦੇ ਏਥੇ ਇਸ ਤਰ੍ਹਾਂ ਹੋਣਾ ਹੈ ਤਾਂ ਕਿਉਂ ਆਉਂਦੇ॥ ੧੦॥

ਤਬਿ ਸਜੰਦਨ ਮਹਿਂ ਕਾਨ੍ਹਾ ਚਢਿ ਕਰਿ ਬੈਠਜੋ ਪਦਮਾਸਨ ਕਉ ਮਾਰਿ।
ਮਹਾਂ ਯੋਗ ਅੱਭਜਾਸੀ ਬਲ ਤੇ ਪੌਨ ਚਢਾਈ ਦਸਮੋਂ ਦ੍ਵਾਰ।

ਸ੍ਰੀ ਅਰਜਨ ਕੇ ਸ੍ਰਾਪ ਕਹੇ ਤੇ ਚਿਤਵਤਿ ਚਿਤ ਮਹਿਂ ਬਹੁ ਡਰ ਧਾਰਿ।
ਨਹਿਂ ਸਰੀਰ ਸੁਧਿ ਟਿਕੇ ਸ੍ਵਾਸ ਜਬਿ ਗਮਨੇ ਮਾਰਗ ਭਗਤ ਸੁ ਚਾਰ॥ ੧੧॥

ਤਦ ਕਾਨ੍ਹਾ ਰੱਥ ਵਿਚ ਚੜ੍ਹ ਕੇ ਬੈਠ ਗਿਆ ਤੇ ਉਸ ਨੇ ਪਦਮ ਆਸਣ ਵਿਚ ਚੌਕੜਾ ਮਾਰ ਲਿਆ। ਮਹਾਨ ਯੋਗ ਅਭਿਆਸ ਦੇ ਬਲ ਨਾਲ ਸੁਰਤ ਦਸਵੇਂ ਦੁਆਰ ਚੜ੍ਹਾ ਲਈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ੍ਰਾਪ ਨੂੰ ਚਿਤ ਵਿਚ ਯਾਦ ਕਰਕੇ ਬਹੁਤ ਡਰ ਰਿਹਾ ਸੀ। ਸਰੀਰ ਦੀ ਸੁਧ ਟਿਕਦੀ ਨਹੀਂ ਸੀ, ਚਾਰ ਸ੍ਰੇਸ਼ਟ ਭਗਤ ਮਾਰਗ ਤੇ ਜਦ ਪਏ॥ ੧੧॥

ਚਲਤਿ ਕੁਸੋਂਨ ਮਾਨਿ ਕਰਿ ਤੀਨਹੁ ਜਾਨੀ ਮਨ ਹੁਇ ਬਿਘਨ ਮਹਾਨ।
ਸਗਰੇ ਬਾਸੁਰ ਗਮਨੇ ਮਾਰਗ ਕੇਤਿਕ ਘਟੀ ਰਹਜੋ ਦਿਨ ਆਨ।
ਲਵਪੁਰਿ ਲਗੇ ਬਿਲੋਕਨਿ ਤਬਿਹੂੰ ਤ੍ਰਾਸ ਛੋਰ ਕਰਿ ਭੀ ਸੁਖ ਮਾਨ।
ਸੂਤ ਜਾਤਿ ਸਜੰਦਨ ਕੋ ਪ੍ਰੇਰਤਿ ਅਤਿ ਤੂਰਨਤਾ ਚਲਿਬੇ ਠਾਨਿ॥ ੧੨॥

ਚਲਦੇ ਸਮੇਂ ਬੜੇ ਮਾੜੇ ਸ਼ਗਨ ਹੋਏ ਮੰਨ ਕੇ ਤਿੰਨੇ ਸਮਝ ਗਏ ਕਿ ਕੋਈ ਮਹਾਨ ਵਿਘਨ ਹੋਵੇਗਾ। ਸਾਰਾ ਦਿਨ ਚਲਦੇ ਰਹੇ, ਕੁਝ ਘੜੀਆਂ ਹੀ ਦਿਨ ਰਹਿ ਗਿਆ। ਫਿਰ ਲਾਹੌਰ ਨੂੰ ਵੇਖਣ ਲੱਗੇ ਤਦ ਡਰ ਛੱਡ ਕੇ ਕੁਝ ਸੁਖ ਦਾ ਸਾਹ ਲਿਆ। ਰਥਵਾਹੀ ਰੱਥ ਨੂੰ ਹਿਕੀ ਜਾਂਦਾ ਸੀ ਅਤੇ ਘੋੜਿਆਂ ਨੂੰ ਬਹੁਤ ਤੇਜ਼ ਭਜਾਈ ਜਾ ਰਿਹਾ ਸੀ॥ ੧੨॥

ਤਿਸ ਛਿਨ ਮਹਾਂ ਪ੍ਰਭੰਜਨ ਗਮਨੀ, ਭੰਜਨ ਬ੍ਰਿਛ ਅਨੇਕਨਿ ਕੇਰ।
ਕੰਕਰ ਸਹਤ ਧੂਲ ਬਹੁ ਉਡ ਕਰਿ ਪਸਰੀ ਜਿਤ ਕਿਤ ਗਗਨ ਬਡੇਰ।
ਲੋਕਨਿ ਪਸੁਨਿ ਬਿਲੋਚਨ ਮੂੰਦੇ, ਆਗੇ ਪਾਛੇ ਜਾਇ ਨ ਹੇਰ।
ਬਜਾਕੁਲ ਕਰੇ ਜੀਵ ਬਹੁ ਜਿਸਨੇ ਬਡੀ ਅੰਧੇਰੀ ਕੀਨਿ ਅੰਧੇਰ॥ ੧੩॥

ਉਸ ਸਮੇਂ ਭਾਰੀ ਹਨੇਰੀ ਚੱਲੀ, ਜਿਹੜੀ ਅਨੇਕਾਂ ਬ੍ਰਿਛਾਂ ਦੇ ਭੰਨਣ ਵਾਲੀ ਸੀ। ਪੱਥਰਾਂ ਦੇ ਨਾਲ ਧੂੜ ਉੱਡ ਉੱਡ ਕੇ ਅਕਾਸ਼ ਵਿਚ ਛਾ ਗਈ। ਲੋਕਾਂ ਅਤੇ ਪਸ਼ੂਆਂ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਸਨ, ਅੱਗੇ ਪਿਛੇ ਕੁਝ ਦਿਖਾਈ ਨਹੀਂ ਸੀ ਦਿੰਦਾ। ਸਾਰੇ ਜੀਵਾਂ ਨੂੰ ਬਹੁਤ ਵਿਆਕੁਲ ਕੀਤਾ। ਵੱਡੀ ਹਨੇਰੀ ਨੇ ਸਾਰੇ ਹਨੇਰਾ ਕਰ ਦਿੱਤਾ॥ ੧੩॥

ਤ੍ਰਾਸ ਕਰੇ ਵਾਹਨ ਤਿਹ ਬਿਦਕੇ ਇਤ ਉਤ ਫਿਰੇ ਭ੍ਰਮਤ ਤਜਿ ਰਾਹੁ।
ਜੋਰ ਜਤਨ ਕਰਿ ਹਾਥ ਡੋਰ ਧਰਿ ਬਹੁਤ ਸਾਰਥੀ ਰੋਕਹਿ ਤਾਂਹੁ।
ਬਿਖਮ ਥਾਨ ਤਬਿ ਉਲਟਜੋ ਰਥ, ਗਿਰ ਕਾਨ੍ਹਾ, ਪਰਜੋ ਭੂਮ ਕੇ ਮਾਂਹੁ।
ਨਹਿਂ ਸੁਧਿ ਲਈ ਗਈ ਕਿਸਹੂੰ ਤੇ ਕਰਹਿਂ ਉਚਾਵਨਿ ਜੇ ਤਿਸ ਪਾਹੁ॥ ੧੪॥

ਘੋੜੇ ਤ੍ਰੁੱਬਕ ਕੇ ਰਾਹ ਛੱਡ ਕੇ ਏਧਰ ਓਧਰ ਭੱਜਣ ਲੱਗ ਗਏ। ਰਥਵਾਹੀ ਬਹੁਤ ਜ਼ੋਰ ਨਾਲ ਕਈ ਪ੍ਰਕਾਰ ਦੇ ਯਤਨ ਕਰਕੇ ਉਨ੍ਹਾਂ ਦੀਆਂ ਲਗਾਮਾਂ ਖਿਚ ਕੇ ਉਨ੍ਹਾਂ ਨੂੰ ਰੋਕ ਰਿਹਾ ਸੀ। ਇਕ ਔਖੇ ਥਾਂ ਰੱਥ ਉਲਟ ਗਿਆ। ਕਾਨ੍ਹਾ ਡਿਗ ਪਿਆ ਤੇ ਧਰਤੀ ਤੇ ਲੰਮਾ ਪੈ ਗਿਆ। ਕਿਸੇ ਪਾਸੋਂ ਵੀ ਉਸ ਦੀ ਖਬਰ ਨਾ ਲਈ ਗਈ ਜਿਹੜੇ ਉਸ ਦੇ ਪਾਸ ਜਾ ਕੇ ਉਸਨੂੰ ਚੁੱਕਦੇ॥ ੧੪॥

ਵਾਹਨ ਦੌਰਤਿ ਰਥ ਕੋ ਐਂਚਤਿ ਕਾਨ੍ਹੇ ਕੇ ਸਿਰ ਪਰ ਸੋ ਜਾਇ।
ਫੂਟਜੋ ਨਿਕਸੀ ਮਿੱਝ ਸੀਸ ਤੇ ਤਤਛਿਨ ਗਏ ਪ੍ਰਾਨ ਬਿਨਸਾਇ।
ਆਪ ਨਹੀਂ ਤਨ ਕੀ ਸੁਧਿ ਮਾਂਹੂ ਜਿਸਤੇ ਉਠਿ ਇਤ ਉਤਹਿ ਬਚਾਇ।
ਸਨੋ ਸਜੰਦਨ ਹੇਰਿ ਸਾਰਥੀ ਟਿਕ ਸੌ ਰਹਜੋ ਨਹੀਂ ਸਧਿ ਪਾਇ॥ ੧੫॥

ਘੋੜੇ ਦੌੜਦੇ ਰੱਥ ਨੂੰ ਖਿਚੀ ਜਾਂਦੇ ਸਨ ਤੇ ਰੱਥ ਦਾ ਇਕ ਪਹੀਆ ਕਾਨ੍ਹੇ ਦੇ ਸਿਰ ਉਤੋਂ ਦੀ ਲੰਘ ਗਿਆ। ਕਾਨ੍ਹੇ ਦਾ ਸਿਰ ਪਾਟ ਗਿਆ ਤੇ ਵਿਚੋਂ ਮਿੱਝ ਨਿਕਲੀ ਤੇ ਤੁਰੰਤ ਹੀ ਉਸ ਦੇ ਪ੍ਰਾਣ ਨਿਕਲ ਗਏ। ਰਥਵਾਨ ਨੂੰ ਆਪ ਹੀ ਤਨ ਦੀ ਸੋਝੀ ਨਹੀਂ ਸੀ ਜਿਹੜਾ ਉਠ ਕੇ ਏਧਰ ਓਧਰ ਬਚਾਉਂਦੇ। ਰੱਥ ਨੂੰ ਖਾਲੀ ਵੇਖ ਕੇ ਰਥਵਾਨ ਖਲੋਤਾ ਰਿਹਾ, ਉਸ ਨੂੰ ਕੋਈ ਪਤਾ ਨਹੀਂ ਸੀ ਲੱਗ ਰਿਹਾ॥ ੧੫॥

ਬਾਯੁ ਬਿਸਾਲ ਬਹੁਰ ਤਤਕਾਲਹਿ ਹਟੀ ਧੂਲ ਜੁਤਿ, ਬਿਮਲ ਅਕਾਸ਼।
ਖੋਲਿ ਬਿਲੋਚਨ ਲਗੇ ਬਿਲੋਕਨ ਮਾਰਤੰਡ ਕੋ ਭਯੋ ਪ੍ਰਕਾਸ਼।
ਦੇਖਜੋ ਪਰਜੋ ਸੀਸ ਜਿਸ ਫੂਟਜੋ ਸ੍ਰੀ ਗੁਰ ਬਚ ਤੇ ਪ੍ਰਾਨ ਬਿਨਾਸ਼।
ਹਾਹਾਕਾਰ ਸੁ ਕਰਤਿ ਉਠਾਯੋ ਲੇ ਪੁਰਿ ਗਮਨੇ ਤਨ ਬਿਨ ਸ੍ਵਾਸ॥ ੧੬॥

ਫਿਰ ਵਿਸ਼ਾਲ ਹਨੇਰੀ ਤੁਰੰਤ ਹੀ ਹੱਟ ਗਈ, ਧੂਲ ਸਹਿਤ ਅਕਾਸ਼ ਨਿਰਮਲ ਹੋ ਗਿਆ। ਅੱਖਾਂ ਖੋਲ੍ਹ ਕੇ ਵੇਖਣ ਲੱਗੇ ਸੂਰਜ ਦਾ ਵੀ ਪ੍ਰਕਾਸ਼ ਹੋ ਗਿਆ। ਤਾਂ ਉਨ੍ਹਾਂ ਕਾਨ੍ਹੇ ਦਾ ਸਿਰ ਫਟਿਆ ਵੇਖਿਆ, ਸ੍ਰੀ ਗੁਰੂ ਜੀ ਦੇ ਬਚਨਾਂ ਕਰਕੇ ਉਸ ਦੇ ਪ੍ਰਾਣਾਂ ਦਾ ਨਾਸ਼ ਹੋ ਗਿਆ। ਹਾਹਾਕਾਰ ਕਰਕੇ ਉਸ ਨੂੰ ਚੁਕਿਆ ਤੇ ਮਰੇ ਹੋਏ ਨੂੰ ਨਗਰ ਵਿਚ ਲੈ ਗਏ॥ ੧੬॥

ਸਸਕਾਰਜੋ ਮਿਲਿ ਨਰਨਿ ਉਚਾਰਜੋ 'ਕਹਾਂ ਭਯੋ ਇਸ ਬੈਸ ਮਹਾਨ?'।
ਸਕਲ ਪ੍ਰਸੰਗ ਸੁਨਾਯਹੁ ਲਵਪੁਰਿ ਤੀਨਹੁ ਭਗਤ ਸੁ ਬਾਕ ਬਖਾਨਿ।
ਸੁਨਿ ਸਭਿ ਸਤਿਗੁਰ ਲਖਜੋ ਪ੍ਰਤਾਪੀ ਕਹਿਬ ਰਾਮਚੰਦ ਕੇ ਬਾਨ।
ਨਿਸ਼ਫਲ ਹੋਹਿਂ ਨ ਸੁਖ ਦੁਖ ਦਾਇਕ, ਅਚਰਜ ਭਯੋ ਬਡੋ ਸਭਿ ਜਾਨਿ॥੧੭॥

ਉਸ ਦਾ ਸਸਕਾਰ ਕੀਤਾ ਤਾਂ ਮਨੁੱਖਾਂ ਨੇ ਮਿਲ ਕੇ ਆਖਿਆ, "ਇਸ ਦੀ ਵੱਡੀ ਉਮਰ ਕਿਥੇ ਗਈ?" ਤਿੰਨਾਂ ਭਗਤਾਂ ਨੇ ਸਾਰਾ ਪ੍ਰਸੰਗ ਲਾਹੌਰ ਵਾਸੀਆਂ ਨੂੰ ਸੁਣਾਇਆ। ਇਹ ਸੁਣ ਕੇ ਸਾਰਿਆਂ ਨੇ ਸਤਿਗੁਰੂ ਨੂੰ ਵੱਡੇ ਪ੍ਰਤਾਪ ਵਾਲਾ ਜਾਣਿਆ, ਜਿਸ ਦਾ ਕਹਿਣਾ ਰਾਮ ਚੰਦ ਦੇ ਬਾਣਾਂ ਸਮਾਨ ਹੈ, ਜਿਸ ਦਾ ਵਾਰ ਖਾਲੀ ਨਹੀਂ ਸੀ ਜਾਂਦਾ। ਸਾਰੇ ਜਾਣ ਕੇ ਬਹੁਤ ਹੈਰਾਨ ਹੋਏ॥ ੧੭॥

ਕੌਨ ਅਰੈ ਸਤਿਗੁਰ ਕੇ ਆਗੈ, ਅਮਰ ਮਰੈ ਅਚਲ ਜੁ ਚਲਿ ਜਾਇ।
ਬਡ ਅਥਾਹਿ ਕੋ ਥਾਹਿ ਦੇਤਿ ਕਰਿ, ਮਹਾਂਬਲੀ ਤਤ ਛਿਨ ਨਿਬਲਾਇ।
ਮੇਰੁ ਬਡਾਈ ਰਾਈ ਠਾਨਤਿ, ਪਾਤਿਸ਼ਾਹ ਕੋ ਰੰਕ ਬਨਾਇ।
ਮਹਾਂ ਸੂਰਮਾ ਕਾਇਰ ਹੋਵਹਿ ਗੁਰ ਰਿਸ ਤਨਕ ਜਿ ਦ੍ਰਿਸ਼ਟਿ ਚਲਾਇ॥੧੮॥

ਸਤਿਗੁਰੂ ਦੇ ਅਗੇ ਕੌਣ ਅੜ ਸਕਦਾ ਹੈ, ਅਮਰ ਵੀ ਮਰ ਜਾਂਦੇ ਹਨ ਅਤੇ ਅਚਲ ਵੀ ਚੱਲਣ ਲੱਗ ਪੈਂਦੇ ਹਨ। ਵੱਡੇ ਅਥਾਹ ਨੂੰ ਵੀ ਥਾਹ ਕਰ ਦਿੰਦੇ ਹਨ ਅਤੇ ਮਹਾਂਬਲੀ ਤੁਰੰਤ ਨਿਰਬਲ ਹੋ ਜਾਂਦੇ ਹਨ। ਸੁਮੇਰ ਪਰਬਤ ਵੀ ਰਾਈ ਦੇ ਬਰਾਬਰ ਹੋ ਜਾਂਦਾ ਹੈ ਅਤੇ ਪਾਤਸ਼ਾਹ ਨੂੰ ਗਰੀਬ ਬਣਾ ਦਿੰਦੇ ਹਨ। ਮਹਾਂ ਸੂਰਮਾ ਵੀ ਕਾਇਰ ਹੋ ਜਾਂਦਾ ਹੈ, ਜੇ ਗੁਰੂ ਜੀ ਗੁੱਸੇ ਨਾਲ ਥੋੜ੍ਹੀ ਜਿਹੀ ਨਿਗਾਹ ਵੀ ਕਰਨ॥ ੧੮॥

ਇਮ ਬ੍ਰਿਤਾਂਤ ਭਾ ਚਾਰੁਨ ਭਗਤਨਿ ਇਤੇ ਸ੍ਰੀ ਗੁਰੁ ਗ੍ਰਿੰਥ ਲਿਖਾਇ।
ਰਾਗ ਪ੍ਰਭਾਤੀ ਲਗਿ ਜੁ ਸਬਦ ਸੁਭ ਗਾਵਨਿ ਰੀਤੀ ਦਦੇ ਬਨਾਇ।
ਬਹੁਰ ਸ਼ਲੋਕ ਜੁ ਸਹੰਸ ਕ੍ਰਿੱਤ ਕੇ ਸੋ ਗੁਰੁਦਾਸ ਲਿਖੇ ਹਰਖਾਇ।
ਜਿਮ ਇਹੁ ਬਨੇ ਪ੍ਰਸੰਗ ਸੁ ਉਚਰੋਂ ਸ਼੍ਰੋਤਨਿ ਕੇ ਸੰਦੇਹ ਮਿਟਾਇ॥ ੧੯॥

ਇੰਞ ਚਾਰੇ ਭਗਤਾਂ ਦਾ ਬ੍ਰਿਤਾਂਤ ਹੋਇਆ, ਗੁਰੂ ਜੀ ਗ੍ਰੰਥ ਲਿਖਾ ਰਹੇ ਸਨ। ਰਾਗ ਪ੍ਰਭਾਤੀ ਤਕ ਸ਼ੁਭ ਸ਼ਬਦ ਗਾਇਣ ਦੀ ਰੀਤੀ ਅਨੁਸਾਰ ਲਿਖੇ ਜਾ ਚੁੱਕੇ ਸਨ, ਫਿਰ ਸਹਸਕ੍ਰਿਤੀ ਦੇ ਸਲੋਕ ਭਾਈ ਗੁਰਦਾਸ ਜੀ ਨੇ ਬੜੇ ਪ੍ਰਸੰਨ ਹੋ ਕੇ ਲਿਖੇ। ਜਿਵੇਂ ਇਹ ਪ੍ਰਸੰਗ ਹੋਇਆ ਉਸ ਤਰ੍ਹਾਂ ਹੀ ਬਿਆਨ ਕਰਦਾ ਹਾਂ, ਤਾਂਕਿ ਸਰੋਤਿਆਂ ਦਾ ਸੰਦੇਹ ਖਤਮ ਹੋ ਜਾਵੇ॥ ੧੯॥

ਕਾਂਸ਼ੀ ਤੇ ਇਕ ਦਿਨ ਦ੍ਵੈ ਪੰਡਿਤ ਚਲਿ ਆਏ ਸ੍ਰੀ ਅਰਜਨ ਪਾਸ।
ਕ੍ਰਿਸ਼ਨ ਲਾਲ ਹਰਿਲਾਲ ਨਾਮ ਤਿਨਿ ਭਗਤ ਗੁਰੂ ਕੇ ਗੁਨਨਿ ਨਿਵਾਸ।
ਸਤਿਗੁਰ ਕੋ ਬਹੁ ਭਾਉ ਧਰਤਿ ਉਰ ਦਰਸ਼ਨ ਕਰਿਬੇ ਕੀ ਜਿਨ ਪਯਾਸ।
ਚਿਤ ਚਾਹਤਿ ਪਰਲੋਕ ਸਖਨਿ ਕੋ ਜਗ ਕੇ ਤਯਾਗੇ ਬਿਖੇ ਬਿਲਾਸ॥ ੨੦॥

ਇਕ ਦਿਨ ਕਾਂਸ਼ੀ ਤੋਂ ਦੋ ਪੰਡਤ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ। ਕ੍ਰਿਸ਼ਨ ਲਾਲ ਹਰਿ ਲਾਲ ਉਨ੍ਹਾਂ ਦੇ ਨਾਂ ਸਨ, ਉਹ ਗੁਰੂ ਜੀ ਦੇ ਭਗਤ ਸਨ ਤੇ ਗੁਣਾਂ ਦਾ ਘਰ ਸਨ। ਸਤਿਗੁਰੂ ਜੀ ਨਾਲ ਬਹੁਤ ਪ੍ਰੇਮ ਕਰਦੇ ਸਨ, ਇਸ ਲਈ ਉਨ੍ਹਾਂ ਦੇ ਦਰਸ਼ਨ ਕਰਨ ਦੀ ਉਨ੍ਹਾਂ ਦੇ ਮਨ ਵਿਚ ਬੜੀ ਪਿਆਸ ਸੀ। ਜਗਤ ਦੇ ਵਿਸ਼ੇ ਵਿਲਾਸ ਤਿਆਗ ਕੇ ਚਿੱਤ ਵਿਚ ਪਰਲੋਕ ਨੂੰ ਸੌਖਾ ਬਣਾਉਣਾ ਚਾਹੁੰਦੇ ਸਨ॥ ੨੦॥

ਆਨਿ ਮਿਲੇ ਪਗ ਬੰਦਨ ਕਰਿਕੈ ਬੈਠਿ ਨਿਕਟ ਦਰਸ਼ਨ ਦਰਸੰਤਿ।
ਸ੍ਰੀ ਅਰਜਨ ਜੀ ਬਹੁ ਸਨਮਾਨੇ ਬੂਝਨਿ ਕੀਨਸਿ ਤਿਨਹੁ ਤੁਰੰਤ।
'ਦਿਜਬਰ ! ਕਹਾਂ ਸਦਨ ਹੈਂ ਤੁਮਰੇ? ਕਿਹ ਸਥਾਨ ਗਮਨੇ ਹਿਤਵੰਤ?।
ਕੌਨ ਕਾਜ ਅਰ ਨਾਮ ਕੌਨ ਹੈ, ਬੇਸ ਬੇਸ ਦੀਖਤਿ ਮਤਿਵੰਤ?'॥ ੨੧॥

ਗੁਰੂ ਜੀ ਨੂੰ ਆ ਕੇ ਮਿਲੇ, ਚਰਨ ਕੰਵਲਾਂ ਤੇ ਬੰਦਨਾਂ ਕਰਕੇ ਨੇੜੇ ਬੈਠ ਕੇ ਦਰਸ਼ਨ ਕੀਤੇ। ਸ੍ਰੀ ਅਰਜਨ ਦੇਵ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਤੇ ਤੁਰੰਤ ਉਨ੍ਹਾਂ ਨੂੰ ਪੁਛਿਆ, "ਹੇ ਬ੍ਰਾਹਮਣ ! ਤੁਹਾਡੇ ਘਰ ਕਿਥੇ ਹਨ ? ਕਿਹੜੇ-ਕਿਹੜੇ ਸਥਾਨ ਤੇ ਹਿਤ ਧਾਰ ਕੇ ਗਏ ਹੋ ? ਕੀ ਕੰਮ ਹੈ ਅਤੇ ਕੀ ਨਾਮ ਹੈ, ਸੁੰਦਰ ਸਰੂਪ ਵਾਲੇ ਅਤੇ ਚੰਗੀ ਅਕਲ ਵਾਲੇ ਨਜ਼ਰ ਆਉਂਦੇ ਹੋ ?"॥ ੨੧॥

ਹਾਥ ਜੋਰਿ ਕਰਿ ਦੂਊ ਸਹੋਦਰ ਬੋਲੇ ਬਾਕ ਸੁ ਬਿਨਤੀ ਸੰਗ।
'ਆਪ ਅਹੋ ਤੁਮ ਅੰਤਰਜਾਮੀ ਬਿਨਾ ਭਨੇ ਸਭਿ ਲਖਹੁ ਪ੍ਰਸੰਗ।
ਤਦਪਿ ਕਹੈਂ ਤੁਮ ਬੂਝਨਿ ਕੀਨਸਿ, ਕਾਂਸ਼ੀ ਬਸਹਿਂ ਤੀਰ ਪੁਰਿ ਗੰਗ।
ਸੁਜਸੁ ਸੁਨਯੋ ਰਾਵਰ ਕੋ ਦੀਰਘ ਦਰਸ਼ਨ ਹਿਤ ਆਏ ਦੁਖ ਭੰਗ॥ ੨੨॥

ਹੱਥ ਜੋੜ ਕੇ ਦੋਵੇਂ ਭਰਾ ਬੇਨਤੀ ਸਹਿਤ ਬੋਲੇ, "ਤੁਸੀਂ ਆਪ ਅੰਤਰਜਾਮੀ ਹੋ, ਬਿਨਾਂ ਬੋਲਿਆਂ ਹੀ ਸਭ ਕੁਝ ਜਾਣ ਜਾਂਦੇ ਹੋ, ਫਿਰ ਵੀ ਤੁਸੀਂ ਪੁਛਿਆ ਹੈ ਤਾਂ ਅਸੀਂ ਦੱਸਦੇ ਹਾਂ, ਅਸੀਂ ਕਾਂਸ਼ੀ ਵਿਖੇ ਗੰਗਾ ਦੇ ਕਿਨਾਰੇ ਰਹਿੰਦੇ ਹਾਂ। ਆਪ ਜੀ ਦਾ ਮਹਾਨ ਸ੍ਰੇਸ਼ਟ ਜੱਸ ਸੁਣਿਆ ਤਾਂ ਦੁਖ ਨਾਸ਼ ਕਰਨ ਲਈ ਆਪ ਜੀ ਦੇ ਦਰਸ਼ਨ ਕਰਨ ਆਏ ਹਾਂ॥ ੨੨॥

ਏਕ ਸਮੈਂ ਸ੍ਰੀ ਨਾਨਕ ਪਹੁੰਚੇ ਕਾਂਸ਼ੀ ਬਿਖੇ ਬਿਰਾਜੇ ਜਾਇ।
ਬਹੁ ਦਿਜਬਰ ਤਬਿ ਚਰਚਾ ਕੀਨੀ ਸੁਨਿ ਕੈ ਸਕਲ ਰਹੇ ਹਰਖਾਇ।
ਹੁਤੋ ਪਿਤਾਮਾ ਹਮਰੋ ਤਿਸ ਛਿਨ ਭਾਉ ਭਗਤਿ ਬਹੁ ਕੀਨਿ ਬਨਾਇ।
ਤਬਿ ਉਪਦੇਸ਼ ਗੁਰੂ ਜੀ ਦੀਨਸਿ ਸੱਤਿਨਾਮ ਲਿਵ ਦਈ ਲਗਾਇ॥ ੨੩॥

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਕਾਂਸ਼ੀ ਪਹੁੰਚੇ ਸਨ ਤੇ ਓਥੇ ਜਾ ਕੇ ਬਿਰਾਜੇ ਸਨ। ਬਹੁਤ ਬ੍ਰਾਹਮਣਾਂ ਤਦ ਚਰਚਾ ਕੀਤੀ ਅਤੇ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਉਸ ਸਮੇਂ ਸਾਡਾ ਇਕ ਪਿਤਾਮਾ ਹੁੰਦਾ ਸੀ, ਉਸ ਨੇ ਬੜੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕੀਤੀ। ਤਦ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਤੇ ਉਨ੍ਹਾਂ ਦੀ ਸਤਿਨਾਮ ਨਾਲ ਲਿਵ ਲਾ ਦਿੱਤੀ॥ ੨੩॥

ਅਪਨੇ ਕਰੇ ਸ਼ਲੋਕ ਚਾਰ ਤਬਿ ਕਰਿ ਕਾਗਦਿ ਪਰ ਦਿਏ ਲਿਖਾਇ।
ਲਿਖੇ ਪਿਤਾਮੇ ਕੇ ਸੋ ਘਰ ਮਹਿਂ ਹੇਰ ਹਮੋਂ ਸੋ ਕੰਠ ਕਰਾਇ।
ਜਿਨ ਮਹਿਂ ਦੰਭ ਨਿਕੰਦਨ ਕੀਨਸਿ, ਉਰ ਕੋ ਸਾਚ ਸੁ ਲੇਖੇ ਪਾਇ'।
'ਪੜ ਪੁਸਤਕ ਅਰ ਸੰਧਯਾ ਬਾਦੰ' ਇੱਤਯਾਦਿਕ ਪਠਿ ਦਏ ਸੁਨਾਇ॥ ੨੪॥

ਆਪਣੇ ਰਚੇ ਚਾਰ ਸਲੋਕ, ਉਨ੍ਹਾਂ ਨੇ ਕਾਗਜ਼ ਉਤੇ ਲਿਖਾ ਦਿੱਤੇ। ਪਿਤਾਮੇ ਦੇ ਲਿਖੇ ਹੋਏ ਉਹ ਸਲੋਕ ਘਰ ਵਿਚ ਵੇਖ ਕੇ ਅਸੀਂ ਉਹ ਜ਼ਬਾਨੀ ਯਾਦ ਕਰ ਲਏ। ਜਿਨ੍ਹਾਂ ਵਿਚ ਪਖੰਡ ਦਾ ਨਾਸ਼ ਕੀਤਾ ਹੈ ਕਿ ਜੋ ਹਿਰਦੇ ਦਾ ਸੱਚਾ ਹੈ ਸੋਈ ਲੇਖੇ ਪੈਂਦਾ ਹੈ। "ਪੜ੍ਹਿ ਪੁਸ੍ਤਕ ਸੰਧਿਆ ਬਾਦੰ" ਭਾਵ ਤੁਸੀਂ ਪੁਸਤਕਾਂ ਪੜ੍ਹਦੇ ਹੋ, ਸ਼ਾਮ ਦੀ ਪ੍ਰਾਰਥਨਾ ਅਤੇ ਬਹਿਸ ਕਰਦੇ ਹੋ, ਇਤਿਆਦਿ ਸਲੋਕ ਪੜ੍ਹ ਕੇ ਸੁਣਾਏ॥ ੨੪॥

'ਤੁਮਨੇ ਕਰੇ ਸੁ ਹਮੇ ਲਿਖਾਵਹੁ ਨਾਂਹਿ ਤ ਦੀਜੈ ਅਬਹਿ ਬਨਾਇ।
ਜਿਸ ਤੇ ਗੁਰਮਤ ਕੋ ਹਮ ਧਰਿ ਕੈ ਸੱਤਿਨਾਮ ਭਜਿ ਪ੍ਰਭੁ ਗੁਨ ਗਾਇ'।
ਸਾਰ ਕਰਹੁ ਉਪਦੇਸ਼ਨਿ ਸ੍ਰੀ ਗੁਰ ਉਰ ਉੱਜਲ ਜਿਸ ਤੇ ਹੁਇ ਜਾਇ।
ਨਿਜ ਮੁਖ ਸੰਗ ਸ਼ਲੋਕ ਰਚਹੁ ਬਰ ਸਹੰਸਕ੍ਰਿਤੀ ਕੀ ਰੀਤੀ ਪਾਇ'॥ ੨੫॥

"ਜਿਹੜੇ ਤੁਸੀਂ ਲਿਖੇ ਹਨ ਉਹ ਵੀ ਸਾਨੂੰ ਲਿਖਵਾਉ, ਨਹੀਂ ਤਾਂ ਹੁਣੇ ਹੀ ਬਣਾ ਦੇਵੋ ਜਿਸ ਕਾਰਨ ਗੁਰਮਤਿ ਧਾਰਨ ਕਰਕੇ ਸਤਿਨਾਮ ਦਾ ਭਜਨ ਕਰਕੇ ਪ੍ਰਭੂ ਦੇ ਗੁਣ ਗਾਈਏ। ਸ੍ਰੇਸ਼ਟ ਉਪਦੇਸ਼ਾਂ ਦੀ ਰਚਨਾ ਕਰੋ, ਜਿਨ੍ਹਾਂ ਨੂੰ ਸੁਣ ਕੇ ਹਿਰਦਾ ਉੱਜਲ ਹੋ ਜਾਵੇ। ਆਪਣੇ ਮੁਖ ਨਾਲ ਸ੍ਰੇਸ਼ਟ ਸਹਸਕ੍ਰਿਤੀ ਦੀ ਰੀਤੀ ਪਾ ਕੇ ਸਲੋਕਾਂ ਦੀ ਰਚਨਾ ਕਰੋ"॥ ੨੫॥

ਸੁਨਿ ਦਿਜਬਰ ਤੇ ਪ੍ਰੀਤਿ ਹੇਰਿ ਕਰਿ ਸ੍ਰੀ ਅਰਜਨ ਜੀ ਤਬਹਿ ਬਨਾਇ।
ਸਭਿ ਸ਼ਲੋਕ ਕਿਯ ਸਹਸਕ੍ਰਿਤੀ ਮਹਿਂ ਬਹੁਰੋ ਗਾਥਾ ਰੁਚਿਰ ਸੁਹਾਇ।
ਸੁਨਿ ਦ੍ਵੈ ਭ੍ਰਾਤ ਅਨੰਦਤਿ ਹ੍ਵੈ ਕਰਿ ਗੁਰ ਕੇ ਚਰਨ ਰਹੇ ਲਪਟਾਇ।
ਪ੍ਰਭੁ ਪ੍ਰੇਮ ਕੋ ਰਸ ਜਿਨ ਆਯਹੁ ਸੱਤਿਨਾਮ ਸਿਮਰਨ ਮਨ ਭਾਇ॥ ੨੬॥

ਬ੍ਰਾਹਮਣ ਪਾਸੋਂ ਇਹ ਸੁਣ ਕੇ ਅਤੇ ਉਨ੍ਹਾਂ ਦੀ ਪ੍ਰੀਤ ਵੇਖ ਕੇ ਗੁਰੂ ਅਰਜਨ ਦੇਵ ਜੀ ਨੇ ਓਸੇ ਵੇਲੇ ਹੀ ਸਲੋਕ ਬਣਾ ਦਿੱਤੇ। ਸਾਰੇ ਸਲੋਕ ਸਹਸਕ੍ਰਿਤੀ ਵਿਚ ਲਿਖੇ, ਫਿਰ ਸੁੰਦਰ ਗਾਥਾ ਬਣਾਈ। ਦੋਵੇਂ ਭਰਾ ਸੁਣ ਕੇ ਬਹੁਤ ਅਨੰਦਿਤ ਹੋ ਗਏ ਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ। ਪ੍ਰਭੂ ਦੇ ਪ੍ਰੇਮ ਦਾ ਰਸ ਜਿਨ੍ਹਾਂ ਨੂੰ ਆਇਆ, ਤੇ ਸਤਿਨਾਮ ਦਾ ਸਿਮਰਨ ਮਨ ਨੂੰ ਚੰਗਾ ਲੱਗਾ॥ ੨੬॥

ਨੋਟ:- ਸਲੋਕ ਸਹਸਕ੍ਰਿਤੀ ਅਤੇ ਗਾਥਾ ਦੋ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਪਰ ਇਨ੍ਹਾਂ ਦੀ ਭਾਸ਼ਾ ਸੰਸਕ੍ਰਿਤ ਨਹੀਂ ਬਲਕਿ ਪ੍ਰਾਕ੍ਰਿਤ ਅਤੇ ਸਾਧੂ ਭਾਸ਼ਾ ਹੈ, ਏਸ ਕਰਕੇ ਇਨ੍ਹਾਂ ਦੇ ਨਾਂ ਸਲੋਕ ਸਹਸਕ੍ਰਿਤੀ ਅਤੇ ਗਾਥਾ ਹੈ।

ਜਬਹਿ ਬੰਦਨਾ ਕੀਨਸਿ ਗੁਰ ਪਗ ਮਨ ਮਹਿਂ ਬਧਯੋ ਅਨੰਦ ਬਿਲੰਦ।
ਉਸਤਤਿ ਕਰਤਿ ਭਏ ਸ੍ਰੀ ਅਰਜਨ 'ਰਾਮਚੰਦ ਤੁਮ ਰੂਪ ਮੁਕੰਦ।
ਕੰਸ ਬਿਨਾਸ਼ਕ ਕ੍ਰਿਸ਼ਨ ਆਪ ਹੋ ਸ਼੍ਰੀ ਨਾਨਕ ਕੀ ਜੋਤਿ ਸੁਛੰਦ।
ਤੁਹੀ ਤ੍ਰਿਅੰਬਕ ਕਾਸ਼ੀ ਪੁਰਿ ਮਹਿਂ, ਤਾਰਕ ਮੰਤ ਦੇਤਿ ਸਖਕੰਦ॥ ੨੭॥

Sri Satguru Jagjit Singh Ji eLlibrary NamdhariElibrary@gmail.com

ਜਦ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ ਤੇ ਬਹੁਤ ਅਨੰਦ ਵਧਿਆ ਤਾਂ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਕਰਨ ਲੱਗੇ, "ਤੁਸੀਂ ਰਾਮ ਚੰਦਰ ਰੂਪ ਮੁਕਤੀਦਾਤੇ ਹੋ, ਕੰਸ ਨੂੰ ਮਾਰਨ ਵਾਲੇ ਆਪ ਕ੍ਰਿਸ਼ਨ ਹੋ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਆਪਣੀ ਇੱਛਾ ਅਨੁਸਾਰ ਚੱਲਣ ਵਾਲੀ ਜੋਤ ਹੋ। ਤੁਸੀਂ ਹੀ ਕਾਂਸ਼ੀ ਪੁਰ ਵਿਚ ਸ਼ਿਵ ਰੂਪ ਹੋ, ਅਤੇ ਸੁਖ ਦੇਣ ਵਾਲਾ ਤਾਰਕ ਮੰਤਰ ਦਿੰਦੇ ਹੋ॥ ੨੭॥

ਦੁਰੇ ਰਹਹੁ ਨਹਿਂ ਜਾਨਿ ਸਕਹਿਂ ਸਭਿ ਜਿਸ ਪਰ ਆਪ ਹੋਤਿ ਅਨਕੂਲ।
ਸੋ ਰਾਵਰਿ ਕੋ ਰੂਪ ਪਛਾਨਹਿਂ ਏਕ ਤੁਹੀ ਸਭਿ ਜਗ ਕੋ ਮੂਲ।
ਅਜ, ਅਬਿਨਾਸ਼ੀ, ਲਛਮੀ ਦਾਸੀ, ਕਰਹੁ ਬਿਨਾਸ਼ੀ ਜੇ ਪ੍ਰਤਿਕੂਲ।
ਬਿਧ ਹੁਇ ਰਚੋ, ਬਿਸ਼ਨ ਹੁਇ ਪੋਖਹੁ, ਰੁੱਦ੍ਰ ਹੋਇ ਜਗ ਹਰਹੁ ਅਭੂਲ' ॥ ੨੮ ॥

ਛੁਪੇ ਰਹਿੰਦੇ ਹੋ ਇਸ ਕਰਕੇ ਸਾਰੇ ਜਾਣ ਨਹੀਂ ਸਕਦੇ, ਪਰ ਆਪ ਜੀ ਜਿਸ ਦੇ ਵਲ ਹੁੰਦੇ ਹੋ, ਉਹ ਆਪ ਜੀ ਦੇ ਰੂਪ ਨੂੰ ਪਛਾਣ ਲੈਂਦਾ ਹੈ, ਇਕ ਤੁਸੀਂ ਹੀ ਸਾਰੇ ਜਗਤ ਦਾ ਮੂਲ ਹੋ। ਅਜਨਮਾ, ਅਮਰ, ਲਛਮੀ ਤੁਹਾਡੀ ਦਾਸੀ ਹੈ, ਜੋ ਪ੍ਰਤਿਕੂਲ ਹਨ, ਉਨ੍ਹਾਂ ਨੂੰ ਤੁਸੀਂ ਨਾਸ਼ ਕਰ ਦਿੰਦੇ ਹੋ। ਬ੍ਰਹਮਾ ਹੋ ਕੇ ਦੁਨੀਆਂ ਦੀ ਰਚਨਾ ਕਰਦੇ ਹੋ, ਵਿਸ਼ਨੂੰ ਹੋ ਕੇ ਪਾਲਣਾ ਕਰਦੇ ਹੋ ਅਤੇ ਸ਼ਿਵ ਜੀ ਹੋ ਕੇ ਜਗਤ ਦਾ ਨਾਸ਼ ਕਰਦੇ ਹੋ"॥ ੨੮॥

ਸੁਨਿ ਪ੍ਰਸੰਨ ਉਰ ਸਤਿਗੁਰ ਹ੍ਵੈ ਕਰਿ ਕਹਜੋ 'ਜਾਚੀਯੇ ਨਿਜ ਅਭਿਲਾਖ।
ਆਸਾ ਧਰੇ ਦੂਰ ਤੇ ਆਏ ਪੂਰਨ ਕਰੋ ਨ ਗੁਪਤੀ ਰਾਖ'।
ਦੋਨ ਸਹੋਦਰ ਤਬਿ ਕਰ ਜੋਰੇ ਪਰਮ ਪ੍ਰੇਮ ਕਰ ਬਿਨਤੀ ਭਾਖਿ।
'ਦਰਸ਼ਨ ਤੇ ਕਾਰਜ ਭੇ ਪੂਰਨ, ਨਹੀਂ ਰਹੀ ਕਜੋਂਹੂੰ ਉਰ ਕਾਂਖ॥ ੨੯ ॥

ਸਤਿਗੁਰੂ ਜੀ ਇਹ ਸੁਣ ਕੇ ਹਿਰਦੇ ਵਿਚ ਪ੍ਰਸੰਨ ਹੋ ਕੇ ਬੋਲੇ, "ਆਪਣੀ ਨਿਜੀ ਅਭਿਲਾਸ਼ਾ ਮੰਗੋ, ਬੜੀ ਆਸ ਰੱਖ ਕੇ ਦੂਰ ਤੋਂ ਚਲ ਕੇ ਆਏ ਹੋ, ਆਪਣੀ ਆਸ਼ਾ ਪੂਰੀ ਕਰੋ, ਇਸ ਨੂੰ ਗੁਪਤ ਨਾ ਰਖੋ।" ਦੋਵਾਂ ਭਰਾਵਾਂ ਨੇ ਫਿਰ ਹੱਥ ਜੋੜ ਕੇ ਪਰਮ ਪ੍ਰੇਮ ਨਾਲ ਬੇਨਤੀ ਕਹੀ, "ਤੁਹਾਡੇ ਦਰਸ਼ਨ ਕਰਕੇ ਹੀ ਕਾਰਜ ਪੂਰੇ ਹੋ ਗਏ ਹਨ, ਹੁਣ ਦਿਲ ਵਿਚ ਕਿਸੇ ਤਰ੍ਹਾਂ ਦੀ ਵੀ ਇੱਛਾ ਨਹੀਂ ਰਹੀ॥ ੨੯॥

ਅਪਨੋ ਸਿਦਕ ਸਦਾ ਉਰ ਦੇਵਹੁ ਜਗਤ ਕੁਬੰਧਨਿ ਸਰਬ ਮਿਟਾਇ।
ਚਰਨ ਆਪਕੇ ਮਨ ਮਹਿਂ ਬਾਸਹਿਂ, ਨਿਸ ਦਿਨ ਸਿਮਰਹਿਂ ਹਰਿ ਗੁਨ ਗਾਇ'।
ਸੁਨਤਿ ਸਤਿਗੁਰੂ ਕਹਜੋ 'ਤਥਾਸਤੁ' ਬਰ ਕੋ ਪਾਇ ਰਹੇ ਹਰਿਖਾਇ।
ਕੇਤਿਕ ਦਿਨ ਬਸਿ ਕਰਿ ਅੰਮ੍ਰਿਤਸਰ ਹੁਇ ਪੁਨ ਬਿਦਾ ਗਏ ਨਿਜ ਥਾਇਂ ॥੩੦ ॥

ਆਪਣਾ ਸਿਦਕ ਸਦਾ ਸਾਡੇ ਹਿਰਦੇ ਵਿਚ ਦੇਵੋ ਤਾਂਕਿ ਜਗਤ ਦੇ ਸਾਰੇ ਭੈੜੇ ਬੰਧਨ ਮਿਟ ਜਾਣ। ਆਪ ਜੀ ਦੇ ਚਰਨਾਂ ਨੂੰ ਮਨ ਵਿਚ ਵਸਾਈਏ, ਦਿਨ ਰਾਤ ਸਿਮਰਨ ਕਰਕੇ ਹਰੀ ਦੇ ਗੁਣ ਗਾਈਏ"। ਇਹ ਸੁਣ ਕੇ ਗੁਰੂ ਜੀ ਨੇ ਕਿਹਾ ਕਿ 'ਇਸ ਤਰ੍ਹਾਂ ਹੀ ਹੋਵੇਗਾ।' ਵਰ ਨੂੰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਏ। ਕਈ ਦਿਨ ਅੰਮ੍ਰਿਤਸਰ ਵਿਚ ਰਹਿ ਕੇ ਫਿਰ ਵਿਦਾਇਗੀ ਲੈ ਕੇ ਆਪਣੇ ਸਥਾਨ ਤੇ ਚਲੇ ਗਏ॥ ੩੦॥

ਸੋ ਸਲੋਕ ਲਿਖਵਾਵਨਿ ਕੀਨੇ ਸ਼੍ਰੀ ਅਰਜਨ ਰਾਗਨਿ ਕੇ ਅੰਤ।
ਬਹੁਰ ਪਿਖਜੋ ਗੁਰਦਾਸ ਲਿਖਾਰੀ ਬੋਲੇ ਸ਼੍ਰੀ ਗੁਰ ਬਦਨ ਸੁਭੰਤਿ।
'ਨਿਜ ਬਾਨੀ ਤੈਂ ਕੀਨਿ ਬਨਾਵਨਿ ਆਨ ਦਿਖਾਵੋ ਗੁਰ ਜਸੁਵੰਤ'।
ਤਿਸ ਛਿਨ ਭਗਤ ਸਮੀਪ ਹਤੇ ਸਭਿ ਚਰਚਾ ਕਰਤਿ ਅਲੇਖ ਬਿਅੰਤ ॥ ੩੧ ॥

ਉਨ੍ਹਾਂ ਸਲੋਕਾਂ ਨੂੰ ਗੁਰੂ ਜੀ ਨੇ ਰਾਗਾਂ ਦੇ ਅੰਤ ਵਿਚ ਲਿਖਿਆ। ਫਿਰ ਭਾਈ ਗੁਰਦਾਸ ਲਿਖਾਰੀ ਵਲ ਵੇਖ ਕੇ ਸ਼ੁਭ ਮੁਖ ਵਾਲੇ ਗੁਰੂ ਜੀ ਬੋਲੇ, "ਗੁਰਾਂ ਦੀ ਜੱਸ ਵਾਲੀ, ਆਪਣੀ ਬਾਣੀ ਜਿਹੜੀ ਤੁਸੀਂ ਬਣਾਈ ਹੈ, ਉਹ ਲਿਆ ਕੇ ਵਿਖਾਵੋ"। ਉਸ ਸਮੇਂ ਸਾਰੇ ਭਗਤ ਨੇੜੇ ਹੀ ਸਨ, ਜਿਹੜੇ ਲੇਖਾ-ਰਹਿਤ ਬਿਅੰਤ ਪ੍ਰਭੂ ਦੀ ਚਰਚਾ ਕਰ ਰਹੇ ਸਨ॥ ੩੧॥

ਮਾਨਿ ਬਚਨ ਗੁਰਦਾਸ ਗਯੋ ਤਬਿ ਨਿਜ ਡੇਰੇ ਤੇ ਲਯਾਵਨ ਕੀਨਿ।
ਬੈਠਿ ਪਾਠ ਕਰਿ ਤਬਹਿ ਸੁਨਾਈ ਜਿਸ ਮਹਿਂ ਮਹਿਮਾ ਗੁਰੂ ਪ੍ਰਬੀਨ।
ਭਗਤ ਬ੍ਰਿੰਦ ਜੁਤਿ ਸਤਿਗੁਰ ਸੁਨਿਕੈ ਭਏ ਪ੍ਰਸੰਨ ਸਲਾਹਤਿ ਚੀਨਿ।
ਸ੍ਰੀ ਮੁਖ ਤੇ ਤਬਿਹੂੰ ਫੁਰਮਾਯਹੁ 'ਲਿਖਹੁ ਗ੍ਰੰਥ ਮਹਿਂ ਰਚੀ ਜੁ ਬੀਨ'॥ ੩੨॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਬਚਨ ਮੰਨ ਲਏ ਤੇ ਡੇਰੇ ਤੋਂ ਆਪਣੀ ਬਾਣੀ ਲੈ ਆਇਆ। ਬੈਠ ਕੇ ਪੜ੍ਹ ਕੇ ਗੁਰੂ ਜੀ ਨੂੰ ਸੁਣਾਈ ਜਿਸ ਵਿਚ ਗੁਰੂ ਜੀ ਦੀ ਬਹੁਤ ਸ੍ਰੇਸ਼ਟ ਮਹਿਮਾ ਕੀਤੀ ਹੋਈ ਸੀ। ਸਮੂਹ ਭਗਤਾਂ ਅਤੇ ਸਤਿਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਬੜੀ ਸ਼ਲਾਘਾ ਕੀਤੀ। ਸ੍ਰੀ ਗੁਰੂ ਜੀ ਨੇ ਫਿਰ ਫੁਰਮਾਇਆ, "ਇਸ ਵਿਚੋਂ ਚੁਣ ਕੇ ਗ੍ਰੰਥ ਵਿਚ ਲਿਖ ਦੇਵੋ"॥ ੩੨॥

ਸੁਨਿ ਗੁਰਦਾਸ ਹਾਥ ਕੋ ਜੋਰਤਿ 'ਮੈਂ ਰਾਵਰਿ ਦਾਸਨ ਕੋ ਦਾਸ।
ਸੇਵਕ ਅਵਨੀ ਤਲ ਮਹਿਂ ਬੈਸਹਿ, ਸਾਹਿਬ ਉਚਿਤੈ ਤਖਤ ਬਿਲਾਸ।
ਤਿਮ ਅੰਤਰ ਬਾਨੀ ਮਹਿਂ ਹੋਵਤ, ਕਿਤ ਪਟਬੀਜਨ ਕਿਤ ਸਪਤਾਸੁ।
ਕਿਮ ਸਮਤਾ ਹੁਇ ਤੁੱਛ ਕੀਟ ਮੈਂ, ਆਪ ਮਹਿਦ ਤੇ ਮਹਿਦ ਪ੍ਰਕਾਸ਼'॥ ੩੩॥

ਇਹ ਸੁਣ ਕੇ ਭਾਈ ਗੁਰਦਾਸ ਨੇ ਹੱਥ ਜੋੜ ਕੇ ਕਿਹਾ, "ਮੈਂ ਆਪ ਜੀ ਦੇ ਦਾਸਾਂ ਦਾ ਦਾਸ ਹਾਂ, ਸੇਵਕ ਹਮੇਸ਼ਾਂ ਨੀਵੀਂ ਥਾਂ ਹੀ ਬੈਠਦੇ ਹਨ, ਅਤੇ ਸਾਹਿਬ ਉੱਚੇ ਤਖ਼ਤ ਤੇ ਬੈਠਦੇ ਹਨ। ਉਸ ਤਰ੍ਹਾਂ ਹੀ ਮੇਰੀ ਅਤੇ ਤੁਹਾਡੀ ਬਾਣੀ ਵਿਚ ਫਰਕ ਹੈ, ਕਿਥੇ ਇਕ ਜੁਗਨੂੰ ਤੇ ਕਿਥੇ ਇਕ ਸੂਰਜ। ਇਕ ਤੁੱਛ ਕੀੜਾ ਸੂਰਜ ਦੀ ਕਿਵੇਂ ਬਰਾਬਰੀ ਕਰ ਸਕਦਾ ਹੈ। ਆਪ ਜੀ ਦਾ ਮਹਾਨ ਪ੍ਰਕਾਸ਼ ਹੈ"॥ ੩੩॥

ਤੀਨ ਬੇਰ ਫੁਰਮਾਯਹੁ ਸਤਿਗੁਰ ਬਿਨੈ ਸਹਤ ਭਾਈ ਕਰ ਬੰਦਿ।
ਅਲਪ ਆਪ ਕੋ ਲਖਿ ਕਰਿ ਉਰ ਮਹਿਂ ਨਹਿਂ ਸਮਤਾ ਚਾਹਤਿ ਜਗ ਬੰਦ।
ਅਤਿ ਪ੍ਰਸੰਨ ਹੁਇ ਬਰ ਗੁਰ ਦੀਨਹੁ 'ਤੁਵ ਬਾਨੀ ਫਲ ਹੋਇ ਬਿਲੰਦ।
ਪਢਤਿ ਸੁਨਤਿ ਗੁਰਸਿੱਖੀ ਪ੍ਰਾਪਤਿ ਸ਼ਰਧਾ ਸਤਿਗੁਰ ਬਧਹਿ ਮੁਕੰਦ'॥ ੩੪॥

ਸਤਿਗੁਰੂ ਜੀ ਨੇ ਤਿੰਨ ਵਾਰ ਫੁਰਮਾਇਆ, ਪਰ ਭਾਈ ਜੀ ਹੱਥ ਜੋੜ ਬੇਨਤੀ ਕਰ ਦਿੰਦੇ ਸਨ। ਆਪਣੇ ਆਪ ਨੂੰ ਛੋਟਾ ਸਮਝ ਕੇ ਜਗਤ ਦੇ ਬੰਦਨ ਯੋਗ ਗੁਰੂ ਜੀ ਦੀ ਬਰਾਬਰੀ ਨਹੀਂ ਸੀ ਕਰਨਾ ਚਾਹੁੰਦੇ। ਅਤੀ ਪ੍ਰਸੰਨ ਹੋ ਕੇ ਗੁਰੂ ਜੀ ਨੇ ਵਰ ਦਿੱਤਾ, "ਤੁਹਾਡੀ ਬਾਣੀ ਵੱਡੀ ਫਲਦਾਇਕ ਹੋਵੇਗੀ। ਪੜ੍ਹਨ ਸੁਣਨ ਨਾਲ ਗੁਰਸਿੱਖੀ ਪ੍ਰਾਪਤ ਹੋਵੇਗੀ ਅਤੇ ਮੁਕਤੀਦਾਤੇ ਸਤਿਗੁਰੂ ਜੀ ਵਿਚ ਬੜੀ ਸ਼ਰਧਾ ਵਧੇਗੀ"॥ ੩੪॥

ਦੋਹਰਾ- ਹਾਥ ਜੋਰਿ ਚਰਨੀ ਪਰਯੋ ਤਬਿ ਭਾਈ ਗੁਰਦਾਸ।
ਬਰ ਬਾਨੀ ਕੋ ਗੁਰ ਦਯੋ ਅਨਦ ਬਿਲੰਦ ਪ੍ਰਕਾਸ਼॥ ੩੫॥

ਭਾਈ ਗੁਰਦਾਸ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਕਿਉਂਕਿ ਉਨ੍ਹਾਂ ਦੀ ਬਾਣੀ ਨੂੰ ਗੁਰੂ ਜੀ ਨੇ ਬੜੇ ਉੱਚ ਪ੍ਰਕਾਸ਼ ਵਾਲਾ ਵਰ ਦਿੱਤਾ ਸੀ॥ ੩੫॥

*ਤੀਸਰੀ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥ ੪੭॥*

Sri Satguru Jagjit Singh Ji eLlibrary NamdhariElibrary@gmail.com

## ਅਧਿਆਇ ਅਠਤਾਲੀਵਾਂ

### ਵੇਦ ਭੱਟਾਂ ਦਾ ਰੂਪ ਧਰ ਆਏ

ਦੋਹਰਾ- ਭਗਤ ਬਿਰਾਜਤਿ ਨਿਕਟ ਗੁਰ ਦਰਸ਼ਨ ਤੇ ਸੁਖ ਪਾਇ।
ਮਨਹੁਂ ਸ਼ਾਂਤਿ ਚਿਤ ਸ਼ਿਵ ਬਿਰਜੋ ਬੀਚ ਮੁਨਿਨਿ ਸਮੁਦਾਇ ॥ ੧ ॥

ਭਗਤ ਗੁਰੂ ਜੀ ਦੇ ਨੇੜੇ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਕੇ ਬੜਾ ਸੁਖ ਪਾ ਰਹੇ ਸਨ, ਮਾਨੋਂ ਸ਼ਾਂਤ ਚਿਤ ਸ਼ਿਵ ਜੀ ਮੁਨੀਆਂ ਦੇ ਇਕੱਠ ਵਿਚ ਬੈਠੇ ਹੋਣ॥ ੧॥

ਸੈਯਾ ਛੰਦ- ਮਨਹੁ ਗਜਾਨ ਨਿਜ ਤਨ ਧਰਿ ਬੈਠਜੋ ਸਦ ਗੁਨ ਨਿਕਟ ਭਗਤ ਇਸ ਭਾਇ।
ਸ੍ਰੀ ਅਰਜਨ ਦਰਸ਼ਨ ਜਨੁ ਅੰਮ੍ਰਿਤ ਪੁਟਨਿ ਬਿਲੋਚਨ ਪੀਵਤਿ ਜਾਇ।
ਨਹਿਂ ਤ੍ਰਿਪਤਹਿਂ ਹਿਤ ਕਰਿ ਢਿਗ ਬੈਠਹਿਂ ਸੁਨਹਿਂ ਬਚਨ ਤਜੋਂ ਤਜੋਂ ਹਰਖਾਇਂ।
ਮਹਾਂ ਸੁਸ਼ੀਲ ਪ੍ਰੇਮਿ ਪਰਿ ਪੂਰਣ ਪ੍ਰਭੁ ਸਿਮਰਨ ਉਪਦੇਸ਼ ਬਤਾਇ ॥ ੨ ॥

ਮਾਨੋਂ ਗਿਆਨ ਆਪਣਾ ਸਰੀਰ ਧਾਰ ਕੇ ਬੈਠਾ ਹੋਵੇ ਇਸ ਤਰ੍ਹਾਂ ਸ਼ੁਭ ਗੁਣਾਂ ਵਾਲੇ ਭਗਤ, ਗੁਰੂ ਜੀ ਪਾਸ ਬੈਠੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਜਿਵੇਂ ਅੰਮ੍ਰਿਤ ਹੋਵੇ ਤੇ ਭਗਤਾਂ ਦੇ ਨੈਣਾਂ ਦੇ ਡੂਨੇ ਉਸ ਨੂੰ ਪੀ ਰਹੇ ਹੋਣ। ਪਾਸ ਬੈਠੇ ਤ੍ਰਿਪਤ ਨਹੀਂ ਸੀ ਹੋ ਰਹੇ, ਜਿਵੇਂ ਜਿਵੇਂ ਬਚਨ ਸੁਣਦੇ ਹਨ ਤਿਵੇਂ ਤਿਵੇਂ ਪ੍ਰਸੰਨ ਹੁੰਦੇ ਹਨ। ਮਹਾਂ ਸੁਸ਼ੀਲ ਪ੍ਰੇਮ ਵਿਚ ਪੂਰਨ, ਪ੍ਰਭੂ ਸਿਮਰਨ ਦਾ ਉਪਦੇਸ਼ ਦੇ ਰਹੇ ਹਨ॥ ੨॥

ਲਖਜੋ ਸਮਾਂ ਤਬਿ ਬਿਦਾ ਭਗਤ ਹੁਇ ਅਪਨੇ ਅਪਨੇ ਥਾਨ ਪਯਾਨ।
ਪੁਨ ਆਏ ਸਭਿ ਬੇਦ ਦੇਹ ਧਰਿ ਸ੍ਰੀ ਅਰਜਨ ਕੋ ਬੰਦਨ ਠਾਨਿ।
ਚਾਹਤਿ ਭੇ ਗੁਰ ਕਰਜੋ ਸੁ ਚਿਤ ਮੈਂ ਅਨਿਕ ਭਾਂਤਿ ਕੀ ਉਸਤਤਿ ਠਾਨਿ।
ਜਿਸ ਕਾਰਨ ਅਵਤਰੇ ਜਗਤ ਮਹਿਂ ਤਿਸ ਕੀ ਉਰ ਅਭਿਲਾਖ ਮਹਾਂਨ ॥ ੩ ॥

ਜਦ ਭਗਤਾਂ ਦੇ ਜਾਣ ਦਾ ਸਮਾਂ ਹੋਇਆ ਵੇਖਿਆ ਤਾਂ ਸਾਰੇ ਆਪਣੇ-ਆਪਣੇ ਸਥਾਨਾਂ ਨੂੰ ਚਲੇ ਗਏ। ਫਿਰ ਵੇਦ ਸਰੀਰ ਧਾਰ ਕੇ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਜਾ ਕੇ ਉਨ੍ਹਾਂ ਬੰਦਨਾ ਕੀਤੀ। ਉਹ ਚਿੱਤ ਵਿਚ ਗੁਰੂ ਜੀ ਦੀ ਅਨੇਕ ਭਾਂਤ ਦੀ ਉਸਤਤੀ ਕਰਨਾ ਚਾਹੁੰਦੇ ਹਨ। ਜੱਸ ਕਾਰਨ ਗੁਰੂ ਜੀ ਨੇ ਜਗਤ ਵਿਚ ਅਵਤਾਰ ਧਾਰਨ ਕੀਤਾ ਹੈ, ਉਸ ਦੀ ਉਸਤਤੀ ਕਰਨ ਦੀ ਉਨ੍ਹਾਂ ਦੇ ਮਨ ਵਿਚ ਮਹਾਨ ਅਭਿਲਾਸ਼ਾ ਸੀ॥ ੩॥

ਸੁਨਿ ਸ੍ਰੋਤਨਿ ਸੁਖ ਪਾਇ ਕਰਿ ਬੂਝੀ ਕਥਾ ਬਿਚਾਰ।
'ਬੇਦ ਧਰਜੋ ਨਰ ਦੇਹ ਕੋ ਇਹ ਕਹੀਯਹਿ ਬਿਸਤਾਰ' ॥ ੪ ॥

ਇਹ ਸੁਣ ਕੇ ਸਰੋਤਿਆਂ ਨੇ ਸੁਖ ਪਾ ਕੇ ਕਥਾ ਬਾਰੇ ਵਿਚਾਰ ਕਰਕੇ ਪੁਛਿਆ, "ਵੇਦਾਂ ਨੇ ਕਿਵੇਂ ਮਨੁੱਖਾ ਸਰੀਰ ਧਾਰਨ ਕਰ ਲਏ, ਇਸ ਗੱਲ ਨੂੰ ਵਿਸਥਾਰ ਨਾਲ ਪ੍ਰਗਟ ਕਰੋ॥ ੪॥

ਨੋਟ:- ਭਾਈ ਵੀਰ ਸਿੰਘ ਜੀ ਲਿਖਦੇ ਹਨ, "ਵੇਦਾਂ ਦਾ ਭੱਟਾਂ ਦਾ ਰੂਪ ਧਾਰਨ ਕਰਕੇ ਅਵਤਾਰਾਂ ਦੀ ਉਸਤਤੀ ਕਰਨ ਲਈ ਆਉਣਾ ਹਿੰਦੂਆਂ ਦੀਆਂ ਪ੍ਰਮਾਣਿਕ ਪੁਸਤਕਾਂ ਵਿਚ ਵੀ ਲਿਖਿਆ ਹੈ, ਜਿਹਾ ਕਿ ਤੁਲਸੀ ਕ੍ਰਿਤ ਰਾਮਾਇਣ ਦੇ ਉੱਤਰ

ਕਾਂਡ ਅੰਕ ੨੭ ਵਿਚ ਲਿਖਿਆ ਹੈ ਕਿ ਜਦ ਰਾਜਾ ਰਾਮ ਚੰਦਰ ਜੀ ਬਨਵਾਸ ਤੋਂ ਮੁੜ ਕੇ ਅਜੁਧਿਆ ਪੁਜ ਕੇ ਤਖਤ ਤੇ ਬੈਠੇ ਤਾਂ ਵੇਦਾਂ ਨੇ ਭੱਟਾਂ ਦਾ ਰੂਪ ਧਾਰ ਕੇ ਉਨ੍ਹਾਂ ਦੀ ਬੜੀ ਉਸਤਤਿ ਕੀਤੀ।

ਸੁਨਹੁ ਸਿੱਖ ਸਤਿਗੁਰ ਕੀ ਮਹਿਮਾ ਜਿਸ ਤੇ ਮਨ ਬਾਂਛਤਿ ਫਲ ਪਾਇ।
ਸਭਿ ਬੇਦਨਿ ਅਵਤਾਰ ਧਰਯੋ ਜਿਮ ਸੋ ਪ੍ਰਸੰਗ ਸਭਿ ਦੇਉਂ ਸੁਨਾਇ।
ਕਾਂਸ਼ੀ ਬਾਸ ਸ੍ਰੁਤਿ ਸਭਿ ਠਾਨਤਿ ਸਭਿ ਬਿੱਦਜਾ ਕੋ ਜਹਿਂ ਸਮੁਦਾਇ।
ਨਿਰਨੇ ਹੋਤਿ ਬ੍ਰਹਮ ਕੋ ਨਿਤਪ੍ਰਤਿ ਪਢਹਿਂ ਬਿਚਾਰਹਿਂ ਬੁਧਿ ਬਿਰਧਾਇ ॥ ੫ ॥

ਹੇ ਸਿੱਖੋ ! ਸਤਿਗੁਰੂ ਜੀ ਦੀ ਮਹਿਮਾ ਸੁਣੋ, ਜਿਸ ਨਾਲ ਮਨ-ਇੱਛਤ ਫਲ ਪ੍ਰਾਪਤ ਹੁੰਦਾ ਹੈ। ਜਿਵੇਂ ਸਾਰੇ ਵੇਦਾਂ ਨੇ ਸਰੂਪ ਧਾਰਨ ਕੀਤਾ, ਉਹ ਸਾਰਾ ਪ੍ਰਸੰਗ ਤੁਹਾਨੂੰ ਮੈਂ ਸੁਣਾ ਦਿੰਦਾ ਹਾਂ। ਕਾਂਸ਼ੀ ਵਿਚ ਸਾਰੇ ਵੇਦ ਵਾਸਾ ਕਰਦੇ ਹਨ ਅਤੇ ਜਿਥੇ ਸਾਰੀਆਂ ਵਿਦਿਆਵਾਂ ਦਾ ਇਕੱਠ ਹੈ। ਨਿਤਾਪ੍ਰਤੀ ਬ੍ਰਹਮ ਦਾ ਨਿਰਣਾ ਹੁੰਦਾ ਹੈ ਜਿਸ ਨੂੰ ਪੜ੍ਹਨ ਅਤੇ ਵਿਚਾਰਨ ਨਾਲ ਬੁੱਧੀ ਵਧਦੀ ਹੈ ॥ ੫ ॥

ਬਾਸ ਕਰਤਿ ਇਕ ਸਮੇ ਬੇਦ ਤਹਿਂ ਅਤਿਸ਼ੈ ਰਿਦੇ ਕੀਨਿ ਹੰਕਾਰ।
'ਨਿਰਨੌ ਹਮ ਤੇ ਹੋਤਿ ਬ੍ਰਹਮ ਕੋ ਕਰਹਿਂ ਬਿਚਾਰਨ ਸਾਰ ਅਸਾਰ।
ਨਾਤੁਰ ਅੰਧਕਾਰ ਬਿਸਤਰਿ ਹੈ, ਹਮ ਤੇ ਜਗਤ ਪ੍ਰਕਾਸ਼ ਉਦਾਰ।
ਅੱਗਜਾਨੀ ਮਨ ਲਹਹਿ ਗਜਾਨ ਕੋ, ਪਾਇ ਮੁਕਤਿ ਕੋ, ਬੰਧਨ ਟਾਰਿ' ॥ ੬ ॥

ਇਕ ਸਮੇਂ ਓਥੇ ਵੇਦ ਰਹਿੰਦੇ ਸਨ, ਉਨ੍ਹਾਂ ਨੇ ਆਪਣੇ ਹਿਰਦੇ ਵਿਚ ਬਹੁਤ ਹੰਕਾਰ ਕੀਤਾ। "ਬ੍ਰਹਮ ਦਾ ਨਿਰਣਾ ਸਾਡੇ ਪਾਸੋਂ ਹੀ ਹੁੰਦਾ ਹੈ ਅਸੀਂ ਹੀ ਗੁਣ ਔਗੁਣ ਤੇ ਵਿਚਾਰ ਕਰਦੇ ਹਾਂ। ਨਹੀਂ ਤਾਂ ਜਗਤ ਵਿਚ ਅੰਧਕਾਰ ਫੈਲ ਜਾਵੇ, ਜਗਤ ਵਿਚ ਸਾਡਾ ਹੀ ਸ੍ਰੇਸ਼ਟ ਪ੍ਰਕਾਸ਼ ਹੁੰਦਾ ਹੈ। ਅਗਿਆਨੀ ਮਨੁੱਖ ਸਾਡੇ ਪਾਸੋਂ ਹੀ ਗਿਆਨ ਪ੍ਰਾਪਤ ਕਰਕੇ ਮੁਕਤੀ ਪਾਉਂਦਾ ਹੈ ਤੇ ਉਸ ਦੇ ਦੁਨਿਆਵੀ ਬੰਧਨ ਕੱਟੇ ਜਾਂਦੇ ਹਨ" ॥ ੬ ॥

ਪਾਰਬ੍ਰਹਮ ਨੇ ਲਖਿ ਬੇਦਨਿ ਗਤਿ ਜਿਨ ਕੇ ਭਯੋ ਹੰਕਾਰ ਬਿਕਾਰ।
'ਇਹੀ ਜਨਮ ਦੇ ਜਗ ਮਹਿਂ ਫਿਰਿ ਫਿਰਿ ਸਕਲ ਵਿਕਾਰਨਿ ਮੂਲ ਉਦਾਰ।
ਇਨ ਉਰ ਤੇ ਅਬਿ ਕਰੌਂ ਉਖਾਰਨਿ' ਕ੍ਰਿਪਾ ਸਿੰਧੁ ਇਸ ਬਿਧਿ ਉਰਧਾਰਿ।
ਭਈ ਗਗਨ ਬਾਨੀ ਤਬਿ ਇਨ ਕੋ 'ਨਰ ਸਰੀਰ ਕੋ ਲਿਹੁ ਅਵਤਾਰ ॥ ੭ ॥

ਪਾਰਬ੍ਰਹਮ ਨੇ ਜਦ ਵੇਦਾਂ ਦੀ ਇਹ ਗਤੀ ਵੇਖੀ, ਜਿਨ੍ਹਾਂ ਨੂੰ ਬਹੁਤ ਹੰਕਾਰ ਹੋ ਗਿਆ ਸੀ, ਤਾਂ ਉਨ੍ਹਾਂ ਨੇ ਵਿਚਾਰ ਬਣਾਈ, "ਇਨ੍ਹਾਂ ਨੂੰ ਜਗਤ ਵਿਚ ਜਨਮ ਦਿੰਦਾ ਹਾਂ ਤਾਂਕਿ ਸਾਰੇ ਫਿਰ ਫਿਰਾ ਕੇ ਜਿਹੜਾ ਸਾਰੇ ਵਿਕਾਰਾਂ ਦਾ ਮੂਲ ਹੰਕਾਰ ਹੈ ਉਸ ਨੂੰ ਇਨ੍ਹਾਂ ਦੇ ਦਿਲਾਂ ਵਿਚੋਂ ਪੁੱਟ ਦਿਆਂ।" ਕਿਰਪਾ ਦੇ ਸਾਗਰ ਪਾਰਬ੍ਰਹਮ ਨੇ ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕੀਤਾ। ਫਿਰ ਸਾਰੇ ਵੇਦਾਂ ਨੂੰ ਆਕਾਸ਼ ਬਾਣੀ ਹੋਈ, "ਮਨੁੱਖਾ ਸਰੀਰ ਧਾਰਨ ਕਰੋ ॥ ੭ ॥

ਤੁਮਰੇ ਉਰ ਹੰਕਾਰ ਬਿਕਾਰ ਜੁ, ਨਿਸ਼ਫਲ ਕਰਹੁ, ਜਾਨਿ ਇਮ ਲੇਹੁ।
ਗੁਰ ਬਿਨ ਰਿਦੈ ਪ੍ਰਕਾਸ਼ ਨ ਹੋਵਤਿ ਯਾਂਤੇ ਮੂਲ ਸਤਿਗੁਰੂ ਦੇਹੁ।
ਤੁਮਰੋ ਖੇਦ ਬਿਨਸ ਕਰਿ ਜਾਵਹਿ ਕਰਹੁ ਗੁਰੂ ਜਿਤ ਕਿਤ ਦ੍ਰਿਸ਼ਟੇਹੁ।
ਸਤਿਗੁਰ ਬਿਨਾ ਨ ਸ਼ਾਂਤੀ ਪੱਯਤਿ ਯਾਂਤੇ ਬਨਹੁ ਸਿੱਖ ਹਿਤ ਦੇਹੁ ॥ ੮ ॥

ਤੁਹਾਡੇ ਹਿਰਦੇ ਵਿਚ ਜਿਹੜਾ ਹੰਕਾਰ ਦਾ ਵਿਕਾਰ ਹੈ, ਉਹ ਤੁਸੀਂ ਨਿਸ਼ਫਲ ਹੰਕਾਰ ਕਰ ਰਹੇ ਹੋ, ਇਸ ਗੱਲ ਨੂੰ ਚੰਗੀ

ਤਰ੍ਹਾਂ ਜਾਣ ਲਵੋ। ਗੁਰੂ ਤੋਂ ਬਗੈਰ ਹਿਰਦੇ ਵਿਚ ਪ੍ਰਕਾਸ਼ ਨਹੀਂ ਹੁੰਦਾ ਹੈ, ਕਿਉਂਕਿ ਪ੍ਰਕਾਸ਼ ਦਾ ਮੂਲ ਸਤਿਗੁਰਾਂ ਦੀ ਦੇਹ ਹੈ। ਤੁਹਾਡੇ ਸਾਰੇ ਦੁਖ ਦੂਰ ਹੋ ਜਾਣਗੇ, ਗੁਰੂ ਧਾਰਨ ਕਰੋ ਜਿਥੇ ਕਿਥੇ ਵੇਖਦੇ ਹੋ। ਸਤਿਗੁਰੂ ਬਗੈਰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਇਸ ਕਰਕੇ ਆਪਣਾ ਹਿਤ ਦੇਖ ਕੇ ਸਿੱਖ ਬਣੋ॥ ੮॥

ਇਕ ਇਕ ਬੇਦ ਚਤੁਰ ਬਪੁ ਧਾਰਹੁ ਬ੍ਰਹਮਾ ਤੁਮ ਸੰਗ ਨਰ ਤਨ ਪਾਇ।
ਰੱਛਕ ਸਦਾ ਹੋਤਿ ਜਿਤ ਕਿਤ ਇਹ ਤੁਮਰੇ ਬਿਘਨ ਸਕਲ ਬਿਨਸਾਇ।
ਗਗਨ ਗਿਰਾ ਇਮ ਕਹਜੋ, ਮੌਨ ਪੁਨਿ, ਸੁਨਿ ਸਭਿ ਬੇਦ ਰਹੇ ਬਿਸਮਾਇ।
ਕਮਲਜ ਸਹਤ ਬਿਚਾਰਨਿ ਕਰਿਕੈ ਛਿਤ ਅਵਤਰੇ ਸਰੂਪ ਬਨਾਇ॥ ੯॥

ਇਕ-ਇਕ ਵੇਦ ਚਾਰ-ਚਾਰ ਸਰੀਰ ਧਾਰਨ ਕਰੋ, ਬ੍ਰਹਮਾ ਵੀ ਤੁਹਾਡੇ ਨਾਲ ਮਨੁੱਖੀ ਸਰੀਰ ਧਾਰਨ ਕਰੇ। ਉਹ ਜਿਥੇ ਕਿਥੇ ਤੁਹਾਡੀ ਰਖਿਆ ਕਰੇਗਾ ਅਤੇ ਤੁਹਾਡੇ ਸਾਰੇ ਵਿਘਨਾਂ ਨੂੰ ਦੂਰ ਕਰੇਗਾ।" ਇਸ ਤਰ੍ਹਾਂ ਅਕਾਸ਼ ਬਾਣੀ ਹੋਈ। ਇਸ ਪ੍ਰਕਾਰ ਸੁਣ ਕੇ ਸਾਰੇ ਚੁਪ ਹੋ ਗਏ ਤੇ ਫਿਰ ਸਾਰੇ ਵੇਦ ਬਹੁਤ ਹੈਰਾਨ ਹੋਏ। ਬ੍ਰਹਮਾ ਸਮੇਤ ਬਾਰਾਂ ਹੋ ਕੇ ਉਨ੍ਹਾਂ ਮਨੁੱਖਾ ਸਰੀਰ ਧਾਰਨ ਕੀਤੇ॥ ੯॥

ਇਕ ਇਕ ਬੇਦ ਚਤੁਰ ਬਪੁ ਧਾਰੇ ਪ੍ਰਗਟ ਨਾਮ ਤਿਨ ਕਹੌਂ ਅਸੰਸ।
ਪੂਰਨ ਸ਼ਜਾਮ ਬੇਦ ਕੇ ਇਹ ਭੇ: ਮਥਰਾ, ਜਾਲਪ, ਬੱਲ, ਹਰਬੰਸ।
ਪੁਨ ਰਿਗਬੇਦ: ਕੱਲਜ, ਜੱਲ, ਨੱਲ ਤ੍ਰੈ, ਕਲਸਹਾਰ ਚੌਥੇ ਗਿਨਿ ਅੰਸ।
ਭਏ ਜੁਜਰ ਕੇ: ਟੱਲਜ, ਸੱਲਜ, ਪੁਨ ਜੱਲਜ, ਭੱਲਜ ਉਪਜੇ ਦਿਜ ਬੰਸ॥੧੦॥

ਇਕ-ਇਕ ਵੇਦ ਨੇ ਚਾਰ-ਚਾਰ ਸਰੂਪ ਧਾਰਨ ਕੀਤੇ, ਉਨਾਂ ਦੇ ਮੈਂ ਤੁਹਾਨੂੰ ਨਾਮ ਦੱਸਦਾ ਹਾਂ। ਪਹਿਲਾ ਸ਼ਾਮ ਵੇਦ ਨੇ ਇਹ ਰੂਪ ਧਾਰਨ ਕੀਤੇ ਜਿਨ੍ਹਾਂ ਦੇ ਨਾਂ ਹਨ- ਮਥਰਾ, ਜਾਲਪ, ਬੱਲ ਅਤੇ ਹਰਬੰਸ। ਰਿਗ ਵੇਦ ਨੇ ਜਿਹੜੇ ਚਾਰ ਰੂਪ ਬਣਾਏ ਉਹ ਹਨ- ਕੱਲਜ, ਜੱਲ, ਨੱਲ ਅਤੇ ਕਲਸਹਾਰ। ਯੁਜਰ ਵੇਦ ਨੇ ਜਿਹੜੇ ਚਾਰ ਰੂਪ ਬਣਾਏ, ਉਹ ਹਨ- ਟੱਲਜ, ਸੱਲਜ, ਜੱਲਜ ਅਤੇ ਭੱਲਜ। ਇਹ ਸਾਰੇ ਬ੍ਰਾਹਮਣ ਵੰਸ਼ ਨਾਲ ਸੰਬੰਧਿਤ ਸਨ॥ ੧੦॥

ਬਹੁਰ ਅਥਰਬਣ: ਦਾਸ ਰੁ ਕੀਰਤਿ, ਗਿਨਿ ਗਇੰਦ, ਸਦਰੰਗ ਸੁ ਚਾਰ।
ਕਮਲਾਸਨ ਕੋ ਭਿੱਖਾ ਨਾਮ ਸੁ ਇਨ ਸਭਿ ਤੇ ਭਾ ਅਧਿਕ ਉਦਾਰ।
ਬਿੱਪ੍ਰ ਸਰੀਰ ਭਾਟ ਭਈ ਸੰਗਜਾ, ਬਡੇ ਬੈਸ ਮਹਿਂ ਭੇ ਇਕਸਾਰ।
ਹੋਇ ਇਕੱਤ੍ਰ ਲਗੇ ਗੁਰ ਖੋਜਨਿ ਦੇਸ਼ ਬਿਦੇਸ਼ਨਿ ਮਹਿਂ ਹਿਤ ਧਾਰਿ॥ ੧੧॥

ਫਿਰ ਅਥਰਵਣ ਵੇਦ ਨੇ ਜਿਹੜੇ ਸਰੀਰ ਧਾਰਨ ਕੀਤੇ, ਉਨ੍ਹਾਂ ਵਿਚ ਸ੍ਰੇਸ਼ਟ ਕੀਰਤਿ, ਗਇੰਦ ਅਤੇ ਸਦਰੰਗ ਨੂੰ ਗਿਣੋ। ਸ੍ਰੇਸ਼ਟ ਚੌਥੇ ਭੱਟ ਬ੍ਰਹਮਾ ਦਾ ਭਿੱਖਾ ਨਾਮ ਸੀ ਜਿਹੜਾ ਇਨ੍ਹਾਂ ਸਾਰਿਆਂ ਵਿਚ ਬਹੁਤ ਉੱਤਮ ਸੀ। ਬ੍ਰਾਹਮਣ ਸਰੀਰਾਂ ਦਾ ਨਾਂ ਭੱਟ ਪੈ ਗਿਆ, ਉਹ ਉਮਰ ਵਿਚ ਬਹੁਤ ਵੱਡੇ ਇਕੋ ਜਿਹੇ ਸਨ। ਉਹ ਇਕੱਠੇ ਹੋ ਕੇ ਹਿਤ ਧਾਰ ਕੇ ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਦੀ ਖੋਜ ਕਰਨ ਲੱਗੇ॥ ੧੧॥

ਪੰਥ ਜਿਤੇ ਜਗ ਬਿਖੈ ਪ੍ਰਬਿਰਤੇ ਸਭਿ ਕੇ ਨਿਕਟ ਕਰਤਿ ਪ੍ਰਸਥਾਨ।
ਗਿਰੀ ਪੁਰੀ ਆਦਿਕ ਸੰਨਯਾਸੀ ਤਿਨ ਤੇ ਸੁਨਹਿਂ ਬੈਨ ਹਿਤ ਠਾਨਿ।
ਜੋਗ ਅੱਭਜਾਸੀ ਅਰੁ ਕੰਨਪਾਟੇ ਦੋਨੋ ਢਿਗ ਕਿਯ ਸੰਗ ਮਹਾਨ।
ਬ੍ਰਹਮ ਚਾਰੀ, ਤਪਸੀ, ਬੈਰਾਗੀ ਅਪਰ ਕਿਤਿਕ ਕੋ ਕਰੈ ਬਖਾਨਿ॥ ੧੨॥

ਜਿੰਨੇ ਵੀ ਜੱਗ ਵਿਚ ਪੰਥ ਪ੍ਰਚੱਲਤ ਹਨ, ਉਹ ਉਨ੍ਹਾਂ ਸਾਰਿਆਂ ਪਾਸ ਚਲ ਕੇ ਗਏ। ਗਿਰੀ ਅਤੇ ਪੁਰੀ ਆਦਿ ਜੋ ਸੰਨਿਆਸੀਆਂ ਦੀਆਂ ਕਿਸਮਾਂ ਹਨ, ਉਨ੍ਹਾਂ ਪਾਸੋਂ ਵੀ ਬੜੇ ਪਿਆਰ ਨਾਲ ਬਚਨ ਸੁਣੇ। ਜੋਗ ਦਾ ਅਭਿਆਸ ਕਰਨ ਅਤੇ ਕੰਨ ਪਾਟੇ ਜੋਗੀਆਂ ਦੀ ਵੀ ਮਹਾਨ ਸੰਗਤ ਕੀਤੀ। ਬ੍ਰਹਮਚਾਰੀ, ਤਪਸੀ, ਵੈਰਾਗੀ ਅਤੇ ਹੋਰ ਜਿੰਨੇ ਵੀ ਪੰਥ ਸਨ ਸਭ ਪਾਸ ਜਾ ਕੇ ਉਨ੍ਹਾਂ ਆਪਣੀ ਵਿਥਿਆ ਕਹੀ॥ ੧੨॥

ਸੰਮਤ ਏਕ ਫਿਰੇ ਜਗ ਖੋਜਤਿ ਜੇ ਸਾਧਿਕ ਪਰਲੋਕ ਉਦਾਰ।
ਕਹਿ ਨਿਜ ਬਚਨ, ਸ਼ਾਂਤਿ ਦੇ ਚਿਤ ਕੋ ਐਸੋ ਕਤਹੂੰ ਨਹੀਂ ਨਿਹਾਰ।
ਦੇਸ਼ ਬਿਦੇਸ਼ਨਿ ਸਗਰੇ ਫਿਰ ਕਰਿ ਭਏ ਉਦਾਸ ਗਏ ਜਬਿ ਹਾਰ।
ਉਤਰਜੋ ਗਰਬ, ਅਹੈਂ ਹਮ ਜਗ ਮਹਿਂ ਤਊ ਨ ਦੇਖਜੋ ਬਿਨਾ ਬਿਕਾਰ॥ ੧੩॥

ਸ੍ਰੇਸ਼ਟ ਪ੍ਰਲੋਕ ਦੀ ਸਾਧਨਾ ਕਰਨ ਵਾਲੇ ਇਕ ਸਾਲ ਤਕ ਜੱਗ ਵਿਚ ਗੁਰੂ ਖੋਜਦੇ ਰਹੇ। ਆਪਸ ਵਿਚ ਕਹਿੰਦੇ ਸਨ ਕਿ ਜਿਹੜਾ ਚਿੱਤ ਨੂੰ ਸ਼ਾਂਤੀ ਦੇਵੇ ਐਸਾ ਗੁਰੂ ਕਿਤੇ ਨਹੀਂ ਵੇਖਿਆ ਹੈ। ਦੇਸ਼ਾਂ ਵਿਦੇਸ਼ਾਂ ਵਿਚ ਫਿਰ ਕੇ ਜਦ ਹਾਰ ਗਏ ਤਾਂ ਬਹੁਤ ਉਦਾਸ ਹੋ ਗਏ। ਹੰਕਾਰ ਉਤਰ ਗਿਆ, ਕਹਿੰਦੇ ਸਨ ਕਿ ਅਸੀਂ ਜਦੋਂ ਦੇ ਜੱਗ ਵਿਚ ਆਏ ਹਾਂ ਵਿਕਾਰ ਬਿਨਾਂ ਕੁਝ ਨਹੀਂ ਵੇਖਿਆ॥ ੧੩॥

ਯਾਂਤੇ ਸਤਿਗੁਰ ਸਭਿ ਤੇ ਦੀਰਘ ਜਿਨ ਕੇ ਮਿਲਤਿ ਸ਼ਾਂਤਿ ਚਿਤ ਪਾਇ।
ਬਿਨਾਂ ਗਰਬ ਤੇ ਸਰਬ ਭਏ ਜਬਿ ਸੁਧਾ ਸਰੋਵਰ ਕੀ ਦਿਸ਼ਿ ਆਇ।
ਮਹਿਮਾ ਸੁਨਤਿ ਅਨੇਕ ਲੋਕ ਤੇ ਸ਼੍ਰੀ ਅਰਜਨ ਸਤਿਗੁਰ ਸੁਖਦਾਇ।
ਭਿੱਖੇ ਸਹਤ ਸਕਲ ਹੀ ਮਿਲਿ ਕੈ ਦਰਸ਼ਨ ਹਿਤ ਚਿਤ ਚੌਂਪ ਬਢਾਇ॥ ੧੪॥

ਇਸ ਕਰਕੇ ਸਤਿਗੁਰੂ ਸਭ ਤੋਂ ਵੱਡਾ ਹੈ, ਜਿਸ ਨੂੰ ਮਿਲ ਕੇ ਚਿੱਤ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸਾਰੇ ਹੰਕਾਰ-ਰਹਿਤ ਹੋ ਗਏ ਜਦ ਅੰਮ੍ਰਿਤ ਸਰੋਵਰ ਵਾਲੇ ਪਾਸੇ ਆਏ। ਅਨੇਕਾਂ ਲੋਕਾਂ ਪਾਸੋਂ ਮਹਿਮਾ ਸੁਣੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸੁਖ ਦੇਣ ਵਾਲੇ ਸਤਿਗੁਰੂ ਹਨ। ਭਿੱਖੇ ਸਹਿਤ ਸਾਰਿਆਂ ਹੀ ਮਿਲ ਕੇ ਦਰਸ਼ਨ ਵਾਸਤੇ ਚਿਤ ਦਾ ਸ਼ੌਕ ਵਧਾਇਆ॥ ੧੪॥

ਗੁਨ ਕੋ ਸੁਨਤਿ ਸ਼ਾਂਤਿ ਹੁਇ ਆਈ, ਸ਼੍ਰੀ ਅਰਜਨ ਕੋ ਸਿਮਰਤਿ ਨਾਮ।
ਸਭਿ ਪਹੁੰਚੇ ਹਰਿ ਮੰਦਿਰ ਮੈਂ ਜਬਿ ਦਰਸ਼ਨ ਪਿਖਜੋ ਅਜਬ ਅਭਿਰਾਮ।
ਸ਼ਜਾਮ ਸਰੂਪ ਅਨੂਪ ਚਤੁਰਭੁਜ ਸੁੰਦਰ ਬਦਨ ਸੁ ਛਬਿ ਕੋ ਧਾਮ।
ਮਹਾਂ ਜੋਤਿ ਜਾਗਤਿ ਚਹੁੰ ਦਿਸ਼ਿ ਮਹਿਂ ਕਰਤਿ ਅਨੇਕ ਸੁ ਨੰਮ੍ਰਿ ਪ੍ਰਣਾਮ॥ ੧੫॥

ਗੁਰੂ ਜੀ ਦੇ ਗੁਣਾਂ ਬਾਰੇ ਸੁਣ ਕੇ ਮਨ ਵਿਚ ਸ਼ਾਂਤੀ ਆ ਗਈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਮ ਦਾ ਸਿਮਰਨ ਕਰਨ ਲੱਗੇ। ਸਾਰੇ ਹਰਿਮੰਦਰ ਸਾਹਿਬ ਵਿਚ ਪਹੁੰਚੇ, ਜਦ ਦਰਸ਼ਨ ਕੀਤੇ ਤਾਂ ਅਜੀਬ ਪ੍ਰਕਾਰ ਦਾ ਮਨੋਹਰ ਸਰੂਪ ਵੇਖਿਆ। ਸਿਆਮ ਸਰੂਪ ਬੜਾ ਅਨੂਪਮ ਹੈ, ਚਾਰ ਬਾਹਾਂ ਹਨ, ਸੁੰਦਰ ਮੁਖੜਾ ਸ੍ਰੇਸ਼ਟ ਸ਼ੋਭਾ ਦਾ ਘਰ ਹੈ। ਚਾਰੇ ਪਾਸੀਂ ਮਹਾਨ ਜੋਤੀ ਜਗ ਰਹੀ ਹੈ ਅਤੇ ਅਨੇਕਾਂ ਹੀ ਸਨਿਮਰ ਹੋ ਕੇ ਨਮਸਕਾਰ ਕਰ ਰਹੇ ਹਨ॥ ੧੫॥

ਕਮਲਾ ਕਰਕਮਲਨਿ ਪਦ ਕਮਲ ਜਿ ਮ੍ਰਿਦੁਲ ਪਲੋਸਤਿ ਪ੍ਰੀਤ ਬਿਸਾਲ।
ਸ਼ੁਭਤਿ ਸੇਖ ਸਾਈਂ ਬਡ ਸ਼ੋਭਾ, ਦ੍ਰਿਗ ਬਿਸਤਰਤਿ ਕੋਰ ਜੁਗ ਲਾਲ।
ਪੀਤੰਬਰ ਸਭਿ ਅੰਗ ਬਿਭੂਖਨ ਬਡੇ ਬਿਭੂਖਤਿ ਗਰ ਬਨਮਾਲ।
ਸੀਸ ਕਿਰੀਟ, ਕੇਸ ਮ੍ਰਿਦੁ ਮੇਚਕ ਘੁੰਘਰਿਆਰੇ ਸ਼ੋਭਤਿ ਭਾਲ॥ ੧੬॥

Sri Satguru Jagjit Singh Ji eLlibrary NamdhariElibrary@gmail.com

ਲਛਮੀ ਆਪਣੇ ਕਰ ਕਮਲਾਂ ਨਾਲ, ਚਰਨ ਕੰਵਲ ਨੂੰ ਜੋ ਅਤਿ ਕੋਮਲ ਹਨ, ਬੜੀ ਪ੍ਰੀਤ ਨਾਲ ਪਲੋਸ ਰਹੀ ਹੈ। ਮਹਾਂ ਵਿਸ਼ਨੂੰ ਦੀ ਵੱਡੀ ਸ਼ੋਭਾ ਹੈ। ਨੇਤਰ ਬੜੇ ਚੌੜੇ ਹਨ ਅਤੇ ਦੋਵੇਂ ਕੋਨੇ ਲਾਲ ਹਨ। ਸਾਰੇ ਅੰਗਾਂ ਤੇ ਸੁੰਦਰ ਗਹਿਣੇ ਸ਼ੋਭ ਰਹੇ ਹਨ ਅਤੇ ਗਲੇ ਵਜੰਤੀਮਾਲਾ ਪਾਈ ਹੈ। ਸਿਰ ਤੇ ਮੁਕਟ ਹੈ, ਕੇਸ ਨਰਮ, ਕਾਲੇ ਅਤੇ ਘੁੰਘਰਿਆਲੇ ਬੜੇ ਸ਼ੋਭ ਰਹੇ ਹਨ॥ ੧੬॥

ਦੋਹਰਾ- ਬੇਦ ਸਰੂਪ ਜਿ ਬਿੱਪ੍ਰ ਬਰ ਹਰਿ ਸਰੂਪ ਤਿਨ ਦੀਖਿ।
ਅਪਰ ਨਹੀਂ ਕਾਹੂੰ ਲਖਯੋ ਦੇਨਿ ਹੁਤੀ ਤਿਨ ਸੀਖ॥ ੧੭॥

ਵੇਦ ਸਰੂਪ ਜਿਹੜੇ ਸ੍ਰੇਸ਼ਟ ਬ੍ਰਾਹਮਣ ਸਨ, ਉਨ੍ਹਾਂ ਨੇ ਗੁਰੂ ਜੀ ਨੂੰ ਮਹਾਂ ਵਿਸ਼ਨੂੰ ਰੂਪ ਵੇਖਿਆ। ਉਨ੍ਹਾਂ ਨੂੰ ਸਿਖਿਆ ਦੇਣੀ ਸੀ, ਇਸ ਕਰਕੇ ਗੁਰੂ ਜੀ ਨੇ ਅਜਿਹਾ ਆਪਣਾ ਸਰੂਪ ਬਣਾਇਆ॥ ੧੭॥

ਸ੍ਵੈਯਾ ਛੰਦ- ਅਸ ਸਰੂਪ ਦੇਖਤਿ ਬਿਸਮਾਏ ਹਰਿ ਮੰਦਿਰ ਮਹਿਂ ਸੁੰਦਰ ਸ਼ੋਭ।
ਮਹਾਂ ਬਿਸ਼ਨੁ ਕੋ ਰੂਪ ਮਨੋਹਰ ਜਿਸਹਿ ਧਯਾਨ ਧਰਿ ਜੋਗੀ ਲੋਭ।
ਉਸਤਤਿ ਕਰਨਿ ਲਗੇ ਹੁਇ ਠਾਂਢੇ ਜਿਨਿ ਕੈ ਭਯੋ ਪ੍ਰੇਮ ਕੋ ਛੋਭ।
ਨਮਸਕਾਰ ਪੁਨਿ ਪੁਨਿ ਪਗ ਪੰਕਜ ਰਿਦਾ ਪਰਮ ਗੰਭੀਰ ਅਛੋਭ॥ ੧੮॥

ਐਸਾ ਸਰੂਪ ਵੇਖ ਕੇ ਹੈਰਾਨ ਰਹਿ ਗਏ, ਹਰਿਮੰਦਰ ਵਿਚ ਬੈਠੇ ਸੁੰਦਰ ਸ਼ੋਭਾ ਪਾ ਰਹੇ ਹਨ। ਮਹਾਂ ਵਿਸ਼ਨੂੰ ਦਾ ਰੂਪ ਬੜਾ ਮਨੋਹਰ ਹੈ ਜਿਸ ਦਾ ਧਿਆਨ ਧਰ ਕੇ ਜੋਗੀ ਵੀ ਲੁਭਾਇਮਾਨ ਹੋ ਜਾਂਦੇ ਹਨ। ਖੜੇ ਹੋ ਕੇ ਉਸਤਤਿ ਕਰਨ ਲੱਗੇ ਜਿਨ੍ਹਾਂ ਦੇ ਪ੍ਰੇਮ ਨੇ ਵਿਆਕੁਲ ਕਰ ਦਿੱਤਾ ਹੈ॥ ੧੮॥

ਭੁਜੰਗ ਛੰਦ- 'ਦਯਾਸਿੰਧੁ ਦੀਨਾਨਿ ਬੰਧੂ ਕ੍ਰਿਪਾਲਾ!। ਨਮੋ ਪਾਦ ਕੰਜੰ ਅਭੰਜੰ ਉਜਾਲਾ।
ਅਜੈ ਹੋ, ਅਨਾਸ਼ੀ, ਅਨਾਦੀ, ਅਨੂਪੰ। ਮਹਾਂਰਾਜ ਰਾਜਾਨ ਕੇ ਰਾਜ ਰੂਪੰ॥ ੧੯॥

"ਹੇ ਦਇਆ ਦੇ ਸਮੁੰਦਰ ਦੀਨਾ ਬੰਧੂ ਕ੍ਰਿਪਾਲੂ! ਤੇਰੇ ਚਰਨਾਂ ਤੇ ਨਮਸਕਾਰ ਹੈ, ਤੁਸੀਂ ਨਾਸ਼-ਰਹਿਤ ਅਤੇ ਪ੍ਰਕਾਸ਼ ਰੂਪ ਹੋ। ਅਜਿਤ ਹੋ, ਨਾਸ਼ ਰਹਿਤ ਹੋ, ਆਦਿ ਰਹਿਤ ਹੋ ਅਤੇ ਅਨੂਪਮ ਹੋ। ਮਹਾਰਾਜਿਆਂ ਦੇ ਰਾਜਿਆਂ ਦੇ ਵੀ ਰਾਜ ਰੂਪ ਹੋ॥ ੧੯॥

ਸਭੈ ਬੀਚ ਬਾਸੋ, ਅਲੇਪੰ ਸਦਾ ਹੋ। ਅਜੋਨੀ ਅਛੈ ਏਕ ਰੂਪੰ ਅਜਾ ਹੋ।
ਕਥੇ ਮੋ ਨ ਆਵੈ, ਕਥੈ ਕੌਨ ਤੋਹੀ। ਨਿਰਾਲੰ, ਬਚਿੱਤ੍ਰੰ ਨਿਰਾਲੰਬ ਹੋਹੀ॥ ੨੦॥

ਸਦਾ ਹਰ ਇਕ ਵਿਚ ਵੱਸਦੇ ਹੋ ਅਤੇ ਸਦਾ ਹੀ ਨਿਰਲੇਪ ਰਹਿੰਦੇ ਹੋ। ਜੂਨ ਰਹਿਤ, ਨਾਸ਼ ਰਹਿਤ, ਇਕ ਰੂਪ ਹੋ, ਅਤੇ ਜਨਮ ਰਹਿਤ ਹੋ। ਮੈਨੂੰ ਕਹਿਣਾ ਨਹੀਂ ਆਉਂਦਾ, ਕੌਣ ਤੁਹਾਨੂੰ ਬਿਆਨ ਕਰ ਸਕਦਾ ਹੈ, ਨਿਰਾਲੇ, ਵਚਿਤਰ ਅਤੇ ਆਸਰਾ ਰਹਿਤ ਹੋ॥ ੨੦॥

ਸਭੀ ਤੋਹਿ ਮੇਂ ਤੂ ਸਭੇ ਮੈਂ ਬਿਰਾਜੈਂ। ਅਕਾਸ਼ੰ ਜਥਾ ਏਕ ਸਾਰੇ ਸੁ ਛਾਜੈਂ।
ਬ੍ਰਹਮੰਡੰ ਅਖੰਡੰ ਤੁਮੀ ਦੇਹਿ ਧਾਰੀ। ਦੁਊ ਨੈਨ ਭਾਨੂ ਸਸੀ ਜੋਤਿ ਭਾਰੀ॥ ੨੧॥

ਸਭ ਤੇਰੇ ਵਿਚ ਹਨ ਅਤੇ ਤੁਸੀਂ ਸਾਰਿਆਂ ਵਿਚ ਬਿਰਾਜ ਰਹੇ ਹੋ, ਇਕ ਆਕਾਸ਼ ਵਾਂਗ ਸਾਰੇ ਹੀ ਫੱਬ ਰਹੇ ਹੋ, ਬ੍ਰਹਿਮੰਡ ਵਿਚ ਇਕ ਅਖੰਡ ਦੇਹ ਤੁਸੀਂ ਹੀ ਧਾਰਨ ਕੀਤੀ ਹੈ। ਤੁਹਾਡੇ ਦੋਵੇਂ ਨੈਣ ਸੂਰਜ ਚੰਦ ਸਮਾਨ ਭਾਰੀ ਜੋਤ ਵਾਲੇ ਹਨ॥ ੨੧॥

ਦਿਸ਼ਾ ਸ਼੍ਰੌਨ ਤੇਰੇ ਨਭੰ ਸੀਸ ਗਾਵੈਂ। ਮਹਾਂ ਪੁੰਨ ਅੱਗ੍ਰੰ ਪ੍ਰਿਸ਼ਟੰ ਪਾਪ ਥਾਵੈਂ।
ਮਹਾਂ ਸਿੰਧੁ ਕੁੱਖੀ, ਤਰੂ ਰੋਮ ਬ੍ਰਿੰਦੰ। ਅਹੈ ਪਾਇ ਪਾਤਾਲ, ਤੋਹੀ ਮੁਕੰਦੰ॥ ੨੨॥

ਮਹਾਂ ਪੁੰਨ ਆਪ ਜੀ ਦਾ ਅਗਲਾ ਭਾਗ ਹੈ ਅਤੇ ਪਾਪ ਪਿੱਠ ਵਾਲੇ ਪਾਸੇ ਹੈ। ਮਹਾਨ ਸਮੁੰਦਰ ਕੁੱਖ ਵਿਚ ਹੈ ਅਤੇ ਸਾਰੇ ਦਰੱਖਤ ਤੇਰੇ ਰੋਮ ਹਨ। ਹੇ ਪ੍ਰਭੂ! ਤੂੰ ਹੀ ਮੁਕਤੀਦਾਤਾ ਹੈਂ ਅਤੇ ਤੇਰੇ ਵਿਚ ਹੀ ਪਾਤਾਲ ਹਨ॥ ੨੨॥

ਗੁਰੂ ਨਾਨਕੰ ਬੰਸ ਬੇਦੀਨਿ ਮਾਂਹੀ। ਨਰੰ ਦੇਹਿ ਧਾਰੀ ਜਪੈਂ ਜਾਪ ਜਾਂਹੀ।
ਕਲੀ ਮੈਂ ਦਯਾ ਧਾਰਿ ਨਾਮੰ ਜਪਾਯੋ। ਕਰਯੋ ਪੰਥ ਸਿੱਖੀ ਤਰੇ ਜਾਂਹਿ ਪਾਯੋ ॥੨੩॥

ਗੁਰੂ ਨਾਨਕ ਦੇਵ ਜੀ ਵੇਦੀਆਂ ਦੀ ਵੰਸ਼ ਵਿਚ ਪੈਦਾ ਹੋਏ ਹਨ। ਦੇਹਧਾਰੀ ਮਨੁੱਖ, ਉਨ੍ਹਾਂ ਦਾ ਜਾਪ ਹੀ ਜਪਦੇ ਹਨ।, ਕਲਿਜੁਗ ਵਿਚ ਉਨ੍ਹਾਂ ਨੇ ਦਇਆ ਧਾਰ ਕੇ ਨਾਮ ਜਪਾਇਆ ਹੈ। ਤੁਸੀਂ ਸਿੱਖੀ ਪੰਥ ਚਲਾਇਆ ਹੈ ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਤਰ ਗਏ ਹਨ॥ ੨੩॥

ਗੁਰੂ ਅੰਗਦੰ ਰੂਪ ਹੋਏ ਕ੍ਰਿਪਾਲਾ। ਕਰਾਮਾਤ ਕਾਹੂੰ ਨ ਦੀਨੀ ਬਿਸਾਲਾ।
ਜਰਯੋ ਜੋਰ ਦੀਹੰ ਰਿਦੇ ਮੈਂ ਗਹੀਰੰ। ਉਧਾਰੇ ਮਹਾਂ ਸਿੱਖ ਦੇ ਨਾਮ ਧੀਰੰ ॥੨੪॥

ਗੁਰੂ ਅੰਗਦ ਦੇਵ ਜੀ ਬੜੇ ਕ੍ਰਿਪਾਲੂ ਰੂਪ ਹੋਏ ਹਨ, ਉਨ੍ਹਾਂ ਕਦੇ ਵੀ ਕਰਾਮਾਤ ਨਹੀਂ ਸੀ ਵਿਖਾਈ, ਉਨ੍ਹਾਂ ਡੂੰਘੇ ਹਿਰਦੇ ਵਿਚ ਬੜੇ ਭਾਰੀ ਬਲ ਨੂੰ ਜਰਿਆ। ਉਨ੍ਹਾਂ ਨੇ ਨਾਮ ਦੇ ਕੇ ਬਹੁਤ ਸਿੱਖਾਂ ਦਾ ਉਧਾਰ ਕੀਤਾ॥ ੨੪॥

ਪਿਤਾ ਮੋਹਰੀ ਕੇ ਧਰੀ ਦੇਹਿ ਫੇਰੀ। ਮਹਾਂ ਪੰਥ ਸਿੱਖੀ ਬਿਥਾਰੀ ਘਨੇਰੀ।
ਚਹੂੰ ਚੱਕੇ ਮੈਂ ਕੀਰਤੀ ਚਾਰੁ ਹੋਈ। ਦਈ ਬ੍ਰਿੰਦ ਮੰਜੀ ਗੁਰੂ ਕੀਨਿ ਸੋਈ ॥੨੫॥

ਫਿਰ ਮੋਹਰੀ ਦੇ ਪਿਤਾ ਭਾਵ ਗੁਰੂ ਅਮਰਦਾਸ ਜੀ ਦਾ ਰੂਪ ਧਾਰਨ ਕੀਤਾ, ਉਨ੍ਹਾਂ ਮਹਾ ਪੰਥ ਸਿੱਖੀ ਦਾ ਬਹੁਤ ਵਿਸਥਾਰ ਕੀਤਾ, ਚਾਰ ਚੱਕਾਂ ਵਿਚ ਸੁੰਦਰ ਕੀਰਤੀ ਹੋਈ, ਗੁਰੂ ਜੀ ਨੇ ਬਹੁਤ ਪ੍ਰਚਾਰਕ ਮੰਜੀਆਂ ਦੇ ਕੇ ਪ੍ਰਚਾਰਕਾਂ ਨੂੰ ਵੀ ਗੁਰੂ ਬਣਾ ਦਿੱਤਾ ॥ ੨੫॥

ਗੁਰੂ ਰਾਮਦਾਸੰ ਪ੍ਰਕਾਸ਼ੇ ਬਿਸਾਲਾ। ਕਲੀ ਘੋਰ ਅੰਧੇਰ ਕੀਨੋ ਉਜਾਲਾ।
ਤਿਨੋ ਕੇ ਭਏ ਨੰਦ ਰੂਪੰ ਤੁਮਾਰਾ। ਨਮਸਤੰ ਨਮਸਤੰ ਨਮਸਤੰ ਉਦਾਰਾ ॥੨੬॥

ਫਿਰ ਗੁਰੂ ਰਾਮਦਾਸ ਜੀ ਦਾ ਵਿਸ਼ਾਲ ਪ੍ਰਕਾਸ਼ ਹੋਇਆ, ਘੋਰ ਕਲਿਜੁਗ ਵਿਚ ਅੰਧੇਰ ਛਾਇਆ ਹੋਇਆ ਸੀ, ਉਨ੍ਹਾਂ ਨੇ ਆ ਕੇ ਉਜਾਲਾ ਕੀਤਾ। ਉਨ੍ਹਾਂ ਦੇ ਪੁੱਤਰ ਦੇ ਰੂਪ ਵਿਚ ਤੁਹਾਡਾ ਪ੍ਰਕਾਸ਼ ਹੋਇਆ ਹੈ। ਹੇ ਮਹਾਨ ਗੁਰੂ ਜੀ ! ਤੁਹਾਨੂੰ ਨਮਸਕਾਰ ਹੈ, ਨਮਸਕਾਰ ਹੈ, ਨਮਸਕਾਰ ਹੈ" ॥ ੨੬॥

ਦੋਹਰਾ- ਇਮ ਅਸ਼ਟਕ ਉਸਤਤਿ ਕਰੀ ਪਠਿ ਮਨ ਬਾਂਛਤਿ ਪਾਇ।
ਦੀਨ ਹੋਇ ਪੁਨ ਸਕਲ ਹੀ ਰਹੇ ਚਰਨ ਲਪਟਾਇ॥ ੨੭॥

ਇਸ ਤਰ੍ਹਾਂ ਉਨ੍ਹਾਂ ਨੇ ਅਸ਼ਟਕ ਉਸਤਤ ਕੀਤੀ ਤੇ ਮਨ ਇੱਛਤ ਫਲ ਪਾਇਆ, ਫਿਰ ਸਾਰੇ ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਏ॥ ੨੭॥

*ਸੈਯਾ ਛੰਦ-* ਸ੍ਰੀ ਅਰਜਨ ਤਬਿ ਨਿਜ ਸਰੂਪ ਕੋ ਸਭਿ ਹੀ ਦਿਜਨਿ ਦਿਖਾਵਨਿ ਕੀਨਿ।
ਬੂਝਤਿ ਭਏ, 'ਕੌਨ ਤੁਮ ਕਾਰਜ ਉਰ ਬਾਂਛਤਿ ਲਿਹੁ ਜਾਚਿ ਪ੍ਰਬੀਨ।
ਕਹਾਂ ਬਸਤਿ, ਗਮਨੇ ਅਬਿ ਕਿਤ ਕੋ, ਹਮ ਢਿਗ ਆਏ ਕਜਾ ਚਿਤ ਚੀਨਿ'।
ਮੁੱਖਜ ਹੁਤੋ ਸਭਿਹਿਨਿ ਮਹਿਂ ਭਿੱਖਾ ਬੋਲਯੋ ਬਾਕ ਹੋਇ ਕਰਿ ਦੀਨ ॥੨੮॥

ਫਿਰ ਗੁਰੂ ਅਰਜਨ ਦੇਵ ਜੀ ਨੇ ਆਪਣਾ ਅਸਲ ਰੂਪ ਸਾਰੇ ਬ੍ਰਾਹਮਣਾਂ ਨੂੰ ਵਿਖਾਇਆ। ਪੁੱਛਣ ਲੱਗੇ, "ਤੁਸੀਂ ਕਿਸ ਕਾਰਨ ਦਿਲ ਦੀ ਇੱਛਾਂ ਅਨੁਸਾਰ ਨਿਪੁੰਨ ਪ੍ਰਭੂ ਰੂਪ ਧਾਰ ਲੈਂਦੇ ਹੋ, ਪ੍ਰਭੂ ਜੀ ਕਿਥੇ ਰਹਿੰਦੇ ਹਨ, ਹੁਣ ਕਿਥੇ ਚਲੇ ਗਏ ਹਨ, ਸਾਡੇ ਪਾਸ ਕੀ ਸੋਚ ਕੇ ਆਏ ਸਨ। ਭਿਖਾ ਜਿਹੜਾ ਸਭਨਾਂ ਦਾ ਮੁਖੀ ਸੀ, ਦੀਨ ਹੋ ਕੇ ਬੋਲਿਆ॥ ੨੮॥

ਭਿਖੇ ਵਾਚ॥

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥ ੨ ॥ ੨੦॥

(ਪੰਨਾ ੧੩੯੫)

ਮੈਂ ਸਾਧੂਆਂ ਦੀ ਖੋਜ ਕੀਤੀ ਹੈ ਅਤੇ ਕਈ ਪਵਿੱਤਰ ਪੁਰਖ ਵੇਖੇ ਹਨ। ਸੰਨਿਆਸੀ, ਤਪੀ ਅਤੇ ਬ੍ਰਾਹਮਣ ਸਾਰੇ ਹੀ ਬੜੀ ਮਿੱਠੀ ਜੁਬਾਨ ਵਾਲੇ ਹਨ। ਮੈਂ ਇਕ ਸਾਲ ਤਕ ਭਟਕਦਾ ਰਿਹਾ, ਪਰ ਕੋਈ ਵੀ ਸਾਧ ਸੰਤ ਮੇਰੀ ਤਸੱਲੀ ਨਾ ਕਰਵਾ ਸਕਿਆ। ਮੈਂ ਲੋਕਾਂ ਨੂੰ ਕਹਿੰਦਿਆਂ ਅਤੇ ਪਰਚਾਰ ਕਰਦੇ ਸੁਣਿਆ, ਪਰ ਉਨ੍ਹਾਂ ਦੀ ਰਹਿਣੀ-ਬਹਿਣੀ ਨੂੰ ਵੇਖ ਕੇ ਮੈਨੂੰ ਕੋਈ ਖੁਸ਼ੀ ਨਹੀਂ ਹੋਈ। ਮੈਂ ਉਨ੍ਹਾਂ ਦੀ ਮਹਿਮਾ ਕਿਉਂ ਕਰਾਂ ਜੋ ਪ੍ਰਭੂ ਦੇ ਨਾਮ ਨੂੰ ਤਿਆਗ ਕੇ ਹੋਰਨਾਂ ਨਾਲ ਜੁੜੇ ਹੋਏ ਹਨ। ਭਿਖਾ ਆਖਦਾ ਹੈ, ਵਾਹਿਗੁਰੂ ਨੇ ਮੈਨੂੰ ਸਤਿਗੁਰੂ ਨਾਲ ਮਿਲਾ ਦਿੱਤਾ ਹੈ, ਹੇ ਗੁਰਦੇਵ! ਹੁਣ ਜਿਸ ਤਰ੍ਹਾਂ ਤੂੰ ਮੈਂ ਰਖਦਾ ਹੈਂ, ਮੈਂ ਉਸ ਤਰ੍ਹਾਂ ਹੀ ਰਹਿੰਦਾ ਹਾਂ॥ ੨ ॥ ੨੦॥

ਨੋਟ:- ਇਹ ਸਵੈਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਤੀਜੇ ਮਹੱਲੇ ਦੇ ਸਵੈਯਾਂ ਵਿਚ ਹੈ, ਭਿੱਖਾ ਭੱਟ ਤੀਜੇ ਗੁਰੂ ਜੀ ਪਾਸ ਆਇਆ।

ਸਵੈਯਾ ਛੰਦ-'ਆਪ ਗੁਰ ਬਨਿ ਦੀਖਯਾ ਦੀਜਹਿ ਸਿੱਖਯ ਕਰਹੁ ਉਚਰਹੁ ਉਪਦੇਸ਼।
ਖੋਜਤਿ ਫਿਰੇ ਜਗਤ ਮਹਿਂ ਜਿਤ ਕਿਤ ਲੇਨਿ ਸ਼ਾਂਤਿ ਹਿਤ ਪੰਥ ਵਿਸ਼ੇਸ਼।
ਸ਼੍ਰਮਤ ਭਏ ਨਹਿਂ ਪ੍ਰਾਪਤਿ ਹੋਵਾ, ਬਾਸੀ ਹਮ ਕਾਸ਼ੀ ਪੁਰਿ ਦੇਸ਼।
ਅਪਰ ਬਾਸ਼ਨਾ ਚਿਤ ਮਹਿਂ ਕੋਇ ਨ ਕਯਾ ਜਾਚਹਿਂ ਮਿਥਿਆ ਜੁਅਸ਼ੇਸ਼' ॥੨੯॥

"ਆਪ ਗੁਰੂ ਬਣ ਦੀਖਿਆ ਦੇਵੋ, ਮੈਨੂੰ ਆਪਣਾ ਸਿੱਖ ਬਣਾਵੋ ਤੇ ਉਪਦੇਸ਼ ਉਚਾਰਨ ਕਰੋ। ਸ਼ਾਂਤੀ ਪ੍ਰਾਪਤ ਕਰਨ ਲਈ ਇਸ ਵਿਸ਼ੇਸ਼ ਪੰਥ ਨੂੰ ਜਿਥੇ ਕਿਥੇ ਲੱਭਦੇ ਰਹੇ ਹਾਂ। ਥੱਕ ਗਏ ਹਾਂ, ਪ੍ਰਾਪਤ ਨਹੀਂ ਹੋਇਆ ਹੈ ਅਸੀਂ ਕਾਂਸ਼ੀਪੁਰ ਦੇਸ਼ ਦੇ ਵਾਸੀ ਹਾਂ। ਚਿਤ ਵਿਚ ਹੋਰ ਕੋਈ ਵਾਸ਼ਨਾ ਨਹੀਂ ਹੈ, ਕੀ ਮੰਗੀਏ, ਬਾਕੀ ਸਭ ਝੂਠ ਹੈ" ॥ ੨੯॥

ਸ੍ਰੀ ਅਰਜਨ ਸੁਨਿ ਭਨਯੋ 'ਬੇਦ ਤੁਮ! ਨਰ ਤਨ ਧਾਰਿ ਆਇ ਹਮ ਪਾਸ।
ਤੁਮ ਸਭਿ ਕਰਹੁ ਬ੍ਰਹਮ ਕੋ ਨਿਰਨੈ ਪਾਰਬ੍ਰਹਮ ਕੋ ਸੁਜਸੁ ਪ੍ਰਕਾਸ਼।
ਅਬਿ ਸਰੀਰ ਮਾਨਵ ਕੋ ਪਾਯਹੁ ਕੁਛ ਹੰਕਾਰ ਭਯੋ ਫਲ ਤਾਸ।
ਬ੍ਰਹਮ ਰੂਪ ਸ੍ਰੀ ਨਾਨਕ ਕਲਿ ਮਹਿਂ ਨਰ ਸਰੂਪ ਹੁਇ ਤਾਰੇ ਦਾਸ ॥੩੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਵੇਦੋ! ਤੁਸੀਂ ਮਨੁੱਖਾ ਤਨ ਧਾਰ ਕੇ ਮੇਰੇ ਪਾਸ ਆਏ ਹੋ, ਤੁਸੀਂ ਆਪ ਹੀ ਬ੍ਰਹਮ ਦਾ ਨਿਰਣਾ ਕਰੋ ਅਤੇ ਪਾਰਬ੍ਰਹਮ ਦਾ ਸ੍ਰੇਸ਼ਟ ਜੱਸ ਪ੍ਰਕਾਸ਼ਿਤ ਕਰੋ। ਹੁਣ ਤੁਸੀਂ ਮਨੁੱਖਾ ਸਰੀਰ ਪਾਇਆ ਹੈ, ਤੁਹਾਨੂੰ ਕੁਝ ਹੰਕਾਰ ਹੋ ਗਿਆ ਸੀ, ਉਸ ਦਾ ਫਲ ਪਾਇਆ ਹੈ, ਬ੍ਰਹਮ ਰੂਪ ਸ੍ਰੀ ਨਾਨਕ ਦੇਵ ਜੀ ਨੇ ਕਲਿਜੁਗ ਵਿਚ ਨਰ ਸਰੂਪ ਧਾਰ ਕੇ ਬਹੁਤ ਸੇਵਕਾਂ ਦਾ ਕਲਿਆਣ ਕੀਤਾ॥ ੩੦॥

ਨਰ ਤਨ ਤੁਮਰੋ, ਨਰ ਤਨ ਸੋਈ, ਨਰ ਭਾਖਾ ਕੋ ਰਚਹੁ ਸੁਧਾਰਿ।
ਜਿਸ ਮਹਿੰ ਜਸੁ ਗੁਰ ਨਾਨਕ ਕੇਰਾ ਕਰਹੁ ਅਬੈ ਨਿਜ ਬਦਨ ਉਚਾਰਿ।
ਬਹੁਰ ਸਿੱਖਜ ਹਮ ਤੁਮ ਕੋ ਕਰਿ ਹੈਂ ਪਾਵਹੁ ਚਿਤ ਸ਼ਾਂਤੀ ਸੁਖ ਸਾਰ।
ਰਹਹਿ ਸਥਿਰ ਜਗ ਬਿਖੈ ਨਾਮ ਤੁਮ ਲਿਖਹਿੰ ਗ੍ਰਿੰਥ ਮਹਿੰ ਬਨਜੋ ਉਦਾਰ ॥੩੧॥

ਮਨੁੱਖਾ ਸਰੀਰ ਤੁਹਾਡਾ, ਗੁਰੂ ਦੇਵ ਜੀ ਨੇ ਵੀ ਮਨੁੱਖਾ ਸਰੀਰ ਧਾਰਨ ਕੀਤਾ ਸੀ, ਮਨੁੱਖੀ ਭਾਸ਼ਾ ਵਿਚ ਸੁਧਾਰ ਕੇ ਬਾਣੀ ਦੀ ਰਚਨਾ ਕਰੋ। ਉਸ ਵਿਚ ਗੁਰੂ ਦੇਵ ਜੀ ਦਾ ਜੱਸ ਕਰੋ ਅਤੇ ਹੁਣ ਆਪਣੇ ਮੁਖ ਨਾਲ ਉਚਾਰਨ ਕਰੋ, ਫਿਰ ਤੁਹਾਨੂੰ ਅਸੀਂ ਆਪਣਾ ਸਿੱਖ ਬਣਾਉਂਦੇ ਹਾਂ, ਫਿਰ ਚਿੱਤ ਵਿਚ ਸੁੱਖਾਂ ਦੀ ਸਾਰ ਸ਼ਾਂਤੀ ਪਾਵੋ। ਜਗਤ ਵਿਚ ਤੁਹਾਡਾ ਨਾਮ ਸਥਾਈ ਰੂਪ ਵਿਚ ਰਹੇਗਾ, ਜੋ ਮਹਾਨ ਉੱਤਮ ਗ੍ਰੰਥ ਬਣਿਆ ਹੈ, ਉਸ ਦੇ ਵਿਚ ਲਿਖਾਂਗੇ" ॥ ੩੧॥

ਸੁਨਿ ਕਰਿ ਉਰ ਹਰਖਤਿ ਸਭਿ ਹ੍ਵੈ ਕਰਿ ਹਾਥ ਜੋਰਿ ਕੈ ਬੂਝਨਿ ਕੀਨਿ।
'ਕ੍ਰਿਪਾ ਸਿੰਧੁ ਕਿਸੁ ਚਾਲ ਰਚਹਿੰ ਸੋ ਪ੍ਰਥਮ ਬਤਾਵਹੁ ਹਮ ਲੇਂ ਚੀਨਿ।
ਤਿਸੀ ਰੀਤਿ ਸਭਿ ਕਰੈਂ ਬਨਾਵਨਿ ਸ਼੍ਰੀ ਗੁਰ ਕੀਰਤਿ ਰੁਚਿਰ ਨਵੀਨ।
ਮਹਾਂ ਲਾਭ ਹਮ ਕੋ ਇਹ ਹੁਇ ਹੈ ਰਾਵਰ ਕ੍ਰਿਪਾ ਧਾਰਿ ਕੈ ਦੀਨ ॥ ੩੨ ॥

ਇਹ ਸੁਣ ਕੇ ਪ੍ਰਸੰਨ ਹੋ ਕੇ ਹੱਥ ਜੋੜ ਕੇ ਪੁਛਿਆ, "ਕਿਰਪਾ ਦੇ ਸਾਗਰ, ਕਿਸ ਢੰਗ ਨਾਲ ਲਿਖੀਏ, ਪਹਿਲਾਂ ਸਾਨੂੰ ਦੱਸੋ, ਅਸੀਂ ਪਹਿਲਾਂ ਸਮਝ ਲਈਏ। ਉਸ ਰੀਤੀ ਅਨੁਸਾਰ ਸਾਰੇ ਸ੍ਰੀ ਗੁਰੂ ਜੀ ਦੀ ਕੀਰਤੀ ਸੁੰਦਰ ਅਤੇ ਨਵੀਂ ਬਣਾਵਾਂਗੇ। ਮਹਾਂ ਲਾਭ ਸਾਨੂੰ ਇਹ ਹੋਵੇਗਾ ਆਪ ਜੀ ਸਾਨੂੰ ਦੀਨ ਜਾਣ ਕੇ ਕਿਰਪਾ ਧਾਰੋਗੇ" ॥ ੩੨ ॥

ਸ਼੍ਰੀ ਅਰਜਨ ਸੁਨਿ ਆਪ ਬਨਾਏ ਪ੍ਰਥਮ ਸਵੱਯੇ ਸੋ ਲਿਖਵਾਇ।
ਬਹੁਰ ਸਮਸਤ ਭਾਟ ਗੁਰ ਸਿਮਰੇ ਕਰਤਿ ਭਏ ਮਨ ਕੋ ਉਮਗਾਇ।
ਸ਼੍ਰੀ ਨਾਨਕ ਕੋ ਸੁਜਸੁ ਆਦਿ ਮਹਿ ਬਹੁ ਪ੍ਰਕਾਰ ਤਿਨ ਬਿਖੈ ਬਨਾਇ।
ਬ੍ਰਹਮ ਰੂਪ ਕਰਿ ਬਰਨਨ ਕੀਨੇ ਸ਼ਿਵ ਬ੍ਰਹਮਾਦਿਕ ਜਿਸ ਕੋ ਗਾਇੰ ॥ ੩੩ ॥

ਸ੍ਰੀ ਅਰਜਨ ਦੇਵ ਜੀ ਨੇ ਆਪ ਜੋ ਸੱਵਈਏ ਬਣਾਏ ਸਨ, ਪਹਿਲਾਂ ਉਹ ਲਿਖਵਾਏ, ਫਿਰ ਸਾਰੇ ਭੱਟ ਗੁਰੂ ਸਿਮਰ ਕੇ ਅਤੇ ਮਨ ਵਿਚ ਬੜਾ ਉਤਸ਼ਾਹ ਭਰ ਕੇ ਆਪਣੇ ਸਵੱਈਏ ਲਿਖਣ ਲੱਗੇ। ਅਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ੍ਰੇਸ਼ਟ ਜੱਸ ਬਹੁਤ ਪ੍ਰਕਾਰ ਉਨ੍ਹਾਂ ਨੇ ਬਣਾਇਆ। ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ ਰੂਪ ਕਰਕੇ ਵਰਣਨ ਕੀਤਾ, ਸ਼ਿਵ ਬ੍ਰਹਮਾ ਆਦਿ ਜਿਸ ਦਾ ਗਾਇਣ ਕਰਦੇ ਹਨ॥ ੩੩ ॥

ਬਹੁਤ ਚਾਲ ਕੇ ਕਰੇ ਸਵੱਯੇ ਦੇਸ਼ਨਿ ਕੀ ਭਾਖਾ ਬਿਚ ਸੋਇ।
ਮਹਾਂ ਮਹਾਤਮ ਕੀਨਿ ਉਚਾਰਨ ਪਠੇ ਸੁਨੇ ਫਲ ਦੀਰਘ ਹੋਇ।
ਜਿਸ ਕੋ ਨੇਤਿ ਨੇਤਿ ਨਿਤ ਸ਼੍ਰੁਤਿ ਕਹਿ ਤਿਸਕੋ ਬਰਨ ਸਕਹਿ ਕਹੁ ਕੋਇ।
ਸ਼ੇਖ ਸ਼ਾਰਦਾ ਅੰਤ ਨ ਪਾਵਹਿੰ ਸਦਾ ਸੁ ਖੋਜਹਿੰ ਜੋਗੀ ਜੋਇ॥ ੩੪ ॥

ਬਹੁਤ ਚਾਲ ਦੇ ਸਵੱਯੇ ਦੇਸੀ ਭਾਸ਼ਾ ਵਿਚ ਬਣਾਏ ਅਤੇ ਨਾਲ-ਨਾਲ ਮਹਾਤਮ ਵੀ ਉਚਾਰਨ ਕੀਤਾ ਜਿਹੜਾ ਪੜ੍ਹੇ ਸੁਣੇ ਵੱਡਾ ਫਲ ਪ੍ਰਾਪਤ ਕਰੇ। ਜਿਸ ਨੂੰ ਵੇਦ ਬੇਅੰਤ-ਬੇਅੰਤ ਕਹਿੰਦੇ ਹਨ ਉਸ ਨੂੰ ਕੋਈ-ਕੋਈ ਹੀ ਬਿਆਨ ਕਰ ਸਕਦਾ ਹੈ। ਸ਼ੇਸ਼ਨਾਗ ਅਤੇ ਸਰਸਵਤੀ ਵੀ ਉਸ ਦਾ ਅੰਤ ਨਹੀਂ ਪਾ ਸਕੀ ਅਤੇ ਜੋਗੀ ਸਦਾ ਹੀ ਉਸ ਨੂੰ ਖੋਜਦੇ ਰਹਿੰਦੇ ਹਨ॥ ੩੪ ॥

ਪੁਨ ਸ੍ਰੀ ਅੰਗਦ ਕੋ ਜਸੁ ਬਰਨਜੋ ਬਹੁ ਪ੍ਰਕਾਰ ਕੇ ਗੁਨ ਬਿਦਤਾਇ।
ਕੀਰਤਿ ਸ੍ਰੀ ਗੁਰੂ ਅਮਰਦਾਸ ਕੀ ਨਿਜ ਬਾਨੀ ਮਹਿਂ ਰੁਚਿਰ ਬਨਾਇ।
ਕੁਸਮ ਬਸੰਤ ਤਰੰਗ ਗੰਗ ਕੇ ਗੁਨ ਬਿਅੰਤ ਇੱਤਜਾਦਿ ਜਨਾਇ।
ਜਿਨ ਕੇ ਸਮਸਰ ਅਪਰ ਨਹੀਂ ਕੋ ਤਿਨ ਕੀ ਉਪਮਾ ਤਿਨ ਬਨਿ ਆਇ॥ ੩੫॥

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੱਸ ਵਰਣਨ ਕਰਕੇ ਬਹੁਤ ਪ੍ਰਕਾਰ ਉਨ੍ਹਾਂ ਦੇ ਗੁਣ ਪਰਗਟ ਕੀਤੇ। ਫਿਰ ਆਪਣੀ ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਕੀਰਤੀ ਬਹੁਤ ਸੁੰਦਰ ਬਣਾਈ, ਕੁਸਮ, ਬਸੰਤ, ਗੰਗ ਤਰੰਗ ਦੇ ਬੇਅੰਤ ਗੁਣ ਪ੍ਰਗਟ ਕੀਤੇ। ਗੁਰੂ ਅਮਰਦਾਸ ਜੀ ਬਾਰੇ ਲਿਖਿਆ ਕਿ ਤੁਹਾਡੇ ਬਰਾਬਰ ਹੋਰ ਕੋਈ ਨਹੀਂ, ਤੁਹਾਡੀ ਉਪਮਾ ਤੁਹਾਨੂੰ ਹੀ ਬਣ ਆਉਂਦੀ ਹੈ॥ ੩੫॥

ਸ੍ਰੀ ਗੁਰੁ ਰਾਮਦਾਸ ਗੁਨ ਰਾਸੀ ਤਿਨ ਕੀ ਕੀਰਤਿ ਰਚੀ ਬਿਸਾਲ।
ਧੰਨ ਧੰਨ ਸਤਿਗੁਰ ਜਗ ਸ੍ਵਾਮੀ ਜਿਨ ਦੇਖਜੋ ਅਘ ਓਘ ਸੁ ਟਾਲਿ।
ਪੁਨ ਸ੍ਰੀ ਅਰਜਨ ਸੁਜਸੁ ਬਨਾਯੋ ਏਕੋ ਜੋਤਿ ਪੰਚ ਗੁਰ ਨਾਲ।
ਧਰਮ ਧੁਜਾ ਧਰਨੀ ਸਮ ਧੀਰਜ ਪਰਉਪਕਾਰੀ ਪਰਮ ਕ੍ਰਿਪਾਲ॥ ੩੬॥

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣਾਂ ਦੀ ਕੀਰਤੀ ਵੀ ਵਿਸ਼ਾਲ ਰਚੀ। ਧੰਨ ਧੰਨ ਸਤਿਗੁਰੂ ਜੀ ਜਗਤ ਦੇ ਸਵਾਮੀ ਹੋਏ ਹਨ, ਜਿਸ ਨੇ ਵੀ ਉਨ੍ਹਾਂ ਦੇ ਦਰਸ਼ਨ ਕੀਤੇ ਉਸ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਸੀ। ਫਿਰ ਸ੍ਰੀ ਅਰਜਨ ਦੇਵ ਜੀ ਦਾ ਸ੍ਰੇਸ਼ਟ ਜੱਸ ਬਣਾਇਆ ਅਤੇ ਇਹ ਦੱਸਿਆ ਕਿ ਪੰਜਾਂ ਗੁਰੂ ਸਾਹਿਬਾਨ ਵਿਚ ਇਕੋ ਜੋਤ ਹੈ। ਉਹ ਧਰਮ ਦੀ ਧੁਜਾ ਹਨ ਤੇ ਧਰਤੀ ਵਾਂਗ ਧੀਰਜਵਾਨ ਹਨ ਅਤੇ ਪਰਮ ਕ੍ਰਿਪਾਲੂ ਵੱਡੇ ਪਰਉਪਕਾਰੀ ਹਨ॥ ੩੬॥

ਇਕ ਸੌ ਬਾਈ ਰਚੇ ਸਵੈਯੇ ਪੰਚਹੁਂ ਗੁਰ ਕੋ ਸੁਜਸ ਬਨਾਇ।
ਸ੍ਰੀ ਅਰਜਨ ਕੋ ਕੀਨਿ ਸੁਨਾਵਨਿ ਪਰਮ ਪ੍ਰੇਮ ਮਨ ਮਹਿਂ ਉਪਜਾਇ।
ਪਦ ਅਰਬਿੰਦ ਕਰੀ ਪੁਨ ਬੰਦਨ ਦੀਨ ਭਏ ਭਾਟ ਜੁ ਸਮੁਦਾਇ।
ਚਿਤ ਮਹਿਂ ਚਾਹਤਿ ਸਿਖ ਬਨਿਬੇ ਕਉ ਜਾਚਤਿ ਸ਼ਾਂਤਿ ਸੁ ਚਿਤ ਮਹਿਂ ਆਇ॥੩੭॥

ਇਕ ਸੌ ਬਾਈ ਸਵੈਯੇ ਰਚ ਕੇ ਪੰਜਾਂ ਗੁਰੂ ਸਾਹਿਬਾਨ ਦਾ ਸ੍ਰੇਸ਼ਟ ਜੱਸ ਬਣਾਇਆ। ਫਿਰ ਸਾਰੀ ਆਪਣੀ ਰਚਨਾ ਆਪਣੇ ਮਨ ਵਿਚ ਪਰਮ ਪ੍ਰੇਮ ਉਪਜਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੁਣਾਈ। ਫਿਰ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਸਾਰੇ ਭੱਟ ਬਹੁਤ ਦੀਨ ਹੋ ਗਏ। ਆਪਣੇ ਚਿੱਤ ਵਿਚ ਸਿੱਖ ਬਣਨਾ ਚਾਹੁੰਦੇ ਸਨ ਤਾਂਕਿ ਉਨ੍ਹਾਂ ਦੇ ਚਿਤ ਵਿਚ ਸ਼ਾਂਤੀ ਆ ਜਾਵੇ॥ ੩੭॥

ਭਏ ਪ੍ਰਸੰਨ ਬਹੁਤ ਸ੍ਰੀ ਅਰਜਨ ਤਿਨ ਕੀ ਕ੍ਰਿਤ ਗ੍ਰਿੰਥ ਲਿਖਵਾਇ।
ਮਨ ਬਾਂਛਤਿ ਬਰ ਦੀਨਿ ਸਭਿਨਿ ਕੋ ਸਿੱਖਜ ਕਰੇ ਸ਼ਾਂਤੀ ਉਪਜਾਇ।
ਭ੍ਰਮ ਪਰਹਰਜੋ, ਭਏ ਸਭਿ ਨਿਰਮਲ, ਸ੍ਰੀ ਗੁਰ ਜਸੁ ਤੇ ਇਹੁ ਫਲ ਪਾਇ।
ਕੇਤਿਕ ਦਿਨ ਮੈਂ ਨਿਜ ਤਨ ਤਜਿਕੈ ਬੇਦ ਰੂਪ ਹੋਏ ਤਿਸ ਭਾਇ॥ ੩੮॥

ਗੁਰੂ ਅਰਜਨ ਦੇਵ ਜੀ ਉਨ੍ਹਾਂ ਦੀ ਕ੍ਰਿਤ ਨੂੰ ਸ੍ਰੀ ਗ੍ਰੰਥ ਸਾਹਿਬ ਵਿਚ ਲਿਖਾ ਕੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੂੰ ਮੂੰਹ ਮੰਗੀਆਂ ਮੁਰਾਦਾਂ ਦਿੱਤੀਆਂ ਤੇ ਸਿੱਖੀ ਬਖਸ਼ ਕੇ ਸ਼ਾਂਤ-ਮਈ ਕਰ ਦਿੱਤੇ। ਸਾਰੇ ਭਰਮ ਦੂਰ ਹੋ ਗਏ, ਅਤੇ ਸਾਰੇ ਨਿਰਮਲ ਹੋ ਗਏ, ਸ੍ਰੀ ਗੁਰੂ ਜੱਸ ਤੇ ਇਹ ਫਲ ਪਾਇਆ। ਕਈ ਦਿਨਾਂ ਬਾਅਦ ਨਿੱਜੀ ਸਰੀਰ ਛੱਡ ਕੇ ਪਹਿਲਾਂ ਵਾਂਗ ਹੀ ਵੇਦ ਰੂਪ ਹੋ ਗਏ॥ ੩੮॥

ਲਿਖੇ ਸਮਸਤ ਸਵੈਯੇ ਸੋਊ ਸ਼੍ਰੀ ਗ੍ਰੰਥ ਸਾਹਿਬ ਕੇ ਮਾਂਹਿ।
ਅੰਤ ਸਰਬ ਕੇ ਲਿਖਿ ਮੁੰਦਾਵਣੀ ਮੁੰਦ੍ਰਿਤ ਮੁਹਰ ਲਗੀ ਜਨੁ ਵਾਹਿ।
ਭੋਗ ਸਕਲ ਬਾਣੀ ਕੋ ਪਾਯਹੁ ਮਹਿਮਾ ਜਿਸ ਕੀ ਕਹੀ ਨ ਜਾਇ।
ਭਵਜਲ ਤੈਰਣ ਕੋ ਜਹਾਜ ਬਡ ਪ੍ਰਭੁ ਕ੍ਰਿਪਾ ਤੇ ਪਾਰ ਪਰਾਇ॥ ੩੯॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਸਵੈਯੇ ਲਿਖਵਾਏ ਗਏ। ਅੰਤ ਵਿਚ ਸਾਰਾ ਗ੍ਰੰਥ ਸਾਹਿਬ ਲਿਖ ਕੇ ਮੁੰਦਾਵਣੀ ਸ਼ਬਦ ਲਿਖ ਕੇ ਬੰਦ ਕਰ ਦਿੱਤਾ, ਮਾਨੋ ਇਹ ਬਾਣੀ ਨੂੰ ਬੰਦ ਕਰਨ ਦੀ ਮੋਹਰ ਸੀ। ਸਾਰੀ ਬਾਣੀ ਦਾ ਭੋਗ ਪਾਇਆ, ਜਿਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਭਵਜਲ ਤਰਨ ਵਾਸਤੇ ਇਹ ਵੱਡਾ ਜਹਾਜ਼ ਹੈ, ਪ੍ਰਭੂ ਕ੍ਰਿਪਾ ਨਾਲ ਮਨੁੱਖ ਭਵਸਾਗਰ ਨੂੰ ਤਰ ਜਾਂਦਾ ਹੈ॥ ੩੯॥

ਰਾਗਮਾਲ਼ ਸ਼੍ਰੀ ਗੁਰ ਕੀ ਕ੍ਰਿਤ ਨਹਿੰ ਹੈ ਮੁੰਦਾਵਣੀ ਲਗਿ ਗੁਰ ਬੈਨ।
ਇਸ ਮਹਿੰ ਨਹਿੰ ਸੰਸੈ ਕੁਛ ਕਰੀਅਹਿ ਜੇ ਸੰਸੈ ਅਵਿਲੋਕਹੁ ਨੈਨ।
ਮਾਧਵ ਨਲ ਆਲਮ ਕਵਿ ਕੀਨਸਿ ਤਿਸ ਮਹਿੰ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਿਨੇ ਤਹਿੰ ਯਾਂਤੇ ਸ਼੍ਰੀ ਅਰਜਨ ਕ੍ਰਿਤ ਹੈ ਨ॥ ੪੦॥

ਰਾਗਮਾਲਾ ਸ੍ਰੀ ਗੁਰੂ ਜੀ ਦੀ ਕ੍ਰਿਤ ਨਹੀਂ ਹੈ, ਮੁੰਦਾਵਣੀ ਤਕ ਹੀ ਗੁਰੂ ਜੀ ਦੇ ਬਚਨ ਹਨ। ਇਸ ਵਿਚ ਕੋਈ ਸੰਸਾ ਨਹੀਂ ਕਰਨਾ ਚਾਹੀਦਾ ਆਪਣੀਆਂ ਅੱਖਾਂ ਨਾਲ ਵੇਖ ਲਵੋ। ਮਾਧਵ ਨਲ ਆਲਮ ਕਵੀ ਨੇ ਤਿਸ ਵਿਚ ਨ੍ਰਿਤਕਾਰੀ ਕੀਤੀ। ਰਾਗ - ਰਾਗਣੀਆਂ ਦੇ ਨਾਂ ਗਿਣੇ ਹਨ, ਇਸ ਵਿਚ, ਇਸ ਕਰਕੇ ਇਹ ਗੁਰੂ ਅਰਜਨ ਦੇਵ ਜੀ ਦੀ ਰਚਨਾ ਨਹੀਂ ਹੈ॥ ੪੦॥

ਨੋਟ:- ਇਹ ਕਵੀ ਜੀ ਦੀ ਆਪਣੀ ਰਾਇ ਹੈ।

ਇਹ ਸੁਧਿ ਨਹੀਂ ਲਿਖੀ ਇਹ ਗੁਰ ਨੇ ਕਿਧੌਂ ਸਿੱਖ ਕਾਹੂ ਲਿਖਿ ਦੀਨਿ।
ਰਾਗ ਨਾਮ ਸਭਿ ਜਾਨਹਿੰ ਰਾਗੀ ਇਹ ਕਾਰਨ ਲਿਖ ਦਈ ਪ੍ਰਬੀਨ।
ਸ਼੍ਰੀ ਗੁਰ ਗਿਰਾ ਨਾਮ ਹਰਿ ਕੇ ਬਿਨ ਸੰਤਨ ਮਹਿਮਾ ਬਿਨ ਨਹਿੰ ਕੀਨਿ।
ਭਰਜੋ ਮਹਦ ਫਲ ਪਠਿਬੇ ਸੁਨਿਬੇ ਲਿਖਿਬੇ ਗੁਨਿਬੇ, ਚਹੈ ਸੁ ਲੀਨ॥੪੧॥

ਇਸ ਦੇ ਅੰਤ ਵਿਚ ਸ਼ਬਦ ਸੁਧਿ ਨਹੀਂ ਲਿਖਿਆ ਹੈ, ਗੁਰੂ ਜੀ ਨੇ ਜਾਂ ਕਿਸੇ ਹੋਰ ਸਿੱਖ ਨੇ ਲਿਖ ਦਿੱਤੀ ਹੈ। ਰਾਗਾਂ ਦੇ ਨਾਂ ਸਾਰੇ ਰਾਗੀ ਜਾਣਦੇ ਹਨ, ਇਸ ਕਾਰਨ ਬੜੇ ਚਤੁਰ ਢੰਗ ਨਾਲ ਲਿਖ ਦਿੱਤੀ ਹੈ। ਸ੍ਰੀ ਗੁਰੂ ਜੀ ਨੇ ਹਰੀ ਨਾਮ ਤੋਂ ਬਗੈਰ ਅਤੇ ਸੰਤਾਂ ਦੀ ਮਹਿਮਾਂ ਤੋਂ ਬਿਨਾਂ, ਕੋਈ ਬਾਣੀ ਨਹੀਂ ਲਿਖੀ ਹੈ। ਲਿਖਿਆ ਹੈ ਕਿ ਇਸ ਨੂੰ ਪੜ੍ਹ ਕੇ, ਸੁਣ ਕੇ, ਲਿਖ ਕੇ, ਗੁਣ ਕੇ ਜੋ ਫਲ ਚਾਹੇ ਪ੍ਰਾਪਤ ਕਰ ਸਕਦਾ ਹੈ॥ ੪੧॥

ਧੰਨ ਜਨਮ ਜਿਨ ਲਿਖ੍ਯੋ ਭਾਉ ਧਰਿ ਸਫਲ ਹਾਥ ਅਪਨੇ ਕਰਿ ਤਾਂਹਿ।
ਪਠਹਿ ਪ੍ਰੇਮ ਤੇ ਹਰਖਹਿ ਉਰ ਮਹਿੰ ਪੁਲਕਹਿ ਝਲਕਹਿ ਜਲ ਦ੍ਰਿਗ ਮਾਂਹਿ।
ਹਰਖਹਿੰ ਜਨੁ, ਅੰਮ੍ਰਿਤ ਕੋ ਬਰਖਹਿੰ, ਤਰਕਹਿੰ ਬਿਸ਼ਯ, ਗੁਨਨਿ ਅਵਿਗਾਹਿ।
ਸੇ ਨਰ ਪਰੇ ਪਾਰ, ਨਹਿੰ ਜਨਮਹਿੰ ਸੁਨਹਿੰ ਏਕ ਮਨ ਥਿਰਤਾ ਪਾਹਿੰ॥ ੪੨॥

ਉਨ੍ਹਾਂ ਦਾ ਧੰਨ ਜਨਮ ਹੈ ਜਿਨ੍ਹਾਂ ਨੇ ਪ੍ਰੇਮ ਧਾਰਨ ਕਰਕੇ ਆਪਣੇ ਹੱਥ ਨਾਲ ਲਿਖਕੇ ਆਪਣੇ ਹੱਥਾਂ ਨੂੰ ਸਫਲ ਕਰ ਲਿਆ ਹੈ। ਜਿਹੜੇ ਪ੍ਰੇਮ ਨਾਲ ਪੜ੍ਹਦੇ ਹਨ ਉਹ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਹਨ, ਪਲਕਾਂ ਝਮਕਣ ਨਾਲ ਨੈਣਾਂ ਵਿਚ ਜਲ ਆ

ਜਾਂਦਾ ਹੈ। ਏਨੇ ਪ੍ਰਸੰਨ ਹੁੰਦੇ ਹਨ ਮਾਨੋ ਅੰਮ੍ਰਿਤ ਦੀ ਬਰਖਾ ਹੁੰਦੀ ਹੈ, ਸਾਰੇ ਵਿਸ਼ਿਆਂ ਨੂੰ ਛੱਡਦੇ ਹਨ ਅਤੇ ਗੁਣਾਂ ਨੂੰ ਵਿਚਾਰਦੇ ਹਨ। ਜਿਹੜੇ ਮਨੁੱਖ ਇਕ ਮਨ ਸਥਿਰ ਹੋ ਕੇ ਸੁਣਦੇ ਹਨ, ਉਹ ਮਨੁੱਖ ਤਰ ਜਾਂਦੇ ਹਨ ਤੇ ਫਿਰ ਦੁਬਾਰਾ ਜਨਮ ਨਹੀਂ ਲੈਂਦੇ॥ ੪੨॥

*ਤੀਸਰੀ ਰਾਸ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥ ੪੮॥*

ਨੋਟ:- ਰਾਗਮਾਲਾ ਦੇ ਪਦ ਜੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰ ਹਨ, ਕਰਤਾਰਪੁਰ ਵਾਲੀ ਬੀੜ ਵਿਚ ਰਾਗਮਾਲਾ ਤੇ ਬਾਕੀ ਸਾਰੀ ਬਾਣੀ ਦੀ ਲਿਖਤ ਇਕੋ ਹੱਥ ਦੀ ਹੈ। ਭਾਈ ਬੰਨੋ ਵਾਲੀ ਬੀੜ ਜਿਸ ਨੂੰ ਗੁਰੂ ਜੀ ਨੇ ਖਾਰੀ ਬੀੜ ਕਿਹਾ ਸੀ, ਉਸ ਵਿਚ ਵੀ ਰਾਗਮਾਲਾ ਦਰਜ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੀ ਰਾਗ ਮਾਲਾ ਮੌਜੂਦ ਸੀ।

# ਅਧਿਆਇ ਉਣੰਜ੍ਹਵਾਂ

## *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ*

ਦੋਹਰਾ- ਭਯੋ ਗ੍ਰਿੰਥ ਸਾਹਿਬ ਰੁਚਿਰ ਭੋਗ ਪਾਇਬੇ ਹੇਤ।
ਅਨਿਕ ਭਾਂਤਿ ਉਤਸਾਹ ਕੀ ਤਜਾਰੀ ਕਰੀ ਸੁਚੇਤ॥ ੧॥

ਸੁੰਦਰ ਗੁਰੂ ਗ੍ਰੰਥ ਸਾਹਿਬ ਜੀ ਭੋਗ ਪਾਉਣ ਵਾਸਤੇ ਤਿਆਰ ਹੋ ਗਏ। ਬੜੇ ਸੁਚੇਤ ਹੋ ਕੇ ਅਨੇਕ ਪ੍ਰਕਾਰ ਦੇ ਉਤਸ਼ਾਹਾਂ ਦੀਆਂ ਤਿਆਰੀਆਂ ਕੀਤੀਆਂ॥ ੧॥

ਤੋਟਕ ਛੰਦ- ਬਹੁ ਕੀਨਿ ਤਿਹਾਵਲ ਮੇਲਿ ਭਯੋ। ਸਭਿ ਸੰਗਤਿ ਸ੍ਰੌਨ ਸੁਨਾਇ ਦਯੋ।
ਅਬਿ ਗ੍ਰੰਥ ਸਪੂਰਨ ਹੋਇ ਗਯੋ। ਦਰਸੈਂ ਸਭਿ ਆਨਿ ਉਛਾਹ ਕਯੋ॥ ੨॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਅਤੇ ਬਹੁਤ ਇਕੱਠ ਹੋਇਆ। ਗੁਰੂ ਜੀ ਨੇ ਸਾਰੀ ਸੰਗਤ ਨੂੰ ਸੁਣਾ ਦਿੱਤਾ। "ਹੁਣ ਗ੍ਰੰਥ ਸਾਹਿਬ ਸੰਪੂਰਣ ਹੋ ਗਿਆ ਹੈ, ਸਾਰੇ ਆ ਕੇ ਬੜੇ ਉਤਸ਼ਾਹ ਨਾਲ ਇਸ ਦੇ ਦਰਸ਼ਨ ਕਰੋ" ॥ ੨॥

ਨਰ ਨਾਰਿ ਅਨੰਦ ਬਿਲੰਦ ਕਰੇ। ਸਰ ਰਾਮ ਜਹਾਂ ਤਹਿਂ ਆਨ ਖਿਰੇ।
ਲਘੁ ਦੁੰਦਭਿ ਬਾਜਿ ਨਫੀਰਨ ਸੋਂ। ਬਡ ਹੋਤਿ ਕੁਲਾਹਲ ਭੀਰਨਿ ਸੋਂ॥ ੩॥

ਸਾਰੇ ਇਸਤਰੀਆਂ ਪੁਰਸ਼ ਬਹੁਤ ਪ੍ਰਸੰਨ ਹੋਏ, ਜਿਥੇ ਕਿਥੇ ਰਾਗ ਦੀਆਂ ਸੁਰਾਂ ਗੂੰਜਣ ਲੱਗੀਆਂ, ਛੋਟੀਆਂ ਦੁਦੰਭੀਆਂ ਅਤੇ ਨਫੀਰੀਆਂ ਵੱਜਣ ਲੱਗੀਆਂ ਅਤੇ ਵੱਡੀ ਭੀੜ ਵਿਚ ਕੁਲਾਹਲ ਮੱਚਿਆ ਹੋਇਆ ਸੀ॥ ੩॥

ਉਤਸਾਹਤਿ ਸੰਗਤਿ ਆਵਤਿ ਹੈ। ਬਹੁ ਭਾਂਤਿ ਪ੍ਰਸਾਦਨਿ ਲਜਾਵਤਿ ਹੈ।
ਫਲ ਫੂਲਨਿ ਕੋ ਨਿਜ ਹਾਥ ਧਰੇ। ਸ਼ੁਭਿ ਚੀਰ ਸ਼ਰੀਰ ਸਭੇ ਪਹਿਰੇ॥ ੪॥

ਸੰਗਤ ਬੜੇ ਉਤਸ਼ਾਹ ਨਾਲ ਆ ਰਹੀ ਸੀ, ਬਹੁਤ ਪ੍ਰਕਾਰ ਦੇ ਪ੍ਰਸ਼ਾਦ ਲਿਆ ਰਹੇ ਸਨ। ਫਲ ਅਤੇ ਫੁੱਲ ਆਪਣੇ ਹੱਥਾਂ ਵਿਚ ਫੜ ਕੇ ਸ਼ੁਭ ਸੁੰਦਰ ਕਪੜੇ ਆਪਣੇ ਸਰੀਰ ਤੇ ਪਹਿਨ ਕੇ ਗ੍ਰੰਥ ਸਾਹਿਬ ਦੇ ਦਰਸ਼ਨਾਂ ਵਾਸਤੇ ਆ ਰਹੇ ਸਨ॥ ੪॥

ਲਖਿ ਸ੍ਰੀ ਗੁਰ ਏਕਲ ਬੈਠਿ ਰਹੈਂ। ਤਬਿ ਆਇ ਕਲੀ ਇਮ ਬਾਕ ਕਹੈ।
ਕਰਿ ਕੀਰਤਿ ਕੋ ਕਰ ਜੋਰਿ ਰਹਜੋ। 'ਗੁਰ ਜੀ ਅਵਤਾਰ ਉਦਾਰ ਲਹਜੋ॥੫॥

ਇਹ ਵੇਖ ਕੇ ਸ੍ਰੀ ਗੁਰੂ ਜੀ ਇਕੱਲੇ ਬੈਠੇ ਹਨ, ਤਦ ਕਲਿਜੁਗ ਨੇ ਆ ਕੇ ਇਸ ਤਰ੍ਹਾਂ ਬਚਨ ਕਹੇ ਤੇ ਹੱਥ ਜੋੜ ਕੇ ਗੁਰੂ ਜੀ ਦੀ ਕੀਰਤੀ ਕਰਨ ਲੱਗਾ, "ਗੁਰੂ ਜੀ ਤੁਸੀਂ ਬੜਾ ਉੱਤਮ ਅਵਤਾਰ ਧਾਰਿਆ ਹੈ॥ ੫॥

ਅਬਿ ਮੋਹਿ ਸਮੋਂ ਜਗ ਮੋਂ ਬਰਤਜੋ। ਗਨ ਔਗੁਨ ਮਾਨਵ ਕੇ ਕਰਤਜੋ।
ਸਠ ਕੂਰ ਕਲੂਖਨ ਪ੍ਰੀਤ ਮਹਾਂ। ਸ਼ੁਭ ਮਾਰਗ ਤਜਾਗ ਜਹਾਂ ਰੁ ਕਹਾਂ॥੬॥

ਹੁਣ ਜਗਤ ਵਿਚ ਮੇਰਾ ਸਮਾਂ ਵਰਤ ਰਿਹਾ ਹੈ। ਮਨੁੱਖਾਂ ਦੇ ਬਹੁਤ ਪਾਪ ਕਰਦਿਆਂ ਸਮਾਂ ਬੀਤਦਾ ਹੈ। ਮੂਰਖਾਂ ਅਤੇ ਨਿਰਦਈਆਂ ਦੀ ਪਾਪਾਂ ਨਾਲ ਬਹੁਤ ਪ੍ਰੀਤ ਹੈ। ਸ਼ੁਭ ਮਾਰਗ ਤਿਆਗ ਕੇ ਜਿਥੇ ਕਿਥੇ ਵਿਚਰ ਰਹੇ ਹਨ॥ ੬॥

ਤੁਮ ਗ੍ਰਿੰਥ ਰਚਜੋ ਗੁਨ ਪੂਰਨ ਹੈ। ਉਰ ਬ੍ਰਿੰਦ ਬਿਕਾਰਨਿ ਚੂਰਨ ਹੈ।
ਜਗ ਮੈਂ ਮਗ ਸ਼੍ਰੇਯ ਦਿਖਾਵਨਿ ਕੋ। ਸਤਿਨਾਮ ਮੁਕੰਦ ਜਪਾਵਨਿ ਕੋ॥੭॥

ਤੁਸੀਂ ਗ੍ਰੰਥ ਰਚਿਆ ਹੈ ਜਿਹੜਾ ਗੁਣਾਂ ਵਿਚ ਪੂਰਾ ਹੈ, ਮਨੁੱਖਾਂ ਦੇ ਹਿਰਦਿਆਂ ਦੇ ਵਿਕਾਰਾਂ ਨੂੰ ਦੂਰ ਕਰਦਾ ਹੈ। ਜਗਤ ਵਿਚ ਮੁਕਤੀ ਦਾ ਰਾਹ ਵਿਖਾਉਣ ਵਾਸਤੇ ਅਤੇ ਮੁਕਤੀ ਦਾਤਾ ਸਤਿਨਾਮ ਦਾ ਨਾਂ ਜਪਾਉਣ ਵਾਸਤੇ ਬਣਾਇਆ ਹੈ॥ ੭॥

ਸਤਿ ਸੰਗਤਿ ਕੋ ਬਿਸਤਾਰ ਮਹਾਂ। ਪਸਰੈ ਗੁਰ ਸਿੱਖਜ ਜਹਾ ਰੁ ਕਹਾਂ।
ਅਬਿ ਮੋਹਿ ਸਥਾਨ ਬਤਾਇ ਦਿਜੈ। ਜਹਿਂ ਬਾਸ ਕਰੌ, ਤੁਮ ਮੇਲਿ ਲਿਜੈ॥੮॥

ਸਤਿਸੰਗਤ ਦਾ ਮਹਾਨ ਵਿਸਥਾਰ ਕਰਨ ਵਾਸਤੇ, ਜਿਥੇ ਕਿਥੇ ਗੁਰਸਿੱਖ ਫੈਲੇ ਹੋਏ ਹਨ, ਹੁਣ ਮੈਨੂੰ ਉਹ ਸਥਾਨ ਦੱਸ ਦੇਵੋ, ਜਿਥੇ ਜਾ ਕੇ ਮੈਂ ਰਹਾਂ, ਤੁਸੀਂ ਵੇਖ ਲਵੋ।

ਬਿਨ ਆਇਸੁ ਗਾਵਰ ਕੀ ਕਰਿਬੇ। ਬਲ ਨਾ ਮੁਝ ਪਾਇ ਕਹੂੰ ਧਰਿਬੇ।
ਇਸ ਕਾਰਨ ਤੇਂ ਤੁਮ ਪਾਸ ਅਯੋ।ਹਿਤ ਬਾਸਿਬ ਕੇ ਬਿਨਤੀ ਸੁ ਕਿਯੋ॥੯॥

ਆਪ ਦੀ ਆਗਿਆ ਤੋਂ ਬਗੈਰ ਕੁਝ ਕਰਾਂ, ਮੇਰੇ ਵਿਚ ਤਾਂ ਕਿਧਰੇ ਪੈਰ ਰੱਖਣ ਦੀ ਵੀ ਤਾਕਤ ਨਹੀਂ ਰਹੀ ਹੈ। ਇਸ ਕਰਕੇ ਤੁਹਾਡੇ ਪਾਸ ਆਇਆ ਹਾਂ। ਕਿਸੇ ਤੇ ਸਥਾਨ ਵਿਖੇ ਰਹਿਣ ਵਾਸਤੇ ਬੇਨਤੀ ਕੀਤੀ ਹੈ॥ ੯॥

ਜਹਿਂ ਗ੍ਰੰਥ ਸੁ ਪਾਠ ਕਰੈਂ ਧੁਨਿ ਕੋ। ਬਲਹੀਨ ਬਨੌਂ ਤਬਿ ਹੀ ਸੁਨਿ ਕੋ।
ਤੁਮ ਸੰਗਤਿ ਬੀਚ ਬਸੌਂ ਜਬਿਹੂੰ। ਅਸ ਕਾਲ ਬਤਾਇ ਦਿਜੈ ਅਬਿ ਹੂੰ॥੧੦॥

ਜਿਥੇ ਵੀ ਇਸ ਗ੍ਰੰਥ ਦਾ ਪਾਠ ਕਰਦੇ ਹਨ, ਮੈਂ ਸੁਣ ਕੇ ਬਲਹੀਣ ਹੋ ਜਾਂਦਾ ਹਾਂ। ਤੁਹਾਡੀ ਸੰਗਤ ਵਿਚ ਕਿਸ ਸਮੇਂ ਵੱਸਾਂ, ਉਹ ਸਮਾਂ ਮੈਨੂੰ ਹੁਣ ਵੀ ਦੱਸ ਦੇਵੋ॥ ੧੦॥

ਸ਼ਰਨੀ ਤੁਮ ਆਨਿ ਪਰਜੋ ਲਖਿਯੋ। ਮਮ ਦੀਨ ਅਨਾਥ ਦਿਸ਼ਾ ਪਿਖਿਯੋ।
ਇਮ ਬਾਕ ਕਲੀ ਜਬਿ ਦੀਨ ਲਹੇ। ਤਬਿ ਸ਼੍ਰੀ ਗੁਰ ਹੋਇ ਪ੍ਰਸੰਨ ਕਹੇ॥੧੧॥

ਤੁਹਾਡੀ ਸ਼ਰਨ ਵਿਚ ਆ ਕੇ ਪਿਆ ਹਾਂ, ਇਹ ਤੁਸੀਂ ਵੇਖਿਆ ਹੈ, ਮੇਰੇ ਦੀਨ ਅਤੇ ਅਨਾਥ ਵਲ ਤੱਕੋ।" ਜਦ ਕਲਿਜੁਗ ਨੇ ਇਸ ਤਰ੍ਹਾਂ ਦੀਨ ਹੋ ਕੇ ਬਚਨ ਕਹੇ ਤਾਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ॥ ੧੧॥

'ਸਤਿਨਾਮ ਉਚਾਰਨਿ ਹੋਤਿ ਜਹਾਂ। ਕਬਿ ਪਾਇ ਨ ਧਾਰੋ ਜਾਇ ਤਹਾਂ।
ਜਬਿ ਆਇ ਕਰਾਹੁ ਸਭਾ ਧਰਿਯੇ। ਅਰਦਾਸ ਖਰੇ ਹੁਇ ਕੈ ਕਰਿਯੇ॥੧੨॥

ਜਿਥੇ ਸਤਿਨਾਮ ਦਾ ਉਚਾਰਨ ਹੁੰਦਾ ਹੋਵੇ, ਉੱਥੇ ਜਾ ਕੇ ਕਦੀ ਪੈਰ ਵੀ ਨਾ ਧਰੋ। ਜਦ ਸਭਾ ਵਿਚ ਆ ਕੇ ਕੜਾਹ ਪ੍ਰਸ਼ਾਦਿ ਧਰੀਏ ਅਤੇ ਜਦ ਖੜੇ ਹੋ ਕੇ ਅਰਦਾਸ ਕਰੀਏ॥ ੧੨॥

ਬਰਤਾਵਨਿ ਲਾਗਿ ਸੁ ਆਪਸ ਮੈਂ। ਜੁਤ ਰੌਰ ਪ੍ਰਵੇਸ਼ਹੁ ਤਾਂਹਿ ਸਮੈ।
ਬਰਤਾਵਤਿ ਜਾਵਤ ਸੰਗਤਿ ਮੈਂ। ਰਹੁ ਤਾਵਤ ਬਾਸਹੁ ਪੰਗਤਿ ਮੈਂ ॥ ੧੩ ॥

ਜਦ ਕੜਾਹ ਪ੍ਰਸ਼ਾਦਿ ਨੂੰ ਆਪਸ ਵਿਚ ਵਰਤਾਉਣ ਲੱਗਣ, ਜਦ ਉਸ ਸਮੇਂ ਬਹੁਤ ਰੌਲਾ ਪੈ ਜਾਵੇ ਅਤੇ ਕੜਾਹ ਪ੍ਰਸ਼ਾਦਿ ਸੰਗਤ ਵਿਚ ਵਰਤਾਉਂਦੇ ਜਾਣ, ਤਦ ਤਕ ਪੰਗਤ ਵਿਚ ਤੁਸੀਂ ਵਾਸਾ ਰਖੋ" ॥ ੧੩ ॥

ਇਮ ਆਇਸੁ ਪਾਇ ਕਲੀ ਹਰਖਯੋ। ਅਬਿ ਲੌ ਤਿਹ ਕਾਲ ਬਿਖੈ ਪਰਖਯੋ।
ਜਬਿ ਹੋਇ ਤਿਹਾਵਲ ਆਵਤਿ ਹੈ। ਬਡ ਰੌਰ ਕਰੇ ਬਰਤਾਵਤਿ ਹੈਂ ॥ ੧੪ ॥

ਇਸ ਤਰ੍ਹਾਂ ਆਗਿਆ ਸੁਣ ਕੇ ਕਲਿਜੁਗ ਪ੍ਰਸੰਨ ਹੋ ਗਿਆ। ਹੁਣ ਵੀ ਕੜਾਹ ਪ੍ਰਸ਼ਾਦਿ ਵਰਤਾਉਣ ਸਮੇਂ ਪਰਖਿਆ ਹੈ, ਜਦ ਕੜਾਹ ਪ੍ਰਸ਼ਾਦਿ ਆਉਂਦਾ ਹੈ ਤਾਂ ਵੱਡੇ ਰੌਲੇ ਦੇ ਵਿਚ ਵਰਤਾਉਂਦੇ ਹਨ ॥ ੧੪ ॥

ਪੁਨ ਸ੍ਰੀ ਗੁਰ ਬੈਠਿ ਦਿਵਾਨ ਲਗਯੋ। ਗਨ ਸਿੱਖਜ ਪਿਖੈਂ ਮਨ ਪ੍ਰੇਮ ਪਗਯੋ।
ਸਭਿ ਬੀਚ ਸੁਹਾਵਤਿ ਗ੍ਰਿੰਥ ਧਰਯੋ। ਕਰਿ ਸੇਵਕ ਸੁੰਦਰ ਚੌਰ ਫਿਰਯੋ ॥ ੧੫ ॥

ਫਿਰ ਗੁਰੂ ਜੀ ਬੈਠ ਗਏ ਅਤੇ ਦੀਵਾਨ ਲੱਗ ਗਿਆ, ਸਾਰੀਆਂ ਸਿੱਖ ਸੰਗਤਾਂ ਵੇਖ ਰਹੀਆਂ ਸਨ ਤੇ ਉਨ੍ਹਾਂ ਦੇ ਮਨ ਪ੍ਰੇਮ ਵਿਚ ਭਿੱਜੇ ਹੋਏ ਸਨ। ਵਿਚਕਾਰ ਧਰਿਆ ਗੁਰੂ ਗ੍ਰੰਥ ਸਾਹਿਬ ਬੜਾ ਸ਼ੋਭ ਰਿਹਾ ਸੀ। ਸੇਵਕ ਸੁੰਦਰ ਚੌਰ ਕਰ ਰਹੇ ਸਨ ॥ ੧੫ ॥

ਲਗਿ ਢੇਰ ਪ੍ਰਸ਼ਾਦਿ ਗਯੋ ਸੁ ਤਹਾਂ। ਬਹੁ ਲਜਾਵਤਿ ਸਿੱਖ ਅਨੰਦ ਮਹਾਂ।
ਸ਼ੁਭ ਫੂਲਨਿ ਮਾਲ ਬਿਸਾਲ ਕਰੇ। ਬਹੁ ਰੰਗਨਿ ਕੇ ਬਿਚ ਗੁੰਫ ਧਰੇ ॥ ੧੬ ॥

ਓਥੇ ਪ੍ਰਸ਼ਾਦਿ ਦਾ ਢੇਰ ਲੱਗ ਗਿਆ, ਸਿੱਖ ਮਹਾਂ ਅਨੰਦਿਤ ਹੋ ਕੇ ਲਿਆ ਰਹੇ ਸਨ। ਬਹੁਤ ਸੁੰਦਰ ਫੁੱਲਾਂ ਦੇ ਹਾਰ ਲਿਆ ਰਹੇ ਸਨ ਅਤੇ ਬਹੁਤ ਰੰਗਾਂ ਦੇ ਵਿਚ ਗੁੰਦੇ ਹੋਏ ਸਨ ॥ ੧੬ ॥

ਗਰ ਸ੍ਰੀ ਗੁਰ ਕੇ ਸਿਖ ਪਾਵਤਿ ਹੈਂ। ਬਹੁ ਭਾਂਤਿਨ ਫੂਲ ਚਢਾਵਤਿ ਹੈਂ।
ਸ਼ੁਭ ਮਾਲ ਸੁ ਫੂਲ ਬਿਸਾਲ ਲਏ। ਗੁਰ ਗ੍ਰਿੰਥ ਸਮੀਪ ਚਢਾਇ ਦਏ ॥ ੧੭ ॥

ਉਹ ਗੁਰੂ ਜੀ ਦੇ ਗਲ ਵਿਚ ਪਾ ਰਹੇ ਸਨ, ਬਹੁਤ ਪ੍ਰਕਾਰ ਦੇ ਫੁੱਲ ਚੜ੍ਹਾ ਰਹੇ ਸਨ। ਗੁਰੂ ਜੀ ਨੇ ਬਹੁਤ ਫੁੱਲਾਂ ਦੇ ਹਾਰ ਅਤੇ ਫੁੱਲ ਲਏ ਅਤੇ ਗ੍ਰੰਥ ਸਾਹਿਬ ਦੇ ਪਾਸ ਚੜ੍ਹਾ ਦਿੱਤੇ ॥ ੧੭ ॥

ਬਹੁ ਧੂਪ ਸੁ ਆਗਿ ਧੁਖਾਵਤਿ ਹੈਂ। ਘਸਿ ਚੰਦਨ ਕੇਸਰ ਪਾਵਤਿ ਹੈਂ।
ਚਰਚੈਂ ਅਰਚੈਂ ਸਿਖ ਪ੍ਰੀਤ ਧਰੈਂ। ਗਨ ਸੰਖ ਬਜਾਵਤਿ ਫੂਕ ਭਰੈਂ ॥ ੧੮ ॥

ਬਹੁਤ ਧੂਪ ਅਤੇ ਅਗਰਬਤੀਆਂ ਧੁਖਾਉਂਦੇ ਹਨ ਅਤੇ ਚੰਦਨ ਘਸਾ ਕੇ ਕੇਸਰ ਪਾਉਂਦੇ ਹਨ। ਸਿੱਖ ਬੜੀ ਪ੍ਰੀਤ ਨਾਲ ਚੰਦਨ ਅਤੇ ਕੇਸਰ ਦਾ ਛਿੜਕਾ ਕਰ ਰਹੇ ਹਨ ਅਤੇ ਫੂਕ ਭਰ ਕੇ ਸੰਖ ਵਜਾਉਂਦੇ ਹਨ ॥ ੧੮ ॥

ਅਰਦਾਸ ਪ੍ਰਸਾਦਨਿ ਬ੍ਰਿੰਦ ਕਰੈਂ। ਜਯਕਾਰ ਸਭੈ ਇਕ ਬਾਰ ਰਰੈਂ।
ਕਰ ਧਾਰਿ ਰਬਾਬ ਸਤਾਰ ਬਜੈ। ਸਬਦਾਨਿ ਸੁ ਗਾਇ ਸੁ ਰਾਗ ਸਜੈ ॥ ੧੯ ॥

ਬਹੁਤ ਲੋਕ ਇਕੱਠੇ ਹੋ ਕੇ ਬੇਨਤੀਆਂ ਕਰਦੇ ਹਨ ਤੇ ਫਿਰ ਇਕੋ ਵਾਰ ਜੈ ਜੈ ਕਾਰ ਕਰ ਉਠਦੇ ਹਨ। ਹੱਥ ਵਿਚ ਫੜ ਕੇ ਰਬਾਬ ਤੇ ਸਤਾਰ ਵਜਾਉਂਦੇ ਹਨ ਅਤੇ ਸ਼ਬਦਾਂ ਨੂੰ ਰਾਗਾਂ ਵਿਚ ਗਾਉਂਦੇ ਹਨ ॥ ੧੯ ॥

Sri Satguru Jagjit Singh Ji eLlibrary NamdhariElibrary@gmail.com

ਬਹੁ ਭੀਰ ਭਈ ਦਿਸ਼ਿ ਚਾਰਹੁਂ ਮੈਂ। ਹੁਇ ਮੰਗਲਤਾ ਉਤਸਾਹੁ ਸਮੈ।
ਬਰਤਜੋ ਸੁ ਪ੍ਰਸਾਦਿ ਕਲੀ ਪ੍ਰਵਿਸ਼ਜੋ। ਬਡ ਰੌਰ ਪਰਜੋ ਸਭਿ ਬੀਰ ਧਸਜੋ ॥੨੦॥

ਚਾਰੇ ਪਾਸੇ ਬੜੀ ਭੀੜ ਲੱਗੀ ਹੋਈ ਹੈ, ਬੜੇ ਉਤਸ਼ਾਹ ਨਾਲ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਜਦ ਕੜਾਹ ਪ੍ਰਸ਼ਾਦ ਵਰਤਿਆ ਤਾਂ ਕਲਿਜੁਗ ਨੇ ਪ੍ਰਵੇਸ਼ ਕੀਤਾ, ਜਦ ਸਾਰਿਆਂ ਦੇ ਵਿਚ ਧਰਿਆ ਗਿਆ ਤਾਂ ਬਹੁਤ ਰੌਲਾ ਪਿਆ ॥ ੨੦ ॥

ਤਬਿ ਸ੍ਰੀ ਗੁਰ ਜਾਨਿ ਗਏ ਕਲਿ ਕੋ। ਨਿਜ ਹੇਰਿ ਸਮਾਂ ਕਿਯ ਹੈ ਬਲ ਕੋ।
ਬਡ ਹੋਤਿ ਕੁਲਾਹਲ ਮੰਗਲ ਕੋ। ਤਿਹ ਕਾਲ ਕਿਯੋ ਕਲਿ ਦੰਗਲ ਕੋ ॥੨੧॥

ਤਦ ਗੁਰੂ ਜੀ ਕਲਿਜੁਗ ਨੂੰ ਜਾਣ ਗਏ। ਆਪ ਨੇ ਵੇਖਿਆ ਕਿ ਇਹ ਸਮਾਂ ਬਲ ਵਾਸਤੇ ਕੀਤਾ ਹੈ। ਬਹੁਤ ਕੁਲਾਹਲ ਮੱਚ ਗਿਆ, ਉਸ ਸਮੇਂ ਕਲਿਜੁਗ ਨੇ ਦੰਗਾ ਫਸਾਦ ਕੀਤਾ ਸੀ॥ ੨੧॥

ਸਭਿ ਸੰਗਤਿ ਨੇ ਦਰਸ਼ਨ ਕਰਜੋ। ਪਗ ਪੰਕਜ ਪੈ ਨਿਜ ਸੀਸ ਧਰਜੋ।
ਪੁਨ ਜਾਤਿ ਭਏ ਨਿਜ ਧਾਮਨਿ ਕੋ। ਹਰਖੰਤਿ ਲਗੇ ਨਿਜ ਕਾਮਨਿ ਕੋ ॥੨੨॥

ਸਾਰੀ ਸੰਗਤ ਨੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ ਅਤੇ ਚਰਨ ਕੰਵਲਾਂ ਤੇ ਸੀਸ ਧਰੇ, ਫਿਰ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਬੜੇ ਪ੍ਰਸੰਨ ਹੋ ਕੇ ਆਪਣੇ-ਆਪਣੇ ਕੰਮਾਂ ਵਿਚ ਲੱਗ ਗਏ॥ ੨੨॥

ਗਨ ਮੰਗਤ ਕੋ ਗੁਰ ਦੇਖਿ ਤਬੈ। ਧਨ ਦੇਤਿ ਭਏ ਕਰ ਲੀਨਿ ਸਭੈ।
ਨਹਿਂ ਛੂਛ ਗਯੋ ਗੁਰ ਕੇ ਦਰ ਤੇ। ਪਟ ਦੀਨਿ ਕਿਸੂ ਇਛ ਜੋ ਧਰਤੇ ॥੨੩॥

ਤਦ ਗੁਰੂ ਜੀ ਮੰਗਤਿਆਂ ਦੇ ਸਮੂਹ ਨੂੰ ਵੇਖ ਕੇ ਧਨ ਦੇਣ ਲੱਗੇ ਅਤੇ ਸਾਰੇ ਮੰਗਤੇ ਲੈ ਰਹੇ ਸਨ। ਗੁਰੂ ਜੀ ਦੇ ਦਰ ਤੋਂ ਕੋਈ ਵੀ ਖਾਲੀ ਨਾ ਗਿਆ। ਜਿਹੜੇ ਬਸਤਰ ਚਾਹੁੰਦੇ ਸਨ, ਉਨ੍ਹਾਂ ਨੂੰ ਬਸਤਰ ਦੇ ਰਹੇ ਸਨ॥ ੨੩॥

ਨਰ ਬਿੰਦ ਜੁ ਬਾਦਿ ਬਜਾਵਤਿ ਹੈਂ। ਗਨ ਰਾਗਨਿ ਕੋ ਮੁਖ ਗਾਵਤਿ ਹੈਂ।
ਸਭਿ ਕੋ ਧਨ ਦੀਨਿ ਪ੍ਰਸੰਨ ਕਰੇ। 'ਸੁਤ ਜੀਵਹੁ' ਆਸ਼ਿਖਤਾ ਉਚਰੇ ॥੨੪॥

ਬਹੁਤ ਲੋਕ ਜੋ ਵਾਜੇ ਵਜਾ ਰਹੇ ਹਨ, ਉਹ ਲੋਕ ਬਹੁਤ ਰਾਗਾਂ ਵਿਚ ਮੁਖ ਤੋਂ ਵੀ ਗਾ ਰਹੇ ਹਨ। ਗੁਰੂ ਜੀ ਸਾਰਿਆਂ ਨੂੰ ਧਨ ਦੇ ਕੇ ਪ੍ਰਸੰਨ ਕਰਦੇ ਹਨ ਅਤੇ ਉਹ ਅਸੀਸਾਂ ਦੇ ਰਹੇ ਹਨ, "ਤੁਹਾਡਾ ਪੁੱਤਰ ਜੀਵੇ" ॥ ੨੪॥

ਇਮ ਗ੍ਰੰਥ ਸਮਾਪਤਿ ਆਪ ਕਰਜੋ। ਬਹੁ ਭਾਂਤਿ ਮਹਾਤਮ ਕੋ ਉਚਰਜੋ।
'ਸਰ ਰਾਮ ਸ਼ਨਾਨਹਿਂ ਆਨਿ ਨਰੰ। ਦਰਸੈਂ ਇਸ ਥਾਨ ਜੁ ਭਾਉ ਧਰੰ ॥੨੫॥

ਇਸ ਤਰ੍ਹਾਂ ਗੁਰੂ ਜੀ ਨੇ ਆਪ ਗ੍ਰੰਥ ਸਾਹਿਬ ਸਮਾਪਤ ਕੀਤਾ ਅਤੇ ਬਹੁਤ ਪ੍ਰਕਾਰ ਉਸ ਦੇ ਮਹਾਤਮ ਬਾਰੇ ਦੱਸਿਆ, "ਰਾਮਸਰ ਵਿਚ ਇਸ਼ਨਾਨ ਕਰਕੇ, ਜਿਹੜੇ ਮਨੁੱਖ ਇਸ ਥਾਂ ਆ ਕੇ ਬੜਾ ਪ੍ਰੇਮ ਧਾਰਨ ਕਰਕੇ ਦਰਸ਼ਨ ਕਰਨਗੇ॥ ੨੫॥

ਗਨ ਪਾਪਨਿ ਖਾਪਤਿ ਸੋ ਛਿਨ ਮੈਂ। ਗੁਰ ਕੀ ਸ਼ਰਧਾ ਬਰਧੈ ਮਨ ਮੈਂ।
ਉਠਿ ਸ੍ਰੀ ਗੁਰ ਆਵਤਿ ਭੇ ਪੁਰਿ ਕੋ। ਗੁਰਦਾਸ ਸਮੇਤ ਸੁਧੀ ਉਰ ਕੋ ॥੨੬॥

ਉਹ ਲੋਕ ਖਿਣ ਵਿਚ ਸਮੂਹ ਪਾਪ ਨਾਸ਼ ਕਰਵਾ ਲੈਣਗੇ ਅਤੇ ਉਨ੍ਹਾਂ ਦੇ ਮਨ ਵਿਚ ਗੁਰੂ ਜੀ ਵਾਸਤੇ ਸ਼ਰਧਾ ਵਧੇਗੀ।" ਗੁਰੂ ਜੀ ਉੱਠ ਕੇ ਨਗਰ ਵਿਚ ਆ ਗਏ। ਸ੍ਰੇਸ਼ਟ ਬੁੱਧੀ ਵਾਲੇ ਭਾਈ ਗੁਰਦਾਸ ਵੀ ਉਨ੍ਹਾਂ ਦੇ ਨਾਲ ਸਨ॥ ੨੬॥

Sri Satguru Jagjit Singh Ji eLlibrary NamdhariElibrary@gmail.com

ਲਿਯ ਸੰਗ ਸੁ ਗ੍ਰਿੰਥਹਿ ਆਪਨਿ ਕੈ। ਹਰਿ ਮੰਦਰਿ ਮੈਂ ਬਰ ਥਾਪਨਿ ਕੈ।
ਹੁਇ ਪੂਜ ਸਦਾ ਇਸ ਥਾਨ ਬਿਖੈ। ਬਹੁਰੋ ਸਮੁਦਾਇ ਪਠੈਂ ਸੁ ਲਿਖੈਂ॥੨੭॥

ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਲਏ ਅਤੇ ਉਸ ਨੂੰ ਹਰਿਮੰਦਰ ਸਾਹਿਬ ਵਿਚ ਸਥਾਪਨ ਕੀਤਾ। ਇਸ ਥਾਂ ਵਿਖੇ ਇਸ ਦੀ ਸਦਾ ਹੀ ਪੂਜਾ ਹੋਵੇਗੀ, ਫਿਰ ਲੋਕ ਪੜ੍ਹਨ ਲਿਖਣਗੇ॥ ੨੭॥

ਇਸ ਭਾਂਤਿ ਕਰਯੋ ਘਰ ਫੇਰ ਗਏ। ਪਦ ਬੰਦਤਿ ਗੰਗ ਅਨੰਦੁ ਕਿਏ।
ਨਿਸ ਬਾਸੁ ਕਰੈਂ ਘਰ ਫੇਰ ਸਦਾ। ਹਰਿ ਮੰਦਰਿ ਆਵਹਿਂ ਪ੍ਰਾਤ ਜਦਾ॥੨੮॥

ਇਸ ਤਰ੍ਹਾਂ ਕਰਨ ਤੋਂ ਬਾਅਦ ਫਿਰ ਘਰ ਗਏ, ਸ੍ਰੀ ਗੰਗਾ ਜੀ ਗੁਰੂ ਜੀ ਦੇ ਚਰਨਾਂ ਤੇ ਬੰਦਨਾਂ ਕਰਕੇ ਪ੍ਰਸੰਨ ਹੋ ਗਏ। ਫਿਰ ਸਦਾ ਘਰ ਵਿਚ ਰਹਿੰਦੇ ਸਨ, ਜਦ ਸਵੇਰ ਹੁੰਦੀ ਸੀ ਤਾਂ ਹਰਿਮੰਦਰ ਸਾਹਿਬ ਆ ਜਾਂਦੇ ਸਨ॥ ੨੮॥

ਤਹਿਂ ਬੈਠਹਿਂ ਦਯੋਸ ਬਿਤਾਵਤਿ ਹੈਂ। ਗੁਰਦਾਸ ਤਿ ਪਾਠ ਕਰਾਵਤਿ ਹੈਂ।
ਤਬਿ ਆਪ ਸੁਨੈਂ ਸਿਖ ਹੋਇਂ ਘਨੇ।ਧਰਿ ਪ੍ਰੇਮ ਮਹਾਂ ਸਤਿਨਾਮ ਭਨੈਂ॥੨੯॥

ਓਥੇ ਬੈਠ ਕੇ ਦਿਨ ਬਤੀਤ ਕਰਦੇ ਸਨ ਅਤੇ ਭਾਈ ਗੁਰਦਾਸ ਜੀ ਪਾਸੋਂ ਪਾਠ ਕਰਵਾਉਂਦੇ ਸਨ, ਜਦ ਬਹੁਤ ਸਿੱਖ ਇਕੱਠੇ ਹੋ ਜਾਂਦੇ ਸਨ ਤਾਂ ਆਪ ਵੀ ਨਾਲ ਸੁਣਦੇ ਸਨ, ਪ੍ਰੇਮ ਧਾਰਨ ਕਰਕੇ ਮਹਾਂ ਸਤਿਨਾਮ ਕਹਿੰਦੇ ਸਨ॥ ੨੯॥

ਨਿਤ ਰੀਤਿ ਇਸੀ ਸੁ ਬਿਤੀਤ ਕਰੈਂ। ਦਰਸੈ ਗਨ ਸੰਗਤਿ ਮੋਦ ਭਰੈ।
ਬਹੁ ਦੇਸ਼ ਬਿਦੇਸ਼ਨਿ ਤੇ ਚਲਿ ਕੈ। ਅਰਪੈਂ ਧਨ ਆਨਿ ਗੁਰੂ ਮਿਲਿਕੈ॥੩੦॥

ਨਿਤ ਏਸੇ ਰੀਤੀ ਅਨੁਸਾਰ ਸਮਾਂ ਬਤੀਤ ਕਰਦੇ ਸਨ, ਸਮੂਹ ਸੰਗਤ ਦਰਸ਼ਨ ਕਰਕੇ ਪ੍ਰਸੰਨ ਹੁੰਦੀ ਸੀ। ਬਹੁਤ ਦੇਸ਼ ਵਿਦੇਸ਼ਾਂ ਤੋਂ ਸੰਗਤ ਚਲ ਕੇ ਆਉਂਦੀ ਸੀ ਅਤੇ ਗੁਰੂ ਜੀ ਨੂੰ ਮਿਲਕੇ ਧਨ ਅਰਪਨ ਕਰਦੀ ਸੀ॥ ੩੦॥

ਪਰਸੀ ਇਹੁ ਬਾਤ ਜਹਾਂ ਰੁ ਕਹਾਂ। ਗੁਰ ਗ੍ਰਿੰਥ ਰਚਯੋ ਫਲ ਜਾਂਹਿ ਮਹਾਂ।
ਕਰਿ ਚਾਉ ਧਰੈਂ ਉਰ ਭਾਉ ਨਰੰ। ਸਭਿ ਆਇ ਬਿਲੋਕਨਿ ਪਾਸ ਗੁਰੰ॥੩੧॥

ਇਹ ਗੱਲ ਜਿਥੇ ਕਿਥੇ ਫੈਲ ਗਈ, ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ ਹੈ ਜਿਸ ਦਾ ਮਹਾਨ ਫਲ ਹੈ। ਹਿਰਦੇ ਵਿਚ ਬੜਾ ਪ੍ਰੇਮ ਅਤੇ ਚਾਹ ਧਾਰਨ ਕਰਕੇ ਲੋਕ ਗੁਰੂ ਜੀ ਪਾਸ ਗ੍ਰੰਥ ਸਾਹਿਬ ਨੂੰ ਵੇਖਣ ਆਉਂਦੇ ਸਨ॥ ੩੧॥

ਕਰਿ ਪ੍ਰੀਤਿ ਸੁਨੈਂ ਸਤਿਨਾਮ ਜਪੈਂ। ਤਿਨ ਪਾਪ ਕਲਾਪਨਿ ਤਾਪ ਖਪੈਂ।
ਨਿਜ ਧਾਮਨਿ ਜਾਇ ਸੁਨਾਇਂ ਤਬੈ। ਦਰਸੈਂ ਹਮ ਭੀ ਉਮਗੰਤਿ ਸਭੈ॥੩੨॥

ਬੜੀ ਪ੍ਰੀਤ ਕਰਕੇ ਸੱਚੇ ਨਾਮ ਨੂੰ ਸੁਣਦੇ ਅਤੇ ਜਪਦੇ ਸਨ ਤੇ ਉਨ੍ਹਾਂ ਦੇ ਸਮੂਹ ਪਾਪ ਅਤੇ ਤਾਪ ਨਾਸ਼ ਹੁੰਦੇ ਸਨ। ਆਪਣੇ ਘਰਾਂ ਵਿਚ ਜਾ ਕੇ ਫਿਰ ਉਹ ਸੁਣਾਉਂਦੇ ਸਨ, ਜਿਸ ਨੂੰ ਸੁਣ ਕੇ ਉਨ੍ਹਾਂ ਵਿਚ ਖਾਹਸ਼ ਪੈਦਾ ਹੁੰਦੀ ਸੀ ਕਿ ਅਸੀਂ ਵੀ ਜਾ ਕੇ ਦਰਸ਼ਨ ਕਰੀਏ॥ ੩੨॥

ਦੋਹਰਾ-ਮਾਂਗਟ ਵਾਸੀ ਸਿੱਖਯ ਜੋ ਬੰਨੋ ਜਿਸ ਕੋ ਨਾਮ।
ਬਹੁ ਸੰਗਤਿ ਲੇ ਸੰਗ ਨਿਜ ਦਰਸੈ ਗੁਰ ਅਭਿਰਾਮ॥ ੩੩॥

ਇਕ ਮਾਂਗਟ ਵਾਸੀ ਸਿੱਖ ਸੀ ਜਿਸ ਦਾ ਨਾਂ ਬੰਨੋ ਸੀ, ਉਹ ਬਹੁਤ ਸੰਗਤ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ॥ ੩੩॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਸੁਨਿ ਬੰਨੋ ਸਗਰੀ ਗੁਰ ਕਥਾ। ਕਰਯੋ ਗ੍ਰਿੰਥ ਸਭਿ ਬੇਦਨਿ ਮਥਾ।
ਗਨ ਸੰਗਤ ਲੇ ਕਰਿ ਤਬਿ ਆਯੋ। ਧਰੀ ਉਪਾਇਨ ਪਗ ਲਪਟਾਯੋ ॥੩੪॥

ਭਾਈ ਬੰਨੋ ਨੇ ਗੁਰੂ ਜੀ ਦੀ ਸਾਰੀ ਕਥਾ ਸੁਣੀ, ਐਸਾ ਗ੍ਰੰਥ ਤਿਆਰ ਕੀਤਾ ਕਿ ਸਾਰੇ ਹੀ ਵੇਦਾਂ ਨੂੰ ਰਿੜਕ ਕੇ ਮੱਖਣ ਕੱਢਿਆ ਹੈ। ਬਹੁਤ ਸੰਗਤ ਲੈ ਕੇ ਫਿਰ ਆਇਆ, ਭੇਟਾ ਧਰ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੩੪॥

ਸਭਿ ਸੰਗਤਿ ਨੇ ਦਰਸ਼ਨ ਕੀਨਸਿ। ਸੁਨਹਿਂ ਗ੍ਰਿੰਥ ਸਾਹਿਬ ਹਿਤ ਦੀਨਸਿ।
ਕੇਤਿਕ ਦਿਨ ਬਾਸੇ ਗੁਰ ਤੀਰ। ਲਿਯੇ ਸੰਗ ਸੰਗਤਿ ਕੀ ਭੀਰ॥ ੩੫॥

ਸਾਰੀ ਸੰਗਤ ਨੇ ਦਰਸ਼ਨ ਕੀਤੇ, ਗ੍ਰੰਥ ਸਾਹਿਬ ਨੂੰ ਬੜੇ ਪਿਆਰ ਨਾਲ ਸੁਣਦੇ ਸਨ। ਕਈ ਦਿਨ ਗੁਰੂ ਜੀ ਪਾਸ ਰਹੇ, ਉਨ੍ਹਾਂ ਦੇ ਨਾਲ ਕਾਫ਼ੀ ਗਿਣਤੀ ਵਿਚ ਸੰਗਤ ਵੀ ਸੀ॥ ੩੫॥

ਭਯੋ ਤਯਾਰ ਗਰ ਅੰਚਰ ਡਾਰੀ। ਬਿਨਤੀ ਸ੍ਰੀ ਗੁਰ ਅੱਗ੍ਰ ਉਚਾਰੀ।
'ਨਾਮ ਗਰੀਬ ਨਿਵਾਜ ਤੁਮਾਰਾ। ਨਿਸਬਾਸੁਰ ਠਾਨਤਿ ਉਪਕਾਰਾ॥ ੩੬॥

ਤਿਆਰ ਹੋ ਕੇ ਗਲ ਕਪੜੇ ਪਾ ਲਏ ਤੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਤੁਹਾਡਾ ਨਾਮ ਗ਼ਰੀਬ ਨਿਵਾਜ਼ ਹੈ, ਦਿਨ ਰਾਤ ਉਪਕਾਰ ਕਰਦੇ ਹੋ॥ ੩੬॥

ਕਲਿ ਕੇ ਨਰਨਿ ਉਧਾਰਨਿ ਕਾਰਨ। ਸਮ ਜਹਾਜ ਕਿਯ ਗ੍ਰਿੰਥ ਸੁਧਾਰਨਿ।
ਸਭਿ ਦਾਸਨਿ ਕਹੁ ਰਾਖਤਿ ਮਾਨੂ। ਮਨ ਬਾਂਛਤਿ ਦਿਹੁ ਕ੍ਰਿਪਾ ਨਿਧਾਨੂ ॥੩੭॥

ਕਲਿਜੁਗ ਦੇ ਮਨੁੱਖਾਂ ਦਾ ਉਧਾਰ ਕਰਨ ਵਾਸਤੇ ਜਹਾਜ਼ ਸਮਾਨ ਗ੍ਰੰਥ ਤਿਆਰ ਕੀਤਾ ਹੈ। ਸਭ ਦਾਸਾਂ ਦਾ ਤੁਸੀਂ ਮਾਣ ਰੱਖਦੇ ਹੋ। ਹੇ ਕਿਰਪਾ ਨਿਧਾਨ ! ਮੂੰਹ ਮੰਗੀਆਂ ਮੁਰਾਦਾਂ ਦਿੰਦੇ ਹੋ॥ ੩੭॥

ਦੀਜਹਿ ਗ੍ਰਿੰਥ ਸਾਹਿਬ ਹਮ ਮਾਂਗਾ। ਸਭਿ ਸਿੱਖਨਿ ਕੋ ਮਨ ਅਨੁਰਾਗਾ।
ਦੇਸ਼ ਬਿਖੈ ਸੰਗਤਿ ਸਮੁਦਾਈ। ਦਰਸ਼ਨ ਕਰਯੋ ਚਹਤਿ ਹਿਤ ਲਾਈ॥ ੩੮॥

ਸਾਨੂੰ ਗ੍ਰੰਥ ਸਾਹਿਬ ਕੁਝ ਦਿਨ ਲਈ ਮਾਂਗਵਾਂ ਦੇ ਦੇਵੋ, ਸਾਰੇ ਸਿੱਖਾਂ ਦੇ ਇਹ ਮਨ ਨੂੰ ਪਿਆਰਾ ਲੱਗਦਾ ਹੈ। ਦੇਸ਼ ਵਿਚ ਸਾਰੀ ਸਿੱਖ ਸੰਗਤ ਪ੍ਰੇਮ ਨਾਲ ਦਰਸ਼ਨ ਕਰਨਾ ਚਾਹੁੰਦੀ ਹੈ॥ ੩੮॥

ਅਬਿਲੌ ਲਿਖਯੋ ਗਯੋ ਨਹੀਂ ਦੂਜਾ। ਜਿਸ ਲੇ ਜਾਹਿਂ ਕਰਹਿਂ ਤਿਹ ਪੂਜਾ।
ਸਭਿ ਸੰਗਤਿ ਕੀ ਹੈ ਇਹ ਬਿਨਤੀ। ਘਰ ਤੇ ਚਲਤਿ ਕੀਨਿ ਇਮ ਗਿਨਤੀ' ॥੩੯॥

ਹੁਣ ਤਕ ਦੂਸਰਾ ਕੋਈ ਲਿਖਿਆ ਨਹੀਂ ਗਿਆ ਹੈ, ਜਿਸ ਨੂੰ ਲੈ ਕੇ ਚਲੇ ਜਾਈਏ ਤੇ ਹਿਤ ਲਾ ਕੇ ਪੂਜਾ ਕਰੀਏ। ਸਭ ਸੰਗਤ ਦੀ ਇਹ ਬੇਨਤੀ ਹੈ, ਘਰ ਤੋਂ ਚਲਣ ਲਗਿਆਂ ਹੀ ਇਹ ਸੋਚਿਆ ਸੀ" ॥ ੩੯॥

ਸੁਨਿ ਸ੍ਰੀ ਅਰਜਨ ਰਿਦੇ ਬਿਚਾਰੀ। 'ਇਹ ਜਾਚਨ ਇਨ ਕੀਨਸਿ ਭਾਰੀ।
ਕਿਮ ਹਮ ਦੇਯ ਸਕਹਿਂ ਇਕ ਹੋਵਾ। ਨਹਿਂ ਦੇਂ ਸਿੱਖਯ ਮਾਨ ਕੋ ਖੋਵਾ' ॥੪੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਨੇ ਹਿਰਦੇ ਵਿਚ ਵਿਚਾਰ ਕੀਤੀ, "ਇਨ੍ਹਾਂ ਨੇ ਬਹੁਤ ਵੱਡੀ ਮੰਗ ਮੰਗੀ ਹੈ। ਕਿਵੇਂ ਅਸੀਂ ਦੇ ਸਕਦੇ ਹਾਂ, ਜਦ ਸਾਡੇ ਪਾਸ ਹੀ ਇਕ ਹੈ। ਜੇ ਸਿੱਖਾਂ ਨੂੰ ਨਹੀਂ ਦਿੰਦੇ ਤਾਂ ਉਨ੍ਹਾਂ ਦਾ ਮਾਣ ਖੋਹਿਆ ਜਾਂਦਾ ਹੈ" ॥ ੪੦॥

ਦੂਜੋ ਲਿਖਯੋ ਜਾਇ ਇਸ ਜੈਸੇ। ਤੌ ਸੁਖੈਨ ਦੈਬੋ ਇਹ ਲੈਸੇ।
ਅਬਿ ਤੌ ਤਯਾਰ ਏਕ ਹੀ ਅਹੈ। ਕਿਸ ਪ੍ਰਕਾਰ ਇਹ ਸਿਖ ਸੋਂ ਕਹੈਂ॥ ੪੧॥

ਜੇ ਇਸ ਤਰ੍ਹਾਂ ਦਾ ਦੂਜਾ ਲਿਖਿਆ ਜਾਵੇ ਤਾਂ ਦੇਣਾ ਤੇ ਇਨ੍ਹਾਂ ਦਾ ਲੈਣਾ ਸੌਖਾ ਹੋ ਜਾਂਦਾ ਹੈ। ਹੁਣ ਤਾਂ ਸਾਡੇ ਪਾਸ ਇਕ ਹੀ ਤਿਆਰ ਹੈ, ਕਿਸ ਪ੍ਰਕਾਰ ਇਸ ਸਿੱਖ ਨੂੰ ਕਹੀਏ॥ ੪੧॥

ਇਕ ਤੌ ਸੰਗਤਿ ਕੋ ਮੁਹਰੇਲੀ। ਆਇ ਸੰਗ ਬਹੁ ਹੋਇ ਸਕੇਲੀ।
ਦੂਜੈ ਪ੍ਰੇਮੀ ਅਹੈ ਮਹਾਨਾਂ। ਨਹੀਂ ਦੇਹਿਂ ਤੌ ਹਤਿ ਹੁਇ ਮਾਨਾ॥ ੪੨॥

ਇਕ ਤਾਂ ਇਹ ਸੰਗਤ ਦਾ ਆਗੂ ਹੈ, ਬਹੁਤ ਸੰਗਤ ਇਕੱਠੀ ਹੋ ਕੇ ਇਸ ਦੇ ਨਾਲ ਆਈ ਹੈ, ਦੂਜਾ ਇਹ ਮਹਾਨ ਪ੍ਰੇਮ ਕਰਦਾ ਹੈ, ਜੇ ਨਹੀਂ ਦਿੰਦੇ ਤਾਂ ਇਸ ਦਾ ਮਾਣ ਟੁਟਦਾ ਹੈ॥ ੪੨॥

ਕਿਤਿਕ ਕਾਲ ਤੂਸ਼ਨਿ ਭਗਵੰਤੇ। 'ਦੇਹਿਂ ਕਿ ਨਹੀਂ' ਰਿਦੇ ਚਿਤਵੰਤੇ।
ਪੁਨ ਬੋਲੇ ਸ੍ਰੀ ਗੁਰੂ ਗੁਸਾਈਂ। 'ਬਿਖਮ ਬਾਤ ਇਹ ਬੰਨੋ ਭਾਈ॥ ੪੩॥

ਕਾਫ਼ੀ ਸਮੇਂ ਤਕ ਗੁਰੂ ਜੀ ਚੁੱਪ ਬੈਠੇ ਰਹੇ, "ਦੇਈਏ ਕਿ ਨਾ ਦੇਈਏ" ਮਨ ਵਿਚ ਸੋਚਦੇ ਰਹੇ। ਫਿਰ ਮਾਲਕ ਗੁਰੂ ਜੀ ਬੋਲੇ, ਹੇ ਬੰਨੋ ਭਾਈ! "ਇਹ ਗੱਲ ਬਹੁਤ ਔਖੀ ਹੈ॥ ੪੩॥

ਬਿਨਤੀ ਕਰਤਿ ਰਹਯੋ ਹੁਇ ਠਾਂਢੋ। ਲੈਬੇ ਗ੍ਰਿੰਥ ਪ੍ਰੇਮ ਉਰ ਬਾਢੋ।
ਅਹੈ ਏਕ ਕਿਮ ਦਿਯੋ ਨ ਜਾਈ। ਤਬਿ ਤੇਰੋ ਮਾਨ ਸੁ ਘਟ ਜਾਈ॥ ੪੪॥

ਖੜੇ ਹੋ ਕੇ ਬੇਨਤੀ ਕਰਦੇ ਰਹੇ ਹੋ, ਗ੍ਰੰਥ ਲੈ ਜਾਣ ਦਾ ਪ੍ਰੇਮ ਤੁਹਾਡੇ ਮਨ ਵਿਚ ਬਹੁਤ ਵਧਿਆ ਹੈ। ਇਹ ਇਕ ਹੈ, ਕਿਵੇਂ ਦਿੱਤਾ ਜਾ ਸਕਦਾ ਹੈ? ਤਦ ਵੀ ਤੇਰਾ ਮਾਣ ਨਾ ਘਟ ਜਾਵੇ॥ ੪੪॥

ਅਨਬਨ ਬਨੀ ਕਹੈਂ ਕਯਾ ਤੋਹੀ। ਅਬਿ ਸੁਨਿ ਲੇਹੁ ਨੀਕ ਜਿਮ ਹੋਹੀ।
ਅਪਨੀ ਪੁਰੀ ਰਾਖਿ ਇਕ ਰਾਤੀ। ਲੇ ਕਰਿ ਹਟਹੁ ਹੋਇ ਜਬਿ ਪ੍ਰਾਤੀ॥ ੪੫॥

ਬਣਦਾ ਨਹੀਂ ਹੈ ਪਰ ਤੈਨੂੰ ਕੀ ਕਹੀਏ, ਹੁਣ ਸੁਣ ਲਵੋ ਜਿਵੇਂ ਉਚਿਤ ਹੈ। ਆਪਣੀ ਨਗਰੀ ਵਿਚ ਇਕ ਰਾਤ ਰੱਖੇ ਤੇ ਜਦ ਸਵੇਰ ਹੋ ਜਾਵੇ, ਲੈ ਕੇ ਵਾਪਸ ਆ ਜਾਵੇ॥ ੪੫॥

ਦੁਤਿਯ ਰਾਤਿ ਰਾਖਹੁ ਨਹਿਂ ਕੈਸੇ। ਅਬਿ ਲੇ ਜਾਹੁ ਲਯਾਇ ਪੁਨ ਤੈਸੇ।
ਅਦਬ ਸਾਥ ਰਾਖਹੁ ਚੁਕਸਾਈ। ਸੰਗਤਿ ਅਲਿਬਾਲਹਿ ਸਮੁਦਾਈ' ॥ ੪੬॥

ਕਿਸੇ ਤਰ੍ਹਾਂ ਵੀ ਦੂਸਰੀ ਰਾਤ ਨਾ ਰੱਖੇ, ਹੁਣ ਲੈ ਜਾਵੇ ਤੇ ਉਸ ਤਰ੍ਹਾਂ ਲਿਆਵੇ ਜਿਵੇਂ ਕਿਹਾ ਗਿਆ ਹੈ। ਬੜੇ ਆਦਰ ਅਤੇ ਚੌਕਸੀ ਨਾਲ ਰੱਖੋ। ਸਾਰੀ ਸੰਗਤ ਚਾਰੇ ਪਾਸੇ ਰਹੇ" ॥ ੪੬॥

ਇਮ ਕਹਿ ਦਯੋ ਗ੍ਰਿੰਥ ਲੇ ਚਾਲਾ। ਸੰਗਤਿ ਜਿਸ ਕੇ ਸੰਗ ਬਿਸਾਲਾ।
ਨਿਕਸਿ ਗੁਰੂ ਪੁਰਿ ਰਿਦੈ ਬਿਚਾਰਾ। ਕਿਮ ਇਹ ਲਿਖਯੋ ਜਾਇ ਅਬਿ ਸਾਰਾ॥੪੭॥

ਇਹ ਕਹਿ ਕੇ ਗ੍ਰੰਥ ਸਾਹਿਬ ਭਾਈ ਬੰਨੋ ਨੂੰ ਦੇ ਦਿੱਤਾ ਤੇ ਉਹ ਲੈ ਕੇ ਚਲ ਪਿਆ। ਅੰਮ੍ਰਿਤਸਰ ਦੀ ਨਗਰੀ ਤੋਂ ਨਿਕਲਣ ਤੋਂ ਬਾਅਦ ਭਾਈ ਬੰਨੋ ਨੇ ਵਿਚਾਰ ਕੀਤੀ ਕਿ ਕਿਵੇਂ ਇਹ ਸਾਰਾ ਲਿਖਿਆ ਜਾਏ॥ ੪੭॥

ਏਕ ਨਿਸਾ ਗੁਰ ਆਦਿਸੁ ਭਨੀ। ਲਿਖਯੋ ਜਾਇ ਕਿਮ ਹੈ ਅਨਬਨੀ।
ਤਬਿ ਬਿਚਾਰ ਉਰ ਮਹਿਂ ਹੁਇ ਆਵਾ। 'ਡੇਰਾ ਕਰਹਿਂ ਕੋਸ ਇਕ ਠਾਵਾ॥੪੮॥

ਗੁਰੂ ਜੀ ਨੇ ਇਕ ਰਾਤ ਰੱਖਣ ਦੀ ਆਗਿਆ ਦਿੱਤੀ ਹੈ, ਕਿਵੇਂ ਇਸ ਦਾ ਉਤਾਰਾ ਲਿਖਿਆ ਜਾਵੇ, ਇਹ ਸੰਭਵ ਨਹੀਂ ਲੱਗਦਾ ਤਦ ਹਿਰਦੇ ਵਿਚ ਵਿਚਾਰ ਆਈ, "ਇਕ ਕੋਹ ਤੇ ਜਾ ਕੇ ਡੇਰਾ ਕਰਦੇ ਹਾਂ॥ ੪੮॥

ਤਬਹਿ ਲਿਖਾਰੀ ਦੀਏ ਲਗਾਇ। ਲਿਖਹੁ ਸ਼ਿਤਾਬੀ ਅਰੁ ਸਮੁਦਾਇ।
ਅਪਨ ਪੁਰੀ ਲਗਿ ਇਕ ਇਕ ਕੋਸ। ਡੇਰਾ ਗਰਤਿ ਲਿਖਜੋ ਆਧੋਸੁ॥ ੪੯॥

ਤਦ ਲਿਖਾਰੀ ਲਾ ਦੇਵਾਂਗੇ ਤੇ ਸਾਰੇ ਇਕੱਠੇ ਹੋ ਕੇ ਛੇਤੀ ਹੀ ਲਿਖ ਲਵਾਂਗੇ। ਆਪਣੀ ਨਗਰੀ ਤਕ ਜਾਂਦਿਆਂ ਇਕ ਇਕ ਕੋਹ ਤੇ ਰੱਖ ਕੇ ਅੱਧਾ ਲਿਖ ਲਿਆ॥ ੪੯॥

ਇਕ ਨਿਸ ਬਸਿ ਕਰਿ ਨਿਜ ਘਰ ਮਾਂਹੂੰ। ਹਟੇ ਕੋਸ ਇਕ ਡੇਰਾ ਰਾਹੂ।
ਤਿਸੀ ਪ੍ਰਕਾਰ ਸੁਧਾਸਰ ਆਏ। ਆਵਤਿ ਜਾਤੇ ਸਰਬ ਲਿਖਾਏ॥ ੫੦॥

ਇਕ ਰਾਤ ਆਪਣੇ ਘਰ ਵੱਸ ਕੇ ਵਾਪਸ ਮੁੜ ਕੇ ਰਾਹ ਵਿਚ ਇਕ ਕੋਹ ਤੇ ਡੇਰਾ ਕੀਤਾ, ਓਸੇ ਪ੍ਰਕਾਰ ਫਿਰ ਅੰਮ੍ਰਿਤਸਰ ਆ ਗਏ, ਆਉਂਦਿਆਂ ਜਾਂਦਿਆਂ ਸਾਰਾ ਉਤਾਰਾ ਕਰ ਲਿਆ॥ ੫੦॥

ਕੇਤਿਕ ਸ਼ਬਦ ਲਿਖੇ ਅਧਿਕਾਈ। ਆਏ ਪੁਨ ਸ੍ਰੀ ਗੁਰ ਅਗਵਾਈ।
ਜੁਗਲ ਗ੍ਰਿੰਥ ਸਾਹਿਬ ਧਰਿ ਦੀਨੇ। ਅਧਿਕ ਜੁ ਹੁਤੇ ਸੁਨਾਵਨਿ ਕੀਨੇ॥ ੫੧॥

ਉਸ ਵਿਚ ਕਈ ਸ਼ਬਦ ਵਾਧੂ ਵੀ ਲਿਖ ਦਿੱਤੇ, ਫਿਰ ਗੁਰੂ ਜੀ ਪਾਸ ਆ ਗਏ। ਦੋਵੇਂ ਗ੍ਰੰਥ ਸਾਹਿਬ ਗੁਰੂ ਜੀ ਦੇ ਅੱਗੇ ਧਰ ਦਿੱਤੇ। ਜੋ ਸ਼ਬਦ ਵਾਧੂ ਲਿਖੇ ਸਨ, ਉਹ ਵੀ ਸੁਣਾ ਦਿੱਤੇ॥ ੫੧॥

ਪਿਖਿ ਅਰੁ ਸੁਨਿ ਸ੍ਰੀ ਮੁਖਿ ਫੁਰਮਾਯੋ। 'ਲਿਖਿ ਕਰਿ ਅਧਿਕ ਜਿਤੋ ਤੁਮ ਪਾਯੋ।
ਤਿਸੀ ਬੀੜ ਮਹਿਂ ਰਖਹੁ ਲਿਖਾਵੋ। ਨਹਿਂ ਇਸ ਗ੍ਰਿੰਥ ਬਿਖੈ ਸੋ ਪਾਵੋ॥ ੫੨॥

ਵੇਖ ਅਤੇ ਸੁਣ ਕੇ ਗੁਰੂ ਜੀ ਨੇ ਫੁਰਮਾਇਆ, "ਜਿੰਨੇ ਵੀ ਵਾਧੂ ਸ਼ਬਦ ਲਿਖ ਕੇ ਤੂੰ ਪਾਏ ਹਨ, ਉਹ ਓਸੇ ਬੀੜ ਵਿਚ ਲਿਖੇ ਰਹਿਣ ਦੇਵੋ, ਉਨ੍ਹਾਂ ਨੂੰ ਇਸ ਬੀੜ ਵਿਚ ਨਾ ਪਾਵੋ"॥ ੫੨॥

ਯਾਤੇ ਭਈ ਬੀੜ ਦ੍ਵੈ ਗ੍ਰਿੰਥ। ਲਿਖਤਿ ਪਢਤਿ ਸ੍ਰੀ ਸਤਿਗੁਰ ਪੰਥ।
ਸੁਨਤਿ ਪਠਤਿ ਜਿਨ ਰਿਦੈ ਬਸਾਈ। ਤਿਨ ਪਰ ਕਵਿ ਪੁਨ ਪੁਨ ਬਲਿ ਜਾਈ॥ ੫੩॥

ਇਸ ਤਰ੍ਹਾਂ ਬੀੜ ਦੇ ਦੋ ਗ੍ਰੰਥ ਹੋ ਗਏ, ਜਿਸ ਨੂੰ ਸਤਿਗੁਰੂ ਦਾ ਪੰਥ ਲਿਖਦਾ ਪੜ੍ਹਦਾ ਹੈ। ਜਿਹੜੇ ਇਸ ਗ੍ਰੰਥ ਸਾਹਿਬ ਨੂੰ ਸੁਣ ਕੇ ਅਤੇ ਪੜ੍ਹਕੇ ਆਪਣੇ ਹਿਰਦੇ ਵਿਚ ਵਸਾਉਂਦੇ ਹਨ, ਕਵੀ ਸੰਤੋਖ ਸਿੰਘ ਉਨ੍ਹਾਂ ਤੋਂ ਬਾਰ ਬਾਰ ਬਲਿਹਾਰ ਜਾਂਦਾ ਹੈ॥ ੫੩॥

*ਤੀਸਰੀ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥ ੪੯॥*

## ਅਧਿਆਇ ਪੰਜਾਹਵਾਂ

*ਸ੍ਰੀ ਹਰਿਮੰਦਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾਂ*

ਦੋਹਰਾ-ਕਿਤਿਕ ਕਹਤਿ ਹੈਂ ਗ੍ਰਿੰਥ ਕੋ ਜਿਲਤ ਬੰਧਾਵਨਿ ਕਾਜ।
ਭੇਜਜੋ ਲਵਪੁਰਿ ਨਗਰ ਕੋ ਗੁਰੂ ਗਰੀਬ ਨਿਵਾਜ॥ ੧॥

ਕਈ ਕਹਿੰਦੇ ਹਨ ਕਿ ਗ੍ਰੰਥ ਸਾਹਿਬ ਨੂੰ ਜਿਲਦ ਬੰਨ੍ਹਵਾਉਣ ਵਾਸਤੇ, ਗੁਰੂ ਗਰੀਬ ਨਿਵਾਜ਼ ਨੇ ਗ੍ਰੰਥ ਸਾਹਿਬ ਨੂੰ ਲਾਹੌਰ ਭੇਜਿਆ ਸੀ॥ ੧॥

ਤਹਿੰ ਆਵਤਿ ਜਾਤੇ ਲਿਖਯੋ ਬੰਨੋ ਗ੍ਰਿੰਥ ਦੁਤੀਯ॥
ਮਹਿਮਾ ਸ਼੍ਰੀ ਸਤਿਗੁਰੂ ਕੀ ਸਭਿ ਬਿਧਿ ਉੱਤਮ ਥੀਯ॥ ੨॥

ਲਾਹੌਰ ਆਉਂਦੇ ਜਾਂਦੇ ਭਾਈ ਬੰਨੋ ਨੇ ਦੂਸਰਾ ਗ੍ਰੰਥ ਲਿਖ ਲਿਆ, ਉਸ ਸਤਿਗੁਰੂ ਜੀ ਦੀ ਮਹਿਮਾ ਹਰ ਪ੍ਰਕਾਰ ਬੜੀ ਉੱਤਮ ਹੈ॥ ੨॥

*ਸ੍ਵੈਯਾ-* ਸੰਮਤ ਸੋਲਹਿ ਸੈ ਇਕ ਸਾਠਹਿ ਭਾਦਵ ਕੀ ਸੁਦਿ ਏਕਮ ਜਾਨੋ।
ਗ੍ਰਿੰਥ ਸਮਾਪਤਿ ਸ਼੍ਰੀ ਗੁਰ ਕੀਨਿ ਮਹਾਂ ਉਤਸਾਹ ਗੁਰੂ ਘਰ ਠਾਨੋ।
ਸੰਗਤਿ ਦੇਸ਼ ਬਿਦੇਸ਼ਨਿ ਕੀ ਸੁਨਿ ਕੈ ਮਨ ਆਨੰਦ ਦੀਰਘ ਮਾਨੋ।
ਦੇਖਨਿ ਆਵਤਿ ਭਾਉ ਬਧਾਵਤਿ ਕੋ ਲਿਖਵਾਵਨਿ ਕੋ ਹਿਤਵਾਨੋ॥ ੩॥

ਸੰਮਤ ਸੋਲਾਂ ਸੌ ਇਕਾਠ ਅਤੇ ਭਾਦੋਂ ਸੁਦੀ ਏਕਮ ਜਾਣੋ ਜਦ ਗੁਰੂ ਜੀ ਗ੍ਰੰਥ ਸਾਹਿਬ ਨੂੰ ਸੰਪੂਰਣ ਕਰਕੇ ਗੁਰੂ ਘਰ ਵਿਚ ਮਹਾਨ ਖੁਸ਼ੀਆਂ ਮਨਾਈਆਂ। ਦੇਸ਼ਾਂ ਵਿਦੇਸ਼ਾਂ ਦੀ ਸੰਗਤ ਇਹ ਸੁਣ ਕੇ ਬਹੁਤ ਪ੍ਰਸੰਨ ਹੋਈ। ਬੜਾ ਪ੍ਰੇਮ ਵਧਾ ਕੇ ਵੇਖਣ ਆਉਂਦੇ ਸਨ, ਕਈ ਪ੍ਰੇਮੀ ਉਤਾਰਾ ਕਰਨਾ ਚਾਹੁੰਦੇ ਸਨ॥ ੩॥

ਬੰਨੋ ਆਦਿਕ ਹੈ ਸਿਖ ਸੰਗਤਿ ਸ਼੍ਰੀ ਗੁਰ ਬੈਠਿ ਦਿਵਾਨ ਲਗਾਯੋ।
ਸ਼੍ਰੀ ਹਰਿ ਗੋਬਿੰਦ ਪਾਸ ਬਿਰਾਜਤਿ ਚੰਦ ਮਨੋ ਪਰਵਾਰ ਸੁਹਾਯੋ।
ਸੀਖ ਲਗੇ ਸਭਿ ਕੋ ਤਬਿ ਦੇਵਨਿ ਸ਼੍ਰੇਯ ਭਰਯੋ ਬਚ ਯੋਂ ਫੁਰਮਾਯੋ।
'ਗ੍ਰਿੰਥ ਜਹਾਜ ਸੁ ਭੌਜਲ ਕੋ ਤਰ ਜਾਤਿ ਸੁਖੇਨ ਜਿਨੀ ਚਿਤ ਲਾਯੋ॥ ੪॥

ਭਾਈ ਬੰਨੋ ਆਦਿ ਸਿੱਖ ਸੰਗਤ ਨੇ ਗੁਰੂ ਜੀ ਪਾਸ ਬੈਠ ਕੇ ਦੀਵਾਨ ਲਗਾਇਆ। ਸ੍ਰੀ ਹਰਿਗੋਬਿੰਦ ਸਾਹਿਬ ਪਾਸ ਬੈਠੇ ਸਨ, ਮਾਨੋ ਚੰਦ ਪਰਿਵਾਰ ਵਿਚ ਸ਼ੋਭਾ ਪਾ ਰਿਹਾ ਸੀ। ਗੁਰੂ ਜੀ ਫਿਰ ਸਾਰਿਆਂ ਨੂੰ ਸਿਖਿਆ ਦੇਣ ਲੱਗੇ, ਫਿਰ ਗਤੀਦਾਇਕ ਬਚਨ ਇਸ ਤਰ੍ਹਾਂ ਕੀਤਾ, "ਗ੍ਰੰਥ ਸਾਹਿਬ ਇਕ ਜਹਾਜ਼ ਦੇ ਸਮਾਨ ਹੈ, ਜਿਹੜੇ ਮਨੁੱਖ ਇਸ ਵਿਚ ਚਿੱਤ ਲਾਉਣਗੇ ਉਹ ਸਹਿਜੇ ਹੀ ਭਵਜਲ ਨੂੰ ਪਾਰ ਕਰ ਜਾਣਗੇ॥ ੪॥

ਸ਼੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੈ ਸਭਿ ਨਾ ਦਰਸੈ ਹੈਂ।
ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ।
ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ।
ਪੂਜਹੁ ਚੰਦਨ ਕੇਸਰ ਕੋ ਘਸਿ ਧੂਪ ਧੁਖਾਇ ਕੈ ਫੂਲ ਚਢੈ ਹੈ॥ ੫॥

ਸ੍ਰੀ ਗੁਰੂ ਜੀ ਦਾ ਜੋ ਸਰੀਰ ਹੈ ਉਸ ਦੇ ਸਭ ਥਾਂ ਅਤੇ ਸਭ ਸਮੇਂ ਦਰਸ਼ਨ ਨਹੀਂ ਹੋ ਸਕਦੇ ਹਨ। ਗ੍ਰੰਥ ਸਾਹਿਬ ਨੂੰ ਤੁਸੀਂ ਗੁਰੂ ਜੀ ਦਾ ਹਿਰਦਾ ਜਾਣੋ, ਇਹ ਸਭ ਥਾਂ ਅਤੇ ਸਭ ਸਮੇਂ ਉੱਤਮ ਰਹੇਗਾ। ਇਸ ਕਰਕੇ ਮੇਰੇ ਸਰੀਰ ਨਾਲੋਂ ਇਸ ਨੂੰ ਵੱਡਾ ਸਾਹਿਬ ਜਾਣ ਕੇ ਇਸ ਦਾ ਅਦਬ ਕਰੋ। ਚੰਦਨ ਕੇਸਰ ਘਸਾ ਕੇ ਧੂਪ ਧੁਖਾ ਕੇ ਅਤੇ ਫੁੱਲ ਚੜ੍ਹਾ ਕੇ ਇਸ ਦੀ ਪੂਜਾ ਕਰੋ॥ ੫॥

ਜੋ ਲਿਖਿ ਲੇਹਿ ਭਲੇ ਤਬਿ ਸੋਧਹਿ ਅਖਰ ਸੋਂ ਲਗ ਕੀ ਚੁਕਸਾਈ।
ਪਾਠ ਸਮਸਤ ਕਰੈ ਬੁਧਿ ਸੋਂ ਪਿਖਿ ਪੂਰਬ ਕੇ ਸਮ ਲੇਹਿ ਬਨਾਈ।
ਆਪ ਤੇ ਘਾਟ ਨ ਬਾਧ ਕਰੈ, ਜਿ ਕਰੈ, ਹੁਇ ਮੂਰਖ ਸੋ ਪਛੁਤਾਈ।
ਔਰ ਬਨਾਇ ਨਵੋਂ ਨ ਲਿਖੈ ਬਿਚ ਕਾਬਜ, ਰਚੈ, ਸੁ ਰਚੋ ਪ੍ਰਿਥਕਾਈ॥ ੬॥

ਜਿਹੜਾ ਲਿਖ ਲਵੇ ਚੰਗਾ ਹੈ, ਫਿਰ ਉਸ ਦੀ ਸੁਧਾਈ ਕਰੇ ਅਤੇ ਅੱਖਰ ਲਗ ਮਾਤਰ ਤਕ ਚੌਕਸੀ ਰੱਖੇ, ਫਿਰ ਸਾਰੇ ਦਾ ਸਾਰਾ ਪਾਠ ਕਰੇ ਅਤੇ ਵੇਖ ਕੇ ਪਹਿਲੇ ਵਰਗਾ ਬਣਾ ਲਵੇ, ਆਪਣੇ ਆਪ ਇਸ ਵਿਚ ਕੋਈ ਘਾਟਾ ਵਾਧਾ ਨਾ ਕਰੇ, ਜਿਹੜਾ ਕਰੇਗਾ ਉਹ ਮੂਰਖ ਹੋਵੇਗਾ ਤੇ ਬਾਅਦ ਵਿਚ ਪਛਤਾਵੇਗਾ। ਹੋਰ ਨਵੀਂ ਕਵਿਤਾ ਬਣਾ ਕੇ ਵਿਚ ਨਾ ਲਿਖੇ। ਜੇ ਕੋਈ ਕੁਝ ਲਿਖੇ ਤਾਂ ਵੱਖਰਾ ਰੱਖੇ ਬੀੜ ਵਿਚ ਨਾ ਚਾੜ੍ਹੇ॥੬॥

ਚੌਦਹਿ ਲੋਕ ਤੇ ਹੋਇ ਬਲੀ, ਬਲ ਕੋ ਜਰ ਜਾਇ ਰਿਦੇ ਮਹਿਂ ਜੋਈ।
ਸੋ ਉਪਕਾਰ ਕੇ ਕਾਰਨ ਕੋ ਸਿਰ ਦੇ ਹੁਇ ਸੰਮੁਖ ਧੀਰ ਧਰੋਈ।
ਆਪਨੀ ਬਾਂਨੀ ਚਢਾਵਹਿ ਸੋ ਇਕ, ਹੋਇ ਇਸੋ ਨਹਿਂ ਦੂਸਰ ਕੋਈ।
ਪੂਜਹਿ ਜੋ ਇਛ ਧਾਰਿ ਸੁ ਪੂਜਹਿ ਸ਼੍ਰੇਯ ਲਹੈ ਜਮ ਪੀਰ ਨ ਹੋਈ॥ ੭॥

ਉਹ ਚੌਦਾਂ ਲੋਕਾਂ ਵਿਚ ਬਲਵਾਨ ਹੁੰਦਾ ਹੈ ਜਿਹੜਾ ਆਪਣੀ ਤਾਕਤ ਨੂੰ ਹਿਰਦੇ ਵਿਚ ਜਰ ਲਵੇ। ਉਹ ਉਪਕਾਰ ਦੇ ਕਾਰਨ ਸਿਰ ਦੇਵੇ ਅਤੇ ਸਾਹਮਣੇ ਹੋ ਕੇ ਧੀਰਜ ਧਾਰਨ ਕਰੇ। ਆਪਣੀ ਬਾਣੀ ਚੜ੍ਹਾਵੇ ਸੋ ਇਕ ਮੂਰਖ ਹੈ, ਐਸਾ ਕੋਈ ਦੂਸਰਾ ਨਹੀਂ ਹੈ। ਜਿਹੜਾ ਵੀ ਇਸ ਨੂੰ ਇੱਛਾ ਧਾਰ ਕੇ ਪੂਜੇਗਾ ਉਹ ਮੁਕਤੀ ਪ੍ਰਾਪਤ ਕਰੇਗਾ ਤੇ ਜਮਾਂ ਦੀ ਪੀੜ ਉਸ ਦੇ ਨੇੜੇ ਨਹੀਂ ਆਵੇਗੀ॥ ੭॥

ਬੇਦ ਪੁਰਾਨ ਮਹਾਂਨ ਮਹਾਤਮ ਜਾਂਹਿ ਬਖਾਨ ਕਰੈਂ ਸਮੁਦਾਏ।
ਅੰਤ ਨ ਪਾਵਤਿ ਸ਼ੇਸ਼ ਨ ਸ਼ਾਰਦ ਨੇਤਿ ਹੀ ਨੇਤਿ ਅਸ਼ੇਸ਼ ਬਤਾਏ।
ਜੋ ਸਰਬੋਤਮ ਜੋ ਸਰਬਾਸ਼੍ਰਯ ਤਾਂਹੀ ਕੇ ਨਾਮ ਇਸੀ ਮਹਿਂ ਗਾਏ।
ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤਿ ਸ੍ਰੀ ਕਰਤਾਰ ਸੁਹਾਏ॥ ੮॥

ਜਿਹੜੇ ਵੇਦ ਪੁਰਾਣ ਹਨ, ਉਨ੍ਹਾਂ ਦਾ ਲੋਕ ਮਹਾਨ ਮਹਾਤਮ ਕਹਿੰਦੇ ਹਨ। ਸ਼ੇਸ਼ਨਾਗ ਅਤੇ ਸਰਸਵਤੀ ਵੀ ਉਸ ਦਾ ਅੰਤ ਨਹੀਂ ਪਾ ਸਕੇ, ਉਹ ਵੀ ਬੇਅੰਤ-ਬੇਅੰਤ ਹੀ ਕਹਿੰਦੇ ਹਨ। ਜਿਹੜਾ ਸਰਵ ਉੱਤਮ ਹੈ ਅਤੇ ਸਰਬ ਪ੍ਰਕਾਰ ਦੀ ਮੁਕਤੀ ਦੇਣ ਵਾਲਾ ਹੈ ਉਸ ਦੇ ਨਾਮ ਨੂੰ ਇਸ ਵਿਚ ਗਾਇਆ ਗਿਆ ਹੈ। ਨਾਮ ਅਤੇ ਨਾਮ ਜਪਣ ਵਾਲੇ ਵਿਚ ਕੋਈ ਅੰਤ ਨਹੀਂ ਹੈ, ਕਰਤਾ ਪੁਰਖ ਦੀ ਇਹੋ ਮੂਰਤੀ ਸ਼ੋਭਦੀ ਹੈ॥ ੮॥

ਜੇਤਿਕ ਗ੍ਰਿੰਥ ਅਦਾਇਬ ਰਾਖਹਿ ਤੇਤਿਕ ਹੀ ਫਲ ਪਾਵਹਿਗੋ।
ਧੂਪ ਧੁਖਾਇ ਘਸਾਇ ਕੈ ਚੰਦਨ ਕੇਸਰ ਕੋ ਅਰਚਾਵਹਿਗੋ।
ਭਾਵਨੀ ਧਾਰਿ ਕੈ ਚਾਹਿ ਉਮਾਹਤਿ ਦਰੋਸ ਪ੍ਰਤੀ ਦਰਸਾਵਹਿਗੋ।
ਪਾਠ ਕਰੈ ਕਿ ਸੁਨੈ ਮਨ ਏਕ ਹ੍ਵੈ ਹੀ ਉਪਦੇਸ਼ ਬਸਾਵਹਿਗੋ॥ ੯॥

ਜਿੰਨਾ ਵੀ ਗ੍ਰੰਥ ਸਾਹਿਬ ਦਾ ਆਦਰ ਕਰਨਗੇ, ਓਨਾ ਹੀ ਫਲ ਪਾਉਣਗੇ। ਜੇ ਧੂਪ ਧੁਖਾ ਕੇ ਚੰਦਨ ਕੇਸਰ ਘਸਾ ਕੇ ਪੂਜਾ ਕਰਨਗੇ, ਭਾਵਨਾ ਧਾਰ ਕੇ ਖੁਸ਼ੀ ਨਾਲ ਚਾਹ ਕੇ ਰੋਜ਼ ਦਰਸ਼ਨ ਕਰਨਗੇ, ਪਾਠ ਕਰਨਗੇ ਜਾਂ ਇਕ ਮਨ ਹੋ ਕੇ ਸੁਣਨਗੇ ਅਤੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਉਣਗੇ॥ ੯॥

ਦੇਖਤਿ ਹੀ ਕਰ ਜੋਰਿ ਦੁਊ ਮਨ ਨੰਮ੍ਰਿ ਹ੍ਵੈ ਸੀਸ ਨਿਵਾਵਹਿਗੋ।
ਔਰਨਿ ਕੋ ਉਪਦੇਸ਼ ਕਰੈ ਲਿਖਿ ਆਪ ਇਸੇ ਕੋ ਲਿਖਾਵਹਿਗੋ।
ਪ੍ਰੇਮ ਕਰੈ ਘਰ ਮੈਂ ਅਸਥਾਪਹਿ ਪਾਠ ਸੁਨੇ ਹਰਖਾਵਹਿਗੋ।
ਸੋ ਜਗ ਬੰਧਨ ਛੇਦਨ ਕੈ ਨਰ ਅੰਤ ਗਤੀ ਸ਼ੁਭ ਪਾਵਹਿਗੋ॥ ੧੦॥

ਵੇਖਦਿਆਂ ਹੀ ਦੋਵੇਂ ਹੱਥ ਜੋੜ ਕੇ ਸਨਿੰਮਰ ਹੋ ਕੇ ਸਿਰ ਨਿਵਾਉਣਗੇ। ਹੋਰਨਾਂ ਨੂੰ ਉਪਦੇਸ਼ ਕਰਨਗੇ, ਆਪ ਲਿਖਣਗੇ ਤੇ ਹੋਰਨਾਂ ਨੂੰ ਲਿਖਵਾਉਣਗੇ। ਪ੍ਰੇਮ ਕਰ ਕੇ ਘਰ ਵਿਚ ਸਥਾਪਤ ਕਰਨਗੇ ਅਤੇ ਪਾਠ ਸੁਣ ਕੇ ਪ੍ਰਸੰਨ ਹੋਣਗੇ। ਉਨ੍ਹਾਂ ਦੇ ਜਗਤ ਦੇ ਬੰਧਨਾਂ ਦਾ ਨਾਸ਼ ਹੋਵੇਗਾ ਅਤੇ ਉਹ ਮਨੁੱਖ ਅੰਤ ਸਮੇਂ ਸ਼ੁਭ ਗਤੀ ਪਾਉਣਗੇ॥ ੧੦॥

ਕਾਰਜ ਹੋਇ ਸੰਪੂਰਨ ਬਾਂਛਤਿ ਪਾਠ ਕਰੈ ਕਿ ਕਰਵਾਹਿਗੋ।
ਭੋਗ ਪਰੇ ਕਰਿਵਾਇ ਤਿਹਾਵਲ ਆਪ ਖਰੋ ਹੁਇ ਜਾਵਹਿਗੋ।
ਹਾਥ ਕੋ ਜੋਰਿ ਕਰੈ ਅਰਦਾਸ ਮਨੋਰਥ ਕੋ ਮਨ ਲਜਾਵਹਿਗੋ।
ਕਜੋਂ ਨ ਕਹੋ ਤਿਹ ਪੂਰਨ ਹ੍ਵੈ ਚਿਤ ਚਾਹਤਿ ਸੋ ਨਰ ਪਾਵਹਿਗੋ॥ ੧੧॥

ਉਸਦੇ ਮਨ-ਇੱਛਤ ਕਾਰਜ ਪੂਰੇ ਹੋਣਗੇ, ਜਿਹੜਾ ਇਸ ਦਾ ਪਾਠ ਕਰੇਗਾ ਜਾਂ ਕਰਵਾਵੇਗਾ। ਭੋਗ ਪੈਣ ਤੇ ਕੜਾਹ ਪ੍ਰਸ਼ਾਦਿ ਤਿਆਰ ਕਰਨਗੇ ਅਤੇ ਆਪ ਖੜੇ ਹੋ ਜਾਣਗੇ। ਹੱਥ ਜੋੜ ਕੇ ਅਰਦਾਸ ਕਰਨਗੇ, ਫਿਰ ਜਿਹੜਾ ਵੀ ਮਨੋਰਥ ਮਨ ਵਿਚ ਲਿਆਉਣਗੇ, ਉਹ ਕਿਉਂ ਨਾ ਪੂਰਾ ਹੋਵੇਗਾ ? ਮਨੁੱਖ ਜੋ ਵੀ ਚਿੱਤ ਵਿਚ ਚਾਹੁਣਗੇ, ਉਹੋ ਕੁਝ ਪਾਉਣਗੇ॥ ੧੧॥

ਸਿੱਖ ਸਰੀਰ ਤਜੈ ਤਿਸ ਪੀਛਹਿ ਗ੍ਰਿੰਥ ਕੋ ਪਾਠ ਕਰਾਵਹਿਗੋ।
ਪੋਸ਼ਿਸ਼ ਕੋ ਅਰਪੈ ਤਬਿ ਪਾਠਕ ਭੋਜਨ ਚਾਰੁ ਖੁਲਾਵਹਿਗੋ।
ਔਰ ਜਥਾ ਸ਼ਕਤੀ ਤਿਹ ਸੇਵਹਿ ਲਜਾਇ ਕਰਾਹੁ ਬ੍ਰਤਾਵੈਗੋ।
ਸੋ ਸਿਖ ਹੋਇ ਸੁਖੇਨ ਮਹਾਂ, ਪਰਲੋਕ ਬਿਖੈ ਹਰਖਾਵਹਿਗੋ॥ ੧੨॥

ਜਦ ਸਿੱਖ ਸਰੀਰ ਛੱਡ ਕੇ ਜਾਵੇਗਾ ਤਾਂ ਉਸ ਦੇ ਪਿਛੋਂ ਗ੍ਰੰਥ ਸਾਹਿਬ ਦਾ ਪਾਠ ਕਰਵਾਉਣਗੇ, ਪੋਸ਼ਾਕਾਂ ਭੇਂਟ ਕਰਨਗੇ ਅਤੇ ਪਾਠੀਆਂ ਨੂੰ ਸੁੰਦਰ ਭੋਜਨ ਕਰਵਾਉਣਗੇ। ਹੋਰ ਆਪਣੀ ਸਮਰੱਥਾ ਅਨੁਸਾਰ ਸੇਵਾ ਕਰਨਗੇ ਅਤੇ ਕੜਾਹ ਪ੍ਰਸ਼ਾਦਿ ਵਰਤਾਉਣਗੇ। ਪਰਲੋਕ ਜਾਣ ਵਾਲਾ ਸਿੱਖ ਸੁਰਖ਼ਰੂ ਹੋ ਜਾਵੇਗਾ ਅਤੇ ਪਰਲੋਕ ਵਿਚ ਬਹੁਤ ਪ੍ਰਸੰਨ ਹੋਵੇਗਾ॥ ੧੨॥

ਔਰ ਕਹਾਂ ਲਗਿ ਜੇ ਜਗ ਕਾਰਜ ਪਾਠ ਕਰੇ ਸਿਧ ਹੋਵਹਿੰਗੇ।
ਸੰਤ ਮਹੰਤ ਚਹੈ ਨਹਿੰ ਯੌ ਪਠਿ ਪ੍ਰੇਮ ਕਰੇ ਪ੍ਰਭ ਜੋਵਹਿੰਗੇ।
ਦਯੋਸ ਨਿਸਾ ਸਿਮਰੈਂ ਸਤਿਨਾਮ ਕਿ ਗ੍ਰਿੰਥ ਪਠੈਂ ਅਘ ਖੋਵਹਿੰਗੇ।
ਅੰਤ ਸਮੈ ਜਮ ਕੋ ਨ ਪਿਖੈਂ ਮਿਲਿ ਆਇ ਹਮੈ ਸੁ ਅਲੋਵਹਿੰਗੇ॥ ੧੩॥

ਹੋਰ ਕਿਥੋਂ ਤਕ ਕਹਾਂ ਕਿ ਪਾਠ ਕਰਨ ਨਾਲ ਜੱਗ ਦੇ ਸਾਰੇ ਕਾਰਜ ਸਿੱਧ ਹੋਣਗੇ। ਸੰਤ ਤੇ ਮਹਾਨ ਪੁਰਖ ਜੋ ਇਸ ਤਰ੍ਹਾਂ ਨਹੀਂ ਚਾਹੁੰਦੇ, ਜਿਵੇਂ ਪਿਛਲੀ ਤੁਕ ਵਿਚ ਕਿਹਾ ਗਿਆ ਹੈ ਉਹ ਪ੍ਰੇਮ ਨਾਲ ਪਾਠ ਕਰਕੇ ਨਿਸ਼ਕਾਮ ਹੋ ਕੇ ਪ੍ਰਭੂ ਜੀ ਨੂੰ ਵੇਖਣਗੇ, ਦਿਨ ਰਾਤ ਸਤਿਨਾਮ ਦਾ ਸਿਮਰਨ ਕਰਨਗੇ ਜਾਂ ਗ੍ਰੰਥ ਸਾਹਿਬ ਪੜ੍ਹ ਕੇ ਪਾਪਾਂ ਦਾ ਨਾਸ਼ ਕਰਨਗੇ ਅੰਤ ਸਮੇਂ ਯਮ ਨੂੰ ਨਹੀਂ ਵੇਖਣਗੇ, ਸਾਨੂੰ ਆ ਕੇ ਮਿਲਣਗੇ, ਉਹ ਮੁਕਤ ਹੋ ਜਾਣਗੇ॥ ੧੩॥

ਦੋਹਰਾ- ਬੈਠੇ ਸ੍ਰੀ ਗੁਰ ਰਾਮ ਸਰ ਬੰਨੋ ਆਨਯੋ ਗ੍ਰਿੰਥ।
ਤਹਾਂ ਮਹਾਤਮ ਇਹ ਕਹਯੋ ਦੇਨਿ ਸੀਖ ਨਿਜ ਪੰਥ॥੧੪॥

ਜਦ ਗੁਰੂ ਜੀ ਰਾਮਸਰ ਬੈਠੇ ਸਨ ਤਾਂ ਭਾਈ ਬੰਨੋ ਗ੍ਰੰਥ ਸਾਹਿਬ ਨੂੰ ਲੈ ਕੇ ਆਇਆ, ਤਾਂ ਗੁਰੂ ਜੀ ਨੇ ਉਸ ਸਮੇਂ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਮਹਾਤਮ ਬਾਰੇ ਇਹ ਸਿਖਿਆ ਦਿੱਤੀ॥ ੧੪॥

ਚੌਪਈ- ਤਯਾਰ ਭਯੋ ਜਬਿ ਜਿਲਤ ਬੰਧਾਈ। ਬੁੱਢੇ ਸੋਂ ਗੁਰ ਗਿਰਾ ਅਲਾਈ।
'ਕਹੋ ਗ੍ਰਿੰਥ ਸਾਹਿਬ ਕਿਸ ਥਾਨਾ। ਨਿਤ ਸ਼ੋਭਹਿ ਜਹਿਂ ਮਹਿਦ ਮਹਾਨਾ॥੧੫॥

ਜਦ ਗੁਰੂ ਗ੍ਰੰਥ ਸਾਹਿਬ ਜਿਲਦ ਬੰਨ੍ਹ ਕੇ ਤਿਆਰ ਹੋ ਗਿਆ ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਇਸ ਤਰ੍ਹਾਂ ਕਿਹਾ, "ਦੱਸੋ ਗ੍ਰੰਥ ਸਾਹਿਬ ਨੂੰ ਕਿਸ ਥਾਂ ਰੱਖੀਏ, ਜਿਥੇ ਸਦਾ ਹੀ ਇਹ ਮਹਾਨ ਸ਼ੋਭਿਤ ਰਹੇ"॥ ੧੫॥

ਹਾਥ ਜੋਰਿ ਤਿਨ ਤਬਹਿ ਬਖਾਨੋ। 'ਸ੍ਰੀ ਗੁਰ ਤੁਮ ਤੇ ਕੌਨ ਸਿਆਨੋ।
ਤਊ ਸੁਨਹੁ ਸਰ ਸੁਧਾ ਮਝਾਰਾ। ਹਰਿ ਮੰਦਿਰ ਸੁੰਦਰ ਦਰਬਾਰਾ॥੧੬॥

ਹੱਥ ਜੋੜ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਹੇ ਗੁਰੂ ਜੀ! ਤੁਹਾਡੇ ਨਾਲੋਂ ਕੌਣ ਸਿਆਣਾ ਹੈ। ਤਦ ਵੀ ਸੁਣੋ, ਅੰਮ੍ਰਿਤ ਸਰੋਵਰ ਦੇ ਵਿਚ ਜਿਹੜਾ ਹਰਿਮੰਦਰ ਸਾਹਿਬ ਦਾ ਸੁੰਦਰ ਦਰਬਾਰ ਹੈ॥ ੧੬॥

ਸਦਾ ਸਥਾਪਨਿ ਗ੍ਰਿੰਥ ਸੁ ਲਾਇਕ। ਸ਼ੋਭਹਿਗੋ ਇਮ ਤਹਾਂ ਸੁਭਾਇਕ।
ਸਿਹਜਾ ਸ਼ੇਸ਼ ਸਮੁੰਦ੍ਰ ਮਝਾਰੇ। ਜਥਾ ਸ਼ੇਖ਼ ਸਾਂਈ ਛਬਿ ਧਾਰੇ॥੧੭॥

ਉਹ ਸਦਾ ਲਈ ਗ੍ਰੰਥ ਸਾਹਿਬ ਦੇ ਸਥਾਪਨ ਦੇ ਲਾਇਕ ਹੈ, ਉਥੇ ਗ੍ਰੰਥ ਸਾਹਿਬ ਬੜੇ ਸ਼ੋਭਨੀਕ ਲੱਗਣਗੇ। ਜਿਵੇਂ ਸ਼ੇਸ਼ਨਾਗ ਦੀ ਸੇਜ ਸਮੁੰਦਰ ਦੇ ਦਰਮਿਆਨ ਹੈ, ਜਿਵੇਂ ਮਹਾਨ ਵਿਸ਼ਨੂੰ ਨੇ ਛਵੀ ਧਾਈ ਹੈ॥ ੧੭॥

ਮਨਹੁ ਬੀਚ ਬੈਕੁੰਠ ਸੁ ਮੰਦਿਰ। ਬਿਸ਼ਨੁ ਬਿਰਾਜਹਿ ਛਬਿ ਸੋਂ ਅੰਦਰ।
ਸੁਨਤਿ ਪ੍ਰਸੰਨ ਗੁਰੂ ਬਹੁ ਭਏ। ਜਥਾ ਜੋਗ ਇਨ ਬਰਨਨ ਕਏ॥੧੮॥

ਮਾਨੋ ਇਹ ਮੰਦਰ ਬੈਕੁੰਠ ਵਿਚ ਹੈ, ਵਿਸ਼ਨੂੰ ਦੀ ਛਵੀ ਇਸ ਦੇ ਅੰਦਰ ਬਿਰਾਜਮਾਨ ਹੋਵੇਗੀ।" ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਤੁਸੀਂ ਯੋਗੈ ਗੱਲ ਕੀਤੀ ਹੈ॥ ੧੮॥

ਬਨਜੋ ਸੁਧਾਸਰ ਬਿਚ ਹਰਿ ਮੰਦਿਰ। ਇਹ ਸਮ ਨਹੀਂ ਤ੍ਰਿਲੋਕੀ ਅੰਦਰਿ।
ਤਥਾ ਗ੍ਰਿੰਥ ਸਾਹਿਬ ਸ਼ੁਭ ਰਚਜੋ। ਸਰਬੋਤਮ ਹਰਿ ਨਾਮਨਿ ਖਚਯੋ॥੧੯॥

ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਬਣਿਆ ਹੈ, ਇਸ ਦੇ ਬਰਾਬਰ ਕੋਈ ਤਿੰਨਾਂ ਲੋਕਾਂ ਵਿਚ ਵੀ ਸਥਾਨ ਨਹੀਂ ਹੈ। ਹੁਣ ਸ੍ਰੀ ਗ੍ਰੰਥ ਸਾਹਿਬ ਦੀ ਸ਼ੁਭ ਰਚਨਾ ਕੀਤੀ ਹੈ। ਇਹ ਸ੍ਰੇਸ਼ਟ ਹਰੀ ਦੇ ਨਾਮ ਨਾਲ ਜੜਿਆ ਹੋਇਆ ਹੈ॥ ੧੯॥

ਉਚਿਤ ਮੇਲ ਦੋਨਹੁ ਕੋ ਬਨੈ। ਨਿਸ ਬਾਸੁਰ ਹਰਿ ਕਿਰਤਨ ਭਨੈਂ।
'ਸੁਨਿ ਗੁਰਦਾਸ! ਸੁ ਬਾਕ ਹਮਾਰੇ। ਸ੍ਰੀ ਗੁਰ ਰਾਮਦਾਸ ਦਰਬਾਰੇ॥੨੦॥

ਦੋਵਾਂ ਦਾ ਮੇਲ ਉਚਿਤ ਬਣਦਾ ਹੈ, ਰਾਤ ਦਿਨ ਹਰੀ ਦੇ ਨਾਮ ਦਾ ਕੀਰਤਨ ਹੋਵੇਗਾ। ਫਿਰ ਭਾਈ ਗੁਰਦਾਸ ਨੂੰ ਗੁਰੂ ਜੀ ਨੇ ਕਿਹਾ, "ਹੇ ਭਾਈ ਗੁਰਦਾਸ! ਮੇਰੇ ਬਚਨ ਸੁਣੋ। ਸ੍ਰੀ ਗੁਰੂ ਰਾਮਦਾਸ ਦੇ ਦਰਬਾਰ ਵਿਚ॥ ੨੦॥

ਦਿਨ ਪ੍ਰਤਿ ਬਧਹਿਂ ਸਮਾਜ ਬਡੇਰੇ। ਦੁਖ ਦਾਰਿਦ ਕੋ ਆਇ ਨ ਨੇਰੇ।
ਹਰਿ ਮੰਦਿਰ ਹਰਿ ਰੂਪ ਬਿਲੰਦਾ। ਸੇਵਹਿਂ ਸੇਵਕ ਬ੍ਰਿੰਦ ਮੁਕੰਦਾ॥੨੧॥

ਪ੍ਰਤਿ ਦਿਨ ਲੋਕਾਂ ਦੀ ਭੀੜ ਵਧੇਗੀ, ਦੁਖ ਰੋਗ ਨੇੜੇ ਨਹੀਂ ਆਉਣਗੇ। ਹਰਿਮੰਦਰ ਹਰੀ ਦਾ ਹੀ ਰੂਪ ਹੈ। ਸਮੂਹ ਲੋਕ ਇਸ ਮੁਕਤੀਦਾਤੇ ਦੀ ਪੂਜਾ ਕਰਨਗੇ॥ ੨੧॥

ਲਛਮੀ ਨਿਸ ਬਾਸੁਰ ਇਸ ਸੇਵਹਿ। ਸ਼ਰਧਾ ਧਰਹਿਂ ਦਾਸ ਫਲ ਲੇਵਹਿਂ।
ਆਜ ਬਾਸ ਇਸ ਥਲ ਹੀ ਕੀਜਹਿ। ਹੋਤਿ ਪ੍ਰਾਤ ਕੋ ਤਹਿਂ ਗਮਨੀਜਹਿ॥੨੨॥

ਲਛਮੀ ਰਾਤ ਦਿਨ ਇਸ ਦੀ ਪੂਜਾ ਕਰੇਗੀ, ਸ਼ਰਧਾ ਧਾਰ ਕੇ ਸੇਵਕ ਫਲ ਪ੍ਰਾਪਤ ਕਰਨਗੇ। ਅੱਜ ਇਸ ਥਾਂ ਹੀ ਠਹਿਰੀਏ, ਸਵੇਰ ਹੁੰਦਿਆਂ ਹੀ ਉਸ ਸਥਾਨ ਤੇ ਚਲੇ ਜਾਈਏ"॥ ੨੨॥

ਸਭਿਨਿ ਅਹਾਰ ਕਰਯੋ ਸੁਭ ਖਾਨਾ। ਭੂਮ ਸੈਨ ਕੀਨਸਿ ਤਿਸ ਥਾਨਾ।
ਗ੍ਰਿੰਥ ਸਾਹਿਬ ਆਦਰ ਕੇ ਹੇਤੁ। ਭੂਤਲ ਸੈਨੇ ਗੁਰੂ ਸਮੇਤ॥ ੨੩॥

ਸਾਰਿਆਂ ਨੇ ਓਥੇ ਭੋਜਨ ਛਕਿਆ, ਉਸ ਧਰਤੀ ਤੇ ਹੀ ਰਾਤ ਨੂੰ ਸੌਂ ਗਏ। ਗ੍ਰੰਥ ਸਾਹਿਬ ਦੇ ਆਦਰ ਵਾਸਤੇ, ਗੁਰੂ ਜੀ ਸਮੇਤ ਸਾਰੇ ਹੀ ਧਰਤੀ ਤੇ ਸੌਂ ਗਏ॥ ੨੩॥

ਰਿਦੈ ਬਿਚਾਰਨਿ ਸ੍ਰੀ ਗੁਰ ਕਰੈਂ। ਟਹਿਲ ਗ੍ਰਿੰਥ ਕੀ ਕੌਨ ਸੁਧਰੈ।
ਬੇਦੀ ਤੇਹਣ ਭੱਲੇ ਬੰਸ। ਸੋਢੀ ਜੇ ਕੁਲ ਕੇ ਅਵਤੰਸ਼॥ ੨੪॥

ਗੁਰੂ ਜੀ ਆਪਣੇ ਹਿਰਦੇ ਵਿਚ ਵਿਚਾਰ ਕਰਨ ਲੱਗੇ ਕਿ ਗ੍ਰੰਥ ਸਾਹਿਬ ਦੀ ਟਹਿਲ ਸੇਵਾ ਕੌਣ ਚੰਗੀ ਤਰ੍ਹਾਂ ਕਰ ਸਕਦਾ ਹੈ। ਬੇਦੀ, ਤ੍ਰੇਹਣ ਅਤੇ ਭੱਲੇ ਵੰਸ ਅਤੇ ਸੋਢੀ ਜਿਹੜੇ ਕੁਲ ਦੇ ਸ਼੍ਰੋਮਣੀ ਹਨ॥ ੨੪॥

ਨਿਜ ਕੁਲ ਕੋ ਇਨ ਕੋ ਹੰਕਾਰਾ। ਕਰਿ ਨ ਸਕਹਿੰਗੇ ਸੇਵ ਉਦਾਰਾ।
ਇਹ ਸੇਵਕ ਕੀ ਵਸਤੁ ਸਦੀਵਾ। ਨਿਰਹੰਕਾਰ ਜਿਨਹੁ ਮਨ ਨੀਵਾ॥੨੫॥

ਇਨ੍ਹਾਂ ਸਾਰਿਆਂ ਨੂੰ ਆਪਣੀ-ਆਪਣੀ ਵੰਸ਼ ਦਾ ਹੰਕਾਰ ਹੈ, ਇਹ ਉੱਤਮ ਸੇਵਾ ਨਹੀਂ ਕਰ ਸਕਣਗੇ। ਇਹ ਸਦਾ ਹੀ ਸੇਵਕ ਦੀ ਵਸਤੂ ਹੈ ਜਿਨ੍ਹਾਂ ਦਾ ਹੰਕਾਰ-ਰਹਿਤ ਨੀਵਾਂ ਮਨ ਹੈ॥ ੨੫॥

ਸੇਵਾ ਬਿਖੈ ਨਿਪੁਨ ਜੋ ਹੋਇ। ਕਰੀਅਹਿ ਇਹਾਂ ਸਥਾਪਨਿ ਸੋਇ।
ਸ੍ਰੀ ਨਾਨਕ ਕੋ ਦਰਸ਼ਨ ਕੀਨਿ। ਅਸ ਬੁੱਢਾ ਬਿਚ ਸੇਵ ਪ੍ਰਬੀਨ॥੨੬॥

ਜਿਹੜਾ ਸੇਵਾ ਵਿਚ ਨਿਪੁੰਨ ਹੋਵੇ, ਉਸ ਨੂੰ ਏਥੇ ਸਥਾਪਨ ਕਰੀਏ, ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੀ ਦਰਸ਼ਨ ਕੀਤੇ ਹਨ, ਇਸ ਕਰਕੇ ਉਹ ਸੇਵਾ ਵਿਚ ਨਿਪੁੰਨ ਹਨ॥ ੨੬॥

ਇਮ ਬਿਚਾਰ ਕਰਿ ਨਿੰਦ੍ਰਾ ਪਾਈ। ਜਾਗੇ ਜਾਮਨਿ ਜਾਮ ਰਹਾਈ।
ਬੁੱਢਾ ਪੁਨ ਗੁਰਦਾਸ ਸੁ ਜਾਗੇ। ਸ੍ਰੀ ਗੁਰ ਚਰਨ ਪ੍ਰੇਮ ਮਹਿੰ ਪਾਗੇ॥੨੭॥

ਇਸ ਤਰ੍ਹਾਂ ਵਿਚਾਰ ਕਰਕੇ ਸੌਂ ਗਏ ਅਤੇ ਇਕ ਪਹਿਰ ਰਾਤ ਰਹਿੰਦਿਆਂ ਜਾਗ ਪਏ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਵੀ ਜਾਗ ਪਏ ਜਿਹੜੇ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਰੰਗੇ ਹੋਏ ਸਨ॥ ੨੭॥

ਸੌਚ ਰਾਮਸਰ ਕੀਨਿ ਸ਼ਨਾਨਾ। ਬੱਦ੍ਰੀ ਤਰ ਬੈਠੇ ਕਰਿ ਧਯਾਨਾ।
ਦ੍ਵੈ ਘਟਿਕਾ ਲਖਿ ਅੰਮ੍ਰਿਤ ਕਾਲਾ। ਸ੍ਰੀ ਅਰਜਨ ਬਚ ਕਹਯੋ ਰਸਾਲਾ॥੨੮॥

ਸੁਚਮ ਕਰਕੇ ਰਾਮਸਰ ਸਰੋਵਰ ਵਿਚ ਇਸ਼ਨਾਨ ਕੀਤਾ, ਬੇਰੀ ਦੇ ਦਰੱਖਤ ਹੇਠ ਧਿਆਨ ਲਾ ਕੇ ਬੈਠ ਗਏ। ਦੋ ਘੜੀਆਂ ਬਾਅਦ ਜਦ ਇਹ ਵੇਖਿਆ ਕਿ ਅੰਮ੍ਰਿਤ ਵੇਲਾ ਹੋ ਗਿਆ ਹੈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਸੀਲੇ ਬਚਨ ਕਹੇ॥ ੨੮॥

'ਬੁੱਢਾ ਨਿਜ ਸਿਰ ਪਰ ਧਰਿ ਗ੍ਰਿੰਥ। ਆਗੇ ਚਲਹੁ ਸੁਧਾਸਰ ਪੰਥ'।
ਮਾਨਿ ਬਾਕ ਲ ਭਯੋ ਅਗਾਰੇ। ਚਮਰ ਗੁਰੂ ਅਰਜਨ ਕਰ ਧਾਰੇ॥੨੯॥

"ਬਾਬਾ ਬੁੱਢਾ ਜੀ! ਇਸ ਗ੍ਰੰਥ ਨੂੰ ਸਿਰ ਉਤੇ ਰੱਖ ਕੇ ਅੰਮ੍ਰਿਤ ਸਰੋਵਰ ਵਲ ਚਲੋ।" ਬਾਬਾ ਬੁੱਢਾ ਜੀ ਬਚਨ ਮੰਨ ਕੇ ਗ੍ਰੰਥ ਸਾਹਿਬ ਨੂੰ ਸਿਰ ਉਤੇ ਧਰ ਕੇ ਅੱਗੇ-ਅੱਗੇ ਚਲ ਪਏ ਅਤੇ ਪਿੱਛੇ-ਪਿੱਛੇ ਗੁਰੂ ਅਰਜਨ ਦੇਵ ਜੀ ਚੌਰ ਕਰਦੇ ਆ ਰਹੇ ਸਨ॥ ੨੯॥

Sri Satguru Jagjit Singh Ji eLlibrary NamdhariElibrary@gmail.com

ਸੰਖ ਅਨਿਕ ਲਘੁ ਦੁੰਦਭਿ ਬਾਜੇ। ਜੈ ਜੈ ਕਾਰ ਊਚ ਸੁਰ ਗਾਜੇ।
ਸੁੰਦਰ ਸ੍ਰੀ ਹਰਿ ਗੋਵਿੰਦ ਚੰਦ। ਸੰਗ ਚਲਤਿ ਹੁਇ ਸ਼ੋਭ ਬਿਲੰਦ॥ ੩੦॥

ਅਨੇਕਾਂ ਸੰਖ ਅਤੇ ਦੁਦੰਭੀਆਂ ਵੱਜ ਰਹੀਆਂ ਸਨ ਅਤੇ ਉੱਚੀ ਸੁਰ ਵਿਚ ਜੈ ਜੈ ਕਾਰ ਦੇ ਜੈਕਾਰੇ ਗੂੰਜ ਰਹੇ ਸਨ। ਸੁੰਦਰ ਸ੍ਰੀ ਹਰਿਗੋਬਿੰਦ ਚੰਦ ਨਾਲ ਚਲਦੇ ਬੜੀ ਉਚੀ ਸ਼ੋਭਾ ਪਾ ਰਹੇ ਸਨ॥ ੩੦॥

ਹਰਿ ਮੰਦਿਰ ਮਹਿੰ ਜਾਇ ਪਹੂੰਚੇ। ਰਾਗੀ ਰਾਗ ਕਰੰਤਿ ਸੁਰ ਊਚੇ।
ਮੰਜੀ ਸਹਤ ਗ੍ਰਿੰਥ ਤਹਿੰ ਥਾਪਿ। ਬੈਠੇ ਨਿਕਟ ਗੁਰੂ ਤਬਿ ਆਪਿ॥ ੩੧॥

ਹਰਿਮੰਦਰ ਵਿਚ ਜਾ ਕੇ ਪਹੁੰਚ ਗਏ, ਰਾਗੀ ਉਚੀ ਸੁਰ ਵਿਚ ਰਾਗ ਗਾ ਰਹੇ ਸਨ। ਮੰਜੀ ਸਹਿਤ ਉਥੇ ਗ੍ਰੰਥ ਨੂੰ ਸਥਾਪਿਤ ਕਰ ਦਿੱਤਾ ਅਤੇ ਗੁਰੂ ਜੀ ਆਪ ਨੇੜੇ ਬੈਠ ਗਏ॥ ੩੧॥

ਵਾਰ ਭੋਗ ਕੋ ਸੁਨਿ ਮਨ ਲਾਈ। ਸ਼੍ਰੀ ਅਰਜਨ ਪੁਨ ਗਿਰਾ ਅਲਾਈ।
'ਬੁੱਢਾ ਸਾਹਿਬ ਖੋਲਹੁ ਗ੍ਰਿੰਥ। ਲੇਹੁ ਅਵਾਜ਼ ਸੁਨਹਿ ਸਭਿ ਪੰਥ'॥ ੩੨॥

ਆਸਾ ਦੀ ਵਾਰ ਨੂੰ ਮਨ ਲਾ ਕੇ ਸੁਣਿਆ, ਜਦ ਭੋਗ ਪੈ ਗਿਆ ਤੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ, "ਬਾਬਾ ਬੁੱਢਾ ਜੀ! ਗ੍ਰੰਥ ਸਾਹਿਬ ਨੂੰ ਖੋਲ੍ਹੋ ਤੇ ਸ਼ਬਦ ਦਾ ਉਚਾਰਨ ਕਰੋ ਤਾਂਕਿ ਸਾਰੀ ਸਿੱਖ ਸੰਗਤ ਸੁਣੇ"॥ ੩੨॥

ਸੁਨਿ ਗੁਰ ਬਚਨ ਰੁਚਿਰ ਮਨ ਲਾਯਕ। ਸੱਤ ਬਾਕ ਮੁਖ ਜਲਜ ਅਲਾਇਕ।
ਅਦਬ ਸੰਗ ਤਬਿ ਗ੍ਰਿੰਥ ਸੁ ਖੋਲਾ। ਲੇ ਅਵਾਜ਼ ਬੁੱਢਾ ਮੁਖ ਬੋਲਾ॥ ੩੩॥

ਗੁਰੂ ਜੀ ਦੇ ਸੁੰਦਰ ਬਚਨ ਨੂੰ ਸੁਣ ਕੇ, ਬਾਬਾ ਬੁੱਢਾ ਜੀ ਨੇ ਆਪਣੇ ਕੰਵਲ ਮੁਖ ਤੋਂ ਸਤਿਬਚਨ ਕਿਹਾ, ਫਿਰ ਬੜੇ ਸਤਿਕਾਰ ਨਾਲ ਗ੍ਰੰਥ ਸਾਹਿਬ ਨੂੰ ਖੋਲ੍ਹਿਆ, ਤੇ ਬਾਬਾ ਬੁੱਢਾ ਜੀ ਨੇ ਉਚੀ ਆਵਾਜ਼ ਵਿਚ ਸ਼ਬਦ ਦਾ ਉਚਾਰਨ ਕੀਤਾ॥ ੩੩॥

*ਸੂਹੀ ਮਹਲਾ ੫॥*

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥*
*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥*
*ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥*
*ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥*

*(ਪੰਨਾ ੭੮੩)*

ਵਾਹਿਗੁਰੂ ਆਪ ਹੀ ਸੰਤਾਂ ਦਾ ਕਾਰਜ ਕਰਨ ਲਈ ਖੜਾ ਹੋ ਗਿਆ ਹੈ ਅਤੇ ਉਹ ਆਪ ਹੀ ਉਨ੍ਹਾਂ ਦਾ ਕੰਮ ਕਰਵਾਉਣ ਲਈ ਆਇਆ ਹੈ। ਸੁੰਦਰ ਧਰਤੀ ਅਤੇ ਸੁੰਦਰ ਸਰੋਵਰ ਅੰਦਰ ਅੰਮ੍ਰਿਤ ਰੂਪੀ ਜਲ ਫੈਲ ਰਿਹਾ ਹੈ। ਅੰਮ੍ਰਿਤਮਈ ਜਲ ਸਰੋਵਰ ਨੂੰ ਪਰੀਪੂਰਨ ਕਰ ਰਿਹਾ ਹੈ, ਮੇਰਾ ਕਾਰਜ ਸੰਪੂਰਨ ਹੋ ਗਿਆ ਹੈ ਅਤੇ ਮੇਰੇ ਸਾਰੇ ਮਨੋਰਥ ਪੂਰੇ ਹੋ ਗਏ ਹਨ। ਸਾਰੇ ਜੱਗ ਵਿਚ ਜੈ ਜੈ ਕਾਰ ਦੇ ਜੈਕਾਰੇ ਗੂੰਜਦੇ ਹਨ ਅਤੇ ਮੇਰੇ ਸਾਰੇ ਡਰ ਦੂਰ ਹੋ ਗਏ ਹਨ।

ਪੂਰਨ ਪੁਰਖ, ਸਰਬ ਸ਼ਕਤੀਮਾਨ, ਅਹਿਲ, ਅਮਰ ਪ੍ਰਭੂ ਦੀ ਕੀਰਤੀ ਵੇਦ ਅਤੇ ਪੁਰਾਣ ਗਾਇਣ ਕਰਦੇ ਹਨ। ਵਾਹਿਗੁਰੂ ਨੇ ਆਪਣੇ ਧਰਮ ਦੀ ਪਾਲਣਾ ਕੀਤੀ ਹੈ ਅਤੇ ਨਾਨਕ ਨੇ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਹੈ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਸੁਨਿ ਸਭਿਹੂੰ ਤਬਿ ਸੀਸ ਨਿਵਾਯੋ। ਦੀਨ ਬੰਧੁ ਪ੍ਰਭੁ ਤਿਨ ਲਖਿ ਪਾਯੋ।
ਸ੍ਰੀ ਗੁਰ ਕਰ ਤੇ ਚਮਰ ਫਿਰੰਤਾ। ਬੁੱਢਾ ਜਪੁਜੀ ਪਾਠ ਕਰੰਤਾ ॥ ੩੪ ॥

ਸ਼ਬਦ ਨੂੰ ਸੁਣ ਕੇ ਸਾਰਿਆਂ ਨੇ ਸਿਰ ਨਿਵਾਏ ਅਤੇ ਦੀਨ ਬੰਧੂ ਨੂੰ ਜਾਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਹੱਥਾਂ ਨਾਲ ਚੌਰ ਕਰ ਰਹੇ ਸਨ ਅਤੇ ਬਾਬਾ ਬੁੱਢਾ ਜੀ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ॥ ੩੪॥

ਸੰਗਤਿ 'ਧੰਨ ਧੰਨ' ਸੁਨਿ ਕਹੈ। ਅਧਿਕ ਅਨੰਦ ਪ੍ਰੇਮ ਤੇ ਲਹੈ।
ਜਪੁਜੀ ਭੋਗ ਪਾਇ ਜੈਕਾਰਾ। ਸੀਸ ਨਿਵਾਵਤਿ ਸਭਿਨਿ ਉਚਾਰਾ ॥ ੩੫ ॥

ਸੰਗਤ ਸੁਣ ਕੇ 'ਧੰਨ ਧੰਨ' ਕਹਿ ਰਹੀ ਸੀ, ਪ੍ਰੇਮ ਨਾਲ ਬਹੁਤ ਅਨੰਦ ਲੈ ਰਹੇ ਸਨ। ਜਪੁਜੀ ਸਾਹਿਬ ਦਾ ਭੋਗ ਪਾ ਕੇ ਸੀਸ ਨਿਵਾ ਕੇ ਸਭ ਨੇ ਜੈ ਜੈ ਕਾਰ ਦਾ ਉਚਾਰਨ ਕੀਤਾ॥ ੩੫॥

ਅਤਿ ਅਨੰਦ ਸ੍ਰੀ ਅਰਜਨ ਨਾਥ। ਭਏ ਕ੍ਰਿਤਾਰਥ ਮਾਨਿ ਸਨਾਥ।
ਅਧਿਕ ਪ੍ਰੇਮ ਤੇ ਗਦ ਗਦ ਹੋਏ। ਗੁਨ ਗਨ ਸ੍ਰੀ ਪਰਮੇਸ਼ੁਰ ਜੋਏ ॥ ੩੬ ॥

ਕੀਤਾ ਹੋਇਆ ਕੰਮ ਕ੍ਰਿਤਾਰਥ ਮੰਨ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ, ਪ੍ਰੇਮ ਨਾਲ ਗਦ ਗਦ ਹੋ ਗਏ ਜਿਹੜੇ ਗੁਣਾਂ ਦੇ ਸਮੂਹ ਦੇ ਪ੍ਰਮੇਸ਼ਰ ਹਨ॥ ੩੬॥

ਹਰਿਮੰਦਿਰ ਤੇ ਨਿਕਸਿ ਅਗਾਰੀ। ਹਰਿ ਕੀਰਤਿ ਬਹੁ ਭਾਂਤਿ ਉਚਾਰੀ।
ਸਿਹਜਾ ਸ਼ੇਸ਼ ਬਿਕੁੰਠ ਮਹਾਨਾ। ਬ੍ਰਹਮ ਲੋਕ ਸ਼ਿਵਲੋਕ ਸਥਾਨਾ ॥ ੩੭ ॥

ਹਰਿਮੰਦਰ ਸਾਹਿਬ ਵਿਚੋਂ ਨਿਕਲ ਉਸ ਦੇ ਸਾਹਮਣੇ ਖੜੇ ਹੋ ਕੇ ਬਹੁਤ ਪ੍ਰਕਾਰ ਦੀ ਕੀਰਤੀ ਉਚਾਰਨ ਕੀਤੀ। ਬੈਕੁੰਠ ਵਿਚ ਸ਼ੇਸ਼ਨਾਗ ਆਪਣੀ ਸੁੰਦਰ ਸੇਜ ਛੱਡ ਕੇ, ਬ੍ਰਹਮ ਬ੍ਰਹਮਲੋਕ ਨੂੰ ਛੱਡ ਕੇ ਸ਼ਿਵਜੀ ਸ਼ਿਵ ਲੋਕ ਨੂੰ ਛੱਡ ਕੇ॥ ੩੭॥

ਸ੍ਵੇਤ ਦੀਪ ਤਜਿ ਲੋਕਾ ਲੋਕ। ਪੁਰੀ ਅਜੁੱਧਯਾ ਆਦਿ ਅਸ਼ੋਕ।
ਪੁਨ ਦੁਆਰਿਕਾ ਆਦਿਕ ਥਾਨ। ਸਭਿ ਕੋ ਤਜਿ ਕਰਿ ਸ੍ਰੀ ਭਗਵਾਨ ॥ ੩੮ ॥

ਲੋਕਾ ਪਰਬਤ ਸਵੇਦ ਦੀਪ ਨੂੰ ਛੱਡ ਕੇ, ਰਾਮ ਅਜੁਧਿਆ ਪੁਰੀ ਨੂੰ ਛੱਡ ਕੇ ਅਤੇ ਕ੍ਰਿਸ਼ਨ ਦੁਆਰਕਾਪੁਰੀ ਨੂੰ ਛੱਡ ਕੇ ਸਾਰਿਆਂ ਨੂੰ ਛੱਡ ਕੇ ਸ੍ਰੀ ਭਗਵਾਨ॥ ੩੮॥

ਸ੍ਰੀ ਗੁਰ ਰਾਮਦਾਸ ਦਰਬਾਰਾ। ਆਨਿ ਬਸੇ ਇਸ ਥਾਨ ਉਦਾਰਾ।
ਕਲੀ ਕਾਲ ਮਹਿਂ ਇਸੀ ਸਮਾਨ। ਨਾਂਹਿ ਨ ਆਨ ਸਥਾਨ ਮਹਾਨ ॥ ੩੯ ॥

ਸ੍ਰੀ ਗੁਰੂ ਰਾਮਦਾਸ ਦੇ ਦਰਬਾਰ ਵਾਲੇ ਉੱਤਮ ਸਥਾਨ ਤੇ ਆ ਕੇ ਵੱਸ ਗਏ ਹਨ। ਕਲਜੁਗ ਵਿਚ ਇਸ ਵਰਗਾ ਹੋਰ ਕੋਈ ਮਹਾਨ ਸਥਾਨ ਨਹੀਂ ਹੈ॥ ੩੯॥

ਤੀਨ ਲੋਕ ਪਤਿ ਜਹਾਂ ਬਿਰਾਜੇ। ਭੋਗਵਤੀ ਸੁਰ ਪੁਰਿ ਪਿਖਿ ਲਾਜੇ।
ਸਭਿ ਸਥਾਨ ਕੀ ਸ੍ਰੀ ਚਲਿ ਆਈ। ਆਨਿ ਵਸੀ ਸ੍ਰੀ ਗੁਰ ਸ਼ਰਨਾਈ ॥੪੦ ॥

ਜਿਥੇ ਤਿੰਨਾਂ ਲੋਕਾਂ ਦੇ ਮਾਲਕ ਬਿਰਾਜਦੇ ਹਨ; ਨਾਗਾਂ ਦੀ ਰਾਜਧਾਨੀ ਭੋਗਵਤੀ ਵੀ ਇਸ ਨੂੰ ਵੇਖ ਕੇ ਲਜਿਤ ਹੁੰਦੀ ਹੈ। ਸਭ ਸਥਾਨਾਂ ਦੀ ਲਛਮੀ ਏਥੇ ਚਲ ਕੇ ਆ ਗਈ ਹੈ ਅਤੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਵੱਸ ਗਈ ਹੈ॥ ੪੦॥

'ਧੰਨ ਧੰਨ ਸ੍ਰੀ ਗੁਰ ਦਰਬਾਰਾ। ਪਈਯਤਿ ਜਹਾਂ ਪਦਾਰਥਚਾਰਾ'।
ਇਮ ਉਤਸਾਹਤਿ ਦਿਵਸ ਬਿਤਾਯੋ। ਸੰਧ੍ਯਾ ਭਈ ਤਰਨਿ ਅਸਤਾਯੋ ॥੪੧ ॥

"ਧੰਨ ਧੰਨ ਗੁਰੂ ਜੀ ਦਾ ਦਰਬਾਰ ਹੈ, ਜਿਥੇ ਚਾਰੇ ਪਦਾਰਥ ਪ੍ਰਾਪਤ ਹੁੰਦੇ ਹਨ।" ਇਸ ਤਰ੍ਹਾਂ ਉਤਸ਼ਾਹ ਨਾਲ ਦਿਨ ਬਤੀਤ ਕੀਤਾ, ਸ਼ਾਮ ਹੋਈ ਤਾਂ ਸੂਰਜ ਡੁੱਬ ਗਿਆ॥ ੪੧॥

ਬੁੱਢੇ ਬੂਝਨਿ ਕੀਨਸਿ ਤਬੈ। 'ਗ੍ਰਿੰਥ ਰਹੈ ਕਿਤ ਨਿਸ ਮਹਿਂ ਅਬੈ?
ਜਹਾਂ ਆਪ ਕੀ ਆਇਸੁ ਹੋਇ। ਕਰਹਿਂ ਸਿੱਖ ਮਿਰਜਾਦਾ ਸੋਇ' ॥ ੪੨ ॥

ਫਿਰ ਬਾਬਾ ਬੁੱਢਾ ਜੀ ਨੇ ਪੁੱਛਿਆ, "ਗ੍ਰੰਥ ਸਾਹਿਬ ਦਾ ਰਾਤ ਸਮੇਂ ਕਿਥੇ ਨਿਵਾਸ ਹੋਵੇਗਾ? ਜਿਵੇਂ ਵੀ ਆਪ ਜੀ ਦੀ ਆਗਿਆ ਹੋਵੇ, ਸਿੱਖ ਉਸ ਤਰ੍ਹਾਂ ਹੀ ਮਰਯਾਦਾ ਕਰਨ" ॥ ੪੨ ॥

ਸ੍ਰੀ ਗੁਰ ਕਹਜੋ 'ਪ੍ਰਭੁ ਦਰਬਾਰਾ। ਗ੍ਰਿੰਥ ਪ੍ਰਮੇਸੁਰ ਕੋ ਅਵਤਾਰਾ।
ਡੇਢ ਜਾਮ ਜਾਮਨਿ ਜਬਿ ਜਾਇ। ਪਠਹਿਂ ਸੋਹਿਲਾ ਕਿਰਤਨ ਗਾਇ ॥ ੪੩ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਪ੍ਰਭੂ ਦਾ ਦਰਬਾਰ, ਇਹ ਗ੍ਰੰਥ ਸਾਹਿਬ ਪ੍ਰਮੇਸ਼ਰ ਦਾ ਅਵਤਾਰ ਹੈ। ਜਦ ਡੇਢ ਪਹਿਰ ਰਾਤ ਚਲੀ ਜਾਵੇ ਤਾਂ ਕੀਰਤਨ ਸੋਹਿਲੇ ਦੇ ਪਾਠ ਦਾ ਕੀਰਤਨ ਗਾਈਏ॥ ੪੩ ॥

ਬਹੁਰੋ ਲੇ ਜਾਵਹੁ ਅਸਵਾਰਾ। ਜਿਸੀ ਕੋਠਰੀ ਰਹਨਿ ਹਮਾਰਾ।
ਤਹਾਂ ਨਿਵਾਸ ਕਰਹੁ ਜੁਤ ਮਾਨ। ਜਾਮ ਡੇਢ ਜਾਮਨਿ ਰਹਿ ਆਨ ॥ ੪੪ ॥

ਫਿਰ ਗ੍ਰੰਥ ਸਾਹਿਬ ਦੀ ਸਵਾਰੀ ਲੈ ਕੇ ਜਾਵੋ, ਜਿਸ ਕੋਠੜੀ ਵਿਚ ਸਾਡਾ ਵਾਸਾ ਹੈ, ਉਥੇ ਆਦਰ ਨਾਲ ਸ੍ਰੀ ਗ੍ਰੰਥ ਸਾਹਿਬ ਦਾ ਨਿਵਾਸ ਕਰਵਾਓ। ਡੇਢ ਪਹਿਰ ਜਦ ਰਾਤ ਬਾਕੀ ਰਹੇ ਤਾਂ ਵਾਪਸ ਆ ਕੇ ॥ ੪੪ ॥

ਸ੍ਰੀ ਹਰਿਮੰਦਿਰ ਤਬਹਿ ਸ਼ਨਾਨਹੁ। ਫਰਸ਼ ਅਨੇਕ ਭਾਂਤਿ ਕੇ ਠਾਨਹੁ।
ਦੀਪਕ ਸਦਾ ਘ੍ਰਿਤ ਕੋ ਬਾਰੋ। ਜਾਮ ਨਿਸਾ ਜਬਿ ਰਹੀ ਨਿਹਾਰੋ ॥ ੪੫ ॥

ਸ੍ਰੀ ਹਰਿਮੰਦਰ ਸਾਹਿਬ ਨੂੰ ਇਸ਼ਨਾਨ ਕਰਾਵੋ, ਫਰਸ਼ਾਂ ਨੂੰ ਅਨੇਕ ਪ੍ਰਕਾਰ ਨਾਲ ਧੋਵੋ। ਦੀਵਾ ਸਦਾ ਘਿਉ ਦਾ ਬਾਲੋ, ਜਦ ਇਕ ਪਹਿਰ ਰਾਤ ਰਹੀ ਵੇਖੋ॥ ੪੫ ॥

ਰਾਗੀ ਆਸਾ ਵਾਰ ਸੁ ਗਾਵਹਿਂ। ਅਨਿਕ ਰਾਗ ਕੇ ਸ਼ਬਦ ਸੁਨਾਵਹਿਂ।
ਦ੍ਵੈ ਘਟਿਕਾ ਜਾਮਨਿ ਰਹਿ ਜਬੈ। ਆਨਹੁ ਸ੍ਰੀ ਗ੍ਰਿੰਥ ਸਾਹਿਬ ਤਬੈ ॥ ੪੬ ॥

ਤਾਂ ਰਾਗੀ ਆ ਕੇ ਆਸਾ ਦੀ ਵਾਰ ਦਾ ਕੀਰਤਨ ਕਰਨ। ਅਨੇਕ ਰਾਗਾਂ ਵਿਚ ਸ਼ਬਦ ਸੁਣਾਉਣ। ਦੋ ਘੜੀਆਂ ਜਦ ਰਾਤ ਰਹਿ ਜਾਵੇ, ਤਦ ਸ੍ਰੀ ਗ੍ਰੰਥ ਸਾਹਿਬ ਨੂੰ ਲੈ ਕੇ ਆਵੋ ॥ ੪੬ ॥

ਵਾਰ ਭੋਗ ਤੇ ਖੋਲਿ ਪਢੀਜੈ। ਇਸੀ ਪ੍ਰਕਾਰ ਕਾਰ ਨਿਤ ਕੀਜਹਿ'।
ਇਮ ਕਹਿ ਸ੍ਰੀ ਗੁਰ ਬੈਠਿ ਰਹਾਏ। ਚੌਂਕੀ ਸੁਨੀ ਕਾਨੜਾ ਗਾਏ ॥ ੪੭ ॥

ਆਸਾ ਦੀ ਵਾਰ ਦਾ ਭੋਗ ਪੈਣ ਤੋਂ ਬਾਅਦ, ਗ੍ਰੰਥ ਸਾਹਿਬ ਨੂੰ ਖੋਲ੍ਹ ਕੇ ਮੁਖਵਾਕ ਲਵੋ, ਇਸ ਪ੍ਰਕਾਰ ਹੀ ਨਿਤ ਕਾਰ ਕਰੋ।" ਇਹ ਕਹਿ ਕੇ ਗੁਰੂ ਜੀ ਬੈਠ ਗਏ ਤੇ ਕਾਨੜਾ ਰਾਗੁ ਵਿਚ ਗਾਈ ਹੋਈ ਚੌਂਕੀ ਸੁਣੀ॥ ੪੭ ॥

ਬਹੁਰ ਸੋਹਿਲਾ ਪਠਿ ਕਰਿ ਪਾਸਿ। ਉਠਿ ਤਬਿ ਸਭਿ ਕੀਨਸਿ ਅਰਦਾਸ।
ਬੁੱਢੇ ਗ੍ਰਿੰਥ ਲੀਨ ਸਿਰ ਧਾਰੀ। ਚਵਰ ਕਰਹਿਂ ਗੁਰ ਵਾਰੰਵਾਰੀ ॥ ੪੮ ॥

ਫਿਰ ਕੀਰਤਨ ਸੋਹਿਲਾ ਪੜ੍ਹ ਕੇ, ਉੱਠ ਕੇ ਸਭ ਨੇ ਅਰਦਾਸ ਕੀਤੀ, ਬਾਬਾ ਬੁੱਢਾ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਚੁਕ ਲਿਆ ਅਤੇ ਗੁਰੂ ਜੀ ਵਾਰ-ਵਾਰ ਚੌਰ ਕਰਦੇ ਸਨ॥ ੪੮ ॥

ਸੰਖਨਿ ਕੀ ਧੁਨਿ ਕੀਨਿ ਬਿਸਾਲਾ। ਬਾਦਿਤ ਅਪਰ ਬਜੇ ਤਿਸ ਕਾਲਾ।
ਰਹੈਂ ਕੋਠਰੀ ਮਹਿਂ ਗੁਰ ਸਦਾ। ਗਮਨਹਿਂ ਸਦਨ ਆਪਨੇ ਕਦਾ ॥ ੪੯ ॥

ਸੰਖਾਂ ਦੀ ਬਹੁਤ ਉਚੀ ਆਵਾਜ਼ ਨਿਕਲੀ ਅਤੇ ਦੂਸਰੇ ਵਾਜੇ ਵੀ ਉਸ ਸਮੇਂ ਵੱਜੇ। ਜਿਸ ਕੋਠਾ ਸਾਹਿਬ ਵਿਚ ਗੁਰੂ ਜੀ ਸਦਾ ਰਹਿੰਦੇ ਸਨ ਅਤੇ ਆਪਣੇ ਘਰ ਕਦੀ-ਕਦੀ ਹੀ ਜਾਂਦੇ ਸਨ॥ ੪੯ ॥

ਤਿਹ ਸਥਾਨ ਲੇ ਕਰਿ ਜਬਿ ਗਏ। ਸੁਠ ਪ੍ਰਯੰਕ ਤਬਿ ਡਾਸਤਿ ਭਏ।
ਸੇਜ ਬੰਦ ਗੁੰਫੇ ਬਡ ਜ਼ਰੀ। ਸੁੰਦਰ ਫੂਲਨਿ ਮਾਲਾ ਧਰੀ॥ ੫੦॥

ਉਸ ਸਥਾਨ ਤੇ ਜਦ ਲੈ ਕੇ ਗਏ ਤਾਂ ਓਥੇ ਇਕ ਸੁੰਦਰ ਪਲੰਘ ਡਾਹਿਆ ਗਿਆ, ਉਸ ਉਤੇ ਜ਼ਰੀ ਦੇ ਵਸਤਰਾਂ ਦੀ ਸੇਜਾ ਵਿਛਾਈ ਗਈ ਅਤੇ ਸੁੰਦਰ ਫੁੱਲਾਂ ਦੇ ਹਾਰ ਰੱਖੇ ਗਏ॥ ੫੦॥

ਤਹਾਂ ਨਿਵਾਸ ਗ੍ਰਿੰਥ ਕੌ ਕੀਨੋ। ਸ੍ਰੀ ਗੁਰ ਭੂਤਲ ਨਿਕਟ ਅਸੀਨੋ।
ਕਬਿ ਕਬਿ ਸਦਨ ਆਪਨੇ ਜਾਹਿਂ। ਨਾਂਹਿ ਤ ਰਹੈਂ ਗ੍ਰਿੰਥ ਕੇ ਪਾਹਿ॥ ੫੧॥

ਉਸ ਪਲੰਘ ਦੇ ਉਪਰ ਸ੍ਰੀ ਗ੍ਰੰਥ ਸਾਹਿਬ ਦਾ ਨਿਵਾਸ ਬਣਾਇਆ ਗਿਆ। ਗੁਰੂ ਜੀ ਉਸ ਦੇ ਲਾਗੇ ਧਰਤੀ 'ਤੇ ਸੌਂ ਗਏ। ਕਦੀ-ਕਦੀ ਆਪਣੇ ਘਰ ਜਾਂਦੇ ਸਨ, ਨਹੀਂ ਤਾਂ ਸ੍ਰੀ ਗ੍ਰੰਥ ਸਾਹਿਬ ਦੇ ਪਾਸ ਹੀ ਰਹਿੰਦੇ ਸਨ॥ ੫੧॥

ਸ੍ਰੀ ਗ੍ਰਿੰਥ ਸਾਹਿਬ ਕੀ ਕਥਾ। ਭਈ ਜਥਾ ਉਚਰੀ ਮੈਂ ਤਥਾ।
ਸੁਨਤਿ ਪਠਤਿ ਚਿਤ ਬਾਂਛਤਿ ਦਾਤਾ। ਗੁਰ ਪਗ ਰਤਿ ਤੇ ਆਤਮ ਗਜਾਤਾ॥੫੨॥

ਸ੍ਰੀ ਗ੍ਰੰਥ ਸਾਹਿਬ ਦੀ ਕਥਾ ਜਿਵੇਂ ਹੋਈ ਸੀ, ਉਸ ਤਰ੍ਹਾਂ ਹੀ ਮੈਂ ਬਿਆਨ ਕੀਤੀ ਹੈ। ਸੁਣ ਪੜ੍ਹ ਕੇ ਮੂੰਹ ਮੰਗੀ ਮੁਰਾਦ ਮਿਲਦੀ ਹੈ ਅਤੇ ਗੁਰ ਚਰਨਾਂ ਵਿਚ ਰੰਗ ਕੇ ਆਤਮ ਗਿਆਨ ਪ੍ਰਾਪਤ ਹੁੰਦਾ ਹੈ॥ ੫੨॥

*ਤੀਸਰੀ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥ ੫੦॥*

## *ਅਧਿਆਇ ਇਕਵੰਜਵਾਂ*

### *ਸਿੱਖਾਂ ਪ੍ਰਤਿ ਉਪਦੇਸ਼, ਭਾਈ ਤਿਲੋਕਾ ਅਤੇ ਭਾਈ ਕਟਾਰੂ*

ਦੋਹਰਾ-ਸ੍ਰੀ ਸਤਿਗੁਰ ਇਕ ਦਿਨ ਥਿਰੇ ਸੰਗਤਿ ਦਰਸਤਿ ਆਇ।
ਸਿੱਖ ਤਿਲੋਕਾ ਨਾਮ ਜਿਸ ਚਰਨ ਕਮਲ ਸਿਰ ਲਾਇ॥ ੧॥

ਇਕ ਦਿਨ ਸਤਿਗੁਰੂ ਜੀ ਬੈਠੇ ਸਨ ਤਾਂ ਸੰਗਤ ਦਰਸ਼ਨ ਕਰਨ ਵਾਸਤੇ ਆਈ। ਉਨ੍ਹਾਂ ਵਿਚ ਇਕ ਭਾਈ ਤਿਲੋਕਾ ਨਾਂ ਦਾ ਸਿੱਖ ਸੀ ਜਿਸ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ॥ ੧॥

*ਚੌਪਈ*- ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ। 'ਮੈਂ ਆਯੋ ਪ੍ਰਭੁ ਸ਼ਰਨ ਤੁਮਾਰੀ।
ਜਿਸ ਤੇ ਮੇਰੋ ਹੁਇ ਕੱਲਜਾਨਾ। ਜੁਗ ਲੋਕਨ ਮਹਿਂ ਅਨੰਦ ਮਹਾਨਾ॥੨॥

ਹੱਥ ਜੋੜ ਕੇ ਉਸ ਬੇਨਤੀ ਕੀਤੀ, "ਹੇ ਪ੍ਰਭੂ ਜੀ! ਮੈਂ ਤੁਹਾਡੀ ਸ਼ਰਨ ਆਇਆ ਹਾਂ, ਜਿਸ ਕਰਕੇ ਮੇਰਾ ਕਲਿਆਣ ਹੋ ਜਾਵੇ ਤੇ ਦੋਹਾਂ ਲੋਕਾਂ ਵਿਚ ਮਹਾਨ ਆਨੰਦ ਪਾਵਾਂ॥ ੨॥

ਅਸ ਮੁਝ ਕਉ ਦੀਜਹਿ ਉਪਦੇਸ਼। ਸੁਨਤਿ ਕਮਾਵਤਿ ਨਸਹਿਂ ਕਲੇਸ਼'।
ਸੁਨਿ ਸਤਿਗੁਰ ਕਰਿ ਦਯਾ ਸੁਨਾਈ। 'ਸੱਤਿਨਾਮ ਸੋਂ ਰਹੁ ਲਿਵ ਲਾਈ॥੩॥

ਮੈਨੂੰ ਐਸਾ ਉਪਦੇਸ਼ ਦੇਵੋ, ਜਿਸ ਨੂੰ ਸੁਣ ਕੇ ਮੈਂ ਕਮਾਈ ਕਰਾਂ ਤੇ ਮੇਰੇ ਸਾਰੇ ਕਲੇਸ਼ ਦੂਰ ਹੋ ਜਾਣ।" ਇਹ ਸੁਣ ਕੇ ਸਤਿਗਰ ਜੀ ਨੇ ਦਇਆ ਧਾਰਨ ਕਰਕੇ ਕਿਹਾ, "ਹਰ ਸਮੇਂ ਸਤਿਨਾਮ ਨਾਲ ਲਿਵ ਲਾ ਕੇ ਰੱਖੋ॥ ੩॥

ਊਠਤਿ ਬੈਠਤਿ ਆਵਤਿ ਜਾਤੇ। ਨਹਿਂ ਸਿਮਰਨ ਤਜਾਗਹੁ ਦਿਨ ਰਾਤੇ।
ਪਰਮੇਸ਼ੁਰ ਭਾਣੇ ਕੋ ਮਾਨਿ। ਹਰਖਹੁ ਭਲੀ ਕਰਹਿ ਇਮ ਜਾਨਿ॥ ੪॥

ਉਠਦੇ ਬੈਠਦੇ, ਆਉਂਦੇ ਜਾਂਦੇ, ਦਿਨ ਰਾਤ ਸਿਮਰਨ ਦਾ ਕਦੀ ਵੀ ਤਿਆਗ ਨਾ ਕਰੋ। ਪਰਮੇਸ਼ਰ ਦੇ ਭਾਣੇ ਨੂੰ ਮੰਨੋ, ਇਹ ਜਾਣ ਕੇ ਪ੍ਰਸੰਨ ਹੋਵੋ ਕਿ ਪਰਮੇਸ਼ਰ ਜੋ ਵੀ ਕਰਦਾ ਹੈ, ਭਲਾ ਹੀ ਕਰਦਾ ਹੈ॥ ੪॥

ਦੋਸ਼ ਅਰੋਪਹੁ ਕੋਇ ਨ ਪ੍ਰਭੁ ਮੈਂ। ਜੋ ਬਜਾਪਕ ਨਭ ਕੀ ਸਮ ਸਭਿ ਮੈਂ।
ਤਨ ਹੰਤਾ ਕੋ ਤਜਿ ਅੱਭਜਾਸ। ਸਨੈ ਸਨੈ ਲਖਿ ਰੂਪ ਪ੍ਰਕਾਸ਼॥ ੫॥

ਪ੍ਰਭੂ ਤੇ ਕਦੀ ਵੀ ਦੋਸ਼ ਨਾ ਲਾਵੋ, ਜੋ ਸਾਰਿਆਂ ਵਿਚ ਆਕਾਸ਼ ਵਾਂਗ ਵਿਆਪਕ ਹੈ। ਸਰੀਰ ਨੂੰ ਕਸ਼ਟ ਦੇਣ ਦਾ ਅਭਿਆਸ ਛੱਡੋ, ਹੌਲੀ-ਹੌਲੀ ਪ੍ਰਭੂ ਦੇ ਪ੍ਰਕਾਸ਼ ਨੂੰ ਵੇਖੋ॥ ੫॥

ਰਹੁ ਅਹਿੰਸ ਕਰਿ ਸਭਿ ਪਰ ਦਯਾ। ਕਿਸ ਕੋ ਨਹੀਂ ਦੁਖਾਵਹੁ ਹਿਯਾ।
ਜਥਾ ਲਾਭ ਕੀਜਹਿ ਸੰਤੋਸ਼ਾ। ਤਜਹੁ ਬਿਕਾਰ ਆਦਿ ਜੇ ਰੋਸਾ" ॥ ੬॥

ਹਿੰਸਾ ਰਹਿਤ ਰਹਿ ਕੇ ਸਭ 'ਤੇ ਦਇਆ ਕਰੋ, ਕਿਸੇ ਦੇ ਵੀ ਦਿਲ ਨੂੰ ਨਾ ਦੁਖਾਉ। ਜਿੰਨਾ ਵੀ ਲਾਭ ਹੁੰਦਾ ਹੈ, ਉਸ ਤੇ ਸੰਤੋਖ ਕਰੋ। ਕ੍ਰੋਧ ਆਦਿ ਜੋ ਵਿਕਾਰ ਹਨ, ਇਨ੍ਹਾਂ ਨੂੰ ਛੱਡੋ" ॥ ੬॥

ਇਮ ਸਤਿਗੁਰ ਤੇ ਲੇ ਉਪਦੇਸ਼। ਗਮਨਜੋ ਗਜ਼ਨੀ ਅਪਨੋ ਦੇਸ਼।
ਮੁਗ਼ਲ ਚਾਕਰੀ ਤਹਾਂ ਕਰੰਤਾ। ਵਹਿਰ ਅਰੂਢੈ ਸੰਗ ਰਹੰਤਾ॥ ੭॥

ਇਸ ਤਰ੍ਹਾਂ ਭਾਈ ਤਿਲੋਕਾ ਸਤਿਗੁਰੂ ਪਾਸੋਂ ਉਪਦੇਸ਼ ਲੈ ਕੇ ਆਪਣੇ ਦੇਸ਼ ਗਜ਼ਨੀ ਚਲੇ ਗਿਆ। ਓਥੇ ਮੁਗ਼ਲਾਂ ਦੀ ਨੌਕਰੀ ਕਰਦਾ ਸੀ ਅਤੇ ਸਦਾ ਘੋੜ-ਸਵਾਰ ਹੀ ਰਹਿੰਦਾ ਸੀ॥ ੭॥

ਲੇਤਿ ਰਜਤਪਣ ਨਿਤ ਪੰਚਾਸ। ਆਯੁਧ ਧਰੇ ਰਹਤਿ ਤਿਸ ਪਾਸਿ।
ਚਢਜੋ ਮੁਗ਼ਲ ਇਕ ਦਜੋਸ ਸ਼ਿਕਾਰ। ਸੰਗ ਤਿਲੋਕਾ ਅਸੁ ਅਸਵਾਰ॥ ੮॥

ਉਹ ਸਦਾ ਪੰਜਾਹ ਰੁਪੈ ਲੈਂਦਾ ਸੀ ਤੇ ਹਥਿਆਰ ਉਸ ਪਾਸ ਧਰੇ ਰਹਿੰਦੇ ਸਨ। ਇਕ ਦਿਨ ਮੁਗ਼ਲ ਹਾਕਮ ਸ਼ਿਕਾਰ ਵਾਸਤੇ ਚੜ੍ਹਿਆ, ਆਪਣੇ ਨਾਲ ਉਹ ਤਿਲੋਕੇ ਨੂੰ ਵੀ ਘੋੜੇ ਤੇ ਚੜ੍ਹਾ ਕੇ ਲੈ ਗਿਆ॥ ੮॥

ਮੁਗ਼ਲ ਅਗਾਰੀ ਮ੍ਰਿਗਨਿ ਪਲਾਈ। ਪੀਛੇ ਲਾਗੇ ਤੁਰੰਗ ਧਵਾਈ।
ਜਬਹਿ ਤਿਲੋਕੇ ਕੀਨਸਿ ਨੇਰ। ਘੋਰਾ ਮਿਲਜੋ ਨਿਕਟਿ ਤਬਿ ਹੇਰਿ॥ ੯॥

ਮੁਗ਼ਲ ਦੇ ਅੱਗੇ ਇਕ ਹਿਰਨੀ ਦੌੜੀ। ਉਸ ਦੇ ਪਿੱਛੇ ਉਸ ਨੇ ਘੋੜਾ ਦੌੜਾ ਕੇ ਲਾ ਦਿੱਤਾ। ਜਦ ਤਿਲੋਕਾ ਨੇੜੇ ਪਹੁੰਚਿਆ ਤਦ ਘੋੜਾ ਵੇਖ ਕੇ ਹਿਰਨੀ ਦੇ ਲਾਗੇ ਪਹੁੰਚ ਗਿਆ॥ ੯॥

ਖੈਂਚ ਖੜਗ ਕੋ ਤਾਂ ਪਰ ਝਾਰਾ। ਮ੍ਰਿਗਨੀ ਗਰਭ ਦੁਧਾ ਕਰਿ ਡਾਰਾ।
ਜੁਗ ਅਰਭਕ ਬਿਚ ਤੇ ਗਿਰ ਪਰੇ। ਕਿੰਤਿਕ ਕਾਲ ਮਹਿਂ ਤਰਫਤਿ ਮਰੇ॥੧੦॥

ਉਸ ਨੇ ਤਲਵਾਰ ਖਿੱਚ ਕੇ ਉਸ ਉਤੇ ਵਾਰ ਕੀਤਾ ਤਾਂ ਗਰਭਵਤੀ ਹਿਰਨੀ ਦਾ ਗਰਭ ਦੋ ਟੋਟੇ ਕਰ ਦਿੱਤਾ। ਦੋਵੇਂ ਬੱਚੇ ਗਰਭ ਵਿਚੋਂ ਡਿੱਗ ਪਏ। ਕੁਝ ਸਮੇਂ ਬਾਅਦ ਤੜਫ-ਤੜਫ ਕੇ ਮਰ ਗਏ॥ ੧੦॥

ਦੇਖਿ ਤਿਲੋਕੇ ਕਰੁਨਾ ਠਾਨੀ। 'ਧਿਕ ਧਿਕ' ਅਪਨੇ ਕਰਮ ਬਖਾਨੀ।
ਐਸੋ ਪਾਪ ਅਚਾਨਕ ਲਏ। ਇਕ ਕੇ ਹਤੇ ਤੀਨ ਮਰਿ ਗਏ॥ ੧੧॥

ਇਹ ਵੇਖ ਕੇ ਤਿਲੋਕੇ ਨੂੰ ਤਰਸ ਆਇਆ ਤੇ ਉਸ ਆਪਣੇ ਕੀਤੇ ਕਰਮਾਂ ਨੂੰ ਧਿਰਕਾਰਿਆ ਭਾਵ ਉਸ ਨੇ ਕਿਹਾ, ਧਿਰਕਾਰ ਹੈ ਤੇਰੇ ਇਸ ਕੰਮ ਤੇ। ਇਸ ਤਰ੍ਹਾਂ ਦੇ ਪਾਪ ਮੈਂ ਅਚਾਨਕ ਲੈ ਲਏ ਹਨ, ਇਕ ਦੇ ਮਾਰਨ ਨਾਲ ਤਿੰਨ ਮਰ ਗਏ ਹਨ॥ ੧੧॥

ਗੁਰ ਉਪਦੇਸ਼ ਕਰਯੋ ਤਬਿ ਸਿਮਰਨ। ਦਯਾ ਕਰਹੁ ਨਹਿਂ ਹਨੋ ਜੀਵ ਗਨ।
ਸੋ ਮੁਝਤੇ ਨਹਿਂ ਗਯੋ ਕਮਾਯੋ। ਯਾਂਤੇ ਦੋਸ਼ ਅਧਿਕ ਮੈਂ ਪਾਯੋ॥ ੧੨॥

ਜੋ ਗੁਰੂ ਨੇ ਉਪਦੇਸ਼ ਦਿੱਤਾ ਸੀ, ਉਹ ਯਾਦ ਆਇਆ, ਮੈਂ ਦੀਆ ਕਰ ਨਹੀਂ ਰਿਹਾ, ਉਲਟ ਜੀਵਾਂ ਨੂੰ ਮਾਰ ਰਿਹਾ ਹਾਂ। ਜੋ ਉਨ੍ਹਾਂ ਉਪਦੇਸ਼ ਕੀਤਾ, ਉਸ ਨੂੰ ਕਮਾ ਨਹੀਂ ਸਕਿਆ, ਇਸ ਕਰਕੇ ਮੈਂ ਅਧਿਕ ਦੋਸ਼ ਪਾਇਆ ਹੈ॥ ੧੨॥

ਸ਼ਸਤ੍ਰ ਪਾਸ ਤੇ ਅਘ ਹੁਇ ਆਵੈ। ਤਜਾਗਨਿ ਕਰੌਂ ਨ ਪੁਨ ਕੋ ਘਾਵੈ।
ਚਿਤ ਬਿਚਾਰ ਤਰਵਾਰ ਹਟਾਈ। ਤੇਗ ਕਾਠ ਕੀ ਕਰਿ ਗਰ ਪਾਈ॥ ੧੩॥

ਸ਼ਸ਼ਤਰ ਪਾਸ ਹੋਣ ਕਰਕੇ ਪਾਪ ਹੁੰਦੇ ਹਨ, ਮੈਂ ਸ਼ਸ਼ਤਰਾਂ ਦਾ ਤਿਆਗ ਕਰਦਾ ਹਾਂ ਤਾਂਕਿ ਦੁਬਾਰਾ ਕਿਸੇ ਨੂੰ ਮਾਰ ਨਾ ਸਕਾਂ। ਚਿਤ ਵਿਚ ਵਿਚਾਰ ਕਰਕੇ ਤਲਵਾਰ ਰੱਖਣੀ ਛੱਡ ਦਿੱਤੀ, ਇਕ ਲੱਕੜ ਦੀ ਤਲਵਾਰ ਲੈ ਕੇ ਗਲ ਵਿਚ ਪਾ ਲਈ॥ ੧੩॥

ਕਿਤਿਕ ਦਿਵਸ ਗਰ ਰਾਖੀ ਸੋਈ। ਹੁਤੋ ਤਿਲੋਕੇ ਕੋ ਰਿਪੁ ਕੋਈ।
ਤਿਸ ਨੇ ਸਕਲ ਭੇਦ ਕੋ ਪਾਇ। ਚਾਰੀ ਕਰੀ ਮੁਗ਼ਲ ਢਿਗ ਜਾਇ॥ ੧੪॥

ਕਈ ਦਿਨਾਂ ਤਕ ਗਲ ਵਿਚ ਪਾਈ ਰਖਿਆ। ਭਾਈ ਤਿਲੋਕੇ ਦਾ ਕੋਈ ਦੁਸ਼ਮਣ ਸੀ, ਉਸ ਨੇ ਸਾਰੇ ਭੇਦ ਨੂੰ ਜਾਣ ਲਿਆ ਤੇ ਮੁਗ਼ਲ ਹਾਕਮ ਪਾਸ ਜਾ ਕੇ ਚੁਗਲੀ ਕੀਤੀ॥ ੧੪॥

ਕਹੈ 'ਤਿਲੋਕਾ ਬਡੋ ਸਿਪਾਹੀ। ਤੇਗ਼ ਕਾਠ ਕੀ ਰਾਖਤਿ ਪਾਹੀ।
ਲੋਹ ਮੂਠ ਊਪਰ ਦਿਖਰਾਈ। ਲਹੈ ਦਰਬ ਕੋ ਕਰਿ ਚਤੁਰਾਈ' ॥ ੧੫॥

ਕਹਿਣ ਲੱਗਾ, "ਤਿਲੋਕਾ ਵੱਡਾ ਸਿਪਾਹੀ ਹੈ, ਪਰ ਤਲਵਾਰ ਉਹ ਲੱਕੜ ਦੀ ਗਲ ਵਿਚ ਪਾ ਕੇ ਰੱਖਦਾ ਹੈ, ਉਪਰ ਮੁੱਠ ਲੋਹੇ ਦੀ ਦਿੱਸਦੀ ਹੈ, ਉਹ ਬੜੀ ਚਤੁਰਾਈ ਨਾਲ ਧਨ ਲੈ ਰਿਹਾ ਹੈ" ॥ ੧੫॥

ਸੁਨਤਿ ਮੁਗ਼ਲ ਨਹਿਂ ਮਾਨੀ ਬਾਨੀ। 'ਸੂਰ ਤਿਲੋਕਾ ਮਹਾਂ ਗੁਮਾਨੀ।
ਮੈਂ ਸਾਦਰ ਰਾਖੋਂ ਦੇ ਧਨ ਕੋ। ਜਾਨੌਂ ਕਾਜ ਕਰਹਿ ਬਡ ਰਨ ਕੋ' ॥ ੧੬॥

ਇਹ ਸੁਣ ਕੇ ਮੁਗ਼ਲ ਨੇ ਗੱਲ ਮੰਨ ਲਈ ਅਤੇ ਕਹਿਣ ਲੱਗਾ, "ਸੂਰ ਤਿਲੋਕਾ ਮਹਾਂ ਗੁਮਾਨੀ ਹੈ। ਮੈਂ ਧਨ ਦੇ ਕੇ ਬੜੀ ਇੱਜ਼ਤ ਨਾਲ ਰੱਖਦਾ ਹਾਂ, ਇਹ ਜਾਣਦਾ ਹਾਂ ਕਿ ਜੰਗ ਦੇ ਮੈਦਾਨ ਵਿਚ ਬਹੁਤ ਕੰਮ ਕਰਦਾ ਹੈ" ॥ ੧੬॥

ਪੁਨਹਿ ਮੁਗ਼ਲ ਸੰਗ ਚੁਗਲ ਉਚਾਰੇ। 'ਆਪ ਸਭਾ ਲਾਵਹੁ ਇਕ ਬਾਰੇ।
ਤਬਹਿ ਅਚਾਨਕ ਲਿਹੁ ਨਿਕਸਾਈ। ਦੇਖੀ ਪਰੈ ਹੋਇ ਜਸੁ ਪਾਈ॥ ੧੭॥

ਫਿਰ ਨਿੰਦਕ ਨੇ ਮੁਗ਼ਲ ਨੂੰ ਜਾ ਕੇ ਕਿਹਾ, "ਆਪ ਇਕ ਵਾਰ ਸਭਾ ਲਾਵੋ ਤੇ ਅਚਾਨਕ ਤਲਵਾਰ ਨੂੰ ਮਿਆਨ ਵਿਚੋਂ ਬਾਹਰ ਕੱਢਵਾ ਲਵੋ, ਤਦ ਇਹ ਪਤਾ ਲੱਗ ਜਾਵੇਗਾ ਕਿ ਉਸ ਨੇ ਕਿਸ ਤਰ੍ਹਾਂ ਦੀ ਤਲਵਾਰ ਪਾਈ ਹੈ॥ ੧੭॥

ਜੇ ਕਰਿ ਤੇਗ਼ ਕਾਠ ਕੀ ਹੋਇ। ਦੇਹੁ ਨ ਦਰਬ ਬਿਨੌਕਰ ਸੋਇ।
ਹੋਇ ਜਿ ਲੋਹਾ ਖੜਗ ਪ੍ਰਕਾਸ਼। ਤੌ ਲਿਹੁ ਦੰਡ ਜਿ ਹੁਇ ਮਮ ਪਾਸ' ॥ ੧੮॥

ਜੇ ਤਲਵਾਰ ਲੱਕੜ ਦੀ ਹੋਵੇਗੀ, ਤਾਂ ਉਸ ਨੂੰ ਧਨ ਦੇਣਾ ਬੰਦ ਕਰ ਦੇਵੋ ਤੇ ਉਸ ਨੂੰ ਨੌਕਰੀ ਤੋਂ ਖਾਰਜ ਕਰ ਦੇਵੋ। ਜੇ ਤਲਵਾਰ ਲੋਹੇ ਦੀ ਨਿਕਲੇ ਤਾਂ ਮੈਥੋਂ ਦੰਡ ਲਵੋ ਜਿਹੜਾ ਮੇਰੇ ਪਾਸ ਹੋਵੇ" ॥ ੧੮॥

ਸੁਨਤਿ ਮੁਗ਼ਲ ਕੈ ਸੰਸਾ ਭਯੋ। ਸਕਲ ਦਿਵਾਨ ਲਾਇ ਨਿਜ ਲਯੋ।
ਖੜਗ ਸਿਪਰ ਧਰਿ ਬ੍ਰਿੰਦ ਸਿਪਾਹੀ। ਬੈਠੇ ਸਹਤ ਤਿਲੋਕੇ, ਪਾਹੀ॥ ੧੯॥

ਇਹ ਸੁਣ ਕੇ ਮੁਗ਼ਲ ਨੂੰ ਸ਼ੰਕਾ ਹੋ ਗਈ, ਉਸ ਨੇ ਆਪਣਾ ਦੀਵਾਨ ਲਾ ਲਿਆ। ਸਾਰੇ ਸਿਪਾਹੀ ਤਲਵਾਰਾਂ ਪਹਿਣ ਕੇ [illegible] ਤਿਲੋਕੇ [illegible] ਬੈਠ ਗਏ॥ ੧੯॥

Sri Satguru Jagjit Singh Ji eLlibrary NamdhariElibrary@gmail.com

'ਨਹੀਂ ਨਿਰਾਦਰ ਇਸ ਕੋ ਹੋਇ'। ਰਿਦੈ ਬਿਚਾਰ ਮੁਗ਼ਲ ਕਿਯ ਸੋਇ।
ਪ੍ਰਥਮ ਖੜਗ ਨਿਜ ਖੈਂਚਿ ਦਿਖਾਯੋ। ਪੁਨ ਦੂਸਰ ਕੋ ਕਹਿ ਨਿਕਸਾਯੋ॥੨੦॥

ਮੁਗ਼ਲ ਨੇ ਸੋਚਿਆ ਇਸ ਦਾ ਨਿਰਾਦਰ ਨਾ ਹੋਵੇ, ਇਸ ਲਈ ਹਿਰਦੇ ਵਿਚ ਵਿਚਾਰ ਬਣਾ ਕੇ ਪਹਿਲਾਂ ਆਪਣੀ ਤਲਵਾਰ ਮਿਆਨ ਵਿਚੋਂ ਕੱਢ ਕੇ ਵਿਖਾਈ, ਫਿਰ ਦੂਸਰਿਆਂ ਨੂੰ ਕਿਹਾ ਕਿ ਉਹ ਤਲਵਾਰਾਂ ਮਿਆਨਾਂ ਵਿਚੋਂ ਬਾਹਰ ਕੱਢ ਕੇ ਵਿਖਾਉਣ॥ ੨੦॥

ਪੁਨਹ ਕਹੀ 'ਸਭਿ ਸੁਭਟ ! ਕ੍ਰਿਪਾਨ। ਕਰਹੁ ਦਿਖਾਵਨਿ ਅਲਪ ਮਹਾਨਾ'।
ਸੁਨਤਿ ਮੁਗ਼ਲ ਤੇ ਡਰਤਿ ਤਿਲੋਕੇ। ਕਹੈ ਕਹਾਂ ਮਮ ਖੜਗ ਬਿਲੋਕੇ॥ ੨੧॥

ਫਿਰ ਕਿਹਾ, "ਸਾਰੇ ਵੱਡੇ ਛੋਟੇ ਸੂਰਮੇ ਤਲਵਾਰਾਂ ਮਿਆਨਾਂ ਵਿਚੋਂ ਕੱਢ ਕੇ ਵਿਖਾਓ" ਇਹ ਸੁਣ ਕੇ ਤਿਲੋਕਾ ਮੁਗ਼ਲ ਪਾਸੋਂ ਡਰਨ ਲੱਗਾ, "ਮੇਰੀ ਤਲਵਾਰ ਕਿਥੇ ਵੇਖੇਗਾ"॥ ੨੧॥

ਤਬਿ ਸਤਿਗੁਰ ਉਰ ਸਿਮ੍ਰਨਿ ਕਰੇ। ਮੈਂ ਉਪਦੇਸ਼ ਆਪ ਕੋ ਧਰੇ।
ਰਹੌਂ ਅਹਿੰਸ ਤਜੀ ਤਰਵਾਰ। ਉਘਰਹਿ ਪਰਦਾ ਸਭਾ ਮਝਾਰ॥ ੨੨॥

ਫਿਰ ਸਤਿਗੁਰੂ ਨੂੰ ਯਾਦ ਕੀਤਾ, ਮੈਂ ਆਪ ਜੀ ਦੇ ਉਪਦੇਸ਼ ਨੂੰ ਧਾਰਨ ਕੀਤਾ ਹੈ, ਹਿੰਸਾ ਰਹਿਤ ਰਹਾਂਗਾ, ਇਸ ਲਈ ਤਲਵਾਰ ਛੱਡੀ ਹੈ, ਮੇਰਾ ਸਾਰਾ ਪਰਦਾ ਫਾਸ਼ ਹੋ ਜਾਵੇਗਾ॥ ੨੨॥

ਅਬਿ ਮੇਰੀ ਤੁਮ ਕਰਹੁ ਸਹਾਈ। ਜਥਾ ਦ੍ਰੋਪਤੀ ਲਾਜ ਬਚਾਈ।
ਪਰਦਾ ਸਭਾ ਬਿਖੈ ਤਿਸ ਰਾਖਾ। ਪੁਰੀ ਨ ਦੁਸ਼ਟਨਿ ਕੀ ਅਭਿਲਾਖਾ॥੨੩॥

ਹੁਣ ਤੁਸੀਂ ਮੇਰੀ ਸਹਾਇਤਾ ਕਰੋ, ਜਿਵੇਂ ਤੁਸੀਂ ਦ੍ਰੋਪਤੀ ਦੀ ਲਾਜ ਬਚਾਈ ਸੀ। ਸਭਾ ਵਿਚ ਉਸ ਦਾ ਪੜਦਾ ਰੱਖਿਆ ਸੀ ਅਤੇ ਦੁਸ਼ਟਾਂ ਦੀ ਅਭਿਲਾਸ਼ਾ ਪੂਰੀ ਨਹੀਂ ਸੀ ਹੋਣ ਦਿੱਤੀ॥ ੨੩॥

ਤਿਮ ਮੇਰੀ ਅਬਿ ਲਾਜ ਰਖੀਜੈ। ਸਭਾ ਬਿਖੈ ਕਰਿ ਖੜਗ ਦਿਖੀਜੈ।
ਨਾਂਹਿ ਤ ਹੇਰਹਿ ਕਾਠ ਕ੍ਰਿਪਾਨ। ਕਰਹਿ ਮੁਗ਼ਲ ਮੇਰੀ ਤਬਿ ਹਾਨਿ॥ ੨੪॥

ਤੁਸੀਂ ਮੇਰੀ ਹੁਣ ਲਾਜ ਰੱਖੋ ਅਤੇ ਸਭ ਵਿਚ ਤਲਵਾਰ ਵਿਖਾ ਦੇਵੋ। ਉਹ ਲੱਕੜ ਦੀ ਤਲਵਾਰ ਨਾ ਵੇਖ ਲੈਣ, ਨਹੀਂ ਤਾਂ ਫਿਰ ਇਹ ਮੁਗ਼ਲ ਮੇਰਾ ਨੁਕਸਾਨ ਕਰਨਗੇ॥ ੨੪॥

ਮਨ ਹੀ ਮਨਹਿ ਮਨਾਵਤਿ ਗੁਰ ਕੋ। ਦਹਲ ਰਹ੍ਯੋ ਨਹਿਂ ਧੀਰਜ ਉਰ ਕੋ।
ਤਬਿ ਸਤਿਗੁਰ ਨਿਜ ਦਾਸ ਬਿਚਾਰਾ। ਭਏ ਸਹਾਯਕ ਲਾਇ ਨ ਬਾਰਾ॥੨੫॥

ਮਨ ਹੀ ਮਨ ਵਿਚ ਗੁਰੂ ਜੀ ਨੂੰ ਮਨਾ ਰਿਹਾ ਸੀ, ਕੰਬ ਰਿਹਾ ਸੀ ਤੇ ਦਿਲ ਵਿਚ ਧੀਰਜ ਨਹੀਂ ਸੀ ਧਾਰ ਰਿਹਾ। ਤਦ ਸਤਿਗੁਰੂ ਨੇ ਆਪਣੇ ਬਾਰੇ ਵਿਚਾਰ ਕੀਤੀ ਅਤੇ ਕਿਸੇ ਦੇਰੀ ਤੋਂ ਬਗੈਰ ਸਹਾਇਕ ਹੋ ਗਏ॥ ੨੫॥

ਜਬਿ ਸਭਿ ਕੇ ਇਮ ਖੜਗ ਬਿਲੋਕੇ। ਕਹ੍ਯੋ ਕਿ 'ਤੂੰ ਭਿ ਦਿਖਾਉ ਤਿਲੋਕੇ !।
ਕਿਸ ਪ੍ਰਕਾਰ ਕੋ ਰਾਖਤਿ ਪਾਸ। ਕੋ ਤਕਮਾ ਕਰਿ ਹੈਂ ਨਿਰਜਾਸ'॥ ੨੬॥

ਜਦ ਸਾਰਿਆਂ ਦੀਆਂ ਇਸ ਤਰ੍ਹਾਂ ਤਲਵਾਰਾਂ ਵੇਖੀਆਂ ਤੇ ਕਿਹਾ, "ਤਿਲੋਕੇ ਤੂੰ ਵੀ ਆਪਣੀ ਤਲਵਾਰ ਵਿਖਾ। ਤੁਸੀਂ ਕਿਸ ਤਰ੍ਹਾਂ ਦੀ ਤਲਵਾਰ ਆਪਣੇ ਪਾਸ ਰੱਖਦੇ ਹੋ। ਤੁਹਾਡੀ ਤਲਵਾਰ ਕਿਸ ਛਾਪ ਦੀ ਹੈ, ਇਹ ਨਿਰਣਾ ਕਰੀਏ"॥ ੨੬॥

ਕਹ੍ਯੋ ਤਿਲੋਕੇ 'ਤਕਮਾ ਗੁਰ ਕੋ। ਮੋਰ ਖੜਗ ਪਰ ਨਹੀਂ ਅਪਰ ਕੋ।
ਜਸ ਸਤਿਗੁਰ ਨੇ ਦੀਨਸਿ ਮੋਹੀ। ਵਹਿਰ ਨਿਕਾਸ਼ਿ ਦਿਖਾਵੋਂ ਤੋਹੀ' ॥ ੨੭ ॥

"ਮੇਰੀ ਤਲਵਾਰ ਉੱਤੇ ਤਾਂ ਗੁਰੂ ਦੀ ਛਾਪ ਲੱਗੀ ਹੈ, ਮੇਰੀ ਤਲਵਾਰ ਤੇ ਹੋਰ ਕੋਈ ਮੋਹਰ ਨਹੀਂ ਹੈ। ਜੈਸੀ ਸਤਿਗੁਰੂ ਨੇ ਮੈਨੂੰ ਤਲਵਾਰ ਦਿੱਤੀ ਹੈ, ਉਸ ਤਰ੍ਹਾਂ ਦੀ ਹੀ ਬਾਹਰ ਕੱਢ ਕੇ ਵਿਖਾਲਦਾ ਹਾਂ" ॥ ੨੭ ॥

'ਵਾਹਿਗੁਰੂ' ਕਹਿ ਖੈਂਚ ਨਿਕਾਰਾ। ਨਿਕਸੇ ਭਯੋ ਪ੍ਰਕਾਸ਼ ਉਦਾਰਾ।
ਅਸ ਤੀਖਨ ਧਾਰਾ ਅਸਿ ਕੇਰੀ। ਨਹੀਂ ਅਪਰ ਕੇ ਇਸ ਬਿਧਿ ਹੇਰੀ ॥ ੨੮ ॥

"ਵਾਹਿਗੁਰੂ" ਕਹਿ ਕੇ ਤਲਵਾਰ ਖਿੱਚ ਲਈ, ਬਾਹਰ ਨਿਕਲਣ ਨਾਲ ਉਸ ਨੇ ਬਹੁਤ ਵੱਡਾ ਲਿਸ਼ਕਾਰਾ ਮਾਰਿਆ। ਉਸ ਦੀ ਏਡੀ ਤਿੱਖੀ ਧਾਰ ਸੀ ਕਿ ਹੋਰ ਕੋਈ ਇਸ ਤਰ੍ਹਾਂ ਦੀ ਵੇਖੀ ਹੀ ਨਹੀਂ ਸੀ ॥ ੨੮ ॥

ਹੇਰਤਿ ਹਰਖ੍ਯੋ ਮੁਗਲ ਬਿਸਾਲਾ। ਦੁਗਨਾ ਰੋਜ਼ ਕਰ੍ਯੋ ਤਿਸ ਕਾਲਾ।
ਦੰਡ ਦਯੋ ਤਿਸ ਚੁਗਲ ਉਦਾਰਾ। ਮੁਖ ਕਾਰਾ ਕਰਿ ਵਹਿਰ ਨਿਕਾਰਾ ॥ ੨੯ ॥

ਇਹ ਵੇਖ ਕੇ ਮੁਗ਼ਲ ਬਹੁਤ ਪ੍ਰਸੰਨ ਹੋਇਆ, ਓਸੇ ਸਮੇਂ ਦਿਹਾੜੀ ਦੁਗਣੀ ਕਰ ਦਿੱਤੀ। ਚੁਗਲੀ ਕਰਨ ਵਾਲੇ ਨੂੰ ਬਹੁਤ ਵੱਡੀ ਸਜ਼ਾ ਦਿੱਤੀ। ਮੂੰਹ ਕਾਲਾ ਕਰਕੇ ਬਾਹਰ ਕੱਢ ਦਿੱਤਾ ॥ ੨੯ ॥

ਅਤਿ ਸ਼ਰਧਾ ਧਰਿ ਸਤਿਗੁਰ ਮਾਂਹੀ। ਕੇਤਿਕ ਦਿਨ ਮਹਿਂ ਆਯੋ ਪਾਹੀ।
'ਧੰਨ ਧੰਨ' ਕਹਿ ਚਰਨੀ ਪਰ੍ਯੋ। ਪੁਨਹ ਪ੍ਰਸੰਗ ਸੁਨਾਵਨਿ ਕਰ੍ਯੋ ॥ ੩੦ ॥

ਤਿਲੋਕੇ ਦੀ ਗੁਰੂ ਜੀ ਵਿਚ ਅਤਿ ਸ਼ਰਧਾ ਵੱਧ ਗਈ। ਕਈ ਦਿਨਾਂ ਬਾਅਦ ਗੁਰੂ ਜੀ ਪਾਸ ਆਇਆ ਅਤੇ 'ਧੰਨ ਧੰਨ' ਕਹਿ ਕੇ ਚਰਨੀਂ ਪੈ ਗਿਆ, ਫਿਰ ਸਾਰਾ ਹੀ ਪ੍ਰਸੰਗ ਸੁਣਾਇਆ ॥ ੩੦ ॥

ਸੁਨਤਿ ਸਭਾ ਮਹਿਂ ਸਤਿਗੁਰ ਕਹ੍ਯੋ। 'ਦਯਾ ਕਰਨਿ ਪ੍ਰਣ ਤੈਂ ਨਿਰਬਹ੍ਯੋ।
ਕ੍ਯੋਂ ਨ ਹੋਹਿਂ ਤਬਿ ਗੁਰੂ ਸਹਾਈ। ਗੁਰ ਬਾਨੀ ਮਨਮਾਨਿ ਕਮਾਈ' ॥ ੩੧ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਸਭਾ ਵਿਚ ਕਿਹਾ, "ਦਇਆ ਕਰਨ ਦੇ ਪ੍ਰਣ ਨੂੰ ਨਿਭਾਇਆ ਹੈ, ਇਸ ਕਰਕੇ ਗੁਰੂ ਜੀ ਤੇਰੀ ਸਹਾਇਤਾ ਕਿਉਂ ਨਾ ਕਰਦੇ। ਤੂੰ ਗੁਰੂ ਦੀ ਬਾਣੀ ਨੂੰ ਮਨ ਵਿਚ ਮੰਨ ਕੇ ਕਮਾਈ ਕੀਤੀ ਹੈ" ॥ ੩੧ ॥

ਸਗਰੇ ਸਿੱਖਨਿ ਸੁਨ੍ਯੋ ਪ੍ਰਸੰਗ। 'ਧੰਨ ਗੁਰੂ' ਕਹਿ ਸ਼ਰਧਾ ਸੰਗ।
ਕੇਤਿਕ ਦਿਨ ਰਹਿ ਗਯੋ ਤਿਲੋਕਾ। ਸਿੱਖ ਕਟਾਰੂ ਦਰਸ ਬਿਲੋਕਾ ॥ ੩੨ ॥

ਸਾਰੇ ਸਿੱਖਾਂ ਨੇ ਪ੍ਰਸੰਗ ਸੁਣਿਆ ਅਤੇ ਸ਼ਰਧਾ ਨਾਲ 'ਧੰਨ ਗੁਰੂ' ਕਿਹਾ। ਕਈ ਦਿਨ ਰਹਿ ਕੇ ਤਿਲੋਕਾ ਚਲੇ ਗਿਆ। ਇਕ ਕਟਾਰੂ ਨਾਮੀਂ ਸਿੱਖ ਦਰਸ਼ਨ ਕਰਨ ਵਾਸਤੇ ਆਇਆ ॥ ੩੨ ॥

ਬੰਦਨ ਕਰੀ ਚਰਨ ਅਰਬਿੰਦ। ਠਾਂਢੇ ਹੁਇ ਜਸੁ ਕਰ੍ਯੋ ਬਿਲੰਦ।
'ਬਨੋ ਸਹਾਇਕ ਤੁਮ ਜਗਨਾਯਕ। ਸਿੱਖਨਿ ਕੇ ਗਨ ਬਿਘਨ ਨਸਾਇਕ' ॥ ੩੩ ॥

ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਖੜੇ ਹੋ ਕੇ ਬਹੁਤ ਜੱਸ ਕੀਤਾ, "ਹੇ ਜਗਤ ਦੇ ਮਾਲਕ ! ਤੁਸੀਂ ਸਿੱਖਾਂ ਦੇ ਸਹਾਇਕ ਬਣਦੇ ਹੋ ਅਤੇ ਸਿੱਖਾਂ ਦੇ ਵਿਘਨਾਂ ਨੂੰ ਨਾਸ਼ ਕਰਦੇ ਹੋ" ॥ ੩੩ ॥

ਬੂਝਤਿ ਭਯੋ 'ਦੇਹੁ ਉਪਦੇਸ਼। ਜਿਸ ਕਰਿ ਸਗਰੇ ਮਿਟੈਂ ਕਲੇਸ਼।
ਸੂਬਾ ਕਾਬਲ ਬਿਖੈ ਰਹਾਈ। ਹੇਤ ਜੀਵਕਾ ਮੈਂ ਧੜਵਾਈ' ॥ ੩੪ ॥

ਪੁੱਛਣ ਲੱਗਾ, "ਮੈਨੂੰ ਉਪਦੇਸ਼ ਦੇਵੋ, ਜਿਸ ਨਾਲ ਸਾਰੇ ਕਲੇਸ਼ ਮਿਟ ਜਾਣ। ਕਾਬਲ ਦੇ ਸੂਬੇ ਵਿਚ ਮੈਂ ਰਹਿੰਦਾ ਹਾਂ, ਉਪਜੀਵਕਾ ਵਾਸਤੇ ਤੋਲਣ ਵਾਲੇ ਕਾਰਿੰਦੇ ਦੇ ਤੌਰ ਤੇ ਕੰਮ ਕਰਦਾ ਹਾਂ" ॥ ੩੪ ॥

ਸਤਿਗੁਰ ਕਹਯੋ 'ਘਾਟ ਨਹਿਂ ਦੀਜੈ। ਸੱਤਿਨਾਮ ਕੋ ਸਿਮਰਨਿ ਕੀਜੈ।
ਦੇਹੁ ਦਸੌਂਧ ਗੁਰੂ ਹਿਤ ਸਦਾ। ਦਾਰਿਦ ਸਦਨ ਹੋਹਿ ਨਹਿਂ ਕਦਾ' ॥ ੩੫ ॥

ਸਤਿਗੁਰੂ ਜੀ ਨੇ ਕਿਹਾ, "ਘੱਟ ਨਾ ਤੋਲੋ ਅਤੇ ਸਤਿਨਾਮ ਦਾ ਸਿਮਰਨ ਕਰੋ। ਗੁਰੂ ਹਿਤ ਸਦਾ ਦਸਵੰਧ ਕੱਢੋ, ਤੁਹਾਡੇ ਘਰ ਵਿਚ ਕਦੀ ਵੀ ਥੀਮਾਰੀ ਨਹੀਂ ਆਵੇਗੀ" ॥ ੩੫ ॥

ਸੁਨਿ ਕਰਿ ਅਪਨੇ ਧਾਮ ਸਿਧਾਰਾ। ਕਰਹਿ ਸਦਾ ਅਪਨੀ ਤਹਿਂ ਕਾਰਾ।
'ਗੁਰ ਗੁਰ' ਜਪਹਿ ਨ ਤੋਲਹਿ ਘਾਟ। ਏਕ ਬਨਕ ਨੇ ਦੀਨਸਿ ਬਾਟ ॥ ੩੬ ॥

ਇਹ ਸੁਣ ਕੇ ਆਪਣੇ ਘਰ ਚਲਾ ਗਿਆ, ਓਥੇ ਸਦਾ ਆਪਣੀ ਕਾਰ ਕਰਦਾ ਸੀ। 'ਗੁਰ ਗੁਰ' ਜਪਦਾ ਸੀ ਅਤੇ ਕਦੇ ਵੀ ਘੱਟ ਨਹੀਂ ਸੀ ਤੋਲਦਾ। ਇਕ ਵਾਰ ਇਕ ਬਾਣੀਏ ਨੇ ਉਸ ਨੂੰ ਇਕ ਵੱਟਾ ਦਿੱਤਾ ॥ ੩੬ ॥

ਪੈਸੇ ਪੰਚ ਘਾਟ ਸੋ ਅਹਾ। ਨਹੀਂ ਕਟਾਰੂ ਉਰ ਮੈਂ ਲਹਾ।
ਨਿਤ ਤੋਲਤਿ ਤਿਸ ਕੇ ਸੰਗ ਦੇਈ। ਜਾਇ ਘਾਟ ਜੋ ਆਇ ਸੁ ਲੇਈ ॥ ੩੭ ॥

ਜਿਹੜਾ ਤੋਲ ਵਿਚ ਪੰਜ ਪੈਸੇ ਘੱਟ ਭਾਰਾ ਸੀ। ਕਟਾਰੂ ਨੇ ਦਿਲ ਵਿਚ ਨਾ ਵਿਚਾਰਿਆ। ਉਸ ਵੱਟੇ ਦੇ ਨਾਲ ਹੀ ਸੌਦਾ ਤੋਲਦਾ ਸੀ। ਜੋ ਵੀ ਆ ਕੇ ਸੌਦਾ ਲੈਂਦਾ ਸੀ, ਉਸ ਦਾ ਸੌਦਾ ਘਟ ਜਾਂਦਾ ਸੀ ॥ ੩੭ ॥

ਇਕ ਨੇ ਤੋਲਯੋ ਹੋਇਸਿ ਘਾਟ। ਲਖਯੋ ਕਟਾਰੂ ਕੋ ਘਟ ਬਾਟ।
ਚਾਰੀ ਜਾਇ ਉਚਾਰੀ ਤਾਂਹਿ। 'ਤੋਲਤਿ ਘਾਟ ਸਭਿਨਿ ਕੇ ਪਾਹਿ' ॥ ੩੮ ॥

ਇਕ ਆਦਮੀ ਨੇ ਜਦ ਆਪਣਾ ਸੌਦਾ ਤੋਲਿਆ ਤਾਂ ਘੱਟ ਨਿਕਲਿਆ। ਉਹ ਸਮਝ ਗਿਆ ਕਿ ਕਟਾਰੂ ਦਾ ਵੱਟਾ ਘੱਟ ਹੈ। ਉਸ ਨੇ ਉਪਰ ਜਾ ਕੇ ਚੁਗਲੀ ਕੀਤੀ ਕਿ ਕਟਾਰੂ ਸਾਰਿਆਂ ਨੂੰ ਘੱਟ ਤੋਲ ਕੇ ਦਿੰਦਾ ਹੈ ॥ ੩੮ ॥

ਸੁਨਿ ਸੂਬੇ ਰਿਸ ਕਰਿ ਬੁਲਵਾਯੋ। ਪੁਨ ਕਹਿ ਬਾਟ ਧਰਾ ਅਨਵਾਯੋ।
'ਅਪਰ ਸੰਗ ਇਸ ਤੋਲਨਿ ਦੀਜੈ। ਮੋਹਿ ਰੂਬਰੋ ਇਸ ਪਿਖਿ ਲੀਜੈ ॥ ੩੯ ॥

ਸੂਬੇਦਾਰ ਨੇ ਗੁੱਸੇ ਵਿਚ ਆ ਕੇ ਕਟਾਰੂ ਨੂੰ ਬੁਲਾਇਆ, ਫਿਰ ਉਸ ਨੇ ਕਹਿ ਕੇ ਵੱਟਿਆਂ ਦਾ ਧੜਾ ਮੰਗਵਾਇਆ ਅਤੇ ਕਿਹਾ, "ਇਸ ਵੱਟੇ ਨੂੰ ਦੂਸਰੇ ਵੱਟੇ ਨਾਲ ਤੋਲੋ ਤੇ ਮੇਰੇ ਸਾਹਮਣੇ ਇਸ ਦੀ ਜਾਂਚ ਪੜਤਾਲ ਕਰ ਲਵੋ ॥ ੩੯ ॥

ਤਬਹਿ ਕਟਾਰੂ ਉਰ ਡਰਪਾਯੋ। ਸਤਿਗੁਰ ਧਯਾਨ ਧਰਯੋ ਜਸੁ ਗਾਯੋ।
'ਨਹਿਂ ਸਹਾਇ ਇਸ ਥਲ ਕਿਸ ਕੇਰੀ। ਅਬਿ ਰਾਵਰ ਕੀ ਆਸ ਬਡੇਰੀ ॥ ੪੦ ॥

ਤਦ ਕਟਾਰੂ ਦਿਲ ਵਿਚ ਡਰ ਗਿਆ, ਤੇ ਸਤਿਗੁਰੂ ਦਾ ਧਿਆਨ ਧਾਰ ਕੇ ਜੱਸ ਗਾਇਆ, "ਇਸ ਥਾਂ ਮੇਰਾ ਕੋਈ ਵੀ ਸਹਾਇਕ ਨਹੀਂ ਹੈ, ਹੁਣ ਆਪ ਜੀ ਦੀ ਵੱਡੀ ਆਸ ਹੈ ॥ ੪੦ ॥

ਅਘ ਅਨਜਾਨਪਨੇ ਮਹਿਂ ਕੀਨਿ। ਸੋ ਨ ਬਿਚਾਰਹੁ ਮੈਂ ਜਨ ਦੀਨ।
ਏਕ ਭਰੋਸਾ ਮੋਕਹੁ ਭਾਰੀ। ਆਸ ਨ ਦੂਜੀ ਸ਼ਰਨ ਤਿਹਾਰੀ' ॥ ੪੧ ॥

ਮੈਂ ਅਣਜਾਣਪੁਣੇ ਵਿਚ ਇਹ ਪਾਪ ਕੀਤਾ ਹੈ, ਉਸ ਤੇ ਵਿਚਾਰ ਨਾ ਕਰੋ, ਮੈਂ ਆਪ ਜੀ ਦਾ ਦੀਨ ਸੇਵਕ ਹਾਂ। ਇਕ ਹੀ ਮੈਨੂੰ ਭਾਰੀ ਭਰੋਸਾ ਹੈ, ਹੋਰ ਦੂਜੀ ਆਸ ਨਹੀਂ, ਮੈਂ ਤੁਹਾਡੀ ਸ਼ਰਨ ਆਇਆ ਹਾਂ" ॥ ੪੧ ॥

ਇਤ ਸਤਿਗੁਰ ਬਡ ਸਭਾ ਮਝਾਰੀ। ਬੈਠੇ ਦਰਸਤਿ ਹੈਂ ਨਰ ਨਾਰੀ।
ਇਕ ਸਿਖ ਪੈਸੇ ਪੰਜ ਚਢਾਏ। ਧਰਿ ਕਰ ਪਰ ਤੋਲਤਿ ਲੇ ਦਾਏਂ॥ ੪੨॥

ਏਧਰ ਸਤਿਗੁਰੂ ਜੀ ਵੱਡੀ ਸਭਾ ਦੇ ਵਿਚ ਬੈਠੇ ਇਸਤਰੀਆਂ ਪੁਰਸ਼ਾਂ ਨੂੰ ਦਰਸ਼ਨ ਦੇ ਰਹੇ ਸਨ। ਇਕ ਸਿੱਖ ਨੇ ਪੰਜ ਪੈਸੇ ਚੜ੍ਹਾਏ। ਉਨ੍ਹਾਂ ਪੈਸਿਆਂ ਨੂੰ ਸੱਜੇ ਹੱਥ ਵਿਚ ਲੈ ਕੇ ਤੋਲਣ ਲੱਗੇ॥ ੪੨॥

ਪੁਨਹੁ ਬਾਮ ਕਰ ਪਰ ਧਰਿ ਤੋਲੇ। ਦੇਖਿ ਦਾਸ ਢਿਗ ਤਬਿਹੂੰ ਬੋਲੇ।
'ਸ੍ਰੀ ਸਤਿਗੁਰ ਮਾਯਾ ਨਿਤ ਆਵਤਿ। ਹੇਮ ਰਜਤ ਕਰ ਕਬਿ ਨ ਛੁਹਾਵਤਿ॥੪੩॥

ਫਿਰ ਖੱਬੇ ਹੱਥ ਵਿਚ ਲੈ ਕੇ ਉਨ੍ਹਾਂ ਨੂੰ ਤੋਲਿਆ, ਇਹ ਵੇਖ ਕੇ ਲਾਗੇ ਬੈਠੇ ਸੇਵਕ ਬੋਲੇ, "ਸਤਿਗੁਰੂ ਜੀ ਮਾਇਆ ਨਿਤ ਆਉਂਦੀ ਹੈ। ਸੋਨੇ ਚਾਂਦੀ ਨੂੰ ਵੀ ਆਪ ਹੱਥ ਨਹੀਂ ਲਾਉਂਦੇ ਹੋ॥ ੪੩॥

ਪੈਸੇ ਪੰਚ ਆਜ ਕਰ ਲੀਏ। ਦਾਹਨਿ ਬਾਮ ਧਰਹੁ ਹਿਤ ਕੀਏ।
ਇਹ ਕਾਰਨ ਕਜਾ ਉਚਰਹੁ ਸ੍ਵਾਮੀ!। ਇਤ ਉਤ ਧਰਤਿ ਨ ਹਮ ਕੁਛ ਜਾਮੀ' ॥੪੪॥

ਅੱਜ ਤੁਸੀਂ ਪੰਜਾਂ ਪੈਸਿਆਂ ਨੂੰ ਹੱਥ ਵਿਚ ਫੜਿਆ ਹੈ। ਬੜੇ ਪ੍ਰੇਮ ਨਾਲ ਸੱਜੇ ਹੱਥ ਵਿਚ ਫੜੇ ਹਨ। ਇਸ ਦਾ ਕੀ ਕਾਰਨ ਹੈ? ਹੇ ਸਵਾਮੀ ਜੀ! ਸਾਨੂੰ ਦੱਸੋ! ਏਧਰ ਓਧਰ ਧਾਰਨ ਕੀਤੇ ਹਨ, ਅਸੀਂ ਕੁਝ ਵੀ ਜਾਣ ਨਹੀਂ ਸਕੇ ਹਾਂ" ॥ ੪੪॥

ਸ੍ਰੀ ਗੁਰ ਕਹਜੋ 'ਸਿੱਖ ਕੋ ਬਾਟ। ਪੂਰਾ ਕਰਹਿਂ ਇਤੋ ਸੋ ਘਾਟ।
ਪਲਰੋ ਦੋਨ ਤਰਾਜੂ ਕੇਰ। ਤੋਲਤਿ ਹੈ ਇਤ ਉਰ ਨਰ ਫੇਰਿ॥ ੪੫॥

ਗੁਰੂ ਜੀ ਨੇ ਕਿਹਾ, "ਇਕ ਸਿੱਖ ਦਾ ਵੱਟਾ ਜਿਹੜਾ ਪੰਜ ਪੈਸੇ ਘੱਟ ਹੈ, ਪੂਰਾ ਕਰ ਰਹੇ ਹਾਂ। ਤੱਕੜੀ ਦੇ ਦੋਹਾਂ ਪਲੜਿਆਂ ਵਿਚ ਏਧਰ ਓਧਰ ਧਰ ਕੇ ਤੋਲਦੇ ਹਾਂ॥ ੪੫॥

ਯਾਂਤੇ ਹਮ ਦੋਨਹੁ ਕਰ ਧਰੈ। ਸਿਖ ਕੋ ਬਾਟ ਸੁ ਪੂਰਾ ਕਰੈਂ।
ਨਾਮ ਕਟਾਰੂ ਕਾਬਲ ਮਾਂਹਿ। ਬਾਟ ਘਟ ਅਨਜਾਨੇ ਤਾਂਹਿ' ॥ ੪੬॥

ਇਸ ਕਰਕੇ ਅਸੀਂ ਦੋਹਾਂ ਹੱਥਾਂ ਵਿਚ ਫੜੇ ਹਨ, ਸਿੱਖ ਦਾ ਵੱਟਾ ਪੂਰਾ ਕਰਦੇ ਹਾਂ। ਉਸ ਸਿੱਖ ਦਾ ਨਾਮ ਕਟਾਰੂ ਹੈ ਤੇ ਉਹ ਕਾਬਲ ਵਿਚ ਰਹਿੰਦਾ ਹੈ। ਉਹ ਘੱਟ ਵੱਟੇ ਬਾਰੇ ਅਣਜਾਣ ਸੀ' ॥ ੪੬॥

ਇਮ ਸਤਿਗੁਰ ਸਿੱਖਨਿ ਮਹਿਂ ਕਹਜੋ। ਪੂਰਾ ਬਾਟ ਜੁ ਸੂਬੇ ਲਹਜੋ।
ਭਯੋ ਕਟਾਰੂ ਪਰ ਸੁ ਪ੍ਰਸੰਨ। 'ਦੁਸ਼ਟ ਚੁਗਲ ਝੂਠਾ, ਤੂੰ ਧੰਨ' ॥ ੪੭॥

ਇਸ ਤਰ੍ਹਾਂ ਸਤਿਗੁਰੂ ਨੇ ਸਿੱਖਾਂ ਨੂੰ ਕਿਹਾ ਅਤੇ ਸੂਬੇ ਨੇ ਪੂਰਾ ਵੱਟਾ ਪਾਇਆ। ਸੂਬਾ ਕਟਾਰੂ ਉਤੇ ਪ੍ਰਸੰਨ ਹੋ ਗਿਆ, ਚੁਗਲੀ ਕਰਨ ਵਾਲਾ ਝੂਠਾ ਹੈ, ਤੂੰ ਧੰਨ ਹੈਂ॥ ੪੭॥

ਕਰਜੋ ਕੋਸ਼ ਪਤਿ ਸੌਂਪਜੋ ਕੋਸ਼। ਲਖਜੋ ਮਾਤਬਰ ਇਹੁ ਬਿਨ ਦੋਸ਼।
ਕਿਤਿਕ ਮਾਸ ਬੀਤੇ ਤਬਿ ਆਯੋ। ਗੁਰ ਦਰਸ਼ਨ ਕਰਿ ਸੀਸ ਨਿਵਾਯੋ॥ ੪੮॥

ਸੂਬੇ ਨੇ ਉਸ ਨੂੰ ਖ਼ਜ਼ਾਨਾ ਸੌਂਪ ਕੇ ਖਜ਼ਾਨਚੀ ਬਣਾ ਦਿੱਤਾ। ਸੂਬੇ ਨੇ ਉਸਨੂੰ ਇਤਬਾਰ ਵਾਲਾ ਸਮਝਿਆ ਕਿ ਇਹ ਦੋਸ਼-ਰਹਿਤ ਹੈ। ਕਈ ਮਹੀਨੇ ਜਦ ਬੀਤ ਗਏ ਤਾਂ ਗੁਰੂ ਜੀ ਪਾਸ ਆਇਆ, ਗੁਰੂ ਜੀ ਦੇ ਦਰਸ਼ਨ ਕਰਕੇ ਸਿਰ ਨਿਵਾਇਆ॥ ੪੮॥

'ਬਿਖਮ ਥਾਨ ਮਹਿਂ ਭਏ ਸਹਾਈ। ਜਹਾਂ ਨ ਪਹੁੰਚਹਿ ਬਾਪ ਨ ਮਾਈ'।
ਬੂਝਜੋ ਸਿੱਖਨ ਕਹਜੋ ਪ੍ਰਸੰਗ। ਜਾਨਜੋ ਸਭਿਨਿ 'ਗੁਰੂ ਨਿਤ ਸੰਗ' ॥ ੪੯॥

"ਤੁਸੀਂ ਔਖੇ ਵੇਲੇ ਸਹਾਇਤਾ ਕੀਤੀ ਹੈ, ਜਿਥੇ ਮਾਂ ਬਾਪ ਵੀ ਪਹੁੰਚ ਨਹੀਂ ਸਕਦੇ"। ਜਦ ਸਿੱਖਾਂ ਨੇ ਪੁਛਿਆ ਤਾਂ ਸਾਰਾ ਪ੍ਰਸੰਗ ਸੁਣਾਇਆ। ਸਾਰੇ ਜਾਣ ਗਏ, "ਗੁਰੂ ਜੀ ਸਦਾ ਅੰਗ ਸੰਗ ਰਹਿੰਦੇ ਹਨ" ॥ ੪੯॥

ਜਿਮ ਪੈਸੇ ਕਰ ਬਾਏਂ ਦਾਏ। ਸਤਿਗੁਰ ਧਾਰੇ ਸਭਿਨਿ ਬਤਾਏ।
ਸੁਜਸੁ ਬਿਸਦ ਗੁਰ ਪਸਰਯੋ ਸਾਰੇ। ਸਿੱਖ ਹੋਤਿ ਹੈਂ ਆਨਿ ਹਜ਼ਾਰੇ॥ ੫੦॥

ਜਿਵੇਂ ਸਤਿਗੁਰੂ ਜੀ ਨੇ ਪੈਸੇ ਸੱਜੇ ਖੱਬੇ ਧਾਰਨ ਕੀਤੇ ਸਨ। ਇਹ ਵੀ ਸਾਰੇ ਸਿੱਖਾਂ ਨੇ ਦੱਸਿਆ। ਗੁਰੂ ਜੀ ਦਾ ਸ੍ਰੇਸ਼ਟ ਜੱਸ ਸਾਰੇ ਹੀ ਪਸਰ ਗਿਆ। ਹਜ਼ਾਰਾਂ ਸਿੱਖ ਰੋਜ਼ ਆਉਂਦੇ ਹਨ॥ ੫੦॥

*ਤੀਸਰੀ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥ ੫੧॥*

## ਅਧਿਆਇ ਬਵੰਜਵਾਂ

*ਭਾਈ ਪੁਰੀਆ, ਭਾਈ ਚੂਹੜ, ਭਾਈ ਪੈੜਾ ਤੇ ਭਾਈ ਦੁਰਗਾ*

ਦੋਹਰਾ- ਪੁਰੀਆ ਚੂਹੜ ਚੌਧਰੀ ਹੁਤੇ ਗ੍ਰਾਮ ਕੇ ਦੋਇ।
ਸ੍ਰੀ ਅਰਜਨ ਕੋ ਸੁਜਸੁ ਸੁਨਿ ਕਾਂਖੀ ਗਤਿ ਕੇ ਹੋਇ॥ ੧॥

ਭਾਈ ਪੁਰੀਆ ਤੇ ਭਾਈ ਚੂਹੜ ਦੋਵੇਂ ਇਕ ਪਿੰਡ ਦੇ ਚੌਧਰੀ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ੍ਰੇਸ਼ਟ ਜੱਸ ਸੁਣ ਕੇ ਗਤੀ ਦੀ ਅਭਿਲਾਸ਼ਾ ਉਤਪੰਨ ਹੋਈ॥ ੧॥

ਚੌਪਈ- ਸ਼ਰਧਾ ਧਰਿ ਆਏ ਗੁਰਦ੍ਵਾਰੇ। ਕਰ ਜੋਰੇ ਸ਼ੁਭ ਦਰਸੁ ਨਿਹਾਰੇ।
ਪਦ ਅਰਬਿੰਦ ਬੰਦਨਾ ਕਰੀ। ਜਥਾ ਸ਼ਕਤਿ ਭੇਟ ਸੁ ਢਿਗ ਧਰੀ॥ ੨॥

ਸ਼ਰਧਾ ਧਾਰ ਕੇ ਗੁਰੂ ਜੀ ਦੇ ਦੁਆਰ ਤੇ ਆਏ। ਹੱਥ ਜੋੜ ਕੇ ਸ਼ੁਭ ਦਰਸ਼ਨ ਕੀਤੇ। ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਸਮਰੱਥਾ ਅਨੁਸਾਰ ਅੱਗੇ ਭੇਟ ਅਰਪਣ ਕੀਤੀ॥ ੨॥

ਬੈਠੇ ਆਗਜਾ ਪਾਇ ਅਗਾਰੀ। ਹਿਤ ਬੂਝਨ ਅਰਦਾਸ ਉਚਾਰੀ।
'ਸੁਨਹੁ ਗਰੀਬ ਨਿਵਾਜ ਕ੍ਰਿਪਾਲਾ। ਬਿਤਯੋ ਪ੍ਰਤੀਖਤਿ ਹਮ ਚਿਰਕਾਲਾ॥ ੩॥

ਆਗਿਆ ਪਾ ਕੇ ਅੱਗੇ ਬੈਠ ਗਏ ਤੇ ਪੁੱਛਣ ਵਾਸਤੇ ਬੇਨਤੀ ਕੀਤੀ, "ਹੇ ਕ੍ਰਿਪਾਲੂ ਗ਼ਰੀਬ ਨਿਵਾਜ਼! ਸੁਣੋ, ਇੰਤਜ਼ਾਰ ਕਰਦਿਆਂ ਕਾਫੀ ਸਮਾਂ ਬੀਤ ਗਿਆ ਹੈ॥ ੩॥

ਆਵਨਿ ਕੋ ਚਾਹਤਿ ਚਿਤ ਰਹੇ। ਕਾਰਜ ਅਨਿਕ ਪ੍ਰਕਾਰਨਿ ਅਹੇ।
ਹਮ ਪਰ ਅਬਿ ਕਰੁਨਾ ਤੁਮ ਹੋਈ। ਸ਼ਰਨ ਪਰੇ ਸ਼ਰਧਾ ਧਰਿ ਦੋਈ॥ ੪॥

ਆਉਣ ਨੂੰ ਚਿੱਤ ਵਿਚ ਚਾਹੁੰਦੇ ਰਹੇ, ਅਨੇਕਾਂ ਪ੍ਰਕਾਰ ਦੇ ਕੰਮ ਸਨ। ਹੁਣ ਆਪ ਜੀ ਦੀ ਸਾਡੇ ਤੇ ਮਿਹਰ ਹੋਈ ਹੈ, ਅਸੀਂ ਹੁਣ ਦੋਵੇਂ ਸ਼ਰਧਾ ਧਾਰਨ ਕਰਕੇ ਤੁਹਾਡੀ ਸ਼ਰਨ ਵਿਚ ਆਏ ਹਾਂ॥ ੪॥

ਗ੍ਰਾਮ ਚੌਧਰਤਾ ਕਾਰ ਜੁ ਪਾਵੈਂ। ਤਿਨ ਮਹਿਂ ਹਮ ਬਹੁ ਝੂਠ ਕਮਾਵੈਂ।
ਸ੍ਰੀ ਗੁਰ ਜੀ ਕਿਮ ਹੋਇ ਉਧਾਰਾ। ਸੁਨਯੋ ਚਹਤਿ ਉਪਦੇਸ਼ ਤੁਮਾਰਾ'॥ ੫॥

ਜਿਹੜੀ ਪਿੰਡ ਦੀ ਚੌਧਰਤਾ ਦੀ ਕਾਰ ਕਰਦੇ ਹਾਂ, ਉਸ ਵਿਚ ਅਸੀਂ ਬਹੁਤ ਝੂਠ ਕਮਾਉਂਦੇ ਹਾਂ। ਹੇ ਗੁਰੂ ਜੀ! ਸਾਡਾ ਕਿਵੇਂ ਉਧਾਰ ਹੋਵੇਗਾ। ਅਸੀਂ ਤੁਹਾਡਾ ਉਪਦੇਸ਼ ਸੁਣਨਾ ਚਾਹੁੰਦੇ ਹਾਂ"॥ ੫॥

ਸ੍ਰੀ ਅਰਜਨ ਸੁਨਿਕੈ ਸਿਖ ਅਰਜ਼ਨਿ। ਕ੍ਰਿਪਾ ਕਰੀ ਜਿਨ ਕੋ ਜਸੁ ਅਰਜੁਨ।
ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰਾ। 'ਤਜਹੁ ਝੂਠ, ਕ੍ਰੋਧ, ਅਹੰਕਾਰਾ ॥ ੬ ॥

ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦਾ ਜੱਸ ਬੜਾ ਉੱਜਲ ਹੈ, ਆਪਣੇ ਸਿੱਖਾਂ ਦੀਆਂ ਬੇਨਤੀਆਂ ਸੁਣ ਕੇ ਕਿਰਪਾ ਕੀਤੀ। ਆਪਣੇ ਸ਼ੁਭ ਮੁਖ ਤੋਂ ਬਚਨ ਕੀਤਾ, "ਝੂਠ, ਕ੍ਰੋਧ ਅਤੇ ਅਹੰਕਾਰ ਛੱਡ ਦੇਵੋ ॥ ੬ ॥

ਝੂਠ ਸਮਾਨ ਪਾਪ ਨਹਿਂ ਕੋਈ। ਨਹੀਂ ਝੂਠ ਤੇ ਸ਼ੁਭ ਗਤਿ ਹੋਈ।
ਕਲਿ ਕੋ ਕੂਰ ਕਹੈਂ ਅਗਵਾਨੀ। ਕੂਰ ਬਿਕਾਰਨਿ ਕੀ ਰਜਧਾਨੀ ॥ ੭ ॥

ਝੂਠ ਬਰਾਬਰ ਕੋਈ ਪਾਪ ਨਹੀਂ ਹੈ। ਝੂਠ ਬੋਲਣ ਨਾਲ ਸ਼ੁਭ ਗਤੀ ਪ੍ਰਾਪਤ ਨਹੀਂ ਹੁੰਦੀ। ਕਲਿਜੁਗ ਵਿਚ ਝੂਠ ਨੂੰ ਆਗੂ ਕਹਿੰਦੇ ਹਨ। ਝੂਠ ਵਿਕਾਰਾਂ ਦੀ ਰਾਜਧਾਨੀ ਹੈ ॥ ੭ ॥

ਜੋ ਕਰਿ ਨੇਮ ਕੂਰ ਨਹਿਂ ਕਹੈਂ। ਤਿਨ ਕੋ ਮੁਕਤਿ ਸੁਗਮ ਹੀ ਅਹੈ।
ਭੂਲ ਨ ਕੂਰ ਭਨੇ ਗੁਰ ਸਿੱਖ। ਕਸ਼ਟ ਸਹਤ ਨਹਿਂ ਭਵਹਿ ਭਵਿੱਖ' ॥ ੮ ॥

ਜਿਹੜੇ ਨੇਮ ਨਾਲ ਝੂਠ ਨਹੀਂ ਬੋਲਦੇ ਹਨ, ਉਹ ਸੌਖੇ ਹੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਗੁਰਸਿੱਖ ਭੁੱਲ ਕੇ ਵੀ ਝੂਠ ਨਾ ਬੋਲੇ। ਉਹ ਫਿਰ ਭਵਿੱਖ ਵਿਚ ਦੁਖੀ ਨਹੀਂ ਹੁੰਦਾ" ॥ ੮ ॥

ਗੁਰ ਤੇ ਸੁਨਿ ਪੁਰੀਆ ਪੁਨ ਭਨੈ। 'ਕੂਰ ਬਿਨਾ ਨਹਿਂ ਚੌਧਰ ਬਨੈ।
ਝੂਠ ਬਿਨਾ ਨ ਹੋਇ ਗੁਜ਼ਰਾਨ। ਝਗਰੇ ਪਰਹਿਂ ਅਨਿਕ ਹੀ ਆਨਿ' ॥ ੯ ॥

ਗੁਰੂ ਜੀ ਪਾਸੋਂ ਸੁਣ ਕੇ ਫਿਰ ਪੁਰੀਆ ਬੋਲਿਆ, "ਝੂਠ ਤੋਂ ਬਗੈਰ ਚੌਧਰ ਨਹੀਂ ਚਲਦੀ। ਝੂਠ ਬਗੈਰ ਗੁਜ਼ਾਰਾ ਨਹੀਂ ਹੁੰਦਾ। ਅਨੇਕਾਂ ਝਗੜੇ ਆ ਪੈਣਗੇ" ॥ ੯ ॥

ਸ੍ਰੀ ਅਰਜਨ ਸੁਨਿ ਤਬਹਿ ਕ੍ਰਿਪਾਲਾ। ਕਹਯੋ 'ਕਰਹੁ ਨਿਜ ਪੁਰਿ ਧ੍ਰਮਸਾਲਾ।
ਕਥਾ ਕੀਰਤਨ ਰੀਤਿ ਚਲਾਓ। ਗੁਰ ਕੋ ਸ਼ਬਦ ਸੁਨਹੁ ਅਰੁ ਗਾਓ ॥ ੧੦ ॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਕ੍ਰਿਪਾਲੂ ਨੇ ਕਿਹਾ, "ਆਪਣੇ ਨਗਰ ਵਿਚ ਧਰਮਸ਼ਾਲਾ ਬਣਾਓ ਅਤੇ ਕਥਾ ਕੀਰਤਨ ਦੀ ਰੀਤੀ ਚਲਾਉ। ਗੁਰੂ ਦਾ ਸ਼ਬਦ ਸੁਣੋ.ਅਤੇ ਗਾਇਣ ਕਰੋ ॥ ੧੦ ॥

ਦੋਨਹੁ ਸਮੈਂ ਜਾਹੁ ਤਿਸ ਥਾਨ। ਚਤੁਰ ਚਤੁਰ ਘਟਿਕਾ ਹਿਤ ਠਾਨਿ।
ਗੁਰਬਾਨੀ ਕੀ ਕਥਾ ਸੁਨੀਜੈ। ਇਕ ਚਿਤ ਹੁਇ ਕਰਿ ਪ੍ਰੇਮ ਰਖੀਜੈ ॥ ੧੧ ॥

ਦੋਵੇਂ ਸਮੇਂ ਉਥੇ ਜਾਵੋ ਅਤੇ ਚਾਰ-ਚਾਰ ਘੜੀਆਂ ਪ੍ਰੇਮ ਕਰਕੇ ਠਹਿਰੋ। ਗੁਰਬਾਣੀ ਦੀ ਕਥਾ ਸੁਣੋ ਅਤੇ ਇਕ ਚਿੱਤ ਹੋ ਕੇ ਪ੍ਰੇਮ ਰੱਖੋ ॥ ੧੧ ॥

ਸਗਰੇ ਦਿਨ ਜੋ ਝੂਠ ਕਮਾਓ। ਧਰਮਸਾਲ ਮਹਿਂ ਆਨਿ ਲਿਖਾਓ।
ਏਕ ਮਾਸ ਲਗ ਕਾਗਦ ਸਾਰੇ। ਕਰਹੁ ਇਕੱਤ੍ਰ ਭਲੇ ਨਿਰਧਾਰੇ ॥ ੧੨ ॥

ਸਾਰੇ ਦਿਨ ਜਿਹੜਾ ਝੂਠ ਕਮਾਉਂਦੇ ਹੋ, ਧਰਮਸ਼ਾਲਾ ਵਿਚ ਆ ਕੇ ਲਿਖਾਓ। ਇਕ ਮਹੀਨੇ ਤਕ ਸਾਰੇ ਕਾਗਜ਼ਾਂ ਨੂੰ ਇਕੱਠਿਆਂ ਕਰੋ ਤੇ ਭਲੇ ਢੰਗ ਨਾਲ ਉਸ ਤੇ ਵਿਚਾਰ ਕਰਕੇ ਨਿਰਧਾਰਿਤ ਕਰੋ ॥ ੧੨ ॥

ਜਬਹੁ ਅਮੱਸਜਾ ਕੋ ਤੁਮ ਆਵੋ। ਸੋ ਕਾਗਦ ਅਪਨੇ ਸੰਗ ਲਜਾਵੋ।
ਝੂਠ ਮਹੀਨੇ ਬੋਲਹੁ ਜੇਤੇ। ਹਮਹਿ ਸੁਨਾਵਹੁ ਮਿਲਿ ਕਰਿ ਤੇਤੇ ॥ ੧੩ ॥

ਜਦੋਂ ਮੱਸਿਆ ਨੂੰ ਤੁਸੀਂ ਆਵੋ ਤਾਂ ਉਹ ਕਾਗਜ਼ ਆਪਣੇ ਨਾਲ ਲਿਆਵੋ। ਮਹੀਨੇ ਵਿਚ ਜਿੰਨੇ ਵੀ ਝੂਠ ਬੋਲੇ ਹਨ, ਉਹ ਸਾਰੇ ਮਿਲ ਕੇ ਸੁਣਾਵੋ ॥ ੧੩ ॥

ਕਰਹੁ ਪੁੰਨ ਸੋ ਭੀ ਲਿਖਿ ਕਰਿਕੈ। ਆਨਿ ਸੁਨਾਵਹੁ ਸਕਲ ਉਚਰਿਕੈ'।
ਸੁਨਿ ਉਪਦੇਸ਼ ਨਮੋ ਕਰਿ ਗੁਰ ਕੋ। ਕਿਤਿਕ ਦਿਵਸ ਮਹਿਂ ਗਮਨੇ ਪੁਰਿ ਕੋ ॥੧੪॥

ਜਿਹੜੇ ਪੁੰਨ ਕਰੋ ਸੋ ਵੀ ਲਿਖ ਲਵੋ, ਉਹ ਵੀ ਸਾਰੇ ਆ ਕੇ ਕਹਿ ਕੇ ਸੁਣਾਵੋ।" ਇਹ ਉਪਦੇਸ਼ ਸੁਣ ਕੇ ਤੇ ਗੁਰੂ ਜੀ ਨੂੰ ਨਮਸਕਾਰ ਕਰਕੇ, ਕੁਝ ਦਿਨ ਰਹਿਕੇ ਆਪਣੇ ਨਗਰ ਵਿਚ ਚਲੇ ਗਏ॥ ੧੪॥

ਜਿਮ ਗੁਰ ਕਹ੍ਯੋ ਰਚੀ ਧ੍ਰਮਸਾਲ। ਕਥਾ ਕੀਰਤਨ ਹੁਇ ਜੁਗਕਾਲ।
ਕਹ੍ਯੋ ਝੂਠ ਸੋ ਕਰਹਿਂ ਲਿਖਾਵਨਿ। ਸਤਿ ਸੰਗਤਿ ਮਹਿਂ ਹੁਇ ਸ਼ਰਮਾਵਨਿ ॥੧੫॥

ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਤਰ੍ਹਾਂ ਧਰਮਸ਼ਾਲਾ ਬਣਾਈ ਅਤੇ ਦੋਵੇਂ ਸਮੇਂ ਕੀਰਤਨ ਹੁੰਦਾ ਸੀ। ਜੋ ਵੀ ਝੂਠ ਬੋਲਦੇ ਸਨ, ਉਹ ਧਰਮਸ਼ਾਲਾ ਵਿਚ ਜਾ ਕੇ ਲਿਖਾ ਦਿੰਦੇ ਸਨ ਅਤੇ ਸਤਿਸੰਗਤ ਵਿਚ ਸ਼ਰਮਸਾਰ ਹੁੰਦੇ ਸਨ॥ ੧੫॥

ਪੁਨ ਜਬਿ ਕੂਰ ਬੋਲਿਬੇ ਲਗੈਂ। ਰਿਦੇ ਬਿਚਾਰਹਿਂ ਕਹਾ ਕਹਿਂ ਅਗੈ।
ਕਬਿ ਹਟ ਜਾਇਂ ਕਬਹਿ ਕਹਿਂ ਕੂਰ। ਪੁਨ ਚਲਿ ਆਵਹਿਂ ਗੁਰੂ ਹਜ਼ੂਰ ॥੧੬॥

ਫਿਰ ਜਦ ਝੂਠ ਬੋਲਣ ਲੱਗਦੇ ਸਨ ਤਾਂ ਹਿਰਦੇ ਵਿਚ ਵਿਚਾਰ ਕਰਦੇ ਸਨ ਕਿ ਅੱਗੇ ਕੀ ਕਹੀਏ। ਕਦੀ ਹੱਟ ਜਾਂਦੇ ਸਨ ਅਤੇ ਕਦੀ ਝੂਠ ਬੋਲ ਦਿੰਦੇ ਸਨ, ਫਿਰ ਚਲ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਆ ਗਏ॥ ੧੬॥

ਲਗਹਿਂ ਸੁਨਾਵਨਿ ਲੱਜਿਤ ਹੋਇ। ਤਊ ਹੁਕਮ ਬਸਿ ਗੁਰ ਕੇ ਦੋਇ।
ਸਭਿ ਕਾਗਦ ਕੋ ਦੇਹਿਂ ਸੁਨਾਇ। ਪੀਛੇ ਰਹੈਂ ਅਧਿਕ ਪਛੁਤਾਇ॥ ੧੭॥

ਸ਼ਰਮਸਾਰ ਹੋ ਕੇ ਸੁਣਾਉਣ ਲੱਗੇ, ਦੋਵੇਂ ਗੁਰੂ ਜੀ ਦੇ ਹੁਕਮ ਦੇ ਵੱਸ ਵਿਚ ਸਨ। ਕਾਗਜ਼ ਉਤੇ ਜੋ ਵੀ ਲਿਖਿਆ ਸੀ ਸਾਰਾ ਸੁਣਾ ਦਿੱਤਾ, ਬਾਅਦ ਵਿਚ ਬਹੁਤ ਪਛੁਤਾਏ॥ ੧੭॥

ਖਸ਼ਟ ਮਹੀਨੇ ਬੀਤੇ ਜਬੈ। ਤਜਾਗ੍ਯੋ ਗਯੋ ਝੂਠ ਤਬਿ ਸਭੈ।
ਇਕ ਤੋ ਨਰਨਿ ਬਿਖੈ ਬਡਿਆਈ। ਸਭਾ ਮਝਾਰ ਗੁਰੂ ਅਗੁਵਾਈ॥ ੧੮॥

ਜਦ ਛੇ ਮਹੀਨੇ ਬੀਤ ਗਏ ਤਾਂ ਸਾਰਾ ਝੂਠ ਛੱਡਿਆ ਗਿਆ। ਇਕ ਤਾਂ ਮਨੁੱਖਾਂ ਵਿਚ ਉਨ੍ਹਾਂ ਦੀ ਵਡਿਆਈ ਵੱਧ ਗਈ। ਗੁਰੂ ਦੀ ਸਭਾ ਵਿਚ ਗੁਰੂ ਜੀ ਦੇ ਅੱਗੇ॥ ੧੮॥

ਲੱਜਿਤ ਹੋਇ ਬਿਸੂਰਨਿ ਫੇਰ। ਯਾਂਤੇ ਤਜਾਗ ਦੀਨਿ ਇਕ ਬੇਰ।
ਭਲੇ ਕਰਮ ਕਰਿਬੇ ਰੁਚਿ ਜਾਗੀ। ਗੁਰ ਉਪਦੇਸ਼ ਨਾਮ ਲਿਵਲਾਗੀ॥ ੧੯॥

ਦੁਬਾਰਾ ਸ਼ਰਮਿੰਦੇ ਨਾ ਹੋਈਏ, ਇਸ ਕਰਕੇ ਇਕ ਵਾਰ ਝੂਠ ਬੋਲਣਾ ਛੱਡ ਦਿੱਤਾ। ਭਲੇ ਕੰਮ ਕਰਨ ਵਿਚ ਰੁਚੀ ਲੱਗ ਗਈ। ਗੁਰੂ ਉਪਦੇਸ਼ ਅਤੇ ਨਾਮ ਨਾਲ ਲਿਵ ਲੱਗ ਗਈ॥ ੧੯॥

ਨੀਕੇ ਪੰਥ ਪਰੇ ਬੁਧਿ ਆਈ। ਪ੍ਰਭੁ ਡਰ ਤੇ ਤਜਾਗੀ ਬੁਰਿਆਈ।
ਸਤਿ ਸੰਗਤਿ ਮਿਲਿ ਜਨਮ ਸੁਧਾਰੇਂ। ਥਿਰਹਿਂ ਬਹੁਤ ਸਤਿਗੁਰ ਕੇ ਦ੍ਵਾਰੇ ॥੨੦॥

ਭਲੇ ਰਸਤੇ ਪੈ ਗਏ ਤਾਂ ਬੁੱਧੀ ਆ ਗਈ, ਪ੍ਰਭੂ ਦਾ ਡਰ ਕਰਕੇ ਬੁਰਿਆਈ ਛੱਡ ਦਿੱਤੀ। ਸਤਿਸੰਗਤ ਵਿਚ ਮਿਲ ਕੇ ਜਨਮ ਸੁਧਾਰਦੇ ਸਨ ਅਤੇ ਸਤਿਗੁਰੂ ਦੇ ਦਵਾਰੇ ਬਹੁਤ ਦੇਰ ਤਕ ਰਹਿੰਦੇ ਸਨ॥ ੨੦॥

ਸੇਵਾ ਬਿਖੈ ਲਗੇ ਕਰਿ ਪ੍ਰੇਮ। ਪ੍ਰਾਪਤਿ ਭਈ ਅੰਤ ਕੋ ਛੇਮ।
ਇਕ ਪੈੜਾ ਪੁਨ ਦੁਰਗਾ ਆਯੋ। ਸ੍ਰੀ ਅਰਜਨ ਕੋ ਸੀਸ ਨਿਵਾਯੋ॥ ੨੧॥

ਸੇਵਾ ਵਿਚ ਪ੍ਰੇਮ ਨਾਲ ਲੱਗ ਜਾਂਦੇ ਸਨ, ਅੰਤ ਮੁਕਤੀ ਪ੍ਰਾਪਤ ਹੋ ਗਈ। ਇਕ ਵਾਰ ਭਾਈ ਪੈੜਾ ਅਤੇ ਭਾਈ ਦੁਰਗਾ ਗੁਰੂ ਜੀ ਪਾਸ ਆਏ। ਦੋਵਾਂ ਨੇ ਆ ਕੇ ਗੁਰੂ ਜੀ ਅਗੇ ਸੀਸ ਨਿਵਾਏ॥ ੨੧॥

Sri Satguru Jagjit Singh Ji eLlibrary NamdhariElibrary@gmail.com

ਬੈਠੇ ਸਨਮੁਖ ਅਰਜ਼ ਗੁਜ਼ਾਰੀ। 'ਕਰਹੁ ਪ੍ਰਭੂ ਕੱਲਜਾਨ ਹਮਾਰੀ।
ਸਿੱਖ ਹਜ਼ਾਰੋਂ ਸੇਵ ਕਮਾਈ। ਹਮਨੇ ਸੁਨੀ ਪਰਮਗਤਿ ਪਾਈ॥ ੨੨॥

ਸਾਹਮਣੇ ਬੈਠ ਕੇ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸਾਡਾ ਕਲਿਆਣ ਕਰੋ। ਹਜ਼ਾਰਾਂ ਸਿੱਖਾਂ ਨੇ ਸੇਵਾ ਕਰਕੇ ਪਰਮਗਤੀ ਪਾਈ ਹੈ॥ ੨੨॥

ਜਿਸ ਬਿਧਿ ਹਮਰੇ ਮਿਟਹਿਂ ਕਲੇਸ਼। ਸ੍ਰੀ ਮੁਖ ਤੇ ਕੀਜਹਿ ਉਪਦੇਸ਼'।
ਉਰ ਸ਼ਰਧਾ ਤਿਨ ਕੇ ਦਿਢ ਜਾਨੀ। ਸਤਿਗੁਰ ਗਤਿ ਦਾ ਗਿਰਾ ਬਖਾਨੀ॥੨੩॥

ਜਿਸ ਵਿਧੀ ਨਾਲ ਸਾਡੇ ਕਲੇਸ਼ ਮਿੱਟ ਜਾਣ, ਹੇ ਗੁਰੂ ਜੀ! ਆਪਣੇ ਮੁਖ ਨਾਲ ਉਪਦੇਸ਼ ਕਰੋ।" ਗੁਰੂ ਜੀ ਨੇ ਜਦ ਦ੍ਰਿੜ ਸ਼ਰਧਾ ਵੇਖੀ ਤਾਂ ਉਨ੍ਹਾਂ ਗਤੀਦਾਇਕ ਬਚਨ ਕਹੇ॥ ੨੩॥

'ਪੂਰਬ ਜਨਮ ਦਾਨ ਜਿਨ ਕੀਨੇ। ਤਨ ਧਰਿ ਤਿਨਹੁਂ ਪਦਾਰਥ ਲੀਨੇ।
ਦੇਹ ਅਰੋਗ, ਸੁਸ਼ੀਲਾ ਨਾਰੀ। ਪੁੱਤ੍ਰ ਉਪੰਨਹਿ ਆਇਸੁ ਕਾਰੀ॥ ੨੪॥

"ਪਿਛਲੇ ਜਨਮ ਵਿਚ ਜਿਸ ਨੇ ਦਾਨ ਦਿੱਤੇ ਸਨ, ਤਨ ਧਾਰ ਕੇ ਉਨ੍ਹਾਂ ਨੇ ਪਦਾਰਥ ਲੈ ਲਏ। ਉਨ੍ਹਾਂ ਦੀ ਦੇਹ ਅਰੋਗ ਰਹਿੰਦੀ ਹੈ ਅਤੇ ਉਨ੍ਹਾਂ ਨੂੰ ਸੁਸ਼ੀਲ ਪਤਨੀ ਮਿਲਦੀ ਹੈ ਅਤੇ ਆਗਿਆਕਾਰੀ ਪੁੱਤਰ ਪੈਦਾ ਹੁੰਦੇ ਹਨ॥ ੨੪॥

ਪਸੁ ਮਹਿਖੀ ਧੇਨੂ ਸਮੁਦਾਏ। ਦਰਬ ਅੰਨ ਸਭਿ ਸੁਖ ਜੁਤ ਪਾਏ।
ਫਲ ਪੂਰਬਲੇ ਪੁੰਨਨਿ ਕੇਰਾ। ਜਨਮ ਧਾਰਿ ਭੋਗਹਿਂ ਇਸ ਬੇਰਾ॥ ੨੫॥

ਪਸ਼ੂ ਮੱਝਾਂ, ਗਊਆਂ, ਧਨ, ਅੰਨ ਸਭ ਕੁਝ ਸੁਖ ਨਾਲ ਪ੍ਰਾਪਤ ਕਰਦਾ ਹੈ। ਪਿਛਲੇ ਜਨਮ ਦੇ ਪੁੰਨਾਂ ਕਰਕੇ, ਜਨਮ ਧਾਰ ਕੇ ਇਸ ਵਾਰ ਸੁਖ ਭੋਗਦਾ ਹੈ॥ ੨੫॥

ਜੋ ਨਰ ਗੁਰਮੁਖ ਪਾਇ ਪਦਾਰਥ। ਜਨਮ ਸਹਤ ਨਿਜ ਕਰਹਿਂ ਸਕਾਰਥ।
ਜਹਿਂ ਸਤਿਸੰਗਤਿ ਕੋ ਹੁਇ ਮੇਲਿ। ਕਥਾ ਕੀਰਤਨ ਕੋ ਰਸੁ ਭੇਲ॥ ੨੬॥

ਜੋ ਗੁਰਮੁਖ ਮਨੁੱਖ ਪਦਾਰਥ ਪਾਉਂਦਾ ਹੈ, ਉਹ ਜਨਮ ਸਹਿਤ ਨਿਜ ਨੂੰ ਸਕਾਰਥ ਕਰ ਲੈਂਦਾ ਹੈ। ਜਿਥੇ ਸਤਿਸੰਗਤ ਦਾ ਮੇਲ ਹੋਵੇ ਅਤੇ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਹੋਵੇ॥ ੨੬॥

ਤਿਨ ਕਹੁ ਭੋਜਨ ਚਾਰ ਪ੍ਰਕਾਰਾ। ਸ੍ਵਾਦ, ਸਨਿਗਧ, ਮਧੁਰ, ਰਸਵਾਰਾ।
ਪੰਕਤਿ ਮਹਿਂ ਕਰ ਸੋ ਬਰਤਾਇ। ਮੁਦਤ ਹੋਇ ਸਾਦਰ ਅਚਵਾਇ॥ ੨੭॥

ਉਨ੍ਹਾਂ ਨੂੰ ਚਾਰ ਪ੍ਰਕਾਰ ਦੇ ਭੋਜਨ ਖਵਾਓ, ਜਿਹੜੇ ਸਵਾਦੀ, ਥਿੰਦੇ, ਮਿੱਠੇ ਅਤੇ ਰਸਾਂ ਵਾਲੇ ਹੋਣ। ਪੰਗਤ ਵਿਚ ਬੈਠ ਕੇ ਵਰਤਾਓ। ਖੁਸ਼ ਹੋ ਕੇ ਬੜੇ ਆਦਰ ਨਾਲ ਖਵਾਓ॥ ੨੭॥

ਮ੍ਰਿਦੁਲ ਗਿਰਾ ਕਹਿ ਬਾਰੰਬਾਰਾ। ਤ੍ਰਿਪਤਾਵਹੁ ਦੇ ਭਲੇ ਅਹਾਰਾ।
ਕਰ ਅਰੁ ਚਰਨ ਪਖਾਰਿ ਬਿਠਾਵੈ। ਘਾਮ ਸ੍ਵੇਦ ਤੇ ਬਾਯੁ ਝੁਲਾਵੈ॥ ੨੮॥

ਬਾਰ-ਬਾਰ ਮਿੱਠੇ ਬਚਨ ਬੋਲੋ, ਚੰਗਾ ਭੋਜਨ ਦੇ ਕੇ ਤ੍ਰਿਪਤ ਕਰੋ, ਹੱਥ ਪੈਰ ਧੁਵਾ ਕੇ ਬਿਠਾਵੋ। ਧੁੱਪ ਅਤੇ ਮੁੜ੍ਹਕਾ ਹੋਣ ਤੇ ਪੱਖਾ ਝੱਲੋ॥ ੨੮॥

ਜਬਿ ਲੌ ਧਨੰ ਚਲਿ ਆਇ ਵਧੇਰੇ। ਨਿਤ ਤ੍ਰਿਪਤਾਵੈ ਸੰਤ ਘਨੇਰੇ।
ਪਾਛਲ ਬਚੰਜੋ ਅਹਾਰ ਸੁ ਖਾਵੈ। ਮਹਾਂਪੁਨੀਤ ਪੁਨੀਤ ਬਨਾਵੈ॥ ੨੯॥

ਜਦ ਤਕ ਧਨ ਵਧੇਰੇ ਚਲ ਕੇ ਆਵੇ ਤਦ ਤਕ ਨਿਤ ਸੰਤਾਂ ਨੂੰ ਭੋਜਨ ਛਕਾ ਕੇ ਤ੍ਰਿਪਤ ਕਰੋ। ਬਾਅਦ ਵਿਚ ਬਚਿਆ ਹੋਇਆ ਭੋਜਨ ਆਪ ਖਾਵੇ, ਪਵਿੱਤਰ ਨੂੰ ਮਹਾਂ ਪਵਿੱਤਰ ਬਣਾ ਦਿੰਦਾ ਹੈ॥ ੨੯॥

ਗਨ ਪਾਤਕ ਕੋ ਘਾਤਕ ਹੋਇ। ਪੁੰਨ ਬਿਸਾਲ ਬਧਾਵੈ ਸੋਇ।
ਇਸ ਬਿਧਿ ਜੇ ਨਿਤ ਨਹਿਂ ਬਨਿ ਆਵੈ। ਤੌ ਦਿਨ ਪੁਰਬ ਮਾਸ ਮਹਿਂ ਪਾਵੈ ॥੩੦॥

ਸਮੂਹ ਪਾਪਾਂ ਦਾ ਨਾਸ਼ ਹੋ ਜਾਵੇਗਾ, ਵਿਸ਼ਾਲ ਪੁੰਨਾਂ ਨੂੰ ਵਧਾਉਂਦੇ ਹਨ। ਇਸ ਵਿਧੀ ਅਨੁਸਾਰ ਜੇ ਨਿਤ ਨਾ ਹੋ ਸਕੇ ਤਾਂ ਮਹੀਨੇ ਵਿਚ ਜਿਹੜੇ ਤਿਉਹਾਰ ਵਾਲੇ ਦਿਨ ਆਉਂਦੇ ਹਨ॥ ੩੦॥

ਪੂਰਣਮਾਸਿ, ਦਰਸ, ਸੰਕ੍ਰਾਂਤਿ। ਇੱਤਜਾਦਿਕ ਜੇ ਨਾਨਾ ਭਾਂਤਿ।
ਗੁਰ ਸਿੱਖਨਿ ਕੋ ਕਰਹਿ ਅਹਾਰੇ। ਪਠਹਿਂ ਚੁਰੇ ਜਬਿ ਪਾਨ ਪਖਾਰੇ॥ ੩੧॥

ਜਿਵੇਂ ਪੂਰਨਮਾਸ਼ੀ, ਮੌਸਿਆ, ਸੰਗ੍ਰਾਂਦ ਆਦਿ ਜਿਹੜੇ ਕਈ ਪ੍ਰਕਾਰ ਦੇ ਹਨ, ਇਨ੍ਹਾਂ ਦਿਨਾਂ ਵਿਚ ਗੁਰਸਿੱਖਾਂ ਨੂੰ ਭੋਜਨ ਛਕਾਵੋ। ਜਦ ਹੱਥ ਧੋਣ ਜਾਂ ਚੁਲਾ ਕਰਨ ਜਾਣ॥ ੩੧॥

ਤਬਿ ਸਤਿਗੁਰ ਕੋ ਧਾਰਹਿ ਧਜਾਨ। ਬਿਨੈ ਬਖਾਨਹਿ ਬਨਿ ਬਿਨ ਮਾਨ।
ਕਰ ਜੋਰੈ ਉਰ ਮਹਿਂ ਇਮ ਕਹੈ। 'ਇਹ ਪ੍ਰਸਾਦਿ ਪ੍ਰਭੁ ਤੇਰੋ ਅਹੈ' ॥ ੩੨॥

ਤਦ ਸਤਿਗੁਰੂ ਦਾ ਧਿਆਨ ਧਾਰਨ ਕਰਕੇ ਅਹੰਕਾਰ ਰਹਿਤ ਹੋ ਕੇ ਬੇਨਤੀ ਕਰੋ। ਹੱਥ ਜੋੜ ਕੇ ਹਿਰਦੇ ਵਿਚ ਇਸ ਤਰ੍ਹਾਂ ਕਹੋ "ਇਹ ਪ੍ਰਸ਼ਾਦਿ ਪ੍ਰਭੂ ਤੇਰਾ ਹੀ ਦਿੱਤਾ ਹੈ"॥ ੩੨॥

ਸਭਿ ਸਿੱਖਨ ਕੋ ਬੰਦਨ ਕਰੈ। 'ਅਚਜੋ ਗੁਰਨਿ' ਇਮ ਸ਼ਰਧਾ ਧਰੈ।
ਪਰਬ ਸਰਬ ਜੇ ਮਾਸ ਮਝਾਰ। ਨਹਿਂ ਬਨਿ ਅਵਹਿ ਦੇਨਿ ਅਹਾਰ॥ ੩੩॥

ਸਭ ਸਿੱਖਾਂ ਨੂੰ ਬੰਦਨਾ ਕਰੋ, "ਇਹ ਸਤਿਗੁਰਾਂ ਨੇ ਹੀ ਪ੍ਰਸਾਦਿ ਛਕਿਆ ਹੈ", ਇਸ ਤਰ੍ਹਾਂ ਸ਼ਰਧਾ ਧਾਰਨ ਕਰੋ। ਮਹੀਨੇ ਵਿਚ ਜਿੰਨੇ ਵੀ ਤਿਉਹਾਰ ਆਉਂਦੇ ਹਨ, ਜੇ ਇਨ੍ਹਾਂ ਦਿਨਾਂ ਵਿਚ ਭੋਜਨ ਖਵਾਉਣ ਦੀ ਸਮਰੱਥਾ ਨਾ ਹੋਵੇ॥ ੩੩॥

ਦਰਸ ਕਿਧੌਂ ਸੰਕ੍ਰਾਂਤਿ ਸੁ ਦਿਨ ਮੈਂ। ਤ੍ਰਿਪਤਾਵਹਿ ਗੁਰ ਸਿੱਖ ਸਦਨ ਮੈ।
ਬਹੁਰ ਵਸਤ੍ਰ ਆਛੇ ਬਨਿਵਾਵੈ। ਸੰਤ ਕਿ ਸਿੱਖ ਕਸ਼ਟ ਕੋ ਪਾਵੈ॥ ੩੪॥

ਮੌਸਿਆ ਜਾਂ ਸੰਗ੍ਰਾਂਦ ਵਾਲੇ ਦਿਨ ਗੁਰਸਿੱਖਾਂ ਨੂੰ ਘਰ ਵਿਚ ਬੁਲਾ ਕੇ ਭੋਜਨ ਛਕਾ ਕੇ ਤ੍ਰਿਪਤ ਕਰੋ। ਫਿਰ ਚੰਗੇ ਕਪੜੇ ਬਣਾਵੋ ਤੇ ਸੰਤ ਜਾਂ ਸਿੱਖ ਜਿਸ ਨੂੰ ਵੀ ਦੁਖੀ ਵੇਖੋ॥ ੩੪॥

ਸੀਤਕਾਲ ਮਹਿਂ ਕਰਿ ਪਹਿਰਾਇ। ਲੇਫ ਨਿਹਾਲੀ ਤੂਲ ਡਲਾਇ।
ਕੈ ਕੰਬਰ ਦੇ ਹੇਰਿ ਨਗਨ ਕੋ। ਛਾਦਨਿ ਕਰਹਿ ਗ਼ਰੀਬਨਿ ਤਨ ਕੋ॥ ੩੫॥

ਠੰਡ ਦੇ ਮੌਸਮ ਵਿਚ ਵਸਤਰ ਪਹਿਨਾਵੋ। ਰੂੰ ਪਾ ਕੇ ਲੇਫ ਤਿਲਾਈ ਤਿਆਰ ਕਰਵਾਓ ਅਤੇ ਨੰਗੇ ਵੇਖ ਕੇ ਕੰਬਲ ਦੇਵੋ, ਗਰੀਬਾਂ ਦੇ ਤਨ ਨੂੰ ਢੱਕੋ॥ ੩੫॥

ਕਰਨਿ ਦਾਨ ਇਸ ਬਿਧਿ ਕੇ ਦੋਇ। ਸਰਬ ਕਰੈ ਇਹ ਅਤਿ ਹਿਤ ਹੋਇ।
ਜਥਾ ਸ਼ਕਤਿ ਇਹ ਸਭਿ ਕੇ ਜੋਗ। ਗ੍ਰਿਹਸਤ ਧਰਮ ਧਾਰਜੋ ਜਿਸ ਲੋਗ॥ ੩੬॥

ਇਸ ਪ੍ਰਕਾਰ ਅੰਨ ਅਤੇ ਵਸਤਰ ਦੇ ਇਹ ਦੋਵੇਂ ਦਾਨ ਕਰੋ, ਸਾਰੇ ਹੀ ਬੜੇ ਹਿਤ ਦੇ ਨਾਲ ਦਾਨ ਕਰਨ। ਆਪਣੀ ਸਮਰੱਥਾ ਅਨੁਸਾਰ ਦਾਨ ਕਰਨਾ ਸਾਰਿਆਂ ਦੇ ਯੋਗ ਹੈ, ਜਿਨ੍ਹਾਂ ਲੋਕਾਂ ਨੇ ਵੀ ਗ੍ਰਹਿਸਤ ਧਰਮ ਧਾਰਨ ਕੀਤਾ ਹੈ॥ ੩੬॥

ਬਚਨ ਕਹਜੋ ਸ਼੍ਰੀ ਨਾਨਕ ਧੀਰ। 'ਪੁੰਨ ਦਾਨ ਕਾ ਕਰੈ ਸਰੀਰ।
ਸੋ ਗਿਰਹੀ ਗੰਗਾ ਕਾ ਨੀਰ'। ਧਰਮ ਗ੍ਰਿਹਸਤ ਕੋ ਦਾਨ ਗਹੀਰ॥ ੩੭॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕਹੇ ਹਨ, "ਜਿਹੜਾ ਕੋਈ ਆਪਣੇ ਸਰੀਰ ਨਾਲ ਜਿੰਨਾ ਵੀ ਉਹ ਕਰ ਸਕਦਾ ਹੈ ਦਾਨ ਵਿਚ ਦਿੰਦਾ ਹੈ, ਉਹ ਗ੍ਰਹਿਸਤੀ ਗੰਗਾ ਦੇ ਪਾਣੀ ਵਾਂਗ ਪਵਿੱਤਰ ਹੈ।" ਗ੍ਰਹਿਸਤੀ ਦਾ ਦਾਨ ਕਰਨਾ ਹੀ ਵੱਡਾ ਧਰਮ ਹੈ॥ ੩੭॥

ਜਜੋਂ ਕਜੋਂ ਕਰਿ ਦਿਨ ਰੈਨ ਮਝਾਰਾ। ਬਸਤ੍ਰ ਨਗਨ ਕੋ, ਛੁਧਤਿ ਅਹਾਰਾ।
ਪੁੰਨ ਅਪਰ ਬਹੁ ਬਿਧਿ ਕੇ ਅਹੈਂ। ਤਊ ਨ ਸਮਤਾ ਇਸ ਕੀ ਲਹੈਂ॥ ੩੮॥

ਜਿਵੇਂ ਕਿਵੇਂ ਦਿਨ ਰਾਤ ਵਿਚ ਕਮਾਈ ਕਰਕੇ ਨੰਗੇ ਨੂੰ ਵਸਤਰ ਦੇਵੇ ਅਤੇ ਭੁੱਖੇ ਨੂੰ ਭੋਜਨ ਖਵਾਏ। ਪੁੰਨ ਹੋਰ ਕਈ ਪ੍ਰਕਾਰ ਦੇ ਹਨ। ਫਿਰ ਵੀ ਇਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ॥ ੩੮॥

ਦਾਨ ਸ਼ਾਂਤਕੀ ਇਹ ਸੁਖਦਾਈ। ਭਗਤਿ ਉਪਾਵਹਿ, ਕਸ਼ਟ ਮਿਟਾਈ।
ਇਮ ਸਤਿਗੁਰ ਉਚਰਜੋ ਉਪਦੇਸ਼। ਪੈੜੇ ਦੁਰਗੇ ਸੁਨਜੋ ਅਸ਼ੇਸ਼॥ ੩੯॥

ਇਹ ਸ਼ਾਂਤਕੀ ਦਾਨ ਬੜਾ ਸੁਖਦਾਈ ਹੈ, ਭਗਤੀ ਪੈਦਾ ਕਰਦਾ ਹੈ ਅਤੇ ਸਾਰੇ ਕਸ਼ਟ ਦੂਰ ਹੁੰਦੇ ਹਨ।" ਇਸ ਤਰ੍ਹਾਂ ਸਤਿਗੁਰੂ ਨੇ ਉਪਦੇਸ਼ ਦਿੱਤਾ। ਭਾਈ ਪੈੜੇ ਅਤੇ ਭਾਈ ਦੁਰਗੇ ਨੇ ਸਾਰਾ ਸੁਣਿਆ॥ ੩੯॥

ਬੰਦਨ ਕੀਨਿ ਸਦਨ ਕੋ ਗਏ। ਗੁਰ ਕੋ ਕਹਜੋ ਕਮਾਵਤਿ ਭਏ।
ਬਹੁ ਸਿਖ ਆਵੈਂ, ਦੇਹਿਂ ਅਹਾਰਾ। ਸਾਦਰ ਕਹੈਂ ਭਾਉ ਬਡ ਧਾਰਾ॥ ੪੦॥

ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ, ਗੁਰੂ ਜੀ ਦੇ ਉਪਦੇਸ਼ ਨੂੰ ਕਮਾਉਣ ਲੱਗੇ, ਬਹੁਤ ਸਿੱਖ ਆਉਂਦੇ ਸਨ ਤਾਂ ਉਨ੍ਹਾਂ ਨੂੰ ਭੋਜਨ ਖਵਾਉਂਦੇ ਸਨ, ਬੜੇ ਆਦਰ ਨਾਲ ਬੁਲਾਉਂਦੇ ਸਨ ਤੇ ਵੱਡਾ ਪ੍ਰੇਮ ਧਾਰਨ ਕਰਦੇ ਸਨ॥ ੪੦॥

ਕੇਤਿਕ ਦਜੋਸ ਬਿਤੇ ਇਮ ਕਰਤੇ। ਪਰਬ ਦਿਵਸ ਗੁਰ ਜਾਇ ਨਿਹਰਤੇ।
ਖਰਚ ਬਡੋ ਘਰ ਆਮਦ ਥੋਰੀ। ਯਾਂਤੇ ਕਢਜੋ ਕਰਜ਼ ਧਨ ਔਰੀ॥ ੪੧॥

ਇਸ ਤਰ੍ਹਾਂ ਕਰਦਿਆਂ ਜਦ ਕਈ ਦਿਨ ਬੀਤ ਗਏ, ਤਿਉਹਾਰ ਵਾਲੇ ਦਿਨ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਖਰਚ ਬਹੁਤ ਸੀ, ਪਰ ਘਰ ਵਿਚ ਆਮਦਨੀ ਥੋੜ੍ਹੀ ਸੀ, ਇਸ ਲਈ ਹੋਰ ਧਨ ਕਰਜ਼ ਲੈਣਾ ਪਿਆ॥ ੪੧॥

ਇਕ ਦਿਨ ਬਹੁ ਸੰਗਤਿ ਚਲਿ ਆਈ। ਨਹਿਂ ਕੁਛ ਘਰ ਮਹਿਂ ਦੇ ਜੁ ਖੁਵਾਈ।
ਦਯੋ ਨ ਕਰਜ਼ ਬਨਕ ਨੇ ਜਬੈ। ਕੁਛਕ ਬਿਭੂਖਨ ਤ੍ਰਿਯ ਕੇ ਤਬੈ॥ ੪੨॥

ਇਕ ਦਿਨ ਬਹੁਤ ਸੰਗਤ ਚਲ ਕੇ ਆਈ, ਘਰ ਵਿਚ ਕੁਝ ਨਹੀਂ ਸੀ ਜੋ ਸੰਗਤ ਨੂੰ ਖਵਾਉਂਦੇ। ਜਦ ਬਾਣੀਏ ਨੇ ਕਰਜ਼ਾ ਨਾ ਦਿੱਤਾ ਤਾਂ ਆਪਣੀ ਇਸਤਰੀ ਦੇ ਕੁਝ ਗਹਿਣੇ ਲਏ॥ ੪੨॥

ਬੇਚ ਤਾਂਹਿ ਕੋ ਅਸਨ ਬਨਾਵਾ। ਸਭਿ ਸੰਗਤਿ ਕੋ ਘਰ ਅਚਵਾਵਾ।
ਅਗਲੇ ਦਿਵਸ ਹੇਤ ਨਹਿਂ ਰਹਜੋ। ਨਹਿਂ ਉਰ ਡੋਲੇ, ਧੀਰਜ ਲਹਜੋ॥ ੪੩॥

ਉਨ੍ਹਾਂ ਗਹਿਣਿਆਂ ਨੂੰ ਵੇਚ ਕੇ ਭੋਜਨ ਤਿਆਰ ਕੀਤਾ ਤੇ ਸਾਰੀ ਸੰਗਤ ਨੂੰ ਭੋਜਨ ਕਰਵਾਇਆ। ਅਗਲੇ ਦਿਨ ਵਾਸਤੇ ਕੁਝ ਨਾ ਬਚਿਆ, ਪਰ ਹਿਰਦਾ ਨਾ ਡੋਲਿਆ, ਧੀਰਜ ਰੱਖਿਆ॥ ੪੩॥

ਵਹਿਰ ਭੂਮਿਕਾ ਜਬਿਹੀ ਗਯੋ। ਕਰ ਸੋਂ ਥਾਨ ਖਨਜੋ ਲਖਿ ਲਯੋ।
ਇਕ ਬਾਸਨ ਦੀਨਾਰਨਿ ਭਰਜੋ। ਤਹਿਂ ਨਿਕਾਸ ਘਰਿ ਲਜਾਵਨਿ ਕਰਜੋ॥ ੪੪॥

ਬਾਹਰ ਜਦ ਭੂਮੀ ਤੇ ਗਿਆ ਤਾਂ ਇਕ ਥਾਂ ਹੱਥ ਨਾਲ ਮਿੱਟੀ ਪੁੱਟੀ ਤਾਂ ਵੇਖਿਆ ਕਿ ਇਕ ਬਰਤਨ ਸੋਨੇ ਦੇ ਸਿੱਕਿਆਂ ਨਾਲ ਭਰਿਆ ਪਿਆ ਸੀ, ਉਸ ਬਰਤਨ ਨੂੰ ਕੱਢ ਕੇ ਘਰ ਲੈ ਆਇਆ॥ ੪੪॥

ਕਰਜ਼ ਉਤਾਰਿ ਬਿਭੂਖਨ ਸਾਰੇ। ਘਰਿਵਾਏ ਸ਼ੁਭ, ਕਰਤਿ ਅਹਾਰੇ।
'ਦਯੋ ਦਰਬ ਪ੍ਰਭੁ ਨੇ' ਇਮ ਜਾਨਾ। ਬਸਤ੍ਰ ਅਹਾਰ ਦੀਨਿ ਗਨ ਦਾਨਾ॥ ੪੫॥

ਸਾਰਾ ਕਰਜ਼ਾ ਉਤਾਰ ਦਿੱਤਾ ਅਤੇ ਸਾਰੇ ਗਹਿਣੇ ਦੁਬਾਰਾ ਘੜਵਾ ਲਏ ਅਤੇ ਚੰਗਾ ਭੋਜਨ ਵੀ ਛਕਿਆ। ਮਨ ਵਿਚ ਇਹ ਜਾਣ ਲਿਆ "ਗੁਰੂ ਨੇ ਧਨ ਦਿੱਤਾ ਹੈ।" ਬਸਤਰ ਭੋਜਨ ਬਹੁਤ ਦਾਨ ਕੀਤਾ॥ ੪੫॥

Sri Satguru Jagjit Singh Ji eLlibrary NamdhariElibrary@gmail.com

ਗੁਰਬਾਣੀ ਪਠਿ ਭਗਤਿ ਕਰੰਤੇ। ਸ੍ਰੀ ਅਰਜਨ ਕੋ ਆਇ ਦਿਖੰਤੇ।
ਸੁਨਿ ਸਤਿਗੁਰ ਨੇ ਧਨ ਬਿਰਤਾਂਤ। ਬਚਨ ਕਰਜੋ 'ਜੋ ਬੰਡਤਿ ਖਾਤ॥ ੪੬॥

ਗੁਰਬਾਣੀ ਪੜ੍ਹ ਕੇ ਭਗਤੀ ਕਰਦੇ ਸਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਉਂਦੇ ਸਨ। ਜਦ ਸਤਿਗੁਰੂ ਜੀ ਨੇ ਧਨ ਮਿਲਣ ਦੇ ਬਿਰਤਾਂਤ ਨੂੰ ਸੁਣਿਆ ਤਾਂ ਉਨ੍ਹਾਂ ਬਚਨ ਕੀਤੇ, "ਜੋ ਵੰਡ ਕੇ ਖਾਂਦਾ ਹੈ॥ ੪੬॥

ਵਾਹਿਗੁਰੂ ਤਿਸ ਥੁੜਨਿ ਨ ਦੇਤਿ। ਸਰਬ ਪਦਾਰਥ ਹੋਤਿ ਨਿਕੇਤ'।
ਸੱਤਿਨਾਮ ਸਿਮਰਤਿ ਗਤਿ ਪਾਈ। ਅੰਤ ਸਮੇ ਗੁਰ ਭਏ ਸਹਾਈ॥ ੪੭॥

ਵਾਹਿਗੁਰੂ ਉਸ ਦੇ ਘਰ ਕੋਈ ਥੁੜ ਨਹੀਂ ਆਉਣ ਦਿੰਦਾ, ਉਸ ਦੇ ਘਰ ਸਾਰੇ ਪਦਾਰਥ ਹੁੰਦੇ ਹਨ।" ਉਨ੍ਹਾਂ ਨੇ ਸਤਿਨਾਮ ਸਿਮਰ ਕੇ ਗਤੀ ਪਾਈ ਅਤੇ ਅੰਤ ਸਮੇਂ ਗੁਰੂ ਜੀ ਨੇ ਸਹਾਇਤਾ ਕੀਤੀ॥ ੪੭॥

*ਤੀਸਰੀ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ॥ ੫੨॥*

## *ਅਧਿਆਇ ਤਰਵੰਜਵਾਂ*

*ਭਾਈ ਬਾਲਾ, ਭਾਈ ਕਿਸ਼ਨਾ ਆਦਿ*

ਦੋਹਰਾ-ਝਿੰਗੂਣ ਹੁਤੇ ਸੁ ਜਾਤ ਕੇ ਬਾਲਾ ਕਿਸ਼ਨਾ ਨਾਮ।
ਸੰਸਕ੍ਰਿੱਤ ਬਿੱਦਜਾ ਬਿਖੈ ਪੰਡਿਤ ਬਡ ਅਭਿਰਾਮ॥ ੧॥

ਝਿੰਗਰਣ ਗੋਤ ਦੇ ਭਾਈ ਬਾਲਾ ਅਤੇ ਭਾਈ ਕਿਸ਼ਨਾ ਨਾਮੀਂ ਦੋ ਬ੍ਰਾਹਮਣ ਰਹਿੰਦੇ ਸਨ। ਸੰਸਕ੍ਰਿਤ ਵਿਦਿਆ ਦੇ ਉਹ ਸ੍ਰੇਸ਼ਟ ਪੰਡਿਤ ਸਨ॥ ੧॥

ਚੌਪਈ-ਸੋ ਜਬਿ ਕਥਾ ਕਰਤਿ ਨਰ ਮਾਂਹੀ। ਸੁਨਹਿਂ ਬ੍ਰਿੰਦ ਉਰ ਹਰਖੁ ਉਪਾਹੀਂ।
ਆਛੀ ਰੀਤਿ ਸੁਨਾਵਨਿ ਕਰਿਹੀਂ। ਰੀਝਹਿਂ ਸਗਰੇ ਸੁਜਸੁ ਉਚਰਿਹੀਂ॥੨॥

ਉਹ ਜਦ ਲੋਕਾਂ ਵਿਚ ਕਥਾ ਕਰਦੇ ਸਨ ਤਾਂ ਲੋਕ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਉਨ੍ਹਾਂ ਦੀ ਕਥਾ ਸੁਣਦੇ ਸਨ। ਉਹ ਬੜੇ ਸੁਲਝੇ ਢੰਗ ਨਾਲ ਕਥਾ ਸੁਣਾਉਂਦੇ ਸਨ, ਸਾਰੇ ਸਰੋਤੇ ਰੀਝ ਜਾਂਦੇ ਸਨ ਤੇ ਫਿਰ ਸ੍ਰੇਸ਼ਟ ਜੱਸ ਕਹਿੰਦੇ ਸਨ॥ ੨॥

ਤਿਨਹੁੰ ਪਿਖੇ ਸਿਖ ਜਾਤਿ ਘਨੇਰੇ। ਬਾਂਛਤਿ ਪਾਇਂ ਗੁਰੂ ਮੁਖ ਹੇਰੇ।
ਸੁਨਿ ਉਪਦੇਸ਼ ਤਜਾਗ ਲਬ ਰੋਸ। ਧਰਹਿਂ ਰਿਦੈ ਮਹਿਂ ਸਤਿ ਸੰਤੋਸ਼॥੩॥

ਉਨ੍ਹਾਂ ਨੇ ਵੇਖਿਆ ਕਿ ਬਹੁਤ ਸਿੱਖ ਗੁਰੂ ਜੀ ਪਾਸ ਜਾਂਦੇ ਹਨ ਅਤੇ ਦਰਸ਼ਨ ਕਰਕੇ ਮੂੰਹ ਮੰਗੇ ਫਲ ਪ੍ਰਾਪਤ ਕਰਦੇ ਹਨ। ਉਪਦੇਸ਼ ਸੁਣ ਕੇ ਲੋਭ ਅਤੇ ਕ੍ਰੋਧ ਨੂੰ ਛੱਡ ਦਿੰਦੇ ਹਨ ਅਤੇ ਹਿਰਦੇ ਵਿਚ ਸਤ ਸੰਤੋਖ ਧਾਰਨ ਕਰ ਲੈਂਦੇ ਹਨ॥ ੩॥

ਇੱਤਜਾਦਿਕ ਗੁਨ ਰਿਦੈ ਬਿਚਾਰੇ। ਗੁਰ ਦਰਸ਼ਨ ਕੇ ਹੇਤੁ ਸਿਧਾਰੇ।
ਸ੍ਰੀ ਅਰਜਨ ਕੇ ਢਿਗ ਚਲਿ ਆਏ। ਨਮੋ ਠਾਨਿ ਬੈਠੇ ਸਮੁਹਾਏ॥ ੪॥

ਇਤਿਆਦ ਗੁਣਾਂ ਬਾਰੇ ਜਦ ਹਿਰਦੇ ਵਿਚ ਵਿਚਾਰ ਕੀਤੀ ਤਾਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚੱਲ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਚੱਲ ਕੇ ਆ ਗਏ। ਨਮਸਕਾਰ ਕਰਕੇ ਸਾਹਮਣੇ ਬੈਠ ਗਏ॥ ੪॥

Sri Satguru Jagjit Singh Ji eLlibrary NamdhariElibrary@gmail.com

ਬੋਲੇ ਬਹੁਰ 'ਆਪ ਸਤਿਗੁਰ ਹੋ। ਉਪਦੇਸ਼ੇ ਗੁਨ ਸਿੱਖਨ ਉਰ ਹੋ।
ਖਸ਼ਟ ਸ਼ਾਸ੍ਤ੍ਰਨਿ ਮਤ ਕੋ ਜਾਨਹਿਂ। ਕਥਾ ਪੁਰਾਨ ਮਹਾਨ ਬਖਾਨਹਿਂ ॥ ੫ ॥

ਬਾਅਦ ਵਿਚ ਬੋਲੇ, "ਆਪ ਸਤਿਗੁਰੂ ਹੋ, ਉਪਦੇਸ਼ ਦੇ ਕੇ ਸਿੱਖਾਂ ਦੇ ਹਿਰਦਿਆਂ ਵਿਚ ਗੁਣ ਭਰਦੇ ਹੋ। ਅਸੀਂ ਛੇ ਸ਼ਾਸਤ੍ਰਾਂ ਦੇ ਮੱਤ ਨੂੰ ਜਾਣਦੇ ਹਾਂ ਅਤੇ ਪੁਰਾਣਾਂ ਦੀ ਮਹਾਨ ਕਥਾ ਕਰਦੇ ਹਾਂ ॥ ੫ ॥

ਸ਼੍ਰੋਤਾ ਕੋ ਹਮ ਦੇਤਿ ਰਿਝਾਇ। ਸਰਬ ਪ੍ਰਸੰਨਹਿਂ ਸੁਜਸੁ ਅਲਾਇ।
ਤਊ ਹਮਾਰੇ ਮਨ ਮਹਿਂ ਸ਼ਾਂਤਿ। ਨਹਿਂ ਉਪਜਤਿ, ਹੁਇ ਮਤ ਅਵਦਾਤਿ ॥ ੬ ॥

ਸ੍ਰੋਤਿਆਂ ਨੂੰ ਅਸੀਂ ਕੀਲ ਲੈਂਦੇ ਹਾਂ, ਸਾਰੇ ਪ੍ਰਸੰਨ ਹੋ ਕੇ ਸ੍ਰੇਸ਼ਟ ਜੱਸ ਕਰਦੇ ਹਨ। ਫਿਰ ਵੀ ਸਾਡੇ ਮਨ ਵਿਚ ਉੱਜਲ ਬੁੱਧੀ ਹੋ ਕੇ ਵੀ ਸ਼ਾਂਤੀ ਪੈਦਾ ਨਹੀਂ ਹੁੰਦੀ ॥ ੬ ॥

ਸਿੱਖ ਆਪ ਕੇ ਸ਼ਾਂਤੀ ਪਾਇਂ। ਅਜ਼ਮਤ ਜੁਤਿ ਲਹਿਂ ਗੁਨ ਸਮੁਦਾਇ।
ਕ੍ਰਿਪਾ ਕਰਹੁ ਇਹ ਭੇਦ ਬਤਾਵੋ। ਰਿਦੈ ਹਮਾਰੇ ਸ਼ਾਂਤਿ ਉਪਾਵੋ' ॥ ੭ ॥

ਆਪ ਦੇ ਸਿੱਖ ਸ਼ਾਂਤੀ ਪ੍ਰਾਪਤ ਕਰਦੇ ਹਨ, ਕਰਾਮਾਤ ਸਹਿਤ ਗੁਣ ਲੈਂਦੇ ਹਨ। ਕਿਰਪਾ ਕਰਕੇ ਇਹ ਭੇਦ ਦੱਸੋ ਅਤੇ ਸਾਡੇ ਹਿਰਦਿਆਂ ਵਿਚ ਸ਼ਾਂਤੀ ਲਿਆਵੋ" ॥ ੭ ॥

ਸੁਨਿ ਸ਼੍ਰੀ ਮੁਖ ਤੇ ਬਾਕ ਬਖਾਨਾ। 'ਮਨ ਕਾਰਨ ਗੁਨ ਅਵਗੁਨ ਜਾਨਾ।
ਬਿੱਦਯਾ ਪਠਨਿ ਲਗੇ ਭ੍ਰਮ ਜਬਿਤੇ। ਮਨ ਤ੍ਰਿਸ਼ਨਾ ਉਪਜਾਇਸਿ ਤਬਿਤੇ ॥ ੮ ॥

ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖ ਤੋਂ ਬਚਨ ਕੀਤਾ, "ਗੁਣ ਔਗੁਣ ਦਾ ਕਾਰਨ ਮਨ ਹੀ ਜਾਣੋ, ਜਦ ਤੋਂ ਤੁਸੀਂ ਵਿਦਿਆ ਪੜ੍ਹਨ ਲੱਗੇ ਹੋ, ਤਦ ਤੋਂ ਇਹ ਤੁਹਾਡੇ ਮਨ ਵਿਚ ਤ੍ਰਿਸ਼ਨਾ ਪੈਦਾ ਕਰ ਰਹੀ ਹੈ ॥ ੮ ॥

ਬਹੁ ਬਿੱਦਯਾ ਹਮ ਪਠਹਿਂ ਬਨਾਇ। ਦਰਬ ਸਮੂਹ ਲੇਹਿਂ ਉਪਜਾਇ।
ਦ੍ਰਿਢ ਸੰਕਲਪ ਤਥਾ ਹੀ ਰਹਯੋ। ਕਰਿ ਕਰਿ ਕਥਾ ਦਰਬ ਹੀ ਲਹਯੋ ॥ ੯ ॥

ਬਹੁਤ ਵਿਦਿਆ ਅਸੀਂ ਚੰਗੀ ਤਰ੍ਹਾਂ ਪੜ੍ਹਾਂਗੇ ਤੇ ਸਮੂਹ ਧਨ ਪੈਦਾ ਕਰ ਲਵਾਂਗੇ। ਦ੍ਰਿੜ੍ਹ ਸੰਕਲਪ ਵੀ ਤੁਹਾਡਾ ਉਸ ਤਰ੍ਹਾਂ ਦਾ ਹੀ ਰਿਹਾ। ਕਥਾ ਕਰ ਕਰ ਕੇ ਧਨ ਹੀ ਪ੍ਰਾਪਤ ਕੀਤਾ ॥ ੯ ॥

ਨਿਜ ਮਨ ਕੇ ਸਮਝਾਵਨਿ ਕਾਰਨ। ਪਠੀ ਨ ਬਿੱਦਯਾ ਕਿਯ ਨ ਬਿਚਾਰਨਿ।
ਕਥਾ ਕਰਤਿ ਧਨ ਮਹਿਂ ਮਨ ਰਹੈ। ਕਿਮ ਸ਼ਾਂਤੀ ਗੁਨਗਨ ਕੋ ਲਹੈ ॥ ੧੦ ॥

ਆਪਣੇ ਮਨ ਨੂੰ ਸਮਝਾਉਣ ਦੀ ਖਾਤਰ, ਕਦੀ ਵਿਦਿਆ ਪੜ੍ਹੀ ਨਹੀਂ ਤੇ ਨਾ ਹੀ ਇਸ ਤੇ ਕਦੀ ਵਿਚਾਰ ਕੀਤੀ ਹੈ। ਕਥਾ ਕਰਦਿਆਂ ਵੀ ਤੁਹਾਡੇ ਮਨ ਵਿਚ ਧਨ ਹੀ ਰਹਿੰਦਾ ਹੈ। ਕਿਵੇਂ ਸ਼ਾਂਤੀ ਦੇ ਸਾਰੇ ਗੁਣ ਆ ਜਾਣ ॥ ੧੦ ॥

ਅਬਿ ਤੇ ਕਰਹੁ ਅਗਾਰੀ ਐਸੇ। ਸਮਝਾਵਨਿ ਹਿਤ ਲੋਕਨਿ ਜੈਸੇ।
ਅਨਿਕ ਭਾਂਤਿ ਕੀ ਕਰਿ ਚਤੁਰਾਈ। ਕਰਹੁ ਰਿਝਾਵਨਿ ਠਾਨਿ ਉਪਾਈ ॥ ੧੧ ॥

ਹੁਣ ਅੱਗੇ ਤੋਂ ਇਸ ਤਰ੍ਹਾਂ ਕਰੋ, ਜਿਵੇਂ ਤੁਸੀਂ ਲੋਕਾਂ ਨੂੰ ਅਨੇਕ ਪ੍ਰਕਾਰ ਦੀ ਚਤੁਰਾਈ ਨਾਲ ਸਮਝਾਉਂਦੇ ਹੋ ਅਤੇ ਉਨ੍ਹਾਂ ਨੂੰ ਕੀਲਣ ਦੇ ਉਪਾਅ ਕਰਦੇ ਹੋ ॥ ੧੧ ॥

ਤੈਸੇ ਮਨ ਸਮਝਾਵਨਿ ਕਾਰਨ। ਪਠਿ ਬੇਦਾਂਤ ਸੁ ਕਰਹੁ ਬਿਚਾਰਨਿ।
ਇਸ ਉੱਦਮ ਮਹਿਂ ਬਹੁ ਜਬਿ ਲਾਗੋ। ਸਿਮਰਹੁ ਸੱਤਿਨਾਮ ਅਨੁਰਾਗੋ ॥ ੧੨ ॥

ਉਸ ਤਰ੍ਹਾਂ ਆਪਣੇ ਮਨ ਨੂੰ ਸਮਝਾਉ, ਵੇਦਾਂਤ ਨੂੰ ਪੜ੍ਹ ਕੇ ਉਸ ਤੇ ਵਿਚਾਰ ਕਰੋ। ਇਸ ਉੱਦਮ ਵਿਚ ਜਦ ਲੱਗ

ਮਾਸ ਮਾਸ ਮਹਿਂ ਦਰਸਹੁ ਗੁਰ ਕੋ। ਆਇ ਬ੍ਰਿਤੰਤ ਬਤਾਵਹੁ ਉਰ ਕੋ।
ਸੁਖ ਦੁਖ ਜੋ ਪਈਯੈ ਪਰਲੋਕ। ਤਿਸ ਕੋ ਲਖਹੁ, ਲੇਹੁ ਮਨ ਰੋਕ॥ ੧੩॥

ਹਰ ਮਹੀਨੇ ਗੁਰੂ ਦੇ ਦਰਸ਼ਨ ਕਰੋ ਅਤੇ ਆ ਕੇ ਆਪਣੇ ਦਿਲ ਦਾ ਸਾਰਾ ਬ੍ਰਿਤਾਂਤ ਸੁਣਾਓ। ਦੁਖ ਸੁਖ ਜੋ ਮਰ ਕੇ ਪਰਲੋਕ ਵਿਚ ਪਾਉਣਾ ਹੈ, ਉਸ ਨੂੰ ਏਥੋਂ ਦੇ ਕੀਤੇ ਕਰਮਾਂ ਦਾ ਫਲ ਜਾਣੋ ਅਤੇ ਇਹ ਸਮਝ ਕੇ ਮਨ ਨੂੰ ਰੋਕ ਲਵੋ॥ ੧੩॥

ਬਸਹਿ ਰਿਦੈ ਮਨ ਕੀ ਸਭਿ ਜਾਨਹਿ। ਸੋ ਪਰਮੇਸ਼ੁਰ ਲਖਿ ਸਭਿ ਥਾਨਹਿ'।
ਸ੍ਰੀ ਮੁਖ ਤੇ ਸੁਨਿ ਪੰਡਿਤ ਦੋਊ। ਮਾਨੇ ਬਾਕ ਬਿਚਾਰਤਿ ਸੋਊ॥ ੧੪॥

ਤੁਹਾਡੇ ਹਿਰਦੇ ਵਿਚ ਵੱਸਣ ਵਾਲਾ ਪ੍ਰਮੇਸ਼ਰ, ਤੁਹਾਡੇ ਮਨ ਦੀ ਸਾਰੀ ਗੱਲ ਜਾਣਦਾ ਹੈ।" ਗੁਰੂ ਜੀ ਦੇ ਮੁਖ ਤੋਂ ਬਚਨ ਸੁਣ ਕੇ ਦੋਵੇਂ ਪੰਡਿਤਾਂ ਨੇ ਗੁਰੂ ਜੀ ਦੇ ਉਪਦੇਸ਼ ਨੂੰ ਮੰਨ ਲਿਆ ਅਤੇ ਉਸ ਉਤੇ ਵਿਚਾਰ ਕਰਨ ਲੱਗੇ॥ ੧੪॥

ਮਨ ਕੋ ਸਮੁਝਾਵਨਿ ਪੁਨਿ ਲਾਗੇ। ਸਨੈ ਸਨੈ ਤ੍ਰਿਸ਼ਨਾਦਿਕ ਤਜਾਗੇ।
ਸਤਿਗੁਰ ਸੰਗ ਕਰਤਿ ਭੇ ਨੀਤ। ਸੱਤਿਨਾਮ ਸੰਗ ਲਾਗੀ ਪ੍ਰੀਤਿ॥ ੧੫॥

ਫਿਰ ਮਨ ਨੂੰ ਸਮਝਾਉਣ ਲੱਗੇ, ਹੌਲੀ-ਹੌਲੀ ਤ੍ਰਿਸ਼ਨਾ ਆਦਿ ਛੱਡ ਦਿੱਤੀ। ਨਿਤ ਸਤਿਗੁਰੂ ਦੀ ਸੰਗਤ ਕਰਦੇ ਸਨ ਅਤੇ ਸਤਿਨਾਮ ਨਾਲ ਉਨ੍ਹਾਂ ਦੀ ਪ੍ਰੀਤ ਲੱਗ ਗਈ॥ ੧੫॥

ਹੋਤਿ ਭਯੋ ਤਿਨ ਕੋ ਕੱਲਜਾਨੇ। ਗੁਰ ਕੇ ਸਿੱਖ ਹੋਇ ਮਨ ਮਾਨੇ।
ਨਾਮ ਸਮੁੰਦਾ ਇਕ ਚਲਿ ਆਯੋ। ਸ੍ਰੀ ਅਰਜਨ ਕੋ ਸੀਸ ਨਿਵਾਯੋ॥ ੧੬॥

ਉਨ੍ਹਾਂ ਦਾ ਕਲਿਆਣ ਹੋ ਗਿਆ ਅਤੇ ਮਨ ਵਿਚ ਮੰਨ ਕੇ ਗੁਰੂ ਦੇ ਸਿੱਖ ਹੋਏ। ਇਕ ਸਮੁੰਦਾ ਨਾਮ ਦਾ ਸਿੱਖ ਚੱਲ ਕੇ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆ ਕੇ ਉਸ ਸੀਸ ਨਿਵਾਇਆ॥ ੧੬॥

ਬੈਠਿ ਨਿਕਟ ਮੁਖ ਬਾਕ ਬਖਾਨੇ। 'ਗੁਰੂ ਗਰੀਬ ਨਿਵਾਜ ਸਜਾਨੇ!।
ਸਨਮੁਖ ਬੇਮੁਖ ਕਹੀਅਹਿ ਕੌਨ?। ਆਪ ਬਖਾਨਹੁ ਲੱਛਨ ਦੌਨ॥ ੧੭॥

ਪਾਸ ਬੈਠ ਕੇ ਬੋਲਿਆ, "ਹੇ ਗੁਰੂ ਗਰੀਬ ਨਿਵਾਜ ਜੀਓ! ਸਨਮੁਖ ਅਤੇ ਬੇਮੁਖ ਕਿਸ ਨੂੰ ਕਹਿੰਦੇ ਹਨ? ਆਪ ਦੋਹਾਂ ਦੇ ਲੱਛਣ ਬਿਆਨ ਕਰੋ॥ ੧੭॥

ਜਿਸ ਤੇ ਮੈਂ ਜਾਨੌਂ ਮਨ ਮਾਂਹੀ। ਸਨਮੁਖ ਬਨੌਂ, ਬਿਮੁਖ, ਹੁਇ ਨਾਂਹੀ'।
ਸੁਨਿ ਗੁਰ ਕਹ੍ਯੋ 'ਹੋਤਿ ਬਡ ਸ਼ਾਹੂ। ਕਾਰਜ ਕਰਨਿ ਪਠਾਵਹਿ ਕਾਹੂ॥ ੧੮॥

ਜਿਸ ਤੋਂ ਮੈਂ ਆਪਣੇ ਮਨ ਵਿਚ ਜਾਣ ਲਵਾਂ, ਤਾਂਕਿ ਮੈਂ ਸਨਮੁਖ ਬਣਾਂ ਅਤੇ ਕਦੇ ਵੀ ਬੇਮੁਖ ਨਾ ਹੋਵਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਿਹੜਾ ਵੱਡਾ ਸ਼ਾਹ ਹੁੰਦਾ ਹੈ ਉਹ ਕਿਸੇ ਵਿਅਕਤੀ ਨੂੰ ਕੰਮ ਕਰਨ ਵਾਸਤੇ ਭੇਜਦਾ ਹੈ॥ ੧੮॥

ਬੁਧਿ ਤੇ ਬਲ ਤੇ ਪ੍ਰੇਮ ਲਗਾਇ। ਜੋ ਕਾਰਜ ਕੋ ਲੇਤਿ ਬਨਾਇ।
ਸੋ ਸਨਮੁਖ ਆਵਤਿ ਚਲਿ ਸ਼ਾਹੂ। ਨਹੀਂ ਕਰਹਿ ਬੇਮੁਖ ਲਖਿ ਤਾਂਹੂ॥ ੧੯॥

ਜੇ ਉਹ ਵਿਅਕਤੀ ਬੁਧੀ, ਬਲ ਅਤੇ ਪ੍ਰੇਮ ਲਾ ਕੇ ਕੰਮ ਨੂੰ ਬਣਾ ਕੇ ਕਰ ਲੈਂਦਾ ਹੈ ਤਾਂ ਸ਼ਾਹ ਚਲ ਕੇ ਸਨਮੁਖ ਹੀ ਆਵੇਗਾ, ਉਸ ਨੂੰ ਵੇਖ ਕੇ ਬੇਮੁਖ ਨਹੀਂ ਹੋਵੇਗਾ॥ ੧੯॥

ਵਾਹਿਗੁਰੂ ਤਿਮ ਪਠਯੋ ਨਰਨਿ ਕੋ। ਨਾਮ ਦਾਨ ਇਸ਼ਨਾਨ ਕਰਨਿ ਕੋ।
ਪਾਛਲ ਰਾਤਿ ਨੀਂਦ ਕੋ ਤਜਾਗੇ। ਕਰਹਿ ਸੌਚ ਮੱਜਨ ਅਨੁਰਾਗੇ॥ ੨੦॥

ਵਾਹਿਗੁਰੂ ਨੇ ਇਸ ਤਰ੍ਹਾਂ ਮਨੁੱਖਾਂ ਨੂੰ ਸੰਸਾਰ ਵਿਚ ਭੇਜਿਆ ਹੈ, ਤਾਂਕਿ ਉਹ ਨਾਮ ਦਾਨ ਅਤੇ ਇਸ਼ਨਾਨ ਕਰਨ। [illegible]

ਅੰਮ੍ਰਿਤ ਵੇਲੇ ਨਿਤ ਸਤਿਨਾਮੁ। ਸਿਮਰਹਿ ਪ੍ਰੀਤਿ ਧਰਹਿ ਨਿਸ਼ਕਾਮੁ।
ਗੁਰਬਾਨੀ ਪਠਿ ਰਿਦੇ ਬਿਚਾਰਹਿ। ਤਰਨਿ ਉਦੇ ਨਿਜ ਕਾਜ ਸੰਭਾਰਹਿ ॥੨੧॥

ਅੰਮ੍ਰਿਤ ਵੇਲੇ ਨਿਤ ਸਤਿਨਾਮ ਦਾ ਸਿਮਰਨ ਕਰੇ, ਨਿਸ਼ਕਾਮ ਹੋ ਕੇ ਪ੍ਰੀਤ ਧਾਰਨ ਕਰਕੇ ਸਿਮਰਨ ਕਰੇ। ਗੁਰਬਾਣੀ ਪੜ੍ਹ ਕੇ ਹਿਰਦੇ ਵਿਚ ਵੀਚਾਰ ਕਰੇ। ਸੂਰਜ ਚੜ੍ਹਨ ਤੇ ਆਪਣੇ ਕੰਮਾਂ ਦੀ ਸੰਭਾਲ ਕਰੇ॥ ੨੧॥

ਮੁਖ ਮਹਿਂ ਕਿਧੌਂ ਰਿਦੇ ਸਤਿਨਾਮੁ। ਸਦਾ ਸੰਭਾਰਹਿ ਕਰਤੇ ਕਾਮੁ।
ਜਿਨਹੁਂ ਨ ਮਨ ਤੇ ਪ੍ਰਭੁ ਬਿਸਾਰਜੋ। ਸਤਿ ਸੰਗਤਿ ਮਿਲਿਬੇ ਹਿਤ ਧਾਰਜੋ ॥੨੨॥

ਮੂੰਹ ਵਿਚ ਜਾਂ ਹਿਰਦੇ ਵਿਚ ਸਤਿਨਾਮ ਰਹੇ ਅਤੇ ਸਦਾ ਹੀ ਹਿਰਦੇ ਵਿਚ ਰਹੇ, ਬੇਸ਼ਕ ਕੰਮ ਵੀ ਕਰਦੇ ਹੋਵੋ। ਜਿਨ੍ਹਾਂ ਨੇ ਮਨ ਤੋਂ ਕਦੀ ਵੀ ਪ੍ਰਭੂ ਨੂੰ ਨਹੀਂ ਵਿਸਾਰਿਆ ਹੈ ਅਤੇ ਸਤਿਸੰਗਤ ਨੂੰ ਮਿਲਣ ਦਾ ਹਿਤ ਧਾਰਨ ਕੀਤਾ ਹੈ॥ ੨੨॥

ਜਥਾ ਸ਼ਕਤਿ ਨਿਤ ਦੇਤੇ ਦਾਨ। ਨਗਨਿ ਛੁਧਤਿ ਕੋ ਦੇਖਿ ਸੁਜਾਨ।
ਜਿਨ ਜਗ ਮਹਿਂ ਇਮ ਕਾਜ ਬਨਾਯੋ। ਲਗਿ ਬਿਖ਼ਿਯਨਿ ਨਹਿਂ ਜਨਮ ਗਵਾਯੋ ॥੨੩॥

ਆਪਣੀ ਸਮਰੱਥਾ ਅਨੁਸਾਰ ਨੰਗਿਆਂ ਅਤੇ ਭੁੱਖਿਆਂ ਨੂੰ ਵੇਖ ਕੇ ਦਾਨ ਦਿੰਦੇ ਹਨ। ਜਿਨ੍ਹਾਂ ਜੱਗ ਵਿਚ ਇਹ ਕਾਜ ਬਣਾਇਆ ਹੈ, ਉਹਨਾਂ ਵਿਸ਼ਿਆਂ ਵਿਚ ਲੱਗ ਕੇ ਜਨਮ ਨਹੀਂ ਗਵਾਇਆ ਹੈ॥ ੨੩॥

ਵਾਹਿਗੁਰੂ ਕੇ ਸਨਮੁਖ ਸੋਇ। ਹਰਖਹਿਂ ਤਨ ਤਜਿ ਦਰਸ਼ਨ ਹੋਇ।
ਕਾਜ ਸੁਧਾਰ ਜਾਇ ਪ੍ਰਭੁ ਮਿਲੇ।ਲਹਿ ਆਨੰਦ ਮੁਕਤਿ ਸੇ ਭਲੇ॥ ੨੪॥

ਵਾਹਿਗੁਰੂ ਦੇ ਸਨਮੁਖ ਉਹੀ ਹਨ, ਜਿਹੜੇ ਪ੍ਰਸੰਨ ਹੋ ਕੇ ਸਰੀਰ ਛੱਡ ਕੇ ਵਾਹਿਗੁਰੂ ਦੇ ਦਰਸ਼ਨ ਕਰਦੇ ਹਨ। ਆਪਣਾ ਕਾਜ ਸੁਧਾਰ ਜਾਂਦੇ ਹਨ ਤੇ ਪ੍ਰਭੂ ਨੂੰ ਮਿਲ ਪੈਂਦੇ ਹਨ ਤੇ ਅਨੰਦਾਇਕ ਭਲੀ ਮੁਕਤੀ ਪ੍ਰਾਪਤ ਕਰਦੇ ਹਨ॥ ੨੪॥

ਜਿਨਹੁ ਨ ਜਗ ਮਹਿਂ ਕਾਜ ਸੁਧਾਰਾ। ਸੋ ਬੇਮੁਖ ਨਿਤ ਰਹੇ ਦੁਖਾਰਾ।
ਸੁਨਤਿ ਸਮੁੰਦੇ ਜੁਗ ਕਰ ਜੋਰੇ। 'ਕਰਹੁ ਦਯਾ' ਸ੍ਰੀ ਗੁਰੂ ਨਿਹੋਰੇ॥ ੨੫॥

ਜਿਨ੍ਹਾਂ ਜੱਗ ਵਿਚ ਆਪਣਾ ਕਾਜ ਨਹੀਂ ਸੁਧਾਰਿਆ ਹੈ, ਉਹ ਬੇਮੁਖ ਹੋ ਕੇ ਸਦਾ ਦੁਖੀ ਰਹਿੰਦੇ ਹਨ।" ਸਮੁੰਦੇ ਨੇ ਉਪਦੇਸ਼ ਸੁਣ ਕੇ ਦੋਵੇਂ ਹੱਥ ਜੋੜੇ। 'ਦਇਆ ਕਰੋ', ਉਸ ਗੁਰੂ ਜੀ ਨੂੰ ਬੇਨਤੀ ਕੀਤੀ॥ ੨੫॥

'ਮੁਝ ਕੋ ਸਨਮੁਖ ਆਪ ਬਨਾਵਹੁ। ਦਿਹੁ ਤੀਨਹੁ ਗੁਨ ਕੋ ਬਖਸ਼ਾਵਹੁ'।
ਗੁਰ ਕਹਿ 'ਸਨਮੁਖਿ ਸਿਖ ਹੁਇ ਜਬੈ। ਹੁਇ ਆਵਹਿ ਗੁਰ ਕਰੁਨਾ ਤਬੈ' ॥੨੬॥

"ਮੈਨੂੰ ਸਨਮੁਖ ਆਪ ਬਣਾਵੋ ਅਤੇ ਤਿੰਨੇ ਗੁਣ, ਨਾਮ, ਦਾਨ, ਇਸ਼ਨਾਨ ਦੇ ਕੇ ਬਖਸ਼ਿਸ਼ ਕਰੋ।" ਗੁਰੂ ਜੀ ਨੇ ਕਿਹਾ, "ਜਦ ਸਿੱਖ ਗੁਰੂ ਦੇ ਸਨਮੁਖ ਹੁੰਦਾ ਹੈ, ਤਾਂ ਗੁਰੂ ਜੀ ਓਸੇ ਵੇਲੇ ਮਿਹਰ ਦੇ ਘਰ ਆ ਜਾਂਦੇ ਹਨ"॥ ੨੬॥

ਤਬਹਿ ਸਮੁੰਦੇ ਗੁਰ ਬਚ ਮਾਨਾ। ਤਿਮਹੀ ਕਰਨਿ ਲਗਜੋ ਸੁਭ ਜਾਨਾ।
ਕੇਤਿਕ ਦਿਨ ਮਹਿਂ ਪ੍ਰਾਪਤਿ ਗਜਾਨਾ। ਸੁਨਹਿ ਸਦਾ ਜਿਮ ਗੁਰੂ ਬਖਾਨਾ ॥੨੭॥

ਤਦ ਸਮੁੰਦੇ ਨੇ ਗੁਰੂ ਜੀ ਦੇ ਬਚਨਾਂ ਨੂੰ ਮੰਨ ਲਿਆ, ਉਸ ਤਰ੍ਹਾਂ ਹੀ ਸਭ ਜਾਣ ਕੇ ਕਰਨ ਲੱਗਾ। ਕਈ ਦਿਨਾਂ ਵਿਚ ਗਿਆਨ ਪ੍ਰਾਪਤ ਹੋ ਗਿਆ। ਉਸ ਤਰ੍ਹਾਂ ਹੀ ਸਦਾ ਸੁਣਦਾ ਸੀ ਜਿਵੇਂ ਗੁਰੂ ਜੀ ਨੇ ਬਚਨ ਕੀਤੇ ਸਨ॥ ੨੭॥

ਕੁੱਲਾ ਭੁੱਲਾ ਝੰਝੂ ਦੋਇ। ਸੁਇਨੀ ਹੁਤੋ ਭਗੀਰਥ ਜੋਇ।
ਤੀਨਹੁ ਪ੍ਰਾਪਤਿ ਭੇ ਗੁਰ ਸ਼ਰਨੀ। ਬੰਦਨ ਕੀਨਿ ਅਰਜ਼ ਨਿਜ ਬਰਨੀ॥ ੨੮॥

ਕੁੱਲਾ ਅਤੇ ਝੰਝੂ ਦੋਵੇਂ ਅਤੇ ਇਕ ਭਗੀਰਥ ਸੋਇਨੀ ਜਿਹੜਾ ਸੀ ਇਹ ਤਿੰਨੇ ਆ ਕੇ ਗੁਰੂ ਜੀ ਦੀ ਸ਼ਰਨੀਂ ਪੈ ਗਏ।

'ਗੁਰੂ ਗਰੀਬ ਨਿਵਾਜ ਸੁਨੀਜੈ। ਹਮ ਕੋ ਦੁਖੀ ਬਿਸਾਲ ਜਨੀਜੈ।
ਬਹੁ ਜੂਨਨਿ ਮਹਿਂ ਜਨਮਤਿ ਆਏ। ਹੋਤਿ ਮ੍ਰਿਤਕ ਬਹੁ ਸੰਕਟ ਪਾਏ॥ ੨੯॥

"ਹੇ ਗੁਰੂ ਗਰੀਬ ਨਿਵਾਜ਼ ਜੀ ! ਸੁਣੋ, ਸਾਨੂੰ ਬਹੁਤ ਦੁਖੀ ਜਾਣੋ। ਬਹੁਤ ਜੂਨਾਂ ਵਿਚ ਜੰਮਦੇ ਆਏ ਹਾਂ, ਮ੍ਰਿਤੂ ਵਾਸਤੇ ਬਹੁਤ ਸੰਕਟ ਪਾਏ ਹਨ॥ ੨੯॥

ਜਬਿ ਪ੍ਰਾਨੀ ਕੇ ਨਿਕਸਹਿਂ ਪ੍ਰਾਨ। ਬਡ ਦੁਖ ਪਾਇ, ਨ ਅਪਰ ਸਮਾਨ।
ਅਬਿ ਆਏ ਹਮ ਸ਼ਰਨ ਤੁਮਾਰੀ। ਮਹਾਂ ਕਸ਼ਟ ਤੇ ਲੇਹੁ ਉਬਾਰੀ॥ ੩੦॥

ਜਦ ਪ੍ਰਾਣੀ ਦੇ ਪ੍ਰਾਣ ਨਿਕਲਦੇ ਹਨ ਤਾਂ ਬਹੁਤ ਦੁਖ ਪਾਉਂਦਾ ਹੈ, ਹੋਰ ਦੁਖ ਉਸ ਦੁਖ ਦੇ ਬਰਾਬਰ ਨਹੀਂ ਹੁੰਦਾ। ਹੁਣ ਅਸੀਂ ਤੁਹਾਡੀ ਸ਼ਰਨ ਆਏ ਹਾਂ, ਇਸ ਮਹਾਨ ਕਸ਼ਟ ਤੋਂ ਸਾਨੂੰ ਬਚਾ ਲਵੋ॥ ੩੦॥

ਕ੍ਰਿਪਾ ਕਰਹੁ ਹਮ ਪਰ ਅਬਿ ਐਸੇ। ਜਨਮ ਮਰਨ ਪੁਨ ਪਾਇਂ ਨ ਕੈਸੇ'।
ਸ੍ਰੀ ਮੁਖ ਤੇ ਉਚਰਜੋ 'ਬਨਿ ਗੁਰਮੁਖਿ। ਤਜਾਗਹੁ ਕਰਮ ਜੁ ਕਰਤੇ ਮਨਮੁਖ' ॥੩੧॥

ਹੁਣ ਸਾਡੇ ਤੇ ਇਸ ਤਰ੍ਹਾਂ ਕਿਰਪਾ ਕਰੋ, ਜਨਮ ਮਰਨ ਫਿਰ ਕਦੀ ਨਾ ਪਾਈਏ।" ਸ੍ਰੀ ਗੁਰੂ ਜੀ ਨੇ ਮੁਖ ਤੋਂ ਬਚਨ ਕੀਤੇ, "ਗੁਰਮੁਖ ਬਣੋ, ਉਹ ਕਰਮ ਛੱਡੋ ਜਿਹੜੇ ਮਨਮੁਖ ਹੋ ਕੇ ਕਰਦੇ ਹੋ" ॥ ੩੧॥

ਪੁਨ ਪੂਛਜੋ 'ਸਭਿ ਭੇਦ ਬਤਾਵੋ। ਗੁਰਮੁਖ ਮਨਮੁਖ ਕਹਿ ਸਮਝਾਵੋ।
ਜਬਿ ਹਮ ਲੱਛਨ ਲੇਹਿਂ ਪਛਾਨਿ। ਤਬਿ ਹਮ ਧਰਹਿਂ ਗੁਰੂ ਬਚ ਮਾਨਿ' ॥੩੨॥

ਫਿਰ ਪੁੱਛਿਆ, "ਸਭ ਭੇਦ ਦੱਸੋ, ਗੁਰਮੁਖ ਮਨਮੁਖ ਬਾਰੇ ਸਮਝਾਵੋ। ਜਦ ਅਸੀਂ ਲੱਛਣ ਪਛਾਣ ਲਵਾਂਗੇ, ਤਦ ਅਸੀਂ ਗੁਰੂ ਜੀ ਦੇ ਬਚਨ ਮੰਨ ਕੇ ਧਾਰਨ ਕਰਾਂਗੇ" ॥ ੩੨॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਗੁਰਮੁਖ ਮਨਮੁਖ ਦ੍ਵੈ ਬਿਧਿ ਤੀਨ।
ਇਕ ਗੁਰਮੁਖ, ਗੁਰਮੁਖ ਤਰ ਦੂਜੋ। ਗੁਰਮੁਖ ਤਮ, ਨੀਕੋ ਲਖਿ ਤੀਜੋ॥ ੩੩॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਗੁਰਮੁਖ ਅਤੇ ਮਨਮੁਖ ਦੋਵੇਂ ਤਿੰਨ-ਤਿੰਨ ਪ੍ਰਕਾਰ ਦੇ ਹਨ। ਇਕ ਗੁਰਮੁਖ, ਗੁਰਮੁਖ ਤਰ ਦੂਸਰਾ ਅਤੇ ਗੁਰਮੁਖ ਤਮ ਤੀਸਰਾ ਚੰਗੀ ਤਰ੍ਹਾਂ ਸਮਝ ਲਵੋ॥ ੩੩॥

ਪੀਠ ਕੁਕਰਮਨਿ ਕੋ ਜਿਨ ਦੀਨਿ। ਗੁਰੂ ਬਚਨ ਸਨਮੁਖ ਮੁਖ ਕੀਨਿ।
ਕੋ ਤਿਨ ਸੋਂ ਜਿ ਕਰਹਿ ਚੰਗਜਾਈ। ਸਦ ਜਾਨਹਿਂ ਤਿਸ ਕੀ ਭਲਿਆਈ॥੩੪॥

ਜਿਨ੍ਹਾਂ ਨੇ ਭੈੜੇ ਕਰਮਾਂ ਨੂੰ ਪਿੱਠ ਦਿੱਤੀ ਹੈ, ਤੇ ਗੁਰੂ ਦੇ ਬਚਨਾਂ ਦੇ ਸਨਮੁਖ ਮੁਖ ਕੀਤਾ ਹੈ, ਉਨ੍ਹਾਂ ਨਾਲ ਜਿਹੜਾ ਵੀ ਚੰਗਿਆਈ ਕਰੇਗਾ, ਸਦਾ ਉਸ ਦੀ ਭਲਿਆਈ ਕਰਨਗੇ, ਇਹ ਸਮਝ ਲਵੋ॥ ੩੪॥

ਚਿਤ ਨ ਬਿਸਾਰਹਿਂ, ਚਹਿਂ ਉਪਕਾਰਾ। ਸਭਿ ਕੋ ਭਲੋ ਕਰੈਂ ਇਕਸਾਰਾ।
ਇਹੁ ਗੁਰਮੁਖ ਕੇ ਲਖੀਜਹਿ ਲੱਛਨ। ਸੁਨਿ ਗੁਰਮੁਖ ਤਰ ਜਥਾ ਬਿਚੱਛਨ ! ॥੩੫॥

ਚਿੱਤ ਤੋਂ ਨਾ ਵਿਸਾਰੇ ਤੇ ਉਪਕਾਰ ਕਰਨਾ ਚਾਹੇ ਅਤੇ ਸਾਰਿਆਂ ਦਾ ਇਕਸਾਰ ਭਲਾ ਕਰੇ। ਇਹ ਗੁਰਮੁਖ ਦੇ ਲੱਛਣ ਜਾਣੋ, ਹੇ ਚਤਰ ! ਸੁਣੋ ਗੁਰਮੁਖ ਤਰ ਜਿਵੇਂ ਹੈ॥ ੩੫॥

ਤਜਾਗ ਕੁਕਰਮਨਿ ਕੋ ਉਰ ਧਾਰਾ। ਬਿੰਦ ਸੁਕਰਮਨਿ ਅੰਗੀਕਾਰਾ।
ਜੋ ਕਾਰਜ ਕਿਸ ਕੋ ਹੁਇ ਸਾਕਹਿ। ਕਰਹਿ ਭਲੋ ਖੋਟੋ ਨਹਿਂ ਤਾਕਹਿ॥ ੩੬॥

ਭੈੜੇ ਕੰਮਾਂ ਨੂੰ ਤਿਆਗ ਕੇ ਗੁਰੂ ਨੂੰ ਹਿਰਦੇ ਵਿਚ ਧਾਰਨ ਕੀਤਾ ਹੈ ਅਤੇ ਸਾਰੇ ਸ੍ਰੇਸ਼ਟ ਕਰਮਾਂ ਨੂੰ ਅੰਗੀਕਾਰ ਕੀਤਾ ਹੈ।

Sri Satguru Jagjit Singh Ji eLlibrary NamdhariElibrary@gmail.com

ਜੋ ਨਰ ਅਪਨਿ ਕਰਹਿ ਅਪਕਾਰਾ। ਤਿਸ ਪਰ ਇਹ ਠਾਨਹਿ ਉਪਕਾਰਾ।
ਰਿਦੈ ਬਿਸਾਰਹਿ ਸਕਲ ਖੁਟਾਈ। ਸਹਿਜ ਸੁਭਾਇਕ ਹੋਹਿ ਭਲਾਈ॥ ੩੭॥

ਜਿਹੜਾ ਮਨੁੱਖ ਉਸ ਨਾਲ ਬੁਰਿਆਈ ਕਰੇ, ਤਿਸੇ ਬਾਰੇ ਇਹ ਜਾਣੇ ਕਿ ਉਪਕਾਰ ਹੋਇਆ ਹੈ। ਹਿਰਦੇ ਵਿਚੋਂ ਸਾਰੇ ਖੋਟ ਵਿਸਾਰ ਦੇਵੇ ਤਾਂ ਸਹਿਜ ਸੁਭਾਅ ਹੀ ਭਲਾਈ ਹੋ ਜਾਂਦੀ ਹੈ॥ ੩੭॥

ਅਬਿ ਗੁਰਮੁਖ ਤਮ ਕੇ ਸੁਨਿ ਲੱਛਨ। ਗਜ੍ਯਾਨ ਸਪੰਨ ਬਿਸਾਲ ਬਿਚੱਛਨ।
ਆਤਮ ਰੂਪ ਜਥਾਵਤ ਜਾਨਾ। ਜਿਸ ਪ੍ਰਕਾਰ ਸਤਿਗੁਰੂ ਬਖਾਨਾ॥ ੩੮॥

ਹੁਣ ਗੁਰਮੁਖ ਤਮ ਦੇ ਲੱਛਣ ਸੁਣੋ, ਉਹ ਸੰਪੂਰਨ ਗਿਆਨੀ ਅਤੇ ਵਿਸ਼ਾਲ ਚਤਰ ਹੁੰਦੇ ਹਨ। ਆਤਮ ਰੂਪ ਵੀ ਉਸ ਤਰ੍ਹਾਂ ਦਾ ਹੀ ਜਾਣੋ, ਜਿਸ ਪ੍ਰਕਾਰ ਸਤਿਗੁਰੂ ਜੀ ਨੇ ਕਿਹਾ ਹੈ॥ ੩੮॥

ਜਗ ਬਚਿੱਤ੍ਰਤਾ ਨਿਸ਼ਚੈ ਨਾਂਹੀ। ਏਕ ਰੂਪ ਲਖੀਯਤਿ ਸਭਿ ਮਾਂਹੀ।
ਅਬਿ ਸੁਨਿ ਮਨਮੁਖ ਕੀ ਬਿਧਿ ਤੀਨ। ਕਿਨ ਜੇ ਤਿਨ ਸੰਗ ਨੀਕੀ ਕੀਨਿ॥ ੩੯॥

ਜਗਤ ਦਾ ਨਾਨਾਪਨ ਨਿਸ਼ਚੇ ਨਹੀਂ ਕਰਦਾ, ਸਭ ਵਿਚ ਇਕੋ ਰੂਪ ਸਮਝਦਾ ਹੈ। ਹੁਣ ਮਨਮੁੱਖ ਦੇ ਤਿੰਨਾਂ ਰੂਪਾਂ ਬਾਰੇ ਸੁਣੋ। ਕਿਸੇ ਨੇ ਜੇ ਉਨ੍ਹਾਂ ਨਾਲ ਕੋਈ ਨੇਕੀ ਵੀ ਕੀਤੀ ਹੋਵੇ॥ ੩੯॥

ਸੋ ਬਿਸਾਰਿ ਠਾਨਹਿ ਬੁਰਿਆਈ। ਕਿਹ ਸੰਗ ਭਲੋ ਨ ਕਰਹਿ ਕਦਾਈ।
ਜਿਸ ਨੇ ਮਨ ਹੀ ਕੋ ਮੁਖ ਕੀਨਿ। ਮਨ ਕੋ ਕਹਜੋ ਕਰਹਿ ਮਤਿ ਹੀਨ॥ ੪੦॥

ਉਸ ਦੀ ਨੇਕੀ ਵਿਸਾਰ ਕੇ ਉਸ ਦੀ ਬੁਰਿਆਈ ਕਰਨਗੇ, ਉਹ ਕਿਸੇ ਨਾਲ ਕਦੇ ਵੀ ਭਲਾ ਨਹੀਂ ਕਰਦੇ। ਉਨ੍ਹਾਂ ਮਨ ਨੂੰ ਹੀ ਆਗੂ ਬਣਾਇਆ ਹੈ। ਮੂਰਖ ਮਨ ਦਾ ਕਿਹਾ ਹੀ ਕਰਦੇ ਹਨ॥ ੪੦॥

ਧਰਮ ਨ ਰਾਖਹਿ ਨਿੰਦਹਿ ਕਜਾ ਹੈ। ਕਪਟ ਕੂਰ ਕਰਿ ਲਪਟ ਤ੍ਰਿਯਾ ਹੈ।
ਅਸ ਮਨਮੁਖ ਕੇ ਲੱਛਨ ਜਾਨਿ। ਅਬਿ ਮਨਮੁਖ ਤਰ ਕੋ ਸੁਨਿ ਕਾਨ॥ ੪੧॥

ਧਰਮ ਨਹੀਂ ਰੱਖਦੇ ਤੇ ਨਿੰਦਿਆ ਕਰਦੇ ਹਨ ਕਿ ਧਰਮ ਕੀ ਹੈ ? ਕਪਟ ਅਤੇ ਕੂੜ ਕਰਕੇ, ਇਸਤਰੀ ਸੰਗ ਕਰਦੇ ਹਨ। ਐਸੇਂ ਮਨਮੁਖ ਦੇ ਲੱਛਣ ਜਾਣੋ, ਹੁਣ ਮਨਮੁਖ ਤਰ ਬਾਰੇ ਕੰਨਾਂ ਨਾਲ ਸੁਣੋ॥ ੪੧॥

ਪਰ ਕੋ ਭਲਾ ਹੋਤਿ ਦੁਖ ਪਾਵਹਿ। ਕਿਮ ਬਿਗਰਹਿ ਅਸ ਜਤਨ ਬਨਾਵਹਿ।
ਦੇਖਤਿ ਸੁਨਤਿ ਤਪਤ ਅਤਿ ਛਾਤੀ। ਚਿਤਵਹਿ ਕੋ ਹੋਵਹਿ ਇਸ ਘਾਤੀ॥ ੪੨॥

ਪਰਾਏ ਦਾ ਭਲਾ ਹੁੰਦਾ ਵੇਖ ਕੇ ਦੁਖੀ ਹੋਵੇ, ਇਹੋ ਯਤਨ ਕਰੇ ਕਿ ਕਿਵੇਂ ਇਸ ਦਾ ਵਿਗਾੜ ਹੋ ਸਕੇ। ਦੂਸਰੇ ਦਾ ਭਲਾ ਵੇਖ ਸੁਣ ਕੇ ਛਾਤੀ ਬੜੀ ਤੱਪਦੀ ਹੈ, ਹਰ ਵੇਲੇ ਇਹੋ ਸੋਚਦਾ ਹੈ ਕਿ ਕਿਵੇਂ ਇਸ ਦਾ ਵਿਨਾਸ਼ ਹੋਵੇ॥ ੪੨॥

ਅਪਰ ਭਲਾ ਕੋ ਕਹਾਂ ਸੁਹਾਇ। ਸਖਾ ਭਲੇ ਕੋ ਸੁਨਿ ਤਪਤਾਇ।
ਮੁਖ ਤੇ ਮੀਠੀ ਕਹੈ ਸੁਨਾਵੈ। ਨਹਿਂ ਉਰ ਜਰਹਿ ਸੁ ਜਰ ਜਰ ਜਾਵੈ॥ ੪੩॥

ਕਿਸੇ ਹੋਰ ਦਾ ਭਲਾ ਤਾਂ ਉਸ ਨੂੰ ਕੀ ਚੰਗਾ ਲੱਗਣਾ ਹੈ, ਆਪਣੇ ਮਿੱਤਰ, ਆਪਣੇ ਪਿਆਰੇ ਦਾ ਵੀ ਭਲਾ ਹੁੰਦਾ ਵੇਖ ਕੇ ਸੜਦਾ ਹੈ। ਮੂੰਹ ਤੇ ਮਿੱਠੀਆਂ ਗੱਲਾਂ ਕਰਦਾ ਹੈ, ਪਰ ਦਿਲ ਵਿਚ ਸਹਾਰਦਾ ਨਹੀਂ ਹੈ ਤੇ ਸੜ ਬਲ ਜਾਂਦਾ ਹੈ॥ ੪੩॥

ਹਿਤ ਅਨਹਿਤ ਸਮ ਏਕ ਬਿਚਾਰਹਿ। ਸਭਿ ਕੋ ਬੁਰੇ ਹੋਇ ਸੁਖ ਧਾਰਹਿ।
ਸਭਿ ਜਗ ਕੋ ਬੈਰੀ ਸਮ ਜਾਨੈ। ਬਹੁਤਨਿ ਸੰਗ ਦ੍ਵੈਸ਼ ਹੀ ਠਾਨੈ॥ ੪੪॥

ਪਿਆਰ ਵੈਰ ਇਕੋ ਜੇਹਾ ਸਮਝਦਾ ਹੈ, ਸਾਰਿਆਂ ਦਾ ਬੁਰਾ ਹੋਣ ਤੇ ਸੁਖ ਅਨੁਭਵ ਕਰਦਾ ਹੈ। ਸਾਰੇ ਜੱਗ ਨੂੰ ਵੈਰੀ

Sri Satguru Jagjit Singh Ji eLlibrary NamdhariElibrary@gmail.com

ਅਬਿ ਮਨਮੁਖ ਤਮ ਕੋ ਸੁਨਿ ਕਾਨ। ਸਭਿ ਕੋ ਬੁਰਾ ਅਪਨ ਹਿਤ ਜਾਨਿ।
ਸਤਿਗੁਰ ਸ਼ਬਦ ਸ਼੍ਰਵਨ ਨਹਿਂ ਕਰੈ। ਕਥਾ ਪੁਰਾਨ ਕਾਨ ਨਹਿਂ ਧਰੈ॥ ੪੫॥

ਹੁਣ ਮਨਮੁਖ ਤਮ ਬਾਰੇ ਕੰਨ ਲਾ ਕੇ ਸੁਣੋ। ਸਾਰਿਆਂ ਦਾ ਬੁਰਾ ਆਪਣਾ ਹਿਤ ਜਾਣਦਾ ਹੈ, ਸਤਿਗੁਰੂ ਦਾ ਸ਼ਬਦ ਕਦੀ ਵੀ ਸ੍ਰਵਣ ਨਹੀਂ ਕਰਦਾ, ਪੁਰਾਣਾਂ ਦੀ ਕਥਾ ਕਦੀ ਕੰਨਾਂ ਨਾਲ ਨਹੀਂ ਸੁਣਦਾ॥ ੪੫॥

ਦਾਨ ਪੁੰਨ ਇਸ਼ਨਾਨ ਬਿਹੀਨ। ਕੂਰੋ ਕਹੈ ਜੀਵਕਾ ਧੀਨ।
ਇਮ ਭਾਖਹਿ ਜਹਿਂ ਨਰ ਸਮੁਦਾਈ। 'ਹਮਹਿਂ ਨ ਫਲਤਿ ਕਰੀ ਭਲਿਆਈ॥੪੬॥

ਦਾਨ, ਪੁੰਨ ਅਤੇ ਇਸ਼ਨਾਨ ਤੋਂ ਬਗੈਰ ਰਹਿੰਦਾ ਹੈ, ਇਸ ਤੱਥ ਨੂੰ ਵੀ ਝੂਠ ਮੰਨਦਾ ਹੈ ਕਿ ਅਸੀਂ ਜੀਵਕਾ ਦੇ ਅਧੀਨ ਰਹਿੰਦੇ ਹਾਂ। ਜਿਥੇ ਮਨੁੱਖਾਂ ਦਾ ਇਕੱਠ ਵੇਖਦਾ ਹੈ, ਓਥੇ ਇਸ ਤਰ੍ਹਾਂ ਕਹਿੰਦਾ ਹੈ, "ਸਾਨੂੰ ਵਡਿਆਈ ਕੀਤੀ ਫਲਦੀ ਨਹੀ ਹੈ॥ ੪੬॥

ਕਰਤਿ ਬੁਰਾਈ ਹੀ ਸੁਖ ਪਾਵੈਂ। ਅਸ ਮਨਮੁਖਿ ਤਮ ਨਰਕ ਸਿਧਾਵੈ।
ਘੋਰ ਸ਼ਜਾਇਨਿ ਸਹੈ ਸਰੀਰ। ਜਨਮ ਮਰਨ ਕੀ ਪੁਨ ਪੁਨ ਪੀਰ'॥ ੪੭॥

ਬੁਰਾਈ ਕਰਕੇ ਹੀ ਸੁਖ ਪਾਉਂਦਾ ਹੈ, ਐਸਾ ਮਨਮੁਖ ਸਿੱਧਾ ਨਰਕਾਂ ਨੂੰ ਜਾਂਦਾ ਹੈ। ਸਰੀਰ ਤੇ ਘੋਰ ਸਜ਼ਾਵਾਂ ਸਹਿੰਦਾ ਹੈ ਅਤੇ ਜਨਮ ਮਰਨ ਦੀਆਂ ਪੀੜਾਂ ਬਾਰ-ਬਾਰ ਪਾਉਂਦਾ ਹੈ"॥ ੪੭॥

ਸੁਨਿ ਤੀਨਹੁ ਗੁਰ ਕੋ ਉਪਦੇਸ਼। ਗੁਰਮੁਖ ਲੱਛਨ ਧਰੇ ਅਸ਼ੇਸ਼।
ਸ੍ਰੀ ਸਤਿਗੁਰ ਕੋ ਸੇਵਤਿ ਰਹੇ। ਨਿਜ ਸਰੂਪ ਮਹਿਂ ਥਿਰਤਾ ਲਹੇ॥ ੪੮॥

ਤਿੰਨਾਂ ਨੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਗੁਰਮੁਖ ਦੇ ਲੱਛਣ ਧਾਰਨ ਕੀਤੇ। ਸਤਿਗੁਰੂ ਜੀ ਦੀ ਸੇਵਾ ਕਰਦੇ ਰਹੇ ਅਤੇ ਆਪਣੇ ਸਰੂਪ ਵਿਚ ਥਿਰਤੀ ਲਾ ਲਈ॥ ੪੮॥

*ਤੀਸਰੀ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥ ੫੩॥*

## *ਅਧਿਆਇ ਚਰਵੰਝਵਾਂ*

*ਭਾਈ ਲਾਲੂ, ਭਾਈ ਬਾਲੂ ਆਦਿ*

*ਦੋਹਰਾ-* ਲਾਲੂ ਬਾਲੂ ਬਿੱਜ ਹੈ ਤੀਸਰ ਪ੍ਰਿਯ ਹਰਿ ਦਾਸ।
ਮਿਲਿ ਆਏ ਦਰਸ਼ਨ ਕਰਨਿ ਸ੍ਰੀ ਅਰਜਨ ਕੇ ਪਾਸ॥ ੧॥

ਭਾਈ ਲਾਲੂ ਬਿੱਜ, ਭਾਈ ਬਾਲੂ ਬਿੱਜ ਅਤੇ ਤੀਸਰਾ ਪਿਆਰਾ ਹਰੀ ਦਾਸ, ਉਹ ਤਿੰਨੇ ਮਿਲ ਕੇ ਦਰਸ਼ਨ ਕਰਨ ਲਈ ਗੁਰੂ ਅਰਜਨ ਦੇਵ ਜੀ ਪਾਸ ਆਏ॥ ੧॥

*ਚੌਪਈ-* ਬੰਦਿ ਹਾਥ ਬੰਦਨ ਕਰਿ ਬੈਸੇ। ਅਰਜ਼ ਬਖਾਨੀ ਤੀਨਹੁ ਐਸੇ।
'ਹਮ ਕੋ ਨਿਜ ਉਪਦੇਸ਼ ਸੁਨਾਵਹੁ। ਨਿਜ ਸਿੱਖਨਿ ਕੋ ਸਾਥ ਮਿਲਾਵਹੁ॥੨॥

ਹੱਥ ਜੋੜ ਕੇ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ। ਤਿੰਨਾਂ ਨੇ ਫਿਰ ਇਸ ਤਰ੍ਹਾਂ ਬੇਨਤੀ ਕੀਤੀ, "ਸਾਨੂੰ ਆਪਣਾ ਉਪਦੇਸ ਸੁਣਾਵੋ ਅਤੇ ਆਪਣੇ ਸਿੱਖਾਂ ਦੇ ਨਾਲ ਮਿਲਾਵੋ॥ ੨॥

ਜਿਸ ਬਿਧਿ ਹੋਇ ਉਧਾਰ ਹਮਾਰਾ। ਕਰਹੁ ਆਪ ਉਪਦੇਸ਼ ਉਚਾਰਾ'।
ਸੁਨਿ ਸ੍ਰੀ ਮੁਖ ਤੇ ਬਾਕ ਬਖਾਨੇ। 'ਮਾਨ ਮੋਹ ਮਤਸਰ ਕਰਿ ਹਾਨੇ॥ ੩॥

ਜਿਸ ਤਰ੍ਹਾਂ ਸਾਡਾ ਉਧਾਰ ਹੋਵੇ, ਆਪ ਜੀ ਆਪਣਾ ਉਪਦੇਸ਼ ਉਚਾਰਨ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਅਹੰਕਾਰ, ਮੋਹ ਅਤੇ ਈਰਖਾ ਦਾ ਨਾਸ਼ ਕਰੋ॥ ੩॥

ਪਰ ਕਾ ਬੁਰਾ ਨ ਰਾਖਹੁ ਚੀਤ। ਤੁਮ ਕੋ ਦੁਖ ਨ ਹੋਇ ਕਿਸ ਰੀਤਿ।
ਮਿਲਹੁ ਬਿਕਸ ਗੁਰ ਸਿੱਖਨਿ ਸਾਥ। ਬੰਦਹੁ ਭਾਉ ਸੰਗ ਜੁਗ ਹਾਥ॥ ੪॥

ਦੂਸਰੇ ਦਾ ਬੁਰਾ ਚਿੱਤ ਵਿਚ ਨਾ ਧਾਰਨ ਕਰੋ, ਤੁਹਾਨੂੰ ਕਿਸੇ ਰੀਤੀ ਅਨੁਸਾਰ ਵੀ ਦੁਖ ਨਹੀਂ ਹੋਵੇਗਾ। ਗੁਰਸਿੱਖਾਂ ਦੇ ਨਾਲ ਬੜੇ ਪ੍ਰਸੰਨ ਹੋ ਕੇ ਬੋਲੋ, ਪ੍ਰੇਮ ਨਾਲ ਦੋਵੇਂ ਹੱਥ ਜੋੜ ਕੇ ਬੰਦਨਾ ਕਰੋ॥ ੪॥

ਮਿੱਠਾ ਬੋਲਨਿ ਅਰ ਨਿਵ ਚਲਨਾ। ਵੰਡ ਖਾਵਣਾ ਹਿਤ ਧਰਿ ਮਿਲਨਾ।
ਧਰਮ ਕਿਰਤ ਤੇ ਕਰਨਿ ਅਹਾਰਾ। ਪੰਚਹੁ ਕਰਮ ਦੇਤਿ ਸੁਖ ਸਾਰਾ॥ ੫॥

ਮਿੱਠਾ ਬੋਲਣ ਅਤੇ ਨੀਵੇਂ ਹੋ ਕੇ ਚੱਲਣਾ, ਵੰਡ ਛੱਕਣਾ ਅਤੇ ਪ੍ਰੇਮ ਧਾਰ ਕੇ ਮਿਲਣਾ, ਧਰਮ ਦੀ ਕਿਰਤ ਕਰਨਾ, ਭੋਜਨ ਕਰਨਾ, ਇਹ ਪੰਜੇ ਕਰਮ ਸੁਖ ਦਿੰਦੇ ਹਨ॥ ੫॥

ਇਹ ਸਭਿ ਕਰਹੁ ਬਿਸਾਰਹੁ ਨਾਂਹੀ। ਹੁਇ ਕੱਲਜਾਨ ਗ੍ਰਿਹਸਤ ਕੇ ਮਾਹੀ'।
ਸੁਨਿ ਕਰਿ ਸਤਿਗੁਰ ਕੋ ਉਪਦੇਸ਼। ਕਰਜੋ ਕਮਾਵਨਿ ਕਟੇ ਕਲੇਸ਼॥ ੬॥

ਇਹ ਸਭ ਕਰੋ ਵਿਸਾਰੋ ਨਹੀਂ, ਤੁਹਾਡਾ ਗ੍ਰਹਿਸਤ ਦੇ ਵਿਚ ਹੀ ਕਲਿਆਣ ਹੋ ਜਾਵੇਗਾ।" ਸਾਰੇ ਸਿੱਖ ਜਦ ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਉਸਦੀ ਕਮਾਈ ਕਰਨ ਲੱਗੇ ਤਾਂ ਸਾਰੇ ਕਲੇਸ਼ ਮਿੱਟ ਗਏ॥ ੬॥

ਦੋਹਰਾ- ਧੀਰ ਨਿਹਾਲੂ ਤੁਲਸੀਆ ਬੂਲਾ ਚੰਡੀਆ ਆਇ।
ਸ੍ਰੀ ਗੁਰ ਅਰਜਨ ਸ਼ਰਨ ਕੋ ਜਾਨੀ ਮਨ ਸੁਖਦਾਇ॥ ੭॥

ਧੀਰਜਵਾਨ ਨਿਹਾਲੂ ਤੁਲਸੀਆ ਅਤੇ ਬੂਲਾ ਚੰਡੀਆ ਆਏ। ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਨੂੰ ਸੁਖਦਾਇਕ ਜਾਣਿਆ॥ ੭॥

ਚੌਪਈ- ਬੈਠਿ ਨਿਕਟ ਸਤਿਗੁਰ ਕੇ ਸੋਇ। ਕਿਰਤਨ ਹੋਤਿ ਸ਼੍ਰਵਨ ਹੁਇ ਜੋਇ।
ਸ੍ਰੀ ਨਾਨਕ ਕੀ ਉਪਮਾ ਮਹਾਂ। ਸੁਨਤਿ ਬਿਚਾਰਤਿ ਬੈਠੇ ਤਹਾਂ॥ ੮॥

ਉਹ ਸਤਿਗੁਰੂ ਜੀ ਦੇ ਪਾਸ ਬੈਠ ਗਏ, ਉਸ ਸਮੇਂ ਕੀਰਤਨ ਹੋ ਰਿਹਾ ਸੀ, ਸ੍ਰਵਣ ਕਰਨ ਲੱਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਉਪਮਾ ਹੈ, ਸੁਣਦੇ ਵਿਚਾਰਦੇ ਓਥੇ ਬੈਠੇ ਰਹੇ॥ ੮॥

ਸਭਿ ਕੇ ਉਰ ਸੰਸੈ ਹੁਇ ਆਵਾ। ਨਰ ਗਨ ਪ੍ਰਥਮ ਝਗਰ ਜਿਮ ਪਾਵਾ।
ਹਾਥ ਜੋਰਿ ਸੋ ਬੂਝਨਿ ਲਾਗੇ। ਸਿੱਖ ਬਨਨਿ ਮਹਿਂ ਮਨ ਅਨੁਰਾਗੇ॥ ੯॥

ਸਾਰਿਆਂ ਦੇ ਮਨ ਵਿਚ ਸ਼ੰਕਾ ਹੋ ਗਿਆ, ਬਹੁਤੇ ਪੁਰਸ਼ਾਂ ਨੇ ਜਿਵੇਂ ਪਹਿਲਾਂ ਝਗੜਾ ਪਾਇਆ ਸੀ। ਹੱਥ ਜੋੜ ਕੇ ਪੁੱਛਣ ਲੱਗੇ, ਸਿੱਖ ਬਣਨ ਲਈ ਸਾਡੇ ਮਨ ਵਿਚ ਬੜਾ ਪ੍ਰੇਮ ਪੈਦਾ ਹੋਇਆ ਹੈ॥ ੯॥

'ਸੁਨਹੁ ਗੁਰੂ ਜੀ ਲੋਕ ਅਨੇਕ। ਮਿਲਿ ਕਰਿ ਝਗਰਤਿ ਹੀਨ ਬਿਬੇਕ।
ਤਿਨ ਮਹੁ ਬੈਠਤਿ ਭਯੋ ਸੰਦੇਹੂ। ਤੁਮ ਸਰਬੱਗਜ ਸੁ ਉੱਤਰ ਦੇਹੂ॥੧੦॥

"ਹੇ ਗੁਰੂ ਜੀ! ਸੁਣੋ, ਅਨੇਕਾਂ ਬਬੇਕਹੀਣ ਲੋਕ ਮਿਲ ਕੇ ਝਗੜਾ ਕਰਦੇ ਹਨ। ਉਨ੍ਹਾਂ ਦੇ ਮਨਾਂ ਵਿਚ ਸੰਦੇਹਾ ਬੈਠਿਆ ਹੋਇਆ ਹੈ, ਤੁਸੀਂ ਸਰਬ ਸਮਰੱਥ ਹੋ, ਸਾਨੂੰ ਇਸ ਬਾਰੇ ਸਮਝਾਓ॥ ੧੦॥

ਕੇਤਿਕ ਗੁਰ ਨਾਨਕ ਅਵਤਾਰ। ਜਨਕਾਦਿਕ ਕੇ ਕਰਹਿਂ ਉਚਾਰ।
ਕੇਤਿਕ ਕਹੈਂ ਬਿਸ਼ਨੁ ਕੋ ਰੂਪ। ਧਰਿ ਕਰਿ ਕੀਨੇ ਚਲਿਤ ਅਨੂਪ॥ ੧੧॥

ਕਈ ਗੁਰੂ ਨਾਨਕ ਦੇਵ ਜੀ ਨੂੰ ਜਨਕ ਆਦਿ ਅਵਤਾਰ ਕਹਿੰਦੇ ਹਨ। ਕਈ ਕਹਿੰਦੇ ਹਨ, ਉਹ ਵਿਸ਼ਨੂੰ ਦਾ ਰੂਪ ਸਨ ਅਤੇ ਧਰਤੀ ਤੇ ਆ ਕੇ ਉਨ੍ਹਾਂ ਅਨੇਕ ਪ੍ਰਕਾਰ ਚਰਿੱਤਰ ਕੀਤੇ॥ ੧੧॥

ਇੱਤਜਾਦਿਕ ਬਹੁ ਕਹੈਂ ਬਨਾਇ। ਨਿਰਨੈ ਬਾਤ ਨਹੀਂ ਹਮ ਪਾਇਂ।
ਕ੍ਰਿਪਾ ਕਰਹੁ ਅਬਿ ਆਪ ਬਤਾਵਹੁ। ਕਿਹ ਅਵਤਾਰ ਭੇਦ ਸਮਝਾਵਹੁ॥੧੨॥

ਇਤਿਆਦਿ ਬਹੁਤ ਬਣਾ ਕੇ ਕਹਿੰਦੇ ਹਨ, ਅਸੀਂ ਅਸਲ ਗੱਲ ਦਾ ਨਿਰਣਾ ਨਹੀਂ ਪਾ ਸਕਦੇ। ਕਿਰਪਾ ਕਰਕੇ ਹੁਣ ਤੁਸੀਂ ਦੱਸੋ ਕਿ ਗੁਰੂ ਨਾਨਕ ਜੀ ਕਿਸ ਦੇ ਅਵਤਾਰ ਹੋਏ ਹਨ, ਸਾਨੂੰ ਸਾਰਾ ਭੇਦ ਸਮਝਾਵੋ॥ ੧੨॥

ਸੁਨਿ ਕਰਿ ਉਪਜਹਿ ਸਿਦਕ ਹਮਾਰੇ। ਪਰਹਿਂ ਪੰਥ ਸੁਖ ਪ੍ਰਾਪਤਿ ਸਾਰੇ।
ਚਿਰੰਕਾਲ ਕੋ ਇਹ ਸੰਦੇਹੂ। ਬਹੁਤ ਨਰਨਿ ਕੈ ਮੇਟਹੁ ਏਹੂ॥ ੧੩॥

ਜਿਸ ਨੂੰ ਸੁਣ ਕੇ ਸਾਡੇ ਮਨ ਵਿਚ ਸਿਦਕ ਆਵੇ ਅਤੇ ਸਿੱਖੀ ਪੰਥ ਵਿਚ ਪਈਏ, ਜਿਸ ਵਿਚ ਸਾਰੇ ਸੁਖ ਪ੍ਰਾਪਤ ਹਨ, ਬਹੁਤ ਦੇਰ ਤੋਂ ਮਨ ਵਿਚ ਅਜਿਹੀ ਸ਼ੰਕਾ ਹੈ, ਇਸ ਲਈ ਸਾਰੇ ਮਨੁੱਖਾਂ ਦੇ ਭਰਮ ਨੂੰ ਨਵਿਰਤ ਕਰੋ"॥ ੧੩॥

ਸ੍ਰੀ ਅਰਜਨ ਸੁਨਿ ਗਿਰਾ ਬਖਾਨੀ। 'ਸ੍ਰੀ ਸਤਿਗੁਰ ਨਾਨਕ ਗੁਨਖਾਨੀ।
ਨੇਤਿ ਨੇਤਿ ਜਿਸ ਕੌ ਕਹਿ ਬੇਦ। ਸਭਿ ਥਕਿ ਰਹੇ ਨ ਪਾਯਹੁ ਭੇਦ॥ ੧੪॥

ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਬਚਨ ਕੀਤੇ, "ਸ੍ਰੀ ਸਤਿਗੁਰੂ ਨਾਨਕ ਦੇਵ ਜੀ ਗੁਣਾਂ ਦੀ ਖਾਨ ਹਨ, ਜਿਨ੍ਹਾਂ ਨੂੰ ਵੇਦ ਬੇਅੰਤ-ਬੇਅੰਤ ਕਹਿੰਦੇ ਹਨ। ਸਭ ਥੱਕ ਕੇ ਹਾਰ ਗਏ ਹਨ ਅਤੇ ਕਿਸੇ ਨੇ ਵੀ ਭੇਦ ਨਹੀਂ ਪਾਇਆ ਹੈ॥ ੧੪॥

ਬ੍ਰਹਮਾਂ ਸ਼ਿਵ ਸਨਕਾਦਿਕ ਸਾਰੇ। ਬੁਧਿ ਕਰਿ ਬਲ ਕਰਿ ਖੋਜਤਿ ਹਾਰੇ।
ਨਾਮ ਸਹੰਸ੍ਰ ਸ਼ੇਸ਼ ਨਿਤ ਕਹੈ। ਜਿਸ ਕੋ ਗੁਨ ਕੇ ਅੰਤ ਨ ਲਹੈ॥ ੧੫॥

ਬ੍ਰਹਮਾ, ਸ਼ਿਵਜੀ ਅਤੇ ਬ੍ਰਹਮਾ ਦੇ ਚਾਰ ਪੁੱਤਰ ਸਨਕ, ਸਨੰਦਨ, ਸਨਾਤਨ ਅਤੇ ਸਨਤ ਆਪਣੀ ਬੁੱਧੀ ਦੀ ਸ਼ਕਤੀ ਨਾਲ ਲੱਭ ਲੱਭ ਕੇ ਹਾਰ ਗਏ ਹਨ। ਸ਼ੇਸ਼ਨਾਗ ਨਿਤ ਹਜ਼ਾਰਾਂ ਨਾਂ ਕਹਿੰਦਾ ਹੈ, ਪਰ ਉਸ ਦੇ ਗੁਣ ਦੇ ਅੰਤ ਨੂੰ ਕੋਈ ਵੀ ਪਾ ਨਹੀਂ ਸਕਦਾ॥ ੧੫॥

ਪਾਪਨਿ ਭਾਰ ਅਧੀਰਜ ਧਰਨੀ। ਬਹੁ ਗਿਨਤੀ ਬਿਨਤੀ ਕਰਿ ਕਰਨੀ।
ਜੋਗ ਜੱਗ ਤਪ ਸ਼ਕਤਿ ਨ ਰਹੀ। ਸ਼ੁਭ ਕਰਮਨਿ ਬਿਨ ਨਰ ਗਤਿ ਲਹੀ॥੧੬॥

ਪਾਪਾਂ ਦੇ ਭਾਰ ਥੱਲੇ ਧੀਰਜ ਰਹਿਤ ਹੋਈ ਧਰਤੀ ਨੇ ਬਹੁਤ ਗਿਣਤੀਆਂ ਅਤੇ ਬੇਨਤੀਆਂ ਕੀਤੀਆਂ। ਜੋਗ, ਯੱਗ ਅਤੇ ਤੱਪ ਕਰਨ ਦੀ ਮਨੁੱਖਾਂ ਵਿਚ ਸ਼ਕਤੀ ਨਾ ਰਹੀ। ਸ਼ੁਭ ਕਰਮਾਂ ਬਗੈਰ ਮਨੁੱਖਾਂ ਦੀ ਦਸ਼ਾ ਵੇਖੀ ਹੈ॥ ੧੬॥

ਮੁਹਿ ਅਲੰਬ ਅਬਿ ਦੀਜੈ ਕੋਈ। ਜਿਸ ਤੇ ਥਿਰੌਂ ਧੀਰ ਉਰ ਹੋਈ।
ਪਾਰਬ੍ਰਹਮ ਅਚਰਜ ਜਿਸ ਚਰਿਤਾ। ਸਭਿ ਜਗ ਕਰਤਾ ਭਰਤਾ ਹਰਤਾ॥੧੭॥

ਮੈਨੂੰ ਹੁਣ ਕੋਈ ਆਸਰਾ ਦੇਵੋ, ਜਿਸ ਆਸਰੇ ਮੈਂ ਸਥਿਰ ਹੋ ਸਕਾਂ ਤੇ ਮੇਰੇ ਹਿਰਦੇ ਵਿਚ ਧੀਰਜ ਆਵੇ। ਪਾਰਬ੍ਰਹਮ ਜਿਸ ਦਾ ਅਸਚਰਜ ਚਰਿਤਰ ਹੈ, ਉਹ ਸਾਰੇ ਜਗਤ ਨੂੰ ਬਣਾਉਣ ਵਾਲਾ, ਪਾਲਣਾ ਕਰਨ ਵਾਲਾ ਅਤੇ ਨਾਸ਼ ਕਰਨ ਵਾਲਾ ਹੈ॥ ੧੭॥

ਧਰਜੋ ਆਨਿ ਸ੍ਰੀ ਨਾਨਕ ਰੂਪ। ਗੁਰ ਸਿੱਖੀ ਉਪਜਾਇ ਅਨੂਪ।
ਸ਼ਕਤਿ ਬਿਹੀਨ ਹੇਰਿ ਨਰ ਸਾਰੇ। ਜੋਗ ਨ ਜੱਗ ਨ ਤਪ ਕੁਛ ਧਾਰੇ॥ ੧੮॥

ਉਸ ਨੇ ਆ ਕੇ ਨਾਨਕ ਰੂਪ ਧਾਰਨ ਕੀਤਾ ਅਤੇ ਅਨੂਪਮ ਗੁਰਸਿੱਖੀ ਉਤਪੰਨ ਕੀਤੀ। ਸਾਰੇ ਮਨੁੱਖਾਂ ਨੂੰ ਸ਼ਕਤੀ-ਰਹਿਤ ਵੇਖਿਆ। ਕਿਸੇ ਨੇ ਵੀ ਯੋਗ, ਯੱਗ ਜਾਂ ਤਪ ਧਾਰਨ ਨਹੀਂ ਸੀ ਕੀਤਾ ਹੋਇਆ॥ ੧੮॥

ਯਾਂਤੇ ਗੁਰਸਿੱਖੀ ਕੀ ਰੀਤਿ। ਜਗ ਬਿਸਤਰੀ ਵਧਤਿ ਬਡ ਨੀਤ।
ਸੱਤਿਨਾਮ ਕੋ ਜਾਪ ਬਤਾਯੋ। ਦਾਨ ਸ਼ਨਾਨ ਭਾਉ ਚਿਤ ਲਾਯੋ॥ ੧੯॥

ਇਸ ਕਰਕੇ ਉਨ੍ਹਾਂ ਗੁਰਸਿੱਖੀ ਦੀ ਰੀਤੀ ਚਲਾਈ, ਜਿਹੜੀ ਸਾਰੇ ਜਗਤ ਵਿਚ ਫੈਲੀ ਅਤੇ ਹਮੇਸ਼ਾਂ ਲਈ ਬਹੁਤ ਵਧੀ। ਸਤਿਨਾਮ ਦਾ ਜਾਪ ਕਰਨਾ ਦੱਸਿਆ। ਦਾਨ ਇਸ਼ਨਾਨ ਪ੍ਰੇਮ ਸਹਿਤ ਚਿੱਤ ਨੂੰ ਲਾਏ॥ ੧੯॥

ਚਾਰਹੁੰ ਬੇਦਨਿ ਕੋ ਤਤ ਲੀਨਿ। ਦੇਸ਼ਨਿ ਭਾਖਾ ਮਹਿਂ ਕਹਿ ਦੀਨਿ।
ਸੰਸਕ੍ਰਿਤ ਮਹਿਂ ਦੁਰਲਭ ਜੋਇ। ਲਾਖਹੁੰ ਮਹਿਂ ਪ੍ਰਾਪਤ ਹੁਇ ਕੋਇ॥ ੨੦॥

ਚਾਰੇ ਵੇਦਾਂ ਦਾ ਸਿਧਾਂਤ (ਸਾਰ) ਲਿਆ ਤੇ ਦੇਸੀ ਭਾਸ਼ਾ ਵਿਚ ਉਸ ਨੂੰ ਕਹਿ ਦਿੱਤਾ। ਸੰਸਕ੍ਰਿਤ ਵਿਚ ਜਿਹੜੀ ਬੜੀ ਦੁਰਲੱਭ ਸੀ ਉਹ ਲੱਖਾਂ ਨੂੰ ਆਪਣੀ ਭਾਸ਼ਾ ਵਿਚ ਪ੍ਰਾਪਤ ਹੋ ਗਈ॥ ੨੦॥

ਸੋ ਤਤ ਗੁਰ ਸਿੱਖਨਿ ਮਹਿਂ ਐਸੇ। ਧਰਜੋ ਬਦਰ ਕਿਨ ਕਰ ਪਰ ਜੈਸੇ।
ਸਿਮਰਤਿ ਨਾਮ ਭਗਤ ਕੋ ਕਰਤੇ। ਸਨੈ ਸਨੈ ਬ੍ਰਹਮ ਰੂਪ ਬਿਚਰਿਤੇ॥ ੨੧॥

ਸੋ ਸਿਧਾਂਤ ਸਿੱਖਾਂ ਵਿਚ ਇਸ ਤਰ੍ਹਾਂ ਹੈ, ਜਿਵੇਂ ਕਿਸੇ ਨੇ ਹੱਥ ਤੇ ਬੇਰ ਧਰਿਆ ਹੋਵੇ, ਭਾਵ ਉਹ ਸਿਧਾਂਤ ਬਿਲਕੁਲ ਪ੍ਰਗਟ ਹੈ। ਨਾਮ ਦਾ ਸਿਮਰਨ ਕਰਕੇ ਭਗਤੀ ਕਰਦੇ ਹਨ ਅਤੇ ਹੌਲੀ-ਹੌਲੀ ਬ੍ਰਹਮ ਰੂਪ ਤੇ ਵਿਚਾਰ ਕਰਦੇ ਹਨ॥ ੨੧॥

ਉਰ ਮਹਿਂ ਬਿਦਤ ਸੁ ਤਤ ਹੁਇ ਆਵਤਿ। ਜਿਸ ਕੇ ਲਖੇ ਨ ਪੁਨ ਦੁਖ ਪਾਵਤਿ।
ਬੇਦ ਸਾਰ ਕੀ ਭਾਖਾ ਕੀਨਿ। ਗੁਰੂ ਕ੍ਰਿਪਾਲ ਕ੍ਰਿਪਾ ਰਸ ਭੀਨ॥ ੨੨॥

ਸੋ ਬ੍ਰਹਮ ਹੋ ਕੇ ਆਉਂਦਾ ਹੈ, ਉਹ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਜਿਸ ਨੂੰ ਵੇਖਣ ਅਤੇ ਸਮਝਣ ਨਾਲ ਮਨੁੱਖ ਫਿਰ ਦੁਖ ਨਹੀਂ ਪਾਉਂਦਾ ਹੈ, ਵੇਦ ਸਿਧਾਂਤ ਦੀ ਯਥਾਰਥ ਭਾਸ਼ਾ ਕੀਤੀ, ਕ੍ਰਿਪਾਲੂ ਗੁਰੂ ਜੀ ਨੇ ਕ੍ਰਿਪਾ ਕਰਕੇ ਰਸ-ਭਿੰਨੀ ਬਾਣੀ ਦੀ ਰਚਨਾ ਕੀਤੀ॥ ੨੨॥

ਤੁਮ ਭੀ ਕਰਹੁ ਬਿਚਾਰਨਿ ਬਾਨੀ। ਰਿਦਾ ਟਿਕਾਵਹੁ ਦੁਬਿਧਾ ਹਾਨੀ।
ਸਿਦਕ ਧਰਹੁ ਸਿੱਖੀ ਨਿਰਬਾਹੋ। ਨਹਿਂ ਦੁਖ ਤੇ ਜਮ ਕੇ ਸੰਗ ਜਾਹੋ'॥ ੨੩॥

ਤੁਸੀਂ ਵੀ ਬਾਣੀ ਤੇ ਵਿਚਾਰ ਕਰੋ, ਹਿਰਦਾ ਟਿਕਾ ਕੇ ਦੁਬਿਧਾ ਨੂੰ ਦੂਰ ਕਰੋ। ਸਿਦਕ ਧਰੋ ਅਤੇ ਸਿੱਖੀ ਦੀ ਪਾਲਣਾ ਕਰੋ, ਤੁਸੀਂ ਦੁਖੀ ਹੋ ਕੇ ਜਮਾਂ ਦੇ ਨਾਲ ਨਹੀਂ ਜਾਵੋਗੇ"॥ ੨੩॥

ਸ੍ਰੀ ਅਰਜਨ ਤੇ ਸੁਨਿ ਹੁਲਸਾਏ। ਭਏ ਸਿੱਖ ਸੰਦੇਹਿ ਮਿਟਾਏ।
ਗੁਰਬਾਨੀ ਕੋ ਲਗੇ ਬਿਚਾਰਨਿ। ਭਗਤਿ ਗਜਾਨ ਕੀ ਜੋ ਬਡ ਕਾਰਨ॥ ੨੪॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ। ਉਹ ਸਾਰੇ ਸ਼ੰਕੇ ਦੂਰ ਕਰਕੇ ਸਿੱਖ ਹੋ ਗਏ। ਫਿਰ ਗੁਰਬਾਣੀ ਨੂੰ ਵਿਚਾਰਨ ਲੱਗੇ, ਭਗਤੀ ਗਿਆਨ ਦੀ ਜਿਹੜੀ ਵੱਡਾ ਕਾਰਨ ਹੈ॥ ੨੪॥

ਇਸ ਬਿਧਿ ਭਯੋ ਤਿਨਹੁਂ ਕੱਲਜਾਨ। ਗੁਰ ਕੋ ਸੇਵਤਿ ਰਹੇ ਮਹਾਨ।
ਤੋਤਾ ਅਰ ਮੱਦੂ ਹਿਤ ਧਾਰੇ। ਗੋਖੂ ਟੋਡਾ ਮਹਿਤਾ ਚਾਰੇ॥ ੨੫॥

ਇਸ ਪ੍ਰਕਾਰ ਉਨ੍ਹਾਂ ਦਾ ਕਲਿਆਣ ਹੋ ਗਿਆ, ਮਹਾਨ ਗੁਰੂ ਜੀ ਦੀ ਸੇਵਾ ਕਰਦੇ ਰਹੇ। ਤੋਤਾ, ਮੱਦੂ, ਗੋਖੂ ਅਤੇ ਟੋਡਾ ਮਹਿਤਾ ਚਾਰੇ ਬੜਾ ਹਿਤ ਧਾਰ ਕੇ॥ ੨੫॥

ਮਿਲਿ ਕਰਿ ਸ੍ਰੀ ਅਰਜਨ ਢਿਗ ਆਏ। ਪਦ ਅਰਬਿੰਦਨਿ ਸੀਸ ਲਗਾਏ।
ਬੈਠੇ ਹਾਥ ਜੋਰਿ ਕਰਿ ਪਾਸ। ਪਿਖਿ ਅਵਸਰ ਕੀਨਸਿ ਅਰਦਾਸ॥ ੨੬॥

ਇਕੱਠੇ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ ਅਤੇ ਚਰਨ ਕੰਵਲਾਂ ਤੇ ਸੀਸ ਨਿਵਾਏ। ਹੱਥ ਜੋੜ ਕੇ ਪਾਸ ਬੈਠ ਗਏ ਅਤੇ ਅਵਸਰ ਮਿਲਣ ਤੇ ਅਰਦਾਸ ਕੀਤੀ॥ ੨੬॥

'ਗੁਰੂ ਗ਼ਰੀਬ ਨਿਵਾਜ਼! ਹਮਾਰਾ। ਜਨਮ ਮਰਨ ਤੇ ਕਰਹੁ ਉਧਾਰਾ।
ਰਾਵਰ ਕੀ ਸ਼ੋਭਾ ਸੁਨਿ ਆਏ। ਉਚਿਤ ਉਧਾਰਨਿ ਕੇ ਲਖਿ ਪਾਏ' ॥ ੨੭॥

"ਹੇ ਗੁਰੂ ਗ਼ਰੀਬ ਨਿਵਾਜ਼ ਜੀ! ਸਾਡਾ ਜਨਮ ਮਰਨ ਤੋਂ ਉਧਾਰ ਕਰੋ। ਅਸੀਂ ਆਪ ਜੀ ਦੀ ਸ਼ੋਭਾ ਸੁਣ ਕੇ ਆਏ ਹਾਂ, ਅਸੀਂ ਆਪਣੇ ਆਪ ਨੂੰ ਉਧਾਰ ਲਈ ਉਚਿਤ ਜਾਣਿਆ ਹੈ" ॥ ੨੭॥

ਸੁਨਿ ਬੋਲੇ ਸ੍ਰੀ ਅਰਜਨ ਗਜਾਨੀ। 'ਪਠਹੁ ਸੁਨਹੁ ਤੁਮ ਮਿਲਿ ਗੁਰਬਾਨੀ।
ਆਪਸ ਮਹਿਂ ਪੁਨ ਕਰਹੁ ਬਿਚਾਰਾ। ਕਜਾ ਆਸ਼ੈ ਗੁਰੁਦੇਵ ਉਚਾਰਾ॥ ੨੮॥

ਸ੍ਰੀ ਗੁਰੂ ਅਰਜਨ ਦੇਵ ਜੀ ਸੁਣ ਕੇ ਬੋਲੇ, "ਤੁਸੀਂ ਸਾਰੇ ਮਿਲ ਕੇ ਗੁਰਬਾਣੀ ਪੜ੍ਹੋ। ਆਪਸ ਵਿਚ ਫਿਰ ਵਿਚਾਰ ਕਰੋ, ਗੁਰੂ ਦੇਵ ਜੀ ਨੇ ਕਿਸ ਆਸ਼ੇ ਨਾਲ ਇਹਦਾ ਉਚਾਰਣ ਕੀਤਾ ਹੈ॥ ੨੮॥

ਤਜਾਗਨਿ ਕਹਜੋ ਸੁ ਤਜਾਗ ਕਰੀਜੈ। ਗ੍ਰਹਣ ਜੋਗ ਸੋ ਗ੍ਰਹਣ ਧਰੀਜੈ'।
ਪੁਨ ਬੂਝਤਿ ਭੇ ਕੀਨਿ ਉਚਾਰਨਿ। 'ਬਾਨੀ ਪਢਨਿ ਸੁ ਔਰ ਬਿਚਾਰਨਿ॥ ੨੯॥

ਜੋ ਛੱਡਣ ਲਈ ਕਿਹਾ ਹੈ, ਉਸ ਨੂੰ ਛੱਡ ਦੇਵੇ, ਜੋ ਗ੍ਰਹਿਣ ਯੋਗ ਹੈ ਉਸ ਨੂੰ ਗ੍ਰਹਿਣ ਕਰੋ।" ਫਿਰ ਪੁੱਛਣ ਲੱਗੇ ਅਤੇ ਬੋਲੇ, "ਬਾਣੀ ਦਾ ਪੜ੍ਹਨਾ ਅਤੇ ਜਿਹੜਾ ਵਿਚਾਰਨਾ ਹੈ॥ ੨੯॥

ਕੇਤਿਕ ਪੁੰਨ ਦੁਹਨਿ ਕੋ ਹੋਇ। ਅਧਿਕ ਦੇਤਿ ਫਲ ਕਹੀਅਹਿ ਸੋਇ।
ਸੁਨਹਿਂ ਮਹਾਤਮ ਰਾਵਰਿ ਮੁਖ ਤੇ। ਸੋ ਹਮ ਕਰਹਿਂ ਮਿਲਹਿ ਜਿਸ ਸੁਖ ਤੇ' ॥੩੦॥

ਇਨ੍ਹਾਂ ਦੋਹਾਂ ਤੋਂ ਕਿੰਨਾ ਪੁੰਨ ਪ੍ਰਾਪਤ ਹੁੰਦਾ ਹੈ, ਜਿਹੜਾ ਇਸ ਤੋਂ ਵੀ ਜ਼ਿਆਦਾ ਫਲ ਦਿੰਦਾ ਹੈ, ਉਹ ਵੀ ਕਹੋ। ਆਪ ਜੀ ਦੇ ਮੁੱਖ ਤੋਂ ਮਹਾਤਮ ਸੁਣੀਏ, ਉਹ ਕੁਝ ਹੀ ਅਸੀਂ ਕਰੀਏ ਜਿਸ ਤੋਂ ਸੁਖ ਪ੍ਰਾਪਤ ਹੋਵੇ" ॥ ੩੦॥

ਕਹਜੋ ਗੁਰੂ 'ਇਨ ਕੋ ਫਲ ਜਾਨੋ। ਸੁਨਿ ਕੀਜਹਿ, ਸ਼ਰਧਾ ਉਰ ਠਾਨੋ।
ਜੋ ਗੁਰਬਾਨੀ ਪਾਠ ਕਰੰਤਾ। ਮਹਾਂ ਪਾਪ ਕੋ ਹੋਵਤਿ ਹੰਤਾ॥ ੩੧॥

ਗੁਰੂ ਜੀ ਨੇ ਕਿਹਾ, "ਇਨ੍ਹਾਂ ਦਾ ਫਲ ਇਸ ਤਰ੍ਹਾਂ ਜਾਣੋ, ਸੁਣ ਕੇ ਹਿਰਦੇ ਵਿਚ ਸ਼ਰਧਾ ਉਤਪੰਨ ਹੁੰਦੀ ਹੈ। ਜੋ ਗੁਰਬਾਣੀ ਦਾ ਪਾਠ ਕਰਦਾ ਹੈ ਉਸ ਦੇ ਮਹਾਨ ਪਾਪਾਂ ਦਾ ਵੀ ਨਾਸ਼ ਹੋ ਜਾਂਦਾ ਹੈ॥ ੩੧॥

ਅੰਤਹਿਕਰਨ ਬਿਮਲ ਨਿਤ ਕਰੈ। ਪ੍ਰੀਤਿ ਸਹਤ ਨਿਤਪ੍ਰਤਿ ਜੋ ਰਰੈ।
ਕਰਹਿ ਕੰਠ ਪਠਿ ਅੰਮ੍ਰਿਤ ਵੇਲੇ। ਇਕ ਚਿਤ ਹ੍ਵੈ ਕਰਿ ਮਨ ਕੋ ਮੇਲੇ॥ ੩੨॥

ਅੰਤਹਿਕਰਨ ਨੂੰ ਨਿਤ ਕੋਮਲ ਕਰਦਾ ਹੈ, ਪ੍ਰੀਤ ਨਾਲ ਜਿਹੜਾ ਨਿਤਾਪ੍ਰਤਿ ਪੜ੍ਹੇ। ਅੰਮ੍ਰਿਤ ਵੇਲੇ ਉਠ ਕੇ ਪਾਠ ਕੰਠ ਕਰੇ ਅਤੇ ਇਕ-ਚਿਤ ਹੋ ਕੇ ਆਪਣੇ ਮਨ ਦਾ ਮੇਲਾਨ ਕਰੇ॥ ੩੨॥

Sri Satguru Jagjit Singh Ji eLlibrary NamdhariElibrary@gmail.com

ਅਧਿਕ ਪੁੰਨ ਉਪਜਹਿਂ ਸੁਖ ਪਾਵੈ। ਪਠਹਿ ਸੁਨਹਿ ਨਰ ਬ੍ਰਿੰਦ ਸੁਨਾਵੈ।
ਧਰਹਿ ਜੁ ਕਾਮਨ ਪੂਰਨ ਸੋਇ। ਜੋ ਨਿਸ਼ਕਾਮ ਰਿਦਾ ਸ਼ੁਧ ਹੋਇ॥ ੩੩॥

ਜ਼ਿਆਦਾ ਪੁੰਨ ਉਪਜੇਗਾ ਤੇ ਸੁਖ ਪਾਵੇਗਾ, ਪੜ੍ਹ ਸੁਣ ਕੇ ਸਮੂਹ ਮਨੁੱਖਾਂ ਨੂੰ ਸੁਣਾਵੇ। ਜੋ ਵੀ ਕਾਮਨਾ ਧਾਰਨ ਕਰਦਾ ਹੈ ਉਹ ਪੂਰੀ ਹੁੰਦੀ ਹੈ, ਜਿਸ ਦਾ ਨਿਸ਼ਕਾਮ ਹਿਰਦਾ ਹੈ, ਉਹ ਸ਼ੁੱਧ ਹੋ ਜਾਂਦਾ ਹੈ॥ ੩੩॥

ਜੇ ਗੁਰਬਾਨੀ ਰਹੈਂ ਬਿਚਾਰਤਿ। ਬਾਂਛਾ ਜਸੁ ਆਦਿਕ ਨਹਿਂ ਧਾਰਤਿ।
ਕੇਵਲ ਚਹੈਂ ਰਿਦੈ ਕੱਲਜਾਨ। ਤਿਨ ਪੁਰਖਨਿ ਹੁਇ ਪ੍ਰਾਪਤਿ ਗਜਾਨ॥ ੩੪॥

ਜਿਹੜੇ ਗੁਰਬਾਣੀ ਵਿਚਾਰਦੇ ਰਹਿੰਦੇ ਹਨ, ਜੱਸ ਆਦਿ ਦੀ ਇੱਛਾ ਮਨ ਵਿਚ ਨਹੀਂ ਧਾਰਦੇ ਹਨ, ਕੇਵਲ ਆਪਣੇ ਹਿਰਦੇ ਵਿਚ ਕਲਿਆਣ ਹੀ ਚਾਹੁੰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੩੪॥

ਜਿਮ ਕਾਸ਼ਟ ਮਹਿਂ ਪਾਵਕ ਰਹੈ। ਬਿਨਾ ਜਤਨ ਤੇ ਨਰ ਨਹਿਂ ਲਹੈ।
ਕਰਿ ਉਪਾਉ ਜੇ ਲੇਤਿ ਨਿਕਾਸ। ਕਾਰਜ ਕਰਹਿ ਸੰਪੂਰਨ ਰਾਸ॥ ੩੫॥

ਜਿਵੇਂ ਲੱਕੜ ਵਿਚ ਅੱਗ ਰਹਿੰਦੀ ਹੈ, ਪਰ ਯਤਨ ਤੋਂ ਬਗੈਰ ਮਨੁੱਖ ਪ੍ਰਾਪਤ ਨਹੀਂ ਕਰ ਸਕਦਾ। ਜੇ ਯਤਨ ਕਰਕੇ ਬਾਹਰ ਕੱਢ ਲੈਂਦਾ ਹੈ ਤਾਂ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ॥ ੩੫॥

ਅਗਨਿ ਰੂਪ ਕਾਸ਼ਟ ਹੁਇ ਜਾਇ। ਤੇਜ ਪ੍ਰਕਾਸ਼ ਸਕਲ ਹੀ ਪਾਇ।
ਤਥਾ ਬਿਚਾਰਤਿ ਜੇ ਗੁਰਬਾਨੀ। ਤਨ ਅਭਿਮਾਨ ਹੋਹਿ ਤਬਿ ਹਾਨੀ॥ ੩੬॥

ਲੱਕੜ ਵੀ ਫਿਰ ਅਗਨੀ ਰੂਪ ਹੀ ਹੋ ਜਾਂਦੀ ਹੈ, ਸਾਰੀ ਹੀ ਬੜਾ ਤੇਜ਼ ਪ੍ਰਕਾਸ਼ ਪਾਉਂਦੀ ਹੈ, ਇਸ ਤਰ੍ਹਾਂ ਜਿਹੜੇ ਗੁਰਬਾਣੀ ਤੇ ਵਿਚਾਰ ਕਰਦੇ ਹਨ, ਉਨ੍ਹਾਂ ਦੇ ਤਨ ਦਾ ਅਭਿਮਾਨ ਦੂਰ ਹੋ ਜਾਂਦਾ ਹੈ॥ ੩੬॥

ਨਿਜ ਸਰੂਪ ਕੋ ਖੋਜਨਿ ਲਾਗੇ। ਸਨੇ ਸਨੇ ਪ੍ਰਾਪਤਿ ਬਡ ਭਾਗੇ।
ਆਤਮ ਗਜਾਨ ਪਾਇ ਬ੍ਰਹਮ ਹੋਏ। ਰਿਦੈ ਬਿਨਾਸ਼ੀ ਦੁਬਿਧਾ ਦੋਏ॥ ੩੭॥

ਫਿਰ ਆਪਣੇ ਨਿਜ ਸਰੂਪ ਨੂੰ ਲੱਭਣ ਲੱਗਦਾ ਹੈ, ਹੌਲੀ-ਹੌਲੀ ਵੱਡਭਾਗੇ ਨੂੰ ਸੋਝੀ ਪ੍ਰਾਪਤ ਹੋ ਜਾਂਦੀ ਹੈ। ਆਤਮ-ਗਿਆਨ ਪਾ ਕੇ ਬ੍ਰਹਮ ਹੋ ਜਾਂਦਾ ਹੈ ਅਤੇ ਹਿਰਦੇ ਵਿਚੋਂ ਦ੍ਵੈਤ ਦੀ ਦੁਬਿਧਾ ਦਾ ਨਾਸ਼ ਹੋ ਜਾਂਦਾ ਹੈ॥ ੩੭॥

ਤਨ ਹੰਤਾ ਬਿਨਸੀ ਜਿਸ ਕਾਲ। ਅਹੰ ਬ੍ਰਹਮ ਹ੍ਵੈ ਭਏ ਨਿਹਾਲ।
ਯਾਂਤੇ ਤੁਮ ਸਤਿਸੰਗਤਿ ਕਰਿ ਕੈ। ਗੁਰਬਾਨੀ ਪਢਿ ਰਿਦੈ ਬਿਚਾਰਿਕੈ॥ ੩੮॥

ਜਿਸ ਸਮੇਂ ਸਰੀਰ ਦਾ ਅਭਿਮਾਨ ਦੂਰ ਹੋ ਜਾਂਦਾ ਹੈ ਮੈਂ ਬ੍ਰਹਮ ਹਾਂ ਹੋ ਕੇ ਨਿਹਾਲ ਹੋ ਜਾਂਦਾ ਹੈ। ਇਸ ਲਈ ਤੁਸੀਂ ਸਤਿਸੰਗਤ ਕਰਕੇ ਗੁਰਬਾਣੀ ਨੂੰ ਹਿਰਦੇ ਵਿਚ ਵਿਚਾਰ ਕੇ ਪੜ੍ਹੋ॥ ੩੮॥

ਕਰਹੁ ਆਪਨੀ ਸ਼ੁਭ ਕੱਲਜਾਨ। ਜਗ ਬੰਧਨ ਹ੍ਵੈ ਹੈਂ ਸਭਿ ਹਾਨ।
ਗੁਰ ਬਚ ਸੁਨਿ ਕਰਿ ਚਾਰੋਂ ਭਲੇ। ਲਗੇ ਬਿਚਾਰਨਿ ਸਤਿਸੰਗ ਮਿਲੇ॥ ੩੯॥

ਆਪਣਾ ਸ਼ੁਭ ਕਲਿਆਨ ਕਰੋ, ਜਗਤ ਦੇ ਸਾਰੇ ਬੰਧਨ ਖਤਮ ਹੋ ਜਾਣਗੇ।" ਗੁਰੂ ਜੀ ਦੇ ਬਚਨ ਸੁਣ ਕੇ ਸਾਰੀ ਭਲੀ ਪ੍ਰਕਾਰ ਸੰਗਤ ਵਿਚ ਮਿਲ ਕੇ ਵਿਚਾਰਨ ਲੱਗੇ॥ ੩੯॥

ਝਾਂਝ ਮੁਕੰਦਾ ਅਪਰ ਕਿਦਾਰਾ। ਹਿਤ ਕੱਲਜਾਨ ਆਇ ਗੁਰਦ੍ਵਾਰਾ।
ਤੀਨੋ ਨਮੋ ਕੀਨਿ ਥਿਤਿ ਪਾਸ। ਕਰ ਜੋਰਤਿ ਕੀਨੀ ਅਰਦਾਸ॥ ੪੦॥

ਭਾਈ ਝਾਂਝ, ਮੁਕੰਦਾ ਅਤੇ ਕਿਦਾਰਾ, ਆਪਣੇ ਕਲਿਆਣ ਵਾਸਤੇ ਗੁਰੂ ਜੀ ਦੇ ਦੁਆਰੇ ਆਏ, ਤਿੰਨੇ ਹੀ ਨਮਸਕਾਰ ਕਰਕੇ ਪਾਸ ਬੈਠ ਗਏ ਤੇ ਹੱਥ ਜੋੜ ਕੇ ਬੇਨਤੀ ਕੀਤੀ॥ ੪੦॥

'ਕਜੋਂ ਕਰਿ ਹੋਇ ਉਧਾਰ ਹਮਾਰੋ?। ਆਪ ਮੁਕੰਦ ਉਪਾਇ ਉਚਾਰੋ'।
ਸੁਨਿ ਸ੍ਰੀ ਅਰਜਨ ਤਬਹਿ ਬਖਾਨਾ। 'ਤੁਮ ਜਾਨਤਿ ਹੋ ਰਾਗ ਮਹਾਨਾ॥ ੪੧॥

"ਸਾਡਾ ਉਧਾਰ ਕਿਵੇਂ ਹੋਵੇਗਾ? ਆਪ ਮੁਕਤੀਦਾਤੇ ਹੋ, ਕੋਈ ਉਪਾਅ ਵਿਚਾਰ ਕੇ ਦੱਸੋ।" ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਨੇ ਕਿਹਾ, "ਤੁਸੀ ਮਹਾਨ ਰਾਗਾਂ ਨੂੰ ਜਾਣਦੇ ਹੋ॥ ੪੧॥

ਗੁਰਬਾਨੀ ਰਾਗਨਿ ਮਹਿਂ ਗਾਓ। ਨੀਕੇ ਪ੍ਰਭੁ ਕੋ ਸੁਜਸ ਬਸਾਓ।
ਜਜੋਂ ਜਜੋਂ ਅਨੰਦ ਰਾਗ ਤੇ ਪਾਓ। ਤਜੋਂ ਤਜੋਂ ਪ੍ਰੇਮ ਅਧਿਕ ਉਪਜਾਓ॥ ੪੨॥

ਗੁਰਬਾਣੀ ਨੂੰ ਰਾਗਾਂ ਵਿਚ ਗਾਓ, ਅਤੇ ਪ੍ਰਭੂ ਦੇ ਸ੍ਰੇਸ਼ਟ ਜੱਸ ਨੂੰ ਆਪਣੇ ਹਿਰਦੇ ਵਿਚ ਵਸਾਓ। ਜਿਵੇਂ-ਜਿਵੇਂ ਰਾਗ ਤੋਂ ਅਨੰਦ ਪਾਓ, ਤਿਵੇਂ-ਤਿਵੇਂ ਅਧਿਕ ਪ੍ਰੇਮ ਉਪਜਾਓ॥ ੪੨॥

ਕਲਿਜੁਗ ਮਹਿਂ ਕਿਰਤਨ ਮਾਨਿੰਦ। ਨਹੀਂ ਅਪਰ ਕੋ ਇਹੀ ਬਿਲੰਦ।
ਕਠਨ ਮਹਾਂ ਤਪ ਜੇਕੋ ਕਰੈ। ਕਿਰਤਨ ਸਮਤਾ ਕਜੋਂ ਹੂ ਨ ਧਰੈ॥ ੪੩॥

ਕਲਿਜੁਗ ਵਿਚ ਕੀਰਤਨ ਵਰਗੀ ਹੋਰ ਕੋਈ ਚੀਜ਼ ਨਹੀਂ ਹੈ, ਇਹ ਹੀ ਸਭ ਤੋਂ ਉਚਾ ਹੈ। ਜੇ ਕੋਈ ਕਠਿਨ ਤਪ ਕਰੇ, ਉਹ ਕਦੀ ਵੀ ਕੀਰਤਨ ਦੀ ਬਰਾਬਰੀ ਨਹੀਂ ਕਰ ਸਕਦੇ॥ ੪੩॥

ਅਪਰ ਸੁ ਕਰਮ ਕਰਨਿ ਜੇ ਸਾਰੇ। ਹੋਇ ਜਿ ਧਨ ਤਨ ਬਲ ਧਰਿ ਭਾਰੇ।
ਕਿਰਤਨ ਕੇ ਸਮਾਨ ਨਹਿਂ ਕੋਈ। ਸਭਿ ਤੇ ਅਧਿਕ ਇਹੀ ਇਕ ਹੋਈ॥ ੪੪॥

ਹੋਰ ਜਿਹੜੇ ਕੰਮ ਸਾਰੇ ਕਰਦੇ ਹਨ, ਧਨ ਜੇ ਪ੍ਰਾਪਤ ਹੁੰਦਾ ਹੈ ਤਾਂ ਤਨ ਦਾ ਭਾਰੀ ਬਲ ਧਾਰਨ ਨਾਲ ਹੀ ਹੁੰਦਾ ਹੈ। ਕੀਰਤਨ ਦੇ ਸਮਾਨ ਹੋਰ ਕੁਝ ਨਹੀਂ, ਸਭ ਤੋਂ ਵੱਡਾ ਇਹੀ ਇਕ ਹੈ॥ ੪੪॥

ਯਾਂਤੇ ਤੁਮ ਕਿਰਤਨ ਨਿਤ ਕਰੋ। ਅਪਰ ਸੁਨਾਇ ਤਾਰਿ ਗਨ ਤਰੋ'।
ਸੁਨਿ ਤੀਨੋ ਗੁਰ ਬੂਝੇ ਫੇਰੀ। 'ਮਹਿਮਾ ਕਿਰਤਨ ਕਹੀ ਬਡੇਰੀ॥ ੪੫॥

ਇਸ ਕਰਕੇ ਤੁਸੀਂ ਨਿਤ ਕੀਰਤਨ ਕਰੋ, ਆਪ ਤਰੋ ਤੇ ਸਾਰਿਆਂ ਨੂੰ ਤਾਰੋ।" ਇਹ ਸੁਣ ਕੇ ਤਿੰਨਾਂ ਨੇ ਫਿਰ ਗੁਰੂ ਜੀ ਨੂੰ ਪੁਛਿਆ, "ਤੁਸੀਂ ਕੀਰਤਨ ਦੀ ਮਹਿਮਾ ਵੱਡੀ ਕਹੀ ਹੈ॥ ੪੫॥

ਪਾਠ ਕਰਨਿ ਅਰੁ ਕਥਾ ਕਰੰਨ। ਫਲ ਬਰਨਹੁ ਇਨਕੇ ਭਿੰਨ ਭਿੰਨ।
ਸ੍ਰੀ ਮੁਖ ਤੇ ਪੁਨ ਲਗੇ ਸੁਨਾਵਨਿ। 'ਬਾਣੀ ਪਾਠ ਕਰਹਿ ਜੇ ਪਾਵਨ॥ ੪੬॥

ਪਾਠ ਕਰਨ ਅਤੇ ਕਥਾ ਕਰਨ ਦਾ ਫਲ ਵੀ ਭਿੰਨ-ਭਿੰਨ ਵਰਣਨ ਕਰੋ। ਸ੍ਰੀ ਗੁਰੂ ਜੀ ਫਿਰ ਮੁਖ ਤੋਂ ਸੁਨਾਉਣ ਲੱਗੇ, "ਬਾਣੀ ਦਾ ਜੋ ਪਾਠ ਹੈ ਉਹ ਮਨੁੱਖ ਦੀ ਆਤਮਾ ਨੂੰ ਪਵਿੱਤਰ ਕਰਦਾ ਹੈ॥ ੪੬॥

ਜਥਾ ਕੂਪ ਕੀ ਖੇਤੀ ਹੋਇ। ਸੀਂਚਤਿ ਨੀਰ ਹਰੀ ਕਰਿ ਸੋਇ।
ਸ਼ੀਘ੍ਰ ਪਕਾਇ ਸਦਨ ਮਹਿਂ ਆਨਹਿ। ਸਭਿ ਬਿਧਿ ਕੇ ਸੁਖ ਭੋਗਨ ਠਾਨਹਿ॥ ੪੭॥

ਜਿਵੇਂ ਖੂਹ ਦੀ ਖੇਤੀ ਹੁੰਦੀ ਹੈ, ਪਾਣੀ ਦੇ ਕੇ ਫਸਲ ਨੂੰ ਹਰੀ ਕਰ ਦਿੰਦੀ ਹੈ, ਛੇਤੀ ਪਕਾ ਕੇ ਘਰ ਲੈ ਆਉਂਦਾ ਹੈ ਅਤੇ ਸਭ ਤਰ੍ਹਾਂ ਨਾਲ ਸੁਖ ਭੋਗਦਾ ਹੈ॥ ੪੭॥

Sri Satguru Jagjit Singh Ji eLlibrary NamdhariElibrary@gmail.com

ਖੇਤ ਸਮੀਪ ਅਪਰ ਜੇ ਹੋਇ। ਤਹਿਂ ਭੀ ਪਹੁਂਚਿ ਸਕਹਿ ਜਲ ਸੋਇ।
ਦੂਰ ਖੇਤ ਕੋ ਪਹੁਂਚਤਿ ਨਾਂਹਿ। ਤਿਮ ਫਲ ਸੁਨਹਿ ਸ੍ਰਵਨ ਕੇ ਮਾਂਹਿ॥ ੪੮॥

ਜਿਹੜੇ ਹੋਰ ਖੇਤ ਨੇੜੇ ਹੁੰਦੇ ਹਨ, ਓਥੇ ਵੀ ਜਲ ਪਹੁੰਚ ਸਕਦਾ ਹੈ। ਜਿਹੜਾ ਖੇਤ ਦੂਰ ਹੁੰਦਾ ਹੈ, ਓਥੇ ਜਲ ਪਹੁੰਚਦਾ ਨਹੀਂ, ਇਸ ਤਰ੍ਹਾਂ ਦਾ ਫਲ ਬਾਣੀ ਸੁਣਨ ਦਾ ਹੈ॥ ੪੮॥

ਕਿਰਤਨ ਕਰਨਿ ਮੇਘ ਕੀ ਬਰਖਾ। ਬਰਖੇ ਜਲ ਹੁਇ ਜੀਵਨ ਹਰਖਾ।
ਖੇਤੀ ਜਹਿਂ ਕਹਿਂ ਹਰੀਅਲ ਹੋਵੈ। ਸਾਬਤ ਦਾਨੋ ਤਿਨ ਮਹਿਂ ਜੋਵੈ॥ ੪੯॥

ਕੀਰਤਨ ਕਰਨਾ ਬੱਦਲਾਂ ਦੀ ਵਰਖਾ ਸਮਾਨ ਹੈ, ਜਲ ਦੀ ਵਰਖਾ ਹੋਣ ਨਾਲ ਜੀਵਨ ਪ੍ਰਸੰਨ ਹੋ ਜਾਂਦਾ ਹੈ। ਜਿਥੇ ਕਿਥੇ ਖੇਤੀ ਹਰੀ ਹੋ ਜਾਂਦੀ ਹੈ, ਤਿਨ੍ਹਾਂ ਵਿਚ ਸਾਬਤ ਦਾਣੇ ਵੇਖਦਾ ਹੈ॥ ੪੯॥

ਸੁਨਹੁ ਬਿਸਾਲ ਕਥਾ ਕੋ ਫਲ ਹੈ। ਝਰੀ ਲਾਗਿ ਜਿਮ ਬਰਖਤ ਜਲ ਹੈ।
ਥਿਮਕ ਥਿਮਕ ਬੂੰਦੈਂ ਜੇ ਪਰਿਹੀਂ। ਸਭਿ ਅਪਨੇ ਮਹਿਂ ਧਰਨੀ ਧਰਿਹੀ॥ ੫੦॥

ਸੁਣੋ ਵਿਸ਼ਾਲ ਕਥਾ ਜੋ ਫਲ ਹੈ, ਜਿਵੇਂ ਝੜੀ ਲੱਗੀ ਹੋਵੇ ਤੇ ਬਾਰਸ਼ ਵਰਸ਼ ਰਹੀ ਹੋਵੇ, ਟਪਕ ਟਪਕ ਬੂੰਦਾਂ ਜੋ ਪੈ ਰਹੀਆਂ ਹਨ। ਸਾਰੀਆਂ ਆਪਣੇ ਵਿਚ ਧਰਤੀ ਨੂੰ ਧਾਰਨ ਕਰਦੀਆਂ ਹਨ॥ ੫੦॥

ਬਾਦ ਨ ਜਾਤਿ ਪਰਹਿ ਜਲ ਜੋਇ। ਖੇਤੀ ਕੋ ਸੁਖਦਾਯਕ ਸੋਇ।
ਤੈਸੇ ਸਮਝਵਾਨ ਸਿਖ ਜੇਈ। ਕਥਾ ਕੀਰਤਨ ਕਰਦੇ ਸੇਈ॥ ੫੧॥

ਜਿਹੜਾ ਜਲ ਪੈਂਦਾ ਹੈ, ਉਹ ਵਿਅਰਥ ਨਹੀਂ ਜਾਂਦਾ ਹੈ, ਉਹ ਖੇਤੀ ਵਾਸਤੇ ਬਹੁਤ ਸੁਖਦਾਇਕ ਹੈ। ਉਸ ਤਰ੍ਹਾਂ ਹੀ ਜਿਹੜੇ ਸਮਝਵਾਨ ਸਿੱਖ ਹਨ, ਉਹ ਸਦਾ ਕਥਾ ਕੀਰਤਨ ਕਰਦੇ ਹਨ॥ ੫੧॥

ਸੁਨਹਿ ਮਮੋਛੀ ਹਿਰਦੈ ਧਾਰਹਿ। ਗੁਨਨਿ ਬਧਾਇ ਬਿਕਾਰ ਨਿਕਾਰਹਿ।
ਰਿਦੇ ਬਿਚਾਰਹਿ ਨਿਰਨੌ ਕਰੈ। ਆਤਮ ਗਯਾਨ ਭਲੇ ਉਰਧਰੈ॥ ੫੨॥

ਸੁਣ ਕੇ ਮੋਖ ਦੀ ਇੱਛਾ ਵਾਲਾ ਹਿਰਦਾ ਧਾਰਨ ਕਰਦੇ ਹਨ। ਗੁਣ ਵਧਦੇ ਹਨ ਤੇ ਵਿਕਾਰ ਦੂਰ ਹੁੰਦੇ ਹਨ। ਹਿਰਦੇ ਵਿਚ ਵਿਚਾਰ ਕੇ ਜੇ ਨਿਰਣਾ ਕਰੇ ਤਾਂ ਆਤਮ ਗਿਆਨ ਭਲੇ ਹੀ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ॥ ੫੨॥

ਕਥਾ ਕੀਰਤਨ ਦੋਨਹੁ ਮਿਲੇ। ਸ਼ੋਭਾ ਪਾਵਤਿ ਅਤਿ ਹੀ ਭਲੇ।
ਕਥਾ ਬਧਾਵੈ ਮਹਾਂ ਮਹਾਤਮ। ਕਿਰਤਨ ਸੁਨਤੇ ਸੁਧਿ ਹੁਇ ਆਤਮ॥ ੫੩॥

ਜੇ ਕਥਾ ਕੀਰਤਨ ਦੋਵੇਂ ਹੀ ਹੋਣ, ਤਾਂ ਉਸ ਨੂੰ ਅਤਿ ਭਲੀ ਸ਼ੋਭਾ ਪ੍ਰਾਪਤ ਹੁੰਦੀ ਹੈ। ਕਥਾ ਮਹਾਨ ਫਲ ਨੂੰ ਵਧਾਉਂਦੀ ਹੈ। ਕੀਰਤਨ ਸੁਣਨ ਨਾਲ ਆਤਮਾ ਸ਼ੁੱਧ ਹੁੰਦੀ ਹੈ॥ ੫੩॥

ਜਬਹਿ ਕੀਰਤਨ ਕਰਹਿ ਭਲੇਰਾ। ਹਰਖ ਬਧਾਵਹਿ ਬਹੁ ਮਨ ਕੇਰਾ।
ਜਥਾ ਮਾਤ ਪੁੱਤ੍ਰਨਿ ਤੇ ਛਾਜੈ। ਤਥਾ ਕਥਾ ਕਿਰਤਨ ਤੇ ਰਾਜੈ॥ ੫੪॥

ਜਦ ਭਲਾ ਕੀਰਤਨ ਕਰਨ ਤਾਂ ਇਹ ਮਨ ਦੀ ਪ੍ਰਸੰਨਤਾ ਨੂੰ ਬਹੁਤ ਵਧਾਉਂਦੀ ਹੈ। ਜਿਵੇਂ ਮਾਂ ਪੁੱਤਰਾਂ ਨਾਲ ਫਬਦੀ ਹੈ, ਇਸ ਤਰ੍ਹਾਂ ਕਥਾ ਕੀਰਤਨ ਨਾਲ ਸ਼ੋਭਦੀ ਹੈ॥ ੫੪॥

ਜਿਮ ਪੁੱਤ੍ਰਨਿ ਕੋ ਪਾਲਹਿ ਮਾਤਾ। ਤਥਾ ਕਥਾ ਕਿਰਤਨ ਹਰਖਾਤਾ।
ਸੁਨਿ ਬੋਲੇ ਸਿਖ 'ਹਮੈ ਬਤਾਵਹੁ। ਸੁਤ ਜਨਨੀ ਦ੍ਰਿਸ਼ਟਾਂਤ ਜਨਾਵਹੁ॥ ੫੫॥

ਜਿਵੇਂ ਪੁੱਤਰਾਂ ਨੂੰ ਮਾਂ ਪਾਲਦੀ ਹੈ, ਇਸ ਤਰ੍ਹਾਂ ਕਥਾ ਕੀਰਤਨ ਨੂੰ ਪ੍ਰਸੰਨ ਕਰਦੀ ਹੈ।" ਸਿੱਖ ਸੁਣ ਕੇ ਬੋਲੇ, "ਸਾਨੂੰ ਦੱਸੋ ਅਤੇ ਪੁੱਤਰ ਅਤੇ ਮਾਤਾ ਵਾਲਾ ਦ੍ਰਿਸ਼ਟਾਂਤ ਸਮਝਾਓ॥ ੫੫॥

Sri Satguru Jagjit Singh Ji eLlibrary NamdhariElibrary@gmail.com

ਕਿਰਤਨ ਪਿਤਾ ਕਥਾਪਤਿ ਕੌਨ। ਸੋ ਭੀ ਬਰਨੋ ਹੋਯਹੁ ਜੌਨ।
ਕਹਜੋ ਗੁਰੂ 'ਸੋ ਪ੍ਰੇਮ ਪਛਾਨਹੁ। ਕਥਾ ਕੀਰਤਨ ਪ੍ਰੇਮ ਜਿ ਠਾਨਹੁ॥ ੫੬ ॥

ਕੀਰਤਨ ਪਿਤਾ ਤੇ ਕਥਾਪਤੀ ਕੌਣ, ਉਹ ਵੀ ਦੱਸੋ ਜਿਹੜਾ ਵੀ ਹੈ।" ਗੁਰੂ ਜੀ ਨੇ ਕਿਹਾ, "ਉਹ ਪ੍ਰੇਮ ਪਛਾਣੋ, ਕਥਾ ਕੀਰਤਨ ਜੋ ਪ੍ਰੇਮ ਨਾਲ ਸੁਣੋ॥ ੫੬ ॥

ਪ੍ਰੇਮ ਹੁਏ ਸ਼ੋਭਤਿ ਹੈਂ ਦੋਇ। ਜਿਸਤੇ ਮਹਾਂ ਮਹਾਤਮ ਹੋਇ।
ਸੁਨਿ ਸਤਿਗੁਰ ਕੋ ਦ੍ਵੈ ਉਪਦੇਸ਼। ਕਿਰਤਨ ਲਾਗੇ ਕਰਨਿ ਹਮੇਸ਼॥ ੫੭ ॥

ਪ੍ਰੇਮ ਹੋ ਕੇ ਫਿਰ ਦੋਵੇਂ ਸ਼ੋਭਦੇ ਹਨ, ਜਿਸ ਕਾਰਨ ਮਹਾਂ ਫਲ ਪ੍ਰਾਪਤ ਹੁੰਦਾ ਹੈ।" ਸਤਿਗੁਰੂ ਜੀ ਦੇ ਇਹ ਦੋਵੇਂ ਉਪਦੇਸ਼ ਸੁਣ ਕੇ ਉਹ ਤਿੰਨੇ ਹਮੇਸ਼ਾਂ ਕੀਰਤਨ ਕਰਨ ਲੱਗ ਗਏ॥ ੫੭ ॥

ਮਹਾਂ ਪ੍ਰੇਮ ਤੇ ਸ਼ਬਦ ਸੁ ਗਾਵੈਂ। ਨਹੀਂ ਕਾਮਨਾ ਕੋਇ ਉਠਾਵੈਂ।
ਪਰਾਲਬਧ ਕਰਿ ਜੋ ਕਿਛੁ ਪਾਇਂ। ਕ੍ਰਿਯਾ ਦੇਹਿ ਕੀ ਸੋ ਨਿਬਹਾਇਂ॥ ੫੮ ॥

ਬੜੇ ਪ੍ਰੇਮ ਨਾਲ ਸ਼ਬਦ ਗਾਉਂਦੇ ਸਨ ਅਤੇ ਕੋਈ ਵੀ ਕਾਮਨਾ ਮਨ ਵਿਚ ਨਹੀਂ ਰੱਖਦੇ ਸਨ। ਭਾਗਾਂ ਕਰਕੇ ਜੋ ਕੁਝ ਪਾਉਂਦੇ ਸਨ, ਉਸ ਨਾਲ ਸਰੀਰ ਦੀ ਕ੍ਰਿਆ ਦਾ ਨਿਰਬਾਹ ਕਰਦੇ ਸਨ॥ ੫੮ ॥

ਕਰਹਿ ਭਾਉ ਸਿਖ ਸੰਗਤਿ ਦੇਤਿ। ਕਰਿ ਗੁਜ਼ਰਾਨ ਆਪਨੀ ਲੇਤਿ।
ਕਿਰਤਨ ਕਰਤਿ ਰਹੈਂ ਨਿਸ਼ਕਾਮ। ਗੁਰ ਸੇਵਾ ਲਹਿ ਪਦ ਅਭਿਰਾਮ॥ ੫੯ ॥

ਬੜਾ ਪ੍ਰੇਮ ਕਰਕੇ ਸੰਗਤ ਧਨ ਦਿੰਦੀ ਸੀ, ਜਿਸ ਨਾਲ ਆਪਣਾ ਗੁਜ਼ਾਰਾ ਕਰ ਲੈਂਦੇ ਸਨ। ਨਿਸ਼ਕਾਮ ਕੀਰਤਨ ਕਰਦੇ ਰਹਿੰਦੇ ਸਨ ਅਤੇ ਗੁਰੂ ਜੀ ਦੀ ਸੇਵਾ ਕਰਕੇ ਸ੍ਰੇਸ਼ਟ ਪਦਵੀ ਪ੍ਰਾਪਤ ਕੀਤੀ॥ ੫੯ ॥

*ਤੀਸਰੀ ਰਾਸ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ॥ ੫੪ ॥*

## *ਅਧਿਆਇ ਪਚਵੰਜਵਾਂ*

### *ਗੰਗੂ ਨਾਊ ਆਦਿ ਸਿੱਖਾਂ ਪ੍ਰਤਿ ਉਪਦੇਸ਼*

ਦੋਹਰਾ- ਗੰਗੂ ਨਾਊ ਸਹਿਗਲਾ ਰਾਮਾ ਧਰਮਾ ਔਰ।
ਪੰਚਮ ਉੱਦਾ ਜਾਨੀਦੇ ਮਿਲਿ ਕੈ ਹੁਇ ਇਕ ਠੌਰ॥ ੧ ॥

ਗੰਗੂ ਨਾਊ, ਸਹਿਗਲਾ, ਰਾਮਾ, ਧਰਮਾ ਤੇ ਪੰਜਵਾਂ ਉੱਦਾ ਸਾਰੇ ਮਿਲ ਕੇ ਇਕ ਥਾਂ ਇਕੱਠੇ ਹੋਏ॥ ੧ ॥

ਚੌਪਈ- ਸ੍ਰੀ ਅਰਜਨ ਕੀ ਪਰ ਕਰਿ ਸ਼ਰਨੀ। ਬੰਦਨ ਕਰਿਕੈ ਬਿਨਤੀ ਬਰਨੀ।
ਹੁਇ ਕਰਿ ਸਿੱਖ ਰਹੇ ਗੁਰ ਪਾਸ। ਇਕ ਦਿਨ ਕਰਤਿ ਭਏ ਅਰਦਾਸ॥ ੨ ॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨੀ ਪੈ ਕੇ, ਬੰਦਨਾਂ ਕਰਕੇ ਬੇਨਤੀ ਕੀਤੀ। ਗੁਰੂ ਜੀ ਦੇ ਸਿੱਖ ਹੋ ਕੇ ਗੁਰੂ ਜੀ ਪਾਸ ਹੀ ਰਹਿ ਪਏ, ਇਕ ਦਿਨ ਬੇਨਤੀ ਕਰਨ ਲੱਗੇ॥ ੨ ॥

'ਬੇਦ ਕਤੇਬ ਮੁਨੀ ਅਵਤਾਰ। ਪੰਡਿਤ ਗਜ਼ਾਨੀ ਭਏ ਹਜ਼ਾਰ।
ਸਭਿਹਿਨਿ ਭਾਖਯੋ ਬ੍ਰਹਮ ਅਨੰਤ। ਖੋਜਿ ਰਹੇ ਨਹਿਂ ਪਾਯਹੁ ਅੰਤ॥ ੩॥

"ਬੇਦ ਕਤੇਬ, ਮੁਨੀ ਅਵਤਾਰ, ਪੰਡਿਤ ਗਿਆਨੀ ਹਜ਼ਾਰਾਂ ਹੀ ਹੋਏ ਹਨ। ਸਾਰਿਆਂ ਨੇ ਕਿਹਾ ਹੈ ਕਿ ਬ੍ਰਹਮ ਅਨੰਤ ਹੈ, ਸਾਰੇ ਖੋਜ ਰਹੇ ਹਨ, ਪਰ ਕਿਸੇ ਨੇ ਅੰਤ ਨਹੀਂ ਪਾਇਆ ਹੈ॥ ੩॥

ਬ੍ਰਹਮ ਜੁ ਕਹੈ ਸੱਚਿਦਾ ਨੰਦ। ਸ੍ਰੀ ਨਾਨਕ ਸੋ ਰੂਪ ਮੁਕੰਦ।
ਬ੍ਰਹਮ ਅਵਤਾਰ ਕਰੈ ਬੱਖਜਾਤ। ਜਾਨੇ ਪਰੇ ਸਭਿਨਿ ਸਾਖਜਾਤ॥ ੪॥

ਬ੍ਰਹਮ ਜਿਸ ਨੂੰ ਸੱਚਿਦਾ ਨੰਦ ਕਹਿੰਦੇ ਹਨ, ਉਹ ਹੀ ਸ੍ਰੀ ਨਾਨਕ ਜੀ ਦਾ ਮੁਕਤੀਦਾਤਾ ਰੂਪ ਹੈ, ਜਿਹੜੇ ਬ੍ਰਹਮ ਅਵਤਾਰ ਦੇ ਤੌਰ ਤੇ ਪ੍ਰਗਟ ਹੋਏ ਹਨ ਤੇ ਜਿਹੜੇ ਸਾਰੇ ਹੀ ਸਾਖਿਆਤ ਰੂਪ ਵਿਚ ਜਾਣੇ ਗਏ ਹਨ ॥ ੪॥

ਸੋ ਤੌ ਅੰਤ ਜਾਨਤੇ ਹੋਇਂ। ਅਪਨੋ ਅੰਤ ਲਖੈ ਸਭਿ ਕੋਇ'।
ਸ੍ਰੀ ਅਰਜਨ ਸੁਨਿ ਸੰਸੈ ਐਸੇ। ਉੱਤਰ ਦਿਯੋ ਤਿਨੋ ਕਹੁ ਤੈਸੇ॥ ੫॥

ਇਸ ਕਰਕੇ ਸ੍ਰੀ ਨਾਨਕ ਦੇਵ ਜੀ ਤਾਂ ਬ੍ਰਹਮ ਦਾ ਅੰਤ ਜਾਣਦੇ ਹੋਣਗੇ, ਆਪਣੀ ਸੀਮਾਂ ਨੂੰ ਹਰ ਕੋਈ ਜਾਣਦਾ ਹੈ।" ਸ੍ਰੀ ਅਰਜਨ ਦੇਵ ਜੀ ਨੇ ਐਸੇ ਸ਼ੰਕੇ ਸੁਣ ਕੇ, ਉਨ੍ਹਾਂ ਨੂੰ ਇਸ ਤਰ੍ਹਾਂ ਉੱਤਰ ਦਿੱਤਾ॥ ੫॥

'ਆਦਿ ਅੰਤ ਬ੍ਰਹਮ ਕੀ ਜੇ ਹੋਇ। ਸ੍ਰੀ ਨਾਨਕ ਜੀ ਉਚਰਤਿ ਸੋਇ।
ਜਿਸਕੈ ਕਬਹੂੰ ਆਦਿ ਨ ਅੰਤ। ਕਹਿਬੋ ਤਿਸ ਕੌ ਬਨਹਿ ਬਿਅੰਤ॥ ੬॥

"ਜੇ ਬ੍ਰਹਮ ਦਾ ਆਦਿ ਅੰਤ ਹੋਵੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਨੂੰ ਜ਼ਰੂਰ ਬਿਆਨ ਕਰਦੇ। ਜਿਸ ਦਾ ਨਾ ਕੋਈ ਆਦਿ ਹੈ ਨਾ ਅੰਤ ਹੈ। ਉਸ ਨੂੰ ਬਿਅੰਤ ਕਹਿਣਾ ਬਣਦਾ ਹੈ॥ ੬॥

ਜੈਸੇ ਬੇਦ ਨਰਾਇਨ ਸ੍ਵਾਸ। ਬਰਨਨ ਕਰਜੋ ਬ੍ਰਹਮ ਕੁਛ ਤਾਸ।
ਮਧੁਸੂਦਨ ਸੋ ਬ੍ਰਹਮ ਸਰੂਪ। ਭਯੋ ਨਿਰੁਗਨ ਤੇ ਸਗੁਨ ਅਨੂਪ॥ ੭॥

ਜੈਸੇ ਵੇਦ ਨਰਾਇਨ ਸ੍ਵਾਸ ਹਨ, ਉਸ ਵਿਚ ਕੁਝ ਬ੍ਰਹਮ ਬਾਰੇ ਵਰਣਨ ਕੀਤਾ ਹੈ। ਵਿਸ਼ਨੂੰ ਬ੍ਰਹਮ ਸਰੂਪ ਹੈ। ਉਹ ਨਿਰਗੁਣ ਅਤੇ ਅਨੂਪਮ ਸਰਗੁਣ ਸਰੂਪ ਹੋਇਆ ਹੈ॥ ੭॥

ਤਿਨਹੂੰ ਬੇਦ ਮਹਿਂ ਕਹਯੋ ਬਿਅੰਤ। ਹੁਤੀ ਜਿ ਕਹਿਤੇ ਆਦਿ ਰੁ ਅੰਤ।
ਕਹਿਨ ਬਿਅੰਤੁ ਅੰਤ ਇਹ ਜਾਨਹੁ। ਅਪਰ ਨ ਸੰਸੈ ਕੈਸੇ ਆਨਹੁ॥ ੮॥

ਉਸ ਨੂੰ ਵੀ ਵੇਦਾਂ ਵਿਚ ਬੇਅੰਤ ਕਿਹਾ ਹੈ, ਉਸ ਦਾ ਜੇ ਆਦਿ ਅੰਤ ਹੁੰਦਾ ਤਾਂ ਕਹਿੰਦੇ, ਕਹਿੰਦੇ ਹਨ ਬੇਅੰਤ ਹੈ, ਅੰਤ ਇਹੋ ਜਾਣੋ, ਹੋਰ ਕੋਈ ਸ਼ੰਕੇ ਮਨ ਵਿਚ ਨਾ ਲਿਆਵੋ॥ ੮॥

ਤੁਮ ਅਬ ਬ੍ਰਹਮ ਲਖਹੁ ਸਭਿ ਮਾਂਹਿ। ਨਭ ਸਮ ਸਾਰੇ ਖੰਡਿਤ ਨਾਂਹਿ।
ਸਿੱਖਨਿ ਸੋਂ ਅਬਿ ਭਾਉ ਕਰੀਜੈ। ਵਾਹਿਗੁਰੂ ਮੁਖ ਜਾਪ ਜਪੀਜੈ॥ ੯॥

ਤੁਸੀ ਹੁਣ ਬ੍ਰਹਮ ਨੂੰ ਸਭ ਵਿਚ ਵੇਖੋ, ਸਾਰੇ ਆਕਾਸ਼ ਵਾਂਗ ਹਨ, ਕੋਈ ਵੀ ਖੰਡਿਤ ਨਹੀਂ ਹੈ। ਸਿੱਖਾਂ ਨਾਲ ਹੁਣ ਪ੍ਰੇਮ ਕਰੋ ਅਤੇ ਮੁਖ ਤੋਂ ਵਾਹਿਗੁਰੂ ਦਾ ਜਾਪ ਜਪੋ॥ ੯॥

ਕਿਹ ਸੋਂ ਦ੍ਰੋਹ ਨਹੀਂ ਮਨ ਠਾਨਹੁ। ਏਕ ਬ੍ਰਹਮ ਕੋ ਰੂਪ ਪਛਾਨਹੁ।
ਇਸ ਤੇ ਹੁਇ ਤੁਮਰੋ ਕੱਲਜਾਨ। ਜਨਮ ਮਰਨ ਕਾ ਬੰਧਨ ਹਾਨਿ'॥ ੧੦॥

ਕਿਸੇ ਨਾਲ ਮਨ ਵਿਚ ਧ੍ਰੋਹ ਨਾ ਧਾਰਨ ਕਰੋ, ਸਾਰਿਆਂ ਨੂੰ ਏਕ ਬ੍ਰਹਮ ਦਾ ਰੂਪ ਪਛਾਣੋ। ਇਸ ਨਾਲ ਤੁਹਾਡਾ ਕਲਿਆਣ ਹੋ ਜਾਵੇਗਾ ਅਤੇ ਜਨਮ ਮਰਨ ਦਾ ਬੰਧਨ ਕਟਿਆ ਜਾਵੇਗਾ" ॥ ੧੦॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਤੇ ਸੁਨਿਕੈ ਉਪਦੇਸ਼। ਲਾਗੇ ਸਿਮਰਨਿ ਨਾਮ ਹਮੇਸ਼।
ਸੇਵਤਿ ਰਹੇ ਗੁਰੂੰ ਭਗਵੰਤ। ਪ੍ਰਾਪਤਿ ਭਯੋ ਪਰਮਪਦ ਅੰਤ॥ ੧੧॥

ਗੁਰੂ ਜੀ ਤੋਂ ਉਪਦੇਸ਼ ਸੁਣ ਕੇ, ਸਦਾ ਨਾਮ ਦਾ ਸਿਮਰਨ ਕਰਨ ਲੱਗੇ, ਗੁਰੂ ਭਗਵੰਤ ਦੀ ਸੇਵਾ ਕਰਦੇ ਰਹੇ ਅਤੇ ਅੰਤ ਵਿਚ ਪਰਮਪਦ ਪ੍ਰਾਪਤ ਕੀਤਾ॥ ੧੧॥

ਫਿਰਣਾ ਸੂਦਰ ਭੋਲੂ ਜੱਟੂ। ਬੇਤਾ ਅਪਰ ਮਿਲਜੋ ਸੰਗ ਭੱਟੂ।
ਪੰਡਿਤ ਹੁਤੇ ਤਿਵਾੜੀ ਸਾਰੇ। ਮਿਲਿ ਆਏ ਸ੍ਰੀ ਅਰਜਨ ਦ੍ਵਾਰੇ॥ ੧੨॥

ਫਿਰਣਾ, ਸੂਦਰ, ਭੋਲੂ,. ਜੱਟੂ ਅਤੇ ਇਕ ਉਨ੍ਹਾਂ ਦਾ ਹੋਰ ਜਾਣਕਾਰ ਜਿਸ ਦਾ ਨਾਂ ਭੱਟੂ ਸੀ, ਇਹ ਸਾਰੇ ਤਿਵਾੜੀ ਗੋਤ ਦੇ ਬ੍ਰਾਹਮਣ ਸਨ, ਮਿਲ ਕੇ ਗੁਰੂ ਅਰਜਨ ਦੇਵ ਜੀ ਦੇ ਦੁਆਰੇ ਆਏ॥ ੧੨॥

ਪਿਖਿ ਕਰਿ ਨਮੋ ਕਰੀ ਤਕ ਸ਼ਰਨੀ। ਪੁਨ ਅਰਦਾਸ ਆਪਨੀ ਬਰਨੀ।
'ਗੁਰੂ ਗਰੀਬ ਨਿਵਾਜ ਮਹਾਨ!। ਹਮ ਗਮਨੇ ਗੰਗਾ ਇਸ਼ਨਾਨ॥ ੧੩॥

ਗੁਰੂ ਜੀ ਦੇ ਚਰਨਾਂ ਵਲ ਤੱਕ ਕੇ ਇਨ੍ਹਾਂ ਨੇ ਨਮਸਕਾਰ ਕੀਤੀ, ਫਿਰ ਆਪਣੀ ਬੇਨਤੀ ਕੀਤੀ, "ਗੁਰੂ ਗਰੀਬ ਨਿਵਾਜ਼! ਆਪ ਮਹਾਨ ਹੋ, ਅਸੀਂ ਗੰਗਾ ਇਸ਼ਨਾਨ ਕਰਨ ਗਏ ਸੀ॥ ੧੩॥

ਤਹਾਂ ਸਮਾਜ ਪੰਡਿਤਨਿ ਮਿਲਜੋ। ਏਵਿ ਪ੍ਰਸੰਗ ਸਭਿਨਿ ਮਹਿਂ ਚਲਜੋ।
ਕਹਨਿ ਲਗੇ ਭੇ ਗਨ ਅਵਤਾਰ। ਸੁਰ, ਸਿਧਿ, ਸਾਦਿਕ ਭਏ ਹਜ਼ਾਰ॥ ੧੪॥

ਉਥੇ ਪੰਡਤਾਂ ਦਾ ਇਕ ਟੋਲਾ ਮਿਲਿਆ, ਇਸ ਤਰ੍ਹਾਂ ਪ੍ਰਸੰਗ ਸਭ ਵਿਚ ਚਲਿਆ, ਕਹਿਣ ਲੱਗੇ, "ਬਹੁਤ ਅਵਤਾਰ ਹੋਏ ਹਨ, ਦੇਵਤੇ ਸਿੱਧ ਸਾਦਕ ਹਜ਼ਾਰਾਂ ਹੀ ਹੋਏ ਹਨ॥ ੧੪॥

ਭਏ ਅਸੰਖ ਸੁ ਕਹੈਂ ਪੁਰਾਨ। ਸਭਿਹਿਨਿ ਕਰੇ ਗੁਰੂ ਸੁਖਦਾਨਿ।
ਸ਼੍ਰੀ ਨਾਨਕ ਜਗ ਭਏ ਬਿਸਾਲਾ। ਕਰਜੋ ਆਪਨੋ ਪੰਥ ਨਿਰਾਲਾ॥ ੧੫॥

ਪੁਰਾਣ ਕਹਿੰਦੇ ਹਨ ਕਿ ਅਸੰਖਾਂ ਹੀ ਹੋਏ ਹਨ, ਸਾਰਿਆਂ ਨੇ ਸੁਖ ਦੇਣ ਵਾਲੇ ਗੁਰੂ ਧਾਰਨ ਕੀਤੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜੱਗ ਵਿਚ ਸ੍ਰੇਸ਼ਟ ਗੁਰੂ ਹੋਏ ਹਨ, ਜਿਨ੍ਹਾਂ ਆਪਣਾ ਨਿਰਾਲਾ ਪੰਥ ਬਣਾਇਆ ਹੈ॥ ੧੫॥

ਤਿਨ ਕੋ ਗੁਰੂ ਭਯੋ ਹੈ ਕੌਨ?। ਜਿਹ ਉਪਦੇਸ਼ ਲੀਯੋ ਕਹੁ ਤੌਨ।
ਜਗ ਮੈਂ ਪ੍ਰਗਟ ਭਏ ਅਵਤਾਰ। ਤਿਨਕੇ ਮਤਿ ਮਹਿਂ ਲੋਕ ਅਪਾਰ॥ ੧੬॥

ਉਨ੍ਹਾਂ ਦਾ ਕੌਣ ਗੁਰੂ ਹੋਇਆ ਹੈ? ਉਨ੍ਹਾਂ ਨੇ ਕਿਸ ਪਾਸੋਂ ਉਪਦੇਸ਼ ਲਿਆ? ਜੱਗ ਵਿਚ ਅਵਤਾਰ ਪ੍ਰਗਟ ਹੋਏ ਹਨ, ਤਿੰਨਾਂ ਦੇ ਮੱਤ ਵਿਚ ਅਪਾਰ ਲੋਕ ਹਨ॥ ੧੬॥

ਸਭਿ ਪੰਡਿਤ ਤੇ ਸੁਨਿ ਕਰਿ ਕਾਨ। ਹਮ ਸਿੱਖਨਿ ਤਬਿ ਕੀਨਿ ਬਖਾਨ।
'ਇਹ ਸੁਧ ਨਹਿਂ ਕਿਸਕੋ ਹਮ ਮਾਂਹੀ। ਸਤਿਗੁਰ ਕਰਜੋ ਗੁਰੂ ਕੈ ਨਾਂਹੀ॥੧੭॥

ਸਾਰੀ ਗੱਲ ਪੰਡਿਤ ਪਾਸੋਂ ਸੁਣ ਕੇ ਅਸੀਂ ਸਿੱਖਾਂ ਨੇ ਫਿਰ ਕਿਹਾ, "ਸਾਡੇ ਵਿਚ ਇਸ ਬਾਰੇ ਕਿਸੇ ਨੂੰ ਪਤਾ ਨਹੀਂ, ਸਤਿਗੁਰੂ ਜੀ ਨੇ ਗੁਰੂ ਧਾਰਨ ਕੀਤਾ ਸੀ ਕਿ ਨਹੀਂ॥ ੧੭॥

ਅਬਿ ਗੁਰ ਅਰਜਨ ਹੈਂ ਤਿਸ ਗਾਦੀ। ਜਹਿਂ ਕਹਿਂ ਸਿੱਖੀ ਕੀਨਿ ਅਬਾਦੀ।
ਤਿਨ ਤੇ ਸੁਨਿ ਕਰਿ ਨੀਕੇ ਨਿਰਨੈ। ਪੁਨ ਸਮੀਪ ਤੁਮਰੇ ਹਮ ਬਰਨੈਂ॥੧੮॥

ਹੁਣ ਗੁਰੂ ਅਰਜਨ ਦੇਵ ਜੀ ਉਸ ਗੱਦੀ ਤੇ ਬੈਠੇ ਹਨ, ਉਨ੍ਹਾਂ ਜਿੱਥੇ ਕਿੱਥੇ ਸਿੱਖੀ ਫੈਲਾਈ ਹੈ, ਉਨ੍ਹਾਂ ਤੋਂ ਸੁਣ ਕੇ ਠੀਕ ਨਿਰਣੇ 'ਤੇ ਪਜਾਂਗੇ, ਫਿਰ ਤਹਾਡੇ ਪਾਸ ਆ ਕੇ ਅਸੀਂ ਬਿਆਨ ਕਰਾਂਗੇ" ॥ ੧੮॥

ਸ੍ਰੀ ਮੁਖ ਤੇ ਸ਼ੁਭ ਬਾਕ ਉਚਾਰਾ। 'ਸ੍ਰੀ ਨਾਨਕ ਗੁਰ ਏਕੰਕਾਰਾ।
ਸੁਰ ਨਰ ਕੀ ਗਮਤਾ ਨਹਿਂ ਜਹਾਂ। ਸਤਿਗੁਰ ਕੋ ਗੁਰ ਸਮਝਹਿ ਕਹਾਂ॥੧੯॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਸ਼ੁਭ ਵਾਕ ਉਚਾਰਨ ਕੀਤਾ, "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਇਕੰਕਾਰ ਸੀ, ਜਿਥੇ ਦੇਵਤੇ ਅਤੇ ਮਨੁੱਖ ਨਹੀਂ ਪਹੁੰਚ ਸਕਦੇ। ਤੁਸੀਂ ਸਤਿਗੁਰੂ ਦੇ ਗੁਰੂ ਨੂੰ ਕਿਵੇਂ ਸਮਝ ਲਵੋਗੇ॥ ੧੯॥

ਤਨ ਧਾਰਨਿ ਕੋ ਧਰਮ ਜਿ ਕਹੀਅਹਿ। ਸ੍ਰੀ ਨਾਨਕ ਗੁਰ ਅੰਗਦ ਲਹੀਅਹਿ।
ਜਿਸ ਆਗੇ ਨਿਜ ਸੀਸ ਨਿਵਾਯਹ। ਪੈਸੇ ਪੰਚ ਨਲੇਰ ਚਢਾਯਹੁ'॥੨੦॥

ਸਰੀਰ ਧਾਰੀ ਦਾ ਗੁਰੂ ਧਾਰਨਾ ਜੇ ਧਰਮ ਕਿਹਾ ਜਾਏ, ਤਾਂ ਸ੍ਰੀ ਨਾਨਕ ਦੇਵ ਦਾ ਗੁਰੂ, ਅੰਗਦ ਦੇਵ ਜੀ ਨੂੰ ਸਮਝੀਦੇ ਜਿਸ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਉਨ੍ਹਾਂ ਸਿਰ ਝੁਕਾਇਆ ਸੀ"॥ ੨੦॥

ਸੁਨਿ ਕਰਿ ਤਿਨ ਪੁਨਿ ਸੰਸੈ ਕੀਨਾ। 'ਗੁਰ ਹੁਇ ਸੋ ਉਪਦੇਸ਼ਿ ਜਿ ਦੀਨਾ।
ਨਾਮ ਕਹੈਂ ਗੋ ਕੋ ਤਮ ਨਾਸ਼। ਰੂ ਕੋ ਅਰਥ ਜੁ ਕਰਹਿ ਪ੍ਰਕਾਸ਼॥੨੧॥

ਇਹ ਸੁਣ ਕੇ ਉਨ੍ਹਾਂ ਫਿਰ ਸ਼ੰਕਾ ਕੀਤੀ, "'ਜਿਹੜਾ ਗੁਰੂ ਹੁੰਦਾ ਹੈ ਉਹ ਉਪਦੇਸ਼ ਦਿੰਦਾ ਹੈ। ਨਾਮ ਕਹਿੰਦੇ ਹਨ ਗੋ ਦੇ ਅਰਥ ਤਮ (ਹਨੇਰਾ) ਨਾਸ਼ ਕਰਨਾ ਅਤੇ ਰੂ ਦੇ ਅਰਥ ਹਨ ਪ੍ਰਕਾਸ਼ ਕਰਨਾ॥ ੨੧॥

ਜਿਸ ਉਪਦੇਸ਼ੇ ਤੇ ਹੁਇ ਜਾਇ। ਗੁਰੂ ਕਹੈਂ ਤਿਹ ਨਰ ਸਮੁਦਾਇ।
ਸ੍ਰੀ ਨਾਨਕ ਭੇ ਸੁਤੇ ਪ੍ਰਕਾਸ਼। ਜਨਮਤਿ ਤੇ ਅਜ਼ਮਤ ਜਿਨਿ ਪਾਸ॥੨੨॥

ਜਿਸ ਉਪਦੇਸ਼ ਨਾਲ ਪ੍ਰਕਾਸ਼ ਹੋ ਜਾਏ, ਉਸ ਨੂੰ ਸਾਰੇ ਮਨੁੱਖ ਗੁਰੂ ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਰੂਪ ਸਨ, ਜਨਮਤ ਅਤੇ ਕਰਾਮਾਤ ਜਿਨ੍ਹਾਂ ਦੇ ਪਾਸ ਸੀ॥ ੨੨॥

ਲਘੁ ਬਯ ਮਹਿਂ ਉਪਦੇਸ਼ਨਿ ਲਾਗੇ। ਮਾਨਿ ਕਮਾਯਹੁ ਨਰ ਬਡਭਾਗੇ।
ਇਮ ਜੇ ਬੂਝਹਿਂ ਕਹਾ ਹਮ ਕਹੈਂ। ਇਹ ਭੀ ਤੁਮ ਤੇ ਉੱਤਰ ਲਹੈਂ'॥੨੩॥

ਛੋਟੀ ਉਮਰ ਵਿਚ ਹੀ ਉਪਦੇਸ਼ ਦੇਣ ਲੱਗੇ, ਵੱਡਭਾਗੇ ਮਨੁੱਖਾਂ ਨਾਲ ਮਾਨ ਕਮਾਇਆ। ਇਸ ਤਰ੍ਹਾਂ ਜੇ ਪੁਛੋ ਤਾਂ ਅਸੀਂ ਕੀ ਕਹੀਏ, ਇਹ ਵੀ ਤੁਹਾਡੇ ਪਾਸੋਂ ਉੱਤਰ ਲੈਂਦੇ ਹਾਂ"॥ ੨੩॥

ਸੁਨਿਕੈ ਸ੍ਰੀ ਅਰਜਨ ਬਚ ਭਾਖਾ। 'ਇਸ ਪਰ ਸੁਨਹੁ ਤੀਨ ਕੀ ਸਾਖਾ।
ਮਾਯਾ ਸਵਲ ਜੁ ਏਕੰਕਾਰਾ। ਸਿਰਜਨ ਹਿਤ ਕਹਿ ਓਅੰਕਾਰਾ॥੨੪॥

ਇਹ ਸੁਣ ਕੇ ਸ੍ਰੀ ਅਰਜਨ ਦੇਵ ਜੀ ਨੇ ਕਿਹਾ, "ਇਸ ਬਾਰੇ ਤੀਨ ਦਾ ਦ੍ਰਿਸ਼ਟਾਂਤ ਸੁਣੋ। ਮਾਇਆ ਸਹਿਤ ਜੋ ਇਕ ਅੰਕਾਰ ਹੈ ਸਿਰਜਨ ਹਿਤ ਉਸ ਨੂੰ ਓਅੰਕਾਰਾ ਕਹੋ॥ ੨੪॥

ਪ੍ਰਗਟ ਭਏ ਤਬਿ ਦੇਵ ਜੁ ਤੀਨ। ਬ੍ਰਹਮਾ ਬਿਸ਼ਨੁ ਮਹੇਸ਼ ਪ੍ਰਬੀਨ।
ਤਿਨ ਤੀਨਹੁ ਕੋ, ਕੋ ਗੁਰ ਭਯੋ?'। ਸੁਨੀ ਤਿਵਾੜੀ ਉੱਤਰ ਦਯੋ॥੨੫॥

ਜਦ ਤਿੰਨ ਦੇਵਤੇ ਪ੍ਰਗਟ ਹੋਏ, ਜਿਨ੍ਹਾਂ ਦੇ ਨਾਂ, ਬ੍ਰਹਮ, ਵਿਸ਼ਨੂੰ ਅਤੇ ਸ਼ਿਵਜੀ ਸੀ, ਉਨ੍ਹਾਂ ਤਿੰਨਾਂ ਦਾ ਕੌਣ ਗੁਰੂ ਸੀ?" ਇਹ ਸੁਣ ਕੇ ਤਿਵਾੜੀ ਨੇ ਉੱਤਰ ਦਿੱਤਾ॥ ੨੫॥

'ਬ੍ਰਹਮਾ ਸ਼ਿਵ ਦੋਨਹੁ ਮਿਲਿ ਜਾਇ। ਕਰਜੋ ਬਿਸ਼ਨੁ ਕੋ ਗੁਰ ਹਰਖਾਇ।
ਬਹੁਰ ਬਿਸ਼ਨੁ ਉਰ ਬਿਖੈ ਬਿਚਾਰਾ। ਮਹਾਂਦੇਵ ਕੋ ਗੁਰ ਨਿਜ ਧਾਰਾ॥੨੬॥

"ਬ੍ਰਹਮਾ ਸ਼ਿਵ ਜੀ ਦੋਹਾਂ ਨੇ ਮਿਲ ਕੇ, ਪ੍ਰਸੰਨ ਹੋ ਕੇ ਵਿਸ਼ਨੂੰ ਨੂੰ ਆਪਣਾ ਗੁਰੂ ਬਣਾ ਲਿਆ। ਫਿਰ ਵਿਸ਼ਨੂੰ ਨੇ ਦਿਲ ਵਿਚ ਵਿਚਾਰ ਕੀਤੀ ਤਾਂ ਮਹਾਂਦੇਵ ਨੂੰ ਆਪਣਾ ਗੁਰ ਧਾਰ ਲਿਆ॥ ੨੬॥

ਸ਼ਿਵਜੀ ਧਰਹਿ ਬਿਸ਼ਨੁ ਕੋ ਧਜਾਨ। ਬਿਸ਼ਨੁ ਕਰੈ ਸ਼ਿਵ ਕੋ ਸੁਖ ਮਾਨਿ।
ਯਾਂਤੇ ਸਤਿ ਗੁਨ ਤਮ ਗੁਨ ਰੰਗ। ਭਏ ਬਿਪਰਜੈ ਦੋਨਹੁਂ ਅੰਗ॥ ੨੭॥

ਸ਼ਿਵ ਜੀ ਵਿਸ਼ਨੂੰ ਦਾ ਧਿਆਨ ਧਾਰਨ ਕਰਦਾ ਸੀ ਅਤੇ ਵਿਸ਼ਨੂੰ ਸੁਖ ਮੰਨ ਕੇ ਸ਼ਿਵ ਜੀ ਦਾ ਧਿਆਨ ਧਾਰਦਾ ਸੀ। ਇਸ ਤਰ੍ਹਾਂ ਸਤੋ ਗੁਣ ਤਮੋ ਗੁਣ ਵਿਚ ਅਤੇ ਤਮੋ ਗੁਣ ਸਤੋ ਗੁਣ ਵਿਚ ਰੰਗੇ ਗਏ, ਇਸ ਤਰ੍ਹਾਂ ਦੋਹਾਂ ਦੇ ਸਰੀਰਾਂ ਦੇ ਰੰਗ ਬਦਲ ਗਏ॥ ੨੭॥

ਸਤਿ ਗੁਨ ਉੱਜਲ ਸ਼ਿਵ ਨੇ ਧਰਜੋ। ਤਮ ਗੁਨ ਸਜਾਮ ਵਿਸ਼ਨੁ ਜੀ ਕਰਜੋ'।
ਸੁਨਿ ਬੋਲੇ ਸ੍ਰੀ ਗੁਰੂ ਪ੍ਰਬੀਨ। 'ਜਬਹਿ ਬਿਸ਼ਨੁ ਸ਼ਿਵ ਕੋ ਗੁਰ ਕੀਨਿ॥ ੨੮॥

ਸਤ ਗੁਣ ਉੱਜਲ ਸ਼ਿਵ ਨੇ ਧਾਰਨ ਕੀਤਾ, ਤਮੋ ਗੁਣ ਸਿਆਮ ਵਿਸ਼ਨੂੰ ਨੇ ਧਾਰਿਆ"। ਇਹ ਸੁਣ ਕੇ ਗੁਰੂ ਜੀ ਬੋਲੇ, "ਜਦ ਵਿਸ਼ਨੂੰ ਨੇ ਸ਼ਿਵਜੀ ਨੂੰ ਆਪਣਾ ਗੁਰੂ ਬਣਾਇਆ॥ ੨੮॥

ਤਬਿ ਹੀ ਹੋਯੋ ਗਜਾਨ ਸਰੂਪ। ਕੈ ਆਗੇ ਹੀ ਹੁਤੋ ਅਨੂਪ?'
ਕਹਜੋ ਤਿਵਾੜੀ 'ਪ੍ਰਭੁ ਭਗਵਾਨ। ਹੁਤੋ ਪ੍ਰਥਮ ਹੀ ਗਜਾਨ ਨਿਧਾਨ॥ ੨੯॥

ਤਦ ਹੀ ਉਹ ਗਿਆਨ ਸਰੂਪ ਹੋ ਗਏ ਜਾਂ ਕੀ ਪਹਿਲਾਂ ਹੀ ਅਨੂਪਮ ਸਨ?" ਤਿਵਾੜੀ ਨੇ ਕਿਹਾ, "ਪ੍ਰਭੂ ਭਗਵਾਨ ਪਹਿਲਾਂ ਹੀ ਗਿਆਨ ਦੇ ਨਿਧਾਨ ਸਨ॥ ੨੯॥

ਜਗ ਕੀ ਕਰਨਿ ਮ੍ਰਿਜਾਦਾ ਕਾਰਨ। ਬਿਸ਼ਨੁ ਕਰਜੋ ਸ਼ਿਵ ਕੋ ਗੁਰ ਧਾਰਨਿ'।
ਸ੍ਰੀ ਅਰਜਨ ਕਹਿ 'ਤਿਮ ਤੁਮ ਜਾਨੋ। ਸ੍ਰੀ ਨਾਨਕ ਜਗ ਗੁਰੂ ਮਹਾਨੋ॥ ੩੦॥

ਜਗਤ ਦੀ ਮਰਯਾਦਾ ਕਾਰਨ ਵਿਸ਼ਨੂੰ ਨੇ ਸ਼ਿਵਜੀ ਨੂੰ ਗੁਰੂ ਧਾਰਿਆ।" ਗੁਰੂ ਜੀ ਨੇ ਕਿਹਾ, "ਉਸ ਤਰ੍ਹਾਂ ਤੁਸੀਂ ਹੀ ਜਾਣਦੇ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੇ ਮਹਾਨ ਗੁਰੂ ਹੋਏ ਹਨ॥ ੩੦॥

ਸੁਯੰ ਪ੍ਰਕਾਸ਼ ਪ੍ਰਥਮ ਹੀ ਥਿਏ। ਤਨ ਮਿਰਜਾਦਾ ਧਾਰਤਿ ਭਏ।
ਸ੍ਰੀ ਅੰਗਦ ਕੋ ਗੁਰੂ ਸਥਾਪਿ। ਜੋਤਿ ਜਗਾਈ ਅਪਨੀ ਆਪ॥ ੩੧॥

ਸੁਤੇ ਪ੍ਰਕਾਸ਼ ਪਹਿਲਾਂ ਹੀ ਸੀ, ਫਿਰ ਤਨ ਦੀ ਮਰਯਾਦਾ ਧਾਰਨ ਕੀਤੀ, ਫਿਰ ਸ੍ਰੀ ਅੰਗਦ ਦੇਵ ਜੀ ਨੂੰ ਗੁਰੂ ਥਾਪ ਕੇ ਆਪਣੀ ਜੋਤ ਆਪ ਜਗਾਈ॥ ੩੧॥

ਯਾਂਤੇ ਨਿਸ਼ਚਾ ਗੁਰ ਮਹਿਂ ਧਰੋ। ਸਿੱਖੀ ਧਰਮ ਨ੍ਰਿਬਾਹਿਨ ਕਰੋ।
ਹਲਤ ਪਲਤ ਮਹਿਂ ਲਹੋ ਅਨੰਦ। ਜੀਤਹੁ ਸਕਲ ਬਿਕਾਰ ਬਿਲੰਦ॥ ੩੨॥

ਇਸ ਕਰਕੇ ਗੁਰੂ ਜੀ ਵਿਚ ਨਿਸ਼ਚਾ ਧਾਰਨ ਕਰੋ ਅਤੇ ਸਿੱਖੀ ਧਰਮ ਨੂੰ ਨਿਬਾਹੋ। ਲੋਕ ਪ੍ਰਲੋਕ ਵਿਚ ਅਨੰਦ ਲਵੋ ਅਤੇ ਸਾਰੇ ਵੱਡੇ-ਵੱਡੇ ਵਿਕਾਰਾਂ ਨੂੰ ਜਿੱਤ ਲਵੋ"॥ ੩੨॥

ਸੁਨਿ ਗੁਰ ਬਾਕ ਹਰਖ ਕੋ ਧਾਰਾ। ਉਰ ਸੰਸੈ ਗਨ ਕੋ ਨਿਰਵਾਰਾ।
ਸੇਵਾ ਕਰਤਿ ਰਹੇ ਸਤਿਗੁਰ ਕੀ। ਹਰੀ ਅਬਿੱਦਜਾ ਦੁਖਦਾ ਉਰ ਕੀ॥ ੩੩॥

ਗੁਰੂ ਜੀ ਦੇ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ। ਹਿਰਦੇ ਦੇ ਸਾਰੇ ਸ਼ੰਕਿਆਂ ਨੂੰ ਦੂਰ ਕੀਤਾ। ਕਾਫੀ ਸਮਾਂ ਸਤਿਗੁਰੂ ਦੀ ਸੇਵਾ ਕਰਦੇ ਰਹੇ ਅਤੇ ਹਿਰਦੇ ਦੀ ਅਗਿਆਨਤਾ ਅਤੇ ਦੁਖਤਾ ਨੂੰ ਦੂਰ ਕੀਤਾ॥ ੩੩॥

ਡੱਲਾ ਅਪਰ ਭਗੀਰਥ ਜਾਪੂ। ਚੌਥੇ ਨਿਵਲਾ ਮਿਲਿ ਕਰਿ ਆਪੂ।
ਸ੍ਰੀ ਅਰਜਨ ਕੀ ਸ਼ਰਨੀ ਆਏ। ਕਰ ਜੋਰਤਿ ਪਦ ਸੀਸ ਨਿਵਾਏ॥ ੩੪॥

ਡੱਲਾ, ਭਗੀਰਥ, ਜਾਪੂ ਅਤੇ ਚੌਥਾ ਨਿਵਲਾ ਮਿਲ ਕੇ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨੀਂ ਪੈ ਗਏ, ਹੱਥ ਜੋੜ ਕੇ ਉਨਾਂ ਸੀਸ ਨਿਵਾਏ॥ ੩੪॥

Sri Satguru Jagjit Singh Ji eLlibrary NamdhariElibrary@gmail.com

ਬਹੁਰੋ ਕਰੀ ਅੱਗ੍ਰ ਅਰਦਾਸਿ। 'ਹਮ ਉਰ ਸੰਸੈ ਦੇਹੁ ਬਿਨਾਸ਼।
ਸ੍ਰੀ ਨਾਨਕ ਪੂਰਨ ਅਵਤਾਰ। ਭਗਤ ਸਰੂਪ ਧਰਯੋ ਕਰਤਾਰ॥ ੩੫॥

ਬਾਅਦ ਵਿਚ ਸਾਹਮਣੇ ਹੋ ਕੇ ਬੇਨਤੀ ਕੀਤੀ, "ਸਾਡੇ ਦਿਲਾਂ ਦੇ ਸੰਸੇ ਦੂਰ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਅਵਤਾਰ ਸਨ, ਉਹ ਭਗਤ ਸਰੂਪ ਆਪ ਕਰਤਾਰ ਸਨ॥ ੩੫॥

ਕੋ ਉਪਾਸਨਾ ਮੁੱਖਜ ਬਤਾਈ? ਨਿਰਗੁਨ ਕੈ ਸਰਗੁਨ ਕੀ ਗਾਈ।
ਕਿਮ ਨਿਸ਼ਚਾ ਅਪਨੋ ਪ੍ਰਗਟਾਯੋ?। ਬਹੁ ਸਿੱਖਨਿ ਕੋ ਪੰਥ ਬਤਾਯੋ' ॥ ੩੬ ॥

ਉਨ੍ਹਾਂ ਨੇ ਕਿਹੜੀ ਪੂਜਾ ਆਪਣੇ ਮੁਖ ਨਾਲ ਦੱਸੀ ਸੀ ? ਕੀ ਨਿਰਗੁਣ ਜਾਂ ਸਰਗੁਣ ਦੀ ਸਿਫਤ ਸਾਲਾਹ ਗਾਈ ਸੀ ? ਆਪਣਾ ਨਿਸ਼ਚਾ ਕਿਵੇਂ ਪ੍ਰਗਟ ਕੀਤਾ ? ਬਹੁਤ ਸਿੱਖਾਂ ਦਾ ਉਨ੍ਹਾਂ ਮਾਰਗ-ਦਰਸ਼ਨ ਕੀਤਾ" ॥ ੩੬ ॥

ਸ੍ਰੀ ਅਰਜਨ ਸੁਨਿ ਸੁਮਤਿ ਬਤਾਈ। 'ਨਿਸ਼ਫਲ ਅਸ ਸੰਦੇਹਿ ਉਠਾਈ।
ਨਿਰਗੁਣ ਸਰਗੁਣ ਤੌ ਦੁਇ ਕਹੀਅਹਿ। ਜੋ ਇਨ ਬਿਖੈ ਭੇਦ ਕੁਛ ਲਹੀਅਹਿ ॥੩੭ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਚੰਗੀ ਮੱਤ ਦਿੱਤੀ। ਫਜ਼ੂਲ ਐਸੇ ਸ਼ੰਕੇ ਉਠਾਏ ਹਨ। ਨਿਰਗੁਣ ਸਰਗੁਣ ਤੇ ਦੋਵੇਂ ਕਹੇ ਜਾਂਦੇ ਹਨ, ਇਨ੍ਹਾਂ ਵਿਚ ਕੋਈ ਭੇਦ ਨਾ ਵੇਖਿਆ॥ ੩੭॥

*ਸ੍ਰੀ ਮੁਖ ਵਾਕ॥ ਸਲੋਕੁ।*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥੧॥*

*(ਗਉੜੀ ਸੁਖਮਨੀ, ਪੰਨਾ ੨੯੦)*

ਰੂਪ ਰਹਿਤ ਪ੍ਰਭੂ ਖ਼ੁਦ ਹੀ ਸਬੰਧਤ ਤੇ ਅਸੰਬੰਧਤ ਹੈ। ਉਹ ਆਪ ਹੀ ਸੁੰਨ ਸਮਾਧੀ ਅੰਦਰ ਹੈ। ਹੇ ਨਾਨਕ ! ਉਹ ਆਪਣੀ ਰਚਨਾ ਰਾਹੀਂ ਮੁੜ ਆਪਣੇ ਆਪ ਦੀ ਆਰਾਧਨਾਂ ਕਰਦਾ ਹੈ॥ ੧॥

*ਚੌਪਈ-* ਪਾਰਬ੍ਰਹਮ ਨਿਜ ਇੱਛਾ ਕਰਿਕੈ। ਸਗੁਨ ਸਰੂਪ ਆਪਨੋ ਧਰਿਕੈ।
ਜਗ ਕੀ ਸਕਲ ਮ੍ਰਿਜਾਦ ਕਰਾਵਹਿ। ਸਭਿ ਕੀ ਪਾਲਨਿ ਕਰਿ ਜੀਵਾਵਹਿ ॥੩੮ ॥

ਪਾਰਬ੍ਰਹਮ ਨਿਜ ਇੱਛਾ ਕਰਕੇ ਆਪਣੇ ਸ੍ਰੇਸ਼ਟ ਗੁਣ ਸਰੀਰ ਆਪਣਾ ਧਾਰ ਕੇ ਜਗਤ ਦੀ ਸਾਰੀ ਮਰਯਾਦਾ ਕਰਵਾਉਂਦਾ ਹੈ, ਸਭ ਦੀ ਪਾਲਣਾ ਕਰਕੇ ਜੀਵਤ ਰੱਖਦਾ ਹੈ॥ ੩੮ ॥

ਧਰਿ ਅਵਤਾਰਨਿ ਦੁਸ਼ਟ ਬਿਨਾਸਹਿ। ਸੁਖ ਸੰਤਨਿ ਕੇ ਰਿਦੈ ਪ੍ਰਕਾਸ਼ਹਿ।
ਪੁਨ ਸੋਈ ਨਿਰਇੱਛਤ ਹੋਇ। ਨਿਰਗੁਣ ਬਨਹਿ ਅਕਾਰ ਸੁ ਖੋਇ॥ ੩੯ ॥

ਅਵਤਾਰ ਧਾਰਨ ਕਰਕੇ ਦੁਸ਼ਟਾਂ ਦਾ ਨਾਸ਼ ਕਰਦਾ ਹੈ ਅਤੇ ਸੰਤਾਂ ਦੇ ਹਿਰਦਿਆਂ ਵਿਚ ਸੁਖ ਦਾ ਪ੍ਰਕਾਸ਼ ਹੁੰਦਾ ਹੈ। ਫਿਰ ਉਹ ਇੱਛਾ-ਰਹਿਤ ਹੋ ਜਾਂਦਾ ਹੈ, ਨਿਰਗੁਣ ਬਣਕੇ ਆਪਣਾ ਆਕਾਰ ਖਤਮ ਕਰ ਲੈਂਦਾ ਹੈ॥ ੩੯॥

ਜਥਾ ਹੋਇ ਮਹਿਪਾਲਕ ਏਕ। ਜਬਿ ਇੱਛਾ ਕੋ ਧਰਹਿ ਬਿਬੇਕ।
ਵਸਤ੍ਰ ਸ਼ਸਤ੍ਰ ਕੋ ਪਹਿਰਹਿ ਤਨ ਮੈਂ। ਬੈਠਹਿ ਸਭਾ ਬਿਖੈ ਮੁਦਿ ਮਨ ਮੈਂ ॥੪੦ ॥

ਜਿਵੇਂ ਕੋਈ ਰਾਜਾ ਹੋਵੇ ਜਦ ਸੱਚੀ ਦ੍ਰਿੜ੍ਹ ਇੱਛਾ ਧਾਰਨ ਕਰੇ ਤਾਂ ਵਸਤਰ ਸ਼ਸਤਰ ਸਰੀਰ ਤੇ ਪਹਿਣ ਕੇ ਸਭਾ ਵਿਚ ਆ ਕੇ ਅਨੰਦ-ਮਈ ਹੋ ਕੇ ਬੈਠ ਜਾਵੇ॥ ੪੦॥

ਨਿਜ ਇੱਛਾ ਜਬਿ ਤਜਿਬੇ ਧਰੈ। ਸ਼ਸਤ੍ਰ ਵਸਤ੍ਰ ਤਨ ਤੇ ਪਰਹਰੈ।
ਹੋਇ ਇਕਾਕੀ ਸਿਹਜਾ ਸੋਵੈ। ਤਬਿ ਤਿਸ ਕੋ ਨ ਬਿਲੋਚਨ ਜੋਵੈ॥ ੪੧ ॥

ਨਿਜ ਇੱਛਾ ਨੂੰ ਜਦ ਛੱਡਣਾ ਚਾਹੇ ਤਾਂ ਸ਼ਸਤਰ ਵਸਤਰ ਸਰੀਰ ਤੋਂ ਉਤਾਰ ਇਕਾਂਤ ਵਿਚ ਜਾ ਕੇ ਸੇਜ ਤੇ ਸੌਂ ਜਾਵੇ, ਫਿਰ ਉਸ ਨੂੰ ਕੋਈ ਵੀ ਨਹੀਂ ਵੇਖ ਸਕਦਾ॥ ੪੧ ॥

ਜੋ ਰਾਜਾ ਢਿਗ ਕਰਹਿ ਪੁਕਾਰਨਿ। ਲੇਹਿ ਨਾਮ ਬਹੁ ਸੁਜਸੁ ਉਚਾਰਨਿ।
ਜੇ ਨ੍ਰਿਪ ਸਭਾ ਮਾਂਹਿ ਕੈ ਅੰਤਰ। ਸੁਨਹਿ ਪੁਕਾਰਨਿ ਸੁਜਸੁ ਨਿਰੰਤਰ॥ ੪੨ ॥

ਜੇ ਕੋਈ ਰਾਜੇ ਨੂੰ ਬੁਲਾਉਣ ਆਵੇ ਤਾਂ ਉਹ ਰਾਜੇ ਦਾ ਨਾਂ ਲੈ ਕੇ ਸ੍ਰੇਸ਼ਟ ਜਸ ਦਾ ਉਚਾਰਨ ਕਰਦਾ ਹੈ, ਜੇ ਰਾਜਾ ਸਭਾ ਦੇ ਅੰਦਰ ਹੋਵੇ ਤਾਂ ਉਥੇ ਵੀ ਉਹ ਆਵਾਜ਼ ਅਤੇ ਸ੍ਰੇਸ਼ਟ ਜਸ ਨੂੰ ਸੁਣਦਾ ਹੈ॥ ੪੨ ॥

ਦੋਨਹੁ ਥਲ ਤੇ ਕਰਹਿ ਸਹਾਇ। ਸਗਰੇ ਸੰਕਟ ਕੋ ਬਿਨਸਾਇ।
ਤਿਮ ਸ੍ਰੀ ਨਾਨਕ ਪੰਥ ਬਤਾਯੋ। ਸਿਮਰਨਿ ਨਾਮ ਦੁਹਨਿ ਦਿਸ਼ਿ ਭਾਯੋ॥ ੪੩ ॥

ਰਾਜਾ ਦੋਵੇਂ ਥਾਵਾਂ ਤੇ ਸਹਾਇਤਾ ਕਰਦਾ ਹੈ ਅਤੇ ਸਾਰੇ ਸੰਕਟ ਦੂਰ ਕਰ ਦਿੰਦਾ ਹੈ। ਇਸ ਤਰ੍ਹਾਂ ਦਾ ਮਾਰਗ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ, ਨਾਮ ਦਾ ਸਿਮਰਨ ਦੋਵੇਂ ਪਾਸੇ ਚੰਗਾ ਲਗਦਾ ਹੈ॥ ੪੩ ॥

ਅਪਨੋ ਨਾਮ ਸਗੁਨ ਜੇ ਸੁਨਹਿ। ਹੋਹਿ ਸਹਾਇਕ ਸੰਕਟ ਹਨਹਿ।
ਸੱਤਿਨਾਮ ਜਾਪਕ ਨਰ ਜਾਨਿ। ਨਿਰਗੁਨ ਕੋ ਪ੍ਰਾਪਤਿ ਹੁਇ ਗਜਾਨ॥ ੪੪ ॥

ਪ੍ਰਭੂ ਜੀ ਆਪਣਾ ਨਾਮ ਅਤੇ ਸ੍ਰੇਸ਼ਟ ਗੁਣ ਸੁਣ ਕੇ ਸਹਾਇਕ ਹੋ ਕੇ ਸਾਰੇ ਦੁੱਖ ਦੂਰ ਕਰਦੇ ਹਨ। ਮਨੁੱਖ ਨੂੰ ਸਤਿਨਾਮ ਜਪਣ ਵਾਲਾ ਜਾਣ ਕੇ ਨਿਰਗੁਣ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ॥ ੪੪ ॥

ਦੋਹਰਾ- ਨਿਰਗੁਣ ਸਗੁਣ ਉਪਾਸਨਾ ਦ੍ਵੈ ਤੇ ਜਾਨਿ ਮਹਾਨ।
ਨਿਸਿ ਦਿਨ ਕਰਨਿ ਉਪਾਸਨਾ ਸਤਿਨਾਮ ਕੀ ਮਾਨਿ॥ ੪੫ ॥

ਨਿਰਗੁਣ ਸਰਗੁਣ ਦੋਹਾਂ ਦੀ ਪੂਜਾ ਨਾਲੋਂ ਦਿਨ ਰਾਤ ਸਤਿਨਾਮ ਦੀ ਉਪਾਸ਼ਨਾ ਸ੍ਰੇਸ਼ਟ ਮੰਨੋ॥ ੪੫ ॥

ਚੌਪਈ- ਜੈਸੇ ਰਾਮਚੰਦ ਸਮਰੱਥ। ਉਤਰਨਿ ਚਹਿ ਸਾਗਰ ਕੇ ਪੱਥ।
ਜੇਕਰਿ ਚਹੈ ਸੁਕਾਵਹਿ ਜਲ ਕੋ। ਉਲੰਘਹਿ ਪਾਰ ਲਏ ਕਪਿ ਦਲ ਕੋ॥ ੪੬ ॥

ਜਿਵੇਂ ਰਾਮਚੰਦਰ ਸਮਰੱਥ ਸੀ, ਸਾਗਰ ਦੇ ਰਸਤੇ ਪਾਰ ਕਰਨਾ ਚਾਹੁੰਦਾ ਸੀ। ਜੇ ਉਹ ਚਾਹੁੰਦਾ ਤਾਂ ਸਾਗਰ ਨੂੰ ਸੁਕਾ ਸਕਦਾ ਸੀ ਅਤੇ ਬਾਂਦਰਾਂ ਦੀ ਸੈਨਾ ਨੂੰ ਲੈ ਕੇ ਪਾਰ ਕਰ ਸਕਦਾ ਸੀ॥ ੪੬ ॥

ਤਊ ਬਿਚਾਰਨਿ ਐਸੇ ਕਰੈ। 'ਹਮ ਕੋ ਮਿਲਿ ਥੋਰੇ ਨਿਸਤਰੈ।
ਨਾਮ ਜਪੇ ਬਹੁ ਕੋ ਕਲਜਾਨ'। ਨਾਮ ਮਹਾਤਮ ਕੀਨ ਮਹਾਨ॥ ੪੭ ॥

ਉਸ ਫਿਰ ਇਸ ਤਰ੍ਹਾਂ ਵਿਚਾਰ ਕੀਤੀ, "ਸਾਨੂੰ ਮਿਲ ਕੇ ਬਹੁਤ ਥੋੜ੍ਹਿਆਂ ਦਾ ਕਲਿਆਣ ਹੋਵੇਗਾ, ਨਾਮ ਜਪਣ ਨਾਲ ਬਹੁਤ ਲੋਕਾਈ ਦਾ ਕਲਿਆਣ ਹੋ ਜਾਵੇਗਾ।" ਇਸ ਕਰਕੇ ਉਨ੍ਹਾਂ ਨਾਮ ਦਾ ਵੱਡਾ ਮਹਾਤਮ ਕੀਤਾ॥ ੪੭ ॥

ਸਰਵਰ ਪਰਗਿਰਵਰ ਧਰਿ ਭਾਰੇ। ਤਰੁਵਰ ਕੇ ਪਾਤਨਿ ਸਮ ਤਾਰੇ।
ਲਿਖਜੋ ਨਾਮ ਤਿਨ ਪਰ ਸੁ ਜਨਾਯੋ। ਸਰਗੁਨ ਤੇ ਬਡ ਨਾਮ ਸੁਹਾਯੋ॥ ੪੮ ॥

ਸਾਗਰ ਦੇ ਜਲ ਉਤੇ ਵੱਡੇ ਵੱਡੇ ਭਾਰੀ ਪੱਥਰ ਰੱਖ ਕੇ ਰੁੱਖਾਂ ਦੇ ਪੱਤਿਆਂ ਵਾਂਗ ਤਾਰ ਦਿੱਤੇ। ਉਨ੍ਹਾਂ ਪੱਥਰਾਂ ਤੇ ਉਹ ਨਾਮ ਲਿਖ ਦਿੱਤਾ ਜਿਹੜਾ ਗਿਆਨ ਵਿਚ ਆਇਆ। ਇਸ ਤਰ੍ਹਾਂ ਸਰਗੁਨ ਦੀ ਪੂਜਾ ਨਾਲੋਂ ਨਾਮ ਨੇ ਵੱਡੀ ਸ਼ੋਭਾ ਪਾਈ॥ ੪੮ ॥

ਨਿਰਗੁਣ ਸਰਬ ਸਰੀਰਨਿ ਮਾਂਹੀ। ਸਤਿ ਚੇਤਨ ਆਨੰਦ ਬਿਨ ਨਾਂਹੀ।
ਅੰਤਰ ਬਹਿਰ ਨਿਰੰਤਰ ਬ੍ਯਾਪਯੋ। ਜਹਿਂ ਨਰਕ ਜੇ ਨਾਮ ਨ ਜਾਪਯੋ॥ ੪੯॥

ਨਿਰਗੁਣ ਸਰੂਪ ਪ੍ਰਭੂ ਸਭ ਸਰੀਰਾਂ ਵਿਚ ਹੈ, ਕੋਈ ਵੀ ਸਤਚੇਤਨ ਆਨੰਦ ਬਗੈਰ ਨਹੀਂ ਹੈ। ਅੰਦਰ ਬਾਹਰ ਨਿਰੰਤਰ ਵਿਆਪਕ ਹੈ। ਉਥੇ ਨਰਕ ਹੈ ਜਿਥੇ ਨਾਮ ਨਹੀਂ ਜਪਿਆ ਜਾਂਦਾ॥ ੪੯॥

ਜਿਨ ਸਤਿਨਾਮ ਜਪਯੋ ਕਰਿ ਪ੍ਰੇਮ। ਅੰਤਹਿਕਰਣ ਬਿਮਲ ਤਿਨ ਛੇਮ।
ਸਿਮਰਤਿ ਪ੍ਰਾਪਤਿ ਆਤਮ ਗ੍ਯਾਨ। ਜਨਮ ਮਰਨ ਕੋ ਬੰਧਨ ਹਾਨ॥ ੫੦॥

ਜਿਨ੍ਹਾਂ ਵੀ ਸਤਿਨਾਮ ਪ੍ਰੇਮ ਕਰਕੇ ਜਪਿਆ ਹੈ, ਉਨ੍ਹਾਂ ਦਾ ਅੰਤਹਿਕਰਣ ਕੋਮਲ ਅਤੇ ਸ੍ਰੇਸ਼ਟ ਹੋ ਜਾਂਦਾ ਹੈ। ਨਾਮ ਦਾ ਸਿਮਰਨ ਕਰਨ ਨਾਲ ਹੀ ਆਤਮ-ਗਿਆਨ ਪ੍ਰਾਪਤ ਹੁੰਦਾ ਹੈ ਅਤੇ ਜਨਮ ਮਰਨ ਦੇ ਬੰਧਨ ਕੱਟੇ ਜਾਂਦੇ ਹਨ॥ ੫੦॥

ਯਾਂਤੇ ਨਿਰਗੁਣ ਤੇ ਸਤਿਨਾਮ। ਹੈ ਵਿਸ਼ੇਸ਼, ਭਜਿ ਆਠੋ ਜਾਮ'।
ਸੁਨਿ ਸਿੱਖਨਿ ਗੁਰ ਸੰਗ ਬਖਾਨਾ। 'ਸਾਗਰ ਫਾਂਧ ਗਯੋ ਹਨੁਮਾਨਾ॥ ੫੧॥

ਇਸ ਕਰਕੇ ਨਿਰਗੁਣ ਤੋਂ ਸਤਿਨਾਮ ਵਿਸ਼ੇਸ਼ ਜਾਣ ਕੇ ਅੱਠੇ ਪਹਿਰ ਇਸ ਦਾ ਸਿਮਰਨ ਕਰੋ।" ਇਹ ਸੁਣ ਕੇ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਕੀ ਹਨੂੰਮਾਨ ਸਮੁੰਦਰ ਟੱਪ ਕੇ ਹੀ ਚਲਾ ਗਿਆ ਸੀ॥ ੫੧॥

ਨਾਮ ਅਲੰਬ ਅਪਰ ਨੇ ਲੀਨਿ। ਪੁਲ ਪਰ ਕਪਿ ਦਲ ਉਲੰਘਨਿ ਕੀਨਿ।
ਸੋ ਨਿਜ ਬਲ ਤੇ ਕੂਦ ਗਯੋ ਹੈ। ਸੁਧਿ ਦੇ ਰਾਮ ਪ੍ਰਸੰਨ ਕਯੋ ਹੈ'॥ ੫੨॥

ਉਸ ਨੇ ਨਾਮ ਦਾ ਆਸਰਾ ਨਹੀਂ ਸੀ ਲਿਆ, ਬਾਕੀ ਬਾਂਦਰ ਦਲ ਨੇ ਪੁਲ ਰਾਹੀਂ ਸਮੁੰਦਰ ਨੂੰ ਪਾਰ ਕੀਤਾ। ਉਹ ਆਪਣੇ ਨਿੱਜੀ ਬਲ ਨਾਲ ਛਾਲ ਮਾਰ ਕੇ ਪਾਰ ਹੋ ਗਿਆ ਅਤੇ ਖਬਰ ਦੇ ਕੇ ਰਾਮ ਨੂੰ ਪ੍ਰਸੰਨ ਕੀਤਾ ਹੈ"॥ ੫੨॥

ਸ੍ਰੀ ਅਰਜਨ ਪੁਨਿ ਸੁਨਤਿ ਬਖਾਨਾ। 'ਸਿਮਰਤਿ ਰਾਮ ਨਾਮ ਹਨੁਮਾਨਾ।
ਬਹੁਰ ਮੁੱਦ੍ਰਕਾ ਲਈ ਪਯਾਨਾ। ਤਿਸ ਪਰ ਰਾਮ ਨਾਮ ਸਭਿ ਜਾਨਾ॥ ੫੩॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਿਹਾ, "ਹਨੂੰਮਾਨ ਨੇ ਪਹਿਲਾਂ ਰਾਮ ਨਾਮ ਦਾ ਸਿਮਰਨ ਕੀਤਾ, ਫਿਰ ਮੁੰਦਰੀ ਲੈ ਕੇ ਗਿਆ, ਤਿਸ ਉਤੇ ਵੀ ਰਾਮ ਨਾਮ ਲਿਖਿਆ ਹੋਇਆ ਸੀ, ਇਹ ਸਭ ਜਾਣਦੇ ਹਨ॥ ੫੩॥

ਨਾਮ ਪ੍ਰਤਾਪ ਪਾਰ ਪਰਿ ਗਯੋ। ਕੁਛ ਬਿਖਾਦ ਤਨ ਹੋਤਿ ਨ ਭਯੋ।
ਯਾਂਤੇ ਨਾਮ ਮਹਾਤਮ ਭਾਰੋ। ਸਿਮਰਿ ਤਰੈ ਜਗ ਸਿੰਧੁ ਸੁਖਾਰੋ॥ ੫੪॥

ਨਾਮ ਦੇ ਪ੍ਰਤਾਪ ਕਰਕੇ ਪਾਰ ਕਰ ਗਿਆ, ਸਰੀਰ ਨੂੰ ਕਿਸੇ ਪ੍ਰਕਾਰ ਦਾ ਰੋਗ ਜਾਂ ਕਸ਼ਟ ਨਾ ਹੋਇਆ। ਇਸ ਕਰਕੇ ਨਾਮ ਦਾ ਭਾਰੀ ਮਹਾਤਮ ਹੈ, ਨਾਮ ਦਾ ਸਿਮਰਨ ਕਰਕੇ ਮਨੁੱਖ ਭਵਸਾਗਰ ਨੂੰ ਸਹਿਜੇ ਹੀ ਤਰ ਜਾਂਦਾ ਹੈ॥ ੫੪॥

ਤਿਮ ਜਾਨਹੁ ਜੋ ਹੈ ਬ੍ਰਹਮ ਗ੍ਯਾਨੀ। ਜਗ ਸਾਗਰ ਉਲੰਘਹਿ ਬਲ ਠਾਨੀ।
ਬਿਰਲੇ ਨਰ ਹੋਵਤਿ ਹੈਂ ਐਸੇ। ਹਨੂਮਾਨ ਕਪਿ ਦਲ ਮਹਿਂ ਜੈਸੇ॥ ੫੫॥

ਇਸ ਤਰ੍ਹਾਂ ਜਾਣੋ ਕਿ ਜਿਹੜਾ ਬ੍ਰਹਮ-ਗਿਆਨੀ ਹੈ, ਉਹ ਆਪਣੇ ਬਲ ਨਾਲ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ। ਪਰ ਵਿਰਲੇ-ਵਿਰਲੇ ਮਨੁੱਖ ਹੀ ਐਸੇ ਹੁੰਦੇ ਹਨ, ਜਿਵੇਂ ਹਨੂੰਮਾਨ ਬਾਂਦਰਾਂ ਦੀ ਸੈਨਾ ਵਿਚ ਹੈ॥ ੫੫॥

ਨਾਮ ਸੇਤੁ ਪਰ ਨਿਰਬਲ ਬਲੀ। ਰੁਜੀ, ਲੰਗਰੇ, ਸਭਿ ਬਿਧਿ ਭਲੀ।
ਸਨੇ ਸਨੇ ਪਰਿ ਪਾਰ ਸੁਖਾਰੇ। ਬਿਨਾ ਜਤਨ, ਆਨੰਦ ਉਰ ਧਾਰੇ॥ ੫੬॥

ਨਾਮ ਦੇ ਪੁਲ ਰਾਹੀਂ, ਨਿਰਬਲ, ਬਲੀ, ਰੋਗੀ, ਲੂੰਝੇ ਲੰਗੜੇ ਸਾਰੇ ਭਲੀ ਵਿਧੀ ਅਨੁਸਾਰ ਹੌਲੀ-ਹੌਲੀ ਸੁਖੈਨ ਹੀ ਪਾਰ ਹੋ ਜਾਂਦੇ ਹਨ। ਕਿਸੇ ਯਤਨ ਤੋਂ ਬਗੈਰ ਹੀ ਹਿਰਦੇ ਵਿਚ ਅਨੰਦ ਧਾਰ ਲੈਂਦੇ ਹਨ॥ ੫੬॥

ਨਿਰਸ ਬਿਸ਼ੈ ਸਭਿ ਤੇ ਮਨ ਹੋਇ। ਬ੍ਰਹਮ ਗਯਾਨ ਅੱਭਯਾਸੀ ਕੋਇ।
ਯਾਂਤੇ ਲਖਹੁ ਭਗਤਿ ਪ੍ਰਭੁ ਸ਼ਰਨੀ। ਸਿਮਰਹਿਂ ਨਾਮ ਸੁਗਮ ਸੁਖ ਕਰਨੀ ॥੫੭॥

ਸਾਰੇ ਵਿਸ਼ਿਆਂ ਤੋਂ ਉਦਾਸ ਹੋ ਕੇ, ਬ੍ਰਹਮ ਗਿਆਨ ਦਾ ਅਭਿਆਸੀ ਕੋਈ ਕੋਈ ਹੁੰਦਾ ਹੈ। ਇਸ ਕਰਕੇ ਭਗਤਾਂ ਨੂੰ ਪ੍ਰਭੂ ਦੀ ਸ਼ਰਨ ਵਿਚ ਪਏ ਜਾਣੋ, ਜਿਹੜੇ ਸੁਖਾਲੇ ਨਾਮ ਦਾ ਸਿਮਰਨ ਕਰਕੇ ਸੁਖ ਪਾਉਂਦੇ ਹਨ॥ ੫੭॥

ਪਾਪੀ ਪੁੰਨੀ ਮੂੜ ਸੁਜਾਨ। ਪਾਰ ਪਰਹਿਂ ਕਰਿ ਭਗਤਿ ਮਹਾਨ।
ਯਾਂਤੇ ਤੁਮ ਸਿਮਰਹੁ ਸਤਿਨਾਮ। ਰਹੀਅਹਿ ਸਤਿਸੰਗਤ ਕੀ ਸ਼ਾਮ' ॥ ੫੮॥

ਜੋ ਪਾਪੀ, ਪੁੰਨੀ, ਮੂਰਖ, ਚਤੁਰ ਹਨ, ਉਹ ਕੇਵਲ ਮਹਾਨ ਭਗਤੀ ਕਰਕੇ ਭਵਸਾਗਰ ਪਾਰ ਕਰ ਸਕਦੇ ਹਨ। ਇਸ ਕਰਕੇ ਤੁਸੀਂ ਸਤਿਨਾਮ ਦਾ ਸਿਮਰਨ ਕਰੋ ਅਤੇ ਸਦਾ ਸਤਿਸੰਗਤ ਦੀ ਸ਼ਰਨ ਵਿਚ ਰਹੋ॥ ੫੮॥

ਸੁਨਿ ਸਿੱਖਨਿ ਉਪਦੇਸ਼ ਕਮਾਯੋ। ਗੁਰ ਕੀ ਸ਼ਰਨਿ ਰਹੇ ਸੁਖ ਪਾਯੋ।
ਕਥਾ ਕੀਰਤਨ ਇਕ ਚਿਤ ਸੁਨੈਂ। ਹੁਇਂ ਇਕੰਤ ਤਬ 'ਹਰਿ ਹਰਿ' ਭਨੈ ॥੫੯॥

ਇਹ ਸੁਣ ਕੇ ਸਿੱਖਾਂ ਨੇ ਉਪਦੇਸ਼ ਅਨੁਸਾਰ ਕਮਾਈ ਕੀਤੀ ਅਤੇ ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਸੁਖ ਪਾਇਆ। ਕਥਾ ਕੀਰਤਨ ਇਕ ਚਿੱਤ ਹੋ ਕੇ ਸੁਣਦੇ ਸਨ, ਜਦ ਇਕਾਂਤ ਵਿਚ ਬੈਠਦੇ ਸਨ 'ਹਰਿ ਹਰਿ' ਨਾਮ ਜਪਦੇ ਸਨ॥ ੫੯॥

ਸ੍ਰੀ ਅਰਜਨ ਕੋ ਸੇਵਤਿ ਰਹੈਂ। ਅੰਤ ਕਾਲ ਮਹਿਂ ਸੁਧ ਪਦ ਲਹੈਂ।
ਸਤਿਗੁਰ ਸੇਵਾ ਸਭਿ ਸੁਖਦਾਨੀ।ਬਡੇ ਭਾਗ ਜਿਨ ਤਿਨਹੁ ਕਮਾਨੀ॥ ੬੦॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਰਹੇ ਅਤੇ ਅੰਤਕਾਲ ਸਮੇਂ ਪਰਮ ਪਦਵੀ ਪ੍ਰਾਪਤ ਕਰਦੇ ਸਨ। ਸਤਿਗੁਰੂ ਜੀ ਦੀ ਸੇਵਾ ਸਭ ਪ੍ਰਕਾਰ ਸੁਖਦਾਇਕ ਹੈ, ਉਨ੍ਹਾਂ ਦੇ ਵੱਡੇ ਭਾਗ ਹਨ ਜਿਨ੍ਹਾਂ ਸੇਵਾ ਕਮਾਈ ਹੈ॥ ੬੦॥

*ਤੀਸਰੀ ਰਾਸ ਦਾ ਪਚਵੰਜਵਾਂ ਅਧਿਆਇ ਸਮਾਪਤ ਹੋਇਆ॥ ੫੫॥*

## *ਅਧਿਆਇ ਛਪਵੰਜਵਾਂ*

*ਭਾਈ ਮੂਲਾ, ਭਾਈ ਸੂਜਾ ਆਦਿ*

ਦੋਹਰਾ- ਮੂਲਾ; ਸੂਜਾ ਧਾਵਣੇ, ਚੰਦੂ ਚੌਝੜ ਆਸ।
ਰਾਮਦਾਸ ਭੰਡਾਰੀਆ, ਬਾਲਾ, ਸਾਂਈਦਾਸ॥ ੧॥

ਮੂਲਾ, ਸੂਜਾ ਧਾਵਣੇ, ਚੰਦੂ ਚੌਝੜ, ਰਾਮਦਾਸ ਭੰਡਾਰੀਆ, ਬਾਲਾ ਅਤੇ ਸਾਂਈਂਦਾਸ ਆਸ ਕਰਕੇ ਗੁਰੂ ਜੀ ਪਾਸ ਆਏ॥ ੧॥

ਚੌਪਈ- ਖਸ਼ਟ ਮਿਲੇ ਸ੍ਰੀ ਅਰਜਨ ਪਾਸ। ਪਗ ਬੰਦਨ ਕੀਨੀ ਅਰਦਾਸ।
'ਗੁਰੂ ਗਰੀਬ ਨਿਵਾਜ ਜਿ ਪ੍ਰਾਨੀ। ਕਰਮ ਕਰਤਿ ਦ੍ਵੈ ਬਿਧਿ ਸਭਿ ਜਾਨੀ॥੨॥

ਛੇਵੇਂ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਪਾਸ ਆਏ, ਚਰਨ ਕੰਵਲਾਂ ਤੇ ਬੰਦਨਾਂ ਕਰਕੇ ਬੇਨਤੀ ਕੀਤੀ, "ਹੇ ਗੁਰੂ ਗ਼ਰੀਬ ਨਿਵਾਜ਼ ਜੀ ! ਸਭ ਜਾਣਦੇ ਹਨ ਕਿ ਪ੍ਰਾਣੀ ਦੋ ਤਰ੍ਹਾਂ ਨਾਲ ਕਰਮ ਕਰਦਾ ਹੈ, ਕਈ ਆਪਣੇ ਸਵਾਰਥ ਲਈ ਕਰਦੇ ਹਨ ਅਤੇ ਕਈ ਸਵਾਰਥ-ਰਹਿਤ ਕਰਮ ਕਰਦੇ ਹਨ॥ ੨॥

Sri Satguru Jagjit Singh Ji eLlibrary NamdhariElibrary@gmail.com

ਧਰਮ ਰਾਇ ਕੇ ਢਿਗ ਸਭਿ ਕੋਇ। ਪਾਪ ਪੁੰਨ ਕੋ ਲੇਖਾ ਹੋਇ।
ਫਲ ਦੁਨਹਨਿ ਕੇ ਨਜਾਰੇ ਨਜਾਰੇ ?। ਕਿਧੌਂ ਸ਼ੇਖ ਰਹਿੰ ਦੇ ਫਲ ਵਜਾਰੇ ?' ॥੩॥

ਜਦ ਸਾਰੇ ਧਰਮਰਾਇ ਦੇ ਪਾਸ ਜਾਂਦੇ ਹਨ ਤਾਂ ਉਥੇ ਪਾਪਾਂ ਅਤੇ ਪੁੰਨਾਂ ਦਾ ਲੇਖਾ ਹੁੰਦਾ ਹੈ। ਕੀ ਦੋਹਾਂ ਦੇ ਫਲ ਵੱਖਰੇ-ਵੱਖਰੇ ਹਨ ? ਕੀ ਪਾਪ ਦੇ ਦੁੱਖ ਅਤੇ ਪੁੰਨਾਂ ਦੇ ਸੁਖ ਅੱਡ-ਅੱਡ ਮਿਲਣਗੇ ਜਾਂ ਪਾਪ ਪੁੰਨ ਆਪੋ ਵਿਚ ਕੱਟ ਕੇ ਜੋ ਬਾਕੀ ਬਚੇ ਉਸ ਦਾ ਹੀ ਫਲ ਮਿਲੇਗਾ ?" ॥ ੩ ॥

ਸ੍ਰੀ ਅਰਜਨ ਸੁਨਿ ਬਾਕ ਬਖਾਨੇ। 'ਚਾਰ ਪ੍ਰਕਾਰਨਿ ਕੇ ਸਿਖ ਜਾਨੇ।
ਇਕ ਸਹਿਕਾਮ ਕਰਮ ਕੇ ਕਰਤਾ। ਬਿਯ ਨਿਸ਼ਕਾਮ ਕਰਮ ਕੋ ਧਰਤਾ ॥ ੪ ॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਚਾਰ-ਪ੍ਰਕਾਰ ਦੇ ਸਿੱਖ ਜਾਣੇ ਜਾਂਦੇ ਹਨ। ਇਕ ਸਹਿਕਾਮ ਕਰਮ ਨੂੰ ਕਰਦੇ ਹਨ, ਦੂਜਰੇ ਨਿਸ਼ਕਾਮ ਕਰਮ ਨੂੰ ਧਾਰਨ ਕਰਦੇ ਹਨ ॥ ੪ ॥

ਕਰਿ ਉਪਾਸਨਾ ਤ੍ਰਿਤੀ ਪਛਾਨੋ। ਚਤੁਰਥ ਬ੍ਰਹਮ ਗਜਾਨੀ ਸਿਖ ਜਾਨੋ।
ਤੁਮ ਚਾਰਨਿ ਮੈਂ ਬੂਝਹੁ ਕੌਨ। ਕਰਹਿੰ ਸੁਨਾਵਨਿ ਜਸ ਗਤਿ ਤੌਨ' ॥ ੫ ॥

ਜਿਹੜੇ ਪੂਜਾ ਕਰਦੇ ਹਨ, ਉਨ੍ਹਾਂ ਨੂੰ ਤੀਸਰੀ ਪ੍ਰਕਾਰ ਦੇ ਸਿੱਖ ਪਛਾਣੋ, ਚੌਥੇ ਸਿੱਖ ਬ੍ਰਹਮ-ਗਿਆਨੀ ਜਾਣੋ' ਤੁਸੀਂ ਚਾਰਾਂ ਬਾਰੇ ਪੁਛੋ ਕੌਣ ਕਿਵੇਂ ਕਿਵੇਂ ਹਨ, ਤਾਂਕਿ ਉਸ ਤਰ੍ਹਾਂ ਮੈਂ ਤੁਹਾਨੂੰ ਸੁਣਾਵਾਂ" ॥ ੫ ॥

ਸੁਨਿ ਸਿੱਖਨਿ ਭਾਖਜੋ 'ਜੇ ਚਾਰਹੁ'। ਜਿਮ ਬ੍ਰਿਤਾਂਤ ਹੁਇ ਤਥਾ ਉਚਾਰਹੁ'।
ਗੁਰੂ ਕਹਨਿ ਲਾਗੇ ਤਿਸ ਕਾਲ। 'ਜਿਮ ਇਕ ਹੋਤਿ ਮਹਾਂ ਮਹਿਪਾਲ ॥ ੬ ॥

ਇਹ ਸੁਣ ਕੇ ਸਿੱਖਾਂ ਨੇ ਕਿਹਾ, ਇਹ ਜਿਹੜੇ ਚਾਰ ਪ੍ਰਕਾਰ ਹਨ, ਜਿਵੇਂ ਇਨ੍ਹਾਂ ਦਾ ਬ੍ਰਿਤਾਂਤ ਹੈ, ਉਸ ਤਰ੍ਹਾਂ ਹੀ ਉਚਾਰਨ ਕਰਕੇ ਸੁਣਾਓ। ਗੁਰੂ ਜੀ ਕਹਿਣ ਲੱਗੇ, "ਜਿਵੇਂ ਇਕ ਮਹਾਨ ਮਹਾਰਾਜਾ ਹੁੰਦਾ ਹੈ ॥ ੬ ॥

ਚਾਰ ਪ੍ਰਕਾਰ ਪ੍ਰਜਾ ਤਿਸ ਕੇਰੀ। ਇਕਤੇ ਖੇਤੀ ਕਰਹਿ ਘਨੇਰੀ।
ਨ੍ਰਿਪ ਕੋ ਨਰ ਤਿਨ ਊਪਰ ਰਹੈ। ਕਰਹਿ ਭਾਵਲੀ ਅੰਨ ਜਿ ਲਹੈ ॥ ੭ ॥

ਚਾਰ ਪ੍ਰਕਾਰ ਦੀ ਉਸਦੀ ਪਰਜਾ ਹੈ, ਇਕ ਤਾਂ ਬਹੁਤ ਖੇਤੀ ਕਰਦੇ ਹਨ, ਰਾਜੇ ਦੇ ਬੰਦੇ ਉਨ੍ਹਾਂ ਦੇ ਉਤੇ ਤਾਇਨਾਤ ਰਹਿੰਦੇ ਹਨ। ਜੋ ਅੰਨ ਪੈਦਾ ਹੁੰਦਾ ਹੈ, ਉਸ ਵਿਚੋਂ ਹਿੱਸਾ ਲੈਂਦੇ ਹਨ ॥ ੭ ॥

ਸਦਾ ਮੁਹੌਸਿਲ ਬੰਟਹਿ ਦਾਨਾ। ਜੇ ਖਜਾਨਤ ਕੋ ਕਰੈ ਅਜਾਨਾ।
ਦੰਡ ਦੇਹਿ ਰਾਖਹਿ ਚੁਕਸਾਈ। ਹੁਯੋ ਅੰਨ ਸਭਿ ਲੇਹਿ ਬੰਟਾਈ ॥ ੮ ॥

ਸਦਾ ਉਗ੍ਰਾਹੁਣ ਵਾਲਾ ਦਾਣਿਆਂ ਦੀ ਵੰਡਾਈ ਕਰਦਾ ਹੈ, ਜੇ ਜ਼ਿਮੀਂਦਾਰ ਭੁਲ ਕੇ ਵੀ ਅਮਾਨਤ ਵਿਚ ਖਿਆਨਤ ਕਰੇ, ਤਾਂ ਉਸ ਨੂੰ ਸਜ਼ਾ ਦਿੰਦੇ ਹਨ ਅਤੇ ਚੌਕਸੀ ਰੱਖਦੇ ਹਨ, ਜਿੰਨਾ ਅੰਨ ਵੀ ਪੈਦਾ ਹੁੰਦਾ ਹੈ, ਸਾਰੇ ਦਾ ਹਿੱਸਾ ਵੰਡਾ ਲੈਂਦੇ ਹਨ ॥ ੮ ॥

ਦੁਤੀਦੇ ਪਟਾ ਲਿਖਾਇ ਚੁਕਾਵੈ। ਖਸ਼ਟ ਮਾਸ ਮਹਿੰ ਨ੍ਰਿਪ ਨਰ ਜਾਵੈ।
ਕਰਜੋ ਜੁ ਹੋਤਿ ਦੇਤਿ ਤਿਸ ਤਾਂਈ। ਅਪਰ ਚਿੰਤ ਚਿਤ ਧਰਹਿ ਨ ਕਾਈ ॥ ੯ ॥

ਦੂਸਰੇ ਜ਼ਮੀਨ ਪਟੇ ਤੇ ਲੈ ਲੈਂਦੇ ਹਨ, ਛੇ ਮਹੀਨੇ ਬਾਅਦ ਰਾਜੇ ਦੇ ਬੰਦੇ ਜਾਂਦੇ ਹਨ, ਜਿੰਨੀ ਰਕਮ ਪਟੇ ਵਿਚ ਲਿਖੀ ਹੁੰਦੀ ਹੈ, ਓਨੀ ਉਹ ਅਦਾ ਕਰ ਦਿੰਦਾ ਹੈ, ਹੋਰ ਕਿਸੇ ਪ੍ਰਕਾਰ ਦੀ ਉਹ ਚਿੰਤਾ ਨਹੀਂ ਕਰਦਾ ॥ ੯ ॥

ਤ੍ਰਿਤੀਏ ਨਰ ਸੌਗਾਤੀ ਜਾਨਿ। ਨ੍ਰਿਪ ਕੀ ਹਦ ਪਰ ਬਾਸਾ ਥਾਨ।
ਬਾਜੀ ਬਾਜ ਆਦਿ ਸੌਗਾਤ। ਭੇਜਹਿ ਨ੍ਰਿਪ ਢਿਗ ਨਿਤ ਹਰਖਾਤਿ॥ ੧੦॥

ਤੀਸਰੇ ਮਨੁੱਖ ਸੌਗਾਤੀ ਜਾਣੋ, ਉਹ ਰਾਜੇ ਦੀ ਹੱਦ ਵਾਲੀ ਥਾਂ ਤੇ ਵਾਸਾ ਕਰਦੇ ਹਨ, ਕਦੀ-ਕਦੀ ਸੌਗਾਤਾਂ ਆਦਿ ਪ੍ਰਸੰਨ ਹੋ ਕੇ ਰਾਜੇ ਪਾਸ ਭੇਜਦੇ ਰਹਿੰਦੇ ਹਨ॥ ੧੦॥

ਬਹੁ ਗ੍ਰਾਮਨਿ ਕੇ ਰਾਜ ਕਰੰਤੇ। ਦਰਬ ਲੇਹਿਂ ਸਭਿ ਸੁਖਿ ਭੋਗੰਤੇ।
ਚੌਥੇ ਮਾਫੀ ਕੇਤਿਕ ਹੋਇ। ਅਪਨੋ ਰਾਜ ਕਰਤਿ ਹੈਂ ਸੋਇ॥ ੧੧॥

ਉਹ ਬਹੁਤ ਪਿੰਡਾਂ ਤੇ ਰਾਜ ਕਰਦੇ ਹਨ, ਧਨ ਲੈ ਕੇ ਸਾਰੇ ਸੁਖ ਭੋਗਦੇ ਹਨ। ਚੌਥੇ ਉਹ ਹਨ ਜਿਨ੍ਹਾਂ ਨੂੰ ਰਾਜੇ ਵੱਲੋਂ ਮੁਆਫੀ ਮਿਲੀ ਹੁੰਦੀ ਹੈ, ਉਹ ਆਪਣੀ ਮਰਜ਼ੀ ਨਾਲ ਰਾਜ ਕਰਦੇ ਹਨ॥ ੧੧॥

ਨ੍ਰਿਪ ਕੇ ਸੰਗ ਚਢਹਿਂ ਜਹਿਂ ਜਾਇ। ਸਭਿ ਪਰ ਅਪਨੋ ਹੁਕਮ ਚਲਾਇ।
ਖਾਣਾ ਅਰੁ ਦਾਣਾ ਹੁਇ ਜੋਇ। ਲੇਤੇ ਮਹਿਪਾਲਕ ਤੇ ਸੋਇ॥ ੧੨॥

ਰਾਜੇ ਦੇ ਨਾਲ ਚੜ੍ਹ ਕੇ ਜਾਂਦੇ ਹਨ ਤਾਂ ਸਾਰਿਆਂ ਉਤੇ ਆਪਣਾ ਹੁਕਮ ਚਲਾਉਂਦੇ ਹਨ। ਖਾਣਾ ਅਤੇ ਦਾਣਾ ਜੋ ਵੀ ਹੁੰਦਾ ਹੈ, ਉਹ ਮਹਾਰਾਜੇ ਪਾਸੋਂ ਲੈਂਦੇ ਹਨ॥ ੧੨॥

ਲਖਹੁ ਪ੍ਰਜਾ ਪ੍ਰਭੁ ਕੀ ਇਮ ਚਾਰ। ਇਕ ਤੌ ਸਹਿਕਾਮੀ ਬ੍ਰਿਤਿ ਧਾਰਿ।
ਕਾਮ ਰੁ ਕ੍ਰੋਧ ਕੁਰ ਕਹੁ ਲਾਗੇ। ਨਹਿਂ ਕਬਹੂੰ ਹਰਿ ਕੇ ਰਸ ਪਾਗੇ॥ ੧੩॥

ਪ੍ਰਭੂ ਦੀ ਪਰਜਾ ਵੀ ਇਸ ਤਰ੍ਹਾਂ ਚਾਰ ਪ੍ਰਕਾਰ ਦੀ ਜਾਣੋ, ਇਕ ਤਾਂ ਕਾਮਨਾ ਵਾਲੀ ਬ੍ਰਿਤੀ ਰੱਖਦੇ ਹਨ। ਉਨ੍ਹਾਂ ਨੂੰ ਕਾਮ ਕ੍ਰੋਧ ਦਾ ਕਰ (ਟੈਕਸ) ਲਗਦਾ ਹੈ, ਉਹ ਕਦੇ ਵੀ ਹਰੀ ਦੇ ਨਾਮ ਵਿਚ ਨਹੀਂ ਭਿਜਦੇ॥ ੧੩॥

ਤੀਰਥ ਦਾਨ ਬ੍ਰੱਤ ਜੇ ਕਰਿਹੀਂ। ਫਲ ਹੁਇ ਅਮੁਕ ਕਾਮਨਾ ਧਰਿਹੀਂ।
ਤਿਨ ਪਰ ਧਰਮਰਾਇ ਕੋ ਡੰਡ। ਨਰਕ ਸਜਾਈ ਲਹੈਂ ਪ੍ਰਚੰਡ॥ ੧੪॥

ਤੀਰਥ, ਦਾਨ ਅਤੇ ਵਰਤ ਜਿਹੜੇ ਰਖਦੇ ਹਨ, ਉਨ੍ਹਾਂ ਨੂੰ ਕਾਮਨਾ ਧਾਰਨ ਨਾਲ ਅਦੁੱਤੀ ਫਲ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੂੰ ਧਰਮਰਾਇ ਸਜ਼ਾ ਦਿੰਦਾ ਹੈ ਅਤੇ ਭਿਆਨਕ ਨਰਕਾਂ ਦੀਆਂ ਸਜ਼ਾਵਾਂ ਪ੍ਰਾਪਤ ਕਰਦੇ ਹਨ॥ ੧੪॥

ਪੁੰਨ ਪਾਪ ਫਲ ਭੋਗਹਿਂ ਨਜਾਰੇ। ਕਬਿ ਸੁਖ ਕਬਿ ਦੁਖ ਲਹੈਂ ਬਿਚਾਰੇ।
ਇਕ ਨਿਸ਼ਕਾਮ ਕਰਮ ਸੁਭ ਕਰੈਂ। ਧਰਮ ਕਰਤਿ ਪ੍ਰਸੰਨਤਾ ਧਰੈਂ॥ ੧੫॥

ਫਿਰ ਪੁੰਨ ਪਾਪ ਦੇ ਵੱਖਰੇ-ਵੱਖਰੇ ਫਲ ਭੋਗਦੇ ਹਨ, ਕਦੀ ਸੁਖ ਪ੍ਰਾਪਤ ਕਰਦੇ ਹਨ ਅਤੇ ਕਦੇ ਦੁਖ ਲੈਂਦੇ ਹਨ। ਜੋ ਇਕ ਨਿਸ਼ਕਾਮ ਸੁਭ ਕਰਮ ਕਰਦੇ ਹਨ ਤਾਂ ਧਰਮ ਕਰਕੇ ਪ੍ਰਸੰਨਤਾ ਧਾਰਨ ਕਰਦੇ ਹਨ॥ ੧੫॥

ਪਾਪ ਅਚਾਨਕ ਜੇ ਹੁਇ ਜਾਇ। ਤਿਨ ਕੋ ਲੇਖਾ ਕਰਿ ਇਕ ਥਾਇਂ।
ਅਘੁ ਵਿਆਜ਼ ਕਰਿ ਪੁੰਨ ਜੁ ਸ਼ੇਖ। ਤਿਨ ਕੋ ਭੋਗਤਿ ਅਨੰਦ ਵਿਸ਼ੇਸ਼॥ ੧੬॥

ਜੇ ਅਚਨਚੇਤ ਪਾਪ ਹੋ ਜਾਵੇ ਤਾਂ ਉਨ੍ਹਾਂ ਦਾ ਲੇਖਾ ਇਕ ਥਾਂ ਕਰਕੇ, ਪੁੰਨਾਂ ਨਾਲ ਪਾਪ ਪੂਰੇ ਕਰਕੇ ਜੋ ਪੁੰਨ ਬਾਕੀ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਵਿਸ਼ੇਸ਼ ਅਨੰਦ ਨਾਲ ਭੋਗਦਾ ਹੈ॥ ੧੬॥

ਜੇ ਅਘ ਅਧਿਕ ਹੋਇਂ ਤਿਸ ਕੇਰੇ। ਪੁੰਨ ਵੰਜਾਜ਼ ਅਘ ਤੇ ਦੁਖ ਹੇਰੇ।
ਤਿਨ ਕੇ ਪੁੰਨ ਹੋਹਿਂ ਬਲਵਾਨ। ਪਾਪ ਨਿਬਲ ਹ੍ਵੈ ਅਸ ਨਰ ਜਾਨਿ॥ ੧੭॥

ਜੇ ਉਸ ਦੇ ਪਾਪ ਜ਼ਿਆਦਾ ਹੋਣ, ਤਾਂ ਪਾਪਾਂ ਨਾਲ ਪੁੰਨ ਪੂਰੇ ਕਰਕੇ ਜੋ ਪਾਪ ਬਾਕੀ ਰਹਿੰਦੇ ਹਨ, ਉਨ੍ਹਾਂ ਨਾਲ ਦੁਖ ਵੇਖਦਾ ਹੈ। ਜਿਨ੍ਹਾਂ ਦੇ ਪੁੰਨ ਬਲਵਾਨ ਹੁੰਦੇ ਹਨ ਉਨ੍ਹਾਂ ਦੇ ਪਾਪ ਸ਼ਕਤੀਹੀਨ ਹੋ ਜਾਂਦੇ ਹਨ, ਇਸ ਤਰ੍ਹਾਂ ਜਾਣੋ॥ ੧੭॥

ਤ੍ਰਿਤੀਏ ਅਹੈਂ ਉਪਾਸਕ ਜੋਇ। ਭਗਤਿ ਪਰਾਯਨ ਮਨ ਹੁਇ ਸੋਇ।
ਪਾਪ ਨਹੀਂ ਠਾਨੈਂ ਸੋ ਜਾਨਿ। ਹ੍ਵੈ ਜਿ ਕਦਾਚਿੱਤ ਅਘ ਅਨਜਾਨਿ॥ ੧੮॥

ਤੀਸਰੇ ਉਹ ਹਨ ਜਿਹੜੇ ਉਪਾਸ਼ਕ ਹਨ, ਜਿਨ੍ਹਾਂ ਦੇ ਮਨ ਭਗਤੀ ਵਿਚ ਪਰੋਤੇ ਹੋਏ ਹਨ, ਉਹ ਜਾਣ ਬੁਝ ਕੇ ਕਦੇ ਵੀ ਪਾਪ ਨਹੀਂ ਕਰਦੇ ਹਨ, ਜੇ ਕਦੀ ਪਾਪ ਹੋ ਵੀ ਜਾਂਦਾ ਹੈ ਤਾਂ ਉਹ ਅਣਜਾਣੇ ਵਿਚ ਹੁੰਦਾ ਹੈ॥ ੧੮॥

ਰੁਚਿ ਕਰਿ ਧਰਮ ਕਰ੍ਹਿਂ ਹਰਖਾਇ। ਅਘ ਕੋ ਵਜਾੜ ਸਦਾ ਸੁਖ ਪਾਇਂ।
ਰਹੈਂ ਨਿਕਟਵਰਤੀ ਪ੍ਰਭੁ ਕੇਰੇ। ਜਨਮ ਮਰਨ ਕੇ ਪਰਹਰਿ ਫੇਰੇ॥ ੧੯॥

ਤਾਂ ਬੜੇ ਪ੍ਰਸੰਨ ਹੋ ਕੇ ਧਰਮ ਦੇ ਕਾਰਜ ਕਰਦੇ ਹਨ ਤੇ ਪਾਪਾਂ ਨੂੰ ਮਾਤ ਪਾ ਕੇ ਸਦਾ ਸੁਖ ਭੋਗਦੇ ਹਨ। ਉਹ ਸਦਾ ਪ੍ਰਭੂ ਦੇ ਨੇੜੇ ਰਹਿੰਦੇ ਹਨ ਅਤੇ ਜਨਮ ਮਰਨ ਦੇ ਚੱਕਰ ਵਿਚ ਫਿਰ ਨਹੀਂ ਪੈਂਦੇ॥ ੧੯॥

ਪਰਾਬਲਧਿ ਬਸਿ ਤੇ ਜੇ ਜਨਮੈਂ। ਭਗਤਿ ਕਰਤਿ ਗ੍ਯਾਨੀ ਹੁਇ ਮਨ ਮੈਂ।
ਜਨਮ ਮਰਨ ਕੇ ਬੰਧਨ ਹਾਨੈਂ। ਪਦ ਨਿਰਬਾਣ ਮਿਲਹਿ ਤਤ ਜਾਨੈਂ॥ ੨੦॥

ਜਿਹੜੇ ਪ੍ਰਭੂ ਦੇ ਹੁਕਮ ਨਾਲ ਜਨਮ ਲੈਂਦੇ ਹਨ, ਉਹ ਭਗਤੀ ਕਰਦੇ ਹਨ ਅਤੇ ਮਨ ਵਿਚ ਗਿਆਨੀ ਹੁੰਦੇ ਹਨ। ਜਨਮ ਮਰਨ ਦੇ ਬੰਧਨ ਦੂਰ ਕਰਦੇ ਹਨ ਅਤੇ ਸਿਧਾਂਤ ਨੂੰ ਜਾਣ ਕੇ ਨਿਰਮਾਣ ਪਦਵੀ ਪ੍ਰਾਪਤ ਕਰਦੇ ਹਨ॥ ੨੦॥

ਇਕ ਸਹਿਕਾਮੀ ਭਗਤ ਜਿ ਹੋਇਂ। ਤਨ ਤਜਿ ਸੁਰਗ ਭੋਗ ਕਰਿ ਸੋਇ।
ਬਹੁਰ ਧਨੀ ਕੇ ਗ੍ਰਿਹ ਤਨ ਧਾਰੈਂ। ਸਤਿਸੰਗਤਿ ਮਿਲਿ ਜਨਮ ਸੁਧਾਰੈਂ॥ ੨੧॥

ਜਿਹੜਾ ਕਾਮਨਾ ਸਹਿਤ ਭਗਤ ਹੁੰਦਾ ਹੈ ਉਹ ਸਰੀਰ ਛੱਡ ਕੇ ਸਵਰਗ ਭੋਗ ਕੇ ਫਿਰ ਬਹੁਤ ਧਨੀ ਦੇ ਘਰ ਜਨਮ ਲੈਂਦਾ ਹੈ ਅਤੇ ਸਤਿਸੰਗਤ ਵਿਚ ਮਿਲ ਕੇ ਜਨਮ ਨੂੰ ਸੁਧਾਰਦਾ ਹੈ॥ ੨੧॥

ਮੁਕਤਿ ਲਹੈਂ ਬੰਧਨ ਕੋ ਤਜਾਗੈਂ। ਇਕ ਨਿਸ਼ਕਾਮ ਭਗਤ ਅਨੁਰਾਗੈਂ।
ਪਰਾਲਬਧ ਬਸਿ ਜਨਮ ਜਿ ਧਰਤੇ। ਸੰਤਨਿ ਕੇ ਘਰਿ ਮਹਿਂ ਅਵਤਰਿਤੇ॥ ੨੨॥

ਉਹ ਮੁਕਤੀ ਪ੍ਰਾਪਤ ਕਰਕੇ ਬੰਧਨਾਂ ਤੋਂ ਛੁਟਕਾਰਾ ਪਾ ਲੈਂਦੇ ਹਨ। ਜਿਹੜੇ ਨਿਸ਼ਕਾਮ ਭਗਤੀ ਨਾਲ ਪ੍ਰੇਮ ਕਰਦੇ ਹਨ, ਪ੍ਰਭੂ ਦੇ ਹੁਕਮ ਅਨੁਸਾਰ ਜੋ ਜਨਮ ਲੈਂਦੇ ਹਨ, ਉਹ ਸੰਤਾਂ ਦੇ ਘਰਾਂ ਵਿਚ ਜਨਮ ਲੈਂਦੇ ਹਨ॥ ੨੨॥

ਕਰਤਿ ਭਗਤਿ ਲਹਿਂ ਆਤਮ ਗ੍ਯਾਨ। ਪ੍ਰਾਪਤਿ ਹੋਤਿ ਪੁਨਹੁ ਨਿਰਬਾਨ।
ਜਿਮ ਸੌਗਾਤ ਬਾਜ ਕੈ ਬਾਜੀ। ਇਕ ਪਠਿ ਦੇਤਿ ਰਹਤਿ ਪੁਨ ਰਾਜੀ॥ ੨੩॥

ਭਗਤੀ ਕਰਕੇ ਉਹ ਆਤਮ-ਗਿਆਨ ਪ੍ਰਾਪਤ ਕਰਦੇ ਹਨ ਅਤੇ ਬਾਅਦ ਵਿਚ ਨਿਰਵਾਣ ਪਦਵੀ ਪ੍ਰਾਪਤ ਕਰਦੇ ਹਨ। ਜਿਵੇਂ ਇਕ ਮਨੁੱਖ ਘੋੜੇ ਦੀ ਸੌਗਾਤ ਭੇਜ ਦਿੰਦਾ ਹੈ ਤਾਂ ਫਿਰ ਰਾਜਾ ਰਾਜ਼ੀ ਰਹਿੰਦਾ ਹੈ॥ ੨੩॥

ਤਥਾ ਭਜਨ ਕਰਿ ਸੁਖੀ ਰਹੰਤੇ। ਜੇ ਗ੍ਯਾਨੀ ਜਗ ਕੂਰ ਲਖੰਤੇ।
ਤਨ ਅਰੁ ਕਰਮ ਝੂਠ ਸਭਿ ਜਾਨੈਂ। ਹੰਤਾ ਮਮਤਾ ਕਬਹੁਂ ਨ ਠਾਨੈਂ॥ ੨੪॥

ਇਸ ਤਰ੍ਹਾਂ ਭਜਨ ਕਰਕੇ ਸੁਖੀ ਰਹਿੰਦੇ ਹਨ। ਜਿਹੜੇ ਗਿਆਨੀ ਜਗਤ ਨੂੰ ਝੂਠ ਸਮਝਦੇ ਹਨ, ਸਰੀਰ ਅਤੇ ਕਰਮ ਸਭ ਨੂੰ ਝੂਠ ਜਾਣਦੇ ਹਨ ਅਤੇ ਅਹੰਕਾਰ ਮੋਹ ਕਦੇ ਵੀ ਧਾਰਨ ਨਹੀਂ ਕਰਦੇ॥ ੨੪॥

ਜਥੋਂ ਸੂਰਜ ਢਿਗ ਤਮ ਨਹਿਂ ਜਾਇ। ਤਥਾ ਕਰਮ ਤਿਨ ਕੋ ਨ ਲਿਪਾਇ।
ਜੀਵਨ ਮੁਕਤਿ ਬਿਸਾਲ ਅਨੰਦ। ਨਹਿਂ ਬਜਾਪੈ ਕਬਿ ਮਨ ਤਨ ਦੁੰਦ॥ ੨੫॥

ਜਿਵੇਂ ਸੂਰਜ ਨੇੜੇ ਹਨੇਰਾ ਨਹੀਂ ਜਾਂਦਾ, ਉਸ ਤਰ੍ਹਾਂ ਉਨ੍ਹਾਂ ਦੇ ਪਾਸ ਕੋਈ ਵੀ ਵਿਕਾਰ ਨਹੀਂ ਆਉਂਦਾ। ਜੀਵਨ ਮੁਕਤੀ ਪਾ ਕੇ ਵਿਸ਼ਾਲ ਅਨੰਦ ਪਾਉਂਦੇ ਹਨ ਅਤੇ ਮਨ ਤਨ ਨੂੰ ਕਦੀ ਵੀ ਦੁਖ ਨਹੀਂ ਵਿਆਪਦੇ॥ ੨੫॥

ਸਿਖ ਬੂਝੈ 'ਤਿਨ ਕਰਮ ਮਹਾਨੇ। ਕਿਮ ਭੋਗੇ ਬਿਨ ਹੋਵਤਿ ਹਾਨੇ?'।
ਗੁਰੂ ਕਹਤੋ 'ਸੇਵਕ ਲੇ ਪੁੰਨ। ਨਿੰਦਕ ਅਘ ਲੇਂ ਜੇ ਦੁਖ ਜੰਨ॥ ੨੬॥

ਸਿੱਖਾਂ ਨੇ ਪੁਛਿਆ, "ਤਿੰਨਾਂ ਦੇ ਮਹਾਨ ਕਰਮ ਹਨ, ਕਿਸੇ ਹਾਨੀ ਹੋਣ ਤੋਂ ਬਗੈਰ ਕਿਵੇਂ ਭੋਗੀਏ?" ਗੁਰੂ ਜੀ ਨੇ ਕਿਹਾ, "ਸੇਵਕ ਪੁੰਨ ਲੈ ਲੈਂਦੇ ਹਨ ਤੇ ਨਿੰਦਕ ਦੁਖਾਂ ਨੂੰ ਪੈਦਾ ਕਰਨ ਵਾਲੇ ਪਾਪ ਲੈ ਲੈਂਦੇ ਹਨ॥ ੨੬॥

ਬ੍ਰਹਮ ਗਯਾਨੀ ਨਿਰਲੇਪ ਸਦੀਵ। ਨਹਿਂ ਫਲ ਕਰਮ ਤਿਨਹੁ ਕੋ ਥੀਵ'।
ਐਸੇ ਸੁਨਿ ਕਰਿ ਗੁਰ ਕੇ ਬੈਨ। ਸਿੱਖਨਿ ਪਾਈ ਹਿਰਦੇ ਚੈਨ॥ ੨੭॥

ਬ੍ਰਹਮ ਗਿਆਨੀ ਸਦਾ ਨਿਰਲੇਪ ਰਹਿੰਦੇ ਹਨ, ਕਰਮਾਂ ਦਾ ਫਲ ਉਨ੍ਹਾਂ ਨੂੰ ਨਹੀਂ ਹੁੰਦਾ।" ਗੁਰੂ ਜੀ ਦੇ ਐਸੇ ਬਚਨ ਸੁਣ ਕੇ, ਸਿੱਖਾਂ ਨੇ ਆਪਣੇ ਹਿਰਦੇ ਅੰਦਰ ਸ਼ਾਂਤੀ ਪ੍ਰਾਪਤ ਕੀਤੀ॥ ੨੭॥

ਬਿਸ਼ਨੂ ਹੁਤੋ ਬੀਬੜਾ ਜੋਇ। ਸੁੰਦਰ ਮਾਛੀ ਮਿਲਿ ਕਰਿ ਦੋਇ।
ਸ੍ਰੀ ਅਰਜਨ ਕੀ ਸ਼ਰਨੀ ਆਏ। ਹੋਇ ਦੀਨ ਚਰਨੀ ਲਪਟਾਏ॥ ੨੮॥

ਬਿਸ਼ਨ ਬੀਬੜਾ ਅਤੇ ਸੁੰਦਰ ਮਾਛੀ ਦੋਵੇਂ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ, ਦੀਨ ਹੋ ਕੇ ਚਰਨਾਂ ਤੇ ਢਹਿ ਪਏ॥ ੨੮॥

ਕਹਤੋ ਕਿ 'ਹਮਰੋ ਕਰਹੁ ਉਧਾਰਾ। ਜਹਿਂ ਕਹਿਂ ਤੁਮਰੋ ਸੁਜਸੁ ਉਦਾਰਾ'।
ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਸੇਵਾ ਕਰਹੁ ਹੋਇ ਮਨ ਦੀਨ'॥ ੨੯॥

ਕਹਿਣ ਲੱਗੇ, "ਸਾਡਾ ਉਧਾਰ ਕਰੋ, ਜਿਥੇ ਕਿਥੇ ਤੁਹਾਡਾ ਬਹੁਤ ਜੱਸ ਹੋ ਰਿਹਾ ਹੈ।" ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਮਨ ਦੀਨ ਰੱਖ ਕੇ ਸੇਵਾ ਕਰੋ"॥ ੨੯॥

ਸੁੰਦਰ ਬਨ ਤੇ ਕਾਸ਼ਟ ਆਨੈ। ਜਲ ਲਯਾਵਹਿ ਭਰਿ ਦੇਗ ਸਥਾਨੈ।
ਬਿਸ਼ਨੂ ਪਿਛਲੀ ਨਿਸ ਮਹਿਂ ਜਾਗੈ। ਉਠਿ ਸਿੱਖਨਿ ਕੀ ਸੇਵਾ ਲਾਗੈ॥ ੩੦॥

ਸੁੰਦਰ ਨਾਮੀ ਸਿੱਖ ਵਣ ਵਿਚ ਜਾ ਕੇ ਲੱਕੜੀਆਂ ਲਿਆਉਂਦਾ ਸੀ ਅਤੇ ਜਲ ਭਰਕੇ ਲੰਗਰ ਵਿਚ ਲਿਆਉਂਦਾ ਸੀ। ਬਿਸ਼ਨੂ ਬੀਬੜਾ ਪਿਛਲੀ ਰਾਤ ਰਹੇ ਜਾਗਦਾ ਸੀ ਅਤੇ ਉੱਠ ਕੇ ਸਿੱਖਾਂ ਦੀ ਸੇਵਾ ਵਿਚ ਲਗ ਜਾਂਦਾ ਸੀ॥ ੩੦॥

ਕਰਿਵਾਵੈ ਜਲ ਤਪਤ ਸ਼ਨਾਨ। ਪਗ ਕੀ ਮੈਲ ਕਰਹਿਂ ਸਭਿ ਹਾਨ।
ਗੁਰ ਉਪਦੇਸ਼ ਸੁਨਤੋ ਮਨ ਲਾਇ। ਲਾਗੇ ਸੇਵ ਕਰਨਿ ਸਮੁਦਾਇ॥ ੩੧॥

ਗਰਮ ਪਾਣੀ ਕਰਕੇ ਸਿੱਖਾਂ ਨੂੰ ਇਸ਼ਨਾਨ ਕਰਵਾਉਂਦਾ ਸੀ ਅਤੇ ਚਰਨਾਂ ਦੀ ਸਾਰੀ ਮੈਲ ਦੂਰ ਕਰਦਾ ਸੀ। ਗੁਰੂ ਜੀ ਦਾ ਉਪਦੇਸ਼ ਮਨ ਲਾ ਕੇ ਸੁਣਦਾ ਸੀ ਅਤੇ ਸਾਰਿਆਂ ਦੀ ਸੇਵਾ ਕਰਦਾ ਸੀ॥ ੩੧॥

ਪ੍ਰਾਪਤਿ ਅੰਤ ਸਮੈ ਕੱਲਜਾਨ। ਜਨਮ ਮਰਨ ਕੇ ਬੰਧਨ ਹਾਨਿ।
ਜੱਟੂ ਭਾਨੂ ਤ੍ਰਿਤਿਯ ਨਿਹਾਲੂ। ਚਤੁਰਥ ਆਇ ਤੀਰਥਾ ਨਾਲੂ॥ ੩੨॥

ਦੋਵਾਂ ਨੇ ਅੰਤ ਸਮੇਂ ਕਲਿਆਣ ਪ੍ਰਾਪਤ ਕੀਤਾ ਅਤੇ ਜਨਮ ਮਰਨ ਦੇ ਬੰਧਨ ਦੂਰ ਹੋ ਗਏ। ਜੱਟੂ, ਭਾਨੂ ਤੀਸਰਾ ਨਿਹਾਲੂ ਅਤੇ ਚੌਥਾ ਤੀਰਥ ਇਕੱਠੇ ਹੋ ਕੇ ਆਏ॥ ੩੨॥

ਚੱਢੇ ਹੁਤੇ ਜਾਤਿ ਕੇ ਚਾਰੋਂ। ਚਲਿ ਆਏ ਗੁਰ ਕੇ ਦਰਬਾਰੋਂ।
ਨਮੋ ਕਰੀ ਗੁਰ ਅਰਜਨ ਪਾਸ। ਹਾਥ ਜੋਰਿ ਬੋਲੇ ਅਰਦਾਸ॥ ੩੩॥

ਚਾਰੇ ਜਾਤ ਦੇ ਚੱਢੇ ਸੀ, ਉਹ ਚਲ ਕੇ ਗੁਰੂ ਦੇ ਦਰਬਾਰ ਵਿਚ ਆਏ, ਗੁਰੂ ਅਰਜਨ ਦੇਵ ਜੀ ਪਾਸ ਆ ਕੇ ਨਮਸਕਾਰ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ॥ ੩੩॥

Sri Satguru Jagjit Singh Ji eLlibrary NamdhariElibrary@gmail.com

'ਸ੍ਰੀ ਸਤਿਗੁਰ ਸ਼ੁਭ ਬਚਨ ਤੁਹਾਰੇ। ਬਹੁ ਬਿਧਿ ਕੇ ਹਮ ਅਰਥ ਬਿਚਾਰੇ।
'ਕਰੇ ਕਰਾਵੈ ਆਪੇ ਆਪ। ਮਾਨੁਖ ਕੈ ਕਿਛੁ ਨਾਹੀ ਹਾਥਿ'॥ ੩੪॥

"ਹੇ ਸਤਿਗੁਰੂ ਜੀ ! ਤੁਹਾਡੇ ਜਿਹੜੇ ਸ਼ੁਭ ਬਚਨ ਹਨ, ਬਹੁਤ ਵਿਧੀਆਂ ਨਾਲ ਅਸੀਂ ਉਨ੍ਹਾਂ ਦੇ ਅਰਥ ਵਿਚਾਰੇ ਹਨ ਜਿਹੜਾ ਤੁਸੀਂ ਲਿਖਿਆ ਹੈ, ਕਰੇ ਕਰਾਵੈ ਆਪੇ ਆਪ॥ ਮਾਨੁਖ ਕੈ ਕਿਛੁ ਨਾਹੀ ਹਾਥਿ" ਫਿਰ ਇਹ ਲਿਖਿਆ ਹੈ :-

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥
ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥ ੪॥

(ਜੈਤ: ਵਾਰ ਮਹਲਾ ੫, ਪੰਨਾ ੭੦੬)

ਜਿਹੋ ਜਿਹਾ ਜੀਵ ਬੀਜਦਾ ਹੈ, ਓਹੋ ਜਿਹਾ ਹੀ ਵੱਢ ਲੈਂਦਾ ਹੈ। ਇਹ ਸਰੀਰ ਅਮਲਾਂ ਦੀ ਧਰਤੀ ਹੈ। ਨਾ-ਸ਼ੁਕਰੇ ਪ੍ਰਭੂ ਨੂੰ ਭੁਲਾ ਕੇ ਜੂਨਾਂ ਅੰਦਰ ਭਟਕਦੇ ਹਨ॥ ੪॥

ਚੌਪਈ- ਜੋ ਪ੍ਰਭੁ ਆਪੇ ਕਰਹਿ ਕਰਾਵੈ। ਤੌ ਹਮ ਕਰਹਿਂ ਜਥਾ ਮਨ ਭਾਵੈ।
ਕਯੋਂ ਤਬਿ ਦੋਸ਼ ਲਗਹਿ ਇਸ ਪ੍ਰਾਨੀ। ਜੇ ਕਰਮਨਿ ਫਲ ਭੁਗਤਹਿ ਜਾਨੀ॥ ੩੫॥

ਜੇ ਪ੍ਰਭੂ ਆਪ ਹੀ ਕਰਦਾ ਅਤੇ ਕਰਵਾਉਂਦਾ ਹੈ ਫਿਰ ਅਸੀਂ ਉਸ ਤਰ੍ਹਾਂ ਹੀ ਕਰੀਏ ਜਿਵੇਂ ਸਾਡੇ ਮਨ ਨੂੰ ਭਾਉਂਦਾ ਹੈ। ਫਿਰ ਇਸ ਪ੍ਰਾਣੀ ਨੂੰ ਦੋਸ਼ ਕਿਉਂ ਲੱਗਦਾ ਹੈ ਜੇ ਕਰਮਾਂ ਅਨੁਸਾਰ ਹੀ ਫਲ ਭੁਗਤਨੇ ਹਨ॥ ੩੫॥

ਤੌ ਵਿਚਾਰ ਕਰਿ ਕਰਮ ਕਰੀਜੈ। ਸ਼ੁਭ ਕੋ ਧਰਹਿ ਅਸ਼ੁਭ ਤਜਿ ਦੀਜੈ।
ਕਰੀ ਆਪ ਕੀ ਸਗਰੀ ਬਾਨੀ। ਕਿਸ ਕੋ ਧਰਹਿ ਸ਼੍ਰੇਯ ਲਹਿ ਪ੍ਰਾਨੀ'॥ ੩੬॥

ਤਾਂ ਵਿਚਾਰ ਕਰ ਕੇ ਕਰਮ ਕਰੀਏ, ਸ਼ੁਭ ਕਰਮਾਂ ਨੂੰ ਧਾਰਨ ਕਰੀਏ ਤੇ ਅਸ਼ੁਭ ਕਰਮਾਂ ਨੂੰ ਛੱਡ ਦੇਈਏ। ਸਾਰੀ ਬਾਣੀ ਆਪ ਦੀ ਰਚੀ ਹੋਈ ਹੈ, ਕਿਸ ਨੂੰ ਧਾਰਨ ਕਰਕੇ ਪ੍ਰਾਣੀ ਮੁਕਤੀ ਪ੍ਰਾਪਤ ਕਰੇ" ॥ ੩੬॥

ਸ੍ਰੀ ਅਰਜਨ ਤਬਿ ਉੱਤਰ ਦਯੋ। 'ਸ੍ਰੀ ਗ੍ਰਿੰਥ ਸਾਹਿਬ ਗੁਰ ਕਿਯੋ।
ਕਾਰਨ ਕਰਨਿ ਕੇਰ ਕੱਲਜਾਨ। ਪਠਹਿ ਕਮਾਵਹਿ ਸੁਨਹਿ ਸੁਜਾਨ॥ ੩੭॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉੱਤਰ ਦਿੱਤਾ, "ਕਲਿਆਨ ਕਰਨ ਦੇ ਵਾਸਤੇ ਸ੍ਰੀ ਗ੍ਰੰਥ ਸਾਹਿਬ ਗੁਰੂ ਕੀਤਾ ਹੈ, ਤਾਂਕਿ ਚਤੁਰ ਮਨੁੱਖ ਇਸ ਨੂੰ ਪੜ੍ਹੇ, ਕਮਾਵੇ ਅਤੇ ਸੁਣੇ॥ ੩੭॥

ਅਧਿਕਾਰਨਿ ਪਰ ਸ਼ਬਦ ਬਨਾਇ। ਜਸ ਅਧਿਕਾਰੀ ਤਥਾ ਕਮਾਇ।
ਸਭਿ ਅਧਿਕਾਰਨਿ ਕੇ ਗੁਰ ਸਿਖ ਹੈਂ। ਗ੍ਰਹਣ ਕਰੈਂ ਜਿਮ ਨਿਜ ਮਤਿ ਪਿਖਿ ਹੈਂ॥੩੮॥

ਅਧਿਕਾਰੀਆਂ ਉਤੇ ਸ਼ਬਦ ਬਣਾਏ ਹਨ, ਜਿਵੇਂ ਅਧਿਕਾਰੀ ਹੈ, ਉਸ ਤਰ੍ਹਾਂ ਕਮਾਈ ਕਰੇ। ਗੁਰਸਿੱਖ ਸਾਰੀ ਤਰ੍ਹਾਂ ਦੇ ਅਧਿਕਾਰਾਂ ਦੇ ਹਨ। ਉਹ ਆਪਣੀ ਨਿੱਜੀ ਬੁੱਧੀ ਨਾਲ ਪਰਖ ਕੇ ਗ੍ਰਹਿਣ ਕਰਦੇ ਹਨ॥ ੩੮॥

ਸਤਿ ਸੰਗਤਿ ਮਹਿਂ ਜੋ ਨਹਿਂ ਰਾਤੇ। ਗ੍ਰਿਹਸਤ ਫਸਹਿਂ ਕੈ ਰਾਜ ਕਮਾਤੇ।
ਪਾਪ ਰੁ ਪੁੰਨ ਕਰਹਿਂ ਬਹੁ ਬੇਰ। ਸੋ ਅਧਿਕਾਰੀ ਇਸ ਤੁਕ ਕੇਰ॥ ੩੯॥

ਜਿਹੜੇ ਸਤਿਸੰਗਤ ਵਿਚ ਨਹੀਂ ਰੰਗੇ ਹਨ, ਉਹ ਗ੍ਰਹਿਸਤ ਵਿਚ ਫਸ ਕੇ ਰਾਜ ਕਮਾਉਂਦੇ ਹਨ। ਪਾਪ ਅਤੇ ਪੁੰਨ ਬਹੁਤ ਵਾਰ ਕਰਦੇ ਹਨ, ਉਹ ਹੇਠਲੀ ਤੁਕ ਦੇ ਅਧਿਕਾਰੀ ਹਨ॥ ੩੯॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਮਾਝ ਮ: ੫, ਪੰਨਾ ੧੩੪)

ਜੇਹੋ ਜੇਹਾ ਪਾਣੀ ਬੀਜਦਾ ਹੈ, ਓਹੋ ਜੇਹਾ ਹੀ ਉਹ ਵੱਢਦਾ ਹੈ, ਅਜਿਹਾ ਅਮਲਾਂ ਦਾ ਖੇਤ ਹੈ॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਇਕ ਉਪਾਸਨਾ ਪਰ ਲਲਚਾਏ। ਸੱਤਿਨਾਮ ਸਿਮਰਹਿਂ ਮਨ ਲਾਏ।
ਸਭਿ ਪ੍ਰਾਨੀ ਮਹਿਂ ਪ੍ਰਭੁ ਸੁ ਬਿਚਾਰੇਂ। ਇਨ ਸਮ ਤੁਕ ਕੇ ਸੋ ਅਧਿਕਾਰੇ ॥੪੦॥

ਕਈ ਬੜੇ ਪ੍ਰੇਮ ਨਾਲ ਉਪਾਸ਼ਨਾ ਕਰਦੇ ਹਨ ਅਤੇ ਮਨ ਲਾ ਕੇ ਸਤਿਨਾਮ ਦਾ ਸਿਮਰਨ ਕਰਦੇ ਹਨ। ਉਹ ਸਾਰੇ ਪ੍ਰਾਣੀਆਂ ਵਿਚ ਪ੍ਰਭੂ ਨੂੰ ਵਿਚਾਰਦੇ ਹਨ, ਇਨ੍ਹਾਂ ਵਰਗੇ ਇਸ ਤੁਕ ਦੇ ਅਧਿਕਾਰੀ ਹਨ॥ ੪੦॥

'ਕਰੈ ਕਰਾਵੈ ਆਪੇ ਆਪ। ਮਾਨੁਖ ਕੈ ਕਿਛੁ ਨਾਹੀ ਹਾਥਿ॥'
ਇਮ ਨਿਸ਼ਚਾ ਜਨ ਹਿਰਦੇ ਧਰੇ। ਸਭਿ ਮਹਿਂ ਬਰਤ ਪ੍ਰਮੇਸ਼ੁਰ ਕਰੇ ॥੪੧॥

ਆਪ ਹੀ ਸਭ ਕੁਝ ਕਰਦਾ ਹੈ ਅਤੇ ਮਨੁੱਖਾਂ ਤੋਂ ਕਰਵਾਉਂਦਾ ਹੈ। ਮਨੁੱਖ ਦੇ ਹੱਥ ਵਿਚ ਕੁਝ ਨਹੀਂ ਹੈ" ਮਨੁੱਖ ਹਿਰਦੇ ਵਿਚ ਇੰਝ ਨਿਸ਼ਚਾ ਧਾਰਨ ਕਰੇ, ਕਿ ਸਭ ਵਿਚ ਪ੍ਰਮੇਸ਼ਰ ਵਰਤ ਰਿਹਾ ਹੈ॥ ੪੧॥

ਤ੍ਰਿਤੀਏ ਸੱਤਾਸੱਤ ਬਿਚਾਰਹਿ। ਸਦਾ ਬ੍ਰਹਮ ਕੋ ਨਿਰਨੈ ਧਾਰਹਿ।
ਇਨ ਸਮ ਤੁਕ ਕੇ ਸੋ ਅਧਿਕਾਰੀ। ਸੁਨਿ ਮਾਨਹਿਂ ਸਮਝਹਿਂ ਉਰਧਾਰੀ ॥੪੨॥

ਤੀਸਰਾ ਸੱਤ ਤੇ ਵਿਚਾਰ ਕਰੇ ਅਤੇ ਸਦਾ ਬ੍ਰਹਮ ਦਾ ਨਿਰਣਾ ਧਾਰਨ ਕਰੇ, ਅਜਿਹੇ ਇਸ ਤੁਕ ਦੇ ਅਧਿਕਾਰੀ ਹਨ, ਸੁਣ ਕੇ ਮੰਨੇ, ਸਮਝੇ ਅਤੇ ਹਿਰਦੇ ਵਿਚ ਧਾਰਨ ਕਰੇ॥ ੪੨॥

*ਬਿਲਾਵਲ ਮ: ੫*

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*

*(ਪੰਨਾ ੮੪੬)*

ਮੈਂ ਹੁਣ ਪ੍ਰਭੂ ਨੂੰ ਹੀ ਵੇਖਦਾ ਹਾਂ, ਪ੍ਰਭੂ ਬਾਰੇ ਹੀ ਸੁਣਦਾ ਹਾਂ ਅਤੇ ਕੇਵਲ ਇਕ ਪ੍ਰਭੂ ਨੂੰ ਹੀ ਵਰਣਨ ਕਰਦਾ ਹਾਂ। ਪਰਮ ਆਤਮਾ ਹੀ ਸੰਸਾਰ ਨੂੰ ਬਣਾਉਣ ਵਾਲਾ ਹੈ, ਪ੍ਰਭੂ ਦੇ ਬਗੈਰ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ॥

ਦੋਹਰਾ- ਇੱਤਜਾਦਿਕ ਬਹੁਤੇ ਅਧਿਕਾਰ। ਮੁੱਖਜ ਤੀਨ ਹਮ ਕਰੇ ਉਚਾਰ।
ਜੈਸੇ ਬੈਦ ਮਹਾਂ ਬੁਧਿਵਾਨ। ਰੋਗੀ ਆਇ ਬਿਨੈ ਬਹੁ ਠਾਨਿ॥ ੪੩॥

ਇਤਿਆਦਿ ਬਹੁਤ ਅਧਿਕਾਰ ਹਨ, ਅਸੀਂ ਮੁਖ ਤੋਂ ਤਿੰਨ ਉਚਾਰਨ ਕੀਤੇ ਹਨ। ਜਿਸ ਤਰ੍ਹਾਂ ਵੈਦ ਬੜਾ ਬੁੱਧੀਵਾਨ ਹੁੰਦਾ ਹੈ, ਰੋਗੀ ਆ ਕੇ ਬੜੀ ਬੇਨਤੀ ਕਰਦਾ ਹੈ॥ ੪੩॥

ਨਾੜੀ, ਮੂਤ੍ਰ ਹੇਰਿ ਰੁਜ ਜਾਨੈ। ਤਿਸ ਪਰ ਬਹੁਰ ਔਸ਼ਧੀ ਠਾਨੈ।
ਤੈਸੇ ਗੁਰ ਢਿਗ ਸਿਖ ਚਲਿ ਆਵੈ। ਬਚਨ ਕ੍ਰਿਯਾ ਤੇ ਤਿਹ ਲਖਿ ਪਾਵੈ ॥੪੪॥

ਨਾੜ ਅਤੇ ਮੂਤ੍ਰ ਵੇਖ ਕੇ ਰੋਗ ਲੱਭਦਾ ਹੈ, ਬਾਅਦ ਵਿਚ ਬਹੁਤ ਦਵਾਈਆਂ ਦਿੰਦਾ ਹੈ। ਉਸ ਤਰ੍ਹਾਂ ਹੀ ਜਦ ਸਿੱਖ ਗੁਰੂ ਜੀ ਪਾਸ ਚਲ ਕੇ ਆਉਂਦਾ ਹੈ, ਬੋਲੀ ਅਤੇ ਕ੍ਰਿਆ ਤੋਂ ਉਹ ਸਭ ਕੁਝ ਜਾਣ ਜਾਂਦੇ ਹਨ॥ ੪੪॥

ਜਥਾ ਪਿਖਹਿਂ ਅਧਿਕਾਰ ਬਿਸ਼ੇਸ਼। ਤਥਾ ਕਰਹਿ ਸਤਿਗੁਰ ਉਪਦੇਸ਼।
ਜੇ ਹਕੀਮ ਲਘੁ ਬਿੱਦਜਾ ਮਤਿ ਮੈਂ। ਪਰਖਜੋ ਗਯੋ ਨ ਰੁਜ ਕੁਛ ਚਿਤ ਮੈਂ ॥੪੫॥

ਜਿਵੇਂ ਕਿਸੇ ਦਾ ਖਾਸ ਅਧਿਕਾਰ ਵੇਖਦੇ ਹਨ, ਉਸ ਤਰ੍ਹਾਂ ਹੀ ਸਤਿਗੁਰੂ ਜੀ ਉਸ ਨੂੰ ਉਪਦੇਸ਼ ਦਿੰਦੇ ਹਨ। ਜੇ ਹਕੀਮ ਬੁੱਧੀ ਵਿਚ ਥੋੜ੍ਹੀ ਵਿਦਿਆ ਰਖਦਾ ਹੋਵੇ, ਤਾਂ ਉਸ ਪਾਸੋਂ ਚਿਤ ਵਿਚ ਰੋਗ ਬਾਰੇ ਕੁਝ ਵੀ ਪਰਖਿਆ ਨਹੀਂ ਜਾਂਦਾ॥ ੪੫॥

ਰੋਗ ਆਨ ਔਖਧਿ ਦੇ ਆਨ। ਰੁਜ ਨਹਿਂ ਜਾਇ ਪ੍ਰਾਨ ਹੈਂ ਹਾਨ।
ਤੈਸੇ ਗੁਰ ਕਾਚੋ ਅਨਜਾਨਾ। ਸਿਖ ਅਧਿਕਾਰ ਨ ਕਰਹਿ ਪਛਾਨਾ॥ ੪੬॥

ਰੋਗ ਕੋਈ ਹੋਰ ਹੁੰਦਾ ਹੈ ਤੇ ਦਵਾਈ ਕੋਈ ਹੋਰ ਦੇ ਦਿੰਦਾ ਹੈ, ਫਿਰ ਰੋਗ ਨਹੀਂ ਜਾਂਦਾ, ਉਲਟਾ ਪ੍ਰਾਣਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਕੱਚੇ ਅਣਜਾਣ ਗੁਰੂ, ਸਿੱਖਾਂ ਦੇ ਅਧਿਕਾਰਾਂ ਦੀ ਸਹੀ ਪਹਿਚਾਣ ਨਹੀਂ ਕਰ ਸਕਦੇ॥ ੪੬॥

ਤਿਸ ਉਪਦੇਸ਼ ਅਯੋਗ ਬਤਾਵੈ। ਰਹੀ ਸ੍ਰੇਯ ਮਰਿ ਨਰਕ ਸਿਧਾਵੈ।
ਯਾਂਤੇ ਤੁਮ ਉਰ ਲੇਹੁ ਬਿਚਾਰੀ। ਭਗਤਿ ਕਰਨਿ ਕੇ ਹਹੁ ਅਧਿਕਾਰੀ॥ ੪੭॥

ਇਸ ਤਰ੍ਹਾਂ ਜੇ ਅਯੋਗ ਉਪਦੇਸ਼ ਦੇਵੇ, ਤਾਂ ਮੁਕਤੀ ਮਿਲਣੀ ਤਾਂ ਇਕ ਪਾਸੇ, ਮਰ ਕੇ ਨਰਕਾਂ ਵਿਚ ਜਾਂਦਾ ਹੈ। ਇਸ ਕਰਕੇ ਤੁਸੀਂ ਹਿਰਦੇ ਵਿਚ ਵਿਚਾਰ ਲਵੋ ਅਤੇ ਭਗਤੀ ਕਰਨ ਦੇ ਅਧਿਕਾਰੀ ਹੋਵੋ॥ ੪੭॥

ਸੱਤਿਨਾਮ ਸਿਮਰਹੁ ਦਿਨ ਰਾਤੀ। ਸਤਿਸੰਗਤਿ ਸੇਵਹੁ ਭਲਿ ਭਾਂਤੀ।
ਗੁਰ ਸਿੱਖਨਿ ਕੀ ਟਹਿਲ ਕਰੀਜੈ। ਉਰ ਹੰਕਾਰ ਬਿਦਾਰਿ ਸੁ ਦੀਜੈ॥ ੪੮॥

ਸਤਿਨਾਮ ਦਾ ਦਿਨ ਰਾਤ ਸਿਮਰਨ ਕਰੋ, ਅਤੇ ਚੰਗੀ ਤਰ੍ਹਾਂ ਸਤਿਸੰਗਤ ਦੀ ਸੇਵਾ ਕਰੋ। ਗੁਰਸਿੱਖਾਂ ਦੀ ਟਹਿਲ ਸੇਵਾ ਕਰੋ, ਹਿਰਦੇ ਵਿਚਲੇ ਹੰਕਾਰ ਨੂੰ ਦੂਰ ਕਰ ਦੇਵੋ"॥ ੪੮॥

ਸੁਨਿਕੈ ਸਤਿਗੁਰ ਤੇ ਉਪਦੇਸ਼। ਲਾਗੇ ਸੇਵਾ ਕਰਨਿ ਹਮੇਸ਼।
ਸਿਮਰਤਿ ਨਾਮ ਪਰਮਗਤਿ ਪਾਈ। ਸਤਿਗੁਰ ਸੇਵੇ ਭਏ ਸਹਾਈ॥ ੪੯॥

ਸਤਿਗੁਰੂ ਜੀ ਤੋਂ ਉਪਦੇਸ਼ ਸੁਣ ਕੇ, ਸਦਾ ਸੇਵਾ ਕਰਨ ਲੱਗੇ। ਉਨ੍ਹਾਂ ਨੇ ਨਾਮ ਦਾ ਸਿਮਰਨ ਕਰਕੇ ਪਰਮਗਤ ਪਾਈ, ਸੇਵਾ ਕਾਰਨ ਸਤਿਗੁਰੂ ਜੀ ਨੇ ਸਹਾਇਤਾ ਕੀਤੀ॥ ੪੯॥

*ਤੀਸਰੀ ਰਾਸ ਦਾ ਛਪੰਜਵਾਂ ਅਧਿਆਇ ਸਮਾਪਤ ਹੋਇਆ॥ ੫੬॥*

## *ਅਧਿਆਇ ਸਤਵੰਜਵਾਂ*

*ਭਾਈ ਨਾਊ, ਭਾਈ ਭੋਲੂ ਆਦਿ*

ਦੋਹਰਾ- ਨਾਊ ਭੋਲੂ ਜਾਤਿ ਕੇ ਸੇਖੜ ਸਾਧ ਸੁਜਾਨ।
ਜੱਟੂ ਭੀਵਾ ਜਾਤਿ ਕਾ ਮੂਲਾ ਪੁਰਖ ਮਹਾਨ॥ ੧॥

ਭਾਈ ਨਾਊ, ਭਾਈ ਭੋਲੂ ਸੇਖੜ ਜਾਤ ਦੇ ਬੜੇ ਭਲੇ ਪੁਰਸ਼ ਸਨ ਭੀਵਾ ਜਾਤ ਦਾ, ਭਾਈ ਜੱਟੂ ਅਤੇ ਭਾਈ ਮੂਲਾ ਵੀ ਮਹਾਨ ਪੁਰਖ ਸਨ॥ ੧॥

ਚੌਪਈ- ਚਾਰਹੁੰ ਮਿਲਿ ਸ੍ਰੀ ਅਰਜਨ ਦ੍ਵਾਰੇ। ਆਇ ਨਮੋ ਕੀਨੀ ਹਿਤ ਧਾਰੇ।
ਗੁਰੂ ਗਰੀਬ ਨਿਵਾਜ ਕਿ ਪਾਸ। ਕਰ ਜੋਰਤਿ ਭਾਖੀ ਅਰਦਾਸ॥ ੨॥

ਚਾਰੇ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ। ਆ ਕੇ ਬੜੇ ਪ੍ਰੇਮ ਨਾਲ ਨਮਸਕਾਰ ਕੀਤੀ। ਫਿਰ ਗੁਰੂ ਗ਼ਰੀਬ ਨਿਵਾਜ਼ ਦੇ ਪਾਸ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ॥ ੨॥

'ਬਾਨੀ ਤੁਮਰੀ ਅਨਿਕ ਪ੍ਰਕਾਰ। ਉਚਰਹੁ ਜੁਦੋ ਜੁਦੋ ਅਧਿਕਾਰ।
ਜਸ ਅਧਿਕਾਰ ਆਪਨੋ ਜਾਨੇ। ਕਹਜੋ ਸ਼ਬਦ ਕੋ ਆਸ਼ੈ ਮਾਨੇ॥ ੩॥

"ਤੁਹਾਡੀ ਬਾਣੀ ਅਨੇਕ ਪ੍ਰਕਾਰ ਦੀ ਹੈ, ਤੁਸੀਂ ਵੱਖ-ਵੱਖ ਅਧਿਕਾਰਾਂ ਦੀ ਬਾਣੀ ਦਾ ਉਚਾਰਨ ਕਰਦੇ ਹੋ। ਜਿਵੇਂ ਆਪਣਾ ਅਧਿਕਾਰ ਜਾਣਦੇ ਹੋ, ਉਸ ਤਰ੍ਹਾਂ ਸ਼ਬਦ ਦਾ ਆਸ਼ਾ ਮੰਨ ਕੇ ਕਹਿੰਦੇ ਹੋ॥ ੩॥

ਹਮ ਤੇ ਅਪਨੋ ਜਿਮ ਅਧਿਕਾਰ। ਨਹੀਂ ਪਛਾਨ ਸਕਹਿਂ ਨਿਰਧਾਰਿ।
ਕਰਮ ਕਰਨਿ ਕੇ ਹੈਂ ਅਧਿਕਾਰੀ। ਕੈ ਉਪਾਸਨਾ ਕਰਹਿਂ ਬਿਚਾਰੀ॥ ੪॥

ਸਾਡਾ ਜਿਵੇਂ ਅਧਿਕਾਰ ਹੈ, ਅਸੀਂ ਤਾਂ ਨਿਰਧਾਰਿਤ ਰੂਪ ਵਿਚ ਪਛਾਣ ਨਹੀਂ ਸਕਦੇ ਹਾਂ। ਕਰਮ ਕਰਨ ਦੇ ਅਧਿਕਾਰੀ ਹਾਂ, ਵਿਚਾਰ ਕੇ ਕੀ ਉਪਾਸ਼ਨਾ ਕਰੀਏ॥ ੪॥

ਗਜਾਨ ਕਾਂਡ ਕੇ ਕੈ ਅਧਿਕਾਰਿ। ਸਤਿਗੁਰ! ਹਮ ਸੌਂ ਕਰਹੁ ਉਚਾਰ।
ਸ੍ਰੀ ਅਰਜਨ ਸੁਨਿ ਬਾਕ ਬਖਾਨੇ। 'ਅਪਨਿ ਪਰਖਨਾ ਇਸ ਬਿਧਿ ਠਾਨੇ॥ ੫॥

ਗਿਆਨ ਕਾਂਡ ਦੇ ਕੀ ਅਧਿਕਾਰ ਹਨ, ਹੇ ਸਤਿਗੁਰੂ ਜੀ! ਸਾਨੂੰ ਸੁਣਾਓ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਿਹਾ, "ਆਪਣਾ ਪਰਖਣਾ ਇਸ ਪ੍ਰਕਾਰ ਜਾਣੋ॥ ੫॥

ਗੁਰ ਬਚ ਸੁਨਿ ਜਬਿ ਉਰ ਮਹਿਂ ਧਰੇ। ਕਰਮ ਸ਼ੁਭਾਸ਼ੁਭ ਨਿਰਨੈ ਕਰੇ।
ਚਾਹਨਿ ਲਗਜੋ ਕਰਮ ਸ਼ੁਭ ਕਰਨਿ। ਤਊ ਜਿ ਬੁਰੇ ਕਰਮ ਕੋ ਵਜਸ਼ਨ॥ ੬॥

ਗੁਰੂ ਜੀ ਦਾ ਬਚਨ ਸੁਣ ਕੇ ਜਦ ਹਿਰਦੇ ਵਿਚ ਧਾਰਨ ਕਰੇ ਤਾਂ ਸ਼ੁਭ ਅਸ਼ੁਭ ਕਰਮ ਦਾ ਨਿਰਣਾ ਕਰ ਲਵੇ। ਸ਼ੁਭ ਕਰਮ ਕਰਨਾ ਚਾਹੁਣ ਲਗਦਾ ਹੈ ਪਰ ਜਿਹੜਾ ਬੁਰੇ ਕਰਮ ਦਾ ਸੁਭਾਵ ਹੈ॥ ੬॥

ਮਿਟਤਿ ਨਹੀਂ ਮਨ ਤੇ ਨਿਤ ਚਾਹੈ। ਤੌ ਅਧਿਕਾਰ ਕਰਮ ਕੋ ਤਾਹੈ।
ਗੁਰ ਸਿੱਖਨਿ ਕੀ ਸੇਵਾ ਲਾਗੇ। ਗੁਰਬਾਣੀ ਸੁਨਿਬੇ ਅਨੁਰਾਗੇ॥ ੭॥

ਉਹ ਮਨ ਤੋਂ ਮਿਟਦਾ ਨਹੀਂ ਹੈ, ਨਿਤ ਕਰਨਾ ਚਾਹੁੰਦਾ ਹੈ। ਉਸ ਦਾ ਕਰਮ ਤੇ ਅਧਿਕਾਰ ਤਦ ਹੀ ਹੋਵੇਗਾ ਜੇ ਗੁਰਸਿੱਖਾਂ ਦੀ ਸੇਵਾ ਕਰਨ ਲੱਗ ਜਾਵੇ, ਅਤੇ ਗੁਰਬਾਣੀ ਸੁਣਨ ਵਾਸਤੇ ਉਸ ਦੇ ਮਨ ਵਿਚ ਪ੍ਰੇਮ ਜਾਗੇ॥ ੭॥

ਸਨੇ ਸਨੇ ਮਨ ਖੋਟ ਨਿਵਾਰੈ। ਅਭਿਲਾਖਤਿ ਪ੍ਰਭੁ ਦਿਸ਼ਿ ਚਿਤ ਧਾਰੈ।
ਜੇ ਗੁਰ ਬਾਕ ਸੁਨਹਿ ਨਿਜ ਕਾਨ। ਕਰਮ ਅਸ਼ੁਭ ਕੀ ਹੁਇ ਤਬਿ ਹਾਨਿ॥ ੮॥

ਹੌਲੀ-ਹੌਲੀ ਮਨ ਦੇ ਖੋਟ ਦੂਰ ਕਰੇ ਅਤੇ ਪ੍ਰਭੂ ਦੀ ਅਭਿਲਾਸ਼ਾ ਵਾਲੇ ਪਾਸੇ ਚਿੱਤ ਨੂੰ ਲਾਵੇ। ਜਦ ਗੁਰੂ ਜੀ ਦੇ ਬਚਨ ਆਪਣੇ ਕੰਨਾਂ ਨਾਲ ਸੁਣੇਗਾ ਤਦ ਅਸ਼ੁਭ ਕਰਮ ਦਾ ਨਾਸ਼ ਹੋ ਜਾਵੇਗਾ॥ ੮॥

ਕੋਇ ਕਦਾਚਿਤ ਜੇ ਬਨਿ ਆਵੈ। ਤਊ ਨ ਆਛੋ ਮਨ ਮਹਿਂ ਭਾਵੈ।
ਲਖਹਿ ਉਪਾਸਨ ਕੋ ਅਧਿਕਾਰੀ। ਗੁਰਬਾਣੀ ਅੱਭਜਾਸ ਬਿਚਾਰੀ॥ ੯॥

ਕੋਈ ਕਦੀ ਜੇ ਬਣ ਆਵੇ ਤਾਂ ਜੇ ਉਸ ਦੇ ਮਨ ਨੂੰ ਚੰਗਾ ਨਾ ਲਗੇ ਤਾਂ ਇਹ ਸਮਝੋ ਤੁਸੀਂ ਉਪਾਸ਼ਨਾ ਦੇ ਅਧਿਕਾਰੀ ਹੋ ਗਏ ਹੋ, ਫਿਰ ਗੁਰਬਾਣੀ ਵਿਚਾਰ ਕੇ ਉਸਦਾ ਅਭਿਆਸ ਕਰੋ॥ ੯॥

ਪਠਨਿ ਸੁਨਨਿ ਅਰੁ ਅਰਥ ਬਿਚਾਰਨਿ। ਹੋਇ ਅਸ਼ੁਭ ਸੋ ਕਰਹਿ ਨਿਵਾਰਨਿ।
ਜੇ ਗੁਰ ਸ਼ਬਦ ਸੁਨਨਿ ਤੇ ਸਾਰੇ। ਖੋਟੇ ਕਰਮ ਰਿਦੇ ਨਿਰਵਾਰੇ॥ ੧੦॥

ਪੜ੍ਹਨ, ਸੁਣਨ ਅਤੇ ਅਰਥਾਂ ਤੇ ਵਿਚਾਰ ਕਰਨ ਨਾਲ ਜਿਹੜਾ ਅਸ਼ੁਭ ਹੈ ਉਹ ਦੂਰ ਕਰੇ। ਗੁਰਸ਼ਬਦ ਸੁਣ ਕੇ ਹਿਰਦੇ ਦੇ ਸਾਰੇ ਖੋਟੇ ਕਰਮ ਖਤਮ ਕਰੇ॥ ੧੦॥

ਵਿਸ਼ਯਨਿ ਕੇ ਰਸ ਤੇ ਮਨ ਫਿਰਜੋ। ਕਰਮ ਅਸ਼ੁਭ ਮਹਿਂ ਹਿਤ ਨਹਿਂ ਧਰਜੋ।
ਜਗ ਦੁਖ ਰੂਪ ਜਾਨਿ ਕਰਿ ਨੀਕੋ। ਸਭਿ ਬਿਵਹਾਰ ਲਗਹਿ ਉਰ ਫੀਕੋ ॥੧੧॥

ਜਦ ਵਿਸ਼ਿਆਂ ਦੇ ਰਸ ਤੋਂ ਮਨ ਫਿਰ ਜਾਵੇ, ਅਸ਼ੁਭ ਕੰਮਾਂ ਨਾਲ ਪ੍ਰੇਮ ਨਾ ਕਰੇ। ਜਗਤ ਨੂੰ ਦੁਖ ਰੂਪ ਜਾਣ ਕੇ, ਦੁਨੀਆਂ ਦੇ ਸਾਰੇ ਵਿਹਾਰ ਫਿੱਕੇ ਲੱਗਣ ਲੱਗ ਜਾਣ॥ ੧੧॥

ਤਬਿ ਨਿਜ ਲਖਹਿ ਗ੍ਯਾਨ ਅਧਿਕਾਰੀ। ਕਰਨਿ ਲਗਹਿ ਸਤਿ ਅਸਤਿ ਬਿਚਾਰੀ।
ਇਮ ਅਧਿਕਾਰ ਅਪਨ ਜਸ ਜਾਨੈ। ਤਸ ਬਿਧਿ ਆਪ ਕਰਨਿ ਕੋ ਠਾਨੈ ॥੧੨॥

ਤਦ ਆਪਣੇ ਆਪ ਨੂੰ ਗਿਆਨ ਦਾ ਅਧਿਕਾਰੀ ਸਮਝੇ, ਫਿਰ ਸੱਤ ਅਤੇ ਅਸੱਤ ਤੇ ਵਿਚਾਰ ਕਰਨ ਲੱਗ ਜਾਵੇ। ਜਦ ਇਸ ਤਰ੍ਹਾਂ ਆਪਣੇ ਆਪ ਨੂੰ ਅਧਿਕਾਰੀ ਜਾਣੇ, ਫਿਰ ਉਸ ਵਿਧੀ ਅਨੁਸਾਰ ਆਪ ਕਰਨ ਲੱਗੇ॥ ੧੨॥

ਸਭਿ ਅਧਿਕਾਰਨਿ ਪਰ ਗੁਰਬਾਨੀ। ਸਿਖ ਭੀ ਸਭਿ ਅਧਿਕਾਰਨਿ ਜਾਨੀ।
ਨਿਜ ਅਧਿਕਾਰ ਸੁਮਤਿ ਤੇ ਲਖੈ। ਕਰਮ ਉਪਾਸਨ ਗ੍ਯਾਨ ਕਿ ਬਿਖੈ ॥੧੩॥

ਸਾਰੇ ਅਧਿਕਾਰਾਂ ਤੇ ਗੁਰਬਾਣੀ ਰਚੀ ਗਈ ਹੈ ਅਤੇ ਸਿੱਖ ਨੂੰ ਸਾਰੇ ਅਧਿਕਾਰਾਂ ਵਾਲਾ ਜਾਣੋਂ। ਆਪਣੇ ਅਧਿਕਾਰ ਨੂੰ ਆਪਣੀ ਸ੍ਰੇਸ਼ਟ ਮੱਤ ਨਾਲ ਪਹਿਚਾਣੋ ਅਤੇ ਗਿਆਨ ਦੇ ਵਿਚ ਕਰਮ ਉਪਾਸ਼ਨਾ ਕਰੋ॥ ੧੩॥

ਨਿਜ ਅਧਿਕਾਰ ਜਾਨਿ ਕਰਿ ਲਾਗੈ। ਗੁਰੂ ਸ਼ਬਦ ਸੋਂ ਨਿਤ ਅਨੁਰਾਗੈ।
ਸੁਨਿ ਗੁਰ ਬਾਕ ਸਮਝ ਤਿਨ ਆਈ। ਨਿਜ ਅਧਿਕਾਰ ਲਗੇ ਗਤਿ ਪਾਈ ॥੧੪॥

ਸਾਰੇ ਆਪਣੇ ਨਿਜ ਅਧਿਕਾਰ ਜਾਣ ਕੇ ਗੁਰਸ਼ਬਦ ਨਾਲ ਨਿੱਤ ਪ੍ਰੇਮ ਕਰਨ ਲੱਗੇ। ਗੁਰਵਾਕ ਸੁਣ ਕੇ ਉਨ੍ਹਾਂ ਨੂੰ ਸਮਝ ਆ ਗਈ ਤੇ ਨਿਜ ਅਧਿਕਾਰ ਵਿਚ ਲੱਗ ਕੇ ਮੁਕਤੀ ਪ੍ਰਾਪਤ ਕੀਤੀ॥ ੧੪॥

ਚਤੁਰਦਾਸ ਅਰੁ ਮੂਲਾ ਦੋਇ। ਹੁਤੇ ਕਪੂਰ ਜਾਤਿ ਕੇ ਸੋਇ।
ਹਾੜੂ ਗਾੜੂ ਵਿੱਝ ਸੁ ਚਾਰ। ਚਲਿ ਆਏ ਸਤਿਗੁਰ ਕੇ ਦ੍ਵਾਰ॥ ੧੫॥

ਭਾਈ ਚਤੁਰਦਾਸ ਅਤੇ ਭਾਈ ਮੂਲਾ ਦੋਵੇਂ ਕਪੂਰ ਜਾਤ ਨਾਲ ਸੰਬੰਧਤ ਸਨ। ਭਾਈ ਹਾੜੂ, ਭਾਈ ਗਾੜੂ ਦੀ ਗੋਤ ਵਿੱਝ ਸੀ। ਇਹ ਚਾਰੇ ਚਲ ਕੇ ਸਤਿਗੁਰੂ ਦੇ ਦਰਬਾਰ ਵਿਚ ਆਏ॥ ੧੫॥

ਕਰਿ ਬੰਦਨ ਸੋ ਬੂਝਨਿ ਲਾਗੇ। 'ਹੈ ਉਪਦੇਸ਼ ਸਿੱਖ ਬਹੁ ਜਾਗੇ।
ਸ਼ੁਭ ਕਰਮਨਿ ਕੇ ਉੱਦਮ ਕਰੈਂ। ਸੱਤਿਨਾਮ ਸਿਮਰਨਿ ਮਨ ਧਰੈਂ॥ ੧੬॥

ਬੰਦਨਾਂ ਕਰਕੇ ਉਹ ਪੁੱਛਣ ਲੱਗੇ, "ਤੁਹਾਡਾ ਉਪਦੇਸ਼ ਸੁਣ ਕੇ ਬਹੁਤ ਸਿੱਖ ਜਾਗ੍ਰਿਤ ਹੋਏ ਹਨ। ਸ਼ੁਭ ਕਰਮਾਂ ਵਾਸਤੇ ਸਦਾ ਉੱਦਮਸ਼ੀਲ ਰਹਿੰਦੇ ਹਨ ਅਤੇ ਮਨ ਵਿਚ ਧਾਰ ਕੇ ਸਤਿਨਾਮ ਦਾ ਸਿਮਰਨ ਕਰਦੇ ਹਨ॥ ੧੬॥

ਸਰਬ ਸੰਤ ਭੀ ਐਸੇ ਕਹੈਂ। ਰਾਵਰਿ ਕੋ ਮਤ ਤੌ ਇਹ ਅਹੈ।
ਇਕ ਸਲੋਕ ਸ੍ਰੀ ਵਾਰ ਮਝਾਰੇ। ਇਸ ਬਿਧਿ ਸ੍ਰੀ ਮੁਖ ਕੀਨਿ ਉਚਾਰੇ॥ ੧੭॥

ਸਾਰੇ ਸੰਤ ਵੀ ਇਸ ਤਰ੍ਹਾਂ ਕਹਿੰਦੇ ਹਨ, ਆਪ ਜੀ ਦਾ ਮੱਤ ਇਸ ਤਰ੍ਹਾਂ ਹੈ। ਸਿਰੀਰਾਗੁ ਦੀ ਵਾਰ ਵਿਚ ਇਕ ਸਲੋਕ ਹੈ, ਜਿਹੜਾ ਸਤਿਗੁਰੂ ਜੀ ਨੇ ਇਸ ਤਰ੍ਹਾਂ ਆਪਣੇ ਮੁਖ ਤੋਂ ਉਚਾਰਨ ਕੀਤਾ ਹੈ॥ ੧੭॥

ਸਲੋਕ ਮ: ੧॥

*ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥*
*ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥੧॥*

(ਪੰਨਾ ੮੩)

ਦਾਤਾਂ ਸਭ ਮਾਲਕ ਦੀਆਂ ਹਨ, ਉਸ ਨਾਲ ਕੀ ਚਾਰਾ ਚੱਲ ਸਕਦਾ ਹੈ। ਕਈ ਜੋ ਜਾਗਦੇ ਹਨ ਉਨ੍ਹਾਂ ਨੂੰ ਵੀ ਪ੍ਰਾਪਤ ਨਹੀਂ ਹੁੰਦਾ ਅਤੇ ਕਈਆਂ ਨੂੰ ਉਹ ਸੁੱਤਿਆਂ ਨੂੰ ਉਠਾਲ ਕੇ ਦੇ ਦਿੰਦਾ ਹੈ॥ ੧॥

ਚੌਪਈ- ਇਸ ਤੇ ਬਿਧਿ ਐਸੇ ਲਖਿ ਲਈ। ਸੁਪਤਜੋ ਦਾਤਿ ਪ੍ਰਭੂ ਨੇ ਦਈ।
ਜਾਗ੍ਰਿਤਿ ਜੇ ਛੂਛੇ ਸੋ ਲਹੀਅਹਿਂ। ਯਾਂਤੇ ਸੁਪਤਜੋ ਹੀ ਨਿਤ ਚਹੀਅਹਿ ॥੧੮॥

ਇਸ ਤੋਂ ਇਸ ਤਰ੍ਹਾਂ ਸਮਝ ਆਉਂਦੀ ਹੈ ਕਿ ਪ੍ਰਭੂ ਨੇ ਸੁੱਤਿਆਂ ਪਿਆਂ ਨੂੰ ਦਾਤ ਦੇ ਦਿੱਤੀ, ਜਿਹੜੇ ਜਾਗਦੇ ਸਨ ਉਹ ਖਾਲੀ ਰਹਿ ਗਏ। ਇਸ ਕਰਕੇ ਸਾਨੂੰ ਸਦਾ ਸੁੱਤਿਆਂ ਹੀ ਰਹਿਣਾ ਚਾਹੀਦਾ ਹੈ"॥ ੧੮॥

ਤਬਿ ਬੋਲੇ ਸੋਢੀ ਸਿਰਮੋਰ। 'ਇਸ ਕੋ ਆਸ਼ੈ ਹੈ ਬਿਧਿ ਔਰ।
ਇਕ ਤੌ ਪਢਿ ਕਰਿ ਪੰਡਿਤ ਹੋਏ। ਮਨ ਹੰਕਾਰ ਬਿਸਾਲ ਪਰੋਏ ॥ ੧੯॥

ਤਦ ਸ਼੍ਰੋਮਣੀ ਸੋਢੀ ਭਾਵ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਬੋਲੇ, "ਇਸ ਦਾ ਆਸ਼ਾ ਹੋਰ ਵਿਧੀ ਅਨੁਸਾਰ ਹੈ, ਕਈ ਤਾਂ ਪੜ੍ਹ ਕੇ ਪੰਡਿਤ ਹੋ ਜਾਂਦੇ ਹਨ ਤੇ ਮਨ ਵਿਸ਼ਾਲ ਹੰਕਾਰ ਨਾਲ ਭਰ ਜਾਂਦਾ ਹੈ॥ ੧੯॥

ਨਹਿਂ ਸੰਤਨਿ ਕੀ ਸੇਵਾ ਕਰਿਹੀਂ। ਹਮ ਬੁਧਿ ਅਧਿਕ ਮਾਨ ਇਮ ਧਰਿਹੀ।
ਕਰਹਿਂ ਬਾਦ ਉਰ ਨਿਸ਼ਚੇ ਨਾਂਹਿ ਨ। ਸ਼ੁਭ ਉਪਦੇਸ਼ ਜੁ ਮਾਨਹਿਂ ਕਾਹਿ ਨ ॥੨੦॥

ਉਹ ਸੰਤਾਂ ਦੀ ਸੇਵਾ ਨਹੀਂ ਕਰਦੇ ਹਨ, 'ਅਸੀਂ ਬਹੁਤ ਬੁੱਧੀਵਾਨ ਹਾਂ' ਦਿਲ ਵਿਚ ਸਦਾ ਇਹੋ ਧਾਰਨ ਕਰ ਛੱਡਦੇ ਹਨ। ਝਗੜਾ ਕਰਦੇ ਹਨ, ਦਿਲ ਵਿਚ ਨਿਸ਼ਚਾ ਨਹੀਂ ਹੈ ਅਤੇ ਕਦੀ ਵੀ ਸ਼ੁਭ ਉਪਦੇਸ਼ ਨੂੰ ਮੰਨਦੇ ਨਹੀਂ ਹਨ॥ ੨੦॥

ਇਕ ਅਨਪਢ ਨਹਿਂ ਮਨ ਹੰਕਾਰੀ। ਗੁਰ ਸੰਤਨਿ ਕੀ ਸੇਵ ਸੁਧਾਰੀ।
ਪਠਜੋ ਸੁ ਜਾਗਤਿ, ਛੂਛਾ ਰਹਯੋ। ਅਨਪਢ ਸੁਪਤਿ ਸੇਵ ਸੁਖ ਲਹਯੋ ॥੨੧॥

ਕਈ ਅਨਪੜ੍ਹ ਹਨ, ਉਨ੍ਹਾਂ ਦਾ ਮਨ ਹੰਕਾਰੀ ਨਹੀਂ ਹੈ, ਗੁਰੂ ਸੰਤਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ। ਇਸ ਕਰਕੇ ਜੋ ਪੜ੍ਹਿਆ ਹੋਇਆ ਵਿਅਕਤੀ ਹੈ ਉਹ ਜਾਗਦੇ ਸਮਾਨ ਹੈ, ਇਸ ਕਰਕੇ ਖਾਲੀ ਰਹਿ ਜਾਂਦਾ ਹੈ। ਅਨਪੜ੍ਹ ਸੁੱਤੇ ਦੇ ਸਮਾਨ ਹੈ, ਜਿਸ ਨੇ ਸੰਤਾਂ ਦੀ ਸੇਵਾ ਕਰਕੇ ਸੁਖ ਪਾਇਆ ਹੈ॥ ੨੧॥

ਅਥਵਾ ਔਰ ਅਰਥ ਸੁਨਿ ਕਾਨ। ਇਕ ਗਮਨਜੋ ਸਤਿਸੰਗ ਸਥਾਨ।
ਤਹਾਂ ਨੀਂਦ ਬਸਿ ਹ੍ਵੈ ਪਰ ਰਹਯੋ। ਬਰਤਾਵੇ ਤਬਿ ਤਿਸ ਕੋ ਲਹਯੋ ॥੨੨॥

ਇਸ ਦਾ ਇਕ ਹੋਰ ਅਰਥ ਕੰਨ ਲਾ ਕੇ ਸੁਣੋ, ਇਕ ਮਨੁੱਖ ਸਤਿਸੰਗਤ ਵਾਲੇ ਸਥਾਨ ਤੇ ਗਿਆ, ਓਥੇ ਨੀਂਦ-ਵੱਸ ਹੋ ਕੇ ਪਿਆ ਰਿਹਾ। ਪ੍ਰਸ਼ਾਦਿ ਵੰਡਣ ਵਾਲੇ ਨੇ ਉਸ ਨੂੰ ਵੇਖਿਆ॥ ੨੨॥

ਦਯੋ ਜਗਾਇ ਤਾਂਹਿ ਵਰਤਾਰਾ। ਛੂਛੋ ਜਾਗਜੋ ਸਦਨ ਮਝਾਰਾ।
ਇਸ ਪਰ ਸੁਨਿ ਉਚਰਹਿਂ ਦ੍ਰਿਸ਼ਟਾਂਤ। ਜੁਗ ਸੌਦਾਗਰ ਸੁਨਿ ਕਰਿ ਬਾਤ ॥੨੩॥

ਉਸ ਨੂੰ ਜਗਾ ਕੇ ਪ੍ਰਸ਼ਾਦਿ ਦੇ ਦਿੱਤਾ। ਜਿਹੜਾ ਸਤਿਸੰਗਤ ਵਿਚ ਗਿਆ ਨਹੀਂ ਤੇ ਆਪਣੇ ਘਰ ਵਿਚ ਬੈਠਾ ਹੀ ਜਾਗਦਾ ਰਿਹਾ, ਉਹ ਖਾਲੀ ਰਿਹਾ। ਇਸ ਉਤੇ ਇਕ ਹੋਰ ਦ੍ਰਿਸ਼ਟਾਂਤ ਸੁਣਾਉਂਦੇ ਹਾਂ, ਸੁਣੋ। ਦੋ ਸੌਦਾਗਰਾਂ ਨੇ ਇਹ ਗੱਲ ਸੁਣੀ॥ ੨੩॥

'ਪ੍ਰਾਤ ਹੋਤਿ ਚਲਿ ਪਰਹਿ ਜਹਾਜੁ'। ਸੁਨਿ ਬਡ ਮਜਲ ਕਰੀ ਹਿਤ ਕਾਜੁ।
ਸੰਧਜਾ ਸਮੇਂ ਪਹੂਚੇ ਜਾਈ। ਇਕ ਤੌ ਚਢਿ ਜਹਾਜ ਸੁਪਤਾਈ॥ ੨੪॥

"ਸਵੇਰ ਹੁੰਦਿਆਂ ਹੀ ਜਹਾਜ਼ ਚਲ ਪਵੇਗਾ।" ਇਹ ਸੁਣ ਕੇ ਆਪਣੇ ਕੰਮ-ਕਾਜ ਵਾਸਤੇ ਵੱਡੀ ਮੰਜ਼ਿਲ ਤੈਅ ਕੀਤੀ। ਸਵੇਰ ਹੁੰਦਿਆਂ ਹੀ ਓਥੇ ਜਾ ਪਹੁੰਚੇ। ਇਕ ਜਹਾਜ਼ ਵਿਚ ਚੜ੍ਹ ਕੇ ਸੌਂ ਗਿਆ॥ ੨੪॥

ਦੂਸਰ ਚਢ੍ਯੋ ਨ ਐਸੇ ਜਾਨਿ। 'ਚਲਨਿ ਸਮੈਂ ਹਮ ਚਢਿਹੈਂ ਆਨਿ'।
ਜਾਗਤਿ ਰਹ੍ਯੋ ਸਰਬ ਨਿਸ ਮਾਂਹੀ। ਨਿਕਟ ਜਹਾਜ ਸੁ ਪਹੁੰਚ੍ਯੋ ਨਾਂਹੀ ॥੨੫॥

ਦੂਸਰਾ ਨਾ ਚੜ੍ਹਿਆ ਇਸ ਤਰ੍ਹਾਂ ਜਾਣੋ, ਉਸ ਸੋਚਿਆ ਕਿ ਚਲਣ ਸਮੇਂ ਆ ਕੇ ਚੜ੍ਹ ਜਾਵਾਂਗਾ। ਸਾਰੀ ਰਾਤ ਉਹ ਜਾਗਦਾ ਰਿਹਾ, ਪਰ ਜਹਾਜ਼ ਦੇ ਲਾਗੇ ਨਾ ਪਹੁੰਚਿਆ॥ ੨੫॥

ਢੋਲ ਬਜਾਯੋ ਚਢਿਬੇ ਕਾਲਿ। ਜਾਗ੍ਰਿਤਿ ਪਰ੍ਯੋ ਅਪਰ ਕਿਸ ਖਯਾਲ।
ਸੁਨ੍ਯੋ ਨ ਗਯੋ ਅਰੂਢ੍ਯੋ ਨਾਂਹੀ। ਦੂਰ ਜਹਾਜ ਗਯੋ ਛਿਨ ਮਾਂਹੀ॥ ੨੬॥

ਜਦ ਜਹਾਜ਼ ਚੱਲਣ ਦਾ ਸਮਾਂ ਹੋਇਆ ਤਾਂ ਢੋਲ ਵੱਜਿਆ, ਉਹ ਸੌਦਾਗਰ ਕਿਸੇ ਹੋਰ ਖਿਆਲ ਵਿਚ ਹੀ ਜਾਗਦਾ ਰਿਹਾ। ਢੋਲ ਦੀ ਆਵਾਜ਼ ਸੁਣੀਂ ਨਾ ਗਈ ਤੇ ਜਹਾਜ਼ ਤੇ ਚੜ੍ਹਿਆ ਨਾ ਗਿਆ, ਕੁਝ ਪਲਾਂ ਵਿਚ ਹੀ ਜਹਾਜ਼ ਬਹੁਤ ਦੂਰ ਚਲਾ ਗਿਆ॥ ੨੬॥

ਜੋ ਜਹਾਜ ਮਹਿਂ ਸੁਪਤ੍ਯੋ ਨਰ ਹੈ। ਤਾਂਹਿ ਜਗਾਯੋ ਗਹਿ ਕਰਿ ਕਰ ਹੈ।
ਬਨਕਨਿ ਬਨਜ ਕਰ੍ਯੋ ਤਿਹ ਸਾਥ। ਲਿਯੋ ਲਾਭ ਤਿਨ ਅਪਨੇ ਹਾਥ॥੨੭॥

ਜਿਹੜਾ ਮਨੁੱਖ ਜਹਾਜ਼ ਵਿਚ ਸੁੱਤਾ ਪਿਆ ਸੀ, ਉਸ ਨੂੰ ਕਿਸੇ ਨੇ ਬਾਂਹ ਤੋਂ ਫੜ ਕੇ ਜਗਾ ਦਿੱਤਾ। ਬਾਣੀਏ ਦੇ ਨਾਲ ਉਸ ਵਪਾਰ ਕੀਤਾ ਅਤੇ ਲਾਭ ਪ੍ਰਾਪਤ ਕਰਕੇ ਆਪਣੇ ਹੱਥ ਵਿਚ ਲਿਆ॥ ੨੭॥

ਜਾਗ੍ਰਿਤਿ ਰਹ੍ਯੋ ਚਢ੍ਯੋ ਨਹਿਂ ਜੋਇ। ਰਹ੍ਯੋ ਇਕਾਕੀ ਬਨ ਮਹਿਂ ਸੋਇ।
ਚੋਰ ਧਾਰਵੀ ਪਹੁੰਚੇ ਆਇ। ਨਿਜ ਸੌਦਾ ਸਭਿ ਗਯੋ ਲੁਟਾਇ॥ ੨੮॥

ਜਿਹੜਾ ਜਾਗਦਾ ਰਿਹਾ, ਪਰ ਜਹਾਜ਼ ਵਿਚ ਨਾ ਚੜ੍ਹਿਆ, ਉਹ ਜੰਗਲ ਵਿਚ ਇਕੱਲਾ ਰਹਿ ਗਿਆ। ਚੋਰ ਧਾੜਵੀ ਆ ਪਹੁੰਚੇ ਤੇ ਉਹ ਆਪਣਾ ਸਾਰਾ ਸੌਦਾ ਲੁਟਾ ਕੇ ਵਾਪਸ ਚਲਾ ਗਿਆ॥ ੨੮॥

ਸਤਿ ਸੰਗਤਿ ਮਹਿਂ ਜਾਨਹੁ ਤੈਸੇ। ਉੱਦਮ ਧਰਿ ਕਰਿ ਆਇ ਜੁ ਬੈਸੇ।
ਸੁਪਤ੍ਯੋ ਹੋਇ ਜਿ ਤਾਂਹਿ ਜਗਾਵੈਂ। ਸੰਤ ਕ੍ਰਿਪਾ ਕਰਿ ਸ਼ਬਦ ਸੁਨਾਵੈਂ॥੨੯॥

ਸਤਿਸੰਗਤ ਵਿਚ ਵੀ ਇਸ ਤਰ੍ਹਾਂ ਜਾਣੋ, ਉੱਦਮ ਧਾਰ ਕੇ ਜੋ ਆ ਕੇ ਬੈਠ ਜਾਂਦਾ ਹੈ ਤਾਂ ਉਸ ਨੂੰ ਸੁੱਤੇ ਹੋਏ ਨੂੰ ਵੀ ਜਗਾ ਲੈਂਦੇ ਹਨ, ਸੰਤ ਕਿਰਪਾ ਕਰਕੇ ਉਸ ਨੂੰ ਸ਼ਬਦ ਸੁਣਾਉਂਦੇ ਹਨ॥ ੨੯॥

ਜੇ ਪ੍ਰਸਾਦਿ ਕੁਛ ਬਰਤਨਿ ਲਾਗੇ। ਸੁਪਤਿ ਜਗਾਵਹਿਂ ਪ੍ਰਥਮ ਜੁ ਜਾਗੇ।
ਜਾਗਤਿ ਰਹ੍ਯੋ ਜਿ ਘਰ ਕੇ ਮਾਂਹੀ। ਸੁਨਹਿ ਨ ਸ਼ਬਦ, ਪ੍ਰਸਾਦਿ ਨ ਖਾਹੀ॥੩੦॥

ਜੇ ਪ੍ਰਸ਼ਾਦਿ ਆਦਿ ਕੁਝ ਵਰਤਣ ਲੱਗੇ ਤਾਂ ਜਿਹੜੇ ਪਹਿਲਾਂ ਜਾਗਦੇ ਹਨ ਉਹ ਸੁੱਤੇ ਪਏ ਨੂੰ ਜਗਾ ਦਿੰਦੇ ਹਨ। ਜੋ ਆਪਣੇ ਘਰ ਵਿਚ ਬੈਠਾ ਹੀ ਜਾਗਦਾ ਰਿਹਾ, ਤਾਂ ਨਾ ਉਸ ਸ਼ਬਦ ਸੁਣਿਆ ਤੇ ਨਾ ਹੀ ਪ੍ਰਸ਼ਾਦਿ ਖਾਧਾ॥ ੩੦॥

ਅਨਪਢ ਸੁਪਤ ਕਰਹਿ ਸਤਿਸੰਗ। ਮਨ ਨੀਵਾਂ ਕਰਿ ਸ਼ਰਧਾ ਸੰਗ।
ਤਿਸ ਕੀ ਨੀਂਦ ਅਬਿੱਦਜਾ ਜੋਇ। ਗਯਾਨ ਸੁਨਾਇ ਸਕਲ ਦੇ ਖੋਇ॥ ੩੧॥

ਅਨਪੜ੍ਹ ਸੁੱਤਾ ਪਿਆ ਵੀ ਮਨ ਨੀਵਾਂ ਕਰਕੇ ਸ਼ਰਧਾ ਨਾਲ ਸਤਿਸੰਗ ਕਰਦਾ ਹੈ। ਜਿਹੜੀ ਅਗਿਆਨਤਾ ਰੂਪੀ ਉਸ ਦੀ ਨੀਂਦ ਹੈ, ਉਹ ਗਿਆਨ ਸੁਣਾ ਕੇ ਸਾਰੀ ਖੋਹ ਦਿੰਦੇ ਹਨ॥ ੩੧॥

ਨਿਜ ਸਰੂਪ ਕੋ ਲਾਭ ਸੁ ਪਾਵਹਿ। ਜਥਾ ਬਨਕ ਲਾਹਾ ਬਡ ਲਜਾਵਹਿ।
ਪਢੇ ਸੁ ਜਾਗਤਿ ਆਪ ਕਹਾਵੈਂ। ਭੂਲ ਕਬਹਿ ਸਤਿਸੰਗ ਨ ਜਾਵੈਂ॥ ੩੨॥

ਨਿੱਜ ਸਰੂਪ ਦਾ ਸ੍ਰੇਸ਼ਟ ਲਾਭ ਪਾਉਂਦੇ ਹਨ, ਇਸ ਤਰ੍ਹਾਂ ਬਾਣੀਆਂ ਬਹੁਤ ਲਾਭ ਲਿਆਉਂਦਾ ਹੈ। ਪੜ੍ਹੇ ਲਿਖੇ ਜਿਹੜੇ ਆਪਣੇ ਆਪ ਨੂੰ ਜਾਗਦਾ ਕਹਾਉਂਦੇ ਹਨ, ਉਹ ਭੁੱਲ ਕੇ ਵੀ ਸਤਿਸੰਗ ਵਿਚ ਨਹੀਂ ਜਾਂਦੇ ਹਨ॥ ੩੨॥

ਨਿਰਭੈ ਹੁਇ ਕਰਿ ਬੁਰੋ ਕਮਾਵਹਿਂ। ਸੋ ਬਿਨ ਗਯਾਨ ਛੂਛ ਰਹਿ ਜਾਵਹਿਂ।
ਸੁਨਿ ਗੁਰ ਤੇ ਕਰਿ ਕੈ ਮਨ ਨੀਵਾ। ਸਤਿਸੰਗਤਿ ਕੋ ਸੇਵ ਸਦੀਵਾ॥ ੩੩॥

ਨਿਰਭੈ ਹੋ ਕੇ ਬੁਰਾ ਕਮਾਉਂਦੇ ਹਨ, ਉਹ ਗਿਆਨ ਤੋਂ ਬਗੈਰ ਖਾਲੀ ਰਹਿ ਜਾਂਦੇ ਹਨ।" ਗੁਰੂ ਜੀ ਪਾਸੋਂ ਇਹ ਸੁਣ ਕੇ ਮਨ ਨੀਵਾਂ ਕਰਕੇ ਸਦਾ ਸਤਿਸੰਗਤ ਦੀ ਸੇਵਾ ਕਰਨ ਲੱਗੇ॥ ੩੩॥

ਚਾਰਹੁਂ ਸਿੱਖਨਿ ਸੁਭ ਗਤਿ ਪਾਈ। ਸ਼੍ਰੀ ਅਰਜਨ ਜੀ ਭਏ ਸਹਾਈ।
ਫਿਰਣਾ ਬਹਿਲ ਨਾਮ ਇਕ ਚੰਗਾ। ਤ੍ਰਿਤੀਓ ਜੇਠਾ ਮਿਲਿ ਕਰਿ ਸੰਗਾ॥ ੩੪॥

ਚਾਰੇ ਸਿੱਖਾਂ ਨੇ ਸ਼ੁਭ-ਗਤੀ ਪਾਈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਸਹਾਇਤਾ ਕੀਤੀ। ਭਾਈ ਫਿਰਣਾ, ਭਾਈ ਬਹਿਲ ਅਤੇ ਭਾਈ ਜੇਠਾ ਤਿੰਨ ਸਿੱਖ ਮਿਲ ਕੇ॥ ੩੪॥

ਸ਼੍ਰੀ ਗੁਰ ਪਗ ਕੌ ਬੰਦਨ ਧਾਰੀ। ਜੋਰਿ ਹਾਥ ਨਿਜ ਅਰਜ਼ ਗੁਜ਼ਾਰੀ।
'ਗੁਰੂ ਗਰੀਬ ਨਿਵਾਜ ਬਤਾਵੋ। ਹਮਰੇ ਉਰ ਸੰਦੇਹ ਮਿਟਾਵੋ॥ ੩੫॥

ਗੁਰੂ ਜੀ ਪਾਸ ਆ ਕੇ ਚਰਨਾਂ ਤੇ ਬੰਦਨਾ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਗੁਰੂ ਗ਼ਰੀਬ ਨਿਵਾਜ਼ ਜੀ! ਸਾਨੂੰ ਦੱਸ ਕੇ ਸਾਡੇ ਸਾਰੇ ਸੰਦੇਹ ਖਤਮ ਕਰੋ॥ ੩੫॥

ਕੇਤਿਕ ਸਿਮਰਹਿਂ ਰਾਮ ਸੁ ਨਾਮ। ਕੇਤਿਕ ਕ੍ਰਿਸ਼ਨ ਹਰੇ ਘਨਸ਼ਯਾਮ।
ਕੇਚਿਤ ਓਅੰ ਕੇਚਿਤ ਸੋਹੰ। ਸਿਮਰੈਂ ਨਾਮ ਪਰਮਗਤਿ ਹੋਹੰ॥ ੩੬॥

ਕਈ ਰਾਮ ਦੇ ਨਾਮ ਦਾ ਸਿਮਰਨ ਕਰਦੇ ਹਨ, ਕਈ ਕ੍ਰਿਸ਼ਨ ਹਰੇ ਘਨਸ਼ਿਆਮ ਦਾ ਨਾਂ ਜਪਦੇ ਹਨ। ਕਈ ਓਅੰ ਅਤੇ ਕਈ ਸੋਹੰ ਕਹਿੰਦੇ ਹਨ, ਨਾਮ ਸਿਮਰ ਕੇ ਪਰਮਗਤੀ ਹੁੰਦੀ ਹੈ॥ ੩੬॥

ਹਮ ਕੋ ਉਚਿਤ ਕੌਨ ਮੁਖ ਜਾਪਨਿ। ਉਪਦੇਸਹੁ ਸਤਿਗੁਰ ਅਘ ਖਾਪਨਾ।
ਸੁਨਿ ਸ਼੍ਰੀ ਮੁਖ ਤੇ ਹੁਕਮ ਬਖਾਨਾ। 'ਸਿਮਰਹੁ ਵਾਹਿਗੁਰੂ ਦੁਖ ਹਾਨਾ॥ ੩੭॥

ਕਿਹੜਾ ਨਾਂ ਉਚਿਤ ਹੈ ਜਿਸ ਦਾ ਅਸੀਂ ਮੁਖ ਨਾਲ ਜਾਪ ਕਰੀਏ। ਹੇ ਸਤਿਗੁਰੂ ਜੀ! ਉਪਦੇਸ਼ ਕਰੋ, ਜਿਸ ਦਾ ਸਿਮਰਨ ਕਰਨ ਨਾਲ ਸਾਰੇ ਪਾਪਾਂ ਦਾ ਨਾਸ਼ ਹੋਵੇ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਦੁਖਾਂ ਨੂੰ ਦੂਰ ਕਰਨ ਵਾਲੇ ਵਾਹਿਗੁਰੂ ਨਾਮ ਦਾ ਸਿਮਰਨ ਕਰੋ॥ ੩੭॥

ਤਰੀ ਨੀਰ ਕੇ ਤੀਰ ਉਤਾਰੇ। ਇਸ ਬਿਧਿ ਕੀ ਸ਼ਕਤੀ ਸਭਿ ਧਾਰੈ।
ਤਊ ਬਿਚਾਰੋ ਜਿਸ ਜੋ ਚਰਯੋ। ਤਿਸੀ ਅਲੰਬ ਨਦੀ ਕੋ ਤਰਯੋ॥ ੩੮॥

ਸਾਰੀਆਂ ਬੇੜੀਆਂ ਪਾਣੀ ਦੇ ਕੰਢੇ ਤੇ ਉਤਾਰਦੇ ਹਨ, ਇਸ ਤਰ੍ਹਾਂ ਪਾਰ ਕਰਨ ਦੀ ਸ਼ਕਤੀ ਸਾਰੀਆਂ ਬੇੜੀਆਂ ਰੱਖਦੀਆਂ ਹਨ। ਫਿਰ ਵੀ ਵਿਚਾਰੋ ਕਿ ਜਿਸ ਬੇੜੀ ਤੇ ਚੜ੍ਹੇ, ਉਸ ਦੇ ਆਸਰੇ ਹੀ ਨਦੀ ਨੂੰ ਪਾਰ ਕੀਤਾ॥ ੩੮॥

ਤਿਮ ਪਰਮੇਸ਼ੁਰ ਕੇ ਸਭਿ ਨਾਮ। ਕਰਹਿਂ ਪਾਰ ਸਿਮਰੇ ਉਰਧਾਮ।
ਜੋ ਸਤਿਗੁਰ ਉਪਦੇਸ਼ਨਿ ਕਰਯੋ। ਤਿਸ ਕੋ ਸਿਮਰਿ ਸਿੱਖ ਭਵ ਤਰਯੋ॥ ੩੯॥

ਜਿਵੇਂ ਵੱਖ-ਵੱਖ ਬੇੜੀਆਂ ਹਨ, ਪਰ ਨਾਂ ਉਨ੍ਹਾਂ ਦਾ ਇਕੋ ਬੇੜੀ ਹੈ, ਇਸ ਤਰ੍ਹਾਂ ਪਰਮੇਸ਼ਰ ਦੇ ਸਭ ਨਾਮ ਹਨ, ਹਿਰਦੇ ਦੇ ਘਰ ਵਿਚ ਸਿਮਰਨ ਕਰਨ ਨਾਲ ਪਾਰ ਕਰਦੇ ਹਨ। ਜੋ ਸਤਿਗੁਰੂ ਉਪਦੇਸ਼ ਕਰਦੇ ਹਨ, ਉਸ ਨੂੰ ਸਿਮਰ ਕੇ ਸਿੱਖ ਭਵਸਾਗਰ ਤਰ ਜਾਂਦੇ ਹਨ॥ ੩੯॥

ਏਕ ਬਾਰ ਜੁਗ ਖਟ ਅਰੁ ਤੀਸ। ਧੁੰਧੂਕਾਰ ਨ ਪਰਜਾ ਈਸ਼।
ਏਕੰਕਾਰ ਰਚਜੋ ਨਹਿਂ ਕੋਈ। ਸੁੰਨਿ ਸਮਾਧਿ ਰਹੈ ਸਭਿ ਕੋਈ॥ ੪੦॥

ਇਕ ਵਾਰ ੩੬ ਜੁਗ ਧੁੰਧੂਕਾਰ ਰਿਹਾ, ਨਾ ਕੋਈ ਪਰਜਾ ਸੀ ਅਤੇ ਨਾ ਹੀ ਕੋਈ ਰਾਜਾ ਸੀ। ਏਕੰਕਾਰ ਪ੍ਰਭੂ ਨੇ ਕੁਝ ਵੀ ਨਹੀਂ ਬਣਾਇਆ ਸੀ, ਸਾਰੇ ਸੁੰਨ ਸਮਾਧੀ ਵਿਚ ਰਹਿੰਦੇ ਸਨ॥ ੪੦॥

ਨਹੀਂ ਅਕਾਰ ਕਛੁ ਪ੍ਰਗਟਾਯੋ। ਰਹਜੋ ਗੁਬਾਰ ਈਸ਼ ਇਮ ਭਾਯੋ।
ਨੌ ਨੌ ਜੁਗ ਮਹਿਂ ਇਕ ਇਕ ਬਰਨੰ। ਸ਼੍ਰੀ ਨਾਨਕ ਚਹੁ ਕੋ ਇਕ ਕਰਨੰ॥ ੪੧॥

ਕੋਈ ਵੀ ਆਕਾਰ ਪ੍ਰਗਟ ਨਾ ਕੀਤਾ। ਗੁਬਾਰ ਰਿਹਾ, ਜਿਵੇਂ ਈਸ਼ਵਰ ਨੂੰ ਚੰਗਾ ਲੱਗਾ। ਨੌਂ-ਨੌਂ ਯੁਗਾਂ ਵਿਚ ਇਕ-ਇਕ ਅੱਖਰ ਪ੍ਰਗਟ ਹੋਇਆ ਭਾਵ ਚਾਰ ਅੱਖਰ ੩੬ ਜੁਗਾਂ ਵਿਚ ਬਣੇ, ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਚਾਰ ਅੱਖਰਾਂ ਵਾਹਿਗੁਰੂ ਨੂੰ ਇਕ ਕਰ ਦਿੱਤਾ॥ ੪੧॥

'ਵਾਹਿਗੁਰੂ' ਇਕ ਨਾਮ ਬਨਾਯੋ। ਸੁਨਿ ਸਭਿ ਸੰਤਨਿ ਕੇ ਮਨ ਭਾਯੋ।
ਨਿਜ ਸਿੱਖਨ ਕੋ ਕਰਿ ਉਪਦੇਸ਼। ਸਿਮਰਤਿ ਕਾਟੇ ਬੰਧ ਕਲੇਸ਼॥ ੪੨॥

ਅਤੇ 'ਵਾਹਿਗੁਰੂ' ਇਕ ਨਾਮ ਬਣਾਇਆ, ਇਹ ਨਾਮ ਸੁਣ ਕੇ ਸਾਰੇ ਸੰਤਾਂ ਦੇ ਮਨ ਨੂੰ ਚੰਗਾ ਲੱਗਾ। ਆਪਣੇ ਸਿੱਖਾਂ ਨੂੰ ਉਪਦੇਸ਼ ਕਰਕੇ ਸਿਮਰਨ ਕਰਵਾ ਕੇ ਉਨ੍ਹਾਂ ਦੇ ਬੰਧ ਕਲੇਸ਼ ਕੱਟ ਦਿੱਤੇ॥ ੪੨॥

ਅਬਿ ਜੋ ਇਕ ਮਨ ਸਿਮਰਹਿ ਨਾਮੂ। ਵਾਹਿਗੁਰੂ ਪੂਰਹਿ ਉਰ ਕਾਮੂ।
ਅੰਤ ਸਮੈ ਗਤਿ ਲਹੈ ਸੁਖਾਰੇ। ਜਨਮ ਮਰਨ ਕੇ ਬੰਧ ਨਿਵਾਰੇ॥ ੪੩॥

ਹੁਣ ਜਿਹੜਾ ਇਕ ਮਨ ਹੋ ਕੇ ਇਸ ਨਾਮ ਦਾ ਸਿਮਰਨ ਕਰਦਾ ਹੈ, ਵਾਹਿਗੁਰੂ ਉਸ ਦੇ ਸਾਰੇ ਕੰਮ ਪੂਰੇ ਕਰਦਾ ਹੈ। ਅੰਤ ਸਮੇਂ ਸੁਖਦਾਈ ਗਤੀ ਪ੍ਰਾਪਤ ਕਰਦੇ ਹਨ ਅਤੇ ਜਨਮ ਮਰਨ ਦੇ ਸਾਰੇ ਬੰਧਨ ਦੂਰ ਹੋ ਜਾਂਦੇ ਹਨ॥ ੪੩॥

ਯਾਂਤੇ ਵਾਹਿਗੁਰੂ ਤੁਮ ਸਿਮਰੋ। ਨਿਸ ਦਿਨ ਰਿਦੈ ਬਦਨ ਤੇ ਰਰੋ।
ਸਤਿਗੁਰ ਤੁਮਰੇ ਹੋਇਂ ਸਹਾਇ। ਦੁਬਿਧਾ ਸਗਰੀ ਦੇਤਿ ਮਿਟਾਇ॥ ੪੪॥

ਇਸ ਕਰਕੇ ਤੁਸੀਂ ਵਾਹਿਗੁਰੂ ਦਾ ਨਾਮ ਸਿਮਰੋ, ਦਿਨ ਰਾਤ ਹਿਰਦੇ ਅਤੇ ਮੁਖ ਤੋਂ ਜਪੋ। ਸਤਿਗੁਰੂ ਤੁਹਾਡੀ ਸਹਾਇਤਾ ਕਰਨਗੇ ਅਤੇ ਤੁਹਾਡੀ ਸਾਰੀ ਦੁਬਿਧਾ ਮਿਟਾ ਦੇਣਗੇ॥ ੪੪॥

ਅੰਤ ਸਮੇਂ ਸਭਿ ਬੰਧ ਨਿਕੰਦਿ। ਹੋਵਹੁ ਲੀਨਿ ਸੱਚਿਦਾਨੰਦ'।
ਸੁਨਿ ਸਿੱਖਨ ਭ੍ਰਮ ਕੋ ਨਿਰਵਾਰਿ। ਵਾਹਿਗੁਰੂ ਸਿਮਰਜੋ ਕਰਤਾਰ॥ ੪੫॥

ਅੰਤ ਸਮੇਂ ਸਭ ਬੰਧਨ ਕੱਟੇ ਜਾਣਗੇ ਅਤੇ ਤੁਸੀਂ ਸੱਚਿਦਾਨੰਦ ਪ੍ਰਭੂ ਵਿਚ ਲੀਨ ਹੋ ਜਾਵੋਗੇ''। ਸਿੱਖਾਂ ਨੇ ਸੁਣ ਕੇ ਆਪਣੇ ਭ੍ਰਮ ਦੂਰ ਕੀਤੇ ਅਤੇ ਵਾਹਿਗੁਰੂ ਨਾਮ ਦਾ ਸਿਮਰਨ ਕੀਤਾ॥ ੪੫॥

ਸ੍ਰੀ ਅਰਜਨ ਕੋ ਸੇਵਤਿ ਰਹੇ। ਅੰਤ ਸਮੇਂ ਨੀਕੇ ਸੁਖ ਲਹੇ।
ਤਿਨ ਕੋ ਮਿਲੇ ਸੁ ਗੁਰਮਤਿ ਪਾਈ। ਜਹਿਂ ਕਹਿਂ ਸਿੱਖੀ ਜਗ ਬਿਦਤਾਈ॥੪੬॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਰਹੇ ਅਤੇ ਅੰਤ ਸਮੇਂ ਚੰਗਾ ਸੁਖ ਪਾਇਆ, ਉਨ੍ਹਾਂ ਨੂੰ ਮਿਲ ਕੇ ਗੁਰਮਤਿ ਪਾਈ ਅਤੇ ਜਿਥੇ ਕਿਥੇ ਸਿੱਖੀ ਪ੍ਰਗਟ ਕੀਤੀ॥ ੪੬॥

*ਤੀਸਰੀ ਰਾਸ ਦਾ ਸਤਵੰਞਵਾਂ ਅਧਿਆਇ ਸਮਾਪਤ ਹੋਇਆ॥ ੫੭॥*

# *ਅਧਿਆਇ ਅਠਵੰਞਵਾਂ*

*ਭਾਈ ਵਿੱਸਾ, ਭਾਈ ਗੋਪੀ ਆਦਿ ਸਿੱਖ*

ਦੋਹਰਾ- ਵਿੱਸਾ ਗੋਪੀ ਤੁਲਸੀਆ ਭਾਰਦੁਆਜੀ ਬਿੱਪ੍ਰ।
ਗੋਇੰਦ ਘੇਈ ਭਾਈਅੜਾ ਆਏ ਮਿਲਿ ਕਰਿ ਛਿੱਪ੍ਰ॥ ੧॥

ਭਾਈ ਵਿੱਸਾ, ਭਾਈ ਗੋਪੀ, ਭਾਈ ਤੁਲਸੀਆ ਭਾਰਦੁਆਜੀ ਬ੍ਰਾਹਮਣ ਸਨ। ਗੋਇੰਦ ਘੇਈ ਅਤੇ ਭਾਈਅੜਾ ਆ ਕੇ ਗੁਰੂ ਜੀ ਨੂੰ ਮਿਲੇ॥ ੧॥

ਚੌਪਈ- ਬੰਦਨ ਕਰਿ ਬੈਠੇ ਸਭਿ ਪਾਸ। ਹਾਥ ਜੋਰਿ ਕੀਨੀ ਅਰਦਾਸ।
'ਗੁਰੂ ਗਰੀਬ ਨਿਵਾਜ ਸੁਨਾਈਏ। ਦ੍ਵੈ ਸ਼ਬਦਨਿ ਮਹਿਂ ਸੰਸੈ ਪਾਈਏ॥੨॥

ਬੰਦਨਾ ਕਰਕੇ ਸਾਰੇ ਪਾਸ ਆ ਕੇ ਬੈਠ ਗਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਗਰੀਬ ਨਿਵਾਜ਼ ਜੀ! ਸਾਨੂੰ ਸਮਝਾਓ, ਅਸੀਂ ਦੋ ਸ਼ਬਦਾਂ ਵਿਚ ਕੁਝ ਸ਼ੰਕੇ ਪਾਏ ਹਨ॥ ੨॥

ਨਾਮਦੇਵ ਜਨ ਸਬਦੁ ਸੁਨਾਏ। ਦ੍ਵੈ ਥਲ ਰਾਗਨਿ ਬਿਖੈ ਟਿਕਾਏ।
ਦੋਨਹੁ ਮੈਂ ਬਿਰੋਧ ਦਿਖਿ ਪਾਏ। ਏਕ ਭਗਤ ਕੇ ਦੁਊ ਸੁਹਾਏ॥ ੩॥

ਨਾਮਦੇਵ ਭਗਤ ਨੇ ਸ਼ਬਦ ਸੁਣਾਇਆ ਹੈ, ਉਸ ਨੂੰ ਰਾਗਾਂ ਵਿਚ ਦੋ ਥਾਂ ਟਿਕਾਇਆ ਹੈ। ਦੋਵਾਂ ਵਿਚ ਵਿਰੋਧ ਨਜ਼ਰੀਂ ਪੈਂਦਾ ਹੈ, ਇਕ ਭਗਤ ਦੇ ਦੋਵੇਂ ਸ਼ੋਭਨੀਕ ਸ਼ਬਦ ਹਨ॥ ੩॥

*ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ॥*
*ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ੩॥*

*(ਪੰਨਾ ੮੭੫)*

ਹੇ ਪੰਡਿਤ! ਤੇਰਾ ਰਾਮਚੰਦਰ, ਉਸ ਨੂੰ ਆਉਂਦੇ ਨੂੰ ਵੀ ਮੈਂ ਵੇਖਿਆ ਸੀ। ਆਪਣੀ ਪਤਨੀ ਨੂੰ ਗੁਆ ਕੇ ਉਸ ਨੇ ਰਾਵਣ ਨਾਲ ਲੜਾਈ ਕੀਤੀ ਸੀ॥ ੩॥

*ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥ ੪॥ ੪॥*

*(ਪੰਨਾ ੬੯੩)*

ਨਾਮਦੇਵ ਬੇਨਤੀ ਕਰਦਾ ਹੈ, ਮੇਰਾ ਰਾਜਾ ਸੁਆਮੀ ਰਾਜੇ ਦਸਰਥ ਦਾ ਪੁੱਤਰ, ਰਾਮ ਚੰਦਰ ਹੈ ਅਤੇ ਮੈਂ ਸੁਰਜੀਤ ਕਰਨ ਵਾਲਾ ਅੰਮ੍ਰਿਤ ਦਾ ਰਸ ਪੀਂਦਾ ਹਾਂ॥ ੪॥ ੪॥

ਚੌਪਈ- ਪ੍ਰਥਮ ਸ਼ਬਦ ਮਹਿਂ ਜਾਨੀ ਪਰੈ। ਤਰਕ ਈਸ਼ ਅਵਤਾਰਨਿ ਕਰੈ।
ਦੁਤੀਏ ਮਹਿਂ ਮਹਿਮਾ ਅਵਤਾਰ। ਨਾਮਦੇਵ ਨੇ ਕੀਨਿ ਉਚਾਰਿ॥ ੪॥

ਪਹਿਲੇ ਸ਼ਬਦ ਤੋਂ ਇਹ ਪਤਾ ਲੱਗਦਾ ਹੈ ਕਿ ਭਗਤ ਜੀ ਈਸ਼ਵਰ ਦੇ ਅਵਤਾਰਾਂ ਦਾ ਤਰਕ ਕਰਦੇ ਹਨ। ਦੂਸਰੇ ਵਿਚ ਅਵਤਾਰ ਦੀ ਮਹਿਮਾਂ ਨਾਮਦੇਵ ਨੇ ਉਚਾਰਨ ਕੀਤੀ॥ ੪॥

ਅਰਥ ਬਿਵਸਥਾ ਕੈਸੇ ਹੋਇ। ਹਮ ਕਿਮ ਸਮਝਹਿਂ? ਉਚਰਹੁ ਸੋਇ'।
ਸੁਨਿ ਸ੍ਰੀ ਅਰਜਨ ਵਾਕ ਉਚਾਰਾ। 'ਨਿਰਗੁਣ ਸਰਗੁਨ ਦ੍ਵੈ ਪਖ ਧਾਰਾ॥ ੫॥

ਅਰਥ ਵਿਵਸਥਾ ਕਿਵੇਂ ਹੋਵੇ, ਅਸੀਂ ਕਿਵੇਂ ਸਮਝੀਏ? ਉਹ ਸਾਨੂੰ ਸਮਝਾਓ। ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਉਨ੍ਹਾਂ ਨੇ ਨਿਰਗੁਣ ਸਰਗੁਣ ਦੋਵੇਂ ਪੱਖ ਧਾਰਨ ਕੀਤੇ ਹਨ॥ ੫॥

ਦੋਨਹੁ ਕੀ ਉਪਾਸਨਾ ਨਯਾਰੀ। ਕਿਨਹੁ ਧਰੀ ਨਿਜ ਰਿਦੈ ਮਝਾਰੀ।
ਜੈਸੇ ਸਾਗਰ ਜਾਇ ਨਿਹਾਰੇ। ਜਿਸ ਤੇ ਉਠਹਿਂ ਤਰੰਗ ਹਜ਼ਾਰੇ॥ ੬॥

ਦੋਵਾਂ ਦੀ ਉਪਾਸ਼ਨਾ ਨਿਆਰੀ ਭਾਵ ਵੱਖਰੀ ਹੈ, ਕਈਆਂ ਨੇ ਆਪਣੇ ਹਿਰਦੇ ਵਿਚ ਧਾਰਨ ਕੀਤੀ ਹੈ। ਜਿਵੇਂ ਜਦ ਸਾਗਰ ਨੂੰ ਜਾ ਕੇ ਵੇਖੀਏ ਤਾਂ ਉਸ ਉਤੇ ਹਜ਼ਾਰਾਂ ਲਹਿਰਾਂ ਉਠਦੀਆਂ ਹਨ॥ ੬॥

ਨਦੀ ਜਾਇ ਕਰਿ ਜਬਹਿ ਨਿਹਾਰੀ। ਸੋਈ ਸਾਗਰ ਤਾਂਹਿ ਬਿਚਾਰੀ।
ਜਲ ਸਰੂਪ ਸਭਿ ਏਕ ਨਿਹਾਰਾ। ਤਿਮ ਸ੍ਰੀ ਪ੍ਰਭੁ ਕੇ ਗਨ ਅਵਤਾਰਾ॥ ੭॥

ਜਦ ਨਦੀ ਨੂੰ ਜਾ ਕੇ ਵੇਖਿਆ, ਉਹ ਵੀ ਸਾਗਰ ਵਾਂਗ ਹੀ ਵੇਖੀ, ਜਲ ਸਰੂਪ ਇਕ ਸਮਾਨ ਹੀ ਵੇਖਿਆ। ਉਸ ਤਰ੍ਹਾਂ ਹੀ ਪ੍ਰਭੂ ਦੇ ਸਾਰੇ ਅਵਤਾਰ ਹਨ॥ ੭॥

ਸਤ ਚਿਤ ਆਨੰਦ ਰੂਪ ਜਿ ਲਹਜੋ। ਸਭਿ ਕੋ ਸੱਤਾ ਦੇ ਸੋ ਰਹਜੋ।
ਜੇ ਪੰਡਿਤ ਪਠਿ ਬਿੱਦਯਾ ਘਨੀ। ਗਯਾਨ ਬਿਹੂਨੇ ਮੁਖ ਤੇ ਭਨੀ॥ ੮॥

ਸਤ ਚਿੱਤ ਆਨੰਦ ਜਿਹੜਾ ਸਰੂਪ ਵੇਖਦੇ ਹਾਂ, ਉਹ ਸਾਰਿਆਂ ਨੂੰ ਸੱਤਾ ਦੇ ਰਿਹਾ ਹੈ। ਜੋ ਪੰਡਿਤ ਬਹੁਤ ਵਿਦਿਆ ਪੜ੍ਹ ਕੇ, ਗਿਆਨ-ਵਿਹੂਣੇ ਹੋ ਕੇ ਮੁਖ ਤੋਂ ਕਹਿੰਦੇ ਹਨ॥ ੮॥

ਸਰਗੁਨ ਪੂਜਾ ਧਰਹਿਂ ਵਿਸ਼ੇਸ਼। ਸੰਤਨਿ ਸੰਗ ਕਮਾਵਤਿ ਦ੍ਵੈਖ।
ਕਹਜੋ ਸ਼ਬਦ ਤਿਨ ਕੇ ਪਰਥਾਇ। ਸਗੁਣ ਨਿਗੁਣ ਜੇ ਪੱਖ ਬੰਧਾਇ॥ ੯॥

ਉਹ ਸਰਗੁਣ ਸਰੂਪ ਦੀ ਵਿਸ਼ੇਸ਼ ਪੂਜਾ ਧਾਰਨ ਕਰਦੇ ਹਨ ਅਤੇ ਸੰਤਾਂ ਦੇ ਨਾਲ ਈਰਖਾ ਕਰਦੇ ਹਨ। ਉਨ੍ਹਾਂ ਦੇ ਪਰਥਾਏ ਹੀ ਇਹ ਸ਼ਬਦ ਕਿਹਾ ਹੈ। ਸਰਗੁਣ ਨਿਰਗੁਣ ਜਿਹੜੇ ਪੱਖ ਬੰਧਾਏ ਹਨ॥ ੯॥

ਧਰਮ ਸ਼ਰੀਰ ਧਰਨਿ ਕੋ ਦੇਹੀ। ਦੁਖ ਸੁਖ ਪ੍ਰਾਪਤਿ ਹੋਨਿ ਅਛੇਹੀ।
ਗਯਾਨੀ ਤਨ ਕੋ ਝੂਠ ਲਖੰਤੇ। ਤਿਹ ਸਮ ਦੁਖ ਸੁਖ ਕੂਰ ਜਨੰਤੇ॥ ੧੦॥

ਸਰੀਰ ਧਾਰਨ ਕਰਨ ਦਾ ਦੇਹੀ ਧਰਮ ਹੈ। ਬਿਨਾਂ ਭੇਦ ਦੁਖ ਸੁਖ ਪ੍ਰਾਪਤ ਹੁੰਦੇ ਹਨ। ਗਿਆਨੀ ਤਨ ਨੂੰ ਝੂਠਾ ਸਮਝਦੇ ਹਨ। ਉਹ ਦੁਖ ਸੁਖ ਨੂੰ ਸਮਾਨ ਜਾਣਦੇ ਹਨ॥ ੧੦॥

ਇਕ ਉਪਾਸਕੀ ਲੱਖ ਕੇ ਹੋਇ। ਵਾਰ ਉਪਾਸਕ ਲਖਿਯਤਿ ਕੋਇ।
ਜਿਨਹੁ ਲੱਖ ਕੀ ਕੀਨਿ ਉਪਾਸਨ। ਇਕ ਸਮ ਸੱਤਾ ਸਭਿ ਮਹਿਂ ਭਾਸਨਿ ॥੧੧॥

ਇਕ ਤਾਂ ਪਰਮਾਤਮਾ ਦੇ ਉਪਾਸ਼ਕੀ ਹੋਏ। ਕਈ ਵਾਰ ਦੇ ਉਪਾਸ਼ਕ ਵੇਖੇ ਜਾਂਦੇ ਹਨ। ਜਿਨ੍ਹਾਂ ਪਰਮਾਤਮਾ ਦੀ ਉਪਾਸ਼ਕੀ ਕੀਤੀ ਹੈ, ਉਹ ਸਾਰਿਆਂ ਵਿਚ ਇਕ ਸਮਾਨ ਸੱਤਾ ਅਨੁਭਵ ਕਰਦੇ ਹਨ॥ ੧੧॥

ਰਮਜੋਂ ਅਕਾਲ ਪੁਰਖ ਸਭਿ ਮਾਂਹੀ। ਸੋ ਕਿਹ ਸੰਗ ਬੈਰ ਧਰਿ ਨਾਂਹੀ।
ਵਾਰ ਉਪਾਸਕ ਜੇ ਨਰ ਅਹੈਂ। ਸਿਮਰਹਿਂ ਕ੍ਰਿਸ਼ਨ ਰਾਮ ਘਟ ਕਹੈਂ॥ ੧੨॥

ਅਕਾਲ ਪੁਰਖ ਸਭ ਵਿਚ ਰਮ ਰਿਹਾ ਹੈ, ਉਹ ਕਿਸੇ ਦੇ ਨਾਲ ਵੈਰ ਨਹੀਂ ਧਾਰਨ ਕਰਦਾ ਹੈ। ਜਿਹੜੇ ਮਨੁੱਖ ਵਾਰ ਦੇ ਉਪਾਸ਼ਕ ਹਨ, ਉਹ ਕ੍ਰਿਸ਼ਨ ਨੂੰ ਜ਼ਿਆਦਾ ਸਿਮਰਦੇ ਹਨ ਤੇ ਰਾਮ ਘੱਟ ਕਹਿੰਦੇ ਹਨ॥ ੧੨॥

ਰਾਮ ਉਪਾਸਨ ਕਰਨੈ ਹਾਰੇ। ਕ੍ਰਿਸ਼ਨ ਬਿਖੈ ਸੋ ਦੋਸ਼ ਉਚਾਰੇਂ।
ਇੱਤਜਾਦਿਕ ਬਹੁ ਤਰਕ ਉਠਾਵੈਂ। ਲੱਖ ਰੂਪ ਕੋ ਭੇਦ ਨ ਪਾਵੈਂ॥ ੧੩॥

ਰਾਮ ਦੀ ਉਪਾਸ਼ਨਾ ਕਰਨ ਵਾਲੇ, ਕ੍ਰਿਸ਼ਨ ਵਿਚ ਨੁਕਸ ਕੱਢਦੇ ਹਨ। ਇਤਿਆਦਿ ਬਹੁਤ ਤਰਕ ਉਠਾਉਂਦੇ ਹਨ, ਪਰਮਾਤਮਾ ਦੇ ਰੂਪ ਦਾ ਭੇਦ ਨਹੀਂ ਪਾਉਂਦੇ ਹਨ॥ ੧੩॥

ਯਾਂਤੇ ਲੱਖ ਉਪਾਸਕ ਬਨਹੁ। ਹੁਇ ਨਿਰਵੈਰ ਬਿਕਾਰਨਿ ਹਨਹੁ।
ਸੁਨਿ ਸਤਿਗੁਰ ਤੇ ਸੰਸੈ ਖੋਇ। ਲਖਜੋ ਸਰੂਪ ਆਪਨੋ ਜੋਇ॥ ੧੪॥

ਇਸ ਲਈ ਪਰਮਾਤਮਾ ਦੇ ਉਪਾਸ਼ਕ ਬਣੋ, ਨਿਰਵੈਰ ਹੋ ਕੇ ਵਿਕਾਰਾਂ ਦਾ ਨਾਸ਼ ਕਰੋ।" ਸਤਿਗੁਰੂ ਜੀ ਤੋਂ ਇਸ ਤਰ੍ਹਾਂ ਸੁਣ ਕੇ ਉਨ੍ਹਾਂ ਨੇ ਆਪਣੇ ਸਾਰੇ ਸੰਸੇ ਗਵਾਏ ਅਤੇ ਆਪਣੇ ਸਰੂਪ ਨੂੰ ਜਾਣਿਆ॥ ੧੪॥

ਦੋਹਰਾ- ਕਾਲੂ ਚਾਊ ਬੰਮੀਆ ਗੋਇੰਦ ਘੇਈ ਆਨ।
ਮੂਲਾ ਹੇਮ ਕਪਾਹੀਆ ਧਾਰੋ ਸੂਰ ਮਹਾਨ॥ ੧੫॥

ਭਾਈ ਕਲੂ ਬੰਮੀਆ, ਭਾਈ ਚਾਊ ਬੰਮੀਆ, ਭਾਈ ਗੋਇੰਦ ਘੇਈ, ਭਾਈ ਮੂਲਾ, ਭਾਈ ਹੇਮ ਕਪਾਹੀਆ ਭਾਈ ਧਾਰੋ ਮਹਾਨ ਸੂਰਮੇ ਸਨ॥ ੧੫॥

ਚੌਪਈ- ਛਜੂ ਨਿਹਾਲੂ ਦੋਨੋ ਭਲੇ। ਹੁਤੇ ਕੋਹਲੀ ਰਾਮੂ ਮਿਲੇ।
ਤੁਲਸਾ ਵਹੁਰਾ ਸਾਂਈ ਦਿੱਤਾ। ਆਕੁਲੰ ਅਰੁ ਦਾਮੋਦਰ ਮਿੱਤਾ ॥੧੬॥

ਭਾਈ ਛਜੂ ਭਲਾ, ਭਾਈ ਨਿਹਾਲੂ ਭਲਾ, ਭਾਈ ਰਾਮੂ ਕੋਹਲੀ, ਤੁਲਸਾ ਵਹੁਰਾ, ਸਾਂਈ ਦਿੱਤਾ, ਆਕੁਲ ਅਤੇ ਦਾਮੋਦਰ ਦੋਵੇਂ ਮਿੱਤਰ ਸਨ।

ਵਿਗਹਿਮੱਲ ਅਰੁ ਆਵਲ ਭਾਨਾ। ਬੁੱਧੂ ਛੀਂਬਾ ਆਇ ਸੁਜਾਨਾ।
ਭਿੱਖਾ ਟੋਡਾ ਜੁਗ ਭਟ ਅਹੇ। ਤਿਨ ਸੰਗ ਮਿਲੇ ਜੁ ਖੋੜਸ ਕਹੇ ॥੧੭॥

ਵਿਗਹਿ ਮੱਲ ਆਵਲ ਭਾਨਾ, ਬੁਧੂ ਛੀਂਬਾ, ਭਿੱਖਾ, ਟੋਡਾ ਦੋ ਸੂਰਮੇ ਸਨ, ਜਿਹੜੇ ਪਿੱਛੇ ਸੋਲ੍ਹਾਂ ਕਹੇ ਗਏ ਹਨ, ਉਨ੍ਹਾਂ ਨਾਲ ਮਿਲ ਕੇ ਕੁਲ ਅਠਾਰਾਂ ਸੂਰਮੇ ਗੁਰੂ ਜੀ ਨੂੰ ਮਿਲਣ ਵਾਸਤੇ ਆਏ॥ ੧੭॥

Sri Satguru Jagjit Singh Ji eLlibrary NamdhariElibrary@gmail.com

ਸਭਿ ਸੁਲਤਾਨ ਪੁਰੇ ਕੇ ਵਾਸੀ। ਚਲਿ ਆਏ ਸ੍ਰੀ ਅਰਜਨ ਪਾਸੀ।
ਬੰਦਨ ਕੀਨਿ ਕਮਲ ਸਮ ਪਾਇਨਿ। ਯਥਾ ਸ਼ਕਤਿ ਧਰਿ ਅੱਗ੍ਰ ਉਪਾਇਨ ॥੧੮॥

ਸਾਰੇ ਸੁਲਤਾਨਪੁਰੇ ਦੇ ਵਾਸੀ ਸਨ, ਉਹ ਸਾਰੇ ਗੁਰੂ ਅਰਜਨ ਦੇਵ ਜੀ ਪਾਸ ਚਲ ਕੇ ਆਏ। ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਯਥਾ-ਸ਼ਕਤੀ ਅਨੁਸਾਰ ਅੱਗੇ ਉਪਹਾਰ ਧਰੇ॥ ੧੮॥

ਹਾਥ ਜੋਰਿ ਅਰਦਾਸ ਉਚਾਰੀ। 'ਹਮ ਸਿਖ ਸਭਿ ਗੁਰ ਅਮਰ ਅਗਾਰੀ।
ਉਪਦੇਸ਼ਜੋ ਹਮ ਕੋ ਬਿਧਿ ਏਵਾ। ਧਰਮ ਕਿਰਤ ਕਰਿ ਸਿੱਖਨਿ ਸੇਵਾ ॥੧੯॥

ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਅਸੀਂ ਸਾਰੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਾਹਮਣੇ ਸਿੱਖ ਹੋਏ ਸੀ। ਉਨ੍ਹਾਂ ਨੇ ਸਾਨੂੰ ਇਸ ਵਿਧੀ ਅਨੁਸਾਰ ਉਪਦੇਸ਼ ਦਿੱਤਾ ਸੀ ਕਿ ਧਰਮ ਦੀ ਕਿਰਤ ਕਰਕੇ ਸਿੱਖਾਂ ਦੀ ਸੇਵਾ ਕਰੋ॥ ੧੯॥

ਮਿੱਠਾ ਬੋਲਣ ਅਰੁ ਮਨ ਨੀਵਾ। ਪਾਛਲ ਨਿਸ ਇਸ਼ਨਾਨ ਸਦੀਵਾ।
ਭੋਰ ਹੋਤਿ ਲਗਿ ਪਠਿ ਗੁਰਬਾਨੀ। ਬਹੁਰ ਕਿਰਤ ਕੀਜੈ ਹਿਤ ਠਾਨੀ ॥੨੦॥

ਮਿੱਠਾ ਬੋਲਣਾ ਅਤੇ ਮਨ ਨੀਵਾਂ ਰੱਖਣਾ, ਪਿਛਲੀ ਰਾਤ ਉਠ ਕੇ ਸਦਾ ਇਸ਼ਨਾਨ ਕਰਨਾ। ਸਵੇਰ ਹੁੰਦਿਆਂ ਤਕ ਗੁਰਬਾਣੀ ਦਾ ਪਾਠ ਕਰੋ, ਫਿਰ ਆਪਣੀ ਕਿਰਤ ਹਿਤ ਲਾ ਕੇ ਕਰੋ॥ ੨੦॥

ਤਿਸੀ ਪ੍ਰਕਾਰ ਕਰਤਿ ਹਮ ਰਹੇ। ਤਊ ਸ਼ਾਂਤਿ ਨਹਿਂ ਮਨ ਕੋ ਲਹੇ।
ਕ੍ਰਿਪਾ ਕਰਹੁ ਅਬਿ ਦਿਹੁ ਉਪਦੇਸ਼। ਜਿਸ ਤੇ ਮਨ ਹੁਇ ਸ਼ਾਂਤਿ ਵਿਸ਼ੇਸ਼' ॥੨੧॥

ਉਸੇ ਪ੍ਰਕਾਰ ਅਸੀਂ ਕਰਦੇ ਆ ਰਹੇ ਹਾਂ, ਫਿਰ ਵੀ ਸਾਡੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ ਨਹੀਂ ਹੈ। ਕਿਰਪਾ ਕਰਕੇ ਹੁਣ ਉਪਦੇਸ਼-ਦੇਵੋ, ਜਿਸ ਨਾਲ ਸਾਡਾ ਮਨ ਚੰਗੀ ਤਰ੍ਹਾਂ ਸ਼ਾਂਤ ਹੋ ਜਾਵੇ" ॥ ੨੧॥

ਸ੍ਰੀ ਅਰਜਨ ਸੁਨਿ ਬਾਕ ਬਖਾਨਾ। 'ਰਜ, ਤਮ ਗੁਣ ਜਿ ਤਯਾਗ ਨਹਿਂ ਨਾਨਾ।
ਰਿਦੈ ਸ਼ਾਂਤਿਕੀ ਗੁਨ ਨਹਿਂ ਧਾਰੋ। ਤੌ ਲਗਿ ਸ਼ਾਂਤਿ ਨ ਭਲੇ ਬਿਚਾਰੋ' ॥੨੨॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਬਚਨ ਕੀਤਾ, "ਰਜੋ, ਤਮੋ ਜਿਹੜੇ ਕਈ ਪ੍ਰਕਾਰ ਦੇ ਗੁਣ ਹਨ, ਜਦ ਤਕ ਇਨ੍ਹਾਂ ਨੂੰ ਨਾ ਤਿਆਗੀਦੇ, ਹਿਰਦੇ ਵਿਚ ਸਾਂਤਕੀ ਗੁਣ ਨਹੀਂ ਆਉਂਦਾ, ਇਸ ਕਰਕੇ ਤਦ ਤਕ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਇਹ ਚੰਗੀ ਤਰ੍ਹਾਂ ਵਿਚਾਰ ਲਵੋ" ॥ ੨੨॥

ਸੁਨਿ ਸਿੱਖਨਿ ਗੁਰ ਬੂਝਨ ਕਰੇ। 'ਗੁਣਨਿ ਪ੍ਰੀਖਜਾ ਹਮ ਕਿਮ ਧਰੇਂ ?'।
ਸ੍ਰੀ ਮੁਖ ਤੇ ਕਹਿਂ 'ਸੁਨਿ ਦੇ ਮਨ ਹੈ। ਹਿੰਸਾ ਕ੍ਰੋਧ ਤਾਮਸੀ ਗੁਨ ਹੈ ॥੨੩॥

ਇਹ ਸੁਣ ਕੇ ਸਿੱਖਾਂ ਨੇ ਗੁਰੂ ਜੀ ਪਾਸੋਂ ਪੁੱਛਿਆ, "ਗੁਣਾਂ ਦੀ ਪਰਖ ਅਸੀਂ ਕਿਵੇਂ ਧਾਰਨ ਕਰੀਏ ?" ਸ੍ਰੀ ਗੁਰੂ ਜੀ ਨੇ ਫੁਰਮਾਇਆ, "ਹਿੰਸਾ ਕ੍ਰੋਧ ਤਾਮਸੀ ਗੁਣ ਹੈ॥ ੨੩॥

ਕਰਨੋ ਲੋਭ ਰਿਦੈ ਅਭਿਮਾਨ। ਇਹੀ ਰਾਜਸੀ ਗੁਣਨਿ ਪਛਾਨਿ।
ਮਿੱਠਾ ਬੋਲਨਿ ਅਰ ਨਿਵ ਚਾਲੇ। ਇਹੀ ਸ਼ਾਂਤਿਕੀ ਹੋਂ ਸੁਖ ਵਾਲੇ ॥੨੪॥

ਲੋਭ ਕਰਨ ਨਾਲ ਹਿਰਦੇ ਵਿਚ ਅਭਿਮਾਨ ਪੈਦਾ ਹੁੰਦਾ ਹੈ, ਇਸ ਨੂੰ ਰਾਜਸੀ ਗੁਣ ਪਛਾਣੋ। ਮਿੱਠਾ ਬੋਲਣਾ ਅਤੇ ਨੀਵੇਂ ਹੋ ਕੇ ਚਲਣਾ, ਇਹ ਸੁਖ ਵਾਲੇ ਸ਼ਾਂਤਕੀ ਗੁਣ ਹਨ॥ ੨੪॥

ਜਿਸ ਅਹਾਰ ਤੇ ਉਤਪਤਿ ਹੋਇ। ਸ਼੍ਰਵਣ ਕਰਹੁ ਮਨ ਦੇ ਕਰਿ ਸੋਇ।
ਨਿਸ ਬਾਸੀ ਚਰਪਰਾ ਜੁ ਖਾਵੈ। ਬਹੁ ਸੁਪਤਹਿ ਪਰਿ ਨਿੰਦ ਅਲਾਵੈ ॥ ੨੫ ॥

ਜਿਸ ਭੋਜਨ ਤੋਂ ਇਹ ਉਤਪੰਨ ਹੁੰਦੇ ਹਨ, ਉਸ ਨੂੰ ਮਨ ਦੇ ਕੇ ਸ਼੍ਰਵਣ ਕਰੋ। ਰਾਤ ਦਾ ਬਹਿਆ, ਖੱਟਾ ਅਤੇ ਮਿਰਚ ਮਸਾਲੇ ਵਾਲਾ ਜਿਹੜਾ ਭੋਜਨ ਖਾਵੇ, ਉਹ ਬਹੁਤ ਸੌਂਦਾ ਹੈ ਅਤੇ ਪਰਾਈ ਨਿੰਦਿਆ ਕਰਦਾ ਹੈ॥ ੨੫ ॥

ਰਾਖਹਿ ਅਪਨੋ ਬੇਸ ਮਲੀਨ। ਬੋਲਹਿ ਕੂਰ ਸੰਗ ਬੁਧਿ ਹੀਨ।
ਇਸ ਤੇ ਤਾਮਸਿ ਗੁਣ ਉਪਜੰਤੇ। ਮਧੁਰ ਸਲਵਣ ਅਹਾਰ ਕਰੰਤੇ ॥ ੨੬ ॥

ਆਪਣੇ ਕੱਪੜੇ ਮੈਲੇ ਰੱਖਦਾ ਹੈ ਅਤੇ ਮੂਰਖਾਂ ਨਾਲ ਝੂਠ ਬੋਲਦਾ ਹੈ। ਇਸ ਤੋਂ ਤਾਮਸ ਗੁਣ ਉਪਜਦਾ ਹੈ। ਜਿਹੜੇ ਮਿੱਠਾ ਲੂਣ ਵਾਲਾ ਭੋਜਨ ਛੱਕਦੇ ਹਨ॥ ੨੬ ॥

ਇਸਤ੍ਰੀ ਰਮਣ, ਸੁਜਸ ਕੋ ਚਹੈ। ਗੁਣ ਸੁ ਰਾਜਸੀ ਇਸ ਤੇ ਲਹੈ।
ਉੱਜਲ ਬਸਤ੍ਰ ਕਰਨਿ ਇਸ਼ਨਾਨ। ਚਾਵਰ ਦਾਲ ਅਲਪ ਕਰਿ ਖਾਨ ॥ ੨੭ ॥

ਇਸਤਰੀ ਰਮਣ ਅਤੇ ਸ੍ਰੇਸ਼ਟ ਜੱਸ ਨੂੰ ਚਾਹੁੰਦੇ ਹਨ, ਰਾਜਸੀ ਗੁਣ ਇਸ ਤੋਂ ਮਿਲਦਾ ਹੈ। ਉਜਲ ਕਪੜੇ ਪਾਉਣੇ, ਰੋਜ਼ ਇਸ਼ਨਾਨ ਕਰਨਾ, ਚਾਵਲ ਦਾਲ ਥੋੜ੍ਹੀ ਮਿਕਦਾਰ ਵਿਚ ਖਾਣੇ।

ਹੋਇ ਸ਼ਾਂਤਕੀ ਗੁਣ ਇਨ ਕਰੇ। ਇਨਹੁ ਪਰੀਖਯਾ ਕੋ ਇਮ ਧਰੇ।
ਸਨਮੁਖ ਸ਼ਬਦ ਬਦਨ ਦ੍ਰਿਗ ਕਰੀਅਹਿ। ਅਰਥ ਵਾਸਤਵ ਸਮਝ ਸੁ ਧਰੀਅਹਿ ॥ ੨੮ ॥

ਇਨ੍ਹਾਂ ਕਰਕੇ ਸ਼ਾਂਤਕੀ ਗੁਣ ਪ੍ਰਾਪਤ ਹੁੰਦਾ ਹੈ, ਇਸ ਪਰਖ ਨੂੰ ਇਸ ਤਰ੍ਹਾਂ ਧਾਰਨ ਕਰੇ। ਸ਼ਬਦ ਦੇ ਸਨਮੁਖ ਆਪਣੇ ਮੁਖ ਨੂੰ ਕਰੀਏ, ਵਾਸਤਵ ਅਰਥ ਸਮਝ ਕੇ ਧਾਰਨ ਕਰੀਏ॥ ੨੮ ॥

ਮਨ ਟਿਕ ਰਹੇ ਨ ਡੋਲਹਿ ਜਾਇ। ਤੌ ਗੁਣ ਸ਼ਾਂਤਕਿ ਕੇ ਲਖਿ ਪਾਇ।
ਕਬਿ ਮਨ ਟਿਕੈ ਡੋਲ ਕਬਿ ਧਾਵੈ। ਇਹੀ ਰਾਜਸੀ ਗੁਨ ਆਧਿ ਕਾਵੈ ॥ ੨੯ ॥

ਜੇ ਮਨ ਟਿਕਿਆ ਰਹੇ ਅਤੇ ਡੋਲੇ ਨਹੀਂ, ਉਹ ਗੁਣ ਸ਼ਾਂਤਕੀ ਦਾ ਸਮਝ ਲਵੋ। ਕਦੀ ਮਨ ਟਿਕੇ ਕਦੀ ਡੋਲ ਜਾਵੇ, ਇਹ ਆਧਿ ਤਾਮਸੀ ਗੁਣ ਕਹਾਉਂਦਾ ਹੈ॥ ੨੯॥

ਜੇ ਨਹਿੰ ਠਹਿਰੈ ਸਮਝ ਨ ਆਵੈ। ਇਹੀ ਤਾਮਸੀ ਗੁਣ ਬਰਤਾਵੈ।
ਸਤਿਗੁਣ ਤੇ ਬ੍ਰਿੱਤਿ ਹੋਇ ਇਕਾਗਰ। ਪ੍ਰਾਪਤਿ ਆਤਮ ਗਜਾਨ ਉਜਾਗਰ ॥ ੩੦ ॥

ਜੇ ਮਨ ਟਿਕੇ ਨਹੀਂ ਅਤੇ ਸਮਝ ਨਾ ਆਵੇ, ਇਹ ਤਾਮਸੀ ਗੁਣ ਵਰਤਾਉਂਦਾ ਹੈ। ਸਤਿਗੁਣ ਕਰਕੇ ਬ੍ਰਿਤੀ ਇਕਾਗਰ ਹੁੰਦੀ ਹੈ ਤੇ ਪ੍ਰਗਟ ਰੂਪ ਵਿਚ ਆਤਮ-ਗਿਆਨ ਪ੍ਰਾਪਤ ਹੁੰਦਾ ਹੈ॥ ੩੦ ॥

ਧਾਰਹੁ ਸੂਰ! ਸੁਨਹੁ ਕਰਿ ਪ੍ਰੀਤਿ। ਵਹਿਰ ਬੈਰੀਅਨਿ ਲੇ ਇਕ ਜੀਤ।
ਤਿਨ ਕੋ ਜਸੁ ਢਾਢੀ ਬਹੁ ਗਾਵੈਂ। ਕੇਤਿਕ ਦਿਨ ਲੌ ਜਗ ਪ੍ਰਗਟਾਵੈ ॥ ੩੧ ॥

ਸੂਰਮਗਤੀ ਧਾਰਨ ਕਰੋ ਅਤੇ ਪ੍ਰੀਤ ਲਾ ਕੇ ਸੁਣੋ ਅਤੇ ਬਾਹਰਲੇ ਵੈਰੀਆਂ ਨੂੰ ਜਿੱਤ ਲਵੋ। ਉਨ੍ਹਾਂ ਦਾ ਜੱਸ ਢਾਡੀ ਬਹੁਤ ਗਾਉਂਦੇ ਹਨ, ਕਈ ਦਿਨ ਤਕ ਜੱਗ ਵਿਚ ਪ੍ਰਗਟ ਕਰਦੇ ਹਨ॥ ੩੧ ॥

ਇਕ ਮਨ ਰਿਪੁ ਕੋ ਜੀਤਨਿ ਕਰੈ। ਤਿਨ ਜਸੁ ਬੇਦ ਸੰਤ ਨਿਤ ਰਰੈ।
ਸੁਨਿ ਸਾਂਈ ਦਿੱਤਾ! ਸੋ ਸਾਧ। ਮਨ ਜੁਤ ਲੇਹਿਂ ਰਿਖੀਕਿਨ ਸਾਧਿ ॥ ੩੨ ॥

ਇਕ ਮਨ ਰੂਪੀ ਦੁਸ਼ਮਣ ਨੂੰ ਜਿੱਤ ਲਵੇ, ਉਸ ਦਾ ਜੱਸ ਵੇਦ ਅਤੇ ਸੰਤ ਨਿਤ ਕਰਦੇ ਹਨ। ਹੇ ਸਾਂਈਂਦਿੱਤਾ! ਸੁਣੋ, ਉਹ ਸਾਧ ਹੈ ਜਿਸ ਨੇ ਮਨ ਸਮੇਤ ਨਾੜੀਆਂ ਨੂੰ ਸਾਧ ਲਿਆ ਹੈ॥ ੩੨ ॥

ਤੁਲਸਾ ! ਸੁਨਹੁ ਭਗਤ ਸੇ ਦਾਸ। ਰਾਮ ਨਾਮ ਬਿਨ ਬਾਦਨ ਸ੍ਵਾਸ।
ਰਿਦੇ ਸ਼ਾਂਤਕੀ ਗੁਣ ਬਿਰਧਾਵੋ। ਸ਼ਾਂਤਿ ਗ੍ਯਾਨ ਦਾ ਤਬਿ ਤੁਮ ਪਾਵੋ ॥ ੩੩ ॥

ਹੇ ਤੁਲਸਾ ! ਸੁਣੋ, ਉਹ ਸੇਵਕ ਭਗਤ ਹਨ ਜਿਹੜੇ ਇਹ ਜਾਣਦੇ ਹਨ ਕਿ ਰਾਮ ਨਾਮ ਤੋਂ ਬਗੈਰ ਸਵਾਸ ਵਿਅਰਥ ਹਨ। ਆਪਣੇ ਹਿਰਦੇ ਵਿਚ ਸਾਂਤਕੀ ਗੁਣ ਵਧਾਵੋ, ਸ਼ਾਂਤੀ ਬਾਰੇ ਗਿਆਨ ਨੂੰ ਤਦ ਹੀ ਤੁਸੀਂ ਪਾਵੋਗੇ ॥ ੩੩ ॥

ਪਾਛਲਿ ਰਾਤਿ ਮੋਹ ਕੋ ਜਾਲਿ। ਸਿਖ ਜਾਗਤਿ ਹੈਂ ਨਾਮ ਸੰਭਾਲ।
ਛੁਧਿਤਿ ਨਗਨ ਕੋ ਦੇਖਹਿਂ ਨਾਂਹਿ। ਕਰਹਿਂ ਕਾਮਨਾ ਪੂਰਨ ਤਾਂਹਿ ॥ ੩੪ ॥

ਪਿਛਲੀ ਰਾਤ ਮੋਹ ਨੂੰ ਸਾੜ ਕੇ, ਸਿੱਖ ਨਾਮ ਸੰਭਾਲ ਕੇ ਜਾਗਦੇ ਹਨ। ਭੁੱਖੇ ਨੰਗੇ ਨੂੰ ਜਦ ਵੀ ਵੇਖਦੇ ਹਨ ਤਾਂ ਉਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ ॥ ੩੪ ॥

ਇਕ ਤੇ ਜੇ ਨ ਕਾਮਨਾ ਪੂਰੈ। ਸਭਿ ਮਿਲਿ ਕਰਿ ਤਿਸ ਦੈਬੋ ਕਰੈਂ।
ਸਤਿ ਸੰਗਤਿ ਮਘਵਾ ਸਮ ਹੋਇ। ਨੀਵੇ ਹੁਇ ਕਰਿ ਬਰਖਤਿ ਸੋਇ ॥ ੩੫ ॥

ਜੇ ਇਕ ਪਾਸੋਂ ਕਾਮਨਾਵਾਂ ਪੂਰੀਆਂ ਨਾ ਹੋਣ ਤਾਂ ਸਾਰੇ ਮਿਲ ਕੇ ਧਨ ਕਪੜੇ ਦੇ ਕੇ ਲੋੜਵੰਦ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਸਤਿਸੰਗਤ ਬੱਦਲ ਵਾਂਗ ਹੁੰਦੀ ਹੈ। ਜਿਹੜੇ ਨੀਵੇਂ ਹੋ ਕੇ ਵਰਸਦੇ ਹਨ ॥ ੩੫ ॥

ਦੋਇ ਸਮੇ ਧ੍ਰਮਸਾਲਾ ਜਾਵਹੁ। ਪਰਬ ਦਿਵਸ ਗੁਰ ਦੇਖਨਿ ਆਵਹੁ।
ਦੀਪਮਾਲ ਬੈਸਾਖੀ ਜਾਨਿ। ਆਨਿ ਸੁਧਾਸਰ ਕਰਹੁ ਸ਼ਨਾਨਾ ॥ ੩੬ ॥

ਦੋਵੇਂ ਸਮੇਂ ਧਰਮਸ਼ਾਲਾ ਜਾਵੋ, ਤਿਉਹਾਰ ਵਾਲੇ ਦਿਨ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਵੋ। ਦੀਵਾਲੀ ਅਤੇ ਵੈਸਾਖੀ ਜਾਣ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰੋ" ॥ ੩੬ ॥

ਪੁਰਿ ਸੁਲਤਾਨ ਮੇਲਿ ਸਿਖ ਭਾਰਾ। ਕਰਜੋ ਗੁਰੂ ਨੇ ਭਗਤਿ ਭੰਡਾਰਾ।
ਦੀਪਾ ਹੁਤੋ ਕਾਸਰਾ ਰੂਰ। ਸ਼੍ਰੀ ਅਰਜਨ ਕੇ ਰਹਤਿ ਹਜੂਰ ॥ ੩੭ ॥

ਸੁਲਤਾਨਪੁਰ ਦੇ ਮਿਲ ਕੇ ਜਿਹੜੇ ਵੱਡੀ ਗਿਣਤੀ ਵਿਚ ਸਿੱਖ ਆਏ ਹੋਏ ਸਨ, ਉਨ੍ਹਾਂ ਵਾਸਤੇ ਗੁਰੂ ਜੀ ਨੇ ਭਗਤੀ ਦਾ ਭੰਡਾਰਾ ਲਾ ਦਿੱਤਾ। ਇਕ ਦੀਪਾ ਕਾਸਰਾ ਨਾਮੀਂ ਸਿੱਖ ਸੀ, ਉਹ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਰਹਿੰਦਾ ਸੀ ॥ ੩੭ ॥

ਸੇਵਾ ਕਰਹਿ ਸਰਬ ਪਰਕਾਰ। ਜੋ ਸਿੱਖ ਆਇ ਗੁਰੂ ਦਰਬਾਰ।
ਉੱਤਮ ਭੋਜਨ ਕਰਿ ਅਚਵਾਵੈ। ਤਿਨ ਕੀ ਜੂਠਿ ਆਪ ਲੇ ਖਾਵੈ ॥ ੩੮ ॥

ਉਹ ਸਰਬ ਪ੍ਰਕਾਰ ਦੀ ਸੇਵਾ ਕਰਦਾ ਸੀ, ਜਿਹੜਾ ਵੀ ਸਿੱਖ ਗੁਰੂ ਦਰਬਾਰ ਆਉਂਦਾ ਸੀ, ਉੱਤਮ ਭੋਜਨ ਤਿਆਰ ਕਰਕੇ ਛਕਾਉਂਦਾ ਸੀ ਤੇ ਉਨ੍ਹਾਂ ਦੀ ਜੂਠ ਆਪ ਲੈ ਕੇ ਖਾਂਦਾ ਸੀ ॥ ੩੮ ॥

ਸਿੱਖਨਿ ਕੇ ਪਗ ਧੋਵਨਿ ਕਰੈ। ਥਕਤਿ ਹੋਇ ਤਿਸ ਚਾਪੀ ਭਰੈ।
ਨਗਨ ਦੇਖਿ ਕਰਿ ਬਸਤ੍ਰ ਉਢਾਵੈ। ਚਰਚਾ ਗੁਰੂ ਸ਼ਬਦ ਨਿਤ ਭਾਵੈ ॥ ੩੯ ॥

ਸਿੱਖਾਂ ਦੇ ਪੈਰ ਧੋਂਦਾ ਸੀ, ਜਿਹੜਾ ਸਿੱਖ ਥੱਕਿਆ ਹੁੰਦਾ ਸੀ, ਉਸ ਦੀ ਮੁੱਠੀ ਚਾਪੀ ਕਰਦਾ ਸੀ, ਨੰਗਾ ਵੇਖ ਕੇ ਕਪੜੇ ਪਵਾਉਂਦਾ ਸੀ। ਗੁਰੂ ਜੀ ਦੇ ਸ਼ਬਦ ਦੀ ਚਰਚਾ ਉਸ ਨੂੰ ਬਹੁਤ ਚੰਗੀ ਲੱਗਦੀ ਸੀ ॥ ੩੯ ॥

ਸ਼੍ਰੀ ਅਰਜਨ ਪ੍ਰਸੰਨ ਹ੍ਵੈ ਕਹਯੋ। 'ਦੀਪ ਪ੍ਰਕਾਸ਼ ਦੀਪ ਤੇ ਲਹਯੋ।
ਅੰਧਕਾਰ ਕੋ ਹੋਤਿ ਬਿਨਾਸ਼। ਤਿਮ ਦੀਪੇ ਕੋ ਗ੍ਯਾਨ ਪ੍ਰਕਾਸ਼ ॥ ੪੦ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਕਿਹਾ, "ਦੀਵੇ ਤੋਂ ਦੀਵਾ ਪ੍ਰਕਾਸ਼ ਲੈਂਦਾ ਹੈ, ਹਨੇਰੇ ਦਾ ਨਾਸ਼ ਹੁੰਦਾ ਹੈ, ਉਸ ਤਰਾਂ ਹੀ ਦੀਪੇ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ ॥ ੪੦ ॥

ਹਮਨੇ ਇਹ ਦੀਪਕ ਸਮ ਕਰਯੋ। ਜੋ ਇਸ ਮਿਲੈ ਸੁ ਨਿਸਚੈ ਤਰਯੋ'।
ਇਸ ਪ੍ਰਕਾਰ ਜਿਨ ਸੇਵ ਕਮਾਈ। ਸੋ ਨਿਸਤਰੇ ਗੁਰੂ ਸ਼ਰਨਾਈ॥ ੪੧॥

ਅਸੀਂ ਇਸ ਨੂੰ ਦੀਪਕ ਦੇ ਬਰਾਬਰ ਕਰ ਦਿੱਤਾ ਹੈ, ਜਿਹੜਾ ਇਸ ਨੂੰ ਮਿਲੇਗਾ ਉਹ ਨਿਸ਼ਚਿਤ ਰੂਪ ਵਿਚ ਤਰ ਜਾਵੇਗਾ।" ਇਸ ਤਰ੍ਹਾਂ ਜਿਨ੍ਹਾਂ ਵੀ ਸੇਵਾ ਦੀ ਕਮਾਈ ਕੀਤੀ, ਉਹ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਤਰ ਗਏ॥ ੪੧॥

*ਤੀਸਰੀ ਰਾਸ ਦਾ ਅਠਵੰਜਵਾਂ ਅਧਿਆਇ ਸਮਾਪਤ ਹੋਇਆ॥ ੫੮॥*

## ਅਧਿਆਇ ਉਨਾਹਠਵਾਂ

### ਕਪੂਰ ਦੇਉ ਆਦਿ ਸਿੱਖ

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਕਰਤਿ ਸੁਧਾਸਰ ਬਾਸ।
ਸੰਗਤਿ ਆਵੈ ਦਰਸ ਕੋ ਸ੍ਰੀ ਗੁਰ ਅਰਜਨ ਪਾਸ॥ ੧॥

ਇਸ ਪ੍ਰਕਾਰ ਸ੍ਰੀ ਸਤਿਗੁਰੂ ਜੀ ਅੰਮ੍ਰਿਤਸਰ ਵਿਚ ਰਹਿੰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਸੰਗਤ ਦਰਸ਼ਨ ਕਰਨ ਵਾਸਤੇ ਆਉਂਦੀ ਸੀ॥ ੧॥

ਚੌਪਈ- ਏਕ ਕਪੂਰ ਦੇਉ ਸਿਖ ਭਾਰੀ। ਸੁਤ ਬਨਿਤਾ ਜੁਤ ਸਿੱਖੀ ਧਾਰੀ।
ਸੇਵਾ ਕਰਿ ਪ੍ਰਸੰਨ ਸਿਖ ਕਰੈ। ਬਡੋ ਪ੍ਰੇਮ ਮਿਲਿਬੋ ਜਬਿ ਧਰੈ॥ ੨॥

ਇਕ ਕਪੂਰ ਦੇਵ ਨਾਮੀ ਭਾਰੀ ਸਿੱਖ ਸੀ, ਪੁੱਤਰ ਪਤਨੀ ਸਹਿਤ ਉਸ ਨੇ ਸਿੱਖੀ ਧਾਰਨ ਕੀਤੀ। ਸੇਵਾ ਕਰਕੇ ਸਿੱਖਾਂ ਨੂੰ ਪ੍ਰਸੰਨ ਕਰਦਾ ਸੀ ਅਤੇ ਬੜੇ ਪ੍ਰੇਮ ਨਾਲ ਮਿਲਦਾ ਸੀ॥ ੨॥

ਇਕ ਦਿਨ ਸ੍ਰੀ ਅਰਜਨ ਕੋ ਪੂਛਾ। 'ਸਿਖ ਪਜਾਰੋ ਤੁਮਰੋ ਉਰ ਸੂਛਾ।
ਤਿਨ ਕੋ ਦਰਸ਼ਨ ਮੋਹਿ ਕਰਾਵਹੁ। ਇਸ ਥਲ ਅਹੇ ਕਿ ਅਪਰ ਬਤਾਵਹੁ' ॥੩॥

ਇਕ ਦਿਨ ਉਸ ਗੁਰੂ ਅਰਜਨ ਦੇਵ ਜੀ ਨੂੰ ਪੁਛਿਆ, "ਤੁਹਾਡੇ ਨਿਰਮਲ ਹਿਰਦੇ ਵਿਚ ਕਿਹੜਾ ਸਭ ਤੋਂ ਪਿਆਰਾ ਸਿੱਖ ਹੈ, ਉਸ ਦੇ ਮੈਨੂੰ ਦਰਸ਼ਨ ਕਰਾਵੋ, ਉਹ ਏਥੇ ਰਹਿੰਦਾ ਹੈ, ਜਾਂ ਕਿਤੇ ਹੋਰ ਥਾਂ ਵੱਸਦਾ ਹੈ"॥ ੩॥

ਸ੍ਰੀ ਮੁਖ ਤੇ ਫੁਰਮਾਵਨਿ ਕਿਯ ਤਿਹ। 'ਸੰਮਨ ਹੈ ਸ਼ਹਿਬਾਜ ਪੁਰੇ ਮਹਿਂ'।
ਸੁਨਤਿ ਕਪੂਰ ਦੇਵ ਤਹਿਂ ਗਯੋ। ਸੰਮਣ ਸੰਗ ਮੇਲ ਤਿਨ ਕਿਯੋ॥ ੪॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਉਸ ਦਾ ਨਾਂ ਸੰਮਣ ਹੈ ਅਤੇ ਉਹ ਸ਼ਹਿਬਾਜਪੁਰ ਵਿਚ ਰਹਿੰਦਾ ਹੈ।" ਇਹ ਸੁਣ ਕੇ ਕਪੂਰ ਦੇਵ ਓਥੇ ਗਿਆ ਤੇ ਜਾ ਕੇ ਸੰਮਣ ਨੂੰ ਮਿਲਿਆ॥ ੪॥

ਸੇਵਾ ਕਰਿ ਨਿਜ ਸਦਨ ਉਤਾਰਾ। ਆਪ ਕਰਨਿ ਲਾਗਜੋ ਅਸ ਕਾਰਾ।
ਈਂਧਨ ਅਧਿਕ ਮੋਲ ਕੋ ਆਨਾ। ਸਫ ਸ਼ਤਰੰਜੀ ਤਜਾਰ ਸੁ ਠਾਨਾ॥ ੫॥

ਸੰਮਣ ਨੇ ਸੇਵਾ ਕਰਕੇ ਆਪਣੇ ਘਰ ਵਿਚ ਨਿਵਾਸ ਕਰਵਾ ਦਿੱਤਾ ਅਤੇ ਆਪ ਇਸ ਤਰ੍ਹਾਂ ਕਾਰ ਕਰਨ ਲੱਗਾ। ਬਹੁਤ ਧਨ ਖਰਚ ਕੇ ਬਾਲਣ ਲਿਆਂਦਾ, ਤੇ ਸ਼ਤਰੰਜੀ ਵਿਛਾਈ ਤਿਆਰ ਕਰਨ ਲੱਗਾ॥ ੫॥

Sri Satguru Jagjit Singh Ji eLlibrary NamdhariElibrary@gmail.com

ਅਪਰ ਸਮਿੱਗ੍ਰੀ ਬਸਤਰ ਆਦਿ। ਲਜਾਵੰਤਿ ਭਯੋ ਸੁ ਮਨ ਅਹਿਲਾਦ।
ਕਰਿ ਕਰਿ ਤਯਾਰ ਸਦਨ ਮਹਿਂ ਧਰੈ। ਵਾਹਿਗੁਰੂ ਮੁਖ ਨਾਮ ਉਚਰੈ॥ ੬॥

ਹੋਰ ਸਮੱਗਰੀ ਬਸਤਰ ਆਦਿ ਬੜੇ ਖੁਲ੍ਹੇ ਦਿਲ ਨਾਲ ਲਿਆਉਣ ਲੱਗਾ। ਤਿਆਰ ਕਰ ਕਰ ਕੇ ਘਰ ਵਿਚ ਰੱਖੀ ਜਾਂਦਾ ਸੀ ਅਤੇ ਵਾਹਿਗੁਰੂ ਦੇ ਨਾਮ ਦਾ ਉਚਾਰਨ ਕਰੀ ਜਾਂਦਾ ਸੀ॥ ੬॥

ਕਪੂਰ ਦੇਉ ਸਭਿ ਪੇਖਤਿ ਰਹਯੋ। ਜਿਹ ਪਰਕਾਰ ਕਰਤਿ ਵਹੁ ਲਹਜੋ।
ਜਬਿ ਕਰਿ ਕਾਰ ਅਯੋ ਢਿਗ ਸੋਇ। ਕਪੂਰ ਦੇਵ ਪਿਖਿ ਬਿਸਮੈਂ ਹੋਇ॥ ੭॥

ਕਪੂਰ ਦੇਵ ਸਭ ਕੁਝ ਵੇਖਦਾ ਰਿਹਾ, ਜਿਸ ਤਰ੍ਹਾਂ ਉਹ ਕੰਮ ਕਰ ਰਿਹਾ ਸੀ। ਜਦ ਕੰਮ ਖਤਮ ਕਰਕੇ ਉਹ ਪਾਸ ਆਇਆ ਤਾਂ ਕਪੂਰ ਦੇਵ ਵੇਖ ਕੇ ਬੜਾ ਹੈਰਾਨ ਹੋਇਆ॥ ੭॥

ਬੈਠਿ ਨਿਕਟ ਤਿਨ ਪੂਛੀ ਫੇਰ। 'ਧੰਨ ਭਾਗ ਤੁਮ ਦਰਸ਼ਨ ਹੇਰਿ।
ਦਯਾ ਕਰੀ ਦਰਸ਼ਨ ਦਿਯ ਆਨੋ। ਕੌਨ ਕਾਜ ਮੁਖ ਕਰੋ ਬਖਾਨੋ'॥ ੮॥

ਨੇੜੇ ਬੈਠ ਕੇ ਉਸ ਨੇ ਫਿਰ ਪੁੱਛਿਆ, "ਮੇਰੇ ਧੰਨ ਭਾਗ ਹਨ, ਤੁਹਾਡੇ ਦਰਸ਼ਨ ਕੀਤੇ ਹਨ, ਤੁਸੀਂ ਬੜੀ ਦਇਆ ਕੀਤੀ ਹੈ ਆ ਕੇ ਦਰਸ਼ਨ ਦਿੱਤੇ ਹਨ, ਤੁਹਾਨੂੰ ਕੀ ਕੰਮ ਹੈ, ਮੁਖ ਤੋਂ ਫੁਰਮਾਓ"॥ ੮॥

ਕਹਜੋ ਕਪੂਰ ਦੇਉ 'ਕਯਾ ਕਰੈਂ ?। ਮੁਹਿ ਗੁਰ ਪਠਜੋ, ਨ ਢਿਗ ਕੁਛ ਥਿਰੈਂ'।
ਕਹਤਿ ਭਯੋ 'ਇਹ ਕਾਜ ਜਰੂਰ। ਰਹੌਂ ਨਿਸਾ ਸਭਿ ਤੋਰ ਹਦੂਰ'॥ ੯॥

ਕਪੂਰ ਦੇਵ ਨੇ ਕਿਹਾ, "ਕੀ ਕਰੀਏ, ਮੈਨੂੰ ਗੁਰੂ ਜੀ ਨੇ ਭੇਜਿਆ ਹੈ ਤੇ ਆਪ ਮੇਰੇ ਪਾਸ ਥੋੜਾ ਚਿਰ ਵੀ ਬੈਠਦੇ ਨਹੀਂ।" ਸੰਮਣ ਕਹਿਣ ਲੱਗਾ, "ਇਹ ਕੰਮ ਬੜਾ ਜ਼ਰੂਰੀ ਹੈ, ਸਾਰੀ ਰਾਤ ਤੁਹਾਡੇ ਪਾਸ ਰਹਾਂਗਾ"॥ ੯॥

ਸਭਿ ਦਿਨ ਮਹਿਂ ਧੰਧਾ ਕਰਿ ਲੀਨਿ। ਨਿਸ ਮਹਿਂ ਸੁਤ ਪਿਤ ਕਿਰਤਨ ਕੀਨ।
ਕਰਜੋ ਪ੍ਰਸੰਨ ਰਹੇ ਤਿਸ ਪਾਸ। ਭਈ ਪ੍ਰਾਤ ਜਬਿ ਉਦਜੋ ਪ੍ਰਕਾਸ਼॥ ੧੦॥

ਸਾਰੇ ਦਿਨ ਵਿਚ ਕੰਮ ਕਰ ਲਿਆ, ਰਾਤ ਸਮੇਂ ਪਿਉ-ਪੁੱਤਰ ਨੇ ਕੀਰਤਨ ਕੀਤਾ, ਉਸ ਨੂੰ ਪ੍ਰਸੰਨ ਕੀਤਾ ਅਤੇ ਉਸ ਦੇ ਪਾਸ ਹੀ ਰਹੇ, ਜਦ ਸਵੇਰ ਹੋਈ ਅਤੇ ਸੂਰਜ ਦਾ ਪ੍ਰਕਾਸ਼ ਉਦੇ ਹੋਇਆ॥ ੧੦॥

ਤਹਾਂ ਧਾਰਵੀ ਲੀਨਿਸਿ ਮਾਲ। ਪੀਛੇ ਪਰੀ ਗੁਹਾਰ ਬਿਸਾਲ।
ਬਿਚ ਸੰਮਣ ਕੋ ਸੁਤ ਚਲਿ ਗਯੋ। ਗੋਰੀ ਲਗੀ ਮ੍ਰਿਤਕ ਸੋ ਭਯੋ॥ ੧੧॥

ਉੱਥੇ ਧਾੜਵੀ ਮਾਲ ਲੈ ਕੇ ਆ ਰਹੇ ਸਨ, ਜਿਨ੍ਹਾਂ ਦੇ ਪਿੱਛੇ ਵੱਡੀ ਵਹੀਰ ਲੱਗੀ ਹੋਈ ਸੀ। ਉਨ੍ਹਾਂ ਵਿਚ ਸੰਮਣ ਦਾ ਪੁੱਤਰ ਚਲ ਕੇ ਗਿਆ, ਗੋਲੀ ਲੱਗੀ ਤੇ ਮਰ ਗਿਆ॥ ੧੧॥

ਕਰਿ ਰਾਖਜੋ ਬਹੁ ਕਾਸ਼ਟ ਤਯਾਰੀ। ਸੋ ਲੇ ਕਰਿ ਸੁਤ ਚਿਖਾ ਸੁਵਾਰੀ।
ਤਿਹ ਉਚਵਾਇ ਜਬਹਿ ਲੇ ਚਾਲੇ। ਸੰਮਣ ਕਿਰਤਨ ਕਰਤਿ ਬਿਸਾਲੇ॥ ੧੨॥

ਉਸ ਨੇ ਬਹੁਤ ਲੱਕੜਾਂ ਤਿਆਰ ਕਰਕੇ ਰੱਖੀਆਂ ਸਨ, ਉਹ ਲੱਕੜਾਂ ਲੈ ਕੇ ਪੁੱਤਰ ਦੀ ਚਿੱਖਾ ਤਿਆਰ ਕੀਤੀ, ਉਸ ਨੂੰ ਚੁਕਾ ਕੇ ਜਦ ਲੈ ਚਲੇ, ਸੰਮਣ ਵਿਸ਼ਾਲ ਕੀਰਤਨ ਕਰਨ ਲੱਗਾ॥ ੧੨॥

ਸੁਤ ਮ੍ਰਿਤੁ ਕੇ ਆਗੇ ਚਲਿ ਗਯੋ। ਕਾਸ਼ਟ ਸੰਗ ਦਾਹ ਕਰਿ ਦਯੋ।
ਨਰ ਬਤਰਾਵਨਿ ਕੋ ਜਬਿ ਆਏ। ਸਫ ਸਤਰੰਜੀ ਦੀਨਿ ਡਸਾਏ॥ ੧੩॥

ਮਰੇ ਹੋਏ ਪੁੱਤਰ ਦੇ ਅੱਗੇ ਚਲ ਕੇ ਗਿਆ ਤੇ ਲੱਕੜਾਂ ਨਾਲ ਦਾਹ ਸੰਸਕਾਰ ਕਰ ਦਿੱਤਾ। ਜਦ ਮਨੁੱਖ ਅਫਸੋਸ ਕਰਨ ਆਏ ਤਾਂ ਸ਼ਤਰੰਜੀ ਚਿਟਾਈ ਉਥੇ ਵਿਛਾ ਦਿੱਤੀ॥ ੧੩॥

ਪਿਖਤਿ ਕਪੂਰ ਦੇਉ ਬਿਸਮਾਯੋ। ਕਹਯੋ 'ਜਿ ਤੈਂ ਪੂਰਬ ਲਖਿ ਪਾਯੋ।
ਗੁਰ ਤੇ ਜਾਚਿ ਲੇਤਿ ਸੁਤ ਬੈਸ। ਜੀਵਤਿ ਰਹਤਿ ਸੁ ਬਰ ਤੇ ਜੈਸ' ॥ ੧੪ ॥

ਇਹ ਵੇਖ ਕੇ ਕਪੂਰ ਦੇਵ ਬਹੁਤ ਹੈਰਾਨ ਹੋਇਆ ਅਤੇ ਕਿਹਾ, "ਜੇ ਤੈਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਤਾਂ ਗੁਰੂ ਜੀ ਪਾਸੋਂ ਪੁੱਤਰ ਦੀ ਉਮਰ ਮੰਗ ਲੈਂਦਾ। ਗੁਰੂ ਜੀ ਦੇ ਵਰ ਨਾਲ ਉਹ ਜੀਊਂਦਾ ਰਹਿੰਦਾ" ॥ ੧੪ ॥

ਸੰਮਨ ਕਹਯੋ 'ਸਰੀਰ ਅਨਿੱਤ। ਇਨ ਬਿਨਸਨਿ ਅਚਰਜ ਨਹਿਂ, ਮਿੱਤ!।
ਤਨ ਬਿਨਸੇ ਜੋ ਸ਼ੋਕ ਕਰੰਤੇ। ਤਿਨ ਸਮ ਮੂਰਖ ਅਪਰ ਨ ਜੰਤੇ ॥ ੧੫ ॥

ਸੰਮਨ ਨੇ ਕਿਹਾ, "ਇਹ ਸਰੀਰ ਸਦਾ ਨਹੀਂ ਰਹਿਣੇ, ਹੇ ਮਿੱਤਰ! ਮਰ ਜਾਣਾ ਕੋਈ ਅਸਚਰਜ ਵਾਲੀ ਗੱਲ ਨਹੀਂ। ਜਿਹੜੇ ਸਰੀਰ ਦੇ ਨਾਸ਼ ਹੋ ਜਾਣ ਤੇ ਦੁੱਖ ਮਨਾਉਂਦੇ ਹਨ, ਉਨ੍ਹਾਂ ਵਰਗਾ ਕੋਈ ਮੂਰਖ ਨਹੀਂ॥ ੧੫ ॥

ਗੁਰ ਤੇ ਮੰਗੀਅਹਿ ਨਾਮ ਸਹਾਇ। ਜੋ ਪ੍ਰਲੋਕ ਮਹਿਂ ਸੰਗ ਸਿਧਾਇ।
ਪਿਤ ਸੁਤ ਚਾਰ ਦਿਵਸ ਕੀ ਖੇਲ। ਤਨ ਤਤ ਪੰਚ 'ਬਿਰੋਧੀ ਮੇਲ ॥ ੧੬ ॥

ਗੁਰੂ ਜੀ ਤੋਂ ਮੰਗੀਦੇ ਕਿ ਨਾਮ ਸਾਡੀ ਸਹਾਇਤਾ ਕਰੇ, ਜਿਹੜੇ ਪਰਲੋਕ ਵਿਚ ਸਾਡੇ ਨਾਲ ਜਾਵੇਗਾ। ਪਿਤਾ ਪੁੱਤਰ ਚਾਰ ਦਿਨਾਂ ਦੀ ਖੇਡ ਹੈ, ਪੰਜ ਵਿਰੋਧੀ ਤੱਤਾਂ ਦਾ ਮੇਲ ਹੀ ਸਰੀਰ ਹੈ॥ ੧੬ ॥

ਨਿਜ ਫਲ ਭੋਗੇ ਤੇ ਹੁਇਂ ਭਿੰਨ। ਕੋਈ ਮਰਹਿ ਨਹੀਂ ਕੋ ਜੰਨ।
ਅਪਨ ਸਰੂਪ ਬਿਸਾਰਿ ਲਹੇ ਦੁਖ। ਗੁਰ ਕੇ ਬਾਕ ਬਿਚਾਰਨਿ ਤੇ ਸੁਖ ॥ ੧੭ ॥

ਆਪਣਾ ਨਿਜੀ ਫਲ ਭੋਗ ਕੇ ਵੱਖ ਹੋ ਜਾਂਦੇ ਹਨ, ਨਾ ਕੋਈ ਮਰਦਾ ਹੈ ਅਤੇ ਨਾ ਹੀ ਕੋਈ ਜੰਮਦਾ ਹੈ। ਆਪਣਾ ਸਰੂਪ ਵਿਸਾਰ ਕੇ ਦੁੱਖ ਪਾਉਂਦਾ ਹੈ ਅਤੇ ਗੁਰੂ ਜੀ ਦੇ ਬਚਨ ਵਿਚਾਰ ਕੇ ਸੁਖ ਪਾਉਂਦਾ ਹੈ॥ ੧੭ ॥

'ਨਹਿ ਕਿਛੁ ਜਨਮੈ ਨਹਿਂ ਕਿਛੁ ਮਰੈ। ਆਪਨਿ ਚਲਿਤ ਆਪ ਹੀ ਕਰੈ' ॥
ਇਹੁ ਗੁਰਬਾਕ ਬਿਚਾਰਹੁ ਤਾਸ। ਘਟ ਮਟਤੇ ਨ ਬਿਕਾਰ ਅਕਾਸ਼ ॥ ੧੮ ॥

ਨਾ ਕੁਝ ਜੰਮਦਾ ਅਤੇ ਨਾ ਕੁਝ ਮਰਦਾ ਹੈ, ਆਪਣਾ ਚਲਿਤ ਆਪ ਹੀ ਕਰਦਾ ਹੈ। ਇਸ ਸਬੰਧੀ ਇਹ ਗੁਰਵਾਕ ਵਿਚਾਰੋ, ਘਟ ਤੇ ਮਟ ਉਪਾਧੀ ਕਰਕੇ ਆਕਾਸ਼ ਵਿਕਾਰੀ ਨਹੀਂ ਹੁੰਦਾ॥ ੧੮ ॥

ਤਿਮ ਤਨ ਜਨਮੈ ਮਰਨ ਮਝਾਰੋ। ਆਤਮ ਰਹੈ ਦੁਹਨਿ ਤੇ ਨਜਾਰੋ'।
ਸੁਨਤਿ ਕਪੂਰ ਦੇਉ ਕਰਿ ਬੰਦਨ। 'ਧੰਨ ਗੁਰੂ ਸਿਖ ਮੋਹ ਨਿਕੰਦਨ' ॥ ੧੯ ॥

ਇਸ ਤਰ੍ਹਾਂ ਤਨ ਜੰਮਦਾ ਹੈ ਮਰਨ ਲਈ ਤੇ ਆਤਮਾ ਦੋਹਾਂ ਨਾਲੋਂ ਨਿਆਰੀ ਰਹਿੰਦੀ ਹੈ। ਇਹ ਸੁਣ ਕੇ ਕਪੂਰ ਦੇਵ ਨੇ ਬੰਦਨਾ ਕੀਤੀ, "ਧੰਨ ਗੁਰੂ ਜੀ ਦਾ ਸਿੱਖ ਹੈ ਜਿਸ ਮੋਹ ਦਾ ਨਾਸ਼ ਕੀਤਾ ਹੈ" ॥ ੧੯ ॥

ਗੋਇੰਦ, ਗੋਲਾ, ਮੋਹਨ ਤੀਨ। ਕੁੱਕ ਜਾਤ ਕੇ ਤਿਨ ਕੋ ਚੀਨ।
ਸ੍ਰੀ ਅਰਜਨ ਕੇ ਢਿਗ ਚਲਿ ਆਏ। ਕਰਿ ਬੰਦਨ ਕੋ ਅਰਜ਼ ਅਲਾਏ ॥ ੨੦ ॥

ਗੋਇੰਦ, ਗੋਲਾ, ਮੋਹਨ ਤਿੰਨੇ ਕੁੱਕ ਜਾਤ ਨਾਲ ਸੰਬੰਧਤ ਸਨ। ਇਹ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਆਏ ਅਤੇ ਬੰਦਨਾ ਕਰਕੇ ਬੇਨਤੀ ਕੀਤੀ॥ ੨੦ ॥

'ਜਿਸ ਬਿਧਿ ਹੋਇ ਉਧਾਰ ਹਮਾਰੋ। ਸੋ ਰਾਵਰਿ ਉਪਦੇਸ਼ ਉਚਾਰੋ'।
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਰਾਮ ਨਾਮ ਨਿਤ ਜਪਹੁ ਪ੍ਰਬੀਨ ॥ ੨੧ ॥

"ਜਿਸ ਵਿਧੀ ਨਾਲ ਸਾਡਾ ਉਧਾਰ ਹੋਵੇ, ਐਸਾ ਆਪ ਜੀ ਉਪਦੇਸ਼ ਸੁਣਾਵੋ।" ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਸਦਾ ਨਿਪੁੰਨ ਰਾਮ ਨਾਮ ਜਪੋ॥ ੨੧ ॥

ਰਾਖਹੁ ਮਰਣ ਯਾਦ ਨਿਸ ਦਿਨ ਮੈਂ। ਪਾਪ ਨ ਹੋਇ ਲਖਹੁ ਗੁਨਿ ਮਨ ਮੈਂ।
ਅਘ ਕਰਿਬੇ ਤੇ ਜਬਿ ਹਟਿ ਗਏ। ਪਿਛਲੇ ਰਾਮ ਨਾਮ ਤੇ ਛਏ॥ ੨੨॥

ਸਾਰਾ ਦਿਨ ਮਰਨਾ ਯਾਦ ਰੱਖੋ, ਅਤੇ ਮਨ ਵਿਚ ਸਮਝੋ ਕਿ ਕਿਸੇ ਕੰਮ ਕਰਦਿਆਂ ਪਾਪ ਨਾ ਹੋਵੇ। ਜਦ ਪਾਪ ਕਰਨ ਤੋਂ ਹੱਟ ਜਾਵੋਗੇ ਤਾਂ ਪਿਛਲੇ ਪਾਪ ਰਾਮ ਨਾਮ ਨਾਲ ਨਾਸ਼ ਹੋ ਜਾਣਗੇ॥ ੨੨॥

ਹੋਇ ਪੁਨੀਤ ਮਹਾਂ ਸੁਖ ਪਾਵੈ। ਨਿਰਮਲ ਅੰਤਹਿਕਰਣ ਬਨਾਵੈ।
ਬਹੁਰ ਗਜਾਨ ਕੀ ਉਤਪਤਿ ਹੋਇ। ਜਨਮ ਮਰਨ ਕੋ ਦੁਖ ਸਭਿ ਖੋਇ॥੨੩॥

ਪਵਿੱਤਰ ਹੋ ਕੇ ਮਹਾਂ ਸੁਖ ਪਾਵੇ ਅਤੇ ਅੰਤਹਿਕਰਣ ਨੂੰ ਨਿਰਮਲ ਬਣਾਵੇ। ਫਿਰ ਗਿਆਨ ਦੀ ਉਤਪਤੀ ਹੋਵੇਗੀ। ਜਨਮ ਮਰਨ ਦੇ ਸਾਰੇ ਦੁੱਖ ਦੂਰ ਹੋ ਜਾਣਗੇ'॥ ੨੩॥

ਸ੍ਰੀ ਮੁਖ ਤੇ ਸੁਨਿ ਸ਼ੁਭ ਉਪਦੇਸ਼। ਲਾਗੇ ਸਿਮਰਨਿ ਕਰਨਿ ਹਮੇਸ਼।
ਨਿਕਟ ਗੁਰੂ ਕੇ ਸੇਵਤਿ ਰਹੇ। ਅੰਤ ਪਰਮਪਦ ਤੀਨਹੁ ਲਹੇ॥ ੨੪॥

ਗੁਰੂ ਜੀ ਦੇ ਮੁੱਖ ਤੋਂ ਸ਼ੁਭ ਉਪਦੇਸ਼ ਸੁਣ ਕੇ, ਸਦਾ ਨਾਮ ਦਾ ਸਿਮਰਨ ਕਰਨ ਲੱਗੇ। ਗੁਰੂ ਜੀ ਪਾਸ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੇ ਰਹੇ, ਅੰਤ ਉਨ੍ਹਾਂ ਨੇ ਪਰਮ ਪਦਵੀ ਪਾਈ॥ ੨੪॥

*ਤੀਸਰੀ ਰਾਸ ਦਾ ਉਨਾਹਠਵਾਂ ਅਧਿਆਇ ਸਮਾਪਤ ਹੋਇਆ॥ ੫੯॥*

## *ਅਧਿਆਇ ਸੱਠਵਾਂ*

*ਭਾਈ ਮੋਹਣ ਆਦਿ ਸਿੱਖ*

ਦੋਹਰਾ- ਗੰਜ ਬਸੈ ਲਵਪੁਰੀ ਕੇ ਮੋਹਣ ਆਲਮ ਚੰਦ।
ਜੋਧਾ ਜੱਲਹੁ ਤੁਲਸਪੁਰਿ ਚਾਰਹੁਂ ਬਡੇ ਮਸੰਦ॥ ੧॥

ਲਾਹੌਰ ਸ਼ਹਿਰ ਦੇ ਗੰਜਪੁਰ ਬਾਜ਼ਾਰ ਦੇ ਭਾਈ ਮੋਹਣ ਭਾਈ ਆਲਮ ਚੰਦ, ਭਾਈ ਜੋਧਾ ਅਤੇ ਭਾਈ ਜੱਲੋ ਤੁਲਸਪੁਰੀ ਚਾਰੇ ਵੱਡੇ ਮਸੰਦ ਸਨ॥ ੧॥

ਚੌਪਈ- ਸ੍ਰੀ ਅਰਜਨ ਕੀ ਸੇਵਾ ਕਰਿਹੀਂ। ਆਨਹਿਂ ਧਨ ਸਿੱਖਨ ਮਹਿਂ ਫਿਰਿਹੀਂ।
ਗੁਰੁ ਬਿਰਾਟਕਾ ਖਾਹਿਂ ਨ ਆਪਿ। ਜਾਨਹਿਂ ਇਹ ਬਿਸਾਲ ਹੈ ਪਾਪ॥੨॥

ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਸਨ, ਸਿੱਖਾਂ ਵਿਚ ਫਿਰ ਕੇ ਧਨ ਲਿਆਉਂਦੇ ਸਨ। ਗੁਰੂ-ਦੇ ਧਨ ਵਿਚੋਂ ਇਕ ਕੌਡੀ ਵੀ ਆਪ ਨਹੀਂ ਖਾਂਦੇ ਸਨ, ਇਹ ਜਾਣਦੇ ਸਨ ਕਿ ਇਹ ਵੱਡਾ ਪਾਪ ਹੈ॥ ੨॥

ਮਿਲਹਿ ਅਹਾਰ ਬਿਖੈ ਜਿਮ ਮਾਖੀ। ਬਮਨ ਕਰਾਵਹਿ ਰਹਹਿ ਨ ਰਾਖੀ।
ਤਜੋਂ ਗੁਰ ਕੇ ਧਨ ਕਰੇ ਦੁਰਾਵਨਿ। ਸਰਬ ਪਦਾਰਥ ਕਰੈਂ ਨਸਾਵਨਿ॥ ੩॥

ਜਿਵੇਂ ਭੋਜਨ ਵਿਚ ਮੱਖੀ ਪਈ ਹੋਵੇ ਤਾਂ ਵੇਖ ਕੇ ਉਲਟੀ ਆਉਂਦੀ ਹੈ ਤੇ ਅੰਦਰ ਰੱਖੀ ਹੋਈ ਰਹਿੰਦੀ ਨਹੀਂ ਹੈ। ਇਸ ਤਰਾਂ ਗਰ ਦੇ ਧਨ ਨੂੰ ਸਾਂਭ ਕੇ ਰੱਖਦੇ ਸਨ, ਸਾਰੇ ਪਦਾਰਥ ਤਰੰਤ ਗੁਰੂ ਜੀ ਪਾਸ ਭੇਜ ਦਿੰਦੇ ਸਨ॥ ੩॥

ਅਰੁ ਸਰੀਰ ਕੋ ਦੇ ਕਰਿ ਛੀਨ। ਯਾਂਤੇ ਨਹੀਂ ਛਪਾਇ ਪ੍ਰਬੀਨ।
ਸੋ ਚਾਰਹੁੰ ਇਕ ਦਿਨ ਰਥ ਚਢੇ। ਆਇ ਦਰਸ ਹਿਤ ਆਨੰਦ ਬਢੇ॥ ੪॥

ਇਹ ਜਾਣ ਕੇ ਕਿ ਇਹ ਸਮੱਗਰੀ ਸਰੀਰ ਦਾ ਨਾਸ਼ ਕਰ ਦਿੰਦੀ ਹੈ, ਇਸ ਕਰਕੇ ਚਤੁਰ ਮਸੰਦ ਗੁਰੂ ਜੀ ਦੇ ਧਨ ਨੂੰ ਛੁਪਾਉਂਦੇ ਨਹੀਂ ਸਨ। ਇਕ ਦਿਨ ਚਾਰੇ ਰੱਥ ਵਿਚ ਚੜ੍ਹ ਕੇ, ਗੁਰੂ ਜੀ ਦੇ ਦਰਸ਼ਨਾਂ ਲਈ ਬੜੇ ਅਨੰਦ ਪ੍ਰਸੰਨ ਹੋ ਕੇ ਆਏ॥ ੪॥

ਕੇਤਿਕ ਪੰਥ ਜਬਹਿ ਚਲਿ ਆਏ। ਨਿਕਸਯੋ ਏਕ ਸਰਪ ਅਗਵਾਏ।
ਫਣ ਬਿਲੰਦ ਕੋ ਕਰਿ ਕੈ ਊਚਾ। ਸਨਮੁਖ ਰਥ ਕੇ ਆਇ ਪਹੂਚਾ॥ ੫॥

ਜਦ ਕਾਫੀ ਸਫਰ ਚੱਲ ਕੇ ਆ ਗਏ ਤਾਂ ਸਾਹਮਣੇ ਇਕ ਸੱਪ ਨਿਕਲਿਆ। ਉਹ ਸੱਪ ਆਪਣੀ ਫਨ ਨੂੰ ਫੁਲਾ ਕੇ ਅਤੇ ਉਚੀ ਕਰਕੇ ਰੱਥ ਦੇ ਸਾਹਮਣੇ ਪਹੁੰਚ ਗਿਆ॥ ੫॥

ਕਰੀ ਅਪਰ ਦਿਸ਼ਿ ਰਥ ਤਿਸ ਹੇਰਿ। ਤਿਤ ਕੋ ਸਮੁਖ ਭਯੋ ਅਹਿ ਫੇਰ।
ਮੋਹਣ ਦੇਖਿ ਉਤਰ ਤਬਿ ਪਰਯੋ। ਇਕ ਘਟ ਲੇ ਅਹਿ ਆਗੇ ਧਰਯੋ॥ ੬॥

ਉਸ ਨੂੰ ਵੇਖ ਕੇ ਰੱਥ ਦੂਸਰੇ ਪਾਸੇ ਕਰ ਲਿਆ, ਸੱਪ ਮੁੜ ਕੇ ਫਿਰ ਰੱਥ ਦੇ ਅੱਗੇ ਆ ਕੇ ਖਲੋ ਗਿਆ। ਇਹ ਵੇਖ ਕੇ ਮੋਹਣ ਰੱਥ ਵਿਚੋਂ ਉਤਰ ਪਿਆ, ਇਕ ਘੜਾ ਲੈ ਕੇ ਸੱਪ ਦੇ ਅੱਗੇ ਧਰ ਦਿੱਤਾ॥ ੬॥

ਕਹਯੋ 'ਦਰਸ ਗੁਰ ਕੋ ਜੇ ਚਾਹੇ। ਤੌਂ ਪ੍ਰਵਿਸ਼ ਕਰਿ ਇਸ ਘਟ ਮਾਂਹੇ'।
ਪੰਨਗ ਬਰਯੋ ਬੀਚ ਤਤਕਾਲ। ਮੁਖ ਆਛਾਦ ਕਟੋਰੇ ਨਾਲਿ॥ ੭॥

ਅਤੇ ਕਿਹਾ, "ਜੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹੋ, ਤਾਂ ਇਸ ਘੜੇ ਦੇ ਅੰਦਰ ਦਾਖਲ ਹੋ ਜਾਵੋ"। ਇਹ ਵੇਖ ਸੱਪ ਤੁਰੰਤ ਘੜੇ ਅੰਦਰ ਵੜ ਗਿਆ, ਭਾਈ ਮੋਹਣ ਨੇ ਘੜੇ ਉਤੇ ਕਟੋਰਾ ਦੇ ਕੇ ਉਸਦਾ ਮੂੰਹ ਬੰਦ ਕਰ ਦਿੱਤਾ॥ ੭॥

ਰਥ ਮਹਿਂ ਧਰਿ ਕਰਿ ਆਇ ਸੁਧਾਸਰ। ਪ੍ਰਥਮੈ ਡੇਰਾ ਕੀਨਿ ਉਤਰ ਕਰਿ।
ਪੁਨਿ ਸ੍ਰੀ ਅਰਜਨ ਕੇ ਢਿਗ ਆਏ। ਹਾਥ ਬੰਦਿ ਕਰਿ ਮਾਥ ਨਿਵਾਏ॥ ੮॥

ਘੜੇ ਨੂੰ ਰੱਥ ਵਿਚ ਰੱਖ ਕੇ ਅੰਮ੍ਰਿਤਸਰ ਆ ਗਏ, ਪਹਿਲਾਂ ਉਤਰ ਕੇ ਡੇਰਾ ਕੀਤਾ, ਫਿਰ ਗੁਰੂ ਅਰਜਨ ਦੇਵ ਜੀ ਦੇ ਪਾਸ ਆਏ ਤੇ ਹੱਥ ਜੋੜ ਕੇ ਮੱਥੇ ਟੇਕੇ॥ ੮॥

ਕਹਯੋ ਗੁਰੂ 'ਤੁਮ ਕੇਤਿਕ ਅਹੋ?। ਦਰਸ਼ਨ ਹਿਤ ਆਏ ਸੋ ਕਹੋ'।
ਸੁਨਿ ਕੈ ਕਹਯੋ 'ਗਰੀਬ ਨਿਵਾਜ!। ਹਮ ਚਾਰਹੁੰ ਪ੍ਰਾਪਤਿ ਭੇ ਆਜ' ॥ ੯॥

ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਤੁਸੀਂ ਕਿੰਨੇ ਜਣੇ ਆਏ ਹੋ? ਜਿੰਨੇ ਦਰਸ਼ਨ ਕਰਨ ਆਏ ਹੋ ਉਨ੍ਹਾਂ ਬਾਰੇ ਦੱਸੋ।" ਸੁਣ ਕੇ ਮਸੰਦਾਂ ਨੇ ਕਿਹਾ, "ਗਰੀਬ ਨਿਵਾਜ਼! ਅਸੀਂ ਚਾਰੇ ਹੀ ਆ ਗਏ ਹਾਂ" ॥ ੯॥

ਗੁਰ ਬੋਲੇ 'ਸਿਖ ਪੰਚੋ ਏਹੁ। ਪੰਚਨਿ ਕੋ ਪ੍ਰਸਾਦਿ ਇਨ ਦੇਹੁ।
ਘਟ ਮਹਿਂ ਮੇਲਿ ਸਰਪ ਜੋ ਆਨਾ। ਪੂਰਬ ਜਨਮ ਮਸੰਦ ਮਹਾਨਾ॥ ੧੦॥

ਗੁਰੂ ਜੀ ਬੋਲੇ, "ਪੰਜ ਸਿੱਖ ਆਏ ਹਨ, ਇਨ੍ਹਾਂ ਪੰਜਾਂ ਨੂੰ ਪ੍ਰਸ਼ਾਦਿ ਦੇਵੋ। ਘੜੇ ਵਿਚ ਬੰਦ ਕਰਕੇ ਜਿਹੜਾ ਸੱਪ ਲਿਆਂਦਾ ਹੈ, ਉਹ ਪਿਛਲੇ ਜਨਮ ਵਿਚ ਵੱਡਾ ਮਸੰਦ ਸੀ॥ ੧੦॥

ਰਿਦਾ ਹੰਕਾਰ ਬਿਖੈ ਰਹਿ ਪਾਗੇ। ਨਹੀਂ ਨਿਮਯੋ ਇਹ ਸਿੱਖਨਿ ਆਗੇ।
ਯਾਂਤੇ ਫਣ ਊਚੋ ਗਤਿ ਪਾਈ। ਅਰ ਇਨ ਗੁਰ ਕੀ ਕਾਰ ਛਪਾਈ॥ ੧੧॥

ਉਸ ਦਾ ਹਿਰਦਾ ਹੰਕਾਰ ਨਾਲ ਭਰਿਆ ਰਹਿੰਦਾ ਸੀ ਅਤੇ ਇਹ ਕਦੇ ਵੀ ਸਿੱਖਾਂ ਅੱਗੇ ਸਨਿਮਰ ਨਹੀਂ ਸੀ ਹੁੰਦਾ। ਇਸ ਕਰਕੇ ਫਨੀਅਰ ਸੱਪ ਦੀ ਹਾਲਤ ਪਾਈ ਹੈ. ਅਤੇ ਇਸ ਨੇ ਗੁਰ ਘਰ ਦੀ ਕਾਰ ਭੇਟ ਛਪਾਈ ਸੀ॥ ੧੧॥

Sri Satguru Jagjit Singh Ji eLlibrary NamdhariElibrary@gmail.com

ਯਾਂਤੇ ਬਨਜੋ ਸਰਪ ਬਿਖ ਭੂਰ। ਅਬਿ ਲਜਾਵਹੁ ਹਮਰੇ ਸੁ ਹਜ਼ੂਰ'।
ਸੁਨਿ ਗੁਰ ਬਾਕ ਉਠਾਇ ਸੁ ਲਜਾਏ। ਧਰਿ ਦਿਵਾਨਿ ਮਹਿਂ ਮੁਖ ਉਘਰਾਏ ॥੧੨ ॥

ਇਸ ਕਰਕੇ ਵੱਡਾ ਜ਼ਹਿਰੀਲਾ ਸੱਪ ਬਣਿਆ ਹੈ, ਉਸ ਨੂੰ ਹੁਣ ਸਾਡੀ ਹਜ਼ੂਰੀ ਵਿਚ ਲਿਆਵੋ।" ਗੁਰੂ ਜੀ ਦੇ ਬਚਨ ਸੁਣ ਕੇ ਘੜੇ ਨੂੰ ਚੁੱਕ ਕੇ ਲੈ ਆਏ, ਦੀਵਾਨ ਵਿਚ ਗੁਰੂ ਜੀ ਦੇ ਸਾਹਮਣੇ ਧਰ ਕੇ ਘੜੇ ਦਾ ਮੂੰਹ ਖੋਲ੍ਹ ਦਿੱਤਾ॥ ੧੨ ॥

ਫਣ ਉਠਾਇ ਕਰਿ ਨਿਕਸਜੋ ਬਾਹਰ। ਖਰੋ ਸਭਿਨਿ ਮਹਿਂ ਹੇਰਜੋ ਜਾਹਰ।
ਗੁਰੂ ਕਹਜੋ 'ਸਰ ਅੰਮ੍ਰਿਤ ਆਨੋ। ਸਭਿ ਤਨ ਪਰ ਛਿਰਕਾਵਨਿ ਠਾਨੋ' ॥੧੩ ॥

ਸੱਪ ਫਨ ਉੱਚੀ ਚੁਕ ਕੇ ਬਾਹਰ ਨਿਕਲਿਆ, ਸਾਰਿਆਂ ਨੇ ਪ੍ਰਗਟ ਰੂਪ ਖੜਾ ਦੇਖਿਆ। ਗੁਰੂ ਜੀ ਨੇ ਕਿਹਾ, "ਸਰੋਵਰ ਦਾ ਅੰਮ੍ਰਿਤ ਜਲ ਲਿਆਵੋ, ਸਾਰਾ ਇਸ ਦੇ ਸਰੀਰ ਤੇ ਛਿੜਕਾ ਦੇਵੋ" ॥ ੧੩ ॥

ਤਤਛਿਨ ਅਹਿ ਤਨ ਤਜਾਗ ਦਯੋ ਹੈ। ਰੂਪ ਪ੍ਰਕਾਸ਼ ਅਕਾਸ਼ ਗਯੋ ਹੈ।
ਸ੍ਰੀ ਅੰਮ੍ਰਿਤਸਰ ਦਰਸ਼ਨ ਕਰੇ। ਅਨਿਕ ਅਘਨਿ ਕੋ ਸੋ ਨਰ ਹਰੇ॥ ੧੪ ॥

ਜਦ ਅੰਮ੍ਰਿਤ ਜਲ ਉਸ ਸਰੀਰ ਤੇ ਪਾਇਆ ਗਿਆ ਤਾਂ ਤੁਰੰਤ ਉਸ ਸੱਪ ਨੇ ਸਰੀਰ ਛੱਡ ਦਿੱਤਾ ਤੇ ਸੁੰਦਰ ਰੂਪ ਪ੍ਰਕਾਸ਼ਿਤ ਹੋ ਕੇ ਅਕਾਸ਼ ਵਿਚ ਚਲੇ ਗਿਆ। ਜਿਹੜਾ ਵੀ ਅੰਮ੍ਰਿਤਸਰ ਦੇ ਦਰਸ਼ਨ ਕਰਦਾ ਹੈ, ਉਸ ਮਨੁੱਖ ਦੇ ਅਨੇਕਾਂ ਪਾਪ ਦੂਰ ਹੋ ਜਾਂਦੇ ਹਨ॥ ੧੪ ॥

ਜੇ ਸ਼ਰਧਾ ਸੰਗ ਕਰਹਿਂ ਸ਼ਨਾਨ। ਤਿਨ ਕੋ ਕਜੋਂ ਨ ਹੋਹਿ ਕੱਲਜਾਨ।
ਵੇਸੀ ਜੋਧ ਬਿੱਪ੍ਰ ਸੰਗ ਜਾਤੀ। ਗੁਰ ਕੀ ਸ਼ਰਨ ਜਾਨਿ ਸੁਖਦਾਤੀ॥ ੧੫ ॥

ਜਿਹੜਾ ਵੀ ਇਸ ਸਰੋਵਰ ਵਿਚ ਸ਼ਰਧਾ ਨਾਲ ਇਸ਼ਨਾਨ ਕਰਦਾ ਹੈ, ਉਸ ਦਾ ਕਿਉਂ ਕਲਿਆਣ ਨਾ ਹੋਵੇ ? ਬ੍ਰਾਹਮਣ ਜਾਤੀ ਦੇ ਭਾਈ ਜੋਧ ਅਤੇ ਭਾਈ ਵੇਸੀ, ਗੁਰੂ ਜੀ ਦੀ ਸ਼ਰਨ ਸੁਖਦਾਤੀ ਜਾਣ ਕੇ॥ ੧੫ ॥

ਆਏ ਚਲਿ ਸ੍ਰੀ ਅਰਜਨ ਪਾਸ। ਨਮੋ ਕੀਨਿ ਠਾਨੀ ਅਰਦਾਸਿ।
'ਬਿੱਪ੍ਰ ਜਿ ਪੰਡਿਤ ਦੀਰਘ ਆਹਿਂ। ਹਮ ਕੋ ਲੇਤਿ ਨ ਪੰਗਤਿ ਮਾਂਹਿ ॥੧੬ ॥

ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਚੱਲ ਕੇ ਆ ਗਏ, ਨਮਸਕਾਰ ਕਰਕੇ ਬੇਨਤੀ ਕੀਤੀ, "ਬ੍ਰਾਹਮਣ ਜਿਹੜੇ ਵੱਡੇ ਪੰਡਿਤ ਹਨ, ਉਹ ਸਾਨੂੰ ਪੰਗਤ ਵਿਚ ਨਹੀਂ ਬਿਠਾਉਂਦੇ ਹਨ॥ ੧੬ ॥

ਬੈਠਿ ਸਭਿਨਿ ਮੈਂ ਹਮਹੁ ਸੁਨਾਯੋ। 'ਜਗਤ ਗੁਰੂ ਤੁਮ ਦਿਜ ਤਨ ਪਾਯੋ।
ਖੱਤ੍ਰੀ ਕੇ ਸਿਖ ਹੋਏ ਜਾਇ। ਗੰਗਾ ਅਪਰ ਜਿ ਕਾਂਸ਼ੀ ਥਾਇਂ॥ ੧੭ ॥

ਸਾਰਿਆਂ ਵਿਚ ਬੈਠਿਆਂ ਨੂੰ ਸਾਨੂੰ ਸੁਣਾਇਆ, "ਤੁਸੀਂ ਜਗਤ ਗੁਰੂ ਹੋ ਜਿਨ੍ਹਾਂ ਨੇ ਬ੍ਰਾਹਮਣ ਦਾ ਸਰੀਰ ਪਾਇਆ ਹੈ। ਖੱਤਰੀ ਦੇ ਸਿੱਖ ਹੋਈ ਜਾ ਰਹੇ ਹਨ, ਗੰਗਾ ਅਤੇ ਕਾਂਸ਼ੀ ਦੇ ਜਿਹੜੇ ਸਥਾਨ ਹਨ॥ ੧੭ ॥

ਬਿਸ਼ਨੁ ਸੁ ਮਹਾਂਦੇਵ ਪੁਰਿ ਇਹੀ। ਸੋ ਤਜਾਗੇ ਤੁਮ ਸੇਵਹੁ ਨਹੀਂ।
ਤੀਰਥ ਕ੍ਰਿੱਤਮ ਅੰਮ੍ਰਿਤਸਰ ਹੈ। ਸੇਵਹੁ ਤਾਂਹਿ ਲਖਜੋ ਬਹੁ ਬਰ ਹੈ॥ ੧੮ ॥

ਵਿਸ਼ਨੂੰ ਅਤੇ ਸ਼ਿਵਜੀ ਦੀ ਕਾਂਸ਼ੀ ਇਹੀ ਹੈ, ਉਨ੍ਹਾਂ ਨੂੰ ਤੁਸੀਂ ਛੱਡ ਦਿੱਤਾ ਹੈ ਅਤੇ ਪੂਜਾ ਨਹੀਂ ਕਰਦੇ ਹੋ। ਅੰਮ੍ਰਿਤਸਰ ਨੂੰ ਹੀ ਤੁਸੀਂ ਤੀਰਥ ਕੀਤਾ ਹੋਇਆ ਹੈ। ਉਸ ਦੀ ਹੀ ਤੁਸੀਂ ਪੂਜਾ ਕਰਦੇ ਹੋ, ਅਸੀਂ ਬਹੁਤ ਵਾਰ ਵੇਖਿਆ ਹੈ॥ ੧੮ ॥

ਬੇਦਨਿ ਬ੍ਰਹਮ ਬਾਣੀ ਕੋ ਤਜਾਗੇ। ਗੁਰਬਾਣੀ ਭਾਖਾ ਸੰਗ ਲਾਗੇ।
ਜਨਮ ਅਸ਼ਟਮੀ ਅਰੁ ਸ਼ਿਵਰਾਤਿ। ਬ੍ਰਤ ਇਕਾਦਸੀ ਤਜਿ ਤੁਮ ਖਾਤਿ॥ ੧੯॥

ਵੇਦਾਂ ਦੀ ਬ੍ਰਹਮ ਬਾਣੀ ਨੂੰ ਤੁਸੀਂ ਤਿਆਗ ਦਿੱਤਾ ਹੈ ਅਤੇ ਗੁਰਬਾਣੀ ਦੀ ਭਾਸ਼ਾ ਨਾਲ ਲੱਗ ਗਏ ਹੋ। ਜਨਮ ਅਸ਼ਟਮੀ ਅਤੇ ਸ਼ਿਵਰਾਤ੍ਰੀ ਅਤੇ ਇਕਾਦਸ਼ੀ ਵਰਤ ਛੱਡ ਕੇ ਤੁਸੀਂ ਭੋਜਨ ਛੱਕਦੇ ਹੋ॥ ੧੯॥

ਗਾਇੱਤ੍ਰੀ, ਤ੍ਰੈ ਸੰਧਯਾ, ਤਰਪਨ। ਪਿੰਡ ਪਤਲ ਕਿਰਿਆ ਕਰਿ ਬਰਜਨ।
ਮਿਰਤਕ ਪਾਛੇ ਕਰਿ ਅਰਦਾਸ। ਕਰਜੋ ਕਰਾਹੁ ਲੇਹੁ ਮੁਖ ਗ੍ਰਾਸ॥ ੨੦॥

ਗਾਇਤਰੀ, ਸੰਧਿਆ, ਸੂਰਜ ਨੂੰ ਪਾਣੀ ਦੇਣਾ, ਪਿੰਡ ਪੱਤਲ, ਕਿਰਿਆ ਆਦਿ ਨੂੰ ਤਿਆਗ ਦਿੱਤਾ ਹੈ। ਮਿਰਤਕ ਦੇ ਮਗਰੋਂ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾ ਕੇ ਅਤੇ ਮੁਖ ਨਾਲ ਛੱਕ ਕੇ ਰਜ਼ਾ ਵਿਚ ਟਿੱਕ ਜਾਂਦੇ ਹੋ॥ ੨੦॥

ਯਾਂਤੇ ਤੁਮ ਭ੍ਰਿਸ਼ਟਿ ਅਬਿ ਹੋਏ। ਪੰਗਤਿ ਉਚਤ ਨਹੀਂ ਕਿਮ ਜੋਏ।
ਸ੍ਰੀ ਗੁਰ ! ਤੁਮ ਸ਼ਰਨੀ ਹਮ ਪਰੇ। ਜਗਤ ਗਰਤ ਤੇ ਕਾਢਨਿ ਕਰੇ॥ ੨੧॥

ਇਸ ਕਰਕੇ ਹੁਣ ਤੁਸੀਂ ਭ੍ਰਿਸ਼ਟ ਹੋ ਗਏ ਹੋ, ਤੁਹਾਡਾ ਸਾਡੀ ਪੰਗਤ ਵਿਚ ਬੈਠਣਾ ਯੋਗ ਨਹੀਂ ਹੈ।'' ਹੇ ਗੁਰੂ ਜੀ ! ਅਸੀਂ ਤੁਹਾਡੀ ਸ਼ਰਨ ਆਏ ਹਾਂ। ਸਾਨੂੰ ਜਗਤ ਦੇ ਟੋਏ ਵਿਚੋਂ ਕੱਢ ਲਵੋ॥ ੨੧॥

ਜਾਤਿ ਮਾਨ ਸ਼੍ਰਿੰਖਲ ਤੇ ਨਿਕਸੇ। ਸੀਤ ਪ੍ਰਸਾਦਿ ਖਾਇ ਮਨ ਬਿਗਸੇ।
ਪ੍ਰਾਪਤਿ ਭਯੋ ਹਮਹਿ ਸਤਿਨਾਮੁ। ਜਮ ਸੋਂ ਰਹਜੋ ਨ ਕੈਸੇ ਕਾਮੁ॥ ੨੨॥

ਜਾਤੀ ਦੇ ਹੰਕਾਰ ਰੂਪੀ ਸੰਗਲ ਵਿਚੋਂ ਨਿਕਲ ਕੇ, ਸੀਤ ਪ੍ਰਸ਼ਾਦਿ ਖਾ ਕੇ ਸਾਡਾ ਮਨ ਖਿੜ ਜਾਵੇ। ਸਤਿਨਾਮ ਸਾਨੂੰ ਪ੍ਰਾਪਤ ਹੋ ਗਿਆ ਹੈ, ਹੁਣ ਸਾਡਾ ਜਮਾਂ ਨਾਲ ਕੋਈ ਵਾਸਤਾ ਨਹੀਂ ਰਿਹਾ ਹੈ॥ ੨੨॥

ਤਊ ਜਿ ਪੰਡਿਤ ਕਰਿ ਅਪਮਾਨੇ। ਕਿਮ ਹਮ ਤਿਨ ਕੇ ਸੰਗਿ ਬਖਾਨੈਂ ?'।
ਸ੍ਰੀ ਅਰਜਨ ਸੁਨਿ ਬਾਕ ਬਖਾਨਾ। 'ਤੀਰਥ ਅੰਮ੍ਰਿਤ ਤਾਲ ਮਹਾਨਾ॥ ੨੩॥

ਤਦ ਵੀ ਜੇ ਪੰਡਿਤ ਸਾਡਾ ਅਪਮਾਨ ਕਰਨ ਤਾਂ ਅਸੀਂ ਉਨ੍ਹਾਂ ਨੂੰ ਕੀ ਉੱਤਰ ਦੇਈਏ ?'' ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤੇ, ''ਅੰਮ੍ਰਿਤ ਸਰੋਵਰ ਮਹਾਨ ਤੀਰਥ ਹੈ॥ ੨੩॥

ਨਗਰ ਭਯੋ ਇਹ ਏਕੰਕਾਰਾ। ਬਿਧਿ ਹਰਿ ਸ਼ਿਵ ਪੁਰਿ ਜਿਤਿਕ ਉਦਾਰਾ।
ਛਿਤ ਮੰਡਲ ਕੇ ਤੀਰਥ ਸਾਰੇ। ਬਸਹਿਂ ਆਇ ਪਾਵਨਤਾ ਧਾਰੇ॥ ੨੪॥

ਇਹ ਅਕਾਲ ਪੁਰਖ ਦਾ ਨਗਰ ਹੈ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀਆਂ ਪੁਰੀਆਂ ਨਾਲੋਂ ਇਹ ਉੱਤਮ ਹੈ। ਧਰਤੀ ਮੰਡਲ ਦੇ ਜਿੰਨੇ ਵੀ ਤੀਰਥ ਹਨ ਸਾਰੇ ਪਵਿੱਤ੍ਰਤਾ ਇਸ ਸਥਾਨ ਤੋਂ ਪ੍ਰਾਪਤ ਕਰਦੇ ਹਨ॥ ੨੪॥

ਇਕ ਤੌ ਜਲ ਕੋ ਤੀਰਥ ਮਹਾਂ। ਦੁਤਿਯ ਨਾਮ ਕੋ ਤੀਰਥ ਇਹਾਂ।
ਬ੍ਰਹਮ ਗਿਆਨੀ ਆਦਿਕ ਬਡ ਸੰਤ। ਇਸ ਕੇ ਤਟ ਪਰ ਬ੍ਰਿੰਦ ਬਸੰਤਿ॥ ੨੫॥

ਇਕ ਤਾਂ ਇਹ ਜਲ ਦਾ ਮਹਾਨ ਤੀਰਥ ਹੈ, ਦੂਸਰਾ ਇਹ ਨਾਮ ਦਾ ਵੀ ਵੱਡਾ ਤੀਰਥ ਹੈ। ਵੱਡੇ ਵੱਡੇ ਬ੍ਰਹਮ ਗਿਆਨੀ ਸੰਤ, ਇਸ ਦੇ ਕੰਢੇ 'ਤੇ ਆ ਕੇ ਵੱਸਦੇ ਹਨ॥ ੨੫॥

*ਸ੍ਰੀ ਮੁਖ ਵਾਕ॥ ਮਲਾਰੁ ਮਹਲਾ ੪॥*

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ੧॥*

*(ਪੰਨਾ ੧੨੬੩)*

ਗੰਗਾ, ਜਮਨਾ, ਗੋਦਾਵਰੀ ਅਤੇ ਸਰਸਵਤੀ, ਸੰਤਾਂ ਦੇ ਚਰਨਾਂ ਦੀ ਧੂੜ ਲਈ ਉਦਮ ਕਰਦੀਆਂ ਹਨ। ਉਹ ਕਹਿੰਦੀਆਂ ਹਨ, "ਪਾਪਾਂ ਦੀ ਮੈਲ ਨਾਲ ਭਰੇ ਹੋਏ ਪ੍ਰਾਣੀ ਸਾਡੇ ਵਿਚ ਇਸ਼ਨਾਨ ਕਰਦੇ ਹਨ, ਸੰਤਾਂ ਦੇ ਚਰਨਾਂ ਦੀ ਮੈਲ ਸਾਡੀ ਗੰਦਗੀ ਨੂੰ ਧੋ ਦਿੰਦੀ ਹੈ" ॥ ੧॥

*ਚੌਪਈ-* ਗਨ ਅਘ ਕਰਿ ਪ੍ਰਾਨੀ ਜੇ ਮੱਜਤਿ। ਤੀਰਥ ਮਹਾਂ ਬਿਖੈ ਸਭਿ ਤੱਜਤਿ।
ਪਾਪਨਿ ਤੇ ਆਕੁਲ ਹੁਇ ਆਵਤਿ। ਇਹਾਂ ਧੂਰ ਸੰਤਨ ਕੀ ਪਾਵਤਿ ॥੨੬॥

ਬਹੁਤ ਪਾਪ ਕਰਕੇ ਜਿਹੜੇ ਪ੍ਰਾਣੀ ਤੀਰਥਾਂ ਵਿਚ ਇਸ਼ਨਾਨ ਕਰਦੇ ਹਨ, ਉਹ ਮਹਾਨ ਤੀਰਥ ਦੇ ਵਿਚ ਹੀ ਸਾਰੇ ਪਾਪ ਛੱਡ ਜਾਂਦੇ ਹਨ। ਤੀਰਥ ਵਿਚ ਪਾਪਾਂ ਨਾਲ ਵਿਆਕੁਲ ਹੋ ਜਾਂਦੇ ਹਨ। ਸੰਤਾਂ ਦੀ ਧੂੜ ਪਾ ਕੇ ਪਾਪਾਂ ਦਾ ਭਾਰ ਦੂਰ ਹੋ ਜਾਂਦਾ ਹੈ॥ ੨੬॥

ਕਥਾ ਕੀਰਤਨ ਸੁਨਿ ਕਰਿ ਤਬਿ ਹੀ। ਤੀਰਥ ਗਨ ਪਾਵਨ ਹੁਇਂ ਸਭਿ ਹੀ।
ਸਿਖਨਿ ਬੂਝਜੋ 'ਜਗ ਮਹਿਂ ਜੋਵੈ। ਜਲ ਸੋਂ ਮਲਿ ਕਰਿ ਮਲ ਕੋ ਧੋਵੈਂ ॥੨੭॥

ਕਥਾ ਕੀਰਤਨ ਸੁਣ ਕੇ ਸਾਰੇ ਤੀਰਥ ਉਸੇ ਵੇਲੇ ਪਵਿੱਤਰ ਹੋ ਜਾਂਦੇ ਹਨ।" ਸਿੱਖਾਂ ਨੇ ਪੁਛਿਆ, "ਜਗਤ ਦੇ ਸਾਰੇ ਹੀ ਜਿਹੜੇ ਜੀਵ ਹਨ, ਉਹ ਜਲ ਵਿਚ ਮਲ ਕੇ ਮੈਲ ਨੂੰ ਦੂਰ ਕਰਦੇ ਹਨ॥ ੨੭॥

ਚਰਨ ਧੂਰ ਤੇ ਮਲ ਕਿਮ ਜਾਵੈ ?'। ਸੁਨਿ ਸਤਿਗੁਰ ਦ੍ਰਿਸ਼ਟਾਂਤ ਬਤਾਵੈਂ।
ਸੱਜੀ ਸਾਬਣ ਮਲ ਹੀ ਹੋਵੈਂ। ਤਿਨ ਤੇ ਮਲ ਬਸਤ੍ਰਨਿ ਕੀ ਧੋਵੈਂ ॥੨੮॥

ਸਿੱਖਾਂ ਨੇ ਪੁਛਿਆ, "ਸੰਤਾਂ ਦੀ ਚਰਨ ਧੂੜ ਨਾਲ ਮੈਲ ਕਿਵੇਂ ਦੂਰ ਹੋ ਸਕਦੀ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਦ੍ਰਿਸ਼ਟਾਂਤ ਸੁਣਾਇਆ। ਜਿਹੜਾ ਸਾਬਣ ਹੈ, ਇਹ ਸੱਜੀ ਖਾਰ ਮੈਲ ਹੀ ਹੈ। ਉਸ ਨੂੰ ਮਲ ਕੇ ਵਸਤਰ ਧੋਤੇ ਜਾਂਦੇ ਹਨ॥ ੨੮॥

ਤਿਮ ਸੰਤਨਿ ਪਦ ਰਜ ਅਤਿ ਪਾਵਨ। ਹੈ ਸਮਰਥ ਗਨ ਪਾਪ ਨਸਾਵਨਿ।
ਤਿਮ ਗੁਰ ਸ਼ਬਦ ਸ੍ਰਵਨ ਧੁਨਿ ਪਰੇ। ਪ੍ਰੇਮਾ ਭਗਤਿ ਉਪਾਵਨਿ ਕਰੇ ॥੨੯॥

ਇਸ ਤਰ੍ਹਾਂ ਸੰਤਾਂ ਦੇ ਚਰਨਾਂ ਦੀ ਧੂੜ ਅਤੀ ਪਵਿੱਤਰ ਹੁੰਦੀ ਹੈ, ਇਹ ਸਾਰੇ ਪਾਪਾਂ ਨੂੰ ਦੂਰ ਕਰਨ ਦੇ ਸਮਰੱਥ ਹੈ। ਇਸ ਤਰ੍ਹਾਂ ਹੀ ਜਦ ਗੁਰੂ ਦੇ ਸ਼ਬਦ ਦੀ ਧੁੰਨ ਕੰਨੀਂ ਪੈਂਦੀ ਹੈ ਤੇ ਪ੍ਰੇਮ ਭਗਤੀ ਪ੍ਰਗਟ ਹੁੰਦੀ ਹੈ॥ ੨੯॥

ਸਭਿ ਥਲ ਜਲ ਕੋ ਤੀਰਥ ਅਹਾ। ਅਧਿਕ ਨਾਮ ਕੋ ਤੀਰਥ ਇਹਾਂ।
ਬਿਚ ਜਹਾਜ ਸਮ ਸ੍ਰੀ ਹਰਿਮੰਦਿਰ। ਜਿਸ ਮੋ ਨਾਮ ਮੁਹਾਣਾ ਸੁੰਦਰ ॥੩੦॥

ਸਭ ਸਥਾਨਾਂ ਦੇ ਜਲਾਂ ਦਾ ਇਹ ਤੀਰਥ ਹੈ, ਨਾਮ ਦਾ ਵੀ ਇਹ ਮਹਾਨ ਤੀਰਥ ਹੈ। ਸ੍ਰੀ ਹਰਿਮੰਦਰ ਸਾਹਿਬ ਜਹਾਜ਼ ਦੇ ਸਮਾਨ ਹੈ ਜਿਸ ਵਿਚ ਸੁੰਦਰ ਨਾਮ ਮਲਾਹ ਹੈ॥ ੩੦॥

ਸ਼ਿਵ ਸਿਰ ਤੇ ਗਿਰਿ ਗੰਗ ਪ੍ਰਵਾਹੂ। ਮਿਲੇ ਪੁਚਾਵਤਿ ਸਾਗਰ ਮਾਂਹੂ।
ਤਿਮ ਗੁਰ ਮੁਖ ਤੇ ਨਿਕਸੀ ਬਾਨੀ। ਪਠਹਿ ਬਿਚਾਰਿ ਕਮਾਇ ਜੁ ਪ੍ਰਾਨੀ ॥੩੧॥

ਸ਼ਿਵ ਜੀ ਦੇ ਸਿਰ ਤੇ ਗੰਗਾ ਦਾ ਪ੍ਰਵਾਹ ਵਹਿੰਦਾ ਹੈ, ਉਹ ਬਾਅਦ ਵਿਚ ਜੋ ਆ ਮਿਲੇ ਉਸਨੂੰ ਸਾਗਰ ਪਹੁੰਚਾਉਂਦੀ ਹੈ। ਉਸ ਤਰ੍ਹਾਂ ਗੁਰੂ ਜੀ ਦੇ ਮੁਖਾਰਬਿੰਦ ਤੋਂ ਨਿਕਲੀ ਜੋ ਬਾਣੀ ਹੈ, ਜੇ ਕੋਈ ਪ੍ਰਾਣੀ ਉਸ ਨੂੰ ਪੜ੍ਹ ਕੇ ਵਿਚਾਰ ਕੇ ਕਮਾਉਂਦਾ ਹੈ॥ ੩੧॥

ਸੋ ਪ੍ਰਭੁ ਕੇ ਪਗ ਸੰਗ ਮਿਲਾਵਤਿ। ਬਹੁਰ ਬ੍ਰਹਮ ਮਹਿਂ ਮਿਲਿਬੋ ਪਾਵਤਿ।
ਦੋਨਹੁ ਤੀਰਥ ਇਹਾਂ ਬਿਸਾਲੇ। ਜਨ ਕੋ ਕਰਹਿਂ ਨਿਹਾਲ ਸੁਖਾਲੇ॥ ੩੨॥

ਉਹ ਪ੍ਰਭੂ ਦੇ ਚਰਨਾਂ ਦੇ ਸੰਗ ਮਿਲਾਉਂਦੀ ਹੈ ਤੇ ਫਿਰ ਆਪਣੇ ਆਪ ਨੂੰ ਪ੍ਰਭੂ ਨਾਲ ਮਿਲਿਆ ਪਾਉਂਦਾ ਹੈ। ਏਥੇ ਦੋਵੇਂ ਤੀਰਥ ਵਿਸ਼ਾਲ ਹਨ, ਆਮ ਲੋਕਾਂ ਨੂੰ ਇਹ ਬਹੁਤ ਨਿਹਾਲ ਕਰਦੇ ਹਨ॥ ੩੨॥

ਬਿਸ਼ਨੁ ਰੂਪ ਬਨਿ ਪੁਰਖ ਅਕਾਲ। ਕਰੇ ਸ੍ਵਾਸ ਤੇ ਬੇਦ ਬਿਸਾਲ।
ਦ੍ਵਾਦਸ਼ ਮਹਾਂ ਵਾਕ ਕੋ ਪਾਇ। ਕਮਲਾਸਨ ਬਿਸਤਾਰ ਉਪਾਇ॥ ੩੩॥

ਅਕਾਲ ਪੁਰਖ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਆਪਣੇ ਸਵਾਸਾਂ ਨਾਲ ਵਿਸ਼ਾਲ ਵੇਦ ਬਣਾਏ, ਵਿਸ਼ਨੂੰ ਪਾਸੋਂ ਬਾਰਾਂ ਮਹਾਂਵਾਕਾਂ ਨੂੰ ਪਾ ਕੇ ਬ੍ਰਹਮ ਨੇ ਇਨ੍ਹਾਂ ਵੇਦਾਂ ਦਾ ਵਿਸਥਾਰ ਕੀਤਾ॥ ੩੩॥

ਨੋਟ:-ਦਵਾਦਸ਼ ਮਹਾਂਵਾਕ ਜਾਂ ਬਾਰਾਂ ਮਹਾਨ ਵਾਕ ਉਹ ਹਨ ਜਿਹੜੇ ਆਤਮ ਵਿਦਿਆ ਸੰਬੰਧੀ ਉਪਨਿਸ਼ਧਾਂ ਵਿਚ ਦੱਸੇ ਹਨ। ਇਹ ਬਾਰਾਂ ਵਾਕ ਹਨ:- ਤਤਤ੍ਵੂੰ ਆਸਿ, ਅਹੰ ਬ੍ਰਹਮਾਸਿ, ਅਯਮਾਤਮਾ ਬ੍ਰਹ, ਪ੍ਰਗਯਾਨਮ, ਇਨਾਂ ਬਾਰਾਂ ਵਾਕਾਂ ਵਿਚ ਚਾਰ ਮੁੱਖ ਹਨ, ਇਕ ਇਕ ਵਾਕ ਦੇ ਤਿੰਨ-ਤਿੰਨ ਹਿੱਸੇ ਕਰਕੇ ਇਨ੍ਹਾਂ ਚਾਰਾਂ ਵਾਕਾਂ ਦੇ ਬਾਰਾਂ ਵਾਕ ਗਿਣ ਲੈਂਦੇ ਹਨ।

ਬਹੁਰ ਬਜਾਸ ਨੇ ਬਹੁ ਬਿਸਤਾਰੇ। ਜੋ ਪਰਿਵਿਰਤਿ ਭਏ ਜਗ ਸਾਰੇ।
ਤਿਸੀ ਅਕਾਲ ਪੁਰਖ ਤਨ ਥਿਏ। ਸੰਤ ਰੂਪ ਸ੍ਰੀ ਨਾਨਕ ਭਏ॥ ੩੪॥

ਫਿਰ ਵੇਦ ਵਿਆਸ ਨੇ ਇਨ੍ਹਾਂ ਦਾ ਬਹੁਤ ਵਿਸਥਾਰ ਕੀਤਾ, ਜਿਹੜੇ ਫਿਰ ਸਾਰੇ ਜਗਤ ਵਿਚ ਪਰਵਿਰਤ ਹੋਏ। ਓਸੇ ਅਕਾਲ ਪੁਰਖ ਨੇ ਫਿਰ ਤਨ ਧਾਰਨ ਕੀਤਾ, ਸੰਤ ਸਰੂਪ ਸ੍ਰੀ ਨਾਨਕ ਦੇ ਰੂਪ ਵਿਚ ਪ੍ਰਗਟ ਹੋਏ॥ ੩੪॥

ਕਲਿ ਕੇ ਜੀਵ ਉਧਾਰਨਿ ਕਾਰਨਿ। ਕਰੇ ਬੇਦ ਤੇ ਸ਼ਬਦ ਉਚਾਰਨਿ।
ਸਮਝਹਿਂ ਨਰ-ਮਤਿਮੰਦ ਸੁਖਾਰੇ। ਕਰਿ ਉਪਦੇਸ਼ ਕਰੋਰਹੁਂ ਤਾਰੇ॥ ੩੫॥

ਕਲਿਜੁਗ ਦੇ ਜੀਵਾਂ ਦਾ ਉਧਾਰ ਕਰਨ ਵਾਸਤੇ ਗੁਰਬਾਣੀ ਉਚਾਰਣ ਕੀਤੀ, ਜਿਸ ਨੂੰ ਥੋੜ੍ਹੀ ਬੁੱਧੀ ਵਾਲੇ ਇਨਸਾਨ ਆਸਾਨੀ ਨਾਲ ਸਮਝ ਸਕਦੇ ਹਨ ਅਤੇ ਉਪਦੇਸ਼ ਕਰਕੇ ਕਰੋੜਾਂ ਨੂੰ ਤਾਰਿਆ॥ ੩੫॥

ਸੰਜਮ ਸੋਂ ਅਹਾਰ ਨਿਤ ਕਰਿਬੇ। ਇਹੁ ਇਕਾਦਸ਼ੀ ਸਿਖ ਬ੍ਰਤ ਧਰਿਬੇ।
ਪੰਦ੍ਰਹਿ ਦਿਵਸਨਿ ਮਹਿਂ ਸੋ ਆਵੈ। ਸੋ ਸਿੱਖਨਿ ਕੋ ਨਿਤਪ੍ਰਤਿ ਭਾਵੈ॥ ੩੬॥

ਭੋਜਨ ਬੜੇ ਸੰਜਮ ਨਾਲ ਖਾਂਦੇ ਹਨ, ਇਹ ਸਿੱਖ ਇਕਾਦਸ਼ੀ ਦਾ ਵਰਤ ਧਾਰਨ ਕਰਦੇ ਹਨ। ਪੰਦਰਾਂ ਦਿਨਾਂ ਬਾਅਦ ਇਕਾਦਸ਼ੀ ਆਉਂਦੀ ਹੈ, ਫਿਰ ਸਿੱਖ ਤਾਂ ਸੰਜਮ ਦਾ ਭੋਜਨ ਖਾਣ ਕਰਕੇ ਸਦਾ ਹੀ ਵਰਤ ਰੱਖਦੇ ਹਨ॥ ੩੬॥

*ਸ੍ਰੀ ਨਾਮਦੇਵ ਵਾਕ॥*

*ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥*
*ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ॥੧॥*

*(ਪੰਨਾ ੭੧੮)*

ਸਾਹਿਬ ਦੀ ਸੰਗਤ ਵਿਚ ਸੇਵਕ ਨਾਮਦੇਵ ਦਾ ਭਰੋਸਾ ਬੱਝ ਗਿਆ ਹੈ। ਇਸ ਲਈ ਹੁਣ ਮੈਂ ਇਕਾਦਸ਼ੀ ਦਾ ਵਰਤ ਰੱਖਣਾ ਛੱਡ ਦਿੱਤਾ ਹੈ, ਹੁਣ ਮੈਂ ਧਰਮ ਅਸਥਾਨਾਂ ਦੀਆਂ ਯਾਤਰਾਵਾਂ ਕਰਨ ਕਿਉਂ ਜਾਵਾਂ ?॥ ੧॥

*ਚੌਪਈ-* ਬਿੱਪ੍ਰ ਜਾਤਿ ਤਨ ਕੇ ਅਭਿਮਾਨੀ। ਗੁਰਸਿੱਖ ਹੋਵਤਿ ਆਤਮ ਗ੍ਯਾਨੀ।
ਧਰਹਿਂ ਅਹੰ ਤਨ ਸੇ ਚੰਡਾਲ। ਪ੍ਰੀਤਿ ਚਰਮ ਚਰਬੀ ਕੇ ਨਾਲ ॥ ੩੭ ॥

ਬ੍ਰਾਹਮਣ ਲੋਕ ਸਰੀਰ ਦੇ ਹੰਕਾਰੀ ਹੁੰਦੇ ਹਨ ਅਤੇ ਗੁਰਸਿੱਖ ਆਤਮ ਗਿਆਨੀ ਹੁੰਦੇ ਹਨ। ਚੰਡਾਲ ਤਨ ਦਾ ਹੰਕਾਰ ਧਾਰਨ ਕਰਦੇ ਹਨ। ਅਤੇ ਚੰਮ ਤੇ ਚਰਬੀ ਨਾਲ ਪ੍ਰੀਤ ਹੈ॥ ੩੭॥

ਸੋ ਬ੍ਰਹਮਨ ਜਿਨ ਬ੍ਰਹਮ ਪਛਾਨਜੋ। ਸਭਿ ਘਟ ਮਹਿਂ ਇਕ ਪੂਰਨ ਜਾਨਜੋ।
*ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੩੮॥*

*(ਪੰਨਾ ੩੨੪)*

ਉਹ ਬ੍ਰਾਹਮਣ ਹੈ ਜਿਸ ਨੇ ਬ੍ਰਹਮ ਪਛਾਣਿਆ ਹੈ, ਅਤੇ ਸਭ ਹਿਰਦਿਆਂ ਵਿਚ ਇਕ ਸਮਾਨ ਪੂਰਨ ਜਾਣਿਆ ਹੈ। "ਹੇ ਕਬੀਰ ! ਕਹੋ, ਸਾਡੇ ਵਿਚ ਕੇਵਲ ਉਹੀ ਬ੍ਰਾਹਮਣ ਆਖਿਆ ਜਾਂਦਾ ਹੈ, ਜੋ ਪ੍ਰਭੂ ਦੀ ਅਰਾਧਨਾ ਕਰਦਾ ਹੈ॥ ੩੮॥

ਹਾਡ ਚਰਮ ਮਿਜ ਸ਼੍ਰੋਨਤ ਮਾਸ। ਧਰਹਿ ਪ੍ਰੀਤਿ, ਚੰਡਾਲ ਅਵਾਸ।
ਤੁਮ ਬ੍ਰਹਮਣ ਹੋ ਬ੍ਰਹਮ ਪਛਾਤਾ। ਨਿਜ ਸਰੂਪ ਕੇ ਨਿਤ ਰੰਗ ਰਾਤਾ ॥੩੯ ॥

ਹੱਡ, ਚੰਮ, ਮਿੱਝ, ਲਹੂ ਅਤੇ ਮਾਸ ਨਾਲ ਜਿਹੜੇ ਪ੍ਰੀਤ ਕਰਦੇ ਹਨ, ਉਹ ਚੰਡਾਲ ਘਰ ਦੇ ਹਨ। ਤੁਸੀਂ ਬ੍ਰਾਹਮਣ ਹੋ, ਬ੍ਰਹਮ ਪਛਾਣਿਆ ਹੈ ਅਤੇ ਨਿਜ ਸਰੂਪ ਵਿਚ ਸਦਾ ਰੰਗੇ ਰਹਿੰਦੇ ਹੋ॥ ੩੯॥

ਤਰਪਨ ਪਿੰਡ ਪੱਤਲ ਗਾਇੱਤ੍ਰੀ। ਪਿਤਰ ਲੋਕ ਪ੍ਰਾਪਤਿ ਪਾਵਿੱਤ੍ਰੀ।
ਤੁਮ ਸਤਿਨਾਮ ਜਪਹੁ ਸੁਖ ਰਾਸ। ਪਹੁੰਚਹੁ ਵਾਹਿਗੁਰੂ ਪਗ ਪਾਸ ॥੪੦ ॥

ਸੂਰਜ ਨੂੰ ਪਾਣੀ ਦੇਣਾ, ਪਿੰਡ ਪੱਤਲ ਅਤੇ ਗਾਇਤਰੀ ਪਵਿੱਤਰ ਪਿੱਤਰ ਲੋਕ ਨੂੰ ਪ੍ਰਾਪਤ ਕਰਦੀ ਹੈ, ਤੁਸੀਂ ਸੁਖਾਂ ਦੀ ਰਾਸ ਸਤਿਨਾਮ ਜਪੋ ਅਤੇ ਵਾਹਿਗੁਰੂ ਦੇ ਚਰਨਾਂ ਵਿਚ ਪਹੁੰਚੋ॥ ੪੦॥

ਪਿਤਰਲੋਕ ਸਿਖ ਬਾਂਛਤਿ ਨਾਂਹੀ। ਅਬਿਨਾਸ਼ੀ ਨਿਜ ਰੂਪ ਸਮਾਹੀ।
ਜਿਮ ਸਭਿ ਛਿਤ ਕੋ ਨ੍ਰਿਪਤਿ ਪ੍ਰਪੰਨਾ। ਏਕ ਗ੍ਰਾਮ ਤੇ ਹ੍ਵੈ ਨ ਪ੍ਰਸੰਨਾ ॥੪੧ ॥

ਸਾਡੇ ਸਿੱਖਾਂ ਨੂੰ ਪਿੱਤਰ ਲੋਕ ਦੀ ਇੱਛਾ ਨਹੀਂ ਹੈ, ਉਹ ਅਬਿਨਾਸ਼ੀ ਪ੍ਰਭੂ ਰੂਪ ਵਿਚ ਸਮਾਉਂਦੇ ਹਨ। ਜਿਵੇਂ ਸਾਰੀ ਪ੍ਰਿਥਵੀ ਦੇ ਰਾਜ ਪਦ ਨੂੰ ਪ੍ਰਾਪਤ ਹੋਇਆ ਰਾਜਾ ਚੱਕ੍ਰਵਰਤੀ ਰਾਜਾ ਅਖਵਾਉਂਦਾ ਹੈ ਅਤੇ ਇਕ ਪਿੰਡ ਲੈ ਕੇ ਉਹ ਕਦੇ ਵੀ ਪ੍ਰਸੰਨ ਨਹੀ ਹੁੰਦਾ॥ ੪੧॥

ਜੋ ਗਰੀਬ ਲੇ ਬਹੁ ਹਰਖਾਵੈ। ਤਿਮ ਨਰਕੀ ਪਿਤਰਨ ਪੁਰਿ ਪਾਵੈ।
ਗੁਰ ਕੇ ਸਿੱਖ ਸ੍ਵਰਗ ਨਹਿਂ ਬਾਂਛੈ। ਬ੍ਰਹਮ ਰੂਪ ਪ੍ਰਾਪਤਿ ਜੋ ਆਛੈ ॥੪੨ ॥

ਜੇ ਕੋਈ ਗਰੀਬ ਇਕ ਪਿੰਡ ਲੈ ਲਵੇ ਤਾਂ ਉਹ ਬਹੁਤ ਪ੍ਰਸੰਨ ਹੋਵੇਗਾ, ਉਸ ਤਰ੍ਹਾਂ ਹੀ ਨਰਕਾਂ ਨੂੰ ਜਾਣ ਵਾਲੇ ਪਿਤਰਨ ਪੁਰ ਪਾਉਣਾ ਚਾਹੁੰਦੇ ਹਨ। ਗੁਰੂ ਦੇ ਸਿੱਖ ਸਵਰਗ ਦੀ ਇੱਛਾ ਵੀ ਨਹੀਂ ਰੱਖਦੇ, ਉਹ ਬ੍ਰਹਮ ਸਰੂਪ ਪਾਉਣਾ ਚਾਹੁੰਦੇ ਹਨ, ਜਿਹੜਾ ਚੰਗਾ ਹੈ"॥ ੪੨॥

ਸ਼੍ਰੀ ਅਰਜਨ ਤੇ ਨਿਰਨੇ ਸੁਨਿ ਕਰਿ। ਭਏ ਪ੍ਰਸੰਨ ਨਿਸੰਸੈ ਦਿਜਬਰ।
ਗੁਰ ਨਿਸ਼ਚੇ ਤੇ ਲਹਿ ਬ੍ਰਹਮ ਗ੍ਯਾਨ। ਜਾਤਿ ਪਾਂਤਿ ਕੀ ਤਜਾਗੀ ਆਨ ॥੪੩ ॥

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਨਿਰਣੇ ਸੁਣ ਕੇ, ਸ੍ਰੇਸ਼ਟ ਬ੍ਰਾਹਮਣ ਸੰਸੇ-ਰਹਿਤ ਹੋ ਕੇ ਬਹੁਤ ਪ੍ਰਸੰਨ ਹੋਏ। ਗੁਰ ਨਿਸ਼ਚੇ ਤੋਂ ਬ੍ਰਹਮ ਗਿਆਨ ਲੈ ਕੇ ਜਾਤ ਪਾਤ ਦੇ ਹੰਕਾਰ ਨੂੰ ਛੱਡ ਦਿੱਤਾ॥ ੪੩॥

ਜਾਤਿ ਕਾਨ ਗਾਢੀ ਪਗ ਬੇਰੀ। ਬੰਧੇ ਦੁਖ ਪ੍ਰਾਪਤਿ ਬਹੁ ਬੇਰੀ।
ਬਿਨ ਗੁਰ ਕਰੁਨਾ ਛੂਟਤਿ ਨਾਂਹੀ। ਪਚੇ ਪਰਹਿੰ ਪਰਵਾਰਨਿ ਮਾਂਹੀ॥ ੫੪॥

ਜਾਤੀ ਦੇ ਹੰਕਾਰ ਨੂੰ ਗੁਰੂ ਜੀ ਦੇ ਚਰਨਾਂ ਨਾਲ ਜੋੜ ਦਿੱਤਾ, ਅਤੇ ਬਹੁਤ ਵਾਰ ਪ੍ਰਾਪਤ ਹੋਏ ਦੁੱਖਾਂ ਨੂੰ ਦੂਰ ਕੀਤਾ। ਗੁਰੂ ਦੀ ਕਿਰਪਾ ਬਗੈਰ ਛੁਟਕਾਰਾ ਨਹੀਂ, ਫਜ਼ੂਲ ਹੀ ਪਰਵਾਰਾਂ ਵਿਚ ਪਰਚੇ ਪਏ ਰਹਿੰਦੇ ਹਨ॥ ੫੪॥

*ਤੀਸਰੀ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥ ੬੦॥*

## ਅਧਿਆਇ ਇਕਾਹਠਵਾਂ

*ਭਾਈ ਧੁੱਟਾ, ਭਾਈ ਜੋਧਾ ਆਦਿ ਸਿੱਖ*

ਦੋਹਰਾ- ਧੁੱਟੇ ਜੋਧਾ ਜਾਮ ਦ੍ਵੈ ਸ੍ਰੀ ਅਰਜਨ ਢਿਗ ਆਇ।
ਕਰਿ ਬੰਦਨ ਬੈਠੇ ਤਬੈ ਬੂਝੇ ਸਹਿਜ ਸੁਭਾਇ॥ ੧॥

ਭਾਈ ਧੁੱਟੇ ਅਤੇ ਭਾਈ ਜੋਧਾ ਦੂਸਰੇ ਪਹਿਰ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਏ। ਬੰਦਨਾ ਕਰਕੇ ਬੈਠ ਗਏ ਤੇ ਸਹਿਜ ਸੁਭਾਅ ਪੁੱਛਣ ਲੱਗੇ॥ ੧॥

ਚੌਪਈ- 'ਸ੍ਰੀ ਗੁਰ! ਇਮ ਹੈ ਹੁਕਮ ਤੁਮਾਰੋ। 'ਮਨ ਇਕਾਗ੍ਰ ਕਰਿ ਭਜਨ ਸੁਧਾਰੋ'।
ਕਰਿ ਹਾਰੇ ਹਮ ਅਨਿਕ ਉਪਾਇ। ਨਹੀਂ ਇਕਾਗਰਤਾ ਮਨ ਪਾਇ' ॥੨॥

"ਹੇ ਗੁਰੂ ਜੀ! ਇਸ ਤਰ੍ਹਾਂ ਤੁਹਾਡਾ ਹੁਕਮ ਹੈ, "ਮਨ ਇਕਾਗਰ ਕਰਕੇ ਭਜਨ ਕਰੋ", ਅਸੀਂ ਅਨੇਕ ਉਪਾਅ ਕਰ ਕਰ ਕੇ ਹਾਰ ਗਏ ਹਾਂ ਪਰ ਸਾਡਾ ਮਨ ਇਕਾਗਰਤਾ ਨਹੀਂ ਪਾਉਂਦਾ ਹੈ"॥ ੨॥

ਸੁਨਿ ਸਤਿਗੁਰ ਕਹਿ ਉੱਤਰ ਤਿਨ ਕੋ। 'ਪ੍ਰਥਮ ਨ ਲਖਹੁ ਸੁਭਾਵ ਜਿ ਮਨ ਕੋ।
ਲਗੇ ਪਛਾਨਨਿ ਅਬਿ ਗਤਿ ਅੰਤਰਿ। ਇਸੀ ਜਤਨ ਮਹਿੰ ਰਹੋ ਨਿਰੰਤਰ ॥੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਪਹਿਲਾਂ ਆਪਣੇ ਮਨ ਦਾ ਸੁਭਾਅ ਨਾ ਵੇਖੋ। ਅਸੀਂ ਆਪਣੇ ਅੰਦਰ ਦੀ ਹਾਲਤ ਪਛਾਨਣ ਲੱਗੇ ਹਾਂ, ਸਦਾ ਏਸੇ ਹੀ ਯਤਨ ਵਿਚ ਰਹੋ॥ ੩॥

ਨਿਕਸਹਿ ਮਨ ਪੁਨ ਜੋਰਹੁ ਆਨਿ। ਪੁਨ ਪੁਨ ਰੋਕਹੁ ਬਨਿ ਸਵਧਾਨ।
ਸਹਿਜ ਸੁਭਾਇਕ ਥਿਰਤਾ ਹੋਇ। ਪਾਵਹੁ ਸ਼੍ਰੇਯ ਕਸ਼ਟ ਗਨ ਖੋਇ' ॥੪॥

ਜਦ ਮਨ ਬਾਹਰ ਨਿਕਲ ਆਵੇ ਤਾਂ ਇਸ ਨੂੰ ਨਾਮ ਵਿਚ ਜੋੜੋ, ਬਾਰ-ਬਾਰ ਸਾਵਧਾਨ ਹੋ ਕੇ ਰੋਕੋ। ਸਹਿਜ ਸੁਭਾਅ ਸਥਿਰਤਾ ਆ ਜਾਵੇਗੀ ਅਤੇ ਸਾਰੇ ਕਸ਼ਟਾਂ ਨੂੰ ਦੂਰ ਕਰਕੇ ਮੁਕਤੀ ਪ੍ਰਾਪਤ ਕਰੋ"॥ ੪॥

ਸੁਨਿ ਉਪਦੇਸ਼ ਜਤਨ ਤਿਮ ਠਾਨਾ। ਸੋ ਪ੍ਰਾਪਤਿ ਹੋਏ ਕੱਲਜਾਨਾ।
ਮੰਝ ਕੇ ਸੰਗ ਪਿਰਾਣਾ ਆਯੋ। ਸਤਿਗੁਰ ਆਗੇ ਸੀਸ ਨਿਵਾਯੋ॥ ੫॥

ਇਹ ਉਪਦੇਸ਼ ਸੁਣ ਕੇ ਉਨ੍ਹਾਂ ਨੇ ਯਤਨ ਕੀਤਾ, ਇਸ ਤਰ੍ਹਾਂ ਕਲਿਆਣ ਪ੍ਰਾਪਤ ਹੋ ਗਿਆ। ਇਕ ਦਿਨ ਭਾਈ ਮੰਝ ਦੇ ਨਾਲ ਭਾਈ ਪਿਰਾਣਾ ਆਇਆ, ਸਤਿਗੁਰ ਜੀ ਨੂੰ ਮਿਲ ਕੇ ਸਿਰ ਨਿਵਾਇਆ॥ ੫॥

'ਦਿਹੁ ਉਪਦੇਸ਼ ਹੋਹਿ ਕਲਜਾਨੇ'। ਸ੍ਰੀ ਮੁਖ ਤੇ ਸੁਭ ਵਾਕ ਬਖਾਨੇ।
'ਸਰਵਰ ਕੇ ਮੁਰੀਦ ਤੁਮ ਦੋਊ। ਸਿੱਖੀ ਕਠਨ ਕਮਾਇ ਨ ਸੋਊ' ॥ ੬ ॥

ਫਿਰ ਬੇਨਤੀ ਕੀਤੀ, "ਉਪਦੇਸ਼ ਦੇਵੋ ਤਾਂਕਿ ਸਾਡਾ ਕਲਿਆਣ ਹੋ ਜਾਵੇ।" ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤੇ, "ਤੁਸੀ ਦੋਵੇਂ ਸਖੀ ਸਰਵਰ ਦੇ ਮੁਰੀਦ ਹੋ, ਸਿੱਖੀ ਬਹੁਤ ਕਠਨ ਹੈ, ਉਸ ਦੀ ਤੁਹਾਡੇ ਪਾਸੋਂ ਕਮਾਈ ਨਹੀਂ ਹੋ ਸਕਣੀ" ॥ ੬ ॥

ਕਹਨਿ ਲਗੇ 'ਤੁਮ ਦਰਸ਼ਨ ਭਯੋ। ਤਬਿ ਤੇ ਹਮਰੋ ਮਨ ਫਿਰਿ ਗਯੋ।
ਹਿੰਦੂ ਜਨਮ ਹਮ ਤੁਰਕ ਮਨਾਵੈਂ। ਗਯੋ ਧਰਮ ਪਰਲੋਕ ਗਵਾਵੈਂ' ॥ ੭ ॥

ਕਹਿਣ ਲੱਗੇ, "ਤੁਹਾਡੇ ਦਰਸ਼ਨ ਹੋਏ ਹਨ, ਤਦ ਤੋਂ ਸਾਡਾ ਮਨ ਫਿਰ ਗਿਆ ਹੈ। ਹਿੰਦੂ ਘਰ ਵਿਚ ਜਨਮ ਲੈ ਕੇ ਅਸੀਂ ਤੁਰਕ ਦੀ ਪੂਜਾ ਕਰਦੇ ਹਾਂ, ਧਰਮ ਤਾਂ ਗਵਾਇਆ ਹੈ, ਪਰਲੋਕ ਵੀ ਗਵਾਵਾਂਗੇ" ॥ ੭ ॥

ਸੁਨਿ ਗੁਰ ਕਹਜੋ 'ਜਾਹੁ ਨਿਜ ਧਾਮ। ਪ੍ਰਥਮ ਢਾਹੁ ਸੁਲਤਾਨ ਮੁਕਾਮ।
ਪੁਨ ਆਵਹੁ ਹਮ ਸਿੱਖ ਬਨਾਵੈਂ। ਸ਼ੁਭ ਅਪਨੋ ਉਪਦੇਸ਼ ਬਤਾਵੈਂ' ॥ ੮ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਪਹਿਲਾਂ ਆਪਣੇ-ਆਪਣੇ ਘਰ ਜਾਵੋ ਤੇ ਸਖੀ ਸਰਵਰ ਦੇ ਮੁਕਾਮ ਨੂੰ ਢਾਹ ਕੇ ਆਵੋ। ਫਿਰ ਵਾਪਸ ਆਵੋ, ਅਸੀਂ ਸਿੱਖ ਬਣਾਵਾਂਗੇ ਅਤੇ ਸ਼ੁਭ ਆਪਣਾ ਉਪਦੇਸ਼ ਦੇਵਾਂਗੇ" ॥ ੮ ॥

ਸੁਨਤਿ ਜਾਇ ਤਿਸ ਥਾਨ ਬਿਦਾਰਾ। ਗੁਰ ਢਿਗ ਆਇ ਪ੍ਰਸੰਗ ਉਚਾਰਾ।
ਸ੍ਰੀ ਮੁਖ ਤੇ ਸੇਵਾ ਫੁਰਮਾਈ। 'ਮੰਝ ਵਹਿਰ ਤੇ ਈਂਧਨ ਲਜਾਈ ॥ ੯ ॥

ਇਹ ਸੁਣ ਕੇ ਜਾ ਕੇ ਸਖੀ ਸਰਵਰ ਦੇ ਮੁਕਾਮ ਨੂੰ ਢਾਹ ਦਿੱਤਾ ਅਤੇ ਗੁਰੂ ਜੀ ਪਾਸ ਆ ਕੇ ਸਾਰਾ ਪ੍ਰਸੰਗ ਸੁਣਾਇਆ। ਗੁਰੂ ਜੀ ਨੇ ਆਪਣੇ ਮੁਖ ਤੋਂ ਸੇਵਾ ਫੁਰਮਾਈ, "ਹੇ ਭਾਈ ਮੰਝ ! ਬਾਹਰੋਂ ਜੰਗਲ ਵਿਚੋਂ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਕੇ ਲਿਆਵੋ ॥ ੯ ॥

ਤੂੰ ਚੁੱਲ੍ਹੇ ਝੋਕਨਿ ਪਰ ਰਹੋ। ਇਹ ਸਿੱਖਨਿ ਕੀ ਸੇਵਾ ਲਹੋ।
ਅੰਤਹਿਕਰਨ ਸ਼ੁੱਧ ਹੁਇ ਜਬੈ। ਹਮ ਉਪਦੇਸ਼ ਬਤਾਵਹਿਂ ਤਬੈ ॥ ੧੦ ॥

ਤੂੰ ਚੁਲ੍ਹਾ ਝੋਕਣ ਦਾ ਕੰਮ ਕਰ, ਇਸ ਤਰ੍ਹਾਂ ਸਿੱਖਾਂ ਦੀ ਸੇਵਾ ਕਰੋ। ਜਦ ਤੇਰੀ ਅੰਤਰ ਆਤਮਾ ਸ਼ੁੱਧ ਹੋ ਜਾਵੇਗੀ, ਤਦ ਅਸੀਂ ਤੈਨੂੰ ਉਪਦੇਸ਼ ਦੇਵਾਂਗੇ ॥ ੧੦ ॥

ਨਿਤ ਗੁਰ ਸ਼ਬਦ ਸੁਨਹੁ ਮਨ ਲਾਇ। ਕਥਾ ਕੀਰਤਨ ਹੁਇ ਜਿਸ ਥਾਇਂ।
ਸਿੱਖਨਿ ਜੂਠੇ ਬਾਸਨ ਜੋਇ। ਕਰਹੁ ਪਖਾਰਨਿ ਮਾਂਜਨਿ ਸੋਇ' ॥ ੧੧ ॥

ਸਦਾ ਗੁਰੂ ਦਾ ਸ਼ਬਦ ਮਨ ਲਾ ਕੇ ਸੁਣੋ, ਜਿਥੇ ਵੀ ਕਥਾ ਕੀਰਤਨ ਹੁੰਦਾ ਹੋਵੇ। ਸਿੱਖਾਂ ਦੇ ਜਿਹੜੇ ਜੂਠੇ ਬਰਤਨ ਹੁੰਦੇ ਹਨ, ਉਹਨਾਂ ਨੂੰ ਮਾਂਜ ਕੇ ਚੰਗੀ ਤਰ੍ਹਾਂ ਧੋਵੋ" ॥ ੧੧ ॥

ਸੁਨਿ ਕਰਿ ਸੇਵ ਲਗੇ ਹਰਖਾਇ। ਚਿਰੰਕਾਲ ਗੁਰ ਸੰਗਤਿ ਪਾਇ।
ਭਯੋ ਪਿਰਾਣਾ ਸਿੱਧ ਬਿਸਾਲਾ। ਬ੍ਰਹਮ ਗਜਾਨ ਲਹਿ ਸਦਾ ਸੁਖਾਲਾ ॥ ੧੨ ॥

ਇਹ ਸੁਣ ਕੇ ਪ੍ਰਸੰਨ ਹੋ ਕੇ ਸੇਵਾ ਕਰਨ ਲੱਗਾ, ਬੜੀ ਦੇਰ ਬਾਅਦ ਗੁਰੂ ਜੀ ਦੀ ਸੰਗਤ ਪਾਉਂਦਾ ਸੀ। ਭਾਈ ਪਿਰਾਣਾ ਵਿਸ਼ਾਲ ਸਿੱਧ ਹੋ ਗਿਆ, ਬ੍ਰਹਮ ਗਿਆਨ ਪ੍ਰਾਪਤ ਕਰਕੇ ਸਦਾ ਸੁਖੀ ਰਹਿੰਦਾ ਸੀ ॥ ੧੨ ॥

ਅੰਤ ਪ੍ਰਯੰਤ ਰਹਯੋ ਗੁਰ ਤੀਰ। ਸੇਵੇ ਸ੍ਰੀ ਹਰਿ ਗੋਵਿੰਦ ਧੀਰ।
ਕਥਾ ਮੰਞ ਕੀ ਅਪਰ ਸਥਾਨ। ਬਰਨਨਿ ਕਰੀ ਸੁਨਹੁ ਸਿਖ ਕਾਨ॥ ੧੩॥

ਅੰਤ ਸਮੇਂ ਤਕ ਗੁਰੂ ਜੀ ਪਾਸ ਰਿਹਾ, ਧੀਰਜਵਾਨ ਸ੍ਰੀ ਹਰਿਗੋਬਿੰਦ ਦੀ ਸੇਵਾ ਕਰਦਾ ਸੀ। ਮੰਝ ਦੀ ਕਥਾ ਕਿਸੇ ਹੋਰ ਥਾਂ ਵਰਣਨ ਕੀਤੀ ਹੈ। ਹੇ ਸਿੱਖੋ ! ਕੰਨ ਦੇ ਕੇ ਸੁਣੋ॥ ੧੩॥

ਹਮਜ਼ਾ ਜੱਜਾ ਮਿਲਿ ਜੁਗ ਭ੍ਰਾਤ। ਬਾਲਾ ਮਰਵਾਹਾ ਵੱਖਜਾਤ।
ਅਪਰ ਓਹਰੀ ਨਾਨੋ ਆਯੋ। ਸੂਰੀ ਹੁਤੋ ਚੌਧਰੀ ਗਾਯੋ॥ ੧੪॥

ਹਮਜ਼ਾ, ਜੱਜਾ ਦੋਵੇਂ ਭਰਾ ਮਿਲ ਕੇ, ਬਾਲਾ ਮਰਵਾਹਾ ਬੜਾ ਮਸ਼ਹੂਰ ਸੀ, ਹੋਰ ਓਹਰੀ ਤੇ ਨਾਨੋ ਆਏ, ਇਕ ਸੂਰੀ ਨਾਮੀ ਵਿਅਕਤੀ ਪਿੰਡ ਦਾ ਚੌਧਰੀ ਸੀ॥ ੧੪॥

ਸ੍ਰੀ ਅਰਜਨ ਕੇ ਪਹੁੰਚੇ ਪਾਸ। ਬੰਦਨ ਕਰਿ ਭਾਖੀ ਅਰਦਾਸ।
'ਗੁਰੂ ਗ਼ਰੀਬ ਨਿਵਾਜ ਮਹਾਨਾ !। ਬੀਚ ਪੁਰਾਨ ਸੁਨਯੋ ਹਮ ਕਾਨਾ॥ ੧੫॥

ਸਾਰੇ ਇਕੱਠੇ ਹੋ ਕੇ ਗੁਰੂ ਅਰਜਨ ਦੇਵ ਜੀ ਦੇ ਪਾਸ ਪਹੁੰਚੇ, ਬੰਦਨਾਂ ਕਰਕੇ ਬੇਨਤੀ ਕੀਤੀ, "ਹੇ ਮਹਾਨ ਗੁਰੂ ਗਰੀਬ ਨਿਵਾਜ਼ ਜੀ, "ਅਸੀਂ ਆਪਣੇ ਕੰਨਾਂ ਨਾਲ ਸੁਣਿਆ ਹੈ ਕਿ ਪੁਰਾਣਾਂ ਵਿਚ॥ ੧੫॥

'ਕਾਸ਼ੀ ਕੇਰ ਮਹਾਤਮ ਭਾਰੇ। ਮਰੇ ਤਹਾਂ ਮੁਕਤੀ ਲੇ ਸਾਰੇ।
ਸ਼ਿਵ ਕੇ ਨਿਕਟ ਵਾਸ ਕੋ ਪਾਵੈ। ਜਨਮ ਮਰਨ ਕੋ ਕਸ਼ਟ ਮਿਟਾਵੈ' ॥ ੧੬॥

ਕਾਸ਼ੀ ਨਗਰ ਦਾ ਭਾਰੀ ਮਹਾਤਮ ਦੱਸਿਆ ਗਿਆ ਹੈ, ਓਥੇ ਮਰਨ ਵਾਲੇ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ, ਜਿਹੜਾ ਸ਼ਿਵ ਜੀ ਦੇ ਨੇੜੇ ਰਹਿੰਦਾ ਹੈ, ਉਸ ਦੇ ਜਨਮ ਮਰਨ ਦੇ ਕਸ਼ਟ ਮਿੱਟ ਜਾਂਦੇ ਹਨ॥ ੧੬॥

ਆਪ ਸੁਧਾਸਰ ਮਹਿਮਾ ਭਾਖੀ। ਸ੍ਰੀ ਗ੍ਰਿੰਥ ਸਾਹਿਬ ਮਹਿਂ ਰਾਖੀ।
ਕਹੋ ਮਹਾਤਮ, ਹੈ ਇਸ ਜੈਸੇ। ਨਿਰਨੇ ਕਰਹੁ ਲਹੈਂ ਸਿਖ ਤੈਸੇ' ॥ ੧੭॥

ਆਪ ਅੰਮ੍ਰਿਤ ਸਰੋਵਰ ਦੀ ਮਹਿਮਾ ਕਰਦੇ ਹੋ, ਸ੍ਰੀ ਗ੍ਰੰਥ ਸਾਹਿਬ ਵਿਚ ਲਿਖ ਕੇ ਰੱਖੀ ਹੈ। ਦੱਸੋ ਇਸ ਦਾ ਮਹਾਤਮ ਕਿਸ ਤਰ੍ਹਾਂ ਦਾ ਹੈ। ਨਿਰਣੇ ਕਰੋ ਤਾਂਕਿ ਸਿੱਖ ਉਸ ਤਰ੍ਹਾਂ ਹੀ ਸਮਝ ਲੈਣ'॥ ੧੭॥

ਸ੍ਰੀ ਅਰਜਨ ਜੀ ਸੁਨਤਿ ਵਖਾਨਾ। 'ਤੀਰਥ ਰਚਨਿ ਸੁਧਾਸਰ ਠਾਨਾ।
ਇਸ ਕੇ ਗਿਰਦੇ ਦ੍ਵਾਦਸ਼ ਕੋਸ। ਤੀਰਥ ਤੀਨ ਲੋਕ ਕੇ ਜੋ ਸੁ॥ ੧੮॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਇਹ ਅੰਮ੍ਰਿਤ ਸਰੋਵਰ ਦਾ ਤੀਰਥ ਰਚਿਆ ਹੈ, ਇਸ ਦੇ ਚਾਰ-ਚੁਫੇਰੇ ਬਾਰਾਂ ਕੋਹ ਤਕ ਤਿੰਨਾਂ ਲੋਕਾਂ ਦੇ ਜੋ ਤੀਰਥ ਹਨ॥ ੧੮॥

ਕਲਿਯੁਗ ਤੇ ਧਰਿ ਕਰਿ ਉਰ ਤ੍ਰਾਸ। ਸਗਰੇ ਆਵਹਿਂ ਕਰਹਿਂ ਨਿਵਾਸ।
ਸਭਿ ਕੋ ਫਲ ਇਸ ਥਲ ਤੇ ਹੋਇ। ਬਾਸ ਕਰਹਿਂ ਇਹ ਠਾਂ ਨਰ ਜੋਇ॥੧੯॥

ਹਿਰਦੇ ਵਿਚ ਕਲਿਜੁਗ ਦਾ ਡਰ ਧਾਰਨ ਕਰਕੇ, ਸਾਰੇ ਆਉਂਦੇ ਹਨ ਅਤੇ ਰਹਿੰਦੇ ਹਨ। ਸਾਰਿਆਂ ਨੂੰ ਫਲ ਇਸ ਸਥਾਨ ਤੋਂ ਮਿਲਦਾ ਹੈ, ਇਸ ਥਾਂ ਜਿਹੜੇ ਲੋਕ ਵੱਸਦੇ ਹਨ॥ ੧੯॥

ਬੀਚ ਬਨਯੋ ਸੁੰਦਰ ਹਰਿਮੰਦਿਰ। ਨਿਸ ਦਿਨ ਸੱਤਿਨਾਮ ਜਿਸ ਅੰਦਰ।
ਸ੍ਰੀ ਗੁਰ ਕੀ ਬਾਣੀ ਸ਼ੁਭ ਰਰੈਂ। ਜਿਸ ਮਹਿਂ ਨਾਮ ਮਹਾਤਮ ਧਰੈਂ॥ ੨੦॥

ਇਸ ਸਰੋਵਰ ਦੇ ਵਿਚ ਸੁੰਦਰ ਹਰਿਮੰਦਰ ਬਣਿਆ ਹੈ, ਜਿਸ ਦੇ ਅੰਦਰ ਦਿਨ ਰਾਤ ਸਤਿਨਾਮ ਦਾ ਜਾਪ ਹੁੰਦਾ ਹੈ। ਸ੍ਰੀ ਗੁਰੂ ਜੀ ਦੀ ਸੁੰਦਰ ਬਾਣੀ ਪੜ੍ਹਦੇ ਹਨ, ਜਿਸ ਵਿਚ ਨਾਮ ਦਾ ਮਹਾਤਮ ਧਰਿਆ ਹੋਇਆ ਹੈ॥ ੨੦॥

ਨਾਮ ਰੁ ਨਾਮੀ ਭੇਦ ਨ ਕੋਈ। ਯਾਂਤੇ ਬਾਸ ਪ੍ਰਮੇਸ਼ੁਰ ਹੋਈ।
ਜਿਮ ਗੰਗਾ ਮਹਿਂ ਮੁਖ ਹਰਿਦ੍ਵਾਰ। ਤਿਮ ਹਰਿ ਪੌਰ ਇਹਾਂ ਨਿਰਧਾਰ॥ ੨੧॥

ਨਾਮ ਅਤੇ ਨਾਮੀ ਵਿਚ ਕੋਈ ਭੇਦ ਨਹੀਂ ਹੈ, ਇਸ ਕਰਕੇ ਪਰਮੇਸ਼ਰ ਵਿਚ ਵਾਸਾ ਹੁੰਦਾ ਹੈ, ਜਿਵੇਂ ਗੰਗਾ ਵਿਚ ਮੁਖੀ ਹਰਿਦਵਾਰ ਹੈ, ਇਸ ਤਰ੍ਹਾਂ ਹੀ ਏਥੇ ਹਰਿ ਕੀ ਪੌੜੀ ਨੂੰ ਸਮਝੋ॥ ੨੧॥

ਨਿਰਗੁਣ ਰੂਪ ਨਾਮ ਬ੍ਰਹਮ ਗ੍ਯਾਨ। ਸਗੁਨ ਸਰੂਪ ਆਪ ਭਗਵਾਨ।
ਦੋਨਹੁਂ ਬਾਸ ਕਰਹਿਂ ਜਬਿ ਇਸ ਮੈ। ਮੱਜਿਤ ਦਰਸਤਿ ਅਘ ਰਹਿ ਕਿਸ ਮੈਂ ? ॥੨੨॥

ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਕਾਰਨ ਨਿਰਗੁਣ ਰੂਪ ਨਾਮ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਗੁਣ ਸਰੂਪ ਆਪ ਭਗਵਾਨ ਹਨ। ਜਦ ਦੋਵੇਂ ਇਸ ਦੇ ਵਿਚ ਰਹਿੰਦੇ ਹਨ ਤਾਂ ਇਸ਼ਨਾਨ ਕਰਕੇ ਅਤੇ ਦਰਸ਼ਨ ਕਰਕੇ ਕਿਸ ਵਿਚ ਪਾਪ ਰਹਿ ਜਾਂਦੇ ਹਨ ? ॥ ੨੨॥

ਦਿਨਪ੍ਰਤਿ ਬਸਹਿ ਬਧਹਿ ਅਧਿਕਾਇ। ਲਛਮੀ ਸ਼ਰਨ ਬਸਹਿ ਇਸ ਆਇ।
ਜਹਿ ਸ੍ਰੀ ਕਰਤਾ ਪੁਰਖ ਅਕਾਲ। ਬਿਧਿ ਸ਼ਿਵ ਬਸਹਿਂ ਪ੍ਰਭੁ ਕੇ ਨਾਲ॥ ੨੩॥

ਦਿਨ ਪ੍ਰਤਿ ਲਛਮੀ ਏਥੇ ਵੱਸਦੀ ਹੈ ਅਤੇ ਵਧਦੀ ਹੈ, ਕਿਉਂਕਿ ਲਛਮੀ ਇਸ ਦੀ ਸ਼ਰਨ ਆ ਕੇ ਵੱਸਦੀ ਹੈ। ਜਿਵੇਂ ਸ੍ਰੀ ਕਰਤਾ ਅਕਾਲ ਪੁਰਖ ਬ੍ਰਹਮਾ, ਸ਼ਿਵਜੀ ਅਤੇ ਵਿਸ਼ਨੂੰ ਦੇ ਨਾਲ ਵੱਸਦਾ ਹੈ॥ ੨੩॥

ਪੁਨ ਸੁਰ ਐਸੋ ਕੋਇ ਨ ਅਹੈ। ਆਨਿ ਇਹਾਂ ਨਹਿਂ ਬਾਸੋ ਲਹੈ।
ਹਰਿ ਕੇ ਨਿਕਟ ਅਧਿਕ ਫਲ ਸਾਰੇ। ਅਪਰ ਨ ਕੋ ਸਮਤਾ ਇਸ ਧਾਰੇ॥ ੨੪॥

ਫਿਰ ਕੋਈ ਵੀ ਦੇਵਤਾ ਐਸਾ ਨਹੀ ਹੈ, ਜਿਹੜਾ ਏਥੇ ਆ ਕੇ ਨਹੀਂ ਠਹਿਰਦਾ ਹੈ। ਹਰੀ ਦੇ ਨੇੜੇ ਸਾਰੇ ਹੀ ਫਲ ਬਹੁਤ ਜ਼ਿਆਦਾ ਹਨ। ਇਸ ਦੇ ਬਰਾਬਰ ਹੋਰ ਕੋਈ ਸਥਾਨ ਨਹੀਂ ਹੈ॥ ੨੪॥

ਹਰਿ ਮੰਦਿਰ ਮਹਿਂ ਨਿਤ ਸਤਿਨਾਮੁ। ਸਿਮਰਹਿ ਸੁਨਹਿ ਸੁ ਮਨ ਬਿਸਰਾਮ।
ਕਰਤਿ ਪ੍ਰੇਮ ਕੋ ਛੇਮ ਲਹੈਂਗੇ। ਬ੍ਰਹਮ ਗ੍ਯਾਨ ਤੇ ਕਸ਼ਟ ਦਹੈਂਗੇ॥ ੨੫॥

ਹਰਿਮੰਦਰ ਵਿਚ ਜਿਹੜੇ ਨਿਤ ਸਤਿਨਾਮ ਦਾ ਸਿਮਰਨ ਕਰਦੇ ਅਤੇ ਸੁਣਦੇ ਹਨ, ਉਨ੍ਹਾਂ ਦੇ ਮਨ ਟਿਕ ਜਾਂਦੇ ਹਨ। ਪ੍ਰੇਮ ਕਰਕੇ ਉਹ ਮੁਕਤੀ ਪ੍ਰਾਪਤ ਕਰ ਲੈਣਗੇ ਅਤੇ ਬ੍ਰਹਮ-ਗਿਆਨ ਨਾਲ ਸਾਰੇ ਕਸ਼ਟ ਨਾਸ਼ ਹੋ ਜਾਣਗੇ॥ ੨੫॥

ਤੀਨਹੁਂ ਤਾਪ ਨਿਵਾਰਨਿ ਕਰੈਂ। ਅੰਤਹਕਰਨ ਮਹਾਂ ਮਲ ਹਰੈਂ।
ਬ੍ਰਹਮ ਗ੍ਯਾਨ ਕੋ ਲਹਿਂ ਨਿਸ਼ਕਾਮ। ਪੁਰਹਿਂ ਕਾਮਨਾ ਜੋ ਸਹਿਕਾਮ॥ ੨੬॥

ਤਿੰਨੇ ਤਾਪ ਦੂਰ ਕਰਦੇ ਹਨ, ਹਿਰਦੇ ਦੀ ਮਹਾਨ ਮੈਲ ਨੂੰ ਧੋਂਦੇ ਹਨ। ਨਿਸ਼ਕਾਮ ਹੋ ਕੇ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਦੇ ਹਨ, ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ॥ ੨੬॥

ਅੰਮ੍ਰਿਤਸਰ ਪਰਕਰਮਾਂ ਮਾਂਹਿ। ਪਗ ਪਗ ਮਹਿ ਸੌ ਤੀਰਥ ਆਹਿ।
ਸੂਖਮ ਰੂਪ ਧਾਰਿ ਤਟ ਰਹੈਂ। ਨਿਜ ਨਿਜ ਪਾਵਨਤਾ ਕੋ ਚਹੈਂ॥ ੨੭॥

ਅੰਮ੍ਰਿਤ ਸਰੋਵਰ ਦੀਆਂ ਪਰਿਕਰਮਾਂ ਵਿਚ ਪੈਰ-ਪੈਰ ਤੇ ਸੌ ਤੀਰਥ ਹੈ, ਉਹ ਸੂਖਮ ਰੂਪ ਧਾਰ ਕੇ ਕੰਢੇ ਤੇ ਰਹਿੰਦੇ ਹਨ, ਆਪਣੀ-ਆਪਣੀ ਪਵਿੱਤ੍ਰਤਾ ਨੂੰ ਚਾਹੁੰਦੇ ਹਨ॥ ੨੭॥

Sri Satguru Jagjit Singh Ji eLlibrary NamdhariElibrary@gmail.com

ਕਾਲਾ ਸਿੱਖ ਮੇਹਰਾ ਔਰ। ਸਣੇ ਨਿਹਾਲੂ ਰਹਿਂ ਗਿਰ ਠੌਰ।
ਸੋ ਬੰਦਨ ਕਰਿ ਬੈਠੇ ਪਾਸ। ਸੁਨਿ ਪ੍ਰਸੰਗ ਕੋ ਬਾਕ ਪ੍ਰਕਾਸ਼॥ ੨੮॥

ਭਾਈ ਕਾਲਾ ਨਾਮੀ ਸਿੱਖ ਅਤੇ ਭਾਈ ਮੇਹਰਾ, ਭਾਈ ਨਿਹਾਲੂ ਪਹਾੜਾਂ ਵਿਚ ਰਹਿੰਦੇ ਸਨ, ਉਹ ਆ ਕੇ ਗੁਰੂ ਜੀ ਨੂੰ ਬੰਦਨਾ ਕਰਕੇ ਬੈਠ ਗਏ, ਪ੍ਰਸੰਗ ਸੁਣ ਕੇ ਉਹ ਬੋਲੇ॥ ੨੮॥

'ਕਹੋ ਪ੍ਰਭੂ ਕਰਿ ਸੰਸੇ ਹਾਨੀ। ਬਸਹਿਂ ਤਾਮਸੀ ਇਹਾਂ ਜਿ ਪ੍ਰਾਨੀ।
ਕਰਹਿਂ ਪਾਪ, ਨਹਿਂ ਅਦਬ ਰਖੰਤੇ। ਸੋ ਕਿਸ ਬਿਧਿ ਕੀ ਗਤੀ ਲਹੰਤੇ ?' ॥੨੯॥

"ਹੇ ਪ੍ਰਭੂ ਜੀ! ਸਾਡੇ ਸੰਸੇ ਦੂਰ ਕਰੋ, ਏਥੇ ਜਿਹੜੇ ਤਾਮਸੀ ਗੁਣਾਂ ਵਾਲੇ ਵਿਅਕਤੀ ਰਹਿੰਦੇ ਹਨ, ਉਹ ਬਹੁਤ ਪਾਪ ਕਰਦੇ ਹਨ ਅਤੇ ਆਦਰ ਨਹੀਂ ਰਖਦੇ, ਉਹ ਕਿਸ ਪ੍ਰਕਾਰ ਦੀ ਗਤੀ ਪਾਉਂਦੇ ਹਨ?" ॥ ੨੯॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਬਸਹਿਂ ਜਿ ਮਹਿਮਾ ਨਹਿਂ ਮਨ ਚੀਨਿ।
ਠਾਨਹਿਂ ਪਾਪ, ਨ ਜਾਨਹਿਂ ਮੂਢ। ਸੁਨਹਿਂ ਨ ਸੱਤਿਨਾਮ ਬਹੁ ਰੂਢ॥ ੩੦॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਜਿਹੜੇ ਮਹਿਮਾ ਨਾ ਜਾਣ ਕੇ ਰਹਿੰਦੇ ਹਨ, ਪਾਪ ਕਰਦੇ ਹਨ ਅਤੇ ਮੂਰਖ ਜਾਣਦੇ ਨਹੀਂ ਹਨ, ਸਤਿਨਾਮ ਸੁਣਦੇ ਨਹੀਂ, ਜਿਹੜਾ ਕਿ ਬੜਾ ਉੱਤਮ ਅਤੇ ਸ੍ਰੇਸ਼ਟ ਹੈ॥ ੩੦॥

ਤ੍ਰਿਗਧ ਜੋਨਿ ਮਰਿ ਇਹ ਠਾਂ ਪਾਵੈਂ। ਕੂਕਰ ਕਾਕ, ਭੂੰਡ, ਬਨਿ ਜਾਵੈਂ।
ਮੂਖਕ, ਸਰਪ ਬਨਹਿਂ ਅਘ ਭੋਗਹਿਂ। ਪੁਨ ਨਰ ਇਸ ਥਲ ਬਨਹਿਂ ਅਰੋਗਹਿ ॥੩੧॥

ਇਹ ਫਿਰ ਟੇਢੀਆਂ ਅਤੇ ਭੈੜੀਆਂ ਜੂਨਾਂ ਪਾਉਂਦੇ ਹਨ, ਕੁੱਤੇ, ਕਾਂ ਅਤੇ ਭੂੰਡ ਬਣ ਜਾਂਦੇ ਹਨ। ਚੂਹੇ ਸੱਪ ਬਣ ਕੇ ਪਾਪ ਭੋਗਦੇ ਹਨ, ਫਿਰ ਇਸ ਥਾਂ ਅਰੋਗ ਮਨੁੱਖ ਬਣਨਗੇ॥ ੩੧॥

ਪੁਨ ਭਗਤੀ ਕੋ ਪ੍ਰਾਪਤ ਸੋਇ। ਛੁਟਹਿ ਚੁਰਾਸੀ, ਗੌਨ ਨ ਹੋਇ'।
ਸੁਨਿ ਸਭਿ ਸਿੱਖਨਿ ਸੀਸ ਨਿਵਾਯੋ। 'ਧੰਨ ਗੁਰੂ ਤੀਰਥ ਪ੍ਰਗਟਾਯੋ' ॥ ੩੨॥

ਫਿਰ ਉਨ੍ਹਾਂ ਨੂੰ ਭਗਤੀ ਪ੍ਰਾਪਤ ਹੁੰਦੀ ਹੈ, ਚੁਰਾਸੀ ਛੁੱਟ ਜਾਂਦੀ ਹੈ ਤੇ ਜਨਮ ਮਰਨ ਦਾ ਗੇੜਾ ਮੁੱਕ ਜਾਂਦਾ ਹੈ।" ਸਾਰੇ ਸਿੱਖਾਂ ਨੇ ਸੁਣ ਕੇ ਸਿਰ ਨਿਵਾਏ, ਅਤੇ ਕਿਹਾ, "ਗੁਰੂ ਜੀ ਨੇ ਧੰਨ ਤੀਰਥ ਪ੍ਰਗਟ ਕੀਤਾ ਹੈ" ॥ ੩੨॥

ਦੋਹਰਾ- ਕਾਲੋ ਸੀ ਬਡ ਸੂਰਮਾਂ ਕੱਕਾ ਜਿਸ ਕੀ ਜਾਤਿ।
ਸ੍ਰੀ ਅਰਜਨ ਕੋ ਨਮੋ ਕਰਿ ਬੂਝਤਿ ਭਯੋ ਬ੍ਰਿਤਾਂਤ॥ ੩੩॥

ਇਕ ਸਿੱਖ ਭਾਈ ਕਾਲੋ ਵੱਡਾ ਸੂਰਮਾ ਸੀ ਤੇ ਕੱਕਾ ਉਸ ਦੀ ਜਾਤ ਸੀ। ਉਹ ਸ੍ਰੀ ਅਰਜਨ ਦੇਵ ਜੀ ਨੂੰ ਨਮਸਕਾਰ ਕਰਕੇ ਬ੍ਰਿਤਾਂਤ ਪੁੱਛਣ ਲੱਗਾ॥ ੩੩॥

ਚੌਪਈ- 'ਮਰਹਿ ਜੁੱਧ ਮਹਿਂ ਜੋਧਾ ਜੋਇ। ਕੋ ਪਦ ਤਿਸ ਕੋ ਪ੍ਰਾਪਤਿ ਹੋਇ ?।
ਕਹਾਂ ਜਾਇ ਸੁਖ ਕੇਤਿਕ ਪਾਵੈ ?'। ਸੁਨਿ ਸ੍ਰੀ ਮੁਖ ਤੇ ਤਾਂਹਿ ਬਤਾਵੈਂ ॥੩੪॥

"ਜਿਹੜਾ ਯੋਧਾ ਯੁੱਧ ਵਿਚ ਮਰਦਾ ਹੈ, ਉਸ ਨੂੰ ਮਰਨ ਉਪਰੰਤ ਕਿਹੜੀ ਪਦਵੀ ਪ੍ਰਾਪਤ ਹੁੰਦੀ ਹੈ, ਉਹ ਕਿਥੇ ਜਾਂਦਾ ਹੈ ਅਤੇ ਕਿੰਨਾ ਸੁਖ ਪਾਉਂਦਾ ਹੈ?" ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਦੱਸਿਆ॥ ੩੪॥

'ਧਰਮ ਬੀਰਤਾ ਜਿਸਨੇ ਧਾਰਾ। ਨ੍ਰਿਭੈ ਰਹਿਨ ਸੰਗ੍ਰਾਮ ਮਝਾਰਾ।
ਜੀਤਜੋ ਸ਼ੱਤ੍ਰੂ ਚਹਤਿ ਚਿਤ ਮਰਜੋ। ਮਰਤਿ ਜਿ ਸੱਤਿਨਾਮ ਉਰ ਧਰਜੋ ॥੩੫॥

"ਜਿਸ ਨੇ ਬੀਰਤਾ ਦਾ ਧਰਮ ਧਾਰਨ ਕੀਤਾ ਹੈ ਅਤੇ ਯੁੱਧ ਵਿਚ ਨਿਰਭੈਅ ਰਹਿੰਦਾ ਹੈ। ਦੁਸ਼ਮਣ ਨੂੰ ਜਿੱਤਣਾ ਚਾਹੁੰਦਾ ਹੈ, ਆਪਣੀ ਬੇਸ਼ਕ ਮੌਤ ਵੀ ਹੋ ਜਾਵੇ, ਮਰਦੇ ਸਮੇਂ ਜੋ ਸਤਿਨਾਮ ਹਿਰਦੇ ਵਿਚ ਧਾਰਨ ਕਰੇਗਾ॥ ੩੫॥

Sri Satguru Jagjit Singh Ji eLlibrary NamdhariElibrary@gmail.com

ਪ੍ਰਾਪਤਿ ਹੋਤਿ ਪਰਮਗਤਿ ਸੋਇ। ਜਨਮ ਜਨਮ ਕੇ ਪਾਪਨਿ ਖੋਇ।
ਬਿਨ ਸਿਮਰਨ ਰਿਸੁ ਰਿਪੁ ਪਰ ਧਾਰਿ। ਮਾਰਿ ਮਾਰਿ ਮੁਖ ਕਰਤਿ ਉਚਾਰਿ ॥੩੬॥

ਉਸ ਨੂੰ ਫਿਰ ਪਰਮਗਤੀ ਪ੍ਰਾਪਤ ਹੁੰਦੀ ਹੈ, ਜਨਮ ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਬਿਨਾਂ ਸਿਮਰਨ ਦੇ ਦੁਸ਼ਮਣ ਉਤੇ ਗੁੱਸਾ ਧਾਰ ਕੇ, ਮੁਖ ਤੋਂ 'ਮਾਰ ਲਵੋ, ਮਾਰ ਲਵੋ' ਪੁਕਾਰਦਾ ਹੈ॥ ੩੬॥

ਬਿਨਾਂ ਤ੍ਰਾਸ ਤੇ ਤਨ ਤਜਿ ਦੇਤਿ। ਹਤਿ ਹਤਿ ਸ਼ਸਤ੍ਰ ਪਰਹਿ ਰਣਖੇਤ।
ਜੋਗੀ ਸਮ ਭੇਦੇ ਰਵਿ ਮੰਡਲ। ਪੁਨ ਪਹੁੰਚਹਿ ਜਹਿਂ ਬਸਹਿ ਅਖੰਡਲ ॥੩੭॥

ਕਿਸੇ ਡਰ ਤੋਂ ਬਗੈਰ ਸਰੀਰ ਛੱਡ ਜਾਂਦੇ ਹਨ, ਸ਼ਸਤਰਾਂ ਦੇ ਵਾਰ ਕਰ ਕਰ ਕੇ ਯੁੱਧ ਖੇਤਰ ਵਿਚ ਹੀ ਪਏ ਰਹਿ ਜਾਂਦੇ ਹਨ। ਉਹ ਜੋਗੀ ਵਾਂਗ ਸੂਰਜ ਮੰਡਲ ਨੂੰ ਵਿੰਨ੍ਹ ਦਿੰਦੇ ਹਨ ਤੇ ਓਥੇ ਪਹੁੰਚ ਜਾਂਦੇ ਹਨ ਜਿਥੇ ਇੰਦਰ ਵੱਸਦਾ ਹੈ॥ ੩੭॥

ਗਨ ਬਿਰੰਗਨਾ ਸੇਵਤਿ ਆਇ। ਬਿਬਧ ਬਿਧਿਨਿ ਕੇ ਬਿਬਧ ਜਿ ਥਾਇਂ।
ਚਾਮੀਕਰ ਕੇ ਮੰਦਰ ਬੀਚ। ਰਾਗ ਸੁਨਾਵਹਿਂ ਬਹੁ ਸੁਖ ਸੀਚ॥ ੩੮॥

ਸਵਰਗ ਦੀਆਂ ਪਰੀਆਂ ਆ ਕੇ ਸੇਵਾ ਕਰਦੀਆਂ ਹਨ। ਕਈ ਪ੍ਰਕਾਰ ਦੇ ਜੋ ਦੇਵਤਿਆਂ ਦੇ ਥਾਂ ਹਨ, ਸੋਨੇ ਦੇ ਮਹੱਲਾਂ ਵਿਚ ਸੁੱਖਾਂ ਨਾਲ ਮਿਲਿਆ ਰਾਗ ਸੁਣਾਉਂਦੀਆਂ ਹਨ॥ ੩੮॥

ਇੱਤਜਾਦਿਕ ਸੁਖ ਅਨਿਕ ਪ੍ਰਕਾਰ। ਸੁਰਤਨ ਹ੍ਵੈ ਰਹਿਂ ਸ੍ਵਰਗ ਮਝਾਰ।
ਧਰਮ ਬਡੋ ਇਹ ਆਯੁਧਧਾਰੀ। ਨਹਿਂ ਸ਼ੱਤ੍ਰੁਨ ਦਿਖਾਇ ਪਿਛਾਰੀ॥ ੩੯॥

ਇਤਿਆਦਿ ਅਨੇਕ ਪ੍ਰਕਾਰ ਦੇ ਸੁੱਖ ਮਿਲਦੇ ਹਨ, ਦੇਵਤਿਆਂ ਦਾ ਸਰੀਰ ਧਾਰ ਕੇ ਸਵਰਗ ਵਿਚ ਰਹਿੰਦੇ ਹਨ। ਸ਼ਸਤਰਧਾਰੀ ਹੋਣਾ ਵੱਡਾ ਧਰਮ ਹੈ, ਦੁਸ਼ਮਣ ਨੂੰ ਕਦੇ ਵੀ ਪਿੱਠ ਨਾ ਵਿਖਾਵੇ॥ ੩੯॥

ਦੋਨਹੁ ਲੋਕ ਸੂਰ ਭੁਜ ਤਰੈ। ਜੀਤਹਿ, ਪ੍ਰਿਥਵੀ ਰਾਜ ਸੁ ਕਰੈ।
ਮਰੈ, ਸ੍ਵਰਗ ਕੇ ਸੁਖ ਕੋ ਪਾਵਹਿ। ਚਾਮੀਕਰ ਕੇ ਸਦਨ ਬਸਾਵਹਿ॥ ੪੦॥

ਦੋਹਾਂ ਲੋਕਾਂ ਦੇ ਸੁਖ, ਸੂਰਮੇ ਦੀਆਂ ਬਾਹਾਂ ਹੇਠ ਹਨ, ਪ੍ਰਿਥਵੀ ਨੂੰ ਜਿੱਤ ਕੇ ਉਹ ਰਾਜ ਕਰਦਾ ਹੈ। ਮਰ ਕੇ ਸਵਰਗ ਦੇ ਸੁਖ ਪਾਉਂਦਾ ਹੈ ਅਤੇ ਸੋਨੇ ਦੇ ਮਹੱਲਾਂ ਵਿਚ ਵੱਸਦਾ ਹੈ॥ ੪੦॥

ਰੁਚਿਰ ਪ੍ਰਯੰਕਨਿ ਸੇਜ ਸੁਖਾਲੇ। ਭੋਗੇ ਭੋਗ ਅਨੰਦ ਬਿਸਾਲੇ।
ਇਮ ਜਾਨਹੁ ਜੋਧਾ ਗਤਿ ਭਲੇ। ਸਮੁਖ ਲਹੇ ਤੇ ਸ਼ੁਭ ਪਦ ਮਿਲੇ'॥ ੪੧॥

ਸੁੰਦਰ ਪਲੰਘ ਅਤੇ ਸੁਖਦਾਇਕ ਸੇਜ ਤੇ ਅਨੰਦਦਾਇਕ ਭੋਗ ਭੋਗਦਾ ਹੈ। ਇਸ ਤਰ੍ਹਾਂ ਜਾਣੋ ਕਿ ਯੋਧਾ ਭਲੀ ਗਤੀ ਪ੍ਰਾਪਤ ਕਰਦਾ ਹੈ। ਪਰ ਜਦੋਂ ਵਾਹਿਗੁਰੂ ਦੇ ਸਨਮੁਖ ਹੋਇਆ ਜੂਝ ਕੇ ਮਰਦਾ ਹੈ ਤਾਂ ਮੁਕਤੀ ਫਲ ਪਾਉਂਦਾ ਹੈ'॥ ੪੧॥

*ਤੀਸਰੀ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥ ੬੧॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਬਾਹਠਵਾਂ

*ਭਾਈ ਸੇਠਾ, ਭਾਈ ਉਗਵੰਦਾ ਆਦਿ ਸਿੱਖ*

ਦੋਹਰਾ- ਸੇਠਾ ਉਗਵੰਦਾ ਦੂਊ ਅਪਰ ਸਭਾਗਾ ਤੀਨ।
ਚੂਹਣੀਏ ਪੁਰਿ ਮਹਿਂ ਬਸਹਿਂ ਜਾਤਿ ਅਰੋੜੇ ਚੀਨ॥ ੧ ॥

ਦੋਵੇਂ ਭਾਈ ਸੇਠਾ, ਭਾਈ ਉਗਵੰਦਾ ਅਤੇ ਤੀਸਰਾ ਭਾਈ ਸੁਭਾਗਾ ਚੂਹਣੀਏਪੁਰ ਵਿਚ ਰਹਿੰਦੇ ਸਨ ਅਤੇ ਜਾਤ ਦੇ ਅਰੋੜੇ ਸਨ॥ ੧ ॥

ਚੌਪਈ- ਸਿੱਖਨਿ ਕੀ ਸੇਵਾ ਨਿਤ ਕਰੈਂ। ਨਿਸ ਮਹਿਂ ਜਾਗ ਗੁਰੂ ਉਰ ਧਰੈਂ।
ਛੁਧਿਤਿ ਸਿੱਖ ਕੋ ਦੇਤਿ ਅਹਾਰਾ। ਹੇਰਿ ਨਗਨ ਕੋ ਬਸਤ੍ਰ ਉਦਾਰਾ ॥੨ ॥

ਉਹ ਸਿੱਖਾਂ ਦੀ ਨਿਤ ਸੇਵਾ ਕਰਦੇ ਸਨ, ਰਾਤ ਨੂੰ ਜਾਗ ਕੇ ਗੁਰੂ ਨੂੰ ਹਿਰਦੇ ਵਿਚ ਧਾਰਨ ਕਰਦੇ ਸਨ। ਭੁੱਖੇ ਸਿੱਖ ਨੂੰ ਭੋਜਨ ਦਿੰਦੇ ਸਨ, ਅਤੇ ਨੰਗੇ ਨੂੰ ਵੇਖ ਕੇ ਕਪੜੇ ਦਿੰਦੇ ਸਨ॥ ੨ ॥

ਸ੍ਰੀ ਅਰਜਨ ਕੋ ਬੰਦਨ ਠਾਨੀ। ਹਾਥ ਜੋਰਿ ਅਰਦਾਸ ਬਖਾਨੀ।
'ਭੋਜਨ ਇਹਾਂ ਦੇਤਿ ਘਰ ਮਾਂਹੀ। ਪਿਤਰਨ ਕੋ ਪਹੁੰਚਤਿ ਕੈ ਨਾਂਹੀ ?' ॥੩ ॥

ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਜਿਹੜਾ ਅਸੀਂ ਏਥੇ ਘਰ ਵਿਚ ਲੋਕਾਂ ਨੂੰ ਭੋਜਨ ਛਕਾਉਂਦੇ ਹਾਂ, ਇਹ ਪਿੱਤਰਾਂ ਨੂੰ ਪਹੁੰਚਦਾ ਹੈ ਕਿ ਨਹੀਂ" ॥ ੩ ॥

ਸ੍ਰੀ ਮੁਖ ਤੇ ਤਿਨ ਸਾਥ ਬਖਾਨਾ। 'ਪਹੁੰਚਤਿ ਪਿੱਤ੍ਰਨ ਹਿਤ ਜੋ ਦਾਨਾ।
ਸ੍ਰੀ ਨਾਨਕ ਕੋ ਕਹਜੋ ਪ੍ਰਮਾਨ। ਸੋ ਸ਼ਲੋਕ ਸਮਝਹੁ ਤਿਮ ਜਾਨਿ' ॥੪ ॥

ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਨ੍ਹਾਂ ਨੂੰ ਕਿਹਾ, "ਪਿੱਤਰਾਂ ਵਾਸਤੇ ਜਿਹੜਾ ਅਨਾਜ ਪਹੁੰਚਦਾ ਹੈ, ਉਸ ਬਾਰੇ ਸ੍ਰੀ ਨਾਨਕ ਦੇਵ ਜੀ ਨੇ ਫੁਰਮਾਇਆ ਹੈ, ਉਸ ਦਾ ਮੈਂ ਪਰਮਾਣ ਦਿੰਦਾ ਹਾਂ, ਇਹ ਸਲੋਕ ਉਸ ਤਰ੍ਹਾਂ ਜਾਣ ਕੇ ਸਮਝੋ" ॥ ੪ ॥

*ਸ੍ਰੀ ਮੁਖਵਾਕ॥ ਸਲੋਕੁ ਮਹਲਾ ੧ ॥*

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ ੧ ॥*

*(ਪੰਨਾ ੪੭੨)*

ਹੇ ਨਾਨਕ ! ਅਗਲੇ ਜਹਾਨ ਵਿਚ ਕੇਵਲ ਓਹੀ ਮਿਲਦਾ ਹੈ, ਜੋ ਇਨਸਾਨ ਆਪਣੀ ਕਮਾਈ ਅਤੇ ਮਿਹਨਤ ਮੁਸ਼ੱਕਤ ਵਿਚੋਂ ਲੋੜਵੰਦਾਂ ਨੂੰ ਵੀ ਦਿੰਦਾ ਹੈ॥ ੧ ॥

ਚੌਪਈ- ਸੁਨਿ ਸਿੱਖਨਿ ਪੁਨ ਕੀਨਿ ਸੰਦੇਹ। 'ਪ੍ਰਾਨੀ ਇਹਾਂ ਅਹਾਰ ਸੁ ਦੇਹਿ।
ਪਿਤਰ ਸੁਰਗ ਕੈ ਨਰਕ ਮਝਾਰੀ। ਕਿਧੌਂ ਜੂਨ ਕੈਸੇ ਕੋ ਧਾਰੀ ॥ ੫ ॥

ਸਿੱਖਾਂ ਨੇ ਸੁਣ ਕੇ ਫਿਰ ਸ਼ੰਕਾ ਕੀਤਾ, "ਪ੍ਰਾਣੀ ਏਥੇ ਜਿਹੜਾ ਭੋਜਨ ਦਿੰਦਾ ਹੈ, ਪਿੱਤਰਾਂ ਦਾ ਕੀ ਪਤਾ ਹੈ ਕਿ ਉਹ ਸਵਰਗਾਂ ਵਿਚ ਹਨ ਕਿ ਨਰਕਾਂ ਵਿਚ ਹਨ ਜਾਂ ਕਿਤੇ ਓਨਾਂ ਕੋਈ ਜੂਨ ਤਾਂ ਨਹੀਂ ਧਾਰਨ ਕਰ ਲਈ ਹੈ ? ॥ ੫ ॥

ਤਹਿਂ ਪਹੁਂਚਹਿ ਕਿਮ? ਸੰਸੈ ਇਹੀ'। ਪੁਨ ਸਤਿਗੁਰ ਉੱਤਰ ਦਿਯ ਸਹੀ।
'ਜਬਿ ਪਿਤਰਨਿ ਕੋ ਦਿਨ ਚਲਿ ਆਵੈ। ਤਿਨ ਹਿਤ ਕਰਿ ਭੋਜਨ ਜੋ ਖ੍ਵਾਵੈ ॥੬॥

ਉਨ੍ਹਾਂ ਪਾਸ ਕਿਵੇਂ ਭੋਜਨ ਪਹੁੰਚੇਗਾ? ਸਾਨੂੰ ਇਹੋ ਸ਼ੰਕਾ ਹੈ।" ਫਿਰ ਗੁਰੂ ਜੀ ਨੇ ਸਹੀ ਉੱਤਰ ਦਿੱਤਾ, "ਜਦ ਪਿੱਤਰਾਂ ਦਾ ਦਿਨ ਆ ਜਾਵੇ, ਉਨ੍ਹਾਂ ਵਾਸਤੇ ਪਿਆਰ ਨਾਲ ਜਿਹੜਾ ਭੋਜਨ ਖਵਾਵੇ॥ ੬॥

ਨੋਟ:- ਸ਼ਰਾਧ ਇਕ ਹਿੰਦੂ ਰਸਮ ਹੈ, ਜਿਸ ਵਿਚ ਮਰੇ ਹੋਏ ਪਿੱਤਰਾਂ ਨੂੰ ਤ੍ਰਿਪਤ ਕਰਨ ਵਾਸਤੇ ਬ੍ਰਾਹਮਣਾਂ ਨੂੰ ਭੋਜਨ ਖਵਾਉਂਦੇ ਹਨ। ਪਰ ਸਿੱਖਾਂ ਵਿਚ ਸ਼ਰਾਧ ਕਰਨ ਦੀ ਮਨਾਹੀ ਹੈ॥

ਪਿਤਰ ਬਰਨ ਚਾਰਨ ਸਮੁਦਾਇ। ਬਿੱਪ੍ਰਨਿ ਬਿਖੈ ਪ੍ਰਵੇਸ਼ਹਿਂ ਆਇ।
ਸਿੱਖਨ ਕੈ ਗਨ ਪਿਤਰ ਜੁ ਅਹੈਂ। ਸੋ ਸਿੱਖਨਿ ਮਹਿਂ ਬਾਸੋ ਲਹੈਂ॥ ੭॥

ਚਾਰ ਵਰਨਾਂ ਦੇ ਸਾਰੇ ਪਿੱਤਰ ਬ੍ਰਾਹਮਣਾਂ ਵਿਚ ਪ੍ਰਵੇਸ਼ ਕਰਦੇ ਹਨ। ਸਿੱਖਾਂ ਦੇ ਜੋ ਪਿੱਤਰ ਹਨ, ਉਹ ਸਿੱਖਾਂ ਵਿਚ ਹੀ ਵੱਸਦੇ ਹਨ॥ ੭॥

ਨੋਟ:- ਪਿੱਤਰਾਂ ਨੂੰ ਜੋ ਅਰਪਣ ਕਰਦੇ ਹਨ ਉਨ੍ਹਾਂ ਵਿਚੋਂ ਖਾਣ ਪੀਣ ਦੇ ਪਦਾਰਥ ਕਾਂ, ਕੁੱਤੇ ਅਤੇ ਬ੍ਰਾਹਮਣ ਖਾ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ, *"ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹਿ"*॥

ਜਥਾ ਚੰਗ ਬੰਧੀ ਸੰਗ ਡੋਰ। ਡੋਲਤ ਜਹਿਂ ਕਹਿਂ ਨਭ ਕੀ ਓਰ।
ਡੋਰ ਬੰਧਿ ਦੀਪਕ ਪਹੁਂਚਾਵੈ। ਤਿਮ ਪਿਤਰਨਿ ਕੀ ਬਿਧਿ ਬਨਿ ਆਵੈ॥ ੮॥

ਜਿਵੇਂ ਡੋਰ ਨਾਲ ਬੱਧੀ ਪਤੰਗ, ਜਿਥੇ ਕਿਥੇ ਧਰਤੀ ਵਲ ਆਉਣ ਲਈ ਡੋਲਦੀ ਹੈ ਡੋਰ ਨਾਲ ਬੰਨ੍ਹ ਕੇ ਦੀਪਕ ਪਹੁੰਚਾਏ ਇਸ ਤਰ੍ਹਾਂ ਪਿੱਤਰਾਂ ਦੀ ਵਿਧੀ ਬਣ ਆਉਂਦੀ ਹੈ, ਕਿਉਂਕਿ ਪਿੱਤਰਾਂ ਤਕ ਦੀਪਕ ਨੇ ਕਦੇ ਵੀ ਨਹੀਂ ਪਹੁੰਚਣਾ ਹੈ॥ ੮॥

ਮੋਹ ਡੋਰ ਨਿਜ ਸੰਤਤਿ ਸੰਗ। ਬੰਧੇ ਰਹਤਿ ਦੂਰ ਸਮ ਚੰਗ।
ਪਿਤਰ ਦੇਵਤਾ ਜੇ ਸਭਿ ਕੇਰੇ। ਲੇ ਲੇ ਸੋ ਅਹਾਰ ਤਿਸ ਬੇਰੇ॥ ੯॥

ਮੋਹ ਦੀ ਡੋਰ ਨਾਲ ਸੰਤਾਨ ਦੇ ਨਾਲ ਪਤੰਗ ਵਾਂਗ ਦੂਰ ਤਕ ਬੰਨ੍ਹੇ ਰਹਿੰਦੇ ਹਨ। ਪਿੱਤਰ ਦੇਵਤੇ ਜਿਹੜੇ ਸਭ ਦੇ ਹਨ ਉਹ ਭੋਜਨ ਲੈ ਕੇ ਉਸੇ ਵੇਲੇ ਰੱਖ ਲੈਂਦੇ ਹਨ॥ ੯॥

ਸੁਰਗ ਕਿ ਨਰਕ ਜੂਨ ਕੇ ਮਾਂਹੀ। ਸੁਰ ਜੇ ਪਿਤਰ ਪੁਚਾਵਹਿਂ ਤਾਂਹੀ।
ਸੁਨਿ ਤੀਨਹੁ ਨਿਸ਼ਚੈ ਮਨ ਕੀਨਾ। ਜਿਮ ਸ੍ਰੀ ਸਤਿਗੁਰ ਤੇ ਸੁਨਿ ਲੀਨਾ॥੧੦॥

ਉਹ ਜਾਣਦੇ ਹਨ ਕਿ ਪਿੱਤਰ ਸਵਰਗ, ਨਰਕ ਜਾਂ ਕਿਸੇ ਜੂਨ ਵਿਚ ਹਨ, ਜਿਹੜੇ ਪਿਤਰ ਦੇਵਤੇ ਹਨ ਉਹ ਓਥੇ ਓਥੇ ਭੋਜਨ ਪਹੁੰਚਾ ਦਿੰਦੇ ਹਨ। ਇਹ ਸੁਣ ਕੇ ਤਿੰਨਾਂ ਨੇ ਨਿਸ਼ਚਾ ਕਰ ਲਿਆ॥ ੧੦॥

ਦੋਹਰਾ- ਪੈੜਾ ਜਾਤਿ ਚੰਡਾਲੀਆ, ਜੇਠਾ ਸੇਠੀ ਆਨ।
ਸ੍ਰੀ ਅਰਜਨ ਕੀ ਸ਼ਰਨ ਤਕ ਬੰਦਨ ਕੀਨਸਿ ਜਾਨ॥੧੧॥

ਭਾਈ ਪੈੜਾ ਜਿਹੜਾ ਜਾਤ ਦਾ ਚੰਡਾਲੀਆ ਸੀ ਅਤੇ ਭਾਈ ਜੇਠਾ ਸੇਠੀ ਦੋਵੇਂ ਮਿਲ ਕੇ ਆਏ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਤੱਕ ਕੇ ਆ ਕੇ ਬੰਦਨਾ ਕੀਤੀ॥ ੧੧॥

ਚੌਪਈ- ਇਮ ਅਪਨੀ ਅਰਦਾਸ ਬਖਾਨੀ। 'ਰਾਵਰਿ ਕੀ ਬਾਨੀ ਹਮ ਮਾਨੀ।
ਧਰਮ ਕਿਰਤ ਤੇ ਕਰਹਿਂ ਕਮਾਈ। ਸਿੱਖਨਿ ਸਾਥ ਬਾਂਟਿ ਹਮ ਖਾਈਂ॥੧੨॥

ਉਨ੍ਹਾਂ ਨੇ ਇਸ ਤਰ੍ਹਾਂ ਆਪਣੀ ਬੇਨਤੀ ਕੀਤੀ, "ਆਪ ਜੀ ਦੇ ਬਚਨਾਂ ਨੂੰ ਅਸੀਂ ਮੰਨਿਆ ਹੈ। ਧਰਮ ਕਿਰਤ ਦੀ ਅਸੀਂ ਕਮਾਈ ਕਰਦੇ ਹਾਂ ਤੇ ਸਿੱਖਾਂ ਦੇ ਨਾਲ ਵੰਡ ਕੇ ਖਾਂਦੇ ਹਾਂ॥ ੧੨॥

ਮਿਲਿ ਦਿਜ ਹਮਸੋਂ ਤਰਕ ਕਰੰਤੇ। ਕਹਿਂ ਹਿੰਸਾ ਨਿਤ ਪੰਚ ਕਰੰਤੇ।
ਉਖਲੀ, ਕੂਟਣ, ਪੀਸਣ ਚਾਕੀ। ਬਢਨੀ ਫੇਰਨਿ ਲੇਪਨਤਾ ਕੀ॥ ੧੩॥

ਬ੍ਰਾਹਮਣ ਮਿਲ ਕੇ ਸਾਡੇ ਨਾਲ ਹੁਜਤਾਂ ਕਰਦੇ ਹਨ, ਕਹਿੰਦੇ ਹਨ, "ਪੰਜ ਹਿੰਸਾ ਅਸੀਂ ਨਿਤ ਕਰਦੇ ਹਨ। ਉਖਲੀ ਵਿਚ ਚਾਵਲ ਛੜਦੇ ਹਾਂ। ਉਸ ਵਿਚ ਕੁੱਟਣ ਦੀ ਹਿੰਸਾ ਹੈ, ਚੱਕੀ ਪੀਸਦੇ ਹਾਂ, ਉਸ ਵਿਚ ਪੀਸਣ ਦੀ ਹਿੰਸਾ ਹੈ, ਝਾੜੂ ਫੇਰਦੇ ਹਾਂ ਉਸ ਵਿਚ ਲਿਪਾਈ ਦੀ ਹਿੰਸਾ ਹੈ॥ ੧੩॥

ਚੁਲ੍ਹੇ ਮਹਿਂ ਪਾਵਕ ਜੋ ਜਾਰਹਿ। ਅਰੁ ਜਲੁ ਤੇ ਹੋਵਹਿ ਅਘ ਕਾਰਨ।
ਅਗਨਿ ਅਹੂਤਿ ਪੰਚ ਹਮ ਦੇਤਿ। ਦੋਸ਼ ਨਿਵਾਰਨਿ ਸੋ ਕਰਿ ਲੇਤਿ॥ ੧੪॥

ਚੁਲ੍ਹੇ ਵਿਚ ਜਿਹੜਾ ਘਿਉ ਸਾੜਦੇ ਹਾਂ ਉਹ ਵੀ ਹਿੰਸਾ ਹੈ ਅਤੇ ਜਲ ਵੀ ਪਾਪ ਦਾ ਕਾਰਨ ਬਣਦਾ ਹੈ। ਇਸ ਤਰ੍ਹਾਂ ਅਸੀਂ ਪੰਜ ਹਿੰਸਾ ਭਾਵ ਪਾਪ ਕਰਦੇ ਹਾਂ। ਬ੍ਰਾਹਮਣ ਕਹਿੰਦੇ ਹਨ ਕਿ ਅਸੀਂ ਅੱਗ ਵਿਚ ਪੰਜ ਅਹੂਤੀਆਂ ਦਿੰਦੇ ਹਾਂ ਜਿਸ ਨਾਲ ਅਸੀਂ ਪੰਜੇ ਪਾਪਾਂ ਨੂੰ ਦੂਰ ਕਰ ਲੈਂਦੇ ਹਾਂ॥ ੧੪॥

ਪੀਛੇ ਪਾਵਨ ਭੋਜਨ ਕਰੈਂ। ਤੁਮ ਨਹਿਂ ਕਰਹੁ ਪੰਚ ਅਘ ਧਰੈਂ।
ਸ੍ਰੀ ਅਰਜਨ ਸੁਨਿ ਤਿਨ ਸਮੁਝਾਯੋ। 'ਜੋ ਅਹਾਰ ਤੁਮ ਸਿੱਖਨਿ ਖ੍ਵਾਯੋ॥ ੧੫॥

ਪਿਛੋਂ ਅਸੀਂ ਭੋਜਨ ਨੂੰ ਪਵਿੱਤਰ ਕਰਦੇ ਹਾਂ, ਤੁਸੀਂ ਨਹੀਂ ਕਰਦੇ ਹੋ, ਇਸ ਕਰਕੇ ਪੰਜ ਪਾਪ ਧਾਰਨ ਕਰਦੇ ਹੋ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਉਨ੍ਹਾਂ ਨੂੰ ਸਮਝਾਇਆ, "ਜਿਹੜਾ ਭੋਜਨ ਤੁਸੀਂ ਸਿੱਖਾਂ ਨੂੰ ਖਵਾਉਂਦੇ ਹੋ॥ ੧੫॥

ਵਾਹਿਗੁਰੂ ਕੋ ਨਾਮ ਭਨੰਤੇ। ਪੀਛੇ ਆਪ ਬੈਠਿ ਅਚਵੰਤੇ।
ਇਸ ਤੇ ਪਾਵਨ ਹੋਤਿ ਅਹਾਰਾ। ਅਗਨਿ ਦੇਵਤਾ ਬਦਨ ਮਝਾਰਾ॥ ੧੬॥

ਵਾਹਿਗੁਰੂ ਦਾ ਨਾਮ ਲੈਂਦੇ ਹੋ, ਪਿਛੋਂ ਆਪ ਬੈਠ ਕੇ ਭੋਜਨ ਕਰਦੇ ਹੋ। ਇਸ ਨਾਲ ਭੋਜਨ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਅਗਨੀ ਦੇਵਤਾ ਤਾਂ ਪਹਿਲਾਂ ਹੀ ਸਾਡੇ ਸਰੀਰ ਵਿਚ ਹੈ॥ ੧੬॥

ਨਾਰਾਯਣ ਚੇਤਨ ਸਭਿ ਮਾਂਹੀ। ਸੂਰਜ ਸਭਿ ਕੇ ਦ੍ਰਿਗ ਮਹਿਂ ਆਹੀ।
ਬੀਚ ਨਾਸ਼ਕਾ ਅਸ੍ਵਨਿ ਕੁਮਾਰ। ਦਿਸ਼ਪਾਲਕ ਹੈਂ ਸ੍ਰਵਣ ਮਝਾਰ॥ ੧੭॥

ਚੇਤਨ ਰੂਪ ਵਿਚ ਨਾਰਾਇਣ ਸਭ ਵਿਚ ਹੈ। ਸੂਰਜ ਸਭ ਦੇ ਨੇਤਰਾਂ ਵਿਚ ਹੈ। ਸਾਡੀਆਂ ਦੋ ਨਾਸਾਂ ਵਿਚ ਅਸ਼ਵਨੀ ਕੁਮਾਰ ਦੇਵਤਾ ਹਨ ਅਤੇ ਦਿਸ਼ਪਾਲਕ ਦੇਵਤੇ ਸਾਡੇ ਕੰਨਾਂ ਵਿਚ ਹਨ॥ ੧੭॥

ਰਸਨਾ ਬਿਖੈ ਬਰਨ ਕੋ ਬਾਸ। ਰੋਮ ਬਨਾਸਪਤੀ ਲਖਿ ਰਾਸ।
ਹਾਥਨਿ ਮਹਿਂ ਸੁਰਪਤਿ ਥਿਤਿ ਅਹੈ। ਗੁਦਾ ਦੇਵਤਾ ਜਮ ਕੋ ਕਹੈ॥ ੧੮॥

ਸਾਡੀ ਜੀਭ ਉਤੇ ਵਰੁਨ ਦਾ ਵਾਸਾ ਹੈ, ਆਪਣੇ ਰੋਮਾਂ ਨੂੰ ਸਾਰੀ ਬਨਾਸਪਤੀ ਸਮਝੋ। ਹੱਥਾਂ ਵਿਚ ਦੇਵਤਿਆਂ ਦਾ ਮਾਲਕ ਇੰਦਰ ਹੈ। ਗੁਦਾ ਦੇਵਤਾ ਜਮ ਨੂੰ ਕਹਿੰਦੇ ਹਨ॥ ੧੮॥

ਪਰਜਾਪਤੀ ਲਿੰਗ ਕੋ ਜਾਨਹੁ। ਚਰਨਨਿ ਮਹਿਂ ਪ੍ਰਭੁ ਬਿਸ਼ਨੁ ਪਛਾਨਹੁ।
ਪੌਨ ਤੁਚਾ ਮਹਿਂ ਇਮ ਸੁਰ ਸਾਰੇ। ਬਾਸ ਕਰੰਤਿ ਸ਼ਰੀਰ ਮਝਾਰੇ॥ ੧੯॥

ਪਰਜਾਪਤੀ ਦੇਵਤਾ ਲਿੰਗ ਨੂੰ ਜਾਣੋ ਅਤੇ ਆਪਣੇ ਚਰਨਾਂ ਵਿਚ ਪ੍ਰਭੂ ਵਿਸ਼ਨੂੰ ਪਛਾਣੋ। ਪੌਣ ਦੇਵਤਾ ਚਮੜੀ ਵਿਚ ਜਾਣੋ, ਇਸ ਤਰ੍ਹਾਂ ਸਾਰੇ ਦੇਵਤੇ ਸਾਡੇ ਸਰੀਰ ਵਿਚ ਵੱਸਦੇ ਹਨ॥ ੧੯॥

ਵਾਹਿਗੁਰੂ ਕਹਿ ਜਬਿ ਮੁਖ ਪਾਵੈ। ਸਰਬ ਸੁਰਨਿ ਕੋ ਤਬਿ ਤ੍ਰਿਪਤਾਵੈ।
ਸਿੱਖਨਿ ਕੋ ਗੁਰ ਹਿਤ ਕਰਿ ਦੇਯ। ਪੁੰਨਜ ਮਹਾਂ ਫਲ ਸੋ ਨਰ ਲੇਯ॥ ੨੦॥

ਵਾਹਿਗੁਰੂ ਦਾ ਨਾਮ ਲੈ ਕੇ ਜਦ ਗ੍ਰਾਹੀ ਮੂੰਹ ਵਿਚ ਪਾਉਂਦੇ ਹੋ ਤਾਂ ਸਾਰੇ ਦੇਵਤਿਆਂ ਨੂੰ ਤ੍ਰਿਪਤ ਕਰ ਲੈਂਦੇ ਹੋ। ਜਿਹੜੇ ਸਿੱਖਾਂ ਨੂੰ ਗੁਰੂ ਹਿਤ ਕਰਕੇ ਦਿੰਦੇ ਹਨ, ਬਾਅਦ ਵਿਚ ਉਹ ਮਨੁੱਖ ਮਹਾਨ ਫਲ ਪ੍ਰਾਪਤ ਕਰਦੇ ਹਨ॥ ੨੦॥

ਕਰਿ ਅਰਦਾਸ ਪ੍ਰਸਾਦਿ ਬ੍ਰਤਾਵੈ। ਤਿਨ ਤੇ ਅਘੁ ਅਰੁ ਬਿਘਨ ਨਸਾਵੈ।
ਪ੍ਰਭੁ ਸਭਿ ਸੁਰ ਕੋ ਮੂਲ ਮਹਾਨਾ। ਤਿਸ ਤ੍ਰਿਪਤੇ ਸਭਿ ਸੁਰ ਤ੍ਰਿਪਤਾਨਾ॥ ੨੧॥

ਜਿਹੜੇ ਅਰਦਾਸ ਕਰਕੇ ਪ੍ਰਸ਼ਾਦਿ ਵਰਤਾਉਂਦੇ ਹਨ, ਉਨ੍ਹਾਂ ਦੇ ਸਾਰੇ ਪਾਪ ਅਤੇ ਵਿਘਨ ਦੂਰ ਹੋ ਜਾਂਦੇ ਹਨ। ਪ੍ਰਭੂ ਸਾਰੇ ਦੇਵਤਿਆਂ ਦਾ ਮੂਲ ਹੈ। ਪ੍ਰਭੂ ਦੇ ਤ੍ਰਿਪਤ ਹੋ ਜਾਣ ਨਾਲ ਸਾਰੇ ਦੇਵਤੇ ਤ੍ਰਿਪਤ ਹੋ ਜਾਂਦੇ ਹਨ॥ ੨੧॥

ਜਥਾ ਮੂਲ ਤਰੁ ਸਿੰਚਨ ਕਰੇ। ਪੱਤ੍ਰ ਪੁਸ਼ਪ ਸ਼ਾਖਾ ਹੁਇਂ ਹਰੇ'।
ਸੁਨਿ ਸਿੱਖਨਿ ਨਿਸ਼ਚੈ ਉਰ ਪਾਯੋ। ਸਤਿਗੁਰ ਆਗੈ ਸੀਸ ਝੁਕਾਯੋ॥ ੨੨॥

ਜਿਵੇਂ ਬ੍ਰਿਛ ਦੀ ਜੜ੍ਹ ਨੂੰ ਪਾਣੀ ਦਿੰਦੇ ਹਾਂ, ਪਰ ਸਾਰੇ ਪੱਤੇ, ਫੁੱਲ ਅਤੇ ਡਾਹਣੀਆਂ ਹਰੀਆਂ ਹੋ ਜਾਂਦੀਆਂ ਹਨ।" ਇਹ ਸੁਣ ਕੇ ਸਿੱਖਾਂ ਦੇ ਹਿਰਦਿਆਂ ਵਿਚ ਨਿਸ਼ਚਾ ਆ ਗਈ ਤੇ ਉਨ੍ਹਾਂ ਸਤਿਗੁਰੂ ਜੀ ਅੱਗੇ ਸਿਰ ਨਿਵਾਇਆ॥ ੨੨॥

ਗੁਰਦਿੱਤਾ ਸਿਖ, ਲਟਕਣ ਘੂਰਾ। ਹੁਤੋ ਸਰਾਫ ਕਟਾਰਾ ਰੂਰਾ।
ਮਿਲਿ ਭਗਵਾਨਾ ਚਾਰਹੁੰ ਆਏ। ਸ਼੍ਰੀ ਅਰਜਨ ਪਗ ਸੀਸ ਝੁਕਾਏ॥ ੨੩॥

ਭਾਈ ਗੁਰਦਿੱਤਾ, ਭਾਈ ਲਟਕਣ ਘੂਰਾ, ਭਾਈ ਕਟਾਰਾ ਅਤੇ ਭਾਈ ਭਗਵਾਨਾ ਸਰਾਫੀ ਦਾ ਧੰਦਾ ਕਰਦੇ ਹਨ। ਇਹ ਚਾਰੇ ਮਿਲ ਕੇ ਆਏ ਤੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਤੇ ਇਨ੍ਹਾਂ ਸੀਸ ਨਿਵਾਏ॥ ੨੩॥

ਬੂਝਯੋ 'ਨਾਮ ਜਪਹਿਂ ਹਮ ਕੌਨ? ਜਿਸ ਤੇ ਪ੍ਰਾਪਤਿ ਹੁਇ ਸੁਖ ਭੌਨ'।
ਸ਼੍ਰੀ ਮੁਖ ਕਹਯੋ 'ਨਾਮ ਪ੍ਰਭੁ ਸਾਰੇ। ਭਉਜਲ ਪਾਰ ਉਤਾਰਨ ਹਾਰੇ॥ ੨੪॥

ਪੁੱਛਣ ਲੱਗੇ, "ਅਸੀਂ ਕਿਹੜਾ ਨਾਮ ਜਪੀਏ, ਜਿਸ ਕਾਰਨ ਘਰ ਵਿਚ ਸੁਖ ਪ੍ਰਾਪਤ ਹੋਵੇ।" ਸ੍ਰੀ ਗੁਰੂ ਜੀ ਨੇ ਕਿਹਾ, "ਸਾਰੇ ਨਾਮ ਪ੍ਰਭੂ ਦੇ ਹਨ ਅਤੇ ਸਾਰੇ ਹੀ ਭਵਜਲ ਪਾਰ ਉਤਾਰਨ ਵਾਲੇ ਹਨ॥ ੨੪॥

ਸ਼੍ਰੀ ਨਾਨਕ ਨਿਜ ਸਿੱਖਨਿ ਹੇਤੁ। ਵਾਹਿਗੁਰੂ ਸਿਰਜਯੋ ਨਿਤ ਚੇਤ।
ਚਤੁਰ ਵ੍ਯੂਹ ਜਿਮ ਪ੍ਰਭੁ ਕੇ ਰੂਪ। ਤਿਮ ਇਹ ਚਾਰਹੁੰ ਬਰਨ ਅਨੂਪ॥ ੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਵਾਸਤੇ ਵਾਹਿਗੁਰੂ ਨਾਮ ਦੀ ਸਿਰਜਣਾ ਕੀਤੀ, ਨਿਤ ਇਹ ਨਾਮ ਜਪੋ। ਜਿਵੇਂ ਪ੍ਰਭੂ ਦੇ ਚਾਰ ਰੂਪ ਮੰਨੇ ਹਨ, ਸਰੀਰ ਪੁਰਖ, ਛੰਦ ਪੁਰਖ, ਦੇਵ ਪੁਰਖ ਅਤੇ ਮਹਾਂ ਪੁਰਖ। ਇਸ ਤਰ੍ਹਾਂ ਹੀ ਇਹ ਨਾਮ ਚਾਰੇ ਵਰਨਾਂ ਵਾਸਤੇ ਅਨੂਪਮ ਹੈ॥ ੨੫॥

ਜਥਾ ਚਮੂ ਕੇ ਚਾਰਹੁੰ ਅੰਗ। ਇਮ ਇਹ ਬਰਨ ਸ਼ੱਤ੍ਰੁ ਅਘ ਭੰਗ।
ਚਾਰਹੁੰ ਬੇਦਨਿ ਕੋ ਮਥਿ ਸਾਰ। ਸੁੰਦਰ ਬਰਨ ਰਚੇ ਗੁਰ ਚਾਰ॥ ੨੬॥

ਜਿਵੇਂ ਸੈਨਾ ਦੇ ਚਾਰ ਅੰਗ ਹੁੰਦੇ ਹਨ, ਤੇ ਚਾਰੇ ਅੰਗ ਵੈਰੀ ਦਾ ਨਾਸ਼ ਕਰਦੇ ਹਨ, ਇਸ ਤਰ੍ਹਾਂ ਹੀ ਚਾਰ ਅੱਖਰਾਂ ਦਾ ਬਣਿਆ ਵਾਹਿਗੁਰੂ ਸ਼ਬਦ ਵੈਰੀਆਂ ਅਤੇ ਪਾਪਾਂ ਦਾ ਨਾਸ਼ ਕਰਦਾ ਹੈ। ਚਾਰੇ ਵੇਦਾਂ ਨੂੰ ਰਿੜਕ ਕੇ ਸਾਰ ਕੱਢਿਆ ਹੈ, ਗੁਰੂ ਜੀ ਨੇ ਇਹ ਚਾਰ ਸੁੰਦਰ ਅੱਖਰ ਰਚੇ ਹਨ॥ ੨੬॥

ਚਹੁੰ ਦਿਸ਼ਿ ਤੇ ਦਿਢ ਮਨਹੁੰ ਜਹਾਜ। ਕਲਿ ਮਹਿਂ ਸਿੱਖ ਉਧਾਰਨਿ ਕਾਜ।
ਜਪਹਿਂ ਨਿਰੰਤਰ ਮਹਿਮਾ ਜਾਨਿ। ਤਿਨ ਕੌ ਕਰਤਬ ਰਹਜੋ ਨ ਆਨ॥੨੭॥

ਚਾਰੇ ਪਾਸਿਆਂ ਤੋਂ ਦ੍ਰਿੜ੍ਹ ਮਾਨੋ ਜਹਾਜ਼ ਹੈ। ਕਲਿਜੁਗ ਵਿਚ ਸਿੱਖਾਂ ਨੂੰ ਉਧਾਰਨ ਵਾਸਤੇ ਬਣਿਆ ਹੈ ਤੇ ਸਿੱਖ ਮਹਿਮਾ ਜਾਣ ਕੇ ਨਿੱਤ ਜਾਪ ਕਰਦੇ ਹਨ। ਉਨ੍ਹਾਂ ਵਾਸਤੇ ਹੋਰ ਕੋਈ ਕਰਤਵ ਨਹੀਂ ਰਿਹਾ ਹੈ॥ ੨੭॥

ਵਾਹਿਗੁਰੂ ਜਿਨ ਰਿਦੈ ਬਸਾਯੋ। ਚਾਰ ਪਦਾਰਥ ਕਰਤਲ ਪਾਯੋ।
ਕਹੈਂ ਕਹਾਂ ਲਗਿ ਏਹ ਮਹਾਤਮ। ਸਿਮਰਤਿ ਪ੍ਰਾਪਤਿ ਗਯਾਨ ਸੁ ਆਤਮ' ॥੨੮॥

ਜਿਸ ਨੇ ਵੀ ਵਾਹਿਗੁਰੂ ਨਾਮ ਹਿਰਦੇ ਵਿਚ ਵਸਾ ਲਿਆ ਹੈ, ਉਸ ਨੇ ਸਮਝੋ ਚਾਰੇ ਪਦਾਰਥ ਆਪਣੀ ਤਲੀ ਤੇ ਧਰ ਲਏ ਹਨ, ਭਾਵ ਚਾਰ ਪਦਾਰਥ ਉਸ ਪਾ ਲਏ ਹਨ। ਇਸ ਦਾ ਮੈਂ ਕਿਥੋਂ ਤਕ ਮਹਾਤਮ ਦੱਸਾਂ। ਇਸ ਦੇ ਸਿਮਰਨ ਨਾਲ ਆਤਮ-ਗਿਆਨ ਪ੍ਰਾਪਤ ਹੋ ਜਾਂਦਾ ਹੈ"॥ ੨੮॥

ਸੁਨਿ ਮਹਿਮਾ ਸਿਖ ਸਿਮਰਨਿ ਲਾਗੇ। ਸਤਿਗੁਰ ਮਿਲੇ ਭਾਗ ਜਿਨ ਜਾਗੇ।
ਧੌਣ ਮੁਰਾਰੀ ਰਹਿ ਰਵਿਤਾਸ। ਆਯੋ ਸ੍ਰੀ ਅਰਜਨ ਕੇ ਪਾਸ॥ ੨੯॥

ਮਹਿਮਾ ਸੁਣ ਕੇ ਸਿੱਖ ਸਿਮਰਨ ਕਰਨ ਲੱਗੇ, ਸਤਿਗੁਰੂ ਨੂੰ ਮਿਲ ਕੇ ਜਿਨ੍ਹਾਂ ਦੇ ਭਾਗ ਜਾਗੇ ਸਨ। ਇਕ ਧੌਣ ਮੁਰਾਰੀ ਨਾਂ ਦਾ ਸਿੱਖ ਰਵਿਤਾਸ ਨਾਮੀ ਪਿੰਡ ਵਿਚ ਰਹਿੰਦਾ ਸੀ, ਉਹ ਚਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਇਆ॥ ੨੯॥

ਕਰਿ ਤਿਹ ਸਮੇਂ ਨਮੋ ਢਿਗ ਬੈਸਾ। ਹਾਥ ਜੋਰਿ ਬੂਝਯੋ ਕਹਿ ਐਸਾ।
'ਆਪ ਜੁ ਬਾਨੀ ਕੀਨਿ ਉਚਾਰਨਿ। ਪਠੈਂ ਸੁਨੈਂ ਹਮ ਕਰਹਿਂ ਬਿਚਾਰਨਿ॥੩੦॥

ਉਸ ਸਮੇਂ ਨਮਸਕਾਰ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ। ਹੱਥ ਜੋੜ ਕੇ ਇਸ ਤਰ੍ਹਾਂ ਪੁੱਛਣ ਲੱਗਾ, "ਜਿਹੜੀ ਆਪ ਜੀ ਨੇ ਬਾਣੀ ਉਚਾਰਨ ਕੀਤੀ ਹੈ, ਮੈਂ ਉਸ ਉਤੇ ਪੜ੍ਹ-ਸੁਣ ਕੇ ਵਿਚਾਰ ਕਰਦਾ ਹਾਂ॥ ੩੦॥

ਤਊ ਨ ਦੁਰਮਤਿ ਮਨ ਤੇ ਹਾਨੀ। ਇਹ ਕਯਾ ਕਾਰਨ? ਸਕਹਿਂ ਨ ਜਾਨੀ'।
ਸ੍ਰੀ ਮੁਖ ਤੇ ਬੋਲੇ ਭਲ ਭਾਂਤਿ। 'ਉੱਜਲ ਬਸਤ੍ਰ ਰੰਗ ਚਢਿ ਜਾਤਿ॥ ੩੧॥

ਫਿਰ ਵੀ ਬੁਰੀ ਮੱਤ ਮਨ ਤੋਂ ਦੂਰ ਨਹੀਂ ਹੁੰਦੀ, ਇਹ ਕੀ ਕਾਰਨ ਹੈ? ਮੈਥੋਂ ਜਾਣਿਆਂ ਨਹੀਂ ਜਾਂਦਾ।" ਭਲੀ ਭਾਂਤ ਗੁਰੂ ਜੀ ਆਪਣੇ ਮੁਖਾਰਬਿੰਦ ਤੋਂ ਬੋਲੇ, "ਨਵੇਂ ਅਤੇ ਸਫੇਦ ਕੱਪੜੇ ਨੂੰ ਰੰਗ ਚੜ੍ਹ ਜਾਂਦਾ ਹੈ॥ ੩੧॥

ਨਹਿਂ ਮਲੀਨ ਕੋ ਰੰਗ ਚਢਤਿ ਹੈ। ਜੇ ਪਖਾਰ ਕਰਿ ਮੈਲ ਕਢਤਿ ਹੈ।
ਪੁਨ ਤਿਸ ਕੋ ਰੰਗ ਚਢਹਿ ਸੁ ਨੀਕੋ'। ਸੁਨਿ ਸਿਖ ਪੁਨ ਬੂਝਤਿ ਗੁਰ ਜੀ ਕੋ॥੩੨॥

ਮੈਲੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ ਹੈ, ਜੇ ਉਸ ਨੂੰ ਧੋ ਕੇ ਪਹਿਲਾਂ ਮੈਲ ਕੱਢ ਲਈਏ ਤਾਂ ਫਿਰ ਇਸ ਨੂੰ ਚੰਗਾ ਰੰਗ ਚੜ੍ਹੇਗਾ।" ਇਹ ਸੁਣ ਕੇ ਸਿੱਖ ਫਿਰ ਗੁਰੂ ਜੀ ਨੂੰ ਪੁਛਣ ਲੱਗਾ॥ ੩੨॥

'ਮਨ ਸੂਖਮ ਕੋ ਧੋਵਹਿਂ ਕੈਸੇ?। ਹਮ ਅਨਜਾਨ, ਬਤਾਵਹੁ ਤੈਸੇ'।
ਸ੍ਰੀ ਮੁਖ ਤੇ ਕਹਿ ਪ੍ਰਥਮ ਬਤਾਯੋ। 'ਸ੍ਰੀ ਨਾਨਕ ਜਪ ਪਾਠ ਬਨਾਯੋ॥ ੩੩॥

"ਸੂਖਮ ਮਨ ਨੂੰ ਕਿਵੇਂ ਧੋਈਏ? ਮੈਂ ਅਣਜਾਣ ਹਾਂ, ਉਸ ਤਰ੍ਹਾਂ ਹੀ ਸਮਝਾਵੋ।" ਸ੍ਰੀ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਹਿ ਕੇ ਪਹਿਲਾਂ ਦੱਸਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦਾ ਪਾਠ ਬਣਾਇਆ ਹੈ, ਉਸ ਵਿਚ ਲਿਖਿਆ ਹੈ॥ ੩੩॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਮੁਖਵਾਕ॥

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

(ਪੰਨਾ ੪)

ਜੇ ਹੱਥ, ਪੈਰ, ਸਰੀਰ ਆਦਿ ਮਿੱਟੀ ਨਾਲ ਭਰ ਜਾਵੇ ਜਾਂ ਮੈਲਾ ਹੋ ਜਾਵੇ, ਤਾਂ ਪਾਣੀ ਨਾਲ ਧੋਣ ਪਿਛੋਂ ਮਿੱਟੀ ਉਤਰ ਜਾਂਦੀ ਹੈ ਅਤੇ ਹੱਥ ਪੈਰ ਸਾਫ਼ ਹੋ ਜਾਂਦੇ ਹਨ। ਜੇ ਕੋਈ ਕਪੜਾ ਪਿਸ਼ਾਬ ਆਦਿ ਨਾਲ ਗੰਦਾ ਹੋ ਜਾਂਦਾ ਹੈ, ਤਾਂ ਉਸ ਨੂੰ ਸਾਬਣ ਆਦਿ ਨਾਲ ਧੋ ਕੇ ਸਾਫ਼ ਕਰ ਲਿਆ ਜਾਂਦਾ ਹੈ। ਪਰ ਜੇ ਪਾਪ ਕਰਨ ਨਾਲ ਬੁੱਧੀ ਭ੍ਰਿਸ਼ਟ ਅਤੇ ਅਪਵਿੱਤਰ ਹੋ ਜਾਵੇ ਤਾਂ ਉਸ ਨੂੰ ਸਿਮਰਨ ਅਤੇ ਭਗਤੀ ਨਾਲ ਹੀ ਪਵਿੱਤਰ ਤੇ ਸਵੱਛ ਕੀਤਾ ਜਾ ਸਕਦਾ ਹੈ।

ਚੌਪਈ- ਤਨ ਅਰੁ ਬਸਤ੍ਰ ਸਥੂਲ ਜੁ ਹੋਇ। ਜਲ ਸਾਬੁਨ ਸੰਗ ਲਈਐ ਧੋਇ।
ਮਤਿ ਅਰ ਅਘ ਸੂਖਮ ਇਹ ਜਾਨਿ। ਮਨ ਕੋ ਕਰਹਿਂ ਮਲੀਨ ਮਹਾਨ ॥੩੪॥

ਸਰੀਰ ਅਤੇ ਵਸਤਰ ਜਿਹੜੇ ਸਥੂਲ ਹਨ ਉਹ ਜਲ ਅਤੇ ਸਾਬਣ ਨਾਲ ਧੋਤੇ ਜਾ ਸਕਦੇ ਹਨ, ਬੁੱਧੀ ਅਤੇ ਪਾਪ ਨੂੰ ਸੂਖਮ ਜਾਣੋ। ਇਹ ਮਨ ਨੂੰ ਮਹਾਨ ਮਲੀਨ ਕਰਦੇ ਹਨ॥ ੩੪॥

ਸੱਤਿਨਾਮ ਭੀ ਸੂਖਮ ਅਹੈ। ਸਿਮਰਨਿ ਤੇ ਸਗਰੀ ਮਲ ਲਹੈ।
ਪ੍ਰਭੁ ਮਹਿਂ ਪ੍ਰੇਮ ਰੰਗ ਚਢਿ ਜਾਇ। ਏਕ ਰੂਪ ਹੁਇ ਬਹੁਰ ਮਿਲਾਇ ॥੩੫॥

ਸਤਿਨਾਮ ਵੀ ਸੂਖਮ ਹੀ ਹੈ, ਉਸ ਦਾ ਸਿਮਰਨ ਕਰਨ ਨਾਲ ਸਾਰੀ ਮੈਲ ਧੋਤੀ ਜਾਂਦੀ ਹੈ। ਪ੍ਰਭੂ ਦੇ ਪ੍ਰੇਮ ਦਾ ਰੰਗ ਚੜ੍ਹ ਜਾਵੇਗਾ, ਇਕ ਰੂਪ ਹੋ ਕੇ ਫਿਰ ਮਿਲਾ ਲੈਣਗੇ॥ ੩੫॥

ਸ਼ਰਧਾ ਅਰੁ ਧੀਰਜ ਉਰ ਧਰੋ। ਗੁਰਬਾਨੀ ਪਠਿ ਸੁਨਿ, ਗੁਨਿ ਧਰੋ।
ਸਿਮਰਹੁ ਨਾਮ ਪਾਪ ਮਲ ਜਾਇ। ਸਨੈ ਸਨੈ ਗੁਰਮਤਿ ਲਿਹੁ ਪਾਇ ॥੩੬॥

ਸ਼ਰਧਾ ਅਤੇ ਧੀਰਜ ਨੂੰ ਹਿਰਦੇ ਵਿਚ ਧਾਰਨ ਕਰੋ, ਗੁਰਬਾਣੀ ਪੜ੍ਹ ਸੁਣ ਕੇ ਵਿਚਾਰ ਕੇ ਗੁਣ ਧਾਰਨ ਕਰੋ, ਨਾਮ ਦਾ ਸਿਮਰਨ ਕਰੋ ਤਾਂਕਿ ਪਾਪਾਂ ਦੀ ਮੈਲ ਦੂਰ ਹੋ ਜਾਵੇ, ਹੌਲੀ-ਹੌਲੀ ਗੁਰਮਤਿ ਪਾ ਲਵੋਗੇ॥ ੩੬॥

ਜਨਮ ਅਨੇਕਨਿ ਕੇ ਅਘ ਬ੍ਰਿੰਦ। ਕਰਹੁ ਭਜਨ ਸਭਿ ਹੋਇਂ ਨਿਕੰਦ'।
ਸੁਨਿ ਸਿੱਖਨਿ ਸ਼ਰਧਾ ਧਰਿ ਧੀਰ। ਲਾਗੇ ਸਿਮਰਨਿ ਕਰਨਿ ਗਹੀਰ ॥੩੭॥

ਅਨੇਕਾਂ ਜਨਮਾਂ ਦੇ ਪਾਪ, ਭਜਨ ਕਰਨ ਨਾਲ ਸਾਰੇ ਦੂਰ ਹੋ ਜਾਣਗੇ।" ਇਹ ਸੁਣ ਕੇ ਸਿੱਖਾਂ ਸ਼ਰਧਾ ਧਾਰਨ ਕੀਤੀ ਤੇ ਉਨ੍ਹਾਂ ਦੇ ਮਨ ਵਿਚ ਧੀਰਜ ਆਇਆ, ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗੇ॥ ੩੭॥

ਆਡਿਤ ਸੁਇਨੀ ਸਿਖ ਚਲਿ ਆਯੋ। ਸਤਿਗੁਰ ਆਗੇ ਸੀਸ ਨਿਵਾਯੋ।
ਹਾਥ ਜੋਰਿ ਅਰਦਾਸ ਉਚਾਰੀ। 'ਬ੍ਰਿੱਤਿ ਹਮਾਰੀ ਸ਼ਸਤ੍ਰਨ ਧਾਰੀ॥ ੩੮॥

ਭਾਈ ਆਡਿਤ ਸੁਇਨੀ ਨਾਮੀ ਸਿੱਖ ਚਲ ਕੇ ਆਇਆ ਅਤੇ ਸਤਿਗੁਰੂ ਅੱਗੇ ਸਿਰ ਨਿਵਾਇਆ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਸਾਡੀ ਬ੍ਰਿਤੀ ਸਦਾ ਸ਼ਸਤਰਾਂ ਵਿਚ ਟਿਕੀ ਰਹਿੰਦੀ ਹੈ॥ ੩੮॥

ਜਿਮ ਉਧਾਰ ਹਮਰੋ ਹੁਇ ਜਾਇ। ਕ੍ਰਿਪਾ ਕਰਹੁ ਉਪਦੇਸ਼ ਬਤਾਇ'।
ਸ੍ਰੀ ਅਰਜਨ ਤਬਿ ਸੁਮਤਿ ਬਤਾਈ। 'ਧਰਮ ਜੁੱਧ ਕੀਜਹਿ ਧ੍ਰਿਤ ਪਾਈ ॥੩੯॥

ਜਿਵੇਂ ਕਿ ਸਾਡਾ ਉਧਾਰ ਹੋ ਜਾਵੇ, ਕਿਰਪਾ ਕਰਕੇ ਸਾਨੂੰ ਉਪਦੇਸ਼ ਦੱਸੋ।" ਸ੍ਰੀ ਅਰਜਨ ਦੇਵ ਨੇ ਫਿਰ ਸ੍ਰੇਸ਼ਟ ਮੱਤ ਦੱਸੀ "ਮਨ ਨੂੰ ਦ੍ਰਿੜ ਕਰਕੇ ਧਰਮ ਯੁੱਧ ਕਰੋ॥ ੩੯॥

Sri Satguru Jagjit Singh Ji eLlibrary NamdhariElibrary@gmail.com

ਰਣ ਕਰਤੇ ਪ੍ਰਭੁ ਸੋਂ ਰਖਿ ਧ੍ਯਾਨ। ਲਰੇ ਬਿਸ਼ਨੁ ਜਿਮ ਸਾਰੰਗਪਾਨਿ।
ਅਸੁਰਨਿ ਗਨ ਕੋ ਕੀਨਿ ਸੰਘਾਰ। ਗਦਾ ਪਾਣਿ ਕੋ ਤਬਿ ਉਰ ਧਾਰਿ॥ ੪੦॥

ਰਣ ਖੇਤਰ ਵਿਚ ਪ੍ਰਭੂ ਵਲ ਹਰ ਵੇਲੇ ਧਿਆਨ ਰੱਖੋ, ਜਿਵੇਂ ਵਿਸ਼ਨੂੰ ਹੱਥ ਵਿਚ ਧਨੁੱਖ ਲੈ ਕੇ ਲੜੇ ਸਨ, ਉਨ੍ਹਾਂ ਨੇ ਰਾਕਸ਼ਾਂ ਨੂੰ ਮਾਰ ਦਿੱਤਾ ਸੀ। ਫਿਰ ਗਦਾ ਧਾਰਨ ਕਰਨ ਵਾਲੇ ਵਿਸ਼ਨੂੰ ਨੂੰ ਹਿਰਦੇ ਵਿਚ ਧਾਰਨ ਕਰੋ॥ ੪੦॥

ਸੰਕਟ ਦੇਹਿ ਗਰੀਬਨਿ ਜੋਇ। ਤਿਹਂ ਸੋ ਲਰਹੁ ਧਰਮ ਬਹੁ ਹੋਇ।
ਜਿਸ ਕੋ ਲੂਣ ਖਾਇ ਤਿਸ ਹੇਤੁ। ਪੀਠ ਨ ਦੀਜਹਿ ਜਬਿ ਰਣ ਖੇਤ॥ ੪੧॥

ਜਿਹੜਾ ਵੀ ਗਰੀਬਾਂ ਨੂੰ ਦੁਖ ਦੇ ਰਿਹਾ ਹੋਵੇ, ਉਸ ਨਾਲ ਬਹੁਤ ਧਰਮੀ ਹੋ ਕੇ ਲੜੋ, ਜਿਸ ਦਾ ਲੂਣ ਖਾਂਦੇ ਹੋ, ਉਸ ਦੇ ਵਾਸਤੇ ਰਣ-ਖੇਤਰ ਵਿਚ ਪਿੱਠ ਨਾ ਵਿਖਾਓ॥ ੪੧॥

ਸ੍ਵਾਮੀ ਕਾਰਜ ਹਿਤ ਦੇ ਪ੍ਰਾਨ। ਦੋਨਹੁ ਲੋਕਨਿ ਸੁਜਸੁ ਮਹਾਨ।
ਪਰਮੇਸ਼ੁਰ ਕੇ ਸਿਮਰਨ ਧਰੋ। ਬਿਜੈ ਲਹੈ ਮੁਖ ਉੱਜਲ ਕਰੋ॥ ੪੨॥

ਮਾਲਕ ਦੇ ਕੰਮ ਵਾਸਤੇ ਪ੍ਰਾਣ ਦੇ ਦੇਵੋ ਤਾਂ ਤੁਹਾਡਾ ਦੋਵਾਂ ਲੋਕਾਂ ਵਿਚ ਬੜਾ ਜੱਸ ਹੋਵੇਗਾ। ਪ੍ਰਮੇਸ਼ਰ ਦਾ ਸਿਮਰਨ ਕਰੋ, ਵਿਜੇ ਪ੍ਰਾਪਤ ਕਰਕੇ ਮੁਖ ਨੂੰ ਉੱਜਲ ਕਰੋ'॥ ੪੨॥

ਸੁਨਿ ਸਿੱਖ੍ਯਾ ਤੈਸੇ ਉਰ ਧਾਰੀ। ਲਾਗ੍ਯੋ ਗੁਰ ਕੀ ਸੇਵ ਮਝਾਰੀ।
ਲਾਲਾ ਸੇਠੀ, ਜੂਹੜ, ਸਾਈਂ। ਸੰਗ ਨਿਹਾਲੂ ਗੁਰਮਤਿ ਪਾਈ॥ ੪੩॥

ਸਿਖਿਆ ਸੁਣ ਕੇ ਹਿਰਦੇ ਵਿਚ ਧਾਰਨ ਕੀਤੀ ਅਤੇ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ। ਭਾਈ ਲਾਲਾ ਸੇਠੀ, ਭਾਈ ਜੂਹੜ, ਭਾਈ ਸਾਈਂ ਅਤੇ ਭਾਈ ਨਿਹਾਲੂ ਨੇ ਨਾਲ ਮਿਲ ਕੇ ਗੁਰਮਤਿ ਪਾਈ ਸੀ॥ ੪੩॥

ਲਿਵ ਲਗਾਇ ਕਰਿ ਸ਼ਬਦ ਸੁ ਗਾਵੈਂ। ਇਕ ਮਨ ਹੁਇ ਕਰਿ ਅਰਥ ਸੁਨਾਵੈਂ।
ਕਰਹਿਂ ਬਿਚਾਰ ਮ੍ਰਿਦੁਲ ਮਨ ਹੋਇ। ਪ੍ਰਭੁ ਕੋ ਰਾਖਹਿਂ ਰਿਦੈ ਪਰੋਇ॥ ੪੪॥

ਬੜੀ ਲਿਵ ਲਾ ਕੇ ਉਹ ਸ਼ਬਦਾਂ ਦਾ ਗਾਇਣ ਕਰਦੇ ਸਨ ਅਤੇ ਇਕ ਮਨ ਹੋ ਕੇ ਅਰਥ ਸੁਣਾਉਂਦੇ ਸਨ, ਵਿਚਾਰ ਕਰਕੇ ਮਨ ਕੋਮਲ ਹੋ ਜਾਂਦਾ ਸੀ ਅਤੇ ਪ੍ਰਭੂ ਨੂੰ ਹਿਰਦੇ ਵਿਚ ਪਰੋ ਕੇ ਰੱਖਦੇ ਸਨ॥ ੪੪॥

ਤਿਨ ਕੇ ਬਚਨ ਸੁਨਹਿ ਜੋ ਆਯਾ। ਸਭਿ ਪਰ ਪਰੈ ਤਿਨਹੁ ਕੀ ਛਾਯਾ।
ਮਨ ਖੋਟੇ ਭੀ ਹੁਇਂ ਤਬਿ ਖਰੇ। ਭਲੇ ਕਰਮ ਕਰਿਬੇ ਹਿਤ ਧਰੇ॥ ੪੫॥

ਜੋ ਵੀ ਆ ਕੇ ਉਨ੍ਹਾਂ ਦੇ ਸ਼ਬਦ ਸੁਣਦਾ ਸੀ, ਸਾਰਿਆਂ ਉਤੇ ਉਨ੍ਹਾਂ ਦਾ ਪ੍ਰਭਾਵ ਪੈਂਦਾ ਸੀ। ਫਿਰ ਖੋਟੇ ਮਨ ਵੀ ਖਰੇ ਹੋ ਜਾਂਦੇ ਸਨ ਅਤੇ ਹਿਤ ਧਾਰ ਕੇ ਭਲੇ ਕਰਮ ਕਰਦੇ ਸਨ॥ ੪੫॥

ਸ੍ਰੀ ਮੁਖ ਤੇ ਬੋਲੇ ਬਚ ਪੂਤ। 'ਜੋ ਨਰ ਕਰਹਿ ਭਲੀ ਕਰਤੂਤ।
ਜਿਮ ਅਪਰਨਿ ਉਪਦੇਸ਼ ਉਚਾਰੇ। ਤਿਮ ਨਿਸ਼ਚੈ ਅਪਨੈ ਉਰ ਧਾਰੇ॥ ੪੬॥

ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਪਵਿੱਤਰ ਬਚਨ ਕਹੇ, "ਜਿਹੜੇ ਮਨੁੱਖ ਭਲੇ ਕੰਮ ਕਰਦੇ ਹਨ, ਜਿਵੇਂ ਹੋਰਨਾਂ ਨੂੰ ਉਪਦੇਸ਼ ਦਿੰਦੇ ਹਨ, ਉਸ ਤਰ੍ਹਾਂ ਆਪਣੇ ਮਨ ਵਿਚ ਵੀ ਨਿਸ਼ਚਾ ਧਾਰਨ ਕਰਦੇ ਹਨ॥ ੪੬॥

ਤਿਨ ਕੀ ਛਾਯਾ ਸਭਿ ਪਰ ਜਾਇ। ਸੁਨਹਿਂ ਬਾਕ ਜੋ ਰਿਦੈ ਬਸਾਇ।
ਬਹੁਤਿਨਿ ਕੋ ਉਧਾਰ ਸੋ ਕਰੈ। ਤਿਸ ਪਰ ਤੁਕ ਸ੍ਰੀ ਮੁਖਹੁਂ ਉਚਰੇ॥ ੪੭॥

ਤਿਨ੍ਹਾਂ ਦਾ ਪਰਛਾਵਾਂ ਸਭ ਤੇ ਪੈਂਦਾ ਹੈ, ਬਚਨ ਸੁਣ ਕੇ ਹਿਰਦੇ ਵਿਚ ਵਸਾਉਂਦੇ ਹਨ, ਬਹੁਤ ਲੋਕਾਂ ਦਾ ਉਹ ਉਧਾਰ ਕਰਦੇ ਹਨ।" ਉਸ ਪਰਥਾਇ ਗੁਰੂ ਜੀ ਨੇ ਇਕ ਤੁਕ ਨੂੰ ਆਪਣੇ ਮੁਖ ਤੋਂ ਉਚਾਰਨ ਕੀਤਾ॥ ੪੭॥

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਉ ॥

(ਪੰਨਾ ੧੨੮੮)

ਪਹਿਲਾਂ ਪਹਿਲ ਰੁਖ ਜ਼ਮੀਨ ਵਿਚ ਜੜ੍ਹ ਫੜਦਾ ਹੈ, ਕੇਵਲ, ਤਦ ਹੀ ਇਸ ਦੀ ਛਾਂ ਉਤੇ ਹੁੰਦੀ ਹੈ।

ਚੌਪਈ- 'ਜੋ ਪਢਿ ਕਰਿ ਉਪਦੇਸ਼ ਬਤਾਵੈ। ਆਪ ਨਹੀਂ ਸ਼ੁਭ ਕਰਮ ਕਮਾਵੈ।
ਤਿਸ ਕੀ ਛਾਯਾ ਪਰਹਿ ਨ ਕਿਸ ਪੈ। ਸ੍ਰਵਨ ਕਰੇ,ਕੁਛ,ਹੋਇ ਨ ਤਿਸ ਪੈ' ॥੪੮॥

"ਜਿਹੜਾ ਵਿਅਕਤੀ ਪੜ੍ਹ ਕੇ ਸ਼ੁਭ ਉਪਦੇਸ਼ ਦਿੰਦਾ ਹੈ, ਪਰ ਆਪ ਉਨ੍ਹਾਂ ਉਪਦੇਸ਼ਾਂ ਤੇ ਅਮਲ ਨਹੀਂ ਕਰਦਾ, ਉਨ੍ਹਾਂ ਦੀ ਛਾਇਆ ਕਿਸੇ ਤੇ ਨਹੀਂ ਪੈਂਦੀ, ਲੋਕ ਸੁਣਦੇ ਹਨ, ਪਰ ਉਨ੍ਹਾਂ ਉਤੇ ਅਸਰ ਕੋਈ ਨਹੀਂ ਹੁੰਦਾ" ॥ ੪੮ ॥

ਇਮ ਸਤਿਗੁਰ ਸੋ ਸਿੱਖ ਸਰਾਹੇ। ਜਿਨ ਕੋ ਪ੍ਰੇਮ ਗੁਰੂ ਪਗ ਮਾਂਹੇ।
ਸੁਨਿ ਅਪਰਨਿ ਗੁਨ ਸ਼ੁਭ ਉਰ ਧਾਰੇ। ਚਹੁੰ ਦਿਸ਼ਿ ਮਹਿਂ ਗੁਰ ਕੋ ਜੈਕਾਰੇ ॥੪੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਿੱਖਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਸਿੱਖਾਂ ਦਾ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਹੈ। ਦੂਸਰਿਆ ਨੇ ਸੁਣ ਕੇ ਸ਼ੁਭ ਗੁਣ ਦਿਲ ਵਿਚ ਧਾਰਨ ਕੀਤੇ ਅਤੇ ਚਾਰੇ ਪਾਸੇ ਗੁਰੂ ਜੀ ਦੀ ਜੈ ਜੈ ਕਾਰ ਹੋ ਗਈ॥ ੪੯ ॥

*ਤੀਸਰੀ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥ ੬੨ ॥*

## ਅਧਿਆਇ ਤ੍ਰੇਹਠਵਾਂ

*ਭਾਈ ਰਾਮਾ ਝੰਝੀ ਆਦਿ ਸਿੱਖ*

ਦੋਹਰਾ- ਇਕ ਰਾਮਾ ਝੰਝੀ ਹੁਤੇ ਹੇਮੂ ਸੁਇਨੀ ਦੋਇ।
ਜੱਟੂ ਭੰਡਾਰੀ ਤ੍ਰਿਤੀ ਸ਼ਾਹਦਰੇ ਰਹਿ ਸੋਇ॥ ੧ ॥

ਇਕ ਭਾਈ ਰਾਮਾ ਝੰਝੀ ਦੂਸਰਾ ਭਾਈ ਹੇਮੂ ਸੁਇਨੀ ਅਤੇ ਤੀਸਰਾ ਭਾਈ ਜੱਟੂ ਭੰਡਾਰੀ ਸੀ, ਇਹ ਤਿੰਨੇ ਸ਼ਾਹਦਰੇ ਰਹਿੰਦੇ ਸਨ॥ ੧ ॥

ਚੌਪਈ- ਸ੍ਰੀ ਅਰਜਨ ਕੀ ਸ਼ਰਨੀ ਆਏ। ਪਦ ਅਰਬਿੰਦਨਿ ਸੀਸ ਨਿਵਾਏ।
ਪ੍ਰਸ਼ਨ ਕਰਜੋ 'ਹਮ ਸੁਨਤਿ ਹਮੇਸ਼। ਕਿਰਤਨ ਕਥਾ ਰੁਚਿਰ ਉਪਦੇਸ਼ ॥੨॥

ਇਹ ਤਿੰਨੇ ਗੁਰੂ ਅਰਜਨ ਦੇਵ ਜੀ ਦੀ ਸ਼ਰਨੀ ਆਏ ਅਤੇ ਚਰਨ ਕੰਵਲਾਂ ਤੇ ਸਿਰ ਨਿਵਾਏ, ਉਨ੍ਹਾਂ ਨੇ ਸਵਾਲ ਕੀਤਾ, "ਅਸੀਂ ਹਮੇਸ਼ਾਂ ਹੀ ਕੀਰਤਨ, ਕਥਾ ਅਤੇ ਸੁੰਦਰ ਉਪਦੇਸ਼ ਸੁਣਦੇ ਹਾਂ॥ ੨ ॥

ਉਰ ਮਹਿਂ ਨਹਿਂ ਠਹਿਰਹਿ ਠਹਿਰਾਏ। ਕਿਮ ਕੱਲਜਾਨ ਅੰਤ ਕੋ ਪਾਏਂ।
ਸ੍ਰੀ ਮੁਖ ਤੇ ਸ਼ੁਭ ਬਾਕ ਬਖਾਨਾ। 'ਪੂਰਬ ਸੁਨਹਿ ਪ੍ਰੇਮ ਕਰਿ ਕਾਨਾ ॥੩॥

ਪਰ ਇਹ ਉਪਦੇਸ਼ ਸਾਡੇ ਹਿਰਦੇ ਵਿਚ ਠਹਿਰਾਇਆਂ ਵੀ ਠਹਿਰਦੇ ਨਹੀਂ, ਅਸੀਂ ਕਿਵੇਂ ਅੰਤ ਨੂੰ ਕਲਿਆਣ ਪਾਵਾਂਗੇ।" ਸ੍ਰੀ ਗੁਰੂ ਜੀ ਨੇ ਬਚਨ ਕੀਤੇ, "ਪਹਿਲਾਂ ਪ੍ਰੇਮ ਨਾਲ ਕੰਨ ਧਰ ਕੇ ਸੁਣੋ॥ ੩ ॥

ਕਰਹਿ ਮਨਨ, ਨਿੱਧਜਾਸਨ ਫੇਰ। ਤੀਨੋ ਜਬਿ ਇਕੱਤ੍ਰ ਇਨ ਹੇਰਿ।
ਤਬਿ ਠਹਿਰਹਿ ਸਿਖ ਕੇ ਉਰ ਮਾਂਹਿ। ਰਹੈ ਬਿਚਾਰਤਿ ਬਿਸਰਹਿ ਨਾਂਹਿ ॥ ੪ ॥

ਦਿਲ ਲਾ ਕੇ ਮੰਨੇ, ਫਿਰ ਹੋਰ ਬ੍ਰਿਤੀਆਂ ਤਿਆਗ ਕੇ ਉਸ ਦਾ ਰੂਪ ਹੋ ਜਾਵੇ। ਜਦ ਤਿੰਨੇ ਇਕੱਤਰ ਹੋਈਆਂ ਵੇਖੇ ਤਦ ਇਹ ਸਿੱਖ ਦੇ ਹਿਰਦੇ ਵਿਚ ਠਹਿਰਦੀ ਹੈ, ਫਿਰ ਉਹ ਵਿਚਾਰਦਾ ਰਹਿੰਦਾ ਹੈ, ਕਿ ਵਿਸਰ ਨਾ ਜਾਵੇ॥ ੪ ॥

ਸ੍ਰਵਨ ਕਰਨਿ ਹੈ ਦੋਇ ਪ੍ਰਕਾਰ। ਸੁਨਹਿ ਸਥਿਤ ਸਤਿਸੰਗ ਮਝਾਰ।
ਮਨ ਦਹਿਦਿਸ਼ਿ ਮਹਿਂ ਦੌਰਤਿ ਫਿਰੈ। ਕਹਾਂ ਕਰਹਿ ਕੁਛ ਰਿਦੈ ਨ ਧਰੈ ॥ ੫ ॥

ਸ੍ਰਵਨ ਕਰਨਾ ਦੋ ਪ੍ਰਕਾਰ ਦਾ ਹੈ, ਸਤਿਸੰਗ ਵਿਚ ਸਥਿਤ ਹੋ ਕੇ ਸੁਣੇ, ਮਨ ਦਸਾਂ ਦਿਸ਼ਾਵਾਂ ਵਿਚ ਦੌੜਦਾ ਫਿਰਦਾ ਹੈ, ਕੀ ਕਰੇ ਹਿਰਦਾ ਕੁਝ ਧਾਰਨ ਹੀ ਨਹੀਂ ਕਰਦਾ ਹੈ॥ ੫ ॥

ਤਨਕ ਪੁੰਨ ਇਸ ਸ੍ਰਵਨ ਬਖਾਨਿ। ਜਾਨਹੁ ਭੂਤਨ ਅਗਨਿ ਸਮਾਨ।
ਪਾਪ ਦਗਧ ਨਹਿਂ ਇਸ ਤੇ ਹੋਇਂ। ਇਕ ਮਨ ਹੋਇ ਸੁਨਹਿ ਸਿਖ ਜੋਇ ॥ ੬ ॥

ਤਨਕ ਪੁੰਨ ਇਸ ਪ੍ਰਕਾਰ ਦੇ ਸ੍ਰਵਨ ਨੂੰ ਕਹਿੰਦੇ ਹਨ, ਭੂਤਾਂ ਦੀ ਅਗਨੀ ਸਮਾਨ ਇਸਦਾ ਫਲ ਜਾਣੋ, ਇਸ ਨਾਲ ਪਾਪ ਨਾਸ਼ ਨਹੀਂ ਹੁੰਦੇ ਹਨ, ਜਿਹੜਾ ਸਿੱਖ ਇਕ ਮਨ ਹੋ ਕੇ ਸੁਣਦਾ ਹੈ॥ ੬ ॥

ਸੋ ਚੁੱਲ੍ਹੇ ਕੀ ਅਗਨਿ ਬਿਚਾਰ। ਸਭਿ ਕਾਰਜ ਕੋ ਦੇਤਿ ਸਵਾਰ।
ਜੇਕਰਿ ਤਿਸ ਪਰ ਜਲ ਦੇ ਪਾਇ। ਬੁਝਹਿ ਤੁਰਤ ਨਹਿਂ ਤਪਤ ਰਹਾਇ ॥ ੭ ॥

ਉਸ ਨੂੰ ਚੁੱਲ੍ਹੇ ਦੀ ਅਗਨੀ ਸਮਾਨ ਜਾਣੋ, ਜਿਹੜੀ ਅਗਨੀ ਘਰ ਦੇ ਸਾਰੇ ਕਾਰਜਾਂ ਨੂੰ ਸਵਾਰ ਦਿੰਦੀ ਹੈ। ਜੇ ਉਸ ਉਤੇ ਜਲ ਵੀ ਪਾ ਦੇਵੇ, ਤੁਰੰਤ ਬੁਝ ਜਾਂਦੀ ਹੈ ਤਾਂ ਤਪਦੀ ਨਹੀਂ ਰਹਿੰਦੀ ਹੈ॥ ੭ ॥

ਤਿਮ ਘਰ ਕੇ ਕਾਰਜ ਪਰ ਜਾਇਂ। ਸੱਤਿਨਾਮ ਕੋ ਦੇਂ ਬਿਸਰਾਇ।
ਸ੍ਰਵਨ ਪਿਛਾਰੀ ਮਨਨ ਜਿ ਹੋਇ। ਪਾਵਕ ਤੜਿਤਾ ਕੀ ਸਮ ਸੋਇ ॥ ੮ ॥

ਇਸ ਤਰ੍ਹਾਂ ਜਦੋਂ ਘਰ ਦੇ ਕੰਮ ਪੈ ਜਾਣ ਤਾਂ ਸਤਿਨਾਮ ਨੂੰ ਵਿਸਾਰ ਦਿੰਦੇ ਹਨ। ਸ੍ਰਵਨ ਕਰਨ ਤੋਂ ਬਾਅਦ ਜੋ ਮੰਨਣ ਹੁੰਦਾ ਹੈ ਉਹ ਬਿਜਲੀ ਦੀ ਅਗਨੀ ਸਮਾਨ ਹੈ॥ ੮ ॥

ਜਲ ਅਸੰਖ ਮਹਿਂ ਬਾਸੋ ਤਾਂਹਿ। ਤੇਜ ਹਾਨ ਕਰਿ ਬੁਝਹਿ ਸੁ ਨਾਂਹਿ।
ਕਰਿਕੈ ਸ੍ਰਵਣ ਜੁ ਧਰਹਿ ਬਿਚਾਰੇ। ਕਾਜ ਕਰਤਿ ਸੋ ਨਹੀਂ ਬਿਸਾਰੇ ॥ ੯ ॥

ਉਸ ਦਾ ਅਸੰਖ ਜਲ ਵਿਚ ਵਾਸਾ ਹੁੰਦਾ ਹੈ, ਉਸ ਦਾ ਨਾ ਤੇਜਹਾਨ ਹੁੰਦਾ ਹੈ ਅਤੇ ਨਾ ਉਹ ਬੁਝਦੀ ਹੈ। ਜਿਹੜਾ ਕੰਨ ਲਾ ਕੇ ਧਾਰਨ ਕਰੇ ਅਤੇ ਵਿਚਾਰੇ, ਉਹ ਫਿਰ ਕੰਮ ਕਰਦਾ ਵੀ ਨਹੀਂ ਵਿਸਾਰਦਾ ਹੈ॥ ੯ ॥

ਰਾਖਹਿ ਸਿਮਰਨਿ ਸੋ ਸਭਿ ਕਾਲ। ਜੋ ਨਿੱਧਜਾਸਨ ਕਰਹਿ ਸੰਭਾਲ।
ਸੁਨਹਿਂ ਬਿਚਾਰਹਿ ਲਗਜੋ ਕਮਾਵਨਿ। ਤਨ ਮਨ ਤੇ ਹੋਵਹਿ ਬਹੁ ਪਾਵਨ ॥ ੧੦ ॥

ਉਹ ਹਰ ਸਮੇਂ ਸਿਮਰਨ ਕਰਦਾ ਹੈ ਅਤੇ ਹੋਰ ਬ੍ਰਿਤੀਆਂ ਤਿਆਗ ਕੇ ਉਸ ਦਾ ਰੂਪ ਹੀ ਹੋ ਜਾਂਦਾ ਹੈ। ਫਿਰ ਸੁਣਕੇ ਅਤੇ ਵਿਚਾਰ ਕੇ ਕਮਾਈ ਕਰਨ ਲੱਗ ਜਾਂਦਾ ਹੈ ਅਤੇ ਤਨ ਤੇ ਮਨ ਬਹੁਤ ਪਵਿੱਤਰ ਹੋ ਜਾਂਦਾ ਹੈ॥ ੧੦ ॥

ਸੋ ਬੜਵਾਨਲ ਭਈ ਪ੍ਰਕਾਸ਼। ਰਹੈ ਸਿੰਧੁ ਜਲ ਕਰਹਿ ਬਿਨਾਸ਼।
ਜਲ ਬਿੰਦਨਿ ਤੇ ਬੁਝਹਿ ਸੁ ਨਾਂਹਿ। ਜਲ ਪਾਪਨਿ ਨਿਤ ਕਰਤੀ ਦਾਹਿ ॥ ੧੧ ॥

ਸੋ ਸਮੁੰਦਰ ਦੀ ਅਗਨੀ ਦਾ ਪ੍ਰਕਾਸ਼ ਹੋਇਆ, ਸਮੁੰਦਰ ਵਿਚ ਜਲ ਰਹਿੰਦਾ ਹੈ, ਜਿਸ ਨੂੰ ਵਿਨਾਸ਼ ਕਰਦੀ ਹੈ। ਜਲ ਦੇ ਸਮੂਹ ਤੋਂ ਉਹ ਬੁਝਦੀ ਨਹੀਂ। ਜਲ ਰੂਪੀ ਪਾਪੀਆਂ ਨੂੰ ਨਿਤ ਨਾਸ਼ ਕਰਦੀ ਹੈ॥ ੧੧ ॥

ਤਥਾ ਸਥਿਰ ਹੋਵਹਿ ਨਿਤ ਗਜਾਨ। ਸ੍ਰੀ ਸਤਿਗੁਰ ਤੇ ਸੁਨਿ ਕਰਿ ਕਾਨ।
ਉਰ ਸਾਖਜਾਤਕਾਰ ਜਿਨ ਕੀਨਾ। ਨਭ ਸਮ ਸਭਿ ਮਹਿਂ ਬ੍ਰਹਮ ਸੁ ਚੀਨਾ ॥੧੨॥

ਭਾਵ ਗਿਆਨ ਸਦਾ ਲਈ ਸਥਿਰ ਹੋ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਤੋਂ ਕੰਨ ਨਾਲ ਸੁਣ ਕੇ, ਜਿਸ ਨੇ ਹਿਰਦਾ ਸਾਖਿਆਤਕਾਰ ਕੀਤਾ ਹੈ, ਉਹ ਅਕਾਸ਼ ਵਾਂਗ ਸਭ ਵਿਚ ਬ੍ਰਹਮ ਨੂੰ ਪਹਿਚਾਣਦਾ ਹੈ॥ ੧੨॥

ਯਾਂਤੇ ਪ੍ਰਥਮ ਸ੍ਰਵਣ ਤੁਮ ਕਰੋ। ਮਨਨ ਬਹੁਰ ਨਿੱਧਜਾਸਨ ਧਰੋ।
ਉਰ ਸੱਖਜਾਤਕਾਰ ਹੁਇ ਜਾਇ। ਜਨਮ ਮਰਨ ਦੁਖ ਅਖਲ ਖਿਲਾਇ ॥੧੩॥

ਇਸ ਕਰਕੇ ਪਹਿਲਾਂ ਤੁਸੀਂ ਸ੍ਰਵਣ ਕਰੋ ਅਤੇ ਫਿਰ ਮੰਨਣ ਤੋਂ ਬਾਅਦ ਨਿਧਿਆਸਣ ਧਾਰਨ ਕਰੋ। ਜਦ ਹਿਰਦਾ ਸਾਖਿਆਤਕਾਰ ਹੋ ਜਾਵੇ ਤਾਂ ਜਨਮ ਮਰਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ॥ ੧੩॥

ਜੀਵਨ ਮੁਕਤਿ ਹੋਇ ਬਿਚਰੈ ਹੋ। ਪ੍ਰਲੈ ਕਾਲ ਕੀ ਅਗਨਿ ਜਿਮੈ ਹੋ।
ਸਰਬ ਭਸਮ ਕਰਿ ਆਪੇ ਰਹੈ। ਬ੍ਰਹਮ ਰੂਪ ਮਹਿਂ ਇਕਤਾ ਲਹੈ॥ ੧੪॥

ਜੀਵਨ ਮੁਕਤ ਹੋ ਕੇ ਵਿਚਰਦੇ ਹੋ, ਜਿਵੇਂ ਪ੍ਰਲੈਕਾਲ ਦੀ ਅਗਨੀ ਹੈ, ਉਹ ਸਾਰਿਆਂ ਨੂੰ ਭਸਮ ਕਰਕੇ ਆਪ ਰਹਿੰਦੀ ਹੈ, ਇਸ ਤਰ੍ਹਾਂ ਬ੍ਰਹਮ ਰੂਪ ਵਿਚ ਏਕਤਾ ਪਾਉਂਦੇ ਹਨ॥ ੧੪॥

ਸ੍ਰੀ ਗੁਰ ਕੋ ਤਾਯਾ ਸੰਹਾਰੀ। ਜਿਸਕੇ ਗਮਨੇ ਸਦਨ ਮਝਾਰੀ।
ਰਾਮਦਾਸ ਸਤਿਗੁਰੂ ਪਠਾਏ। ਬਜਾਹ ਭਤੀਜੇ ਜੰਞ ਚੜ੍ਹਾਏ॥ ੧੫॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਤਾਇਆ ਸੰਹਾਰੀ ਮਲ, ਜਿਸ ਦੇ ਘਰ ਗੁਰੂ ਅਰਜਨ ਦੇਵ ਜੀ ਗਏ ਸਨ, ਜਦ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਲਾਹੌਰ ਭੇਜਿਆ ਸੀ, ਉਹ ਗੁਰੂ ਰਾਮਦਾਸ ਦੇ ਭਤੀਜੇ ਦੀ ਜੰਞ ਵਿਚ ਸ਼ਾਮਲ ਹੋਏ ਸਨ॥ ੧੫॥

ਸੋ ਬਹੁ ਬ੍ਰਿੱਧ ਹੋਇ ਕਰਿ ਆਵਾ। ਚਹਤਿ ਸ੍ਰੇਯ ਜਗ ਦੁਖ ਲਖਿ ਪਾਵਾ।
ਮਿਲਿ ਕਰਿ ਰਹਜੋ ਸੁਧਾਸਰ ਮਾਂਹੀ। ਕਰਨਿ ਸੇਵ ਸਤਿਗੁਰ ਕੀ ਚਾਹੀ ॥੧੬॥

ਉਹ ਬਹੁਤ ਬਿਰਧ ਹੋ ਕੇ ਆਇਆ, ਜਗਤ ਦਾ ਦੁਖ ਵੇਖ ਕੇ ਉਹ ਮੁਕਤੀ ਪਾਉਣਾ ਚਾਹੁੰਦੇ ਸਨ। ਉਹ ਗੁਰੂ ਜੀ ਨੂੰ ਮਿਲ ਕੇ ਅੰਮ੍ਰਿਤਸਰ ਰਿਹਾ ਅਤੇ ਉਸ ਸਤਿਗੁਰੂ ਜੀ ਦੀ ਸੇਵਾ ਕਰਨੀ ਚਾਹੀ॥ ੧੬॥

ਬਡੋ ਜਾਨਿ ਕਰਿ ਦੇਤਿ ਹਟਾਇ। ਸਿੱਖਨਿ ਸੇਵਾ ਕਰਹਿ ਬਨਾਇ।
ਚਰਨ ਪਖਾਰਹਿ, ਹਾਂਕਹਿ ਪੌਨ। ਬਾਸਨ ਮਾਂਜਹਿ ਜੂਠੇ ਭੌਨ॥ ੧੭॥

ਗੁਰੂ ਜੀ ਨੇ ਵੱਡਾ ਜਾਣ ਕੇ ਉਸ ਨੂੰ ਸੇਵਾ ਕਰਨ ਤੋਂ ਰੋਕ ਦਿੱਤਾ, ਪਰ ਉਹ ਸਿੱਖਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ। ਚਰਨ ਧੋਂਦਾ ਸੀ ਤੇ ਪੱਖਾ ਫੇਰਦਾ ਸੀ ਅਤੇ ਜੂਠੇ ਭਾਂਡੇ ਮਾਂਝਦਾ ਸੀ॥ ੧੭॥

ਭਗਤਿ ਰਿਦੈ ਅਕ੍ਰੂਰ ਸਮਾਨਾ। ਜਥਾ ਕ੍ਰਿਸ਼ਨ ਮਹਿਂ ਨਿਸ਼ਚੈ ਠਾਨਾ।
ਤਿਮ ਸ੍ਰੀ ਅਰਜਨ ਕੋ ਮਨ ਜਾਨੈ। ਪ੍ਰਥਮ ਜਨਮ ਕੀ ਗਜਾਤ ਪਛਾਨੈ॥੧੮॥

ਭਗਤੀ ਹਿਰਦੇ ਵਾਲੇ ਸ੍ਰੀ ਕ੍ਰਿਸ਼ਨ ਜੀ ਦੇ ਚਾਚੇ ਅਕ੍ਰੂਰ, ਜਿਸ ਨੇ ਸ੍ਰੀ ਕ੍ਰਿਸ਼ਨ ਵਿਚ ਆਪਣਾ ਨਿਸ਼ਚਾ ਪੱਕਾ ਕੀਤਾ ਸੀ, ਉਸ ਤਰ੍ਹਾਂ ਹੀ ਸੰਹਾਰੀ ਮਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਮਨ ਵਿਚ ਮੰਨਦੇ ਸਨ ਅਤੇ ਪਿਛਲੇ ਜਨਮ ਦੇ ਗਿਆਨ ਨੂੰ ਪਛਾਣਦੇ ਸਨ॥ ੧੮॥

ਇਸ ਬਿਧਿ ਦੇਖਿ ਦਯਾ ਕੋ ਠਾਨੀ। ਨਿਕਟਿ ਹਕਾਰਜੋ ਗੁਰੂ ਬਖਾਨੀ।
'ਤੁਮ ਹੋ ਬਡੇ ਲਗਤਿ ਹੋ ਤਾਏ। ਹਮ ਕੋ ਚਹਿਯਤਿ ਸੇਵ ਕਮਾਏ' ॥ ੧੯ ॥

ਗੁਰੂ ਅਰਜਨ ਦੇਵ ਜੀ ਨੇ ਜਦ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਵੇਖਿਆ ਤਾਂ ਉਨ੍ਹਾਂ ਦੇ ਮਨ ਵਿਚ ਦਇਆ ਆ ਗਈ ਅਤੇ ਕਹਿਣ ਲੱਗੇ, "ਤੁਸੀਂ ਸਾਡੇ ਤੋਂ ਵੱਡੇ ਹੋ ਅਤੇ ਤਾਇਆ ਜੀ ਲੱਗਦੇ ਹੋ, ਸਾਨੂੰ ਚਾਹੀਦਾ ਹੈ ਕਿ ਤੁਹਾਡੀ ਸੇਵਾ ਕਰੀਏ" ॥ ੧੯ ॥

ਸੁਨਿ ਕਰ ਜੋਰੇ ਅਰਜ਼ ਗੁਜਾਰੀ। 'ਮੱਛ ਕੱਛ ਬਾਵਨ ਤਨ ਧਾਰੀ।
ਸ੍ਰੀ ਨਰਸਿੰਘ ਰਾਮ ਅਵਤਾਰਾ। ਕ੍ਰਿਸ਼ਨ ਰੂਪ ਪੁਨ ਤੁਮਨੇ ਧਾਰਾ ॥ ੨੦ ॥

ਇਹ ਸੁਣ ਕੇ ਸੰਹਾਰੀ ਮਲ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਤੁਸੀਂ ਮੱਛ ਕੱਛ ਅਤੇ ਬਾਵਨ ਅਵਤਾਰ ਬਣ ਕੇ ਸਰੀਰ ਧਾਰਨ ਕੀਤਾ ਹੈ। ਸ੍ਰੀ ਨਰਸਿੰਘ ਅਤੇ ਰਾਮ ਅਵਤਾਰ ਹੋਏ ਹੋ, ਫਿਰ ਕ੍ਰਿਸ਼ਨ ਰੂਪ ਤੁਸੀਂ ਧਾਰਨ ਕੀਤਾ ॥ ੨੦ ॥

ਇਕ ਦਿਨ ਅਰਜਨ ਬਿਨੈ ਸੁਨਾਈ। 'ਮਮ ਤੁਮ ਨਾਮ ਏਕ ਹੁਇ ਜਾਈ।
ਹੇ ਪ੍ਰਭੁ ਕਬਿ ਇਮ ਭੀ ਬਨਿ ਆਵੈ। ਮੋਰ ਨਾਮ ਕਰਿ ਤੁਮੈ ਬੁਲਾਵੈਂ' ॥ ੨੧ ॥

ਜਦ ਤੁਸੀਂ ਕ੍ਰਿਸ਼ਨ ਰੂਪ ਸੀ ਤਾਂ ਇਕ ਦਿਨ ਅਰਜਨ ਨੇ ਤੁਹਾਨੂੰ ਬੇਨਤੀ ਸੁਣਾਈ, "ਮੇਰਾ ਤੁਹਾਡਾ ਨਾਂ ਇਕ ਹੋ ਜਾਵੇ, ਹੇ ਪ੍ਰਭੂ ਕਦੀ ਇਸ ਤਰ੍ਹਾਂ ਵੀ ਹੋ ਜਾਵੇ ਮੇਰਾ ਨਾਂ ਲੈ ਕੇ ਤੁਹਾਨੂੰ ਬੁਲਾਉਣ ॥ ੨੧ ॥

ਮਨ ਭੀ ਮਿਲਜੋ, ਮਿਲ ਤਨ ਰਹੇ। ਨਾਮ ਭਿੰਨ ਹੀ ਸਭਿ ਜਗ ਕਹੇ।
ਇਹ ਮੇਰੇ ਚਿਤ ਚਾਉ ਮਹਾਨੇ। ਤੁਮਰੋ ਅਰਜਨ ਨਾਮ ਬਖਾਨੇ' ॥ ੨੨ ॥

ਮਨ ਵੀ ਮਿਲਿਆ ਹੈ, ਤਨ ਵੀ ਮਿਲਿਆ ਰਹੇ, ਸਾਰਾ ਜੱਗ ਨਾਮ ਕ੍ਰਿਸ਼ਨ ਤੇ ਅਰਜਨ ਵੱਖਰਾ-ਵੱਖਰਾ ਕਹਿਣ। ਇਹ ਮੇਰੇ ਚਿੱਤ ਵਿਚ ਮਹਾਨ ਚਾਹਤ ਹੈ, ਤੁਹਾਨੂੰ ਵੀ ਸਾਰੇ ਲੋਕ ਅਰਜਨ ਨਾਂ ਨਾਲ ਕਹਿਣ" ॥ ੨੨ ॥

ਸੁਨਿ ਰਾਵਰ ਨੇ ਹੋਇ ਪ੍ਰਸੰਨ। ਕਹਜੋ 'ਮੋਹਿ ਤੇ ਨਹਿਂ ਤੂੰ ਭਿੰਨ।
ਤਵ ਸੰਕਲਪ ਹੋਇ ਹੈ ਸਾਚਾ। ਮੋਹਿ ਭਾਵਨੀ ਮਹਿਂ ਨਿਤ ਰਾਚਾ ॥ ੨੩ ॥

ਆਪ ਜੀ ਨੇ ਇਹ ਸੁਣ ਕੇ ਪ੍ਰਸੰਨ ਹੋ ਕੇ ਕਿਹਾ, "ਮੈਥੋਂ ਤੂੰ ਵੱਖਰਾ ਨਹੀਂ ਹੈਂ, ਤੇਰਾ ਸੰਕਲਪ ਸੱਚਾ ਹੋਵੇਗਾ, ਮੇਰੀ ਭਾਵਨਾ ਵਿਚ ਇਹ ਸਦਾ ਰਚਿਆ ਰਿਹਾ ਹੈ ॥ ੨੩ ॥

ਕਲੀਕਾਲ ਮਹਿਂ ਜਬਿ ਤਨ ਧਰੈਂ। ਅਰਜਨ ਨਾਮ ਹਮਾਰੋ ਪਰੈ'।
ਸੋ ਤੂੰ ਪੁਰਖ ਮਹਿਦ ਮਹੀਆਨ। ਨਾਨਾ ਚਲਿਤ ਕਰਹਿਂ ਹਿਤ ਠਾਨਿ ॥ ੨੪ ॥

ਕਲਿਜੁਗ ਵਿਚ ਜਦ ਅਸੀਂ ਤਨ ਧਾਰਨ ਕਰਾਂਗੇ ਤਾਂ ਸਾਡਾ ਨਾਂ ਅਰਜਨ ਹੋਵੇਗਾ।" ਇਸ ਕਰਕੇ ਤੁਸੀਂ ਵੱਡਿਆਂ ਤੋਂ ਵੀ ਵੱਡੇ ਪੁਰਖ ਹੋ। ਸਦਾ ਹਿਤ ਧਾਰ ਕੇ ਕਈ ਪ੍ਰਕਾਰ ਦੇ ਚਲਿੱਤਰ ਕਰਦੇ ਰਹਿੰਦੇ ਹੋ ॥ ੨੪ ॥

ਨਿਜ ਮਾਯਾ ਕਰਿ ਬੰਚਹੁ ਨਾਂਹੀ। ਅਪਨੀ ਸ਼ਰਧਾ ਦਿਹੁ ਮਨ ਮਾਂਹੀ।
ਗੁਰ ਸਿੱਖੀ ਕੋ ਦੀਜਹਿ ਦਾਨ। ਜਿਸਕੀ ਮਹਿਮਾ ਸਮ ਨਹਿਂ ਆਨਾ ॥ ੨੫ ॥

ਆਪਣੀ ਮਾਇਆ ਕਰਕੇ ਠਗਦੇ ਨਹੀਂ ਹੋ, ਮਨ ਵਿਚ ਆਪਣੀ ਸ਼ਰਧਾ ਦਿੰਦੇ ਹੋ। ਮੈਨੂੰ ਗੁਰਸਿੱਖੀ ਦਾ ਦਾਨ ਦੇਵੋ, ਜਿਸ ਦੀ ਮਹਿਮਾ ਬਰਾਬਰ ਹੋਰ ਕੋਈ ਨਹੀਂ" ॥ ੨੫ ॥

ਸੁਨਿ ਪ੍ਰਸੰਨ ਤਬਿ ਸਾਹਿਬ ਹੋਏ। ਨੀਵੇਂ ਮਨ ਤਾਯੋ ਕਹੁ ਜੋਏ।
ਦੀਨਸਿ ਬਰ 'ਸਿੱਖੀ ਤੁਮ ਪਾਵੋ। ਬ੍ਰਹਮ ਗਜਾਨ ਤੇ ਕਸ਼ਟ ਮਿਟਾਵੋ' ॥ ੨੬ ॥

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ, ਜਦ ਉਨ੍ਹਾਂ ਆਪਣੇ ਤਾਇਆ ਜੀ ਦਾ ਮਨ ਸਨਿਮਰ ਵੇਖਿਆ ਤਾਂ ਵਰ ਦਿੱਤਾ, "ਤੁਸੀਂ ਸਿੱਖੀ ਪਾਵੋ ਤੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਸਾਰੇ ਕਸ਼ਟ ਮਿਟਾਵੋ" ॥ ੨੬ ॥

ਭਯੋ ਨਿਹਾਲ ਤਬਹਿ ਸੰਹਾਰੀ। ਗਤਿ ਪਾਈ ਬ੍ਰਹਮ ਗਯਾਨ ਸੁਖਾਰੀ।
ਸਾਈਂ ਦਿੱਤਾ ਝੰਡੀ ਜੋਇ। ਸੈਦੋ ਜਾਟ ਲਵਪੁਰੀ ਸੋਇ॥ ੨੭॥

ਸੰਹਾਰੀ ਮਲ ਇਹ ਸੁਣ ਕੇ ਨਿਹਾਲ ਹੋ ਗਏ ਤੇ ਬ੍ਰਹਮ ਗਿਆਨ ਪ੍ਰਾਪਤ ਕਰਕੇ ਆਸਾਨ ਗਤੀ ਪਾ ਲਈ। ਸਾਂਈਦਿੱਤਾ ਝੰਡੀ ਅਤੇ ਸੈਦੋ ਜੱਟ ਜਿਹੜੇ ਸਨ, ਉਹ ਲਾਹੌਰ ਵਿਚ ਰਹਿੰਦੇ ਸਨ॥ ੨੭॥

ਅਪਰ ਸਿੱਖ ਲਵਪੁਰਿ ਕੇ ਸਾਰੇ। ਸ੍ਰੀ ਗੁਰ ਅਮਰ ਸੇਵ ਕੋ ਧਾਰੇ।
ਕਰੇ ਪ੍ਰਸੰਨ ਸਰਬ ਹੀ ਰੀਤਿ। ਸ੍ਰੀ ਮੁਖ ਤੇ ਬੋਲੇ ਪਿਖਿ ਪ੍ਰੀਤ॥ ੨੮॥

ਲਾਹੌਰ ਦੇ ਜਿਹੜੇ ਹੋਰ ਸਿੱਖ ਸਨ, ਉਨ੍ਹਾਂ ਨੇ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਧਾਰਨ ਕੀਤੀ ਸੀ। ਉਨ੍ਹਾਂ ਨੂੰ ਸਭ ਤਰ੍ਹਾਂ ਨਾਲ ਪ੍ਰਸੰਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਉਨ੍ਹਾਂ ਦੀ ਪ੍ਰੀਤ ਵੇਖ ਕੇ ਬੋਲੇ॥ ੨੮॥

'ਹਮ ਪ੍ਰਸੰਨ ਤੁਮ ਜਾਚਹੁ ਬਰ ਕੋ। ਕਰਹੁ ਮਨੋਰਥ ਪੂਰਨ ਉਰ ਕੋ'।
ਸਭਿ ਸਿੱਖਨਿ ਮਿਲਿ ਭਲੇ ਬਿਚਾਰਾ। ਹਾਥ ਜੋਰਿ ਗੁਰ ਨਿਕਟ ਉਚਾਰਾ॥੨੯॥

ਅਸੀਂ ਤੁਹਾਡੇ 'ਤੇ ਬਹੁਤ ਪ੍ਰਸੰਨ ਹੋਏ ਹਾਂ, ਤੁਸੀਂ ਵਰ ਮੰਗੋ ਅਤੇ ਆਪਣੇ ਹਿਰਦੇ ਦੇ ਮਨੋਰਥ ਪੂਰੇ ਕਰੋ।" ਸਾਰਿਆਂ ਸਿੱਖਾਂ ਨੇ ਮਿਲ ਕੇ ਭਲੀ ਪ੍ਰਕਾਰ ਵਿਚਾਰ ਕੀਤੀ ਅਤੇ ਹੱਥ ਜੋੜ ਕੇ ਗੁਰੂ ਜੀ ਪਾਸ ਕਿਹਾ॥ ੨੯॥

'ਪ੍ਰਥਮ ਗੁਰੂ ਨਾਨਕ ਪੁਰਿ ਆਏ। ਪਿਖਯੋ ਕਸਾਬਪੁਰਾ ਸੁ ਰਿਸਾਏ।
ਲੱਖਯੋ ਪਾਪ ਹੁਇ ਘੋਰ ਮਹਾਨਾ। ਸ੍ਰਾਪਤਿ ਕੀਨਸਿ ਏਵ ਬਖਾਨਾ॥ ੩੦॥

ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਲਾਹੌਰ ਦੀ ਨਗਰੀ ਵਿਚ ਆਏ ਸਨ। ਜਦ ਉਨ੍ਹਾਂ ਬੁਚੜਖਾਨਾ ਵੇਖਿਆ ਤਾਂ ਗੁੱਸੇ ਵਿਚ ਆ ਗਏ। ਉਨ੍ਹਾਂ ਵੇਖਿਆ ਕਿ ਏਥੇ ਘੋਰ ਪਾਪ ਹੋ ਰਹੇ ਸਨ ਤਾਂ ਉਨ੍ਹਾਂ ਨੇ ਸ੍ਰਾਪ ਦੇ ਕੇ ਇਸ ਤਰ੍ਹਾਂ ਕਿਹਾ॥ ੩੦॥

*ਮਹਲਾ ੧॥*

*ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ ੨੭॥ (ਪੰਨਾ ੧੪੧੨)*

ਲਾਹੌਰ ਸ਼ਹਿਰ ਵਿਚ ਸਵਾ ਤਿੰਨ ਘੰਟੇ ਲਈ ਕ੍ਰੋਧ ਅਤੇ ਜ਼ੁਲਮ ਰਹੇਗਾ।

ਚੌਪਈ- ਤਬਿ ਕੇ ਪੁਰਿ ਮਹਿਂ ਨਰ ਦੁਖ ਪਾਵੈਂ। ਸਵਾ ਪਹਿਰ ਲਗਿ ਬਾਦਿ ਉਠਾਵੈਂ।
ਲਰਹਿਂ ਪਰਸਪਰ ਝਗਰਹਿਂ ਮਾਨੀ। ਕੇਤਿਕ ਹੋਇ ਪ੍ਰਾਨ ਲਗਿ ਹਾਨੀ॥੩੧॥

ਉਸ ਸਮੇਂ ਤੋਂ ਨਗਰ ਵਿਚ ਮਨੁੱਖ ਦੁਖ ਪਾਉਂਦੇ ਹਨ, ਸਵਾ ਪਹਿਰ ਤਕ ਇਹ ਮਾਹੌਲ ਰਹਿੰਦਾ ਹੈ। ਬਾਅਦ ਵਿਚ ਠੀਕ ਹੋ ਜਾਂਦਾ ਹੈ। ਹੰਕਾਰੀ ਆਪਸ ਵਿਚ ਲੜਦੇ ਅਤੇ ਝਗੜਦੇ ਹਨ, ਕਈਆਂ ਦੇ ਪ੍ਰਾਣ ਜਾਂਦੇ ਰਹਿੰਦੇ ਹਨ॥ ੩੧॥

ਮਹਾਂ ਸੰਤਾਪ ਪਾਇ ਨਰ ਰਹੈਂ। ਜ਼ਹਿਰ ਸਮਾਨ ਆਪ ਮਹਿਂ ਕਹੈਂ।
ਅਬਿ ਸੋ ਸ੍ਰਾਪ ਮਿਟਾਵਨਿ ਕਰੀਅਹਿ। ਸਤਿ ਸੰਗਤਿ ਇਸ ਸਮੇਂ ਨਿਹਰੀਅਹਿ'॥੩੨॥

ਮਹਾਨ ਦੁਖ ਪਾ ਕੇ ਲੋਕ ਰਹਿੰਦੇ ਹਨ, ਜ਼ਹਿਰ ਸਮਾਨ ਆਪ ਨੇ ਸ਼ਬਦ ਕਹੇ ਹਨ। ਹੁਣ ਉਹ ਸ੍ਰਾਪ ਮਿਟਾ ਦੇਵੋ, ਇਸ ਸਮੇਂ ਦੀ ਸੰਗਤ ਦੀ ਬੇਨਤੀ ਨੂੰ ਪਹਿਚਾਣੋ"॥ ੩੨॥

ਸ੍ਰੀ ਗੁਰ ਅਮਰ ਸੁਨਤਿ ਬਚ ਭਾਖਾ। 'ਬਰ ਦੁਹਸਾਧਯ ਕਰੀ ਅਭਿਲਾਖਾ।
ਤਊ ਦੇਨਿ ਕੋ ਪ੍ਰਥਮ ਬਖਾਨਾ'। ਬੋਲੇ ਬਹੁਰ ਕ੍ਰਿਪਾਲ ਸੁਜਾਨਾ॥ ੩੩॥

ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਸੁਣ ਕੇ ਬਚਨ ਕੀਤੇ, "ਤੁਸੀਂ ਕਠਿਨ ਸਾਧਨ ਯੋਗ ਵਰ ਦੀ ਅਭਿਲਾਸ਼ਾ ਕੀਤੀ ਹੈ, ਤੁਹਾਨੂੰ ਵਰ ਦੇਣ ਬਾਰੇ ਮੈਂ ਪਹਿਲਾਂ ਹੀ ਕਹਿ ਚੁਕਾ ਹਾਂ।" ਫਿਰ ਕੁਝ ਸਮੇਂ ਬਾਅਦ ਕ੍ਰਿਪਾਲੂ ਗੁਰੂ ਜੀ ਬੋਲੇ॥ ੩੩॥

ਮਹਲਾ ੩ ॥

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ ੨੮॥

ਲਾਹੌਰ ਦਾ ਸ਼ਹਿਰ ਅੰਮ੍ਰਿਤ ਦਾ ਸਰੋਵਰ ਅਤੇ ਸਿਫਤੀ ਦਾ ਘਰ ਹੈ॥ ੨੮॥

ਇਹ ਸਲੋਕ ਕਹਿ ਸ੍ਰਾਪ ਮਿਟਾਯੋ। ਤਬਿ ਤੇ ਸਭਿ ਲੋਕਨਿ ਸੁਖ ਪਾਯੋ।
ਤਬਿ ਸੈਦੋ ਅਰੁ ਸਾਂਈ ਦਿੱਤਾ। ਸ੍ਰੀ ਅਰਜਨ ਸੋਂ ਮਿਲੇ ਪਵਿੱਤਾ॥ ੩੪॥

ਇਹ ਸਲੋਕ ਕਹਿ ਕੇ ਸ੍ਰਾਪ ਮਿਟਾ ਦਿੱਤਾ, ਉਸ ਸਮੇਂ ਤੋਂ ਸਭ ਲੋਕਾਂ ਨੇ ਸੁਖ ਪਾਇਆ ਹੈ। ਫਿਰ ਭਾਈ ਸੈਦੋ ਅਤੇ ਭਾਈ ਸਾਂਈਦਿੱਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲੇ॥ ੩੪॥

ਇਹ ਪ੍ਰਸੰਗ ਕਹਿ ਸਕਲ ਸੁਨਾਯੋ। 'ਲਵਪੁਰਿ ਕੇ ਨਰ ਗਨ ਬਰ ਪਾਯੋ।
ਹਮ ਆਏ ਤੁਮਰੀ ਸ਼ਰਣਾਈ। ਦੇਹੁ ਸ਼੍ਰੇਯ ਉਪਦੇਸ਼ ਬਨਾਈ'॥ ੩੫॥

ਇਹ ਪ੍ਰਸੰਗ ਕਹਿ ਕੇ ਸਾਰਾ ਸੁਣਾਇਆ, "ਲਾਹੌਰ ਦੇ ਲੋਕਾਂ ਨੇ ਵਰ ਪ੍ਰਾਪਤ ਕੀਤਾ, ਅਸੀਂ ਤੁਹਾਡੀ ਸ਼ਰਨ ਆਏ ਹਾਂ, ਸਾਨੂੰ ਮੁਕਤੀਦਾਇਕ ਉਪਦੇਸ਼ ਦੇਵੋ"॥ ੩੫॥

ਸੁਨਿ ਸ੍ਰੀ ਅਰਜਨ ਤਿਨਹੁ ਉਚਾਰਾ। 'ਨਿਤ ਕੀਜਹਿ ਗੁਰ ਸ਼ਬਦ ਬਿਚਾਰਾ।
ਵਾਹਿਗੁਰੂ ਕਰਿ ਗਯਾਨ ਪਛਾਨੋ। ਨਿਰਗੁਣ ਸਰਗੁਣ ਇਕ ਕਰਿ ਜਾਨੋ॥ ੩੬॥

ਇਹ ਸੁਣ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ, "ਸਦਾ ਗੁਰੂ ਜੀ ਦੇ ਸ਼ਬਦ ਤੇ ਵਿਚਾਰ ਕਰੋ, ਵਾਹਿਗੁਰੂ ਕਰ ਗਿਆਨ ਪਛਾਣੋ, ਨਿਰਗੁਣ ਸਰਗੁਣ ਇਕ ਕਰ ਜਾਣੋ॥ ੩੬॥

ਤੁਮਰੀ ਰਸਨਾ ਤੇ ਜੋ ਸੁਨੈ। ਤਿਸ ਕੋ ਭੀ ਮਨ ਦ੍ਰਵਹਿ ਸੁ ਗੁਨੈ।
ਜਨਮ ਮਰਨ ਮਹਿਂ ਬਹੁਰ ਨ ਆਵੈ। ਭਗਤਿ ਕਰਹੁ ਬ੍ਰਹਮ ਗਯਾਨ ਸੁ ਪਾਵੈ'॥ ੩੭॥

ਤੁਹਾਡੀ ਜ਼ਬਾਨ ਤੋਂ ਵੀ ਜੋ ਸੁਣੇਗਾ, ਉਸ ਦਾ ਮਨ ਵੀ ਕੋਮਲ ਹੋ ਕੇ ਗੁਣਵਾਨ ਹੋ ਜਾਵੇਗਾ। ਉਹ ਫਿਰ ਜਨਮ ਮਰਨ ਵਿਚ ਨਹੀਂ ਆਉਣਗੇ, ਭਗਤੀ ਕਰੋ ਤਾਂਕਿ ਬ੍ਰਹਮ ਗਿਆਨ ਨੂੰ ਪਾਵੋ"॥ ੩੭॥

ਸੁਨਿ ਦੋਨਹੁਂ ਪਦ ਬੰਦਨ ਕਰੀ। ਜਨਮ ਸਫਲ ਜਾਨਯੋ ਤਿਸ ਘਰੀ।
ਨਾਨੂ ਰਾਜ ਸੁ ਕਾਲੂ ਆਨਿ। ਹੁਤੋ ਕੋਹਲੀ ਹਾੜੀ ਜਾਨਿ॥ ੩੮॥

ਇਹ ਸੁਣ ਕੇ ਦੋਵਾਂ ਨੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਅਤੇ ਉਸ ਘੜੀ ਜਨਮ ਸਫਲ ਜਾਣਿਆ। ਭਾਈ ਨਾਨੂ ਰਾਜ ਅਤੇ ਕਾਲੂ ਆਏ, ਜਿਹੜੇ ਕੋਹਲੀ ਅਤੇ ਹਾੜੀ ਜਾਤ ਦੇ ਸਨ॥ ੩੮॥

ਸ੍ਰੀ ਅਰਜਨ ਪਦ ਕਰਿ ਕੈ ਨਮੋ। ਬੋਲੇ ਹਾਥ ਜੋਰਿ ਤਿਹ ਸਮੋ।
'ਇਕ ਪਠਿ ਸੁਨਿ ਕੈ ਸ਼ਬਦ ਤੁਮਾਰਾ। ਭਲੇ ਕਰਮ ਕਰਿ ਜਨਮ ਸੁਧਾਰਾ॥ ੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ, ਹੱਥ ਜੋੜ ਕੇ ਉਸ ਸਮੇਂ ਇਸ ਤਰ੍ਹਾਂ ਬੋਲੇ, "ਤੁਹਾਡਾ ਇਕ ਸ਼ਬਦ ਪੜ੍ਹ ਸੁਣ ਕੇ ਭਲੇ ਕਰਮ ਕਰਕੇ ਆਪਣਾ ਜਨਮ ਸੁਧਾਰਿਆ ਹੈ॥ ੩੯॥

ਇਕ ਐਸੇ ਪਠਿ ਕੈ ਹੁਇਂ ਮਾਨੀ। ਭੋਗੈਂ ਬਿਸ਼ਯਨਿ ਨਾਰਿ ਬਿਰਾਨੀ।
ਅਪਰ ਬੁਰੇ ਕਰਮਨ ਕੋ ਕਰੈਂ। ਪਠਿ ਕਰਿ ਲੋਕਨਿ ਤੇ ਧਨ ਹਿਰੈਂ॥ ੪੦॥

ਇਕ ਐਸੇ ਹਨ ਜਿਹੜੇ ਪੜ੍ਹ ਕੇ ਹੰਕਾਰੀ ਹੋ ਜਾਂਦੇ ਹਨ ਅਤੇ ਪਰਾਈ ਇਸਤਰੀ ਨਾਲ ਵਿਸ਼ੇ ਭੋਗਦੇ ਹਨ। ਹੋਰ ਬੁਰੇ ਕੰਮਾਂ ਨੂੰ ਕਰਦੇ ਹਨ ਅਤੇ ਪੜ੍ਹ ਕੇ ਲੋਕਾਂ ਪਾਸੋਂ ਧਨ ਬਟੋਰਦੇ ਹਨ॥ ੪੦॥

Sri Satguru Jagjit Singh Ji eLlibrary NamdhariElibrary@gmail.com

ਤਿਨ ਕੀ ਦਸ਼ਾ ਹੋਤਿ ਹੈ ਕੌਨ?'। ਸੁਨਿ ਬੋਲੇ ਗੁਰ ਕਰੁਣਾ ਭੌਨ।
'ਪਠਹਿਂ ਸੁਨਹਿਂ ਜੇ ਹਿਤ ਕੱਲਜਾਨ। ਸ਼ੁਭ ਕਰਮੀ ਕਿ ਕਰੈਂ ਗੁਜ਼ਰਾਨ॥੪੧॥

ਉਨ੍ਹਾਂ ਦੀ ਹਾਲਤ ਕੈਸੀ ਹੁੰਦੀ ਹੈ?" ਇਹ ਸੁਣ ਕੇ ਕਿਰਪਾ ਦੇ ਘਰ ਭਾਵ ਗੁਰੂ ਜੀ ਬੋਲੇ, "ਜਿਹੜੇ ਕਲਿਆਣ ਵਾਸਤੇ ਪੜ੍ਹਦੇ ਸੁਣਦੇ ਹਨ ਅਤੇ ਸ਼ੁਭ ਕਰਮ ਕਰਕੇ ਗੁਜ਼ਾਰਾ ਕਰਦੇ ਹਨ॥ ੪੧॥

ਅਰਥ ਲਖੈਂ ਦੁਰਮਤਿ ਕੋ ਤਜਾਗੈਂ। ਸੱਤਿਨਾਮ ਸਿਮਰਨਿ ਅਨੁਰਾਗੈਂ।
ਤਿਨਕੋ ਜਨਮ ਮਰਨ ਮਿਟਿ ਜਾਇ। ਗੁਰ ਸਮੀਪਤਾ ਸੋ ਨਰ ਪਾਇ॥੪੨॥

ਭਾਵ ਸਮਝ ਕੇ ਮਾੜੀ ਮੱਤ ਨੂੰ ਛੱਡ ਦਿੰਦੇ ਹਨ, ਸਤਿਨਾਮ ਦੇ ਸਿਮਰਨ ਨਾਲ ਪ੍ਰੇਮ ਕਰਦੇ ਹਨ। ਉਨ੍ਹਾਂ ਦਾ ਜਨਮ ਮਰਨ ਮਿੱਟ ਜਾਂਦਾ ਹੈ ਅਤੇ ਉਹ ਮਨੁੱਖ ਗੁਰੂ ਜੀ ਦੀ ਸੰਗਤ ਪਾਉਂਦੇ ਹਨ॥ ੪੨॥

ਪਠਹਿਂ ਲੇਨਿ ਧਨ ਕੋ ਧਰਿ ਲੋਭਾ। ਕਰਹਿਂ ਕੁਕਰਮਨਿ ਪ੍ਰਾਪਤਿ ਸੋਭਾ।
ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ। ਬੀਨ ਬੀਨ ਕਿਰਮਨਿ ਕੋ ਖਾਇ॥੪੩॥

ਜਿਹੜੇ ਲੋਭ ਧਾਰਨ ਕਰਕੇ ਧਨ ਲੈਣ ਵਾਸਤੇ ਪੜ੍ਹਦੇ ਹਨ, ਉਹ ਸੋਭਾ ਦੀ ਪ੍ਰਾਪਤੀ ਲਈ ਕੁਕਰਮ ਕਰਦੇ ਹਨ। ਜਿਵੇਂ ਹੰਕਾਰੀ ਮੱਤ ਵਾਲਾ ਪ੍ਰਕਾਸ਼ ਪਾ ਕੇ ਚੁਣ-ਚੁਣ ਕੇ ਕੀੜੇ ਖਾਂਦਾ ਹੈ॥ ੪੩॥

ਤਿਮ ਤਿਨ ਨਰ ਕੀ ਕ੍ਰਿਤ ਪਛਾਨੋ। ਪਠਿ ਸੁਨਾਇ ਲੇਂ ਦਰਬ ਮਹਾਨੋ।
ਕਰਹਿਂ ਕੁਕਰਮ ਭੋਗ ਤ੍ਰਿਯ ਪਰ ਕੋ। ਸਿਮਰਹਿਂ ਨਹਿਂ ਸਤਿਨਾਮ ਸੁ ਬਰ ਕੋ॥੪੪॥

ਉਸ ਤਰ੍ਹਾਂ ਉਨ੍ਹਾਂ ਮਨੁੱਖਾਂ ਦੀ ਕਿਰਤ ਪਛਾਣੋ, ਪੜ੍ਹ ਕੇ ਸੁਣਾਉਂਦੇ ਹਨ ਅਤੇ ਬਹੁਤ ਧਨ ਲੈਂਦੇ ਹਨ। ਪਰਾਈ ਇਸਤਰੀ ਨਾਲ ਭੋਗ ਕਰਕੇ ਕੁਕਰਮ ਕਰਦੇ ਹਨ, ਸ੍ਰੇਸ਼ਟ ਸਤਿਨਾਮ ਦਾ ਸਿਮਰਨ ਨਹੀਂ ਕਰਦੇ॥ ੪੪॥

ਨਰਕ ਸਿਧਾਰਹਿਂ, ਗੁਰ ਨ ਸਹਾਇ। ਬਿਨ ਸਹਾਇਤਾ ਬਹੁ ਦੁਖ ਪਾਇਂ।
ਸੁਨਿ ਸਿੱਖਨਿ ਗੁਰ ਬਾਕ ਬਿਸਾਲਾ। ਲਗੇ ਸੁਕਰਮਨਿ ਗਨ ਤਿਸ ਕਾਲਾ॥੪੫॥

ਉਹ ਨਰਕਾਂ ਵਿਚ ਜਾਂਦੇ ਹਨ, ਤੇ ਗੁਰੂ ਜੀ ਉਨ੍ਹਾਂ ਦੀ ਸਹਾਇਤਾ ਨਹੀਂ ਕਰਦੇ ਅਤੇ ਸਹਾਇਤਾ ਤੋਂ ਬਗੈਰ ਬਹੁਤ ਦੁਖ ਪਾਉਂਦੇ ਹਨ।" ਗੁਰੂ ਜੀ ਦੇ ਇਹ ਸ੍ਰੇਸ਼ਟ ਬਚਨ ਸੁਣ ਕੇ ਸਾਰੇ ਉਸ ਸਮੇਂ ਤੋਂ ਚੰਗੇ ਕਰਮ ਕਰਨ ਲੱਗੇ॥ ੪੫॥

*ਤੀਸਰੀ ਰਾਸ ਦਾ ਤ੍ਰੇਹਠਵਾਂ ਅਧਿਆਇ ਸਮਾਪਤ ਹੋਇਆ॥ ੬੩॥*

## ਅਧਿਆਇ ਚੌਹਠਵਾਂ

### *ਭਾਈ ਕਲਿਆਣ, ਭਾਈ ਭਾਨੂੰ ਆਦਿ ਸਿੱਖ*

ਦੋਹਰਾ- ਸੂਦ ਸੂਰ ਕੱਲਜਾਨ ਇਕ ਆਯੋ ਸਤਿਗੁਰ ਤੀਰ।
ਪਗ ਪੰਕਜ ਪਰ ਨਮੋ ਕਰਿ ਕਹੀ ਅਰਜ਼ ਉਰ ਧੀਰ॥੧॥

ਇਕ ਕਲਿਆਣ ਨਾਮੀ ਸੂਦ ਜਾਤੀ ਦਾ ਸੂਰਮਾ ਗੁਰੂ ਜੀ ਪਾਸ ਆਇਆ, ਚਰਨ ਕੰਵਲਾਂ ਤੇ ਨਮਸਕਾਰ ਕਰਕੇ ਦਿਲ ਵਿਚ ਧੀਰਜ ਧਾਰ ਕੇ ਬੇਨਤੀ ਕੀਤੀ॥ ੧॥

ਚੌਪਈ- 'ਸੁਨਹੁ ਗੁਰੂ ਜੀ ਮੈਂ ਰਣ ਖੇਤ। ਨ੍ਰਿਭੈ ਰਹੌਂ ਰਿਪੁ ਹਤਿਬੇ ਹੇਤ।
ਦੋਨਹੁੰ ਦਲ ਮੁਕਾਬਲੇ ਧਰੇ। ਜਬਿਹੂੰ ਸ਼ਸਤ੍ਰ ਚਲਨਿ ਲਗਿ ਪਰੇ॥ ੨ ॥

"ਹੇ ਗੁਰੂ ਜੀ! ਸੁਣੋ ਮੈਂ ਯੁੱਧ ਖੇਤਰ ਵਿਚ ਦੁਸ਼ਮਣ ਮਾਰਨ ਵਾਸਤੇ ਸਦਾ ਨਿਰਭੈ ਰਹਿੰਦਾ ਹਾਂ। ਜਦ ਦੋਵੇਂ ਦਲ ਮੁਕਾਬਲਾ ਧਾਰਨ ਕਰਦੇ ਹਨ ਅਤੇ ਜਦ ਸ਼ਸਤਰ ਚੱਲਣ ਲੱਗ ਜਾਂਦੇ ਹਨ॥ ੨ ॥

ਤਬਿ ਰਿਪੁ ਸੈਨਾ ਮਹਿਂ ਬਰ ਜਾਵੌਂ। ਕਰਿ ਪ੍ਰਹਾਰ ਬਲ ਤੇ ਰਿਪੁ ਘਾਵੌਂ।
ਪੁਨ ਨਿਜ ਦਲ ਮਹਿਂ ਆਨਿ ਪ੍ਰਵੇਸ਼ੌਂ। ਕਰੌਂ ਪਲਾਵਨਿ ਸ਼ੱਤ੍ਰ ਵਿਸ਼ੇਸ਼ੋ ॥੩ ॥

ਤਦ ਮੈਂ ਦੁਸ਼ਮਣ ਦੀ ਫੌਜ ਵਿਚ ਦਾਖਲ ਹੋ ਜਾਂਦਾ ਹਾਂ ਅਤੇ ਜ਼ੋਰਦਾਰ ਵਾਰ ਕਰਕੇ ਦੁਸ਼ਮਣ ਨੂੰ ਮਾਰਦਾ ਹਾਂ, ਫਿਰ ਮੈਂ ਆਪਣੇ ਦਲ ਵਿਚ ਆ ਜਾਂਦਾ ਹਾਂ, ਵਿਸ਼ੇਸ਼ ਵੈਰੀਆਂ ਨੂੰ ਭਜਾ ਦਿੰਦਾ ਹਾਂ" ॥ ੩ ॥

ਸੁਨਿ ਸ੍ਰੀ ਮੁਖ ਤੇ ਵਾਕ ਉਚਾਰੇ। 'ਸੁਗਮ ਅਹੈ ਦਲ ਰਿਪੁਦਲ ਮਾਰੇ।
ਇਸ ਕੋ ਸਦਾ ਸੱਤਿ ਅੱਗਜਾਨ। ਕਾਮ ਕ੍ਰੋਧ ਆਦਿਕ ਭਟ ਜਾਨਿ ॥ ੪ ॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਇਹ ਆਸਾਨ ਹੈ ਕਿ ਮਨੁੱਖ ਵੈਰੀਆਂ ਦੇ ਦਲ ਨੂੰ ਮਾਰੇ। ਮਨੁੱਖ ਸਦਾ ਸੱਚ ਤੋਂ ਅਗਿਆਨ ਰਹਿੰਦਾ ਹੈ। ਕਾਮ ਕ੍ਰੋਧ ਆਦਿ ਨੂੰ ਵੀ ਵੱਡੇ ਸੂਰਮੇ ਜਾਣੋ॥ ੪ ॥

ਲੇ ਗੁਰ ਸ਼ਬਦ ਸ਼ਸਤ੍ਰ ਬਲਧਰਿਕੈ। ਇਨਹੁਂ ਪ੍ਰਹਾਰਹਿ ਰਿਦੇ ਬਿਚਰਿ ਕੈ।
ਮਹਾਂ ਸੂਰਮਾਂ ਕਹੀਐ ਸੋਇ। ਸੁਖ ਅਨਾਸ਼ ਇਨ ਨਾਸ਼ੇ ਹੋਇ॥ ੫ ॥

ਗੁਰੂ ਦੇ ਸ਼ਬਦ ਦਾ ਸ਼ਸਤਰ ਲੈ ਕੇ, ਬਲ ਧਾਰ ਕੇ ਅਤੇ ਹਿਰਦੇ ਵਿਚ ਵਿਚਾਰ ਕੇ ਇਨ੍ਹਾਂ ਨੂੰ ਮਾਰੇ, ਮਹਾਨ ਸੂਰਮਾ ਓਸੇ ਨੂੰ ਆਖਿਆ ਜਾਂਦਾ ਹੈ। ਜਿਹੜਾ ਕਾਮ, ਕ੍ਰੋਧ ਲੋਭ, ਮੋਹ ਅਤੇ ਅਹੰਕਾਰ ਰੂਪੀ ਸੂਰਮਿਆਂ ਨੂੰ ਮਾਰੇ, ਇਨ੍ਹਾਂ ਦੇ ਮਾਰਨ ਨਾਲ ਸੁਖ ਨਾਸ਼ ਰਹਿਤ ਹੋ ਜਾਂਦਾ ਹੈ॥ ੫ ॥

ਅਸ ਬਿਰਲੇ ਜੋਧਾ ਬਲਵੰਤ। ਮਨ ਰਿਪੁ ਕੋ ਕਰਿ ਜਤਨ ਗਹੰਤਿ'।
ਇਸ ਪਰ ਏਕ ਸ਼ਲੋਕ ਬਨਾਯੋ। ਸ੍ਰੀ ਮੁਖ ਤੇ ਤਬਿ ਭਾਖਿ ਸੁਨਾਯੋ ॥ ੬ ॥

ਐਸੇ ਬਲਵਾਨ ਯੋਧੇ ਬਹੁਤ ਘੱਟ ਹਨ ਜਿਹੜੇ ਮਨ ਦੇ ਵੈਰੀ ਨੂੰ ਯਤਨ ਕਰਕੇ ਕਾਬੂ ਕਰਦੇ ਹਨ। ਫਿਰ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਸੁਣਾਇਆ॥ ੬ ॥

*ਸ੍ਰੀ ਮੁਖਵਾਕ॥ ਸਲੋਕ ਸਹਸਕ੍ਰਿਤੀ ਮਹਲਾ ੫॥*

*'ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥*
*ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥*
*ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥*
*ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲ ਕੀਰਤਨਹ॥*
*ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ॥ ੨੯॥*

*(ਪੰਨਾ ੧੩੫੬)*

ਸਾਰੇ ਸੰਤ ਯੋਧਿਆਂ ਦੀ ਇਕ ਨਾ ਜਿੱਤੀ ਜਾਣ ਵਾਲੀ ਫੌਜ ਹੈ, ਜਿਸ ਨੇ ਆਪਣੇ ਸਰੀਰ ਉਤੇ ਨਿੰਮ੍ਰਤਾ ਦਾ ਕੱਵਚ ਪਾਇਆ ਹੋਇਆ ਹੈ। ਗੋਬਿੰਦ ਦੀਆਂ ਸਿਫਤਾਂ ਦਾ ਉਚਾਰਨ ਉਨ੍ਹਾਂ ਦੇ ਹਥਿਆਰ ਅਤੇ ਓਟ ਹਨ ਅਤੇ ਗੁਰੂ ਦੀ ਬਾਣੀ ਦੀ ਉਨ੍ਹਾਂ ਦੇ ਹੱਥ ਵਿਚ ਢਾਲ ਹੈ। ਪ੍ਰਭੂ ਦੇ ਮਾਰਗ ਨੂੰ ਅਨੁਭਵ ਕਰਨਾ ਉਨ੍ਹਾਂ ਦਾ ਘੋੜਿਆਂ, ਗੱਡਿਆਂ ਅਤੇ ਹਾਥੀਆਂ ਤੇ ਚੜਨਾ

ਹੈ। ਉਹ ਨਿਰਭੈਅ ਹੋ ਕੇ ਵੈਰੀਆਂ ਦੀ ਫੌਜ ਅੰਦਰ ਫਿਰਦੇ ਹਨ ਅਤੇ ਸੁਆਮੀ ਦੀ ਕੀਰਤੀ ਨਾਲ ਉਹ ਹੱਲਾ ਬੋਲਦੇ ਹਨ। ਹੇ ਨਾਨਕ! ਉਹ ਸਾਰੇ ਜਹਾਨ ਨੂੰ ਜਿੱਤ ਲੈਂਦੇ ਹਨ ਅਤੇ ਪੰਜਾਂ ਵੈਰੀਆਂ ਨੂੰ ਕਾਬੂ ਕਰ ਲੈਂਦੇ ਹਨ॥ ੨੯॥

ਚੌਪਈ- 'ਮਨ ਜੀਤੇ ਸੋ ਸੂਰ ਕਹਾਵੈ। ਪ੍ਰਭੁ ਦਰਗਾਹਿ ਮਾਨ ਬਹੁ ਪਾਵੈ।
ਨਰ ਸੁਰ ਤਿਸਕੋ ਸੁਜਸੁ ਬਖਾਨੈਂ। ਸੁਖ ਅਬਿਨਾਸ਼ੀ ਮਿਲਹਿ ਮਹਾਨੈ' ॥੭॥

ਜਿਹੜਾ ਮਨ ਨੂੰ ਜਿੱਤ ਲੈਂਦਾ ਹੈ, ਉਹ ਸੂਰਮਾ ਕਹਾਉਂਦਾ ਹੈ ਤੇ ਉਹ ਪ੍ਰਭੂ ਦੀ ਦਰਗਾਹ ਵਿਚ ਫਿਰ ਬਹੁਤ ਮਾਨ ਪਾਉਂਦਾ ਹੈ। ਮਨੁੱਖ ਅਤੇ ਦੇਵਤੇ ਫਿਰ ਉਸਦਾ ਬਹੁਤ ਜੱਸ ਕਰਦੇ ਹਨ ਅਤੇ ਮਹਾਨ ਸਥਾਈ ਸੁਖ ਮਿਲਦਾ ਹੈ" ॥ ੭॥

ਹਾਥ ਜੋਰ ਤਬਿ ਕਹਿ ਕੱਲਜਾਨਾ। 'ਕ੍ਰਿਪਾ ਆਪ ਕੀ ਜਿਸ ਪਰ ਜਾਨਾ।
ਸੋ ਅਸ ਜੋਧਾ ਮਨ ਕੋ ਗਹੈ। ਚਰਨ ਕਮਲ ਸੋਂ ਲਪਟਯੋ ਰਹੈ' ॥ ੮॥

ਹੱਥ ਜੋੜ ਕੇ ਫਿਰ ਕਲਿਆਣੇ ਨੇ ਕਿਹਾ, "ਆਪ ਜੀ ਦੀ ਜਿਸ ਉਤੇ ਵੀ ਕਿਰਪਾ ਹੁੰਦੀ ਜਾਣੀ ਹੈ ਸੋ ਐਸਾ ਯੋਧਾ ਮਨ ਨੂੰ ਕਾਬੂ ਕਰਦਾ ਹੈ ਕਿ ਆਪ ਜੀ ਦੇ ਚਰਨ ਕੰਵਲਾਂ ਨਾਲ ਲੱਗਾ ਰਹਿੰਦਾ ਹੈ" ॥ ੮॥

ਕਹਯੋ ਗੁਰੂ 'ਸਿਮਰਹੁ ਸਤਿਨਾਮੁ। ਸੁਭਟ ਬਨਹਿਂ ਤੈਸੋ ਅਭਿਰਾਮ'।
ਸੁਨਿ ਕਰਿ ਗੁਰ ਸੇਵਾ ਕਹੁ ਲਾਗਯੋ। ਸਤਿਸੰਗਤ ਮਿਲਿਬੇ ਅਨੁਰਾਗਯੋ ॥੯॥

ਗੁਰੂ ਜੀ ਨੇ ਕਿਹਾ, "ਸਤਿਨਾਮ ਦਾ ਸਿਮਰਨ ਕਰੋ, ਜਿਸ ਕਾਰਨ ਤੈਸੇ ਸੁੰਦਰ ਸੂਰਮੇ ਬਣਦੇ ਹਨ।" ਇਹ ਸੁਣ ਕੇ ਗੁਰੂ ਜੀ ਦੀ ਸੇਵਾ ਵਿਚ ਲੱਗ ਗਿਆ, ਸਤਿਸੰਗਤ ਵਿਚ ਮਿਲਣ ਦਾ ਪ੍ਰੇਮ ਵਧਿਆ॥ ੯॥

ਭਾਨੂ ਭਗਤ ਗੁਰੂ ਸਿਖ ਭਾਰਾ। ਕਰਹਿ ਸ਼ਬਦ ਕੋ ਸਦਾ ਬਿਚਾਰਾ।
ਜੋ ਬਿਚ ਅਰਥ, ਸੁ ਆਪ ਕਮਾਵੈ। ਪੁਨ ਅਪਰਨਿ ਉਪਦੇਸ਼ ਸੁਨਾਵੈ ॥੧੦॥

ਭਾਨੂੰ ਭਗਤ ਵੱਡਾ ਗੁਰਸਿੱਖ ਸੀ, ਉਹ ਸਦਾ ਹੀ ਸ਼ਬਦ ਉਤੇ ਵਿਚਾਰ ਕਰਦਾ ਸੀ, ਸ਼ਬਦ ਵਿਚਲੇ ਅਰਥ ਨੂੰ ਆਪ ਕਮਾਉਂਦਾ ਸੀ, ਫਿਰ ਹੋਰਨਾਂ ਨੂੰ ਉਪਦੇਸ਼ ਸੁਣਾਉਂਦਾ ਸੀ॥ ੧੦॥

ਤਿਸ ਕੀ ਰਸਨਾ ਤੇ ਜੋ ਸੁਨੈ। ਭਾਉ ਭਗਤਿ ਉਪਜਹਿ ਮਨ ਗੁਨੈ।
ਸ੍ਰੀ ਅਰਜਨ ਢਿਗ ਕਿਨਹੁ ਬਖਾਨਾ। 'ਪੁਰ ਮੁਹਿਜੰਗ ਬਸਹਿ ਅਨਜਾਨਾ ॥੧੧॥

ਉਸ ਦੀ ਜ਼ਬਾਨ ਤੋਂ ਜਿਹੜਾ ਵੀ ਉਪਦੇਸ਼ ਸੁਣਦਾ ਸੀ, ਉਸ ਦੇ ਮਨ ਵਿਚ ਵੱਡੇ ਗੁਣ ਵਾਲੀ ਪ੍ਰੇਮ ਭਗਤੀ ਪੈਦਾ ਹੁੰਦੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਕਿਸੇ ਨੇ ਕਿਹਾ, "ਮੁਹਿਜੰਗ ਪਿੰਡ ਵਿਚ ਇਕ ਅਣਜਾਣ ਮਨੁੱਖ ਰਹਿੰਦਾ ਹੈ॥ ੧੧॥

ਮਹਾਂ ਦੁਸ਼ਟ ਗੁਰ ਨਿੰਦਾ ਕਰੈ। ਸਿੱਖਨਿ ਗਨ ਕੋ ਤਰਕਨਿ ਧਰੈ'।
ਸ੍ਰੀ ਮੁਖ ਤੇ ਭਾਨੂੰ ਸੰਗ ਭਾਖਾ। 'ਮੁਹਜੰਗੀ ਗਮਨਹੁ ਧਰਿ ਕਾਂਖਾ ॥੧੨॥

ਉਹ ਮਹਾਂ ਦੁਸ਼ਟ ਗੁਰੂ ਦੀ ਨਿੰਦਿਆ ਕਰਦਾ ਹੈ ਤੇ ਸਮੂਹ ਸਿੱਖਾਂ ਨਾਲ ਤਰਕ ਕਰਦਾ ਹੈ। ਗੁਰੂ ਜੀ ਨੇ ਭਾਈ ਭਾਨੂੰ ਨੂੰ ਕਿਹਾ, "ਅਭਿਲਾਸ਼ਾ ਧਰ ਕੇ ਮੁਹਜੰਗੀ ਜਾਵੋ॥ ੧੨॥

ਨਰ ਗਨ ਕੋ ਗੁਰਮਤਿ ਸਿਖਰਾਵਹੁ। ਨਰਕ ਪਰਨਿ ਤੇ ਜਾਇ ਬਚਾਵਹੁ'।
ਸੁਨਿ ਆਗਯਾ ਗੁਰ ਕੀ ਤਬਿ ਗਯੋ। ਸ਼ਬਦ ਬਿਚਾਰ ਸੁਨਾਵਤਿ ਭਯੋ ॥੧੩॥

ਸਾਰੇ ਮਨੁੱਖਾਂ ਨੂੰ ਗੁਰਮਤਿ ਸਿਖਾਵੋ ਅਤੇ ਨਰਕਾਂ ਵਿਚ ਪੈਣ ਤੋਂ ਉਨ੍ਹਾਂ ਨੂੰ ਬਚਾਵੋ। ਗੁਰੂ ਜੀ ਦੀ ਆਗਿਆ ਸੁਣ ਕੇ ਭਾਈ ਭਾਨੂੰ ਮਹਜੰਗ ਪਿੰਡ ਗਿਆ ਤੇ ਸ਼ਬਦ ਵਿਚਾਰ ਕੇ ਸੁਣਾਉਣ ਲੱਗਾ॥ ੧੩॥

ਕ੍ਰਿਸ਼ਨਾ ਸੇਠੀ ਹੁਤੇ ਸੰਗੀਨਾ। ਸੁਨਿ ਗੁਰਮਤਿ ਕੋ ਭਯੋ ਪ੍ਰਬੀਨਾ।
ਸੁਤ ਬਨਿਤਾ ਜੁਤ ਭਾਉ ਧਰੰਤੇ। ਭਾਨੂੰ ਕੀ ਸਭਿ ਸੇਵ ਕਰੰਤੇ॥ ੧੪॥

ਓਥੇ ਕ੍ਰਿਸ਼ਨਾ ਅਤੇ ਭਾਈ ਸੰਗੀਨਾ ਰਹਿੰਦੇ ਸਨ, ਉਹ ਗੁਰਮਤਿ ਸੁਣ ਕੇ ਬੜੇ ਚਤੁਰ ਬਣ ਗਏ, ਉਸ ਦੇ ਪੁੱਤਰ ਪਤਨੀ ਸਾਰੇ ਪ੍ਰੇਮ ਧਾਰਨ ਕਰਕੇ ਭਾਈ ਭਾਨੂੰ ਦੀ ਬਹੁਤ ਸੇਵਾ ਕਰਦੇ ਸਨ॥ ੧੪॥

ਹੋਤਿ ਪ੍ਰਭਾਤਿ ਸਬਦ ਕੀ ਕਥਾ। ਪੁਨ ਸੰਧਯਾ ਕੋ ਕਰਿਹੀਂ ਤਥਾ।
ਬਹੁਰ ਕੀਰਤਨ ਮਿਲਿ ਸਭਿ ਕਰੈਂ। ਸਤਿਗੁਰ ਮਹਿਂ ਪੁਨ ਸ਼ਰਧਾ ਧਰੈਂ॥ ੧੫॥

ਸਵੇਰੇ ਸ਼ਬਦ ਦੀ ਕਥਾ ਹੁੰਦੀ ਸੀ, ਪਰ ਸ਼ਾਮ ਨੂੰ ਵੀ ਉਸ ਤਰ੍ਹਾਂ ਹੀ ਕਰਦੇ ਸਨ, ਫਿਰ ਸਾਰੇ ਮਿਲ ਕੇ ਕੀਰਤਨ ਕਰਦੇ ਸਨ, ਫਿਰ ਸਤਿਗੁਰੂ ਵਿਚ ਸ਼ਰਧਾ ਧਾਰਨ ਕਰਦੇ ਸਨ॥ ੧੫॥

ਇਕ ਭਾਨੂੰ ਕੇ ਗਮਨੇ ਤਹਾਂ। ਸਤਿਸੰਗਤਿ ਹੋਈ ਸ਼ੁਭ ਮਹਾਂ।
ਬਾਂਟਿ ਅਥਿੱਤਨਿ ਕਰਹਿ ਅਹਾਰਾ। ਸੱਤਿਨਾਮ ਕੋ ਸਿਮਰਨਿ ਧਾਰਾ॥ ੧੬॥

ਇਕ ਭਾਨੂੰ ਦੇ ਓਥੇ ਜਾਣ ਨਾਲ ਮਹਾਨ ਸ਼ੁਭ ਸਤਿਸੰਗਤ ਜੁੜਦੀ ਸੀ। ਸਾਰੇ ਗਰੀਬਾਂ ਨੂੰ ਵੰਡ ਕੇ ਭੋਜਨ ਛੱਕਦੇ ਸਨ ਅਤੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੧੬॥

ਲਵਪੁਰਿ ਮਹਿਂ ਲੱਧਾ ਉਪਕਾਰੀ। ਭਾਉ ਭਗਤਿ ਜਿਨ ਬਹੁ ਉਰਧਾਰੀ।
ਬੁੱਧੂ ਕੇਰ ਪਜਾਵਾ ਕਾਚੋ। ਦਰ ਪਰ ਲੱਖੂ ਸ੍ਰਾਪ ਉਬਾਚੋ॥ ੧੭॥

ਲਾਹੌਰ ਵਿਚ ਇਕ ਲੱਧਾ ਉਪਕਾਰੀ ਰਹਿੰਦਾ ਸੀ, ਜਿਸ ਨੇ ਆਪਣੇ ਹਿਰਦੇ ਵਿਚ ਪ੍ਰੇਮ ਭਗਤੀ ਧਾਰਨ ਕੀਤੀ ਹੋਈ ਸੀ। ਬੁਧੂ ਦੇ ਆਵੇ ਕੱਚੇ ਰਹੇ ਸਨ, ਉਸ ਦੇ ਦਰਵਾਜ਼ੇ ਤੇ ਲਖੂ ਨੇ ਸ੍ਰਾਪ ਦਿੱਤਾ ਸੀ॥ ੧੭॥

ਸ੍ਰੀ ਗੁਰ ਪ੍ਰੇਰਜੋ ਲੱਧਾ ਗਯੋ। ਲੱਖੂ ਕੋ ਪ੍ਰਸੰਨ ਕਰਿ ਲਯੋ।
ਕਹਜੋ ਤਿਸੈ 'ਨਿਜ ਬਾਕ ਹਟਾਵੋ। ਬੁੱਧੂ ਰਿਣੀ, ਆਪ ਲਖਿ ਪਾਵੋ॥ ੧੮॥

ਗੁਰੂ ਜੀ ਦਾ ਪ੍ਰੇਰਿਆ ਹੋਇਆ ਲੱਧਾ, ਲੱਖੂ ਦੇ ਪਾਸ ਗਿਆ ਤੇ ਲੱਖੂ ਨੂੰ ਪ੍ਰਸੰਨ ਕਰ ਲਿਆ, ਉਸ ਨੂੰ ਕਿਹਾ, "ਆਪਣੇ ਸ੍ਰਾਪ ਵਾਲੇ ਬਚਨਾਂ ਨੂੰ ਵਾਪਸ ਲੈ ਲਵੋ ਤੇ ਸਮਝ ਲਵੋ ਕਿ ਬੁਧੂ ਵੱਡਾ ਕਰਜ਼ਾਈ ਹੈ॥ ੧੮॥

ਪਕਹਿ ਪਜਾਵਾ ਬਰ ਕੋ ਦੀਜੈ। ਕ੍ਰਿਪਾ ਕਰਹੁ ਗੁਰ ਸਿਖ ਜਾਨੀਜੈ'।
ਸੁਨਿ ਲੱਧੇ ਕੇ ਬਚ ਉਪਕਾਰੀ। ਸਿਖ ਲੱਖੂ ਲਖਿ ਰਿਣ ਦੁਖ ਭਾਰੀ॥ ੧੯॥

ਆਵਾ ਪੱਕੇ, ਇਹ ਵਰ ਦੇਵੋ, ਕਿਰਪਾ ਕਰਕੇ ਉਸ ਨੂੰ ਗੁਰਸਿੱਖ ਜਾਣੋ।" ਲੱਧੇ ਉਪਕਾਰੀ ਦੇ ਬਚਨ ਸੁਣ ਕੇ, ਭਾਈ ਲੱਖੂ ਨੇ ਸਮਝਿਆ ਕਿ ਕਰਜ਼ਾਈ ਹੋਣਾ ਵੱਡੇ ਦੁਖ ਵਾਲੀ ਗੱਲ ਹੈ॥ ੧੯॥

ਕਹਜੋ ਵਾਕ 'ਸੋ ਪਲਟਹਿ ਨਾਂਹੀ। ਪਿੱਲੀ ਈਂਟ ਤਾਂਹਿ ਬਿਕ ਜਾਂਹੀਂ।
ਜਿਮ ਪਾਕੀ ਤੇ ਧਨ ਕੋ ਪਾਵੈਂ। ਤਥਾ ਬਿਕਹਿਂ, ਰਿਣ ਸਭਿ ਉਤਰਾਵੈ'॥ ੨੦॥

ਕਹੇ ਵਾਕ ਨੂੰ ਪਲਟਿਆ ਨਹੀਂ ਜਾ ਸਕਦਾ, ਪਿਲੀ ਇੱਟ ਵੀ ਵਿਕ ਜਾਵੇਗੀ, ਜਿੰਨਾ ਮੁਲ ਪੱਕੀ ਦੇ ਕੇ ਪਾਉਂਦਾ ਹੈਂ, ਸਾਰੀ ਵਿਕ ਜਾਵੇਗੀ ਅਤੇ ਸਾਰੇ ਕਰਜ਼ੇ ਉਤਰ ਜਾਣ." ॥ ੨੦॥

ਲਵਪੁਰਿ ਮਹਿਂ ਲੱਧਾ ਇਸ ਭਾਂਤਿ। ਪਰਉਪਕਾਰ ਕਰਹਿ ਬੱਖਜਾਤ।
ਲੱਖੂ ਰਹੈ ਪਟੋਲੀ ਤਾਂਹਿ। ਗੁਰੂ ਧਯਾਨ ਨਿਸ ਦਿਨ ਮਨ ਮਾਂਹਿ॥ ੨੧॥

ਲਾਹੌਰ ਵਿਚ ਭਾਈ ਲੱਧਾ ਇਸ ਪ੍ਰਕਾਰ ਪਰਉਪਕਾਰ ਕਰਨ ਵਿਚ ਬਹੁਤ ਮਸ਼ਹੂਰ ਸੀ। ਲੱਖੂ ਪਟੋਲੀ ਵਿਖੇ ਰਹਿੰਦਾ ਸੀ, ਮਨ ਵਿਚ ਦਿਨ ਰਾਤ ਗੁਰੂ ਜੀ ਦਾ ਧਿਆਨ ਹੀ ਲਾਈ ਰਖਦਾ ਸੀ॥ ੨੧॥

ਇਕ ਤੀਰਥ ਅਰੁ ਮੂਲਾ ਬੇਰੀ। ਸਿੱਖ ਮੁਕੰਦਾ ਮਿਲਿ ਤਿਸ ਬੇਰੀ।
ਚੌਥ ਨਿਹਾਲੂ ਜੋ ਸੁਨਿਆਰਾ। ਮਿਲਿ ਆਏ ਗੁਰ ਕੇ ਦਰਬਾਰਾ॥ ੨੨॥

ਇਕ ਵਾਰ ਭਾਈ ਤੀਰਥ, ਭਾਈ ਮੂਲਾ ਬੇਰੀ, ਭਾਈ ਮੁਕੰਦਾ ਅਤੇ ਚੌਥਾ ਭਾਈ ਨਿਹਾਲੂ ਸੁਨਿਆਰਾ ਸਾਰੇ ਮਿਲ ਕੇ ਗੁਰੂ ਜੀ ਦੇ ਦਰਬਾਰ ਵਿਚ ਆਏ॥ ੨੨॥

ਕਰਿ ਬੰਦਨ ਕੋ ਬੈਠੇ ਪਾਸ। ਹਾਥ ਜੋਰਿ ਕੀਨੀ ਅਰਦਾਸ।
'ਸਿੱਖ ਆਪ ਕੇ ਅਨਿਕ ਪ੍ਰਕਾਰੇ। ਸ਼ਬਦ ਕੀਰਤਨ ਕ਼ਥਾ ਉਚਾਰੇਂ॥ ੨੩॥

ਬੰਦਨਾ ਕਰਕੇ ਪਾਸ ਬੈਠ ਗਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਦੇ ਅਨੇਕ ਪ੍ਰਕਾਰ ਦੇ ਸਿੱਖ ਹਨ, ਸ਼ਬਦ ਕੀਰਤਨ ਅਤੇ ਕਥਾ ਦਾ ਉਚਾਰਨ ਕਰਦੇ ਹਨ॥ ੨੩॥

ਇਕ ਤੇ ਸੁਨਤਿ ਸੁ ਮਨ ਦ੍ਰਵ ਜਾਵੈ। ਇਕ ਕੋ ਕਹਤੇ ਸਮੀਪ ਨ ਜਾਵੈ'।
ਸ਼੍ਰੀ ਮੁਖ ਤੇ ਸ਼ੁਭ ਜੁਗਤਿ ਬਖਾਨੀ। 'ਹੀਰਾ ਫਟਕ ਦੁ ਏਕ ਸਮਾਨੀ॥ ੨੪॥

ਇਕ ਦਾ ਮਨ ਸੁਣ ਕੇ ਪਿਘਲ ਜਾਂਦਾ ਹੈ, ਇਕ ਦੇ ਕਹਿਣ ਤੇ ਵੀ ਕੋਈ ਨੇੜੇ ਨਹੀਂ ਜਾਂਦਾ ਹੈ।" ਗੁਰੂ ਜੀ ਨੇ ਸੁਣ ਕੇ ਸ਼ੁਭ ਜੁਗਤੀ ਕਹੀ, "ਹੀਰਾ ਅਤੇ ਪੱਥਰ ਦੋਵੇਂ ਇਕ ਸਮਾਨ ਹਨ॥ ੨੪॥

ਹੀਰਾ ਨਿਜ ਪ੍ਰਕਾਸ਼ ਦਿਖਰਾਵੈ। ਸਰਬ ਰੰਗ ਕੇ ਊਪਰ ਛਾਵੈ।
ਫਟਕ ਪ੍ਰਕਾਸ਼ ਪਰਹਿ ਨਹਿਂ ਕਾਹੂ। ਅੰਤਰ ਇਤੌ ਦੁਹਨਿ ਕੇ ਮਾਂਹੂ॥ ੨੫॥

ਹੀਰਾ ਆਪਣਾ ਪ੍ਰਕਾਸ਼ ਵਿਖਾਉਂਦਾ ਹੈ, ਸਾਰੇ ਰੰਗ ਉਸ ਦੇ ਉਤੇ ਛਾ ਜਾਂਦੇ ਹਨ, ਪੱਥਰ ਦਾ ਕੋਈ ਰੰਗ ਨਹੀਂ ਹੁੰਦਾ, ਇਹੋ ਅੰਤਰ ਦੋਹਾਂ ਵਿਚ ਹੈ॥ ੨੫॥

ਤਿਮ ਗੁਰਮੁਖ ਕੀ ਕਰੋ ਪਛਾਨ। ਜਿਸ ਸੰਗਤਿ ਮਹਿਂ ਕਰਹਿਂ ਬਖਾਨ।
ਤਿਨਕੋ ਤੇਜ ਸਭਿਨਿ ਪਰ ਛਾਵੈ। ਕਜੋਂਕਿ ਸਦਾ ਸੋ ਸਚੁ ਕਮਾਵੈ॥ ੨੬॥

ਇਸ ਤਰ੍ਹਾਂ ਗੁਰਮੁਖ ਦੀ ਪਛਾਣ ਕਰੋ, ਜਿਸ ਸੰਗਤ ਵਿਚ ਕਥਾ ਕਰਨ, ਉਨ੍ਹਾਂ ਦਾ ਤੇਜ਼ ਸਾਰਿਆਂ ਉਤੇ ਛਾਵੇ, ਕਿਉਂਕਿ ਸਦਾ ਉਹ ਸੱਚ ਕਮਾਉਂਦੇ ਹਨ॥ ੨੬॥

ਜੇ ਨਰ ਹੌਰੇ ਅਰੁ ਕੁਰਿਆਰੇ। ਸੋ ਕੁਸੰਗ ਮਹਿਂ ਬਨਹਿਂ ਉਦਾਰੇ।
ਸ਼ੁਭ ਨਰ ਪਰ ਤਿਹ ਛਾਇ ਨ ਤੇਜ। ਸਤਿ ਸੰਗਤਿ ਕੋ ਜਿਨਹੁ ਮਜੇਜ॥ ੨੭॥

ਜਿਹੜੇ ਮਨੁੱਖ ਹੌਲੇ ਅਤੇ ਝੂਠੇ ਹਨ, ਉਹ ਕੁਸੰਗਤ ਵਿਚ ਵੱਡੇ ਬਣ ਜਾਂਦੇ ਹਨ। ਉਨ੍ਹਾਂ ਦਾ ਸ਼ੁਭ ਮਨੁੱਖਾਂ 'ਤੇ ਤੇਜ ਨਹੀਂ ਪੈਂਦਾ। ਸਤਿਸੰਗਤ ਵਿਚ ਜਾਣ ਲਈ ਜਿਹੜੇ ਹੰਕਾਰ ਕਰਦੇ ਹਨ॥ ੨੭॥

ਜਿਸ ਕੇ ਰਿਦੈ ਸ਼ਬਦ ਗੁਰ ਕੇਰਾ। ਭਯੋ ਪ੍ਰਵੇਸ਼ ਮਹਾਂ ਸੁਖ ਹੇਰਾ।
ਸੋ ਰਸਨਾ ਤੇ ਜਬੈ ਬਖਾਨੈ। ਸ਼੍ਰੋਤਾ ਸੁਨਤਿ ਸ਼ਾਂਤਿ ਕੋ ਠਾਨੈ॥ ੨੮॥

ਜਿਸ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਹੈ, ਉਥੇ ਮਹਾਨ ਸੁਖ ਦਾ ਪ੍ਰਵੇਸ਼ ਹੁੰਦਾ ਵੇਖਿਆ ਹੈ। ਜਦ ਉਹ ਆਪਣੀ ਜੀਭ ਤੋਂ ਕੁਝ ਕਹਿੰਦੇ ਹਨ ਤਾਂ ਸ੍ਰੋਤੇ ਸੁਣ ਕੇ ਸ਼ਾਂਤ ਹੋ ਜਾਂਦੇ ਹਨ॥ ੨੮॥

ਤ੍ਰਿਸ਼ਨਾ ਤਪਤਿ ਤਜੈਂ, ਸੁਖ ਪਾਵੈਂ। ਸਤਿਸੰਗਤਿ ਸਿਮਰਨਿ ਮਨ ਭਾਵੈ।
ਲਖਹਿ ਜੁ ਮਮ ਤੇ ਬੁੱਧਿ ਉਤੰਗ। ਚਹਿਯਹਿ ਕਰਜੋ ਤਾਂਹਿ ਸ਼ੁਭ ਸੰਗ॥ ੨੯॥

ਤਪਦੀ ਤ੍ਰਿਸ਼ਨਾ ਨੂੰ ਛੱਡ ਕੇ ਸੁਖ ਪਾਉਂਦੇ ਹਨ ਅਤੇ ਸਤਿਸੰਗਤ ਵਿਚ ਸਿਮਰਨ ਕਰਨ ਨੂੰ ਉਨ੍ਹਾਂ ਦੇ ਮਨ ਨੂੰ ਚੰਗਾ ਲੱਗਦਾ ਹੈ ਜਦ ਦੇਖਦੇ ਹਨ ਕਿ ਮੇਰੀ ਬੁੱਧੀ ਨਾਲੋਂ ਉਚੀ ਬੁੱਧੀ ਵਾਲਾ ਵਿਅਕਤੀ ਹੈ ਤਾਂ ਉਸਦਾ ਸ਼ੁਭ ਸੰਗ ਕਰਨਾ ਚਾਹੁੰਦੇ ਹਨ॥ ੨੯॥

Sri Satguru Jagjit Singh Ji eLlibrary NamdhariElibrary@gmail.com

ਗੁਰ ਬਾਕਨਿ ਕੋ ਰਿਦੈ ਬਸਾਵੈ। ਜੇ ਅਸ ਨਰ ਕੁਸੰਗ ਕਬਿ ਪਾਵੈ।
ਨਹਿਂ ਬਿਗਰੈ ਨਿਸ਼ਚਾ ਦ੍ਰਿੜ ਰਹੇ। ਜਥਾ ਅਚਲ ਇਕ ਥਲ ਥਿਰ ਅਹੇ ॥੩੦॥

ਗੁਰੂ ਜੀ ਦੇ ਵਾਕਾਂ ਨੂੰ ਹਿਰਦੇ ਵਿਚ ਵਸਾਉਂਦੇ ਹਨ, ਜੇ ਇਸ ਤਰ੍ਹਾਂ ਕੋਈ ਮਨੁੱਖ ਕਦੀ ਕੁਸੰਗਤ ਪਾਉਂਦਾ ਹੈ, ਵਿਗੜਦਾ ਨਹੀਂ ਹੈ, ਉਸ ਦਾ ਨਿਸ਼ਚਾ ਦ੍ਰਿੜ੍ਹ ਰਹਿੰਦਾ ਹੈ, ਜਿਵੇਂ ਅਚਲ ਵਸਤੂ ਇਕ ਥਾਂ ਸਥਿਰ ਰਹਿੰਦੀ ਹੈ॥ ੩੦॥

ਜਿਮ ਚੰਦਨ ਬਾਵਨ ਤਰੁ ਸੀਤਲ। ਚਹੁੰ ਦਿਸ਼ਿ ਮਹਿਂ ਅਹਿ ਲਪਟੈਂ ਹੀ ਤਲ।
ਤਉ ਨ ਸੀਤ ਤਜਿ ਬਿਖ ਕੋ ਲੇਤਿ। ਸਰਪਨ ਕੋ ਸੀਤਲ ਕਰਿ ਦੇਤਿ॥ ੩੧॥

ਜਿਵੇਂ ਬਾਵਨ ਚੰਦਨ ਦਾ ਬ੍ਰਿਛ ਬੜਾ ਠੰਡਾ ਹੁੰਦਾ ਹੈ। ਚਾਰੇ ਪਾਸੇ ਜ਼ਹਿਰੀਲੇ ਸੱਪ ਲਿਪਟੇ ਹੁੰਦੇ ਹਨ, ਫਿਰ ਵੀ ਉਹ ਸੀਤਲਤਾ ਛੱਡ ਕੇ ਜ਼ਹਿਰ ਨੂੰ ਗ੍ਰਹਿਣ ਨਹੀਂ ਕਰਦਾ, ਉਲਟਾ ਸੱਪਾਂ ਨੂੰ ਸੀਤਲ ਕਰ ਦਿੰਦਾ ਹੈ॥ ੩੧॥

ਤਿਮ ਗੁਰਮੁਖ ਜੇ ਧਸਹਿਂ ਕੁਸੰਗ। ਤਹਿਂ ਭੀ ਦੇਤਿ ਆਪਨੋ ਰੰਗ।
ਤਿਨਕੇ ਅਵਗੁਨ ਆਪ ਨ ਕਰੈਂ। ਸ਼ੁਭ ਗੁਨ ਕਹਿ ਕਹਿ ਉਰ ਮਹੁਂ ਧਰੈਂ ॥੩੨॥

ਇਸ ਤਰ੍ਹਾਂ ਜਿਹੜਾ ਗੁਰਮੁਖ ਕੁਸੰਗਤ ਵਿਚ ਚਲੇ ਜਾਂਦਾ, ਓਥੇ ਜਾ ਕੇ ਵੀ ਆਪਣਾ ਰੰਗ ਦੇ ਦਿੰਦਾ ਹੈ। ਉਨ੍ਹਾਂ ਦੇ ਅਵਗੁਣ ਆਪ ਗ੍ਰਹਿਣ ਨਹੀਂ ਕਰਦਾ, ਸ਼ੁਭ ਗੁਣ ਕਹਿ ਕਹਿ ਕੇ ਹਿਰਦੇ ਵਿਚ ਧਾਰਨ ਕਰਦਾ ਹੈ॥ ੩੨॥

ਸੁਨਿ ਸਿੱਖਨਿ ਸਭਿ ਸੀਸ ਨਿਵਾਯੋ। ਜਥਾ ਜੋਗ ਸ੍ਰੀ ਗੁਰੂ ਬਤਾਯੋ।
ਇਸ ਪ੍ਰਕਾਰ ਨਿਤ ਹੋਤਿ ਉਚਾਰ। ਸ੍ਰੀ ਅਰਜਨ ਸਿਖ ਕਰਤਿ ਉਧਾਰ॥ ੩੩॥

ਇਹ ਸੁਣ ਕੇ ਸਭ ਸਿੱਖਾਂ ਨੇ ਸਿਰ ਨਿਵਾਇਆ। ਯਥਾ-ਯੋਗ ਜੋ ਗੁਰੂ ਜੀ ਨੇ ਦੱਸਿਆ, ਉਸ ਪ੍ਰਕਾਰ ਨਿੱਤ ਉਚਾਰਨ ਕਰਦੇ ਸਨ, ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖਾਂ ਦਾ ਉਧਾਰ ਕਰਦੇ ਸਨ॥ ੩੩॥

ਫੈਲਯੋ ਸੁਜਸੁ ਬਿਦੇਸ਼ ਅਸ਼ੇਸ਼। ਚਹੁੰਦਿਸ਼ਿ ਕੇ ਨਰ ਆਇਂ ਹਮੇਸ਼।
ਇਕ ਦਿਨ ਬੈਠੇ ਸਭਾ ਬਿਸਾਲ। ਬਡੇ ਬਡੇ ਸਿਖ ਭਗਤ ਰਸਾਲ॥ ੩੪॥

ਖਾਸ ਤੌਰ ਤੇ ਵਿਦੇਸ਼ਾਂ ਵਿਚ ਵੀ ਸ੍ਰੇਸ਼ਟ ਜੱਸ ਫੈਲਿਆ, ਚਾਰੇ ਪਾਸਿਆਂ ਤੋਂ ਲੋਕ ਹਮੇਸ਼ਾਂ ਆਉਂਦੇ ਸਨ, ਇਕ ਦਿਨ ਗੁਰੂ ਜੀ ਵਿਸ਼ਾਲ ਸਭਾ ਵਿਚ ਬੈਠੇ ਸਨ, ਵੱਡੇ-ਵੱਡੇ ਸਿੱਖ ਅਤੇ ਰਸੀਏ ਭਗਤ ਬੈਠੇ ਸਨ॥ ੩੪॥

ਚਲਯੋ ਜ਼ਿਕਰ 'ਸਿਖ ਬਹੁ ਕਿਸ ਦੇਸ਼ ?। ਕਹਿਂ ਸਤਿਸੰਗਤਿ ਭਾਉ ਵਿਸ਼ੇਸ਼'।
ਜਿਸ ਜਿਸ ਜੋ ਜੋ ਦੇਖਨਿ ਕੀਨਾ। ਕਰਯੋ ਸੁਨਾਵਨਿ ਜਸ ਜਸ ਚੀਨਾ॥ ੩੫॥

ਇਹ ਜ਼ਿਕਰ ਚੱਲਿਆ 'ਬਹੁਤੇ ਸਿੱਖ ਕਿਸ ਦੇਸ਼ ਵਿਚ ਹਨ ? ਕਿਥੇ ਸਤਿਸੰਗਤ ਪ੍ਰੇਮ ਵਿਸ਼ੇਸ਼ ਹੈ ?' ਜਿਸ ਜਿਸ ਜੋ ਜੋ ਵੇਖਿਆ ਸੀ, ਉਸ ਨੇ ਉਸ ਤਰ੍ਹਾਂ ਹੀ ਜੱਸ ਕੀਤਾ ਜਿਵੇਂ ਜਾਣਿਆ ਸੀ॥ ੩੫॥

ਕਿਤਿਕ ਸਿੱਖ ਸ੍ਰੀ ਗੁਰ ਸੌਂ ਕਹੈਂ। 'ਦੇਸ਼ ਗਿਰਨਿ ਕਸ਼ਮੀਰ ਜੁ ਅਹੈ।
ਤਰਕਤਿ ਪੰਡਿਤ ਤਹਾਂ ਮਹਾਨੀ। ਪਢਨਿ ਦੇਤਿ ਨਹਿਂ ਸਤਿਗੁਰ ਬਾਨੀ॥ ੩੬॥

ਕਈ ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਪਹਾੜੀ ਦੇਸ਼ ਜੋ ਕਸ਼ਮੀਰ ਹੈ ਓਥੇ ਪੰਡਿਤ ਲੋਕ ਮਹਾਨ ਤਰਕ ਕਰਦੇ ਹਨ, ਉਹ ਸਤਿਗੁਰੂ ਦੀ ਬਾਣੀ ਪੜ੍ਹਨ ਨਹੀਂ ਦਿੰਦੇ॥ ੩੬॥

ਸੰਸਕ੍ਰਿਤ ਸੁਰ ਬਾਨੀ ਜਾਨਹੁ। ਮਨੁਖ ਗਿਰਾ ਭਾਖਾ ਇਹ ਮਾਨਹੁ।
ਕਯੋਂ ਤੁਮ ਪਠਹੁ, ਕਹਾਂ ਫਲ ਲਾਗੇ ? ਨਿੱਤ ਨਮਿਤ ਕੇ ਕਰਮਨਿ ਤਜਾਗੇ॥੩੭॥

ਕਹਿੰਦੇ ਹਨ ਕਿ ਸੰਸਕ੍ਰਿਤ ਦੇਵਤਿਆਂ ਦੀ ਬਾਣੀ ਜਾਣੋ, ਮਨੁੱਖ ਵਲੋਂ ਕਹੀ ਗਈ ਬਾਣੀ ਇਹ ਮੰਨੋ। ਇਹ ਤੁਸੀਂ ਕਿਉਂ ਪੜ੍ਹਦੇ ਹੋ, ਕੀ ਫਲ ਲਗੇਗਾ, ਨਿਤ ਆਪਣੇ ਕੰਮਾਂ ਨੂੰ ਛੱਡੋਗੇ॥ ੩੭॥

ਇੱਤਜਾਦਿਕ ਸਭਿਹੂੰਨ ਸੁਨਾਵੈਂ। ਗੁਰ ਮਤਿ ਸਿੱਖੀ ਤੇ ਸੁ ਹਟਾਵੈਂ।
ਸ੍ਰੀ ਅਰਜਨ ਸੁਨਿ ਸਭਾ ਮਝਾਰਾ। ਮਾਧੋ ਸੋਢੀ ਨਿਕਟ ਹਕਾਰਾ॥ ੩੮॥

ਇਤਿਆਦਿ ਸਾਰਿਆਂ ਨੂੰ ਸੁਣਾਉਂਦੇ ਹਨ, ਗੁਰਮਤਿ ਸਿੱਖੀ ਤੋਂ ਉਹ ਹਟਾਉਂਦੇ ਹਨ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸਭਾ ਵਿਚ ਸੁਣਿਆ ਤਾਂ ਮਾਧੋ ਸੋਢੀ ਨੂੰ ਆਪਣੇ ਪਾਸ ਬੁਲਾਇਆ॥ ੩੮॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। 'ਗੁਰਮਤਿ ਮਹਿਂ ਤੂੰ ਅਹੈਂ ਪ੍ਰਬੀਨ।
ਅਬਿ ਹਮ ਤੋਹਿ ਬਚਨ ਕੇ ਮਾਂਹੀ। ਪਾਈ ਸ਼ਕਤਿ ਮਿਟਹਿ ਕਬਿ ਨਾਂਹੀ॥ ੩੯॥

ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਤੂੰ ਗੁਰਮਤਿ ਵਿਚ ਬਹੁਤ ਚਤੁਰ ਹੈਂ, ਅਸੀਂ ਹੁਣ ਤੇਰੇ ਬਚਨਾਂ ਦੇ ਵਿਚ ਐਸੀ ਸ਼ਕਤੀ ਪਾਉਂਦੇ ਹਾਂ, ਕਿ ਇਹ ਪਾਈ ਹੋਈ ਸ਼ਕਤੀ ਕਦੇ ਵੀ ਮਿਟੇਗੀ ਨਹੀਂ॥ ੩੯॥

ਪਰਬਤ ਬਿਖੈ ਦੇਸ਼ ਕਸ਼ਮੀਰ। ਸਿੱਖੀ ਜਾਇ ਦ੍ਰਿੜਾਵਹੁ ਧੀਰ।
ਗੁਰਮਤਿ ਕੋ ਕੀਜਹਿ ਬਿਸਤਾਰ। ਸਿਮਰਹਿਂ ਸੱਤਿਨਾਮ ਸੁਖਸਾਰ' ॥ ੪੦॥

ਪਹਾੜਾਂ ਦੇ ਵਿਚ ਦੇਸ਼ ਕਸ਼ਮੀਰ ਹੈ, ਓਥੇ ਜਾ ਕੇ ਧੀਰਜ ਵਾਲੀ ਸਿੱਖੀ ਨੂੰ ਦ੍ਰਿੜ ਕਰਾਵੋ। ਗੁਰਮਤਿ ਦਾ ਵਿਸਥਾਰ ਕਰੋ ਅਤੇ ਸੁਖਾਂ ਦੀ ਸਾਰ ਸਤਿਨਾਮ ਦਾ ਸਿਮਰਨ ਕਰਵਾਓ" ॥ ੪੦॥

ਸੁਨਿ ਮਾਧੋ ਪੁਨ ਬਾਕ ਬਖਾਨੇ। 'ਤਹਾਂ ਭਗਤਿ ਕੋ ਬਿੱਪ੍ਰਨ ਜਾਨੇਂ।
ਕਰਮ ਕਾਂਡ ਮੈਂ ਸੋ ਲਪਟਾਏ। ਨਹਿਂ ਉਪਾਸਨਾ ਮਨ ਮਹਿਂ ਲਯਾਏਂ' ॥ ੪੧॥

ਇਹ ਸੁਣ ਕੇ ਮਾਧੋ ਨੇ ਕਿਹਾ, "ਓਥੇ ਭਗਤੀ ਨੂੰ ਬ੍ਰਾਹਮਣ ਜਾਣਦੇ ਹਨ ਜਿਹੜੇ ਕਰਮ-ਕਾਂਡਾਂ ਵਿਚ ਲਿਪਟੇ ਹੋਏ ਹਨ। ਉਹ ਕਦੀ ਵੀ ਉਪਾਸ਼ਨਾ ਮਨ ਵਿਚ ਨਹੀਂ ਲਿਆਉਂਦੇ" ॥ ੪੧॥

ਕਹਜੋ ਗੁਰੂ 'ਸੋ ਭਗਤੀ ਜਾਨੈਂ। ਨਹੀਂ ਕਮਾਵਤਿ ਜਿਮ ਅਨਜਾਨੈ।
ਪਹੁੰਚਹਿਂ ਜਬਿ, ਤੁਵ ਦਰਸ਼ਨ ਪੈਹੈਂ। ਰਿਦੇ ਉਪਾਸਨ ਕੋ ਉਪਜੈਹੈਂ॥ ੪੨॥

ਗੁਰੂ ਜੀ ਨੇ ਕਿਹਾ, "ਉਹ ਭਗਤੀ ਨੂੰ ਜਾਣ ਲੈਣਗੇ, ਜਿਸ ਨੂੰ ਅਣਜਾਣ ਵੀ ਨਹੀਂ ਕਮਾਉਂਦੇ ਹਨ। ਜਦ ਤੂੰ ਓਥੇ ਪਹੁੰਚੇਗਾ ਤੇ ਜਦ ਤੇਰੇ ਦਰਸ਼ਨ ਕਰਨਗੇ ਤਾਂ ਉਨ੍ਹਾਂ ਦੇ ਹਿਰਦਿਆਂ ਵਿਚ ਉਪਾਸ਼ਨਾ ਪੈਦਾ ਹੋ ਜਾਵੇਗੀ॥ ੪੨॥

ਸੰਸਕ੍ਰਿਤ ਜਿਮ ਬਿੱਪ੍ਰਨਿ ਪਜਾਰੀ। ਪਠੈਂ ਸੁਨੈਂ ਮਾਨਹਿਂ ਉਰ ਧਾਰੀ।
ਤਿਮ ਸਿੱਖਨਿ ਕੋ ਸਤਿਗੁਰ ਬਾਨੀ। ਸੁਨਤਿ ਸ਼੍ਰੋਨ ਜਿਹਂ ਮਤਿ ਹਰਖਾਨੀ' ॥ ੪੩॥

ਜਿਵੇਂ ਸੰਸਕ੍ਰਿਤ ਬ੍ਰਾਹਮਣਾਂ ਨੂੰ ਪਿਆਰੀ ਹੈ, ਪੜ੍ਹ ਕੇ, ਸੁਣ ਕੇ, ਮੰਨ ਕੇ, ਹਿਰਦੇ ਵਿਚ ਧਾਰਨ ਕਰਦੇ ਹਨ, ਉਸ ਤਰ੍ਹਾਂ ਹੀ ਸਿੱਖਾਂ ਨੂੰ ਸਤਿਗੁਰੂ ਦੀ ਬਾਣੀ ਪਿਆਰੀ ਹੈ, ਕੰਨਾਂ ਨਾਲ ਸੁਣ ਕੇ ਬੁਧੀ ਪ੍ਰਸੰਨ ਹੋ ਜਾਂਦੀ ਹੈ॥ ੪੩॥

ਲੇ ਗੁਰ ਆਇਸੁ ਹ੍ਵੈ ਕਰਿ ਤਯਾਰੀ। ਗਮਨਜੋ ਗੁਰਮਤਿ ਦੇਨਿ ਪਹਾਰੀ।
ਗੁਰ ਸ਼ਬਦਨਿ ਕੀ ਪੋਥੀ ਲੀਨਿ। ਅਰਥ ਕਰਨਿ ਮਹਿਂ ਸੁਮਤਿ ਪ੍ਰਬੀਨ॥ ੪੪॥

ਗੁਰੂ ਜੀ ਦੀ ਆਗਿਆ ਲੈ ਕੇ ਤਿਆਰੀ ਕਰਕੇ ਪਹਾੜੀਆਂ ਨੂੰ ਗੁਰਮਤਿ ਦੀ ਸਿਖਿਆ ਦੇਣ ਵਾਸਤੇ ਚੱਲ ਪਿਆ। ਇਕ ਗੁਰੂ ਜੀ ਦੇ ਸ਼ਬਦਾਂ ਦੀ ਪੋਥੀ ਲੈ ਲਈ, ਅਰਥ ਕਰਨ ਵਿਚ ਉਹ ਸ੍ਰੇਸ਼ਟ ਬੁੱਧੀ ਵਾਲਾ, ਬੜਾ ਚਤੁਰ ਸੀ॥ ੪੪॥

ਪੁਰਿ ਮਹਿਂ ਕਰਜੋ ਜਾਇ ਕਿਤ ਡੇਰਾ। ਉਪਦੇਸ਼ਨਿ ਲਾਗਜੋ ਜਿਸ ਬੇਰਾ।
ਮਿਲਿ ਪੰਡਿਤ ਮਾਧੋ ਢਿਗ ਆਏ। 'ਭਾਖਾ ਕੀ ਨ ਕਥਾ ਹਮ ਭਾਏ॥ ੪੫॥

ਨਗਰ ਵਿਚ ਜਾ ਕੇ ਕਿਤੇ ਡੇਰਾ ਕਰ ਲਿਆ, ਜਦ ਉਪਦੇਸ਼ ਦੇਣ ਲੱਗਾ ਤਾਂ ਮਾਧੋ ਪੰਡਿਤ ਨਾਲ ਬ੍ਰਾਹਮਣ ਮਿਲ ਕੇ ਆਏ ਅਤੇ ਕਿਹਾ, "ਸਾਨੂੰ ਭਾਖਾ ਦੀ ਕਥਾ ਚੰਗੀ ਨਹੀਂ ਲੱਗਦੀ ਹੈ॥ ੪੫॥

ਸੁਰ ਬਾਨੀ ਤਜਿ ਕਿਮ ਇਹ ਧਾਰੈਂ। ਨਹਿਂ ਆਵਤਿ ਇਮ ਰਿਦੈ ਹਮਾਰੈਂ।
ਸੁਨਿ ਮਾਧੋ ਤਬਿ ਜੁਗਤਿ ਬਖਾਨੀ। 'ਜਿਸ ਨਰ ਲਾਗੀ ਖੁਧਾ ਮਹਾਂਨੀ ॥ ੪੬ ॥

ਦੇਵਤਿਆਂ ਦੀ ਬਾਣੀ ਛੱਡ ਕੇ ਇਸ ਨੂੰ ਕਿਵੇਂ ਧਾਰਨ ਕਰੀਏ, ਇਹ ਸਾਡੇ ਹਿਰਦੇ ਵਿਚ ਨਹੀਂ ਆਉਂਦੀ ਹੈ।" ਇਹ ਸੁਣ ਕੇ ਮਾਧੋ ਨੇ ਇਕ ਜੁਗਤੀ ਦੱਸੀ, "ਜਿਸ ਮਨੁੱਖ ਨੂੰ ਬਹੁਤ ਭੁੱਖ ਲੱਗੀ ਹੁੰਦੀ ਹੈ॥ ੪੬॥

ਸੋ ਜਿ ਪ੍ਰਤੀਖਹਿ ਕੰਚਨ ਬਾਸਨ। ਕਰਹਿ ਜਤਨ ਤੇ ਪੂਜਹਿ ਆਸ ਨ।
ਪ੍ਰਾਨ ਹਾਨਿ ਤਬਿ ਲੌ ਹੁਇ ਜਾਤਿ। ਬਿਨ ਤਿਸ ਮਿਲੇ ਨ ਭੋਜਨ ਖਾਤਿ ॥ ੪੭ ॥

ਉਹ ਜੇ ਸੋਨੇ ਦੇ ਭਾਂਡਿਆਂ ਦੀ ਇੰਤਜ਼ਾਰ ਕਰਨ ਲੱਗ ਜਾਵੇ ਤਾਂ ਕਿੰਨਾ ਵੀ ਯਤਨ ਕਰੇ ਉਸ ਦੀ ਆਸ ਨਹੀਂ ਪੂਰੀ ਹੋਵੇਗੀ। ਤਦ ਤਕ ਉਸ ਦੇ ਪ੍ਰਾਣ ਹੀ ਨਿਕਲ ਜਾਣਗੇ ਜੇ ਸੋਨੇ ਦੇ ਬਰਤਨ ਮਿਲਣ ਬਗੈਰ ਭੋਜਨ ਨਹੀਂ ਛਕੇਗਾ॥ ੪੭॥

ਦੂਸਰ ਛੁਧਿਤਿ ਅਹਾਰ ਨਿਹਾਰਾ। ਜਿਸ ਕਿਸ ਬਾਸਨ ਸੁਚ ਮਹਿਂ ਧਾਰਾ।
ਅਚਹਿ ਅਨੰਦ ਹੋਇ ਕਰਿ ਜੀਵਤਿ। ਸਰਬ ਭਾਂਤਿ ਕੋ ਸਮਰਥ ਥੀਵਤਿ ॥ ੪੮ ॥

ਦੂਸਰੇ ਭੁੱਖੇ ਨੇ ਜਦ ਭੋਜਨ ਵੇਖਿਆ ਤਾਂ ਜਿਸ ਕਿਸੇ ਸੁੱਚੇ ਬਰਤਨ ਨੂੰ ਵੇਖਿਆ, ਉਸ ਵਿਚ ਹੀ ਭੋਜਨ ਰੱਖ ਲਿਆ, ਖਾ ਕੇ ਅਨੰਦਿਤ ਹੋ ਕੇ ਜੀਉਂਦਾ ਹੈ ਅਤੇ ਸਰਬ ਭਾਂਤ ਸਮਰੱਥ ਰਹਿੰਦਾ ਹੈ॥ ੪੮॥

ਮਹਾਂ ਜਤਨ ਤੇ ਲਹਿ ਸੁਰਬਾਨੀ। ਪੁਨ ਹੰਕਾਰ ਹੋਤਿ ਉਰ ਆਨੀ।
ਸੋਈ ਭਗਤਿ ਗ੍ਯਾਨ ਬਿਚ ਭਾਖਾ। ਜਿਸ ਕੌ ਮੁਕਤਿ ਹੋਨਿ ਅਭਿਲਾਖਾ ॥ ੪੯ ॥

ਦੇਵਤਿਆਂ ਦੀ ਬਾਣੀ ਬਹੁਤ ਯਤਨਾਂ ਨਾਲ ਪ੍ਰਾਪਤ ਹੁੰਦੀ ਹੈ, ਦੂਸਰਾ ਹਿਰਦੇ ਵਿਚ ਹੰਕਾਰ ਆ ਜਾਂਦਾ ਹੈ, ਉਸ ਤਰ੍ਹਾਂ ਹੀ ਭਗਤੀ ਗਿਆਨ ਵਿਚ 'ਭਾਖਾ' ਦਾ ਸਥਾਨ ਹੈ, ਜਿਸ ਨੂੰ ਵੀ ਮੁਕਤੀ ਦੀ ਅਭਿਲਾਸ਼ਾ ਹੈ॥ ੪੯॥

ਗੁਰਮਤਿ ਪਾਇ ਸੁ ਹੋਇ ਨਿਹਾਲ। ਬ੍ਰਹਮ ਗ੍ਯਾਨੁ ਅਰੁ ਘ੍ਰਿਤ ਸਮ ਚਾਲ।
ਜਿਸ ਕਿਸ ਬਾਸਨ ਰਹੈ ਪੁਨੀਤ। ਅੰਗੀਕਾਰਹਿਂ ਸਭਿ ਧਰਿ ਪ੍ਰੀਤਿ ॥ ੫੦ ॥

ਗੁਰਮਤਿ ਪਾ ਕੇ ਉਹ ਨਿਹਾਲ ਹੁੰਦਾ ਹੈ। ਬ੍ਰਹਮ-ਗਿਆਨ ਅਤੇ ਘਿਉ ਇਕੋ ਜੇਹੀ ਰੀਤ ਹੈ, ਜਿਸ ਕਿਸੇ ਬਰਤਨ ਵਿਚ ਵੀ ਇਹ ਪਵਿੱਤਰ ਰਹਿੰਦੇ ਹਨ, ਸਾਰੇ ਪ੍ਰੀਤ ਨਾਲ ਧਰ ਕੇ ਅੰਗੀਕਾਰ ਕਰਦੇ ਹਨ॥ ੫੦॥

ਤਿਮ ਕਿਸ ਜਾਤਿ ਬਰਨ ਕਿਸ ਹੋਇ। ਬ੍ਰਹਮ ਗ੍ਯਾਨ ਲਹਿ ਬੁਧਿ ਸਭਿ ਕੋਇ।
ਸੁਰ ਬਾਨੀ ਤੁਮ ਪ੍ਰਥਮ ਬਿਚਾਰੋ। ਪੁਨ ਭਾਖਾ ਮਹਿਂ ਅਰਥ ਉਚਾਰੋ ॥ ੫੧ ॥

ਉਸ ਤਰ੍ਹਾਂ ਹੀ ਕੋਈ ਕਿਸੇ ਵੀ ਜਾਤ ਜਾਂ ਵਰਨ ਦਾ ਹੋਵੇ, ਸਾਰੇ ਆਪਣੀ ਬੁੱਧੀ ਵਿਚ ਬ੍ਰਹਮ ਗਿਆਨ ਪ੍ਰਾਪਤ ਕਰ ਸਕਦੇ ਹਨ। ਤੁਸੀਂ ਪਹਿਲਾਂ ਦੇਵ ਬਾਣੀ ਨੂੰ ਵਿਚਾਰਦੇ ਹੋ, ਫਿਰ ਭਾਖਾ ਵਿਚ ਉਸਦੇ ਅਰਥ ਕਰਦੇ ਹੋ॥ ੫੧॥

ਭਾਖਾ ਬਿਨ ਜੋ ਕਾਮ ਤੁਹਾਰਾ। ਪੂਰਨ ਭਯੋ ਨ, ਲੇਹੁ ਬਿਚਾਰਾ।
ਸੱਤਿਨਾਮ ਫਲਦਾਯਕ ਚਾਰ। ਗੁਰਮੁਖ ਸਿਮਰਹਿ ਹੋਇ ਉਧਾਰ ॥ ੫੨ ॥

ਭਾਖਾ ਬਗੈਰ ਤੁਹਾਡਾ ਕੰਮ ਪੂਰਾ ਨਹੀਂ ਹੁੰਦਾ, ਇਹ ਵਿਚਾਰ ਲਵੋ। ਸਤਿਨਾਮ ਸੁੰਦਰ ਫਲਦਾਇਕ ਹੈ, ਜਿਹੜੇ ਗੁਰਮੁਖ ਇਸ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦਾ ਉਧਾਰ ਹੁੰਦਾ ਹੈ॥ ੫੨॥

ਜਾਤਿ ਮਾਨ ਧਰਿ ਜਨਮ ਨ ਖੋਵਹੁ। ਕਰਹੁ ਭਗਤਿ ਪ੍ਰਭੁ ਸਭਿ ਮਹਿਂ ਜੋਵਹੁ।
ਕਹਿ ਪੰਡਤ 'ਹਮ ਭਾਖਾ ਕਹੈਂ। ਮੂਢਨਿ ਸਮੁਝਾਵਨਿ ਕੋ ਚਹੈਂ ॥ ੫੩ ॥

ਜਾਤ ਦਾ ਮਾਨ ਧਾਰ ਕੇ ਆਪਣਾ ਜਨਮ ਨਾ ਗਵਾਓ, ਭਗਤੀ ਕਰੋ ਅਤੇ ਪ੍ਰਭੂ ਨੂੰ ਸਭ ਵਿਚ ਜਾਣੋ।" ਪੰਡਿਤ ਨੇ ਕਿਹਾ, "ਅਸੀਂ ਭਾਖਾ ਕਹੀਏ, ਮੂਰਖਾਂ ਨੂੰ ਸਮਝਾਉਣ ਦੀ ਚਾਹਤ ਕਰੀਏ" ॥ ੫੩ ॥

ਸੁਨਿ ਮਾਧੋ ਨੇ ਫੇਰ ਬਖਾਨਾ। 'ਪਾਰਬ੍ਰਹਮ ਕਰਤਾਰ ਮਹਾਨਾ।
ਜਿਸ ਕੇ ਸ੍ਵਾਸ ਬੇਦ ਸਭਿ ਜੋਵਾ। ਸੋ ਸਰੂਪ ਸ਼੍ਰੀ ਨਾਨਕ ਹੋਵਾ॥ ੫੪॥

ਇਹ ਸੁਣ ਕੇ ਮਾਧੋ ਨੇ ਫਿਰ ਕਿਹਾ, "ਪਾਰਬ੍ਰਹਮ ਕਰਤਾਰ ਮਹਾਨ ਹੈ ਜਿਸ ਬਾਰੇ ਵੇਦਾਂ ਵਿਚ ਸਭ ਕੁਝ ਲਿਖਿਆ ਹੋਇਆ ਹੈ, ਉਹੀ ਪਾਰਬ੍ਰਹਮ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹੋਏ ਹਨ॥ ੫੪॥

ਕਲਿ ਮਹਿਂ ਮਤਿ ਬਿਹੀਨ ਨਰ ਜਾਨੇ। ਭਾਖਾ ਬਿਖੈ ਕਹਜੋ ਕੱਲਜਾਨੇ।
ਗੁਰੂ ਸ਼ਬਦ ਤੇ ਹੁਇ ਮਨ ਨੀਵਾ। ਸੰਸਕ੍ਰਿਤ ਤੇ ਮਾਨ ਬਧੀਵਾ॥ ੫੫॥

ਕਲਿਜੁਗ ਵਿਚ ਉਨ੍ਹਾਂ ਮਨੁੱਖਾਂ ਨੂੰ ਬੁਧੀਹੀਣ ਜਾਣਿਆ, ਭਾਖਾ ਵਿਚ ਕਹਿ ਕੇ ਉਨ੍ਹਾਂ ਦਾ ਕਲਿਆਣ ਕੀਤਾ। ਭਾਖਾ ਵਿਚ ਕਹਿਣ ਨਾਲ ਉਨ੍ਹਾਂ ਦਾ ਕਲਿਆਣ ਹੋ ਜਾਂਦਾ ਹੈ। ਗੁਰੂ ਸ਼ਬਦ ਨਾਲ ਮਨ ਨੀਵਾਂ ਹੁੰਦਾ ਹੈ, ਸੰਸਕ੍ਰਿਤ ਤੇ ਨਾਲ ਹੰਕਾਰ ਵਧ ਜਾਂਦਾ ਹੈ॥ ੫੫॥

ਜਿਨ ਮਾਨੀ ਸ਼੍ਰੀ ਸਤਿਗੁਰ ਬਾਨੀ। ਸਰਬ ਸ਼ਕਤਿ ਜੁਤ ਭੇ ਬ੍ਰਹਮ ਗਜਾਨੀ।
ਦੇਸ਼ ਬਿਦੇਸ਼ਨਿ ਮਹਿਂ ਬਿਦਤਾਏ। ਛਪੇ ਨਹੀਂ ਉਥਰੇ ਸਮੁਦਾਏ'॥ ੫੬॥

ਜਿਸ ਨੇ ਵੀ ਸਤਿਗੁਰੂ ਜੀ ਦੀ ਬਾਣੀ ਨੂੰ ਮੰਨਿਆ ਹੈ, ਉਹ ਸਰਬ ਸ਼ਕਤੀਮਾਨ ਅਤੇ ਬ੍ਰਹਮ-ਗਿਆਨੀ ਹੋ ਜਾਂਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚ ਮਸ਼ਹੂਰ ਹੋ ਜਾਂਦੇ ਹਨ, ਛੁਪੇ ਹੋਏ ਨਹੀਂ ਲੋਕਾਂ ਸਾਹਮਣੇ ਉਭਰ ਕੇ ਆਉਂਦੇ ਹਨ'॥ ੫੬॥

ਇੱਤਜਾਦਿਕ ਕਹਿ ਬਹੁ ਸਮੁਝਾਏ। ਬਚਨ ਪ੍ਰਤਾਪ ਭਏ ਸਿਖ ਆਏ।
ਕਥਾ ਕੀਰਤਨ ਦੋਨਹੁ ਕਾਲ। ਸੁਨਹਿਂ ਕਰਹਿਂ ਧਰਿ ਪ੍ਰੇਮ ਬਿਸਾਲ॥ ੫੭॥

ਇਤਿਆਦਿ ਕਹਿ ਕੇ ਬਹੁਤ ਸਮਝਾਏ। ਬਚਨਾਂ ਦੇ ਪ੍ਰਤਾਪ ਸਦਕਾ ਸਿੱਖ ਹੋ ਗਏ। ਦੋਵੇਂ ਸਮੇਂ ਕਥਾ ਕੀਰਤਨ ਹੁੰਦਾ ਸੀ ਤੇ ਬੜਾ ਪ੍ਰੇਮ ਧਾਰ ਕੇ ਕੀਰਤਨ ਸੁਣਦੇ ਸਨ ਅਤੇ ਕੀਰਤਨ ਕਰਦੇ ਸਨ॥ ੫੭॥

ਧਰਮਸਾਲ ਪੁਰਿ ਬਿਖੈ ਬਨਾਈ। ਸੇਵਹਿਂ ਸਤਿਸੰਗਤਿ ਸਮੁਦਾਈ।
ਸਿੱਖਨਿ ਸੇਵ ਹੋਨਿ ਤਬਿ ਲਾਗੀ। ਭਏ ਗੁਰੂ ਪਗ ਕੇ ਅਨੁਰਾਗੀ॥ ੫੮॥

ਨਗਰ ਵਿਚ ਇਕ ਧਰਮਸਾਲਾ ਬਣਾਈ, ਉਥੇ ਸਤਿਸੰਗਤ ਵਿਚ ਇਕੱਠੇ ਹੋ ਕੇ ਸਿਮਰਨ ਕਰਦੇ ਸਨ। ਸਿੱਖਾਂ ਦੀ ਫਿਰ ਸੇਵਾ ਹੋਣ ਲੱਗੀ, ਸਾਰੇ ਗੁਰ ਚਰਨਾਂ ਦੇ ਪ੍ਰੇਮੀ ਹੋ ਗਏ॥ ੫੮॥

ਲੇ ਗੁਰ ਕਾਰ ਦਰਸ ਕੌ ਆਵੈਂ। ਹੋਤਿ ਨਿਹਾਲ ਪਰਮ ਸੁਖ ਪਾਵੈਂ।
ਇਮ ਸਿੱਖੀ ਬਿਥਰੀ ਕਸ਼ਮੀਰ। ਸਿਮਰਹਿਂ ਸੱਤਿਨਾਮ ਧਰਿ ਧੀਰ॥ ੫੯॥

ਕਾਰ ਭੇਟ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ, ਪਰਮ ਸੁਖ ਪਾ ਕੇ ਨਿਹਾਲ ਹੋ ਜਾਂਦੇ ਸਨ। ਇਸ ਤਰ੍ਹਾਂ ਕਸ਼ਮੀਰ ਵਿਚ ਸਿੱਖੀ ਦਾ ਵਿਸਥਾਰ ਹੋਇਆ ਅਤੇ ਧੀਰਜ ਧਾਰ ਕੇ ਸਤਿਨਾਮ ਦਾ ਸਿਮਰਨ ਕਰਦੇ ਸਨ॥ ੫੯॥

*ਤੀਸਰੀ ਰਾਸ ਦਾ ਚੌਹਠਵਾਂ ਅਧਿਆਇ ਸਮਾਪਤ ਹੋਇਆ॥ ੬੪॥*

# ਅਧਿਆਇ ਪੈਂਠਵਾਂ

### ਭਾਈ ਰੂਪ ਚੰਦ, ਭਾਈ ਭੀਵਾ ਆਦਿ ਸਿੱਖ

ਦੋਹਰਾ- ਰੂਪ ਚੰਦ ਭੀਵਾ ਜੁਗਲ ਬਸਹਿਂ ਸਿਰੰਦ ਮਝਾਰ।
ਕਿਰਤ ਕਰਹਿਂ ਸਿੱਖਨਿ ਮਿਲਹਿਂ ਬਾਂਟਿਤ ਅਚਹਿਂ ਅਹਾਰ ॥੧॥

ਭਾਈ ਰੂਪ ਚੰਦ ਅਤੇ ਭਾਈ ਭੀਵਾ ਦੋਵੇਂ ਸਰਹੰਦ ਵਿਚ ਰਹਿੰਦੇ ਸਨ। ਕਿਰਤ ਕਰਦੇ ਸਨ, ਸਿੱਖਾਂ ਨੂੰ ਮਿਲਦੇ ਸਨ ਤੇ ਵੰਡ ਕੇ ਭੋਜਨ ਛਕਦੇ ਸਨ॥ ੧॥

ਚੌਪਈ- ਪੂਰਬ ਦਿਵਸ ਮਹਿਂ ਅਸਨ ਬਨਾਵਹਿਂ। ਸਿੱਖਨਿ ਕੋ ਧਰਿ ਭਾਉ ਅਚਾਵਹਿਂ।
ਏਕ ਮੁਗਲ ਤਿਨ ਕੇ ਢਿਗ ਆਇ। ਸੌਂਪੀ ਦੀਨਾਰ ਜੁ ਸਮੁਦਾਇ ॥੨॥

ਪਹਿਲਾਂ ਦਿਨ ਵਿਚ ਭੋਜਨ ਤਿਆਰ ਕਰਦੇ ਸਨ ਤੇ ਸਿੱਖਾਂ ਨੂੰ ਬੜੇ ਪਿਆਰ ਨਾਲ ਛਕਾਉਂਦੇ ਸਨ। ਉਨ੍ਹਾਂ ਦੇ ਪਾਸ ਇਕ ਮੁਗ਼ਲ ਆਇਆ, ਉਸ ਨੇ ਅਸ਼ਰਫੀਆਂ ਦੀ ਵਾਂਸਣੀ ਰੂਪ ਚੰਦ ਅਤੇ ਭਾਈ ਭੀਵੇ ਪਾਸ ਸੰਭਾਲ ਲਈ ਰੱਖ ਦਿੱਤੀ ਕਿ ਉਹ ਫਿਰ ਆ ਕੇ ਲੈ ਲਵੇਗਾ॥ ੨॥

ਧਰਿ ਦਿੱਲੀ ਕੋ ਗਮਨਜੋ ਸੋਇ। ਲਿਖਜੋ ਵਹੀ ਪਰ ਨਹਿਂ ਇਨ ਦੋਇ।
ਬਿਸਰ ਗਏ ਨਹਿਂ ਰਿਦੈ ਸੰਭਾਰੀ। ਧਰੀ ਰਹੀ ਜਹਿਂ ਧਰਿ ਇਕ ਬਾਰੀ ॥੩॥

ਅਸ਼ਰਫੀ ਨੂੰ ਉਨ੍ਹਾਂ ਪਾਸ ਧਰ ਕੇ ਦਿੱਲੀ ਨੂੰ ਚਲਾ ਗਿਆ, ਇਨ੍ਹਾਂ ਦੋਹਾਂ ਨੇ ਵਹੀ ਉਤੇ ਨਾ ਲਿਖਿਆ, ਉਹ ਭੁੱਲ ਗਏ ਤੇ ਦਿਲ ਵਿਚ ਵੀ ਯਾਦ ਨਾ ਰਿਹਾ, ਓਥੇ ਹੀ ਧਰੀਆਂ ਰਹੀਆਂ, ਜਿਥੇ ਇਕ ਵਾਰ ਮੁਗ਼ਲ ਧਰ ਗਿਆ ਸੀ॥ ੩॥

ਪੰਚ ਮਾਸ ਮਹਿਂ ਹਟਿ ਸੋ ਆਯੋ। ਦੋਨਹੁੰ ਕੋ ਨਿਜ ਬਦਨ ਦਿਖਾਯੋ।
ਹਿਤ ਜਾਚਨਿ ਧਨ ਬਾਕ ਸੁਨਾਵਾ। ਮੈਂ ਤੁਮਰੇ ਢਿਗ ਧਰਿ ਗਮਨਾਵਾ ॥੪॥

ਪੰਜ ਮਹੀਨਿਆਂ ਬਾਅਦ ਮੁਗ਼ਲ ਵਾਪਸ ਆਇਆ ਅਤੇ ਦੋਹਾਂ ਨੂੰ ਆਪਣਾ ਚਿਹਰਾ ਵਿਖਾਇਆ। ਧਨ ਮੰਗਣ ਵਾਸਤੇ ਉਸ ਕਿਹਾ, "ਮੈਂ ਤੁਹਾਡੇ ਪਾਸ ਇਕ ਅਸ਼ਰਫੀਆਂ ਦੀ ਵਾਂਸਣੀ ਰੱਖ ਕੇ ਗਿਆ ਸੀ।"

ਵਹੀ ਖੋਲ ਦੇਖਤਿ ਨਿਜ ਲਿਖਜੋ। ਨਹੀਂ ਨਾਵ ਮੁਗਲਹਿ ਕੋ ਪਿਖਜੋ।
'ਹਮਰੇ ਪਾਸ ਧਰੀ ਨਹਿਂ ਤੋਹੀ। ਵਹੀ ਨਾਮ ਕੋ ਪਿਖਜੋ ਨ ਮੋਹੀ' ॥੫॥

ਰੂਪ ਚੰਦ ਅਤੇ ਭੀਵਾ ਵਹੀ ਖੋਲ੍ਹ ਕੇ ਆਪਣਾ ਲਿਖਿਆ ਵੇਖਣ ਲੱਗੇ, ਉਸ ਮੁਗ਼ਲ ਦਾ ਨਾਂ ਵਹੀ ਦੇ ਵਿਚ ਕਿਤੇ ਵੀ ਨਾ ਵੇਖਿਆ, "ਤੂੰ ਸਾਡੇ ਪਾਸ ਨਹੀਂ ਧਰੀ ਹੈ, ਵਹੀ ਵਿਚ ਕਿਤੇ ਵੀ ਤੁਹਾਡਾ ਨਾਂ ਨਹੀਂ ਦਿੱਸਿਆ ਹੈ॥ ੫॥

ਝਗਰਤਿ ਝਗਰਤਿ ਕਰੇ ਸ਼ਿਤਾਬ। ਹਿਤ ਨਜਾਉਂ ਢਿਗ ਗਏ ਨਬਾਬ।
ਤਹਾਂ ਤੇਲ ਕੋ ਧਰਜੋ ਕਰਾਹਾ। ਤਪਤ ਕਰਜੋ ਪਾਵਹੁ ਕਰ ਮਾਹਾ ॥੬॥

ਬਹੁਤ ਦੇਰ ਤਕ ਝਗੜਦੇ ਰਹੇ, ਅਖੀਰ ਨਿਆਂ ਵਾਸਤੇ ਨਵਾਬ ਪਾਸ ਗਏ, ਓਥੇ ਤੇਲ ਦਾ ਕੜਾਹਾ ਧਰਿਆ ਹੋਇਆ ਸੀ, ਉਸ ਵਿਚ ਹੱਥ ਪਾਉਣ ਲਈ ਉਸ ਨੂੰ ਬਹੁਤ ਗਰਮ ਕੀਤਾ ਹੋਇਆ ਸੀ॥ ੬॥

Sri Satguru Jagjit Singh Ji eLlibrary NamdhariElibrary@gmail.com

ਪੰਚ ਮੁਹਰ ਕੋ ਕਰਨਿ ਪ੍ਰਸਾਦਿ। ਸਿੱਖਨਿ ਗੁਰਸੁਖ ਸੁੱਖੀ ਆਦਿ।
ਮੁਗ਼ਲ ਸ਼ੀਰਨੀ ਪੀਰਨਿ ਮਾਨੀ। 'ਬਾਂਟਨਿ ਕਰੌਂ ਦਰੂਦਾ' ਬਖਾਨੀ॥ ੭॥

ਪਹਿਲਾਂ ਸਿੱਖਾਂ ਨੇ ਗੁਰੂ ਜੀ ਦੀ ਸੁਖਣਾ, ਪੰਜਾਂ ਮੁਹਰਾਂ ਦਾ ਪ੍ਰਸ਼ਾਦਿ ਕਰਾਉਣਾ ਸੁਖਿਆ। ਮੁਗ਼ਲ ਨੇ ਪੀਰਾਂ ਨੂੰ ਸ਼ੀਰਨੀ ਦੇਣੀ ਮੰਨੀ, ਮੈਂ ਸ਼ੀਰਨੀ ਵੰਡਾਂਗਾ ਉਸ ਕਿਹਾ॥ ੭॥

ਦੋਨਹੁਂ ਕੇ ਕਰ ਪਰਜੇ ਕਰਾਹੇ। ਸਿਖ ਕਰ ਬਚਜੋ, ਮੁਗ਼ਲ ਕੋ ਦਾਹੇ।
ਕਰਿ ਕੂਰਾ ਸੋ ਵਹਿਰ ਨਿਕਾਰਾ। ਭੀਵਾ ਅਪਨੇ ਸਦਨ ਸਿਧਾਰਾ॥ ੮॥

ਦੋਵਾਂ ਦੇ ਹੱਥ ਕੜਾਹੇ ਵਿਚ ਪਾਏ ਗਏ, ਸਿੱਖ ਦਾ ਹੱਥ ਬਚ ਗਿਆ ਪਰ ਮੁਗ਼ਲ ਦਾ ਸੜ ਗਿਆ। ਝੂਠਾ ਸਮਝ ਕੇ ਮੁਗ਼ਲ ਨੂੰ ਬਾਹਰ ਕੱਢ ਦਿੱਤਾ। ਰੂਪ ਚੰਦ ਅਤੇ ਭੀਵਾ ਆਪਣੇ ਘਰ ਨੂੰ ਚਲੇ ਗਏ॥ ੮॥

ਰੂਪਚੰਦ ਭ੍ਰਾਤਾ ਸੋਂ ਕਹਜੋ। 'ਕਜੋਂ ਧਨ ਮੁਗ਼ਲ ਮਾਂਗਬੋ ਚਹਜੋ?'।
ਤਬਿ ਦੋਨੋਂ ਨੇ ਸਕਲ ਦੁਕਾਨ। ਖੋਜਨਿ ਕਰੀ ਸਕਲ ਅਸਥਾਨ॥ ੯॥

ਘਰ ਜਾ ਕੇ ਭੀਵੇ ਨੇ ਆਪਣੇ ਭਰਾ ਰੂਪ ਚੰਦ ਨੂੰ ਕਿਹਾ, "ਮੁਗ਼ਲ ਕਿਉਂ ਧਨ ਮੰਗਣਾ ਚਾਹੁੰਦਾ ਸੀ?" ਫਿਰ ਦੋਵਾਂ ਨੇ ਸਾਰੀ ਦੁਕਾਨ ਵਿਚ ਹਰ ਸਥਾਨ ਤੇ ਭਾਲ ਕੀਤੀ॥ ੯॥

ਕਿਸ ਬਾਸਨ ਮਹਿਂ ਤੇ ਸੋ ਪਾਈ। ਮੁਹਰ ਵਾਂਸਣੀ ਮਹਿਂ ਸਮੁਦਾਈ।
ਬਹੁਤ ਬਿਸੂਰਤਿ ਸ਼ੀਘ੍ਰ ਗਏ ਤਹਿਂ। ਮੁਗ਼ਲ ਸਚਿੰਤ ਮਹਾਂਦੁਖ ਸੋਂ ਜਹਿਂ॥੧੦॥

ਜਿਸ ਬਰਤਨ ਵਿਚ ਉਹ ਅਸ਼ਰਫੀਆਂ ਦੀ ਵਾਂਸਣੀ ਰੱਖੀ ਗਈ ਸੀ, ਸਾਰੀਆਂ ਮੁਹਰਾਂ ਉਸ ਵਾਂਸਣੀ ਵਿਚ ਇਕੱਠੀਆਂ ਪਈਆਂ ਸਨ। ਬਹੁਤ ਦੁਖੀ ਹੋ ਕੇ ਦੋਵੇਂ ਝੱਟ ਓਥੇ ਗਏ ਜਿਥੇ ਮੁਗ਼ਲ ਬਹੁਤ ਚਿੰਤਤ ਅਤੇ ਮਹਾਂ ਦੁਖੀ ਹੋਇਆ ਬੈਠਾ ਸੀ॥ ੧੦॥

'ਬਿਸਰ ਗਏ ਹਮ ਖੋਜੀ ਆਛੇ। ਭਰੀ ਵਾਂਸਣੀ ਪ੍ਰਾਪਤਿ ਪਾਛੇ।
ਲਿਹੁ ਅਪਨੀ ਦੁਖ ਦੂਰ ਕਰੀਜੈ। ਛਿਮਹੁ ਭੂਲ ਹਮਰੀ, ਸੁਖ ਲੀਜੈ'॥ ੧੧॥

ਉਨ੍ਹਾਂ ਕਿਹਾ, "ਅਸੀਂ ਭੁੱਲ ਗਏ ਸੀ, ਬਹੁਤ ਚੰਗੀ ਤਰ੍ਹਾਂ ਖੋਜ ਕੀਤੀ ਹੈ, ਬਾਅਦ ਵਿਚ ਭਰੀ ਹੋਈ ਵਾਂਸਣੀ ਮਿਲ ਗਈ ਹੈ। ਇਹ ਆਪਣੀਆਂ ਮੁਹਰਾਂ ਲਵੋ ਤੇ ਦੁੱਖ ਦੂਰ ਕਰੋ, ਸਾਨੂੰ ਮੁਆਫ਼ ਕਰੋ, ਸਾਥੋਂ ਭੁੱਲ ਹੋ ਗਈ ਹੈ, ਤੁਸੀਂ ਸੁਖੀ ਰਹੋ"॥ ੧੧॥

ਬਿਸਮਤਿ ਮੁਗ਼ਲ ਕਹੀ ਮੁਖ ਬਾਨੀ। 'ਕਿਸ ਕੀ ਤੁਮ ਮੰਨਤ ਤਬਿ ਮਾਨੀ?'।
ਭੀਵੇ ਕਹਜੋ 'ਮੁਹਰ ਹਮ ਪਾਂਚੇ। ਸੁੱਖੀ ਸੁੱਖ ਸਤਿਗੁਰੂ ਸਾਚੇ'॥ ੧੨॥

ਮੁਗ਼ਲ ਨੇ ਪ੍ਰਸੰਨ ਹੋ ਕੇ ਕਿਹਾ, "ਤੁਸੀਂ ਉਸ ਸਮੇਂ ਕਿਸ ਦੀ ਮੰਨਤਾ ਮੰਨੀ ਸੀ?" ਭੀਵੇ ਨੇ ਕਿਹਾ, "ਅਸੀਂ ਸੱਚੇ ਸਤਿਗੁਰੂ ਜੀ ਦੇ ਨਾਂ ਤੇ ਪੰਜ ਮੁਹਰਾਂ ਸੁਖੀਆਂ ਸਨ"॥ ੧੨॥

ਕਾਮਲ ਗੁਰੂ ਮੁਗ਼ਲ ਮਨ ਜਾਨਿ। ਕਹਜੋ 'ਚਲਹੁ ਲੇ ਮੁਝ ਗੁਰ ਥਾਨਿ'।
ਦੋਨਹੁ ਭ੍ਰਾਤ ਸੰਗ ਲੇ ਤਾਂਹੀ। ਆਏ ਸ਼ੀਘ੍ਰ ਗੁਰੂ ਕੇ ਪਾਹੀ॥ ੧੩॥

ਮੁਗ਼ਲ ਨੇ ਗੁਰੂ ਜੀ ਨੂੰ ਪੂਰਨ ਗੁਰੂ ਜਾਣਿਆ ਅਤੇ ਕਿਹਾ, 'ਮੈਨੂੰ ਵੀ ਗੁਰ ਸਥਾਨ ਤੇ ਲੈ ਚਲੋ', ਦੋਵੇਂ ਭਰਾ ਮੁਗ਼ਲ ਨੂੰ ਲੈ ਕੇ ਛੇਤੀ ਹੀ ਗੁਰੂ ਜੀ ਪਾਸ ਆ ਗਏ॥ ੧੩॥

Sri Satguru Jagjit Singh Ji eLlibrary NamdhariElibrary@gmail.com

ਮਸਤਕ ਟੇਕਿ ਬੈਠਿ ਕਰਿ ਬੂਝੇ। 'ਇਹ ਬਿੱਪ੍ਰੀਤਿ ਭਈ ਉਰ ਸੂਝੇ?।
ਸਾਚੋ ਝੂਠ ਝੂਠ ਭਾ ਸਾਚੋ?'। ਸੁਨਿ ਸ੍ਰੀ ਸਤਿਗੁਰ ਬਚਨ ਉਬਾਰੋ॥ ੧੪॥

ਮੱਥਾ ਟੇਕ ਕੇ ਬੈਠ ਕੇ ਪੁੱਛਣ ਲੱਗੇ, "ਸਾਡੇ ਦਿਲ ਨੂੰ ਪਤਾ ਲੱਗੇ ਕਿ ਇਹ ਉਲਟੀ ਕਿਉਂ ਹੋਈ ਹੈ? ਸੱਚਾ ਝੂਠਾ ਹੋ ਗਿਆ ਤੇ ਝੂਠਾ ਸੱਚ ਹੋ ਗਿਆ?" ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ॥ ੧੪॥

'ਇਸ ਕੋ ਨਹਿਂ ਸੁਧਿ ਦਰਬ ਤੁਹਾਰੇ। ਪਰਜੋ ਸਿੱਖ ਪੁਨ ਸ਼ਰਨ ਹਮਾਰੇ।
ਲਿਯੋ ਉਬਾਰ ਆਪਨੋ ਜਾਨੇ। ਤੁਵ ਬਹੁ ਪੀਰ ਨ ਰੱਛਜਾ ਠਾਨੇ'॥ ੧੫॥

ਇਨ੍ਹਾਂ ਨੂੰ ਸੋਝੀ ਨਹੀਂ ਸੀ ਕਿ ਧਨ ਇਨ੍ਹਾਂ ਦੇ ਪਾਸ ਹੈ, ਦੂਸਰੇ ਸਿੱਖ ਸਾਡੀ ਸ਼ਰਨੀ ਪੈ ਗਏ ਸਨ। ਅਸੀਂ ਆਪਣੇ ਸਿੱਖ ਜਾਣ ਕੇ ਬਚਾ ਲਿਆ ਹੈ, ਤੁਹਾਡੇ ਬਹੁਤੇ ਪੀਰਾਂ ਨੇ ਰੱਖਿਆ ਨਾ ਕੀਤੀ॥ ੧੫॥

ਸੁਨਿ ਕਰਿ ਮੁਗ਼ਲ ਪਰਜੋ ਸ਼ਰਨਾਈ। ਭਯੋ ਸਿੱਖ ਗੁਰਮਤਿ ਚਿਤ ਪਾਈ।
'ਧੰਨ ਧੰਨਾ' ਕਹਿ ਜਹਿਂ ਕਹਿਂ ਸਾਰੇ। ਸਤਿਗੁਰ ਕੋ ਬਡ ਸੁਜਸੁ ਉਚਾਰੇ॥ ੧੬॥

ਇਹ ਸੁਣ ਕੇ ਮੁਗ਼ਲ ਚਰਨੀਂ ਪੈ ਗਿਆ ਅਤੇ ਸਿੱਖ ਬਣ ਕੇ ਗੁਰਮਤਿ ਪਾਈ। ਸਾਰੇ ਜਿਥੇ ਕਿਥੇ ਵੀ ਸਨ 'ਧੰਨ ਧੰਨ' ਕਹਿੰਦੇ ਸਨ ਅਤੇ ਸਤਿਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ॥ ੧੬॥

ਇਕ ਪਰਤਾਪੂ ਸਿਖ ਚਲਿ ਆਯੋ। ਸਤਿਗੁਰ ਆਗੇ ਸੀਸ ਨਿਵਾਯੋ।
ਹਾਥ ਜੋੜਿ ਅਰਜ਼ੀ ਇਮ ਕਹੀ। 'ਹਮਰੀ ਬ੍ਰਿਤਿ ਸ਼ਸਤ੍ਰ ਕੀ ਅਹੀ॥ ੧੭॥

ਇਕ ਪਰਤਾਪੂ ਨਾਮੀ ਸਿੱਖ ਚਲ ਕੇ ਆਇਆ ਅਤੇ ਆ ਕੇ ਸਤਿਗੁਰੂ ਜੀ ਅੱਗੇ ਉਸ ਸਿਰ ਨਿਵਾਇਆ। ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕੀਤੀ, "ਸਾਡਾ ਕਾਰ-ਵਿਹਾਰ ਸ਼ਸ਼ਤਰਾਂ ਨਾਲ ਹੈ॥ ੧੭॥

ਜਿਸ ਬਿਧਿ ਹ੍ਵੈ ਪ੍ਰਾਪਤਿ ਕੱਲਜਾਨਾ। ਆਪ ਕਰੋ ਉਪਦੇਸ਼ ਮਹਾਨਾ'।
ਸ੍ਰੀ ਮੁਖ ਤੇ ਤਬਿ ਤਿਸਕੋ ਭਾਖਾ। 'ਆਇ ਕਾਲ ਜਬਿ ਕੋਇ ਨ ਰਾਖਾ॥ ੧੮॥

ਜਿਸ ਤਰ੍ਹਾਂ ਵੀ ਕਲਿਆਣ ਪ੍ਰਾਪਤ ਹੋਵੇ, ਆਪ ਜੀ ਮਹਾਨ ਉਪਦੇਸ਼ ਕਰੋ।" ਗੁਰੂ ਜੀ ਨੇ ਫਿਰ ਉਸ ਨੂੰ ਕਿਹਾ, "ਜਦ ਕਾਲ ਆਉਂਦਾ ਹੈ ਤਾਂ ਫਿਰ ਉਸ ਨੂੰ ਕੋਈ ਵੀ ਬਚਾ ਨਹੀਂ ਸਕਦਾ॥ ੧੮॥

ਜੇ ਕਰਿ ਕਾਲ ਨਹੀਂ ਇਸ ਆਵਾ। ਤੌ ਰਾਖੇ ਨਿਤ ਕਾਲ ਰਹਾਵਾ।
ਯਾਂਤੇ ਧਰੈ ਧਰਮ ਨਿਜ ਜੋਧਾ। ਨਹੀਂ ਜੁੱਧ ਮਹਿਂ ਤਜਾਗਹਿ ਕ੍ਰੋਧਾ॥ ੧੯॥

ਜੇਕਰ ਇਸ ਦਾ ਕਾਲ ਨਹੀਂ ਆਇਆ ਹੈ, ਤਾਂ ਕਾਲ ਹੀ ਸਦਾ ਰਾਖਾ ਰਹਿੰਦਾ ਹੈ। ਇਸ ਕਰਕੇ ਯੋਧਾ ਆਪਣਾ ਧਰਮ ਧਾਰਨ ਕਰੇ ਅਤੇ ਯੁੱਧ ਵਿਚ ਵੀ ਕ੍ਰੋਧੀ ਹੋ ਕੇ ਆਪਣੇ ਆਪ ਨੂੰ ਨਾ ਤਿਆਗੇ॥ ੧੯॥

ਸੰਤ, ਅਤਿਥ, ਦਿਜ, ਧੇਨੂ, ਰੰਕ। ਜੋ ਇਨਕੋ ਦੁਖ ਦੇਹਿ ਅਤੰਕ।
ਤਹਾਂ ਧਰਮ ਕੋ ਜੰਗ ਮਚਾਵੈ। ਘਨੇ ਕਿ ਥੋਰੇ ਨਹਿਂ ਮਨ ਲਜਾਵੈ॥ ੨੦॥

ਸੰਤ, ਗਰੀਬ, ਬ੍ਰਾਹਮਣ, ਗਾਂ ਅਤੇ ਪਰਜਾ, ਜੇ ਇਨ੍ਹਾਂ ਨੂੰ ਕੋਈ ਦੁੱਖ ਦੇਵੇ ਤਾਂ ਓਥੇ ਧਰਮ ਦੀ ਖ਼ਾਤਰ ਜੰਗ ਕਰੇ, ਬਹੁਤਾ ਕਿ ਥੋੜ੍ਹੇ ਇਹ ਮਨ ਵਿਚ ਨਾ ਲਿਆਵੇ॥ ੨੦॥

ਜਥਾਸ਼ਕਤਿ ਕਰਤੋ ਰਹਿ ਦਾਨ। ਖਾਨ ਪਾਨ ਬਸਤ੍ਰਨਿ ਧਨ ਜਾਨਿ।
ਕਰਿਬੇ ਦਾਨ ਸ਼ਸਤ੍ਰ ਕੇ ਮਾਂਹੀ। ਬਰਕਤ ਹੋਤਿ ਨਿਫਲ ਹੁਇ ਨਾਂਹੀ॥ ੨੧॥

ਆਪਣੀ ਸਮਰੱਥਾ ਅਨੁਸਾਰ ਦਾਨ ਕਰਦਾ ਰਹੇ, ਖਾਣ-ਪੀਣ ਦੇ ਪਦਾਰਥ ਵਸਤਰ ਧਨ ਦੇਵੇ। ਸ਼ਸ਼ਤਰਾਂ ਦੇ ਦਾਨ ਵਿਚ ਵੀ ਬਰਕਤ ਹੁੰਦੀ ਹੈ, ਇਹ ਨਿਸਫਲ ਨਹੀਂ ਹੁੰਦਾ ਹੈ॥ ੨੧॥

ਸੁਜਸੁ ਜਗਤ ਕਹਿ ਸੁਧਾ ਸਮਾਨ। ਬਿਖ ਸਮ ਅਪਜਸੁ ਕਰਹਿ ਸੁ ਹਾਨ'।
ਸੁਨਿ ਪ੍ਰਸੰਨ ਭਾ ਰਿਦੈ ਪ੍ਰਤਾਪੂ। ਨਮੋ ਕਰੀ ਗੁਰ ਲਖਯੋ ਪ੍ਰਤਾਪੂ॥ ੨੨॥

ਜਗਤ ਦੇ ਸ੍ਰੇਸ਼ਟ ਜੱਸ ਅੰਮ੍ਰਿਤ ਸਮਾਨ ਹਨ ਅਤੇ ਨਿੰਦਿਆ ਜ਼ਹਿਰ ਸਮਾਨ ਹੈ, ਜਿਹੜੀ ਨੁਕਸਾਨ ਹੀ ਕਰਦੀ ਹੈ।'' ਇਹ ਸੁਣ ਕੇ ਪ੍ਰਤਾਪੂ ਬਹੁਤ ਪ੍ਰਸੰਨ ਹੋਇਆ ਅਤੇ ਗੁਰੂ ਜੀ ਦਾ ਪ੍ਰਤਾਪ ਵੇਖ ਕੇ ਨਮਸਕਾਰ ਕੀਤੀ॥ ੨੨॥

ਨੰਦਾ ਵਿੱਠੜ ਸ੍ਵਾਮੀ ਦਾਸ। ਬਸਹਿਂ ਥਨੇਸਰ ਕਰੈਂ ਅਵਾਸ।
ਕਰਹਿਂ ਧਰਮ ਕੇ ਜੁਤ ਵਿਵਹਾਰਾ। ਕਹੈਂ ਜੁ ਮੋਲ ਸੁ ਏਕੋ ਬਾਰਾ॥ ੨੩॥

ਨੰਦਾ ਵਿੱਠੜ ਅਤੇ ਸਵਾਮੀ ਦਾਸ ਥਨੇਸਰ ਸ਼ਹਿਰ ਵਿਚ ਰਹਿੰਦੇ ਸਨ। ਆਪਸ ਵਿਚ ਮਿਲ ਕੇ ਧਰਮ ਦਾ ਵਿਹਾਰ ਕਰਦੇ ਸਨ, ਜਿਹੜਾ ਵੀ ਮੁੱਲ ਕਹਿੰਦੇ ਸਨ, ਇਕੋ ਵਾਰ ਕਰਦੇ ਸਨ॥ ੨੩॥

'ਇਕ ਸੁਖਨੀ' ਤਿਨ ਕੋ ਭਾ ਨਾਮ। ਚਲਿ ਆਏ ਸਤਿਗੁਰ ਕੀ ਸ਼ਾਮ।
ਕਰਿ ਬੰਦਨ ਬੈਠੇ ਹੁਇ ਪਾਸ। 'ਇਕ ਸੁਖਨੀ' ਭਾ ਜ਼ਿਕਰ ਪ੍ਰਕਾਸ਼॥ ੨੪॥

ਇਕ ਮੁੱਲ ਵਾਲੇ ਉਨ੍ਹਾਂ ਦਾ ਨਾਂ ਹੀ ਪੈ ਗਿਆ, ਉਹ ਚਲ ਕੇ ਸਤਿਗੁਰੂ ਦੀ ਸ਼ਰਨ ਵਿਚ ਆ ਗਏ। ਬੰਦਨਾਂ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ। 'ਇਕ ਮੁੱਲਾ' ਵਾਲਿਆਂ ਦਾ ਜ਼ਿਕਰ ਹੋਇਆ॥ ੨੪॥

ਸ੍ਰੀ ਅਰਜਨ ਗੁਰਦੇਵ ਬਖਾਨਾ। 'ਇਸ ਤੇ ਹੀ ਹੁਇ ਤੁਮ ਕਲਜਾਨਾ।
ਝੂਠ ਬਰਾਬਰ ਪਾਪ ਨ ਦੂਜਾ। ਸਾਚ ਸਮਾਨ ਪੁੰਨ ਨਹਿਂ ਪੂਜਾ॥ ੨੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, ''ਇਕ ਮੁੱਲ ਰੱਖਣ ਨਾਲ ਹੀ ਤੁਹਾਡਾ ਕਲਿਆਣ ਹੋ ਜਾਵੇਗਾ। ਝੂਠ ਦੇ ਬਰਾਬਰ ਦੂਜਾ ਪਾਪ ਨਹੀਂ ਹੈ, ਅਤੇ ਸੱਚ ਸਮਾਨ ਕੋਈ ਪੂਜਦਾ ਨਹੀਂ ਹੈ॥ ੨੫॥

ਸਿੱਖਨਿ ਕੀ ਸੇਵਾ ਨਿਤ ਕਰੋ। ਗੁਰਮਤਿ ਸਦਾ ਰਿਦੈ ਉਰਧਰੋ।
ਸੀਤ ਕਾਲ ਮਹਿਂ ਦੀਜਹਿ ਚੀਰ। ਭਲੇ ਕਰਮ ਮਹਿਂ ਕੀਜਹਿ ਧੀਰ' ॥੨੬॥

ਸਿੱਖਾਂ ਦੀ ਨਿਤ ਸੇਵਾ ਕਰੋ ਅਤੇ ਗੁਰਮਤਿ ਨੂੰ ਸਦਾ ਹਿਰਦੇ ਵਿਚ ਧਾਰਨ ਕਰੋ। ਸਰਦੀਆਂ ਵਿਚ ਕਪੜੇ ਦੇਵੋ ਅਤੇ ਚੰਗੇ ਕੰਮਾਂ ਵਿਚ ਬੁੱਧੀ ਅਤੇ ਇੰਦਰੀਆਂ ਨੂੰ ਲਾਇਆ ਕਰੋ''॥ ੨੬॥

ਗੁਰ ਕੋ ਬਚਨ ਮਾਨਿ ਘਰਿ ਆਏ। ਸਿੱਖਨਿ ਕੀ ਸੇਵਾ ਮਨ ਲਾਏ।
ਸੁਤ ਬਨਿਤਾ ਸਭਿ ਕੇ ਉਰ ਭਾਉ। ਮਿਲਹਿਂ ਸਿੱਖ ਸੰਗ ਮਧੁਰ ਸੁਭਾਉ ॥੨੭॥

ਗੁਰੂ ਦੇ ਬਚਨ ਮੰਨ ਕੇ ਘਰ ਆ ਗਏ ਅਤੇ ਸਿੱਖਾਂ ਦੀ ਸੇਵਾ ਵਿਚ ਮਨ ਨੂੰ ਲਾਇਆ। ਪੁੱਤਰ, ਇਸਤਰੀ ਸਾਰਿਆਂ ਨੂੰ ਪ੍ਰੇਮ ਕਰਦੇ ਸਨ ਅਤੇ ਜੇ ਸਿੱਖ ਮਿਲਣ ਤਾਂ ਉਨ੍ਹਾਂ ਨੂੰ ਬੜੇ ਪ੍ਰੇਮ ਅਤੇ ਮਿੱਠੇ ਸੁਭਾਅ ਨਾਲ ਮਿਲਦੇ ਸਨ॥ ੨੭॥

ਗੁਰਬਾਨੀ ਸੰਗ ਪਜਾਰ ਕਰੰਤੇ। ਪਠੈਂ ਸੁਨੈਂ ਤਿਸ ਪੰਥ ਚਲੰਤੇ।
ਚਰਨ ਪਖਾਰਹਿਂ ਸਿੱਖਨਿ ਕੇਰੇ। ਭੋਜਨ ਬਸਤ੍ਰਨਿ ਦਾਨ ਘਨੇਰੇ॥ ੨੮॥

ਗੁਰਬਾਣੀ ਨਾਲ ਪਿਆਰ ਕਰਦੇ ਸਨ, ਅਤੇ ਰਾਹ ਚਲਦਿਆਂ ਵੀ ਪੜ੍ਹਦੇ ਸੁਣਦੇ ਸਨ। ਸਿੱਖਾਂ ਦੇ ਚਰਨ ਧੋਂਦੇ ਸਨ ਅਤੇ ਭੋਜਨ ਵਸਤਰਾਂ ਦਾ ਬਹੁਤ ਦਾਨ ਕਰਦੇ ਸਨ॥ ੨੮॥

ਇਮ ਕਰਤੇ ਹੀ ਭਯੋ ਉਧਾਰ। ਪਾਇ ਪਰਮਪਦ ਗੁਰ ਦਰਬਾਰ।
ਗੋਪੀ ਮਹਿਤਾ ਨੱਥਾ ਔਰ। ਭਾਊ ਮੋਕਲ ਮਿਲਿ ਇਕ ਠੌਰ॥ ੨੯॥

ਇਸ ਤਰ੍ਹਾਂ ਕਰਦਿਆਂ ਹੀ ਉਧਾਰ ਹੋ ਗਿਆ ਅਤੇ ਗੁਰ ਦਰਬਾਰ ਵਿਚ ਪਰਮ ਪਦ ਪਾਇਆ। ਗੋਪੀ, ਮਹਿਤਾ, ਨੱਥਾ ਅਤੇ ਭਾਓ ਮੋਕਲ ਸਾਰੇ ਇਕ ਥਾਂ ਇਕੱਠੇ ਹੋਏ॥ ੨੯॥

ਦਿੱਲੀ ਮੰਡਲ ਗੁਰ ਢਿਗ ਆਏ। ਬੰਦਨ ਕਰਿ ਸੁਭ ਦਰਸ਼ਨ ਪਾਏ।
ਹਾਥ ਜੋਰਿ ਪਰਸੰਗ ਬਖਾਨਾ। 'ਬਾਣੀ ਰਚੀ ਆਪ ਬਿਧਿ ਨਾਨਾ॥ ੩੦॥

ਫਿਰ ਦਿੱਲੀ ਮੰਡਲ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਏ। ਬੰਦਨਾਂ ਕਰਕੇ ਸ਼ੁਭ ਦਰਸ਼ਨ ਕੀਤੇ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਨੇ ਕਈ ਪ੍ਰਕਾਰ ਦੀ ਬਾਣੀ ਦੀ ਰਚਨਾ ਕੀਤੀ ਹੈ॥ ੩੦॥

ਪਢਤਿ ਸੁਨਤਿ ਮਨ ਕੋ ਸੁਖ ਦੇਤਿ। ਪ੍ਰੇਮ ਬਧਾਵੈ ਦੁਖ ਹਰਿ ਲੇਤਿ।
ਬਿਸ਼ਿਯਨਿ ਤੇ ਸ਼ਾਂਤੀ ਉਪਜਾਵੈ। ਸੱਤਿਨਾਮ ਕੋ ਸਿਮਰਨਿ ਭਾਵੈ॥ ੩੧॥

ਪੜ੍ਹ ਸੁਣ ਕੇ ਮਨ ਨੂੰ ਸੁਖ ਮਿਲਦਾ ਹੈ, ਪ੍ਰੇਮ ਵਧਾਉਂਦੀ ਹੈ ਅਤੇ ਦੁੱਖਾਂ ਨੂੰ ਦੂਰ ਕਰਦੀ ਹੈ, ਵਿਸ਼ਿਆਂ ਤੋਂ ਸ਼ਾਂਤੀ ਉਪਜਾਉਂਦੀ ਹੈ ਅਤੇ ਸਤਿਨਾਮ ਦਾ ਸਿਮਰਨ ਕਰਨ ਲਈ ਮਨ ਭਾਉਂਦਾ ਹੈ॥ ੩੧॥

ਕੇਤਿਕ ਅਪਰਨਿ ਕੀਨਸਿ ਬਾਨੀ। ਬਹੁ ਬਿਧਿ ਤੇ ਚਾਤੁਰਤਾ ਸਾਨੀ।
ਤਿਨ ਤੇ ਮਨ ਨਹਿਂ ਦ੍ਰਵੈ ਸੁਨੇਤੇ। ਪ੍ਰੇਮ ਨ ਉਪਜਹਿ ਰਿਦੈ ਭਨੇ ਤੇ' ॥ ੩੨॥

ਕਈਆਂ ਹੋਰਨਾਂ ਨੇ ਵੀ ਬਾਣੀ ਲਿਖੀ ਹੈ, ਉਹ ਬਹੁਤ ਪ੍ਰਕਾਰ ਨਾਲ ਚਤੁਰਾਈ ਨਾਲ ਮਿਲੀ ਹੁੰਦੀ ਹੈ, ਉਨ੍ਹਾਂ ਨੂੰ ਸੁਣ ਕੇ ਮਨ ਪਿਘਲਦਾ ਨਹੀਂ ਹੈ ਅਤੇ ਨਾਲ ਪ੍ਰੇਮ ਨਹੀਂ ਉਪਜਦਾ ਹੈ"॥ ੩੨॥

ਸ੍ਰੀ ਮੁਖ ਤੇ ਫੁਰਮਾਵਨਿ ਕੀਨਾ। 'ਗੁਰ ਬਾਨੀ ਮਹਿਂ ਸ਼ਕਤਿ ਪ੍ਰਬੀਨਾ।
ਜਿਨ ਪ੍ਰਾਨੀ ਚਾਹਜੈ ਕੱਲਜਾਨਾ। ਸੋ ਜੇ ਪਠਹਿ ਸੁਨਹਿਂ ਸ਼ੁਭ ਕਾਨਾ॥ ੩੩॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਗੁਰਬਾਣੀ ਵਿਚ ਨਿਪੁੰਨ ਸ਼ਕਤੀ ਹੈ। ਜਿਹੜੇ ਪ੍ਰਾਣੀ ਕਲਿਆਣ ਚਾਹੁੰਦੇ ਹਨ, ਉਹ ਜੇ ਪੜ੍ਹਨ ਅਤੇ ਸ਼ੁਭ ਕੰਨਾਂ ਨਾਲ ਸੁਣਨ॥ ੩੩॥

ਫਲ ਬਿਸਾਲ ਤਿਸ ਪ੍ਰਾਪਤਿ ਹੋਇ। ਬਹੁ ਅੱਭਜਾਸ ਕਰਹਿ ਨਰ ਜੋਇ।
ਸੋ ਹੁਇ ਜਾਤਿ ਮੁਕੰਦ ਪਰਾਯਨ। ਸਿਮਰਨ ਕਰਹਿ ਕੁਸੰਗਹਿ ਪਾਇ ਨ॥ ੩੪॥

ਉਨ੍ਹਾਂ ਨੂੰ ਵਿਸ਼ਾਲ ਫਲ ਪ੍ਰਾਪਤ ਹੁੰਦਾ ਹੈ, ਜਿਹੜੇ ਮਨੁੱਖ ਬਹੁਤ ਅਭਿਆਸ ਕਰਦੇ ਹਨ। ਵਾਹਿਗੁਰੂ ਆਸਰੇ ਉਨ੍ਹਾਂ ਦੀ ਮੁਕਤੀ ਹੋ ਜਾਂਦੀ ਹੈ, ਜਿਹੜੇ ਭੈੜੀ ਸੰਗਤ ਤੋਂ ਬਚ ਕੇ ਸਿਮਰਨ ਕਰਦੇ ਹਨ॥ ੩੪॥

ਜਗ ਮਹਿਂ ਪਾਇ ਕਾਮਨਾ ਸੁਖੀ। ਨਹਿਂ ਪ੍ਰਲੋਕ ਮਹਿਂ ਕੈਸੇ ਦੁਖੀ'।
ਤਿਨ ਸਿੱਖਨਿ ਸੁਨਿਕੈ ਸੁਖ ਪਾਯੋ। ਗੁਰਬਾਨੀ ਸੰਗ ਪ੍ਰੇਮ ਬਧਾਯੋ॥ ੩੫॥

ਇਸ ਜਗਤ ਵਿਚ ਮਨੋਕਾਮਨਾ ਪੂਰੀ ਹੋਣ ਤੇ ਸੁਖ ਪਾਉਂਦੇ ਹਨ ਅਤੇ ਪਰਲੋਕ ਵਿਚ ਕਿਸੇ ਤਰ੍ਹਾਂ ਵੀ ਦੁਖੀ ਨਹੀਂ ਹੁੰਦੇ।" ਉਨ੍ਹਾਂ ਸਿੱਖਾਂ ਨੇ ਸੁਣ ਕੇ ਸੁਖ ਪਾਇਆ ਅਤੇ ਗੁਰਬਾਣੀ ਨਾਲ ਪ੍ਰੇਮ ਵਧਾਇਆ॥ ੩੫॥

ਮਹਿਤਾ ਸਕਤੂ ਸਿੱਖ ਨਿਹਾਲੂ। ਬਸਹਿਂ ਆਗਰੇ ਸੁਮਤਿ ਬਿਸਾਲੂ।
ਦਰਸ਼ਨ ਸ੍ਰੀ ਅਰਜਨ ਕੇ ਆਏ। ਬੰਦਨ ਕਰਿ ਕੈ ਬੈਠਿ ਅਲਾਏ॥ ੩੬॥

ਦੋ ਸਿੱਖ ਭਾਈ ਮਹਿਤਾ ਸਕਤੂ ਅਤੇ ਭਾਈ ਨਿਹਾਲੂ ਜਿਹੜੇ ਬਹੁਤ ਬੁੱਧੀਮਾਨ ਸਨ, ਆਗਰੇ ਵਿਚ ਰਹਿੰਦੇ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਨ ਆਏ। ਬੰਦਨਾਂ ਕਰਕੇ ਬੈਠ ਕੇ ਬੋਲੇ॥ ੩੬॥

'ਬਿੱਪ੍ਰ ਕਰਮਕਾਂਡੀ ਇਮ ਕਹੈਂ। ਬਿਨ ਸ਼ੁਭ ਕਰਮ ਨ ਸ਼ੁਭ ਗਤਿ ਲਹੈਂ।
ਨਿੱਤ ਕਰਮ ਤਰਪਣ ਗਾਇੱਤ੍ਰੀ। ਸੰਧਯਾ, ਪੂਜਾ, ਦੇਹ ਪਵਿੱਤ੍ਰੀ॥ ੩੭॥

"ਬ੍ਰਾਹਮਣ ਕਰਮ-ਕਾਂਡਾਂ ਬਾਰੇ ਇਸ ਤਰ੍ਹਾਂ ਕਹਿੰਦੇ ਹਨ ਕਿ ਸ਼ੁਭ ਕਰਮ ਕਰਨ ਤੋਂ ਬਗੈਰ ਸ਼ੁਭ ਗਤੀ ਪ੍ਰਾਪਤ ਨਹੀਂ ਹੁੰਦੀ। ਨਿੱਤ ਕਰਮ ਵਿਚ ਉਹ ਦੇਵਤੇ ਅਤੇ ਪਿੱਤਰਾਂ ਨੂੰ ਤ੍ਰਿਪਤ ਕਰਨ ਵਾਸਤੇ ਹੱਥ ਜਾਂ ਅਰਘੇ ਨਾਲ ਗਾਇਤਰੀ ਮੰਤਰ ਪੜ੍ਹ ਕੇ ਜਲ ਦੇਣ ਦੇ ਕਰਮ ਨੂੰ ਲੈਂਦੇ ਹਨ ਅਤੇ ਸੰਧਿਆ ਪੂਜਾ ਅਤੇ ਇਸ਼ਨਾਨ ਕਰਨ ਨੂੰ ਕਹਿੰਦੇ ਹਨ ਜਿਸ ਨਾਲ ਦੇਹ ਪਵਿੱਤਰ ਹੁੰਦੀ ਹੈ॥ ੩੭॥

ਕਰਮ ਨਮਿੱਤ ਸ੍ਰਾਧ ਅਰੁ ਖਜਾਹੁ। ਪਿੰਡ ਪਤਲ ਦਸ ਗਾਤ੍ਰ ਜਿ ਆਹੁ।
ਜੋ ਗਯਾਨੀ ਸੋ ਅਪਰ ਬਖਾਨੈਂ। ਕਰਮ ਸਹਤ ਤਨ ਮਿੱਥਯਾ ਮਾਨੇ॥ ੩੮॥

ਪਿੱਤਰਾਂ ਦੇ ਪੱਖ ਵਿਚ ਪਿੱਤਰਾਂ ਨਮਿੱਤ ਬ੍ਰਾਹਮਣਾਂ ਨੂੰ ਅੰਨ ਆਦਿ ਖਵਾਓ, ਪਿੰਡ ਪੱਤਲ ਅਤੇ ਦਸ ਗਾਤ੍ਰ ਦੀ ਰਸਮ ਕਰੋ ਭਾਵ ਮ੍ਰਿਤਕ ਦੇ ਮਰਨ ਪਿਛੋਂ ਦਸ ਦਿਨ ਤਕ ਇਹ ਰਸਮ ਕਰਦੇ ਰਹੋ। ਜਿਹੜੇ ਗਿਆਨੀ ਹਨ ਉਹ ਕੁਝ ਹੋਰ ਹੀ ਕਹਿੰਦੇ ਹਨ, ਉਹ ਕਰਮਾਂ ਸਹਿਤ ਸਰੀਰ ਨੂੰ ਮਿਥਿਆ (ਝੂਠ) ਮੰਨਦੇ ਹਨ॥ ੩੮॥

ਗਯਾਨ ਬਿਨਾ ਗਤਿ ਪਾਇ ਨ ਕੋਈ। ਬੇਦ ਨੇਮ ਕਰਿ ਉਚਰੇ ਸੋਈ।
ਹਮ ਕਿਸ ਗ੍ਰਹਨ ਕਰੈਂ ਹਿਤ ਧਾਰਿ'। ਸ੍ਰੀ ਮੁਖ ਤੇ ਤਬਿ ਕੀਨਿ ਉਚਾਰ॥ ੩੯॥

ਗਿਆਨ ਬਗੈਰ ਕੋਈ ਗਤੀ ਨਹੀਂ ਪਾ ਸਕਦਾ, ਵੇਦਾਂ ਦਾ ਨੇਮ ਨਾਲ ਉਚਾਰਨ ਕਰੇ। ਅਸੀਂ ਹਿਤ ਧਾਰ ਕੇ ਕੀ ਗ੍ਰਹਿਣ ਕਰੀਏ?" ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ॥ ੩੯॥

'ਜਿਮ ਦੁਭਾਸ਼ੀਆ ਬੀਚ ਜਹਾਜ। ਦੇਤਿ ਕਰਾਇ ਬਨਜ ਕੋ ਕਾਜ।
ਤਿਮ ਸਤਿਨਾਮ ਮਹਾਂ ਅਭਿਰਾਮ। ਦੋਨਹੁ ਕੋ ਗਤਿ ਦੇ ਸੁਖ ਧਾਮ॥ ੪੦॥

"ਜਿਵੇਂ ਜਹਾਜ਼ ਵਿਚ ਦੋ-ਭਾਸ਼ੀਆ ਵਪਾਰ ਦੇ ਸਾਰੇ ਕੰਮ ਕਰਵਾ ਦਿੰਦਾ ਹੈ, ਇਸ ਤਰ੍ਹਾਂ ਹੀ ਸਤਿਨਾਮ ਮਹਾਨ ਸੁੰਦਰ ਹੈ, ਇਹ ਸੁਖਾਂ ਦਾ ਘਰ ਦੋਵਾਂ ਨੂੰ ਗਤੀ ਦਿੰਦਾ ਹੈ॥ ੪੦॥

ਗਯਾਨੀ ਕੇ ਨਿਤ ਹੋਇ ਸਹਾਇ। ਦ੍ਰਿੜ੍ਹ ਰਾਖਤਿ ਹੈ ਗਯਾਨ ਬਨਾਇ।
ਅਹੰ ਬ੍ਰਹਮ ਇਹ ਬ੍ਰਿੱਤਿ ਸਦੀਵਾ। ਬਿਸਰਿ ਨ ਦੇਤਿ ਪ੍ਰਪੱਕੈ ਥੀਵਾ॥ ੪੧॥

ਗਿਆਨੀ ਦੀ ਇਹ ਸਦਾ ਸਹਾਇਤਾ ਕਰਦਾ ਹੈ ਅਤੇ ਗਿਆਨ ਨੂੰ ਦ੍ਰਿੜ੍ਹ ਬਣਾ ਕੇ ਰੱਖਦਾ ਹੈ। 'ਮੈਂ ਬ੍ਰਹਮ ਹਾਂ' ਸਦਾ ਇਹ ਬ੍ਰਿਤੀ ਰਹਿੰਦੀ ਹੈ, ਵਿਸਰਨ ਨਹੀਂ ਦਿੰਦਾ ਤੇ ਸਦਾ ਪੱਕੇ ਤੌਰ ਤੇ ਟਿਕਾਈ ਰੱਖਦਾ ਹੈ॥ ੪੧॥

ਕ੍ਰਮ ਕਾਂਡੀ ਕੋ ਕਰਿ ਨਿਸ਼ਕਾਮ। ਅੰਤਹਿਕਰਣ ਬਿਮਲ ਅਭਿਰਾਮ।
ਬਹੁਰ ਗਯਾਨ ਕੀ ਪ੍ਰਾਪਤਿ ਕਰੈ। ਸ਼ਕਤਿ ਬਿਸਾਲ ਨਾਮ ਪ੍ਰਭੁ ਧਰੈ॥ ੪੨॥

ਕਰਮ-ਕਾਂਡੀ ਨੂੰ ਨਿਸ਼ਕਾਮ ਕਰਕੇ ਅੰਤਹਿਕਰਣ ਨੂੰ ਬਹੁਤ ਕੋਮਲ ਬਣਾ ਦਿੰਦਾ ਹੈ। ਫਿਰ ਗਿਆਨ ਦੀ ਪ੍ਰਾਪਤੀ ਕਰਦਾ ਹੈ, ਪ੍ਰਭੂ ਦਾ ਨਾਮ ਧਾਰਨ ਨਾਲ ਵਿਸ਼ਾਲ ਸ਼ਕਤੀ ਮਿਲਦੀ ਹੈ॥ ੪੨॥

ਤਾਂਤੇ ਤੁਮਹੁ ਵਾਹਿਗੁਰੂ ਨਾਮ। ਸਿਮਰਨਿ ਕਰਹੁ ਲਹਹੁ ਸੁਖਧਾਮ'।
ਸੁਨਿ ਤਿਨ ਗੁਰ ਤੇ ਨਾਮ ਸੰਭਾਰਾ। ਅੰਤ ਪਰਮ ਪਦ ਲਹਯੋ ਸੁਖਾਰਾ॥ ੪੩॥

ਇਸ ਕਰਕੇ ਤੁਸੀਂ ਵਾਹਿਗੁਰੂ ਨਾਮ ਦਾ ਸਿਮਰਨ ਕਰਕੇ ਸੁਖਾਂ ਦਾ ਘਰ ਪ੍ਰਾਪਤ ਕਰੋ।" ਉਨ੍ਹਾਂ ਨੇ ਇਹ ਸੁਣ ਕੇ ਵਾਹਿਗੁਰੂ ਨਾਮ ਨੂੰ ਸੰਭਾਲਿਆ ਅਤੇ ਅੰਤ ਪਰਮ ਪਦ ਸੌਖੇ ਢੰਗ ਨਾਲ ਹੀ ਲੈ ਲਿਆ॥ ੪੩॥

Sri Satguru Jagjit Singh Ji eLlibrary NamdhariElibrary@gmail.com

ਇਕ ਗੜੀਅਲ ਅਰੁ ਮਥਰਾ ਦਾਸ। ਆਇ ਦਰਸ ਕੀਨੋ ਗੁਰ ਪਾਸ।
ਢੋਵਹਿਂ ਪੋਟ ਕਿਰਤਿ ਇਹ ਧਰੈਂ। ਗੁਰਸਿੱਖੀ ਕੋ ਧਾਰਨਿ ਕਰੈਂ॥ ੪੪॥

ਇਕ ਭਾਈ ਗੜੀਅਲ ਅਤੇ ਭਾਈ ਮਥਰਾ ਦਾਸ ਗੁਰੂ ਜੀ ਪਾਸ ਆਏ ਤੇ ਦਰਸ਼ਨ ਕੀਤੇ। ਉਹ ਭਾਰ ਢੋਣ ਦੀ ਕਿਰਤ ਕਰਦੇ ਸਨ ਅਤੇ ਗੁਰਸਿੱਖੀ ਨੂੰ ਧਾਰਨ ਕਰਦੇ ਸਨ॥ ੪੪॥

ਸੁਤ ਬਨਿਤਾ ਜੁਤ ਸਿੱਖਨਿ ਸੇਵੈਂ। ਜਥਾ ਸ਼ਕਤਿ ਭੋਜਨ, ਪਟ ਦੇਵੈਂ।
ਨਿਜ ਕੁਟੰਬ ਸੋਂ ਕਹ੍ਯੋ ਬਨਾਈ। 'ਹਮ ਪੀਛੇ ਜੇ ਕੋ ਸਿਖ ਆਈ॥ ੪੫॥

ਪੁੱਤਰ ਪਤਨੀ ਸਹਿਤ ਸਿੱਖਾਂ ਦੀ ਸੇਵਾ ਕਰਦੇ ਸਨ, ਆਪਣੀ ਸਮਰੱਥਾ ਅਨੁਸਾਰ ਭੋਜਨ ਅਤੇ ਵਸਤਰ ਦਿੰਦੇ ਸਨ। ਆਪਣੇ ਪਰਿਵਾਰ ਨੂੰ ਇਹ ਕਿਹਾ ਹੋਇਆ ਸੀ; "ਸਾਡੇ ਪਿਛੋਂ ਜੇ ਕੋਈ ਸਿੱਖ ਆਵੇ॥ ੪੫॥

ਜਿਮ ਹਮ ਸੇਵੈਂ ਤਿਮ ਤੁਮ ਸੇਵੋ। ਭੋਜਨ ਬਸਨ ਦੇਖਿ ਕਰਿ ਦੇਵੋਂ।
ਤਬਿ ਸਿੱਖਨਿਗਨ ਗੁਰ ਕੇ ਪਾਸ। ਦੋਨਹੁਂ ਕੋ ਕਿਯ ਸੁਜਸੁ ਪ੍ਰਕਾਸ਼॥ ੪੬॥

ਤਾਂ ਜਿਵੇਂ ਅਸੀਂ ਸੇਵਾ ਕਰਦੇ ਹਾਂ, ਉਸ ਤਰ੍ਹਾਂ ਤੁਸੀਂ ਵੀ ਸੇਵਾ ਕਰਨੀ ਹੈ, ਭੋਜਨ ਵਸਤਰ ਵੇਖ ਕੇ ਦੇਣਾ।" ਤਦ ਜਿਹੜੇ ਸਿੱਖ ਗੁਰੂ ਜੀ ਦੇ ਪਾਸ ਬੈਠੇ ਸਨ, ਉਨ੍ਹਾਂ ਨੇ ਦੋਹਾਂ ਦਾ ਸ੍ਰੇਸ਼ਟ ਜੱਸ ਪ੍ਰਗਟ ਕੀਤਾ॥ ੪੬॥

'ਸੇਵਾ ਕੇ ਰੰਗ ਮਹਿਂ ਇਹ ਰਾਤੇ। ਤੁਮ ਸਮ ਲਖੈਂ ਜੁ ਸਿਖ ਘਰ ਜਾਤੇ'।
ਸੁਨਿ ਬਹੁ ਖੁਸ਼ੀ ਕੀਨਿ ਤਿਸ ਕਾਲ। ਜਨਮ ਮਰਨ ਤਜਿ ਭਏ ਨਿਹਾਲ॥ ੪੭॥

"ਇਹ ਸੇਵਾ ਦੇ ਰੰਗ ਵਿਚ ਰੰਗੇ ਹੋਏ ਹਨ, ਜਿਹੜੇ ਸਿੱਖ ਇਨ੍ਹਾਂ ਦੇ ਘਰ ਜਾਂਦੇ ਹਨ, ਉਨ੍ਹਾਂ ਨੂੰ ਤੁਹਾਡੇ ਵਰਗਾ ਸਮਝਦੇ ਹਨ।" ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਜਨਮ ਮਰਨ ਛੱਡ ਕੇ ਨਿਹਾਲ ਹੋ ਗਏ॥ ੪੭॥

ਸਕਲ ਸ਼ਕਤਿ ਜੁਤ ਤਤਛਿਨ ਭਏ। ਅੰਤ ਪਰਮ ਪਦ ਸੋਂ ਮਿਲਿ ਗਏ।
ਗੰਗਾ ਸਹਗਲ ਜੋਧਾ ਮਹਾਂ। ਆਯੋ ਸ੍ਰੀ ਅਰਜਨ ਜੀ ਜਹਾਂ॥ ੪੮॥

ਤੁਰੰਤ ਸਾਰੀਆਂ ਸ਼ਕਤੀਆਂ ਸਮੇਤ ਹੋ ਗਏ ਅਤੇ ਅੰਤ ਪਰਮ ਪਦਵੀ ਪ੍ਰਾਪਤ ਕੀਤੀ। ਭਾਈ ਗੰਗਾ ਸਹਿਗਲ ਮਹਾਨ ਜੋਧਾ ਸੀ, ਉਹ ਓਥੇ ਆਇਆ ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ॥ ੪੮॥

ਬੰਦਨ ਕਰਿ ਬੈਠ੍ਯੋ ਜਬਿ ਪਾਸ। ਸ੍ਰੀ ਮੁਖ ਤੇ ਤਬਿ ਕੀਨਿ ਪ੍ਰਕਾਸ਼।
'ਤੁਮ ਮਲੇਛ ਕੇ ਚਾਕਰ ਅਹੋ। ਇਹ ਕੁਛ ਭਲੀ ਬਾਤ ਨਹਿਂ ਲਹੋ॥ ੪੯॥

ਜਦ ਬੰਦਨਾਂ ਕਰਕੇ ਪਾਸ ਬੈਠ ਗਿਆ ਤਾਂ ਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਕੀਤੇ, "ਤੁਸੀਂ ਮੁਸਲਮਾਨ ਦੇ ਨੌਕਰ ਹੋ, ਇਹ ਕੋਈ ਚੰਗੀ ਗੱਲ ਨਹੀਂ ਹੈ॥ ੪੯॥

ਜੇ ਤੁਮ ਕਹੋ ਜੀਵਕਾ ਨਾਂਹੀ। ਰਹੀਯਹਿ ਸ੍ਰੀ ਹਰਿਗੋਵਿੰਦ ਪਾਹੀ।
ਹੁਇ ਸਗਰੇ ਪਰਵਾਰ ਗੁਜ਼ਾਰਾ। ਅਰੁ ਸਿਮਰਹੁ ਸਤਿਨਾਮ ਸੰਭਾਰਾ॥ ੫੦॥

ਜੇ ਤੁਸੀਂ ਕਹੋ ਰੁਜ਼ਗਾਰ ਨਹੀਂ ਹੈ ਤਾਂ ਸ੍ਰੀ ਹਰਿਗੋਬਿੰਦ ਦੇ ਪਾਸ ਰਹੋ। ਸਾਰੇ ਪਰਿਵਾਰ ਦਾ ਗੁਜ਼ਾਰਾ ਹੋਵੇਗਾ ਅਤੇ ਚੰਗੀ ਤਰ੍ਹਾਂ ਸੰਭਾਲ ਕੇ ਸਤਿਨਾਮ ਦਾ ਸਿਮਰਨ ਵੀ ਕਰੋਗੇ॥ ੫੦॥

ਦੁਨੀਆਂ ਕੇ ਕਾਰਜ ਹੁਇਂ ਪੂਰੇ। ਦੀਨ ਬਿਖੈ ਉੱਜਲ ਮੁਖ ਰੂਰੇ'।
ਸੁਨਿ ਗੰਗਾ ਸਹਗਲ ਹਰਖਾਯੋ। ਦੁਹੁ ਲੋਕ ਮਹਿਂ ਗੁਰ ਅਪਨਾਯੋ॥ ੫੧॥

ਇਸ ਦੁਨੀਆਂ ਦੇ ਸਾਰੇ ਕਾਰਜ ਪੂਰੇ ਹੋਣਗੇ ਅਤੇ ਅਗਲੀ ਦੁਨੀਆਂ ਵਿਚ ਉੱਜਲ ਮੁਖ ਲੈ ਕੇ ਜਾਵੋਗੇ"। ਇਹ ਸੁਣ ਕੇ ਗੰਗਾ ਸਹਿਗਲ ਬਹੁਤ ਪ੍ਰਸੰਨ ਹੋਇਆ, ਸੋਚਣ ਲੱਗਾ ਕਿ ਦੋਹਾਂ ਲੋਕਾਂ ਵਿਚ ਹੀ ਗੁਰ ਜੀ ਨੇ ਆਪਣਾ ਬਣਾ ਲਿਆ ਹੈ॥ ੫੧॥

ਇਸ ਤੇ ਅਪਰ ਨ ਆਛੀ ਬਾਤ। ਰਹਤਿ ਭਯੋ ਸੂਰਾ ਬੱਖਜਾਤ।
ਜਬਿ ਰਣ ਰਚਿ ਸ੍ਰੀ ਹਰਿ ਗੋਬਿੰਦ। ਹਤੇ ਤੁਰਕ ਬਹੁ ਬਲੀ ਬਿਲੰਦ॥ ੫੨॥

ਇਸ ਤੋਂ ਚੰਗੀ ਗੱਲ ਹੋਰ ਕਿਹੜੀ ਹੈ। ਉਹ ਗੁਰੂ ਜੀ ਪਾਸ ਹੀ ਰਹਿ ਪਿਆ ਤੇ ਬਹੁਤ ਵੱਡਾ ਸੂਰਮਾ ਪ੍ਰਸਿੱਧ ਹੋਇਆ। ਜਦ ਸ੍ਰੀ ਹਰਿਗੋਬਿੰਦ ਸਾਹਿਬ ਯੁੱਧ ਕਰਦੇ ਸਨ ਤਾਂ ਉਸ ਨੇ ਵੱਡੇ-ਵੱਡੇ ਬਲਵਾਨ ਤੁਰਕਾਂ ਨੂੰ ਮਾਰਿਆ॥ ੫੨॥

ਨਹੀਂ ਪੀਠ ਰਿਪੁ ਕੋ ਦਿਖਰਾਈ। ਇਮ ਕਰਤੇ ਨੇ ਸ਼ੁਭ ਗਤਿ ਪਾਈ।
ਅਪਰ ਅਨੇਕ ਸੂਰਮਾ ਆਏ। ਪਿਖਿ ਗੰਗੇ ਕਹੁ ਮੋਦ ਬਢਾਏ॥ ੫੩॥

ਕਦੀ ਵੀ ਦੁਸ਼ਮਣ ਨੂੰ ਪਿੱਠ ਨਹੀਂ ਵਿਖਾਈ ਸੀ, ਇਸ ਤਰ੍ਹਾਂ ਰਹਿੰਦਿਆਂ ਹੀ ਸ਼ੁਭ ਗਤੀ ਪ੍ਰਾਪਤ ਕੀਤੀ। ਹੋਰ ਅਨੇਕ ਸੂਰਮੇ ਆਏ, ਉਹ ਗੰਗੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ॥ ੫੩॥

*ਤੀਸਰੀ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ॥ ੬੫॥*

# ਅਧਿਆਇ ਛਿਆਠਵਾਂ

*ਭਾਈ ਹਰਿਬੰਸ ਤਪਾ, ਭਾਈ ਮੁਰਾਰੀ ਆਦਿ ਸਿੱਖ*

ਦੋਹਰਾ- ਹੁਤੋ ਤਪਾ ਹਰਿਬੰਸ ਇਕ ਸੇਵ ਕਰਹਿ ਧ੍ਰਮਸਾਲ।
ਥਕਤਿ ਜੁ ਸਿਖ ਤਿਸ ਕੇ ਚਰਨ ਧੋਇ ਤਪਤ ਜਲ ਨਾਲ॥੧॥

ਇਕ ਭਾਈ ਹਰਿਬੰਸ ਤਪਾ ਨਾਮੀ ਸਿੱਖ ਸੀ ਜਿਹੜਾ ਇਕ ਧਰਮਸਾਲਾ ਵਿਚ ਸੇਵਾ ਕਰਦਾ ਸੀ। ਜਿਹੜਾ ਸਿੱਖ ਥੱਕ ਜਾਂਦਾ ਸੀ, ਉਸਦੇ ਚਰਨ ਉਹ ਤੱਤੇ ਪਾਣੀ ਨਾਲ ਧੋਂਦਾ ਸੀ॥ ੧॥

ਚੌਪਈ- ਦੇਖਿ ਛੁਧਿਤਿ ਭੋਜਨ ਅਚਵਾਵੈ। ਨਿਸਾ ਸੁਪਤਿ ਕੇ ਪਾਂਇ ਦਬਾਵੈ।
ਸੀਤਕਾਲ ਭੂਰੇ ਤਬਿ ਦੇਤਿ। ਧਰਮਸਾਲ ਲੇਪਨ ਕਰਿ ਲੇਤਿ॥ ੨॥

ਜੇ ਕਿਸੇ ਨੂੰ ਭੁੱਖਾ ਵੇਖਦਾ ਸੀ ਤਾਂ ਉਸ ਨੂੰ ਭੋਜਨ ਛਕਾਉਂਦਾ ਸੀ ਅਤੇ ਰਾਤ ਸੌਣ ਸਮੇਂ ਪੈਰ ਘੁੱਟਦਾ ਸੀ। ਸਰਦੀਆਂ ਦੇ ਮੌਸਮ ਵਿਚ ਕੰਬਲ ਦਿੰਦਾ ਸੀ ਅਤੇ ਧਰਮਸਾਲਾ ਦੀ ਆਪ ਲਿਪਾਈ ਕਰਦਾ ਸੀ॥ ੨॥

ਜਾਗਹਿ ਪ੍ਰਥਮ ਜੁ ਪਾਛਿਲ ਰਾਤ। ਜਲ ਕਰਿ ਤਪਤ ਨੁਲ੍ਹਾਇ ਪ੍ਰਭਾਤੀ।
ਪਢਤਿ ਰਹੈ ਪੁਨ ਸਤਿਗੁਰ ਬਾਨੀ। ਇਮ ਸੇਵਾ ਕੋ ਠਾਨਿ ਮਹਾਨੀ॥ ੩॥

ਪਿਛਲੀ ਰਾਤ ਸਭ ਤੋਂ ਪਹਿਲਾਂ ਜਾਗਦਾ ਸੀ ਅਤੇ ਜਲ ਗਰਮ ਕਰਕੇ ਸਿੱਖਾਂ ਨੂੰ ਇਸ਼ਨਾਨ ਕਰਵਾਉਂਦਾ ਸੀ, ਫਿਰ ਸਤਿਗੁਰੂ ਜੀ ਦੀ ਬਾਣੀ ਪੜ੍ਹਦਾ ਰਹਿੰਦਾ ਸੀ। ਇਸ ਤਰ੍ਹਾਂ ਉਸ ਮਹਾਨ ਸੇਵਾ ਸੰਭਾਲੀ ਹੋਈ ਸੀ॥ ੩॥

ਕਵਿ ਗੁਰਦਾਸ ਕੀਨਿ ਜੋ ਬਾਨੀ। ਇਕ ਦਿਨ ਪਢਤਿ ਹੁਤੋ ਰੁਚਿ ਠਾਨੀ।
ਕਿਤਿਕ ਸਿੱਖ ਬੋਲੇ ਤਿਸ ਪਾਹੀ। 'ਗੁਰਬਾਨੀ ਕਯੋਂ ਪਢਿਹੈ ਨਾਂਹੀ?॥ ੪॥

ਭਾਈ ਗੁਰਦਾਸ ਜੀ ਨੇ ਜੋ ਬਾਣੀ ਲਿਖੀ ਹੈ, ਉਸ ਨੂੰ ਇਕ ਦਿਨ ਬੜੇ ਪ੍ਰੇਮ ਨਾਲ ਪੜ੍ਹ ਰਿਹਾ ਸੀ, ਕਈ ਸਿੱਖ ਉਸ ਦੇ ਪਾਸ ਆ ਕੇ ਬੋਲੇ, "ਗੁਰਬਾਣੀ ਕਿਉਂ ਨਹੀਂ ਪੜ੍ਹਦਾ ਹੈਂ?॥ ੪॥

ਅਪਰ ਕਵਿਨਿ ਕੀ ਸਿਖ ਨਹਿਂ ਪੜ੍ਹੈਂ। ਸਤਿਗੁਰ ਸਬਦ ਪ੍ਰੀਤ ਤੇ ਰੜ੍ਹੈ'।
ਝਗਰ ਪਰਸਪਰ ਗੁਰ ਢਿਗ ਆਏ। ਬਾਦ ਪ੍ਰਸੰਗ ਜੁ ਸਕਲ ਸੁਨਾਏ ॥ ੫ ॥

ਹੋਰ ਕਵੀਆਂ ਦੀ ਸਿਖਿਆ ਨਾ ਪੜ੍ਹੋ ਤੇ ਸਤਿਗੁਰੂ ਜੀ ਦੇ ਸ਼ਬਦ ਨੂੰ ਪ੍ਰੀਤ ਨਾਲ ਪੜ੍ਹੋ।" ਸਿੱਖ ਆਪਸ ਵਿਚ ਝਗੜ ਕੇ ਗੁਰੂ ਜੀ ਪਾਸ ਆਏ ਅਤੇ ਬਾਅਦ ਵਿਚ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ॥ ੫ ॥

'ਇਹ ਸਭਿ ਬਰਜਤਿ ਤਰਕਤਿ ਅਹੀ। ਪਢਨਿ ਗਿਰਾ, ਗੁਰਦਾਸ ਜੁ ਕਹੀ'।
ਸੁਨਿ ਸ੍ਰੀ ਅਰਜਨ ਬਾਕ ਉਚਾਰਾ। 'ਜਿਸ ਮਹਿਂ ਸ੍ਰੀ ਗੁਰ ਸੁਜਸੁ ਉਚਾਰਾ ॥ ੬ ॥

"ਭਾਈ ਗੁਰਦਾਸ ਜੀ ਨੇ ਬਾਣੀ ਲਿਖੀ ਹੈ, ਉਸ ਨੂੰ ਪੜ੍ਹਨ ਦੀ ਮਨਾਹੀ ਹੈ, ਕਿਉਂਕਿ ਸਾਰੀ ਤਰਕਤ ਹੈ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਜਿਸ ਵਿਚ ਸ੍ਰੀ ਗੁਰੂ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ ਹੈ॥ ੬ ॥

ਸੱਤਿਨਾਮ ਕੀ ਮਹਿਮਾ ਕਹੀ। ਤਿਸ ਕਹੁ ਪਢਹੁ ਸੁ ਤਰਕਹੁ ਨਹੀਂ।
ਸਤਿਗੁਰ ਸਮਤਾ ਚਹਹਿ ਜਿ ਮੂਢ। ਕਿਮ ਲਖਿ ਸਕੈ ਜਿ ਆਸ਼ੈ ਗੂਢ ॥ ੭ ॥

ਅਤੇ ਸਤਿਨਾਮ ਦੀ ਮਹਿਮਾ ਕਹੀ ਹੈ, ਉਸ ਨੂੰ ਪੜ੍ਹੋ, ਛੱਡੋ ਨਹੀਂ। ਜਿਹੜਾ ਮੂਰਖ ਸਤਿਗੁਰੂ ਦੀ ਬਰਾਬਰੀ ਕਰਨਾ ਚਾਹੁੰਦਾ ਹੈ, ਕਿਵੇਂ ਉਹ ਗੂੜ੍ਹੇ ਆਸ਼ੇ ਨੂੰ ਜਾਣ ਸਕਦਾ ਹੈ॥ ੭॥

ਸੋ ਨਹਿਂ ਪਢਹੁ ਕਰਹੁ ਤਿਸ ਤਰਕ। ਜੋ ਸਿਖ ਪਢਹਿ ਪਰਹਿ ਮਤਿ ਫਰਕ।
ਅਪਰ ਜਿ ਗੁਰਬਾਨੀ ਅਨੁਸਾਰ। ਕੈ ਬਰਨਨ ਜਿਹ ਪ੍ਰਭੁ ਅਵਤਾਰ ॥ ੮ ॥

ਅਜਿਹੇ ਮੂਰਖ ਦੀ ਲਿਖੀ ਬਾਣੀ ਨੂੰ ਨਾ ਪੜ੍ਹੋ, ਉਸ ਨੂੰ ਛੱਡ ਦੇਵੋ, ਜਿਹੜਾ ਸਿੱਖ ਉਸ ਨੂੰ ਪੜ੍ਹੇਗਾ, ਉਸ ਦੀ ਮੱਤ ਵਿਚ ਫਰਕ ਪਵੇਗਾ। ਹੋਰ ਜਿਹੜੀ ਬਾਣੀ ਗੁਰਬਾਣੀ ਅਨੁਸਾਰ ਹੈ ਜਾਂ ਉਸ ਵਿਚ ਪ੍ਰਭੂ ਦੇ ਅਵਤਾਰਾਂ ਦਾ ਵਰਣਨ ਕੀਤਾ ਹੈ॥ ੮ ॥

ਸਤਿਗੁਰ ਹਰਿ ਸਬੰਧਨੀ ਬਾਨੀ। ਪਢਹੁ ਸੁਨਹੁ ਨਿਸ਼ਚੈ ਉਰ ਠਾਨੀ।
ਮਤਸਰ ਕਰਿ ਗੁਰ ਸੋਂ ਜਿਨ ਕਰੀ। ਕੈ ਬਿਸ਼ਿਯਨਿ ਕੈ ਨਰ ਕਥ ਧਰੀ ॥ ੯ ॥

ਸਤਿਗੁਰੂ ਨਾਲ ਸੰਬੰਧ ਰੱਖਣ ਵਾਲੀ ਬਾਣੀ ਨੂੰ ਪੜ੍ਹੋ, ਸੁਣੋ ਅਤੇ ਨਿਸ਼ਚੇ ਕਰਕੇ ਹਿਰਦੇ ਵਿਚ ਧਾਰਨ ਕਰੋ। ਜਿਨ੍ਹਾਂ ਗੁਰੂ ਨਾਲ ਹੰਕਾਰ ਕਰਕੇ ਕਵਿਤਾ ਲਿਖੀ ਹੈ ਤੇ ਜਿਹੜੀ ਪ੍ਰਮੇਸ਼ਰ ਸਿਮਰਨ ਤੋਂ ਬਗੈਰ ਮਨੁੱਖਾਂ ਦੀ ਬਣਾਈ ਹੋਈ ਵਿਸ਼ਿਆਂ ਦੀ ਕਥਾ ਹੈ॥ ੯ ॥

ਤਿਨਕੋ ਪਢਨਿ ਬਾਦਿ ਹੈ ਐਸੇ। ਬਿਨ ਬਰਖਾ ਘਨ ਗਰਜਤਿ ਜੈਸੇ ॥
ਜਿਸ ਮਹਿਂ ਗੁਰ ਅਰੁ ਹਰਿ ਤਰਕੰਤੇ। ਨਰਕ ਪਰਹਿਂ ਜੇ ਪਢਹਿਂ ਸੁਨੰਤੇ ॥੧੦ ॥

ਉਸ ਨੂੰ ਪੜ੍ਹਨਾ ਇਸ ਤਰ੍ਹਾਂ ਫਜ਼ੂਲ ਹੈ, ਜਿਵੇਂ ਮੀਂਹ ਤੋਂ ਬਗੈਰ ਬੱਦਲ ਗੱਜਦਾ ਹੋਵੇ। ਜਿਸ ਵਿਚ ਸਤਿਗੁਰੂ ਅਤੇ ਪ੍ਰਭੂ ਬਾਰੇ ਤਰਕ ਕੀਤਾ ਹੋਵੇ ਅਜਿਹੀ ਬਾਣੀ ਨੂੰ ਪੜ੍ਹਨ ਸੁਣਨ ਵਾਲੇ ਨਰਕਾਂ ਵਿਚ ਪੈਂਦੇ ਹਨ॥ ੧੦ ॥

ਅਰੁ ਕੀਨਸਿ ਗੁਰਦਾਸ ਜੁ ਬਾਨੀ। ਗੁਰਬਾਨੀ ਕੇ ਆਸ਼ੈ ਸਾਨੀ।
ਐਸੀ ਪਠਬੇ ਗੁਰਮਤਿ ਪਾਵੈ। ਸਤਿਗੁਰ ਸ਼ਰਧਾ ਰਿਦੈ ਵਧਾਵੈ ॥ ੧੧ ॥

ਅਤੇ ਭਾਈ ਗੁਰਦਾਸ ਜੀ ਨੇ ਜੋ ਬਾਣੀ ਲਿਖੀ ਹੈ, ਉਹ ਗੁਰਬਾਣੀ ਦੇ ਆਸ਼ੇ ਅਨੁਸਾਰ ਹੈ, ਅਜਿਹੀ ਬਾਣੀ ਪੜ੍ਹ ਕੇ ਗੁਰਮਤਿ ਪ੍ਰਾਪਤ ਹੁੰਦੀ ਹੈ, ਇਹ ਹਿਰਦੇ ਵਿਚ ਸਤਿਗੁਰੂ ਲਈ ਸ਼ਰਧਾ ਵਧਾਉਂਦੀ ਹੈ॥ ੧੧ ॥

ਸਿੱਖੀ ਕੋ ਪ੍ਰਾਪਤਿ ਨਰ ਹੋਇ। ਹਰਿ ਗੁਰ ਜਸੁ ਤਰਕਹੁ ਨਹਿਂ ਕੋਇ।
ਰੁਚਿ ਸੋਂ ਪਢਹੁ ਸੁਨਹੁ ਸੁਖ ਪਵਹੁ। ਗੁਰ ਕੀ ਪ੍ਰਭੁ ਕੀ ਕਥਾ ਸੁਨਾਵਹੁ' ॥੧੨ ॥

ਜਿਸ ਮਨੁੱਖ ਨੇ ਸਿੱਖੀ ਪ੍ਰਾਪਤ ਕੀਤੀ ਹੈ ਤਾਂ ਕੋਈ ਵੀ ਹਰੀ ਜੱਸ ਅਤੇ ਗੁਰ ਜੱਸ ਨੂੰ ਨਾ ਛੱਡੇ। ਪ੍ਰੇਮ ਨਾਲ ਪੜ੍ਹੋ, ਸੁਣੋ ਅਤੇ ਸੁਖ ਪਾਵੋ ਅਤੇ ਗੁਰੂ ਜੀ ਦੀ ਅਤੇ ਪ੍ਰਭੂ ਦੀ ਕਥਾ ਸੁਣਾਵੋ" ॥ ੧੨ ॥

ਸ੍ਰੀ ਅਰਜਨ ਤੇ ਸੁਨਿ ਸਭਿ ਮਾਨੀ। ਪਠਨਿ ਲਗੇ ਗੁਰ ਕ੍ਰਿਤ ਮਹਾਨੀ।
ਅਣਦ ਮੁਰਾਰੀ ਸੁਮਤਿ ਮਹਾਨੀ। ਮਹਾਂਪੁਰਖ ਸਿਖ ਆਤਮ ਗਜਾਨੀ॥੧੩॥

ਗੁਰੂ ਅਰਜਨ ਦੇਵ ਜੀ ਪਾਸੋਂ ਇਹ ਸਿੱਖਿਆ ਸੁਣ ਕੇ ਸਭ ਨੇ ਮੰਨ ਲਈ ਅਤੇ ਮਹਾਨ ਗੁਰ ਕ੍ਰਿਤ ਪੜ੍ਹਨ ਲੱਗੇ। ਇਕ ਭਾਈ ਅਣਦ ਮੁਰਾਰੀ ਮਹਾਨ ਅਤੇ ਸ੍ਰੇਸ਼ਟ ਬੁੱਧੀ ਵਾਲਾ ਸਿੱਖ ਸੀ। ਉਹ ਮਹਾਂਪੁਰਖ ਅਤੇ ਆਤਮ-ਗਿਆਨੀ ਸਿੱਖ ਸੀ॥ ੧੩॥

ਨਾਨੋ ਲਟਕਣ ਜਾਤਿ ਸੁਜਾਨਾ। ਬਿੰਦੁਰਾਉ ਸਿਖ ਮਿਲਿ ਕੱਲਜਾਨਾ।
ਆਲਮ ਚੰਦੂ ਹਾਂਡਾ ਜੁ ਉਚਾਰਾ। ਤਾਲਵਾੜ ਬਹੁਰੋ ਸੈਸਾਰਾ॥ ੧੪॥

ਨਾਨੋ ਲਟਕਣ ਜਾਤੀ ਬਿੰਦੁਰਾਉ, ਕਲਿਆਨਾ, ਆਲਮ ਚੰਦ ਹਾਂਡਾ, ਸੈਸਾਰਾ ਅਤੇ ਤਾਲਵਾੜ ਸਾਰੇ ਚਤੁਰ ਸਿੱਖ ਮਿਲ ਕੇ ਇਕੱਠੇ ਹੋਏ॥ ੧੪॥

ਸਭਿ ਮਿਲਿ ਕਰਿ ਜਿਨਿ ਮਨਿ ਜੱਗਜਾਸੀ। ਆਏ ਸ੍ਰੀ ਅਰਜਨ ਕੇ ਪਾਸੀ।
ਕਰਿ ਬੰਦਨ ਕੋ ਅਰਜ਼ ਗੁਜ਼ਾਰੀ। 'ਗੁਰੂ ਗਰੀਬ ਨਿਵਾਜ ਮੁਰਾਰੀ!॥ ੧੫॥

ਜਿਨ੍ਹਾਂ ਦੇ ਮਨ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦੀ ਜਗਿਆਸਾ ਸੀ, ਮਿਲ ਕੇ ਗੁਰੂ ਜੀ ਪਾਸ ਆਏ। ਬੰਦਨਾਂ ਕਰਕੇ ਬੇਨਤੀ ਕੀਤੀ, "ਹੇ ਗੁਰੂ ਗ਼ਰੀਬ ਨਿਵਾਜ਼ ਮੁਰਾਰੀ!॥ ੧੫॥

ਦਿਹੁ ਉਪਦੇਸ਼ ਹਰਹੁ ਦੁਖ ਭਾਰਾ। ਸ਼ਰਨ ਪਰੇ ਸਭਿ ਕਰਹੁ ਉਧਾਰਾ'।
ਸ੍ਰੀ ਸਤਿਗੁਰ ਜੀ ਬਾਕ ਪ੍ਰਕਾਸ਼ਾ। 'ਕਰਹੁ ਸ਼ਬਦ ਕੋ ਨਿਤ ਅੱਭਜਾਸਾ॥੧੬॥

ਉਪਦੇਸ਼ ਦੇ ਕੇ ਸਾਡਾ ਭਾਰੀ ਦੁਖ ਦੂਰ ਕਰੋ, ਅਸੀਂ ਤੁਹਾਡੀ ਸ਼ਰਨ ਆਏ ਹਾਂ, ਸਾਡਾ ਉਧਾਰ ਕਰੋ।" ਸਤਿਗੁਰੂ ਜੀ ਨੇ ਬਚਨ ਕੀਤਾ, "ਸਦਾ ਸ਼ਬਦ ਦਾ ਅਭਿਆਸ ਕਰੋ॥ ੧੬॥

ਸਿਖ ਸੰਤਨਿ ਕੀ ਸੇਵਾ ਧਰੀਅਹਿ। ਸੱਤਿਨਾਮ ਕੋ ਸਿਮਰਨਿ ਕਰੀਅਹਿ'।
ਸੁਨਤਿ ਗੁਰੂ ਤੇ ਸਭਿਨਿ ਬਖਾਨਾ। 'ਹਮ ਜਬਿ ਸਬਦ ਸੁਨਹਿਂ ਦੇ ਕਾਨਾ॥੧੭॥

ਸਿੱਖ ਸੰਗਤਾਂ ਦੀ ਸੇਵਾ ਕਰੋ ਅਤੇ ਸਤਿਨਾਮ ਦਾ ਸਿਮਰਨ ਕਰੋ।" ਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਨੇ ਕਿਹਾ, "ਅਸੀਂ ਜਦ ਕੰਨ ਲਾ ਕੇ ਸ਼ਬਦ ਸੁਣਦੇ ਹਾਂ॥ ੧੭॥

ਤਬਿ ਮਨ ਨਿੰਮ੍ਰ ਸਿਮਰਿ ਸਤਿਨਾਮ। ਪੁਨ ਬਿਵਹਾਰ ਕਰਹਿਂ ਜਬਿ ਧਾਮ।
ਬਿਸਰ ਜਾਤਿ ਨਹਿਂ ਚਿਤ ਮਹਿਂ ਰਹੈ'। ਸੁਨਿ ਸਤਿਗੁਰ ਤਿਨਸੋਂ ਤਬਿ ਕਹੈਂ॥੧੮॥

ਤਦ ਮਨ ਸਨਿਮਰ ਹੋ ਜਾਂਦਾ ਹੈ ਤੇ ਸਤਿਨਾਮ ਦਾ ਸਿਮਰਨ ਕਰਦੇ ਹਾਂ, ਫਿਰ ਜਦ ਘਰ ਦੇ ਕੰਮ-ਕਾਜ ਕਰਦੇ ਹਾਂ, ਫਿਰ ਇਹ ਨਾਮ ਵਿਸਰ ਜਾਂਦਾ ਹੈ ਅਤੇ ਚਿੱਤ ਵਿਚ ਨਹੀਂ ਰਹਿੰਦਾ।" ਸਤਿਗੁਰੂ ਨੇ ਸੁਣ ਕੇ ਉਨ੍ਹਾਂ ਨੂੰ ਕਿਹਾ॥ ੧੮॥

'ਅਜਹੁਂ ਤੁਮਾਰੇ ਉਰ ਅੱਭਜਾਸ। ਨਹਿਂ ਦ੍ਰਿੜ੍ਹ ਭਯੋ ਕਰਹੁ ਨਿਰਜਾਸ।
ਅਨਿਕ ਜਨਮ ਦੁਰਮਤਿ ਬਿਵਹਾਰਾ। ਸੋ ਅੱਭਜਾਸ ਬਲੀ ਉਰਧਾਰਾ॥੧੯॥

"ਹਾਲੇ ਤੁਹਾਡੇ ਹਿਰਦੇ ਵਿਚ ਅਭਿਆਸ ਦ੍ਰਿੜ੍ਹ ਨਹੀਂ ਹੋਇਆ ਹੈ, ਹੋਰ ਅਭਿਆਸ ਕਰੋ। ਅਨੇਕ ਜਨਮਾਂ ਵਿਚ ਭੈੜੀ ਮੱਤ ਵਾਲੇ ਹੋ ਕੇ ਵਿਚਰਦੇ ਰਹੇ ਹੋ, ਉਹ ਵਿਹਾਰਾਂ ਦਾ ਅਭਿਆਸ ਤੁਹਾਡੇ ਹਿਰਦੇ ਅੰਦਰ ਹਾਲੇ ਬਹੁਤ ਬਲਵਾਨ ਹੈ॥ ੧੯॥

ਗੁਰੂ ਸ਼ਬਦ ਮਹਿਂ ਅਬਿ ਅੱਭਜਾਸਾ। ਭਯੋ ਅਲਪ ਹੀ ਨਹੀਂ ਪ੍ਰਕਾਸ਼ਾ।
ਬਹੁ ਦਿਨ ਕੋ ਦ੍ਰਿੜ੍ਹ ਤਨ ਅਭਿਮਾਨ। ਸਨੈ ਸਨੈ ਕੀਜਹਿ ਇਸ ਹਾਨਿ॥੨੦॥

ਹੁਣ ਗੁਰੂ ਸ਼ਬਦ ਦਾ ਅਭਿਆਸ ਵੀ ਥੋੜ੍ਹਾ ਹੀ ਹੋਇਆ, ਹਾਲੇ ਪ੍ਰਕਾਸ਼ਵਾਨ ਨਹੀਂ ਹੋਇਆ ਹੈ। ਬਹੁਤ ਦੇਰ ਤੋਂ ਤੁਹਾਡੇ ਸਰੀਰ ਨੇ ਅਭਿਮਾਨ (ਹੰਕਾਰ) ਦ੍ਰਿੜ੍ਹ ਕੀਤਾ ਹੈ, ਹੌਲੀ-ਹੌਲੀ ਇਸ ਨੂੰ ਦੂਰ ਕਰੋ॥ ੨੦॥

ਪਠੰਨਿ ਸ੍ਰਵਨਿ ਨਿਤ ਕਰਹੁ ਬਿਸਾਲਾ। ਦ੍ਰਿੜ੍ਹ ਅੱਭ੍ਯਾਸ ਸ਼ਬਦ ਜਿਸ ਕਾਲਾ।
ਹੋਇ ਬਿਸਿਮਰਨ ਤਨ ਅਭਿਮਾਨ। ਤਬਿ ਤੁਮਰੀ ਹੋਵੈ ਕੱਲ੍ਯਾਨ॥ ੨੧॥

ਨਿਤ ਪੜ੍ਹਨਾ, ਸੁਣਨਾ ਬਹੁਤ ਕਰੋ, ਜਿਸ ਸਮੇਂ ਸ਼ਬਦ ਦ੍ਰਿੜ੍ਹ ਹੋ ਜਾਵੇ ਤਾਂ ਤੁਹਾਡੇ ਸਰੀਰ ਦਾ ਹੰਕਾਰ ਦੂਰ ਹੋ ਜਾਵੇਗਾ, ਫਿਰ ਤੁਹਾਡਾ ਕਲਿਆਣ ਹੋ ਜਾਵੇਗਾ॥ ੨੧॥

ਨੀਰ ਪ੍ਰਵਾਹ ਹੋਤਿ ਹੈ ਜੈਸੇ। ਸਨੈ ਸਨੈ ਉਲਟਹਿ ਬਿਧਿ ਕੈਸੇ।
ਕਰੇ ਜਤਨ ਬਹੁ ਅਨ ਥਲ ਬਹੈ। ਨਾਂਹਿ ਤ ਪ੍ਰਥਮ ਥਾਨ ਹੀ ਰਹੈ॥ ੨੨॥

ਜਿਵੇਂ ਜਲ ਦਾ ਪ੍ਰਵਾਹ ਚਲਦਾ ਹੈ, ਹੌਲੀ-ਹੌਲੀ ਕਿਸੇ ਵਿਧੀ ਨਾਲ ਉਲਟਦਾ ਹੈ। ਬਹੁਤ ਯਤਨ ਕੀਤਿਆਂ ਹੀ ਕਿਸੇ ਦੂਸਰੇ ਪਾਸੇ ਵਗਦਾ ਹੈ, ਨਹੀਂ ਤਾਂ ਪਹਿਲੇ ਸਥਾਨ ਤੇ ਹੀ ਰਹਿੰਦਾ ਹੈ॥ ੨੨॥

ਪੂਰਬ ਕਰੀਅਹਿ ਮਨ ਨੀਵਾਣ। ਪਾਵਹੁ ਬੰਧ ਬ੍ਰਿੱਤਿ ਬ੍ਰਹਮ ਗ੍ਯਾਨ।
ਸਤਿ ਸੰਤੋਖ ਆਦਿ ਗੁਨ ਧਰੇ। ਇਨ ਜਤਨਹੁ ਤੇ ਸੋ ਮੁਰ ਪਰੇ॥ ੨੩॥

ਪਹਿਲਾਂ ਆਪਣੇ ਮਨ ਨੂੰ ਨੀਵਾਂ ਕਰੋ ਅਤੇ ਬ੍ਰਿਤੀ ਨੂੰ ਬ੍ਰਹਮ-ਗਿਆਨ ਦਾ ਬੰਨ੍ਹ ਲਾਵੋ। ਸਤਿ ਸੰਤੋਖ ਆਦਿ ਗੁਣ ਧਾਰਨ ਕਰੋ, ਇਨ੍ਹਾਂ ਯਤਨਾਂ ਨਾਲ ਖੋਟੇ ਵਿਵਹਾਰਾਂ ਦਾ ਅਭਿਆਸ ਮੁੜ ਪਵੇਗਾ॥ ੨੩॥

ਜਬਿ ਪ੍ਰਵਾਹਿ ਇਤਿ ਦਿਸ਼ਿ ਕੋ ਭਯੋ। ਬਹੁਰ ਉਪਾਇ ਨ ਕੁਛ ਰਹਿ ਗਯੋ।
ਪ੍ਰਾਪਤਿ ਹੋਇ ਸੁਖੇਨ ਅਨੰਦ। ਨਹੀਂ ਸੁ ਬਜਾਪਹਿਂ ਦੁਖਦਾ ਦੁੰਦ॥ ੨੪॥

ਜਦ ਪ੍ਰਵਾਹ ਇਸ ਪਾਸੇ ਵਲ ਚਲ ਪਿਆ, ਫਿਰ ਕੋਈ ਹੋਰ ਉਪਾਅ ਨਹੀਂ ਰਹਿ ਜਾਵੇਗਾ। ਫਿਰ ਤੁਹਾਨੂੰ ਸੁਖੇਨ ਅਨੰਦ ਪ੍ਰਾਪਤ ਹੋ ਜਾਵੇਗਾ ਅਤੇ ਕਦੀ ਵੀ ਦੁਖ ਤੇ ਦਵੰਦ ਨਹੀਂ ਵਿਆਪਣਗੇ"॥ ੨੪॥

ਸ਼੍ਰੀ ਗੁਰ ਤੇ ਸੁਨਿ ਭਗਤਿ ਸੁ ਠਾਨੀ। ਭਯੋ ਮੁਰਾਰੀ ਆਤਮ ਗ੍ਯਾਨੀ।
ਭਾਨੂ ਸੁਘੜ ਸੁ ਜਗਨਾ ਨੰਦ। ਆਇ ਗੁਰੂ ਅਰਜਨ ਪਦ ਬੰਦਿ॥ ੨੫॥

ਗੁਰੂ ਜੀ ਤੋਂ ਸੁਣ ਕੇ ਭਗਤੀ ਕਰਨ ਲੱਗੇ ਤੇ ਭਾਈ ਮੁਰਾਰੀ ਆਤਮ-ਗਿਆਨੀ ਹੋ ਗਿਆ। ਭਾਨੂ ਸੁਘੜ ਅਤੇ ਜਗਨਾ ਨੰਦ ਨੇ ਗੁਰੂ ਜੀ ਪਾਸ ਆ ਕੇ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾਂ ਕੀਤੀ॥ ੨੫॥

ਬੈਠਤਿ ਅਪਨਿ ਬ੍ਰਿਤੰਤ ਬਖਾਨਾ। 'ਹਮ ਰੋਕਹਿਂ ਇੰਦ੍ਰੀ ਅਰੁ ਪ੍ਰਾਨਾ।
ਸਿਮਰਨ ਕਰਹਿਂ ਸਮੇਤ ਉਪਾਇ। ਚਹਤਿ ਰਿਦੈ ਪ੍ਰਭੁ ਲਿਵ ਲਗਿ ਜਾਇ॥੨੬॥

ਬੈਠ ਕੇ ਆਪਣਾ ਬ੍ਰਿਤਾਂਤ ਸੁਣਾਇਆ, "ਅਸੀਂ ਇੰਦਰੇ ਅਤੇ ਪ੍ਰਾਣਾਂ ਨੂੰ ਰੋਕਦੇ ਹਾਂ ਅਤੇ ਉਪਾਅ ਸਮੇਤ ਸਿਮਰਨ ਕਰਦੇ ਹਾਂ, ਅਸੀਂ ਚਾਹੁੰਦੇ ਹਾਂ ਕਿ ਹਿਰਦੇ ਵਿਚ ਲਿਵ ਲੱਗ ਜਾਵੇ॥ ੨੬॥

ਜਬਹਿ ਪਦਾਰਥ ਕੁਛ ਦ੍ਰਿਸ਼ਟਾਵੈ। ਤਬਿ ਹਮਰੋ ਮਨ ਤਹਿਂ ਚਲਿ ਜਾਵੈ'।
'ਵਾਸ਼ਨ ਛੈ, ਅਰੁ ਮਨ ਕੋ ਨਾਸ਼। ਤੱਤ੍ਵ ਗ੍ਯਾਨ, ਤੀਨਹੁ ਨਿਰਜਾਸ॥ ੨੭॥

ਜਦ ਕੋਈ ਪਦਾਰਥ ਨਜ਼ਰੀਂ ਪੈਂਦਾ ਹੈ ਤਾਂ ਸਾਡਾ ਮਨ ਓਥੇ ਚਲੇ ਜਾਂਦਾ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ, "ਵਾਸ਼ਨਾ ਦਾ ਨਾਸ਼ ਕਰ ਦੇਵੋ, ਤਤ੍ਵ ਗਿਆਨ ਤਿੰਨੇ ਨਿਸ਼ਚੇ ਕਰੋ॥ ੨੭॥

ਵਾਰ ਵਾਰ ਅੱਭ੍ਯਾਸਹੁ ਇਨ ਕੋ। ਕਰਹੁ ਜਤਨ ਨਿਤ ਗਹੀਅਹਿ ਮਨ ਕੋ'।
ਸੁਨਿ ਬਿਨਤੀ ਸਤਿਗੁਰ ਸੋਂ ਠਾਨੀ। 'ਦਿਹੁ ਉਪਦੇਸ਼ ਕਹਹੁ ਮੁਖ ਬਾਨੀ॥੨੮॥

ਵਾਰ ਵਾਰ ਇਨ੍ਹਾਂ ਦਾ ਅਭਿਆਸ ਕਰੋ, ਸਦਾ ਯਤਨ ਕਰਕੇ ਮਨ ਨੂੰ ਕਾਬੂ ਵਿਚ ਰੱਖੋ।" ਇਹ ਸੁਣ ਕੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, "ਆਪਣੇ ਮੁਖਾਰਬਿੰਦ ਤੋਂ ਸਾਨੂੰ ਉਪਦੇਸ਼ ਕਰੋ॥ ੨੮॥

ਜਿਸ ਤੇ ਮਨ ਕੋ ਹਮ ਠਹਿਰਾਵੈਂ। ਆਤਮ ਗਜਾਨ ਮੁਕਤਿ ਦਾ ਪਾਵੈਂ।
ਸ੍ਰੀ ਅਰਜਨ ਤਬਿ ਜਤਨ ਬਖਾਨਾ। ਮਨ ਕੋ ਹੈ ਤੁਰੰਗ ਇਹ ਪ੍ਰਾਨਾ॥ ੨੯॥

ਜਿਸ ਕਰਕੇ ਸਾਡਾ ਮਨ ਠਹਿਰ ਜਾਵੇ ਅਤੇ ਆਤਮ-ਗਿਆਨ ਮੁਕਤੀ ਪਾਈਏ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਫੁਰਮਾਇਆ, "ਪ੍ਰਾਣ ਮਨ ਦਾ ਘੋੜਾ ਹਨ॥ ੨੯॥

ਇਨ ਤੇ ਚਪਲ ਹੋਤਿ ਨਹਿਂ ਥਿਰੈ। ਪ੍ਰਾਨ ਪ੍ਰਥਮ ਤੌ ਅੰਤਰ ਬਰੈ।
ਬਹੁਰ ਉਥਤਿ ਊਪਰ ਕੋ ਆਵੈ। ਉਠਤਿ ਸਮੇਂ ਮਨ ਕੋ ਚਪਲਾਵੈ॥ ੩੦॥

ਇਨ੍ਹਾਂ ਪ੍ਰਾਣਾਂ ਕਰਕੇ ਚੰਚਲ ਹੋਇਆ ਮਨ ਫਿਰ ਠਹਿਰਦਾ ਨਹੀਂ ਹੈ। ਪ੍ਰਾਣ ਪਹਿਲਾਂ ਤਾਂ ਅੰਦਰ ਦਾਖਲ ਹੁੰਦੇ ਹਨ, ਫਿਰ ਉਠ ਕੇ ਉਪਰ ਨੂੰ ਆਉਂਦੇ ਹਨ ਅਤੇ ਉਠਦੇ ਸਮੇਂ ਮਨ ਨੂੰ ਚੰਚਲ ਕਰ ਦਿੰਦੇ ਹਨ॥ ੩੦॥

ਤਾਂਤੇ ਤ੍ਰਿਕੁਟੀ ਪ੍ਰਾਣ ਟਿਕਾਵੋ। ਮਨ ਕੋ ਨਾਸ਼ ਰੀਤਿ ਇਸ ਪਾਵੋ।
ਸਕਲ ਜਗਤ ਕੋ ਮਿਥਜਾ ਮਾਨੋ। ਮ੍ਰਿਗ ਤ੍ਰਿਸ਼ਨਾ ਮਾਨਿੰਦ ਪਛਾਨੋ॥ ੩੧॥

ਇਸ ਕਰਕੇ ਤ੍ਰਿਕੁਟੀ ਵਿਚ ਪ੍ਰਾਣ ਠਹਿਰਾਵੇ, ਮਨ ਨੂੰ ਨਾਸ਼ਵਾਨ ਰੀਤੀ ਅਨੁਸਾਰ ਪਾਵੇ। ਸਾਰੇ ਜਗਤ ਨੂੰ ਝੂਠਾ ਜਾਣੋ ਅਤੇ ਇਸ ਸੰਸਾਰ ਨੂੰ ਮ੍ਰਿਗ ਤ੍ਰਿਸ਼ਨਾ ਵਾਂਗ ਪਛਾਣੋ॥ ੩੧॥

ਅਖਲ ਪਦਾਰਥ ਝੂਠੇ ਜਾਨੇ। ਤਬਿਹੂੰ ਹੋਤਿ ਵਾਸ਼ਨਾ ਹਾਨੇ।
ਨਿਤਪ੍ਰਤਿ ਨਿਰਨੈ ਬ੍ਰਹਮ ਕਰੀਜੈ। ਤਨ ਇੰਦ੍ਰੈ ਤੇ ਪਰੇ ਲਖੀਜੈ॥ ੩੨॥

ਅਖੱਲ ਪਦਾਰਥ ਝੂਠੇ ਜਾਣੋ, ਤਦ ਹੀ ਤੁਸੀਂ ਵਾਸ਼ਨਾਹੀਣ ਹੋਵੋਗੇ। ਨਿਤਪ੍ਰਤਿ ਬ੍ਰਹਮ ਦਾ ਨਿਰਣਾ ਕਰੋ, ਇੰਦ੍ਰੀਆਂ ਨੂੰ ਤਨ ਤੋਂ ਦੂਰ ਸਮਝੋ॥ ੩੨॥

ਬੁਧਿ ਕਰਿ ਉਚਿਤ ਜਾਨਿਬੋ ਅਹੈ। ਇੰਦ੍ਰੈ ਥੂਲ ਨ ਤਿਸ ਕੌ ਲਹੈਂ।
ਸਤਿਗੁਰ ਸਬਦ ਸਾਰ ਵੇਦਾਂਤ। ਕਰਹੁ ਬਿਚਾਰਨਿ ਹੁਇ ਸੱਖਜਾਤ॥ ੩੩॥

ਬੁੱਧੀ ਕਰਕੇ ਇਹੋ ਉਚਿਤ ਜਾਣੋ ਕਿ ਇੰਦਰੇ ਉਸ ਨੂੰ ਸਥੂਲ ਨਾ ਲੱਗਣ। ਸਤਿਗੁਰੂ ਦਾ ਸ਼ਬਦ ਵੇਦਾਂਤ ਦਾ ਸਾਰ ਹੈ, ਉਸ ਤੇ ਵਿਚਾਰ ਕਰੋਗੇ ਤਾਂ ਬ੍ਰਹਮ-ਗਿਆਨ ਪ੍ਰਗਟ ਹੋਵੇਗਾ॥ ੩੩॥

ਛੈ ਹੁਇ ਵਾਸ਼ਨ ਮਨਹਿ ਬਿਨਾਸ਼। ਤੀਰਥ ਆਤਮਗਜਾਨ ਪ੍ਰਕਾਸ਼।
ਇਹੇ ਸਹਾਇਕ ਆਪਸ ਮਾਂਹੀ। ਜੀਵਨ ਮੁਕਤਿ ਜੁ ਧਾਰੈਂ ਪਾਹੀ॥ ੩੪॥

ਮਨ ਦੀਆਂ ਵਾਸ਼ਨਾਵਾਂ ਦਾ ਨਾਸ਼ ਹੋਵੇਗਾ, ਤੀਰਥ ਆਤਮ-ਗਿਆਨ ਦਾ ਪ੍ਰਕਾਸ਼ ਹੋਵੇਗਾ, ਇਹੋ ਆਪਸ ਵਿਚ ਸਹਾਇਕ ਹਨ, ਉਹ ਜੀਵਨ ਮੁਕਤ ਹੋ ਜਾਂਦੇ ਹਨ ਜਿਹੜੇ ਇਨ੍ਹਾਂ ਨੂੰ ਆਪਣੇ ਪਾਸ ਧਾਰਨ ਕਰਦੇ ਹਨ॥ ੩੪॥

ਜਥਾ ਸ਼ਾਹੁ ਕੇ ਸੂਬੇ ਤੀਨ। ਤੀਨਹੁ ਥਲ ਕ ਪਠਵਨਿ ਕੀਨਿ।
ਤਬ ਤਿਨ ਕੋ ਸਿੱਖਜਾ ਸਿਖਰਾਈ। ਤੀਨਹੁ ਮਿਲਹੁ ਪਰਸਪਰ ਜਾਈ॥ ੩੫॥

ਜਿਵੇਂ ਬਾਦਸ਼ਾਹ ਦੇ ਤਿੰਨ ਸੂਬੇ ਹੋਣ, ਬਾਦਸ਼ਾਹ ਨੇ ਤਿੰਨਾਂ ਸੂਬਿਆਂ ਦੇ ਪਾਸ ਜਾ ਕੇ ਤਿੰਨਾਂ ਨੂੰ ਇਹ ਸਿੱਖਿਆ ਦਿੱਤੀ ਕਿ ਤਿੰਨੇ ਆਪਸ ਵਿਚ ਮਿਲ ਕੇ ਚਲੋ॥ ੩੫॥

ਦੁਸ਼ਮਨ ਬਲੀ ਅਹੈ ਸਮੁਦਾਈ। ਪ੍ਰਥਮ ਸਿਰੰਦ ਕਰਹੁ ਤਕਰਾਈ।
ਪੁਨਿ ਤੀਨਹੁ ਲਵਪੁਰਿ ਕੋ ਸਾਧਿ। ਤਸਕਰ ਦੁਸ਼ਟ ਲੇਹੁ ਸਭਿ ਬਾਂਧਿ॥ ੩੬॥

ਦੁਸ਼ਮਣ ਬਹੁਤ ਬਲਵਾਨ ਹੈ, ਪਹਿਲਾਂ ਸਰਹੰਦ ਨੂੰ ਚੰਗੀ ਤਰ੍ਹਾਂ ਸੋਧੋ, ਫਿਰ ਲਾਹੌਰ ਨੂੰ ਜਾ ਕੇ ਸਿੱਧਾ ਕਰੋ, ਸਭ ਚੋਰ ਡਾਕੂਆਂ ਨੂੰ ਬੰਨ੍ਹ ਲਵੋ॥ ੩੬॥

Sri Satguru Jagjit Singh Ji eLlibrary NamdhariElibrary@gmail.com

ਪੁਨ ਤੀਨਹੁ ਕਸ਼ਮੀਰ ਸਿਧਾਵੋ। ਤਿਸ ਕੋ ਸਾਧੋ ਅਪਨਿ ਬਨਾਵੋ।
ਪੁਨ ਤੀਨਹੁ ਗਮਨਹੁ ਹੁਇ ਜੁਦੇ। ਤ੍ਰੈ ਪੁਰਿ ਕਰਹਿਂ ਰਾਜ ਸ਼ੁਭ ਤਦੇ ॥ ੩੭ ॥

ਫਿਰ ਤਿੰਨੇ ਇਕੱਠੇ ਹੋ ਕੇ ਕਸ਼ਮੀਰ ਜਾਵੋ, ਉਸ ਨੂੰ ਵੀ ਸੋਧ ਕੇ ਆਪਣਾ ਬਣਾਵੋ। ਫਿਰ ਤਿੰਨੇ ਵੱਖ ਵੱਖ ਹੋ ਕੇ ਜਾਓ, ਤਦ ਆਪਣੇ-ਆਪਣੇ ਨਗਰਾਂ ਦਾ ਰਾਜ ਚੰਗੀ ਤਰ੍ਹਾਂ ਕਰੋਗੇ ॥ ੩੭ ॥

ਜੁਦੇ ਜੁਦੇ ਜੇ ਪ੍ਰਥਮ ਸਿਧਾਰੋ। ਹੋਹਿ ਨ ਥਿਜੈ ਕਾਜ ਉਰ ਧਾਰੋ।
ਤੀਨਹੁ ਮਿਲੇ ਕਰਹੁ ਸਭਿ ਕਾਰ। ਲਖਿ ਇਹੁ ਤੀਨਹੁ ਤਿਸੀ ਪ੍ਰਕਾਰ ॥ ੩੮ ॥

ਜੇ ਪਹਿਲਾਂ ਇਕੱਲੇ-ਇਕੱਲੇ ਜਾਵੋਗੇ ਤਾਂ ਜਿਹੜਾ ਕੰਮ ਤੁਸੀਂ ਹਿਰਦੇ ਵਿਚ ਧਾਰਨ ਕੀਤਾ ਹੈ, ਉਹ ਕੰਮ ਨਹੀਂ ਹੋ ਸਕੇਗਾ। ਤਿੰਨੇ ਮਿਲ ਕੇ ਸਭ ਕਾਰ ਕਰੋ। ਇਨ੍ਹਾਂ ਤਿੰਨਾਂ ਨੂੰ ਵੀ ਏਸੇ ਪ੍ਰਕਾਰ ਜਾਣੋ, ਭਾਵ ਵਾਸ਼ਨਾ ਦਾ ਨਾਸ਼, ਮਨੋ ਨਾਸ਼ ਤੇ ਬ੍ਰਹਮ ਗਿਆਨ ॥ ੩੮ ॥

ਨ੍ਰਿਪ ਅੱਗਜਾਨ ਜੁ ਚਮੂੰ ਬਿਕਾਰ। ਸਭਿ ਥਲ ਲੀਨ ਗੁਨਨਿ ਬਿਦਾਰ।
ਖੈ ਵਾਸ਼ਨ ਅਰ ਮਨ ਕੋ ਨਾਸ਼। ਤੱਤ੍ਰ ਗਜਾਨ ਇਨ ਕਰਿ ਅੱਭਜਾਸ ॥ ੩੯ ॥

ਅਗਿਆਨ ਰਾਜੇ ਦੀ ਜੋ ਵਿਕਾਰਾਂ ਦੀ ਸੈਨਾ ਹੈ, ਸਭ ਥਾਂ ਗੁਣਾਂ ਨੂੰ ਦੂਰ ਕਰਕੇ ਵਾਸ਼ਨਾ ਅਤੇ ਮਨ ਦਾ ਨਾਸ਼ ਕਰਕੇ ਤਤ੍ਰ ਗਿਆਨ ਦਾ ਇਸ ਅਭਿਆਸ ਕੀਤਾ ਹੈ ॥ ੩੯ ॥

ਸਾਸ ਸਾਸ ਸਿਮਰਹੁ ਸਤਿਨਾਮ। ਸਬਦ ਬਿਚਾਰਿ ਲਹੋ ਬਿਸਰਾਮ।
ਸੁਨਿ ਸਗਰੇ ਮਨ ਆਨੰਦ ਪਾਏ। ਤਿਮ ਕੀਨਸਿ ਜਿਮ ਗੁਰੂ ਬਤਾਏ ॥ ੪੦ ॥

ਸ੍ਵਾਸ ਸ੍ਵਾਸ ਸਤਿਨਾਮ ਦਾ ਸਿਮਰਨ ਕਰੋ, ਸ਼ਬਦ ਵਿਚਾਰ ਕੇ ਵਿਸ਼ਰਾਮ ਲਵੋ।" ਸਾਰਿਆਂ ਨੇ ਸੁਣ ਕੇ ਮਨ ਵਿਚ ਆਨੰਦ ਪਾਇਆ ਤੇ ਉਸ ਤਰ੍ਹਾਂ ਹੀ ਕੀਤਾ, ਜਿਵੇਂ ਗੁਰੂ ਜੀ ਨੇ ਦੱਸਿਆ ਸੀ ॥ ੪੦ ॥

ਜੈਤ ਸਿੰਗਾਰੂ ਜੁਗ ਸਿਖ ਭਾਰੀ। ਜੋਧਾ ਬਡੇ ਨ੍ਰਿਭੈ ਉਪਕਾਰੀ।
ਸ੍ਰੀ ਅਰਜਨ ਤਿਨ ਸੰਗ ਉਚਾਰਾ। 'ਹਮ ਸਰੂਪ ਜੋ ਖਸ਼ਟਮ ਧਾਰਾ ॥ ੪੧ ॥

ਭਾਈ ਜੈਤ ਤੇ ਭਾਈ ਸਿੰਗਾਰੂ ਦੋ ਵੱਡੇ ਸਿੱਖ ਸਨ, ਦੋਵੇਂ ਵੱਡੇ ਨਿਰਭੈ ਅਤੇ ਉਪਕਾਰੀ ਯੋਧੇ ਸਨ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਕਿਹਾ, "ਅਸੀਂ ਜਦ ਛੇਵਾਂ ਸਰੂਪ ਧਾਰਨ ਕਰਾਂਗੇ ॥ ੪੧ ॥

ਧਰੈਂ ਸ਼ਸਤ੍ਰ ਦੇ ਦੁਸ਼ਟਨ ਦੰਡ। ਕਰੈਂ ਤੁਰਕ ਗਨ ਕੋ ਖੰਡ ਖੰਡ।
ਆਯੁਧ ਬਿੱਦਜਾ ਕਰਿ ਅੱਭਜਾਸ। ਮੀਰਨਿ ਕੀ ਮੀਰੀ ਲੈਂ ਪਾਸ ॥ ੪੨ ॥

ਤਾਂ ਸ਼ਸ਼ਤਰ ਧਾਰਨ ਕਰਕੇ ਦੁਸ਼ਟਾਂ ਨੂੰ ਦੰਡ ਦੇਵਾਂਗੇ ਅਤੇ ਤੁਰਕਾਂ ਦੇ ਟੋਟੇ-ਟੋਟੇ ਕਰ ਦਿਆਂਗੇ। ਸ਼ਸਤਰ ਵਿਦਿਆ ਦਾ ਅਭਿਆਸ ਕਰਕੇ, ਮੀਰਾਂ ਦੀ ਮੀਰੀ ਆਪਣੇ ਪਾਸ ਲੈ ਆਵਾਂਗੇ ॥ ੪੨ ॥

ਸ਼ਬਦ ਪ੍ਰੀਤਿ ਕਰਿ ਚਿਤ ਇਮ ਦੇਇਂ। ਪੀਰਨਿ ਕੀ ਪੀਰੀ ਹਰਿ ਲੇਇਂ।
ਨ੍ਰਿਪ ਕੋ ਲਵਣ ਖਾਤਿ ਹੈ ਜੋਇ। ਨਿਜ ਸਰੀਰ ਕੋ ਅਰਪਹਿ ਸੋਇ ॥ ੪੩ ॥

ਸ਼ਬਦ ਪ੍ਰੀਤਿ ਇਵੇਂ ਚਿੱਤ ਜੋੜਾਂਗੇ ਕਿ ਪੀਰਾਂ ਦੇ ਪੀਰਾਂ ਨੂੰ ਵੀ ਜਿੱਤ ਲਵਾਂਗੇ। ਜਿਹੜਾ ਰਾਜੇ ਦਾ ਲੂਣ ਖਾਂਦਾ ਹੈ, ਉਹ ਹੀ ਆਪਣੇ ਸਰੀਰ ਨੂੰ ਰਾਜੇ ਪਾਸ ਅਰਪਣ ਕਰਦਾ ਹੈ ॥ ੪੩ ॥

ਹਲਤ ਪਲਤ ਮਹਿਂ ਹਮ ਸੁਖ ਦੈਹੈਂ। ਇਹਾਂ ਭੁਗਤਿ ਉਤ ਮੁਕਤੀ ਪੈਹੈ।
ਮਹਾਂ ਘੋਰ ਕਲਿਜੁਗ ਕੋ ਕਾਲ। ਨਿਜ ਸਿੱਖਨਿ ਹਮ ਲੇਹਿਂ ਸੰਭਾਲਿ॥ ੪੪॥

ਲੋਕ ਪਰਲੋਕ ਵਿਚ ਅਸੀਂ ਸੁਖ ਦਿੰਦੇ ਹਾਂ, ਇਥੇ ਭੁਗਤੀ ਤੇ ਓਥੇ ਮੁਕਤੀ ਮਿਲਦੀ ਹੈ। ਘੋਰ ਕਲਿਜੁਗ ਦੇ ਸਮੇਂ ਅਸੀਂ ਆਪਣੇ ਸਿੱਖਾਂ ਨੂੰ ਸੰਭਾਲ ਲਵਾਂਗੇ॥ ੪੪॥

ਤੁਮ ਅਬਿ ਹਰਿਗੋਬਿੰਦ ਢਿਗ ਰਹੀਏ। ਆਗਜਾ ਮਾਨਿ ਸਰਬ ਸੁਖ ਲਹੀਏ।
ਤਿਨਕੇ ਸੰਗ ਯੁੱਧ ਕੋ ਕਰਿ ਕੈ। ਤੁਰਕਨਿ ਹਤੋ ਸ਼ਸਤ੍ਰ ਕਰ ਧਰਿ ਕੈ'॥ ੪੫॥

ਤੁਸੀਂ ਹੁਣ ਸ੍ਰੀ ਹਰਿਗੋਬਿੰਦ ਦੇ ਪਾਸ ਰਹੋ ਤੇ ਆਗਿਆ ਮੰਨ ਕੇ ਸਰਬ ਸੁਖ ਪ੍ਰਾਪਤ ਕਰੋ, ਉਸ ਦੇ ਨਾਲ ਰਹਿ ਕੇ ਯੁੱਧ ਕਰਕੇ ਹੱਥ ਵਿਚ ਸ਼ਸਤਰ ਫੜ ਕੇ ਤੁਰਕਾਂ ਦਾ ਨਾਸ਼ ਕਰੋ'॥ ੪੫॥

ਹਾਥ ਜੋਰਿ ਸੋ ਮਾਨਤਿ ਭਏ। ਸ਼੍ਰੀ ਹਰਿ ਗੋਬਿੰਦ ਢਿਗ ਚਲਿ ਗਏ।
ਰਹੇ ਸਮੀਪ ਸ਼ਸਤ੍ਰ ਧਰਿ ਸੂਰੇ। ਵਿੱਦਜਾ ਅੱਭਜਾਸਹਿਂ ਗੁਰ ਪੂਰੇ॥ ੪੬॥

ਦੋਵੇਂ ਯੋਧੇ ਹੱਥ ਜੋੜ ਕੇ ਮੰਨ ਗਏ ਅਤੇ ਸ੍ਰੀ ਹਰਿਗੋਬਿੰਦ ਪਾਸ ਚਲੇ ਗਏ। ਸ਼ਸਤਰ ਧਾਰਨ ਕਰਕੇ ਦੋਵੇਂ ਸੂਰਮੇ ਗੁਰੂ ਹਰਿਗੋਬਿੰਦ ਜੀ ਦੇ ਪਾਸ ਰਹੇ। ਪੂਰਨ ਗੁਰੂ ਜੀ ਨਾਲ ਮਿਲ ਕੇ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ॥ ੪੬॥

ਕਿਤਿਕ ਕਾਲ ਬੀਤਜੋ ਢਿਗ ਰਹੇ। ਲੇ ਪ੍ਰਵਾਨਗੀ ਗੁਰ ਕੇ ਕਹੇ।
ਅਪਨੇ ਸਦਨ ਰਹੇ ਦੁਇ ਮਾਸ। ਇਕ ਜੋਗੀ ਮਿਲਿ ਕਰਿ ਤਿਨ ਪਾਸ॥ ੪੭॥

ਕਾਫੀ ਸਮੇਂ ਤਕ ਗੁਰੂ ਜੀ ਪਾਸ ਰਹੇ, ਫਿਰ ਪ੍ਰਵਾਨਗੀ ਲੈ ਕੇ ਅਤੇ ਗੁਰੂ ਜੀ ਦੇ ਕਹਿਣ ਤੇ ਆਪਣੇ ਘਰ ਜਾ ਕੇ ਦੋ ਮਹੀਨੇ ਰਹੇ। ਇਕ ਜੋਗੀ ਉਨ੍ਹਾਂ ਦੇ ਪਾਸ ਆਇਆ॥ ੪੭॥

ਭਯੋ ਪ੍ਰਸੰਨ ਰਸਾਇਨ ਦੀਨਿ। ਇਕ ਬਿਲ ਭਰਜੋ ਹਰਖ ਕਰਿ ਲੀਨਿ।
ਸੋ ਬਿਚਾਰਿ ਕਰਿ ਢਿਗ ਲੈ ਆਏ। ਗੁਰ ਖਸ਼ਮ ਕੋ ਸੋ ਅਰਪਾਏ॥ ੪੮॥

ਉਹ ਉਨ੍ਹਾਂ ਨੂੰ ਮਿਲਕੇ ਬੜਾ ਪ੍ਰਸੰਨ ਹੋਇਆ ਅਤੇ ਇਕ ਰਸਾਇਣ ਉਨ੍ਹਾਂ ਨੂੰ ਦਿੱਤੀ। ਉਨ੍ਹਾਂ ਨੇ ਉਹ ਰਸਾਇਣ ਪ੍ਰਸੰਨ ਹੋ ਕੇ ਲੈ ਲਈ, ਉਹ ਵਿਚਾਰ ਕੇ ਆਪਣੇ ਨਾਲ ਲੈ ਆਏ ਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਅਰਪਣ ਕਰ ਦਿੱਤੀ॥ ੪੮॥

ਲਗੇ ਸੁਨਾਵਨਿ 'ਗੁਨ ਇਹ ਭਾਰੇ। ਦਯੋ ਸਿੱਖ ਨੇ ਪਾਰਦ ਮਾਰੇ।
ਬਾਵਨ ਤੋਲੇ ਰੱਤੀ ਪਾਉ। ਸੁੰਦਰ ਕੰਚਨ ਕਰਤਿ ਸੁਹਾਉ॥ ੪੯॥

ਉਸ ਰਸਾਇਣ ਦੇ ਬੜੇ ਗੁਣ ਸੁਣਾਉਣ ਲੱਗੇ, ਸਿੱਖ ਨੇ ਪਾਰਾ ਮਾਰ ਕੇ ਦਿੱਤਾ ਹੈ। ਬਵੰਜਾ ਤੋਲੇ ਤਾਂਬੇ ਵਿਚ ਇਕ ਰੱਤੀ ਭਰ ਮਾਰਿਆ ਹੋਇਆ ਪਾਰਾ ਪਾਓ। ਸੁੰਦਰ ਸੋਨਾ ਬਣ ਜਾਵੇਗਾ॥ ੪੯॥

ਇਕ ਚਾਵਰ ਭਰ ਨਰ ਜੇ ਖਾਵੈ। ਛੁਧਾ ਸਵਾ ਮਣ ਕੀ ਹੁਇ ਜਾਵੈ।
ਗਜ ਸਮ ਬਲ ਕੋ ਧਾਰਨਿ ਕਰੇ। ਰੋਗ ਸਰਬਤਨ ਕੇ ਪਰਹਰੇ'॥ ੫੦॥

ਇਕ ਚਾਵਲ ਭਰ ਜੇ ਕੋਈ ਮਨੁੱਖ ਖਾਵੇ ਤੇ ਭੁੱਖ ਸਵਾ ਮਣ ਦੀ ਹੋ ਜਾਵੇਗੀ, ਭਾਵ ਉਹ ਸਵਾ ਮਣ ਭੋਜਨ ਖਾ ਸਕੇਗਾ। ਹਾਥੀ ਵਾਂਗ ਬਲ ਧਾਰਨ ਕਰੇਗਾ ਅਤੇ ਸਾਰੇ ਰੋਗ ਦੂਰ ਹੋ ਜਾਣਗੇ'॥ ੫੦॥

ਸ਼੍ਰੀ ਹਰਿ ਗੋਵਿੰਦ ਉਚਰਜੋ ਤਿਨਕੋ। 'ਜਿਨ ਮਾਰਜੋ ਪਾਰਦ ਸਮ ਮਨ ਕੋ।
ਪਾਰੇ ਸਾਥ ਨ ਸੋ ਹਿਤ ਧਰਤਿ। ਜੋ ਤਾਂਬੇ ਤੇ ਕੰਚਨ ਕਰਤਿ॥ ੫੧॥

ਸ੍ਰੀ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਕਿਹਾ, "ਜਿਸ ਨੇ ਪਾਰਾ ਮਾਰਿਆ ਸੀ ਕੀ ਉਹ ਸਵਾ ਮਣ ਭੋਜਨ ਖਾਂਦਾ ਸੀ ? ਪਾਰੇ ਨਾਲ ਉਹ ਵਿਅਕਤੀ ਪਿਆਰ ਨਹੀਂ ਕਰ ਸਕਦਾ, ਜਿਹੜਾ ਤਾਂਬੇ ਤੋਂ ਸੋਨਾ ਬਣਾਉਂਦਾ ਹੈ॥ ੫੧॥

ਮਨ ਮਾਰੇ ਗੁਨ ਪਾਇ ਅਨੂਪ। ਜੀਵ ਬਨਹਿ ਪਰਮੇਸ਼ੁਰ ਰੂਪ।
ਤਊ ਕਾਮਨਾ ਪੁਰਹਿਂ ਤੁਮਾਰੀ'। ਇਕ ਚਾਵਰ ਭਰ ਵਹਿਰ ਨਿਕਾਰੀ॥ ੫੨ ॥

ਮਨ ਮਾਰਨ ਨਾਲ ਅਨੁਪਮ ਗੁਣ ਪ੍ਰਗਟ ਹੁੰਦੇ ਹਨ ਤੇ ਪ੍ਰਾਣੀ ਪ੍ਰਮੇਸ਼ਰ ਰੂਪ ਹੋ ਜਾਂਦਾ ਹੈ, ਉਸ ਤਰ੍ਹਾਂ ਤੁਹਾਡੀ ਕਾਮਨਾ ਪੂਰੀ ਕਰਦੇ ਹਾਂ।" ਇਕ ਚਾਵਲ ਭਰ ਰਸਾਇਣ ਬਾਹਰ ਕੱਢੀ॥ ੫੨ ॥

ਊਪਰ ਤਰੇ ਪਾਨ ਦ੍ਵੈ ਦੈਕੈ। ਕਰਜੋ ਖਾਨ ਸਤਿਗੁਰ ਕਰ ਲੈਕੇ।
ਪੁਨ ਬਿਲ ਅੰਮ੍ਰਿਤਸਰ ਮਹਿਂ ਗੇਰਾ। ਕਰਿ ਮੁਰਾਤਬਾ ਤਿਨਹਿ ਉਚੇਰਾ॥ ੫੩ ॥

ਹੇਠਾਂ ਉਪਰ ਦੋ ਪੱਤੇ ਦੇ ਕੇ, ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਲੈ ਕੇ ਖਾ ਲਈ। ਬਾਕੀ ਰਸਾਇਣ ਨੂੰ ਅੰਮ੍ਰਿਤ ਸਰੋਵਰ ਵਿਚ ਸੁੱਟ ਦਿੱਤਾ ਤੇ ਉਨ੍ਹਾਂ ਦਾ ਅਹੁਦਾ ਬਹੁਤ ਉੱਚਾ ਕਰ ਦਿੱਤਾ॥ ੫੩ ॥

ਅਤਿ ਸਮੀਪ ਅਪਨੇ ਕਰਿ ਲੀਨਿ। ਬਖਸ਼ੀ।ਸ਼ਕਤਿ ਮਹਾਂ ਬਲ ਕੀਨਿ।
ਪਰੇ ਜਹਾਂ ਤੁਰਕਨਿ ਸੰਗ੍ਰਾਮੂ। ਤਹਿਂ ਤਹਿਂ ਕਰੇ ਬਡੇ ਤਿਨ ਕਾਮੂ॥ ੫੪ ॥

ਉਨ੍ਹਾਂ ਨੂੰ ਆਪਣੇ ਬਹੁਤ ਨੇੜੇ ਕਰ ਲਿਆ, ਸ਼ਕਤੀ ਬਖਸ਼ ਕੇ ਉਨ੍ਹਾਂ ਨੂੰ ਮਹਾਂਬਲੀ ਬਣਾ ਲਿਆ। ਜਿਥੇ ਵੀ ਤੁਰਕਾਂ ਨਾਲ ਜੰਗ ਹੁੰਦੀ, ਓਥੇ-ਓਥੇ ਉਨ੍ਹਾਂ ਬਹੁਤ ਵੱਡੇ-ਵੱਡੇ ਕਾਰਨਾਮੇ ਕੀਤੇ॥ ੫੪ ॥

*ਤੀਸਰੀ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥ ੬੬॥*

## *ਅਧਿਆਇ ਸਤਾਹਠਵਾਂ*

*ਭਾਈ ਜੈਤਾ, ਭਾਈ ਨੰਦਾ, ਆਦਿ ਸਿੱਖ: ਤਰਨ ਤਾਰਨ*

ਦੋਹਰਾ- ਜੈਤਾ ਨੰਦਾ ਸਿੱਖ ਦ੍ਵੈ ਸੰਗ ਪਿਰਾਗਾ ਹੋਇ।
ਸ਼੍ਰੀ ਅਰਜਨ ਕੇ ਚਰਨ ਢਿਗ ਆਇ ਨਿਵੇਂ ਤ੍ਰੈ ਸੋਇ॥ ੧ ॥

ਭਾਈ ਜੈਤਾ ਤੇ ਭਾਈ ਨੰਦਾ ਦੋਵੇਂ ਆਪਣੇ ਨਾਲ ਭਾਈ ਪਿਰਾਗੇ ਨੂੰ ਲੈ ਕੇ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਪਾਸ ਆ ਕੇ ਤਿੰਨਾਂ ਨੇ ਨਮਸਕਾਰ ਕੀਤੀ॥ ੧ ॥

ਚੌਪਈ- ਹਾਥ ਜੋਰਿ ਕਰਿ ਅਰਜ਼ ਗੁਜਾਰੀ। 'ਕੀਜਹਿ ਅਸ ਉਪਦੇਸ਼ ਉਚਾਰੀ।
ਜਿਸ ਤੇ ਅਪਰ ਨ ਕਰਤਬ ਰਹੈ। ਧਰਹਿਂ ਰਿਦੈ ਆਛੋ ਪਦ ਲਹੈ' ॥੨ ॥

ਫਿਰ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸਾਨੂੰ ਅਜਿਹਾ ਉਪਦੇਸ਼ ਦੇਵੋ ਜਿਸ ਨਾਲ ਕੋਈ ਹੋਰ ਕੰਮ ਨਾ ਰਹਿ ਜਾਵੇ, ਹਿਰਦੇ ਵਿਚ ਧਾਰਨ ਕਰਕੇ ਚੰਗੀ ਪਦਵੀ ਪ੍ਰਾਪਤ ਕਰੀਏ"॥ ੨ ॥

ਸ਼੍ਰੀ ਮੁਖ ਤੇ ਉਪਦੇਸ਼ ਬਖਾਨਾ। 'ਇੰਦ੍ਰੈ ਰੋਕਹੁ ਬਨਿ ਸਵਧਾਨਾ।
ਸ੍ਵਾਸ ਸ੍ਵਾਸ ਸਿਮਰਹੁ ਅਠ ਜਾਮ। ਸਭਿ ਤੇ ਊਚ ਵਾਹਿਗੁਰੂ ਨਾਮ ॥੩ ॥

ਗੁਰੂ ਜੀ ਨੇ ਆਪਣੇ ਮੁਖ ਤੋਂ ਉਪਦੇਸ਼ ਦਿੱਤਾ, "ਬੜੇ ਸਾਵਧਾਨ ਹੋ ਕੇ ਆਪਣੇ ਇੰਦ੍ਰਿਆਂ ਨੂੰ ਰੋਕੋ ਅਤੇ ਅੱਠੇ ਪਹਿਰ ਪ੍ਰਭੂ ਦੇ ਨਾਂ ਦਾ ਸਵਾਸ ਸਵਾਸ ਸਿਮਰਨ ਕਰੋ। ਵਾਹਿਗੁਰ ਦਾ ਨਾਮ ਸਭ ਤੋਂ ਉੱਚਾ ਹੈ॥ ੩ ॥

ਜਬਹਿ ਟਿਕਹਿ ਨਹਿਂ ਬ੍ਰਿਤਿ ਨਿਹਾਰੋ। ਆਵਹਿ ਵਹਰ ਤ ਸ਼ਬਦ ਉਚਾਰੋ।
ਰਾਖੋ ਪਰਚਾ ਸਤਿਗੁਰ ਬਾਨੀ। ਤਿਸਹੀ ਤੇ ਹੋਵਹੁ ਬ੍ਰਹਮ ਗਜਾਨੀ' ॥ ੪ ॥

ਜਦ ਇਹ ਵੇਖਦੇ ਹੋ ਕਿ ਬ੍ਰਿਤੀ ਟਿਕਦੀ ਨਹੀਂ ਹੈ। ਬ੍ਰਿਤੀ ਬਾਹਰ ਜਦ ਆਵੇ ਤਾਂ ਸ਼ਬਦ ਦਾ ਪਾਠ ਕਰੋ। ਸਤਿਗੁਰੂ ਦੀ ਬਾਣੀ ਤੇ ਓਟ ਰੱਖੋ, ਉਸ ਤੋਂ ਹੀ ਮਨੁੱਖ ਬ੍ਰਹਮ-ਗਿਆਨੀ ਬਣਦਾ ਹੈ" ॥ ੪ ॥

ਸ੍ਰੀ ਸਤਿਗੁਰੁ ਤੇ ਸੁਨਿ ਉਪਦੇਸ਼। ਲਗੇ ਕਰਨਿ ਤਿਸ ਰੀਤਿ ਹਮੇਸ਼।
ਬਿੱਪ੍ਰਨਿ ਦੇਖਿ ਕਹਜੋ 'ਕਜਾ ਕੀਨਾ ?। ਕਰਮ ਕਾਂਡ ਸਗਰੋ ਤਜਿ ਦੀਨਾ ॥ ੫ ॥

ਸ੍ਰੀ ਸਤਿਗੁਰੂ ਜੀ ਪਾਸੋਂ ਉਪਦੇਸ਼ ਸੁਣਕੇ ਸਦਾ ਹੀ ਓਸੇ ਰੀਤੀ ਅਨੁਸਾਰ ਕਰਨ ਲੱਗੇ। ਬ੍ਰਾਹਮਣਾਂ ਨੇ ਵੇਖ ਕੇ ਕਿਹਾ, "ਇਹ ਕੀ ਕੀਤਾ ਹੈ, ਸਾਰਾ ਕਰਮ-ਕਾਂਡ ਛੱਡ ਦਿੱਤਾ ਹੈ ? ॥ ੫ ॥

ਨਿੱਤ ਨਮਿੱਤ ਕਰਮ ਸਭਿ ਤਜਾਗੇ। ਭ੍ਰਿਸ਼ਟ ਭਏ ਤੁਮ ਕਿਸ ਮਗ ਲਾਗੇ ?'।
ਗਨ ਪੰਡਿਤ ਮਹਿਂ ਤਿਨਹੁਂ ਬਖਾਨਾ। 'ਮਿਲਜੋ ਹਮਹਿਂ ਸਤਿਗੁਰੂ ਮਹਾਨਾ ॥ ੬ ॥

ਨਿੱਤ ਨਮਿੱਤ ਕਰਮ ਸਭ ਛੱਡ ਦਿੱਤੇ ਹਨ, ਤੁਸੀਂ ਭਰਿਸ਼ਟ ਹੋ ਕੇ ਕਿਹੜੇ ਰਸਤੇ ਪੈ ਗਏ ਹੋ ?" ਉਨ੍ਹਾਂ ਨੇ ਸਾਰੇ ਬ੍ਰਾਹਮਣਾਂ ਨੂੰ ਕਿਹਾ, "ਸਾਨੂੰ ਮਹਾਨ ਸਤਿਗੁਰੂ ਮਿਲਿਆ ਹੈ ॥ ੬ ॥

ਤਬਿ ਤੇ ਮ੍ਰਿਤਕ ਪਿਤਾ ਅੱਗਜਾਨ। ਜਨਮਜੋ ਘਰ ਸਪੂਤ ਬ੍ਰਹਮ ਗਜਾਨ।
ਮਰਨ ਜਨਮ ਤੇ ਸੂਤਕ ਭਯੋ। ਤਬਿ ਤੇ ਕਰਮ ਕਾਂਡ ਮਿਟਿ ਗਯੋ ॥ ੭ ॥

ਤਦ ਤੋਂ ਅਗਿਆਨਤਾ ਰੂਪ ਪਿਤਾ ਮਰ ਗਿਆ ਹੈ ਤੇ ਬ੍ਰਹਮ-ਗਿਆਨ ਸਪੁੱਤਰ ਜੰਮ ਪਿਆ ਹੈ। ਜਦ ਜਨਮ ਮਰਨ ਤੋਂ ਛੁਟਕਾਰਾ ਹੋ ਗਿਆ ਹੈ, ਤਦ ਦੇ ਸਾਰੇ ਕਰਮ-ਕਾਂਡ ਮਿੱਟ ਗਏ ਹਨ ॥ ੭ ॥

ਨਹੀਂ ਕਰਮ ਲੇਖੇ ਸੁ ਲਗੰਤੇ। ਜਿਨਕੇ ਸੂਤਕ ਹੋਤਿ ਭਨੰਤੇ।
ਤੁਮ ਤੇ ਹੀ ਹਮ ਸੁਨਿ ਇਸ ਭਾਂਤਿ। ਤਜਾਗੇ ਕਰਮ ਜਾਨਿ ਬੱਖਜਾਤਿ ॥ ੮ ॥

ਉਹ ਮਨੁੱਖ ਕਰਮਾਂ ਦੇ ਲੇਖੇ ਨਹੀਂ ਲਗਦੇ, ਜਿਨ੍ਹਾਂ ਦੇ ਕਥਨ ਸੂਤਕ ਹੁੰਦੇ ਹਨ। ਤੁਹਾਡੇ ਪਾਸੋਂ ਹੀ ਇਸ ਤਰ੍ਹਾਂ ਸੁਣ ਕੇ ਅਸੀਂ ਪ੍ਰਗਟ ਜਾਣ ਕੇ ਕਰਮ-ਕਾਂਡ ਛੱਡ ਦਿੱਤੇ ਹਨ ॥ ੮ ॥

ਕਹਹੁ ਜਿ ਸੂਤਕ ਥੋਰੋ ਰਹੈ। ਗੁਰ ਕੀ ਆਗਜਾ ਇਸ ਬਿਧਿ ਅਹੈ।
'ਨਾਭੀ ਤੇ ਜਬਿ ਉਪਜਹਿਂ ਸ੍ਵਾਸ। ਤਬਿ ਤੇ ਜਨਮ ਸੁ ਹੋਤਿ ਪ੍ਰਕਾਸ਼ ॥ ੯ ॥

ਜੇ ਕਹੋ ਸੂਤਕ ਤਾਂ ਥੋੜ੍ਹਾ ਚਿਰ ਰਹਿੰਦਾ ਹੈ ਤਾਂ ਗੁਰੂ ਜੀ ਦੀ ਆਗਿਆ ਇਸ ਵਿਧੀ ਅਨੁਸਾਰ ਹੈ, "ਨਾਭੀ ਤੋਂ ਜਦ ਸਵਾਸ ਉਪਜਦਾ ਹੈ, ਤਦ ਤੋਂ ਹੀ ਜਨਮ ਦਾ ਪ੍ਰਕਾਸ਼ ਹੋ ਜਾਂਦਾ ਹੈ ॥ ੯ ॥

ਵਹਿਰ ਨਾਸਕਾ ਤੇ ਨਿਕਸਾਇ। ਤਬਿ ਤਿਨ ਕੋ ਮਰਨੋ ਹੁਇ ਜਾਇ।
ਸੂਤਕ ਬਿਨਾ ਕਰਮ ਕੋ ਸਮੈ। ਰਹੇ ਬਿਚਾਰ, ਨ ਪ੍ਰਾਪਤਿ ਹਮੈਂ ॥ ੧੦ ॥

ਜਦ ਬਾਹਰ ਨਾਸਾਂ ਨਾਲ ਸਾਹ ਲੈਂਦਾ ਹੈ, ਤਦ ਉਨ੍ਹਾਂ ਦਾ ਮਰਨਾ ਹੋ ਜਾਂਦਾ ਹੈ, ਸੂਤਕ ਬਗੈਰ ਕਰਮ ਦੇ ਸਮੇਂ ਨੂੰ ਅਸੀਂ ਵਿਚਾਰਦੇ ਰਹੇ ਹਾਂ, ਪਰ ਸਾਨੂੰ ਪ੍ਰਾਪਤ ਨਹੀਂ ਹੋਇਆ ॥ ੧੦ ॥

ਸ੍ਵਾਸ ਸ੍ਵਾਸ ਮਹਿਂ ਨਾਮ ਅਧਾਰਾ। ਰਾਖਤਿ ਹੈਂ' ਸਤਿਗੁਰੂ ਉਚਾਰਾ।
ਸੁਨਤਿ ਬਿੱਪ੍ਰ ਤੂਸ਼ਨ ਹੁਇ ਰਹੇ। ਰਹੇ ਬਿਚਾਰ, ਨ ਉੱਤਰ ਲਹੇ ॥ ੧੧ ॥

ਸਵਾਸ ਸਵਾਸ ਵਿਚ ਨਾਮ ਦਾ ਆਧਾਰ ਰੱਖਦੇ ਹਾਂ," ਜਿਵੇਂ ਸਤਿਗੁਰੂ ਜੀ ਨੇ ਕਿਹਾ ਹੈ। ਇਹ ਸੁਣ ਕੇ ਬ੍ਰਾਹਮਣ ਚੁੱਪ ਹੋ ਗਏ, ਵਿਚਾਰਦੇ ਰਹੇ ਪਰ ਉੱਤਰ ਨਾ ਆਇਆ ॥ ੧੧ ॥

ਹੁਤੋ ਪਾਠਿਕਾ ਨਾਮ ਤਿਲੋਕਾ। ਤੋਤਾ ਮਹਿਤਾ ਜਿਸ ਮਨ ਰੋਕਾ।
ਦਰਸ਼ਨ ਸ੍ਰੀ ਅਰਜਨ ਕੇ ਆਏ। ਪਦ ਸਮ ਪਦਮਨਿ ਸੀਸ ਨਿਵਾਏ॥ ੧੨॥

ਇਕ ਪਾਠੀ ਸੀ, ਉਸ ਦਾ ਨਾਮ ਤਿਲੋਕਾ ਸੀ ਅਤੇ ਇਕ ਤੋਤਾ ਮਹਿਤਾ ਸੀ ਜਿਸ ਨੇ ਆਪਣੇ ਮਨ ਨੂੰ ਰੋਕਿਆ ਹੋਇਆ ਸੀ। ਉਹ ਦੋਵੇਂ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਵਾਸਤੇ ਆਏ, ਕੰਵਲ ਵਰਗੇ ਚਰਨ ਕੰਵਲਾਂ ਤੇ ਆਪਣੇ ਸੀਸ ਨਿਵਾਏ॥ ੧੨॥

ਹਾਥ ਜੋਰਿ ਮੁਖ ਬਾਕ ਉਚਾਰਾ। 'ਸ੍ਰੀ ਸਤਿਗੁਰ ਉਪਦੇਸ਼ ਤੁਮਾਰਾ।
ਰਾਮ ਨਾਮ ਸਿਮਰੋ ਲਿਵ ਲਾਈ। ਇਸ ਤੇ ਨਹੀਂ ਨਰਕ ਮਹਿਂ ਜਾਈ॥ ੧੩॥

ਹੱਥ ਜੋੜ ਕੇ ਮੁਖ ਤੋਂ ਬਚਨ ਕੀਤਾ, "ਹੇ ਸਤਿਗੁਰੂ ਜੀ! ਤੁਹਾਡਾ ਉਪਦੇਸ਼ ਹੈ ਕਿ ਰਾਮ ਨਾਮ ਦਾ ਲਿਵ ਲਾ ਕੇ ਸਿਮਰਨ ਕਰੋ, ਇਸ ਨਾਲ ਫਿਰ ਨਰਕਾਂ ਵਿਚ ਨਹੀਂ ਜਾਈਦਾ॥ ੧੩॥

ਇਮ ਸੁਨਿ ਬਿੱਪ੍ਰ ਤਰਕਨਾ ਕਰੈਂ। ਜੇ ਸਿਮਰਨਿ ਤੇ ਨਰਕ ਨ ਪਰੈਂ।
ਸਭਿ ਜਗ ਰਾਮ ਨਾਮ ਕੋ ਲੇਤਿ। ਕਜੋਂ ਪੁਨ ਨਰਕ ਪਾਇ ਕਰਿ ਦੇਤਿ॥ ੧੪॥

ਇਸ ਤਰ੍ਹਾਂ ਸੁਣ ਕੇ ਬ੍ਰਾਹਮਣ ਤਰਕ ਕਰਦੇ ਹਨ ਕਿ ਜੇ ਸਿਮਰਨ ਕਰਨ ਨਾਲ ਨਰਕਾਂ ਵਿਚ ਨਹੀਂ ਪੈਂਦੇ ਤਾਂ ਸਾਰਾ ਜੱਗ ਹੀ ਰਾਮ ਨਾਮ ਨੂੰ ਲੈਂਦਾ ਹੈ, ਫਿਰ ਉਨ੍ਹਾਂ ਨੂੰ ਨਰਕਾਂ ਵਿਚ ਕਿਉਂ ਪਾ ਦਿੰਦੇ ਹਨ॥ ੧੪॥

ਜੇ ਇਹ ਸਾਚੁ ਹੋਇ ਜਿਮਿ ਕਹੈਂ। ਕਜੋਂ ਪ੍ਰਭੁ ਨਰਕ ਬਨਾਵਨਿ ਚਹੈ।
ਸਗਰੇ ਮੁਕਤਿ ਪਾਇਂ ਜਪਿ ਰਾਮ। ਨਿਸ਼ਫਲ ਕਰੇ ਸੁਰਗ ਕੇ ਧਾਮ॥ ੧੫॥

ਜੇ ਇਹ ਸੱਚ ਹੈ ਜਿਵੇਂ ਕਹਿੰਦੇ ਹਨ, ਫਿਰ ਪ੍ਰਭੂ ਨਰਕ ਕਿਉਂ ਬਣਾਉਣੇ ਚਾਹੁੰਦਾ ਹੈ। ਸਾਰੇ ਲੋਕ ਰਾਮ ਦਾ ਨਾਮ ਜਪ ਕੇ ਮੁਕਤ ਹੋ ਜਾਣਗੇ ਤੇ ਸ੍ਵਰਗਾਂ ਦੇ ਸਾਰੇ ਘਰ ਨਿਸ਼ਫਲ ਹੋ ਜਾਣਗੇ॥ ੧੫॥

ਨਰਕ ਸੁਰਗ ਦੋਨਹੁਂ ਨਹੀਂ ਚਹੀਯਹਿ। ਜੇ ਸਿਮਰਨਿ ਤੇ ਮੁਕਤੀ ਲਹੀਯਹਿ'।
ਸੁਨਿ ਸ੍ਰੀ ਮੁਖ ਤੇ ਬਾਕ ਉਚਾਰੇ। 'ਨਿਸ਼ਚੈ ਰਾਮ ਜਪਤਿ ਹੈਂ ਸਾਰੇ॥ ੧੬॥

ਜੇ ਸਿਮਰਨ ਨਾਲ ਮੁਕਤੀ ਮਿਲਦੀ ਹੈ ਤਾਂ ਨਰਕ ਸਵਰਗ ਦੋਵੇਂ ਹੀ ਨਹੀਂ ਚਾਹੀਦੇ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕਹੇ, "ਨਿਸ਼ਚੇ ਹੀ ਸਾਰੇ ਹੀ ਰਾਮ ਦਾ ਨਾਮ ਜਪਦੇ ਹਨ॥ ੧੬॥

ਨਹਿਂ ਪ੍ਰਤੀਤ ਅਰੁ ਮਨ ਨ ਇਕਾਗਰ। ਕਿਮ ਕਲਜਾਨਹਿਂ ਪਾਇ ਉਜਾਗਰ।
ਕਹਹੁ ਦਿਜਨਿ ਸੰਗ ਏਹੁ ਬ੍ਰਿਤਾਂਤ। ਰਾਖਸ਼ ਗਹਜੋ ਮ੍ਰਦਾਨਾ ਜਾਤਿ॥ ੧੭॥

ਨਾ ਉਹ ਪ੍ਰਤੀਤ ਕਰਦੇ ਹਨ ਅਤੇ ਨਾ ਹੀ ਮਨ ਨੂੰ ਇਕਾਗਰ ਕਰਦੇ ਹਨ, ਤਾਂ ਕਿਵੇਂ ਉਹ ਪ੍ਰਗਟ ਰੂਪ ਵਿਚ ਕਲਿਆਣ ਪਾਉਣਗੇ। ਬ੍ਰਾਹਮਣਾਂ ਨੂੰ ਇਹ ਬ੍ਰਿਤਾਂਤ ਸੁਣਾਓ, ਜਿਵੇਂ ਕੌਡੇ ਰਾਖਸ਼ ਨੇ ਮਰਦਾਨੇ ਨੂੰ ਫੜ ਲਿਆ ਸੀ॥ ੧੭॥

ਕਰਜੋ ਤੇਲ ਕੋ ਤਪਤ ਕਰਾਹਾ। ਤਿਸ ਮੈਂ ਕੌਡੇ ਪਾਵਨਿ ਚਾਹਾ।
ਸ੍ਰੀ ਨਾਨਕ ਉਪਦੇਸ਼ਜੋ ਨਾਮ। ਸਿਮਰਜੋ ਮਰਦਾਨੇ ਸੁਖ ਧਾਮ॥ ੧੮॥

ਤੇ ਤੇਲ ਦੇ ਕੜਾਹੇ ਨੂੰ ਗਰਮ ਕੀਤਾ ਸੀ, ਉਸ ਵਿਚ ਕੌੜਾ ਮਰਦਾਨੇ ਨੂੰ ਪਾਉਣਾ ਚਾਹੁੰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਨਾਮ ਦਾ ਉਪਦੇਸ਼ ਦਿੱਤਾ ਸੀ, ਮਰਦਾਨੇ ਨੇ ਉਸ ਨਾਮ ਦਾ ਸਿਮਰਨ ਕੀਤਾ॥ ੧੮॥

ਤਤਛਿਨ ਸੀਤਲ ਭਯੋ ਕਰਾਹਾ। ਨਾਮ ਪ੍ਰਤਾਪ ਬਿਦਤ ਜਗ ਮਾਂਹਾ।
ਕਹਹੁ ਦਿਜਨਿ ਸੋ ਅਬਿ ਕੇ ਜਾਇ। ਜੇ ਤੁਮ ਸਿਮਰਜੋ ਰਾਮ ਬਨਾਇ॥ ੧੯॥

ਤੁਰੰਤ ਤੇਲ ਦਾ ਕੜਾਹਾ ਠੰਡਾ ਹੋ ਗਿਆ ਅਤੇ ਨਾਮ ਦਾ ਪ੍ਰਤਾਪ ਸਾਰੇ ਪ੍ਰਗਟ ਹੋ ਗਿਆ। ਕਹੋ ਬ੍ਰਾਹਮਣੋਂ ਹੁਣ ਕਿਥੇ ਜਾਓਗੇ ? ਜੇ ਤੁਸੀਂ ਚੰਗੀ ਤਰਾਂ ਰਾਮ ਦੇ ਨਾਮ ਦਾ ਸਿਮਰਨ ਕਰੋ॥ ੧੯॥

ਕਰਹੁ ਤਪਾਵਨਿ ਤੇਲ ਕਰਾਹਾ। ਹਮ ਤੁਮ ਪਾਵਹਿਂ ਕਰ ਤਿਸ ਮਾਂਹਾ।
ਇਕ ਸਮ ਸਭਿਨਿ ਰਾਮ ਕੋ ਸਿਮਰਨਿ। ਤੋ ਅਬਿ ਮਿਲਿਕੈ ਕੀਜਹਿ ਪਰਖਨਿ॥੨੦॥

ਤੇਲ ਦਾ ਕੜਾਹਾ ਤਪਾਓ, ਅਸੀਂ ਤੁਸੀਂ ਉਸ ਵਿਚ ਹੱਥ ਪਾਵਾਂਗੇ। ਇਸ ਤਰ੍ਹਾਂ ਜੇ ਸਾਰੇ ਇਕੋ ਜੇਹਾ ਰਾਮ ਦਾ ਸਿਮਰਨ ਕਰਨ ਤੇ ਹੁਣ ਮਿਲ ਕੇ ਉਸ ਦੀ ਪਰਖ ਕਰ ਸਕਦਾ ਹਾਂ॥ ੨੦॥

ਜਗ ਤ੍ਰਿਸ਼ਨਾ ਮਹਿਂ ਤਪਤ ਕਰਾਹੇ। ਦਹੀਯਤਿ ਨਿਤ, ਨਹਿਂ ਨਿਕਸਨਿ ਪਾਹੇ।
ਗੁਰਮੁਖ ਕੋ ਗੁਰ ਬਖਸ਼ਹਿ ਨਾਮ। ਹਰਿ ਤ੍ਰਿਸ਼ਨਾ, ਮਨ ਲਹਿ ਬਿਸਰਾਮ' ॥੨੧॥

ਜਗਤ ਦੇ ਤ੍ਰਿਸ਼ਨਾ ਰੂਪ ਤੱਤੇ ਕੜਾਹੇ ਵਿਚ ਸੜਦੇ ਰਹਿੰਦੇ ਹਨ ਅਤੇ ਨਿਤ ਸੜਦੇ ਰਹਿੰਦੇ ਬਾਹਰ ਨਹੀਂ ਨਿਕਲ ਸਕਦੇ। ਗੁਰਮੁਖ ਨੂੰ ਗੁਰੂ ਜੀ ਨਾਮ ਬਖਸ਼ ਦਿੰਦੇ ਹਨ ਤੇ ਉਨ੍ਹਾਂ ਦੀ ਤ੍ਰਿਸ਼ਨਾ ਦੂਰ ਹੋ ਜਾਂਦੀ ਹੈ ਤੇ ਮਨ ਨੂੰ ਚੈਨ ਪ੍ਰਾਪਤ ਹੋ ਜਾਂਦਾ ਹੈ'॥ ੨੧॥

ਸੁਨਿ ਕਰਿ ਸ੍ਰੀ ਗੁਰ ਤੇ ਸੋ ਗਏ। ਪੰਡਿਤ ਬ੍ਰਿੰਦ ਮਿਲਤ ਜਬਿ ਭਏ।
ਸਕਲ ਪ੍ਰਸੰਗ ਸੁਨਾਯਹੁ ਜਬੈ। ਸੰਕਮਾਨ ਦਿਜ ਹ੍ਵੈ ਕਰਿ ਤਬੈ॥ ੨੨॥

ਗੁਰੂ ਜੀ ਪਾਸੋਂ ਇਹ ਸੁਣ ਕੇ ਸਾਰੇ ਚਲੇ ਗਏ ਅਤੇ ਜਦ ਸਾਰੇ ਪੰਡਿਤ ਮਿਲੇ ਤਾਂ ਉਨ੍ਹਾਂ ਨੂੰ ਸਾਰਾ ਪ੍ਰਸੰਗ ਸੁਣਾਇਆ। ਇਹ ਸੁਣ ਕੇ ਬ੍ਰਾਹਮਣ ਸ਼ੰਕਾ ਵਾਲੇ ਹੋ ਗਏ ਭਾਵ ਕੜਾਹੇ ਵਿਚ ਹੱਥ ਪਾਉਣ ਤੋਂ ਡਰ ਗਏ॥ ੨੨॥

ਕੂਰੇ ਭਏ ਹਾਥ ਨਹਿਂ ਘਾਲਾ। ਇਮ ਸਤਿਗੁਰੂ ਪ੍ਰਤਾਪ ਬਿਸਾਲਾ।
ਤਰਕ ਕਰਨ ਤੇ ਕੀਨਸਿ ਮੋਨ। ਜਾਨੀ ਮਹਿਮਾ ਬਡ ਗੁਰ ਭੌਨ॥ ੨੩॥

ਝੂਠੇ ਹੋ ਗਏ, ਕੜਾਹੇ ਵਿਚ ਹੱਥ ਨਾ ਪਾਇਆ, ਇਸ ਤਰ੍ਹਾਂ ਸਤਿਗੁਰੂ ਜੀ ਦਾ ਵਿਸ਼ਾਲ ਪ੍ਰਤਾਪ ਸੀ। ਜਿਹੜੀਆਂ ਫੋਕੀਆਂ ਹੁਜਤਾਂ ਕਰਦੇ ਸੀ, ਉਹ ਛੱਡ ਦਿੱਤੀਆਂ ਤੇ ਚੁਪ ਹੋ ਗਏ, ਗੁਰੂ ਜੀ ਦੀ ਮਹਿਮਾ ਬਹੁਤ ਵੱਡੀ ਜਾਣੀ॥ ੨੩॥

ਇਕ ਸਿਖ ਜੜੀਆ ਸਾਂਈਦਾਸ। ਕਰਿ ਗੁਰ ਨਮੋ ਬੈਠਿ ਕਰਿ ਪਾਸ।
ਹਾਥ ਜੋਰਿ ਅਰਦਾਸ ਬਖਾਨੀ। 'ਮੈਂ ਬਹੁ ਸਿੱਖਨਿ ਸੇਵਾ ਠਾਨੀ॥ ੨੪॥

ਇਕ ਸਾਂਈ ਦਾਸ ਜੜੀਆ ਨਾਮੀ ਸਿੱਖ ਸੀ, ਉਹ ਗੁਰੂ ਜੀ ਨੂੰ ਨਮਸਕਾਰ ਕਰਕੇ ਪਾਸ ਬੈਠ ਗਿਆ, ਹੱਥ ਜੋੜ ਕੇ ਉਸ ਬੇਨਤੀ ਕੀਤੀ, "ਮੈਂ ਬਹੁਤ ਸਿੱਖਾਂ ਦੀ ਸੇਵਾ ਕਰਦਾ ਹਾਂ॥ ੨੪॥

ਧਾਰਨ ਕਰਜੋ ਰਿਦੇ ਉਪਦੇਸ਼। ਸੇਵੌਂ ਤੁਮਰੇ ਚਰਨ ਹਮੇਸ਼।
ਤਊ ਸ਼ਬਦ ਸੁਨਿਬੇ ਕੇ ਕਾਲ। ਨਹਿਂ ਮਨ ਠਹਿਰਤਿ ਚਪਲ ਬਿਸਾਲ॥੨੫॥

ਆਪ ਜੀ ਦਾ ਉਪਦੇਸ਼ ਹਿਰਦੇ ਵਿਚ ਧਾਰਨ ਕੀਤਾ ਹੈ, ਸਦਾ ਹੀ ਤੁਹਾਡੇ ਚਰਨਾਂ ਦਾ ਧਿਆਨ ਧਰਦਾ ਹਾਂ, ਫਿਰ ਵੀ ਤੁਹਾਡਾ ਸ਼ਬਦ ਸੁਣਨ ਦੇ ਸਮੇਂ ਮਨ ਠਹਿਰਦਾ ਨਹੀਂ, ਬਹੁਤ ਚੰਚਲ ਹੈ॥ ੨੫॥

ਆਪ ਕਹਜੋ 'ਮਨ ਕਰਹੁ ਇਕਾਗਰ। ਪਠਹੁ ਸੁਨਹੁ ਗੁਰ ਸ਼ਬਦ ਉਜਾਗਰ'।
ਸੁਨਿ ਸ੍ਰੀ ਮੁਖ ਤੇ ਜਤਨ ਬਤਾਯੋ।'ਮਨ ਗਤਿ ਕੌ ਅਬਿ ਤੈ ਲਖਿ ਪਾਯੋ॥੨੬॥

ਆਪ ਨੇ ਕਿਹਾ ਹੈ ਕਿ ਮਨ ਨੂੰ ਇਕਾਗਰ ਕਰੋ ਅਤੇ ਗੁਰੂ ਜੀ ਦੇ ਪ੍ਰਗਟ ਸ਼ਬਦ ਨੂੰ ਪੜ੍ਹੋ ਅਤੇ ਸੁਣੋ।" ਇਹ ਸੁਣ ਕੇ ਗੁਰੂ ਜੀ ਨੇ ਢੰਗ ਦੱਸਿਆ, "ਮਨ ਦੀ ਗਤੀ ਨੂੰ ਹੁਣ ਤੁਸੀਂ ਸਮਝ ਗਏ ਹੋ॥ ੨੬॥

ਟਿਕੈ ਕਿ ਨਹੀਂ ਜਾਨ ਸਭਿ ਲੀਨੋ। ਇਸ ਬਿਧਿ ਕੋ ਪੂਰਬ ਨਹਿਂ ਚੀਨੋ।
ਜਬਿ ਮਨ ਜਾਇ ਕਿਤਹਿ ਲਖਿ ਪਾਵਹੁ। ਤਬਿ ਤਿਸ ਮਿੱਥਜਾ ਵਸਤੁ ਦਿਖਾਵਹੁ॥੨੭॥

ਮਨ ਟਿਕਦਾ ਹੈ ਕਿ ਨਹੀਂ, ਇਹ ਤੂੰ ਜਾਣ ਲਿਆ ਹੈ, ਪਹਿਲਾਂ ਇਸ ਵਿਧੀ ਨੂੰ ਸਮਝਦਾ ਨਹੀਂ ਸੀ, ਜਦ ਇਹ ਜਾਣ ਲਵੇ ਕਿ ਮਨ ਲਾਂਭੇ ਜਾਂਦਾ ਹੈ ਤਾਂ ਇਸ ਨੂੰ ਝੂਠੀ ਵਸਤ ਵਿਖਾਵੋ॥ ੨੭॥

Sri Satguru Jagjit Singh Ji eLlibrary NamdhariElibrary@gmail.com

ਬਹੁਰ ਮੋਰਿ ਕਰਿ ਸ਼ਬਦ ਮਿਲਾਵਹੁ। ਜੇ ਚਲਿ ਜਾਵੈ ਫੇਰ ਹਟਾਵਹੁ।
ਜਿਮ ਅਰੀਅਲ ਅਸੁ ਕੋ ਅਸਵਾਰ। ਸਨੈ ਸਨੈ ਤਿਹ ਅੱਗ੍ਰ ਦਿਖਾਰਿ॥ ੨੮॥

ਬਾਅਦ ਵਿਚ ਮੋੜ ਕੇ ਸ਼ਬਦ ਨਾਲ ਮਿਲਾਵੇ, ਜੇ ਫਿਰ ਵੀ ਚਲਾ ਜਾਵੇ ਤਾਂ ਦੁਬਾਰਾ ਹਟਾਵੇ, ਜਿਵੇਂ ਅੜੀਅਲ ਘੋੜੇ ਦਾ ਸਵਾਰ ਹੌਲੀ-ਹੌਲੀ ਘੋੜੇ ਨੂੰ ਅੱਗੇ ਤੋਰਦਾ ਹੈ॥ ੨੮॥

ਮੋਰਿ ਬਹੁਰ ਬਾਗਨਿ ਕੋ ਫੇਰਹਿ। ਫੇਰ ਫੇਰਿ ਨਿਜ ਮਰਜ਼ੀ ਪ੍ਰੇਰਹਿ।
ਕਰਹਿ ਸੁਧਾਰਨਿ ਹਿਤ ਕੋ ਦੈਹੈ। ਅਰਹਿ ਜਿ, ਤ੍ਰਾਸ ਤਾਂਹਿ ਉਪਜੈ ਹੈ॥ ੨੯॥

ਫਿਰ ਵਾਗਾਂ ਖਿੱਚ ਕੇ ਮੋੜਦਾ ਹੈ ਅਤੇ ਬਾਰ-ਬਾਰ ਆਪਣੀ ਮਰਜ਼ੀ ਅਨੁਸਾਰ ਪ੍ਰੇਰਦਾ ਹੈ। ਦਿਲਾਸਾ ਦੇ ਕੇ ਸੁਧਾਰਦਾ ਹੈ, ਜੇ ਫਿਰ ਅੜੇ ਤਾਂ ਉਸ ਨੂੰ ਡਰਾਉਂਦਾ ਹੈ॥ ੨੯॥

ਇਸ ਬਿਧਿ ਫੇਰ ਫੇਰ ਮਨ ਜੋਰਹੁ। ਸੁੱਧ ਹੋਇ ਲਹਿ ਸ੍ਵਾਦਿ, ਨ ਮੋਰਹੁ।
ਸੁਨਿ ਗੁਰ ਤੇ ਕੀਨਸਿ ਬਿਧਿ ਤੈਸੇ। ਸਨੇ ਸਨੇ ਮਨ ਬਸਿ ਹੁਇ ਜੈਸੇ॥ ੩੦॥

ਇਸ ਢੰਗ ਨਾਲ ਬਾਰ-ਬਾਰ ਮਨ ਨੂੰ ਜੋੜੋ, ਪਰ ਜਦ ਮਨ ਖ਼ੁਸ਼ ਹੋ ਕੇ ਨਾਮ ਦੇ ਸਵਾਦ ਨੂੰ ਲੈਣ ਲੱਗ ਜਾਵੇ ਤਾਂ ਫਿਰ ਇਸ ਨੂੰ ਨਾ ਮੋੜੋ।" ਗੁਰੂ ਜੀ ਤੋਂ ਸੁਣ ਕੇ ਫਿਰ ਉਸੇ ਤਰ੍ਹਾਂ ਹੀ ਕੀਤਾ, ਜਿਵੇਂ ਮਨ ਹੌਲੀ-ਹੌਲੀ ਵੱਸ ਵਿਚ ਹੋ ਜਾਵੇ॥ ੩੦॥

ਆਪਾ ਨਹਿਂ ਜਨਾਇ ਗੁਰ ਆਗੇ। ਨਿਸ ਦਿਨ ਰਹੇ ਸੇਵ ਮਹਿਂ ਲਾਗੇ।
ਇਮ ਸ੍ਰੀ ਗੁਰ ਅੰਮ੍ਰਿਤਸਰ ਮਾਂਹੀ। ਸਿੱਖਨਿ ਕੋ ਉਪਦੇਸ਼ ਕਰਾਹੀਂ॥ ੩੧॥

ਗੁਰੂ ਜੀ ਦੇ ਅੱਗੇ ਆਪਾ ਨਹੀਂ ਜਤਾਉਂਦਾ ਸੀ ਤੇ ਦਿਨ-ਰਾਤ ਸੇਵਾ ਵਿਚ ਲੱਗਾ ਰਹਿੰਦਾ ਸੀ। ਗੁਰੂ ਜੀ ਇਸ ਤਰ੍ਹਾਂ ਅੰਮ੍ਰਿਤਸਰ ਦੇ ਵਿਚ ਸਿੱਖਾਂ ਨੂੰ ਉਪਦੇਸ਼ ਦੇ ਰਹੇ ਸਨ॥ ੩੧॥

ਗੋਇੰਦਵਾਲ ਜਾਨਿ ਕੋ ਚਾਹਾ। ਸੰਤਤਿ ਗੁਰੂ ਅਮਰ ਕੇ ਪਾਹਾ।
ਕਰਿ ਤਯਾਰੀ ਸਿਖ ਸੰਗ ਬਿਸਾਲ। ਜਿਨ ਮਹਿਂ ਬ੍ਰਹਮ ਗਯਾਨੀ ਮੁਖ ਜਾਲ॥੩੨॥

ਗੁਰੂ ਜੀ ਗੋਇੰਦਵਾਲ ਜਾਣਾ ਚਾਹੁੰਦੇ ਸਨ, ਗੁਰੂ ਅਮਰਦਾਸ ਜੀ ਦੀ ਸੰਤਾਨ ਨੂੰ ਮਿਲਣਾ ਚਾਹੁੰਦੇ ਸਨ। ਤਿਆਰੀ ਕਰਕੇ ਬਹੁਤ ਸਿੱਖ ਨਾਲ ਲੈ ਲਏ, ਜਿਨ੍ਹਾਂ ਵਿਚ ਬ੍ਰਹਮ-ਗਿਆਨੀ ਬਾਬਾ ਬੁੱਢਾ ਜੀ ਸਾਰਿਆਂ ਦੇ ਮੁਖੀ ਸਨ॥ ੩੨॥

ਬ੍ਰਿਧ ਤੇ ਆਦਿ ਸੇਵ ਗੁਰ ਭੀਨੇ। ਗਮਨ ਹੇਤੁ ਸਭਿਹਿਨਿ ਮਨ ਕੀਨੇ।
ਸ੍ਰੀ ਅਰਜਨ ਗੁਰ ਗੁਨਨਿ ਉਦਾਰ। ਨਿਤਪ੍ਰਤਿ ਚਾਹਤਿ ਪਰਉਪਕਾਰ॥ ੩੩॥

ਬਾਬਾ ਬੁੱਢਾ ਜੀ ਤੇ ਹੋਰ ਗੁਰੂ ਜੀ ਦੀ ਸੇਵਾ ਵਿਚ ਰੰਗੇ ਹੋਏ ਸਨ, ਨਾਲ ਜਾਣ ਵਾਸਤੇ ਸਾਰਿਆਂ ਦੇ ਮਨ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਉੱਤਮ ਗੁਣਾਂ ਵਾਲੇ ਸਨ ਅਤੇ ਸਦਾ ਹੀ ਪਰਉਪਕਾਰ ਚਾਹੁੰਦੇ ਸਨ॥ ੩੩॥

ਜਿਮ ਸੂਰਜ ਕਰ ਮਹਾਂ ਪ੍ਰਕਾਸ਼। ਸਕਲ ਜਗਤ ਕੋ ਦੇ ਸੁਖਰਾਸਿ।
ਨਿੰਦਕ ਦੁਸ਼ਟ ਉਲੂਕ ਨ ਜਾਨਹਿਂ। ਅੰਧ ਬਨਹਿਂ ਨਿਜ ਬੁਰਾ ਸੁ ਠਾਨਹਿਂ॥੩੪॥

ਜਿਵੇਂ ਸੂਰਜ ਦਾ ਮਹਾਂ ਪ੍ਰਕਾਸ਼ ਸਾਰੇ ਜਗਤ ਨੂੰ ਸੁਖ ਦਿੰਦਾ ਹੈ, ਉਹ ਨਿੰਦਕ, ਦੁਸ਼ਟ ਅਤੇ ਉਲੂਆਂ ਨੂੰ ਨਹੀਂ ਜਾਣਦਾ, ਜਿਹੜਾ ਬੁਰਾ ਕਰਦਾ ਹੈ, ਉਹ ਅੰਨ੍ਹਾ ਹੋ ਜਾਂਦਾ ਹੈ॥ ੩੪॥

ਚਢਿ ਖਾਸੇ ਪਰ ਸਤਿਗੁਰ ਚਲੇ। ਮਾਤਾ ਜੀ ਕਰਿ ਬੰਦਨ ਮਿਲੇ।
'ਰਹਹੁ ਸਦਨ' ਦੇ ਧੀਰਜ ਤੁਰੇ। ਸਨੈ ਸਨੈ ਮਗ ਚਲਿਬੋ ਕਰੇ॥ ੩੫॥

ਗੁਰੂ ਜੀ ਪਾਲਕੀ ਵਿਚ ਚੜ੍ਹ ਕੇ ਚੱਲਣ ਲੱਗੇ, ਮਾਤਾ ਗੰਗਾ ਜੀ ਬੰਦਨਾਂ ਕਰਕੇ ਮਿਲੇ। ਉਨ੍ਹਾਂ ਨੂੰ ਧੀਰਜ ਦੇ ਕੇ "ਤੁਸੀਂ ਘਰ ਹੀ ਰਹੋ" ਚੱਲ ਪਏ। ਹੌਲੀ-ਹੌਲੀ ਰਾਹ ਵਿਚ ਚਲੇ ਜਾ ਰਹੇ ਸਨ॥ ੩੫॥

ਕਿਤਿਕ ਕੋਸ ਗਮਨੇ ਥਿਤ ਹੋਏ। ਉਤਰੇ ਸੁੰਦਰ ਥਲ ਕੋ ਜੋਏ।
ਜਹਾਂ ਤਰਨ ਤਾਰਨ ਇਸਥਾਨ। ਤੀਰਥ ਦੇਖ੍ਯੋ ਲਾਇ ਧਿਆਨ॥ ੩੬॥

ਕਈ ਕੋਹ ਚਲ ਕੇ ਠਹਿਰ ਗਏ, ਇਕ ਸੁੰਦਰ ਸਥਾਨ ਵੇਖ ਕੇ ਪਾਲਕੀ ਵਿਚੋਂ ਉਤਰ ਗਏ। ਜਿਥੇ ਤਰਨ ਤਾਰਨ ਸ਼ਹਿਰ ਦਾ ਸਥਾਨ ਹੈ, ਉਥੇ ਧਿਆਨ ਲਾ ਕੇ ਤੀਰਥ ਵੇਖਿਆ॥ ੩੬॥

ਨਰ ਨਾਰੀ ਸ਼ਨਾਨ ਤੇ ਪਾਵਨ। ਸ਼ਰਧਾ ਕਰੇ ਕਾਮਨਾ ਪਾਵਨ।
ਮਾਰਗ ਚਲਹਿਂ ਭਾਵ ਤੇ ਪਾਵਨ। ਮਿਟਹਿਂ ਰੋਗ ਗਨ, ਆਨੰਦ ਪਾਵਨ॥ ੩੭॥

ਇਸਤਰੀ ਪੁਰਸ਼ ਏਥੇ ਇਸ਼ਨਾਨ ਕਰਨਗੇ ਅਤੇ ਸ਼ਰਧਾ ਧਾਰ ਕੇ ਆਪਣੀਆਂ ਕਾਮਨਾਵਾਂ ਪੂਰੀਆਂ ਕਰਨਗੇ। ਪ੍ਰੇਮ ਕਰਕੇ ਰਸਤੇ ਵਿਚ ਪੈਦਲ ਚਲਣਗੇ, ਸਾਰੇ ਰੋਗ ਦੂਰ ਹੋਣਗੇ ਤੇ ਅਨੰਦ ਪਾਉਣਗੇ॥ ੩੭॥

ਇਕ ਤੌ ਪਲਾਸੂਰ ਤਹਿਂ ਗ੍ਰਾਮ। ਖਾਨਵਾਲ ਦੂਸਰ ਕੋ ਨਾਮ।
ਇਨ ਤੇ ਆਦਿਕ ਗ੍ਰਾਮ ਜਿ ਔਰ। ਲਰਤਿ ਪਰਸਪਰ ਰਹਿਂ ਤਿਸ ਠੌਰ॥ ੩੮॥

ਇਕ ਉਥੇ ਪਲਾਸੂਰ ਨਾਮੀਂ ਪਿੰਡ ਸੀ ਅਤੇ ਖਾਨੇਵਾਲ ਦੂਸਰੇ ਪਿੰਡ ਦਾ ਨਾਂ ਸੀ, ਇਨ੍ਹਾਂ ਤੋਂ ਇਲਾਵਾ ਜਿਹੜੇ ਹੋਰ ਪਿੰਡ ਸਨ ਇਹ ਆਪਸ ਵਿਚ ਸਦਾ ਲੜਦੇ ਰਹਿੰਦੇ ਸਨ॥ ੩੮॥

ਬਹੁ ਨਰ ਮਰਹਿਂ ਪਰਹਿ ਸੰਗ੍ਰਾਮ। ਕਰਤੇ ਦ੍ਵੈਖ ਜਾਹਿਂ ਜਮਧਾਮ।
ਤਿਨ ਕੋ ਮਹਾਂ ਬਿਲੋਕ੍ਯੋ ਝੇਰਾ। ਸ੍ਰੀ ਗੁਰ ਅਰਜਨ ਕੀਨਸਿ ਡੇਰਾ॥ ੩੯॥

ਜਦ ਲੜਾਈ ਹੁੰਦੀ ਸੀ ਤਾਂ ਬਹੁਤ ਲੋਕ ਮਰਦੇ ਸਨ, ਈਰਖਾ ਕਰਦੇ ਹੋਏ ਯਮਾਂ ਦੇ ਘਰ ਚਲੇ ਜਾਂਦੇ ਸਨ। ਉਨ੍ਹਾਂ ਦੇ ਝਗੜੇ ਨੂੰ ਜਦ ਵੇਖਿਆ ਤਾਂ ਗੁਰੂ ਜੀ ਨੇ ਉਥੇ ਹੀ ਡੇਰਾ ਲਾ ਲਿਆ॥ ੩੯॥

ਅਗਲੇ ਦਿਨ ਗ੍ਰਾਮੀਨ ਹਕਾਰੇ। ਲਰਨ ਬਿਖੇ ਬਹੁ ਦੋਸ਼ ਉਚਾਰੇ।
'ਇਕਤੌ ਤੁਮਰੀ ਮਿਟਹਿ ਲਰਾਈ। ਦੁਤੀਏ ਧਨ ਲੇਵਹੁ ਮਨ ਭਾਈ॥ ੪੦॥

ਅਗਲੇ ਦਿਨ ਪਿੰਡਾਂ ਵਾਲਿਆਂ ਨੂੰ ਬੁਲਾਇਆ, ਲੜਾਈ-ਝਗੜੇ ਦੇ ਸਾਰੇ ਔਗੁਣ ਦੱਸੇ ਤੇ ਕਿਹਾ, "ਇਕ ਤਾਂ ਤੁਹਾਡੀ ਲੜਾਈ ਮੁੱਕ ਜਾਵੇ ਦੂਸਰਾ ਮਨ-ਭਾਉਂਦਾ ਧਨ ਲਵੋ॥ ੪੦॥

ਤ੍ਰਿਤੀਏ ਗੁਰ ਕੋ ਕਾਰਜ ਇਹਾਂ। ਚਤੁਰਥ ਨਰ ਪ੍ਰਾਪਤਿ ਫਲ ਮਹਾਂ।
ਦੇਹੁ ਭੂਮਿਕਾ ਗੁਰ ਘਰ ਕੋ ਅਬਿ। ਦਰਬ ਮੋਲ ਤੇ ਲਿਹੁ ਦੁਗੁਨਾ ਲਬ' ॥ ੪੧॥

ਤੀਸਰਾ ਇਹ ਗੁਰੂ ਜੀ ਦਾ ਕੰਮ ਹੈ, ਚੌਥਾ ਮਨੁੱਖ ਇਸ ਤੀਰਥ ਤੋਂ ਬਹੁਤ ਲਾਭ ਪ੍ਰਾਪਤ ਕਰਨਗੇ। ਇਹ ਭੂਮੀ ਹੁਣ ਗੁਰੂ ਘਰ ਨੂੰ ਦੇ ਦੇਵੋ, ਇਸ ਸਥਾਨ ਦੇ ਅਸਲੀ ਮੁੱਲ ਨਾਲੋਂ ਦੂਣਾ ਧਨ ਲਵੋ"॥ ੪੧॥

ਖਾਨ ਵਾਲ ਕੇ ਖੱਤ੍ਰੀ ਜਾਤਿ। ਪਲਾਸੂਰ ਰੰਘਰ ਬੱਖਜਾਤ।
'ਮਿਟੈ ਕਲਹਿ' ਸਭਿ ਨੇ ਮਨ ਜਾਨ੍ਯੋ। ਕਹਿਬੋ ਸ੍ਰੀ ਅਰਜਨ ਕੋ ਮਾਨ੍ਯੋ॥ ੪੨॥

ਖਾਨੇਵਾਲ ਵਿਚ ਖੱਤ੍ਰੀ ਜਾਤ ਦੇ ਲੋਕ ਰਹਿੰਦੇ ਸਨ ਤੇ ਪਲਾਸੂਰ ਵਿਚ ਰੰਘੜ ਜਾਤ ਮਸ਼ਹੂਰ ਸੀ, "ਲੜਾਈ ਮਿੱਟ ਜਾਵੇਗੀ' ਸਾਰਿਆਂ ਨੇ ਮਨ ਵਿਚ ਜਾਣ ਲਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਹਿਣਾ ਮੰਨ ਲਿਆ॥ ੪੨॥

ਦੀਏ ਰਜਤਪਣ ਲੱਛ ਪ੍ਰਕਾਸ਼। ਅਧਿਕ ਸਹੰਸ੍ਰ ਸਪਤ ਪੰਚਾਸਿ।
ਲਈ ਭੂਮਿਕਾ ਮੋਲ ਘਨੇਰੀ। ਦੀਨਸਿ ਦਰਬ ਬ੍ਰਿੰਦ ਤਿਸ ਬੇਰੀ॥ ੪੩॥

ਗੁਰੂ ਜੀ ਨੇ ਲਿਸ਼ਕਾਂ ਮਾਰਦੇ ਚਾਂਦੀ ਦੇ ਇਕ ਲੱਖ ਸਤਵੰਜਾ ਹਜ਼ਾਰ ਸਿੱਕੇ ਦਿੱਤੇ। ਬਹੁਤ ਭੂਮੀ ਖਰੀਦ ਲਈ ਅਤੇ ਵੱਡੀ ਗਿਣਤੀ ਵਿਚ ਧਨ ਅਦਾ ਕੀਤਾ॥ ੪੩॥

Sri Satguru Jagjit Singh Ji eLlibrary NamdhariElibrary@gmail.com

ਰਹਿਨ ਲਗੇ ਸ੍ਰੀ ਗੁਰ ਤਿਸ ਥਾਨ। ਚਿਤਵਹਿਂ ਪਰ ਉਪਕਾਰ ਮਹਾਨ।
ਜਿਮ ਸੂਰਜ ਸਭਿਹਿਨਿ ਸੁਖ ਦੇਤਿ। ਦੁਖਦ ਅੰਧੇਰਾ ਜਗ ਹਰਿ ਲੇਤਿ ॥੪੪ ॥

ਗੁਰੂ ਜੀ ਉਸ ਸਥਾਨ ਵਿਖੇ ਰਹਿਣ ਲੱਗੇ, ਉਹ ਮਹਾਨ ਪਰਉਪਕਾਰ ਕਰਨ ਬਾਰੇ ਸੋਚਦੇ ਸਨ। ਜਿਵੇਂ ਸੂਰਜ ਸਾਰਿਆਂ ਨੂੰ ਸੁਖ ਦਿੰਦਾ ਹੈ ਅਤੇ ਜਗਤ ਦੇ ਦੁਖਦਾਇਕ ਹਨੇਰੇ ਨੂੰ ਦੂਰ ਕਰ ਦਿੰਦਾ ਹੈ॥ ੪੪ ॥

ਜਥਾ ਚੰਦ੍ਰਮਾ ਨਿਜ ਕਰ ਕਰਿ ਕੈ। ਸਭਿ ਔਸ਼ਧਿ ਮਹਿਂ ਰਸ ਕੋ ਭਰਿਕੈ।
ਜਿਸ ਤੇ ਜੀਵ ਤ੍ਰਿਪਤ ਜਗ ਹੋਇਂ। ਤਥਾ ਕਰਹਿਂ ਗੁਰ ਹਿਤ ਸਭਿ ਕੋਇ ॥੪੫ ॥

ਜਿਵੇਂ ਚੰਦਰਮਾ ਆਪਣੀਆਂ ਕਿਰਨਾਂ ਕਰਕੇ, ਸਾਰੀਆਂ ਜੜ੍ਹੀਆਂ ਬੂਟੀਆਂ ਵਿਚ ਆਪਣਾ ਰਸ ਭਰ ਦਿੰਦਾ ਹੈ, ਜਿਸ ਨਾਲ ਜਗਤ ਦੇ ਜੀਵ ਤ੍ਰਿਪਤ ਹੋ ਜਾਂਦੇ ਹਨ, ਉਸ ਤਰ੍ਹਾਂ ਹੀ ਗੁਰੂ ਜੀ ਸਾਰਿਆਂ ਦਾ ਹਿਤ ਕਰਦੇ ਸਨ॥ ੪੫ ॥

ਤਾਲ ਤਰਨ ਤਾਰਨ ਚਹਿ ਲਾਯੋ। ਸਕਲ ਮਸੰਦਨਿ ਸਾਥ ਬਤਾਯੋ।
ਲਗੇ ਕਰਾਵਨਿ ਬਹੁ ਬਿਧਿ ਤਯਾਰੀ। ਲਗੇ ਮਜੂਰ ਕਰੇਂ ਗਨ ਕਾਰੀ ॥ ੪੬ ॥

ਸਭ ਲੋਕਾਂ ਨੂੰ ਤਾਰਨ ਵਾਲਾ ਇਕ ਸਰੋਵਰ ਬਣਾਉਣਾ ਚਾਹੁੰਦੇ ਸਨ, ਇਸ ਬਾਰੇ ਸਾਰੇ ਮਸੰਦਾਂ ਨੂੰ ਦੱਸ ਦਿੱਤਾ, ਫਿਰ ਬਹੁਤ ਵਿਧੀਆਂ ਅਨੁਸਾਰ ਤਿਆਰੀ ਕਰਨ ਲੱਗੇ, ਬਹੁਤ ਮਜ਼ਦੂਰ ਲੱਗ ਕੇ ਕਾਰ ਸੇਵਾ ਕਰਨ ਲੱਗੇ॥ ੪੬ ॥

ਚੂਨਾ ਅਧਿਕ ਈਂਟਕਾ ਹੇਤੁ। ਸ੍ਰੀ ਅਰਜਨ ਜੀ ਗਨ ਧਨ ਦੇਤਿ।
ਪੁਨਹਿ ਖਨਨ ਹਿਤ ਕਰਨਿ ਮਹੂਰਤ। ਭਏ ਤਯਾਰ ਸਤਿਗੁਰ ਹਿਤ ਪੂਰਤਿ ॥੪੭ ॥

ਚੂਨੇ ਅਤੇ ਇੱਟਾਂ ਵਾਸਤੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਨ ਦਿੱਤਾ, ਫਿਰ ਸਰੋਵਰ ਦੀ ਪੁਟਵਾਈ ਵਾਸਤੇ ਮਹੂਰਤ ਕਰਨ ਲਈ ਸਤਿਗੁਰੂ ਜੀ ਹਿਤ ਪੂਰ ਕੇ ਤਿਆਰੀ ਕਰਨ ਲੱਗੇ॥ ੪੭ ॥

ਪੰਚਾਂਮ੍ਰਿਤ ਘਨੋ ਕਰਵਾਯੋ। ਸਿਖ ਸੰਗਤ ਤਹਿਂ ਬ੍ਰਿੰਦ ਬੁਲਾਯੋ।
ਅਨਿਕ ਪ੍ਰਕਾਰਨਿ ਕੇ ਉਤਸਾਹ। ਹੋਤਿ ਪ੍ਰਸੰਨ ਸਿੱਖਜ ਮਨ ਮਾਂਹਿ ॥ ੪੮ ॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਮੂਹ ਸਿੱਖ ਸੰਗਤ ਨੂੰ ਬੁਲਾਇਆ ਗਿਆ। ਅਨੇਕ ਪ੍ਰਕਾਰ ਦੇ ਉਤਸ਼ਾਹ ਕੀਤੇ, ਸਾਰੇ ਸਿੱਖ ਆਪਣੇ ਮਨਾਂ ਵਿਚ ਬਹੁਤ ਪ੍ਰਸੰਨ ਸਨ॥ ੪੮ ॥

ਲਗਯੋ ਦਿਵਾਨ ਅਧਿਕ ਗੁਰ ਪਾਸ। ਬੋਲੇ ਬਾਕ 'ਕਰਹੁ ਅਰਦਾਸ'।
ਭਾਈ ਬੁੱਢੇ ਕਹੁ ਕਿਯ ਖਰਯੋ। ਬ੍ਰਹਮ ਸਰੂਪ ਬਿਖੇ ਚਿਤ ਜੁਰਯੋ॥ ੪੯ ॥

ਗੁਰੂ ਜੀ ਪਾਸ ਬੜਾ ਵੱਡਾ ਦੀਵਾਨ ਲੱਗਾ ਹੋਇਆ ਸੀ। ਫਿਰ ਗੁਰੂ ਜੀ ਨੇ ਬਚਨ ਕੀਤੇ, "ਅਰਦਾਸ ਕਰੋ" ਬਾਬਾ ਬੁੱਢਾ ਜੀ ਉੱਠ ਕੇ ਖੜੇ ਹੋ ਗਏ, ਜਿਨ੍ਹਾਂ ਨੇ ਬ੍ਰਹਮ ਸਰੂਪ ਵਿਚ ਚਿੱਤ ਜੋੜਿਆ ਹੋਇਆ ਸੀ॥ ੪੯ ॥

ਮਹਾਂ ਸ਼ਕਤਿ ਧਰਿ ਸਿੱਖਜ ਮਹਾਨਾ। ਕਰਤਲ ਫਲ ਸਮ ਰੂਪ ਸੁ ਜਾਨਾ।
ਰਾਤਿ ਦਯੋਸ ਜਿਸ ਰਹੈ ਸਮਾਧਿ। ਦਾਤ ਸ਼ਾਂਤਿ ਜੁਤ ਰਿਦਾ ਅਗਾਧਿ ॥ ੫੦ ॥

ਵੱਡੀ ਸ਼ਕਤੀ ਧਾਰ ਕੇ ਉਹ ਮਹਾਨ ਸਿੱਖ ਬਣੇ ਸਨ ਅਤੇ ਹੱਥ ਦੀ ਤਲੀ ਉਤੇ ਧਰੇ ਫਲ ਵਾਂਗ ਜਿਨ੍ਹਾਂ ਆਪਣੇ ਸਰੂਪ ਨੂੰ ਜਾਣਿਆ ਸੀ। ਰਾਤ ਦਿਨ ਜਿਨ੍ਹਾਂ ਦੀ ਸਮਾਧੀ ਲੱਗੀ ਰਹਿੰਦੀ ਸੀ, ਸ਼ਾਂਤੀ ਦੀ ਦਾਤ ਸਮੇਤ ਉਨ੍ਹਾਂ ਦਾ ਹਿਰਦਾ ਅਗਮ ਅਗਾਧ ਸੀ॥ ੫੦ ॥

ਖਰੋ ਭਯੋ ਜਬਿ ਗੁਰੂ ਅਗਾਰੀ। ਹਿਤ ਅਰਦਾਸ ਕਰਨਿ ਸੁਖਕਾਰੀ।
ਖੱਤ੍ਰੀ ਇਕ ਦੇਵੀਚੰਦ ਨਾਮ। ਗੋਇੰਦਵਾਲ ਹੁਤੋ ਜਿਸ ਧਾਮ॥ ੫੧॥

ਜਦ ਬਾਬਾ ਬੁੱਢਾ ਜੀ ਗੁਰੂ ਜੀ ਅੱਗੇ ਸੁਖਦਾਇਕ ਅਰਦਾਸ ਕਰਨ ਵਾਸਤੇ ਖੜੇ ਹੋਏ ਤਾਂ ਇਕ ਖੱਤਰੀ ਜਿਸ ਦਾ ਨਾਂ ਦੇਵੀ ਚੰਦ ਸੀ ਤੇ ਜਿਹੜਾ ਗੋਇੰਦਵਾਲ ਦਾ ਰਹਿਣ ਵਾਲਾ ਸੀ॥ ੫੧॥

ਦਰਸ਼ਨ ਹੇਤੁ ਗੁਰੂ ਕੇ ਆਵਾ। ਏਕ ਰੁਪੱਯੋ ਤਾਂਹਿ ਤੁਰਾਵਾ।
ਆਧੇ ਟਕੇ ਰਾਖਿ ਨਿਜ ਪਾਸ। ਅਰਧ ਲਏ ਹਿਤ ਗੁਰ ਅਰਦਾਸ॥ ੫੨॥

ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ, ਇਕ ਰੁਪਈਆ ਉਸ ਤੁੜਵਾਇਆ (ਭੰਨਾਇਆ)। ਅੱਧਾ ਟਕਾ ਆਪਣੇ ਪਾਸ ਰੱਖ ਕੇ ਅੱਧਾ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਲੈ ਲਿਆ॥ ੫੨॥

ਗੁਰ ਕੈ ਜਾਇ ਅਗਾਰੀ ਧਰੇ। ਹਾਥ ਬੰਦਿ ਕਰਿ ਬੈਠਨਿ ਕਰੇ।
ਸ੍ਰੀ ਅਰਜਨ ਅਵਿਲੋਕਿ ਉਚਾਰੀ।'ਭਾਈ ਬੁੱਢਾ ਲੇਹੁ ਨਿਹਾਰੀ॥ ੫੩॥

ਅੱਧਾ ਟਕਾ ਗੁਰੂ ਜੀ ਦੇ ਅੱਗੇ ਜਾ ਕੇ ਧਰ ਦਿੱਤਾ ਅਤੇ ਹੱਥ ਜੋੜ ਕੇ ਬੈਠ ਗਿਆ। ਗੁਰੂ ਅਰਜਨ ਦੇਵ ਜੀ ਨੇ ਵੇਖ ਕੇ ਬਚਨ ਕੀਤੇ, "ਬਾਬਾ ਬੁੱਢਾ ਜੀ ਵੇਖ ਲਵੋ॥ ੫੩॥

ਪੂਰਨ ਤਾਲ ਸਕਲ ਬਿਧਿ ਹੋਇ। ਰਿਦੇ ਹਮਾਰੇ ਆਇ ਨ ਕੋਇ।
ਆਧੀ ਭੇਟ ਪ੍ਰਥਮ ਹੀ ਆਈ। ਆਧੋ ਰਹੈ ਇਹੀ ਲਖਿ ਪਾਈ॥ ੫੪॥

ਸਾਰੀਆਂ ਵਿਧੀਆਂ ਅਨੁਸਾਰ ਇਹ ਸਰੋਵਰ ਪੂਰਾ ਹੋਵੇ, ਹੋਰ ਸਾਡੇ ਹਿਰਦੇ ਵਿਚ ਕੁਝ ਨਹੀਂ ਆਉਂਦਾ। ਪਹਿਲਾਂ ਹੀ ਅੱਧੀ ਭੇਟ ਆਈ ਹੈ, ਇਹ ਸਰੋਵਰ ਅੱਧਾ ਹੀ ਰਹੇਗਾ, ਇਹ ਵੀ ਜਾਣ ਲਵੋ॥ ੫੪॥

ਪੁਰਸ਼ੋਤਮ ਕੀ ਜਥਾ ਰਜਾਇ। ਹੋਇ ਤਥਾ ਨਹਿਂ ਅਪਰ ਉਪਾਇ'।
ਕਰਿ ਅਰਦਾਸ ਤਿਹਾਵਲ ਕੇਰੀ। ਸਿਮਰੇ ਸਭਿ ਸਤਿਗੁਰ ਤਿਸ ਬੇਰੀ॥ ੫੫॥

ਜਿਵੇਂ ਪ੍ਰਭੂ ਦੀ ਰਜ਼ਾ ਹੈ, ਉਸ ਤਰ੍ਹਾਂ ਹੀ ਹੋਣਾ ਹੈ, ਹੋਰ ਕੋਈ ਉਪਾਅ ਨਹੀਂ ਹੈ।" ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਅਤੇ ਸਾਰਿਆਂ ਨੇ ਸਤਿਗੁਰੂ ਨੂੰ ਯਾਦ ਕੀਤਾ॥ ੫੫॥

ਕਰਜੋ ਮਹੂਰਤ ਖਨਨਿ ਲਗਾਏ। ਸਿੱਖਜ ਮਿਹਨਤੀ ਨਰ ਸਮੁਦਾਏ।
ਤੀਰਥ ਕੀ ਸੁ ਹੋਨਿ ਲਗਿ ਕਾਰੀ। ਕਾਰੀਗਰ ਬੁਲਾਇ ਮਤਿ ਭਾਰੀ॥ ੫੬॥

ਮਹੂਰਤ ਕਰਕੇ ਸਰੋਵਰ ਦੀ ਪੁਟਵਾਈ ਕਰਨ ਲੱਗੇ, ਸਿੱਖ, ਮਜ਼ਦੂਰ ਅਤੇ ਸਾਰੇ ਮਨੁੱਖ ਇਸ ਕਾਰਜ ਵਾਸਤੇ ਲੱਗ ਗਏ। ਤੀਰਥ ਦੀ ਕਾਰ ਸੇਵਾ ਹੋਣ ਲੱਗੀ ਅਤੇ ਚੰਗੇ ਸਿਆਣੇ ਕਾਰੀਗਰ ਬੁਲਾਏ ਗਏ॥ ੫੬॥

ਈਂਟਨਿ ਕੇ ਆਵੇ ਲਗਵਾਏ। ਚੂਨਾ ਤਜਾਰ ਕਰਹਿਂ ਸਮੁਦਾਏ।
ਤਾਲ ਬਿਸਾਲ ਅਰੰਭਨਿ ਕੀਨਾ। ਮਨੋ ਮਾਨਸਰ ਹੋਇ ਨਵੀਨਾ॥ ੫੭॥

ਇੱਟਾਂ ਦੇ ਆਵੇ ਲਗਵਾਏ ਅਤੇ ਬਹੁਤ ਲੋਕ ਚੂਨਾ ਤਿਆਰ ਕਰਨ ਲੱਗੇ। ਵਿਸ਼ਾਲ ਸਰੋਵਰ ਬਣਾਉਣ ਦਾ ਆਰੰਭ ਕੀਤਾ, ਮਾਨੋ ਨਵੀਂ ਮਾਨਸਰੋਵਰ ਝੀਲ ਬਣ ਰਹੀ ਸੀ॥ ੫੭॥

ਸ਼ਿਲਪੀ ਲਗੇ ਚਿਨਨਿ ਸੋਪਾਨਿ। ਲਾਵਹਿਂ ਚੂਨੋ ਈਟ ਮਹਾਨ।
ਕਹਜੋ ਮਸੰਦਨਿ ਸੋਂ ਗੁਰ ਬੈਨ। 'ਕਰਵਾਵਹੁ ਕਾਰਜ ਸ਼ੁਭ ਦੈਨ॥ ੫੮॥

ਕਾਰੀਗਰ ਪੌੜੀਆਂ ਦੀ ਚਿਣਵਾਈ ਕਰਨ ਲੱਗੇ। ਉਹ ਬਹੁਤ ਚੂਨਾ ਅਤੇ ਇੱਟਾਂ ਲਾ ਰਹੇ ਸਨ। ਗੁਰੂ ਜੀ ਨੇ ਮਸੰਦਾਂ ਨੂੰ ਕਿਹਾ, "ਸ਼ੁਭ ਪਦਾਰਥ ਦੇ ਕੇ ਕਾਰਜ ਪੂਰਾ ਕਰਾਵੋ॥ ੫੮॥

ਸਤਿਗੁਰ ਕੇ ਘਰ ਤੋਟਿ ਨ ਕਾਈ। ਮਿਹਨਤ ਦੇਹੁ ਮਜੂਰ ਸਵਾਈ।
ਜਿਸਤੇ ਹੋਇ ਅਖਲ ਇਹੁ ਤਾਲ। ਤਥਾ ਕਰਹੁ ਤੁਮ ਸੁਮਤਿ ਸੰਭਾਲ' ॥ ੫੯॥

ਸਤਿਗੁਰੂ ਦੇ ਘਰ ਕੋਈ ਘਾਟ ਨਹੀਂ ਹੈ, ਮਜ਼ਦੂਰਾਂ ਨੂੰ ਸਵਾਈ ਮਿਹਨਤ ਦੇਵੋ, ਜਿਸ ਨਾਲ ਇਹ ਸਰੋਵਰ ਤਿਆਰ ਹੋਵੇ, ਭਾਵ ਤੁਸੀਂ ਆਪਣੀ ਸ੍ਰੇਸ਼ਟ ਬੁੱਧੀ ਨੂੰ ਸੰਭਾਲੋ॥ ੫੯॥

ਇਸ ਬਿਧਿ ਹੁਕਮ ਪਾਇ ਗੁਰ ਕੇਰਾ। ਕਹਿ ਕਹਿ ਕੋ ਨਿਕਰਾਇਂ ਬਡੇਰਾ।
ਸ਼ਿਲਪਨਿ ਤੇ ਸੁ ਕਰਾਵਤਿ ਰਹੈਂ। 'ਚੂਨਾ ਈਟ ਪੁਚਾਵਹੁ' ਕਹੈਂ॥ ੬੦॥

ਇਸ ਪ੍ਰਕਾਰ ਗੁਰੂ ਜੀ ਦਾ ਹੁਕਮ ਪਾ ਕੇ, ਇਕ ਦੂਸਰੇ ਨੂੰ ਕਹਿ ਕਹਿ ਕੇ ਮਿੱਟੀ ਬਾਹਰ ਕੱਢ ਰਹੇ ਸਨ। ਕਾਰੀਗਰਾਂ ਤੋਂ ਕੰਮ ਕਰਵਾ ਰਹੇ ਸਨ, ਕਹਿ ਰਹੇ ਸਨ, "ਚੂਨਾ ਇੱਟਾਂ ਪਹੁੰਚਾਵੋ"॥ ੬੦॥

ਕਬਿ ਕਬਿ ਸ੍ਰੀ ਗੁਰ ਦੇਖਹਿਂ ਜਾਈ। ਲਗੇ ਕਾਰ ਜਹਿਂ ਸਿਖ ਸਮੁਦਾਈ।
ਨਿਜ ਕੱਲਜਾਨ ਚਹੈਂ ਕਰਿ ਸੇਵਾ। ਜਿਸਤੇ ਹੁਇਂ ਪ੍ਰਸੰਨ ਗੁਰਦੇਵਾ॥ ੬੧॥

ਕਦੀ ਕਦੀ ਗੁਰੂ ਜੀ ਜਾ ਕੇ ਵੇਖਦੇ ਸਨ, ਜਿਥੇ ਸਾਰੇ ਸਿੱਖ ਕਾਰ ਸੇਵਾ ਕਰ ਰਹੇ ਸਨ। ਸਿੱਖ ਸੇਵਾ ਕਰਕੇ ਆਪਣਾ ਕਲਿਆਣ ਚਾਹੁੰਦੇ ਸਨ, ਜਿਸ ਨਾਲ ਗੁਰੂ ਜੀ ਪ੍ਰਸੰਨ ਹੋ ਜਾਣ॥ ੬੧॥

ਇਸ ਬਿਧਿ ਕੇਤੇ ਦਿਵਸ ਬਿਤਾਏ। ਸ੍ਰੀ ਅਰਜਨ ਉਪਕਾਰ ਕਰਾਏ।
ਪੂਰਬ ਦਿਸ਼ਿ ਕੀ ਬਨਹਿਂ ਸੁਪਾਨ। ਨਰਨਿ ਭੀਰ ਬਹੁ ਹੁਇ ਤਿਸ ਥਾਨ॥ ੬੨॥

ਇਸ ਤਰ੍ਹਾਂ ਸੇਵਾ ਕਰਦਿਆਂ ਕਈ ਦਿਨ ਬਤੀਤ ਕੀਤੇ, ਸ੍ਰੀ ਗੁਰੂ ਅਰਜਨ ਦੇਵ ਜੀ ਉਪਕਾਰ ਕਰ ਰਹੇ ਸਨ, ਪੂਰਬੀ ਪਾਸੇ ਦੀਆਂ ਪੌੜੀਆਂ ਬਣ ਗਈਆਂ, ਉਸ ਥਾਂ ਮਨੁੱਖਾਂ ਦਾ ਬੜਾ ਹਜੂਮ ਇਕੱਠਾ ਹੋਇਆ ਸੀ॥ ੬੨॥

ਆਵਹਿ ਸੰਗਤਿ ਕਾਬਲ ਕੇਰੀ। ਬਲਖ ਬੁਖਾਰੇ ਨਗਰ ਘਨੇਰੀ।
ਧੰਨੀ ਘੇਪ ਪਿਸ਼ੌਰ ਜਿ ਬਾਸੀ। ਪੁਰਿ ਮੁਲਤਾਨ, ਸ਼ਿਕਾਰ ਪੁਰਾ ਸੀ॥ ੬੩॥

ਕਾਬਲ, ਬਲਖ ਬੁਖਾਰੇ ਸ਼ਹਿਰਾਂ ਦੀ ਬਹੁਤ ਸੰਗਤ ਆਈ। ਪਿਸ਼ੌਰ ਵਿਚ ਜਿਹੜੇ ਅਮੀਰ ਮਨੁੱਖ ਵੱਸਦੇ ਸਨ, ਉਹ ਵੀ ਆਏ। ਮੁਲਤਾਨ ਅਤੇ ਸ਼ਿਕਾਰਪੁਰ ਸ਼ਹਿਰ ਦੀ ਵੀ ਬਹੁਤ ਸੰਗਤ ਆਈ॥ ੬੩॥

ਇਤ ਦੱਖਣ ਅਰ ਪੂਰਬ ਕੇਰੀ। ਸੰਗਤਿ ਦਰਸ਼ੈ ਆਇ ਬਡੇਰੀ।
ਕਿਤਿਕ ਦੇਸ਼ ਗਿਨੀਅਹਿ ਜਗ ਕੇਰੇ। ਜੋ ਆਵਤਿ ਗੁਰ ਦਰਸ਼ਨ ਹੇਰੇ॥ ੬੪॥

ਇਸ ਤਰ੍ਹਾਂ ਹੀ ਦੱਖਣ ਅਤੇ ਪੂਰਬ ਦੀ ਬਹੁਤ ਸੰਗਤ ਆ ਕੇ ਦਰਸ਼ਨ ਕਰ ਰਹੀ ਸੀ। ਜਗਤ ਦੇ ਕਿੰਨੇ ਦੇਸ਼ ਗਿਣੀਏ, ਜਿਨ੍ਹਾਂ ਵਿਚੋਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਆ ਰਹੀਆਂ ਸਨ॥ ੬੪॥

ਤੀਰਥ ਕਾਰ ਕਰਹਿਂ ਸੋ ਆਇ। ਤਿਸ ਪਰ ਹੋਵਤਿ ਖੁਸ਼ੀ ਸਿਵਾਇ।
ਸਤਿਗੁਰ ਕੋ ਰੁਖ ਦੇਖਹਿਂ ਜਯੋਂ ਜਯੋਂ। ਖਨਹਿਂ ਕਾਰ ਕਰਿ ਹੈਂ ਨਰ ਤਯੋਂ ਤਯੋਂ॥ ੬੫॥

ਉਹ ਆ ਕੇ ਤੀਰਥ ਦੀ ਕਾਰ ਸੇਵਾ ਕਰ ਰਹੇ ਸਨ, ਜਿਸ ਨਾਲ ਸਵਾਈ ਖੁਸ਼ੀ ਪ੍ਰਾਪਤ ਹੋ ਰਹੀ ਸੀ। ਜਿਵੇਂ ਜਿਵੇਂ ਸਤਿਗੁਰੂ ਜੀ ਦਾ ਰੁਖ ਵੇਖਦੇ ਸਨ, ਉਸ ਤਰ੍ਹਾਂ ਹੀ ਪੁਟਵਾਈ ਦੀ ਕਾਰ ਸੇਵਾ ਕਰ ਰਹੇ ਸਨ॥ ੬੫॥

ਇਸ ਬਿਧਿ ਕੇਤੇ ਮਾਸ ਬਿਤਾਏ। ਪੂਰਬ ਦਿਸ਼ਿ ਸੋਪਾਨ ਬਨਾਏ।
ਕੇਤਿਕ ਖਨੀ ਭੂਮਕਾ ਤਹਾ। ਗੁਰੂ ਕਾਮ 'ਤੀਰਥ ਹੁਇ ਮਹਾਂ'॥ ੬੬॥

ਇਸ ਤਰ੍ਹਾਂ ਕਈ ਮਹੀਨੇ ਬੀਤ ਗਏ, ਪੂਰਬੀ ਪਾਸੇ ਦੀਆਂ ਪੌੜੀਆਂ ਬਣ ਗਈਆਂ, ਬਹੁਤ ਮਿੱਟੀ ਪੁੱਟੀ ਗਈ, ਕਹਿੰਦੇ ਸਨ, "ਇਹ ਗੁਰੂ ਦਾ ਕਾਰਜ ਹੈ, ਗੁਰੂ ਜੀ ਦੀ ਇੱਛਾ ਹੈ, ਇਹ ਵੱਡਾ ਤੀਰਥ ਹੋਵੇ"॥ ੬੬॥

*ਤੀਸਰੀ ਰਾਸ ਦਾ ਸਤਾਹਠਵਾਂ ਅਧਿਆਇ ਸਮਾਪਤ ਹੋਇਆ॥ ੬੭॥*

## ਅਧਿਆਇ ਅਠਾਹਠਵਾਂ

### ਤਰਨ ਤਾਰਨ ਸਰੋਵਰ

ਦੋਹਰਾ- ਦਿਨ ਦਿਨ ਪ੍ਰਤਿ ਤੀਰਥ ਬਨਤਿ ਸਤਿਗੁਰ ਕਰਹਿਂ ਤਗੀਦ।
ਆਪ ਆਪਨੇ ਕਾਜ ਕਰਿ ਸੰਧਜਾ ਹੋਤ ਰਸੀਦ॥ ੧॥

ਦਿਨ ਪ੍ਰਤਿ ਦਿਨ ਤੀਰਥ ਬਣ ਰਿਹਾ ਸੀ ਤੇ ਸਤਿਗੁਰੂ ਜੀ ਤਾਕੀਦ ਕਰ ਰਹੇ ਸਨ। ਸ਼ਾਮ ਨੂੰ ਆਪੋ ਆਪਣੇ ਕੰਮਾਂ ਨੂੰ ਲਿਖਾ ਕੇ ਰਸੀਦ (ਰੁੱਕਾ) ਲੈਂਦੇ ਸਨ॥ ੧॥

ਚੌਪਈ- ਨਿਤ ਪ੍ਰਤਿ ਸਤਿਗੁਰ ਸੁਧਿ ਸਭ ਲਹੈਂ। 'ਕਰਹੁ ਭਲੇ ਤੂਰਨ' ਤਿਨ ਕਹੈਂ।
ਈਂਟਨਿ ਕੇ ਸਮੁਦਾਇ ਪਜਾਵੇ। ਬਹੁ ਨਰ ਲਾਗੇ ਤਿਨਹਿ ਪਕਾਵੈਂ॥੨॥

ਨਿਤਪ੍ਰਤਿ ਸਤਿਗੁਰੂ ਦੀ ਖਬਰ ਲੈਂਦੇ ਸਨ ਤੇ ਉਨ੍ਹਾਂ ਨੂੰ ਕਹਿੰਦੇ, "ਚੰਗੀ ਤਰ੍ਹਾਂ ਅਤੇ ਛੇਤੀ ਕਰੋ"। ਬਹੁਤ ਇੱਟਾਂ ਪਹੁੰਚਾਉਂਦੇ ਸਨ ਅਤੇ ਬਹੁਤ ਮਨੁੱਖ ਲੱਗ ਕੇ ਉਨ੍ਹਾਂ ਨੂੰ ਪਕਾਉਂਦੇ ਸਨ॥ ੨॥

ਤਹਾਂ ਨੂਰਦੀਂ ਤੁਰਕ ਹੰਕਾਰੀ। ਸਿਫਤੀ ਪਰਵਦਿਗਾਰ ਬਿਸਾਰੀ।
ਹੁਤੋ ਤਹਾਂ ਤੇ ਕੋਸ ਅਢਾਈ। ਚਿਨਵਾਵਤਿ ਸੋ ਅਪਨਿ ਸਰਾਈ॥ ੩॥

ਓਥੇ ਇਕ ਨੂਰਦੀਂ ਨਾਮੀਂ ਤੁਰਕ ਰਹਿੰਦਾ ਸੀ, ਜਿਹੜਾ ਵੱਡਾ ਹੰਕਾਰੀ ਸੀ। ਉਸ ਨੇ ਪਰਮਾਤਮਾ ਦੀ ਸਿਫਤ ਵਿਸਾਰੀ ਹੋਈ ਸੀ, ਉਸ ਦਾ ਪਿੰਡ ਤਰਨ ਤਾਰਨ ਤੋਂ ਢਾਈ ਕੋਹ ਦੂਰ ਸੀ, ਓਥੇ ਉਹ ਆਪਣੀ ਸਰਾਂ ਬਣਾ ਰਿਹਾ ਸੀ॥ ੩॥

ਰਹਿਤੋ ਹੁਤੋ ਦਿਲੀ ਸ਼ੁਰ ਤੀਰ। ਯਾਂਤੇ ਗਰਬਤਿ ਮੂਢ ਅਧੀਰ।
ਤਿਸਕੇ ਚਿਨਤਿ ਈਂਟ ਬੁਰ ਗਈ। ਕਿਤ ਤੇ ਹਾਥ ਨ ਆਵਤਿ ਭਈ॥੪॥

ਉਹ ਦਿੱਲੀ ਦੇ ਬਾਦਸ਼ਾਹ ਪਾਸ ਰਹਿੰਦਾ ਸੀ, ਇਸ ਕਰਕੇ ਮੂਰਖ ਹੰਕਾਰ ਕਰਦਾ ਸੀ। ਜਦ ਸਰਾਂ ਬਣਾ ਰਿਹਾ ਸੀ ਤਾਂ ਇੱਟਾਂ ਥੁੜ ਗਈਆਂ, ਕਿਸੇ ਥਾਂ ਤੋਂ ਵੀ ਲੱਭਦੀਆਂ ਨਹੀਂ ਸਨ॥ ੪॥

ਅਟਕ ਰਹੀ ਤਿਸ ਕਾਰ ਉਸਾਰੀ। ਖੋਜਿ ਰਹੇ ਨਹਿਂ ਨਿਕਟ ਨਿਹਾਰੀ।
ਤਬਿ ਕਿਸਹੂੰ ਨੇ ਤਿਹ ਸੋਂ ਕਹਜੋ। 'ਸੁਨਹੁ ਕਾਜ ਮੈਂ ਤੁਮਰੋ ਲਹਜੋ॥੫॥

ਉਸ ਦਾ ਉਸਾਰੀ ਦਾ ਕੰਮ ਰੁਕ ਗਿਆ, ਇੱਟਾਂ ਲੱਭਦੇ ਰਹੇ ਪਰ ਕਿਸੇ ਥਾਂ ਤੋਂ ਵੀ ਨਾ ਮਿਲੀਆਂ। ਤਦ ਕਿਸੇ ਨੇ ਉਸ ਨੂੰ ਕਿਹਾ, "ਸੁਣੋ, ਮੈਂ ਤੁਹਾਡਾ ਕੰਮ ਸਮਝ ਗਿਆ ਹਾਂ॥ ੫॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਗੁਰ ਰਾਮਦਾਸ ਕੇ ਨੰਦ। ਕਰਿਵਾਵਤਿ ਹੈਂ ਤਾਲ ਬਿਲੰਦ।
ਤਿਨ ਕੇ ਆਵੇ ਭਏ ਤਯਾਰ। ਬਡੀ ਈਂਟਕਾ ਪਾਕੀ ਸਾਰ॥ ੬॥

ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰ, ਇਕ ਵੱਡਾ ਸਰੋਵਰ ਬਣਵਾ ਰਹੇ ਹਨ। ਉਨ੍ਹਾਂ ਦੇ ਆਵੇ ਤਿਆਰ ਹੋ ਗਏ ਹਨ, ਸਾਰੀਆਂ ਇੱਟਾਂ ਬਹੁਤ ਪੱਕੀਆਂ ਹਨ॥ ੬॥

ਸੋ ਅਨਵਾਇ ਲੇਹੁ ਇਸ ਥਾਨ। ਸਰੈ ਕਾਰ ਤੁਮਰੋ ਹਿਤ ਠਾਨਿ।
ਅਪਰ ਨਿਕਟਿ ਦ੍ਰਿਸ਼ਟੀ ਨਹਿਂ ਆਵੈ। ਦੂਰਿ ਹੋਹਿਂ ਤੌ ਕੌਨ ਸੁ ਲਜਾਵੈ॥ ੭॥

ਉਨ੍ਹਾਂ ਇੱਟਾਂ ਨੂੰ ਇਸ ਥਾਂ ਮੰਗਵਾ ਲਵੋ ਤਾਂ ਤੁਹਾਡਾ ਕੰਮ ਸਰ ਜਾਵੇਗਾ, ਹੋਰ ਇੱਟਾਂ ਕਿਤੇ ਨੇੜੇ ਤੇੜੇ ਨਹੀਂ ਦਿੱਸਦੀਆਂ। ਜੇ ਬਹੁਤ ਦੂਰ ਹੋਣਗੀਆਂ ਤਾਂ ਕੌਣ ਲਿਆਵੇਗਾ?"॥ ੭॥

ਖੋਜਾ ਨੂਰ ਦੀਨ ਸੁਨਿ ਰਹਯੋ। ਨਹੀਂ ਬਾਕ ਲਜਾਵਨਿ ਤਬਿ ਕਹਯੋ।
ਹੁਤੋ ਅਮਾਨਤ ਖਾਨ ਪਠਾਨ। ਸੋ ਭੀ ਚਿਨਵਾਵਤਿ ਇਕ ਥਾਨ॥ ੮॥

ਨੂਰ ਦੀਨ ਖੋਜਾ ਸੁਣਦਾ ਰਿਹਾ, ਪਰ ਆਪਣੇ ਮੁਖ ਤੋਂ ਕੁਝ ਨਾ ਬੋਲਿਆ। ਇਕ ਅਮਾਨਤ ਖਾਨ ਪਠਾਣ ਸੀ, ਉਹ ਵੀ ਇਕ ਥਾਂ ਸਰਾਂ ਦੀ ਚਿਣਵਾਈ ਕਰਵਾ ਰਿਹਾ ਸੀ॥ ੮॥

ਹੁਤੋ ਤਰਨਤਾਰਨ ਜੀ ਨੇਰੇ। ਚਹਤਿ ਈਂਟਕਾ ਚਿਨਨਿ ਘਨੇਰੇ।
ਗ੍ਰਾਮ ਨੁਰੰਗਾ ਬਾਦ ਮਝਾਰ। ਰਾਹਕ ਬਸਤਿ ਧਨਾਢ ਉਦਾਰ॥ ੯॥

ਤਰਨਤਾਰਨ ਸ਼ਹਿਰ ਨੇੜੇ ਸੀ, ਉਹ ਵੀ ਇੱਟਾਂ ਦੀ ਬਹੁਤ ਚਿਣਵਾਈ ਕਰਵਾ ਰਿਹਾ ਸੀ, ਨੌਰੰਗਾਬਾਦ ਪਿੰਡ ਵਿਚ ਇਕ ਰਾਹਕ ਵੱਸਦਾ ਸੀ ਜਿਹੜਾ ਬਹੁਤ ਅਮੀਰ ਸੀ॥ ੯॥

ਤਿਸਕੋ ਬੂਝਨਿ ਕੀਨਿ ਪਠਾਨ। 'ਕਿਤ ਤੇ ਆਇ ਈਂਟਕਾ ਪਾਨ?।
ਮੈਂ ਸਰਾਇ ਅਬਿ ਲਾਗਿ ਬਨਾਵਨਿ। ਪਾਤਿਸ਼ਾਹਿ ਕੀਨਸਿ ਫੁਰਮਾਵਨਿ॥੧੦॥

ਉਸ ਧਨਾਢ ਨੂੰ ਪਠਾਣ ਨੇ ਪੁਛਿਆ, "ਕਿਥੋਂ ਇੱਟਾਂ ਹੱਥ ਵਿਚ ਆਉਣਗੀਆਂ? ਮੈਂ ਹੁਣ ਸਰਾਂ ਬਣਾਉਣ ਲੱਗਾ ਹਾਂ, ਬਾਦਸ਼ਾਹ ਨੇ ਫੁਰਮਾਇਆ ਹੈ॥ ੧੦॥

ਸਭਿ ਉਮਰਾਵਨਿ ਕਹੁ ਦਿਯ ਥਾਨ। ਨਿਜ ਨਾਮਨਿ ਪਰ ਕਰਹਿਂ ਮਕਾਨ।
ਨੂਰਦੀਨ ਖੋਜੇ ਢਿਗ ਜਾਇ। ਦੇਹਿ ਈਂਟ, ਕੈ ਦੇਹਿ ਬਤਾਇ॥ ੧੧॥

ਸਭ ਹਾਕਮਾਂ ਨੂੰ ਥਾਂ ਦਿੱਤੇ ਹਨ, ਆਪਣੇ ਨਾਂ ਉਤੇ ਸਰਾਵਾਂ ਬਣਾ ਰਹੇ ਹਨ, ਤੂੰ ਹੁਣ ਨੂਰ ਦੀਨ ਖੋਜੇ ਪਾਸ ਜਾਵੇ ਇੱਟਾਂ ਦੇਵੋ, ਉਸ ਨੂੰ ਦੱਸ ਦੇਵੋ"॥ ੧੧॥

ਸੁਨਤਿ ਚੌਧਰੀ ਕਰਿ ਅਹਿਲਾਦ। ਗ੍ਰਾਮ ਜੁ ਬਸੈ ਨੁਰੰਗਾਬਾਦ।
ਇਸਕੈ ਆਇ ਈਂਟਕਾ ਹਾਥ। ਮੈਂ ਭੀ ਲੇਊਂ ਇੱਛਤਿ ਸਾਥ॥ ੧੨॥

ਚੌਧਰੀ ਨੇ ਬੜੀ ਪ੍ਰਸੰਨਤਾ ਨਾਲ ਸੁਣਿਆ, ਜਿਹੜਾ ਨੌਰੰਗਾਬਾਦ ਪਿੰਡ ਵਿਚ ਰਹਿੰਦਾ ਸੀ। ਉਸ ਨੇ ਸੋਚਿਆ, ਕਿ ਜੇ ਇਸ ਦੇ ਹੱਥ ਵਿਚ ਇੱਟਾਂ ਆਉਣਗੀਆਂ ਤਾਂ ਇਨ੍ਹਾਂ ਵਿਚੋਂ ਮੈਂ ਵੀ ਆਪਣੀ ਇੱਛਾ ਅਨੁਸਾਰ ਲਵਾਂਗਾ॥ ੧੨॥

ਸੁਨਿਕੈ ਨੂਰਦੀਨ ਢਿਗ ਗਯੋ। ਜਹਾਂ ਸਰਾਇ ਚਿਨਾਵਤਿ ਭਯੋ।
ਕਹੀ ਅਮਾਨਤ ਖਾਂ ਕੀ ਬਾਤ। ਸੁਨਿਕੈ ਬੋਲਯੋ ਸਮ ਮੁਸਕਾਤ॥ ੧੩॥

ਇਹ ਸੁਣ ਕੇ ਉਹ ਨੂਰ ਦੀਨ ਦੇ ਪਾਸ ਗਿਆ, ਜਿਥੇ ਉਹ ਸਰਾਂ ਬਣਵਾ ਰਿਹਾ ਸੀ। ਅਮਾਨਤ ਖਾਂ ਦੀ ਗੱਲ ਨੂੰ ਸੁਣ ਕੇ ਨੂਰ ਦੀਨ ਮੁਸਕਰਾ ਕੇ ਬੋਲਿਆ॥ ੧੩॥

'ਹਮ ਕੋ ਤੁਮ ਤੇ ਚਾਹਿ ਘਨੇਰੀ। ਕਰਹਿਂ ਟੋਰ ਬਹੁ ਥਾਨਨਿ ਹੇਰੀ।
ਸ੍ਰੀ ਅਰਜਨ ਗੁਰ ਹਿੰਦੁ ਬਿਸਾਲ। ਸੋ ਕਰਿਵਾਵਤਿ ਇਹ ਠਾਂ ਤਾਲ॥ ੧੪॥

ਸਾਨੂੰ ਤੁਹਾਡੇ ਨਾਲੋਂ ਜ਼ਿਆਦਾ ਲੋੜ ਹੈ, ਬਹੁਤ ਦੇਰ ਤੋਂ ਲੱਭ ਰਹੇ ਹਾਂ ਅਤੇ ਬਹੁਤ ਥਾਂ ਵੇਖਿਆ ਹੈ। ਸ੍ਰੀ ਅਰਜਨ ਦੇਵ ਹਿੰਦੂਆਂ ਦੇ ਵੱਡੇ ਗੁਰੂ ਹਨ, ਉਹ ਇਕ ਥਾਂ ਸਰੋਵਰ ਬਣਵਾ ਰਹੇ ਹਨ॥ ੧੪॥

ਆਵੇ ਤਿਨਹੁ ਬ੍ਰਿੰਦ ਲਗਵਾਏ। ਬਡੀ ਈਂਟ ਅਰੁ ਭਲੇ ਪਕਾਏ।
ਖਾਨ ਕਾਜ ਅਰੁ ਹੋਇ ਹਮਾਰੋ। ਮਿਲਿ ਕੈ ਲਿਹੁ ਨਹਿਂ ਕਰਹਿ ਪੁਕਾਰੋ॥ ੧੫॥

ਉਨ੍ਹਾਂ ਬਹੁਤ ਆਵੇ ਲਾਏ ਹੋਏ ਹਨ, ਬੜੀਆਂ ਇੱਟਾਂ ਹਨ ਅਤੇ ਚੰਗੀ ਤਰ੍ਹਾਂ ਪੱਕੀਆਂ ਹਨ। ਪਠਾਣ ਦਾ ਤੇ ਮੇਰਾ ਕੰਮ ਹੋ ਜਾਵੇਗਾ, ਮਿਲ ਕੇ ਲੈ ਲਵਾਂਗੇ। ਉਹ ਪੁਕਾਰ ਨਹੀਂ ਕਰਨਗੇ॥ ੧੫॥

'ਦੇਹੁ ਉਧਾਰੀ' ਕਹਿਕੈ ਲੇਹੁ। ਜਬਰੀ ਤੁਮ ਸੋਂ ਕਰੈਂ ਨਕੇਹੁ'।
ਇਮ ਮਸਲਤ ਕਰਿ ਆਪਸ ਮਾਂਹੀ। ਫਿਰਤਿ ਚੌਧਰੀ ਨੇ ਠਹਿਰਾਹੀ॥ ੧੬॥.

ਇਸ ਕਰਕੇ ਅਸੀਂ ਕਹਾਂਗੇ "ਸਾਨੂੰ ਉਧਾਰ ਇੱਟਾਂ ਦੇਵੇ" ਤੇ ਇੱਟਾਂ ਲੈ ਲਵਾਂਗੇ, ਅਸੀਂ ਤੁਹਾਡੇ ਨਾਲ ਜ਼ਬਰਦਸਤੀ ਨਹੀਂ ਕਰਦੇ ਹਾਂ। ਇਸ ਤਰ੍ਹਾਂ ਆਪਸ ਵਿਚ ਸਲਾਹ ਕਰਕੇ ਫੇਰੇ ਦੀ ਉਜਰਤ ਚੌਧਰੀ ਨੇ ਠਹਿਰਾਈ॥ ੧੬॥

ਆਇ ਵਹਿਰ ਤੇ ਲਿਏ ਪਜਾਵੇ। ਨਿਜ ਨਿਜ ਗ੍ਰਾਮਨਿ ਈਂਟ ਢੁਵਾਵੇ।
ਸਿੱਖ ਕੁਲਾਲ ਆਇਂ ਗੁਰ ਪਾਸ। ਹਾਥ ਜੋਰਿ ਕੀਨਸਿ ਅਰਦਾਸ॥ ੧੭॥

ਬਾਹਰੋ ਬਾਹਰ ਹੀ ਆ ਕੇ ਆਵੇ ਲੈ ਲਏ ਤੇ ਆਪਣੇ-ਆਪਣੇ ਪਿੰਡ ਨੂੰ ਇੱਟਾਂ ਢਵਾਉਣ ਲੱਗ ਗਏ। ਇਕ ਕਲਾਲ ਸਿੱਖ ਸਤਿਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਬੇਨਤੀ ਕੀਤੀ॥ ੧੭॥

'ਤੁਰਕ ਸਮੂਹ ਵਹਿਰ ਚਲਿ ਆਏ। ਹੁਕਮ ਕਰਤਿ ਹਮ ਸਾਥ ਅਲਾਏ।
ਨੂਰੋ ਦੀਨ ਅਮਾਨਤ ਖਾਨ। ਦੋਨਹੁ ਨਿਕਟ ਚਿਨਾਇਂ ਮਕਾਨ॥ ੧੮॥

"ਬਾਹਰ ਇਕ ਤੁਰਕਾਂ ਦਾ ਸਮੂਹ ਚਲ ਕੇ ਆਇਆ ਹੈ, ਹੁਕਮ ਕਰਕੇ ਸਾਨੂੰ ਕਹਿਣ ਲੱਗੇ ਨੂਰ ਦੀਨ ਤੇ ਅਮਾਨਤ ਖਾਂ ਦੋਵੇਂ ਏਥੇ ਨੇੜੇ ਹੀ ਮਕਾਨ ਬਣਾ ਰਹੇ ਹਨ॥ ੧੮॥

· ਚਾਹਿ ਈਂਟਕਾ ਤਿਨ ਕਹੁ ਭਈ। ਕਰਿ ਉਧਾਰ ਤੁਮਤੇ ਹਮ ਲਈ'।
ਇਹ ਕਹਿ ਲਗੇ ਲਦਾਵਨਿ ਗਾਡੇ। ਗਿਨਤੀ ਮਿਨਤੀ ਦੀਨਸਿ ਛਾਡੇ' ॥੧੯॥

ਭਾਵੇਂ ਇੱਟਾਂ ਗੁਰੂ ਜੀ ਦੀਆਂ ਹਨ, ਅਸੀਂ ਉਧਾਰ ਵਿਚ ਤੁਹਾਡੇ ਪਾਸੋਂ ਲਈਆਂ ਹਨ। ਇਹ ਕਹਿ ਕੇ ਗੱਡੇ ਲਦਾਉਣ ਲੱਗੇ, ਗਿਣਤੀ ਮਿਣਤੀ ਸਭ ਛੱਡ ਦਿੱਤੀ ਹੈ' ॥ ੧੯॥

ਸੁਨਿ ਬੋਲੇ ਸ੍ਰੀ ਅਰਜਨ ਨਾਥ। 'ਹਮ ਕੋ ਕਜਾ ਹੈ ਗਿਨਤੀ ਸਾਥ।
ਜਹਾਂ ਈਟਕਾ ਲਗੈ ਹਮਾਰੀ। ਤਹਿਂ ਕੀ ਲਆਵਹਿਂ ਜੜਾਂ ਉਖਾਰੀ॥ ੨੦॥

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਬੋਲੇ, "ਸਾਨੂੰ ਗਿਣਤੀ ਨਾਲ ਕੀ ਹੈ, ਜਿਥੇ ਵੀ ਜਾ ਕੇ ਸਾਡੀਆਂ ਇੱਟਾਂ ਲਗਣਗੀਆਂ ਓਥੇ ਦੀਆਂ ਇੱਟਾਂ ਨੀਹਾਂ ਸਹਿਤ ਉਖੇੜ ਕੇ ਲਿਆਵਾਂਗੇ॥ ੨੦॥

ਸਰਬ ਕੋਟ ਚਹੂੰ ਗਿਰਦ ਬਿਸਾਲਾ। ਢਹਿ ਆਵਹਿ ਇਹ ਠਾਂ ਜਿਸ ਕਾਲਾ।
ਤਬਿ ਇਹ ਪੂਰਨ ਹੋਇ ਤੜਾਗ। ਕਰਹਿ ਸਿੱਖ ਮੇਰੋ ਬਡ ਭਾਗ॥ ੨੧॥

ਜਿਸ ਸਮੇਂ ਸਾਰੀਆਂ ਇੱਟਾਂ ਉਖਾੜ ਕੇ ਲੈ ਆਵਾਂਗੇ ਤਾਂ ਏਥੇ ਸ਼ਹਿਰ ਦੇ ਚਾਰ-ਚੁਫੇਰੇ ਕਿਲ੍ਹੇ ਵਾਂਗ ਦੀਵਾਰਾਂ ਬਣਾ ਦੇਵਾਂਗੇ ਫਿਰ ਇਹ ਸਰੋਵਰ ਪੂਰਾ ਹੋਵੇਗਾ, ਮੇਰੇ ਵੱਡੇ ਭਾਗਾਂ ਵਾਲੇ ਸਿੱਖ ਇਹ ਸਭ ਕਝ ਕਰਨਗੇ॥ ੨੧॥

ਤੁਰਕ ਸਕਲ ਕੀ ਜਰਾਂ ਉਖਾਰਹਿ। ਸਨਮੁਖ ਲਰਹਿ ਤਾਂਹਿ ਕੋ ਮਾਰਹਿ।
ਬ੍ਰਿਧਹਿ ਤੇਜ ਹਿੰਦਨਿ ਕੋ ਜੋਰ। ਤਬਿ ਇਹ ਤਾਲ ਹੋਇ ਚਹੂੰ ਓਰ॥ ੨੨॥

ਉਹ ਸਾਰੇ ਤੁਰਕਾਂ ਦੀਆਂ ਜੜ੍ਹਾਂ ਉਖੇੜ ਦੇਣਗੇ, ਜਿਹੜਾ ਵੀ ਸਨਮੁਖ ਲੜੇਗਾ ਉਸਨੂੰ ਹੀ ਮਾਰ ਦੇਣਗੇ। ਜਦ ਹਿੰਦੀਆਂ ਦਾ ਜ਼ੋਰ ਤੇ ਤੇਜ ਵੱਧ ਜਾਵੇਗਾ ਤਦ ਇਹ ਸਰੋਵਰ ਚਾਰਾਂ ਪਾਸਿਆਂ ਤੋਂ ਪੱਕਾ ਹੋ ਜਾਵੇਗਾ॥ ੨੨॥

ਮੇਲਾ ਹੋਇ ਅਮੱਸਜਾ ਭਾਰੀ। ਲਹੈਂ ਕਾਮਨਾ ਲੋਕ ਉਦਾਰੀ।
ਰੋਗ ਬ੍ਰਿੰਦ ਕੋ ਬਰਜਨਿ ਕਰਿਹੀਂ। ਨਾਮ 'ਤਰਨਤਾਰਨ' ਸੁ ਉਚਰਿ ਹੀਂ॥੨੩॥

ਏਥੇ ਚੌਦਸ-ਮੌਸਿਆ ਦਾ ਭਾਰੀ ਮੇਲਾ ਲਗਿਆ ਕਰੇਗਾ, ਲੋਕ ਆਪਣੀਆਂ ਕਾਮਨਾਵਾਂ ਪੂਰੀਆਂ ਕਰਿਆ ਕਰਨਗੇ। ਲੋਕਾਂ ਦੇ ਰੋਗ ਦੂਰ ਹੋਇਆ ਕਰਨਗੇ, ਅਤੇ ਇਸ ਦਾ ਨਾਂ ਤਰਨਤਾਰਨ (ਤਾਰਨ ਵਾਲਾ) ਉਚਾਰਨ ਕਰਿਆ ਕਰਨਗੇ॥ ੨੩॥

ਦਰਸ ਮਾਸ ਭਾਦੋਂ ਪਦ ਜੋਇ। ਮਹਾਂ ਮਹਾਤਮ ਇਸ ਕੋ ਹੋਇ।
ਸਗਰੇ ਪਾਪ ਬਿਦਾਰਨਿ ਕਰੈ। ਸ਼ਰਧਾ ਧਰਿ ਸ਼ਨਾਨ ਜੋ ਧਰੈ'॥ ੨੪॥

ਭਾਦੋਂ ਦੇ ਮਹੀਨੇ ਦੀ ਜੋ ਮੌਸਿਆ ਹੋਇਆ ਕਰੇਗੀ, ਉਸ ਦਾ ਮਹਾਨ ਮਹਾਤਮ ਹੋਵੇਗਾ। ਜਿਹੜਾ ਵੀ ਸ਼ਰਧਾ ਧਾਰ ਕੇ ਇਸ਼ਨਾਨ ਕਰੇਗਾ ਉਸ ਦੇ ਸਾਰੇ ਪਾਪ ਦੂਰ ਹੋ ਜਾਣਗੇ'॥ ੨੪॥

ਇਮ ਕਹਿ ਸਤਿਗੁਰ ਤੂਸ਼ਨ ਰਹੇ। ਚਲਨਿ ਭੋਰ ਕੋ ਚਿਤ ਮਹਿਂ ਚਹੇ।
ਤਿਸ ਦਿਨ ਡੇਰੋ ਤਹੀਂ ਟਿਕਾਏ। ਸ਼੍ਰੀ ਅਰਜਨ ਚਿਤ ਸ਼ਾਂਤਿ ਬ੍ਰਿਧਾਏ॥ ੨੫॥

ਇਹ ਕਹਿ ਕੇ ਸਤਿਗੁਰੂ ਜੀ ਚੁਪ ਹੋ ਗਏ, ਸਵੇਰ ਨੂੰ ਚਲੇ ਜਾਣ ਦੀ ਮਨ ਵਿਚ ਚਾਹਤ ਕੀਤੀ। ਉਸ ਦਿਨ ਡੇਰਾ ਓਥੇ ਹੀ ਰੱਖਿਆ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਿੱਤ ਬਹੁਤ ਸ਼ਾਂਤਮਈ ਸੀ॥ ੨੫॥

ਨਹੀਂ ਸ੍ਰਾਪ ਤਬਿ ਕ੍ਰੂਰ ਉਚਾਰਸਿ। ਜਿਸ ਤੇ ਦੁਸ਼ਟ ਦਗਧ ਹ੍ਵੈ ਛਾਰਸਿ।
ਛਿਮਾਵਾਨ ਮਹਿਂ ਸ੍ਰੇਸ਼ਟ ਰੂਪ। ਮਹਾਂ ਸ਼ਕਤਿ ਧਰਿ ਧੀਰ ਅਨੂਪ॥ ੨੬॥

ਕੋਈ ਸਖਤ ਸਰਾਪ ਨਹੀਂ ਦਿੱਤਾ, ਜਿਸ ਕਰਕੇ ਦੁਸ਼ਟ ਸੜ ਕੇ ਸਵਾਹ ਹੋ ਜਾਣ। ਖਿਮਾਂ ਕਰਨ ਵਿਚ ਹੀ ਆਪ ਜੀ ਦਾ ਸ੍ਰੇਸ਼ਟ ਰੂਪ ਸੀ। ਮਹਾਂਸ਼ਕਤੀ ਧਾਰਨ ਕਰਕੇ ਅਨੂਪਮ ਧੀਰਜਵਾਨ ਹੋ ਗਏ ਸਨ॥ ੨੬॥

ਸਮ ਦਮ ਕੇ ਜੁਤ ਰਿਦਾ ਉਦਾਰ। ਧਰਮ ਆਤਮਾ ਸਹਤ ਬਿਚਾਰ।
ਮਨਹੁ ਧਰਮ ਕੀ ਧੁਜਾ ਸਰੀਰ। ਪਰਉਪਕਾਰੀ ਪਰਮ ਅਭੀਰ॥ ੨੭॥

ਸ਼ਾਂਤੀ ਸਹਿਤ ਹਿਰਦਾ ਬੜਾ ਉੱਤਮ ਸੀ, ਸਦਾ ਧਰਮ ਦਾ ਆਤਮਾ ਸਹਿਤ ਵਿਚਾਰ ਕਰਦੇ ਸਨ, ਮਾਨੋਂ ਉਨ੍ਹਾਂ ਦਾ ਸਰੀਰ ਧਰਮ ਦਾ ਝੰਡਾ ਸੀ, ਪਰਮ ਪਰਉਪਕਾਰੀ ਸਨ॥ ੨੭॥

ਜਮ ਬਸਿ ਜੀਵ ਨਰਕ ਮੇ ਪਰਤੇ। ਤਿਨੋ ਬਿਲੋਕਤਿ ਕਰੁਨਾ ਕਰਤੇ।
ਭਲੇ ਪੰਥ ਪਰ ਸੁਖ ਕੋ ਪਾਵੈਂ। ਇਸ ਪ੍ਰਕਾਰ ਕੇ ਬਜੋਂਤ ਬਨਾਵੈਂ॥ ੨੮॥

ਜਮਾਂ ਦੇ ਵੱਸ ਵਿਚ ਪੈ ਕੇ, ਜਿਹੜੇ ਜੀਵ ਨਰਕਾਂ ਵਿਚ ਪੈਂਦੇ ਸਨ, ਉਨ੍ਹਾਂ ਨੂੰ ਵੇਖ ਕੇ ਕਿਰਪਾ ਕਰਦੇ ਸਨ, ਭਲੇ ਰਾਹ ਚਲ ਕੇ ਜੀਵ ਸੁਖ ਪਾਉਣ, ਇਸ ਪ੍ਰਕਾਰ ਸਦਾ ਵਿਉਂਤਾਂ ਬਣਾਉਂਦੇ ਰਹਿੰਦੇ ਸਨ॥ ੨੮॥

ਤੀਰਥ ਕੀ ਤਬਿ ਕਾਰ ਹਟਾਇ। ਲਖਜੋ ਭਵਿੱਖਜਤ ਜਿਮ ਹ੍ਵੈ ਜਾਇ।
ਅਜਰ ਜਰਨ ਨਿਸਠਤਿ ਬ੍ਰਹਮ ਗਜਾਨੀ। ਮੋਹ ਬਿਦਾਰਨਿ ਉਚਰਤਿ ਬਾਨੀ॥੨੯॥

ਤਦ ਤੀਰਥ ਦੀ ਕਾਰ ਸੇਵਾ ਹਟਾ ਦਿੱਤੀ, ਭਵਿੱਖ ਨੂੰ ਵੇਖਿਆ ਕਿ ਜਿਵੇਂ ਹੋ ਜਾਵੇਗਾ ਠੀਕ ਹੀ ਹੋਵੇਗਾ, ਨਾ ਜਰੇ ਨੂੰ ਜਰਨ ਵਾਲੇ ਦ੍ਰਿੜ੍ਹ ਬ੍ਰਹਮ-ਗਿਆਨੀ ਹਨ। ਮੋਹ ਨੂੰ ਦੂਰ ਕਰਨ ਵਾਸਤੇ ਬਾਣੀ ਦੀ ਰਚਨਾ ਕਰਦੇ ਹਨ॥ ੨੯॥

ਨੈਨ ਰਸੀਲੇ ਕਰੁਨਾ ਰਸੇ। ਜਿਨ ਮਹਿਂ ਪ੍ਰੇਮ ਰਹੈ ਨਿਤ ਬਸੇ।
ਜਗ ਗੁਰਤਾ ਬਰ ਤਖਤ ਬਿਰਾਜੇ। ਦਰਸਹਿਂ ਸਹਿ ਸ਼ਰਧਾ ਅਘ ਭਾਜੇ ॥ ੩੦ ॥

ਰਸੀਲੇ ਨੈਣ ਕਿਰਪਾ ਨਾਲ ਭਰੇ ਹੋਏ ਹਨ, ਜਿਨ੍ਹਾਂ ਵਿਚ ਸਦਾ ਪ੍ਰੇਮ ਵੱਸਦਾ ਰਹਿੰਦਾ ਹੈ। ਜਗਤ ਦੀ ਗੁਰਤਾ ਦੇ ਸ੍ਰੇਸ਼ਟ ਤਖਤ ਤੇ ਬੈਠਦੇ ਹਨ, ਜਿਹੜੇ ਵੀ ਸ਼ਰਧਾ ਨਾਲ ਦਰਸ਼ਨ ਕਰਦੇ ਹਨ, ਉਨ੍ਹਾਂ ਦੇ ਪਾਪ ਭੱਜ ਜਾਂਦੇ ਹਨ ॥ ੩੦ ॥

ਨੂਰੋ ਦੀਨ ਅਮਾਨਤ ਖਾਨ। ਤਿਨਹੂੰ ਸੁਨੀ ਸੁਧਿ ਸਗਰੀ ਕਾਨ।
'ਤੀਰਥ ਕਰਿਬੇ ਤੇ ਹਟਿ ਰਹੇ। ਕੂਚ ਕਰਨਿ ਚਲਿਬੇ ਚਿਤ ਚਹੇ ॥ ੩੧ ॥

ਨੂਰ ਦੀਨ ਅਤੇ ਅਮਾਨਤ ਖਾਂ ਨੇ ਜਦ ਸਾਰੀ ਖ਼ਬਰ ਆਪਣੇ ਕੰਨਾਂ ਨਾਲ ਸੁਣੀ, "ਤੀਰਥ ਬਣਾਉਣ ਤੋਂ ਹੱਟ ਰਹੇ ਹਨ ਅਤੇ ਵਾਪਸ ਜਾਣ ਦਾ ਇਰਾਦਾ ਬਣਾ ਰਹੇ ਹਨ ॥ ੩੧ ॥

ਮਿਲਿ ਦੋਨੋ ਇਕ ਮਨੁਜ ਪਠਾਵਾ। 'ਸ਼ਾਹੁ ਸੁਨੈ ਨਹਿਂ' ਚਿਤ ਡਰ ਪਾਵਾ।
ਆਇ ਗੁਰੂ ਕੇ ਕਹਜੋ ਅਗਾਰੀ। 'ਤੁਮ ਕਜੋਂ ਬਰਜੀ ਤਾਲ ਉਸਾਰੀ ॥ ੩੨ ॥

ਦੋਵਾਂ ਨੇ ਮਿਲ ਕੇ ਇਕ ਮਨੁੱਖ ਨੂੰ ਭੇਜਿਆ, ਸ਼ਾਹ ਨੂੰ ਪਤਾ ਨਾ ਲੱਗ ਜਾਵੇ, ਮਨ ਵਿਚ ਡਰ ਗਏ ਤੇ ਉਸ ਮਨੁੱਖ ਨੇ ਗੁਰੂ ਜੀ ਨੂੰ ਆ ਕੇ ਕਿਹਾ, "ਤੁਸੀਂ ਸਰੋਵਰ ਦੀ ਉਸਾਰੀ ਕਿਉਂ ਰੋਕ ਦਿੱਤੀ ਹੈ ॥ ੩੨ ॥

ਜਿਤਿਕ ਪਜਾਵੇ ਪਰ ਲਗਿ ਦਰਬਾ। ਕਹਿ ਹਮ ਤੇ ਅਬਿ ਲੀਜਹਿ ਸਰਬਾ।
ਅਪਰ ਈਂਟਕਾ ਦੇਹੁ ਚਢਾਇ। ਕਰਤਿ ਕਾਰ ਸਗਰੀ ਪਕ ਜਾਇਂ ॥ ੩੩ ॥

ਜਿੰਨਾ ਵੀ ਆਵਿਆਂ ਤੇ ਤੁਹਾਡਾ ਖਰਚ ਲੱਗਾ ਹੈ, ਉਹ ਕਹਿ ਕੇ ਸਾਰਾ ਧਨ ਹੀ ਸਾਥੋਂ ਲੈ ਲਵੋ। ਹੋਰ ਇੱਟਾਂ ਦੇ ਆਵੇ ਪਾ ਲਵੋ, ਕਾਰ ਕਰਦਿਆਂ ਸਾਰੇ ਹੀ ਪੱਕ ਜਾਣਗੇ ॥ ੩੩ ॥

ਆਗੈ ਕੋ ਹਮ ਲੇਹਿਂ ਨ ਕੋਈ। ਬੈਠੇ ਰਚਹੁ ਅਪਨਿ ਸਰ ਜੋਈ।
ਬਨੀ ਜ਼ਰੂਰਤ ਹਮ ਕੋ ਭਾਰੀ। ਸ਼ਾਹੁ ਨਿਦੇਸ਼ ਜੁ ਸ਼ੀਘ੍ਰ ਉਦਾਰੀ ॥ ੩੪ ॥

ਅੱਗੇ ਨੂੰ ਅਸੀਂ ਇੱਟਾਂ ਨਹੀਂ ਲਵਾਂਗੇ, ਬੈਠ ਕੇ ਆਪਣਾ ਸਰੋਵਰ ਬਣਾਓ, ਸਾਨੂੰ ਸਖ਼ਤ ਲੋੜ ਪੈ ਗਈ ਸੀ, ਬਾਦਸ਼ਾਹ ਨੇ ਛੇਤੀ ਬਣਾਉਣ ਦਾ ਹੁਕਮ ਦਿੱਤਾ ਸੀ ॥ ੩੪ ॥

'ਕਰਹੁ ਸਰਾਇ ਤੁਰਤ ਹੀ ਤਯਾਰੇ'। ਯਾਂਤੇ ਆਵੇ ਲਏ ਤੁਮਾਰੇ।
ਤਿਸਕੋ ਲੀਜੈ ਮੋਲ ਸਵਾਯਾ। ਦਿਹੁ ਆਇਸੁ ਪੁਨ ਲਗਹਿਂ ਪਜਾਯਾ ॥ ੩੫ ॥

ਕਿ ਸਰਾਵਾਂ ਤੁਰੰਤ ਤਿਆਰ ਕਰੋ, ਇਸ ਕਰਕੇ ਤੁਹਾਡੇ ਆਵੇ ਲਏ ਸਨ, ਉਨ੍ਹਾਂ ਆਵਿਆਂ ਦਾ ਸਵਾਇਆ ਮੁੱਲ ਲੈ ਲਵੋ, ਆਗਿਆ ਕਰੋ ਤੁਹਾਨੂੰ ਮੁੱਲ ਪਹੁੰਚਾ ਦੇਈਏ" ॥ ੩੫ ॥

ਸ੍ਰੀ ਅਰਜਨ ਪੁਨ ਕੀਨਿ ਬਖਾਨ। 'ਕਰਜੋ ਮੋਲ ਬਲ ਲਾਇ ਮਹਾਨ।
ਸੋਈ ਮੋਲ ਦੇਹਿਂ ਹਮ ਤੁਮੈ। ਜਬਿ ਹੀ ਆਇ ਜਾਇਗੋ ਸਮੈ ॥ ੩੬ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ, "ਬਹੁਤ ਬਲ ਦਾ ਲਾਉਣ ਰੂਪੀ ਮੁੱਲ ਤੁਸੀਂ ਕੀਤਾ ਹੈ, ਓਹੀ ਮੁੱਲ ਅਸੀਂ ਤੁਹਾਨੂੰ ਦੇਵਾਂਗੇ, ਜਦ ਸਮਾਂ ਆ ਜਾਵੇਗਾ ॥ ੩੬ ॥

ਹਮਰੇ ਸਿਖ ਹ੍ਵੈ ਹੈਂ ਬਲਿਭਾਰੀ। ਨਿਜ ਬਲ ਕਰਿ ਲੇ ਨੀਵ ਉਖਾਰੀ।
ਢਹੈਂ ਸਦਨ ਜੇ ਪਾਕ ਬਨਾਏ। ਇਹੀ ਈਂਟਕਾ ਲਾਗਹਿਂ ਆਏ ॥ ੩੭ ॥

ਸਾਡੇ ਸਿੱਖ ਵੱਡੇ ਬਲਵਾਨ ਹੋਣਗੇ, ਆਪਣੇ ਬੱਲ ਨਾਲ ਉਹ ਤੁਹਾਡੀਆਂ ਸਰਾਵਾਂ ਦੀਆਂ ਨੀਹਾਂ ਵੀ ਉਖੇੜ ਲਿਆਉਣਗੇ. ਜਿਨਾਂ ਇੱਟਾਂ ਨਾਲ ਮਕਾਨ ਬਣਾ ਰਹੇ ਹੋ ਓਹੀ ਇੱਟਾਂ ਵਾਪਸ ਆ ਕੇ ਏਥੇ ਲੱਗਣਗੀਆਂ ॥ ੩੭ ॥

ਜਿਮ ਬਲ ਮੋਲ ਤੁਮਹੁ ਨੇ ਦੀਨਿ। ਈਂਟ ਪਜਾਵਨਿ ਕੀ ਸਭਿ ਲੀਨਿ।
ਸੋ ਬਲ ਮੋਲ ਦੇਹਿੰਗੇ ਤੁਮ ਕੋ। ਤਬੈ ਤਯਾਰ ਤੀਰਥ ਹੁਇ ਹਮ ਕੋ॥ ੩੮॥

ਜਿਵੇਂ ਬਲ ਰੂਪੀ ਮੁੱਲ ਤੁਸੀਂ ਸਾਨੂੰ ਦਿੱਤਾ ਹੈ, ਅਸੀਂ ਵੀ ਆਵਿਆਂ ਦੀਆਂ ਸਾਰੀਆਂ ਇੱਟਾਂ ਵਾਪਸ ਲੈ ਲਵਾਂਗੇ, ਉਹੀ ਬਲ ਰੂਪੀ ਮੁੱਲ ਤੁਹਾਨੂੰ ਦੇਵਾਂਗੇ, ਤਦ ਹੀ ਸਾਡੇ ਤੀਰਥ ਤਿਆਰ ਹੋਣਗੇ॥ ੩੮॥

ਅਬਿ ਤੇ ਜਾਇ ਕਹਹੁ ਇਹ ਬਾਤ। ਤੀਰਥ ਬਨਹਿਂ ਤੁਰਕ ਕਰ ਘਾਤਿ'।
ਸੁਨਿ ਕੈ ਰਿਸ ਜੁਤਿ ਗੁਰ ਕੇ ਬੈਨ। ਗਮਨਜੋ ਸੋ ਨਰ ਕਰਿ ਤਰ ਨੈਨ॥ ੩੯॥

ਹੁਣ ਤਾਂ ਉਨ੍ਹਾਂ ਨੂੰ ਜਾ ਕੇ ਇਹੀ ਗੱਲ ਕਹੋ, ਹੁਣ ਤੀਰਥ ਤੁਰਕਾਂ ਨੂੰ ਮਾਰ ਕੇ ਹੀ ਬਣਨਗੇ।" ਗੁਰੂ ਜੀ ਦੇ ਗੁੱਸੇ ਵਾਲੇ ਬਚਨ ਸੁਣ ਕੇ, ਉਹ ਵਿਅਕਤੀ ਗਿੱਲੇ ਨੈਣ ਕਰਕੇ ਚਲਾ ਗਿਆ॥ ੩੯॥

ਸਭਾ ਬਿਖੈ ਸਭਿਹੂੰਨਿ ਸੁਨਾਈ। ਸੁਨਿ ਕਰਿ ਨੂਰਦੀਨ ਰਿਸ ਖਾਈ।
'ਕਹਾ ਕਰਿ ਲੇਹਿ ਕਹੈ ਜੋ ਐਸੇ'। ਲਗਜੋ ਚਿਨਾਵਨਿ ਮੂਰਖ ਤੈਸੇ॥ ੪੦॥

ਉਸ ਨੇ ਸਭਾ ਵਿਚ ਸਾਰਿਆਂ ਨੂੰ ਸੁਣਾਇਆ, ਇਹ ਸੁਣ ਕੇ ਨੂਰ ਦੀਨ ਬਹੁਤ ਗੁੱਸੇ ਵਿਚ ਆਇਆ, "ਕੀ ਕਰ ਲਵੇਗਾ, ਜਿਹੜਾ ਇਸ ਤਰ੍ਹਾਂ ਕਹਿੰਦਾ ਹੈ।" ਮੂਰਖ ਪਹਿਲਾਂ ਵਾਂਗ ਫਿਰ ਚਿਣਵਾਈ ਕਰਵਾਉਣ ਲੱਗਾ॥ ੪੦॥

ਸ੍ਰੀ ਗੁਰ ਕਰਜੋ ਕੂਚ ਹਟਿ ਆਏ। ਰਾਮਦਾਸ ਪੁਰਿ ਬਿਖੈ ਸੁਹਾਏ।
ਸ੍ਰੀ ਗੁਰ ਹਰਿਗੁਬਿੰਦ ਸੰਗ ਮਿਲੇ। ਅੰਕ ਬਿਠਾਇ ਪ੍ਰੇਮ ਕਰਿ ਭਲੇ॥ ੪੧॥

ਗੁਰੂ ਜੀ ਕੂਚ ਕਰਕੇ ਵਾਪਸ ਆ ਗਏ ਅਤੇ ਰਾਮਦਾਸ ਪੁਰ ਵਿਚ ਸ਼ੋਭਿਤ ਹੋ ਗਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲੇ, ਪਾਸ ਬਿਠਾ ਕੇ ਭਲਾ ਪ੍ਰੇਮ ਕੀਤਾ॥ ੪੧॥

ਅਪਰ ਸਰਬ ਸਿਖ ਕਰਿ ਕਰਿ ਬੰਦਨ। ਦਰਸਹਿਂ ਦਰਸ਼ਨ ਦੋਸ਼ ਨਿਕੰਦਨ।
ਭਈ ਰੈਨ ਮੰਦਰ ਨਿਜ ਗਏ। ਮਿਲੇ ਸਕਲ ਆਨੰਦ ਮਨ ਭਏ॥ ੪੨॥

ਹੋਰ ਸਾਰੇ ਸਿੱਖ ਬੰਦਨਾਂ ਕਰਕੇ ਪਾਪਾਂ ਦਾ ਨਾਸ਼ ਕਰਨ ਵਾਲੇ ਦੇ ਦਰਸ਼ਨ ਕਰ ਰਹੇ ਸਨ। ਰਾਤ ਪੈਣ ਤੇ ਆਪਣੇ ਘਰ ਚਲੇ ਗਏ ਅਤੇ ਸਾਰੇ ਮਿਲ ਕੇ ਮਨ ਵਿਚ ਅਨੰਦਿਤ ਹੋ ਗਏ॥ ੪੨॥

*ਤੀਸਰੀ ਰਾਸ ਦਾ ਅਠਾਹਠਵਾਂ ਅਧਿਆਇ ਸਮਾਪਤ ਹੋਇਆ॥ ੬੮॥*

## ਅਧਿਆਇ ਉਣੱਤਰਵਾਂ

### *ਭਾਈ ਗੁਰਮੁਖ ਤੇ ਭਾਈ ਭਿਖਾਰੀ ਦਾ ਪ੍ਰਸੰਗ*

ਦੋਹਰਾ-ਏਕ ਸਿੱਖ ਸਤਿਗੁਰ ਨਿਕਟ ਗੁਰਮੁਖ ਤਿਸ ਕੋ ਨਾਮ।
ਹਾਥ ਜੋਰਿ ਬਿਨਤੀ ਕਰੀ 'ਮੈਂ ਰਾਵਰ ਕੀ ਸਾਮ॥ ੧॥

ਇਕ ਸਿੱਖ ਸਤਿਗੁਰੂ ਜੀ ਦੇ ਪਾਸ ਰਹਿੰਦਾ ਸੀ, ਉਸਦਾ ਨਾਂ ਗੁਰਮੁਖ ਸੀ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਮੈਂ ਆਪ ਜੀ ਦੀ ਸ਼ਰਨ ਆਇਆ ਹਾਂ॥ ੧॥

ਚੌਪਈ- ਗੁਰ ਸਨਮੁਖ ਸਿਖ ਮਾਨਹਿਂ ਭਾਨਾ। ਮੋਹਿ ਦਿਖਾਵਹੁ ਦਿਖਿ ਦੁਖ ਹਾਨਾ।
ਸੁਨਿ ਸ੍ਰੀ ਅਰਜਨ ਗਿਰਾ ਉਚਾਰੀ। 'ਪੁਰ ਗੁਜਰਾਤ ਸੁਨਾਮ ਭਿਖਾਰੀ ॥੨॥

ਗੁਰੂ ਜੀ ਸਨਮੁਖ ਸਿੱਖ ਭਾਣਾ ਮੰਨਦੇ ਹਨ, ਹੇ ਦੁੱਖਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ! ਮੈਨੂੰ ਵੀ ਕੋਈ ਅਜਿਹਾ ਸਿੱਖ ਵਖਾਓ ਜਿਹੜਾ ਭਾਣਾ ਮੰਨਦਾ ਹੈ"। ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਗੁਜਰਾਤ ਨਗਰ ਵਿਚ ਇਕ ਭਿਖਾਰੀ ਨਾਂ ਦਾ ਸਿੱਖ ਰਹਿੰਦਾ ਹੈ॥ ੨॥

ਤਿਹ ਦਰਸਹੁ ਅਬਿ ਕਰਹੁ ਪਯਾਨਾ। ਗੁਰਮੁਖ ਗੁਰ ਬਚ ਮਾਨਿ ਮਹਾਨਾ'।
ਚਲਜੋ ਬਿਚਾਰਤਿ ਸਿਖ ਬਡ ਹੋਇ। ਸਤਿਗੁਰ ਆਪ ਬਤਾਯਹੁ ਜੋਇ ॥੩॥

ਹੁਣ ਤੁਸੀਂ ਉਸ ਦੇ ਦਰਸ਼ਨ ਕਰਨ ਚਲੇ ਜਾਵੋ। ਗੁਰਮੁਖ ਗੁਰੂ ਦੇ ਬਚਨਾਂ ਨੂੰ ਬਹੁਤ ਮੰਨਣ ਵਾਲੇ ਹਨ।" ਇਹ ਵਿਚਾਰ ਕੇ ਚਲ ਪਿਆ ਕਿ ਵੱਡਾ ਸਿੱਖ ਹੋਵੇਗਾ, ਜਿਵੇਂ ਕਿ ਸਤਿਗੁਰੂ ਜੀ ਨੇ ਆਪ ਦੱਸਿਆ ਹੈ॥ ੩॥

ਪ੍ਰਭੁ ਭਾਣਾ ਕਿਮ ਮਾਨਤਿ ਰਹੈ। ਕਹਾਂ ਕ੍ਰਿਤ ਕਰਿ ਬ੍ਰਿੱਤ ਕੋ ਲਹੈ।
ਮਗ ਉਲੰਘ ਪਹੁੰਚਜੋ ਗੁਜਰਾਤ। ਨਾਮ ਭਿਖਾਰੀ ਪੂਛਜੋ ਜਾਤਿ ॥੪॥

ਪ੍ਰਭੂ ਦਾ ਭਾਣਾ ਕਿਵੇਂ ਮੰਨਦਾ ਰਹਿੰਦਾ ਹੈ, ਕੀ ਕਿਰਤ ਕਰਕੇ ਉਪਜੀਵਕਾ ਤੋਰਦਾ ਹੈ। ਸਾਰਾ ਪੰਧ ਮੁਕਾ ਕੇ ਗੁਜਰਾਤ ਪਹੁੰਚ ਗਿਆ, ਜਾ ਕੇ ਭਿਖਾਰੀ ਨਾਂ ਬਾਰੇ ਪੁਛਿਆ॥ ੪॥

ਗ੍ਰਿਹ ਮੈਂ ਗਯੋ ਸੁ ਮੰਗਲ ਹੇਰਾ। ਗਾਵੈਂ ਤ੍ਰਿਯਾ ਬਜਾਹੁ ਸੁਤ ਕੇਰਾ।
ਕਿਰਤ ਕਮਾਵਤਿ ਪਿਖਜੋ ਭਿਖਾਰੀ। ਸੀਵਤਿ ਸਤਰੰਜੀ ਜੇ ਫਾਰੀ॥੫॥

ਘਰ ਵਿਚ ਜਾ ਕੇ ਅਨੰਦ ਮੰਗਲ ਹੁੰਦਾ ਵੇਖਿਆ, ਇਸਤਰੀਆਂ ਪੁੱਤਰ ਦੇ ਵਿਆਹ ਦੇ ਗੀਤ ਗਾ ਰਹੀਆਂ ਸਨ। ਭਿਖਾਰੀ ਨੂੰ ਕਿਰਤ ਕਰਦਿਆਂ ਵੇਖਿਆ, ਪਾਟੀ ਹੋਈ ਦਰੀ ਨੂੰ ਸੀਂ ਰਿਹਾ ਸੀ॥ ੫॥

'ਪੈਰੀ ਪੈਣਾ' ਕਹਿ ਥਿਰ ਗੁਰਮੁਖ। 'ਪਠਜੋ ਮੋਹਿ ਗੁਰ ਨੇ ਭੋ ਸਨਮੁਖ !'।
ਸੁਨਤਿ ਭਿਖਾਰੀ ਉਠਿ ਸਨਮਾਨਾ। ਨਮਹਿ ਕੀਨਿ ਬੈਠਾਵਨਿ ਠਾਨਾ ॥੬॥

"ਪੈਰੀਂ ਪੈਣਾ" ਕਹਿ ਕੇ ਗੁਰਮੁਖ ਬੈਠ ਗਿਆ ਅਤੇ ਕਿਹਾ, "ਮੈਨੂੰ ਆਪ ਜੀ ਦੇ ਪਾਸ ਗੁਰੂ ਜੀ ਨੇ ਭੇਜਿਆ ਹੈ। ਇਹ ਸੁਣ ਕੇ ਭਾਈ ਭਿਖਾਰੀ ਨੇ ਉਠ ਕੇ ਸਨਮਾਨ ਕੀਤਾ ਅਤੇ ਨਮਸਕਾਰ ਕਰਕੇ ਪਾਸ ਬੈਠਾ ਲਿਆ॥ ੬॥

ਨਿਜ ਕਾਰਜ ਲਾਗਜੋ ਜਿਸ ਕਾਲਾ। ਗੁਰਮੁਖ ਉਰ ਬਿਸਮਾਇ ਬਿਸਾਲਾ।
ਲਖਜੋ ਭਿਖਾਰੀ ਨੇ ਮਨ ਤਾਹੂੰ। ਉਠਜੋ ਪਕਰ ਕੈ ਤਿਸ ਕੀ ਬਾਹੂੰ ॥੭॥

ਜਦ ਭਾਈ ਭਿਖਾਰੀ ਫਿਰ ਆਪਣੇ ਕੰਮ ਲੱਗ ਗਿਆ ਤਾਂ ਗੁਰਮੁਖ ਮਨ ਵਿਚ ਬਹੁਤ ਹੈਰਾਨ ਹੋਇਆ। ਭਾਈ ਭਿਖਾਰੀ ਨੇ ਉਸ ਦੇ ਦਿਲ ਦੀ ਗੱਲ ਜਾਣ ਲਈ ਤੇ ਉਸ ਦੀ ਬਾਂਹ ਫੜ ਕੇ ਉਠਿਆ॥ ੭॥

ਸੌਜ ਬਜਾਹ ਕੀ ਲਗਜੋ ਦਿਖਾਵਨਿ। 'ਇਹ ਸੁਤ ਹਿਤ ਕਿਯ ਬਸਤ੍ਰ ਸਿਵਾਵਨਿ।
ਇਹ ਭੂਖਨ ਕੋ ਗਢੇ ਸੁਨਾਰਾ। ਪੁੱਤ੍ਰ ਸਨੂਖਾ ਕੇਰ ਸ਼ਿੰਗਾਰਾ॥ ੮॥

ਵਿਆਹ ਦੀ ਸਮੱਗਰੀ ਵਿਖਾਉਣ ਲੱਗਾ, "ਇਹ ਪੁੱਤਰ ਵਾਸਤੇ ਕਪੜੇ ਸਿਲਾਏ ਹਨ, ਇਹ ਗਹਿਣੇ ਸੁਨਿਆਰੇ ਨੇ ਘੜੇ ਹਨ, ਪੁੱਤਰ ਇਨ੍ਹਾਂ ਗਹਿਣਿਆਂ ਨਾਲ ਸ਼ਿੰਗਾਰ ਕਰੇਗਾ॥ ੮॥

ਇਹਾਂ ਪਰੀ ਪਿਖਿ ਅਧਿਕ ਮਿਠਾਈ। ਅਨੇਕ ਪ੍ਰਕਾਰ ਕਰਹਿਂ ਹਲਵਾਈ।
ਆਗੈ ਮ੍ਰਿਤਕ ਹੇਤ ਕੀ ਤਯਾਰੀ। ਖਫਨ ਰੁ ਸੀਢੀ ਧਰੀ ਸੁਧਾਰੀ॥ ੯॥

ਏਥੇ ਵੇਖੇ ਬਹੁਤ ਮਠਿਆਈ ਪਈ ਹੈ, ਹਲਵਾਈ ਅਨੇਕ ਪ੍ਰਕਾਰ ਦੀ ਬਣਾ ਰਹੇ ਹਨ। ਅੱਗੇ ਮ੍ਰਿਤਕ ਵਾਸਤੇ ਵੀ ਤਿਆਰੀ ਕੀਤੀ ਹੈ। ਖੱਫਣ ਅਤੇ ਤਖਤਾ ਵੀ ਸੁਧਾਰ ਕੇ ਧਰਿਆ ਹੈ"॥ ੯॥

ਗੁਰਮੁਖਿ ਬਿਸਮਤਿ ਪੂਛਨ ਕਰਯੋ। 'ਇਹ ਸਮਾਜ ਕਿਸ ਕਾਰਨ ਧਰਯੋ ?'।
ਕਹਯੋ ਭਿਖਾਰੀ 'ਫੇਰ ਬਤਾਵੈਂ । ਜਬਿ ਸਮਾਜ ਇਹੁ ਕਾਰਜ ਆਵੈ'॥ ੧੦॥

ਗੁਰਮੁਖ ਨੇ ਹੈਰਾਨ ਹੋ ਕੇ ਪੁਛਿਆ, "ਇਹ ਸਮਾਨ ਕਿਸ ਕਾਰਨ ਧਰਿਆ ਹੈ ?" ਭਿਖਾਰੀ ਨੇ ਕਿਹਾ, "ਫੇਰ ਦੱਸਾਂਗੇ ਜਦ ਇਹ ਸਮਾਨ ਕਿਸੇ ਕਾਰਜ ਆਵੇਗਾ"॥ ੧੦॥

ਇਮ ਕਹਿ ਆਯੋ ਪ੍ਰਥਮ ਸਥਾਨ। ਸਤਰੰਜੀ ਕੋ ਸਿਯਤਿ ਮਹਾਨ।
ਗੁਰਮੁਖ ਬਿਸਮਤਿ ਉਰਮੈਂ ਰਹਯੋ। ਸਤਿਗੁਰ ਨੇ ਇਸਕੋ ਜਸੁ ਕਹਯੋ॥ ੧੧॥

ਇਸ ਤਰ੍ਹਾਂ ਕਹਿ ਕੇ ਪਹਿਲੇ ਸਥਾਨ ਤੇ ਆ ਗਿਆ, ਦਰੀ ਨੂੰ ਬੜੀ ਚੰਗੀ ਤਰ੍ਹਾਂ ਸੀਉਣ ਲੱਗਾ। ਗੁਰਮੁਖ ਦਿਲ ਵਿਚ ਬਹੁਤ ਹੈਰਾਨ ਹੋ ਰਿਹਾ ਸੀ, ਸਤਿਗੁਰੂ ਜੀ ਨੇ ਇਸ ਦਾ ਜੱਸ ਕੀਤਾ ਹੈ॥ ੧੧॥

ਗ੍ਰਿਹ ਕੈ ਧੰਧੈ ਪਰੀ ਮਹਾਨਾ। ਕਰਹਿ ਭਗਤਿ ਕਿਮ ਮਾਨਹਿਂ ਭਾਨਾ।
ਨਿਸਾ ਭਈ ਕਿਯ ਸੇਵ ਭਿਖਾਰੀ। ਖਾਨ ਪਾਨ ਦਿਯ ਸੇਜ ਸੁਖਾਰੀ॥ ੧੨॥

ਇਹ ਤਾਂ ਘਰੋਗੀ ਧੰਦਿਆਂ ਵਿਚ ਬਹੁਤ ਫਸਿਆ ਹੋਇਆ ਹੈ, ਇਹ ਭਗਤੀ ਕਰਕੇ ਕਿਵੇਂ ਭਾਣਾ ਮੰਨਦਾ ਹੈ। ਜਦ ਰਾਤ ਪਈ ਤਾਂ ਭਾਈ ਭਿਖਾਰੀ ਨੇ ਉਸ ਦੀ ਬਹੁਤ ਸੇਵਾ ਕੀਤੀ, ਖਾਣ ਪੀਣ ਦੇ ਕੇ ਇਕ ਸੁਖਦਾਇਕ ਬਿਸਤਰਾ ਮੰਜਾ ਦਿੱਤਾ॥ ੧੨॥

ਭਈ ਪ੍ਰਾਤ ਤਬਿ ਚਢੀ ਜਨੇਤ। ਆਨਯੋ ਸੁਤ ਕਰਿ ਨੁਖਾ ਸਮੇਤ।
ਸਭਿ ਬਿਧਿ ਕੇ ਬਾਜੇ ਬਜਵਾਏ। ਬਯਾਹ ਸਮਾਜ ਸਕਲ ਕਰਿ ਆਏ॥ ੧੩॥

ਜਦ ਸਵੇਰ ਹੋਈ ਤਾਂ ਜੰਞ ਚੜ੍ਹੀ, ਪੁੱਤਰ ਨੂੰ ਨੂੰਹ ਦੇ ਸਮੇਤ ਵਿਆਹ ਕੇ ਲਿਆਏ, ਸਭ ਪ੍ਰਕਾਰ ਦੇ ਵਾਜੇ ਵਜਾਏ, ਵਿਆਹ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰ ਕੇ ਆਏ॥ ੧੩॥

ਸਦਨ ਆਇ ਦਿਨ ਦ੍ਵੈ ਕ ਬਿਤੇ ਜਬਿ। ਸੂਲ ਉਠੇ ਨਿਸ ਪੁੱਤ੍ਰ ਮਰਯੋ ਤਬਿ।
ਗਾਵਤਿ ਹੁਤੀ ਤ੍ਰਿਯਾ ਸੋ ਰੋਈ। ਖਫਨ ਜੁ ਲੀਨਿ ਭਿਖਾਰੀ ਸੋਈ॥ ੧੪॥

ਘਰ ਵਿਚ ਆ ਕੇ ਜਦ ਦੋ ਦਿਨ ਬਤੀਤ ਕੀਤੇ, ਤਾਂ ਰਾਤ ਨੂੰ ਸੂਲ ਹੋਣ ਨਾਲ ਪੁੱਤਰ ਮਰ ਗਿਆ। ਜਿਹੜੀਆਂ ਇਸਤਰੀਆਂ ਗਾ ਰਹੀਆਂ ਸਨ, ਉਹ ਰੋਣ ਲੱਗ ਗਈਆਂ। ਭਾਈ ਭਿਖਾਰੀ ਨੇ ਉਹੀ ਖੱਫਣ ਲੈ ਲਿਆ॥ ੧੪॥

ਤਿਸ ਸੀਢੀ ਪਰ ਪਾਯਹੁ ਨੰਦ। ਦਾਹੁ ਕਰਯੋ ਕਰਿ ਕਾਠ ਬਿਲੰਦ।
ਕਿਰਤਨ ਕਰਿ ਪ੍ਰਸਾਦਿ ਬਰਤਾਯੋ। ਬ੍ਰਿਤਿ ਜਿਹ ਸਮ ਹਟਿ ਕਰਿ ਘਰ ਆਯੋ॥੧੫॥

ਆਪਣੇ ਪੁੱਤਰ ਨੂੰ ਤਖਤੇ ਉਤੇ ਪਾਇਆ, ਬਹੁਤ ਲੱਕੜੀਆਂ ਪਾ ਕੇ ਪੁੱਤਰ ਦਾ ਸਸਕਾਰ ਕਰ ਦਿੱਤਾ। ਕੀਰਤਨ ਕਰਕੇ ਪ੍ਰਸ਼ਾਦਿ ਵਰਤਾਇਆ, ਸਮਾਨ ਬ੍ਰਿਤੀ ਸਹਿਤ ਵਾਪਸ ਘਰ ਆ ਗਿਆ॥ ੧੫॥

ਸਤਰੰਜੀ ਜੋ ਸਿਯਤਿ ਡਸਾਈ। ਲੋਕ ਆਇ ਬੈਠੇ ਸਮੁਦਾਈ।
ਦਿਨ ਮਹਿਂ ਗੁਰਮੁਖ ਰਹਯੋ ਨ੍ਰਿਹਾਰਤਿ। ਭਾ ਅਚਰਜ ਇਹ ਰਿਦੇ ਬਿਚਾਰਤਿ॥੧੬॥

ਜਿਹੜੀ ਦਰੀ ਸੀਊਂ ਰਹੇ ਸਨ, ਉਹ ਵਿਛਾ ਦਿੱਤੀ, ਲੋਕ ਆ ਕੇ ਇਕੱਠੇ ਹੋ ਕੇ ਬੈਠਣ ਲੱਗੇ। ਦਿਨ ਸਮੇਂ ਗੁਰਮੁਖ ਵੇਖਦਾ ਰਿਹਾ, ਇਹ ਤਾ ਬਹਤ ਅਸਚਰਜ ਹੋਇਆ ਹੈ, ਹਿਰਦੇ ਵਿਚ ਵਿਚਾਰਦਾ ਰਿਹਾ॥ ੧੬॥

ਪਿਖਿ ਨਿਸ ਬਿਖੈ ਇਕਾਂਤ ਭਿਖਾਰੀ। ਮਿਲਿ ਗੁਰਮੁਖ ਤਬਿ ਗਿਰਾ ਉਚਾਰੀ।
'ਸੁਤ ਕੀ ਮ੍ਰਿਤੁ ਜਾਨਤਿ ਜੇ ਉਰ ਮੈਂ। ਨੁਖਾ ਵਜਾਹਿ ਕਰੋਂ ਆਨੀ ਘਰ ਮੈਂ? ॥੧੭॥

ਰਾਤ ਸਮੇਂ ਭਾਈ ਭਿਖਾਰੀ ਇਕਾਂਤ ਵਿਚ ਇਕੱਲਾ ਵੇਖ ਕੇ, ਗੁਰਮੁਖ ਨੇ ਕਿਹਾ, "ਜੇ ਪਹਿਲਾਂ ਹੀ ਪੁੱਤਰ ਦੀ ਮੌਤ ਬਾਰੇ ਜਾਣਦੇ ਸੀ ਤਾਂ ਨੂੰਹ ਘਰ ਵਿਚ ਵਿਆਹ ਕੇ ਕਿਉਂ ਲਿਆਏ?॥ ੧੭॥

ਖਰਚਜੋ ਧਨ ਉਤਸਵ ਬਹੁ ਕਰਜੋ। ਦਿਨ ਦੋ ਇਕ ਮਹਿਂ ਸਭਿ ਪਰਹਰਜੋ।
ਤੁਵ ਮਹਿਂ ਸ਼ਕਤਿ ਜਿ ਹੁਤੀ ਇਤੀ ਨ। ਸਤਿਗੁਰ ਤੇ ਜਾਚਤਿ ਹੁਇ ਦੀਨ॥੧੮॥

ਧਨ ਖਰਚ ਕੇ ਬਹੁਤ ਉਤਸਵ ਕੀਤਾ ਹੈ, ਇਕ ਦੋ ਦਿਨਾਂ ਵਿਚ ਸਭ ਕੁਝ ਦੂਰ ਹੋ ਗਿਆ ਹੈ। ਜੇ ਤੁਹਾਡੇ ਵਿਚ ਏਨੀ ਸ਼ਕਤੀ ਸੀ ਤਾਂ ਸਤਿਗੁਰੂ ਪਾਸੋਂ ਸਨਿਮਰ ਹੋ ਕੇ ਉਮਰ ਮੰਗ ਲੈਂਦੇ॥ ੧੮॥

ਕ੍ਰਿਪਾਨਿਧਾਨ ਸਿਦਕ ਪਿਖਿ ਤੇਰਾ। ਪੁੱਤ੍ਰ ਜਿਯਨਿ ਬਰ ਦੇਤਿ ਅਛੇਰਾ।
ਸੰਕਟ ਹੋਤਿ ਨ ਏਤੋ ਘਰ ਮੈਂ। ਰੁਦਤਿ ਕੁਟੰਬ ਪ੍ਰੀਤਿ ਕਰਿ ਉਰ ਮੈਂ॥ ੧੯॥

ਕ੍ਰਿਪਾ ਨਿਧਾਨ ਤੁਹਾਡਾ ਸਿਦਕ ਵੇਖ ਕੇ, ਪੁੱਤਰ ਨੂੰ ਜੀਵਨ ਦਾ ਸ੍ਰੇਸ਼ਟ ਵਰ ਦਿੰਦੇ। ਫਿਰ ਘਰ ਵਿਚ ਏਨਾ ਸੰਕਟ ਨਾ ਹੁੰਦਾ। ਰੋਂਦੇ ਹੋਏ ਪਰਿਵਾਰ ਦੀ ਪ੍ਰੀਤ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਦੇ॥ ੧੯॥

ਇਹੁ ਸੰਸੈ ਮਨ ਮੋਹਿ ਬਿਸਾਲਾ। ਸ਼ਕਤਿ ਸਹਤ ਸਹਿ ਕਸ਼ਟ ਕਰਾਲਾ'।
ਸੁਨਤਿ ਭਿਖਾਰੀ ਗਿਰਾ ਉਚਾਰੀ। 'ਇਹ ਮਨਮੁਖ ਕੀ ਰੀਤਿ ਬਿਚਾਰੀ॥੨੦॥

ਮੇਰੇ ਮਨ ਵਿਚ ਇਸ ਬਾਰੇ ਬਹੁਤ ਸੰਸਾ ਹੈ, ਸ਼ਕਤੀ ਹੁੰਦਿਆਂ ਏਨਾ ਵਿਕਰਾਲ ਕਸ਼ਟ ਬਰਦਾਸ਼ਤ ਕੀਤਾ ਹੈ।" ਇਹ ਸੁਣ ਕੇ ਭਾਈ ਭਿਖਾਰੀ ਨੇ ਕਿਹਾ, "ਤੁਸੀਂ ਇਹ ਮਨਮੁਖ ਦੀ ਰੀਤੀ ਵਿਚਾਰੀ ਹੈ॥ ੨੦॥

ਜਥਾ ਜੋਗ ਪਰਮੇਸ਼ੁਰ ਕਰੈ। ਤਿਸ ਮਹਿਂ ਦੁਖ ਸੰਸੈ ਜੋ ਧਰੈ।
ਜਤਨ ਕਰਹਿ ਭਾਵੀ ਕੋ ਮੇਟਨਿ। ਤਿਸ ਕੋ ਪ੍ਰਭੁ ਸੰਗ ਕਬਹੁਂ ਨ ਭੇਟਨਿ॥੨੧॥

ਪਰਮੇਸ਼ਰ ਜੋ ਵੀ ਕਰਦਾ ਹੈ, ਠੀਕ ਹੀ ਕਰਦਾ ਹੈ, ਉਸ ਬਾਰੇ ਜਿਹੜਾ ਮਨ ਵਿਚ ਦੁਖ ਅਤੇ ਸੰਸੇ ਧਾਰਨ ਕਰਦਾ ਹੈ, ਉਹ ਭਾਵੀ ਨੂੰ ਮੇਟਣ ਦਾ ਯਤਨ ਕਰਦਾ ਹੈ, ਉਸ ਦੀ ਪ੍ਰਭੂ ਨਾਲ ਕਦੇ ਵੀ ਭੇਟ ਨਹੀਂ ਹੁੰਦੀ॥ ੨੧॥

ਜੈਸੀ ਇੱਛਾ ਹੁਇ ਭਗਵਾਨ। ਤਿਸ ਮਹਿਂ ਕੀਜਹਿ ਹਰਖ ਮਹਾਨ।
ਸਭਿ ਸੋਂ ਸਮ ਪ੍ਰਭੁ ਬੈਰ ਨ ਪ੍ਰੀਤਿ। ਕਰਮ ਹੇਰਿ ਫਲ ਦੇਹਿ ਸੁ ਨੀਤ॥੨੨॥

ਜਿਵੇਂ ਭਗਵਾਨ ਦੀ ਇੱਛਾ ਹੁੰਦੀ ਹੈ, ਉਸ ਵਿਚ ਹੀ ਪ੍ਰਸੰਨ ਰਹੋ, ਪ੍ਰਭੂ ਜੀ ਸਾਰਿਆਂ ਵਾਸਤੇ ਇਕੋ ਜਿਹੇ ਹਨ, ਉਨ੍ਹਾਂ ਦਾ ਕਿਸੇ ਨਾਲ ਵੀ ਪਿਆਰ ਜਾਂ ਵੈਰ ਨਹੀਂ, ਸਦਾ ਕਰਮ ਵੇਖ ਕੇ ਫਲ ਦਿੰਦੇ ਹਨ॥ ੨੨॥

ਕਸ਼ਟ ਆਇ ਕਰਿ ਸ਼ਕਤਿ ਹਰਾਵੈ। ਪਾਪ ਕਰੇ ਸੋ ਫਲ ਭੁਗਤਾਵੈ।
ਹੋਇ ਸੁਖੀ ਕਹਿ ਸੰਕਟ ਦੇਤਿ। ਸੋ ਪਿ ਨ ਦਰਗਹਿ ਆਦਰ ਲੇਤਿ॥੨੩॥

ਜੇ ਕਸ਼ਟ ਆਇ ਬਣੇ ਤਾਂ ਸ਼ਕਤੀ ਕਰਕੇ ਦੂਰ ਕਰੇ, ਜਿਹੜਾ ਮਨੁੱਖ ਪਾਪ ਕਰਦਾ ਹੈ ਤਾਂ ਉਸਦਾ ਫਲ ਭੁਗਤਦਾ ਹੈ। ਕੋਈ ਸੁਖੀ ਹੋਵੇ ਉਸ ਨੂੰ ਕਹਿ ਕੇ ਦੁਖ ਦੇਵੇ ਜਾਂ ਸ੍ਰਾਪ ਦੇਵੇ, ਐਸਾ ਮਨੁੱਖ ਪ੍ਰਭੂ ਦੀ ਦਰਗਾਹ ਵਿਚ ਆਦਰ ਨਹੀਂ ਪਾਉਂਦਾ॥ ੨੩॥

ਨ੍ਰਿਪਮਾਯਕ ਜੋ ਕਰਹਿ ਸੁ ਭਾਵੈ। ਸੋ ਸੇਵਕ ਤਿਸ ਤੇ ਸੁਖ ਪਾਵੈ।
ਜੇ ਮਹਿਪਤਿ ਕ੍ਰਿਤ ਮਹਿਂ ਦੇ ਦੋਸ਼ੂ। ਰਿਸਹਿ ਤਾਂਹਿ ਪਰ ਲਖਹਿ ਬਿਹੋਸ਼ੂ॥੨੪॥

ਮਾਇਆਵਾਦੀ ਰਾਜਾ ਜੋ ਕਰੇ ਜੇ ਉਹ ਸੇਵਕ ਨੂੰ ਚੰਗਾ ਲੱਗੇ ਤਾਂ ਸੇਵਕ ਵੀ ਉਸ ਪਾਸੋਂ ਸੁਖ ਪਾਉਂਦਾ ਹੈ। ਜੋ ਧਰਤੀ ਦੇ ਰਾਜੇ ਦੀ ਕ੍ਰਿਤ ਵਿਚ ਨਕਸ ਕੱਢਦਾ ਹੈ ਤਾਂ ਰਾਜਾ ਉਸ ਉਤੇ ਗੁੱਸਾ ਕਰਦਾ ਹੈ ਅਤੇ ਉਸ ਨੂੰ ਮੂਰਖ ਸਮਝਦਾ ਹੈ॥ ੨੪॥

ਇਮ ਅਲਪੱਗਜਨਿ ਕੀ ਕ੍ਰਿਤ ਮਾਂਹੀ। ਪ੍ਰਭੁ ਸਰਬੱਗ ਜਥੋਚਿਤ ਆਹੀਂ।
ਬਿਨਾ ਕਰਮ ਸੁਖ ਦੁਖ ਨਹਿਂ ਦੇਤਿ। ਭੁਗਤਹਿ ਸੋਇ ਜਿ ਬੀਜਹਿ ਖੇਤ ॥੨੫॥

ਇਸ ਤਰ੍ਹਾਂ ਹੀ ਥੋੜ੍ਹੇ ਗਿਆਨ ਦੀ ਕ੍ਰਿਤ ਵਿਚ ਹੁੰਦਾ ਹੈ, ਪ੍ਰਭੂ ਸਰਬ ਸਮਰੱਥ ਹੈ, ਜਿਵੇਂ ਵੀ ਯੋਗ ਹੁੰਦਾ ਹੈ, ਉਸ ਤਰ੍ਹਾਂ ਹੀ ਕਰਦਾ ਹੈ। ਕਰਮਾਂ ਤੋਂ ਬਗੈਰ ਦੁਖ ਸੁਖ ਨਹੀਂ ਦਿੰਦਾ, ਉਹੋ ਜੀਵ ਭੋਗਦਾ ਹੈ, ਜੋ ਜੀਵ ਖੇਤ ਵਿਚ ਬੀਜਦਾ ਹੈ॥ ੨੫॥

ਇਮ ਬਿਚਾਰ ਜਿਸਕੇ ਉਰ ਹੋਇ॥ ਪ੍ਰਭੁ ਕ੍ਰਿਤ ਪਰ ਨਿਤ ਹਰਖਹਿ ਸੋਇ।
ਤਿਸਕੋ ਸਨਮੁਖ ਕਹੈਂ ਜੁ ਸੰਤ। ਤਰਕਹਿਂ ਮਨਮੁਖ ਦੁਖ ਲਹਿਂ ਅੰਤ ॥੨੬॥

ਇਸ ਤਰ੍ਹਾਂ ਦਾ ਵਿਚਾਰ ਜਿਸ ਦੇ ਮਨ ਵਿਚ ਹੋਵੇ, ਉਹ ਪ੍ਰਭੂ ਦੀ ਕ੍ਰਿਤ ਉਤੇ ਸਦਾ ਪ੍ਰਸੰਨ ਹੁੰਦੇ ਹਨ। ਇਸਨੂੰ ਸੰਤ ਸਨਮੁਖ ਕਹਿੰਦੇ ਹਨ। ਮਨਮੁਖ ਹੁਜਤਾਂ ਕਰਕੇ ਅੰਤ ਵਿਚ ਦੁੱਖ ਪਾਉਂਦੇ ਹਨ॥ ੨੬॥

ਸਤਿਗੁਰ ਤੇ ਨਿਤ ਜਾਚਿਯ ਐਸੇ। ਪ੍ਰਭੁ ਕ੍ਰਿਤ ਪਰ ਅਨੰਦ ਲਹਿ ਜੈਸੇ।
ਨਾਸ਼ਵੰਤ ਦ੍ਰਿਸ਼ਮਾਨ ਪਦਾਰਥ। ਇਨ ਲਗਿ ਜਨਮ ਨ ਖੋਇ ਅਕਾਰਥ ॥੨੭॥

ਸਤਿਗੁਰੂ ਪਾਸੋਂ ਸਦਾ ਇਸ ਤਰ੍ਹਾਂ ਮੰਗੋ, ਜਿਵੇਂ ਪ੍ਰਭੂ ਦੀ ਕ੍ਰਿਤ ਤੇ ਅਨੰਦ ਪ੍ਰਾਪਤ ਹੁੰਦਾ ਹੈ। ਸਾਰੇ ਦ੍ਰਿਸ਼ਟ ਪਦਾਰਥ ਨਾਸ਼ਵਾਨ ਹਨ, ਇਨ੍ਹਾਂ ਨਾਲ ਲੱਗ ਕੇ ਅਕਾਰਥ ਜਨਮ ਨਾ ਗਵਾਓ॥ ੨੭॥

ਮਮ ਸੁਤ ਨੁਖਾ ਕਰਮ ਜਿਮ ਕੀਨਿ। ਸੋਭਿ ਸੁਨਹੁ ਕਰਿ ਸੰਸੈ ਹੀਨ।
ਤਪਸੀ ਹੁਤੋ ਪ੍ਰਥਮ ਕੇ ਜਨਮਾ। ਪੁਰਿ ਤੇ ਜਾਚਿ ਖਾਇ ਰਹਿ ਬਨ ਮਾਂ ॥੨੮॥

ਮੇਰੇ ਪੁੱਤਰ ਅਤੇ ਨੂੰਹ ਨੇ ਜਿਵੇਂ ਪਿਛਲੇ ਜਨਮ ਵਿਚ ਕਰਮ ਕੀਤੇ ਹਨ, ਸੰਸੇ ਹੀਣ ਹੋ ਕੇ ਸਾਰਾ ਬ੍ਰਿਤਾਂਤ ਸੁਣੋ। ਮੇਰਾ ਪੁੱਤਰ ਪਿਛਲੇ ਜਨਮ ਵਿਚ ਤਪੱਸਵੀ ਸੀ, ਨਗਰ ਵਿਚ ਆ ਕੇ ਮੰਗ ਕੇ ਖਾਂਦਾ ਸੀ ਤੇ ਫਿਰ ਜੰਗਲ ਵਿਚ ਚਲਾ ਜਾਂਦਾ ਸੀ॥ ੨੮॥

ਤਪ ਕਰਿ ਪਰਮੇਸੁਰ ਆਰਾਧੇ। ਮਹਾਂ ਜਤਨ ਤੇ ਇੰਦ੍ਰਿਯ ਸਾਧੇ।
ਇਕ ਦਿਨ ਪੁਰਿ ਤੇ ਚਲਜੋ ਅਘਾਈ। ਬਾਰਬਧੂ ਲਖਿ ਰੂਪ ਲੁਭਾਈ ॥੨੯॥

ਤਪ ਕਰਕੇ ਪਰਮੇਸ਼ਰ ਦੀ ਅਰਾਧਨਾ ਕਰਦਾ ਸੀ, ਬਹੁਤ ਜਤਨ ਕਰਕੇ ਉਸ ਆਪਣਿਆਂ ਇੰਦ੍ਰਿਆਂ ਤੇ ਕਾਬੂ ਕੀਤਾ। ਇਕ ਦਿਨ ਨਗਰ ਵਿਚੋਂ ਜਦ ਜੰਗਲ ਵੱਲ ਚਲਿਆ ਤਾਂ ਰਾਹ ਵਿਚ ਇਕ ਵੇਸਵਾ ਨੂੰ ਵੇਖ ਕੇ, ਉਸ ਦੇ ਰੂਪ ਤੇ ਰੀਝ ਪਿਆ॥ ੨੯॥

ਤਪਸੀ ਦੇਖਤਿ ਮਨ ਬਿਰਮਾਯੋ। ਹਠ ਕਰਿ ਮਿਲਜੋ ਨ, ਬਨ ਗਮਨਾਯੋ।
ਕਾਲ ਕ੍ਰਿਯਾ ਐਸੀ ਤਹਿਂ ਭਈ। ਦੁਹੂੰ ਦੇਹਿ ਸਿਮਰਤਿ ਛੁਟਿ ਗਈ ॥੩੦॥

ਤਪੱਸਵੀ ਦਾ ਵੇਖ ਕੇ ਮਨ ਭਰਮ ਗਿਆ, ਹੱਠ ਕਰਕੇ ਮਿਲਿਆ ਤੇ ਜੰਗਲ ਵਿਚ ਨਾ ਗਿਆ। ਕਾਲ ਕ੍ਰਿਆ ਐਸੀ ਹੋਈ ਕਿ ਦੋਹਾਂ ਦੀਆਂ ਦੇਹਾਂ ਸਿਮਰਨ ਕਰਦਿਆਂ ਹੀ ਛੁੱਟ ਗਈਆਂ॥ ੩੦॥

ਤਪ ਫਲ ਤੇ ਇਹ ਮਮ ਸੁਤ ਹੋਵਾ। ਸਿਮਰਿ ਪ੍ਰਭੁ ਕੋ ਸੰਕਟ ਖੋਵਾ।
ਬਾਰਮੁਖਾ ਇਹ ਨੁਖਾ ਭਈ ਹੈ। ਤਪਸੀ ਰਤਿ ਤੇ ਸੁਮਤਿ ਲਈ ਹੈ॥ ੩੧॥

ਤਪ ਦੇ ਫਲ ਕਰਕੇ ਇਹ ਮੇਰਾ ਪੁੱਤਰ ਹੋਇਆ, ਪ੍ਰਭੂ ਦਾ ਸਿਮਰਨ ਕਰਕੇ ਇਸ ਸਾਰਾ ਸੰਕਟ ਦੂਰ ਕਰ ਲਿਆ। ਵੇਸਵਾ ਹੁਣ ਮੇਰੀ ਨੂੰਹ ਬਣੀ ਹੈ, ਤਪੱਸਵੀ ਰੀਤੀ ਅਨੁਸਾਰ ਇਸ ਵੀ ਸ੍ਰੇਸ਼ਟ ਮੱਤ ਲਈ ਹੈ॥ ੩੧॥

ਸਿਖ ਸੰਗਤਿ ਕੀ ਸੇਵ ਕਮਾਵੈ। ਅੰਤ ਬਿਖੈ ਉੱਤਮ ਪਦ ਪਾਵੈ।
ਤਾਂਤੇ ਭੋ ਗੁਰਮੁਖ ! ਸੁਨਿ ਲੀਜੈ। ਭਾਣਾ ਮਾਨਨਿ ਮਨ ਥਿਰ ਕੀਜੈ॥ ੩੨॥

ਸਿੱਖ ਸੰਗਤ ਦੀ ਇਹ ਸੇਵਾ ਕਮਾਵੇਗੀ ਤੇ ਅੰਤ ਸਮੇਂ ਉਤਮ ਪਦਵੀ ਪਾਵੇਗੀ। ਇਸ ਕਰਕੇ ਹੇ ਗੁਰਮੁਖ ! ਸੁਣ ਲਵੋ, ਭਾਣਾ ਮੰਨਣ ਨਾਲ ਮਨ ਨੂੰ ਸਥਿਰ ਕਰੋ॥ ੩੨॥

ਸੱਤਿਨਾਮ ਕੋ ਸਿਮਰਨ ਕਰਨੋ। ਤਨਹੰਤਾ ਕੋ ਰਿਦੈ ਬਿਸਰਨੋ।
ਮੁਕਤੀ ਕੇ ਸਾਧਨ ਏ ਤੀਨ। ਕਹੈਂ ਗੁਰੂ ਅਰੁ ਸੰਤ ਪ੍ਰਬੀਨ'॥ ੩੩॥

ਸਤਿਨਾਮ ਦਾ ਸਿਮਰਨ ਕਰੋ ਅਤੇ ਹੰਕਾਰ ਨੂੰ ਹਿਰਦੇ ਵਿਚੋਂ ਕੱਢ ਦੇਵੋ, ਮੁਕਤੀ ਦੇ ਇਹ ਤਿੰਨੇ ਸਾਧਨ ਹਨ, ਗੁਰੂ ਜੀ ਅਤੇ ਚਤੁਰ ਸੰਤ ਇਸ ਤਰ੍ਹਾਂ ਕਹਿੰਦੇ ਹਨ"॥ ੩੩॥

ਸੁਨਿ ਗੁਰਮੁਖ ਨੇ ਬਾਕ ਭਿਖਾਰੀ। ਦ੍ਵੈ ਕਰ ਜੋਰਿ ਬੰਦਨਾ ਧਾਰੀ।
'ਧੰਨ ਧੰਨ ਬਡ ਬੁੱਧਿ ਬਿਚੱਛਨ। ਨਾਮ ਮੋਹਿ ਗੁਰਮੁਖ ਤਵ ਲੱਛਨ॥ ੩੪॥

ਭਾਈ ਗੁਰਮੁਖ ਨੇ ਭਾਈ ਭਿਖਾਰੀ ਦੇ ਬਚਨ ਸੁਣ ਕੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਅਤੇ ਕਿਹਾ, "ਧੰਨ! ਧੰਨ! ਤੁਹਾਡੀ ਵੱਡੀ ਅਤੇ ਵਿਲੱਖਣ ਬੁੱਧੀ ਹੈ, ਮੇਰਾ ਨਾਂ ਗੁਰਮੁਖ ਹੈ, ਪਰ ਗੁਰਮੁਖ ਦੇ ਲੱਛਣ ਤੁਹਾਡੇ ਵਿਚ ਹਨ॥ ੩੪॥

ਜਸ ਦੇਖਯੋ ਮੈਂ ਚਹਿਮਨ ਪਾਵਨ। ਤਸ ਸਤਿਗੁਰ ਮੁਝ ਕੀਨਿ ਦਿਖਾਵਨਿ।
ਤੁਝ ਦਰਸ਼ਨ ਤੇ ਪਾਪ ਮਿਟਾਵੈ। ਸਦਾ ਗੁਰੂ ਕੇ ਉਰ ਮਹਿਂ ਭਾਵੈ'॥ ੩੫॥

ਜਿਸ ਤਰ੍ਹਾਂ ਦੀ ਮੇਰੇ ਮਨ ਵਿਚ ਪਾਉਣ ਦੀ ਚਾਹਤ ਸੀ, ਸਤਿਗੁਰੂ ਜੀ ਨੇ ਮੈਨੂੰ ਉਸ ਤਰ੍ਹਾਂ ਦਾ ਹੀ ਵਿਖਾ ਦਿੱਤਾ ਹੈ। ਤੁਹਾਡੇ ਦਰਸ਼ਨ ਕਰਨ ਨਾਲ ਪਾਪ ਮਿੱਟ ਜਾਂਦੇ ਹਨ ਅਤੇ ਸਦਾ ਗੁਰੂ ਜੀ ਦੇ ਹਿਰਦੇ ਵਿਚ ਚੰਗਾ ਲੱਗਦਾ ਹੈ"॥ ੩੫॥

ਇਮ ਉਸਤਤਿ ਕਰਿ ਬਾਰੰ ਬਾਰ। ਦੀਨ ਹੋਇ ਚਰਨਨਿ ਸਿਰ ਧਾਰਿ।
ਭਯੋ ਬਿਸਰਜਨਿ ਗੁਰਪੁਰਿ ਆਯੋ। ਨਿਸ਼ਚੈ ਪਿਖਿ ਸਿਖ ਕੋ ਬਿਸਮਾਯੋ॥ ੩੬॥

ਇਸ ਤਰ੍ਹਾਂ ਦੀਨ ਹੋ ਕੇ ਚਰਨਾਂ ਤੇ ਸਿਰ ਧਰ ਕੇ ਬਾਰ-ਬਾਰ ਉਸਤਤਿ ਕਰ ਰਿਹਾ ਸੀ। ਵਿਦਾ ਹੋ ਕੇ ਗੁਰੂ ਜੀ ਦੀ ਨਗਰੀ ਵਿਚ ਆਇਆ, ਸਿੱਖ ਦਾ ਨਿਸ਼ਚਾ ਹੋਇਆ ਵੇਖ ਕੇ ਗੁਰੂ ਜੀ ਪ੍ਰਸੰਨ ਹੋਏ॥ ੩੬॥

ਸ੍ਰੀ ਅਰਜਨ ਬੈਠੇ ਜਿਸ ਥਾਈਂ। ਪਗ ਪੰਕਜ ਪਰ ਗ੍ਰੀਵ ਨਿਵਾਈ।
ਮੁਸਕਾਵਤਿ ਸ੍ਰੀ ਮੁਖ ਸੋਂ ਕਹਯੋ। 'ਕੈਸੋ ਸਿਖ ਜਾਇ ਤੈਂ ਲਹਯੋ?॥ ੩੭॥

ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਉਥੇ ਜਾ ਕੇ ਉਨ੍ਹਾਂ ਦੇ ਚਰਨ ਕੰਵਲ ਤੇ ਸਿਰ ਨਿਵਾਇਆ। ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਉਥੇ ਜਾ ਕੇ ਕੈਸਾ ਸਿੱਖ ਵੇਖਿਆ ਹੈ?॥ ੩੭॥

ਕੈਸੀ ਰਹਤਿ ਰਹੈ ਕਿਮ ਸੇਵਹਿ?। ਕਿਮ ਉਰ ਨਿਸ਼ਚੈ ਦੁਖ ਸੁਖ ਖੇਵਹਿ?'।
ਸੁਨਿ ਕਰਿ ਹਾਥ ਜੋਰਿ ਕਰਿ ਬੋਲਾ। 'ਸ੍ਰੀ ਪ੍ਰਭੁ ਤੁਮਰੇ ਸਿੱਖ ਅਡੋਲਾ॥ ੩੮॥

ਉਹ ਕਿਸ ਤਰ੍ਹਾਂ ਦੀ ਰਹਿਣੀ ਰਹਿੰਦਾ ਹੈ ਅਤੇ ਕਿਵੇਂ ਸੇਵਾ ਕਰਦਾ ਹੈ ਅਤੇ ਹਿਰਦੇ ਵਿਚ ਨਿਸ਼ਚਾ ਕਰਕੇ ਕਿਵੇਂ ਦੁਖ ਸੁਖ ਗਵਾਉਂਦਾ ਹੈ?" ਇਹ ਸੁਣ ਕੇ ਭਾਈ ਗੁਰਮੁਖ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਗੁਰੂ ਜੀ! ਤੁਹਾਡੇ ਸਿੱਖ ਅਡੋਲ ਹਨ॥ ੩੮॥

ਮਹਿਮਾ ਜਿਨ ਕੀ ਕਹੀ ਨ ਜਾਇ। ਦੁਖ ਸੁਖ ਮੈਂ ਇਕ ਸਮ ਹਰਖਾਇ'।
ਸਕਲ ਪ੍ਰਸੰਗ ਕਹਯੋ ਤਿਸ ਕੇਰਾ। ਜਥਾ ਭਿਖਾਰੀ ਕੋ ਘਰ ਹੇਰਾ॥ ੩੯॥

ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾ ਸਕਦੀ, ਦੁਖ ਸੁਖ ਵਿਚ ਇਕ ਸਮਾਨ ਪ੍ਰਸੰਨ ਰਹਿੰਦੇ ਹਨ।" ਫਿਰ ਭਾਈ ਭਿਖਾਰੀ ਦਾ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਵੀ ਉਸ ਭਾਈ ਭਿਖਾਰੀ ਦੇ ਘਰ ਵੇਖਿਆ ਸੀ॥ ੩੯॥

'ਜਿਸ ਪਰ ਆਪ ਪ੍ਰਸੰਨਤਾ ਹੋਇ। ਅਸ ਨਿਸਚਾ ਧਾਰਹਿ ਉਰ ਸੋਇ'।
ਕ੍ਰਿਪਾ ਨਿਧਾਨ ਸੁਨਤਿ ਹਰਖਾਏ। ਸੁਜਸੁ ਦਾਸ ਨਿਜ ਕੋ ਸੁਨਿ ਪਾਏ॥ ੪੦॥

ਭਾਈ ਗੁਰਮੁਖ ਨੇ ਕਿਹਾ, "ਜਿਸ ਉਤੇ ਆਪ ਦੀ ਪ੍ਰਸੰਨਤਾ ਹੁੰਦੀ ਹੈ ਐਸਾ ਨਿਸ਼ਚਾ ਉਹੀ ਮਨੁੱਖ ਧਾਰਨ ਕਰਦਾ ਹੈ।" ਕ੍ਰਿਪਾ ਨਿਧਾਨ ਭਾਵ ਗੁਰੂ ਜੀ ਇਹ ਸੁਣ ਕੇ ਪ੍ਰਸੰਨ ਹੋਏ। ਆਪਣੇ ਸੇਵਕ ਦੇ ਸ੍ਰੇਸ਼ਟ ਜੱਸ ਨੂੰ ਸੁਣਿਆ॥ ੪੦॥

ਸਿੱਖਨਿ ਪ੍ਰਿਯ ਨਿਤ ਬਨਹਿਂ ਸਹਾਈ। ਲੋਕ ਪ੍ਰਲੋਕਹਿਂ ਲੇਹਿਂ ਬਚਾਈ।
ਕਵਿ ਸੰਤੋਖ ਸਿੰਘ ਕਰਿ ਗੁਰ ਬੰਦਨ। ਕ੍ਰਿਪਾ ਧਾਰਿ ਗਨ ਬਿਘਨ ਨਿਕੰਦਨ ॥੪੧ ॥

ਗੁਰੂ ਜੀ ਆਪਣੇ ਪਿਆਰੇ ਸਿੱਖਾਂ ਦੀ ਸਦਾ ਹੀ ਸਹਾਇਤਾ ਕਰਦੇ ਹਨ, ਲੋਕ ਪਰਲੋਕ ਵਿਚ ਬਚਾ ਲੈਂਦੇ ਹਨ। ਕਵੀ ਸੰਤੋਖ ਸਿੰਘ ਗੁਰੂ ਜੀ ਨੂੰ ਬੰਦਨਾ ਕਰਦਾ ਹੈ, ਕਿਰਪਾ ਕਰਕੇ ਮੇਰੇ ਸਾਰੇ ਵਿਘਨਾਂ ਦਾ ਨਾਸ਼ ਕਰ ਦੇਵੋ॥ ੪੧॥

*ਤੀਸਰੀ ਰਾਸ ਦਾ ਉਣੱਤਰਵਾਂ ਅਧਿਆਇ ਸਮਾਪਤ ਹੋਇਆ॥ ੬੯॥*

*ਤੀਸਰੀ ਰਾਸ ਸਮਾਪਤ ਹੋਈ॥*

❖❖❖

Sri Satguru Jagjit Singh Ji eLlibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ॥

ਚੌਥੀ ਰਾਸ

# ਅਧਿਆਇ ਪਹਿਲਾ

## ਮੰਗਲਾਚਰਣ

### ੧. 'ਕਵਿ-ਸੰਕੇਤ' ਮਿਰਯਾਦਾ ਦਾ ਮੰਗਲ

ਦੋਹਰਾ- ਬੀਨ ਦੰਡ ਪਾਣੀਨ ਮਹਿਂ ਸਰਬੋਤਮਾ ਪ੍ਰਬੀਨ।
ਬੀਨ ਬੀਨ ਬਿਘਨਨਿ ਹਨਹੁ ਦਾਤੀ ਸੁਮਤਿ ਕਵੀਨ॥੧॥

ਜਿਸ ਨੇ ਆਪਣਾ ਹੱਥ ਵਿਚ ਵੀਣਾ ਸਾਜ਼, ਤੂੰਬੇ ਤੋਂ ਲੈ ਕੇ ਉਪਰਲੇ ਸਿਰੇ ਤਕ ਫੜਿਆ ਹੋਇਆ ਹੈ ਅਤੇ ਜੋ ਸਭ ਤੋਂ ਉੱਤਮ ਤੇ ਸਭ ਵਿਦਿਆਵਾਂ ਵਿਚ ਨਿਪੁੰਨ ਹੈ ਅਤੇ ਜੋ ਕਵੀਆਂ ਨੂੰ ਸ੍ਰੇਸ਼ਟ ਮੱਤ ਦੇਣ ਵਾਲੀ ਦਾਤੀ ਹੈ, ਹੇ ਐਸੀ ਸ਼ਾਰਦਾ! ਮੇਰੇ ਇਸ ਮਹਾਨ ਕੰਮ ਵਿਚ ਆਉਣ ਵਾਲੇ ਸਾਰੇ ਵਿਘਨਾਂ ਦਾ ਚੁਣ ਚੁਣ ਕੇ ਨਾਸ਼ ਕਰ ਦੇਵੋਂ॥ ੧॥

### ੨. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚੌਪਈ- ਕਰੁਨਾ ਆਕਰ, ਕਲਮਲ ਹਰਨਾ। ਹਰਿਨਾਮਾ ਚਿਤ ਨੀਤ ਸਿਮਰਨਾ।
ਮਰਨਾ ਜਨਮਨ ਇਵ ਜਗ ਤਰਨਾ। ਤਰੁਨਾਪਨ ਬਿਰਖਾ ਨਹਿਂ ਕਰਨਾ॥੨॥

ਮਿਹਰ ਦੀ ਖਾਣ, ਪਾਪਾਂ ਨੂੰ ਦੂਰ ਕਰਨ ਵਾਲੇ ਅਤੇ ਜਿਨ੍ਹਾਂ ਨੇ ਜਗਤ ਨੂੰ ਹਰੀ ਦੇ ਨਾਮ ਦਾ ਸਿਮਰਨ ਕਰਨਾ ਸਿਖਾਇਆ ਹੈ। ਨਾਮ ਸਿਮਰਨ ਨਾਲ ਜੰਮਣਾ ਮਰਨਾ ਨਹੀਂ ਪਵੇਗਾ ਅਤੇ ਜਗਤ ਦੇ ਸਾਗਰ ਨੂੰ ਤਰਨਾ ਇਵੇਂ ਸਫਲ ਹੋਵੇਗਾ ਜਿਵੇਂ ਜਵਾਨੀ ਨੂੰ ਸਫਲ ਕਰਨਾ ਹੈ॥ ੨॥

ਬੰਦਿ ਹਾਥ ਸਤਿਗੁਰ ਸੁਖਕੰਦ। ਕੰਦਲ ਦਾਸਨ ਦੇਤਿ ਅਨੰਦ।
ਨੰਦਨ ਕਾਲੂ ਕੇਰਿ ਮੁਕੰਦ। ਕੰਦਨ ਬਿਘਨ, ਸਦਾ ਜਗਬੰਦ॥ ੩॥

ਸੁੱਖਾਂ ਦੇ ਮੂਲ, ਮੁਕਤੀਦਾਤੇ ਸਤਿਗੁਰੂ ਨਾਨਕ ਦੇਵ ਜੀ, ਜੋ ਆਪਣੇ ਸੇਵਕਾਂ ਨੂੰ ਸੁਖ ਦਿੰਦੇ ਹਨ, ਵਿਘਨਾਂ ਨੂੰ ਨਾਸ਼ ਕਰਨ ਵਾਲੇ ਹਨ ਅਤੇ ਸਦਾ ਤੋਂ ਜਗਤ ਦੇ ਪੂਜ ਹਨ, ਐਸੇ ਸਤਿਗੁਰੂ ਜੀ ਨੂੰ ਮੈਂ ਹੱਥ ਜੋੜ ਕੇ ਪ੍ਰਣਾਮ ਕਰਦਾ ਹਾਂ॥ ੩॥

### ੩. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਚੌਪਈ- ਅੰਗਦ ਗੁਰੂ ਸਹਾਇਕ ਸੰਗ। ਸੰਗਤਿ ਸੇਵਤਿ ਸਹਤ ਉਮੰਗ।
ਮੰਗਤਿ ਸਿੱਖ ਮੁਕਤਿ ਹਰਿ ਰੰਗ। ਰੰਗਤਿ ਬ੍ਰਹਮ ਗਜਾਨ ਪ੍ਰਭੁ ਅੰਗ॥੪॥

ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਸਹਾਇਕ ਹਨ ਤੇ ਸਦਾ ਅੰਗ-ਸੰਗ ਰਹਿੰਦੇ ਹਨ, ਆਪ ਜੀ ਨੂੰ ਸੰਗਤ ਬੜੀ ਖ਼ੁਸ਼ੀ-ਖ਼ੁਸ਼ੀ ਸੇਂਵਦੀ ਹੈ। ਸਿੱਖ ਸੇਵਕ ਆਪ ਪਾਸੋਂ ਵਾਹਿਗੁਰੂ ਪ੍ਰੇਮ ਵਾਲੀ ਮੁਕਤੀ ਮੰਗਦੇ ਹਨ ਤੇ ਆਪ ਜੀ ਬੜੇ ਪ੍ਰੇਮ ਨਾਲ ਪ੍ਰਭੂ ਦੇ ਪਿਆਰ ਵਾਲੇ ਬ੍ਰਹਮ-ਗਿਆਨ ਵਿਚ ਰੰਗ ਦਿੰਦੇ ਹਨ॥ ੪॥

੪. ਇਸ੍ਰ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ

ਦੀਨ ਦਜਾਲੁ ਸੇਵਤਿ ਜਿਨ ਲੀਨਿ। ਲੀਨ ਪ੍ਰੇਮ ਮਹਿਂ, ਕਬਹੁਂ ਦੁਖੀ ਨ।
ਖੀਨ ਮੋਹ ਭੇ ਗਜਾਨ ਪ੍ਰਬੀਨ। ਬੀਨ ਸੁ ਅਮਰ ਗੁਰੂ ਸੁਖ ਦੀਨਿ॥ ੫॥

ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋਂ ਸੇਵਾ ਕਰਕੇ ਪਰਮ ਪਦਵੀ ਪ੍ਰਾਪਤ ਕੀਤੀ ਤੇ ਸਦਾ ਪ੍ਰੇਮ ਵਿਚ ਲੀਨ ਰਹੇ, ਜਿਨ੍ਹਾਂ ਨੇ ਕਦੇ ਵੀ ਦੁਖੀਆਂ ਦਾ ਦੁਖ ਨਾ ਸਹਾਰਿਆ। ਜਿਨ੍ਹਾਂ ਵੀ ਦੁਖੀਆਂ ਨੇ ਐਸੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ, ਉਨ੍ਹਾਂ ਨੂੰ ਆਪ ਜੀ ਨੇ ਸੁਖ ਬਖਸ਼ੇ ਤੇ ਉਹ ਮੋਹ ਵਿਚੋਂ ਨਿਕਲ ਕੇ ਗਿਆਨ ਵਿਚ ਨਿਪੁੰਨ ਹੋ ਗਏ॥ ੫॥

੫. ਇਸ੍ਰ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ

ਦੋਹਰਾ-ਮਾਨਿ ਮਾਨਿ ਪਦ ਪਦਮ ਕੋ ਪਾਨ ਜੋਰਿ ਸਨਮਾਨ।
ਮਾਨਸ ਮੈਂ ਹਰਿਦਾਸ ਸੁਤ ਬਸਹੁ ਸਦਾ ਮਮ ਮਾਨ॥ ੬॥

ਹੇ ਹਰਿਦਾਸ ਦੇ ਪੁੱਤਰ, ਸ੍ਰੀ ਗੁਰੂ ਰਾਮਦਾਸ ਜੀ! ਆਪ ਜੀ ਦੇ ਚਰਨਕੰਵਲਾਂ ਨੂੰ ਆਪਣੇ ਮਨ ਵਿਚ ਟਿਕਾ ਕੇ, ਆਦਰ ਨਾਲ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਮੇਰੇ ਮਨ ਰੂਪੀ ਮਾਨਸਰੋਵਰ ਵਿਚ ਸਦਾ ਵੱਸੋ॥ ੬॥

੬. ਇਸ੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ

ਸੋਰਠਾ- ਹਰ ਹਰ ਬਿਘਨ ਬਿਕਾਰ ਹਰਿ, ਹਰਿ ਲਿਵ ਉਰ ਦੇ ਅਧਿਕ।
ਧਿਕ ਤਿਨ ਜਨ ਬਹੁ ਬਾਰ, ਗੁਰ ਅਰਜਨ ਬਚ ਪਰਹਰਹਿਂ॥ ੭॥

ਹਰ ਪ੍ਰਕਾਰ ਦੇ ਵਿਘਨਾਂ ਤੇ ਹਰ ਪ੍ਰਕਾਰ ਦੇ ਵਿਕਾਰਾਂ ਨੂੰ ਦੂਰ ਕਰਨ ਵਾਲੇ ਤੇ ਹਰੀ ਦੇ ਨਾਮ ਦੀ ਲਿਵ ਦਿਲਾਂ ਵਿਚ ਦਾਨ ਕਰਨ ਵਾਲੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਦਾ ਜੋ ਤਿਆਗ ਕਰਦੇ ਹਨ, ਉਨ੍ਹਾਂ ਨੂੰ ਬਹੁਤ ਵਾਰ ਧ੍ਰਿਕਾਰ ਹੈ॥ ੭॥

੭. ਇਸ੍ਰ ਗੁਰੂ-ਸ੍ਰੀ ਗੁਰੂ ਹਰਿ ਗੋਵਿੰਦ ਜੀ ਦਾ ਮੰਗਲ

ਸੁੰਦਰ ਸੁ਼ਭਤਿ ਬਿਲੰਦ ਮਦ ਨ ਰਹਜੋ ਮਨ ਮਦਨ ਕੇ।
ਸ੍ਰੀ ਹਰਿ ਗੋਵਿੰਦ ਚੰਦ ਬੰਦਨ ਪਦ ਦੁਤਿ ਸਦਨ ਕੇ॥ ੮॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਏਨੇ ਸੁੰਦਰ, ਸ਼ੋਭਾ ਤੇ ਚੰਦ ਸਮਾਨ ਉੱਜਲ ਹਨ ਕਿ ਦਰਸ਼ਨ ਕਰਕੇ ਕਾਮਦੇਵਤਾ ਦੇ ਮਨ ਵਿਚ ਆਪਣੀ ਸੁੰਦਰਤਾ ਦਾ ਮਾਣ ਨਹੀਂ ਰਹਿੰਦਾ, ਉਨ੍ਹਾਂ ਦੇ ਚਰਨ ਕੰਵਲ ਸ਼ੋਭਾ ਦਾ ਘਰ ਹਨ, ਉਨ੍ਹਾਂ ਉਤੇ ਮੈਂ ਬੰਦਨਾ ਕਰਦਾ ਹਾਂ॥ ੮॥

੮. ਇਸ੍ਰ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ

ਕਰੇ ਰੰਕ ਤੇ ਰਾਇ ਸੇਵਕ ਸੇਵਤਿ ਪਾਸ ਜੇ।
ਸ੍ਰੀ ਸਤਿਗੁਰ ਹਰਿਰਾਇ ਹਤੀ ਦੁਖਦ ਜਮ ਪਾਸ ਜੇ॥ ੯॥

ਜਿਨ੍ਹਾਂ ਸੇਵਕਾਂ ਨੇ ਗੁਰੂ ਹਰਿਰਾਇ ਜੀ ਦੇ ਪਾਸ ਰਹਿ ਕੇ ਉਨ੍ਹਾਂ ਦੀ ਸੇਵਾ ਕੀਤੀ, ਗੁਰੂ ਜੀ ਨੇ ਉਨ੍ਹਾਂ ਨੂੰ ਰੰਕ ਤੋਂ ਰਾਜੇ ਬਣਾ ਦਿੱਤਾ, ਜਮਾਂ ਦੀ ਜੋ ਦੁਖਦਾਇਕ ਫਾਹੀ ਹੈ, ਉਸ ਨੂੰ ਵੀ ਤੋੜ ਦਿੱਤਾ॥ ੯॥

੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ

ਦੇਹਿ ਅਵਸਥਾ ਬਾਲ ਬਡੇ ਗੁਨਨਿ ਮਹਿਂ ਅਵਤਰੇ।
ਤਰੇ ਸੇਵ ਨਰ ਬਾਲ ਸ੍ਰੀ ਹਰਿ ਕ੍ਰਿਸ਼ਨ ਸੁਜਸ ਕਰੇ॥ ੧੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਸਰੀਰਕ ਅਵਸਥਾ ਤਾਂ ਬਾਲਕਾਂ ਵਾਲੀ ਹੈ, ਪਰ ਗੁਣਾਂ ਵਿਚ ਆਪ ਵੱਡੇ ਅਵਤਾਰ ਹੋਏ ਹਨ। ਕੀ ਪੁਰਸ਼, ਕੀ ਇਸਤਰੀ, ਆਪ ਦਾ ਜੱਸ ਕਰਨ ਵਾਲੇ ਸਾਰੇ ਸੇਵਕ ਤਰ ਗਏ ਹਨ॥ ੧੦॥

੧੦. ਇਸ਼੍ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਧਰਮ ਜਗਤ ਰਖਿ ਲੀਨਿ ਤ੍ਰਿਣ ਸਮ ਅਪਨੋ ਦੀਨਿ ਸਿਰ।
ਸਿਰਰ ਨ ਦੀਨਿ ਪ੍ਰਬੀਨ ਤੇਗ ਬਹਾਦੁਰ ਧੀਰ ਗੁਰ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਧੀਰਜਵਾਨ ਅਤੇ ਪ੍ਰਬੀਨ ਹਨ। ਉਨ੍ਹਾਂ ਨੇ ਆਪਣਾ ਸਿਰਰ ਨਹੀਂ ਛੱਡਿਆ ਤੇ ਜਗਤ ਵਿਖੇ ਆਪਣੇ ਧਰਮ ਨੂੰ ਰੱਖ ਲਿਆ। ਧਰਮ ਰੱਖਣ ਵਾਸਤੇ ਬੇਸ਼ਕ ਆਪ ਜੀ ਨੇ ਆਪਣਾ ਸੀਸ ਇਕ ਤਿਣਕੇ ਵਾਂਗ ਦੇ ਦਿੱਤਾ॥ ੧੧॥

੧੧. ਇਸ਼੍ਟ ਗੁਰੂ-ਸ੍ਰੀ ਗੁਰੂ ਗੋਵਿੰਦ ਸਿੰਘ ਜੀ ਦਾ ਮੰਗਲ

*ਸ੍ਵੈਯਾ-* ਜੋ ਜਗ ਮੈਂ ਤਨ ਹਿੰਦੁ ਅਹੈਂ ਸਭਿ ਪੈ ਉਪਕਾਰ ਬਿਸਾਲ ਕਰਜੋ।
ਮਾਨਹਿਂ ਜੇ ਨ, ਅਘੀ ਨਹਿਂ ਕੋ ਸਮ, ਜਾਇ ਨਿਰੈਪਦ ਬੀਚ ਪਰਜੋ।
ਬੀਰ ਬਲੀ ਗੁਰ ਗੋਬਿੰਦ ਸਿੰਘ ਮਹਾਂ ਤੁਰਕਾਨ ਕੋ ਤੇਜ ਹਰਜੋ।
ਹਿੰਦ ਥਿਰਜੋ, ਬਡ ਜੰਗ ਜੁਰਜੋ, ਭਟ ਬ੍ਰਿੰਦ ਮਰਜੋ, ਰਸ ਬੀਰ ਭਰਜੋ॥੧੨॥

ਜਗਤ ਵਿਚ ਜਿਨ੍ਹਾਂ ਲੋਕਾਂ ਵੀ ਹਿੰਦੂ ਪਰਿਵਾਰ ਵਿਚ ਜਨਮ ਲਿਆ ਸੀ ਸਾਰਿਆਂ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਡੇ ਉਪਕਾਰ ਕੀਤੇ ਹਨ। ਜੇ ਇਨ੍ਹਾਂ ਵਿਚੋਂ ਕੋਈ ਨਾ ਮੰਨੇ ਤਾਂ ਉਸ ਵਰਗਾ ਕੋਈ ਪਾਪੀ ਨਹੀਂ, ਉਹ ਅੰਤ ਨਰਕਾਂ ਵਿਚ ਪਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਡੇ ਬਲੀ ਅਤੇ ਬੀਰ ਹੋਏ ਹਨ, ਉਨ੍ਹਾਂ ਤੁਰਕਾਂ ਦੇ ਤੇਜ ਨੂੰ ਨਾਸ਼ ਕਰ ਦਿੱਤਾ। ਬੇਸ਼ਕ ਬਹੁਤ ਲੜਾਈਆਂ ਲੜਨੀਆਂ ਪਈਆਂ ਅਤੇ ਬਹੁਤ ਸੂਰਮੇ ਮਾਰੇ ਗਏ, ਹਿੰਦੂ ਧਰਮ ਨੂੰ ਉਨ੍ਹਾਂ ਬਚਾ ਲਿਆ ਤੇ ਸਿੱਖਾਂ ਵਿਚ ਬੀਰ-ਰਸ ਭਰ ਦਿੱਤਾ॥ ੧੨॥

੧੨. ਸਮਸਤ ਗੁਰ ਮੰਗਲ ਤੇ ਬੇਨਤੀ

*ਦੋਹਰਾ-* ਆਗੇ ਦਸ਼ ਪਤਿਸ਼ਾਹ ਕੇ ਸਿਖ ਸੰਗਤ ਗੁਰ ਦਾਸ।
ਨਮਸਕਾਰ ਮੇਰੀ ਸਭਿਨਿ ਸੁਨਹੁ ਇਹੀ ਅਰਦਾਸ॥ ੧੩॥

ਦਸ ਗੁਰੂ ਸਾਹਿਬਾਨ ਦੀਆਂ ਸਿੱਖ ਸੰਗਤਾਂ ਅਤੇ ਗੁਰੂ ਜੀ ਦੇ ਸਾਰੇ ਦਾਸਾਂ ਅੱਗੇ ਨਮਸਕਾਰ ਕਰਕੇ ਬੇਨਤੀ ਕਰਦਾ ਹਾਂ ਕਿ ਮੇਰੀ ਇਹ ਅਰਦਾਸ ਸੁਣੋ॥ ੧੩॥

ਸਤਿਗੁਰ ਚਰਨ ਸਰੋਜ ਕੋ ਮਾਨਸ ਮਾਨਸ ਹੋਇ।
ਮਾਨਸ ਜਨਮ ਸਕਾਰਥਾ ਮਾਨਸ ਤਰ ਹੈ ਸੋਇ॥ ੧੪॥

ਮੇਰਾ ਮਨ ਮਾਨਸਰੋਵਰ ਹੋਵੇ ਅਤੇ ਸਤਿਗੁਰੂ ਜੀ ਦੇ ਚਰਨ ਉਸ ਵਿਚ ਕੰਵਲਾਂ ਸਮਾਨ ਹੋਣ, ਜਿਸ ਨਾਲ ਮੇਰਾ ਮਨੁੱਖਾ ਜਨਮ ਸਫਲ ਹੋਵੇ, ਤੇ ਮੈਂ ਮਾਨ ਸਹਿਤ ਇਸ ਭਵਸਾਗਰ ਨੂੰ ਪਾਰ ਕਰ ਜਾਵਾਂ॥ ੧੪॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਸਭਿ ਸੰਤਨ ਕੋ ਕਰਿ ਕਰਿ ਬੰਦਨ। ਕਹੁੰ ਕਥਾ ਸਭਿ ਬਿਘਨ ਨਿਕੰਦਨ।
ਤੀਨ ਰਾਸਿ ਮੈਂ ਪੂਰਨ ਕਰੀ। ਕਥਾ ਗੁਰਨਿ ਕੀ ਸੁੰਦਰ ਧਰੀ॥ ੧੫ ॥

ਸਾਰੇ ਸੰਤਾਂ ਨੂੰ ਬੰਦਨਾ ਕਰ ਕਰ ਹੁਣ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲੀ ਅਗੋਂ ਕਥਾ ਕਹਿੰਦਾ ਹਾਂ। ਪਹਿਲਾਂ ਮੈਂ ਤਿੰਨ ਰਾਸਾਂ ਪੂਰੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਗੁਰਾਂ ਦੀ ਸੁੰਦਰ ਕਥਾ ਨੂੰ ਵਰਣਨ ਕੀਤਾ ਹੈ॥ ੧੫ ॥

ਮੰਗਲਾਚਰਣ ਸਮਾਪਤ

ਗੁਰ ਇਤਿਹਾਸ-ਸ੍ਰੀ ਗੁਰੂ ਅਰਜਨ ਦੇਵ ਜੀ ਆਰੰਭ

ਪੂਛਯੋ ਸਭਿ ਸਿੱਖਨ ਹਿਤ ਕਰਿਕੈ। 'ਕਥਾ ਗੁਰਨਿ ਕੀ ਕਹੋ ਬਿਚਰਿਕੈ'।
ਰਾਮ ਕੁਇਰ ਸੋ ਸਕਲ ਉਚਾਰੀ। ਸੁੰਦਰ ਬਿਧਿ ਜੁਤਿ ਬਹੁ ਬਿਸਤਾਰੀ ॥੧੬ ॥

ਸਾਰੇ ਸਿੱਖਾਂ ਨੇ ਪ੍ਰੇਮ ਸਹਿਤ ਪੁਛਿਆ, "ਵਿਚਾਰ ਕੇ ਗੁਰੂ ਜੀ ਦੀ ਕਥਾ ਕਹੋ" ਭਾਈ ਰਾਮ ਕੁਇਰ ਜੀ ਨੇ ਜੋ ਸਾਰੀ ਕਥਾ ਉਚਾਰਣ ਕੀਤੀ ਹੈ, ਸੁੰਦਰ ਢੰਗ ਸਹਿਤ ਬਹੁਤ ਵਿਸਥਾਰ ਕੀਤਾ ਹੈ॥ ੧੬ ॥

ਤਿਸ ਪ੍ਰਸੰਗ ਤੇ ਸਿੱਖਨਿ ਕਥਾ। ਜਥਾ ਹੁਤੀ ਗਨ ਬਰਨੀ ਤਥਾ।
ਸਭਿ ਸਿੰਘਨਿ ਕੋ ਅਧਿਕ ਰਿਝਾਵਾ। ਉਰ ਸੰਬੂਹਨਿ ਚਾਵ ਬਧਾਵਾ ॥੧੭ ॥

ਭਾਈ ਰਾਮ ਕੁਇਰ ਜੀ ਦੇ ਪ੍ਰਸੰਗ ਤੋਂ ਲੈ ਕੇ, ਗੁਰੂ ਜੀ ਦੀ ਕਥਾ ਜਿਸ ਤਰ੍ਹਾਂ ਵੀ ਲਿਖੀ ਗਈ ਸੀ, ਉਸ ਤਰ੍ਹਾਂ ਹੀ ਮੈਂ ਸਾਰੀ ਵਰਣਨ ਕਰ ਦਿੱਤੀ ਹੈ। ਸਭ ਸਿੰਘਾਂ ਨੂੰ ਇਸ ਬਹੁਤ ਪ੍ਰਸੰਨ ਕੀਤਾ ਹੈ, ਸਾਰਿਆਂ ਦੇ ਹਿਰਦਿਆਂ ਵਿਚ ਚਾਹ ਵਧਾਈ ਹੈ॥ ੧੭ ॥

ਕਥਾ ਸੁਨਨਿ ਪਰ ਮਨ ਰੁਚਿ ਜਾਗੀ। ਗੁਰ ਪਗ ਪੰਕਜ ਕੇ ਅਨੁਰਾਗੀ।
ਸਭਿਨਿ ਸੁਜਸੁ ਕੋ ਬਰਨਨ ਕੀਨਾ:-'ਰਾਮਕੁਇਰ ਸਰਬੱਗਜ ਪ੍ਰਬੀਨਾ! ॥੧੮ ॥

ਕਥਾ ਸੁਣਨ ਦੀ ਸਾਰਿਆਂ ਵਿਚ ਰੁਚੀ ਜਾਗੀ ਹੈ, ਸਾਰੇ ਹੀ ਗੁਰੂ ਜੀ ਦੇ ਚਰਨ ਕੰਵਲਾਂ ਦੇ ਪ੍ਰੇਮੀ ਹਨ। ਸਾਰਿਆਂ ਨੇ ਭਾਈ ਰਾਮ ਕੁਇਰ ਦਾ ਸ੍ਰੇਸ਼ਟ ਜੱਸ ਵਰਣਨ ਕੀਤਾ, "ਹੇ ਭਾਈ ਰਾਮ ਕੁਇਰ ਜੀ ! ਆਪ ਸਰਬ ਸਮਰੱਥ ਅਤੇ ਨਿਪੁੰਨ ਹੋ॥ ੧੮ ॥

ਭੂਤ ਭਵਿੱਖਜਤ ਕੇਰਿ ਬ੍ਰਿਤਾਂਤ। ਹਸਤਾਮਲ ਸਮ ਜਿਸ ਉਰ ਗਜਾਤ।
ਕਥਾ ਸੁਨਾਇ ਅਨੰਦ ਬਿਲੰਦੇ। ਬ੍ਰਿਧ ਕੋ ਬੰਸ ਉਦਧਿ ਤੁਮ ਚੰਦੇ ॥੧੯ ॥

ਭੂਤ ਭਵਿੱਖ ਦੇ ਸਾਰੇ ਬ੍ਰਿਤਾਂਤ ਦਾ ਸਾਰਾ ਗਿਆਨ ਆਪ ਜੀ ਦੇ ਦਿਲ ਵਿਚ ਹੈ। ਤੁਸੀਂ ਵੱਡੀ ਅਨੰਦਦਾਇਕ ਕਥਾ ਸੁਣਾਉਂਦੇ ਹੋ, ਬਾਬਾ ਬੁੱਢਾ ਜੀ ਦੀ ਵੰਸ਼ ਦੇ ਸਾਗਰ ਦੇ ਤੁਸੀਂ ਚੰਦ ਹੋ॥ ੧੯ ॥

ਜਾਤਿ ਅਖੇਰ ਨਿਤਾਪ੍ਰਤਿ ਬਾਹਰ। ਦਰਸੇ ਨਿਤ ਕਲਗੀਧਰ ਜ਼ਾਹਰ।
ਅਵਚਲ ਨਗਰ ਜਾਤਿ ਗੁਰ ਕਹਯੋ। ਸੰਗ ਨ ਤਜਾਗਤਿ ਜਬਿ ਚਿਤ ਲਹਯੋ ॥੨੦ ॥

ਤੁਸੀਂ ਨਿਤਾਪ੍ਰਤੀ ਸ਼ਿਕਾਰ ਖੇਡਣ ਜਾਂਦੇ ਹੋ ਅਤੇ ਨਿਤ ਕਲਗੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਗਟ ਰੂਪ ਵਿਚ ਦਰਸ਼ਨ ਕਰਦੇ ਹੋ। ਅਬਚਲ ਨਗਰ ਜਾਂਦਿਆਂ ਦਸਮ ਪਿਤਾ ਜੀ ਨੇ ਜਦ ਇਹ ਵੇਖਿਆ ਕਿ ਸਾਡਾ ਸੰਗ ਨਹੀਂ ਛੱਡਦੇ ਹਨ ॥੨੦ ॥

ਹਮਰੇ ਦਰਸ਼ਨ ਕੋ ਨਿਤ ਚਾਹਤਿ। ਇਸ ਹਿਤ ਚਲਿਬੇ ਸਾਥ ਉਮਾਹਤਿ।
ਯਾਂਤੇ ਤੋਰ ਮਨੋਰਥ ਜੋਈ। ਸਦਨ ਬਸਹੁ ਪੂਰਹਿਂ ਹਮ ਸੋਈ॥ ੨੧ ॥

ਸਦਾ ਹੀ ਸਾਡੇ ਦਰਸ਼ਨਾਂ ਨੂੰ ਚਾਹੁੰਦੇ ਹਨ, ਇਸ ਹਿਤ ਕਰਕੇ ਸਾਡੇ ਨਾਲ ਜਾਣ ਲਈ ਬੜਾ ਉਤਸ਼ਾਹ ਕਰਦੇ ਹਨ, ਇਸ ਕਰਕੇ ਉਨ੍ਹਾਂ ਨੇ ਤੁਹਾਨੂੰ ਵਰ ਦਿੱਤਾ, "ਜਿਹੜਾ ਤੁਹਾਡਾ ਸਾਡੇ ਦਰਸ਼ਨ ਕਰਨ ਦਾ ਮਨੋਰਥ ਹੈ ਉਹ ਘਰ ਵਿਚ ਰਹਿ ਕੇ ਵੀ ਪੂਰਾ ਹੋ ਜਾਵੇਗਾ ॥੨੧ ॥

ਵਹਿਰ ਅਖੇਰ ਚਢਹੁ ਤਹਿਂ ਦਰਸਹੁ।ਜਥਾ ਸੰਗ ਤੈਸੇ ਇਤ ਪਰਸਹੁ।
ਯਾਂਤੇ ਤੁਮ ਕੋ ਦਰਸ਼ਨ ਦੇਤਿ। ਸ੍ਰੀ ਗੋਬਿੰਦ ਸਿੰਘ ਗਯਾਨ ਨਿਕੇਤ॥ ੨੨॥

ਜਦ ਬਾਹਰ ਸ਼ਿਕਾਰ ਖੇਡਣ ਲਈ ਜਾਵੋਗੇ ਤਾਂ ਸਾਡੇ ਦਰਸ਼ਨ ਹੋਣਗੇ, ਜਿਵੇਂ ਸੰਗਤ ਵਿਚ ਦਰਸ਼ਨ ਕਰਦੇ ਹੋ, ਇਸ ਤਰ੍ਹਾਂ ਹੀ ਉਥੇ ਵੀ ਦਰਸ਼ਨ ਕਰੋ।" ਇਸ ਕਰਕੇ ਤੁਹਾਨੂੰ ਗੁਰੂ ਗੋਬਿੰਦ ਜੀ ਜਿਹੜੇ ਗਿਆਨ ਦੇ ਘਰ ਹਨ, ਦਰਸ਼ਨ ਦਿੰਦੇ ਹਨ॥ ੨੨॥

ਸਿੰਘ ਤੁਮਾਰੋ ਦਰਸ਼ਨ ਕਰਿਹੀਂ। ਜਨਮ ਸੁਕਾਰਥ ਕੇ ਅਨੁਸਰ ਹੀ।
ਦੂਸਰ ਗੁਨ ਤੁਮ ਕਥਾ ਸੁਨਾਵਹੁ। ਸਤਿਗੁਰ ਗੁਨ ਗਨ ਬਰਨ ਰਿਝਾਵਹੁ॥੨੩॥

ਤੁਹਾਡੇ ਦਰਸ਼ਨ ਕਰਕੇ, ਸਿੰਘ ਆਪਣੇ ਜਨਮ ਨੂੰ ਸਫਲ ਕਰਦੇ ਹਨ, ਤੁਹਾਡੇ ਵਿਚ ਦੂਸਰਾ ਗੁਣ ਹੈ ਕਿ ਤੁਸੀਂ ਕਥਾ ਸੁਣਾਉਂਦੇ ਹੋ, ਸਤਿਗੁਰੂ ਜੀ ਦੇ ਗੁਣਾਂ ਦਾ ਵਰਣਨ ਕਰਕੇ ਆਪਣੇ ਸਿੰਘਾਂ ਨੂੰ ਪ੍ਰਸੰਨ ਕਰਦੇ ਹੋ॥ ੨੩॥

ਤੁਮ ਹੋ ਧੰਨ ਸਦਾ ਜੁਗ ਲੋਕ। ਹਮ ਭੀ ਧੰਨ ਜਿ ਦਰਸ ਬਿਲੋਕਿ।
ਇਹ ਰਾਵਰ ਕੋ ਬਡ ਉਪਕਾਰਾ। ਕਥਾ ਸੁਨਾਈ ਕਰਿ ਵਿਸਤਾਰਾ॥ ੨੪॥

ਦੋਵਾਂ ਲੋਕਾਂ ਵਿਚ ਤੁਸੀਂ ਧੰਨ ਹੋ, ਅਸੀਂ ਵੀ ਤੁਹਾਡੇ ਦਰਸ਼ਨ ਕਰਕੇ ਧੰਨ ਹੋ ਗਏ ਹਾਂ। ਇਹ ਆਪ ਜੀ ਦਾ ਵੱਡਾ ਪਰਉਪਕਾਰ ਹੈ, ਤੁਸੀਂ ਬੜੇ ਵਿਸਥਾਰ ਨਾਲ ਕਥਾ ਸੁਣਾਈ ਹੈ॥ ੨੪॥

ਅਬਿ ਆਗਲ ਇਤਿਹਾਸ ਬਖਾਨਹੁ। ਹਰਿਗੁਬਿੰਦ ਜਿਮ ਉਤਸਵ ਠਾਨਹੁ।
ਸ੍ਰੀ ਅਰਜਨ ਜਿਮ ਕੀਨਿ ਚਲਾਨੋ। ਕਰਿ ਚੰਦੂ ਕੋ ਚਲਨ ਬਹਾਨੋ॥ ੨੫॥

ਹੁਣ ਅਗਲਾ ਇਤਿਹਾਸ ਬਿਆਨ ਕਰੋ, ਜਿਵੇਂ ਗੁਰੂ ਹਰਿਗੋਬਿੰਦ ਜੀ ਨੇ ਉਤਸਵ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਜਿਵੇਂ ਜੋਤੀ ਜੋਤ ਸਮਾਏ, ਜਿਨ੍ਹਾਂ ਸੰਸਾਰ ਤੋਂ ਚਲੇ ਜਾਣ ਦਾ ਬਹਾਨਾ ਚੰਦੂ ਨੂੰ ਬਣਾਇਆ॥ ੨੫॥

ਸਕਲ ਕਥਾ ਬਿਸਤਾਰ ਸੁਨਾਵਹੁ। ਹਮਹਿ ਨਿਹਾਲ ਕਰਹੁ ਹਰਖਾਵਹੁ'।
ਇਮ ਸਿੰਘਨਿ ਕੀ ਸੁਨਿ ਕਰਿ ਬਿਨੈ। ਰਾਮਕੁਇਰ ਗਨ ਆਨੰਦ ਸਨੈ॥ ੨੬॥

ਸਾਰੀ ਕਥਾ ਵਿਸਥਾਰ ਸਹਿਤ ਸੁਣਾਵੋ, ਸਾਨੂੰ ਨਿਹਾਲ ਕਰਕੇ ਪ੍ਰਸੰਨ ਕਰੋ।" ਸਿੰਘਾਂ ਦੀ ਇਸ ਤਰ੍ਹਾਂ ਬੇਨਤੀ ਸੁਣ ਕੇ ਭਾਈ ਰਾਮ ਕੁਇਰ ਜੀ ਬਹੁਤ ਪ੍ਰਸੰਨ ਹੋਏ॥ ੨੬॥

ਸ਼੍ਰੋਤਨਿ ਕੋ ਬਹੁ ਭਾਂਤਿ ਸਰਾਹਜੋ। ਜਿਨ ਬਹੁ ਸਿੱਖੀ ਧਰਮ ਨਿਬਾਹਜੋ।
'ਜਨਮ ਸਫਲ ਅਪਨੋ ਕਰਿ ਲੀਨਸਿ। ਕਥਾ ਸੁਨਨਿ ਪਰ ਚਿਤ ਹਿਤ ਦੀਨਸਿ॥੨੭॥

ਉਨ੍ਹਾਂ ਨੇ ਸਰੋਤਿਆਂ ਦੀ ਬਹੁਤ ਪ੍ਰਕਾਰ ਪ੍ਰਸੰਸਾ ਕੀਤੀ, ਜਿਨ੍ਹਾਂ ਸਿੱਖੀ ਧਰਮ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ। ਕਹਿਣ ਲੱਗੇ, "ਤੁਸੀਂ ਆਪਣਾ ਜਨਮ ਸਫਲ ਕਰ ਲਿਆ ਹੈ, ਕਥਾ ਸੁਣਨ ਵਾਸਤੇ ਤੁਸੀਂ ਆਪਣੇ ਚਿੱਤ ਨੂੰ ਬੜੇ ਪ੍ਰੇਮ ਨਾਲ ਲਾਇਆ ਹੈ॥ ੨੭॥

ਤੁਮਰੇ ਉਰ ਕੋ ਨਿਸ਼ਚਾ ਹੇਰੇ। ਅਧਿਕ ਅਨੰਦ ਉਮਗਤੋ ਮੇਰੇ।
ਰੁਚਿ ਅਨੁਸਾਰ ਕਹੌਂ ਇਤਿਹਾਸਾ। ਸਰਬ ਖਾਲਸਾ ਸ਼ੁਭ ਸਭਿ ਪਾਸਾ॥ ੨੮॥

ਤੁਹਾਡੇ ਹਿਰਦੇ ਦੇ ਨਿਸ਼ਚੇ ਨੂੰ ਵੇਖ ਕੇ ਮੇਰੇ ਹਿਰਦੇ ਵਿਚ ਬਹੁਤ ਅਨੰਦ ਪੈਦਾ ਹੋਇਆ ਹੈ। ਮੈਂ ਸੁੰਦਰ ਢੰਗ ਨਾਲ ਇਤਿਹਾਸ ਕਹਾਂਗਾ, ਸਾਰਾ ਖਾਲਸਾ ਸਭ ਪਾਸੇ ਸ਼ੁਭ ਹੈ॥ ੨੮॥

ਸ੍ਰੀ ਅਰਜਨ ਕੋ ਸੁਨਹੁ ਚਲਾਨਾ। ਪੁਨ ਸ੍ਰੀ ਹਰਿਗੋਬਿੰਦ ਅੱਖਜਾਨਾ।
ਪੂਰਬ ਬਜਾਹ ਹੋਨਿ ਕੀ ਕਥਾ। ਬਰਨਨ ਕਰੌਂ ਭਈ ਬਿਧਿ ਜਥਾ॥ ੨੯॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਬਾਰੇ ਸੁਣੋ, ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਸੰਗ ਸੁਣੋ। ਪਹਿਲਾਂ ਵਿਆਹ ਬਾਰੇ ਕਥਾ ਸੁਣੋ। ਜਿਸ ਵਿਧੀ ਅਨੁਸਾਰ ਹੋਇਆ ਹੈ। ਉਸ ਤਰ੍ਹਾਂ ਮੈਂ ਵਰਣਨ ਕੀਤਾ ਹੈ॥ ੨੯॥

ਤੁਰਕੇਸ਼ੁਰ ਕੇ ਸੰਗ ਮਿਲਾਪਨਿ। ਚੰਦੂ ਪਾਪੀ ਕੋ ਪੁਨਿ ਖਾਪਨ।
ਦਿੱਲੀਪਤ ਕੇ ਰਹਿਬੋ ਸੰਗ। ਬਿਗਰ ਪਰੇ ਤਬਿ ਜੂਟੇ ਜੰਗ॥ ੩੦॥

ਸ੍ਰੀ ਹਰਿਗੋਬਿੰਦ ਜੀ ਦਾ ਤੁਰਕ ਬਾਦਸ਼ਾਹ ਨਾਲ ਮੇਲ, ਫਿਰ ਚੰਦੂ ਦਾ ਨਾਸ਼ ਹੋਣਾ, ਫਿਰ ਦਿੱਲੀ ਦੇ ਬਾਦਸ਼ਾਹ ਦੇ ਨਾਲ ਰਹਿਣਾ, ਫਿਰ ਵਿਗੜ ਜਾਣੀ ਤੇ ਜੰਗ ਵਿਚ ਜੁੱਟ ਜਾਣਾ॥ ੩੦॥

ਸੈਨਾ ਤੁਰਕਨਿ ਕੀ ਗਨ ਘਾਈ। ਬਚੇ ਸੂਰ ਸੇ ਗਏ ਪਲਾਈ।
ਦੇਸ਼ ਮਾਲਵੇ ਮਹਿਂ ਗੁਰ ਗਏ। ਅਨਿਕ ਬਿਲਾਸ ਕਰਤਿ ਤਹਿਂ ਭਏ॥ ੩੧॥

ਤੁਰਕਾਂ ਦੀ ਬਹੁਤ ਸੈਨਾ ਮਾਰੀ, ਜਿਹੜੇ ਸੂਰਮੇ ਬਚੇ ਉਹ ਭੱਜ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਫਿਰ ਮਾਲਵੇ ਦੇਸ਼ ਵਿਚ ਗਏ ਅਤੇ ਅਨੇਕ ਪ੍ਰਕਾਰ ਦੇ ਵਿਲਾਸ ਕਰਦੇ ਸਨ॥ ੩੧॥

ਇੱਤਜਾਦਿਕ ਸਤਿਗੁਰੁ ਕੀ ਕਥਾ। ਭਈ ਜਥਾ ਮੈਂ ਬਰਨੌਂ ਤਥਾ।
ਮਹਾਂ ਮਹਾਤਮ ਸੁਨਿਬੇ ਕੇਰਾ। ਸ਼ਰਧਾ ਸਹਤ, ਨ ਹੁਇ ਜਗ ਫੇਰਾ॥ ੩੨॥

ਇਤਿਆਦਿ ਸਤਿਗੁਰੂ ਜੀ ਦੀ ਕਥਾ, ਜਿਵੇਂ ਵਾਪਰੀ ਹੈ, ਉਸ ਤਰ੍ਹਾਂ ਹੀ ਮੈਂ ਵਰਣਨ ਕਰਾਂਗਾ। ਸੁਣਨ ਦਾ ਮਹਾਨ ਮਹਾਤਮ ਹੈ। ਜੇ ਸ਼ਰਧਾ ਸਹਿਤ ਸੁਣਿਆ ਜਾਵੇ ਤਾਂ ਫਿਰ ਜਗਤ ਵਿਚ ਦੁਬਾਰਾ ਫੇਰਾ ਨਹੀਂ ਪਾਉਣਾ ਪੈਂਦਾ ਹੈ॥ ੩੨॥

ਸਤਿਗੁਰ ਕੋ ਪਦ ਪੰਕਜ ਪ੍ਰੇਮੂ। ਵਧਹਿ, ਦੇਤਿ ਜੋ ਜੋਗ ਸੁ ਛੇਮੂ।
ਸੁਤ ਬਿਤ ਆਦਿ ਕਾਮਨਾ ਜੋਈ। ਸ਼੍ਰੋਤਨਿ ਕੋ ਸਭਿ ਦੇਵਤਿ ਸੋਈ॥ ੩੩॥

ਸਤਿਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੇਮ ਵਧਦਾ ਹੈ, ਜਿਹੜੇ ਅਪ੍ਰਾਪਤ ਦੀ ਪ੍ਰਾਪਤੀ ਤੇ ਪ੍ਰਾਪਤੀ ਦੀ ਰੱਖਿਆ ਕਰਦੇ ਹਨ। ਪੁੱਤਰ ਇਸਤਰੀ ਆਦਿ ਦੀ ਜੋ ਕਾਮਨਾ ਹੈ, ਉਹ ਸਰੋਤਿਆਂ ਨੂੰ ਸਭ ਕੁਝ ਦਿੰਦੇ ਹਨ॥ ੩੩॥

ਦੇਹਿ ਅਰੋਗ, ਰੋਗ ਕੋ ਘਾਤਕ। ਅਨਿਕ ਭਾਂਤਿ ਕੇ ਪਾਤਕ ਹਾਤਕ।
ਮ੍ਰਿਤਕ ਪਿਛਾਰੀ ਬਰਨੈਂ ਜੋਇ। ਤਿਹ ਪਰਲੋਕ ਬਿਖੈ ਗਤਿ ਹੋਇ॥ ੩੪॥

ਦੇਹ ਅਰੋਗ ਰਹਿੰਦੀ ਹੈ ਅਤੇ ਰੋਗਾਂ ਦਾ ਨਾਸ਼ ਹੁੰਦਾ ਹੈ ਅਤੇ ਅਨੇਕ ਪ੍ਰਕਾਰ ਦੇ ਪਾਪਾਂ ਦੀ ਹਾਨੀ ਹੁੰਦੀ ਹੈ। ਜਿਹੜਾ ਮਰੇ ਹੋਏ ਸਿੱਖ ਦੇ ਪਿੱਛੋਂ, ਇਸ ਦੀ ਕਥਾ ਕਹੇਗਾ। ਉਸ ਦੀ ਪਰਲੋਕ ਵਿਚ ਗਤੀ ਹੋ ਜਾਵੇਗੀ॥ ੩੪॥

ਸੰਕਟ ਸਕਲ ਨਾਸ਼ ਕੌ ਕਰਤਾ। ਮਹਾਂ ਧਰਮ ਕੋ ਉਰ ਮਹਿਂ ਧਰਤਾ।
ਸ਼ਰਧਾ ਕਰਿ ਜੋ ਸੁਨੈ ਸੁਨਾਵੈ। ਅੰਤ ਸਮੇਂ ਗੁਰੁ ਤੇ ਗਤਿ ਪਾਵੈ॥ ੩੫॥

ਉਸ ਦੇ ਸਾਰੇ ਸੰਕਟ ਨਾਸ਼ ਹੋ ਜਾਂਦੇ ਹਨ ਤੇ ਉਹ ਹਿਰਦੇ ਵਿਚ ਮਹਾਨ ਧਰਮ ਨੂੰ ਧਾਰਨ ਕਰਦਾ ਹੈ। ਸ਼ਰਧਾ ਕਰਕੇ ਜਿਹੜਾ ਸੁਣਦਾ ਅਤੇ ਸੁਣਾਉਂਦਾ ਹੈ ਅੰਤ ਸਮੇਂ ਗੁਰੂ ਜੀ ਪਾਸੋਂ ਗਤੀ ਪਾਉਂਦਾ ਹੈ"॥ ੩੫॥

*ਚੌਥੀ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਦੂਸਰਾ

## ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ

ਦੋਹਰਾ- ਸੁਨਹੁ ਕਥਾ ਸਵਧਾਨ ਹ੍ਵੈ ਸ਼੍ਰੋਤਾ ਸਿੱਖ ਸਮੁਦਾਇ।
ਵਧਹਿ ਬਖੇਰਾ ਜਾਂਹਿ ਤੇ ਮਿਲਨਿ ਤੁਰਕ ਬਨਿਆਇ ॥ ੧ ॥

ਹੇ ਸ਼੍ਰੋਤਾ ਅਤੇ ਸਾਰੀ ਸਿੱਖ ਸੰਗਤ ! ਸਾਵਧਾਨ ਹੋ ਕੇ ਕਥਾ ਸੁਣੋ। ਜਿਥੋਂ ਲੜਾਈ ਝਗੜਾ ਵਧਿਆ ਤੇ ਫਿਰ ਤੁਰਕਾਂ ਨਾਲ ਮੇਲ ਹੋਇਆ ॥ ੧ ॥

ਸ੍ਵੈਯਾ- ਰਾਜ ਕਰੈ ਸਗਰੀ ਛਿਤ ਕੋ ਜਿਨ ਆਇਸੁ ਮੇਟਿ ਸਕਹਿ ਨਹਿਂ ਕੋਊ।
ਦੀਰਘ ਕੋਟ ਚਮੂ ਜਿਸ ਪੈ, ਨ ਮਵਾਸਿ ਰਹਯੋ ਅਸ ਭਾਖਹਿ ਜੋਊ।
ਭੂਪਤਿ ਪੂਰਬ ਦੱਛਨ ਕੋ ਪੁਨ ਪੱਛਮ ਕੇ ਨ੍ਰਿਪ ਸੈਲ ਜਿ ਹੋਊ।
ਆਨ ਕੋ ਮਾਨਿਕੈ, ਡਾਨੁ ਕੋ ਦੇਤਿ, ਕਿ ਸੇਵ ਕਰੈਂ ਰਹਿਂ ਹਾਜਰ ਸੋਊ ॥ ੨ ॥

ਤੁਰਕ ਸਾਰੀ ਧਰਤੀ ਤੇ ਰਾਜ ਕਰਦੇ ਹਨ (ਉਸ ਸਮੇਂ ਸਾਰਾ ਉੱਤਰੀ ਹਿੰਦੁਸਤਾਨ ਅਤੇ ਅਫ਼ਗਾਨਿਸਤਾਨ ਆਦਿ ਤੁਰਕ ਹਕੂਮਤ ਅਧੀਨ ਸਨ) ਜਿਨ੍ਹਾਂ ਦੀ ਆਗਿਆ ਨੂੰ ਕੋਈ ਮੋੜ ਨਹੀਂ ਸੀ ਸਕਦਾ, ਜਿਸ ਪਾਸ ਕਈ ਕ੍ਰੋੜ ਸੈਨਾ ਹੀ ਸੀ। ਕੋਈ ਵੀ ਆਕੀ ਨਾ ਰਿਹਾ, ਪੂਰਬ, ਪੱਛਮ ਤੇ ਦੱਖਣ ਦੇ ਰਾਜੇ ਫਿਰ ਉਤਰ ਦੇ ਜਿਹੜੇ ਪਹਾੜੀ ਰਾਜੇ ਸਨ, ਉਹ ਈਨ ਮੰਨਦੇ ਸਨ ਤੇ ਡੰਨ ਦਿੰਦੇ ਸਨ, ਸੇਵਾ ਕਰਦੇ ਸਨ ਤੇ ਹਾਜ਼ਰ ਰਹਿੰਦੇ ਸਨ ॥ ੨ ॥

ਕਬਿੱਤ- ਦਿੱਲੀਪਤਿ ਭਯੋ ਜਹਾਂਗੀਰ ਜਿਸ ਨਾਮ ਕਹੈਂ ਅਧਿਕ ਪ੍ਰਤਾਪ ਤੁਰਕੇਸ਼ਰ ਕੋ ਜਾਨਿਯੇ।
ਕੋਸ਼ ਮੈਂ ਦਰਬ ਮਹਾਂ ਦੇਤਿ ਲੇਤਿ ਜਹਾਂ ਕਹਾਂ ਅਪਰ ਸਮਾਜ ਕਹਾਂ ਗਿਨਿਬੇ ਮੈਂ ਆਨਿਯੇ।
ਚਾਰੋਂ ਦਿਸ਼ਿ ਮਾਂਹਿ ਤ੍ਰਾਸ ਜੁੱਧ ਤੇ ਨਿਰਾਸ ਭਏ ਹਾਥ ਬੰਦਿ ਆਨਿ ਪਾਸਿ ਜੀਵਨਿ ਕੋ ਠਾਨਿਯੇ।
ਰੰਕ ਦੇਹਿ ਰਾਜਾ ਕਰਿ, ਰਾਜਾ ਕੋ ਬਨਾਵੈ ਰੰਕ ਐਸੋ ਪਾਤਿਸ਼ਾਹਿ ਭਯੋ ਐਸ੍ਵਰਜ ਮਹਾਨਿਯੇ ॥੩ ॥

ਦਿੱਲੀ ਦਾ ਬਾਦਸ਼ਾਹ ਉਸ ਸਮੇਂ ਜਹਾਂਗੀਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਸ ਦਾ ਤੁਰਕ ਬਾਦਸ਼ਾਹਾਂ ਵਿਚ ਬਹੁਤ ਪ੍ਰਤਾਪ ਮੰਨਿਆ ਜਾਂਦਾ ਸੀ। ਖ਼ਜ਼ਾਨੇ ਵਿਚ ਬਹੁਤ ਧਨ ਸੀ, ਜਿਥੇ ਕਿਥੇ ਦਿੰਦਾ ਲੈਂਦਾ ਸੀ, ਹੋਰ ਸਾਮਾਨ ਅਤੇ ਪਦਾਰਥਾਂ ਨੂੰ ਕਿਸ ਗਿਣਤੀ ਵਿਚ ਲਈਏ। ਚਾਰੇ ਪਾਸੇ ਡਰ ਪਸਰਿਆ ਸੀ, ਸਾਰੇ ਯੁੱਧ ਤੋਂ ਨਿਰਾਸ਼ ਸਨ, ਇਸ ਲਈ ਹੱਥ ਜੋੜ ਕੇ ਪਾਸ ਆ ਕੇ ਜੀਵਨ ਦਾਨ ਮੰਗਦੇ ਸਨ। ਰੰਕ ਨੂੰ ਰਾਜਾ ਬਣਾ ਦਿੰਦਾ ਸੀ ਅਤੇ ਰਾਜੇ ਨੂੰ ਰੰਕ ਬਣਾ ਦਿੰਦਾ ਸੀ, ਐਸਾ ਮਹਾਨ ਧਨੀ ਬਾਦਸ਼ਾਹ ਸੀ ॥ ੩ ॥

ਤਾਂਕੋ ਹੈ ਦਿਵਾਨ ਏਕ ਚੰਦੂ ਨਾਮ ਅਬਿਬੇਕ ਗੁਰੂ ਪਰਮੇਸ਼੍ਵਰ ਮਹਾਤਮ ਨ ਜਾਨਈ।
ਮਾਯਾ ਮਦ ਮਾਤੋ, ਮੂਢ ਕੁਮਤਿ ਅਰੂਢ ਰਹੈ, ਹੁਕਮ ਚਲਾਵਤਿ ਹੰਕਾਰ ਕੈ ਮਹਾਨਈ।
ਪਾਤਸ਼ਾਹੀ ਲੋਕ ਸਭਿ ਮਾਨੈ ਆਨ ਠਾਨੈ ਨਮੋ, ਚਾਹੈ ਜਿਮ ਕਰੈ ਤਿਮ ਦੇਸ਼ ਜਿਸ ਮਾਨਈ।
ਏਕ ਸੁਤਾ ਭਈ ਤਾਂ ਕੋ ਨਾਮ ਰਾਖਯੋ ਸਦਾ ਕੌਰ ਕਲਹਾਵਤਰੀ ਦੋਨੋ ਲੋਕ ਪਿਤ ਹਾਨਈ ॥੪ ॥

ਉਸਦਾ ਇਕ ਦੀਵਾਨ ਸੀ ਜਿਸ ਦਾ ਨਾਂ ਚੰਦੂ ਸੀ ਤੇ ਜਿਹੜਾ ਵੱਡਾ ਮੂਰਖ ਸੀ ਤੇ ਗੁਰੂ ਪ੍ਰਮੇਸ਼ਰ ਦਾ ਮਹਾਤਮ ਨਹੀਂ ਸੀ ਜਾਣਦਾ ਤੇ ਮਾਇਆ ਦੇ ਨਸ਼ੇ ਵਿਚ ਮਸਤ ਸੀ, ਮੂਰਖ ਨੇ ਭੈੜੀ ਮੱਤ ਧਾਰਨ ਕੀਤੀ ਹੋਈ ਸੀ ਅਤੇ ਮਹਾਨ ਹੰਕਾਰ ਕਰਕੇ ਹੁਕਮ ਚਲਾਉਂਦਾ ਸੀ। ਬਾਦਸ਼ਾਹ ਦੇ ਲੋਕ ਸਭ ਉਸ ਦੀ ਈਨ ਮੰਨਦੇ ਸਨ ਤੇ ਆ ਕੇ ਨਮਸਕਾਰ ਕਰਦੇ ਸਨ, ਜਿਵੇਂ ਵੀ ਉਹ ਚਾਹੇ ਕਰੇ, ਉਸ ਤਰ੍ਹਾਂ ਹੀ ਉਹ ਮੰਨਦੇ ਸਨ। ਉਸ ਦੇ ਘਰ ਇਕ ਪੁੱਤਰੀ ਪੈਦਾ ਹੋਈ, ਜਿਸ ਦਾ ਨਾਂ ਸਦਾ ਕੌਰ ਰਖਿਆ। ਮਾਨੋਂ ਲੜਾਈ ਨੇ ਜਨਮ ਲਿਆ ਹੋਵੇ ਤੇ ਪਿਤਾ ਦਾ ਲੋਕ ਪਰਲੋਕ ਨਸ਼ਟ ਕਰਨ ਵਾਲੀ ਹੋਈ॥ ੪॥

**ਸਾਤਮੇ ਬਰਖ ਬਿਖੈ ਸੁਤਾ ਜਬਿ ਹੇਰੀ ਨਿਜ ਕਰੋਂ ਸਨਬੰਧ ਕਹੂੰ ਐਸੇ ਮਨ ਆਨਿਓ।**
**ਬਿੱਪ੍ਰ ਕੋ ਬੁਲਾਯੋ ਸਮਝਾਯੋ ਮਿਲਿ ਦੰਪਤਿ ਨੇ 'ਸੰਪਤਿ ਹਮਾਰੇ ਸਮ ਸਦਨ ਮਹਾਂਨਿਓ।**
**ਊਚੀ ਕੁਲ ਹੋਇ, ਲੇਹੁ ਬ੍ਰਿੰਦਪੁਰਿ ਜੋਇ ਤੁਮ, ਸੁੰਦਰ ਸਰੂਪ ਬਰ ਖੋਜੋ ਸਭਿ ਥਾਨਿਓ।**
**ਤੀਨੋ ਹ੍ਵੈ ਇਕੱਤ੍ਰ ਤੌ ਬਚਿੱਤ੍ਰ ਬਾਤਿ ਜਾਨੋ ਮਨ, ਆਲਸ ਨ ਕੀਜੈ ਫਿਰਿਬੇ ਕੋ ਹਿਤ ਠਾਨਿਓ ॥੫॥**

ਜਦ ਪੁੱਤਰੀ ਸੱਤਾਂ ਸਾਲਾਂ ਦੀ ਹੋਈ ਵੇਖੀ ਤਾਂ ਉਸ ਦੇ ਮਨ ਵਿਚ ਆਇਆ ਕਿ ਇਸਦਾ ਕਿਤੇ ਰਿਸ਼ਤਾ ਕਰ ਦੇਣਾ ਚਾਹੀਦਾ ਹੈ। ਬ੍ਰਾਹਮਣ ਨੂੰ ਬੁਲਾ ਕੇ ਦੰਪਤੀ ਨੇ ਸਮਝਾਇਆ ਕਿ ਸਾਡੇ ਵਾਂਗ ਮਹਾਨ ਧਨ ਦੌਲਤ ਹੋਣੀ ਚਾਹੀਦੀ ਹੈ। ਉੱਚੀ ਕੁਲ ਹੋਵੇ, ਬਹੁਤ ਨਗਰਾਂ ਵਿਚ ਜਾਵੋ, ਸੁੰਦਰ ਸਰੂਪ ਵਰ ਲਭੋ ਜਿਹੜਾ ਇਨ੍ਹਾਂ ਤਿੰਨਾਂ ਗੁਣਾਂ ਵਾਲਾ ਹੋਵੇ ਭਾਵ ਬਹੁਤ ਧਨ ਦੌਲਤ ਵਾਲਾ ਘਰ, ਉਚੀ ਕੁਲ ਅਤੇ ਸੁੰਦਰ ਸਰੂਪ ਪਾਵੋ ਤਾਂ ਮਨ ਵਿਚ ਵਚਿਤਰ ਗੱਲ ਜਾਣੋ, ਫਿਰ ਆਲਸ ਨਾ ਕਰੋ ਤੇ ਵਰ ਦੇ ਬਾਰੇ ਪੂਰੀ ਤਸੱਲੀ ਕਰੋ॥ ੫॥

**ਹਮ ਸਮ ਧਨੁ ਹੋਇ, ਊਚੋ ਬੰਸ ਸ਼ੁੱਧ ਹੋਇ, ਸੁੰਦਰ ਸਰੂਪ ਹੋਇ ਬਰੁ ਦੇਖਿ ਲੀਜੀਏ।**
**ਦੇਸ਼ਨਿ ਬਿਦੇਸ਼ ਬਿਖੈ ਬਿਚਰੋ ਬਿਸ਼ੇਸ਼ ਕਰਿ, ਹੇਰਹੁ ਅਸ਼ੇਸ਼ ਜੇ ਨਰੇਸ਼ ਬੇਸ਼ ਕੀਜੀਏ।**
**ਕਾਹੂ ਕਾਮਦਾਰ ਹੋਇ, ਬਡੋ ਬਿਵਹਾਰ ਹੋਇ, ਜਾਹਰ ਉਦਾਰ ਹੋਇ, ਮਿਲਿਕੈ ਜਨੀਜੀਏ।**
**ਐਸੇ ਪੈ ਪਤੀਜੀਏ, ਨ ਸੰਸੈ ਕੋ ਰਖੀਜੀਏ, ਮੋ ਲਾਜ ਕੌ ਪ੍ਰਿਖੀਜੀਏ, ਸੁ ਨਾਤੋ ਤਹਾਂ ਦੀਜੀਏ ॥੬॥**

ਸਾਡੇ ਜਿੰਨਾ ਧਨ ਹੋਵੇ, ਸ਼ੁੱਧ ਉਚਾ ਵੰਸ਼ ਹੋਵੇ ਤੇ ਸੁੰਦਰ ਸਰੂਪ ਵਰ ਦੇਖ ਲਵੋ। ਵਿਸ਼ੇਸ਼ ਕਰਕੇ ਦੇਸ਼ਾਂ ਵਿਦੇਸ਼ਾਂ ਵਿਚ ਜਾਵੋ ਅਤੇ ਵਿਸ਼ੇਸ਼ ਰਾਜੇ ਆਦਿ ਵੇਖਣ ਦਾ ਕੰਮ ਕਰੋ। ਜੇ ਕੋਈ ਰਾਜਿਆਂ ਦਾ ਮੁਸਾਹਿਬ ਵੀ ਹੋਵੇ ਅਤੇ ਉਸ ਦਾ ਵੱਡਾ ਕਾਰੋਬਾਰ ਹੋਵੇ, ਪ੍ਰਗਟ ਰੂਪ ਵਿਚ ਬਹੁਤ ਧਨੀ ਹੋਵੇ ਉਸ ਨੂੰ ਵੀ ਮਿਲ ਕੇ ਜਾਣ ਲਵੋ। ਐਸੇ ਵਰ ਤੇ ਹੀ ਸੰਤੁਸ਼ਟ ਹੋਵੋ, ਕੋਈ ਸ਼ੰਕਾ ਨਾ ਰੱਖਣਾ, ਮੇਰੀ ਲਾਜ ਨੂੰ ਸਮਝੋ, ਇਸ ਕਰਕੇ ਨਾਤਾ ਅਜਿਹੀ ਥਾਂ ਕਰੋ" ॥ ੬॥

**ਚੰਦੂ ਕੇ ਬਚਨ ਸੁਨਿ ਬਿੱਪ੍ਰ ਨੇ ਸੁ ਮਾਨਿ ਮਨ ਭਨਜੋ 'ਤੇਰੇ ਭਾਗ ਧੰਨ ਤੈਸੀ ਤੁਵ ਜਾਤਿਕੀ।**
**ਫਿਰੈਂ ਦੇਸ ਦੇਸ਼ ਮੈਂ ਬਿਲੋਕੈਂਗੇ ਅਸ਼ੇਸ਼ ਹਮ, ਉੱਤਮਤਾ ਖੋਜੈਂਗੇ ਸਮਾਨ ਤੁਵ ਜਾਤਿ ਕੀ।**
**ਮੇਰੋ ਜਜਮਾਨ, ਧਨ ਲੈਹੌਂ ਸਨਬੰਧ ਬਨੈ, ਹੋਇ ਜਸੁ ਬ੍ਰਿੰਦ ਗੰਧਿ ਜਥਾ ਜਲਜਾਤਿਕੀ।**
**ਕੀਜੈ ਬਿਦਾ ਮੋਹਿ, ਤੋਹਿ ਕਾਜ ਸ਼ੁਭ ਹੋਹਿ, ਜੋਹਿ ਸ਼ਗੁਨ ਅਨੂਠੇ, ਅਬਿ ਸਮੈਂ ਚਲਿ ਜਾਤਿ ਕੀ' ॥੭॥**

ਚੰਦੂ ਦੀ ਗੱਲ ਸੁਣ ਕੇ ਬ੍ਰਾਹਮਣ ਨੇ ਮਨ ਵਿਚ ਮੰਨ ਲਈ ਤੇ ਕਿਹਾ, "ਧੰਨ ਤੁਹਾਡੇ ਭਾਗ ਹਨ ਤੇ ਧੰਨ ਤੁਹਾਡੀ ਪੁੱਤਰੀ ਹੈ। ਅਸੀਂ ਦੇਸ਼ਾਂ ਵਿਦੇਸ਼ਾਂ ਵਿਚ ਫਿਰਾਂਗੇ ਤੇ ਵਿਸ਼ੇਸ਼ ਤੌਰ ਤੇ ਵੇਖਾਂਗੇ ਅਤੇ ਵਰ ਵੀ ਤੁਹਾਡੇ ਬਰਾਬਰ ਉੱਤਮ ਲੱਭਾਂਗੇ। ਮੇਰੇ ਜਜਮਾਨ ਹੋ, ਸੰਬੰਧ ਬਣਨ ਨਾਲ ਮੈਂ ਧਨ ਲਵਾਂਗਾ, ਲੋਕਾਂ ਵਿਚ ਜੱਸ ਹੋਵੇਗਾ ਜਿਵੇਂ ਕੰਵਲ ਦੀ ਸੁਗੰਧੀ ਫੈਲਦੀ ਹੈ। ਮੈਨੂੰ ਹੁਣ ਵਿਦਾ ਕਰੋ, ਤੁਹਾਡਾ ਕੰਮ ਸ਼ੁਭ ਹੋਵੇਗਾ। ਵਚਿਤਰ ਸ਼ਗੁਨ ਵੇਖੇ ਹਨ, ਹੁਣ ਚਲੇ ਜਾਣ ਦਾ ਸਮਾਂ ਹੈ" ॥ ੭॥

**ਨਾਊ ਕੀਨਿ ਸਾਥ ਨਿਤ ਸੇਵਾ ਕਰੈ ਹਾਥ ਨਿਜ, ਔਰ ਦਾਸ ਕਰੇ ਸੰਗ ਅਧਿਕ ਸਮਾਜ ਤੇ।**
**ਨਗਰ ਨਗਰ ਪ੍ਰਤਿ ਖੋਜਤਿ ਫਿਰਤਿ ਬਰ, ਰੈਨ ਕੋ ਬਸੇਰਾ ਕਰਿ ਹੇਰੈਂ ਸਭਿ ਸਾਜ ਤੇ।**

ਜਹਾਂ ਆਛੀ ਕੁਲ ਤਹਾਂ ਧਨ ਮੈਂ ਨ ਤੁੱਲ ਹੋਤਿ, ਜਹਾਂ ਧਨ ਤੁੱਲ ਤਹਾਂ ਕੁਲ ਨਹੀਂ ਰਾਜਤੇ।
ਜਹਾਂ ਧਨ ਕੁਲ ਮੈਂ ਸੁ ਤੁੱਲਜਤਾ ਮਿਲਤਿ ਆਇ, ਬਾਲਕ ਬਿਹੀਨ ਰੂਪ ਹੇਰਤਿ ਕੁ ਕਾਜ ਤੇ ॥੮॥

ਨਾਈ ਨੂੰ ਨਾਲ ਲੈ ਲਿਆ, ਜਿਹੜਾ ਨਿੱਤ ਸੇਵਾ ਆਪਣੇ ਹੱਥਾਂ ਨਾਲ ਕਰਦਾ ਸੀ ਅਤੇ ਹੋਰ ਕੁਝ ਸੇਵਕ ਵੀ ਆਪਣੇ ਨਾਲ ਲੈ ਲਏ। ਨਗਰ-ਨਗਰ ਲੱਭਦੇ ਫਿਰਦੇ ਸਨ, ਰਾਤ ਨੂੰ ਕਿਤੇ ਟਿਕਾਣਾ ਕਰਕੇ ਸਭ ਤਰ੍ਹਾਂ ਨਾਲ ਵੇਖਦੇ ਫਿਰਦੇ ਸਨ। ਜਿਥੇ ਚੰਗੀ ਕੁਲ ਵੇਖਦੇ ਸਨ, ਉਥੇ ਧਨ ਵਿਚ ਸਮਾਨਤਾ ਨਹੀਂ ਸੀ ਹੁੰਦੀ, ਜਿਥੇ ਧਨ ਬਹੁਤ ਹੁੰਦਾ ਸੀ, ਓਥੇ ਕੁਲ ਮੇਲ ਨਹੀਂ ਸੀ ਖਾਂਦੀ। ਜਿਥੇ ਧਨ ਅਤੇ ਕੁਲ ਵਿਚ ਸਮਾਨਤਾ ਹੁੰਦੀ ਸੀ, ਓਥੇ ਬਾਲਕ (ਨੀਂਗਰ) ਨੂੰ ਭੈੜੀ ਸ਼ਕਲ ਵਾਲਾ ਵੇਖਦੇ ਸਨ॥ ੮॥

ਪੁਰਿ ਪੁਰਿ ਹੇਰਤਿ ਫਿਰਤਿ ਨਰ ਪੂਛਿ ਲੇਤਿ 'ਛੱਤ੍ਰੀ ਹ੍ਵੈ ਧਨਾਢਿ ਧਾਮ ਸੁੰਦਰ ਸਪੂਤ ਹੋਇ।
ਸ਼ਾਹ ਕੋ ਸਚਿਵ ਤਾਂਕੀ ਸੁਤਾ ਕੋ ਸਬੰਧ ਚਹੈ ਜਾਂਕੇ ਬਡੇ ਭਾਗ ਜਗ ਮਿਲੈ ਇਸਥਾਨ ਸੋਇ।
ਹੁਕਮ ਮਹਾਨ ਚਾਰੋਂ ਦਿਸ਼ਿ ਮੈਂ ਬਖਾਨ ਕਰੈ ਅਨਗਨ ਸੰਪਤਾ ਕੋ ਪ੍ਰਾਪਤਿ ਸਦਾਈ ਜੋਇ।
ਹੋਰਿ ਹਮ ਰਹੇ ਨਹੀਂ ਸੁੱਧਿ ਕਹੂੰ ਲਹੇ ਅਸ, ਫਿਰੇ ਮਨ ਢਹੇ, ਨਹੀਂ ਪਾਯੋ ਕਿਤਿ ਸਮ ਕੋਇ' ॥੯॥

ਨਗਰਾਂ ਨਗਰਾਂ ਵਿਚ ਫਿਰ ਕੇ ਮਨੁੱਖਾਂ ਨੂੰ ਪੁੱਛਦੇ ਸਨ, "ਵੱਡਾ ਅਮੀਰ ਖੱਤਰੀ ਹੋਵੇ ਤੇ ਸੁੰਦਰ ਉਸ ਦਾ ਪੁੱਤਰ ਹੋਵੇ। ਬਾਦਸ਼ਾਹ ਦਾ ਦੀਵਾਨ ਹੈ, ਉਸ ਦੀ ਪੁੱਤਰੀ ਦਾ ਰਿਸ਼ਤਾ ਕਰਨਾ ਹੈ, ਉਸ ਦੇ ਵੱਡੇ ਭਾਗ ਜਾਗਣਗੇ, ਜੇ ਕੋਈ ਇਸ ਥਾਂ ਮਿਲ ਜਾਵੇ। ਜੋ ਵੀ ਉਹ ਮੂੰਹ ਵਿਚੋਂ ਬੋਲਦਾ ਹੈ, ਉਸਦਾ ਚਾਰੇ ਪਾਸੇ ਮਹਾਨ ਹੁਕਮ ਚਲਦਾ ਹੈ, ਜਿਸ ਪਾਸ ਸਦਾ ਹੀ ਅਣਗਿਣਤ ਸੰਪਤੀ ਰਹਿੰਦੀ ਹੈ। ਹੋਰ ਸਾਨੂੰ ਕੋਈ ਖ਼ਬਰ ਨਹੀਂ ਹੈ ਐਸਾ ਵਰ ਕਿਥੇ ਲੱਭੀਏ, ਫਿਰ ਫਿਰ ਕੇ ਮਨ ਢਹਿ ਗਿਆ ਹੈ, ਅਸੀਂ ਕਿਤੇ ਵੀ ਉਸ ਦੇ ਬਰਾਬਰ ਦਾ ਨਹੀਂ ਪਾਇਆ ਹੈ" ॥ ੯॥

ਫਿਰੇ ਚਾਰ ਓਰ ਮੈਂ ਲਹੌਰ ਪੁਰਿ ਗਏ ਪੁਨ, ਕਹਜੋ ਬਹੁ ਲੋਕਿਨ ਮੈਂ 'ਦਿੱਲੀ ਹੂੰ ਤੇ ਆਏ ਹੈਂ।
ਚੰਦੂ ਕੇ ਮਨਿੰਦ ਹਮ ਖੋਜਤਿ ਬਿਲੰਦ ਫਿਰੇ ਪ੍ਰਾਪਤਿ ਨ ਭਯੋ ਬਹੁ ਥਾਨ ਮੈਂ ਸੁਨਾਏ ਹੈਂ।
ਹੁਤੇ ਕੁਛ ਸਿਖ ਤਿਨੋ ਗੁਰੂ ਕੀ ਸਿਫਤਿ ਕੀਨਿ, 'ਧਨ ਅਨਗਨ ਨਿਤ ਸੰਗਤਿ ਚਢਾਏ ਹੈਂ।
ਉੱਤਮ ਮਹਾਨ ਜਿਨੈ ਮਾਨਤਿ ਜਹਾਂਨ ਬਹੁ ਜ਼ਾਹਰ ਬਿਸਾਲ ਜਸੁ ਸਭਿ ਤੇ ਸੁਹਾਏ ਹੈਂ ॥੧੦॥

ਚਾਰੇ ਪਾਸੇ ਫਿਰਦੇ ਲਾਹੌਰ ਸ਼ਹਿਰ ਵਿਚ ਚਲੇ ਗਏ ਅਤੇ ਬਹੁਤ ਲੋਕਾਂ ਨੂੰ ਜਾ ਕੇ ਕਿਹਾ, "ਅਸੀਂ ਦਿੱਲੀ ਤੋਂ ਆਏ ਹਾਂ, ਚੰਦੂ ਵਰਗਾ ਧਨੀ ਆਦਮੀ ਅਸੀਂ ਲੱਭਦੇ ਫਿਰਦੇ ਹਾਂ, ਪਰ ਲੱਭਾ ਨਹੀਂ ਹੈ, ਅਸੀਂ ਬਹੁਤ ਜਗ੍ਹਾ ਜਾ ਕੇ ਸੁਣਾਇਆ ਹੈ।" ਓਥੇ ਕੁਝ ਗੁਰੂ ਜੀ ਦੇ ਸਿੱਖ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਜੀ ਦੀ ਬਹੁਤ ਸਿਫਤ ਕੀਤੀ, "ਅਣਗਿਣਤ ਧਨ ਨਿਤ ਸੰਗਤ ਚੜ੍ਹਾਉਂਦੀ ਹੈ, ਮਹਾਨ ਉੱਤਮ ਹਨ, ਜਿਨ੍ਹਾਂ ਨੂੰ ਸਾਰਾ ਜਹਾਨ ਮੰਨਦਾ ਹੈ, ਵਿਸ਼ਾਲ ਰੂਪ ਵਿਚ ਪਰਗਟ ਹਨ ਤੇ ਉਨ੍ਹਾਂ ਦਾ ਜੱਸ ਸਭ ਨਾਲੋਂ ਸ਼ੋਭਨੀਕ ਹੈ" ॥ ੧੦॥

ਧਨ ਅਰੁ ਬੰਸ ਤੇ ਬਿਦਤ ਜਿਮ ਕਹਜੋ ਤਿਮ ਤਿਨਿ ਕੇ ਸਪੁੱਤ੍ਰ ਭਯੋ ਤਾਂਕੀ ਸੁਨਿ ਗਾਥ ਕੋ।
ਰਾਜ ਦਿੰਨ੍ਹ ਅੰਗ ਮੈਂ, ਅਨੰਗ ਕੋ ਸਰੂਪ ਮਾਨੋ, ਬਾਹੂ ਹੈਂ ਪ੍ਰਲੰਬ, ਮੁੱਖ ਰੂਪ ਨਿਸਨਾਥ ਕੋ।
ਲੋਚਨ ਬਿਸਾਲ ਤੇ ਬਿਲੋਕਤਿ ਨਿਹਾਲ ਕਰੈਂ ਚਾਰ ਓਰ ਸੰਗਤਾਂ ਨਿਵਾਵੈਂ ਪਗ ਮਾਥ ਕੋ।
ਸੁਤਾ ਕੇ ਸਹਤ ਚੰਦੂ ਭਾਗ ਜੇ ਮਹਤ ਹੋਇ ਬਨੈ ਸਨਬੰਧ ਤਥਿ ਸਤਿਗੁਰੂ ਸਾਥ ਕੋ' ॥੧੧॥

ਜਿਵੇਂ ਅਸੀਂ ਕਿਹਾ ਹੈ ਕਿ ਧਨ ਅਤੇ ਬੰਸ ਉਨ੍ਹਾਂ ਦਾ ਪਰਗਟ ਹੈ, ਉਸ ਤਰ੍ਹਾਂ ਉਨ੍ਹਾਂ ਦੇ ਪੁੱਤਰ ਦੀ ਵੀ ਗਾਥਾ ਸੁਣੋ। ਸੂਰਜ ਵਰਗੇ ਪ੍ਰਕਾਸ਼-ਮਈ ਅੰਗ ਹਨ, ਮਾਨੋਂ ਕਾਮਰੂਪ ਦਾ ਸਰੂਪ ਹੈ, ਲੰਮੀਆਂ ਬਾਹਾਂ ਹਨ ਅਤੇ ਚੰਦ ਵਰਗਾ ਸਰੂਪ ਹੈ,

ਵਿਸ਼ਾਲ ਨੈਣ ਹਨ, ਤੇ ਵੇਖ ਕੇ ਨਿਹਾਲ ਕਰ ਦਿੰਦੇ ਹਨ, ਅਤੇ ਚਾਰੇ ਪਾਸੇ ਦੀਆਂ ਸੰਗਤਾਂ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਸਿਰ ਨਿਵਾਉਂਦੀਆਂ ਹਨ। ਪੁੱਤਰੀ ਦੇ ਨਾਲ ਚੰਦੂ ਦੇ ਭਾਗ ਬਹੁਤ ਵੱਡੇ ਹੋ ਜਾਣਗੇ, ਜਦ ਸਤਿਗੁਰੂ ਜੀ ਨਾਲ ਸੰਬੰਧ ਹੋ ਜਾਵੇਗਾ॥ ੧੧॥

ਸੁਨਿ ਦਿਜਬਰ ਉਰ ਹਰਖ ਅਧਿਕ ਧਰਿ ਰੂਰੋ ਬਰ ਗੁਰੂ ਪਾਯੋ, ਬਿਚਰਤਿ ਗਏ ਹਾਰਿ।
ਰੂਪਵਤੀ ਕੰਨਜਾ ਹੁਤੀ ਬਾਲਕ ਸੁਨਯੋ ਸੁ ਤੈਸੋ, ਦੇਰਿ ਨ ਬਨਤਿ ਅਬਿ ਗਮਨੈਂ ਤਿਨੋ ਕੇ ਦ੍ਵਾਰਿ।
ਜਾਨੁ ਪੈ ਅਰੂਢ ਕਰਿ, ਆਨੰਦ ਅਰੂਢ ਕਰਿ, ਪੰਥ ਮੈਂ ਪਯਾਨੇ ਬਾਤ ਚਿੱਤ ਮੈਂ ਬਿਚਾਰਿ ਚਾਰੁ।
ਰਾਮਦਾਸ ਪੁਰੀ ਮੈਂ ਪ੍ਰਵੇਸ਼ ਭਏ ਆਨਿ ਕਰਿ, ਸੁਧਾਸਰ ਹੇਰਿ ਕੈ ਪ੍ਰਸੰਨਤਾ ਵਿਸ਼ੇਸ਼ ਧਾਰਿ॥੧੨॥

ਇਹ ਸੁਣ ਕੇ ਬ੍ਰਾਹਮਣ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ, ਸੁੰਦਰ ਵਰ ਗੁਰੂ ਪਾਇਆ ਹੈ, ਅਸੀਂ ਫਿਰਦੇ ਹਾਰ ਗਏ ਸੀ। ਕੰਨਿਆ ਬਹੁਤ ਰੂਪਵੰਤ ਹੈ ਅਤੇ ਬਾਲਕ ਵੀ ਸੁਣਿਆ ਹੈ ਕਿ ਉਹ ਵੀ ਉਸ ਵਰਗਾ ਹੈ। ਦਿਲ ਵਿਚ ਸੁੰਦਰ ਗੱਲ ਵਿਚਾਰ ਕੇ ਰਾਹੇ ਰਾਹ ਚਲ ਪਏ। ਆ ਕੇ ਰਾਮਦਾਸਪੁਰ ਦੀ ਨਗਰੀ ਵਿਚ ਦਾਖਲ ਹੋ ਗਏ ਅਤੇ ਅੰਮ੍ਰਿਤ ਸਰੋਵਰ ਨੂੰ ਵੇਖ ਕੇ ਵਿਸ਼ੇਸ਼ ਪ੍ਰਸੰਨਤਾ ਧਾਰਨ ਕੀਤੀ॥ ੧੨॥

*ਸ੍ਵੈਯਾ-* ਅੰਦਰ ਸ੍ਰੀ ਹਰਿਮੰਦਿਰ ਕੇ ਗੁਰੁ ਸੁੰਦਰ ਰੂਪ ਬਿਰਾਜਤਿ ਹੈਂ।
ਸੰਗਤਿ ਆਵਤਿ ਹੈ ਇਕ ਜਾਤਿ, ਨਿਹਾਰਤਿ ਹੀ ਅਘ ਭਾਜਤਿ ਹੈਂ।
ਗਾਵਤਿ ਰਾਗ ਰਬਾਬੀ ਘਨੇ, ਥਿਰੁ ਆਗੇ ਸੁ ਬਾਦਤਿ ਬਾਜਤਿ ਹੈਂ।
ਹੋਤਿ ਅਨੇਕਨਿ ਕੀ ਅਰਦਾਸ ਮਨੋਰਥ ਸੇਵਕ ਸਾਜਤਿ ਹੈਂ॥ ੧੩॥

ਜਦ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਆਏ ਤਾਂ ਵੇਖਿਆ ਕਿ ਸੁੰਦਰ ਸਰੂਪ ਗੁਰੂ ਜੀ ਬਿਰਾਜ ਰਹੇ ਹਨ। ਸੰਗਤ ਆਉਂਦੀ ਹੈ ਅਤੇ ਜਾਂਦੀ ਹੈ, ਦਰਸ਼ਨ ਕਰਦਿਆਂ ਹੀ ਸਾਰੇ ਦੁਖ ਦੂਰ ਹੋ ਜਾਂਦੇ ਹਨ। ਰਬਾਬੀ ਰਾਗਾਂ ਵਿਚ ਕੀਰਤਨ ਕਰ ਰਹੇ ਹਨ, ਸਾਹਮਣੇ ਸਥਿਰ ਹੋ ਕੇ ਵਾਜੇ ਵਜਾ ਰਹੇ ਸਨ। ਅਨੇਕਾਂ ਦੀ ਅਰਦਾਸ ਹੋ ਰਹੀ ਸੀ ਅਤੇ ਸੇਵਕ ਆਪਣੇ ਮਨੋਰਥ ਪਾ ਰਹੇ ਹਨ॥ ੧੩॥

ਦੇਖਿ ਪ੍ਰਤਾਪ ਬਿਸਾਲ ਗੁਰੂ ਕਹੁ ਬਿੱਪ੍ਰ ਅਨੰਦ ਲਹਯੋ ਉਰ ਭਾਰੀ।
ਚੰਦੂ ਮਨਿੰਦ ਹੈ ਕੈਧੋਂ ਬਿਲੰਦ ਹੈ, ਮਾਨਤਿ ਬੰਦਨ ਕੈ ਨਰ ਨਾਰੀ।
ਸ੍ਰੀ ਹਰਿ ਗੋਵਿੰਦ ਏਤਨੇ ਮੈਂ ਤਹਿੰ ਆਇ ਗਏ ਦੁਤਿ ਦੀਰਘ ਧਾਰੀ।
ਸੰਗਤਿ ਦੇਖਤਿ ਪ੍ਰੇਮ ਬਿਸ਼ੇਖ ਅਸ਼ੇਸ਼ ਖਰੇ ਹੁਇ ਆਦਰ ਕਾਰੀ॥ ੧੪॥

ਗੁਰੂ ਜੀ ਦਾ ਵਿਸ਼ਾਲ ਪ੍ਰਤਾਪ ਵੇਖ ਕੇ, ਬ੍ਰਾਹਮਣ ਨੇ ਹਿਰਦੇ ਵਿਚ ਬੜਾ ਆਨੰਦ ਲਿਆ। ਚੰਦੂ ਵਰਗੇ ਹਨ, ਜਾਂ ਉਨ੍ਹਾਂ ਤੋਂ ਉਚੇ ਹਨ, ਨਰ ਨਾਰੀ ਬੰਦਨਾ ਕਰਕੇ ਮੰਨਦੇ ਹਨ। ਉਸ ਸਮੇਂ ਸ੍ਰੀ ਹਰਿਗੋਬਿੰਦ ਜੀ ਆ ਗਏ ਜਿਨ੍ਹਾਂ ਨੇ ਮਹਾਨ ਸ਼ੋਭਾ ਧਾਰਨ ਕੀਤੀ ਹੋਈ ਸੀ। ਸਾਰੀ ਸੰਗਤ ਵਿਸ਼ੇਸ਼ ਪ੍ਰੇਮ ਨਾਲ ਉਨ੍ਹਾਂ ਵਲ ਵੇਖ ਰਹੀ ਹੈ, ਕਈ ਆਦਰ ਕਰਨ ਵਾਸਤੇ ਖੜੇ ਹੋ ਗਏ ਹਨ॥ ੧੪॥

*ਕਬਿੱਤ-*ਕੋਕਨਦ ਪਦ ਮ੍ਰਿਦੁ ਰਕਤ ਛਬੀਲੇ ਅਤਿ, ਹੀਰਨਿ ਕੀ ਪੰਗਤਿ ਜਯੋਂ ਨਖਹੈਂ ਅਨੰਦ ਕਰਿ।
ਚਿਕਨ ਅਕਾਰ ਏਕਸਾਰ ਜੁਗਜੰਘ ਨੀਕੇ, ਗੁਲਫ ਸੁਜਾਨੁ ਗ੍ਰਿੰਥ ਨਿਠਰ ਬਿਲੰਦ ਕਰਿ।
ਤ੍ਰਿਵਲੀ ਉਦਰ ਪਰ, ਨਾਭਿਕਾ ਗੰਭੀਰ ਸ਼ੁਭ, ਆਯੁਤ ਸੁ ਛਾਤੀ ਦ੍ਵੈ ਉਤੰਗ ਹੈਂ ਸਿਕੰਧ ਕਰਿ।
ਗਾਢੇ ਭੁਜਦੰਡ ਹੈਂ ਪ੍ਰਚੰਡ ਬਲਵੰਡ ਬਡੇ, ਕੁੰਜਰ ਕੀ ਸੁੰਡ ਜਿਮ ਸ੍ਰੀ ਹਰਿ ਗੋਵਿੰਦ ਕਰ॥੧੫॥

ਲਾਲ ਕੰਵਲ ਵਾਂਗ ਚਰਨ ਕੰਵਲ ਅਤਿ ਕੋਮਲ ਹਨ, ਅਤੇ ਚਰਨਾਂ ਦੇ ਨਹੁੰ ਇਸ ਤਰ੍ਹਾਂ ਫਬਦੇ ਹਨ ਜਿਵੇਂ ਹੀਰਿਆਂ ਦੀਆਂ ਪੰਗਤੀਆਂ ਅਨੰਦ ਦੇਣ ਵਾਲੀਆਂ ਹੋਣ। ਦੋਵੇਂ ਲੱਤਾਂ ਇਕ-ਸਾਰ ਸੁਹਣੀਆਂ ਸੁਪਾਰੀ ਦੇ ਬੂਟੇ ਵਾਂਗੂੰ ਸੁੰਦਰ ਹਨ। ਗਿਟਿਆਂ ਤੇ ਗੋਡਿਆਂ ਦੀਆਂ ਗੰਢਾਂ, ਪੀਂਡੀਆਂ ਅਤੇ ਵੱਡੀਆਂ ਹਨ। ਪੇਟ ਉਤੇ ਤਿੰਨ ਵੱਟ ਪੈਂਦੇ ਹਨ, ਨਾਭੀ ਸ਼ੁਭ ਅਤੇ ਗੰਭੀਰ ਹੈ, ਛਾਤੀ ਚੌੜੀ ਹੈ ਤੇ ਮੋਢੇ ਉਚੇ ਹਨ। ਵੱਡੀਆਂ ਬਾਹਾਂ ਹਨ, ਬੜੇ ਤੇਜ ਵਾਲੇ ਬਲਵਾਨ ਹਨ, ਸ੍ਰੀ ਹਰਿਗੋਬਿੰਦ ਸਾਹਿਬ ਦੇ ਹੱਥ ਹਾਥੀ ਦੀ ਸੁੰਡ ਸਮਾਨ ਹਨ॥ ੧੫॥

ਹਾਥ ਦ੍ਵੈ ਪਾਥੋਜ ਸਮ ਪੱਲਵ ਸੇ ਪਲਵਨਿ ਤਾਂਪੈ ਨਗ ਸੂਚੇ ਖਚਿ ਨਖਿਨ ਕੀ ਪੰਗਤੀ।
ਚੰਦ੍ਰਮਾ ਬਦਨ ਸਭਿ ਸੁਖਮਾ ਸਦਨ, ਜਾਂ ਮੈ ਉੱਜਲ ਰਦਨ ਓਠ ਸੁੰਦਰ ਸੁਰੰਗਤੀ।
ਪੰਕਜ ਕੀ ਪਾਂਖੁਰੀ ਸਰੀਖੀ ਆਂਖਿ ਤੀਖੀ ਤੀਖੀ, ਪਿਖਨਿ ਤਿਰੀਛੇ ਤੇ ਨਿਹਾਲ ਕਰੈਂ ਸੰਗਤੀ।
ਚਿਬੁਕ ਅਮੋਲ, ਗੋਲ ਮ੍ਰਿਦੁਲ ਕਪੋਲ ਜੁਗ, ਕੁੰਡਲ ਕੀ ਡੋਲ ਪੈ ਅਤੋਲ ਸ੍ਰੀ ਉਮੰਗਤੀ ॥੧੬॥

ਦੋਵੇਂ ਹੱਥ ਕੰਵਲ ਵਰਗੇ ਹਨ ਅਤੇ ਉਂਗਲੀਆਂ ਕੰਵਲ ਦੀਆਂ ਨਵੀਆਂ ਪੰਖੜੀਆਂ ਵਰਗੀਆਂ ਹਨ, ਉਨ੍ਹਾਂ ਉਂਗਲੀਆਂ ਉਤੇ ਨਹੁੰਆਂ ਦੀ ਪੰਗਤੀ ਇੰਝ ਸ਼ੋਭਾ ਪਾ ਰਹੀ ਹੈ, ਜਿਵੇਂ ਸੁੱਚੇ ਨੱਗ ਜੜੇ ਹੋਏ ਹੁੰਦੇ ਹਨ। ਉਨ੍ਹਾਂ ਦਾ ਚੰਦ ਵਰਗਾ ਮੁੱਖੜਾ ਸਾਰੇ ਘਰ ਨੂੰ ਸੁਖ ਦੇਣ ਵਾਲਾ ਹੈ, ਜਿਸ ਮੁੱਖ ਵਿਚ ਉਜਲ ਚਿਟੇ ਦੰਦ ਹਨ ਅਤੇ ਸੁਹਣੇ ਰੰਗ ਦੇ ਸੁੰਦਰ ਬੁੱਲ੍ਹ ਹਨ। ਕੰਵਲ ਦੀਆਂ ਪੰਖੜੀਆਂ ਵਰਗੇ ਤਿੱਖੇ-ਤਿੱਖੇ ਨੈਣ ਹਨ। ਜਦ ਤ੍ਰਿੱਛੇ ਭਾਵ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਸੰਗਤਾਂ ਨੂੰ ਨਿਹਾਲ ਕਰ ਦਿੰਦੇ ਹਨ। ਅਮੋਲਕ ਠੋਡੀ ਹੈ, ਦੋਵੇਂ ਗਲ੍ਹਾਂ ਗੋਲ ਅਤੇ ਕੋਮਲ ਹਨ, ਗੱਲਾਂ ਉਤੇ ਸਿਰ ਦੇ ਵਾਲਾਂ ਦੇ ਕੁੰਡਲ ਲਟਕ ਰਹੇ ਬੜੀ ਸ਼ੋਭਾ ਪਾ ਰਹੇ ਹਨ॥ ੧੬॥

ਮੰਡਿਤ ਬਿਭੂਖਨਿ, ਅਦੂਖਨਿ ਹੈਂ ਅੰਗ ਸਾਰੇ, ਦੀਰਘ ਸੁਡੀਲ ਸ਼ੁਭ ਸ਼ੀਲ ਮੈਂ ਪ੍ਰਕਾਸ਼ ਤੇ।
ਨੀਕੀ ਉਸ਼ਨੀਕ ਸੋਹੈ, ਜਿਗਾ ਕੀ ਜਲੂਸ ਜੋ ਹੈ ਹੇਰਤਿ ਹੀ ਮਨ ਮੋਹੈ ਸਿੱਖ ਆਸ ਪਾਸਿ ਤੇ।
ਮੋਤਿਨਿ ਕੀ ਮਾਲ ਹੀਰੇ ਖਚਤਿ ਬਿਸਾਲ ਚੀਰੇ ਕੋਰਦਾਰ ਹੁਰ ਚਹੂੰ ਓਰਿ, ਬਿਖੈ ਭਾਸਤੇ।
ਤਮ ਕੋ ਬਿਨਾਸ਼ਤੇ ਅਨੰਦ ਕੋ ਉਜਾਸਤੇ ਸੁ ਗਜਾਨ ਮੈਂ ਬਿਲਾਸਤੇ, ਉਧਾਰ ਦਾਸ ਵਾਸਤੇ ॥੧੭॥

ਸੁੰਦਰ ਗਹਿਣੇ ਪਾਏ ਹੋਏ ਹਨ, ਸਾਰੇ ਅੰਗ ਨਿਰਵਿਕਾਰ ਹਨ, ਕੱਦ ਲੰਮਾ ਹੈ ਅਤੇ ਸੁਹਣੇ ਸੁਭਾਵ ਦਾ ਪ੍ਰਕਾਸ਼ ਹੋ ਰਿਹਾ ਹੈ। ਸੁੰਦਰ ਦਸਤਾਰ ਸ਼ੋਭ ਰਹੀ ਹੈ। ਦਸਤਾਰ ਤੇ ਲੱਗੀ ਕਲਗੀ ਦਾ ਜੋ ਪ੍ਰਕਾਸ਼ ਹੈ, ਉਹ ਵੇਖਦਿਆਂ ਹੀ ਆਸ-ਪਾਸ ਦੇ ਸਿੱਖਾਂ ਦਾ ਮਨ ਮੋਹ ਲੈਂਦਾ ਹੈ। ਸੋਹਣੇ ਹੀਰੇ ਚਮਕ ਪੈਦਾ ਕਰਨ ਵਾਸਤੇ ਜੀਰੇ ਹੋਏ ਹਨ ਅਤੇ ਚਾਰੇ ਪਾਸਿਆਂ ਤੋਂ ਨੁਕਰਦਾਰ ਬਣਾਏ ਹੋਏ ਹਨ। ਉਹ ਹਨੇਰੇ ਨੂੰ ਦੂਰ ਕਰਦੇ ਹਨ ਅਤੇ ਅਨੰਦ ਦਾ ਪ੍ਰਕਾਸ਼ ਕਰਦੇ ਹਨ। ਸ੍ਰੇਸ਼ਟ ਗਿਆਨ ਵਿਚ ਕ੍ਰੀੜਾ ਕਰਦੇ ਹਨ ਅਤੇ ਆਪਣੇ ਦਾਸਾਂ ਲਈ ਮੁਕਤੀ ਬਖਸ਼ਣ ਵਾਲੇ ਹਨ॥ ੧੭॥

ਸ੍ਰੀ ਹਰਿ ਗੋਵਿੰਦ ਅੰਗ ਸੁੰਦਰ ਬਿਲੰਦ ਸਭਿ, ਦੇਖਿਕੈ ਸੁ ਦਿੱਜਨ ਅਨੰਦ ਉਰ ਧਾਰਿਓ।
ਭਾਗ ਬਲੀ ਚੰਦੂ ਹੈ ਜਮਾਤਾ ਅਸ ਪਾਯੋ ਜਿਨਿ, ਉੱਜਲ ਸੁਬੰਸ ਅਵਤੰਸ ਕੋ ਨਿਹਾਰਿਓ।
ਧਨ ਕੀਨ ਗਿਨਤੀ, ਕਰਤਿ ਬਹੁ ਬਿਨਤੀ ਚਢਾਵੈਂ ਚੀਰ ਭੂਖਨ, ਗੁਰੂ ਸੁ ਜਗ ਸਾਰਿਓ।
ਹਾਥ ਬੰਦਿ ਬੰਦਨਾ ਪਦਾਰਬਿੰਦ ਕਰੈਂ ਬ੍ਰਿੰਦ, ਸਭਿ ਬਿਧਿ ਅਧਿਕ ਸਮਾਜ ਬਿਸਤਾਰਿਓ ॥੧੮॥

ਸ੍ਰੀ ਹਰਿਗੋਬਿੰਦ ਸਾਹਿਬ ਦੇ ਸਾਰੇ ਅੰਗ ਬੜੇ ਸੁੰਦਰ ਅਤੇ ਵੱਡੇ ਹਨ, ਉਸ ਨੂੰ ਵੇਖਕੇ ਬ੍ਰਾਹਮਣ ਨੇ ਅਨੰਦ ਧਾਰਨ ਕੀਤਾ ਅਤੇ ਸੋਚਣ ਲੱਗਾ ਕਿ ਚੰਦੂ ਵੱਡੇ ਭਾਗਾਂ ਵਾਲਾ ਹੈ ਜਿਸ ਨੂੰ ਐਸਾ ਜਵਾਈ ਮਿਲਿਆ ਹੈ, ਉਜਲ ਸ੍ਰੇਸ਼ਟ ਵੰਸ਼ ਅਸੀਂ ਵੇਖਿਆ ਹੈ। ਧਨ ਦੀ ਕੋਈ ਗਿਣਤੀ ਹੀ ਨਹੀਂ, ਸਿੱਖ ਬਹੁਤ ਬੇਨਤੀਆਂ ਕਰਕੇ ਕਪੜੇ ਅਤੇ ਗਹਿਣੇ ਚੜ੍ਹਾਉਂਦੇ ਹਨ, ਸਾਰੇ ਜਗਤ ਦਾ

ਗੁਰੂ ਹੈ। ਸਾਰੇ ਲੋਕ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਹਨ, ਸਾਰੀਆਂ ਵਿਧੀਆਂ ਨਾਲ ਬਹੁਤ ਸੰਸਕ੍ਰਿਤੀ ਦਾ ਵਿਸਥਾਰ ਕੀਤਾ ਹੈ॥ ੧੮॥

ਸੈਯਾ- ਸ੍ਰੀ ਹਰਿ ਗੋਵਿੰਦ ਪਾਸ ਪਿਤਾ ਥਿਤਿ ਸੋਹਤਿ ਹੈਂ ਸਿਖ ਸੇਵਕ ਮਾਂਹੂ।
ਜਜੋਂ ਕਮਲਾਸਨ ਸੋਂ ਪਦਮਾਪਤਿ ਦੇਵਨਿ ਬ੍ਰਿੰਦ ਮੈਂ ਸੋਭਿ ਉਮਾਹੂ।
ਸੰਗਤਿ ਸੋਂ ਦਿਜ ਬੂਝਨਿ ਕੀਨਿ 'ਬਤਾਵਹੁ ਜਾਤਿ ਸੁ ਗੋਤ ਜਿ ਤਾਂਹੂ?।
ਚਾਹਤਿ ਹੈਂ ਸਨਬੰਧ ਕਰਜੋ ਹਮ, ਸ਼ਾਹੁ ਦਿਵਾਨ ਸੁਤਾ ਹਿਤ ਯਾਹੂ'॥ ੧੯॥

ਸ੍ਰੀ ਹਰਿਗੋਬਿੰਦ ਦੇ ਪਾਸ ਪਿਤਾ ਜੀ ਬੈਠੇ ਹਨ, ਉਹ ਸਿੱਖ ਸੇਵਕਾਂ ਵਿਚ ਬੜੀ ਸ਼ੋਭਾ ਪਾ ਰਹੇ ਹਨ। ਜਿਵੇਂ ਬ੍ਰਹਮਾ ਦੇਵਤਿਆਂ ਵਿਚ ਬੈਠੇ ਬਹੁਤ ਸ਼ੋਭਾ ਪਾ ਰਹੇ ਹੋਣ। ਸੰਗਤ ਨੂੰ ਬ੍ਰਾਹਮਣ ਨੇ ਪੁਛਿਆ, "ਇਹ ਦੱਸੋ ਇਨ੍ਹਾ ਦੀ ਜਾਤੀ ਅਤੇ ਗੋਤ ਕਿਹੜੀ ਹੈ ? ਅਸੀਂ ਰਿਸ਼ਤਾ ਜੋੜਨਾ ਚਾਹੁੰਦੇ ਹਾਂ, ਬਾਦਸ਼ਾਹ ਦੇ ਦੀਵਾਨ ਦੀ ਪੁੱਤਰੀ ਦਾ ਇਨ੍ਹਾਂ ਨਾਲ ਰਿਸ਼ਤਾ ਕਰਨਾ ਚਾਹੁੰਦੇ ਹਾਂ'॥ ੧੯॥

ਦੋਹਰਾ- ਸੰਗਤਿ ਸਿੱਖਨਿ ਤਬਿ ਕਹਜੋ 'ਸੋਢਿ ਬੰਸ ਸਿਰ ਮੌਰ।
ਬਡੇ ਭਾਗ ਜਾਗੇ ਜਿਸੇ ਤਿਸ ਪ੍ਰਾਪਤਿ ਅਸ ਠੌਰ॥ ੨੦॥

ਸਿੱਖ ਸੰਗਤ ਨੇ ਤਦ ਕਿਹਾ, "ਇਨ੍ਹਾਂ ਦਾ ਸੋਢੀ ਵੰਸ਼ ਸਭ ਤੋਂ ਸ਼੍ਰੋਮਣੀ ਹੈ, ਉਸ ਦੇ ਵੱਡੇ ਭਾਗ ਜਾਗੇ ਹਨ, ਜਿਸ ਨੂੰ ਅਜਿਹਾ ਵਰ ਪ੍ਰਾਪਤ ਹੋਇਆ ਹੈ॥ ੨੦॥

ਜਗਤ ਗੁਰੂ ਘਰ ਆਇ ਜੁ ਜਗ ਮਾਤਾ ਬਨਿ ਜਾਇ।
ਪੂਜਨੀਯ ਇਹ ਸਰਬ ਕ ਅਨਗਨ ਭੇਟ ਚਢਾਇਂ॥ ੨੧॥

ਜਗਤ ਗੁਰੂ ਦੇ ਘਰ ਜਿਹੜੀ ਵਿਆਹ ਕੇ ਆਉਂਦੀ ਹੈ ਉਹ ਜਗਤ ਮਾਤਾ ਬਣ ਜਾਂਦੀ ਹੈ, ਇਹ ਸਾਰਿਆਂ ਵਾਸਤੇ ਪੂਜਨੀਕ ਹਨ, ਸਾਰੇ ਆ ਕੇ ਭੇਟਾਵਾਂ ਚੜ੍ਹਾਉਂਦੇ ਹਨ"॥ ੨੧॥

ਚੌਪਈ- ਦਿਜ ਨਾਈ ਦੋਨਹੁਂ ਸੁਨਿ ਕਰਿ ਕੈ। ਮਹਾਂ ਪ੍ਰਤਾਪ ਸੁ ਨੈਨ ਨਿਹਰਿ ਕੈ।
ਕਹਤਿ ਪਰਸਪਰ 'ਐਸੋ ਥਾਨ। ਪ੍ਰਾਪਤਿ ਹੋਇ ਨ ਫਿਰਿਯ ਜਹਾਨ॥੨੨॥

ਦੋਵੇਂ ਬ੍ਰਾਹਮਣ ਅਤੇ ਨਾਈ ਸੁਣ ਕੇ ਅਤੇ ਗੁਰੂ ਜੀ ਦੇ ਮਹਾਂ ਪ੍ਰਤਾਪ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਆਪਸ ਵਿਚ ਕਹਿੰਦੇ ਸਨ, "ਐਸਾ ਥਾਂ ਪ੍ਰਾਪਤ ਨਹੀਂ ਹੋ ਸਕਦਾ, ਭਾਵੇਂ ਸਾਰਾ ਜਹਾਨ ਫਿਰ ਲਈਏ॥ ੨੨॥

ਜਿਮ ਚੰਦੂ ਨੇ ਹਮਹੁਂ ਜਨਾਯੋ। ਸੋ ਤੀਨਹੁਂ ਸ਼ੁਭ ਇਤ ਦ੍ਰਿਸ਼ਟਾਯੋ'।
ਇਮ ਨਿਸ਼ਚੈ ਕਰਿਕੈ ਮਨ ਮਾਂਹੂ। ਬਹੁਰ ਜਨਾਇਹੁ ਸ੍ਰੀ ਗੁਰੁ ਪਾਹੂ॥੨੩॥

ਜਿਵੇਂ ਚੰਦੂ ਨੇ ਸਾਨੂੰ ਸਮਝਾਇਆ ਹੈ, ਉਹ ਤਿੰਨੇ ਸ਼ੁਭ ਗੁਣ ਅਸੀਂ ਵੇਖ ਲਦੇ ਹਨ।" ਇਸ ਤਰ੍ਹਾਂ ਮਨ ਵਿਚ ਨਿਸ਼ਚਾ ਕਰਕੇ, ਫਿਰ ਗੁਰੂ ਜੀ ਪਾਸ ਜਾ ਕੇ ਉਨ੍ਹਾਂ ਨੂੰ ਦੱਸਿਆ॥ ੨੩॥

'ਸ਼ਾਹੁ ਦਿਵਾਨ ਸੁਤਾ ਕੋ ਨਾਤਾ। ਕਰਜੋ ਚਹਤਿ ਹਮ ਤੁਮਰੇ ਤਾਤਾ।
ਹੇਰਿ ਚਲੇ ਅਬਿ ਦਿੱਲੀ ਜਾਇਂ। ਸਭਿ ਬ੍ਰਿਤਾਂਤ ਕੋ ਤਹਾਂ ਸੁਨਾਇਂ॥੨੪॥

"ਬਾਦਸ਼ਾਹ ਦੇ ਦੀਵਾਨ ਦੀ ਪੁੱਤਰੀ ਦਾ ਨਾਤਾ, ਅਸੀਂ ਤੁਹਾਡੇ ਪੁੱਤਰ ਨਾਲ ਕਰਨਾ ਚਾਹੁੰਦੇ ਹਾਂ, ਹੁਣ ਵੇਖ ਲਿਆ ਹੈ, ਦਿੱਲੀ ਜਾ ਕੇ ਸਾਰੇ ਬ੍ਰਿਤਾਂਤ ਨੂੰ ਸੁਣਾਵਾਂਗੇ॥ ੨੪॥

ਦੇਰਿ ਨਹੀਂ ਤੂਰਨਿ ਹਟਿ ਆਵੈਂ। ਹਮ ਉੱਤਮ ਸਨਬੰਧ ਬਨਾਵੈਂ।
ਸ੍ਰੀ ਅਰਜਨ ਦੋਨਹੁੰ ਸੰਗ ਭਾਖਾ। 'ਹੋਵਹਿ ਸੋ ਜੁ ਰਾਮ ਰਚਿ ਰਾਖਾ॥ ੨੫॥

ਦੇਰੀ ਨਹੀਂ ਕਰਾਂਗੇ, ਛੇਤੀ ਵਾਪਸ ਆ ਜਾਵਾਂਗੇ, ਅਸੀਂ ਉੱਤਮ ਸੰਬੰਧ ਬਣਾਵਾਂਗੇ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੋਵਾਂ ਨੂੰ ਕਿਹਾ, "ਉਹੀ ਹੋਵੇਗਾ ਜੋ ਪ੍ਰਭੂ ਨੇ ਪਹਿਲਾਂ ਹੀ ਰਚ ਰਖਿਆ ਹੈ॥ ੨੫॥

ਪਰਮੇਸ਼ੁਰ ਸਭਿ ਬਨਤ ਬਨਾਈ। ਭਲੀ ਜੁ ਹੋਇ ਕਰਤਿ ਬਿਧਿ ਸਾਈਂ'।
ਇਮ ਕਹਿ ਲਾਗਿ ਦੇਨਿ ਜਬਿ ਲਾਗੇ। ਲਿਯੋ ਨ ਤਿਨਹੁ, ਕਹਤਿ ਗੁਰੁ ਆਗੇ॥੨੬॥

ਪਰਮੇਸ਼ਰ ਨੇ ਹੀ ਸਾਰੀ ਬਣਤ ਬਣਾਈ ਹੈ, ਜਿਸ ਵਿਧੀ ਅਨੁਸਾਰ ਪ੍ਰਭੂ ਕਰਦਾ ਹੈ, ਉਸ ਤਰ੍ਹਾਂ ਹੀ ਭਲੀ ਹੁੰਦੀ ਹੈ।" ਇਹ ਕਹਿ ਕੇ ਜਦ ਲਾਗ ਦੇਣ ਲੱਗੇ, ਤਾਂ ਬ੍ਰਾਹਮਣ ਨੇ ਲਾਗ ਨਾ ਲਿਆ ਤੇ ਗੁਰੂ ਜੀ ਪਾਸ ਕਿਹਾ॥ ੨੬॥

'ਜਬਿ ਐਹੈਂ ਹਮ ਦੂਸਰ ਬਾਰੀ। ਤਬਿ ਕਰਿ ਹੈਂ ਜਿਮ ਆਪ ਉਚਾਰੀ'।
ਮਸਤਕ ਟੇਕਿ ਬਿਸਰਜਨ ਹੋਏ। ਗਮਨੇ ਤੂਰਨਿ ਦਿੱਲੀ ਦੋਏ॥ ੨੭॥

"ਜਦੋਂ ਅਸੀਂ ਦੂਸਰੀ ਵਾਰ ਆਵਾਂਗੇ ਤਦ ਉਸ ਤਰ੍ਹਾਂ ਹੀ ਕਰਾਂਗੇ ਜਿਵੇਂ ਆਪ ਜੀ ਕਹੋਗੇ।" ਮੱਥਾ ਟੇਕ ਕੇ ਬਾਹਰ ਨਿਕਲ ਗਏ, ਦੋਵੇਂ ਤੁਰੰਤ ਦਿੱਲੀ ਨੂੰ ਚਲੇ ਗਏ॥ ੨੭॥

*ਚੌਥੀ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥*

## *ਅਧਿਆਇ ਤੀਸਰਾ*

### *ਸਗਾਈ ਦੀ ਤਿਆਰੀ, ਦਿੱਲੀ ਦੀ ਸੰਗਤ ਨੇ ਬੇਨਤੀ ਲਿਖੀ*

*ਦੋਹਰਾ*- ਦਿਜ ਗਮਨਯੋ ਦਿੱਲੀ ਦਿਸ਼ਾ ਸਨੈ ਸਨੈ ਮਗ ਜਾਇ।
ਪਹੁੰਚੇ ਚੰਦੂ ਕੇ ਸਦਨ ਆਸ਼ਿਖ ਦਈ 'ਵਧਾਇ'॥ ੧॥

ਬ੍ਰਾਹਮਣ ਦਿੱਲੀ ਵਾਲੇ ਪਾਸੇ ਚਲ ਪਿਆ ਤੇ ਹੌਲੀ-ਹੌਲੀ ਰਾਹੇ-ਰਾਹ ਜਾ ਰਿਹਾ ਸੀ, ਫਿਰ ਚੰਦੂ ਦੇ ਘਰ ਪਹੁੰਚ ਗਏ ਅਤੇ ਜਾ ਕੇ ਬੜੀ ਲੰਮੀ ਚੌੜੀ 'ਅਸੀਸ' ਦਿੱਤੀ॥ ੧॥

*ਸ੍ਵੈਯਾ ਛੰਦ*- ਬੈਠਿ ਸਮੀਪ ਸੁਨਾਵਨਿ ਕੀਨਿਸਿ 'ਬਿਚਰੇ ਜਹਿਂ ਕਹਿਂ ਪੁਰਿ ਸਮੁਦਾਇ।
ਨਹਿਂ ਪਾਯਹੁ ਸਨਬੰਧ ਕਿਸੀ ਥਲ ਲਵਪੁਰਿ ਤੇ ਸੁਧਿ ਕੋ ਪੁਨ ਪਾਇ।
ਪਿਖਯੋ ਪਹੁੰਚਿ ਕੈ ਭਲੋ ਠਿਕਾਨੋ ਸੋਢੀ ਬੰਸ ਬਿਦਤਿ ਸਭਿ ਥਾਇਂ।
ਸ੍ਰੀ ਰਘੁਬਰਿ ਕੀ ਕੁਲ ਅਕਲੰਕ ਜੁ ਜਗਤ ਪੂਜਤ ਅਬਿ ਗੁਰੁ ਸੁਖਦਾਇ॥੨॥

ਨੇੜੇ ਬੈਠ ਕੇ ਸੁਣਾਇਆ, "ਬਹੁਤ ਨਗਰਾਂ ਵਿਚ ਅਸੀਂ ਜਿਥੇ ਕਿਥੇ ਫਿਰਦੇ ਰਹੇ ਹਾਂ, ਕਿਸੇ ਥਾਂ ਵੀ ਅਸੀਂ ਯੋਗ ਸੰਬੰਧ ਨਹੀਂ ਪਾਇਆ, ਫਿਰ ਲਾਹੌਰ ਤੋਂ ਅਸੀਂ ਕੁਝ ਕਨਸੋ ਪਾਈ ਤੇ ਭਲੇ ਟਿਕਾਣੇ ਤੇ ਪਹੁੰਚ ਕੇ ਸੋਢੀ ਵੰਸ਼ ਜਿਹੜਾ ਸਭ ਥਾਂ ਪ੍ਰਗਟ ਹੈ, ਨੂੰ ਵੇਖਿਆ। ਸ੍ਰੀ ਰਘੁਬੀਰ ਦੀ ਅਕਲੰਕ ਕੁਲ ਹੈ ਜਿਸ ਨੂੰ ਜਗਤ ਹੁਣ ਸੁਖਦਾਈ ਗੁਰੂ ਵਜੋਂ ਪੂਜਦਾ ਹੈ॥ ੨॥

Sri Satguru Jagjit Singh Ji eLlibrary NamdhariElibrary@gmail.com

ਕੁਲ ਆਛੀ, ਧਨ ਗਨ ਬਰ ਸੁੰਦਰ ਤੋਹਿ ਕਹ੍ਯੋ ਜਸ ਦੇਖ੍ਯੋ ਜਾਇ।
ਤਵ ਤਨੁਜਾ ਕੇ ਭਾਗ ਬਡੇ ਲਖਿ ਬਨਹਿ ਪੂਜ੍ਯ ਜਗ ਮਾਤ ਕਹਾਇ।
ਸੋ ਘਰ ਊਨ ਨ ਕਿਸ ਹੂੰ ਬਿਧਿ ਕਰਿ ਹਮ ਤੋ ਹੇਰਿ ਰਹੇ ਹਰਖਾਇ।
ਇਤਿ ਤੂੰ ਬਡੋ ਦਿਵਾਨ ਸ਼ਾਹ ਕੋ ਉਤ ਜਗ ਗੁਰ ਜਿਮ ਚਹੈਂ ਬਨਾਇ॥ ੩॥

ਕੁਲ ਚੰਗੀ ਹੈ, ਧਨ ਬਹੁਤ ਹੈ, ਵਰ ਸੁੰਦਰ ਹੈ, ਜਿਸ ਤਰ੍ਹਾਂ ਤੁਸੀਂ ਕਿਹਾ ਸੀ, ਉਸ ਤਰ੍ਹਾਂ ਹੀ ਜਾ ਕੇ ਵੇਖਿਆ ਹੈ। ਤੁਹਾਡੀ ਪੁੱਤਰੀ ਵੱਡੇ ਭਾਗਾਂ ਵਾਲੀ ਹੈ, ਵੱਡੀ ਪੂਜਣਯੋਗ ਬਣ ਕੇ, ਜਗਤ ਮਾਤਾ ਕਹਾਇਗੀ। ਉਨ੍ਹਾਂ ਦਾ ਘਰ ਕਿਸੇ ਤਰ੍ਹਾਂ ਵੀ ਤੁਹਾਡੇ ਨਾਲੋਂ ਘੱਟ ਨਹੀਂ ਹੈ, ਅਸੀਂ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ। ਏਧਰ ਤੁਸੀਂ ਬਾਦਸ਼ਾਹ ਦੇ ਵੱਡੇ ਦੀਵਾਨ ਹੋ, ਓਧਰ ਜਗਤ ਗੁਰੂ ਜਿਵੇਂ ਚਾਹੇ ਬਣਾ ਸਕਦੇ ਹਨ॥ ੩॥

ਤਿਨੁ ਬਿਨੁ ਅਪਰ ਖੋਜ ਹਮ ਥਾਕੇ ਨਹਿੰ ਪਾਯਹੁ ਬਿਚਰੇ ਬਹੁ ਦੇਸ਼।
ਸ੍ਰੀ ਨਾਨਕ ਗਾਦੀ ਪਰ ਥਿਤ ਹੈ ਸ੍ਰੀ ਅਰਜਨ ਗੁਰੁ ਨਾਮ ਕਹੇ ਸੁ।
ਮਹਾਂ ਪ੍ਰਤਾਪ ਪੂਜਤੇ ਚਹੁੰ ਦਿਸ਼ਿ ਦਰਬ ਬਿਭੂਖਨ ਚਢਹਿ ਵਿਸ਼ੇਸ਼।
ਭੀਰ ਹਜ਼ਾਰਨਿ ਲੋਕਨਿ ਕੀ ਰਹਿ, ਕਰਹਿਂ ਨਮੋ ਧਰਿ ਭਾਉ ਅਸ਼ੇਸ਼॥ ੪॥

ਉਸ ਤੋਂ ਪਹਿਲਾਂ ਅਸੀਂ ਬਹੁਤ ਦੇਸ਼ਾਂ ਵਿਚ ਫਿਰਦੇ ਰਹੇ ਪਰ ਕੋਈ ਯੋਗ ਵਰ ਨਾ ਲੱਭਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹਨ, ਸ੍ਰੀ ਗੁਰੂ ਅਰਜਨ ਦੇਵ ਜੀ ਉਨ੍ਹਾਂ ਦਾ ਨਾਮ ਕਹਿੰਦੇ ਹਨ। ਉਨ੍ਹਾਂ ਦਾ ਮਹਾਨ ਪ੍ਰਤਾਪ ਹੈ, ਉਨ੍ਹਾਂ ਨੂੰ ਚਾਰੇ ਪਾਸਿਆਂ ਦੇ ਲੋਕ ਪੂਜਦੇ ਹਨ, ਧਨ, ਜ਼ੇਵਰ ਬਹੁਤ ਚੜ੍ਹਾਉਂਦੇ ਹਨ। ਹਰ ਵੇਲੇ ਹਜ਼ਾਰਾਂ ਲੋਕਾਂ ਦੀ ਭੀੜ ਲੱਗੀ ਰਹਿੰਦੀ ਹੈ, ਬਹੁਤ ਪ੍ਰੇਮ ਧਾਰ ਕੇ ਨਮਸਕਾਰ ਕਰਦੇ ਹਨ॥ ੪॥

ਬਰ ਕੀ ਸੂਰਤ ਸੁੰਦਰ ਅਤਿਸ਼ੈ ਮਨਹੁਂ ਕ੍ਰਿਸ਼ਨ ਕੇ ਇਹ ਅਵਤਾਰ।
ਅਪਰ ਬਿਖੇ ਦੁਤਿ ਐਸੀ ਹੋਇ ਨ ਜਿਨਹੁਂ ਹੇਰਿ ਮੋਹਤਿ ਨਰ ਨਾਰਿ।
ਦੇਖਤਿ ਰਹੇ ਖਰੇ ਇਕ ਟਕ ਸੋਂ ਬੰਦਨ ਕਰਿ ਹੋਵਤਿ ਬਲਿਹਾਰਿ।
ਬੀਚ ਸਭਾ ਉਡਗਨਿ ਮਹਿਂ ਦੀਪਤਿ ਚੰਦ ਅਮੰਦ ਬਿਲੰਦ ਉਦਾਰਿ॥ ੫॥

ਵਰ ਦੀ ਸੂਰਤ ਬਹੁਤ ਸੁੰਦਰ ਹੈ, ਮਾਨੋਂ ਕ੍ਰਿਸ਼ਨ ਦਾ ਹੀ ਅਵਤਾਰ ਹੈ, ਹੋਰ ਕਿਸੇ ਥਾਂ ਐਸੀ ਸੁੰਦਰਤਾ ਨਹੀਂ ਵੇਖੀ ਹੈ, ਜਿਸ ਨੂੰ ਵੇਖ ਕੇ ਇਸਤਰੀ ਪੁਰਸ਼ ਦੋਵੇਂ ਮੋਹੇ ਜਾਂਦੇ ਹਨ। ਖੜੇ ਹੋ ਕੇ ਇਕ ਟੱਕ ਵੇਖਦੇ ਰਹਿੰਦੇ ਹਨ ਅਤੇ ਬੰਦਨਾ ਕਰਕੇ ਬਲਿਹਾਰ ਜਾਂਦੇ ਹਨ। ਜਿਵੇਂ ਤਾਰਿਆਂ ਦੀ ਸਭਾ ਵਿਚ ਚੰਦ ਦਾ ਪ੍ਰਕਾਸ਼ ਉਨ੍ਹਾਂ ਦੇ ਤੇਜ ਨੂੰ ਬਹੁਤ ਫਿੱਕਾ ਕਰ ਦਿੰਦਾ ਹੈ॥ ੫॥

ਦੋਹਰਾ- ਨਵ ਸੰਮਤ ਕੀ ਬੈਸ ਹੈ ਸਜਹਿਂ ਬਿਭੂਖਨਿ ਬ੍ਰਿੰਦ।
ਸੁੰਦਰ ਦੀਹ ਸਰੀਰ ਜਿਸ ਬਰ ਸ੍ਰੀ ਹਰਿ ਗੋਬਿੰਦ॥ ੬॥

ਨੌਂ ਸਾਲ ਦੀ ਉਮਰ ਹੈ, ਬਹੁਤ ਗਹਿਣਿਆਂ ਨਾਲ ਸਜੇ ਹੋਏ ਹਨ। ਵਰ ਸ੍ਰੀ ਹਰਿਗੋਬਿੰਦ ਜੀ ਦਾ ਬਾਲ ਅਵਸਥਾ ਵਿਚ ਹੀ ਸੋਹਣਾ ਲੰਮਾ ਸਰੀਰ ਹੈ॥ ੬॥

ਸੈਯਾ ਛੰਦ- ਸੁਨਿ ਦਿਵਾਨ ਜੀ ਭਾਗ ਆਪਨੇ ਜਗ ਮਹੁਂ ਸਭਿ ਤੇ ਧੰਨ ਨਿਹਾਰਿ।
ਜਿਸ ਕੋ ਭਯੋ ਜਮਾਤਾ ਐਸੋ ਸੇਵਹਿਂ ਮਿਲਿਕੈ ਲੋਕ ਹਜ਼ਾਰਿ।
ਸੁਧਾ ਸਰੋਵਰ ਮਹਿਂ ਹਰਿਮੰਦਰ ਧਨ ਲਗਾਇ ਗਨ ਕੀਨਸਿ ਤਯਾਰਿ।
ਤਿਸ ਮਹਿਂ ਬੈਠਿ ਸੁਹਾਵਤ ਨਿਤਪ੍ਰਤਿ ਜਗਦੀਸ਼ ਕੀ ਸੰਗਤ ਦੇ ਕਾਰ॥ ੭॥

Sri Satguru Jagjit Singh Ji eLlibrary NamdhariElibrary@gmail.com

ਹੇ ਦੀਵਾਨ ਜੀ! ਸੁਣੋ, ਆਪਣੇ ਭਾਗ ਜੱਗ ਵਿਚ ਸਾਰਿਆਂ ਨਾਲੋਂ ਧੰਨ ਸਮਝੋ। ਜਿਸ ਦਾ ਜਵਾਈ ਐਸਾ ਸੁੰਦਰ ਹੋਵੇ, ਜਿਸ ਦੀ ਹਜ਼ਾਰਾਂ ਲੋਕ ਮਿਲ ਕੇ ਸੇਵਾ ਕਰਨ। ਅੰਮ੍ਰਿਤ ਸਰੋਵਰ ਵਿਚ ਬਹੁਤ ਧਨ ਲਾ ਕੇ ਹਰਿਮੰਦਰ ਸਾਹਿਬ ਤਿਆਰ ਕੀਤਾ ਹੈ। ਉਸ ਹਰਿਮੰਦਰ ਸਾਹਿਬ ਵਿਚ ਬੈਠਕੇ ਸ਼ੋਭਦੇ ਹਨ ਅਤੇ ਚਾਰੇ ਪਾਸਿਆਂ ਦੀ ਸੰਗਤ ਆ ਕੇ ਕਾਰ ਭੇਟ ਦਿੰਦੀ ਹੈ" ॥ ੭ ॥

ਚੰਦੂ ਸੁਨਤਿ ਅਨਖ ਕੋ ਕਰਿ ਕੈ ਦਰਬ ਜਾਤਿ ਕੋ ਉਰ ਹੰਕਾਰ।
ਨੀਕ ਨ ਮਾਨੀ ਕੀਨਿ ਬਖਾਨੀ 'ਨਹਿਂ ਜਾਨੀ ਤੁਮ ਨੇ ਨਿਰਧਾਰਿ।
ਸਦਨ ਅਢਾਈ ਉੱਤਮ ਖੱਤ੍ਰੀ ਮੈਂ ਤਿਨ ਮੋ ਊਚੀ ਕੁਲਿ ਚਾਰੁ।
ਸੋਢੀ ਬੰਸ ਸ੍ਰੀਣ ਸੋ ਖੱਤ੍ਰੀ ਨੀਵੇਂ ਥਲ ਹਮ ਤੇ ਉਰਧਾਰਿ॥ ੮॥

ਚੰਦੂ ਨੇ ਸੁਣ ਕੇ, ਧਨ ਅਤੇ ਜਾਤੀ ਦਾ ਦਿਲ ਵਿਚ ਹੰਕਾਰ ਧਾਰਨ ਕਰਕੇ ਬ੍ਰਾਹਮਣ ਦੀ ਕਾਰਵਾਈ ਨੂੰ ਠੀਕ ਨਾ ਮੰਨਿਆ, ਉਹ ਕਹਿਣ ਲੱਗਾ, "ਤੁਸੀਂ ਗੱਲ ਨਿਰਧਾਰਿਤ ਕਰਕੇ ਨਹੀਂ ਜਾਣੀ, ਅਸੀਂ ਢਾਈ ਘਰ ਖੱਤਰੀ ਹੁੰਦੇ ਹਾਂ, ਇਹ ਕੁਲ ਸਭ ਤੋਂ ਉੱਚੀ ਅਤੇ ਸ੍ਰੇਸ਼ਟ ਹੈ। ਸੋਢੀ ਬੰਸ ਤਾਂ ਸ੍ਰੀਣ ਖੱਤਰੀ ਹਨ, ਉਹ ਸਾਡੇ ਨਾਲੋਂ ਬਹੁਤ ਨੀਵੇਂ ਥਾਂ ਹਨ, ਇਸ ਤੱਥ ਨੂੰ ਮਨ ਵਿਚ ਧਾਰਨ ਕਰੋ॥ ੮॥

ਹਮ ਉੱਤਮ ਚੌਬਾਰੇ ਸਮ ਹੈਂ ਸਭਿ ਘਰ ਤੇ ਊਚੋ ਜਿਮਿ ਹੋਇ।
ਕਹਾਂ ਸ੍ਰੀਣ ਹਮ ਤੇ ਬਹੁ ਨੀਚ ਜਥਾ ਸਦਨ ਕੀ ਮੋਰੀ ਜੋਇ।
ਤਨਿਯਾ ਈਂਟ ਚੁਬਾਰੇ ਕੀ ਮਮ ਮੋਰੀ ਸਮ ਕੁਲ ਮਹਿਂ ਦੀ ਸੋਇ।
ਜਥਾ ਜੋਗ ਨਹਿਂ ਕਛੂ ਬਿਚਾਰਜੋ ਅਸਮੰਜਸ ਜਾਨੈ ਸਭਿ ਕੋਇ॥ ੯॥

ਅਸੀਂ ਚੌਬਾਰੇ ਵਾਂਗ ਸਭ ਤੋਂ ਉਚੇ ਹਾਂ, ਜਿਵੇਂ ਚੌਬਾਰਾ ਸਭ ਘਰਾਂ ਨਾਲੋਂ ਉਚਾ ਹੁੰਦਾ ਹੈ, ਕਿਥੇ ਸ੍ਰੀਣ ਖੱਤਰੀ, ਜਿਹੜੇ ਸਾਡੇ ਨਾਲੋਂ ਬਹੁਤ ਨੀਵੇਂ ਹਨ, ਜਿਵੇਂ ਘਰ ਦੀ ਮੋਰੀ ਹੋਵੇ। ਸਾਡੀ ਪੁੱਤਰੀ ਚੌਬਾਰੇ ਦੇ ਸਮਾਨ ਹੈ, ਤੇ ਮੋਰੀ ਸਮਾਨ ਉਨ੍ਹਾਂ ਦੀ ਕੁਲ ਹੈ। ਤੁਸੀਂ ਯਥਾਯੋਗ ਕੁਝ ਨਹੀਂ ਵਿਚਾਰਿਆ ਹੈ, ਸਾਰੇ ਇਸ ਨੂੰ ਨਾਮੁਨਾਸਿਬ ਸਮਝਦੇ ਹਨ॥ ੯॥

ਈਂਟ ਚੁਬਾਰੇ ਕੀ ਸਭਿ ਸਿਰ ਪਰਿ ਮੋਰੀ ਲਗੀ ਜੁ ਸਭਿ ਤੇ ਨੀਵ'।
ਤੀਨ ਬਾਰ ਤਕਰਾਰ ਕਰਜੋ ਇਮ ਪੁਨ ਬੋਲਜੋ 'ਧਨ ਕਹਾ ਢਿਗ ਥੀਵ।
ਗੁਜਰ ਫਕੀਰਨਿ ਜੈਸੀ ਤਿਸ ਕੀ ਪੂਜਾ ਲੇਹਿ ਅਹਾਰ ਕਰੀਵ।
ਆਨਿ ਚਢਾਵਹਿਂ ਤੌ ਧਨ ਪਾਵਹਿਂ ਨਾਂਹਿ ਤ ਬੈਠੇ ਰਹੈਂ ਸਦੀਵ॥ ੧੦॥

ਚੌਬਾਰੇ ਦੀ ਇੱਟ ਜੋ ਸਭ ਤੋਂ ਉਚੀ ਹੈ, ਮੋਰੀ ਨੂੰ ਲੱਗੇ, ਜੋ ਸਭ ਤੋਂ ਨੀਵੀਂ ਹੈ।" ਤਿੰਨ ਵਾਰ ਇਸ ਤਰ੍ਹਾਂ ਵਿਵਾਦ ਕਰਦਾ ਰਿਹਾ, ਫਿਰ ਬੋਲਿਆ, "ਉਨ੍ਹਾਂ ਦੇ ਪਾਸ ਧਨ ਕੀ ਹੋਣਾ ਹੈ। ਉਨ੍ਹਾਂ ਦੀ ਗੁਜ਼ਰਾਨ ਫਕੀਰਾਂ ਜੈਸੀ ਹੈ, ਕਿਸੇ ਦੀ ਪੂਜਾ ਦਾ ਧਨ ਲੈ ਕੇ ਗੁਜ਼ਾਰਾ ਕਰਦੇ ਹੋਣਗੇ, ਜੇ ਕੋਈ ਆ ਕੇ ਧਨ ਚੜ੍ਹਾਉਂਦਾ ਹੈ ਤਾਂ ਧਨ ਪਾਉਂਦੇ ਹਨ, ਨਹੀਂ ਤਾਂ ਸਦਾ ਖਾਲੀ ਬੈਠੇ ਰਹਿੰਦੇ ਹਨ॥ ੧੦॥

ਦੇਸ਼ ਪਰਗਨਾ ਨਹੀਂ ਅਜਾਰੈ ਨਹਿਂ ਦਿਵਾਨ ਕਿਸਿ ਹੀ ਮਹਿਪਾਲ।
ਨਹੀਂ ਘਨੋ ਬਿਵਹਾਰ ਚਲਾਵਹਿਂ, ਜਹਿਂ ਤੇ ਆਵਹਿ ਦਰਬ ਬਿਸਾਲ।
ਮੈਂ ਦਿਵਾਨ ਬਡ ਪਾਤਿਸ਼ਾਹਿ ਕੋ ਜਿਤ ਕਿਤ ਮੇਰੋ ਹੁਕਮ ਅਟਾਲ।
ਮਹਾਂ ਪਿਦਾਇਸ਼ਿ ਧਨ ਕੀ ਮੇਰੈ ਡਰਤਿ ਲੋਕ ਮੁਝ ਲਖੈਂ ਕਰਾਲ॥ ੧੧॥

ਕਿਸੇ ਦੇਸ਼ ਪਰਗਣੇ ਦੀ ਅਜਾਰੇਦਾਰੀ ਨਹੀਂ ਹੈ ਅਤੇ ਨਾ ਹੀ ਕਿਸੇ ਰਾਜੇ ਦੇ ਦੀਵਾਨ ਹਨ, ਨਾ ਕੋਈ ਵੱਡਾ ਕਾਰੋਬਾਰ ਹੀ ਚਲਦਾ ਹੈ, ਜਿਥੋਂ ਕਿ ਵੱਡੀ ਗਿਣਤੀ ਵਿਚ ਧਨ ਆਵੇ। ਮੈਂ ਵੱਡੇ ਬਾਦਸ਼ਾਹ ਦਾ ਦੀਵਾਨ ਹਾਂ, ਜਿਥੇ ਕਿਥੇ ਮੇਰਾ ਹੁਕਮ ਅਟੱਲ ਹੈ, ਮੇਰੇ ਪਾਸ ਧਨ ਦਾ ਕੋਈ ਘਾਟਾ ਨਹੀਂ, ਡਰਦੇ ਲੋਕ ਮੈਨੂੰ ਵਿਕਰਾਲ ਸਮਝਦੇ ਹਨ॥ ੧੧॥

ਯਾਂਤੇ ਭੀ ਮਮ ਸਮ ਕੋ ਨਾਂਹਿਨ, ਤੁਮ ਨੇ ਕੀਨਸਿ ਕਹਾਂ ਬਿਚਾਰ?।
ਜਾਤਿ ਨਹੀਂ ਬਿਵਹਾਰ ਪਛਾਨਜੋ ਨਹਿਂ ਜਾਨਜੋ ਮੁਝ ਜਥਾ ਉਦਾਰ।
ਹੁਇ ਅਨਜਾਨ ਬਖਾਨਹੁ ਮਹਿਮਾ ਕਹਾ ਤਿਸ ਕੋ ਤੁਮ ਲੀਨਿ ਨਿਹਾਰ।
ਸਿਖ ਰੰਕਨਿ ਕੀ ਭੀਰ ਰਹੈ ਢਿਗ ਇਹ ਪ੍ਰਭਾਵ ਇਕ ਕੀਨਿ ਉਚਾਰ॥ ੧੨॥

ਇਸ ਕਰਕੇ ਹੀ ਉਹ ਮੇਰੇ ਬਰਾਬਰ ਨਹੀਂ ਹੈ, ਤੁਸੀਂ ਇਸ ਬਾਰੇ ਕਦ ਵਿਚਾਰ ਕੀਤੀ ਹੈ? ਨਾ ਜਾਤ ਅਤੇ ਨਾ ਕਾਰੋਬਾਰ ਪਛਾਣਿਆ ਹੈ ਅਤੇ ਨਾ ਹੀ ਮੇਰੇ ਜਿੰਨਾ ਅਮੀਰ ਵੇਖਿਆ ਹੈ। ਮੂਰਖ ਹੋਏ ਮਹਿਮਾ ਕਰਦੇ ਹੋ, ਤੁਸੀਂ ਉਸਦਾ ਕੀ ਵੇਖਿਆ ਹੈ? ਗਰੀਬ ਸਿੱਖਾਂ ਦੀ ਪਾਸ ਭੀੜ ਰਹਿੰਦੀ ਹੈ, ਇਹ ਇਕ ਪ੍ਰਭਾਵ ਉਚਾਰਨ ਕਰਦੇ ਹੋ॥ ੧੨॥

ਕਰਜੋ ਸੁ ਕਰਜੋ ਮਾਨਿ ਮੈਂ ਲੀਨਸਿ ਇਸਕੋ ਹੇਤੁ ਸੁਨਹੁ ਦੇ ਕਾਨ।
ਸੁਤਾ ਸਬੰਧ ਕਰਨਿ ਕੇ ਕਾਰਨਿ ਪਠਹਿ ਬਿੱਪ੍ਰ ਕੋ ਅਪਨੈ ਥਾਨ।
ਜਹਿਂ ਕਰ ਆਇ ਉਚਿਤਸੋ ਮਾਨਨਿ ਕਰਜੋ ਸਬੰਧ ਜਿ ਦੇਯਬਖਾਨ।
ਨਹਿਂ ਮਾਨਹਿ ਤੌ ਦੋਸ਼ ਲਗਾਹਿ ਤਿਹ ਤਨਿਯਾ ਪਤਿ ਕੋ ਦੂਤੀਆ ਠਾਨਿ॥ ੧੩॥

ਜੋ ਤੁਸੀਂ ਕੀਤਾ ਸੋ ਕੀਤਾ ਹੈ, ਮੈਂ ਮੰਨ ਲਿਆ ਹੈ, ਇਸ ਵਾਸਤੇ ਕੰਨ ਦੇ ਕੇ ਮੇਰੀ ਗੱਲ ਸੁਣੋ। ਧੀ ਦਾ ਨਾਤਾ ਕਰਨ ਲਈ ਜੇ ਕੋਈ ਆਪਣੇ ਥਾਂ ਬ੍ਰਾਹਮਣ ਨੂੰ ਘੱਲੇ, ਫਿਰ ਜਿਥੇ ਉਹ ਨਾਤਾ ਕਰ ਆਵੇ ਉਸ ਨੂੰ ਠੀਕ ਮੰਨ ਲਵੋ, ਜੋ ਬ੍ਰਾਹਮਣ ਕਹਿ ਦੇਵੇ ਕਿ ਮੈਂ ਨਾਤਾ ਕਰ ਆਇਆ ਹਾਂ। ਜੇ ਫਿਰ ਨਾ ਮੰਨੇ ਤਾਂ ਦੋਸ਼ ਲੱਗਦਾ ਹੈ, ਉਸ ਪੁੱਤਰੀ ਦੇ ਦੂਸਰੇ ਸੰਬੰਧੀ ਨੂੰ ਦੂਸਰਾ ਪਤੀ ਮੰਨਿਆ ਜਾਂਦਾ ਹੈ॥ ੧੩॥

ਪ੍ਰਥਮ ਕਹਜੋ ਜਹਿਂ ਪਤਿ ਸੋ ਹੋਯਹੁ ਯਾਂਤੇ ਤੁਮ ਨੇ ਕੀਨਸਿ ਜੋਇ।
ਕੁਲ ਹੁਇ ਹੀਨ ਦਰਬ ਤੇ ਹੀਨ ਜੁ, ਭਯੋ ਜਮਾਤਾ ਅਬਿ ਮਮ ਸੋਇ।
ਜਗਤ ਰੀਤਿ ਬਿਗਰਹਿ ਅਬਿ ਫੇਰੇ ਭਲਾ ਨ ਮਾਨਹਿੰਗੇ ਸੁਨਿ ਕੋਇ।
ਅਪਨਿ ਥਾਨ ਕਰਿ ਨਾਤੇ ਹਿਤ ਮੈਂ ਪਠਜੋ ਬਿੱਪ੍ਰ ਤਵ ਕਰਜੋ ਸੁ ਹੋਇ॥ ੧੪॥

ਪਹਿਲਾਂ ਜੋ ਤੁਸੀਂ ਕਿਹਾ ਹੈ, ਉਹ ਹੀ ਸਾਡੀ ਪੁੱਤਰੀ ਦਾ ਪਤੀ ਹੋਇਆ, ਇਸ ਕਰਕੇ ਜੋ ਕੁਝ ਤੁਸੀਂ ਕੀਤਾ ਹੈ, ਬੇਸ਼ਕ ਕੁਲ ਨੀਵੀਂ ਹੈ, ਧਨ ਘੱਟ ਹੈ ਪਰ ਉਹ ਹੁਣ ਮੇਰਾ ਜਵਾਈ ਹੋ ਗਿਆ ਹੈ। ਜੇ ਅਸੀਂ ਹੁਣ ਮੁਕਰਦੇ ਹਾਂ ਤਾਂ ਜਗਤ ਰੀਤੀ ਵਿਗੜਦੀ ਹੈ, ਕੋਈ ਵੀ ਸੁਣ ਕੇ ਭਲਾ ਨਹੀਂ ਮੰਨੇਗਾ। ਆਪਣੀ ਥਾਂ ਮੈਂ ਬ੍ਰਾਹਮਣ ਨੂੰ ਨਾਤਾ ਕਰਨ ਵਾਸਤੇ ਭੇਜਿਆ ਸੀ, ਬ੍ਰਾਹਮਣ ਨੇ ਹੁਣ ਜੋ ਵੀ ਕੀਤਾ ਹੈ ਉਸ ਤਰ੍ਹਾਂ ਹੀ ਹੋਵੇਗਾ"॥ ੧੪॥

ਇੱਤਜਾਦਿਕ ਕੁਛ ਅਪਰ ਬਡਾਈ ਅਪਨੀ ਕਹੀ ਧਾਰਿ ਹੰਕਾਰ।
ਕਹਜੋ 'ਸਗਨ ਕੋ ਅਬਿ ਲੇ ਗਮਨਹੁ ਜਥਾ ਜੋਗ ਜੈਸੋ ਬਿਵਹਾਰ'।
ਚੰਦੂ ਦਾਰਾ ਨੇ ਸਭਿ ਦੀਨਸਿ ਚਲਜੋ ਪੰਥ ਦਿਜ ਆਨੰਦ ਧਾਰਿ।
ਸਮਧੀ ਮਿਲੇ ਮਹਾਤਮ ਜਾਨੈ ਅਬਿ ਦਿਵਾਨ ਇਮ ਕਰਤਿ ਉਚਾਰਿ॥ ੧੫॥

ਇਤਿਆਦਿ ਕੁਝ ਹੰਕਾਰ ਧਾਰ ਕੇ ਆਪਣੀ ਵਡਿਆਈ ਕੀਤੀ ਅਤੇ ਕਿਹਾ, "ਹੁਣ ਸ਼ਗਨ ਲੈ ਕੇ ਚਲੇ ਜਾਵੋ,

Sri Satguru Jagjit Singh Ji eLlibrary NamdhariElibrary@gmail.com

ਯਥਾਯੋਗ ਜਿਵੇਂ ਰਸਮੋ-ਰਿਵਾਜ ਪ੍ਰਚੱਲਤ ਹੈ" ਚੰਦੂ ਦੀ ਇਸਤਰੀ ਨੇ ਸਭ ਕੁਝ ਦਿੱਤਾ ਤੇ ਬ੍ਰਾਹਮਣ ਆਨੰਦ ਧਾਰਨ ਕਰਕੇ ਨਾਈ ਨੂੰ ਨਾਲ ਲੈ ਕੇ ਆਪਣੇ ਰਸਤੇ ਪੈ ਗਿਆ। ਸੋਚਣ ਲੱਗਾ ਕਿ ਜਦ ਸੰਬੰਧ ਮਿਲਣਗੇ ਤਦ ਚੰਦੂ ਨੂੰ ਪਤਾ ਲਗੇਗਾ, ਹੁਣ ਤਾਂ ਉਹ ਇਸ ਤਰ੍ਹਾਂ ਬੋਲਦਾ ਹੈ॥ ੧੫॥

ਜਬਿ ਚੰਦੂ ਗੁਰ ਨਿੰਦ ਉਚਾਰੀ ਕੇਤਿਕ ਗੁਰੂ ਸਿੱਖ ਹੁਤੇ ਸੁ ਪਾਸਿ।
ਭਈ ਸੰਝਿ ਸਭਿ ਸੰਗਤਿ ਇਕਠੀ ਧ੍ਰਮਸਾਲਾ ਮਹਿਂ ਭਜਨ ਪ੍ਰਕਾਸ਼।
ਸਭਿ ਮੈਂ ਬਿਦਤਿ ਕੀਨਿ ਬਿਰਤੰਤ ਸੁ 'ਸ਼ਾਹੁ ਸਚਿਵ ਜਿਹ ਸੁਮਤਿ ਬਿਨਾਸ਼।
ਨਿਜ ਤੇ ਲਘੁ ਕਹਿ ਨਾਤਾ ਭੇਜਯੋ ਸੁਤਾ ਆਪਨੀ ਕੋ ਨਿਰਜਾਸ॥ ੧੬॥

ਜਦ ਚੰਦੂ ਨੇ ਗੁਰੂ ਜੀ ਦੀ ਨਿੰਦਿਆ ਕੀਤੀ ਤਾਂ ਕਈ ਗੁਰਸਿੱਖ ਉਸ ਸਮੇਂ ਉਸ ਪਾਸ ਹੀ ਖੜੇ ਸਨ। ਜਦ ਸ਼ਾਮ ਹੋਈ ਤਾਂ ਸਾਰੀ ਸੰਗਤ ਧਰਮਸਾਲਾ ਵਿਚ ਇਕੱਠੀ ਹੋ ਕੇ ਸਿਮਰਨ ਕਰਨ ਲੱਗੀ। ਤਦ ਉਨ੍ਹਾਂ ਸਿੱਖਾਂ ਨੇ ਸਾਰਿਆਂ ਨੂੰ ਉਹ ਬ੍ਰਿਤਾਂਤ ਸੁਣਾਇਆ, "ਬਾਦਸ਼ਾਹ ਦਾ ਦੀਵਾਨ ਚੰਦੂ ਜਿਸ ਦੀ ਬੁੱਧੀ ਭਰਿਸ਼ਟੀ ਗਈ ਹੈ, ਨੇ ਗੁਰੂ ਜੀ ਨੂੰ ਆਪਣੇ ਤੋਂ ਛੋਟਾ ਜਾਣ ਕੇ ਆਪਣੀ ਲੜਕੀ ਦਾ ਰਿਸ਼ਤਾ ਭੇਜਿਆ ਹੈ। ਅਯੋਗ ਕਹੀ ਗੱਲ ਜਰੀ ਨਹੀਂ ਜਾਂਦੀ, ਇਸ ਕਰਕੇ ਸਾਰੀ ਸੰਗਤ ਮਨ ਲਾ ਕੇ ਸੁਣੋ। ਤੁਹਾਡੇ ਵਾਸਤੇ ਇਹ ਯੋਗ ਹੈ ਕਿ ਗੁਰੂ ਜੀ ਨੂੰ ਖਬਰ ਭੇਜੋ, ਇਹ ਪਤਿਤ ਖੱਤਰੀ ਹੈ, ਨਾ ਇਸ ਵਿਚ ਕੋਈ ਭਗਤੀ ਭਾਵਨਾ ਹੈ ਅਤੇ ਨਾ ਹੀ ਸਿੱਖੀ ਵਾਸਤੇ ਪ੍ਰੇਮ ਹੈ॥ ੧੬॥

ਜਰੀ ਨ ਜਾਇ ਅਜੋਗ ਕਹੀ ਜਿਮ, ਸਭਿ ਸੰਗਤਿ ਸੁਨੀਯਹਿ ਮਨ ਲਾਇ।
ਤੁਮਹਿ ਉਚਿਤ ਸੁਧਿ ਲਿਖਿਬੇ ਗੁਰੁ ਕੋ ਖੱਤ੍ਰੀ ਪਤਿਤ, ਨ ਭਗਤਿ, ਨ ਭਾਇ।
ਧਨ ਮਦ ਤੇ ਅੰਧਾ ਬਡ ਦੁਰਮਤਿ ਤੁਮ ਮਹਿਂ ਨਹੀ ਭਾਵਨਾ ਲਜਾਇ।
ਕਰੇ ਅਰੋਪਨਿ ਦੋਸ਼ ਮੂਢ ਮਤਿ ਅਪਨੋ ਆਪਿ ਜਾਨਿ ਅਧਿਕਾਇ'॥ ੧੭॥

ਜਿਵੇਂ ਅਯੋਗ ਕਹੀ ਗੱਲ ਜਰੀ ਨਹੀਂ ਜਾਂਦੀ। ਇਸ ਕਰਕੇ ਸਾਰੀ ਸੰਗਤ ਇਹ ਗੱਲ ਮਨ ਲਾ ਕੇ ਸੁਣੋ। ਤੁਹਾਡੇ ਵਾਸਤੇ ਇਹ ਜ਼ਰੂਰੀ ਹੈ, ਤੁਸੀਂ ਇਸ ਗੱਲ ਦੀ ਖਬਰ ਸਤਿਗੁਰੂ ਨੂੰ ਲਿਖ ਕੇ ਭੇਜੋ ਕਿ ਚੰਦੂ ਪਤਿਤ ਖੱਤਰੀ ਹੈ, ਸਿੱਖੀ ਵਾਸਤੇ ਨਾ ਉਸ ਵਿਚ ਭਗਤੀ ਅਤੇ ਨਾ ਹੀ ਪ੍ਰੇਮ ਹੈ। ਧਨ ਦੇ ਨਸ਼ੇ ਵਿਚ ਅੰਨ੍ਹਾ ਹੋਇਆ ਵੱਡਾ ਮੂਰਖ ਹੈ, ਉਹ ਤੁਹਾਨੂੰ ਕਦੇ ਵੀ ਪ੍ਰੇਮ ਨਹੀਂ ਕਰੇਗਾ, ਉਹ ਆਪਣੇ ਆਪ ਨੂੰ ਵੱਡਾ ਜਾਣ ਕੇ ਤੁਹਾਡੇ ਉਤੇ ਦੋਸ਼ ਲਾਉਂਦਾ ਹੈ"॥ ੧੭॥

ਸੁਨਿ ਸਿੱਖਨਿ ਸਭਿ ਸਹੇ ਨ ਕੈਸੇ ਮਸਲਤਿ ਕਰਿਕ ਭਏ ਇਕੰਤ।
'ਛਪਿਕੈ ਲਿਖਹੁ, ਨ ਸੁਨਹਿ ਦੁਸ਼ਟ ਕਿਸ, ਜੈਸੇ ਇਹਾਂ ਭਯੋ ਬਿਰਤੰਤ'।
ਲਗੇ ਲਿਖਨਿ ਅਰਦਾਸ ਆਪਨੀ 'ਸ਼੍ਰੀ ਸ਼੍ਰੀ ਸ਼੍ਰੀ ਸਤਿਗੁਰ ਭਗਵੰਤ!।
ਉਪਕਾਰੀ ਜਗ ਤਾਰਨ ਸਮਰਥ ਹਰਿ ਅਵਤਾਰ ਸਹਾਇਕ ਸੰਤ॥ ੧੮॥

ਸਾਰੇ ਸਿੱਖ ਸੁਣ ਕੇ ਕਿਵੇਂ ਬਰਦਾਸ਼ਤ ਕਰ ਸਕਦੇ ਸਨ, ਸਲਾਹ ਕਰਕੇ ਇਕ ਥਾਂ ਇਕੱਠੇ ਹੋਏ। ਕਹਿਣ ਲੱਗੇ, "ਛੁਪ ਕੇ ਲਿਖੋ, ਕਿਸੇ ਪ੍ਰਕਾਰ ਕੋਈ ਦੁਸ਼ਟ ਸੁਣ ਨਾ ਲਵੇ, ਜਿਵੇਂ ਏਥੇ ਬ੍ਰਿਤਾਂਤ ਹੋਇਆ ਹੈ।" ਫਿਰ ਆਪਣੀ ਬੇਨਤੀ ਲਿਖਣ ਲੱਗੇ, "ਸ੍ਰੀ ਸ੍ਰੀ ਸ੍ਰੀ ਸਤਿਗੁਰੂ ਭਗਵਾਨ ਜੀ, ਤੁਸੀਂ ਉਪਕਾਰੀ ਜੱਗ ਤਾਰਨ ਦੇ ਸਮਰੱਥ ਹੋ, ਹਰੀ ਦੇ ਅਵਤਾਰ ਹੋ ਅਤੇ ਸੰਤਾਂ ਦੇ ਸਹਾਇਕ ਹੋ॥ ੧੮॥

ਲਿਖਤੁਮ ਸਭਿ ਦਿੱਲੀ ਕੀ ਸੰਗਤਿ ਸਤਿਗੁਰ ਕੇ ਸਨਮੁਖ ਅਰਦਾਸਿ।
ਸ਼ਾਹਿ ਦਿਵਾਨ ਸੁਤਾ ਕੋ ਨਾਤਾ ਭੇਜਯੋ ਅਰੈ ਤੁਮਾਰੇ ਪਾਸਿ।

ਆਪ ਹੰਕਾਰੀ ਬਨਜੋ ਚੁਬਾਰਾ ਤੁਮਹਿ ਕਹਜੋ ਮੋਰੀ ਸੰਕਾਸ।
ਬਿਨ ਸ਼ਰਧਾ ਤੇ ਮੂਰਖ ਬੋਲਜੋ ਇੱਤਜਾਦਿਕ ਨਿੰਦਾ ਕਰਿ ਰਾਸ॥ ੧੯॥

ਸਾਰੀ ਦਿੱਲੀ ਦੀ ਸੰਗਤ ਆਪ ਜੀ ਦੇ ਸਾਹਮਣੇ ਇਕ ਬੇਨਤੀ ਲਿਖ ਰਹੀ ਹੈ। ਬਾਦਸ਼ਾਹ ਦੇ ਦੀਵਾਨ ਚੰਦੂ ਨੇ ਆਪਣੀ ਲੜਕੀ ਦਾ ਨਾਤਾ ਆਪ ਜੀ ਦੇ ਪਾਸ ਭੇਜਿਆ ਹੈ। ਹੰਕਾਰੀ ਆਪਣੇ ਆਪ ਚੋਬਾਰਾ ਬਣਿਆ ਹੈ ਅਤੇ ਤੁਹਾਨੂੰ ਮੋਰੀ ਬਰਾਬਰ ਨੀਵਾਂ ਬਣਾਇਆ ਹੈ। ਸ਼ਰਧਾ-ਰਹਿਤ ਹੋ ਕੇ ਮੂਰਖ ਨੇ ਆਪ ਜੀ ਦੀ ਬਹੁਤ ਨਿੰਦਿਆ ਕੀਤੀ ਹੈ॥ ੧੯॥

ਹਮ ਕੋ ਨਹਿਂ ਸੁਖਾਇ ਤਿਸ ਕਹਿਬੋ ਬਸਿ ਨਹਿਂ ਚਲਜੋ ਸੁ ਲਿਖਜੋ ਬ੍ਰਿਤੰਤ।
ਸੁਤਾ ਨ ਸਾਕਤ ਕੀ ਤੁਮ ਲੀਜਹੁ ਇਹ ਸੰਗਤਿ ਕੌ ਅਹੈ ਮਤੰਤ'।
ਪਠਜੋ ਦੂਤ 'ਤੂਰਨਿ ਚਲਿ ਪਹੁੰਚਹੁ ਜਬਿ ਲੌ ਬਿੱਪ੍ਰ ਨ ਤਿਲਕ ਕਢੰਤਿ।
ਤਬਿ ਲੌ ਸੁਨਿ ਦਿਹੁ ਸ਼੍ਰੀ ਸਤਿਗੁਰੁ ਕੋ ਜਥਾ ਦੁਸ਼ਟ ਜਾਨਹਿਂ ਭਗਵੰਤ॥ ੨੦॥

ਸਾਨੂੰ ਉਸ ਦਾ ਕਿਹਾ ਚੰਗਾ ਨਹੀਂ ਲੱਗਾ ਹੈ, ਸਾਡਾ ਵੱਸ ਨਹੀਂ ਚਲਿਆ ਹੈ, ਇਸ ਕਰਕੇ ਬ੍ਰਿਤਾਂਤ ਲਿਖ ਰਹੇ ਹਾਂ, ਉਸ ਕੁੱਤੇ ਦੀ ਲੜਕੀ ਦਾ ਰਿਸ਼ਤਾ ਨਾ ਲਵੋ, ਸਾਰੀ ਸੰਗਤ ਦੀ ਇਹੋ ਸਲਾਹ ਹੈ।" ਫਿਰ ਇਕ ਹਲਕਾਰੇ ਨੂੰ ਭੇਜਿਆ ਤੇ ਉਸ ਨੂੰ ਕਿਹਾ, "ਤੁਰੰਤ ਪਹੁੰਚ ਜਾਵੋ ਕਿ ਤੁਹਾਡੇ ਜਾਣ ਤੋਂ ਪਹਿਲਾਂ ਬ੍ਰਾਹਮਣ ਤਿਲਕ ਨਾ ਲਾ ਲਵੇ, ਉਸ ਦੇ ਤਿਲਕ ਲਾਉਣ ਤੋਂ ਪਹਿਲਾਂ-ਪਹਿਲਾਂ ਸਤਿਗੁਰੂ ਜੀ ਚੰਦੂ ਦੀ ਦੁਸ਼ਟਤਾ ਨੂੰ ਜਾਣ ਲੈਣ॥ ੨੦॥

ਪਠੇ ਦਿਵਾਨ ਬਿੱਪ੍ਰ ਅਰੁ ਨਾਊ ਭਈ ਛੀਂਕ ਚਲਤੇ ਅਗੁਵਾਇ।
ਬਾਮ ਅੰਗ ਫਰਕਤਿ ਦਿਜ ਜਾਨੇ ਹੋਇ ਬਿਘਨ ਕੋ ਲਖਜੋ ਨ ਜਾਇ।
ਬਿਨ ਉਤਸਾਹ ਗਵਨ ਕੋ ਠਾਨਤਿ ਨਹੀਂ ਨੀਕਤਾ ਕਿਤ ਲਖਿ ਪਾਇ।
ਰਾਮਦਾਸ ਪੁਰਿ ਆਇ ਪ੍ਰਵੇਸ਼ੇ ਸੁਧਿ ਸਤਿਗੁਰੁ ਕੋ ਦੀਨਿ ਸੁਨਾਇ॥ ੨੧॥

ਚੰਦੂ ਵਲੋਂ ਭੇਜੇ ਜਾਣ ਵਾਲੇ ਬ੍ਰਾਹਮਣ ਅਤੇ ਨਾਈ ਜਦ ਚੱਲਣ ਲੱਗੇ ਤਾਂ ਅਗੋਂ ਕਿਸੇ ਨੇ ਛਿੱਕ ਮਾਰੀ। ਜਦ ਸਰੀਰ ਦੇ ਅੰਗ ਫਰਕਣ ਲੱਗੇ ਤਾਂ ਬ੍ਰਾਹਮਣ ਸਮਝਿਆ, ਕੋਈ ਵਿਘਨ ਪਵੇਗਾ ਜਾਣਿਆ ਨਹੀਂ ਜਾਂਦਾ। ਉਤਸ਼ਾਹ ਰਹਿਤ ਹੋ ਕੇ ਚਲ ਪਏ, ਕੋਈ ਚੰਗਿਆਈ ਨਾ ਵੇਖੀ। ਰਾਮਦਾਸਪੁਰ ਵਿਚ ਦਾਖਲ ਹੋ ਗਏ ਤੇ ਸਤਿਗੁਰੂ ਜੀ ਨੂੰ ਖ਼ਬਰ ਦੇ ਦਿੱਤੀ॥ ੨੧॥

ਜਬਿ ਤੇ ਪ੍ਰਥਮ ਆਨਿ ਸੁਧਿ ਦੀਨਿਸ ਤਬਿ ਤੇ ਸ਼੍ਰੀ ਗੰਗਾ ਸੁਖ ਮਾਨਿ।
ਨਿਤਪ੍ਰਤਿ ਪੋਸ਼ਿਸ਼ ਬਰਨ ਬਰਨ ਕੀ ਸੁਤ ਕੋ ਪਹਿਰਾਵਹਿ ਰੁਚਿ ਠਾਨਿ।
ਮੁਕਤਾ ਮਾਲਬਿਸਾਲ ਗਰੇ ਮਹਿਂ ਕੰਚਨ ਜਰੇ ਜਵਾਹਰਿ ਜਾਨਿ।
ਅੰਗਦ ਮਹਿਂ ਹੀਰੇ ਬਹੁ ਮੋਲੇ ਨਵਰਤਨੇ ਦਮਕਤਿ ਦੁਤਿ ਖਾਨਿ॥ ੨੨॥

ਜਦ ਪਹਿਲਾਂ ਤੋਂ ਆ ਕੇ ਬ੍ਰਾਹਮਣ ਨੇ ਸਾਕ ਕਰਨ ਬਾਰੇ ਖ਼ਬਰ ਦਿੱਤੀ ਸੀ, ਉਹ ਸਮੇਂ ਤੋਂ ਹੀ ਮਾਤਾ ਗੰਗਾ ਜੀ ਨੇ ਬੜਾ ਸੁਖ ਪ੍ਰਾਪਤ ਕੀਤਾ ਸੀ। ਹਰ ਵੇਲੇ ਬਹੁਤ ਪ੍ਰਸੰਨ ਹੋ ਕੇ ਪੁੱਤਰ ਨੂੰ ਬਦਲ ਬਦਲ ਕੇ ਪੋਸ਼ਾਕਾਂ ਪਾਉਂਦੇ ਸਨ। ਮੋਤੀਆਂ ਦੀਆਂ ਵੱਡੀਆਂ ਮਾਲਾਵਾਂ ਜਿਨ੍ਹਾਂ ਵਿਚ ਸੋਨਾ ਅਤੇ ਕੀਮਤੀ ਜਵਾਹਰ ਜੜੇ ਸਨ, ਗਲੇ ਵਿਚ ਪਾਉਂਦੇ ਸਨ ਤੇ ਸਰੀਰ ਤੇ ਪਹਿਣੇ ਹੋਏ ਕੀਮਤੀ ਹੀਰੇ ਨਵਰਤਨ ਬਹੁਤ ਚਮਕਦੇ ਸਨ॥ ੨੨॥

ਛਾਪ ਛਲਾਯਨਿ ਕੰਚਨ ਕੇ ਬਹੁ ਖਚੇ ਰਤਨ ਸੁੰਦਰ ਕਰ ਮਾਂਹਿ।
ਅੰਕ ਬਿਠਾਇ ਬਦਨ ਕੋ ਦੇਖਤਿ ਭਾਰਤਿ ਦੁਲਾਰ ਮੋਦ ਉਪਜਾਹਿ।

ਰਲੀਆਂ ਕਰਹਿ ਨਵੀਂ ਨਿਤ ਬਹੁਤੀ ਤ੍ਰਿਯਾ ਵਧਾਈ ਆਵਤਿ ਪ੍ਰਾਹਿ।
ਦੇਤਿ ਆਸ਼ਿਖਾ 'ਨੰਦਨ ਤੇਰੋ ਜੁਗੁ ਜੁਗੁ ਜੀਵਹੁ ਦੁਖ ਕਬਿ ਨਾਂਹਿ' ॥੨੩॥

ਸੁੰਦਰ ਸੋਨੇ ਦੇ ਛਾਪ ਛੱਲੇ ਜਿਨ੍ਹਾਂ ਵਿੱਚ ਹੀਰਿਆਂ ਦੇ ਨਗ ਜੜੇ ਹੋਏ ਸਨ, ਹੱਥਾਂ ਵਿਚ ਪਾਏ ਹੋਏ ਸਨ। ਮਾਤਾ ਜੀ ਆਪਣੇ ਪੁੱਤਰ ਨੂੰ ਗੋਦ ਵਿਚ ਬਿਠਾ ਕੇ ਉਸ ਦੇ ਮੁੱਖੜੇ ਨੂੰ ਵੇਖਦੀ ਸੀ ਤੇ ਪਿਆਰ ਕਰਕੇ ਬਹੁਤ ਪ੍ਰਸੰਨ ਹੁੰਦੀ ਸੀ। ਨਿਤ ਨਵੀਆਂ ਖੁਸ਼ੀਆਂ ਕਰਦੀ ਸੀ ਅਤੇ ਬਹੁਤ ਇਸਤਰੀਆਂ ਵਧਾਈ ਦੇਣ ਆਉਂਦੀਆਂ ਸਨ ਅਤੇ ਅਸ਼ੀਰਵਾਦ ਦਿੰਦੀਆਂ ਸਨ, "ਤੇਰਾ ਪੁੱਤਰ ਜੁਗ-ਜੁਗ ਜੀਵੇ ਅਤੇ ਇਸ ਨੂੰ ਕਦੀ ਵੀ ਕੋਈ ਦੁੱਖ ਨਾ ਵਿਆਪੇ" ॥ ੨੩ ॥

ਚੰਦੂ ਸੁਤਾ ਸਬੰਧ ਪ੍ਰਤੀਖਤਿ 'ਕਬਿ ਆਵੈ ਦਿਜਬਰ ਇਸ ਥਾਇਂ।
ਤਿਸ ਦਿਨ ਪਰ ਬਲਿਹਾਰ ਸਖੀ ਰੀ ਜਬਿ ਮੇਰੋ ਸੁਤ ਤਿਲਕ ਕਢਾਇ।
ਉਤਸਵ ਰਚੈਂ ਅਨੇਕ ਬਿਧਨਿ ਕੇ ਢੋਲਕ ਬਜਹਿ, ਨਾਗਰੀ ਗਾਇਂ।
ਜਗ ਗੁਰੁ ਬਖਸ਼ਿਸ਼ ਦੀਨਨਿ ਕਰਿ ਹੈਂ, ਮਚਹਿ ਕੁਲਾਹਲ ਨਰ ਸਮੁਦਾਇ' ॥੨੪॥

ਮਾਤਾ ਜੀ ਚੰਦੂ ਦੀ ਪੁੱਤਰੀ ਦੇ ਸੰਬੰਧ ਦਾ ਇੰਤਜ਼ਾਰ ਕਰ ਰਹੇ ਸਨ, ਸੋਚ ਰਹੇ ਸਨ, "ਜਿਸ ਦਿਨ ਬ੍ਰਾਹਮਣ ਇਸ ਥਾਂ ਆਉਣਗੇ, ਹੇ ਸਖੀ ! ਉਸ ਦਿਨ ਤੋਂ ਮੈਂ ਬਲਿਹਾਰ ਜਾਂਦੀ ਹਾਂ ਜਦ ਮੇਰੇ ਪੁੱਤਰ ਨੂੰ ਤਿਲਕ ਲਗੇਗਾ। ਕਈ ਪ੍ਰਕਾਰ ਦੇ ਉਤਸਵ ਕਰਾਂਗੇ, ਢੋਲ ਵੱਜਣਗੇ ਅਤੇ ਇਸਤਰੀਆਂ ਗਾਉਣਗੀਆਂ। ਜਗਤ ਗੁਰੂ ਬਖਸ਼ਿਸ਼ਾਂ ਦੇਣਗੇ ਅਤੇ ਬਹੁਤ ਮਨੁੱਖ ਇਕੱਠੇ ਹੋਣਗੇ ਤੇ ਰੌਲਾ ਪਵੇਗਾ" ॥ ੨੪ ॥

ਦੋਹਰਾ- 'ਆਜ ਕਾਲ ਦਿਜ ਆਇ ਹੈ, ਉਤਸਵ ਰਚਹਿਂ ਬਿਸਾਲ'।
ਇਮ ਸਖੀਅਨਿ ਮਹਿਂ ਬੈਠਿ ਕਰਿ ਗੰਗਾ ਚਹੈ ਉਤਾਲ ॥੨੫॥

ਅੱਜ-ਕਲ੍ਹ ਵਿਚ ਬ੍ਰਾਹਮਣ ਆ ਜਾਵੇਗਾ ਤੇ ਫਿਰ ਵਿਸ਼ਾਲ ਉਤਸਵ ਹੋਵੇਗਾ" ਇਸ ਤਰ੍ਹਾਂ ਸਹੇਲੀਆਂ ਵਿਚ ਬੈਠ ਕੇ ਮਾਤਾ ਗੰਗਾ ਜੀ ਕਹਿੰਦੇ ਸਨ, ਸ਼ਗਨ ਪਾਉਣ ਵਾਸਤੇ ਉਹ ਬਹੁਤ ਕਾਹਲੇ ਸਨ ॥ ੨੫ ॥

ਸੈਯਾ ਛੰਦ- ਦਿਜ ਦਿੱਲੀ ਤੇ ਆਇ ਸੁਧਾਸਰ ਸ੍ਰੀ ਅਰਜਨ ਸੁਨਿ ਕੈ ਕਹਿ ਦੀਨਿ।
'ਗਮਨਹੁ ਦਾਸ ਜਥੋਚਿਤ ਸੇਵਾ ਕਰਹੁ ਭਲੇ ਜੈਸੇ ਚਿਤ ਚੀਨਿ।
ਮੋਦਕ ਆਦਿਕ ਦਿਹੁ ਪਕਵਾਨਾ ਸੂਖਮ ਚਾਵਰ ਘ੍ਰਿਤ ਮਲ ਹੀਨਿ'।
ਰੁਚਿਰ ਪ੍ਰਯੰਕ ਦਏ ਪਹੁੰਚਾਈ ਆਸਤਰਨਿ ਸੋਂ ਛਾਦਨਿ ਕੀਨਿ ॥੨੬॥

ਜਦ ਬ੍ਰਾਹਮਣ ਦਿੱਲੀ ਤੋਂ ਅੰਮ੍ਰਿਤਸਰ ਵਿਖੇ ਆਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਹਿ ਦਿੱਤਾ, "ਸੇਵਕ ਜਾਓ ਅਤੇ ਜਿਥੋਂ ਤਕ ਹੋ ਸਕੇ ਉਨ੍ਹਾਂ ਦੀ ਭਲੀ ਸੇਵਾ ਕਰੋ ਅਤੇ ਜਿਵੇਂ ਵੀ ਚਿੱਤ ਵਿਚ ਠੀਕ ਸਮਝਦੇ ਹੋ ਉਸ ਤਰ੍ਹਾਂ ਹੀ ਕਰੋ। ਪੂੜੀਆਂ ਆਦਿ ਪਕਵਾਨ ਦੇਵੋ, ਸੂਖਮ ਚਾਵਲ ਤੇ ਮੈਲ-ਰਹਿਤ ਘਿਉ ਦੇਵੋ"। ਸੁੰਦਰ ਪਲੰਘ ਪਹੁੰਚਾ ਦਿੱਤੇ, ਜਿਨ੍ਹਾਂ ਉਤੇ ਵਧੀਆ ਬਿਸਤਰੇ ਵਿਛਾ ਦਿੱਤੇ ॥ ੨੬ ॥

ਦੋਹਰਾ-ਖਰੇ ਕਰੇ ਢਿਗ ਦਾਸ ਗਨ ਸੇਵਾ ਸਰਬ ਪ੍ਰਕਾਰ।
ਕਰਿਵਾਈ ਸ੍ਰੀ ਸਤਿਗੁਰੂ ਲਖਿ ਲੌਕਿਕ ਬਿਵਹਾਰ ॥੨੭॥

ਬਹੁਤ ਸੇਵਕ ਪਾਸ ਖੜੇ ਕਰ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਪ੍ਰਚੱਲਤ ਵਿਹਾਰ ਨੂੰ ਵੇਖ ਕੇ ਬਹੁਤ ਪ੍ਰਕਾਰ ਦੀ ਸੇਵਾ ਕਰਵਾਈ ॥ ੨੭ ॥

*ਚੌਥੀ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ ॥ ੩ ॥*

# ਅਧਿਆਇ ਚੌਥਾ

## ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ

ਦੋਹਰਾ- ਗਮਨੀ ਸੁਧਿ ਗੰਗਾ ਨਿਕਟ 'ਲਾਗੀ ਸੋ ਅਬਿ ਆਇ'।
ਸ੍ਰੀ ਜਗ ਗੁਰੁ ਸੋਂ ਬੂਝਿ ਕੇ ਉਤਸਵ ਕੀਨਿ ਸੁਹਾਇ॥ ੧॥

ਜਦ ਮਾਤਾ ਗੰਗਾ ਜੀ ਨੂੰ ਖਬਰ ਮਿਲ ਗਈ "ਆਉਣ ਵਾਲੇ ਲਾਗੀ ਆ ਗਏ ਹਨ"। ਤਾਂ ਉਨ੍ਹਾਂ ਨੇ ਸ੍ਰੀ ਜਗਤ ਗੁਰੂ ਅਰਜਨ ਦੇਵ ਜੀ ਨੂੰ ਪੁੱਛ ਕੇ ਬੜਾ ਸ਼ੋਭਨੀਕ ਉਤਸਵ ਕੀਤਾ॥ ੧॥

ਚੌਪਈ- ਨਾਰਿ ਸੁਹਾਗਨਿ ਬ੍ਰਿੰਦ ਹਕਾਰੀ। ਬਸਨ ਬਿਭੂਖਨ ਸੁੰਦਰ ਧਾਰੀ।
ਮੰਗਲ ਮੂਲ ਧਰਾਯੋ ਢੋਲਿ। ਬਾਜਨਿ ਲਗ੍ਯੋ ਗਾਇ ਸੁਠਿ ਬੋਲਿ॥ ੨॥

ਬਹੁਤ ਸੁਹਾਗਣ ਇਸਤਰੀਆਂ ਬੁਲਾਈਆਂ ਗਈਆਂ, ਉਨ੍ਹਾਂ ਨੇ ਸੁੰਦਰ ਕੱਪੜੇ ਅਤੇ ਗਹਿਣੇ ਪਹਿਣੇ ਹੋਏ ਸਨ। ਅਨੰਦ ਮੰਗਲ ਕਰਨ ਵਾਸਤੇ ਢੋਲ ਮੰਗਵਾਇਆ ਗਿਆ। ਜਦ ਢੋਲ ਵੱਜਣ ਲੱਗਾ ਤਾਂ ਸੁੰਦਰ ਗੀਤ ਗਾਉਣ ਲੱਗੇ॥ ੨॥

ਲਘੁ ਨਿਸ਼ਾਨ ਅਰੁ ਬਜੀ ਨਫੀਰੈਂ। ਪਹਿਰੈਂ ਚੀਰ ਨਵੀਨ ਸਰੀਰੈਂ।
ਕੋਕਿਲ ਕੰਠੀ ਮਿਲਿ ਮਿਲਿ ਟੋਲੀ। ਉਮਗ ਅਨੰਦ ਬਧਾਈ ਬੋਲੀ॥ ੩॥

ਛੋਟੇ ਨਿਗਾਰੇ ਅਤੇ ਤੂਤੀਆਂ ਵੱਜਣ ਲੱਗੀਆਂ, ਸਾਰਿਆਂ ਨੇ ਆਪਣੇ ਸਰੀਰ ਤੇ ਨਵੇਂ ਕੱਪੜੇ ਪਹਿਣੇ ਹੋਏ ਸਨ। ਕੋਇਲ ਵਰਗੇ ਗਲੇ ਵਾਲੀਆਂ ਇਸਤਰੀਆਂ ਟੋਲੀਆਂ ਵਿਚ ਮਿਲ ਮਿਲ ਕੇ ਅਤੇ ਉਤਸ਼ਾਹ ਅਤੇ ਅਨੰਦ ਵਧਾ ਕੇ ਬੋਲੀਆਂ ਪਾਉਂਦੀਆਂ ਸਨ॥ ੩॥

ਮਾਨਿ ਸੌ ਗੁਨੀ ਸੀਸ ਚਢਾਵਤਿ। ਗੰਗਾ ਅਨੰਦ ਕਹ੍ਯੋ ਨਹਿੰ ਜਾਵਤਿ।
ਬਾਦਿਤ ਬਜਤਿ ਹਰਖ ਭਰਪੂਰਾ। ਜਹਿੰ ਕਹਿੰ ਉਤਸਵ ਹੋਵਤਿ ਰੂਰਾ॥੪॥

ਆਪਣੇ ਆਪ ਨੂੰ ਗੁਣੀ ਮੰਨ ਕੇ ਆਕੜ ਕੇ ਸਿਰ ਉਤਾਂਹ ਚੁਕਦੀਆਂ ਹਨ। ਮਾਤਾ ਗੰਗਾ ਜੀ ਦੀ ਖੁਸ਼ੀ ਬਾਰੇ ਤਾਂ ਕਿਹਾ ਨਹੀਂ ਜਾ ਸਕਦਾ। ਖੁਸ਼ੀਆਂ ਭਰਪੂਰ ਵਾਜੇ ਵੱਜ ਰਹੇ ਸਨ, ਜਿਥੇ ਕਿਥੇ ਸੁੰਦਰ ਉਤਸਵ ਹੋ ਰਿਹਾ ਸੀ॥ ੪॥

ਸੂਖਮ ਬਸਨ ਕੁਸੁੰਭੀ ਬਰਨ। ਪਹਿਰਨਿ ਕਰੇ ਰੁਚਿਰ ਆਭਰਨ।
ਮਧੁਰ ਬਚਨ ਤੇ ਚੰਪਕ ਬਰਨੀ। ਗਾਰੀ ਦੇਤਿ ਮਿਲਿ ਗਨ ਤਰੁਨੀ॥੫॥

ਕੁਸੰਭੇ ਰੰਗ ਦੇ ਨਰਮ ਕੱਪੜੇ ਪਹਿਣੇ ਹੋਏ ਸਨ ਅਤੇ ਸੁੰਦਰ ਗਹਿਣੇ ਪਾਏ ਹੋਏ ਸਨ। ਚੰਬੇ ਵਰਗੇ ਰੰਗ ਵਾਲੀਆਂ ਮਿੱਠੇ ਬਚਨ ਬੋਲ ਰਹੀਆਂ ਸਨ। ਜਵਾਨ ਇਸਤਰੀਆਂ ਮਿਲ ਕੇ ਆਪਸ ਵਿਚ ਸਿਠਣੀਆਂ ਦੇ ਰਹੀਆਂ ਸਨ॥ ੫॥

ਪੂਰਨ ਭਵਨਭਯੋ ਮੁਦ ਠਾਨਤਿ। ਸਭਿਹਿਨਿ ਕੋ ਗੰਗਾ ਸਨਮਾਨਤਿ।
ਮ੍ਰਿਦੁਲ ਗਿਰਾ ਤੇ ਨਿਕਟਿ ਬਿਠਾਵਤਿ। ਉਮਗ ਉਮਗ ਸਗਰੀ ਤ੍ਰਿਯ ਗਾਵਤਿ॥ ੬॥

ਸਾਰਾ ਘਰ ਹੀ ਖੁਸ਼ੀਆਂ ਨਾਲ ਭਰ ਗਿਆ ਸੀ, ਮਾਤਾ ਗੰਗਾ ਜੀ ਸਾਰਿਆਂ ਦਾ ਸਨਮਾਨ ਕਰ ਰਹੇ ਸਨ। ਮਿੱਠੇ ਬਚਨ ਬੋਲ ਕੇ ਪਾਸ ਬਿਠਾਉਂਦੇ ਸਨ। ਬੜੇ ਉਤਸ਼ਾਹ ਨਾਲ ਸਾਰੀਆਂ ਇਸਤਰੀਆਂ ਗਾ ਰਹੀਆਂ ਸਨ॥ ੬॥

ਕਹੈਂ ਬਿੰਦ ਨਰ ਨਾਰੀ ਐਸੇ। 'ਬਿਤਹਿ ਜਾਮਨੀ ਤੂਰਨ ਕੈਸੇ।
ਹੋਤਿ ਪ੍ਰਾਤ ਕੇ ਉਤਸਵ ਨਾਨਾ। ਮੰਗਲ ਕੌਤਿਕ ਪਿਖਹਿਂ ਮਹਾਨਾ॥ ੭॥

ਕਈ ਇਸਤਰੀ ਪੁਰਸ਼ ਇਸ ਤਰ੍ਹਾਂ ਕਹਿ ਰਹੇ ਸਨ; "ਇਹ ਰਾਤ ਤੁਰੰਤ ਕਿਵੇਂ ਬੀਤੇਗੀ। ਸਵੇਰ ਹੁੰਦਿਆਂ ਹੀ ਵੱਡਾ ਉਤਸਵ ਹੋਵੇਗਾ। ਅਨੰਦ ਮੰਗਲ ਦੇ ਮਹਾਨ ਕੌਤਕ ਵੇਖਾਂਗੇ॥ ੭॥

ਸਭਿ ਤੇ ਹੈਂ ਬਡਿਭਾਗ ਹਮਾਰੇ। ਸ੍ਰੀ ਹਰਿ ਗੋਬਿੰਦ ਚੰਦ ਨਿਹਾਰੇ।
ਸ਼ਾਦੀ ਕੋ ਨਿਕਸਾਵਹਿਂ ਟੀਕਾ। ਮਾਨੁਖ ਜਨਮ ਹੋਇ ਹਮ ਨੀਕਾ' ॥ ੮॥

ਸਾਡੇ ਸਭ ਤੋਂ ਵੱਡੇ ਭਾਗ ਹਨ, ਸ੍ਰੀ ਹਰਿਗੋਬਿੰਦ ਦੇ ਅਸੀਂ ਦਰਸ਼ਨ ਕੀਤੇ ਹਨ। ਮੰਗਣੀ ਦਾ ਟਿੱਕਾ ਲੱਗੇਗਾ, ਜਿਸ ਨੂੰ ਵੇਖ ਕੇ ਸਾਡਾ ਮਨੁੱਖਾ ਜਨਮ ਸਫਲ ਹੋ ਜਾਵੇਗਾ" ॥ ੮॥

ਲੇਨਿਹਾਰ ਤ੍ਰਿਯ ਆਵਤਿ ਕੇਈ। ਹਰਖ ਧਰਤਿ ਗੰਗਾ ਧਨ ਦੇਈ।
ਕਿਸਹੂੰ ਬਸਨ ਦੇਤਿ ਹਿਤ ਧਰੈ। ਕਿਸੈ ਬਿਭੂਖਨ ਦੈਬੋ ਕਰੈ॥ ੯॥

ਕਈ ਇਸਤਰੀਆਂ ਮੰਗਣ ਵਾਸਤੇ ਆਉਂਦੀਆਂ ਸਨ, ਮਾਤਾ ਗੰਗਾ ਜੀ ਬੜੇ ਪ੍ਰਸੰਨ ਹੋ ਕੇ ਧਨ ਦੇ ਰਹੇ ਸਨ। ਕਿਸੇ ਨੂੰ ਪ੍ਰੇਮ ਨਾਲ ਕਪੜੇ ਦਿੰਦੇ ਸਨ, ਕਿਸੇ ਨੂੰ ਗਹਿਣੇ ਦਿੰਦੇ ਸਨ॥ ੯॥

ਕਿਸਹੂੰ ਦੇਤਿ ਅਧਿਕ ਮਿਸ਼ਟਾਨ। ਕਿਹ ਸੌਂ ਮਾਧੁਰ ਕਰਤਿ ਬਖਾਨ।
ਭਈ ਪ੍ਰਥਮ ਸ਼ਾਦੀ ਜਗ ਗੁਰ ਕੇ। ਦੇਤਿ ਚੌਗੁਨੋ ਧਨ ਮੁਦਿ ਕਰਿ ਕੈ॥ ੧੦॥

ਕਿਸੇ ਨੂੰ ਬਹੁਤ ਮਿੱਠਾ (ਸ਼ਕਰ, ਗੁੜ ਆਦਿ) ਦਿੰਦੇ ਸਨ, ਕਿਸੇ ਨਾਲ ਮਿੱਠਾ ਬੋਲਦੇ ਸਨ। ਜਗਤ ਗੁਰੂ ਜੀ ਦੇ ਘਰ ਵਿਚ ਇਹੀ ਪਹਿਲੀ ਖੁਸ਼ੀ ਸੀ, ਬਹੁਤ ਪ੍ਰਸੰਨ ਹੋ ਕੇ ਚੌਗਣਾ ਧਨ ਦੇ ਰਹੇ ਸਨ॥ ੧੦॥

ਬਾਦਿਤ ਕੇਰਿ ਬਜਾਵਨ ਹਾਰੇ। ਅਪਰ ਕਿਤੇ ਜੋ ਜਾਚਿਕ ਦ੍ਵਾਰੇ।
ਡੂਮ ਭਾਟ ਜੁਤਿ ਦੇਖਿ ਸਰਬ ਕੋ। ਲੇਤਿ ਬਧਾਈ ਦੇਤਿ ਦਰਬ ਕੋ॥ ੧੧॥

ਵਾਜਿਆਂ ਦੇ ਵਜਾਉਣ ਵਾਲੇ ਅਤੇ ਹੋਰ ਜਿਹੜੇ ਮੰਗਣ ਵਾਲੇ ਸਨ ਅਤੇ ਡੂਮ ਭੱਟ ਆਦਿ ਸਭ ਨੂੰ ਵੇਖ ਕੇ, ਮਾਤਾ ਜੀ ਵਧਾਈਆਂ ਲੈ ਰਹੇ ਸਨ ਤੇ ਧਨ ਦੇ ਰਹੇ ਸਨ॥ ੧੧॥

ਦੀਪਮਾਲ ਤਿਸ ਕਾਲ ਬਿਸਾਲਾ। ਹੋਤਿ ਭਈ ਸਭਿ ਥਾਨ ਉਜਾਲਾ।
ਸੁਧਾ ਸਰੋਵਰ ਸ੍ਰੀ ਹਰਿਮੰਦਰ। ਪੁਰਿ ਅਰੁ ਬਿਪਨੀ ਕੇ ਥਲ ਸੁੰਦਰ॥ ੧੨॥

ਉਸ ਸਮੇਂ ਬਹੁਤ ਦੀਪਮਾਲਾ ਕੀਤੀ ਗਈ, ਸਭ ਥਾਂ ਪ੍ਰਕਾਸ਼ ਹੋ ਗਿਆ। ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ, ਨਗਰ ਅਤੇ ਨਗਰ ਦੇ ਬਾਜ਼ਾਰ ਅਤੇ ਗਲੀਆਂ ਬਹੁਤ ਸੁੰਦਰ ਸਜਾਏ ਗਏ ਸਨ॥ ੧੨॥

ਜਨੁ ਉਤਸਵ ਧਰਿ ਕਰਿ ਨਿਜ ਰੂਪ। ਰਾਮਦਾਸ ਪੁਰਿ ਆਇ ਅਨੂਪ।
ਮੰਗਲ ਰੀਤਿ ਜਿਤਿਕ ਜਗ ਅਹੈ। ਸਭਿ ਹੀ ਕਰੀ ਜਥਾ ਬ੍ਰਿਧ ਕਹੈਂ॥ ੧੩॥

ਮਾਨੋ ਅਨੂਪਮ ਉਤਸਵ ਆਪਣਾ ਹੀ ਨਿੱਜੀ ਰੂਪ ਧਾਰਨ ਕਰਕੇ ਰਾਮਦਾਸਪੁਰ ਵਿਚ ਆ ਗਿਆ ਸੀ। ਖੁਸ਼ੀ ਮਨਾਉਣ ਦੀਆਂ ਜਿੰਨੀਆਂ ਵੀ ਜਗਤ ਰੀਤੀਆਂ ਪ੍ਰਚੱਲਤ ਸਨ ਉਹ ਸਭ ਰੀਤੀਆਂ ਕੀਤੀਆਂ ਗਈਆਂ, ਜਿਵੇਂ ਬਾਬਾ ਬੁੱਢਾ ਜੀ ਕਹਿ ਰਹੇ ਸਨ॥ ੧੩॥

ਖਾਨ ਪਾਨ ਕਰਿ ਕੈ ਨਰ ਨਾਰੀ। ਗੁਰੂ ਘਰ ਮੰਗਲ ਤੇ ਮੁਦ ਧਾਰੀ।
ਨਾਨਾ ਗੀਤਨਿ ਗਾਇ ਸੁਨਾਵੈਂ। ਗਾਰੀ ਦੇਤਿ ਅਧਿਕ ਮਨ ਭਾਵੈਂ ॥ ੧੪ ॥

ਇਸਤਰੀ ਪੁਰਸ਼ ਖਾ ਪੀ ਕੇ, ਗੁਰੂ ਘਰ ਵਿਚ ਖੁਸ਼ੀਆਂ ਮਨਾ ਰਹੇ ਸਨ, ਇਸਤਰੀਆਂ ਕਈ ਪ੍ਰਕਾਰ ਦੇ ਗੀਤ ਗਾ ਕੇ ਸੁਣਾ ਰਹੀਆਂ ਸਨ ਅਤੇ ਕਈ ਪ੍ਰਕਾਰ ਦੀਆਂ ਮਨ-ਭਾਉਂਦੀਆਂ ਸਿਠਣੀਆਂ ਦੇ ਰਹੀਆਂ ਸਨ ॥ ੧੪ ॥

ਅਰਧ ਰਾਤਿ ਲਗਿ ਗਾਵਤਿ ਰਹੀ। ਪ੍ਰਾਤ ਪ੍ਰਤੀਖਤਿ ਨਿੰਦ੍ਰਾ ਲਹੀ।
ਕੋ ਹਰਖਤਿ ਬਹੁ ਸੁਪਤਜੋ ਨਾਂਹੀ। ਦੇਖਹਿਂ ਉਤਸਵ ਮੁਦ ਉਰ ਮਾਂਹੀ ॥ ੧੫ ॥

ਅੱਧੀ ਰਾਤ ਤਕ ਗਾਉਂਦੇ ਰਹੇ, ਫਿਰ ਸਵੇਰ ਦੀ ਇੰਤਜ਼ਾਰ ਵਿਚ ਸੌਂ ਗਏ। ਕਈ ਬਹੁਤ ਖੁਸ਼ੀ ਹੋਣ ਕਰਕੇ ਸੁੱਤੇ ਹੀ ਨਹੀਂ ਸਨ, ਉਤਸਵ ਵੇਖੀਏ, ਉਨ੍ਹਾਂ ਦੇ ਹਿਰਦੇ ਵਿਚ ਇਹੋ ਤਾਂਘ ਸੀ ॥ ੧੫ ॥

ਜਾਮ ਜਾਮਨੀ ਸ੍ਰੀ ਗੁਰੂ ਜਾਗੇ। ਕ੍ਰਿਯਾ ਸੌਚ ਸਭਿ ਕਰਿਬੇ ਲਾਗੇ।
ਸ੍ਰੀ ਹਰਿ ਮੰਦਿਰ ਕੋ ਇਸ਼ਨਾਨਾ। ਫਰਸ਼ ਫਨੂਸ ਕਏ ਸਵਧਾਨਾ ॥ ੧੬ ॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗੇ, ਸੁੱਚਮ ਆਦਿ ਦੀਆਂ ਸਭ ਕ੍ਰਿਆਵਾਂ ਕਰਨ ਲੱਗੇ। ਸ੍ਰੀ ਹਰਿਮੰਦਰ ਸਾਹਿਬ ਨੂੰ ਇਸ਼ਨਾਨ ਕਰਵਾਇਆ, ਫਰਸ਼ ਦੀਆਂ ਵਿਛਾਈਆਂ ਝਾੜ ਕੇ ਫਿਰ ਵਿਛਾ ਦਿੱਤੀਆਂ ॥ ੧੬ ॥

ਗਾਵਤਿ ਰਾਗੀ ਆਸਾ ਵਾਰ। ਰਾਗ ਰਾਗਨੀ ਸ਼ਬਦ ਮਝਾਰ।
ਸ੍ਰੀ ਪਰਮੇਸ਼ੁਰ ਸਿਮਰਿ ਬਿਸਾਲਾ। ਸੁਖਦਾਯਕ ਗਾਯਕ ਸਭਿ ਕਾਲਾ ॥ ੧੭ ॥

ਰਾਗੀ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ, ਰਾਗ ਰਾਗਨੀਆਂ ਵਿਚ ਸ਼ਬਦ ਗਾਉਂਦੇ ਸਨ। ਪ੍ਰਮੇਸ਼ਰ ਦਾ ਵਿਸ਼ਾਲ ਸਿਮਰਨ ਕਰ ਰਹੇ ਸਨ, ਜਿਸ ਦਾ ਗਾਇਣ ਹਰ ਸਮੇਂ ਸੁਖਦਾਇਕ ਹੈ ॥ ੧੭ ॥

ਸਤਿਗੁਰੁ ਬੀਚ ਬਿਰਾਜੇ ਜਾਇ। ਸਿੱਖਨਿ ਕੋ ਸਰੂਪ ਦਿਖਲਾਇ।
ਕਰੇ ਨਿਹਾਲ ਅਧਿਕ ਫਲ ਦੀਨਿਸਿ। ਮਾਨੁਖ ਜਨਮ ਲਾਭ ਸਿਖ ਲੀਨਿਸ ॥੧੮ ॥

ਸਤਿਗੁਰੂ ਜੀ ਵਿਚ ਜਾ ਕੇ ਬਿਰਾਜਮਾਨ ਹੋ ਗਏ, ਸਿੱਖਾਂ ਨੂੰ ਆਪਣੇ ਦਰਸ਼ਨ ਦਿੱਤੇ, ਨਿਹਾਲ ਕਰਕੇ ਵਾਧੂ ਫਲ ਦਿੰਦੇ ਸਨ, ਸਿੱਖ, ਮਨੁੱਖ ਜਨਮ ਦਾ ਲਾਹਾ ਲੈ ਰਹੇ ਸਨ ॥ ੧੮ ॥

ਪ੍ਰਾਤ ਹੋਤਿ ਲੌ ਕਿਰਤਨ ਹੋਯੋ। ਸਿਖ ਸੰਗਤਿ ਗੁਰੁ ਦਰਸ਼ਨ ਜੋਯੋ।
ਦਿਵਸ ਚਢੇ ਦਿਜਬਰ ਕਹਿ ਸੋਇ। 'ਲੇਹੁ ਬੁਲਾਇ ਜੋਤਕੀ ਜੋਇ ॥ ੧੯ ॥

ਸਵੇਰ ਹੋਣ ਤਕ ਕੀਰਤਨ ਹੋਇਆ, ਸਿੱਖ ਸੰਗਤ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਦਿਨ ਚੜ੍ਹੇ ਬ੍ਰਾਹਮਣ ਨੇ ਕਿਹਾ, "ਜੋਤਸ਼ੀ ਨੂੰ ਬੁਲਾ ਲਵੋ ॥ ੧੯ ॥

ਨੋਟ:- ਗੁਰੂ ਅਰਜਨ ਦੇਵ ਜੀ ਕਿਸੇ ਥਿੱਤ ਵਾਰ ਜਾਂ ਮਹੂਰਤ ਨੂੰ ਨਹੀਂ ਸਨ ਮੰਨਦੇ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦਾ ਵਾਕ ਹੈ:- *"ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥* (ਆਸਾ ਮਹਲਾ ੫) ਜੋ ਮਾਤਾ ਜੀ ਦੀ ਖੁਸ਼ੀ ਬਾਰੇ ਲਿਖਿਆ ਹੈ, ਉਹ ਵੀ ਕਵੀ ਜੀ ਦੀ ਆਪਣੀ ਕਲਪਣਾ ਹੈ। ਯਥਾਰਥ ਨਹੀਂ ਹੈ।

ਥਿੱਤੀ ਵਾਰ ਮਹੂਰਤ ਆਛੋ। ਤਿਸ ਕੇ ਸਾਥ ਪੂਛਬੋ ਬਾਂਛੋ'।
ਸ੍ਰੀ ਅਰਜਨ ਤਬਿ ਲੌਕਿਕ ਰੀਤਿ। ਸੁਨਿ ਦਿਜ ਤੇ ਕਰਿ ਆਨੰਦ ਚੀਤਿ ॥੨੦ ॥

ਥਿੱਤ, ਵਾਰ ਅਤੇ ਚੰਗੇ ਮਹੂਰਤ ਬਾਰੇ ਉਸ ਪਾਸੋਂ ਪੁਛੋ।" ਸ੍ਰੀ ਅਰਜਨ ਦੇਵ ਜੀ ਤਦ ਲੌਕਿਕ ਰੀਤੀ ਅਨੁਸਾਰ ਬ੍ਰਾਹਮਣ ਤੋਂ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ ॥ ੨੦ ॥

ਨੋਟ:- ਗੁਰੂ ਅਰਜਨ ਦੇਵ ਜੀ ਕਿਸੇ ਲੋਕ ਰੀਤੀ ਨੂੰ ਨਹੀਂ ਸੀ ਮੰਨਦੇ। ਉਨ੍ਹਾਂ ਦਾ ਆਪਣਾ ਕਥਨ ਹੈ "*ਦੁਤੀਆ ਤਿਆਗੀ ਲੋਗਾ ਰੀਤਿ*" (ਆਸਾ ਮਹਲਾ ੫) ਜਦ ਆਪ ਕਹਿੰਦੇ ਹਨ ਕਿ ਉਨ੍ਹਾਂ ਲੋਕ-ਰੀਤੀ ਛੱਡ ਦਿੱਤੀ ਹੈ, ਫਿਰ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਹੈ। ਗੁਰੂ ਜੀ ਥਿੱਤ ਵਾਰ ਮਹੂਰਤ ਆਦਿ ਨੂੰ ਨਹੀਂ ਮੰਨਦੇ ਸਨ। ਇਹ ਸਾਰੀ ਕਵੀ ਜੀ ਦੀ ਆਪਣੀ ਕਲਪਣਾ ਹੈ।

**ਤਤਛਿਨ ਗਨਕ ਹਕਾਰਨਿ ਕੀਨਾ। ਜੋਤਿਸ਼ ਬਿਖੈ ਬਿਲੰਦ ਪ੍ਰਬੀਨਾ।**
**ਚਾਵਰ ਥਾਲ ਪੂਰਿ ਕਰਿ ਸਾਰੋ। ਪੁਨ ਤਿਸ ਬਿਖੈ ਦਰਬ ਕਿਛੁ ਡਾਰੋ॥ ੨੧॥**

ਤੁਰੰਤ ਸੇਵਕਾਂ ਨੇ ਉਸ ਜੋਤਸ਼ੀ ਨੂੰ ਬੁਲਾ ਲਿਆ, ਜਿਹੜਾ ਜੋਤਿਸ਼ ਵਿਚ ਵੱਡਾ ਪ੍ਰਬੀਨ ਸੀ। ਚਾਵਲਾਂ ਦਾ ਪੂਰਾ ਥਾਲ ਭਰ ਕੇ, ਉਸ ਉਤੇ ਕੁਝ ਧਨ ਰੱਖਿਆ॥ ੨੧॥

**ਧਰਿ ਦਿਜ ਆਗੈ ਬੂਝਨਿ ਕੀਨਾ। 'ਪਿਖੋ ਮੁਹੂਰਤ ਦੋਸ਼ ਬਿਹੀਨਾ।**
**ਹਰਿਗੁਵਿੰਦ ਕੀ ਹੋਇ ਸਗਾਈ। ਲਾਗੀ ਬੈਠੇ ਆਇ ਇਥਾਈਂ' ॥ ੨੨॥**

ਬ੍ਰਾਹਮਣ ਦੇ ਅੱਗੇ ਰੱਖ ਕੇ ਪੁਛਿਆ, "ਦੋਸ਼-ਰਹਿਤ ਮਹੂਰਤ ਵੇਖੋ, ਤਾਂਕਿ ਸ੍ਰੀ ਹਰਿਗੋਬਿੰਦ ਦੀ ਸਗਾਈ ਹੋਵੇ। ਲਾਗੀ ਏਥੇ ਆ ਕੇ ਬੈਠੇ ਹਨ"॥ ੨੨॥

**ਸੁਨਤਿ ਗਨਕ ਹਰਖਾਇ ਬਿਚਾਰਾ। ਹੇ ਸਤਿਗੁਰੁ ਸਭਿ ਕੁਛ ਤੁਮ ਧਾਰਾ।**
**ਦਿਵਸ ਆਜ ਕੋ ਉੱਤਮ ਲਹੈ। ਅਗਹਨ ਸੁਦੀ ਸਪਤਮੀ ਅਹੈ॥ ੨੩॥**

ਇਹ ਸੁਣ ਕੇ ਜੋਤਸ਼ੀ ਨੇ ਬੜੇ ਪ੍ਰਸੰਨ ਹੋ ਕੇ ਵਿਚਾਰ ਕੀਤੀ, "ਹੇ ਸਤਿਗੁਰੂ ਜੀ ! ਸਭ ਕੁਝ ਤੁਸੀਂ ਰਚਿਆ ਹੈ। ਅੱਜ ਦਾ ਦਿਨ ਬੜਾ ਉੱਤਮ ਜਾਣਿਆ ਜਾਂਦਾ ਹੈ, ਅੱਜ ਮੱਘਰ ਸੁਦੀ ਸਤਮੀ ਹੈ॥ ੨੩॥

**ਸਪਤ ਘਰੀ ਦਿਨ ਜਬਿ ਚਢਿ ਆਵੈ। ਉੱਤਮ ਸਮੋ ਲਗਨਿ ਤਬਿ ਪਾਵੈ।**
**ਸੁਨਿ ਸਤਿਗੁਰ ਤਬਿ ਦਾਸ ਪਠਾਏ। ਸਕਲ ਸਮੱਗ੍ਰੀ ਤੂਰਨ ਲਜਾਏ॥ ੨੪॥**

ਸੱਤ ਘੜੀਆਂ ਜਦ ਦਿਨ ਚੜ੍ਹੇ ਨੂੰ ਹੋ ਜਾਣ, ਤਦ ਲਗਨ ਦਾ ਉੱਤਮ ਸਮਾਂ ਪਾਵੋਗੇ।" ਇਹ ਸੁਣ ਕੇ ਗੁਰੂ ਜੀ ਨੇ ਸੇਵਕਾਂ ਨੂੰ ਭੇਜਿਆ ਤੇ ਉਹ ਸਾਰੀ ਸਮੱਗਰੀ ਤੁਰੰਤ ਲੈ ਆਏ॥ ੨੪॥

**ਮਹਾਂਦੇਵ ਕੋ ਪ੍ਰਥਮ ਬੁਲਾਯੋ। ਸਨਮਾਨਤਿ ਨਿਜ ਨਿਕਟਿ ਬਿਠਾਯੋ।**
**ਸਮੇ ਉਚਿਤ ਬੋਲਤਿ ਮੁਸਕਾਵਤਿ। ਕੁਲ ਕੀ ਰੀਤਿ ਬਿਲੰਦ ਬਤਾਵਤਿ॥੨੫॥**

ਸਭ ਤੋਂ ਪਹਿਲਾਂ ਮਹਾਂਦੇਵ (ਵੱਡੇ ਭਰਾ) ਨੂੰ ਬੁਲਾਇਆ, ਆਦਰ ਕਰਕੇ ਪਾਸ ਬਿਠਾਇਆ। ਉਚਿਤ ਸਮਾਂ ਵੇਖ ਕੇ ਬੋਲਿਆ ਅਤੇ ਮੁਸਕਰਾਇਆ, ਉਸ ਨੇ ਕੁਲ ਦੀ ਰੀਤੀ ਬਹੁਤ ਉੱਚੀ ਦੱਸੀ॥ ੨੫॥

**ਪੁਰਿ ਕੇ ਪੈਂਚ ਹਕਾਰਨਿ ਕੀਨੇ। ਦਿਜਬਰ ਅਪਰ ਬੁਲਾਇ ਪ੍ਰਬੀਨੇ।**
**ਪੁਨਿ ਬਜਾਰ ਤੇ ਬਣਕ ਬੁਲਾਏ। ਕਰਿ ਕਰਿ ਟੋਲਿ ਸਕਲ ਚਲਿ ਆਏ॥੨੬॥**

ਨਗਰ ਦੇ ਪੈਂਚਾਂ ਨੂੰ ਬੁਲਾ ਲਿਆ ਤੇ ਹੋਰ ਚਤੁਰ ਬ੍ਰਾਹਮਣਾਂ ਨੂੰ ਵੀ ਬੁਲਾ ਲਿਆ, ਫਿਰ ਬਾਜ਼ਾਰ ਵਿਚੋਂ ਬਾਣੀਏ ਤੇ ਹੋਰ ਵਪਾਰੀ ਲੋਕ ਲੱਭ ਲੱਭ ਕੇ ਬੁਲਾਏ, ਸਾਰੇ ਹੀ ਚਲ ਕੇ ਆ ਗਏ॥੨੬॥

**ਸਾਲੋ ਅਰੁ ਬੁੱਢਾ ਕਲਿਆਨ। ਉੱਮਰ ਸ਼ਾਹੁ ਮਹਾਨ ਦਿਵਾਨ।**
**ਹੁਤੇ ਮਸੰਦ ਬਿਲੰਦ ਸੁ ਬ੍ਰਿੰਦ। ਆਇ ਬੰਦਨਾ ਕਰਿ ਕਰ ਬੰਦਿ॥ ੨੭॥**

ਭਾਈ ਸਾਲੋ ਅਤੇ ਬਾਬਾ ਬੁੱਢਾ ਜੀ, ਉਮਰ ਸ਼ਾਹ ਜਿਹੜਾ ਮਹਾਨ ਦਿਵਾਨ ਸੀ, ਜਿਹੜੇ ਵੱਡੇ-ਵੱਡੇ ਮਸੰਦ ਸਨ, ਉਹ ਵੀ ਬੁਲਾਏ ਗਏ। ਸਾਰੇ ਆ ਆ ਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ॥ ੨੭॥

Sri Satguru Jagjit Singh Ji eLlibrary NamdhariElibrary@gmail.com

ਸਿਖ ਸੰਗਤਿ ਸੁਨਿ ਸੁਨਿ ਸਮੁਦਾਇ। ਲਗੀ ਸਭਾ ਸਭਿ ਰਹੀ ਸੁਹਾਇ।
ਨੌਬਤਿ ਬਾਜਤਿ ਅਨੰਦ ਉਪਾਵਤਿ। ਮੰਗਲ ਸ਼ਬਦ ਕਲਾਵਤਿ ਗਾਵਤਿ ॥੨੮॥

ਸੁਣ ਸੁਣ ਕੇ ਸਾਰੀ ਸਿੱਖ ਸੰਗਤ ਇਕੱਠੀ ਹੋਈ ਸੀ, ਇਕ ਵੱਡੀ ਲੱਗੀ ਹੋਈ ਸਭਾ ਸ਼ੋਭ ਰਹੀ ਸੀ। ਵਾਜੇ ਵੱਜ ਰਹੇ ਸਨ ਜਿਹੜੇ ਅਨੰਦ-ਮਈ ਵਾਤਾਵਰਣ ਪੈਦਾ ਕਰ ਰਹੇ ਸਨ। ਕਲੌਂਤ ਮੰਗਲ-ਮਈ ਸ਼ਬਦ ਗਾ ਰਹੇ ਸਨ॥ ੨੮॥

ਬਜਹਿ ਨਫੀਰੀ ਨਾਦ ਉਠਾਵੈਂ। ਠਾਂਢੇ ਭਾਟ ਕਬਿੱਤ ਸੁਨਾਵੈਂ।
ਸ੍ਰੀ ਅਰਜਨ ਬਿਚ ਸਭਾ ਬਿਰਾਜੇ। ਜਿਮ ਉਡਗਨਿ ਮਹਿਂ ਨਿਸਪਤਿ ਸਾਜੇ ॥੨੯॥

ਨਫੀਰੀ ਵੱਜ ਰਹੇ ਸੀ, ਜਿਸ ਦੇ ਨਾਦ ਨੂੰ ਉਚਾ ਚੁੱਕਦੇ ਸਨ। ਭੱਟ ਖੜੇ ਹੋ ਕੇ ਕਬਿੱਤ ਸੁਣਾ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਸਭ ਦੇ ਵਿਚ ਬੈਠੇ ਸਨ ਜਿਵੇਂ ਤਾਰਿਆਂ ਵਿਚ ਚੰਦਰਮਾ ਸ਼ੋਭਾ ਪਾ ਰਿਹਾ ਹੋਵੇ॥ ੨੯॥

ਚਮਰ ਢੁਰਤਿ ਹੈ ਬਾਰੰਬਾਰੀ। ਲੇ ਜਨੁ ਬਿਸਦ ਮਰਾਲ ਉਡਾਰੀ।
ਸੇਤ ਬਸਤ੍ਰ ਸਤਿਗੁਰ ਗਰ ਪਾਏ। ਮਨੋ ਸਮੇਟ ਚੰਦ੍ਰਿਕਾ ਲਜਾਏ॥ ੩੦॥

ਵਾਰ ਵਾਰ ਸਫੇਦ ਚੌਰ ਝੁਲ ਰਿਹਾ ਸੀ, ਜਿਵੇਂ ਹੰਸ ਉਡਾਰੀਆਂ ਮਾਰ ਰਿਹਾ ਹੋਵੇ। ਗੁਰੂ ਜੀ ਨੇ ਵੀ ਸਫੇਦ ਕਪੜੇ ਪਾਏ ਹੋਏ ਸਨ, ਮਾਨੋਂ ਚਾਂਦਨੀ ਸਮੇਟ ਲਿਆਏ ਹੋਣ॥ ੩੦॥

ਸ਼ਾਂਤਿ ਸਰੂਪ ਸੁਸ਼ੀਲ ਸਧੀਰ। ਬਦਨ ਪ੍ਰਫੁੱਲਿਤ ਗੁਨੀ ਗਹੀਰ।
ਪਠਜੋ ਦਾਸ ਤਬਿ 'ਦਿਜ ਪਹਿ ਜਾਵੌਂ। ਸਮੌਂ ਨੀਕ ਅਬਿ ਲੇ ਕਰਿ ਆਵੌਂ' ॥੩੧॥

ਗੁਰੂ ਜੀ ਸ਼ਾਂਤ ਸਰੂਪ ਸੁਸ਼ੀਲ ਅਤੇ ਸ੍ਰੇਸ਼ਟ ਧੀਰਜਵਾਨ ਹਨ, ਗੁਣਾਂ ਦੇ ਖਜ਼ਾਨੇ ਗੁਰੂ ਜੀ ਦਾ ਮੁੱਖੜਾ ਖਿੜਿਆ ਹੋਇਆ ਹੈ। ਉਨ੍ਹਾਂ ਫਿਰ ਇਕ ਸੇਵਕ ਨੂੰ ਭੇਜਿਆ ਅਤੇ ਕਿਹਾ, "ਬ੍ਰਾਹਮਣ ਪਾਸ ਜਾਵੋ ਹੁਣ ਠੀਕ ਸਮਾਂ ਹੋ ਗਿਆ ਹੈ, ਹੁਣ ਲਾਗੀਆਂ ਨੂੰ ਬੁਲਾ ਲਵੋ" ॥ ੩੧॥

ਗਜਾਨਵਾਨ ਸਿਖ ਸਭਾ ਮਝਾਰੇ। ਚਹੁੰਦਿਸ਼ਿ ਮਹਿਂ ਗੁਰੁ ਕੇ ਪਰਵਾਰੇ।
ਬ੍ਰਹਮ ਲੋਕ ਮਹਿਂ ਬ੍ਰਹਮਾ ਜੈਸੇ। ਸੁਰਗਨ ਸਹਤ ਬਿਰਾਜਹਿਂ ਤੈਸੇ॥ ੩੨॥

ਸਭਾ ਦੇ ਵਿਚ ਬੜੇ ਗਿਆਨਵਾਨ ਸਿੱਖ ਬੈਠੇ ਹੋਏ ਸਨ, ਚਾਰੇ ਪਾਸੇ ਗੁਰੂ ਜੀ ਦਾ ਪਰਿਵਾਰ ਬੈਠਾ ਹੋਇਆ ਸੀ। ਜਿਵੇਂ ਬ੍ਰਹਮ ਲੋਕ ਵਿਚ ਬ੍ਰਹਮਾ ਦੇਵਤਿਆਂ ਸਹਿਤ ਬੈਠਾ ਹੋਵੇ, ਗੁਰੂ ਜੀ ਇਸ ਤਰ੍ਹਾਂ ਬਿਰਾਜ ਰਹੇ ਸਨ॥ ੩੨॥

ਨਾਰ ਨਾਗਰੀ ਕੋਕਿਲ ਬੈਨੀ। ਗਾਵਹਿਂ ਗੀਤਿ ਪ੍ਰਫੁੱਲਿਤ ਨੈਨੀ।
ਇਕ ਬੈਠੀ ਢਿਗ ਢੋਲ ਬਜਾਵੈਂ। ਮੰਗਲ ਗੀਤ ਬਨਾਇ ਸੁਨਾਵੈਂ॥ ੩੩॥

ਕੋਇਲ ਵਰਗੀ ਆਵਾਜ਼ ਵਾਲੀਆਂ ਇਸਤਰੀਆਂ ਬੈਠੀਆਂ ਸਨ, ਖਿੜੇ ਹੋਏ ਨੈਣਾਂ ਨਾਲ ਉਹ ਗੀਤ ਗਾ ਰਹੀਆਂ ਸਨ। ਕੋਲ ਬੈਠੀ ਇਕ ਢੋਲਕੀ ਵਜਾਉਂਦੀ ਸੀ ਤੇ ਬਾਕੀ ਮੰਗਲ-ਮਈ ਗੀਤ ਬਣਾ ਕੇ ਸੁਣਾਉਂਦੀਆਂ ਸਨ॥ ੩੩॥

ਇਕਿ ਨਾਚਤਿ ਹੈਂ ਪਾਇ ਭਵਾਲੀ। ਬਿਹਸਿ ਬਜਾਵਤਿ ਹੈਂ ਇਕ ਤਾਲੀ।
ਰੁਣ ਰੁਣਾਟ ਭੂਖਨਿ ਝੁਨਕਾਰੇ। ਭਰੀ ਹਰਖ ਨਿਜ ਅੰਗ ਉਸਾਰੈਂ॥ ੩੪॥

ਕਈ ਘੁੰਮਣਘੇਰੀ ਲੈ ਕੇ ਨੱਚਦੀਆਂ ਸਨ, ਕਈ ਹੱਸ ਹੱਸ ਕੇ ਤਾਲੀਆਂ ਮਾਰ ਰਹੀਆਂ ਸਨ, ਉਨ੍ਹਾਂ ਦੇ ਗਹਿਣੇ ਰੁਣ ਰੁਣ ਦੀ ਝੁਨਕਾਰ ਪੈਦਾ ਕਰ ਰਹੇ ਸਨ, ਖੁਸ਼ੀ ਨਾਲ ਭਰੀਆਂ ਆਪਣੇ ਅੰਗਾਂ ਨੂੰ ਉਛਾਲਦੀਆਂ ਸਨ॥ ੩੪॥

Sri Satguru Jagjit Singh Ji eLlibrary NamdhariElibrary@gmail.com

ਨੋਟ:- ਸਤਿਗੁਰੂ ਜੀ ਦੇ ਸਮੇਂ ਪੁਰਾਣੀਆਂ ਰੀਤਾਂ ਦਾ ਤਿਆਗ ਕਰਕੇ ਗੁਰਬਾਣੀ ਦਾ ਪ੍ਰਚਾਰ ਸੀ, ਇਸ ਲਈ ਖੁਸ਼ੀ ਮਨਾਉਣ ਦੇ ਅਜਿਹੇ ਢੰਗ ਗੁਰੂ ਆਸ਼ੇ ਅਨੁਸਾਰ ਨਹੀਂ ਹਨ।

ਇਮ ਘਰ ਵਹਿਰ ਅਨੰਦ ਬਿਸਾਲਾ। ਮਿਲੇ ਲੋਕ ਸ੍ਰੀ ਗੁਰੁ ਢਿਗ ਜਾਲਾ।
ਬੈਠੇ ਕਿਤਿਕ ਭੀਰ ਬਡ ਹੋਈ। ਚਹੁੰਦਿਸ਼ਿ ਖਰੇ ਭਏ ਥਿਰ ਕੋਈ॥ ੩੫॥

ਇਸ ਤਰ੍ਹਾਂ ਘਰ ਬਾਹਰ ਬੜਾ ਅਨੰਦ ਹੋ ਰਿਹਾ ਸੀ, ਬਹੁਤ ਲੋਕ ਗੁਰੂ ਜੀ ਪਾਸ ਆ ਕੇ ਇਕੱਠੇ ਹੋਏ ਸਨ, ਤੇ ਵੱਡੀ ਭੀੜ ਹੋ ਗਈ ਸੀ, ਕਾਫੀ ਲੋਕ ਚਾਰੇ ਪਾਸੇ ਵੀ ਖੜੇ ਸਨ॥੩੫॥

ਸਭਿ ਹੀ ਕਰਤਿ ਮਨੋਰਥ ਜੀਕਾ। ਹੇਰਹਿਂ ਹਰਿ ਗੋਵਿੰਦ ਹੁਇ ਟੀਕਾ।
ਬਾਸਨਿ ਭਰੇ ਮੋਦਕਨਿ ਕੇਰੇ। ਲਯਾਇ ਲਯਾਇ ਕਰਿ ਧਰਹਿਂ ਘਨੇਰੇ॥ ੩੬॥

ਸਾਰੇ ਆਪਣੇ ਜੀ ਦਾ ਮਨੋਰਥ ਪੂਰਾ ਕਰ ਰਹੇ ਸਨ, ਸਾਰੇ ਵੇਖ ਰਹੇ ਸਨ ਕਿ ਸ੍ਰੀ ਹਰਿਗੋਬਿੰਦ ਜੀ ਨੂੰ ਸ਼ਗਨ ਲੱਗਣ ਵਾਲਾ ਹੈ, ਲੱਡੂਆਂ ਦੇ ਥਾਲ ਭਰੇ ਹੋਏ ਸਨ, ਹੋਰ ਬਹੁਤ ਥਾਲ ਲਿਆ ਲਿਆ ਕੇ ਧਰ ਰਹੇ ਸਨ॥ ੩੬॥

ਅਸ ਉਤਸਵ ਹੋਵਤਿ ਸਮੁਦਾਏ। ਦਿਜ ਨਾਉ ਤਿਸ ਥਲ ਚਲਿ ਆਏ।
ਦੇਖਿ ਸਭਾ ਕੋ ਹਰਖ ਧਰੰਤੇ। ਆਸ਼ਿਖਬਾਦ ਬਿਲੰਦ ਭਨੰਤੇ॥ ੩੭॥

ਇਸ ਤਰ੍ਹਾਂ ਲੋਕ ਉਤਸਵ ਮਨਾ ਰਹੇ ਸਨ, ਚੰਦੂ ਦੇ ਲਾਗੀ ਬ੍ਰਾਹਮਣ ਤੇ ਨਾਈ ਵੀ ਉਸ ਸਮੇਂ ਚੱਲ ਕੇ ਆ ਗਏ। ਉਹ ਸਭਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਬੜੀ ਉੱਚੀ ਆਵਾਜ਼ ਵਿਚ ਉਨ੍ਹਾਂ ਨੇ ਅਸ਼ੀਰਵਾਦ ਦਿੱਤਾ॥ ੩੭॥

ਸ਼੍ਰੀ ਸਤਿਗੁਰੁ ਅਰਜਨ ਜੀ ਦੇਖਿ। ਬੈਠਾਰੇ ਸਨਮਾਨ ਵਿਸ਼ੇਖਿ।
ਪੂਰਜੋ ਚੌਂਕ ਗਣਕ ਨੇ ਤਬੈ। ਗਣਪਤਿ ਗ੍ਰਹ ਥਾਪਨਿ ਕਰਿ ਸਬੈ॥ ੩੮॥

ਸਤਿਗੁਰੂ ਅਰਜਨ ਦੇਵ ਜੀ ਨੇ ਵੇਖ ਕੇ, ਵਿਸ਼ੇਸ਼ ਆਦਰ ਦੇ ਕੇ ਬਿਠਾਦੇ। ਜੋਤਸ਼ੀ ਨੇ ਫਿਰ ਗਣਕ ਪੂਰਿਆ ਅਤੇ ਗਣਪਤੀ ਗ੍ਰਹਿ ਸਾਰੇ ਸਥਾਪਤ ਕੀਤੇ॥ ੩੮॥

ਨੋਟ:- ਗੁਰੂ ਜੀ ਇਕ ਅਕਾਲਪੁਰਖ ਨੂੰ ਮੰਨਦੇ ਸਨ, ਉਹ ਕਿਸੇ ਹੋਰ ਦੀ ਪੂਜਾ ਨਹੀਂ ਸੀ ਕਰਦੇ। ਉਪਰ ਲਿਖਿਆ ਵੀ ਕਵੀ ਦੀ ਕਲਪਣਾ ਹੈ, ਗੁਰੂ ਜੀ ਦੇ ਆਸ਼ੇ ਅਨੁਸਾਰ ਨਹੀਂ ਹੈ।

ਚੰਦਨ ਕੀ ਚੌਂਕੀ ਮੰਗਵਾਇ। ਸਭਿ ਮਹਿਂ ਗੁਰੁ ਢਿਗਿ ਦਈ ਡਸਾਇ।
ਲੌਕਿਕ ਬੈਦਕ ਰੀਤਿ ਬਡੇਰੀ। ਦਿਜਿ ਕਹਿ ਕਰਿਵਾਇਸਿ ਤਿਸ ਬੇਰੀ॥ ੩੯॥

ਚੰਦਨ ਦੀ ਚੌਕੀ ਮੰਗਵਾਈ ਗਈ, ਸਭ ਦੇ ਵਿਚਕਾਰ ਗੁਰੂ ਜੀ ਦੇ ਪਾਸ ਡਾਹ ਦਿੱਤੀ ਗਈ, ਵੱਡੀ ਲੌਕਿਕ ਅਤੇ ਵੈਦਿਕ ਰੀਤੀ ਬ੍ਰਾਹਮਣ ਨੇ ਕਹਿ ਕੇ ਕਰਵਾਈ॥ ੩੮॥

ਨੋਟ:- ਇਹ ਕਦੀ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਜੀ ਜਿਨ੍ਹਾਂ *"ਦੁਤੀਆ ਤਿਆਗੀ ਲੋਗਾ ਰੀਤਿ"* ਨੇ ਲੋਕ ਰੀਤੀਆਂ ਛੱਡ ਦਿੱਤੀਆਂ ਸਨ, ਬ੍ਰਾਹਮਣ ਦੇ ਕਹੇ ਤੇ ਫਿਰ ਕੀਤੀਆਂ ਹੋਣ।

ਦੋਹਰਾ-'ਕਰਿਹੁ ਹਕਾਰਨਿ ਇਹ ਸਮੈਂ ਸ਼੍ਰੀ ਹਰਿਗੋਵਿੰਦ ਚੰਦ'।
ਇਮ ਕਹਿ ਕਰਿ ਦਿਜ ਗਣਕ ਤਬਿ ਪਠਜੋ ਦਾਸ ਮਤਿਵੰਦ॥੪੦॥

ਉਸ ਸਮੇਂ ਉਨ੍ਹਾਂ ਕਿਹਾ, "ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਇਸ ਸਮੇਂ ਬੁਲਾ ਲਵੋ। ਇਸ ਤਰ੍ਹਾਂ ਕਹਿ ਕੇ ਬ੍ਰਾਹਮਣ ਅਤੇ ਜੋਤਸੀ ਨੇ ਇਕ ਸਿਆਣੇ ਸੇਵਕ ਨੂੰ ਭੇਜਿਆ॥ ੪੦॥

ਬਸਨ ਬਿਭੂਖਨ ਪਹਿਰਤੇ ਕਰਿ ਸ਼ਨਾਨ ਜਿਸ ਥਾਨ।
ਤਹਾਂ ਜਾਇ ਕਰਿ ਕਹਤਿ ਭਾ 'ਚਲਹੁ ਆਪਿ ਸੁਖਦਾਨਿ !' ॥੪੧॥

ਸ੍ਰੀ ਹਰਿਗੋਬਿੰਦ ਸਾਹਿਬ, ਜਿਸ ਥਾਂ ਇਸ਼ਨਾਨ ਕਰਕੇ ਸੁੰਦਰ ਕਪੜੇ ਅਤੇ ਗਹਿਣੇ ਪਾ ਕੇ ਬੈਠੇ ਸਨ, ਓਥੇ ਜਾ ਕੇ ਸੇਵਕ ਨੇ ਉਨ੍ਹਾਂ ਨੂੰ ਕਿਹਾ, "ਹੇ ਸੁਖਾਂ ਦੇ ਦਾਤੇ ! ਆਪ ਜੀ ਚਲੋ" ॥ ੪੧॥

*ਚੋਥੀ ਰਾਸ ਦਾ ਚੋਥਾ ਅਧਿਆਇ ਸਮਾਪਤ ਹੋਇਆ॥ ੪॥*

## ਅਧਿਆਇ ਪੰਜਵਾਂ

*ਸੰਗਤ ਦੀ ਬੇਨਤੀ ਪੁੱਜੀ, ਸਗਾਈ ਮੋੜ ਦਿੱਤੀ*

ਦੋਹਰਾ- ਗੰਗਾ ਰਿਦੇ ਅਨੰਦ ਕਰਿ ਨੰਦਨ ਹਰਿ ਗੋਵਿੰਦ।
ਬਸਨ ਬਿਭੂਖਨ ਮੋਲ ਬਹੁ ਪਹਿਰਾਵਤਿ ਸੁਖਕੰਦ॥ ੧॥

ਮਾਤਾ ਗੰਗਾ ਜੀ ਨੇ ਹਿਰਦੇ ਵਿਚ ਅਨੰਦ ਧਾਰ ਕੇ ਆਪਣੇ ਪੁੱਤਰ ਸੁਖਾਂ ਦੇ ਮੂਲ ਸ੍ਰੀ ਹਰਿਗੋਬਿੰਦ ਜੀ ਨੂੰ ਬਹੁਤ ਕੀਮਤੀ ਕਪੜੇ ਅਤੇ ਗਹਿਣੇ ਪਵਾਏ॥ ੧॥

*ਸੈਯਾ ਛੰਦ-* ਸੂਖਮ ਬਸਤ੍ਰ ਗਰੇ ਮੈਂ ਜਾਮਾ ਜਿਸਕੇ ਬੀਚ ਦਿਪਤਿ ਤਨ ਚਾਰੁ।
ਚੀਰਾ ਰਕਤ ਸੁਹਾਵਤਿ ਸਿਰ ਪਰਿ ਜ਼ਰੀਦਾਰੁ ਹੈ ਸ਼ੋਭ ਅਪਾਰ।
ਪਰਜੋ ਸਿਕੰਧਨਿ ਪਰ ਦੁਕੂਲ ਸ਼ੁਭ ਦਮਕਤਿ ਗੋਟਾ ਜੁਤਿ ਬਿਸਤਾਰੁ।
ਹੀਰੇ ਚੀਰੇ ਕੋਰਦਾਰ ਬਰ ਜਰੇ ਜਵਾਹਰਿ ਜਿਗਾ ਮਝਾਰ॥ ੨॥

ਗਲ ਵਿਚ ਕੋਮਲ ਕਪੜੇ ਪਾਏ ਹੋਏ ਸਨ, ਜਿਨ੍ਹਾਂ ਵਿਚ ਬੜਾ ਸੁੰਦਰ ਜਾਮਾ ਸਰੀਰ ਉਤੇ ਚਮਕ ਰਿਹਾ ਸੀ। ਸਿਰ ਤੇ ਲਾਲ ਰੰਗ ਦੀ ਪੱਗੜੀ ਬੜੀ ਸੁਹਾਵਣੀ ਲੱਗ ਰਹੀ ਸੀ, ਜਿਹੜੀ ਜ਼ਰੀਦਾਰ ਹੋਣ ਕਰਕੇ ਬੜੀ ਸ਼ੋਭ ਰਹੀ ਸੀ। ਮੋਟੇ ਕਿਨਾਰੀ ਵਾਲਾ ਦੁਪੱਟਾ ਮੋਢਿਆਂ ਉਤੇ ਰਖਿਆ ਬੜੀਆਂ ਦਮਕਾਂ ਮਾਰ ਰਿਹਾ ਸੀ। ਜਿਗਾ (ਕਲਗੀ) ਵਿਚ ਸ੍ਰੇਸ਼ਟ ਚੀਰੇ ਹੋਏ ਹੀਰੇ ਜਵਾਹਰਾਤ ਜੜੇ ਹੋਏ ਹਨ॥ ੨॥

ਕੁੰਡਲ ਡੋਲ ਕਪੋਲਨਿ ਊਪਰਿ ਮੁਕਤਾ ਗੋਲਿ ਜਿ ਮੋਲਿ ਬਿਸਾਲ।
ਤਿਮ ਮੋਤਨਿ ਕੀ ਮਾਲ ਗਰੇ ਮਹਿਂ ਉੱਜਲ ਦਮਕਤਿ ਹੈ ਦੁਤਿ ਜਾਲ।
ਕੰਚਨ ਕੇ ਅੰਗਦ ਅਰੁ ਕੰਕਨ ਜ਼ੇਬ ਜਬਰ ਤੇ ਜਟਤਿ ਉਜਾਲ।
ਛਾਪ ਛਲਾਯਨਿ ਤੇ ਛਬਿ ਛਾਕਤਿ ਸਰਬ ਸਰਾਹਤਿ ਹੇਰਤਿ ਬਾਲ॥ ੩॥

ਗਲ੍ਹਾਂ ਉਤੇ ਵਾਲਾਂ ਦੇ ਕੁੰਡਲ ਡੋਲ ਰਹੇ ਹਨ। ਗੋਲ ਮੋਤੀ ਜਿਹੜੇ ਬਹੁਤ ਕੀਮਤੀ ਹਨ, ਉਨ੍ਹਾਂ ਦੀ ਬਣਾਈ ਹੋਈ ਮਾਲਾ ਗਲੇ ਵਿਚ ਪਾਈ ਹੋਈ ਬਹੁਤ ਚਮਕ ਰਹੀ ਹੈ। ਸੋਨੇ ਦੇ ਬੁਹੱਟੇ ਅਤੇ ਕੰਗਣ ਬਹੁਤ ਸੁੰਦਰ ਹੀਰਿਆਂ ਨਾਲ ਜੜੇ ਹੋਏ ਹਨ। ਹੱਥਾਂ ਵਿਚ ਪਾਏ ਹੋਏ ਛੱਲੇ ਛਾਪਾਂ ਵੀ ਬੜੇ ਫੱਬ ਰਹੇ ਹਨ। ਬਾਲਕ ਰੂਪ ਸ੍ਰੀ ਹਰਿਗੋਬਿੰਦ ਜੀ ਨੂੰ ਵੇਖ ਕੇ ਸਾਰੇ ਬੜੀ ਸ਼ਲਾਘਾ ਕਰ ਰਹੇ ਹਨ॥ ੩॥

Sri Satguru Jagjit Singh Ji eLlibrary NamdhariElibrary@gmail.com

ਨਿਜ ਕਰ ਤੇ ਲੇ ਜਨਨੀ ਅੰਜਨ ਆਂਜੇ ਕਮਲ ਪੱਤ੍ਰ ਸਮ ਨੈਨ।
ਰਾਈ ਲਵਨ ਵਾਰਤੀ ਊਪਰ ਡਰਤਿ ਰਿਦੇ ਕਿਸ ਡੀਨ ਲਗੈ ਨ।
ਪਿਖਤ ਅਨੰਦ ਬਿਲੰਦ ਰਿਦੈ ਲਹਿ, ਇਮਿ ਸੁ ਜਾਇ ਤ੍ਰਿਯ ਜੁਤ ਬਿਚ ਐਨ।
ਕਰੇ ਸੰਗ ਦਾਸਨਿ ਲੇ ਗਮਨੇ ਜਹਾਂ ਸਭਾ ਸਤਿਗੁਰੁ ਸੁਖ ਦੈਨ॥ ੪॥

ਮਾਤਾ ਗੰਗਾ ਜੀ ਨੇ ਆਪਣੇ ਹੱਥਾਂ ਨਾਲ ਆਪਣੇ ਪੁੱਤਰ ਦੀਆਂ ਕੰਵਲ ਦੇ ਪੱਤਿਆਂ ਵਰਗੀਆਂ ਅੱਖਾਂ ਵਿਚ ਸੁਰਮਾ ਪਾਇਆ। ਰਾਈ ਲੂਣ ਉਪਰ ਦੀ ਵਾਰਿਆ, ਕਿਉਂਕਿ ਉਹ ਡਰਦੇ ਸਨ ਕਿ ਪੁੱਤਰ ਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ। ਹਿਰਦੇ ਵਿਚ ਬੜਾ ਆਨੰਦ ਧਾਰ ਕੇ ਵੇਖਦੀ ਸੀ ਤੇ ਇਸ ਤਰ੍ਹਾਂ ਇਸਤਰੀਆਂ ਸਹਿਤ ਉਹ ਘਰ ਦੇ ਅੰਦਰ ਚਲੀ ਗਈ। ਫਿਰ ਸੇਵਕ ਸ੍ਰੀ ਹਰਿਗੋਬਿੰਦ ਜੀ ਨੂੰ ਨਾਲ ਲੈ ਕੇ ਓਥੇ ਚਲੇ ਗਏ ਜਿਥੇ ਸੁਖਾਂ ਦੇ ਦਾਤੇ ਸਤਿਗੁਰੂ ਜੀ ਬਿਰਾਜਮਾਨ ਸਨ॥ ੪॥

ਸ੍ਰੀ ਅਰਜਨ ਬਿਨ ਉਠੇ ਸਰਬ ਹੀ ਹੇਰਿ ਪ੍ਰਤਾਪ ਨ ਬੈਠਯੋ ਜਾਇ।
ਹਾਥ ਜੋਰਿ ਕਰਿ ਬੰਦਨ ਠਾਨਹਿਂ ਚਹੁੰਦਿਸ਼ਿ ਤੇ ਦੇਖਤਿ ਹਰਖਾਇਂ।
ਪਿਤ ਕੋ ਨਮੋ ਕੀਨਿ ਭੇ ਠਾਂਢੇ ਦਿਜਬਰ ਨੇ ਕਹਿ ਲਏ ਬਿਠਾਇ।
ਚੌਂਕੀ ਪਰ ਸ਼ੋਭਤਿ ਇਮ ਲਖਿਯਤਿ ਸੁਰ ਸਮੁਦਾਇ ਸਹਤ ਸੁਰਰਾਇ॥ ੫॥

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਗੈਰ ਸਾਰੇ ਆਦਰ ਸਹਿਤ ਉਠ ਕੇ ਖੜੇ ਹੋ ਗਏ, ਸ੍ਰੀ ਹਰਿਗੋਬਿੰਦ ਜੀ ਦਾ ਪ੍ਰਤਾਪ ਵੇਖ ਕੇ ਬੈਠਿਆ ਨਹੀਂ ਸੀ ਜਾ ਸਕਦਾ। ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ, ਚਾਰੇ ਪਾਸਿਆਂ ਦੇ ਲੋਕ ਵੇਖ ਕੇ ਬਹੁਤ ਪ੍ਰਸੰਨ ਹੋਏ। ਸ੍ਰੀ ਹਰਿਗੋਬਿੰਦ ਜੀ ਨੇ ਖੜੇ ਰਹਿ ਕੇ ਪਿਤਾ ਜੀ ਨੂੰ ਨਮਸਕਾਰ ਕੀਤੀ, ਫਿਰ ਬ੍ਰਾਹਮਣ ਨੇ ਕਹਿ ਕੇ ਬਿਠਾ ਦਿੱਤੇ। ਚੌਂਕੀ ਤੇ ਬੈਠੇ ਇੰਝ ਸ਼ੋਭਾ ਪਾ ਰਹੇ ਸਨ ਜਿਵੇਂ ਸਾਰੇ ਦੇਵਤੇ ਇੰਦਰ ਸਹਿਤ ਬੈਠੇ ਹੋਣ॥ ੫॥

ਰੂਪ ਬਿਲੋਕਤਿ ਦੇਤਿ ਆਸ਼ਿਖਾ 'ਜੁਗ ਜੁਗ ਜਿਵਹੁ ਗੁਰੂ ਕੋ ਨੰਦ।
ਇਹ ਉਤਸਵ ਹਮ ਹੇਰਨਿ ਕਰਿਹੈਂ ਬਹੁਰ ਬਜਾਹ ਕੋ ਹੋਹਿ ਬਿਲੰਦ।
ਸ਼ਾਹੁ ਦਿਵਾਨ ਧਨੀ ਹੁਇ ਅਤਿਸ਼ੈ, ਇਤ ਸਤਿਗੁਰ ਕੋ ਘਰ ਧਨਵੰਦ।
ਮੰਗਲ ਹੋਹਿਂ ਬ੍ਰਿੰਦ ਨਰ ਸੁਖ ਲਹਿਂ ਭਯੋ ਮੇਲਿ ਸਮ ਕੋ ਅਬਿ ਦੂੰਦ' ॥ ੬॥

ਰੂਪ ਵੇਖ ਕੇ ਅਸੀਸ ਦਿੰਦੇ ਸਨ, "ਜੁਗ ਜੁਗ ਜੀਵੇ, ਗੁਰੂ ਜੀ ਦੇ ਸਪੁੱਤਰ ਇਹ ਉਤਸਵ ਅਸੀਂ ਵੇਖ ਰਹੇ ਹਾਂ, ਫਿਰ ਬਹੁਤ ਸ਼ਾਨ ਨਾਲ ਵਿਆਹ ਹੋਵੇਗਾ। ਬਾਦਸ਼ਾਹ ਦਾ ਦੀਵਾਨ ਬਹੁਤ ਧਨੀ ਹੈ, ਇਸ ਤਰ੍ਹਾਂ ਹੀ ਸਤਿਗੁਰੂ ਜੀ ਦੇ ਘਰ ਬਹੁਤ ਧਨ ਹੈ, ਬਹੁਤ ਆਨੰਦ ਮੰਗਲ ਹੋਵੇਗਾ, ਮਨੁੱਖ ਸੁਖ ਲੈਣਗੇ, ਦੋਹਾਂ ਬਰਾਬਰ ਦਿਆਂ ਦਾ ਮੇਲ ਹੋਇਆ ਹੈ"॥ ੬॥

ਪਾਂਧੇ ਤਬਿਅਭਿਖੇਕ ਕਰਾਯਹੁ ਪੂਰਬ ਗਨਪਤਿ ਕੋ ਕਰਿ ਮਾਨਿ।
ਅਪਰ ਗ੍ਰਹਨਿ ਕੋ ਕਰਿ ਅਭਿ ਸੇਚਨਿ ਭਰੀ ਭੀਰ ਮਾਨਵ ਗਨ ਆਨਿ।
ਸਤਿਗੁਰੁ ਮੁਖ ਦਿਸ਼ਿ ਨਯਨ ਲਗਾਏ ਦਰਸ਼ਨ ਕਰਤਿ ਹਰਖ ਉਰ ਠਾਨਿ।
ਕੋ ਬੈਠੇ ਕੋ ਖਰੇ ਤਹਾਂ ਮਿਲਿ ਨਰ ਭੇ ਅਨਗਨ ਥੋਰਿਯ ਥਾਨ॥ ੭॥

ਪਹਿਲਾਂ ਗਨਪਤੀ ਨੂੰ ਮਨਾ ਕੇ, ਪਾਂਧੇ ਨੇ ਫਿਰ ਪੂਜਾ ਕਰਵਾਈ। ਹੋਰ ਗ੍ਰਹਿਆਂ ਦੀ ਵੀ ਪੂਜਾ ਕੀਤੀ। ਬਹੁਤ ਮਨੁੱਖਾਂ ਦੀ ਭੀੜ ਆ ਇਕੱਠੀ ਹੋਈ ਸੀ, ਸਤਿਗੁਰੂ ਜੀ ਦੇ ਮੁੱਖ ਵਲ ਉਨ੍ਹਾਂ ਨੇ ਨੈਣ ਲਾਏ ਸਨ ਅਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਦਰਸ਼ਨ ਕਰ ਰਹੇ ਸਨ। ਕੁਝ ਬੈਠੇ ਸਨ ਅਤੇ ਕੁਝ ਖੜੇ ਸਨ, ਅਣਗਿਣਤ ਮਨੁੱਖ ਸਨ ਤੇ ਥਾਂ ਬਹੁਤ ਥੋੜ੍ਹੀ ਸੀ॥ ੭॥

ਇਤਨੇ ਮਹਿਂ ਦਿੱਲੀ ਤੇ ਸੰਗਤ ਪਠਯੋ ਦੂਤ ਆਯੋ ਬਹੁ ਚਾਲ।
ਸ੍ਰੀ ਅਰਜਨ ਕੇ ਨਿਕਟ ਪਹੂੰਚਯੋ ਹਾਥ ਜੋਰਿ ਕਰਿ ਨੰਮ੍ਰੀ ਭਾਲ।
'ਮਹਾਰਾਜ ਅਰਦਾਸ ਏਕ ਹੈ ਮੈਂ ਲਜਾਯਹੁ ਅਬਿ ਲੇਹੁ ਸੰਭਾਲਿ।
ਹੋਇ ਇਕੰਤ ਬ੍ਰਿਤੰਤ ਲਖੀਜੈ ਪੁਨ ਕੀਜਹਿ ਜੋ ਕਾਜ ਬਿਸਾਲ॥ ੮॥

ਏਨੇ ਵਿਚ ਦਿੱਲੀ ਦੀ ਸੰਗਤ ਵਲੋਂ ਭੇਜਿਆ ਹੋਇਆ ਦੂਤ ਬਹੁਤ ਤੇਜ਼ੀ ਨਾਲ ਚਲ ਕੇ ਆਇਆ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਪਹੁੰਚਿਆ ਤੇ ਹੱਥ ਜੋੜ ਕੇ ਬੜਾ ਦੀਨ ਹੋ ਕੇ ਮੱਥਾ ਟੇਕਿਆ ਅਤੇ ਕਿਹਾ, "ਮਹਾਰਾਜ ਇਕ ਬੇਨਤੀ-ਪੱਤਰ ਲੈ ਕੇ ਆਇਆ ਹਾਂ, ਇਸ ਨੂੰ ਸੰਭਾਲ ਲਵੋ। ਪਹਿਲਾਂ ਇਕਾਂਤ ਵਿਚ ਜਾ ਕੇ ਬ੍ਰਿਤਾਂਤ ਪੜ੍ਹ ਲਵੋ, ਫਿਰ ਇਸ ਵਿਸ਼ਾਲ ਕਾਰਜ ਨੂੰ ਕਰੋ॥ ੮॥

ਤੂਰਨ ਹੇਰਹੁ, ਦੇਰਿ ਨ ਠਾਨਹੁ, ਸਗਨ ਬਾਤਿ ਕਰੀਅਹਿ ਪਸ਼ਚਾਤਿ'।
ਸੁਨਤਿ ਉਠੇ ਸਤਿਗੁਰ ਤਿਸ ਛਿਨ ਮਹਿਂ, ਬੈਠਯੋ ਸਿੱਖ ਏਕ, ਸਭਿ ਗਜਾਤ।
ਭੂਤ ਭਵਿੱਖਜਤਿ ਬਰਤਹਿ ਜਾਨਤਿ ਬੇਪਰਵਾਹੁ ਸਦਾ ਚਿਤ ਸ਼ਾਂਤਿ।
ਮਗਨ ਰਹੈ ਗੁਰੁ ਸ਼ਬਦ ਬਿਖੈ ਨਿਤ ਮਨ ਗੁਰੁ ਚਰਨ ਬਿਖੈ ਦਿਨ ਰਾਤਿ॥ ੯॥

ਤੁਰੰਤ ਵੇਖੋ, ਦੇਰ ਨਾ ਕਰੋ, ਸ਼ਗਨ ਵਾਲੀ ਗੱਲ ਬਾਅਦ ਵਿਚ ਕਰੋ।" ਇਹ ਸੁਣ ਕੇ ਸਤਿਗੁਰੂ ਜੀ ਓਸੇ ਵੇਲੇ ਉਠ ਪਏ। ਇਕ ਬ੍ਰਹਮ ਗਿਆਨੀ ਸਿੱਖ ਬੈਠਾ ਸੀ ਜੋ ਸਭ ਜਾਣਦਾ ਸੀ। ਭੂਤ ਭਵਿੱਖ ਦੇ ਵਰਤਾਰੇ ਨੂੰ ਸਮਝਦਾ ਸੀ, ਸਦਾ ਬੇਪ੍ਰਵਾਹ ਅਤੇ ਚਿੱਤ ਸ਼ਾਂਤ ਰਹਿੰਦਾ ਸੀ। ਗੁਰੂ ਜੀ ਦੇ ਸ਼ਬਦ ਵਿਚ ਸਦਾ ਮਗਨ ਰਹਿੰਦਾ ਸੀ ਅਤੇ ਮਨ ਦਿਨ ਰਾਤ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਜੁੜਿਆ ਰਹਿੰਦਾ ਸੀ॥ ੯॥

ਉਠਤਿ ਦੇਖਿ ਕਰਿ ਬੋਲਯੋ ਗੁਰੁ ਸੋਂ, 'ਛਪੀ ਨ ਰਹੈ ਪ੍ਰਭੋ ਇਹ ਬਾਤਿ।
ਸ਼ਰਧਾ ਹੀਨ ਹੰਕਾਰਿ ਪਾਤਕੀ ਤਿਸ ਕੀ ਸੁਤਾ ਨ ਲਿਹੁ ਹਿਤ ਤਾਤ।
ਟੱਕਰ ਹਤਹਿ ਚੁਬਾਰੇ ਸੋਂ ਨਿਤ ਮੋਰੀ ਮਹਿਂ ਮਰਿ ਹੈ ਪਛੁਤਾਤਿ।
ਜਿਸੇ ਛਪਾਯਹੁ ਚਾਹਤਿ ਹੋ ਅਬਿ ਸੋ ਬਿਦਤਹਿ ਸਭਿ ਮਹਿਂ ਭਲਿ ਭਾਂਤਿ॥੧੦॥

ਉਹ ਉਠ ਕੇ ਗੁਰੂ ਜੀ ਨੂੰ ਬੋਲਿਆ, "ਹੇ ਪ੍ਰਭੂ! ਇਹ ਗੱਲ ਹੁਣ ਛੁਪੀ ਨਾ ਰਹੇ। ਉਸ ਸ਼ਰਧਾਹੀਣ ਤੇ ਹੰਕਾਰੀ ਬਾਪ ਦੀ ਪੁੱਤਰੀ ਨੂੰ ਆਪਣੇ ਪੁੱਤਰ ਵਾਸਤੇ ਨਾ ਲਵੋ। ਚੁਬਾਰੇ ਨਾਲ ਟੱਕਰ ਕੇ ਫਿਰ ਮਰ ਕੇ ਮੋਰੀ ਵਿਚ ਹੀ ਡਿਗਦਾ ਹੈ, ਬਾਅਦ ਵਿਚ ਪਛਤਾਉਂਦਾ ਹੈ। ਜਿਸ ਗੱਲ ਨੂੰ ਛੁਪਾਉਣਾ ਚਾਹੁੰਦੇ ਹੋ ਉਹ ਹੁਣ ਸਾਰਿਆਂ ਵਿਚ ਭਲੀਭਾਂਤ ਪਰਗਟ ਹੋ ਗਈ ਹੈ॥ ੧੦॥

ਕੂਕਰ ਕੂਕਤਿ ਕੀ ਸਮ ਪਾਪੀ ਗਜਰਾਜਨਿ ਗੁਰੁ ਕਮੀ ਨ ਹੋਇ।
ਸਾਕਤਿ ਸੰਗ ਨ ਬਨਿ ਹੈ ਤੁਮ ਸੋਂ, ਇਮ ਬਿਚਾਰ ਕਰਿ ਤਜਾਗਹੁ ਸੋਇ'।
ਸੁਨਤਿ ਲੋਕ ਰਿਸ ਕਰਿ ਤਿਸ ਹਟਕਤਿ 'ਤੂਸ਼ਨਿ ਰਹੋ ਕਹੁ ਨ ਬਚ ਕੋਇ।
ਅਤਿ ਸ਼ਾਦੀ ਮਹਿਂ ਬਿਖ ਸਮ ਕਹਿਬੋ ਉਚਿਤ ਨ ਤੋਹਿ ਲੇਹੁ ਅਵਿਲੋਇ'॥੧੧॥

ਪਾਪੀ ਕੁੱਤੇ ਦੇ ਵਾਂਗ ਭੌਂਕਦਾ ਹੈ। ਗੁਰੂ ਜੀ ਨੂੰ ਕਿਸੇ ਗੱਲ ਦੀ ਘਾਟ ਨਹੀਂ ਹੈ, ਤੁਹਾਡੀ ਇਸ ਕੁੱਤੇ ਨਾਲ ਨਹੀਂ ਬਣੇਗੀ, ਇਸ ਤਰ੍ਹਾਂ ਵਿਚਾਰ ਕਰਕੇ ਇਹ ਰਿਸ਼ਤਾ ਛੱਡ ਦੇਵੋ।" ਇਹ ਸੁਣ ਕੇ ਲੋਕ ਗੁੱਸੇ ਵਿਚ ਆ ਕੇ ਉਸ ਨੂੰ ਰੋਕਣ ਲੱਗੇ, "ਚੁਪ ਰਹੋ, ਕੋਈ ਗੱਲ ਨਾ ਕਰ। ਇਸ ਖੁਸ਼ੀ ਦੇ ਮੌਕੇ ਜ਼ਹਿਰ ਸਮਾਨ ਗੱਲ ਕਰਦਾ ਹੈਂ, ਤੇਰੇ ਵਾਸਤੇ ਇਹ ਉਚਿਤ ਨਹੀਂ ਇਹ ਵੇਖ ਲਵੋ"॥ ੧੧॥

ਅੰਤਰਿਜਾਮੀ ਸ੍ਰੀ ਅਰਜਨ ਤਬਿ ਊਚੋ ਕਰਜੋ ਹਾਥ ਅਰਬਿੰਦ।
'ਧੀਰਜ ਧਰਹੁ ਕਰਹਿਂ ਹਮ ਐਸੇ ਬੈਠੇ ਗਾਵਹੁ ਗੁਨ ਗੋਬਿੰਦ'।
ਹੁਇ ਇਕੰਤ ਬਿਰਤੰਤ ਪਢਜੋ ਸਭਿ ਲਖੀ ਖੁਟਾਈ ਕੀਨਿ ਜੁਮੰਦ।
'ਸਭਿ ਸੰਗਤਿ ਕੋ ਇਹੀ ਮਨੋਰਥ ਨਹਿਂ ਨਾਤਾ ਲੀਜਹਿ ਜਗਬੰਦ !' ॥ ੧੨ ॥

ਫਿਰ ਅੰਤਰਜਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੱਥ ਉੱਚਾ ਕੀਤਾ ਅਤੇ ਕਿਹਾ, "ਧੀਰਜ ਧਾਰਨ ਕਰੋ, ਅਸੀਂ ਤੁਹਾਡੇ ਕਹੇ ਅਨੁਸਾਰ ਹੀ ਕਰਾਂਗੇ, ਤੁਸੀਂ ਬੈਠ ਕੇ ਪ੍ਰਭੂ ਦੇ ਗੁਣ ਗਾਵੋ।" ਫਿਰ ਇਕਾਂਤ ਵਿਚ ਜਾ ਕੇ ਬ੍ਰਿਤਾਂਤ ਪੜ੍ਹਿਆ ਤੇ ਉਸ ਦੀ ਖੋਟ ਨੂੰ ਸਮਝਿਆ ਜਿਹੜੀ ਉਸ ਭੈੜੀ ਮੱਤ ਵਾਲੇ ਚੰਦੂ ਨੇ ਕੀਤੀ ਸੀ, "ਸਭ ਸੰਗਤ ਦਾ ਇਹੋ ਮਨੋਰਥ ਹੈ ਕਿ ਹੇ ਪ੍ਰਭੂ ਇਹ ਰਿਸ਼ਤਾ ਨਾ ਲਵੋ" ॥ ੧੨ ॥

ਪਠਿ ਅਰਦਾਸ ਸਭਾ ਮਹਿਂ ਆਏ ਹੇਰਿ ਉਠੇ ਮਾਨਵ ਸਮੁਦਾਇ।
ਨਿਜ ਗਾਦੀ ਪਰ ਬੈਠਿ ਬਿਰਾਜੇ ਜਗਤ ਗੁਰੂ ਸਿੱਖਜਨਿ ਸੁਖਦਾਇ।
ਮਹਾਂਦੇਵ ਆਦਿਕ ਸੌਂ ਬੂਝਜੋ 'ਖੱਤ੍ਰੀ ਦੁਸ਼ਟ ਹੰਕਾਰ ਬਧਾਇ।
ਬੋਲ ਬਿਗਾਰ ਬਿਸਾਲ ਭਯੋ ਬਹੁ ਨਹਿਂ ਨਾਤੋ ਲੇਨੋ ਬਨਿ ਆਇ' ॥ ੧੩ ॥

ਦਿੱਲੀ ਦੀ ਸੰਗਤ ਦੀ ਬੇਨਤੀ ਨੂੰ ਪੜ੍ਹ ਕੇ ਫਿਰ ਸਭਾ ਵਿਚ ਆਏ, ਸਾਰੇ ਲੋਕ ਵੇਖ ਕੇ ਉਠ ਖਲੋਤੇ। ਫਿਰ ਜਗਤ ਗੁਰੂ ਜੀ ਆਪਣੀ ਗੱਦੀ ਤੇ ਬੈਠ ਗਏ ਜਿਹੜੇ ਆਪਣੇ ਸਿੱਖਾਂ ਨੂੰ ਸੁਖ ਦੇਣ ਵਾਲੇ ਹਨ। ਫਿਰ ਮਹਾਂਦੇਵ ਆਦਿਕ ਤੋਂ ਪੁਛਿਆ, "ਦੁਸ਼ਟ ਖੱਤਰੀ ਨੇ ਬਹੁਤ ਹੰਕਾਰ ਵਧਾਇਆ ਹੈ, ਉਸ ਨੇ ਬਹੁਤ ਬੋਲ ਵਿਗਾੜ ਕੀਤਾ ਹੈ ਤੇ ਹੁਣ ਸਾਡਾ ਰਿਸ਼ਤਾ ਲੈਣਾ ਨਹੀਂ ਬਣਦਾ ਹੈ" ॥ ੧੩ ॥

ਮਹਾਂਦੇਵ, ਬ੍ਰਿਧ, ਸਾਲੋ੍ ਆਦਿਕ ਸਭਿਨਿ ਸਲਾਹ ਦਈ ਤਿਸ ਭਾਇ।
'ਰਾਵਰ ਜਾਨਤਿ ਮੂਢ ਗੁਮਾਨੀ ਤਿਹ ਸਬੰਧ ਨੀਕੋ ਨ ਸੁਹਾਇ'।
ਗ੍ਰੇਹ ਅਭਿਖੇਕਤਿ ਬੋਲਜੋ ਪਾਂਧਾ 'ਸੁੰਦਰ ਸਮੋ ਨ ਇਹ ਬਿਤ ਜਾਇ।
ਤਿਲਕ ਕਰਾਵਹੁ ਅਬਿ ਨਿਜ ਸੁਤ ਕੋ ਬਨਹਿ ਸਬੰਧ ਬਿਘਨ ਬਿਨਸਾਇ ॥੧੪ ॥

ਬਾਬਾ ਮਹਾਂਦੇਵ, ਬਾਬਾ ਬੁੱਢਾ ਜੀ, ਭਾਈ ਸਾਲੋ ਜੀ ਆਦਿ ਸਾਰਿਆਂ ਨੇ ਏਸੇ ਪ੍ਰਕਾਰ ਦੀ ਸਲਾਹ ਦਿੱਤੀ, "ਆਪ ਜੀ ਜਾਣਦੇ ਹੋ ਕਿ ਉਹ ਬਹੁਤ ਹੰਕਾਰੀ ਹੈ, ਉਸ ਨਾਲ ਬਣਾਇਆ ਸੰਬੰਧ ਚੰਗੀ ਸ਼ੋਭਾ ਨਹੀਂ ਪਾਵੇਗਾ।" ਪੂਜਾ ਕਰਵਾਉਣ ਵਾਲਾ ਬ੍ਰਾਹਮਣ ਬੋਲਿਆ, "ਇਹ ਸੁੰਦਰ ਸਮਾਂ ਹੁਣ ਬੀਤ ਨਾ ਜਾਇ, ਆਪਣੇ ਪੁੱਤਰ ਨੂੰ ਹੁਣ ਤਿਲਕ ਲਵਾਵੋ, ਸਭ ਵਿਘਨ ਨਾਸ਼ ਹੋ ਜਾਣਗੇ ਅਤੇ ਸੰਬੰਧ ਜੁੜ ਜਾਣਗੇ ॥ ੧੪ ॥

ਦਿਹੁ ਆਇਸੁ ਦਿਜ ਕਰਹਿ ਸਗੁਨ ਕੋ ਸਭਿ ਕੀ ਲਾਲਸ ਪੂਰੀ ਹੋਇ'।
ਭਏ ਬਿਰੁਖ ਸ੍ਰੀ ਅਰਜਨ ਬੋਲੇ 'ਤਿਸਕੀ ਸਮਤਾ ਹਮੈਂ ਨ ਜੋਇ।
ਲੈਬੋ ਉਚਿਤ ਨਹੀਂ ਇਹ ਨਾਤਾ ਜਾਤਿ ਦਰਬ ਹੰਕਾਰੀ ਸੋਇ।
ਊਚੋ ਬਨਜੋ ਚੁਬਾਰਾ ਮਦ ਤੇ ਚਹੁੰਦਿਸ਼ਿ ਤੇ ਦੁਖ ਦੇ ਸਭਿ ਕੋਇ ॥ ੧੫ ॥

ਹੁਣ ਆਗਿਆ ਦੇਵੋ ਸ਼ਗਨ ਦੀ ਰਸਮ ਨੂੰ ਆਰੰਭ ਕਰੀਏ ਅਤੇ ਸਾਰਿਆਂ ਦੀ ਲਾਲਸਾ ਨੂੰ ਪੂਰਾ ਕਰੀਏ। ਬੜੀ ਬੇਰੁਖੀ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਬੋਲੇ, "ਉਸਦੀ ਸਾਥੋਂ ਬਰਾਬਰੀ ਨਹੀਂ ਕੀਤੀ ਜਾ ਸਕਦੀ। ਇਹ ਰਿਸ਼ਤਾ ਲੈਣਾ ਉਚਿਤ ਨਹੀਂ ਹੈ, ਉਹ ਜਾਤ ਅਤੇ ਧਨ ਦਾ ਬਹੁਤ ਹੰਕਾਰੀ ਹੈ। ਧਨ ਦੇ ਨਸ਼ੇ ਵਿਚ ਉਹ ਉਚਾ-ਚੁਬਾਰਾ ਬਣਿਆ ਹੈ। ਚਾਰੇ ਪਾਸਿਆਂ ਤੋਂ ਹਰ ਇਕ ਨੂੰ ਦੁੱਖ ਦੇਵੇਗਾ ॥ ੧੫ ॥

ਜੋ ਊਚੋ ਤਿਹ ਗਿਰਬੇ ਕੋ ਡਰੁ, ਪਰਹਿ ਗਾਜ ਜਰ ਰਹੈ ਨ ਜਾਇ।
ਹਮ ਸਮ ਹਮ ਕੋ ਆਨਿ ਮਿਲਹਿ ਕੋ, ਬਨਹੁ ਚੁਬਾਰਾ ਭਾਲ ਭਨਾਇ।
ਸਤਿਗੁਰੁ ਕੋ ਘਰ ਮਾਣ ਨਿਮਾਣਿਨਿ ਮਾਨੀ ਜਬਿ ਕਬਿ ਲਹੈ ਸਜਾਇ।
ਨੰਮ੍ਰਿ ਹੋਇ ਨੰਮ੍ਰਨਿ ਸੋਂ ਮਿਲਿ ਹੈ, ਦੁਹਿ ਦਿਸ਼ਿ ਰਸ ਰਹਿ, ਪ੍ਰਮੁਦ ਉਪਾਇ ॥੧੬॥

ਜਿਹੜਾ ਬਹੁਤਾ ਉਚਾ ਹੁੰਦਾ ਹੈ, ਉਸ ਨੂੰ ਡਿੱਗਣ ਦਾ ਵੀ ਡਰ ਹੁੰਦਾ ਹੈ ਅਤੇ ਬਿਜਲੀ ਪਿਆਂ ਉਹ ਸੜਨੋਂ ਨਹੀਂ ਬਚ ਸਕਦਾ। ਕੋਈ ਸਾਡੇ ਬਰਾਬਰ ਦਾ ਸਾਨੂੰ ਆ ਕੇ ਮਿਲੇ, ਤੁਸੀਂ ਮੱਥਾ ਭੰਨਵਾ ਕੇ ਚੁਬਾਰਾ ਬਣੋ। ਸਤਿਗੁਰੂ ਦਾ ਘਰ ਨਿਮਾਣਿਆਂ ਦਾ ਮਾਣ ਹੈ, ਹੰਕਾਰੀ ਜਦ ਕਦ ਸਜ਼ਾ ਹੀ ਲੈਂਦਾ ਹੈ। ਨਿੰਮਰ ਹੋ ਕੇ ਨਿੰਮਰ ਨੂੰ ਮਿਲਦਾ ਹੈ, ਫਿਰ ਦੋਵੇਂ ਪਾਸੀਂ ਰਸ ਰਹਿੰਦਾ ਹੈ ਅਤੇ ਬੜੀ ਪ੍ਰਸੰਨਤਾ ਪੈਦਾ ਹੁੰਦੀ ਹੈ"॥ ੧੬॥

ਸਤਿਗੁਰੁ ਗਿਰਾ ਜ੍ਵਾਲ ਸੀ ਨਿਕਸੀ ਸਫਲ ਸਤੇਜ ਪ੍ਰਕਾਸ਼ ਬਿਸਾਲ।
ਨਰ ਨਾਰਨਿ ਕੋ ਹਰਖ ਸੁ ਕਾਨਨ ਸੁਨਤਿ ਦਿਯੋ ਇਕ ਛਿਨ ਮਹਿਂ ਜਾਲ।
ਰਿਦੇ ਬਿਸਮ ਇਹ ਭਈ ਕਹਾਂ ਗਤਿ! ਕਹਾ ਕਰਤੇ ਕਹਾ ਬਰਤੀ ਚਾਲ!।
ਕਮਲ ਬਾਟਿਕਾ ਹੁਤੇ ਲਗਾਵਤਿ ਉਦੇ ਕੰਟਕਾ ਬਿਰੀ ਸਡਾਲ॥ ੧੭॥

ਸਤਿਗੁਰੂ ਜੀ ਦੇ ਬਚਨ ਅਗਨੀ ਵਾਂਗ ਨਿਕਲੇ, ਜਿਨ੍ਹਾਂ ਦਾ ਸ੍ਰੇਸ਼ਟ ਤੇਜ ਅਤੇ ਵਿਸ਼ਾਲ ਪ੍ਰਕਾਸ਼ ਸੀ। ਇਸਤਰੀਆਂ ਪੁਰਸ਼ਾਂ ਵਾਸਤੇ ਉਹ ਪ੍ਰਸੰਨਤਾ ਰੂਪੀ ਵਣ ਸਨ, ਪਰ ਚੰਦੂ ਬਾਰੇ ਸੁਣ ਕੇ ਇਕ ਖਿਣ ਵਿਚ ਪ੍ਰਸੰਨਤਾ ਰੂਪੀ ਵਣ ਨੂੰ ਸਾੜ ਦਿੱਤਾ, ਸਾਰੇ ਵੇਖ ਕੇ ਹੈਰਾਨ ਰਹਿ ਗਏ, ਇਹ ਕੀ ਗਤ ਬਣੀ ਹੈ, ਕੀ ਕਰ ਰਹੇ ਸੀ ਤੇ ਕੀ ਭਾਣਾ ਵਰਤ ਗਿਆ ਹੈ ? ਕੰਵਲਾਂ ਦੀ ਬਗੀਚੀ ਲਾ ਰਹੇ ਸੀ, ਉਸ ਵਿਚ ਕੰਡੇਦਾਰ ਝਾੜੀਆਂ ਉਗ ਪਈਆਂ ਹਨ॥ ੧੭॥

ਉਗਵਨਿ ਲਗੀ ਅਨੰਦ ਬੇਲਿ ਇਹ ਕਿਸ ਗਜ ਨੇ ਮਰਦੀ ਤਤਕਾਲ!।
ਸਭਿ ਇਸਤ੍ਰਿਨਿ ਕੋ ਭਯੋ ਭੰਗ ਮਨ, ਤਜਿ ਗਾਵਨਿ ਚਹਿ ਸੁਨਯੋ ਉਤਾਲ।
ਬਾਦਤ ਬਜਤਿ ਥਿਰੇ ਇਕ ਬਾਰੀ ਕੋ ਬੂਝਤਿ ਕੋ ਭਾਖਤਿ ਹਾਲ।
'ਸ਼ਾਹੁ ਦਿਵਾਨ ਦਰਪ ਕੋ ਉਰ ਧਰਿ ਗੁਰੁ ਲਘੁ ਕਹਿ ਨਿਜ ਬਨਯੋ ਬਿਸਾਲ॥੧੮॥

ਇਹ ਅਨੰਦ ਰੂਪੀ ਵੇਲ ਉਗਣ ਲੱਗੀ ਸੀ, ਕਿਸ ਹਾਥੀ ਨੇ ਇਹ ਤੁਰੰਤ ਮਲ ਦਿੱਤੀ ਹੈ। ਸਭ ਇਸਤਰੀਆਂ ਦਾ ਮਨ ਭੰਗ ਹੋ ਗਿਆ। ਗਾਉਣਾ ਵਿਚੇ ਛੱਡ ਕੇ, ਉਨ੍ਹਾਂ ਨੇ ਬੜੀ ਬੇਸਬਰੀ ਨਾਲ ਸੁਣਿਆ। ਇਕ ਵਾਰੀ ਵਾਜੇ ਵੱਜਣੇ ਬੰਦ ਹੋ ਗਏ, ਕੋਈ ਪੁੱਛ ਰਿਹਾ ਸੀ, ਕੋਈ ਹਾਲ ਦੱਸ ਰਿਹਾ ਸੀ "ਬਾਦਸ਼ਾਹ ਦੇ ਦੀਵਾਨ ਨੇ ਧਨ ਦਾ ਹੰਕਾਰ ਧਾਰ ਕੇ ਗੁਰੂ ਜੀ ਨੂੰ ਛੋਟਾ ਕਿਹਾ ਹੈ ਅਤੇ ਆਪ ਵੱਡਾ ਬਣਿਆ ਹੈ॥ ੧੮॥

ਅਬਿ ਸੁਧਿ ਪਾਇ ਬਿਰਖ ਗੁਰੁ ਹੋਏ, ਨਹਿਂ ਨਾਤਾ ਤਿਹ ਸੁਤਾ ਮਨੰਤਿ।
ਰਹੇ ਬੈਠਿ ਲਾਗੀ ਚਿਤ ਚਿੰਤਾ ਇਮ ਕੁਸੂਤ ਬਰਤਯੋ ਦੁਖਵੰਤਿ।
ਬਿਸਮੇ ਨਰ ਨਾਰੀ ਤਜਿ ਹਰਖਨਿ ਚੰਦੂ ਕੋ ਸਭਿ ਖੋਟ ਭਨੰਤਿ।
'ਕਾਰਨ ਕਰਣ ਗੁਰੂ ਸਮਰੱਥੰ ਇਨ ਕੀ ਸਮਤਾ ਕੁਤੋ ਚਹੰਤਿ॥ ੧੯॥

ਹੁਣ ਖਬਰ ਮਿਲਣ ਤੇ ਗੁਰੂ ਜੀ ਨੇ ਮੁਖ ਮੋੜ ਲਿਆ ਹੈ, ਨਹੀਂ ਤਾਂ ਉਸਦੀ ਪੁੱਤਰੀ ਨਾਲ ਨਾਤਾ ਕਰਨਾ ਮੰਨਦੇ ਸਨ, ਲਾਗੀ ਬੜੀ ਚਿੰਤਾ ਵਿਚ ਡੁੱਬੇ ਬੈਠੇ ਹਨ, ਇਸ ਤਰ੍ਹਾਂ ਬੜਾ ਦੁਖਦਾਇਕ ਉਲਟ ਫੇਰ ਹੋਇਆ ਹੈ।" ਸਾਰੇ ਨਰ ਨਾਰੀਆਂ ਖੁਸ਼ੀਆਂ ਨੂੰ ਛੱਡ ਕੇ ਹੈਰਾਨ ਹੋ ਰਹੇ ਸਨ ਅਤੇ ਸਾਰੇ ਚੰਦੂ ਨੂੰ ਖੋਟਾ ਕਹਿ ਰਹੇ ਹਨ। "ਗੁਰੂ ਜੀ ਕਾਰਣ ਕਰਣ, ਸਭ ਤਰ੍ਹਾਂ ਸਮਰੱਥ ਹਨ, ਉਨ੍ਹਾਂ ਦੀ ਬਰਾਬਰੀ ਕਿਵੇਂ ਚਾਹੁੰਦਾ ਹੈ॥ ੧੯॥

ਗਰਬ ਕਹਾਂ ਇਨ ਆਗੈ ਤਿਸਿ ਕੋ, ਕਹੇ ਬਾਕ ਸੁਖ ਦੁਖ ਨਰ ਪਾਇ।
ਪਾਤਸ਼ਾਹ ਕੋ ਰੰਕ ਕਰਹਿਂ ਦ੍ਰਤਿ ਰੰਕ ਸ਼ਾਹ ਕੀ ਪਦਵੀ ਪਾਇ।
ਅਜ਼ਮਤਿ ਅਜਰ ਜਰੀ ਉਰ ਅੰਤਰ ਨਹਿਂ ਕਾਹੂ ਸੌਂ ਕਰਹਿਂ ਲਖਾਇ।
ਜਿਨ ਕੋ ਸੇਵਕ ਸਕਲ ਸ਼ਕਤਿ ਜੁਤਿ ਜਿਮ ਚਾਹੇ ਤਿਮ ਲੇਤਿ ਬਨਾਇ॥੨੦॥

ਉਸਦਾ ਹੰਕਾਰ ਇਨ੍ਹਾਂ ਸਾਹਮਣੇ ਕੀ ਹੈ? ਗੁਰੂ ਜੀ ਦੇ ਬਚਨ ਕਰਨ ਨਾਲ ਮਨੁੱਖ ਦੁਖ ਸੁਖ ਪਾਉਂਦੇ ਹਨ। ਇਹ ਬਾਦਸ਼ਾਹ ਨੂੰ ਰੰਕ ਬਣਾ ਦਿੰਦੇ ਹਨ ਤੇ ਰੰਕ ਛੇਤੀ ਹੀ ਬਾਦਸ਼ਾਹ ਦੀ ਪਦਵੀ ਪਾ ਲੈਂਦਾ ਹੈ, ਵੱਡੀ ਕਰਾਮਾਤ ਵਾਲੇ ਹਨ, ਪਰ ਨਾ ਜਰੇ ਜਾਣ ਵਾਲੇ ਨੂੰ ਵੀ ਹਿਰਦੇ ਵਿਚ ਜਰਦੇ ਹਨ, ਕਿਸੇ ਨੂੰ ਵਿਖਾਉਂਦੇ ਨਹੀਂ। ਜਿਨ੍ਹਾਂ ਦੇ ਸੇਵਕ ਹੀ ਸਰਬ ਸ਼ਕਤੀਮਾਨ ਹਨ, ਜਿਵੇਂ ਚਾਹੁਣ ਉਸ ਤਰ੍ਹਾਂ ਹੀ ਬਣਾ ਲੈਂਦੇ ਹਨ॥ ੨੦॥

ਸ਼੍ਰੀ ਨਾਨਕ ਕੋ ਮਹਾਂ ਪ੍ਰਤਾਪ ਜੁ ਸੂਰਜ ਸਮ ਜਗ ਬਿਦਤਿ ਪ੍ਰਕਾਸ਼।
ਚੰਦੂ ਪੇਚਕ ਸੋ ਨਹਿਂ ਜਾਨਜੋ ਬੁੱਧ ਬਿਲੋਚਨ ਮੰਦ ਮਹਾਂ ਸੁ।
ਨਿਜ ਮਹਿਂ ਚਮਕ ਜੀਂਗਨਾ ਜੈਸੇ ਰਵਿ ਕੋ ਨਿੰਦੈ ਧਰਹਿ ਹੁਲਾਸ।
ਤੈਸੇ ਜਾਨਿ ਪਰੈ ਸੋ ਮੂਰਖ ਚਾਹਿਸਿ ਅਪਨੋ ਕਰਜੋ ਬਿਨਾਸ਼॥ ੨੧॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਂਪ੍ਰਤਾਪ ਸੀ, ਜਿਨ੍ਹਾਂ ਦਾ ਪ੍ਰਕਾਸ਼ ਸੂਰਜ ਸਮਾਨ ਸਾਰੇ ਪ੍ਰਗਟ ਸੀ। ਚੰਦੂ ਉਲੂ ਉਸ ਪ੍ਰਕਾਸ਼ ਨੂੰ ਜਾਣ ਨਾ ਸਕਿਆ, ਉਸ ਦੇ ਬੁਧੀ ਰੂਪੀ ਨੈਣ ਪੂਰਨ ਤੌਰ ਤੇ ਬੰਦ ਹਨ। ਉਸ ਦੀ ਆਪਣੀ ਲੋਅ ਇਕ ਜੁਗਨੂੰ ਜਿੰਨੀ ਹੈ ਤੇ ਪ੍ਰਸੰਨ ਹੋ ਕੇ ਸੂਰਜ ਦੀ ਨਿੰਦਿਆ ਕਰਦਾ ਸੀ। ਇਸ ਤਰ੍ਹਾਂ ਉਹ ਵੱਡਾ ਮੂਰਖ ਲੱਗਦਾ ਹੈ, ਉਹ ਆਪਣਾ ਸਰਬਨਾਸ਼ ਕਰਵਾਉਣਾ ਚਾਹੁੰਦਾ ਹੈ"॥ ੨੧॥

ਇਮ ਚਰਚਾ ਲੋਕਨਿ ਮਹਿਂ ਬਿਥਰੀ ਦਿਜ ਲਾਗੀ ਨੇ ਕਹਜੋ ਸੁਨਾਇ।
'ਸ੍ਰੀ ਗੁਰੁ ਤਜਹੁ ਕ੍ਰੋਧ ਤੁਮ ਸਜਾਨੇ ਜਿਸ ਕੀ ਸੁਤਾ ਆਪ ਕੇ ਆਇ।
ਕਹਾਂ ਹੰਕਾਰ ਕਰਹਿਗੋ ਤੁਮ ਸੌਂ ਕਰ ਜੋਰਹਿ ਅਰੁ ਸੀਸ ਨਿਵਾਇ।
ਛਿਮਾ ਕਰਾਵਹਿ ਉਚੇ ਜਾਨਹਿ ਪਿਤਾ ਸੁਤਾ ਕੋ ਇਮ ਬਨਿ ਆਇ॥੨੨॥

ਇਸ ਤਰ੍ਹਾਂ ਚਰਚਾ ਲੋਕਾਂ ਵਿਚ ਫੈਲ ਗਈ, ਬ੍ਰਾਹਮਣ ਲਾਗੀ ਨੇ ਸੁਣਾ ਕੇ ਕਿਹਾ, "ਹੇ ਗੁਰੂ ਜੀ! ਕ੍ਰੋਧ ਨੂੰ ਛੱਡੋ, ਜਿਸ ਦੀ ਪੁੱਤਰੀ ਆਪ ਜੀ ਦੇ ਘਰ ਆਏਗੀ, ਉਹ ਕਿਵੇਂ ਹੰਕਾਰ ਕਰੂਗਾ, ਤੁਹਾਡੇ ਅੱਗੇ ਹੱਥ ਜੋੜੇਗਾ ਅਤੇ ਸੀਸ ਨਿਵਾਏਗਾ। ਤੁਹਾਨੂੰ ਉਚਾ ਜਾਣ ਕੇ ਪੁੱਤਰੀ ਦੇ ਪਿਤਾ ਪਾਸੋਂ ਮੁਆਫੀ ਮੰਗਵਾਵਾਂਗੇ, ਪੁੱਤਰੀ ਦੇ ਪਿਤਾ ਨੂੰ ਜਿਵੇਂ ਬਣਦਾ ਹੈ॥ ੨੨॥

ਕਿਤੋ ਬਡੋ ਹੁਇ ਤਨੀਯਾਂਪਿਤ ਜੋ, ਨੀਂਮ੍ਰ ਹੋਨਿ ਹੀ ਜਦ ਕਦ ਜਾਨਿ।
ਨਰ ਰੰਕਨਿ ਕੇ ਕਹੇ ਨ ਹਟਿਯੇ ਨਾਤਾ ਲੇਹੁ ਬਡੇ ਸੋ ਥਾਨਿ।
ਲਛਮੀ ਆਇ ਕਿਵਾਰ ਨ ਦੀਜਹਿ ਰਿਦੇ ਅਨੰਦ ਧਰਿ ਲਿਹੁ ਸਨਮਾਨ।
ਸ਼ਾਹ ਦਿਵਾਨ ਮਹਾਨ ਧਨੀ ਸੋ ਉੱਤਮ ਜਾਤਿ ਇਤੇ ਗੁਨ ਮਾਨਿ॥ ੨੩॥

ਜੋ ਪੁੱਤਰੀ ਦਾ ਪਿਤਾ ਵੱਡਾ ਹੋਵੇ, ਉਹ ਨਿੰਮਰ ਹੋਣ ਬਾਰੇ ਹਰ ਵੇਲੇ ਜਾਣਦਾ ਹੈ। ਲੋਕਾਂ ਦੇ ਕਹੇ 'ਤੇ ਇਹ ਨਾਤਾ ਨਾ ਹਟਾਵੋ, ਤੁਸੀਂ ਨਾਤਾ ਲੈ ਕੇ ਵੱਡੇ ਥਾਂ ਬਣੇ ਰਹੋ। ਜੇ ਲਛਮੀ ਕਵਾੜ ਖੋਲ੍ਹ ਕੇ ਆਏ ਤਾਂ ਹਿਰਦੇ ਵਿਚ ਆਨੰਦ ਧਾਰਨ ਕਰਕੇ ਆਦਰ ਸਹਿਤ ਪ੍ਰਾਪਤ ਕਰੋ। ਬਾਦਸ਼ਾਹ ਦਾ ਦੀਵਾਨ ਮਹਾਨ ਧਨੀ ਹੈ। ਉਸਦੀ ਜਾਤ ਬੜੀ ਉਤਮ ਹੈ ਅਤੇ ਬੜੇ ਗੁਣਮਾਣ ਵਾਲਾ ਵਿਅਕਤੀ ਹੈ"॥ ੨੩॥

ਸ੍ਰੀ ਅਰਜਨ ਕਹਿਂ 'ਤਿਸ ਕੇ ਧਨ ਤੇ ਹਮ ਨਹਿਂ ਧਨੀ ਬਨਹਿਂ ਕਿਸ ਭਾਇ।
ਚੰਦੂ ਕੈ ਸਮ ਹੋਇ ਸੁ ਲੈਹੇ ਖੋਜਹੁ ਜਗ ਮਹਿਂ ਦੇਹੁ ਪਠਾਇ।
ਹਮੈਂ ਗਰੀਬ ਆਨ ਕੋ ਮਿਲਿ ਹੈ ਜਿਸ ਮਹਿ ਹੋਹਿ ਨ ਗਰਬ ਬਲਾਇ।
ਮਿਲਿ ਸੁਖ ਪਾਵੈਂ ਨਿਤ ਹਰਖਾਵੈਂ ਜਹਿਂ ਹੰਕਾਰ ਨਹੀਂ ਦੁਖਦਾਇ' ॥ ੨੪ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਉਸ ਦੇ ਧਨ ਨਾਲ ਅਸੀਂ ਕਿਸੇ ਤਰ੍ਹਾਂ ਵੀ ਧਨੀ ਨਹੀਂ ਬਣਾਂਗੇ। ਚੰਦੂ ਦੇ ਜਿਹੜਾ ਬਰਾਬਰ ਹੋਵੇਗਾ, ਉਹੀ ਰਿਸ਼ਤਾ ਲਵੇਗਾ, ਜੱਗ ਵਿਚ ਸੇਵਕ ਭੇਜ ਕੇ ਐਸੇ ਵਿਅਕਤੀ ਦੀ ਖੋਜ ਕਰੋ। ਸਾਨੂੰ ਕੋਈ ਗਰੀਬ ਆ ਕੇ ਮਿਲ ਪਵੇਗਾ, ਜਿਸ ਵਿਚ ਹੰਕਾਰ ਰੂਪੀ ਬਲਾ ਨਹੀਂ ਹੋਵੇਗੀ, ਮਿਲ ਕੇ ਸੁਖ ਪਾਵਾਂਗੇ ਤੇ ਸਦਾ ਪ੍ਰਸੰਨ ਰਹਾਂਗੇ ਜਿਥੇ ਦੁਖਦਾਇਕ ਹੰਕਾਰ ਨਹੀਂ ਹੋਵੇਗਾ" ॥ ੨੪ ॥

ਦੋਹਰਾ- ਸਤਿਗੁਰੁ ਕੋ ਰੁਖ ਦੇਖਿ ਕੈ ਸਭਿ ਸੰਗਤਿ ਭਈ ਮੌਨ।
ਸਾਕਤ ਸੁਤਾ ਨ ਲੇਹਿਂਗੇ, ਨਹਿਂ ਸ਼ਰਧਾ ਗੁਰੁ ਭੌਨ ॥ ੨੫ ॥

ਸਤਿਗੁਰੂ ਜੀ ਦਾ ਰੁਖ ਵੇਖ ਕੇ ਸਾਰੀ ਸੰਗਤ ਚੁਪ ਹੋ ਗਈ। ਪਤਿਤ ਦੀ ਪੁੱਤਰੀ ਦਾ ਅਸੀਂ ਰਿਸ਼ਤਾ ਨਹੀਂ ਲਵਾਂਗੇ, ਜਿਸ ਦੀ ਗੁਰੂ ਘਰ ਵਿਚ ਸ਼ਰਧਾ ਹੀ ਨਹੀਂ ਹੈ ॥ ੨੫ ॥

*ਚੌਥੀ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ ॥ ੫ ॥*

## ਅਧਿਆਇ ਛੇਵਾਂ

### *ਦੋ ਸਗਾਈਆਂ ਇਕੱਠੀਆਂ ਹੋਈਆਂ*

ਦੋਹਰਾ- ਕਹਨਿ ਸੁਨਨਿ ਬਹੁ ਤਬਿ ਭਯੋ ਠਹਿਰਯੋ ਅੰਤਿ ਮਤੰਤ।
'ਨਹਿਂ ਨਾਤਾ ਹਮ ਲੇਇ ਹੈਂ ਹੰਕਾਰੀ ਕੁਲਵੰਤ' ॥ ੧ ॥

ਕਹਿਣਾ ਸੁਣਨਾ ਬਹੁਤ ਹੋਇਆ, ਅੰਤ ਗੁਰੂ ਜੀ ਨੇ ਇਹ ਫੈਸਲਾ ਕੀਤਾ, "ਅਸੀਂ ਕੁਲ ਦਾ ਹੰਕਾਰ ਕਰਨ ਵਾਲੇ ਦਾ ਰਿਸ਼ਤਾ ਨਹੀਂ ਲਵਾਂਗੇ" ॥ ੧ ॥

ਚੌਪਈ- ਦਿਜ ਨਾਈ ਸੁਨਿ ਜੁਗਲ ਬਿਸੂਰਤਿ। ਜਨੁ ਚਿੰਤਾ ਇਹ ਧਾਰੀ ਮੂਰਤਿ।
ਕਹਿ ਬਹੁ ਰਹੇ ਨਹੀਂ ਗੁਰੁ ਮਾਨੀ। ਕਹਿਬੋ ਸੰਗਤਿ ਕੋ ਪ੍ਰਿਯ ਜਾਨੀ ॥ ੨ ॥

ਬ੍ਰਾਹਮਣ ਅਤੇ ਨਾਈ ਦੋਵੇਂ ਸੁਣ ਕੇ ਬਹੁਤ ਫਿਕਰਮੰਦ ਹੋ ਗਏ, ਜਿਵੇਂ ਚਿੰਤਾ ਨੇ ਆਪ ਹੀ ਆਪਣੀ ਮੂਰਤ ਧਾਰਨ ਕਰ ਲਈ ਹੋਵੇ। ਬਹੁਤ ਕਹਿ ਰਹੇ, ਪਰ ਗੁਰੂ ਜੀ ਨਾ ਮੰਨੇ, ਸੰਗਤ ਦੇ ਕਹੇ ਹੋਏ ਨੂੰ ਬੜਾ ਪਿਆਰਾ ਜਾਣਿਆ ॥ ੨ ॥

ਜਬਿ ਸ੍ਰੀ ਅਰਜਨ ਦੇਵ ਉਚਾਰਾ। 'ਹਮਹਿ ਮਿਲਹਿ ਕੋ ਨਿਰਹੰਕਾਰਾ'।
ਡੱਲੇ ਕੇ ਵਾਸੀ ਸਿਖ ਬੈਸੇ। ਸੁਨਜੋ ਬਖਾਨਜੋ ਸਤਿਗੁਰ ਜੈਸੇ ॥ ੩ ॥

ਜਦ ਗੁਰੂ ਜੀ ਨੇ ਇਸ ਤਰ੍ਹਾਂ ਉਚਾਰਨ ਕੀਤਾ, "ਸਾਨੂੰ ਕੋਈ ਹੰਕਾਰ ਰਹਿਤ ਮਿਲ ਜਾਵੇਗਾ" ਤਾਂ ਉਥੇ ਕੁਝ ਡੱਲੇ ਦੇ ਰਹਿਣ ਵਾਲੇ ਸਿੱਖ ਬੈਠੇ ਸਨ, ਜਿਨਾਂ ਸੁਣਿਆ ਜਿਵੇਂ ਸਤਿਗੁਰ ਜੀ ਨੇ ਕਿਹਾ ਸੀ ॥ ੩ ॥

ਸ੍ਰੀ ਗੁਰੁ ਅਮਰਦਾਸ ਕੇ ਪਾਸਿ। ਭਾਈ ਪਾਰੋ ਭਯੋ ਪ੍ਰਕਾਸ਼।
ਜਨਮਜੋ ਤਿਸਕੇ ਬੰਸ ਮਝਾਰੇ। ਨਾਮ ਨਰਾਇਣਦਾਸ ਉਚਾਰੇ॥ ੪॥

ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਭਾਈ ਪਾਰੋ ਜੀ ਰਿਹਾ ਕਰਦੇ ਸਨ। ਉਨ੍ਹਾਂ ਦੀ ਕੁਲ ਵਿਚ ਨਰਾਇਣ ਦਾਸ ਨਾਮੀਂ ਸਿੱਖ ਪੈਦਾ ਹੋਏ ਸਨ॥ ੪॥

ਕ੍ਰਿਪਾ ਦ੍ਰਿਸ਼ਟਿ ਸਿੱਖਨਿ ਦਿਸ਼ ਜਾਨੀ। ਨਿਜ ਮਨ ਮਹਿਂ ਗਿਨਤੀ ਤਬਿ ਠਾਨੀ।
ਸੁਤਾ ਸਪਤ ਸੰਮਤ ਕੀ ਮੇਰੀ। ਨਾਤਾ ਦੇਊਂ ਜਿ ਨਹਿਂ ਗੁਰੁ ਫੇਰੀ॥ ੫॥

ਜਦ ਉਸ ਗੁਰੂ ਜੀ ਦੀ ਕ੍ਰਿਪਾ-ਦ੍ਰਿਸ਼ਟੀ ਸਿੱਖਾਂ ਪ੍ਰਤਿ ਜਾਣੀ ਤਾਂ ਉਸ ਆਪਣੇ ਮਨ ਵਿਚ ਗਿਣਤੀ ਗਿਣੀ। "ਮੇਰੀ ਪੁੱਤਰੀ ਸੱਤ ਸਾਲ ਦੀ ਹੈ, ਮੈਂ ਰਿਸ਼ਤਾ ਦੇਣ ਨੂੰ ਤਿਆਰ ਹਾਂ, ਜੇ ਗੁਰੂ ਜੀ ਅਪ੍ਰਵਾਨ ਨਾ ਕਰਨ॥ ੫॥

ਨਿਰਹੰਕਾਰ ਗਰੀਬ ਜਿ ਹੋਇ। ਦੇ ਨਾਤਾ ਹਮ ਲੈਹੈਂ ਸੋਇ।
ਇਮ ਸ੍ਰੀ ਗੁਰੁ ਨੇ ਬਾਕ ਬਖਾਨਾ। ਸਫਲਹਿ ਸੋਇ ਹੋਇ ਨਹਿਂ ਹਾਨਾ॥ ੬॥

ਗੁਰੂ ਜੀ ਨੇ ਕਿਹਾ ਹੈ ਕਿ ਨਿਰਹੰਕਾਰ ਜੇ ਕੋਈ ਗਰੀਬ ਵੀ ਹੋਵੇ ਜੋ ਉਹ ਰਿਸ਼ਤਾ ਦੇਵੇ ਤਾਂ ਅਸੀਂ ਲੈਣ ਨੂੰ ਤਿਆਰ ਹਾਂ। ਇਸ ਤਰ੍ਹਾਂ ਗੁਰੂ ਜੀ ਨੇ ਬਚਨ ਕੀਤੇ ਹਨ, ਇਹੋ ਬਚਨ ਸਫਲ ਹੋਣਗੇ ਇਨ੍ਹਾਂ ਨੂੰ ਕੋਈ ਮੇਟ ਨਹੀਂ ਸਕਦਾ॥ ੬॥

ਕਹੌਂ ਅਬਹਿ ਬਿਚ ਸਕਲ ਸਮਾਜਾ। ਸ੍ਰੀ ਸਤਿਗੁਰੁ ਰਾਖਹਿਂ ਮਮ ਲਾਜਾ।
ਇਸ ਜਗ ਮਹਿਂ ਤੌ ਅਹੈ ਸੁਹੇਲੀ। ਬਿਚ ਪ੍ਰਲੋਕ ਕੇ ਰਖਨਿ ਦੁਹੇਲੀ॥ ੭॥

ਹੁਣ ਮੈਂ ਸਾਰੀ ਸਿੱਖ ਸੰਗਤ ਵਿਚ ਕਹਿੰਦਾ ਹਾਂ, ਸ੍ਰੀ ਗੁਰੂ ਜੀ ਮੇਰੀ ਲਾਜ ਰੱਖਣਗੇ। ਇਸ ਜੱਗ ਵਿਚ ਤੁਸੀਂ ਹੀ ਮੇਰੀ ਲਾਜ ਰੱਖਣੀ ਹੈ ਅਤੇ ਪਰਲੋਕ ਵਿਚ ਵੀ ਦੁਖਾਂ ਤੋਂ ਰਖਿਆ ਕਰਨੀ ਹੈ॥ ੭॥

ਰਾਖਹਿਂ ਤਹਾਂ ਸਹਾਇਕ ਹੋਇਂ। ਬਿਦਤਿ ਬਾਤ ਕੁਛ ਛਪੀ ਨ ਸੋਇ।
ਯਾਂ ਤੇ ਸਤਿਗੁਰੁ ਪਰ ਭਰਵਾਸਾ। ਪੂਰਨਿ ਕਰਹਿਂ ਸੋਹਿ ਮਨ ਆਸਾ॥ ੮॥

ਓਥੇ ਵੀ ਮੇਰੀ ਰਖਿਆ ਕਰਕੇ ਮੇਰੇ ਸਹਾਈ ਬਣੋ। ਪਰਗਟ ਗੱਲ ਕਿਤੇ ਲੁਕੀ ਛਿਪੀ ਨਹੀਂ ਹੈ। ਇਸ ਕਰਕੇ ਮੇਰਾ ਸਤਿਗੁਰੂ ਜੀ ਤੇ ਭਰਵਾਸਾ ਹੈ, ਉਹ ਮੇਰੇ ਮਨ ਦੀ ਆਸ਼ਾ ਨੂੰ ਪੂਰੀ ਕਰਨਗੇ॥ ੮॥

ਭਾਈ ਪਾਰੋ ਕੋ ਬਰੁ ਭਯੋ। ਸ੍ਰੀ ਗੁਰੂ ਅਮਰਦਾਸ ਜੀ ਦਯੋ।
'ਗੁਰੁ ਘਰ ਸੋਂ ਤੁਵ ਕੁਲ ਕੋ ਨਾਤਾ। ਹੁਇ ਹੈ ਆਗੈ ਜਗ ਬੱਖਜਾਤਾ" ॥ ੯॥

ਭਾਈ ਪਾਰੋ ਜੀ ਨੂੰ ਵਰ ਹੋਇਆ ਸੀ, ਜਿਹੜਾ ਸ੍ਰੀ ਗੁਰੂ ਅਮਰਦਾਸ ਜੀ ਨੇ ਦਿੱਤਾ ਸੀ, "ਗੁਰੂ ਘਰ ਨਾਲ ਤੇਰੀ ਕੁਲ ਦਾ ਨਾਤਾ ਹੋਵੇਗਾ, ਉਹ ਅੱਗੇ ਜਾ ਕੇ ਹੋਵੇਗਾ ਜਿਹੜਾ ਸਾਰੇ ਜੱਗ ਵਿਚ ਪ੍ਰਗਟ ਹੋਵੇਗਾ" ॥ ੯॥

ਸੋ ਅਬਿ ਸਮਾ ਆਨਿ ਕਰਿ ਹੋਵਾ। ਔਚਕ ਹੀ ਮੰਡਲ ਮਹਿਂ ਜੋਵਾ।
ਇਤਜਾਦਿਕ ਬਹੁ ਰਿਦੇ ਬਿਚਾਰਾ। ਸਾਰ ਅਸਾਰ ਕਰਜੋ ਨਿਰਧਾਰਾ॥ ੧੦॥

ਇਸ ਕਰਕੇ ਉਹ ਸਮਾਂ ਹੁਣ ਆ ਗਿਆ ਹੈ। ਅਚਾਨਕ ਹੀ ਸਭਾ ਵਿਚ ਜੋ ਹੋਇਆ ਹੈ। ਇਤਿਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ ਅਤੇ ਗੁਣ ਔਗੁਣ ਨੂੰ ਨਿਰਧਾਰਿਤ ਕੀਤਾ॥ ੧੦॥

ਖਰੋ ਭਯੋ ਜੋਰੇ ਜੁਗ ਹਾਥ। 'ਹੇ ਪ੍ਰਭੁ ਮੁਝ ਕੋ ਲਖਹੁ ਅਨਾਥ।
ਪਾਰੋ ਬੰਸ ਬਿਖੇ ਜਨਮਯੋ। ਡੱਲੇ ਕੀ ਵਾਸੀ ਮੈਂਥਿਯੋ॥ ੧੧॥

ਦੋਵੇਂ ਹੱਥ ਜੋੜ ਕੇ ਸਭਾ ਵਿਚ ਖੜਾ ਹੋ ਗਿਆ, "ਹੇ ਪ੍ਰਭੂ ਜੀ ਮੈਨੂੰ ਅਨਾਥ ਸਮਝੋ। ਮੈਂ ਭਾਈ ਪਾਰੋ ਦੀ ਵੰਸ਼ ਵਿਚ ਜਨਮ ਲਿਆ ਹੈ, ਮੈਂ ਡੱਲੇ ਪਿੰਡ ਦਾ ਰਹਿਣ ਵਾਲਾ ਹਾਂ॥ ੧੧॥

ਸ਼ੁਭ ਖੱਤ੍ਰੀ ਹੌਂ ਦਾਸ ਤੁਮਾਰਾ। ਮੁਝ ਨਿਕੇਤ ਨਹਿਂ ਦਰਬ ਉਦਾਰਾ।
ਬਡਜੋਂ ਸਹਤ ਹਮ ਗੁਰ ਸ਼ਰਨਾਈ। ਮਮ ਪੁੱਤ੍ਰੀ ਕੀ ਲੇਹੁ ਸਗਾਈ॥ ੧੨॥

ਮੇਰੀ ਜਾਤ ਖੱਤਰੀ ਹੈ ਅਤੇ ਮੈਂ ਤੁਹਾਡਾ ਦਾਸ ਹਾਂ, ਮੇਰੇ ਘਰ ਵਿਚ ਬਹੁਤਾ ਧਨ ਨਹੀਂ ਹੈ, ਵੱਡਿਆਂ ਸਹਿਤ ਅਸੀਂ ਗੁਰੂ ਜੀ ਦੀ ਸ਼ਰਨ ਵਿਚ ਰਹੇ ਹਾਂ, ਮੇਰੀ ਪੁੱਤਰੀ ਦਾ ਰਿਸ਼ਤਾ ਲੈ ਲਵੋ॥ ੧੨॥

ਸੰਮਤ ਸਪਤ ਆਰਬਲ ਹੋਇ। ਹਰਿ ਗੋਬਿੰਦ ਦਾਸੀ ਬਨਿ ਸੋਇ।
ਲਾਜ ਬਿਨਾਂ ਮੈਂ ਸਭਾ ਮਝਾਰੀ। ਬਿਨਤੀ ਸ਼ਰਧਾ ਸਹਤ ਉਚਾਰੀ॥ ੧੩॥

ਸੱਤ ਸਾਲ ਦੀ ਉਸਦੀ ਉਮਰ ਹੈ, ਉਹ ਹਰਿਗੋਬਿੰਦ ਸਾਹਿਬ ਦੀ ਦਾਸੀ ਬਣ ਜਾਵੇ। ਲਾਜ ਰਹਿਤ ਹੋ ਕੇ ਮੈਂ ਸਭਾ ਵਿਚ ਇਹ ਬੇਨਤੀ ਸ਼ਰਧਾ ਨਾਲ ਉਚਾਰਨ ਕੀਤੀ ਹੈ॥ ੧੩॥

ਰਾਖਹੁ ਲਾਜ ਮੋਹਿ ਭਰਵਾਸਾ। ਯਾਂਤੇ ਕਹੀ ਆਪਨੀ ਆਸਾ'।
ਸ੍ਰੀ ਅਰਜਨ ਸੁਨਿ ਭਏ ਪ੍ਰਸੰਨ। 'ਭਲੇ ਸਮੇਂ ਬੋਲਜੋ ਸਿਖ ਧੰਨ!॥ ੧੪॥

ਮੇਰੀ ਲਾਜ ਰੱਖੋਗੇ, ਮੈਨੂੰ ਪੂਰਨ ਭਰੋਸਾ ਹੈ ਇਸ ਕਰਕੇ ਮੈਂ ਆਪਣੀ ਬੇਨਤੀ ਕਹੀ ਹੈ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਕਿਹਾ, "ਹੇ ਸਿੱਖ! ਤੂੰ ਧੰਨ ਹੈਂ, ਬੜੇ ਭਲੇ ਸਮੇਂ ਬੋਲਿਆ ਹੈਂ॥ ੧੪॥

ਉਤਸਵ ਕੋ ਸਮਾਜ ਬਰ ਜੁਰਜੋ। ਸੋ ਤੈਂ ਨਾਂਹਿ ਨ ਬਿਰਥਾ ਕਰਜੋ।
ਮੰਗਲ ਨੌਕਾ ਜਜੋਂ ਬਿਚਿ ਧਾਰਿ। ਡੂਬਤਿ ਹੁਤੀ ਲਗਾਈ ਪਾਰਿ॥ ੧੫॥

ਉਤਸਵ ਵਾਸਤੇ ਬਹੁਤ ਸ੍ਰੇਸ਼ਟ ਸੰਗਤ ਜੁੜੀ ਹੋਈ ਹੈ, ਇਸ ਕਰਕੇ ਤੁਸੀਂ ਉਸ ਉਤਸਵ ਨੂੰ ਵਿਅਰਥ ਨਹੀਂ ਜਾਣ ਦਿੱਤਾ। ਜਿਹੜੀ ਖੁਸ਼ੀ ਰੂਪੀ ਬੇੜੀ ਨਦੀ ਧਾਰਾ ਵਿਚ ਫਸ ਗਈ ਸੀ ਅਤੇ ਡੁੱਬਣ ਲੱਗੀ ਸੀ, ਤੁਸੀਂ ਉਸ ਨੂੰ ਕੰਢੇ ਤੇ ਲਾ ਦਿੱਤਾ ਹੈ॥ ੧੫॥

ਮਹਿਮਾ ਗੁਰੁ ਸਿੱਖਨਿ ਕੀ ਮਹਾਂ। ਕੋ ਸਮਤਾ ਕਰਿ ਸਕਹਿ ਨ ਤਹਾਂ।
ਸਤਿਗੁਰੁ ਕੋ ਸਿੱਖਨਿ ਸੋਂ ਮੇਲਾ। ਸਕਲ ਥਾਨ ਮਹਿਂ ਹੋਤਿ ਸੁਹੇਲਾ॥ ੧੬॥

ਗੁਰਸਿੱਖਾਂ ਦੀ ਮਹਿਮਾ ਮਹਾਨ ਹੈ, ਉਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਸਤਿਗੁਰੂ ਦੇ ਸਿੱਖਾਂ ਦਾ ਮੇਲ, ਹਰ ਥਾਂ ਸੁਖਦਾਇਕ ਹੁੰਦਾ ਹੈ॥ ੧੬॥

ਹੰਕਾਰੀ ਮਨਮੁਖ ਨਰ ਜੋਇ। ਸਤਿਗੁਰੁ ਸੰਗ ਮੇਲ ਨਹਿਂ ਹੋਇ।
ਜੇ ਕਰਿ ਮਿਲਹਿ ਉਠਹਿ ਉਤਪਾਤ। ਜਜੋਂ ਰਵਿ ਰਾਹੁ ਗਗਨ ਮਿਲਿ ਜਾਤਿ॥੧੭॥

ਜਿਹੜੇ ਹੰਕਾਰੀ ਮਨਮੁਖ ਮਨੁੱਖ ਹਨ, ਉਨ੍ਹਾਂ ਦਾ ਸਤਿਗੁਰੂ ਨਾਲ ਮੇਲ ਹੀ ਨਹੀਂ ਹੁੰਦਾ। ਜੇ ਮੇਲ ਹੋ ਵੀ ਜਾਂਦਾ ਹੈ ਤਾਂ ਆਫਤ ਖੜੀ ਹੋ ਜਾਂਦੀ ਹੈ, ਜਿਵੇਂ ਅਕਾਸ਼ ਵਿਚ ਸੂਰਜ ਅਤੇ ਰਾਹੂ ਆਪਸ ਵਿਚ ਮਿਲਦੇ ਹਨ॥ ੧੭॥

ਯਾਂਤੇ ਸ੍ਰੀ ਨਾਨਕ ਸੁਖਦਾਈ। ਸਿੱਖਨਿ ਸੋਂ ਹਮ ਬਣਤਿ ਬਣਾਈ'।
ਦੈਵਗ ਸੋਂ ਸ੍ਰੀ ਅਰਜਨ ਭਾਖਾ। 'ਪੂਰਨ ਕਰਹੁ ਸਭਿਨਿ ਅਭਿਲਾਖਾ॥ ੧੮॥

ਇਸ ਕਰਕੇ ਸੁਖਦਾਈ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੇ ਨਾਲ ਸਾਡੀ ਬਣਤ ਬਣਾਈ ਹੈ।" ਜੋਤਸ਼ੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਸਾਡੀ ਅਭਿਲਾਸ਼ਾ ਪੂਰੀ ਕਰੋ॥ ੧੮॥

ਇਹ ਨਾਤਾ ਲੀਜੈ ਹਿਤ ਸਾਥ। ਦਿਹੁ ਟੀਕਾ ਹਰਿਗੋਵਿੰਦ ਮਾਥ'।
ਚਹਿਯ ਸਮਿੱਗ੍ਰੀ ਜੋ ਸਮੁਦਾਈ। ਤੁਰਤ ਨਰਾਇਣ ਦਾਸ ਮੰਗਾਈ॥ ੧੯॥

ਇਹ ਨਾਤਾ ਬੜੇ ਪ੍ਰੇਮ ਨਾਲ ਲੈ ਲਵੋ ਅਤੇ ਸ੍ਰੀ ਹਰਿਗੋਬਿੰਦ ਜੀ ਦੇ ਮੱਥੇ 'ਤੇ ਟਿੱਕਾ ਲਾਵੋ।" ਜੋ ਵੀ ਸਮੱਗਰੀ ਉਹ ਚਾਹੁੰਦਾ ਸੀ, ਭਾਈ ਨਰਾਇਣ ਦਾਸ ਨੇ ਤੁਰੰਤ ਮੰਗਵਾ ਕੇ ਉਸ ਨੂੰ ਦੇ ਦਿੱਤੀ॥ ੧੯॥

ਪਾਈ ਹਰਿ ਗੁਵਿੰਦ ਕੀ ਝੋਰੀ। ਭਈ ਸਭਿਨਿ ਕੇ ਖੁਸ਼ੀ ਨ ਥੋਰੀ।
ਕਰਜੋ ਨਿਕਾਸਨਿ ਮਸਤਕ ਟੀਕਾ। ਅੱਛਤ ਸਹਤ ਬਿਰਾਜਤਿ ਨੀਕਾ ॥੨੦॥

ਉਹ ਸਮੱਗਰੀ ਸ੍ਰੀ ਹਰਿਗੋਬਿੰਦ ਦੀ ਝੋਲੀ ਵਿਚ ਪਾ ਦਿੱਤੀ, ਇਹ ਵੇਖ ਕੇ ਸਾਰਿਆਂ ਨੂੰ ਬਹੁਤ ਖੁਸ਼ੀ ਹੋਈ, ਮੱਥੇ ਤੇ ਟਿੱਕਾ ਲਾ ਦਿੱਤਾ, ਚਾਵਲਾਂ ਸਹਿਤ ਚੰਗੀ ਤਰ੍ਹਾਂ ਬਿਰਾਜਿਤ ਸੀ॥ ੨੦॥

ਦੋਹਰਾ- ਕੇਸਰ ਤਿਲਕ ਸੁ ਦੇਵਗੁਰੁ ਤਿਸ ਕੇ ਮੰਡਲ ਆਇ।
ਅੱਛਤ ਜਨੁ ਸਸਿ ਕਲਾ ਗਨ ਤ੍ਰਾਸ ਰਾਹੁ ਤੇ ਪਾਇ॥ ੨੧॥

ਜਿਹੜਾ ਕੇਸਰ ਦਾ ਤਿਲਕ ਹੈ, ਉਹ ਬ੍ਰਹਸਪਤ ਹੈ, ਕਿਉਂਕਿ ਬ੍ਰਹਸਪਤ ਦਾ ਰੰਗ ਪੀਲਾ ਹੁੰਦਾ ਹੈ, ਉਸ ਦੇ ਵਿਚ ਚਾਵਲ ਮਾਨੋਂ ਚੰਦ੍ਰਮਾ ਦੀਆਂ ਸਾਰੀਆਂ ਕਲਾਂ ਰਾਹੂ ਤੋਂ ਡਰ ਕੇ ਆਈਆਂ ਹਨ॥ ੨੧॥

ਚੌਪਈ- 'ਧੰਨ ਧੰਨਾ' ਸਭਿ ਸਭਾ ਬਖਾਨਾ। ਦਾਸ ਨਰਾਇਣ ਬਹੁ ਸਨਮਾਨਾ।
ਹਰੀ ਚੰਦ ਇਕ ਖੱਤ੍ਰੀ ਔਰ। ਲੰਮ ਗੋਤ ਬੈਠਜੋ ਤਿਸ ਠੌਰ॥ ੨੨॥

"ਧੰਨ ਧੰਨ" ਸਭ ਨੇ ਕਿਹਾ, ਨਰਾਇਣ ਦਾਸ ਦਾ ਬਹੁਤ ਆਦਰ ਕੀਤਾ। ਹਰੀ ਚੰਦ ਇਕ ਹੋਰ ਖੱਤਰੀ ਸੀ, ਉਹ ਲੰਮ ਗੋਤ ਦਾ ਖੱਤਰੀ ਵੀ ਉਥੇ ਬੈਠਾ ਸੀ॥ ੨੨॥

ਤਿਹ ਬਿਲੋਕ ਤਿਨ ਰਿਦੈ ਬਿਚਾਰਾ। ਇਸ ਤੇ ਆਛੀ ਅਪਰ ਨ ਕਾਰਾ।
ਮਮ ਘਰ ਸੁਤਾ ਸੁ ਅਰਪਨਿ ਕਰੌਂ। ਇਸੀ ਸਮੈਂ ਮਹਿਂ ਉਚਿਤ,ਨ ਟਰੌਂ ॥੨੩॥

ਉਸ ਨੇ ਇਹ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ, ਇਸ ਤੋਂ ਚੰਗਾ ਹੋਰ ਕੋਈ ਕਾਰਜ ਨਹੀਂ, ਮੇਰੇ ਘਰ ਵੀ ਇਕ ਪੁੱਤਰੀ ਹੈ, ਉਸ ਨੂੰ ਮੈਂ ਵੀ ਅਰਪਣ ਕਰਦਾ ਹਾਂ, ਇਹੋ ਸਮਾਂ ਹੁਣ ਉਚਿਤ ਹੈ, ਮੈਂ ਪਿਛੇ ਨਹੀਂ ਹਟਾਂਗਾ॥ ੨੩॥

ਖਰੇ ਹੋਇ ਸੋ ਬਿਨਤੀ ਕਹੈ। 'ਦ੍ਵੈ ਸੰਮਤਿ ਕੀ ਦੁਹਿਤਾ ਅਹੈ।
ਸੋ ਮੈਂ ਚਹੌਂ ਦਿਯੋ ਤੁਮ ਪਾਸੀ। ਹਰਿ ਗੋਵਿੰਦ ਕੀ ਬਨਿ ਹੈ ਦਾਸੀ॥੨੪॥

ਖੜੇ ਹੋ ਕੇ ਉਸ ਨੇ ਬੇਨਤੀ ਕੀਤੀ, "ਦੋ ਸਾਲ ਦੀ ਮੇਰੀ ਵੀ ਪੁੱਤਰੀ ਹੈ ਉਸ ਨੂੰ ਮੈਂ ਆਪ ਜੀ ਦੇ ਪਾਸ ਦੇਣਾ ਚਾਹੁੰਦਾ ਹਾਂ, ਉਹ ਹਰਿਗੋਬਿੰਦ ਸਾਹਿਬ ਦੀ ਦਾਸੀ ਬਣੇਗੀ॥ ੨੪॥

ਆਪਿ ਅਨਾਥਨਿ ਕੇ ਹੋ ਨਾਥ। ਯਾਂਤੇ ਕਹੌਂ ਜੋਰਿ ਜੁਗ ਹਾਥ।
ਕੀਜਹਿ ਅੰਗੀਕਾਰ ਸਗਾਈ। ਮਨ ਬਚ ਕ੍ਰਮ ਤੇ ਮੈਂ ਸ਼ਰਨਾਈ' ॥੨੫॥

ਆਪ ਜੀ ਅਨਾਥਾਂ ਦੇ ਨਾਥ ਹੋ, ਇਸ ਕਰਕੇ ਹੱਥ ਜੋੜ ਕੇ ਬੇਨਤੀ ਕਰਦਾ ਹਾਂ। ਇਹ ਸਗਾਈ ਪ੍ਰਵਾਨ ਕਰੋ, ਮੈਂ ਮਨ, ਬਚਨ ਅਤੇ ਕਰਮ ਕਰਕੇ ਆਪ ਜੀ ਦੀ ਸ਼ਰਨ ਵਿਚ ਹਾਂ" ॥ ੨੫॥

ਸ੍ਰੀ ਅਰਜਨ ਸੁਨਿਕੈ ਸਿਖ ਬਿਨਤੀ। ਭਏ ਪ੍ਰੇਮ ਵੀਸ ਤਜਿ ਸਭਿ ਗਿਨਤੀ।
ਭਨਜੋ ਬਾਕ 'ਇਹ ਭੀ ਲੈ ਲੇਹੁ। ਆਸਾ ਸਿੱਖਨਿ ਕੀ ਪੂਰੇਹੁ॥ ੨੬॥

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਦੀ ਬੇਨਤੀ ਸੁਣ ਕੇ ਸਾਰੀਆਂ ਗਿਣਤੀਆਂ ਛੱਡ ਕੇ ਪ੍ਰੇਮ-ਵੱਸ ਹੋ ਗਏ, ਬਚਨ ਕੀਤੇ, "ਇਹ ਵੀ ਨਾਤਾ ਲੈ ਲਵੋ ਤੇ ਸਿੱਖਾਂ ਦੀ ਆਸ਼ਾ ਪੂਰੀ ਕਰੋ॥ ੨੬॥

ਲੇਨਾ ਦੇਨਾ ਸਾਥ ਹਮਾਰੇ। ਗੁਰ ਸਿੱਖਨਿ ਕੀ ਸਾਂਝ ਉਦਾਰੇ'।
ਹਰੀ ਚੰਦ ਤਬਿ ਹੋਇ ਨਜੀਕਾ। ਦਿਯੋ ਸਗਨ ਅਰੁ ਕਾਢਜੋ ਟੀਕਾ ॥੨੭॥

ਤੁਹਾਡਾ ਲੈਣਾ ਦੇਣਾ ਸਾਡੇ ਨਾਲ ਹੈ, ਗੁਰਸਿੱਖਾਂ ਦੀ ਸਾਂਝ ਬਹੁਤ ਉੱਤਮ ਹੈ। ਭਾਈ ਹਰੀ ਚੰਦ ਫਿਰ ਗੁਰੂ ਜੀ ਦੇ ਪਾਸ ਗਿਆ ਤੇ ਸ਼ਗਨ ਦੇ ਕੇ ਟਿੱਕਾ ਲਾਇਆ॥ ੨੭॥

ਲੋਕ ਹਜ਼ਾਰਹੁੰ ਅਦਭੁਤ ਹੇਰੇ। ਸਭਿ ਕੇ ਉਮਗਯੋ ਅਨੰਦ ਬਡੇਰੇ।
ਕਹੈਂ ਪਰਸਪਰ ਚੌਂਪ ਵਧਾਈ। 'ਇਕ ਤਜ਼ਾਗੇ ਭਈ ਦੋਇ ਸਗਾਈ॥ ੨੮ ॥

ਹਜ਼ਾਰਾਂ ਲੋਕ ਵੇਖ ਕੇ ਹੈਰਾਨ ਰਹਿ ਗਏ, ਸਾਰਿਆਂ ਵਿਚ ਬਹੁਤ ਅਨੰਦ ਵਧਿਆ। ਸਾਰੇ ਇਕ ਦੂਸਰੇ ਨੂੰ ਪ੍ਰਸੰਨਤਾ ਵਧਾ ਕੇ ਕਹਿ ਰਹੇ ਸਨ, "ਇਕ ਤਿਆਗ ਕੇ ਦੋ ਸਗਾਈਆਂ ਕਰ ਲਈਆਂ ਹਨ॥ ੨੮॥

ਸਤਿਗੁਰੂ ਕੇ ਘਰ ਕਮੀ ਨ ਕੋਈ। ਕਹਾ ਚੰਦੂ ਤੇ ਧਨੀ ਸੁ ਹੋਈ।
ਲੇਨੋ ਦੇਨਿ ਹਜ਼ਾਰਨਿ ਕੇਰਾ। ਸਭਿ ਤੇ ਸਤਿਗੁਰੁ ਸਦਨ ਉਚੇਰਾ॥ ੨੯ ॥

ਸਤਿਗੁਰੂ ਜੀ ਦੇ ਘਰ ਕੋਈ ਘਾਟ ਨਹੀਂ ਹੈ, ਕੀ ਗੱਲ ਜੇ ਚੰਦੂ ਧਨੀ ਹੈ। ਹਜ਼ਾਰਾਂ ਨਾਲ ਲੈਣਾ ਦੇਣਾ ਬਣਿਆ ਰਹਿੰਦਾ ਹੈ, ਸਤਿਗੁਰੂ ਦਾ ਘਰ ਸਭ ਤੋਂ ਉੱਚਾ ਹੈ॥ ੨੯॥

ਜੇ ਕਰਿ ਤਿਸ ਕੇ ਹੋਵਤਿ ਨਾਤਾ। ਕਬਹੂੰ ਉਠਤਿ ਮਹਿਤ ਉਤਪਾਤਾ।
ਸ਼ਾਹੁ ਦਿਵਾਨੀ ਤੇ ਹੰਕਾਰਾ। ਬੋਲੇ ਤੇ ਕਬਿ ਪਰਤਿ ਬਿਗਾਰਾ॥ ੩੦ ॥

ਜੇ ਉਸ ਦੇ ਨਾਲ ਨਾਤਾ ਹੁੰਦਾ ਤਾਂ ਕਿਸੇ ਸਮੇਂ ਵੀ ਵੱਡਾ ਝਗੜਾ ਖੜਾ ਹੋ ਸਕਦਾ ਸੀ। ਬਾਦਸ਼ਾਹ ਦਾ ਦੀਵਾਨ ਹੋਣ ਦਾ ਹੰਕਾਰ ਕਰਦਾ ਹੈ, ਚੰਦੂ ਦੇ ਬੋਲਣ ਨਾਲ ਕਦੀ ਵੀ ਵਿਗਾੜ ਪੈਦਾ ਹੋ ਸਕਦਾ ਸੀ॥ ੩੦॥

ਸਹੈਂ ਨ ਗੁਰੂ ਬਾਕ ਹੰਕਾਰੀ। ਚੰਦੂ ਰਿਦੇ ਅਸ਼ਰਧਾ ਧਾਰੀ।
ਯਾਂਤੇ ਭਲੋ ਭਯੋ ਬੱਖਜਾਤਾ। ਲਿਯੋ ਨ ਤਿਸ ਤਨੁਜਾ ਕੋ ਨਾਤਾ॥ ੩੧ ॥

ਗੁਰੂ ਜੀ ਹੰਕਾਰ ਭਰੇ ਵਾਕ ਬਰਦਾਸ਼ਤ ਨਹੀਂ ਕਰ ਸਕਦੇ, ਚੰਦੂ ਨੇ ਹਿਰਦੇ ਵਿਚ ਅਸ਼ਰਧਾ ਧਾਰਨ ਕੀਤੀ ਹੋਈ ਹੈ, ਇਸ ਕਰਕੇ ਇਹ ਚੰਗੀ ਗੱਲ ਹੋਈ ਹੈ, ਉਸ ਦੀ ਪੁੱਤਰੀ ਦਾ ਨਾਤਾ ਨਹੀਂ ਲਿਆ ਹੈ॥ ੩੧॥

ਤਤਛਿਨ ਜੁਗ ਨਾਤੇ ਹੁਇ ਗਏ। ਕਹੈਂ ਪਰਸਪਰ ਹਰਖਤਿ ਭਏ।
ਜਨੁ ਗਨ ਰੰਕਨਿ ਸੁਰਤਰੁ ਲੀਓ। ਛੀਨਿ ਸਭਿਨਿ ਤੇ ਪੁਨ ਤਿਨ ਦੀਓ॥ ੩੨ ॥

ਤੁਰੰਤ ਦੋ ਰਿਸ਼ਤੇ ਹੋ ਗਏ, ਸਾਰੇ ਆਪਸ ਵਿਚ ਪ੍ਰਸੰਨ ਹੋ ਕੇ ਕਹਿ ਰਹੇ ਸਨ ਜਿਵੇਂ ਸਾਰੇ ਗ਼ਰੀਬਾਂ ਨੇ ਕਲਪ ਬ੍ਰਿਛ ਲੈ ਲਿਆ ਹੋਵੇ, ਸਾਰਿਆਂ ਪਾਸੋਂ ਖੋਹ ਕੇ ਫਿਰ ਉਨ੍ਹਾਂ ਨੂੰ ਦੇ ਦਿੱਤਾ ਹੋਵੇ॥ ੩੨॥

ਬੋਈ ਕਿਧੌਂ ਅਨੰਦ ਕੀ ਬਾਰੀ। ਸੂਕਤਿ ਹੁਤੀ ਸੀਂਚਿ ਬਰ ਬਾਰੀ'।
ਇਸ ਪ੍ਰਕਾਰ ਮੰਗਲ ਪੁਨ ਹੋਯੋ। ਸਕਲ ਸਮਾਜ ਅਨੰਦ ਕਰਿ ਜੋਯੋ॥ ੩੩ ॥

ਜਿਵੇਂ ਆਨੰਦ ਦੀ ਵਾੜੀ ਬੀਜੀ ਹੁੰਦੀ ਹੈ, ਸੁੱਕੀ ਸੀ ਤੇ ਸ੍ਰੇਸ਼ਟ ਪਾਣੀ ਨਾਲ ਉਸ ਦੀ ਸਿੰਚਾਈ ਕੀਤੀ ਹੋਵੇ।" ਫਿਰ ਇਸ ਪ੍ਰਕਾਰ ਆਨੰਦ ਮੰਗਲ ਹੋਏ, ਸਾਰੇ ਲੋਕ ਅਨੰਦ ਮਾਣ ਰਹੇ ਸਨ॥ ੩੩॥

ਹਰਖਤਿ ਚਿਤ ਗਾਵਤਿ ਪਿਕ ਬੈਨੀ। ਉਮਗ ਉਮਗ ਕਰਿ ਪੰਕਜ ਨੈਨੀ।
ਨੌਬਤਿ ਬਾਜਤਿ ਸਹਤ ਨਫਰੀਨਿ। ਬੋਲਤਿ ਭਾਟ ਸੁਜਸੁ ਵਿਸਤੀਰਨਿ॥ ੩੪ ॥

ਚਿੱਤ ਵਿਚ ਬਹੁਤ ਪ੍ਰਸੰਨ ਹੋ ਕੇ, ਮਿੱਠੀ ਆਵਾਜ਼ ਵਾਲੀਆਂ ਅਤੇ ਕੰਵਲ ਵਰਗੇ ਨੈਣਾਂ ਵਾਲੀਆਂ ਬੜੇ ਉਤਸ਼ਾਹ ਨਾਲ ਗਾ ਰਹੀਆਂ ਸਨ। ਤੂਤੀਆਂ ਸਹਿਤ ਛੋਟੇ ਨਗਾਰੇ ਵੱਜ ਰਹੇ ਸਨ। ਭੱਟ ਬੜੇ ਵਿਸਤਾਰ ਵਿਚ ਸ੍ਰੇਸ਼ਟ ਜੱਸ ਕਹਿ ਰਹੇ ਸਨ॥ ੩੪॥

ਤੰਬੂਰਾ ਮਿਰਦੰਗ ਬਜਾਵਤਿ। ਗੀਤ ਕਲਾਵਤਿ ਗਾਵਤਿ ਭਾਵਤਿ।
ਡੋਮ ਆਦਿ ਮੰਗਤ ਜਨ ਸਾਰੇ। ਸਤਿਗੁਰੁ ਕੋ ਜੈਕਾਰ ਉਚਾਰੇ॥ ੩੫ ॥

ਤੰਬੂਰਾ ਤੇ ਮਿਰਦੰਗ ਵਜਾ ਰਹੇ ਸਨ, ਕਲੌਂਤ ਗੀਤ ਗਾਉਂਦੇ ਬਹੁਤ ਚੰਗੇ ਲੱਗ ਰਹੇ ਸਨ। ਡੂਮ ਆਦਿ ਜਿਹੜੇ ਮੰਗਣ ਵਾਸਤੇ ਆਏ ਸਨ, ਉਹ ਸਤਿਗੁਰ ਜੀ ਦੀ ਜੈ ਜੈ ਕਾਰ ਉਚਾਰ ਰਹੇ ਸਨ॥ ੩੫॥

ਲੇ ਆਇਸੁ ਤਬਿ ਉਠੇ ਮਸੰਦ। ਮੋਦਕ ਧਰੇ ਪਤਾਸੇ ਬ੍ਰਿੰਦ।
ਮਿਸਰੀ ਕੇ ਬਹੁ ਥਾਰ ਸੁਧਾਰੇ। ਮੇਵਾ ਗਰੀ ਬਦਾਮ ਛੁਹਾਰੇ॥ ੩੬॥

ਆਗਿਆ ਲੈ ਕੇ ਫਿਰ ਮਸੰਦ ਉੱਠੇ, ਤੇ ਉਨ੍ਹਾਂ ਨੇ ਬਹੁਤ ਪਤਾਸੇ ਲਿਆ ਕੇ ਧਰ ਦਿੱਤੇ, ਮਿਸ਼ਰੀ ਦੇ ਥਾਲ ਚੰਗੀ ਤਰ੍ਹਾਂ ਭਰੇ ਅਤੇ ਮੇਵੇ, ਗਿਰੀ, ਬਦਾਮ ਅਤੇ ਛੁਹਾਰੇ ਲਿਆਏ॥ ੩੬॥

ਸਭਿ ਬਰਤਾਏ ਸਭਾ ਮਝਾਰੇ। ਭਰਿ ਭਰਿ ਅੰਜੁਲਦੇ ਜਨ ਸਾਰੇ।
ਅਧਿਕ ਭੀਰ ਹੇਰੀ ਗੁਰ ਜਬੈ। ਗਨ ਬਰਤਾਵੇ ਲਾਯਸਿ ਤਬੈ॥ ੩੭॥

ਸਭ ਸਭਾ ਵਿਚ ਵਰਤਾ ਦਿੱਤੇ, ਸਾਰਿਆਂ ਨੂੰ ਬੁਕ ਭਰ ਭਰ ਕੇ ਦਿੰਦੇ ਸਨ, ਜਦ ਗੁਰੂ ਜੀ ਨੇ ਜ਼ਿਆਦਾ ਭੀੜ ਵੇਖੀ, ਤਾਂ ਹੋਰ ਬਹੁਤ ਵਰਤਾਵੇ ਲਾ ਦਿੱਤੇ॥ ੩੭॥

'ਸਭਿ ਕੋ ਪਹੁਂਚਹਿ' ਕਹ੍ਯੋ ਸੁਨਾਈ। ਬਰਤੀ ਤੁਰਤ ਸਮੂਹ ਮਿਠਾਈ।
ਸਭਿ ਹੀ 'ਧੰਨ ਧੰਨ ਗੁਰੁ' ਕਹੈਂ। 'ਤੁਮਰੇ ਸਮ ਤੁਮ ਹੀ ਪ੍ਰਭੁ ਅਹੈਂ'॥ ੩੮॥

'ਸਭ ਪਾਸ ਪਹੁੰਚੇ' ਗੁਰੂ ਜੀ ਨੇ ਕਹਿ ਕੇ ਸੁਣਾ ਦਿੱਤਾ, ਤੁਰੰਤ ਸਮੂਹ ਮਠਿਆਈ ਵਰਤਾ ਦਿੱਤੀ। ਸਾਰੇ ਹੀ "ਧੰਨ ਧੰਨ ਗੁਰੂ ਜੀ" ਕਹਿੰਦੇ ਸਨ। "ਹੇ ਪ੍ਰਭੂ ! ਤੁਹਾਡੇ ਬਰਾਬਰ ਤੁਸੀਂ ਆਪ ਹੀ ਹੋ"॥ ੩੮॥

ਸ੍ਰੀ ਅਰਜਨ ਸਭਿ ਲਾਗ ਦਿਵਾਏ। ਦਾਨ ਮਾਨ ਦੇਕਰਿ ਹਰਖਾਏ।
ਅਨੰਦ ਉਦਧਿ ਜਨੁ ਵਧ੍ਯੋ ਅਨੰਤ। ਸਿਖ ਸੰਗਤਿ ਨਰ ਭੇ ਜਲ ਜੰਤੁ॥ ੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਸਭ ਲਾਗ ਦਿਵਾ ਰਹੇ ਸਨ, ਦਾਨ ਮਾਨ ਦੇ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਮਾਨੋ ਅਨੰਦ ਦਾ ਸਾਗਰ ਬਹੁਤ ਵੱਧ ਗਿਆ ਹੋਵੇ ਅਤੇ ਸਿੱਖ ਸੰਗਤ ਤੇ ਹੋਰ ਮਨੁੱਖ ਜਲ ਜੀਵ ਹੋਣ॥ ੩੯॥

ਉਦ੍ਯੋ ਅਨੰਦ ਚੰਦ ਕੈ ਅਬੈ। ਕੁਮਦ ਚਕੋਰ ਭਏ ਨਰ ਸਭੈ।
ਚੰਦੂ ਕੇ ਲਾਗੀ ਜੇ ਦੋਇ। ਚਕਵਾ ਸਮ ਦੁਖ ਪ੍ਰਾਪਤਿ ਸੋਇ॥ ੪੦॥

ਚੰਦ੍ਰਮਾਂ ਰੂਪ ਹੋ ਕੇ ਅਨੰਦ ਉਦੈ ਹੋਇਆ ਸੀ, ਮਨੁੱਖ ਸਾਰੇ ਚਕੋਰ ਵਾਂਗ ਵੇਖ ਰਹੇ ਸਨ। ਚੰਦੂ ਦੇ ਜਿਹੜੇ ਦੋਵੇਂ ਲਾਗੀ ਸਨ, ਚਕਵੇ ਵਾਂਗ ਦੁਖ ਪ੍ਰਾਪਤ ਕਰ ਰਹੇ ਸਨ॥ ੪੦॥

ਲਖਿ ਅਨੁਚਿਤ ਗੁਰੁ ਰਿਦੇ ਬਿਚਾਰਾ। ਤਿਨ ਦੋਇਨ ਕੋ ਨਿਕਟ ਹਕਾਰਾ।
'ਸਮੈ ਹਰਖ ਕੋ ਸਭਿ ਹਰਖਾਏ। ਤੁਮ ਮਨ ਭੰਗ ਸਚਿੰਤ ਦਿਸਾਏ॥ ੪੧॥

ਯੋਗ ਨਾ ਵੇਖ ਕੇ ਗੁਰੂ ਜੀ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਤੇ ਉਨ੍ਹਾਂ ਦੋਹਾਂ ਨੂੰ ਆਪਣੇ ਪਾਸ ਬੁਲਾਇਆ। ਖੁਸ਼ੀ ਦਾ ਸਮਾਂ ਹੈ, ਸਭ ਖੁਸ਼ ਹੋ ਰਹੇ ਹਨ, ਤੁਹਾਡਾ ਮਨ ਭੰਗ ਹੈ ਤੇ ਬੜੇ ਚਿੰਤਿਤ ਦਿਖਾਈ ਦੇ ਰਹੇ ਹੋ॥ ੪੧॥

ਲਿਹੁ ਧਨ ਗਨ ਮਨ ਅਨੰਦ ਕਰੀਜੈ। ਚੰਦੂ ਕੋ ਬ੍ਰਿਤੰਤ ਕਹਿ ਦੀਜੈ।
ਜੋ ਸੰਜੋਗ ਬਿਧਾਤਾ ਜੋਰੈਂ। ਸੋਈ ਹੋਇ, ਨ ਕਿਸਕੋ ਜੋਰੈਂ'॥ ੪੨॥

ਮੈਥੋਂ ਬਹੁਤ ਧਨ ਲਵੋ ਅਤੇ ਮਨ ਵਿਚ ਪ੍ਰਸੰਨ ਹੋਵੋ, ਚੰਦੂ ਨੂੰ ਸਾਰਾ ਬ੍ਰਿਤਾਂਤ ਸੁਣਾ ਦੇਣਾ। ਜੋ ਸੰਜੋਗ ਵਿਧਾਤਾ ਜੋੜਦਾ ਹੈ, ਸੋਈ ਹੁੰਦਾ ਹੈ, ਇਸ ਤੇ ਕਿਸੇ ਦਾ ਜ਼ੋਰ ਨਹੀਂ ਚਲਦਾ"॥ ੪੨॥

ਦਿਜ ਨੇ ਕਹ੍ਯੋ 'ਜੋਗਤਾ ਨਾਂਹੀ। ਜੇ ਸਬੰਧ ਤੁਮ ਸੋਂ ਹੁਇ ਜਾਹੀ।
ਤੌ ਲੈਬੋ ਹਮ ਕੋ ਬਨਿ ਜਾਇ। ਇਮ ਨਹਿਂ ਲੇਹਿਂ 'ਦੇਹੁ ਸਮੁਦਾਇ'॥ ੪੩॥

ਬ੍ਰਾਹਮਣ ਨੇ ਕਿਹਾ, "ਧਨ ਲੈਣ ਯੋਗ ਨਹੀਂ ਹੈ, ਜੇ ਸੰਬੰਧ ਤੁਹਾਡੇ ਨਾਲ ਹੋ ਜਾਵੇ ਤਾਂ ਸਾਡੀ ਵਲੋਂ ਧਨ ਲੈਣਾ ਬਣਦਾ ਹੈ ਇਸ ਕਰਕੇ ਨਹੀਂ ਲਵਾਂਗੇ "ਲੋਕਾਂ ਨੂੰ ਦੇ ਦੇਵੋ"॥ ੪੩॥

Sri Satguru Jagjit Singh Ji eLlibrary NamdhariElibrary@gmail.com

ਇਸ ਬਿਧਿ ਜਥਾਜੋਗ ਸਭਿ ਕੀਨਿ। ਸ੍ਰੀ ਅਰਜਨ ਸਤਿਗੁਰੂ ਪ੍ਰਬੀਨ।
ਸੁਤ ਕੋ ਆਇਸੁ ਉਠਿਬੇ ਦਈ। ਸਭਾ ਸਰਬ ਨਿਜ ਨਿਜ ਥਲ ਗਈ॥ ੪੪ ॥

ਇਸ ਤਰ੍ਹਾਂ ਯਥਾਯੋਗ ਕੀਤਾ, ਸ੍ਰੀ ਗੁਰੂ ਅਰਜਨ ਦੇਵ ਜੀ ਹਰ ਕਾਰਜ ਵਿਚ ਨਿੰਪੁਨ ਹਨ। ਪੁੱਤਰ ਨੂੰ ਉੱਠਣ ਦੀ ਆਗਿਆ ਦਿੱਤੀ ਅਤੇ ਸਭ ਲੋਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੪੪ ॥

*ਚੌਥੀ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬ ॥*

## ਅਧਿਆਇ ਸੱਤਵਾਂ

### *ਵਿਆਹ ਦੀ ਤਿਆਰੀ*

ਦੋਹਰਾ-ਸ੍ਰੀ ਹਰਿਗੋਵਿੰਦ ਚੰਦ ਤਬਿ ਬਦਨ ਪ੍ਰਫੁੱਲਜ ਬਿਲੰਦ।
ਰੁਖ਼ ਲਖਿ ਪਿਤ ਸਤਿਗੁਰੂ ਕੋ ਉਠੇ ਸੁ ਦੇਤਿ ਅਨੰਦ॥ ੧ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਤਦ ਮੁਖੜਾ ਬਹੁਤ ਖਿੜ ਉਠਿਆ। ਆਪਣੇ ਪਿਤਾ ਸਤਿਗੁਰੂ ਜੀ ਦਾ ਰੁਖ ਵੇਖ ਕੇ ਉਠ ਪਏ ਅਤੇ ਸਾਰਿਆਂ ਨੂੰ ਅਨੰਦ ਦਿੱਤਾ॥ ੧ ॥

ਤੋਟਕ ਛੰਦ- ਜਨਨੀ ਗਨ ਤ੍ਰੀਯਨਿ ਬੀਰ ਹੁਤੀ। ਜਿਸ ਭਾਲ ਜਗੀ ਬਡ ਭਾਗ ਰਤੀ।
ਹਿਤ ਬੰਦਨ ਕੇ ਤਿਸ ਥਾਨ ਚਲੇ। ਉਰ ਧਾਰਿ ਅਨੰਦ ਬਿਲੰਦ ਭਲੇ॥੨ ॥

ਮਾਤਾ ਗੰਗਾ ਜੀ ਉਸ ਸਮੇਂ ਇਸਤਰੀਆਂ ਵਿਚ ਖੜੇ ਸਨ, ਜਿਸ ਦੇ ਮੱਥੇ ਦੇ ਵੱਡੇ ਭਾਗ ਜਾਗੇ ਸਨ ਤੇ ਜਿਹੜੀ ਵੱਡੇ ਭਾਗਾਂ ਨਾਲ ਰੰਗੀ ਗਈ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਬੰਦਨਾਂ ਕਰਨ ਵਾਸਤੇ ਉਸ ਸਥਾਨ ਵਲ ਚਲ ਪਏ, ਹਿਰਦੇ ਵਿਚ ਭਲਾ ਤੇ ਬੜਾ ਉਚਾ ਅਨੰਦ ਧਾਰਨ ਕੀਤਾ ਹੋਇਆ ਸੀ॥ ੨ ॥

ਪਦ ਮੰਦਹ ਮੰਦ ਧਰੇ ਧਰਨੀ। ਬਡ ਲੋਚਨ ਤੇ ਕੁਟਿਲੈਂ ਬਰਨੀ।
ਜੁਤਿ ਸੁੰਦਰਤਾ ਬਹੁ ਸ਼ੋਭ ਧਰੇ। ਘਰ ਪੌਰ ਬਿਖੈ ਤਬਿ ਜਾਇ ਬਰੇ॥ ੩ ॥

ਧਰਤੀ ਉਤੇ ਹੌਲੀ-ਹੌਲੀ ਪੈਰ ਧਰਦੇ ਸਨ। ਵੱਡੇ ਨੈਣ ਤੇ ਟੇਢੀਆਂ ਝਿੰਮਣੀਆਂ ਸਨ। ਸੁੰਦਰਤਾ ਸਹਿਤ ਬਹੁਤ ਸ਼ੋਭਾ ਧਾਰਨ ਕੀਤੀ ਹੋਈ ਸੀ, ਘਰ ਦੇ ਦਰਵਾਜ਼ੇ ਵਿਚ ਫਿਰ ਜਾ ਦਾਖਲ ਹੋਏ॥ ੩ ॥

ਗਨ ਤ੍ਰੀਯਨਿ ਦੇਖਿ ਵਿਸ਼ੇਖ ਸੁਖੰ। ਹੁਰਖਾਇੰ ਬਿਲੋਕਤਿ ਚਾਰੁ ਮੁਖੰ।
ਕਰਿ ਜੋਰਿ ਨਮੋ ਸਭਿ ਧਾਰਤਿ ਹੈਂ। ਗੁਰੂ ਨੰਦ ਗੁਰੂ ਸੁ ਬਿਚਾਰਤਿ ਹੈਂ॥੪ ॥

ਕਈ ਇਸਤਰੀਆਂ ਵੇਖ ਕੇ ਵਿਸ਼ੇਸ਼ ਸੁਖ ਲੈ ਰਹੀਆਂ ਸਨ ਅਤੇ ਸੁੰਦਰ ਮੁਖੜੇ ਨੂੰ ਵੇਖ ਕੇ ਪ੍ਰਸੰਨ ਹੋ ਰਹੀਆਂ ਸਨ। ਹੱਥ ਜੋੜ ਕੇ ਸਾਰੀਆਂ ਨਮਸਕਾਰ ਕਰਦੀਆਂ ਹਨ। ਸਾਰੀਆਂ ਗੁਰੂ ਜੀ ਦੇ ਪੁੱਤਰ ਨੂੰ ਗੁਰੂ ਹੀ ਵਿਚਾਰਦੀਆਂ ਸਨ॥ ੪ ॥

ਸੁਤ ਗੰਗ ਉਮੰਗਹਿ ਸੰਗ ਪਿਖਯੋ। ਗੁਰ ਬੰਸਹਿ ਕੋ ਅਵਿਤੰਸ਼ ਲਖਯੋ।
ਪਦ ਬੰਦਤਿ ਕੋ ਗਹਿ ਅੰਕ ਲਯੋ। ਨਹਿੰ ਜਾਇ ਕਹ੍ਯੋ ਜੁ ਅਨੰਦ ਭਯੋ॥੫ ॥

ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਬਹੁਤ ਉਤਸ਼ਾਹ ਨਾਲ ਵੇਖਿਆ, ਗੁਰੂ ਬੰਸ ਦਾ ਭੂਸ਼ਣ (ਗਹਿਣਾ) ਸਮਝਿਆ। ਜਦ ਮਾਤਾ ਜੀ ਦੇ ਚਰਨਾਂ ਤੇ ਬੰਦਨਾਂ ਕਰਨ ਲੱਗਾ ਤਾਂ ਉਨ੍ਹਾਂ ਨੇ ਫੜ ਕੇ ਆਪਣੀ ਛਾਤੀ ਨਾਲ ਲਾ ਲਿਆ। ਜਿਹੜਾ ਅਨੰਦ ਪ੍ਰਾਪਤ ਕੀਤਾ ਓਹ ਕਿਹਾ ਨਹੀਂ ਜਾ ਸਕਦਾ॥ ੫ ॥

Sri Satguru Jagjit Singh Ji eLlibrary NamdhariElibrary@gmail.com

ਮੁਖ ਸੁੰਘਤਿ ਧਾਰਿ ਦੁਲਾਰ ਘਨੋ। ਕਿਸਿ ਰੰਕ ਲਹੀ ਨਿਧਿ ਬਿੰਦ ਮਨੋ।
'ਸੁਤ ਜੀਵਹੁ ਪੁੰਜ ਬਿਘੰਨ ਹਨੋ'। ਇਮ ਆਸ਼ਿਖ ਦੇਤਿ ਸੁ ਪ੍ਰੀਤ ਸਨੋ॥ ੬॥

ਬਹੁਤ ਦੁਲਾਰ ਕੇ ਮੁਖੜੇ ਨੂੰ ਚੁੰਮਦੀ ਸੀ। ਜਿਵੇਂ ਕਿਸੇ ਗ਼ਰੀਬ ਨੂੰ ਨੌਂ ਨਿਧਾਂ ਖਜ਼ਾਨਾ ਮਿਲ ਗਿਆ ਹੋਵੇ, "ਪੁੱਤਰ ਜੀਵੋ ਤੇ ਸਾਰੇ ਵਿਘਨਾਂ ਦਾ ਨਾਸ਼ ਕਰੋ।" ਬੜੀ ਪ੍ਰੀਤ ਨਾਲ ਇਹ ਅਸੀਸ ਦਿੱਤੀ॥ ੬॥

ਨਿਜ ਅੰਕ ਬਿਠਾਇ ਸੁ ਨੰਦਨ ਕੋ। ਸਭਿ ਨਾਰਿ ਪਿਖਯੋ ਜਗ ਬੰਦਨ ਕੋ।
ਬਹੁ ਆਸ਼ਿਖ ਦੇਤਿ ਵਧਾਇਨਿ ਕੋ। 'ਬਯ ਦੀਰਘ ਸੰਕਟ ਹੋਇ ਨ ਕੋ' ॥ ੭॥

ਫਿਰ ਆਪਣੇ ਪੁੱਤਰ ਨੂੰ ਗੋਦ ਵਿਚ ਬਿਠਾਇਆ, ਫਿਰ ਸਾਰੀਆਂ ਇਸਤਰੀਆਂ ਨੇ ਜਗਤ ਦੇ ਬੰਦਨ ਯੋਗ ਦੇ ਦਰਸ਼ਨ ਕੀਤੇ। ਸਾਰੀਆਂ ਨੇ ਅਸੀਸਾਂ ਅਤੇ ਵਧਾਈਆਂ ਦਿੱਤੀਆਂ, "ਵੱਡੀ ਉਮਰ ਹੋਵੇ, ਕੋਈ ਦੁਖ ਨਾ ਆਵੇ" ॥ ੭॥

ਮਿਲਿ ਕੋ ਅਬਲਾ ਪਗ ਕੰਜ ਛੁਵੈਂ। ਅਵਿਲੋਕਤਿ ਕੇ ਸਿਰ ਨੰਮ੍ਰ ਹੁਵੈਂ।
ਮਨ ਭਾਵਤਿ ਗੀਤਨ ਗਾਵਤਿ ਹੈਂ। ਪਟ ਭੂਖਨ ਚਾਰੁ ਸੁਹਾਵਤਿ ਹੈਂ॥ ੮॥

ਇਸਤਰੀਆਂ ਮਿਲ ਕੇ ਚਰਨ ਕੰਵਲਾਂ ਨੂੰ ਛੂੰਹਦੀਆਂ ਸਨ, ਵੇਖਦਿਆਂ ਹੀ ਸਿਰ ਨੀਵੇਂ ਹੋ ਜਾਂਦੇ ਸਨ। ਮਨ ਭਾਉਂਦੇ ਗੀਤ ਗਾਉਂਦੀਆਂ ਸਨ, ਰੇਸ਼ਮੀ ਕਪੜੇ ਅਤੇ ਸੁੰਦਰ ਗਹਿਣੇ ਬੜੇ ਸ਼ੋਭ ਰਹੇ ਸਨ॥ ੮॥

ਇਮ ਹੋਤਿ ਭਯੋ ਉਤਸਾਹੁ ਮਹਾਂ। ਗੁਰ ਕੋ ਪੁਰਿ ਮੋਦ ਜਹਾਂ ਸੁ ਕਹਾਂ।
ਨਰ ਨਾਰਿ ਮਿਲੇ ਅਵਿਲੋਕਨਿ ਕੋ। ਹਰਖਾਇ ਗਏ ਸਭਿ ਓਕਨ ਕੋ॥ ੯॥

ਇਸ ਤਰ੍ਹਾਂ ਮਹਾਨ ਉਤਸ਼ਾਹ ਹੋਇਆ, ਗੁਰੂ ਦੀ ਨਗਰੀ ਵਿਚ ਜਿਥੇ ਕਿਥੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਇਸਤਰੀਆਂ ਪੁਰਸ਼ ਵੇਖਣ ਵਾਸਤੇ ਇਕੱਠੇ ਹੋਏ ਸਨ, ਬੜੇ ਪ੍ਰਸੰਨ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ॥ ੯॥

ਗਨ ਮੰਗਤਿ ਕੋ ਧਨ ਦੀਨ ਮਹਾਂ। ਸਭਿ ਹੂੰ ਜਸੁ ਕੀਨਿ ਗਏ ਸੁ ਜਹਾਂ।
ਨਰ ਬਾਜ ਬਜਾਵਤਿ ਜੇ ਗਨ ਕੋ। ਸਮੁਦਾਇ ਪ੍ਰਮੋਦਤਿ ਲੇ ਧਨ ਕੋ॥ ੧੦॥

ਬਹੁਤ ਮੰਗਤਿਆਂ ਨੂੰ ਮਹਾਨ ਧਨ ਦਿੱਤਾ, ਸਾਰੇ ਹੀ ਬੜਾ ਜੱਸ ਕਰਦੇ ਚਲੇ ਗਏ। ਜਿਹੜੇ ਮਨੁੱਖ ਵਾਜੇ ਵਜਾ ਰਹੇ ਸਨ, ਉਹ ਸਾਰੇ ਧਨ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਏ॥ ੧੦॥

ਇਸ ਭ੍ਰਾਂਤਿ ਬਿਤਾਇ ਭਲੇ ਦਿਨ ਕੋ। ਕਰਿ ਖਾਨ ਰੁ ਪਾਨ ਸੁ ਜਾਮਨਿ ਕੋ।
ਸੁਪਤੇ ਸੁਖ ਸਾਥ ਸਭੇ ਤਬਿ ਹੂੰ। ਤਜਿ ਨੀਂਦ ਪ੍ਰਭਾਤਿ ਭਈ ਜਬਿ ਹੂੰ॥ ੧੧॥

ਇਸ ਪ੍ਰਕਾਰ ਭਲੀ ਪ੍ਰਕਾਰ ਦਿਨ ਨੂੰ ਬਤੀਤ ਕਰਕੇ ਅਤੇ ਖਾ ਪੀ ਕੇ ਜਦ ਇਕ ਪਹਿਰ ਰਾਤ ਬੀਤ ਗਈ, ਤਦ ਸਾਰੇ ਹੀ ਸੁਖ ਨਾਲ ਸੌਂ ਗਏ। ਜਦ ਪ੍ਰਭਾਤ ਹੋਈ ਤਾਂ ਸਾਰੇ ਹੀ ਨੀਂਦ ਛੱਡ ਜਾਗ ਪਏ॥ ੧੧॥

ਦੋਹਰਾ- ਦਿੱਲੀ ਕੋ ਗਮਨਯੋ ਤਬੈ ਦਿਜ ਨਾਈ ਲੈ ਸੰਗ।
ਮਹਾਂ ਦੁਖਤਿ ਚਿਤ ਮਹਿਂ ਚਲਤਿ ਭਯੋ ਜਾਂਹਿ ਮਨ ਭੰਗ॥ ੧੨॥

ਤਦ ਬ੍ਰਾਹਮਣ ਨਾਈ ਨੂੰ ਲੈ ਕੇ ਦਿੱਲੀ ਨੂੰ ਚਲੇ ਗਿਆ। ਬਹੁਤ ਦੁਖੀ ਅਤੇ ਚਿੰਤਾਵਾਨ ਹੋ ਕੇ ਚਲ ਪਏ, ਜਿਨ੍ਹਾਂ ਦੇ ਮਨ ਭੰਗ ਹੋ ਗਏ ਸਨ॥ ੧੨॥

ਤੋਟਕ ਛੰਦ- ਬਿਵਹਾਰ ਮਨੋ ਬਡ ਘਾਟ ਪਯੋ। ਸਮ ਬਾਨਿਕ ਚਿੰਤ ਬਿਲੰਦ ਲਯੋ।
ਉਦਤਯੋ ਜਨੁ ਬਾਗ ਲਗਾਵਨਿ ਕੋ। ਛਿਤਿ ਛੀਨਿ ਲਈ ਪਛੁਤਾਵਨਿ ਕੋ॥ ੧੩॥

ਵਪਾਰ ਵਿਚ ਮਾਨੋ ਬਹੁਤ ਘਾਟਾ ਪੈ ਗਿਆ ਹੋਵੇ, ਬਾਣੀਆਂ ਵਾਂਗ ਬਹੁਤ ਚਿੰਤਾ ਕਰ ਰਹੇ ਸਨ। ਜਿਵੇਂ ਬਾਗ਼ ਲਾਉਣ ਵਾਸਤੇ ਤਿਆਰ ਹੋਏ ਹਨ, ਪਰ ਬਾਗ਼ ਲਾਉਣ ਵਾਲੀ ਕਿਸੇ ਧਰਤੀ ਹੀ ਖੋਹ ਲਈ ਹੋਵੇ ਅਤੇ ਬਾਅਦ ਵਿਚ ਪਛੁਤਾਅ ਰਹੇ ਹੋਣ॥ ੧੩॥

ਕਿ ਜਹਾਜ ਭਰਯੋ ਜਲ ਡੂਬ ਗਯੋ। ਨ ਬਚਯੋ ਕੁਛ, ਯੌਂ ਦੁਖ ਤਾਂਹਿ ਭਯੋ।
ਮੁਰਝਾਇ ਰਹਯੋ ਕਹਿ ਸੰਗਨਿ ਕੋ। 'ਬਿਗਰੀ ਬਹੁ ਬਾਤਿ ਨਿਰੰਗਨ ਕੋ ॥੧੪॥

ਕਿ ਭਰਿਆ ਹੋਇਆ ਜਹਾਜ਼ ਜਲ ਵਿਚ ਡੁੱਬ ਗਿਆ ਹੋਵੇ, ਕੁਝ ਵੀ ਨਾ ਬਚਿਆ ਹੋਵੇ, ਇਸ ਤਰ੍ਹਾਂ ਦੁਖੀ ਹੋ ਰਹੇ ਸਨ। ਚਿਹਰੇ ਮੁਰਝਾ ਗਏ ਸਨ ਅਤੇ ਆਪਣੇ ਸਾਥੀਆਂ ਨੂੰ ਕਹਿੰਦੇ ਸਨ, "ਗੱਲ ਬਹੁਤ ਵਿਗੜ ਗਈ ਹੈ ਤੇ ਰੰਗ ਰਹਿਤ ਹੋ ਗਈ ਹੈ॥ ੧੪॥

ਸ਼ੁਭ ਮੇਲਿ ਬਿਖੈ ਬਡ ਭੰਗ ਭਯੋ। ਸਮ ਦੋਇਨਿ ਬੀਚ ਬਿਗਾਰ ਕਿਯੋ।
ਜਿਮ ਚੰਦੁ ਕਹਯੋ ਤਿਮ ਸ਼੍ਰੋਨ ਸੁਨਯੋ। ਰਿਸ ਤੇ ਨਹਿਂ ਲੇਹਿਂ,ਕੁਵਾਕ ਭਨਯੋ' ॥੧੫॥

ਸ਼ੁਭ ਮੇਲ ਦੇ ਵਿਚ ਵੱਡਾ ਪਾੜ ਪੈ ਗਿਆ ਹੈ, ਬਰਾਬਰ ਦੇ ਦੋਹਾਂ ਵਿਚ ਵਿਗਾੜ ਪਿਆ ਹੈ। ਜਿਵੇਂ ਗੁਰੂ ਜੀ ਨੇ ਕਿਹਾ, ਉਸ ਤਰ੍ਹਾਂ ਅਸੀਂ ਸੁਣਿਆ ਹੈ। ਗੁੱਸਾ ਕਰਕੇ ਸਾਕ ਨਹੀਂ ਲਿਆ ਹੈ ਕਿਉਂਕਿ ਚੰਦੂ ਨੇ ਕੁਝ ਭੈੜੇ ਬਚਨ ਕਹੇ ਸਨ" ॥ ੧੫॥

ਇਮ ਸੋਚਤਿ ਬੋਲਤਿ ਸ਼ੋਕ ਧਰੇ। ਪੁਨਿ ਚੰਦੁ ਜਹਾਂ ਤਹਿਂ ਪਯਾਨੁ ਕਰੇ।
ਜਬਿ ਸ਼੍ਰੀ ਗੁਰੁ ਬੈਠਿ ਦਿਵਾਨ ਕਿਯੋ। ਤਬਿ ਆਇ ਨਰਾਇਣ ਦਾਸ ਗਯੋ ॥੧੬॥

ਇਸ ਤਰ੍ਹਾਂ ਸੋਚਦੇ ਬੋਲਦੇ ਦੁਖੀ ਹੋ ਰਹੇ ਸਨ, ਫਿਰ ਜਿਥੇ ਚੰਦੂ ਰਹਿੰਦਾ ਸੀ, ਉਧਰ ਚਲੇ ਗਏ। ਜਦ ਗੁਰੂ ਜੀ ਨੇ ਬੈਠ ਕੇ ਦੀਵਾਨ ਲਾਇਆ ਤਦ ਭਾਈ ਨਰਾਇਣ ਦਾਸ ਆ ਗਿਆ॥ ੧੬॥

ਕਰ ਜੋਰਿ ਕਹੀ ਬਿਨਤੀ ਗੁਰ ਕੋ। 'ਪ੍ਰਭੁ ਮੋਰ ਮਨੋਰਥ ਯੌਂ ਉਰ ਕੋ।
ਦਿਜ ਦੈਵਗ ਲੇਹੁ ਬੁਲਾਇ ਇਹਾਂ। ਦਿਨ ਬਯਾਹ ਬਿਚਾਰਹਿ ਬੈਠਿ ਮਹਾਂ ॥੧੭॥

ਉਸ ਨੇ ਹੱਥ ਜੋੜ ਕੇ ਗੁਰੂ ਜੀ ਨੂੰ ਬੇਨਤੀ ਕੀਤੀ, "ਪ੍ਰਭੂ ਜੀ ਮੇਰੇ ਹਿਰਦੇ ਦਾ ਇਹ ਮਨੋਰਥ ਹੈ। ਬ੍ਰਾਹਮਣ ਅਤੇ ਜੋਤਸ਼ੀ ਨੂੰ ਏਥੇ ਬੁਲਵਾ ਲਵੋ। ਉਹ ਵਿਆਹ ਦੇ ਦਿਨ ਬਾਰੇ ਬੈਠ ਕੇ ਵਿਚਾਰ ਕਰਨ॥ ੧੭॥

ਬਿਨੁ ਦੋਸ਼ਨਿ ਦਯੋਸ ਬਤਾਇ ਜਬੈ। ਹਰਿਗੋਵਿੰਦ ਬਯਾਹ ਉਮਾਹ ਤਬੈ।
ਲਿਹੁ ਆਪਿ ਪ੍ਰਭੂ ਨਹਿਂ ਦੇਰਿ ਕਰੋ। ਗਨ ਜੋ ਵਸਤੂ ਮੰਗਵਾਇ ਧਰੋ ॥੧੮॥

ਬਿਨਾਂ ਦੂਸ਼ਨ ਦੇ ਜਦ ਦਿਨ ਦੱਸ ਦਵੇ ਤਾਂ ਉਸ ਦਿਨ ਸ੍ਰੀ ਹਰਿਗੋਬਿੰਦ ਦੇ ਵਿਆਹ ਦਾ ਉਮਾਹ ਕਰੀਏ। ਹੇ ਗੁਰੂ ਜੀ ! ਆਪ ਬੁਲਾ ਲਵੋ, ਕੋਈ ਦੇਰ ਨਾ ਕਰੋ, ਜਿਹੜੀਆਂ ਲੋੜੀਂਦੀਆਂ ਵਸਤਾਂ ਹਨ, ਉਹ ਮੰਗਵਾ ਲਵੋ॥ ੧੮॥

ਉਤ ਮੈਂ ਸੁਨਿ ਕੈ ਘਰਿ ਜਾਇ ਅਬੈ। ਇਕਠੀ ਗਨ ਸੌਜ ਕਰਾਇ ਸਬੈ'।
ਸੁਨਿ ਪਾਸ ਨਰਾਇਣ ਦਾਸਹਿ ਤੇ। ਸਿਖ ਸੰਗਤਿ ਮੋਦ ਪ੍ਰਕਾਸ਼ ਹਿਤੇ ॥੧੯॥

ਵਿਆਹ ਦੇ ਦਿਨ ਬਾਰੇ ਸੁਣਕੇ ਮੈਂ ਹੁਣ ਘਰ ਜਾਵਾਂਗਾ ਤੇ ਸਾਰੀ ਸਮੱਗਰੀ ਇਕੱਠੀ ਕਰਾਵਾਂਗਾ"। ਭਾਈ ਨਰਾਇਣ ਦਾਸ ਪਾਸੋਂ ਸੁਣ ਕੇ ਸਿੱਖ ਸੰਗਤ ਵਿਚ ਬਹੁਤ ਖੁਸ਼ੀਆਂ ਵਧੀਆਂ ॥ ੧੯॥

ਤਬਿ ਸ਼੍ਰੀ ਗੁਰ ਬਿੱਪ੍ਰ ਬੁਲਾਇ ਲਿਯੋ। ਨਿਜ ਪਾਸ ਬਿਠਾਇ ਸੁ ਮਾਨ ਕਿਯੋ।
ਭਰਿ ਅੱਛਤਥਾਰ ਧਰਯੋ ਧਨ ਕੋ। ਕਹਿ 'ਸੋਧਹੁ ਬਯਾਹਨਿਕੇ ਦਿਨ ਕੋ ॥੨੦॥

ਫਿਰ ਗੁਰੂ ਜੀ ਨੇ ਬ੍ਰਾਹਮਣਾਂ ਨੂੰ ਬੁਲਾ ਲਿਆ ਅਤੇ ਆਪਣੇ ਪਾਸ ਬਿਠਾ ਕੇ ਆਦਰ ਦਿੱਤਾ, ਚਾਵਲਾਂ ਦਾ ਥਾਲ ਭਰ ਕੇ, ਉਤੇ ਧਨ ਧਰ ਕੇ ਕਿਹਾ, "ਵਿਆਹ ਦਾ ਦਿਨ ਸੋਧ ਦੇਵੋ॥ ੨੦॥

ਨੋਟ:-ਇਹ ਗਰ ਆਸ਼ੇ ਅਨਸਾਰ ਨਹੀਂ ਹੈ. ਕਵੀ ਜੀ ਦੀ ਆਪਣੀ ਕਲਪਨਾ ਹੈ।

Sri Satguru Jagjit Singh Ji eLlibrary NamdhariElibrary@gmail.com

ਇਮ ਚਾਹਿ ਨਰਾਇਣਦਾਸ ਧਰੈ। ਸੁਧਿ ਦਜੋਸ ਬਤਾਵਹੁ ਜਾਨਿ ਪਰੈ।
ਬਿਨ ਦੋਸ਼ ਬਨੈ ਅਸ ਨੀਕ ਅਹੈ। ਦੁਹ ਪਾਸਨਿ ਤੇ ਰਸ ਰੀਤਿ ਰਹੈ' ॥੨੧॥

ਇਸ ਤਰ੍ਹਾਂ ਨਰਾਇਣ ਦਾਸ ਨੇ ਚਾਹਤ ਧਾਰਨ ਕੀਤੀ, ਸੋਧ ਕੇ ਦਿਨ ਦੱਸ ਦੇਵੋ ਤਾਂਕਿ ਮੈਨੂੰ ਪੱਕਾ ਪਤਾ ਲੱਗ ਜਾਵੇ। ਦੂਸ਼ਣਾਂ ਤੋਂ ਬਗੈਰ ਚੰਗਾ ਦਿਨ ਹੋਵੇ, ਦੋਵਾਂ ਪਾਸਿਆਂ ਤੋਂ ਸ਼ੁਭ ਰੀਤੀ ਕਾਇਮ ਰਹੇ" ॥ ੨੧॥

ਸੁਨਿ ਬਿੱਪ੍ਰ ਲਯੋ ਪਤਰਾ ਕਰ ਮੈਂ। ਦਿਨ ਦੇਖਿ ਬਿਚਾਰਤਿ ਭਾ ਉਰ ਮੈਂ।
ਗ੍ਰੈਹ ਵਾਰ ਨਿਛੱਤ੍ਰਨਿ ਰਾਸਿਨਿ ਕੋ। ਦਿਨ ਜਾਨਿ ਸੁ ਬਜਾਹ ਪ੍ਰਕਾਸ਼ਨਿ ਕੋ ॥੨੨॥

ਇਹ ਸੁਣ ਕੇ ਬ੍ਰਾਹਮਣ ਨੇ ਪੱਤਰੀ ਆਪਣੇ ਹੱਥ ਵਿਚ ਲਈ, ਦਿਨ ਦੇਖ ਕੇ ਆਪਣੇ ਹਿਰਦੇ ਵਿਚ ਵਿਚਾਰ ਕਰ ਰਿਹਾ ਸੀ। ਗ੍ਰਹਿ, ਵਾਰ, ਨਖੱਤਰ ਅਤੇ ਰਾਸਾਂ ਨੂੰ ਵੇਖ ਕੇ ਵਿਆਹ ਦੇ ਪ੍ਰਕਾਸ਼ ਦਾ ਦਿਨ ਵਿਚਾਰ ਰਿਹਾ ਸੀ॥ ੨੨॥

ਗੁਰੁ ਸੰਗ ਭਨਯੋ 'ਜੁਗ ਮਾਸ ਬਿਤੇ। ਹੁਇ ਮਾਘ ਸੁਦੀ ਦਸਮੀ ਸੁ ਹਿਤੇ।
ਸੁਧਿ ਦਜੋਸ ਅਹੈ ਤਬਿ ਬਜਾਹ ਕਰੋ। ਰੁਤਿ ਸੁੰਦਰ ਹੈ ਨਿਸ਼ਚੈ ਸੁਧਰੋ' ॥੨੩॥

ਫਿਰ ਉਸ ਗੁਰੂ ਜੀ ਨੂੰ ਕਿਹਾ, "ਦੋ ਮਹੀਨੇ ਬਤੀਤ ਹੋਣ ਤੋਂ ਬਾਅਦ ਜਦ ਮਾਘ ਸੁਦੀ ਦਸਮੀ ਆਵੇ ਤਾਂ ਇਹੋ ਸੁੱਧ ਦਿਨ ਜਾਣੋ ਤੇ ਇਸ ਦਿਨ ਵਿਆਹ ਕਰੋ। ਇਹ ਰੁਤ ਸੁੰਦਰ ਹੈ ਨਿਸ਼ਚੇ ਕਰਕੇ ਇਸ ਨੂੰ ਸ੍ਰੇਸ਼ਟ ਮੰਨ ਕੇ ਧਾਰਨ ਕਰੋ" ॥ ੨੩॥

ਦੋਹਰਾ-ਇਮ ਸਾਹਾ ਸੁਧਵਾਇ ਕਰਿ ਸੁਨਯੋ ਨਰਾਇਨਦਾਸ।
ਕਰਿ ਨਿਸ਼ਚੈ ਹਰਖਤ ਭਯੋ ਖਰੇ ਕਰੀ ਅਰਦਾਸਿ ॥ ੨੪॥

ਇਸ ਤਰ੍ਹਾਂ ਨਰਾਇਣ ਦਾਸ ਨੇ ਸਾਹਾ ਸੁਧਵਾ ਕੇ ਸੁਣਿਆ ਤੇ ਨਿਸ਼ਚੇ ਕਰ ਕੇ ਬਹੁਤ ਪ੍ਰਸੰਨ ਹੋਇਆ ਤੇ ਖੜੇ ਹੋ ਕੇ ਬੇਨਤੀ ਕੀਤੀ॥੨੪॥

ਨੋਟ:-ਗੁਰੂ ਜੀ ਆਪ ਫੁਰਮਾਉਂਦੇ ਹਨ, *"ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ" ॥*

*(ਪੰਨਾ ੯੦੪)*

(ਅਰਥ:-ਤੂੰ ਵਿਆਹ ਦਾ ਸ਼ੁਭ ਦਿਹਾੜਾ ਗਿਣਦਾ ਹੈਂ, ਪਰ ਤੂੰ ਵਿਚਾਰਦਾ ਨਹੀਂ ਕਿ ਇਕ ਸਰੂਪ ਰਹਿਤ ਸੁਆਮੀ, ਇਨ੍ਹਾਂ ਸ਼ੁਭ ਦਿਹਾੜਿਆਂ ਤੋਂ ਉਤੇ ਅਤੇ ਪਰੇਡੇ ਹਨ।)

ਉਪਰੋਕਤ ਗੁਰਬਾਣੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕੀ ਅਜਿਹੀ ਬਾਣੀ ਲਿਖਣ ਵਾਲੇ, ਪ੍ਰਚਾਰਨ ਵਾਲੇ ਅਤੇ ਮੰਨਣ ਵਾਲੇ ਆਪ ਕਦੀ ਆਪਣੀ ਬਾਣੀ ਦੇ ਵਿਰੁੱਧ ਚਲ ਸਕਦੇ ਹਨ, ਇਸ ਕਰਕੇ ਇਹ ਪੰਡਿਤ ਦੇ ਸਾਹਾ ਸੋਧਣ ਵਾਲੀ ਗੱਲ ਸਹੀ ਨਹੀਂ ਹੈ।

ਤੋਟਕ ਛੰਦ-'ਦਿਹੁ ਆਇਸੁ ਜਾਉਂ ਅਵਾਸਿ ਅਬੈ। ਗਨ ਸੌਜਨਿ ਤਜਾਰ ਕਰਾਉਂ ਸਬੈ'।
ਕਰਿ ਬੰਦਨ ਕੋ ਤਤਕਾਲ ਗਯੋ। ਅਪਨੇ ਘਰ ਪ੍ਰਾਪਤਿ ਹੋਤਿ ਭਯੋ ॥੨੫॥

"ਹੁਣ ਆਗਿਆ ਦੇਵੋ ਘਰ ਨੂੰ ਜਾਵਾਂ ਤੇ ਸਾਰੀ ਸਮੱਗਰੀ ਤਿਆਰ ਕਰਾਵਾਂ" ਬੰਦਨਾ ਕਰਕੇ ਤੁਰਤ ਚਲਾ ਗਿਆ ਅਤੇ ਆਪਣੇ ਘਰ ਪਹੁੰਚ ਗਿਆ॥ ੨੫॥

ਬਿਰਤਾਂਤ ਕੁਟੰਬਹਿ ਸੰਗਿ ਕਹਜੋ। ਸੁਨਿਕੈ ਸਭਿ ਨੇ ਮਨ ਮੋਦ ਲਹਜੋ।
ਨਿਜ ਭਾਗ ਬਿਸਾਲਹਿ ਧੰਨ ਲਖੈ। ਘਰ ਸ੍ਰੀ ਗੁਰੁ ਆਇ ਸਰੂਪ ਪਿਖੈ ॥੨੬॥

ਸਾਰਾ ਬ੍ਰਿਰਤਾਂਤ ਆਪਣੇ ਪਰਿਵਾਰ ਨੂੰ ਸੁਣਾਇਆ, ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ, ਆਪਣੇ ਭਾਗ ਬਹੁਤ ਬਹੁਤ ਧੰਨ ਸਮਝੇ, ਸਾਡੇ ਘਰ ਗੁਰੂ ਜੀ ਆਉਣਗੇ ਤੇ ਉਨ੍ਹਾਂ ਦੇ ਸਰੂਪ ਦੇ ਦਰਸ਼ਨ ਕਰਾਂਗੇ॥ ੨੬॥

Sri Satguru Jagjit Singh Ji eLlibrary NamdhariElibrary@gmail.com

ਸਭਿ ਸੰਗ੍ਰਹਿ ਸੌਜ ਕਰੰਤਿ ਭਏ। ਹਿਤ ਬਜਾਹ ਉਛਾਹ ਅਨੰਦ ਲਏ।
ਇਤ ਸ਼੍ਰੀ ਗੁਰੁ ਸੰਗਹਿ ਸੰਗਤਿ ਹੈ। ਮਿਸ਼ਟਾਨ ਮੰਗਾਇ ਉਮੰਗਤਿ ਹੈਂ॥ ੨੭॥

ਸਾਰੀ ਸਮੱਗਰੀ ਇਕੱਠੀ ਕਰਨ ਲੱਗੇ, ਵਿਆਹ ਵਾਸਤੇ ਬਹੁਤ ਅਨੰਦ ਅਤੇ ਉਤਸ਼ਾਹ ਲੈ ਰਹੇ ਸਨ। ਏਧਰ ਸਤਿਗੁਰੂ ਜੀ ਪਾਸ ਵੀ ਸੰਗਤ ਹੈ, ਗੁਰੂ ਜੀ ਨੇ ਬੜੇ ਉਤਸ਼ਾਹ ਨਾਲ ਬਹੁਤ ਮਠਿਆਈ ਮੰਗਵਾਈ॥ ੨੭॥

ਪਿਤ ਥਾਨਥਪਜੋ ਹਰਿ ਮੰਦਰ ਕੋ। ਹਿਤ ਪੂਜਨਿ ਕੇ ਚਲਿ ਸੁੰਦਰ ਕੋ।
ਸਿਖ ਸੇਵਕ ਭੀਰ ਸੁ ਸਾਥ ਮਹਾਂ। ਤਟ ਤੀਰਥ ਪੌਰ ਪਹੂੰਚਿ ਤਹਾਂ॥ ੨੮॥

ਆਪਣੇ ਪਿਤਾ ਜੀ ਦੇ ਸਥਾਨ ਤੇ ਜਿਥੇ ਹਰਿਮੰਦਰ ਸਾਹਿਬ ਬਣਾਇਆ ਸੀ, ਉਸ ਸੁੰਦਰ ਸਥਾਨ ਦੀ ਪੂਜਾ ਕਰਨ ਵਾਸਤੇ ਚਲ ਪਏ। ਸਿੱਖ ਸੇਵਕਾਂ ਦਾ ਭਾਰੀ ਹਜੂਮ ਨਾਲ ਸੀ, ਜਿਥੇ ਹਰਿਮੰਦਰ ਸਾਹਿਬ ਦਾ ਬਾਹਰਲਾ ਦਰਵਾਜ਼ਾ ਸੀ, ਉਥੇ ਪਹੁੰਚ ਗਏ॥੨੮॥

ਹਰਿ ਗੋਵਿੰਦ ਨਾਰਿ ਅਨੇਕ ਮਿਲੀ। ਨਿਜ ਸੰਗਿ ਕਰੇ ਤਹਿਂ ਗੰਗ ਚਲੀ।
ਗੁਰੁ ਅੱਗ੍ਰ ਭਏ ਪਸ਼ਚਾਤਿ ਇਹੀ। ਗੁਰੁ ਨਾਨਕ ਨਾਮ ਉਚਾਰਤਿ ਹੀ॥ ੨੯॥

ਸ੍ਰੀ ਹਰਿਗੋਬਿੰਦ ਸਾਹਿਬ ਨੂੰ ਅਨੇਕਾਂ ਇਸਤਰੀਆਂ ਮਿਲੀਆਂ, ਉਨ੍ਹਾਂ ਸਾਰੀਆਂ ਨੂੰ ਲੈ ਕੇ ਮਾਤਾ ਗੰਗਾ ਜੀ ਵੀ ਚਲ ਪਈ। ਗੁਰੂ ਜੀ ਪਹਿਲਾਂ ਪਹੁੰਚ ਗਏ, ਬਾਅਦ ਵਿਚ ਮਾਤਾ ਗੰਗਾ ਜੀ ਵੀ ਚਲੇ ਗਏ, ਸਾਰੇ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਉਚਾਰਨ ਕਰ ਰਹੇ ਸਨ॥ ੨੯॥

ਦਰਬਾਰ ਕਿ ਦ੍ਵਾਰਿ ਨਮੋ ਕਰਿਕੈ। ਪਰਦੱਛਨ ਦੀਨਿ ਸਭੀ ਫਿਰਿਕੈ।
ਸਭਿ ਹੋਇ ਖਰੇ ਅਰਦਾਸ ਕਰੀ। ਬਰ ਫੂਲਨਿ ਕੀ ਬਰਖਾ ਸੁ ਝਰੀ॥ ੩੦॥

ਦਰਬਾਰ ਦੇ ਦਰਵਾਜ਼ੇ ਨੂੰ ਨਮਸਕਾਰ ਕਰਕੇ, ਸਾਰਿਆਂ ਨੇ ਫਿਰ ਕੇ ਪਰਿਕਰਮਾਂ ਕੀਤੀਆਂ। ਫਿਰ ਸਾਰਿਆਂ ਨੇ ਖੜੇ ਹੋ ਕੇ ਅਰਦਾਸ ਕੀਤੀ। ਫਿਰ ਸ੍ਰੇਸ਼ਟ ਫੁੱਲਾਂ ਦੀ ਵਰਖਾ ਕੀਤੀ॥ ੩੦॥

ਬਹੁ ਧੂਪ ਧੁਖਾਵਤਿ ਦੇਵਤਿ ਹੈਂ। ਕਰ ਜੋਰਤਿ ਸ਼੍ਰੀ ਗੁਰੁ ਸੇਵਤਿ ਹੈਂ।
ਬਰਤਾਇ ਪ੍ਰਸਾਦਿ ਸਮੂਹ ਦਿਯੋ। ਪਿਖਿ ਮੰਗਲ ਕੌ ਹਰਖੰਤਿ ਹਿਯੋ॥ ੩੧॥

ਬਹੁਤ ਧੂਪ ਧੁਖਾ ਕੇ ਦੇ ਰਹੇ ਸਨ ਤੇ ਗੁਰੂ ਜੀ ਹੱਥ ਜੋੜ ਕੇ ਸਿਮਰਨ ਕਰਦੇ ਸਨ। ਫਿਰ ਸਾਰਾ ਪ੍ਰਸ਼ਾਦਿ ਵਰਤਾ ਦਿੱਤਾ, ਅਨੰਦ ਮੰਗਲ ਨੂੰ ਵੇਖ ਕੇ ਹਿਰਦੇ ਬਹੁਤ ਪ੍ਰਸੰਨ ਸਨ॥ ੩੧॥

ਕਰ ਬੰਦਿ ਕਰੈਂ ਅਭਿਬੰਦਨ ਕੋ। ਗੁਰੁ ਨਾਮ ਜਪੈਂ ਅਭਿਨੰਦਨ ਕੋ।
ਇਮ ਗੰਗ ਲਿਏ ਨਿਜ ਨੰਦਨ ਕੋ। ਝੁਕ ਬੰਦਤਿ ਹੈਂ ਜਗ ਬੰਦਨ ਕੋ॥ ੩੨॥

ਹੱਥ ਜੋੜ ਕੇ ਬੰਦਨਾਯੋਗ ਨੂੰ ਬੰਦਨਾ ਕਰਦੇ ਸਨ। ਗੁਰੂ ਜੀ ਅਨੰਦਮਈ ਹੋਣ ਲਈ ਨਾਮ ਜਪਦੇ ਸਨ। ਇਸ ਤਰ੍ਹਾਂ ਹੀ ਮਾਤਾ ਗੰਗਾ ਜੀ ਆਪਣੇ ਪੁੱਤਰ ਨੂੰ ਲੈ ਕੇ ਜਗਤ ਦੇ ਬੰਦਨਾ ਯੋਗ ਨੂੰ ਝੁਕ ਕੇ ਬੰਦਨਾ ਕਰਦੇ ਸਨ॥ ੩੨॥

ਪੁਨ ਆਇ ਨਿਕੇਤ ਅਨੰਦ ਭਰੀ। ਕੁਲ ਰੀਤਿ ਹੁਤੀ ਸਭਿ ਹੀ ਸੁ ਕਰੀ।
ਮਿਸ਼ਟਾਨਿ ਦਿਯੋ ਸਭਿ ਕੇ ਘਰ ਮੈਂ। ਰਹਿ ਊਚ ਜੁ ਨੀਚ ਗੁਰੂ ਪੁਰਿ ਮੈਂ॥ ੩੩॥

ਫਿਰ ਅਨੰਦ ਨਾਲ ਭਰੇ ਹੋਏ ਘਰ ਆ ਗਏ, ਜਿਹੜੀ ਵੀ ਕੁਲ ਰੀਤੀ ਸੀ, ਉਹ ਸਾਰੀ ਕੀਤੀ। ਸਾਰਿਆਂ ਦੇ ਘਰਾਂ ਵਿਚ ਮਠਿਆਈ ਵੰਡੀ, ਗੁਰੂ ਜੀ ਦੀ ਨਗਰੀ ਵਿਚ ਹਰ ਗਰੀਬ ਅਮੀਰ ਨੂੰ ਮਠਿਆਈ ਦਿੱਤੀ ਗਈ॥ ੩੩॥

ਇਮ ਮੰਗਲ ਔ ਕੁਲ ਰੀਤਿ ਜਿਤੀ। ਹਰਖਾਇ ਕਰੀ ਤਬਿ ਗੰਗ ਤਿਤੀ।
ਜਸੁ ਫੈਲਤਿ ਭਾ ਤਿਸ ਦੇਸ਼ ਮਹਾਂ। ਧਨ ਲੇ ਉਚਰੰਤਿ ਜਹਾਂ ਸੁ ਕਹਾਂ ॥ ੩੪ ॥

ਇਸ ਤਰ੍ਹਾਂ ਕੁਲ ਦੀ ਰੀਤ ਵਿਚ ਜਿੰਨੇ ਵੀ ਮੰਗਲ ਸਨ, ਮਾਤਾ ਗੰਗਾ ਜੀ ਨੇ ਸਾਰੇ ਹੀ ਬੜੇ ਪ੍ਰਸੰਨ ਹੋ ਕੇ ਕੀਤੇ। ਸਾਰੇ ਦੇਸ਼ ਵਿਚ ਬਹੁਤ ਜੱਸ ਫੈਲਿਆ, ਜਿਥੇ ਕਿਥੇ ਧੰਨ ਧੰਨ ਦਾ ਉਚਾਰਨ ਕਰਦੇ ਸਨ॥ ੩੪ ॥

ਪੁਨ ਸ੍ਰੀ ਗੁਰ ਸੌਜ ਮੰਗਾਵਤਿ ਹੈਂ। ਹਿਤ ਬਜਾਹ ਅਵਾਸ ਰਖਾਵਤਿ ਹੈਂ।
ਬਹੁ ਗ੍ਰਾਮਨਿ ਤੇ ਘ੍ਰਿਤ ਲੇਤਿ ਭਏ। ਧਨ ਪਾਸ ਮਸੰਦਨਿ ਕੇ ਸੁ ਦਏ॥ ੩੫ ॥

ਫਿਰ ਗੁਰੂ ਜੀ ਨੇ ਵੀ ਵਿਆਹ ਦੀ ਸਮੱਗਰੀ ਮੰਗਵਾਈ। ਵਿਆਹ ਵਾਸਤੇ ਇਕ ਕਮਰਾ ਰਾਖਵਾਂ ਰਖਿਆ। ਬਹੁਤ ਪਿੰਡਾਂ ਤੋਂ ਘਿਉ ਮੁਲ ਲੈ ਰਹੇ ਸਨ, ਜਿਹੜਾ ਮਸੰਦਾਂ ਪਾਸ ਧਨ ਸੀ, ਉਹ ਦਿੰਦੇ ਸਨ॥ ੩੫ ॥

ਪੂਰਿ ਭੂਰਨਿ ਮੈਂ ਧਨ ਭੇਜਿ ਦਿਯੋ। ਮਿਸ਼ਟਾਨ ਮਹਾਂਨ ਮੰਗਾਇ ਲਯੋ।
ਬਡ ਬਾਸਨਿ ਲੇ ਕਰਿ ਪੂਰਿ ਧਰੇ। ਗਨ ਮੇਵਨਿ ਕੀ ਸੁ ਖਰੀਦ ਕਰੇ॥ ੩੬ ॥

ਸਾਰੇ ਨਗਰਾਂ ਵਿਚ ਧਨ ਭੇਜ ਦਿੱਤਾ, ਬਹੁਤ ਮਿੱਠਾ ਮੰਗਵਾ ਲਿਆ, ਵੱਡੇ-ਵੱਡੇ ਬਰਤਨ ਲੈ ਕੇ ਭਰਨ ਵਾਸਤੇ ਧਰ ਦਿੱਤੇ, ਬਹੁਤ ਪ੍ਰਕਾਰ ਦੇ ਮੇਵੇ ਖਰੀਦੇ ਗਏ॥ ੩੬ ॥

ਪਸ਼ਮੰਬਰ ਕੇਤਿਕ ਮੋਲਿ ਲਿਯੇ। ਬਹੁ ਸੂਖਮ ਅੰਬਰ ਬ੍ਰਿੰਦ ਕਿਯੇ।
ਗਨ ਜਾਤ ਪਟੰਬਰ ਲੀਨਿ ਭਲੇ। ਜਿਨ ਲਾਗਿ ਜ਼ਰੀ ਬਹੁ ਭਾਵ ਮਿਲੇ॥ ੩੭ ॥

ਪਸ਼ਮੀਨੇ ਦੇ ਬਹੁਤ ਵਸਤਰ ਮੁੱਲ ਲਏ, ਬੜੇ ਸੂਖਮ ਅਤੇ ਨਰਮ ਕਪੜੇ ਇਕੱਠੇ ਕੀਤੇ। ਪਟ ਅਤੇ ਰੇਸ਼ਮ ਦੇ ਕਪੜੇ ਵੀ ਲਏ ਗਏ, ਜਿਨ੍ਹਾਂ ਵਿਚ ਜਰੀ ਦੇ ਕਪੜੇ ਬਹੁਤ ਮਹਿੰਗੇ ਮੁੱਲ ਤੇ ਮਿਲੇ॥ ੩੭ ॥

ਸਿਖ ਸੰਗਤਿ ਔਰ ਮਸੰਦਨਿ ਕੋ। ਪੁਰਿ ਪੈਂਚ ਅਨੇਕ ਬਿਲੰਦਨਿ ਕੋ।
ਜਿਨਿ ਦੇਨਿ ਬਨੈ ਹਿਤ ਮਾਨਿ ਘਨੇ। ਸੁ ਖਰੀਦ ਕਰੇ ਤਿਨ ਕੌਨ ਗਿਨੇ॥ ੩੮ ॥

ਸਿੱਖ ਸੰਗਤ ਅਤੇ ਮਸੰਦਾਂ, ਨਗਰ ਦੇ ਅਨੇਕਾਂ ਵੱਡੇ-ਵੱਡੇ ਪੈਂਚਾਂ ਜਿਨ੍ਹਾਂ ਨੂੰ ਬੜੇ ਮਾਣ ਨਾਲ ਗੁਰੂ ਜੀ ਨੂੰ ਦੇਣਾ ਬਣਦਾ ਸੀ, ਉਨ੍ਹਾਂ ਵੀ ਬਹੁਤ ਖਰੀਦ ਕੀਤੀ, ਉਸ ਖਰੀਦ ਦੀ ਹੁਣ ਕੌਣ ਗਿਣਤੀ ਕਰੇ॥ ੩੮ ॥

ਦੋਹਰਾ-ਸਾਹਾ ਜਾਨਿ ਸਮੀਪ ਕੋ ਸਭਿ ਤਜਾਰੀ ਕਰਿ ਲੀਨਿ।
ਅੰਨ ਅਧਿਕ ਸੰਚੈ ਕਰਜੋ ਜਹਿਂ ਕਹਿਂ ਧਨ ਗਨ ਦੀਨ॥ ੩੯ ॥

ਜਦ ਵੇਖਿਆ ਕਿ ਸਾਹਾ ਬਹੁਤ ਨੇੜੇ ਆ ਗਿਆ ਹੈ ਤਾਂ ਸਭ ਪ੍ਰਕਾਰ ਦੀ ਤਿਆਰੀ ਕਰ ਲਈ ਗਈ, ਬਹੁਤ ਅਨਾਜ ਇਕੱਠਾ ਕੀਤਾ ਅਤੇ ਜਿੱਥੇ ਕਿੱਥੇ ਬਹੁਤ ਧਨ ਦਿੱਤਾ॥ ੩੯ ॥

ਰਿਦੇ ਅਨੰਦ ਬਿਲੰਦ ਤੇ ਗੰਗਾ ਧਾਰਿ ਉਮੰਗ।
ਪ੍ਰਥਮ ਬਜਾਹ ਲਖਿ ਚੌਂਪ ਚਿਤਿ ਕਰਤਿ ਅਧਿਕ ਗਨ ਰੰਗ॥ ੪੦ ॥

ਹਿਰਦੇ ਵਿਚ ਬੜਾ ਅਨੰਦ ਅਤੇ ਉਮੰਗ ਧਾਰ ਕੇ, ਮਾਤਾ ਗੰਗਾ ਜੀ ਪਹਿਲਾ ਵਿਆਹ ਸਮਝ ਕੇ ਬੜੇ ਚਾਹ ਨਾਲ ਕਈ ਪ੍ਰਕਾਰ ਦੀਆਂ ਖ਼ੁਸ਼ੀਆਂ ਮਨਾ ਰਹੇ ਸਨ॥ ੪੦ ॥

ਜਾਇ ਨਰਾਇਣ ਦਾਸ ਘਰ ਜਥਾ ਸ਼ਕਤਿ ਕੋ ਧਾਰਿ।
ਸਰਬ ਵਸਤੁ ਸੰਚੈ ਕਰੀ ਹੈ ਜੁ ਅਨੇਕ ਪ੍ਰਕਾਰ॥ ੪੧ ॥

ਉਹ ਸਮਝਦੇ ਸਨ ਕਿ ਭਾਈ ਨਰਾਇਣ ਦਾਸ ਦੇ ਘਰ ਯਥਾ ਸ਼ਕਤੀ ਧਾਰ ਕੇ ਜਾਈਦੇ। ਸਾਰੀਆਂ ਵਸਤੂਆਂ ਇਕੱਠੀਆਂ ਕੀਤੀਆਂ ਜਿਹੜੀਆਂ ਅਨੇਕ ਪਕਾਰ ਦੀਆਂ ਸਨ॥ ੪੧ ॥

ਹਿਤ ਦਾਇਜ ਕੇ ਦੇਨਿ ਕੋ ਕਰਨਿ ਸਮੂਹ ਅਹਾਰ।
ਅੰਨ ਬਸਨ ਭੂਖਨ ਭਲੇ ਕੀਨਿਸਿ ਸਗਰੇ ਤਜਾਰ॥ ੪੨॥

ਦਾਜ ਦੇਣ ਵਾਸਤੇ ਅਤੇ ਸਾਰਿਆਂ ਨੂੰ ਭੋਜਨ ਕਰਵਾਉਣ ਵਾਸਤੇ ਅਨਾਜ, ਕਪੜੇ, ਗਹਿਣੇ ਆਦਿ ਸਾਰੇ ਤਿਆਰ ਕੀਤੇ॥ ੪੨॥

*ਚੌਥੀ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥ ੭॥*

## ਅਧਿਆਇ ਅੱਠਵਾਂ

### ਚੰਦੂ ਦਾ ਵੈਰ ਵਧਿਆ

ਦੋਹਰਾ- ਦਿਜ ਨਾਈ ਛੂਛੇ ਹਟੇ ਤਿਨ ਕੋ ਸੁਨੋ ਬ੍ਰਿਤੰਤ।
ਮਹਾਂ ਦੁਖਤਿ ਗਮਨਤਿ ਭਏ ਰਿਦੇ ਅਧਿਕ ਪਛੁਤੰਤ॥ ੧॥

ਚੰਦੂ ਦਾ ਬ੍ਰਾਹਮਣ ਅਤੇ ਨਾਈ ਖਾਲੀ ਹੱਥ ਵਾਪਸ ਚਲੇ ਗਏ, ਉਨ੍ਹਾਂ ਦਾ ਵੀ ਬ੍ਰਿਤਾਂਤ ਸੁਣੋ, ਬਹੁਤ ਦੁਖੀ ਹੋ ਕੇ ਜਾ ਰਹੇ ਸਨ ਅਤੇ ਦਿਲ ਵਿਚ ਬਹੁਤ ਪਛਤਾਉਂਦੇ ਸਨ॥੧॥

ਚੌਪਈ- ਸਨੈ ਸਨੈ ਦਿੱਲੀ ਪੁਰਿ ਗਏ। ਮਗ ਮਹਿਂ ਕਿਨਹੁਂ ਲੂਟਿ ਜਨੁ ਲਏ।
ਘਰ ਖੱਤ੍ਰੀ ਕੇ ਪਹੁੰਚੇ ਜਾਇ। ਜਹਾਂ ਮੂਢ ਬੈਠਯੋ ਗਰਬਾਇ॥ ੨॥

ਹੌਲੀ-ਹੌਲੀ ਦਿੱਲੀ ਦੀ ਨਗਰੀ ਵਿਚ ਪਹੁੰਚ ਗਏ, ਜਿਵੇਂ ਕਿਸੇ ਨੇ ਰਾਹ ਵਿਚ ਹੀ ਲੁੱਟ ਲਏ ਹੋਣ। ਉਹ ਚੰਦੂ ਖੱਤਰੀ ਦੇ ਘਰ ਪਹੁੰਚੇ, ਜਿੱਥੇ ਮੂਰਖ ਬੜਾ ਆਕੜ ਕੇ ਬੈਠਾ ਸੀ॥ ੨॥

ਗਿਲਮਿ ਗਲੀਚੇ ਫਰਸ਼ ਬਿਸਾਲਾ। ਬੈਠਿਕ ਮੈਂ ਬੈਠਯੋ ਖੁਸ਼ਹਾਲਾ।
ਬਡ ਉਪਧਾਨ ਧਰਯੋ ਜਿਹ ਪਾਛੇ। ਸਗਰੇ ਸੇਤ ਬਸਤ੍ਰ ਤਨੁ ਕਾਛੇ॥ ੩॥

ਫਰਸ਼ ਉੱਤੇ ਵਿਸ਼ਾਲ ਨਰਮ ਵਿਛੌਣੇ ਅਤੇ ਕਾਲੀਨ ਵਿਛੇ ਹੋਏ ਸਨ, ਬੜਾ ਅਨੰਦ ਪ੍ਰਸੰਨ ਬੈਠਕ ਵਿਚ ਬੈਠਿਆ ਸੀ। ਵੱਡਾ ਸਿਰਹਾਣਾ ਪਿੱਛੇ ਧਰਿਆ ਹੋਇਆ ਸੀ, ਸਾਰੇ ਸਰੀਰ ਤੇ ਸਫੇਦ ਕਪੜੇ ਸਜਾਏ ਹੋਏ ਸਨ॥ ੩॥

ਬੈਠੇ ਲਿਖਿਨਹਾਰ ਢਿਗ ਬ੍ਰਿੰਦ। ਕਿਤਿਕ ਖੁਸ਼ਾਮਦ ਕਰਤਿ ਬਿਲੰਦ।
ਕਾਰਜ ਅਰਥੀ ਮਾਨਵ ਕੇਈ। ਜੋਰਤਿ ਹਾਥਨਿ ਜਾਚਤਿ ਸੇਈ॥ ੪॥

ਕਈ ਮੁਨੀਮ (ਲਿਖਾਰੀ) ਪਾਸ ਬੈਠੇ ਸਨ, ਕਈ ਬਹੁਤ ਖੁਸ਼ਾਮਦਾਂ ਕਰ ਰਹੇ ਸਨ। ਕਈ ਮਨੁੱਖ ਆਪਣੇ ਕੰਮ ਦੀ ਉਜਰਤ ਵਜੋ, ਹੱਥ ਜੋੜ ਕੇ ਪੈਸੇ ਮੰਗ ਰਹੇ ਸਨ॥ ੪॥

ਬਡੀ ਕਚਹਿਰੀ ਮਹਿਂ ਸੋ ਬੈਸਾ। ਉੱਤਰ ਦੇਤਿ ਜੋਗ ਜਿਸ ਜੈਸਾ।
ਬਿੱਪ੍ਰ ਅਸ਼ੀਰਬਾਦ ਕਹਿ 'ਜੀਵਹੁ। ਚਿਰੰਕਾਲ ਜਸੁ ਜੁਤਿ ਜਗ ਥੀਵਹੁ' ॥੫॥

ਉਹ ਵੱਡੀ ਕਚਹਿਰੀ ਵਿਚ ਬੈਠਿਆ ਹੋਇਆ ਸੀ, ਜੈਸੀ ਵੀ ਕੋਈ ਗੱਲ ਕਰਦਾ ਸੀ, ਉਸ ਦਾ ਯੋਗ ਉੱਤਰ ਦਿੰਦਾ ਸੀ। ਬਾਹਮਣ ਨੇ ਜਾ ਕੇ ਅਸੀਸ ਦਿੱਤੀ. "ਲੰਮੀ ਉਮਰ ਹੋਵੇ. ਜੱਸ ਸਹਿਤ ਜੱਗ ਵਿਚ ਵਿਚਰੋ"॥ ੫॥

ਮੁਖ ਮੁਰਝਾਯੋ ਬਹੁ ਦਿਜ ਕੇਰਾ। ਚੰਦੂ ਤਬਹਿ ਬਿਲੋਚਨ ਹੇਰਾ।
'ਪਾਂਇ ਲਗਹਿ, ਪਾਂਧਾ ! ਕਹੁ ਬਾਤੀ। ਤੁਝ ਦੇਖਤਿ ਧਰਕਤਿ ਮੁਝ ਛਾਤੀ ॥ ੬ ॥

ਬ੍ਰਹਮਣ ਦਾ ਚਿਹਰਾ ਬੜਾ ਮੁਰਝਾਇਆ ਹੋਇਆ ਸੀ, ਚੰਦੂ ਨੇ ਓਸੇ ਵੇਲੇ ਵੇਖ ਲਿਆ, ਕਹਿਣ ਲੱਗਾ, "ਹੇ ਪਾਂਧਾ ਜੀ ! ਤੁਹਾਡੇ ਪੈਰੀਂ ਪੈਂਦੇ ਹਾਂ, ਗੱਲ-ਬਾਤ ਸੁਣਾਓ, ਤੁਹਾਨੂੰ ਵੇਖ ਕੇ ਮੇਰੀ ਛਾਤੀ ਧੜਕਣ ਲੱਗ ਗਈ ਹੈ॥ ੬ ॥

ਫਰਕਤਿ ਬਾਮ ਅੰਗ ਤਨ ਮੇਰੇ। ਨਹੀਂ ਸ਼ਗੁਨ ਕੁਛ ਆਛੇ ਹੇਰੇ।
ਬਦਨ ਸਚਿੰਤ ਦੇਖਿ ਕਰਿ ਤੋਹੀ। ਅਤਿ ਸੰਸੈ ਹੋਵਤਿ ਉਰ ਮੋਹੀ ॥ ੭ ॥

ਮੇਰੇ ਸਰੀਰ ਦੇ ਖੱਬੇ ਅੰਗ ਫੜਕਣ ਲੱਗ ਗਏ ਹਨ, ਕੋਈ ਚੰਗੇ ਸ਼ਗਨ ਨਹੀਂ ਵੇਖੇ। ਤੁਹਾਨੂੰ ਵੇਖ ਕੇ ਮੇਰਾ ਮੁੱਖ ਚਿੰਤਿਤ ਹੋ ਗਿਆ ਹੈ, ਮੇਰੇ ਹਿਰਦੇ ਵਿਚ ਬੜਾ ਸੰਸਾ ਪੈਦਾ ਹੋਇਆ ਹੈ॥ ੭ ॥

ਪੰਥ ਚਲਤਿ ਵਸਤੂ ਚੁਰਵਾਈ। ਕਿਧੌਂ ਅਪਰ ਕਾਰਜ ਬਿਗਰਾਈ।
ਮੁਦਿ ਜੁਤ ਮਿਲਿਬੋ ਚਹੀਅਹਿ ਤੇਰਾ। ਪਠਯੋ ਹੁਤੋ ਸ਼ਾਦੀ ਹਿਤ ਮੇਰਾ ॥ ੮ ॥

ਕੀ ਰਾਹ ਚਲਦਿਆਂ ਕਿਸੇ ਨੇ ਵਸਤਾਂ ਚੁਰਾ ਲਈਆਂ ਹਨ ਜਾਂ ਕੋਈ ਹੋਰ ਕਾਰਜ ਵਿਗੜ ਗਿਆ ਹੈ। ਤੁਹਾਨੂੰ ਮੈਨੂੰ ਖ਼ੁਸ਼ ਹੋ ਕੇ ਮਿਲਣਾ ਚਾਹੀਦਾ ਹੈ, ਕਿਉਂਕਿ ਮੈਂ ਤੈਨੂੰ ਆਪਣੀ ਖੁਸ਼ੀ ਦੇ ਕਾਰਜ ਵਾਸਤੇ ਭੇਜਿਆ ਸੀ॥ ੮ ॥

ਜਿਸ ਮਹਿਂ ਤੁਝ ਕੋ ਲਾਭ ਬਿਸਾਲਾ। ਅਸ ਕਾਰਜ ਮਹਿਂ ਤੂੰ ਇਸ ਕਾਲਾ।
ਸਮੈ ਹਰਖ ਕੇ ਮੁਖ ਮੁਰਝਾਯੋ। ਦੇਖਤਿ ਮੋਕੌ ਅਚਰਜ ਆਯੋ ॥ ੯ ॥

ਜਿਸ ਵਿਚ ਤੈਨੂੰ ਬਹੁਤ ਲਾਭ ਹੋਵੇਗਾ, ਤੂੰ ਇਸ ਸਮੇਂ ਐਸਾ ਕਾਰਜ ਕਰ ਰਿਹਾ ਹੈਂ। ਖ਼ੁਸ਼ ਹੋਣ ਦਾ ਸਮਾਂ ਹੈ ਤੇ ਤੇਰਾ ਚਿਹਰਾ ਮੁਰਝਾਇਆ ਹੈ, ਮੈਨੂੰ ਵੇਖਕੇ ਬੜੀ ਹੈਰਾਨੀ ਹੋਈ ਹੈ॥ ੯ ॥

ਸ਼ੁਭ ਕਾਰਜ ਸੋ ਬਨਯੋ ਕਿ ਨਾਂਹੀ ?। ਕਹੁ ਪਾਂਧਾ ਸਭਿ ਬਿਧਿ ਮੁਝ ਪਾਹੀ'।
ਸੁਨਿ ਚੰਦੂ ਤੇ ਬਿੱਪ੍ਰ ਉਚਾਰਾ। 'ਸੁਨਹੁ ਇਕੰਤ ਹੋਇ ਕਰਿ ਸਾਰਾ' ॥ ੧੦ ॥

ਸ਼ੁਭ ਕਾਰਜ ਬਣਿਆ ਹੈ ਕਿ ਨਹੀਂ, ਹੇ ਪਾਂਧੇ ! ਸਭ ਕੁਝ ਮੈਨੂੰ ਦੱਸੋ।" ਚੰਦੂ ਪਾਸੋਂ ਸੁਣ ਕੇ ਬ੍ਰਾਹਮਣ ਨੇ ਕਿਹਾ, "ਸਾਰੀ ਗੱਲ ਇਕਾਂਤ ਵਿਚ ਹੋ ਕੇ ਸੁਣੋ" ॥ ੧੦ ॥

ਸੰਸੈ ਜੁਤ ਉਠਿ ਕਰਿ ਤਤਕਾਲਾ। ਬੈਠਯੋ ਸਭਿ ਤੇ ਹੋਇ ਨਿਰਾਲਾ।
ਦਿਜ ਨੇ ਢਿਗ ਹੁਇ ਸਕਲ ਸੁਨਾਯੋ। 'ਹੇ ਜਜਮਾਨ ! ਸੁ ਹੁਇ ਪ੍ਰਭੁ ਭਾਯੋ ॥੧੧ ॥

ਸੰਸੇ ਵਿਚ ਪਿਆ ਚੰਦੂ ਇਕ ਦਮ ਉੱਠ ਪਿਆ, ਸਾਰਿਆਂ ਨਾਲੋਂ ਵੱਖ ਹੋ ਕੇ ਬੈਠ ਗਿਆ। ਬ੍ਰਾਹਮਣ ਨੇ ਪਾਸ ਬੈਠ ਕੇ ਸਾਰੀ ਗੱਲ ਸੁਣਾਈ, "ਹੇ ਜਜਮਾਣ ! ਜੋ ਪ੍ਰਭੂ ਨੂੰ ਭਾਉਂਦਾ ਹੈ, ਸੋ ਹੀ ਹੁੰਦਾ ਹੈ॥ ੧੧ ॥

ਹਮ ਨਾਤਾ ਜਬਿ ਲੇ ਕਰਿ ਗਏ। ਸ਼ੁਭ ਦਿਨ ਤਬਹਿ ਸੁਧਾਵਤਿ ਭਏ।
ਸਕਲ ਸਮਾਜ ਮਿਲਯੋ ਤਤਕਾਲਾ। ਲੋਕ ਹਜ਼ਾਰਹੁਂ ਅਨੰਦ ਬਿਸਾਲਾ ॥੧੨ ॥

ਅਸੀਂ ਜਦ ਰਿਸ਼ਤਾ ਲੈ ਕੇ ਗਏ ਤਾਂ ਓਸੇ ਸਮੇਂ ਸ਼ੁਭ ਦਿਨ ਸੁਧਾਇਆ ਗਿਆ। ਤੁਰੰਤ ਸਭ ਲੋਕ ਮਿਲ ਕੇ ਇਕੱਠੇ ਹੋਏ, ਹਜ਼ਾਰਾਂ ਲੋਕ ਬਹੁਤ ਪ੍ਰਸੰਨ ਸਨ॥ ੧੨ ॥

ਬਾਲਕ ਚੌਕੀ ਆਨਿ ਬਿਠਾਯਹੁ। ਗਾਵਨਿ ਬਾਦਤਿ ਸਕਲ ਰਚਾਯਹੁ।
ਹਮਹਿਂ ਬੁਲਾਯੋ ਗਮਨੇ ਤੀਰ। ਜਹਿਂ ਗੁਰੁ ਅਪਰ ਨਰਨਿ ਕੀ ਭੀਰ ॥ ੧੩ ॥

ਬਾਲਕ (ਸ੍ਰੀ ਹਰਿਗੋਬਿੰਦ ਜੀ) ਨੂੰ ਚੌਕੀ ਤੇ ਲਿਆ ਕੇ ਬਿਠਾ ਦਿੱਤਾ, ਗਾਉਣ ਵਜਾਉਣ ਆਦਿ ਸਾਰੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਸਾਨੂੰ ਜਦ ਬੁਲਾਇਆ ਗਿਆ ਤਾਂ ਅਸੀਂ ਪਾਸ ਗਏ, ਜਿਥੇ ਗੁਰੂ ਜੀ ਤੇ ਹੋਰ ਲੋਕਾਂ ਦੀ ਭੀੜ ਲੱਗੀ ਹੋਈ ਸੀ॥ ੧੩ ॥

ਨੌ ਗ੍ਰਿਹ ਗਨਪਤਿ ਹੁਤੋ ਮਨਾਯਹੁ। ਤਿਲਕ ਕਰਨਿ ਕੋ ਜਬਿ ਉਦਤਾਯਹੁ।
ਦਿੱਲੀ ਤੇ ਤਬਿ ਪਠਈ ਪਾਤੀ। ਚਲਤਿ ਹਮਹਿ ਤੁਮ ਕਹੀ ਜੁ ਬਾਤੀ ॥੧੪॥

ਨੌਂ ਗ੍ਰਹਿ ਤੇ ਗਨਪਤਿ ਆਦਿ ਮਨਾਏ ਗਏ, ਜਦ ਤਿਲਕ ਲਾਉਣ ਦੀ ਤਿਆਰੀ ਕੀਤੀ ਤਾਂ ਦਿੱਲੀ ਤੋਂ ਇਕ ਚਿੱਠੀ ਪਹੁੰਚੀ। ਚਲਦੇ ਸਮੇਂ ਤੁਸੀਂ ਜਿਹੜੀਆਂ ਸਾਨੂੰ ਗੱਲਾਂ ਕਹੀਆਂ ਸਨ॥ ੧੪॥

ਮੋਰੀ ਅਰੁ ਦ੍ਰਿਸ਼ਟਾਂਤ ਚੁਬਾਰਾ। ਨਿਜ ਬਡਤਾ ਕੇ ਹੇਤੁ ਉਚਾਰਾ।
ਕਿਹ ਸੁਨਿ ਕੈ ਲਿਖਿ ਭੇਜਯੋ ਸਾਰੋ। ਸੋ ਪਠਿ ਕੈ ਲਖਿ ਤੁਵ ਹੰਕਾਰੋ ॥੧੫॥

ਮੋਰੀ ਅਤੇ ਚੁਬਾਰੇ ਦਾ ਦ੍ਰਿਸ਼ਟਾਂਤ ਦਿੱਤਾ ਸੀ ਅਤੇ ਆਪਣੀ ਵਡਿਆਈ ਉਚਾਰਣ ਕੀਤੀ ਸੀ। ਇਹ ਸਭ ਕੁਝ ਉਸ ਚਿੱਠੀ ਵਿਚ ਲਿਖ ਕੇ ਭੇਜਿਆ ਗਿਆ। ਇਹ ਪੜ੍ਹ ਕੇ ਉਨ੍ਹਾਂ ਤੁਹਾਡੇ ਹੰਕਾਰ ਨੂੰ ਸਮਝਿਆ॥ ੧੫॥

ਜਰੀ ਨ ਬਾਤ, ਨ ਲਖੀ ਬਡਾਈ। ਤੂਰਨ ਹਮ ਸੋਂ ਗਿਰਾ ਅਲਾਈ।
'ਰਹੈ ਚੁਬਾਰੇ ਸੋ ਦੁਖ ਪਾਵਹਿ। ਮਾਰਹਿ ਟੱਕਰ ਭਾਲ ਭਨਾਵਹਿ' ॥ ੧੬॥

ਉਨ੍ਹਾਂ ਤੁਹਾਡੀ ਗੱਲ ਨੂੰ ਨਾ ਜਰਿਆ ਤੇ ਨਾ ਹੀ ਤੁਹਾਡੀ ਵਡਿਆਈ ਨੂੰ ਸਮਝਿਆ। ਤੁਰਤ ਸਾਨੂੰ ਕਿਹਾ, "ਜਿਹੜਾ ਚੁਬਾਰੇ ਵਿਚ ਰਹਿੰਦਾ ਹੈ ਦੁੱਖ ਪਾਉਂਦਾ ਹੈ, ਟੱਕਰਾਂ ਮਾਰ ਕੇ ਮੱਥਾ ਭਨਾਉਂਦਾ ਹੈ"॥ ੧੬॥

ਕੇਤਿਕ ਸਿੱਖ ਕਹਯੋ ਬਖਯਾਤਾ। ਨਹਿਂ ਲਿਹੁ ਇਸ ਕਿਰਾੜ ਕੋ ਨਾਤਾ।
ਪ੍ਰਥਮ ਭਯੋ ਤੈਂ ਬੋਲ ਬਿਗਾੜ। ਸਹੀ ਨ ਤਿਨਹੁ ਸੁ ਦੀਨਿ ਉਘਾੜ॥੧੭॥

ਕਈਆਂ ਸਿੱਖਾਂ ਵੀ ਪ੍ਰਗਟ ਤੌਰ ਤੇ ਕਿਹਾ ਕਿ ਇਸ ਕਿਰਾੜ ਦਾ ਰਿਸ਼ਤਾ ਨਾ ਲਵੋ। ਪਹਿਲਾਂ ਹੀ ਬੋਲ ਵਿਗਾੜ ਹੋ ਗਿਆ ਹੈ, ਉਨ੍ਹਾਂ ਤੁਹਾਡੀ ਗੱਲ ਬਰਦਾਸ਼ਤ ਨਾ ਕੀਤੀ ਤੇ ਪ੍ਰਗਟ ਕਰ ਦਿੱਤੀ॥ ੧੭॥

ਕਯਾ ਕਹੀਅਹਿ ਬਡ ਕਾਜ ਬਿਗਾਰਾ। ਨਹਿਂ ਸਵਰਯੋ ਮੈਂ ਬਹੁਤ ਉਚਾਰਾ।
ਕਹਤਿ ਭਏ, ਜੋ ਸਮ ਹੈ ਮੋਰੀ। ਸਮ ਮੋਰੀ ਕੇ ਮਿਲਹਿ ਸੁ ਮੋਰੀ॥ ੧੮॥

ਕੀ ਕਰੀਏ ਵੱਡਾ ਕਾਰਜ ਵਿਗਾੜ ਦਿੱਤਾ ਹੈ, ਸੁਧਰਿਆ ਨਹੀਂ ਹੈ, ਮੈਂ ਬਹੁਤ ਕੋਸ਼ਿਸ਼ ਕੀਤੀ ਸੀ। ਕਹਿੰਦੇ ਸਨ, ਜੋ ਮੋਰੀ ਦੇ ਬਰਾਬਰ ਹਨ, ਮੋਰੀ ਬਰਾਬਰ ਵਾਲੇ ਨੂੰ ਹੀ ਮਿਲਣਗੇ॥ ੧੮॥

ਇਮ ਸੁਨਿ ਬਹੁਤ ਥਾਨਿ ਕੀ ਸੰਗਤਿ। ਬੈਠੀ ਬ੍ਰਿੰਦ ਬਿਲੋਕ ਉਮੰਗਤਿ।
ਤਿਨ ਮਹਿਂ ਤੇ ਇਕ ਉਠਿ ਕਰਿ ਖੱਤ੍ਰੀ। ਹਾਥ ਜੋਰਿ ਕਹਿ ਗਿਰਾ ਬਚਿੱਤ੍ਰੀ॥੧੯॥

ਇਹ ਸੁਣ ਕੇ ਬਹੁਤ ਥਾਵਾਂ ਦੀ ਸੰਗਤ, ਇਕੱਠੀ ਹੋ ਕੇ ਬੈਠੀ ਬੜੇ ਉਤਸ਼ਾਹ ਨਾਲ ਵੇਖ ਰਹੀ ਸੀ। ਉਨ੍ਹਾਂ ਵਿਚੋਂ ਇਕ ਖੱਤਰੀ ਉਠਿਆ ਤੇ ਹੱਥ ਜੋੜ ਕੇ ਬੋਲਿਆ॥ ੧੯॥

'ਸਪਤ ਬਰਖ ਕੀ ਦੁਹਿਤਾ ਮੇਰੀ। ਲਿਹੁ ਨਾਤਾ ਗੁਰ ਕਰਹੁ ਨ ਦੇਰੀ'।
ਬਾਲਕ ਤਿਲਕ ਕਰਯੋ ਤਤਕਾਲਾ। ਤਿਮ ਹੀ ਉਤਸਵ ਰਹਯੋ ਬਿਸਾਲਾ॥੨੦॥

"ਮੇਰੇ ਘਰ ਸੱਤ ਸਾਲ ਦੀ ਪੁੱਤਰੀ ਹੈ, ਹੇ ਗੁਰੂ ਜੀ! ਉਸ ਦਾ ਨਾਤਾ ਲੈ ਲਵੋ, ਦੇਰ ਨਾ ਲਾਉ।" ਇਹ ਸੁਣ ਕੇ ਬਾਲਕ ਨੂੰ ਤੁਰਤ ਤਿਲਕ ਲਗਾ ਦਿੱਤਾ ਅਤੇ ਵਿਸ਼ਾਲ ਉਤਸਵ ਪਹਿਲੇ ਵਾਂਗ ਹੀ ਕਾਇਮ ਰਿਹਾ॥ ੨੦॥

ਖੱਤ੍ਰੀ ਔਰ ਉਠਯੋ ਇਕ ਪਾਛੈ। ਸੰਗ ਗੋਤ ਨਿਜ ਕਹਿ ਕਰਿ ਆਛੈ।
ਤਬਿ ਹੀ ਦੂਜੀ ਕਰੀ ਸਗਾਈ। ਦੇਖਤਿ ਦੁਗਨੀ ਬਜੀ ਬਧਾਈ॥ ੨੧॥

ਬਾਅਦ ਵਿਚ ਇਕ ਹੋਰ ਖੱਤਰੀ ਉਠਿਆ, ਉਸ ਨੇ ਚੰਗੀ ਤਰ੍ਹਾਂ ਕਹਿ ਕੇ ਆਪਣੀ ਸੰਗ ਗੋਤ ਦੱਸੀ ਤੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਵਾਸਤੇ ਬੇਨਤੀ ਕੀਤੀ। ਉਸੇ ਵੇਲੇ ਦੂਸਰੀ ਸਗਾਈ ਹੋ ਗਈ ਤੇ ਵੇਖਦਿਆਂ ਹੀ ਦੁਗਣੀ ਵਧਾਈ ਹੋ ਗਈ॥ ੨੧॥

ਨਾਤਾ ਤੋਹਿ ਸੁਤਾ ਕੋ ਫੇਰਾ। ਚਲਜੋ ਉਪਾਇ ਨਹੀਂ ਕੁਛ ਮੇਰਾ'।
ਸੁਨਿ ਅਨਖਜੋ ਚੰਦੂ ਮਤਿ ਹੀਨ। ਤਪਤਿ ਰਿਦਾ ਤੂਸ਼ਨਿ ਦੁਖ ਭੀਨ॥ ੨੨॥

ਤੁਹਾਡੀ ਪੁੱਤਰੀ ਦਾ ਰਿਸ਼ਤਾ ਮੋੜ ਦਿੱਤਾ, ਇਸ ਵਿਚ ਮੇਰਾ ਕੋਈ ਵੱਸ ਨਹੀਂ ਚਲਿਆ ਹੈ।" ਇਹ ਸੁਣ ਕੇ ਮੂਰਖ ਚੰਦੂ ਬੜੀ ਅਣਖ ਵਿਚ ਆ ਗਿਆ। ਤਪਦੇ ਹਿਰਦੇ ਸਹਿਤ ਦੁਖ ਵਿਚ ਭਿੱਜ ਕੇ ਚੁਪ ਹੋ ਗਿਆ॥ ੨੨॥

ਬਾਨ ਸਮਾਨ ਬੈਨ ਦਿਜ ਕੇਰੇ। ਲਗੇ ਰਿਦੇ ਭਏ ਦੁਖਿਤ ਬਡੇਰੇ।
ਕਹਤਿ ਭਯੋ 'ਪਾਂਧਾ ! ਸੁਨਿ ਲੇਹੁ। ਜਯੋਂ ਕਯੋਂ ਸਾਕ ਤਿਸੀ ਥਲ ਦੇਹੁ॥ ੨੩॥

ਬ੍ਰਾਹਮਣ ਦੇ ਬੋਲ ਉਸ ਨੂੰ ਤੀਰ ਵਾਂਗ ਲੱਗੇ, ਹਿਰਦੇ ਵਿਚ ਲੱਗਣ ਨਾਲ ਬਹੁਤ ਦੁਖੀ ਹੋਇਆ। ਕਹਿਣ ਲੱਗਾ, "ਪਾਂਧਾ ! ਸੁਣ ਲਵੋ, ਜਿਵੇਂ ਕਿਵੇਂ ਸਾਕ ਉਥੇ ਹੀ ਦੇਵਾਂਗਾ॥ ੨੩॥

ਐਸੀ ਬਿਦਤਿ ਹੋਇ ਨਹਿਂ ਜਾਇ। ਹਟਯੋ ਸਾਕ ਲਾਗੀ ਮੁਰਿ ਆਇ।
ਯਾਂਤੇ ਤੂਰਨਿ ਅਬ ਚਲਿ ਜਾਵਹੁ। ਮੈਂ ਪੱਤ੍ਰੀ ਲਿਖਿ ਦੇਊਂ ਸਿਧਾਵਹੁ॥ ੨੪॥

ਐਸੀ ਗੱਲ ਪ੍ਰਗਟ ਨਾ ਹੋ ਜਾਵੇ ਕਿ ਸਾਕ ਮੋੜ ਦਿੱਤਾ ਹੈ ਅਤੇ ਲਾਗੀ ਮੁੜ ਆਏ ਹਨ, ਇਸ ਕਰਕੇ ਹੁਣ ਤੁਰਤ ਚਲੇ ਜਾਵੋ, ਮੈਂ ਤੈਨੂੰ ਚਿੱਠੀ ਲਿਖ ਕੇ ਦਿੰਦਾ ਹਾਂ॥ ੨੪॥

'ਮੋਹਿ ਦਿਵਾਨ ਸ਼ਾਹ ਕੋ ਜਾਨਹੁ। ਭਲੀ ਬਾਤ ਨਾਤੋ ਅਬ ਮਾਨਹੁ'।
ਇਮ ਡਰਾਇ ਕਰਿ ਦੀਜਹੁ ਪਾਤੀ। ਜਿਸਤੇ ਧਰਕ ਉਠੈ ਤਿਸ ਛਾਤੀ॥ ੨੫॥

"ਮੈਨੂੰ ਬਾਦਸ਼ਾਹ ਦਾ ਦੀਵਾਨ ਜਾਣੋ, ਭਲੀ ਗੱਲ ਏਸੇ ਵਿਚ ਹੈ ਕਿ ਨਾਤਾ ਸਵੀਕਾਰ ਕਰੋ।" ਇਸ ਤਰ੍ਹਾਂ ਡਰਾਵੇ ਵਾਲੀ ਚਿੱਠੀ ਦੇਵੋ ਜਿਸ ਨਾਲ ਉਸ ਦੀ ਛਾਤੀ ਧੜਕ ਉੱਠੇ॥ ੨੫॥

ਮ੍ਰਿਦੁਲ ਕਠੋਰ ਕਹਹੁ ਬਿਧਿ ਦੋਈ। ਅਬਿ ਨਾਤੋ ਇਹ ਲੇਹਿ ਨ ਕੋਈ।
ਯਾਤੇ ਤੁਮ ਢਿਗ ਪੁਨਹੁ ਪਠਾਵਾ'। ਇਸ ਪ੍ਰਕਾਰ ਦਿਜ ਕੋ ਸਮੁਝਾਵਾ॥ ੨੬॥

ਨਰਮ ਅਤੇ ਗਰਮ ਦੋਹਾਂ ਢੰਗਾਂ ਨਾਲ ਗੱਲ ਕਰੋ, "ਹੁਣ ਇਹ ਨਾਤਾ ਕੋਈ ਨਹੀਂ ਲਵੇਗਾ, ਇਸ ਕਰਕੇ ਦੁਬਾਰਾ ਤੁਹਾਡੇ ਪਾਸ ਭੇਜਿਆ ਗਿਆ ਹੈ।" ਇਸ ਪ੍ਰਕਾਰ ਬ੍ਰਾਹਮਣ ਨੂੰ ਸਮਝਾਇਆ॥ ੨੬॥

ਪਾਤੀ ਲਿਖਨਿ ਲਗਯੋ ਪੁਨ ਚੰਦੂ। 'ਲਿਖਤੁਮ ਸ਼ਾਹੁ ਦਿਵਾਨੁ ਬਿਲੰਦੂ।
ਸ੍ਰੀ ਅਰਜਨ ! ਰਿਸ ਕੈਸੇ ਕਰੀ ?। ਸਹਜ ਸੁਭਾਇਕ ਮੈਂ ਜੁ ਉਚਰੀ॥ ੨੭॥

ਫਿਰ ਚੰਦੂ ਚਿੱਠੀ ਲਿਖਣ ਲੱਗਾ, "ਮੈਂ ਬਾਦਸ਼ਾਹ ਦਾ ਵੱਡਾ ਦੀਵਾਨ ਲਿਖਦਾ ਹਾਂ। ਹੇ ਸ੍ਰੀ ਅਰਜਨ ! ਕਿਸ ਗੱਲ ਦਾ ਗੁੱਸਾ ਕੀਤਾ ਹੈ, ਜਿਹੜੀ ਗੱਲ ਮੈਂ ਸਹਿਜ ਸੁਭਾਅ ਕਹੀ ਹੈ॥ ੨੭॥

ਕਿਨਹੂੰ ਅਧਿਕ ਵਧਾਇ ਸੁਨਾਈ। ਜਾਤ ਗੋਤ ਉੱਤਮ ਲਘੁਤਾਈ।
ਕਯਾ ਹੁਇ ਗਯੋ ਜੁ ਮੈਂ ਕਹਿ ਦੀਨਿ। ਜਥਾ ਜੋਗ ਲਿਹੁ ਮਨ ਮਹਿਂ ਚੀਨਿ॥ ੨੮॥

ਕਿਸੇ ਨੇ ਬਹੁਤ ਵਧਾ ਕੇ ਸੁਣਾਈ ਹੈ, ਜਾਤ ਗੋਤ ਵੱਡੀ ਤੇ ਛੋਟੀ ਜੋ ਮੈਂ ਕਹਿ ਗਿਆ ਸੀ, ਤਾਂ ਇਸ ਵਿਚ ਕੀ ਹੋ ਗਿਆ, ਇਸ ਗੱਲ ਨੂੰ ਯਥਾ-ਯੋਗ ਮਨ ਵਿਚ ਸਮਝੋ॥ ੨੮॥

ਕਹਾਂ ਭਯੋ ਜੇ ਅਪਰ ਸਗਾਈ। ਧਨੀ ਪੁਰਖ ਕੈ ਬਹੁ ਹੁਇ ਜਾਈ।
ਜੇ ਹਮਰੋ ਸਨਬੰਧ ਤੁਮਾਰੇ। ਕਾਰਜ ਦੇਊਂ ਅਨੇਕ ਸੁਧਾਰੇ॥ ੨੯॥

ਕੀ ਹੋ ਗਿਆ ਜੇ ਹੋਰ ਸਗਾਈਆਂ ਹੋ ਗਈਆਂ ਹਨ, ਧਨੀ ਲੋਕਾਂ ਦੇ ਘਰ ਬਹੁਤ ਸ਼ਾਦੀਆਂ ਹੋ ਜਾਂਦੀਆਂ ਹਨ, ਜਿਹੜੇ ਤੁਹਾਡੇ ਸਾਡੇ ਸੰਬੰਧ ਹਨ, ਮੈਂ ਅਨੇਕਾਂ ਤੁਹਾਡੇ ਕਾਰਜ ਸਵਾਰ ਦੇਵਾਂਗਾ॥ ੨੯॥

Sri Satguru Jagjit Singh Ji eLlibrary NamdhariElibrary@gmail.com

ਨਾਂਹਿ ਤ ਜੇ ਕਰਿ ਲੇਹੁ ਨ ਨਾਤਾ। ਤੈਂ ਮੇਰੋ ਬੈਰੀ ਬੱਖਜਾਤਾ।
ਤੁਮਰੇ ਸਿੱਖਨ ਕੂਕਰ ਕਹਜੋ। ਸੋ ਸੁਨਿ ਮੈਂ ਹਿਰਦੇ ਦੁਖ ਲਹਜੋ॥ ੩੦॥

ਜੇ ਇਹ ਨਾਤਾ ਨਹੀਂ ਲਵੇਂਗਾ ਤਾਂ ਤੂੰ ਮੇਰਾ ਵੱਡਾ ਵੈਰੀ ਹੋਵੇਂਗਾ। ਤੁਹਾਡੇ ਸਿੱਖਾਂ ਨੇ ਮੈਨੂੰ ਕੁੱਤਾ ਕਿਹਾ ਹੈ, ਉਹ ਸੁਣ ਕੇ ਮੈਂ ਹਿਰਦੇ ਵਿਚ ਬਹੁਤ ਦੁਖ ਪਾਇਆ ਹੈ॥੩੦॥

ਕੂਕਰ ਹੋਇ ਲਗੌਂ ਤੁਮ ਗੈਲ। ਤਬਿ ਜਾਨਹੁ ਜਬਿ ਹੁਇ ਫਲ ਫੈਲ।
ਅਬਿ ਲੌ ਰਸ ਹੈ ਹਮ ਤੁਮ ਮਾਂਹਿ। ਅਧਿਕ ਬਿਰੋਧ ਬਧਾਵਹੁ ਨਾਂਹਿ॥ ੩੧॥

ਮੈਂ ਕੁੱਤਾ ਬਣ ਕੇ ਤੇਰੇ ਪਿਛੇ ਪਵਾਂਗਾ, ਉਸ ਸਮੇਂ ਪਤਾ ਲਗੇਗਾ ਜਦ ਉਸ ਦਾ ਫਲ ਫਲੇਗਾ। ਹੁਣ ਤਕ ਤਾਂ ਤੁਹਾਡੇ ਸਾਡੇ ਵਿਚ ਰਸ ਹੈ, ਇਸ ਕਰਕੇ ਹੋਰ ਵੈਰ ਵਿਰੋਧ ਨਾ ਵਧਾਓ॥ ੩੧॥

ਮੋ ਸੌਂ ਦ੍ਵੈਸ਼ ਰਚਹਿ ਬਿਨ ਜਾਨੇ। ਸੋ ਆਸ਼ਾ ਜੀਵਨਿ ਕਿਮ ਠਾਨੇ।
ਸ਼ਾਹੁ ਦਿਵਾਨ ਮਰਾਤਬ ਮੋਹਿ। ਕਹੌਂ ਬਾਕ ਮਾਨਹਿਂ ਤਿਮ ਹੋਹਿ॥ ੩੨॥

ਮੈਨੂੰ ਜਾਣੇ ਬਗੈਰ ਜਿਹੜਾ ਮੇਰੇ ਨਾਲ ਵੈਰ ਰਚਦਾ ਹੈ ਉਹ ਫਿਰ ਜੀਊਣ ਦੀ ਆਸ ਕਿਵੇਂ ਰੱਖ ਸਕਦਾ ਹੈ? ਬਾਦਸ਼ਾਹ ਦੇ ਦੀਵਾਨ ਦੇ ਰੂਪ ਵਿਚ ਮੇਰਾ ਮਰਾਤਬਾ ਹੈ, ਜਿਹੜੀ ਮੈਂ ਗੱਲ ਕਰਦਾ ਹਾਂ, ਬਾਦਸ਼ਾਹ ਮੰਨਦਾ ਹੈ ਤੇ ਤਿਵੇਂ ਹੀ ਹੁੰਦਾ ਹੈ॥ ੩੨॥

ਕਨਕਾ ਅਬਹਿ ਹੁਤਾਸਨ ਦ੍ਵੈਸ਼। ਸਮਝਹੁ ਕੀਜਹੁ ਨਹੀਂ ਵਿਸ਼ੇਸ਼।
ਇੱਤਜਾਦਿਕ ਲਿਖਿ ਕੇ ਬਿਚ ਪਾਤੀ। ਲਿਖਿ ਅਨੀਤ ਕੋ ਸੁਲਗਤਿ ਛਾਤੀ॥੩੩॥

ਹਾਲੇ ਵੈਰ ਦੀ ਅਗਨੀ ਇਕ ਕਿਣਕੇ ਦੇ ਬਰਾਬਰ ਹੀ ਸਮਝੋ, ਤੇ ਇਸ ਨੂੰ ਹੋਰ ਨਾ ਵਧਾਓ"। ਇਤਿਆਦਿ ਚਿੱਠੀ ਵਿਚ ਲਿਖਿਆ। ਭੈੜੀ ਨੀਤ ਵਾਲੀ ਚਿੱਠੀ ਲਿਖਣ ਤੋਂ ਬਾਅਦ ਛਾਤੀ ਅੱਗ ਵਾਂਗ ਧੁੱਖਦੀ ਸੀ॥ ੩੩॥

ਏਕ ਨਿਸਾ ਦਿੱਲੀ ਦਿਜ ਰਹਜੋ। 'ਬਡੀ ਪ੍ਰਾਤ ਚਲਿ' ਚੰਦੂ ਕਹਜੋ।
ਪਸ਼ਚਮ ਮੁਖ ਕਰਿ ਗਮਨਜੋ ਤਬੈ। ਸਨੈ ਸਨੈ ਮਗ ਉਲੰਘਜੋ ਸਬੈ॥ ੩੪॥

ਬ੍ਰਾਹਮਣ ਇਕ ਰਾਤ ਦਿੱਲੀ ਵਿਚ ਰਿਹਾ, 'ਸਵੇਰੇ ਸਵੱਖਤੇ ਚਲੇ ਜਾਵੋ' ਚੰਦੂ ਨੇ ਕਿਹਾ। ਫਿਰ ਪੱਛਮ ਵੱਲ ਮੂੰਹ ਕਰਕੇ ਚੱਲ ਪਿਆ। ਹੌਲੀ-ਹੌਲੀ ਸਾਰਾ ਪੈਂਡਾ ਮੁਕਾ ਲਿਆ॥ ੩੪॥

ਗੁਰੁਪੁਰਿ ਬਿਖੈ ਪ੍ਰਵੇਸ਼ਜੋ ਆਇ। ਨਿਸ ਪਰਿ ਗਈ ਬਸਜੋ ਇਕ ਥਾਇਂ।
ਭਈ ਪ੍ਰਾਤ ਗੁਰੁ ਸਭਾ ਲਗਾਈ। ਸੰਗਤਿ ਸਿਖ ਮਸੰਦ ਸਮੁਦਾਈ॥ ੩੫॥

ਗੁਰੂ ਜੀ ਦੀ ਨਗਰੀ ਵਿਚ ਆ ਪ੍ਰਵੇਸ਼ ਕੀਤਾ, ਰਾਤ ਪੈ ਗਈ ਤਾਂ ਇਕ ਥਾਂ ਠਹਿਰ ਗਿਆ। ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਸਭਾ ਲਾਈ। ਸਿੱਖ-ਸੰਗਤ ਅਤੇ ਸਾਰੇ ਮਸੰਦ ਇਕੱਠੇ ਹੋਏ॥ ੩੫॥

ਬਿੱਪ੍ਰ ਆਇ ਕਰਿ ਆਸ਼ਿਖ ਦੀਨਿ। ਪਾਤੀ ਬੈਠਿ ਅੱਗ੍ਰ ਕੋ ਕੀਨਿ।
ਲੇ ਸਿਖ ਗੁਰੁ ਕੇ ਕਰ ਪਕਰਾਈ। ਖੋਲਿ ਪਢੀ ਚੰਦੂ ਚਤੁਰਾਈ॥ ੩੬॥

ਬ੍ਰਾਹਮਣ ਨੇ ਆ ਕੇ ਅਸੀਸ ਦਿੱਤੀ ਤੇ ਬੈਠ ਕੇ ਚਿੱਠੀ ਅੱਗੇ ਕੀਤੀ। ਇਕ ਸਿੱਖ ਨੇ ਲੈ ਕੇ ਗੁਰੂ ਜੀ ਨੂੰ ਫੜਾਈ। ਗੁਰੂ ਜੀ ਨੇ ਚਿੱਠੀ ਖੋਲ੍ਹ ਕੇ ਚੰਦੂ ਦੀ ਚਤਰਾਈ ਨੂੰ ਪੜ੍ਹਿਆ॥ ੩੬॥

ਜਾਨਿ ਕੁਟਿਲਤਾ ਮੂਰਖ ਕੇਰੀ। ਉੱਤਰ ਕਹਤਿ ਭਏ ਤਿਸ ਬੇਰੀ।
'ਮਾਨਨੀਯ ਗੁਰੁ ਸਿੱਖ ਹਮਾਰੇ। ਕਰਹਿਂ ਤਥਾ ਇਹ ਜਥਾ ਉਚਾਰੇਂ॥ ੩੭॥

ਮੂਰਖ ਦੀ ਕੁਟਲਨੀਤੀ ਨੂੰ ਜਾਣ ਕੇ, ਗੁਰੂ ਜੀ ਨੇ ਓਸੇ ਵੇਲੇ ਉੱਤਰ ਕਹਿ ਦਿੱਤਾ, "ਸਾਡੇ ਗੁਰ ਸਿੱਖ ਬੜੇ ਆਦਰਯੋਗ ਹਨ, ਇਹ ਜਿਸ ਤਰਾਂ ਕਹਿੰਦੇ ਹਨ, ਅਸੀਂ ਉਸ ਤਰਾਂ ਹੀ ਕਰਦੇ ਹਾਂ॥੩੭॥

ਸ੍ਰੀ ਨਾਨਕ ਆਦਿਕ ਗੁਰ ਸਾਰੇ। ਜਾਨਤਿ ਰਹੇ ਇਨਹੁ ਬਹੁ ਪਜਾਰੇ।
ਹਮ ਭੀ ਮਾਨਤਿ ਹੈਂ ਸਿਖ ਬਾਕ। ਕਹ੍ਯੋ ਤਿਨਹੁ 'ਨਹਿਂ ਲੀਜਹਿ ਸਾਕ' ॥੩੮॥

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਾਰੇ ਗੁਰੂ ਸਾਹਿਬਾਨ, ਇਨ੍ਹਾਂ ਨੂੰ ਬਹੁਤ ਪਿਆਰੇ ਜਾਣਦੇ ਰਹੇ ਹਨ। ਅਸੀਂ ਵੀ ਸਿੱਖਾਂ ਦੇ ਬਚਨਾਂ ਨੂੰ ਬੜੇ ਆਦਰਯੋਗ ਜਾਣਦੇ ਹਾਂ। ਉਨ੍ਹਾਂ ਨੇ ਕਿਹਾ ਸੀ, "ਸਾਕ ਨਾ ਲਵੋ"॥ ੩੮॥

ਸੋ ਕਿਮ ਫੇਰਿ ਸਕਹਿਂ ਮਨ ਜਾਨੋ। ਤੁਮ ਕਜੋਂ ਅਬਿ ਐਸੇ ਹਠ ਠਾਨੋ।
ਅਪਰ ਥਾਨ ਨਾਤਾ ਕਰਿ ਦੀਜਹਿ। ਜੋ ਅਪਨੇ ਸਮਸਰ ਲਖਿ ਲੀਜਹਿ॥ ੩੯॥

ਉਨ੍ਹਾਂ ਦੀ ਗੱਲ ਨੂੰ ਅਸੀਂ ਕਿਵੇਂ ਮੋੜ ਸਕਦੇ ਹਾਂ, ਤੁਸੀਂ ਹੁਣ ਕਿਉਂ ਹੱਠ ਕਰ ਰਹੇ ਹੋ? ਕਿਸੇ ਹੋਰ ਥਾਂ ਰਿਸ਼ਤਾ ਕਰ-ਦੇਵੋ, ਆਪਣੇ ਬਰਾਬਰ ਦਾ ਘਰ ਵੇਖ ਲਵੋ॥ ੩੯॥

ਦੋਹਰਾ- ਸੁਤ, ਤਿਯ, ਧਨ, ਤਨ ਆਦਿ ਸਭਿ ਤਜਿਤਿ ਨ ਲਾਵੇਂ ਦੇਰਿ।
ਸਿੱਖ ਬਚਨ ਕੋ ਤਜਾਗਬੋ ਤਊ ਨ ਹਮਤੇ ਹੇਰਿ॥ ੪੦॥

ਪੁੱਤਰ, ਇਸਤਰੀ, ਧਨ ਅਤੇ ਸਰੀਰ ਆਦਿ ਨੂੰ ਛੱਡਣ ਵਿਚ ਥੋੜ੍ਹੀ ਵੀ ਦੇਰ ਨਾ ਲਾਵਾਂਗੇ, ਸਿੱਖਾਂ ਦੇ ਕੀਤੇ ਬਚਨ ਨੂੰ ਛੱਡ ਦੇਈਏ, ਇਹ ਸਾਥੋਂ ਵੇਖਿਆ ਨਹੀਂ ਜਾਵੇਗਾ॥ ੪੦॥

ਚੌਪਈ- ਹੋਇ ਸਿੱਖਜ ਏਤੋ ਪਦ ਪਾਏ। ਸਕਲ ਜਗਤ ਕੇ ਪੂਜ ਬਨਾਏ।
ਸਿਖ ਕੇ ਸਮਸਰ ਅਪਰ ਨ ਪਜਾਰੋ। ਸਾਸਿ ਸਾਸਿ ਮਹਿਂ ਸਿੱਖ ਸੰਭਾਰੋਂ॥੪੧॥

ਸਿੱਖਾਂ ਕਰਕੇ ਏਡੀ ਪਦਵੀ ਪਾਈ ਹੈ ਕਿ ਸਾਰੇ ਜਗਤ ਦੇ ਪੂਜਨੀਕ ਬਣਾ ਦਿੱਤੀ ਹੈ। ਸਿੱਖਾਂ ਦੇ ਬਰਾਬਰ ਸਾਨੂੰ ਹੋਰ ਕੋਈ ਪਿਆਰਾ ਨਹੀਂ ਹੈ, ਅਸੀਂ ਆਪਣੇ ਹਰ ਸਾਹ ਵਿਚ ਸਿੱਖ ਸੰਭਾਲਿਆ ਹੋਇਆ ਹੈ॥ ੪੧॥

ਪੂਜਨੀਯ ਹੈਂ ਸਿੱਖਜ ਮਹਾਂਨ। ਤਨ ਧਨ ਮੇਰੋ ਹੈਂ ਸਿੱਖ ਪ੍ਰਾਨ।
ਸਿੱਖਨਿ ਕੀ ਕਰੁਨਾ ਸੁਖ ਪੱਯੇ। ਕਹ੍ਯੋ ਤਿਨਹੁ ਕੋ ਕਿਮ ਹਟਕੱਯੇ॥੪੨॥

ਸਿੱਖ ਮਹਾਨ ਪੂਜਨੀਕ ਹਨ, ਸਿੱਖ ਮੇਰੇ ਤਨ, ਧਨ ਅਤੇ ਪ੍ਰਾਣ ਹਨ। ਜਿਨ੍ਹਾਂ ਸਿੱਖਾਂ ਦੀ ਕਿਰਪਾ ਨਾਲ ਸਾਨੂੰ ਸੁਖ ਪ੍ਰਾਪਤ ਹੁੰਦਾ ਹੈ, ਉਨ੍ਹਾਂ ਸਿੱਖਾਂ ਦਾ ਕਿਹਾ ਮੈਂ ਕਿਵੇਂ ਮੋੜ ਸਕਦਾ ਹਾਂ?॥ ੪੨॥

ਬਿਸ਼ਨੁ ਭਗਤ ਵਤਸਲ ਭਗਵਾਨ। ਜਿਮ ਤਿਨ ਕੋ ਪ੍ਰਿਯ ਭਗਤ ਮਹਾਂਨ।
ਤਥਾ ਹਮਾਰੇ ਸਿੱਖਨਿ ਕੇਰੀ। ਸ੍ਰੀ ਸਤਿਗੁਰੁ ਸੋਂ ਪ੍ਰੀਤਿ ਘਨੇਰੀ॥੪੩॥

ਭਗਤਾਂ ਦਾ ਪਿਆਰਾ ਵਿਸ਼ਨੂੰ ਭਗਵਾਨ ਹੈ, ਜਿਵੇਂ ਉਨ੍ਹਾਂ ਨੂੰ ਭਗਤ ਮਹਾਨ ਪਿਆਰੇ ਹਨ, ਉਸ ਤਰ੍ਹਾਂ ਹੀ ਸਾਡੇ ਸਿੱਖ ਸਾਨੂੰ ਪਿਆਰੇ ਹਨ। ਉਨ੍ਹਾਂ ਦੀ ਸ੍ਰੀ ਸਤਿਗੁਰੂ ਜੀ ਵਾਸਤੇ ਬਹੁਤ ਪ੍ਰੀਤ ਹੈ॥ ੪੩॥

ਹਮ ਤੇ ਲਿਯੋ ਜਾਇ ਨਹਿਂ ਨਾਤਾ। ਕਹੁ ਦਿਜ ਚੰਦੂ ਕਹੁ ਬੱਖਜਾਤਾ।
ਸੁਨਤਿ ਬਿੱਪ੍ਰ ਨੇ ਗਿਰਾ ਬਖਾਨੀ। 'ਸ਼ਾਹੁ ਦਿਵਾਨ ਅਧਿਕ ਹਠ ਮਾਨੀ॥੪੪॥

ਸਾਥੋਂ ਇਹ ਰਿਸ਼ਤਾ ਲਿਆ ਨਹੀਂ ਜਾਵੇਗਾ। ਹੇ ਬ੍ਰਾਹਮਣ! ਇਹ ਚੰਦੂ ਨੂੰ ਪਰਗਟ ਰੂਪ ਵਿਚ ਕਹਿ ਦੇਵੋ।" ਇਹ ਸੁਣ ਕੇ ਬ੍ਰਾਹਮਣ ਨੇ ਫਿਰ ਕਿਹਾ, "ਬਾਦਸ਼ਾਹ ਦਾ ਦੀਵਾਨ ਬਹੁਤ ਹੱਠੀ ਅਤੇ ਹੰਕਾਰੀ ਹੈ॥ ੪੪॥

ਪਰਹਿ ਬੈਰ ਬਹੁ ਕਾਜ ਬਿਗਾਰੇ। ਚਹੈ ਸੁ ਕਰੈ ਮਹਾਂ ਬਲ ਧਾਰੇ।
ਹਟੀ ਸਗਾਈ ਸਮ ਦੁਖ ਔਰਿ। ਨਹੀਂ ਹੋਤਿ ਜਾਨਹਿਂ ਸਭਿ ਠੌਰਿ॥੪੫॥

ਵੈਰ ਪੈ ਜਾਵੇਗਾ ਤਾਂ ਬਹੁਤ ਕੰਮ ਵਿਗਾੜੇਗਾ, ਜੋ ਚਾਹੇ ਤਾਂ ਉਹ ਬਹੁਤ ਬਲ ਧਾਰ ਕੇ ਕਰਕੇ ਛੱਡਦਾ ਹੈ। ਸਗਾਈ ਟੁੱਟਣ ਬਰਾਬਰ ਹੋਰ ਕੋਈ ਦੁੱਖ ਨਹੀਂ ਹੈ. ਇਹ ਫਿਰ ਦੁਬਾਰਾ ਨਹੀਂ ਹੁੰਦੀ, ਇਹ ਸਭ ਜਾਣਦੇ ਹਨ॥ ੪੫॥

ਹਿਤ ਰਾਵਰ ਕੋ ਮੈਂ ਸੁਭ ਕਹਜੋ। ਜਥਾ ਭਵਿੱਖਜਤਿ ਬਰਤਹਿ ਲਹਜੋ।
ਲਿਹੁ ਨਾਤਾ ਹੁਇ ਸ਼ਾਂਤਿ ਬਿਖੇਰਾ। ਨਾਂਹਿ ਤ ਇਸ ਕਸ਼ਟ ਘਨੇਰਾ॥ ੪੬॥

ਮੈਂ ਆਪ ਜੀ ਦੇ ਹਿਤ ਵਾਸਤੇ ਸ਼ੁਭ ਕਿਹਾ ਹੈ, ਜਿਵੇਂ ਭਵਿੱਖ ਵਿਚ ਹੋਵੇ ਬੀਤੇਗੀ। ਨਾਤਾ ਲੈ ਲਵੋ ਸਾਰਾ ਬਖੇੜਾ ਸ਼ਾਂਤ ਹੋ ਜਾਵੇਗਾ, ਨਹੀਂ ਤਾਂ ਬਹੁਤ ਕਸ਼ਟ ਹੋਵੇਗਾ॥ ੪੬॥

ਸਮਾ ਚੁਕੇ ਪਛੁਤਾਵਨਿ ਰਹੇ। 'ਭਲੇ ਨ ਕਰਜੋ' ਆਪਿ ਕੋ ਕਹੇਂ।
ਯਾਂਤੇ ਮਾਨਿ ਲੇਹੁ ਮਤਿ ਮੇਰਾ। ਦੁਹ ਦਿਸ਼ਿ ਵਧਹਿ ਪ੍ਰਮੋਦ ਬਡੇਰਾ॥ ੪੭॥

ਸਮਾਂ ਲੰਘ ਜਾਂਦਾ ਹੈ, ਤੇ ਪਛਤਾਵਾ ਰਹਿ ਜਾਂਦਾ ਹੈ, ਸੋਚਦੇ ਹਾਂ ਕਿ ਉਸ ਵੇਲੇ ਜੋ ਕੀਤਾ ਸੀ, ਚੰਗਾ ਨਹੀਂ ਸੀ ਕੀਤਾ, ਇਸ ਤਰ੍ਹਾਂ ਆਪਣੇ ਆਪ ਨੂੰ ਪਿਛੋਂ ਕਹੀਦਾ ਹੈ॥ ੪੭॥

ਨਤੁ ਸੰਸੇ ਜੀਵਨਿ ਮਹਿਂ ਹੋਇ। ਜੇਤੋ ਬਲ ਕਰਿ ਹੈ ਸਭਿ ਕੋਇ।
ਸੁਨਿ ਸ਼੍ਰੀ ਅਰਜਨ ਦਿਜ ਤੇ ਬਾਤਿ। ਬੋਲੇ ਸ਼੍ਰੀ ਮੁਖ ਤੇ ਮੁਸਕਾਤਿ॥ ੪੮॥

ਨਹੀਂ ਤਾਂ ਜੀਵਨ ਵਿਚ ਸੰਸੇ ਉਪਜਦੇ ਹਨ, ਜਿੰਨਾ ਕਿਸੇ ਵਿਚ ਬਲ ਹੁੰਦਾ ਹੈ ਸਾਰਾ ਲਾਉਂਦਾ ਹੈ"। ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਦੀ ਗੱਲ ਸੁਣ ਕੇ ਮੁਸਕਰਾ ਕੇ ਆਪਣੇ ਮੁਖਾਰਬਿੰਦ ਤੋਂ ਇਹ ਬਚਨ ਕੀਤੇ॥੪੮॥

'ਹਮ ਕਿਸਹੂੰ ਸੋ ਬੈਰ ਨ ਕਰੈਂ। ਕਿਸਕੋ ਬੁਰੋ ਨ ਹਿਰਦੇ ਧਰੈਂ।
ਕਰਹਿ ਨ੍ਰਿਵੈਰ ਸੰਗ ਜੋ ਬੈਰ। ਤਿਸ ਕੇ ਜੁਗ ਲੋਕਨਿ ਕਹਾ ਖੈਰ?॥ ੪੯॥

"ਅਸੀਂ ਕਿਸੇ ਨਾਲ ਵੈਰ ਨਹੀਂ ਕਰਦੇ, ਆਪਣੇ ਹਿਰਦੇ ਵਿਚ ਕਿਸੇ ਦਾ ਵੀ ਬੁਰਾ ਨਹੀਂ ਧਾਰਦੇ ਹਾਂ। ਜਿਹੜਾ ਨਿਰਵੈਰ ਨਾਲ ਵੈਰ ਕਰਦਾ ਹੈ, ਉਸ ਦਾ ਦੋਹਾਂ ਲੋਕਾਂ ਵਿਚ ਕੀ ਬਚਾਅ ਹੋਵੇਗਾ?॥ ੪੯॥

ਸਭਿ ਕੋ ਪਤਿ ਪਰਮੇਸ਼ੁਰ ਅਹੈ। ਸੁਖ ਦੁਖ ਕੀ ਸੁਧਿ ਜਗ ਕੀ ਲਹੈ।
ਭਲਾ ਬੁਰਾ ਜੋ ਕਰਮ ਕਰੰਤੇ। ਤਿਨ ਤੇ ਸੁਖ ਦੁਖ ਜੀਵ ਧਰੰਤੇ॥ ੫੦॥

ਸਾਰਿਆਂ ਦਾ ਪਤੀ ਪਰਮੇਸ਼ਰ ਹੈ, ਓਹੀ ਜਗਤ ਦੇ ਦੁਖ ਸੁਖ ਦੀ ਖਬਰ ਲੈਂਦਾ ਹੈ। ਜਿਹੜੇ ਚੰਗੇ ਮਾੜੇ ਕੰਮ ਕਰਦੇ ਹਨ ਉਨ੍ਹਾਂ ਕਰਕੇ ਹੀ ਜੀਵ ਦੁਖ ਸੁਖ ਪਾਉਂਦੇ ਹਨ॥ ੫੦॥

ਚਿਤਵਤਿ ਬੁਰਾ, ਬੁਰਾ ਫਲ ਪਾਵੈ। ਇਹੀ ਨੇਮ ਪ੍ਰਭੁ ਤੇ ਬਨਿ ਆਵੈ।
ਪਰ ਕੋ ਖਨਹਿ ਕੂਪ ਹਿਤ ਬੁਰੇ। ਝੇਰੇ ਗਿਰੈ ਸੁ ਬਹੁ ਦੁਖ ਭਰੇ'॥ ੫੧॥

ਜਿਹੜਾ ਕਿਸੇ ਦਾ ਬੁਰਾ ਸੋਚਦਾ ਹੈ, ਉਹ ਬੁਰਾ ਫਲ ਹੀ ਪਾਉਂਦਾ ਹੈ। ਇਹੋ ਨੇਮ ਪ੍ਰਭੂ ਤੇ ਲਾਗੂ ਹੁੰਦੇ ਹਨ। ਜਿਹੜਾ ਦੂਸਰੇ ਦੇ ਮਾਰਨ ਵਾਸਤੇ ਖੂਹ ਪੁੱਟਦਾ ਹੈ, ਉਹ ਓਸੇ ਖੂਹ ਵਿਚ ਡਿੱਗ ਕੇ ਬਹੁਤ ਦੁਖ ਪਾਉਂਦਾ ਹੈ"॥ ੫੧॥

ਇਮ ਕਹਿ ਤੂਸ਼ਨਿ ਭਏ ਗੁਸਾਈਂ। ਦਿਜ ਉਠਿ ਗਯੋ ਬਹੁਤ ਪਛੁਤਾਈ।
ਦਿੱਲੀ ਪੁਰਿ ਕੋ ਹੋਇ ਨਿਰਾਸ। ਚੰਦੂ ਕੋ ਸੁਧਿ ਦਈ ਅਵਾਸ॥ ੫੨॥

ਗੁਰੂ ਜੀ ਇਸ ਤਰ੍ਹਾਂ ਕਹਿ ਕੇ ਚੁੱਪ ਹੋ ਗਏ, ਬ੍ਰਾਹਮਣ ਬਹੁਤ ਪਛਤਾਵਾ ਕਰਕੇ ਉੱਠ ਕੇ ਚਲੇ ਗਿਆ। ਨਿਰਾਸ਼ ਹੋ ਕੇ ਦਿੱਲੀ ਨਗਰ ਨੂੰ ਚਲੇ ਗਿਆ ਤੇ ਚੰਦੂ ਦੇ ਘਰ ਜਾ ਕੇ ਖ਼ਬਰ ਦਿੱਤੀ॥ ੫੨॥

ਦੋਹਰਾ-ਚੰਦੂ ਸੁਨਿ ਜਰ ਬਰ ਗਯੋ ਨੈਕ ਨ ਮਾਨਜੋ ਤ੍ਰਾਸ।
ਕਰੀ ਜਾਤਿ ਮੈਂ ਹੀਨਤਾ ਹਤੌਂ ਜਤਨ ਨਿਰਜਾਸ॥ ੫੩॥

ਚੰਦੂ ਸੁਣ ਕੇ ਸੜ ਬਲ ਗਿਆ, ਕਿ ਮੇਰਾ ਥੋੜ੍ਹਾ ਵੀ ਡਰ ਨਹੀਂ ਮੰਨਿਆ ਹੈ ਤੇ ਮੇਰੀ ਜਾਤ ਦੀ ਹੀਣਤਾ ਕੀਤੀ ਹੈ, ਯਤਨ ਕਰਕੇ ਉਸ ਦਾ ਕਤਲ ਕਰਾਂਗਾ॥ ੫੩॥

ਗੁਰੁ ਘਰ ਸੋਂ ਰਚਿ ਦ੍ਵੈਸ਼ ਕੋ ਬੁਰੀ ਕਰਨਿ ਤਬਿ ਲਾਗਿ।
ਘਾਤਿ ਬਿਚਾਰਤਿ ਪਿਖਤਿ ਨਿਤ ਚੁਗਲੀ ਉਗਲਕੁ ਭਾਗ ॥੫੪॥

ਗੁਰੂ ਘਰ ਨਾਲ ਫਿਰ ਵੈਰ ਰਚ ਕੇ ਬੁਰਾ ਕਰਨ ਲੱਗਾ, ਸਦਾ ਮੌਕਾ ਮਿਲਣ ਬਾਰੇ ਵਿਚਾਰਦਾ ਸੀ ਤੇ ਚੁਗਲੀਆਂ ਕਰਦਾ ਰਹਿੰਦਾ ਸੀ॥ ੫੪॥

ਬਹੁਰ ਕਥਾ ਇਹ ਕਹੈਂਗੇ ਦੁਸ਼ਟੀ ਦੁਸ਼ਟ ਜੁ ਕੀਨਿ।
ਸ੍ਰੀ ਹਰਿ ਗੋਵਿੰਦ ਬਜਾਹੁ ਕੋ ਸ਼੍ਰੋਤਾ ਸੁਨਹੁ ਪ੍ਰਬੀਨ॥ ੫੫॥

ਇਹ ਕਥਾ ਫਿਰ ਕਹਾਂਗੇ ਜਿਵੇਂ ਦੁਸ਼ਟ ਨੇ ਦੁਸ਼ਟਤਾ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਬਾਰੇ, ਹੇ ਸ੍ਰੋਤਾ ਜੀ ! ਚੰਗੀ ਤਰ੍ਹਾਂ ਸੁਣੋ॥ ੫੫॥

*ਚੌਥੀ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥ ੮॥*

## *ਅਧਿਆਇ ਨੌਵਾਂ*

### *ਸ੍ਰੀ ਹਰਿਗੋਬਿੰਦ ਸਾਹਿਬ ਦੇ ਵਿਆਹ ਦੀ ਤਿਆਰੀ*

*ਦੋਹਰਾ-* ਬਾਸੁਰ ਕਿਤਿਕ ਬਿਤਾਇ ਕਰਿ ਸ੍ਰੀ ਗੁਰ ਅਰਜਨ ਨਾਥ।
ਚਿਤਵਤਿ ਨੰਦਨ ਬਜਾਹ ਕੋ ਬਡਿ ਉਤਸਵ ਕੇ ਸਾਥ॥੧॥

ਕਈ ਦਿਨ ਬਤੀਤ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਦਾ ਵਿਆਹ ਵੱਡੇ ਉਤਸਵਾਂ ਨਾਲ ਕਰਨ ਦਾ ਮਨ ਬਣਾਇਆ॥ ੧॥

*ਨਿਸ਼ਾਨੀ ਛੰਦ-* ਅਗਹਨਿ ਬੀਤਯੋ ਮਾਸ ਜਬਿ ਪੁਨ ਪੂਸ ਸੁ ਆਯੋ।
ਸਮੋ ਮਹਾਂ ਉਤਸਾਹ ਕੋ ਜਾਨਯੋ ਨਿਯਰਾਯੋ।
ਮਹਾਂਦੇਵ ਸੋਂ ਮਿਲਿ ਗੁਰੂ ਬੈਠੇ ਇਕ ਥਾਨਾ।
ਕਰੀ ਵਾਰਤਾ ਬਹੁਤ ਹੀ ਪਰਸੰਗ ਜਿ ਨਾਨਾ॥ ੨॥

ਜਦ ਮਘਰ ਦਾ ਸਾਰਾ ਮਹੀਨਾ ਬੀਤਿਆ ਤੇ ਫਿਰ ਪੋਹ ਦਾ ਮਹੀਨਾ ਆਇਆ ਤਾਂ ਮਹਾਂ ਉਤਸਵ ਲਈ ਇਹ ਉਚਿਤ ਜਾਣਿਆ। ਬਾਬਾ ਮਹਾਂਦੇਵ ਜੀ ਨਾਲ ਮਿਲ ਕੇ ਗੁਰੂ ਜੀ ਇਕ ਥਾਂ ਬੈਠ ਗਏ। ਬਹੁਤ ਗੱਲਾਂ-ਬਾਤਾਂ ਕੀਤੀਆਂ ਤੇ ਕਈ ਪ੍ਰਕਾਰ ਦੇ ਪ੍ਰਸੰਗ ਛੇੜੇ॥ ੨॥

ਬਹੁਰ ਬਜਾਹ ਕੀ ਬਾਤਿ ਕੋ ਸਭਿ ਜ਼ਿਕਰ ਸੁਨਾਯੋ।
'ਏਕ ਮਾਸ ਹੀ ਬਿਚਿ ਰਹਯੋ ਦਿਨ ਨਿਕਟ ਸੁ ਆਯੋ।
ਬਡੋ ਭ੍ਰਾਤ ਅਬਿ ਦੂਰਿ ਹੈ ਬਡ ਧਰਤਿ ਬਿਰੋਧਾ।
ਨੰਮ੍ਰ ਭਏ, ਨਹਿੰ ਮਾਨਹੀ, ਰਾਖਹਿ ਉਰ ਕ੍ਰੋਧਾ॥ ੩॥

ਫਿਰ ਵਿਆਹ ਦੀ ਗੱਲ ਦਾ ਸਾਰਾ ਜ਼ਿਕਰ ਸੁਣਾਇਆ। "ਇਕ ਮਹੀਨਾ ਹੀ ਵਿਚ ਰਹਿ ਗਿਆ ਹੈ, ਹੁਣ ਵਿਆਹ ਵਾਲਾ ਦਿਨ ਬਹੁਤ ਨੇੜੇ ਆ ਗਿਆ ਹੈ। ਵੱਡਾ ਭਰਾ ਹੁਣ ਬਹੁਤ ਦੂਰ ਹੈ, ਉਸ ਵੱਡਾ ਵਿਰੋਧ ਧਾਰਨ ਕੀਤਾ ਹੋਇਆ ਹੈ, ਨੀਵੇਂ ਹੋਣ ਨਾਲ ਵੀ ਉਹ ਮੰਨਦਾ ਨਹੀਂ ਤੇ ਦਿਲ ਵਿਚ ਕ੍ਰੋਧ ਰੱਖਦਾ ਹੈ॥ ੩॥

ਚਹਿਯਹਿ ਅਬਹਿ ਬੁਲਾਵਨੋ ਇਹੁ ਉਚਿਤ ਮਹਾਨਾ।
ਸਹਤ ਕੁਟੰਬ ਸੁ ਆਵਨੋ ਹੋਵਹਿ ਇਸ ਥਾਨਾ'।
ਮਹਾਂਦੇਵ ਬੋਲਯੋ ਸੁਨਤਿ 'ਭੇਜਹੁ ਲਿਖਿ ਪਾਤੀ।
ਕੋ ਨਰ ਆਛੋ ਜਾਇਕੈ ਆਨਹਿ ਭਲਿ ਭਾਂਤੀ॥ ੪॥

ਉਨ੍ਹਾਂ ਨੂੰ ਹੁਣ ਏਥੇ ਬੁਲਾਉਣਾ ਚਾਹੀਦਾ ਹੈ, ਇਹ ਬਹੁਤ ਜ਼ਰੂਰੀ ਹੈ, ਉਨ੍ਹਾਂ ਨੂੰ ਸਾਰੇ ਪਰਿਵਾਰ ਸਹਿਤ ਏਥੇ ਆਉਣਾ ਚਾਹੀਦਾ ਹੈ।" ਇਹ ਸੁਣ ਕੇ ਮਹਾਂਦੇਵ ਬੋਲਿਆ, "ਉਸ ਨੂੰ ਚਿੱਠੀ ਲਿਖ ਕੇ ਭੇਜੋ, ਕੋਈ ਚੰਗਾ ਬੰਦਾ ਜਾ ਕੇ ਉਨ੍ਹਾਂ ਨੂੰ ਭਲੀ ਪ੍ਰਕਾਰ ਏਥੇ ਲੈ ਕੇ ਆਵੇ॥ ੪॥

ਸਨਮਾਨਹੁ ਸਭਿ ਰੀਤਿ ਤੇ ਹੈ ਭ੍ਰਾਤ ਬਡੇਰੋ।
ਜਯੋਂ ਕਯੋਂ ਕਰਿ ਤਿਸ ਆਨਿਯੈ ਆਛੀ ਬਿਧਿ ਹੇਰੋ।
ਪਰਨੇ ਮਰਨੇ ਮਹਿਂ ਸਰਬ ਸਨਬੰਧਿ ਮਿਲੰਤੇ।
ਇਹੀ ਜਗਤ ਕੀ ਰੀਤਿ ਹੈ ਸਭਿ ਨਰ ਬਰਤੰਤੇ॥ ੫॥

ਹਰ ਤਰ੍ਹਾਂ ਨਾਲ ਉਨ੍ਹਾਂ ਦਾ ਆਦਰ ਕਰੋ, ਸਾਡਾ ਵੱਡਾ ਭਰਾ ਹੈ, ਜਿਵੇਂ ਕਿਵੇਂ ਵੀ ਉਸ ਨੂੰ ਲਿਆਈਏ, ਇਹੋ ਹੀ ਚੰਗੀ ਗੱਲ ਸਮਝੋ। ਵਿਆਹ ਅਤੇ ਮਰਨੇ ਤੇ ਸਾਰੇ ਸੰਬੰਧੀ ਮਿਲਦੇ ਹਨ। ਜਗਤ ਦੀ ਇਹੋ ਹੀ ਰੀਤ ਹੈ, ਸਭ ਮਨੁੱਖ ਕਹਿੰਦੇ ਹਨ॥ ੫॥

ਸ਼ਾਦੀ ਤੁਮਰੇ ਸਦਨ ਹੈ ਰੂਠੇ ਸੁ ਮਨਾਓ।
ਭ੍ਰਾਤਾ ਕਰਹੁ ਇਕੱਤ੍ਰ ਸਭਿ ਬਡਿਤਾ ਜਿਮ ਪਾਓ।
ਸ਼ੋਭਾ ਹੈਬਹੁ ਮੇਲਿ ਕੀ ਬੰਧੁਪ ਸਮੁਦਾਯਾ।
ਜਾਤਿ ਬਿਖੈ ਸੋ ਬਡਾ ਹੁਇ ਸਭਿ ਸੋਂ ਬਨਿ ਆਯਾ'॥ ੬॥

ਤੁਹਾਡੇ ਘਰ ਵਿਚ ਖ਼ੁਸ਼ੀ ਦਾ ਸਮਾਂ ਹੈ, ਇਸ ਕਰਕੇ ਰੁੱਸੇ ਨੂੰ ਵੀ ਮੰਨਾਉ। ਸਾਰੇ ਭਰਾ ਇਕੱਠੇ ਕਰੋ ਅਤੇ ਵਡਿਆਈ ਪਾਉ। ਸਾਰੇ ਸੰਬੰਧੀ ਹੀ ਵਿਆਹ ਦੇ ਮੇਲ ਦੀ ਸ਼ੋਭਾ ਹੁੰਦੇ ਹਨ। ਜਾਤ ਵਿਚ ਓਹੋ ਵੱਡਾ ਹੁੰਦਾ, ਜਿਸ ਦੀ ਸਭ ਨਾਲ ਬਣਦੀ ਹੈ"॥ ੬॥

ਮਹਾਂਦੇਵ ਕੇ ਬਾਕ ਕੋ ਸਤਿਗੁਰੁ ਨੇ ਮਾਨਾ।
ਲਿਖੀ ਪੱਤ੍ਰਿਕਾ ਤਬਹਿ ਗੁਰੁ ਬਡਿਆਇ ਮਹਾਨਾ।
'ਮਿਹਰਵਾਨ ਨੰਦਨ ਜਥਾ ਹਰਿ ਗੋਵਿੰਦ ਤੈਸੇ।
ਬਜਾਹ ਸਮਾਂ ਇਨ ਕੋ ਅਬਹਿ ਭੇਜਯੋ ਲਿਖਿ ਜੈਸੇ॥ ੭॥

ਬਾਬਾ ਮਹਾਂਦੇਵ ਦੇ ਬਚਨਾਂ ਨੂੰ ਸਤਿਗੁਰੂ ਜੀ ਨੇ ਮੰਨ ਲਿਆ। ਗੁਰੂ ਜੀ ਨੇ ਓਸੇ ਵੇਲੇ ਇਕ ਚਿੱਠੀ ਲਿਖੀ ਜਿਸ ਵਿਚ ਪ੍ਰਿਥੀਚੰਦ ਦੀ ਬਹੁਤ ਵਡਿਆਈ ਕੀਤੀ, "ਜਿਵੇਂ ਮਿਹਰਵਾਨ ਤੁਹਾਡਾ ਪੁੱਤਰ ਹੈ, ਉਸ ਤਰ੍ਹਾਂ ਹੀ ਹਰਿਗੋਬਿੰਦ ਵੀ ਤੁਹਾਡਾ ਪੁੱਤਰ ਹੈ॥ ੭॥

ਅਧੀਨ ਜਾਨਿ ਆਵਹੁ ਇਹਾਂ ਤੁਮ ਕਾਜ ਰਚਾਵੈ।
ਜਿਮ ਆਇਸੁ ਦਿਹੁ ਕਰਹਿਂ ਤ੍ਰਿਮ ਜਿਸ ਤੇ ਜਸੁ ਪਾਵੈਂ।
ਕ੍ਰੋਧ ਬਿਰੋਧ ਨ ਕੀਜੀਏ ਹਮ ਕੋ ਲਘੁ ਜਾਨੋ।
ਹਾਨ ਲਾਭ ਤੁਮ ਕੋ ਅਹੈ ਜਸੁ ਅਪਜਸੁ ਸਾਨੋ॥ ੮॥

ਆਪਣਾ ਜਾਣ ਕੇ ਏਥੇ ਆਵੋ ਤੇ ਸਾਰਾ ਕਾਰਜ ਰਚਾਵੋ, ਜਿਵੇਂ ਆਗਿਆ ਦੇਵੋਗੇ, ਉਸ ਤਰ੍ਹਾਂ ਹੀ ਕਰਾਂਗੇ, ਜਿਵੇਂ ਤੁਸੀਂ ਜੱਸ ਪ੍ਰਾਪਤ ਕਰੋ। ਕ੍ਰੋਧ ਤੇ ਵਿਰੋਧ ਨਾ ਕਰੋ, ਮੈਨੂੰ ਆਪਣਾ ਛੋਟਾ ਭਰਾ ਜਾਣੋ, ਜੱਸ ਅਪਜੱਸ ਸਹਿਤ ਹੁਣ ਹਾਣ ਲਾਭ ਸਭ ਤੁਹਾਡਾ ਹੈ॥ ੮॥

ਹਮ ਲਘੁ ਤੁਮ ਭ੍ਰਾਤਾ ਬਡੇ ਸਗਰੀ ਬਿਧਿ ਜਾਨੋ।
ਚਤੁਰ ਮਹਾਂ ਬਿਵਹਾਰ ਮਹਿਂ ਸਭਿ ਤੇ ਨਹਿਂ ਛਾਨੋ।
ਇੱਤਜਾਦਿਕ ਲਿਖਿ ਸਿਖ ਪਠਜੋ ਜੰਗਲ ਦਿਸ਼ਿ ਜਾਹੀ।
ਗ੍ਰਾਮ ਨਾਮ ਕੋਠਾ ਅਹੈ ਬਾਸਹਿ ਤਿਸ ਮਾਂਹੀ॥ ੯॥

ਮੈਂ ਛੋਟਾ ਭਰਾ ਹਾਂ ਅਤੇ ਤੁਸੀਂ ਵੱਡੇ ਭਰਾ ਹੋ ਇਹ ਗੱਲ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਸਭ ਨੂੰ ਪਤਾ ਹੈ ਕਿ ਤੁਸੀਂ ਕਾਰ-ਵਿਹਾਰ ਵਿਚ ਬਹੁਤ ਸਿਆਣੇ ਹੋ। ਇਤਿਆਦਿ ਲਿਖ ਕੇ ਇਕ ਸਿੱਖ ਨੂੰ ਚਿੱਠੀ ਦੇ ਕੇ ਮਾਲਵੇ ਦੇਸ਼ ਵੱਲ ਭੇਜਿਆ। ਪਿੰਡ ਦਾ ਨਾਂ ਕੋਠਾ ਹੈ, ਜਿਥੇ ਪ੍ਰਿਥੀਆ ਰਹਿੰਦਾ ਹੈ॥ ੯॥

ਕਾਵਰਿ ਭਰਿ ਪਕਵਾਨ ਕੀ ਸੰਗ ਕਰੇ ਕਹਾਰਾ।
ਗਮਨੇ ਲੇ ਕਰਿ ਪੰਥ ਕੋ ਗੇ ਸਲਿਤਾ ਪਾਰਾ।
ਉਲੰਘ ਬਿਪਾਸਾ ਸਤੁਦ੍ਰਵਾ ਕੋਠੇ ਕਹੁ ਆਏ।
ਜਹਿਂ ਪ੍ਰਿਥੀਆ ਬੈਠਜੋ ਸੁਨਜੋ ਤਿਸ ਨਿਕਟ ਸਿਧਾਏ॥੧੦॥

ਇਕ ਵਹਿੰਗੀ ਮਠਿਆਈ ਦੀ ਭਰ ਕੇ ਕਹਾਰਾਂ ਨੂੰ ਚੁਕਾ ਕੇ ਨਾਲ ਤੋਰ ਦਿੱਤਾ। ਲੈ ਕੇ ਰਾਹੇ ਪੈ ਗਏ ਤੇ ਦਰਿਆ ਬਿਆਸ ਨੂੰ ਪਾਰ ਕੀਤਾ, ਫਿਰ ਦਰਿਆ ਸਤਲੁਜ ਨੂੰ ਪਾਰ ਕਰਕੇ ਕੋਠੇ ਪਿੰਡ ਪਹੁੰਚ ਗਏ। ਜਿਥੇ ਸੁਣਿਆ ਕਿ ਪ੍ਰਥੀਆ ਬੈਠਾ ਹੈ, ਓਥੇ ਉਸ ਦੇ ਪਾਸ ਚਲੇ ਗਏ॥ ੧੦॥

ਅਗ੍ਰ ਮਿਠਾਈ ਕੋ ਧਰਜੋ ਪਾਤੀ ਕਰ ਦੀਨੀ।
ਗੁਰੂ ਦਿਸ਼ਿ ਤੇ ਬੰਦਨ ਕਰੀ ਬਹੁ ਧਰੀ ਅਧੀਨੀ।
ਪਾਤੀ ਖੋਲ੍ਹੀ ਪਠੀ ਜਬਿ ਦੁਖ ਰਿਦਾ ਪਰੋਯੋ।
ਚਿਤਵਤਿ ਸਭਿ ਬਿਧਿ ਭਯੋ ਬਡ,ਸੁਤ ਬਜਾਹ ਸੰਜੋਯੋ॥੧੧॥

ਪ੍ਰਿਥੀਏ ਦੇ ਅੱਗੇ ਮਠਿਆਈ ਧਰ ਕੇ, ਚਿੱਠੀ ਹੱਥ ਵਿਚ ਦੇ ਦਿੱਤੀ। ਬਹੁਤ ਅਧੀਨ ਹੋ ਕੇ ਗੁਰੂ ਜੀ ਵਲੋਂ ਬੰਦਨਾ ਕੀਤੀ। ਜਦ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਪ੍ਰਿਥੀਏ ਦਾ ਹਿਰਦਾ ਦੁੱਖ ਨਾਲ ਵਿੰਨ੍ਹਿਆ ਗਿਆ। ਸੋਚਣ ਲੱਗਾ ਕਿ ਸਭ ਤਰ੍ਹਾਂ ਵੱਡੇ ਹੋ ਗਏ ਹਨ, ਹੁਣ ਪੁੱਤਰ ਦਾ ਵਿਆਹ ਰਚਾਇਆ ਹੈ॥ ੧੧॥

ਵਧੰਤਿ ਗਯੋ ਦਿਨ ਪ੍ਰਤਿ ਅਧਿਕ, ਨਹਿਂ ਚਲਜੋ ਉਪਾਊ।
ਕਿਮ ਗਹਾਇ ਮਰਵਾਇ ਹੌਂ, ਕੋ ਘਾਤ ਨ ਪਾਊਂ।

ਇਮ ਮਨ ਮਹਿਂ ਸੰਕਟ ਲਹਜੋ ਪਠਿਕੈ ਪੁਨ ਪਾਤੀ।
ਉਤਸਵ ਸੁਨਿ ਕੈ ਅਨੁਜ ਕੌ ਜਨੁ ਫਾਟਤਿ ਛਾਤੀ॥ ੧੨ ॥

ਦਿਨ ਪ੍ਰਤੀ ਦਿਨ ਅਮੀਰ ਹੁੰਦਾ ਜਾਂਦਾ ਹੈ, ਮੇਰਾ ਕੋਈ ਵੀ ਉਪਾਅ ਨਹੀਂ ਚਲਿਆ ਹੈ, ਕਿਵੇਂ ਫੜਵਾ ਕੇ ਮਰਵਾ ਦੇਵਾਂ, ਕੋਈ ਮੌਕਾ ਹੀ ਨਹੀਂ ਮਿਲਿਆ ਹੈ, ਇਸ ਤਰ੍ਹਾਂ ਫਿਰ ਚਿੱਠੀ ਪੜ੍ਹ ਕੇ ਮਨ ਵਿਚ ਬਹੁਤ ਦੁੱਖੀ ਹੋਇਆ। ਆਪਣੇ ਭਤੀਜੇ ਦੇ ਵਿਆਹ ਦਾ ਉਤਸਵ ਸੁਣ ਕੇ ਜਿਵੇਂ ਛਾਤੀ ਫੱਟ ਰਹੀ ਸੀ॥ ੧੨ ॥

ਮੁਖ ਤੇ ਕਹਿ ਸਿਖ ਸਾਥਿ ਤਬਿ 'ਕੋ ਹਮਰੋ ਭਾਈ ?।
ਦੁਸ਼ਮਨ ਜਾਨਤਿ ਹੌਂ ਮਹਾਂ, ਤਿਹ ਸਾਂਝਿ ਨ ਕਾਈ।
ਘਰ ਦਰ ਮੇਰੋ ਲੂਟਿ ਕੈ ਪੁਰਿ ਵਹਿਰ ਨਿਕਾਸਾ।
ਤੁਹਮਤ ਲਾਇ ਤੁਫਾਨ ਕੀ ਸਭਿ ਬਿਖੈ ਪ੍ਰਕਾਸ਼ਾ॥ ੧੩ ॥

ਤਦ ਮੁਖ ਤੋਂ ਸਿੱਖ ਨੂੰ ਕਹਿਣ ਲੱਗਾ, "ਕੌਣ ਸਾਡਾ ਭਰਾ ਹੈ ? ਮੈਂ ਤਾਂ ਉਸ ਨੂੰ ਵੱਡਾ ਦੁਸ਼ਮਣ ਜਾਣਦਾ ਹਾਂ, ਉਸ ਨਾਲ ਮੇਰੀ ਕੋਈ ਸਾਂਝ ਨਹੀਂ ਹੈ, ਮੇਰਾ ਘਰ ਬਾਹਰ ਲੁੱਟ ਕੇ ਨਗਰ ਵਿਚੋਂ ਬਾਹਰ ਕੱਢ ਦਿੱਤਾ ਸੀ ਅਤੇ ਵੱਡੀ ਤੁਹਮਤ ਲਾ ਕੇ ਸਭ ਥਾਂ ਮਸ਼ਹੂਰ ਕਰ ਦਿੱਤਾ ਹੈ॥ ੧੩ ॥

ਮਹਾਂ ਕਠੋਰ ਨਿਲਾਜ ਹੈ, ਘਟ ਕਪਟ ਬਿਸਾਲਾ।
ਮੁਖ ਤੇ ਮੀਠਾ ਉੱਜਲਾ ਅੰਤਰ ਤੇ ਕਾਲਾ।
ਪਾਇ ਪਿਤਾ ਕੀ ਵਸਤੁ ਕੋ ਬਡ ਮਾਲਿਕ ਹੋਵਾ।
ਤਿਸ ਕੋ ਵਲ ਪਾਯੋ ਨਹੀਂ ਸੰਕਟ ਨਹਿਂ ਜੋਵਾ॥ ੧੪ ॥

ਉਹ ਮਹਾਂ ਕਠੋਰ ਅਤੇ ਲਾਜ-ਰਹਿਤ ਹੈ, ਦਿਲ ਕਪਟ ਨਾਲ ਭਰਿਆ ਹੈ, ਮੁਖ ਤੋਂ ਮਿੱਠਾ ਤੇ ਉੱਜਲ ਹੈ, ਪਰ ਅੰਦਰੋਂ ਕਾਲਾ ਹੈ, ਪਿਤਾ ਜੀ ਦੀ ਵਸਤੂ ਨੂੰ ਪਾ ਕੇ ਵੱਡਾ ਮਾਲਕ ਹੋ ਗਿਆ ਹੈ, ਉਸ ਦਾ ਵਲ ਪਾਇਆ ਨਹੀਂ ਤੇ ਨਾ ਕੋਈ ਸੰਕਟ ਹੀ ਵਾਪਰਿਆ ਹੈ॥ ੧੪ ॥

ਮੇਲ ਹਮਾਰੋ ਰਹਿ ਚੁਕਜੋ, ਨਹਿਂ ਬਦਨ ਮਿਲੈ ਹੈਂ।
ਸ਼ਾਹੁ ਪਾਸ ਗਹਿਵਾਇ ਕਰਿ ਅਵਿਲੋਕ ਸੁ ਲੈਂ ਹੈਂ।
ਉਰ ਗ਼ਰੂਰ ਗੁਰਤਾ ਲਹੈ ਨਹਿਂ ਜਾਨੈ ਆਨਾ।
ਸ਼ਾਹੁ ਦਿਵਾਨ ਮਹਾਨ ਸੋਂ ਜਿਨ ਬਾਦ ਉਠਾਨਾ॥ ੧੫ ॥

ਮੇਲ ਸਾਡਾ ਹੁਣ ਮੁੱਕ ਚੁਕਾ ਹੈ, ਹੁਣ ਇਕ ਦੂਸਰੇ ਦੇ ਮੂੰਹ ਨਹੀਂ ਲੱਗਾਂਗੇ, ਸ਼ਾਹ ਪਾਸ ਫੜਵਾ ਕੇ ਫਿਰ ਵੇਖ ਲਵਾਂਗਾ। ਗੁਰਿਆਈ ਪ੍ਰਾਪਤ ਕਰਕੇ ਉਸ ਦੇ ਹਿਰਦੇ ਵਿਚ ਹੰਕਾਰ ਹੋ ਗਿਆ ਹੈ, ਤੇ ਹੋਰ ਕਿਸੇ ਨੂੰ ਉਹ ਕੁਝ ਨਹੀਂ ਸਮਝਦਾ। ਬਾਦਸ਼ਾਹ ਦਾ ਦੀਵਾਨ ਬਹੁਤ ਵੱਡਾ ਹੈ, ਜਿਸ ਨਾਲ ਉਸ ਝਗੜਾ ਮੁੱਲ ਲਿਆ ਹੈ॥ ੧੫ ॥

ਕਹਾਂ ਅਲਪ ਹਮ, ਕਹਾਂ ਸੋ ਜਹਿਂ ਬੈਰ ਲਗਾਯੋ।
ਨਿਜ ਜੀਵਨਿ ਨਹਿਂ ਚਾਹਤੋ ਦਿਲ ਕੁਤੋ ਬੰਧਾਯੋ।
ਮੈਂ ਜਾਵੌਂ ਜਬਿ ਬਜਾਹ ਮੈਂ ਚੰਦੂ ਸੁਨਿ ਲੈ ਹੈ।
ਕਰਹਿ ਬੈਰ ਮੋ ਸੋਂ ਤਬਹਿ ਸਭਿ ਕਿਛੁ ਬਿਗਰੈ ਹੈ॥ ੧੬ ॥

ਕਿੱਥੇ ਅਸੀਂ ਏਨੇ ਛੋਟੇ ਹਾਂ ਅਤੇ ਕਿੱਥੇ ਜਾ ਕੇ ਵੈਰ ਪਾਇਆ ਹੈ, ਆਪਣਾ ਜੀਵਨ ਨਹੀਂ ਚਾਹੁੰਦੇ, ਦਿਲ ਪਤਾ ਨਹੀਂ ਕਿਥੇ ਲੱਗਾ ਹੈ ਭਾਵ ਕਿਵੇਂ ਐਡਾ ਵੱਡਾ ਹੌਸਲਾ ਕੀਤਾ ਹੈ। ਜੇ ਮੈਂ ਵਿਆਹ ਵਿਚ ਜਾਵਾਂਗਾ ਤਾਂ ਚੰਦੂ ਨੂੰ ਪਤਾ ਲੱਗ ਜਾਵੇਗਾ, ਉਹ ਫਿਰ ਮੇਰੇ ਨਾਲ ਵੈਰ ਕਰੇਗਾ ਤਾਂ ਸਭ ਕੁਝ ਵਿਗੜ ਜਾਵੇਗਾ॥ ੧੬॥

ਯਾਂਤੇ ਮੈਂ ਕਿਮ ਜਾਇ ਹੌਂ, ਪੁਨ ਦੁਸ਼ਮਨ ਮੇਰਾ।
ਨਹਿੰ ਭ੍ਰਾਤਾ ਮਨ ਜਾਨਤੋ, ਛਲ ਕਰਤਿ ਬਡੇਰਾ।
ਲੈ ਜਾਵੋ ਮਿਸ਼ਟਾਨ ਕੋ ਮੈਂ ਨਾਂਹਿ ਨ ਜਾਵੋਂ।
ਜੀਵਤਿ ਮਿਲੌਂ ਨ ਪ੍ਰੀਤਿ ਕਿਰ, ਛਾਤੀ ਤਪਤਾਵੋਂ॥ ੧੭॥

ਇਸ ਕਰਕੇ ਮੈਂ ਕਿਵੇਂ ਜਾ ਸਕਦਾ ਹਾਂ, ਫਿਰ ਉਹ ਮੇਰਾ ਦੁਸ਼ਮਣ ਵੀ ਹੈ, ਮਨ ਵਿਚ ਉਹ ਮੈਨੂੰ ਆਪਣਾ ਭਰਾ ਨਹੀਂ ਜਾਣਦਾ, ਵੱਡਾ ਛੱਲ ਕਰਦਾ ਹੈ। ਆਪਣੀ ਮਠਿਆਈ ਨੂੰ ਲੈ ਜਾਵੋ, ਮੈਂ ਨਹੀਂ ਜਾਵਾਂਗਾ, ਕਦੀ ਵੀ ਜੀਉਂਦਾ ਪ੍ਰੇਮ ਕਰਕੇ ਨਹੀਂ ਮਿਲਾਂਗਾ, ਐਵੇਂ ਦੁਖੀ ਹੋ ਕੇ ਛਾਤੀ ਸਾੜਾਂਗਾ॥ ੧੭॥

ਉਠਹੁ ਜਾਹੁ ਮਮ ਪਾਸ ਤੇ ਨਹਿੰ ਬਿਲਮ ਲਗੀਜੈ।
ਅਨਿਕ ਜਤਨ ਤੇ ਨਹਿੰ ਮਿਲੌਂ ਅਬਿ ਜਾਇ ਕਹੀਜੈ।
ਇਤਯਾਦਿਕ ਕਹਿ ਕ੍ਰੋਧ ਸੌਂ ਸਿਖ ਦਿਯੋ ਉਠਾਈ।
ਕਾਵਰ ਸਭਿ ਮਿਸ਼ਟਾਨ ਕੀ ਹਟਿ ਕਰਿ ਪੁਹਿ ਆਈ॥ ੧੮॥

ਮੇਰੇ ਪਾਸੋਂ ਉੱਠ ਕੇ ਚਲੇ ਜਾਵੋ ਤੇ ਦੇਰ ਨਾ ਲਾਵੋ, ਅਨੇਕਾਂ ਯਤਨ ਕਰਨ ਤੇ ਵੀ ਮੈਂ ਨਹੀਂ ਮਿਲਾਂਗਾ, ਉਸ ਨੂੰ ਜਾ ਕੇ ਕਹਿ ਦੇਵੋ"। ਇਤਿਆਦਿ ਕ੍ਰੋਧ ਨਾਲ ਕਹਿ ਕੇ ਸਿੱਖਾਂ ਨੂੰ ਉਠਾਲ ਦਿੱਤਾ। ਮਠਿਆਈ ਦੀ ਭਰੀ ਹੋਈ ਵਹਿੰਗੀ ਲੈ ਕੇ ਵਾਪਸ ਆਪਣੇ ਨਗਰ ਵਿਚ ਆ ਗਏ॥ ੧੮॥

ਆਇ ਸਿੱਖ ਸਤਿਗੁਰੂ ਕੋ ਬੰਦਨ ਪਦ ਕੀਨੀ।
ਪ੍ਰਿਥੀਏ ਕੀ ਸਭਿ ਬਾਰਤਾ ਥਿਤਿ ਹੁਇ ਕਹਿ ਦੀਨੀ।
'ਕ੍ਰੋਧ ਬਿਸਾਲ ਕਰਾਲ ਤਿਸ ਉਰ ਬੈਰ ਧਰੰਤਾ।
ਚਾਹਤਿ ਹੈ ਗਹਿਵਾਇਬੋ ਪ੍ਰਾਨਨ ਕੋ ਹੰਤਾ'॥ ੧੯॥

ਆ ਕੇ ਸਿੱਖਾਂ ਨੇ ਸਤਿਗੁਰੂ ਜੀ ਨੂੰ ਬੰਦਨਾ ਕੀਤੀ ਅਤੇ ਪ੍ਰਿਥੀਏ ਦੀ ਸਾਰੀ ਵਾਰਤਾ ਬੈਠ ਕੇ ਸੁਣਾਈ। "ਉਸ ਦੇ ਹਿਰਦੇ ਵਿਚ ਵਿਸ਼ਾਲ ਅਤੇ ਵਿਕ੍ਰਾਲ ਕ੍ਰੋਧ ਭਰਿਆ ਹੋਇਆ ਹੈ, ਬਹੁਤ ਵੈਰ ਧਾਰਨ ਕੀਤਾ ਹੋਇਆ ਹੈ, ਉਹ ਬਾਦਸ਼ਾਹ ਪਾਸ ਫੜਵਾ ਕੇ ਪ੍ਰਾਣਾਂ ਦਾ ਨਾਸ਼ ਕਰਨਾ ਚਾਹੁੰਦਾ ਹੈ"॥ ੧੯॥

ਸੁਨਿ ਸ੍ਰੀ ਅਰਜਨ ਜਾਨਿ ਕਰਿ ਤੂਸ਼ਨਿ ਹੀ ਠਾਨੀ।
ਬੁਰਾ ਭਲਾ ਕਿਛੁ ਨਹਿੰ ਕਹਜੋ ਭਾਵੀ ਅਸਮਾਨੀ।
ਮਹਾਂਦੇਵ ਕੋ ਫੇਰ ਤਬਿ ਨਿਜ ਨਿਕਟ ਬੁਲਾਯੋ।
ਬਡੇ ਭ੍ਰਾਤ ਬਿਰਤੰਤ ਕੋ ਕਹਿ ਸਕਲ ਸੁਨਾਯੋ॥ ੨੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸੁਣ ਕੇ ਅਤੇ ਸਮਝ ਕੇ ਚੁਪ ਧਾਰਨ ਕਰ ਲਈ। ਕੁਝ ਵੀ ਬੁਰਾ ਭਲਾ ਨਾ ਕਿਹਾ, ਰੱਬੀ ਭਾਣਾ ਮੰਨਿਆ। ਮਹਾਂਦੇਵ ਨੂੰ ਫਿਰ ਆਪਣੇ ਪਾਸ ਬੁਲਾਇਆ, ਤੇ ਵੱਡੇ ਭਰਾ ਦੇ ਬ੍ਰਿਤਾਂਤ ਨੂੰ ਕਹਿ ਕੇ ਸੁਣਾਇਆ॥ ੨੦॥

'ਤਿਹ ਸੋਂ ਮੇਲ ਨ ਬਨਤਿ ਹੈ, ਟੂਟਯੋ ਨਹਿਂ ਥੋਰਾ।
ਜੋ ਚਾਹਤਿ ਹੈ ਰਿਸ ਧਰੇ ਹਤਿ ਪ੍ਰਾਨਨਿ ਮੋਰਾ।
ਪੁਸ਼ਤਨਿ ਲੌ ਕਿਮ ਮਿਲਹਿ ਨਹਿਂ, ਐਸੀ ਤਿਨ ਕੀਨੀ।
ਗਯੋ ਪੁਕਾਰੂ ਫਿਰਿ ਰਹਯੋ ਰਿਸ ਤਜੀ ਨ, ਚੀਨੀ' ॥ ੨੧ ॥

"ਉਸ ਨਾਲ ਹੁਣ ਮੇਲ ਕਰਨਾ ਬਣਦਾ ਨਹੀਂ, ਇਹ ਮੇਲ ਹੁਣ ਬਹੁਤ ਜ਼ਿਆਦਾ ਟੁੱਟ ਗਿਆ ਹੈ, ਜਿਹੜਾ ਗੁੱਸੇ ਵਿਚ ਆ ਕੇ ਮੇਰੇ ਪ੍ਰਾਣ ਲੈਣਾ ਚਾਹੁੰਦਾ ਹੈ। ਕਈ ਪੀੜ੍ਹੀਆਂ ਤਕ ਨਾ ਮਿਲੀਏ, ਇਸ ਤਰ੍ਹਾਂ ਉਸ ਕੀਤੀ ਹੈ। ਬਾਦਸ਼ਾਹ ਦੇ ਪਾਸ ਪੁਕਾਰਾਂ ਕਰਦਾ-ਫਿਰਦਾ ਹੈ, ਗੁੱਸਾ ਛੱਡਿਆ ਨਹੀਂ ਹੈ ਅਤੇ ਨਾ ਹੀ ਸਮਝਿਆ ਹੈ॥ ੨੧॥

ਮਹਾਂਦੇਵ ਨੇ ਸੁਨਿ ਭਨਯੋ 'ਕ੍ਰੋਧੀ ਸੋ ਮਾਨੀ।
ਉਚਿਤ ਰੀਤਿ ਤੁਮ ਨੇ ਕਰੀ, ਅਨਉਚਿਤ ਨ ਮਾਨੀ।
ਹੇਰਿ ਹੇਰਿ ਐਸ੍ਵਰਜ ਕੋ ਦੁਖ ਪਾਇ ਘਨੇਰੇ।
ਸਮਤਾ ਚਾਹਤਿ ਕਿਮ ਲਹੇ ਨਹਿਂ ਭਾਗ ਬਡੇਰੇ' ॥ ੨੨ ॥

ਇਹ ਸੁਣ ਕੇ ਮਹਾਂਦੇਵ ਨੇ ਕਿਹਾ, "ਉਹ ਵੱਡਾ ਕ੍ਰੋਧੀ ਤੇ ਅਭਿਮਾਨੀ ਹੈ, ਤੁਸੀਂ ਜਾਇਜ਼ ਗੱਲ ਕੀਤੀ ਹੈ, ਪਰ ਉਸ ਨੇ ਨਾਜਾਇਜ਼ ਗੱਲ ਕੀਤੀ ਹੈ, ਜਿਹੜਾ ਤੁਹਾਡੀ ਬੇਨਤੀ ਨੂੰ ਮੰਨਿਆ ਨਹੀਂ। ਧਨ ਨੂੰ ਵੇਖ ਵੇਖ ਕੇ ਬਹੁਤ ਦੁੱਖ ਪਾ ਰਿਹਾ ਹੈ, ਬਰਾਬਰੀ ਚਾਹੁੰਦਾ ਹੈ, ਕਿਵੇਂ ਪਾ ਸਕਦਾ ਹੈ, ? ਏਡੇ ਵੱਡੇ ਭਾਗ ਨਹੀਂ ਹਨ" ॥ ੨੨ ॥

ਸ੍ਰੀ ਅਰਜਨ ਜੀ ਪੁਨ ਭਨਯੋ 'ਸਭਿ ਮੇਲ ਬੁਲਾਵੈਂ।
ਗੋਇੰਦਵਾਲ ਖਡੂਰ ਤੇ ਸੁਨਿ ਕਰਿ ਚਲਿ ਆਵੈਂ'।
ਕਾਵਰ ਭਰੇ ਕਹਾਰ ਗਨਿ ਪਠਿਦੇ ਪਕਵਾਨਾ।
ਲਿਖੀ ਪੱਤ੍ਰਿਕਾ ਸਭਿਨਿ ਸ ਕਰਿ ਪ੍ਰੇਮ ਮਹਾਨਾ॥ ੨੩ ॥

ਫਿਰ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਸਾਰੇ ਸੰਬੰਧੀ ਬੁਲਾਵਾਂਗੇ, ਗੋਇੰਦਵਾਲ ਅਤੇ ਖਡੂਰ ਤੋਂ ਸਾਰੇ ਚੱਲ ਚੱਲ ਕੇ ਆਉਣਗੇ।" ਮਠਿਆਈ ਦੀਆਂ ਵਹਿੰਗੀਆਂ ਭਰ ਭਰ ਕੇ ਕਹਾਰਾਂ ਨੂੰ ਭੇਜਿਆ ਅਤੇ ਸਾਰਿਆਂ ਨੂੰ ਬੜੇ ਪ੍ਰੇਮ ਨਾਲ ਚਿੱਠੀਆਂ ਲਿਖੀਆਂ॥ ੨੩ ॥

'ਸਰਬ ਸੰਗਿ ਪਰਵਾਰ ਲੇ ਇਤਿ ਦਿਸ਼ਿ ਕੋ ਆਵੋ।
ਹਰਿ ਗੋਵਿੰਦ ਵਿਵਾਹੁ ਲਖਿ ਨਹਿਂ ਦੇਰ ਲਗਾਵੋ'।
ਗੋਇੰਦਵਾਲ ਪਠਾਇਓ ਸਿਖ ਦੇ ਕਰਿ ਪਾਤੀ।
ਮਿਲਯੋ ਜਾਇ ਕਰਿ ਮੋਹਰੀ ਸੁਨਿ ਸੀਤਲ ਛਾਤੀ॥ ੨੪ ॥

ਚਿੱਠੀਆਂ ਵਿਚ ਲਿਖਿਆ ਸੀ, "ਸਾਰੇ ਪਰਿਵਾਰ ਨੂੰ ਲੈ ਕੇ ਏਥੇ ਸਾਡੇ ਪਾਸ ਆਵੋ, ਸ੍ਰੀ ਹਰਿਗੋਬਿੰਦ ਸਾਹਿਬ ਦਾ ਵਿਆਹ ਸਮਝ ਕੇ ਦੇਰ ਨਾ ਕਰੋ।" ਇਕ ਸਿੱਖ ਨੂੰ ਚਿੱਠੀ ਦੇ ਕੇ ਗੋਇੰਦਵਾਲ ਭੇਜਿਆ ਗਿਆ, ਉਹ ਜਾ ਕੇ ਬਾਬਾ ਮੋਹਰੀ ਜੀ ਨੂੰ ਮਿਲਿਆ। ਜਦ ਉਨ੍ਹਾਂ ਇਹ ਖ਼ੁਸ਼ਖਬਰੀ ਸੁਣੀ ਤਾਂ ਉਨ੍ਹਾਂ ਦੀ ਛਾਤੀ ਵਿਚ ਠੰਡ ਪੈ ਗਈ॥ ੨੪ ॥

ਸਭਿ ਕੁਟੰਬ ਹਰਖਤਿ ਭਯੋ ਨਿਜ ਉਤਸਵ ਜਾਨਾ।
ਤਥਾ ਜਾਇ ਦਾਤੂ ਨਿਕਟ ਬਿਰਤਾਂਤ ਬਖਾਨਾ।
ਸੁਨਤਿ ਸੁਧਾਸਰ ਕੋ ਚਹਜੋ ਕਰਿਬੇ ਪ੍ਰਸਥਾਨਾ।
ਤਜਾਰ ਸਰਬ ਪਰਵਾਰ ਭਾ ਕਰਿ ਹਰਖ ਮਹਾਨਾ॥ ੨੫॥

ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋਇਆ, ਆਪਣਾ ਹੀ ਉਤਸਵ ਸਮਝਿਆ। ਫਿਰ ਜਾ ਕੇ ਬਾਬਾ ਦਾਤੂ ਜੀ ਨੂੰ ਸਾਰਾ ਬ੍ਰਿਤਾਂਤ ਸੁਣਾਇਆ। ਉਹ ਸੁਣਦੇ ਸਾਰ ਹੀ ਅੰਮ੍ਰਿਤਸਰ ਨੂੰ ਜਾਣਾ ਚਾਹੁੰਦੇ ਸਨ। ਸਾਰਾ ਪਰਿਵਾਰ ਤਿਆਰ ਹੋ ਗਿਆ ਤੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ॥ ੨੫॥

ਪੁਨ ਅਪਨੇ ਸਸੁਰਾਰ ਘਰ ਇਕ ਮਨੁਜ ਪਠਾਵਾ।
ਮਉ ਸੁ ਗ੍ਰਾਮ ਕੋ ਨਾਮ ਤਿਹ ਸੁਧਿ ਸਕਲ ਸੁਨਾਵਾ।
ਕ੍ਰਿਸ਼ਨ ਚੰਦ ਆਨੰਦ ਲਹਿ ਧਨਵੰਤੀ ਦਾਰਾ।
ਦੌਹਿਤ ਕੋ ਉਤਸਵ ਸੁਨਜੋ, ਕੀਨਿਸ ਬਡ ਤਜਾਰਾ॥ ੨੬॥

ਫਿਰ ਆਪਣੇ ਸੁਸਰਾਲ ਘਰ ਇਕ ਆਦਮੀ ਨੂੰ ਭੇਜਿਆ। ਉਸ ਪਿੰਡ ਦਾ ਨਾਂ ਮਉ ਸੀ, ਓਥੇ ਜਾ ਕੇ ਸਾਰੀ ਖਬਰ ਸੁਣਾਈ। ਸਹੁਰਾ ਕ੍ਰਿਸ਼ਨ ਚੰਦ ਅਤੇ ਸੱਸ ਧਨਵੰਤੀ, ਇਹ ਸੁਣ ਕੇ ਬਹੁਤ ਪ੍ਰਸੰਨ ਹੋਏ, ਜਦ ਦੋਹਤੇ ਦੇ ਵਿਆਹ ਦੇ ਉਤਸਵ ਬਾਰੇ ਸੁਣਿਆ ਤਾਂ ਵੱਡੀ ਪੱਧਰ ਤੇ ਤਿਆਰੀ ਕੀਤੀ॥ ੨੬॥

ਬ੍ਰਿੰਦ ਮਸੰਦ ਹਕਾਰਿ ਗੁਰੁ ਆਇਸੁ ਫੁਰਮਾਈ।
'ਤਜਾਰ ਸਮਿੱਗ੍ਰੀ ਕਰਹੁ ਸੁਭ ਚਹਿਯ ਜੁ ਸਮੁਦਾਈ।
ਚੰਦੋਏ ਬਹੁ ਮੋਲ ਕੇ ਝਾਲਰ ਝਮਕੰਤੀ।
ਖੀਨਖਾਫ ਲਾਗਹਿ ਜ਼ਰੀ ਸੁੰਦਰ ਦੁਤਿਵੰਤੀ॥ ੨੭॥

ਫਿਰ ਸਾਰੇ ਮਸੰਦਾਂ ਨੂੰ ਬੁਲਾ ਕੇ ਗੁਰੂ ਜੀ ਨੇ ਆਗਿਆ ਕੀਤੀ, "ਸ਼ੁਭ ਸਮੱਗਰੀ ਤਿਆਰ ਕਰੋ ਜਿਹੜੀ ਸਾਰਿਆਂ ਨੂੰ ਚਾਹੀਦੀ ਹੈ। ਬਹੁਤ ਕੀਮਤੀ ਚੰਦੋਏ ਲਿਆਵੋ ਜਿਨ੍ਹਾਂ ਨਾਲ ਝਾਲਰਾਂ ਲਮਕਦੀਆਂ ਹੋਣ, ਖੀਨਖਾਫ ਤੇ ਜਰੀ ਲੱਗੀ ਹੋਵੇ ਤੇ ਬਹੁਤ ਸੁੰਦਰ ਉਨ੍ਹਾਂ ਦੀ ਚਮਕ ਹੋਵੇ॥ ੨੭॥

ਰੇਸ਼ਮ ਕੀ ਡੋਰੈਂ ਲਗੀ ਬਹੁ ਬਰਨ ਬਨਾਵੋ।
ਮਖਮਲ ਕੇ ਸਭਿ ਫਰਸ਼ ਕੋ ਗਨ ਦਰਬ ਲਗਾਵੋ।
ਕਰੋ ਕਨਾਤ ਬਨਾਤ ਕੀ ਤੰਬੂ ਜੁ ਬਿਸਾਲਾ।
ਚਾਂਦੀ ਕੀ ਚੋਬੈਂ ਰੁਚਿਰ ਕੀਜੈ ਦਰਹਾਲਾ॥ ੨੮॥

ਜਿਨ੍ਹਾਂ ਨੂੰ ਰੇਸ਼ਮ ਦੀਆਂ ਡੋਰਾਂ ਲੱਗੀਆਂ ਹੋਣ, ਉਹ ਬਹੁਤ ਰੰਗਾਂ ਵਿਚ ਬਣਾਵੋ। ਸਾਰੇ ਫਰਸ਼ ਮਖਮਲ ਦੇ ਬਣਾਉਣ ਵਾਸਤੇ, ਬਹੁਤ ਧਨ ਖਰਚ ਕਰੋ। ਵੱਡੇ-ਵੱਡੇ ਤੰਬੂ ਤੇ ਕਨਾਤਾਂ ਬਨਾਤ ਦੀਆਂ ਬਣਾਵੋ ਅਤੇ ਸੁੰਦਰ ਚਾਂਦੀ ਦੀਆਂ ਚੋਬਾਂ ਤਿਆਰ ਕਰਵਾਓ॥ ੨੮॥

ਸਜੰਦਨ ਸਕਟਨਿ ਤਯਾਰ ਹੁਇ ਜੋ ਚਹਿਯ ਕਰਾਵੈ।
ਆਤਸ਼ਬਾਜੀ ਹੋਹਿ ਬਹੁ ਤਿਨ ਦਰਬ ਦਿਵਾਵੈ।
ਜ਼ੀਨ ਤੁਰੰਗਨਿ ਕੇ ਨਵੇਂ ਲੀਜਹਿ ਬਡਿ ਮੋਲੇ।
ਅਲੰਕਾਰ ਘਰਿਵਾਇ ਕਰਿ ਸਾਜਹੁ ਸਭਿ ਟੋਲੇ' ॥ ੨੯ ॥

ਗੱਡੇ, ਛਕੜੇ ਅਤੇ ਰੱਥ ਆਦਿ ਜੋ ਵੀ ਚਾਹੀਦੇ ਹਨ, ਤਿਆਰ ਕਰਾਵੇ, ਆਤਸ਼ਬਾਜ਼ੀ ਬਹੁਤ ਹੋਣੀ ਚਾਹੀਦੀ ਹੈ, ਇਸ ਕਰਕੇ ਉਨ੍ਹਾਂ ਨੂੰ ਵੀ ਧਨ ਦੇਵੇ। ਸਾਰੇ ਘੋੜਿਆਂ ਵਾਸਤੇ ਵੱਡਮੁਲੀਆਂ ਨਵੀਆਂ ਕਾਠੀਆਂ ਲਵੋ। ਗਹਿਣੇ ਘੜਵਾ ਕੇ ਸਭ ਟੋਲਿਆਂ ਨੂੰ ਸਜਾਓ'' ॥ ੨੯ ॥

ਲਘੁ ਨੌਬਤ ਆਇਸੁ ਦਈ ਦਿਨ ਰੈਨ ਬਜਾਵੈ।
ਤੂਤੀ ਅਪਰ ਨਫੀਰੀਆਂ ਨਿਜ ਸੰਗਿ ਮਿਲਾਵੈ।
ਡਫ ਬਾਜਤਿ ਜੁਤ ਬੰਸਰੀ ਬਡ ਧੌਸ ਗਹੀਰੇਂ।
ਪਟਹ ਪਣਵ ਕੀ ਧੁਨਿ ਉਠਹਿ ਸੁਨਿ ਹੋਵਹਿ ਭੀਰੇਂ ॥ ੩੦ ॥

ਇਹ ਵੀ ਆਗਿਆ ਕੀਤੀ ਕਿ ਛੋਟੇ ਨਗਾਰੇ ਦਿਨ ਰਾਤ ਵਜਾਓ। ਤੂਤੀਆਂ ਅਤੇ ਨਫੀਰੀਆਂ ਨੂੰ ਵੀ ਇਨ੍ਹਾਂ ਦੇ ਨਾਲ ਹੀ ਮਿਲਾਓ। ਡਫਾਂ, ਬੰਸਰੀਆਂ ਅਤੇ ਵੱਡੇ ਧੌਂਸੇ ਵੀ ਵਜਾਓ। ਛੋਟੇ ਢੋਲਾਂ ਦੀ ਵੀ ਧੁਨ ਉੱਠੇ ਜਿਸ ਨੂੰ ਸੁਣ ਕੇ ਲੋਕਾਂ ਦੀਆਂ ਭੀੜਾਂ ਇਕੱਠੀਆਂ ਹੋਣ॥ ੩੦ ॥

ਬਜਹਿ ਢੋਲ ਅਰੁ ਬੰਸਰੀ ਦਿਨ ਪ੍ਰਤਿ ਗੁਰਦ੍ਵਾਰੇ।
ਮਹਾਂ ਕੁਲਾਹਲ ਹੋਤਿ ਹੈ ਸੁਨਿ ਹਰਖਤਿ ਭਾਰੇ।
ਅਨਿਕ ਕਰਾਹੇ ਧਰਿ ਦਏ ਪਕਵਾਨ ਪਕਾਵੈਂ।
ਭਾਂਤਿ ਭਾਂਤਿ ਕੀ ਸ੍ਵਾਦਿ ਮਹਿਂ ਮੇਵੇ ਸੁ ਮਿਲਾਵੈਂ ॥ ੩੧ ॥

ਗੁਰਦੁਆਰੇ ਵਿਚ ਦਿਨ ਰਾਤ ਢੋਲ ਅਤੇ ਬੰਸਰੀਆਂ ਵੱਜਦੀਆਂ ਸਨ। ਮਹਾਂ ਕੁਲਾਹਲ ਹੋ ਰਿਹਾ ਸੀ, ਸੁਣ ਕੇ ਸਾਰੇ ਪ੍ਰਸੰਨ ਹੋ ਰਹੇ ਸਨ। ਅਨੇਕਾਂ ਕੜਾਹੇ ਧਰੇ ਹੋਏ ਸਨ, ਜਿੱਥੇ ਪਕਵਾਨ ਪੱਕ ਰਹੇ ਸਨ। ਭਾਂਤ-ਭਾਂਤ ਦੇ ਸਵਾਦੀ ਮੇਵੇ ਉਨ੍ਹਾਂ ਪਕਵਾਨਾਂ ਵਿਚ ਮਿਲਾਉਂਦੇ ਸਨ॥ ੩੧ ॥

ਮੋਦਕ, ਖੁਰਮੇ, ਅਰੁ ਬਰੇ ਦਧਿ ਲਵਨਿ ਰਲਾਏ।
ਚਿਰਵੇ ਬਡੇ ਜਲੇਬ ਜੁਤਿ ਇੱਤਯਾਦਿ ਬਨਾਏ।
ਮੇਲ ਲਗਯੋ ਆਵਨਿ ਤਬੈ ਹਰਖਤਿ ਨਰ ਨਾਰੀ।
ਪਹਰਿ ਬਿਭੂਖਨ ਬਸਨ ਸ਼ੁਭ ਬਡਿ ਸ਼ੋਭਾ ਧਾਰੀ ॥ ੩੨ ॥

ਲੱਡੂ, ਖੁਰਮੇ ਅਤੇ ਵੜੇ ਲੂਣ ਵਾਲੇ ਦਹੀਂ ਵਿਚ ਰਲਾਏ ਸਨ, ਚਿੜਵੜਿਆਂ ਦੀ ਖੀਰ ਅਤੇ ਜਲੇਬ ਆਦਿ ਬਣਾਏ ਗਏ ਸਨ। ਫਿਰ ਮੇਲ ਆਉਣ ਲੱਗਾ, ਸਭ ਇਸਤਰੀਆਂ ਮਰਦ ਬਹੁਤ ਖ਼ੁਸ਼ੀ-ਖ਼ੁਸ਼ੀ ਆ ਰਹੇ ਸਨ। ਸਾਰਿਆਂ ਨੇ ਸੁੰਦਰ ਕੱਪੜੇ ਅਤੇ ਗਹਿਣੇ ਪਹਿਨ ਕੇ ਵੱਡੀ ਸ਼ੋਭਾ ਧਾਰਨ ਕੀਤੀ ਹੋਈ ਸੀ॥ ੩੨ ॥

ਗੁਇੰਦਵਾਲ ਤੇ ਮੋਹਿਰੀ ਇਸਤ੍ਰੀ ਗਨ ਲਯਾਯੋ।
ਰਿਦੇ ਅਨੰਦ ਅਨੰਦ ਮਿਲਿ ਸੰਸਰਾਮ ਸੁ ਆਯੋ।
ਸੁੰਦਰ ਜੁਤਿ ਗਮਨੇ ਸਕਲ ਸਜੰਦਨ ਚਢਿ ਚਾਲੇ।
ਕਿਤਿਕ ਅਰੂਢੇ ਸਕਟ ਪਰ ਸ਼ਿੰਗਾਰ ਬਿਸਾਲੇ॥ ੩੩ ॥

ਗੋਇੰਦਵਾਲ ਤੋਂ ਬਾਬਾ ਮੋਹਰੀ ਜੀ ਬਹੁਤ ਇਸਤਰੀਆਂ ਨਾਲ ਲੈ ਕੇ ਆਏ। ਹਿਰਦੇ ਵਿਚ ਆਨੰਦ ਭਰ ਕੇ ਬਾਬਾ ਆਨੰਦ ਅਤੇ ਸੰਸਰਾਮ ਵੀ ਆਏ। ਬਾਬਾ ਸੁੰਦਰ ਜੀ ਸਮੇਤ ਸਾਰੇ ਗੱਡਿਆਂ ਤੇ ਚੜ੍ਹ ਕੇ ਚਲ ਪਏ, ਕਈ ਅਜਿਹੇ ਛਕੜਿਆਂ ਤੇ ਚੜ੍ਹੇ ਹੋਏ ਸਨ, ਜਿਹੜੇ ਬਹੁਤ ਸਜਾਏ ਹੋਏ ਸਨ॥ ੩੩ ॥

ਉਤਰੇ ਨਿਕਟ ਖਡੂਰ ਮੈਂ ਦਾਤੂ ਘਰ ਜਾਏ।
ਕਰੀ ਸੇਵ ਸਭਿ ਭਾਂਤਿ ਕੀ ਨਿਸ ਤਹਾਂ ਬਿਤਾਏ।
ਉਠੇ ਪ੍ਰਾਤ ਕਰਿਬੇ ਗਮਨ ਰਥ ਸਕਟ ਸੁ ਜੋਰੇ।
ਆਰੂਢੇ ਬਡ ਚੌਂਪ ਜੁਤਿ ਚਲਿ ਗੁਰੁ ਪੁਰਿ ਓਰੇ॥ ੩੪ ॥

ਉਹ ਖਡੂਰ ਦੇ ਪਾਸ ਜਾ ਕੇ ਉੱਤਰ ਗਏ ਤੇ ਬਾਬਾ ਦਾਤੂ ਜੀ ਦੇ ਘਰ ਚਲੇ ਗਏ, ਬਾਬਾ ਦਾਤੂ ਜੀ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ ਤੇ ਉਨ੍ਹਾਂ ਨੇ ਰਾਤ ਓਥੇ ਹੀ ਬਤੀਤ ਕੀਤੀ। ਸਵੇਰੇ ਸਵੱਖਤੇ ਉਠ ਪਏ ਤੇ ਰੱਥ ਅਤੇ ਛੱਕੜੇ ਜੋੜ ਲਏ। ਬੜੇ ਚਾਹ ਨਾਲ ਰੱਥਾਂ ਅਤੇ ਛਕੜਿਆ ਤੇ ਚੜ੍ਹ ਗਏ ਤੇ ਗੁਰੂ ਜੀ ਦੀ ਨਗਰੀ ਵਲ ਚਲ ਪਏ॥ ੩੪ ॥

ਸਭਿ ਕੁਟੰਬ ਕੋ ਸੰਗ ਲੇ ਦਾਤੂ ਭਾ ਤਯਾਰੀ।
ਚਢਿ ਚਢਿ ਅਪਨੇ ਜਾਨੁ ਪਰਿ ਗਮਨੇ ਹਿਤ ਧਾਰੀ।
ਦੋਨਹੁਂ ਥਲ ਤੇ ਚਾਲਿ ਕਰਿ ਗੁਰ ਨਗਰੀ ਆਏ।
ਕੂਪ ਸ਼ਨਾਨੇ ਪ੍ਰਥਮ ਪੁਨ ਅੰਮ੍ਰਿਤਸਰ ਨ੍ਹਾਏ॥ ੩੫ ॥

ਸਾਰੇ ਪਰਿਵਾਰ ਨੂੰ ਨਾਲ ਲੈ ਕੇ ਬਾਬੇ ਦਾਤੂ ਜੀ ਨੇ ਵੀ ਤਿਆਰੀ ਕਰ ਲਈ। ਆਪਣੇ ਆਪਣੇ ਵਾਹਣਾਂ ਤੇ ਚੜ੍ਹ ਕੇ ਬੜਾ ਹਿਤ ਧਾਰ ਕੇ ਚਲ ਪਏ। ਦੋਵਾਂ ਥਾਵਾਂ ਤੋਂ ਚਲ ਕੇ ਗੁਰੂ ਜੀ ਦੀ ਨਗਰੀ ਆ ਗਏ। ਪਹਿਲਾਂ ਖੂਹ ਦੇ ਉਤੇ ਨਹਾਤੇ ਫਿਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ॥ ੩੫ ॥

ਹਰਿ ਮੰਦਿਰ ਸੁੰਦਰ ਸਭਿਨਿ ਬੰਦਨ ਕੋ ਕੀਨੀ।
ਦਰਸ਼ਨ ਕਰਿ ਜਸੁ ਉਚਰਤੇ ਪਰਦਛਨਾ ਦੀਨੀ।
ਪੁਨਿ ਸਤਿਗੁਰੂ ਕੇ ਸਦਨ ਕੋ ਗਮਨੇ ਸਮੁਦਾਈ।
ਮਿਲਿ ਮਿਲਿ ਕਰਤਿ ਪ੍ਰਣਾਮ ਕੋ ਬਹੁ ਭਨੈਂ ਬਡਾਈ॥ ੩੬ ॥

ਸੁੰਦਰ ਹਰਿਮੰਦਰ ਸਾਹਿਬ ਜਾ ਕੇ ਸਭ ਨੇ ਬੰਦਨਾ ਕੀਤੀ। ਦਰਸ਼ਨ ਕਰਕੇ ਜੱਸ ਕਰਦੇ ਸਨ ਤੇ ਫਿਰ ਪਰਿਕਰਮਾਂ ਕੀਤੀਆਂ। ਫਿਰ ਸਾਰੇ ਇਕੱਠੇ ਹੋ ਕੇ ਸਤਿਗੁਰੂ ਜੀ ਦੇ ਘਰ ਨੂੰ ਚਲੇ ਗਏ। ਆਪਸ ਵਿਚ ਮਿਲ ਕੇ ਇਕ ਦੂਸਰੇ ਨੂੰ ਪਰਿਣਾਮ ਕਰਦੇ ਸਨ ਤੇ ਬਹੁਤ ਵਡਿਆਈ ਕਰਦੇ ਸਨ॥ ੩੬ ॥

ਜਥਾ ਜੋਗ ਅਰਜਨ ਗੁਰੂ ਸਗਰੇ ਸਨਮਾਨੇ।
ਸੁੰਦਰ ਸਦਨ ਨਿਵੇਸ ਦੇ ਬਚ ਮਧੁਰ ਬਖਾਨੇ।
ਮਹਾਂ ਦੇਵ ਸੋਂ ਮਿਲੇ ਸਭਿ ਧਰਿ ਪ੍ਰੇਮ ਉਦਾਰਾ।
ਕਰਤਿ ਪਰਸਪਰ ਬੰਦਨਾ ਨਿਜ ਕੁਸ਼ਲ ਉਚਾਰਾ॥ ੩੭॥

ਗੁਰੂ ਅਰਜਨ ਦੇਵ ਜੀ ਨੇ ਯਥਾਯੋਗ ਸਭ ਦਾ ਸਨਮਾਨ ਕੀਤਾ। ਬਾਬਾ ਸੁੰਦਰ ਜੀ ਨੇ ਘਰ ਵਿਚ ਜਾ ਕੇ ਬੜੇ ਮਿੱਠੇ ਬਚਨ ਕਹੇ। ਸਾਰੇ ਬੜਾ ਉੱਤਮ ਪਿਆਰ ਧਾਰ ਕੇ ਬਾਬਾ ਮਹਾਂਦੇਵ ਨੂੰ ਮਿਲੇ। ਆਪਸ ਵਿਚ ਬੰਦਨਾ ਕਰਕੇ ਇਕ ਦੂਸਰੇ ਦੀ ਸੁਖ-ਸਾਂਦ ਪੁੱਛਦੇ ਸਨ॥ ੩੭॥

ਬੁੱਢਾ ਅਰੁ ਗੁਰਦਾਸ ਜੁਤ ਮਿਲਿ ਆਨੰਦ ਪਾਏ।
ਸਾਲ੍ਹੋ ਆਦਿ ਮਸੰਦ ਗਨ ਸਭਿ ਸੀਸ ਨਿਵਾਏ।
ਜਹਾਂ ਕਹਾਂ ਕੀ ਸੰਗਤਾਂ ਸੁਨਿ ਸੁਨਿ ਚਲਿ ਆਈ।
ਧਰਹਿਂ ਅਕੋਰ ਅਨੇਕ ਬਿਧਿ ਗੁਰੁ ਨਿਕਟਿ ਰਹਾਈ॥ ੩੮॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਮਿਲ ਕੇ ਬਹੁਤ ਪ੍ਰਸੰਨ ਹੋਏ। ਭਾਈ ਸਾਲ੍ਹੋ ਆਦਿ ਮਸੰਦਾਂ ਨੇ ਵੀ ਸਿਰ ਝੁਕਾਏ। ਜਿਥੇ-ਕਿਥੇ ਦੀ ਸੰਗਤ ਸੁਣ ਸੁਣ ਕੇ ਚਲ ਕੇ ਆ ਗਈ। ਅਨੇਕ ਪ੍ਰਕਾਰ ਉਪਹਾਰ ਉਹ ਗੁਰੂ ਜੀ ਦੇ ਸਾਹਮਣੇ ਅਰਪਣ ਕਰਦੇ ਸਨ॥ ੩੮॥

ਅਨਗਨ ਨਰ ਕੀ ਭੀਰ ਭੀ ਉਤਸਵ ਹੁਇ ਭਾਰੀ।
ਭੋਜਨ ਬਨਿ ਹੈ ਤਯਾਰ ਬਹੁ ਜਿਨ ਸ੍ਵਾਦ ਉਦਾਰੀ।
ਦਿਨਪ੍ਰਤਿ ਅਧਿਕ ਅਨੰਦ ਭਾ ਕੋ ਕਹੈ ਬਨਾਈ।
ਹਰਿ ਗੁਵਿੰਦ ਜੀ ਤਬਿ ਅਏ ਨਿਜ ਗ੍ਰੀਵ ਨਿਵਾਈ॥ ੩੯॥

ਅਣਗਿਣਤ ਮਨੁੱਖਾਂ ਦੀ ਭੀੜ ਇਕੱਠੀ ਹੋ ਗਈ ਤੇ ਵੱਡਾ ਭਾਰੀ ਉਤਸਵ ਹੋਇਆ। ਬਹੁਤ ਭੋਜਨ ਬਣ ਕੇ ਤਿਆਰ ਹੋਇਆ ਸੀ, ਜਿਹੜਾ ਬਹੁਤ ਸਵਾਦੀ ਸੀ। ਦਿਨ ਪ੍ਰਤੀ ਬਹੁਤ ਅਨੰਦ ਵਧ ਰਿਹਾ ਸੀ। ਫਿਰ ਸ੍ਰੀ ਹਰਿਗੋਬਿੰਦ ਜੀ ਨੇ ਆ ਕੇ ਆਪਣਾ ਸਿਰ ਨਿਵਾਇਆ॥ ੩੯॥

ਤੁਰਤ ਅੰਕ ਲੇ ਮੋਹਰੀ ਨਿਜ ਗਰੇ ਲਗਾਯੋ।
ਕਰਿ ਦੁਲਾਰ ਸਿਰ ਸੂੰਘ ਕੈ ਦੇਖਤਿ ਹਰਖਾਯੋ।
ਮਿਲਿ ਅਨੰਦ ਸੰਸਰਾਮ ਜੁਤਿ ਦਾਤੂ ਭਰਿ ਅੰਕਾ।
ਕਰਹਿਂ ਸਰਾਹਨਿ ਰੂਪ ਕੋ ਬੋਲਹਿਂ ਸਹਿ ਸ਼ੰਕਾ॥ ੪੦॥

ਤੁਰੰਤ ਬਾਬਾ ਮੋਹਰੀ ਜੀ ਨੇ ਜੱਫੀ ਪਾ ਕੇ ਆਪਣੇ ਗਲ ਨਾਲ ਲਾ ਲਿਆ, ਪਿਆਰ ਕਰਕੇ ਤੇ ਮੱਥਾ ਚੁੰਮ ਕੇ ਤੇ ਵੇਖ ਕੇ ਬਹੁਤ ਪ੍ਰਸੰਨ ਹੋਇਆ। ਫਿਰ ਬਾਬਾ ਅਨੰਦ ਤੇ ਬਾਬਾ ਸੰਸਰਾਮ ਨੂੰ ਮਿਲੇ ਤੇ ਬਾਬਾ ਦਾਤੂ ਜੀ ਨੇ ਆਪਣੀ ਜੱਫੀ ਵਿਚ ਲੈ ਲਿਆ। ਗੁਰੂ ਹਰਿਗੋਬਿੰਦ ਸਾਹਿਬ ਦੇ ਸੁੰਦਰ ਸਰੂਪ ਦੀ ਬਹੁਤ ਸ਼ਲਾਘਾ ਕਰਦੇ ਸਨ॥ ੪੦॥

*ਚੌਥੀ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥ ੯॥*

# ਅਧਿਆਇ ਦਸਵਾਂ

## ਬਰਾਤ ਦੀ ਚੜ੍ਹਾਈ

ਦੋਹਰਾ- ਨਾਰਿ ਮੋਹਰੀ ਕੀ ਸੁਮਤਿ ਮਿਲਿ ਗੰਗਾ ਕੇ ਸੰਗ।
ਨੇਹੁ ਜਨਾਵਤਿ ਅਧਿਕ ਹੀ ਕਰਿ ਕਰਿ ਹ੍ਰਿਦੈ ਉਮੰਗ ॥ ੧ ॥

ਬਾਬਾ ਮੋਹਰੀ ਜੀ ਦੀ ਪਤਨੀ ਜਿਹੜੀ ਕਿ ਸ੍ਰੇਸ਼ਟ ਬੁੱਧੀ ਵਾਲੀ ਸੀ, ਉਹ ਮਾਤਾ ਗੰਗਾ ਜੀ ਨੂੰ ਮਿਲ ਕੇ ਹਿਰਦੇ ਵਿਚ ਬਹੁਤ ਅਨੰਦ ਅਤੇ ਉਮੰਗ ਭਰ ਕੇ ਆਪਣਾ ਬਹੁਤ ਪਿਆਰ ਜਿਤਾ ਰਹੇ ਸਨ॥ ੧॥

ਪਾਧੜੀ ਛੰਦ- ਗਨ ਅਬਲਾ ਅਪਰ ਮਿਲੰਤਿ ਸੰਗ। ਸਨਮਾਨਤਿ ਸਭਿ ਕਹਿ ਮ੍ਰਿਦੁਲ ਗੰਗ।
ਦਾਤੂ ਸੁ ਤ੍ਰਿਯਾ ਮਿਲਿ ਅਨੰਦ ਕੀਨਿ। ਹਿਤ ਬੈਠਨਿ ਚਾਰੁ ਆਸਨਿ ਸੁਦੀਨ ॥੨ ॥

ਹੋਰ ਬਹੁਤ ਇਸਤਰੀਆਂ ਵੀ ਮਿਲ ਰਹੀਆਂ ਸਨ, ਮਾਤਾ ਗੰਗਾ ਜੀ ਬਹੁਤ ਕੋਮਲ ਸ਼ਬਦ ਬੋਲ ਕੇ ਸਭ ਦਾ ਸਨਮਾਨ ਕਰ ਰਹੇ ਸਨ। ਬਾਬਾ ਦਾਤੂ ਜੀ ਦੀ ਪਤਨੀ ਨੇ ਮਿਲ ਕੇ ਵੀ ਬੜਾ ਆਨੰਦ ਲਿਆ, ਉਨ੍ਹਾਂ ਦੇ ਬੈਠਣ ਵਾਸਤੇ ਸੁੰਦਰ ਆਸਣ ਦਿੱਤਾ॥ ੨॥

ਪਨ ਬੂਝਨਿ ਲਗੀ 'ਕਿਤ ਹਰਿ ਗੁਵਿੰਦ ?। ਦਿਖਰਾਵਹੁ ਮੁਹਿ ਲਾਲਸ ਬਿਲੰਦ'।
ਕਹਿ ਗੰਗ 'ਗਯੋ ਅਬਿ ਵਹਿਰ ਥਾਨ। ਆਏ ਸੁਨੇ ਸੁ ਜਬਿ ਪ੍ਰੀਤਿ ਠਾਨਿ ॥ ੩ ॥

ਫਿਰ ਉਹ ਪੁੱਛਣ ਲੱਗੀ, "ਸ੍ਰੀ ਹਰਿਗੋਬਿੰਦ ਜੀ ਕਿਥੇ ਹਨ, ਮੈਨੂੰ ਉਨ੍ਹਾਂ ਨੂੰ ਮਿਲਣ ਦੀ ਬੜੀ ਲਾਲਸਾ ਹੈ।" ਮਾਤਾ ਗੰਗਾ ਜੀ ਨੇ ਕਿਹਾ, "ਹੁਣੇ ਬਾਹਰ ਗਏ ਹਨ, ਜਦ ਉਨ੍ਹਾਂ ਸੁਣਿਆ ਕਿ ਗੋਇੰਦਵਾਲ ਵਾਲੇ ਸੰਬੰਧੀ ਆਏ ਹਨ ਤਾਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਮਿਲਣ ਗਏ ਹਨ॥ ੩॥

ਹਿਤ ਮਿਲਨਿ ਕਰਤਿ ਬਡ ਚਾਵ ਚੀਤ। ਤਿਨ ਨਿਕਟ ਹੋਹਿੰਗੇ ਧਰਤ ਪ੍ਰੀਤ'।
ਇਮਿ ਕਹਿ ਸੁ ਦਾਸ ਭੇਜਯੋ ਤੁਰੰਤ। 'ਘਰ ਬਿਖੈ ਆਨਿ ਮਿਲਿਬੋ ਚਹੰਤਿ' ॥੪ ॥

"ਮਿਲਣ ਵਾਸਤੇ ਚਿੱਤ ਵਿਚ ਉਹ ਬੜੀ ਚਾਹਤ ਰੱਖਦੇ ਹਨ, ਪ੍ਰੀਤ ਧਾਰ ਕੇ ਉਨ੍ਹਾਂ ਦੇ ਪਾਸ ਹੋਣਗੇ" ਇਹ ਕਹਿਕੇ ਤੁਰੰਤ ਇਕ ਸੇਵਕ ਨੂੰ ਭੇਜਿਆ ਤੇ ਕਿਹਾ "ਘਰ ਵਿਚ ਤੁਹਾਨੂੰ ਮਿਲਣਾ ਚਾਹੁੰਦੇ ਹਨ"॥ ੪॥

ਸ੍ਰੀ ਅਮਰ ਪੁੱਤ੍ਰ ਕੇ ਨਿਕਟ ਹੇਰਿ। ਲੀਨਿਸ ਹਕਾਰ ਜੋ ਗਯਹੁ ਚੇਰ।
ਨਿਜ ਸਾਥ ਆਨਿ ਕਰਿ ਘਰ ਮਝਾਰ। ਸਭਿ ਤ੍ਰਿਯਨਿ ਹਰਖ ਸੂਰਤਿ ਨਿਹਾਰਿ ॥੫ ॥

ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਪਾਸ ਵੇਖ ਕੇ ਸੇਵਕ ਨੇ ਬੁਲਾ ਲਿਆ। ਸੇਵਕ ਜਦ ਆਪਣੇ ਨਾਲ ਘਰ ਅੰਦਰ ਲੈ ਆਇਆ, ਤਾਂ ਸਾਰੀਆਂ ਇਸਤਰੀਆਂ ਸੁੰਦਰ ਸ਼ਕਲ ਵੇਖ ਕੇ ਬਹੁਤ ਪ੍ਰਸੰਨ ਹੋਈਆਂ॥ ੫॥

ਤ੍ਰਿਯ ਮੋਹਰੀ ਜੁ, ਗਹਿ ਕੰਠ ਲਾਇ। ਬਹੁ ਚੀਤ ਪ੍ਰੀਤ ਗੋਦ ਸੁ ਬਿਠਾਇ।
ਸਿਰ ਹਾਥ ਫੇਰਿ ਮੁਖ ਹੇਰਿ ਹੇਰਿ। ਕਰਤੀ ਦੁਲਾਰ ਬਹੁ ਫੇਰ ਫੇਰ॥ ੬ ॥

ਜਿਹੜੀ ਬਾਬਾ ਮੋਹਰੀ ਜੀ ਦੀ ਪਤਨੀ ਸੀ, ਉਸ ਨੇ ਸ੍ਰੀ ਹਰਿਗੋਬਿੰਦ ਨੂੰ ਫੜ ਕੇ ਆਪਣੇ ਗਲ ਨਾਲ ਲਾ ਲਿਆ ਅਤੇ ਫਿਰ ਗੋਦ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ। ਸਿਰ ਉਤੇ ਹੱਥ ਫੇਰ ਮੁਖੜੇ ਵਲ ਵੇਖ ਰਹੀ ਸੀ ਅਤੇ ਬਾਰ-ਬਾਰ ਲਾਡ ਕਰ

ਸ੍ਰੀ ਹਰਿ ਗੁਵਿੰਦ ਕਰ ਬੰਦਿ ਬੰਦਿ। ਸਭਿਹੂੰਨਿ ਬੰਦਨਾ ਕਰਿ ਅਨੰਦ।
ਸਗਰੀਨਿ ਗੋਦ ਲੇਕਰਿ ਦੁਲਾਰ। ਚਿਰ ਜੀਵ ਆਸ਼ਿਖਾ ਦੇਤਿ ਪਯਾਰ ॥ ੭ ॥

ਸ੍ਰੀ ਹਰਿਗੋਬਿੰਦ ਜੀ ਹੱਥ ਜੋੜ ਜੋੜ ਕੇ ਸਾਰਿਆਂ ਨੂੰ ਬੰਦਨਾ ਕਰ ਕਰ ਅਨੰਦ ਲੈ ਰਹੇ ਸਨ। ਸਾਰੀਆਂ ਗੋਦੀ ਵਿਚ ਲੈ ਕੇ ਲਾਡ ਕਰਦੀਆਂ ਸਨ ਅਤੇ ਪਿਆਰ ਦੇ ਕੇ ਲੰਮੀ ਉਮਰ ਹੋਣ ਦੀ ਅਸੀਸ ਦਿੰਦੀਆਂ ਸਨ ॥ ੭ ॥

ਨਰ ਨਾਰਿ ਮੇਲਿ ਹੋਯਹੁ ਬਿਸਾਲ। ਕਰਿ ਜਥਾ ਜੋਗ ਸੇਵਾ ਸੰਭਾਲਿ।
ਦਿਨ ਪ੍ਰਤਿ ਉਛਾਹ ਵਧਤੋ ਬਿਲੰਦ। ਜਨੁ ਮੀਨ ਹੋਤਿ ਸਾਗਰ ਅਨੰਦ ॥ ੮ ॥

ਇਸਤਰੀਆਂ ਪੁਰਸ਼ਾਂ ਦਾ ਬਹੁਤ ਵੱਡਾ ਮੇਲ ਹੋਇਆ ਸੀ, ਸਾਰਿਆਂ ਦੀ ਯਥਾ-ਯੋਗ ਸੇਵਾ ਕਰ ਰਹੇ ਸਨ। ਦਿਨ ਪ੍ਰਤੀ ਪ੍ਰੇਮ ਉਤਸ਼ਾਹ ਬਹੁਤ ਵੱਧਦਾ ਜਾ ਰਿਹਾ ਸੀ, ਜਿਵੇਂ ਮੱਛੀਆਂ ਸਮੁੰਦਰ ਵਿਚ ਅਨੰਦ ਲੈਂਦੀਆਂ ਹਨ ॥ ੮ ॥

ਇਮ ਬਸੇ ਜਾਮਨੀ ਜਬਿ ਬਿਤਾਇ। ਸਰ ਮੱਜਤਿ ਮੰਦਿਰ ਦਰਸ ਜਾਇ।
ਸ੍ਰੀ ਅਰਜਨ ਕੋ ਸਸੁਰਾਰ ਜੋਇ। ਗੁਰ ਪੁਰੀ ਅਯੋ ਪਿਖਿ ਹਰਖ ਸੋਇ ॥ ੯ ॥

ਇਸ ਤਰ੍ਹਾਂ ਰਹਿ ਕੇ ਜਦ ਇਕ ਰਾਤ ਬਤੀਤ ਕੀਤੀ ਤਾਂ ਅਗਲੇ ਦਿਨ ਸਰੋਵਰ ਵਿਚ ਇਸ਼ਨਾਨ ਕਰਨ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਚਲੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਿਹੜੇ ਸੁਸਰਾਲ ਸਨ, ਉਹ ਆਪਣੇ ਆਪ ਨੂੰ ਗੁਰੂ ਜੀ ਦੀ ਨਗਰੀ ਵਿਚ ਆਏ ਵੇਖ ਕੇ ਬਹੁਤ ਪ੍ਰਸੰਨ ਹੋਏ ॥ ੯ ॥

ਤਬ ਕ੍ਰਿਸ਼ਨ ਚੰਦ ਸੁਨਿਓ ਅਵੰਤਿ। ਉਠਿ ਆਗੇ ਸ੍ਰੀ ਅਰਜਨ ਤੁਰੰਤ।
ਲਖਿ ਜਗਤ ਰੀਤਿ ਬੰਦਨ ਸੁ ਕੀਨਿ। ਆਸਨਿ ਬਿਠਾਇ ਸਨਮਾਨ ਦੀਨਿ ॥੧੦ ॥

ਜਦ ਸ੍ਰੀ ਕ੍ਰਿਸ਼ਨ ਚੰਦ ਦੇ ਆਉਣ ਬਾਰੇ ਸੁਣਿਆ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਤੁਰੰਤ ਉਠ ਕੇ ਅਗੋਂ ਮਿਲਣ ਗਏ। ਸੰਗਤ ਦੀ ਰੀਤੀ ਅਨੁਸਾਰ ਉਨ੍ਹਾਂ ਨੂੰ ਬੰਦਨਾ ਕੀਤੀ ਅਤੇ ਆਸਣ ਤੇ ਬਿਠਾ ਕੇ ਬੜਾ ਆਦਰ ਦਿੱਤਾ ॥ ੧੦ ॥

ਸ੍ਰੀ ਹਰਿ ਗੁਵਿੰਦ ਸੁਨਿ ਆਇ ਧਾਇ। ਕਰਿ ਨਮੋ ਤੁਰਤ ਨਾਨੇ ਸੁ ਪਾਇ।
ਧਨਵਤੀ ਸਾਸੁ ਗੁਰ ਕੀ ਸੁਨੀਤਿ। ਮਿਲ ਸੁਤਾ ਸੰਗਿ ਧਰਿ ਪ੍ਰੀਤ ਚੀਤਿ ॥੧੧ ॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਦੌੜੇ ਆਏ ਤੇ ਨਮਸਕਾਰ ਕਰਕੇ ਆਪਣੇ ਨਾਨਾ ਜੀ ਦੇ ਪੈਰੀਂ ਪੈ ਗਏ। ਸ੍ਰੀ ਮਤੀ ਧਨਵਤੀ ਨਾਂ ਦੀ ਗੁਰਾਂ ਜੀ ਦੀ ਸੱਸ ਬੜੇ ਸੁਸ਼ੀਲ ਸੁਭਾਅ ਦੀ ਸੀ, ਉਹ ਆਪਣੀ ਪੁੱਤਰੀ ਨੂੰ ਚਿੱਤ ਵਿਚ ਬੜਾ ਪ੍ਰੇਮ ਧਾਰ ਕੇ ਮਿਲੀ ॥ ੧੧ ॥

ਨਰ ਨਾਰਿ ਅਪਰ ਪਰਵਾਰ ਕੇਰਿ। ਮਿਲਿ ਮਿਲਿ ਅਨੰਦ ਸੁਖ ਹੇਰਿ ਹੇਰਿ।
ਕੀਨਸਿ ਨਿਵੇਸ ਸੁੰਦਰ ਅਵਾਸ। ਤਬਿ ਮਾਤ ਮਾਤ ਕੇ ਆਇ ਪਾਸਿ ॥ ੧੨ ॥

ਪਰਿਵਾਰ ਦੇ ਹੋਰ ਸਾਰੇ ਇਸਤਰੀ ਪੁਰਸ਼, ਮਿਲ ਮਿਲ ਕੇ ਅਨੰਦ ਲੈ ਰਹੇ ਸਨ ਤੇ ਵੇਖ ਵੇਖ ਕੇ ਸੁਖ ਪਾ ਰਹੇ ਸਨ। ਸੁੰਦਰ ਘਰ ਦੇ ਵਿਚ ਨਿਵਾਸ ਕੀਤਾ। ਤਦ ਸ੍ਰੀ ਹਰਿਗੋਬਿੰਦ ਆਪਣੀ ਮਾਤਾ ਦੀ ਮਾਤਾ ਭਾਵ ਨਾਨੀ ਦੇ ਪਾਸ ਆਏ ॥ ੧੨ ॥

ਮਿਲਿ ਹਰਿ ਗੁਵਿੰਦ ਬੰਦਨ ਸੁ ਕੀਨਿ। ਧਰਿ ਹਰਖ ਉਰ ਆਸ਼ਿਖ ਸੁ ਦੀਨਿ।
ਗਨ ਮੇਲਿ ਪਰਸਪਰ ਮਿਲਹਿ ਚਾਇ। ਕੌਤਕ ਹੁਵੰਤਿ ਸ਼ੁਭ ਥਾਇਂ ਥਾਇਂ ॥੧੩ ॥

ਸ੍ਰੀ ਹਰਿਗੋਬਿੰਦ ਜੀ ਨੇ ਮਿਲ ਕੇ ਬੰਦਨਾ ਕੀਤੀ। ਉਨ੍ਹਾਂ ਦੀ ਨਾਨੀ ਜੀ ਨੇ ਬਹੁਤ ਪ੍ਰਸੰਨ ਹੋ ਕੇ ਅਸੀਸ ਦਿੱਤੀ। ਮੇਲ ਦੇ ਸਾਰੇ ਲੋਕ ਬੜੇ ਚਾਅ ਨਾਲ ਆਪਸ ਵਿਚ ਮਿਲਦੇ ਸਨ, ਥਾਂ-ਥਾਂ ਤੇ ਸ਼ੁਭ ਕੌਤਕ ਹੋ ਰਹੇ ਸਨ ॥ ੧੩ ॥

ਸੰਗਤਿ ਮਸੰਦ ਅਰੁ ਮੇਲਿ ਆਇ। ਬਹੁ ਭਈ ਭੀਰ ਬਾਜਤਿ ਬਧਾਇ।
ਇਮ ਕਿਤਿਕ ਦਯੋਸ ਬੀਤੇ ਮਿਲੰਤਿ। ਸਭਿ ਕਰੀ ਤਯਾਰ ਵਸਤੂ ਤੁਰੰਤ ॥੧੪ ॥

ਸੰਗਤ, ਮਸੰਦ ਅਤੇ ਮੇਲ ਦੇ ਆਉਣ ਕਰਕੇ ਬਹੁਤ ਗਹਿਮਾ-ਗਹਿਮ ਹੋ ਗਈ ਸੀ ਤੇ ਵਾਜੇ ਵੱਜ ਰਹੇ ਸਨ। ਇਸ ਤਰ੍ਹਾਂ ਮਿਲਦਿਆਂ ਕਈ ਦਿਨ ਬੀਤ ਗਏ ਤੇ ਸਾਰੀਆਂ ਵਸਤਆਂ ਤੁਰੰਤ ਤਿਆਰ ਕੀਤੀਆਂ ॥ ੧੪ ॥

ਮੰਗਵਾਇ ਸਰਬ ਕੋ ਗੁਰ ਨਿਹਾਰ। ਤੰਬੂ ਕਨਾਤ ਕੀਨੇ ਉਦਾਰ।
ਰਥ ਬਹਿਲ ਸਾਜਿ ਸੁੰਦਰ ਸ਼ਿੰਗਾਰਿ। ਜਿਨਿ ਲਗੇ ਘੁੰਘਰੂ ਬਜਤਿ ਚਾਰੁ॥੧੫॥

ਗੁਰੂ ਜੀ ਨੇ ਸਾਰਿਆਂ ਨੂੰ ਵੇਖ ਕੇ ਬਹੁਤ ਤੰਬੂ ਕਨਾਤਾਂ ਮੰਗਵਾਏ, ਰੱਥ, ਬਹਿਲ ਆਦਿ ਬਹੁਤ ਸੁੰਦਰ ਸਜਾਏ ਗਏ ਜਿਨ੍ਹਾਂ ਨੂੰ ਲੱਗੇ ਸੁੰਦਰ ਘੁੰਘਰੂ ਵੱਜ ਰਹੇ ਸਨ॥ ੧੫॥

ਸ੍ਰੀ ਹਰਿ ਗੁਵਿੰਦ ਚੌਕੀ ਬਿਠਾਇ। ਤ੍ਰਿਯ ਮਿਲਿ ਸੁਹਾਗਨਿ ਗੀਤਿ ਗਾਇ।
ਮਰਦਨ ਕਰੰਤ ਬਟਨਾ ਸੁ ਅੰਗ। ਸਭਿ ਬਿਖੇ ਅਧਿਕ ਆਨੰਦ ਗੰਗ॥੧੬॥

ਸ੍ਰੀ ਹਰਿਗੋਬਿੰਦ ਜੀ ਨੂੰ ਚੌਕੀ ਉਤੇ ਬਿਠਾਇਆ ਗਿਆ ਤੇ ਸਾਰੀਆਂ ਸੁਹਾਗਣਾਂ ਮਿਲ ਕੇ ਗੀਤ ਗਾਉਣ ਲੱਗੀਆਂ। ਸ੍ਰੀ ਹਰਿਗੋਬਿੰਦ ਜੀ ਦੇ ਅੰਗਾਂ ਨੂੰ ਵਟਣਾਂ ਮਲਣ ਲੱਗੇ। ਸਭ ਵਿਚ ਮਾਤਾ ਗੰਗਾ ਜ਼ਿਆਦਾ ਪ੍ਰਸੰਨ ਸਨ॥ ੧੬॥

ਬਲਿਹਾਰ ਹੋਤਿ ਪਿਖਿ ਸੁਤ ਸਰੂਪ। ਦਿਨ ਪ੍ਰਤਿ ਉਦੋਤਿ ਸੁੰਦਰ ਅਨੂਪ।
ਕਰ ਬੰਧਿ ਕੰਗਣਾ ਸਗੁਨ ਸੰਗਿ। ਪਟ ਪੀਤ ਪਹਿਰ ਕਰਿ ਸਰਬ ਅੰਗੁ॥੧੭॥

ਉਹ ਆਪਣੇ ਪੁੱਤਰ ਦੇ ਸਰੂਪ ਨੂੰ ਵੇਖ-ਵੇਖ ਬਲਿਹਾਰ ਜਾ ਰਹੀ ਸੀ, ਦਿਨ ਪ੍ਰਤੀ ਅਨੂਪਮ ਸੁੰਦਰਤਾ ਪ੍ਰਗਟ ਹੋ ਰਹੀ ਸੀ। ਹੱਥਾਂ ਵਿਚ ਸ੍ਰੇਸ਼ਟ ਸੁੰਦਰ ਕੰਗਣ ਪਾਏ ਤੇ ਸਾਰੇ ਅੰਗਾਂ ਤੇ ਸੁਨਹਿਰੀ ਰੇਸ਼ਮੀ ਕਪੜੇ ਪਵਾਏ॥ ੧੭॥

ਕੁਲ ਰੀਤਿ ਕਰੀ ਜੇਤਿਕ ਬਤਾਇ। ਦਿਨ ਚਢਨਿ ਬਰਾਤ ਸਮੀਪ ਆਇ।
ਸ੍ਰੀ ਅਰਜਨ ਤਜਾਰੀ ਸਭਿ ਕਰਾਇ। ਜਨੁ ਕਰਹਿਂ ਸ਼ੀਘ੍ਰਤਾ ਲੇਂ ਬਨਾਇ॥੧੮॥

ਜਿਸ ਤਰ੍ਹਾਂ ਦੱਸਿਆ ਗਿਆ ਸੀ, ਉਸ ਅਨੁਸਾਰ ਵੰਸ਼ ਦੀ ਰੀਤੀ ਕੀਤੀ ਗਈ। ਜਦ ਇਹ ਸਮਝਿਆ ਕਿ ਜੰਞ ਚੜ੍ਹਨ ਦਾ ਦਿਨ ਨੇੜੇ ਆ ਗਿਆ ਹੈ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤਿਆਰੀ ਕਰਵਾਈ, ਜਿਵੇਂ ਸ਼ੀਘਰਤਾ ਕਰਨ, ਉਸ ਤਰ੍ਹਾਂ ਹੀ ਬਣਾ ਲਈਏ॥ ੧੮॥

ਦੋਹਰਾ- ਜੇਵਰ ਜਰੇ ਜਰਾਇ ਜੇ ਜਬਰ ਜਵਾਹਰ ਜੋਤਿ।
ਜਾਂਬੂਨਦ ਦਮਕਤਿ ਮਹਿਦ, ਪਹਿਰੇ ਸ਼ੋਭ ਉਦੋਤਿ॥੧੯॥

ਜੜਾਊ ਗਹਿਣੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਹਨ। ਸੋਨਾ ਬਹੁਤ ਚਮਕ ਰਿਹਾ ਹੈ ਤੇ ਪਹਿਣੇ ਹੋਏ ਗਹਿਣੇ ਬਹੁਤ ਸ਼ੋਭਾ ਪਾ ਰਹੇ ਹਨ॥ ੧੯॥

*ਪਾਧੜੀ ਛੰਦ*-ਸ੍ਰੀ ਹਰਿਗੁਵਿੰਦ ਤਨ ਕਰਿ ਸ਼ਿੰਗਾਰ। ਸਭਿ ਬਸਤ੍ਰ ਬਿਭੂਖਨ ਚਾਰੁ ਡਾਰਿ।
ਸਿਰਪੇਚ ਸੀਸ ਪਰ ਅਤਿ ਸੁਹਾਇ। ਜਿਸ ਪਰਿ ਜਿਗਾ ਸੁ ਹੀਰੇ ਜਰਾਇ॥੨੦॥

ਸ੍ਰੀ ਹਰਿਗੋਬਿੰਦ ਜੀ ਨੇ ਸਰੀਰ ਉਤੇ ਸ਼ਿੰਗਾਰ ਕਰਕੇ ਸੁੰਦਰ ਕਪੜੇ ਤੇ ਗਹਿਣੇ ਪਹਿਣ ਲਏ। ਸਿਰ ਦੇ ਉਤੇ ਪਗੜੀ ਬੜੀ ਸੁੰਦਰ ਸ਼ੋਭਾ ਪਾ ਰਹੀ ਹੈ, ਜਿਸ ਉਤੇ ਹੀਰਿਆਂ ਜੜੀ ਕਲਗੀ ਲੱਗੀ ਹੋਈ ਹੈ॥ ੨੦॥

ਕਲਗੀ ਉਤੰਗ ਜਿਹ ਜਗਤਿ ਜੋਤਿ। ਮੁਖ ਮੰਡਲ ਸੁਭਤਿ ਅਨੰਦ ਹੋਤਿ।
ਕੁੰਡਲ ਸੁ ਡੋਲਿ ਗੋਲੈਂ ਕਪੋਲ। ਸ਼ੋਭਤਿ ਅਮੋਲ ਜਬਿ ਹੋਤਿ ਲੋਲ॥੨੧॥

ਉੱਚੀ ਕਲਗੀ ਇੰਝ ਸ਼ੋਭਾ ਪਾ ਰਹੀ ਹੈ ਜਿਵੇਂ ਜਗਤ ਦੀ ਜੋਤ ਜਗ ਰਹੀ ਹੋਵੇ। ਮੁਖੜੇ ਦੀ ਛਵੀ ਨੂੰ ਵੇਖ ਕੇ ਅਨੰਦ ਪ੍ਰਾਪਤ ਹੁੰਦਾ ਹੈ। ਗੋਲ-ਗੋਲ ਗਲ੍ਹਾਂ ਉਤੇ ਕਾਲੇ-ਕਾਲੇ ਕੇਸ ਲਟਕ ਰਹੇ ਹਨ, ਜਦ ਹਿਲਦੇ ਹਨ ਤਾਂ ਬਹੁਤ ਸ਼ੋਭਾ ਪਾਉਂਦੇ ਹਨ॥ ੨੧॥

ਮੁਕਤਾ ਸੁ ਮਾਲ ਗਰ ਮੈਂ ਬਿਸਾਲ। ਭੁਜਦੰਡਨਿ ਅੰਗਦ ਦੁਤਿ ਉਜਾਲ।
ਹਾਟਕ ਜੜਾਵ ਕਰ ਕਟਕ ਪਾਇ। ਛਬਿ ਛਾਪ ਛਲਾਯਨਿ ਸ੍ਰੱਛ ਛਾਇ ॥੨੨॥

ਗਲ ਵਿਚ ਸੁੰਦਰ ਮੋਤੀਆਂ ਦੀ ਮਾਲਾ ਪਾਈ ਹੋਈ ਹੈ, ਬਾਹਾਂ, ਡੌਲੇ ਅਤੇ ਬਾਕੀ ਸਰੀਰ ਬਹੁਤ ਉੱਜਲ ਨਜ਼ਰ ਆ ਰਿਹਾ ਹੈ। ਸੋਨੇ ਦੇ ਜੜਾਊ ਕੜੇ ਹੱਥਾਂ ਵਿਚ ਪਾਏ ਹੋਏ ਹਨ। ਸੁੰਦਰ ਛਾਪਾਂ ਛੱਲਿਆਂ ਦੀ ਪਵਿੱਤਰ ਛਵੀ ਛਾ ਰਹੀ ਹੈ ॥ ੨੨ ॥

ਕਰ ਬੰਧਜੇ ਕੰਗਣਾ ਸੋਭ ਦੇਤਿ। ਪਟ ਪੀਤ ਪਹਿਰ ਦੁਤਿ ਪਰਮ ਲੇਤਿ।
ਝੁਲਿਯੰਤਿ ਛਤਰ ਫਿਰ ਫਿਰ ਫਿਰਾਇ। ਢੁਰਿਯੰਤਿ ਚੌਰ ਚਾਰੂ ਸੁਹਾਇ ॥੨੩॥

ਹੱਥਾਂ ਵਿੱਚ ਪਾਏ ਹੋਏ ਕੰਗਣ ਬੜੇ ਸੁੰਦਰ ਸੱਜ ਰਹੇ ਹਨ, ਸੁਨਹਿਰੀ ਰੰਗ ਦੇ ਰੇਸ਼ਮ ਦੇ ਪਾਏ ਹੋਏ ਕਪੜਿਆਂ ਦਾ ਛਬ ਅਤਿ ਸੁੰਦਰ ਹੈ। ਸਿਰ ਤੇ ਝੁਲਦੇ ਹੋਏ ਛੱਤਰ ਨੂੰ ਬਾਰ-ਬਾਰ ਫੇਰਦੇ ਹਨ। ਦੋਵੇਂ ਪਾਸੇ ਫਿਰਦਾ ਹੋਇਆ ਸੁੰਦਰ ਚੌਰ ਬੜਾ ਸੁਹਾਵਣਾ ਲੱਗ ਰਿਹਾ ਹੈ ॥ ੨੩ ॥

ਤਬਿ ਗਈ ਗੰਗ ਲੇ ਗੁਰੁ ਸਥਾਨ। ਇਸਤ੍ਰੀ ਸਮੂਹ ਮਿਲਿ ਕਰਤਿ ਗਾਨ।
ਤਬਿ ਹਨੇ ਡੰਕ ਧੌਂਸਾ ਧੁੰਕਾਰ। ਡਫ ਪਣਵ ਪਟਹ, ਧੁਨਿ ਭੀ ਉਦਾਰ ॥੨੪॥

ਫਿਰ ਮਾਤਾ ਗੰਗਾ ਜੀ ਆਪਣੇ ਪੁੱਤਰ ਨੂੰ ਗੁਰੂ ਅਸਥਾਨ ਲੈ ਕੇ ਗਈ, ਸਾਰੀਆਂ ਇਸਤਰੀਆਂ ਮਿਲ ਕੇ ਗੀਤ ਗਾ ਰਹੀਆਂ ਸਨ। ਫਿਰ ਧੌਂਸਿਆਂ ਤੇ ਡੱਗਾ ਵੱਜਾ ਤੇ ਬੜੀ ਉਚੀ ਧੁੰਨਕਾਰ ਪੈਦਾ ਹੋਈ। ਡੱਫਾਂ, ਢੋਲਕੀਆਂ, ਅਤੇ ਛੋਟੇ ਨਗਾਰਿਆਂ ਦੀ ਧੁਨੀ ਬਹੁਤ ਉੱਚੀ ਸੀ ॥ ੨੪ ॥

ਤੁਰਰੀ ਨਫੀਰ ਛੈਣੇ ਬਜੰਤਿ। ਗਨ ਢੋਲ ਬੰਸਰੀ ਧੁਨਿ ਉਠੰਤਿ।
ਗਨ ਥਾਰ ਭਰੇ ਮੋਦਕ ਬਿਲੰਦ। ਥਿਰ ਪੌਰ ਦਰਸ਼ਨੀ ਹਾਥ ਬੰਦਿ ॥ ੨੫ ॥

ਤੂਰੀਆਂ, ਨਫੀਰੀਆਂ ਅਤੇ ਛੈਣੇ ਵੱਜ ਰਹੇ ਸਨ ਅਤੇ ਬਹੁਤ ਢੋਲਾਂ ਅਤੇ ਬੰਸਰੀਆਂ ਦੀ ਆਵਾਜ਼ ਉਠ ਰਹੀ ਸੀ। ਲੱਡੂਆਂ ਦੇ ਵੱਡੇ-ਵੱਡੇ ਥਾਲ ਭਰੇ ਹੋਏ ਸਨ, ਮਾਂ ਪੁੱਤਰ ਅਤੇ ਹੋਰ ਲੋਕ ਦਰਸ਼ਨੀ ਡਿਉਢੀ ਉਤੇ ਹੱਥ ਬੰਨ੍ਹ ਕੇ ਖਲੋ ਗਏ ॥ ੨੫ ॥

ਪੁਨ ਅੱਗ੍ਰ ਜਾਇ ਦਰਬਾਰ ਦ੍ਵਾਰ। ਕਰਿ ਨਮੋ ਤਹਾਂ ਬਿਨਤੀ ਉਚਾਰਿ।
'ਇਹ ਦਾਸ ਆਪਕੋ ਬਜਾਹ ਜਾਹਿ। ਤੁਮ ਹੁਇ ਸਹਾਇ ਦਿਹੁ ਬਿਘਨ ਦਾਹਿ ॥੨੬॥

ਫਿਰ ਅੱਗੇ ਜਾ ਕੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੇ ਖੜੇ ਹੋ ਗਏ। ਉਥੇ ਮੱਥਾ ਟੇਕ ਕੇ ਬੇਨਤੀ ਕੀਤੀ, "ਇਹ ਆਪ ਜੀ ਦਾ ਦਾਸ ਹੁਣ ਵਿਆਹ ਕਰਵਾਉਣ ਜਾ ਰਿਹਾ ਹੈ, ਤੁਸੀਂ ਸਾਡੀ ਸਹਾਇਤਾ ਕਰੋ ਤੇ ਸਾਰੇ ਵਿਘਨਾਂ ਦਾ ਨਾਸ਼ ਕਰੋ ॥ ੨੬ ॥

ਸਭਿ ਥਾਨ ਕਰੋ ਕੱਲਜਾਂਨ ਨਾਥ। ਨਿਸ ਦਯੋਸ ਦਾਸ ਕੇ ਹੋਇ ਸਾਥ।
ਸੁਖ ਸੰਗਿ ਬਜਾਹ ਕੇ ਸਦਨ ਆਇ। ਤੁਮ ਢਿਗ ਕਰਾਹੁ ਬਹੁ ਤਬਿ ਚਢਾਇਂ' ॥੨੭॥

ਹੇ ਮਾਲਕ ਜੀ ! ਸਭ ਥਾਈਂ ਸਾਡਾ ਕਲਿਆਣ ਕਰੋ, ਦਿਨ ਰਾਤ ਦਾਸ ਦੇ ਨਾਲ ਰਹੋ। ਸੁਖ-ਸਾਂਦ ਨਾਲ ਵਿਆਹ ਕੇ ਘਰ ਆਈਏ, ਫਿਰ ਆ ਕੇ ਆਪ ਜੀ ਦੇ ਪਾਸ ਬਹੁਤ ਕੜਾਹ ਪ੍ਰਸ਼ਾਦਿ ਚੜ੍ਹਾਵਾਂਗੇ" ॥ ੨੭ ॥

ਇਮ ਪੁੱਤ੍ਰ ਸ਼੍ਰੇਯ ਹਿਤ ਗੰਗ ਭਾਖਿ। ਗੁਰੁ ਦਾਸਨਿ ਕੀ ਪੁਰਵਤਿ ਭਿਲਾਖ।
ਪੁਨ ਦੀਨਿ ਪ੍ਰਦੱਛਨ ਚਾਰ ਬਾਰਿ। ਚਹੂੰ ਓਰ ਨੰਮ੍ਰ ਹ੍ਵੈ ਭਾਉ ਧਾਰਿ ॥ ੨੮ ॥

ਇਸ ਤਰ੍ਹਾਂ ਪੁੱਤਰ ਦੇ ਕਲਿਆਣ ਹਿਤ ਮਾਤਾ ਗੰਗਾ ਜੀ ਨੇ ਅਰਦਾਸ ਕੀਤੀ। ਪ੍ਰਭੂ ਜੀ ਗੁਰੂ ਦੇ ਦਾਸਾਂ ਦੀ ਅਭਿਲਾਸ਼ਾ ਪੂਰੀ ਕਰਦੇ ਸਨ। ਫਿਰ ਹਰਿਮੰਦਰ ਸਾਹਿਬ ਦੀਆਂ ਚਾਰ ਵਾਰ ਪਰਿਕਰਮਾਂ ਕੀਤੀਆਂ। ਬਹੁਤ ਸਨਿੰਮਰ ਹੋ ਕੇ ਅਤੇ ਪ੍ਰੇਮ ਧਾਰ ਕੇ ਚਾਰੇ ਪਾਸੇ ਪਰਿਕਰਮਾਂ ਕੀਤੀਆਂ ॥ ੨੮ ॥

ਸਤਿਗੁਰੁ ਮਨਾਇ ਲੇ ਤਨੁਜ ਸੰਗਿ। ਹਿਤ ਬ੍ਰਾਤਿ ਚਢਾਵਨਿ ਗਮਨਿ ਗੰਗ।
ਪੁਰਿ ਵਹਿਰ ਜਾਇ ਗਨ ਸੰਗ ਨਾਰਿ। ਬਾਦਤ ਬਜੰਤ ਧੁਨਿ ਏਕ ਸਾਰ॥੨੯॥

ਮਾਤਾ ਗੰਗਾ ਜੀ ਨੇ ਆਪਣੇ ਪੁੱਤਰ ਨੂੰ ਲੈ ਕੇ ਸਤਿਗੁਰੂ ਜੀ ਨੂੰ ਪ੍ਰਾਰਥਨਾ ਕਰ ਲਈ। ਫਿਰ ਬਰਾਤ ਨੂੰ ਚੜ੍ਹਾਉਣ ਵਾਸਤੇ ਗਏ। ਬਹੁਤ ਇਸਤਰੀਆਂ ਨੂੰ ਨਾਲ ਲੈ ਕੇ ਸ਼ਹਿਰ ਦੇ ਬਾਹਰ ਗਏ। ਇਕਸਾਰ ਧੁਨੀ ਅਨੁਸਾਰ ਬਹੁਤ ਵਾਜੇ ਵੱਜ ਰਹੇ ਹਨ॥ ੨੯॥

ਵਾਹਨ ਅਨੇਕ ਨਿਕਸੰਤਿ ਚਾਰੁ। ਸਜੰਦਨ ਸੁਰੰਗ ਜ਼ਰ ਸੌਂ ਉਛਾਰ।
ਕਿਸਹੂੰ ਤੁਰੰਗ ਕਿਸ ਬ੍ਰਿਖਭ ਜੋਰਿ। ਜਿਨ ਕੇਰ ਪੁਸ਼ਟ ਤਨ ਮਹਿਦ ਜੋਰਿ॥੩੦॥

ਸੁੰਦਰ ਗੱਡੇ, ਰੱਥ ਅਤੇ ਛੱਕੜੇ ਨਿਕਲ ਰਹੇ ਹਨ, ਸੁੰਦਰ ਰੱਥ ਜ਼ਰੀ ਦੇ ਉਛਾੜਾਂ ਸਮੇਤ ਚਲ ਰਹੇ ਹਨ। ਕਿਸੇ ਵਾਹਣ ਨੂੰ ਘੋੜੇ ਜੁੱਤੇ ਹੋਏ ਹਨ ਤੇ ਕਿਸੇ ਨੂੰ ਬਲਦ ਜੋਏ ਹੋਏ ਹਨ, ਜਿਨ੍ਹਾਂ ਦੇ ਸਰੀਰ ਬੜੇ ਪੁਸ਼ਟ ਹਨ ਤੇ ਉਨ੍ਹਾਂ ਵਿਚ ਬਹੁਤ ਜ਼ੋਰ ਹੈ॥ ੩੦॥

ਘੰਟੇ ਠਣੰਕ, ਘੁੰਘਰ ਝਣੰਕ। ਪ੍ਰੇਰਕ ਸਬਿੱਦਜ ਤੋਰਤਿ ਨਿਸ਼ੰਕ।
ਬਹੁ ਬਹਿਲ ਬੇਗ ਤੇ ਚਲਿ ਬਿਲੰਦ।ਸੁੰਦਰ ਸ਼ਿੰਗਾਰ ਪਿਖਿ ਦੇ ਅਨੰਦ॥੩੧॥

ਘੋੜਿਆਂ ਅਤੇ ਬਲਦਾਂ ਦੇ ਗਲਾਂ ਵਿਚ ਘੰਟੀਆਂ ਅਤੇ ਘੁੰਘਰੂ ਖੜਕ ਰਹੇ ਹਨ। ਚਤੁਰ ਰਥਵਾਹੀ ਅਤੇ ਗਾਡੀਵਾਨ ਆਪਣੇ-ਆਪਣੇ ਵਾਹਣਾਂ ਨੂੰ ਤੋਰ ਰਹੇ ਹਨ। ਬੈਲ ਗੱਡੀਆਂ ਅਤੇ ਰੱਥ ਬਹੁਤ ਤੇਜ਼ੀ ਨਾਲ ਚਲ ਰਹੇ ਹਨ, ਉਨ੍ਹਾਂ ਦੇ ਸੁੰਦਰ ਸ਼ਿੰਗਾਰ ਨੂੰ ਵੇਖ ਕੇ ਬੜਾ ਆਨੰਦ ਆਉਂਦਾ ਹੈ॥ ੩੧॥

ਨਿਕਸੇ ਕਿਤੇਕ ਚਢਿ ਕਰਿ ਤੁਰੰਗ। ਜੋ ਚਲਤਿ ਚਾਲ ਬਡ ਬੇਗ ਸੰਗਿ।
ਬਹੁ ਹੇਮਰਜਤਿ ਜੁਤ ਸਜਤਿ ਜ਼ੀਨ। ਪਟ ਅਲੰਕਾਰ ਪਹਿਰੇ ਨਵੀਨ॥ ੩੨॥

ਕਈ ਘੋੜਿਆਂ ਤੇ ਚੜ੍ਹ ਕੇ ਨਿਕਲੇ ਹਨ, ਜਿਹੜੇ ਵੱਡੀ ਤੇਜ਼ ਚਾਲ ਨਾਲ ਚਲਦੇ ਹਨ। ਸੋਨੇ ਚਾਂਦੀ ਨਾਲ ਜੜੀਆਂ ਹੋਈਆਂ ਕਾਠੀਆਂ ਬਹੁਤ ਫੱਬ ਰਹੀਆਂ ਹਨ, ਸੁੰਦਰ ਰੇਸ਼ਮੀ ਨਵੇਂ ਕਪੜੇ ਪਾਏ ਹੋਏ ਹਨ॥ ੩੨॥

ਚਢਿ ਛੈਲ ਕੁਦਾਵਤਿ ਚਲਤਿ ਗੈਲਿ। ਪੁਰਿ ਤਜਿ ਬਰਾਤ ਗਈ ਵਹਿਰ ਫੈਲਿ।
ਸ੍ਰੀ ਅਰਜਨ ਤਬਿ ਦਰਬਾਰ ਜਾਇ। ਪਿਤ ਧਜਾਨ ਧਾਰਿ ਕਰਿ ਸਿਰ ਨਿਵਾਇ॥੩੩॥

ਬਾਂਕੇ ਜਵਾਨ ਘੋੜਿਆਂ ਨੂੰ ਛਾਲਾਂ ਮਰਵਾ ਕੇ ਤੋਰ ਰਹੇ ਹਨ। ਨਗਰ ਨੂੰ ਛੱਡ ਕੇ ਬਰਾਤ ਬਾਹਰ ਜਾ ਕੇ ਖੁਲ੍ਹੇ ਸਥਾਨ ਤੇ ਫੈਲ ਗਈ। ਫਿਰ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਵਿਚ ਜਾ ਕੇ ਆਪਣੇ ਪਿਤਾ ਜੀ ਦਾ ਧਿਆਨ ਧਾਰ ਕੇ ਸਿਰ ਨਿਵਾਇਆ॥ ੩੩॥

ਲੇ ਬ੍ਰਿੱਧ ਸੰਗਿ ਗੁਰਦਾਸ ਆਨਿ। ਅਰੁ ਮਹਾਦੇਵ ਬਡ ਭ੍ਰਾਤ ਜਾਨਿ।
ਸਜੰਦਨ ਚਢਾਇ ਸਨਮਾਨ ਕੀਨਿ। ਪੁਨ ਦਾਤੂ ਮੁਹਰੀ ਬੋਲਿ ਲੀਨਿ॥੩੪॥

ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਬਾਬਾ ਮਹਾਂਦੇਵ ਜੀ ਨੂੰ ਵੱਡਾ ਭਰਾ ਜਾਣ ਕੇ ਬੜੇ ਸਤਿਕਾਰ ਨਾਲ ਰੱਥਾਂ ਵਿਚ ਬੈਠਾ ਦਿੱਤੇ। ਫਿਰ ਬਾਬਾ ਦਾਤੂ ਜੀ ਅਤੇ ਬਾਬਾ ਮੋਹਰੀ ਜੀ ਨੂੰ ਬੁਲਾਇਆ॥ ੩੪॥

ਜੁਤ ਅਨੰਦ ਭ੍ਰਾਤ ਸੰਸਰਾਮ ਜੋਇ। ਬਚ ਮ੍ਰਿਦੁਲ ਸੁਨਤਿ ਰਥ ਚਢਤਿ ਸੋਇ।
ਪੁਨ ਕ੍ਰਿਸ਼ਨਚੰਦ ਨੰਦਨ ਸਮੇਤ। ਹੁਇ ਕਰਿ ਅਰੂਢ ਬਡ ਸ਼ੋਭਦੇਤਿ॥ ੩੫॥

ਬਾਬਾ ਅਨੰਦ ਅਤੇ ਬਾਬਾ ਸੰਸਰਾਮ ਵੀ ਮਿੱਠੇ ਬਚਨ ਸੁਣ ਕੇ ਰੱਥ ਵਿਚ ਚੜ੍ਹ ਗਏ। ਫਿਰ ਬਾਬਾ ਕ੍ਰਿਸ਼ਨ ਚੰਦ ਜੀ ਆਪਣੇ ਪੁੱਤਰ ਸਮੇਤ ਰੱਥ ਵਿਚ ਸਵਾਰ ਹੋ ਕੇ ਬੜੀ ਸ਼ੋਭਾ ਪਾ ਰਹੇ ਸਨ॥ ੩੫॥

**ਜੇਠਾ ਪਿਰਾਣ ਅਰੁ ਬਿਧਿਯਚੰਦ। ਚਢਿ ਕਰਿ ਸੁ ਲੰਙ ਪੈੜਾ ਬਿਲੰਦ।**
**ਗਨ ਭੱਲੇ ਤੇਹਨ ਸਹਤ ਦਾਸ। ਗੁਰੁ ਸਿੱਖ ਚਲੇ ਧਰਿ ਕੈ ਹੁਲਾਸ॥ ੩੬॥**

ਭਾਈ ਜੇਠਾ, ਭਾਈ ਪਿਰਾਣਾ, ਭਾਈ ਬਿਧੀ ਚੰਦ, ਭਾਈ ਲੰਗਾਹ ਅਤੇ ਭਾਈ ਪੈੜਾ ਰੱਥਾਂ ਵਿਚ ਸਵਾਰ ਹੋ ਗਏ। ਭੱਲੇ ਅਤੇ ਤ੍ਰੇਹਣ ਗੋਤ ਦੇ ਖੱਤਰੀ ਵੀ ਆਪਣੇ ਸੇਵਕਾਂ ਸਹਿਤ ਅਤੇ ਹੋਰ ਸਾਰੇ ਗੁਰੂ ਦੇ ਸਿੱਖ ਬਹੁਤ ਪ੍ਰਸੰਨ ਹੋ ਕੇ ਚੱਲ ਪਏ॥ ੩੬॥

**ਸਗਰੇ ਮਸੰਦ ਲਹਿ ਲਹਿ ਅਨੰਦ। ਸਭਿ ਚਢੇ ਜਾਨੁ ਪਿਖਿ ਪਿਖਿ ਸੁਛੰਦ।**
**ਸਾਲੋ ਅਰੂਢ ਹ੍ਵੈ ਕਰਿ ਸੁ ਚਾਲਿ। ਅਰੁ ਉਮਰ ਸ਼ਾਹੁ ਕੱਲਜਾਨ ਲਾਲ॥ ੩੭॥**

ਸਾਰੇ ਮਸੰਦ ਅਨੰਦ ਲੈ ਲੈ ਕੇ ਸਵੱਛ ਸਥਾਨ ਵੇਖ ਵੇਖ ਕੇ ਰੱਥਾਂ ਅਤੇ ਗੜਬਹਿਲਾਂ ਤੇ ਚੜ੍ਹ ਰਹੇ ਹਨ। ਭਾਈ ਸਾਲੋ ਵੀ ਸਵਾਰ ਹੋ ਕੇ ਚੱਲ ਪਿਆ ਤੇ ਉਮਰ ਸ਼ਾਹ ਤੇ ਕਲਿਆਨ ਲਾਲ ਨੇ ਵੀ ਚਾਲੇ ਪਾ ਲਏ॥ ੩੭॥

**ਮੋਰਨਿ ਮਨਿੰਦ ਘੋਰਨਿ ਚਲਾਇ। ਜੁਤ ਬਸਨ ਬਿਭੂਖਨ ਦੁਤਿ ਬਦਾਇ।**
**ਅਰੁ ਔਰ ਨਾਮ ਗਿਨੀਅਹਿਂ ਕਿਤੇਕ। ਚਾਲੇ ਬਰਾਤਿ ਸਾਊ ਅਨੇਕ॥ ੩੮॥**

ਮੋਰਾਂ ਵਾਂਗ ਘੋੜੇ ਚਲ ਰਹੇ ਸਨ, ਵਸਤਰ ਅਤੇ ਗਹਿਣੇ ਸੁੰਦਰ ਸ਼ੋਭਾ ਪਾ ਰਹੇ ਸਨ। ਹੋਰ ਕਿੰਨੇ ਨਾਮ ਗਿਣੀਏ, ਬਰਾਤ ਵਿਚ ਅਨੇਕਾਂ ਭੱਦਰ ਪੁਰਸ਼ ਜਾ ਰਹੇ ਸਨ॥ ੩੮॥

**ਸ੍ਰੀ ਅਰਜਨ ਸਿਵਕਾ ਪਰ ਅਰੂਢਿ। ਜਿਹ ਜਰੀ ਲਾਗਿ ਦੁਤਿ ਹੈ ਅਗੂਢ।**
**ਬਿਚ ਮੁਕਰ ਜਰੇ ਮਲਹੀਨ ਚਾਰੁ। ਲਟਕੰਤਿ ਜਰੀ ਗੁੰਫਨਿ ਸੁ ਲਾਰੁ॥ ੩੯॥**

ਸ੍ਰੀ ਗੁਰੂ ਅਰਜਨ ਦੇਵ ਜੀ ਪਾਲਕੀ ਵਿਚ ਚੜ੍ਹੇ ਹੋਏ ਹਨ, ਜਿਸ ਪਾਲਕੀ ਨੂੰ ਲੱਗੀ ਹੋਈ ਸੁੰਦਰ ਜ਼ਰੀ ਬੜੀਆਂ ਚਮਕਾਂ ਮਾਰ ਰਹੀ ਹੈ ਅਤੇ ਸਾਫ ਸ਼ਫਾਫ ਸੁੰਦਰ ਜੜੇ ਹੋਏ ਸ਼ੀਸ਼ੇ ਲਿਸ਼ਕਾਂ ਮਾਰ ਰਹੇ ਹਨ ਅਤੇ ਜ਼ਰੀਦਾਰ ਗੁੱਛਿਆਂ ਦੀ ਪਾਲ ਲਟਕ ਰਹੀ ਹੈ॥ ੩੯॥

**ਸ੍ਰੀ ਹਰਿ ਗੁਵਿੰਦ ਪਟ ਪੀਤ ਸ਼ੋਭ। ਚਢਿ ਹੈਂ ਕੁਦਾਇ ਕਵਿ ਚਿੱਤ ਲੋਭ।**
**ਜਨੁ ਸੰਝ ਸਮੈ ਘਨ ਅਲਪ ਹੋਇ। ਬਰ ਬਰਹਿਂ ਨਚਾਵਤਿ ਚਲਤਿ ਸੋਇ॥੪੦॥**

ਸ੍ਰੀ ਗੁਰੂ ਹਰਿਗੋਬਿੰਦ ਦੇ ਪਹਿਣੇ ਹੋਏ ਸੁਨਹਿਰੀ ਰੇਸ਼ਮੀ ਕਪੜੇ ਬੜੇ ਸ਼ੋਭ ਰਹੇ ਹਨ, ਘੋੜਿਆਂ ਤੇ ਚੜ੍ਹ ਕੇ ਕਵੀ ਦੇ ਚਿੱਤ ਦੀ ਲਾਲਸਾ ਮੁਤਾਬਿਕ ਘੋੜਿਆਂ ਨੂੰ ਨਚਾ ਰਹੇ ਹਨ। ਜਿਵੇਂ ਸ਼ਾਮ ਵੇਲੇ ਬੱਦਲ ਥੋੜ੍ਹਾ ਹੋਵੇ ਤਾਂ ਮੋਰ ਨੱਚਦੇ ਨੱਚਦੇ ਅੱਗੇ ਚਲਦੇ ਹਨ॥ ੪੦॥

**ਇਕ ਦਿਸ਼ਾ ਬਜਤਿ ਬਾਜੇ ਉਦਾਰ। ਇਕ ਦਿਸ਼ਾ ਗੀਤ ਗਨ ਗਾਇਂ ਨਾਰਿ।**
**ਛਣਕਾਰ ਰਥਨਿ ਉਤ ਅਧਿਕ ਹੋਇ। ਇਕ ਦਿਸ਼ਾ ਕੁਦਾਵਤਿ ਹਯਨਿ ਕੋਇ॥੪੧॥**

ਇਕ ਪਾਸੇ ਬਹੁਤ ਵਾਜੇ ਵੱਜ ਰਹੇ ਹਨ, ਇਕ ਪਾਸੇ ਇਸਤਰੀਆਂ ਗੀਤ ਗਾ ਰਹੀਆਂ ਹਨ। ਰੱਥਾਂ ਦੀ ਛਣਕਾਰ ਬਹੁਤ ਹੋ ਰਹੀ ਹੈ, ਇਕ ਪਾਸੇ ਕਈ ਘੋੜੀਆਂ ਨਚਾ ਰਹੇ ਹਨ॥ ੪੧॥

**ਬਡ ਸ਼ਬਦ ਚੱਕਰਨਿ ਭਰੀ ਭੀਰ। ਨਰ ਬ੍ਰਿੰਦ ਕੁਲਾਹਲ ਅਧਿਕ ਭੀਰ।**
**ਹੁਇ ਹਯਨਿ ਹਿਰੇਖਾ ਧੁਨਿ ਉਠੰਤਿ। ਸ਼ੁਤਰੰਨਿ ਉਪਰ ਸੁਥਰੀ ਬਜੰਤਿ॥੪੨॥**

ਗੱਡਿਆਂ ਅਤੇ ਰੱਥਾਂ ਦੇ ਪਹੀਆਂ ਦੀ ਆਵਾਜ਼ ਬਹੁਤ ਉਚੀ ਉਠ ਰਹੀ ਹੈ। ਸਾਰੇ ਮਨੁੱਖਾਂ ਦੀਆਂ ਆਵਾਜ਼ਾਂ ਵੀ ਵਿਕਰਾਲ ਸ਼ੋਰ ਮਚਾ ਰਹੀਆਂ ਹਨ। ਘੋੜਿਆਂ ਦੇ ਹਿਣਕਣ ਦੀ ਵੀ ਬੜੀ ਉਚੀ ਆਵਾਜ਼ ਪੈਦਾ ਹੋ ਰਹੀ ਹੈ। ਊਠਾਂ ਉਤੇ ਧਰੇ ਹੋਏ ਨਗਾਰੇ ਦੀ ਹੱਥ ਰਹੇ ਹਨ॥ ੪੨॥

ਕੁਛ ਕਹੀ ਬਾਤ ਨਹਿਂ ਸੁਨਿਯ ਜਾਇ। ਇਮ ਪਣਵ ਪਟਹ ਢੋਲਾਦਿ ਵਾਇ।
ਗੁਰ ਪੁਰੀ ਛੋਟਿ ਉਤਸਵ ਬਿਸਾਲ। ਜਨੁ ਬਿਚ ਨ ਮੇਯ ਬਾਹਰ ਉਛਾਲਿ॥੪੩॥

ਕਿਸੇ ਦੀ ਵੀ ਕਹੀ ਹੋਈ ਗੱਲ ਦੂਸਰੇ ਨੂੰ ਸੁਣਾਈ ਨਹੀਂ ਦਿੰਦੀ ਹੈ, ਇਸ ਤਰ੍ਹਾਂ ਉੱਚੀ-ਉੱਚੀ ਵਾਜੇ ਵੱਜ ਰਹੇ ਹਨ। ਗੁਰੂ ਜੀ ਦੀ ਨਗਰੀ ਨੂੰ ਛੱਡ ਕੇ ਬਹੁਤ ਵੱਡਾ ਉਤਸਵ ਹੋਇਆ, ਜਿਵੇਂ ਨਗਰੀ ਅੰਦਰ ਸਮਾਉਂਦਾ ਨਹੀਂ ਸੀ ਤੇ ਬਾਹਰ ਉਛਾਲੇ ਮਾਰਦਾ ਹੈ॥ ੪੩॥

ਗਮਨੇ ਸੁ ਪੰਥ ਦਿਨ ਰਹਤਿ ਜਾਮ। ਜੁਗ ਕੋਸ ਜਾਇ ਠਾਨਜੇ ਬਿਸ੍ਰਾਮ।
ਚਲਿ ਪ੍ਰਥਮ ਸਿਵਰ ਕਿਯ ਥੋਰਿ ਦੂਰਿ। ਉਤਰੀ ਬਰਾਤ ਸ਼ੋਭੰਤਿ ਰੂਰ॥ ੪੪॥

ਜਦ ਇਕ ਪਹਿਰ ਦਿਨ ਰਹਿੰਦਾ ਸੀ ਤਾਂ ਰਸਤੇ ਪੈ ਗਏ ਤੇ ਦੋ ਕੋਹ ਜਾ ਕੇ ਵਿਸ਼ਰਾਮ ਕੀਤਾ। ਪਹਿਲਾਂ ਥੋੜ੍ਹੀ ਦੂਰ ਜਾ ਕੇ ਤੰਬੂ ਲਾਏ ਅਤੇ ਬਰਾਤ ਦਾ ਉਤਾਰਾ ਬਹੁਤ ਸੁੰਦਰ ਲੱਗ ਰਿਹਾ ਸੀ॥ ੪੪॥

ਗਨ ਤ੍ਰੀਯ ਸੰਗ ਲੇ ਗੰਗ ਆਇ। ਨਿਜ ਸਦਨ ਪ੍ਰਵੇਸ਼ਤਿ ਰੁਚਿਰ ਗਾਇ।
ਸੁਖ ਚਹਤਿ,ਪੁੱਤ੍ਰ ਮਹਿਂ ਅਧਿਕ ਪਜਾਰਿ। ਬਿਛਰਜੋਸੁ ਪ੍ਰਥਮ ਜਿਸ ਨਿਤ ਨਿਹਾਰ॥੪੫॥

ਮਾਤਾ ਗੰਗਾ ਜੀ ਬਹੁਤ ਇਸਤਰੀਆਂ ਨੂੰ ਲੈ ਕੇ ਆਪਣੇ ਘਰ ਨੂੰ ਆਏ, ਘਰ ਦੇ ਵਿਚ ਦਾਖਲ ਹੋ ਕੇ ਉਹ ਬਹੁਤ ਸੁੰਦਰ ਗੀਤ ਗਾ ਰਹੀਆਂ ਹਨ। ਸੁਖ ਚਾਹੁੰਦੇ ਹਨ, ਪੁੱਤਰ ਨਾਲ ਉਨ੍ਹਾਂ ਦਾ ਬਹੁਤ ਪਿਆਰ ਹੈ। ਪਹਿਲੀ ਵਾਰ ਵਿਛੜਿਆ ਹੈ, ਜਿਸ ਨੂੰ ਸਦਾ ਹੀ ਵੇਖਦੇ ਰਹਿੰਦੇ ਹਨ॥ ੪੫॥

ਸੁਤ ਸਹਤ ਸਨੁਖਾ ਪਿਖਿਵ ਫੇਰਿ। ਉਰ ਸਿਮਰਿ ਸਿਮਰਿ ਕਹਿ ਬੇਰਿ ਬੇਰਿ।
'ਗੁਰੁ ਕ੍ਰਿਪਾ ਪਾਇ ਆਵਹਿ ਅਨੰਦ'। ਸਭਿ ਤ੍ਰੀਯ ਕਹਤਿ 'ਤੁਵ ਨੰਦ ਚੰਦ'॥੪੬॥

ਬਾਰ-ਬਾਰ ਯਾਦ ਕਰ ਕਰ ਕੇ ਕਹਿੰਦੀ ਹੈ ਕਿ ਮੈਂ ਪੁੱਤਰ ਸਹਿਤ ਨੂੰਹ ਨੂੰ ਵੇਖਾਂਗੀ। ਗੁਰੂ ਜੀ ਦੀ ਕਿਰਪਾ ਨਾਲ ਉਨ੍ਹਾਂ ਨੂੰ ਪਾ ਕੇ ਬੜਾ ਅਨੰਦ ਆਵੇਗਾ।" ਸਾਰੀਆਂ ਇਸਤਰੀਆਂ ਕਹਿੰਦੀਆਂ ਹਨ, "ਤੇਰਾ ਪੁੱਤਰ ਚੰਦ ਵਰਗਾ ਹੈ"॥ ੪੬॥

*ਚੌਥੀ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥ ੧੦॥*

## *ਅਧਿਆਇ ਗਿਆਰ੍ਹਵਾਂ*

### *ਬਰਾਤ ਦਾ ਢੁਕਾਉ*

ਦੋਹਰਾ-ਖਾਨ ਪਾਨ ਉੱਤਮ ਕਰਜੋ ਨਿਸਾ ਬਿਖੈ ਪਰਿ ਸੋਇ।
ਸ੍ਰੀ ਸਤਿਗੁਰੁ ਅਰਜਨ ਨਿਕਟਿ ਹਰਿ ਗੁਵਿੰਦ ਤਬਿ ਹੋਇ॥੧॥

ਬਹੁਤ ਉੱਤਮ ਖਾਣਾ ਪੀਣਾ ਕੀਤਾ, ਰਾਤ ਪੈਣ ਤੇ ਸਭ ਸੌਂ ਗਏ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਸ੍ਰੀ ਹਰਿਗੋਬਿੰਦ ਜੀ ਦੇ ਪਾਸ ਚਲੇ ਗਏ॥ ੧॥

*ਪਾਧੜੀ ਛੰਦ*-ਜੀਬ ਰਹੀ ਜਾਮਨੀ ਆਨਿ ਜਾਮ। ਸਿਮਰਨਿ ਲਗੇ ਸੁ ਕਰਤਾਰ ਨਾਮ।
ਰਾਗੀ ਰਬਾਬ ਸੁ ਮ੍ਰਿਦੰਗ ਸੰਗਿ। ਇਨਕੋ ਬਜਾਇ ਗਾਵਤਿ ਉਤੰਗ॥੨॥

ਜਦ ਇਕ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲੱਗੇ। ਰਾਗੀ ਰਬਾਬ ਅਤੇ ਮ੍ਰਿਦੰਗ ਨੂੰ ਵਜਾ ਕੇ ਕੀਰਤਨ ਦਾ ਗਾਇਣ ਕਰਨ ਲੱਗੇ॥ ੨॥

**ਸ਼੍ਰੁਤ ਸੁਖਦ ਗਾਇਂ ਗੁਰੁ ਸ਼ਬਦ ਰਾਗ। ਸਿਖ ਸੁਨਤਿ ਪ੍ਰੇਮ ਕਰਿ ਮਹਿਦ ਭਾਗ।**
**ਇਸ਼ਨਾਨ ਆਦਿ ਸਭਿ ਸੌਚਿ ਕੀਨਿ। ਨਰ ਉਠੇ ਸਕਲ ਮਤਿ ਨਾਮ ਭੀਨਿ॥੩॥**

ਕੰਨਾ ਨੂੰ ਸੁਖ ਦੇਣ ਵਾਲੇ ਗੁਰ ਸ਼ਬਦਾਂ ਨੂੰ ਰਾਗਾਂ ਵਿਚ ਗਾਉਣ ਲੱਗੇ। ਸਾਰੇ ਸਿੱਖ ਬੜਾ ਪ੍ਰੇਮ ਕਰਕੇ ਸੁਣ ਰਹੇ ਸਨ। ਇਸ਼ਨਾਨ ਆਦਿ ਸਭ ਪ੍ਰਕਾਰ ਦੀ ਪਵਿੱਤਰਤਾ ਕੀਤੀ, ਨਾਮ ਦੇ ਰਸੀਏ ਸਾਰੇ ਸਿੱਖ ਉੱਠ ਪਏ॥ ੩॥

**'ਧੰਨ ਧੰਨ ਸਤਿਗੁਰੂ' ਭਨਤਿ ਬੈਨ। ਸਤਿਨਾਮ ਸ਼੍ਰੋਨਿ ਸੁਨਿ ਹੋਤਿ ਚੈਨ।**
**ਪੁਨਿ ਬਜੇ ਬਾਜ ਪਿਖਿ ਪ੍ਰਾਤਕਾਲ। ਸਭਿ ਥਿਏ ਤਯਾਰਿ ਉਰ ਮੁਦ ਬਿਸਾਲ॥੪॥**

ਸਾਰੇ ਮੁਖ ਤੋਂ ਇਹ ਕਹਿ ਰਹੇ ਸਨ, "ਸਤਿਗੁਰੂ ਜੀ ਧੰਨ ਹਨ, ਧੰਨ ਹਨ।" ਸੱਚੇ ਪ੍ਰਭੂ ਦਾ ਨਾਂ ਸੁਣ ਕੇ ਸਾਰੇ ਸ਼ਾਂਤੀ ਪ੍ਰਾਪਤ ਕਰ ਰਹੇ ਸਨ। ਫਿਰ ਸਵੇਰ ਹੋਣ ਤੇ ਵਾਜੇ ਵੱਜਣ ਲੱਗ ਗਏ, ਹਿਰਦੇ ਵਿਚ ਪ੍ਰਸੰਨ ਹੋ ਕੇ ਸਾਰੇ ਤਿਆਰ ਹੋ ਗਏ॥ ੪॥

**ਅਸਵਾਰੁ ਭਏ ਸਭਿ ਸਜਤਿ ਜਾਨੁ। ਬਡ ਉਠਯੋ ਸ਼ਬਦ ਨਹਿਂ ਸੁਨਿਯ ਕਾਨ।**
**ਦਿਨ ਚਢੇ ਚਲਤਿ ਹਿਮ ਰੁਤ ਮਹਾਨ। ਨਹਿਂ ਲਗਹਿ ਸੀਤ ਹੁਇ ਤੇਜ ਭਾਨੁ॥੫॥**

ਸਾਰੇ ਸਜ ਧੱਜ ਕੇ ਫਿਰ ਘੋੜਿਆਂ, ਰੱਥਾਂ ਅਤੇ ਗੜਥੈਲਾਂ ਤੇ ਸਵਾਰ ਹੋ ਗਏ। ਏਨਾ ਵੱਡਾ ਰੌਲਾ ਮੱਚ ਗਿਆ ਕਿ ਕੰਨਾਂ ਨਾਲ ਸੁਣਿਆ ਨਹੀਂ ਸੀ ਜਾ ਸਕਦਾ। ਦਿਨ ਦੇ ਚੜ੍ਹਦਿਆਂ ਹੀ ਚੱਲ ਪਏ, ਬੇਸ਼ਕ ਮਹਾਨ ਸੀਤ ਰੁੱਤ ਸੀ। ਸੂਰਜ ਦੇ ਚੜ੍ਹਨ ਕਰਕੇ ਠੰਡ ਨਹੀਂ ਸੀ ਲੱਗ ਰਹੀ॥ ੫॥

**ਸਜੰਦਨ ਤੁਰੰਗ ਅਰੁ ਬਹਿਲ ਜਾਲ। ਬਾਦਿਤ ਬਜੰਤਿ, ਚਾਲਤਿ ਉਤਾਲ।**
**ਬਡ ਧੂਲਿ ਉਠਤਿ ਵਾਹਨ ਚਲੰਤਿ। ਗਨ ਸ਼ੁਤਰ ਗਮਨਿ ਭਾਰਨਿ ਉਠੰਤਿ॥੬॥**

ਰੱਥ, ਘੋੜੇ ਅਤੇ ਗੜਬੈਹਲ, ਵਾਜਿਆਂ ਦੇ ਵੱਜਦਿਆਂ ਬੜੀ ਕਾਹਲੀ-ਕਾਹਲੀ ਚਲ ਰਹੇ ਸਨ। ਗੱਡੀਆਂ ਦੇ ਚੱਲਣ ਨਾਲ ਬਹੁਤ ਧੂੜ ਉੱਡ ਰਹੀ ਸੀ, ਊਠਾਂ ਦਾ ਸਮੂਹ ਭਾਰ ਚੁੱਕ ਕੇ ਜਾ ਰਿਹਾ ਸੀ॥ ੬॥

**ਗਨ ਆਇ ਜੁ ਮੰਗਤਿ ਪੰਥ ਬੀਚ। ਸਭਿ ਲਹੈਂ ਦਰਬ ਹੁਇ ਊਚਿ ਨੀਚ।**
**ਜਸੁ ਭਨਤਿ ਗ੍ਰਾਮ ਜੇ ਰਾਹ ਮਾਂਹਿ। ਢਿਗ ਆਇ ਜਾਚਿ ਹਟਿ ਛੂਛ ਨਾਂਹਿ॥੭॥**

ਜਿਹੜੇ ਮੰਗਣ ਵਾਲੇ ਲੋਕ ਰਾਹ ਵਿਚ ਆਉਂਦੇ ਸਨ, ਸਾਰੇ ਲੋਕ ਉਚ-ਨੀਚ ਨੂੰ ਛੱਡ ਕੇ ਧਨ ਲੈਂਦੇ ਸਨ। ਜਿਹੜੇ ਰਾਹ ਵਿਚ ਪਿੰਡ ਆਉਂਦੇ ਸਨ ਉਹ ਬਹੁਤ ਸ਼ਲਾਘਾ ਕਰਦੇ ਸਨ। ਜਦ ਵੀ ਉਹ ਲੋਕ ਪਾਸ ਆਉਂਦੇ ਸਨ ਤਾਂ ਫਿਰ ਖਾਲੀ ਵਾਪਸ ਨਹੀਂ ਸਨ ਜਾਂਦੇ॥ ੭॥

**ਜਨੁ ਧਨੁ ਗਨ ਘਨ ਬਰਖੰਤਿ ਜਾਤਿ। ਇਮ ਦੇਤਿ ਗੁਰੂ ਅਰਜਨ ਸੁ ਦਾਤਿ।**
**ਚਲਿ ਸਨੇ ਸਨੇ ਪਹੁੰਚੇ ਖਡੂਰ। ਤਬਿ ਆਇ ਦਾਤੂ ਗੁਰੁ ਕੇ ਹਦੂਰ॥ ੮॥**

ਜਿਵੇਂ ਧਨ ਰੂਪ ਬੱਦਲਾਂ ਦੀ ਵਰਖਾ ਹੋ ਰਹੀ ਸੀ, ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾਤਾਂ ਦੇ ਰਹੇ ਸਨ। ਇਸ ਤਰ੍ਹਾਂ ਹੌਲੀ ਹੌਲੀ ਚਲਦੇ ਖਡੂਰ ਸਾਹਿਬ ਪਹੁੰਚ ਗਏ, ਫਿਰ ਬਾਬਾ ਦਾਤੂ ਜੀ ਗੁਰੂ ਜੀ ਦੇ ਪਾਸ ਆਏ॥ ੮॥

**ਬਚ ਕਹਯੋ 'ਕਰਹੁ ਡੇਰਾ ਸਥਾਨ। ਮੈਂ ਚਹੌਂ ਦਿਯੋ ਸਭਿ ਖਾਨ ਪਾਨ।**
**ਪੁਰਿ ਗੋਂਦਵਾਲ ਜੇ ਚਹਹੁ ਜਾਨਿ। ਸਭਿ ਹੋਹਿਂ ਸ਼੍ਰਮਿਤ ਬਡ ਖੇਦ ਮਾਨਿ॥ ੯॥**

ਉਨ੍ਹਾਂ ਨੇ ਬਚਨ ਕੀਤਾ, "ਇਸ ਸਥਾਨ ਤੇ ਆਪਣਾ ਡੇਰਾ ਕਰੋ, ਮੈਂ ਚਾਹੁੰਦਾ ਹਾਂ ਕਿ ਸਾਰਿਆਂ ਨੂੰ ਲੰਗਰ ਛਕਾਵਾਂ। ਜੇ ਤੁਸੀਂ ਗੋਇੰਦਵਾਲ ਜਾਣਾ ਚਾਹੁੰਦੇ ਹੋ ਤਾਂ ਸਾਰੇ ਬਹੁਤ ਥੱਕ ਜਾਣਗੇ ਅਤੇ ਦੁਖ ਅਨੁਭਵ ਕਰਨਗੇ॥ ੯॥

ਹਿਤ ਬਜਾਹ ਆਵਨੋ ਨਿਤ ਨ ਹੋਇ। ਪਹੁਨਾਈ ਪ੍ਰਿਯ ਮੁਝ ਅਧਿਕ ਜੋਇ'।
ਇਮ ਦਾਤੂ ਤੇ ਸੁਨਿ ਸ਼੍ਰੋਨ ਬਾਤ। ਸ਼੍ਰੀ ਅਰਜਨ ਉਲੰਘਨਿ ਨਹਿਂ ਚਹਾਤਿ ॥੧੦॥

ਵਿਆਹ ਵਾਸਤੇ ਆਉਣਾ ਨਿਤ ਨਹੀਂ ਹੁੰਦਾ, ਪ੍ਰਾਹੁਣਾਚਾਰੀ ਮੈਨੂੰ ਬਹੁਤ ਪਿਆਰੀ ਹੈ।" ਬਾਬਾ ਦਾਤੂ ਜੀ ਦੇ ਅਜਿਹੇ ਬਚਨ ਸੁਣ ਕੇ, ਗੁਰੂ ਜੀ ਉਨ੍ਹਾਂ ਦੀ ਕਹੀ ਗੱਲ ਦੀ ਉਲੰਘਣਾ ਨਹੀਂ ਸੀ ਕਰਨੀ ਚਾਹੁੰਦੇ॥ ੧੦॥

ਕਹਿ ਕਰਿ ਨਿਦੇਸ਼ ਕੀਨਸਿ ਨਿਵੇਸ। ਸਭਿ ਪਰੇ ਉਤਰ ਕਰਿ ਮੁਦ ਵਿਸ਼ੇਸ਼।
ਸ਼੍ਰੀ ਹਰਿ ਗੁਵਿੰਦ ਕੋ ਸੰਗ ਲੀਨਿ। ਗੁਰ ਅੰਗਦ ਥਲ ਚਹਿ ਦਰਸ ਕੀਨਿ ॥੧੧॥

ਸਾਰਿਆਂ ਨੂੰ ਕਹਿ ਕੇ ਆਗਿਆ ਕੀਤੀ ਕਿ ਉਹ ਓਥੇ ਹੀ ਉਤਾਰਾ ਕਰ ਲੈਣ। ਸਾਰੇ ਹੀ ਖ਼ੁਸ਼ੀ-ਖ਼ੁਸ਼ੀ ਓਥੇ ਉੱਤਰ ਪਏ। ਗੁਰੂ ਜੀ ਸ੍ਰੀ ਹਰਿਗੋਬਿੰਦ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਪਵਿੱਤਰ ਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥ ੧੧॥

ਧਨ ਪੰਚ ਸਹਸ ਗਿਨ ਲੀਨਿ ਸਾਥ। ਪਰਸਾਦਿ ਥਾਰਿ ਭਰਿ ਧਰਹਿ ਹਾਥਿ।
ਸ਼੍ਰੀ ਅਰਜਨ ਗਮਨੇ ਅਨੰਦ ਧਾਰਿ। ਚਲਿ ਪਹੁੰਚਤਿ ਭੇ ਦਰਬਾਰ ਦ੍ਵਾਰਿ ॥੧੨॥

ਪੰਜ ਸੌ ਰੁਪਏ ਧਨ ਦੀ ਰਾਸ਼ੀ ਗਿਣ ਲਈ ਅਤੇ ਥਾਲ ਵਿਚ ਪ੍ਰਸ਼ਾਦ ਭਰ ਕੇ ਆਪਣੇ ਹੱਥ ਵਿਚ ਲੈ ਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅਨੰਦ ਧਾਰ ਕੇ ਦਰਬਾਰ ਦੇ ਦੁਆਰ ਤੇ ਪਹੁੰਚ ਗਏ॥ ੧੨॥

ਅਰਦਾਸ ਖਰੇ ਹ੍ਵੈ ਕਰਿ ਕਰਾਇ। ਬਹੁ ਨਮੋ ਕੀਨਿ ਧਰਿ ਸਿਰ ਨਿਵਾਇ।
ਪਰਦਛਨ ਦੀਨਿ ਪੁਸ਼ਪਨਿ ਚਢਾਇ। ਉਰ ਭਾਉ ਧਾਰਿ ਧੂਪਨਿ ਧੁਖਾਇ ॥੧੩॥

ਖੜੇ ਹੋ ਕੇ ਅਰਦਾਸ ਕੀਤੀ ਅਤੇ ਸਿਰ ਨਿਵਾ ਕੇ ਧਰਤੀ ਤੇ ਧਰ ਕੇ ਨਮਸਕਾਰ ਕੀਤੀ ਅਤੇ ਫੁੱਲਾਂ ਨੂੰ ਹੇਠਾਂ ਰੱਖ ਕੇ ਸਾਰੇ ਸਥਾਨ ਦੀਆਂ ਪਰਿਕਰਮਾਂ ਕੀਤੀਆਂ। ਹਿਰਦੇ ਵਿਚ ਪਿਆਰ ਧਾਰਨ ਕਰਕੇ ਧੂਪ ਧੁਖਾਇਆ॥ ੧੩॥

ਜਬਿ ਰਹਯੋ ਦਿਵਸ ਘਟਿਕਾ ਸੁ ਚਾਰ। ਗੁਰੁ ਸਭਾ ਲਾਇ ਦਰਬਾਰ ਦ੍ਵਾਰ।
ਸੁਨਿ ਚੌਕੀ ਸੋਦਰ ਸੰਝਿ ਆਇ। ਤਬਿ ਬਿਚ ਨਿਵੇਸ ਪ੍ਰਵਿਸ਼ੇ ਸੁ ਆਇ ॥੧੪॥

ਜਦ ਦਿਨ ਚਾਰ ਘੜੀਆਂ ਰਹਿ ਗਿਆ, ਤਾਂ ਗੁਰੂ ਜੀ ਨੇ ਦਰਬਾਰ ਦੇ ਬਾਹਰ ਦਰਵਾਜ਼ੇ ਵਿਚ ਸਭਾ ਲਾ ਲਈ। ਸ਼ਾਮ ਹੋਣ ਤੇ ਸੋਦਰ ਦੀ ਚੌਕੀ ਸੁਣ ਕੇ ਅੰਦਰ ਪ੍ਰਵੇਸ਼ ਕਰ ਗਏ॥ ੧੪॥

ਸਭਿ ਖਾਨ ਪਾਨ ਕੀ ਸੇਵ ਜੋਇ। ਹਿਤ ਲਾਇ ਸੁ ਦਾਤੂ ਕੀਨਿ ਸੋਇ।
ਸੁਖ ਕੇ ਸਮੇਤ ਜਾਮਨਿ ਬਿਤਾਇ। ਉਠਿ ਸੌਚ ਕ੍ਰਿਆ ਕੀਨਸਿ ਨਹਾਇ ॥੧੫॥

ਖਾਣ ਪੀਣ ਦੀ ਜੋ ਵੀ ਸੇਵਾ ਸੀ, ਉਹ ਬਾਬੇ ਦਾਤੂ ਜੀ ਨੇ ਬੜੇ ਪ੍ਰੇਮ ਨਾਲ ਕੀਤੀ। ਬੜੇ ਸੁੱਖਾਂ ਨਾਲ ਰਾਤ ਬਤੀਤ ਕੀਤੀ। ਫਿਰ ਸਵੇਰੇ ਉਠ ਕੇ ਸੁੱਚਮ ਆਦਿ ਦੀ ਕਿਰਿਆ ਕਰਕੇ ਇਸ਼ਨਾਨ ਪਾਨ ਕੀਤਾ॥ ੧੫॥

ਚੜਿਕੈ ਬਰਾਤ ਗਮਨੀ ਸੁ ਰਾਹੁ। ਜਿਸ ਬਿਖੈ ਛੈਲ ਕਰਤੇ ਉਮਾਹੁ।
ਤ੍ਰੈ ਕੋਸ ਹੁਤੀ ਗੋਇੰਦ ਵਾਲ। ਤਹਿਂ ਗਏ ਜਾਇ ਪਹੁਚੇ ਉਤਾਲ॥ ੧੬॥

ਫਿਰ ਆਪਣੇ ਵਾਹਣਾਂ ਤੇ ਚੜ੍ਹ ਕੇ ਬਰਾਤ ਅੱਗੇ ਚੱਲ ਪਈ, ਛੈਲ ਛਬੀਲੇ ਗਭਰੂ ਬਹੁਤ ਉਤਸ਼ਾਹ ਮਨਾ ਰਹੇ ਸਨ। ਖਡੂਰ ਸਾਹਿਬ ਤੋਂ ਗੋਇੰਦਵਾਲ ਤਿੰਨ ਕੋਹ ਦੂਰ ਸੀ, ਝੱਟ ਹੀ ਓਥੇ ਪਹੁੰਚ ਗਏ॥ ੧੬॥

ਸਭਿ ਉਤਰ ਬਾਵਲੀ ਕਰਿ ਸ਼ਨਾਨ। ਕਰਿ ਨਮੋ ਜਹਾਂ ਸ੍ਰੀ ਅਮਰ ਥਾਨ।
ਪੁਨ ਮਿਲੇ ਜਾਇ ਮੋਹਨ ਸੁ ਪਾਸ। ਕਰ ਬੰਦਿ ਬੰਦਨਾ ਕੀਨਿ ਤਾਸਿ ॥੧੭॥

ਸਾਰਿਆਂ ਨੇ ਆਪਣੇ-ਆਪਣੇ ਵਾਹਣਾਂ ਵਿਚੋਂ ਉੱਤਰ ਕੇ ਬਾਉਲੀ ਵਿਚ ਇਸ਼ਨਾਨ ਕੀਤਾ ਅਤੇ ਗੁਰੂ ਅਮਰਦਾਸ ਜੀ ਦੇ ਸਥਾਨ ਨੂੰ ਬੜੇ ਪ੍ਰੇਮ ਨਾਲ ਮੱਥਾ ਟੇਕਿਆ। ਫਿਰ ਬਾਬਾ ਮੋਹਨ ਜੀ ਨੂੰ ਜਾ ਕੇ ਮਿਲੇ। ਹੱਥ ਜੋੜ ਕੇ ਉਨ੍ਹਾਂ ਨੂੰ ਬੰਦਨਾ ਕੀਤੀ॥ ੧੭॥

ਸ੍ਰੀ ਹਰਿਗੁਵਿੰਦ ਸਿਰ ਚਰਨ ਧਾਰਿ। ਬਲਿਹਾਰ ਹੋਤਿ ਤਨ ਦੁਤਿ ਨਿਹਾਰਿ।
ਲਹਿ ਸੋਢਿਬੰਸ ਬਡਿਤਾ ਬਿਲੰਦ। ਜਿਨ ਸ਼ੁਭਤਿ ਰੂਪ ਜਨੁ ਉਦਯ ਚੰਦ ॥੧੮॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਬਾਬਾ ਮੋਹਨ ਜੀ ਦੇ ਚਰਨਾਂ ਤੇ ਸੀਸ ਧਰਿਆ ਤਾਂ ਬਾਬਾ ਮੋਹਨ ਜੀ ਉਸ ਦੇ ਸਰੀਰ ਦੀ ਸੁੰਦਰਤਾ ਵੇਖ ਕੇ ਬਲਿਹਾਰ ਹੋ ਗਏ। ਉਨ੍ਹਾਂ ਵੇਖਿਆ ਕਿ ਸੋਢੀ ਵੰਸ਼ ਬਹੁਤ ਉੱਚਾ ਹੋ ਗਿਆ ਹੈ। ਜਿਨ੍ਹਾਂ ਦਾ ਰੂਪ ਏਨੀ ਸ਼ੋਭਾ ਪਾ ਰਿਹਾ ਹੈ, ਜਿਵੇਂ ਚੌਦ੍ਹਵੀਂ ਦਾ ਚੰਦ ਚੜ੍ਹਿਆ ਹੋਵੇ॥ ੧੮॥

ਜਿਨ ਅੰਕ ਲੀਨਿ ਧਾਰੰਤਿ ਦੁਲਾਰਿ। ਪਿਖਿ ਵਧੀ ਪ੍ਰੀਤਿ ਲਾਗੰਤਿ ਪਜਾਰ।
ਅਸ ਕੌਨ ਪੁਰਖ ਦੇਖੇ ਸਰੂਪ। ਨਹਿਂ ਕਰਹਿ ਪ੍ਰੇਮ ਅਸ ਲਹਿ ਅਨੂਪ॥੧੯॥

ਆਪਣੀ ਗੋਦੀ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ, ਵੇਖਦਿਆਂ ਹੀ ਪ੍ਰੀਤ ਵੱਧ ਗਈ ਅਤੇ ਬਹੁਤ ਪ੍ਰੇਮ ਜਾਗਿਆ। ਅਜਿਹਾ ਕੌਣ ਪੁਰਸ਼ ਹੈ, ਜਿਹੜਾ ਐਸਾ ਅਨੂਪਮ ਸਰੂਪ ਵੇਖ ਕੇ ਪ੍ਰੇਮ ਨਾ ਕਰੇ॥ ੧੯॥

ਪੁਨ ਗ੍ਰਿੰਥ ਕਰਨਿ ਕੀ ਬਾਤਿ ਕੀਨਿ। ਸ੍ਰੀ ਅਰਜਨ ਸੁਧਿ ਸਭਿ ਉਚਰਿ ਦੀਨਿ।
'ਇਹ ਕ੍ਰਿਪਾ ਆਪ ਕੀ ਭੀ ਬਿਸਾਲ। ਨਰ ਮੰਦ ਮਤੀ ਕਲਿ ਕਾਲ ਜਾਲ ॥੨੦॥

ਫਿਰ ਗੁਰੂ ਅਰਜਨ ਦੇਵ ਜੀ ਨਾਲ ਗ੍ਰੰਥ ਲਿਖਣ ਦੀ ਗੱਲ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਾ ਸਮਾਚਾਰ ਸੁਣਾ ਦਿੱਤਾ। "ਆਪ ਜੀ ਦੀ ਵੱਡੀ ਕਿਰਪਾ ਹੋਈ ਹੈ। ਕਲਿਜੁਗ ਵਿਚ ਮਾੜੀ ਬੁੱਧੀ ਵਾਲੇ ਮਨੁੱਖਾਂ ਦਾ ਬਹੁਤ ਵਾਧਾ ਹੋਇਆ ਹੈ॥ ੨੦॥

ਇਸ ਕੇ ਅਲੰਬ ਹੋਇਇਸ ਉਧਾਰ। ਉਪਕਾਰ ਮਹਾਂ ਜਗ ਪਰ ਤੁਮਾਰ'।
ਸੁਨਿ ਮੋਹਨ ਕਹਤਿ ਸਗਰੋ ਬਿਚਾਰ। 'ਮਮ ਪਿਤ ਕਰਨਿ ਲਾਗੇ ਉਚਾਰ॥੨੧॥

ਇਹ ਉਨ੍ਹਾਂ ਲੋਕਾਂ ਦੇ ਉਧਾਰ ਦਾ ਆਸਰਾ ਹੋਵੇਗਾ, ਜਗਤ ਉਤੇ ਤੁਸੀਂ ਬਹੁਤ ਵੱਡਾ ਉਪਕਾਰ ਕੀਤਾ ਹੈ।" ਇਹ ਸੁਣ ਕੇ ਬਾਬਾ ਮੋਹਨ ਜੀ ਨੇ ਵਿਚਾਰ ਕੇ ਸਾਰੀ ਗੱਲ ਸੁਣਾਈ। "ਮੇਰੇ ਪਿਤਾ ਜੀ ਬਾਣੀ ਦਾ ਉਚਾਰਨ ਕਰਦੇ ਸਨ॥ ੨੧॥

'ਨਹਿਂ ਲਿਖਨ ਹਾਰ ਢਿਗ' ਉਰ ਬਿਚਾਰਿ। ਸੰਸਰਾਮ ਪੁੱਤ੍ਰ ਮੇਰੋ ਹਕਾਰ।
ਇਸ ਕੋ ਸਿਖਾਇ ਦਿਨ ਥੋਰ ਮਾਂਹਿ। ਤਬਿ ਲਿਖਨਿ ਲਗਾਯਸਿ ਸ਼ਬਦ ਤਾਂਹਿ॥੨੨॥

"ਮੇਰੇ ਪਾਸ ਕੋਈ ਲਿਖਣ ਵਾਲਾ ਨਹੀਂ ਹੈ" ਉਨ੍ਹਾਂ ਨੇ ਹਿਰਦੇ ਵਿਚ ਵਿਚਾਰ ਕੀਤੀ। ਮੇਰੇ ਪੁੱਤਰ ਸੰਸਾ ਰਾਮ ਨੂੰ ਉਨ੍ਹਾਂ ਨੇ ਆਪਣੇ ਪਾਸ ਬੁਲਾਇਆ। ਕੁਝ ਦਿਨਾਂ ਵਿਚ ਹੀ ਇਸ ਨੂੰ ਲਿਖਣਾ ਪੜ੍ਹਨਾ ਸਿਖਾ ਦਿੱਤਾ। ਉਸ ਨੂੰ ਫਿਰ ਸ਼ਬਦ ਲਿਖਣ ਲਾ ਲਿਆ॥ ੨੨॥

ਸਭਿ ਗੁਰਨਿ ਕੇਰਿ ਬਾਨੀ ਮਹਾਨ। ਕਰਿ ਖੋਜਿ ਰੋਜ ਲਿਖਿ ਕਰਿ ਸੁਜਾਨ।
ਸਭਿ ਸ਼ਬਦ ਸਕਲ ਪੋਥੀ ਸੁ ਕੀਨਿ। ਇਹ ਪਿਤਾ ਮੋਹਿ ਉਪਕਾਰ ਚੀਨ ॥੨੩॥

ਸਾਰੇ ਗੁਰੂ ਸਾਹਿਬਾਨ ਦੀ ਮਹਾਨ ਬਾਣੀ ਨੂੰ ਰੋਜ਼ ਅਧਿਐਨ ਕਰਕੇ ਲਿਖਦਾ ਸੀ, ਸਾਰੇ ਸ਼ਬਦਾਂ ਨੂੰ ਪੋਥੀ ਵਿਚ ਸੰਕਲਨ ਕਰ ਲਿਆ, ਮੇਰੇ ਪਿਤਾ ਜੀ ਨੇ ਇਹ ਵੱਡਾ ਉਪਕਾਰ ਸਮਝਿਆ॥ ੨੩॥

ਜਬਿ ਦੇਵ ਲੋਕ ਪਹੁੰਚੇ ਕ੍ਰਿਪਾਲ। ਤਬਿ ਸੰਸਰਾਮ ਰਾਖੀ ਸੰਭਾਲਿ।
ਤੁਮ ਕਰੀ ਜਾਚਨਾ ਬਹੁਰ ਆਇ। ਹਮ ਦਈ ਤਬਹਿ ਸੁਤ ਤੇ ਮੰਗਾਇ' ॥੨੪॥

ਜਦ ਕ੍ਰਿਪਾਲੂ ਪਿਤਾ ਜੀ ਸਵਰਗ ਲੋਕ ਵਿਚ ਪਹੁੰਚੇ ਤਾਂ ਸੰਸਾ ਰਾਮ ਨੇ ਇਨ੍ਹਾਂ ਪੋਥੀਆਂ ਦੀ ਸੰਭਾਲ ਕੀਤੀ। ਫਿਰ ਤੁਸੀਂ ਆ ਕੇ ਇਨ੍ਹਾਂ ਪੋਥੀਆਂ ਦੀ ਮੰਗ ਕੀਤੀ, ਅਸੀਂ ਉਸ ਸਮੇਂ ਪੁੱਤਰ ਪਾਸੋਂ ਮੰਗਵਾ ਕੇ ਉਹ ਪੋਥੀਆਂ ਤੁਹਾਨੂੰ ਦਿੱਤੀਆਂ" ॥ ੨੪ ॥

ਸ੍ਰੀ ਅਰਜਨ, ਕਹਿ 'ਅਬਿ ਚਲਹੁ ਸੰਗ। ਨਿਜ ਸੇਵਕ ਬਯਾਹਨਿ ਕੋ ਉਮੰਗ।
ਤੁਮ ਬਡੇ ਸਦਾ ਹਮਰੇ ਅਲੰਬ। ਨਿਜ ਸ਼ਰਨਿ ਹੇਰਿ ਹਤਿ ਦੁਖ ਕੁਟੰਬ' ॥੨੫॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੁਣ ਸਾਡੇ ਨਾਲ ਚਲੋ, ਆਪ ਜੀ ਦੇ ਸੇਵਕ ਨੂੰ ਬੜੇ ਉਤਸ਼ਾਹ ਸਹਿਤ ਵਿਆਹੁਣ ਜਾ ਰਹੇ ਹਾਂ। ਤੁਸੀਂ ਵੱਡੇ ਹੋ, ਤੇ ਸਦਾ ਸਾਡਾ ਆਸਰਾ ਹੋ, ਆਪਣੀ ਸ਼ਰਨ ਵਿਚ ਆਏ ਵੇਖ ਕੇ ਪਰਿਵਾਰ ਦੇ ਦੁਖ ਦੂਰ ਕਰਦੇ ਹੋ" ॥ ੨੫ ॥

ਸੁਨਿ ਮੋਹਨ ਉਤਰ ਬਹੁਰ ਦੀਨਿ। 'ਸਭਿ ਕੁਟੰਬ ਸੰਗ ਹਮਰੋ ਸੁ ਲੀਨਿ।
ਹਮ ਸਦਾ ਸਾਥ ਤੁਮਰੇ ਰਹੰਤਿ। ਨਿਤ ਮੋਹਿ ਭਾਵਤੋ ਰਹਿ ਇਕੰਤ' ॥ ੨੬ ॥

ਇਹ ਸੁਣ ਕੇ ਬਾਬਾ ਮੋਹਨ ਜੀ ਨੇ ਫਿਰ ਉੱਤਰ ਦਿੱਤਾ, "ਸਾਡਾ ਸਾਰਾ ਪਰਿਵਾਰ ਤੁਸੀਂ ਨਾਲ ਲਿਆ ਹੈ। ਅਸੀਂ ਸਦਾ ਹੀ ਤੁਹਾਡੇ ਨਾਲ ਰਹਿੰਦੇ ਹਾਂ, ਮੈਨੂੰ ਸਦਾ ਹੀ ਇਕੱਲੇ ਰਹਿਣਾ ਚੰਗਾ ਲੱਗਦਾ ਹੈ" ॥ ੨੬ ॥

ਸੁਨਿ ਕ੍ਰਿਪਾ ਭਰੇ ਮਾਤੁਲ ਸੁ ਬੈਨ। ਕਰਿ ਨਮੋ ਉਠੇ ਪੁਨ ਤਾਂਹਿ ਐਨ।
ਉਲੰਘੀ ਬਰਾਤ ਸਲਿਤਾ ਸੁ ਪਾਰ। ਬਾਦਿਤ ਬਜੰਤਿ ਗਮਨੇ ਅਗਾਰਿ ॥੨੭॥

ਆਪਣੇ ਮਾਮਾ ਜੀ ਦੇ ਕਿਰਪਾ-ਭਰੇ ਬਚਨ ਸੁਣ ਕੇ, ਗੁਰੂ ਅਰਜਨ ਦੇਵ ਜੀ ਨਮਸਕਾਰ ਕਰਕੇ ਉਨ੍ਹਾਂ ਦੇ ਘਰ ਵਿਚੋਂ ਉੱਠ ਕੇ ਚਲ ਪਏ। ਫਿਰ ਬਰਾਤ ਨੇ ਦਰਿਆ ਬਿਆਸ ਨੂੰ ਪਾਰ ਕੀਤਾ ਅਤੇ ਵਾਜਿਆਂ ਦੇ ਵੱਜਦਿਆਂ ਅੱਗੇ ਚਲੇ ਗਏ ॥ ੨੭ ॥

ਸ੍ਰੀ ਹਰਿ ਗੁਵਿੰਦ ਨਿਜ ਸੰਗ ਲੀਨਿ। ਹੁਇ ਨਦੀ ਪਾਰਿ ਪ੍ਰਸਥਾਨ ਕੀਨਿ।
ਸੁਲਤਾਨ ਪੁਰੇ ਪਹੁੰਚੇ ਸੁ ਜਾਇ। ਧਨ ਦੇਤਿ ਜਾਚਤੋ ਜੌਨ ਆਇ॥ ੨੮॥

ਸ੍ਰੀ ਹਰਿਗੋਬਿੰਦ ਸਾਹਿਬ ਨੂੰ ਆਪਣੇ ਨਾਲ ਲੈ ਕੇ ਨਦੀ ਪਾਰ ਕਰਕੇ ਅੱਗੇ ਚਲ ਪਏ। ਫਿਰ ਸੁਲਤਾਨਪੁਰ ਲੋਧੀ ਵਿਖੇ ਪਹੁੰਚ ਗਏ। ਜਿਹੜੇ ਵੀ ਮੰਗਣ ਆਉਂਦੇ ਸਨ, ਉਨ੍ਹਾਂ ਨੂੰ ਧਨ ਦਿੰਦੇ ਸਨ॥੨੮॥

ਸ੍ਰੀ ਗੁਰੁ ਨਿਦੇਸ਼ ਲੇਕਰਿ ਨਿਵੇਸ। ਉਤਰੇ ਸਮੂਹ ਪਿਖਿ ਥਾਨ ਬੇਸ਼।
ਸਜੰਦਨ ਤੁਰੰਗ ਦੀਨਿਸਿ ਲਗਾਇ। ਲਗਿ ਖਾਨਪਾਨ ਸਭਿ ਥਾਇਂ ਥਾਇਂ ॥੨੯॥

ਗੁਰੂ ਜੀ ਦੀ ਆਗਿਆ ਲੈ ਕੇ ਸਾਰਿਆਂ ਨੇ ਇਕ ਸੁੰਦਰ ਸਥਾਨ ਵੇਖ ਕੇ ਉਤਾਰਾ ਕਰ ਲਿਆ। ਰੱਥਾਂ ਦੇ ਘੋੜੇ ਅਤੇ ਊਠ ਆਦਿ ਥਾਂ ਸਿਰ ਬੰਨ੍ਹ ਦਿੱਤੇ ਅਤੇ ਸਾਰੇ ਆਪਣੇ-ਆਪਣੇ ਸਥਾਨ ਤੇ ਖਾਣ ਪੀਣ ਲੱਗ ਗਏ॥ ੨੯ ॥

ਸ੍ਰੀ ਹਰਿ ਗੁਵਿੰਦ ਨਿਜ ਸੰਗ ਲੀਨਿ। ਗੁਰੁ ਨਾਨਕ ਥਲ ਤਿਨ ਦਰਸ ਕੀਨਿ।
ਜਹਿਂ ਲਗੀ ਦੰਤਧਾਵਨਿ ਸੁ ਬੇਰਿ। ਤਹਿਂ ਭੇਟਿ ਕਰ ਜੋਰਿ ਹੇਰਿ॥ ੩੦॥

ਫਿਰ ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਆਪਣੇ ਨਾਲ ਲਿਆ ਤੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਪਵਿੱਤਰ ਸਥਾਨਾਂ ਦੇ ਦਰਸ਼ਨ ਕੀਤੇ। ਜਿਥੇ ਦਾਤਨ ਦੀ ਬੇਰੀ ਉੱਗੀ ਸੀ, ਉਸ ਨੂੰ ਵੇਖ ਕੇ ਹੱਥ ਜੋੜ ਕੇ ਭੇਟਾ ਕੀਤੀ॥ ੩੦॥

ਪੁਨਿ ਕਰੀ ਕਾਰ ਮੋਦੀ ਦੁਕਾਨ। ਤਿਸ ਦਰਸ ਕੀਨਿ ਨਿਜ ਜੋਰਿ ਪਾਨ।
ਨਿਜ ਸੰਗ ਸੰਗਤਾਂ ਸਿਖ ਮਹਾਨ। ਤਿਨ ਸੋਂ ਪ੍ਰਸੰਗ ਕਰਤੇ ਬਖਾਨ॥ ੩੧॥

ਫਿਰ ਜਿਥੇ ਗੁਰੂ ਨਾਨਕ ਦੇਵ ਜੀ ਨੇ ਮੋਦੀ ਬਣ ਕੇ ਕਾਰਜ ਕੀਤਾ ਸੀ ਉਸ ਸਥਾਨ ਦੇ ਵੀ ਹੱਥ ਜੋੜ ਕੇ ਦਰਸ਼ਨ ਕੀਤੇ। ਉਨਾਂ ਦੇ ਨਾਲ ਸਿੱਖ ਸੰਗਤ ਅਤੇ ਹੋਰ ਮਹਾਨ ਸਿੱਖ ਵੀ ਸਨ, ਉਨ੍ਹਾਂ ਨੂੰ ਗੁਰੂ ਜੀ ਪ੍ਰਸੰਗ ਸੁਣਾਉਣ ਲੱਗੇ॥ ੩੧॥

'ਦਿਨ ਤੀਨ ਰਹਿ ਸੁ ਵੇਂਈ ਮਝਾਰ। ਪੁਨ ਨਿਕਸਿ ਲੁਟਾਇ ਵਸਤੂ ਉਦਾਰ।
ਬਹੁ ਦੇਸ਼ ਵਿਦੇਸ਼ਨਿ ਫਿਰਿ ਵਿਸ਼ੇਸ਼। ਬਿਸਤਾਰ ਦੀਨਿ ਸਿੱਖੀ ਸੁ ਬੇਸ਼॥ ੩੨॥

"ਗੁਰੂ ਨਾਨਕ ਦੇਵ ਜੀ ਤਿੰਨ ਦਿਨ ਵੇਈਂ ਨਦੀ ਵਿਚ ਰਹੇ, ਫਿਰ ਨਦੀ ਵਿਚੋਂ ਬਾਹਰ ਨਿਕਲ ਕੇ ਦੁਕਾਨ ਦੀਆਂ ਸਾਰੀਆਂ ਵਸਤੂਆਂ ਲੁਟਾ ਦਿੱਤੀਆਂ। ਫਿਰ ਬਹੁਤ ਦੇਸ਼ਾਂ ਵਿਦੇਸ਼ਾਂ ਵਿਚ ਘੁੰਮਦੇ ਫਿਰੇ, ਸਾਰੇ ਸਿੱਖੀ ਦਾ ਵਿਸਤਾਰ ਕੀਤਾ॥ ੩੨॥

ਕਲਿਕਾਲ ਘੋਰ ਅੰਧੇਰ ਭੂਰ। ਕੀਨਸਿ ਪ੍ਰਕਾਸ਼ ਜਿਮ ਚਢਤਿ ਸੂਰ।
ਇਮ ਕਹਤਿ ਦਰਸ ਕਰਿ ਸਕਲ ਥਾਨ। ਪੁਨ ਬਸੇ ਨਿਸਾ ਨਿਜ ਸਿਵਰ ਆਨਿ॥ ੩੩॥

ਕਲਿਜੁਗ ਵਿਚ ਘੋਰ ਹਨੇਰਾ ਛਾਇਆ ਹੋਇਆ ਸੀ, ਗੁਰੂ ਜੀ ਨੇ ਏਨਾ ਪ੍ਰਕਾਸ਼ ਕੀਤਾ ਜਿਵੇਂ ਸੂਰਜ ਚੜ੍ਹ ਪਿਆ ਹੋਵੇ' ਇਸ ਤਰ੍ਹਾਂ ਕਹਿ ਕੇ ਸਾਰੇ ਸਥਾਨਾਂ ਦੇ ਦਰਸ਼ਨ ਕੀਤੇ, ਫਿਰ ਰਾਤ ਪੈਣ ਤੇ ਆਪਣੇ ਤੰਬੂ ਵਿਚ ਆ ਕੇ ਨਿਵਾਸ ਕੀਤਾ॥ ੩੩॥

ਕਰਿ ਖਾਨਪਾਨ ਮਿਸ਼ਟਾਨ ਆਦਿ। ਨਰ ਭਏ ਸੁਪਤਿ ਪਰਿ ਸਾਹਿਲਾਦ।
ਉਠਿਕੇ ਪ੍ਰਭਾਤਿ ਸਭਿ ਹਰਖ ਧਾਰਿ। ਪਹਿਰੇ ਸੁ ਬਿਭੂਖਨ ਬਸਨ ਚਾਰੁ॥ ੩੪॥

ਮਠਿਆਈਆਂ ਆਦਿ ਪਕਵਾਨ ਖਾ ਕੇ ਸਾਰੇ ਮਨੁੱਖ ਅਨੰਦ ਸਹਿਤ ਲੰਮੇ ਪੈ ਕੇ ਸੌਂ ਗਏ। ਸਵੇਰ ਹੋਣ ਤੇ ਸਾਰੇ ਪ੍ਰਸੰਨ ਚਿਤ ਹੋ ਕੇ ਉੱਠ ਪਏ ਤੇ ਫਿਰ ਸੁੰਦਰ ਕੱਪੜੇ ਅਤੇ ਗਹਿਣੇ ਪਹਿਨ ਲਏ॥ ੩੪॥

ਵਾਹਨਿ ਸਜਾਇ ਨਿਜ ਨਿਜ ਬਡੇਰ। 'ਹੁਇ ਹੈ ਢੁਕਾਉ' ਮੁਖ ਕਹਤਿ ਟੇਰਿ।
ਸਭਿ ਚਢੇ ਬਜਤਿ ਬਾਜੇ ਉਦਾਰ। ਤੁਰਰੀ ਨਫੀਰ ਧੌਂਸਾ ਧੁਕਾਰ॥ ੩੫॥

ਹਰ ਇਕ ਨੇ ਫਿਰ ਆਪਣੇ-ਆਪਣੇ ਵਾਹਣ ਨੂੰ ਬਹੁਤ ਸਜਾਇਆ। 'ਅੱਜ ਢੁਕਾਅ ਹੋਵੇਗਾ', ਸਾਰੇ ਆਪਣੇ ਆਪਣੇ ਮੁਖ ਤੋਂ ਕਹਿ ਰਹੇ ਸਨ। ਸਾਰੇ ਆਪਣੇ ਆਪਣੇ ਵਾਹਣ ਤੇ ਚੜ੍ਹ ਗਏ, ਵਾਜੇ ਬਹੁਤ ਉੱਚੀ ਵੱਜ ਰਹੇ ਸਨ, ਤੁਰੀ, ਨਫੀਰੀ ਅਤੇ ਧੌਂਸੇ ਦੀ ਧੁਨ ਉੱਠ ਰਹੀ ਸੀ॥ ੩੫॥

ਡਫ, ਪਣਵ, ਪਟਹ, ਮੁਰਲੀ ਬਜੰਤਿ। ਬਡ ਸ਼ੁਤਰਨਿ ਪਰਿ ਸੁਥਰੀ ਚਲੰਤਿ।
ਸਜੰਦਨਿ ਧਵਾਇ ਘੋਰਨਿ ਕੁਦਾਇ। ਬਹਿਲਨਿ ਚਲਾਇ ਘੁੰਘਰੂ ਬਜਾਇ॥ ੩੬॥

ਡੱਫਾਂ, ਤੰਬੂਰੇ, ਨਗਾਰੇ ਅਤੇ ਮੁਰਲੀਆਂ ਵੱਜ ਰਹੀਆਂ ਸਨ ਅਤੇ ਊਠਾਂ ਉਤੇ ਲੱਦੇ ਹੋਏ ਵੱਡੇ ਨਗਾਰੇ ਵੀ ਵੱਜ ਰਹੇ ਸਨ, ਰੱਥਾਂ ਨਾਲ ਜੋੜੇ ਹੋਏ ਘੋੜਿਆਂ ਨੂੰ ਕੁਦਵਾ ਰਹੇ ਸਨ ਅਤੇ ਬਲਦਾਂ ਦੇ ਚਲਣ ਨਾਲ ਉਨਾਂ ਦੇ ਗਲਾਂ ਵਿਚ ਪਈਆਂ ਘੁੰਘਰੂਆਂ ਵਾਲੀਆਂ ਹਮੇਲਾਂ ਖੜਕ ਰਹੀਆਂ ਸਨ॥ ੩੬॥

ਇਮ ਮਚਜੋ ਕੁਲਾਹਲ ਧੁਨਿ ਬਿਲੰਦ। ਗਮਨੈਂ ਸੁ ਪੰਥ ਧਰਿ ਧਰਿ ਅਨੰਦ।
ਤਬਿ ਗਏ ਸਰਬ ਪਹੁਚੇ ਸੁ ਜਾਇ। ਅਧ ਕੋਸ ਗ੍ਰਾਮ ਡੱਲਾ ਰਹਾਇ॥ ੩੭॥

ਇਸ ਤਰ੍ਹਾਂ ਬਹੁਤ ਉੱਚੀ ਰੌਲਾ-ਗੌਲਾ ਮੱਚਿਆ ਸੀ, ਸਾਰੇ ਜਾਂਞੀ ਬੜਾ ਅਨੰਦ ਧਾਰ ਕੇ ਰਾਹੇ ਰਾਹ ਜਾ ਰਹੇ ਸਨ। ਫਿਰ ਸਾਰੇ ਉਸ ਸਥਾਨ ਤੇ ਪਹੁੰਚ ਗਏ, ਜਿਥੋਂ ਡੱਲਾ ਪਿੰਡ ਅੱਧਾ ਕੋਹ ਦੂਰ ਸੀ॥ ੩੭॥

ਤਹਿਂ ਉਤਰ ਪਰੇ ਸਭਿ ਜਾਨੁ ਛੋਰ। ਸੁਧਿ ਗਈ ਤਬਹਿ ਡੱਲੇ ਸੁ ਓਰਿ।
ਸੁਨਿ ਸ੍ਰੁਤਿ ਨਰਾਇਨ ਦਾਸ ਸੋਇ। ਸਭਿ ਕਰੀ ਤਯਾਰਿ ਹਿਤ ਪਠਨਿ ਜੋਇ ॥੩੮॥

ਉਥੇ ਸਾਰੀਆਂ ਸਵਾਰੀਆਂ ਉੱਤਰ ਪਈਆਂ ਤੇ ਪਿੰਡ ਡੱਲੇ ਨੂੰ ਇਹ ਖਬਰ ਭੇਜ ਦਿੱਤੀ ਗਈ ਕਿ ਜੰਞ ਆ ਗਈ ਹੈ। ਜਦ ਭਾਈ ਨਰਾਇਣ ਦਾਸ ਨੇ ਇਹ ਖ਼ਬਰ ਆਪਣੇ ਕੰਨਾਂ ਨਾਲ ਸੁਣੀ ਤਾਂ ਉਸ ਨੇ ਜੰਞ ਦਾ ਸਵਾਗਤ ਕਰਨ ਲਈ ਸਾਰੀ ਤਿਆਰੀ ਕਰ ਲਈ॥ ੩੮॥

ਪਕਵਾਨ ਅਧਿਕ ਮਿਸ਼ਟਾਨ ਲੀਨਿ। ਭਰਿ ਕਾਵਰ ਜੇਤਿਕ ਖਰਚ ਚੀਨਿ।
ਸਜਿ ਵਾਹਨ ਅਪਨੇ ਹੁਇ ਸੁਚੇਤ। ਚਢਿ ਚਲੇ ਅਗਾਊ ਲੈਨਿ ਹੇਤਿ ॥੩੯॥

ਬਹੁਤ ਪਕਵਾਨ ਅਤੇ ਮਠਿਆਈਆਂ ਲੈ ਲਈਆਂ, ਜਿੰਨੀ ਮਠਿਆਈ ਲਗਣ ਦਾ ਅਨੁਮਾਨ ਸੀ, ਓਨੀਆਂ ਮਠਿਆਈ ਦੀਆਂ ਵਹਿੰਗੀਆਂ ਭਰ ਲਈਆਂ। ਸਜੇ ਹੋਏ ਆਪਣੇ ਵਾਹਣ ਸੁਚੇਤ ਕਰ ਲਏ ਤੇ ਜੰਞ ਨੂੰ ਅੱਗੇ ਹੋ ਕੇ ਲੈਣ ਵਾਸਤੇ ਚਲੇ ਗਏ॥ ੩੯॥

ਅਗਵਾਨ ਆਇ ਅਵਿਲੋਕਿ ਬ੍ਰਿੰਦ। ਤਬਿ ਹਨੇ ਡੰਕ ਬਾਦਿਤ ਬਿਲੰਦ।
ਛੂਟੇ ਨਿਸ਼ਾਨ ਅਗਵਾਨਿ ਜਾਤਿ। ਜਿਨ ਜ਼ਰੀ ਲਾਗਿ ਬਹੁ ਰੰਗ ਭਾਂਤਿ ॥੪੦॥

ਬਹੁਤ ਲੋਕ ਜੰਞ ਦਾ ਸਵਾਗਤ ਕਰਨ ਲਈ ਆਏ, ਫਿਰ ਨਗਾਰਿਆਂ ਉੱਤੇ ਬਹੁਤ ਉੱਚੀ-ਉੱਚੀ ਡੱਗੇ ਵੱਜਣ ਲੱਗੇ। ਅਗਾਊਂ ਜਾ ਕੇ ਵੱਡੇ-ਵੱਡੇ ਨਾਗਰਿਆਂ ਨੂੰ ਵਜਾਇਆ, ਜਿਨ੍ਹਾਂ ਨਗਾਰਿਆਂ ਨੂੰ ਬਹੁਤ ਪ੍ਰਕਾਰ ਦੀ ਰੰਗ-ਬਰੰਗੀ ਜਰੀ ਲੱਗੀ ਹੋਈ ਸੀ॥ ੪੦॥

ਦੁਹਿਂ ਦਿਸ਼ਿਨਿ ਮੇਲ ਇਸ ਰੀਤਿ ਕੀਨਿ। ਜਨੁ ਘੋਖਿ ਘੋਖਿ ਘਨ ਮਿਲਤਿ ਪੀਨ।
ਵਾਹਨਿ ਭਜਾਇ ਵਾਹਨ ਉਠਾਇ। ਮਿਲਿ ਆਪ ਮਾਂਹਿ ਆਨੰਦ ਉਪਾਇ ॥੪੧॥

ਦੋਵਾਂ ਪਾਸਿਆਂ ਨੇ ਇਕ ਦੂਸਰੇ ਨਾਲ ਇਸ ਤਰ੍ਹਾਂ ਮੇਲ ਕੀਤਾ ਮਾਨੋਂ ਭਾਰੀ ਬੱਦਲ ਗੱਜ ਗੱਜ ਕੇ ਮਿਲਦੇ ਹੋਣ। ਗੱਡੀਆਂ ਭਜਾ ਕੇ ਬਾਹਾਂ ਉੱਪਰ ਚੁਕਦੇ ਸਨ, ਆਪਸ ਵਿਚ ਮਿਲ ਕੇ ਬੜਾ ਅਨੰਦ ਪ੍ਰਾਪਤ ਕਰ ਰਹੇ ਸਨ॥ ੪੧॥

ਜਨੁ ਨਦੀ ਹਰਖ ਕੀ ਉਮਡਿ ਦੋਇ। ਹੁਇ ਸੰਗਮ ਅੰਗ ਉਮੰਗ ਜੋਇ।
ਗਨ ਵਸਤੁ ਅੱਗ੍ਰ ਗੁਰੁ ਕੇ ਟਿਕਾਇ। ਸਭਿ ਪਰੇ ਪਾਂਇ ਚਿਤ ਚਾਇ ਚਾਇ ॥੪੨॥

ਜਿਵੇਂ ਖ਼ੁਸ਼ੀ ਦੀਆਂ ਨਦੀਆਂ ਉੱਛਲ ਪਈਆਂ ਹੋਣ ਤੇ ਉਨ੍ਹਾਂ ਦਾ ਆਪਸ ਵਿਚ ਮੇਲ ਹੋਇਆ ਹੋਵੇ। ਗੁਰੂ ਜੀ ਦੇ ਅੱਗੇ ਬਹੁਤ ਵਸਤਾਂ ਰੱਖ ਕੇ ਸਾਰੇ ਚਿੱਤ ਵਿਚ ਬੜਾ ਚਾਅ ਭਰ ਕੇ ਗੁਰੂ ਜੀ ਦੇ ਚਰਨਾਂ 'ਤੇ ਪੈ ਗਏ॥ ੪੨॥

ਬਹੁ ਬਿਨੈ ਭਨੀ ਸਭਿ ਹਾਥ ਬੰਦਿ। 'ਹਮ ਅਲਪ, ਲਘੂ, ਤੁਮ ਬਡਿ ਬਿਲੰਦ।
ਨਿਜ ਦਾਸ ਜਾਨਿ ਪਤਿ ਲੇਹੁ ਰਾਖਿ। ਦੇ ਦਰਸ ਕਰੀ ਪੂਰਨ ਭਿਲਾਖ' ॥੪੩॥

ਫਿਰ ਹੱਥ ਜੋੜ ਕੇ ਬਹੁਤ ਬੇਨਤੀ ਕੀਤੀ, "ਅਸੀਂ ਬਹੁਤ ਛੋਟੇ ਹਾਂ ਤੁਸੀਂ ਬਹੁਤ ਵੱਡੇ ਹੋ, ਆਪਣੇ ਸੇਵਕ ਸਮਝ ਕੇ ਸਾਡੀ ਇੱਜ਼ਤ ਰੱਖ ਲਵੋ, ਤੁਸੀਂ ਦਰਸ਼ਨ ਦੇ ਕੇ ਸਾਡੀ ਅਭਿਲਾਸ਼ਾ ਪੂਰੀ ਕੀਤੀ ਹੈ"॥ ੪੩॥

ਸਨਮਾਨ ਜਾਨਿ ਗੁਰੁ ਤਿਨਹੁਂ ਕੇਰਿ। ਪਕਵਾਨ ਲੀਨਿ ਦਿਯ ਬਾਂਟਿ ਫੇਰਿ।
ਸਭਿ ਜਥਾ ਜੋਗ ਕਰਿ ਤਿਨਹੁਂ ਸਾਥ। ਕਰਿਬੇ ਢੁਕਾਉ ਪੁਨ ਚਹਤਿ ਨਾਥ ॥੪੪॥

ਉਨ੍ਹਾਂ ਦਾ ਸਨਮਾਨ ਜਾਣ ਕੇ ਗੁਰੂ ਜੀ ਨੇ ਸਾਰੇ ਪਕਵਾਨ ਲੈ ਲਏ ਤੇ ਫਿਰ ਸਭ ਨੂੰ ਵੰਡ ਦਿੱਤੇ ਅਤੇ ਉਨ੍ਹਾਂ ਨਾਲ ਯਥਾਯੋਗ ਵਿਹਾਰ ਕੀਤਾ। ਫਿਰ ਗੁਰ ਜੀ ਢੁਕਾਅ ਕਰਨਾ ਚਾਹੁੰਦੇ ਸਨ॥ ੪੪॥

ਇਕਿ ਮਹਾਂਦੇਵ ਕੋ ਦਰਬ ਦੀਨਿ। ਗੁਰਦਾਸ ਬ੍ਰਿੱਧ, ਦੋਨੋ ਸੁ ਲੀਨਿ।
ਪੁਨ ਕ੍ਰਿਸ਼ਨ ਚੰਦ ਥਾਤੀ ਸੁ ਧਾਰਿ। 'ਬਰਖਾਵਤਿ ਗਮਨਹੁ' ਗੁਰੂ ਉਚਾਰਿ ॥੪੫॥

ਕਦੀ ਬਾਬਾ ਮਹਾਂਦੇਵ ਜੀ ਨੂੰ ਧਨ ਦਿੰਦੇ ਸਨ ਅਤੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵੀ ਦੋਵੇਂ ਧਨ ਲੈ ਰਹੇ ਸਨ। ਫਿਰ ਕ੍ਰਿਸ਼ਨ ਚੰਦ (ਗੁਰੂ ਅਰਜਨ ਦੇਵ ਜੀ ਦੇ ਸਹੁਰਾ ਸਾਹਿਬ) ਨੇ ਰੁਪਈਆਂ ਵਾਲੀ ਗੁਥਲੀ ਸੰਭਾਲ ਲਈ ਤੇ ਗੁਰੂ ਜੀ ਨੇ ਕਿਹਾ ਕਿ ਰੁਪਈਆਂ ਦੀ ਵਰਖਾ ਕਰਦੇ ਜਾਵੋ॥ ੪੫॥

ਤਬਿ ਚਲੇ ਗ੍ਰਾਮ ਕੇ ਸਮੁਖ ਹੋਇ। ਨਰ ਮਿਲੇ ਹਜ਼ਾਰੋਂ ਦਿਸਨਿ ਦੋਇ।
ਗਨ ਬਜਤਿ ਬਾਜ ਭਈ ਧੂਮ ਧਾਮ। ਬਡ ਉਠੀ ਧੂਲਿ ਲਿਯ ਛਾਦਿ ਗ੍ਰਾਮ ॥੪੬॥

ਫਿਰ ਚੱਲ ਕੇ ਪਿੰਡ ਦੇ ਸਾਹਮਣੇ ਪਹੁੰਚ ਗਏ। ਹਜ਼ਾਰਾਂ ਮਨੁੱਖ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਏ। ਬਹੁਤ ਵਾਜੇ ਵੱਜ ਰਹੇ ਸਨ ਤੇ ਬੜੀ ਧੂਮ-ਧਾਮ ਮੱਚੀ ਹੋਈ ਸੀ। ਬੜੀ ਧੂੜ ਉੱਠ ਰਹੀ ਸੀ, ਜਿਸ ਨਾਲ ਪਿੰਡ ਨਜ਼ਰ ਨਹੀਂ ਸੀ ਆ ਰਿਹਾ॥ ੪੬॥

ਧਨ ਕੋ ਬ੍ਰਖਾਇ ਘਨ ਮਨਹੁੰ ਚਾਰੁ। ਬਡ ਭਯੋ ਸ਼ੋਰ ਇਕ ਬਾਰਿ ਝਾਰਿ।
ਚਢਿ ਕੈ ਉਤੰਗ ਨਰ ਨਾਰਿ ਹੇਰਿ। ਕਹਿ ਬਚ 'ਬਰਾਤ ਆਈ ਬਡੇਰਿ' ॥੪੭॥

ਧਨ ਦੀ ਇਸ ਤਰ੍ਹਾਂ ਵਰਸ਼ਾ ਕਰ ਰਹੇ ਸਨ, ਮਾਨੋਂ ਸੁੰਦਰ ਬੱਦਲ ਵਰਸ਼ਾ ਕਰ ਰਿਹਾ ਸੀ ਅਤੇ ਬਹੁਤ ਵੱਡਾ ਸ਼ੋਰ ਮੱਚ ਰਿਹਾ ਸੀ। ਛੱਤਾਂ ਤੇ ਚੜ੍ਹ ਚੜ੍ਹ ਕੇ ਇਸਤਰੀਆਂ ਪੁਰਸ਼ ਵੇਖ ਰਹੇ ਸਨ। ਸਾਰੇ ਇਹ ਕਹਿ ਰਹੇ ਸਨ, "ਬਹੁਤ ਵੱਡੀ ਬਰਾਤ ਆਈ ਹੈ" ॥ ੪੭॥

ਸ਼ੁਭ ਥਾਨ ਦੀਨਿ ਡੇਰੋ ਲਗਾਇ। ਕਰਿ ਰੰਕ ਤ੍ਰਿਪਤ, ਧਨ ਕੋ ਬ੍ਰਖਾਇ।
ਤੰਬੂ ਸ਼ਮਜਾਨ ਦੀਨੇ ਸੁ ਤਾਨਿ। ਬਡਿ ਜੈ ਉਤੰਗ ਬਹੁ ਸ਼ੋਭਵਾਨ॥ ੪੮॥

ਬਰਾਤ ਦਾ ਸ਼ੁਭ ਸਥਾਨ ਤੇ ਡੇਰਾ ਕਰਵਾ ਦਿੱਤਾ, ਧਨ ਦੀ ਵਰਸ਼ਾ ਕਰਕੇ ਸਾਰੇ ਗਰੀਬਾਂ ਨੂੰ ਤ੍ਰਿਪਤ ਕਰ ਦਿੱਤਾ ਸੀ। ਤੰਬੂ ਅਤੇ ਸ਼ਾਮਯਾਨੇ ਤਾਣ ਦਿੱਤੇ। ਬਹੁਤ ਉੱਚੀ ਜੈ ਜੈ ਕਾਰ ਹੋ ਰਹੀ ਸੀ ਅਤੇ ਸਾਰੇ ਜਾਂਞੀ ਵੱਡੀ ਸ਼ੋਭਾ ਪਾ ਰਹੇ ਸਨ॥ ੪੮॥

ਦੋਹਰਾ- ਬੀਚ ਚੰਦੋਆ ਚਾਨਣੀ ਤਾਨੇ ਰੇਸ਼ਮ ਡੋਰ।
ਲਗੀ ਕਨਾਤ ਬਨਾਤ ਕੀ ਚਹੁੰ ਗਿਰਦੇ ਦੁਤਿ ਬੋਰ॥ ੪੯॥

ਰੇਸ਼ਮ ਦੀ ਡੋਰ ਨਾਲ ਬੰਨ੍ਹੇ ਹੋਏ ਚੰਦੋਆ ਅਤੇ ਚਾਨਣੀ ਤਾਣੇ ਹੋਏ ਸਨ ਅਤੇ ਚਾਰ ਚੁਫੇਰੇ ਬਨਾਤ ਦੀਆਂ ਕ਼ਨਾਤਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਨਾਲ ਲੱਗੇ ਛੋਟੇ-ਛੋਟੇ ਘੁੰਗਰੂ ਬਹੁਤ ਸ਼ੋਭਾ ਪਾ ਰਹੇ ਸਨ॥ ੪੯॥

ਸ੍ਰੀ ਅਰਜਨ ਨਿਜ ਤਨੁਜ ਜੁਤਿ ਬੈਠੇ ਬ੍ਰਿੰਦ ਮਝਾਰ।
ਮਨਹੁੰ ਸੁਧਰਮਾ ਸ਼ੋਭਤੀ ਬਸਨ ਬਿਭੂਖਨ ਚਾਰੁ॥ ੫੦॥

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪੁੱਤਰ ਸਹਿਤ ਸਾਰੇ ਜਾਂਞੀਆਂ ਦੇ ਵਿਚਕਾਰ ਬੈਠੇ ਇੰਝ ਸ਼ੋਭਾ ਪਾ ਰਹੇ ਹਨ, ਮਾਨੋਂ ਇੰਦਰ ਦੀ ਸਭਾ ਵਿਚ ਦੇਵਤੇ, ਸੁੰਦਰ ਕੱਪੜੇ ਅਤੇ ਗਹਿਣੇ ਪਾ ਕੇ ਸ਼ੋਭ ਰਹੇ ਹੋਣ ੫੦॥

*ਚੌਥੀ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੧॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਬਾਰਵਾਂ

### ਬਰਾਤ

ਦੋਹਰਾ– ਸ੍ਰੀ ਅਰਜਨ ਕੇ ਸਾਥ ਤਬਿ ਮਿਲਨਿ ਹੇਤੁ ਹਿਤੁ ਧਾਰਿ।
ਤਜਾਰ ਨਰਾਇਣ ਦਾਸ ਭਾ ਗਨ ਵਸਤੁਨਿ ਸੰਭਾਰਿ ॥ ੧ ॥

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮਿਲਣੀ ਕਰਨ ਵਾਸਤੇ ਬਹੁਤ ਪ੍ਰੇਮ ਧਾਰਨ ਕਰਕੇ, ਸ੍ਰੀ ਨਰਾਇਣ ਦਾਸ ਬਹੁਤ ਵਸਤੂਆਂ ਸੰਭਾਲ ਕੇ ਆਏ॥ ੧ ॥

ਚੌਪਈ– ਜਰੇ ਜ਼ੀਨ ਬਾਜੀ ਚਪਲਾਵਤਿ। ਗਰੇ ਬਿਭੂਖਨ ਸ਼ੋਭ ਬਢਾਵਤਿ।
ਬਸਤ੍ਰ ਰੇਸ਼ਮੀ ਛਾਦਨਿ ਕੀਨੇ। ਗਹੇ ਲਗਾਮ ਨ ਥਿਰਤਾ ਲੀਨੇ ॥ ੨ ॥

ਜ਼ੀਨ ਦੀਆਂ ਕਾਠੀਆਂ ਵਾਲੇ ਘੋੜੇ ਬਹੁਤ ਚੰਚਲ ਹਨ, ਉਨ੍ਹਾਂ ਦੇ ਗਲਾਂ ਵਿਚ ਪਏ ਸੋਨੇ ਦੇ ਗਹਿਣੇ ਬੜੀ ਸ਼ੋਭਾ ਵਧਾ ਰਹੇ ਹਨ। ਰੇਸ਼ਮੀ ਕਪੜਿਆਂ ਨਾਲ ਢੱਕੇ ਹੋਏ ਹਨ ਅਤੇ ਏਨੇ ਚੰਚਲ ਹਨ ਕਿ ਲਗਾਮ ਫੜਿਆਂ ਵੀ ਟਿੱਕਦੇ ਨਹੀਂ॥ ੨ ॥

ਲੇ ਬਹੁ ਮੋਲੇ ਲਲਿਤ ਦੁਕੂਲ। ਸ੍ਰੀ ਸਤਿਗੁਰੁ ਕੇ ਹੁਇ ਅਨੁਕੂਲ।
ਊਪਰ ਧਰਿ ਕਰਿ ਗਨ ਦੀਨਾਰੂ। ਲੇ ਕਰਿ ਸੰਗ ਨਰਨਿ ਪਰਵਾਰੂ ॥ ੩ ॥

ਬਹੁਤ ਕੀਮਤੀ ਨਰਮ ਕੱਪੜੇ ਲੈ ਕੇ ਉਹ ਸਤਿਗੁਰੂ ਜੀ ਦੇ ਪਾਸ ਆਇਆ। ਉਨ੍ਹਾਂ ਕੱਪੜਿਆਂ ਉੱਤੇ ਬਹੁਤ ਮੋਹਰਾਂ ਰੱਖੀਆਂ ਹੋਈਆਂ ਸਨ, ਸਾਰੇ ਮਨੁੱਖੀ ਪਰਿਵਾਰ ਨੂੰ ਲੈ ਕੇ ਉਹ ਗੁਰੂ ਜੀ ਦੇ ਪਾਸ ਆਇਆ॥ ੩ ॥

ਬੰਧਪ ਸਖਾ ਸਹਿਤ ਸਮੁਦਾਊ। ਚਲਯੋ ਨਰਾਇਣ ਦਾਸ ਅਗਾਊ।
ਸ੍ਰੀ ਅਰਜਨ ਸਨਮੁਖ ਤਿਹ ਸਮੇ। ਆਇ ਮਿਲਯੋ ਕਰਿਬੇ ਚਹਿ ਨਮੋ ॥ ੪ ॥

ਰਿਸ਼ਤੇਦਾਰਾਂ ਅਤੇ ਦੋਸਤਾਂ ਸਹਿਤ ਇਕੱਠੇ ਹੋ ਕੇ ਭਾਈ ਨਰਾਇਣ ਦਾਸ ਮਿਲਣ ਵਾਸਤੇ ਚਲ ਪਏ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਹੋ ਕੇ ਆ ਮਿਲਿਆ। ਉਸ ਸਮੇਂ ਉਹ ਚਾਹੁੰਦਾ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਬੰਦਨਾ ਕੀਤੀ ਜਾਵੇ॥ ੪ ॥

ਹੁਤੋ ਪਰੋਹਤਿ ਤਿਹ ਸਮੁਝਾਇਵ। 'ਭੁਜਾ ਪਸਾਰਿ ਮਿਲਹੁ ਗਰ ਲਾਇਵ।
ਸਮ ਸਮਧੀ ਇਸ ਸਮੈ ਬਨੰਤੇ। ਰਾਉ ਰੰਕ ਕੈਸੇ ਸੁ ਹੁਵੰਤੇ॥ ੫ ॥

ਪਰ ਉੱਥੇ ਪਰੋਹਤ ਖਲੋਤਾ ਸੀ, ਉਸ ਨੇ ਸਮਝਾਇਆ, "ਬਾਹਾਂ ਫੈਲਾ ਕੇ ਗਲੇ ਮਿਲੋ, ਇਸ ਸਮੇਂ ਤੁਹਾਡੇ ਬਰਾਬਰ ਦੇ ਸਬੰਧੀ ਬਣੇ ਹਨ। ਰਾਜਾ ਰੰਕ ਕਿਵੇਂ ਹੁੰਦੇ ਹੋ॥ ੫ ॥

ਲੌਕਿਕ ਬੈਦਕ ਰੀਤਿ ਜੁ ਦੋਊ। ਬਜਾਹ ਆਦਿ ਮਹਿਂ ਕਰਿ ਸਭਿ ਕੋਊ।
ਲਾਜ ਛੋਰਿ ਕਰੀਅਹਿ ਬਿਵਹਾਰੇ। ਸਮਧੀ ਸੋਂ ਮਿਲਿ ਭੁਜਾ ਪਸਾਰੇ' ॥ ੬ ॥

ਲੌਕਿਕ ਅਤੇ ਵੈਦਿਕ ਜਿਹੜੀਆਂ ਦੋ ਰੀਤੀਆਂ ਹਨ, ਵਿਆਹ ਆਦਿ ਵਿਚ ਸਭ ਕਰਦੇ ਹਨ। ਲਾਜ ਨੂੰ ਛੱਡ ਕੇ ਪੂਰੇ ਕਾਰ ਵਿਹਾਰ ਕਰੋ, ਇਸ ਲਈ ਆਪਣੇ ਸੰਬੰਧੀ ਨੂੰ ਬਾਹਾਂ ਫੈਲਾ ਕੇ ਗਲੇ ਮਿਲੋ" ॥ ੬ ॥

ਸੁਨਤਿ ਨਰਾਇਣ ਦਾਸ ਬਖਾਨਾ। 'ਮੈਂ ਕੈਸੇ ਕਰਿ ਇਨਹੁਂ ਸਮਾਨਾ।
ਲੋਕ ਪ੍ਰਲੋਕ ਸਹਾਇਕ ਸ੍ਵਾਮੀ। ਤੀਨ ਭਵਨਿ ਪਤਿ ਅੰਤਰਿਜਾਮੀ॥ ੭॥

ਇਹ ਸੁਣ ਕੇ ਭਾਈ ਨਰਾਇਣ ਦਾਸ ਨੇ ਕਿਹਾ, "ਮੈਂ ਇਨ੍ਹਾਂ ਦੀ ਬਰਾਬਰੀ ਕਿਵੇਂ ਕਰਾਂ, ਇਹ ਲੋਕ ਪਰਲੋਕ ਵਿਚ ਮੇਰੇ ਸਹਾਇਕ ਸਵਾਮੀ ਹਨ। ਇਹ ਅੰਤਰਜਾਮੀ ਤਿੰਨਾਂ ਲੋਕਾਂ ਦੇ ਮਾਲਕ ਹਨ॥ ੭॥

ਇਨ ਕੇ ਦਾਸ ਦਾਸ ਕੋ ਦਾਸਾ। ਕਿਮ ਸਮਤਾ ਕਰਿਹੋਂ, ਹੁਇ ਹਾਸਾ'।
ਇਮ ਕਹਿ ਕਰੀ ਅਕੋਰ ਅਗਾਰੀ। ਪਰਜੋ ਚਰਨ ਪਰ ਨਿਰਹੰਕਾਰੀ॥ ੮॥

ਮੈਂ ਇਨ੍ਹਾਂ ਦੇ ਦਾਸਾਂ ਦਾ ਦਾਸ ਹਾਂ, ਮੈਂ ਇਨ੍ਹਾਂ ਦੀ ਕਿਵੇਂ ਬਰਾਬਰੀ ਕਰ ਸਕਾਂਗਾ, ਉਹ ਤਾਂ ਬੜੀ ਹਾਸੋ-ਹੀਣੀ ਗੱਲ ਹੋਵੇਗੀ"। ਇਹ ਕਹਿ ਕੇ ਭੇਟਾ ਅੱਗੇ ਰੱਖੀ ਅਤੇ ਹੰਕਾਰ-ਰਹਿਤ ਹੋ ਕੇ ਚਰਨਾਂ ਤੇ ਪੈ ਗਿਆ॥ ੮॥

ਸ੍ਰੀ ਅਰਜਨ ਸਿਮਧੀ ਲਖਿ ਭਾਊ। ਪਕਰਿ ਉਠਾਇ ਲਿਯੋ ਗਰ ਲਾਊ।
ਜਥਾ ਜੋਗ ਕਰਿ ਲੌਕਿਕ ਰੀਤਿ। ਸਨਮਾਨਜੋ ਸਭਿ ਮਹਿਂ ਲਖਿ ਪ੍ਰੀਤਿ॥ ੯॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਕੁੜਮ ਜਾਣ ਕੇ ਬੜਾ ਪ੍ਰੇਮ ਕੀਤਾ ਤੇ ਆਪਣੀਆਂ ਬਾਹਾਂ ਨਾਲ ਉਠਾ ਕੇ ਬੜੇ ਪ੍ਰੇਮ ਨਾਲ ਗਲੇ ਲਾ ਲਿਆ। ਜਥਾਯੋਗ ਲੌਕਿਕ ਰੀਤੀ ਕਰਕੇ ਤੇ ਬਹੁਤ ਪ੍ਰੇਮ ਜਾਣ ਕੇ ਬਹੁਤ ਸਨਮਾਨ ਕੀਤਾ॥ ੯॥

ਹੇਰਿ ਹੇਰਿ ਸਿਖ ਸਭਿ ਬਿਸਮਾਵਹਿਂ। 'ਧੰਨ ਨਰਾਇਣ ਦਾਸ' ਅਲਾਵਹਿਂ।
'ਆਦਰ ਅਧਿਕ ਗੁਰੂ ਕਿਯ ਜਾਂਹੀ। ਲਗਜੋ ਗਰੇ, ਇਹ ਸਮ ਕੋ ਨਾਂਹੀ' ॥੧੦॥

ਵੇਖ ਵੇਖ ਕੇ ਸਭ ਸਿੱਖ ਬਹੁਤ ਪ੍ਰਸੰਨ ਹੋਏ ਤੇ ਕਹਿ ਰਹੇ ਸਨ, "ਸ੍ਰੀ ਨਰਾਇਣ ਦਾਸ ਜੀ ਧੰਨ ਹਨ। ਇਸ ਦੇ ਮਨ ਵਿਚ ਗੁਰੂ ਵਾਸਤੇ ਬਹੁਤ ਸਤਿਕਾਰ ਹੈ, ਜਿਵੇਂ ਗੁਰੂ ਜੀ ਦੇ ਗਲੇ ਲਗਿਆ ਹੈ, ਇਸ ਵਰਗਾ ਹੋਰ ਕੋਈ ਨਹੀਂ ਹੈ" ॥ ੧੦॥

ਇਮ ਮਿਲਿਨੀ ਕਰਿ ਘਰੋਂ ਸਿਧਾਰਾ। ਸ੍ਰੀ ਗੁਰੁ ਜਨਵਾਸੇ ਪਗ ਧਾਰਾ।
ਲਾਵਾਂ ਲੇਨਿ ਸਮੈ ਤਬਿ ਆਯਹੁ। ਧੇਨੁ ਧੂਲਿ ਪਾਵਨਿ ਦਰਸਾਯਹੁ॥ ੧੧॥

ਭਾਈ ਨਰਾਇਣ ਦਾਸ ਇਸ ਤਰ੍ਹਾਂ ਮਿਲਣੀ ਕਰਕੇ ਘਰ ਨੂੰ ਚਲਾ ਗਿਆ ਤੇ ਗੁਰੂ ਜੀ ਜੰਞਘਰ ਵਾਲੇ ਪਾਸੇ ਚਲ ਪਏ। ਜਦ ਗਊ ਧੂੜ ਦਾ ਪਵਿੱਤਰ ਸਮਾਂ ਵੇਖਿਆ ਤਦ ਲਾਵਾਂ ਲੈਣ ਦਾ ਸਮਾਂ ਆਇਆ ਜਾਣਿਆ॥ ੧੧॥

ਦਿਜ ਗਨ ਪ੍ਰੇਰਜੋ ਬੈਠੇ ਪਾਸ। ਭੇਜਜੋ ਮਨੁਜ ਨਰਾਇਣ ਦਾਸ।
'ਲਾਵਾਂ ਹਿਤ ਕਰੀਅਹਿ ਆਗਵਨੂ। ਮੈਂ ਤਯਾਰੀ ਜੁਤਿ ਇਸਥਿਤ ਭਵਨੂ ॥੧੨॥

ਪਾਸ ਬੈਠੇ ਬ੍ਰਾਹਮਣਾਂ ਨੇ ਜਦ ਪ੍ਰੇਰਿਆ ਤਾਂ ਭਾਈ ਨਰਾਇਣ ਦਾਸ ਨੇ ਇਕ ਮਨੁੱਖ ਗੁਰੂ ਜੀ ਪਾਸ ਭੇਜਿਆ, "ਹੁਣ ਲਾਵਾਂ ਵਾਸਤੇ ਘਰ ਚਲੋ, ਘਰ ਵਿਚ ਲਾਵਾਂ ਦੀ ਸਾਰੀ ਤਿਆਰੀ ਹੋ ਗਈ ਹੈ" ॥ ੧੨॥

ਜਬਿ ਜਨਵਾਸ ਬਿਖੇ ਸੁਧਿ ਆਈ। ਹਨੇ ਡੰਕ ਸਭਿ ਬਾਜ ਬਜਾਈ।
ਲਘੁ ਦੁੰਦਭਿ ਬਡਿ ਧੌਂਸ ਧੁੰਕਾਰੀ। ਤੁਰਰੀ, ਮੁਰਲਿ, ਨਫੀਰ ਸੰਭਾਰੀ॥ ੧੩॥

ਜਦ ਜੰਞ ਘਰ ਵਿਚ ਇਹ ਖਬਰ ਪਹੁੰਚੀ ਤਾਂ ਸਭ ਪ੍ਰਕਾਰ ਦੇ ਵਾਜੇ ਵੱਜਣ ਲੱਗ ਗਏ। ਛੋਟੀਆਂ ਦੁਦੰਭੀਆਂ ਅਤੇ ਵੱਡੇ ਧੌਂਸਿਆਂ ਦੀ ਧੂੰਕਾਰ ਉੱਠੀ। ਤੁਰੀਆਂ, ਮੁਰਲੀਆਂ, ਨਫੀਰੀਆਂ ਸਭ ਨੇ ਸੰਭਾਲ ਲਈਆਂ॥ ੧੩॥

ਪਟਹ ਪਣਵ ਬਡ ਢੋਲ ਬਜਾਏ। ਸੁਨਿਤ ਉਠੇ ਤਤਛਿਨ ਸਮੁਦਾਏ।
ਦੂਲਹੁ ਸ੍ਰੀ ਹਰਿ ਗੋਵਿੰਦ ਚੰਦ। ਗੁਰੁ ਨੰਦਨ ਸੁੰਦਰ ਸੁਖਕੰਦ॥ ੧੪॥

ਧੌਂਸੇ, ਨਗਾਰੇ ਤੇ ਵੱਡੇ-ਵੱਡੇ ਢੋਲ ਵਜਾਏ, ਤੇ ਸਾਰੇ ਹੀ ਤੁਰੰਤ ਉਠ ਕੇ ਤਿਆਰ ਹੋ ਗਏ। ਲਾੜਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਜੀ ਦੇ ਸਪੁੱਤਰ ਬੜੇ ਸੁੰਦਰ ਲੱਗ ਰਹੇ ਹਨ॥ ੧੪॥

ਮਹਾਂਦੇਵ, ਬ੍ਰਿਧ ਅਰੁ ਗੁਰੁਦਾਸ। ਊਮਰ ਸ਼ਾਹੁ, ਸਾਲੋ ਗੁਰੁ ਪਾਸ।
ਲੇ ਗਮਨੇ ਸਭਿਹਿਨਿ ਕੋ ਸੰਗ। ਹਿਤ ਲਾਵਾਂ ਕੇ ਚਲੇ ਉਮੰਗ॥ ੧੫॥

ਬਾਬਾ ਮਹਾਂਦੇਵ, ਬਾਬਾ ਬੁੱਢਾ ਜੀ, ਭਾਈ ਗੁਰਦਾਸ, ਊਮਰ ਸ਼ਾਹ ਅਤੇ ਭਾਈ ਸਾਲੋ ਗੁਰੂ ਜੀ ਪਾਸ ਆਏ ਤੇ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਬੜੇ ਚਾਅ ਨਾਲ ਲਾਵਾਂ ਦੇ ਕਾਰਜ ਵਾਸਤੇ ਚਲ ਪਏ॥ ੧੫॥

ਬਾਦਿਤ ਬਾਜਤਿ ਜਾਤਿ ਅਗਾਰੀ। ਕੀਰਤਿ ਭਾਟ ਨਕੀਬ ਉਚਾਰੀ।
ਆਤਪੱਤ੍ਰ ਦੂਲਹੁ ਪਰ ਫਿਰਿਹੀ। ਚਮਰ ਚਾਰੁ ਸਤਿਗੁਰੁ ਪਰ ਢੁਰ ਹੀ॥ ੧੬॥

ਵਾਜੇ ਵੱਜਦੇ ਅੱਗੇ-ਅੱਗੇ ਜਾ ਰਹੇ ਸਨ। ਭੱਟ ਕੀਰਤੀ ਉਚਾਰਨ ਕਰ ਰਹੇ ਸਨ। ਦੂਲਹੇ ਦੇ ਸਿਰ ਤੇ ਛੱਤਰ ਝੁਲ ਰਿਹਾ ਸੀ, ਤੇ ਸੁੰਦਰ ਚੌਰ ਸਤਿਗੁਰੂ ਦੇ ਉਪਰ ਫਿਰ ਰਿਹਾ ਸੀ॥ ੧੬॥

ਮਹਿਦ ਕੁਲਾਹਲ ਸਭਿ ਮਹਿਂ ਹੋਵਾ। ਤ੍ਰਿਯ ਗਨ ਚਾਹਤਿ ਦੂਲਹੁ ਜੋਵਾ।
ਸੁਨਿ ਬਾਦਿਤ ਕੀ ਧੁਨਿ ਇਕ ਬਾਰੀ। ਬਿੱਭ੍ਰਮ ਭਯੋ ਸਭਿਨਿ ਮਨਨਾਰੀ॥੧੭॥

ਜਦ ਬਰਾਤ ਘਰ ਲਾਗੇ ਪਹੁੰਚੀ ਤਾਂ ਬਹੁਤ ਉੱਚੀ ਰੌਲਾ ਮੱਚ ਉਠਿਆ। ਸਾਰੀਆਂ ਇਸਤਰੀਆਂ ਲਾੜੇ ਨੂੰ ਵੇਖਣਾ ਚਾਹੁੰਦੀਆਂ ਸਨ। ਵਾਜਿਆਂ ਦੀ ਉੱਚੀ ਅਤੇ ਇੱਕਠੀ ਧੁਨੀ ਸੁਣ ਕੇ ਸਾਰੀਆਂ ਨਾਰੀਆਂ ਘਬਰਾ ਗਈਆਂ। ਭਾਵ ਉਹ ਏਨੀ ਕਾਹਲੀ ਵਿਚ ਭੱਜੀਆਂ ਫਿਰਦੀਆਂ ਸਨ ਕਿ ਉਨ੍ਹਾਂ ਨੂੰ ਆਪਣੇ ਕੱਪੜੇ ਪਾਉਣ ਦੀ ਸੋਝੀ ਵੀ ਨਾ ਰਹੀ॥ ੧੭॥

ਤਜੀ ਕਾਰ ਘਰ ਕੀ ਉਠ ਧਾਈ। ਛੁਦ੍ਰ ਘੰਟਿਕਾ ਲੇ ਗਰਿ ਪਾਈ।
ਅੰਜਨ ਅੰਜ ਕਪੋਲਨਿ ਲਾਯੋ। ਕੰਠਹਾਰ ਕਟ ਸੌਂ ਲਪਟਾਯੋ॥ ੧੮॥

ਘਰ ਦੇ ਸਾਰੇ ਕੰਮ-ਕਾਜ ਛੱਡ ਕੇ ਉੱਠ ਭੱਜੀਆਂ। ਕਈਆਂ ਨੇ ਕਾਹਲੀ ਵਿਚ ਤੜਾਗੀਆਂ ਹੀ ਗੱਲਾਂ ਵਿਚ ਪਾ ਲਈਆਂ। ਜਿਹੜਾ ਸੁਰਮਾਂ ਅੱਖਾਂ ਵਿਚ ਪਾਉਣਾ ਸੀ, ਉਹ ਗਲਾਂ ਨੂੰ ਮਲ ਲਿਆ ਅਤੇ ਗਲ ਵਿਚ ਪਾਉਣ ਵਾਲੇ ਹਾਰ ਕਾਲੇ ਰੰਗ ਨਾਲ ਲਬੇੜ ਲਏ॥ ੧੮॥

ਕਰਤਿ ਸ਼ੀਘ੍ਰਤਾ ਚਢੀ ਅਟਾਰੀ। ਖਰੀ ਸੁ ਦੂਲਹੁ ਬਦਨ ਨਿਹਾਰੀ।
ਬਾਦਿਤ ਧੁਨਿ ਬਡ ਛੁਟੀ ਹਵਾਈ। ਚਢੀ ਗਗਨ ਪੁਨ ਹਟਿ ਕਰਿ ਆਇ॥੧੯॥

ਬੜੀ ਛੇਤੀ-ਛੇਤੀ ਅਟਾਰੀਆਂ ਤੇ ਚੜ੍ਹ ਗਈਆਂ, ਖੜੀਆਂ ਹੋ ਕੇ ਦੂਲਹੇ ਦਾ ਮੁਖੜਾ ਵੇਖ ਰਹੀਆਂ ਸਨ। ਵਾਜਿਆਂ ਦੀਆਂ ਧੁਨਾਂ ਵੱਜ ਰਹੀਆਂ ਸਨ ਤੇ ਹਵਾਈਆਂ ਚਲ ਰਹੀਆਂ ਸਨ, ਜਿਹੜੀਆਂ ਅਕਾਸ਼ ਉੱਤੇ ਬਹੁਤ ਉੱਚੀਆਂ ਜਾ ਕੇ ਫਿਰ ਥੱਲੇ ਡਿੱਗ ਪੈਂਦੀਆਂ ਸਨ॥ ੧੯॥

ਜਨੁ ਤਾਰੇ ਟੂਟਤਿ ਚਮਕੰਤੇ। ਭਯੋ ਪ੍ਰਕਾਸ਼ ਅਕਾਸ਼ ਦਿਖੰਤੇ।
ਛੁਟਤਿ ਬਰੂਦ ਭਰੇ ਗਜ ਘੋਰੇ। ਇਤ ਉਤ ਜਰਤਿ ਬੇਗ ਤੇ ਦੌਰੇ॥ ੨੦॥

ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਆਕਾਸ਼ ਵਿਚ ਤਾਰੇ ਟੁੱਟ ਰਹੇ ਹੋਣ, ਸਾਰੇ ਆਕਾਸ਼ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਨਜ਼ਰ ਆਉਂਦਾ ਸੀ। ਬਰੂਦ ਦੇ ਭਰੇ ਹਾਥੀ ਘੋੜੇ ਵੀ ਚਲ ਰਹੇ ਸਨ, ਏਧਰ ਉਧਰ ਸੜਦੇ ਭੱਜੇ ਫਿਰਦੇ ਸਨ॥ ੨੦॥

ਚਾਦਰ ਝਾਰ ਛੁਟਤਿ ਫੁਲਵਾਈ। ਦੇਖਤਿ ਲੋਕ ਹਸਤਿ ਹਰਖਾਈ।
ਦੇਵ ਦੇਵਨੀ ਦਾਰੁਨ ਬਨੇ। ਛੁਟਤਿ ਬਿਲੋਕਤ ਮਾਨਵ ਘਨੇ॥ ੨੧॥

ਆਤਸ਼ਬਾਜ਼ੀ ਦੀਆਂ ਚਾਦਰਾਂ, ਝਾੜ ਅਤੇ ਫੁਲਝੜੀਆਂ ਚਲ ਰਹੀਆਂ ਹਨ, ਵੇਖ ਵੇਖ ਕੇ ਲੋਕ ਬਹੁਤ ਪ੍ਰਸੰਨ ਹੋ ਰਹੇ ਸਨ। ਬਰੂਦ ਦੇ ਬਣੇ ਹੋਏ ਦੇਵੀ ਦੇਵਤੇ ਬਹੁਤ ਭਿਆਨਕ ਲੱਗ ਰਹੇ ਸਨ, ਬਹੁਤ ਮਨੁੱਖ ਉਨ੍ਹਾਂ ਨੂੰ ਚਲਦਿਆਂ ਨੂੰ ਵੇਖ ਰਹੇ ਸਨ॥ ੨੧॥

ਅਧਿਕ ਕੁਲਾਹਲ ਹਰਖਤਿ ਹੋਵਾ। ਜਰੈਂ ਮਤਾਬੀ ਅਦਭੁਤ ਜੋਵਾ।
ਭਯੋ ਪ੍ਰਕਾਸ਼ ਸਭਿਨਿ ਮਹਿਂ ਐਸੇ। ਬਿਨਾ ਤੇਜ ਤੇ ਬਾਸੁਰ ਜੈਸੇ॥ ੨੨॥

ਬਹੁਤ ਕੁਲਾਹਲ ਮੱਚਿਆ ਹੋਇਆ ਸੀ ਤੇ ਸਾਰੇ ਬਹੁਤ ਪ੍ਰਸੰਨ ਹੋ ਰਹੇ ਸਨ। ਅਦਭੁਤ ਰੰਗ-ਬਰੰਗੀਆਂ ਮਤਾਬੀਆਂ ਵੀ ਚਲ ਰਹੀਆਂ ਸਨ। ਸਾਰੀਆਂ ਆਤਸ਼ਬਾਜ਼ੀਆਂ ਐਸਾ ਪ੍ਰਕਾਸ਼ ਕਰ ਰਹੀਆਂ ਸਨ ਕਿ ਜਿਵੇਂ ਸੂਰਜ ਤੇਜ-ਰਹਿਤ ਹੋ ਗਿਆ ਹੋਵੇ ॥ ੨੨॥

ਮਨਹੁਂ ਮਤਾਬੀ ਪਾਇ ਬਹਾਨਾ। ਗੁਰੂ ਪ੍ਰਕਾਸ਼ ਦਿਖਾਇ ਮਹਾਨਾ।
ਦੇਖਿ ਭਏ ਬਿਸਮੈ ਨਰੁ ਨਾਰੀ। ਅਸ ਪ੍ਰਕਾਸ਼ ਨਹਿਂ ਕਬਹੁਂ ਨਿਹਾਰੀ॥ ੨੩॥

ਮਾਨੋਂ ਮਹਿਤਾਬੀ ਆਪਣਾ ਬਹਾਨਾ ਪਾ ਕੇ ਗੁਰੂ ਜੀ ਨੂੰ ਬਹੁਤ ਪ੍ਰਕਾਸ਼ ਵਿਖਾ ਰਹੀ ਸੀ। ਸਾਰੇ ਇਸਤਰੀ ਪੁਰਸ਼ ਵੇਖ ਵੇਖ ਕੇ ਬੜੇ ਹੈਰਾਨ ਅਤੇ ਪ੍ਰਸੰਨ ਹੋ ਰਹੇ ਸਨ, ਉਨ੍ਹਾਂ ਨੇ ਏਨਾ ਪ੍ਰਕਾਸ਼ ਕਦੀ ਨਹੀਂ ਸੀ ਵੇਖਿਆ॥ ੨੩॥

ਤਿਸ ਪ੍ਰਕਾਸ਼ ਮਹਿਂ ਦੂਲਹੁ ਦੇਖੈ। ਬਾਰਿ ਬਾਰਿ ਬਲਿਹਾਰ ਵਿਸ਼ੇਖੈ।
ਕੋਠਨਿ ਚਢੀ ਨਿਹਾਰਹਿਂ ਦਾਰਾ। ਸ਼੍ਰੀ ਅਰਜਨ ਕੌ ਕਰਹਿਂ ਜੁਹਾਰਾ॥ ੨੪॥

ਉਸ ਪ੍ਰਕਾਸ਼ ਵਿਚ ਦੂਲਹੇ ਨੂੰ ਵੇਖ ਰਹੇ ਹਨ ਅਤੇ ਵੇਖ ਵੇਖ ਕੇ ਬਾਰ-ਬਾਰ ਬਲਿਹਾਰ ਜਾ ਰਹੇ ਹਨ। ਇਸਤਰੀਆਂ ਕੋਠਿਆਂ ਤੇ ਚੜ੍ਹ ਕੇ ਵੇਖ ਰਹੀਆਂ ਹਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਮਸਕਾਰ ਕਰ ਰਹੀਆਂ ਹਨ॥ ੨੪॥

ਸਨੈ ਸਨੈ ਦੇਖਤਿ ਦਿਖਰਾਵਤਿ। ਸਿਮਧੀ ਸਦਨ ਸਤਿਗੁਰੂ ਜਾਵਤਿ।
ਬੜਵਾ ਪਰ ਸ਼੍ਰੀ ਹਰਿ ਗੋਬਿੰਦ। ਗਏ ਸਸੁਰ ਕੇ ਸਦਨ ਅਨੰਦ॥ ੨੫॥

ਹੌਲੀ-ਹੌਲੀ ਇਕ ਦੂਸਰੇ ਨੂੰ ਵੇਖਦੇ ਅਤੇ ਵਿਖਾਉਂਦੇ ਹਨ ਤੇ ਫਿਰ ਗੁਰੂ ਜੀ ਆਪਣੇ ਕੁੜਮਾਂ ਦੇ ਘਰ ਚਲੇ ਗਏ। ਸ੍ਰੀ ਹਰਿਗੋਬਿੰਦ ਸਾਹਿਬ ਜੀ ਘੋੜੀ ਤੇ ਚੜ੍ਹ ਕੇ ਬੜੇ ਅਨੰਦ ਨਾਲ ਆਪਣੇ ਸੋਹਰਾ ਸਾਹਿਬ ਦੇ ਘਰ ਗਏ॥ ੨੫॥

ਆਇ ਨਰਾਇਨਦਾਸ ਅਗਾਰੇ। ਲੇਤਿ ਪ੍ਰਵੇਸ਼ਜੇ ਅੰਤਰਿਦ੍ਵਾਰੇ।
ਜਹਿਂ ਬੇਦੀ ਸੁੰਦਰ ਰਚਿ ਰਾਖੀ। ਗਨ ਬੰਧੁਪਬਿਤ ਦੇਖਨਿ ਕਾਂਖੀ॥ ੨੬॥

ਭਾਈ ਨਰਾਇਣ ਦਾਸ ਅਗਾਊਂ ਲੈਣ ਵਾਸਤੇ ਆਏ ਤੇ ਉਨ੍ਹਾਂ ਨੂੰ ਲੈ ਕੇ ਆਪਣੇ ਘਰ ਦੇ ਅੰਦਰ ਚਲੇ ਗਏ। ਜਿੱਥੇ ਸੁੰਦਰ ਵੇਦੀ ਬਣੀ ਹੋਈ ਸੀ, ਓਥੇ ਸਾਰੇ ਰਿਸ਼ਤੇਦਾਰ ਵੇਖਣ ਦੀ ਅਭਿਲਾਸ਼ਾ ਕਰਕੇ ਖੜੇ ਸਨ॥ ੨੬॥

ਖਰੇ ਹੇਰਿ ਸ਼੍ਰੀ ਗੁਰ ਆਗਵਨੂ। ਸਭਿ ਆਗੈ ਦੂਲਹੁ ਦੁਤਿ ਰਵਨੂ।
ਸਾਦਰ ਸਗਰੇ ਕਰੇ ਬਿਠਾਵਨਿ। ਚਹੁਂਦਿਸ਼ ਬੇਦੀ ਕੇ ਥਲ ਪਾਵਨ॥ ੨੭॥

ਸਾਰੇ ਖੜੇ ਹੋ ਕੇ ਗੁਰੂ ਜੀ ਦੇ ਆਗਮਨ ਨੂੰ ਵੇਖ ਰਹੇ ਸਨ ਅਤੇ ਸਾਰਿਆਂ ਦੇ ਅੱਗੇ ਸੁਹਣੀ ਸ਼ੋਭਾ ਵਾਲਾ ਲਾੜਾ ਜਾ ਰਿਹਾ ਸੀ। ਸਾਰਿਆਂ ਨੇ ਬੜਾ ਆਦਰ ਦੇ ਕੇ ਬਿਠਾਇਆ। ਸਾਰੇ ਬੇਦੀ ਦੇ ਚਾਰ-ਚੁਫੇਰੇ ਸਥਾਨ ਵੇਖ ਕੇ ਬੈਠ ਗਏ॥ ੨੭॥

ਬਿੱਪ੍ਰ ਉਚਾਰ ਕਰਨਿ ਤਬਿ ਲਾਗੇ। ਪੂਜਤਿ ਨਵਗ੍ਰੈਹ ਗਣਪਤਿ ਆਗੇ।
ਬੀਚ ਹੁਤਾਸਨ ਕੀਨਿ ਪ੍ਰਕਾਸ਼ਨਿ। ਪਾਵਤਿ ਸਰਪੀ ਕਰਤਿ ਉਪਾਸਨਿ॥ ੨੮॥

ਫਿਰ ਬ੍ਰਾਹਮਣ ਮੰਤਰ ਉਚਾਰ ਕੇ ਪੜ੍ਹਨ ਲੱਗੇ, ਨੌਂਵਾਂ ਗ੍ਰਹਿਆਂ ਅਤੇ ਗਣਪਤੀ ਦੀ ਪੂਜਾ ਕਰਨ ਲੱਗੇ। ਫਿਰ ਅੱਗ ਬਾਲ ਕੇ ਵਿਚ ਹਵਨ ਸਮੱਗਰੀ ਪਾ ਕੇ ਪੂਜਾ ਕਰਨ ਲੱਗੇ॥ ੨੮॥

ਨੋਟ:-ਇਹ ਰੀਤੀ ਗੁਰੂ ਘਰ ਦੀ ਨਹੀਂ ਹੈ। ਗੁਰੂ ਜੀ ਇਕ ਅਕਾਲ ਪੁਰਖ ਦੇ ਪੁਜਾਰੀ ਸਨ, ਉਹ ਹੋਰ ਕਿਸੇ ਦੀ ਪੂਜਾ ਨਹੀਂ ਕਰਦੇ ਸਨ। ਸਤਿਗੁਰੂ ਦੇ ਸਮੇਂ ਪੁਰਾਣੀਆਂ ਰੀਤਾਂ ਦਾ ਤਿਆਗ ਤੇ ਗੁਰਬਾਣੀ ਦਾ ਵਿਚਾਰ ਸੀ। ਪਰ ਕਵੀ ਜੀ ਦੇ ਸਮੇਂ ਬ੍ਰਾਹਮਣਾਂ ਦਾ ਜ਼ੋਰ ਫਿਰ ਵੱਧ ਗਿਆ ਸੀ ਤੇ ਵਿਆਹ ਸ਼ਾਦੀਆਂ ਵੇਦੀ ਨਾਲ ਹੋਣ ਲੱਗ ਗਈਆਂ ਸਨ। ਕਵੀ ਜੀ ਨੇ ਇਸ ਪ੍ਰਭਾਵ ਅਧੀਨ ਹੀ ਲਿਖਿਆ ਹੈ।

ਤਬਿ ਦੁਲਹਨ ਢਿਗ ਆਨਿ ਬਿਠਾਈ। ਜਥਾਜੋਗ ਸਭਿ ਬਿਧਿ ਕਰਵਾਈ।
ਬਰਬਰ ਸੰਗ ਫੇਰਿ ਕਰਿ ਫੇਰੇ। ਪਾਣ ਗ੍ਰਹਣ ਕੀਨਸਿ ਤਿਸ ਬੇਰੇ॥ ੨੯॥

ਫਿਰ ਦੁਲਹਨ ਨੂੰ ਸ੍ਰੀ ਹਰਿਗੋਬਿੰਦ ਜੀ ਦੇ ਪਾਸ ਬਿਠਾ ਦਿੱਤਾ ਤੇ ਯਥਾ-ਯੋਗ ਸਭ ਵਿਧੀਆਂ ਕਰਵਾਈਆਂ। ਸੁੰਦਰ ਲਾੜੇ ਨਾਲ ਫਿਰ ਫੇਰੇ ਕਰਵਾਏ ਗਏ ਤੇ ਲੜਕੀ ਦੇ ਪਿਤਾ ਜੀ ਨੇ ਲੜਕੀ ਦਾ ਹੱਥ, ਲਾੜੇ ਦੇ ਹੱਥ ਵਿਚ ਫੜਾਇਆ॥ ੨੯॥

ਮਿਲਿ ਸੁਰਬਧੂ ਕਰੇ ਛਲ ਬੇਸਾ। ਆਨਿ ਪ੍ਰਵੇਸ਼ੀ ਰੂਪ ਸੁ ਬੇਸਾ।
ਰਲਿ ਨਾਰਿਨਿ ਮੈਂ ਗੀਤਿਨਿ ਗਾਵੈਂ। ਸਤਿਗੁਰੁ ਮੰਗਲ ਅਧਿਕ ਵਧਾਵੈਂ॥ ੩੦॥

ਦੇਵਤਿਆਂ ਦੀਆਂ ਇਸਤਰੀਆਂ ਭੇਸ ਬੱਦਲ ਕੇ, ਅੰਦਰ ਪ੍ਰਵੇਸ਼ ਕਰ ਆਈਆਂ। ਇਸਤਰੀਆਂ ਨਾਲ ਰਲ ਕੇ ਉਹ ਗੀਤ ਗਾਉਂਦੀਆਂ ਸਨ ਅਤੇ ਸਤਿਗੁਰੂ ਜੀ ਦੇ ਅਨੰਦ ਨੂੰ ਬਹੁਤ ਵਧਾ ਰਹੀਆਂ ਸਨ॥ ੩੦॥

ਕਰਤਿ ਅਪਨਿਪੌ ਸਫਲ ਬਿਸਾਲਾ। ਗੁਰੁ ਕੌ ਦਰਸਹਿਂ ਅਨੰਦ ਉਛਾਲਾ।
ਤ੍ਰਿਯਾ ਨਰਾਇਣ ਦਾਸ ਸੁਜਾਨੀ। ਬਿਨ ਜਾਨੇ ਸਗਰੀ ਸਨਮਾਨੀ॥ ੩੧॥

ਆਪਣੇ ਆਪ ਨੂੰ ਧੰਨ ਕਰ ਰਹੀਆਂ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਦਿਲਾਂ ਵਿਚ ਅਨੰਦ ਉਛਾਲੇ ਮਾਰ ਰਿਹਾ ਸੀ। ਭਾਈ ਨਰਾਇਣ ਦਾਸ ਦੀ ਚਤੁਰ ਇਸਤਰੀ ਨੇ ਜਾਣੇ ਬਗੈਰ ਹੀ ਸਾਰਿਆਂ ਦਾ ਬਹੁਤ ਸਨਮਾਨ ਕੀਤਾ॥ ੩੧॥

ਬ੍ਰਿੰਦ ਮੇਲ ਘਰ ਬਿਖੈ ਸਕੇਲਾ। ਤਿਨ ਮੈਂ ਤੇ ਜਾਨਸਿ ਹਿਤ ਮੇਲਾ।
ਸੁਰਨਰ ਬੇਸ ਧਾਰਿ ਸਮੁਦਾਏ। ਮਿਲੇ ਆਨਿ ਬਹੁ ਸੇਵ ਕਮਾਏ॥ ੩੨॥

ਘਰ ਦੇ ਵਿਚ ਬਹੁਤ ਮੇਲ ਇਕੱਠਾ ਹੋਇਆ ਸੀ। ਦੇਵਤਿਆਂ ਦੀਆਂ ਇਸਤਰੀਆਂ ਬਾਰੇ ਭਾਈ ਨਰਾਇਣ ਦਾਸ ਦੀ ਇਸਤਰੀ ਨੇ ਇਹ ਸਮਝਿਆ ਕਿ ਘਰ ਵਿਚ ਇਕੱਠੇ ਮੇਲ ਵਿਚੋਂ ਇਹ ਵੀ ਕੋਈ ਹਿਤ ਵਾਲੀਆਂ ਮੇਲਣਾਂ ਹੀ ਹਨ। ਸਾਰੇ ਦੇਵਤੇ ਅਤੇ ਮਨੁੱਖ ਇਕੱਠੇ ਹੋ ਕੇ ਆ ਮਿਲੇ ਸਨ ਤੇ ਉਨ੍ਹਾਂ ਨੇ ਬਹੁਤ ਸੇਵਾ ਕੀਤੀ ਸੀ॥ ੩੨॥

ਜਥਾ ਜੋਗ ਸ੍ਰੀ ਅਰਜਨ ਤਹਾਂ। ਦਿਯੋ ਦਰਬ ਹਰਖੇ ਜਹਿਂ ਕਹਾਂ।
ਬਿੱਪ੍ਰ ਪ੍ਰਸੰਸਤਿ ਧਨ ਹਿਤ ਚਾਊ। ਕਿਤਿਕ ਸਰਾਹਹਿਂ ਧਰਿ ਧਰਿ ਭਾਊ॥ ੩੩॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਸਾਰਿਆਂ ਨੂੰ ਜਿੱਥੇ ਕਿੱਥੇ ਯਥਾ-ਯੋਗ ਧਨ ਦਿੱਤਾ। ਬ੍ਰਾਹਮਣ ਧਨ ਦਾ ਚਾਅ ਕਰਕੇ ਬਹੁਤ ਪ੍ਰਸੰਨ ਹੋ ਰਹੇ ਸਨ ਅਤੇ ਬੜਾ ਪ੍ਰੇਮ ਧਾਰ ਕੇ ਪ੍ਰਸੰਸਾ ਕਰ ਰਹੇ ਸਨ॥ ੩੩॥

ਸਾਖੋਚਾਰ ਉਚਾਰਨਿ ਕੀਨਿਸਿ। ਸੁਨਜੋ ਸਭਿਨਿ ਪੁਨਿ ਧਨ ਗਨ ਦੀਨਿਸਿ।
ਇਮ ਲਾਵਾਂ ਲੇ ਕਰਿ ਜਸੁ ਸਾਜਾ। ਬੀਚ ਬੇਦਿਕਾ ਉਠਜੋ ਸਮਾਜਾ॥ ੩੪॥

ਫਿਰ ਗੋਤ੍ਰਾਚਾਰ ਦਾ ਉਚਾਰਣ ਕੀਤਾ ਗਿਆ, ਸਾਰਿਆਂ ਨੇ ਜਦ ਸੁਣ ਲਿਆ ਤਾਂ ਫਿਰ ਧਨ ਦਿੱਤਾ। ਇਸ ਤਰ੍ਹਾਂ ਲਾਵਾਂ ਲੈ ਕੇ ਜੱਸ ਦੀ ਸਿਰਜਨਾ ਕੀਤੀ ਅਤੇ ਵੇਦੀ ਵਿਚੋਂ ਸਾਰੀ ਸਮੱਗਰੀ ਚੁੱਕ ਲਈ॥ ੩੪॥

ਸ੍ਰੀ ਅਰਜਨ ਗਮਨੇ ਜਨਵਾਸੇ। ਛੁਟਤਿ ਮਤਾਬੀ ਹੋਤਿ ਪ੍ਰਕਾਸ਼ੇ।
ਬ੍ਰਿੰਦ ਮਸਾਲੈਂ ਜ੍ਵਲਤਿ ਅਗਾਰੀ। ਬਾਜੇ ਬਜਹਿਂ ਉਠਤਿ ਧੁਨਿ ਭਾਰੀ॥ ੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਜੰਞ ਘਰ ਚਲੇ ਗਏ, ਮਹਿਤਾਬੀਆਂ ਚਲ ਰਹੀਆਂ ਸਨ ਅਤੇ ਪ੍ਰਕਾਸ਼ ਹੋ ਰਿਹਾ ਸੀ। ਬਹੁਤ ਮਸ਼ਾਲਾਂ ਅੱਗੇ ਜਲ ਰਹੀਆਂ ਸਨ: ਅਤੇ ਵਾਜੇ ਵੱਜ ਰਹੇ ਸਨ ਤੇ ਭਾਰੀ ਧੁਨਾਂ ਉਠ ਰਹੀਆਂ ਸਨ॥ ੩੫॥

ਆਇ ਥਿਰੇ ਜਨਵਾਸ ਮਝਾਰੇ। ਹਿਤ ਅਹਾਰ ਗੁਰੁ ਬਹੁਰ ਹਕਾਰੇ।
ਸਕਲ ਬਰਾਤਿ ਜਾਤਿ ਹਰਖੰਤੀ। ਆਤਸ਼ਬਾਜ਼ੀ ਬ੍ਰਿੰਦ ਛੁਟੰਤੀ॥ ੩੬॥

ਜੰਞ ਘਰ ਵਿਚ ਆ ਕੇ ਬੈਠ ਗਏ, ਫਿਰ ਭੋਜਨ ਕਰਨ ਵਾਸਤੇ ਗੁਰੂ ਜੀ ਨੂੰ ਬੁਲਾਇਆ ਗਿਆ। ਸਾਰੀ ਜੰਞ ਪ੍ਰਸੰਨ ਹੋ ਕੇ ਚੱਲ ਪਈ। ਬਹੁਤ ਆਤਸ਼ਬਾਜ਼ੀ ਚਲ ਰਹੀ ਸੀ॥ ੩੬॥

ਸੁੰਦਰ ਮੰਦਿਰ ਅੰਦਰ ਸਾਰੇ। ਸਾਦਰ ਕਹਿ ਕਹਿ ਪੰਤਿ ਬਿਠਾਰੇ।
ਪੁਨ ਚੌਕੀ ਪਰ ਆਸਨ ਡਾਸਾ। ਸਤਿਗੁਰੁ ਥਿਰੇ ਬਿਸਾਲ ਪ੍ਰਕਾਸ਼ਾ॥ ੩੭॥

ਸਾਰੇ ਸੁੰਦਰ ਘਰ ਦੇ ਅੰਦਰੇ ਚਲੇ ਗਏ, ਆਦਰ ਸਹਿਤ ਸਾਰਿਆਂ ਨੂੰ ਪੰਗਤਾਂ ਵਿਚ ਬਿਠਾ ਦਿੱਤਾ। ਫਿਰ ਇਕ ਚੌਕੀ ਦਾ ਆਸਣ ਡਾਹਿਆ ਗਿਆ, ਜਿਸ ਤੇ ਗੁਰੂ ਜੀ ਬਿਰਾਜਮਾਨ ਹੋ ਗਏ॥ ੩੭॥

ਪਰੁਸਨਿਹਾਰਿ ਆਇ ਸਮੁਦਾਏ। ਧਰੇ ਥਾਰ ਸਭਿਕੇ ਅਗੁਵਾਏ।
ਮੋਦਕ, ਖੁਰਮੇ ਨੁਗਦੀ ਘਨੀ। ਘੇਵਰ ਘ੍ਰਿਤ ਸਿਤਾ ਬਹੁ ਸਨੀ॥ ੩੮॥

ਪ੍ਰੋਸਣ ਵਾਲੇ ਇਕੱਠੇ ਹੋ ਕੇ ਆਏ ਤੇ ਸਾਰਿਆਂ ਦੇ ਅੱਗੇ ਮਠਿਆਈਆਂ ਰੱਖੀਆਂ। ਲੱਡੂ, ਖੁਰਮੇ, ਬੂੰਦੀ ਬਹੁਤ ਵਰਤਾਈ ਗਈ। ਘਿਉ ਦੀਆਂ ਬਣੀਆਂ ਹੋਈਆਂ ਬਹੁਤ ਮਠਿਆਈਆਂ ਤਿਆਰ ਕੀਤੀਆਂ ਗਈਆਂ ਸਨ॥ ੩੮॥

ਸ੍ਵਾਦਿਲ ਮਹਾਂ ਅੰਮ੍ਰਿਤੀ ਦੀਨਿ। ਮੇਵੇ ਬ੍ਰਿੰਦ ਮਿਲੌਨੀ ਕੀਨਿ।
ਤੁਰਤ ਪਰੋਸਜੋ ਚਤੁਰ ਨਿਚਾਰੂ। ਖਾਨਿ ਲਗੇ ਬਹੁ ਸ੍ਵਾਦਿ ਅਹਾਰੂ॥ ੩੯॥

ਬਹੁਤ ਸਵਾਦੀ ਅੰਮ੍ਰਿਤੀ ਵੀ ਦਿੱਤੀ ਗਈ। ਬਹੁਤ ਪ੍ਰਕਾਰ ਦੇ ਮੇਵੇ ਮਿਲਾਏ ਗਏ ਸਨ। ਚਤੁਰ ਮਨੁੱਖਾਂ ਨੇ ਤੁਰੰਤ ਸਾਰੇ ਪਦਾਰਥ ਪਰੋਸ ਦਿਤੇ ਤੇ ਸਾਰੇ ਜਾਂਞੀ ਬਹੁਤ ਸਵਾਦੀ ਭੋਜਨ ਛੱਕਣ ਲੱਗੇ॥ ੩੯॥

ਗਾਰਿ ਗੇਰਿ ਗੀਤਨਿ ਕੋ ਗਾਵੈਂ। ਸੁੰਦਰ ਰੀਤਨਿ ਸਭਿਨਿ ਸੁਨਾਵੈਂ।
ਬੈਠਿ ਝਰੋਖਨਿ ਕਹਿ ਕਹਿ ਨਾਮੂ। ਮਿਲੀ ਮਨੋਹਰ ਤ੍ਰਿਯ ਅਭਿਰਾਮੂ॥ ੪੦॥

ਇਸਤਰੀਆਂ ਸਿੱਠਣੀਆਂ ਪਾ ਕੇ ਗੀਤ ਗਾਉਂਦੀਆਂ ਸਨ, ਸੁੰਦਰ ਰੀਤੀਆਂ ਨਾਲ ਸਭ ਨੂੰ ਸੁਣਾਉਂਦੀਆਂ ਸਨ। ਝਰੋਖਿਆਂ ਵਿਚ ਬੈਠ ਕੇ ਨਾਂ ਲੈ ਲੈ ਕੇ ਗਾਉਂਦੀਆਂ ਸਨ। ਬਹੁਤ ਸੁੰਦਰ ਤੇ ਸੁੰਦਰ ਇਸਤਰੀਆਂ ਇਕੱਠੀਆਂ ਹੋਈਆਂ ਸਨ॥ ੪੦॥

ਨੋਟ:-ਇਹ ਕਦੇ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਦੇਵ ਜੀ ਵਰਗੇ ਮਹਾਂਪੁਰਖ ਦੇ ਸਾਹਮਣੇ ਕੋਈ ਸਿਠਣੀਆਂ ਦਿੰਦਾ ਜਾਂ ਗਾਲ੍ਹਾਂ ਕੱਢਦਾ ਹੋਵੇ।

ਸੁਨਤਿ ਮੁਦਤਿ ਗੁਰੁ ਸਹਤ ਸਮਾਜਾ। ਸਮੈਂ ਉਛਾਹ ਬਿਸਾਲ ਬਿਰਾਜਾ।
ਸੁਨਿ ਸੁਨਿ ਪਿਖਿ ਪਿਖ ਦੁਹਦਿਸ਼ ਹਰਖਹਿਂ। ਮਨਹੁਂ ਅਨੰਦ ਉਨਵ ਕਰਿ ਬਰਖਹਿਂ॥੪੧॥

ਇਹ ਸੁਣ ਕੇ ਗੁਰੂ ਜੀ ਬਾਕੀ ਜਾਂਞੀਆਂ ਸਹਿਤ ਬਹੁਤ ਪ੍ਰਸੰਨ ਹੋਏ, ਬੜਾ ਚਾਅ ਮਲਾਰ ਦਾ ਸਮਾਂ ਸੀ। ਦੋਵਾਂ ਪਾਸਿਆਂ ਦੇ ਲੋਕ ਸੁਣ-ਸੁਣ ਅਤੇ ਵੇਖ ਵੇਖ ਕੇ ਬਹੁਤ ਪ੍ਰਸੰਨ ਹੋ ਰਹੇ ਸਨ, ਮਾਨੋਂ ਆਨੰਦ ਦੀ ਵਰਖਾ ਹੋ ਰਹੀ ਸੀ॥ ੪੧॥

ਇਮ ਅਹਾਰ ਕੌ ਅਚਵਨਿ ਕੀਨਿ। ਉਠੀ ਬਰਾਤਿ ਲਾਗਿ ਧਨ ਦੀਨਿ।
ਪਾਇ ਉਛਿਸਟ ਬਿਖੈ ਬਹੁ ਦਰਬਾ। ਖਾਨ ਪਾਨ ਕਰਿ ਗਮਨੇ ਸਰਬਾ॥ ੪੨॥

ਇਸ ਤਰ੍ਹਾਂ ਸਾਰਿਆਂ ਨੇ ਭੋਜਨ ਛਕਿਆ। ਫਿਰ ਬਰਾਤ ਉੱਠ ਕੇ ਲਾਗੀਆਂ ਦਾ ਲਾਗ ਦੇਣ ਲੱਗੀ। ਜੂਠ ਵਾਸਤੇ ਵੀ ਬਹੁਤ ਧਨ ਦਿੱਤਾ ਅਤੇ ਖਾ ਪੀ ਕੇ ਸਾਰੇ ਚਲੇ ਗਏ॥੪੨॥

Sri Satguru Jagjit Singh Ji eLlibrary NamdhariElibrary@gmail.com

ਦੋਹਰਾ- ਜਨਵਾਸੇ ਮਹਿਂ ਜਾਇ ਗੁਰੁ, ਸੁਪਤੇ ਨਿਜ ਨਿਜ ਥਾਨ।
ਅਤਿ ਅਨੰਦ ਉਰ ਪਾਇ ਕਰਿ ਸਕਲ ਬਰਾਤ ਸੁ ਜਾਨ॥ ੪੩॥

ਜੰਞ ਘਰ ਵਿਚ ਜਾ ਕੇ ਗੁਰੂ ਜੀ ਅਤੇ ਜਾਂਞੀ ਆਪਣੇ ਆਪਣੇ ਸਥਾਨਾਂ ਤੇ ਸੌਂ ਗਏ। ਸਾਰੀ ਬਰਾਤ ਨੇ ਹਿਰਦੇ ਵਿਚ ਬਹੁਤ ਆਨੰਦ ਪ੍ਰਾਪਤ ਕਰਕੇ ਸਾਰੇ ਕਾਰਜ ਨੂੰ ਸ੍ਰੇਸ਼ਟ ਜਾਣਿਆ॥ ੪੩॥

*ਚੌਥੀ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੨॥*

## ਅਧਿਆਇ ਤੇਰ੍ਹਵਾਂ

### ਬਰਾਤ

ਦੋਹਰਾ-ਸੁਖ ਸੌਂ ਬੀਤੀ ਜਾਮਨੀ ਜਾਮ ਰਹੀ ਜਬਿ ਆਇ।
ਗਾਵਤਿ ਆਸਾ ਵਾਰ ਜੁਤ ਰਾਗਨਿ ਕੇ ਸਮੁਦਾਇ॥ ੧॥

ਸਾਰੀ ਰਾਤ ਸੁੱਖ ਅਨੰਦ ਨਾਲ ਬੀਤ ਗਈ, ਜਦ ਇਕ ਪਹਿਰ ਰਾਤ ਰਹਿ ਗਈ ਤਾਂ ਕੀਰਤਨੀਏ ਸਿੱਖ ਇਕੱਠੇ ਹੋ ਕੇ ਆਸਾ ਦੀ ਵਾਰ ਦਾ ਕੀਰਤਨ ਕਰਨ ਲੱਗੇ॥ ੧॥

ਹਾਕਲ ਛੰਦ-ਗੁਰ ਉਠਿ ਕਰਿ ਸੌਚਿ ਸ਼ਨਾਨੇ। ਪੁਨ ਬੈਠੇ ਏਕਲ ਥਾਨੇ।
ਨਿਜ ਰੂਪ ਬਿਖੇ ਲਿਵਲਾਈ। ਮਨ ਥਿਰਜੋ ਸਮਾਧਿ ਲਗਾਈ॥ ੨॥

ਗੁਰੂ ਜੀ ਨੇ ਉੱਠ ਕੇ ਸੌਚ ਇਸ਼ਨਾਨ ਕੀਤਾ, ਫਿਰ ਇਕਾਂਤ ਵਿਚ ਬੈਠ ਗਏ। ਆਪਣੇ ਨਿਜੀ ਰੂਪ ਵਿਖੇ ਲਿਵ ਲਾਈ ਅਤੇ ਸਮਾਧੀ ਲਾਉਣ ਨਾਲ ਮਨ ਸਥਿਰ ਹੋ ਗਿਆ॥ ੨॥

ਤਬਿ ਪ੍ਰਾਤਕਾਲ ਹੁਇ ਗਇਊ। ਸਭਿ ਸੌਚਾ ਚਾਰੀ ਭਇਊ।
ਗਨ ਬਾਦਿਤ ਬਾਜ ਬਿਲੰਦੇ। ਤਬਿ ਉਠਿ ਸ਼੍ਰੀ ਹਰਿ ਗੋਵਿੰਦੇ॥ ੩॥

ਫਿਰ ਸਵੇਰ ਹੋ ਗਈ, ਸਾਰੇ ਹੀ ਸੌਚ ਇਸ਼ਨਾਨ ਆਦਿ ਆਚਾਰ ਵਾਲੇ ਹੋ ਗਏ। ਵਾਜੇ ਬੜੀ ਉੱਚੀ ਆਵਾਜ਼ ਵਿਚ ਵੱਜ ਰਹੇ ਸਨ, ਤਦ ਸ੍ਰੀ ਹਰਿਗੋਬਿੰਦ ਸਾਹਿਬ ਉੱਠ ਪਏ॥ ੩॥

ਕਰਿ ਸੌਚ ਸ਼ਨਾਨ ਮਹਾਨਾ। ਤਨ ਬਸਤ੍ਰ ਪਹਿਰ ਦੁਤਿ ਨਾਨਾ।
ਦਿਨ ਚਢੇ ਦਿਵਾਨ ਲਗਾਯੋ। ਸਿਖ ਸੰਗਤਿ ਬਹੁ ਛਬਿ ਪਾਯੋ॥ ੪॥

ਮਹਾਨ ਸੌਚ ਇਸ਼ਨਾਨ ਕਰਕੇ, ਗਲ ਵਿਚ ਕਈ ਪ੍ਰਕਾਰ ਦੇ ਸੁੰਦਰ ਕਪੜੇ ਪਾ ਲਏ, ਦਿਨ ਚੜ੍ਹਨ ਤੇ ਦੀਵਾਨ ਲਗਾਇਆ ਗਿਆ। ਸਾਰੀ ਸਿੱਖ ਸੰਗਤ ਬੜੀ ਸ਼ੋਭਾ ਪਾ ਰਹੀ ਸੀ॥ ੪॥

ਥਿਤ ਬ੍ਰਿੰਦ ਮਸੰਦ ਮਝਾਰੇ। ਗਨ ਧਨੀ ਤਹਾਂ ਪਰਵਾਰੇ।
ਬ੍ਰਿਧ ਸਾਲੋ ਅਰੁ ਗੁਰਦਾਸੂ। ਕੱਲਜਾਨ ਆਦਿ ਸਭਿ ਪਾਸੂ॥ ੫॥

ਸਾਰੇ ਮਸੰਦ ਵੀ ਵਿਚ ਬੈਠੇ ਹੋਏ ਸਨ, ਜਿਨ੍ਹਾਂ ਦੇ ਪਰਿਵਾਰ ਬਹੁਤ ਧਨੀ ਸਨ। ਬਾਬਾ ਬੁੱਢਾ ਜੀ, ਭਾਈ ਸਾਲ੍ਹੋ ਜੀ, ਭਾਈ ਗੁਰਦਾਸ ਜੀ ਅਤੇ ਭਾਈ ਕਲਿਆਨ ਆਦਿ ਸਭ ਪਾਸ ਬੈਠੇ ਸਨ॥ ੫॥

ਥਿਤ ਮਹਾਂਦੇਵ ਗੁਰ ਤੀਰਾ। ਜਿਮ ਬੂਝਤਿ ਭਾਖਤਿ ਧੀਰਾ।
ਤਬਿ ਡੱਲੇ ਗ੍ਰਾਮ ਮਝਾਰੀ। ਸਿਖ ਸੰਗਤਿ ਬਸਹਿ ਸੁ ਸਾਰੀ ॥੬॥

ਬਾਬਾ ਮਹਾਂਦੇਵ ਜੀ ਗੁਰੂ ਜੀ ਦੇ ਪਾਸ ਬੈਠੇ ਸਨ, ਜਿਵੇਂ ਪੁੱਛਦੇ ਉਸ ਦਾ ਉੱਤਰ ਧੀਰਜ ਨਾਲ ਦਿੰਦੇ ਸਨ। ਤਦ ਡੱਲੇ ਪਿੰਡ ਦੀ ਸਾਰੀ ਸੰਗਤ, ਜਿੰਨੀ ਵੀ ਨਗਰ ਵਿਚ ਵੱਸਦੀ ਸੀ॥ ੬॥

ਹੁਇ ਇਕਠੀ ਲੇ ਗੁਰ ਕਾਰੀ। ਕਰਿ ਅਪਰ ਉਪਾਇਨ ਧਾਰੀ।
ਧਰਿ ਭਾਉ ਦਰਸ ਕੋ ਆਏ। ਜੋ ਸਿੱਖ ਕਦੀਮੀ ਗਾਏ ॥੭॥

ਇਕੱਠੇ ਹੋ ਕੇ ਉਪਹਾਰ ਲੈ ਕੇ ਆਏ, ਇਹ ਭੇਟਾਵਾਂ ਉਨ੍ਹਾਂ ਆਪਣੇ ਹੱਥਾਂ ਵਿਚ ਧਾਰਨ ਕੀਤੀਆਂ ਹੋਈਆਂ ਸਨ, ਬਹੁਤ ਪ੍ਰੇਮ ਧਾਰਨ ਕਰਕੇ ਦਰਸ਼ਨਾਂ ਵਾਸਤੇ ਆਏ। ਜਿਹੜੇ ਕਈ ਪੁਰਾਣੇ ਸਿੱਖ ਸਨ॥ ੭॥

ਗੁਰੂ ਅੰਗਦ ਅਮਰ ਸਧੀਰਾ। ਹਿਤ ਸੇਵਾ ਰਹੇ ਜੁ ਤੀਰਾ।
ਗਨ ਧਰੀ ਅਕੋਰ ਅਗਾਰੀ। ਕਰ ਬੰਦਤਿ ਬੰਦਨ ਧਾਰੀ ॥੮॥

ਜਿਹੜੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਦੇ ਵੇਲੇ ਦੇ ਸਨ, ਜਿਹੜੇ ਸੇਵਾ ਵਾਸਤੇ ਗੁਰੂ ਜੀ ਦੇ ਪਾਸ ਰਹਿੰਦੇ ਸਨ। ਉਨ੍ਹਾਂ ਨੇ ਬਹੁਤ ਉਪਹਾਰ ਗੁਰੂ ਜੀ ਦੇ ਅੱਗੇ ਧਰੇ ਅਤੇ ਹੱਥ ਜੋੜ ਕੇ ਬੰਦਨਾ ਕੀਤੀ॥ ੮॥

ਸਿਖ ਸ਼ਰਧਾਵਾਨ ਅਨੇਕਾ। ਜਿਨ ਰਿਦੈ ਬਿਸਾਲ ਬਿਬੇਕਾ।
ਅਸ ਜਾਨਿ ਗੁਰੂ ਸਨਮਾਨੇ। ਢਿਗ ਬੈਠੇ ਹਰਖ ਮਹਾਂਨੇ ॥੯॥

ਅਨੇਕਾਂ ਸਿੱਖ ਸ਼ਰਧਾਵਾਨ ਸਨ, ਜਿਨ੍ਹਾਂ ਦੇ ਹਿਰਦੇ ਵਿਚ ਵਿਸ਼ਾਲ ਗਿਆਨ ਸੀ। ਇਸ ਤਰ੍ਹਾਂ ਜਾਣ ਕੇ ਗੁਰੂ ਜੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ, ਉਹ ਗੁਰੂ ਜੀ ਪਾਸ ਬਹੁਤ ਪ੍ਰਸੰਨ ਹੋ ਕੇ ਬੈਠੇ ਸਨ॥ ੯॥

ਜੋ ਭਏ ਪ੍ਰਥਮ ਸਿਖ ਧੀਰਾ। ਸੋ ਬੂਝੇ ਗੁਨੀ ਗਹੀਰਾ।
'ਕੋ ਭਯੋ ਮਹਦ ਗੁਰੁ ਪਯਾਰੋ ?। ਸੋ ਹਮਰੇ ਪਾਸ ਉਚਾਰੋ ॥੧੦॥

ਜਿਹੜੇ ਧੀਰਜਵਾਨ ਪਹਿਲੀ ਵਾਰ ਸਿੱਖ ਬਣੇ ਸਨ, ਉਨ੍ਹਾਂ ਬਾਰੇ ਗੁਰੂ ਜੀ ਨੇ ਪੁਛਿਆ, "ਏਥੇ ਜਿਹੜੇ ਗੁਰੂ ਜੀ ਨੂੰ ਪਿਆਰ ਕਰਨ ਵਾਲੇ ਵੱਡੇ ਸਿੱਖ ਹੋਏ ਹਨ, ਉਨ੍ਹਾਂ ਦੇ ਨਾਂ ਸਾਡੇ ਪਾਸ ਦੱਸੋ"॥ ੧੦॥

ਸੁਨਿ ਸਿੱਖਜਨਿ ਜੋਰੇ ਹਾਥਾ। 'ਇਸ ਗ੍ਰਾਮ ਦਾਸ ਗਨ ਨਾਥਾ।
ਭਾ ਲਾਲੋ, ਭਾਈ ਧੀਰਾ। ਗੁਨ ਸਿੱਖੀ ਕੇ ਭਰਪੂਰਾ ॥ ੧੧ ॥

ਇਹ ਸੁਣ ਕੇ ਸਿੱਖਾਂ ਨੇ ਹੱਥ ਜੋੜ ਕੇ ਕਿਹਾ, " ਹੇ ਨਾਥ ਜੀ ! ਇਸ ਪਿੰਡ ਵਿਚ ਗੁਰੂ ਜੀ ਦੇ ਬਹੁਤ ਸੇਵਕ ਹੋਏ ਹਨ। ਭਾਈ ਲਾਲੋ ਜੀ ਵੱਡੇ ਧੀਰਜਵਾਨ ਸਿੱਖ ਹੋਏ ਹਨ। ਉਹ ਸਿੱਖੀ ਦੇ ਗੁਣਾਂ ਵਿਚ ਭਰਪੂਰ ਸੀ॥ ੧੧॥

ਜੋ ਰਾਵਰਿ ਬਖਸ਼ਿਸ਼ ਕੀਨੀ। ਸਿਖ ਬਹਿਲੋ ਹਿਤ ਕਰਿ ਲੀਨੀ।
ਸ੍ਰੀ ਅਮਰਦਾਸ ਸਭਿ ਸੋਈ। ਢਿਗ ਲਾਲੋ ਕੇ ਦਈ ਜੋਈ ॥੧੨॥

ਜੋ ਆਪ ਜੀ ਨੇ ਬਖਸ਼ਿਸ਼ ਕੀਤੀ, ਉਹ ਭਾਈ ਬਹਿਲੋ ਨੇ ਬੜੇ ਪਿਆਰ ਨਾਲ ਲਈ। ਸ੍ਰੀ ਗੁਰੂ ਅਮਰਦਾਸ ਜੀ ਦੇ ਜਿਹੜੇ ਸਿੱਖ ਹੋਏ ਹਨ, ਉਹ ਸਾਰੇ ਭਾਈ ਲਾਲੋ ਜੀ ਪਾਸ ਰਹਿੰਦੇ ਸਨ॥ ੧੨॥

ਅਸ ਸਿੱਖ ਅਪਰ ਗਨ ਹੋਏ। ਜੋ ਗਿਨਿਬੇ ਤੇਂ ਬਹੁ ਜੋਏ।
ਇਕ ਭਯੋ ਸੁ ਭਾਈ ਪਾਰੋ। ਗੁਰੁ ਅਮਰ ਕੇਰਿ ਬਹੁ ਪਯਾਰੋ ॥੧੩॥

ਇਸ ਤਰ੍ਹਾਂ ਹੋਰ ਵੀ ਬਹੁਤ ਸਿੱਖ ਹੋਏ ਹਨ, ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਕ ਭਾਈ ਪਾਰੋ ਹੋਇਆ ਹੈ, ਉਸ ਦਾ ਗੁਰ ਅਮਰਦਾਸ ਜੀ ਨਾਲ ਬਹੁਤ ਪਿਆਰ ਸੀ॥ ੧੩॥

ਤਿਸ ਊਪਰ ਅਧਿਕ ਪ੍ਰਸੰਨੇ। ਗੁਰੁ ਭਾਣਾ ਜਿਨ ਮਨ ਮੰਨੇ।
ਉਰ ਗਯਾਨ ਮਹਿਦ ਗੰਭੀਰੰ। ਨਿਤ ਨਿਸ਼ਚਲ ਮਨ, ਉਰ ਧੀਰੰ ॥੧੪॥

ਗੁਰੂ ਅਮਰਦਾਸ ਜੀ ਉਸ ਉੱਪਰ ਬਹੁਤ ਪ੍ਰਸੰਨ ਸਨ, ਭਾਈ ਪਾਰੋ ਗੁਰੂ ਦੇ ਭਾਣੇ ਨੂੰ ਆਪਣੇ ਮਨ ਵਿਚ ਚੰਗੀ ਤਰ੍ਹਾਂ ਮੰਨਦੇ ਸਨ। ਉਸ ਦੇ ਹਿਰਦੇ ਵਿਚ ਵੱਡਾ ਗੰਭੀਰ ਗਿਆਨ ਸੀ। ਮਨ ਸਦਾ ਨਿਸ਼ਚਲ ਰਹਿੰਦਾ ਸੀ ਅਤੇ ਹਿਰਦੇ ਵਿਚ ਧੀਰਜ ਧਾਰ ਕੇ ਰੱਖਦੇ ਸਨ॥ ੧੪॥

ਤਿਸ ਗੁਰਤਾ ਦੇਵਨਿ ਲਾਗੇ। ਨਹਿਂ ਮਾਨੀ ਮਨ ਬਡਭਾਗੇ।
ਕਰ ਜੋਰਤਿ ਬਿਨੈ ਬਖਾਨੇ। 'ਹਮ ਸਿੱਖੀ ਮਹਿਂ ਮਨ ਮਾਨੇ॥ ੧੫॥

ਗੁਰੂ ਅਮਰਦਾਸ ਜੀ ਉਸ ਨੂੰ ਗੁਰਤਾ ਦੇਣ ਲੱਗੇ, ਪਰ ਭਾਈ ਪਾਰੋ ਨੇ ਗੁਰਤਾ ਲੈਣੀ ਨਾ ਮੰਨੀ। ਹੱਥ ਜੋੜ ਕੇ ਬੇਨਤੀ ਕੀਤੀ, "ਸਾਡਾ ਮਨ ਗੁਰਸਿੱਖੀ ਵਿਚ ਰਹਿਣਾ ਹੀ ਮੰਨਦਾ ਹੈ॥ ੧੫॥

ਇਹ ਤੁਮ ਕੋ ਹੀ ਬਨਿ ਆਵੈ। ਹਮ ਸੇਵਕ ਸੇਵ ਕਮਾਵੈਂ।
ਸੁਨਿ ਅਮਰਦਾਸ ਗੁਰੁ ਭਾਖਾ। 'ਜੇ ਤੇਰੀ ਅਸ ਅਭਿਲਾਖਾ॥ ੧੬॥

ਇਹ ਤੁਹਾਨੂੰ ਹੀ ਬਣ ਆਉਂਦਾ ਹੈ, ਅਸੀਂ ਸੇਵਕਾਂ ਨੇ ਤਾਂ ਸੇਵਾ ਦੀ ਕਮਾਈ ਕਰਨੀ ਹੈ" ਗੁਰੂ ਜੀ ਨੇ ਕਿਹਾ, "ਜੇ ਤੇਰੀ ਅਜਿਹੀ ਅਭਿਲਾਸ਼ਾ ਹੈ॥ ੧੬॥

ਤੌ ਤਨੁ ਕੋ ਤਯਾਗ ਸਮਾਵੋ। ਗੁਰੁ ਬਿਖੇ ਏਕਤਾ ਪਾਵੋ'।
ਇਮ ਆਗਯਾ ਸੁਨਿ ਘਰ ਆਯੋ। ਤਤਛਿਨ ਤਨੁ ਤਜਯੋ ਸਮਾਯੋ ॥੧੭॥

ਤਾਂ ਤਨ ਨੂੰ ਛੱਡ ਕੇ ਸਮਾ ਜਾਵੋ ਅਤੇ ਗੁਰੂ ਨਾਲ ਇਕ-ਮਿਕ ਹੋ ਜਾਵੋ।" ਇਸ ਤਰ੍ਹਾਂ ਸੁਣ ਕੇ ਆਪਣੇ ਘਰ ਨੂੰ ਆ ਗਿਆ। ਤੁਰੰਤ ਤਨ ਛੱਡ ਕੇ ਪ੍ਰਭੂ ਵਿਚ ਸਮਾ ਗਿਆ॥ ੧੭॥

ਇਕ ਬੜਵਾ ਚਪਲ ਬਲੀ ਹੈ। ਜਿਹ ਸਮ ਨਹਿਂ ਔਰ, ਭਲੀ ਹੈ।
ਸੋ ਅਮਰ ਗੁਰੂ ਢਿਗ ਭੇਜੀ। ਨਹਿਂ ਅਪਰ ਚਢਨਿ ਦੇ ਤੇਜੀ॥ ੧੮॥

ਉਸ ਪਾਸ ਇਕ ਬਲਵਾਨ ਅਤੇ ਚੰਚਲ ਘੋੜੀ ਸੀ, ਜਿਸ ਵਰਗੀ ਹੋਰ ਕੋਈ ਘੋੜੀ ਨਹੀਂ ਸੀ। ਉਸ ਘੋੜੀ ਨੂੰ ਉਸ ਸ੍ਰੀ ਗੁਰੂ ਅਮਰਦਾਸ ਜੀ ਪਾਸ ਭੇਜ ਦਿੱਤਾ। ਉਹ ਘੋੜੀ ਏਨੀਂ ਤੇਜ਼ ਸੀ, ਕਿ ਕਿਸੇ ਹੋਰ ਨੂੰ ਚੜ੍ਹਨ ਨਹੀਂ ਸੀ ਦਿੰਦੀ॥ ੧੮॥

ਪਿਖਿ ਅਪਨੇ ਢਿਗ ਰਖਿ ਲੀਨੀ। ਗੁਰੁ ਰਾਮਦਾਸ ਕੋ ਦਾਨੀ।
ਸ੍ਰੀ ਅੰਮ੍ਰਿਤਸਰ ਕੇ ਥਾਨਾ। ਤਿਸ ਚਢਿਕੈ ਕੀਨਸਿ ਪਯਾਨਾ॥ ੧੯॥

ਗੁਰੂ ਅਮਰਦਾਸ ਨੇ ਵੇਖ ਕੇ ਆਪਣੇ ਪਾਸ ਰੱਖ ਲਈ ਤੇ ਫਿਰ ਗੁਰੂ ਰਾਮਦਾਸ ਜੀ ਨੂੰ ਦਾਨ ਕਰ ਦਿੱਤੀ। ਗੁਰੂ ਰਾਮਦਾਸ ਜੀ ਉਸ ਉਤੇ ਚੜ੍ਹ ਕੇ ਅੰਮ੍ਰਿਤਸਰ ਨੂੰ ਜਾਂਦੇ ਸਨ॥ ੧੯॥

ਦੋਹਰਾ-ਸੋ ਭਾਈ ਪਾਰੋ ਭਯੋ ਬਡੋ ਨਰਾਇਣ ਦਾਸ।
ਜਿਸ ਕੀ ਤਨੁਜਾ ਨਿਜ ਤਨੁਜ ਬਯਾਹੀ ਧਰੇ ਹੁਲਾਸ ॥੨੦॥

ਇਸ ਤਰ੍ਹਾਂ ਭਾਈ ਪਾਰੋ ਜੀ ਭਾਈ ਨਰਾਇਣ ਦਾਸ ਦੇ ਵਡੇਰੇ ਹੋਏ ਹਨ, ਜਿਸ ਦੀ ਪੁੱਤਰੀ ਤੁਸੀਂ ਆਪਣੇ ਪੁੱਤਰ ਨਾਲ ਬੜਾ ਪ੍ਰੇਮ ਧਾਰ ਕੇ ਵਿਆਹੀ ਹੈ॥ ੨੦॥

ਹਾਕਲ ਛੰਦ-ਅਬਿ ਸਭਿ ਸਿੱਖਨਿ ਕੀ ਬਿਨਤੀ। ਜਿਮ ਆਏ ਮਿਲਿ ਕਰਿ ਗਿਨਤੀ।
ਸੋ ਸੁਨੀਅਹਿ ਕਰਿ ਨਿਰਧਾਰਾ। ਇਤਿ ਆਵਨ ਭਯੋ ਤੁਮਾਰਾ॥ ੨੧॥

ਹੁਣ ਸਾਰੀ ਸੰਗਤ ਦੀ ਆਪ ਜੀ ਪਾਸ ਬੇਨਤੀ ਹੈ, ਅਸੀਂ ਸਾਰੇ ਮਿਲ ਕੇ ਵਿਚਾਰ ਬਣਾ ਕੇ ਆਏ ਹਾਂ। ਇਸ ਲਈ ਸਾਡੀ ਗੱਲ ਚੰਗੀ ਤਰ੍ਹਾਂ ਸੁਣੋ, ਏਥੇ ਤੁਹਾਡਾ ਹੁਣ ਆਉਣਾ ਹੋਇਆ ਹੈ॥ ੨੧॥

ਕੁਛ ਕੀਜਹਿ ਚਿੰਨ੍ਹ ਦਿਖਾਈਂ। ਸਿਖ ਹੇਰੈਂ ਸੀਸ ਨਿਵਾਈ'।
ਸ੍ਰੀ ਅਰਜਨ ਸੁਨਤਿ ਪ੍ਰਸੰਨੇ। 'ਗੁਰੁ ਸਿੱਖਜਨਿ ਮਹਿਮਾ ਧੰਨੇ॥ ੨੨॥

ਇਸ ਥਾਂ ਆਪਣੀ ਕੋਈ ਯਾਦਗਾਰ ਛੱਡ ਜਾਵੋ, ਜਿਸ ਨੂੰ ਵੇਖ ਕੇ ਸਿੱਖ ਸਿਰ ਨਿਵਾਉਣ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਗੁਰੂ ਦੇ ਸਿੱਖਾਂ ਦੀ ਮਹਿਮਾ ਧੰਨ ਹੈ॥ ੨੨॥

ਨਿਤ ਚਾਹਤਿ ਪਰਉਪਕਾਰਾ। ਹਮ ਬਚਨ ਮਾਨਿਬੋ ਧਾਰਾ।
ਜਬਿ ਜਾਮ ਰਹੈ ਦਿਨ ਆਈ। ਤਬਿ ਕਰੈਂ ਜਿ ਤੁਮਹੁ ਅਲਾਈ' ॥੨੩॥

ਸਿੱਖ ਸਦਾ ਹੀ ਪਰਉਪਕਾਰ ਚਾਹੁੰਦੇ ਹਨ, ਅਸੀਂ ਤੁਹਾਡਾ ਬਚਨ ਮੰਨ ਲਿਆ ਹੈ। ਜਦ ਇਕ ਪਹਿਰ ਦਿਨ ਰਹਿ ਜਾਵੇ ਤਾਂ ਉਸ ਤਰ੍ਹਾਂ ਕਰਾਂਗੇ ਜਿਵੇਂ ਤੁਸੀਂ ਕਿਹਾ ਹੈ"॥ ੨੩॥

ਇਮ ਕਹਯੋ ਗੁਰੂ ਅਰੁ ਸੰਗਤਿ। ਜਹਿਂ ਨਰਨਿ ਹਜ਼ਾਰਹੁਂ ਪੰਗਤਿ।
ਸਿਖ ਗਮਨੇ ਨਮਹੁ ਕਰੰਤੇ। ਸ਼ਰਧਾ ਉਰ ਭਾਉ ਧਰੰਤੇ॥ ੨੪॥

ਇਸ ਤਰ੍ਹਾਂ ਗੁਰੂ ਜੀ ਅਤੇ ਸੰਗਤ ਨੇ ਕਿਹਾ, ਜਿੱਥੇ ਹਜ਼ਾਰਾਂ ਲੋਕ ਪੰਗਤ ਵਿਚ ਬੈਠੇ ਸਨ। ਸਿੱਖ ਨਮਸਕਾਰ ਕਰਕੇ ਚਲੇ ਗਏ। ਹਿਰਦੇ ਵਿਚ ਉਨ੍ਹਾਂ ਬੜਾ ਪ੍ਰੇਮ ਅਤੇ ਸ਼ਰਧਾ ਧਾਰਨ ਕੀਤੀ ਹੋਈ ਸੀ॥ ੨੪॥

ਗਨ ਮੰਗਤਿ ਜਨ ਤਬਿ ਆਏ। ਬਹੁ ਗ੍ਰਾਮਨਿ ਭੇ ਇਕ ਥਾਏਂ।
ਤਿਸ ਕਾਲ ਬਿਖੇ ਜਸ ਜਾਚੇ। ਤਸ ਦੇਤਿ ਤੁਰਤ ਗੁਰੁ ਸਾਚੇ॥ ੨੫॥

ਫਿਰ ਬਹੁਤ ਮੰਗਤੇ ਆਏ, ਬਹੁਤ ਪਿੰਡਾਂ ਦੇ ਮੰਗਤੇ ਇਸ ਥਾਂ ਇਕੱਠੇ ਹੋਏ ਸਨ, ਉਸ ਸਮੇਂ ਜੋ ਕੁਝ ਵੀ ਉਹ ਮੰਗਦੇ ਸਨ, ਓਹੋ ਕੁਝ ਗੁਰੂ ਜੀ ਤੁਰਤ ਦੇ ਰਹੇ ਸਨ॥ ੨੫॥

ਗਨ ਢਾਢੀ, ਭਾਟ, ਕਲਾਵਤਿ। ਬਹੁ ਡੂਮ, ਬਿੱਪ੍ਰ ਧਨੁ ਪਾਵਤਿ।
ਹੁਇ ਹਰਖਤਿ ਦੇਤਿ ਅਸੀਸਾ। 'ਗੁਰ ਨੰਦ ਜਿਵਹੁ ਜੁਗ ਬੀਸਾ' ॥੨੬॥

ਢਾਢੀ, ਭੱਟ, ਕਲੌਂਤ, ਡੂਮ, ਬ੍ਰਾਹਮਣ ਆਦਿ ਧਨ ਪ੍ਰਾਪਤ ਕਰ ਰਹੇ ਸਨ, ਬਹੁਤ ਖ਼ੁਸ਼ ਹੋ ਕੇ ਅਸੀਸਾਂ ਦੇ ਰਹੇ ਸਨ, "ਗੁਰੂ ਜੀ ਦਾ ਪੁੱਤਰ ਵੀਹਾਂ ਜੁੱਗਾਂ ਤਕ ਜੀਉਂਦਾ ਰਹੇ"॥ ੨੬॥

ਗਨ ਰੰਕਨਿ ਕੌ ਧਨ ਦੀਨਾ। ਜਸੁ ਕਰਤਿ ਜਾਤਿ ਸਭਿ ਲੀਨਾ।
ਇਮ ਦੇਤਿ ਢਰਯੋ ਦਿਨ ਜਾਏ। ਹਿਤ ਅਸਨ ਹਕਾਰਨਿ ਆਏ॥੨੭॥

ਗਰੀਬ ਲੋਕਾਂ ਨੂੰ ਬਹੁਤ ਧਨ ਦੇ ਰਹੇ ਸਨ, ਜੱਸ ਕਰਦੇ ਧਨ ਲੈ ਕੇ ਜਾ ਰਹੇ ਸਨ, ਇਸ ਤਰ੍ਹਾਂ ਧਨ ਦਿੰਦਿਆਂ ਦਿਨ ਢਲ ਗਿਆ, ਫਿਰ ਭੋਜਨ ਵਾਸਤੇ ਬੁਲਾਉਣ ਆਏ॥ ੨੭॥

ਕਰਿ ਦੂਲਹੁ ਸਭਿਨਿ ਅਗਾਰੀ। ਪੁਨ ਚਲੀ ਬਰਾਤਿ ਪਿਛਾਰੀ।
ਘਰ ਗਏ ਨਰਾਇਨ ਦਾਸੇ। ਬਡਿ ਧੂਮ ਧਾਮ ਚਹੁਂ ਪਾਸੇ॥ ੨੮॥

ਲਾੜੇ ਨੂੰ ਸਾਰਿਆਂ ਦੇ ਅੱਗੇ ਲਾ ਕੇ, ਬਰਾਤ ਪਿੱਛੇ-ਪਿੱਛੇ ਚਲ ਪਈ। ਭਾਈ ਨਰਾਇਣ ਦਾਸ ਦੇ ਘਰ ਪਹੁੰਚ ਗਏ। ਚਾਰੇ ਪਾਸੇ ਬਹੁਤ ਧੂਮ-ਧਾਮ ਸੀ॥ ੨੮॥

Sri Satguru Jagjit Singh Ji eLlibrary NamdhariElibrary@gmail.com

ਹਰਿ ਗੋਵਿੰਦ ਰੂਪ ਸੁਹੰਤਾ। ਸਿਰ ਊਪਰਿ ਛਤਰ ਝੁਲੰਤਾ।
ਗੁਰੁ ਅਰਜਨ ਪਰ ਦੁਤਿਵਾਰੂ। ਕਰਿ ਚਮਰ ਢੁਰਾਵਤਿ ਚਾਰੁ॥ ੨੯॥

ਸ੍ਰੀ ਹਰਿਗੋਬਿੰਦ ਸਾਹਿਬ ਦਾ ਰੂਪ ਬਹੁਤ ਸ਼ੋਭਾ ਪਾ ਰਿਹਾ ਸੀ ਤੇ ਉਸ ਦੇ ਸਿਰ ਉਤੇ ਛੱਤਰ ਝੁਲ ਰਿਹਾ ਸੀ। ਗੁਰੂ ਅਰਜਨ ਦੇਵ ਜੀ ਬਹੁਤ ਸ਼ੋਭਾਵਾਨ ਦਿਖਾਈ ਦੇ ਰਹੇ ਸਨ, ਸੇਵਕ ਸੁੰਦਰ ਚੌਰ ਫੇਰ ਰਹੇ ਸਨ॥ ੨੯॥

ਸਭਿ ਬਸਨ ਬਿਭੂਖਨ ਆਛੇ। ਨਰ ਸਭਿ ਬਰਾਤ ਮੈਂ ਕਾਛੇ।
ਤਬਿ ਮੰਦਰ ਅੰਦਰ ਗਮਨੇ। ਕਰਿ ਪੰਕਤਿ ਬੈਠੇ ਰਵਨੇ॥ ੩੦॥

ਸਾਰੇ ਵਸਤਰ ਅਤੇ ਗਹਿਣੇ ਬਹੁਤ ਸੁੰਦਰ ਸਨ। ਬਰਾਤ ਦੇ ਸਾਰੇ ਜਾਂਝੀ ਬਹੁਤ ਫੱਬ ਰਹੇ ਸਨ। ਤਦ ਘਰ ਦੇ ਅੰਦਰ ਚਲੇ ਗਏ ਅਤੇ ਸਾਰੇ ਪੰਗਤਾਂ ਵਿਚ ਬੈਠ ਗਏ॥ ੩੦॥

ਤਬਿ ਆਏ ਪਰੋਸਨਿਹਾਰੇ। ਜਲ ਲੇ ਕਰਿ ਹਾਥ ਪਖਾਰੇ।
ਸਭਿ ਕੇਰਿ ਅਗਾਰੀ ਥਾਰਾ। ਬਹੁ ਸ੍ਵਾਦਿਲ ਪਾਇ ਅਹਾਰਾ॥ ੩੧॥

ਫਿਰ ਖਾਣਾ ਪਰੋਸਣ ਵਾਲੇ ਆਏ, ਪਹਿਲਾਂ ਉਨ੍ਹਾਂ ਜਲ ਲੈ ਕੇ ਹੱਥ ਧੁਆਏ। ਸਾਰਿਆਂ ਦੇ ਅੱਗੇ ਥਾਲ ਧਰ ਦਿੱਤੇ ਅਤੇ ਬਹੁਤ ਸਵਾਦੀ ਭੋਜਨ ਵਰਤਾ ਰਹੇ ਸਨ॥ ੩੧॥

ਜੋ ਸਪਤਿ ਬਿਧਿਨਿ ਪਕਵਾਨਾ। ਬਿਚ ਮੇਵੇ ਮਿਲੇ ਮਹਾਨਾ।
ਦਧਿ ਸੰਗ ਬਿਸਾਲ ਮਸਾਲੇ। ਗਨ ਬਰੇ ਪਕੌਰੇ ਡਾਲੇ॥ ੩੨॥

ਜਿਹੜੇ ਸੱਤ ਵਿਧੀਆਂ ਦੇ ਪਕਵਾਨ ਸਨ, ਉਨ੍ਹਾਂ ਵਿਚ ਬਹੁਤ ਮੇਵੇ ਮਿਲੇ ਹੋਏ ਸਨ। ਦਹੀਂ ਵਿਚ ਕਈ ਪ੍ਰਕਾਰ ਦੇ ਮਸਾਲੇ ਪਾਏ ਹੋਏ ਸਨ ਜਿਸ ਵਿਚ ਬਹੁਤ ਵੜੇ ਅਤੇ ਪਕੌੜੇ ਪਾਏ ਹੋਏ ਸਨ॥ ੩੨॥

ਸਭਿ ਅਚਤੇ ਸਾਦ ਸਰਾਹੇ। ਪੁਨ ਸੂਖਮ ਚਾਵਰ ਚਾਹੇ।
ਜੁਗ ਰੀਤਨਿ ਕੇ ਤਬਿ ਲਜਾਏ। ਇਕ ਮਧੁਰ, ਸਲਵਨ ਮਿਲਾਏ॥ ੩੩॥

ਸਾਰੇ ਖਾਂਦੇ ਹੋਏ ਬਹੁਤ ਸ਼ਲਾਘਾ ਕਰਦੇ ਸਨ, ਬਾਅਦ ਵਿਚ ਬੜੇ ਨਰਮ ਚਾਵਲ ਲਿਆਂਦੇ। ਇਹ ਦੋ ਤਰ੍ਹਾਂ ਦੇ ਬਣਾ ਕੇ ਲਿਆਏ, ਇਕ ਮਿੱਠੇ ਤੇ ਦੂਸਰੇ ਲੂਣ ਵਾਲੇ ਸਨ॥ ੩੩॥

ਬਹੁ ਸਾਵਗ, ਗਰੀ, ਬਦਾਮੇਂ। ਕਿਯ ਚਤੁਰਨਿ ਅਤਿ ਅਭਿਰਾਮੇਂ।
ਪਿਖਿ ਬੈਠੀ ਨਾਗਰਿ ਨਾਰੀ। ਗਨਭੂਖਨ ਬਸਨ ਸ਼ਿੰਗਾਰੀ॥ ੩੪॥

ਉਨ੍ਹਾਂ ਵਿਚ ਬਹੁਤ ਸੌਗੀ ਅਤੇ ਗਿਰੀ ਬਦਾਮ ਪਾਏ ਹੋਏ ਸਨ। ਚਤੁਰ ਲਾਂਗਰੀਆਂ ਨੇ ਬਹੁਤ ਸੁੰਦਰ ਤਿਆਰ ਕੀਤੇ ਹੋਏ ਸਨ। ਨਗਰ ਦੀਆਂ ਸੁੰਦਰ ਇਸਤਰੀਆਂ ਜੰਞ ਨੂੰ ਬੈਠੀਆਂ ਵੇਖ ਰਹੀਆਂ ਸਨ, ਉਨ੍ਹਾਂ ਨੇ ਬਹੁਤ ਸੁੰਦਰ ਕਪੜੇ ਤੇ ਗਹਿਣੇ ਪਾਏ ਹੋਏ ਸਨ॥ ੩੪॥

ਕਲ ਕੋਕਲ ਕੰਠੀ ਗਾਵੈਂ। ਦ੍ਰਿਗ ਖੰਜਨ ਅੰਜ ਨਚਾਵੈਂ।
ਨਰ ਜੇ ਬਰਾਤ ਅਭਿਰਾਮੂ। ਦੇਂ ਗਾਰੀ ਲੇ ਕਰਿ ਨਾਮੂ॥ ੩੫॥

ਕੋਇਲ ਵਰਗੇ ਮਿੱਠੇ ਗਲੇ ਨਾਲ ਗਾ ਰਹੀਆਂ ਸਨ ਅਤੇ ਮਮੋਲੇ ਵਰਗੇ ਨੈਣਾਂ ਵਿਚ ਸੁਰਮਾ ਪਾ ਕੇ ਅੱਖਾਂ ਮਟਕਾਉਂਦੀਆਂ ਸਨ। ਬਰਾਤ ਵਿਚ ਜਿਹੜੇ ਸੁੰਦਰ ਪੁਰਸ਼ ਬੈਠੇ ਹੋਏ ਸਨ, ਉਨ੍ਹਾਂ ਦਾ ਨਾਂ ਲੈ ਕੇ ਸਿਠਣੀਆਂ ਦੇ ਰਹੀਆਂ ਸਨ॥ ੩੫॥

ਸਭਿ ਰਿਦੇ ਅਨੰਦ ਵਧਾਵੈਂ। ਹੈਂ ਗਾਰਿ ਤਊ ਮਨ ਭਾਵੈਂ।
ਰਸ ਰੰਗ ਸਮੈ ਤਿਸ ਹੋਵਾ। ਮੁਦ ਕਰਹਿੰ ਪਰਸਪਰ ਜੋਵਾ॥ ੩੬॥

ਸਾਰੀਆਂ ਆਪਣੇ ਹਿਰਦਿਆਂ ਦਾ ਅਨੰਦ ਵਧਾ ਰਹੀਆਂ ਸਨ। ਭਾਵੇਂ ਉਹ ਸਿਠਣੀਆਂ ਦਿੰਦੀਆਂ ਹਨ, ਪਰ ਸਭ ਨੂੰ ਚੰਗੀਆਂ ਲੱਗਦੀਆਂ ਹਨ। ਬੜਾ ਰਸੀਲਾ ਤੇ ਰੰਗੀਲਾ ਸਮਾਂ ਬਣਿਆ ਸੀ, ਆਪਸ ਵਿਚ ਸਾਰੇ ਹਾਸਾ ਮਜ਼ਾਕ ਕਰਦੇ ਸਨ॥ ੩੬॥

ਅਚਿ ਸਨੈ ਸਨੈ ਅਸ ਅਸਨਾ। ਮੁਸਕਾਇ ਦਿਪੈਂ ਦੁਤਿ ਬਸਨਾ।
ਮਨ ਸਭਿ ਕੇ ਤਬਿ ਬਿਰਮਾਏ। ਨਹਿਂ ਉਠਨਿ ਕਿਸੂ ਮਨਿ ਭਾਏ॥ ੩੭॥

ਇਸ ਤਰ੍ਹਾਂ ਹੌਲੀ-ਹੌਲੀ ਭੋਜਨ ਛੱਕ ਕੇ ਮੁਸਕਰਾਉਂਦੇ ਸਨ ਤੇ ਉਨ੍ਹਾਂ ਦੇ ਵਸਤਰ ਅਤੇ ਗਹਿਣੇ ਬੜੇ ਚਮਕ ਰਹੇ ਸਨ। ਉਸ ਵੇਲੇ ਸਾਰਿਆਂ ਦੇ ਮਨ ਬਹੁਤ ਪ੍ਰਸੰਨ ਹੋਏ ਸਨ, ਕਿਸੇ ਦਾ ਵੀ ਉਠਣ ਨੂੰ ਦਿਲ ਨਹੀਂ ਸੀ ਕਰਦਾ॥ ੩੭॥

ਸੁਖ ਪਾਇ ਭਨੈਂ ਸਭਿ ਐਸੇ। 'ਅਸ ਉਤਸਵ ਕਿਤਹੁੰ ਨ ਕੈਸੇ'।
ਉਰ ਬਿਸਰਜੋ ਦੇਸ਼ ਰੁ ਕਾਲਾ। ਅਸ ਆਨੰਦ ਭਯੋ ਬਿਸਾਲਾ॥ ੩੮॥

ਸੁੱਖ ਪਾ ਕੇ ਸਭ ਇਸ ਤਰ੍ਹਾਂ ਕਹਿ ਰਹੇ ਸਨ, "ਅਜਿਹਾ ਉਤਸਵ ਕਿਤੇ ਵੀ ਨਹੀਂ ਵੇਖਿਆ। ਹਿਰਦੇ ਵਿਚੋਂ ਦੇਸ਼ ਅਤੇ ਕਾਲ ਵਿਸਰ ਗਿਆ ਹੈ, ਐਨਾ ਭਾਰੀ ਆਨੰਦ ਪਾਇਆ ਹੈ॥ ੩੮॥

ਤਬਿ ਨੀਠਿ ਨੀਠਿ ਲੇ ਪਾਨੀ। ਸਭਿ ਕਰੇ ਪਖਾਰਨਿ ਪਾਨੀ।
ਪੁਨ ਦੀਨਿ ਗਿਲੌਰੀ ਖਾਨੇ। ਮੁਖ ਰੰਗ ਸੁਰੰਗੀ ਬਾਨੇ॥ ੩੯॥

ਫਿਰ ਸਾਰਿਆਂ ਨੇ ਜਿਵੇਂ-ਕਿਵੇਂ ਪਾਣੀ ਲੈ ਕੇ, ਆਪਣੇ ਹੱਥ ਧੋਤੇ। ਫਿਰ ਉਨ੍ਹਾਂ ਨੂੰ ਖਾਣ ਵਾਸਤੇ ਪਾਨਾਂ ਦੇ ਬੀੜੇ ਦਿੱਤੇ ਗਏ। ਜਿਵੇਂ ਰੰਗਦਾਰ ਪੁਸ਼ਾਕਾਂ ਪਾਈਆਂ ਹੋਈਆਂ ਸਨ, ਉਸ ਤਰ੍ਹਾਂ ਮੂੰਹ ਵੀ ਰੰਗਦਾਰ ਹੋ ਗਏ॥ ੩੯॥

ਧਨ ਜਥਾਜੋਗ ਤਹਿਂ ਦੀਨਾ। ਉਠਿ ਗਮਨੇ ਗੁਰੂ ਪ੍ਰਬੀਨਾ।
ਸਿਖ ਸੰਗਤਿ ਸੰਗ ਲਏ ਹੈਂ। ਦਿਸ਼ਿ ਪੂਰਬ ਗ੍ਰਾਮ ਗਏ ਹੈਂ॥ ੪੦॥

ਉਨ੍ਹਾਂ ਨੂੰ ਯਥਾ-ਯੋਗ ਧਨ ਦਿੱਤਾ, ਫਿਰ ਨਿਪੁੰਨ ਗੁਰੂ ਜੀ ਉੱਠ ਕੇ ਚਲੇ ਗਏ। ਸਿੱਖ ਸੰਗਤ ਨੂੰ ਆਪਣੇ ਨਾਲ ਲਿਆ ਅਤੇ ਪਿੰਡ ਦੀ ਪੂਰਬੀ ਦਿਸ਼ਾ ਵਲ ਚਲੇ ਗਏ॥ ੪੦॥

ਤਹਿਂ ਖਰੇ ਹੋਇ ਮੁਖ ਭਾਖਾ। 'ਸਭਿ ਸਿੱਖਨਿ ਕੀ ਅਭਿਲਾਖਾ।
ਚਿਤ ਚਹੈਂ ਕਰਜੋ ਇਸਥਾਨਾ। ਬਨਿ ਹੈ ਗੁਰ ਚਿੰਨ੍ਹ ਮਹਾਨਾ॥ ੪੧॥

ਓਥੇ ਖੜੇ ਹੋ ਕੇ ਮੁਖ ਤੋਂ ਕਿਹਾ, "ਸਾਰੇ ਸਿੱਖਾਂ ਦੀ ਇਹ ਅਭਿਲਾਸ਼ਾ ਹੈ ਅਤੇ ਉਹ ਆਪਣੇ ਚਿੱਤ ਵਿਚ ਚਾਹੁੰਦੇ ਹਨ ਕਿ ਏਥੇ ਕੋਈ ਯਾਦਗਾਰੀ ਸਥਾਨ ਬਣਾਇਆਂ ਜਾਵੇ, ਜਿਹੜਾ ਸਥਾਨ ਗੁਰੂ ਜੀ ਦੀ ਵੱਡੀ ਨਿਸ਼ਾਨੀ ਬਣ ਜਾਵੇ॥ ੪੧॥

ਜੋ ਆਇ ਦਰਸ ਕੋ ਲੈ ਹੈ। ਕਰਿ ਬੰਦਨ ਸ਼ੁਭ ਫਲ ਪੈ ਹੈ।
ਟਕ ਬਾਪੀ ਕੋ ਹਮ ਲਾਈਂ। ਪੁਨ ਪੀਛੇ ਲੇਹੁ ਬਨਾਈ'॥ ੪੨॥

ਜਿਹੜਾ ਵੀ ਆ ਕੇ ਉਸ ਸਥਾਨ ਦੇ ਦਰਸ਼ਨ ਕਰੇ ਤਾਂ ਬੰਦਨਾ ਕਰਕੇ ਸ਼ੁਭ ਫਲ ਪ੍ਰਾਪਤ ਕਰ ਲਵੇ। ਅਸੀਂ ਇਕ ਬਾਉਲੀ ਨੂੰ ਟੱਕ ਲਾਉਂਦੇ ਹਾਂ, ਫਿਰ ਪਿਛੋਂ ਤੁਸੀਂ ਆਪ ਬਣਾ ਲੈਣੀ॥ ੪੨॥

ਇਮ ਕਹਿ ਕਰਿ ਕਹੀ ਮੰਗਾਈ। ਬਹੁ ਦੀਨਸਿ ਬਾਂਟਿ ਮਿਠਾਈ।
ਨਿਜ ਕਰ ਸੋਂ ਟੱਕ ਲਗਾਯੋ। ਪੁਨ ਖੋਦਯੋ ਪਾੜ ਬਨਾਯੋ॥ ੪੩॥

ਇਸ ਤਰ੍ਹਾਂ ਕਹਿ ਕੇ ਕਹੀ ਮੰਗਵਾਈ ਤੇ ਪਹਿਲਾਂ ਬਹੁਤ ਮਠਿਆਈ ਵੰਡ ਕੇ ਫਿਰ ਆਪਣੇ ਕਰ ਕੰਵਲਾਂ ਨਾਲ ਕਹੀ ਦਾ ਟੱਕ ਲਾਇਆ, ਫਿਰ ਹੋਰ ਪੁੱਟ ਕੇ ਪਾੜ ਬਣਾਇਆ॥ ੪੩॥

ਦ੍ਰਿਗ ਸਾਲ੍ਹੋ ਕੋ ਗੁਰ ਹੇਰਾ। ਸ਼੍ਰੀ ਮੁਖ ਤੇ ਕਹਿ ਤਿਸ ਬੇਰਾ।
'ਤੁਮ ਰਹੋ ਕਿਤਿਕ ਚਿਰ ਗ੍ਰਾਮੂ। ਹਿਤ ਬਾਪੀ ਕਰਿਬੇ ਕਾਮੂ॥ ੪੪॥

ਫਿਰ ਗੁਰੂ ਜੀ ਨੇ ਭਾਈ ਸਾਲ੍ਹੋ ਵੱਲ ਵੇਖਿਆ ਤੇ ਉਸ ਸਮੇਂ ਗੁਰੂ ਜੀ ਨੇ ਉਸ ਨੂੰ ਕਿਹਾ, "ਤੁਸੀਂ ਕੁਝ ਚਿਰ ਇਸ ਪਿੰਡ ਵਿਚ ਰਹਿਣਾ ਅਤੇ ਬਾਉਲੀ ਦਾ ਕੰਮ ਕਰਵਾਇ॥ ੪੪॥

ਜਬਿ ਤਯਾਰ ਸਰਬ ਬਨਿ ਜਾਵੈ। ਗੁਰੂ ਬਾਪੀ ਸੰਗਤਿ ਨ੍ਹਾਵੈ।
ਸਤਿਨਾਮ ਜਪੈ ਲਿਵ ਲਾਵੈ। ਮਨਿ ਬਾਂਛਤਿ ਸੋ ਫਲ ਪਾਵੈ'॥ ੪੫॥

ਜਦ ਸਾਰੀ ਬਾਉਲੀ ਬਣ ਕੇ ਤਿਆਰ ਹੋ ਜਾਵੇਗੀ ਤੇ ਜਿਹੜੀ ਗੁਰੂ ਜੀ ਦੀ ਸੰਗਤ ਬਾਉਲੀ ਵਿਚ ਇਸ਼ਨਾਨ ਕਰੇਗੀ ਅਤੇ ਲਿਵ ਲਾ ਕੇ ਸਤਿਨਾਮ ਦਾ ਜਾਪ ਕਰੇਗੀ ਉਹ ਮੂੰਹ ਮੰਗੀਆਂ ਮੁਰਾਦਾਂ ਪਾਵੇਗੀ" ॥੪੫॥

ਇਮ ਕਹਿ ਕਰਿ ਗੁਰੂ ਕ੍ਰਿਪਾਲੇ। ਜਨਵਾਸੇ ਕੋ ਪੁਨ ਚਾਲੇ।
ਜੋ ਮੰਗਤਿ ਜਨ ਜਬਿ ਆਵੈ। ਧਨ ਲੇ ਜਸੁ ਉਚਰਤਿ ਜਾਵੈ॥ ੪੬॥

ਇਹ ਕਹਿ ਕੇ ਕ੍ਰਿਪਾਲੂ ਗੁਰੂ ਜੀ, ਫਿਰ ਜੰਞ ਘਰ ਵਲ ਚਲੇ ਗਏ। ਜਿਹੜਾ ਵੀ ਕੋਈ ਮੰਗਤਾ ਆਉਂਦਾ ਸੀ, ਉਹ ਧਨ ਪ੍ਰਾਪਤ ਕਰਕੇ ਬਹੁਤ ਜੱਸ ਕਰਦਾ ਸੀ॥ ੪੬॥

ਗੁਰੂ ਆਨਿ ਬਿਰਾਜੇ ਡੇਰੇ। ਸਿਖ ਸੰਗਤਿ ਸੰਗ ਘਨੇਰੇ।
'ਧੰਨ ਧੰਨਾ' ਉਚਾਰਤਿ ਬਾਨੀ। ਤਹਿਂ ਕੀਰਤਿ ਭਈ ਮਹਾਨੀ'॥ ੪੭॥

ਗੁਰੂ ਜੀ ਆ ਕੇ ਡੇਰੇ ਵਿਚ ਬਿਰਾਜ ਗਏ, ਉਨ੍ਹਾਂ ਦੇ ਨਾਲ ਵੱਡੀ ਗਿਣਤੀ ਵਿਚ ਸਿੱਖ ਸੰਗਤ ਸੀ। ਸਾਰੇ ਕਹਿ ਰਹੇ ਸਨ, "ਹੇ ਗੁਰੂ ਜੀ! ਤੁਸੀਂ ਧੰਨ ਹੋ, ਤੁਹਾਡੀ ਮਹਾਨ ਕੀਰਤੀ ਹੋਈ ਹੈ"॥ ੪੭॥

ਇਮ ਰਹੇ ਤਹਾਂ ਗਤਿਦਾਈ। ਸਭਿ ਬਜਾਹ ਰੀਤਿ ਕਰਵਾਈ।
ਜੋ ਲਾਗਿ ਦੇਨਿ ਅਰੁ ਲੈਨਾ। ਸਭਿ ਕਰੇ ਮਹਾਂ ਗੁਨ ਐਨਾ॥ ੪੮॥

ਇਸ ਤਰ੍ਹਾਂ ਮੁਕਤੀ-ਦਾਤੇ, ਉੱਥੇ ਰਹੇ ਤੇ ਸਾਰੀ ਵਿਆਹ ਦੀ ਰੀਤੀ ਕਰਵਾਈ। ਜੋ ਲਾਗੀਆਂ ਨੂੰ ਲਾਗ ਦੇਣਾ-ਲੈਣਾ ਸੀ, ਗੁਣਾਂ ਦੇ ਘਰ ਭਾਵ ਗੁਰੂ ਜੀ ਨੇ ਸਭ ਕੁਝ ਕੀਤਾ॥ ੪੮॥

*ਚੌਥੀ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੩॥*

## ਅਧਿਆਇ ਚੌਦ੍ਹਵਾਂ

### ਬਰਾਤ ਦੀ ਵਾਪਸੀ

ਦੋਹਰਾ-ਸ੍ਰੀ ਹਰਿਗੋਵਿੰਦ ਚੰਦ ਕੇ ਬ੍ਰਿੰਦ ਨਾਗਰੀ ਨਾਰਿ।
ਬਿਚ ਬਰਾਤ ਤੇ ਲੇ ਗਏ ਕਰਿ ਜਬਿ ਲੀਨਿ ਅਹਾਰ॥ ੧॥

ਜਦ ਬਰਾਤ ਨੇ ਭੋਜਨ ਛੱਕ ਲਿਆ ਤਾਂ ਨਗਰ ਦੀਆਂ ਬਹੁਤ ਨਾਰੀਆਂ ਇਕੱਠੀਆਂ ਹੋ ਕੇ ਆਈਆਂ ਤੇ ਉਹ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਆਪਣੇ ਨਾਲ ਲੈ ਗਈਆਂ॥ ੧॥

ਸ੍ਵੈਯਾ- ਦੇਖਿ ਸਰੂਪ ਵਿਸ਼ੇਖ ਹੀ ਦੂਲੋ ਆਨੰਦ ਤੇ ਬਤਰਾਵਤਿ ਹੈਂ।
ਦੀਰਘ ਅੰਗ, ਪ੍ਰਲੰਬ ਭੁਜਾ, ਅਰਬਿੰਦ ਬਿਲੋਚਨ ਭਾਵਤਿ ਹੈਂ।
ਕੇਚਿਤ ਜਾਨਿ ਗੁਰੂ ਸੁਤ ਹੈਂ ਗੁਰੂ ਹੇਰਤਿ ਸੀਸ ਝੁਕਾਵਤਿ ਹੈਂ।
ਹਾਸ ਬਿਲਾਸ ਕਰੈਂ ਮਿਲਿਕੈ ਇਕ ਪ੍ਰੇਮ ਧਰੇ ਬਲਿ ਜਾਵਤਿ ਹੈਂ॥੨॥

ਲਾੜੇ ਦਾ ਵਿਸ਼ੇਸ਼ ਸਰੂਪ ਵੇਖ ਕੇ ਬੜੇ ਅਨੰਦ ਨਾਲ ਇਕ ਦੂਸਰੇ ਨਾਲ ਗੱਲਾਂ ਕਰਦੀਆਂ ਸਨ। ਸਰੀਰ ਦੇ ਵੱਡੇ-ਵੱਡੇ ਅੰਗ ਹਨ, ਲੰਮੀਆਂ ਬਾਹਾਂ ਹਨ ਤੇ ਕੰਵਲ ਦੀਆਂ ਪੰਖੜੀਆਂ ਵਰਗੇ ਨੈਣ ਬਹੁਤ ਸੋਹਣੇ ਲੱਗਦੇ ਹਨ। ਕਈ ਗੁਰੂ ਜੀ ਦਾ ਪੁੱਤਰ ਜਾਣ ਕੇ, ਗੁਰੂ ਸਮਝ ਕੇ ਹੀ ਵੇਖਦੀਆਂ ਸਨ ਅਤੇ ਸਿਰ ਝੁਕਾ ਕੇ ਮੱਥਾ ਟੇਕਦੀਆਂ ਹਨ। ਸਾਰੀਆਂ ਮਿਲਕੇ ਹਾਸ-ਬਿਲਾਸ ਕਰਦੀਆਂ ਸਨ ਤੇ ਕਈ ਪ੍ਰੇਮ ਧਾਰ ਕੇ ਬਲਿਹਾਰ ਜਾਂਦੀਆਂ ਹਨ॥ ੨॥

'ਰੂਪ ਦਮੋਦਰੀ ਕੋ ਜਿਮ ਸੁੰਦਰ ਤਜੋਂ ਹਰਿਗੋਵਿੰਦ ਰੂਪ ਬਿਸਾਲਾ।
ਏ ਰੀ ਸਖੀ! ਇਹ ਜੋਰੀ ਜੁਰੀ ਸਮ, ਜੀਵੋ ਭੋਗ ਭੁਗੋ ਚਿਰਕਾਲਾ।
ਭਾਗ ਨਰਾਇਨ ਦਾਸ ਬਡੇ ਜਿਸ ਕੇਰਿ ਦਮਾਦ ਭਯੋ ਦੁਤਿ ਜਾਲਾ।
ਸੁੰਦਰ ਲੱਛਨ ਅੰਗ ਸਮੂਹ ਮਨਿੰਦ ਬਿਲੰਦ ਦਿਪੈ ਮਹਿਪਾਲਾ' ॥੩॥

ਆਪਸ ਵਿਚ ਕਹਿੰਦੀਆਂ ਹਨ, "ਜਿਵੇਂ ਬੀਬੀ ਦਮੋਦਰੀ ਦਾ ਸਰੂਪ ਬਹੁਤ ਸੁੰਦਰ ਹੈ, ਇਸ ਤਰ੍ਹਾਂ ਹੀ ਹਰਿਗੋਬਿੰਦ ਦਾ ਰੂਪ ਵੀ ਬਹੁਤ ਸੁੰਦਰ ਹੈ। ਹੇ ਸਖੀ! ਇਹ ਬਰਾਬਰ ਦੀ ਜੋੜੀ ਜੁੜੀ ਹੈ, ਲੰਮੀ ਉਮਰ ਤਕ ਜੀਵੋ ਤੇ ਖ਼ੁਸ਼ੀ-ਖ਼ੁਸ਼ੀ ਗ੍ਰਹਿਸਤ ਜੀਵਨ ਨੂੰ ਭੋਗੋ। ਭਾਈ ਨਰਾਇਣ ਦਾਸ ਜੀ ਬਹੁਤ ਭਾਗਾਂ ਵਾਲੇ ਹਨ, ਜਿਨ੍ਹਾਂ ਦਾ ਜਵਾਈ ਏਨਾ ਸੁੰਦਰ ਹੈ। ਸਾਰੇ ਅੰਗ ਬੜੇ ਸੁੰਦਰ ਲੱਛਣਾਂ ਵਾਲੇ ਹਨ ਅਤੇ ਸਡੌਲ ਹਨ, ਵੱਡੇ-ਵੱਡੇ ਮਹਾਰਾਜਿਆਂ ਵਰਗਾ ਜਲੌ ਹੈ"॥ ੩॥

ਸਾਸੁ ਤਬੈ ਬਡ ਭਾਗ ਭਰੀ ਨਿਜ ਅੰਕ ਬਿਠਾਇ ਸਨੇਹ ਮਹਾਨਾ।
ਸੀਸ ਪੈ ਹਾਥ ਕੋ ਫੇਰਿ ਸਰਾਹਤਿ, ਡੀਠ ਲਗੈ ਨਹਿਂ, ਭੈ ਉਰ ਮਾਨਾ।
ਸਾਰੀਆਂ ਸਾਰੀਆਂ ਆਇ ਪਿਖਯੋ ਬਲਿਹਾਰੀਆਂ ਹ੍ਵੈ ਮਨ ਕੋ ਬਿਰਮਾਨਾ।
ਬੋਲਿ ਮਹਾਂ ਮਧੁਰੇ ਬਚਨਾਂ ਹਰਿ ਗੋਵਿੰਦ ਆਨੰਦ ਕੌ ਪ੍ਰਗਟਾਨਾ ॥੪॥

ਫਿਰ ਭਾਗਾਂ ਵਾਲੀ ਸੱਸ ਨੇ ਆਪਣੀ ਗੋਦੀ ਵਿਚ ਬਿਠਾ ਕੇ ਬਹੁਤ ਪਿਆਰ ਕੀਤਾ। ਸਿਰ ਦੇ ਉੱਤੇ ਹੱਥ ਫੇਰ ਕੇ ਬਹੁਤ ਸ਼ਲਾਘਾ ਕੀਤੀ ਅਤੇ ਕਿਤੇ ਨਜ਼ਰ ਨਾ ਲੱਗ ਜਾਵੇ, ਹਿਰਦੇ ਵਿਚ ਡੈ ਮੰਨਿਆ। ਸਾਰੀਆਂ ਇਸਤਰੀਆਂ ਆਈਆਂ, ਵੇਖ ਵੇਖ ਕੇ ਬਲਿਹਾਰ ਗਈਆਂ ਤੇ ਮਨ ਉਨ੍ਹਾਂ ਦੇ ਮੋਹਿਤ ਹੋ ਗਏ ਸਨ। ਇਸ ਤਰ੍ਹਾਂ ਮਹਾਂ ਮਿੱਠੇ ਬਚਨ ਬੋਲ ਕੇ ਸ੍ਰੀ ਹਰਿਗੋਬਿੰਦ ਜੀ ਦੇ ਆਨੰਦ ਨੂੰ ਪ੍ਰਗਟ ਕੀਤਾ॥ ੪॥

ਯੌਂ ਮਿਲਿਕੈ ਸਭਿ ਸੌਂ ਸੁਭਿ ਰੀਤਿ ਬਿਲਾਸ ਕੇ ਹਾਸ ਕਰੇ ਮਨ ਭਾਏ।
ਜਾਨਿ ਸਮੈ ਨਿਕਸੇ ਤਬਿ ਹੀ ਜਨਵਾਸ ਵਿਖੈ ਹਰਿ ਗੋਵਿੰਦ ਆਏ।
ਸ੍ਰੀ ਗੁਰੁ ਬੀਚ ਸਭਾ ਕੇ ਸੁਹਾਵਤਿ, ਹੋਇ ਸਮੀਪ ਤੇ ਸੀਸ ਨਿਵਾਏ।
ਬੈਠਿ ਗਏ ਮੁਦ ਦੇਤਿ ਭਏ, ਬਹੁ ਸ਼ੋਭ ਲਏ ਸੁ ਤਹਾਂ ਦਿਪਤਾਏ ॥੫॥

ਇਸ ਤਰ੍ਹਾਂ ਸਾਰੀਆਂ ਨੇ ਮਿਲ ਕੇ ਸ਼ੁਭ ਰੀਤੀ ਅਨੁਸਾਰ ਮਨ-ਭਾਉਂਦੇ ਹਾਸ-ਵਿਲਾਸ ਕੀਤੇ। ਜਾਣ ਸਮੇਂ ਸ੍ਰੀ ਹਰਿਗੋਬਿੰਦ ਜੀ ਘਰ ਤੋਂ ਬਾਹਰ ਨਿਕਲੇ ਤੇ ਜੰਞ ਘਰ ਵਿਖੇ ਆ ਗਏ। ਗੁਰੂ ਜੀ ਵਿਚ ਬੈਠੇ ਸਭਾ ਦੀ ਸ਼ੋਭਾ ਨੂੰ ਵਧਾ ਰਹੇ ਸਨ, ਸ੍ਰੀ ਹਰਿ ਗੋਬਿੰਦ ਨੇ ਨੇੜੇ ਆ ਕੇ ਸਿਰ ਨਿਵਾਇਆ। ਫਿਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਬੈਠ ਕੇ ਸਭ ਦੀ ਖ਼ੁਸ਼ੀ ਨੂੰ ਵਧਾ ਰਹੇ ਸਨ। ਉਥੇ ਬਿਰਾਜਮਾਨ ਹੋਏ ਬਹੁਤ ਸ਼ੋਭਾ ਪਾ ਰਹੇ ਸਨ॥ ੫॥

ਬਾਸੁਰ ਤੀਨ ਰਹੇ ਥਿਰ ਕੀਨਿ ਗੁਰੂ ਸੁ ਪ੍ਰਬੀਨਿ ਮਹਾਂ ਜਸੁ ਛਾਯੋ।
ਫੇਰ ਨਰਾਇਣ ਦਾਸ ਕਹਯੋ, ਸਭਿ ਦਾਇਜ ਕੋ ਨਿਕਸਾਇ ਧਰਾਯੋ।

ਬੋਲਿ ਪਠੇ ਤਬਿ ਹੇਤ ਬਿਦਾ, ਸੁਨਿ ਬਾਦਿਤ ਬ੍ਰਿੰਦ ਬਿਸਾਲ ਬਜਾਯੋ।
ਮੰਦ ਹੀ ਮੰਦ ਗਏ ਗੁਰੂ ਮੰਦਰ ਸੁੰਦਰ ਸਾਜ ਸਮਾਜ ਸੁਹਾਯੋ॥ ੬॥

ਉਥੇ ਤਿੰਨ ਰਾਤਾਂ ਰਹੇ, ਗੁਰੂ ਜੀ ਦਾ ਉਥੇ ਮਹਾਨ ਜੱਸ ਛਾ ਗਿਆ। ਫਿਰ ਭਾਈ ਨਰਾਇਣ ਦਾਸ ਨੇ ਕਿਹਾ, ਸਾਰੇ ਦਾਜ ਨੂੰ ਬਾਹਰ ਕੱਢ ਕੇ ਰਖੋ। ਵਿਦਾਇਗੀ ਵਾਸਤੇ ਫਿਰ ਸਭ ਨੂੰ ਬੁਲਾ ਲਿਆ, ਇਹ ਸੁਣ ਕੇ ਅਨੇਕਾਂ ਵਾਜੇ ਵੱਜਣ ਲੱਗੇ। ਗੁਰੂ ਜੀ ਹੌਲੀ-ਹੌਲੀ ਭਾਈ ਨਰਾਇਣ ਦਾਸ ਦੇ ਘਰ ਵਲ ਚਲ ਪਏ, ਬੜਾ ਸੁੰਦਰ ਸਾਜ ਸਮਾਨ ਸ਼ੋਭਾ ਪਾ ਰਿਹਾ ਸੀ॥ ੬॥

ਤੇਵਰ ਜੇਵਰ ਜੇਵਰ ਹੈਂ ਜਿਮ ਜੋਤਿ ਜਵਾਹਰ ਕੀ ਝਮਕਾਵੈਂ।
ਭੂਖਨ ਸੰਗ ਤੁਰੰਗਮ ਭੂਖਤਿ ਚੰਚਲ ਅੰਗਨਿ ਤੇ ਚਪਲਾਵੈਂ।
ਬਾਸਨ ਬ੍ਰਿੰਦ ਬਿਸਾਲ ਧਰੇ ਜੁਤਿ ਦਾਸਨਿ ਕੇ ਕਹਿ ਭਾਟ ਸੁਨਾਵੈਂ।
ਦ੍ਵੈ ਕਰਿ ਜੋਰਿ ਨਰਾਇਣ ਦਾਸ ਭਨੈ ਬਿਨਤੀ 'ਗਿਨਤੀ ਨ ਸੁਹਾਵੈ॥ ੭॥

ਤਿਓਰ (ਪੁਸ਼ਾਕੇ) ਤਿੱਲੇ ਗੋਟੇ ਨਾਲ ਚਮਕ ਰਹੇ ਸਨ ਤੇ ਇਸ ਤਰ੍ਹਾਂ ਲੱਗ ਰਹੇ ਹਨ, ਜਿਵੇਂ ਹੀਰੇ ਜਵਾਹਰਾਤ ਚਮਕ ਰਹੇ ਹੋਣ। ਚੰਚਲ ਘੋੜੀਆਂ ਨੂੰ ਗਹਿਣੇ ਪਹਿਨਾਏ ਹੋਏ ਹਨ ਤੇ ਉਹ ਆਪਣੇ ਚੰਚਲ ਅੰਗਾਂ ਤੇ ਨੱਚ ਰਹੀਆਂ ਹਨ। ਬਹੁਤ ਪ੍ਰਕਾਰ ਦੇ ਬਰਤਨ ਧਰੇ ਸਨ ਜਿਨ੍ਹਾਂ ਨਾਲ ਕਈ ਦਾਸ ਵੀ ਸਨ, ਤੇ ਭੱਟ ਕਹਿ ਕਹਿ ਕੇ ਸੁਣਾ ਰਹੇ ਸਨ। ਦੋਵੇਂ ਹੱਥ ਜੋੜ ਕੇ ਭਾਈ ਨਰਾਇਣ ਦਾਸ ਨੇ ਬੇਨਤੀ ਕੀਤੀ, "ਦਾਜ ਦੀ ਗਿਣਤੀ ਬਹੁਤ ਥੋੜ੍ਹੀ ਹੈ, ਇਸ ਕਰਕੇ ਦਾਜ ਸ਼ੋਭਾ ਨਹੀਂ ਪਾ ਰਿਹਾ॥ ੭॥

ਔਰ ਕਛੂ ਨ ਬਨ੍ਯੋ ਮੁਝ ਤੇ ਇਕ ਦਾਸੀ ਦਈ ਹਿਤ ਸੇਵ ਤੁਮਾਰੀ।
ਆਪ ਕੋ ਨਾਮ ਅਨਾਥ ਕੋ ਨਾਥ ਹੈ ਰਾਖਿ ਲਈ ਪਤਿ ਆਨਿ ਹਮਾਰੀ।
ਦੋਨਹੁੰ ਲੋਕ ਸਹਾਇ ਕਰੋ ਸੁ ਕਰੋਰਨਿ ਕੀ ਕਰਤੇ ਰਖਵਾਰੀ।
ਮੈਂ ਪਕਰ੍ਯੋ ਇਕ ਦਾਮਨ ਆਪ ਕੋ ਆਯੋ ਸ਼ਰੰਨ ਲਖੇ ਉਪਕਾਰੀ॥ ੮॥

ਹੋਰ ਮੈਥੋਂ ਕੁਝ ਨਹੀਂ ਬਣ ਸਕਿਆ, ਇਕ ਦਾਸੀ ਭਾਵ ਆਪਣੀ ਲੜਕੀ ਤੁਹਾਡੀ ਸੇਵਾ ਵਾਸਤੇ ਦਿੱਤੀ ਹੈ। ਆਪ ਦਾ ਨਾਂ ਅਨਾਥਾਂ ਦੇ ਨਾਥ ਹੈ, ਇਸ ਕਰਕੇ ਮੇਰੀ ਇੱਜ਼ਤ ਰੱਖ ਲਵੋ। ਮੇਰੀ ਦੋਹਾਂ ਲੋਕਾਂ ਵਿਚ ਰਖਵਾਲੀ ਕਰੋ, ਜਿਵੇਂ ਕਰੋੜਾਂ ਲੋਕਾਂ ਦੀ ਰੱਖਿਆ ਕਰਦੇ ਹੋ। ਮੈਂ ਆਪ ਜੀ ਦਾ ਪੱਲਾ ਫੜਿਆ ਹੈ ਤੇ ਆਪ ਜੀ ਨੂੰ ਪਰਉਪਕਾਰੀ ਜਾਣ ਕੇ ਆਪ ਜੀ ਦੀ ਸ਼ਰਨ ਆਇਆ ਹਾਂ॥ ੮॥

ਮੈਂ ਸਮਤਾ ਕੋ ਸਮਰਥ ਨਹੀਂ ਜਿਮ ਰੰਚਕ ਮੇਰੁ ਅਗਾਰੀ ਕਹਾਂ।
ਆਪ ਨੇ ਨਾਮ ਕੀ ਲਾਜ ਰਖੀ ਬਡਿਆਈ ਦਈ ਘਰਿ ਇਹਾਂ'।
ਸ੍ਰੀ ਗੁਰੁ ਸ਼੍ਰੋਨ ਸੁਨੀ ਬਿਨਤੀ ਭਨਿ ਧੀਰਜ ਦੀਨਿ ਪ੍ਰਬੀਨ ਮਹਾਂ।
'ਸਾਧੁ ਹੀ ਸਾਧ ਅਹੇ ਤੁਝ ਕੋ ਬਹੁ ਦੀਨਿਸਿ ਦੀਨਿ ਹੀ ਬਾਕ ਕਹਾ'॥ ੯॥

ਮੈਂ ਆਪ ਜੀ ਦੀ ਬਰਾਬਰੀ ਨਹੀਂ ਕਰ ਸਕਦਾ, ਜਿਵੇਂ ਇਕ ਤਿਣਕਾ ਸੁਮੇਰ ਪਰਬਤ ਦੇ ਸਾਹਮਣੇ ਕੀ ਹੈ। ਆਪ ਜੀ ਨੇ ਆਪਣੇ ਨਾਂ ਦੀ ਲਾਜ ਰੱਖੀ ਹੈ, ਮੇਰੇ ਘਰ ਆ ਕੇ ਮੈਨੂੰ ਵਡਿਆਈ ਬਖਸ਼ੀ ਹੈ। ਗੁਰੂ ਜੀ ਨੇ ਭਾਈ ਨਰਾਇਣ ਦਾਸ ਦੀ ਬੇਨਤੀ ਸੁਣ ਕੇ ਉਸ ਨੂੰ ਕਹਿ ਕੇ ਧੀਰਜ ਦਿੱਤਾ, "ਸ਼ਾਬਾਸ਼ ਹੈ! ਸ਼ਾਬਾਸ਼ ਹੈ! ਤੂੰ ਬਹੁਤ ਕੁਝ ਦਿੱਤਾ ਹੈ, ਫਿਰ ਵੀ ਦੀਨਤਾ ਦੇ ਬਚਨ ਕਹਿ ਰਹੇ ਹੋ"॥ ੯॥

ਸ੍ਰੀ ਹਰਿ ਗੋਵਿੰਦ ਸੰਗ ਦਮੋਦਰੀ ਦਾਇਜ ਬੀਚ ਧਰ੍ਯੋ ਸਮੁਦਾਈ।
ਪਾਨ ਲੇ ਪਾਨ ਮੈਂ ਕੀਨਿ ਸਭੀ ਬਿਧਿ, ਡੋਰਾ ਮੰਗਾਇ ਲਿਯੋ ਤਿਸ ਬਾਈਂ।
ਦੀਨੀ ਬਿਠਾਇ ਸੁਤਾ ਤਿਸ ਮੈਂ ਘਰ ਤੇ ਨਿਕਸੇ ਤ੍ਰਿਯ ਬਾਹਿਰ ਆਈ।
ਰੋਦਤਿ ਹੈ ਗਰ ਸੰਗ ਲਗਾਵਤਿ ਮਾਤ ਮਿਲੈ ਬਡਿ ਨੇਹੁ ਜਨਾਈ॥ ੧੦॥

ਸ੍ਰੀ ਮਤੀ ਦਮੋਦਰੀ ਦਾ ਹੱਥ ਤੇ ਸ੍ਰੀ ਹਰਿਗੋਬਿੰਦ ਜੀ ਦਾ ਹੱਥ ਵਿਚ ਹੱਥ ਮਿਲਵਾ ਕੇ ਦਾਜ ਦੇਣ ਦੀ ਸਾਰੀ ਰਸਮ ਪੂਰੀ ਕੀਤੀ। ਓਸੇ ਸਮੇਂ ਡੋਲਾ ਮੰਗਵਾ ਲਿਆ ਗਿਆ। ਉਸ ਵਿਚ ਆਪਣੀ ਪੁੱਤਰੀ ਨੂੰ ਬੈਠਾ ਦਿੱਤਾ, ਜਦ ਡੋਲਾ ਘਰ ਵਿਚੋਂ ਬਾਹਰ ਨਿਕਲਿਆ ਤਾਂ ਇਸਤਰੀਆਂ ਵੀ ਬਾਹਰ ਆ ਗਈਆਂ। ਸਾਰੀਆਂ ਸ੍ਰੀ ਮਤੀ ਦਮੋਦਰੀ ਦੇ ਗਲ ਲੱਗ ਕੇ ਰੋਂਦੀਆਂ ਹਨ, ਫਿਰ ਉਸਦੀ ਮਾਤਾ ਨੇ ਮਿਲ ਕੇ ਵੀ ਬਹੁਤ ਪਿਆਰ ਕੀਤਾ॥ ੧੦॥

'ਦੇਰਿ ਲਗੈ, ਫਿਰ ਫੇਰ ਮਿਲੇ, ਹਟਿ ਜਾਹੁ' ਨਰਾਇਣ ਦਾਸ ਕਹਯੋ।
ਹੋਇ ਬਿਦਾ ਗਮਨੇ ਜਬਿਹੀ, ਬਰਖਾ ਧਨ ਕੀ ਬਹੁ ਦੀਨ ਲਹਯੋ।
ਸ੍ਰੀ ਹਰਿਗੋਵਿੰਦੁ ਦੁਲਹੁ ਤੇ ਦੁਲਹੀ ਚਲਿ ਆਗੇ ਸੁ ਅਸ਼੍ਰ ਬਹਯੋ।
ਊਪਰ ਕੋ ਬਰੁ ਡਾਰਤਿ ਹੈਂ ਬਿਤ, ਦਾਰਿਦ ਰੰਕਨ ਬ੍ਰਿੰਦ ਦਹਯੋ॥ ੧੧॥

ਫਿਰ ਸ੍ਰੀ ਨਰਾਇਣ ਦਾਸ ਨੇ ਕਿਹਾ, "ਬਹੁਤ ਦੇਰ ਕਰ ਰਹੀਆਂ ਹੋ, ਬਾਰ-ਬਾਰ ਮਿਲ ਰਹੀਆਂ ਹੋ, ਪਿਛਾਂਹ ਹਟ ਜਾਵੋ", ਫਿਰ ਵਿਦਾਇਗੀ ਲੈ ਕੇ ਚਲ ਪਏ, ਧਨ ਦੀ ਵਰਖਾ ਨੂੰ ਬਹੁਤ ਗਰੀਬਾਂ ਨੇ ਪ੍ਰਾਪਤ ਕੀਤਾ। ਲਾੜਾ ਸ੍ਰੀ ਹਰਿਗੋਬਿੰਦ ਸਾਹਿਬ ਅਤੇ ਦੁਲਹਨ ਅੱਗੇ ਚਲ ਕੇ ਸ੍ਰੇਸ਼ਟ ਸਥਾਨ ਤੇ ਬੈਠ ਗਏ। ਉਨ੍ਹਾਂ ਦੇ ਉਪਰ ਵਾਰ ਕੇ ਬਹੁਤ ਧਨ ਸੁਟਿਆ ਗਿਆ ਤੇ ਗਰੀਬਾਂ ਦੀ ਗਰੀਬੀ ਨੂੰ ਦੂਰ ਕੀਤਾ॥ ੧੧॥

ਭ੍ਰਾਤਨਿ ਸਾਥ ਨਰਾਇਣ ਦਾਸ ਗਯੋ ਮਗ ਕੇਤਿਕ ਸ੍ਰੀ ਗੁਰੁ ਜਾਨਾ।
ਆਪ ਖਰੇ ਹੁਇ ਤੀਰ ਬੁਲਾਇਕੈ ਬਾਕ ਕਹਯੋ 'ਹਟੀਏ ਨਿਜ ਥਾਨਾ'।
ਯੌਂ ਸੁਨਿਕੈ ਬਿਨਤੀ ਬਹੁ ਕੀਨਿ 'ਛਿਮੋ ਅਪਰਾਧ ਮੈਂ ਕੀਨੋ ਮਹਾਨਾਂ।
ਆਪਨੇ ਧਾਮ ਬੁਲਾਇ ਪਠੇ ਜਗ ਕੇ ਗੁਰ ਪੂਜ ਨ ਮਾਨ ਪਛਾਨਾ॥ ੧੨॥

ਆਪਣੇ ਭਰਾਵਾਂ ਨੂੰ ਨਾਲ ਲੈ ਕੇ ਕਾਫੀ ਦੂਰ ਤਕ ਭਾਈ ਨਰਾਇਣ ਦਾਸ ਜੀ ਗੁਰੂ ਜੀ ਦੇ ਨਾਲ ਗਏ। ਫਿਰ ਗੁਰੂ ਜੀ ਨੇ ਆਪ ਖੜੇ ਹੋ ਕੇ ਪਾਸ ਬੁਲਾ ਕੇ ਬਚਨ ਕਹੇ, "ਹੁਣ ਪਿੱਛੇ ਆਪਣੇ-ਆਪਣੇ ਘਰਾਂ ਨੂੰ ਮੁੜ ਜਾਵੋ" ਇਹ ਸੁਣ ਕੇ ਭਾਈ ਨਰਾਇਣ ਦਾਸ ਨੇ ਬਹੁਤ ਬੇਨਤੀ ਕੀਤੀ, "ਮੇਰਾ ਅਪਰਾਧ ਮੁਆਫ ਕਰੋ, ਜਿਹੜਾ ਮੈਂ ਏਡਾ ਵੱਡਾ ਕੀਤਾ ਹੈ, ਜਗਤ ਦੇ ਗੁਰੂ ਨੂੰ ਆਪਣੇ ਘਰ ਬੁਲਾ ਕੇ ਵਾਪਸ ਭੇਜ ਰਿਹਾ ਹਾਂ, ਮੈਨੂੰ ਪੂਜਨ ਅਤੇ ਸਤਿਕਾਰ ਦੀ ਜਾਚ ਨਹੀਂ ਆਈ ॥ ੧੨॥

ਚਾਰ ਦਿਸ਼ਾ ਨਰ ਦੇਖਨਿ ਕੇ ਹਿਤ ਪੰਥ ਉਲੰਘਤਿ ਦੂਰਿ ਤੇ ਆਵੈਂ।
ਦੇਤਿ ਅਕੋਰ ਖਿਰੈਂ ਕਰ ਜੋਰਿ ਅਨੇਕ ਮਨੋਰਥ ਆਪ ਤੇ ਪਾਵੈਂ।
ਰਾਉ ਕੈ ਰੰਕ ਤਜੈਂ ਸਭਿ ਸ਼ੰਕ ਧਰੇ ਸ਼ਰਧਾ ਪਦ ਕੰਜ ਮਨਾਵੈਂ।
ਮੈਂ ਮਤਿਹੀਨ ਨ ਜਾਨਯੋ ਕਛੂ ਲਖਿ ਲੌਕਿਕ ਰੀਤਿ ਕਰੇ ਬਨਿ ਆਵੈ' ॥੧੩॥

ਚਾਰੇ ਪਾਸਿਆਂ ਤੋਂ ਮਨੁੱਖ ਦਰਸ਼ਨ ਕਰਨ ਲਈ ਬਹੁਤ-ਬਹੁਤ ਦੂਰ ਤੋਂ ਚਲ ਕੇ ਆਉਂਦੇ ਹਨ। ਭੇਟਾਵਾਂ ਅੱਗੇ ਧਰ ਕੇ ਹੱਥ ਜੋੜ ਕੇ ਖਲੋ ਜਾਂਦੇ ਹਨ ਅਤੇ ਅਨੇਕਾਂ ਮਨੋਰਥ ਆਪ ਪਾਸੋਂ ਪਾਉਂਦੇ ਹਨ। ਅਮੀਰ ਅਤੇ ਗਰੀਬ ਸਭ ਸ਼ੰਕੇ ਛੱਡ ਕੇ ਬੜੀ ਸ਼ਰਧਾ ਧਾਰ ਕੇ ਆਪ ਜੀ ਦੇ ਚਰਨ ਕੰਵਲਾਂ ਨੂੰ ਪੂਜਦੇ ਹਨ। ਮੈਂ ਥੋੜੀ ਮੱਤ ਵਾਲੇ ਨੇ ਕੁਝ ਵੀ ਨਹੀਂ ਜਾਣਿਆ ਹੈ, ਲੌਕਿਕ (ਲੋਕਾਚਾਰੀ) ਰੀਤੀ ਹੀ ਕੀਤੀ ਹੈ, ਜਿਹੜੀ ਮੈਥੋਂ ਹੋ ਸਕੀ ਹੈ" ॥੧੩॥

ਸ੍ਰੀ ਗੁਰੁ ਨੇ ਸੁਨਿ ਧੀਰਜਿ ਦੀਨਿ 'ਇਤੇ ਹਮ ਆਪ ਹੀ ਆਵਨਿ ਠਾਨਾ।
ਤੋਕਹੁ ਦੋਸ਼ ਨ, ਰਾਖਿ ਭਰੋਸ ਕੋ ਜਾਪ ਕਰੋ ਸਤਿਨਾਮ ਸੁਜਾਨਾ।
ਆਪਿ ਹਟੋ ਨਿਜ ਧਾਮਨਿ ਕੋ, ਅਬਿ ਚਾਹਤਿ ਹੈਂ ਹਮ ਭੀ ਪ੍ਰਸਥਾਨਾ।
ਲੌਕਿਕ ਰੀਤਿ ਸਭੈ ਬਨਿ ਆਵਤਿ, ਕਯੋਂ ਮਨ ਤੋਹਿ ਸੰਦੇਹ ਉਠਾਨਾ' ॥੧੪॥

ਗੁਰੂ ਜੀ ਨੇ ਇਹ ਸੁਣ ਕੇ ਉਸ ਨੂੰ ਧੀਰਜ ਦਿੱਤਾ, "ਏਥੇ ਅਸੀਂ ਆਪ ਹੀ ਆਉਣ ਦਾ ਮਨ ਬਣਾਇਆ ਸੀ, ਤੁਹਾਡਾ ਕੋਈ ਦੋਸ਼ ਨਹੀਂ, ਭਰੋਸਾ ਰੱਖ ਕੇ ਸਤਿਨਾਮ ਦਾ ਜਾਪ ਕਰੋ। ਆਪ ਪਿੱਛੇ ਹੱਟ ਕੇ ਆਪਣੇ ਘਰਾਂ ਨੂੰ ਜਾਵੋ, ਹੁਣ ਅਸੀਂ ਵੀ ਅੱਗੇ ਜਾਣਾ ਚਾਹੁੰਦੇ ਹਾਂ। ਸਾਰੀ ਲੌਕਿਕ ਰੀਤੀ ਇਸ ਤਰ੍ਹਾਂ ਹੀ ਬਣ ਆਉਂਦੀ ਹੈ, ਤੁਸੀਂ ਆਪਣੇ ਮਨ ਵਿਚ ਕਿਉਂ ਸੰਦੇਹ ਕੀਤਾ ਹੈ ?" ॥ ੧੪ ॥

ਬੈਨ ਸਨੇ ਕਰੁਨਾ ਸੁਨਕੈ ਕਰ ਜੋਰਿ ਨਰਾਇਣ ਦਾਸ ਤਬੈ।
ਸ੍ਰੀ ਗੁਰੁ ਕੇ ਪਗ ਪੰਕਜ ਊਪਰ ਸੀਸ ਧਰ੍ਯੋ ਬਿਚ ਭ੍ਰਾਤ ਸਬੈ।
ਸ੍ਰੀ ਹਰਿ ਗੋਵਿੰਦ ਬੰਦਨ ਕੀਨਿ ਲਖ੍ਯੋ ਸਸੁਰੋ ਬਡ ਥਾਨ ਜਬੈ।
ਔਰ ਨਮੋ ਸਗਰੇ ਕਰਿਕੈ ਹਟਿ ਧਾਮ ਚਲੇ ਮਨ ਪ੍ਰੇਮ ਫਬੈ॥ ੧੫ ॥

ਕਿਰਪਾ ਭਰੇ ਬਚਨ ਸੁਣ ਕੇ ਭਾਈ ਨਰਾਇਣ ਦਾਸ ਨੇ ਦੋਵੇਂ ਹੱਥ ਜੋੜ ਦਿੱਤੇ ਅਤੇ ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਆਪਣੇ ਸਾਰੇ ਭਰਾਵਾਂ ਦੇ ਸਾਹਮਣੇ ਆਪਣਾ ਸੀਸ ਧਰ ਦਿੱਤਾ। ਸ੍ਰੀ ਹਰਿਗੋਬਿੰਦ ਜੀ ਨੇ ਬੰਦਨਾ ਕੀਤੀ, ਜਦ ਉਸ ਆਪਣੇ ਸਹੁਰਾ ਸਾਹਿਬ ਨੂੰ ਆਪ ਤੋਂ ਵੱਡੇ ਥਾਂ ਜਾਣਿਆ। ਹੋਰ ਸਾਰੇ ਨਮਸਕਾਰ ਕਰਕੇ ਆਪਣੇ ਘਰਾਂ ਨੂੰ ਵਾਪਸ ਮੁੜ ਗਏ, ਉਨ੍ਹਾਂ ਦੇ ਮਨਾਂ ਵਿਚ ਬੜਾ ਪ੍ਰੇਮ ਭਰਿਆ ਹੋਇਆ ਸੀ॥ ੧੫ ॥

ਯੌਂ ਮਿਲਿ ਕੈ ਬਿਛੁਰੇ ਦਿਸਿ ਦੋਇ, ਗਏ ਨਿਜ ਧਾਮ ਬਡੋ ਮੁਦ ਪਾਏ।
ਗ੍ਰਾਮ ਕੇ ਲੋਕ ਕਹੈਂ ਸਭਿ ਹੀ 'ਬਹੁ ਬਜਾਹ ਪਿਖੇ ਹਮ ਨੇ ਬਡਿ ਥਾਏ।
ਹੁਯੋ ਨ ਐਸੋ ਅਨੰਦ ਬਿਲੰਦ ਜਥਾ ਇਸ ਮੈਂ ਗਨ ਮੰਗਲ ਛਾਏ'।
ਸ੍ਰੀ ਗੁਰੁ ਕੇਰ ਪ੍ਰਤਾਪ ਬੱਖ੍ਯਾਤ ਹੈ ਗ੍ਰਾਮ ਬਿਖੈ ਸਗਰੇ ਹਰਖਾਏ॥ ੧੬ ॥

ਇਸ ਤਰ੍ਹਾਂ ਮਿਲ ਕੇ ਦੋਵੇਂ ਧਿਰਾਂ ਦੋਵੀਂ ਪਾਸੀਂ ਚਲੇ ਗਏ ਅਤੇ ਡੋਲੇ ਵਾਲੇ ਬੜੇ ਪ੍ਰਸੰਨ-ਚਿੱਤ ਹੋ ਕੇ ਆਪਣੇ ਘਰਾਂ ਨੂੰ ਚਲੇ ਗਏ। ਪਿੰਡ ਦੇ ਸਾਰੇ ਲੋਕ ਕਹਿੰਦੇ ਸਨ, "ਅਸੀਂ ਬਹੁਤ ਵੱਡੇ-ਵੱਡੇ ਵਿਆਹ ਵੇਖੇ ਹਨ, ਪਰ ਅਜਿਹਾ ਵੱਡਾ ਅਨੰਦ ਕਿਸੇ ਥਾਂ ਨਹੀਂ ਹੋਇਆ ਜਿਵੇਂ ਇਸ ਵਿਚ ਕਈ ਪ੍ਰਕਾਰ ਦੇ ਮੰਗਲ ਛਾਏ ਹੋਏ ਸਨ।" ਸ੍ਰੀ ਗੁਰੂ ਜੀ ਦਾ ਪ੍ਰਤਾਪ ਪ੍ਰਗਟ ਹੈ, ਪਿੰਡ ਦੇ ਸਾਰੇ ਲੋਕ ਬਹੁਤ ਪ੍ਰਸੰਨ ਹੋਏ॥ ੧੬ ॥

ਬ੍ਰਿੰਦ ਬਰਾਤ ਲਿਯੇ ਹਰਿ ਗੋਵਿੰਦ ਡੋਰੇ ਕੋ ਅੱਗ੍ਰ ਕਰੇ ਮਗ ਚਾਲੇ।
ਲੰਘਿ ਗਏ ਸੁਲਤਾਨ ਪੁਰੇ ਕੋ ਬਾਦਿ ਬਜਾਵਤਿ ਜਾਤਿ ਬਿਸਾਲੇ।
ਭਾਨੁ ਢਰੇ ਸਲਿਤਾ ਉਲੰਘੇ ਸਭਿ ਪਾਰ ਪਰੇ ਥਿਤਿ ਗੋਇੰਦਵਾਲੇ।
ਕੇਵਟ ਕੋ ਧਨ ਦੀਨਿ ਮਹਾਂ ਹਰਖਾਇ ਰਹ੍ਯੋ ਪਿਖਿ ਰੂਪ ਕ੍ਰਿਪਾਲੇ॥ ੧੭ ॥

ਸ੍ਰੀ ਹਰਿਗੋਬਿੰਦ ਜੀ ਡੋਲੇ ਨੂੰ ਅੱਗੇ ਲਾ ਕੇ ਵੱਡੀ ਬਰਾਤ ਲੈ ਕੇ ਪਿੱਛੇ-ਪਿੱਛੇ ਜਾ ਰਹੇ ਸਨ। ਸੁਲਤਾਨਪੁਰ ਨੂੰ ਲੰਘ ਗਏ, ਹਰ ਪ੍ਰਕਾਰ ਦੇ ਵਾਜੇ ਵੱਜਦੇ ਜਾ ਰਹੇ ਸਨ। ਸੂਰਜ ਦੇ ਢਲਣ ਤੋਂ ਪਹਿਲਾਂ ਦਰਿਆ ਬਿਆਸ ਨੂੰ ਪਾਰ ਕਰਕੇ ਸਾਰੇ ਗੋਇੰਦਵਾਲ ਵਿਖੇ ਆ ਕੇ ਠਹਿਰ ਗਏ। ਮਲਾਹ ਨੂੰ ਬਹੁਤ ਧਨ ਦਿੱਤਾ ਅਤੇ ਉਹ ਕ੍ਰਿਪਾਲੂ ਰੂਪ ਵੇਖ ਕੇ ਬਹੁਤ ਪ੍ਰਸੰਨ ਹੋਇਆ॥ ੧੭ ॥

ਜਾਇ ਨਿਵੇਸ ਬਰਾਤ ਕਿਯੋ ਗਨ ਸ੍ਯੰਦਨ ਸੰਗਿ ਤੁਰੰਗ ਬਿਲੰਦੇ।
ਡੋਰੇ ਕੋ ਅੰਤਰ ਲੇ ਗਮਨੇ ਬਹੁ ਆਦਰ ਸੋਂ ਉਰ ਧਾਰਿ ਅਨੰਦੇ।
ਬਾਹਰ ਔਰਿ ਥਿਰੇ ਸਭਿ ਹੂੰ ਸਕਟੇ ਉਤਰੇ ਦ੍ਵਿਗ ਭਾਰਨਿ ਬ੍ਰਿੰਦੇ।
ਮੋਹਰੀ ਸੇਵ ਕਰੀ ਸਗਰੀ ਬਹੁ ਖਾਨੁ ਰੁ ਪਾਨ ਕਿਯੋ ਮਨਚਿੰਦੇ॥ ੧੮ ॥

Sri Satguru Jagjit Singh Ji eLlibrary NamdhariElibrary@gmail.com

ਗੋਇੰਦਵਾਲ ਜਾ ਕੇ ਪੜਾ ਕੀਤਾ ਤੇ ਸਾਰੇ ਰੱਥਾਂ ਸਹਿਤ ਅਤੇ ਘੋੜੇ ਠਹਿਰਾ ਲਏ। ਡੋਲੇ ਨੂੰ ਬੜੇ ਆਦਰ ਅਤੇ ਪ੍ਰਸੰਨਤਾ ਧਾਰ ਕੇ ਅੰਦਰ ਲੈ ਗਏ। ਸਾਰੇ ਬਾਹਰ ਬੈਠ ਗਏ ਤੇ ਬੜੇ ਭਾਰ ਨਾਲ ਲੱਦੇ ਹੋਏ ਗੱਡੇ ਵੀ ਜਾ ਖਲੋਤੇ। ਬਾਬਾ ਮੋਹਰੀ ਜੀ ਨੇ ਬਹੁਤ ਸੇਵਾ ਕੀਤੀ ਅਤੇ ਮਨ-ਭਾਉਂਦੀਆਂ ਵਸਤਾਂ ਦੇ ਕੇ ਖਾਣ-ਪੀਣ ਦਾ ਇੰਤਜ਼ਾਮ ਕੀਤਾ॥ ੧੮॥

ਸ੍ਰੀ ਗੁਰੂ ਨੰਦਨ ਸੰਗ ਲਿਏ ਚਲਿ ਮੋਹਨ ਕੋ ਪਗ ਬੰਦਨ ਕੀਨੀ।
ਦੇਖਤਿ ਹੀ ਹਰਖਯੋ ਤਬਿਹੂੰ ਹਰਿ ਗੋਵਿੰਦ ਗੋਦ ਲੈ ਆਸ਼ਿਖ ਦੀਨੀ।
ਬਯਾਹ ਪ੍ਰਸੰਗ ਜੁ ਬੂਝਯੋ ਤਬੈ ਜਿਮ ਹੋਯੋ ਕਹਯੋ ਸੁਖ ਮੈਂ ਮਤਿ ਭੀਨੀ।
ਆਇ ਨਿਵੇਸ ਪ੍ਰਵੇਸ਼ ਭਏ, ਗੁਰੂ ਥਾਨ ਨਮੋ ਕਰਿ ਜੋ ਪੁਨ ਚੀਨੀ॥ ੧੯॥

ਗੁਰੂ ਜੀ ਨੇ ਆਪਣੇ ਪੁੱਤਰ ਨੂੰ ਨਾਲ ਲਿਆ ਤੇ ਬਾਬਾ ਮੋਹਨ ਜੀ ਨੂੰ ਜਾ ਕੇ ਚਰਨ ਬੰਧਨਾ ਕੀਤੀ। ਉਹ ਵੇਖਦੇ ਹੀ ਬਹੁਤ ਪ੍ਰਸੰਨ ਹੋਏ ਅਤੇ ਸ੍ਰੀ ਹਰਿਗੋਬਿੰਦ ਜੀ ਨੂੰ ਗੋਦ ਵਿਚ ਲੈ ਕੇ ਅਸੀਸ ਦਿੱਤੀ। ਫਿਰ ਬਾਬਾ ਜੀ ਨੇ ਵਿਆਹ ਦੇ ਪ੍ਰਸੰਗ ਬਾਰੇ ਪੁਛਿਆ ਤਾਂ ਗੁਰੂ ਜੀ ਨੇ ਜਿਨ੍ਹਾਂ ਦੀ ਮੱਤ ਸੁਖ ਵਿਚ ਭਿੱਜੀ ਹੋਈ ਸੀ, ਵਿਆਹ ਦਾ ਵੇਰਵਾ ਉਸ ਤਰ੍ਹਾਂ ਹੀ ਸੁਣਾਇਆ ਜਿਵੇਂ ਵਿਆਹ ਹੋਇਆ ਸੀ। ਫਿਰ ਆ ਕੇ ਨਿਵਾਸ ਸਥਾਨ ਵਿਚ ਪ੍ਰਵੇਸ਼ ਕੀਤਾ ਤੇ ਗੁਰੂ ਅਮਰਦਾਸ ਜੀ ਦੇ ਸਥਾਨ ਨੂੰ ਵੇਖਕੇ ਨਮਸਕਾਰ ਕੀਤੀ॥ ੧੯॥

ਰੈਨਿ ਬਿਖੇ ਸਭਿ ਸੈਨ ਕਰੀ ਮਨ ਚੈਨ ਧਰੀ, ਮੁੰਦ ਨੈਨ ਲਿਏ।
ਪ੍ਰਾਤ ਉਠੇ ਕਰਿ ਮੱਜਨ ਬਾਵਲੀ ਨਾਨੇ ਗੁਰੂ ਕੋ ਪ੍ਰਨਾਮ ਕਿਏ।
ਹੋਇ ਸੁ ਤਯਾਰਿ ਬਰਾਤ ਥਿਰੀ ਪੁਨਿ ਮੋਹਨਿ ਪਾਸ ਗੁਰੂ ਜੀ ਗਏ।
'ਆਪ ਕ੍ਰਿਪਾ ਕਰਿ ਸੰਗ ਚਲੋ ਤਹਿਂ ਦੇਖਹੁ ਤੀਰਥ ਜੈਸੇ ਥਿਏ॥ ੨੦॥

ਰਾਤ ਸਮੇਂ ਸਾਰੇ ਮਨ ਵਿਚ ਚੈਨ ਧਾਰਨ ਕਰਕੇ ਸੌਂ ਗਏ ਅਤੇ ਨੈਣ ਬੰਦ ਕਰ ਲਏ। ਸਵੇਰੇ ਉੱਠ ਕੇ ਬਾਉਲੀ ਵਿਚ ਇਸ਼ਨਾਨ ਕੀਤਾ ਤੇ ਆਪਣੇ ਨਾਨੇ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕੀਤਾ। ਜਦ ਸਾਰੀ ਬਰਾਤ ਤਿਆਰ ਹੋ ਕੇ ਖੜੀ ਹੋ ਗਈ ਤਾਂ ਗੁਰੂ ਜੀ ਫਿਰ ਬਾਬਾ ਮੋਹਨ ਜੀ ਪਾਸ ਗਏ ਅਤੇ ਕਹਿਣ ਲੱਗੇ, "ਆਪ ਕਿਰਪਾ ਕਰਕੇ ਸਾਡੇ ਨਾਲ ਚਲੋ, ਓਥੇ ਜਾ ਕੇ ਵੇਖੋ ਜਿਵੇਂ ਨਵੇਂ ਤੀਰਥ ਬਣੇ ਹਨ॥ ੨੦॥

ਬਾਨੀ ਇਕੱਤ੍ਰ ਕੈ ਬੀੜ ਰਚੀ ਬਡ ਗ੍ਰਿੰਥ ਭਯੋ ਅਵਿਲੋਕਹੁ ਤਾਂਹੀ।
ਸ੍ਰੀ ਹਰਿ ਮੰਦਰ ਸੁੰਦਰ ਭਾ ਤਿਸ ਅੰਦਰ ਸੋ ਅਸਥਾਪ ਕਿਯਾ ਹੀ।
ਮੰਗਲ ਕੇਰਿ ਸਮੋ ਅਬਿ ਹੈ ਸਭਿ ਸੰਗ ਅਹੈਂ ਪਿਖਿ ਕੈ ਸੁਖ ਪਾਂਹੀ'।
ਮਾਤੁਲ ਸੋਂ ਬਿਨਤੀ ਇਮ ਕੀਨਿ ਸੁ ਮਾਨਿ ਲਈ ਹਰਖੇ ਉਰ ਮਾਂਹੀ॥ ੨੧॥

ਸਾਰੀ ਬਾਣੀ ਇਕੱਤਰ ਕਰਕੇ ਬੀੜ ਤਿਆਰ ਕੀਤੀ ਹੈ, ਬਹੁਤ ਵੱਡਾ ਗ੍ਰੰਥ ਬਣਿਆ ਹੈ, ਤੁਸੀਂ ਆ ਕੇ ਵੇਖੋ। ਬੜਾ ਸੁੰਦਰ ਹਰਿਮੰਦਰ ਸਾਹਿਬ ਬਣਿਆ ਹੈ, ਜਿਸ ਅੰਦਰ ਉਸ ਗ੍ਰੰਥ ਦੀ ਸਥਾਪਨਾ ਕੀਤੀ ਗਈ ਹੈ। ਹੁਣ ਖੁਸ਼ੀਆਂ ਦਾ ਸਮਾਂ ਹੈ, ਸਾਡੇ ਨਾਲ ਚਲੋ, ਸਾਰੇ ਤੁਹਾਡੇ ਦਰਸ਼ਨ ਕਰਕੇ ਸੁੱਖ ਪਾਵਾਂਗੇ।" ਆਪਣੇ ਮਾਮਾ ਜੀ ਨੂੰ ਇਸ ਤਰ੍ਹਾਂ ਬੇਨਤੀ ਕੀਤੀ ਕਿ ਉਹ ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਮੰਨ ਗਏ॥ ੨੧॥

ਦੀਰਘ ਮਾਤੁਲ ਸੰਗ ਭਯੋ ਮਨ ਆਨੰਦ ਪਾਇਕੈ ਲੀਨਿ ਚਢਾਈ।
ਮੋਹਰੀ ਔ ਸੰਸਰਾਮ ਅਨੰਦ ਚਲੇ ਚਢਿ ਕੈ ਬਹੁ ਬਾਦ ਬਜਾਈ।
ਛੂਟੇ ਨਿਸਾਣ ਚਲੇ ਅਗੁਵਾਇ ਕੁਲਾਹਲ ਮਾਰਗਿ ਮਾਂਹਿ ਉਠਾਈ।
ਗ੍ਰਾਮ ਖਡੂਰ ਪਹੂਚਤਿ ਭੇ ਤਬਿ ਦਾਤੂ ਨੇ ਹੋਇ ਸਮੀਪ ਅਲਾਈ॥ ੨੨॥

ਵੱਡੇ ਮਾਮਾ ਜੀ ਨੂੰ ਵੀ ਨਾਲ ਲਿਆ, ਬੜਾ ਆਨੰਦ ਪਾ ਕੇ ਉਨ੍ਹਾਂ ਨੂੰ ਵੀ ਰੱਥ ਵਿਚ ਚੜ੍ਹਾ ਲਿਆ। ਬਾਬਾ ਮੋਹਰੀ ਜੀ, ਬਾਬਾ ਅਨੰਦ ਜੀ ਅਤੇ ਬਾਬਾ ਸੰਸਰਾਮ ਜੀ ਵੀ ਬੜੇ ਅਨੰਦ ਨਾਲ ਚੜ੍ਹ ਕੇ ਜਾ ਰਹੇ ਸਨ ਤੇ ਨਾਲ-ਨਾਲ ਬਹੁਤ ਪ੍ਰਕਾਰ ਦੇ ਵਾਜੇ ਵੱਜ ਰਹੇ ਸਨ। ਵੱਡਾ ਲੰਮਾ ਨਗਾਰਾ ਅੱਗੇ-ਅੱਗੇ ਵੱਜਦਾ ਜਾ ਰਿਹਾ ਸੀ, ਰਾਹ ਦੇ ਵਿਚ ਬੜਾ ਸ਼ੋਰ ਮੱਚਿਆ ਹੋਇਆ ਸੀ। ਜਦ ਖਡੂਰ ਪਿੰਡ ਦੇ ਲਾਗੇ ਪਹੁੰਚਣ ਲੱਗੇ ਤਾਂ ਬਾਬਾ ਦਾਤੂ ਜੀ ਨੇ ਪਾਸ ਆ ਕੇ ਕਿਹਾ॥ ੨੨॥

'ਡੇਰਾ ਕਰੋ ਗੁਰੁ, ਦੇਗ ਅਚੋ, ਪੁਨ ਪ੍ਰਾਤ ਕੋ ਆਪ ਕਿਜੈ ਪ੍ਰਸਥਾਨਾ'।
ਯੌਂ ਸੁਨਿ ਸ਼੍ਰੀ ਗੁਰ ਬੈਨ ਭਨੇ 'ਉਤਰੈਂ ਅਬਿ ਆਗੈ, ਨਰੋਕ ਪਯਾਨਾ।
ਜਾਤਿ ਦਯੋ ਤੁਮ ਖਾਨ ਰੁ ਪਾਨ, ਅਨੰਦ ਕਰੇ ਬਸਿ ਕੈ ਇਸ ਥ਼ਾਨਾ।
ਤੀਨਹੀ ਕੋਸ ਚਲੇ ਅਟਕੈਂ ਕਿਮ ਆਗੈ ਰਹਜੋ ਕੱਲ ਪੰਥ ਮਹਾਨਾ'॥ ੨੩॥

ਹੇ ਗੁਰੂ ਜੀ! ਏਥੇ ਡੇਰਾ ਕਰੋ ਤੇ ਲੰਗਰ ਛੱਕੋ, ਸ਼ਾਮ ਨੂੰ ਏਥੋਂ ਅੱਗੇ ਚਲ ਪੈਣਾ। ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਹੁਣ ਅੱਗੇ ਜਾ ਕੇ ਹੀ ਉਤਾਰਾ ਕਰਾਂਗੇ, ਇਸ ਲਈ ਜਾਂਦਿਆਂ ਨੂੰ ਨਾ ਰੋਕੋ। ਜੰਞ ਦੇ ਜਾਂਦਿਆਂ ਸਮੇਂ ਤੁਸੀਂ ਖਾਣ-ਪੀਣ ਛਕਾਇਆ ਅਤੇ ਅਸੀਂ ਇਸ ਥਾਂ ਠਹਿਰ ਕੇ ਬੜਾ ਅਨੰਦ ਕੀਤਾ ਸੀ, ਤਿੰਨ ਹੀ ਕੋਹ ਚੱਲ ਕੇ ਜੇ ਖਲੋ ਜਾਈਏ ਤਾਂ ਕੱਲ੍ਹ ਦਾ ਰਸਤਾ ਬਹੁਤ ਲੰਮਾ ਹੋ ਜਾਵੇਗਾ"॥ ੨੩॥

'ਰੈਨਿ ਬਸੋ ਨਹਿਂ ਜੇ ਤੁਮ ਆਪ, ਅਹਾਰਿ ਹੈ ਤਯਾਰ ਅਚੋ ਸਮੁਦਾਈ'।
ਯੋ ਕਹਿ ਕੈ ਅਟਕਾਇ ਲਿਏ, ਸਭਿ ਕੇ ਹਿਤ ਲਯਾਇ ਸੁ ਦੀਨਿ ਅਚਾਈ।
ਸ਼੍ਰੀ ਗੁਰ ਅੰਗਦ ਮੰਦਰ ਕੋ ਅਭਿਬੰਦਨ ਕੈ ਗਮਨੇ ਅਗੁਵਾਈ।
ਸੰਗ ਲਿਯੋ ਨਿਜ ਦਾਤੂ ਚਲਯੋ ਅਤਿ ਮੋਦ ਬਧਯੋ ਸਭਿ ਮੈਂ ਤਿਸ ਬਾਈਂ॥ ੨੪॥

ਜੇ ਤੁਸੀ ਏਥੇ ਰਾਤ ਨਹੀਂ ਰਹਿਣਾ ਹੈ, ਤਾਂ ਭੋਜਨ ਤਿਆਰ ਹੈ, ਸਾਰੇ ਇਕੱਠੇ ਹੋ ਕੇ ਛਕੋ"। ਇਸ ਤਰ੍ਹਾਂ ਕਹਿ ਅਟਕਾਅ ਲਏ ਤੇ ਸਾਰਿਆਂ ਨੂੰ ਬੜੇ ਪਿਆਰ ਨਾਲ ਭੋਜਨ ਛਕਾਇਆ। ਫਿਰ ਗੁਰੂ ਅੰਗਦ ਦੇਵ ਜੀ ਦੀ ਸਮਾਧ ਨੂੰ ਬੰਦਨਾ ਕਰਕੇ ਅੱਗੇ ਚਲ ਪਏ। ਨਾਲ ਹੀ ਬਾਬਾ ਦਾਤੂ ਜੀ ਨੂੰ ਲੈ ਲਿਆ ਤੇ ਸਾਰਿਆਂ ਵਿਚ ਉਸ ਸਮੇਂ ਖ਼ੁਸ਼ੀ ਦੀਆਂ ਲਹਿਰਾਂ ਉੱਠ ਪਈਆਂ॥ ੨੪॥

ਦੋਹਰਾ- ਉਲੰਘਿ ਪੰਥ ਪਹੁੰਚਤਿ ਭਏ ਤਾਰਨ ਤਰਨ ਸਥਾਨ।
ਉਤਰੇ ਜਾਇ ਸਮੂਹ ਤਹਿਂ ਸ਼੍ਰੀ ਅਰਜਨ ਗੁਨੇ ਖਾਨ॥ ੨੫॥

ਸਾਰਾ ਪੰਧ ਮੁਕਾ ਕੇ ਤਰਨ ਤਾਰਨ ਵਾਲੇ ਸਥਾਨ ਤੇ ਪਹੁੰਚ ਗਏ। ਗੁਣਾਂ ਦੀ ਖਾਨ ਗੁਰੂ ਅਰਜਨ ਦੇਵ ਜੀ ਤੇ ਹੋਰ ਸਾਰਿਆਂ ਨੇ ਉਸ ਥਾਂ ਜਾ ਕੇ ਟਿਕਾਣਾ ਕਰ ਲਿਆ॥ ੨੫॥

ਸੈਯਾ- ਦੀਨਿ ਸਬੈ ਪਕਵਾਨ ਸੁ ਖਾਨ ਕੋ ਵਾਹਨ ਕੋ ਮਨ ਭਾਇ ਖੁਲਾਯੋ।
ਰੈਨਿ ਬਿਖੈ ਕਰਿ ਸੇਨ ਪਰੇ ਸੁਖ ਸੰਗ ਤਹਾਂ ਸਭਿ ਕਾਲ ਬਿਤਾਯੋ।
ਪ੍ਰਾਤ ਉਠੇ ਕਰਿ ਮੱਜਨ ਤੀਰਥ ਦਾਨ ਦਿਯੋ ਜੁਊ ਮਾਂਗਨਿ ਆਯੋ।
ਗ੍ਰਾਮਨਿ ਕੇ, ਪੁਰਿ ਕੇ, ਮਗ ਕੇ ਨਰ ਰੰਕਨਿ ਕੋ ਧਨ ਦੇ ਹੁਲਸਾਯੋ॥ ੨੬॥

ਸਾਰਿਆਂ ਨੂੰ ਖਾਣ ਵਾਸਤੇ ਮਠਿਆਈਆਂ ਦਿੱਤੀਆਂ ਤੇ ਸਾਰੇ ਵਾਹਣਾਂ ਨੂੰ ਮਨ-ਭਾਉਂਦੇ ਪਕਵਾਨ ਖਵਾਏ ਗਏ। ਰਾਤ ਨੂੰ ਸਾਰੇ ਓਥੇ ਹੀ ਸੌਂ ਗਏ ਤੇ ਬੜੀ ਖ਼ੁਸ਼ੀ ਨਾਲ ਸਾਰਾ ਸਮਾਂ ਬਤੀਤ ਕੀਤਾ। ਸਵੇਰੇ ਉੱਠ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਜਿਹੜਾ ਵੀ ਮੰਗਤਾ ਮੰਗਣ ਵਾਸਤੇ ਆਇਆ, ਉਸ ਨੂੰ ਦਾਨ ਦਿੱਤਾ। ਪਿੰਡਾਂ ਦੇ, ਨਗਰਾਂ ਅਤੇ ਰਾਹ ਵਿਚ ਆਏ ਸਾਰੇ ਗਰੀਬਾਂ ਨੂੰ ਧਨ ਦੇ ਕੇ ਬਹੁਤ ਪ੍ਰਸੰਨ ਕੀਤਾ॥ ੨੬॥

ਦੁੰਦਭਿ ਦੀਰਘ ਧੌਂਸ ਬਜੀ ਸਜਿ ਵਾਹਨ ਤਯਾਰਿ ਭਏ ਸਭਿ ਚਾਲੇ।
ਕੇਤਿਕ ਸਜੰਦਨ ਜਾਤਿ ਪਲਾਵਤਿ, ਕੇਤਿਕ ਬਾਜੀ ਕੁਦਾਇ ਬਿਸਾਲੇ।
ਕੇਤਿਕ ਬੈਲਨ ਕੀ ਬਹਿਲੈਂ ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ।
ਘੁੰਘਰ ਕੀ ਛਨਕਾਰ ਮਹਾਂ ਧੁਨਿ ਬਾਦਤ ਕੀ ਮਿਲਿਕੈ ਤਿਸ ਨਾਲੇ॥ ੨੭॥

ਦੁਦੰਭੀਆਂ ਤੇ ਵੱਡੇ ਧੌਂਸੇ ਵੱਜ ਉੱਠੇ ਤੇ ਸਾਰੇ ਵਾਹਣ ਤਿਆਰ ਕਰਕੇ ਚੱਲ ਪਏ। ਕਈ ਰੱਥ ਤਾਂ ਚਲੇ ਜਾ ਰਹੇ ਸਨ ਤੇ ਕਈ ਰੱਥਾਂ ਵਾਲੇ ਆਪਣੇ ਘੋੜਿਆਂ ਨੂੰ ਕੁਦਵਾ ਰਹੇ ਸਨ। ਕਈ ਬੈਲ ਗੱਡੀਆਂ ਨੂੰ ਭਜਾ ਰਹੇ ਸਨ ਅਤੇ ਮਜ਼ਬੂਤ ਸਰੀਰਾਂ ਵਾਲੇ ਬਹੁਤ ਦੌੜਦੇ ਸਨ। ਘੁੰਘਰੂਆਂ ਦੀ ਛਣਕਾਰ ਦੀ ਮਹਾਂ ਧੁਨੀ ਉਠ ਰਹੀ ਸੀ ਅਤੇ ਵਾਜੇ ਵੀ ਨਾਲ-ਨਾਲ ਵੱਜ ਰਹੇ ਸਨ॥ ੨੭॥

ਹਾਸ ਬਿਲਾਸ ਪ੍ਰਕਾਸ਼ਤਿ ਹੈਂ ਮਿਲਿ ਆਪਸ ਮਹਿਂ ਮਨ ਮੋਦ ਉਪਾਏ।
ਮਾਰਗ ਦੂਰਿ ਉਲੰਘ ਗਏ ਨਹਿਂ ਜਾਨ ਪਰਯੋ ਪੁਰਿ ਕੇ ਨਿਯਰਾਏ।
ਡੋਰੇ ਕੋ ਆਗੇ ਕਰੇ ਗਮਨੇ ਹਰਿਗੋਵਿੰਦ ਦੂਲਹੁ ਸ਼ੋਭ ਵਧਾਏ।
ਆਇ ਸੁਧਾਸਰ ਤੀਰ ਗਏ ਤਬਿ ਬਾਦਿਤ ਕੀ ਧੁਨਿ ਊਚ ਉਠਾਏ॥ ੨੮॥

ਹਾਸ-ਬਿਲਾਸ ਬਹੁਤ ਪ੍ਰਗਟ ਰੂਪ ਵਿਚ ਹੋ ਰਿਹਾ ਸੀ ਤੇ ਆਪਸ ਵਿਚ ਮਿਲ ਕੇ ਮਨ ਦੇ ਅਨੰਦ ਨੂੰ ਪਾ ਰਹੇ ਸਨ। ਜਦ ਬਹੁਤ ਪੈਂਡਾ ਕਰ ਲਿਆ ਤਾਂ ਪਤਾ ਲੱਗਾ ਕਿ ਨਗਰ ਨੇੜੇ ਹੀ ਆ ਗਿਆ ਹੈ। ਫਿਰ ਡੋਲੇ ਦੇ ਅੱਗੇ ਹੋ ਕੇ ਸ੍ਰੀ ਹਰਿਗੋਬਿੰਦ ਦੂਲਹਾ ਜੀ ਸ਼ੋਭਾ ਵਧਾ ਕੇ ਚਲਣ ਲਗੇ। ਜਦ ਆ ਕੇ ਅੰਮ੍ਰਿਤ ਸਰੋਵਰ ਦੇ ਕਿਨਾਰੇ ਤੇ ਪਹੁੰਚੇ ਤਾਂ ਵਾਜਿਆਂ ਦੀ ਧੁਨੀ ਬਹੁਤ ਉੱਚੀ ਕਰ ਦਿੱਤੀ॥ ੨੮॥

*ਕਬਿੱਤ*- ਮਹਾਂਦੇਵ, ਮੋਹਰੀ ਔ ਮੋਹਨ ਸੁ ਦਾਤੂ ਸਾਥ, ਬ੍ਰਿੱਧ, ਗੁਰਦਾਸ ਤੇ ਮਸੰਦ ਬ੍ਰਿੰਦ ਆਵਈਂ।
ਸੇਵਕ ਔ ਸਿੱਖ ਹਰਖਾਏ ਦੇਖਿ ਦੇਖਿ ਪੁਰਿ ਆਨੰਦ ਬਿਲੰਦ ਤੇ ਨ ਅੰਗਨਿ ਮੈਂ ਮਾਵਈਂ।
ਪਟਹ, ਪਣਵ, ਢੋਲ, ਦੁੰਦਭਿ, ਨਫੀਰੀ ਜੁਤ ਧੌਂਸਾ ਕੀ ਧੁੰਕਾਰ ਧੁਨਿ ਅਧਿਕ ਉਠਾਵਈਂ।
ਡਫ ਅਰੁ ਬੰਸਰੀ ਬਜਾਈ ਐਲਿ ਗੈਲਿ ਭਯੋ ਸੁਥਰੀ ਸੁ ਤੁਰਰੀ ਸ਼ਬਦ ਕੋ ਸੁਨਾਵਈਂ॥੨੯॥

ਬਾਬਾ ਮਹਾਂਦੇਵ, ਬਾਬਾ ਮੋਹਰੀ, ਬਾਬਾ ਮੋਹਨ, ਬਾਬਾ ਦਾਤੂ, ਬਾਬਾ ਬੁਢਾ ਜੀ, ਭਾਈ ਗੁਰਦਾਸ ਤੇ ਹੋਰ ਸਾਰੇ ਮਸੰਦ ਆ ਰਹੇ ਸਨ, ਸੇਵਕ ਅਤੇ ਸਿੱਖ ਨਗਰ ਨੂੰ ਵੇਖ ਵੇਖ ਕੇ ਏਨੇ ਪ੍ਰਸੰਨ ਹੋ ਰਹੇ ਸਨ ਕਿ ਆਪਣੇ ਅੰਗਾਂ ਵਿਚ ਨਹੀਂ ਸੀ ਸਮਾ ਰਹੇ। ਵੱਡੇ ਨਗਾਰੇ, ਧੌਂਸੇ, ਢੋਲ, ਦੁੰਦਭੀਆਂ, ਨਫੀਰੀਆਂ ਦੀ ਧੌਂਸਿਆਂ ਸਹਿਤ ਬੜੀ ਉੱਚੀ ਧੁਨ ਉਠ ਰਹੀ ਸੀ। ਡੱਫਾਂ ਅਤੇ ਬੰਸਰੀਆਂ ਵੱਜ ਰਹੀਆਂ ਸਨ ਅਤੇ ਤੁਰੀਆਂ ਵੱਜ ਰਹੀਆਂ ਸਨ। ਸਾਰੇ ਹੀ ਬਹੁਤ ਰੌਲਾ-ਗੌਲਾ ਮੱਚਿਆ ਸੀ॥ ੨੯॥

ਸੁਨੀ ਧੁਨਿ ਗੰਗ, ਭਈ ਆਨੰਦ ਕੇ ਸੰਗ ਉਠੀ ਰਿਦੇ ਤੇ ਉਮੰਗ, ਸਾਜ ਮੰਗਲ ਬਿਸਾਲ ਕੋ।
ਬ੍ਰਿੰਦ ਕੀਨਿ ਅੰਗਨਾ ਸੁ ਅੰਗਨਿ ਮੈਂ ਅੰਗ ਸ਼ੁਭ, ਅੰਗਨਿ ਮੈਂ ਮੇਵੈ ਨਹਿਂ ਦੇਖਿ ਮੋਦ ਜਾਲ ਕੋ।
ਦਾਤੂ ਦਾਰਾ, ਮੋਹਨ ਔ ਮੋਹਰੀ ਕੀ ਦਾਰਾ ਸੰਗ ਔਰਗਿਨੈਂ ਕੌਨ ਕੌਨ ਮਿਲੀ ਗਨ ਬਾਲ ਕੋ।
ਦੇਤਿ ਹੈਂ ਵਧਾਈ ਲੇਤਿ ਸੌ ਗੁਨੀ ਚਢਾਈ ਸੀਸ, ਸਭਿ ਉਮਹਾਈ ਦੇਖਿਬੇ ਕੋ ਬਧੂ ਲਾਲ ਕੋ॥੩੦॥

ਜਦ ਮਾਤਾ ਗੰਗਾ ਜੀ ਨੇ ਜੰਞ ਦੇ ਆਉਣ ਦੀ ਆਵਾਜ਼ ਸੁਣੀ ਤਾਂ ਹਿਰਦੇ ਵਿਚ ਬੜਾ ਅਨੰਦ ਭਰ ਕੇ ਉਠੀ, ਵਿਸ਼ਾਲ ਮੰਗਲ-ਮਈ ਸਾਜ ਵੱਜ ਰਹੇ ਸਨ। ਉਸ ਨੇ ਸੋਹਣੇ ਅੰਗਾਂ ਵਾਲੀਆਂ ਸਾਰੀਆਂ ਇਸਤਰੀਆਂ ਇਕੱਠੀਆਂ ਕੀਤੀਆਂ, ਉਹ ਸਾਰੀਆਂ ਅਜਿਹੇ ਖੁਸ਼ੀਆਂ ਅਤੇ ਅਨੰਦ-ਭਰੇ ਮਾਹੌਲ ਨੂੰ ਵੇਖ ਕੇ ਆਪਣੇ ਅੰਗਾਂ ਵਿਚ ਸਮਾਉਂਦੀਆਂ ਨਹੀਂ ਸਨ। ਬਾਬਾ ਦਾਤੂ, ਬਾਬਾ ਮੋਹਨ ਅਤੇ ਬਾਬਾ ਮੋਹਰੀ ਦੀਆਂ ਪਤਨੀਆਂ, ਇਹ ਕਿਥੋਂ ਤਕ ਗਿਣਤੀ ਕਰਾਂ ਕਿ ਬਹੁਤ ਇਸਤਰੀਆਂ ਇਕੱਠੀਆਂ

ਹੋਈਆਂ ਸਨ। ਉਹ ਵਧਾਈਆਂ ਦਿੰਦੀਆਂ ਸਨ ਤੇ ਸੌ ਗੁਣੀ ਸਿਰ ਚੜ੍ਹਾਈ ਲੈਂਦੀਆਂ ਹਨ, ਸਾਰੀਆਂ ਹੀ ਆਪਣੇ ਲਾਲ ਦੀ ਵਹੁਟੀ ਨੂੰ ਵੇਖਣਾ ਚਾਹੁੰਦੀਆਂ ਸਨ॥ ੩੦॥

**ਡਾਰੈਂ ਧਨ ਵਾਰਿ ਵਾਰਿ ਸ੍ਰੀ ਗੁਰੂ ਉਦਾਰ ਚਿਤ ਮਿਲੇ ਨਰ ਨਾਰਿ ਮੋਦ ਧਾਰਿ ਪੂਰਿ ਬਰੇ ਹੈਂ।**
**ਸੁਜਸ ਪਸਾਰਿ ਕਰਿ, ਜੋਰੀ ਗਈ ਦ੍ਵਾਰ ਨਿਜ, ਗੰਗ ਨੇ ਨਿਹਾਰਿ ਸੁਤ ਰੀਤਿ ਗਨ ਕਰੇ ਹੈਂ।**
**ਸਹਤ ਸਨੂਖਾ ਲੀਨਿ ਜੋਖਤਾ ਕੋ ਪੁੰਜ ਸੰਗਿ, ਬੰਦਨਾ ਕੇ ਹੇਤੁ ਹਰਿਮੰਦਿਰ ਕੋ ਮੁਰੇ ਹੈਂ।**
**ਤਜਾਗ ਅਸਵਾਰੀ ਲਏ ਮੋਦਕ ਕੋ ਥਾਰ ਭਰਿ ਸਗਰੀ ਪਧਾਰੀ ਗੀਤ ਗਾਇ ਪ੍ਰੀਤਿ ਧਰੇ ਹੈਂ ॥੩੧॥**

ਗੁਰੂ ਜੀ ਆਪਣੀ ਨੂੰਹ ਪੁੱਤਰ ਉਤੋਂ ਦੀ ਬੜੀ ਖੁਲ੍ਹ-ਦਿਲੀ ਨਾਲ ਧਨ ਵਾਰ-ਵਾਰ ਸੁੱਟ ਰਹੇ ਸਨ, ਜਦ ਤੋਂ ਉਹ ਨਗਰ ਵਿਚ ਦਾਖਲ ਹੋਏ ਸਨ। ਸ੍ਰੇਸ਼ਟ ਜੱਸ ਪਸਾਰ ਕੇ, ਜੋੜੀ ਆਪਣੇ ਘਰ ਦੇ ਦਰਵਾਜ਼ੇ ਤੇ ਪਹੁੰਚ ਗਈ। ਮਾਤਾ ਗੰਗਾ ਜੀ ਨੇ ਪੁੱਤਰ ਨੂੰ ਵੇਖ ਕੇ ਸਾਰੀਆਂ ਰੀਤੀਆਂ ਕੀਤੀਆਂ ਸਨ। ਆਪਣੇ ਨਾਲ ਨੂੰਹ ਨੂੰ ਲਿਆ ਤੇ ਨਾਲ ਬਹੁਤ ਇਸਤਰੀਆਂ ਵੀ ਲਈਆਂ ਤੇ ਬੰਦਨਾਂ ਕਰਨ ਵਾਸਤੇ ਹਰਿਮੰਦਰ ਸਾਹਿਬ ਵਲ ਮੁੜ ਪਏ। ਅਸਵਾਰੀ ਛੱਡ ਕੇ ਲੱਡੂਆਂ ਦੇ ਥਾਲ ਭਰ ਕੇ ਨਾਲ ਲੈ ਲਏ ਤੇ ਸਾਰੀਆਂ ਓਥੇ ਪਹੁੰਚ ਗਈਆਂ, ਨਾਲ-ਨਾਲ ਪ੍ਰੀਤ ਧਾਰ ਕੇ ਬਹੁਤ ਗੀਤ ਗਾ ਰਹੀਆਂ ਸਨ॥ ੩੧॥

**ਸਨੈ ਸਨੈ ਗਏ ਸੰਗ ਬਾਦਿਤ ਬਜਾਇ ਗਨ, ਜਾਚਕ ਜੋ ਆਏ ਧਨ ਪਾਇ ਹਰਖਾਇ ਕੈ।**
**ਤੀਰਥ ਕੇ ਤੀਰ ਪਰ ਭਈ ਬਹੁ ਭੀਰ ਤਹਾਂ, ਬੰਦਨਾ ਕਰਤਿ ਨਰ ਨਾਰੀ ਸੀਸ ਨਜਾਇ ਕੈ।**
**ਅੰਤਰਿ ਪ੍ਰਵੇਸ਼ ਹੋਏ ਸੇਤੁ ਪੈ ਗਮਨ ਕਰੇ, ਥਿਰੇ ਹਰਿ ਮੰਦਿਰ ਅਗਾਰੀ ਉਰ ਭਾਇ ਕੈ।**
**ਦੇਕਰਿ ਦਰਬ ਅਰਦਾਸ ਕੋ ਕਰਾਇਓ ਖਰੇ ਜੋਰਿ ਜੁਗ ਹਾਥਨਿ ਕੋ ਬੰਦੈਂ ਭਾਲ ਲਾਇਕੈ ॥੩੨॥**

ਹੌਲੀ-ਹੌਲੀ ਨਾਲ ਗਏ, ਬਹੁਤ ਵਾਜੇ ਵੱਜ ਰਹੇ ਸਨ, ਜਿਹੜਾ ਵੀ ਮੰਗਤਾ ਰਾਹ ਵਿਚ ਆਉਂਦਾ ਸੀ ਉਹ ਬਹੁਤ ਪ੍ਰਸੰਨ ਹੋ ਕੇ ਧਨ ਪਾਉਂਦਾ ਸੀ। ਸਰੋਵਰ ਦੇ ਕੰਢੇ ਉਤੇ ਬਹੁਤ ਭੀੜ ਹੋ ਗਈ, ਨਰ ਨਾਰੀਆਂ ਸੀਸ ਨਿਵਾ ਕੇ ਬੰਦਨਾ ਕਰਦੀਆਂ ਸਨ। ਦਰਵਾਜ਼ੇ ਦੇ ਅੰਦਰ ਪ੍ਰਵੇਸ਼ ਕਰਕੇ ਪੁਲ ਦੇ ਉੱਤੇ-ਉੱਤੇ ਜਾ ਰਹੇ ਸਨ ਤੇ ਜਾ ਕੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਦੇ ਅੱਗੇ ਜਾ ਕੇ ਖੜੇ ਹੋ ਗਏ। ਫਿਰ ਅਰਦਾਸ ਵਾਸਤੇ ਧਨ ਦੇ ਕੇ ਦੋਵੇਂ ਹੱਥ ਜੋੜ ਕੇ ਖੜੇ ਹੋ ਗਏ ਅਤੇ ਮੱਥਾ ਟੇਕ ਕੇ ਬੰਦਨਾ ਕੀਤੀ॥ ੩੨॥

**ਬਾਂਟਿ ਕੈ ਪ੍ਰਸਾਦਿ ਅਹਿਲਾਦਿ ਕੈ, ਅਗਾਰੀ ਕਰਿ, ਦੀਨਿ ਹੇ ਪ੍ਰਦੱਛਨਾ ਫਿਰੇ ਸੁ ਚਾਰਿ ਬਾਰਿ ਹੈਂ।**
**ਸਤਿਗੁਰੂ ਰਾਮਦਾਸ ਚਰਨ ਮਨਾਇ ਚਲੇ ਆਪਨੇ ਸਦਨ ਕੌ ਅਨੇਕ ਨਰ ਨਾਰਿ ਹੈਂ।**
**ਬਾਦਿਤ ਬਜਤਿ ਆਗੇ ਗਾਵੈਂ, ਤ੍ਰੀਯ ਪਾਛੇ ਲਾਗੇ, ਸਭਿਨਿ ਮਝਾਰ ਜੋਰੀ ਸ਼ੋਭਤਿ ਉਦਾਰ ਹੈ।**
**ਚਿੱਤ੍ਰਾ ਕੇ ਸਮੇਤ ਚੰਦ ਆਨੰਦ ਬਿਲੰਦ ਕਰਿ ਪੂਜਿ ਦੇਵ ਗੁਰੁ ਕੋ ਚਲਤਿ ਮਨੋ ਚਾਰੁ ਹੈਂ ॥੩੩॥**

ਖੁਸ਼ੀ ਦਾ ਪ੍ਰਸ਼ਾਦਿ ਵੰਡ ਕੇ, ਨੂੰਹ-ਪੁੱਤਰ ਅੱਗੇ ਕਰਕੇ ਉਨ੍ਹਾਂ ਨੂੰ ਚਾਰ ਵਾਰ ਪਰਿਕਰਮਾਂ ਕਰਨ ਵਾਸਤੇ ਕਿਹਾ। ਸਤਿਗੁਰੂ ਰਾਮਦਾਸ ਦੇ ਚਰਨਾਂ ਨੂੰ ਮਨਾ ਕੇ ਆਪਣੇ ਘਰ ਨੂੰ ਚੱਲ ਪਏ, ਅਨੇਕ ਨਰ ਨਾਰੀਆਂ ਨਾਲ ਸਨ। ਅੱਗੇ-ਅੱਗੇ ਵਾਜੇ ਵੱਜਦੇ ਜਾਂਦੇ ਸਨ ਤੇ ਇਸਤਰੀਆਂ ਪਿੱਛੇ-ਪਿੱਛੇ ਗਾਉਂਦੀਆਂ ਜਾ ਰਹੀਆਂ ਸਨ। ਸਾਰਿਆਂ ਦੇ ਵਿਚ ਨੂੰਹ-ਪੁੱਤਰ ਦੀ ਜੋੜੀ ਬਹੁਤ ਸ਼ੋਭਾ ਪਾ ਰਹੀ ਸੀ। ਮਾਨੋ ਚੰਦ, ਆਪਣੀ ਇਸਤਰੀ ਚਿੱਤ੍ਰਾ ਸਮੇਤ ਬ੍ਰਹਿਸਪਤ ਗੁਰੂ ਦੀ ਪੂਜਾ ਕਰਕੇ ਬੜਾ ਅਨੰਦ ਪ੍ਰਸੰਨ ਹੋ ਕੇ ਸੁੰਦਰ ਸਰੂਪ ਧਾਰ ਕੇ ਜਾ ਰਿਹਾ ਸੀ॥ ੩੩॥

**ਦੇਵਕੀ ਮਨਿੰਦ ਸ਼ਜਾਮ ਘਨ ਸਤਿਭਾਮਾ ਜੁਤਿ ਮਾਨੋ ਕੁਲ ਬਡੋ ਪੂਜ ਜਾਤਿ ਨਿਜ ਦ੍ਵਾਰਿ ਹੈਂ।**
**ਮੰਦ ਮੰਦ ਗਮਨਤਿ ਗਏ ਨਿਜ ਮੰਦਿਰ ਕੋ ਸੁੰਦਰ ਫਰਸ਼ ਜਹਾਂ ਆਸਨ ਉਦਾਰ ਹੈ।**

Sri Satguru Jagjit Singh Ji eLlibrary NamdhariElibrary@gmail.com

ਸਹਤ ਸਨੂਖਾ ਸੁਤ ਹੇਰਤਿ ਹਰਖਚਿਤ ਗੰਗਾ ਕੇ ਅਨੰਦ ਕਿਮ ਕਰੈ ਕੋ ਉਚਾਰ ਹੈ।
ਜਥਾ ਜੋਗ ਸਗਰੀ ਬਿਠਾਈ ਸਨਮਾਨ ਕਰਿ, ਹੁਤੀ ਕੁਲ ਰੀਤਿ ਸਭਿ ਕੀਨੀ ਨਿਰਧਾਰ ਹੈ ॥੩੪॥

ਮਾਨੋ ਕ੍ਰਿਸ਼ਨ ਜੀ ਦੀ ਮਾਤਾ ਦੇਵਕੀ ਕ੍ਰਿਸ਼ਨ ਅਤੇ ਕ੍ਰਿਸ਼ਨ ਦੀ ਇਸਤਰੀ ਸਤਿਭਾਮਾ ਸਮੇਤ ਕੁਲ ਦੇ ਦੇਵਤੇ ਦੀ ਪੂਜਾ ਕਰਕੇ ਆਪਣੇ ਘਰ ਨੂੰ ਜਾ ਰਹੇ ਹੋਣ। ਹੌਲੀ-ਹੌਲੀ ਚਲਦੇ ਆਪਣੇ ਘਰ ਦੇ ਦਰਵਾਜ਼ੇ ਦੇ ਅੰਦਰ ਓਥੇ ਚਲੇ ਗਏ ਜਿਥੇ ਸੁੰਦਰ ਫਰਸ਼ ਉੱਤੇ ਸੁੰਦਰ ਆਸਣ ਲੱਗੇ ਹੋਏ ਹਨ। ਯਥਾ-ਯੋਗ ਸਾਰਿਆਂ ਨੂੰ ਸਨਮਾਨ ਕਰਕੇ ਬਿਠਾਇਆ ਤੇ ਜਿਹੜੀ ਕੁਲ ਦੀ ਰੀਤੀ ਸੀ ਉਹ ਸਾਰੀ ਪੂਰੀ ਕੀਤੀ॥ ੩੪॥

*ਚੌਥੀ ਰਾਸ ਦੇ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥ ੧੪॥*

# ਅਧਿਆਇ ਪੰਦਰ੍ਹਵਾਂ

*ਮੇਲ ਦੀ ਵਡਾਇਗੀ*

ਦੋਹਰਾ- ਗੰਗਾ ਮੰਗਲ ਸੰਗ ਤਬਿ ਕਰਤਿ ਨਿਛਾਵਰ ਨੰਦ।
ਅਪਰ ਸਰਬ ਨੇ ਉਠਿ ਕਰੀ, ਖਰਚਹਿਂ ਦਰਬ ਬਿਲੰਦ ॥੧॥

ਮਾਤਾ ਗੰਗਾ ਜੀ ਫਿਰ ਬਹੁਤ ਪ੍ਰਸੰਨ ਹੋ ਕੇ ਪੁੱਤਰ ਉਪਰ ਵਾਰਨੇ ਕਰਦੀ ਹੈ। ਬਾਕੀ ਸਾਰੀਆਂ ਇਸਤਰੀਆਂ ਨੇ ਵੀ ਉੱਠ ਕੇ ਬਹੁਤ ਧਨ ਦੇ ਵਾਰਨੇ ਕੀਤੇ॥ ੧॥

ਚੌਪਈ- ਪਿਖਿਨਿ ਸਨੂਖਾ ਮੁਖ ਕੋ ਲਾਗੀ। ਰਿਦਾ ਅਨੰਦ ਭਰਜੋ ਬਡਿ ਭਾਗੀ।
ਪਾਇ ਓਲਿ ਮਹਿਂ ਧਨ ਕੀ ਥਾਤੀ। ਅਵਿਲੋਕਤਿ ਭਈ ਸੀਤਲ ਛਾਤੀ ॥੨॥

ਫਿਰ ਆਪਣੀ ਨੂੰਹ ਦੇ ਮੁਖ ਨੂੰ ਵੇਖਣ ਲੱਗੀ, ਆਪਣੀ ਨੂੰਹ ਨੂੰ ਵੇਖ ਕੇ ਵੱਡੇ ਭਾਗਾਂ ਵਾਲੀ ਦਾ ਹਿਰਦਾ ਆਨੰਦ ਨਾਲ ਭਰ ਗਿਆ। ਉਸ ਦੀ ਝੋਲੀ ਵਿਚ ਧਨ ਪਾਇਆ, ਵੇਖ ਕੇ ਛਾਤੀ ਵਿਚ ਠੰਡ ਪੈ ਗਈ॥ ੨॥

ਪੁਨ ਉਠਿ ਉਠਿ ਕਰਿ ਸਗਰੀ ਦਾਰਾ। ਜਥਾ ਉਚਿਤ ਝੋਰੀ ਧਨ ਡਾਰਾ।
ਪਿਖਤਿ ਬਧੂ ਕੋ ਮੁਖ ਹਰਖਾਈ। ਕਰਹਿਂ ਸਰਾਹਨਿ ਸੁੰਦਰਤਾਈ ॥੩॥

ਫਿਰ ਸਾਰੀਆਂ ਇਸਤਰੀਆਂ ਨੇ ਉੱਠ ਉੱਠ ਕੇ ਆਪਣੀ-ਆਪਣੀ ਵਿਤ ਮੂਜਬ ਨੂੰਹ ਦੀ ਝੋਲੀ ਵਿਚ ਧਨ ਪਾਇਆ। ਨੂੰਹ ਦੇ ਮੁਖੜੇ ਨੂੰ ਵੇਖ ਕੇ ਪ੍ਰਸੰਨ ਹੋ ਰਹੀਆਂ ਸਨ ਅਤੇ ਸੁੰਦਰਤਾਈ ਦੀ ਬੜੀ ਸ਼ਲਾਘਾ ਕਰ ਰਹੀਆਂ ਸਨ॥ ੩॥

'ਹੇ ਅਲਿ! ਗੰਗਾ ਕੇ ਬਡਿ ਭਾਗਾ। ਜਿਸਕੋ ਜਗ ਗੁਰੁ ਅਹੈਂ ਸੁਹਾਗਾ।
ਬਹੁਰ ਪੁਤ੍ਰ ਜਨੁ ਚੰਦ ਅਮੰਦੂ। ਕੋ ਅਸ ਤ੍ਰਿਯ, ਪਿਖਿ ਹੈ ਨ ਅਨੰਦੂ ॥੪॥

ਕਹਿ ਰਹੀਆਂ ਸਨ, "ਹੇ ਸਖੀ! ਗੰਗਾ ਜੀ ਦੇ ਵੱਡੇ ਭਾਗ ਹਨ, ਜਿਸ ਦੇ ਸੁਹਾਗ ਜਗਤ ਗੁਰੂ ਹਨ ਅਤੇ ਫਿਰ ਪੁੱਤਰ ਨਿਹਕਲੰਕ ਚੰਦਰਮਾ ਵਾਂਗ ਹੈ। ਐਸੀ ਕੋਈ ਅਨੰਦ-ਭਰੀ ਇਸਤਰੀ ਵੇਖੀ ਨਹੀਂ ਹੈ॥ ੪॥

ਤਿਹ ਸੁਤ ਸੰਗਿ ਸੁਨੂਖਾ ਸੋਹੀ। ਰਾਮਚੰਦ ਜਨੁ ਸੀਤਾ ਹੋਹੀ।
ਇਹ ਜੋਰੀ ਜੀਵਹੁ ਚਿਰਕਾਲਾ। ਇਕ ਸਮ ਸੁੰਦਰ ਰੂਪ ਬਿਸਾਲਾ' ॥੫॥

ਉਸ ਦੇ ਪੁੱਤਰ ਦੇ ਨਾਲ ਨੂੰਹ ਬਹੁਤ ਸ਼ੋਭ ਰਹੀ ਹੈ। ਜਿਵੇਂ ਰਾਮਚੰਦਰ ਦੇ ਨਾਲ ਸੀਤਾ ਹੋਵੇ। ਇਹ ਜੋੜੀ ਬਹੁਤ ਦੇਰ ਤਕ ਜੀਉਂਦੀ ਰਹੇ. ਦੋਹਾਂ ਦਾ ਬਰਾਬਰ ਦਾ ਸੁੰਦਰ ਰੂਪ ਹੈ॥ ੫॥

Sri Satguru Jagjit Singh Ji eLlibrary NamdhariElibrary@gmail.com

ਉਤਸਵ ਜਥਾ ਜੋਗ ਕਰਿ ਗੰਗਾ। ਸਭਿ ਕੋ ਸਨਮਾਨਤਿ ਹਿਤ ਸੰਗਾ।
ਨਾਨਾ ਭਾਂਤਿਨਿ ਬਨਜੋ ਅਹਾਰਾ। ਸੂਖਮ ਚਾਵਰ ਦੌਨਿ ਪ੍ਰਕਾਰਾ॥ ੬॥

ਯਥਾ-ਯੋਗ ਉਤਸਵ ਕਰਕੇ, ਮਾਤਾ ਗੰਗਾ ਜੀ ਨੇ ਸਾਰਿਆਂ ਨੂੰ ਸਨਮਾਨਿਤ ਕਰਨ ਵਾਸਤੇ ਕਈ ਪ੍ਰਕਾਰ ਦਾ ਭੋਜਨ ਤਿਆਰ ਕੀਤਾ ਸੀ। ਬਾਸਮਤੀ ਦੇ ਚਾਵਲ ਦੋਵੇਂ ਪ੍ਰਕਾਰ ਦੇ ਬਣਾਏ ਸਨ॥ ੬॥

ਮਧੁਰ ਸਲਵਣ ਸੁ ਮੇਵਾ ਡਾਲੇ। ਗਰੀ ਬਦਾਮਨਿ ਛੀਲ ਬਿਸਾਲੇ।
ਪਿਸਤਾ ਸ੍ਵਾਦ ਸਾਵਗੀ ਪਾਏ। ਪੂਰੀ ਕਰਿ ਕਚੌਰਿ ਸਮੁਦਾਏ॥ ੭॥

ਮਿਠੇ ਅਤੇ ਲੂਣ ਵਾਲੇ ਚਾਵਲ ਬਹੁਤ ਮੇਵੇ ਪਾ ਕੇ ਬਣਾਏ ਗਏ ਸਨ। ਬਹੁਤ ਗਿਰੀਆਂ ਬਾਦਾਮ ਛਿਲ ਕੇ ਪਾਏ ਹੋਏ ਸਨ, ਪਿਸਤਾ ਅਤੇ ਸਵਾਦੀ ਸੌਗੀ ਵੀ ਪਾਈ ਹੋਈ ਸੀ, ਪੂਰੀਆਂ ਅਤੇ ਕਚੌਰੀਆਂ ਵੀ ਬਹੁਤ ਬਣਾਈਆਂ ਸਨ॥ ੭॥

ਬਰੇ ਪਕੌਰੇ ਦਧਿ ਮਹਿਂ ਡਾਲੇ। ਧਨੀਆ ਮਿਰਚ ਅਨੇਕ ਮਸਾਲੇ।
ਨਰ ਨਾਰਿਨਿ ਕੋ ਰੁਚਿਰ ਅਹਾਰਾ। ਸਾਦਰ ਕਹਿ ਕਹਿ ਸਭਿਨਿ ਖੁਆਰਾ॥ ੮॥

ਵੜੇ ਅਤੇ ਪਕੌੜੇ ਦਹੀਂ ਵਿਚ ਪਾਏ ਗਏ ਸਨ; ਧਨੀਆ, ਮਿਰਚਾਂ ਅਤੇ ਅਨੇਕਾਂ ਪ੍ਰਕਾਰ ਦੇ ਮਸਾਲੇ ਪਾਏ ਗਏ ਸਨ। ਇਸਤਰੀਆਂ ਪੁਰਸ਼ਾਂ ਵਾਸਤੇ ਬਾਕੀ ਸਵਾਦੀ ਖਾਣੇ ਤਿਆਰ ਕੀਤੇ ਗਏ ਸਨ। ਬੜੇ ਆਦਰ ਨਾਲ ਕਹਿ ਕਹਿ ਕੇ ਸਾਰਿਆਂ ਨੂੰ ਖੁਆਏ॥ ੮॥

ਤ੍ਰਿਪਤਿ ਹੋਇ ਭੀ ਚਾਹਤਿ ਖਾਯੋ। ਅਸਨ ਸੁ ਅਸ ਸ੍ਵਾਦਲ ਮਨ ਭਾਯੋ।
ਸਭਿਕੇ ਵਾਹਨ ਕੋ ਦੇ ਦਾਨਾ। ਤ੍ਰਿਣਗਨ ਦਈ ਨਿਹਾਰੀ ਖਾਨਾ॥ ੯॥

ਤ੍ਰਿਪਤ ਹੋ ਕੇ ਵੀ ਹੋਰ ਖਾਣਾ ਚਾਹੁੰਦੇ ਸਨ, ਇਸ ਤਰ੍ਹਾਂ ਸਵਾਦੀ ਭੋਜਨ ਮਨ ਨੂੰ ਬਹੁਤ ਭਾਏ। ਸਾਰਿਆਂ ਦੇ ਵਾਹਣਾਂ ਨੂੰ ਦਾਨ ਦਿੱਤਾ। ਘੋੜਿਆਂ ਅਤੇ ਬਲਦਾਂ ਨੂੰ ਛੋਲਿਆਂ, ਆਟੇ ਅਤੇ ਗੁੜ ਆਦਿ ਦੀਆਂ ਬਣਾਈਆਂ ਖਾਣ ਵਾਸਤੇ ਨਿਹਾਰੀਆਂ ਦਿੱਤੀਆਂ ਗਈਆਂ॥ ੯॥

ਦਾਸ ਅਨਿਕ ਅਰੁ ਸਗਲ ਮਸੰਦ। ਸਭਿ ਕੀ ਸੇਵਾ ਕਰਹਿਂ ਬਿਲੰਦ।
ਜੋ ਜਿਸ ਚਾਹਿ ਦਈ ਤਿਹ ਸੋਈ। ਰਿਦੇ ਕਾਮ ਪੂਰਤਿ ਸਭਿ ਕੋਈ॥ ੧੦॥

ਅਨੇਕਾਂ ਸੇਵਕਾਂ ਅਤੇ ਸਾਰੇ ਮਸੰਦਾਂ ਦੀ ਬਹੁਤ ਸੇਵਾ ਕੀਤੀ ਗਈ। ਜਿਸ ਨੇ ਵੀ ਜੋ ਕੁਝ ਮੰਗਿਆ, ਦਿੱਤਾ ਗਿਆ। ਹਰ ਇਕ ਦੇ ਹਿਰਦੇ ਦੀ ਕਾਮਨਾ ਪੂਰਨ ਕਰਦੇ ਸਨ॥ ੧੦॥

ਖਾਨ ਪਾਨ ਸਨਮਾਨ ਮਹਾਨਾ। ਪਰੀ ਰੈਨ ਸੁਪਤੇ ਨਿਜ ਥਾਨਾ।
ਸ੍ਰੀ ਅਰਜਨ ਸੁਧਿ ਸਭਿ ਕੀ ਸੁਨਿ ਕੈ। ਭਈ ਸੇਵ ਤ੍ਰਿਪਤੇ ਗਨ ਗੁਨਿਕੈ॥੧੧॥

ਸਾਰਿਆਂ ਨੂੰ ਭੋਜਨ ਛਕਾ ਕੇ ਬਹੁਤ ਸਨਮਾਨ ਕੀਤਾ। ਫਿਰ ਰਾਤ ਪੈਣ ਤੇ ਆਪਣੇ-ਆਪਣੇ ਸਥਾਨਾਂ ਤੇ ਜਾ ਕੇ ਸੌਂ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਇਹ ਖਬਰ ਸੁਣ ਕੇ ਕਿ ਸਾਰਿਆਂ ਦੀ ਭਲੀ-ਭਾਂਤ ਸੇਵਾ ਹੋਈ ਹੈ ਤੇ ਸਾਰੇ ਤ੍ਰਿਪਤ ਹੋ ਕੇ ਗਏ ਹਨ, ਇਸ ਗੱਲ ਨੂੰ ਵੀਚਾਰ ਕੇ॥ ੧੧॥

ਸੁਪਤੇ ਸਭਿਹਿਨਿ ਤੇ ਪਸ਼ਚਾਤੀ। ਤਿਮ ਅੰਤਰਿ ਗੰਗਾ ਹਰਖਾਤੀ।
ਦਾਸੀ ਗਨ ਕੋ ਪ੍ਰੇਰਨਿ ਕਰਤੀ। ਖਾਨ ਪਾਨ ਸਭਿ ਕੀ ਸੁਧਿ ਧਰਤੀ॥ ੧੨॥

ਸਾਰਿਆਂ ਤੋਂ ਬਾਅਦ ਵਿਚ ਸੁੱਤੇ। ਉਸ ਤਰ੍ਹਾਂ ਹੀ ਮਾਤਾ ਗੰਗਾ ਜੀ ਦਿਲੋਂ ਬਹੁਤ ਪ੍ਰਸੰਨ ਸਨ। ਦਾਸੀਆਂ ਨੂੰ ਪ੍ਰੇਰਤ ਕਰ ਰਹੇ ਸਨ, ਸਾਰਿਆਂ ਦੇ ਖਾਣ-ਪੀਣ ਦੀ ਖਬਰ ਲੈਂਦੇ ਸਨ॥ ੧੨॥

ਬਹੁ ਸਨੇਹ ਤੇ ਨੁਖਾ ਬਿਠਾਵਹਿ। ਕਹਿ ਕਹਿ ਬਰ ਭੋਜਨ ਕੋ ਖ੍ਵਾਵਹਿ।
ਪੁਨ ਅਪਨੇ ਢਿਗ ਸਿਹਜਾ ਸੁੰਦਰ। ਕਰੀ ਡਸਾਵਨਿ ਅੰਦਰ ਮੰਦਿਰ॥ ੧੩॥

ਬੜੇ ਪਿਆਰ ਨਾਲ ਨੂੰਹ ਨੂੰ ਬਿਠਾਉਂਦੇ ਸਨ, ਕਹਿ ਕਹਿ ਕੇ ਸ੍ਰੇਸ਼ਟ ਭੋਜਨ ਨੂੰ ਖਵਾਉਂਦੇ ਸਨ। ਫਿਰ ਆਪਣੇ ਪਾਸ ਸੁੰਦਰ ਬਿਸਤਰਾ ਵਿਛਾਇਆ ਤੇ ਉਸ ਨੂੰ ਆਪਣੇ ਕਮਰੇ ਦੇ ਅੰਦਰ ਡੁਹਾਇਆ॥ ੧੩॥

ਲੇ ਕਰਿ ਨਿਕਟ ਆਪ ਤਬਿ ਸੋਈ। ਨੁਖਾ ਬਿਲੋਕਤ ਹਰਖਤਿ ਹੋਈ।
ਹਰਿ ਗੁਵਿੰਦ ਬਰ ਇੰਦ ਮਨਿੰਦਾ। ਪਿਤ ਸਮੀਪ ਪੌਢੇ ਸੁਖਕੰਦਾ॥ ੧੪॥

ਨੂੰਹ ਨੂੰ ਆਪਣੇ ਪਾਸ ਲੈ ਕੇ ਸੁੱਤੀ ਤੇ ਨੂੰਹ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ। ਸ੍ਰੀ ਹਰਿਗੋਬਿੰਦ ਵਰ ਇੰਦਰ ਵਾਂਗ ਹੈ, ਉਹ ਆਪਣੇ ਪਿਤਾ ਜੀ ਪਾਸ ਲੰਮੇ ਪੈ ਗਏ॥ ੧੪॥

ਮਹਾਂਦੇਵ ਨਿਜ ਘਰਹੁੰ ਸਿਧਾਰਾ। ਸਭਿ ਕੁਟੰਬ ਹਿਤ ਪਠਜੋ ਅਹਾਰਾ।
ਮੋਹਨ ਅਪਰ ਮੋਹਰੀ ਦਾਤੂ। ਖਾਨ ਪਾਨ ਸੁਪਤੇ ਹਰਖਾਤੂ॥ ੧੫॥

ਬਾਬਾ ਮਹਾਂਦੇਵ ਆਪਣੇ ਘਰ ਚਲਾ ਗਿਆ, ਸਾਰੇ ਪਰਿਵਾਰ ਦਾ ਭੋਜਨ ਭੇਜ ਦਿੱਤਾ। ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ ਅਤੇ ਬਾਬਾ ਦਾਤੂ ਜੀ ਖਾ ਪੀ ਕੇ ਬੜੇ ਪ੍ਰਸੰਨ ਹੋ ਕੇ ਸੌਂ ਗਏ॥ ੧੫॥

ਅਪਰ ਸਿੱਖ ਸੰਗਤਿ ਨਰ ਨਾਰੀ। ਬ੍ਰਿੰਦ ਮਸੰਦ ਕਰਤਿ ਜੇ ਕਾਰੀ।
ਦਾਸੀ ਦਾਸ ਸਭਿਨਿ ਸੁਖ ਪਾਏ। ਨਿਜ ਨਿਜ ਥਾਨ ਸਕਲ ਸੁਪਤਾਏ॥ ੧੬॥

ਹੋਰ ਸਿੱਖ ਸੰਗਤ ਤੇ ਸਾਰੇ ਇਸਤਰੀ ਪੁਰਸ਼ ਅਤੇ ਸਾਰੇ ਮਸੰਦ ਜਿਹੜੇ ਕੰਮ ਕਰ ਰਹੇ ਸਨ ਅਤੇ ਦਾਸ ਦਾਸੀਆਂ ਸਭ ਨੇ ਸੁਖ ਪਾਇਆ। ਆਪਣੇ-ਆਪਣੇ ਥਾਂ ਸਾਰੇ ਸੌਂ ਗਏ॥ ੧੬॥

ਜਾਮ ਜਾਮਨੀ ਜਾਗੇ ਨਾਥ। ਮੋਹਨ ਮਾਤੁਲ ਲੀਨਸਿ ਸਾਥ।
ਸੌਚਾਚਾਰ ਕਰੇ ਬਿਧਿ ਸਾਰੀ। ਪ੍ਰਥਮ ਨਹਾਇ ਕੂਪ ਕੇ ਬਾਰੀ॥ ੧੭॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ। ਮੋਹਨ ਮਾਮਾ ਜੀ ਨੂੰ ਨਾਲ ਲੈ ਲਿਆ। ਹਰ ਪ੍ਰਕਾਰ ਦੀ ਸੌਚਾਚਾਰੀ ਕੀਤੀ। ਪਹਿਲਾਂ ਖੂਹ ਦੇ ਪਾਣੀ ਨਾਲ ਇਸ਼ਨਾਨ ਕੀਤਾ॥ ੧੭॥

ਸੁਧਾ ਸਰੋਵਰ ਜਾਇ ਸ਼ਨਾਨੇ। ਪੁਨ ਪਹੁਚੇ ਹਰਿਮੰਦਿਰ ਥਾਨੇ।
ਬੈਠਤਿ ਭਏ ਸੁ ਸਭਾ ਸੁਧਾਰਿ। ਗਾਵਨਿ ਲਗੇ ਸੁ ਆਸਾਵਾਰਿ॥ ੧੮॥

ਫਿਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ, ਫਿਰ ਹਰਿਮੰਦਰ ਸਾਹਿਬ ਵਿਚ ਪਹੁੰਚ ਗਏ। ਸਭਾ ਵਿਚ ਜਾ ਕੇ ਚੰਗੀ ਤਰ੍ਹਾਂ ਬੈਠ ਗਏ। ਆਸਾ ਦੀ ਵਾਰ ਦਾ ਕੀਰਤਨ ਹੋਣ ਲੱਗਾ॥ ੧੮॥

ਬ੍ਰਿੱਧ ਜੁਤ ਆਇ ਗਯੋ ਗੁਰਦਾਸ। ਬੈਠੇ ਬ੍ਰਿੰਦ ਮਸੰਦੈ ਪਾਸ।
ਉਮਰ ਸ਼ਾਹੁ, ਭਾਈ ਕੱਲਜਾਨਾ। ਬਹੁ ਸਿਖ ਕਰਹਿਂ ਦਰਸ ਕੋ ਆਨਿ॥ ੧੯॥

ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਸਹਿਤ ਆ ਗਏ, ਬਹੁਤ ਮਸੰਦ ਪਾਸ ਬੈਠੇ ਹੋਏ ਸਨ। ਉਮਰ ਸ਼ਾਹ ਤੇ ਭਾਈ ਕਲਿਆਣਾ ਆਦਿ ਬਹੁਤ ਸਿੱਖ ਦਰਸ਼ਨਾਂ ਨੂੰ ਆ ਰਹੇ ਸਨ॥ ੧੯॥

ਨੰਦ ਅਨੰਦ ਮੋਹਰੀ ਸੰਗਿ। ਸੰਸਰਾਮ ਜੁਤਿ ਰਿਦੇ ਉਮੰਗਿ।
ਆਇ ਸਭਾ ਦਰਬਾਰ ਲਗਾਈ। ਹੇਰਤਿ ਸੁਨਤਿ ਸਰਬ ਹਰਖਾਈ॥ ੨੦॥

ਬਾਬਾ ਮੋਹਰੀ ਜੀ ਆਪਣੇ ਪੁੱਤਰ ਅਨੰਦ ਤੇ ਸੰਸਰਾਮ ਨਾਲ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਆਏ। ਸਭਾ ਵਿਚ ਆ ਗਏ ਜਿਥੇ ਦਰਬਾਰ ਲੱਗਾ ਹੋਇਆ ਸੀ, ਵੇਖ ਕੇ ਅਤੇ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ॥ ੨੦॥

**ਪ੍ਰਾਤ ਹੋਤਿ ਕੇ ਪਾਯੋ ਭੋਗ। ਸਿਰ ਨਿਵਾਇ ਤਬਿ ਸਭਿਹੂੰ ਲੋਗ।**
**ਸ੍ਰੀ ਗੁਰੂ ਗ੍ਰਿੰਥ ਸਾਹਿਬ ਜਬਿ ਆਇਵ। ਸਗਰੇ ਉਠਿ ਸਨਮਾਨ ਬਧਾਇਵ ॥੨੧॥**

ਸਵੇਰ ਹੋਣ ਤੇ ਆਸਾ ਦੀ ਵਾਰ ਦਾ ਭੋਗ ਪਾਇਆ ਫਿਰ ਸਾਰੇ ਲੋਕਾਂ ਨੇ ਸਿਰ ਨਿਵਾਇਆ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਆਇਆ, ਸਾਰਿਆਂ ਨੇ ਉੱਠ ਕੇ ਉਸ ਦਾ ਸਨਮਾਨ ਵਧਾਇਆ॥ ੨੧॥

**ਸ੍ਰੀ ਮੰਜੀ ਪਰ ਖੋਲਨਿ ਕੀਨਿ। ਪਠਨਿ ਹੇਤੁ ਗੁਰੁ ਆਇਸੁ ਦੀਨਿ।**
**ਬ੍ਰਿੱਧ ਨੇ ਤਬਿ ਬਾਂਚੀ ਗੁਰ ਬਾਨੀ। ਜਿਸ ਮਹਿਂ ਹੰਤਾ ਮਮਤਾ ਹਾਨੀ॥ ੨੨॥**

ਸ੍ਰੀ ਮੰਜੀ ਸਾਹਿਬ ਤੇ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਫਿਰ ਮੁਖਵਾਕ ਲੈਣ ਦੀ ਗੁਰੂ ਜੀ ਨੇ ਆਗਿਆ ਕੀਤੀ। ਬਾਬਾ ਬੁੱਢਾ ਜੀ ਨੇ ਫਿਰ ਬਾਣੀ ਪੜ੍ਹ ਕੇ ਸੁਣਾਈ, ਜਿਸ ਨਾਲ ਹੰਕਾਰ ਅਤੇ ਮੋਹ ਦਾ ਨਾਸ਼ ਹੁੰਦਾ ਹੈ। ਸ਼ਬਦ ਇਸ ਪ੍ਰਕਾਰ ਹੋਇਆ॥ ੨੨॥

*ਰਾਗੁ ਵਡਹੰਸੁ ਮਹਲਾ ੫॥ ਛੰਤੁ॥*

*ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥*
*ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥*
*ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ॥*
*ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ॥*
*ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ॥*
*ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ॥ ੧॥*

*(ਪੰਨਾ ੫੭੭)*

ਮੈਂ ਉਨ੍ਹਾਂ ਉੱਤੋਂ ਬਲਿਹਾਰ ਜਾਂਦਾ ਹਾਂ ਜੋ ਆਪਣੇ ਕੰਨਾਂ ਨਾਲ ਸੁਆਮੀ ਦਾ ਨਾਂ ਸੁਣਦੇ ਹਨ। ਉਹ ਸਹਿਜੇ ਹੀ ਸੁਖੀ ਹਨ ਜੋ ਆਪਣੀ ਜੀਭ ਨਾਲ ਵਾਹਿਗੁਰੂ ਦਾ ਨਾਮ ਜਪਦੇ ਹਨ। ਉਹ ਸਹਿਜੇ ਹੀ ਸੁਖੀ ਹਨ ਅਤੇ ਅਮੋਲਕ ਗੁਣਾਂ ਵਾਲੇ ਹਨ ਤੇ ਉਹ ਸੰਸਾਰ ਦਾ ਪਾਰ-ਉਤਾਰਾ ਕਰਨ ਆਏ ਹਨ।

ਪ੍ਰਭੂ ਦੇ ਚਰਨ ਜਹਾਜ਼ ਹਨ ਜਿਨ੍ਹਾਂ ਨੇ ਅਨੇਕਾਂ ਵਿਅਕਤੀਆਂ ਨੂੰ ਭਿਆਨਕ ਭਵਸਾਗਰ ਤੋਂ ਪਾਰ ਲੰਘਾਇਆ ਹੈ।

ਜਿਨ੍ਹਾਂ ਉੱਤੇ ਮੇਰੇ ਮਾਲਕ ਨੇ ਮਿਹਰ ਕੀਤੀ ਹੈ, ਉਨ੍ਹਾਂ ਪਾਸੋਂ ਉਨ੍ਹਾਂ ਦਾ ਹਿਸਾਬ ਕਿਤਾਬ ਨਹੀਂ ਪੁਛਿਆ ਜਾਂਦਾ। ਹੇ ਨਾਨਕ ! ਕਹੋ, ਮੈਂ ਉਨ੍ਹਾਂ ਉੱਤੋਂ ਬਲਿਹਾਰ ਜਾਂਦਾ ਹਾਂ ਜੋ ਆਪਣੇ ਕੰਨਾਂ ਨਾਲ ਪ੍ਰਭੂ ਦਾ ਨਾਮ ਸੁਣਦੇ ਹਨ॥ ੧॥

**ਚੌਪਈ- ਪਰਮੇਸ਼ੁਰ ਕੋ ਸੁਜਸੁ ਮਹਾਨਾ। ਕੈ ਸੰਤਨਿ ਕੋ ਕੀਨਿ ਬਖਾਨਾ।**
**ਅਧਿਕ ਨੰਮ੍ਰਤਾ ਤਜਿਨਿ ਹੰਕਾਰ। ਸੱਤਿਨਾਮ ਸਿਮਰਨ ਸੁਖ ਸਾਰ ॥੨੩॥**

ਪ੍ਰਭੂ ਦਾ ਸ੍ਰੇਸ਼ਟ ਜੱਸ ਮਹਾਨ ਹੈ, ਸਭ ਸੰਤਾਂ ਨੇ ਦੱਸਿਆ ਹੈ। ਜ਼ਿਆਦਾ ਨਿੰਮ੍ਰਤਾ ਧਾਰਨ ਕਰੋ ਤੇ ਹੰਕਾਰ ਨੂੰ ਛੱਡੋ, ਸਤਿਗੁਰੂ ਦਾ ਸਿਮਰਨ ਬੜਾ ਸੁਖਦਾਈ ਹੈ॥ ੨੩॥

**ਕਾਮ ਕ੍ਰੋਧ ਆਦਿਕ ਕੋ ਤਜਾਗਨਿ। ਸ੍ਰੀ ਭਗਵੰਤ ਭਗਤਿ ਕੋ ਲਾਗਨਿ।**
**ਬਹੁ ਬੈਰਾਗ ਜਗਤ ਤੇ ਕਰਿਬੋ। ਸੰਤਨਿ ਸੇਵਨਿ ਸ਼ਰਧਾ ਧਰਿਬੋ ॥੨੪॥**

ਕਾਮ ਕ੍ਰੋਧ ਆਦਿ ਨੂੰ ਛੱਡੋ, ਸ੍ਰੀ ਭਗਵੰਤ ਦੀ ਭਗਤੀ ਵਿਚ ਲੱਗ ਜਾਉ। ਜਗਤ ਤੋਂ ਵੈਰਾਗ ਕਰੋ ਅਤੇ ਸੰਤਾਂ ਦੀ ਸੇਵਾ ਵਿਚ ਸਰਧਾ ਧਰੋ॥ ੨੪॥

ਜਿਸ ਤੇ ਉਧਰਹਿ ਜੀਵਨਿ ਜਾਲ। ਅਸ ਜਹਾਜ ਕੀਨਸਿ ਕਲਿ ਕਾਲ।
ਸੁਨਿ ਮੋਹਨਿ ਦਾਤੂ ਤਬਿ ਸ਼੍ਰੋਨ। ਭਰੇ ਹਰਖ ਕੁਛ ਠਾਨੀ ਮੌਨਿ॥ ੨੫॥

ਜਿਸ ਨਾਲ ਜੀਵਨ ਦਾ ਉਧਾਰ ਹੋਵੇ, ਉਸ ਤਰ੍ਹਾਂ ਦਾ ਜਹਾਜ਼ ਕਲਿਜੁਗ ਵਿਚ ਬਣਾਇਆ ਹੈ। ਬਾਬਾ ਮੋਹਨ ਜੀ ਅਤੇ ਬਾਬਾ ਦਾਤੂ ਜੀ ਨੇ ਜਦ ਇਹ ਸੁਣਿਆ ਤਾਂ ਉਹ ਪ੍ਰਸੰਨ ਹੋਏ ਤੇ ਚੁਪ ਰਹੇ॥ ੨੫॥

ਬਹੁਰ ਸਰਾਹਨਿ ਲਗੇ ਬਿਸਾਲਾ। 'ਸੋਢੀ ਪੰਥ ਸੁ ਕੀਨਿ ਉਜਾਲਾ।
ਦੋਨੋ ਕਰੇ ਮਹਾਂ ਉਪਕਾਰੇ। ਜਿਸ ਤੇ ਕਲਿ ਮਹਿਂ ਮੰਦ ਉਧਾਰੇ॥ ੨੬॥

ਬਾਅਦ ਵਿਚ ਬਹੁਤ ਸ਼ਲਾਘਾ ਕਰਨ ਲੱਗੇ, "ਸੋਢੀ ਪੰਥ ਨੇ ਬਹੁਤ ਪ੍ਰਕਾਸ਼ ਕੀਤਾ ਹੈ। ਦੋਵੇਂ ਮਹਾਂ ਉਪਕਾਰ ਕੀਤੇ ਹਨ, ਜਿਸ ਨਾਲ ਕਲਿਜੁਗ ਵਿਚ ਮਾੜੀ ਮੱਤ ਵਾਲਿਆਂ ਦਾ ਵੀ ਉਧਾਰ ਹੋਵੇਗਾ॥੨੬॥

ਧੰਨ ਬੈਠਿਬੋ ਗੁਰਤਾ ਗਾਦੀ। ਜਿਸਤੇ ਹੋਹਿ ਅਨਿਕ ਅਹਿਲਾਦੀ।
ਸਰਬ ਗੁਰੂਨਿ ਕੋ ਸੁਜਸੁ ਪ੍ਰਕਾਸ਼ਾ। ਬਿਸਥਾਰਜੋ ਸਭਿ ਮਹਿਂ ਚਹੁੰ ਪਾਸਾ॥੨੭॥

ਤੁਸੀਂ ਧੰਨ ਹੋ ਜਿਹੜੇ ਗੁਰਤਾ-ਗੱਦੀ ਉੱਤੇ ਬੈਠੇ ਹੋ, ਜਿਸ ਨਾਲ ਅਨੇਕਾਂ ਪ੍ਰਕਾਰ ਦੇ ਅਨੰਦ ਹੋਣਗੇ। ਸਾਰੇ ਗੁਰੂ ਸਾਹਿਬਾਨ ਦਾ ਜੱਸ ਪ੍ਰਕਾਸ਼ ਕੀਤਾ ਹੈ। ਸਾਰਿਆਂ ਵਿਚ ਚਾਰੇ ਪਾਸੇ ਫੈਲਾਇਆ ਹੈ॥ ੨੭॥

ਗੁਰਬਾਨੀ ਇਕਠੀ ਦਰਸਾਵੈ। ਪਢਹਿਂ ਲਿਖਹਿਂ ਸਿਖ ਸੁਨੈਂ ਸੁਨਾਵੈਂ।
ਅਵਨੀ ਮੰਡਲ ਗਿਰ ਲਗਿ ਸਾਗਰ। ਪੁਰਿ ਪੁਰਿ ਘਰ ਘਰ ਹੋਇ ਉਜਾਗਰ॥੨੮॥

ਸਾਰੀ ਗੁਰਬਾਣੀ ਇਕੱਠੀ ਕੀਤੀ ਹੈ, ਸਿੱਖ ਇਸ ਨੂੰ ਪੜ੍ਹਨ ਲਿਖਣਗੇ ਅਤੇ ਸੁਣਨ ਸੁਣਾਉਣਗੇ। ਧਰਤੀ ਅਕਾਸ਼ ਅਤੇ ਪਹਾੜ ਤੋਂ ਲੈ ਕੇ ਸਮੁੰਦਰ ਤਕ, ਨਗਰ-ਨਗਰ ਅਤੇ ਘਰ-ਘਰ ਇਹ ਉਜਾਗਰ ਹੋਵੇਗਾ॥ ੨੮॥

ਹਰਿ ਮੰਦਿਰ ਤੀਰਥ ਗੁਰੁ ਕੇਰੋ। ਇਨ ਪ੍ਰਤਾਪ ਨਿਤ ਵਧਹਿ ਵਧੇਰੋ।
ਚਹੁੰਦਿਸ਼ ਕੇ ਨਰ ਸ਼ਰਧਾ ਧਰਿ ਧਰਿ। ਨਿਰਮਲ ਹੋਹਿਂ ਸੁ ਮੱਜਨ ਕਰਿ ਕਰਿ'॥੨੯॥

ਹਰਿਮੰਦਰ ਸਾਹਿਬ ਗੁਰੂ ਜੀ ਦਾ ਤੀਰਥ ਹੈ, ਇਸ ਦਾ ਪ੍ਰਤਾਪ ਨਿਤ ਵਧੇਗਾ। ਚਾਰੇ ਪਾਸਿਆਂ ਦੇ ਲੋਕ ਸ਼ਰਧਾ ਧਾਰ ਧਾਰ ਕੇ ਆਉਣਗੇ ਤੇ ਇਸ਼ਨਾਨ ਕਰ ਕਰ ਕੇ ਨਿਰਮਲ ਹੋਣਗੇ'॥ ੨੯॥

ਸ਼੍ਰੀ ਅਰਜਨ ਪੁਨ ਭਨਜੋ ਸੁਨਾਯੋ। 'ਕ੍ਰਿਪਾ ਤੁਮਾਰੀ ਤੇ ਬਨਿ ਆਯੋ।
ਭਈ ਇਕੱਤ੍ਰ ਸਕਲ ਗੁਰੁ ਬਾਨੀ। ਸਿਰਜਜੋ ਤੀਰਥ ਕਲਮਲ ਹਾਨੀ॥ ੩੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ, "ਇਹ ਤੁਹਾਡੀ ਕਿਰਪਾ ਨਾਲ ਹੀ ਬਣਿਆ ਹੈ। ਸਾਰੀ ਬਾਣੀ ਇਕ ਥਾਂ ਇਕੱਠੀ ਹੋਈ ਹੈ ਅਤੇ ਪਾਪਾਂ ਨੂੰ ਦੂਰ ਕਰਨ ਵਾਸਤੇ ਤੀਰਥ ਬਣਾਇਆ ਹੈ॥ ੩੦॥

ਗੁਰਿ ਸਿੱਖਨਿ ਕੋ ਭਯੋ ਅਧਾਰਾ। ਹੋਹਿਂ ਭਵਿੱਖਜਤਿ ਬਿਖੈ ਅਪਾਰਾ।
ਮਿਟਹਿ ਨ ਸਿੱਖੀ ਇਨਹੁ ਅਲੰਬ। ਗੁਰੁ ਕੋ ਮਾਨਹਿਂ ਸਦਾ ਕਦੰਬ॥ ੩੧॥

ਗੁਰਸਿੱਖਾਂ ਦਾ ਇਹ ਅਧਾਰ ਬਣਿਆ ਹੈ, ਭਵਿੱਖ ਦੇ ਵਿਚ ਬਹੁਤ ਗੁਰਸਿੱਖ ਹੋਣਗੇ। ਜਿਨ੍ਹਾਂ ਦੇ ਆਸਰੇ ਸਿੱਖੀ ਨਹੀਂ ਮਿਟੇਗੀ। ਸਾਰੇ ਸਦਾ ਗੁਰੂ ਨੂੰ ਮੰਨਣਗੇ॥ ੩੧॥

ਜੋ ਨਰ ਹਿਤ ਧਰਿ ਸੁਨਹਿਂ ਸੁਨਾਵੈਂ। ਜਨਮ ਮਰਨ ਤਿਨ ਕੋ ਛੁਟਿ ਜਾਵੈ।
ਮਹਾਂ ਮਹਾਤਮ ਹੈ ਗੁਰੁ ਬਾਨੀ। ਤਜਹਿਂ ਕਸ਼ਟ ਕੋ ਲਾਖਹੁੰ ਪ੍ਰਾਨੀ'॥ ੩੨॥

ਜਿਹੜੇ ਮਨੁੱਖ ਹਿਤ ਧਾਰ ਕੇ ਸੁਣਨਗੇ ਅਤੇ ਸੁਣਾਉਣਗੇ, ਉਨ੍ਹਾਂ ਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਵੇਗਾ। ਗੁਰਬਾਣੀ ਦਾ ਮਹਾਨ ਮਹਾਤਮ ਹੈ, ਲੱਖਾਂ ਪ੍ਰਾਣੀਆਂ ਦੇ ਕਸ਼ਟ ਨੂੰ ਦੂਰ ਕਰੇਗੀ'॥ ੩੨॥

ਸੁਨਿ ਗੁਰੁ ਮੁਖ ਤੇ ਹਰਖੇ ਸਾਰੇ। ਕਰੇ ਸਰਾਹਨਿ ਸੁਜਸੁ ਉਚਾਰੇ।
ਜਾਮ ਦਿਵਸ ਤਹਿੰ ਬੈਠੇ ਆਯੋ। ਪੁਨ ਸਭਿਹਿਨਿ ਤਹਿੰ ਸੀਸ ਨਿਵਾਯੋ ॥੩੩॥

ਗੁਰੂ ਜੀ ਦੇ ਮੁਖ ਤੋਂ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਬਹੁਤ ਸ਼ਲਾਘਾ ਕਰਦੇ ਸਨ ਤੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ। ਪਹਿਰ ਦਿਨ ਓਥੇ ਬੈਠ ਕੇ ਵਾਪਸ ਆਏ, ਫਿਰ ਸਾਰਿਆਂ ਨੇ ਓਥੇ ਸਿਰ ਨਿਵਾਏ॥ ੩੩॥

ਉਠਿ ਗਮਨੇ ਪਰਦਛਲਾ ਧਾਰੇ। ਲੀਨੇ ਸੰਗ ਆਪਨੇ ਸਾਰੇ।
ਬਹੁਰੋ ਵਹਿਰ ਪ੍ਰਕਰਮਾ ਫਿਰੇ। ਪੌਰ ਦਰਸ਼ਨੀ ਬੰਦਨ ਕਰੇ॥ ੩੪॥

ਉੱਠ ਕੇ ਪਰਿਕਰਮਾਂ ਕਰਨ ਚਲ ਪਏ, ਸਾਰਿਆਂ ਨੂੰ ਆਪਣੇ ਨਾਲ ਲੈ ਲਿਆ। ਫਿਰ ਬਾਹਰ ਦੀਆਂ ਪਰਿਕਰਮਾਂ ਕੀਤੀਆਂ। ਦਰਸ਼ਨੀ ਡਿਉੜੀ ਦੇ ਦਰਵਾਜ਼ੇ ਤੇ ਬੰਦਨਾ ਕੀਤੀ॥ ੩੪॥

ਤਹਿੰ ਤੇ ਚਲਿ ਨਿਜ ਘਰ ਕੋ ਆਏ। ਮੋਹਨ ਆਦਿ ਸੰਗ ਸਮੁਦਾਏ।
ਥਾਨ ਬੈਠਿਬੇ ਕੋ ਤਹਿੰ ਗਏ। ਸਰਬ ਜਥੋਚਿਤ ਥਲ ਥਿਰ ਭਏ॥ ੩੫॥

ਓਥੋਂ ਚਲ ਕੇ ਫਿਰ ਘਰ ਨੂੰ ਆਏ, ਬਾਬਾ ਮੋਹਨ ਆਦਿ ਸਾਰੇ ਨਾਲ ਸਨ। ਜਿਥੇ ਬੈਠਣ ਵਾਲਾ ਥਾਂ ਸੀ ਓਥੇ ਚਲੇ ਗਏ। ਸਾਰੇ ਜਿਥੇ-ਕਿਥੇ ਥਾਂ ਮਿਲਿਆ ਬੈਠ ਗਏ॥ ੩੫॥

ਬਹੁ ਸ੍ਵਾਦਨਿ ਜੁਤਿ ਬਨਯੋ ਅਹਾਰਾ। ਧਰਿ ਧਰਿ ਥਾਰ ਸਭਿਨਿ ਕਹੁ ਖ੍ਵਾਰਾ।
ਕ੍ਰਿਸ਼ਨ ਚੰਦ ਆਦਿਕ ਤ੍ਰਿਪਤਾਏ। ਮਹਾਂਦੇਵ ਪੁਨ ਚਲਿ ਕਰਿ ਆਏ॥ ੩੬॥

ਬਹੁਤ ਸਵਾਦੀ ਭੋਜਨ ਬਣਿਆ ਸੀ; ਥਾਲ ਭਰ ਭਰ ਕੇ ਸਾਰਿਆਂ ਨੂੰ ਖਵਾਏ। ਭਾਈ ਕ੍ਰਿਸ਼ਨ ਚੰਦ ਆਦਿ ਤ੍ਰਿਪਤ ਹੋ ਗਏ। ਫਿਰ ਬਾਬਾ ਮਹਾਂਦੇਵ ਜੀ ਚਲ ਕੇ ਆਏ॥ ੩੬॥

ਮਿਲਿ ਬੈਠੇ ਸਗਰੇ ਇਕ ਥਾਨਾ। ਕਰਹਿੰ ਪਰਸਪਰ ਬਾਕ ਬਖਾਨਾ।
'ਪ੍ਰਿਥੀਏ ਕਹਾਂ ਕਰਯੋ ਨਹਿੰ ਆਯੋ। ਕਯੋਂ ਦੁਖ ਪਾਇ ਬਿਰੋਧ ਉਠਾਯੋ॥ ੩੭॥

ਸਾਰੇ ਇਕ ਥਾਂ ਮਿਲ ਕੇ ਬੈਠ ਗਏ, ਆਪਸ ਵਿਚ ਗੱਲਾਂ ਬਾਤਾਂ ਕਰਦੇ ਸਨ, "ਪ੍ਰਿਥੀਏ ਨੇ ਇਹ ਕੀ ਕੀਤਾ ਹੈ ਕਿ ਵਿਆਹ ਵਿਚ ਆਇਆ ਨਹੀਂ ਹੈ, ਵਿਰੋਧਤਾ ਕਰਕੇ ਕਿਉਂ ਦੁੱਖ ਪਾਇਆ ਹੈ॥ ੩੭॥

ਸ੍ਰੀ ਗੁਰੁ ਰਾਮਦਾਸ ਕੇ ਹਾਥ। ਦੇ ਗੁਰਤਾ ਕੋ ਕਰਯੋ ਸਨਾਥ।
ਅਪਰ ਜਤਨ ਤੇ ਕਯੋਂਹੁ ਨ ਪਾਵੈ। ਕਯੋਂ ਅਬਿ ਲਗਿ ਬਡਿ ਕਪਟ ਕਮਾਵੈ॥ ੩੮॥

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਹੱਥੀਂ ਗੁਰਤਾ ਦੇ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਭ ਦਾ ਨਾਥ ਬਣਾਇਆ ਹੈ। ਹੋਰ ਯਤਨਾਂ ਨਾਲ ਕਿਵੇਂ ਪਾ ਲਵੇਗਾ, ਹੁਣ ਤਕ ਕਿਉਂ ਵੱਡੇ-ਵੱਡੇ ਕਪਟ ਕਮਾ ਰਿਹਾ ਹੈ॥ ੩੮॥

ਅਬਿ ਕੇ ਬਿਛੁਰਯੋਂ ਮਿਲਹਿ ਨ ਕੈਸੇ। ਆਗੈ ਸੰਤਤਿ ਰਹਿ ਹੈ ਤੈਸੇ।
ਨਹਿੰ ਕੁਛ ਸਮਝੀ ਭਾ ਮਤਿ ਮੰਦ। ਮਿਲਯੋ ਨ ਐਸੇ ਕਾਜ ਬਿਲੰਦ'॥ ੩੯॥

ਹੁਣ ਦਾ ਵਿਛੜਿਆ ਕਿਸੇ ਤਰ੍ਹਾਂ ਵੀ ਨਹੀਂ ਮਿਲ ਸਕੇਗਾ, ਬਾਅਦ ਵਿਚ ਸੰਤਾਨ ਵੀ ਉਸ ਤਰ੍ਹਾਂ ਹੀ ਰਹੇਗੀ। ਮੂਰਖ ਮੱਤ ਵਾਲੇ ਨੇ ਕੋਈ ਗੱਲ ਸਮਝੀ ਨਹੀਂ ਹੈ। ਇਸ ਤਰ੍ਹਾਂ ਉੱਚਾ ਦਰਜਾ ਨਹੀਂ ਮਿਲ ਸਕਦਾ" ॥੩੯॥

ਸ੍ਰੀ ਅਰਜਨ ਸਭਿ ਸਾਥ ਬਖਾਨੀ। 'ਅਘ ਕੋ ਕਰਤਿ ਰਹਯੋ ਛਲਸਾਨੀ।
ਹਰਿ ਗੁਵਿੰਦ ਕੇ ਮਾਰਨਿ ਕਾਰਨ। ਕਰੇ ਅਨਿਕ, ਕਿਯ ਗੁਰੂ ਉਬਾਰਨਿ॥ ੪੦॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰਿਆਂ ਨੂੰ ਕਿਹਾ, "ਬਹੁਤ ਪਾਪ ਕਰਦਾ ਰਿਹਾ ਹੈ, ਛਲ ਕਰਨ ਵਿਚ ਉਸ ਦਾ ਕੋਈ ਸਾਨੀ ਨਹੀਂ ਹੈ। ਸ੍ਰੀ ਹਰਿਗੋਬਿੰਦ ਨੂੰ ਮਾਰਨ ਵਾਸਤੇ, ਅਨੇਕ ਛਲ ਕੀਤੇ ਹਨ ਕਿ ਕਿਸੇ ਤਰ੍ਹਾਂ ਗੁਰਤਾ ਮਿਲ ਜਾਵੇ॥ ੪੦॥

ਤਊ ਬੇਨਤੀ ਹਮ ਨੇ ਕੀਨਿ। ਨਹਿਂ ਮਾਨਯੋ ਮਨ ਮਹਾਂ ਮਲੀਨ।
ਤੁਰਕਨਿ ਪਾਸਿ ਪੁਕਾਰੂ ਗਯੋ। ਕੁਛ ਨ ਬਸਾਇ ਤ ਬੈਠਤਿ ਭਯੋ॥ ੪੧॥

ਫਿਰ ਵੀ ਅਸੀਂ ਉਸ ਨੂੰ ਬੇਨਤੀ ਕੀਤੀ ਸੀ, ਪਰ ਉਹ ਮੰਨਿਆ ਨਹੀਂ, ਮਹਾਨ ਕਪਟੀ ਹੈ। ਤੁਰਕਾਂ ਪਾਸ ਪੁਕਾਰ ਕਰਨ ਗਿਆ ਸੀ। ਜਦ ਕੁਝ ਵੀ ਵੱਸ ਨਾ ਚਲਿਆ ਤਾਂ ਬੈਠ ਗਿਆ॥ ੪੧॥

ਲਿਖਿ ਅਰਦਾਸ ਪਠਯੋ ਪਕਵਾਨ। ਪਿਖਿ ਕਹਿ ਕਰੌਂ ਪ੍ਰਾਨ ਤਿਨ ਹਾਨਿ।
ਅਬਿ ਤੇ ਹਮਨੇ ਤਜਾਗਨਿ ਕਰਯੋ। ਮਿਲਯੋ ਨ, ਮਰਨੇ ਪਰਨੇ ਬਰਯੋ' ॥ ੪੨ ॥

ਅਸੀਂ ਬੇਨਤੀ ਲਿਖ ਕੇ ਨਾਲ ਮਠਿਆਈ ਭੇਜੀ ਸੀ, ਵੇਖ ਕੇ ਕਹਿਣ ਲੱਗਾ ਮੈਂ ਉਨ੍ਹਾਂ ਨੂੰ ਜਾਨੋਂ ਮਾਰ ਦੇਵਾਂਗਾ। ਹੁਣ ਅਸੀਂ ਉਸ ਦਾ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ ਹੈ, ਮਿਲਿਆ ਨਹੀਂ ਹੈ, ਮਰਨ ਮਾਰਨ ਤੇ ਤੁਲ ਪਿਆ ਹੈ'॥ ੪੨॥

ਸੁਨਿ ਕੁਕਰਮ ਕੋ ਸਗਰੇ ਨਿੰਦਹਿਂ। ਕਪਟੀ ਕ੍ਰੋਧੀ ਕਲਹੀ ਬਿੰਦਹਿਂ।
ਇੱਤਜਾਦਿਕ ਬਹੁ ਬਾਤਨਿ ਕਰਤੇ। ਸ਼੍ਰੀ ਅਰਜਨ ਕੋ ਸੁ ਜਸੁ ਉਚਰਿਤੇ ॥੪੩ ॥

ਉਸ ਦੇ ਭੈੜੇ ਕਰਮਾਂ ਬਾਰੇ ਸੁਣਕੇ ਸਾਰਿਆਂ ਨੇ ਨਿੰਦਾ ਕੀਤੀ। ਕਪਟੀ ਕ੍ਰੋਧ ਤੇ ਕਲ੍ਹਾ ਦਾ ਮੂਲ ਹੈ, ਇਹ ਸਾਰੇ ਜਾਣਦੇ ਸਨ। ਇੱਤਿਆਦਿ ਬਹੁਤ ਗੱਲਾਂ ਕਰਦੇ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੱਸ ਉਚਾਰਨ ਕਰ ਰਹੇ ਸਨ॥ ੪੩॥

ਪੁਨ ਅਹਾਰ ਸਭਿਹਿਨਿ ਕਹੁ ਦੀਨੋ। ਮਹਾਂਦੇਵ ਹਿਤ ਧਾਰਿ ਪ੍ਰਬੀਨੋ।
ਸ਼੍ਰੀ ਅਰਜਨ ਜੁਤ ਮੇਲਿ ਜਿ ਸਾਰੋ। ਜਾਇ ਕਰਯੋ ਤਿਹ ਸਦਨ ਅਹਾਰੋ ॥੪੪ ॥

ਫਿਰ ਸਾਰਿਆਂ ਨੂੰ ਭੋਜਨ ਦਿੱਤਾ। ਬਾਬਾ ਮਹਾਂਦੇਵ ਨੇ ਵੱਡਾ ਹਿਤ ਧਾਰਨ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਸਮੇਤ ਜੋ ਸਾਰਾ ਮੇਲ ਸੀ, ਉਨ੍ਹਾਂ ਸਾਰਿਆਂ ਨੇ ਉਸ ਦੇ ਘਰ ਜਾ ਕੇ ਭੋਜਨ ਛਕਿਆ॥ ੪੪॥

ਦਿਨ ਪ੍ਰਤਿ ਨਈ ਪ੍ਰੀਤਿ ਉਪਜਾਵੈ। ਬਿਨ ਜਾਨੇ ਨਿਸ ਦਯੋਸ ਬਿਤਾਵੈ।
ਬਾਸੁਰ ਪੰਚ ਬਿਤੇ ਇਸ ਰੀਤਿ। ਸਮ ਘਟਿਕਾ ਕੇ ਜਾਨਿਸਿ ਚੀਤ॥ ੪੫ ॥

ਦਿਨ ਪ੍ਰਤੀ ਨਵੀਂ ਪ੍ਰੀਤ ਪੈਦਾ ਹੁੰਦੀ ਸੀ, ਇਹ ਪਤਾ ਨਹੀਂ ਸੀ ਲਗਦਾ ਕਿ ਦਿਨ ਰਾਤ ਕਦ ਬੀਤ ਜਾਂਦੇ ਸਨ। ਇਸ ਰੀਤੀ ਨਾਲ ਪੰਜ ਦਿਨ ਬਤੀਤ ਕੀਤੇ, ਇਹ ਪੰਜ ਦਿਨ ਇਕ ਘੜੀ ਵਾਂਗ ਲੰਘ ਗਏ॥ ੪੫॥

ਨਿਜ ਨਿਜ ਸਦਨ ਜਾਨਿ ਕੋ ਸਾਰੇ। ਹੁਇ ਕਰਿ ਬਹੁ ਬੇਬਸੇ ਉਚਾਰੇ।
'ਬਸਿ ਸਨੇਹ ਕੇ ਗਯੋ ਨ ਜਾਵਤਿ। ਨਿਸ ਦਿਨ ਬਸਿਬੇ ਪੁਰੀ ਉਮਾਹਤਿ' ॥੪੬ ॥

ਸਾਰੇ ਆਪਣੇ-ਆਪਣੇ ਘਰਾਂ ਨੂੰ ਜਾਣ ਵਾਸਤੇ ਬੜੀ ਬੇਬਸੀ ਦੱਸ ਰਹੇ ਸਨ, "ਪਿਆਰ ਵੱਸ ਹੋ ਕੇ ਸਾਥੋਂ ਜਾਇਆ ਨਹੀਂ ਗਿਆ, ਦਿਨ ਰਾਤ ਇਸ ਨਗਰੀ ਵਿਚ ਬੜੇ ਉਤਸ਼ਾਹ ਨਾਲ ਰਹਿੰਦੇ ਰਹੇ ਹਾਂ"॥ ੪੬॥

ਬਸਤ੍ਰ ਬਿਭੂਖਨਿ ਦੇ ਕਰਿ ਸੋਹਨ। ਕਰੇ ਬਿਸਰਜਨ ਮੁਹਰੀ ਮੋਹਨ।
ਸੰਸਰਾਮ ਕੇ ਸੰਗ ਅਨੰਦ। ਸਭਿ ਕੇ ਉਰ ਉਪਜਾਇ ਅਨੰਦ॥ ੪੭॥

ਬੜੇ ਸੁੰਦਰ ਕਪੜੇ ਅਤੇ ਗਹਿਣੇ ਦੇ ਕੇ ਬਾਬਾ ਮੋਹਰੀ ਜੀ ਅਤੇ ਬਾਬਾ ਮੋਹਨ ਜੀ ਨੂੰ ਵਿਦਾ ਕੀਤਾ। ਬਾਬਾ ਸੰਸਰਾਮ ਅਤੇ ਬਾਬਾ ਅਨੰਦ ਆਦਿ ਸਾਰਿਆਂ ਦੇ ਦਿਲ ਵਿਚ ਬੜਾ ਅਨੰਦ ਪੈਦਾ ਕੀਤਾ॥ ੪੭॥

ਤਿਮ ਦਾਤੂ ਕੋ ਦੀਨਿਸਿ ਦਾਤਿ। ਦਾਰਾ ਸਹਤ ਹਰਖ ਧਰਿ ਗਾਤਿ।
ਹਰਿਗੁਵਿੰਦ ਸੰਗਿ ਕਰਿ ਕਰਿ ਪਯਾਰਿ। ਮਿਲਹਿਂ ਤ੍ਰਿਯਾ ਗਨ ਬਾਰਂ ਬਾਰਿ ॥੪੮ ॥

ਉਸ ਤਰ੍ਹਾਂ ਹੀ ਬਾਬਾ ਦਾਤੂ ਜੀ ਨੂੰ ਬਹੁਤ ਦਾਤਾਂ ਬਖਸ਼ੀਆਂ। ਆਪਣੀ ਪਤਨੀ ਸਹਿਤ ਉਹ ਬਹੁਤ ਪ੍ਰਸੰਨ ਸਨ। ਸ੍ਰੀ ਹਰਿਗੋਬਿੰਦ ਜੀ ਨਾਲ ਪਿਆਰ ਕਰਨ ਲਈ, ਸਾਰੀਆਂ ਇਸਤਰੀਆਂ ਬਾਰ-ਬਾਰ ਮਿਲਦੀਆਂ ਸਨ॥ ੪੮॥

ਨਿਜ ਘਰ ਕੋ ਗਮਨੇ ਮਗ ਮਾਂਹੀ। ਸ਼੍ਰੀ ਅਰਜਨ ਕੋ ਅਧਿਕ ਸਰਾਹੀਂ।
'ਮ੍ਰਿਦੁਲ ਸੁਸ਼ੀਲ ਸਨੇਹ ਮਹਾਨੇ। ਬਡੇ ਉਦਾਰ ਗਜਾਨ ਗੁਨਵਾਨੇ' ॥ ੪੯ ॥

ਫਿਰ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਹ ਬਹੁਤ ਸ਼ਲਾਘਾ ਕਰਦੇ ਸਨ। ਬੜੇ ਕੋਮਲ, ਸੁਸ਼ੀਲ ਅਤੇ ਸਨੇਹੀ ਹਨ। ਵੱਡੇ ਗਿਆਨਵਾਨ ਅਤੇ ਗੁਣਵਾਨ ਹਨ' ॥੪੯॥

ਸਭਿ ਖਡੂਰ ਮਹਿਂ ਉਤਰੇ ਜਾਈ। ਗੋਇੰਦਵਾਲ ਗਏ ਅਗਵਾਈ।
ਕ੍ਰਿਸ਼ਨ ਚੰਦ ਧਨਵੰਤੀ ਦੋਊ। ਪਿਖਤਿ ਕੁਟੰਬ ਹਿਤੂ ਨਿਜ ਸੋਊ ॥ ੫੦ ॥

ਸਾਰਿਆਂ ਨੇ ਖਡੂਰ ਜਾ ਕੇ ਉਤਾਰਾ ਕੀਤਾ, ਓਥੋਂ ਫਿਰ ਅੱਗੇ ਗੋਇੰਦਵਾਲ ਗਏ। ਕ੍ਰਿਸ਼ਨ ਚੰਦ ਅਤੇ ਧਨਵੰਤੀ ਦੋਵੇਂ ਹੀ ਸਾਰੇ ਪਰਿਵਾਰ ਨੂੰ ਆਪਣਾ ਹਿਤੂ ਸਮਝਦੇ ਸਨ॥ ੫੦॥

ਅਸ਼ਟ ਦਿਵਸ ਪਾਛੇ ਸੋ ਰਹਜੋ। ਬਹੁਰ ਚਲਨਿ ਕੋ ਚਿਤ ਮਹਿਂ ਚਹਜੋ।
ਬਜਾਹਿ ਦੋਹਤੇ ਕੋ ਹਰਖਾਨਾ। ਖਰਚਜੋ ਢਿਗ ਤੇ ਦਰਬ ਮਹਾਨਾ ॥ ੫੧ ॥

ਉਹ ਅੱਠ ਦਿਨ ਹੋਰ ਠਹਿਰੇ, ਬਾਅਦ ਵਿਚ ਉਨ੍ਹਾਂ ਨੇ ਚਿੱਤ ਵਿਚ ਚਲਣਾ ਚਾਹਿਆ। ਦੋਹਤੇ ਦਾ ਵਿਆਹ ਕਰਕੇ ਬਹੁਤ ਪ੍ਰਸੰਨ ਸਨ, ਆਪਣੇ ਪਾਸੋਂ ਉਨ੍ਹਾਂ ਨੇ ਬਹੁਤ ਧਨ ਖਰਚਿਆ ਸੀ॥ ੫੧॥

ਕਰਜੋ ਜਥੋਚਿਤ ਤਬਹਿ ਬਿਸਰਜਨ। ਭਯੋ ਸਨੇਹ ਅਛੇਹ ਦੁਹਨਿ ਮਨ।
ਮਿਲ ਪੁੱਤ੍ਰੀ ਸੰਗ ਬਾਰਹਿ ਬਾਰੀ। ਮੌ ਕੀ ਓਰ ਚਲੇ ਸੁਖਧਾਰੀ ॥ ੫੨ ॥

ਜਦ ਚਿੱਤ ਜਾਣ ਨੂੰ ਕੀਤਾ ਤਾਂ ਚਲ ਪਏ, ਦੋਹਾਂ ਦੇ ਮਨ ਵਿਚ ਬਹੁਤ ਪਿਆਰ ਪੈਦਾ ਹੋਇਆ ਸੀ। ਦੋਵੇਂ ਵਾਰੀ ਵਾਰੀ ਆਪਣੀ ਪੁੱਤਰੀ ਨੂੰ ਮਿਲ ਕੇ ਮਊ ਪਿੰਡ ਵਲ ਸੁਖ ਧਾਰ ਕੇ ਚੱਲ ਪਏ॥ ੫੨॥

ਅਪਰ ਸਿੱਖ ਸੰਗਤਿ ਜੋ ਆਏ। ਜਥਾ ਜੋਗ ਸਭਿ ਬਿਦਾ ਕਰਾਏ।
ਉਤਸਵ ਏਵ ਬਜਾਹ ਕੋ ਹੋਵਾ। ਪਠਹਿਂ ਸੁਨਹਿਂ ਸਿਖ ਤਿਨ ਦੁਖ ਖੋਵਾ ॥੫੩ ॥

ਹੋਰ ਜਿਹੜੀ ਸਿੱਖ ਸੰਗਤ ਆਈ ਸੀ, ਉਨ੍ਹਾਂ ਨੂੰ ਯਥਾ-ਯੋਗ ਵਿਦਾ ਕੀਤਾ। ਇਸ ਤਰ੍ਹਾਂ ਵਿਆਹ ਦਾ ਵੱਡਾ ਉਤਸਵ ਹੋਇਆ, ਜਿਹੜੇ ਵੀ ਸਿੱਖ ਇਸ ਵਿਆਹ ਦੇ ਪ੍ਰਸੰਗ ਨੂੰ ਪੜ੍ਹਨ ਸੁਣਨਗੇ, ਉਨ੍ਹਾਂ ਦੇ ਸਾਰੇ ਦੁਖ ਦੂਰ ਹੋ ਜਾਣਗੇ॥ ੫੩॥

*ਚੌਥੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

## ਅਧਿਆਇ ਸੋਲ੍ਹਵਾਂ

### *ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ*

ਦੋਹਰਾ-ਸ਼੍ਰੀ ਗੁਰੁ ਇਮ ਸੁਤ ਬਜਾਹ ਕੈ ਲੀਨੋ ਸੁਜਸੁ ਬਿਲੰਦ।
ਜਾਚਕ ਜਹਿਂ ਕਹਿਂ ਕਹਤਿ ਭੇ ਦੇਸ਼ ਬਿਦੇਸ਼ਨਿ ਬ੍ਰਿੰਦ ॥ ੧ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਦਾ ਵਿਆਹ ਕਰਕੇ ਮਹਾਨ ਸ੍ਰੇਸ਼ਟ ਜੱਸ ਪ੍ਰਾਪਤ ਕੀਤਾ। ਮੰਗਤੇ ਜਿਥੇ ਕਿਥੇ ਵੀ ਦੇਸ਼ਾਂ ਵਿਦੇਸ਼ਾਂ ਵਿਚ ਰਹਿ ਰਹੇ ਸਨ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਲੋਕ ਹਜ਼ਾਰਹੁੰ ਉਤਸਵ ਦੇਖਾ। ਸਭਿਹਿਨਿ ਕਉ ਭਾ ਮੋਦ ਵਿਸ਼ੇਖਾ।
ਜਿਤ ਜਿਤ ਦੇਸ਼ ਗਯੋ ਚਲਿ ਜੋਈ। ਬਯਾਹ ਕਥਾ ਕਹੁ ਭਾਖਤਿ ਸੋਈ ॥੨॥

ਹਜ਼ਾਰਾਂ ਲੋਕਾਂ ਨੇ ਉਤਸਵ ਵੇਖਿਆ, ਸਾਰਿਆਂ ਦਾ ਦਿਲ ਬਹੁਤ ਪ੍ਰਸੰਨ ਹੋਇਆ ਸੀ। ਜਿਹੜੇ-ਜਿਹੜੇ ਇਲਾਕੇ ਜਾਂ ਦੇਸ਼ ਵਿਚ ਕੋਈ ਚਲ ਕੇ ਜਾਂਦਾ ਸੀ, ਉਹ ਹੀ ਵਿਆਹ ਦੀ ਕਥਾ ਨੂੰ ਕਰਦਾ ਸੀ॥ ੨॥

ਅਪਰ ਪ੍ਰਸੰਗ ਹਟੀ ਜੁ ਸਗਾਈ। ਇਸ ਤੇ ਭੀ ਕਹਿਂ ਗੁਰੁ ਬਡਿਆਈ।
ਆਜ ਸ਼ਾਹੁ ਕੋ ਮਹਾਂ ਦਿਵਾਨ। ਜਿਸਕੀ ਮਾਨਹਿਂ ਆਨ ਜਹਾਨ ॥੩॥

ਹੋਰ ਪ੍ਰਸੰਗ ਕਿ ਜਿਸ ਤਰ੍ਹਾਂ ਸਗਾਈ ਹਟੀ ਸੀ, ਇਹ ਪ੍ਰਸੰਗ ਸੁਣ ਕੇ ਵੀ ਗੁਰੂ ਜੀ ਦੀ ਵਡਿਆਈ ਕਰਦੇ ਸਨ। ਅੱਜ ਜਿਹੜਾ ਬਾਦਸ਼ਾਹ ਦਾ ਵੱਡਾ ਵਜ਼ੀਰ ਹੈ, ਜਿਸ ਦੇ ਹੁਕਮ ਨੂੰ ਜਹਾਨ ਮੰਨਦਾ ਹੈ॥ ੩॥

ਫੇਰਯੋ ਤਿਸੀ ਸੁਤਾ ਕਾ ਨਾਤਾ। ਕਹਿ ਬਹੁ ਰਹਯੋ ਨ ਮਾਨੀ ਬਾਤਾ।
ਇਕ ਦ੍ਵੈ ਬੇਰ ਪਠਾਏ ਲਾਗੀ। ਨਹੀਂ ਲੀਨਿ, ਚਿਤ ਚਿੰਤਾ ਜਾਗੀ ॥੪॥

ਉਸ ਦੀ ਪੁੱਤਰੀ ਦਾ ਰਿਸ਼ਤਾ ਹੀ ਮੋੜ ਦਿੱਤਾ ਹੈ, ਉਹ ਵੱਡਾ ਵਜ਼ੀਰ ਬਹੁਤ ਕਹਿ ਰਿਹਾ ਹੈ, ਪਰ ਗੁਰੂ ਜੀ ਨੇ ਉਸ ਦੀ ਗੱਲ ਮੰਨੀ ਨਹੀਂ ਹੈ। ਇਕ ਦੋ ਵਾਰ ਲਾਗੀ ਭੇਜੇ ਹਨ, ਰਿਸ਼ਤਾ ਨਹੀਂ ਲਿਆ ਹੈ ਤੇ ਦੀਵਾਨ ਦੇ ਚਿੱਤ ਵਿਚ ਬੜੀ ਚਿੰਤਾ ਜਾਗੀ ਹੈ॥ ੪॥

ਦਰਬ ਦੇਨਿ ਕੌ ਕਹਯੋ ਘਨੇਰੇ। ਕਰੌਂ ਕਾਜ ਮੈਂ ਸ਼ਾਹੁ ਸੁ ਨੇਰੇ।
ਤਊ ਨ ਸ੍ਰੀ ਅਰਜਨ ਮਨ ਮਾਨੀ। ਜਾਨਯੋ ਮੂਢ ਮਹਾਂ ਮਨਮਾਨੀ ॥੫॥

ਬਹੁਤ ਧਨ ਦੇਣ ਬਾਰੇ ਵੀ ਕਿਹਾ ਹੈ ਅਤੇ ਇਹ ਵੀ ਕਿਹਾ ਹੈ ਕਿ ਮੈਂ ਤੁਹਾਡੇ ਸਭ ਕੰਮ ਕਰਾਂਗਾ, ਕਿਉਂਕਿ ਮੈਂ ਬਾਦਸ਼ਾਹ ਦੇ ਨੇੜੇ ਰਹਿੰਦਾ ਹਾਂ, ਫਿਰ ਵੀ ਗੁਰੂ ਅਰਜਨ ਦੇਵ ਜੀ ਨੇ ਉਸ ਦੀ ਗੱਲ ਨਹੀਂ ਮੰਨੀ ਹੈ, ਉਸ ਨੂੰ ਵੱਡਾ ਮੂਰਖ ਅਤੇ ਹੰਕਾਰੀ ਜਾਣਿਆ ਹੈ॥ ੫॥

ਕਰਿ ਹੰਕਾਰ ਜੁ ਬੋਲਿ ਬਿਗਾਰੀ। ਸਿੱਖਨਿ ਭਨੇ ਲਖੀ ਗੁਰੁ ਗਾਰੀ।
ਕਰਯੋ ਅਨਾਦਰ ਨੀਚ ਸਮਾਨਾ। ਮਾਨ ਮਹਾਨ ਠਾਨ ਤੋ ਮਾਨਾ ॥੬॥

ਹੰਕਾਰ ਕਰਕੇ ਜੋ ਬੋਲ ਵਿਗਾੜ ਕੀਤਾ ਹੈ, ਸਿੱਖਾਂ ਨੇ ਆਪਣੇ ਗੁਰੂ ਜੀ ਨੂੰ ਗਾਲ੍ਹ ਦਿੱਤੀ ਸਮਝ ਕੇ ਗੁਰੂ ਜੀ ਨੂੰ ਕਹਿ ਦਿੱਤਾ ਹੈ ਕਿ ਇਸ ਹੰਕਾਰੀ ਦਾ ਰਿਸ਼ਤਾ ਨਾ ਲਵੋ। ਨੀਚਾਂ ਵਾਂਗ ਅਨਾਦਰ ਕੀਤਾ ਹੈ। ਚੰਦੂ ਨੇ ਆਪਣੇ ਆਪ ਨੂੰ ਵੱਡਾ ਮੰਨ ਕੇ ਹੰਕਾਰ ਕੀਤਾ ਸੀ॥ ੬॥

ਕੁਲ ਖੱਤ੍ਰੀਨਿ ਜਹਾਂ ਕਹਿਂ ਜੋਈ। ਹਾਨ ਭਈ ਚੰਦੂ ਕੀ ਸੋਈ।
ਦਿੱਲੀ ਲਵਪੁਰਿ ਆਦਿਕ ਸਾਰੇ। ਕਹੈਂ ਬਿਚਾਰੇਂ ਸਾਰ ਅਸਾਰੇ ॥੭॥

ਖੱਤਰੀਆਂ ਦੀ ਕੁਲ ਜਿੱਥੇ ਕਿੱਥੇ ਜੋ ਹੈ, ਉਥੇ ਉਥੇ ਚੰਦੂ ਦੀ ਹਾਨੀ ਹੋਈ। ਦਿੱਲੀ, ਲਾਹੌਰ ਆਦਿ ਸ਼ਹਿਰਾਂ ਵਿਚ ਸਾਰੇ ਹੀ ਭਲਾ ਬੁਰਾ ਵੀਚਾਰ ਕੇ ਕਹਿੰਦੇ ਸਨ॥ ੭॥

ਸਿਖ ਸੰਗਤਿ ਭੇਜੀ ਅਰਦਾਸ। ਤਿਨਹੁ ਕਹੀ ਮਾਨੀ ਲਖਿ ਦਾਸ।
ਸੋ ਕਹਿ ਰਹਯੋ ਫਿਰੇ ਨਹੀਂ ਫੇਰੇ। ਸੁਤ ਕੇ ਅਪਰ ਥਾਨ ਕਿਯ ਫੇਰੇ' ॥੮॥

ਸਿੱਖ ਸੰਗਤ ਨੇ ਬੇਨਤੀ ਭੇਜੀ ਸੀ, ਉਨ੍ਹਾਂ ਦੀ ਬੇਨਤੀ ਦਾਸ ਸਮਝ ਕੇ ਮੰਨ ਲਈ। ਚੰਦੂ ਬਹੁਤ ਕਹਿ ਰਿਹਾ ਹੈ, ਪਰ ਉਹ ਆਪਣੀ ਗੱਲ ਤੋਂ ਮੁੜੇ ਨਹੀਂ ਹਨ ਅਤੇ ਪੁੱਤਰ ਦਾ ਵਿਆਹ ਹੋਰ ਥਾਂ ਕਰ ਦਿੱਤਾ ਹੈ'॥ ੮॥

ਪ੍ਰਿਥੀਏ ਨਿਕਟ ਜਾਇ ਨਰ ਜੋਈ। ਕਹੈ ਬਹੁਤ ਜੈਸੇ ਇਤ ਜੋਈ।
ਕੀਰਤਿ ਨਹੀਂ ਅਨੁਜ ਕੀ ਜਰੈ। ਬਿਨਾਂ ਹੁਤਾਸਨ ਹੀਯੋ ਜਰੈ॥ ੯॥

ਪ੍ਰਿਥੀਏ ਪਾਸ ਜਿਹੜਾ ਵੀ ਮਨੁੱਖ ਜਾਂਦਾ ਸੀ, ਜਿਵੇਂ ਹੋਈ ਸੀ ਉਸ ਬਾਰੇ ਬਹੁਤ ਕਹਿੰਦੇ ਸਨ। ਪਰ ਪ੍ਰਿਥੀਆ ਛੋਟੇ ਭਰਾ ਦੀ ਕੀਰਤੀ ਨਹੀਂ ਸੀ ਜਰ ਸਕਦਾ, ਅਗਨੀ ਤੋਂ ਬਗੈਰ ਹੀ ਉਸ ਦਾ ਹਿਰਦਾ ਸੜਦਾ ਸੀ॥ ੯॥

ਚਿਤਵਹਿ ਜਤਨ ਅਨੇਕ ਪ੍ਰਕਾਰਾ। ਕੁਛ ਨ ਸਰੀ ਦੁਸ਼ਮਨ ਸੋਂ ਕਾਰਾ।
ਦਿਨਪ੍ਰਤਿ ਵਧਯੋ ਅਨੰਦ ਬਿਲੰਦੂ। ਜਯੋ ਸਾਗਰ ਪਿਖਿ ਪੂਰਨਿ ਚੰਦੂ॥੧੦॥

ਅਨੇਕ ਪ੍ਰਕਾਰ ਦੇ ਯਤਨ ਚਿੱਤ ਵਿਚ ਸੋਚਦਾ ਸੀ, ਦੁਸ਼ਮਣ ਨਾਲ ਕੋਈ ਕਾਰਜ ਵੀ ਸਿਰੇ ਨਹੀਂ ਸੀ ਚੜ੍ਹ ਰਿਹਾ। ਦਿਨ ਪ੍ਰਤੀ ਗੁਰੂ ਅਰਜਨ ਦੇਵ ਜੀ ਦਾ ਅਨੰਦ ਬਹੁਤ ਵੱਧ ਰਿਹਾ ਸੀ, ਜਿਵੇਂ ਪੂਰਨਮਾਸ਼ੀ ਦੇ ਚੰਦ ਨੂੰ ਵੇਖ ਨੇ ਸਾਗਰ ਖ਼ੁਸ਼ੀ ਵਿਚ ਉਛਾਲੇ ਮਾਰਦਾ ਹੈ॥ ੧੦॥

ਮੈਂ ਨਿਤ ਨਿਬਲ ਪਰਯੋ, ਦੁਖ ਪਰਯੋ। ਸੁਤ ਪਿਤ ਮਹਿਂ ਤੇ ਏਕਨ ਮਰਯੋ।
ਗਹਯੋਨ ਗਯੋ ਸ਼ਾਹੁ ਢਿਗ ਗਯੋ। ਸੁਲਹੀ ਆਦਿ ਨ ਕੁਛ ਕਰਿ ਲਿਯੋ॥੧੧॥

ਮੈਂ ਸਦਾ ਨਿਰਬਲ ਹੀ ਹੋਇਆ ਹਾਂ, ਦੁਖ ਹੀ ਪਾਇਆ ਹੈ, ਆਪਣੇ ਪਿਤਾ ਦੇ ਇਕ ਪੁੱਤਰ ਨੂੰ ਵੀ ਮੈਂ ਮਾਰ ਨਹੀਂ ਸਕਿਆ। ਉਹ ਫੜਾਇਆ ਵੀ ਨਹੀਂ ਗਿਆ, ਮੈਂ ਬਾਦਸ਼ਾਹ ਪਾਸ ਵੀ ਗਿਆ ਸੀ। ਸੁਲਹੀ ਆਦਿ ਵੀ ਕੁਝ ਕਰ ਨਹੀਂ ਸਕਿਆ ਹੈ॥ ੧੧॥

ਜਤਨ ਰਚੌਂ ਅਬ ਪ੍ਰਾਪਤਿ ਘਾਤਿ। ਜਿਸਤੇ ਹੋਇ ਸ਼ੱਤ੍ਰੂ ਕੋ ਘਾਤ।
ਸੁਲਹੀ ਸੋਂ ਲਿਖਿਕੈ ਇਕ ਵਾਰੀ। ਮੰਗਵਾਵੌਂ ਇਸ ਬਲ ਅਸੁਵਾਰੀ॥ ੧੨॥

ਹੁਣ ਮੌਕਾ ਪਾ ਕੇ ਯਤਨ ਕਰਾਂਗਾ, ਜਿਸ ਤਰ੍ਹਾਂ ਦੁਸ਼ਮਣ ਨੂੰ ਮਾਰਿਆ ਜਾ ਸਕੇ। ਇਕ ਵਾਰ ਸੁਲਹੀ ਨੂੰ ਲਿਖ ਕੇ ਇਸ ਥਾਂ ਉਸਦੀ ਅਸਵਾਰੀ ਮੰਗਵਾਉਂਦਾ ਹਾਂ॥ ੧੨॥

ਜੇ ਕਰਿ ਅਪਨੋ ਪ੍ਰਾਕ੍ਰਮ ਧਰੈ। ਆਨਿ ਇਹਾਂ ਅਰਜਨ ਕੋ ਧਰੈ।
ਮਿਲਿ ਮਸਲਤਿ ਕਰਿ ਕੈ ਸੰਗ ਚੰਦੂ। ਗਹੈ ਇਸੈ ਰਾਹੂ ਜਿਮ ਇੰਦੂ॥ ੧੩॥

ਜੇ ਉਹ ਸਾਡੇ ਉਤੇ ਕੁਝ ਉਪਕਾਰ ਕਰਨਾ ਚਾਹੁੰਦਾ ਹੈ ਤਾਂ ਏਥੇ ਆ ਕੇ ਸ੍ਰੀ ਅਰਜਨ ਨੂੰ ਫੜੇ। ਚੰਦੂ ਦੇ ਨਾਲ ਸਲਾਹ ਕਰਕੇ, ਉਸ ਨੂੰ ਇਸ ਤਰ੍ਹਾਂ ਫੜ ਲਵੇ, ਜਿਵੇਂ ਰਾਹੂ ਚੰਦ ਨੂੰ ਫੜਦਾ ਹੈ॥ ੧੩॥

ਇਮ ਬਿਚਾਰਿ ਲਿਖਿਬੇ ਲਗਿ ਪਾਤੀ। ਰਿਸ ਤੇ ਨਿਸ ਦਿਨ ਸੁਲਗਤਿ ਛਾਤੀ।
'ਲਿਖਿਤਮ ਪ੍ਰਿਥੀਆਮਲ ਸੁਨਿ ਮੀਤ। ਚਿਤਵੌਂ ਚੀਤ ਨੀਤ ਕਰਿ ਪ੍ਰੀਤ॥੧੪॥

ਇਹ ਵਿਚਾਰ ਕਰਕੇ ਚਿੱਠੀ ਲਿਖਣ ਲੱਗਾ, ਗੁੱਸੇ ਨਾਲ ਦਿਨ ਰਾਤ ਛਾਤੀ ਧੁਖਦੀ ਰਹਿੰਦੀ ਹੈ, "ਮੈਂ ਪ੍ਰਥੀਆ ਮਲ ਲਿਖਦਾ ਹਾਂ, ਹੇ ਮੇਰੇ ਦੋਸਤ! ਸੁਣੋ, ਮੈਂ ਤੁਹਾਡੀ ਪ੍ਰੀਤ ਨੂੰ ਹੀ ਸਦਾ ਯਾਦ ਕਰਦਾ ਰਹਿੰਦਾ ਹਾਂ॥ ੧੪॥

ਸਕਲ ਕਾਜ ਕੀਨਸਿ ਤੈਂ ਮੋਰਾ। ਇਹ ਨ ਭਯੋ ਕਬਿ ਰਿਪੁ ਮੁਖ ਮੋਰਾ।
ਤੈਂ ਅਰੁ ਮੈਂ ਮਿਲਿ ਕਰੇ ਉਪਾਯਾ। ਨਹੀਂ ਅਨੁਜ ਤੇ ਗੁਰੁ ਪਦ ਪਾਯਾ॥੧੫॥

ਤੂੰ ਮੇਰੇ ਸਾਰੇ ਕੰਮ ਕੀਤੇ ਹਨ, ਪਰ ਮੇਰੇ ਦੁਸ਼ਮਣ ਦਾ ਮੁਖ ਤੂੰ ਕਦੀ ਵੀ ਨਹੀਂ ਮੋੜਿਆ ਹੈ। ਤੂੰ ਤੇ ਮੈਂ ਮਿਲਕੇ ਬਹੁਤ ਉਪਾਅ ਕੀਤੇ ਹਨ ਪਰ ਛੋਟੇ ਭਰਾ ਤੋਂ ਗੁਰਗੱਦੀ ਨਹੀਂ ਪਾ ਸਕਿਆ॥ ੧੫॥

ਮਿਹਰਬਾਨਗੀ ਚਾਹਤਿ ਤੇਰੀ। ਕਬਹੁੰ ਦੇਹੁ ਰਿਪੁ ਧੀਰਜ ਤੋਰੀ।
ਵਧਯੋ ਜਗਤਿ ਮੈਂ ਅਧਿਕ ਪ੍ਰਤਾਪੂ। ਦੇਖਤਿ ਸੁਨਤਿ ਮੋਹਿ ਉਰ ਤਾਪੂ ॥ ੧੬ ॥

ਮੈਂ ਤੇਰੀ ਮਿਹਰਬਾਨੀ ਚਾਹੁੰਦਾ ਹਾਂ, ਕਦੀ ਤਾਂ ਮੇਰੇ ਦੁਸ਼ਮਣ ਦੇ ਧੀਰਜ ਨੂੰ ਤੋੜ ਦੇਵੇ। ਉਸ ਦਾ ਜਗਤ ਵਿਚ ਬਹੁਤ ਪ੍ਰਤਾਪ ਵਧਿਆ ਹੈ। ਵੇਖ ਸੁਣ ਕੇ ਮੇਰਾ ਹਿਰਦਾ ਸੜ ਜਾਂਦਾ ਹੈ॥ ੧੬ ॥

ਆਇ ਇਤਹੁੰ ਕਰਿ ਕਾਜ ਹਮਾਰੇ। ਦਿਹੁ ਗੁਰਤਾ, ਅਰਜਨ ਕੋ ਮਾਰੇ।
ਤੋ ਪਰ ਮੋਹਿ ਬਿਸਾਲ ਭਰੋਸਾ। ਵਧਯੋ ਸ਼ਤ੍ਰੂ ਲਖਿ ਕੀਜਹਿ ਰੋਸਾ ॥ ੧੭ ॥

ਏਧਰ ਆ ਕੇ ਮੇਰਾ ਕਾਰਜ ਕਰੋ, ਅਰਜਨ ਨੂੰ ਮਾਰ ਕੇ ਮੈਨੂੰ ਗੁਰਤਾ ਦਿਵਾਉ। ਤੇਰੇ ਉਤੇ ਮੈਨੂੰ ਬਹੁਤ ਵੱਡਾ ਭਰੋਸਾ ਹੈ। ਦੁਸ਼ਮਣ ਬਹੁਤ ਵਧ ਗਿਆ ਹੈ, ਇਹ ਸਮਝ ਕੇ, ਗੁੱਸੇ ਵਿਚ ਆਉ" ॥ ੧੭ ॥

ਇਮ ਲਿਖਿ ਦਿੱਲੀ ਪਠਿ ਹਲਕਾਰਾ। 'ਦੇਉਂ ਇਨਾਮ ਕਰਹੁ ਇਹੁ ਕਾਰਾ'।
ਸੁਨਿ ਤੂਰਨ ਗਮਨਯੋ ਮਗ ਮਾਂਹੂ। ਮਹੁੰਚਯੋ ਪੁਰੀ ਮਹਾਨ ਉਮਾਹੂ ॥ ੧੮ ॥

ਇਸ ਤਰ੍ਹਾਂ ਚਿੱਠੀ ਲਿਖ ਕੇ ਹਲਕਾਰੇ ਨੂੰ ਭੇਜਿਆ, "ਮੈਂ ਤੈਨੂੰ ਬਹੁਤ ਇਨਾਮ ਦੇਵਾਂਗਾ, ਇਹ ਮੇਰਾ ਕੰਮ ਕਰੋ।" ਇਹ ਸੁਣ ਕੇ ਹਲਕਾਰਾ ਤੁਰੰਤ ਚਲ ਪਿਆ, ਅਤੇ ਮਹਾਨ ਪੁਰੀ ਵਿਚ ਬੜੇ ਉਤਸ਼ਾਹ ਨਾਲ ਪਹੁੰਚ ਗਿਆ ॥ ੧੮ ॥

ਮਿਲਯੋ ਸਲਾਮ ਕੀਨਿ ਹੁਇ ਦੀਨਿ। ਪੁਨ ਪਾਤੀ ਸੁਲਹੀ ਕਰ ਦੀਨਿ।
ਖੋਲਤਿ ਪਠੀ ਸਖਾ ਕੇ ਕਰ ਕੀ। ਸ੍ਰੀ ਅਰਜਨ ਕੀਰਤਿ ਉਰ ਕਰਕੀ ॥ ੧੯ ॥

ਸੁਲਹੀ ਨੂੰ ਮਿਲ ਕੇ ਬੜਾ ਦੀਨ ਹੋ ਕੇ ਸਲਾਮ ਕੀਤੀ, ਫਿਰ ਚਿੱਠੀ ਸੁਲਹੀ ਨੂੰ ਫੜਾ ਦਿੱਤੀ। ਆਪਣੇ ਦੋਸਤ ਦੇ ਹੱਥਾਂ ਦੀ ਲਿਖੀ ਹੋਈ ਚਿੱਠੀ ਖੋਲ੍ਹ ਕੇ ਪੜ੍ਹੀ। ਗੁਰੂ ਅਰਜਨ ਦੇਵ ਜੀ ਦੀ ਕੀਰਤੀ ਹਿਰਦੇ ਵਿਚ ਬਹੁਤ ਰੜਕੀ ॥ ੧੯ ॥

ਮੇਰੋ ਤ੍ਰਾਸ ਰਿਦੇ ਮਹਿਂ ਧਰਿਕੇ। ਅਬਿਲੌ ਸ਼ਤ੍ਰੂ ਨ ਛਾਤੀ ਧਰਕੇ ?।
ਬਡੋ ਹੋਨਿ ਨਿਸ਼ਫਲ ਹੈ ਮੇਰਾ। ਸੁਖ ਨ ਸਖਾ, ਰਿਪੁ ਤੁੰਡ ਨ ਮੋਰਾ ॥ ੨੦ ॥

ਹਿਰਦੇ ਵਿਚ ਮੇਰਾ ਡਰ ਧਾਰਨ ਕਰਕੇ, ਹੁਣ ਤਕ ਵੈਰੀ ਦੀ ਛਾਤੀ ਨਹੀਂ ਧੜਕੀ ਹੈ ? ਮੇਰਾ ਵੱਡੇ ਹੋਣਾ ਫਜ਼ੂਲ ਹੈ ਜੇ ਮੈਂ ਹੁਣ ਤਕ ਮਿੱਤਰ ਨੂੰ ਸੁਖ ਨਹੀਂ ਦੇ ਸਕਿਆ ਤੇ ਵੈਰੀ ਦਾ ਮੂੰਹ ਨਹੀਂ ਮੋੜ ਸਕਿਆ ॥੨੦॥

ਚਿੰਤਤਿ ਚੀਤ ਚਾਰ ਕੋ ਬੋਲਾ। ਤਿਸ ਕੇ ਸਾਥ ਬਾਕ ਅਸ ਬੋਲਾ।
'ਮੁਝ ਦਿਸ਼ ਤੇ ਕਹੁ ਸਕਲ ਅਨੰਦ। ਕਹਾਂ ਭਯੋ ਜੇ ਬਜਾਹਯੋ ਨੰਦ ॥ ੨੧ ॥

ਚਿੱਤ ਵਿਚ ਚਿੰਤਤ ਹੋ ਕੇ ਹਲਕਾਰੇ ਨੂੰ ਬੁਲਾਇਆ ਤੇ ਉਸ ਨੂੰ ਫਿਰ ਇਸ ਤਰ੍ਹਾਂ ਕਹਿਣ ਲੱਗਾ, "ਮੇਰੇ ਬਾਰੇ ਉਨ੍ਹਾਂ ਨੂੰ ਕਹਿਣਾ ਕਿ ਸਭ ਅਨੰਦ ਕੁਸ਼ਲ ਹੈ, ਫਿਰ ਕੀ ਹੋ ਗਿਆ ਜੇ ਉਸ ਪੁੱਤਰ ਦਾ ਵਿਆਹ ਕਰ ਲਿਆ ਹੈ ॥ ੨੧ ॥

ਇਤ ਆਵੋਂ ਆਗਜਾ ਲੇ ਸ਼ਾਹੂ। ਗੁਰ ਗਹਿਬੇ ਕੋ ਨਿਤ ਉਤਸਾਹੂ।
ਚੰਦੂ ਬਿਨ ਮੈਂ ਹੀ ਲਿਉਂ ਮਾਰਿ। ਜੈਸੇ ਡਸੈ ਅਚਾਨਕ ਮਾਰ ॥ ੨੨ ॥

ਮੈਂ ਬਾਦਸ਼ਾਹ ਪਾਸੋਂ ਆਗਿਆ ਲੈ ਕੇ ਇਸ ਪਾਸੇ ਆਵਾਂਗਾ। ਗੁਰੂ ਨੂੰ ਫੜਨ ਵਾਸਤੇ ਤਾਂ ਮੈਂ ਸਦਾ ਹੀ ਉਤਸ਼ਾਹਿਤ ਰਹਿੰਦਾ ਹਾਂ। ਮੈਂ ਚੰਦੂ ਤੋਂ ਬਗੈਰ ਹੀ ਉਸ ਨੂੰ ਮਾਰ ਲਵਾਂਗਾ, ਜਿਵੇਂ ਅਚਾਨਕ ਸੱਪ ਡੰਗ ਲੈਂਦਾ ਹੈ ॥੨੨॥

ਧੀਰ ਧਰੋ, ਆਯਹੁ ਮੁਝ ਜਾਨਿ। ਕਰੋਂ ਕਾਜ ਸੁਨਿ ਸਖਾ ਸੁਜਾਨਿ !।
ਕੇਚਿਤ ਦਿਨ ਮੈ ਦੇਖੋਂ ਆਈ। ਅਰਜਨ ਹਤਿ, ਦੈ ਹੌਂ ਗੁਰਿਆਈ ॥ ੨੩ ॥

ਤੁਸੀਂ ਧੀਰਜ ਧਾਰਨ ਕਰੋ, ਮੈਨੂੰ ਆਇਆ ਹੀ ਜਾਣੋ। ਹੇ ਮੇਰੇ ਚਤੁਰ ਦੋਸਤ ! ਸੁਣੋ, ਮੈਂ ਤੁਹਾਡਾ ਕੰਮ ਕਰਾਂਗਾ। ਕੁਝ ਦਿਨਾਂ ਵਿਚ ਹੀ ਵੇਖਣਾ ਕਿ ਮੈਂ ਆ ਰਿਹਾ ਹਾਂ, ਅਰਜਨ ਨੂੰ ਮਾਰ ਕੇ ਤੁਹਾਨੂੰ ਗੁਰਿਆਈ ਦੇਵਾਂਗਾ ॥ ੨੩ ॥

ਤਬਿ ਮੇਰੇ ਮਨ ਉਪਜਹਿ ਸ਼ਾਂਤੀ। ਜਬਿ ਤੇਰੇ ਸ਼ੱਤ੍ਰੁ ਹੁਇਂ ਸ਼ਾਂਤੀ'।
ਇਮ ਲਿਖਿ ਕਰਿ ਦੀਨਸਿ ਕਰ ਪਾਤੀ। ਲਖਹਿ ਨ ਮੂਰਖ ਅਪਨਿ ਨਿਪਾਤੀ ॥੨੪॥

ਤਦ ਮੇਰਾ ਮਨ ਸ਼ਾਂਤ ਹੋਵੇਗਾ, ਜਦ ਤੇਰੇ ਦੁਸ਼ਮਣ ਨੂੰ ਮਾਰ ਲਵਾਂਗਾ" ਇਸ ਤਰ੍ਹਾਂ ਲਿਖ ਕੇ ਹਲਕਾਰੇ ਨੂੰ ਚਿੱਠੀ ਦੇ ਦਿੱਤੀ, ਪਰ ਮੂਰਖ ਆਪਣਾ ਅੰਤ ਨਾ ਜਾਣ ਸਕਿਆ॥ ੨੪॥

ਲੇ ਕਰਿ ਚਾਰ ਚਲਜੋ ਤਤਕਾਲਾ। ਜਹਿਂ ਪ੍ਰਿਥੀਆ ਅੰਤਰ ਤੇ ਕਾਲਾ।
ਸਖਾ ਲਿਖੇ ਕੋ ਪਠਿ ਹਰਖਾਯੋ। ਛੁਧਿਤ ਅਧਿਕ ਜਨੁ ਭੋਜਨ ਖਾਯੋ ॥ ੨੫ ॥

ਏਲਚੀ ਚਿੱਠੀ ਲੈ ਕੇ ਤੁਰਤ ਚਲ ਪਿਆ, ਜਿਥੇ ਉਸ ਸਮੇਂ ਅੰਦਰ ਪ੍ਰਿਥੀਆ ਬੈਠਾ ਹੋਇਆ ਸੀ, ਉਸ ਨੂੰ ਚਿੱਠੀ ਦੇ ਦਿੱਤੀ। ਆਪਣੇ ਦੋਸਤ ਦੀ ਚਿੱਠੀ ਪੜ੍ਹ ਕੇ ਬਹੁਤ ਪ੍ਰਸੰਨ ਹੋਇਆ, ਜਿਵੇਂ ਬਹੁਤ ਭੁੱਖੇ ਨੇ ਭੋਜਨ ਖਾਧਾ ਹੋਵੇ॥ ੨੫॥

ਅਬਿ ਕੇ ਆਏ ਜਜੋਂ ਕਜੋਂ ਕਰਿਕੇ। ਹਤੋਂ ਅਨੁਜ ਕੋ ਨਿਤ ਉਰ ਕਰਕੇ।
ਗੁਰਤਾ ਗ਼ਾਦੀ ਕੋ ਲੇ ਕਰਿ ਮੈਂ। ਤਬਿ ਸਭਿ ਕਿਛ ਪ੍ਰਾਪਤਿ ਮਮ ਕਰ ਮੈਂ ॥੨੬॥

ਹੁਣ ਜੇ ਆਵੇ ਤਾਂ ਜਿਵੇਂ ਕਿਵੇਂ ਕਰਕੇ, ਛੋਟੇ ਭਰਾ ਨੂੰ ਮਾਰ ਦੇਵੇਗਾ, ਜਿਹੜਾ ਹਰ ਵੇਲੇ ਮੇਰੀ ਛਾਤੀ ਵਿਚ ਰੜਕਦਾ ਰਹਿੰਦਾ ਹੈ। ਗੁਰਤਾ-ਗੱਦੀ ਨੂੰ ਲੈ ਕੇ ਮੈਂ ਸਭ ਕੁਝ ਪ੍ਰਾਪਤ ਕਰ ਲਵਾਂਗਾ॥ ੨੬॥

ਬਹੁਰ ਚਾਰ ਨੇ ਬਾਕ ਉਚਾਰਾ। 'ਕੀਜਹਿ ਤਯਾਰ ਤੁਰੰਗਨਿ ਚਾਰਾ।
ਅੰਨਜ ਘ੍ਰਿੱਤ ਸੰਚਹੁ ਸਮੁਦਾਯਾ। ਸੁਲਹੀ ਕਹਜੋ ਬਡੀ ਕਰਿ ਦਾਯਾ ॥੨੭॥

ਫਿਰ ਏਲਚੀ ਨੇ ਕਿਹਾ, "ਸੁੰਦਰ ਘੋੜੇ ਤਿਆਰ ਕਰੋ, ਅਨਾਜ ਅਤੇ ਘਿਉ ਇਕੱਠਾ ਕਰੋ, ਸੁਲਹੀ ਨੇ ਆਪ ਉਪਰ ਬੜਾ ਵਿਸ਼ਵਾਸ ਕਰਕੇ ਕਿਹਾ ਹੈ॥ ੨੭॥

ਤੋਹਿ ਸਮੀਪ ਆਇ ਹੈਂ ਪੂਰਬ। ਕਰਹਿਂ ਕਾਜ ਬਲ ਸਾਥਿ ਅਪੂਰਬ।
ਕਾਗਦ ਲਿਖਜੋ ਸੁ ਖੋਲਿ ਪਠਾਵਾ। ਤਬਿ ਖ਼ਾਤਰ ਕਰਿ ਮੋਹਿ ਪਠਾਵਾ ॥੨੮॥

ਉਹ ਪਹਿਲਾਂ ਤੁਹਾਡੇ ਪਾਸ ਆਵੇਗਾ, ਫਿਰ ਆਪਣੀ ਤਾਕਤ ਨਾਲ ਦੂਸਰਾ ਕੰਮ ਕਰੇਗਾ। ਜਿਹੜੀ ਤੁਸੀਂ ਚਿੱਠੀ ਲਿਖੀ ਸੀ ਉਹ ਖੋਲ੍ਹ ਕੇ ਪੜ੍ਹੀ ਸੀ, ਫਿਰ ਮੇਰੀ ਚੰਗੀ ਖਾਤਰ ਕਰਕੇ ਮੈਨੂੰ ਭੇਜਿਆ ਹੈ॥ ੨੮॥

ਆਯੋ ਹੀ ਜਾਨਹੁ ਨਿਜ ਤੀਰ। ਨਹਿਂ ਅਟਕਹਿ ਜਿਮ ਛੂਟਜੋ ਤੀਰ।
ਤੁਵ ਹਿਤ ਤੇ ਨਿਜ ਸੈਨ ਸਕੇਲੇ। ਸ਼ੱਤ੍ਰੁ ਹਤਹਿ ਕਰੀ ਜਿਮ ਕੇਲੇ' ॥ ੨੯ ॥

ਤੁਹਾਡੇ ਪਾਸ ਆਇਆ ਹੀ ਜਾਣੋ, ਚਲੇ ਹੋਏ ਤੀਰ ਵਾਂਗ ਉਹ ਹੁਣ ਰੁਕੇਗਾ ਨਹੀਂ। ਤੁਹਾਡੇ ਵਾਸਤੇ ਆਪਣੀ ਫੌਜ ਇਕੱਠੀ ਕਰਕੇ ਦੁਸ਼ਮਣ ਨੂੰ ਇੰਝ ਮਾਰ ਦੇਵੇਗਾ ਜਿਵੇਂ ਹਾਥੀ ਕੇਲੇ ਦਾ ਨਾਸ਼ ਕਰ ਦਿੰਦਾ ਹੈ" ॥ ੨੯॥

ਹਲਕਾਰੇ ਤੇ ਸੁਨਿ ਸਭਿ ਬਾਤਿ। ਮਨਹੁ ਸ੍ਵੇਦਿ ਤਨੁ ਲਾਗੀ ਬਾਤ।
ਬੀਸ ਰਜਤਪਣ ਦੀਨਿ ਇਨਾਮੂ। ਕਰਹਿ ਕਾਜ ਸੁਲਹੀ ਜਿਸ ਨਾਮੂ ॥ ੩੦ ॥

ਹਲਕਾਰੇ ਪਾਸੋਂ ਸਾਰੀ ਗੱਲ ਸੁਣ ਕੇ ਮਾਨੋ ਮੁੜ੍ਹਕੇ ਵਗਦੇ ਸਰੀਰ ਨੂੰ ਹਵਾ ਲੱਗੀ ਹੋਵੇ, ਦਿਲ ਵਿਚ ਇਸ ਤਰ੍ਹਾਂ ਠੰਡ ਪੈ ਗਈ। ਹਲਕਾਰੇ ਨੂੰ ਵੀਹ ਚਾਂਦੀ ਦੇ ਸਿੱਕੇ ਇਨਾਮ ਵਜੋਂ ਦਿੱਤੇ, ਜਿਸ ਕਰਕੇ ਸੁਲਹੀ ਉਸ ਦਾ ਕਾਰਜ ਪੂਰਾ ਕਰੇਗਾ॥ ੩੦॥

ਨਿਸ਼ਚੇ ਧਰੇ ਪ੍ਰਤੀਖਨਿ ਕਰੀ। ਹਤੋਂ ਸ਼ੇਰ, ਜਿਮ ਚਾਹੇ ਕਰੀ।
ਸੰਚਨਿ ਲਗਜੋ ਤ੍ਰਿਣਨਿ ਅਰੁ ਅੰਨੁ। ਬਸਹਿਂ ਸਮੀਪ ਗ੍ਰਾਮ ਜੇ ਅੰਨ ॥ ੩੧ ॥

ਨਿਸ਼ਚਾ ਧਾਰ ਕੇ ਇੰਤਜ਼ਾਰ ਕਰਨ ਲੱਗਾ। ਜਿਵੇਂ ਹਾਥੀ ਸ਼ੇਰ ਨੂੰ ਮਾਰਨਾ ਚਾਹੁੰਦਾ ਹੋਵੇ, ਘਿਉ ਤੇ ਅਨਾਜ ਲਾਗਲੇ ਜਿਹੜੇ ਪਿੰਡ ਵੱਸਦੇ ਸਨ, ਉਨਾਂ ਵਿਚੋਂ ਇਕੱਠਾ ਕਰਨ ਲੱਗਾ॥ ੩੧॥

ਤਿਸ ਆਗਵਨ ਚਿਤਹਿ ਦਿਨ ਰਾਤੀ। ਜਾਨੈ ਅਨੁਜ ਦੁਖਦ ਆਰਾਤੀ।
ਸੁਲਹੀ ਜਬਿ ਦਿੱਲੀ ਮਹੁਂ ਗਾਜਾ। 'ਪਰੌਂ ਰਿਪੁਨਿ ਜਿਮ ਗਿਰ ਪਰਗਾਜਾ ॥੩੨॥

ਸੁਲਹੀ ਦੇ ਆਉਣ ਬਾਰੇ ਦਿਨ ਰਾਤ ਸੋਚਦਾ ਰਹਿੰਦਾ ਸੀ, ਆਪਣੇ ਛੋਟੇ ਭਰਾ ਨੂੰ ਦੁਖਦਾਇਕ ਵੈਰੀ ਸਮਝਦਾ ਸੀ। ਸੁਲਹੀ ਜਦ ਦਿੱਲੀ ਵਿਚ ਗੱਜਿਆ, "ਦੁਸ਼ਮਣ ਉੱਤੇ ਮੈਂ ਇਵੇਂ ਪਵਾਂਗਾ ਜਿਵੇਂ ਪਹਾੜ ਉਤੇ ਬਿਜਲੀ ਡਿੱਗਦੀ ਹੈ" ॥ ੩੨ ॥

ਸੰਗਤਿ ਮਹਿਂ ਬ੍ਰਿਤੰਤ ਬਿਸਤਰਾ। 'ਬੋਲਜੋ ਤੁਰਕ ਬੁਰੀ ਹੀ ਤਰਾ'।
ਮਿਲਿ ਕਰਿ ਸਭਿਨਿ ਲਿਖੀ ਅਰਦਾਸ। 'ਮਸਤਕ ਟੇਕਜੋ ਜੇ ਗਨ ਦਾਸ ॥੩੩॥

ਦਿੱਲੀ ਦੀ ਸੰਗਤ ਵਿਚ ਇਹ ਬ੍ਰਿਤਾਂਤ ਫੈਲ ਗਿਆ, "ਇਹ ਤੁਰਕ ਬਹੁਤ ਬੁਰੀ ਤਰ੍ਹਾਂ ਬੋਲਿਆ ਹੈ।" ਸਾਰਿਆਂ ਨੇ ਇਕ ਬੇਨਤੀ ਲਿਖੀ, "ਅਸੀਂ ਆਪ ਜੀ ਦੇ ਸਾਰੇ ਦਾਸ ਆਪ ਜੀ ਨੂੰ ਮੱਥਾ ਟੇਕਦੇ ਹਾਂ॥੩੩॥

ਪ੍ਰਿਥੀਏ ਕੇ ਪ੍ਰੇਰੇ ਇਤਿ ਸੁਲਹੀ। ਜਿਮ ਬੋਲਜੋ ਹਮਨੇ ਸੁਧਿ ਲਹੀ।
ਕੇਚਿਤ ਬਾਸੁਰ ਮਹਿਂ ਇਸ ਦੇਸ਼। ਆਇ ਗਹਾਵੈਂ ਦੇਉਂ ਨਿਦੇਸ਼॥ ੩੪॥

ਪ੍ਰਿਥੀਏ ਦਾ ਪ੍ਰੇਰਿਆ ਹੋਇਆ ਜਿਵੇਂ ਸੁਲਹੀ ਬੋਲਿਆ ਹੈ, ਉਸ ਦੀ ਅਸੀਂ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਹੈ। ਕੁਝ ਦਿਨਾਂ ਵਿਚ ਆਪ ਜੀ ਦੇ ਦੇਸ਼ ਵਿਚ ਆਵੇਗਾ ਤੇ ਆਗਿਆ ਦੇ ਕੇ ਆਪ ਨੂੰ ਫੜਾ ਦੇਵੇਗਾ॥ ੩੪॥

ਰਾਵਰ ਜਤਨ ਕਰਹੁ ਜਿਮ ਬਨਿ ਹੈ। ਕੈ ਪੁਰਿ ਛੋਰ ਬਸਹੁ ਜਿਤ ਬਨਹੈ।
ਕੈ ਮਿਲਿ ਜਾਹੁ ਸਾਥਿ ਬਡ ਭ੍ਰਾਤਾ। ਲਿਖਜੋ ਜੁ ਹਮ ਯਾਂ ਮਹਿਂ ਨਹਿਂ ਭ੍ਰਾਂਤਾ॥੩੫॥

ਜਿਸ ਤਰ੍ਹਾਂ ਵੀ ਹੋ ਸਕੇ, ਆਪ ਜੀ ਯਤਨ ਕਰੋ, ਜਾਂ ਨਗਰ ਨੂੰ ਛੱਡ ਕੇ ਜੰਗਲ ਵਿਚ ਜਾ ਵਸੋ। ਜਾਂ ਵੱਡੇ ਭਰਾ ਨਾਲ ਜਾ ਮਿਲੋ, ਜੋ ਅਸੀਂ ਲਿਖਿਆ ਹੈ ਇਸ ਵਿਚ ਕੋਈ ਸ਼ੰਕਾ ਨਹੀਂ ਹੈ॥ ੩੫॥

ਜਹਾਂਗੀਰ ਤੇ ਕਰਹਿ ਬਹਾਨਾ। ਚਹੈ ਤੁਮਾਰੇ ਪ੍ਰਾਨਨ ਹਾਨਾ'।
ਇਮ ਸੰਗਤਿ ਲਿਖਿ ਪਾਤੀ ਪਠੀ। ਗੁਰ ਢਿਗ ਪਹੁੰਚੀ ਖੋਲਤਿ ਪਠੀ॥ ੩੬॥

ਜਹਾਂਗੀਰ ਪਾਸ ਬਹਾਨਾ ਬਣਾਉਂਦਾ ਹੈ ਤੇ ਤੁਹਾਡੇ ਪ੍ਰਾਣਾਂ ਦਾ ਨਾਸ਼ ਕਰਨਾ ਚਾਹੁੰਦਾ ਹੈ।" ਇਸ ਤਰ੍ਹਾਂ ਸੰਗਤ ਨੇ ਚਿੱਠੀ ਲਿਖ ਕੇ ਭੇਜੀ, ਜਦ ਗੁਰੂ ਜੀ ਪਾਸ ਪਹੁੰਚੇ ਤਾਂ ਉਨ੍ਹਾਂ ਨੇ ਖੋਲ੍ਹ ਕੇ ਪੜ੍ਹੀ॥ ੩੬॥

ਹੁਤੇ ਮਸੰਦ ਕਿਤਿਕ ਗੁਰੁ ਤੀਰ। ਸੁਨਤਿ ਬਾਤਿ ਜਨੁ ਲਾਗਜੋ ਤੀਰ।
ਸਤਿਗੁਰੁ ਪਠਿ ਰਹਿਗੇ ਅਰੁਗਾਈ। ਹੁਤੇ ਸਮੀਪ ਗਿਰਾ ਸਭਿ ਗਾਈ॥ ੩੭॥

ਉਸ ਸਮੇਂ ਕਈ ਮਸੰਦ ਗੁਰੂ ਜੀ ਦੇ ਪਾਸ ਬੈਠੇ ਸਨ, ਇਹ ਗੱਲ ਸੁਣ ਕੇ ਜਿਵੇਂ ਉਨ੍ਹਾਂ ਦੇ ਸੀਨੇ ਵਿਚ ਤੀਰ ਵੱਜਾ ਹੋਵੇ। ਸਤਿਗੁਰੂ ਜੀ ਪੜ੍ਹ ਕੇ ਚੁਪ ਰਹਿ ਗਏ, ਜਿਹੜੇ ਮਸੰਦ ਨੇੜੇ ਸੀ ਉਹ ਬੋਲੇ॥ ੩੭॥

'ਬਡੋ ਕੁਸੂਤ ਬਨੈ ਇਮ ਹੋਏ। ਬੈਰੀ ਕਰਹਿ ਆਨਿ ਕਰਿ ਢੋਏ।
ਬਿਨਾ ਉਪਾਇ ਨ ਮਿਟਿ ਹੈ ਬਜਾਧੀ। ਹੁਇ ਅਸਾਧ ਭੀ ਲੇਵੈ ਸਾਧੀ॥ ੩੮॥

"ਇਸ ਤਰ੍ਹਾਂ ਤਾਂ ਬਹੁਤ ਮਾੜੀ ਗੱਲ ਹੋਈ ਹੈ, ਵੈਰੀ ਆ ਕੇ ਵਾਰ ਕਰੇਗਾ। ਕਿਸੇ ਉਪਾਅ ਤੋਂ ਬਗੈਰ ਇਹ ਕਸ਼ਟ ਦੂਰ ਨਹੀਂ ਹੋਣਾ, ਨਾ ਸਾਧਣ ਯੋਗ ਬਿਪਤਾ ਵੀ ਕੋਈ ਉਪਾਅ ਕਰਨ ਨਾਲ ਹੀ ਸਾਧੀ ਜਾ ਸਕਦੀ ਹੈ॥੩੮॥

ਚੰਦੂ ਸੁਲਹੀ ਸ਼ਾਹੁ ਅਗਾਰੀ। ਵਧੇ ਬਡੇ ਅਫਰੇ ਹੰਕਾਰੀ।
ਤਿਨ ਸੋਂ ਮਿਲਹੁ ਪ੍ਰੀਤ ਉਪਜਾਇ। ਬੈਰ ਜੁ ਬਧਜੋ ਸ਼ਾਂਤਿ ਹੁਇ ਜਾਇ ॥ ੩੯ ॥

ਚੰਦੂ ਅਤੇ ਸੁਲਹੀ ਬਾਦਸ਼ਾਹ ਦੇ ਪਾਸ ਰਹਿਣ ਕਰਕੇ, ਹੰਕਾਰ ਨਾਲ ਬਹੁਤ ਜ਼ਿਆਦਾ ਆਫਰ ਗਏ ਹਨ। ਉਨ੍ਹਾਂ ਨੂੰ ਬੜੇ ਪਿਆਰ ਨਾਲ ਮਿਲੋ, ਤਾਂਕਿ ਜਿਹੜਾ ਵੈਰ ਵਧਿਆ ਹੈ, ਉਹ ਠੰਡਾ ਹੋ ਜਾਵੇ॥ ੩੯ ॥

ਨਾਂਹਿ ਤ ਲੀਜਹਿ ਆਪ ਬਿਚਾਰੀ। ਮਿਲਿ ਮਿਲਿ ਕਰੈ ਸ਼ਾਹੁ ਢਿਗ ਚਾਰੀ।
ਜਜੋਂ ਕਜੋਂ ਕਰਹਿ ਰਿਸਾਵਹਿ ਸ਼ਾਹੂ। ਬਿਗਰਨਿ ਹਿਤ ਪਹੁੰਚੈ ਤੁਮ ਪਾਹੂ ॥੪੦ ॥

ਨਹੀਂ ਤਾਂ ਆਪ ਜੀ ਵਿਚਾਰ ਲਵੋ, ਉਹ ਬਾਰ-ਬਾਰ ਮਿਲ ਕੇ ਬਾਦਸ਼ਾਹ ਪਾਸ ਚੁਗਲੀਆਂ ਕਰਦਾ ਹੈ। ਜਿਵੇਂ-ਕਿਵੇਂ ਬਾਦਸ਼ਾਹ ਨੂੰ ਗੁੱਸੇ ਵਿਚ ਲਿਆ ਰਿਹਾ ਹੈ। ਤੁਹਾਡਾ ਵਿਗਾੜ ਕਰਨ ਵਾਸਤੇ ਤੁਹਾਡੇ ਪਾਸ ਆਵੇਗਾ" ॥ ੪੦ ॥

ਸੁਨਿ ਮਸੰਦ ਕਮ ਦਿਲ ਕੀ ਬਾਨੀ। ਕੀਨ ਮੌਨ ਗੁਰ ਕਛੁ ਨ ਬਖਾਨੀ।
ਪੁਨਹੁ ਕਹਜੋ 'ਸ਼੍ਰੀ ਗੁਰੂ ! ਸੁਨੀਜੈ। ਤੁਰਕ ਰਾਜ ਬਡ ਬਲੀ ਲਖੀਜੈ ॥ ੪੧ ॥

ਮਸੰਦਾਂ ਦੀਆਂ ਡਰਾਕਲਾਂ ਵਾਲੀਆ ਗੱਲਾਂ ਸੁਣ ਕੇ ਗੁਰੂ ਜੀ ਚੁੱਪ ਰਹੇ ਤੇ ਕੁਝ ਨਾ ਬੋਲੇ, ਬਾਅਦ ਵਿਚ ਮਸੰਦ ਫਿਰ ਬੋਲੇ, "ਹੇ ਗੁਰੂ ਜੀ ! ਸੁਣੋ, ਤੁਰਕ ਰਾਜ ਬਹੁਤ ਬਲਵਾਨ ਹੈ, ਇਹ ਸਮਝ ਲਵੋ॥ ੪੧ ॥

ਹਿੰਦੁਨਿ ਕੋ ਮਤਿ ਮਾਨੈਂ ਥੋਰਾ। ਪੁਨ ਸੁਲਹੀ ਪਾਪੀ ਬਡ ਘੋਰਾ।
ਆਗੇ ਆਇ ਜਨਾਯੋ ਜੋਰ। ਨਿਕਸੇ ਆਪ ਬਡਾਲੀ ਓਰ ॥ ੪੨ ॥

ਉਹ ਹਿੰਦੂਆਂ ਦੀ ਮੱਤ ਨੂੰ ਨਹੀਂ ਮੰਨਦਾ, ਫਿਰ ਸੁਲਹੀ ਬਹੁਤ ਵੱਡਾ ਪਾਪੀ ਹੈ। ਪਹਿਲਾਂ ਵੀ ਉਸ ਨੇ ਆ ਕੇ ਬੜਾ ਜ਼ੋਰ ਵਿਖਾਇਆ ਸੀ, ਉਸ ਸਮੇਂ ਆਪ ਵਡਾਲੀ ਵੱਲ ਨਿਕਲ ਗਏ ਸੀ॥ ੪੨ ॥

ਹਮਰੋ ਕਹਿਨੋ ਈ ਬਨਿ ਆਵੈ। ਕਰਹੁ ਆਪ ਜੈਸੇ ਮਨ ਭਾਵੈ।
ਤੁਮ ਸੁਖ ਤੇ ਸੁਖ ਸਦਾ ਹਮਾਰੇ। ਹੋਨਿ ਸ਼ੁਭਾਸ਼ੁਭ ਕੀਨਿ ਉਚਾਰੇ ॥ ੪੩ ॥

ਸਾਡਾ ਤਾਂ ਕਹਿਣਾ ਹੀ ਬਣਦਾ ਹੈ, ਤੁਸੀਂ ਉਸ ਤਰ੍ਹਾਂ ਹੀ ਕਰੋ ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗਦਾ ਹੈ। ਤੁਹਾਡੇ ਸੁਖ ਵਿਚ ਹੀ ਸਦਾ ਸਾਡਾ ਵੀ ਸੁਖ ਹੈ, ਜਿਵੇਂ ਵੀ ਸ਼ੁਭ ਹੋਵੇ, ਅਸੀਂ ਉਸ ਤਰ੍ਹਾਂ ਹੀ ਉਚਾਰਨ ਕੀਤਾ ਹੈ॥ ੪੩ ॥

ਤੂਸ਼ਨਿ ਕਰਨਿ ਸਮੋ ਅਬਿ ਨਾਂਹੀ। ਪੂਰਬ ਜਤਨ ਸਕਲ ਬਨਿ ਜਾਹੀ।
ਬਨਹਿ ਨਹੀਂ ਤਤਕਾਲ ਉਪਾਇ। ਖਨਹਿ ਕੂਪ ਕਿਮ ਆਗ ਲਗਾਇ ॥ ੪੪ ॥

ਹੁਣ ਚੁੱਪ ਰਹਿਣ ਦਾ ਸਮਾਂ ਨਹੀਂ ਹੈ, ਪਹਿਲਾਂ ਯਤਨ ਕਰ ਲੈਣ ਨਾਲ ਸਭ ਕੁਝ ਬਣ ਜਾਵੇਗਾ, ਅੱਗ ਲੱਗ ਜਾਣ ਤੇ ਫਿਰ ਖੂਹ ਕਿਵੇਂ ਪੁਟਾਂਗੇ॥ ੪੪ ॥

ਸੋਚਤਿ ਜਲ ਸਗਰੋ ਬਹਿ ਜਾਏ। ਸਰਹਿ ਕਹਾਂ ਪੁਨ ਸੇਤੁ ਬੰਧਾਏ'।
ਸ਼੍ਰੀ ਅਰਜਨ ਸੁਨਿ ਕੀਨਿ ਬਖਾਨਾ।'ਚਿਤ ਮਹਿਂ ਚਿੰਤ ਨ ਕਰੋ ਮਹਾਨਾ ॥ ੪੫ ॥

ਸੋਚਦਿਆਂ ਸੋਚਦਿਆ ਸਾਰਾ ਜਲ ਬਹਿ ਜਾਵੇਗਾ, ਫਿਰ ਬੰਨ੍ਹ ਮਾਰਨ ਨਾਲ ਕੀ ਸਰੇਗਾ।" ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਆਪਣੇ ਚਿੱਤ ਵਿਚ ਜ਼ਿਆਦਾ ਫਿਕਰ ਨਾ ਕਰੋ॥ ੪੫ ॥

ਹੋਨ ਹਾਰ ਆਵੱਸ਼ਜਕ ਹੋਇ। ਬੁਧਿ ਤੇ ਬਲ ਤੇ ਮਿਟਹਿ ਨ ਸੋਇ।
ਸ਼੍ਰੀ ਕਰਤਾਰ ਕਿਯੋ ਜਿਮ ਭਾਣਾ। ਸੋ ਕੈਸਿਹੁਂ ਨਿਸ਼ਫਲ ਨਹਿਂ ਜਾਣਾ ॥ ੪੬ ॥

ਜੋ ਹੋਣਾ ਹੈ, ਉਹ ਜ਼ਰੂਰ ਹੀ ਹੋ ਕੇ ਰਹਿੰਦਾ ਹੈ, ਉਹ ਬੁੱਧੀ ਦੇ ਬਲ ਨਾਲ ਵੀ ਮਿਟ ਨਹੀਂ ਸਕਦਾ। ਜੋ ਵਾਹਿਗੁਰੂ ਦਾ ਭਾਣਾ ਹੈ, ਇਹ ਕਿਸੇ ਤਰਾਂ ਵੀ ਬੇਕਾਰ ਨਹੀਂ ਜਾਣਾ ਹੈ॥ ੪੬ ॥

Sri Satguru Jagjit Singh Ji eLlibrary NamdhariElibrary@gmail.com

ਜੋ ਪਰਮੇਸ਼ੁਰ ਕਰਜੋ ਨ ਚਾਹੈ। ਹੋਇ ਨ ਸੋ, ਨਰ ਕਿਤੋ ਉਮਾਹੈ।
ਅਸ ਮਨ ਜਾਨਿ ਕਰਹੁ ਭਰਵਾਸਾ। ਦੇਖਹੁ ਜੈਸੇ ਹੋਇ ਤਮਾਸ਼ਾ ॥ ੪੭ ॥

ਜੋ ਕੁਝ ਵਾਹਿਗੁਰੂ ਕਰਨਾ ਨਹੀਂ ਚਾਹੁੰਦਾ ਹੈ, ਉਹ ਕਦੀ ਵੀ ਨਹੀਂ ਹੁੰਦਾ ਹੈ, ਮਨੁੱਖ ਭਾਵੇਂ ਕਿੰਨਾ ਵੀ ਜ਼ੋਰ ਲਾ ਲਵੇ। ਮਨ ਵਿਚ ਇਹ ਜਾਣ ਕੇ ਭਰੋਸਾ ਰੱਖੋ, ਵੇਖਦੇ ਰਹੋ ਜਿਵੇਂ ਤਮਾਸ਼ਾ ਹੁੰਦਾ ਹੈ" ॥ ੪੭ ॥

*ਚੌਥੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ ॥ ੧੬ ॥*

## ਅਧਿਆਇ ਸਤਾਰ੍ਹਵਾਂ

### *ਸੁਲਹੀ ਚੜ੍ਹ ਕੇ ਆਇਆ*

ਦੋਹਰਾ- ਚਿਤਵਤਿ ਕਾਰਜ ਅਨਿਕ ਕੋ ਸੁਲਹੀ ਚਹਤਿ ਪਯਾਨ।
ਗਮਨਜੋ ਸ਼ਾਹ ਸਮੀਪ ਤਬਿ ਤਸਲੀਮਾਤ ਬਖਾਨ ॥ ੧ ॥

ਹੋਰ ਕਾਰਜ ਕਰਨ ਬਾਰੇ ਸੋਚ ਕੇ ਸੁਲਹੀ ਜਾਣਾ ਚਾਹੁੰਦਾ ਸੀ। ਇਸ ਲਈ ਉਹ ਬਾਦਸ਼ਾਹ ਦੇ ਪਾਸ ਗਿਆ ਅਤੇ ਝੁਕ ਕੇ ਸਲਾਮ ਦੁਆ ਕੀਤੀ ॥ ੧ ॥

ਚੌਪਈ- ਜਬਿ ਅਵਕਾਸ਼ ਕਹਨਿ ਕੋ ਪਾਯੋ। ਤਬਿ ਸੁਲਹੀ ਕਰ ਜੋਰਿ ਅਲਾਯੋ।
'ਮਾਝੇ ਦੇਸ਼ ਚਹਤਿ ਮੈਂ ਗਯੋ। ਕਛੁ ਕਾਰ ਤਹਿਂ ਅਫਤਰ ਭਯੋ ॥ ੨ ॥

ਜਦ ਕਹਿਣ ਦਾ ਮੌਕਾ ਪਾਇਆ ਤਾਂ ਸੁਲਹੀ ਬੜਾ ਜ਼ੋਰ ਦੇ ਕੇ ਬੋਲਿਆ, "ਮੈਂ ਮਾਝੇ ਦੇਸ਼ ਵਿਚ ਜਾਣਾ ਚਾਹੁੰਦਾ ਹਾਂ, ਓਥੇ ਕੁਝ ਕੰਮ ਬਹੁਤ ਵਿਗੜ ਗਏ ਹਨ ॥ ੨ ॥

ਸ੍ਰੀ ਅਰਜਨ ਜਗ ਗੁਰੂ ਕਹਾਵੈ। ਕਹਿ ਲੋਕਨਿ ਕੋ ਸੋ ਬਿਗਰਾਵੈ।
ਦੇਸ਼ ਮਾਮਲਾ ਦੇਤਿ ਬਿਗਾਰੇ। ਨਰ ਹਜ਼ਾਰ ਹੀ ਤਿਸ ਅਨੁਸਾਰੇ ॥ ੩ ॥

ਸ੍ਰੀ ਅਰਜਨ ਜਗਤ ਵਿਚ ਆਪਣੇ ਆਪ ਨੂੰ ਗੁਰੂ ਕਹਾਉਂਦੇ ਹਨ ਤੇ ਲੋਕਾਂ ਨੂੰ ਕਹਿ ਕੇ ਉਹ ਵਿਗਾੜਦੇ ਹਨ। ਲੋਕਾਂ ਨੂੰ ਮਾਮਲਾ ਦੇਣ ਤੋਂ ਰੋਕਦੇ ਹਨ, ਹਜ਼ਾਰਾਂ ਲੋਕ ਉਸ ਦੀ ਆਗਿਆ ਵਿਚ ਹਨ ॥ ੩ ॥

ਬਿਗਰਜੋ ਸਰਬ ਜਾਇ ਸੁਧਰਾਊਂ। ਦੇ ਕਰਿ ਜੋਰ ਆਪ ਮੈਂ ਲਜਾਊਂ।
ਮੋ ਬਿਨ ਗਏ ਦਰਬ ਨਹਿਂ ਆਵੈ। ਅਪਰ ਨ ਬੁਧਿ ਬਲ ਕਰਿ ਕੋ ਲਜਾਵੈ ॥੪ ॥

ਜਿਹੜਾ ਉਸ ਵਿਗਾੜ ਪੈਦਾ ਕੀਤਾ ਹੈ, ਉਸ ਨੂੰ ਜਾ ਕੇ ਸੁਧਾਰਾਂਗਾ, ਜ਼ੋਰ ਦੇ ਕੇ ਮੈਂ ਆਪ ਧਨ ਲਿਆਵਾਂਗਾ। ਮੇਰੇ ਜਾਣ ਬਗੈਰ ਧਨ ਨਹੀਂ ਆਵੇਗਾ, ਹੋਰ ਕੋਈ ਬੁੱਧੀ ਦੇ ਬਲ ਨਾਲ ਨਹੀਂ ਲਿਆ ਸਕਦਾ" ॥੪ ॥

ਸੁਨਤਿ ਸ਼ਾਹੁ ਕੀਨਸਿ ਫੁਰਮਾਨ। 'ਜਾਇ ਕਰੋ ਧਨ ਕਾਜ ਮਹਾਨ।
ਤੂਰਨਿ ਹੀ ਹਟਿ ਕਰਿ ਇਤ ਆਵਹੁ। ਸੈਨ ਸੰਗ ਲੇਕਰਿ ਚਢਿ ਜਾਵਹੁ' ॥੫ ॥

ਇਹ ਸੁਣ ਕੇ ਬਾਦਸ਼ਾਹ ਨੇ ਫੁਰਮਾਇਆ, "ਧਨ ਦੇ ਮਹਾਨ ਕਾਰਜ ਨੂੰ ਜਾ ਕੇ ਕਰੋ, ਛੇਤੀ ਹੀ ਫਿਰ ਵਾਪਸ ਆ ਜਾਵੋ ਫੌਜ ਨੂੰ ਨਾਲ ਲੈ ਕੇ ਚੜ੍ਹਾਈ ਕਰੋ" ॥ ੫ ॥

ਸੁਲਹੀ ਲਈ ਸ਼ਾਹੁ ਕੀ ਆਇਸੁ। ਹਰਖਤਿ ਉਰ ਨਿਜ ਘਰ ਕੋ ਆਇ ਸੁ।
ਕਰਿ ਬਿਚਾਰ ਚੰਦੂ ਢਿਗ ਗਯੋ। ਮਿਲਿ ਸਲਾਮ ਕਰਿ ਬੈਠਤਿ ਭਯੋ॥ ੬॥

ਸੁਲਹੀ ਨੇ ਬਾਦਸ਼ਾਹ ਦੀ ਆਗਿਆ ਪ੍ਰਾਪਤ ਕਰ ਲਈ, ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਆ ਗਿਆ। ਫਿਰ ਵਿਚਾਰ ਕਰਕੇ ਚੰਦੂ ਦੇ ਪਾਸ ਗਿਆ, ਮਿਲ ਕੇ ਸਲਾਮ ਕਰਕੇ ਬੈਠ ਗਿਆ॥ ੬॥

'ਸੁਨਹੁ ਦਿਵਾਨ ਬਾਕ ਅਸ ਮੋਰਾ। ਏਕ ਕਾਜ ਭਾ ਮਮ ਅਰੁ ਤੋਰਾ।
ਜਿਨਹਿ ਹਟਾਵਨਿ ਕੀਨਸਿ ਨਾਤਾ। ਸੋ ਮੇਰੋ ਬੈਰੀ ਬੱਖਜਾਤਾ॥ ੭॥

ਕਹਿਣ ਲੱਗਾ, "ਹੇ ਦੀਵਾਨ ਜੀ! ਮੇਰੀ ਗੱਲ ਸੁਣੋ, ਮੇਰਾ ਤੇ ਤੁਹਾਡਾ ਇਕ ਸਾਂਝਾ ਕਾਰਜ ਹੈ। ਜਿਸ ਨੇ ਤੁਹਾਡੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ ਹੈ, ਉਹ ਮੇਰਾ ਵੱਡਾ ਵੈਰੀ ਹੈ॥ ੭॥

ਮੈਂ ਅਬਿ ਜਾਂਤਿ ਗਹੌਂ ਕੈ ਮਾਰੌਂ। ਨਹੀਂ ਕੁਸ਼ਲ ਯੁਤ ਤਜਾਗ ਸਿਧਾਰੌਂ।
ਸ਼ਾਹੁ ਸਮੀਪ ਸਹਾਇਕ ਰਹੀਅਹਿ। ਤਿਸਕੇ ਦੋਸ਼, ਮੋਰ ਗੁਨ ਕਹੀਯਹਿ॥ ੮॥

ਮੈਂ ਹੁਣ ਚਲਿਆ ਹਾਂ, ਉਸ ਨੂੰ ਫੜ ਕੇ ਮਾਰ ਦੇਵਾਂਗਾ, ਉਸ ਨੂੰ ਸੁਖ ਨਾਲ ਛੱਡ ਕੇ ਨਹੀਂ ਆਵਾਂਗਾ। ਬਾਦਸ਼ਾਹ ਦੇ ਪਾਸ ਮੇਰੇ ਸਹਾਇਕ ਬਣੇ ਰਹੋ, ਤੇ ਗੁਰੂ ਜੀ ਦੀ ਨਿੰਦਿਆ ਤੇ ਮੇਰੀ ਸ਼ਲਾਘਾ ਕਰਦੇ ਰਹੋ॥ ੮॥

ਤੋਹਿ ਬੈਰ ਕੋ ਲੇ ਕਰਿ ਆਊਂ। ਤੌ ਮੈਂ ਸੁਲਹੀ ਨਾਮ ਕਹਾਊਂ।
ਮਾਝੇ ਦੇਸ਼ ਬਿਖੈ ਮਮ ਫੇਰਾ। ਤਹਿੰ ਕਜਾ ਕਾਜ ਕਰੌਂ ਨਹਿੰ ਤੇਰਾ?॥ ੯॥

ਤੁਹਾਡੇ ਵੈਰ ਦਾ ਜਦ ਬਦਲਾ ਲੈ ਕੇ ਆਵਾਂਗਾ ਤਦ ਮੈਂ ਆਪਣਾ ਨਾਂ ਸੁਲਹੀ ਕਹਾਵਾਂਗਾ। ਮਾਝੇ ਦੇਸ਼ ਜਾਣ ਦੀ ਮੇਰੀ ਜ਼ਿਮੇਂਵਾਰੀ ਲੱਗੀ ਹੈ, ਫਿਰ ਮੈਂ ਕਿਉਂ ਤੁਹਾਡਾ ਕੰਮ ਨਹੀਂ ਕਰਾਂਗਾ?॥ ੯॥

ਨਾਤਾ ਫਿਰਯੋ ਮੋਹਿ ਦੁਖ ਲਾਗਾ। ਗਹੌਂ ਜਾਇ ਕਰਿ ਜੇ ਨਹਿੰ ਭਾਗਾ'।
ਸੁਨਿ ਚੰਦੂ ਹਰਖਯੋ ਸੁਖ ਭਯੋ। ਬਿਨ ਹੀ ਜਤਨ ਸ਼ੱਤ੍ਰੂ ਮਰਿ ਗਯੋ॥ ੧੦॥

ਜਦ ਤੇਰੀ ਲੜਕੀ ਦਾ ਨਾਤਾ ਮੋੜ ਦਿੱਤਾ ਹੈ, ਤਾਂ ਮੈਨੂੰ ਬਹੁਤ ਦੁੱਖ ਲੱਗਾ ਹੈ, ਜਾ ਕੇ ਫੜ ਲਵਾਂਗਾ, ਜੇ ਉਸ ਸਥਾਨ ਤੋਂ ਨਾ ਭੱਜ ਗਿਆ ਹੋਇਆ।" ਇਹ ਸੁਣ ਕੇ ਚੰਦੂ ਬਹੁਤ ਖੁਸ਼ ਹੋਇਆ ਤੇ ਸੁਖ ਪ੍ਰਾਪਤ ਕੀਤਾ। ਉਸ ਸੋਚਿਆ ਕਿ ਕੋਈ ਯਤਨ ਕਰਨ ਤੋਂ ਬਗੈਰ ਹੀ ਦੁਸ਼ਮਣ ਮਰ ਗਿਆ॥ ੧੦॥

ਜਿਮ ਕੋ ਸਰਪ ਗਹਯੋ ਨਹਿੰ ਜਾਈ। ਨਕੁਲ ਅਚਾਨਕ ਲੇ ਤਿਸ ਘਾਈ।
ਕਹਤਿ ਭਯੋ 'ਮੈ ਬਨੌਂ ਸਹਾਇ। ਲਿਹੁ ਮਮ ਦਿਸ਼ਿ ਤੇ ਅਬਿ ਸਿਰੁਪਾਇ'॥੧੧॥

ਜਿਵੇਂ ਕੋਈ ਸੱਪ ਫੜਿਆ ਨਾ ਜਾਵੇ, ਪਰ ਅਚਾਨਕ ਨਿਉਲਾ ਨਿਕਲ ਕੇ ਉਸ ਨੂੰ ਮਾਰ ਦੇਵੇ। ਚੰਦੂ ਕਹਿਣ ਲੱਗਾ, "'ਮੈਂ ਤੇਰਾ ਸਹਾਇਕ ਬਣਾਂਗਾ, ਮੇਰੇ ਵਲੋਂ ਹੁਣੇ ਸਿਰੋਪਾ ਲੈ ਲਵੋ"॥ ੧੧॥

ਇਮ ਕਹਿ ਬਸਤ੍ਰ ਮੋਲਿ ਬਹੁ ਕੇਰੇ। ਦੇਤਿ ਭਯੋ ਹਰਖਾਇ ਘਨੇਰੇ।
ਕਰਯੋ ਬਿਸਰਜਨ ਧੀਰਜ ਦੈ ਕੈ। ਸੁਲਹੀ ਚਢਯੋ ਸੈਨ ਸੰਗ ਲੈਕੈ॥ ੧੨॥

ਇਹ ਕਹਿ ਕੇ ਬੜੇ ਕੀਮਤੀ ਕਪੜੇ ਲਏ ਤੇ ਬੜੇ ਪ੍ਰਸੰਨ ਹੋ ਕੇ ਸੁਲਹੀ ਨੂੰ ਦਿੱਤੇ। ਫਿਰ ਉਸ ਨੂੰ ਧੀਰਜ ਦੇ ਕੇ ਵਿਦਾ ਕੀਤਾ। ਸੁਲਹੀ ਨੇ ਆਪਣੀ ਸੈਨਾ ਲੈ ਕੇ ਚੜ੍ਹਾਈ ਕਰ ਦਿੱਤੀ॥ ੧੨॥

ਦਿੱਲੀ ਕੀ ਸੰਗਤਿ ਲਖਿ ਪਾਯੋ। ਦੇ ਅਰਦਾਸਿਕ ਦੂਤ ਪਠਾਯੋ।
'ਤੂਰਨ ਨਿਸ ਦਿਨ ਗਮਨਤਿ ਜੱਯੋ। ਸ਼੍ਰੀ ਅਰਜਨ ਕੋ ਸਕਲ ਸੁਨੱਯੋ'॥ ੧੩॥

ਜਦ ਦਿੱਲੀ ਦੀ ਸੰਗਤ ਨੇ ਇਹ ਕੁਝ ਵੇਖਿਆ ਤਾਂ ਇਕ ਬੇਨਤੀ ਪੱਤਰ ਦੇ ਕੇ ਇਕ ਦੂਤ ਨੂੰ ਗੁਰੂ ਜੀ ਵੱਲ ਭੇਜ ਦਿੱਤਾ ਤੇ ਉਸ ਨੂੰ ਕਿਹਾ, "ਤੁਰਤ ਦਿਨ ਰਾਤ ਚਲਦੇ ਜਾਵੋ ਤੇ ਜਾ ਕੇ ਸਤਿਗੁਰੂ ਜੀ ਨੂੰ ਸਾਰੀ ਗੱਲ ਸੁਣਾਉ"॥ ੧੩॥

ਧਾਇ ਪੰਥ ਹਲਕਾਰਾ ਆਯੋ। ਸ੍ਰੀ ਸਤਿਗੁਰ ਕੋ ਸਕਲ ਸੁਨਾਯੋ।
ਲੇਕਰਿ ਹਾਥ ਪਠੀ ਅਰਦਾਸ। 'ਲਿਖਤੁਮ ਸਭਿਹੀ ਸੰਗਤਿ ਦਾਸ॥ ੧੪॥

ਹਲਕਾਰਾ ਬੜੀ ਤੇਜ਼ ਰਫਤਾਰ ਨਾਲ ਆਇਆ ਤੇ ਸਤਿਗੁਰੂ ਜੀ ਪਾਸ ਪਹੁੰਚ ਕੇ, ਉਨ੍ਹਾਂ ਨੂੰ ਸਭ ਕੁਝ ਸੁਣਾਇਆ। ਗੁਰੂ ਜੀ ਨੇ ਉਸ ਦੇ ਹੱਥ ਵਿਚੋਂ ਚਿੱਠੀ ਲੈ ਕੇ ਪੜ੍ਹੀ, "ਆਪ ਜੀ ਦੀ ਦਾਸ, ਸਾਰੀ ਸਿੱਖ ਸੰਗਤ ਲਿਖਦੀ ਹੈ॥ ੧੪॥

ਅਬਿ ਸੁਲਹੀ ਮਗ ਕੀਨਿ ਪਯਾਨਾ। ਆਯਹੁ ਤੁਮ ਦਿਸ਼ਿ ਅਧਿਕ ਰਿਸਾਨਾ।
ਸ੍ਰੀ ਪ੍ਰਭੁ ਹੋ ਸਮਰਥ ਸਭਿ ਭਾਂਤੀ। ਹਮਰੀ ਤੋ ਪਿਖਿ ਧਰਕਤਿ ਛਾਤੀ॥ ੧੫॥

ਹੁਣ ਸੁਲਹੀ ਚੱਲ ਪਿਆ ਹੈ, ਉਹ ਤੁਹਾਡੇ ਵਲ ਬੜੇ ਗੁੱਸੇ ਨਾਲ ਆ ਰਿਹਾ ਹੈ। ਹੇ ਪ੍ਰਭੂ ਜੀ! ਤੁਸੀਂ ਹਰ ਤਰ੍ਹਾਂ ਸਮਰੱਥ ਹੋ, ਸਾਡੀ ਤਾਂ ਇਹ ਕੁਝ ਵੇਖ ਕੇ ਛਾਤੀ ਧੜਕਦੀ ਹੈ॥ ੧੫॥

ਸ਼ਾਹੁ ਸਮੀਪੀ ਹੋਇ ਦੁਸ਼ਟ। ਗੁਰੁ ਸੋਂ ਕਰਹਿਂ ਨ ਕਾਜ ਅਨਿਸ਼ਟ।
ਹਮਰੋ ਜੋਰ ਕਰਨਿ ਸੁਧਿ ਕੇਰੋ। ਸੋ ਕਰਿ ਪਠੀ ਤੁਰਤ ਗਨ ਚੇਰੋ' ॥ ੧੬॥

ਇਹ ਦੁਸ਼ਟ ਬਾਦਸ਼ਾਹ ਦਾ ਨਜ਼ਦੀਕੀ ਹੈ, ਕਿਤੇ ਗੁਰੂ ਜੀ ਨਾਲ ਕੋਈ ਬੁਰਾ ਵਰਤਾਉ ਨਾ ਕਰੇ, ਸਾਡੇ ਵਿਚ ਤਾਂ ਏਨੀ ਹੀ ਸਮਰਥਾ ਹੈ ਕਿ ਆਪ ਜੀ ਨੂੰ ਸੁਚੇਤ ਕਰੀਏ, ਇਸ ਲਈ ਤੁਰਤ ਏਲਚੀ ਦੇ ਹੱਥ ਬੇਨਤੀ-ਪੱਤਰ ਭੇਜਿਆ ਹੈ" ॥ ੧੬॥

ਸ੍ਰੀ ਅਰਜਨ ਪਠਿ ਕਰਿ ਅਰਦਾਸ। ਕਰੀ ਮੋਨ ਬੈਠੇ ਸਿਖ ਪਾਸਿ।
ਬ੍ਰਿੰਦ ਮਸੰਦ ਸਭਿਨਿ ਕੋ ਚਿੰਤਾ। ਸ੍ਰੀ ਗੁਰੁ ਕੋ ਨਹਿਂ ਲਖਹਿਂ ਬ੍ਰਿਤੰਤਾ॥ ੧੭॥

ਸ੍ਰੀ ਗੁਰੂ ਅਰਜਨ ਦੇਵ ਜੀ ਬੇਨਤੀ-ਪੱਤਰ ਪੜ੍ਹ ਕੇ ਚੁਪ ਰਹੇ। ਕੁਝ ਸਿੱਖ ਅਤੇ ਮਸੰਦ ਪਾਸ ਬੈਠੇ ਸਨ, ਸਾਰਿਆਂ ਨੇ ਬੜਾ ਫਿਕਰ ਕੀਤਾ, ਪਰ ਗੁਰੂ ਜੀ ਦੇ ਬ੍ਰਿਤਾਂਤ ਨੂੰ ਉਹ ਸਮਝਦੇ ਨਹੀਂ ਸਨ॥ ੧੭॥

ਤਬਿ ਸਭਿਹਨਿ ਕਰ ਜੋਰਿ ਬਖਾਨਾ। 'ਪ੍ਰਭੁ ਜੀ ਕੌਨਿ ਜਤਨ ਅਬਿ ਠਾਨਾ ?।
ਜਿਸ ਤੇ ਬੈਠੇ ਨਿਸ਼ਚਲ ਹੋਇ। ਆਵਤਿ ਚਲਯੋ ਮਹਾਂ ਰਿਪੁ ਜੋਇ॥ ੧੮॥

ਫਿਰ ਸਾਰਿਆਂ ਨੇ ਜ਼ੋਰ ਦੇ ਕੇ ਕਿਹਾ, "ਹੇ ਪ੍ਰਭੂ ਜੀ! ਹੁਣ ਕਿਹੜੇ ਯਤਨ ਬਾਰੇ ਸੋਚਿਆ ਹੈ? ਜਿਸ ਕਰਕੇ ਸ਼ਾਂਤ ਚਿਤ ਬੈਠੇ ਹੋ, ਜਦ ਕਿ ਮਹਾਨ ਦੁਸ਼ਮਣ ਚਲਿਆ ਆ ਰਿਹਾ ਹੈ॥ ੧੮॥

ਹਮਰੋ ਧੀਰਜ ਹੋਤਿ ਬਿਨਾਸੀ। ਕਹਾ ਸੋ ਕਰਹਿ ਆਨਿ ਕਰਿ ਪਾਸੀ।
ਕੁਛ ਸੈਨਾ ਕੋ ਨਾਂਹਿ ਨ ਜੋਰ। ਜਿਸ ਤੇ ਸਮੁਖ ਜੰਗ ਦੇ ਜੋਰ॥ ੧੯॥

ਅਸੀਂ ਧੀਰਜ ਖੋਹ ਬੈਠੇ ਹਾਂ, ਉਹ ਤੁਹਾਡੇ ਪਾਸ ਆ ਕੇ ਕੀ ਕਰੇਗਾ? ਸੈਨਾ ਦੇ ਅੱਗੇ ਕੋਈ ਜ਼ੋਰ ਨਹੀਂ ਚਲਦਾ, ਜਿਸ ਦੇ ਸਾਹਮਣੇ ਜ਼ੋਰ ਨਾਲ ਸਾਹਮਣਾ ਕਰ ਸਕੀਏ॥ ੧੯॥

ਤੁਮ ਭ੍ਰਾਤਾ ਜੇਸ਼ਟ ਕੋ ਮੀਤ। ਨਹਿਂ ਦੇਖਤਿ ਕੁਛ ਨੀਤ ਅਨੀਤਿ।
ਆਗਲਿ ਬਾਰ ਆਇ ਰਿਸ ਭਰਯੋ। ਨੀਠਿ ਨੀਠਿ ਤਬਿ ਮੋਰਨ ਕਰਯੋ॥ ੨੦॥

ਤੁਹਾਡੇ ਵੱਡੇ ਭਰਾ ਦਾ ਜਿਹੜਾ ਮਿੱਤਰ ਹੈ, ਉਹ ਕੁਝ ਵੀ ਚੰਗਾ ਮਾੜਾ ਨਹੀਂ ਵੇਖਦਾ। ਪਿਛਲੀ ਵਾਰ ਵੀ ਬੜੇ ਗੁੱਸੇ ਨਾਲ ਆਇਆ ਸੀ, ਜਿਵੇਂ-ਤਿਵੇਂ ਕਰਕੇ ਮਸਾਂ ਹੀ ਵਾਪਸ ਮੋੜਿਆ ਸੀ॥ ੨੦॥

ਸ਼ਾਹੁ ਨ ਤੁਮ ਸੋਂ ਬਿਗਰਯੋ ਚਹੈ। ਤਊ ਦੁਸ਼ਟ ਏਨਿਤਿ ਢਿਗ ਰਹੈਂ।
ਤੁਮ ਦਿਸ਼ਿ ਅਨਿਕ ਤੁਫਾਨ ਉਠਾਵਹਿ। ਕਹਿ ਕਹਿ ਅਧਿਕ ਸਦਾ ਬਿਗਰਾਵਹਿ॥ ੨੧॥

ਬਾਦਸ਼ਾਹ ਤੁਹਾਡੇ ਨਾਲ ਵਿਗਾੜਨਾ ਨਹੀਂ ਚਾਹੁੰਦਾ, ਫਿਰ ਵੀ ਇਹ ਦੁਸ਼ਟ ਸਦਾ ਬਾਦਸ਼ਾਹ ਦੇ ਪਾਸ ਰਹਿੰਦਾ ਹੈ। ਤੁਹਾਡੇ ਬਾਰੇ ਅਨੇਕਾਂ ਪ੍ਰਕਾਰ ਦੇ ਤੂਫਾਨ ਉਠਾਉਂਦਾ ਹੈ, ਬਾਦਸ਼ਾਹ ਨੂੰ ਕਹਿ-ਕਹਿ ਕੇ ਵਿਗਾੜ ਪੈਦਾ ਕਰਦਾ ਹੈ॥ ੨੧॥

ਆਪਿ ਕਰੀ ਤੂਸ਼ਨਿ ਕਿਸ ਕਾਰਨਿ। ਪ੍ਰਿਤਿ ਹਮ ਲਹੈਂ ਸੁ ਕਰਹੁ ਉਚਾਰਨਿ।
ਬੁਰਾ ਕਰਨਿ ਬੈਰੀ ਢਿਗ ਆਵਤਿ। ਨਹਿਂ ਉਪਾਉ ਤੁਮ ਕਛੂ ਬਨਾਵਤਿ ॥੨੨॥

ਤੁਸੀਂ ਚੁਪ ਕਿਉਂ ਧਾਰਨ ਕੀਤੀ ਹੋਈ ਹੈ, ਜਿਵੇਂ ਅਸੀਂ ਕਰੀਏ ਉਸ ਬਾਰੇ ਸਾਨੂੰ ਸਮਝਾਉ। ਤੁਹਾਡਾ ਨੁਕਸਾਨ ਕਰਨ ਵਾਸਤੇ ਵੈਰੀ ਤੁਹਾਡੇ ਪਾਸ ਆ ਰਿਹਾ ਹੈ, ਤੁਸੀਂ ਉਸ ਤੋਂ ਬਚਾਅ ਕਰਨ ਦਾ ਕੋਈ ਉਪਾਅ ਨਹੀਂ ਬਣਾ ਰਹੇ॥ ੨੨॥

ਜਿਮ ਕੂਕਰ ਤੇ ਤ੍ਰਾਸਤ ਹਰਨ। ਤਿਮ ਹਮਰੀ ਗਤਿ ਹੈ ਤੁਮ ਸ਼ਰਨਿ।
ਸ੍ਰੀ ਸਤਿਗੁਰੂ ਕਰਿ ਲੇਹੁ ਮਿਲਾਪ। ਕੈ ਤਜਿ ਥਾਨ ਚਲਹੁ ਕਿਤ ਆਪਿ ॥੨੩॥

ਜਿਵੇਂ ਕੁੱਤੇ ਪਾਸੋਂ ਹਿਰਨ ਡਰਦਾ ਹੈ, ਤੁਹਾਡੀ ਸ਼ਰਨ ਵਿਚ ਸਾਡੀ ਵੀ ਅਜਿਹੀ ਹਾਲਤ ਹੈ। ਹੇ ਸਤਿਗੁਰੂ ਜੀ ! ਜਾਂ ਤਾਂ ਉਸ ਨਾਲ ਮੇਲ ਮਿਲਾਪ ਕਰ ਲਵੋ ਜਾਂ ਇਹ ਥਾਂ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵੋ॥ ੨੩॥

ਐਸੀ ਹੋਇ ਨ ਜੇ ਚਲਿ ਆਵੈ। ਕਰਹਿ ਸ਼ੱਤ੍ਰਤਾ ਗਹਿ ਲੇ ਜਾਵੈ।
ਤਬਿ ਸਭਿ ਬਿਧਿ ਹੀ ਮੁਸ਼ਕਲ ਬਨੇ। ਸ਼ਾਹੁ ਸਮੀਪ ਦੁਸ਼ਟ ਹੈਂ ਘਨੇ॥ ੨੪॥

ਐਸਾ ਨਾ ਹੋਵੇ ਕਿ ਉਹ ਚਲ ਕੇ ਆਵੇ ਤੇ ਦੁਸ਼ਮਣੀ ਕਰਕੇ ਫੜ ਕੇ ਲੈ ਜਾਵੇ। ਤਦ ਫਿਰ ਹਰ ਤਰ੍ਹਾਂ ਨਾਲ ਮੁਸ਼ਕਲ ਬਣ ਜਾਵੇਗੀ, ਬਾਦਸ਼ਾਹ ਦੇ ਪਾਸ ਬਹੁਤ ਦੁਸ਼ਟ ਲੋਕ ਰਹਿੰਦੇ ਹਨ॥ ੨੪॥

ਹਮ ਕੌ ਉੱਤਰ ਦੀਜਹਿ ਸੁਆਮੀ। ਜਿਸ ਤੇ ਸੁਖ ਲਹਿਂ ਥਿਤਿ ਪਦ ਸਾਮੀ'।
ਬਾਰਿ ਬਾਰਿ ਸਭਿ ਸਿੱਖ ਮਸੰਦ। ਭਨਤਿ ਦੀਨ ਹ੍ਵੈ ਬਿਨੈ ਬਿਲੰਦ॥ ੨੫॥

ਹੇ ਸਵਾਮੀ ਜੀ ! ਸਾਨੂੰ ਉੱਤਰ ਦੇਵੋ, ਜਿਸ ਕਾਰਨ ਤੁਹਾਡੇ ਚਰਨਾਂ ਵਿਚ ਰਹਿ ਕੇ ਸੁਖ ਪ੍ਰਾਪਤ ਕਰੀਏ।" ਬਾਰ ਬਾਰ ਸਾਰੇ ਸਿੱਖ ਅਤੇ ਮਸੰਦ, ਬੜੇ ਦੀਨ ਹੋ ਕੇ ਬੇਨਤੀਆਂ ਕਰ ਰਹੇ ਸਨ॥ ੨੫॥

ਕ੍ਰਿਪਾ ਠਾਨਿ ਸੰਗਤਿ ਸੋਂ ਬੋਲੇ। 'ਨਿਸ਼ਚਾ ਧਰਹੁ ਕਹਾਂ ਤੁਮ ਡੋਲੇ।
ਸਤਿਗੁਰ ਬਨਹਿ ਸਹਾਇ ਹਮਾਰੀ। ਬਿਪਦਾ ਪਰਹਿ ਤਿਨਹੁਂ ਪਰ ਭਾਰੀ ॥੨੬॥

ਫਿਰ ਗੁਰੂ ਜੀ ਕਿਰਪਾ ਧਾਰ ਕੇ ਸੰਗਤ ਨੂੰ ਕਹਿਣ ਲੱਗੇ, "ਨਿਸ਼ਚਾ ਕਰੋ, ਕਿਉਂ ਤੁਸੀਂ ਡੋਲ ਗਏ ਹੋ। ਸਤਿਗੁਰੂ ਸਾਡੇ ਸਹਾਇਕ ਬਣਨਗੇ, ਉਨ੍ਹਾਂ ਦੁਸ਼ਟਾਂ ਉਤੇ ਭਾਰੀ ਬਿਪਤਾ ਆ ਪਵੇਗੀ॥ ੨੬॥

ਨਹਿਂ ਆਵਨਿ ਹਮ ਲਗਿ ਤਿਹ ਕੇਰਾ। ਹੁਇ ਮਾਰਗ ਮਹਿਂ ਦੁਸ਼ਟ ਨਿਬੇਰਾ।
ਜਿਮ ਕੂਕਰ ਮਿਰਗਨਿ ਪਰ ਧਾਵੈ। ਸ੍ਵਾਪਦ ਪੰਥ ਬਿਖੇ ਭਖਿ ਗਾਵੈ ॥੨੭॥

ਉਸ ਦਾ ਸਾਡੇ ਤਕ ਆਉਣਾ ਹੀ ਨਹੀਂ ਹੋਵੇਗਾ, ਦੁਸ਼ਟ ਦਾ ਰਾਹ ਵਿਚ ਹੀ ਨਿਬੇੜਾ ਹੋ ਜਾਵੇਗਾ। ਜਿਵੇਂ ਕੁੱਤਾ ਹਿਰਨਾਂ ਤੇ ਹਮਲਾ ਕਰਨ ਜਾ ਰਿਹਾ ਹੋਵੇ ਤੇ ਸ਼ੇਰ ਰਾਹ ਵਿਚ ਹੀ ਕੁੱਤੇ ਨੂੰ ਖਾ ਜਾਵੇ" ॥੨੭॥

ਸੁਨਤਿ ਬ੍ਰਿੰਦ ਆਨੰਦ ਬਿਲੰਦੇ।ਸਤਿਗੁਰੂ ਬਾਕ ਅਮੋਘ ਹੁਵੰਦੇ।
ਭਏ ਨ ਚਿੰਤ ਨ ਹੌਲ ਉਠਾਵਾ। ਮਨਹੁ ਮਰਜੋਈ ਸੋ ਲਖਿ ਪਾਵਾ॥ ੨੮॥

ਇਹ ਸੁਣ ਕੇ ਸਾਰੇ ਸਿੱਖ ਸੇਵਕ ਬਹੁਤ ਪ੍ਰਸੰਨ ਹੋਏ, ਕਿਉਂਕਿ ਸਤਿਗੁਰੂ ਦੇ ਬਚਨ ਕਦੇ ਖਾਲੀ ਨਹੀਂ ਜਾਂਦੇ। ਚਿੰਤਾ ਰਹਿਤ ਹੋ ਗਏ, ਤੇ ਡਰ ਖਤਮ ਹੋ ਗਿਆ, ਮਾਨੋ ਸੂਲਹੀ ਨੂੰ ਮਰ ਗਿਆ ਹੀ ਸਮਝ ਲਿਆ॥ ੨੮॥

ਸੰਗਤਿ ਕੋ ਸੁਨਿ ਕੈ ਹਲਕਾਰਾ। ਦਿੱਲੀ ਪੁਰਿ ਕੋ ਤੁਰਤ ਪਧਾਰਾ।
ਪਹੁੰਚਿ ਸੁਨਾਯੋ ਸ੍ਰੀ ਗੁਰ ਬੈਨ। ਸਭਿ ਕੈ ਮਨ ਉਪਜੀ ਤਬਿ ਚੈਨਿ॥ ੨੯॥

ਸੰਗਤ ਦੀ ਗੱਲ ਸੁਣ ਕੇ ਹਲਕਾਰਾ ਦਿੱਲੀ ਨਗਰ ਵਲ ਤੁਰਤ ਚਲਾ ਗਿਆ। ਦਿੱਲੀ ਪਹੁੰਚ ਕੇ ਸੰਗਤਾਂ ਨੂੰ ਗੁਰੂ ਜੀ ਦੇ ਬਚਨ ਸੁਣਾਏ, ਉਸ ਦੀ ਗੱਲ ਸੁਣ ਕੇ ਸਾਰਿਆਂ ਦੇ ਮਨ ਵਿਚ ਚੈਨ ਆ ਗਿਆ॥ ੨੯॥

ਪਹੁੰਚਹਿ ਨਹੀਂ ਸੁਧਾਸਰ ਜਾਇ। ਮਾਰਗ ਮਹਿਂ ਹ੍ਵੈ ਬਿਘਨ ਬਿਲਾਇ।
ਅਚਲ ਮੇਰੁ ਸਮ ਲਖਿ ਗੁਰੁ ਬਾਨੀ। ਸਗਰੀ ਸੰਗਤਿ ਸੁਨਿ ਹਰਿਖਾਨੀ॥ ੩੦॥

ਹਲਕਾਰੇ ਦੱਸਿਆ, "ਸੁਲਹੀ ਅੰਮ੍ਰਿਤਸਰ ਤਕ ਪਹੁੰਚ ਹੀ ਨਹੀਂ ਸਕੇਗਾ, ਰਾਹ ਦੇ ਵਿਚ ਹੀ ਨਾਸ਼ ਹੋ ਜਾਵੇਗਾ। ਸੁਮੇਰ ਪਰਬਤ ਵਾਂਗ ਗੁਰੂ ਜੀ ਦੀ ਬਾਣੀ ਨੂੰ ਅਟੱਲ ਜਾਣ ਕੇ, ਸਾਰੀ ਸੰਗਤ ਸੁਣ ਕੇ ਬਹੁਤ ਪ੍ਰਸੰਨ ਹੋਈ॥ ੩੦॥

ਅਬਿ ਸੁਨੀਅਹਿ ਸੁਲਹੀ ਕੀ ਬਾਤਿ। ਬਹੁ ਅਪਸ਼ਗਨ ਭਏ ਬੱਖਜਾਤਿ।
ਫਰਕੇ ਭੁਜਾ ਬਿਲੋਚਨ ਬਾਮੂ। ਸਿਰ ਬਾਇਸ ਬੈਠਜੋ ਦੁਖ ਧਾਮੂ॥ ੩੧॥

ਹੁਣ ਸੁਲਹੀ ਦੀ ਗੱਲ ਸੁਣੋ, ਉਸ ਦੇ ਚਲਣ ਸਮੇਂ ਪ੍ਰਗਟ ਰੂਪ ਵਿਚ ਬਹੁਤ ਭੈੜੇ ਸ਼ਗਨ ਹੋਏ। ਖੱਬੀ ਅੱਖ ਤੇ ਬਾਜੂ ਫਰਕਦੇ ਸਨ। ਸਿਰ ਤੇ ਦੁੱਖਾਂ ਦਾ ਘਰ ਕਾਂ ਬੈਠ ਗਿਆ॥ ੩੧॥

ਨਿਕਸਤਿ ਛੀਂਕ ਭਈ ਦਿਸਿ ਦਾਏਂ। ਵਹਿਰ ਕੁਫੇਰੋ ਹਰਣ ਪਲਾਏ।
ਹੁਤੇ ਜੁ ਸੰਗੀ ਤਿਹ ਸਮੁਝਾਯੋ। 'ਗਨ ਕੁਸੌਨ ਕੋ ਹਮ ਲਖਿ ਪਾਯੋ॥ ੩੨॥

ਨਿਕਲਦਿਆਂ ਹੀ ਸੱਜੇ ਪਾਸੇ ਕਿਸੇ ਨੇ ਛਿੱਕ ਮਾਰੀ। ਬਾਹਰ ਨਿਕਲਦਿਆਂ ਸੱਜੇ ਜਾਂ ਸਾਹਮਣੇ ਤੋਂ ਇਕ ਹਿਰਨ ਖੱਬੇ ਪਾਸੇ ਦੌੜ ਗਿਆ। ਜਿਹੜੇ ਉਸ ਦੇ ਸਾਥੀ ਸਨ, ਉਨ੍ਹਾਂ ਸਮਝਾਇਆ ਕਿ ਅਸੀਂ ਬਹੁਤ ਸਾਰੇ ਅਪਸ਼ਗਨ ਵੇਖੇ ਹਨ॥ ੩੨॥

ਸੁਖ ਸਰੀਰ ਕੀ ਚਹਿਯ ਤੁਮਾਰੇ। ਇਨ ਕੋ ਫਲ ਦੂਰਦਸ਼ਾ ਬਿਚਾਰੇ।
ਹਮ ਇਹ ਸਭਿ ਪਤਿਆਵਨਿ ਕੀਨੇ। ਬੁਰਾ ਕਰੇ ਬਿਨ ਹੋਇਂ ਨ ਹੀਨੇ' ॥੩੩॥

ਤੁਹਾਡੇ ਸਰੀਰ ਦੀ ਸੁਖ ਚਾਹੀਦੀ ਹੈ, ਇਨ੍ਹਾਂ ਅਪਸ਼ਗੁਨਾਂ ਦਾ ਫਲ ਵੱਡੀ ਦੁਰਦਸ਼ਾ ਜਾਣੋ। ਇਹ ਸਭ ਪਰਖੇ ਹੋਏ ਹਨ, ਤੁਹਾਡਾ ਬੁਰਾ ਕਰਨ ਤੋਂ ਬਗੈਰ ਇਹ ਖਾਲੀ ਨਹੀਂ ਜਾਣਗੇ'' ॥ ੩੩॥

ਸੁਨਿ ਸੁਲਹੀ ਬੋਲਜੋ ਮਨਮਾਨੀ। 'ਕਹਾਂ ਬਿਚਾਰਿ ਕਰਤਿ ਹੋ ਬਾਨੀ।
ਮੈਂ ਕਹਾ ਚਲਜੋ ਜੁੱਧ ਕਿਤ ਕਰਿਬੇ। ਜਿਸ ਤੇ ਅਸ ਸੰਸੈ ਭ੍ਰਮ ਧਰਿਬੇ॥ ੩੪॥

ਇਹ ਸੁਣ ਕੇ ਸੁਲਹੀ ਬੜੇ ਹੰਕਾਰ ਨਾਲ ਬੋਲਿਆ, "ਇਹ ਕਿਉਂ ਵਿਚਾਰ ਕਰਦੇ ਹੋ ? ਕੀ ਮੈਂ ਕਿਸੇ ਨਾਲ ਯੁੱਧ ਕਰਨ ਚਲਿਆਂ ਹਾਂ ? ਜਿਸ ਕਰਕੇ ਤੁਸੀਂ ਏਨੇ ਸੰਸੇ ਧਾਰਨ ਕੀਤੇ ਹੋਏ ਹਨ॥ ੩੪॥

ਅਪਨੇ ਦੇਸ਼ ਗਮਨ ਹਮ ਕੀਨਿ। ਸਗਰੋ ਅਹੈ ਰਿਪੁਨਿ ਤੇ ਹੀਨਿ।
ਇਕ ਹਿੰਦੁਨਿ ਗੁਰੁ ਸੌਂ ਮਮ ਬੈਰ। ਤਿਸ ਗਹਿ ਲੇਹੁਂ ਅਪਰ ਸਭਿ ਖ਼ੈਰ॥ ੩੫॥

ਮੈਂ ਆਪਣੇ ਦੇਸ਼ ਵਲ ਚਲਿਆ ਹਾਂ, ਉਹ ਸਾਰਾ ਇਲਾਕਾ ਦੁਸ਼ਮਣਾਂ ਤੋਂ ਰਹਿਤ ਹੈ, ਇਕ ਹਿੰਦੂ ਗੁਰੂ ਨਾਲ ਮੇਰਾ ਵੈਰ ਹੈ, ਉਸ ਨੂੰ ਫੜ ਲਵਾਂਗਾ, ਬਾਕੀ ਸੱਭੇ ਖ਼ੈਰਾਂ ਹਨ॥ ੩੫॥

ਅਹੈ ਫਕੀਰਨਿ ਕੇ ਸਮ ਸੋਈ। ਆਯੁਧ ਧਰਤਾ ਤੀਰ ਨ ਕੋਈ।
ਪ੍ਰਥਮ ਸਖਾ ਸੌਂ ਮਿਲਿ ਹੌਂ ਅਪਨੇ। ਦੇਸ਼ ਬਿਖੈ ਮੁਝ ਤ੍ਰਾਸ ਨ ਸੁਪਨੇ॥ ੩੬॥

ਉਹ ਵੀ ਫਕੀਰਾਂ ਦੇ ਬਰਾਬਰ ਹੈ, ਉਸ ਦੇ ਪਾਸ ਕਿਸੇ ਪ੍ਰਕਾਰ ਦੇ ਵੀ ਹਥਿਆਰ ਨਹੀਂ ਹਨ। ਪਹਿਲਾਂ ਮੈਂ ਆਪਣੇ ਦੋਸਤ ਨੂੰ ਮਿਲਾਂਗਾ, ਉਸ ਦੇਸ਼ ਵਿਚ ਮੈਨੂੰ ਸੁਪਨੇ ਵਿਚ ਵੀ ਕੋਈ ਡਰਾ ਨਹੀਂ ਸਕਦਾ॥੩੬॥

ਪੁਨ ਮਾਝੇ ਤੇ ਲੈ ਧਨ ਘਨੋ। ਚਹੌਂ ਸੁ ਗਹੌਂ ਕਿਧੌਂ ਤਿਸ ਹਨੋ।
ਸ਼ਾਹੁ ਸਮੀਪ ਸਹਾਇਕ ਮੇਰਾ। ਚੰਦੂ ਬਲੀ ਦਿਵਾਨ ਬਡੇਰਾ॥ ੩੭॥

ਫਿਰ ਮਾਝੇ ਦੇ ਇਲਾਕੇ ਤੋਂ ਬਹੁਤ ਧਨ ਲੈ ਕੇ, ਉਸ ਫਕੀਰ ਨੂੰ ਫੜ ਲਵਾਂਗਾ ਜਾਂ ਮਾਰ ਦੇਵਾਂਗਾ। ਬਾਦਸ਼ਾਹ ਦੇ ਪਾਸ ਇਕ ਮੇਰਾ ਸਹਾਇਕ ਚੰਦੂ ਹੈ, ਉਹ ਬੜਾ ਬਲਵਾਨ ਤੇ ਵੱਡਾ ਦੀਵਾਨ ਹੈ॥ ੩੭॥

Sri Satguru Jagjit Singh Ji eLlibrary NamdhariElibrary@gmail.com

ਮੈਂ ਅਪਸ਼ਗੁਨ ਬਿਚਾਰੋਂ ਕੈਸੇ। ਕੋ ਹੁਇ ਸਨਮੁਖ? ਲਖੌਂ ਨ ਐਸੇ'।
ਇਮ ਕਹਿ ਸਨੇ ਸਨੇ ਮਗ ਚਾਲਾ। ਦੁਸ਼ਟ ਰਿਦੇ ਹੰਕਾਰ ਬਿਸਾਲਾ॥ ੩੮॥

ਮੈਂ ਅਪਸ਼ਗੁਨ ਕਿਵੇਂ ਵਿਚਾਰਾਂ, ਕੌਣ ਮੇਰੇ ਸਾਹਮਣੇ ਹੋਵੇਗਾ? ਮੈਂ ਇਸ ਤਰ੍ਹਾਂ ਨਹੀਂ ਸਮਝਦਾ ਹਾਂ।" ਇਸ ਤਰ੍ਹਾਂ ਕਹਿ ਕੇ ਹੌਲੀ-ਹੌਲੀ ਆਪਣੇ ਰਸਤੇ ਪੈ ਗਿਆ। ਦੁਸ਼ਟ ਦੇ ਹਿਰਦੇ ਵਿਚ ਬੜਾ ਹੰਕਾਰ ਭਰਿਆ ਹੋਇਆ ਸੀ॥ ੩੮॥

ਪੁੱਤ੍ਰ ਸਖਾ ਸਭਿ ਸੰਗ ਲਏ ਹੈਂ। ਦਿਵਸ ਚਲਹਿ ਥਿਰ ਨਿਸਾ ਭਏ ਹੈਂ।
ਗਮਨਤਿ ਮਗ ਸਗਰੋ ਉਲੰਘਾਯਹੁ। ਕੋਠੇ ਗ੍ਰਾਮ ਦਿਸ਼ਾ ਸਮੁਹਾਯਹੁ॥ ੩੯॥

ਪੁੱਤਰ, ਦੋਸਤ ਸਾਰੇ ਸਾਥ ਲਏ ਹਨ, ਸਾਰਾ ਦਿਨ ਚਲੇ, ਫਿਰ ਰਾਤ ਪੈ ਗਈ। ਰਾਹੇ-ਰਾਹ ਚਲਦਿਆਂ ਸਾਰਾ ਪੈਂਡਾ ਮੁਕਾ ਲਿਆ ਤੇ ਕੋਠੇ ਨਾਮੀ ਪਿੰਡ ਵਾਲੇ ਪਾਸੇ ਸਾਹਮਣੇ ਆ ਗਏ॥ ੩੯॥

ਏਕ ਮਜ਼ਲ ਨਰ ਪਠਜੋ ਅਗਾਰੀ। ਪ੍ਰਿਥੀਏ ਕੋ ਸੁਧਿ ਜਾਇ ਉਚਾਰੀ।
'ਸੁਲਹੀ ਸਖਾ ਤੋਹਿ ਚਲਿ ਆਯਹੁ। ਮਿਲਨਿ ਹੇਤੁ ਹਿਯਰੋ ਲਲਚਾਯਹੁ'॥੪੦॥

ਇਕ ਮੰਜ਼ਲ ਪਹਿਲਾਂ ਹੀ ਉਸ ਨੇ ਇਕ ਬੰਦੇ ਨੂੰ ਭੇਜਿਆ ਸੀ ਕਿ ਉਹ ਜਾ ਕੇ ਪ੍ਰਿਥੀਏ ਨੂੰ ਖਬਰ ਦੇਵੇ, "ਤੁਹਾਡਾ ਸੁਲਹੀ ਦੋਸਤ ਚਲ ਕੇ ਆ ਗਿਆ ਹੈ, ਤੁਹਾਨੂੰ ਮਿਲਣ ਵਾਸਤੇ ਦਿਲ ਬੜਾ ਲਲਚਾਇਆ ਹੈ"॥ ੪੦॥

ਸੁਨਿ ਫੂਲਜੋ ਜਨੁ ਗੁਰੁਤਾ ਪਾਈ। ਅਬਿ ਮੇਰੋ ਦੇ ਕਾਮ ਬਨਾਈ।
ਸਗਲ ਭਾਤਿ ਕੀ ਠਾਨਿਸਿ ਤਜਾਰੀ। ਤ੍ਰਿਣ ਅਰੁ ਅੰਨ ਸੰਚਿ ਕਰਿ ਭਾਰੀ॥੪੧॥

ਪ੍ਰਿਥੀਆ ਇਹ ਸੁਣ ਕੇ ਏਨਾ ਖੁਸ਼ ਹੋ ਗਿਆ ਜਿਵੇਂ ਗੁਰਤਾ ਪਾ ਲਈ ਹੋਵੇ, ਹੁਣ ਮੇਰਾ ਕੰਮ ਬਣਾ ਦੇਵੇਗਾ। ਸਭ ਪ੍ਰਕਾਰ ਦੀ ਉਸ ਤਿਆਰੀ ਕੀਤੀ। ਲੱਕੜਾਂ ਅਤੇ ਅਨਾਜ ਭਾਰੀ ਮਾਤ੍ਰਾ ਵਿਚ ਇਕੱਠਾ ਕੀਤਾ॥ ੪੧॥

ਨਿਸਿ ਕੋ ਜਾਗਤਿ ਰਹਜੋ ਅਨੰਦਤਿ। ਬੋਲਤਿ ਕਰਤਿ ਉਡੀਕ ਬਿਲੰਦਤਿ।
ਭਈ ਪ੍ਰਾਤ ਸੁਲਹੀ ਢਿਗ ਆਯੋ। ਸੁਨਿ ਕਰਿ ਆਗੇ ਲੈਨਿ ਸਿਧਾਯੋ॥ ੪੨॥

ਬੜਾ ਪ੍ਰਸੰਨ ਹੋਣ ਕਾਰਨ, ਸਾਰੀ ਰਾਤ ਜਾਗਦਾ ਰਿਹਾ, ਬੋਲ-ਬੋਲ ਕੇ ਬਹੁਤ ਉਡੀਕ ਕਰ ਰਿਹਾ ਸੀ। ਸਵੇਰ ਹੋਈ ਤਾਂ ਸੁਲਹੀ ਨੇੜੇ ਆ ਗਿਆ। ਇਹ ਸੁਣ ਕੇ ਸੁਲਹੀ ਨੂੰ ਅੱਗੇ ਜਾ ਕੇ ਲੈਣ ਗਿਆ॥੪੨॥

ਕੇਚਿਤ ਮਾਨਵ ਲੀਨੇ ਸੰਗਿ। ਮਿਲਜੋ ਜਾਇ ਕਰਿ ਧਰੇ ਉਮੰਗ।
ਦੋਨਹੁੰ ਉਤਰ ਗਲੇ ਸੋਂ ਲਾਗੇ।ਬੂਝਤਿ ਕੁਸ਼ਲ ਰਿਦੇ ਅਨੁਰਾਗੇ॥ ੪੩॥

ਕਈ ਹੋਰ ਮਨੁੱਖਾਂ ਨੂੰ ਵੀ ਨਾਲ ਲਿਆ ਤੇ ਸੁਲਹੀ ਨੂੰ ਬੜਾ ਉਤਸ਼ਾਹ ਧਾਰ ਕੇ ਮਿਲਿਆ। ਦੋਵੇਂ ਘੋੜਿਆਂ ਤੋਂ ਉੱਤਰ ਕੇ, ਇਕ ਦੂਸਰੇ ਨੂੰ ਗਲੇ ਮਿਲੇ। ਇਕ ਦੂਸਰੇ ਦੀ ਸੁਖ-ਸਾਂਦ ਪੁੱਛ ਕੇ ਬਹੁਤ ਪ੍ਰਸੰਨ ਹੋਏ॥ ੪੩॥

ਹਰਖ ਪਰਸਪਰ ਮਿਲਿ ਕਰਿ ਕੀਨੋ। ਪੁਨ ਪ੍ਰਿਥੀਏ ਆਸ਼ਿਖ ਗਨ ਦੀਨੋ।
'ਸਤਿਗੁਰ ਕਰਹਿ ਮਰਾਤਬ ਊਚੋ। ਵਧਹੁ, ਮਿਲਿਹੁ ਜੋ ਤੁਮ ਮਨ ਰੂਚੋ॥ ੪੪॥

ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ, ਫਿਰ ਪ੍ਰਿਥੀਏ ਨੇ ਬਹੁਤ ਅਸ਼ੀਰਵਾਦਾਂ ਦਿੱਤੀਆਂ, "ਸਤਿਗੁਰੂ ਜੀ ਤੁਹਾਡਾ ਮੁਰਾਤਬਾ ਉੱਚਾ ਕਰਨ, ਵਧੋ ਅਤੇ ਤੁਹਾਨੂੰ ਮੂੰਹ ਮੰਗੀ ਮੁਰਾਦ ਮਿਲੇ॥ ੪੪॥

ਸਦਾ ਸਹਾਇ ਅੰਗ ਸੰਗ ਰਹੈ। ਸ਼ਾਹੁ ਖੁਸ਼ੀ ਕਰਿ ਕਰਿ ਨਿਤ ਚਹੈ'।
ਕਹਿ ਸੁਲਹੀ 'ਬਡਿ ਕ੍ਰਿਪਾ ਤੁਮਾਰੀ। ਅਭਿਲਾਖਾ ਸਭਿ ਪੂਰਵ ਹਮਾਰੀ॥ ੪੫॥

ਪ੍ਰਭੂ ਤੁਹਾਡਾ ਸਦਾ ਸਹਾਈ ਹੋਵੇ ਤੇ ਤੁਹਾਡੇ ਅੰਗ-ਸੰਗ ਰਹੇ। ਬਾਦਸ਼ਾਹ ਖੁਸ਼ ਹੋ ਕੇ ਸਦਾ ਤੁਹਾਨੂੰ ਚਾਹੁੰਦੇ ਰਹਿਣ"। ਫਿਰ ਸੁਲਹੀ ਨੇ ਕਿਹਾ, "ਤੁਹਾਡੀ ਵੱਡੀ ਕਿਰਪਾ ਹੈ, ਮੇਰੀਆਂ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਹੁੰਦੀਆਂ ਹਨ॥ ੪੫॥

Sri Satguru Jagjit Singh Ji eLlibrary NamdhariElibrary@gmail.com

ਕਾਰਜ ਤੋਰ ਮੋਰਿ ਉਰਰਹੈ। ਕਰੌਂ ਪੂਰ ਅਬਿ ਕੈ ਜਿਮ ਅਹੈ।
ਝਗਰੇ ਪਾਛੇ ਛੋਰ ਨ ਜਾਊਂ। ਮੈਂ ਆਯੋ ਤੁਝ ਗੁਰੂ ਬਨਾਊਂ ॥ ੪੬ ॥

ਤੇਰੇ ਕੰਮ ਹਰ ਵੇਲੇ ਮੇਰੇ ਹਿਰਦੇ ਵਿਚ ਵੱਸਦੇ ਹਨ, ਹੁਣ ਸਾਰੇ ਪੂਰੇ ਕਰਾਂਗਾ, ਜਿਵੇਂ ਵੀ ਚਾਹੁੰਦੇ ਹੋ। ਪਿੱਛੇ ਕੋਈ ਝਗੜਾ ਛੱਡ ਨਾ ਜਾਵਾਂ, ਮੈਂ ਹੁਣ ਤੁਹਾਨੂੰ ਗੁਰੂ ਬਣਾਉਣ ਆਇਆ ਹਾਂ" ॥ ੪੬ ॥

*ਚੌਥੀ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ ॥ ੧੭ ॥*

## ਅਧਿਆਇ ਅਠਾਰ੍ਹਵਾਂ

*ਸੁਲਹੀ ਸੜ ਮੋਇਆ*

ਦੋਹਰਾ- ਉਤਰਯੋ ਕੋਠੇ ਗ੍ਰਾਮ ਤੇ ਵਹਿਰ, ਸੈਨ ਜਿਹ ਸੰਗਿ।
ਸੇਵਾ ਸਭਿ ਬਿਧਿ ਕੀ ਕਰੀ ਪ੍ਰਿਥੀਏ ਧਾਰਿ ਉਮੰਗ ॥ ੧ ॥

ਸੁਲਹੀ ਨੇ ਕੋਠੇ ਪਿੰਡ ਦੇ ਬਾਹਰਵਾਰ ਉਤਾਰਾ ਕਰ ਲਿਆ, ਸੈਨਾ ਵੀ ਨਾਲ ਹੀ ਸੀ। ਪ੍ਰਿਥੀਏ ਨੇ ਸਭ ਪ੍ਰਕਾਰ ਦੀ ਸੇਵਾ ਕੀਤੀ ਅਤੇ ਬੜਾ ਉਤਸ਼ਾਹ ਧਾਰਨ ਕੀਤਾ ॥ ੧ ॥

ਚੌਪਈ- ਜ਼ਜਾਫ਼ਤ ਹੇਤੁ ਦਰਬ ਲੈ ਗਯੋ। ਜਾਇ ਸੁ ਡੇਰੇ ਪ੍ਰਾਪਤਿ ਭਯੋ।
ਤੰਬੂ ਮੈਂ ਮਿਲਿ ਕੈ ਸੋ ਦਯੋ। 'ਗੁਰੁ ਘਰ ਕੁਨਕਾ' ਭਾਖਤਿ ਭਯੋ ॥ ੨ ॥

ਪ੍ਰਾਹੁਣਚਾਰੀ ਹਿਤ ਧਨ ਲੈ ਕੇ ਗਿਆ ਤੇ ਡੇਰੇ ਵਿਚ ਪਹੁੰਚ ਗਿਆ। ਸੁਲਹੀ ਨੂੰ ਉਸ ਦੇ ਤੰਬੂ ਵਿਚ ਮਿਲ ਕੇ ਧਨ ਦਿੱਤਾ ਅਤੇ ਕਿਹਾ, "ਇਹ ਗੁਰੂ ਘਰ ਦਾ ਭੋਰਾ ਕੁ ਪ੍ਰਸ਼ਾਦਿ ਹੈ" ॥ ੨ ॥

ਸੁਲਹੀ ਕਹਿ 'ਸਭਿ ਕ੍ਰਿਪਾ ਤੁਮਾਰੀ। ਕਯੋਂ ਧਨ ਧਰਯੋ ਸੁ ਲਜਾਇ ਅਗਾਰੀ'।
ਨਹੀਂ ਲੇਤਿ ਬਰਬਸ ਇਨ ਦੀਨੋ। ਸੇਵਾ ਤੇ ਪ੍ਰਸੰਨ ਅਤਿ ਕੀਨੋ ॥ ੩ ॥

ਸੁਲਹੀ ਨੇ ਕਿਹਾ, "ਸਭ ਤੁਹਾਡੀ ਕਿਰਪਾ ਹੈ, ਮੇਰੇ ਅੱਗੇ ਧਨ ਕਿਉਂ ਲਿਆ ਰੱਖਿਆ ਹੈ ?" ਸੁਲਹੀ ਧਨ ਲੈਂਦਾ ਨਹੀਂ ਸੀ, ਪਰ ਪ੍ਰਿਥੀਏ ਨੇ ਉਸ ਨੂੰ ਬਦੋਬਦੀ ਦਿੱਤਾ। ਸੇਵਾ ਕਰਕੇ ਉਸ ਨੂੰ ਬਹੁਤ ਪ੍ਰਸੰਨ ਕੀਤਾ ॥ ੩ ॥

ਮਸਲਤਿ ਹਿਤ ਇਕੰਤ ਹੁਇ ਬੈਸੇ। ਕਹਿ ਪ੍ਰਿਥੀਆ 'ਅਬਿ ਕਰਿਹੋ ਕੈਸੇ ?।
ਦਿਨ ਪ੍ਰਤਿ ਧਨੀ ਅਧਿਕ ਰਿਪੁ ਹੋਵਾ। ਖਰਚਯੋ ਬਹੁ ਸੁਤ ਬਜਾਹੁ ਸੰਜੋਵਾ ॥੪ ॥

ਸਲਾਹ ਕਰਨ ਵਾਸਤੇ ਦੋਵੇਂ ਇਕੱਠੇ ਹੋ ਕੇ ਬੈਠ ਗਏ, ਪ੍ਰਿਥੀਏ ਨੇ ਕਿਹਾ, "ਹੁਣ ਕਿਸ ਤਰ੍ਹਾਂ ਕਰ ਰਹੇ ਹੋ ? ਮੇਰਾ ਦੁਸ਼ਮਣ ਦਿਨੋਂ-ਬਦਿਨ ਅਮੀਰ ਹੁੰਦਾ ਜਾਂਦਾ ਹੈ, ਉਸ ਆਪਣੇ ਪੁੱਤਰ ਦਾ ਵਿਆਹ ਰਚਾ ਕੇ ਬਹੁਤ ਧਨ ਖਰਚਿਆ ਹੈ ॥ ੪ ॥

ਸ਼ਾਹੁ ਤ੍ਰਾਸ ਭੀ ਨਾਂਹਿਨ ਮਾਨਹਿ। ਉਮਰਾਵਨਿ ਕੋ ਕਛੂ ਨ ਜਾਨਹਿ।
ਸ਼ਾਹੁ ਦਿਵਾਨ ਸੁਤਾ ਕੋ ਨਾਤਾ। ਮੋਰਯੋ ਕਹਿ ਕੂਕਰ ਬੱਖਜਾਤਾ ॥ ੫ ॥

ਬਾਦਸ਼ਾਹ ਦਾ ਡਰ ਵੀ ਨਹੀਂ ਮੰਨਿਆ ਹੈ, ਹਾਕਮਾਂ ਨੂੰ ਕੁਝ ਨਹੀਂ ਜਾਣਿਆ ਹੈ। ਬਾਦਸ਼ਾਹ ਦੇ ਵਜ਼ੀਰ ਦੀ ਪੁੱਤਰੀ ਦਾ ਰਿਸ਼ਤਾ ਕੱਤਾ ਕਹਿ ਕੇ ਮੋੜ ਦਿੱਤਾ ਹੈ ॥ ੫ ॥

ਸੋਹਿ ਅਚਰਜ ਹੋਇ ਤਿਸ ਦੇਖੇ। ਸਭਿ ਸੋਂ ਕਰਹਿ ਹੰਕਾਰ ਵਿਸ਼ੇਖੇ।
ਅਬਿ ਲੌ ਰੋਮ ਨ ਬਾਂਕੋ ਹੋਵਾ। ਵਧਤਿ ਪ੍ਰਤਾਪ ਅਧਿਕ ਹੀ ਜੋਵਾ' ॥ ੬ ॥

ਇਸ ਲਈ ਇਹ ਅਸਚਰਜ ਗੱਲਾਂ ਹੋਈਆਂ ਵੇਖੀਆਂ ਹਨ, ਸਾਰਿਆਂ ਨਾਲੋਂ ਜ਼ਿਆਦਾ ਹੰਕਾਰ ਕਰਦਾ ਹੈ। ਹੁਣ ਤਕ ਵਾਲ ਵਿੰਗਾ ਵੀ ਨਹੀਂ ਹੋਇਆ ਹੈ। ਉਸਦਾ ਹੋਰ ਪ੍ਰਤਾਪ ਵਧਦਾ ਜਾਂਦਾ ਹੈ" ॥ ੬ ॥

ਸੁਨਿ ਸੁਲਹੀ ਨੇ ਧੀਰਜ ਦੀਨੋ। 'ਸ਼ਾਹੁ ਸੰਗ ਆਵਤਿ ਕਹਿ ਲੀਨੋ।
ਬਹੁਰ ਚੰਦੂ ਕੋ ਸਕਲ ਜਨਾਈ। ਸ਼ਾਹੁ ਸਮੀਪੀ ਰਹਹਿ ਸਹਾਈ॥ ੭ ॥

ਇਹ ਸੁਣ ਕੇ ਸੁਲਹੀ ਨੇ ਧੀਰਜ ਦਿੱਤਾ, "ਮੈਂ ਆਉਣ ਲੱਗੇ ਨੇ ਬਾਦਸ਼ਾਹ ਨੂੰ ਕਹਿ ਦਿੱਤਾ ਹੈ, ਫਿਰ ਚੰਦੂ ਨੂੰ ਵੀ ਸਾਰੀ ਗੱਲ ਦੱਸੀ ਹੈ, ਉਹ ਸਦਾ ਬਾਦਸ਼ਾਹ ਦੇ ਨੇੜੇ ਰਹਿੰਦਾ ਹੈ॥ ੭ ॥

ਪਹੁੰਚਤਿ ਸ੍ਰੀ ਅਰਜਨ ਗਹਿ ਲੈ ਹੋਂ। ਕਰਿ ਬੰਧਨ ਕਿਸ ਦੁਰਗ ਗਿਰੈ ਹੋਂ।
ਇਕ ਦੁਇ ਮਾਸ ਰਖੈਂ ਬਿਧਿ ਐਸੇ। ਹੇਰਿ ਲੇਉਂ ਨਰ ਗਨ ਕਹਿਂ ਜੈਸੇ॥ ੮ ॥

ਪਹੁੰਚਦਿਆਂ ਹੀ ਸ੍ਰੀ ਅਰਜਨ ਨੂੰ ਫੜ ਲਵਾਂਗਾ ਤੇ ਕੈਦੀ ਬਣਾ ਕੇ ਕਿਸੇ ਕਿਲ੍ਹੇ ਵਿਚ ਸੁੱਟ ਦੇਵਾਂਗਾ। ਇਕ ਦੋ ਮਹੀਨੇ ਇਸ ਤਰ੍ਹਾਂ ਰੱਖਾਂਗਾ, ਵੇਖ ਲਵਾਂਗਾ ਕਿ ਲੋਕ ਕੀ ਕਹਿੰਦੇ ਹਨ॥ ੮ ॥

ਜਬਿ ਮਿਟ ਜਾਇਂ ਕਹਿਨ ਤੇ ਬ੍ਰਿੰਦ। ਰੁਖ਼ ਲਖਿ ਲੈਹੋਂ ਸ਼ਾਹ ਬਿਲੰਦ।
ਤਿਹ ਪਾਛੈ ਹੁਇ ਕੈਦ ਮਝਾਰੀ। ਕਹਿ ਕਿਹ ਸੋਂ ਤਬਿ ਦੈਹੋਂ ਮਾਰੀ॥ ੯ ॥

ਜਦ ਲੋਕ ਕਹਿਣ ਤੋਂ ਹੱਟ ਜਾਣਗੇ ਤਾਂ ਰੁਖ ਵੇਖ ਕੇ ਬਾਦਸ਼ਾਹ ਪਾਸੋਂ ਵਾਪਸ ਲੈ ਲਵਾਂਗੇ, ਫਿਰ ਉਸ ਨੂੰ ਆਪਣੀ ਕੈਦ ਵਿਚ ਰੱਖਾਂਗਾ ਤੇ ਕਿਸੇ ਨੂੰ ਕਹਿ ਕੇ ਮਰਵਾ ਦੇਵਾਂਗਾ॥ ੯ ॥

ਤੋਹਿ ਬਨੈ ਹੋਂ ਗੁਰੁ ਜਗ ਕੇਰਾ। ਚਹੁੰ ਦਿਸ਼ਿ ਤੇ ਧਨ ਮਿਲਹਿ ਘਨੇਰਾ।
ਸੰਗਤਿ ਸਕਲ ਪਾਇਂ ਤਵ ਪੂਜਹਿ। ਸੁਤ ਜੁਤਿ ਰਹਨਿ ਦੇਉਂ ਨਹਿਂ ਦੂਜਹਿ ॥੧੦ ॥

ਤੁਹਾਨੂੰ ਜਗਤ ਦਾ ਗੁਰੂ ਬਣਾ ਦੇਵਾਂਗਾ, ਚਾਰੇ ਪਾਸਿਆਂ ਤੋਂ ਬਹੁਤ ਧਨ ਮਿਲੇਗਾ। ਸਾਰੀ ਸੰਗਤ ਤੇਰੇ ਪੈਰਾਂ ਦੀ ਪੂਜਾ ਕਰੇਗੀ, ਪੁੱਤਰ ਸਮੇਤ ਹੋਰ ਕੋਈ ਦੂਸਰਾ ਨਹੀਂ ਰਹਿਣ ਦੇਵਾਂਗਾ॥ ੧੦ ॥

ਨਿਜ ਬਲ ਤਬਹਿ ਸਫਲਤਾ ਪਾਊਂ। ਤੁਵ ਰਿਪੁ ਸੁਤ ਜੁਤਿ ਜਬਿ ਮਰਵਾਊਂ।
ਨਾਂਹਿ ਤ ਧਿਕ ਜੀਵਨ ਹੈ ਮੇਰਾ। ਦਿਯੋ ਸਖਾ ਕੋ ਸੁਖ ਨ ਬਡੇਰਾ॥ ੧੧ ॥

ਆਪਣੇ ਬਲ ਨਾਲ ਤਦ ਸਫਲਤਾ ਪਾਵਾਂਗਾ, ਤੇਰੇ ਦੁਸ਼ਮਣ ਨੂੰ ਜਦ ਪੁੱਤਰ ਸਮੇਤ ਮਰਵਾ ਦੇਵਾਂਗਾ। ਨਹੀਂ ਤਾਂ ਧਿਰਕਾਰ ਹੈ ਮੇਰਾ ਜੀਵਨ ਜੇ ਮੈਂ ਆਪਣੇ ਮਿੱਤਰ ਨੂੰ ਵੱਡਾ ਸੁਖ ਨਾ ਦੇ ਸਕਿਆ॥ ੧੧ ॥

ਗਹਿਨ ਤਿਸੈ ਪੂਰਬ ਅਭਿਲਾਖਾ। ਗਯੋ ਵਡਾਲੀ ਮਹਿਂ ਤਬਿ ਰਾਖਾ।
ਨਾਂਹਿ ਤਕਰਤਿ ਕਾਜ ਤਬਿ ਸਾਰਾ। ਅਬਿ ਲੌ ਹੁਤੋ ਕਬੀ ਕਉ ਮਾਰਾ॥ ੧੨ ॥

ਉਸ ਨੂੰ ਫੜਨ ਦੀ ਮੇਰੀ ਪਹਿਲਾਂ ਵੀ ਅਭਿਲਾਸ਼ਾ ਸੀ, ਉਸ ਸਮੇਂ ਛੱਡ ਕੇ ਵਡਾਲੀ ਚਲੇ ਗਿਆ ਸੀ, ਮੈਂ ਫਿਰ ਰਹਿਣ ਦਿੱਤਾ। ਨਹੀਂ ਤਾਂ ਉਸ ਸਮੇਂ ਹੀ ਸਾਰਾ ਕਾਰਜ ਮੁਕਾ ਦੇਣਾ ਸੀ, ਹੁਣ ਤਕ ਉਹ ਕਦ ਦਾ ਮਾਰਿਆ ਗਿਆ ਹੋਣਾ ਸੀ॥ ੧੨ ॥

ਤੋਰੀ ਬਾਤ ਨ ਚੰਦੂ ਜਨਾਈ। ਰਿਪੁ ਮਾਰੇ ਤਬਿ ਦੇਉਂ ਮਿਲਾਈ।
ਸ਼ਾਹੁ ਸੰਗ ਅਰੁ ਸੰਗ ਦਿਵਾਨ। ਬਨਿ ਜੈ ਹੈ ਤੁਵ ਬਾਤ ਮਹਾਨ' ॥ ੧੩ ॥

ਮੈਂ ਤੇਰੀ ਗੱਲ ਚੰਦੂ ਨੂੰ ਨਹੀਂ ਦੱਸੀ ਹੈ, ਜਦ ਦੁਸ਼ਮਣ ਮਾਰਿਆ ਜਾਵੇਗਾ ਫਿਰ ਤੁਹਾਨੂੰ ਆਪਸ ਵਿਚ ਮਿਲਾ ਦੇਵਾਂਗਾ। ਬਾਦਸ਼ਾਹ ਅਤੇ ਦੀਵਾਨ ਨਾਲ ਜੇ ਤੇਰੀ ਗੱਲ ਬਣ ਜਾਵੇ ਤਾਂ ਇਹ ਬੜੀ ਵੱਡੀ ਗੱਲ ਹੋਵੇਗੀ" ॥ ੧੩ ॥

ਇਮ ਮਸਲਤ ਸੁਨਿ ਸਦਨ ਸਿਧਾਰਾ। ਸੁਲਹੀ ਸੁਪਤਜੋ ਨਿਸਾ ਮਝਾਰਾ।
ਪ੍ਰਾਤ ਭਈ ਕਰਿ ਸੌਚਿ ਸ਼ਨਾਨਾ। ਦਿਵਸੁ ਚਰੇ ਤਿਸ ਨਿਕਟ ਪਯਾਨਾ॥ ੧੪॥

ਇਸ ਤਰ੍ਹਾਂ ਸਲਾਹ ਸੁਣ ਕੇ ਆਪਣੇ ਘਰ ਨੂੰ ਚਲੇ ਗਿਆ, ਸੁਲਹੀ ਰਾਤ ਨੂੰ ਸੌਂ ਗਿਆ। ਸਵੇਰ ਹੋਈ ਤਾਂ ਪ੍ਰਿਥੀਏ ਨੇ ਸੋਚ ਇਸ਼ਨਾਨ ਕੀਤਾ ਤੇ ਫਿਰ ਦਿਨ ਚੜ੍ਹਨ ਤੇ ਪ੍ਰਿਥੀਆ ਸੁਲਹੀ ਦੇ ਪਾਸ ਚਲਾ ਗਿਆ॥ ੧੪॥

ਬੈਠਿ ਗਯੋ ਤਹਿਂ ਸਹਿਜ ਸੁਭਾਇ। ਬਾਤ ਕਹਤਿ ਨਿਜ ਕੋ ਬਡਿਆਇ।
'ਸੁਨਹੁ ਸਖਾ ਉਪਕਾਰ ਤਿਹਾਰੋ। ਗ੍ਰਾਮ ਦਿਵਾਯਹੁ, ਬਸੇ ਮਝਾਰੋ॥ ੧੫॥

ਓਥੇ ਜਾ ਕੇ ਸਹਿਜ ਸੁਭਾਅ ਬੈਠ ਗਿਆ, ਆਪਣੇ ਆਪ ਦੀ ਵਡਿਆਈ ਕਰਕੇ ਗੱਲ ਕਰਨ ਲੱਗਾ, "ਹੇ ਦੋਸਤ! ਸੁਣੋ, ਤੁਹਾਡਾ ਵੱਡਾ ਉਪਕਾਰ ਹੈ, ਤੁਸੀਂ ਮੈਨੂੰ ਇਹ ਪਿੰਡ ਦਿਵਾਇਆ ਹੈ ਤੇ ਇਸ ਵਿਚ ਮੈਂ ਵੱਸ ਰਿਹਾ ਹਾਂ॥ ੧੫॥

ਸੁਖ ਕੋ ਪਾਇ ਕਰਜੋ ਨਿਜ ਥਾਨਾ। ਕੀਨਿ ਚਿਨਾਵਨਿ ਮਹਿਲ ਮਹਾਨਾ।
ਬਡੇ ਜਤਨ ਤੇ ਲਗੇ ਪਚਾਵੇ। ਪਾਕ ਈਂਟਿਕਾ ਸਦਨ ਬਨਾਵੇ॥ ੧੬॥

ਸੁਖ ਨੂੰ ਪਾ ਕੇ ਏਥੇ ਹੀ ਟਿਕ ਗਿਆ ਹਾਂ, ਹੁਣ ਵੱਡੇ ਮਹਿਲ ਬਣਵਾਉਣ ਲੱਗਾ ਹਾਂ। ਵੱਡੇ ਯਤਨ ਨਾਲ ਆਵੇ ਲਾਏ ਹਨ, ਇੱਟਾਂ ਪੱਕਣ ਨਾਲ ਘਰ ਬਣਾਵਾਂਗਾ॥ ੧੬॥

ਕ੍ਰਿਪਾ ਠਾਨਿ ਕਰਿ ਆਪਿ ਨਿਹਾਰੋ। ਮੋਹਿ ਅਨੰਦ ਕੋ ਅਪਨਿ ਬਿਚਾਰਹੁ।
ਲੋਕ ਬਸਾਏ ਕ੍ਰਿਖੀ ਬਿਸਾਲਾ। ਆਇ ਪਿਦਾਇਸ਼ ਬਹੁ ਸਭਿ ਕਾਲਾ॥ ੧੭॥

ਕਿਰਪਾ ਧਾਰ ਕੇ ਆਪ ਉਨ੍ਹਾਂ ਆਵਿਆਂ ਨੂੰ ਵੇਖੋ, ਮੇਰੀ ਪ੍ਰਸੰਨਤਾ ਨੂੰ ਆਪਣੀ ਪ੍ਰਸੰਨਤਾ ਜਾਣੋ। ਪਿੰਡ ਵਿਚ ਬੜੇ ਕਿਸਾਨ ਲੋਕ ਵਸਾਏ ਹਨ, ਜਿਸ ਕਰਕੇ ਹਰ ਸਮੇਂ ਬਹੁਤ ਪਦਾਰਥ ਆਉਂਦੇ ਹਨ॥ ੧੭॥

ਫਿਰ ਕਰਿ ਦੇਖਹੁ ਚਢਹੁ ਤੁਰੰਗ। ਮੈਂ ਚਢਿ ਚਲੌਂ ਕਾਲਿ ਕੋ ਸੰਗਿ।
ਆਜ ਪਿਖੋ ਮੰਦਰ ਅਰੁ ਆਵੇ। ਤੁਮਹੁਂ ਦਿਖਾਇ ਹਰਖ ਮੁਝ ਆਵੇ॥ ੧੮॥

ਘੋੜੇ ਤੇ ਚੜ੍ਹ ਕੇ ਸਾਰੇ ਫਿਰ ਕੇ ਵੇਖੋ, ਮੈਂ ਕੱਲ੍ਹ ਨੂੰ ਤੁਹਾਡੇ ਨਾਲ ਚੜ੍ਹ ਕੇ ਜਾਵਾਂਗਾ। ਅੱਜ ਮੇਰਾ ਘਰ ਅਤੇ ਆਵੇ ਵੇਖੋ, ਤੁਹਾਨੂੰ ਵਿਖਾ ਕੇ ਮੈਨੂੰ ਬਹੁਤ ਪ੍ਰਸੰਨਤਾ ਹੋਵੇਗੀ"॥ ੧੮॥

ਇਮ ਸੁਨਿ ਸੁਲਹੀ ਆਨੰਦ ਧਾਰਾ। ਭਯੋ ਬਿਲੋਕਨਿ ਕੋ ਤਬਿ ਤਯਾਰਾ।
ਪੁੱਤ੍ਰ ਸਖਾ ਸਗਰੇ ਸੰਗਿ ਚਾਲੇ। ਬਸਤ੍ਰ ਸ਼ਸਤ੍ਰ ਤਨ ਪਹਿਰਿ ਬਿਸਾਲੇ॥ ੧੯॥

ਇਹ ਸੁਣ ਕੇ ਸੁਲਹੀ ਬਹੁਤ ਖੁਸ਼ ਹੋਇਆ, ਘਰ ਤੇ ਆਵੇ ਵੇਖਣ ਲਈ ਤਿਆਰ ਹੋ ਗਿਆ। ਪੁੱਤਰ ਅਤੇ ਮਿੱਤਰ ਸਾਰੇ ਨਾਲ ਚਲ ਪਏ, ਤਨ ਤੇ ਵਸਤਰ ਅਤੇ ਸ਼ਸਤਰ ਧਾਰਨ ਕਰ ਲਏ॥ ੧੯॥

ਪ੍ਰਿਥੀਏ ਕੋ ਕਰ ਸੌਂ ਕਰ ਗਹਜੋ। ਪ੍ਰਿਥਮ ਗ੍ਰਾਮ ਕੋ ਹੇਰਨਿ ਚਹਜੋ।
ਸਨੈ ਸਨੈ ਅੰਤਰਿ ਚਲਿ ਗਏ। ਮੰਦਰ ਸਕਲ ਨਿਹਾਰਤਿ ਭਏ॥ ੨੦॥

ਪ੍ਰਿਥੀਏ ਦੇ ਹੱਥ ਨੂੰ ਆਪਣੇ ਹੱਥ ਨਾਲ ਫੜ ਲਿਆ। ਪਹਿਲਾਂ ਸਾਰੇ ਪਿੰਡ ਨੂੰ ਵੇਖਿਆ। ਹੌਲੀ-ਹੌਲੀ ਪਿੰਡ ਦੇ ਅੰਦਰ ਚਲੇ ਗਏ। ਸਾਰੇ ਘਰ ਵੇਖ ਲਏ॥ ੨੦॥

ਅਨਿਕ ਭਾਂਤਿ ਕੀ ਬਾਤਿਨਿ ਕਰਤੇ। ਇਤ ਉਤ ਪ੍ਰੇਰਤਿ ਹੇਰਤਿ ਫਿਰਤੇ।
ਗ੍ਰਾਮ ਦਿਖਾਯੋ ਜਿਤਿਕ ਬਸਾਯੋ। ਤਹਿਂ ਤੇ ਪੁਨ ਬਾਹਰ ਨਿਕਸਾਯੋ॥ ੨੧॥

ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ, ਏਧਰ ਓਧਰ ਪ੍ਰੇਰਨਾ ਕਰਕੇ ਵੇਖਦੇ ਫਿਰਦੇ ਸਨ। ਜਿੰਨਾ ਵੀ ਪਿੰਡ ਵਸਾਇਆ ਸੀ, ਉਹ ਸਾਰਾ ਵਿਖਾਇਆ, ਫਿਰ ਪਿੰਡ ਵਿਚੋਂ ਬਾਹਰ ਆ ਗਏ॥ ੨੧॥

ਚਲੇ ਪਚਾਵਨਿ ਕੀ ਦਿਸ਼ਿ ਫੇਰਿ। ਦੀਖਤਿ ਲਗੇ ਜੁ ਊਚੇ ਢੇਰਿ।
ਪ੍ਰਿਥੀਏ ਕੀ ਸਰਾਹ ਕੋ ਕਰਤਾ। ਮੋ ਮਹਿਂ ਪ੍ਰੀਤ ਬਿਸਾਲ ਬਿਚਰਿਤਾ॥ ੨੨ ॥

ਫਿਰ ਆਵਿਆਂ ਵਾਲੇ ਪਾਸੇ ਚਲ ਪਏ, ਜਿਥੇ ਉੱਚੇ ਢੇਰ ਲੱਗੇ ਸਨ, ਉਨ੍ਹਾਂ ਨੂੰ ਵੇਖਣ ਲੱਗੇ। ਸੁਲਹੀ ਪ੍ਰਿਥੀਏ ਦੀ ਬੜੀ ਸ਼ਲਾਘਾ ਕਰ ਰਿਹਾ ਸੀ ਅਤੇ ਇਹ ਸੋਚ ਰਿਹਾ ਸੀ ਕਿ ਮੇਰੇ ਨਾਲ ਇਸ ਦਾ ਬਹੁਤ ਪਿਆਰ ਹੈ॥ ੨੨ ॥

ਜਬਿ ਆਵੇ ਪਰ ਲਗੇ ਅਰੂਢਨਿ। ਨਿਕਟ ਮੀਚ ਆਈ ਤਿਨ ਮੂਢਨਿ।
ਪ੍ਰਿਥੀਏ ਕੋ ਪਿਸ਼ਾਬ ਤਬਿ ਆਯੋ। ਤਜਾਗਨਿ ਲਗਜੋ ਰਹਜੋ ਪਿਛਵਾਯੋ ॥੨੩ ॥

ਜਦ ਆਵਿਆਂ ਤੇ ਚੜ੍ਹਨ ਲੱਗੇ, ਤਾਂ ਮੂਰਖ ਦੀ ਮੌਤ ਨੇੜੇ ਆ ਗਈ। ਪ੍ਰਿਥੀਏ ਨੂੰ ਫਿਰ ਪਿਸ਼ਾਬ ਆ ਗਿਆ, ਪਿਸ਼ਾਬ ਕਰਨ ਲੱਗ ਗਿਆ, ਇਸ ਲਈ ਪਿੱਛੇ ਰਹਿ ਗਿਆ॥ ੨੩ ॥

ਸੁਲਹੀ ਨਿਜ ਸੰਗਨਿ ਸੋ ਕਹੈ। 'ਚਲਹੁ ਉਚੇਰੇ ਸਭਿ ਦਿਸ਼ਿ ਲਹੈਂ।
ਖਰੇ ਹੋਇ ਚਹੁੰਦਿਸ਼ ਕੋ ਹੇਰੈਂ। ਪਹੁੰਚਹਿ ਦ੍ਰਿਸ਼ਟਿ ਦੂਰਿ ਅਰੁ ਨੇਰੈ' ॥ ੨੪ ॥

ਸੁਲਹੀ ਨੇ ਆਪਣੇ ਸਾਥੀਆਂ ਨੂੰ ਕਿਹਾ, "ਚਲੋ ਉੱਚੀ ਥਾਂ ਚੜ੍ਹ ਕੇ ਸਾਰੇ ਪਾਸੇ ਵੇਖੀਏ, ਖੜੇ ਹੋ ਕੇ ਚਾਰੇ ਪਾਸੇ ਵੇਖਦੇ ਹਾਂ ਤਾਂਕਿ ਸਾਡੀ ਨਜ਼ਰ ਦੂਰ ਅਤੇ ਨੇੜੇ ਪਹੁੰਚੇ" ॥ ੨੪ ॥

ਇਮ ਕਹਿ ਚਢਜੋ ਬੇਗ ਤੇ ਮਾਨੀ। ਨਹਿਂ ਨੀਕੇ ਥਲਿ ਪਿਖਿ ਅਗਵਾਨੀ।
ਦੌਰਜੋ ਜਾਤਿ ਸੰਗ ਸਭਿ ਲੀਏ। ਏਕ ਸ੍ਵਾਸ ਚਢਿ ਹੈਂ ਹਠਿ ਕੀਏ॥ ੨੫ ॥

ਇਹ ਕਹਿ ਕੇ ਬੜੇ ਹੰਕਾਰ ਨਾਲ ਬੜੇ ਉੱਚੇ ਥਾਂ ਚੜ੍ਹ ਗਿਆ ਤੇ ਅੱਗੇ ਨੀਵਾਂ ਥਾਂ ਨਾ ਵੇਖਿਆ। ਸਾਰਿਆਂ ਨੂੰ ਨਾਲ ਲੈ ਕੇ ਘੋੜਾ ਦੁੜਾਉਂਦਾ ਭੱਜਾ ਜਾ ਰਿਹਾ ਸੀ। ਬਹੁਤ ਹਠ ਕਰਨ ਨਾਲ ਸਾਹ ਵੀ ਚੜ੍ਹ ਗਿਆ ਸੀ॥ ੨੫ ॥

ਹੋਨਿਹਾਰ ਨੇ ਮਤਿ ਬਿਚਲਾਈ। ਸਨੇ ਸਨੇ ਨਹਿਂ ਕੀਨਿ ਚਢਾਈ।
ਸ੍ਰੀ ਅਰਜਨ ਜੀ ਸ਼ਬਦ ਬਨਾਯੋ। ਦੀਨੋ ਸ੍ਰਾਪ ਸਮੇ ਸੋ ਆਯੋ॥ ੨੬ ॥

ਹੋਣੀ ਨੇ ਮੱਤ ਮਾਰ ਦਿੱਤੀ ਸੀ। ਹੌਲੀ-ਹੌਲੀ ਚੜ੍ਹਾਈ ਨਾ ਚੜ੍ਹਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਬਣਾਇਆ ਸੀ, ਉਨ੍ਹਾਂ ਬਚਨਾਂ ਦੇ ਪੂਰਾ ਹੋਣ ਦਾ ਸਮਾਂ ਆ ਗਿਆ॥ ੨੬ ॥

ਊਪਰ ਛਾਰ ਦਿਖਾਈ ਪਰੈ। ਤਰੇ ਤਿਸੀ ਕੇ ਪਾਵਕ ਜਰੈ।
ਊਪਰ ਕਛੁਕ ਭਸਮ ਕਰਿ ਹੇਰਾ। ਤਰੈ ਪੋਲਿ ਧਸਿ ਜਾਨਿ ਘਨੇਰਾ॥ ੨੭ ॥

ਉਪਰ ਸੁਆਹ ਵਿਖਾਈ ਦਿੰਦੀ ਸੀ, ਉਸ ਦੇ ਥੱਲੇ ਅੱਗ ਬਲ ਰਹੀ ਸੀ। ਉਪਰ ਕੁਝ ਭਸਮ ਨੂੰ ਵੇਖਿਆ, ਪਰ ਥੱਲੇ ਧਸ ਜਾਣ ਵਾਸਤੇ ਵੱਡਾ ਪੋਲ ਸੀ॥ ੨੭॥

ਜਿਦਤਿ ਪਰਸਪਰ ਧਾਇ ਪਹੂਚੇ। ਚਢੇ ਪਚਾਵੇ ਚੋਟੀ ਊਚੇ।
ਗੁਰੂ ਬਾਕ ਤੇ ਧਸਿ ਗਯੋ ਐਸੇ। ਪ੍ਰਾਨ ਹਾਨ ਤੇ ਬਚੈ ਨ ਜੈਸੇ॥ ੨੮ ॥

ਜਦ ਆਪਸ ਵਿਚ ਭੱਜਦੇ ਪਹੁੰਚੇ ਤਾਂ ਆਵਿਆਂ ਦੀ ਚੋਟੀ ਉੱਤੇ ਚੜ੍ਹ ਗਿਆ। ਗੁਰੂ ਜੀ ਦੇ ਬਚਨਾਂ ਅਨੁਸਾਰ ਆਵਿਆਂ ਦੇ ਵਿਚ ਇਸ ਤਰ੍ਹਾਂ ਧੱਸ ਗਿਆ ਕਿ ਪ੍ਰਾਣਾਂ ਦੇ ਨਾਸ਼ ਹੋਣ ਤੋਂ ਬਗੈਰ ਬਚਾਅ ਨਹੀਂ ਸੀ ਹੋ ਸਕਦਾ॥ ੨੮ ॥

ਧਸਤਿ ਭਸਮ ਤੇ ਉਛਰਜੋ ਬਲ ਤੇ। ਨਿਕਸਜੋ ਗਯੋ ਨਹੀਂ ਤਿਸ ਥਲ ਤੇ।
ਬਹੁਰ ਗਿਰਜੋ ਤਿਸ ਹੀ ਮਹਿਂ ਜਾਏ। ਸਾਥੀ ਗਹਿਨ ਹੇਤੁ ਉਤਲਾਏ॥ ੨੯ ॥

ਭਸਮ ਵਿਚ ਧੱਸ ਕੇ ਬੜੇ ਜ਼ੋਰ ਨਾਲ ਉਛਲਿਆ, ਪਰ ਉਸ ਥਾਂ ਵਿਚੋਂ ਬਾਹਰ ਨਿਕਲਿਆ ਨਾ ਗਿਆ ਤੇ ਫਿਰ ਉਸੇ ਥਾਂ ਹੀ ਜਾ ਕੇ ਡਿੱਗ ਪਿਆ। ਸਾਥੀ ਫੜਨ ਵਾਸਤੇ ਬਹੁਤ ਵਿਆਕੁਲ ਹੋਏ॥ ੨੯ ॥

ਹਾਇ ਹਾਇ ਕਰ ਤੇ ਤਰਫ਼ਰਜੋ। ਉਛਰਿ ਉਛਰਿ ਤਿਸ ਹੀ ਮਹਿਂ ਪਰਜੋ।
ਹੁਤੋ ਹਾਥ ਮਹਿਂ ਖਰ ਗੰਡਾਸਾ। ਉਛਲਤਿ ਗਿਰਜੋ ਤਾਂਹਿ ਕੇ ਪਾਸਾ॥ ੩੦॥

ਸੁਲਹੀ ਹਾਇ ਹਾਇ ਕਰ ਕੇ ਬਹੁਤ ਤੜਫਿਆ, ਉੱਛਲ ਉੱਛਲ ਕੇ ਫਿਰ ਉਸੇ ਜਗ੍ਹਾ ਵਿਚ ਪੈ ਜਾਂਦਾ ਸੀ। ਮੂਰਖ ਦੇ ਹੱਥ ਵਿਚ ਗੰਡਾਸਾ ਸੀ। ਉਹ ਗੰਡਾਸਾ ਉਪਰ ਉੱਛਲ ਕੇ ਉਸ ਦੇ ਉੱਤੇ ਹੀ ਆ ਡਿੱਗਾ॥ ੩੦॥

ਜਹਾਂ ਗਿਰੀ ਗ੍ਰੀਵਾ ਤਹਿਂ ਧਾਰਾ। ਤਤਛਿਨ ਧਰ ਤੇ ਸਿਰ ਕਟਿ ਡਾਰਾ।
ਅਗਨਿ ਸਾਥ ਤਨ ਭਰਥਾ ਭਯੋ। ਕਿਸ ਤੇ ਨਹੀਂ ਨਿਕਾਸਜੋ ਗਯੋ॥ ੩੧॥

ਗੰਡਾਸੇ ਦੀ ਧਾਰ ਉਸ ਦੀ ਧੌਣ ਦੇ ਉੱਤੇ ਆ ਕੇ ਡਿੱਗੀ, ਤੁਰਤ ਧੜ ਨਾਲੋਂ ਸਿਰ ਕੱਟ ਦਿੱਤਾ। ਅੱਗ ਦੇ ਨਾਲ ਸਰੀਰ ਭੁੜਥਾ ਹੋ ਗਿਆ, ਕਿਸੇ ਪਾਸੋਂ ਵੀ ਬਾਹਰ ਨਾ ਕਢਿਆ ਗਿਆ॥ ੩੧॥

ਉਤਲਾਵਤਿ ਨਰ ਬਸ ਨ ਬਸਾਵੈ। ਨਿਕਟਿ ਨ ਹੋਤਿ ਇਤੇ ਉਤ ਜਾਵੈਂ।
ਪਹੁੰਚਜੋ ਨਹੀਂ ਨਿਕਾਸਨ ਵਾਰੋ। ਦੂਰਿ ਹਟੇ ਕੁਛ ਚਲਜੋ ਨ ਚਾਰੋ॥ ੩੨॥

ਮਨੁੱਖ ਬਹੁਤ ਉਤਾਵਲੇ ਸਨ, ਪਰ ਉਨ੍ਹਾਂ ਦਾ ਕੁਝ ਵੀ ਵੱਸ ਨਹੀਂ ਸੀ ਚਲਦਾ, ਨੇੜੇ ਨਹੀਂ ਸੀ ਜਾਂਦੇ, ਏਧਰ ਓਧਰ ਭੱਜੇ ਫਿਰਦੇ ਸਨ, ਕਿਸੇ ਪਾਸੋਂ ਵੀ ਬਾਹਰ ਕੱਢਣ ਵਾਸਤੇ ਪਹੁੰਚਿਆ ਨਾ ਗਿਆ। ਦੂਰ ਪਿੱਛੇ ਹਟ ਕੇ ਆ ਗਏ, ਕੋਈ ਵੀ ਚਾਰਾ ਨਾ ਚਲਿਆ॥ ੩੨॥

ਆਪ ਜਲਨਿ ਤੇ ਗਾਤਿ ਬਚਾਵੈਂ। ਸੋ ਜਲਿ ਗਯੋ ਨ ਕੋ ਨਿਕਸਾਵੈ।
ਰੋਦਤਿ ਊਚੇ ਕਰਤਿ ਪੁਕਾਰੂ। 'ਮਰਜੋ ਜਰਤਿ ਹਮਰੋ ਸਿਰਦਾਰੂ'॥ ੩੩॥

ਆਪਣੇ ਸਰੀਰ ਨੂੰ ਸੜਨ ਤੋਂ ਬਚਾਉਂਦੇ ਸਨ, ਜਿਹੜਾ ਸੜ ਗਿਆ ਸੀ; ਉਸ ਨੂੰ ਕਿਸੇ ਨਾ ਕੱਢਿਆ। ਉੱਚੀ ਉੱਚੀ ਰੋ ਕੇ ਪੁਕਾਰਦੇ ਸਨ, "ਓਏ ਸਾਡਾ ਸਰਦਾਰ ਸੜ ਕੇ ਮਰ ਗਿਆ ਹੈ"॥ ੩੩॥

ਪ੍ਰਿਥੀਆ ਸੁਨਿ ਦੌਰਤਿ ਚਢਿ ਗਯੋ। ਕਰਜੋ ਬਿਲੋਕਨਿ ਭੁਰਥਾ ਭਯੋ।
ਬਡੇ ਜਤਨ ਤੇ ਤਬਿ ਨਿਕਸਾਵਾ। ਚਰਬੀ ਸੇਤ ਦੇਹਿ ਦਰਸਾਵਾ॥ ੩੪॥

ਇਹ ਸੁਣ ਕੇ ਪ੍ਰਿਥੀਆਂ ਦੌੜ ਕੇ ਚੜ੍ਹ ਗਿਆ ਤੇ ਭੁੜਥਾ ਹੋਏ ਸੁਲਹੀ ਨੂੰ ਵੇਖਿਆ। ਬੜਾ ਯਤਨ ਕਰਕੇ ਫਿਰ ਕੱਢਿਆ, ਸਰੀਰ ਦੀ ਚਿੱਟੀ ਚਰਬੀ ਨਜ਼ਰ ਆ ਗਈ ਸੀ॥ ੩੪॥

'ਹਾਇ ਹਾਇ' ਕਹਿ ਪ੍ਰਿਥੀਆ ਰੋਯੋ। 'ਕਾਰਨ ਕੌਨ ਅਚਾਨਕ ਹੋਯੋ'।
ਮਿਹਰਵਾਨ ਕੇ ਸਹਤ ਪੁਕਾਰੈ। ਅੱਸ੍ਰ ਬਿਲੋਚਨ ਤੇ ਗਨ ਡਾਰੈ॥ ੩੫॥

'ਹਾਇ ਹਾਇ' ਕਹਿ ਕੇ ਪ੍ਰਿਥੀਆਂ ਰੋਇਆ ਅਤੇ ਕਹਿਣ ਲੱਗਾ, "ਅਚਾਨਕ ਕੀ ਕਾਰਨ ਹੋਇਆ ਹੈ।" ਮਿਹਰਵਾਨ ਦੇ ਸਮੇਤ ਪੁਕਾਰਦਾ ਸੀ, ਅਤੇ ਅੱਖਾਂ ਵਿਚ ਬੜਾ ਪਾਣੀ ਵਹਾ ਰਿਹਾ ਸੀ॥ ੩੫॥

'ਮਰਜੋ ਕੁਮੌਤਾ' ਸੰਗਿ ਕੇ ਕਹੈਂ। 'ਯਾ ਖ਼ੁਦਾਇ ਦੋਜ਼ਕ ਇਹ ਲਹੈ।
ਦਫਨ ਕਰਨਿ ਕੋ ਤੁਰਕ ਇਮਾਨ। ਜਰਜੋ ਮਰਜੋ ਦੁਖ ਲਹੈ ਮਹਾਨ'॥ ੩੬॥

ਸੁਲਹੀਏ ਦੇ ਸਾਥੀ ਕਹਿ ਰਹੇ ਸਨ, "ਅਨਿਆਈ ਮੌਤੇ ਮਰਿਆ ਹੈ, ਯਾ ਖ਼ੁਦਾ! ਇਸ ਨੂੰ ਦੋਜ਼ਕ ਪ੍ਰਾਪਤ ਹੋਵੇਗਾ, ਤੁਰਕਾਂ ਦਾ ਈਮਾਨ ਧਰਮ ਹੈ ਕਿ ਮੁਰਦੇ ਨੂੰ ਦਫਨ ਕੀਤਾ ਜਾਵੇ, ਇਹ ਸੜ ਕੇ ਮਰਿਆ ਹੈ, ਇਸ ਲਈ ਦੋਜ਼ਕ ਵਿਚ ਬਹੁਤ ਦੁੱਖ ਪਾਵੇਗਾ"॥ ੩੬॥

Sri Satguru Jagjit Singh Ji eLlibrary NamdhariElibrary@gmail.com

ਬਹੁਰ ਦੁਸ਼ਾਲਾ ਤਿਸ ਪਰ ਡਾਲਾ। ਖਾਟ ਪਾਇ ਕਰਿ ਵਹਿਰ ਨਿਕਾਲਾ।
ਕਬਰ ਖੋਦ ਕਰਿ ਤਹਿਂ ਦਫਨਾਯੋ। ਸਭਿ ਮਹਿਂ ਸ਼ੋਕ ਅਧਿਕ ਬ਼ਿਦਤਾਯੋ ॥੩੭॥

ਫਿਰ ਉਸ ਉਤੇ ਦੁਸ਼ਾਲਾ ਪਾ ਦਿੱਤਾ ਤੇ ਮੰਜੀ ਉਤੇ ਪਾ ਕੇ ਬਾਹਰ ਕੱਢਿਆ। ਫਿਰ ਕਬਰ ਪੁੱਟ ਕੇ ਉਸ ਵਿਚ ਦਫਨਾ ਦਿੱਤਾ। ਸਾਰਿਆਂ ਵਿਚ ਬੜਾ ਦੁੱਖ ਉਤਪੰਨ ਹੋਇਆ॥ ੩੭॥

ਜਥਾ ਪੁੱਤ੍ਰ ਭ੍ਰਾਤਾ ਹਿਤਕਾਰੀ। ਮਰੇ ਹੋਤਿ ਸ਼ੋਕਤਿ ਦੁਖ ਭਾਰੀ।
ਤਿਮ ਪ੍ਰਿਥੀਏ ਨੇ ਸੰਕਟ ਪਾਵਾ। ਚਿਤਵਹਿ ਮੁਝ ਕਲੰਕ ਇਹ ਆਵਾ ॥ ੩੮ ॥

ਜਿਵੇਂ ਪੁੱਤਰ, ਭਰਾ ਹਿਤਕਾਰੀ ਆਦਿ ਮਰਨ ਉਤੇ ਬਹੁਤ ਭਾਰੀ ਦੁੱਖ ਹੁੰਦਾ ਹੈ, ਅਜਿਹਾ ਦੁੱਖ ਪ੍ਰਿਥੀਏ ਨੇ ਪਾਇਆ। ਮਨ ਵਿਚ ਸੋਚਦਾ ਸੀ ਕਿ ਮੈਨੂੰ ਹੀ ਇਹ ਕਲੰਕ ਲੱਗਾ ਹੈ॥ ੩੮॥

ਸੁਲਹੀ ਸੁਤ ਰੁਦਯੰਤਿ ਪੁਕਾਰਾ। 'ਪ੍ਰਥੀਏ ਨੇ ਪਿਤ ਜਾਰਤਿ ਮਾਰਾ।
ਭਲੋ ਸਖਾਪਨਿ ਕੋ ਫਲ ਦੀਨਾ। ਮੈਂ ਅਬਿ ਚਹੌਂ ਤੋਹਿ ਸੰਗ ਕੀਨਾ॥ ੩੯ ॥

ਸੁਲਹੀ ਦਾ ਪੁੱਤਰ ਰੋ ਰੋ ਕੇ ਪੁਕਾਰ ਕਰ ਰਿਹਾ ਸੀ, "ਪ੍ਰਿਥੀਏ ਨੇ ਮੇਰੇ ਬਾਪ ਨੂੰ ਸਾੜ ਕੇ ਮਾਰਿਆ ਹੈ, ਦੋਸਤੀ ਦਾ ਇਸ ਚੰਗਾ ਫਲ ਦਿੱਤਾ ਹੈ। ਮੈਂ ਹੁਣ ਤੈਥੋਂ ਵੈਰ ਲੈਣਾ ਚਾਹਾਂਗਾ॥ ੩੯॥

ਛਲ ਕਰਿ ਜਾਰਜੋ ਅਗਨਿ ਭਖਾਏ। ਛਾਦਿ ਛਾਰ ਚਢਿਵਾਇ ਪਚਾਏ।
ਮੈਂ ਕਜਾ ਤੋਹਿ ਕਪਟ ਨਹਿਂ ਜਾਨੌਂ। ਇਸ ਕੋ ਪਲਟਾ ਤਿਸ ਬਿਧਿ ਠਾਨੌਂ ॥੪੦ ॥

ਤੂੰ ਮੇਰੇ ਬਾਪ ਨੂੰ ਛਲ ਨਾਲ ਅੱਗ ਬਾਲ ਕੇ ਸਾੜ ਕੇ ਮਾਰਿਆ ਹੈ। ਅੱਗ ਨੂੰ ਸੁਆਹ ਨਾਲ ਢੱਕ ਦਿੱਤਾ ਤੇ ਮੇਰੇ ਬਾਪ ਨੂੰ ਉਪਰ ਚੜ੍ਹਵਾ ਦਿੱਤਾ। ਕੀ ਮੈਂ ਤੇਰੇ ਕਪਟ ਨੂੰ ਨਹੀਂ ਜਾਣਦਾ, ਇਸ ਦਾ ਬਦਲਾ ਏਸੇ ਵਿਧੀ ਨਾਲ ਲਵਾਂਗਾ" ॥ ੪੦ ॥

ਇੱਤਜਾਦਿਕ ਸੁਨਿ ਪ੍ਰਿਥੀਆ ਡਰਜੋ। ਚਹੇ ਰਿਦੈ ਤਿਸ ਹਰਖਨਿ ਕਰਜੋ।
ਕਰ ਕੋ ਜੋਰਤਿ ਬਿਨੈ ਬਖਾਨੇ। 'ਤੁਝ ਤੇ ਅਧਿਕ ਹਿਤੂ ਹਮ ਮਾਨੈ॥ ੪੧ ॥

ਸੁਲਹੀ ਦੇ ਪੁੱਤਰ ਦੀਆਂ ਇਤਿਆਦਿ ਗੱਲਾਂ ਸੁਣ ਕੇ ਪ੍ਰਿਥੀਆ ਬਹੁਤ ਡਰ ਗਿਆ। ਹਿਰਦੇ ਵਿਚ ਉਸ ਨੂੰ ਪ੍ਰਸੰਨ ਕਰਨਾ ਚਾਹੁੰਦਾ ਸੀ, ਹੱਥ ਜੋੜ ਕੇ ਬੇਨਤੀ ਕੀਤੀ, "ਤੁਹਾਡੇ ਨਾਲੋਂ ਅਸੀਂ ਉਸ ਨੂੰ ਵੱਧ ਹਿਤਕਾਰੀ ਮੰਨਦੇ ਹਾਂ॥ ੪੧॥

ਹੋਨਿਹਾਰ ਕੋ ਲਖੈ ਨ ਕੋਈ। ਅਚਵਤਿ ਸੁਧਾ ਹਲਾਹਲ ਹੋਈ।
ਪਾਲਿਯ ਧੇਨੁ ਦੂਧ ਕੇ ਲੈਬੇ। ਜਿਮ ਹੁਇ ਸ਼ੇਰ ਉਠੇ ਤਨ ਖੈਬੇ॥ ੪੨॥

ਜੋ ਹੋਣਹਾਰ ਹੋਣੀ ਹੈ, ਇਸ ਨੂੰ ਕੋਈ ਨਹੀਂ ਸਮਝ ਸਕਦਾ। ਕਈ ਵਾਰ ਖਾਧਾ ਹੋਇਆ ਅੰਮ੍ਰਿਤ ਵੀ ਜ਼ਹਿਰ ਬਣ ਜਾਂਦਾ ਹੈ। ਗਾਂ ਨੂੰ ਦੁੱਧ ਲੈਣ ਵਾਸਤੇ ਪਾਲਦੇ ਹਾਂ, ਪਰ ਕਈ ਓਹੋ ਗਾਂ ਸ਼ੇਰ ਵਾਂਗ ਉਠਦੀ ਹੈ ਤੇ ਬੰਦੇ ਨੂੰ ਮਾਰ ਦਿੰਦੀ ਹੈ॥ ੪੨॥

ਕਹੌਂ ਕਹਾਂ ਕੁਛ ਬਾਤਿ ਨ ਕਹਿਬੇ। ਮੁਝ ਤਜਿ ਚਢਜੋ ਤੁਰਤਿ ਭਾ ਦਹਿਬੇ'।
ਅਪਰ ਅਨੇਕ ਦੀਨਤਾ ਲਹਿ ਲਹਿ। ਸਮੁਝਾਵਤਿ ਬਹੁ ਭਾਂਤਿਨਿ ਕਹਿ ਕਹਿ ॥੪੩॥

ਕਿਥੋਂ ਤਕ ਕਹਾਂ, ਕੋਈ ਗੱਲ ਕਹਿਣ ਵਾਲੀ ਰਹਿ ਨਹੀਂ ਗਈ, ਮੈਨੂੰ ਛੱਡ ਕੇ ਆਇਆਂ ਤੇ ਚੜ੍ਹ ਗਿਆ ਤੇ ਤੁਰਤ ਸੜ ਗਿਆ।" ਹੋਰ ਕਈ ਪ੍ਰਕਾਰ ਦੀਨ ਬਣ ਬਣ ਕੇ, ਬਹੁਤ ਪ੍ਰਕਾਰ ਦੀਆਂ ਗੱਲਾਂ ਕਰ ਕਰ ਕੇ ਸਮਝਾਉਂਦਾ ਸੀ॥ ੪੩॥

ਤਿਨ ਸੰਗਨਿ ਕੋ ਗਨ ਧਨ ਦੀਨੋ। ਨੀਠਿ ਨੀਠਿ ਪਰਚਾਵਨਿ ਕੀਨੋ।
ਅਪਰ ਦੁਸ਼ਾਲੇ ਬਸਤ੍ਰ ਅਛੇਰੇ। ਬਾਜੀ ਚਪਲ ਜੁ ਮੋਲ ਬਡੇਰੇ॥ ੪੪॥

ਸੁਲਹੀ ਦੇ ਸਾਥੀਆਂ ਨੂੰ ਬਹੁਤ ਧਨ ਦਿੱਤਾ, ਜਿਵੇਂ ਕਿਵੇਂ ਉਨ੍ਹਾਂ ਨੂੰ ਠੰਡਿਆਂ ਕੀਤਾ। ਦੁਸ਼ਾਲੇ, ਵਧੀਆ ਕੱਪੜੇ, ਬਹੁਤ ਕੀਮਤੀ ਚਾਲਾਕ ਘੋੜੇ ਆਦਿ ਦਿੱਤੇ॥ ੪੪॥

Sri Satguru Jagjit Singh Ji eLlibrary NamdhariElibrary@gmail.com

ਦਰਬ ਸਮੇਤ ਬਿਨੈ ਬਹु ਕੀਨਿ। ਸੁਲਹੀ ਸੁਤ ਕੋ ਪ੍ਰਿਥੀਏ ਦੀਨਿ।
ਕੋ ਦਿਨ ਰਹਿ ਕਰਿ ਦਿੱਲੀ ਗਯੋ। ਜਹਾਂਗੀਰ ਕੇ ਢਿਗ ਕਹਿ ਦਿਯੋ॥ ੪੫॥

ਸੁਲਹੀ ਦੇ ਪੁੱਤਰ ਨੂੰ ਪ੍ਰਿਥੀਏ ਨੇ ਧਨ ਸਮੇਤ ਬਹੁਤ ਬੇਨਤੀਆਂ ਕੀਤੀਆਂ। ਕੁਝ ਦਿਨ ਰਹਿ ਕੇ ਉਹ ਦਿੱਲੀ ਚਲੇ ਗਏ ਤੇ ਜਹਾਂਗੀਰ ਨੂੰ ਜਾ ਕੇ ਕਹਿ ਦਿੱਤਾ॥ ੪੫॥

'ਜਰਜੋ ਅਚਾਨਕ ਆਵੇ ਜਾਇ। ਹੋਨਿਹਾਰ ਨਹਿੰ ਮਿਟਹਿ ਕਦਾਇ'।
ਪ੍ਰਿਥੀਆ ਰਹਜੋ ਬਿਸੂਰਤਿ ਭਾਰੋ। ਸ੍ਰੀ ਅਰਜਨ ਸ੍ਰਾਪਜੋ ਤਨ ਜਾਰੋ॥ ੪੬॥

"ਅਚਾਨਕ ਆਵੇ ਵਿਚ ਦਾਖਲ ਹੋ ਜਾਣ ਨਾਲ ਸੜ ਗਿਆ ਹੈ, ਹੋਣੀ ਕਦੇ ਵੀ ਨਹੀਂ ਮਿਟਦੀ ਹੈ।" ਪ੍ਰਿਥੀਆ ਭਾਰੀ ਦੁਖੀ ਹੋਇਆ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੇ ਸੁਲਹੀ ਦੇ ਸਰੀਰ ਨੂੰ ਸਾੜ ਦਿੱਤਾ॥ ੪੬॥

ਕੈਸੇ ਬਚਹਿ ਜੁ ਦੋਖੀ ਗੁਰੁ ਕੋ। ਕੌਨ ਬਚਾਇ, ਹਤਜੋ ਸੋ ਧੁਰ ਕੋ।
ਸ੍ਰਾਪ ਦਿਯੋ ਗੁਰੁ ਸਬਦ ਬਨਾਇ।ਸੋ ਮੈਂ ਲਿਖਜੋ ਬਨਹਿ ਇਸ ਥਾਇੰ॥ ੪੭॥

ਜਿਹੜਾ ਗੁਰੂ ਜੀ ਦਾ ਦੋਖੀ ਹੋਵੇ, ਉਹ ਕਿਵੇਂ ਬਚ ਸਕਦਾ ਹੈ? ਧੁਰ ਦੇ ਮਾਰੇ ਹੋਏ ਨੂੰ ਕੌਣ ਬਚਾ ਸਕਦਾ ਹੈ? ਗੁਰੂ ਜੀ ਨੇ ਸ਼ਬਦ ਬਣਾ ਕੇ ਵਾਹਿਗੁਰੂ ਦਾ ਧੰਨਵਾਦ ਕੀਤਾ ਹੈ, ਉਸ ਸ਼ਬਦ ਦਾ ਇਸ ਥਾਂ ਲਿਖਣਾ ਬਣਦਾ ਹੈ॥ ੪੭॥

*ਬਿਲਾਵਲੁ ਮਹਲਾ ੫॥*

*ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥ ੧॥ ਰਹਾਉ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥*
*ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥ ੧॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥ ੨॥ ੧੮॥*

*(ਪੰਨਾ ੮੨੫)*

ਵਾਹਿਗੁਰੂ ਨੇ ਮੈਨੂੰ ਸੁਲਹੀ ਤੋਂ ਬਚਾ ਲਿਆ ਹੈ। ਸੁਲਹੀ ਆਪਣੇ ਮਨੋਰਥ ਵਿਚ ਸਫਲ ਨਾ ਹੋਇਆ ਤੇ ਨਾਪਾਕ ਮੌਤੇ ਮਰ ਗਿਆ॥ ੧॥ ਠਹਿਰਾਉ॥ ਮਾਲਕ ਨੇ ਕੁਹਾੜਾ ਚੁੱਕ ਕੇ ਉਸ ਦਾ ਸਿਰ ਵੱਢ ਦਿੱਤਾ ਤੇ ਖਿਨ ਵਿਚ ਉਹ ਮਿੱਟੀ ਹੋ ਗਿਆ॥ ੧॥ ਬੁਰਾ ਸੋਚਦਾ ਅਤੇ ਬੁਰਾ ਵਿਚਾਰਦਾ ਹੋਇਆ ਉਹ ਨਾਸ ਹੋ ਗਿਆ। ਜਿਸ ਨੇ ਉਸ ਨੂੰ ਪੈਦਾ ਕੀਤਾ ਸੀ, ਉਸ ਨੇ ਹੀ ਉਸ ਨੂੰ ਧੱਕਾ ਦਿੱਤਾ ਹੈ॥ ੧॥ ਉਸ ਦੇ ਪੁੱਤਰ, ਮਿੱਤਰ ਅਤੇ ਧਨ ਵਿਚੋਂ ਕੁਝ ਵੀ ਨਹੀਂ ਰਿਹਾ ਹੈ। ਆਪਣੇ ਸਾਰੇ ਭਰਾਵਾਂ ਅਤੇ ਸੰਬੰਧੀਆਂ ਨੂੰ ਛੱਡ ਕੇ ਉਹ ਤੁਰਦਾ ਬਣਿਆ ਹੈ। ਹੇ ਨਾਨਕ! ਕਹੋ, ਮੈਂ ਉਸ ਵਾਹਿਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਆਪਣੇ ਸੇਵਕ ਦੇ ਬਚਨ ਨੂੰ ਪੂਰਾ ਕੀਤਾ ਹੈ॥ ੨॥ ੧੮॥

ਦੋਹਰਾ- ਸ੍ਰੀ ਅਰਜਨ ਕੋ ਬੁਰਾ ਨਿਤ ਚਿਤਵਤਿ, ਚਿਤਵਤਿ ਮੀਚ।
ਬਸ ਨ ਬਸਾਯਹੁ ਮੂਢ ਕੋ ਪਰਜੋ ਸੁ ਦੋਜਕ ਬੀਚ॥ ੪੮॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਿਤ ਬੁਰਾ ਵੀਚਾਰਦਾ ਸੀ, ਪਰ ਆਪ ਉਸ ਨੂੰ ਮੌਤ ਵੇਖ ਰਹੀ ਸੀ। ਪਰ ਕੁਝ ਵੀ ਵੱਸ ਨਾ ਚਲਿਆ ਤੇ ਮੂਰਖ ਦੋਜ਼ਕ ਵਿਚ ਜਾ ਪਿਆ॥ ੪੮॥

ਚੌਪਈ- ਗੁਰ ਦੋਖੀ ਕੀ ਦੁਰਗਤਿ ਹੋਇ। ਹਿੰਦੂ ਕਿਧੌਂ ਤੁਰਕ ਹੈ ਕੋਇ।
ਇੰਦ੍ਰ ਆਦਿ ਗੁਰੁ ਦੋਖ ਨ ਤਿਸ਼ਟੈ। ਦੁਖ ਸਜਾਇ ਲਹਿ ਪਦ ਤੇ ਭ੍ਰਿਸ਼ਟੈ॥ ੪੯॥

ਗੁਰੂ ਜੀ ਦੇ ਦੋਖੀ ਦੀ ਸਦਾ ਦੁਰਗਤੀ ਹੀ ਹੁੰਦੀ ਹੈ, ਬੇਸ਼ਕ ਉਹ ਹਿੰਦੂ ਹੋਵੇ ਜਾਂ ਮੁਸਲਮਾਨ ਹੋਵੇ। ਇੰਦਰ ਆਦਿ

Sri Satguru Jagjit Singh Ji eLlibrary NamdhariElibrary@gmail.com

ਦੇਵਤੇ ਵੀ ਗੁਰੂ ਜੀ ਦਾ ਦ੍ਵੈਖ ਕਰਕੇ ਸਥਿਰ ਨਹੀਂ ਰਹਿੰਦੇ। ਦੁਖ ਅਤੇ ਹੋਰ ਸਜ਼ਾਵਾਂ ਲੈ ਕੇ ਆਪਣੀ ਪਦਵੀ ਤੋਂ ਵੀ ਭ੍ਰਿਸ਼ਟ ਹੋ ਜਾਂਦੇ ਹਨ॥ ੪੯॥

ਖਿਮਾ ਨਿਧਾਨ ਗੁਰੂ ਨਹਿਂ ਰਿਸੈ। ਆਪਿ ਪ੍ਰਮੇਸ਼ੁਰ ਨਾਸਹਿ ਤਿਸੈ।
ਹੁਇ ਦਰਗਾਹ ਬਿਖੈ ਮੁਖ ਕਾਰਾ। ਮਰਿ ਕੁਮੌਤ ਪਰਿ ਨਰਕ ਮਝਾਰਾ॥ ੫੦॥

ਖਿਮਾਂ ਦੇ ਭੰਡਾਰ ਗੁਰੂ ਜੀ ਕਦੇ ਵੀ ਗੁੱਸੇ ਵਿਚ ਨਹੀਂ ਆਉਂਦੇ ਭਾਵ ਉਹ ਕਿਸੇ ਨੂੰ ਕ੍ਰੋਧ ਵਿਚ ਆ ਕੇ ਸ੍ਰਾਪ ਨਹੀਂ ਦਿੰਦੇ। ਉਨ੍ਹਾਂ ਦੋਖੀਆਂ ਦਾ ਅਗਲੀ ਦਰਗਾਹ ਵਿਚ ਮੂੰਹ ਕਾਲਾ ਹੁੰਦਾ ਹੈ ਤੇ ਨਾਪਾਕ ਮੌਤ ਮਰ ਕੇ ਉਹ ਨਰਕਾਂ ਵਿਚ ਪੈਂਦੇ ਹਨ॥ ੫੦॥

ਸਭਿ ਪੁੰਨਨਿ ਕੋ ਹੋਇ ਬਿਨਾਸ਼ੀ। ਜਨਮਹਿ ਮਰਹਿ ਪਰਹਿ ਜਮ ਫਾਸੀ।
ਇਮ ਸੁਲਹੀ ਗੁਰ ਦੋਖੀ ਮਰਜੋ।ਘੋਰ ਨਰਕ ਮਹਿਂ ਤਤਤਿਨ ਪਰਜੋ॥ ੫੧॥

ਉਨ੍ਹਾਂ ਦੇ ਸਾਰੇ ਪੁੰਨਾਂ ਦਾ ਨਾਸ਼ ਹੋ ਜਾਂਦਾ ਹੈ, ਜੰਮਦੇ ਮਰਦੇ ਰਹਿੰਦੇ ਹਨ ਤੇ ਉਨ੍ਹਾਂ ਦੇ ਗਲਾਂ ਵਿਚ ਜਮਾਂ ਦੀ ਫਾਂਸੀ ਪੈਂਦੀ ਰਹਿੰਦੀ ਹੈ। ਇਸ ਤਰ੍ਹਾਂ ਗੁਰੂ ਜੀ ਦਾ ਦੋਖੀ ਸੁਲਹੀ ਮਰਿਆ, ਤੁਰਤ ਘੋਰ ਨਰਕਾਂ ਵਿਚ ਪੈ ਗਿਆ॥ ੫੧॥

*ਚੌਥੀ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥ ੧੮॥*

## *ਅਧਿਆਇ ਉਨੀਵਾਂ*

*ਚੰਦੂ ਦੀ ਪ੍ਰਿਥੀਏ ਨੂੰ ਚਿੱਠੀ*

ਦੋਹਰਾ-ਪਹੁੰਚੀ ਕੇਤਿਕ ਦਜੋਸ ਮਹਿਂ ਸੁਧਿ ਸਤਿਗੁਰੁ ਕੇ ਪਾਸ।
ਮਿਲਿ ਸੰਗਤਿ ਉਤਸਵ ਕੀਯੋ ਦੁਸ਼ਟ ਮਹਾਂ ਲਖਿਨਾਸ਼॥ ੧॥

ਕਈ ਦਿਨਾਂ ਦੇ ਬਾਅਦ ਸੁਲਹੀ ਦੀ ਮੌਤ ਦੀ ਖ਼ਬਰ ਸਤਿਗੁਰੂ ਜੀ ਦੇ ਪਾਸ ਪਹੁੰਚੀ। ਮਹਾਨ ਦੁਸ਼ਟ ਦੇ ਨਾਸ਼ ਹੋ ਜਾਣ ਤੇ ਸੰਗਤਾਂ ਨੇ ਮਿਲ ਕੇ ਬੜਾ ਉਤਸਵ ਮਨਾਇਆ॥ ੧॥

ਪੰਚਾਂਮ੍ਰਿਤ ਕਰਿਵਾਇ ਘਨੇਰਾ। ਸਤਿਗੁਰ ਕੋ ਜਸ ਕਰਹਿਂ ਉਚੇਰਾ।
ਬਾਰਿ ਬਾਰਿ ਸੋ ਸ਼ਬਦ ਪਠੰਤਿ। ਜਿਸ ਤੇ ਸੁਲਹੀ ਮਰਜੋ ਦੁਖੰਤਿ॥ ੨॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਗਿਆ, ਸਾਰੇ ਸਤਿਗੁਰੂ ਜੀ ਦੇ ਜੱਸ ਦਾ ਉਚਾਰਨ ਕਰ ਰਹੇ ਸਨ। ਬਾਰ-ਬਾਰ ਉਹ ਸ਼ਬਦ ਪੜ੍ਹਦੇ ਸਨ, ਜਿਸ ਕਾਰਨ ਸੁਲਹੀ ਬਹੁਤ ਦੁਖੀ ਹੋ ਕੇ ਮਰਿਆ॥ ੨॥

ਧੀਰਜ ਧਾਰਿ ਭਰੋਸਾ ਕਰਿਹੀ। ਲਘੁ ਬਿਸਾਲ ਕਹਿ ਸ੍ਰੀ ਗੁਰੁ ਪੁਰਿਹੀ।
'ਬਡੇ ਦੁਸ਼ਟ ਕੋ ਭਯੋ ਬਿਨਾਸ਼ਿ। ਹੁਇ ਨਿਚਿੰਤ ਭੋਗਹੁ ਸੁਖ ਰਾਸਿ॥ ੩॥

ਧੀਰਜ ਧਾਰਨ ਕਰਕੇ ਭਰੋਸਾ ਕਰਦੇ ਸਨ, ਸ੍ਰੀ ਅੰਮ੍ਰਿਤਸਰ ਦੇ ਸਾਰੇ ਛੋਟੇ ਵੱਡੇ ਕਹਿ ਰਹੇ ਸਨ, "ਵੱਡੇ ਦੁਸ਼ਟ ਦਾ ਵਿਨਾਸ਼ ਹੋ ਗਿਆ ਹੈ, ਨਿਸ਼ਚਿੰਤ ਹੋ ਕੇ ਸੁੱਖ ਭੋਗੋ॥ ੩॥

ਧੰਨ ਧੰਨ ਸ੍ਰੀ ਅਰਜਨ ਗੁਰੂ। ਬਾਕ ਸਿੰਘ ਜਿਨਕੇ ਰਿਪੁ ਰੁਰੂ।
ਬ੍ਰਹਮ ਅਸਤ੍ਰ ਸਮ ਜਥਾ ਕਹੰਤੇ। ਕੋਟਿ ਜਤਨ ਤੇ ਬਚਹਿ ਨ, ਹੰਤੇ॥ ੪॥

ਸ੍ਰੀ ਗੁਰੂ ਅਰਜਨ ਦੇਵ ਜੀ ਧੰਨ ਹਨ, ਜਿਨ੍ਹਾਂ ਦੇ ਬਚਨ ਹੀ ਹਿਰਨ ਰੂਪੀ ਵੈਰੀਆਂ ਵਾਸਤੇ ਸ਼ੇਰ ਰੂਪੀ ਹਨ। ਜਿਵੇਂ ਬ੍ਰਹਮ ਅਸਤਰ ਹੋਵੇ, ਉਸ ਦੇ ਸਮਾਨ ਬਚਨ ਕਹਿੰਦੇ ਹਨ। ਕਰੋੜਾਂ ਯਤਨ ਕਰਨ ਤੇ ਵੀ ਕੋਈ ਬਚਦਾ ਨਹੀਂ, ਮਰਦਾ ਹੀ ਹੈ॥ ੪॥

ਜਬਿ ਤੇ ਸੁਲਹੀ ਜਰ ਮਰਿ ਗਯੋ। ਚਿੰਤੋਦਿਧ ਮਹਿਂ ਪ੍ਰਿਥੀਆ ਭਯੋ।
ਗਟੀ ਅਨੇਕ ਉਤਾਰ ਚਢਾਵਹਿ। ਨਿਸ ਬਾਸੁਰ ਝੂਰਤਿ ਦੁਖ ਪਾਵਹਿ॥ ੫॥

ਜਦ ਦਾ ਸੁਲਹੀ ਸੜ ਮਰ ਗਿਆ ਹੈ, ਉਸ ਦਿਨ ਤੋਂ ਹੀ ਪ੍ਰਿਥੀਆ ਚਿੰਤਾ ਦੇ ਸਾਗਰ ਵਿਚ ਡੁੱਬਿਆ ਹੈ। ਅਨੇਕਾਂ ਸੋਚਾਂ ਵਿਚ ਚੜ੍ਹਦਾ ਲਹਿੰਦਾ ਹੈ, ਦਿਨ ਰਾਤ ਝੂਰ ਝੂਰ ਕੇ ਦੁਖ ਪਾਉਂਦਾ ਹੈ॥ ੫॥

ਹੁਤੋ ਅਲੰਬ ਸੈਲ ਸਮ ਮੋਰਾ। ਭਾਵੀ ਬੱਜ੍ਰ ਅਚਾਨਕ ਫੋਰਾ।
ਜਿਸ ਨੇ ਮੇਰੋ ਮਾਨ ਬਧਾਯੋ। ਗ੍ਰਾਮ ਸ਼ਾਹੁ ਤੇ ਕਹਿ ਦਿਲਵਾਯੋ॥ ੬॥

ਉਹ ਮੇਰਾ ਪਹਾੜ ਜਿੱਡਾ ਆਸਰਾ ਸੀ, ਭਾਵੀ ਰੂਪ ਬੱਜਰ ਨੇ ਉਸ ਨੂੰ ਫੇਹ ਕੇ ਰੱਖ ਦਿੱਤਾ ਹੈ। ਜਿਸ ਨੇ ਮੇਰਾ ਏਨਾ ਮਾਣ ਵਧਾਇਆ ਸੀ, ਬਾਦਸ਼ਾਹ ਨੂੰ ਕਹਿ ਕੇ ਇਕ ਪਿੰਡ ਵੀ ਮੈਨੂੰ ਦਿਵਾਇਆ ਹੈ॥ ੬॥

ਸਦਾ ਚਹਤਿ ਰਹਿ ਕਰਿਬੇ ਆਛੋ। ਮੈਂ ਤਿਸ ਤੇ ਨਿਤ ਨਿਜ ਹਿਤ ਬਾਂਛੋ।
ਜਿਸ ਅਲੰਬ ਹੌਂ ਸਦਾ ਸੁਖਾਰੋ। ਕਰਤਿ ਪ੍ਰਤੀਖਨ ਅਨੁਜ ਸੰਘਾਰੋਂ॥ ੭॥

ਉਹ ਸਦਾ ਮੇਰਾ ਭਲਾ ਕਰਨਾ ਚਾਹੁੰਦਾ ਰਹਿੰਦਾ ਸੀ, ਮੈਂ ਸਦਾ ਹੀ ਉਸ ਪਾਸੋਂ ਆਪਣੇ ਲਾਭ ਦੀ ਗੱਲ ਹੀ ਚਾਹੁੰਦਾ ਸੀ। ਜਿਹੜਾ ਸਦਾ ਮੇਰਾ ਸੁਖਦਾਈ ਆਸਰਾ ਸੀ। ਮੈਂ ਇਹ ਇੰਤਜ਼ਾਰ ਕਰ ਰਿਹਾ ਸੀ ਕਿ ਕਦ ਉਹ ਆ ਕੇ ਮੇਰੇ ਛੋਟੇ ਭਰਾ ਨੂੰ ਖਤਮ ਕਰ ਦੇਵੇਗਾ॥ ੭॥

ਸ਼ਾਹੁ ਸਭਾ ਸਭਿ ਅਪਨੀ ਜਾਨਤਿ। ਇਸ ਬੈਠੇ ਪਿਖਿ ਬੁਰਾ ਨ ਠਾਨਤਿ।
ਸ਼ੱਤ੍ਰੂ ਕੇ ਘਰ ਸ਼ਾਦੀ ਹੋਵੈ। ਮੁਝ ਤੇ ਅਬਹਿ ਤ੍ਰਾਸ ਕੋ ਖੋਵੈ॥ ੮॥

ਬਾਦਸ਼ਾਹ ਦੀ ਸਾਰੀ ਸਭਾ ਮੈਂ ਆਪਣੀ ਜਾਣਦਾ ਸੀ, ਇਸ ਨੂੰ ਬੈਠਾ ਵੇਖ ਮੇਰਾ ਕੋਈ ਬੁਰਾ ਨਹੀਂ ਸੀ ਕਰ ਸਕਦਾ। ਦੁਸ਼ਮਣ ਦੇ ਘਰ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ, ਮੈਥੋਂ ਹੁਣ ਕੌਣ ਡਰੇਗਾ ?॥ ੮॥

ਅਪਨੀ ਅਜ਼ਮਤਿ ਨਰਨ ਜਨਾਵੈ। ਕਹਿ ਕਹਿ ਸੰਗਤਿ ਤੇ ਪੁਜਵਾਵੈ।
ਤਿਸ ਕੋ ਸੁਤ ਲੇ ਗੁਰਤਾ ਗਾਦੀ। ਮਨ ਭਾਵਤਿ ਲਖਿ ਠਾਨਹਿ ਸ਼ਾਦੀ॥ ੯॥

ਮਨੁੱਖ ਨੂੰ ਆਪਣੀ ਕਰਾਮਾਤ ਦਰਸਾਉਂਦੇ ਹਨ ਅਤੇ ਸੰਗਤ ਨੂੰ ਕਹਿ ਕਹਿ ਕੇ ਪੂਜਾ ਕਰਵਾਉਂਦੇ ਹਨ। ਉਸ ਦਾ ਪੁੱਤਰ ਗੁਰਤਾ-ਗੱਦੀ ਲਵੇਗਾ। ਮਨ-ਭਾਉਂਦੀ ਜਾਣ ਕੇ ਖੁਸ਼ੀਆਂ ਮਨਾਉਂਦੇ ਹਨ॥ ੯॥

ਮਿਹਰਵਾਨ ਮਮ ਸੁਤ ਕਯਾ ਕਰੈ। ਹੇਰਿ ਸ਼ਰੀਕਨਿ ਕੋ ਦੁਖ ਭਰੈ।
ਬਿਪਦਾ ਪਰੀ ਆਨਿ ਕਰਿ ਮੋਹੀ। ਅਬਿ ਮਮ ਕੌਨ ਆਸਰੋ ਹੋਹੀ॥ ੧੦॥

ਮੇਰਾ ਪੁੱਤ੍ਰ ਮਿਹਰਵਾਨ ਕੀ ਕਰੇਗਾ, ਸ਼ਰੀਕਾਂ ਨੂੰ ਵੇਖ ਕੇ ਦੁਖੀ ਹੋਵੇਗਾ। ਮੇਰੇ ਉਤੇ ਆ ਕੇ ਬਿਪਤਾ ਪੈ ਗਈ ਹੈ, ਹੁਣ ਮੇਰਾ ਕੌਣ ਆਸਰਾ ਬਣੇਗਾ ?॥ ੧੦॥

ਨਹੀਂ ਸ਼ਰੀਰਨਿ ਕੋ ਬਿੱਸ੍ਵਾਸ। ਸੁਲਹੀ ਸਮ ਛਿਨ ਮਹਿਂ ਹੁਇ ਨਾਸ਼।
ਮੁਝ ਪਾਛੇ ਸੁਤ ਹੋਇ ਇਕੇਲਾ। ਕਿਸ ਕੇ ਰਹੈ ਅਲੰਬ ਸੁਹੇਲਾ॥ ੧੧॥

ਸਰੀਰਾਂ ਦਾ ਕੋਈ ਵਿਸ਼ਵਾਸ ਨਹੀਂ, ਸੁਲਹੀ ਵਰਗਾ ਬੰਦਾ ਕੁਝ ਪੱਲਾਂ ਵਿਚ ਨਾਸ਼ ਹੋ ਗਿਆ। ਮੇਰੇ ਬਾਅਦ ਮੇਰਾ ਪੁੱਤਰ ਇਕੱਲਾ ਰਹਿ ਜਾਵੇਗਾ, ਕੌਣ ਇਸ ਦਾ ਆਸਰਾ ਅਤੇ ਮਿੱਤਰ ਬਣੇਗਾ॥ ੧੧॥

ਅਪਰ ਉਪਾਇ ਬਨਤਿ ਨਹਿਂ ਕੋਈ। ਇਕ ਚੰਦੂ ਅਰਜਨ ਰਿਪੁ ਹੋਈ।
ਤਿਸ ਦਿਵਾਨ ਸੌਂ ਕੌਨ ਮਿਲਾਵੈ। ਕਹਿ ਗੁਰ, ਮੇਰੋ ਸੁਜਸੁ ਸੁਨਾਵੈ॥ ੧੨॥

ਹੋਰ ਕੋਈ ਉਪਾਅ ਬਣਦਾ ਨਹੀਂ ਹੈ, ਇਕ ਚੰਦੂ ਸ੍ਰੀ ਅਰਜਨ ਦਾ ਦੁਸ਼ਮਣ ਹੈ। ਉਸ ਦੀਵਾਨ ਨਾਲ ਮੈਨੂੰ ਕੌਣ ਮਿਲਾਵੇਗਾ ਜਿਹੜਾ ਮੈਨੂੰ ਗੁਰੂ ਕਹਿ ਕੇ ਮੇਰਾ ਸ੍ਰੇਸ਼ਟ ਜੱਸ ਸੁਣਾਵੇ॥ ੧੨॥

ਜਿਸ ਤੇ ਅਦਬ ਸਾਥ ਮੁਹਿ ਮਿਲੇ। ਕਰੌਂ ਚਿਨਾਰੀ ਦਿੱਲੀ ਚਲੇ।
ਤਿਸ ਕੋ ਲੇ ਅਲੰਬ ਮੈ ਰਹੌਂ। ਅਨੁਜ ਸੰਘਾਰਨਿ ਕੀ ਬਿਧਿ ਕਹੌਂ॥ ੧੩॥

ਜਿਸ ਕਾਰਨ ਉਹ ਮੈਨੂੰ ਬੜੇ ਆਦਰ ਨਾਲ ਮਿਲੇ, ਦਿੱਲੀ ਜਾ ਕੇ ਉਸ ਦੀ ਪਹਿਚਾਣ ਕਰਦਾ ਹਾਂ, ਉਸ ਦਾ ਆਸਰਾ ਲੈ ਕੇ ਮੈਂ ਰਹਾਂਗਾ ਅਤੇ ਛੋਟੇ ਭਰਾ ਨੂੰ ਮਾਰਨ ਦੀਆਂ ਵਿਧੀਆਂ ਕਹਾਂਗਾ॥ ੧੩॥

ਇੱਤਜਾਦਿਕ ਨਿਤ ਗਣੀ ਗਿਨੰਤਾ। ਸਿਮਰਿ ਸਿਮਰਿ ਸੁਲਹੀ ਪਛੁਤੰਤਾ।
ਅਬਿ ਗਮਨਤਿ ਹੀ ਰਿਪੁ ਗਹਿ ਲੇਤੋ। ਕਰਿ ਕੈ ਕੈਦ ਮਾਰਿ ਪੁਨ ਦੇਤੋ॥੧੪॥

ਇਤਿਆਦਿ ਨਿਤ ਗਿਣਤੀਆਂ ਗਿਣਦਾ ਰਹਿੰਦਾ ਸੀ, ਸੁਲਹੀ ਨੂੰ ਯਾਦ ਕਰ ਕਰ ਕੇ ਪਛੁਤਾਉਂਦਾ ਰਹਿੰਦਾ ਸੀ। ਹੁਣ ਜਾਂਦਿਆਂ ਹੀ ਉਸ ਨੇ ਦੁਸ਼ਮਣ ਨੂੰ ਫੜ ਲੈਣਾ ਸੀ, ਕੈਦ ਕਰਕੇ ਬਾਅਦ ਵਿਚ ਮਾਰ ਦੇਣਾ ਸੀ॥ ੧੪॥

ਸੋ ਨਹਿਂ ਭਯੋ ਆਪ ਮਰਿ ਗਯੋ। ਭਾਵੀ ਆਇ ਅਚਾਨਕ ਹਯੋ।
ਉਤ ਚੰਦੂ ਦੁਖੀਆ ਪਛੁਤਾਵੈ। ਦੇਖਹਿ ਸੁਤਾ ਬਦਨ ਮੁਰਝਾਵੈ॥ ੧੫॥

ਪਰ ਉਹ ਇਸ ਤਰ੍ਹਾਂ ਨਾ ਕਰ ਸਕਿਆ, ਉਲਟਾ ਆਪ ਹੀ ਮਰ ਗਿਆ, ਭਾਵੀ ਨੇ ਅਚਾਨਕ ਹੀ ਆ ਕੇ ਮਾਰ ਦਿੱਤਾ। ਓਧਰ ਚੰਦੂ ਪਛਤਾ ਕੇ ਬੜਾ ਦੁਖੀ ਹੁੰਦਾ ਸੀ, ਆਪਣੀ ਪੁੱਤਰੀ ਨੂੰ ਵੇਖ ਕੇ ਉਸ ਦਾ ਚਿਹਰਾ ਮੁਰਝਾ ਰਿਹਾ ਸੀ॥ ੧੫॥

ਇਤਨੇ ਮਹਿਂ ਸੁਧਿ ਕਿਸੇ ਸੁਨਾਈ। 'ਹਰਿ ਗੁਵਿੰਦ ਲਿਯ ਬਯਾਹ ਕਿਥਾਂਈ।
ਦਰਬ ਬ੍ਰਿੰਦ ਖਰਚਯੋ ਤਿਹ ਸਮੇ। ਚਹੁੰ ਦਿਸ਼ਿ ਕੇ ਨਰ ਅਨਗਨ ਨਮੈ'॥੧੬॥

ਏਨੇ ਵਿਚ ਕਿਸੇ ਨੇ ਇਹ ਖਬਰ ਸੁਣਾਈ, "ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਨੂੰ ਕਿਸੇ ਹੋਰ ਥਾਂ ਵਿਆਹ ਲਿਆ ਹੈ। ਉਸ ਸਮੇਂ ਬਹੁਤ ਧਨ ਖਰਚਿਆ ਹੈ। ਚਾਰੇ ਪਾਸਿਆਂ ਦੇ ਅਣਗਿਣਤ ਲੋਕ ਉਸ ਨੂੰ ਨਮਸਕਾਰ ਕਰਦੇ ਹਨ॥ ੧੬॥

ਸੁਨਤਿ ਮਨੋ ਕਿਨ ਬਰਛੀ ਮਾਰੀ। ਮੁਖ ਅਛਾਦ ਪੌਢਯੋ ਤਿਸ ਬਾਰੀ।
ਚਿਤਵਤਿ ਤਨਿਯਾ ਰਹੀ ਕੁਮਾਰੀ। ਜਾਤਿ ਬਿਖੈ ਪਤਿ ਗਈ ਹਮਾਰੀ॥ ੧੭॥

ਇਹ ਗੱਲ ਸੁਣਦਿਆਂ ਹੀ ਮਾਨੋ ਕਿਸੇ ਨੇ ਬਰਛੀ ਮਾਰੀ ਹੋਵੇ, ਉਸੇ ਵੇਲੇ ਮੂੰਹ ਬੰਦ ਹੋ ਗਿਆ ਤੇ ਲੇਟ ਗਿਆ। ਇਹ ਸੋਚਣ ਲੱਗਾ ਕਿ ਮੇਰੀ ਲੜਕੀ ਸਾਰੀ ਉਮਰ ਕੰਵਾਰੀ ਰਹੇਗੀ। ਜਾਤ ਵਿਚ ਪੱਤ ਵੀ ਜਾਂਦੀ ਰਹੀ ਹੈ॥ ੧੭॥

ਨਾਤਾ ਹਟਯੋ ਨ ਲੈਹੈ ਕੋਈ। ਮੁਸ਼ਕਲ ਆਨਿ ਮੋਹਿ ਕਹੁ ਹੋਈ।
ਤਨੀਆ ਦੁਖ ਦੇਖਨਿ ਤੇ ਆਛੋ। ਪ੍ਰਾਨ ਹਾਨ ਅਪਨੇ ਕੋ ਬਾਂਛੋਂ॥ ੧੮॥

ਛੱਡੇ ਹੋਏ ਰਿਸ਼ਤੇ ਨੂੰ ਫਿਰ ਕੋਈ ਨਹੀਂ ਲੈਂਦਾ ਹੈ, ਇਹ ਮੈਨੂੰ ਬਹੁਤ ਵੱਡੀ ਮੁਸ਼ਕਲ ਆ ਬਣੀ ਹੈ। ਪੁੱਤਰੀ ਦਾ ਦੁੱਖ ਵੇਖਣ ਨਾਲੋਂ ਇਹ ਚੰਗਾ ਹੈ ਕਿ ਆਪਣੇ ਪ੍ਰਾਣ ਨਾਸ਼ ਕਰਨੇ ਹੀ ਠੀਕ ਸਮਝੋ॥ ੧੮॥

ਧਿਕ ਜੀਵਨ ਮੇਰੋ ਜਗ ਮਾਂਹੀ। ਜਿਸ ਤਨੀਆ ਪਤਿ ਪ੍ਰਾਪਤਿ ਨਾਂਹੀ।
ਨਾਤਾ ਫੇਰਯੋ ਰਹਯੋ ਸੁਖਾਰੋ। ਸੋ ਮੁਝ ਤੇ ਨਹਿਂ ਗਯੋ ਸੰਘਾਰੋ॥ ੧੯॥

ਇਸ ਜਗਤ ਵਿਚ ਮੇਰਾ ਜੀਉਣਾ ਧਿਰਕਾਰ ਹੈ, ਜਿਸ ਦੀ ਪੁੱਤਰੀ ਨੂੰ ਪਤੀ ਹੀ ਪ੍ਰਾਪਤ ਨਹੀਂ ਹੋਵੇਗਾ। ਪਰ ਉਹ [illegible]॥ ੧੯॥

ਸ਼ਾਹੁ ਦਿਵਾਨ ਹੁਕਮ ਮਮ ਚਲੈ। ਲੋਕ ਹਜ਼ਾਰੋਂ ਮੋਕਹੁ ਮਿਲੈਂ।
ਜਿਸ ਨੇ ਤ੍ਰਾਸ ਤਨਕ ਨਹੀਂ ਮਾਨਾ। ਮੈਂ ਨ ਤਿਦਾਰਕ ਤਿਸ ਸੌਂ ਠਾਨਾ ॥੨੦॥

ਮੈਂ ਬਾਦਸ਼ਾਹ ਦਾ ਦੀਵਾਨ ਹਾਂ, ਸਾਰੇ ਮੇਰਾ ਹੁਕਮ ਚਲਦਾ ਹੈ, ਹਜ਼ਾਰਾਂ ਲੋਕ ਆ ਕੇ ਮੈਨੂੰ ਮਿਲਦੇ ਹਨ। ਉਸ ਮੇਰਾ ਰਤੀ ਭਰ ਵੀ ਡਰ ਨਹੀਂ ਮੰਨਿਆ ਹੈ, ਮੈਂ ਉਸ ਦਾ ਕੋਈ ਪ੍ਰਬੰਧ ਨਹੀਂ ਕੀਤਾ ਹੈ॥ ੨੦॥

ਪ੍ਰਿਥੀਆ ਭ੍ਰਾਤ ਬਡੇਰੋ ਅਹੈ। ਕੋਠੇ ਗ੍ਰਾਮ ਸੁਨਯੋ ਸੋ ਰਹੈ।
ਲਿਖਯੋ ਪਟਾ ਮੈਂ, ਦੀਨੋ ਜਬੈ। ਤਿਸ ਕੋ ਤ੍ਰਾਸਦ ਲਿਖਿ ਹੌਂ ਅਬੈਂ ॥ ੨੧ ॥

ਪ੍ਰਿਥੀਆ ਉਸ ਦਾ ਵੱਡਾ ਭਰਾ ਹੈ, ਇਹ ਸੁਣਿਆ ਹੈ ਕਿ ਉਹ ਕੋਠੇ ਨਾਮੀਂ ਪਿੰਡ ਵਿਚ ਰਹਿੰਦਾ ਹੈ, ਜਦ ਉਹ ਪਿੰਡ ਉਸ ਨੂੰ ਦਿੱਤਾ ਗਿਆ ਸੀ ਤਾਂ ਉਸ ਦਾ ਪਟਾ ਮੈਂ ਲਿਖਿਆ ਸੀ, ਉਸ ਨੂੰ ਹੁਣੇ ਲਿਖ ਕੇ ਡਰਾਉਂਦਾ ਹਾਂ॥ ੨੧॥

ਅਨੁਜ ਆਪਨੇ ਕੋ ਸਮੁਝਾਵੈ। ਨਾਂਹਿ ਤ ਕੋਠਾ ਗ੍ਰਾਮ ਛਿਨਾਵੈ।
ਦੇਉਂ ਬਿਗਾਰ ਕਾਰ ਮੈਂ ਸਾਰੇ। ਸਹਤ ਕੁਟੰਬ ਗਹੌਂ ਦੁਖ ਭਾਰੇ॥ ੨੨ ॥

ਆਪਣੇ ਛੋਟੇ ਭਰਾ ਨੂੰ ਸਮਝਾਵੇ, ਨਹੀਂ ਤਾਂ ਕੋਠਾ ਪਿੰਡ ਖੁਹਾ ਲਵੇਗਾ। ਮੈਂ ਉਸ ਦਾ ਸਾਰਾ ਕਾਰੋਬਾਰ ਵਿਗਾੜ ਦੇਵਾਂਗਾ, ਸਾਰੇ ਪਰਿਵਾਰ ਸਹਿਤ ਭਾਰੀ ਦੁੱਖ ਦੇ ਕੇ ਫੜ ਲਵਾਂਗਾ ॥ ੨੨॥

ਨਿਰਭੈ ਕੀਨਿ ਅਨਾਦਰ ਮੋਰਾ। ਕਹਿ ਸ ਕਠੋਰ ਬਿੱਪ੍ਰ ਕੋ ਮੋਰਾ।
ਲਿਖੀ ਪੱਤ੍ਰਿਕਾ ਅਪਨੋ ਜੋਰਾ। 'ਅਬਿ ਲਗਿ ਕਹੌਂ ਹਾਥ ਮੈ ਜੋਰਾ॥ ੨੩ ॥

ਨਿਰਭੈ ਹੋ ਕੇ ਮੇਰਾ ਅਨਾਦਰ ਕੀਤਾ ਹੈ, ਮੇਰੇ ਬ੍ਰਾਹਮਣ ਨੂੰ ਕਠੋਰ ਸ਼ਬਦ ਕਹਿ ਕੇ ਵਾਪਸ ਮੋੜਿਆ ਹੈ। ਆਪਣੀ ਤਾਕਤ ਪ੍ਰਗਟ ਕਰਕੇ ਚਿੱਠੀ ਲਿਖੀ, "ਹੁਣ ਤਕ ਮੈਂ ਹੱਥ ਜੋੜ ਕੇ ਕਹਿੰਦਾ ਰਿਹਾ ਹਾਂ॥ ੨੩॥

ਨਾਤਾ ਮੋਰ ਸੁਤਾ ਨਹਿੰ ਮੋਰਿ। ਯਾਂ ਤੇ ਕਹੌਂ ਨਿਹੋਰ ਨਿਹੋਰ।
ਅਬਿ ਲਗਿ ਮੈਂ ਕੁਛ ਨਹਿੰ ਨ ਬਿਗਾਰਾ। ਹੋਵੈਗੋ ਸਨਬੰਧ ਬਿਚਾਰਾ ॥ ੨੪ ॥

ਮੇਰੀ ਪੁੱਤਰੀ ਦਾ ਰਿਸ਼ਤਾ ਨਾ ਮੋੜੋ, ਇਸ ਕਰਕੇ ਬੇਨਤੀ ਕਰਕੇ ਕਹਿੰਦਾ ਰਿਹਾ ਹਾਂ। ਹੁਣ ਤਕ ਮੈਂ ਤੇਰਾ ਕੁਝ ਨਹੀਂ ਵਿਗਾੜਿਆ, ਇਹ ਹੀ ਸੋਚਦਾ ਰਿਹਾ ਹਾਂ ਕਿ ਕਿਵੇਂ ਸੰਬੰਧ ਜੁੜ ਜਾਵੇ" ॥ ੨੪॥

ਇੱਤਜਾਦਿਕ ਲਿਖਿ ਕਰਿ ਪਠਿ ਪਾਤੀ। ਨਿਸ ਦਿਨ ਦੁਖ ਤੇ ਸੁਲਗਤਿ ਛਾਤੀ।
ਚਲਿ ਦਿੱਲੀ ਤੇ ਤਬਿ ਹਲਕਾਰਾ। ਆਯਹੁ ਕੋਠੇ ਗਰਾਮ ਮਝਾਰਾ॥ ੨੫ ॥

ਇਤਿਆਦਿ ਚਿੱਠੀ ਦੇ ਵਿਚ ਲਿਖਿਆ, ਦਿਨ ਰਾਤ ਦੁੱਖ ਨਾਲ ਛਾਤੀ ਧੁੱਖਦੀ ਰਹਿੰਦੀ ਸੀ। ਫਿਰ ਚੰਦੂ ਦਾ ਇਕ ਹਲਕਾਰਾ ਦਿੱਲੀ ਤੋਂ ਚੱਲ ਕੇ ਕੋਠੇ ਪਿੰਡ ਵਿਚ ਆ ਗਿਆ॥ ੨੫॥

ਪ੍ਰਿਥੀਆ ਬੈਠਯੋ ਜਾਇ ਨਿਹਾਰਯੋ। ਹੁਤੇ ਪੱਤ੍ਰ ਤਿਸ ਆਗੇ ਡਾਰਯੋ।
ਪਠਿ ਕੈ ਹਰਖ ਕਸ਼ਟ ਜੁਗ ਧਾਰੇ। ਪੁਨਿਹ ਬਾਕ ਭਾਖੇ ਹਲਕਾਰੇ॥ ੨੬ ॥

ਜਿਥੇ ਪ੍ਰਿਥੀਆ ਬੈਠਾ ਵੇਖਿਆ, ਹਲਕਾਰੇ ਪਾਸ ਜਿਹੜੀ ਚਿੱਠੀ ਸੀ, ਉਹ ਪ੍ਰਿਥੀਏ ਦੇ ਅੱਗੇ ਧਰ ਦਿੱਤੀ। ਪੜ੍ਹ ਕੇ ਖੁਸ਼ੀ ਅਤੇ ਕਸ਼ਟ ਦੋਵੇਂ ਧਾਰਨ ਕੀਤੇ, ਫਿਰ ਹਲਕਾਰੇ ਨੇ ਕਿਹਾ॥ ੨੬॥

'ਤੁਮ ਕਿਮ ਬੈਠਿ ਰਹੇ ਸੁਖ ਮਾਨੇ?। ਸ਼ਾਹੁ ਦਿਵਾਨ ਬੈਰਿ ਕੋ ਠਾਨੇ।
ਨਹਿੰ ਅਪਨੋ ਤੁਮ ਜੀਵਨਿ ਚਾਹਾ। ਜਿਸਕੋ ਹੁਕਮ ਦੇਸ਼ ਕੇ ਮਾਹਾਂ॥ ੨੭ ॥

"ਤੁਸੀਂ ਕਿਵੇਂ ਸੁਖ ਮੰਨ ਕੇ ਬੈਠੇ ਹੋ? ਬਾਦਸ਼ਾਹ ਦੇ ਦੀਵਾਨ ਨਾਲ ਵੈਰ ਪਾਲਦੇ ਹੋ, ਤੁਸੀਂ ਆਪਣਾ ਜੀਵਨ ਨਹੀਂ ਜਾਣਦੇ ਹੋ, ਜਿਸ ਦਾ ਹੁਕਮ ਸਾਰੇ ਦੇਸ਼ ਵਿਚ ਚਲਦਾ ਹੈ॥ ੨੭॥

ਸੁਪਤੇ ਕਿਮ ਨਿਚਿੰਤ ਹਠਿ ਕਰਿ ਕੈ। ਝੋਰੀ ਮਹਿਂ ਬਿਖਧਰ ਕੋ ਧਰਿ ਕੈ।
ਅਬਿ ਲਗਿ ਲਖੈ ਸਬੰਧ ਬਨੈ ਹੈ। ਨਤੁ ਪਤਿਸ਼ਾਹੁ ਸੁਨਾਇ ਗਹੈ ਹੈ॥ ੨੮॥

ਕਿਵੇਂ ਨਿਚਿੰਤ ਹਠ ਕਰਕੇ ਸੁੱਤੇ ਹੋ ਅਤੇ ਆਪਣੀ ਝੋਲੀ ਵਿਚ ਸੱਪ ਪਾ ਕੇ ਬੈਠੇ ਹੋ, ਹੁਣ ਤਕ ਇਹ ਵੇਖਿਆ ਸੀ ਕਿ ਸੰਬੰਧ ਬਣ ਜਾਣਗੇ, ਨਹੀਂ ਤਾਂ ਬਾਦਸ਼ਾਹ ਨੂੰ ਦੱਸ ਕੇ ਫੜਵਾ ਦੇਵੇਗਾ॥ ੨੮॥

ਕਿਸ ਕੇ ਬਲ ਅਲੰਬ ਕੋ ਲੀਏ। ਬੈਠੇ ਬਿਨਾ ਤ੍ਰਾਸ ਕਰਿ ਹੀਏ'।
ਸੁਨਿ ਪ੍ਰਿਥੀਏ ਡਰੁ ਕੀਨਿ ਘਨੇਰਾ। ਬਿਗਰ ਨ ਜਾਇ ਅਨੁਜ ਸੰਗ ਮੇਰਾ॥੨੯॥

ਕਿਸ ਦਾ ਆਸਰਾ ਲੈ ਕੇ ਇਹ ਬਲ ਧਾਰਨ ਕੀਤਾ ਹੈ, ਹਿਰਦੇ ਵਿਚ ਕਿਸੇ ਦਾ ਡਰ ਮੰਨਣ ਤੋਂ ਬਗੈਰ ਬੈਠੇ ਹੋ।" ਇਹ ਸੁਣ ਪ੍ਰਿਥੀਆ ਬਹੁਤ ਡਰ ਗਿਆ ਕਿ ਛੋਟੇ ਭਰਾ ਪਿਛੇ ਮੇਰੇ ਨਾਲ ਵੀ ਚੰਦੂ ਦੀ ਨਾ ਵਿਗੜ ਜਾਵੇ॥ ੨੯॥

ਮੈਂ ਅਤਿ ਬੁਰਾ ਕੀਨਿ ਬਿਲਮਾਯੋ। ਅਪਨਿ ਦ੍ਵੈਸ਼ ਕੋ ਨਹੀਂ ਲਖਾਯੋ।
ਭ੍ਰਾਤਾ ਜਾਨਿ ਗਹੈ ਜਬਿ ਆਈ। ਪਤਿ ਬਿਗਰੇ ਕਜਾ ਬਨਹਿ ਉਪਾਈ॥ ੩੦॥

ਮੈਂ ਬਹੁਤ ਬੁਰਾ ਕੀਤਾ ਹੈ ਕਿ ਏਨੀ ਦੇਰ ਲਾਈ ਹੈ, ਭਰਾ ਨਾਲ ਆਪਣੇ ਵੈਰ ਬਾਰੇ ਨਹੀਂ ਦੱਸਿਆ ਹੈ। ਜਦ ਗੁਰੂ ਅਰਜਨ ਦੇਵ ਦਾ ਭਾਈ ਜਾਣ ਕੇ ਮੈਨੂੰ ਆ ਕੇ ਫੜ ਲੈਣਗੇ ਤਾਂ ਪੱਤ ਖਰਾਬ ਹੋਵੇਗੀ ਤੇ ਕੋਈ ਉਪਾਅ ਵੀ ਨਹੀਂ ਹੋਵੇਗਾ॥ ੩੦॥

ਚੰਦੂ ਸੰਗ ਬੈਰ ਤਿਸ ਕੇਰਾ। ਇਸ ਮਹਿਂ ਭਲਾ ਭਯੋ ਅਤਿ ਮੇਰਾ।
ਤਊ ਜਨਾਏ ਬਿਨ ਨਿਜ ਦ੍ਵੈਖ। ਮੋ ਕਹੁ ਬੁਰਾ ਬਨਹਿ ਸੁ ਵਿਸ਼ੇਖ॥ ੩੧॥

ਚੰਦੂ ਨਾਲ ਉਸ ਦਾ ਵੈਰ ਹੈ, ਇਸ ਵਿਚ ਮੇਰਾ ਹੀ ਅਤਿ ਭਲਾ ਹੈ। ਆਪਣੇ ਭਰਾ ਨਾਲ ਵੈਰ ਜਿਤਾਏ ਬਗੈਰ, ਮੇਰੇ ਨਾਲ ਬਹੁਤ ਬੁਰੀ ਹੋਵੇਗੀ॥ ੩੧॥

ਇਮ ਬਿਚਾਰ ਚਾਰ ਜੁ ਸਨਮਾਨਾ। ਦੀਨ ਬਾਕ ਤਿਹ ਸਾਥ ਬਖਾਨਾ।
'ਜਿਨ ਚੰਦੂ ਕੇ ਸੰਗ ਬਿਗਾਰੀ। ਸੋ ਤੌ ਮੋਰ ਸ਼ੱਤ੍ਰ ਹੈ ਭਾਰੀ॥ ੩੨॥

ਇਸ ਤਰ੍ਹਾਂ ਵਿਚਾਰ ਕੇ ਹਲਕਾਰੇ ਦਾ ਬੜਾ ਸਨਮਾਨ ਕੀਤਾ, ਬੜਾ ਗਰੀਬ ਮਸਕੀਨ ਹੋ ਕੇ ਉਸ ਨੂੰ ਕਹਿਣ ਲੱਗਾ, "ਜਿਸ ਨੇ ਚੰਦੂ ਦੇ ਨਾਲ ਵਿਗਾੜੀ ਹੈ, ਉਹ ਮੇਰਾ ਵੱਡਾ ਦੁਸ਼ਮਣ ਹੈ॥ ੩੨॥

ਜੇ ਤਿਹ ਸੰਗ ਕਰਨਿ ਕੁਛ ਚਾਹੋ। ਬਨੌਂ ਸਹਾਇਕ ਸਦਾ ਉਮਾਹੋਂ।
ਮੋਕਹੁ ਇਸ਼ਟ ਹਤਨਿ ਤਿਸ ਕੇਰਾ। ਇਸ ਬਿਧਿ ਦੇਹੁ ਸੰਦੇਸਾ ਮੇਰਾ॥ ੩੩॥

ਜੇ ਉਸ ਨਾਲ ਕੁਝ ਕਰਨਾ ਚਾਹੁੰਦੇ ਹੋ, ਤਾਂ ਮੈਂ ਬੜੇ ਉਤਸ਼ਾਹ ਨਾਲ ਤੁਹਾਡਾ ਸਹਾਇਕ ਬਣਾਂਗਾ, ਉਸ ਨੂੰ ਮਾਰਨਾ, ਮੇਰੇ ਮਨ ਦੀ ਮੁਰਾਦ ਹੈ, ਚੰਦੂ ਨੂੰ ਇਸ ਪ੍ਰਕਾਰ ਮੇਰਾ ਸੰਦੇਸ਼ਾ ਦੇਵੋ॥ ੩੩॥

ਜਿਸ ਦਿਨ ਗਹਹੁ ਕਿ ਮਾਰਊ ਤਾਂਹਿ। ਉਤਸਵ ਕਰੌਂ ਅਪਨਿ ਘਰ ਮਾਂਹਿ।
ਮੈਂ ਚਾਹਤਿ ਹੌਂ ਨਿਤਪ੍ਰਤਿ ਮਾਰਾ। ਨਹੀਂ ਪਰੰਤੁ ਚਲਹਿ ਮਮ ਚਾਰਾ॥ ੩੪॥

ਜਿਸ ਦਿਨ ਉਸਨੂੰ ਫੜੋ ਜਾਂ ਮਾਰੋ, ਉਸ ਦਿਨ ਮੈਂ ਆਪਣੇ ਘਰ ਉਤਸਵ ਮਨਾਵਾਂਗਾ। ਮੈਂ ਸਦਾ ਹੀ ਉਸਨੂੰ ਮਾਰਨਾ ਚਾਹੁੰਦਾ ਹਾਂ, ਪਰ ਮੇਰਾ ਕੋਈ ਚਾਰਾ ਹੀ ਨਹੀਂ ਚਲਦਾ॥ ੩੪॥

ਮੈਂ ਪਿਤ ਕੋ ਸੁਤ ਅਹੌਂ ਬਡੇਰਾ। ਸਭਿ ਤੇ ਲਘੁ ਸੋ ਲਖਹੁ ਖੁਟੇਰਾ।
ਬਲ ਛਲ ਕਰਿ ਸਭਿ ਵਸਤੁ ਸੰਭਾਰੀ। ਬਨਿ ਬੈਠਯੋ ਆਪੇ ਅਧਿਕਾਰੀ॥ ੩੫॥

ਮੈਂ ਆਪਣੇ ਪਿਤਾ ਜੀ ਦਾ ਵੱਡਾ ਪੁੱਤਰ ਹਾਂ, ਸਭ ਤੋਂ ਛੋਟਾ ਹੋ ਕੇ ਉਸ ਨੂੰ ਸਭ ਤੋਂ ਖੋਟਾ ਸਮਝੋ। ਵਲ ਛਲ ਕਰਕੇ ਉਸ ਸਭ ਵਸਤਾਂ ਸੰਭਾਲ ਲਈਆਂ ਹਨ ਅਤੇ ਆਪ ਮਾਲਕ ਬਣ ਕੇ ਬੈਠ ਗਿਆ ਹੈ॥ ੩੫॥

ਚਹੁੰ ਦਿਸ਼ ਕੇ ਨਰ ਦਰਬ ਚਢਾਵੈਂ। ਭਯੋ ਧਨੀ ਬਹੁ, ਉਰ ਗਰਬਾਵੈ।
ਛੀਨ ਲੀਨਿ ਮੇਰੋ ਅਧਿਕਾਰਾ। ਪਿਤ ਪੁਰਿ ਤੇ ਕਹਿ ਵਹਿਰ ਨਿਕਾਰਾ॥ ੩੬॥

ਚਾਰੇ ਪਾਸਿਆਂ ਦੇ ਲੋਕ ਆ ਕੇ ਧਨ ਚੜ੍ਹਾਉਂਦੇ ਹਨ, ਬਹੁਤ ਧਨੀ ਹੋਣ ਕਰਕੇ, ਹਿਰਦੇ ਵਿਚ ਬੜਾ ਹੰਕਾਰ ਕਰਦਾ ਹੈ। ਮੇਰਾ ਅਧਿਕਾਰ ਉਸ ਖੋਹ ਲਿਆ ਹੈ ਅਤੇ ਪਿਤਾ ਜੀ ਦੀ ਨਗਰੀ ਵਿਚੋਂ ਮੈਨੂੰ ਬਾਹਰ ਕੱਢ ਦਿੱਤਾ ਹੈ॥ ੩੬॥

ਤੁਮ ਸਮ ਨੇ ਮੁਹਿ ਸ਼ਾਹੁ ਮਿਲਾਵਾ। ਏਕ ਗ੍ਰਾਮ ਤਬਿ ਤਿਸ ਤੇ ਪਾਵਾ।
ਸਾਥ ਗਰੀਬੀ ਕਰੌਂ ਗੁਜ਼ਾਰਾ। ਲਖਿ ਮੁਝ ਅਪਨੋ ਕੀਜਹਿ ਪਜਾਰਾ॥ ੩੭॥

ਤੁਹਾਡੇ ਵਰਗੇ ਇਕ ਸਖੀ ਨੇ ਮੈਨੂੰ ਬਾਦਸ਼ਾਹ ਨਾਲ ਮਿਲਾਇਆ, ਇਕ ਪਿੰਡ ਮੈਂ ਬਾਦਸ਼ਾਹ ਪਾਸੋਂ ਲਿਆ ਹੈ। ਮੈਂ ਬੜੀ ਗਰੀਬੀ ਨਾਲ ਗੁਜ਼ਾਰਾ ਕਰ ਰਿਹਾ ਹਾਂ। ਇਹ ਸਮਝ ਕੇ ਮੈਨੂੰ ਆਪਣਾ ਪਿਆਰਾ ਬਣਾ ਲਵੋ॥ ੩੭॥

ਹਮ ਤੋ ਤੁਮਰੇ ਨਿਤ ਅਨੁਸਾਰੇ। ਤਿਹ ਭ੍ਰਾਤਾ ਲਖਿ ਦਿਹੁ ਨ ਬਿਗਾਰੇ।
ਮਿਹਰਵਾਨਗੀ ਹਮ ਪਰ ਕਰੀਏ। ਨਿਜ ਸ਼ੱਤ੍ਰੂ ਕੋ ਪਕਰਿ ਸੰਘਰੀਏ'॥ ੩੮॥

ਅਸੀਂ ਸਦਾ ਤੁਹਾਡੇ ਆਗਿਆਕਾਰੀ ਹਾਂ, ਉਸ ਨੂੰ ਮੇਰਾ ਭਰਾ ਸਮਝ ਕੇ ਮੇਰੇ ਨਾਲ ਨਾ ਵਿਗਾੜੋ। ਮੇਰੇ ਉਤੇ ਇਹ ਮਿਹਰਬਾਨੀ ਕਰੋ, ਆਪਣੇ ਦੁਸ਼ਮਣ ਨੂੰ ਫੜ ਕੇ ਮਾਰ ਦੇਵੋ'॥ ੩੮॥

ਇੱਤਜਾਦਿਕ ਲਿਖਿ ਕੈ, ਹਲਕਾਰੇ। ਕੁਛੁਕ ਦਰਬ ਦੇ ਆਦਰ ਧਾਰੇ।
ਖਾਨ ਪਾਨ ਆਛੇ ਕਰਿਵਾਇ। ਗੁਰੂ ਦ੍ਵੈਸ਼ ਕੋ ਬਹੁ ਸਮੁਝਾਇ॥ ੩੯॥

ਇਤਿਆਦਿ ਲਿਖ ਕੇ ਹਲਕਾਰੇ ਨੂੰ ਚਿੱਠੀ ਦੇ ਦਿੱਤੀ ਅਤੇ ਬੜਾ ਆਦਰ ਕਰਕੇ ਉਸ ਨੂੰ ਕੁਝ ਧਨ ਵੀ ਦਿੱਤਾ। ਰੋਟੀ ਪਾਣੀ ਚੰਗਾ ਖੁਆਇਆ, ਅਤੇ ਗੁਰੂ ਜੀ ਦੇ ਵੈਰ ਬਾਰੇ ਬਹੁਤ ਸਮਝਾਇਆ॥ ੩੯॥

ਚਾਰ ਬਿਸਰਜਨ ਕਰਜੋ ਅਨੰਦੇ। ਜਾਨਜੋ ਅਬਿ ਹ੍ਵੈ ਕਾਜ ਬਿਲੰਦੇ।
ਜਥਾ ਅਚਾਨਕ ਸੁਲਹੀ ਮਰਜੋ। ਤਥਾ ਕਾਜ ਮਮ ਗੁਰੂ ਸੁਧਰਜੋ॥ ੪੦॥

ਫਿਰ ਬੜੇ ਅਨੰਦ ਪ੍ਰਸੰਨ ਹੋ ਕੇ ਹਲਕਾਰੇ ਨੂੰ ਵਿਦਾ ਕੀਤਾ, ਇਹ ਜਾਣ ਗਿਆ ਕਿ ਹੁਣ ਮੇਰੇ ਸਾਰੇ ਕੰਮ ਪੂਰੇ ਹੋ ਜਾਣੇ ਹਨ। ਜਿਵੇਂ ਅਚਾਨਕ ਸੁਲਹੀ ਮਰ ਗਿਆ ਹੈ, ਉਸ ਤਰ੍ਹਾਂ ਹੀ ਗੁਰੂ ਜੀ ਨੇ ਮੇਰਾ ਕਾਰਜ ਸਵਾਰ ਦਿੱਤਾ ਹੈ॥ ੪੦॥

ਹਰਖ ਕਰਤਿ ਚਿਤਵਤਿ ਨਿਤ ਐਸੇ। ਚੰਦੂ ਬਿਗਰਿ ਗਹੈ ਗੁਰ ਜੈਸੇ।
ਦਿੱਲੀ ਬਰਜੋ ਜਾਇ ਹਲਕਾਰਾ। ਪਾਤੀ ਦੇਤਿ ਬ੍ਰਿਤਾਂਤ ਉਚਾਰਾ॥ ੪੧॥

ਬੜਾ ਖੁਸ਼ ਹੋ ਕੇ ਸਦਾ ਹੀ ਇਸ ਤਰ੍ਹਾਂ ਸੋਚਦਾ ਰਹਿੰਦਾ ਸੀ, ਚੰਦੂ ਵਿਗੜ ਕੇ ਜਿਵੇਂ ਗੁਰੂ ਜੀ ਨੂੰ ਫੜ ਲਵੇਗਾ। ਹਲਕਾਰਾ ਦਿੱਲੀ ਪਹੁੰਚ ਗਿਆ, ਚਿੱਠੀ ਦੇ ਕੇ ਸਾਰਾ ਹਾਲ ਸੁਣਾਇਆ॥ ੪੧॥

'ਅਨੁਜ ਸਾਥ ਸੋ ਬੈਰ ਧਰੰਤਾ। ਪ੍ਰਾਨ ਹਾਨ ਲੋ ਜਤਨ ਕਰੰਤਾ।
ਸੁਲਹੀ ਤੇ ਚਾਹਤਿ ਗਹਿਵਾਯੋ। ਸੋ ਮਰਿ ਕਰਿ ਜਮ ਧਾਮ ਸਿਧਾਯੋ॥ ੪੨॥

"ਆਪਣੇ ਛੋਟੇ ਭਰਾ ਨਾਲ ਉਹ ਬੜਾ ਵੈਰ ਰਖਦਾ ਹੈ, ਸਦਾ ਹੀ ਉਸਦੇ ਪ੍ਰਾਣ ਲੈਣ ਦੇ ਯਤਨ ਕਰਦਾ ਰਹਿੰਦਾ ਹੈ। ਸੁਲਹੀ ਨੂੰ ਫੜਵਾਉਣਾ ਚਾਹੁੰਦਾ ਸੀ, ਪਰ ਉਹ ਮਰ ਕੇ ਜਮਾਂ ਦੇ ਘਰ ਪਹੁੰਚ ਗਿਆ ਹੈ॥ ੪੨॥

ਅਬਿ ਬਾਂਛਤਿ ਉਰ, ਹਤਹਿ ਦਿਵਾਨ। ਮੋ ਸਮੀਪ ਬਹੁ ਬਾਰ ਬਖਾਨ।
ਮੇਲਿ ਚਹਤਿ ਹੈ ਰਾਵਰਿ ਸੰਗ। ਕਰਹਿ ਜਤਨ ਗਹਿਬੇ ਗੁਰ ਅੰਗ॥ ੪੩॥

ਹੁਣ ਹਿਰਦੇ ਵਿਚ ਚਾਹੁੰਦਾ ਹੈ ਕਿ ਦੀਵਾਨ ਉਸ ਨੂੰ ਮਾਰ ਦੇਵੇ, ਮੇਰੇ ਪਾਸ ਬਹੁਤ ਵਾਰ ਕਿਹਾ ਹੈ, ਆਪ ਜੀ ਦੇ ਨਾਲ ਮੇਲ ਮਿਲਾਪ ਕਰਨਾ ਚਾਹੁੰਦਾ ਹੈ, ਬੜਾ ਯਤਨ ਕਰਦਾ ਹੈ ਕਿ ਕਿਸੇ ਤਰ੍ਹਾਂ ਗੁਰੂ ਜੀ ਦਾ ਸਰੀਰ ਫੜ ਲਵੇ॥ ੪੩॥

Sri Satguru Jagjit Singh Ji eLlibrary NamdhariElibrary@gmail.com

ਆਪ ਹਕਾਰੋ ਤੂਰਨ ਆਵੈ। ਅਨਿਕ ਭਾਂਤਿ ਕੀ ਘਾਤ ਬਤਾਵੈ।
ਤੁਮਕੋ ਹੁਇ ਸੁਖੈਨ ਗਹਿ ਲੈਨੋ। ਚਹਹੁ ਸਜਾਇ ਕਰਹੁ ਤਬਿ ਦੇਨੋ॥ ੪੪ ॥

ਤੁਸੀਂ ਬੁਲਾਉਗੇ ਤਾਂ ਤੁਰੰਤ ਆਵੇਗਾ, ਅਨੇਕਾਂ ਪ੍ਰਕਾਰ ਦੇ ਤੁਹਾਨੂੰ ਵਲ ਛਲ ਦੱਸੇਗਾ, ਤੁਹਾਡੇ ਵਾਸਤੇ ਫਿਰ ਫੜ ਲੈਣਾ ਬਹੁਤ ਸੌਖਾ ਹੋ ਜਾਵੇਗਾ, ਫਿਰ ਜਿਹੜੀ ਸਜ਼ਾ ਦੇਣੀ ਚਾਹੋ, ਉਹ ਹੀ ਦੇਵੋ॥ ੪੪ ॥

ਕੈ ਕੰਨਜਾਂ ਕੋ ਲੇਹੈ ਨਾਤਾ। ਕੈ ਮਾਨਹਿ ਨਿਜ ਪ੍ਰਾਨਨਿ ਘਾਤਾ।
ਕਰਹੁ ਜਤਨ ਰਹਿ ਆਵਹਿ ਲਾਜਾ। ਸੁਧਰਹਿ ਨੀਕੇ ਬਿਗਰਜੋ ਕਾਜਾ॥ ੪੫ ॥

ਜਾਂ ਕੰਨਿਆਂ ਦਾ ਰਿਸ਼ਤਾ ਲੈ ਲਵੇ ਜਾਂ ਆਪਣੇ ਪ੍ਰਾਣਾਂ ਦਾ ਘਾਤ ਕਰਨਾ ਮੰਨ ਲਵੇ। ਯਤਨ ਕਰੋ, ਜਿਸ ਤਰ੍ਹਾਂ ਕਿ ਲਾਜ ਰਹਿ ਆਵੇ, ਵਿਗੜਿਆ ਕਾਰਜ ਚੰਗੀ ਤਰ੍ਹਾਂ ਸੁਧਰ ਜਾਵੇ'॥ ੪੫ ॥

ਸੁਨਿ ਕਰਿ ਚੰਦੂ ਹਰਖਤਿ ਹੋਵਾ। ਲੇਉਂ ਬੈਰ ਸਹਿਜੇ ਤਬਿ ਜੋਵਾ।
ਜੇ ਰਿਪੁ ਘਰ ਮਹਿਂ ਭੇਦ ਪਰੰਤਾ। ਤੌ ਸੁਖੇਨ ਹੀ ਕਾਜ ਬਨੰਤਾ॥ ੪੬ ॥

ਇਹ ਸੁਣ ਕੇ ਚੰਦੂ ਬਹੁਤ ਪ੍ਰਸੰਨ ਹੋਇਆ, ਮੈਂ ਤਾਂ ਸਹਿਜੇ ਹੀ ਵੈਰ ਲੈ ਲਵਾਂਗਾ। ਜੇ ਦੁਸ਼ਮਣ ਦੇ ਘਰ ਫੁੱਟ ਪੈ ਜਾਵੇ ਤਾਂ ਸੌਖੇ ਹੀ ਕਾਰਜ ਬਣ ਜਾਂਦਾ ਹੈ॥ ੪੬ ॥

ਜਥਾ ਅਸ੍ਰੂ ਨਿਕਸਹਿਂ ਚਖਦ੍ਵਾਰੇ। ਅੰਤਰ ਦੂਖ ਲਖਿਯਤਿ ਬਿਧਿ ਸਾਰੇ।
ਤਜੋਂ ਰਿਪੁ ਕੋ ਸਭਿ ਭੇਦ ਬਤਾਵੈ। ਭ੍ਰਾਤਾ ਫਟਿ ਕਰਿ ਜੇ ਮਿਲਿ ਜਾਵੈ॥ ੪੭ ॥

ਜਿਵੇਂ ਜਦ ਅੱਖਾਂ ਰਾਹੀਂ ਅੱਥਰੂ ਨਿਕਲਣ ਤਾਂ ਦਿਲ ਦਾ ਸਾਰਾ ਦੁਖ ਵੇਖ ਲਈਦਾ ਹੈ, ਇਸ ਤਰ੍ਹਾਂ ਜੇ ਫੁਟ ਪੈ ਜਾਣ ਤੇ ਭਰਾ ਮਿਲ ਜਾਵੇ ਤਾਂ ਦੁਸ਼ਮਣ ਦੇ ਸਾਰੇ ਭੇਦ ਦੱਸ ਦਿੰਦਾ ਹੈ॥ ੪੭ ॥

ਕਹਿਨ ਸ਼ਾਹੁ ਸੌਂ ਬਨੈ ਬਹਾਨੋ। ਭ੍ਰਾਤ ਪੁਕਾਰੂ ਦੁਖੀ ਮਹਾਨੋ।
ਯਾਂਤੇ ਅਬਿ ਬੁਲਾਇ ਕਰਿ ਤੂਰਨ। ਕਰੋਂ ਮਨੋਰਥ ਅਪਨੋ ਪੂਰਨ॥ ੪੮ ॥

ਬਾਦਸ਼ਾਹ ਨੂੰ ਕਹਿਣ ਦਾ ਬਹਾਨਾ ਮਿਲ ਜਾਵੇਗਾ, ਭਰਾ ਬਹੁਤ ਦੁਖੀ ਹੋ ਕੇ ਪੁਕਾਰ ਕਰੇਗਾ, ਇਸ ਕਰਕੇ ਹੁਣ ਛੇਤੀ ਬੁਲਾ ਕੇ ਆਪਣਾ ਮਨੋਰਥ ਪੂਰਾ ਕਰਾਂਗਾ॥ ੪੮ ॥

*ਚੌਥੀ ਰਾਸ ਦਾ ਉਨੀਂਵਾਂ ਅਧਿਆਇ ਸਮਾਪਤ ਹੋਇਆ॥ ੧੯ ॥*

## *ਅਧਿਆਇ ਵੀਹਵਾਂ*

### *ਚੰਦੂ ਨਾਲ ਪ੍ਰਿਥੀਏ ਦਾ ਮੇਲ*

ਦੋਹਰਾ-ਲਿਖੀ ਪੱਤ੍ਰਿਕਾ ਤਬਿ ਭਲੇ ਅਪਨਿ ਜਨਾਯਹੁ ਪਯਾਰ।
'ਆਵਹੁ ਮੋਹਿ ਸਮੀਪ ਅਬਿ, ਦ੍ਵੈਸ਼ ਜਿ ਇਸੀ ਪ੍ਰਕਾਰ॥ ੧ ॥

ਚੰਦੂ ਨੇ ਫਿਰ ਪ੍ਰਿਥੀਏ ਨੂੰ ਚਿੱਠੀ ਲਿਖੀ ਤੇ ਆਪਣਾ ਭਲਾ ਪਿਆਰ ਜਿਤਾਇਆ ਤੇ ਕਿਹਾ, "ਹੁਣ ਮੇਰੇ ਪਾਸ ਆਵੋ ਜੇ ਦੁਸ਼ਮਣੀ ਇਸ ਪਕਾਰ ਦੀ ਹੈ॥ ੧ ॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਰਚੌਂ ਜਤਨ ਮਿਲਿ ਸੰਗ ਤੁਮਾਰੇ। ਗਹਿ ਲੈਹੌਂ ਤਤਛਿਨ ਤਿਸ ਮਾਰੇ।
ਮੈਂ ਜਿ ਸਹਾਯਕ ਹੋਯਹੁ ਤੇਰਾ। ਬਨੈ ਕਾਜ, ਤਜਿ ਕਸ਼ਟ ਬਡੇਰਾ' ॥ ੨ ॥

ਤੁਹਾਡੇ ਨਾਲ ਰਹਿ ਕੇ ਯਤਨ ਕਰਾਂਗਾ ਤੇ ਤੁਰਤ ਹੀ ਉਸ ਨੂੰ ਫੜ ਲਵਾਂਗਾ। ਜੇ ਮੈਨੂੰ ਤੇਰੀ ਸਹਾਇਤਾ ਪ੍ਰਾਪਤ ਹੋਵੇਗੀ ਤਾਂ ਸਾਰੇ ਵੱਡੇ ਕਸ਼ਟ ਛੱਡ ਕੇ ਕਾਰਜ ਬਣ ਜਾਵੇਗਾ॥ ੨ ॥

ਇੱਤਜਾਦਿਕ ਲਿਖਿ ਚਾਰ ਪਠਾਵਾ। 'ਮਿਲਹੁ ਆਨਿ, ਕਹੁ, ਜਿਮ ਗਹਿ ਜਾਵਾ'।
ਪੰਥ ਉਲੰਘਤਿ ਕੋਠੇ ਆਯੋ। ਮਿਲਿ ਪ੍ਰਿਥੀਏ ਸੋਂ ਸਕਲ ਸੁਨਾਯੋ॥ ੩ ॥

ਇਤਿਆਦਿ ਲਿਖ ਕੇ ਹਲਕਾਰੇ ਨੂੰ ਭੇਜ ਦਿੱਤਾ, "ਆ ਕੇ ਮਿਲੋ ਤੇ ਦੱਸੋ ਜਿਵੇਂ ਫੜਿਆ ਜਾ ਸਕੇ।" ਸਾਰਾ ਪੈਂਡਾ ਮੁਕਾ ਕੇ, ਹਲਕਾਰਾ ਕੋਠੇ ਪਿੰਡ ਵਿਚ ਪਹੁੰਚ ਗਿਆ, ਪ੍ਰਿਥੀਏ ਨੂੰ ਮਿਲ ਕੇ ਸਭ ਕੁਝ ਸੁਣਾਇਆ॥ ੩ ॥

'ਤੁਵ ਦਿਸ਼ਿ ਤੇ ਮੈਂ ਬਹੁ ਸਮੁਝਾਯੋ। ਸੁਨਿ ਹਰਖਜੋ ਅਬਿ ਨਿਕਟ ਬੁਲਾਯੋ।
ਮਿਲਹੁ, ਦੁਹਨਿ ਕੋ ਸੁਧਰੈ ਕਾਜੂ। ਉਠੋ ਚਰਨ ਧਰਿ ਮਗ ਮਹਿਂ ਆਜੂ ॥੪ ॥

ਹਲਕਾਰੇ ਨੇਂ ਕਿਹਾ, "ਤੁਹਾਡੇ ਵਲੋਂ ਮੈਂ ਬਹੁਤ ਸਮਝਾਇਆ, ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਹੁਣ ਆਪਣੇ ਪਾਸ ਬੁਲਾਇਆ ਹੈ। ਉਨ੍ਹਾਂ ਨੂੰ ਜਾ ਕੇ ਮਿਲੋ, ਜਿਸ ਨਾਲ ਦੋਹਾਂ ਦਾ ਕਾਰਜ ਸੁਧਰ ਜਾਵੇ, ਹੁਣ ਅੱਜ ਹੀ ਉੱਠ ਕੇ ਰਾਹੇ ਰਾਹ ਚਲ ਪਵੋ॥ ੪ ॥

ਨਹਿਂ ਬੂਝੋ ਪਾਂਧਾ ਚਲਿ ਪਰੀਅਹਿ। ਅਪਨਿ ਮਨੋਰਥ ਪੂਰਨ ਕਰੀਅਹਿ'।
ਸੁਨਿ ਪ੍ਰਿਥੀਏ ਨਹਿਂ ਬਿਲਮ ਲਗਾਈ। ਬੜਵਾ ਪਰ ਕਾਠੀ ਬੰਧਵਾਈ ॥੫ ॥

ਹੁਣ ਕਿਸੇ ਪਾਂਧੇ ਨੂੰ ਨਾ ਪੁਛੋ ਤੇ ਛੇਤੀ ਚਲ ਪਵੋ ਤੇ ਆਪਣਾ ਮਨੋਰਥ ਪੂਰਾ ਕਰੋ।" ਇਹ ਸੁਣ ਕੇ ਪ੍ਰਿਥੀਏ ਕੋਈ ਦੇਰ ਨਾ ਲਾਈ, ਝੱਟ ਘੋੜੀ ਉਤੇ ਕਾਠੀ ਪਵਾ ਲਈ॥ ੫ ॥

ਮਿਹਰਵਾਨ ਸੋਂ ਕਰਿ ਕਰਿ ਪਜਾਰੂ। ਛੋਰਜੋ ਕਰਿ ਚੌਕਸ ਪਰਵਾਰੂ।
'ਅਬਿ ਕੇ ਜਾਇ ਲੇਯ ਹੌਂ ਗਾਦੀ। ਸ਼ਾਹੁ ਦਿਵਾਨ ਭਯੋ ਬਹੁ ਬਾਦੀ' ॥੬ ॥

ਮਿਹਰਵਾਨ ਨਾਲ ਬੜਾ ਪਿਆਰ ਕਰਕੇ, ਪਰਿਵਾਰ ਨੂੰ ਚੌਕਸ ਕਰਕੇ ਛੱਡ ਦਿੱਤਾ ਅਤੇ ਕਿਹਾ, "ਇਸ ਵਾਰ ਜਾ ਕੇ ਮੈਂ ਗੁਰਗੱਦੀ ਲਵਾਂਗਾ, ਬਾਦਸ਼ਾਹ ਦਾ ਦੀਵਾਨ ਗੁਰੂ ਅਰਜਨ ਦੇਵ ਦਾ ਵੱਡਾ ਵੈਰੀ ਬਣਿਆ ਹੈ" ॥ ੬ ॥

ਕਹਿ ਇੱਤਜਾਦਿਕ ਕਰਮੇ ਸੰਗ। ਧੀਰਜ ਦੇ ਕਰਿ ਚਲਜੋ ਉਮੰਗ।
ਚਲੈ ਦੂਰ ਮਗ ਬਾਸੁਰ ਸਾਰੇ। ਨਿਸ ਮਹਿਂ ਬਸੈ ਕੁਕਰਮ ਚਿਤਾਰੇ॥ ੭ ॥

ਇਤਿਆਦਿ ਗੱਲਾਂ ਕਰਮੋਂ ਨੂੰ ਕਹਿ ਕੇ ਅਤੇ ਧੀਰਜ ਦੇ ਕੇ ਬੜੇ ਚਾਅ ਨਾਲ ਚਲ ਪਿਆ। ਦਿਨ ਸਮੇਂ ਰਸਤੇ ਵਿਚ ਬਹੁਤ ਦੂਰ ਤਕ ਚਲਦਾ ਹੈ, ਰਾਤ ਨੂੰ ਠਹਿਰ ਕੇ ਕੁਕਰਮਾਂ ਬਾਰੇ ਸੋਚਦਾ ਹੈ॥ ੭ ॥

ਥੋਰਨਿ ਦਿਨ ਮਹਿਂ ਦਿੱਲੀ ਗਯੋ। ਪ੍ਰਵਿਸ਼ਜੋ ਕਿਤ ਨਿਵੇਸ ਕਰਿ ਦਯੋ।
ਪਠਜੋ ਦਾਸ ਤਬਿ ਚੰਦੂ ਪਾਸ। 'ਆਯੋ ਮੈਂ ਉਰ ਧਰੇ ਹੁਲਾਸ' ॥ ੮ ॥

ਥੋੜੇ ਦਿਨਾਂ ਵਿਚ ਦਿੱਲੀ ਪਹੁੰਚ ਗਿਆ, ਸ਼ਹਿਰ ਵਿਚ ਦਾਖਲ ਹੋ ਕੇ ਕਿਤੇ ਠਹਿਰ ਗਿਆ। ਫਿਰ ਇਕ ਦਾਸ ਨੂੰ ਚੰਦੂ ਪਾਸ ਭੇਜਿਆ, "ਮੈਂ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਆਇਆ ਹਾਂ" ॥ ੮ ॥

ਸੁਨਿ ਸੁਧ ਕੋ ਨਿਜ ਨਿਕਟ ਬੁਲਾਯੋ। ਜਾਇ ਦਾਸ ਨੇ ਤਬੈ ਸੁਨਾਯੋ।
'ਗਮਨਹੁ ਤੁਰਤ, ਕਾਜ ਬਨਿ ਆਯੋ। ਸੁਨਿ ਪ੍ਰਿਥੀਆ ਮਨ ਮਹਿਂ ਹਰਖਾਯੋ ॥੯ ॥

ਜਦ ਚੰਦੂ ਨੂੰ ਪਤਾ ਲੱਗਾ ਤਾਂ ਉਸ ਨੂੰ ਆਪਣੇ ਪਾਸ ਬੁਲਾ ਲਿਆ, ਦਾਸ ਨੇ ਉਸ ਵੇਲੇ ਜਾ ਕੇ ਸੁਣਾਇਆ, "ਛੇਤੀ ਚਲੇ ਜਾਵੋ, ਕਾਰਜ ਬਣ ਗਿਆ ਹੈ।" ਇਹ ਸੁਣ ਕੇ ਪ੍ਰਿਥੀਆ ਮਨ ਵਿਚ ਬਹੁਤ ਪ੍ਰਸੰਨ ਹੋਇਆ॥੯ ॥

Sri Satguru Jagjit Singh Ji eLlibrary NamdhariElibrary@gmail.com

ਸੂਖਮ ਬਹੁ ਪਾਲਨਿ ਕੋ ਜਾਮਾ। ਪਹਿਰ ਪਾਗ ਬਾਂਧੀ ਅਭਿਰਾਮਾ।
ਪੁਨ ਚੰਦੂ ਕੇ ਦੈਬੇ ਹੇਤ। ਜਿਮ ਸਿਰਪਾਉ ਗੁਰੂ ਸਿਖ ਦੇਤਿ॥ ੧੦॥

ਪ੍ਰਿਥੀਏ ਨੇ ਉਸੇ ਵੇਲੇ ਬਹੁਤ ਪੱਲਿਆਂ ਵਾਲਾ ਬ੍ਰੀਕ ਜਾਮਾ ਪਾਇਆ, ਫਿਰ ਬੜੀ ਸੁੰਦਰ ਪੱਗੜੀ ਬੱਧੀ, ਫਿਰ ਚੰਦੂ ਨੂੰ ਭੇਟ ਦੇਣ ਵਾਸਤੇ, ਜਿਵੇਂ ਗੁਰੂ ਜੀ ਸਿੱਖਾਂ ਨੂੰ ਸਿਰੋਪੇ ਦਿੰਦੇ ਹਨ॥ ੧੦॥

ਅਧਿਕ ਮੋਲ ਕੀ ਪਾਗ ਮੰਗਾਈ। ਜਰੀ ਛੋਰ ਦ੍ਵੈ ਬਹੁਤਿ ਲਗਾਈ।
ਤੈਸੇ ਲਿਯੋ ਦੁਕੂਲ ਅਛੇਰਾ। ਤਿਸ ਹਿਤ ਖਰਚਯੋ ਮੋਲ ਬਡੇਰਾ॥ ੧੧॥

ਬੜੀ ਕੀਮਤੀ ਪੱਗੜੀ ਮੰਗਵਾਈ, ਜਿਸ ਦੇ ਦੋਹਾਂ ਪੱਲਿਆਂ ਤੇ ਜ਼ਰੀ ਬਹੁਤ ਲੱਗੀ ਹੋਈ ਸੀ। ਉਸ ਤਰ੍ਹਾਂ ਦਾ ਹੀ ਇਕ ਸੁੰਦਰ ਦੁਪੱਟਾ ਲਿਆ। ਚੰਦੂ ਵਾਸਤੇ ਬਹੁਤ ਪੈਸੇ ਖਰਚ ਕੀਤੇ॥ ੧੧॥

ਦਾਸ ਪਾਸ ਤੇ ਸੋ ਉਚਵਾਏ। ਅਪਰ ਬਸਤ੍ਰ ਤੇ ਲੀਨਿ ਦੁਰਾਏ।
ਕਛੁਕ ਸੰਗ ਨਰ ਪਹੁੰਚਯੋ ਜਾਈ 'ਆਵਤਿ ਹੈ' ਸੁਧਿ ਅੱਗ੍ਰ ਪਠਾਈ॥ ੧੨॥

ਸਾਰੀਆਂ ਵਸਤਾਂ ਦਾਸ ਨੂੰ ਚੁਕਾ ਦਿੱਤੀਆਂ, ਹੋਰ ਬਸਤਰਾਂ ਤੋਂ ਲੁਕਾ ਲਈਆਂ। ਕੁਝ ਮਨੁੱਖ ਪਹਿਲਾਂ ਪਹੁੰਚ ਗਏ, ਜਿਨ੍ਹਾਂ ਜਾ ਕੇ ਪਹਿਲਾਂ ਖ਼ਬਰ ਕਰ ਦਿੱਤੀ, "ਆ ਰਹੇ ਹਨ"॥ ੧੨॥

ਖਰੋ ਭਯੋ ਚੰਦੂ ਜਬਿ ਹੇਰਾ। ਮਿਲੇ ਭੁਜਨਿ ਭਰਿ ਜੁਗ ਤਿਸ ਬੇਰਾ।
ਪੁਨ ਬੈਠੇ ਇਕ ਆਸਨ ਦੋਊ। ਦੇਖਿ ਪਰਸਪਰਿ ਹਰਖਤਿ ਸੋਊ॥ ੧੩॥

ਜਦ ਚੰਦੂ ਅੱਗੇ ਖਲੋਤੇ ਨੂੰ ਵੇਖਿਆ ਤੇ ਦੋਵੇਂ ਬਾਹਾਂ ਭਰ ਕੇ ਇਕ ਦੂਸਰੇ ਨੂੰ ਜੱਫੀ ਪਾ ਕੇ ਮਿਲੇ। ਫਿਰ ਦੋਵੇਂ ਇਕ ਆਸਣ ਤੇ ਬੈਠ ਗਏ, ਇਕ ਦੂਸਰੇ ਨੂੰ ਵੇਖ ਕੇ ਆਪਸ ਵਿਚ ਪ੍ਰਸੰਨ ਹੋ ਰਹੇ ਸਨ॥ ੧੩॥

ਪ੍ਰਥਮ ਪ੍ਰਿਥੀਏ ਪ੍ਰਿਥਕ ਕਰਨਿ ਕੀ। ਕਹੀ ਬਾਰਤਾ ਜਥਾ ਗੁਰਨਿ ਕੀ।
'ਮੈਂ ਜੇਸ਼ਟ ਸੁਤ ਬੈਠੋ ਰਹਿਓ। ਬਲ ਛਲ ਤੇ ਗੁਰਤਾ ਪਦ ਲਹਿਓ॥ ੧੪॥

ਸਭ ਤੋਂ ਪਹਿਲਾਂ ਪ੍ਰਿਥੀਏ ਨੇ ਆਪਣੇ ਆਪ ਨੂੰ ਗੁਰਿਆਈ-ਗੱਦੀ ਤੋਂ ਵੱਖ ਕਰਨ ਦੀ ਗੱਲ ਕਹੀ, "ਮੈਂ ਵੱਡਾ ਪੁੱਤਰ ਬੈਠਾ ਰਹਿ ਗਿਆ, ਵਲ-ਛਲ ਕਰਕੇ ਉਹ ਗੁਰ-ਗੱਦੀ ਦੀ ਪਦਵੀ ਲੈ ਗਿਆ॥ ੧੪॥

ਹੁਤੇ ਨਾਨਕੇ ਗੋਇੰਦਵਾਲ। ਤਿਨ ਕੋ ਪੱਖੀ ਕੀਨਿ ਬਿਸਾਲ।
ਇਕ ਭੱਲਾ ਤਹਿਂ ਤੇ ਗੁਰਦਾਸ। ਸੋ ਲੇ ਲੇ ਸੰਗਤਿ ਤਿਸ ਪਾਸਿ॥ ੧੫॥

ਸਾਡੇ ਨਾਨਕੇ ਗੋਇੰਦਵਾਲ ਹਨ, ਉਨ੍ਹਾਂ ਨੇ ਉਸ ਦਾ ਬਹੁਤ ਪੱਖ ਪੂਰਿਆ ਹੈ। ਇਕ ਭਾਈ ਭੱਲਾ ਗੁਰਦਾਸ ਹੈ, ਉਹ ਉਸ ਪਾਸ ਸੰਗਤ ਲੈ ਲੈ ਕੇ ਜਾਂਦਾ ਸੀ॥ ੧੫॥

ਕਰੇ ਮਿਲਾਵਨਿ ਧਨ ਅਰਪਾਵੈ। ਕਹਿ ਕਹਿ ਮਹਿਮਾ ਅਧਿਕ ਬਧਾਵੈ।
ਦੇਸ਼ ਬਿਦੇਸ਼ਨਿ ਮਹਿਂ ਪ੍ਰਗਟਾਯੋ। ਧਨੀ ਹੋਇ ਕਰਿ ਗਰਬ ਬਢਾਯੋ॥ ੧੬॥

ਉਹ ਸਿੱਖਾਂ ਨੂੰ ਉਨ੍ਹਾਂ ਨਾਲ ਮਿਲਾਉਂਦਾ ਸੀ ਤੇ ਧਨ ਭੇਟ ਕਰਵਾਉਂਦਾ ਸੀ, ਤੇ ਕਹਿ ਕਹਿ ਕੇ ਉਸ ਦੀ ਮਹਿਮਾ ਬਹੁਤ ਵਧਾਉਂਦਾ ਸੀ। ਦੇਸ਼ਾਂ ਬਿਦੇਸ਼ਾਂ ਵਿਚ ਉਸ ਨੂੰ ਮਸ਼ਹੂਰ ਕਰ ਦਿੱਤਾ, ਉਸ ਨੂੰ ਧਨੀ ਬਣਾ ਕੇ ਉਸ ਦੇ ਘੁਮੰਡ ਨੂੰ ਵਧਾ ਦਿੱਤਾ ਹੈ॥ ੧੬॥

ਤੁਹਮਤਿ ਮੁਹਿ ਤੁਫਾਨ ਕੀ ਲਾਏ। ਪਿਤ ਪੁਰਿ ਬਸਤਿ ਹੁਤੇ ਨਿਕਸਾਏ।
ਸੁਲਹੀ ਹੁਤੋ ਸਹਾਇਕ ਮੇਰਾ। ਮਰਯੋ ਅਚਾਨਕ ਦੁਖਦ ਬਡੇਰਾ॥ ੧੭॥

ਮੇਰੇ ਉਤੇ ਬਹੁਤ ਵੱਡੀ ਤੁਹਮਤ ਲਾ ਦਿੱਤੀ, ਪਿਤਾ ਦੀ ਨਗਰੀ ਵਿਚ ਵੱਸਦਾ ਸੀ, ਉਸ ਵਿਚੋਂ ਬਾਹਰ ਕਢਵਾ ਦਿੱਤਾ। ਸੁਲਹੀ ਮੇਰਾ ਵੱਡਾ ਸਹਾਇਕ ਸੀ, ਉਹ ਅਚਾਨਕ ਮਰ ਗਿਆ, ਜਿਸ ਦਾ ਮੈਨੂੰ ਵੱਡਾ ਦੁੱਖ ਹੈ॥ ੧੭॥

ਅਬਿ ਅਲੰਬ ਮੈਂ ਗਹਜੋ ਤੁਹਾਰੋ। ਬਾਂਹ ਗਹੇ ਕੀ ਲਾਜ ਬਿਚਾਰੋ।
ਸੁਤ ਜੁਤ ਹਤਹੁ ਕਿ ਕੈਦ ਕਰੀਜੈ। ਨਾਤਾ ਫੇਰਨਿ ਕੋ ਫਲ ਦੀਜੈ॥ ੧੮॥

ਹੁਣ ਮੈਂ ਤੁਹਾਡਾ ਆਸਰਾ ਫੜਿਆ ਹੈ, ਬਾਹੋਂ ਫੜੇ ਦੀ ਹੁਣ ਲਾਜ ਰੱਖੋ। ਪੁੱਤਰ ਸਹਿਤ ਮਾਰ ਦੇਵੋ ਜਾਂ ਕੈਦ ਕਰ ਲਵੋ ਅਤੇ ਰਿਸ਼ਤਾ ਮੋੜਨ ਦਾ ਫਲ ਦੇਵੋ॥ ੧੮॥

ਗੁਰਤਾ ਗਾਦੀ ਮੈਂ ਅਧਿਕਾਰੀ। ਮੋਹਿ ਦਿਵਾਵਹੁ ਕਰੁਨਾ ਧਾਰੀ'।
ਸੁਨਿ ਚੰਦੂ ਨੈ ਧੀਰਜ ਦੀਨਿ। 'ਅਬਿ ਨ ਚਿੰਤ ਕਰਿ ਚੀਤ ਮਲੀਨ॥ ੧੯॥

ਗੁਰਤਾ ਗੱਦੀ ਦਾ ਮੈਂ ਹੱਕਦਾਰ ਹਾਂ, ਕਿਰਪਾ ਧਾਰਨ ਕਰਕੇ ਮੈਨੂੰ ਗੁਰਗੱਦੀ ਦਿਵਾਵੋ।" ਇਹ ਸੁਣ ਕੇ ਚੰਦੂ ਨੇ ਧੀਰਜ ਦਿੱਤਾ, "ਹੁਣ ਚਿੰਤਾ ਨਾਲ ਚਿੱਤ ਨੂੰ ਮੈਲਾ ਨਾ ਕਰੋ॥ ੧੯॥

ਮੇਰੇ ਸੰਗ ਬੈਰ ਨਹਿਂ ਬਾਧਾ। ਚਾਹਤਿ ਨਿਜ ਪ੍ਰਾਨਨਿ ਕੋ ਬਾਧਾ।
ਸਕਲ ਬਿਨਾਸੋਂ ਤਿਸ ਹੰਕਾਰਾ। ਕਾਰਾਗ੍ਰਿਹ ਮਹਿਂ ਪਰੈ ਦੁਖਾਰਾ॥ ੨੦॥

ਮੇਰੇ ਨਾਲ ਉਸ ਵੈਰ ਨਹੀਂ ਵਧਾਇਆ ਬਲਕਿ ਆਪਣੇ ਪ੍ਰਾਣਾਂ ਦਾ ਨਾਸ਼ ਕਰਵਾਉਣਾ ਚਾਹਿਆ ਹੈ। ਮੈਂ ਉਸ ਦੇ ਸਾਰੇ ਹੰਕਾਰ ਨੂੰ ਦੂਰ ਕਰਾਂਗਾ, ਕੈਦ ਵਿਚ ਪੈ ਕੇ ਦੁਖ ਝੱਲੇਗਾ॥ ੨੦॥

ਦਿਉਂ ਸਜਾਇ ਨਾਤਾ ਮਨਵਾਊਂ। ਤੌਂ ਚੰਦੂ ਮੈਂ ਨਾਮ ਕਹਾਊਂ।
ਕਰੌਂ ਦੀਨ ਦੁਖ ਤੇ ਸਭਿ ਭਾਂਤੀ। ਤਿਸ ਬਾਸੁਰ ਹੁਇ ਸੀਤਲ ਛਾਤੀ॥ ੨੧॥

ਉਸ ਨੂੰ ਸਜ਼ਾ ਦੇਵਾਂਗਾ ਤੇ ਰਿਸ਼ਤਾ ਮਨਵਾਵਾਂਗਾ, ਤਦ ਮੈਂ ਚੰਦੂ ਨਾਮ ਕਹਾਵਾਂਗਾ। ਸਭ ਪ੍ਰਕਾਰ ਦੇ ਦੁਖ ਦੇ ਕੇ ਦੀਨ ਕਰਾਂਗਾ, ਉਸ ਦਿਨ ਮੇਰੀ ਛਾਤੀ ਨੂੰ ਠੰਡ ਪਵੇਗੀ॥ ੨੧॥

ਜਾਤਿ ਬਿਖੈ ਪਤਿ ਮੋਰ ਬਿਗਾਰੀ। ਦੁਹਿਤਾ ਸਾਕ ਹਟਜੋ ਦੁਖ ਭਾਰੀ।
ਜਾਵਤਿ ਲਵਪੁਰਿ ਕੋ ਨਹਿਂ ਜਾਵਤਿ। ਤਾਵਤਿ ਸੁਖ, ਮੈਂ ਸਾਚ ਬਤਾਵਤਿ॥੨੨॥

ਮੇਰੀ ਜਾਤ ਵਿਚ ਉਸ ਮੇਰੀ ਇੱਜ਼ਤ ਵਿਗਾੜੀ ਹੈ, ਪੁੱਤਰੀ ਦਾ ਸਾਕ ਮੋੜਿਆ ਹੈ, ਜਿਸ ਨਾਲ ਭਾਰੀ ਦੁਖੀ ਹੋਇਆ ਹਾਂ। ਜਦ ਤਕ ਬਾਦਸ਼ਾਹ ਲਾਹੌਰ ਨਹੀਂ ਜਾਂਦਾ, ਤਦ ਤਕ ਸੁਖ ਹੈ, ਮੈਂ ਸੱਚ ਕਹਿੰਦਾ ਹਾਂ॥ ੨੨॥

ਅਬੈ ਸ਼ਾਹੁ ਕੋ ਦਿਉਂ ਉਪਦੇਸ਼। ਹੋਇ ਪ੍ਰਵੇਸ਼ ਸੁ ਮਾਝੇ ਦੇਸ਼।
ਤਹਾਂ ਜਾਇ ਕਰਿ ਜਤਨ ਬਨਾਵੌਂ। ਕਰਿ ਫਰੇਬ ਕੋ ਨਿਕਟ ਬੁਲਾਵੌਂ॥ ੨੩॥

ਹੁਣ ਮੈਂ ਬਾਦਸ਼ਾਹ ਨੂੰ ਮਸ਼ਵਰਾ ਦੇਵਾਂਗਾ ਤਾਂਕਿ ਉਹ ਮਾਝੇ ਦੇਸ਼ ਵਿਚ ਪ੍ਰਵੇਸ਼ ਕਰਨ। ਓਥੇ ਜਾ ਕੇ ਯਤਨ ਬਣਾਵਾਂਗਾ ਅਤੇ ਫਰੇਬ ਕਰਕੇ ਗੁਰੂ ਜੀ ਨੂੰ ਪਾਸ ਬੁਲਾਵਾਂਗਾ॥ ੨੩॥

ਏਕ ਬਾਰ ਨਿਜ ਘਰਿ ਮਹਿਂ ਬਾਰ। ਦੈ ਦੈ ਹੌਂ ਪੁਨ ਬਾਰ ਕਿਵਾਰਿ।
ਜਥਾ ਬਜਾਪ ਕੋ ਜਾਰ ਪਸਾਰ। ਕਰੈ ਫਸਾਵਨਿ ਬਿਹੰਗ ਉਦਾਰ॥ ੨੪॥

ਇਕ ਵਾਰ ਘਰ ਦੇ ਅੰਦਰ ਵਾੜ ਕੇ ਬੂਹੇ ਦੇ ਫਿਰ ਤਖਤੇ ਬੰਦ ਕਰ ਦੇਵਾਂਗਾ, ਜਿਵੇਂ ਕੋਈ ਸ਼ਿਕਾਰੀ ਜਾਲ ਫੈਲਾਉਂਦਾ ਹੈ ਤੇ ਬਹੁਤ ਪੰਛੀਆਂ ਨੂੰ ਫਸਾ ਲੈਂਦਾ ਹੈ॥ ੨੪॥

ਤਿਸ ਪਾਛੇ ਗੁਰਤਾ ਬਰ ਗਾਦੀ। ਪਹੁੰਚਹਿ ਤੋਹਿ ਕਰੋ ਨਿਤ ਸ਼ਾਦੀ।
ਰਹਜੋ ਪ੍ਰਤੀਖਤਿ ਏਤੋ ਸਮੈਂ। ਹਠਿ ਕੋ ਤਜਾਗਿ ਮੋਹਿ ਦਿਸਿ ਨਮੈਂ॥ ੨੫॥

ਉਸ ਤੋਂ ਬਾਅਦ ਗੁਰਤਾ ਦੀ ਗੱਦੀ ਤੇਰੇ ਪਾਸ ਪਹੁੰਚੇਗੀ, ਤੁਸੀਂ ਨਿਤ ਖੁਸ਼ੀਆਂ ਮਨਾਉਣੀਆਂ। ਉਸ ਸਮੇਂ ਦਾ ਇੰਤਜ਼ਾਰ ਕਰੋ, ਜਦ ਹੱਠ ਨੂੰ ਛੱਡ ਕੇ ਮੇਰੇ ਅੱਗੇ ਨਿਵੇਂਗਾ॥ ੨੫॥

ਨਾਂਹਿ ਤ ਅਬਿ ਲਗਿ ਮੈਂ ਗਹਿਵਾਵਤਿ। ਜਿਮ ਚਾਹਤਿ ਤਸ ਤੇ ਮਨਵਾਵਤਿ।
ਕੈ ਲੇ ਨਾਤਾ, ਕੈ ਦੇ ਪ੍ਰਾਨ। ਨਿਸ਼ਚੈ ਹੁਇ ਹੈ ਇਹੀ ਨਿਦਾਨ॥ ੨੬॥

ਨਹੀਂ ਤਾਂ ਮੈਂ ਹੁਣ ਤਕ ਫੜਵਾ ਦੇਣਾ ਸੀ, ਜਿਵੇਂ ਚਾਹੁੰਦਾ ਉਸ ਪਾਸੋਂ ਮੰਨਵਾ ਲੈਂਦਾ ਕਿ ਜਾਂ ਰਿਸ਼ਤਾ ਲਵੋ ਜਾਂ ਪ੍ਰਾਣ ਦੇ ਦੇਵੋ, ਅੰਤ ਨੂੰ ਇਹ ਗੱਲ ਨਿਸ਼ਚੇ ਹੋਵੇਗੀ" ॥ ੨੬॥

ਸੁਨਿ ਸੁਨਿ ਪ੍ਰਿਥੀਆ ਅੰਗ ਨ ਮਾਵੈ। ਕਰਿ ਅਨੰਦ ਚੰਦੂ ਬਡਿਆਵੈ।
'ਤੁਮ ਮਾਲਿਕ ਜਗ ਕੇ ਸਮਰੱਥ। ਬਖਸ਼ਨਿ ਹਤਨਿ ਨਰਨਿ ਬਿਚ ਹੱਥ' ॥੨੭॥

ਇਹ ਸੁਣ ਸੁਣ ਕੇ ਪ੍ਰਿਥੀਆ ਆਪਣੇ ਅੰਗਾਂ ਵਿਚ ਨਹੀਂ ਸੀ ਸਮਾਉਂਦਾ, ਬੜਾ ਅਨੰਦਿਤ ਹੋ ਕੇ ਚੰਦੂ ਦੀ ਵਡਿਆਈ ਕਰਦਾ ਸੀ, "ਤੁਸੀਂ ਸਰਬ ਸਮਰੱਥ ਤੇ ਜਗਤ ਦੇ ਮਾਲਕ ਹੋ, ਮਨੁੱਖਾਂ ਨੂੰ ਮਾਰਨਾ ਬਖਸ਼ਣਾ ਸਭ ਤੁਹਾਡੇ ਹੱਥ ਵਿਚ ਹੈ" ॥ ੨੭॥

ਇਮ ਬਕ ਸਮ ਅਘ ਚਿਤਵਤਿ ਦੋਊ। ਸਿਰੇਪਾਉ ਚਹਿ ਦੈਬੋ ਸੋਊ।
ਬਹੁਤ ਮੋਲ ਕੋ ਜਰੀ ਬਿਸਾਲਾ। 'ਗੁਰੁ ਘਰ ਕੋ ਲਿਹੁ ਰਹੋ ਸੁਖਾਲਾ' ॥ ੨੮॥

ਇਸ ਤਰ੍ਹਾਂ ਬਗਲੇ ਵਾਂਗ ਦੋਵੇਂ ਪਾਪ ਕਰਨ ਬਾਰੇ ਹੀ ਸੋਚਦੇ ਸਨ। ਪ੍ਰਿਥੀਆ ਚੰਦੂ ਨੂੰ ਸਿਰੋਪਾ ਦੇਣਾ ਚਾਹੁੰਦਾ ਸੀ। ਬਹੁਤ ਕੀਮਤੀ ਜਰੀ ਸੀ, ਹੱਥ ਵਿਚ ਫੜ ਕੇ ਚੰਦੂ ਨੂੰ ਕਹਿਣ ਲੱਗਾ, "ਗੁਰੂ ਘਰ ਦਾ ਇਹ ਸਿਰੋਪਾ ਲੈ ਕੇ ਸੁਖੀ ਰਹੋ" ॥ ੨੮॥

ਸਾਦਰ ਚੰਦੂ ਨੇ ਤਬਿ ਲੀਨਿ। ਸਿਰ ਪਰ ਧਰਿ ਕਰਿ ਆਨੰਦ ਕੀਨਿ।
ਦਰਬ ਮੰਗਾਇ ਅਰਪਨਾ ਕਰੇ। ਹਾਥ ਜੋਰਿ ਨੰਮ੍ਰਯੋ ਹਿਤ ਧਰੇ॥ ੨੯॥

ਚੰਦੂ ਨੇ ਸਿਰੋਪਾ ਬੜੇ ਅਦਬ ਨਾਲ ਲੈ ਲਿਆ ਤੇ ਉਸ ਸਿਰ ਉਤੇ ਧਰ ਕੇ ਬੜਾ ਅਨੰਦ ਲਿਆ। ਫਿਰ ਧਨ ਮੰਗਵਾ ਕੇ ਅਰਪਣ ਕੀਤਾ ਤੇ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਅੱਗੇ ਧਰ ਦਿੱਤਾ॥੨੯॥

ਪ੍ਰਿਥੀਏ ਨਿਸ਼ਚੈ ਕੀਨਸਿ ਤਬੈ। ਗੁਰਤਾ ਪ੍ਰਾਪਤਿ ਮੋਕੌ ਅਬੈ।
ਸੁਲਹੀ ਤੇ ਇਹ ਅਹੈ ਮਹਾਨ। ਮਾਲਿਕ ਮੁਲਕਨਿ ਸ਼ਾਹੁ ਦਿਵਾਨ॥ ੩੦॥

ਪ੍ਰਿਥੀਏ ਨੇ ਫਿਰ ਨਿਸ਼ਚਾ ਕਰ ਲਿਆ ਕਿ ਹੁਣ ਮੈਨੂੰ ਗੁਰਤਾ ਪ੍ਰਾਪਤ ਹੋ ਜਾਵੇਗੀ। ਸੁਲਹੀ ਨਾਲੋਂ ਇਹ ਕਿਤੇ ਮਹਾਨ ਹੈ, ਇਹ ਮੁਲਕਾਂ ਦੇ ਮਾਲਕ ਬਾਦਸ਼ਾਹ ਦਾ ਵਜ਼ੀਰ ਹੈ॥ ੩੦॥

ਕਰਜੋ ਸਖਾਪਨਿ ਸੁਖ ਕੋ ਪਾਏ। ਚਿਤਹਿ ਮਨੋਰਥ ਹੁਇ ਦੁਖਦਾਏ।
ਕੇਤਿਕ ਦਿਨ ਤਬਿ ਦਿੱਲੀ ਰਹਜੋ। ਨਿਤ ਚੰਦੂ ਮਿਲਿ ਹੁਇ ਹਿਤ ਲਹਜੋ॥੩੧॥

ਉਸ ਨੂੰ ਆਪਣਾ ਮਿੱਤਰ ਬਣਾ ਕੇ ਬੜਾ ਸੁਖੀ ਹੋਇਆ ਅਤੇ ਆਪਣੇ ਚਿੱਤ ਵਿਚ ਦੁਖਦਾਈ ਮਨੋਰਥ ਚਿਤਵਦਾ ਹੈ। ਕਈ ਦਿਨ ਫਿਰ ਦਿੱਲੀ ਵਿਚ ਰਿਹਾ, ਸਦਾ ਚੰਦੂ ਨੂੰ ਮਿਲ ਕੇ ਆਪਣੇ ਹਿਤ ਦੀ ਗੱਲ ਕਰਦਾ ਸੀ॥ ੩੧॥

ਸਦਨ ਜਾਨਿ ਕੋ ਪੁਨ ਚਿਤ ਚਾਹਾ। ਗਮਨਜੋ ਸ਼ਾਹੁ ਸਚਿਵ ਕੇ ਪਾਹਾ।
ਸਾਦਰ ਬੈਠੇ ਮਸਲਤਿ ਕਰੈਂ। ਸ੍ਰੀ ਅਰਜਨ ਸੰਗ ਅਘ ਕੋ ਧਰੈਂ॥ ੩੨॥

ਫਿਰ ਆਪਣੇ ਘਰ ਜਾਣ ਵਾਸਤੇ ਚਿੱਤ ਵਿਚ ਚਾਹਤ ਪੈਦਾ ਹੋਈ। ਬਾਦਸ਼ਾਹ ਦੇ ਦੀਵਾਨ ਭਾਵ ਚੰਦੂ ਦੇ ਪਾਸ ਗਿਆ। ਬੜੇ ਅਦਬ ਨਾਲ ਬੈਠੇ ਸਲਾਹਾਂ ਕਰ ਰਹੇ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਪਾਪ ਕਮਾਉਣ ਬਾਰੇ ਸੋਚਦੇ ਸਨ॥ ੩੨॥

Sri Satguru Jagjit Singh Ji eLlibrary NamdhariElibrary@gmail.com

'ਮੋਕਹੁ ਦੇਹੁ ਬਿਦਾ, ਘਰ ਜਾਵੌਂ। ਬੀਤਯੋ ਚਿਰ, ਕੁਟੰਬ ਸੁਧਿ ਪਾਵੌਂ।
ਰਹੌਂ ਪ੍ਰਤੀਖਤਿ ਪੰਥ ਤੁਮਾਰਾ। ਆਵਨਿ ਮਹਿਂ ਨਹਿਂ ਕਰਹੁ ਆਵਾਰਾ ॥ ੩੩ ॥

ਪ੍ਰਿਥੀਏ ਨੇ ਕਿਹਾ, "ਮੈਨੂੰ ਹੁਣ ਆਗਿਆ ਦੇਵੋ ਮੈਂ ਆਪਣੇ ਘਰ ਨੂੰ ਜਾਵਾਂ, ਬਹੁਤ ਚਿਰ ਬੀਤ ਗਿਆ ਹੈ, ਆਪਣੇ ਪਰਿਵਾਰ ਦੀ ਖਬਰ ਲਵਾਂ। ਸਦਾ ਤੁਹਾਡੇ ਰਾਹ ਦੀ ਇੰਤਜ਼ਾਰ ਕਰਦਾ ਰਹਾਂਗਾ ਤੇ ਆਉਣ ਵਿਚ ਕਦੇ ਵੀ ਦੇਰ ਨਹੀਂ ਲਾਵਾਂਗਾ ॥ ੩੩ ॥

ਏਕ ਆਸਰੋ ਹਮ ਨੇ ਹੇਰਾ। ਤੁਮ ਤੇ ਕਾਰ ਸੁਧਰ ਹੈ ਮੇਰਾ।
ਬਾਰਿ ਬਾਰਿ ਕਹਾ ਕਹੌਂ ਬਨਾਈ। ਜਾਨਤਿ ਸਭਿ ਬਿਧਿ ਕੀ ਚਤੁਰਾਈ ॥ ੩੪ ॥

ਅਸੀਂ ਤਾਂ ਹੁਣ ਕੇਵਲ ਤੁਹਾਨੂੰ ਹੀ ਇਕ ਆਸਰਾ ਸਮਝਿਆ ਹੈ, ਤੁਹਾਡੇ ਪਾਸੋਂ ਮੇਰਾ ਕਾਰਜ ਸੁਧਰ ਜਾਵੇਗਾ। ਬਾਰ-ਬਾਰ ਕੀ ਬਣਾ ਕੇ ਕਹਾਂ ? ਤੁਸੀਂ ਸਭ ਪ੍ਰਕਾਰ ਦੀ ਚਤੁਰਾਈ ਜਾਣਦੇ ਹੋ ॥ ੩੪ ॥

ਜਜੋਂ ਕਯੋਂ ਕਰਹੁ ਸ਼ਾਹੁ ਕੋ ਤਯਾਰੀ। ਲਵਪੁਰਿ ਥਿਰਹੁ ਆਇ ਜਿਸ ਬਾਰੀ।
ਤਾਵਰਿ ਸੰਗ ਮਿਲੌਂ ਮੈਂ ਆਈ। ਤਹਿਂ ਲੈ ਹੈਂ ਸਭਿ ਬਾਤ ਬਨਾਈ ॥ ੩੫ ॥

ਜਿਵੇਂ-ਕਿਵੇਂ ਬਾਦਸ਼ਾਹ ਨੂੰ ਤਿਆਰ ਕਰੋ, ਤੇ ਜਦ ਓਥੇ ਜਾਵੇ ਲਾਹੌਰ ਵਿਚ ਠਹਿਰੇ। ਮੈਂ ਫਿਰ ਆ ਕੇ ਆਪ ਜੀ ਨੂੰ ਮਿਲ ਲਵਾਂਗਾ। ਓਥੇ ਸਾਰੀ ਗੱਲ ਬਣਾ ਲਵਾਂਗੇ ॥ ੩੫ ॥

ਮੈਂ ਪੁਕਾਰ ਕਰਿ ਹੌਂ ਤਿਸ ਥਾਨਾ। ਬਨਹਿ ਬੁਲਾਵਨਿ ਕੇਰ ਬਹਾਨਾ।
ਲਵਪੁਰਿ ਮਹਿਂ ਨਿਜ ਘਰ ਲੇ ਜਾਵਹੁ। ਮਨ ਭਾਵਤਿ ਰਿਪੁ ਸੰਗ ਕਰਾਵਹੁ ॥ ੩੬ ॥

ਮੈਂ ਓਥੇ ਜਾ ਕੇ ਪੁਕਾਰ ਕਰਾਂਗਾ, ਜਿਸ ਕਾਰਨ ਬੁਲਾਉਣ ਦਾ ਇਕ ਬਹਾਨਾ ਬਣ ਜਾਵੇਗਾ। ਫਿਰ ਲਾਹੌਰ ਵਿਚ ਹੀ ਆਪਣੇ ਘਰ ਲੈ ਜਾਵੋ ਅਤੇ ਦੁਸ਼ਮਣ ਨਾਲ ਮਨ-ਭਾਉਂਦਾ ਵਰਤਾਉ ਕਰੋ' ॥ ੩੬ ॥

'ਚੰਦ ਰੋਜ਼ ਮਹਿਂ' ਚੰਦੂ ਕਹੈ। 'ਹਮਰੋ ਆਵਨਿ ਹੁਇ ਤਹਿਂ ਰਹੈ।
ਖਿਲਮ ਨਹੀਂ ਬਹੁ, ਜਾਨਹੁ ਸਾਚੀ। ਹੁਇ ਪੂਰਨ ਜਿਸ ਮਹਿਂ ਰੁਚਿ ਰਾਚੀ ॥ ੩੭ ॥

ਇਹ ਸੁਣ ਕੇ ਚੰਦੂ ਨੇ ਕਿਹਾ, "ਕੁਝ ਦਿਨਾਂ ਵਿਚ ਹੀ ਸਾਡਾ ਓਥੇ ਆਉਣਾ ਹੋਵੇਗਾ ਤੇ ਅਸੀਂ ਓਥੇ ਹੀ ਠਹਿਰਾਂਗੇ। ਬਹੁਤੀ ਦੇਰ ਨਹੀਂ ਲਗੇਗੀ, ਮੇਰੀ ਗੱਲ ਸੱਚੀ ਜਾਣੋ, ਉਹ ਗੱਲ ਪੂਰੀ ਹੋਵੇਗੀ ਜਿਸ ਵਿਚ ਮੇਰੀ ਦਿਲਚਸਪੀ ਹੈ ॥ ੩੭ ॥

ਮਿਲਹੁ ਆਇ, ਸਭਿ ਕਾਰ ਸੁਧਾਰੈਂ। ਗੁਰਤਾ ਦੇਹਿਂ ਸ਼ੱਤ੍ਰੂ ਕੋ ਮਾਰੈਂ'।
ਮਹਾਂ ਦੁਸਟ ਸੋਂ ਮਸਲਤਿ ਕਰਿ ਕੈ। ਭਯੋ ਬਿਸਰਜਨ ਸੁਖ ਉਰ ਭਰਿ ਕੈ ॥ ੩੮ ॥

ਮੈਨੂੰ ਆ ਕੇ ਮਿਲੋ ਤਾਂਕਿ ਸਾਰੇ ਕੰਮ ਸੁਧਾਰੀਏ ਤੇ ਦੁਸ਼ਮਣ ਨੂੰ ਮਾਰ ਕੇ ਤੈਨੂੰ ਗੁਰ-ਗੱਦੀ ਦੇਈਏ।" ਮਹਾਂ ਦੁਸ਼ਟ ਨਾਲ ਸਲਾਹ ਕਰਕੇ ਤੇ ਦਿਲ ਵਿਚ ਸੁਖ ਭਰ ਕੇ ਚਲਾ ਗਿਆ ॥ ੩੮ ॥

ਦਿੱਲੀ ਤੇ ਹੈ ਕਰਿ ਅਸਵਾਰ। ਗਮਨਯੋ ਤੂਰਨ ਮਗ ਪਗ ਡਾਰਿ।
ਪਹੁੰਚਯੋ ਕੋਠੇ ਗ੍ਰਾਮ ਮਝਾਰਾ। ਮਿਲਯੋ ਆਨਿ ਅਪਨੇ ਪਰਵਾਰਾ ॥ ੩੯ ॥

ਦਿੱਲੀ ਤੋਂ ਘੋੜੇ 'ਤੇ ਅਸਵਾਰ ਹੋ ਕੇ ਤੁਰੰਤ ਰਾਹੇ ਪੈ ਕੇ ਆਪਣੇ ਪਿੰਡ ਵਲ ਚਲਾ ਗਿਆ। ਕੋਠੇ ਪਿੰਡ ਵਿਚ ਪਹੁੰਚ ਗਿਆ ਅਤੇ ਆਪਣੇ ਪਰਿਵਾਰ ਨੂੰ ਆ ਮਿਲਿਆ ॥ ੩੯ ॥

ਮਿਹਰਵਾਨ ਕੋ ਲੇ ਕਰਿ ਗੋਦ। ਬੈਠਯੋ ਪ੍ਰਿਥੀਆ ਪਾਇ ਪ੍ਰਮੋਦ।
ਚੰਦੂ ਸੰਗ ਮਿਲਨਿ ਹਰਖਾਵਨਿ। ਸਭਿ ਕਰਮੋ ਢਿਗ ਕਰਯੋ ਬਤਾਵਨਿ ॥੫੦॥

ਆਪਣੇ ਪੁੱਤਰ ਮਿਹਰਵਾਨ ਨੂੰ ਗੋਦ ਵਿਚ ਲੈ ਕੇ ਪ੍ਰਿਥੀਆ ਬੜਾ ਪ੍ਰਸੰਨ ਹੋ ਕੇ ਬੈਠ ਗਿਆ। ਚੰਦੂ ਨਾਲ ਮਿਲ ਕੇ ਜਿਹੜੀ ਖੁਸ਼ੀ ਪ੍ਰਾਪਤ ਹੋਈ ਸੀ, ਉਸ ਬਾਰੇ ਸਭ ਕੁਝ ਕਰਮੋ ਨੂੰ ਦੱਸ ਦਿੱਤਾ॥ ੫੦॥

'ਕੇਚਿਤ ਦਿਨ ਮਹਿਂ ਗੁਰਤਾ ਗਾਦੀ। ਹਮ ਢਿਗ ਆਇ ਹੋਹਿ ਸਭਿ ਸ਼ਾਦੀ।
ਪ੍ਰਥਮ ਸਹਾਇਕ ਭਯੋ ਬਿਨਾਸ਼। ਅਬਿ ਚੰਦੂ ਹਮ ਕਰਹਿ ਹੁਲਾਸ' ॥ ੫੧॥

ਕਹਿਣ ਲੱਗਾ, "ਕੁਝ ਦਿਨਾਂ ਬਾਅਦ ਗੁਰਤਾ ਗੱਦੀ ਸਾਡੇ ਪਾਸ ਆ ਜਾਵੇਗੀ ਤੇ ਸਭ ਪ੍ਰਕਾਰ ਦੀ ਖੁਸ਼ੀ ਹੋਵੇਗੀ। ਜਿਹੜਾ ਸਾਡਾ ਪਹਿਲਾ ਹਮਦਰਦ ਸੀ ਉਹ ਤਾਂ ਖਤਮ ਹੋ ਗਿਆ ਹੈ, ਹੁਣ ਚੰਦੂ ਸਾਨੂੰ ਪ੍ਰਸੰਨਤਾ ਬਖਸ਼ੇਗਾ" ॥ ੫੧॥

*ਚੌਥੀ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥ ੨੦॥*

## *ਅਧਿਆਇ ਇੱਕੀਵਾਂ*

### *ਗੋਇੰਦਵਾਲ ਜਾਣਾ*

*ਦੋਹਰਾ-* ਸ੍ਰੀ ਅਰਜਨ ਜਗ ਸਤਿਗੁਰੂ ਸੰਗਤਿ ਕਰਤਿ ਉਧਾਰ।
ਸਹਤ ਅਨੰਦ ਬਿਲੰਦ ਕੇ ਕਿਤਿਕ ਕਾਲ ਕੋ ਟਾਰਿ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਦੇ ਸਤਿਗੁਰੂ ਸੰਗਤਾਂ ਦਾ ਉਧਾਰ ਕਰਦੇ ਸਨ, ਬੜੇ ਅਨੰਦ ਸਹਿਤ ਕਈਆਂ ਦੇ ਕਾਲ ਨੂੰ ਦੂਰ ਕਰਦੇ ਸਨ॥ ੧॥

*ਸੈਯਾ ਛੰਦ-* ਸਿੱਖਜ ਹਜ਼ਾਰੋਂ ਸ਼ਰਨੀ ਪਰਿ ਹੈਂ ਸੱਤਿਨਾਮ ਕੋ ਦੇਂ ਉਪਦੇਸ਼।
ਅਜ਼ਮਤਿ ਜੁਤਿ ਬਹੁ ਜੀਵ ਮੁਕਤਿ ਭੇ ਕਾਟੇ ਬੰਧਨ ਕੁਮਤਿ ਕਲੇਸ਼।
ਸੇਵਾ ਕਰਿ ਕਰਿ ਸ਼ਰਧਾ ਧਰਿ ਧਰਿ ਪਾਤਕ ਹਰਿ ਹਰਿ ਭਏ ਵਿਸ਼ੇਸ਼।
ਕਿਤਿਕ ਸਮੀਪ ਰਹਤਿ ਨਹਿਂ ਗਮਨੱਤਿ, ਦਰਸ਼ਨ ਕੋ ਸੁਖ ਲਹੈਂ ਅਸ਼ੇਸ਼ ॥੨॥

ਜਿਹੜੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਨੀ ਪੈਂਦੇ ਸਨ, ਉਨ੍ਹਾਂ ਨੂੰ ਉਪਦੇਸ਼ ਦਿੰਦੇ ਸਨ। ਵਡਿਆਈ ਸਹਿਤ ਬਹੁਤ ਜੀਵਾਂ ਨੂੰ ਮੁਕਤੀ ਬਖਸ਼ੀ ਤੇ ਉਨ੍ਹਾਂ ਦੇ ਦੁੱਖਾਂ ਕਲੇਸ਼ਾਂ ਦੇ ਬੰਧਨ ਦੂਰ ਕੀਤੇ। ਗੁਰਸਿਖ ਸੇਵਾ ਕਰ-ਕਰ, ਸ਼ਰਧਾ ਧਰ-ਧਰ ਆਪਣੇ ਪਾਪਾਂ ਨੂੰ ਦੂਰ ਕਰ-ਕਰ ਵਿਸ਼ੇਸ਼ ਵਿਅਕਤੀ ਬਣ ਰਹੇ ਸਨ। ਬਹੁਤ ਗੁਰਸਿੱਖ ਉਨ੍ਹਾਂ ਦੇ ਪਾਸ ਰਹਿੰਦੇ ਸਨ, ਆਪਣੇ ਘਰਾਂ ਨੂੰ ਨਹੀਂ ਜਾਂਦੇ ਸਨ, ਉਹ ਦਰਸ਼ਨ ਕਰਕੇ ਸੁੱਖ ਲੈਂਦੇ ਸਨ॥ ੨॥

ਅਪਰ ਦੇਸ਼ ਕਰਿਬੇ ਕਿਰਤਾਰਥ ਕਿਤਿਕ ਬਿਸਰਜਨ ਹ੍ਵੈ ਚਲਿ ਜਾਇ।
ਰਿਦੇ ਧਯਾਨ ਗੁਰੁ ਰੂਪ ਬਸਾਵਹਿਂ, ਨਿਸ਼ਚਲ ਮਤਿ ਕਰਿ ਨਹੀਂ ਡੁਲਾਇ।
ਮਿਲਹਿ ਤਿਨਹੁ ਉਪਦੇਸ਼ਤਿ ਸਿੱਖੀ, ਅਸਿ ਤੇ ਤਿੱਖੀ ਜੋ ਅਧਿਕਾਇ।
ਗੁਰੁ ਭਾਣੇ ਕਹੁ ਮਾਨੈਂ ਸੁਖ ਸੋਂ ਇਕ ਸਮ ਬ੍ਰਿਤੀ ਨ ਸ਼ੋਕ ਉਪਾਇ ॥ ੩॥

ਹੋਰ ਦੇਸ਼ਾਂ ਵਿਚ ਕਿਰਤਾਰਥ ਕਰਨ ਵਾਸਤੇ, ਕਈ ਗੁਰਸਿੱਖ ਚਲੇ ਜਾਂਦੇ ਸਨ। ਉਹ ਆਪਣੇ ਹਿਰਦੇ ਵਿਚ ਗੁਰੂ ਰੂਪ ਧਿਆਨ ਵਸਾਉਂਦੇ ਸਨ ਅਤੇ ਬੁੱਧੀ ਨੂੰ ਨਿਸ਼ਚਲ ਕਰਕੇ ਕਦੇ ਵੀ ਡੋਲਦੇ ਨਹੀਂ ਸਨ। ਉਨ੍ਹਾਂ ਗੁਰਸਿੱਖਾਂ ਨੂੰ ਸਿੱਖੀ ਦਾ ਉਪਦੇਸ਼ ਮਿਲਦਾ ਸੀ, ਜਿਹੜੀ ਸਿੱਖੀ ਤਲਵਾਰ ਨਾਲੋਂ ਵੀ ਜ਼ਿਆਦਾ ਤਿੱਖੀ ਹੈ। ਉਹ ਸੁੱਖ ਦੇ ਨਾਲ ਗੁਰੂ ਜੀ ਦੇ ਭਾਣੇ ਨੂੰ ਮੰਨਦੇ ਹਨ ਤੇ ਉਨ੍ਹਾਂ ਦੀ ਬ੍ਰਿਤੀ ਇਕ ਸਮਾਨ ਰਹਿੰਦੀ ਹੈ ਤੇ ਉਹ ਦੁੱਖ ਨਹੀਂ ਪਾਉਂਦੇ ਹਨ॥੩॥

ਜਹਿਂ ਕਹਿਂ ਗੁਰ ਕੀ ਬਾਣੀ ਬਿਥਰੀ, ਸੁਥਰੀ ਕਰਹਿਂ ਕੰਠ ਹਰਖਾਇ।
ਪਾਤਕ ਦਾਦਰ ਗਨਕੋ ਅਹਨੀ, ਦਹਨੀ ਬਿਘਨ ਬਿਪਨ ਸਮੁਦਾਇ।
ਮ੍ਰਿਗਨਿ ਬਿਕਾਰ ਬ੍ਰਿੰਦ ਕੋ ਸ਼ੇਰਨਿ, ਪ੍ਰੇਰਨਿ ਮਨ ਕੀ ਪ੍ਰਭੁ ਦਿਸਿ ਧਾਇ।
ਬ੍ਰਹਮ ਗਯਾਨ ਕੀ ਸੁਗਮ ਸੁ ਜਨਿਨੀ, ਹਨਨੀ ਮੋਹ, ਜਨਨਿ ਸੁਖਦਾਇ॥ ੪॥

ਜਿਥੇ-ਕਿਥੇ ਗੁਰੂ ਜੀ ਦੀ ਬਾਣੀ ਦਾ ਵਿਸਥਾਰ ਹੋਇਆ ਹੈ, ਗੁਰਸਿੱਖ ਇਸ ਨੂੰ ਚੰਗੀ ਤਰ੍ਹਾਂ ਕੰਠ ਕਰਦੇ ਹਨ। ਇਹ ਬਾਣੀ ਮਾਨੋਂ ਪਾਪਾਂ ਰੂਪੀ ਡੱਡੂਆਂ ਵਾਸਤੇ ਸੱਪਣੀ ਸਮਾਨ ਹੈ, ਸਾਰੇ ਵਿਘਨਾਂ ਦੇ ਵਣ ਨੂੰ ਸਾੜਨ ਵਾਲੀ ਭਾਵ ਅੱਗ ਹੈ। ਸਮੂਹ ਵਿਕਾਰਾਂ ਰੂਪੀ ਹਿਰਨਾਂ ਵਾਸਤੇ ਮਾਨੋਂ ਸ਼ੇਰਨੀ ਹੈ ਅਤੇ ਦੌੜਦੇ ਹੋਏ ਮਨ ਨੂੰ ਪ੍ਰਭੂ ਵਲ ਪ੍ਰੇਰਨ ਵਾਲੀ ਹੈ। ਬੜੀ ਆਸਾਨੀ ਨਾਲ ਬ੍ਰਹਮ-ਗਿਆਨ ਨੂੰ ਉਪਜਾਉਣ ਵਾਲੀ ਹੈ ਅਤੇ ਸਾਰੇ ਸੇਵਕਾਂ ਦੇ ਮੋਹ ਨੂੰ ਨਾਸ਼ ਕਰਨ ਵਾਲੀ ਹੈ॥ ੪॥

ਪਾਠਕ ਪੁੰਜ ਮਨੋਰਥ ਪੂਰਨੀ, ਫੁਰਨੀ ਅਨੁਭਵ ਕੀ ਉਰ ਮਾਂਹਿ।
ਕੂਰ ਬਿਸ਼ਿਯਨਿ ਕੀ ਅਹੈ ਬਿਰਾਗਨਿ, ਰਾਗਨਿ ਸੱਤਿਨਾਮ ਕੀ ਆਹਿ।
ਪ੍ਰੇਮਾ ਭਗਤਿ ਉਪਾਵਨਿ ਹਾਰੀ, ਹਾਰੀ ਨਿੰਦਕ ਬ੍ਰਿੰਦਨ ਦਾਹਿ।
ਪਠਿ ਗੁਰੁ ਸਿੱਖ ਕ੍ਰਿਤਾਰਥ ਹੋਵਤਿ, ਜੋਵਤਿ ਅਪਨਿ ਰੂਪ ਸੁਖ ਪਾਹਿ॥ ੫॥

ਪਾਠਕਾਂ ਦੇ ਮਨੋਰਥ ਪੂਰੀ ਕਰਨ ਵਾਲੀ ਹੈ ਅਤੇ ਹਿਰਦੇ ਵਿਚ ਅਨੁਭਵ ਨੂੰ ਫੁਰਾਉਣ ਵਾਲੀ ਹੈ। ਝੂਠੇ ਵਿਸ਼ਿਆਂ ਤੋਂ ਵੈਰਾਗ ਦੇਣ ਵਾਲੀ ਹੈ ਅਤੇ ਸਤਿਨਾਮ ਨਾਲ ਪ੍ਰੇਮ ਪਾਉਣ ਵਾਲੀ ਹੈ। ਪ੍ਰੇਮ ਭਗਤੀ ਉਪਜਾਉਣ ਵਾਲੀ ਅਤੇ ਸਾਰੇ ਨਿੰਦਕਾਂ ਦਾ ਨਾਸ਼ ਕਰਨ ਵਾਲੀ ਹੈ। ਪੜ੍ਹ ਕੇ ਗੁਰਸਿੱਖਾਂ ਦਾ ਕ੍ਰਿਤਾਰਥ ਹੁੰਦਾ ਹੈ ਅਤੇ ਉਹ ਸੁਖ ਪਾ ਕੇ ਆਪਣੇ ਰੂਪ ਨੂੰ ਪਛਾਣਦੇ ਹਨ॥ ੫॥

ਜਿਸ ਹਿਤ ਜਗ ਅਵਤਰੇ ਪ੍ਰਭੂ ਜੀ ਸਭਿ ਜੀਵਨਿ ਕੀ ਚਹਿਂ ਕੱਲਯਾਨ।
ਹੋਤਿ ਨਿਤਾ ਪ੍ਰਤਿ ਕਾਰਜ ਐਸੇ ਜੈਸੇ ਵਧਹਿ ਭਗਤਿ ਅਰੁ ਗਯਾਨ।
ਪੁਰਬਨਿ ਬਿਖੈ ਆਇ ਗਨ ਸੰਗਤਿ ਮੰਗਤਿ ਸੱਤਿਨਾਮ ਦੇ ਦਾਨ।
ਆਇ ਉਪਾਇਨ ਅਰਪਹਿਂ ਪਗ ਪਰ, ਪਰਹਿਂ ਸ਼ਰਨ ਕਰਿ ਸੰਕਟ ਹਾਨਿ॥ ੬॥

ਜਿਸ ਵਾਸਤੇ ਪ੍ਰਭੂ ਜੀ ਨੇ ਜੱਗ ਵਿਚ ਅਵਤਾਰ ਲਿਆ ਹੈ, ਉਹ ਸਾਰਿਆਂ ਦੇ ਜੀਵਨਾਂ ਦਾ ਕਲਿਆਣ ਕਰਨਾ ਚਾਹੁੰਦੇ ਹਨ। ਹਰ ਵੇਲੇ ਅਜਿਹੇ ਕਾਰਜ ਹੁੰਦੇ ਹਨ ਜਿਸ ਨਾਲ ਭਗਤੀ ਅਤੇ ਗਿਆਨ ਵਧਦਾ ਹੈ। ਗੁਰਪੁਰਬਾਂ ਸਮੇਂ ਬਹੁਤ ਸੰਗਤ ਆਉਂਦੀ ਹੈ, ਉਹ ਸਤਿਨਾਮ ਦਾ ਦਾਨ ਮੰਗਦੀ ਹੈ। ਸਾਰੇ ਗੁਰਸਿੱਖ ਆ ਕੇ ਗੁਰੂ ਜੀ ਦੇ ਚਰਨਾਂ ਤੇ ਭੇਟਾਵਾਂ ਅਰਪਣ ਕਰਦੇ ਹਨ, ਫਿਰ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਸਾਰੇ ਦੁੱਖਾਂ ਨੂੰ ਦੂਰ ਕਰਦੇ ਹਨ॥ ੬॥

ਇਕ ਦਿਨ ਸ੍ਰੀ ਅਰਜਨ ਗੁਰੁ ਬੈਠੇ ਹਰਿ ਮੰਦਰ ਮਹਿਂ ਸ਼ੁਭਤਿ ਬਿਸਾਲ।
ਮਹਾਂਦੇਵ ਤਬਿ ਤਯਾਗ ਸਦਨ ਕੋ ਕਰਿ ਸ਼ਨਾਨ ਸ੍ਰੀ ਅੰਮ੍ਰਿਤ ਤਾਲ।
ਗਯੋ ਅਨੁਜ ਕੇ ਨਿਕਟ, ਦੇਖਿ ਤਬਿ ਲਿਯੋ ਬਿਠਾਇ ਮਾਨ ਕੇ ਨਾਲ।
ਸ਼ਬਦ ਰਬਾਬੀ ਗਾਵਤਿ ਸੁੰਦਰ, ਸੁਨਤਿ ਰਹਯੋ ਕਰਿ ਪ੍ਰੇਮ ਬਿਸਾਲ॥ ੭॥

ਇਕ ਦਿਨ ਗੁਰੂ ਜੀ ਹਰਿਮੰਦਰ ਸਾਹਿਬ ਵਿਚ ਬੈਠੇ ਬੜੀ ਸ਼ੋਭਾ ਪਾ ਰਹੇ ਸਨ। ਬਾਬਾ ਮਹਾਂਦੇਵ ਤਦ ਘਰ ਛੱਡ ਕੇ ਇਸ਼ਨਾਨ ਕਰਨ ਵਾਸਤੇ ਅੰਮ੍ਰਿਤ ਸਰੋਵਰ 'ਤੇ ਗਿਆ। ਫਿਰ ਉਹ ਆਪਣੇ ਛੋਟੇ ਭਰਾ ਭਾਵ ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਿਆ। ਗੁਰੂ ਜੀ ਨੇ ਵੇਖ ਕੇ ਬੜੇ ਆਦਰ ਨਾਲ ਆਪਣੇ ਪਾਸ ਬਿਠਾ ਲਿਆ। ਰਬਾਬੀ ਸ਼ਬਦ ਦਾ ਮਨੋਹਰ ਕੀਰਤਨ ਕਰ ਰਹੇ ਸਨ, ਬਾਬਾ ਮਹਾਂਦੇਵ ਜੀ ਬੜੇ ਪ੍ਰੇਮ ਨਾਲ ਸੁਣਦੇ ਰਹੇ॥ ੭॥

ਚੌਕੀ ਕੋ ਜਬਿ ਭੋਗ ਪਰਯੋ ਤਹਿਂ ਸ੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਬਡੀ ਕ੍ਰਿਪਾ ਕਰਿ ਤੁਮ ਚਲਿ ਆਏ, ਆਇਸੁ ਦੇਹੁ ਉਚਿਤ ਚਿਤ ਚੀਨਿ।
ਹਮ ਰਾਵਰ ਕੇ ਨਿਤ ਅਨੁਸਾਰੀ ਅਹੋ ਸ਼ਾਂਤਿ ਮਤਿ ਗੁਰ ਜਸੁ ਭੀਨਿ।
ਭਲੀ ਬਾਰਤਾ ਨਿਤ ਸਮੁਝਾਵਤਿ ਗਯਾਨ ਉਦਿਧਿ ਮਹਿਂ ਸਦ ਮਨ ਮੀਨਿ' ॥੮॥

ਚੌਕੀ ਦਾ ਜਦ ਭੋਗ ਪਿਆ ਤਾਂ ਗੁਰੂ ਜੀ ਨੇ ਆਪਣੇ ਮੁਖ ਨਾਲ ਫੁਰਮਾਇਆ, "ਤੁਸੀਂ ਵੱਡੀ ਕਿਰਪਾ ਕੀਤੀ ਹੈ, ਚਲ ਕੇ ਆਏ ਹੋ, ਆਪਣੇ ਹਿਰਦੇ ਵਿਚ ਉਚਿਤ ਸਮਝ ਕੇ ਆਗਿਆ ਦੇਵੋ, ਮੈਂ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਹਾਂ। ਤੁਹਾਡੀ ਸ਼ਾਂਤ ਬੁਧੀ ਸਦਾ ਗੁਰ-ਜੱਸ ਵਿਚ ਭਿੱਜੀ ਰਹਿੰਦੀ ਹੈ, ਚੰਗੀ ਗੱਲ ਸਦਾ ਹੀ ਸਮਝਾਉਂਦੇ ਹੋ, ਗਿਆਨ ਦੇ ਸਾਗਰ ਵਿਚ ਤੁਹਾਡਾ ਮਨ ਸਦਾ ਇਕ ਮੱਛੀ ਵਾਂਗ ਹੈ' ॥ ੮॥

ਮਹਾਂਦੇਵ ਉਰ ਹਰਖਯੋ ਅਤਿਸ਼ੈ 'ਤੁਮ ਕੋ ਐਸੇ ਹੀ ਬਨਿ ਆਇ।
ਸਰਬ ਜਗਤ ਕੇ ਗੁਰੂ ਸ਼ਿਰੋਮਣਿ ਮੁਝ ਕੋ ਬੋਲਤਿ ਬਹੁ ਬਡਿਆਇ।
ਅਹੈ ਬਡਨਿ ਕੀ ਇਹੁ ਬਡਿਆਈ ਪਰ ਜਸ ਕਹਿਨੋ ਅਪਨਿ ਦੁਰਾਇ।
ਬਡੋ ਭ੍ਰਾਤ ਕਰਿ ਮੁਝ ਕੋ ਜਾਨਹੁ ਤੁਮ ਗੁਨ ਮਹਿਂ ਸਭਿ ਤੇ ਅਧਿਕਾਇ ॥ ੯॥

ਇਹ ਸੁਣ ਕੇ ਮਹਾਂਦੇਵ ਬਹੁਤ ਪ੍ਰਸੰਨ ਹੋਇਆ, "ਤੁਹਾਨੂੰ ਇਸ ਤਰ੍ਹਾਂ ਹੀ ਬਣ ਆਉਂਦੀ ਹੈ, ਤੁਸੀਂ ਸਾਰੇ ਜਗਤ ਦੇ ਸ਼੍ਰੋਮਣੀ ਗੁਰੂ ਹੋ ਤੇ ਮੇਰੀ ਬਹੁਤ ਵਡਿਆਈ ਕਰਦੇ ਹੋ। ਵੱਡਿਆਂ ਦੀ ਇਹੋ ਵਡਿਆਈ ਹੁੰਦੀ ਹੈ ਕਿ ਪਰਾਇਆ ਜੱਸ ਕਰਦੇ ਹਨ ਤੇ ਆਪਣੇ ਆਪ ਨੂੰ ਛੁਪਾ ਕੇ ਰੱਖਦੇ ਹਨ। ਵੱਡਾ ਭਰਾ ਕਰਕੇ ਮੈਨੂੰ ਜਾਣਦੇ ਹੋ, ਪਰ ਗੁਣਾਂ ਵਿਚ ਤੁਸੀਂ ਸਭ ਤੋਂ ਵੱਡੇ ਹੋ॥ ੯॥

ਸ੍ਰੀ ਨਾਨਕ ਆਦਿਕ ਕੀ ਗਾਦੀ ਤਿਸ ਪਰ ਬੈਠੇ ਤਿਨਹੁ ਸਮਾਨ।
ਮੋ ਉਰ ਬਿਖੈ ਪ੍ਰਤੀਤਿ ਭਈ ਅਬਿ, ਨਾਂਹਿ ਤ ਅਨੁਜ ਆਪਨੋ ਜਾਨਿ।
ਬਿਨੈ ਸਹਤ ਮੈਂ ਕਹਤਿ ਤੁਮਹੁਂ ਕੋ ਅਪਨੇ ਨਾਨੇ ਗੁਰੂ ਮਹਾਨ।
ਗੋਇੰਦਵਾਲ ਅੰਸ ਹੈ ਤਿਨ ਕੀ ਹਮਰੇ ਸੰਗ ਸਨੇਹ ਸੁ ਠਾਨਿ॥ ੧੦॥

ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਦੀ ਗੱਦੀ ਤੇ ਬੈਠੇ, ਤੁਸੀਂ ਉਨ੍ਹਾਂ ਵਾਂਗ ਹੀ ਹੋ, ਮੇਰੇ ਹਿਰਦੇ ਵਿਚ ਹੁਣ ਪ੍ਰਤੀਤ ਆ ਗਈ ਹੈ, ਨਹੀਂ ਤਾਂ ਮੈਂ ਆਪਣਾ ਛੋਟਾ ਭਰਾ ਹੀ ਜਾਣਦਾ ਸੀ। ਮੈਂ ਬੇਨਤੀ ਕਰਕੇ ਆਪ ਜੀ ਨੂੰ ਕਹਿੰਦਾ ਹਾਂ ਕਿ ਸਾਡੇ ਨਾਨਾ ਜੀ ਮਹਾਨ ਗੁਰੂ ਸਨ। ਗੋਇੰਦਵਾਲ ਵਿਚ ਉਨ੍ਹਾਂ ਦੀ ਸੰਤਾਨ ਰਹਿੰਦੀ ਹੈ, ਉਨ੍ਹਾਂ ਦਾ ਸਾਡੇ ਨਾਲ ਬਹੁਤ ਪਿਆਰ ਹੈ॥ ੧੦॥

ਸ੍ਰੀ ਗੁਰੂ ਅਮਰ ਦਿਵਸ ਸ਼ੁਭ ਪੂਨੋ ਉਤਸਵ ਕਰਤਿ ਸਕਲ ਹਰਖਾਇ।
ਸਿੱਖ ਸੰਗਤਿ ਗਨ ਮਿਲਹਿਂ ਆਇ ਕਰਿ, ਪਾਇ ਮਹਾਂ ਫਲ ਸਭਿ ਸੁਖਦਾਇ।
ਹੈ ਮਮ ਚਿਤ ਮਹਿਂ ਤਹਾਂ ਜਾਨਿ ਕੀ ਚਹੋਂ ਤੁਮਾਰੀ ਅਬਹਿ ਰਜ਼ਾਇ।
ਕੇਤਿਕ ਦਿਵਸ ਰਹੋਂ ਪੁਰਿ ਤਿਸਹੀ, ਜੀਵਤਿ ਰਹਯੋ ਮਿਲਹਿਂ ਪੁਨ ਆਇ ॥੧੧॥

ਸ੍ਰੀ ਗੁਰੂ ਅਮਰਦਾਸ ਜੀ ਦੇ ਪੂਰਨਮਾਸ਼ੀ ਦੇ ਸ਼ੁਭ ਦਿਹਾੜੇ ਦੇ ਉਤਸਵ ਨੂੰ ਸਾਰੇ ਬਹੁਤ ਪ੍ਰਸੰਨ ਹੋ ਕੇ ਮਨਾਉਂਦੇ ਹਨ। ਉਸ ਸਮੇਂ ਸਾਰੀ ਸਿੱਖ ਸੰਗਤ ਇਕੱਠੀ ਹੋ ਕੇ ਆਪਸ ਵਿਚ ਮਿਲਦੀ ਹੈ, ਸਾਰੇ ਸੁਖਦਾਈ ਮਹਾਂ ਫਲ ਪ੍ਰਾਪਤ ਕਰਦੇ ਹਨ। ਮੇਰਾ ਉਥੇ ਜਾਣ ਨੂੰ ਦਿਲ ਕਰਦਾ ਹੈ, ਤੁਹਾਡੀ ਹੁਣ ਜਿਵੇਂ ਮਰਜ਼ੀ ਹੈ। ਕਈ ਦਿਨਾਂ ਤਕ ਉਸ ਨਗਰੀ ਵਿਚ ਰਹਾਂਗਾ, ਜੇ ਜੀਉਂਦਾ ਰਿਹਾ ਤਾਂ ਫਿਰ ਆ ਕੇ ਮਿਲ ਪਵਾਂਗਾ ॥ ੧੧ ॥

ਸੁਨਤਿ ਭ੍ਰਾਤ ਤੇ ਹਰਖਤਿ ਹੋਏ ਕਹਯੋ 'ਬੁੱਧਿ ਤੁਮਰੀ ਕੋ ਧੰਨ।
ਹਮ ਭੀ ਚਲਹਿਂ ਕਰਹਿਂ ਸਭਿ ਦਰਸ਼ਨਿ ਉਤਸਵ ਪੂਰਨਮਾ ਮਨ ਮੰਨਿ।
ਹੁਇ ਇਕੱਤ੍ਰ ਪੁਰਿ ਪਿਖਹਿਂ ਪਵਿੱਤ੍ਰਾ ਜਹਾਂ ਬਚਿੱਤ੍ਰ ਪਾਇ ਫਲ ਜੰਨ।
ਚਿਰ ਬੀਤਯੋ ਦਰਸੇ ਬਿਨ ਥਲ ਕੋ ਉਮਗਤਿ ਰਿਦਾ ਬਿਲੋਕ ਪ੍ਰਸੰਨ' ॥ ੧੨ ॥

ਵੱਡੇ ਭਰਾ ਦੀ ਗੱਲ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ, "ਧੰਨ ਤੁਹਾਡੀ ਬੁੱਧੀ ਹੈ, ਪੂਰਨਮਾਸ਼ੀ ਦੇ ਉਤਸਵ ਨੂੰ ਮਨ ਵਿਚ ਜਾਣ ਕੇ ਅਸੀਂ ਵੀ ਚਲਦੇ ਹਾਂ ਤੇ ਸਾਰਿਆਂ ਦੇ ਦਰਸ਼ਨ ਕਰਦੇ ਹਾਂ। ਇਕੱਠੇ ਹੋ ਕੇ ਉਸ ਪਵਿੱਤਰ ਸਥਾਨ ਨੂੰ ਵੇਖਦੇ ਹਾਂ ਜਿਥੇ ਸੇਵਕਾਂ ਨੇ ਵਚਿਤਰ ਫਲ ਪ੍ਰਾਪਤ ਕੀਤੇ ਹਨ। ਉਸ ਸਥਾਨ ਦੇ ਦਰਸ਼ਨ ਕੀਤਿਆਂ ਨੂੰ ਕਾਫੀ ਸਮਾਂ ਬੀਤ ਗਿਆ ਹੈ, ਉਸ ਸਥਾਨ ਨੂੰ ਵੇਖਣ ਦੀ ਸਦਾ ਹੀ ਹਿਰਦੇ ਵਿਚ ਉਮੰਗ ਰਹਿੰਦੀ ਹੈ ਅਤੇ ਦਰਸ਼ਨ ਕਰਕੇ ਮਨ ਪ੍ਰਸੰਨ ਹੋ ਜਾਂਦਾ ਹੈ" ॥ ੧੨ ॥

ਇਮ ਸਾਦਰ ਬਹੁ ਭ੍ਰਾਤ ਸਰਾਹਯੋ, ਮਹਾਂਦੇਵ ਸੁਨਿ ਕਰਿ ਹਰਖਾਇ।
ਅਪਰ ਬਾਰਤਾ ਅਮਰ ਗੁਰੂ ਕੀ ਕਰਤਿ ਸ਼ਲਾਘਾ ਰੁਚਿ ਉਪਜਾਇ।
'ਸਮ ਪਾਰਸ ਕੇ ਪਰਸੇ ਜਿਸ ਕੇ ਹੁਤੇ ਮਨੂਰ ਸੁ ਹੇਮ ਬਨਾਇ।
ਬਨ ਮਹਿਂ ਜਿਮ ਇਕ ਬਾਵਨ ਚੰਦਨ ਤਰੂ ਸੁਗੰਧਤਿ ਕਰਿ ਸਮੁਦਾਇ ॥ ੧੩ ॥

ਇਸ ਤਰ੍ਹਾਂ ਬੜੇ ਆਦਰ ਨਾਲ ਵੱਡੇ ਭਰਾ ਦੀ ਸ਼ਲਾਘਾ ਕੀਤੀ, ਮਹਾਂਦੇਵ ਸੁਣ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਅਮਰਦਾਸ ਜੀ ਦੀ ਵੀ ਬੜੇ ਪ੍ਰੇਮ ਨਾਲ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, "ਗੁਰੂ ਅਮਰਦਾਸ ਜੀ ਪਾਰਸ ਵਾਂਗ ਸਨ, ਜਿਨ੍ਹਾਂ ਦੀ ਇਕ ਛੋਹ ਨਾਲ ਮਨੂਰ ਵੀ ਸੋਨਾ ਬਣ ਜਾਂਦਾ ਸੀ। ਜੰਗਲ ਵਿਚ ਜਿਵੇਂ ਇਕ 'ਬਾਵਨ ਚੰਦਨ' ਦਾ ਬ੍ਰਿੱਛ ਹੁੰਦਾ ਹੈ, ਪਰ ਚੰਦਨ ਦੀ ਸੁਗੰਧੀ ਸਾਰੇ ਬ੍ਰਿੱਛਾਂ ਵਿਚੋਂ ਆਉਣ ਲੱਗ ਜਾਂਦੀ ਹੈ ॥ ੧੩ ॥

ਦੇਸ਼ ਬਿਦੇਸ਼ਨਿ ਮਹਿਂ ਨਿਜ ਦਾਸਨਿ ਕਰਾਮਾਤ ਸਾਹਿਬ ਕਰਿਦੀਨ।
ਨਰਨਿ ਹਜ਼ਾਰਨਿ ਕੇ ਬਚ ਫੁਰਿ ਹੈਂ ਸੁਰ ਆਦਿਕ ਸਭਿ ਕਰੇ ਅਧੀਨ।
ਜਿਮ ਆਇਸੁ ਕਰਿ ਦੇਤਿ ਸੁਭਾਇਕ ਮਾਨਹਿਂ ਤਿਮ ਬਾਸੀ ਪੁਰ ਤੀਨ।
ਸਿੱਖੀ ਜਹਿਂ ਕਹਿਂ ਬਹੁ ਬਿਸਤਾਰੀ, ਬਿਖ਼ਿਯਨਿ ਬਿਸ ਤਾਰੀ ਦੁਖ ਹੀਨ' ॥ ੧੪ ॥

ਦੇਸ਼ਾਂ ਬਿਦੇਸ਼ਾਂ ਵਿਚ ਆਪਣੇ ਸੇਵਕਾਂ ਨੂੰ ਵੀ ਕਰਾਮਾਤਾਂ ਦੇ ਮਾਲਕ ਬਣਾ ਦਿੱਤਾ। ਹਜ਼ਾਰਾਂ ਮਨੁੱਖਾਂ ਦੇ ਬਚਨ ਪੂਰੇ ਹੁੰਦੇ ਹਨ, ਦੇਵਤੇ ਆਦਿ ਸਭ ਉਨ੍ਹਾਂ ਦੇ ਵੱਸ ਕਰ ਦਿੱਤੇ। ਜਿਵੇਂ ਸਹਿਜ ਸੁਭਾਅ ਆਗਿਆ ਕਰ ਦਿੰਦੇ ਸਨ ਉਸ ਤਰ੍ਹਾਂ ਹੀ ਤਿੰਨਾਂ ਲੋਕਾਂ ਦੇ ਵਾਸੀ ਮੰਨਦੇ ਸਨ। ਜਿੱਥੇ-ਕਿੱਥੇ ਸਿੱਖੀ ਦਾ ਬਹੁਤ ਵਿਸਥਾਰ ਕੀਤਾ ਅਤੇ ਵਿਸ਼ਿਆਂ ਰੂਪੀ ਜ਼ਹਿਰ ਉਤਾਰ ਕੇ ਸੇਵਕਾਂ ਦੇ ਦੁੱਖ ਦੂਰ ਕੀਤੇ" ॥ ੧੪ ॥

ਇਸ ਤੇ ਆਦਿਕ ਕਰਤਿ ਪ੍ਰਸੰਸਾ 'ਹਮਰੇ ਪਿਤ ਪਰ ਅਧਿਕ ਕ੍ਰਿਪਾਲ।
ਪ੍ਰਿਯ ਪੁੱਤ੍ਰਨਿ ਤੇ ਆਦਿ ਤਜੇ ਸਭਿ ਦਈ ਬਡਾਈ ਕਰੇ ਬਿਸਾਲ।

ਜਮ ਆਦਿਕ ਗਨ ਬ੍ਯਾਧਿ ਨਰਨਿ ਕੀ ਨਿਜ ਪੁਰਿ ਤੇ ਬਰਜੇ ਦੁਖ ਜਾਲ।
ਕੌਨ ਕੌਨ ਗੁਨ ਤਿਨ ਕੇ ਭਨੀਅਹਿ ਅੰਤ ਨ ਪੱਯਤਿ ਭਗਤਿ ਰਸਾਲ ॥੧੫॥

ਇਸ ਤੋਂ ਉਪਰੰਤ ਹੋਰ ਵੀ ਪ੍ਰਸੰਸਾ ਕੀਤੀ, "ਸਾਡੇ ਪਿਤਾ ਜੀ ਤੇ ਬਹੁਤ ਕਿਰਪਾਲੂ ਸਨ, ਪਿਆਰੇ ਪੁੱਤਰ ਤੇ ਹੋਰ ਸਾਰੇ ਛੱਡ ਦਿੱਤੇ, ਉਨ੍ਹਾਂ ਨੂੰ ਵਡਿਆਈ ਦੇ ਕੇ ਮਹਾਨ ਬਣਾ ਦਿੱਤਾ। ਜਮ ਆਦਿ ਤੇ ਮਨੁੱਖਾਂ ਦੇ ਸਾਰੇ ਰੋਗ ਨਗਰ ਵਿਚ ਦਾਖਲ ਹੋਣ ਤੋਂ ਰੋਕ ਦਿੱਤੇ ਤੇ ਲੋਕਾਂ ਦੇ ਦੁੱਖਾਂ ਨੂੰ ਦੂਰ ਕੀਤਾ। ਉਨ੍ਹਾਂ ਦੇ ਕਿਹੜੇ-ਕਿਹੜੇ ਗੁਣ ਦਾ ਵਰਣਨ ਕਰੀਏ, ਗੁਰੂ ਅਮਰਦਾਸ ਜੀ ਦਾ ਅੰਤ ਨਹੀਂ ਪਾਇਆ ਜਾ ਸਕਦਾ" ॥ ੧੫ ॥

ਉਠੇ ਬਹੁਰ ਸ੍ਰੀ ਅਰਜਨ ਸਤਿਗੁਰੁ, ਨਿਜ ਨਿਜ ਸਦਨ ਗਏ ਸਭਿ ਕੋਇ।
ਨਿਸਾ ਪਰੀ ਭੋਜਨ ਸ਼ੁਭ ਕਰਿ ਕੈ ਸੁਠ ਪ੍ਰਯੰਕ ਪਰ ਪੌਢਤਿ ਸੋਇ।
ਪ੍ਰਾਤਕਾਲ ਕਰਿ ਸੌਚਿ ਸ਼ਨਾਨਹਿ ਚਲਿਬੇ ਹੇਤ ਤਯਾਰ ਗੁਰੂ ਹੋਇ।
ਮਹਾਂਦੇਵ ਕੋ ਸੰਗ ਮਿਲਾਯਹਿ ਚਹਤਿ ਜੁ ਦਰਸ ਸਾਥ ਭੇ ਸੋਇ॥ ੧੬॥

ਫਿਰ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਉੱਠ ਪਏ ਤੇ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਰਾਤ ਪੈਣ ਤੇ ਭੋਜਨ ਕਰਕੇ ਸੁੰਦਰ ਪਲੰਘ ਉੱਤੇ ਲੰਮੇ ਪੈ ਕੇ ਸੌਂ ਗਏ। ਸਵੇਰੇ ਸਵੱਖਤੇ ਉੱਠ ਕੇ ਸੌਚ ਇਸ਼ਨਾਨ ਕੀਤਾ ਅਤੇ ਚਲਣ ਵਾਸਤੇ ਗੁਰੂ ਜੀ ਤਿਆਰ ਹੋ ਗਏ। ਮਹਾਂਦੇਵ ਨੂੰ ਆਪਣੇ ਨਾਲ ਲੈ ਲਿਆ ਜਿਹੜੇ ਗੁਰੂ ਜੀ ਨਾਲ ਰਹਿ ਕੇ ਉਨ੍ਹਾਂ ਦੇ ਦਰਸ਼ਨ ਕਰਨਾ ਲੋਚਦੇ ਹਨ॥ ੧੬॥

ਨੰਦਨ ਹਰਿ ਗੋਵਿੰਦ ਰਿਪੁ ਕੰਦਨ, ਚੰਦ ਮਨਿੰਦ ਬਿਲੰਦ ਦੁਲਾਰਿ।
ਦੇ ਧੀਰਜ ਬੀਰਜ ਜੁਤ ਸੁਤ ਕੋ, ਹਾਥ ਬੰਦਿ ਤਿਨ ਬੰਦਨ ਧਾਰਿ।
ਹਟੇ ਨਿਕੇਤ ਸਮੇਤ ਸਿੱਖਯ ਗਨ, ਸਤਿਗੁਰੁ ਗਮਨੇ ਪੰਥ ਮਝਾਰਿ।
ਦਾਸ ਮਸੰਦ ਬ੍ਰਿੰਦ ਸਿਖ ਸੰਗੀ ਸੰਗ ਚਲੇ ਜੈਕਾਰ ਉਚਾਰਿ॥ ੧੭॥

ਪੁੱਤਰ ਹਰਿਗੋਬਿੰਦ ਜਿਹੜੇ ਦੁਸ਼ਟਾਂ ਦਾ ਨਾਸ਼ ਕਰਨ ਵਾਲੇ ਹਨ, ਉਹ ਚੰਦ ਵਾਂਗ ਬਹੁਤ ਸੁੰਦਰ ਹਨ, ਉਸ ਬਲਵਾਨ ਪੁੱਤਰ ਨੂੰ ਧੀਰਜ ਦਿੱਤਾ, ਪੁੱਤਰ ਨੇ ਹੱਥ ਜੋੜ ਕੇ ਬੰਦਨਾ ਕੀਤੀ। ਸਿੱਖਾਂ ਸਮੇਤ ਘਰ ਤੋਂ ਬਾਹਰ ਆ ਗਏ ਤੇ ਸਤਿਗੁਰੂ ਜੀ ਗੋਇੰਦਵਾਲ ਦੇ ਰਸਤੇ ਪੈ ਗਏ। ਸੇਵਕ, ਮਸੰਦ ਸਿੱਖ ਸਾਰੇ ਜੈ ਜੈ ਕਾਰ ਬੁਲਾਉਂਦੇ ਗੁਰੂ ਜੀ ਦੇ ਨਾਲ ਚਲ ਪਏ॥ ੧੭॥

ਉਲੰਘੇ ਮਾਰਗ ਗਏ ਗ੍ਰਾਮ ਢਿਗ ਨਾਮ ਖਡੂਰ ਗੁਰੂ ਇਸਥਾਨ।
ਸੁਨਿ ਦਾਤੂ ਹਿਤ ਆਦਰ ਆਯੋ ਲੇ ਨਿਜ ਸੰਗ ਪ੍ਰਵੇਸ਼ਨਿ ਠਾਨ।
ਡੇਰਾ ਕਰਵਾਇਸਿ ਸ਼ੁਭ ਘਰ ਮਹਿਂ ਨੀਰ ਅਨਾਇ ਪਖਾਰੇ ਪਾਨ।
ਪਗ ਪਖਾਰ ਕਰਿ ਟਿਕੇ ਕਿਤਿਕ ਚਿਰ ਸ੍ਰੀ ਅਰਜਨ ਹ੍ਵੈ ਕਰਿ ਸਵਧਾਨ॥੧੮॥

ਪੈਂਡਾ ਮੁਕਾ ਕੇ ਉਸ ਪਿੰਡ ਦੇ ਪਾਸ ਪਹੁੰਚ ਗਏ, ਜਿਹੜਾ ਵੱਡਾ ਗੁਰੂ ਸਥਾਨ ਹੈ ਅਤੇ ਜਿਸ ਦਾ ਨਾਂ ਖਡੂਰ ਹੈ। ਜਦ ਬਾਬਾ ਦਾਤੂ ਨੂੰ ਪਤਾ ਲੱਗਾ ਤਾਂ ਉਹ ਬੜੇ ਆਦਰ ਨਾਲ ਮਿਲਣ ਆਇਆ ਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਗੁਰੂ ਜੀ ਦਾ ਆਪਣੇ ਘਰ ਵਿਚ ਹੀ ਡੇਰਾ ਕਰਵਾਇਆ ਤੇ ਪਾਣੀ ਮੰਗਵਾ ਕੇ ਚਰਨ ਧੋਤੇ। ਪੈਰਾਂ ਨੂੰ ਚੰਗੀ ਤਰ੍ਹਾਂ ਸਾਫ ਕਰਵਾ ਕੇ ਗੁਰੂ ਜੀ ਕੁਝ ਸਮਾਂ ਬੜੇ ਸਾਵਧਾਨ ਹੋ ਕੇ ਓਥੇ ਟਿਕ ਗਏ॥ ੧੮॥

ਲੇ ਦਾਤੂ ਸੰਗ ਸ੍ਰੀ ਅੰਗਦ ਥਲ ਗਏ ਦਰਸ ਕਰਿਬੇ ਦਰਬਾਰਿ।
ਦਰਬ ਦੀਨਿ, ਅਰਦਾਸ ਕਰਾਇਸਿ, ਹਾਥ ਜੋਰਿ ਠਾਂਢੇ ਅਗਵਾਰਿ।

ਬਹੁਤ ਪ੍ਰਸਾਦਿ ਤਹਾਂ ਬਰਤਾਇਸਿ, ਨਮਸਕਾਰ ਕੀਨਿਸ ਹਿਤ ਧਾਰਿ।
ਦਈ ਪ੍ਰਕਰਮਾ ਚਾਰ ਬਾਰਿ ਫਿਰਿ ਸਿੱਖ ਸੰਗਤਿ ਸਭਿ ਤਿਸੀ ਪ੍ਰਕਾਰਿ॥੧੯॥

ਫਿਰ ਬਾਬਾ ਦਾਤੂ ਜੀ ਨੂੰ ਲੈ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ ਤੇ ਗਏ ਅਤੇ ਉਨ੍ਹਾਂ ਦੇ ਦਰਬਾਰ ਦੇ ਦਰਸ਼ਨ ਕੀਤੇ। ਧਨ ਦੇ ਕੇ ਅਰਦਾਸ ਕਰਵਾਈ ਤੇ ਹੱਥ ਜੋੜ ਕੇ ਸਾਹਮਣੇ ਖੜੇ ਹੋ ਗਏ। ਓਥੇ ਬਹੁਤ ਪ੍ਰਸ਼ਾਦ ਵਰਤਾਇਆ ਅਤੇ ਹਿਤ ਧਾਰ ਕੇ ਨਮਸਕਾਰ ਕੀਤੀ। ਫਿਰ ਦਰਬਾਰ ਦੀਆਂ ਚਾਰ ਵਾਰ ਪਰਿਕਰਮਾਂ ਕੀਤੀਆਂ, ਫਿਰ ਸਾਰੀ ਸਿੱਖ ਸੰਗਤ ਨੇ ਵੀ ਓਸੇ ਪ੍ਰਕਾਰ ਪਰਿਕਰਮਾਂ ਕੀਤੀਆਂ॥ ੧੯॥

ਪੁਨਹ ਸਿਵਰ ਮਹਿਂ ਪਹੁਚੇ ਸਤਿਗੁਰੁ ਦਾਤੂ ਸੇਵਾ ਸਰਬ ਕਰਾਇ।
ਨਿਸ ਸੁਪਤੇ ਉਠਿ ਪ੍ਰਾਤ ਚਲੇ ਗੁਰੁ ਗੋਇੰਦਵਾਲ ਅਨੰਦ ਉਪਾਇ।
ਸੁਨਿ ਆਗਵਨੁ ਅਪਨੇ ਭਵਨੁ ਦੁਸ਼ਮਨ ਦਵਨੁ ਜੁਤ ਸਮੁਦਾਇ।
ਨਿਕਸਿ ਮੋਹਿਰੀ ਆਗੇ ਆਇ ਸੁ ਮਿਲਜੋ ਰਿਦੇ ਬਹੁ ਪ੍ਰੇਮ ਬਧਾਇ॥ ੨੦॥

ਫਿਰ ਬਾਬਾ ਦਾਤੂ ਜੀ ਦੇ ਘਰ ਪਹੁੰਚ ਗਏ, ਬਾਬਾ ਦਾਤੂ ਜੀ ਨੇ ਸਰਬ ਪ੍ਰਕਾਰ ਸੇਵਾ ਕੀਤੀ। ਰਾਤ ਨੂੰ ਓਥੇ ਹੀ ਸੌਂ ਗਏ ਤੇ ਸਵੇਰੇ ਸਵੱਖਤੇ ਉੱਠ ਕੇ ਗੁਰੂ ਜੀ ਬੜੇ ਅਨੰਦ ਪ੍ਰਸੰਨ ਹੋ ਕੇ ਗੋਇੰਦਵਾਲ ਵੱਲ ਚਲ ਪਏ। ਇਹ ਸੁਣ ਕੇ ਕਿ ਦੁਸ਼ਮਣਾਂ ਦਾ ਨਾਸ ਕਰਨ ਵਾਲੇ ਭਾਵ ਗੁਰੂ ਜੀ ਆਪਣੀਆਂ ਸਿੱਖ ਸੰਗਤਾਂ ਸਮੇਤ ਆਪਣੇ ਘਰ ਆ ਰਹੇ ਹਨ ਤਾਂ ਬਾਬਾ ਮੋਹਰੀ ਜੀ ਨਿਕਲ ਕੇ ਅਗੋਂ ਲੈਣ ਆਏ ਅਤੇ ਬੜੇ ਪ੍ਰੇਮ ਨਾਲ ਮਿਲੇ॥ ੨੦॥

ਪੁੱਤ੍ਰ ਆਦਿ ਪਰਵਾਰ ਅਗਾਰੀ ਮਿਲਜੋ ਗੁਰੂ ਸੋਂ ਆਗੇ ਆਇ।
ਦੁਹਿਦਿਸ਼ਿ ਬੰਦਨ ਕਰੀ ਭਾਉ ਧਰਿ ਕੁਸ਼ਲ ਪੂਛ ਕਰਿ ਸੁਖ ਕੋ ਪਾਇ।
ਸੁੰਦਰ ਮੰਦਿਰ ਬਿਖੈ ਉਤਾਰੇ ਰੁਚਿਰ ਪ੍ਰਯੰਕ ਡਸਾਏ ਲਜਾਇ।
ਸਕਲ ਭਾਂਤਿ ਕੀ ਸੇਵਾ ਕੀਨਸਿ ਖਾਨ ਪਾਨ ਆਦਿਕ ਸਮੁਦਾਇ॥ ੨੧॥

ਪੁੱਤਰ ਆਦਿ ਸਾਰਾ ਪਰਿਵਾਰ ਅੱਗੇ ਹੋ ਕੇ ਗੁਰੂ ਜੀ ਨੂੰ ਮਿਲਿਆ। ਦੋਹਾਂ ਪਾਸਿਆਂ ਨੇ ਇਕ ਦੂਸਰੇ ਨੂੰ ਬੰਦਨਾਂ ਕੀਤੀ ਅਤੇ ਇਕ ਦੂਸਰੇ ਪਾਸੋਂ ਸੁਖ-ਸਾਂਦ ਪੁੱਛ ਕੇ ਸੁਖ ਪਾਇਆ। ਸੁੰਦਰ ਘਰ ਦੇ ਵਿਚ ਉਨ੍ਹਾਂ ਦਾ ਉਤਾਰਾ ਕੀਤਾ ਅਤੇ ਸੁੰਦਰ ਪਲੰਘ ਲਿਆ ਕੇ ਡਾਹੇ ਗਏ। ਸਭ ਪ੍ਰਕਾਰ ਦੀ ਸੇਵਾ ਕੀਤੀ, ਖਾਣ ਪੀਣ ਵਾਲੇ ਸਾਰੇ ਪਦਾਰਥ ਦਿੱਤੇ॥ ੨੧॥

ਨਿਸ ਮਹਿਂ ਸੁਪਤੇ, ਉਠੇ ਪ੍ਰਾਤ ਕੋ, ਜਾਇ ਬਾਵਲੀ ਕੀਨਿ ਸ਼ਨਾਨ।
ਸਿਖ ਸੰਗਤਿ ਤੈਸੀ ਬਿਧਿ ਕਰਿ ਕੈ ਪੁਨਹ ਚੁਬਾਰੇ ਦਰਸ਼ਨ ਠਾਨਿ।
ਸ਼੍ਰੀ ਗੁਰੁ ਅਮਰ ਅੰਸ ਸਭਿ ਮਿਲਿਕੈ ਕੀਨਸਿ ਚਰਚਾ ਆਤਮ ਗਜਾਨ।
ਭਨਜੋ, ਸੁਨਜੋ, ਮਨ ਗੁਨਜੋ ਭਲੇ ਕਰਿ, ਸਭਿ ਮਹਿਂ ਭਯੋ ਅਨੰਦ ਮਹਾਨ॥੨੨॥

ਰਾਤ ਨੂੰ ਸੌਂ ਗਏ ਅਤੇ ਸਵੇਰੇ ਸਵੱਖਤੇ ਉੱਠ ਕੇ ਬਾਉਲੀ ਤੇ ਇਸ਼ਨਾਨ ਕੀਤਾ। ਸਾਰੀ ਸਿੱਖ ਸੰਗਤ ਨੇ ਵੀ ਇਸ਼ਨਾਨ ਕੀਤਾ ਤੇ ਬਾਅਦ ਵਿਚ ਚੁਬਾਰੇ ਦੇ ਦਰਸ਼ਨ ਕਰਨ ਚਲੇ ਗਏ। ਸ੍ਰੀ ਗੁਰੂ ਅਮਰਦਾਸ ਜੀ ਦੀ ਸੰਤਾਨ ਨਾਲ ਮਿਲ ਕੇ ਆਤਮ-ਗਿਆਨ ਤੇ ਚਰਚਾ ਕੀਤੀ। ਕਿਹਾ, ਸੁਣਿਆ ਅਤੇ ਮਨ ਨਾਲ ਚੰਗੀ ਤਰ੍ਹਾਂ ਉਸ ਨੂੰ ਵਿਚਾਰਿਆ ਤਾਂ ਸਾਰਿਆਂ ਵਿਚ ਮਹਾਨ ਅਨੰਦ ਛਾ ਗਿਆ॥ ੨੨॥

ਕਿਤਿਕ ਦਿਵਸ ਬਸਿ ਪੁਰੀ ਬਿਤਾਇਸਿ ਪੁਨ ਪੂਰਨਮਾਸ਼ੀ ਦਿਨ ਆਇ।
ਡੱਲੇ ਵਾਸੀ ਆਦਿਕ ਸਿਖ ਗਨ ਭਯੋ ਮੇਲਿ ਆਏ ਸਮੁਦਾਇ।

ਘ੍ਰਿਤ, ਮਿਸ਼ਟਾਨ, ਚੂਨ ਗੋਧੂਮ ਕੋ, ਸੂਖਮ ਚਾਵਰ ਸੂਪ ਲਿਆਇ।
ਸੰਚੇ ਭਯੋ ਬ੍ਰਿੰਦ ਸਾਮਿੱਗ੍ਰੀ ਦੇਗ ਹੋਤਿ ਸਿਧ ਸ੍ਵਾਦਿ ਰਸਾਇ॥ ੨੩॥

ਕਈ ਦਿਨ ਉਸ ਨਗਰ ਵਿਚ ਰਹਿ ਕੇ ਬਤੀਤ ਕੀਤੇ, ਫਿਰ ਪੂਰਨਮਾਸ਼ੀ ਦਾ ਦਿਨ ਆ ਗਿਆ। ਡੱਲੇ ਵਾਸੀ ਆਦਿ ਸਿੱਖ ਸਮੂਹ ਸਾਰੇ ਆਏ ਤੇ ਸਾਰਿਆਂ ਨਾਲ ਮੇਲ ਹੋ ਗਿਆ। ਘਿਉ, ਮਿੱਠਾ, ਕਣਕ ਦਾ ਆਟਾ, ਬਾਸਮਤੀ ਦੇ ਚਾਵਲ ਆਦਿ ਰਸੋਈ ਵਾਸਤੇ ਲਿਆਏ। ਸਾਰੀ ਸਮੱਗਰੀ ਇਕੱਠੀ ਕਰ ਲਈ, ਜਿਸ ਨਾਲ ਸੁਆਦਲੇ ਰਸਾਂ ਵਾਲਾ ਭੋਜਨ ਤਿਆਰ ਹੁੰਦਾ ਹੈ॥ ੨੩॥

ਸਿੱਖਜ ਬ੍ਰਿੰਦ ਸੇਵਾ ਮਹਿਂ ਠਾਂਢੇ ਕੋ ਜਲ ਆਨਹਿ ਈਂਧਨ ਜਾਲਿ।
ਭਯੋ ਅਹਾਰ ਸੁ ਤਯਾਰ ਅਨਿਕ ਬਿਧਿ ਸਿਖ ਸੰਗਤਿ ਥਿਤ ਪੰਗਤ ਨਾਲਿ।
ਸ੍ਰੀ ਅਰਜਨ ਜਲ ਨਿਜ ਕਰ ਧਰਿ ਕੈ, ਚਰਨ ਪਖਾਰੇ ਪ੍ਰੀਤ ਬਿਸਾਲਿ।
ਮਹਾਂਦੇਵ, ਸੇਵਾ ਮਹੁਂ ਲਾਗੇ ਬਰਤਾਵਹਿਂ ਬਹੁ ਅਸਨ ਰਸਾਲਿ॥ ੨੪॥

ਬਹੁਤ ਸਿੱਖ ਆ ਕੇ ਸੇਵਾ ਵਿਚ ਖਲੋ ਗਏ, ਕੋਈ ਜਲ ਲਿਆਉਂਦਾ ਸੀ ਤੇ ਕੋਈ ਲੱਕੜੀਆਂ ਲਿਆ ਰਿਹਾ ਸੀ। ਅਨੇਕ ਪ੍ਰਕਾਰ ਦਾ ਭੋਜਨ ਤਿਆਰ ਹੋਇਆ ਤੇ ਸਭ ਸਿੱਖ ਸੰਗਤਾਂ ਨੇ ਪੰਗਤਾਂ ਵਿਚ ਬੈਠ ਕੇ ਛੱਕਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਲ ਆਪਣੇ ਹੱਥਾਂ ਵਿਚ ਧਾਰਨ ਕੀਤਾ ਤੇ ਬੜੀ ਪ੍ਰੀਤ ਨਾਲ ਹੱਥ ਧੁਆਏ। ਬਾਬਾ ਮਹਾਂਦੇਵ ਵੀ ਬੜੀ ਸੇਵਾ ਵਿਚ ਲੱਗੇ ਸਨ ਤੇ ਬਹੁਤ ਭੋਜਨ ਵਰਤਾ ਰਹੇ ਸਨ॥ ੨੪॥

ਮੋਹਨ, ਅਨੰਦ ਮੋਹਰੀ ਆਦਿ ਜਿ ਸਭਿ ਸੰਗਤਿ ਕੀ ਸੇਵ ਕਰੰਤਿ।
'ਸ੍ਰੀ ਗੁਰੂ ਅਮਰਦਾਸ ਕੋ ਮਖ ਹੈ' ਇਮ ਕਹਿ ਸਗਰੇ ਟਹਿਲ ਚਹੰਤਿ।
ਕੇਤਿਕ ਅਚਤਿ ਕਿਤਿਕ ਬਰਤਾਵਤਿ ਕੇਤਿਕ ਜਲ ਕੋ ਦੇਤਿ ਪਿਵੰਤਿ।
ਲੋਕ ਹਜ਼ਾਰਹੁਂ ਮੇਲਿ ਭਯੋ ਬਡ ਅਧਿਕ ਕੁਲਾਹਲ ਸੁਨੇ ਸੁਭੰਤਿ॥ ੨੫॥

ਮੋਹਨ, ਅਨੰਦ, ਮੋਹਰੀ ਆਦਿ ਸਾਰੇ ਸੰਗਤ ਦੀ ਸੇਵਾ ਕਰ ਰਹੇ ਸਨ, "ਸ੍ਰੀ ਗੁਰੂ ਅਮਰਦਾਸ ਜੀ ਦਾ ਯੱਗ ਹੈ।" ਇਹ ਕਹਿ ਕੇ ਸਾਰੇ ਸੇਵਾ ਕਰਨੀ ਚਾਹੁੰਦੇ ਸਨ। ਕਈ ਖਾਂਦੇ ਸਨ, ਕਈ ਵਰਤਾਉਂਦੇ ਸਨ ਤੇ ਕਈ ਜਲ ਪੀਣ ਨੂੰ ਦੇ ਰਹੇ ਸਨ। ਹਜ਼ਾਰਾਂ ਲੋਕਾਂ ਦਾ ਮੇਲ ਹੋਇਆ ਸੀ, ਬੜੀ ਉੱਚੀ ਉਠ ਰਹੀਆਂ ਆਵਾਜ਼ਾਂ ਬਹੁਤ ਸ਼ੋਭਨੀਕ ਲੱਗ ਰਹੀਆਂ ਸਨ॥ ੨੫॥

ਭਾਉ ਭਗਤਿ ਬਹੁ ਸੰਗਤਿ ਪੰਗਤਿ ਮੰਗਤਿ ਜੋ ਪੂਰਵਤਿ ਅਭਿਲਾਖ।
ਬਡ ਉਤਸਵ ਕਰਿ ਪੂਰਨਮਾਸ਼ੀ ਅਸਨ ਖੁਵਾਇ ਖਾਇ ਕਰਿ ਕਾਂਖਿ।
ਭਯੋ ਪ੍ਰਮੋਦ ਸਭਿਨਿ ਕੇ ਮਾਂਹੀ ਗੁਰੂ ਅਮਰ ਕੇ ਜਸੁ ਕੋ ਭਾਖਿ।
ਕਰਿ ਗੁਰ ਦਰਸ਼ਨ ਹਰਖਤਿ ਹ੍ਵੈ ਕਰਿ ਬਹੁ ਨਰ ਮਿਲੇ ਭਾਉ ਚਿਤ ਰਾਖਿ॥੨੬॥

ਸੰਗਤ ਪੰਗਤ ਵਿਚ ਬਹੁਤ ਪ੍ਰੇਮ ਭਗਤੀ ਸੀ, ਜਿਹੜਾ ਵੀ ਕੁਝ ਮੰਗਦਾ ਉਸ ਦੀ ਅਭਿਲਾਸ਼ਾ ਪੂਰੀ ਕਰਦੇ ਸਨ। ਪੂਰਨਮਾਸ਼ੀ ਦਾ ਬੜਾ ਵੱਡਾ ਉਤਸਵ ਮਨਾਇਆ ਗਿਆ। ਭੋਜਨ ਖਵਾ ਖਵਾ ਕੇ ਭੁਖ ਦੂਰ ਕੀਤੀ। ਸਾਰੇ ਖੁਸ਼ੀਆਂ ਨਾਲ ਭਰ ਗਏ ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਜੱਸ ਕਰਦੇ ਸਨ। ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ ਅਤੇ ਬਹੁਤ ਮਨੁੱਖ ਚਿੱਤ ਵਿਚ ਪ੍ਰੇਮ ਧਾਰ ਕੇ ਗੁਰੂ ਜੀ ਨੂੰ ਮਿਲੇ॥ ੨੬॥

ਇਮ ਪੂਰਨਮਾਸ਼ੀ ਕੋ ਮੇਲਾ ਗੁਰੂ ਦਰਸ਼ਨ ਕਰਿ ਨਰ ਸਮੁਦਾਇ।
ਆਜ ਦਿਵਸ ਮਹਿਂ ਗੁਰੂ ਅਮਰ ਕੋ ਦੇਖਨਿ ਕੇ ਫਲ ਕੋ ਨਰ ਪਾਇ।

ਸਭਿ ਸੰਗਤਿ ਮਹਿਂ ਆਇ ਪ੍ਰਵੇਸ਼ਤਿ ਮਹਾਂ ਮਹਾਤਮ ਕਹਜੋ ਨ ਜਾਇ।
ਗੁਰੁ ਜਸੁ ਕੌ ਇਮ ਉਚਰਤਿ ਗਮਨੇ ਆਪੋ ਅਪਨੇ ਸਦਨ ਸਿਧਾਇ ॥੨੭॥

ਇਸ ਤਰ੍ਹਾਂ ਪੂਰਨਮਾਸ਼ੀ ਦੇ ਮੇਲੇ ਤੇ ਸਾਰੇ ਮਨੁੱਖਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਅੱਜ ਦੇ ਦਿਨ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦਾ ਫਲ ਮਨੁੱਖ ਪਾਉਂਦੇ ਹਨ। ਗੁਰੂ ਜੀ ਆਪ ਆ ਕੇ ਸਾਰੀ ਸੰਗਤ ਵਿਚ ਹੀ ਆ ਕੇ ਪ੍ਰਵੇਸ਼ ਕਰ ਜਾਂਦੇ ਹਨ, ਇਸ ਮਹਾਨ ਮਹਾਤਮ ਨੂੰ ਕਿਹਾ ਨਹੀਂ ਜਾ ਸਕਦਾ। ਇਸ ਤਰ੍ਹਾਂ ਗੁਰੂ ਜੀ ਦਾ ਜੱਸ ਕਰਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥ ੨੭॥

ਦੋਹਰਾ-ਮੇਲਾ ਭਯੋ ਸੁ ਬਿਛਰਗਾ ਸ੍ਰੀ ਅਰਜਨ ਕਰਿ ਬਾਸ।
ਪੂਰਨਮਾ ਪੀਛੇ ਰਹੇ ਮੋਹਨ, ਮੁਹਰੀ ਪਾਸ॥ ੨੮॥

ਮੇਲਾ ਲੱਗਾ ਤੇ ਫਿਰ ਵਿਛੜ ਗਿਆ, ਗੁਰੂ ਅਰਜਨ ਦੇਵ ਜੀ ਨੇ ਓਥੇ ਹੀ ਵਾਸਾ ਕੀਤਾ ਤੇ ਪੂਰਨਮਾਸ਼ੀ ਦੇ ਪਿਛੋਂ ਵੀ ਉਹ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਦੇ ਪਾਸ ਹੀ ਰਹੇ॥ ੨੮॥

*ਚੌਥੀ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥ ੨੧॥*

## *ਅਧਿਆਇ ਬਾਈਵਾਂ*

*ਮਹਾਂਦੇਵ ਜੀ ਦਾ ਪ੍ਰਲੋਕ ਗਮਨ*

ਦੋਹਰਾ-ਪੂਰਨਮਾ ਕੇ ਜੱਗਜ ਮਹਿਂ ਸਿਖ ਮੇਲਾ ਦਰਸਾਇ।
ਦਰਸ਼ਨ ਜਿਮ ਸ੍ਰੀ ਅਮਰ ਕੌ ਫਲ ਤੈਸੇ ਨਰ ਪਾਇ॥ ੧॥

ਪੂਰਨਮਾਸ਼ੀ ਦੇ ਜੱਗ ਵਿਚ ਸਿੱਖ ਮੇਲਾ ਇਹ ਪ੍ਰਗਟ ਕਰਦਾ ਹੈ ਕਿ ਇਸ ਮੇਲੇ ਵਿਚ ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਹੁੰਦੇ ਹਨ, ਅਜਿਹਾ ਫਲ ਮਨੁੱਖ ਪਾਉਂਦੇ ਹਨ॥ ੧॥

ਸੈਯਾ ਛੰਦ-ਸ੍ਰੀ ਅਰਜਨ ਪੁਨ ਪੁਰਿ ਮਹਿਂ ਬਾਸੇ ਹੋਤਿ ਭਯੋ ਅਤਿਸ਼ੈ ਸਤਿਸੰਗ।
ਨਿਤਪ੍ਰਤਿ ਚਰਚਾ ਆਤਮ ਕੇਰੀ ਕਰਹਿਂ ਜਾਨਿ ਇਹ ਤਨੁ ਛਿਨ ਭੰਗ।
ਭਜਨ ਪਰਾਇਨਿ ਇਕ ਰਸ ਹ੍ਵੈ ਕਰਿ ਪ੍ਰੀਤਿ ਵਧਹਿ ਪਰਮੇਸ਼ੁਰ ਸੰਗ।
ਸਭਿ ਕੋ ਉਪਦੇਸ਼ਤਿ ਮ੍ਰਿਦੁ ਬਾਕਨਿ ਜਿਸ ਤੇ ਚਢਹਿ ਭਗਤਿ ਕੋ ਰੰਗ ॥੨॥

ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਨਗਰ ਵਿਚ ਰਹਿਣ ਲੱਗੇ ਤੇ ਬੜਾ ਭਾਰੀ ਸਤਿਸੰਗ ਹੁੰਦਾ ਸੀ। ਸਦਾ ਆਤਮ ਦੀ ਚਰਚਾ ਕਰਦੇ ਸਨ ਤੇ ਕਹਿੰਦੇ ਸਨ ਕਿ ਇਹ ਸਰੀਰ ਛਿਨ ਭੰਗ ਹੈ। ਇਕ ਰਸ ਹੋ ਕੇ ਭਜਨ ਕਰੋ ਤਾਂਕਿ ਪ੍ਰਮੇਸ਼ਵਰ ਨਾਲ ਪ੍ਰੀਤ ਵਧੇ। ਸਾਰਿਆਂ ਨੂੰ ਮਿੱਠੇ ਬਚਨ ਬੋਲ ਕੇ ਉਪਦੇਸ਼ ਕਰਦੇ ਸਨ ਜਿਸ ਨਾਲ ਭਗਤੀ ਦਾ ਰੰਗ ਚੜ੍ਹਦਾ ਸੀ॥ ੨॥

ਸਵਾ ਜਾਮ ਜਾਮਨਿ ਤੇ ਕਿਰਤਨੁ ਕਰਹਿਂ ਰਬਾਬੀ ਸ਼ਬਦ ਉਚਾਰਿ।
ਸ਼੍ਰੀ ਅਰਜਨ ਜਤ ਮਹਰੀ ਆਦਿਕ ਸੁਨੈ ਸਕਲ ਅਰ ਕਰਹਿਂ ਬਿਚਾਰ।

ਮਿੱਥਯਾ ਜਗਤ ਜਾਨਿ ਕਰਿ ਨਿਸ਼ਚੇ ਅੰਤਰਬ੍ਰਿਤੀ ਕਰਹਿਂ ਸੁਖ ਕਾਰ।
ਮਨੋ ਮਹਾਂ ਮੁਨਿ ਮਨ ਸੁਧ ਕਰਿਬੇ ਕਪਲ ਰਿਖੀ ਜੁਤ ਕੇ ਅਨੁਹਾਰ॥ ੩॥

ਸਵਾ ਪਹਿਰ ਰਹਿੰਦਿਆਂ ਰਬਾਬੀ ਸ਼ਬਦਾਂ ਦਾ ਉਚਾਰਨ ਕਰਕੇ ਕੀਰਤਨ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਅਤੇ ਬਾਬਾ ਮੋਹਰੀ ਆਦਿ ਮਿਲ ਕੇ ਸੁਣਦੇ ਸਨ ਅਤੇ ਬਾਅਦ ਵਿਚ ਵਿਚਾਰ ਕਰਦੇ ਸਨ। ਇਹ ਜਗਤ ਝੂਠਾ ਜਾਣ ਕੇ ਸੁਖਦਾਇਕ ਅੰਤਰਬ੍ਰਿਤੀ ਨਿਸ਼ਚੈ ਕਰਦੇ ਸਨ। ਮਾਨੋ ਮਹਾਂਮੁਨੀ ਮਨ ਸ਼ੁੱਧ ਕਰਨ ਵਾਸਤੇ ਕਪਲ ਰਿਖੀ ਵਾਂਗ ਕਰਦੇ ਸਨ॥ ੩॥

ਦੇਖਿ ਪ੍ਰਤਾਪ ਅਨੁਜ ਕੋ ਤਬਿਹੀ ਜਿਨਕੇ ਉਪਦੇਸ਼ਤਿ ਹੁਇ ਗਜਾਨੁ।
ਭ੍ਰਾਤ ਸਬੰਧ ਜਾਨਿ ਕਰਿ ਕੂਰੋ ਮਹਾਂਦੇਵ ਸ਼ਰਧਾਲੁ ਮਹਾਨ।
ਤਨ ਤਜਿਬੇ ਕੋ ਸਮੈਂ ਨਿਕਟ ਲਖਿ ਜਨਮ ਸਫਲਤਾ ਚਹਿ ਮਨ ਮਾਨਿ।
ਸ੍ਰੀ ਅਰਜਨ ਕੋ ਲਖਿ ਇਕਾਂਤ ਮਹਿਂ ਗਯੋ ਸਮੀਪ ਬੈਠਿ ਹਿਤ ਠਾਨਿ॥ ੪॥

ਆਪਣੇ ਛੋਟੇ ਭਰਾ ਦਾ ਪ੍ਰਤਾਪ ਵੇਖ ਕੇ ਕਿ ਜਿਸ ਨੂੰ ਵੀ ਉਪਦੇਸ਼ ਕਰਦੇ ਹਨ, ਉਸ ਨੂੰ ਹੀ ਗਿਆਨ ਹੋ ਜਾਂਦਾ ਹੈ, ਭਰਾ ਦਾ ਸੰਬੰਧ ਝੂਠਾ ਜਾਣ ਕੇ, ਬਾਬਾ ਮਹਾਂਦੇਵ ਗੁਰੂ ਜੀ ਦਾ ਮਹਾਨ ਸ਼ਰਧਾਲੂ ਬਣ ਗਿਆ। ਸਰੀਰ ਛੱਡਣ ਦਾ ਸਮਾਂ ਨੇੜੇ ਸਮਝ ਕੇ, ਆਪਣੇ ਮਨ ਵਿਚ ਇਹ ਮੰਨ ਕੇ ਜਨਮ ਸਫਲ ਕਰਨਾ ਚਾਹੁੰਦਾ ਸੀ। ਸਤਿਗੁਰੂ ਜੀ ਨੂੰ ਇਕਾਂਤ ਵਿਚ ਬੈਠੇ ਵੇਖ ਕੇ ਹਿਤ ਕਰਕੇ ਉਨ੍ਹਾਂ ਦੇ ਪਾਸ ਗਿਆ॥ ੪॥

'ਸ੍ਰੀ ਸਤਿਗੁਰੁ ਕੀ ਗਾਦੀ ਪਰ ਤੁਮ ਈਸ਼ੁਰ ਕੇ ਸਰੂਪ ਅਵਤਾਰ।
ਮੈਂ ਭ੍ਰਾਤਾ ਹੀ ਜਾਨਤਿ ਨਿਤ ਚਿਤ, ਅਬਿ ਬਖਸ਼ੋ ਤੁਮ ਰਿਦਾ ਉਦਾਰ।
ਉਪਾਦੇਸ਼ਹੁ ਇਹੁ ਆਤਮ ਕੋ ਹੈ, ਕਿਮ ਬੰਧਨ ਮੈਂ ਦੁਖ ਗਨ ਧਾਰਿ?
ਕਿਮ ਸੁਖ ਲਹੈ, ਦਹੈ ਜਗ ਸੰਕਟ, ਮੋਹਿ ਸੁਨਾਵਹੁ ਭਲੀ ਪ੍ਰਕਾਰ'॥ ੫॥

ਬਾਬਾ ਮਹਾਂਦੇਵ ਜੀ ਨੇ ਕਿਹਾ, "ਸਤਿਗੁਰੂ ਜੀ ਦੀ ਗੱਦੀ ਉਤੇ ਤੁਸੀਂ ਈਸ਼ਵਰ ਸਰੂਪ ਅਵਤਾਰ ਬੈਠੇ ਹੋ, ਮੈਂ ਚਿੱਤ ਵਿਚ ਸਦਾ ਭਰਾ ਹੀ ਜਾਣਦਾ ਰਿਹਾ ਹਾਂ, ਹੁਣ ਮੈਨੂੰ ਬਖਸ਼ੋ, ਤੁਹਾਡਾ ਹਿਰਦਾ ਬਹੁਤ ਵਿਸ਼ਾਲ ਹੈ। ਮੈਨੂੰ ਉਪਦੇਸ਼ ਦੇਵੋ ਕਿ ਇਹ ਆਤਮ ਕੀ ਹੈ, ਕਿਵੇਂ ਇਹ ਬੰਧਨਾਂ ਵਿਚ ਬਹੁਤ ਦੁਖ ਧਾਰਨ ਕਰਦਾ ਹੈ? ਕਿਵੇਂ ਸੁਖ ਪ੍ਰਾਪਤ ਕਰਦਾ ਹੈ ਤੇ ਕਿਵੇਂ ਜੱਗ ਦੇ ਸੰਕਟ ਨਾਸ਼ ਹੁੰਦੇ ਹਨ, ਮੈਨੂੰ ਇਹ ਭਲੀ ਪ੍ਰਕਾਰ ਸੁਣਾਵੋ"॥ ੫॥

ਸ੍ਰੀ ਅਰਜਨ ਸ਼ਰਧਾਲੁ ਭ੍ਰਾਤ ਲਖਿ ਅਰੁ ਜਾਨਜੋ ਤਨੁ ਤਜਿਬੇ ਕਾਲ।
'ਉੱਤਮ ਅਧਿਕਾਰੀ, ਲਘੁ ਕਹਿਬੇ ਸਮਝਹਿ ਗੋ ਬ੍ਰਹਮਗਜਾਨ ਬਿਸਾਲ।
ਕਰਨਿ ਲਗੇ ਉਪਦੇਸ਼ ਮ੍ਰਿਦੁਲ ਬਚ ਭ੍ਰਾਤ ਸੁਨਹੁ ਇਹ ਬਾਤ ਸੁਖਾਲ।
ਆਪਹਿ ਬੰਧਨ ਲਹਿ ਦੁਖ ਭੋਗਤਿ ਸ੍ਰੀ ਨਾਨਕ ਕਹਿ ਗਿਰਾ ਰਸਾਲ॥ ੬॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਰਾ ਨੂੰ ਸ਼ਰਧਾਲੂ ਜਾਣ ਕੇ ਅਤੇ ਇਹ ਸਮਝ ਕੇ ਕਿ ਉਨ੍ਹਾਂ ਦਾ ਸਰੀਰ ਛੱਡਣ ਦਾ ਸਮਾਂ ਨੇੜੇ ਆ ਰਿਹਾ ਹੈ ਤਾਂ ਉਨ੍ਹਾਂ ਸੋਚਿਆ, "ਇਹ ਉੱਤਮ ਅਧਿਕਾਰੀ ਹੈ, ਥੋੜ੍ਹਾ ਵੀ ਕਹਿਣ ਨਾਲ ਸਮਝ ਜਾਵੇਗਾ, ਇਸ ਨੂੰ ਵਿਸ਼ਾਲ ਬ੍ਰਹਮ-ਗਿਆਨ ਪ੍ਰਾਪਤ ਹੈ।" ਤਾਂ ਉਪਦੇਸ਼ ਕਰਨ ਲੱਗੇ ਤੇ ਕੋਮਲ ਬਚਨ ਬੋਲ ਕੇ ਕਿਹਾ, "ਹੇ ਭਰਾ ਜੀ! ਸੁਣੋ, ਇਹ ਗੱਲ ਬਹੁਤ ਸੌਖੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁੰਦਰ ਬਚਨ ਕਹੇ ਹਨ ਕਿ ਮਨੁੱਖ ਆਪੇ ਬੰਧਨ ਪਵਾ ਕੇ ਦੁੱਖ ਭੋਗਦਾ ਹੈ॥ ੬॥

ਸਲੋਕ ਮ: ੧॥

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ॥ ੧॥

(ਪੰਨਾ ੭੯੯)

ਹੇ ਨਾਨਕ ! ਤੂੰ ਇਸ ਸਰੀਰ ਨੂੰ ਸਾੜ ਦੇ, ਜਿਸ ਸੜੇ ਹੋਏ ਸਰੀਰ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ ਹੈ। ਪਾਪਾਂ ਦੀ ਮੈਲ ਤੇਰੇ ਉਸ ਆਤਮਾ ਦੇ ਨੀਵੇਂ ਤਾਲਾਬ ਵਿਚ ਇਕੱਠੀ ਹੁੰਦੀ ਜਾਂਦੀ ਹੈ, ਇਸ ਬਾਅਦ ਇਸ ਨੂੰ ਸਾਫ ਕਰਨ ਲਈ ਤੇਰਾ ਹੱਥ ਓਥੋਂ ਤਕ ਪਹੁੰਚ ਨਹੀਂ ਸਕਣਾ ਹੈ ਭਾਵ ਸਰੀਰ ਅਭਿਮਾਨ ਨੂੰ ਗਿਆਨ ਅਗਨੀ ਨਾਲ ਸਾੜ ਦੇਵੋ, ਜਿਸ ਤ੍ਰਿਸ਼ਨਾ ਨਾਲ ਸੜੇ ਹੋਏ ਨੇ ਨਾਮ ਵਿਸਾਰ ਦਿੱਤਾ ਹੈ। ਉਸ ਹਿਰਦੇ ਰੂਪੀ ਨੀਵੇਂ ਤਾਲਾਬ ਵਿਚ ਮੈਲ ਪੈ ਰਹੀ ਹੈ, ਜਿਸ ਲਈ ਇਸ ਆਤਮ ਵਸਤੂ ਨੂੰ ਪਹਿਲਾਂ ਹੀ ਕੱਢ ਲੈ। ਜਦ ਓਥੇ ਬਹੁਤ ਮੈਲ ਪੈ ਗਈ ਤਾਂ ਬੁੱਧੀ ਰੂਪੀ ਹੱਥ ਓਥੇ ਨਹੀਂ ਪਹੁੰਚੇਗਾ॥ ੧॥

ਸੈਯਾ ਛੰਦ- ਪ੍ਰਥਮ ਕੁਬੰਧਨ ਪਰਜੋ ਸੁਨਹੁ ਸੋ ਅਹੈ ਆਤਮਾ ਤਾਲ ਸਮਾਨ।
ਤਨੁ ਹੰਤਾ ਧਾਰਨਿ ਇਨ ਕੀਨੀ ਮੈ ਦਿਜ ਖੱਤ੍ਰੀ ਬੈਸ ਸੁਜਾਨ।
ਇੱਤ੍ਯਾਦਿਕ ਤਨ ਅਪਨਿ ਰੂਪ ਲਖਿ ਭਯੋ ਜਾਲਿ ਹਰਿਆਵਲਿ ਆਨਿ।
ਜਲ ਕੌ ਕਰਜੋ ਅਛਾਦਨ ਜੈਸੇ ਤਿਮ ਸਰੂਪ ਨਿਜ ਛਾਦਨਿ ਠਾਨਿ॥ ੭॥

ਪਹਿਲਾਂ ਖੋਟੇ ਬੰਧਨਾਂ ਵਿਚ ਫਸਿਆ ਹੈਂ, ਇਹ ਆਤਮਾ ਇਕ ਤਾਲਾਬ ਸਮਾਨ ਹੈ, ਇਸ ਨੇ ਸਰੀਰ ਦਾ ਹੰਕਾਰ ਧਾਰਨ ਕੀਤਾ ਹੈ ਅਤੇ ਆਪਣੇ ਆਪ ਨੂੰ ਸਮਝਦਾ ਹੈ ਕਿ ਮੈਂ ਬ੍ਰਾਹਮਣ ਹਾਂ, ਮੈਂ ਖੱਤਰੀ ਹਾਂ, ਮੈਂ ਵੈਸ਼ ਹਾਂ ਇਤਿਆਦਿ ਆਪਣੇ ਸਰੀਰ ਅਤੇ ਆਪਣੇ ਰੂਪ ਨੂੰ ਸਮਝਦਾ ਹੈ। ਜਿਵੇਂ ਜਾਲਾ ਅਤੇ ਹਰਿਆ ਬੂਰ ਪਾਣੀ ਨੂੰ ਢੱਕ ਲੈਂਦਾ ਹੈ ਉਸ ਤਰ੍ਹਾਂ ਆਪਣੇ ਸਰੀਰ ਅਤੇ ਸਰੂਪ ਦਾ ਹੰਕਾਰ ਨਿਜ ਆਤਮਾ ਨੂੰ ਢੱਕ ਲੈਂਦਾ ਹੈ॥ ੭॥

ਅਹੰ ਬ੍ਰਹਮ ਇਹ ਨਾਮ ਬਿਸਾਰਜੋ ਤਨੁ ਹੰਤਾ ਜਬਿ ਧਾਰਨਿ ਕੀਨਿ।
ਪੁਨਹੁ ਪਰਾਲ ਘਾਸ ਅਰੁ ਫੂਸ ਜੁ ਪਰਜੋ ਜਾਲ ਪਰਿ ਭਾ ਬਹੁ ਪੀਨ।
ਤਿਮਿ ਹੰਤਾ ਪਰ ਮਮਤਾ ਉਪਜੀ ਮਮ ਸੁਤ, ਮਮ ਗ੍ਰਿਹ, ਤ੍ਰਿਯ, ਧਨ ਚੀਨ।
ਜਲ ਸਮ ਆਤਮ ਅਧਿਕ ਅਛਾਦਜੋ ਪਰਦਾ ਮੋਟੋ ਭਯੋ ਨਵੀਨ॥ ੮॥

ਜਦ ਇਸ ਨੇ ਸਰੀਰ ਦਾ ਹੰਕਾਰ ਧਾਰਨ ਕੀਤਾ ਤਦ ਇਸ ਨੇ ਨਾਮ ਭੁਲਾ ਦਿੱਤਾ। ਫਿਰ ਪਰਾਲੀ, ਘਾਹ ਫੂਸ ਆਦਿ ਜਾਲਾ ਬਹੁਤ ਪੈ ਗਿਆ ਅਤੇ ਬਹੁਤ ਗਾੜ੍ਹਾ ਹੋ ਗਿਆ। ਇਸ ਕਰਕੇ ਹੰਕਾਰ ਕਾਰਨ ਮਮਤਾ ਪੈਦਾ ਹੋਈ ਕਿ ਇਹ ਮੇਰਾ ਪੁਤ ਹੈ, ਇਹ ਮੇਰਾ ਘਰ ਹੈ, ਇਹ ਮੇਰੀ ਪਤਨੀ ਹੈ ਅਤੇ ਇਹ ਮੇਰਾ ਧਨ ਹੈ ਆਦਿ ਸਮਝਿਆ। ਜਲ ਵਾਂਗ ਆਤਮਾ ਵੀ ਬਹੁਤ ਢੱਕੀ ਗਈ ਅਤੇ ਉਸ ਉਤੇ ਨਵਾਂ ਮੋਟਾ ਪਰਦਾ ਪੈ ਗਿਆ॥ ੮॥

ਬ੍ਰਿੱਤਿ ਨ ਪਹੁੰਚੈ ਇਨ ਦੁਇ ਕੋ ਤਜਿ ਫਸ੍ਯੋ ਇਨਹੁੰ ਮਹੁੰ, ਜਾਨੈ ਨਾਂਹਿ।
ਜਬਿ ਸਤਿਗੁਰੁ ਉਪਦੇਸ਼ ਜਤਨ ਕੋ ਜਲ ਆਤਮ ਪ੍ਰਾਪਤਿ ਨਿਜ ਮਾਂਹਿ।
ਇਨ ਦੋਨਹੁੰ ਤੇ ਦੁਖ ਕੋ ਭੋਗਹਿ ਅਤਿ ਦੁਖ ਕੋ ਸੁਖ ਲਖਿ ਚਿਤ ਚਾਹਿ।
ਵਹਿਰ ਬ੍ਰਿਤਿ ਤੇ ਉਠਹਿ ਵਾਸ਼ਨਾ ਤਿਨ ਅਨੁਸਾਰ ਜਨਮ ਕੋ ਪਾਹਿ॥ ੯॥

ਬ੍ਰਿਤੀ ਇਸ ਦੂਈ ਨੂੰ ਛਾੜ ਕੇ ਜਦ ਤਕ ਆਤਮ ਤੱਤ ਵਸਤੂ ਤਕ ਪਹੁੰਚਦੀ ਨਹੀਂ ਹੈ, ਤਦ ਤਕ ਇਨ੍ਹਾਂ ਵਿਚ ਹੀ ਫਸਿਆ ਰਹਿੰਦਾ ਹੈ ਤੇ ਕੁਝ ਵੀ ਜਾਣਦਾ ਨਹੀਂ ਹੈ। ਜਦ ਸਤਿਗੁਰੂ ਜੀ ਉਪਦੇਸ਼ ਦੇ ਕੇ ਕੋਈ ਯਤਨ ਦੱਸਦੇ ਹਨ ਕਿ ਜਲ

ਤੇ ਆਤਮ ਆਪਣੇ ਅੰਦਰ ਹੀ ਪ੍ਰਾਪਤ ਹਨ। ਇਨ੍ਹਾਂ ਦੋਹਾਂ ਕਰਕੇ ਦੁੱਖ ਭੋਗਦਾ ਹੈ, ਅਤਿ ਦੁੱਖ ਨੂੰ ਸੁਖ ਸਮਝ ਕੇ ਚਿੱਤ ਵਿਚ ਪਾਉਣਾ ਚਾਹੁੰਦਾ ਹੈ। ਬਾਹਰਮੁਖੀ ਬ੍ਰਿਤੀ ਤੋਂ ਬਾਹਰਮੁਖੀ ਵਾਸ਼ਨਾਂ ਉਠਦੀਆਂ ਹਨ, ਉਹ ਜਨਮ ਮਰਨ ਦੀਆਂ ਦਾਤੀਆਂ ਹਨ ਅਤੇ ਉਨ੍ਹਾਂ ਅਨੁਸਾਰ ਹੀ ਜਨਮ ਪਾਉਂਦਾ ਹੈ॥ ੯॥

ਇਹ ਪਰਦੋ ਤਨੁਹੰਤਾ ਮਮਤਾ ਤਜਾਗੇ ਤੇ ਆਤਮ ਲਖਿ ਲੇਤਿ।
ਮਨ ਕੋ ਇੰਦ੍ਰਯ ਸੰਗਿ ਸਬੰਧਜੁ ਇਹ ਬੰਧਨ ਅਤਿਸ਼ੈ ਦੁਖ ਦੇਤਿ।
ਇੰਦ੍ਰਯ ਤੇ ਹਟਿ ਕਰਿ ਹੁਇ ਫਿਰ ਜਬਿ ਟਿਕ ਜਾਵੈ ਮਨ ਰਿਦੇ ਨਿਕੇਤਿ।
ਸੋ ਮੁਕਤੀ ਹੈ ਸੁਖਦ ਪਰਮਗਤਿ ਕਹਤਿ ਸੰਤ ਸਭਿ ਬੇਦ ਸਮੇਤਿ॥ ੧੦॥

ਜੇ ਸਰੀਰ ਦਾ ਹੰਕਾਰ ਅਤੇ ਮਮਤਾ ਦਾ ਪਰਦਾ ਤਿਆਗ ਦੇਵੇ ਤਾਂ ਆਤਮਾ ਨੂੰ ਵੇਖ ਲੈਂਦਾ ਹੈ। ਮਨ ਦਾ ਇੰਦ੍ਰਿਆਂ ਨਾਲ ਜੋ ਸੰਬੰਧ ਹੈ, ਇਹ ਬੰਧਨ ਬਹੁਤ ਦੁੱਖ ਦਿੰਦੇ ਹਨ। ਜੇ ਇੰਦ੍ਰਿਆਂ ਨਾਲੋਂ ਹਟ ਕੇ ਹੋਵੇ, ਫਿਰ ਜਦ ਮਨ ਹਿਰਦੇ ਰੂਪੀ ਘਰ ਵਿਚ ਟਿਕ ਜਾਵੇ ਤਾਂ ਉਹ ਮੁਕਤੀ ਬਹੁਤ ਸੁਖਦਾਈ ਹੁੰਦੀ ਹੈ, ਇਸ ਨੂੰ ਸਾਰੇ ਸੰਤ ਅਤੇ ਵੇਦਾਂ ਸਮੇਤ ਪਰਮਗਤੀ ਕਹਿੰਦੇ ਹਨ॥ ੧੦॥

ਬੁਧਿ ਤੇ ਗੇਯ ਆਤਮਾ ਬ੍ਰਹਮ ਜੂ ਨਹਿਂ ਕਿਸ ਇੰਦ੍ਰੀ ਬਿਸ਼ਯ ਬਿਚਾਰ।
ਗਜਾਤਾ ਪਾਇ ਅਨੰਦ ਉਦਧਿ ਕੀ ਤਤਛਿਨ ਮਿਲਹੈ ਤਾਂਹਿ ਮਝਾਰ।
ਨਹੀਂ ਬਾਸ਼ਨਾ ਉਠਹਿ ਬਹੁਰ ਕਬਿ ਜਨਮ ਮਰਨ ਨਹਿਂ ਹੁਇ ਸੰਸਾਰ।
ਸਾਰਿ ਅਸਾਰ ਬਿਚਾਰ ਧਾਰ ਕਰਿ ਸਾਰ ਗਹੈ ਸਭਿ ਤਜਾਗ ਅਸਾਰ॥ ੧੧॥

ਬੁੱਧੀ ਤੇ ਜਾਣਨ-ਯੋਗ ਜੋ ਆਤਮ ਬ੍ਰਹਮ ਹੈ ਇਸ ਨੂੰ ਕਿਸੇ ਇੰਦਰੀ ਦੇ ਵਿਸ਼ੇ ਵਾਸ਼ਨਾ ਨਾ ਵਿਚਾਰੋ। ਜਦ ਅਨੰਦ ਦੇ ਸਾਗਰ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤਤਛਿਨ ਉਸ ਦੇ ਵਿਚ ਮਿਲ ਜਾਂਦਾ ਹੈ। ਫਿਰ ਕਦੇ ਵੀ ਬਾਹਰਮੁਖੀ ਵਾਸ਼ਨਾਵਾਂ ਨਹੀਂ ਉਠਦੀਆਂ ਅਤੇ ਇਸ ਸੰਸਾਰ ਵਿਚ ਫਿਰ ਜਨਮ ਮਰਨ ਨਹੀਂ ਹੁੰਦਾ। ਸੱਚ, ਝੂਠ ਦਾ ਵਿਚਾਰ ਧਾਰਨ ਕਰਕੇ ਸੱਚ ਨੂੰ ਫੜ ਲਵੇ ਤੇ ਝੂਠ ਨੂੰ ਛੱਡ ਦੇਵੇ॥ ੧੧॥

ਅੰਤਰ ਬ੍ਰਿਤੀ ਹੋਇ ਕਰਿ ਜਾਨਹੁ, ਵਹਿਰ ਨਹੀਂ ਕੁਛ, ਸਭਿ ਇਸ ਮਾਂਹਿ'।
ਮਹਾਂਦੇਵ ਸੁਨਿ ਦ੍ਰਿਗ ਜੁਗ ਮੂੰਦੇ ਅੰਤਰਿ ਬ੍ਰਿਤਿ ਤੇ ਵਹਿਰ ਨ ਆਹਿ।
ਤਤਛਿਨ ਲਗੀ ਸਮਾਧਿ ਅਚਲਿ ਚਿਤ ਰਸ ਕੋ ਪਾਇ ਤਜਤਿ ਸੋ ਨਾਂਹਿ।
ਬੀਤ ਗਏ ਜੁਗ ਜਾਮ ਥਿਰਜੋ ਜਬਿ ਸ੍ਰੀ ਅਰਜਨ ਤਬਿ ਗਹਿ ਕਰਿ ਬਾਂਹਿ॥੧੨॥

ਅੰਤਰ ਬ੍ਰਿਤੀ ਹੋ ਕੇ ਜਾਣੋਂ, ਬਾਹਰ ਕੁਝ ਨਹੀਂ ਹੈ, ਸਭ ਕੁਝ ਇਸ ਵਿਚ ਹੀ ਹੈ।" ਇਹ ਸੁਣ ਕੇ ਮਹਾਂਦੇਵ ਨੇ ਦੋਵੇਂ ਅੱਖਾਂ ਬੰਦ ਕਰ ਲਈਆਂ ਤੇ ਫਿਰ ਅੰਤਰ ਬ੍ਰਿਤੀ ਤੋਂ ਬਾਹਰ ਨਹੀਂ ਸੀ ਆ ਰਿਹਾ। ਤੁਰੰਤ ਅਚੱਲ ਸਮਾਧੀ ਲੱਗ ਗਈ, ਚਿੱਤ ਰਸ ਨੂੰ ਪਾ ਕੇ ਉਸ ਨੂੰ ਛੱਡਦੇ ਨਹੀਂ ਸਨ। ਦੋ ਪਹਿਰ ਬੀਤ ਗਏ ਸਥਿਰ ਸਮਾਧੀ ਲੱਗੀ ਰਹੀ, ਫਿਰ ਗੁਰੂ ਅਰਜਨ ਦੇਵ ਜੀ ਨੇ ਬਾਂਹ ਤੋਂ ਫੜ ਕੇ ਹਿਲਾਇਆ॥ ੧੨॥

'ਧੰਨ ਬ੍ਰਿੱਤਿ ਤੁਮਰੀ ਗੁਰੁਸੁਤ ਹੋ, ਕਹੇ ਤਨਕ ਤੇ ਉਪਜਜੋ ਗਜਾਨੁ।
ਲਹਹੁ ਸਮਾਧਿ ਵਹਿਰ ਕੀ ਅਬਿ ਤੁਮ ਜਗਤ ਆਪਨੋ ਰੂਪ ਪਛਾਨ।
ਬ੍ਰਹਮ ਸੁ ਦੀਸਹਿ ਬ੍ਰਹਮ ਸੁ ਸੁਨੀਯੈ ਤਿਸ ਬਿਨੁ ਊਨ ਨਹੀ ਕੋ ਥਾਨ।
ਜਾਗਤਿ ਸੁਪਤਿ ਉਠਤਿ ਅਰੁ ਬੈਠਤਿ ਫਿਰਤਿ ਸਥਿਤਿ ਇਕ ਰਸ ਬ੍ਰਿਤਿ ਠਾਨਿ'॥੧੩॥

ਗੁਰੂ ਜੀ ਨੇ ਕਿਹਾ, "ਧੰਨ ਤੁਹਾਡੀ ਬ੍ਰਿਤੀ ਹੈ, ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਥੋੜ੍ਹਾ ਕਹਿਣ ਤੇ ਹੀ ਤੁਹਾਨੂੰ ਗਿਆਨ ਪ੍ਰਾਪਤ ਹੋ ਗਿਆ ਹੈ। ਹੁਣ ਬਾਹਰ ਦੀ ਸਮਾਧੀ ਲਵੋ ਤੇ ਜਗਤ ਨੂੰ ਆਪਣਾ ਹੀ ਰੂਪ ਪਛਾਣੋ। ਜੋ ਦਿੱਸਦਾ ਹੈ, ਉਹ ਬ੍ਰਹਮ ਹੈ,

Sri Satguru Jagjit Singh Ji eLlibrary NamdhariElibrary@gmail.com

ਜੋ ਸੁਣਦੇ ਹਾਂ ਉਹ ਬ੍ਰਹਮ ਹੈ, ਉਸ ਬਗੈਰ ਕੋਈ ਵੀ ਥਾਂ ਖਾਲੀ ਨਹੀਂ ਹੈ। ਜਾਗਦਿਆਂ, ਸੁੱਤਿਆਂ, ਉੱਠਦਿਆਂ ਅਤੇ ਬੈਠਦਿਆਂ, ਫਿਰਦਿਆਂ ਅਤੇ ਖਲੋਤਿਆਂ ਇਕ ਰਸ ਬ੍ਰਿਤੀ ਰਖੋ" ॥ ੧੩ ॥

ਦ੍ਰਿਗ ਉਘਾਰ ਕਰਿ ਅਨੁਜ ਬਿਲੋਕਯੋ ਮਹਿਮਾ ਮਹਾਂ ਜਾਨਿ ਸੁਖ ਪਾਇ।
ਨਿਸ ਬਾਸੁਰ ਕੀ ਮਹਾਂ ਸਮਾਧੀ ਸੋ ਸਭਿ ਜਾਨੀ ਇਕਰਸ ਭਾਇ।
ਏਕ ਆਤਮਾ ਪੂਰਨ ਨਭ ਸਮ, ਅੰਤਰ ਵਹਿਰ ਬ੍ਰਹਮ ਦ੍ਰਿਸ਼ਟਾਇ।
ਨਮਸਕਾਰ ਕਰਿ ਉਠਤਿ ਭਯੋ ਤਬਿ 'ਕਹਾਂ ਭਯੋ ਇਹ' ਚਿਤ ਬਿਸਮਾਇ ॥੧੪ ॥

ਬਾਬਾ ਮਹਾਂਦੇਵ ਨੇ ਆਪਣੀਆਂ ਅੱਖਾਂ ਖੋਲ੍ਹ ਕੇ ਆਪਣੇ ਭਰਾ ਵਲ ਵੇਖਿਆ ਤੇ ਮਹਾਨ ਮਹਿਮਾ ਜਾਣ ਕੇ ਸੁਖ ਪਾਇਆ। ਦਿਨ ਰਾਤ ਦੀ ਮਹਾਨ ਸਮਾਧੀ ਇਕ ਰਸ ਹੋ ਕੇ ਜਾਣ ਲਈ, ਅਕਾਸ਼ ਵਾਂਗ ਪੂਰਨ ਇਕ ਆਤਮਾ ਹੈ, ਅੰਦਰ ਬਾਹਰ ਬ੍ਰਹਮ ਹੀ ਦਿਸਦਾ ਹੈ। ਤਦ ਨਮਸਕਾਰ ਕਰਕੇ ਉਠ ਪਿਆ ਤੇ ਕਿਹਾ, "ਇਹ ਕੀ ਹੋ ਗਿਆ ਹੈ" ਚਿੱਤ ਵਿਚ ਬੜਾ ਹੈਰਾਨ ਸੀ॥ ੧੪ ॥

ਰਾਗ ਨ ਦ੍ਵੈਸ਼ ਨ ਮੋਹ ਨ ਮਾਯਾ ਪਰਦਾ ਮਿਟਯੋ, ਪਛਾਨਯੋ ਏਕ।
ਇਕ ਦੁਇ ਦਿਨ ਪੁਨ ਬਸੇ ਤਿਸੀ ਪੁਰਿ ਅਤਿ ਸੁਖ ਪਾਇਸਿ ਪਰਮ ਬਿਬੇਕ।
ਤਬਿ ਸ੍ਰੀ ਅਰਜਨ ਗਿਰਾ ਬਖਾਨੀ 'ਸੁਨਹੁ ਭ੍ਰਾਤ ਤਨ ਤਜਿਬੇ ਟੇਕ।
ਦੋਇ ਦਿਵਸ ਮਹਿਂ ਪ੍ਰਾਨਨਿ ਤਜਾਗਹੁ, ਬਸਹਿਂ ਇਹਾਂ, ਹਹਿਂ ਸਿੱਖਜ ਅਨੇਕ ॥੧੫ ॥

ਪਿਆਰ ਨਹੀਂ, ਈਰਖਾ ਨਹੀਂ, ਮੋਹ ਨਹੀਂ ਅਤੇ ਮਾਇਆ ਦਾ ਵੀ ਪਰਦਾ ਮਿਟ ਗਿਆ ਹੈ, ਕੇਵਲ ਇਕ ਨੂੰ ਹੀ ਪਛਾਣਿਆ ਹੈ। ਇਕ ਦੋ ਦਿਨ ਫਿਰ ਉਸ ਨਗਰੀ ਵਿਚ ਵਸੇ ਤੇ ਪਰਮ ਬਿਬੇਕ ਨੂੰ ਪਾ ਕੇ ਪਰਮ ਸੁਖ ਪਾਇਆ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਹੇ ਭਰਾ ਜੀ ਸੁਣੋ, ਸਰੀਰ ਨੇ ਹੋਰ ਕਿੰਨਾ ਚਿਰ ਟਿਕਣਾ ਹੈ ? ਦੋ ਦਿਨਾਂ ਵਿਚ ਪ੍ਰਾਣ ਤਿਆਗ ਦੇਵੋ, ਏਥੇ ਰਹਿੰਦੇ ਹਾਂ, ਏਥੇ ਅਨੇਕਾਂ ਸਿੱਖ ਹਨ॥ ੧੫ ॥

ਸ੍ਰੀ ਗੁਰੁ ਅਮਰ ਅੰਸ ਹੈ ਇਹਠਾਂ ਪਿਤ, ਨਾਨੇ ਤਨੁ ਤਜਾਗਨਿ ਥਾਨ।
ਜਯੋਂ ਗਜ ਫੂਲ ਮਾਲ ਕੋ ਡਾਰੇ, ਤਿਮ ਤੁਮ ਤਜੋ ਦੇਹਿ ਸੁਖ ਮਾਨਿ'।
ਸੁਨਤਿ ਪ੍ਰਫੁੱਲਿਤਿ ਮਹਾਂਦੇਵ ਭਾ 'ਅਬਿ ਕੁਛ ਕਰਨੋ ਰਹਯੋ ਨ ਜਾਨ।
ਨਹਿਂ ਚਿੰਤਾ ਤਨ ਰਾਖਨਿ ਤਜਾਗਨਿ, ਹੋਹਿ ਭਲੇ ਗਤਿ ਕਰਮਨਿ ਠਾਨਿ ॥੧੬ ॥

ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਸਥਾਨ ਹੈ। ਸਾਡੇ ਨਾਨਾ ਜੀ ਸ੍ਰੀ ਗੁਰੂ ਅਮਰਦਾਸ ਜੀ ਨੇ ਅਤੇ ਪਿਤਾ ਜੀ ਨੇ ਇਸ ਥਾਂ ਸਰੀਰ ਛੱਡਿਆ ਸੀ। ਜਿਵੇਂ ਹਾਥੀ ਫੁੱਲਾਂ ਦੀ ਮਾਲਾ ਨੂੰ ਲਾਹ ਕੇ ਥੱਲੇ ਰੱਖ ਦਿੰਦਾ ਹੈ, ਇਸ ਤਰ੍ਹਾਂ ਤੁਸੀਂ ਸੁਖ ਮੰਨ ਕੇ ਸਰੀਰ ਨੂੰ ਛੱਡ ਦੇਵੋ।" ਇਹ ਸੁਣ ਕੇ ਬਾਬਾ ਮਹਾਂਦੇਵ ਨੇ ਕਿਹਾ, "ਹੁਣ ਕੁਝ ਕਰਨਾ ਬਾਕੀ ਨਹੀਂ ਰਿਹਾ ਹੈ, ਇਹ ਸਮਝੋ। ਰੱਖਣ ਦੀ ਜਾਂ ਤਿਆਗਣ ਦੀ ਮਨ ਵਿਚ ਕੋਈ ਚਿੰਤਾ ਨਹੀ ਹੈ, ਕਰਮਗਤੀ ਅਨੁਸਾਰ ਜੋ ਹੋਏ ਸੋ ਭਲਾ ਹੈ॥ ੧੬ ॥

ਮੈਂ ਨਿਤ ਅਮਰ, ਨ ਜਨਮ ਨ ਮਰਨੋ, ਮਿੱਥਯਾ ਦੇਹ ਨ ਥਿਰਤਾ ਪਾਇ'।
ਇਮ ਕਹਿ ਰਹਯੋ ਅਨੰਦਤਿ ਅਤਿਸ਼ੈ ਭ੍ਰਮ ਅੱਗਯਾਨ ਸਮੇਤਿ ਬਿਹਾਇ।
ਬੀਤ ਗਏ ਦਿਨ, ਸਮਾਂ ਸੁ ਆਯੋ ਜਾਨਯੋ ਤਨ ਕੋ ਤਜਨਿ ਸੁਭਾਇ।
ਸ੍ਰੀ ਅਰਜਨ ਢਿਗ ਹ੍ਵੈ ਕਰਿ ਪੌਢਯੋ ਕਹਯੋ 'ਪ੍ਰਾਨ ਅਬਿ ਮੇਰੋ ਜਾਇ' ॥ ੧੭ ॥

ਮੈਂ ਸਦਾ ਅਮਰ ਹਾਂ, ਨਾ ਜੰਮਦਾ ਹਾਂ ਨਾ ਮਰਦਾ ਹਾਂ, ਝੂਠਾ ਸਰੀਰ ਸਦਾ ਨਹੀਂ ਰਹਿੰਦਾ ਹੈ।" ਇਸ ਤਰ੍ਹਾਂ ਕਹਿ ਕੇ ਬਹੁਤ ਪ੍ਰਸੰਨ ਹੋਏ ਤੇ ਭਰਮ ਨੂੰ ਅਗਿਆਨਤਾ ਸਮੇਤ ਦੂਰ ਕਰ ਦਿੱਤਾ। ਦਿਨ ਬੀਤ ਗਏ ਜਦ ਸਰੀਰ ਛੱਡਣ ਦਾ ਸਮਾਂ ਆਇਆ ਤਾਂ ਗੁਰੂ ਅਰਜਨ ਦੇਵ ਜੀ ਪਾਸ ਲੇਟ ਗਏ ਅਤੇ ਕਿਹਾ, "ਮੇਰੇ ਸਵਾਸ ਹੁਣ ਜਾਣ ਵਾਲੇ ਹਨ" ॥ ੧੭ ॥

ਤਬਿ ਸਤਿਗੁਰੁ ਪਰਵਾਰ ਸਹਤ ਕੋ ਮੁਹਰੀ ਤਤਛਿਨ ਲੀਨਿ ਬੁਲਾਇ।
ਸੰਸਰਾਮ ਜਿਹ ਸਾਥ ਅਰਥਮਲ ਸਿਖ ਸੰਗਤਿ ਆਨੰਦ ਸੁ ਆਇ।
ਸੱਤਾ ਅਰੁ ਬਲਵੰਡ ਬੁਲਾਏ 'ਕਰਹੁ ਕੀਰਤਨ' ਬਚ ਫੁਰਮਾਇ।
ਭਈ ਭੀਰ ਧੁਨਿ ਉਠੀ ਸ਼ਬਦ ਕੀ ਸੁਨਿ ਬੈਰਾਗ ਸਭਿਨਿ ਉਪਜਾਇ ॥ ੧੮ ॥

ਤਦ ਗੁਰੂ ਜੀ ਨੇ ਸਾਰੇ ਪਰਿਵਾਰ ਨੂੰ ਬਾਬਾ ਮੋਹਰੀ ਜੀ ਆਦਿ ਸਮੇਤ ਪਾਸ ਬੁਲਾ ਲਿਆ। ਸੰਸਰਾਮ, ਅਰਥਮਲ, ਸਿੱਖ ਸੰਗਤ ਅਤੇ ਬਾਬਾ ਅਨੰਦ ਜੀ ਵੀ ਆਏ। ਫਿਰ ਰਬਾਬੀ ਸੱਤੇ ਬਲਵੰਡ ਨੂੰ ਵੀ ਬੁਲਾ ਲਿਆ ਅਤੇ ਕਿਹਾ, "ਕੀਰਤਨ ਕਰੋ" ਬਹੁਤ ਸੰਗਤ ਇਕੱਠੀ ਹੋ ਗਈ, ਫਿਰ ਸ਼ਬਦ ਦੀ ਧੁਨ ਉਠੀ. ਸੁਣ ਕੇ ਸਾਰਿਆਂ ਵਿਚ ਬਹੁਤ ਵੈਰਾਗ ਉਤਪੰਨ ਹੋਇਆ ॥ ੧੮ ॥

ਮਹਾਂਦੇਵ ਸਭਿਹਿਨਿ ਕੋ ਪਿਖਿ ਕਰਿ ਕਰ ਕੋ ਜੋਰਿ ਬੰਦਨਾ ਕੀਨਿ।
'ਛਿਮਹੁ ਸਰਬ ਹੀ ਜੇ ਮਮ ਅਵਗੁਨ ਸਤਿ ਸੰਗਤਿ ਗੁਰ ਸਿੱਖਜ ਪ੍ਰਬੀਨ!।
ਦੇਹੁ ਸਕਲ ਬਰ, ਮਨ ਲਹਿ ਥਿਰੁ ਉਰ ਪਰਮੇਸ਼ੁਰ ਮੈਂ ਹੋਵਸਿ ਲੀਨ'।
ਸੁਨਿ ਕਰਿ ਸਭਿਨਿ ਨਮੋ ਤਿਸਕੋ ਕਰਿ, ਅੱਸ਼੍ਰ ਭਰੇ ਦ੍ਰਿਗ ਤਨੁ ਤਜਿ ਚੀਨ ॥੧੯॥

ਬਾਬਾ ਮਹਾਂਦੇਵ ਨੇ ਸਾਰਿਆਂ ਵਲ ਵੇਖ ਕੇ ਹੱਥ ਜੋੜ ਕੇ ਬੰਦਨਾ ਕੀਤੀ। "ਜੇ ਮੈਥੋਂ ਕੋਈ ਭੁੱਲ ਹੋ ਗਈ ਹੋਵੇ ਤਾਂ ਸਤਿਸੰਗਤ ਅਤੇ ਪ੍ਰਬੀਨ ਸਿੱਖ ਮੈਨੂੰ ਮੁਆਫ ਕਰ ਦੇਣ। ਮੈਨੂੰ ਸਾਰੇ ਇਹ ਵਰ ਦੇਵੋ, ਮੈਂ ਆਪਣੇ ਹਿਰਦੇ ਨੂੰ ਸਥਿਰ ਰੱਖ ਕੇ ਪ੍ਰਭੂ ਵਿਚ ਲੀਨ ਹੋ ਜਾਵਾਂ।" ਇਹ ਸੁਣਕੇ ਸਾਰਿਆਂ ਨੇ ਬਾਬਾ ਮਹਾਂਦੇਵ ਜੀ ਨੂੰ ਨਮਸਕਾਰ ਕੀਤੀ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ, ਜਦ ਉਨ੍ਹਾਂ ਵੇਖਿਆ ਕਿ ਉਹ ਸਰੀਰ ਛੱਡ ਰਹੇ ਹਨ ॥ ੧੯ ॥

ਪੌਢਯੋ ਪਾਇ ਬਦਨ ਪਰ ਅੰਬਰ, ਤਤਛਿਨ ਤਨ ਤਜਿ ਸਭਿਨਿ ਮਝਾਰ।
ਲੀਨ ਭਯੋ ਸ਼੍ਰੀ ਅਰਜਨ ਮਹਿਂ ਤਬਿ ਲਹੀ ਏਕਤਾ ਗਤੀ ਉਦਾਰ।
'ਧੰਨਜ ਧੰਨਜ' ਮੁਖ ਕਰਹਿਂ ਉਚਾਰਨਿ ਉਸਤਤਿ ਸੁਜਸੁ ਭਨਤਿ ਬਹੁ ਬਾਰ।
ਸੱਤਿਨਾਮ ਸਿਮਰਹਿਂ ਬੈਰਾਗਹਿਂ 'ਇਹ ਜਗ ਸਗਰੋ ਦੀਸਤਿ ਛਾਰ' ॥ ੨੦ ॥

ਬਾਬਾ ਜੀ ਸਰੀਰ ਉੱਤੇ ਕਪੜਾ ਲੈ ਕੇ ਲੰਮੇ ਪੈ ਗਏ, ਕੁਝ ਪਲਾਂ ਵਿਚ ਹੀ ਸਾਰਿਆਂ ਦੇ ਸਾਹਮਣੇ ਸਰੀਰ ਛੱਡ ਗਏ। ਉਸੇ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਵਿਚ ਲੀਨ ਹੋ ਗਏ ਅਤੇ ਮਹਾਨ ਗਤੀ ਪ੍ਰਾਪਤ ਕੀਤੀ। ਸਾਰੇ ਮੁਖ ਤੋਂ 'ਧੰਨ ਧੰਨ' ਕਹਿੰਦੇ ਸਨ ਅਤੇ ਉਸਤਤੀ ਅਤੇ ਸ੍ਰੇਸ਼ਟ ਜੱਸ ਵਾਰ-ਵਾਰ ਉਚਾਰਨ ਕੀਤਾ ਕਿ ਸਤਿਨਾਮ ਦਾ ਸਿਮਰਨ ਕਰਨ ਨਾਲ ਹੀ ਕਲਿਆਣ ਪ੍ਰਾਪਤ ਹੁੰਦਾ ਹੈ। ਸਾਰੇ ਕਹਿੰਦੇ ਸਨ, "ਇਹ ਸਾਰਾ ਜੱਗ ਖੇਹ ਰੂਪ ਦਿਸਦਾ ਹੈ" ॥ ੨੦ ॥

ਸਸਿਕਾਰਿਗਨਿ ਕੀ ਬਿਧਿ ਸਭਿ ਕੀਨਸਿ ਜਲ ਬਾਪੀ ਤੇ ਤਾਂਹਿ ਸ਼ਨਾਨ।
ਸੁੰਦਰ ਬਸਤ੍ਰ ਸਰਬ ਪਹਿਰਾਇਵ ਬਹੁ ਧਨ ਤੇ ਬਨਵਾਇ ਬਿਬਾਨ।
ਚਹੁੰਦਿਸ ਮਹਿਂ ਸੁਮਨਸਿ ਲਰਕਾਇਸਿ ਪਾਇ ਦੁਸ਼ਾਲਾ ਮੋਲ ਮਹਾਨ।
ਗਨ ਚੰਦਨ ਅਰੁ ਸੰਚੇ ਕਾਸ਼ਟ ਤੀਰ ਬਿਪਾਸਾ ਡਾਰੇ ਆਨਿ ॥ ੨੧ ॥

ਸਾਰਿਆਂ ਨੇ ਸਸਕਾਰ ਕਰਨ ਦੀ ਵਿਧੀ ਬਣਾਈ ਅਤੇ ਬਾਉਲੀ ਦੇ ਜਲ ਨਾਲ ਇਸ਼ਨਾਨ ਕਰਵਾਇਆ। ਬੜੇ ਸੁੰਦਰ ਕਪੜੇ ਪਵਾਏ ਅਤੇ ਬੜਾ ਧਨ ਖਰਚ ਕੇ ਸੁੰਦਰ ਬਿਬਾਣ ਤਿਆਰ ਕਰਵਾਇਆ। ਚਾਰੇ ਪਾਸੇ ਫੁੱਲਾਂ ਦੇ ਹਾਰ ਲਟਕਾਏ ਹੋਏ ਸਨ ਅਤੇ ਬੜਾ ਕੀਮਤੀ ਦੁਸ਼ਾਲਾ ਪਾਇਆ ਗਿਆ, ਚੰਦਨ ਦੀਆਂ ਲੱਕੜੀਆਂ ਇਕੱਠੀਆਂ ਕਰਕੇ ਦਰਿਆ ਬਿਆਸ ਕੇ ਕੰਢੇ ਤੇ ਲਿਆ ਕੇ ਧਰ ਦਿੱਤੀਆਂ॥ ੨੧॥

ਸ੍ਰੀ ਅਰਜਨ ਅਰੁ ਸੰਗ ਮਹੋਰੀ, ਬ੍ਰਿਧ, ਗੁਰਦਾਸ ਆਦਿ ਸਮੁਦਾਇ।
ਕੰਧ ਉਠਾਇ ਚਲੇ ਪੁਰਿ ਬਾਹਿਰ ਧੁਨਿ ਸੰਖਨਿ ਕੀ ਅਧਿਕ ਬਜਾਇ।
ਚਮਰ ਢੁਰਾਵਤਿ ਜਾਤਿ ਬ੍ਰਿੰਦ ਨਰ ਤੀਰ ਬਿਪਾਸਾ ਸੁੰਦਰ ਥਾਇ।
ਚਿਨਿ ਕਰਿ ਚਿਤਾ ਸੁ ਚੰਦਨ ਗਨ ਤੇ ਊਪਰ ਦੇਹਿ ਧਰਯੋ ਉਚਵਾਇ॥ ੨੨॥

ਸ੍ਰੀ ਗੁਰੂ ਅਰਜਨ ਦੇਵ ਜੀ, ਬਾਬਾ ਮੋਹਰੀ ਜੀ ਅਤੇ ਭਾਈ ਗੁਰਦਾਸ ਜੀ ਆਦਿ ਇਕੱਠੇ ਹੋਏ ਤੇ ਬਾਬਾ ਮਹਾਦੇਵ ਨੂੰ ਮੋਢਿਆਂ ਉੱਤੇ ਚੁੱਕ ਕੇ ਅਨੇਕਾਂ ਸੰਖਾਂ ਦੇ ਵੱਜਦਿਆਂ ਹੋਇਆਂ, ਲੈ ਕੇ ਤੁਰ ਪਏ। ਅਨੇਕਾਂ ਲੋਕ ਚੌਰ ਝੁਲਾਉਂਦੇ ਚੁਕ ਕੇ, ਦਰਿਆ ਬਿਆਸ ਦੇ ਸੁੰਦਰ ਕੰਢੇ ਉਤੇ ਲੈ ਗਏ। ਚੰਦਨ ਦੀ ਚਿਤਾ ਚਿਣ ਕੇ ਉਪਰ ਬਾਬਾ ਮਹਾਂਦੇਵ ਜੀ ਦੇ ਸਰੀਰ ਨੂੰ ਧਰ ਦਿੱਤਾ॥ ੨੨॥

ਸ੍ਰੀ ਅਰਜਨ ਕਰ ਲੀਨਿ ਅਗਨਿ ਤਬਿ ਨਰ ਅਨੁਸਾਰ ਰੁਦਨ ਕੋ ਠਾਨਿ।
ਕੀਨਿ ਲਗਾਵਨਿ ਊਚੇ ਰੋਦਤਿ ਦਿਖਿ ਸਭਿਹੀ ਕੇ ਅਸ਼੍ਰੂਚੁਚਾਨਿ।
ਬ੍ਰਿਧ ਨੇ ਸਭਿ ਸਮੁਝਾਏ ਕਹਿ ਕਹਿ 'ਕਰਹੁ ਨ ਸ਼ੋਕ ਇਹੀ ਮਗ ਜਾਨਿ।
ਮਿਥਜਾ ਤਨ ਹੈਂ ਬਿਨਸਨਿ ਹਾਰੇ, ਮੇਲਿ ਬਨਯੋ ਜਲ ਨਾਉ ਸਮਾਨਿ॥ ੨੩॥

ਤਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੱਗ ਨੂੰ ਆਪਣੇ ਹੱਥਾਂ ਵਿਚ ਲਿਆ ਤੇ ਆਮ ਲੋਕਾਂ ਵਾਂਗ ਰੋਏ, ਫਿਰ ਉੱਚੀ ਧਾ ਮਾਰ ਕੇ ਚਿਤਾ ਨੂੰ ਅੱਗ ਲਾ ਦਿੱਤੀ। ਸਾਰੇ ਇਹ ਵੇਖ ਕੇ ਬਹੁਤ ਹੈਰਾਨ ਹੋਏ। ਫਿਰ ਬਾਬਾ ਬੁੱਢਾ ਜੀ ਨੇ ਸਾਰਿਆਂ ਨੂੰ ਸਮਝਾ ਕੇ ਕਿਹਾ, "ਦੁੱਖ ਨਾ ਮਨਾਓ, ਇਹੋ ਰਾਹ ਹੈ, ਹਰ ਇਕ ਨੇ ਮਰਨਾ ਹੈ, ਇਹ ਸਰੀਰ ਝੂਠਾ ਹੈ, ਇਸ ਨੇ ਆਖਿਰ ਖਤਮ ਹੋਣਾ ਹੈ, ਇਹ ਤਾਂ ਇਕ ਬੇੜੀ ਤੇ ਪਾਣੀ ਦੇ ਰਿਸ਼ਤੇ ਵਾਂਗ ਹੈ॥ ੨੩॥

ਜਥਾ ਪ੍ਰਵਾਹ ਨਦੀ ਕੋ ਚਲਿ ਹੈ ਤ੍ਰਿਣ ਮਿਲਿ ਜਾਹਿੰ ਬਿਛੁਰਤੇ ਫੇਰਿ।
ਤਥਾ ਸੰਬੰਧ ਸ਼ਰੀਰਨਿ ਸਭਿ ਕੋ ਗਜਾਨੀ ਜਾਨਹਿ ਜਗ ਇਮ ਹੇਰਿ।
ਕਹਾਂ ਸ਼ੋਕ ਇਸ ਤਨ ਕੋ ਕਰਿਬੋ, ਨਿਤ ਪਰਣਾਮੀ ਨਸਹਿ ਅਦੇਰਿ।
ਏਕ ਆਤਮਾ ਸੋ ਸਤਿ ਸਮਝਹੁ ਆਇ ਨ ਜਾਇ ਅਨੰਦ ਬਡੇਰ' ॥ ੨੪॥

ਜਿਵੇਂ ਨਦੀ ਦਾ ਪ੍ਰਵਾਹ ਚਲਦਾ ਹੈ, ਉਸ ਵਿਚ ਕੱਖ ਕਾਨਾ ਮਿਲਦੇ ਹਨ ਤੇ ਫਿਰ ਵਿਛੜ ਜਾਂਦੇ ਹਨ। ਇਸ ਤਰ੍ਹਾਂ ਹੀ ਸਰਿਆਂ ਦੇ ਸਰੀਰਾਂ ਦਾ ਸੰਬੰਧ ਹੈ, ਮਿਲਦੇ ਹਨ ਫਿਰ ਵਿਛੜ ਜਾਂਦੇ ਹਨ। ਗਿਆਨਵਾਨ ਲੋਕ ਜਗਤ ਨੂੰ ਇਸ ਤਰ੍ਹਾਂ ਜਾਣਦੇ ਹਨ, ਇਸ ਸਰੀਰ ਦਾ ਦੁਖ ਕਿਉਂ ਮਨਾਉਂਦੇ ਹੋ, ਇਹ ਦਿਨ ਰਾਤ ਘਟਦਾ ਹੀ ਜਾਂਦਾ ਹੈ। ਜਿਹੜੀ ਇਕ ਆਤਮਾ ਹੈ, ਉਸਨੂੰ ਸੱਚ ਸਮਝੋ, ਉਹ ਨਾ ਆਉਂਦੀ ਹੈ ਨਾ ਜਾਂਦੀ ਹੈ, ਸਦਾ ਹੀ ਅਨੰਦਿਤ ਰਹਿੰਦੀ ਹੈ॥ ੨੪॥

ਇਮ ਸੁਨਿ ਕਰੀ ਕਪਾਲ ਕ੍ਰਿਆ ਉਠਿ ਪੁਨਹ ਬਿਪਾਸਾ ਨੀਰ ਸ਼ਨਾਨ।
ਗਾਇ ਰਾਗ ਵਡਿਹੰਸ ਰਬਾਬੀ ਪੌੜੀ ਲਾਇ ਸੁਨਾਵਹਿੰ ਕਾਨ।
ਦੀਨਿ ਤਿਲਾਜੁਲ ਨਾਮ ਲੀਨਿ ਤਿਹ ਪੰਚਾਂਮ੍ਰਿਤ ਬਰਤਾਇਹੁ ਆਨਿ।
ਸਨੇ ਸਨੇ ਪਨ ਪਰਿ ਮਹਿੰ ਆਏ ਬਾਪੀ ਆਗੇ ਲਾਇ ਦਿਵਾਨ॥ ੨੫॥

Sri Satguru Jagjit Singh Ji eLlibrary NamdhariElibrary@gmail.com

ਇਸ ਤਰ੍ਹਾਂ ਸੁਣ ਕੇ ਕਪਾਲ ਕ੍ਰਿਆ ਕੀਤੀ, ਫਿਰ ਸਾਰੇ ਉੱਠ ਕੇ ਬਿਆਸ ਦਰਿਆ ਵਿਚ ਇਸ਼ਨਾਨ ਕਰਨ ਵਾਸਤੇ ਗਏ। ਰਬਾਬੀ ਵਡਹੰਸ ਰਾਗ ਵਿਚ ਇਕ ਵਾਰ ਦੀਆਂ ਪੌੜੀਆਂ ਦਾ ਗਾਇਣ ਕਰ ਰਹੇ ਸਨ, ਸਾਰੇ ਹੀ ਕੀਰਤਨ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ, ਨਾਂ ਲੈ ਕੇ ਤਿਲਾਂਜੁਲੀ ਦਿਤੀ ਤੇ ਫਿਰ ਆ ਕੇ ਬਹੁਤ ਕੜਾਹ ਪ੍ਰਸ਼ਾਦ ਵਰਤਾਇਆ। ਹੌਲੀ-ਹੌਲੀ ਨਗਰ ਵਿਚ ਆ ਗਏ ਤੇ ਬਾਉਲੀ ਦੇ ਸਾਹਮਣੇ ਦੀਵਾਨ ਲੱਗ ਗਿਆ॥ ੨੫॥

ਬ੍ਰਿੰਦ ਨਰਨਿ ਕੀ ਭੀਰ ਭਈ ਤਹਿਂ ਸ਼ਬਦ ਰਬਾਬੀ ਸੁੰਦਰ ਗਾਇ।
ਕਿਤਿਕ ਕਾਲ ਥਿਤ ਹ੍ਵੈ ਨਰ ਗਮਨੇ ਗੁਰੂ ਪ੍ਰਸੰਸਤਿ ਸਦਨ ਸਿਧਾਇ।
ਸੁਨਿ ਸੁਨਿ ਗ੍ਰਾਮਨਿ ਕੇ ਸਿਖ ਪਹੁੰਚੇ ਸ੍ਰੀ ਅਰਜਨ ਸਤਿਗੁਰੂ ਢਿਗ ਆਇ।
ਮਿਲਿ ਮਿਲਿ ਗਮਨੈਂ ਗੁਨ ਗਨ ਬਰਨਹਿਂ 'ਮਹਾਂਦੇਵ ਅਬਿ ਗਏ ਸਮਾਇ' ॥੨੬॥

ਬਹੁਤ ਲੋਕਾਂ ਦੀ ਓਥੇ ਭੀੜ ਲੱਗ ਗਈ ਤੇ ਰਬਾਬੀ ਬਾਣੀ ਦਾ ਸੁੰਦਰ ਗਾਇਣ ਕਰ ਰਹੇ ਸਨ। ਕਾਫੀ ਸਮੇਂ ਤਕ ਲੋਕ ਓਥੇ ਬੈਠ ਕੇ ਗੁਰੂ ਜੀ ਦੀ ਪ੍ਰਸੰਨਤਾ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ। ਇਹ ਸੁਣ ਕੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਓਥੇ ਆਏ, ਪਿੰਡਾਂ ਦੇ ਬਹੁਤ ਲੋਕ ਓਥੇ ਆਏ। ਮਿਲ ਮਿਲ ਕੇ ਜਾਂਦੇ ਸਨ ਤੇ ਗੁਣ ਵਰਣਨ ਕਰਦੇ ਸਨ ਅਤੇ ਕਹਿੰਦੇ ਸਨ, "ਬਾਬਾ ਮਹਾਂਦੇਵ ਜੀ ਹੁਣ ਸਮਾ ਗਏ ਹਨ" ॥ ੨੬॥

ਦਿਵਸ ਤੀਸਰੇ ਪੁਸ਼ਪ ਭਸਮ ਸਭਿ ਬੀਚ ਬਿਪਾਸਾ ਕੇ ਤਿਹ ਡਾਰਿ।
ਦਿਨ ਦੋਇਕ ਸ੍ਰੀ ਅਰਜਨ ਤਿਹਠਾਂ ਬਸੇ ਕ੍ਰਿਆ ਕਰਿ ਜਿਤਕ ਸੰਸਾਰਿ।
ਕਰੀ ਜਥੋਚਿਤ ਸਕਲ ਬਾਰਤਾ ਜਥਾ ਮੋਹਰੀ ਬਚਨ ਉਚਾਰਿ।
ਮਿਲਿ ਮਿਲਿ ਕਰੈਂ ਵਿਰਾਗ ਅਨਿਕ ਬਿਧਿ ਸ੍ਰੀ ਗੁਰੁ ਅਮਰ ਕੇਰਿ ਪਰਵਾਰਿ ॥੨੭॥

ਤੀਸਰੇ ਦਿਨ ਬਾਬਾ ਮਹਾਂਦੇਵ ਜੀ ਦੇ ਫੁੱਲ ਅਤੇ ਸਵਾਹ ਨੂੰ ਦਰਿਆ ਬਿਆਸ ਵਿਚ ਪਾ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੋ ਤਿੰਨ ਦਿਨ ਓਥੇ ਰਹੇ ਤੇ ਸੰਸਾਰਿਕ ਕ੍ਰਿਆ-ਕਰਮ ਪੂਰੇ ਕੀਤੇ। ਉਨ੍ਹਾਂ ਨੇ ਸਾਰਾ ਕੁਝ ਉਸ ਤਰ੍ਹਾਂ ਹੀ ਕੀਤਾ ਜਿਵੇਂ ਬਾਬਾ ਮੋਹਰੀ ਜੀ ਨੇ ਉਨ੍ਹਾਂ ਨੂੰ ਕਿਹਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦਾ ਪਰਿਵਾਰ ਮਿਲ ਮਿਲ ਕੇ ਅਨੇਕ ਪ੍ਰਕਾਰ ਦਾ ਵਿਰਾਗ ਕਰਦਾ ਸੀ॥ ੨੭॥

ਦੋਹਰਾ-ਸੋਲਹ ਸਤ ਊਪਰ ਸਪਤ ਮਹਾਂਦੇਵ ਜਨਮਜਾਸੁ।
ਊਪਰ ਪਾਂਚ ਪਚਾਸ ਕੇ ਬਰਸ ਬੈਸ ਦ੍ਵੈ ਮਾਸ॥ ੨੮॥

ਸੰਮਤ ਸੋਲ੍ਹਾਂ ਸੌ ਸੱਤ ਵਿਚ ਸ੍ਰੀ ਮਹਾਂਦੇਵ ਜੀ ਨੇ ਜਨਮ ਲਿਆ ਸੀ ਤੇ ਪਚਵੰਜਾ ਸਾਲ ਦੋ ਮਹੀਨੇ ਤਕ ਉਹ ਇਸ ਜਗਤ ਵਿਚ ਜੀਵਤ ਰਹੇ॥ ੨੮॥

ਸੋਲਹ ਸਤ ਬਾਹਠ ਅਧਿਕ ਭਾਦ੍ਰੋਂ ਚੌਥ ਬਿਚਾਰ।
ਮਹਾਂਦੇਵ ਪਰਲੋਕ ਭਾ ਗੁਰੁ ਕੋ ਪੁੱਤ੍ਰ ਉਦਾਰ॥ ੨੯॥

ਸੋਲ੍ਹਾਂ ਸੌ ਬਾਹਠ ਤੇ ਭਾਦੋਂ ਦੀ ਚੌਥ ਵਾਲੇ ਦਿਨ ਨੂੰ ਮਹਾਂਦੇਵ ਜੀ ਪਰਲੋਕ ਚਲੇ ਗਏ, ਉਹ ਗੁਰੂ ਰਾਮਦਾਸ ਜੀ ਦੇ ਬੜੇ ਉੱਤਮ ਪੁੱਤਰ ਸਨ॥ ੨੯॥

ਸ੍ਰੀ ਅਰਜਨ ਗਮਨੇ ਤਬਹਿ ਸਤਿ ਸੰਗਤਿ ਲੈ ਸੰਗ।
ਸ੍ਰੀ ਅੰਮ੍ਰਿਤਸਰ ਕੋ ਗਏ ਦੇਤਿ ਭਗਤਿ ਕੋ ਰੰਗ॥ ੩੦॥

ਸ੍ਰੀ ਗੁਰੂ ਅਰਜਨ ਦੇਵ ਜੀ ਫਿਰ ਸੰਗਤ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਚਲੇ ਗਏ, ਜਿਸ ਸੰਗਤ ਨੂੰ ਉਹ ਸਦਾ ਹੀ ਭਗਤੀ ਦਾ ਰੰਗ ਦਿੰਦੇ ਸਨ॥ ੩੦॥

*ਚੌਥੀ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥ ੨੨॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੇਈਵਾਂ

## ਸ੍ਰੀ ਗੁਰੂ ਜੀ ਦੇ ਗੁਣ

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਸਮੈਂ ਬਿਤਾਇ।
ਕਰਤਿ ਨਰਨਿ ਕੱਲਜਾਨ ਕੋ ਸਿੱਖੀ ਜਗ ਪ੍ਰਗਟਾਇ॥ ੧ ॥

ਇਸ ਤਰ੍ਹਾਂ ਹੀ ਗੁਰੂ ਜੀ ਨੇ ਕਾਫੀ ਸਮਾਂ ਬਤੀਤ ਕੀਤਾ, ਉਹ ਮਨੁੱਖਾਂ ਦਾ ਕਲਿਆਣ ਕਰਦੇ ਸਨ ਤੇ ਜਗਤ ਵਿਚ ਸਿੱਖੀ ਨੂੰ ਪ੍ਰਗਟ ਕਰਦੇ ਸਨ॥ ੧ ॥

*ਨਿਸ਼ਾਨੀ* ਛੰਦ-ਸ੍ਰੀ ਹਰਿ ਗੋਵਿੰਦ ਚੰਦ ਜੀ ਆਨੰਦ ਬਿਲੰਦੇ।
ਚਢੈਂ ਤੁਰੰਗ ਕੁਰੰਗ ਜਨੁ ਦੁਤਿ ਮੋਰ ਮਨਿੰਦੇ।
ਅਧਿਕ ਪਲਾਇ ਫੰਦਾਵਤੇ ਧਨੁਸਰ ਧਰਿ ਹਾਥਾ।
ਕਬਿ ਅਖੇਰ ਹਿਤ ਗਮਨਤੇ ਲੈ ਕੈ ਸਿਖ ਸਾਥਾ॥ ੨ ॥

ਸ੍ਰੀ ਹਰਿਗੋਬਿੰਦ ਸਾਹਿਬ ਬਹੁਤ ਅਨੰਦ ਬਖਸ਼ਣ ਵਾਲੇ ਹਨ, ਜਦ ਘੋੜੇ ਦੀ ਸਵਾਰੀ ਕਰਦੇ ਹਨ ਤਾਂ ਬਹੁਤ ਸ਼ੋਭਨੀਕ ਲਗਦੇ ਹਨ। ਹੱਥ ਵਿਚ ਤੀਰ ਕਮਾਨ ਲੈ ਕੇ, ਜਿਸ ਨੂੰ ਜੀਅ ਕਰਦਾ ਹੈ ਵਿੰਨ੍ਹ ਦਿੰਦੇ ਹਨ। ਕਦੀ-ਕਦੀ ਸ਼ਿਕਾਰ ਕਰਨ ਵਾਸਤੇ ਸਿੱਖਾਂ ਨੂੰ ਨਾਲ ਲੈ ਕੇ ਜੰਗਲ ਵਿਚ ਜਾਂਦੇ ਹਨ॥ ੨ ॥

ਬਿੱਦਜਾ ਆਯੁਧ ਕੀ ਕਰਹਿਂ ਦਸ ਸੰਮਤ ਬੈਸਾ।
ਤੀਰ ਪ੍ਰਹਾਰਤਿ ਬੇਗ ਤੇ ਰਿਪੁ ਕੋ ਅਹਿ ਜੈਸਾ।
ਮਹਾਂ ਸਫਾਈ ਬਲ ਸਹਤ ਧਰਿ ਲੱਛ ਹਨੰਤੇ।
ਗਰਕ ਹੋਤਿ ਜਹਿਂ ਲਗਤਿ ਹੈਂ ਸੇਵਕ ਨਿਕਸੰਤੇ॥ ੩ ॥

ਦਸ ਸਾਲ ਦੀ ਉਮਰ ਹੋਣ ਤੋਂ ਹੀ ਸ਼ਸਤਰਾਂ ਦੀ ਵਿਦਿਆ ਲੈ ਰਹੇ ਹਨ। ਏਨੀ ਤੇਜ਼ੀ ਨਾਲ ਤੀਰ ਚਲਾਉਂਦੇ ਹਨ, ਜਿਵੇਂ ਦੁਸ਼ਮਣ ਨੂੰ ਸੱਪ ਨੇ ਡੰਗ ਲਿਆ ਹੋਵੇ, ਬੜੇ ਜ਼ੋਰ ਅਤੇ ਕੁਸ਼ਲਤਾ ਨਾਲ ਨਿਸ਼ਾਨਾ ਮਾਰਦੇ ਹਨ, ਜਿਥੇ ਵੀ ਤੀਰ ਜਾ ਕੇ ਲੱਗਦਾ ਹੈ, ਓਥੇ ਹੀ ਗੱਡਿਆ ਜਾਂਦਾ ਹੈ, ਬਾਅਦ ਵਿਚ ਸੇਵਕ ਉਸ ਨੂੰ ਕੱਢਦੇ ਹਨ॥ ੩ ॥

ਆਰਬਲਾ ਜਿਨ ਕੀ ਅਲਪ ਸੁਭ ਡੀਲ ਬਿਸਾਲਾ।
ਭੁਜਾ ਪ੍ਰਲੰਬ ਅਲੰਬ ਬਲ ਗਹਿ ਧਨੁਸ਼ ਕਰਾਲਾ।
ਸੁਕਚਤਿ ਪਿਤ ਤੇ ਕਰਤਿ ਹੈਂ ਇਹ ਰੀਤ ਨਵੀਨਾ।
ਸੁਭਤਿ ਸਿਕੰਧ ਉਤੰਗ ਜੁਗ ਮੁਖ ਬਾਕ ਪ੍ਰਬੀਨਾ॥ ੪ ॥

ਉਨ੍ਹਾਂ ਦੀ ਉਮਰ ਬਹੁਤ ਛੋਟੀ ਹੈ, ਪਰ ਸਰੀਰ ਬੜਾ ਲੰਮਾ ਚੌੜਾ ਹੈ। ਲੰਮੀਆਂ ਬਾਹਾਂ ਹਨ, ਤੇ ਬਲ ਦੇ ਆਸਰੇ ਤੀਰ ਕਮਾਨ ਨੂੰ ਛੱਡਦੇ ਹਨ। ਆਪਣੇ ਪਿਤਾ ਜੀ ਤੋਂ ਲੁਕਾ ਕੇ ਇਹ ਕਾਰਜ ਕਰਦੇ ਹਨ, ਦੋਵੇਂ ਉੱਚੇ ਮੋਢੇ ਬੜੇ ਸ਼ੋਭਦੇ ਹਨ ਅਤੇ ਮੁਖ ਤੋਂ ਚਤਰ ਬਚਨ ਬੋਲਦੇ ਹਨ॥ ੪ ॥

ਦਿਢ ਸੰਧੀ ਜੁਗ ਬਾਂਹ ਕੀ ਭੁਜਦੰਡ ਪ੍ਰਚੰਡੇ।
ਕਰਸਾਖਾ ਦੀਰਘ ਸੁਮਿਲਿ ਸੁਭ ਰੇਖਨਿ ਮੰਡੇ।
ਰੇਖਾ ਲਗਿ ਮਣਿਬੰਧ ਤੇ ਭਈ ਮੱਛ ਅਕਾਰਾ।
ਰੇਖਾ ਛਤਰ ਅਕਾਰ ਕੀ ਜਿਸ ਕੋ ਫਲ ਭਾਰਾ॥ ੫॥

ਹੱਥ ਦੀਆਂ ਉਂਗਲੀਆਂ ਬਹੁਤ ਲੰਮੀਆਂ ਹਨ ਅਤੇ ਇਕੋ ਜੇਹੀਆਂ ਹਨ ਅਤੇ ਦੋਵੇਂ ਭਾਗਸ਼ਾਲੀ ਰੇਖਾਵਾਂ ਨਾਲ ਸੁਸ਼ੋਭਤ ਹਨ। ਗੁਟਾਂ ਵਾਲੀ ਥਾਂ ਜਿਥੇ ਰਤਨਾਂ ਜੜ੍ਹੇ ਕੰਗਣ ਪਾਏ ਜਾਂਦੇ ਹਨ ਓਥੇ ਮੱਛ ਦੇ ਆਕਾਰ ਵਾਲੀਆਂ ਰੇਖਾਵਾਂ ਹਨ। ਇਹ ਰੇਖਾਵਾਂ ਛੱਤਰ ਦੇ ਆਕਾਰ ਦੀਆਂ ਹਨ, ਜਿਨ੍ਹਾਂ ਦਾ ਫਲ ਬਹੁਤ ਭਾਰਾ ਹੈ॥ ੫॥

ਆਯੁਤ ਛਾਤੀ, ਉਦਰ ਪਰ ਤ੍ਰਿਵਲੀ ਦੁਤਿ ਪਾਵੈ।
ਚਿਬੁਕ ਚਾਰੁ ਬਿਸਤ੍ਰਿਤ ਕੁਛ ਚੌਕਾ ਚਮਕਾਵੈ।
ਰਕਤਅਧਰ ਸੁੰਦਰ ਮ੍ਰਿਦੁਲ ਬੋਲਤਿ ਮੁਸਕਾਏ।
ਮੁਖ ਮੰਡਲ ਦੀਰਘ ਦਿਪਤਿ ਦ੍ਰਿਗਮ੍ਰਿਗ ਡਰਪਾਏ॥ ੬॥

ਚੌੜੀ ਛਾਤੀ, ਪੇਟ ਉਤੇ ਤਿੰਨ ਵਲ ਬੜੇ ਸੁੰਦਰ ਲੱਗ ਰਹੇ ਹਨ। ਸੋਹਣੀ ਠੋਡੀ ਚੌੜੀ ਫੈਲੀ ਹੋਈ ਸੋਹਣੀ ਲਗਦੀ ਹੈ ਤੇ ਸਾਹਮਣੇ ਦੇ ਚਾਰੇ ਦੰਦ ਬਹੁਤ ਚਮਕਦੇ ਹਨ। ਜਦ ਬੋਲਦੇ ਜਾਂ ਮੁਸਕਰਾਉਂਦੇ ਹਨ ਤਾਂ ਲਾਲ ਬੁਲ੍ਹ ਬਹੁਤ ਸੁੰਦਰ ਲੱਗਦੇ ਹਨ। ਚਿਹਰੇ ਉਤੇ ਨੇਤਰ ਬਹੁਤ ਚਮਕਦੇ ਹਨ ਅਤੇ ਏਨੇ ਬੀਰ-ਰਸ ਨਾਲ ਭਰੇ ਹਨ, ਮਾਨੋਂ ਹਿਰਨਾਂ ਨੂੰ ਡਰਾਉਣ ਵਾਲੇ ਹਨ॥ ੬॥

ਸੁਭਟਨਿ ਕੀ ਬਿੱਦਜਾ ਸਬਲ ਅੱਭਜਾਸ ਕਰੰਤੇ।
ਮਨਹੁੰ ਬੀਰ ਰਸ ਅਵਤਰਜੋ ਰਣਪ੍ਰਿਯ ਲਖਿਯੰਤੇ।
ਨਿਤ ਪ੍ਰਤਿ ਦੇਹਿ ਬਿਸਾਲ ਹ੍ਵੈ ਤਿਮ ਬਲ ਬਿਰਧਾਵੈ।
ਤਿਮ ਹੀ ਸ਼ੱਤ੍ਰੁਨਿ ਮਰਦਬੋ ਨਿਜ ਭਾਵ ਜਨਾਵੈ॥ ੭॥

ਸੂਰਮਿਆਂ ਵਾਂਗ ਸਭ ਪ੍ਰਕਾਰ ਦੇ ਅਭਿਆਸ ਕਰਦੇ ਹਨ, ਮਾਨੋਂ ਜੰਗ ਦੇ ਪਿਆਰੇ ਨੇ ਇਸ ਦੁਨੀਆਂ ਵਿਚ ਅਵਤਾਰ ਧਾਰਿਆ ਹੋਵੇ। ਨਿਤਾਪ੍ਰਤੀ ਸਰੀਰ ਵੱਡਾ ਹੁੰਦਾ ਜਾਂਦਾ ਹੈ ਤੇ ਉਸ ਤਰ੍ਹਾਂ ਹੀ ਤਾਕਤ ਵਿਚ ਵਾਧਾ ਹੁੰਦਾ ਜਾਂਦਾ ਹੈ। ਜਿਵੇਂ ਸਰੀਰ ਦਾ ਵਧਣਾ ਵੈਰੀਆਂ ਨੂੰ ਦਲ-ਮਲ ਕਰ ਦੇਣ ਦਾ ਭਾਵ ਜਤਾਉਂਦਾ ਹੈ॥ ੭॥

ਸਿਖ ਪਿਖਿ ਕੈ ਸਭਿ ਕਰਤਿ ਹੈਂ ਮਨ ਮਹਿਂ ਅਨੁਮਾਨਾ।
ਇਹ ਸਤਿਗੁਰੁ ਯੋਧਾ ਬਨਹਿ ਹਾਨੈ ਰਿਪੁ ਪ੍ਰਾਨਾ।
ਕੇਤਿਕ ਕਹੈਂ, ਨ ਜੋਗਤਾ ਗੁਰੁ ਕੇ ਘਰ ਐਸੇ।
ਮਾਲਾ ਸੇਲੀ ਰਾਖਤੇ ਸੰਤਨਿ ਮਤਿ ਜੈਸੇ॥ ੮॥

ਸਾਰੇ ਸਿੱਖ ਵੇਖ ਕੇ ਮਨ ਵਿਚ ਅਨੁਮਾਨ ਲਾਉਂਦੇ ਹਨ, ਇਹ ਸਤਿਗੁਰੂ ਜੀ ਵੱਡੇ ਯੋਧਾ ਬਣਨਗੇ ਤੇ ਵੈਰੀਆਂ ਦੇ ਪ੍ਰਾਣਾਂ ਦਾ ਨਾਸ਼ ਕਰਨਗੇ। ਕਈ ਇਹ ਕਹਿੰਦੇ ਹਨ, "ਗੁਰੂ ਘਰ ਵਿਚ ਅਜਿਹੀ ਯੋਗਤਾ ਨਹੀਂ ਹੈ, ਇਹ ਤਾਂ ਮਾਲਾ ਅਤੇ ਸੇਲੀ ਟੋਪੀ ਫਕੀਰਾਂ ਵਾਂਗ ਪਹਿਨਦੇ ਹਨ॥ ੮॥

ਬਾਲਕ ਲੀਲਾ ਕਰਤਿ ਹੈਂ ਬਡਿ ਹੋਇ ਤਜੈ ਹੈਂ।
ਪਿਤ ਦਾਦੇ ਕੀ ਰੀਤਿ ਕੋ ਸੁਨਿ ਪਿਖਿ ਬਰਤੈ ਹੈਂ'।
ਕੇਚਿਤ ਕਹਹਿਂ 'ਨ ਇਹ ਕਰਹਿਂ ਗੁਰੁ ਪੂਰਬ ਰੀਤਾ।
ਦਿਪਤਿ ਪ੍ਰਤਾਪੀ ਤੇਜ ਤੇ ਸ਼ਸਤ੍ਰਨਿ ਮਹਿਂ ਪ੍ਰੀਤਾ॥ ੯॥

ਬਾਲਕ ਲੀਲਾਵਾਂ ਕਰਦੇ ਹਨ, ਵੱਡੇ ਹੋ ਕੇ ਛੱਡ ਦੇਣਗੇ, ਪਿਤਾ ਦਾਦੇ ਦੀ ਰੀਤ ਨੂੰ ਸੁਣ ਕੇ ਵੇਖ ਕੇ ਅਪਨਾਉਣਗੇ।" ਕਈ ਕਹਿੰਦੇ ਹਨ, "ਇਹ ਪਹਿਲੇ ਗੁਰੂ ਸਾਹਿਬਾਨ ਵਾਲੀ ਰੀਤੀ ਨਹੀਂ ਕਰਨਗੇ, ਇਨ੍ਹਾਂ ਦਾ ਤੇਜ ਪ੍ਰਤਾਪ ਚਮਕ ਰਿਹਾ ਹੈ, ਇਨ੍ਹਾਂ ਦਾ ਸ਼ਸਤਰਾਂ ਨਾਲ ਪਿਆਰ ਹੈ॥ ੯॥

ਸਕਲ ਜੰਗ ਕੀ ਬਿਧਿ ਕਰਹਿਂ ਪ੍ਰਿਯ ਲਾਗੈ ਸੋਈ।
ਅਰੁ ਬ੍ਰਿਧ ਕੋ ਬਚ ਕਹਜੋ ਜਿਮ ਸੋ ਹਟਹਿ ਨ ਕੋਈ।
ਗੁਰੁ ਕੈ ਭਾਜਰ ਕਿਮ ਪਰੀ ਕਹਿ ਸਹਜ ਸੁਭਾਊ।
ਭਾਜਿ ਵਡਾਲੀ ਮਹਿਂ ਰਹੇ ਇਮ ਬਚ ਸਫਲਾਊ॥ ੧੦॥

ਇਹ ਜੰਗ ਦੀਆਂ ਸਾਰੀਆਂ ਵਿਧੀਆਂ ਅਪਨਾਉਣਗੇ, ਉਹੋ ਇਨ੍ਹਾਂ ਨੂੰ ਚੰਗਾ ਲੱਗਦਾ ਹੈ, ਜਿਹੜਾ ਬਾਬਾ ਬੁੱਢਾ ਜੀ ਨੇ ਬਚਨ ਕੀਤਾ ਹੈ, ਉਸ ਨੂੰ ਕੋਈ ਵੀ ਹਟਾ ਨਹੀਂ ਸਕਦਾ। ਬਾਬਾ ਬੁੱਢਾ ਜੀ ਨੇ ਸਹਿਜ ਸੁਭਾਅ ਕਿਹਾ ਸੀ, ਗੁਰੂ ਜੀ ਨੂੰ ਕਿਵੇਂ ਭਾਜੜ ਪੈ ਗਈ ਸੀ, ਭੱਜ ਕੇ ਵਡਾਲੀ ਚਲੇ ਗਏ ਸਨ, ਇਸ ਤਰ੍ਹਾਂ ਬਾਬਾ ਜੀ ਦੇ ਬਚਨ ਪੂਰੇ ਹੋਏ ਹਨ॥ ੧੦॥

ਮੁਗਲ ਮਾਰਿ ਗੁਰ ਉਪਜਹੈ ਬਰ ਦੇਤਿ ਉਬਾਚਾ।
ਧਰਹਿਂ ਸ਼ਸਤ੍ਰ ਤੁਰਕਨਿ ਹਨੈਂ ਇਹ ਹੋਵੈ ਸਾਚਾ'।
ਗੁਰ ਮੂਰਤਿ ਸੂਰਤਿ ਚਿਤਹਿਂ ਪੂਰਤਿ ਅਭਿਲਾਖੇ।
ਹੇਰਿ ਹੇਰਿ ਅਨੁਮਾਨ ਕਰਿ ਸਿਖ ਬਹੁਬਿਧਿ ਭਾਖੇਂ॥ ੧੧॥

ਮੁਗਲਾਂ ਨੂੰ ਮਾਰਨ ਵਾਲੇ ਗੁਰੂ ਜੀ ਪ੍ਰਗਟ ਹੋਣਗੇ, ਇਸ ਤਰ੍ਹਾਂ ਬਾਬਾ ਬੁੱਢਾ ਜੀ ਨੇ ਵਰ ਦਿੰਦਿਆਂ ਕਿਹਾ ਹੈ, ਇਹ ਹਥਿਆਰ ਚੁਕਣਗੇ ਤੇ ਤੁਰਕਾਂ ਦਾ ਨਾਸ਼ ਕਰਨਗੇ, ਇਹ ਵਾਕ ਸੱਚੇ ਹੋਣਗੇ"। ਜਿਹੜੇ ਗੁਰੂ ਜੀ ਦੀ ਸੂਰਤ ਵੇਖਦੇ ਹਨ, ਉਨ੍ਹਾਂ ਦੀਆਂ ਸਾਰੀਆਂ ਅਭਿਲਾਸ਼ਾਵਾਂ ਪੂਰੀਆਂ ਹੁੰਦੀਆਂ ਹਨ, ਵੇਖ ਵੇਖ ਕੇ ਅਨੁਮਾਨ ਲਾ ਲਾ ਕੇ ਸਿੱਖ ਬਹੁਤ ਪ੍ਰਕਾਰ ਕਹਿੰਦੇ ਹਨ॥ ੧੧॥

ਪਿਤ ਸਮੀਪ ਆਵਹਿਂ ਜਬਹਿ ਬਹੁ ਨੰਮ੍ਰੇ ਹੋਈ।
ਜਾਵਤਿ ਬੈਠਹਿਂ ਸਭਾ ਮਹਿਂ ਮੁਖ ਪਿਖਿ ਸਭਿ ਕੋਈ।
ਸਗਰੇ ਦੀਰਘ ਅੰਗ ਹੈਂ ਕਦ ਵਧਹਿ ਬਿਸਾਲਾ।
ਦਬਹਿਂ ਸ਼ੱਤ੍ਰ ਛਾਯਾ ਤਰੇ ਰਣ ਪਿਖਹਿਂ ਕਰਾਲਾ॥ ੧੨॥

ਜਦ ਪਿਤਾ ਜੀ ਦੇ ਪਾਸ ਆਉਂਦੇ ਹਨ ਤਾਂ ਬਹੁਤ ਸਨਿੰਮਰ ਹੋ ਜਾਂਦੇ ਹਨ, ਜਦ ਸਭਾ ਵਿਚ ਜਾ ਕੇ ਬੈਠ ਜਾਂਦੇ ਹਨ ਤਾਂ ਸਾਰੇ ਵੇਖ ਕੇ ਸੁਖ ਪਾਉਂਦੇ ਹਨ। ਸਰੀਰ ਦੇ ਵੱਡੇ-ਵੱਡੇ ਅੰਗ ਹਨ ਤੇ ਕੱਦ ਬਹੁਤ ਉੱਚਾ ਹੋ ਗਿਆ ਹੈ। ਵੈਰੀ ਇਨ੍ਹਾਂ ਦੇ ਪ੍ਰਤਾਪ ਨੂੰ ਵੇਖ ਕੇ ਹੀ ਦੱਬ ਜਾਣਗੇ॥ ੧੨॥

ਸ੍ਰੀ ਅਰਜਨ ਲੇ ਗੋਦ ਮਹਿਂ ਸਿੱਖਯਾ ਸਿਖਰਾਵੈਂ।
'ਸਿਖ ਸੰਗਤਿ ਸੁਖ ਪਾਇ ਜਿਮ ਤਿਮ ਕਰਹੁ ਸੁਹਾਵੈ।
ਗੁਰੁ ਸਿੱਖਨਿ ਸਨਮਾਨੀਅਹਿ ਨਿਤ ਬਨਹੁ ਸਹਾਈ।
ਸ੍ਰੀ ਨਾਨਕ ਆਦਿਕ ਗੁਰੂ ਇਹ ਰੀਤਿ ਚਲਾਈ॥ ੧੩ ॥

ਸ੍ਰੀ ਗੁਰੂ ਅਰਜਨ ਦੇਵ ਜੀ ਗੋਦੀ ਵਿਚ ਬਿਠਾ ਕੇ ਸਿੱਖਿਆ ਦਿੰਦੇ ਹਨ, "ਜਿਵੇਂ ਸਿੱਖ ਸੰਗਤ ਸ਼ੋਭਾ ਪਾਏ, ਉਸ ਤਰ੍ਹਾਂ ਹੀ ਸ਼ੋਭਨੀਕ ਬਣੋ। ਗੁਰਸਿੱਖਾਂ ਦਾ ਸਨਮਾਨ ਕਰੋ, ਉਸ ਤਰ੍ਹਾਂ ਹੀ ਸਹਾਇਕ ਬਣੋ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਨੇ ਇਹੋ ਰੀਤ ਚਲਾਈ ਹੈ॥ ੧੩ ॥

ਗੁਰੁ ਬਾਣੀ ਬਹੁ ਕੰਠ ਕਰਿ ਉਠਿ ਪ੍ਰਾਤ ਉਚਾਰੋ।
ਕਿਰਤਨ ਸੁਨਹੁ ਸਨੇਹ ਤੇ ਨਿਜ ਧਰਮ ਸੰਭਾਰੋ।
ਜਾਮ ਜਾਮਨੀ ਜਾਗੀਅਹਿ ਮੱਜਨ ਕਰਿ ਲੀਜੈ।
ਸਭਿ ਤੇ ਕਰਹੁ ਇਕੰਤ ਮਨ, ਪ੍ਰਭੁ ਸਿਮਰਨ ਕੀਜੈ॥ ੧੪ ॥

ਬਹੁਤ ਗੁਰਬਾਣੀ ਕੰਠ ਕਰੋ ਅਤੇ ਸਵੇਰੇ ਸਵੱਖਤੇ ਉੱਠ ਕੇ ਇਸ ਦਾ ਉਚਾਰਨ ਕਰੋ। ਬੜੇ ਪ੍ਰੇਮ ਨਾਲ ਕੀਰਤਨ ਸੁਣੋ ਤੇ ਆਪਣੇ ਧਰਮ ਨੂੰ ਸੰਭਾਲੋ। ਪਹਿਰ ਰਾਤ ਰਹਿੰਦਿਆਂ ਜਾਗੋ ਤੇ ਇਸ਼ਨਾਨ ਕਰੋ, ਫਿਰ ਸਭ ਤੋਂ ਵੱਖ ਹੋ ਕੇ ਇਕਾਂਤ ਵਿਚ ਬੈਠ ਕੇ ਪ੍ਰਭੂ ਦਾ ਸਿਮਰਨ ਕਰੋ॥ ੧੪ ॥

ਚਿਤਵਹੁ ਅਪਨ ਸਰੂਪ ਕੋ ਸਤਿ ਚਿਤੀ ਅਨੰਦਾ।
ਦਿਵਸ ਚਢੇ ਦਿਹੁ ਦਰਸ ਕੋ ਚਹਿ ਸੰਗਤਿ ਬ੍ਰਿੰਦਾ'।
ਇੱਤਜਾਦਿਕ ਸਿੱਖਜਾ ਕਹੈਂ, ਲੇ ਅੰਕ ਦੁਲਾਰੈਂ।
ਸੁੰਦਰਤਾ ਨਿਜ ਨੰਦ ਕੀ ਕਰਿ ਅਨੰਦੁ ਨਿਹਾਰੈਂ॥ ੧੫ ॥

ਆਪਣੇ ਸਤ ਚਿੱਤ ਅਨੰਦ ਸਰੂਪ ਦਾ ਚਿਤਵਨ ਕਰੋ, ਦਿਨ ਚੜ੍ਹਨ ਤੇ ਸਾਰੀ ਸੰਗਤ ਨੂੰ ਦਰਸ਼ਨ ਦੇਵੋ।" ਇਤਿਆਦਿ ਸਿੱਖਿਆ ਦਿੰਦੇ ਹਨ ਤੇ ਗੋਦ ਵਿਚ ਬਿਠਾ ਕੇ ਲਾਡ ਲਡਾਉਂਦੇ ਹਨ, ਆਪਣੇ ਪੁੱਤਰ ਦੇ ਸੁੰਦਰ ਸਰੂਪ ਨੂੰ ਬੜੇ ਆਨੰਦ ਨਾਲ ਵੇਖਦੇ ਹਨ॥ ੧੫ ॥

ਚਹੁੰ ਦਿਸ਼ਿ ਤੇ ਬਹੁ ਸੰਗਤਾਂ ਪਹੁੰਚਹਿਂ ਸਮੁਦਾਯਾ।
ਪੂਰਹਿਂ ਤਿਨ ਕੀ ਕਾਮਨਾ ਕਰਿ ਕੈ ਨਿਜ ਦਾਯਾ।
ਢਾਕਾ ਆਦਿਕ ਦੇਸ਼ ਜੇ ਦਿਸ਼ ਪੂਰਬ ਕੇਰੇ।
ਬੰਧੇ ਆਵਹਿਂ ਟੋਲ ਕੋ ਲੇ ਭੇਟ ਘਨੇਰੇ॥ ੧੬ ॥

ਚਾਰੇ ਪਾਸਿਆਂ ਤੋਂ ਬਹੁਤ ਸੰਗਤਾਂ ਆ ਕੇ ਇਕੱਠੀਆਂ ਹੁੰਦੀਆਂ ਹਨ। ਆਪਣੀ ਕਿਰਪਾ ਕਰਕੇ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ। ਢਾਕਾ ਆਦਿ ਜਿਹੜੇ ਪੂਰਬੀ ਦੇਸ਼ ਹਨ, ਉਹ ਵੱਡੀਆਂ ਭੇਟਾਵਾਂ ਲੈ ਕੇ ਆ ਕੇ ਬੰਦਨਾ ਕਰਦੇ ਹਨ॥ ੧੬ ॥

ਦਿਸਿ ਦੱਛਨ ਬਾਸੀ ਜੁ ਸਿਖ ਦਰਸ਼ਨ ਹਿਤ ਆਵੈਂ।
ਅਭਿਮਤਿ ਪ੍ਰਾਪਤਿ ਹੋਤਿ ਹੈ ਉਪਹਾਰ ਚਢਾਵੈਂ।

ਆਦਿ ਹੈਦਰਾਬਾਦ ਜੇ ਪੁਰਿ ਗਿਨੇ ਨ ਜਾਈਂ।
ਸੁਨਿ ਸੁਨਿ ਉੱਜਲ ਸੁਜਸ ਕੋ ਦਰਸਤਿ ਸਮੁਦਾਈ॥ ੧੭॥

ਦੱਖਣ ਵਾਲੇ ਪਾਸੇ ਦੇ ਜਿਹੜੇ ਸਿੱਖ ਦਰਸ਼ਨਾਂ ਵਾਸਤੇ ਆਉਂਦੇ ਹਨ ਉਹ ਉਪਹਾਰ ਭੇਟ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ। ਹੈਦਰਾਬਾਦ ਆਦਿ ਨਗਰ ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ, ਉਹ ਗੁਰੂ ਜੀ ਦੇ ਸ੍ਰੇਸ਼ਟ ਜੱਸ ਬਾਰੇ ਸੁਣ ਕੇ ਇਕੱਠੇ ਹੋ ਹੋ ਕੇ ਆਉਂਦੇ ਹਨ॥ ੧੭॥

ਪੁਨ ਪਸ਼ਚਮ ਕੇ ਦੇਸ਼ ਜੇ ਬਡਿ ਨਗਰ ਸਥਾਨਾ।
ਧਰਿ ਸ਼ਰਧਾ ਚੌਂਪ ਤੇ ਦਰਸਹਿਂ ਦੁਖ ਹਾਨਾ।
ਬਲਖ ਬੁਖਾਰਾ ਸਿੰਧੁ ਪੁਰਿ ਕਾਬਲ ਕੰਧਾਰਾ।
ਨਾਨਾ ਆਨਿ ਅਕੋਰ ਕੋ ਹੇਰਹਿਂ ਦਰਬਾਰਾ॥ ੧੮॥

ਫਿਰ ਪੱਛਮ ਵਾਲੇ ਪਾਸੇ ਦੇ ਜਿਹੜੇ ਵੱਡੇ-ਵੱਡੇ ਨਗਰ ਅਤੇ ਸਥਾਨ ਹਨ, ਉਹ ਬੜੇ ਚਾਅ ਨਾਲ ਸ਼ਰਧਾ ਧਾਰ ਕੇ ਦਰਸ਼ਨ ਕਰਕੇ ਦੁੱਖ ਦੂਰ ਕਰਦੇ ਹਨ। ਬਲਖ, ਬੁਖਾਰਾ, ਸਿੰਧ, ਕਾਬਲ ਅਤੇ ਕੰਧਾਰ ਦੇ ਨਗਰਾਂ ਦੇ ਲੋਕ ਕਈ ਪ੍ਰਕਾਰ ਦੇ ਉਪਹਾਰ ਲੈ ਕੇ ਗੁਰੂ ਜੀ ਦੇ ਦਰਬਾਰ ਦੇ ਦਰਸ਼ਨ ਕਰਦੇ ਹਨ॥ ੧੮॥

ਤਿਮ ਉੱਤਰ ਦਿਸਿ ਕੇ ਮਨੁਜ ਆਵਹਿਂ ਧਰਿ ਭਾਊ।
ਅਰਪੈਂ ਅਨਿਕ ਅਕੋਰ ਕੋ ਦੇਖਤਿ ਚਿਤ ਚਾਊ।
ਸੰਮਤਿ ਮਹਿਂ ਮੇਲੇ ਉਭੈ ਅੰਮ੍ਰਿਤਸਰ ਲਾਗੈਂ।
ਮਨ ਭਾਵਤਿ ਸਿਖ ਆਵਤੇ ਮੱਜਤਿ ਅਨੁਰਾਗੈਂ॥ ੧੯॥

ਉਸ ਤਰ੍ਹਾਂ ਹੀ ਉੱਤਰ ਵਾਲੇ ਪਾਸੇ ਦੇ ਮਨੁੱਖ ਬੜਾ ਪ੍ਰੇਮ ਧਾਰਨ ਕਰਕੇ ਆਉਂਦੇ ਹਨ, ਅਨੇਕ ਪ੍ਰਕਾਰ ਦੇ ਉਪਹਾਰ ਪੇਸ਼ ਕਰਦੇ ਹਨ ਅਤੇ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਹਨ। ਅੰਮ੍ਰਿਤਸਰ ਵਿਚ ਸਾਲ ਵਿਚ ਦੋ ਮੇਲੇ ਲੱਗਦੇ ਹਨ (ਦੀਵਾਲੀ, ਵਿਸਾਖੀ) ਮਨ ਦੀਆਂ ਭਾਵਨਾਵਾਂ ਲੈ ਕੇ ਸਿੱਖ ਆਉਂਦੇ ਹਨ ਤੇ ਇਸ਼ਨਾਨ ਕਰਦੇ ਹਨ॥ ੧੯॥

ਸ੍ਰੀ ਮੁਖ ਤੇ ਮਹਿਮਾ ਮਹਾਂ ਬਿਚ ਸ਼ਬਦ ਬਨਾਈ।
ਪਠਿ ਸੁਨਿ ਕੈ ਸ਼ਰਧਾ ਧਰਤਿ ਪਹੁੰਚਹਿਂ ਦਰਸਾਈ।
ਸਕਲ ਦਿਸਨਿ ਮਹਿਂ ਸੁਜਸ ਬਹੁ ਪਸਰਜੋ ਸ਼ੁਭ ਐਸੇ।
ਪਾਰਦ ਨਾਰਦ ਸਾਰਦਾ ਰੰਗ ਉੱਜਲ ਜੈਸੇ॥ ੨੦॥

ਗੁਰੂ ਜੀ ਨੇ ਇਕ ਸ਼ਬਦ ਵਿਚ ਅੰਮ੍ਰਿਤਸਰ ਦੀ ਮਹਾਂ ਮਹਿਮਾ ਕੀਤੀ ਹੈ, ਉਸ ਨੂੰ ਪੜ੍ਹ ਸੁਣ ਕੇ ਸਿੱਖ ਸ਼ਰਧਾ ਧਾਰ ਕੇ ਪਹੁੰਚਦੇ ਹਨ ਤੇ ਦਰਸ਼ਨ ਕਰਦੇ ਹਨ। ਸਾਰੇ ਪਾਸੇ ਇਸ ਤਰ੍ਹਾਂ ਸ੍ਰੇਸ਼ਟ ਜੱਸ ਫੈਲ ਗਿਆ ਹੈ, ਜਿਵੇਂ ਪਾਰੇ ਦਾ, ਨਾਰਦ ਦਾ ਅਤੇ ਸਾਰਦਾ ਦਾ ਉੱਜਲ ਰੰਗ ਹੁੰਦਾ ਹੈ॥ ੨੦॥

ਘਰ ਘਰ ਫੂਲੀ ਮਾਲਤੀ ਜਨੁ ਸੁਮਨਸ ਜਾਤੀ।
ਸੁਧਾ ਕਿ ਚੰਦੂਕ ਚੰਦ੍ਰਿਕਾ ਜਨਹੰਸਨਿ ਪਾਂਤੀ।
ਉਪਕਾਰੀ ਧੁਜ ਧਰਮ ਕੀ ਸ੍ਰੀ ਅਰਜਨ ਹੋਵਾ।
ਧਾਰਨਿ ਗੁਰਤਾ ਭਾਰ ਕੋ ਦਿਢ ਥੰਭ ਖਰੋਵਾ॥ ੨੧॥

ਘਰ-ਘਰ ਚਿੱਟੇ ਫੁੱਲਾਂ ਵਾਲੀ ਮਾਲਤੀ ਇਸ ਤਰ੍ਹਾਂ ਖਿੜੀ ਹੋਈ ਹੈ, ਜਿਵੇਂ ਚੰਬੇਲੀ ਦੇ ਫੁੱਲ ਹੋਣ। ਅੰਮ੍ਰਿਤ ਕਿ ਚੰਦ੍ਰਮਾਂ ਦੀ ਚਾਂਦਨੀ ਇੰਝ ਦਿੱਸ ਰਹੀ ਹੈ ਮਾਨੋ ਹੰਸਾਂ ਦੀ ਡਾਰ ਹੋਵੇ। ਗੁਰੂ ਅਰਜਨ ਦੇਵ ਜੀ ਏਨੇ ਵੱਡੇ ਉਪਕਾਰੀ ਤੇ ਧਰਮ ਦੀ ਧੁੱਜ ਹੋਏ ਹਨ। ਗੁਰਤਾ ਦੇ ਭਾਰ ਨੂੰ ਧਾਰਨ ਕਰਕੇ ਉਹ ਦ੍ਰਿੜ੍ਹਤਾ ਦੇ ਖੰਭ ਵਾਂਗ ਖਲੋਤੇ ਹਨ॥ ੨੧॥

ਨਰ ਅਨੁਹਰਿ ਲੀਲਾ ਕਰਹਿਂ ਉਰ ਨਿਰਹੰਕਾਰਾ।
ਦੇਤਿ ਮ੍ਰਿਦੁਲ ਉਪਦੇਸ਼ ਕੋ ਲਗਿ ਸਭਿਹਿਨਿ ਪਜਾਰਾ।
ਕਰੇ ਅਜ਼ਮਤੀ ਸੈਂਕਰੇ ਸਿੱਧਾਂ ਸਭਿ ਦੀਨੀ।
ਘਾਲੀ ਘਾਲ ਸੁ ਫਲਤਿ ਭੀ ਕਿਸ ਬਾਦ ਨ ਕੀਨੀ॥ ੨੨॥

ਮਨੁੱਖਾਂ ਤੇ ਸੰਸਾਰੀ ਪੁਰਸ਼ਾਂ ਵਾਂਗ ਲੀਲ੍ਹਾ ਕਰਦੇ ਹਨ ਪਰ ਹਿਰਦੇ ਵਿਚ ਹੰਕਾਰ ਰਹਿਤ ਹਨ। ਕੋਮਲ ਅਤੇ ਮਧੁਰ ਉਪਦੇਸ਼ ਦਿੰਦੇ ਹਨ, ਜਿਹੜਾ ਸਭ ਨੂੰ ਬਹੁਤ ਪਿਆਰਾ ਲੱਗਦਾ ਹੈ। ਸੈਂਕੜੇ ਹੀ ਪ੍ਰਤਾਪੀ ਪੁਰਸ਼ ਬਣਾ ਦਿੱਤੇ ਤੇ ਉਨ੍ਹਾਂ ਨੂੰ ਸਭ ਸਿੱਧੀਆਂ ਦਿੱਤੀਆਂ, ਜਿਨ੍ਹਾਂ ਨੇ ਘਾਲਣਾ ਘਾਲੀ ਹੈ ਉਹ ਪ੍ਰਫੁੱਲਤ ਹੋ ਗਏ ਤੇ ਕਿਸੇ ਦੀ ਵੀ ਘਾਲ ਵਿਅਰਥ ਨਹੀਂ ਗਈ॥ ੨੨॥

ਅਜ਼ਮਤ ਨਹੀਂ ਜਨਾਵਤੇ ਸਿਰ ਦੇਤਿ ਨ ਦੇਰੇ।
ਅਜਰ ਜਰਨ ਧੀਰਜ ਧਰਨਿ ਗੁਨ ਧਰੈਂ ਬਡੇਰੇ।
ਸੱਤਿਨਾਮ ਕੋ ਦਾਨ ਦੇ ਨਰ ਭਗਤੀ ਲਾਏ।
ਬ੍ਰਹਮ ਗਜਾਨ ਮਹਿਂ ਨਿਪੁਨ ਕੋ ਸਿੱਧਾਂ ਸਮੁਦਾਏ॥ ੨੩॥

ਕਰਾਮਾਤ ਨਹੀਂ ਜਣਾਉਂਦੇ, ਤੇ ਸਿਰ ਦੇਣ ਵਿਚ ਦੇਰ ਨਹੀਂ ਲਾਉਂਦੇ। ਨਾ ਜਰੇ ਜਾਣ ਵਾਲੇ ਨੂੰ ਜਰਦੇ ਹਨ, ਧੀਰਜ ਧਾਰਨ ਕਰਨ ਦੇ ਵੱਡੇ ਗੁਣ ਪਾਏ ਹਨ। ਸਤਿਨਾਮ ਦਾ ਦਾਨ ਦੇ ਕੇ ਲੋਕਾਂ ਨੂੰ ਭਗਤੀ ਵਲ ਲਾਇਆ ਹੈ, ਬ੍ਰਹਮ ਗਿਆਨ ਵਿਚ ਨਿਪੁੰਨ ਹਨ, ਜਿਵੇਂ ਸਿੱਧਾਂ ਦਾ ਸਮੂਹ ਹੋਣ॥ ੨੩॥

ਸਭਿ ਦਿਸ਼ਿ ਕੀ ਸੰਗਤਿ ਬਿਖੈ ਰਹਿਂ ਬ੍ਰਿੰਦ ਮਸੰਦਾ।
ਆਗੇ ਹੁਇ ਨਿਜ ਸੰਗ ਲੇ ਦਰਸਹਿਂ ਸੁਖਕੰਦਾ।
ਦੇਸ਼ ਬਿਦੇਸ਼ ਅਸ਼ੇਸ਼ ਮਹਿਂ ਲੇ ਕਰਿ ਗੁਰਕਾਰੇ।
ਖਸ਼ਟ ਮਾਸ ਕੈ ਬਰਖ ਮੈਂ ਆਨੈਂ ਗੁਰਦ੍ਵਾਰੇ॥ ੨੪॥

ਸਭ ਪਾਸਿਆਂ ਦੀ ਸੰਗਤ ਵਿਚ ਬਹੁਤ ਮਸੰਦ ਵੀ ਰਹਿੰਦੇ ਹਨ, ਉਹ ਸੰਗਤ ਦੇ ਅੱਗੇ ਲੱਗ ਕੇ ਉਨ੍ਹਾਂ ਨੂੰ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਹਨ। ਹੋਰ ਦੇਸ਼ਾਂ ਬਿਦੇਸ਼ਾਂ ਵਿਚੋਂ ਗੁਰੂ ਜੀ ਵਾਸਤੇ ਕਾਰ ਭੇਟ ਲੈ ਕੇ ਸਾਲ ਵਿਚ ਛੇ ਮਹੀਨਿਆਂ ਬਾਅਦ ਗੁਰੂ ਜੀ ਦੇ ਦੁਆਰੇ ਤੇ ਆਉਂਦੇ ਹਨ॥ ੨੪॥

ਦਰਬ ਬਿਸਾਲ ਸੁ ਆਇ ਜਿਮ ਤਿਮ ਖਰਚ ਬਿਸਾਲਾ।
ਦੇਗ ਅਤੋਟੀ ਚਲਤਿ ਹੈ ਨਿਸ ਦਿਨ ਜੁਗ ਕਾਲਾ।
ਅਚੈਂ ਅਹਾਰ ਹਜ਼ਾਰ ਹੀ ਨਿਤਪ੍ਰਤਿ ਨਰ ਆਵੈਂ।
ਨਿਕਟ ਹਜ਼ਾਰੋਂ ਰਹਤਿ ਹੈਂ ਗੁਰੂ ਕੇ ਘਰ ਖਾਵੈਂ॥ ੨੫॥

ਜਿਵੇਂ ਬਹੁਤ ਧਨ ਆਉਂਦਾ ਹੈ, ਉਸ ਤਰ੍ਹਾਂ ਖਰਚ ਵੀ ਬਹੁਤ ਜ਼ਿਆਦਾ ਹੈ, ਦੋਵੇਂ ਵੇਲੇ ਦਿਨ ਰਾਤ ਅਤੁੱਟ ਲੰਗਰ ਚਲਦਾ ਹੈ। ਜਿਹੜੇ ਨਿਤਾਪ੍ਰਤੀ ਹਜ਼ਾਰਾਂ ਲੋਕ ਆਉਂਦੇ ਹਨ, ਉਹ ਵੀ ਭੋਜਨ ਛਕਦੇ ਹਨ, ਜਿਹੜੇ ਹਜ਼ਾਰਾਂ ਲੋਕ ਜੋ ਗੁਰੂ ਜੀ ਪਾਸ ਰਹਿੰਦੇ ਹਨ, ਓਹ ਵੀ ਗੁਰ ਘਰ ਤੋਂ ਹੀ ਖਾਂਦੇ ਹਨ॥ ੨੫॥

ਸਿਰੇਪਾਉ ਪੁਨ ਦੇਤਿ ਹੈਂ ਸਿਖ ਹ੍ਵੈ ਮੁਖਿ ਜੋਈ।
ਬ੍ਰਿੰਦ ਮਸੰਦ ਬਿਲੰਦ ਧਨ ਲੇ ਗੁਰੂ ਤੇ ਸੋਈ।
ਇੱਤਯਾਦਿਕ ਨਿਤ ਖਰਚ ਕੋ ਕੁਛ ਤੋਟ ਨ ਆਵੈ।
ਗਾਇਂ ਰਬਾਬੀ ਪੁੰਜ ਸਦ ਸੋ ਧਨ ਗਨ ਪਾਵੈਂ॥ ੨੬॥

ਜਿਹੜੇ ਮੁਖੀ ਸਿੱਖ ਹਨ, ਉਨ੍ਹਾਂ ਨੂੰ ਸਿਰੋਪੇ ਵੀ ਦਿੰਦੇ ਹਨ, ਸਾਰੇ ਵੱਡੇ-ਵੱਡੇ ਮਸੰਦ ਵੀ ਗੁਰੂ ਜੀ ਪਾਸੋਂ ਧਨ ਲੈਂਦੇ ਹਨ। ਇਤਿਆਦਿ ਨਿਤ ਖਰਚ ਕਰਦੇ ਹਨ, ਪਰ ਕਿਸੇ ਗੱਲ ਦੀ ਤੋਟ ਨਹੀਂ ਆਉਂਦੀ। ਜਿਹੜੇ ਰਬਾਬੀ ਕੀਰਤਨ ਕਰਦੇ ਹਨ, ਉਹ ਵੀ ਧਨ ਪਾਉਂਦੇ ਹਨ॥ ੨੬॥

ਗੁਰ ਘਰ ਕੋ ਬਡ ਖਰਚ ਨਿਤ ਗਨ ਬ੍ਰਿਖਭ ਰਹੰਤੇ।
ਖਰੇ ਤਬੇਲੇ ਹਯਨ ਕੇ ਧਨ ਦੇਤਿ ਲਹੰਤੇ।
ਸੇਵਾ ਹਿਤ ਸਭਿ ਪਸੁਨਿ ਕੇ ਰਾਖੇ ਗਨ ਦਾਸਾ।
ਲੇਤਿ ਚਾਕਰੀ ਸਕਲ ਸੋ ਪ੍ਰਾਪਤਿ ਧਨ ਰਾਸਾ॥ ੨੭॥

ਗੁਰੂ ਘਰ ਦਾ ਬੜਾ ਵੱਡਾ ਖਰਚਾ ਹੈ, ਬਹੁਤ ਬਲਦ ਵੀ ਰੱਖੇ ਹੋਏ ਹਨ, ਤਬੇਲਿਆਂ ਵਿਚ ਬਹੁਤ ਘੋੜੇ ਖੜੇ ਹਨ, ਉਨ੍ਹਾਂ ਨੂੰ ਵੀ ਬੜਾ ਧਨ ਦਿੰਦੇ ਹਨ। ਪਸ਼ੂਆਂ ਦੀ ਸੇਵਾ ਵਾਸਤੇ ਬਹੁਤ ਨੌਕਰ ਵੀ ਰੱਖੇ ਹੋਏ ਹਨ, ਉਹ ਵੀ ਪ੍ਰਾਪਤ ਧਨ ਰਾਸ਼ੀ ਵਿਚੋਂ ਹੀ ਤਨਖਾਹ ਲੈਂਦੇ ਹਨ॥ ੨੭॥

ਅਪਰ ਥਾਨ ਜਿਸ ਕੇ ਨਹੀਂ ਬਿਤ ਹਾਥ ਨ ਆਵੈ।
ਸੋ ਗੁਰੂ ਕੇ ਪੁਰਿ ਗਿਰ ਰਹੈ ਨਿਤ ਭੋਜਨ ਖਾਵੈ।
ਮਾਣ ਨਿਮਾਣਨਿ ਕੇ ਪ੍ਰਭੂ ਬਹੁ ਤਾਣ ਨਿਤਾਣੇ।
ਖਾਇ ਗੁਰੂ ਕੇ ਸਦਨ ਤੇ ਮਾਨਹਿਂ ਹਰਿ ਭਾਣੇ॥ ੨੮॥

ਜਿਸ ਦਾ ਕੋਈ ਹੋਰ ਥਾਂ ਨਹੀਂ ਹੈ ਤੇ ਰੋਜ਼ੀ ਨਹੀਂ ਮਿਲਦੀ, ਉਹ ਵੀ ਗੁਰੂ ਜੀ ਦੀ ਨਗਰੀ ਵਿਚ ਰਹਿੰਦਾ ਤੇ ਨਿਤ ਭੋਜਨ ਖਾਂਦਾ ਹੈ। ਗੁਰੂ ਜੀ ਨਿਮਾਣਿਆਂ ਦਾ ਮਾਣ ਹਨ ਤੇ ਨਿਤਾਣਿਆਂ ਦਾ ਤਾਣ ਹਨ। ਹਰੀ ਦਾ ਭਾਣਾ ਮੰਨ ਕੇ ਉਹ ਗੁਰੂ ਜੀ ਦੇ ਘਰ ਤੋਂ ਖਾਂਦੇ ਹਨ॥ ੨੮॥

ਸੱਤਿਨਾਮ ਕੋ ਸਿਮਰਿਬੋ ਪਸਰਯੋ ਜਗ ਸਾਰੇ।
ਭਗਤਿ ਕਰਹਿਂ ਮਿਲਿ ਸੰਗਤਾਂ ਗੁਰ ਸੁਜਸੁ ਉਚਾਰੇ।
ਤਜੈਂ ਬਿਕਾਰਨਿ ਕੋ ਰਿਦੇ ਗੁਨ ਗਨ ਉਪਜਾਵੈਂ।
ਸੁਨਹਿਂ ਉਚਾਰਹਿਂ ਕੀਰਤਨ ਪ੍ਰਭੁ ਪ੍ਰੀਤਿ ਲਗਾਵੈਂ॥ ੨੯॥

ਸਤਿਨਾਮ ਦਾ ਸਿਮਰਨ ਕਰਨਾ ਸਾਰੇ ਜਗਤ ਵਿਚ ਫੈਲ ਗਿਆ ਹੈ। ਸਾਰੀਆਂ ਸੰਗਤਾਂ ਮਿਲ ਕੇ ਭਗਤੀ ਕਰਦੀਆਂ ਹਨ ਤੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੀਆਂ ਹਨ। ਵਿਕਾਰਾਂ ਨੂੰ ਛੱਡ ਕੇ ਹਿਰਦੇ ਵਿਚ ਗੁਣਾਂ ਨੂੰ ਪੈਦਾ ਕਰਦੇ ਹਨ, ਸਾਰੇ ਹੀ ਕੀਰਤਨ ਸੁਣ ਕੇ, ਕੀਰਤਨ ਕਰਕੇ ਪ੍ਰਭੂ ਨਾਲ ਪ੍ਰੀਤ ਲਾਉਂਦੇ ਹਨ॥ ੨੯॥

ਸਲਿਤਾ ਸੁੰਦਰ ਭਗਤਿ ਕੀ ਸਭਿ ਦੇਸ਼ ਬਿਥਾਰੀ।
ਸਿੱਖ ਮੀਨ ਨਹਿਂ ਤਜਿ ਸਕਹਿਂ ਸ਼ਰਧਾ ਬਰ ਬਾਰੀ।

ਸਦਗੁਨ ਕਮਲ ਪ੍ਰਫੁੱਲਜਤੇ, ਜਨਗਨ ਜਲਜੰਤਾ।
ਭ੍ਰਮ ਬੇਮੁਖਤਾ ਕੂਲ ਦ੍ਵੈ ਸੰਸੇ ਤਰੁ ਹੰਤਾ॥ ੩੦॥

ਭਗਤੀ ਦੀ ਸੁੰਦਰ ਨਦੀ ਸਾਰੇ ਫੈਲ ਗਈ ਹੈ, ਮੱਛੀ ਰੂਪੀ ਸਿੱਖ, ਇਸ ਨੂੰ ਛੱਡਦੇ ਨਹੀਂ ਹਨ, ਕਿਉਂਕਿ ਉਨ੍ਹਾਂ ਨੂੰ ਸ੍ਰੇਸ਼ਟ ਜਲ ਨਾਲ ਬਹੁਤ ਪਿਆਰ ਹੈ। ਚੰਗੇ ਗੁਣ ਕੰਵਲ ਦੇ ਫੁੱਲਾਂ ਵਾਂਗ ਖਿੜੇ ਹਨ, ਸਮੂਹ ਸੇਵਕ ਜਲ ਜੀਵਾਂ ਵਾਂਗ ਪ੍ਰਸੰਨ ਹਨ। ਸੰਸੇ ਰੂਪ ਬ੍ਰਿਛ ਹੈ ਤੇ ਭਰਮ ਤੇ ਬੇਮੁਖਤਾ ਦੋ ਕਿਨਾਰੇ ਹਨ ਜਿਹੜੇ ਨਾਸ਼ ਕੀਤੇ ਹਨ॥ ੩੦॥

ਬ੍ਰਹਮ ਗਜਾਨ ਸਾਗਰ ਮਹਾਂ ਤਿਸ ਕੋ ਸਮੁਹਾਈ।
ਪ੍ਰਾਪਤਿ ਸਭਿ ਥਲ ਮਹਿਂ ਸੁਗਮ, ਸੁਰ ਗਨ ਕੋ ਭਾਈ।
ਕੌਨ ਕੌਨ ਗੁਨ ਗੁਰੂ ਕੇ ਕਵਿ ਬਰਨ ਸੁਨਾਵੈ।
ਸ਼ੇਖ ਸ਼ਾਰਦਾ ਕਹਨਿ ਤੇ ਮਨ ਮਹਿਂ ਸਕੁਚਾਵੈ॥ ੩੧॥

ਬ੍ਰਹਮ ਗਿਆਨ ਮਹਾਂ ਸਾਗਰ ਵਾਂਗ ਹੈ, ਉਹ ਸਭ ਥਾਂ ਤੇ ਆਸਾਨੀ ਨਾਲ ਪ੍ਰਾਪਤ ਹੋ ਜਾਂਦਾ ਹੈ, ਦੇਵਤਿਆਂ ਨੂੰ ਵੀ ਚੰਗਾ ਲੱਗਾ ਹੈ। ਗੁਰੂ ਜੀ ਦਾ ਕਿਹੜਾ ਗੁਣ ਕਵੀ ਵਰਣਨ ਕਰੇ। ਸ਼ੇਸ਼ਨਾਗ ਤੇ ਸ਼ਾਰਦਾ ਵੀ ਕਹਿਣ ਤੋਂ ਸ਼ਰਮਾਉਂਦੇ ਹਨ॥ ੩੧॥

ਦੋਹਰਾ- ਨਰ ਤਨ ਸਾਂਗੀ ਜਿਮ ਧਰਜੋ ਕਰਹਿਂ ਨਿਬਾਹਨਿ ਸੋਇ।
ਰੂਪ ਦੁਰਾਵੈਂ ਪ੍ਰਥਮ ਕੋ ਕਵਿ ਸੰਤੋਖ ਸਿੰਘ ਜੋਇ॥ ੩੨॥

ਜਿਵੇਂ ਸਾਂਗ ਕਰਨ ਵਾਲੇ ਨੇ ਮਨੁੱਖ ਸਰੀਰ ਧਾਰਨ ਕੀਤਾ ਹੋਵੇ, ਉਸ ਤਰ੍ਹਾਂ ਹੀ ਉਸ ਦਾ ਨਿਰਬਾਹ ਕਰ ਰਹੇ ਹਨ। ਕਵੀ ਸੰਤੋਖ ਸਿੰਘ ਕਹਿੰਦਾ ਹੈ ਕਿ ਉਹ ਪਹਿਲੇ ਰੂਪ ਨੂੰ ਛੁਪਾਉਂਦੇ ਹਨ॥ ੩੨॥

*ਚੌਥੀ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥ ੨੩॥*

## ਅਧਿਆਇ ਚੌਵੀਵਾਂ

### *ਜਹਾਂਗੀਰ ਕਸ਼ਮੀਰ ਨੂੰ*

ਦੋਹਰਾ- ਨਿਤ ਪ੍ਰਤਾਪ ਅਰੁ ਸੁਜਸੁ ਕੋ ਸੁਨਿ ਸੁਨਿ ਪ੍ਰਿਥੀਆ ਕਾਨ।
ਬਹੁਤ ਬਿਸੂਰਤਿ ਦੁਖਤਿ ਹੈ ਰੁਚਹਿ ਨ ਭੋਜਨ ਖਾਨ॥ ੧॥

ਆਪਣੇ ਕੰਨ ਨਾਲ ਗੁਰੂ ਜੀ ਦਾ ਪ੍ਰਤਾਪ ਅਤੇ ਸ੍ਰੇਸ਼ਟ ਜੱਸ ਬਾਰੇ ਸੁਣ ਸੁਣ ਕੇ ਪ੍ਰਿਥੀਆ ਬਹੁਤ ਬੁਰੀ ਤਰ੍ਹਾਂ ਦੁਖੀ ਹੋ ਰਿਹਾ ਸੀ ਤੇ ਉਸ ਨੂੰ ਖਾਣਾ ਪੀਣਾ ਵੀ ਚੰਗਾ ਨਹੀਂ ਸੀ ਲੱਗ ਰਿਹਾ॥ ੧॥

*ਸੈਯਾ ਛੰਦ-* ਸੁਜਸ ਗੁਰੂ ਕੋ ਘ੍ਰਿਤ ਸਮ ਜਾਨਹੁ ਪ੍ਰਿਥੀਆ ਜਰੈ ਹੁਤਾਸਨਿ ਹੋਇ।
ਗੁਰ ਕੀਰਤਿ ਬਰਖਾ ਜਿਮ ਪਾਵਸ ਰਿਦਾ ਜਵਾਸੋ ਜਰ ਜਰ ਖੋਇ।
ਚਿੰਤਾ ਸਲਿਤਾ ਕਰਹਿ ਬਧਾਵਨਿ ਬਹਜੋ ਜਾਤਿ ਮਨ ਥਿਰਹਿ ਨ ਕੋਇ।
ਸੰਕਟ ਨੀਰ ਵਧਹਿ ਨਿਤ ਪਤਿ ਹੀ ਤਟ ਨਿਚਿੰਤ ਨਹਿਂ ਪਾਵਤਿ ਸੋਇ॥੨॥

ਗੁਰੂ ਜੀ ਦਾ ਸ੍ਰੇਸ਼ਟ ਜੱਸ ਘਿਉ ਵਾਂਗ ਜਾਣੋ, ਉਸ ਵਿਚ ਪ੍ਰਿਥੀਆ ਹਵਨ ਦੇ ਪਦਾਰਥਾਂ ਵਾਂਗ ਸੜ ਰਿਹਾ ਹੈ। ਗੁਰੂ ਜੀ ਦੀ ਕੀਰਤੀ ਬਰਖਾ ਵਾਂਗ ਹੈ ਤੇ ਪ੍ਰਿਥੀਏ ਦਾ ਹਿਰਦਾ ਜਵਾਹੇ ਵਾਂਗ ਹੈ ਜਿਹੜਾ ਸੜ ਸੜ ਕੇ ਨਾਸ਼ ਹੋ ਰਿਹਾ ਹੈ। ਚਿੰਤਾ ਦੀ ਨਦੀ ਵਿਚ ਉਹ ਬਹਿੰਦਾ ਜਾ ਰਿਹਾ ਸੀ ਅਤੇ ਉਸ ਦਾ ਮਨ ਸਥਿਤ ਨਹੀਂ ਸੀ ਹੁੰਦਾ। ਸੰਕਟ ਰੂਪੀ ਜਲ ਵਧਦਾ ਹੀ ਜਾ ਰਿਹਾ ਸੀ ਤੇ ਚਿੰਤਾ-ਰਹਿਤ ਹੋ ਕੇ ਕੋਈ ਕਿਨਾਰਾ ਨਹੀਂ ਸੀ ਪਾ ਰਿਹਾ॥ ੨॥

ਹੇਰਿ ਹੇਰਿ ਪਤਿ ਕੋ ਮੁਖ ਕਰਮੋ ਧੀਰਜ ਦੇਤਿ 'ਨ ਕਰੀਅਹਿ ਚਿੰਤ।
ਤਨ ਕੋ ਭੱਖਜਤਿ ਹੈ ਨਿਸ ਦਿਨ ਮਹਿਂ ਅਤਿ ਦੁਰਬਲਤਾ ਤੁਮਹਿ ਕਰੰਤਿ।
ਰੁਚਿ ਸੋਂ ਖਾਨ ਪਾਨ ਨਹਿਂ ਕਰਤੇ ਉਰ ਕੋ ਹਰਖ ਮਹਾਂ ਨਿਤ ਹੰਤਿ।
ਚਿੰਤਾ ਸਮ ਬੈਰੀ ਨਹਿਂ ਦੂਸਰ ਅੰਤਰ ਬਰਿ ਕੈ ਦੁਖ ਬਰਧੰਤਿ॥ ੩॥

ਆਪਣੇ ਪਤੀ ਦੀ ਬੁਰੀ ਹਾਲਤ ਵੇਖ ਵੇਖ ਕੇ ਕਰਮੋ ਧੀਰਜ ਦਿੰਦੀ ਸੀ ਤੇ ਕਹਿੰਦੀ ਸੀ, "ਚਿੰਤਾ ਨਾ ਕਰੋ, ਚਿੰਤਾ ਸਰੀਰ ਨੂੰ ਦਿਨ ਰਾਤ ਖਾਂਦੀ ਹੈ ਅਤੇ ਤੁਸੀਂ ਬਹੁਤ ਕਮਜ਼ੋਰ ਹੋ ਗਏ ਹੋ। ਆਪਣੀ ਰੁਚੀ ਅਨੁਸਾਰ ਖਾਂਦੇ ਪੀਂਦੇ ਨਹੀਂ ਤੇ ਇਹ ਤੁਹਾਡੇ ਹਿਰਦੇ ਦੀ ਖੁਸ਼ੀ ਨੂੰ ਨਾਸ਼ ਕਰਦੀ ਹੈ। ਚਿੰਤਾ ਸਮਾਨ ਹੋਰ ਕੋਈ ਵੈਰੀ ਨਹੀਂ ਹੈ, ਇਹ ਅੰਦਰ ਵੜ ਕੇ ਦੁੱਖ ਨੂੰ ਹੋਰ ਵਧਾਉਂਦੀ ਹੈ॥ ੩॥

ਜਤਨ ਅਨੇਕ ਕਰਹੁ ਜੁਤਿ ਉੱਦਮ, ਮਿੱਤ੍ਰ ਨ ਕੋ ਉਤਸਾਹੁ ਸਮਾਨ।
ਸੁਲਹੀ ਹੁਤੋ ਸਹਾਇਕ ਮਰਿਗਾ, ਅਬਿ ਚੰਦੂ ਬਡ ਸ਼ਾਹੁ ਦਿਵਾਨ।
ਮੁਲਕਾਤ ਕਰਿ ਮਸਲਤ ਠਾਨੀ ਤਿਸਕੋ ਪੁਸ਼ਟ ਕਰਹੁ ਹਿਤ ਠਾਨਿ।
ਉਤਸ਼ਾਹੀ ਨਰ ਚਹੈ ਸੁ ਕਰਿ ਹੈ, ਚਿੰਤਾਵਾਨ ਪ੍ਰਾਨ ਦੇ ਹਾਨਿ॥ ੪॥

ਭਾਵੇਂ ਅਨੇਕਾਂ ਯਤਨਾਂ ਸਹਿਤ ਉੱਦਮ ਕਰੋ, ਪਰ ਉਤਸ਼ਾਹ ਵਰਗਾ ਹੋਰ ਕੋਈ ਮਿੱਤਰ ਨਹੀਂ ਹੈ। ਤੁਹਾਡਾ ਸਹਾਇਕ ਸੁਲਹੀ ਮਰ ਗਿਆ ਹੈ, ਹੁਣ ਚੰਦੂ ਬਾਦਸ਼ਾਹ ਦਾ ਵੱਡਾ ਦੀਵਾਨ ਹੈ। ਉਸ ਨਾਲ ਮੁਲਾਕਾਤ ਕਰਕੇ ਸਲਾਹ ਕੀਤੀ ਹੈ, ਉਸ ਸਲਾਹ ਨੂੰ ਹੁਣ ਪੱਕਿਆਂ ਕਰੋ। ਉਤਸ਼ਾਹੀ ਮਨੁੱਖ ਜੋ ਚਾਹੇ ਕਰ ਸਕਦਾ ਹੈ, ਚਿੰਤਾਵਾਨ ਆਪਣੇ ਪ੍ਰਾਣ ਗਵਾਉਂਦਾ ਹੈ॥ ੪॥

ਲਿਖਹੁ ਪੱਤ੍ਰਿਕਾ ਸੁਧਿ ਮੰਗਵਾਵਹੁ ਕਿਮ ਦਿਵਾਨ ਕੇ ਮਨ ਮਹਿਂ ਆਇ।
ਦਿਹੁ ਉਤਸਾਹ ਗਹਾਵਹੁ ਰਿਪੁ ਕੋ ਸੋ ਮਾਲਿਕ ਮੁਲਕਨਿ ਸਮੁਦਾਇ।
ਚਹੈ ਸੁ ਕਰੈ ਬਲੀ ਸਭਿ ਰੀਤਿਨਿ ਗਹਿ ਕੈ ਪ੍ਰਾਨ ਤਾਂਹਿ ਬਿਨਸਾਇ।
ਗੁਰੁਤਾ ਗਾਦੀ ਲੇਹੁ ਸ਼ਾਹੁ ਤੇ ਚਹੁੰਦਿਸ ਕੀ ਸੰਗਤਿ ਚਲਿ ਆਇ'॥ ੫॥

ਚਿੱਠੀ ਲਿਖ ਕੇ ਖਬਰ ਮੰਗਵਾਉ ਕਿ ਦੀਵਾਨ ਦੇ ਮਨ ਵਿਚ ਕੀ ਆਈ ਹੈ, ਉਤਸ਼ਾਹ ਦੇ ਕੇ ਦੁਸ਼ਮਣ ਨੂੰ ਫੜਵਾਓ। ਜਿਹੜਾ ਏਨੇ ਮੁਲਕਾਂ ਦਾ ਮਾਲਕ ਹੈ, ਉਹ ਜਿਵੇਂ ਚਾਹੇ ਕਰ ਸਕਦਾ ਹੈ, ਉਹ ਵੱਡਾ ਬਲਵਾਨ ਹੈ, ਉਸ ਨੂੰ ਫੜ ਕੇ ਉਸ ਦੇ ਪ੍ਰਾਣਾਂ ਦਾ ਨਾਸ਼ ਕਰ ਸਕਦਾ ਹੈ। ਬਾਦਸ਼ਾਹ ਪਾਸੋਂ ਗੁਰਤਾ ਗੱਦੀ ਲਵੋ, ਤਾਂਕਿ ਚਾਰੇ ਪਾਸਿਆਂ ਦੀ ਸਿੱਖ ਸੰਗਤ ਚਲ ਕੇ ਆਏ"॥ ੫॥

ਇਮ ਕਰਮੋ ਨੇ ਜਬਿ ਸਮੁਝਾਯੋ ਲਿਖੀ ਪੱਤ੍ਰਿਕਾ 'ਸੁਨਹੁ ਦਿਵਾਨ!।
ਗਹਜੋ ਅਲੰਬ ਤੁਮਾਰੋ ਹਮ ਨੇ ਨਿਸਦਿਨ ਤੁਵ ਦਿਸ਼ਿ ਕੋ ਮਨ ਧਜਾਨ।
ਸ਼ੱਤ੍ਰੂ ਹਤਨਿ ਜਤਨਿ ਨਹਿਂ ਕੀਨਸਿ, ਕੈ ਬਿਸਾਰਿ ਦੀਨਸਿ ਇਤ ਗਜਾਨ?।
ਭਾਗ ਬਲੀ ਹਮ ਆਸ਼ਿਖਿ ਨਿਤ ਕਹਿਂ, ਰਹਹਿ ਸ਼ਾਹੁ ਸੋਂ ਕਾਰ ਮਹਾਨ'॥ ੬॥

ਇਸ ਤਰ੍ਹਾਂ ਜਦ ਕਰਮੋ ਨੇ ਸਮਝਾਇਆ ਤਾਂ ਪ੍ਰਿਥੀਏ ਨੇ ਚਿੱਠੀ ਲਿਖੀ, 'ਹੇ ਦੀਵਾਨ ਜੀ ! ਸੁਣੋ, ਅਸੀਂ ਤੁਹਾਡਾ ਆਸਰਾ ਫੜਿਆ ਹੈ, ਦਿਨ ਰਾਤ ਤੁਹਾਡੇ ਵਾਲੇ ਪਾਸੇ ਧਿਆਨ ਲੱਗਾ ਰਹਿੰਦਾ ਹੈ। ਦੁਸ਼ਮਣ ਨੂੰ ਮਾਰਨ ਦਾ ਕੋਈ ਯਤਨ ਨਹੀਂ ਕੀਤਾ ਹੈ, ਕੀ ਇਸ ਦਾ ਚੇਤਾ ਹੀ ਭੁਲਾ ਦਿੱਤਾ ਹੈ ? ਅਸੀਂ ਸਦਾ ਹੀ ਇਹ ਅਸੀਸ ਦਿੰਦੇ ਹਾਂ ਕਿ ਵੱਡੇ ਭਾਗਾਂ ਵਾਲੇ ਰਹੋ ਤੇ ਬਾਦਸ਼ਾਹ ਨਾਲ ਤੁਹਾਡਾ ਕੰਮ ਸਦਾ ਬਣਿਆ ਰਹੇ' ॥ ੬ ॥

ਦੇ ਕਰਿ ਨਰ ਕਰ ਤੁਰਤ ਪਠਾਈ 'ਉੱਤਰ ਆਨੋ ਤੂਰਨਿ ਜਾਇ'।
ਗਮਨਜੋ ਦਿੱਲੀ ਦਿਸ਼ਿ ਕੋ ਪਹੁੰਚਜੋ ਮਿਲਜੋ ਦਿਵਾਨ ਸਾਥ ਹਰਖਾਇ।
'ਗੁਰੂ ਪ੍ਰਿਥੀਏ ਕੀ ਹੈ ਇਹ ਪਾਤੀ ਛਾਤੀ ਦੁਖਤਿ ਲਿਖੀ ਅਕੁਲਾਇ'।
ਲੇ ਕਰਿ ਖੋਲਿ ਪਠੀ ਤਬਿ ਚੰਦੂ ਲਖੀ ਹਕੀਕਤ ਜਯੋਂ ਦੁਖ ਪਾਇ॥ ੭ ॥

ਇਕ ਬੰਦੇ ਨੂੰ ਚਿੱਠੀ ਦੇ ਕੇ ਤੁਰੰਤ ਭੇਜ ਦਿੱਤਾ ਤੇ ਉਸ ਨੂੰ ਕਿਹਾ, "ਜਾ ਕੇ ਤੁਰੰਤ ਉੱਤਰ ਲੈ ਕੇ ਆਵੇ।" ਉਹ ਆਦਮੀ ਦਿੱਲੀ ਵਾਲੇ ਪਾਸੇ ਚਲੇ ਗਿਆ ਤੇ ਦਿੱਲੀ ਪਹੁੰਚ ਕੇ ਬੜਾ ਖ਼ੁਸ਼ ਹੋ ਕੇ ਦੀਵਾਨ ਚੰਦੂ ਨੂੰ ਮਿਲਿਆ। ਕਹਿਣ ਲੱਗਾ ਕਿ ਇਹ ਗੁਰੂ ਪ੍ਰਿਥੀਏ ਦੀ ਚਿੱਠੀ ਹੈ। ਉਸ ਦੀ ਛਾਤੀ ਬਹੁਤ ਦੁੱਖਦੀ ਹੈ, ਇਹ ਚਿੱਠੀ ਬਹੁਤ ਵਿਆਕੁਲ ਹੋ ਕੇ ਲਿਖੀ ਹੈ। ਚੰਦੂ ਨੇ ਚਿੱਠੀ ਖੋਲ੍ਹ ਕੇ ਪੜ੍ਹੀ ਤੇ ਉਸ ਹਕੀਕਤ ਜਾਣੀ, ਜਿਵੇਂ ਪ੍ਰਿਥੀਆ ਦੁੱਖ ਪਾ ਰਿਹਾ ਸੀ॥ ੭ ॥

ਉੱਤਰ ਲਿਖਯੋ ਦੁਸ਼ਟ ਨੇ ਤਤਛਿਨ 'ਨਹਿੰ ਬੈਠਯੋ ਮੈਂ ਬਾਤ ਬਿਸਾਰ।
ਦੁਹਿਤਾ ਬਦਨ ਕੁਮਾਰੀ ਦੇਖਤਿ ਲਗਤਿ ਸੂਲ ਸਮ ਰਿਦੇ ਮਝਾਰਿ।
ਕਰਕਤਿ ਨਿਤਪ੍ਰਤਿ ਚਿਤ ਮੈਂ ਅਤਿਸ਼ੈ ਰਿਪੁ ਬਿਸਾਲ ਕੋ ਜਸੁ ਬਿਸਤਾਰਿ।
ਰੁਚਹਿ ਨ ਭੋਜਨ, ਜੁਰਹਿੰ ਨ ਪਲਕਾਂ ਬਿਨਾਂ ਨੀਂਦ ਮੈਂ ਝੁਰੌਂ ਉਦਾਰ॥ ੮ ॥

ਦੁਸ਼ਟ ਚੰਦੂ ਨੇ ਤੁਰਤ ਉੱਤਰ ਲਿਖ ਦਿੱਤਾ, "ਮੈਂ ਗੱਲ ਵਿਸਾਰ ਕੇ ਨਹੀਂ ਬੈਠਾ ਹਾਂ। ਜਦ ਕੰਵਾਰੀ ਪੁੱਤਰੀ ਦਾ ਮੂੰਹ ਵੇਖਦਾ ਹਾਂ ਤਾਂ ਮੇਰੇ ਹਿਰਦੇ ਵਿਚ ਜਿਵੇਂ ਸੂਲ ਵੱਜਦੀ ਹੋਵੇ। ਸਦਾ ਮੇਰੇ ਦਿਲ ਵਿਚ ਬਹੁਤ ਪੀੜ ਹੁੰਦੀ ਰਹਿੰਦੀ ਹੈ। ਜਦੋਂ ਵੱਡੇ ਦੁਸ਼ਮਣ ਦੇ ਜੱਸ ਫੈਲਣ ਬਾਰੇ ਸੁਣਦਾ ਹਾਂ ਤਾਂ ਭੋਜਨ ਖਾਣ ਨੂੰ ਦਿਲ ਨਹੀਂ ਕਰਦਾ, ਪਲਕਾਂ ਜੁੜਦੀਆਂ ਨਹੀਂ, ਨੀਂਦ ਤੋਂ ਬਗੈਰ ਸਾਰੀ ਰਾਤ ਝੂਰਦਾ ਰਹਿੰਦਾ ਹਾਂ॥ ੮ ॥

ਸ਼ਾਹੁ ਲਹੌਰ ਚਲਨਿ ਕੀ ਦੇਰੀ ਆਇ ਸੰਗ ਮੈਂ ਕਰੌਂ ਉਪਾਇ।
ਗਹਿ ਲੇਵੌਂ ਕਰਿ ਕੈਦ ਬਿਨਾਸੌਂ, ਲਖਹੁ ਨਿਸੰਸੈ ਮੈਂ ਜੁ ਅਲਾਇ।
ਗੁਰਤਾ ਗਾਦੀ ਤੋਹਿ ਦਿਵਾਵੌਂ ਸ਼ਾਹੁ ਪਾਸ ਤੇ ਬਾਕ ਕਹਾਇ।
ਸਭਿ ਦਿਸ਼ਿ ਮਹਿਂ ਬਿਦਤਹਿ, ਧਨ ਪਾਵਹਿ, ਸਕਲ ਸੰਗਤਾਂ ਭੇਟ ਚਢਾਇ' ॥੯ ॥

ਬਾਦਸ਼ਾਹ ਦੇ ਲਾਹੌਰ ਜਾਣ ਦੀ ਦੇਰੀ ਹੈ, ਮੈਂ ਨਾਲ ਆ ਕੇ ਉਪਾਅ ਕਰਾਂਗਾ, ਫੜ ਕੇ ਕੈਦ ਕਰ ਲਵਾਂਗਾ ਤੇ ਉਸ ਦਾ ਨਾਸ਼ ਕਰ ਦੇਵਾਂਗਾ। ਜੋ ਮੈਂ ਕਿਹਾ ਹੈ ਉਸ ਨੂੰ ਸੰਸੇ-ਰਹਿਤ ਹੋ ਕੇ ਠੀਕ ਜਾਣੋ। ਬਾਦਸ਼ਾਹ ਪਾਸੋਂ ਕਹਿਲਾ ਕੇ ਤੈਨੂੰ ਗੁਰਤਾ-ਗੱਦੀ ਦਿਵਾਵਾਂਗਾ, ਸਾਰੇ ਪਾਸੇ ਤੂੰ ਪ੍ਰਗਟ ਹੋਵੇਂਗਾ, ਸਭ ਸੰਗਤਾਂ ਤੈਨੂੰ ਭੇਟਾਵਾਂ ਚੜ੍ਹਾਉਣਗੀਆਂ ਤੇ ਬਹੁਤ ਧਨ ਪਾਵੇਂਗਾ' ॥ ੯ ॥

ਦਈ ਪੱਤ੍ਰਿਕਾ ਕੁਛਕ ਦਰਬ ਜੁਤ ਲੇ ਕਰਿ ਨਰ ਕੋਠੇ ਕੋ ਆਇ।
ਪ੍ਰਿਥੀਏ ਪਾਸ ਦਈ ਲੇ ਖੋਲੀ ਪਠਿ ਕਰਿ ਰਹਯੋ ਮਹਾਂ ਹਰਖਾਇ।
'ਮੁਝ ਦੁਖ ਤੇ ਦੁਖ ਸੋ ਗੁਨ ਤਿਸਕੋ ਕੈਸੇ ਕਰੈ ਨ ਅਨਿਕ ਉਪਾਇ'।
ਸਭਿ ਕੁਟੰਬ ਕੋ ਕੀਨਿ ਸੁਨਾਵਨਿ ਖੁਸ਼ੀ ਕਰਹਿ ਮਨ ਮੋਦ ਵਧਾਇ॥ ੧੦ ॥

ਚੰਦੂ ਨੇ ਚਿੱਠੀ ਲਿਖ ਕੇ ਹਲਕਾਰੇ ਨੂੰ ਦਿੱਤੀ ਤੇ ਨਾਲ ਥੋੜ੍ਹਾ ਧਨ ਵੀ ਦਿੱਤਾ। ਹਲਕਾਰਾ ਚਿੱਠੀ ਲੈ ਕੇ ਕੋਠੇ ਪਿੰਡ ਵੱਲ ਆ ਗਿਆ। ਚਿੱਠੀ ਪ੍ਰਿਥੀਏ ਨੂੰ ਦਿੱਤੀ। ਪ੍ਰਿਥੀਏ ਨੇ ਜਦ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਮੇਰੇ ਨਾਲੋਂ ਤਾਂ ਉਸ ਨੂੰ ਸੌ ਗੁਣਾਂ ਜ਼ਿਆਦਾ ਦੁੱਖ ਹੈ, ਉਹ ਕਿਵੇਂ ਅਨੇਕ ਉਪਾਅ ਨਹੀਂ ਕਰੇਗਾ" ਫਿਰ ਚਿੱਠੀ ਸਾਰੇ ਪਰਿਵਾਰ ਨੂੰ ਪੜ੍ਹ ਕੇ ਸੁਣਾਈ। ਸਾਰਿਆਂ ਨੇ ਬੜੀਆਂ ਖ਼ੁਸ਼ੀਆਂ ਮਨਾਈਆਂ॥ ੧੦॥

ਧਰਿ ਧੀਰਜ ਤਬਿ ਬੈਠਯੋ ਘਰ ਮਹਿਂ 'ਮੁਝ ਤੇ ਚਿੰਤਾ ਚੰਦੂ ਮਹਾਨ।
ਕਰਹਿ ਪ੍ਰਤੀਖਨਿ ਸ਼ਾਹੁ ਆਗਮਨਿ ਬਿਨਾ ਜਤਨ ਮਮ ਸ਼ੱਤ੍ਰੁ ਹਾਨਿ।
ਪੂਰਬ ਭਾਗ ਉਦੇ ਅਬਿ ਮੇਰੇ ਬਨੌਂ ਗੁਰੂ ਹੁਇ ਸਿੱਖ ਜਹਾਨ।
ਪੁਨ ਸੁਤ ਮਿਹਰਵਾਨ ਬਿਦਤੈ ਹੈ ਅਨਗਨ ਧਨ ਭੋਗਹਿ ਸੁਖਦਾਨ'॥ ੧੧॥

ਧੀਰਜ ਧਾਰਨ ਕਰਕੇ ਫਿਰ ਘਰ ਬੈਠ ਗਿਆ ਕਿ ਮੇਰੇ ਨਾਲੋਂ ਤਾਂ ਚੰਦੂ ਨੂੰ ਜ਼ਿਆਦਾ ਚਿੰਤਾ ਹੈ। ਬਾਦਸ਼ਾਹ ਦੇ ਆਉਣ ਦੀ ਇੰਤਜ਼ਾਰ ਕਰ ਰਿਹਾ ਹੈ, ਬਿਨਾਂ ਕਿਸੇ ਯਤਨ ਦੇ ਹੀ ਦੁਸ਼ਮਣ ਦਾ ਨਾਸ਼ ਹੋ ਜਾਵੇਗਾ। ਮੇਰੇ ਪਿਛਲੇ ਭਾਗ ਜਾਗੇ ਹਨ, ਮੈਂ ਹੁਣ ਗੁਰੂ ਬਣਾਂਗਾ ਤੇ ਸਾਰਾ ਜਹਾਨ ਮੇਰਾ ਸਿੱਖ ਬਣੇਗਾ। ਫਿਰ ਪੁੱਤਰ ਮਿਹਰਵਾਨ ਮਸ਼ਹੂਰ ਹੋਵੇਗਾ ਤੇ ਉਹ ਅਣਗਿਣਤ ਧਨ ਭੋਗੇਗਾ॥ ੧੧॥

ਉਤ ਚੰਦੂ ਅਵਸਰ ਕੋ ਚਾਹਤਿ 'ਸ਼ਾਹੁ ਪ੍ਰਸੰਨ ਬਾਤ ਲੇ ਮਾਨਿ'।
ਕਰਿ ਫਰੇਬ ਅਵਕਾਸ਼ ਪਾਇ ਕਰਿ ਤੁਰਕੇਸ਼ੁਰ ਸੋਂ ਕੀਨਿ ਬਖਾਨ।
'ਹਜ਼ਰਤ! ਸੁਨਹੁ ਰਹੇ ਬਹੁ ਦਿੱਲੀ ਸਮੋਂ ਬਿਤਾਯਹੁ ਬਸੇ ਮਹਾਨ।
ਫਿਰਨੋ ਦੇਸ਼ ਅਸ਼ੇਸ਼ ਆਪਨੇ ਸੁਧਿ ਕੋ ਲੇਹੁ ਪਨਾਹ ਜਹਾਨ!॥ ੧੨॥

ਓਧਰ ਚੰਦੂ ਮੌਕੇ ਦੀ ਤਾੜ ਵਿਚ ਸੀ ਕਿ ਜਦ ਬਾਦਸ਼ਾਹ ਖ਼ੁਸ਼ ਹੋਵੇ ਤੇ ਉਸ ਦੀ ਗੱਲ ਮੰਨ ਲਵੇ। ਇਕ ਦਿਨ ਫਰੇਬ ਕਰਕੇ ਮੌਕਾ ਪਾਇਆ ਤੇ ਬਾਦਸ਼ਾਹ ਨੂੰ ਜਾ ਕੇ ਕਿਹਾ, "ਹੇ ਹਜ਼ਰਤ! ਸੁਣੋ ਬਹੁਤ ਸਮਾਂ ਦਿੱਲੀ ਵਿਚ ਰਹੇ ਹੋ ਤੇ ਮਹਾਨ ਸਮਾਂ ਬਤੀਤ ਕੀਤਾ ਹੈ, ਹੇ ਜਹਾਨ ਪਨਾਹ! ਹੋਰਨਾਂ ਦੇਸ਼ਾਂ ਵਿਚ ਵੀ ਫਿਰ ਤੁਰ ਕੇ ਖ਼ਬਰ ਸਾਰ ਲਵੋ॥ ੧੨॥

ਬਡੇ ਤੁਮਾਰੇ ਬਿਚਰਤਿ ਜਿਤ ਕਿਤ ਗਰਮੀ ਸਮੈ ਗਮਹਿਂ ਕਸ਼ਮੀਰ।
ਕੇਸਰ ਘੋਰ ਬਿਲਾਸਹਿਂ ਬੇਗਮ ਅਤਰ ਗੁਲਾਬ ਉਡਾਇ ਅਮੀਰ।
ਕਰੈਂ ਸੈਲ ਮਗ ਸੈਲਨਿ ਕੇਰੀ ਜਹਾਂ ਨ ਕਰਤੀ ਤਪਤ ਅਧੀਰ।
ਗਨ ਮੇਵਨਿ ਕੇ ਬਿਟਪਨਿ ਦੇਖਤਿ, ਮਨ ਭਾਵਤਿ ਪਹਿਰਤਿ ਬਰ ਚੀਰ॥ ੧੩॥

ਤੁਹਾਡੇ ਵੱਡੇ-ਵਡੇਰੇ ਜਿਥੇ-ਕਿਥੇ ਵਿਚਰਦੇ ਰਹਿੰਦੇ ਸਨ ਅਤੇ ਗਰਮੀਆਂ ਦੇ ਦਿਨਾਂ ਵਿਚ ਕਸ਼ਮੀਰ ਜਾਂਦੇ ਸਨ। ਬੇਗਮਾਂ ਕੇਸਰ ਘੋਲ ਕੇ ਅਨੰਦ ਭੋਗਦੀਆਂ ਸਨ ਤੇ ਗੁਲਾਬ ਦਾ ਅਤਰ ਅਤੇ ਅਬੀਰ (ਖ਼ੁਸ਼ਕ ਖ਼ੁਸ਼ਬੋ) ਉਡਾਉਂਦੀਆਂ ਸਨ। ਸੈਰਗਾਹਾਂ ਤੇ ਸੈਲ-ਸਪਾਟਾ ਕਰਦੇ ਸਨ, ਜਿਥੇ ਕਿ ਗਰਮੀ ਦੁਖੀ ਨਹੀਂ ਕਰਦੀ। ਕਈ ਪ੍ਰਕਾਰ ਦੇ ਮੇਵੇਦਾਰ ਦਰੱਖ਼ਤਾਂ ਨੂੰ ਵੇਖਦੇ ਸਨ ਤੇ ਬੜੇ ਨਰਮ ਅਤੇ ਸੁੰਦਰ ਕਪੜੇ ਪਾਉਂਦੇ ਸਨ॥ ੧੩॥

ਜਿਮ ਇਕ ਥਲ ਜਲ ਰੋਕਯੋ ਬਿਗਰਹਿ ਤਿਮ ਤੁਮਰੋ ਇਕ ਥਲ ਮਹਿਂ ਬਾਸ।
ਤੇਜ ਹੀਨ ਹੁਇ ਤ੍ਰਾਸਤਿ ਨਹਿਂ ਨਰ, ਨਹੀਂ ਪ੍ਰਤਾਪ ਬਿਸਾਲ ਪ੍ਰਕਾਸ਼।
ਅਬਿ ਸੂਰਯ ਕੀ ਚੰਡ ਕਿਰਨ ਭੀ ਇਹਠਾਂ ਹੋਵਹਿ ਤਪਤ ਅਵਾਸ।
ਨਹਿਂ ਕਸ਼ਮੀਰ ਬਿਖੈ ਅਸ ਉਸਨ ਸੁ ਗਮਨਹੁ ਕੀਜਹਿ ਤਹਾਂ ਬਿਲਾਸ'॥ ੧੪॥

ਜਿਵੇਂ ਇਕ ਥਾਂ ਰੁਕਿਆ ਜਲ ਵਿਗੜ ਜਾਂਦਾ ਹੈ, ਇਸ ਤਰ੍ਹਾਂ ਹੀ ਤੁਸੀਂ ਵੀ ਇਕ ਥਾਂ 'ਤੇ ਹੀ ਵਾਸਾ ਕੀਤਾ ਹੈ। ਤੁਹਾਡੇ ਤੇਜ ਹੀਣ ਹੋਣ ਕਰਕੇ ਮਨੁੱਖ ਤੁਹਾਥੋਂ ਡਰਦੇ ਨਹੀਂ ਹਨ, ਨਾ ਹੀ ਤੁਹਾਡੇ ਮਹਾਨ ਪ੍ਰਤਾਪ ਦਾ ਪ੍ਰਕਾਸ਼ ਹੁੰਦਾ ਹੈ। ਇਸ ਥਾਂ ਸੂਰਜ ਦੀਆਂ ਕਿਰਨਾਂ ਵੀ ਗਰਮ ਹਨ ਤੇ ਘਰ ਵੀ ਸਾਰਾ ਤੱਪ ਰਿਹਾ ਹੈ। ਕਸ਼ਮੀਰ ਵਿਚ ਅਜਿਹੀ ਗਰਮੀ ਨਹੀਂ ਹੈ, ਓਥੇ ਜਾ ਕੇ ਆਰਾਮ ਕਰੋ" ॥ ੧੪ ॥

ਸੁਨਤਿ ਸ਼ਾਹੁ ਕੇ ਉਰ ਮਹਿਂ ਭਾਈ 'ਆਛੀ ਬਾਤਿ ਕਹੀ ਸਮੁਝਾਇ।
ਸੁਮਤਿਵਾਨ ਗੁਨ ਖਾਨ ਪੁਰਾਤਨ ਕਰਜੋ ਦਿਵਾਨ ਇਹੀ ਲਖਿ ਪਾਇ।
ਨਿਤ ਹਮਰੇ ਤਨ ਕੋ ਸੁਖ ਚਾਹਤਿ ਨੀਕੀ ਬਾਤਨਿ ਦੇਤਿ ਬਤਾਇ।
ਅਬਿ ਬਹਾਰ ਕਸ਼ਮੀਰ ਦੇਸ਼ ਕੀ ਜਹਾਂ ਨ ਸੂਰਜ ਤਪਤ ਉਪਾਇ' ॥ ੧੫ ॥

ਬਾਦਸ਼ਾਹ ਨੇ ਜਦ ਚੰਦੂ ਦੀ ਇਹ ਗੱਲ ਸੁਣੀ ਤਾਂ ਉਹ ਉਸ ਦੇ ਮਨ ਨੂੰ ਚੰਗੀ ਲੱਗੀ ਤੇ ਉਸ ਕਿਹਾ, "ਤੂੰ ਚੰਗੀ ਗੱਲ ਮੈਨੂੰ ਕਹਿ ਕੇ ਸਮਝਾਈ ਹੈ। ਤੂੰ ਬੜਾ ਬੁਧੀਵਾਨ, ਗੁਣਵਾਨ ਹੈਂ, ਇਹ ਗੱਲ ਜਾਣਕੇ ਹੀ ਤੈਨੂੰ ਦੀਵਾਨ ਬਣਾਇਆ ਹੈ। ਤੂੰ ਸਦਾ ਹੀ ਸਾਡੇ ਸਰੀਰ ਦਾ ਸੁੱਖ ਚਾਹੁੰਦਾ ਹੈਂ ਤੇ ਜਿਹੜੀ ਚੰਗੀ ਗੱਲ ਹੈ, ਉਹ ਸਾਨੂੰ ਦੱਸ ਦਿੰਦਾ ਹੈਂ। ਹੁਣ ਕਸ਼ਮੀਰ ਦੇਸ਼ ਦੀ ਬਹਾਰ ਵੇਖਦੇ ਹਾਂ, ਜਿੱਥੇ ਸੂਰਜ ਦੀ ਗਰਮੀ ਨਹੀਂ ਪੈਂਦੀ ਹੈ" ॥ ੧੫ ॥

ਇਮ ਕਹਿ ਸਿਰੋਪਾਉ ਬਹੁ ਮੋਲਾ ਚੰਦੂ ਕੋ ਬਖਸ਼ਜੋ ਬਡਿਆਇ।
'ਗਮਨ ਹੇਤਿ ਤਜਾਰੀ ਕਰਿਵਾਇਸਿ ਆਧੀ ਚਮੂੰ ਰਹੇ ਇਸ ਥਾਇਂ।
ਆਧੀ ਸੰਗ ਚਲਹਿ ਕਹਿ ਦੀਜੈ' ਸਭਿ ਬੇਗਮ ਕੋ ਦੀਨਿ ਸੁਨਾਇ।
'ਚਲਹੁ ਪਿਖਹਿਂ ਕਸ਼ਮੀਰ ਦੇਸ਼ ਕੋ, ਬਿਲਸਹਿਂ ਬਿਨਾ ਉਸ਼ਨ ਹਰਖਾਇ' ॥੧੬ ॥

ਇਹ ਕਹਿ ਕੇ ਚੰਦੂ ਨੂੰ ਬੜਾ ਕੀਮਤੀ ਸਿਰੋਪਾ ਦੇ ਕੇ ਵਡਿਆਈ ਬਖਸ਼ੀ। "ਕਸ਼ਮੀਰ ਜਾਣ ਵਾਸਤੇ ਤਿਆਰੀ ਕਰਵਾਉ, ਅੱਧੀ ਫੌਜ ਏਥੇ ਰਹੇ ਅਤੇ ਅੱਧੀ ਫੌਜ ਮੇਰੇ ਨਾਲ ਚਲੇ, ਸਾਰਿਆਂ ਨੂੰ ਕਹਿ ਦੇਵੋ"। ਸਾਰੀਆਂ ਬੇਗਮਾਂ ਨੂੰ ਸੁਣਾ ਦਿੱਤਾ ਗਿਆ, "ਚਲੋ ਚਲ ਕੇ ਕਸ਼ਮੀਰ ਦੇਸ਼ ਵੇਖੀਏ। ਗਰਮੀ-ਰਹਿਤ ਦੇਸ਼ ਵਿਚ ਰਹਿ ਕੇ ਹੁਲਾਸ ਵਿਲਾਸ ਕਰੀਏ" ॥੧੬ ॥

ਗਜ ਤੁਰੰਗ ਸਯੰਦਨ ਅਰੁ ਡੋਰੇ ਚਲੀ ਪਾਲਕੀ ਹਜ਼ਰਤ ਸੰਗਿ।
ਸੈਨਾਂ ਉਮਡੀ ਜਯੋਂ ਹੜ੍ਹ ਕਾ ਜਲ ਚਲਜੋ ਸ਼ਾਹੁ ਧਰਿ ਰਿਦੈ ਉਮੰਗਿ।
ਚੰਦੂ ਬਿਲੰਦ ਅਨੰਦਤਿ ਹ੍ਵੈ ਕੈ ਦੁਹਿਤਾ ਦੇਖਤਿ ਕਰਿ ਮਨ ਭੰਗ।
ਦੇਉਂ ਬਜਾਹ ਕੈ ਲੇਉਂ ਪ੍ਰਾਨ ਗੁਰੁ ਤੌਂ ਮੁਝਕੋ ਸੁਖ ਹ੍ਵੈ ਸਰਬੰਗ ॥ ੧੭ ॥

ਹਾਥੀ, ਘੋੜੇ, ਰੱਥ ਅਤੇ ਡੋਲੇ ਪਾਲਕੀਆਂ ਬਾਦਸ਼ਾਹ ਦੇ ਨਾਲ ਚਲ ਪਈਆਂ। ਸੈਨਾ ਇਸ ਤਰ੍ਹਾਂ ਚੜ੍ਹ ਪਈ ਜਿਵੇਂ ਹੜ੍ਹ ਦਾ ਪਾਣੀ ਹੋਵੇ। ਬਾਦਸ਼ਾਹ ਹਿਰਦੇ ਵਿਚ ਬੜਾ ਉਤਸ਼ਾਹ ਭਰ ਕੇ ਚਲ ਪਿਆ। ਚੰਦੂ ਵੀ ਬੜਾ ਪ੍ਰਸੰਨ ਹੋਇਆ, ਪਰ ਘਰ ਵਿਚ ਬੈਠੀ ਕੰਵਾਰੀ ਲੜਕੀ ਨੂੰ ਵੇਖ ਕੇ ਮਨ ਉਦਾਸ ਹੋ ਗਿਆ। ਸੋਚਦਾ ਸੀ ਕਿ ਜਾਂ ਲੜਕੀ ਵਿਆਹ ਕੇ ਦੇਵਾਂਗਾ ਜਾਂ ਪ੍ਰਾਣ ਲੈ ਲਵਾਂਗਾ, ਫਿਰ ਹੀ ਮੈਨੂੰ ਗੁਰੂ ਜੀ ਤੋਂ ਸੁਖ ਪ੍ਰਾਪਤ ਹੋਵੇਗਾ ॥ ੧੭ ॥

ਸ਼ਾਹੁ ਸੰਗ ਚਢਿ ਚਲਜੋ ਮਤੰਗਹਿ ਡੇਰਾ ਕਰਤਿ ਚਲਤਿ ਪੁਨ ਪ੍ਰਾਤ।
ਕਬਿ ਹਜ਼ਰਤ ਗਜ ਪਰ ਚਢਿ ਚਾਲਹਿਂ ਕਬਿ ਤੁਰੰਗ ਪਰ ਉਰ ਹਰਖਾਤਿ।
ਕਬਹੁ ਪਾਲਕੀ ਬੈਠਤਿ ਗਮਨਤਿ ਚਮੂੰ ਅਨਿਕ ਉਮਰਾਵ ਪ੍ਰਯਾਤਿ।
ਬਾਜੇ ਬਜੈਂ ਛੁਟਹਿਂ ਬਹੁ ਤੋਪੈਂ ਧੌਂਸੇ ਧੁੰਕਾਰਤਿ ਮਗ ਜਾਤਿ ॥ ੧੮ ॥

Sri Satguru Jagjit Singh Ji eLlibrary NamdhariElibrary@gmail.com

ਬਾਦਸ਼ਾਹ ਦੇ ਨਾਲ ਇਕ ਹਾਥੀ ਤੇ ਚੜ੍ਹ ਕੇ ਚਲ ਪਿਆ, ਸਵੇਰ ਹੋਣ ਤੇ ਫਿਰ ਡੇਰਾ ਕੀਤਾ। ਬਾਦਸ਼ਾਹ ਕਦੀ ਹਾਥੀ ਤੇ ਚੜ੍ਹਦਾ ਸੀ ਅਤੇ ਕਦੀ ਖ਼ੁਸ਼ ਹੋ ਕੇ ਘੋੜੇ ਤੇ ਚੜ੍ਹ ਜਾਂਦਾ ਸੀ। ਕਦੀ ਪਾਲਕੀ ਵਿਚ ਬੈਠ ਜਾਂਦਾ ਸੀ, ਫੌਜ ਚਲ ਰਹੀ ਸੀ, ਤੇ ਫੌਜ ਦੇ ਨਾਲ ਅਨੇਕਾਂ ਹਾਕਮ ਜਾ ਰਹੇ ਸਨ। ਵਾਜੇ ਵੱਜ ਰਹੇ ਸਨ, ਤੋਪਾਂ ਚਲ ਰਹੀਆਂ ਸਨ, ਅਤੇ ਰਾਹੇ ਰਾਹ ਜਾਂਦਿਆਂ ਧੌਂਸੇ ਗੂੰਜ ਰਹੇ ਸਨ॥ ੧੮॥

ਮਗ ਉਲੰਘ ਸਤੁੱਦ੍ਰਵ ਤਟ ਆਏ ਤਰੀ ਤਰੀ ਪਰ ਹ੍ਵੈ ਗੇ ਪਾਰ।
ਗਨ ਨੌਕਾ ਹਿਤ ਲਸ਼ਕਰ ਇਕਠੀ ਬਹੁ ਕੇਵਟ ਮਿਲਿ ਦਏ ਉਤਾਰਿ।
ਸਨੇ ਸਨੇ ਬਿਚ ਦੇਸ਼ ਦੁਆਬੇ ਕਰਤਿ ਸੈਰ ਕੋ ਪੰਥ ਮਝਾਰ।
ਤੀਰ ਬਿਪਾਸਾ ਕੇ ਚਲਿ ਪਹੁੰਚਯੋ ਤਿਸ ਦਿਨ ਹਯ ਪਰ ਭਾ ਅਸਵਾਰ॥ ੧੯॥

ਸਾਰਾ ਪੈਂਡਾ ਮੁਕਾ ਕੇ ਸਤਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ, ਕਈ ਬੇੜੀਆਂ ਦੇ ਪੁਲ ਤੇ ਚੜ੍ਹ ਕੇ ਪਾਰ ਹੋ ਗਏ ਅਤੇ ਕਈ ਤਰ ਕੇ ਹੀ ਲੰਘ ਗਏ। ਫੌਜ ਵਾਸਤੇ ਬਹੁਤ ਬੇੜੀਆਂ ਇਕੱਠੀਆਂ ਕੀਤੀਆਂ ਸਨ ਅਤੇ ਬਹੁਤ ਮਲਾਹ ਮਿਲ ਮਿਲ ਕੇ ਪਾਰ ਉਤਾਰ ਰਹੇ ਸਨ। ਹੌਲੀ-ਹੌਲੀ ਸੈਰ ਕਰਦੇ ਦੁਆਬੇ ਦੇਸ਼ ਵਿਚ ਪਹੁੰਚ ਗਏ। ਬਿਆਸਾ ਦਰਿਆ ਦੇ ਕਿਨਾਰੇ ਪਹੁੰਚ ਗਏ, ਉਸ ਦਿਨ ਬਾਦਸ਼ਾਹ ਘੋੜੇ ਉਤੇ ਚੜ੍ਹਿਆ ਹੋਇਆ ਸੀ॥ ੧੯॥

ਕਰਨਿ ਅਖੇਰ ਪੰਥ ਕੋ ਛੋਰਯੋ ਉਮਰਾਵਨਿ ਕੁਛ ਲੇ ਕਰਿ ਸੰਗਿ।
ਖੋਜਤਿ ਫਿਰਤਿ ਕੂਲ ਸਲਿਤਾ ਕੇ ਨਿਕਸਯੋ ਕਾਰੀ ਪਿਸ਼ਟ ਕੁਰੰਗ।
ਜਹਾਂਗੀਰ ਜਬਿ ਕਰਯੋ ਬਿਲੋਕਨਿ ਅਪਰ ਬਰਜਿ ਕਿਯ ਤੇਜ ਤੁਰੰਗ।
ਬਲੀ ਬੇਗਤੇ ਬਹਯੋ ਬਾਯੁ ਸਮ ਮਿਲਤਿ ਜਾਤਿ ਪਾਛੇ ਹਿਤ ਭੰਗ॥ ੨੦॥

ਸ਼ਿਕਾਰ ਖੇਡਣ ਵਾਸਤੇ ਰਸਤੇ ਨੂੰ ਛੱਡ ਕੇ ਕੁਝ ਹਾਕਮਾਂ ਨੂੰ ਨਾਲ ਲੈ ਕੇ ਜੰਗਲ ਵਲ ਚਲੇ ਗਏ। ਦਰਿਆ ਦੇ ਕੰਢੇ ਕੰਢੇ ਜਦ ਸ਼ਿਕਾਰ ਲੱਭਦੇ ਫਿਰਦੇ ਸਨ ਤਾਂ ਇਕ ਕਾਲੀ ਪਿੱਠ ਵਾਲਾ ਹੀਰਾ ਹਿਰਨ ਨਿਕਲਿਆ। ਜਹਾਂਗੀਰ ਨੇ ਜਦ ਵੇਖਿਆ ਤਾਂ ਬਾਕੀਆਂ ਨੂੰ ਰੋਕ ਕੇ ਆਪ ਆਪਣਾ ਘੋੜਾ ਉਸ ਦੇ ਮਗਰ ਲਾ ਦਿੱਤਾ। ਘੋੜਾ ਬੜਾ ਸ਼ਕਤੀਸ਼ਾਲੀ ਸੀ, ਹਵਾ ਵਾਂਗ ਭੱਜ ਉਠਿਆ ਤੇ ਹਿਰਨ ਦੇ ਪਿੱਛੇ ਪਹੁੰਚ ਗਿਆ॥ ੨੦॥

ਬਿਖਮ ਸਥਲ ਆਗੇ ਕੁਛ ਆਇਵ ਬਾਜੀ ਕੀਨਸਿ ਦੀਰਘ ਛਾਲ।
ਜਹਾਂਗੀਰ ਅਵਿਨੀ ਪਰ ਗਿਰਗਾ ਲਗੀ ਲਾਤ ਪਰ ਚੋਟ ਬਿਸਾਲ।
ਸੰਗਨਿ ਗਹਯੋ ਦੌਰ ਕੈ ਤਤਛਿਨ ਸਨਮਾਨਤਿ ਬਹੁ ਲੀਨਿ ਉਠਾਲ।
ਲਯਾਇ ਪਾਲਕੀ ਬਿਖੈ ਸੁ ਪਾਇਵ ਸਨੇ ਸਨੇ ਗਮਨੈ ਤਿਸ ਕਾਲ॥ ੨੧॥

ਅੱਗੇ ਜਾ ਕੇ ਕੁਝ ਖੁਰਦਰੀ ਧਰਤੀ ਆ ਗਈ, ਘੋੜੇ ਨੇ ਲੰਮੀ ਛਾਲ ਮਾਰੀ। ਜਹਾਂਗੀਰ ਧਰਤੀ ਤੇ ਡਿੱਗ ਪਿਆ ਤੇ ਲੱਤ ਉਤੇ ਵੱਡੀ ਸੱਟ ਲੱਗੀ। ਸਾਥੀ ਉਸੇ ਵੇਲੇ ਦੌੜ ਕੇ ਪਾਸ ਗਏ ਅਤੇ ਬੜੇ ਸਨਮਾਨ ਨਾਲ ਬਾਦਸ਼ਾਹ ਨੂੰ ਚੁੱਕ ਲਿਆ, ਪਾਲਕੀ ਲਿਆ ਕੇ ਉਸ ਵਿਚ ਲੰਮਾ ਪਾਇਆ ਤੇ ਹੌਲੀ-ਹੌਲੀ ਚਲ ਪਏ॥ ੨੧॥

ਹਾਹਾਕਾਰ ਕਰੈ ਸਭਿ ਲਸ਼ਕਰਿ 'ਹਜ਼ਰਤਿ ਗਿਰਯੋ ਸਹਾਇ ਖੁਦਾਇ!'।
ਚੰਦੂ ਨਿਕਟ ਗਯੋ ਕਰਿ ਬੰਦਨ ਬਹੁਤ ਦਰਦ ਕੀ ਬਾਤ ਜਨਾਇ।
ਸ਼ਾਹੁ ਦ੍ਰਿਸ਼ਟਿ ਇਸ ਕੀ ਦਿਸ਼ਿ ਆਈ ਕਹਯੋ ਬਾਕ 'ਕਿਛੁ ਕਰਹੁ ਉਪਾਇ।
ਜਨਮ ਕਿਤਾਬ ਨਜੂਮੀ ਸੋਧਹਿ ਕਿਸ ਕਾਰਨ ਤੇ ਮੈਂ ਦੁਖ ਪਾਇ?'॥ ੨੨॥

ਸਾਰੀ ਫੌਜ ਵਿਚ ਹਾਹਾਕਾਰ ਮੱਚ ਗਈ, ਕਹਿੰਦੇ ਸਨ, "ਹਜ਼ਰਤ ਡਿੱਗ ਪਏ ਹਨ, ਖੁਦਾ ਉਨ੍ਹਾਂ ਦੀ ਸਹਾਇਤਾ ਕਰੇ" ਚੰਦੂ ਬੰਦਨਾ ਕਰਕੇ ਪਾਸ ਗਿਆ ਤੇ ਬਹੁਤ ਦੁਖ ਦੀ ਗੱਲ ਜਤਾਈ। ਬਾਦਸ਼ਾਹ ਨੇ ਜਦ ਉਸ ਵਲ ਵੇਖਿਆ ਤਾਂ ਕਿਹਾ, "ਕੋਈ ਉਪਾਅ ਕਰੋ। ਜਨਮ ਦੀ ਕਿਤਾਬ ਸੋਧ ਕੇ ਨਜੂਮ ਲਵਾਓ ਕਿ ਕਿਸ ਕਾਰਨ ਮੈਂ ਇਹ ਦੁੱਖ ਪਾਇਆ ਹੈ ?" ॥ ੨੨ ॥

ਅਵਸਰ ਲਹਜੋ ਦੁਸ਼ਟ ਨੇ ਭਾਖਜੋ 'ਹਜ਼ਰਤ! ਕਹਿਬੇ ਉਚਿਤ ਨ ਬਾਤ।
ਕਹੌਂ ਕਹਾਂ ਨਿਸ ਤਸਕਰ ਲਾਗੇ ਗਈ ਕਿਤਾਬ ਭਈ ਸੁਧਿ ਪ੍ਰਾਤ।
ਅਪਰ ਦਰਬ ਸਾਮ੍ਰਿਗੀ ਕੇਤਿਕ ਭਾ ਨੁਕਸਾਨ ਆਜ ਕੀ ਰਾਤਿ।
ਬਹੁਤ ਚੋਰ ਇਸ ਦੇਸ਼ ਭਏ ਅਬਿ ਕਿਤ ਕੋ ਗਏ ਨ ਜਾਨੇ ਜਾਤਿ' ॥ ੨੩ ॥

ਮੌਕਾ ਮਿਲਣ ਤੇ ਦੁਸ਼ਟ ਨੇ ਕਿਹਾ, "ਹੇ ਹਜ਼ਰਤ ! ਇਹ ਕਹਿਣ ਵਾਲੀ ਉਚਿਤ ਗੱਲ ਨਹੀਂ ਹੈ। ਪਤਾ ਨਹੀਂ ਰਾਤ ਨੂੰ ਕਿਥੇ ਚੋਰ ਲੱਗੇ ਹਨ ਕਿ ਸਵੇਰੇ ਕਿਤਾਬ ਹੀ ਨਹੀਂ ਮਿਲੀ ਹੈ। ਧਨ ਅਤੇ ਹੋਰ ਸਮੱਗਰੀ ਦਾ ਵੀ ਅੱਜ ਰਾਤ ਬਹੁਤ ਨੁਕਸਾਨ ਹੋਇਆ ਹੈ। ਇਸ ਦੇਸ਼ ਵਿਚ ਬਹੁਤ ਚੋਰ ਰਹਿੰਦੇ ਹਨ, ਕਿਧਰ ਗਏ ਹਨ, ਕੋਈ ਜਾਣਿਆ ਨਹੀਂ ਜਾ ਸਕਦਾ" ॥ ੨੩ ॥

ਸੁਨਿ ਹਜ਼ਰਤਿ ਮਤਿ ਬਿਸਮਤ ਅਤਿਸ਼ੈ 'ਮੋਹਿ ਰਾਜ ਕਿਤ ਚੋਰ ਬਸੰਤਿ ?।
ਤ੍ਰਾਸ ਨ ਮਾਨਹਿਂ ਮੇਰੋ ਚਿਤ ਮਹਿਂ ਮਮ ਡੇਰੇ ਕੋ ਆਇ ਲਗੰਤਿ।
ਲਵਪੁਰਿ ਕੋ ਸੂਬਾ ਨਹਿਂ ਤ੍ਰਾਸਤਿ ਨਰ ਖੋਟਨਿ ਕੋ ਨਹੀਂ ਗਹੰਤਿ।
ਜਯੋਂ ਕਯੋਂ ਕਰਿ ਤਸਕਰ ਕੋ ਸਾਬਤ ਗਹਿ ਕਰਿ ਦਿਹੁ ਸਜਾਇ ਅਤਯੰਤ' ॥੨੪ ॥

ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ, "ਕੀ ਮੇਰੇ ਰਾਜ ਵਿਚ ਵੀ ਚੋਰ ਵੱਸਦੇ ਹਨ ? ਚਿੱਤ ਵਿਚ ਮੇਰਾ ਡਰ ਨਹੀਂ ਮੰਨਦੇ ਹਨ, ਮੇਰੇ ਡੇਰੇ ਨੂੰ ਹੀ ਆ ਕੇ ਲੁੱਟ ਲੈਂਦੇ ਹਨ। ਲਾਹੌਰ ਦੇ ਸੂਬੇ ਤੋਂ ਵੀ ਨਹੀਂ ਡਰਦੇ ਹਨ, ਇਨ੍ਹਾਂ ਖੋਟੇ ਮਨੁੱਖਾਂ ਨੂੰ ਫੜਦਾ ਕਿਉ ਨਹੀਂ। ਜਿਵੇਂ-ਕਿਵੇਂ ਚੋਰਾਂ ਨੂੰ ਫੜ ਕੇ ਉਨ੍ਹਾਂ ਨੂੰ ਅਤਿਅੰਤ ਸਜ਼ਾ ਦੇਵੇ" ॥ ੨੪ ॥

ਹਾਥ ਬੰਦਿ ਚੰਦੂ ਕਹਿ ਨਿੰਦਕ 'ਇਕ ਅਰਜਨ ਖੱਤ੍ਰੀ ਲਖਿਯੰਤਿ।
ਕਹੈ ਸੁ 'ਨਾਨਕ ਗਾਦੀ ਪਰ ਮੈਂ' ਨਹਿਂ ਕਿਸਹੂੰ ਤੇ ਚਿਤ ਡਰਪੰਤਿ।
ਸੋ ਰਾਖਤਿ ਹੈ ਤਸਕਰ ਕੋ ਢਿਗ ਜਹਿਂ ਕਹਿਂ ਤੇ ਧਨ ਕੋ ਚੁਰਵੰਤਿ।
ਤੁਮ ਤੇ ਤਨਕ ਤ੍ਰਾਸ ਨਹਿਂ ਪਾਯਹੁ ਡੇਰੇ ਮਹਿਂ ਤੇ ਵਸਤੁ ਕਢੰਤਿ ॥ ੨੫ ॥

ਹੱਥ ਜੋੜ ਕੇ ਨਿੰਦਕ ਚੰਦੂ ਨੇ ਕਿਹਾ, "ਇਕ ਅਰਜਨ ਨਾਮੀ ਖੱਤਰੀ ਰਹਿੰਦਾ ਹੈ, ਉਹ ਕਹਿੰਦਾ ਹੈ ਕਿ ਮੈਂ ਗੁਰੂ ਨਾਨਕ ਦੇਵ ਦੀ ਗੱਦੀ ਤੇ ਬੈਠਾ ਹਾਂ, ਇਸ ਕਰਕੇ ਚਿੱਤ ਵਿਚ ਕਿਸੇ ਪਾਸੋਂ ਵੀ ਡਰਦਾ ਨਹੀਂ ਹੈ। ਉਹ ਚੋਰਾਂ ਨੂੰ ਆਪਣੇ ਪਾਸ ਰਖਦਾ ਹੈ, ਜਿਥੋਂ-ਕਿਥੋਂ ਉਹ ਧਨ ਦੀ ਚੋਰੀ ਕਰਦੇ ਹਨ। ਤੁਹਾਡੇ ਪਾਸੋਂ ਰਤਾ ਭਰ ਵੀ ਡਰਦੇ ਨਹੀਂ ਹਨ, ਤੁਹਾਡੇ ਵਿਚੋਂ ਸਾਮਾਨ ਲੁਟ ਕੇ ਲੈ ਗਏ ਹਨ ॥ ੨੫ ॥

ਰਾਮਦਾਸ ਪੁਰਿ ਮਹਦ ਬਸਾਯੋ, ਗੁਰੂ ਕਹਾਇ ਬਨਜੋ ਧਨਵੰਤ।
ਬਡੇ ਭ੍ਰਾਤ ਕੋ ਵਹਿਰ ਨਿਕਾਸਜੋ ਬਲ ਛਲ ਭਾਂਤਿ ਅਨੇਕ ਕਰੰਤਿ।
ਦੇਸ਼ ਬਿਦੇਸ਼ਨਿ ਤਸਕਰ ਭੇਜਤਿ ਨੀਕੀ ਵਸਤੁ ਨ ਕਿਤੇ ਛੁਟੰਤਿ।
ਲੇਤਿ ਮੰਗਾਇ ਸਮੀਪ ਆਪਨੇ ਬੈਠਿ ਨਗਰਿ ਮਹਿਂ ਬਚ ਗਰਬੰਤਿ' ॥ ੨੬ ॥

ਰਾਮਦਾਸ ਪੁਰ ਸ਼ਹਿਰ ਵਸਾਇਆ ਹੈ, ਆਪਣੇ ਆਪ ਨੂੰ ਗੁਰੂ ਕਹਾਉਂਦਾ ਹੈ ਤੇ ਬੜਾ ਅਮੀਰ ਹੋ ਗਿਆ ਹੈ। ਵੱਡੇ ਭਰਾ ਨੂੰ

ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਹੈ ਅਤੇ ਅਨੇਕ ਪ੍ਰਕਾਰ ਦੇ ਵਲ ਛਲ ਕਰਦਾ ਹੈ। ਦੇਸ਼ਾਂ ਵਿਦੇਸ਼ਾਂ ਵਿਚ ਚੋਰਾਂ ਨੂੰ ਭੇਜਦਾ ਹੈ, ਚੰਗੀ ਵਸਤ ਕਿਤੇ ਵੀ ਨਹੀਂ ਛੱਡਦੇ। ਆਪਣੇ ਪਾਸ ਮੰਗਵਾ ਲੈਂਦਾ ਹੈ ਤੇ ਮਨੁੱਖਾਂ ਵਿਚ ਬੈਠ ਕੇ ਬਹੁਤ ਹੰਕਾਰ ਕਰਦਾ ਹੈ" ॥ ੨੬ ॥

ਸੁਨਤਿ ਸ਼ਾਹੁ ਬਿਸਮਜੋ ਭਾ ਤੂਸ਼ਨਿ ਗੁਰੁ ਘਰ ਕੀ ਬਾਤਨਿ ਚਿਤਵੰਤਿ।
ਉਚਰਤਿ ਭਯੋ 'ਅਨੁਚਿਤ ਨ ਭਾਖੋ, ਕਿਤ ਗੁਰੁ ਪਦ ਕਿਤ ਚੋਰ ਰਖੰਤਿ।
ਪੀਰਨ ਪੀਰ ਮਹਾਂ ਗੁਰ ਨਾਨਕ ਜਿਸ ਕੀ ਬਖਸ਼ਿਸ਼ ਜਗ ਬਰੁਸੰਤਿ।
ਬਾਬਰ ਬਡੋ ਹਮਾਰੋ ਹੋਵਾ ਤਿਸਕੋ ਸਲਤਨ ਦੀਨਿ ਤੁਰੰਤਿ॥ ੨੭॥

ਬਾਦਸ਼ਾਹ ਸੁਣ ਕੇ ਬੜਾ ਹੈਰਾਨ ਹੋਇਆ ਤੇ ਚੁਪ ਕਰਕੇ ਗੁਰੂ ਘਰ ਦੀਆਂ ਗੱਲਾਂ ਬਾਰੇ ਸੋਚਣ ਲੱਗਾ ਤੇ ਫਿਰ ਬੋਲਿਆ, "ਅਨਉਚਿਤ ਗੱਲ ਨਾ ਕਹੋ, ਕਿੱਥੇ ਗੁਰੂ ਦੀ ਪਦਵੀ ਤੇ ਕਿੱਥੇ ਚੋਰ ਰੱਖਣਾ। ਗੁਰੂ ਨਾਨਕ ਦੇਵ ਜੀ ਪੀਰਾਂ ਦੇ ਪੀਰ ਮਹਾਨ ਗੁਰੂ ਸਨ ਜਿਨ੍ਹਾਂ ਦੀ ਬਖਸ਼ਿਸ਼ ਨਾਲ ਜਗਤ ਵਰਸਾਉਂਦਾ ਹੈ। ਸਾਡਾ ਵਡੇਰਾ ਬਾਬਰ ਹੋਇਆ ਹੈ, ਉਨ੍ਹਾਂ ਨੂੰ ਗੁਰੂ ਨਾਨਕ ਦੇਵ ਨੇ ਤੁਰੰਤ ਬਾਦਸ਼ਾਹੀ ਬਖਸ਼ ਦਿੱਤੀ ਸੀ॥ ੨੭॥

ਹਿੰਦੂ ਤੁਰਕਨਿ ਇਕ ਸਮ ਜਾਨਤਿ ਸ਼ਰਧਾਲੂ ਨਰ ਕਿਏ ਨਿਹਾਲ।
ਤਿਸ ਗਾਦੀ ਪਰ ਬੈਠਿ ਗੁਰੂ ਭਾ ਪੁਨ ਕਿਮ ਲੇ ਚੋਰੀ ਕੋ ਮਾਲ।
ਅਸ ਖੋਟੀ ਮਤਿ ਕੋ ਪਰਹਰੀਆ ਕੈਸੇ ਚੋਰ ਰਖੈ ਨਿਜ ਨਾਲ।
ਜਗਤ ਬਿਖੈ ਜਿਨ ਕੋ ਜਗ ਕਹੀਯਤਿ ਤਿਨ ਕੋ ਕਮੀ ਨ ਦਰਬ ਬਿਸਾਲ' ॥੨੮ ॥

ਹਿੰਦੂਆਂ ਮੁਸਲਮਾਨਾਂ ਨੂੰ ਇਕ ਸਮਾਨ ਜਾਣਦੇ ਸਨ ਅਤੇ ਸ਼ਰਧਾਲੂ ਮਨੁੱਖਾਂ ਨੂੰ ਨਿਹਾਲ ਕਰਦੇ ਸਨ, ਉਨ੍ਹਾਂ ਦੀ ਗੱਦੀ ਉੱਤੇ ਬੈਠੇ ਗੁਰੂ ਸਾਹਿਬ ਕਿਵੇਂ ਚੋਰੀ ਦਾ ਮਾਲ ਲੈ ਸਕਦੇ ਹਨ। ਐਸੀ ਖੋਟੀ ਮੱਤ ਨੂੰ ਜਿਹੜੇ ਦੂਰ ਕਰਨ ਵਾਲੇ ਹਨ, ਉਹ ਆਪਣੇ ਪਾਸ ਕਿਵੇਂ ਚੋਰਾਂ ਨੂੰ ਰੱਖ ਸਕਦੇ ਹਨ। ਜਗਤ ਵਿਚ ਇਨ੍ਹਾਂ ਨੂੰ ਧਰਮ ਦਾ ਯੱਗ ਕਹਿੰਦੇ ਹਨ, ਉਨ੍ਹਾਂ ਨੂੰ ਧਨ ਦੀ ਕੀ ਘਾਟ ਹੈ" ॥ ੨੮ ॥

ਸੁਨਿ ਚੰਦੂ ਨੇ ਪੁਨ ਉਲਟਾਈ 'ਜਿਮ ਤੁਮ ਕਹੋ ਅਹੈ ਤਿਮ ਬਾਤ।
ਇਸ ਬਿਨ ਪ੍ਰਥਮ ਗੁਰੂ ਜੇ ਹੋਏ ਤਿਨ ਕੋ ਜਸ ਜਗ ਮੈਂ ਅਵਦਾਤ।
ਇਹ ਬਡ ਕ੍ਰੋਧੀ, ਲੋਭੀ, ਚੰਚਲ, ਨਗਰ ਨਿਕਾਸ ਦੀਨਿ ਬਡ ਭ੍ਰਾਤ।
ਅਪਰ ਨਰਨਿ ਸੋਂ ਦ੍ਵੈਸ਼ ਕਰੰਤਾ ਡਰਤਿ ਨ ਰਚਹਿ ਅਨਿਕ ਛਲ ਘਾਤ' ॥੨੯ ॥

ਇਹ ਸੁਣ ਕੇ ਚੰਦੂ ਨੇ ਫਿਰ ਗੱਲ ਹੀ ਉਲਟਾ ਦਿੱਤੀ, "ਜਿਵੇਂ ਤੁਸੀਂ ਕਹਿੰਦੇ ਹੋ ਇਸ ਤਰ੍ਹਾਂ ਹੀ ਹੋਵੇਗਾ, ਇਸ ਤੋਂ ਪਹਿਲਾਂ ਜਿਹੜੇ ਗੁਰੂ ਸਾਹਿਬ ਹੋਏ ਹਨ, ਉਨ੍ਹਾਂ ਦਾ ਜੱਸ ਸਾਰੇ ਜਗਤ ਵਿਚ ਪ੍ਰਗਟ ਹੈ। ਪਰ ਇਹ ਵੱਡੇ ਕ੍ਰੋਧੀ, ਲੋਭੀ, ਚਲਾਕ ਹਨ, ਜਿਨ੍ਹਾਂ ਆਪਣੇ ਵੱਡੇ ਭਰਾ ਨੂੰ ਹੀ ਨਗਰ ਵਿਚੋਂ ਕੱਢ ਦਿੱਤਾ ਹੈ। ਹੋਰਨਾਂ ਲੋਕਾਂ ਨਾਲ ਈਰਖਾ ਕਰਦਾ ਹੈ ਤੇ ਕਿਸੇ ਪਾਸੋਂ ਡਰਦਾ ਨਹੀ, ਅਨੇਕ ਪ੍ਰਕਾਰ ਦੇ ਛਲ ਕਰਦਾ ਹੈ" ॥ ੨੯ ॥

ਸ਼ਾਹੁ ਕਹਜੋ 'ਪਿਤ ਅਕਬਰ ਮੇਰੋ ਅਰਪੇ ਗ੍ਰਾਮ ਕਿਤਿਕ ਤਿਨ ਪਾਸਿ।
ਲਵਪੁਰਿ ਮਹਿਂ ਚਲਿ ਅਬਿ ਸੁਧਿ ਲੈਹੈਂ ਖਰਚ ਬਿਸਾਲ ਜਿ ਭਯੋ ਅਵਾਸ।
ਦੇਹਿਂ ਅਪਰ ਕੁਛ ਅਰਪ ਤਿਨਹੁ ਢਿਗ ਚੋਰੀ ਬਰਜਹਿਂ ਨੀਕ ਨ ਤਾਸ।
ਅਬਿ ਤੌ ਚਲੋ ਬਿਪਾਸਾ ਉਤਰਹੁ ਪਾਰ ਕਰਹੁ ਡੇਰਾ ਨਿਸ ਬਾਸ' ॥ ੩੦ ॥

ਬਾਦਸ਼ਾਹ ਨੇ ਕਿਹਾ, "ਮੇਰੇ ਪਿਤਾ ਅਕਬਰ ਜੀ ਨੇ ਇਨ੍ਹਾਂ ਨੂੰ ਕਈ ਪਿੰਡ ਦਾਨ ਵਜੋਂ ਦਿੱਤੇ ਹਨ। ਲਾਹੌਰ ਪਹੁੰਚ ਕੇ ਖਬਰ ਲੈਂਦੇ ਹਾਂ ਕਿ ਕੀ ਘਰ ਦਾ ਖਰਚਾ ਬਹੁਤ ਵੱਧ ਗਿਆ ਹੈ। ਉਨ੍ਹਾਂ ਨੂੰ ਕੁਝ ਹੋਰ ਅਰਪਣ ਕਰਕੇ ਚੋਰੀ ਤੋਂ ਰੋਕਾਂਗੇ, ਇਹ ਗੱਲ ਚੰਗੀ ਨਹੀਂ ਹੈ। ਹੁਣ ਬਿਆਸਾ ਤੋਂ ਪਾਰ ਡੇਰਾ ਕਰੋ ਤੇ ਰਾਤ ਉਥੇ ਠਹਿਰੀਏ" ॥ ੩੦ ॥

ਦੋਹਰਾ- ਦਿਢ ਨੌਕਾ ਪਰ ਸ਼ਾਹੁ ਚਢਿ ਪਰਯੋ ਪਾਰ ਸੁਖ ਸੰਗ।
ਗੁਰ ਜਸੁ ਬਰਨਯੋ ਲਾਤ ਦੁਖ ਤਤਛਿਨ ਹੋਯਹੁ ਭੰਗ ॥ ੩੧ ॥

ਬੇੜੀ ਉਤੇ ਚੜ੍ਹ ਕੇ ਬਾਦਸ਼ਾਹ ਨੇ ਸੁੱਖ ਦੇ ਨਾਲ ਦਰਿਆ ਪਾਰ ਕੀਤਾ, ਜਦ ਉਸ ਗੁਰੂ ਦਾ ਜੱਸ ਵਰਣਨ ਕੀਤਾ ਤਾਂ ਲੱਤ ਦਾ ਦਰਦ ਤੁਰੰਤ ਦੂਰ ਹੋ ਗਿਆ ॥ ੩੧ ॥

*ਚੌਥੀ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ ॥ ੨੪ ॥*

## ਅਧਿਆਇ ਪੰਜੀਵਾਂ

*ਸੁਲਬੀ ਦਾ ਨਾਸ਼*

ਦੋਹਰਾ- ਸੁਲਹੀ ਭ੍ਰਾਤਾ ਪੁੱਤ੍ਰ ਇਕ ਸੁਲਬੀ ਨਾਮ ਕਹੰਤਿ।
ਚੰਦੂ ਅਰ ਪਤਿਸ਼ਾਹੁ ਕੋ ਸਗਰੋ ਸੁਨਯੋ ਬ੍ਰਿਤੰਤ ॥ ੧ ॥

ਸੁਲਹੀ ਦਾ ਇਕ ਭਰਾ ਦਾ ਪੁੱਤਰ ਸੀ, ਜਿਸ ਦਾ ਨਾਂ ਸੁਲਬੀ ਸੀ। ਚੰਦੂ ਅਤੇ ਬਾਦਸ਼ਾਹ ਦਾ ਸਾਰਾ ਬ੍ਰਿਤਾਂਤ ਤੁਸੀਂ ਸੁਣਿਆ ਹੈ ॥ ੧ ॥

*ਨਿਸ਼ਾਨੀ ਛੰਦ-* ਉਤਰ ਪਾਰ ਜਬਿ ਟਿਕੇ ਨਿਸ ਤੰਬੂ ਮਹਿਂ ਚੰਦੂ।
ਸੁਲਬੀ ਸੁਲਹੀ ਕੌ ਚਿਤਹਿ ਉਰਕਸ਼ਟ ਬਿਲੰਦੂ।
ਤਮ ਮਹਿਂ ਗਮਨਯੋ ਪਾਸ ਤਿਸ ਬੂਝੀ ਸੁਧਿ ਸਾਰੀ।
'ਹਮਰੋ ਰਿਪੁ ਅਰਜਨ ਗੁਰੂ ਕਹਾ ਕਰਤਿ ਉਚਾਰੀ' ॥ ੨ ॥

ਦਰਿਆ ਪਾਰ ਕਰਕੇ ਜਦ ਚੰਦੂ ਆਪਣੇ ਤੰਬੂ ਵਿਚ ਟਿਕਿਆ ਤਾਂ ਸੁਲਬੀ ਆਪਣੇ ਚਾਚੇ ਸੁਲਹੀ ਨੂੰ ਯਾਦ ਕਰਕੇ ਬੜਾ ਦੁਖੀ ਹੋ ਰਿਹਾ ਸੀ। ਸੁਲਬੀ ਚੰਦੂ ਦੇ ਤੰਬੂ ਵਿਚ ਗਿਆ ਤੇ ਸਾਰੀ ਖਬਰ ਪੁੱਛੀ, "ਸਾਡਾ ਗੁਰੂ ਅਰਜਨ ਦੇਵ ਦੁਸ਼ਮਣ ਹੈ, ਤੁਹਾਡੀ ਉਨ੍ਹਾਂ ਬਾਰੇ ਕੀ ਰਾਏ ਹੈ" ॥ ੨ ॥

ਸੁਨਿ ਚੰਦੂ ਤਰਕਤਿ ਭਯੋ 'ਲਾਯਕ ਬਿਨ ਹੋਏ।
ਬੈਰ ਨ ਚਾਚੇ ਕੋ ਲਿਯੋ ਪਰ ਸੁਖ ਸੌਂ ਸੋਏ।
ਮੈਂ ਉਪਾਇ ਗਹਿਬੇ ਕਰੌਂ ਦਿਨ ਕੇਤਿਕ ਮਾਂਹੀ।
ਬਨਿ ਸਹਾਇ ਜੇ ਦੁਖ ਰਿਦੇ, ਛੋਰਹਿਂਗੇ ਨਾਂਹੀ' ॥ ੩ ॥

ਇਹ ਸੁਣ ਕੇ ਚੰਦੂ ਨੇ ਤਰਕ ਕੀਤਾ, "ਤੂੰ ਇਸ ਦੇ ਲਾਇਕ ਨਹੀਂ ਹੈ, ਹਾਲੇ ਤਕ ਚਾਚੇ ਦਾ ਵੈਰ ਨਹੀਂ ਲਿਆ ਹੈ, ਉਹ ਆਰਾਮ ਦੀ ਨੀਂਦ ਸੌਂਦਾ ਹੈ। ਮੈਂ ਕੁਝ ਦਿਨਾਂ ਵਿਚ ਉਸ ਨੂੰ ਫੜਨ ਦਾ ਯਤਨ ਕਰਾਂਗਾ, ਜੇ ਤੇਰੇ ਦਿਲ ਵਿਚ ਦੁੱਖ ਹੈ ਤਾਂ ਮੇਰੀ ਸਹਾਇਤਾ ਕਰੋ, ਅਸੀਂ ਛੱਡਾਂਗੇ ਨਹੀਂ" ॥ ੩ ॥

'ਸੁਨਿ ਦਿਵਾਨ ਮੁਝ ਆਨ ਹੈ ਸੁਧਿ ਹੁਤੀ ਨ ਤੇਰੀ।
ਹਮ ਦੋਨਹੁ ਕੋ ਮਾਰਨੇ ਬਿਧਿ ਸੁਗਮ ਬਡੇਰੀ।
ਬਾਯੂ ਬੰਨ੍ਹੀ ਬਲੀ ਬਿਬ ਬਨ ਬਡੋ ਬਿਨਾਸ਼ੈ।
ਹੁਕਮ ਦਿਵਾਵਹੁ ਸ਼ਾਹੁ ਤੇ ਗੁਰੁ ਜਾਉਂ ਅਵਾਸੈ ॥ ੪ ॥

"ਹੇ ਦੀਵਾਨ ਜੀ! ਸੁਣੋ, ਮੈਨੂੰ ਕਸਮ ਹੈ, ਤੁਹਾਡੇ ਬਾਰੇ ਮੈਨੂੰ ਪਤਾ ਨਹੀਂ ਸੀ। ਸਾਡੇ ਦੋਵਾਂ ਵਾਸਤੇ ਮਾਰਨਾ ਬਹੁਤ ਸੌਖਾ ਹੈ। ਹਵਾ ਤੇ ਅੱਗ ਜੇ ਦੋਵੇਂ ਬਲੀ ਮਿਲ ਜਾਣ ਤਾਂ ਵੱਡੇ-ਵੱਡੇ ਜੰਗਲਾਂ ਦਾ ਨਾਸ਼ ਕਰ ਦਿੰਦੇ ਹਨ। ਮੈਨੂੰ ਬਾਦਸ਼ਾਹ ਪਾਸੋਂ ਹੁਕਮ ਦਿਵਾਉ ਮੈਂ ਗੁਰੂ ਦੇ ਘਰ ਜਾਂਦਾ ਹਾਂ ॥ ੪ ॥

ਪਹੁੰਚਤਿ ਪੁਰਿ ਮੈਂ ਪਕਰਿ ਹੌਂ ਕਾਰਾਗ੍ਰਹ ਪਾਵੌਂ।
ਨਿਸ ਮਹਿਂ ਏਕਲ ਕੋ ਕਰੌਂ ਧਰ ਸਿਰ ਉਤਰਾਵੌਂ।
ਇਹਾਂ ਸ਼ਾਹੁ ਲਗਿ ਬਾਤ ਕੋ ਪਹੁੰਚਨ ਨਹਿਂ ਦੀਜੈ।
ਰਹੈਂ ਨਿਕਟ ਧਨ ਦਿਹੁ ਤਿਨਹਿ ਅਪਨੇ ਕਰਿ ਲੀਜੈ ॥ ੫ ॥

ਨਗਰ ਵਿਚ ਪਹੁੰਚ ਕੇ ਫੜ ਕੇ ਕੈਦ ਵਿਚ ਸੁੱਟ ਦੇਵਾਂਗਾ, ਰਾਤ ਸਮੇਂ ਇਕੱਲਿਆਂ ਕਰਕੇ ਧੜ ਤੋਂ ਸਿਰ ਵੱਖ ਕਰ ਦੇਵਾਂਗਾ। ਬਾਦਸ਼ਾਹ ਤਕ ਇਸ ਗੱਲ ਨੂੰ ਪਹੁੰਚਣ ਨਾ ਦੇਵੋ। ਨੇੜੇ ਰਹਿ ਕੇ ਧਨ ਦੇ ਕੇ ਉਨ੍ਹਾਂ ਨੂੰ ਆਪਣਾ ਕਰ ਲਵੋ ॥ ੫ ॥

ਜੇ ਕਰਿ ਕੋ ਚਿਰਕਾਲ ਮਹਿਂ ਸੁਧਿ ਪਹੁਚ ਬਤਾਵੈ।
ਕਰਿ ਫਰੇਬ ਬਹੁ ਬਿਧਿਨਿ ਕੇ ਤਬਿ ਬਾਤ ਮਿਟਾਵੈ।
ਇਹ ਤੇਰੇ ਗਰ ਕਾਜ ਹੈ, ਮਾਰਨਿ ਗਰ ਮੇਰੇ।
ਗਯੋ ਨਿਸੰਸੇ ਮਾਰਿਹੌਂ ਰਿਣ ਉਤਰ ਬਡੇਰੇ ॥ ੬ ॥

ਜੇ ਕੋਈ ਦੇਰ ਬਾਅਦ ਖਬਰ ਪਹੁੰਚਾ ਵੀ ਦੇਵੇ ਤਾਂ ਤੂੰ ਕਈ ਪ੍ਰਕਾਰ ਦੇ ਫਰੇਬ ਰਚ ਕੇ ਗੱਲ ਨੂੰ ਮਿਟਾ ਦੇਣਾ। ਗੱਲ ਨੂੰ ਮਿਟਾਉਣਾ ਤੇਰਾ ਕੰਮ ਹੈ, ਤੇ ਉਸ ਨੂੰ ਮਾਰਨਾ ਮੇਰਾ ਕੰਮ ਹੈ, ਜਾ ਕੇ ਕਿਸੇ ਸ਼ੱਕ ਤੋਂ ਬਗੈਰ ਮਾਰ ਦੇਵਾਂਗਾ ਤੇ ਮੇਰੇ ਸਿਰ ਚੜ੍ਹੇ ਵੱਡੇ ਕਰਜ਼ ਨੂੰ ਉਤਾਰ ਦੇਵਾਂਗਾ ॥ ੬ ॥

ਮਮ ਚਾਚੀ ਬਿਧਵਾ ਭਈ ਗਨ ਤਰਕ ਉਚਾਰੈ।
ਜਿਸ ਹਤਿਬੇ ਹਿਤਪਤਿ ਗਯੋ ਤਿਸ ਤੂੰ ਨਹਿਂ ਮਾਰੈਂ।
ਲਾਜ ਨਹੀਂ ਕਿਸ ਕਾਜ ਕੀ, ਰਿਪੁ ਸੁਖੀ ਰਹੰਤਾ।
ਬਲ ਛਲ ਕਰਿ ਜਾਦੂ ਅਧਿਕ ਧਸਿ ਪਾਵਕ ਹੰਤਾ ॥ ੭ ॥

ਵਿਧਵਾ ਹੋਈ ਮੇਰੀ ਚਾਚੀ ਬਹੁਤ ਮਿਹਣੇ ਮਾਰਦੀ ਹੈ, ਕਹਿੰਦੀ ਹੈ ਜਿਸ ਮਾਰਨ ਵਾਸਤੇ ਮੇਰਾ ਪਤੀ ਗਿਆ ਸੀ, ਉਸ ਨੂੰ ਤੂੰ ਹੁਣ ਤਕ ਨਹੀਂ ਮਾਰਿਆ ਹੈ। ਤੈਨੂੰ ਕਿਸੇ ਕੰਮ ਦੀ ਵੀ ਲਾਜ ਨਹੀਂ ਹੈ, ਦੁਸ਼ਮਣ ਸੁਖੀ-ਸੁਖੀ ਰਹਿ ਰਿਹਾ ਹੈ। ਵਲ ਛਲ ਅਤੇ ਜਾਦੂ ਕਰਕੇ ਅੱਗ ਵਿਚ ਧਸਾ ਕੇ ਮਾਰ ਦਿੱਤਾ ਹੈ ॥ ੭ ॥

ਜਤਨ ਬਨਯੋ ਨਹਿੰ ਮੋਹਿ ਤੇ ਚਿਤਵਤਿ ਚਿਤ ਨੀਤਾ।
ਸਮਝਯੋ ਆਜ ਪ੍ਰਸੰਗ ਕੋ ਆਯੋ ਧਰਿ ਪ੍ਰੀਤਾ।
ਸੁਨਿ ਚੰਦੂ ਹਰਖਯੋ ਰਿਦੇ 'ਜੇ ਇਮ ਕਰਿ ਆਵੈਂ।
ਸਦਾ ਆਫਰੀਂ ਤੋਹਿ ਕੋ ਸਭਿ ਕਸ਼ਟ ਮਿਟਾਵੈਂ॥ ੮॥

ਮੈਥੋਂ ਕੋਈ ਯਤਨ ਬਣਿਆ ਨਹੀਂ ਹੈ, ਹਰ ਵੇਲੇ ਇਸ ਬਾਰੇ ਸੋਚਦਾ ਰਹਿੰਦਾ ਹਾਂ, ਅੱਜ ਪ੍ਰਸੰਗ ਨੂੰ ਸਮਝਿਆ ਹੈ ਤੇ ਮੇਰੇ ਮਨ ਵਿਚ ਉਸ ਨੂੰ ਮਾਰਨ ਦੀ ਪ੍ਰੀਤ ਜਾਗੀ ਹੈ।" ਇਹ ਸੁਣ ਕੇ ਚੰਦੂ ਬਹੁਤ ਪ੍ਰਸੰਨ ਹੋਇਆ। "ਜੇ ਤੂੰ ਇਸ ਤਰ੍ਹਾਂ ਕਰ ਕੇ ਆ ਜਾਵੇਂ ਤਾਂ ਤੈਨੂੰ ਸਦਾ ਹੀ ਮੇਰੇ ਵਲੋਂ ਸ਼ਾਬਾਸ਼ ਮਿਲਦੀ ਰਹੇਗੀ, ਤੂੰ ਮੇਰੇ ਸਾਰੇ ਦੁਖ ਮਿਟਾ ਦੇਵੇਂਗਾ॥ ੮॥

ਪ੍ਰਾਤ ਸਮੀਪੀ ਰਹਹੁ ਤੁਮ ਜਬਿ ਅਵਸਰ ਪਾਊਂ।
ਆਜ ਸਮਾਨ ਮਿਲਾਪ ਹੁਇ ਕਹਿ ਸ਼ਾਹ ਰਿਝਾਊਂ।
ਤਬਹਿ ਪ੍ਰਸੰਗ ਚਲਾਇਹੌਂ ਤਸਕਰਨਿ ਬਡੇਰਾ।
ਕਰਹੁ ਉਗਾਹੀ ਮਦਤ ਕੋ ਪਾਟਯੋ ਕਹੁ ਡੇਰਾ॥ ੯॥

ਸਵੇਰ ਤਕ ਤੂੰ ਮੇਰੇ ਪਾਸ ਰਹੋ, ਜਦ ਮੌਕਾ ਪਾਵਾਂਗਾ ਤੇ ਜਦ ਬਾਦਸ਼ਾਹ ਨਾਲ ਮੇਲ ਹੋਇਆ ਤਾਂ ਗੱਲ ਕਹਿ ਕੇ ਬਾਦਸ਼ਾਹ ਨੂੰ ਪ੍ਰਸੰਨ ਕਰਾਂਗਾ। ਫਿਰ ਚੋਰਾਂ ਦਾ ਵੱਡਾ ਪ੍ਰਸੰਗ ਚਲਾਵਾਂਗਾ, ਤੂੰ ਉਗਾਹੀ ਦੇਵੀਂ ਕਿ ਡੇਰੇ ਵਿਚ ਤੰਬੂ ਪਾੜਿਆ ਗਿਆ ਹੈ॥ ੯॥

ਕਿਸ ਹੂੰ ਭੇਜਯੋ ਚਹਤਿ ਹੈ ਸਮੁਝਾਵਨਿ ਹੇਤੂ।
ਕਿਧੌਂ ਹਕਾਰਨ ਕੋ ਨਿਕਟ ਤਿਸ ਪਠਹਿ ਨਿਕੇਤੂ।
ਮੈਂ ਤਬਿ ਤੇਰੋ ਨਾਮ ਲੈ ਦੈਹੌਂ ਸਮਝਾਈ।
ਹਜ਼ਰਤ ਜੀ ਸੁਲਬੀ ਪਠਹੁ ਸੁਧਿ ਲੈਹੈ ਜਾਈ॥ ੧੦॥

ਸਮਝਾਉਣ ਵਾਸਤੇ ਬਾਦਸ਼ਾਹ ਕਿਸੇ ਨੂੰ ਭੇਜਣਾ ਚਾਹੁੰਦਾ ਹੈ, ਜਾਂ ਉਸ ਨੂੰ ਬੁਲਾਉਣ ਵਾਸਤੇ ਕਿਸੇ ਨੂੰ ਘਰ ਭੇਜੇਗਾ। ਮੈਂ ਫਿਰ ਤੇਰਾ ਨਾਂ ਲੈ ਦੇਵਾਂਗਾ ਤੇ ਕਹਾਂਗਾ, "ਹਜ਼ਰਤ ਜੀ, ਸੁਲਬੀ ਨੂੰ ਭੇਜ ਦੇਵੋ ਜਾ ਕੇ ਖਬਰ ਲਿਆਵੇ॥ ੧੦॥

ਸਾਚ ਕਿਧੌਂ ਹੁਇ ਕੂਰ ਇਹ ਤਿਹ ਕੋ ਸਮੁਝਾਵੈ।
ਜਾਇ ਸੁਧਾਸਰ ਇਤਹਿ ਤੇ ਲਵਪੁਰਿ ਕੋ ਆਵੈ।
ਕਹਯੋ ਸੁਨਹਿ ਮੇਰੋ ਜਬੈ ਆਇਸੁ ਤਬਿ ਦੈਹੈ।
ਕਰਹੁ ਜਾਇ ਮਨ ਭਾਵਤੀ ਨਹਿੰ ਜਿਯਤਿ ਰਹੈ ਹੈ ॥੧੧॥

ਸੱਚ ਹੋਵੇ ਜਾਂ ਝੂਠ ਹੋਵੇ, ਇਹ ਉਸ ਨੂੰ ਸਮਝਾਵਾਂਗੇ, ਏਥੋਂ ਅੰਮ੍ਰਿਤਸਰ ਜਾ ਕੇ ਇਹ ਉਸ ਨੂੰ ਲਾਹੌਰ ਲੈ ਆਵੇਗਾ। ਜਦ ਮੇਰਾ ਕਿਹਾ ਸੁਣੇਗਾ ਤਾਂ ਓਸੇ ਵੇਲੇ ਆਗਿਆ ਦੇ ਦੇਵੇਗਾ। ਓਥੇ ਜਾ ਕੇ ਆਪਣੇ ਮਨ ਭਾਉਂਦੀ ਗੱਲ ਕਰੋ, ਉਹ ਜੀਉਂਦਾ ਨਹੀਂ ਰਹਿਣਾ ਚਾਹੀਦਾ॥ ੧੧॥

ਹਮ ਸਾਮੀਪੀ ਸ਼ਾਹੁ ਕੇ ਜੋ ਪਨਹ ਜਹਾਨਾ।
ਅਸ ਸ਼ੱਤ੍ਰ ਜੇ ਸਧਹਿ ਨਹਿੰ ਧਿਕ ਜੀਵਨ ਮਾਨਾ।

ਗਜ ਕੇ ਬਸਿ ਜਿਮ ਸਸਾ ਹੁਇ ਸੋ ਮਰਹਿ ਨ ਮਾਰਾ।
ਤੌ ਧਿਕਾਰ ਤਿਸ ਓਜ ਕੋ ਭਾਖਹਿ ਜਗ ਸਾਰਾ॥ ੧੨॥

ਅਸੀਂ ਬਾਦਸ਼ਾਹ ਦੇ ਨੇੜੇ ਰਹਿਣ ਵਾਲੇ ਹਾਂ, ਜਿਹੜੇ ਸਾਰੇ ਜਹਾਨ ਦਾ ਆਸਰਾ ਹਨ। ਐਸਾ ਦੁਸ਼ਮਣ ਜੇ ਸਿੱਧਾ ਨਾ ਹੋਵੇ ਤਾਂ ਧਿਰਕਾਰ ਸਾਡਾ ਜੀਵਨ ਹੈ। ਜਿਵੇਂ ਹਾਥੀ ਦੇ ਵੱਸ ਵਿਚ ਖਰਗੋਸ਼ ਹੋਵੇ ਤੇ ਉਹ ਮਾਰਿਆਂ ਮਰੇ ਨਾ ਤਾਂ ਧਿਰਕਾਰ ਉਸ ਸ਼ਕਤੀ ਨੂੰ, ਜਿਸ ਨੂੰ ਸਾਰਾ ਜੱਗ ਮੰਨਦਾ ਹੈ॥ ੧੨॥

ਕੀਟੀ ਸਮ ਮਮ ਅੱਗ੍ਰ ਹੈ ਨਹਿਂ ਮਾਨਹਿ ਤ੍ਰਾਸਾ।
ਕਹਾਂ ਕਰਹਿ ਹੰਕਾਰ ਕੋ ਕਿਸ ਕੌ ਭਰਵਾਸਾ।
ਕਰਜੋ ਕਲੰਕਿਤ ਮੋਹਿ ਕੋ ਨਿੰਦਹਿ ਜਗ ਸਾਰਾ।
ਸੁਤਾ ਕੁਮਾਰੀ ਦੇਖਿ ਕੈ ਪਰਵਾਰ ਦੁਖਾਰਾ॥ ੧੩॥

ਮੇਰੇ ਸਾਹਮਣੇ ਇਕ ਕੀੜੀ ਵਾਂਗ ਹੋ ਕੇ ਵੀ ਡਰ ਨਹੀਂ ਮੰਨਦਾ ਹੈ, ਕਿਸ ਦੇ ਭਰੋਸੇ ਏਨਾ ਹੰਕਾਰ ਕਰਦਾ ਹੈ। ਮੈਨੂੰ ਕਲੰਕਤ ਕੀਤਾ ਹੈ ਤੇ ਸਾਰਾ ਜੱਗ ਮੇਰੀ ਨਿੰਦਿਆ ਕਰਦਾ ਹੈ, ਕੰਵਾਰੀ ਪੁੱਤਰੀ ਵੇਖ ਕੇ ਸਾਰਾ ਪਰਿਵਾਰ ਦੁਖੀ ਹੈ॥ ੧੩॥

ਬਿਨਾ ਹਨੇ ਮਮ ਚੈਨ ਨਹਿਂ 'ਇਮ ਬੈਨ ਉਚਾਰੇ।
'ਅਬਿ ਨਿਸ ਮਹਿਂ ਸ੍ਰਮ ਪਰਹਰਹੁ, ਕਰਿ ਕਾਰ ਸਕਾਰੇ'।
ਦੋਨਹੁ ਦੁਰਮਤਿ ਦੁਸ਼ਟ ਬਡਿ ਇਮ ਮਸਲਤਿ ਠਾਨੀ।
ਅਪਨੇ ਅਪਨੇ ਥਾਨ ਮਹਿਂ ਸੁਪਤੇ ਸੁਖ ਮਾਨੀ॥ ੧੪॥

ਮਾਰਨ ਤੋਂ ਬਗੈਰ ਮੈਨੂੰ ਚੈਨ ਨਹੀ ਆਉਣਾ", ਇਸ ਤਰ੍ਹਾਂ ਚੰਦੂ ਨੇ ਕਿਹਾ, "ਅੱਜ ਰਾਤ ਨੂੰ ਥਕਾਵਟ ਦੂਰ ਕਰੋ, ਸਵੇਰੇ ਉੱਠ ਕੇ ਕਾਰਜ ਕਰਨਾ"। ਦੋਵੇਂ ਵੱਡੇ ਦੁਸ਼ਟ ਸਨ, ਜਿਨ੍ਹਾਂ ਨੇ ਇਸ ਤਰ੍ਹਾਂ ਸਲਾਹ ਕੀਤੀ। ਦੋਵੇਂ ਸੁਖ ਮੰਨ ਕੇ ਆਪਣੇ ਆਪਣੇ ਥਾਂ ਸੌਂ ਗਏ॥ ੧੪॥

ਭਈ ਪ੍ਰਾਤ ਤਬਿ ਕੂਚ ਕੇ ਧੌਂਸੇ ਧੁੰਕਾਰੇ।
ਸੁਨਿ ਕਰਿ ਸਗਰੀ ਬਾਹਨੀ, ਤੂਰਨ ਭਈ ਤਜਾਰੇ।
ਗਮਨਜੋ ਪੰਥ ਬਿਹੀਰ ਗਨ ਲਵਪੁਰਿ ਕੇ ਰਾਹੂ।
ਚਲਿ ਚੰਦੂ ਪਹੁੰਚਜੋ ਨਿਕਟ ਜਹਿਂ ਬੈਠਜੋ ਸ਼ਾਹੂ॥ ੧੫॥

ਜਦ ਸਵੇਰ ਹੋਈ ਤਾਂ ਅੱਗੇ ਚੱਲਣ ਦੇ ਧੌਂਸੇ ਵੱਜ ਗਏ, ਇਹ ਸੁਣ ਕੇ ਸਾਰੀ ਫੌਜ ਚਲਣ ਲਈ ਤਿਆਰ ਹੋ ਗਈ। ਸਾਰੀ ਵਹੀਰ ਲਾਹੌਰ ਦੇ ਰਾਹ ਪੈ ਗਈ। ਚੰਦੂ ਚਲ ਕੇ ਓਥੇ ਪਹੁੰਚ ਗਿਆ ਜਿਥੇ ਬਾਦਸ਼ਾਹ ਬੈਠਾ ਸੀ॥ ੧੫॥

'ਹਜ਼ਰਤ ਸੁਖ ਹੈ ਰਾਤ ਕੋ ਹਮ ਦੇਹੁ ਬਤਾਈ।
ਚਿਤਵਤਿ ਪੀਰਾ ਆਪ ਕੀ ਮੁਹਿ ਨੀਂਦ ਨ ਆਈ।
ਜਾਨਤਿ ਜਨਮ ਕਿਤਾਬ ਤੇ ਕਿਮ ਸੰਕਟ ਹੋਵਾ।
ਸੋ ਤਸਕਰ ਹਰਿ ਲੇ ਗਏ ਕੁਛ ਜਾਇ ਨ ਜੋਵਾ॥ ੧੬॥

"ਹਜ਼ਰਤ ਤੁਹਾਡੀ ਲੱਤ ਨੂੰ ਹੁਣ ਆਰਾਮ ਹੈ, ਸਾਨੂੰ ਦੱਸੋ, ਆਪ ਜੀ ਦੇ ਦੁੱਖ ਨੂੰ ਯਾਦ ਕਰਕੇ ਮੈਨੂੰ ਰਾਤ ਨੀਂਦ ਹੀ ਨਹੀਂ ਆਈ ਹੈ। ਮੈਂ ਜਾਣਦਾ ਹਾਂ ਜਨਮ ਕਿਤਾਬ ਤੋਂ ਬਗੈਰ ਆਪ ਨੇ ਕਿੰਨਾ ਸੰਕਟ ਪਾਇਆ ਹੈ। ਉਸ ਨੂੰ ਵੀ ਚੋਰ ਚੁੱਕ ਕੇ ਲੈ ਗਏ, ਹੁਣ ਕੁਝ ਹੋ ਨਹੀਂ ਸਕਦਾ॥ ੧੬॥

ਕਹਾਂ ਨਜੂਮੀ ਅਬਿ ਕਰੈਂ ਢਿਗ ਹੈ ਨ ਕਿਤਾਬਾ।
ਸ਼ਸਤ੍ਰਹੀਨ ਜਿਮ ਸੂਰਮਾ ਕਜਾ ਦੇਹਿ ਜਬਾਬਾ'।
ਜਹਾਂਗੀਰ ਸੁਨਿਕੈ ਭਨਯੋ 'ਅਬਿ ਸੰਕਟ ਨਾਂਹੀ।
ਤਊ ਕਿਤਾਬ ਖੁਜਾਈਅਹਿ ਇਸ ਦੇਸ਼ ਕਿ ਮਾਂਹੀ॥ ੧੭॥

ਹੁਣ ਅਸੀਂ ਨਜੂਮ ਕਿਵੇਂ ਲਾ ਸਕਦੇ ਹਾਂ, ਜਦ ਕਿਤਾਬ ਹੀ ਸਾਡੇ ਪਾਸ ਨਹੀਂ ਹੈ। ਜਿਵੇਂ ਸ਼ਸ਼ਤਰਹੀਣ ਸੂਰਮਾ ਦੁਸ਼ਮਣ ਨੂੰ ਕੀ ਜਵਾਬ ਦੇਵੇਗਾ।" ਜਹਾਂਗੀਰ ਸੁਣ ਕੇ ਬੋਲਿਆ, "ਮੈਨੂੰ ਹੁਣ ਕੋਈ ਤਕਲੀਫ ਨਹੀਂ ਹੈ, ਤੂੰ ਇਸ ਦੇਸ਼ ਵਿਚ ਆ ਕੇ ਕਿਤਾਬ ਗਵਾਈ ਹੈ॥ ੧੧॥

ਲਾਲਚ ਦਰਬ ਦਿਖਾਈਅਹਿ ਕੋ ਖੋਜ ਬਤਾਵੈ।
ਕਰਹੁ ਜਤਨ ਸਭਿ ਬਿਧਿਨਿ ਕੇ ਜੇ ਕਰਿ ਸੋ ਪਾਵੈਂ'।
ਕਹਿ ਚੰਦੂ 'ਚਿਤ ਆਪਕੇ ਐਸੇ ਬਹੁ ਚਾਹਾ।
ਸੁਲਬੀ ਕੋ ਤਾਗੀਦ ਕਰਿ ਭੇਜਹੁ ਗੁਰ ਪਾਹਾ॥ ੧੮॥

ਧਨ ਆਦਿ ਦਾ ਲਾਲਚ ਦੇ ਕੇ ਕੋਈ ਇਸ ਦਾ ਪਤਾ ਦੱਸੇਗਾ, ਯਤਨ ਕਰੋ ਜੇ ਕਿਸੇ ਵਿਧੀ ਨਾਲ ਇਸ ਨੂੰ ਦੁਬਾਰਾ ਪਾ ਸਕਦੇ ਹਾਂ।" ਚੰਦੂ ਨੇ ਕਿਹਾ, "ਤੁਹਾਡੇ ਚਿੱਤ ਵਿਚ ਜੇ ਐਸੀ ਬਹੁਤ ਚਾਹਤ ਹੈ ਤਾਂ ਸੁਲਬੀ ਨੂੰ ਪੱਕਿਆਂ ਕਰਕੇ ਗੁਰੂ ਜੀ ਪਾਸ ਭੇਜੋ॥ ੧੮॥

ਕਠਨ ਮ੍ਰਿਦੁਲ ਬਚ ਕਹੈਗੋ ਸਮੁਝਾਵਹਿ ਜਾਈ।
ਲੇਹਿ ਕਿਤਾਬ ਸੁ ਤਿਨਹੁ ਤੇ ਤਸਕਰਨਿ ਦੁਰਾਈ।
ਨਹੀਂ ਸਪਾਰਸ਼ ਕੋ ਸੁਨਹਿ ਤਿਸਕੋ ਡਰ ਪਾਵੈ।
ਬਿਨ ਡਰਪੇ ਕੋ ਦੇਤਿ ਨਹਿੰ ਸਭਿ ਕੇ ਬਨਿ ਆਵੈ'॥ ੧੯॥

ਕੌੜੇ ਮਿੱਠੇ ਬਚਨ ਕਹਿ ਕੇ ਜਾ ਕੇ ਸਮਝਾਵੇਗਾ, ਜਿਹੜੀ ਚੋਰਾਂ ਨੇ ਕਿਤਾਬ ਚੁਰਾਈ ਹੈ, ਉਨ੍ਹਾਂ ਪਾਸੋਂ ਲੈ ਆਵੇਗਾ। ਜੇ ਉਹ ਸਿਫਾਰਸ਼ ਨਾ ਸੁਣਨਗੇ ਤਾਂ ਉਨ੍ਹਾਂ ਨੂੰ ਡਰ ਪਾਵੇ, ਡਰ ਤੋਂ ਬਗੈਰ ਕੋਈ ਦੇਵੇਗਾ ਨਹੀਂ, ਇਹ ਸਾਰੇ ਸਮਝਦੇ ਹਨ"॥ ੧੯॥

ਕਰਹਿ ਦ੍ਰੋਹੁ ਸ਼ਾਹੁ ਨ ਲਖਹਿ, ਕਹਿ ਚੰਦੂ ਸੰਗਾ।
'ਪ੍ਰਥਮ ਬਿਨੈ ਕੇ ਬੈਨ ਕਹਿ ਨਹਿੰ ਕਹੈ ਕੁਢੰਗਾ।
ਮਮ ਦ੍ਰਿਸ਼ਿ ਤੇ ਸਮੁਝਾਇ ਹੈ ਨਹਿੰ ਚੋਰ ਰਖੀਜਹਿ।
ਜੇ ਕਰਿ ਖਰਚ ਬਿਸਾਲ ਹੈ ਧਨ ਹਮ ਤੇ ਲੀਜੈ॥ ੨੦॥

ਬਾਦਸ਼ਾਹ ਚੰਦੂ ਦੇ ਧ੍ਰੋਹ ਨੂੰ ਨਹੀਂ ਸੀ ਜਾਣਦਾ, ਉਹ ਚੰਦੂ ਨੂੰ ਕਹਿਣ ਲੱਗਾ, "ਪਹਿਲਾਂ ਜਾ ਕੇ ਬੇਨਤੀ ਕਰੇ, ਕੋਈ

ਮਾੜੀ ਗੱਲ ਨਾ ਕਰੇ, ਮੇਰੇ ਵਲੋਂ ਉਨ੍ਹਾਂ ਨੂੰ ਸਮਝਾਵੇ ਕਿ ਉਹ ਚੋਰ ਨਾ ਰੱਖਣ, ਜੇ ਖਰਚਾ ਬਹੁਤ ਵਧ ਗਿਆ ਹੈ ਤਾਂ ਸਾਥੋਂ ਧਨ ਲੈ ਲਵੇ ॥ ੨੦॥

ਕਿਧੋਂ ਗ੍ਰਾਮ ਲਿਹੁ ਔਰ ਅਬਿ ਮੰਦੀ ਤਜਿ ਚੋਰੀ।
ਹੋਤਿ ਪੀਰ ਜੀ ਪਾਪ ਬਡ ਕਬਿ ਕਰਹਿ ਜਿ ਥੋਰੀ।
ਬਿਨੈ ਕਰੋ ਬਹੁ ਭਾਂਤਿ ਕੀ ਮ੍ਰਿਦੁ ਕਹਿ ਸਮੁਝਾਓ।
ਤਸਕਰ ਰਾਖਹਿਂ ਕੈ ਨਹੀਂ ਇਹ ਨਿਸ਼ਚਾ ਪਾਓ' ॥ ੨੧ ॥

ਜੇ ਹੋਰ ਪਿੰਡ ਚਾਹੀਦੇ ਹਨ ਤਾਂ ਉਹ ਲੈ ਲਵੇ, ਪਰ ਚੋਰੀ ਛੱਡ ਦੇਵੇ, ਪੀਰ ਵਾਸਤੇ ਇਹ ਵੱਡਾ ਪਾਪ ਹੈ, ਭਾਵੇਂ ਉਹ ਥੋੜ੍ਹੀ ਵੀ ਚੋਰੀ ਕਰੇ। ਬਹੁਤ ਪ੍ਰਕਾਰ ਦੀ ਬੇਨਤੀ ਕਰੋ ਅਤੇ ਮਿੱਠੇ ਬਚਨ ਕਹਿ ਕੇ ਸਮਝਾਓ। ਉਹ ਚੋਰ ਰੱਖਦੇ ਹਨ ਕਿ ਨਹੀਂ, ਪਹਿਲਾਂ ਇਹ ਨਿਸ਼ਚਾ ਕਰੋ" ॥ ੨੧ ॥

ਸੁਨਿ ਸੁਲਬੀ ਕਰ ਜੋਰਿ ਕਹਿ 'ਜਿਮ ਆਇਸੁ ਪਾਊਂ।
ਮਿਲਿ ਪਰਖੌਂ ਸਭਿ ਬਾਰਤਾ ਨੀਕੇ ਸਮੁਝਾਊਂ।
ਜਿਮ ਨਿਕਸਹਿ ਚੋਰੀ ਕਰੀ ਤਿਮ ਰਚੌਂ ਉਪਾਯਾ।
ਅਪਰ ਥਾਨ ਖੋਜੌਂ ਭਲੇ ਦੇ ਦਰਬ ਸਵਾਯਾ ॥ ੨੨ ॥

ਇਹ ਸੁਣ ਕੇ ਸੁਲਬੀ ਨੇ ਹੱਥ ਜੋੜ ਕੇ ਕਿਹਾ, "ਜਿਵੇਂ ਆਪ ਜੀ ਨੇ ਸਮਝਾਇਆ ਹੈ, ਮਿਲ ਕੇ ਸਭ ਪਰਖਾਂਗਾ ਤੇ ਚੰਗੀ ਤਰ੍ਹਾਂ ਸਮਝਾਵਾਂਗਾ। ਜਿਵੇਂ ਚੋਰੀ ਕਰਨੀ ਛੱਡ ਦੇਵੇ ਉਸ ਤਰ੍ਹਾਂ ਹੀ ਉਪਾਅ ਕਰਾਂਗਾ। ਬਹੁਤ ਧਨ ਦੇ ਕੇ ਹੋਰ ਥਾਂ ਵੀ ਖੋਜ ਕਰਾਂਗਾ ॥ ੨੨ ॥

ਜਜੌਂ ਕਜੌਂ ਕਰਿਕੈ ਆਨਿਹੌਂ ਧਨ ਕੈ ਦਿਊਂ ਤ੍ਰਾਸਾ।
ਬ੍ਰਿੱਛ ਹਲਾਏ ਦੇਤਿ ਫਲ ਨਤੁ ਪੂਰਹਿ ਨ ਆਸਾ'।
ਇੱਤਜਾਦਿਕ ਕਹਿ ਚਢਿ ਚਲਜੋ ਸੁਲਬੀ ਮਤਿ ਹੀਨਾ।
ਪ੍ਰੇਰਜੋ ਕਾਲ ਸੁ ਦੁਰਮਤੀ ਖਲ ਉਰ ਨਹਿਂ ਚੀਨਾ ॥ ੨੩ ॥

ਜਿਵੇਂ ਕਿਵੇਂ ਕਰਕੇ ਲਿਆਵਾਂਗਾ ਤੇ ਧਨ ਦਾ ਡਰ ਵੀ ਦੇਵਾਂਗਾ। ਬ੍ਰਿਛ ਵੀ ਹਿਲਾਉਣ ਨਾਲ ਫਲ ਦਿੰਦਾ ਹੈ, ਨਹੀਂ ਤਾਂ ਆਸ ਪੂਰੀ ਨਹੀਂ ਹੁੰਦੀ।" ਇਤਿਆਦਿ ਕਹਿ ਕੇ ਮੂਰਖ ਸੁਲਬੀ ਘੋੜੇ ਤੇ ਚੜ੍ਹ ਕੇ ਚਲ ਪਿਆ। ਮੌਤ ਦਾ ਪ੍ਰੇਰਿਆ ਜਾ ਰਿਹਾ ਸੀ ਤੇ ਦਿਲ ਵਿਚ ਕੁਝ ਵੀ ਨਾਂ ਸਮਝਿਆ ॥ ੨੩ ॥

ਜਿਮ ਅਜਗਰ ਕੇ ਮੁਖ ਪਰਹਿ ਅੰਧਾ ਬਿਨੁ ਹੇਰੇ।
ਬਿਨ ਕਾਰਣ ਦ੍ਰੋਹੀ ਦੁਸ਼ਟ ਕਰਿ ਕ੍ਰੋਧ ਬਡੇਰੇ।
ਕਰੈ ਵੈਰ ਨਿਰਵੈਰ ਸੌਂ ਤਤਛਿਨ ਮ੍ਰਿਤੁ ਪਾਵੈ।
ਜਮ ਗਹਿ ਗੇਰਹਿ ਨਰਕ ਮਹਿਂ ਦੁਖ ਤੇ ਬਿਲਲਾਵੈ ॥ ੨੪ ॥

ਜਿਵੇਂ ਅੰਨ੍ਹਾ ਮਨੁੱਖ ਵੇਖਣ ਤੋਂ ਬਗੈਰ ਅਜਗਰ ਦੇ ਮੁਖ ਵਿਚ ਜਾ ਪੈਂਦਾ ਹੈ। ਬਿਨਾਂ ਕਿਸੇ ਕਾਰਨ ਦੇ ਹੀ ਦੁਸ਼ਟ ਨੇ ਧ੍ਰੋਹ ਕਰਕੇ ਬੜਾ ਕ੍ਰੋਧ ਵਧਾਇਆ। ਜਿਹੜਾ ਨਿਰਵੈਰ ਨਾਲ ਵੈਰ ਕਰਦਾ ਹੈ ਉਹ ਤੁਰਤ ਮਰ ਜਾਂਦਾ ਹੈ। ਜਮ ਫੜ ਕੇ ਉਸ ਨੂੰ ਨਰਕ ਵਿਚ ਸੁੱਟ ਦਿੰਦੇ ਹਨ, ਫਿਰ ਦੁੱਖ ਪਾ ਕੇ ਕੁਰਲਾਉਂਦਾ ਹੈ ॥ ੨੪ ॥

ਗਿਰ ਸੋਂ ਸਿਰ ਮਾਰੈ ਸਬਲ ਫੂਟਤਿ ਮਰਿ ਜੈ ਹੈ।
ਨਭ ਦਿਸ਼ਿ ਬਾਨ ਪ੍ਰਹਾਰਨੇ ਉਲਟੋ ਤਿਸ ਘੈ ਹੈ।
ਅਲਪ ਸੈਨ ਜਿਹ ਸਾਥ ਹੈ ਹਰਖੰਤਿ ਪਜਾਨਾ।
'ਜੋ ਚਾਚੇ ਤੇ ਬਚ ਰਹ੍ਯੋ ਮੈਂ ਕਰਿਹੌਂ ਹਾਨਾ॥ ੨੫॥

ਜਿਹੜਾ ਪਹਾੜ ਨਾਲ ਜ਼ੋਰ ਨਾਲ ਸਿਰ ਮਾਰਦਾ ਹੈ, ਉਸ ਦਾ ਸਿਰ ਫਟ ਜਾਂਦਾ ਹੈ ਤੇ ਉਹ ਮਰ ਜਾਂਦਾ ਹੈ। ਜਿਹੜਾ ਅਕਾਸ਼ ਵਲ ਤੀਰ ਛੱਡਦਾ ਹੈ ਉਲਟੇ ਉਸ ਨੂੰ ਵੱਜ ਕੇ ਹੀ ਘਾਇਲ ਕਰ ਦਿੰਦੇ ਹਨ। ਥੋੜ੍ਹੀ ਸੈਨਾ ਨੂੰ ਨਾਲ ਲੈ ਕੇ ਬਹੁਤ ਪ੍ਰਸੰਨ ਹੋਇਆ। ਸੋਚਣ ਲੱਗਾ, "ਜਿਹੜਾ ਚਾਚੇ ਤੋਂ ਬਚ ਗਿਆ ਸੀ, ਉਸ ਨੂੰ ਹੁਣ ਮੈਂ ਮਾਰਾਂਗਾ॥ ੨੫॥

ਕਹੌਂ ਕੁਟੰਬ ਮਝਾਰ ਮੈਂ ਪੈਹੌਂ ਬਡਿਆਈ।
ਆਨਿ ਅਚਾਨਕ ਬਿਧਿ ਬਨੀ ਇਮ ਚਿਤਵਤਿ ਜਾਈ।
ਜਹਾਂਗੀਰ ਚੰਦੂ ਚਮੂੰ ਲਵਪੁਰੀ ਪਯਾਨੇ।
ਤੋਪ ਰਹਿਕਲੇ ਸੰਗ ਮੈਂ ਛੂਟਿ ਸ਼ਬਦ ਮਹਾਨੇ॥ ੨੬॥

ਮੈਂ ਆਪਣੇ ਪਰਿਵਾਰ ਨੂੰ ਜਾ ਕੇ ਦੱਸਾਂਗਾ ਤੇ ਬੜੀ ਵਡਿਆਈ ਪਾਵਾਂਗਾ। ਅਚਾਨਕ ਵਿਧੀ ਬਣ ਗਈ ਹੈ।" ਇਸ ਤਰ੍ਹਾਂ ਮੂਰਖ ਸੋਚਦਾ ਜਾਂਦਾ ਸੀ। ਜਹਾਂਗੀਰ ਅਤੇ ਚੰਦੂ ਸਾਰੀ ਫੌਜ ਨੂੰ ਲੈ ਕੇ ਲਾਹੌਰ ਨੂੰ ਚਲੇ ਗਏ। ਤੋਪਾਂ ਦੇ ਗੋਲੇ ਚੱਲਣ ਨਾਲ ਬੜੀ ਉੱਚੀ ਆਵਾਜ਼ ਪੈਦਾ ਹੋ ਰਹੀ ਸੀ॥ ੨੬॥

ਚੰਦੂ ਰਿਦੇ ਬਿਚਾਰਤੋ ਜਾਵਤਿ ਗੁਰੁ ਘਾਵੈ।
ਨਾਤਾ ਦਿਯੋ ਹਟਾਇ ਜਿਨ ਸੋ ਅਬਿ ਫਲ ਪਾਵੈ।
ਇਤ ਸੁਲਬੀ ਗਮਨ੍ਯੋ ਗਯੋ ਜਬਿ ਦ੍ਵਾਦਸ਼ ਕੋਸਾ।
ਜਥੇਦਾਰ ਸੱਯਦ ਮਿਲ੍ਯੋ ਜਿਸ ਕੇ ਮਨ ਰੋਸਾ॥ ੨੭॥

ਚੰਦੂ ਰਾਹ ਵਿਚ ਸੋਚਦਾ ਜਾਂਦਾ ਸੀ ਕਿ ਗੁਰੂ ਜੀ ਨੂੰ ਮਾਰਾਂਗੇ। ਜਿਸ ਨੇ ਰਿਸ਼ਤਾ ਮੋੜ ਦਿੱਤਾ, ਉਸ ਦਾ ਉਹ ਹੁਣ ਫਲ ਪਾਉਣਗੇ। ਇਸ ਤਰ੍ਹਾਂ ਸੁਲਬੀ ਜਾਂਦਾ ਹੋਇਆ ਜਦ ਬਾਰਾਂ ਕੋਹ ਅੱਗੇ ਚਲਾ ਗਿਆ ਤਾਂ ਉਸ ਨੂੰ ਜਥੇਦਾਰ ਸੱਯਦ ਮਿਲਿਆ ਜਿਸ ਦੇ ਮਨ ਵਿਚ ਸੁਲਬੀ ਬਾਰੇ ਬੜਾ ਰੋਸ ਸੀ॥ ੨੭॥

ਮਿਲੇ ਸਲਾਮਾ ਲੇਕ ਸੋਂ ਬੂਝ੍ਯੋ 'ਕਿਤ ਜਾਵੈ?'।
ਪਠ੍ਯੋ ਸ਼ਾਹੁ ਕਿਸ ਕਾਮ ਮੁਝ, ਪੁਨ ਲਵਪੁਰਿ ਆਵੌਂ'।
ਸੁਨਿ ਸੱਯਦ ਨੇ ਤਬਿ ਕਹ੍ਯੋ 'ਹਮ ਤੁਝ ਢਿਗ ਆਏ।
ਸੁਲਹੀ ਕੇ ਚਾਕਰ ਹੁਤੇ ਇਹ ਭਟ ਸਮੁਦਾਏ॥ ੨੮॥

ਇਕ ਦੂਸਰੇ ਨੂੰ ਮਿਲ ਕੇ ਸਲਾਮ ਬੁਲਾ ਕੇ ਪੁਛਿਆ, "ਕਿਥੇ ਚਲੇ ਹੋ ?" ਸੁਲਬੀ ਨੇ ਕਿਹਾ, "ਬਾਦਸ਼ਾਹ ਨੇ ਮੈਨੂੰ ਕਿਸੇ ਕੰਮ ਭੇਜਿਆ ਹੈ, ਮੈਂ ਫਿਰ ਲਾਹੌਰ ਆਵਾਂਗਾ।" ਇਹ ਸੁਣ ਕੇ ਸੱਯਦ ਨੇ ਕਿਹਾ, ਅਸੀਂ ਤੇਰੇ ਪਾਸ ਆਏ ਹਾਂ, ਇਹ ਸਾਰੇ ਸੂਰਮੇ ਸੁਲਹੀ ਦੇ ਪਾਸ ਨੌਕਰ ਸਨ॥ ੨੮॥

ਏਕ ਬਰਖ ਕੀ ਚਾਕਰੀ ਇਨ ਹਾਥ ਨ ਆਈ।
ਸੋ ਤੁਝ ਤੇ ਸਭਿ ਚਹਤਿ ਹੈਂ ਦਿਹੁ ਰਾਖਿ ਬਡਾਈ।

ਬਿਨਾ ਦਿਦੇ ਸੋ ਮਰਿ ਗਯੋ ਤੂੰ ਪੁੱਤ੍ਰ ਸਮਾਨਾ।
ਇਨ ਸੁਭਟਨਿ ਕੋ ਦੀਜੀਏ ਚਿਤ ਚਹਤਿ ਮਹਾਨਾ" ॥੨੯॥

ਇਕ ਸਾਲ ਦੀ ਨੌਕਰੀ ਦੀ ਤਨਖਾਹ ਇਨ੍ਹਾਂ ਦੇ ਹੱਥ ਨਹੀਂ ਆਈ ਹੈ, ਇਹ ਤਨਖਾਹ ਹੁਣ ਤੁਹਾਡੇ ਪਾਸੋਂ ਚਾਹੁੰਦੇ ਹਨ, ਇਨ੍ਹਾਂ ਨੂੰ ਤਨਖਾਹ ਦੇ ਕੇ ਵਡਿਆਈ ਰੱਖੋ। ਬਿਨਾਂ ਕੁਝ ਦਿੱਤੇ ਹੀ ਉਹ ਮਰ ਗਿਆ, ਤੂੰ ਉਨ੍ਹਾਂ ਦੇ ਪੁੱਤਰ ਵਰਗਾ ਹੈਂ। ਇਨ੍ਹਾਂ ਸੂਰਮਿਆਂ ਨੂੰ ਤਨਖਾਹ ਦੇਵੋ, ਇਨ੍ਹਾਂ ਨੂੰ ਬਹੁਤ ਲੋੜ ਹੈ" ॥ ੨੯ ॥

ਸੁਨਿ ਸੁਲਬੀ ਬੋਲਯੋ ਤਬਹਿ 'ਮੈਂ ਜਾਨਤਿ ਨਾਹੀ।
ਕਬਿ ਕੀ ਦੇਨੀ ਕੈ ਨਹੀਂ, ਕੇਤਿਕ ਤਿਸ ਪਾਂਹੀ।
ਜਬਿ ਲਵਪੁਰਿ ਕੋ ਆਇ ਹੌਂ ਨਿਰਨੇ ਕਰਿ ਲੈਹੈਂ।
ਮਿਲਿ ਚੰਦੂ ਕੇ ਸੰਗ ਹਮ ਨਿਕਸਹਿ ਸੋ ਦੈ ਹੈਂ ॥ ੩੦ ॥

ਇਹ ਸੁਣ ਕੇ ਸੁਲਬੀ ਬੋਲਿਆ, "ਮੈਂ ਨਹੀਂ ਜਾਣਦਾ, ਕਦ ਦੀ ਤਨਖਾਹ ਦੇਣੀ ਹੈ ਕਿ ਨਹੀਂ, ਕਿਸ ਪਾਸੋਂ ਲੈਣੀ ਹੈ। ਜਦ ਮੈਂ ਲਾਹੌਰ ਆਵਾਂਗਾ ਤਾਂ ਨਿਰਣਾ ਕਰ ਲਵਾਂਗੇ। ਚੰਦੂ ਨਾਲ ਮਿਲਕੇ ਤੁਹਾਡਾ ਜੋ ਵੀ ਨਿਕਲੇਗਾ ਦੇ ਦੇਵਾਂਗੇ" ॥ ੩੦ ॥

ਸੱਯਦ ਕਹਿ 'ਕਿਮ ਇਹ ਟਿਕਹਿਂ ਚਹਿਂ ਖਾਨ ਰੁ ਪਾਨਾ।
ਕਹੇ ਨ ਲਾਗੈਂ ਕਿਸੂ ਕੇ ਲੈਹੈਂ ਇਸ ਥਾਨਾ'।
ਸੁਲਬੀ ਆਂਖ ਦਿਖਾਇ ਰਿਸ 'ਮੈਂ ਗਮਨਤਿ ਰਾਹੂ।
ਜਾਹੁ ਪੁਕਾਰੂ ਸ਼ਾਹੁ ਢਿਗ ਨਹਿਂ ਧਨ ਮਮ ਪਾਹੂ' ॥ ੩੧ ॥

ਸੱਯਦ ਨੇ ਕਿਹਾ, "ਇਹ ਕਿਵੇਂ ਠਹਿਰ ਸਕਦੇ ਹਨ, ਇਹ ਖਾਣ-ਪੀਣ ਕਿਥੋਂ ? ਇਹ ਕਿਸੇ ਦੇ ਕਹੇ ਨਹੀਂ ਲੱਗਣਗੇ, ਇਸ ਥਾਂ ਹੀ ਆਪਣੀ ਤਨਖਾਹ ਲੈਣਗੇ।" ਇਹ ਸੁਣ ਕੇ ਸੁਲਬੀ ਨੇ ਗੁੱਸੇ ਵਿਚ ਆ ਕੇ ਅੱਖਾਂ ਵਿਖਾਈਆਂ, "ਮੈਂ ਚਲਿਆ ਹਾਂ ਜਾ ਕੇ ਬਾਦਸ਼ਾਹ ਪਾਸ ਪੁਕਾਰ ਕਰੋ। ਮੇਰੇ ਪਾਸ ਧਨ ਨਹੀਂ ਹੈ" ॥ ੩੧ ॥

ਸੁਨਿ ਸੱਯਦ ਬੋਲਯੋ ਤਬਹਿ 'ਮਗ ਦੇਹਿਂ ਨ ਜਾਨਾ।
ਲੇਹਿਂ ਨੌਕਰੀ ਥਾਨ ਇਸ ਕਿਮ ਕਰੈਂ ਪਯਾਨਾ'।
ਸੁਲਬੀ ਕਹਿ ਨਿਜ ਸੈਨ ਕੋ 'ਇਨ ਮਾਰਿ ਹਟਾਓ।
ਦੇਹੁ ਦਰਬ ਐਸੇ ਅਬਹਿ ਬੈਠੇ ਪਛੁਤਾਓ' ॥ ੩੨ ॥

• ਇਹ ਸੁਣ ਕੇ ਸੱਯਦ ਬੋਲਿਆ, "ਅਸੀਂ ਅੱਗੇ ਜਾਣ ਨਹੀਂ ਦੇਵਾਂਗੇ, ਅਸੀਂ ਤਨਖਾਹ ਇਸ ਥਾਂ ਹੀ ਲਵਾਂਗੇ, ਕਿਵੇਂ ਅੱਗੇ ਚਲੇ ਜਾਵੇਂਗਾ?" ਸੁਲਬੀ ਨੇ ਆਪਣੇ ਸਾਥੀ ਸੈਨਕਾਂ ਨੂੰ ਕਿਹਾ, "ਇਨ੍ਹਾਂ ਨੂੰ ਮਾਰ ਕੇ ਪਿਛਾਂਹ ਹਟਾ ਦੇਵੋ। ਇਨ੍ਹਾਂ ਨੂੰ ਹੁਣੇ ਐਸਾ ਧਨ ਦੇਵਾਂਗਾ ਕਿ ਬੈਠੇ ਪਛਤਾਉਣਗੇ" ॥ ੩੨ ॥

ਸੱਯਦ ਕਹਿ 'ਭਟ! ਸਭਿ ਸੁਨੋ ਚਾਕਰ ਸਮ ਸਾਰੇ।
ਤੁਮ ਭੀ ਲੇਤੇ ਦਰਬ ਕੋ ਤਿਮ ਲਖਹੁ ਹਮਾਰੇ।
ਅਪਰ ਜੰਗ ਕੋ ਕਾਜ ਨਹਿਂ ਨਾਹਕ ਮਰਿ ਮਾਰੋ।
ਰਹਹੁ ਥਾਨ ਥਿਤਿ ਆਪਨੇ ਉਰ ਭਲੇ ਬਿਚਾਰੋ' ॥ ੩੩ ॥

ਸੱਯਦ ਨੇ ਕਿਹਾ, "ਹੇ ਸੁਰਮਿਓ ! ਸੁਣੋ, ਅਸੀਂ ਸਾਰੇ ਨੌਕਰ ਇਕ ਬਰਾਬਰ ਹਾਂ, ਜਿਵੇਂ ਤੁਸੀਂ ਧਨ ਲੈਂਦੇ ਹੋ, ਉਸ ਤਰ੍ਹਾਂ ਹੀ ਸਾਨੂੰ ਵੀ ਸਮਝੋ। ਲੜਾਈ ਦਾ ਹੋਰ ਕੋਈ ਕਾਰਨ ਨਹੀਂ ਹੈ, ਨਾਹਕ ਮਰੋ ਮਾਰੋਗੇ। ਆਪਣੇ-ਆਪਣੇ ਥਾਂ ਖੜੇ ਰਹੋ ਅਤੇ ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰੋ" ॥ ੩੩ ॥

ਸੁਨਿ ਜਬਾਬ ਸੈਨਾ ਦਿਯੋ 'ਇਹ ਸੱਯਦ ਪੀਰਾ।
ਪੁਨ ਜਾਚਤਿ ਹੈ ਨੌਕਰੀ ਦੀਜਹਿ ਧਰਿ ਧੀਰਾ।
ਲਰਹਿਂ ਨ ਹਮ' ਸੁਲਬੀ ਸੁਨਤਿ ਮੁਖਗਾਰ ਨਿਕਾਰੀ।
ਤਬਿ ਸੱਯਦ ਨੇ ਤੁਰਤ ਹੀ ਜਮਧਰ ਉਰ ਮਾਰੀ ॥ ੩੪ ॥

ਇਹ ਸੁਣ ਕੇ ਫੌਜੀਆਂ ਨੇ ਜਵਾਬ ਦਿੱਤਾ, "ਇਹ ਸੱਯਦ ਪੀਰ ਹੈ, ਫਿਰ ਇਹ ਤਨਖਾਹ ਹੀ ਮੰਗਦਾ ਹੈ, ਇਸ ਲਈ ਧੀਰਜ ਨਾਲ ਇਸ ਨੂੰ ਤਨਖਾਹ ਦੇਵੋ, ਅਸੀਂ ਨਹੀਂ ਲੜਾਂਗੇ।" ਇਹ ਸੁਣ ਕੇ ਸੁਲਬੀ ਨੇ ਮੁਖ ਤੋਂ ਗਾਲ੍ਹ ਕੱਢੀ, ਤਦ ਸੱਯਦ ਨੇ ਤੁਰਤ ਤਲਵਾਰ ਉਸ ਦੇ ਢਿੱਡ ਵਿਚ ਮਾਰ ਦਿੱਤੀ ॥ ੩੪ ॥

ਉਦਰ ਪਾਰਿ ਕੈ ਪਾਰ ਭੀ ਹਾਨੇ ਖਲ ਪ੍ਰਾਨਾ।
ਗਿਰਯੋ ਉਥਲ ਕੈ ਪ੍ਰਿਥੀ ਪਰ ਚਿਤ ਦੁਸ਼ਟ ਮਹਾਨਾ।
ਲੀਨੋ ਸਭਿ ਅਸਬਾਬ ਕੋ ਹਯ ਭੂਖਨ ਸਾਰੇ।
ਚਮੂੰ ਹਟੀ ਲਵਪੁਰੀ ਕੋ ਮਾਰਯੋ ਸਰਦਾਰੇ ॥ ੩੫ ॥

ਤਲਵਾਰ ਢਿੱਡ ਪਾੜ ਕੇ ਅੰਦਰ ਲੰਘ ਗਈ ਤੇ ਸੁਲਬੀ ਦੇ ਪ੍ਰਾਣ ਜਾਂਦੇ ਰਹੇ। ਉਲਟ ਕੇ ਧਰਤੀ ਉਤੇ ਡਿੱਗ ਪਿਆ, ਜਿਹੜਾ ਵੱਡਾ ਦੁਸ਼ਟ ਸੀ। ਉਸਦਾ ਸਾਰਾ ਸਾਮਾਨ, ਘੋੜਾ ਅਤੇ ਗਹਿਣੇ ਲੈ ਲਏ। ਫੌਜੀ ਲਾਹੌਰ ਨੂੰ ਚਲੇ ਗਏ, ਸਰਦਾਰ ਮਾਰਿਆ ਗਿਆ ॥ ੩੫ ॥

ਉਤ ਚੰਦੂ ਚਿਤਵਤਿ ਰਹਤਿ ਹਤਿ ਕਰਿ ਗੁਰੁ ਆਵੈ।
ਪਲਟਾ ਹੈ ਬਹੁ ਦਯੋਸ ਕੋ ਤਿਸ ਕੋ ਅਬਿ ਪਾਵੈਂ।
ਤਬਿ ਲੌ ਸੰਗੀ ਆਇ ਕੇ ਸੁਧਿ ਸਕਲ ਸੁਨਾਈ।
'ਸੱਯਦ ਕੇ ਸੰਗ ਜਿਦਿ ਪਰਯੋ ਮੁਖ ਗਾਰਿ ਸੁਨਾਈ ॥ ੩੬ ॥

ਓਧਰ ਚੰਦੂ ਹਰ ਵੇਲੇ ਸੋਚਦਾ ਰਹਿੰਦਾ ਸੀ, ਕਦ ਸੁਲਬੀ ਗੁਰੂ ਜੀ ਨੂੰ ਮਾਰ ਕੇ ਆਵੇਗਾ। ਕਾਫੀ ਦਿਨਾਂ ਤੋਂ ਬਦਲਾ ਲੈਣਾ ਚਾਹੁੰਦਾ ਹਾਂ, ਹੁਣ ਮੈਂ ਬਦਲਾ ਲੈ ਲਵਾਂਗਾ। ਓਨੀ ਦੇਰ ਨੂੰ ਸੁਲਬੀ ਦੇ ਸਾਥੀ ਆ ਗਏ ਤੇ ਉਨ੍ਹਾਂ ਸਾਰੀ ਖ਼ਬਰ ਸੁਣਾਈ, "ਸੱਯਦ ਨਾਲ ਜ਼ਿੱਦ ਪਿਆ, ਫਿਰ ਉਸ ਨੂੰ ਗਾਲ੍ਹ ਕੱਢੀ ॥ ੩੬ ॥

ਸੁਲਹੀ ਆਗੇ ਨੌਕਰੀ ਕੀਨੀ ਧਨ ਜਾਚੇ।
ਝਗਰ ਪਰੇ ਆਪਸ ਬਿਖੈ ਦੋਨਹੁ ਰਿਸ ਰਾਚੇ।
ਜਮਧਰ ਮਾਰੀ, ਮਰਿ ਗਯੋ, ਹਮ ਹਟਿ ਕਰਿ ਆਏ'।
ਸੁਨਿ ਚੰਦੂ ਬਿਸਮਯੋ ਰਿਦੇ ਭਲ ਮਾਰਨਿ ਧਾਏ ॥ ੩੭ ॥

ਉਨ੍ਹਾਂ ਸੁਲਹੀ ਪਾਸ ਨੌਕਰੀ ਕੀਤੀ ਸੀ ਤੇ ਧਨ ਮੰਗਦੇ ਸੀ, ਦੋਵੇਂ ਗੁੱਸੇ ਵਿਚ ਆ ਕੇ ਆਪਸ ਵਿਚ ਝਗੜ ਪਏ। ਸੱਯਦ ਨੇ ਤਲਵਾਰ ਮਾਰ ਕੇ ਮਾਰ ਦਿੱਤਾ, ਅਸੀਂ ਵਾਪਸ ਆ ਗਏ ਹਾਂ।" ਚੰਦੂ ਸੁਣ ਕੇ ਬਹੁਤ ਹੈਰਾਨ ਹੋਇਆ ਕਿ ਚੰਗਾ ਮਾਰਨ ਗਿਆ ਹੈ ॥ ੩੭ ॥

ਕੇਤਿਕ ਦਿਨ ਮੈਂ ਸ਼ਾਹੁ ਲਖਿ ਚੰਦੂ ਸੰਗ ਬੂਝਾ।
'ਅਬਿ ਲੌ ਸੁਲਬੀ ਕਿਤ ਰਹਯੋ ਕਿਸ ਕਾਜ ਅਰੂਝਾ।
ਦੋ ਤ੍ਰੈ ਦਿਨ ਮੈਂ ਆਵਨੋ ਚਹਿਯਤਿ ਤਿਸ ਕੇਰੋ।
ਕਬਿਹੂੰ ਸੁਧਿ ਆਈ ਕਿ ਨਹਿਂ ਸਾਮੀਪੀ ਤੇਰੋ'॥ ੩੮॥

ਕਈਆਂ ਦਿਨਾਂ ਬਾਅਦ ਬਾਦਸ਼ਾਹ ਨੇ ਵੇਖ ਕੇ ਚੰਦੂ ਨੂੰ ਪੁਛਿਆ, "ਹੁਣ ਤਕ ਸੁਲਬੀ ਕਿਥੇ ਰਿਹਾ ਹੈ, ਕਿਹੜੇ ਕੰਮ ਵਿਚ ਫਸਿਆ ਹੈ, ਦੋ ਤਿੰਨਾਂ ਦਿਨਾਂ ਵਿਚ ਉਸ ਨੂੰ ਆ ਜਾਣਾ ਚਾਹੀਦਾ ਸੀ। ਤੇਰੇ ਪਾਸ ਉਸ ਦੀ ਕੋਈ ਖ਼ਬਰ ਆਈ ਹੈ ਕਿ ਨਹੀਂ ?"॥ ੩੮॥

ਸੁਨਿ ਚੰਦੂ ਕਹਿ 'ਸ਼ਾਹੁ ਜੀ! ਸੱਯਦ ਸੋ ਮਾਰਾ।
ਝਗਰ ਪਰੇ ਹਿਤ ਨੌਕਰੀ ਬਡ ਗ਼ਜ਼ਬ ਗੁਜ਼ਾਰਾ'।
ਜਹਾਂਗੀਰ ਚਿਤਵਯੋ ਤਬਹਿ ਗੁਰ ਪੀਰ ਮਹਾਨਾਂ।
ਕਿਮ ਤਸਕਰ ਸੋ ਰਾਖਤੇ ਇਨ ਝੂਠ ਬਖਾਨਾ॥ ੩੯॥

ਇਹ ਸੁਣ ਕੇ ਚੰਦੂ ਨੇ ਕਿਹਾ, "ਹੇ ਬਾਦਸ਼ਾਹ ਸਲਾਮਤ ! ਉਸ ਨੂੰ ਇਕ ਸੱਯਦ ਨੇ ਮਾਰ ਦਿੱਤਾ ਹੈ, ਤਨਖਾਹ ਵਾਸਤੇ ਝਗੜ ਪਏ ਸਨ, ਵੱਡਾ ਕਹਿਰ ਗੁਜ਼ਾਰਿਆ ਹੈ।" ਬਾਦਸ਼ਾਹ ਨੇ ਮਨ ਵਿਚ ਸੋਚਿਆ ਕਿ ਗੁਰੂ ਪੀਰ ਬਹੁਤ ਮਹਾਨ ਹੈ। ਉਹ ਕਿਵੇਂ ਚੋਰ ਰੱਖਦੇ ਹਨ, ਇਸ ਨੇ ਝੂਠ ਬੋਲਿਆ ਹੈ॥ ੩੯॥

ਕਹਯੋ ਪੁਨਹਿ 'ਬਿਨ ਦੋਸ਼ ਪਰ ਤੁਮ ਦੋਸ਼ ਬਖਾਨਾ।
ਕਿਮ ਪਹੁੰਚਹਿ, ਅਧਿ ਬੀਚਿ ਹੀ ਮੂਰਖ ਹਤਿ ਪ੍ਰਾਨਾ।
ਮੁਝ ਮਨ ਮੈਂ ਇਮ ਸਮੁਝ ਭੀ' ਕਹਿ ਤੂਸ਼ਨ ਹੋਯੋ।
ਰੁਖ ਲਖਿਕੈ ਪਤਿਸ਼ਾਹ ਕੋ ਚੰਦੂ ਦੁਖ ਪੋਯੋ॥ ੪੦॥

ਬਾਦਸ਼ਾਹ ਨੇ ਫਿਰ ਕਿਹਾ, "ਬਿਨਾਂ ਦੋਸ਼ ਦੇ ਤੂੰ ਦੋਸ਼ ਲਾਇਆ ਹੈ, ਕਿਵੇਂ ਹਾਲੇ ਅੱਧ ਵਿਚ ਹੀ ਪਹੁੰਚਿਆ ਸੀ ਕਿ ਮੂਰਖ ਆਪਣੀ ਜਾਨ ਗਵਾ ਬੈਠਾ ਹੈ। ਮੇਰੇ ਮਨ ਵਿਚ ਇਹ ਸਮਝ ਪਈ ਹੈ" ਕਹਿ ਕੇ ਚੁਪ ਹੋ ਗਿਆ। ਬਾਦਸ਼ਾਹ ਦਾ ਰੁਖ ਵੇਖਕੇ ਚੰਦੂ ਬਹੁਤ ਦੁਖੀ ਹੋਇਆ॥ ੪੦॥

ਉਠਿ ਆਯੋ ਨਿਜ ਸਦਨ ਕੋ ਉਰ ਝੂਰਹਿ ਝੂਰਾ।
ਇਤੋ ਜਤਨ ਕਰਿ ਕੂਰ ਕੇ ਨਹਿਂ ਉਤਰਯੋ ਪੂਰਾ।
ਤਾਤੀ ਵਾਯੂ ਨਹਿਂ ਲਗੀ ਨਹਿਂ ਪਾਯਹੁ ਤ੍ਰਾਸਾ।
ਮੂਰਖ ਸੰਕਟ ਕੇ ਸਹਤ ਭਰਿ ਦੀਰਘ ਸ੍ਵਾਸਾ॥ ੪੧॥

ਉਠ ਕੇ ਆਪਣੇ ਘਰ ਨੂੰ ਆ ਗਿਆ ਤੇ ਹਿਰਦੇ ਵਿਚ ਬੜਾ ਝੂਰਦਾ ਸੀ ਕਿ ਏਨੇ ਝੂਠੇ ਯਤਨ ਕੀਤੇ ਹਨ, ਕੋਈ ਵੀ ਪੂਰਾ ਨਹੀ ਪਿਆ ਹੈ। ਉਨ੍ਹਾਂ ਨੂੰ ਤੱਤੀ ਹਵਾ ਨਹੀਂ ਲੱਗੀ ਹੈ ਤੇ ਨਾ ਹੀ ਡਰ ਮੰਨਿਆ ਹੈ। ਮੂਰਖ ਦੁਖੀ ਹੋ ਕੇ ਬੜੇ ਲੰਮੇ ਸਾਹ ਲੈ ਰਿਹਾ ਸੀ॥ ੪੧॥

*ਚੌਥੀ ਰਾਸ ਦਾ ਪੰਜੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

❖❖❖

# ਅਧਿਆਇ ਛੱਬੀਵਾਂ

## ਪ੍ਰਿਥੀਆ ਪ੍ਰਲੋਕ ਗਮਨ

ਦੋਹਰਾ- ਚਿੰਤਾ ਚਿਤ ਗ਼ਲਤਾਨ ਹੈ ਚੰਦੂ ਦੁਸ਼ਟ ਬਿਲੰਦ।
ਚਾਹਤਿ ਗੁਰੂ ਅਪਕਾਰ ਕੋ ਨਿਸ ਬਾਸੁਰ ਮਤਿਮੰਦ॥ ੧॥

ਵੱਡਾ ਦੁਸ਼ਟ ਚੰਦੂ ਹਰ ਵੇਲੇ ਚਿੰਤਾ ਵਿਚ ਗ਼ਲਤਾਨ ਰਹਿੰਦਾ ਸੀ। ਮਾੜੀ ਬੁੱਧੀ ਵਾਲਾ ਦਿਨ ਰਾਤ ਗੁਰੂ ਜੀ ਦਾ ਨੁਕਸਾਨ ਕਰਨ ਬਾਰੇ ਹੀ ਚਾਹੁੰਦਾ ਰਹਿੰਦਾ ਸੀ॥ ੧॥

*ਨਿਸ਼ਾਨੀ ਛੰਦ-* ਜਤਨ ਕਪਟ ਕੇ ਚਿਤੈ ਚਿਤ ਬਡ ਘਾਤਿ ਬਨਾਵੈ।
ਪੂਰਬ ਕਰੇ ਉਪਾਇ ਜੋ ਕੋ ਪੇਸ਼ ਨ ਜਾਵੈ।
ਸ਼ਾਹੁ ਲਖਹਿ ਨਹਿਂ ਇਮ ਹਨੌਂ ਕਰਿਕੈ ਚਤੁਰਾਈ।
ਕਿਮ ਬੈਠਜੋ ਘਰ ਮਹਿਂ ਮਰਹਿ ਨਿਤ ਅਨੰਦ ਵਧਾਈ॥ ੨॥

ਚਿੱਤ ਵਿਚ ਕਪਟ ਦੇ ਯਤਨਾਂ ਬਾਰੇ ਹੀ ਸੋਚਦਾ ਰਹਿੰਦਾ ਸੀ ਤੇ ਕਈ ਘਾੜਤਾਂ ਘੜਦਾ ਰਹਿੰਦਾ ਸੀ, ਪਹਿਲੇ ਵੀ ਕਈ ਉਪਾਅ ਕੀਤੇ ਸਨ ਪਰ ਪੇਸ਼ ਨਹੀਂ ਸੀ ਗਈ। ਬਾਦਸ਼ਾਹ ਨੂੰ ਪਤਾ ਨਾ ਲੱਗੇ, ਮੈਂ ਇਸ ਤਰ੍ਹਾਂ ਚਤਰਾਈ ਕਰਕੇ ਮਾਰ ਦੇਵਾਂ, ਕਿਵੇਂ ਘਰ ਵਿਚ ਬੈਠੇ ਹੀ ਮਰ ਜਾਣ, ਇਸ ਤਰ੍ਹਾਂ ਸੋਚ ਸੋਚ ਕੇ ਅਨੰਦ ਵਧਾਉਂਦਾ ਸੀ॥ ੨॥

ਅਬਹਿ ਸ਼ਾਹੁ ਕੋ ਦੇਖਿ ਰੁਖ ਹਰਖਹਿ ਜਿਸ ਕਾਲਾ।
ਮੋਹਿ ਸਾਥ ਬਾਤੈਂ ਕਰੈ ਤਬਿ ਕਹੌਂ ਰਸਾਲਾ।
ਤਸਕਰ ਰਾਖਨਿ ਦੋਸ਼ ਕੋ ਮੈਂ ਪੁਨਹ ਜਨਾਵੌਂ।
ਅਪਰ ਘਾਤ ਨਹਿਂ ਦੰਡ ਤਬਿ ਕਹਿਕੈ ਲਗਵਾਵੌਂ॥ ੩॥

ਹੁਣ ਬਾਦਸ਼ਾਹ ਦਾ ਰੁਖ ਵੇਖਦਾ ਹਾਂ, ਜਿਸ ਸਮੇਂ ਪ੍ਰਸੰਨ ਹੋਣਗੇ ਅਤੇ ਮੇਰੇ ਨਾਲ ਗੱਲਾਂ ਕਰਨਗੇ, ਤਦ ਮੈਂ ਰਸਦਾਇਕ ਗੱਲ ਕਹਾਂਗਾ। ਚੋਰ ਰੱਖਣ ਦੇ ਦੋਸ਼ ਨੂੰ ਮੈਂ ਫਿਰ ਯਾਦ ਕਰਾਵਾਂਗਾ। ਜੇ ਕੋਈ ਹੋਰ ਦਾਅ ਨਾ ਲੱਗਾ ਤਾਂ ਕਹਿ ਕੇ ਦੰਡ ਲਵਾਵਾਂਗਾ॥ ੩॥

ਅਵਸਰ ਕੋ ਹੇਰਤਿ ਰਹਤਿ ਦਿਨ ਕਿਤਿਕ ਬਿਤਾਏ।
ਨਰ ਪ੍ਰਿਥੀਏ ਕੋ ਢਿਗ ਅਯੋ ਦੇ ਪੱਤ੍ਰ ਪਠਾਏ।
ਖੋਲਿ ਪਠੀ ਇਮ ਲਿਖਜੋ ਬਿਚ 'ਤੂੰ ਸੁਮਤਿ ਬਡੇਰੋ।
ਕਾਰਜ ਸਭਿ ਪੂਰਨ ਕਰਹਿਂ ਭਰਵਾਸਾ ਤੇਰੋ॥ ੪॥

ਮੌਕਾ ਭਾਲਦਾ ਰਹਿੰਦਾ ਸੀ, ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ। ਇਕ ਆਦਮੀ ਪ੍ਰਿਥੀਏ ਪਾਸੋਂ ਆਇਆ, ਪ੍ਰਿਥੀਏ ਨੇ ਉਸ ਨੂੰ ਚਿੱਠੀ ਦੇ ਕੇ ਭੇਜਿਆ। ਜਦ ਚੰਦੂ ਨੇ ਖੋਲ੍ਹ ਕੇ ਪੜ੍ਹੀ ਤਾਂ ਉਸ ਵਿਚ ਇੰਝ ਲਿਖਿਆ ਸੀ, "ਤੂੰ ਬੜਾ ਬੁਧੀਮਾਨ ਹੈਂ, ਸਾਰੇ ਕਾਰਜ ਪੂਰੇ ਕਰੇਂਗਾ, ਮੈਨੂੰ ਤੇਰੇ 'ਤੇ ਪੂਰਨ ਵਿਸ਼ਵਾਸ ਹੈ॥ ੪॥

ਹਜ਼ਰਤ ਕੋ ਉਪਦੇਸ਼ਿ ਕੈ ਲਵਪੁਰਿ ਮਹਿਂ ਲਜਾਏ।
ਇਹ ਕਾਰਜ ਤੁਝ ਤੇ ਸਰਹਿ ਨਹਿਂ ਅਪਰ ਬਨਾਏ।
ਰਿਪੁ ਹਤਿਬੇ ਕੋ ਸਮੈ ਅਬਿ ਹੈ ਨਿਕਟ ਤੁਮਾਰੇ।
ਜੇ ਪੁਕਾਰ ਕੋ ਮਿਸਿ ਬਨਹਿ ਮੁਝ ਲੇਹੁ ਹਕਾਰੇ॥ ੫॥

ਬਾਦਸ਼ਾਹ ਨੂੰ ਉਪਦੇਸ਼ ਦੇ ਕੇ ਲਾਹੌਰ ਲਿਆਏ ਹੋ, ਅਜਿਹਾ ਕਾਰਜ ਤੁਸੀਂ ਹੀ ਕਰ ਸਕਦੇ ਹੋ, ਹੋਰ ਕੋਈ ਨਹੀਂ ਕਰ ਸਕਦਾ। ਦੁਸ਼ਮਣ ਨੂੰ ਮਾਰਨ ਦਾ ਸਮਾਂ ਹੁਣ ਤੇਰੇ ਪਾਸ ਬਹੁਤ ਨੇੜੇ ਆ ਗਿਆ ਹੈ। ਜੇ ਮੇਰੇ ਪਾਸੋਂ ਪੁਕਾਰ ਕਰਵਾਉਣੀ ਹੈ ਤਾਂ ਮੈਨੂੰ ਬੁਲਾ ਲਵੋ॥ ੫॥

ਦੋਸ਼ ਸੰਦੋਹ ਅਰੋਪ ਕਰਿ ਕਹਿ ਸ਼ਾਹੁ ਗਹੀਜੈ।
ਲਿਖੋ ਆਪਿ ਮੈਂ ਆਇ ਹੌਂ, ਮਿਲਿ ਜਤਨ ਕਰੀਜੈ'।
ਪਠਿਕੈ ਪਾਤੀ ਚਿਤਜੋ ਚਿਤ ਕਰਿ ਬੂਝਨਿ ਸ਼ਾਹੂ।
ਪੁਨ ਪ੍ਰਿਥੀਆ ਬੁਲਵਾਇ ਹੌਂ ਤੂਰਨ ਨਿਜ ਪਾਹੂ॥ ੬॥

ਬਹੁਤੇ ਦੋਸ਼ ਲਾ ਕੇ ਬਾਦਸ਼ਾਹ ਨੂੰ ਕਹਿ ਕੇ ਫੜਵਾ ਦੇਵੋ, ਮੈਨੂੰ ਲਿਖ ਕੇ ਭੇਜੋ ਕਿ ਮੈਂ ਆਪ ਆਵਾਂ ਤੇ ਮਿਲ ਕੇ ਯਤਨ ਕਰੀਏ।" ਚਿੱਠੀ ਪੜ੍ਹ ਕੇ ਚੰਦੂ ਨੇ ਚਿੱਤ ਵਿਚ ਸੋਚਿਆ ਕਿ ਪਹਿਲਾਂ ਬਾਦਸ਼ਾਹ ਨੂੰ ਪੁੱਛਣਾ ਚਾਹੀਦਾ ਹੈ, ਫਿਰ ਪ੍ਰਿਥੀਏ ਨੂੰ ਤੁਰੰਤ ਪਾਸ ਬੁਲਵਾ ਲਵਾਂਗਾ॥ ੬॥

ਇਮ ਨਿਸ਼ਚੇ ਕਰਿ ਪ੍ਰਾਤ ਉਠਿ ਮਤਿ ਮੰਦ ਚਿਤਾਰੈ।
ਗਮਨਜੋ ਹਜ਼ਰਤ ਕੇ ਨਿਕਟ ਨਰ ਨਿਮਹਿ ਹਜ਼ਾਰੈਂ।
ਰਜਤ ਦੰਡ ਗਹਿ ਅੱਗ੍ਰ ਚਲਿ, ਕੋ ਨਰਨਿ ਹਟਾਵੈ।
ਸੰਗ ਸੁਭਟ ਗਮਨਤਿ ਪਗਨਿ ਚਹੁੰਦਿਸ਼ਿ ਮਹਿਂ ਜਾਵੈਂ॥ ੭॥

ਇਸ ਤਰ੍ਹਾਂ ਨਿਸ਼ਚੇ ਕਰਕੇ ਸਵੇਰੇ ਸਵੱਖਤੇ ਉੱਠ ਕੇ ਮਾੜੀ ਮੱਤ ਵਾਲਾ ਸੋਚਣ ਲੱਗਾ ਸੀ। ਬਾਦਸ਼ਾਹ ਦੇ ਪਾਸ ਜਾਣ ਵਾਸਤੇ ਚਲ ਪਿਆ, ਹਜ਼ਾਰਾਂ ਮਨੁੱਖ ਨਿਉਂ ਨਿਉਂ ਕੇ ਸਲਾਮਾਂ ਕਰਦੇ ਸਨ। ਚਾਂਦੀ ਦਾ ਡੰਡਾ ਫੜੀ ਚੋਬਦਾਰ ਅੱਗੇ-ਅੱਗੇ ਜਾ ਰਿਹਾ ਸੀ ਤੇ ਕਈ ਮਨੁੱਖਾਂ ਨੂੰ ਲਾਂਭੇ ਕਰ ਰਹੇ ਸਨ। ਨਾਲ-ਨਾਲ ਪੈਦਲ ਜਵਾਨ ਚਾਰੇ ਪਾਸੇ ਜਾ ਰਹੇ ਸਨ॥ ੭॥

ਕਿਤਿਕ ਦਾਸ ਦੌਰਤਿ ਚਲਹਿਂ ਅਗਵਾ ਪਿਛਵਾਈ।
ਬੋਲਤਿ ਜਾਤਿ ਨਕੀਬ ਜੋ ਕੋ ਸੁਜਸੁ ਸੁਨਾਈ।
ਆਗੈ ਚਲੈਂ ਦਲੈਤ ਕੁਛ ਖਹਿ ਖੜਗ ਰੁ ਢਾਲੇ।
ਕੋ ਸਨਮਾਨਿਤ ਸੰਗ ਮੈਂ ਕਹਿ ਬਾਕ ਰਸਾਲੇ॥ ੮॥

ਕਈ ਸੇਵਕ ਅੱਗੇ ਪਿੱਛੇ ਦੌੜਦੇ ਜਾ ਰਹੇ ਸਨ, ਭੱਟ ਬੋਲਦਾ ਜਾਂਦਾ ਸੀ ਤੇ ਸ੍ਰੇਸ਼ਟ ਜੱਸ ਸੁਣਾਈ ਜਾ ਰਿਹਾ ਸੀ। ਕੁਝ ਸੂਰਮੇ ਅੱਗੇ-ਅੱਗੇ ਚਲ ਰਹੇ ਸਨ, ਉਨ੍ਹਾਂ ਤਲਵਾਰਾਂ ਅਤੇ ਢਾਲਾਂ ਪਹਿਣੀਆਂ ਹੋਈਆਂ ਸਨ। ਕਈ ਸੁੰਦਰ ਬਚਨ ਬੋਲ ਕੇ ਸਨਮਾਨ ਕਰ ਰਹੇ ਸਨ॥ ੮॥

ਮੰਗਤਿ ਜਨ ਗਨ ਬੋਲਤੇ ਸਿਵਕਾ ਪਰ ਚਾਲਾ।
ਗਰ ਜਾਮਾ ਪਾਲੇ ਬਹੁਤ ਸਿਰ ਪਾਗ ਬਿਸਾਲਾ।

ਦੁਹਦਿਸ਼ਿ ਲੇਤਿ ਸਲਾਮ ਕੋ ਗਮਨਤਿ ਪੁਰਿ ਮਾਂਹੂ।
ਪਿਖਿ ਦਿਵਾਨ ਨਰ ਖਰੇ ਹੁਇ ਸਨਮਾਨ ਉਮਾਹੂ॥ ੯॥

ਮੰਗਤੇ ਅਤੇ ਆਮ ਲੋਕ ਬੋਲ ਰਹੇ ਸਨ, ਪਾਲਕੀ ਤੇ ਚੜ੍ਹ ਕੇ ਜਾ ਰਿਹਾ ਸੀ। ਗਲ ਵਿਚ ਬਹੁਤ ਪੌਲਿਆਂ ਵਾਲਾ ਜਾਮਾ ਪਾਇਆ ਹੋਇਆ ਸੀ ਤੇ ਸਿਰ ਤੇ ਵੱਡੀ ਪੱਗ ਬੱਧੀ ਹੋਈ ਸੀ। ਦੋਹੀਂ ਪਾਸੀਂ ਸਲਾਮਾਂ ਹੋ ਰਹੀਆਂ ਸਨ ਤੇ ਚਲਦਾ ਹੋਇਆ ਸ਼ਾਹੀ ਦਰਬਾਰ ਵਿਚ ਦਾਖਲ ਹੋ ਗਿਆ, ਦੀਵਾਨ ਨੂੰ ਵੇਖ ਕੇ ਸਾਰੇ ਮਨੁੱਖ ਖੜੇ ਹੋ ਗਏ ਅਤੇ ਉਤਸ਼ਾਹ ਨਾਲ ਸਨਮਾਨ ਕੀਤਾ॥ ੯॥

ਸਿੰਘ ਪੌਰ ਮਹਿਂ ਬਰਜੋ ਜਖਿ ਭਟ ਗਨ ਭੇ ਠਾਂਢੇ।
ਉਮਰਾਵਨਿ ਮਹਿਂ ਪੁਨ ਗਯੋ ਜੇ ਧਨ ਕਰਿ ਗਾਢੇ।
ਜਹਾਂਗੀਰ ਬੈਠਯੋ ਤਖਤ ਬਹੁ ਨਮੋ ਕਰੰਤਾ।
ਨਿਜ ਦਰਜੇ ਪਰ ਤਬਿ ਥਿਰਯੋ ਉਤਸਾਹੁ ਧਰੰਤਾ॥ ੧੦॥

ਜਦ ਡਿਉੜੀ ਵਿਚ ਦਾਖਲ ਹੋਇਆ ਤਾਂ ਸਾਰੇ ਸੂਰਮੇ ਖੜੇ ਹੋ ਗਏ, ਫਿਰ ਉਮਰਾਵਾਂ ਵਿਚ ਗਿਆ ਜਿਹੜੇ ਧਨ ਕਰਕੇ ਬਹੁਤ ਅਮੀਰ ਸਨ। ਜਹਾਂਗੀਰ ਤਖਤ ਤੇ ਬੈਠਾ ਸੀ, ਤੇ ਸਾਰੇ ਨਮਸਕਾਰਾਂ ਕਰ ਰਹੇ ਸਨ, ਫਿਰ ਉਤਸ਼ਾਹ ਧਾਰ ਕੇ ਆਪਣੀ ਅਸਲੀ ਥਾਂ ਤੇ ਬੈਠ ਗਿਆ॥ ੧੦॥

ਹਜ਼ਰਤ ਕੋ ਅਭਿਨੰਦਨੇ ਕਰਿ ਕਰਿ ਚਤੁਰਾਈ।
ਕਹਤਿ ਸੁਨਾਵਤਿ ਮ੍ਰਿਦੁਲ ਬਚ ਕੀਰਤਿ ਵਡਿਆਈ।
ਹਸਤਿ ਸ਼ਾਹੁ ਹਰਖਤਿ ਹਿਯੋ ਸਭਿ ਸਭਾ ਸਰਾਹਯੋ।
'ਚੰਦੂ ਦਿਵਾਨ ਪੁਰਾਤਨੀ ਰਾਵਰਿ ਚਿਤ ਚਾਹਯੋ'॥ ੧੧॥

ਬਾਦਸ਼ਾਹ ਨੂੰ ਬੜੀ ਚਤੁਰਾਈ ਨਾਲ ਨਮਸਕਾਰ ਕੀਤੀ। ਬੜੇ ਮਿੱਠੇ ਬਚਨ ਬੋਲ ਕੇ ਬਾਦਸ਼ਾਹ ਦੀ ਵਡਿਆਈ ਕੀਤੀ। ਬਾਦਸ਼ਾਹ ਹੱਸ ਕੇ ਬਹੁਤ ਖੁਸ਼ ਹੋਇਆ ਤੇ ਸਾਰੀ ਸਭਾ ਨੇ ਚੰਦੂ ਦੀ ਵਡਿਆਈ ਕੀਤੀ, ਕਹਿਣ ਲੱਗੇ, "ਚੰਦੂ ਦੀਵਾਨ ਬਹੁਤ ਪੁਰਾਣਾ ਹੈ, ਬਾਦਸ਼ਾਹ ਦੇ ਚਿੱਤ ਨੂੰ ਬਹੁਤ ਚੰਗਾ ਲੱਗਦਾ ਹੈ"॥ ੧੧॥

ਘਾਤ ਪਾਇ ਬੋਲਯੋ ਬਹੁਰ 'ਸੁਨਿ ਪਨਹ ਜਹਾਨਾ!
ਬਹੁ ਦਿਨ ਬੀਤੇ ਪ੍ਰਿੱਥੀਏ ਨਿਜ ਕਸ਼ਟ ਬਖਾਨਾ।
ਕਹਯੋ ਆਪਿ ਲਵਪੁਰਿ ਚਲਹਿਂ ਤਹਿਂ ਝਗਰ ਨਿਬੇਰੈਂ।
ਰਹਯੋ ਪ੍ਰਤੀਖਤਿ ਛੁਧਤਿ ਜਿਮ ਭੋਜਨ ਦਿਸ਼ਿ ਹੇਰੈ॥ ੧੨॥

ਫਿਰ ਮੌਕਾ ਪਾ ਕੇ ਚੰਦੂ ਬੋਲਿਆ, "ਹੇ ਜਹਾਨ ਪਨਾਹ! ਸੁਣੋ, ਬਹੁਤ ਦਿਨ ਹੋਏ, ਪ੍ਰਿਥੀਏ ਨੇ ਆਪਣਾ ਦੁੱਖ ਤੁਹਾਡੇ ਪਾਸ ਕਿਹਾ ਸੀ, ਤੁਸੀਂ ਕਿਹਾ ਸੀ ਜਦ ਲਾਹੌਰ ਚੱਲਾਂਗੇ ਤਾਂ ਇਨ੍ਹਾਂ ਦਾ ਝਗੜਾ ਨਿਬੇੜਾਂਗੇ, ਉਹ ਉਸ ਸਮੇਂ ਦਾ ਇੰਝ ਇੰਤਜ਼ਾਰ ਕਰਕੇ ਵੇਖ ਰਿਹਾ ਹੈ ਜਿਵੇਂ ਭੁੱਖਾ ਭੋਜਨ ਵਲ ਵੇਖਦਾ ਹੈ॥ ੧੨॥

ਅਬਿ ਆਵਨਿ ਕੋ ਚਹਤਿ ਹੈ ਤੁਮ ਪਾਇ ਰਜਾਈ।
ਸੁਨਹੁ ਨਿਬੇਰੋ ਨਯਾਵ ਕਹੁ ਲਿਹੁ ਦੁਹਨਿ ਬੁਲਾਈ।

ਸ਼ਾਹਨ ਕੌ ਦੀਮਾਨ ਬਡ ਨਿਤ ਨਯਾਵ ਬਿਚਾਰੈਂ।
ਜਥਾਜੋਗ ਰਖਿ ਪ੍ਰਜਾ ਕੋ ਸਭਿ ਕੋ ਪ੍ਰਤਿਪਾਰੈਂ॥ ੧੩॥

ਹੁਣ ਤੁਹਾਡੇ ਪਾਸ ਆਉਣਾ ਚਾਹੁੰਦਾ, ਤੁਹਾਡਾ ਜਿਵੇਂ ਹੁਕਮ ਹੋਵੇ ਸੁਣ ਕੇ ਨਿਆਂ ਕਰਕੇ ਨਿਬੇੜਾ ਕਰ ਦੇਵੋ। ਜੇ ਕਹੋ ਤਾਂ ਦੋਵਾਂ ਨੂੰ ਦੇਖੋ ਬੁਲਾ ਲਈਏ। ਬਾਦਸ਼ਾਹ ਵਾਸਤੇ ਦੀਮਾਨ ਸਭ ਤੋਂ ਵੱਡਾ ਹੈ, ਨਿਤ ਨਿਆਂ ਕਰਦੇ ਹੋ। ਯਥਾਯੋਗ ਪਰਜਾ ਨੂੰ ਰੱਖਦੇ ਹੋ ਤੇ ਸਭ ਦੀ ਪਾਲਣਾ ਕਰਦੇ ਹੋ॥ ੧੩॥

ਸਭਿ ਕਾਜਨਿ ਤੇ ਇਹੁ ਬਡੋ ਨਿਤ ਝਗਰ ਚੁਕਾਵੈ।
ਤੁਮ ਸਮਾਨ ਕੋ ਨਹਿਂ ਭਯੋ, ਸੁਖਿ ਪ੍ਰਜਾ ਬਸਾਵੈ।
ਰਾਉ ਰੰਕ ਬਿਚ ਨਯਾਵ ਕੇ ਤੁਮ ਲਖੇ ਸਮਾਨਾ।
ਪ੍ਰਿਥਕ ਕਰਯੋਪੈ ਪਾਨਿਕੋ ਕੋ ਰਖਯੋ ਨ ਛਾਨਾ॥ ੧੪॥

ਸਾਰੇ ਕੰਮ ਨਾਲੋਂ ਇਹ ਵੱਡਾ ਕਾਰਜ ਹੈ, ਨਿਤ ਦਾ ਹੀ ਝਗੜਾ ਮੁਕਾ ਦਿੰਦੇ ਹੋ। ਤੁਹਾਡੇ ਵਰਗਾ ਹੋਰ ਕੋਈ ਨਹੀ ਜਿਹੜੇ ਪਰਜਾ ਨੂੰ ਸੁੱਖ ਨਾਲ ਵਸਾਉਂਦੇ ਹੋ। ਰਾਜੇ ਅਤੇ ਗਰੀਬ ਵਿਚ ਨਿਆਂ ਕਰਦੇ ਸਮੇਂ ਤੁਸੀਂ ਇਕੋ ਜੇਹੇ ਜਾਣੇ ਜਾਂਦੇ ਹੋ। ਤੁਸੀਂ ਦੁੱਧ ਪਾਣੀ ਨੂੰ ਵੱਖ-ਵੱਖ ਕਰਦੇ ਹੋ ਅਤੇ ਕੋਈ ਵੀ ਓਹਲਾ ਨਹੀਂ ਰੱਖਦੇ ਹੋ॥ ੧੪॥

ਸ਼ਮਸ਼ ਮਨਿੰਦ ਪ੍ਰਕਾਸ਼ ਨਯ ਤਮ ਅਨਯ ਨਸਾਏ।
ਚੋਰ ਜਾਰ ਬਟਪਾਰ ਠਗ ਤਮਚਰ ਸੁ ਛਪਾਏ'।
ਸੁਨਿ ਚੰਦੂ ਤੇ ਸ਼ਾਹੁ ਕਹਿ 'ਗੁਰ ਢਿਗ ਨ ਪਠਾਓ।
ਕਰਹਿ ਪੁਕਾਰ ਜੁ ਪ੍ਰਿਥੀਆ ਨਿਜ ਨਿਕਟ ਬੁਲਾਓ॥ ੧੫॥

ਸੂਰਜ ਵਾਂਗ ਤੁਹਾਡਾ ਨਿਆਂ ਪ੍ਰਕਾਸ਼ਮਾਨ ਹੋਇਆ ਹੈ ਤੇ ਅਨਿਆਂ ਦੇ ਹਨੇਰੇ ਨੂੰ ਤੁਸੀਂ ਦੂਰ ਕੀਤਾ ਹੈ। ਚੋਰ, ਯਾਰ, ਡਾਕੂ, ਠੱਗ ਅਤੇ ਰਾਤ ਨੂੰ ਫਿਰਨ ਵਾਲੇ ਸਾਰੇ ਮਿਟਾ ਦਿੱਤੇ ਹਨ।" ਚੰਦੂ ਦੀ ਇਹ ਗੱਲ ਸੁਣ ਕੇ ਬਾਦਸ਼ਾਹ ਨੇ ਕਿਹਾ, "ਗੁਰੂ ਜੀ ਨੂੰ ਨਾ ਬੁਲਾਓ, ਜੇ ਪ੍ਰਿਥੀਆ ਪੁਕਾਰ ਕਰੇ ਤਾਂ ਉਸ ਨੂੰ ਆਪਣੇ ਪਾਸ ਬੁਲਾਓ॥ ੧੫॥

ਪ੍ਰਿਥਮ ਸੁਨੈਂ ਨਿਰਨੈ ਕਰਹਿਂ ਕਿਮ ਕਰਹਿ ਪੁਕਾਰੂ।
ਬਹੁਰ ਉਗਾਹ ਹਕਾਰਿ ਕਰਿ ਤਿਨ ਸਿਖ ਜਿ ਉਦਾਰੂ।
ਸ੍ਰੀ ਗੁਰੂ ਬਹੁਰ ਬੁਲਾਇ ਹੈਂ ਜਬਿ ਉਚਤ ਨਿਹਾਰੈਂ।
ਜਥਾ ਜੋਗ ਕਰਿਵਾਇ ਹੈਂ, ਨਹਿਂ ਪੱਖ ਸੰਭਾਰੈਂ'॥ ੧੬॥

ਪਹਿਲਾਂ ਇਹ ਸੁਣ ਕੇ ਨਿਰਣਾ ਕਰੀਏ ਕਿ ਪ੍ਰਿਥੀਆ ਕਿਵੇਂ ਪੁਕਾਰ ਕਰਦਾ ਹੈ, ਫਿਰ ਗੁਰੂ ਜੀ ਦੇ ਉਘੇ ਸਿੱਖਾਂ ਨੂੰ ਬੁਲਾ ਕੇ ਗਵਾਹੀ ਲੈ ਲਵਾਂਗੇ, ਸ੍ਰੀ ਗੁਰੂ ਜੀ ਨੂੰ ਬਾਅਦ ਵਿਚ ਬੁਲਾਵਾਂਗਾ ਜੇ ਉਚਿਤ ਵੇਖਾਂਗੇ। ਯਥਾਯੋਗ ਕਰਾਂਗੇ, ਕਿਸੇ ਦਾ ਪੱਖ ਨਹੀਂ ਪੂਰਾਂਗੇ'॥ ੧੬॥

ਹਾਥ ਜੋਰਿ ਕਹਿ 'ਭਲਾ ਜੀ' ਉਠਿ ਸ਼ਾਹੁ ਗਯੋ ਹੈ।
ਭਈ ਬ੍ਰਖਾਸਤਿ ਸਭਿ ਸਭਾ, ਮੁਦ ਚੰਦੂ ਭਯੋ ਹੈ।
ਸਦਨ ਆਇ ਤਿਸ ਚਾਰ ਕੋ ਸਭਿ ਕਹਯੋ ਪ੍ਰਸੰਗਾ।
'ਆਨਹੁ ਪ੍ਰਿਥੀਆ ਜਾਇ ਕਰਿ ਚਲਿ ਤੂਰਨ ਸੰਗਾ'॥ ੧੭॥

Sri Satguru Jagjit Singh Ji eLlibrary NamdhariElibrary@gmail.com

ਹੱਥ ਜੋੜ ਕੇ ਚੰਦੂ ਨੇ ਕਿਹਾ, "ਬਹੁਤ ਅੱਛਾ ਜੀ" ਬਾਦਸ਼ਾਹ ਉੱਠ ਕੇ ਚਲਾ ਗਿਆ। ਸਭਾ ਬਰਖਾਸਤ ਹੋ ਗਈ। ਚੰਦੂ ਪ੍ਰਸੰਨ ਹੋ ਗਿਆ ਤੇ ਉਸੇ ਵੇਲੇ ਆਪਣੇ ਘਰ ਨੂੰ ਗਿਆ, ਪ੍ਰਿਥੀਏ ਦੇ ਏਲਚੀ ਨੂੰ ਜਾ ਕੇ ਸਾਰੀ ਗੱਲ ਸੁਣਾਈ, "ਪ੍ਰਿਥੀਏ ਨੂੰ ਜਾ ਕੇ ਤੁਰੰਤ ਏਥੇ ਲੈ ਕੇ ਆਉ" ॥ ੧੭॥

ਸੁਨਿ ਕੋਠੇ ਕੋ ਨਰ ਗਯੋ ਨਹਿਂ ਬਿਲਮ ਲਗਾਈ।
ਬੈਠਯੋ ਕਰਤਿ ਪ੍ਰਤੀਖਨਾ, ਮਿਲਿ ਸਕਲ ਸੁਨਾਈ।
'ਸਿਮਰਯੋ ਹਜ਼ਰਤਿ ਨੇ ਚਲੋ ਨਹਿਂ ਗਹਰ ਲਗੀਜੈ।
ਹਰਖਤਿ ਚੰਦੂ ਨੇ ਪਠਯੋ ਮਗ ਮਹਿਂ ਪਗ ਦੀਜੈ' ॥ ੧੮ ॥

ਇਹ ਸੁਣ ਕੇ ਏਲਚੀ ਤੁਰੰਤ ਕੋਠੇ ਪਿੰਡ ਵਲ ਚਲੇ ਗਿਆ। ਪ੍ਰਿਥੀਆ ਬੈਠਾ ਉਡੀਕ ਰਿਹਾ ਸੀ, ਏਲਚੀ ਨੇ ਉਸ ਨੂੰ ਮਿਲ ਕੇ ਸਾਰੀ ਗੱਲ ਸੁਣਾਈ। "ਬਾਦਸ਼ਾਹ ਨੇ ਤੁਹਾਨੂੰ ਯਾਦ ਕੀਤਾ ਹੈ, ਹੁਣ ਛੇਤੀ ਚਲੋ ਦੇਰ ਨਾ ਲਾਵੋ, ਚੰਦੂ ਨੇ ਬੜੇ ਪ੍ਰਸੰਨ ਹੋ ਕੇ ਭੇਜਿਆ ਹੈ, ਹੁਣ ਰਸਤੇ ਪੈਣ ਦੀ ਤਿਆਰੀ ਕਰੋ" ॥ ੧੮॥

ਸੁਨਤਿ ਹੌਸਲਾ ਉਰ ਵਧਯੋ, ਤਯਾਰੀ ਕਰਿਵਾਈ।
ਮਿਹਰਵਾਨੁ ਸੁਤ ਕੇ ਸਹਤ ਕਰਮੋ ਢਿਗ ਆਈ।
'ਤੁਮ ਪ੍ਰਬੀਨ ਸਭਿ ਮਤਿ ਵਿਖੇ ਕਯਾ ਕਹੌਂ ਬਨਾਈ।
ਕਰੌ ਬਾਤ ਸੁਭ ਰੀਤਿ ਕੀ ਹੁਇ ਸਹਿਜ ਸੁਭਾਈ ॥ ੧੯ ॥

ਇਹ ਸੁਣ ਕੇ ਪ੍ਰਿਥੀਏ ਦਾ ਹੌਸਲਾ ਵੱਧ ਗਿਆ, ਤਿਆਰੀ ਕਰਵਾਈ। ਪੁੱਤਰ ਮਿਹਰਵਾਨ ਦੇ ਨਾਲ ਕਰਮੋ ਵੀ ਪਾਸ ਆਈ ਤੇ ਕਹਿਣ ਲੱਗੀ, "ਤੁਸੀਂ ਚਤੁਰ ਬੁੱਧੀ ਵਾਲੇ ਹੋ, ਤੁਹਾਨੂੰ ਕੀ ਸਮਝਾਵਾਂ, ਸ਼ੁਭ ਰੀਤੀ ਦੀ ਗੱਲ ਇਸ ਤਰ੍ਹਾਂ ਕਰੋ ਕਿ ਉਹ ਸਹਿਜ ਸੁਭਾਅ ਹੀ ਲੱਗੇ॥ ੧੯॥

ਨਹਿਂ ਉਲਟੀ ਕਿਮ ਗਰ ਪਰਹਿ, ਪਤਿ ਰਹੈ ਨ ਜੈਸੇ।
ਚਲਹਿ ਜੀਵਕਾ ਬਹੁਤ ਅਬਿ ਨਤੁ ਆਛੇ ਐਸੇ।
ਬਾਹੁ ਪਰੈ ਤੁਰਕਾਨਿ ਸੋਂ, ਕਰਹਿਂ ਨ ਸਨਮਾਨਾ।
ਹਾਂਸੀ ਕਰਹਿ ਸ਼ਰੀਕ ਗਨ ਜੇ ਹੁਇ ਕੁਛ ਹਾਨਾ ॥ ੨੦ ॥

ਉਲਟੀ ਸਾਡੇ ਗਲ ਹੀਂ ਨਾ ਪੈ ਜਾਵੇ, ਜਿਸ ਨਾਲ ਸਾਡੀ ਇੱਜ਼ਤ ਹੀ ਜਾਂਦੀ ਰਹੇ। ਸਾਡਾ ਗੁਜ਼ਾਰਾ ਬੜਾ ਚੰਗਾ ਚਲਦਾ ਹੈ, ਅਸੀਂ ਇਸ ਤਰ੍ਹਾਂ ਹੀ ਠੀਕ ਹਾਂ। ਤੁਰਕਾਂ ਨਾਲ ਸਾਡਾ ਵਾਹ ਪਵੇਗਾ ਉਹ ਸਨਮਾਨ ਨਹੀਂ ਕਰਨਗੇ। ਜੇ ਕੁਝ ਨੁਕਸਾਨ ਹੋ ਗਿਆ ਤਾਂ ਸ਼ਰੀਕ ਲੋਕ ਮਜ਼ਾਕ ਕਰਨਗੇ॥ ੨੦॥

ਮੋਹਿ ਨ ਆਛੋ ਅਬਿ ਲਗਹਿ ਕਿਤ ਜਾਨਿ ਤੁਮਾਰਾ।
ਗੁਰੂ ਪਦਾਰਥ ਬਹੁ ਦਏ, ਭਲ ਚਲੈ ਗੁਜ਼ਾਰਾ'।
ਸੁਨਿ ਪ੍ਰਿਥੀਏ ਧੀਰਜ ਦਈ 'ਕਿਮ ਬੋਲਤਿ ਬੈਨਾ?।
ਲੇਨਿ ਸਮੋ ਗਾਦੀ ਅਬਹਿ, ਕਿਮ ਬੈਠਿਵ ਐਨਾ ॥ ੨੧ ॥

ਮੈਨੂੰ ਤਾਂ ਹੁਣ ਤੁਹਾਡਾ ਕਿਤੇ ਜਾਣਾ ਚੰਗਾ ਨਹੀਂ ਲੱਗਦਾ, ਗੁਰੂ ਜੀ ਨੇ ਬਹੁਤ ਪਦਾਰਥ ਦਿੱਤੇ ਹਨ ਅਤੇ ਚੰਗਾ ਗੁਜ਼ਾਰਾ

ਚਲ ਰਿਹਾ ਹੈ।" ਇਹ ਸੁਣ ਕੇ ਪ੍ਰਿਥੀਏ ਧੀਰਜ ਦਿੱਤਾ, "ਕਿਸ ਤਰ੍ਹਾਂ ਦੇ ਬੋਲ ਬੋਲਦੀ ਹੈਂ? ਹੁਣ ਗੱਦੀ ਲੈਣ ਦਾ ਸਮਾਂ ਆਇਆ ਹੈ, ਕਿਵੇਂ ਘਰ ਵਿਚ ਬੈਠ ਜਾਈਏ?॥ ੨੧॥

ਜਿਯਤਿ ਰਹੈਂ ਰਿਪੁ ਕੋ ਹਤਹਿਂ ਪੁਨ ਮਿਲਿ ਹੈਂ ਆਈ।
ਨਤੁ ਬੈਠੋਂ ਦਰ ਸ਼ਾਹੁ ਕੇ ਲਿਉਂ ਕਿਮੈ ਰਿਝਾਈ।
ਮਿਹਰਵਾਨ ਮਮ ਪੁੱਤ੍ਰ ਸੁਖ ਬਹੁ ਬਿਧਿ ਕੇ ਪਾਵੈ।
ਮੋਹਿ ਆਰਬਲ ਬਿਤ ਗਈ ਦਿਨ ਅਲਪ ਰਹਾਵੈ' ॥ ੨੨ ॥

ਜੀਉਂਦੇ ਰਹੀਏ, ਦੁਸ਼ਮਣ ਨੂੰ ਮਾਰੀਏ, ਫਿਰ ਆ ਕੇ ਮਿਲ ਪਵਾਂਗੇ, ਨਹੀਂ ਤਾਂ ਬਾਦਸ਼ਾਹ ਦੇ ਦਰ ਹੀ ਬੈਠਾ ਰਹਾਂਗਾ, ਉਸ ਨੂੰ ਕਿਸੇ ਤਰ੍ਹਾਂ ਮੰਨਵਾ ਲਵਾਂਗਾ। ਮਿਹਰਵਾਨ ਮੇਰਾ ਬਹੁਤ ਵਿਧੀਆਂ ਨਾਲ ਸੁਖ ਪਾਵੇ, ਮੇਰੀ ਉਮਰ ਤਾਂ ਹੁਣ ਬੀਤ ਗਈ ਹੈ, ਥੋੜ੍ਹੇ ਦਿਨ ਹੀ ਬਾਕੀ ਹਨ'॥ ੨੨॥

ਅੰਕ ਲਿਯੋ ਮਿਲਿ ਪ੍ਰੇਮ ਕਰਿ ਸੂੰਘਤਿ ਮੁਖ ਭਾਲਾ।
ਸਰਬ ਰੀਤਿ ਸਮੁਝਾਇਕੈ ਚਾਹਤਿ ਚਿਤ ਚਾਲਾ।
ਨਿਕਸਤਿ ਸਨਮੁਖ ਛੀਂਕ ਭੀ ਫਰਕੇ ਬਾਮੰਗਾ।
ਸਮਧਾ ਕੋ ਸਿਰ ਭਾਰ ਧਰਿ ਨਰ ਮਿਲਜੋ ਕੁਢੰਗਾ॥ ੨੩ ॥

ਮਿਹਰਵਾਨ ਨੂੰ ਆਪਣੀ ਗੋਦ ਵਿਚ ਲਿਆ ਤੇ ਮੱਥਾ ਚੁੰਮਿਆ। ਸਭ ਰੀਤੀਆਂ ਨਾਲ ਸਮਝਾ ਕੇ ਉਹ ਜਾਣਾ ਚਾਹੁੰਦਾ ਸੀ। ਜਦ ਬਾਹਰ ਨਿਕਲਿਆ ਤੇ ਸਾਹਮਣੇ ਕਿਸੇ ਛਿੱਕ ਮਾਰੀ ਤੇ ਖੱਬੇ ਅੰਗ ਵੀ ਫਰਕੇ। ਲੱਕੜੀਆਂ ਦੀ ਪੰਡ ਚੁਕੀ ਇਕ ਕੋਝਾ ਆਦਮੀ ਅੱਗੋਂ ਮਿਲਿਆ॥ ੨੩॥

ਸੰਸੈ ਕਰਮੋ ਬਹੁ ਕਰਹਿ, ਨਹਿਂ ਸਕਹਿ ਹਟਾਈ।
ਫੁਰਤ ਬਿਲੋਚਨਿ ਦਾਹਿਨੋ ਲਖਿ ਉਰ ਦੁਖਦਾਈ।
ਨਹਿਂ ਪ੍ਰਿਥੀਆ ਕੁਛ ਮਨ ਗਿਨੈ ਮਮ ਪੱਖੀ ਚੰਦੂ।
ਲਵਪੁਰਿ ਚਲਿ ਕਰਿ ਹਹਿਂ ਜਤਨ ਕਰਿ ਅਨੁਜ ਨਿਕੰਦੂ॥੨੪ ॥

ਕਰਮੋ ਨੇ ਬਹੁਤ ਸੰਸਾ ਕੀਤਾ, ਪਰ ਉਸ ਨੂੰ ਰੋਕ ਨਾ ਸਕੀ, ਸੱਜੀ ਅੱਖ ਫੜਕਣ ਕਰਕੇ ਦਿਲ ਵਿਚ ਬਹੁਤ ਦੁੱਖ ਮਨਾਇਆ। ਪ੍ਰਿਥੀਆ ਕੁਝ ਵੀ ਮਨ ਵਿਚ ਨਹੀਂ ਗਿਣਦਾ ਸੀ, ਉਹ ਸਮਝਦਾ ਸੀ, ਉਸ ਦਾ ਪੱਖੀ ਚੰਦੂ ਓਥੇ ਮੌਜੂਦ ਹੈ। ਲਾਹੌਰ ਜਾ ਕੇ ਯਤਨ ਕਰਕੇ ਛੋਟੇ ਭਰਾ ਦਾ ਨਾਸ਼ ਕਰਾਵਾਂਗਾ॥ ੨੪॥

ਦਾਸ ਸਿੱਖ ਗਨ ਸੰਗ ਲੈ ਪਸ਼ਚਮ ਮੁਖ ਕੀਨਾ।
ਗਮਨਜੋ ਮਾਰਗ ਛਿੱਪ੍ਰ ਕਰਿ, ਤ੍ਰਿਸ਼ਨਾ ਕਿਯ ਦੀਨਾ।
ਨਿਸ਼ ਬਿਸਰਾਮਹਿ ਦਿਨ ਚਲਹਿ, ਦਿਨ ਥੋਰਨਿ ਮਾਂਹੂ।
ਪਹੁੰਚਜੋ ਤਰਨ ਤਾਰਨ ਨਿਕਟ, ਬੋਲੇ ਨਰ ਪਾਹੂ॥ ੨੫॥

ਕੁਝ ਸੇਵਕ ਆਪਣੇ ਨਾਲ ਲੈ ਕੇ ਪੱਛਮ ਵਾਲੇ ਪਾਸੇ ਮੂੰਹ ਕਰ ਲਿਆ। ਲਾਲਚ ਦਾ ਮਾਰਿਆ ਹੋਇਆ ਛੇਤੀ-ਛੇਤੀ ਲਾਹੌਰ ਦੇ ਰਾਹ ਪੈ ਗਿਆ। ਰਾਤ ਨੂੰ ਆਰਾਮ ਕਰਦਾ ਸੀ ਤੇ ਦਿਨ ਸਮੇਂ ਚਲਦਾ ਸੀ। ਥੋੜ੍ਹੇ ਦਿਨਾਂ ਵਿਚ ਜਦ ਤਰਨ ਤਾਰਨ ਦੇ ਪਾਸ ਪਹੁੰਚ ਗਿਆ ਤਾਂ ਨਾਲ ਦੇ ਮਨੁੱਖ ਕਹਿਣ ਲੱਗੇ॥ ੨੫॥

'ਗੁਰੂ ਰਚਜੋ ਤੀਰਥ ਮਹਾਂ ਮੱਜਨ ਕਰਿ ਲੀਜੈ।
ਚਲਿ ਡੇਰਾ ਆਗੇ ਕਰੈਂ ਨਿਸ ਪਰੀ ਲਖੀਜੈ।
ਚਲੇ ਕੋਸ ਬਹੁ ਸ਼੍ਰਮਤਿ ਹੈਂ, ਕਰਿ ਲੇਂ ਬਿਸਰਾਮੂ'।
ਸੁਨਿ ਪ੍ਰਿਥੀਆ ਰਿਸ ਕਰਿ ਕਹੈ ਜਿਸਕੋ ਮਨ ਬਾਮੂੰ॥ ੨੬ ॥

ਗੁਰੂ ਜੀ ਨੇ ਏਥੇ ਬਹੁਤ ਵੱਡਾ ਤੀਰਥ ਬਣਾਇਆ ਹੈ, ਇਸ ਵਿਚ ਇਸ਼ਨਾਨ ਕਰ ਲਵੋ, ਅੱਗੇ ਜਾ ਕੇ ਡੇਰਾ ਕਰਾਂਗੇ, ਛੇਤੀ ਹੀ ਰਾਤ ਪੈਣ ਵਾਲੀ ਹੈ। ਬਹੁਤ ਕੋਹ ਚੱਲ ਕੇ ਆਏ ਹਾਂ, ਇਸ ਲਈ ਥੱਕ ਗਏ ਹਾਂ, ਹੁਣ ਵਿਸ਼ਰਾਮ ਕਰ ਲਈਏ।'' ਪ੍ਰਿਥੀਆ ਜਿਸ ਦਾ ਮਨ ਟੇਢਾ ਸੀ, ਇਹ ਸੁਣ ਕੇ ਬੜੇ ਗੁੱਸੇ ਵਿਚ ਆਇਆ॥ ੨੬ ॥

'ਇਹ ਛਪੜੀ ਤੀਰਥ ਨਹੀਂ ਫਲ ਕਹਾਂ ਨਹਾਏ।
ਨਹੀਂ ਗੁਰੂ ਕੋ ਰਚਤਿ ਥਲ ਕਛੁ ਪੂਰ ਨ ਪਾਏ।
ਤੁਰਕਨਿ ਛੀਨ ਪਚਾਵਿਆਨਿ ਰਚਿਬੇ ਨਹਿ ਦੀਨੋ।
ਚਲੋ ਅਗਾਰੀ ਦੇਖੀਯਹਿ ਤੀਰਥ ਹਮ ਕੀਨੋ॥ ੨੭ ॥

''ਇਹ ਛਪੜੀ ਤੀਰਥ ਨਹੀਂ ਹੋ ਸਕਦੀ, ਇਸ ਵਿਚ ਇਸ਼ਨਾਨ ਕਰਨ ਦਾ ਕੀ ਫਲ ਮਿਲ ਸਕਦਾ ਹੈ। ਇਹ ਗੁਰੂ ਜੀ ਨੇ ਨਹੀਂ ਬਣਾਈ ਹੈ, ਇਹ ਸਥਾਨ ਥੋੜੀ ਪੂਰੀ ਨਹੀਂ ਪਾ ਸਕਦਾ। ਤੁਰਕਾਂ ਨੇ ਆਵਿਆਂ ਦੀਆਂ ਇੱਟਾਂ ਖੋਹ ਲਈਆਂ ਸਨ ਤੇ ਇਸ ਨੂੰ ਬਣਾਉਣ ਨਹੀਂ ਸੀ ਦਿੱਤਾ, ਚਲੋ ਅੱਗੇ ਜਾ ਕੇ ਵੇਖਦੇ ਹਾਂ, ਜਿਹੜਾ ਅਸੀਂ ਤੀਰਥ ਬਣਾਇਆ ਹੈ॥ ੨੭ ॥

ਤਹਾਂ ਕਰਹਿਂ ਬਿਸਰਾਮ ਕੋ ਸ਼੍ਰਮ ਸਭਿ ਨਿਰਵਾਰੈਂ।
ਭਲੇ ਅਸੂਦੇ ਹੋਇ ਹੈਂ ਦਿਨ ਦੁਇ ਤ੍ਰੈ ਟਾਰੈਂ।
ਬਿਨ ਹੇਰੇ ਗੁਰੁ ਥਾਨ ਕੋ ਚਲਿ ਜਾਤਿ ਅਗਾਰੀ।
ਜਾਇ ਪਹੂਚਜੋ ਹੇਹਰੀ ਉਤਰਜੋ ਮੁਦ ਭਾਰੀ॥ ੨੮ ॥

ਓਥੇ ਜਾ ਕੇ ਵਿਸ਼ਰਾਮ ਕਰਦੇ ਹਾਂ ਤੇ ਸਾਰੇ ਥਕੇਵੇਂ ਨੂੰ ਦੂਰ ਕਰਦੇ ਹਾਂ। ਭਲੇ ਸੁਖੀ ਹੋਏ ਹਾਂ, ਦੋ ਤਿੰਨ ਦਿਨ ਉਥੇ ਠਹਿਰ ਕੇ ਗੁਜ਼ਾਰਦੇ ਹਾਂ।'' ਗੁਰੂ ਜੀ ਦਾ ਤੀਰਥ ਵੇਖਣ ਤੋਂ ਬਗੈਰ ਅੱਗੇ ਚਲੇ ਗਏ। ਹੇਅਰ ਪਿੰਡ ਵਿਚ ਪਹੁੰਚ ਗਏ ਤੇ ਓਥੇ ਜਾ ਕੇ ਬੜੇ ਪ੍ਰਸੰਨ ਹੋ ਕੇ ਉਤਾਰਾ ਕੀਤਾ॥ ੨੮ ॥

ਸਿੱਖਨਿ ਕੋ ਉਪਦੇਸ਼ਤੋ 'ਇਹ ਤੀਰਥ ਆਛੋ।
ਮੱਜਹੁ ਸ਼ਰਧਾ ਧਾਰਿ ਕਰਿ, ਪ੍ਰਾਪਤ ਜੋ ਬਾਂਛੋ।
ਬਿਸਰਾਮਹੁ, ਸ਼੍ਰਮ ਪਰਹਰਹੁ, ਪੁਨ ਲਵਪੁਰਿ ਚਾਲੈਂ'।
ਖਾਨ ਪਾਨ ਕੀਨਸਿ ਪੁਨਹ ਕਰਿ ਸ੍ਵਾਦ ਬਿਸਾਲੈ॥ ੨੯ ॥

ਪ੍ਰਿਥੀਆ ਸਿੱਖਾਂ ਨੂੰ ਉਪਦੇਸ਼ ਦੇਣ ਲੱਗਾ, ''ਇਹ ਬਹੁਤ ਚੰਗਾ ਤੀਰਥ ਹੈ। ਏਥੇ ਸ਼ਰਧਾ ਧਾਰ ਕੇ ਇਸ਼ਨਾਨ ਕਰੋ ਤੇ ਮੂੰਹ ਮੰਗੀ ਮੁਰਾਦ ਪਾਵੋ, ਫਿਰ ਵਿਸ਼ਰਾਮ ਕਰਕੇ ਥਕਾਵਟ ਦੂਰ ਕਰੋ ਬਾਅਦ ਵਿਚ ਲਾਹੌਰ ਚੱਲਾਂਗੇ। ਬੜਾ ਸਵਾਦ ਲਾ ਕੇ ਖਾਣਾ ਪੀਣਾ ਕੀਤਾ॥ ੨੯ ॥

Sri Satguru Jagjit Singh Ji eLlibrary NamdhariElibrary@gmail.com

ਨਿਸਾ ਪਰੀ ਸੁਪਤੇ ਪੁਨਹ ਉਠਿ ਪ੍ਰਾਤ ਨਹਾਏ।
ਕਰਜੋ ਕਰਾਹੁ ਬ੍ਰਤਾਇਕੈ ਹਰਖਤਿ ਹਿਯ ਖਾਏ।
ਤੀਨ ਦਿਵਸ ਬੀਤੇ ਬਸੰਤਿ ਕਹਿ ਸੰਧਜਾ ਕਾਲਾ।
'ਚਲਹਿਂ ਕਾਲਿ ਕੋ ਲਵਪੁਰੀ ਹੁਇ ਕਾਜ ਬਿਸਾਲਾ ॥ ੩੦ ॥

ਰਾਤ ਪੈਣ ਤੇ ਸੌਂ ਗਏ ਤੇ ਫਿਰ ਸਵੇਰੇ ਸਵੱਖਤੇ ਉੱਠ ਕੇ ਨਹਾਏ। ਫਿਰ ਕੜਾਹ ਪ੍ਰਸ਼ਾਦ ਤਿਆਰ ਕੀਤਾ ਤੇ ਵਰਤਾ ਕੇ ਅਤੇ ਖਾ ਕੇ ਬਹੁਤ ਪ੍ਰਸੰਨ ਹੋਏ। ਤਿੰਨ ਦਿਨ ਓਥੇ ਰਹਿ ਕੇ ਬਤੀਤ ਕੀਤੇ ਤੇ ਸ਼ਾਮ ਨੂੰ ਕਹਿਣ ਲੱਗਾ, "ਕੱਲ੍ ਨੂੰ ਲਾਹੌਰ ਚਲਦੇ ਹਾਂ ਤੇ ਕਾਰਜ ਪੂਰਾ ਕਰਦੇ ਹਾਂ॥ ੩੦॥

ਚੰਦੂ ਕਰਹਿ ਪ੍ਰਤੀਖਨਾ ਇਕ ਸਿਖ ਮਿਲਿ ਆਯਾ।
ਅਰਜਨ ਕੋ ਮਾਰਜੋ ਚਹੈ, ਲੇ ਮੋਹਿ ਸਹਾਯਾ।'
ਨਿਸਾ ਭਈ ਭੋਜਨ ਅਚਜੋ ਦਧਿ ਸਿਖ ਨੇ ਆਨਾ।
ਸੂਖਮ ਚਾਵਰ ਸਾਗ ਸੋਂ ਕੀਨਸਿ ਬਹੁ ਖਾਨਾ। ੩੧॥

ਚੰਦੂ ਇੰਤਜ਼ਾਰ ਕਰ ਰਿਹਾ ਹੈ, ਮੇਰਾ ਇਕ ਸਿੱਖ ਉਸ ਨੂੰ ਮਿਲ ਕੇ ਆਇਆ ਹੈ। ਉਹ ਸ੍ਰੀ ਅਰਜਨ ਦੇਵ ਜੀ ਨੂੰ ਮਾਰਨਾ ਚਾਹੁੰਦਾ ਹੈ ਤੇ ਮੇਰੀ ਸਹਾਇਤਾ ਚਾਹੁੰਦਾ ਹੈ।" ਰਾਤ ਪਈ ਤਾਂ ਭੋਜਨ ਖਾਧਾ, ਇਕ ਸਿੱਖ ਦਹੀਂ ਲੈ ਕੇ ਆਇਆ। ਬਾਸਮਤੀ ਦੇ ਬਹੁਤ ਚਾਵਲ ਸਾਗ ਨਾਲ ਖਾ ਲਏ॥ ੩੧॥

ਸ੍ਵਾਦਿ ਸਾਥ ਅਚਿ ਬਹੁ ਗਯੋ ਹੁਨਿਹਾਰ ਖੁਵਾਯੋ।
ਗਰ ਲੌ ਭਰਿ ਕੈ ਉਦਰ ਕੋ ਨਿਸ ਮਹਿਂ ਸੁਪਤਾਯੋ।
ਅਰਧ ਨਿਸਾ ਬਦਹਾਜ਼ਮਾ ਹੈਜ਼ਾ ਹੁਇ ਆਵਾ।
ਸੂਲ ਉਠਜੋ ਜਨੁ ਸੂਲ ਚੁਭਿ ਦੁਖ ਤੇ ਬਿਕੁਲਾਵਾ॥ ੩੨ ॥

ਸਵਾਦ-ਸਵਾਦ ਵਿਚ ਬਹੁਤ ਖਾ ਗਿਆ, ਮਾਨੋ ਹੋਣੀ ਨੇ ਖਵਾਦੇ ਹੋਣ। ਗਲ ਤਕ ਪੇਟ ਭਰ ਕੇ ਰਾਤ ਨੂੰ ਸੌਂ ਗਿਆ। ਅੱਧੀ ਰਾਤ ਨੂੰ ਬਦਹਜ਼ਮੀ ਹੋ ਗਈ ਤੇ ਹੈਜ਼ਾ ਹੋ ਗਿਆ। ਢਿੱਡ ਵਿਚ ਬੜਾ ਸੂਲ ਉਠਿਆ, ਜਿਵੇਂ ਸੂਲ ਚੁਭਦੀ ਹੋਵੇ ਤੇ ਬੜਾ ਵਿਆਕੁਲ ਹੋ ਗਿਆ॥ ੩੨॥

'ਹਾਇ ਹਾਇ' ਮੁਖ ਕਰਤਿ ਹੈ ਜਾਗੇ ਨਰ ਪਾਸੂ।
ਕਹਾਂ ਜਤਨ ਕੋ ਤਬਿ ਕਰਹਿਂ ਨਹਿਂ ਔਖਧ ਰਾਸੂ।
ਨਹਿਂ ਹਕੀਮ ਕੋ ਗ੍ਰਾਮ ਮਹਿਂ, ਕਛੁ ਹੈ ਨ ਉਪਾਈ।
ਰੁਦਤਿ ਨਿਕਟ ਹੈ ਦੁਖਤਿ ਸਭਿ, ਤਿਸ ਆਸ ਚੁਕਾਈ ॥੩੩ ॥

ਪ੍ਰਿਥੀਆ ਬਹੁਤ ਉੱਚੀ ਉੱਚੀ 'ਹਾਇ ਹਾਇ' ਕਰ ਰਿਹਾ ਸੀ, ਜਿਹੜੇ ਲਾਗੇ ਬੰਦੇ ਸੁੱਤੇ ਸੀ, ਉਹ ਵੀ ਜਾਗ ਪਏ। ਉਸ ਵੇਲੇ ਕੀ ਯਤਨ ਕਰਦੇ, ਲਾਗੇ ਕੋਈ ਦਵਾ ਘਰ ਵੀ ਨਹੀਂ ਸੀ। ਨਾ ਹੀ ਪਿੰਡ ਵਿਚ ਕੋਈ ਹਕੀਮ ਸੀ, ਕੋਈ ਵੀ ਉਪਾਅ ਨਾ ਹੋ ਸਕਿਆ। ਸਾਰੇ ਸਾਥੀ ਰੋ ਰਹੇ ਸਨ, ਕਿਉਂਕਿ ਪ੍ਰਿਥੀਏ ਵਾਲੀ ਆਸ ਮੁੱਕ ਗਈ ਸੀ॥ ੩੩॥

ਪ੍ਰਿਥੀਏ ਨੇ ਜਾਨਜੋ ਮਰਨਿ ਨਹਿੰ ਬਾਚਹਿੰ ਪ੍ਰਾਨਾ।
ਸਿੱਖ ਦਾਸ ਗਨ ਹਿਤੂ ਲਖਿ ਅਸ ਬਾਕ ਬਖਾਨਾ।
'ਅਬਿ ਮੇਰੋ ਪਰਲੋਕ ਹੈ, ਰੁਜ ਵਧਜੋ ਬਿਸਾਲਾ।
ਦਾਹ ਕਰਹੁ ਇਸ ਥਾਨ ਹੀ ਕਰਿ ਕ੍ਰਿਯਾ ਕਪਾਲਾ॥ ੩੪ ॥

ਪ੍ਰਿਥੀਏ ਨੇ ਜਦ ਵੇਖਿਆ ਕਿ ਹੁਣ ਮੌਤ ਨੇੜੇ ਹੈ ਤੇ ਪ੍ਰਾਣ ਨਹੀਂ ਬਚਣਗੇ ਤਾਂ ਦਾਸਾਂ ਨੂੰ ਆਪਣਾ ਹਿਤੂ ਜਾਣ ਕੇ ਇਸ ਤਰ੍ਹਾਂ ਕਿਹਾ, "ਹੁਣ ਮੈਂ ਪਰਲੋਕ ਚਲਾ ਜਾਵਾਂਗਾ, ਰੋਗ ਬਹੁਤ ਵੱਧ ਗਿਆ ਹੈ। ਇਸ ਥਾਂ ਹੀ ਦਾਹ ਸੰਸਕਾਰ ਤੇ ਕਪਾਲ ਕ੍ਰਿਆ ਕਰੋ॥ ੩੪ ॥

ਪੀਛੇ ਹੋਇ ਜੁ ਅੰਸ ਮਮ ਮਰਿ ਹੈ ਕਿਤ ਕੋਈ।
ਦਾਹੁ ਆਨਿ ਇਸ ਥਲ ਕਰਹਿ ਕਹਿ ਦੀਜਹਿ ਸੋਈ।
ਮੋਕਹੁ ਮਿਲਹਿ ਸੁ ਆਨਿ ਕਰਿ ਫਲ ਉੱਤਮ ਪਾਵੈ।
ਮਿਹਰਵਾਨ ਸੋਂ ਕਹੋ ਤੁਮ ਬਹੁਤ ਨ ਰੁਦਨਾਵੈ॥ ੩੫ ॥

ਮੇਰੇ ਪਿਛੋਂ ਮੇਰੀ ਅੰਸ਼ ਵਿਚੋਂ ਜੇ ਕੋਈ ਮਰੇ ਤਾਂ ਉਸ ਦਾ ਵੀ ਇਸ ਥਾਂ ਲਿਆ ਕੇ ਦਾਹ ਸੰਸਕਾਰ ਕਰਨਾ, ਇਹ ਸਾਰਿਆਂ ਨੂੰ ਦੱਸ ਦੇਣਾ। ਮੇਰੇ ਸੰਬੰਧੀ ਫਿਰ ਮੈਨੂੰ ਮਿਲ ਪੈਣਗੇ ਤੇ ਉੱਤਮ ਫਲ ਪ੍ਰਾਪਤ ਕਰਨਗੇ, ਮਿਹਰਵਾਨ ਨੂੰ ਕਹਿਣਾ ਕਿ ਬਹੁਤਾ ਨਾ ਰੋਵੇ॥ ੩੫ ॥

ਇਹੀ ਰੀਤਿ ਸਭਿ ਜਗਤ ਕੀ ਆਵਤਿ ਇਕ ਜਾਤੇ।
ਕਰਹੁ ਕ੍ਰਿਆ ਮੇਰੀ ਸਕਲ ਜਪਿ ਨਾਮ ਪ੍ਰਭਾਤੇ।
ਪੁਨ ਆਵਹੁ ਚੰਦੂ ਮਿਲਹੁ ਲਿਹੁ ਗੁਰਤਾ ਗਾਦੀ।
ਜਜੋਂ ਕਜੋਂ ਅਰਜਨ ਕੋ ਹਤਹੁ, ਪੁਨ ਕੀਜਹਿ ਸ਼ਾਦੀ॥ ੩੬ ॥

ਇਹੀ ਰੀਤੀ ਸਾਰੇ ਜਗਤ ਦੀ ਹੈ, ਕੋਈ ਆਉਂਦਾ ਹੈ ਅਤੇ ਕੋਈ ਜਾਂਦਾ ਹੈ। ਸਵੇਰੇ ਨਾਮ ਜਪ ਕੇ ਮੇਰੀ ਕ੍ਰਿਆ ਕਰਮ ਕਰੋ। ਫਿਰ ਜਾ ਕੇ ਚੰਦੂ ਨੂੰ ਮਿਲੋ ਤੇ ਗੁਰਤਾ-ਗੱਦੀ ਨੂੰ ਲਵੋ। ਜਿਵੇਂ-ਕਿਵੇਂ ਸ੍ਰੀ ਗੁਰੂ ਅਰਜਨ ਦੇਵ ਨੂੰ ਮਾਰ ਕੇ ਖੁਸ਼ੀਆਂ ਮਨਾਓ॥ ੩੬ ॥

ਪੁਰਹੁ ਕਾਮਨਾ ਆਇ ਕਰਿ ਸਭਿ ਬਨਜੋ ਬਨਾਊ।
ਬੈਰ ਸੰਭਾਰੋ ਆਪਨੋ, ਨਹਿੰ ਕਰਹੁ ਵਲਾਊ'।
ਇਮ ਕਹਿ ਧਰਨੀ ਪਰ ਪਰਜੋ ਬਜਾਕੁਲ ਬਡ ਹੋਵਾ।
ਬੋਲ ਬੰਦ, ਮ੍ਰਿਤੁ ਚਿੰਨ੍ਹ ਭੇ, ਸਭਿ ਸੰਗਿਨਿ ਜੋਵਾ॥ ੩੭ ॥

ਆ ਕੇ ਸਾਰੀਆਂ ਕਾਮਨਾਵਾਂ ਪੂਰੀਆਂ ਕਰੋ, ਹੁਣ ਸਭ ਪ੍ਰਬੰਧ ਹੋ ਗਿਆ ਹੈ, ਆਪਣੇ ਵੈਰ ਨੂੰ ਸੰਭਾਲੋ ਤੇ ਇਸ ਵਿਚ ਕੋਈ ਟਾਲਮਟੋਲਾ ਨਾ ਕਰੋ।" ਇਸ਼ ਤਰ੍ਹਾਂ ਕਹਿ ਕੇ ਧਰਤੀ ਤੇ ਲੇਟ ਗਿਆ ਤੇ ਬਹੁਤ ਵਿਆਕੁਲ ਹੋ ਗਿਆ। ਬੋਲਣਾ ਬੰਦ ਹੋ ਗਿਆ, ਮੌਤ ਦੇ ਸਾਰੇ ਚਿੰਨ੍ਹ ਦਿਖਾਈ ਦੇਣ ਲੱਗ ਪਏ, ਸਾਰੇ ਸਾਥੀਆਂ ਨੇ ਵੇਖਿਆ॥ ੩੭ ॥

ਰਹੇ ਬੁਲਾਵਤਿ ਦਾਸ ਗਨ, ਨਿਕਸੇ ਤਨ ਪ੍ਰਾਨਾ।
ਚਿਤਵਤਿ ਗੁਰੁ ਸੰਗਿ ਬੈਰ ਕੋ, ਪਰਲੋਕ ਪਯਾਨਾ।
ਰੁਦਤਿ ਸਕਲ ਬੈਠੇ ਨਿਕਟ ਸੋ ਰਾਤ ਬਿਤਾਈ।
ਭਈ ਪ੍ਰਭਾਤਿ ਉਠਾਇ ਕੈ ਬਡ ਚਿਖਾ ਬਨਾਈ॥ ੩੮॥

ਸਾਰੇ ਸੇਵਕ ਬੁਲਾਉਂਦੇ ਰਹੇ, ਪਰ ਪ੍ਰਾਣ ਨਿਕਲ ਗਏ ਸਨ, ਗੁਰੂ ਜੀ ਨਾਲ ਆਪਣੇ ਵੈਰ ਚਿਤਵਦਾ ਸੀ, ਆਪ ਹੀ ਪਰਲੋਕ ਚਲਾ ਗਿਆ। ਕੋਲ ਬੈਠਿਆਂ ਨੇ ਸਾਰੀ ਰਾਤ ਰੋਂਦਿਆਂ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਸਭ ਨੂੰ ਉਠਾਲ ਕੇ ਵੱਡੀ ਚਿਖਾ ਬਣਾਈ॥ ੩੮॥

ਊਪਰ ਧਰਿ ਕਰਿ ਛਾਰਿ ਕਰਿ ਰੋਏ ਸਮੁਦਾਏ।
ਅਸਥਿ ਬੀਨ ਦਿਨ ਤੀਨ ਮੈਂ ਹਟਿ ਪਾਛਿ ਸਿਧਾਏ।
ਇਕ ਸਿਖ ਕੋਠੇ ਕੋ ਗਯੋ ਪੂਰਬ ਸੁਧਿ ਦੈਬੇ।
ਸੁਨਿ ਮਰਨੋ, ਸੁਤ ਭਾਰਜਾ ਬਡ ਕੂਕ ਕਰੈਬੇ॥ ੩੯॥

ਚਿਖਾ ਦੇ ਉਪਰ ਧਰ ਕੇ ਸਾੜ ਕੇ ਸਾਰੇ ਸਾਥੀ ਬਹੁਤ ਰੋਏ। ਤਿੰਨ ਦਿਨਾਂ ਵਿਚ ਫੁਲ ਚੁਣ ਕੇ ਸਾਰੇ ਪਿੱਛੇ ਚਲੇ ਗਏ। ਇਕ ਸਿੱਖ ਪਹਿਲਾਂ ਹੀ ਕੋਠੇ ਪਿੰਡ ਵਿਚ ਖਬਰ ਦੇਣ ਵਾਸਤੇ ਗਿਆ ਸੀ। ਇਹ ਸੁਣ ਕੇ ਪੁੱਤਰ ਅਤੇ ਪਤਨੀ ਬਹੁਤ ਰੋਏ॥ ੩੯॥

'ਹਾਇ ਹਾਇ' ਕਰਿ ਰੁਦਤ ਹੈ 'ਨਹਿਂ ਸਧਯੋ ਸਰੀਕਾ।
ਹੇ ਪਤਿ! ਪੂਰਬ ਹੀ ਮਰਯੋ, ਇਹ ਕਿਯੋ ਨ ਨੀਕਾ।
ਮਿਹਰਵਾਨ ਸੁਤ ਕੀ ਖਬਰ ਕਬਿ ਲੈ ਹੈਂ ਆਈ।
ਬਦਨ ਮਰਤਿ ਹਮ ਨਹਿਂ ਪਿਖਯੋ, ਬਿਧਿ ਕਹਾਂ ਬਨਾਈ! ॥੪੦॥

'ਹਾਇ ਹਾਇ' ਕਰਕੇ ਰੋਂਦੇ ਸਨ, "ਸ਼ਰੀਕੇ ਨੂੰ ਸੋਧ ਨਾ ਸਕਿਆ, ਹੇ ਪਤੀ ਦੇਵ! ਪਹਿਲਾਂ ਹੀ ਮਰ ਗਿਆ ਹੈਂ, ਇਹ ਚੰਗਾ ਨਹੀਂ ਕੀਤਾ। ਮਿਹਰਵਾਨ ਪੁੱਤਰ ਦੀ ਕਦ ਆ ਖਬਰ ਲਵੇਂਗਾ। ਅਸੀਂ ਤੁਹਾਡੇ ਮਰਦੇ ਦਾ ਵੀ ਮੂੰਹ ਨਹੀਂ ਵੇਖ ਸਕੇ, ਇਹ ਕੈਸੀ ਬਿੱਧ ਬਣਾਈ ਹੈ॥ ੪੦॥

ਰਹੀ ਹਟਾਇ ਨ ਹਟਯੋ ਤਬਿ, ਅਪਸ਼ਗੁਨ ਬਿਸਾਲੇ।
ਕਿਮ ਫਲ ਸੋ ਦੇਵੈਂ ਨਹੀਂ ਦੁਖ ਕੀਨਿ ਕਰਾਲੇ'।
ਕਹਿਂ ਲਗਿ ਬਰਨੌਂ ਸ਼ੋਕ ਜਨੁ ਕਿਯ ਆਇ ਅਵਾਸਾ।
ਇਤਨੇ ਮੈਂ ਆਏ ਅਸਥਿ ਰੋਦਤਿ ਭਰਿ ਸ੍ਵਾਸਾ॥ ੪੧॥

ਮੈਂ ਤੁਹਾਨੂੰ ਬਹੁਤ ਰੋਕਦੀ ਰਹੀ ਪਰ ਤੁਸੀਂ ਨਾ ਮੰਨੇ, ਬੜੇ ਭੈੜੇ ਅਪਸ਼ਗੁਨ ਹੋਏ ਸਨ। ਕਿਵੇਂ ਕੋਈ ਫਲ ਮਿਲਣਾ ਸੀ, ਭਿਆਨਕ ਦੁਖ ਦਿੱਤੇ ਹਨ।" ਕਿਥੋਂ ਤਕ ਮੈਂ ਸ਼ੋਕ ਦਾ ਵਰਣਨ ਕਰਾਂ, ਮਾਨੋ ਸ਼ੋਕ ਨੇ ਹੀ ਆ ਘਰ ਕੀਤਾ ਹੈ। ਏਨੇ ਵਿਚ ਰੋਂਦੇ ਹੋਏ ਸਿੱਖ ਸੇਵਕ ਫੁੱਲ ਲੈ ਕੇ ਆ ਗਏ॥ ੪੧॥

ਮਿਹਰਵਾਨ ਬਹੁ ਰੋਇਕੈ ਮ੍ਰਿਤੁ ਕ੍ਰਿਆ ਕਰਾਈ।
ਸ਼ਬਦ ਪਢਾਯੋ ਦਰਬ ਤੇ ਸੁਨਤੇ ਸਮੁਦਾਈ।

ਤਿਨ ਕੀ ਸੰਗਤਿ ਆਇ ਕਰਿ ਪੁਨ ਪਾਗ ਬੰਧਾਈ।
ਮਿਟਯੋ ਸ਼ੋਕ ਤਬਿ ਜਨ ਕਹਯੋ ਜੋ ਅਕਲ ਸਿਖਾਈ॥ ੪੨ ॥

ਮਿਹਰਵਾਨ ਨੇ ਬਹੁਤ ਰੋ ਕੇ ਮ੍ਰਿਤੂ ਕਿਰਿਆ ਕਰਾਈ। ਚਾਰ ਗੁਰੂ ਸਾਹਿਬਾਨ ਦੀ ਬਾਣੀ ਦਾ ਧਨ ਦੇ ਕੇ ਪਾਠ ਕਰਵਾਇਆ ਅਤੇ ਸਾਰੇ ਪ੍ਰੇਮ ਨਾਲ ਸੁਣਦੇ ਸਨ। ਫਿਰ ਉਨ੍ਹਾਂ ਦੀ ਸੰਗਤ ਨੇ ਆ ਕੇ ਮਿਹਰਵਾਨ ਨੂੰ ਪੱਗ ਬੰਨ੍ਹਵਾਈ। ਫਿਰ ਸ਼ੋਕ ਮਿਟ ਗਿਆ, ਜਦ ਦਾਸਾਂ ਪ੍ਰਿਥੀਏ ਦੀ ਆਖਰੀ ਖਾਹਿਸ਼ ਸੁਣਾਈ॥ ੪੨ ॥

'ਸ੍ਰੀ ਅਰਜਨ ਤੇ ਬੈਰ ਕਰਿ ਲਿਹੁ ਗੁਰੁਤਾ ਗਾਦੀ।
ਚੰਦੂ ਹਤਹਿ ਉਪਾਇ ਤੇ ਤਬਿ ਕੀਜਹਿ ਸ਼ਾਦੀ।
ਮਰਤਿ ਕਹਯੋ ਤੁਮ ਸੋਂ ਪਿਤਾ ਇਹੁ ਸੁਨਹੁ ਸੰਦੇਸਾ'।
ਸੁਨਯੋ ਪੁੱਤ੍ਰ ਅਰੁ ਭਾਰਜਾ ਉਰ ਲਹਤਿ ਕਲੇਸ਼ਾ॥ ੪੩ ॥

"ਸ੍ਰੀ ਅਰਜਨ ਦੇਵ ਨਾਲ ਵੈਰ ਕਰਕੇ ਗੁਰਤਾ-ਗੱਦੀ ਪ੍ਰਾਪਤ ਕਰੋ। ਜਦ ਚੰਦੂ ਉਪਾਅ ਕਰਕੇ ਉਨ੍ਹਾਂ ਨੂੰ ਮਾਰ ਦੇਵੇ ਤਾਂ ਗੁਰਤਾ-ਗੱਦੀ ਪ੍ਰਾਪਤ ਕਰਕੇ ਖੁਸ਼ੀਆਂ ਮਨਾਓ। ਤੁਹਾਡੇ ਪਿਤਾ ਜੀ ਨੇ ਮਰਦੇ ਸਮੇਂ ਇਹ ਕਿਹਾ ਹੈ, ਇਹ ਸੰਦੇਸ਼ਾ ਸੁਣੋ।" ਜਦ ਪੁੱਤਰ ਅਤੇ ਪਤਨੀ ਨੇ ਸੁਣਿਆ ਤਾਂ ਹਿਰਦੇ ਦਾ ਕਲੇਸ਼ ਦੂਰ ਹੋ ਗਿਆ॥ ੪੩ ॥

*ਦੋਹਰਾ-* ਮਿਹਰਵਾਨ ਮਨ ਮਾਨਿ ਕੈ ਮੋਨ ਠਾਨਿ ਰਹਿ ਭੌਨ।
ਕਰਹਿ ਪ੍ਰਤੀਖਨ ਗੁਰ ਬਨੌਂ ਹੁਇ ਹੈ ਕਾਰਨ ਕੌਨ॥ ੪੪ ॥

ਮਿਹਰਵਾਨ ਮਨ ਵਿਚ ਮੰਨ ਕੇ ਮੋਣ ਧਾਰ ਕੇ ਘਰ ਵਿਚ ਬੈਠ ਗਿਆ। ਇਹ ਇੰਤਜ਼ਾਰ ਕਰ ਰਿਹਾ ਸੀ ਕਿ ਮੈਂ ਗੁਰੂ ਬਣਾਂਗਾ, ਫਿਰ ਇਸ ਦਾ ਕੌਣ ਸਬੱਬ ਹੋਵੇ॥ ੪੪ ॥

*ਚੌਥੀ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬ ॥*

## *ਅਧਿਆਇ ਸਤਾਈਵਾਂ*

### *ਚੰਦੂ ਪ੍ਰਸੰਗ*

*ਦੋਹਰਾ-* ਸੰਮਤ ਸੋਰਹ ਸਤ ਹੁਤੇ ਊਪਰ ਪੰਚ ਮਿਲਾਇ।
ਸਪਤਮ ਹੁਤੀ ਅਸੌਜ ਕੀ ਪ੍ਰਿਥੀਆ ਤਬਿ ਜਨਮਾਇ॥ ੧ ॥

ਸੰਮਤ ੧੬੦੫ ਅਤੇ ਅੱਸੂ ਦੀ ਸਤਵੀਂ ਵਾਲੇ ਦਿਨ ਪ੍ਰਿਥੀਏ ਨੇ ਜਨਮ ਲਿਆ ਸੀ॥ ੧ ॥

*ਨਿਸ਼ਾਨੀ ਛੰਦ-* ਸੋਰਹ ਸਤ ਤ੍ਰੇਹਠ ਬਿਖੈ ਮਾਧਵ ਕੋ ਮਾਸਾ।
ਮ੍ਰਿਤਕ ਭਯੋ ਸੋ ਜਾਨੀਅਹਿ ਨਹਿੰ ਪੂਰਵੀ ਆਸਾ।
ਬੁਰਾ ਸੁ ਚਿਤਵਤਿ ਗੁਰੂ ਕੋ ਸਭਿ ਬੈਸ ਬਿਤਾਈ।
ਜਿਮ ਤਸਕਰ ਸਸਿ ਕੋ ਕਹੈ 'ਜਰ ਕਯੋਂ ਨਹਿੰ ਜਾਈ' ॥ ੨ ॥

ਸੰਮਤ ੧੬੬੩ ਵਿਸਾਖ ਦੇ ਮਹੀਨੇ ਮ੍ਰਿਤੂ ਹੋ ਗਈ, ਇਸ ਤਰ੍ਹਾਂ ਜਾਣੋ ਕਿ ਉਸ ਦੀ ਆਸ ਪੂਰੀ ਨਾ ਹੋਈ। ਗੁਰੂ ਅਰਜਨ ਦੇਵ ਜੀ ਦਾ ਬੁਰਾ ਚਿਤਵਦਿਆਂ ਹੀ ਉਸ ਨੇ ਸਾਰੀ ਉਮਰ ਬਤੀਤ ਕੀਤੀ, ਜਿਵੇਂ ਚੋਰ ਚੰਦ ਨੂੰ ਕਹੇ ਕਿ ਤੂੰ ਸੜ ਕਿਉਂ ਨਹੀਂ ਜਾਂਦਾ, ਤੇਰੀ ਰੋਸ਼ਨੀ ਕਰਕੇ ਮੈਂ ਚੋਰੀ ਨਹੀਂ ਕਰ ਸਕਦਾ॥ ੨॥

ਜਿਮ ਉਲੂਕ ਕਹਿ ਸੂਰ ਕੋ ਕਿਮ ਉਦਯਤਿ ਨੀਤਾ।
ਕਰੋਂ ਨ ਹਿਮਾਲੇ ਮਹਿਂ ਗਰਹਿ ਦੁਖ ਦੇ ਹਮ ਚੀਤਾ।
ਜਥਾ ਜਵਾਸੋ ਪਾਵਸੈ ਦੇ ਦੋਸ਼ ਬਡੇਰੇ।
ਬਿਨਾ ਚਾਹ ਕਰੋਂ ਬਰਸਤੋ ਹਮ ਹਰਿਤ ਘਨੇਰੇ॥ ੩॥

ਜਿਵੇਂ ਉੱਲੂ ਸੂਰਜ ਨੂੰ ਕਹੇ ਕਿ ਕਿਉਂ ਰੋਜ਼ ਚੜ੍ਹਦਾ ਹੈਂ, ਕਿਉਂ ਨਹੀ ਹਿਮਾਲਾ ਵਿਚ ਜਾ ਕੇ ਗਲ ਜਾਂਦਾ, ਸਾਰੇ ਹਿਰਦੇ ਨੂੰ ਸਦਾ ਦੁਖ ਦਿੰਦਾ ਹੈਂ। ਜਿਵੇਂ ਜਵਾਹਾਂ ਦਾ ਬੂਟਾ ਬਰਖਾ ਰੁੱਤ ਨੂੰ ਦੋਸ਼ ਦਿੰਦਾ ਹੈ ਕਿ ਕਿਉਂ ਬਿਨਾਂ ਚਾਹਤ ਤੋਂ ਵਰਸਦੇ ਹੋ, ਅਸੀਂ ਤਾਂ ਪਹਿਲਾਂ ਹੀ ਬਹੁਤ ਹਰੇ ਭਰੇ ਹਾਂ॥ ੩॥

ਬਾਟਪਾਰ ਜਿਮ ਪਾਤਕੀ ਨਿਜ ਘਾਤ ਤਕਾਵੈ।
ਧਰਮਾਤਮ ਮਹਿਪਾਲ ਕੋ ਗਨ ਦੋਸ਼ ਬਤਾਵੈ।
ਜਾਰ ਜਥਾ ਕੁਟਵਾਰ ਕੋ ਨਿਤ ਚਹਤਿ ਬਿਨਾਸਾ।
ਬਕ ਮਰਾਲ ਕੋ ਪਦ ਚਿਤਹਿ, ਕਿਮ ਪੁਰਵਹਿ ਆਸਾ॥ ੪॥

ਜਿਵੇਂ ਡਾਕੂ ਅਤੇ ਪਾਪੀ ਧਾੜਵੀ, ਸਦਾ ਦਾਅ ਵਿਚ ਹੀ ਰਹਿੰਦੇ ਹਨ ਤੇ ਧਰਮੀ ਰਾਜੇ ਦੇ ਸਿਰ ਤੇ ਦੋਸ਼ ਮੜ੍ਹਦੇ ਹਨ, ਜਿਵੇਂ ਵਿਸ਼ਈ ਸਦਾ ਕੋਤਵਾਲ ਦਾ ਨਾਸ਼ ਚਾਹੁੰਦਾ ਹੈ। ਜਿਵੇਂ ਬਗਲਾ ਹੰਸ ਦੀ ਪਦਵੀ ਪਾਉਣਾ ਚਾਹੁੰਦਾ ਹੋਵੇ ਤੇ ਚਿੱਤ ਵਿਚ ਸਦਾ ਇਸ ਦੀ ਆਸ ਲਾ ਕੇ ਬੈਠਾ ਰਹਿੰਦਾ ਹੋਵੇ॥ ੪॥

ਜਿਮਿ ਬਿਰਹਨਿ ਕੋ ਚਾਂਦਨੀ ਦੀਰਘ ਦੁਖਦਾਈ।
ਤਥਾ ਅਨੁਜ ਕੀ ਕੀਰਤੀ ਕਬਹੁੰ ਨ ਮਨ ਭਾਈ।
ਜਿਮਿ ਜੰਬੁਕ ਬਨਪਤਿ ਬਨਨਿ ਨਿਤ ਜਤਨ ਕਰੰਤਾ।
ਕੇਹਰਿ ਕੋ ਕਾਢਨਿ ਚਹੈ ਕਿਮਿ ਇੱਛ ਪੁਰੰਤਾ॥ ੫॥

ਜਿਵੇਂ ਪਤੀ ਨਾਲੋਂ ਵਿਛੜੀਆਂ ਹੋਈਆਂ ਇਸਤਰੀਆਂ ਨੂੰ ਚਾਂਦਨੀ ਬੜੀ ਦੁਖਦਾਈ ਲਗਦੀ ਹੈ, ਉਸ ਤਰ੍ਹਾਂ ਹੀ ਪ੍ਰਿਥੀਏ ਨੂੰ ਆਪਣੇ ਭਰਾ ਦੀ ਕੀਰਤੀ ਕਦੀ ਵੀ ਚੰਗੀ ਨਾ ਲੱਗੀ। ਜਿਵੇਂ ਗਿੱਦੜ ਸਦਾ ਸ਼ੇਰ ਬਣਨ ਦਾ ਯਤਨ ਕਰਦਾ ਹੈ, ਸ਼ੇਰ ਨੂੰ ਕੱਢਣਾ ਚਾਹੁੰਦਾ ਹੈ ਪਰ ਕਿਵੇਂ ਉਸ ਦੀ ਇੱਛਾ ਪੂਰੀ ਹੋ ਸਕਦੀ ਹੈ ?॥ ੫॥

ਗਾਦੀ ਸੀਤਾ ਲੈਨਿ ਕੋ ਰਾਵਨਿ ਸਮ ਹੋਵਾ।
ਅਭਿਲਾਖਤਿ ਹੀ ਪਚ ਗਯੋ ਨਹਿਂ ਸੋ ਸੁਖ ਜੋਵਾ।
ਕੰਸ ਕ੍ਰਿਸ਼ਨ ਕੇ ਹਤਨਿ ਹਿਤ ਛਲ ਰਚੇ ਘਨੇਰੇ।
ਮਾਰਤ ਆਪਹਿ ਮਰਿ ਗਯੋ, ਤਿਮ ਪ੍ਰਿਥੀਆ ਹੇਰੇ॥ ੬॥

ਜਿਵੇਂ ਗੁਰ-ਗੱਦੀ ਰੂਪੀ ਸੀਤਾ ਨੂੰ ਪ੍ਰਾਪਤ ਕਰਨ ਲਈ ਰਾਵਣ ਰੂਪ ਹੋਇਆ ਹੈ। ਅਭਿਲਾਸ਼ਾ ਕਰਦਿਆਂ ਹੀ ਮਰ

Sri Satguru Jagjit Singh Ji eLlibrary NamdhariElibrary@gmail.com

ਗਿਆ, ਕਦੇ ਵੀ ਸੁਖ ਪ੍ਰਾਪਤ ਨਾ ਕੀਤਾ। ਕੰਸ ਨੇ ਕ੍ਰਿਸ਼ਨ ਨੂੰ ਮਾਰਨ ਦੇ ਬਹੁਤ ਯਤਨ ਕੀਤੇ ਸਨ। ਮਾਰਦਾ-ਮਾਰਦਾ ਆਪੇ ਮਰ ਗਿਆ, ਇਸ ਤਰ੍ਹਾਂ ਪ੍ਰਿਥੀਆ ਵੇਖਦਾ ਸੀ॥ ੬॥

ਸਸਾ ਕਹੈ ਮੈਂ ਸ਼ੇਰ ਹੌਂ ਗਰਬਤਿ ਬਿਚ ਭਾਈ।
ਜਬਿ ਆਵੈ ਗਜ ਸਮੁਖ ਤਿਸਿ ਤਬਿ ਕੌਨ ਹਟਾਈ।
ਗੁਰੂ ਬਨਜੋ ਮੈਂ ਨਿਤ ਕਹੈ ਜਬਿ ਜਮ ਦੇ ਪੀਰਾ।
ਸਿੱਖਨਿ ਗਨ ਅਰੁ ਆਪਿ ਕੋ ਧਾਰਹਿ ਕੋ ਧੀਰਾ॥ ੭॥

ਜਿਵੇਂ ਖ਼ਰਗੋਸ਼ ਕਹੇ ਕਿ ਮੈਂ ਸ਼ੇਰ ਹਾਂ ਤੇ ਆਪਣੇ ਭਰਾਵਾਂ ਵਿਚ ਬੜਾ ਹੰਕਾਰ ਕਰੇ, ਪਰ ਜਦ ਹਾਥੀ ਉਸ ਦੇ ਸਾਹਮਣੇ ਆ ਜਾਵੇਗਾ ਤਾਂ ਉਸ ਨੂੰ ਹਾਥੀ ਪਾਸੋਂ ਕੌਣ ਬਚਾਵੇਗਾ ? ਨਿਤ ਕਹਿੰਦਾ ਸੀ ਮੈਂ ਗੁਰੂ ਬਣਿਆ ਹਾਂ ਪਰ ਜਦ ਜਮਾਂ ਨੇ ਆ ਪੀੜਤ ਕੀੜਾ ਤਾਂ ਉਸਦੇ ਸਿੱਖ ਸਮੂਹ ਤੇ ਆਪ ਧੀਰਜ ਨਹੀ ਸੀ ਧਾਰਦਾ॥ ੭॥

ਮਿਹਰਵਾਨ ਪ੍ਰਸਥਾਨ ਕੋ ਚਾਹੈ ਬਹੁਤੇਰਾ।
ਜਨਨੀ ਜਾਨਿ ਨ ਦੇਤਿ ਹੈ ਕਰਿ ਨੇਹੁੰ ਘਨੇਰਾ।
'ਹੇ ਸੁਤ ਤੂੰ ਅਬਿ ਆਸਰਾ ਸਿਖ ਸਗਤਿ ਕੇਰਾ।
ਮੈਂ ਅਨੰਦ ਤੇ ਰਹਤਿ ਹੌਂ ਪਿਖਿ ਕਰਿ ਮੁਖ ਤੇਰਾ॥ ੮॥

ਮਿਹਰਵਾਨ ਚੰਦੂ ਪਾਸ ਜਾਣਾ ਚਾਹੁੰਦਾ ਸੀ, ਪਰ ਉਸ ਦੀ ਮਾਤਾ ਕਰਮੋਂ ਬੜਾ ਸਨੇਹ ਕਰਨ ਕਰਕੇ ਜਾਣ ਨਹੀਂ ਸੀ ਦਿੰਦੀ, ਉਹ ਕਹਿੰਦੀ ਸੀ, "ਹੇ ਪੁੱਤਰ! ਹੁਣ ਤੂੰ ਸਿੱਖ ਸੰਗਤ ਦਾ ਆਸਰਾ ਹੈਂ, ਮੈਂ ਤੇਰਾ ਮੁਖੜਾ ਵੇਖ ਕੇ ਅਨੰਦ ਨਾਲ ਰਹਿ ਰਹੀ ਹਾਂ॥ ੮॥

ਤੋਹਿ ਪਿਤਾਮਾ ਜਗ ਗੁਰੂ ਅਜ਼ਮਤਿ ਧਰਿ ਭਾਰੀ।
ਨਰ ਨਿਹਾਲ ਕਰਿ ਸੈਂਕਰੇ ਦੁਰਮਤਿ ਉਰਟਾਰੀ।
ਬਖਸ਼ਤਿ ਨਵਨਿਧ ਸਿੱਧਿ ਕੋ ਪਿਖਿ ਕੈ ਨਿਜ ਸੇਵਾ।
ਪੂਜਨੀਯ ਸਭਿ ਕੇ ਭਏ ਜਗ ਸ੍ਰੀ ਗੁਰੁ ਦੇਵਾ॥ ੯॥

ਤੇਰੇ ਬਾਬਾ ਜੀ ਸ੍ਰੀ ਗੁਰੂ ਰਾਮਦਾਸ ਜੀ ਜਿਹੜੇ ਜਗਤ ਗੁਰੂ ਸਨ, ਉਨ੍ਹਾਂ ਨੇ ਬੜਾ ਭਾਰੀ ਪ੍ਰਤਾਪ ਧਾਰਨ ਕੀਤਾ ਹੋਇਆ ਸੀ, ਉਹ ਸਾਰਿਆਂ ਲਈ ਪੂਜਨੀਕ ਸਨ ਅਤੇ ਜਗਤ ਗੁਰੂ ਦੇਵ ਹੋਏ॥ ੯॥

ਤੋਹਿ ਪਿਤਾ ਸੇਵੇ ਨਹੀਂ ਹੋਇ ਨ ਅਨੁਸਾਰੀ।
ਸਮਤਾ ਕੋ ਕਰਤੋ ਰਹਜੋ, ਕਟੁ ਗਿਰਾ ਉਚਾਰੀ।
ਕਹਜੋ ਨ ਮਾਨਹਿਂ ਕੁਛ ਕਬਹਿ ਜਾਨਹਿ ਪਿਤ ਮੇਰਾ।
ਪ੍ਰਭੂ ਨ ਜਾਨਜੋ ਅਦਬ ਕਰਿ, ਲਰਤੋ ਬਹੁ ਬੇਰਾ॥ ੧੦॥

ਤੇਰੇ ਪਿਤਾ ਜੀ ਨੇ ਉਨ੍ਹਾਂ ਦੀ ਸੇਵਾ ਨਹੀਂ ਸੀ ਕੀਤੀ ਤੇ ਨਾ ਹੀ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦੇ ਸੀ। ਹਮੇਸ਼ਾ ਬਰਾਬਰੀ ਕਰਦੇ ਰਹੇ ਤੇ ਕਠੋਰ ਬਚਨ ਬੋਲਦੇ ਸੀ। ਕਦੀ ਵੀ ਕਿਹਾ ਨਹੀਂ ਮੰਨਦੇ ਸਨ ਤੇ ਇਹ ਜਾਣਦੇ ਨਹੀਂ ਸਨ ਕਿ ਇਹ ਮੇਰਾ ਪਿਤਾ ਹੈ। ਉਨ੍ਹਾਂ ਸਤਿਕਾਰ ਸਹਿਤ ਪ੍ਰਭੂ ਨਾ ਜਾਣਿਆ ਤੇ ਬਹੁਤ ਵਾਰ ਲੜਦੇ ਰਹੇ॥ ੧੦॥

ਸਾਸੁ ਰਹੀ ਸਮੁਝਾਵਤੀ ਜੇ ਚਹਿੰ ਗੁਰੁ ਗਾਦੀ।
ਸਮਤਾ ਕਰਹੁ ਨ ਪਿਤਾ ਕੀ ਨਹਿੰ ਹੂਜਹਿ ਬਾਦੀ।
ਨਾਂਹਿ ਤ ਲੈਹੈ ਦਾਸ ਕੋ ਛੂਛੇ ਰਹਿ ਜਾਵੋ।
ਸੇਵਾ ਕੇ ਬਸਿ ਹੋਤਿ ਹੈਂ, ਤੁਮ ਸੇਵ ਕਮਾਵੋ'॥ ੧੧॥

ਮੇਰੀ ਸੱਸ ਸਮਝਾਉਂਦੀ ਰਹੀ ਕਿ ਜੇ ਗੁਰ-ਗੱਦੀ ਚਾਹੁੰਦਾ ਹੈਂ ਤਾਂ ਪਿਤਾ ਜੀ ਦੀ ਬਰਾਬਰੀ ਨਾ ਕਰੋ ਤੇ ਨਾ ਹੀ ਏਨਾ ਭੈੜਾ ਸੁਭਾਉ ਬਣਾਓ। ਨਹੀਂ ਤਾਂ ਗੁਰ-ਗੱਦੀ ਦਾਸ ਲੈ ਜਾਣਗੇ ਤੇ ਤੁਸੀਂ ਖਾਲੀ ਰਹਿ ਜਾਵੋਗੇ। ਸੇਵਾ ਨਾਲ ਹੀ ਪ੍ਰਭੂ ਵੱਸ ਵਿਚ ਹੁੰਦੇ ਹਨ, ਇਸ ਕਰਕੇ ਤੁਸੀਂ ਸੇਵਾ ਕਰੋ'॥ ੧੧॥

ਏਕ ਨ ਮਾਨੀ ਕਿਸੇ ਕੀ ਨਿਜ ਹਿਤ ਨਹਿੰ ਜਾਨਾ।
ਲਖਿ ਬਿਸਾਲ ਬੁਧਿ ਆਪਨੀ ਉਰ ਮੇ ਗਰਬਾਨਾ।
ਅਰਜਨ ਆਇਸੁ ਮਾਨਿ ਕਰਿ ਲਵਪੁਰੀ ਸਿਧਾਵਾ।
ਇਸ ਹੀ ਤੇ ਸੁ ਪ੍ਰਸੰਨ ਹ੍ਵੈ ਤਿਨ ਕੇ ਮਨਿ ਭਾਵਾ॥ ੧੨॥

ਉਨ੍ਹਾਂ ਨੇ ਕਿਸੇ ਦੀ ਗੱਲ ਨਾ ਮੰਨੀ ਤੇ ਆਪਣਾ ਹਿਤ ਵੀ ਨਾ ਜਾਣਿਆ। ਆਪਣੀ ਵਿਸ਼ਾਲ ਬੁਧੀ ਸਮਝ ਕੇ, ਹਿਰਦੇ ਵਿਚ ਹੰਕਾਰ ਨਾਲ ਭਰ ਗਿਆ। ਸ੍ਰੀ ਅਰਜਨ ਆਗਿਆ ਮੰਨ ਕੇ ਲਾਹੌਰ ਚਲੇ ਗਏ, ਇਸ ਗੱਲ ਤੋਂ ਹੀ ਪ੍ਰਸੰਨ ਹੋ ਕੇ ਉਨ੍ਹਾਂ ਦੇ ਮਨ ਨੂੰ ਚੰਗਾ ਲੱਗਣ ਲੱਗ ਗਿਆ॥ ੧੨॥

ਗੁਰਤਾ ਗਾਦੀ ਪਰ ਥਿਰਜੋ ਅਜ਼ਮਤਿ ਕੋ ਪਾਏ।
ਦੇਖਿ ਨਿਕਟ ਤੇਰੇ ਹਤਜੋ ਸੁਲਹੀ ਧਸਿ ਜਾਏ।
ਸੁਲਬੀ ਗਮਨਜੋ ਪਕਰਨੇ ਮਗ ਬਿਖੇ ਸੰਘਾਰਾ।
ਤੋਹਿ ਪਿਤਾ ਅਸਿ ਗਤਿ ਭਈ ਕੁਛ ਚਲਜੋ ਨ ਚਾਰਾ॥੧੩॥

ਉਹ ਗੁਰਤਾ-ਗੱਦੀ ਤੇ ਬੈਠੇ ਹਨ, ਤੇ ਕਈ ਪ੍ਰਕਾਰ ਦੀਆਂ ਉਨ੍ਹਾਂ ਕਰਾਮਾਤਾਂ ਵੀ ਪਾਈਆਂ ਹਨ, ਤੇਰੇ ਪਾਸ ਹੀ ਦੇਖੋ ਸੁਲਹੀ ਨੂੰ ਭੱਠੇ ਵਿਚ ਧਸਾ ਕੇ ਹੀ ਮਾਰ ਦਿੱਤਾ। ਫਿਰ ਸੁਲਬੀ ਫੜਨ ਵਾਸਤੇ ਗਿਆ ਤਾਂ ਰਾਹ ਵਿਚ ਹੀ ਮਾਰਿਆ ਗਿਆ। ਤੇਰੇ ਪਿਤਾ ਜੀ ਦੀ ਵੀ ਓਹੀ ਹਾਲਤ ਹੋਈ, ਕੋਈ ਚਾਰਾ ਚਲਿਆ ਨਹੀਂ ਹੈ॥ ੧੩॥

ਘਰ ਅਪਨੇ ਗੁਜ਼ਰਾਨ ਬਹੁ ਸਿਖ ਸੇਵਕ ਆਵੈਂ।
ਬੈਠੇ ਕਰੋ ਅਨੰਦ ਕੋ ਸੁਖ ਲਿਹੁ ਮਨ ਭਾਵੈ।
ਕਰਾਮਾਤ ਕੋ ਜੋਰ ਤਿਹ ਨਰ ਕਿਤੇ ਸੰਘਾਰੇ।
ਨਹਿੰ ਗਮਨੋ ਕਰਿ ਬੈਰ ਕੋ ਜੀਵਨਿ ਚਿਤ ਧਾਰੇ॥ ੧੪॥

ਸਾਡਾ ਗੁਜ਼ਾਰਾ ਚੰਗਾ ਚਲ ਰਿਹਾ ਹੈ, ਬਹੁਤ ਸਿੱਖ ਆਉਂਦੇ ਹਨ, ਬੈਠ ਕੇ ਅਨੰਦ ਲਵੋ ਤੇ ਮਨ-ਭਾਉਂਦੇ ਸੁੱਖ ਪ੍ਰਾਪਤ ਕਰੋ। ਉਨ੍ਹਾਂ ਕਰਾਮਾਤ ਦੇ ਹੀ ਜ਼ੋਰ ਨਾਲ ਕਿੰਨੇ ਮਨੁੱਖਾਂ ਦਾ ਨਾਸ਼ ਕੀਤਾ ਹੈ। ਵੈਰ ਕਮਾਉਣ ਵਾਸਤੇ ਨਾ ਜਾਵੋ ਤੇ ਜੀਵਨ ਨੂੰ ਚਿੱਤ ਵਿਚ ਧਾਰਨ ਕਰੋ॥ ੧੪॥

ਜਿਨ ਮਾਰਯੋ ਨਿਜ ਭ੍ਰਾਤ ਕੋ ਲਿਖਿ ਸ਼ੱਤ੍ਰ ਸਮਾਨਾ।
ਕਹਾਂ ਭਤੀਜੇ ਸੋਂ ਕਰਹਿ ਉਰ ਪਜਾਰ ਮਹਾਨਾ।
ਬਹੁ ਫਲ ਪਾਯਹੁ ਬੈਰ ਤੇ ਅਬਿ ਟਿਕੋ ਅਵਾਸਾ।
ਪ੍ਰਥਮੈਂ ਕਾਢੇ ਨਗਰ ਤੇ ਤੁਹਮਤ ਦੇ ਤ੍ਰਾਸਾ' ॥ ੧੫ ॥

ਜਿਸ ਨੇ ਆਪਣੇ ਭਰਾ ਨੂੰ ਹੀ ਵੈਰੀ ਸਮਝ ਕੇ ਮਾਰ ਦਿੱਤਾ ਹੈ, ਉਹ ਭਤੀਜੇ ਨਾਲ ਕਿਥੇ ਮਹਾਨ ਪਿਆਰ ਕਰਦਾ ਹੋਵੇਗਾ ? ਅਸੀਂ ਵੈਰ ਕਮਾ ਕੇ ਬਹੁਤ ਫਲ ਪਾਇਆ ਹੈ, ਹੁਣ ਘਰ ਟਿਕੋ। ਪਹਿਲਾਂ ਸਾਨੂੰ ਨਗਰ ਵਿਚੋਂ ਕੱਢ ਦਿੱਤਾ ਤੇ ਤੁਹਮਤ ਲਾ ਕੇ ਬਹੁਤ ਡਰਾਇਆ ਸੀ' ॥ ੧੫ ॥

ਇੱਤਜਾਦਿਕ ਮਾਤਾ ਕਹਜੋ ਨੀਕੇ ਸਮੁਝਾਵਾ।
ਮਿਹਰਵਾਨ ਡਰਪੰਜੋ ਤਬਹਿ ਘਰ ਬੈਠਿ ਰਹਾਵਾ।
ਨਹੀਂ ਜਾਨਿ ਕੀ ਮਤਿ ਕਰੀ ਕਿਸਹੀ ਇਸਥਾਨੇ।
ਰਹਜੋ ਗ੍ਰਾਮ ਕੋਠੇ ਬਿਖੇ ਤਿਨ ਕੇ ਸਿਖ ਮਾਨੇ॥ ੧੬ ॥

ਇਤਿਆਦਿ ਮਾਤਾ ਨੇ ਕਹਿ ਕੇ ਪੁੱਤਰ ਨੂੰ ਚੰਗੀ ਤਰ੍ਹਾਂ ਸਮਝਾਇਆ, ਮਿਹਰਵਾਨ ਡਰ ਗਿਆ ਤੇ ਘਰ ਹੀ ਰਹਿਣ ਲੱਗ ਪਿਆ। ਕਿਸੇ ਥਾਂ ਵੀ ਜਾਣ ਦਾ ਖਿਆਲ ਛੱਡ ਦਿੱਤਾ। ਕੋਠੇ ਪਿੰਡ ਵਿਚ ਹੀ ਰਿਹਾ, ਉਥੇ ਉਨ੍ਹਾਂ ਦੇ ਸਿੱਖ ਉਨ੍ਹਾਂ ਨੂੰ ਮੰਨਦੇ ਸਨ ॥ ੧੬ ॥

ਊਤ ਪਾਪੀ ਚੰਦੂ ਸੁਨਜੋ ਪ੍ਰਿਥੀਏ ਤਨ ਛੋਰਾ।
ਪਰਜੋ ਘਾਵ ਪਰ ਲਵਨ ਜਨੁ ਪ੍ਰਾਪਤਿ ਦੁਖ ਘੋਰਾ।
ਬ੍ਰਿਣ ਪਾਕੇ ਪਰ ਲਗਿ ਗਈ ਜਨੁ ਔਚਕ ਚੋਟਾ।
ਬਾਨ ਲਗਜੋ ਜਨੁ ਕਾਨ ਮਹਿਂ ਬੀਧਜੋ ਮਨ ਖੋਟਾ ॥ ੧੭ ॥

ਓਧਰ ਜਦ ਪਾਪੀ ਚੰਦੂ ਨੂੰ ਪਤਾ ਲੱਗਾ ਕਿ ਪ੍ਰਿਥੀਏ ਨੇ ਸਰੀਰ ਛੱਡ ਦਿੱਤਾ ਹੈ ਤਾਂ ਜਿਵੇਂ ਜ਼ਖਮਾਂ ਉਤੇ ਲੂਣ ਛਿੜਕਿਆ ਹੋਵੇ, ਬੜਾ ਦੁਖ ਪਾਇਆ, ਜਿਵੇਂ ਅਚਾਨਕ ਚੋਟ ਲੱਗਣ ਨਾਲ ਵੱਡਾ ਜ਼ਖਮ ਹੋ ਗਿਆ ਹੋਵੇ, ਜਿਵੇਂ ਤੀਰ ਵੱਜਿਆ ਹੋਵੇ ਤਾਂ ਖੋਟਾ ਮਨ ਵਿੰਨ੍ਹਿਆ ਗਿਆ ਹੋਵੇ ॥ ੧੭ ॥

ਬਾਦੀ ਹੁਤੋ ਸਮਾਨ ਕੋ ਸੋ ਭੀ ਪ੍ਰਭੁ. ਹਾਨਾ।
ਜਤਨ ਨਿਫਲ ਸਭਿ ਹੋਤਿ ਹੈ ਜੇ ਰਚੇ ਮਹਾਨਾ।
ਸੁਲਹੀ, ਸੁਲਬੀ, ਪ੍ਰਿੱਥੀਆ ਤੀਨੋ ਮ੍ਰਿਤੁ ਹੋਇ।
ਅਬਿ ਉਪਾਇ ਮੈਂ ਕਜਾ ਕਰੌਂ ਮਤਿ ਆਇ ਨ ਕੋਇ ॥ ੧੮ ॥

ਜਿਹੜਾ ਬਰਾਬਰ ਦਾ ਝਗੜਾ ਕਰਨ ਵਾਲਾ ਹੈ, ਉਸ ਦਾ ਵੀ ਪ੍ਰਭੂ ਨੇ ਨਾਸ਼ ਕਰ ਦਿੱਤਾ ਹੈ। ਸਾਰੇ ਯਤਨ ਵਿਅਰਥ ਹੋ ਗਏ ਹਨ, ਜਿਹੜੇ ਵੱਡੀ ਪੱਧਰ ਤੇ ਕੀਤੇ ਸਨ। ਸੁਲਹੀ, ਸੁਲਬੀ ਅਤੇ ਪ੍ਰਿਥੀਆ ਤਿੰਨੇ ਹੀ ਮਰ ਗਏ। ਹੁਣ ਮੈਂ ਕੀ ਉਪਾਅ ਕਰਾਂ, ਮੇਰੀ ਸਮਝ ਵਿਚ ਕੁਝ ਨਹੀਂ ਆ ਰਿਹਾ ॥ ੧੮ ॥

ਮਹਿਮਾ ਮਾਨਿ ਨ ਪਰਹਿ ਪਗ ਜਿਹ ਬਡੇ ਕੁਭਾਗਾ।
'ਪਾਤਿਸ਼ਾਹ ਕੇ ਪਾਸ ਮਹਿਂ ਚਾਰੀ ਅਨੁਰਾਗਾ।

ਨਹਿੰ ਭੋਜਨ ਬਹੁ ਅਚਤਿ ਹੈ ਸੋਚਤਿ ਚਿਤ ਮਾਂਹੀ।'
ਨਿਸਾ ਬਿਖੈ ਨਹਿੰ ਨੀਂਦ ਸੁਖ ਛਾਤੀ ਰਿਸ ਦਾਹੀ॥ ੧੯॥

ਗੁਰੂ ਜੀ ਦੀ ਮਹਿਮਾ ਮੰਨ ਕੇ ਉਨ੍ਹਾਂ ਦੇ ਪੈਰੀਂ ਨਹੀਂ ਸੀ ਪੈਂਦਾ, ਏਨਾ ਭੈੜੇ ਭਾਗਾਂ ਵਾਲਾ ਹੈ। "ਬਾਦਸ਼ਾਹ ਦੇ ਪਾਸ ਮੈਂ ਚੁਗਲੀ ਕੀਤੀ ਸੀ, ਜਿਹੜੀ ਉਸ ਬੜੇ ਪਿਆਰ ਨਾਲ ਸੁਣੀ ਸੀ।" ਨਾ ਜ਼ਿਆਦਾ ਭੋਜਨ ਕਰਦਾ ਸੀ, ਸਦਾ ਹੀ ਚਿੱਤ ਵਿਚ ਸੋਚਦਾ ਰਹਿੰਦਾ ਸੀ। ਰਾਤ ਸਮੇਂ ਨੀਂਦ ਵੀ ਸੁਖ ਦੀ ਨਹੀਂ ਸੀ ਆਉਂਦੀ, ਕ੍ਰੋਧ ਨਾਲ ਛਾਤੀ ਸੜਦੀ ਰਹਿੰਦੀ ਸੀ॥ ੧੯॥

ਨਿਕਟ ਨ ਬੋਲਨਿ ਦੇਤਿ ਹੈ ਝਿਰਕਹਿ ਬਹੁ ਦਾਸਾ।
ਨਹਿੰ ਸੁਖਾਇ ਕਿਸ ਕੋ ਕਹਜੋ ਰਹਿ ਮੋਨ ਅਵਾਸਾ।
ਚਿਤਵਤਿ ਚਿੰਤਾ ਚਿਤ ਬਿਖੈ ਬਹੁ ਜਤਨ ਬਨਾਵੈ।
ਇਕ ਗਿਨਤੀ ਉਰ ਚਢਤਿ ਹੈ ਇਕ ਕਰਿ ਉਤਰਾਵੈ॥੨੦॥

ਆਪਣੇ ਪਾਸ ਕਿਸੇ ਨੂੰ ਬੋਲਣ ਨਹੀਂ ਦਿੰਦਾ ਤੇ ਸੇਵਕਾਂ ਨੂੰ ਬਹੁਤ ਝਿੜਕਦਾ ਸੀ, ਕਿਸੇ ਨਾਲ ਬੋਲਣਾ ਵੀ ਚੰਗਾ ਨਹੀਂ ਸੀ ਲੱਗਦਾ, ਸਦਾ ਘਰ ਵਿਚ ਬੈਠਾ ਮੋਨ ਧਾਰਨ ਕਰ ਰੱਖਦਾ ਸੀ। ਹਰ ਵੇਲੇ ਚਿੱਤ ਵਿਚ ਚਿੰਤਾ ਹੀ ਚਿਤਵਦਾ ਰਹਿੰਦਾ ਸੀ ਅਤੇ ਕਈ ਜਤਨ ਬਣਾਉਂਦਾ ਸੀ। ਇਕ ਗਿਣਤੀ ਹਿਰਦੇ ਵਿਚ ਉਠਦੀ ਸੀ ਤੇ ਇਕ ਉੱਤਰ ਜਾਂਦੀ ਸੀ॥ ੨੦॥

ਸ਼ਾਹੁ ਸੁਨਹਿ ਸਭਿ ਬਾਤ ਕੋ ਨਿਸ਼ਚੈ ਨ ਕਰੰਤਾ।
ਰਿਦੇ ਅਦਾਇਬ ਰਾਖਿ ਕਰਿ ਸੰਸੈ ਉਪਜੰਤਾ।
ਹੁਕਮ ਨਹੀਂ ਕੁਛ ਦੇਤਿ ਹੈ, ਗਹਿ ਲਿਹੁ ਕਿ ਹਕਾਰੋ।
ਕਈ ਬੇਰ ਕੀਨੇ ਜਤਨ ਇਤ ਉਤ ਹੁਇ ਟਾਰੋ॥ ੨੧॥

ਬਾਦਸ਼ਾਹ ਸਾਰੀ ਗੱਲ ਨੂੰ ਸੁਣ ਲਵੇਗਾ ਉਸ ਨੂੰ ਨਿਸ਼ਚਾ ਨਹੀਂ ਸੀ ਹੁੰਦਾ, ਬਾਦਸ਼ਾਹ ਦੇ ਹਿਰਦੇ ਵਿਚ ਗੁਰੂ ਜੀ ਵਾਸਤੇ ਸਨਮਾਨ ਵੇਖਕੇ ਬੜੇ ਸੰਸੇ ਪੈਦਾ ਹੁੰਦੇ ਸਨ। ਫੜ ਲੈਣ ਜਾਂ ਬੁਲਾ ਲੈਣ ਦਾ ਕੋਈ ਹੁਕਮ ਨਹੀਂ ਦਿੱਤਾ। ਕਈ ਵਾਰ ਜਤਨ ਕੀਤੇ ਹਨ ਪਰ ਬਾਦਸ਼ਾਹ ਨੇ ਏਧਰ ਓਧਰ ਹੋ ਕੇ ਟਾਲ ਦਿੱਤੇ ਹਨ॥ ੨੧॥

ਇੱਤਯਾਦਿਕ ਪਾਪਾਤਮਾ ਗਿਨਤੀ ਉਰ ਲਜਾਵੈ।
ਸ੍ਵਾਸ ਉਸਾਰ ਬਿਸੂਰਤੋ ਕਬਹੁੰ ਨ ਬਿਸਰਾਵੈ।
ਖਰ ਸਰ ਸ਼ਮਸਰ ਕਰਕ ਉਰ ਗਡਿ ਗਯੋ ਸੁ ਗਾਢੋ।
ਚਿੰਤਾ ਸਲਿਤਾ ਮਹਿੰ ਬਹਤਿ ਦੁਖ ਜਲ ਬਹੁ ਬਾਢੋ॥੨੨॥

ਇਤਿਆਦਿ ਪਾਪੀ ਆਤਮਾ ਹਿਰਦੇ ਵਿਚ ਗਿਣਤੀਆਂ ਲਿਆਉਂਦੀ ਸੀ। ਠੰਡੇ ਸਾਹ ਭਰ ਕੇ ਮਾੜੀ ਕਾਰ ਕਰਨੀ ਕਦੀ ਵੀ ਦਿਲ ਵਿਚੋਂ ਵਿਸਾਰਦਾ ਨਹੀਂ ਸੀ। ਤਿੱਖੇ ਤੀਰਾਂ ਵਾਂਗ ਹਿਰਦੇ ਵਿਚ ਵੈਰ ਗੱਡਿਆ ਹੋਇਆ ਸੀ। ਚਿੰਤਾ ਦੀ ਨਦੀ ਵਿਚ ਵਹਿ ਰਿਹਾ ਸੀ ਤੇ ਦੁਖ ਰੂਪੀ ਜਲ ਬਹੁਤ ਵੱਧ ਗਿਆ ਸੀ॥ ੨੨॥

ਇਕ ਦਿਨ ਗਮਨਜੋ ਸ਼ਾਹੁ ਢਿਗ ਬਹੁ ਬਾਤ ਸੁਨਾਈ।
ਪ੍ਰਥਮ ਭਏ ਪਤਿਸ਼ਾਹੁ ਜੋ ਤਿਨ ਕੀ ਬਡਿਆਈ।
ਨਿਜ ਦਿਸਿ ਜਾਨਜੋ ਰੁਖ ਅਧਿਕ ਬੋਲਜੋ ਕਰ ਜੋਰੇ।
'ਹਜ਼ਰਤ ਜੀ! ਪ੍ਰਿਥੀਆ ਗੁਰੂ ਤਨ ਪ੍ਰਾਨ ਬਿਛੋਰੇ॥ ੨੩॥

ਇਕ ਦਿਨ ਬਾਦਸ਼ਾਹ ਪਾਸ ਗਿਆ ਤੇ ਉਸ ਨੂੰ ਬਹੁਤ ਗੱਲਾਂ ਸੁਣਾਈਆਂ ਜਿਹੜੀਆਂ ਪਹਿਲੀਆਂ ਪਾਤਸ਼ਾਹੀਆਂ ਹੋਈਆਂ ਹਨ, ਉਨ੍ਹਾਂ ਦੀ ਬਹੁਤ ਵਡਿਆਈ ਕੀਤੀ। ਆਪਣੇ ਵਲੋਂ ਜਦ ਰੁਖ ਜਾਣਿਆ ਤਾਂ ਬਹੁਤ ਜ਼ੋਰ ਦੇ ਕੇ ਬੋਲਿਆ, "ਹਜ਼ਰਤ ਜੀ ! ਪ੍ਰਿਥੀਆ ਗੁਰੂ ਤਨ ਦੇ ਪ੍ਰਾਣ ਛੱਡ ਗਿਆ ਹੈ॥ ੨੩॥

ਗਾਦੀ ਸ੍ਰੀ ਨਾਨਕ ਹੁਤੀ ਸੁਭ ਰੀਤਿ ਚਲਾਈ।
ਮਤੋ ਸੰਤ ਚਿਤ ਸ਼ਾਂਤਿ ਜੁਤ ਅਤਿ ਮਤਿ ਚਤੁਰਾਈ।
ਸਿੱਖੀ ਦੇਸ਼ ਅਨੇਕ ਕੀ ਪਗ ਪੂਜਨ ਆਵੈ।
ਅਨਿਕ ਅਕੋਰਨਿ ਆਨਿ ਕੈ ਧਨ ਕੋ ਅਰਪਾਵੈਂ॥ ੨੪॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਨੂੰ ਉਸ ਭਲੀ ਰੀਤ ਨਾਲ ਚਲਾਇਆ ਹੈ। ਉਹ ਸੰਤ ਮੱਤ, ਸ਼ਾਂਤ-ਚਿੱਤ ਅਤੇ ਬੜੇ ਚਤੁਰ ਸਨ। ਅਨੇਕ ਦੇਸ਼ਾਂ ਵਿਚ ਸਿੱਖੀ ਨੂੰ ਫੈਲਾਇਆ। ਸਾਰੇ ਹੀ ਉਨ੍ਹਾਂ ਦੇ ਚਰਨਾਂ ਦੀ ਪੂਜਾ ਕਰਦੇ ਸਨ, ਅਨੇਕਾਂ ਪ੍ਰਕਾਰ ਦੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ॥ ੨੪॥

ਅਨੁਜ ਨਾਮ ਅਰਜਨ ਅਹੈ ਮਨ ਮਹਿਦ ਹੰਕਾਰੀ।
ਆਂਖ ਤਰੇ ਆਨਹਿ ਨਹੀਂ ਗੁਨ ਏਕ ਨ ਧਾਰੀ।
ਆਯੋ ਨਿਕਟ ਨ ਆਪਿ ਕੇ ਨਿਜ ਲਖਹਿ ਬਿਸਾਲਾ।
ਪ੍ਰਿਥੀਆ ਆਯੋ ਕਈ ਬੇਰਿ ਇਹ ਸ਼ੀਲ ਰਸਾਲਾ॥ ੨੫॥

ਉਨ੍ਹਾਂ ਦਾ ਛੋਟਾ ਭਰਾ ਜਿਸ ਦਾ ਨਾਂ ਸ੍ਰੀ ਅਰਜਨ ਹੈ, ਉਹ ਮਹਾਨ ਹੰਕਾਰੀ ਹਨ, ਕਿਸੇ ਨੂੰ ਵੀ ਅੱਖ ਥੱਲੇ ਨਹੀਂ ਲਿਆਉਂਦੇ ਤੇ ਉਨ੍ਹਾਂ ਵਿਚ ਇਕ ਗੁਣ ਵੀ ਨਹੀਂ ਹੈ। ਆਪ ਜੀ ਦੇ ਪਾਸ ਇਕ ਵਾਰ ਵੀ ਨਹੀਂ ਆਇਆ ਹੈ, ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ, ਪ੍ਰਿਥੀਆ ਕਈ ਵਾਰ ਆਪ ਨੂੰ ਮਿਲਣ ਆਇਆ ਹੈ, ਇਹ ਸ਼ੀਲ-ਸੁਭਾਅ ਵਾਲਾ ਤੇ ਮਿੱਠੇ ਬਚਨ ਬੋਲਣ ਵਾਲਾ ਸੀ॥ ੨੫॥

ਤਿਸ ਕੋ ਸੁਤ ਇਕ ਮੈਂ ਸੁਨਯੋਂ ਪਾਛੈ ਥਿਰ ਗਾਦੀ।
ਕਰਹਿ ਪ੍ਰਤੀਖਨਿ ਆਪ ਤੇ ਬੈਠਨਿ ਹਿਤ ਸ਼ਾਦੀ।
ਸਿਰੋਪਾਉ ਹਜ਼ਰਤ ਕਰੈਂ ਸਿਰ ਪਾਗ ਬੰਧਾਵੈ।
ਜਗਤਿ ਜਿਠਾਈ ਬਿਦਤ ਹੁਇ ਮੰਨਤਾ ਬਹੁ ਪਾਵੈ॥੨੬॥

ਉਸ ਦਾ ਮੈਂ ਇਕ ਪੁੱਤਰ ਸੁਣਿਆ ਹੈ ਜਿਹੜਾ ਪਿਛੋਂ ਗੱਦੀ ਤੇ ਬੈਠਾ ਹੈ, ਉਹ ਗੱਦੀ ਬੈਠਣ ਵਾਸਤੇ ਆਪ ਜੀ ਦੇ ਹੁਕਮ ਦੀ ਪ੍ਰਤੀਖਿਆ ਕਰ ਰਿਹਾ ਹੈ। ਆਪ ਜੀ ਸਿਰੋਪਾ ਬਖਸ਼ੋ ਤਾਂਕਿ ਉਹ ਸਿਰ ਤੇ ਪੱਗ ਬੰਨ੍ਹ ਲਵੇ। ਉਸ ਦਾ ਜਗਤ ਵਿਚ ਵਡੱਪਣ ਪਰਗਟ ਹੋਵੇ ਤੇ ਬਹੁਤ ਮਾਨਤਾ ਪਾਵੇ"॥ ੨੬॥

ਸੁਨਿ ਦਿਵਾਨ ਤੇ ਸ਼ਾਹੁ ਤਬਿ ਕਰਿ ਹੁਕਮ ਦਿਵਾਯੋ।
'ਤੁਮ ਲੇ ਅਪਨੇ ਪਾਸਿ ਅਬਿ ਤਹਿਂ ਦੇਹੁ ਪੁਚਾਯੋ'।
ਲੇਕਰਿ ਨਿਜ ਜਨ ਕੋ ਦਿਯੋ ਕਹਿ ਬਹੁਰ ਪ੍ਰਸੰਗਾ।
'ਦਈ ਜੀਵਕਾ ਪ੍ਰਥਮ ਤੁਮ ਬਹੁ ਆਦਰ ਸੰਗਾ॥ ੨੭॥

ਦੀਵਾਨ ਚੰਦੂ ਪਾਸੋਂ ਸੁਣ ਕੇ ਫਿਰ ਬਾਦਸ਼ਾਹ ਨੇ ਹੁਕਮ ਕਰਕੇ ਸਿਰੋਪਾ ਦਿਵਾਇਆ ਅਤੇ ਕਿਹਾ, "ਤੁਸੀਂ ਹੁਣ ਆਪਣੇ ਪਾਸ ਹੀ ਰੱਖੋ, ਤੇ ਉਸ ਨੂੰ ਪਹੁੰਚਾ ਦੇਵੋ।" "ਚੰਦੂ ਨੇ ਸਿਰੋਪਾ ਲੈ ਕੇ ਆਪਣੇ ਆਦਮੀਆਂ ਨੂੰ ਦੇ ਦਿੱਤਾ ਅਤੇ ਕਿਹਾ, "ਪਹਿਲਾਂ ਵੀ ਤੁਸੀਂ ਉਸ ਨੂੰ ਬੜੇ ਆਦਰ ਨਾਲ ਰੋਜ਼ੀ ਦਿੱਤੀ ਹੈ॥ ੨੭॥

ਕੋਠੇ ਗ੍ਰਾਮ ਸੁ ਧਾਮ ਕਰਿ ਬਸਿ ਬਾਸ ਸਦੀਵਾ।
ਅਨੁਜ ਓਜ ਛਲ ਦਾਵ ਕਰਿ ਪੁਰਿ ਤੇ ਨਿਕਸੀਵਾ।
ਸ੍ਰੀ ਅਰਜਨ ਤਬਿ ਤੇ ਮਹਾਂ ਕਰਿ ਗਰਬ ਅਫਾਰਾ।
ਨਹੀਂ ਸ਼ਾਹੁ ਭੀ ਕੁਛ ਕਹਯੋ ਉਰ ਤੇ ਡਰ ਡਾਰਾ॥ ੨੮॥

ਕੋਠੇ ਪਿੰਡ ਵਿਚ ਆਪਣਾ ਘਰ ਬਣਾ ਕੇ ਰਹਿ ਰਿਹਾ ਹੈ, ਛੋਟੇ ਭਰਾ ਨੇ ਛਲ ਫਰੇਬ ਕਰਕੇ ਆਪਣੇ ਨਗਰ ਵਿਚੋਂ ਕੱਢ ਦਿੱਤਾ ਸੀ। ਸ੍ਰੀ ਅਰਜਨ ਦੇਵ ਉਸ ਸਮੇਂ ਤੋਂ ਹੰਕਾਰ ਨਾਲ ਆਫਰੇ ਰਹਿੰਦੇ ਹਨ। ਬਾਦਸ਼ਾਹ ਨੇ ਵੀ ਉਸ ਨੂੰ ਕੁਝ ਨਹੀ ਕਿਹਾ ਤੇ ਉਸ ਹਿਰਦੇ ਵਿਚ ਕੋਈ ਡਰ ਨਹੀਂ ਪਾਇਆ ਹੈ॥ ੨੮॥

ਪੁਨ ਤਸਕਰ ਢਿਗ ਰਾਖਿ ਕਰਿ ਧਨ ਦੂਰਿ ਕਿ ਨੇਰੇ।
ਨਿਕਸਾਵੈ ਮੰਗਵਾਵਹੀ ਭਾ ਧਨੀ ਬਡੇਰੇ।
ਤਾਲ ਰਚਯੋ ਮੰਦਿਰ ਕਰਯੋ ਬਹੁ ਦਰਬ ਲਗਾਯੋ।
ਲੋਕਨਿ ਕੇ ਬਿਰਮਾਵਨੇ ਇਕ ਬਯੋਂਤ ਬਨਾਯੋ॥ ੨੯॥

ਫਿਰ ਆਪਣੇ ਪਾਸ ਚੋਰ ਰੱਖ ਕੇ ਦੂਰੋਂ ਨੇੜਿਓਂ ਧਨ ਮੰਗਵਾਉਂਦਾ ਹੈ ਤੇ ਇਸ ਤਰ੍ਹਾਂ ਵੱਡਾ ਧਨੀ ਬਣ ਗਿਆ ਹੈ। ਇਕ ਸਰੋਵਰ ਬਣਾਇਆ ਹੈ, ਮੰਦਰ ਬਣਾਇਆਂ ਹੈ ਤੇ ਉਸ ਉਤੇ ਬਹੁਤ ਧਨ ਖਰਚ ਕੀਤਾ ਹੈ। ਲੋਕਾਂ ਨੂੰ ਭਰਮਾਉਣ ਵਾਸਤੇ ਉਸ ਇਹ ਵਿਉਂਤ ਬਣਾਈ ਹੈ॥ ੨੯॥

ਤੁਮ ਭਾਖਯੋ ਨ ਬੁਲਾਵ ਤਿਹ, ਆਪੇ ਚਲਿ ਆਵੈ।
ਅਬਿ ਲੌ ਮਿਲਯੋ ਨ ਆਪ ਕੋ ਕੁਛ ਮਨ ਨਹਿਂ ਲਯਾਵੈ।
ਹਜ਼ਰਤ ਜੀ! ਚਾਹਹੁ ਕਰਹੁ ਤਸਕਰ ਕੇ ਹੇਤਾ।
ਚਹੀਅਹਿ ਕਹਨਿ ਬੁਲਾਇ ਢਿਗ ਆਵੱਸ਼ਯਕ ਏਤਾ"॥੩੦॥

ਤੁਸੀਂ ਕਿਹਾ ਹੈ ਉਸ ਨੂੰ ਨਾ ਬੁਲਾਓ, ਆਪੇ ਚਲ ਕੇ ਆ ਜਾਵੇਗਾ, ਹੁਣ ਤਕ ਉਹ ਤੁਹਾਨੂੰ ਮਿਲਿਆ ਹੀ ਨਹੀਂ, ਆਪ ਨੂੰ ਕੁਝ ਵੀ ਮਨ ਵਿਚ ਲਿਆਉਂਦਾ ਨਹੀਂ ਹੈ। ਹਜ਼ਰਤ ਜੀ! ਚਾਹੋ ਚੋਰਾਂ ਦੇ ਵਾਸਤੇ ਕਰੋ, ਉਸ ਨੂੰ ਇਕ ਵਾਰ ਆਪਣੇ ਪਾਸ ਜ਼ਰੂਰ ਬੁਲਾਉਣਾ ਚਾਹੀਦਾ ਹੈ"॥ ੩੦॥

ਸ਼ਾਹੁ ਕਹਯੋ 'ਨਹਿਂ ਆਇ ਜੇ ਪੁਨ ਲੇਹਿਂ ਬੁਲਾਈ।
ਨਿਸ਼ਚੈ ਕੀਜਹਿ ਸਾਚ ਇਹ ਕੈ ਮਿੱਥਯਾ ਗਾਈ।
ਜਯੋਂ ਕਯੋਂ ਕਰਿ ਨਿਜ ਦੇਸ਼ ਤੇ ਚੋਰੀ ਹਟਵਾਵੋਂ।
ਸਾਬਤ ਕਰਿ ਗਹਿ ਲੀਜਿਯੇ ਨਹਿਂ ਝੂਠ ਲਗਾਵੋ'॥ ੩੧॥

ਬਾਦਸ਼ਾਹ ਨੇ ਕਿਹਾ, "ਜੇ ਨਾ ਆਵੇ ਤਾਂ ਫਿਰ ਬੁਲਾ ਲਵੋ, ਇਹ ਨਿਸ਼ਚੇ ਕਰ ਲਵੋ ਕਿ ਇਹ ਗੱਲ ਤੂੰ ਸੱਚ ਜਾਂ ਝੂਠੀ ਕਹੀ ਹੈ। ਜਿਵੇਂ ਕਿਵੇਂ ਦੇਸ਼ ਵਿਚੋਂ ਚੋਰੀ ਹਟਾਵਾਂਗਾ, ਸਾਬਤ ਕਰਕੇ ਫੜ ਲਵੋ, ਝੂਠੀ ਤੁਹਮਤ ਨਾ ਲਾਵੋ"॥ ੩੧॥

ਦੋਹਰਾ-ਚੰਦੂ ਅਨੰਦ ਬਿਲੰਦ ਰਿਦ ਲਖਿ ਨਿਜ ਰੁਖ ਕੀ ਬਾਤਿ।
ਬਾਤਿ ਬ੍ਰਿੱਛ ਕੋ ਹਤਹਿ ਜਿਮ, ਘਾਤਿ ਦੇਖਿ ਕਰਿ ਘਾਤਿ ॥੩੨॥

ਚੰਦੂ ਨੇ ਜਦ ਆਪਣੇ ਰੁਖ ਦੀ ਗੱਲ ਸਮਝੀ ਤਾਂ ਬਹੁਤ ਪ੍ਰਸੰਨ ਹੋਇਆ। ਜਿਵੇਂ ਤੇਜ਼ ਹਵਾ ਬ੍ਰਿਛ ਨੂੰ ਪੁੱਟ ਦਿੰਦੀ ਹੈ, ਦਾਅ ਵੇਖ ਕੇ ਸੱਟ ਮਾਰਨੀ ਠੀਕ ਹੈ॥ ੩੨॥

*ਚੌਥੀ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥ ੨੭॥*

## *ਅਧਿਆਇ ਅਠਾਈਵਾਂ*

### *ਬਾਬਾ ਸ੍ਰੀ ਚੰਦ ਜੀ ਨੇ ਭੇਟ ਮੰਗੀ*

ਦੋਹਰਾ-ਸ੍ਰੀ ਗੁਰੂ ਅਰਜਨ ਸੁਧਾਸਰ ਕਰਹਿਂ ਨਰਨਿ ਕੱਲਜਾਨੁ।
ਕੀਰਤਿ ਘਰ ਘਰ ਚੰਦ੍ਰਿਕਾ ਉੱਜਲ ਦਿਪਤਿ ਮਹਾਨ ॥੧॥

ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਵਿਚ ਬੈਠੇ ਮਨੁੱਖਾਂ ਦਾ ਕਲਿਆਣ ਕਰ ਰਹੇ ਸਨ। ਚੰਦਰਮਾਂ ਵਰਗੀ ਉੱਜਲ ਕੀਰਤੀ ਘਰ-ਘਰ ਵਿਚ ਪ੍ਰਕਾਸ਼ਮਾਨ ਸੀ॥ ੧॥

ਹਾਕਲ ਛੰਦ-ਸ੍ਰੀ ਨਾਨਕ ਸੁਤ ਸ੍ਰੀ ਚੰਦੰ। ਤਪ ਤਾਪਤਿ ਦਿਪਤਿ ਬਿਲੰਦੰ।
ਅੱਭਜਾਸ ਜੋਗ ਮਹਿਂ ਭਾਰੀ। ਹੁਇ ਸਫਲ ਜਿ ਗਿਰਾ ਉਚਾਰੀ ॥੨॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੁੱਤਰ ਬਾਬਾ ਸ੍ਰੀ ਚੰਦ ਜੀ ਬੜਾ ਤਪ ਕਰਦੇ ਸਨ ਤੇ ਸਾਰੇ ਜਗਤ ਵਿਚ ਮਸ਼ਹੂਰ ਸਨ। ਉਨ੍ਹਾਂ ਭਾਰੀ ਜੋਗ ਅਭਿਆਸ ਕੀਤਾ ਸੀ, ਜੋ ਵੀ ਉਹ ਮੂੰਹ ਵਿਚੋਂ ਬੋਲ ਦਿੰਦੇ ਸਨ ਉਹ ਸੱਚ ਹੋ ਜਾਂਦਾ ਸੀ॥ ੨॥

ਨਿਤ ਦਾਸ ਕਮਲੀਆ ਪਾਸੀ। ਮਤਿ ਬਿਖ਼ਿਯਨਿ ਬਿਸੈ ਉਦਾਸੀ।
ਇਕ ਸੇਵ ਕਰਨਿ ਹੀ ਭਾਵੈ। ਨਿਸ ਬਾਸੁਰ ਬਹੁਤ ਕਮਾਵੈ ॥ ੩॥

ਉਨ੍ਹਾਂ ਦਾ ਸੇਵਕ ਕਮਲੀਆ ਸਦਾ ਉਨ੍ਹਾਂ ਦੇ ਪਾਸ ਰਹਿੰਦਾ ਸੀ। ਵਿਸ਼ਿਆਂ ਵਲੋਂ ਉਨ੍ਹਾਂ ਆਪਣੀ ਮੱਤ ਨੂੰ ਮੋੜਿਆ ਹੋਇਆ ਸੀ। ਕੇਵਲ ਸੇਵਾ ਕਰਨੀ ਹੀ ਮਨ ਨੂੰ ਭਾਉਂਦੀ ਸੀ, ਦਿਨ ਰਾਤ ਸੇਵਾ ਦੀ ਕਮਾਈ ਕਰਦੇ ਸਨ॥ ੩॥

ਤਿਸ ਨਿਕਟ ਦੇਖਿ ਸ੍ਰੀ ਚੰਦੰ। ਬਚ ਭਾਖਜੋ ਕਾਰਜਵੰਦੰ।
'ਭੋ ਸੁਨਹੁ ਕਮਲੀਆ ਨੀਕਾ!। ਗੁਰੁ ਸੋਢੀ ਕੁਲ ਕੋ ਟੀਕਾ ॥ ੪॥

ਭਾਈ ਕਮਲੀਏ ਨੂੰ ਨੇੜੇ ਵੇਖ ਕੇ ਬਾਬਾ ਸ੍ਰੀ ਚੰਦ ਨੇ ਇਕ ਲਾਹੇਵੰਦ ਬਚਨ ਕੀਤਾ, "ਭਾਈ ਕਮਲੀਆ ਮੇਰੀ ਗੱਲ ਚੰਗੀ ਤਰ੍ਹਾਂ ਸੁਣੋ, ਗੁਰੂ ਜੀ ਸੋਢੀ ਕੁਲ ਦੇ ਟਿੱਕੇ ਹਨ॥ ੪॥

ਸ੍ਰੀ ਅਰਜਨ ਧੀਰਜ ਧਾਰੀ। ਨਿਤ ਬਨਜੋ ਰਹਤਿ ਉਪਕਾਰੀ।
ਤਿਨਿ ਅਪਨੋ ਨੰਦਨ ਬਜਾਹਾ। ਹਰਿ ਗੋਵਿੰਦ ਚੰਦ ਉਮਾਹਾ ॥੫॥

ਸ੍ਰੀ ਅਰਜਨ ਦੇਵ ਜੀ ਧੀਰਜ ਧਾਰੀ, ਜਿਹੜੇ ਸਦਾ ਉਪਕਾਰੀ ਬਣੇ ਰਹਿੰਦੇ ਹਨ। ਉਨ੍ਹਾਂ ਨੇ ਆਪਣੇ ਪੁੱਤਰ ਦਾ ਵਿਆਹ ਕੀਤਾ ਹੈ। ਸ੍ਰੀ ਹਰਿਗੋਬਿੰਦ ਦਾ ਉਨ੍ਹਾਂ ਨੇ ਬੜੇ ਉਤਸ਼ਾਹ ਨਾਲ ਵਿਆਹ ਕੀਤਾ ਹੈ॥ ੫॥

Sri Satguru Jagjit Singh Ji eLlibrary NamdhariElibrary@gmail.com

ਇਕ ਸੰਮਤਿ ਜਬਹਿ ਬਿਤਾਏ। ਧਨ ਹਮ ਢਿਗ ਭੇਟ ਪਠਾਏ।
ਗਿਨ ਦੇਤਿ ਪੰਚ ਸੈ ਸਾਰੇ। ਅਬਿਕੈ ਨਹਿਂ ਰਿਦ ਬਿਚਾਰੇ॥ ੬॥

ਜਦ ਇਕ ਸਾਲ ਬੀਤ ਜਾਂਦਾ ਹੈ ਤਾਂ ਸਾਡੇ ਪਾਸ ਧਨ ਭੇਟਾ ਕਰਕੇ ਭੇਜਦੇ ਹਨ। ਪੂਰੇ ਪੰਜ ਸੌ ਰੁਪਏ ਗਿਣ ਕੇ ਦਿੰਦੇ ਹਨ। ਇਸ ਸਾਲ ਉਨ੍ਹਾਂ ਆਪਣੇ ਮਨ ਵਿਚ ਸੋਚਿਆ ਹੀ ਨਹੀਂ ਹੈ॥ ੬॥

ਲਖਿ ਦੁਗਨੀ ਭਈ ਅਕੋਰਾ। ਇਕ ਬਜਾਹ, ਬਰਸ ਕੀ ਔਰਾ।
ਤੂੰ ਗਮਨਹੁ ਤਿਨਹੁੰ ਅਵਾਸਾ। ਹੁਇੰ ਕਠਨ ਲੇਹੁ ਧਨ ਪਾਸਾ॥ ੭॥

ਹੁਣ ਸਮਝ ਲਵੋ ਭੇਟ ਦੀ ਰਕਮ ਦੂਣੀ ਹੋ ਗਈ ਹੈ, ਇਕ ਵਿਆਹ ਦੀ ਦੂਜੀ ਸਾਲਾਨਾ ਭੇਟਾ ਹੈ। ਤੁਸੀਂ ਉਨ੍ਹਾਂ ਦੇ ਘਰ ਵਿਚ ਜਾਵੋ, ਸਖਤ ਹੋ ਕੇ ਧਨ ਆਪਣੇ ਪਾਸ ਲੈ ਲਵੋ॥ ੭॥

ਕਹੁ ਹਮ ਦਿਸ਼ਿ ਤੇ ਅਸ ਬਾਤੀ। ਦਿਹੁ ਏਕ ਹਜ਼ਾਰਨਿ ਥਾਤੀ।
ਅਰੁ ਚੰਚਲ ਏਕ ਤੁਰੰਗਾ। ਕਰਿ ਦੀਜਹਿ ਮੇਰੇ ਸੰਗਾ॥ ੮॥

ਮੇਰੇ ਵਲੋਂ ਇਹ ਸਾਰੀ ਗੱਲ ਦੱਸੋ ਤੇ ਕਹੋ ਕਿ ਇਕ ਹਜ਼ਾਰ ਰੁਪਈਆ ਦੇਵੋ। ਇਕ ਚੰਚਲ ਘੋੜੀ ਵੀ ਨਾਲ ਲਵੋ ਤੇ ਮੈਨੂੰ ਲਿਆ ਕੇ ਦੇ ਦੇਵੋ॥ ੮॥

ਜਬਿ ਸ੍ਰੀ ਅਰਜਨ ਢਿਗ ਜਾਵੋ। ਰਹੁ ਖਰੋ, ਨ ਬੈਠਹੁ, ਆਵੋ।
ਸਭਿ ਖਰੇ ਖਰੇ ਨਿਜ ਲੀਜੈ। ਪੁਨ ਹਮ ਦਿਸ਼ਿ ਆਵਨਿ ਕੀਜੈ॥ ੯॥

ਜਦ ਸ੍ਰੀ ਅਰਜਨ ਦੇਵ ਦੇ ਪਾਸ ਜਾਵੋ, ਖੜੇ ਰਹੋ ਤੇ ਬੈਠੋ ਨਹੀ ਖੜੇ-ਖੜੇ ਹੀ ਆ ਜਾਵੋ। ਸਭ ਕੁਝ ਖੜੇ-ਖੜੇ ਹੀ ਆਪਣੇ ਹੱਥ ਵਿਚ ਫੜੋ, ਫਿਰ ਸਾਡੇ ਵਲ ਆ ਜਾਵੋ॥ ੯॥

ਰਹੁ ਤਿਨ ਢਿਗ ਤਾਵਤ ਠਾਂਢੇ। ਨਹਿਂ ਜਾਵਤਿ ਦੇਂ ਧਨ ਕਾਢੇ।
ਜਬਿ ਦੇਹਿਂ ਉਪਾਇਨ ਸਾਰੀ। ਤਬਿ ਨਿਕਸਹੁ ਪੁਰੀ ਮਝਾਰੀ॥ ੧੦॥

ਉਨ੍ਹਾਂ ਪਾਸ ਤਦ ਤਕ ਖੜੇ ਰਹੋ, ਜਦ ਤਕ ਉਹ ਧਨ ਕੱਢ ਕੇ ਨਹੀਂ ਦਿੰਦੇ ਹਨ। ਜਦ ਉਹ ਸਾਰੀ ਰਕਮ ਦੇ ਦੇਣ ਤਾਂ ਨਗਰ ਵਿਚੋਂ ਨਿਕਲ ਕੇ ਬਾਹਰ ਆ ਜਾਵੋ॥ ੧੦॥

ਪੁਨ ਬੈਠਹੁ ਸੁਪਤਹੁ ਆਛੇ। ਇਤ ਆਵਹੁ ਜਿਮ ਚਿਤ ਬਾਂਛੇ'।
ਸੁਨਿ ਆਇਸੁ ਕੋ ਸਿਰ ਧਾਰਾ। ਕਰਿ ਬੰਦਨ ਪੰਥ ਪਧਾਰਾ॥ ੧੧॥

ਮੇਰੇ ਪਾਸ ਆ ਕੇ ਬੈਠੋ ਅਤੇ ਲੇਟੋ, ਜਿਵੇਂ ਤੁਹਾਡੀ ਮਰਜ਼ੀ ਹੋਵੇ ਕਰੋ।" ਬਾਬਾ ਸ੍ਰੀ ਚੰਦ ਜੀ ਦੀ ਸਿਖਿਆ ਨੂੰ ਸੁਣ ਕੇ ਕਮਲੀਏ ਨੇ ਆਪਣੇ ਸਿਰ ਤੇ ਧਾਰ ਲਈ। ਬੰਦਨਾ ਕਰਕੇ ਆਪਣੇ ਰਾਹੇ ਪੈ ਗਿਆ॥ ੧੧॥

ਚਲਿ ਸਨੇ ਸਨੇ ਪੁਰਿ ਆਵਾ। ਬਿਚ ਪ੍ਰਵਿਸ਼ਜੋ ਪਿਖਿ ਮੁਦ ਪਾਵਾ।
ਸ੍ਰੀ ਅਰਜਨ ਥਿਤ ਜਿਸ ਥਾਨਾ। ਸੁਨਿ ਸੁਧਿ ਕੋ ਨਿਕਟ ਪਯਾਨਾ॥ ੧੨॥

ਹੌਲੀ ਹੌਲੀ ਨਗਰ ਵਿਚ ਆਇਆ, ਨਗਰ ਵਿਚ ਦਾਖਲ ਹੋ ਕੇ ਅਤੇ ਵੇਖ ਕੇ ਬਹੁਤ ਪ੍ਰਸੰਨ ਹੋਇਆ। ਜਿਸ ਸਥਾਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਉਨ੍ਹਾਂ ਬਾਰੇ ਸੁਣ ਕੇ ਉਨ੍ਹਾਂ ਦੇ ਪਾਸ ਚਲਾ ਗਿਆ॥ ੧੨॥

ਬਿਚ ਸਭਾ ਸੁ ਜਾਇ ਪ੍ਰਵੇਸ਼ਾ। ਕਰਿ ਬੰਦਨ ਦੀਨਿ ਸੰਦੇਸਾ।
'ਸ੍ਰੀ ਚੰਦੁ ਖੁਸ਼ੀ ਬਹੁ ਕੀਨੀ। ਚਹਿ ਭੇਟ ਆਪਨੀ ਲੀਨੀ॥ ੧੩॥

ਸਭ ਦੇ ਵਿਚ ਜਾ ਕੇ ਪ੍ਰਵੇਸ਼ ਕਰ ਗਿਆ ਤੇ ਬੰਦਨਾਂ ਕਰਕੇ ਸੰਦੇਸ਼ਾ ਦਿੱਤਾ। "ਬਾਬਾ ਸ੍ਰੀ ਚੰਦ ਜੀ ਨੇ ਬਹੁਤ ਖ਼ੁਸ਼ੀ ਕੀਤੀ ਹੈ, ਉਹ ਆਪਣੀ ਭੇਟਾ ਲੈਣੀ ਚਾਹੁੰਦੇ ਹਨ॥ ੧੩॥

ਮਮ ਆਵਨਿ ਕਾਰਜ ਏਹੀ। ਅਬਿ ਦੁਗਨਿ ਪ੍ਰਥਮ ਤੇ ਲੇਹੀ।
ਅਰੁ ਲੈਨੋ ਸੰਗ ਤੁਰੰਗਾ। ਹੈ ਕਾਰਨ ਬਜਾਹ ਉਮੰਗਾ॥ ੧੪॥

ਏਥੇ ਆਉਣ ਦਾ ਮੇਰਾ ਇਹੋ ਕਾਰਨ ਹੈ, ਪਹਿਲਾਂ ਨਾਲੋਂ ਹੁਣ ਦੂਣੀ ਭੇਟ ਦੇਵੋ। ਨਾਲ ਇਕ ਘੋੜੀ ਵੀ ਲੈਣੀ ਹੈ, ਜਿਸ ਦਾ ਕਾਰਨ ਪੁੱਤਰ ਦਾ ਵਿਆਹ ਹੈ॥ ੧੪॥

ਤੁਮ ਦਿਯੋ ਨ ਬਿਲਮ ਲਗਾਈ। ਇਸ ਕਾਰਣ ਤੇ ਇਮਗਾਈ।
ਲਿਹੁ ਖਰੋ ਖਰੋ ਧਨ ਬਾਤੀ। ਨਹਿਂ ਕੀਜਹਿ ਬੈਠਨਿ ਬਾਤੀ॥ ੧੫॥

ਤੁਸੀਂ ਹੁਣ ਤਕ ਭੇਜਿਆ ਨਹੀਂ, ਬਹੁਤ ਦੇਰ ਲਾਈ ਹੈ, ਇਸ ਕਾਰਨ ਮੈਨੂੰ ਆਉਣਾ ਪਿਆ ਹੈ। ਮੈਂ ਧਨ ਖੜਾ-ਖੜਾ ਹੀ ਲਵਾਂਗਾ, ਇਸ ਲਈ ਮੇਰੇ ਨਾਲ ਬੈਠਣ ਬਾਰੇ ਗੱਲ ਨਾ ਕਰਨਾ॥ ੧੫॥

ਮੈਂ ਆਇਸੁ ਕਰੋਂ ਨ ਭੰਗਾ। ਦਿਹੁ ਦਰਬ ਹਜ਼ਾਰ ਤੁਰੰਗਾ'।
ਸ੍ਰੀ ਅਰਜਨ ਸੀਤਲ ਛਾਤੀ। ਸੁਨਿ ਮਾਨਤਿ ਭੇ ਤਿਸ ਬਾਤੀ॥ ੧੬॥

ਮੇਰੀ ਆਗਿਆ ਨੂੰ ਮੋੜੋ ਨਹੀਂ, ਇਕ ਹਜ਼ਾਰ ਰੁਪਏ ਅਤੇ ਇਕ ਘੋੜੀ ਦੇਵੋ।" ਸ੍ਰੀ ਗੁਰੂ ਅਰਜਨ ਦੇਵ ਜੀ ਠੰਡੀ ਛਾਤੀ ਵਾਲੇ ਸਨ, ਸੁਣ ਕੇ ਕਮਲੀਏ ਦੀ ਗੱਲ ਮੰਨ ਲਈ॥ ੧੬॥

ਕਹਿ ਬਾਕ 'ਲੇਹੁ ਧਨ ਸਾਰੋ। ਅਬਿ ਕੀਜੈ ਜਾਇ ਅਹਾਰੋ।
ਸ੍ਰੀ ਨਾਨਕ ਨੰਦ ਬਿਲੰਦੇ। ਨਿਤ ਪੂਜਨੀਯ ਸੁਖਕੰਦੇ॥ ੧੭॥

ਬਚਨ ਕੀਤਾ, "ਸਾਰਾ ਧਨ ਲੈ ਲਵੋ, ਹੁਣ ਜਾ ਕੇ ਭੋਜਨ ਛਕੋ। ਸ੍ਰੀ ਨਾਨਕ ਦੇਵ ਜੀ ਦੇ ਪੁੱਤਰ, ਬਹੁਤ ਉੱਚੇ ਹਨ, ਸੁੱਖਾਂ ਦੇ ਮੂਲ ਸਦਾ ਪੂਜਨੀਕ ਹਨ॥ ੧੭॥

ਜਿਮ ਆਗਜਾ ਦੇਯ ਪਠਾਈ। ਹਮ ਮੇਟਹਿਂ ਨਹੀਂ ਕਦਾਈਂ'।
ਇਮ ਕਹਿ ਸਿਖ ਸੰਗ ਮਿਲਾਯੋ। ਇਸਥਾਨ ਦੇਗ ਕੇ ਆਯੋ॥ ੧੮॥

ਜਿਵੇਂ ਬਾਬਾ ਜੀ ਨੇ ਆਗਿਆ ਦੇ ਕੇ ਭੇਜਿਆ ਹੈ, ਅਸੀਂ ਉਸ ਦੀ ਉਲੰਘਣਾ ਨਹੀਂ ਕਰਾਂਗੇ।" ਇਸ ਤਰ੍ਹਾਂ ਕਹਿ ਕੇ ਸਿੱਖਾਂ ਦੇ ਨਾਲ ਜਾ ਮਿਲਿਆ ਤੇ ਜਿੱਥੇ ਲੰਗਰ ਵਰਤ ਰਿਹਾ ਸੀ, ਓਥੇ ਚਲਾ ਗਿਆ॥ ੧੮॥

ਸ੍ਰੀ ਗੰਗਾ ਤਹਿਂ ਬਰਤਾਵੈ। ਸਿਖ ਸੰਗਤਿ ਲੇ ਸਭਿ ਖਾਵੈਂ।
ਗਨ ਦਾਸ ਕਰੈਂ ਬਹੁ ਸੇਵਾ। ਜਹਿਂ ਲੰਗਰ ਸ੍ਰੀ ਗੁਰੁ ਦੇਵਾ॥ ੧੯॥

ਮਾਤਾ ਗੰਗਾ ਜੀ ਭੋਜਨ ਵਰਤਾ ਰਹੇ ਸਨ, ਸਾਰੀ ਸਿੱਖ ਸੰਗਤ ਲੈ ਕੇ ਖਾ ਰਹੀ ਸੀ। ਬਹੁਤ ਦਾਸ ਓਥੇ ਸੇਵਾ ਕਰ ਰਹੇ ਸਨ, ਜਿਥੇ ਗੁਰੂ ਜੀ ਦਾ ਲੰਗਰ ਵਰਤ ਰਿਹਾ ਸੀ॥ ੧੯॥

ਨਿਜ ਕਰ ਤੇ ਗਨ ਕੋ ਦੇਨਾ। ਗਨ ਭੋਜਨ ਕਰਤੇ ਲੇਨਾ।
ਥਿਰ ਭਯੋ ਕਮਲੀਆ ਜਾਏ। ਨਹਿਂ ਬੈਠਜੋ ਖਰੋ ਰਹਾਏ॥ ੨੦॥

ਮਾਤਾ ਜੀ ਆਪਣੇ ਹੱਥਾਂ ਨਾਲ ਭੋਜਨ ਦੇ ਰਹੇ ਸਨ, ਤੇ ਲੋਕ ਆਪਣੇ ਹੱਥਾਂ ਤੇ ਭੋਜਨ ਲੈ ਰਹੇ ਸਨ। ਕਮਲੀਆ ਵੀ ਜਾ ਕੇ ਓਥੇ ਖੜਾ ਹੋ ਗਿਆ। ਉਹ ਬੈਠਾ ਨਹੀਂ ਖੜਾ ਹੀ ਰਿਹਾ॥ ੨੦॥

ਕਹਿ 'ਮਾਈ ਦੇਹੁ ਅਹਾਰਾ। ਅਬਿ ਲੇਵੌਂ ਮੈਂ ਇਸ ਬਾਰਾ'।
ਕਛੁ ਮਾਤਾ ਰੁਖ ਨਹਿਂ ਕੀਨਾ। ਬਹੁ ਨਰ ਕੋ ਦੇਤਿ ਪ੍ਰਬੀਨਾ॥ ੨੧॥

ਕਹਿਣ ਲੱਗਾ, "ਮਾਤਾ ਜੀ ਭੋਜਨ ਦੇਵੋ, ਮੈਂ ਵੀ ਇਸ ਸਮੇਂ ਭੋਜਨ ਛੱਕ ਲਵਾਂ" ਕੁਝ ਮਾਤਾ ਜੀ ਨੇ ਵੀ ਧਿਆਨ ਨਾ ਕੀਤਾ, ਕਿਉਂਕਿ ਬਹੁਤ ਮਨੁੱਖਾਂ ਨੂੰ ਭੋਜਨ ਦੇ ਰਹੇ ਸਨ॥ ੨੧॥

ਪੁਨ ਜਾਚਜੋ 'ਮੋਕਹੁ ਦੀਜੈ। ਨਹਿਂ ਤਨਕ ਬਿਲਮ ਕੋ ਕੀਜੈ'।
ਗਨ ਸਿੱਖਨਿ ਬਾਂਟਤਿ ਸੋਈ। ਚਿਤ ਮਹਿਂ ਅਤਿ ਕਾਹਲ ਹੋਈ॥ ੨੨॥

ਉਸ ਨੇ ਫਿਰ ਭੋਜਨ ਮੰਗਿਆ, "ਮੈਨੂੰ ਵੀ ਭੋਜਨ ਦੇਵੋ, ਤੇ ਇਸ ਵਿਚ ਜ਼ਰਾ ਭਰ ਵੀ ਦੇਰੀ ਨਾ ਕਰੋ।" ਬਹੁਤ ਸਿੱਖ ਸਮੂਹ ਨੂੰ ਉਹ ਭੋਜਨ ਵੰਡ ਰਹੇ ਸਨ, ਚਿਤ ਵਿਚ ਅਤਿ ਕਾਹਲੇ ਪਏ ਹੋਏ ਸਨ॥ ੨੨॥

ਬਚ ਬੋਲੀ 'ਅਹਿਦੀ ਜੈਸੇ। ਰਹਿ ਖਰੇ ਜਾਚਤੋ ਐਸੇ।
ਨਹਿਂ ਬੈਠਹਿ ਧੀਰਜ ਪਾਈ। ਲੇ ਬਰਤਹਿ ਭੋਜਨ ਖਾਈ'॥ ੨੩॥

ਉਨ੍ਹਾਂ ਬਚਨ ਕੀਤਾ, "ਅਹਿਦੀਏ ਵਾਂਗੂੰ ਖੜੇ ਹੋ ਕੇ ਭੋਜਨ ਮੰਗਦੇ ਹੋ, ਧੀਰਜ ਪਾ ਕੇ ਬੈਠਾ ਨਹੀਂ, ਜਦੋਂ ਭੋਜਨ ਵਰਤੇਗਾ ਖਾ ਲੈਣਾ"॥ ੨੩॥

ਇਮ ਕਹਿ ਕਰਿ ਦਿਯੋ ਅਹਾਰਾ। ਲੇ ਅਚਵਜੋ ਠਾਂਢੇ ਸਾਰਾ।
ਕਰਿ ਪਾਨੀ ਪਾਨ ਪਖਾਰੇ। ਪੁਨ ਤਹਿਂ ਤੇ ਨਿਕਸਿ ਪਧਾਰੇ॥ ੨੪॥

ਇਸ ਤਰ੍ਹਾਂ ਕਹਿ ਕੇ ਭੋਜਨ ਦਿੱਤਾ, ਭੋਜਨ ਲੈ ਕੇ ਖੜੇ ਹੋ ਕੇ ਹੀ ਖਾਧਾ। ਫਿਰ ਪਾਣੀ ਹੱਥ ਵਿਚ ਲੈ ਕੇ ਹੱਥ ਧੋਤੇ, ਫਿਰ ਓਥੋਂ ਨਿਕਲ ਕੇ ਚਲ ਪਿਆ॥ ੨੪॥

ਸ੍ਰੀ ਅਰਜਨ ਕੇ ਢਿਗ ਆਯੋ। 'ਮੁਹਿ ਦੀਜਹਿ' ਬਾਕ ਅਲਾਯੋ।
'ਨਤੁ ਠਾਂਢੋ ਨਿਕਟ ਤੁਮਾਰੇ। ਨਹਿਂ ਬੈਠੋਂ ਆਇਸੁ ਧਾਰੇ'॥ ੨੫॥

ਫਿਰ ਗੁਰੂ ਅਰਜਨ ਦੇਵ ਜੀ ਦੇ ਪਾਸ ਆਇਆ ਅਤੇ ਕਿਹਾ, "ਮੈਨੂੰ ਰੁਪਏ ਦੇਵੋ, ਨਹੀਂ ਤਾਂ ਮੈਂ ਤੁਹਾਡੇ ਪਾਸ ਹੀ ਖੜਾ ਰਹਾਂਗਾ, ਤੁਹਾਡੀ ਆਗਿਆ ਮੰਨ ਕੇ ਬੈਠਾਂਗਾ ਨਹੀਂ"॥ ੨੫॥

ਤਬਿ ਸਤਿਗੁਰੁ ਧਨ ਅਨਵਾਯੋ। ਯੁਤ ਬਾਜੀ ਦਿਯੋ ਸੁਹਾਯੋ।
ਨਿਜ ਸੇਵਕ ਸੰਗ ਰਲਾਯੋ। ਸੰਭਾਰਿ ਭਲੇ ਪਹੁੰਚਾਯੋ॥ ੨੬॥

ਫਿਰ ਸਤਿਗੁਰੂ ਜੀ ਨੇ ਧਨ ਮੰਗਵਾਇਆ ਅਤੇ ਇਕ ਸੁੰਦਰ ਘੋੜੀ ਵੀ ਦਿੱਤੀ। ਆਪਣੇ ਇਕ ਸੇਵਕ ਨੂੰ ਵੀ ਨਾਲ ਦਿੱਤਾ ਤੇ ਕਮਲੀਏ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਭੇਜ ਦਿੱਤਾ॥ ੨੬॥

ਸ੍ਰੀ ਨਾਨਕ ਦਿਹੁਰੇ ਥਾਨਾ। ਸ੍ਰੀ ਚੰਦੁ ਥਿਰੇ ਤਪਵਾਨਾ।
ਤਬਿ ਦਾਸਨਿ ਬਿਨੈ ਬਖਾਨੀ। 'ਇਹ ਭੇਟ ਤੁਮਰੀ ਆਨੀ'॥ ੨੭॥

ਸ੍ਰੀ ਗੁਰੂ ਨਾਨਕ ਜੀ ਦੇ ਦਿਹੁਰੇ ਵਾਲੀ ਥਾਂ ਬਾਬਾ ਸ੍ਰੀ ਚੰਦ ਜੀ ਠਹਿਰੇ ਹੋਏ ਸਨ। ਤਦ ਦਾਸਾਂ ਨੇ ਉਨ੍ਹਾਂ ਨੂੰ ਜਾ ਕੇ ਬੇਨਤੀ ਕੀਤੀ, "ਅਸੀਂ ਤੁਹਾਡੀ ਭੇਟ ਲੈ ਆਏ ਹਾਂ"॥ ੨੭॥

ਸੁਨਿ ਹਰਖਤਿ ਹੋਇ ਪ੍ਰਬੀਨਾ। ਨਿਜ ਸੇਵਕ ਬੂਝਨ ਕੀਨਾ।
'ਕਹੁ ਬਾਤਿ ਕਮਲੀਆ ਸਾਰੀ। ਜਬਿ ਗੁਰੁ ਢਿਗ ਜਾਇ ਉਚਾਰੀ॥ ੨੮॥

ਇਹ ਸੁਣ ਕੇ ਚਤੁਰ ਬਾਬਾ ਸ੍ਰੀ ਚੰਦ ਜੀ ਬਹੁਤ ਪ੍ਰਸੰਨ ਹੋਏ ਤੇ ਆਪਣੇ ਨਿਜੀ ਸੇਵਕ ਨੂੰ ਪੁਛਿਆ, "ਕਮਲੀਆ ਸਾਰੀ ਗੱਲ-ਬਾਤ ਸੁਣਾਓ, ਜਦ ਤੁਸੀਂ ਗੁਰੂ ਜੀ ਦੇ ਪਾਸ ਜਾ ਕੇ ਉਚਾਰਣ ਕੀਤੀ॥ ੨੮॥

ਤਬਿ ਹਰਖ ਕਿ ਰਿਸ ਉਰਛਾਈ। ਕਿਮ ਕਹਿ ਕਰਿ ਭੇਟ ਪਠਾਈ?।
ਰਹਿ ਠਾਂਢੋ ਕੇਤਿਕ ਕਾਲਾ?। ਕਿਮ ਬੋਲੇ ਬਾਕ ਰਸਾਲਾ?'॥ ੨੯॥

ਤਦ ਖ਼ੁਸ਼ ਹੋ ਕੇ ਜਾਂ ਗੁੱਸੇ ਵਿਚ ਆ ਕੇ ਭੇਟ ਦਿੱਤੀ, ਕਿੰਝ ਕਹਿ ਭੇਟ ਭੇਜੀ। ਤੂੰ ਉਥੇ ਕਿੰਨਾ ਚਿਰ ਖੜਾ ਰਿਹਾ? ਕਿਵੇਂ ਉਨਾਂ ਮਿੱਠੇ ਬਚਨ ਬੋਲੇ?"॥ ੨੯॥

ਗੁਰੂ ਦਾਸ ਕਮਲੀਆ ਦੋਊ। ਹੁਇ ਠਾਂਢੇ ਆਗੇ ਸੋਊ।
ਬਿਰਤਾਂਤ ਭਯੋ ਜੁ ਬਤਾਵਾ। 'ਮੈਂ ਜਾਇ ਸੁ ਬਾਕ ਸੁਨਾਵਾ ॥ ੩੦ ॥

ਗੁਰੂ ਜੀ ਦਾ ਦਾਸ ਅਤੇ ਕਮਲੀਆ ਦੋਵੇਂ ਹੀ ਬਾਬਾ ਸ੍ਰੀ ਚੰਦ ਦੇ ਅੱਗੇ ਖੜੇ ਹੋ ਗਏ। ਜੋ ਉਥੇ ਬ੍ਰਿਤਾਂਤ ਹੋਇਆ ਸੀ ਕਮਲੀਦੇ ਨੇ ਸਭ ਸੁਣਾਇਆ, "ਮੈਂ ਜਦ ਜਾ ਕੇ ਬਚਨ ਸੁਣਾਇਆ॥ ੩੦ ॥

ਨਹਿਂ ਛੋਭ ਗੁਰੂ ਉਰ ਹੋਵਾ। ਸਮ ਪੂਰਬ ਕੇ ਮੁਖ ਜੋਵਾ।
ਮੁਝ ਭੇਜਯੋ ਦੇਗ ਸਥਾਨੇ। ਤਬਿ ਪਹੁੰਚਯੋ ਭੋਜਨ ਖਾਨੇ ॥ ੩੧ ॥

ਗੁਰੂ ਜੀ ਨੇ ਹਿਰਦੇ ਵਿਚ ਕਿਸੇ ਪ੍ਰਕਾਰ ਦੀ ਵੀ ਖ਼ੁਸ਼ੀ ਗ਼ਮੀ ਨਹੀਂ ਅਨੁਭਵ ਕੀਤੀ, ਉਨ੍ਹਾਂ ਦਾ ਮੁਖ ਉਸ ਸਮੇਂ ਪੂਰਬ ਵਾਲੇ ਪਾਸੇ ਸੀ। ਉਨ੍ਹਾਂ ਨੇ ਮੈਨੂੰ ਲੰਗਰ ਵਿਚ ਭੇਜ ਦਿੱਤਾ, ਫਿਰ ਮੈਂ ਭੋਜਨ ਖਾਣ ਚਲੇ ਗਿਆ॥ ੩੧ ॥

ਸ੍ਰੀ ਗੰਗਾ ਤਹਿਂ ਬਰਤਾਵੈ। ਸਿਖ ਪੁੰਜ ਅਸਨ ਲੇ ਖਾਵੈਂ।
ਬਹੁ ਭੀਰ ਭਈ ਸਿਖ ਲੇਤੇ। ਇਕ ਮਾਤਾ ਭੋਜਨ ਦੇਤੇ ॥ ੩੨ ॥

ਉਥੇ ਮਾਤਾ ਗੰਗਾ ਜੀ ਭੋਜਨ ਵਰਤਾ ਰਹੇ ਸਨ, ਬਹੁਤ ਸਿੱਖ ਭੋਜਨ ਲੈ ਕੇ ਖਾ ਰਹੇ ਸਨ, ਭੋਜਨ ਲੈਣ ਵਾਲਿਆਂ ਦੀ ਬਹੁਤ ਭੀੜ ਪਈ ਸੀ, ਕੇਵਲ ਇਕ ਮਾਤਾ ਜੀ ਭੋਜਨ ਦੇ ਰਹੇ ਸਨ॥ ੩੨ ॥

ਮੈਂ ਜਾਚਯੋ ਇਕ ਦੁਇ ਬਾਰੀ। ਤਿਨ ਦੇਖਿਤਿ ਗਿਰਾ ਉਚਾਰੀ।
ਸਮ ਅਹਿਦੀ ਕੇ ਭ੍ਰਮ ਆਵੈ। ਰਹਿ ਖਰੇ ਅਸਨ ਕੋ ਖਾਵੈ ॥ ੩੩ ॥

ਮੈਂ ਇਕ ਦੋ ਵਾਰ ਭੋਜਨ ਮੰਗਿਆ, ਉਨ੍ਹਾਂ ਮੈਨੂੰ ਵੇਖ ਕੇ ਕਿਹਾ, ਤੂੰ ਤਾਂ ਅਹਿਦੀਆ (ਤੁਰਕਾਂ) ਵਾਂਗ ਆਇਆ ਹੈਂ ਫੜ ਕੇ ਖੜੇ ਹੋ ਕੇ ਭੋਜਨ ਖਾਂਦਾ ਹੈਂ॥ ੩੩ ॥

ਇਮ ਕਹਿ ਕਰਿ ਦਿਯੋ ਅਹਾਰਾ। ਮੈਂ ਖਾਯੋ ਵਹਿਰ ਪਧਾਰਾ।
ਗੁਰੁ ਅਰਜਨ ਭੇਟ ਮੰਗਾਈ। ਸਿਖ ਦੇ ਕਰਿ ਸੰਗ ਪਠਾਈ' ॥ ੩੪ ॥

ਇਸ ਤਰ੍ਹਾਂ ਕਹਿ ਕੇ ਮੈਨੂੰ ਭੋਜਨ ਦਿੱਤਾ, ਮੈਂ ਖਾ ਕੇ ਬਾਹਰ ਆ ਗਿਆ। ਗੁਰੂ ਅਰਜਨ ਦੇਵ ਜੀ ਨੇ ਭੇਟ ਮੰਗਵਾਈ ਤੇ ਇਕ ਸਿੱਖ ਨੂੰ ਦੇ ਕੇ ਨਾਲ ਭੇਜਿਆ" ॥ ੩੪ ॥

ਸੁਨਿ ਸਿਰੀਚੰਦ ਜਿਨ ਭੈ ਨਾ। ਰਿਸ ਤਨਕ ਧਾਰਿ ਕਹਿ ਬੈਨਾ।
'ਜੇ ਅਹੈਂ ਅਹਿਦੀਅਨਿ ਭੂਖੇ। ਚਿਤ ਚਹਤਿ ਕਹਤਿ ਬਚ ਰੂਖੇ ॥ ੩੫ ॥

ਇਹ ਸੁਣ ਕੇ ਸ੍ਰੀ ਚੰਦ ਜੀ ਜਿਨ੍ਹਾਂ ਨੂੰ ਕੋਈ ਭੈ ਨਹੀਂ ਸੀ, ਥੋੜ੍ਹੇ ਜੇਹੇ ਗੁੱਸੇ ਵਿਚ ਆ ਕੇ ਉਨ੍ਹਾਂ ਬਚਨ ਕੀਤੇ, "ਜੇ ਇਹ ਅਹਿਦੀਆਂ ਦੇ ਭੁੱਖੇ ਹਨ, ਚਿੱਤ ਵਿਚ ਚਾਹ ਕੇ ਰੁੱਖੇ ਬਚਨ ਬੋਲਦੇ ਹਨ॥ ੩੫ ॥

ਤੌ ਅਹਿਦੀ ਤਿਨ ਘਰ ਆਵੈਂ। ਰਿਪੁ ਕੂਰੇ ਦੋਸ਼ ਲਗਾਵੈਂ।
ਤਿਨ ਆਵਨਿ ਕੋ ਫਲ ਦੇਖੈ। ਤੁਰਕੇਸੁਰ ਦੁਖਦ ਵਿਸ਼ੇਖੈ' ॥ ੩੬ ॥

ਤਾਂ ਅਹਿਦੀਏ ਇਨ੍ਹਾਂ ਦੇ ਘਰ ਆਉਣਗੇ, ਦੁਸ਼ਮਣ ਝੂਠੇ ਦੋਸ਼ ਲਾਉਣਗੇ, ਉਨ੍ਹਾਂ ਦੇ ਆਉਣ ਦਾ ਫਲ ਵੇਖੋ, ਤੁਰਕ ਬਹੁਤ ਦੁਖੀ ਕਰਨਗੇ' ॥ ੩੬ ॥

ਨੋਟ:-ਇਹ ਸ੍ਰਾਪ ਵਾਲੀ ਕਹਾਣੀ ਠੀਕ ਨਹੀਂ ਹੈ, ਕਵੀ ਜੀ ਜਾਣ ਬੁਝ ਕੇ ਭਵਿਖ ਵਿਚ ਵਾਪਰਨ ਵਾਲੀ ਗੱਲ ਨੂੰ

Sri Satguru Jagjit Singh Ji eLlibrary NamdhariElibrary@gmail.com

ਸ੍ਰਾਪ ਵਿਚ ਬਦਲ ਦਿੰਦੇ ਹਨ, ਜਿਵੇਂ ਉਨ੍ਹਾਂ ਪਹਿਲਾਂ ਭਗਤ ਕਾਨ੍ਹੇ ਦੇ ਸ੍ਰਾਪ ਬਾਰੇ ਕਿਹਾ ਹੈ। ਪੁਰਾਤਨ ਗ੍ਰੰਥ ਮਹਿਮਾ ਪ੍ਰਕਾਸ਼ ਵਾਰਤਿਕ ਤੇ ਮਹਿਮਾ ਪ੍ਰਕਾਸ਼ ਛੰਦ ਬੰਦ, ਦੋਵਾਂ ਵਿਚ ਹੀ ਇਸ ਕਹਾਣੀ ਦਾ ਜ਼ਿਕਰ ਨਹੀਂ ਹੈ। ਸ੍ਰੀ ਮੈਕਾਲਫ ਨੇ ਇਤਿਹਾਸਕ ਘਟਨਾਵਾਂ ਬੜੀ ਖੋਜ ਕਰਕੇ ਲਿਖੀਆਂ ਹਨ, ਉਸ ਨੇ ਵੀ ਇਸ ਘਟਨਾ ਦਾ ਜ਼ਿਕਰ ਨਹੀਂ ਕੀਤਾ। ਇਹ ਪ੍ਰਸੰਗ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਵੀ ਨਹੀਂ ਹੈ। ਕਵੀ ਜੀ ਨੇ ਜਾਣ ਬੁਝ ਕੇ ਬਾਬਾ ਸ੍ਰੀ ਚੰਦ ਦੇ ਮੁੱਖ ਵਿਚ ਅਜਿਹੇ ਸ੍ਰਾਪ ਨੂੰ ਪਾਇਆ ਹੈ। ਗੁਰੂ ਘਰ ਵਿਚ ਸ੍ਰਾਪ ਦੇਣ ਦੀ ਕੋਈ ਪ੍ਰਥਾ ਨਹੀਂ ਹੈ। ਕਵੀ ਜੀ ਨੇ ਬਾਰ ਬਾਰ ਸ੍ਰਾਪਾਂ ਦੀਆਂ ਗੱਲਾਂ ਕੀਤੀਆਂ ਹਨ, ਜੋ ਮੰਨਣਯੋਗ ਨਹੀਂ ਹਨ।

ਇਮ ਦਿਯੋ ਸ੍ਰਾਪ ਗੁਰੂ ਘਰ ਕੋ। ਹੁਇ ਹੋਨਹਾਰ ਪਰਹਰਿ ਕੋ।
ਸਭਿ ਲਈ ਅਕੋਰ ਸੰਭਾਰੀ। ਧਨ ਬਾਤੀ ਗਿਨੇ ਹਜ਼ਾਰੀ॥ ੩੭॥

ਇਸ ਤਰ੍ਹਾਂ ਗੁਰੂ ਘਰ ਨੂੰ ਸ੍ਰਾਪ ਦਿੱਤਾ, ਜੋ ਹੋਣਹਾਰ ਹੈ, ਉਸ ਨੂੰ ਕੌਣ ਦੂਰ ਕਰ ਸਕਦਾ ਹੈ। ਸਾਰੀ ਭੇਟ ਸੰਭਾਲ ਲਈ, ਅਤੇ ਹਜ਼ਾਰ ਰੁਪਏ ਦੇ ਸਿੱਕੇ ਗਿਣੇ॥ ੩੭॥

ਪੁਨ ਘੋਰਾ ਸੁੰਦਰ ਹੇਰਾ। ਪਰਸੰਨ ਭਏ ਤਿਸ ਬੇਰਾ।
'ਗੁਰੁ ਘਰ ਮਹਿਂ ਵਧਹਿ ਤਬੇਲਾ। ਹੁਇ ਅਧਿਕੈ ਸੈਨ ਸਕੇਲਾ'॥ ੩੮॥

ਫਿਰ ਸੁੰਦਰ ਘੋੜਾ ਵੇਖਿਆ ਤਾਂ ਉਸ ਸਮੇਂ ਬੜੇ ਪ੍ਰਸੰਨ ਹੋ ਗਏ। ਗੁਰੂ ਘਰ ਵਿਚ ਤਬੇਲੇ ਵਧਣਗੇ ਅਤੇ ਬਹੁਤ ਸੈਨਾ ਹੋਵੇਗੀ'॥ ੩੮॥

ਬਰੁ ਦੀਨੋ ਅਸ ਤਿਸ ਕਾਲਾ। ਸਿਖ ਰਾਖਯੋ ਨਿਕਟ ਬਿਸਾਲਾ।
ਪੁਨ ਕੀਨਿ ਬਿਸਰਜਨ ਨੀਕੇ। ਢਿਗ ਆਯੋ ਸਤਿਗੁਰੁ ਜੀ ਕੇ॥ ੩੯॥

ਇਸ ਤਰ੍ਹਾਂ ਉਸ ਸਮੇਂ ਵਰ ਵੀ ਦਿੱਤਾ। ਗੁਰੂ ਜੀ ਦੇ ਸਿੱਖ ਨੂੰ ਆਪਣੇ ਪਾਸ ਹੀ ਰਖਿਆ ਸੀ। ਫਿਰ ਉਸ ਸਿੱਖ ਨੂੰ ਵਿਦਾ ਕੀਤਾ ਤੇ ਉਹ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆਇਆ॥ ੩੯॥

ਕਹਿ ਸਕਲ ਪ੍ਰਸੰਗ ਸੁਨਾਯੋ। ਜਿਮ ਬਰ ਅਰੁ ਸ੍ਰਾਪ ਅਲਾਯੋ।
ਸਭਿ ਬਿਖੈ ਜਥੈ ਬਿਦਤਾਵਾ। ਸ੍ਰੀ ਗੰਗਾ ਸੁਨਿ ਦੁਖ ਪਾਵਾ॥ ੪੦॥

ਉਸ ਆ ਕੇ ਸਾਰਾ ਪ੍ਰਸੰਗ ਸੁਣਾਇਆ, ਜਿਵੇਂ ਬਾਬਾ ਸ੍ਰੀ ਚੰਦ ਨੇ ਸ੍ਰਾਪ ਅਤੇ ਵਰ ਦਿੱਤਾ ਸੀ। ਜਦ ਸਾਰੇ ਇਹ ਸ੍ਰਾਪ ਪ੍ਰਗਟ ਹੋ ਗਿਆ ਤਾਂ ਮਾਤਾ ਗੰਗਾ ਜੀ ਨੇ ਸੁਣ ਕੇ ਬਹੁਤ ਦੁੱਖ ਮਨਾਇਆ॥ ੪੦॥

ਸ੍ਰੀ ਅਰਜਨ ਬੂਝਨਿ ਕੀਨਂ। 'ਤੁਮ ਸ੍ਰਾਪ ਕਹਾਂ ਕਰਿ ਲੀਨਂ?।
ਸ੍ਰੀ ਨਾਨਕ ਨੰਦ ਉਬਾਚਾ। ਨਹਿਂ ਮਿਟਿਹੈ ਹੁਇ ਹੈ ਸਾਚਾ॥ ੪੧॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੁਛਿਆ, "ਤੂੰ ਕਿਥੋਂ ਸ੍ਰਾਪ ਲੈ ਲਿਆ ਹੈ ? ਸ੍ਰੀ ਨਾਨਕ ਦੇਵ ਜੀ ਦੇ ਪੁੱਤਰ ਨੇ ਕਿਹਾ ਹੈ, ਇਹ ਕਦੇ ਮਿੱਟ ਨਹੀਂ ਸਕਦਾ, ਸੱਚਾ ਹੋਵੇਗਾ॥ ੪੧॥

ਤਪਵਾਨ ਜਤੀ ਬ੍ਰਿਤਿ ਪੂਰਾ। ਕਿਮ ਬਨਿਹੈ ਤਿਨ ਬਚ ਕੂਰਾ?'।
ਸੁਨਿ ਗੰਗਾ ਸਕਲ ਸੁਨਾਈ। 'ਬਡ ਭੀਰ ਬਿਖੈ ਅਕੁਲਾਈ॥ ੪੨॥

ਉਹ ਤਪੱਸਵੀ, ਜਤੀ ਅਤੇ ਪੂਰਨ ਬ੍ਰਿਤੀ ਵਾਲੇ ਹਨ, ਉਨ੍ਹਾਂ ਦਾ ਬਚਨ ਕਿਵੇਂ ਝੂਠਾ ਹੋ ਸਕਦਾ ਹੈ ?" ਇਹ ਸੁਣ ਕੇ ਮਾਤਾ ਗੰਗਾ ਜੀ ਨੇ ਸਾਰੀ ਗੱਲ ਸੁਣਾਈ, "ਵੱਡੀ ਭੀੜ ਵੇਖ ਕੇ ਮੈਂ ਵਿਆਕੁਲ ਹੋ ਗਈ ਸੀ॥ ੪੨॥

ਸੋ ਮਾਂਗਹਿ ਖਰੋ ਅਹਾਰਾ। ਨਹਿਂ ਬੈਠਯੋ ਤਬਹਿ ਨਿਹਾਰਾ।
ਬਚ ਨਿਸ਼ਠੁਰ ਜਾਚਤਿ ਜੋਵਾ। ਬਹੁ ਕਾਇਲ ਮਮ ਚਿਤ ਹੋਵਾ॥ ੪੩॥

ਉਹ ਖੜਾ ਹੋ ਕੇ ਹੀ ਭੋਜਨ ਮੰਗਦਾ ਸੀ, ਮੈਂ ਉਸ ਨੂੰ ਬੈਠਦਾ ਨਹੀਂ ਵੇਖਿਆ ਹੈ। ਉਹ ਜਿਹੜਾ ਕਠੋਰ ਬਚਨ ਹੋਇਆ ਸੀ, ਮੇਰਾ ਚਿਤ ਉਸ ਸਮੇਂ ਬੜਾ ਵਿਆਕੁਲ ਸੀ॥ ੪੩॥

ਸਮ ਅਹਿਦੀ ਖਰਯੋ ਉਚਾਰਾ। ਪੁਨ ਦਿਯੋ ਅਚਾਇ ਅਹਾਰਾ।
ਇਕ ਇਹੀ ਅਵੱਗਯਾ ਹੋਈ। ਨਹਿਂ ਛਿਮਾ ਕਰੀ ਸੁਨਿ ਸੋਈ॥ ੪੪॥

ਅਹਿਦੀਆਂ ਵਾਂਗ ਖਲੋਤਾ ਹੈਂ, ਮੈਂ ਇਹੋ ਬਚਨ ਕਿਹਾ ਸੀ, ਫਿਰ ਮੈਂ ਉਸ ਨੂੰ ਭੋਜਨ ਦਿੱਤਾ ਸੀ, ਇਹੋ ਇਕ ਮੈਥੋਂ ਅਵੱਗਿਆ ਹੋਈ ਹੈ, ਉਸ ਨੇ ਸੁਣ ਕੇ ਮੁਆਫ ਨਹੀਂ ਕੀਤਾ ਹੈ" ॥ ੪੪॥

ਨੋਟ:- ਜਾਪਦਾ ਹੈ ਕਵੀ ਜੀ ਬਾਬਾ ਸ੍ਰੀ ਚੰਦ ਦਾ ਸ੍ਰਾਪ ਸੁਣਾ ਕੇ ਦੁਸ਼ਟ ਚੰਦੂ ਦਾ ਭਾਰ ਉਤਾਰ ਰਹੇ ਹਨ, ਜਿਸ ਨੀਚ ਨੇ ਗੁਰੂ ਜੀ ਨੂੰ ਕਤਲ ਕਰਨ ਵਾਸਤੇ ਪੂਰਾ ਜ਼ੋਰ ਲਾ ਦਿੱਤਾ॥

ਇਮ ਭਯੋ ਸ੍ਰਾਪ ਗੁਰੁ ਜਾਨਾ। ਹੁਇ ਹੋਨਹਾਰ ਕੌ ਮਾਨਾ।
ਨਹਿਂ ਚਿੰਤ ਚਿੱਤ ਮਹਿਂ ਕੈਸੇ। ਇਕ ਰਸ ਬ੍ਰਿਤਿ ਨਿਤ ਚਿਤ ਤੈਸੇ॥ ੪੫॥

ਇਸ ਤਰ੍ਹਾਂ ਸ੍ਰਾਪ ਹੋਇਆ ਗੁਰੂ ਜੀ ਨੇ ਜਾਣਿਆ, ਜੋ ਹੋਣਹਾਰ ਹੋਣੀ ਹੈ ਉਸ ਨੂੰ ਮੰਨਿਆ। ਚਿੱਤ ਵਿਚ ਕਿਸੇ ਪ੍ਰਕਾਰ ਦੀ ਵੀ ਚਿੰਤਾ ਨਹੀਂ ਸੀ, ਸਦਾ ਇਕ ਰਸ ਬ੍ਰਿਤੀ ਤੇ ਇਕ ਚਿੱਤ ਰਹਿੰਦੇ ਸਨ॥ ੪੫॥

ਗੁਰੁ ਧੀਰ ਅਭੀਰ ਗੰਭੀਰਾ। ਜਿਮ ਛੁਭਤਿ ਨ ਨੀਰਧ ਨੀਰਾ।
ਨਹਿਂ ਸੀਤਲ ਤਪਤ ਹੁਵੰਤਾ। ਨਹਿਂ ਵਧਹਿ ਨ ਘਟਹਿ ਕਦੰਤਾ॥ ੪੬॥

ਗੁਰੂ ਜੀ ਬੜੇ ਗਹਿਰ ਗੰਭੀਰ ਅਤੇ ਧੀਰਜਵਾਨ ਹਨ, ਜਿਵੇਂ ਸਮੁੰਦਰ ਦਾ ਜਲ ਅਡੋਲ ਰਹਿੰਦਾ ਹੈ, ਨਾ ਹੀ ਉਹ ਕਦੀ ਗਰਮ ਹੁੰਦਾ ਹੈ ਅਤੇ ਨਾ ਹੀ ਕਦੀ ਠੰਡਾ ਹੁੰਦਾ ਹੈ, ਨਾ ਉਹ ਕਦੀ ਵਧਦਾ ਹੈ ਤੇ ਨਾ ਹੀ ਕਦੀ ਘੱਟਦਾ ਹੈ॥ ੪੬॥

*ਚੌਥੀ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

## ਅਧਿਆਇ ਉਣੱਤੀਵਾਂ

### ਖੁਸਰੋ ਦਾ ਆਗਮਨ

ਦੋਹਰਾ-ਸ੍ਰੀ ਗੁਰੁ ਅਰਜਨ ਜੀ ਟਿਕੇ ਤਾਰਨਤਰਨ ਸਥਾਨ।
ਸੰਗ ਮਸੰਦਨਿ ਸੰਗਤਾਂ ਦਰਸਹਿਂ ਅਨਗਨ ਆਨਿ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਤਰਨਤਾਰਨ ਵਾਲੇ ਸਥਾਨ ਤੇ ਠਹਿਰੇ ਹੋਏ ਸਨ, ਮਸੰਦਾਂ ਨਾਲ ਅਨੇਕਾਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਜਹਾਂਗੀਰ ਕਿਸ ਕਾਰਨ ਕਰਿਕੈ। ਇਕ ਸ਼ਹਜ਼ਾਦੇ ਸੋਂ ਰਿਸ ਧਰਿਕੈ।
ਦਿਯੋ ਨਿਕਾਸ ਕਹਜੋ ਸਭਿ ਠੌਰਿ। 'ਇਸ ਕੇ ਸੰਗ ਨ ਮਿਲਿ ਹੈ ਔਰਿ ॥੨॥

ਜਹਾਂਗੀਰ ਨੇ ਕਿਸੇ ਕਾਰਨ ਕਰਕੇ, ਆਪਣੇ ਇਕ ਸ਼ਹਿਜ਼ਾਦੇ ਨਾਲ ਗੁੱਸਾ ਧਾਰਨ ਕਰਨ ਕਰਕੇ, ਉਸ ਨੂੰ ਆਪਣੀ ਰਾਜਧਾਨੀ ਵਿਚੋਂ ਕੱਢ ਦਿੱਤਾ ਤੇ ਸਭ ਨੂੰ ਕਹਿ ਦਿੱਤਾ, "ਇਸ ਦੇ ਨਾਲ ਕੋਈ ਵੀ ਮੇਲ ਮਿਲਾਪ ਨਾ ਕਰੇ॥ ੨॥

ਜੇ ਨੌਕਰ ਮਮ ਲਘੁ ਕਿ ਮਹਾਨ। ਕੋ ਨਹਿਂ ਦੇਹਿ ਇਸੇ ਸਨਮਾਨ।
ਗ੍ਰਾਮ ਨਗਰ ਪਰਵੇਸ਼ ਨ ਹੋਇ। ਦੇਸ਼ ਤਜਾਗ ਕਰਿ ਗਮਨੈ ਸੋਇ' ॥੩॥

ਜੋ ਮੇਰਾ ਨੌਕਰ ਹੈ, ਛੋਟਾ ਜਾਂ ਵੱਡਾ, ਉਹ ਕੋਈ ਵੀ ਇਸਦਾ ਸਨਮਾਨ ਨਾ ਕਰੇ। ਕਿਸੇ ਨਗਰ ਜਾਂ ਪਿੰਡ ਵਿਚ ਇਹ ਦਾਖਲ ਨਾ ਹੋਵੇ, ਦੇਸ਼ ਤਿਆਗ ਕੇ ਇਹ ਚਲਾ ਜਾਵੇ" ॥ ੩॥

ਇਮ ਸਭਿਕੋ ਲਿਖਿ, ਦਿਯੋ ਨਿਕਾਸਿ। ਸੋ ਤਜਿ ਦਿੱਲੀ ਪੁਰੀ ਅਵਾਸ।
ਕੁਛ ਨਰ ਸੰਗ ਨਿਕਸਿ ਕਰਿ ਆਯੋ। ਸਨੇ ਸਨੇ ਬਹੁ ਮਗ ਉਲੰਘਾਯੋ ॥੪॥

ਇਸ ਤਰ੍ਹਾਂ ਸਭ ਨੂੰ ਲਿਖ ਕੇ ਸ਼ਹਿਜ਼ਾਦੇ ਕੱਢ ਦਿੱਤਾ। ਉਹ ਦਿੱਲੀ ਨਗਰੀ ਨੂੰ ਛੱਡ ਕੇ ਆ ਗਿਆ। ਕੁਝ ਉਸ ਦੇ ਸਾਥੀ ਵੀ ਉਸ ਦੇ ਨਾਲ ਨਿਕਲ ਕੇ ਆਏ, ਹੌਲੀ-ਹੌਲੀ ਉਹ ਲੰਘ ਕੇ ਬਹੁਤ ਦੂਰ ਆ ਗਏ॥ ੪॥

ਮਾਝੇ ਦੇਸ਼ ਪ੍ਰਵੇਸ਼ਜੋ ਆਇ। ਦਿਸ਼ਿ ਪਸ਼ਚਮ ਚਿਤ ਬਾਂਛਤ ਜਾਇ।
ਗੁਰੂ ਤਰਨ ਤਾਰਨ ਪੁਰਿ ਡੇਰਾ। ਕੇਤਿਕ ਦਿਨ ਤੇ ਕੀਨਿ ਬਸੇਰਾ ॥੫॥

ਮਾਝੇ ਦੇਸ਼ ਵਿਚ ਆ ਦਾਖਲ ਹੋਏ, ਉਹ ਆਪਣੇ ਮਨ ਦੀ ਇੱਛਾ ਅਨੁਸਾਰ ਪੱਛਮ ਵਾਲੇ ਪਾਸੇ ਜਾ ਰਹੇ ਸਨ। ਗੁਰੂ ਅਰਜਨ ਦੇਵ ਜੀ ਦਾ ਉਸ ਸਮੇਂ ਤਰਨ ਤਾਰਨ ਵਿਖੇ ਡੇਰਾ ਸੀ, ਕਈ ਦਿਨਾਂ ਤੋਂ ਉਥੇ ਰਹਿ ਰਹੇ ਸਨ॥ ੫॥

ਜਬਿ ਸ਼ਹਜ਼ਾਦਾ ਤਹਿਂ ਚਲਿ ਆਯੋ। 'ਇਹਾਂ ਗੁਰੂ' ਤਿਹ ਕਿਸਹਿ ਸੁਨਾਯੋ।
ਮਿਲੌਂ ਇਨਹਿਂ ਦਰਸ਼ਨ ਕਰਿ ਆਛੇ। ਇਕ ਦੁਇ ਦਿਨ ਰਹਿ ਗਮਨੌਂ ਪਾਛੇ ॥੬॥

ਜਦ ਸ਼ਹਿਜ਼ਾਦਾ ਉਥੇ ਚਲ ਕੇ ਆ ਗਿਆ ਤਾਂ ਉਸ ਨੂੰ ਕਿਸੇ ਦੱਸਿਆ ਕਿ ਇਥੇ ਗੁਰੂ ਜੀ ਰਹਿੰਦੇ ਹਨ। ਉਨ੍ਹਾਂ ਨੂੰ ਮਿਲ ਕੇ ਦਰਸ਼ਨ ਕਰੋ, ਇਕ ਦੋ ਦਿਨ ਰਹਿ ਕੇ ਪਿਛੇ ਮੁੜ ਜਾਵੇ॥ ੬॥

ਇਮ ਸ਼ਹਜ਼ਾਦੇ ਰਿਦੇ ਬਿਚਾਰਾ। ਉਤਰ ਪਰਜੋ ਡੇਰੋ ਨਿਰਧਾਰਾ।
ਤਿਸ ਨਿਸ ਮਹਿਂ ਕਰਿਕੈ ਬਿਸਰਾਮੂ। ਭਈ ਪ੍ਰਾਤ, ਸੁਨਿ ਸਤਿਗੁਰ ਨਾਮੂ ॥੭॥

ਇਸ ਤਰ੍ਹਾਂ ਸ਼ਹਿਜ਼ਾਦੇ ਨੇ ਹਿਰਦੇ ਵਿਚ ਵਿਚਾਰ ਕੀਤੀ, ਉਥੇ ਉਤਾਰਾ ਕਰਕੇ ਆਪਣਾ ਡੇਰਾ ਲਾ ਲਿਆ। ਉਸ ਰਾਤ ਉਥੇ ਵਿਸ਼ਰਾਮ ਕਰਕੇ ਸਵੇਰ ਹੋਣ ਤੇ ਗੁਰੂ ਜੀ ਦਾ ਨਾਮ ਸੁਣਿਆ॥ ੭॥

ਮਿਲਜੋ ਆਨਿ ਕਰਿ ਬੰਦੇ ਹਾਥਾ। ਲਖਿ ਮਹਿਮਾ ਨੰਮ੍ਰੀ ਕਰਿ ਮਾਥਾ।
ਬੂਝਜੋ ਸਗਰੋ ਤਾਂਹਿ ਬ੍ਰਿਤਾਂਤ। ਭਨਜੋ ਤਾਂਹਿ ਬੀਤਾ ਜਿਸ ਭਾਂਤਿ ॥੮॥

ਗੁਰੂ ਜੀ ਨੂੰ ਮਿਲ ਕੇ ਹੱਥ ਜੋੜ ਕੇ ਬੰਦਨਾਂ ਕੀਤੀ ਅਤੇ ਮਹਿਮਾ ਵੇਖ ਕੇ ਸਿਰ ਝੁਕਾਇਆ। ਗੁਰੂ ਜੀ ਨੇ ਉਸ ਨੂੰ ਸਾਰਾ ਬ੍ਰਿਤਾਂਤ ਪੁਛਿਆ, ਉਸ ਨੇ ਸਾਰਾ ਬ੍ਰਿਤਾਂਤ ਜਿਵੇਂ ਹੋਇਆ ਵਾਪਰਿਆ ਸੀ, ਗੁਰੂ ਜੀ ਨੂੰ ਸੁਣਾ ਦਿੱਤਾ॥ ੮॥

'ਸ਼ਾਹੁ ਰੋਸ ਬਹੁ ਮੋ ਪਰ ਕੀਨੋ। ਦੇਸ਼ ਨਿਕਾਰਾ ਕਹਿ ਕਰਿ ਦੀਨੋ।
ਪਸ਼ਚਮ ਦਿਸ਼ਿ ਕੋ ਮੈਂ ਚਲਿ ਜਾਵੌਂ। ਸ੍ਰੀ ਗੁਰ ਜੀ ! ਤਿਤ ਬੈਸ ਬਿਤਾਵੌਂ ॥੯॥

"ਬਾਦਸ਼ਾਹ ਮੇਰੇ 'ਤੇ ਬਹੁਤ ਕ੍ਰੋਧਵਾਨ ਹੋਇਆ ਹੈ, ਮੈਨੂੰ ਕਹਿ ਕੇ ਦੇਸ਼-ਨਿਕਾਲਾ ਦੇ ਦਿੱਤਾ ਹੈ। ਪੱਛਮ ਵਾਲੇ ਪਾਸੇ ਮੈਂ ਚਲ ਕੇ ਜਾਵਾਂਗਾ, ਹੇ ਸ੍ਰੀ ਗੁਰੂ ਜੀ ! ਉਧਰ ਹੀ ਆਪਣੀ ਸਾਰੀ ਉਮਰ ਬਤੀਤ ਕਰਾਂਗਾ॥ ੯॥

ਭਨਤਿ ਬਿਨੈ ਅਧਿਕਾਇ ਅਧੀਨ। ਅਪਨੋ ਕਸ਼ਟ ਨਿਵੇਦਨਿ ਕੀਨਿ।
'ਖਰਚ ਗਯੋ ਬੁਰ ਪਾਸ ਨ ਪੈਸਾ। ਦਿਨਪ੍ਰਤਿ ਛੁਧਿਤਿ ਰੰਕ ਹ੍ਵੈ ਜੈਸਾ॥ ੧੦॥

ਫਿਰ ਬੜੇ ਦੀਨ ਹੋ ਕੇ ਬੇਨਤੀ ਕੀਤੀ ਤੇ ਆਪਣੇ ਦੁੱਖ ਬਾਰੇ ਦੱਸਿਆ। ਖਰਚ ਬੁਝ ਗਿਆ ਹੈ ਤੇ ਪਾਸ ਇਕ ਪੈਸਾ ਵੀ ਨਹੀਂ ਹੈ, ਦਿਨ ਰਾਤ ਗਰੀਬਾਂ ਵਾਂਗ ਭੁੱਖਾ ਰਹਿੰਦਾ ਹਾਂ॥ ੧੦॥

ਨੀਠ ਨੀਠ ਤੇ ਖਰਚ ਚੁਲਾਵੌਂ। ਬੇਚਿ ਬਿਭੂਖਨ ਨਰਨਿ ਖੁਲਾਵੌਂ।
ਅਪਰ ਪਾਤਸ਼ਾਹਿਤ ਮੈਂ ਜਾਵੌਂ। ਮਾਫਕ ਗੁਜ਼ਰ ਤਹਾਂ ਧਨ ਪਾਵੌਂ॥ ੧੧॥

ਬਹੁਤ ਸੰਕੋਚ ਸੰਕੋਚ ਕੇ ਖਰਚ ਚਲਾਉਂਦਾ ਹਾਂ, ਔਰਤਾਂ ਦੇ ਗਹਿਣੇ ਵੇਚ ਕੇ ਮਨੁੱਖਾਂ ਨੂੰ ਰੋਟੀ ਖਵਾਉਂਦਾ ਹਾਂ। ਮੈਂ ਹੋਰ ਬਾਦਸ਼ਾਹਾਂ ਪਾਸ ਜਾਵਾਂਗਾ ਤੇ ਗੁਜ਼ਾਰੇ ਮਾਫਕ ਧਨ ਪਾਵਾਂਗਾ'॥ ੧੧॥

ਇੱਤਜਾਦਿਕ ਜਬਿ ਬਿਨੈ ਬਖਾਨੀ। ਸੁਨਿ ਸ੍ਰੀ ਅਰਜਨ ਕਰੁਨਾ ਠਾਨੀ।
ਨਿਜ ਢਿਗ ਦਿਨ ਕੇਤਿਕ ਸੋ ਰਾਖਯੋ। ਦੇਤਿ ਅਸਨ ਹਿਤ ਧਨ ਜੋ ਕਾਂਖਯੋ॥੧੨॥

ਇਤਿਆਦਿ ਜਦ ਬੇਨਤੀ ਕੀਤੀ, ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਣ ਕੇ ਕਿਰਪਾ ਧਾਰਨ ਕੀਤੀ। ਆਪਣੇ ਪਾਸ ਕਈ ਦਿਨਾਂ ਤਕ ਰਖਿਆ, ਜੋ ਉਨ੍ਹਾਂ ਨੇ ਭੋਜਨ ਵਾਸਤੇ ਧਨ ਮੰਗਿਆ ਸੀ ਉਹ ਵੀ ਦਿੱਤਾ॥ ੧੨॥

ਜਬਹਿ ਚਲਨਿ ਕਹੁ ਤਿਨ ਮਨ ਕੀਨਾ। ਪੰਚ ਸਹੰਸ੍ਰ ਗੁਰੂ ਧਨ ਦੀਨਾ।
ਲੇਕਰਿ ਨਮੋ ਠਾਨਿ ਸ਼ਹਜਾਦਾ। ਗਮਨਯੋ ਪਸ਼ਚਮ ਦਿਸ਼ਿ ਅਹਿਲਾਦਾ॥੧੩॥

ਜਦ ਉਸ ਦਾ ਚਲਣ ਨੂੰ ਮਨ ਕੀਤਾ ਤਾਂ ਗੁਰੂ ਜੀ ਨੇ ਪੰਜ ਹਜ਼ਾਰ ਰੁਪਏ ਦਾ ਧਨ ਉਸ ਨੂੰ ਦਿੱਤਾ। ਧਨ ਲੈ ਕੇ ਤੇ ਨਮਸਕਾਰ ਕਰਕੇ ਸ਼ਹਿਜ਼ਾਦਾ ਪੱਛਮ ਦਿਸ਼ਾ ਵਲ ਚਲਾ ਗਿਆ॥ ੧੩॥

ਜਿਸ ਦਿਨ ਲੇ ਤਿਨ ਕੀਨਿ ਪਯਾਨ। ਨਰ ਚੰਦੂ ਕੋ ਇਕ ਤਿਸ ਥਾਨ।
ਸਕਲ ਬਾਰਤਾ ਸੁਨਿ ਕਰਿ ਗਯੋ। ਚੰਦੂ ਨਿਕਟ ਸੁਨਾਵਤਿ ਭਯੋ॥ ੧੪॥

ਜਿਸ ਦਿਨ ਉਹ ਧਨ ਲੈ ਕੇ ਚਲੇ ਗਏ ਤਾਂ ਇਕ ਚੰਦੂ ਦਾ ਬੰਦਾ ਓਥੇ ਰਹਿੰਦਾ ਸੀ। ਉਹ ਸਾਰੀ ਵਾਰਤਾ ਸੁਣ ਕੇ ਲਾਹੌਰ ਗਿਆ ਤੇ ਚੰਦੂ ਦੇ ਪਾਸ ਜਾ ਕੇ ਉਸ ਨੂੰ ਸੁਣਾਉਣ ਲੱਗਾ॥ ੧੪॥

ਕਰਹਿ ਸ਼ੱਤ੍ਰੁਤਾ ਗੁਰੁ ਕੇ ਸਾਥ। ਜਰ ਬਰ ਭਯੋ ਮਲਤਿ ਜੁਗ ਹਾਥ।
ਕਹੌਂ ਸ਼ਾਹੁ ਢਿਗ ਛਿੱਦ੍ਰ ਸੁ ਪਾਯੋ। ਰਿਸਹਿ ਰਿਦੇ ਹੁਇ ਮੁਰ ਮਨ ਭਾਯੋ॥੧੫॥

ਚੰਦੂ ਗੁਰੂ ਜੀ ਨਾਲ ਬੜੀ ਦੁਸ਼ਮਣੀ ਰੱਖਦਾ ਸੀ, ਉਹ ਇਹ ਸੁਣ ਕੇ ਸੜ ਬਲ ਗਿਆ ਤੇ ਦੋਵੇਂ ਹੱਥ ਮਲਣ ਲੱਗਾ। ਮੈਂ ਬਾਦਸ਼ਾਹ ਨੂੰ ਕਹਾਂਗਾ, ਹੁਣ ਊਜ ਲਾਉਣ ਦਾ ਕੋਈ ਬਹਾਨਾ ਮਿਲ ਗਿਆ ਹੈ, ਬਾਦਸ਼ਾਹ ਇਹ ਸੁਣ ਕੇ ਬਹੁਤ ਗੁੱਸੇ ਵਿਚ ਆ ਜਾਵੇਗਾ ਤੇ ਇਹ ਗੱਲ ਫਿਰ ਮੇਰੇ ਮਨ-ਭਾਉਂਦੀ ਹੋਵੇਗੀ॥ ੧੫॥

ਮੈਂ ਕਰਿ ਰਹਯੋ ਉਪਾਉ ਘਨੇਰਾ। ਨਹੀਂ ਬਿਗਾਰ ਸਕਯੋ ਗੁਰੁ ਕੇਰਾ।
ਸੋ ਫਕੀਰ, ਮੈਂ ਸ਼ਾਹੁ ਦਿਵਾਨ। ਅਬਿ ਲਗਿ ਸਮ ਕੈ ਰਹਯੋ ਮਹਾਨ॥ ੧੬॥

ਮੈਂ ਬਹੁਤ ਉਪਾਅ ਕਰਦਾ ਰਿਹਾ ਹਾਂ, ਪਰ ਗੁਰੂ ਜੀ ਦਾ ਕੁਝ ਨਹੀਂ ਵਿਗਾੜ ਸਕਿਆ। ਉਹ ਫਕੀਰ ਹੈ, ਮੈਂ ਬਾਦਸ਼ਾਹ ਦਾ ਦੀਵਾਨ ਹਾਂ, ਹੁਣ ਤਕ ਕਦੀ ਮੇਰੇ ਬਰਾਬਰ ਦੇ ਤੇ ਕਦੀ ਮੈਥੋਂ ਵੱਡੇ ਰਹੇ ਹਨ॥ ੧੬॥

ਸ਼ੱਤ੍ਰ ਸਮ ਸ਼ਹਜ਼ਾਦਾ ਸੋਇ। ਤਿਹ ਧਨ ਦੀਨਿ ਸਖਾ ਜਿਮ ਹੋਇ।
ਨਿਜ ਢਿਗ ਰਾਖਯੋ ਤ੍ਰਾਸ ਨ ਮਾਨਾ। ਰਿਸਹਿ ਸ਼ਾਹੁ ਜਬਿ ਸੁਨਿਹੈ ਕਾਨਾ ॥੧੭॥

ਉਹ ਸ਼ਹਿਜ਼ਾਦਾ ਦੁਸ਼ਮਣ ਵਾਂਗ ਹੈ, ਉਨ੍ਹਾਂ ਉਸ ਨੂੰ ਧਨ ਦਿੱਤਾ ਹੈ ਜਿਵੇਂ ਉਨ੍ਹਾਂ ਦਾ ਮਿੱਤਰ ਹੋਵੇ। ਆਪਣੇ ਪਾਸ ਰੱਖਿਆ ਹੈ ਤੇ ਡਰ ਨਹੀਂ ਮੰਨਿਆ ਹੈ। ਜਦ ਬਾਦਸ਼ਾਹ ਇਹ ਗੱਲ ਆਪਣੇ ਕੰਨਾਂ ਨਾਲ ਸੁਣੇਗਾ ਤਾਂ ਬਹੁਤ ਕ੍ਰੋਧ ਵਿਚ ਆ ਜਾਵੇਗਾ॥ ੧੭॥

ਪ੍ਰਾਤ ਹੋਤਿ ਗਰ ਜਾਮਾ ਪਾਇ। ਗਯੋ ਮੂਢ ਉਰ ਹਰਖ ਉਪਾਇ।
ਤਸਲੀਮਾਤ ਸ਼ਾਹੁ ਸੋਂ ਕੀਨਿ। ਚੁਗਲੀ ਉਗਲਨਿ ਕੋ ਮਤਿ ਹੀਨ॥ ੧੮॥

ਸਵੇਰ ਹੋਣ ਤੇ ਗਲ ਵਿਚ ਕਈ ਪੱਲਿਆਂ ਵਾਲਾ ਜਾਮਾ ਪਾਇਆ ਤੇ ਮੂਰਖ ਦਿਲ ਵਿਚ ਬੜਾ ਪ੍ਰਸੰਨ ਹੋ ਕੇ ਬਾਦਸ਼ਾਹ ਦੇ ਪਾਸ ਚਲਾ ਗਿਆ। ਬਾਦਸ਼ਾਹ ਨੂੰ ਜਾ ਕੇ ਅਦਾਬ ਕੀਤੀ, ਮੂਰਖ ਚੁਗਲੀ ਕਰਨਾ ਚਾਹੁੰਦਾ ਸੀ॥ ੧੮॥

ਹਾਥ ਜੋਰਿ ਕਰਿ ਬਹੁਰ ਸੁਨਾਵੈ। 'ਸੋ ਅਰਜਨ ਜਗ ਗੁਰੂ ਕਹਾਵੈ।
ਚਹੁੰ ਦਿਸ਼ਿ ਤੇ ਧਨ ਜਿਸ ਢਿਗ ਆਵੈ। ਤੁਮ ਤੇ ਤ੍ਰਾਸ ਨ ਕੈਸੇ ਪਾਵੈ॥ ੧੯॥

ਹੱਥ ਜੋੜ ਕੇ ਫਿਰ ਕਹਿਣ ਲੱਗਾ, "ਜਿਹੜਾ ਸ੍ਰੀ ਅਰਜਨ ਜਗਤ ਦਾ ਗੁਰੂ ਕਹਾਉਂਦਾ ਹੈ ਅਤੇ ਜਿਸ ਦੇ ਪਾਸ ਚਾਰੇ ਪਾਸਿਆਂ ਤੋਂ ਧਨ ਆਉਂਦਾ ਹੈ, ਉਹ ਤੁਹਾਡੇ ਪਾਸੋਂ ਕਿਉਂ ਨਹੀਂ ਡਰਦਾ ਹੈ॥ ੧੯॥

ਨਿਜ ਪੂਜਾ ਅਰੁ ਧਨ ਕੋ ਦੇਖਿ। ਜਿਸ ਕੇ ਉਰ ਹੰਕਾਰ ਵਿਸ਼ੇਖ।
ਸ਼ਹਜ਼ਾਦਾ ਜੋ ਤੁਮਹਿ ਨਿਕਾਰਯੋ। ਨਹਿਂ ਕਿਸ ਤਿਸ ਕੋ ਆਦਰ ਧਾਰਯੋ॥੨੦॥

ਆਪਣੀ ਪੂਜਾ ਅਤੇ ਧਨ ਨੂੰ ਵੇਖ ਕੇ, ਜਿਸ ਦਾ ਹਿਰਦਾ ਵੱਡੇ ਹੰਕਾਰ ਨਾਲ ਭਰਿਆ ਹੈ। ਜਿਸ ਸ਼ਹਿਜ਼ਾਦੇ ਨੂੰ ਤੁਸੀਂ ਦੇਸ਼ ਨਿਕਾਲਾ ਦਿੱਤਾ ਹੈ ਅਤੇ ਜਿਸ ਦਾ ਕਿਸੇ ਨੇ ਵੀ ਆਦਰ ਨਹੀਂ ਕੀਤਾ ਹੈ॥ ੨੦॥

ਤੁਮ ਤੇ ਬਡਾ ਕਿ ਤੁਮ ਸਮ ਜਾਨਿ। ਪਹੁੰਚਯੋ ਗੁਰੁ ਅਰਜਨ ਕੇ ਥਾਨ।
ਸਾਦਰ ਤਿਸ ਕੋ ਪਾਸ ਉਤਾਰਾ। ਹਮ ਰਾਖਹਿਂ ਤੁਝ ਧੀਰ ਉਚਾਰਾ॥ ੨੧॥

ਤੁਹਾਡੇ ਨਾਲੋਂ ਵੱਡਾ ਕਿ ਤੁਹਾਡੇ ਬਰਾਬਰ ਜਾਣ ਕੇ, ਉਹ ਗੁਰੂ ਅਰਜਨ ਦੇ ਪਾਸ ਪਹੁੰਚਿਆ। ਗੁਰੂ ਅਰਜਨ ਦੇਵ ਨੇ ਬੜੇ ਆਦਰ ਨਾਲ ਉਸ ਦਾ ਆਪਣੇ ਪਾਸ ਡੇਰਾ ਲਵਾਇਆ, ਅਸੀਂ ਤੈਨੂੰ ਰਖਦੇ ਹਾਂ, ਉਸ ਨੂੰ ਧੀਰਜ ਦਿੱਤਾ॥ ੨੧॥

ਹਮਰੋ ਕਹਾ ਕਰੈ ਪਤਿਸ਼ਾਹ। ਨਹਿਂ ਰੱਯਤ ਜੋ ਹੁਕਮ ਕਰਾਹਿ।
ਕੇਤਿਕ ਦਿਵਸ ਨਿਕਟ ਸੋ ਰਾਖਯੋ। ਸੋ ਨਹਿਂ ਰਹਯੋ ਚਲਨਿ ਅਭਿਲਾਖਯੋ॥੨੨॥

ਸਾਡਾ ਕਿਹਾ ਬਾਦਸ਼ਾਹ ਕਰਦਾ ਹੈ, ਅਸੀਂ ਉਸ ਦੀ ਰਈਅਤ ਨਹੀਂ ਹਾਂ ਜਿਹੜਾ ਉਹ ਹੁਕਮ ਕਰੇ। ਕਈ ਦਿਨ ਸ਼ਹਿਜ਼ਾਦੇ ਨੂੰ ਪਾਸ ਰਖਿਆ। ਉਹ ਨਾ ਰਿਹਾ ਤੇ ਉਸ ਚਲਣ ਦੀ ਅਭਿਲਾਸ਼ਾ ਕੀਤੀ॥ ੨੨॥

ਗਮਨਤਿ ਕੋ ਬਹੁ ਧਨ ਤਿਹ ਦੀਨਾ। ਸਕਲ ਰੀਤਿ ਤੇ ਮੱਦਤ ਕੀਨਾ।
ਤੁਮਰੋ ਤ੍ਰਾਸ ਪਾਇ ਸੋ ਗਯੋ। ਗੁਰੁ ਅਰਜਨ ਉਰ ਡਰ ਨਹਿਂ ਕਿਯੋ॥ ੨੩॥

ਉਸ ਨੂੰ ਜਾਣ ਲੱਗੇ ਨੂੰ ਬਹੁਤ ਧਨ ਦਿੱਤਾ, ਸਾਰੀਆਂ ਰੀਤੀਆਂ ਨਾਲ ਉਸ ਨੂੰ ਬਹੁਤ ਪ੍ਰਸੰਨ ਕੀਤਾ। ਤੁਹਾਡੇ ਪਾਸੋਂ ਡਰਦਾ ਸ਼ਹਿਜ਼ਾਦਾ ਚਲਾ ਗਿਆ ਹੈ, ਪਰ ਗੁਰੂ ਅਰਜਨ ਦੇਵ ਨੇ ਦਿਲ ਵਿਚ ਕੋਈ ਡਰ ਨਹੀਂ ਮੰਨਿਆ ਹੈ॥ ੨੩॥

ਬਡ ਹੰਕਾਰ ਜਿਨਹੁ ਕੇ ਮਾਂਹੀ। ਆਂਖਿ ਤਰੈ ਕਿਸ ਆਨਤਿ ਨਾਂਹੀ।
ਤੁਮ ਢਿਗ ਆਗੇ ਅਰਜ਼ ਉਚਾਰੀ। ਰਾਖਹਿ ਤਸਕਰ ਸਦਨ ਮਝਾਰੀ॥ ੨੪॥

ਉਸ ਦੇ ਮਨ ਵਿਚ ਵੱਡਾ ਹੰਕਾਰ ਹੈ ਤੇ ਉਹ ਕਿਸੇ ਨੂੰ ਵੀ ਆਪਣੀ ਅੱਖ ਥੱਲੇ ਨਹੀਂ ਲਿਆਉਂਦਾ। ਤੁਹਾਡੇ ਪਾਸ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਉਹ ਆਪਣੇ ਘਰ ਵਿਚ ਚੋਰ ਰੱਖਦਾ ਹੈ॥ ੨੪॥

ਆਪ ਕਹਾਵਤਿ ਹੈ ਸਭਿ ਮਾਂਹੂ। ਸਭਿਤੇ ਬਡੋ ਸਾਚ ਪਤਿਸ਼ਾਹੂ।
ਨਿਜ ਖ਼ਾਤਰ ਮਹਿਂ ਕਿਸੂ ਨ ਲਜਾਵੈ। ਬਰਤਹਿ ਤਥਾ ਜਥਾ ਮਨ ਭਾਵੈ॥ ੨੫॥

ਸਾਰਿਆਂ ਦੇ ਵਿਚ ਆਪਣੇ ਆਪ ਨੂੰ ਸਭ ਤੋਂ ਵੱਡਾ ਸੱਚਾ ਪਾਤਸ਼ਾਹ ਕਹਾਉਂਦਾ ਹੈ। ਆਪਣੀ ਖ਼ਾਤਰ ਵਿਚ ਕਿਸੇ ਨੂੰ ਨਹੀਂ ਲਿਆਉਂਦਾ ਭਾਵ ਕਿਸੇ ਦੀ ਪ੍ਰਵਾਹ ਨਹੀਂ ਕਰਦਾ ਤੇ ਉਸ ਤਰ੍ਹਾਂ ਹੀ ਕਰਦਾ ਹੈ, ਜਿਵੇਂ ਉਸ ਦੇ ਮਨ ਨੂੰ ਚੰਗਾ ਲੱਗਦਾ ਹੈ॥ ੨੫॥

ਅਪਰ ਸਜਾਇ ਨਹੀਂ ਜੇ ਦੇਵਹੁ। ਢਿਗ ਬੁਲਾਇ ਅਜ਼ਮਤਿ ਕੋ ਲੇਵਹੁ।
ਕਰਾਮਾਤ ਜੇ ਦਿਖਯੋ ਨ ਚਾਹੋ। ਤਊ ਹਕਾਰਹੁ ਅਪਨੇ ਪਾਹੋ॥ ੨੬॥

ਜੇ ਉਸ ਨੂੰ ਕੋਈ ਹੋਰ ਸਜ਼ਾ ਨਹੀਂ ਦੇਣੀ ਹੈ ਤਾਂ ਆਪਣੇ ਪਾਸ ਬੁਲਾ ਕੇ ਵਡਿਆਈ ਲਵੋ। ਜੇ ਕਰਾਮਾਤ ਨਹੀਂ ਵੇਖਣੀ ਚਾਹੁੰਦੇ ਹੋ ਤਾਂ ਵੀ ਉਸ ਨੂੰ ਆਪਣੇ ਪਾਸ ਬੁਲਾਉ॥ ੨੬॥

ਜੇ ਇਸ ਕ੍ਰਿਤ ਕੋ ਤੁਮ ਮਨ ਜਾਨਿ। ਨਹੀਂ ਤਿਦਾਰਕ ਦੇਹੁ ਮਹਾਨ।
ਨ੍ਰਿਭੈ ਹੋਇ ਬਹੁ ਕਰਹਿ ਕੁਕਾਜ। ਤਸਕਰ ਆਦਿ ਲਗਾਇ ਸੁ ਰਾਜ॥ ੨੭॥

ਜੇ ਇਸ ਕ੍ਰਿਤ ਨੂੰ ਤੁਹਾਡਾ ਮਨ ਜਾਣਦਾ ਹੈ ਤਾਂ ਜੇ ਤੁਸੀਂ ਕਰੜੀ ਰੋਕ ਨਹੀਂ ਪਾਉਗੇ ਭਾਵ ਸਖ਼ਤ ਸਜ਼ਾ ਨਹੀਂ ਦੇਵੋਗੇ ਤਾਂ ਨਿਰਭੈ ਹੋ ਕੇ ਬਹੁਤ ਮਾੜੇ ਕੰਮ ਕਰੇਗਾ। ਰਾਜ ਨੂੰ ਚੋਰ ਆਦਿ ਲਾ ਦੇਵੇਗਾ॥ ੨੭॥

ਜਯੋਂ ਤੁਮ ਛਿਮਾ ਕਰਹੁ ਲਖਿ ਪੀਰ। ਤਯੋਂ ਉਰ ਗਰਬਤਿ ਹੈ ਧਰਿ ਧੀਰ।
ਸ੍ਰੀ ਨਾਨਕ ਸਮ ਕ੍ਰਿਤ ਨ ਤਿਨਕੋ। ਧਰਹਿ ਈਰਖਾ ਕਪਟੀ ਮਨ ਕੋ॥ ੨੮॥

ਜੇ ਤੁਸੀਂ ਉਸ ਨੂੰ ਪੀਰ ਮੰਨ ਕੇ ਛੱਡ ਦੇਵੋਗੇ ਤਾਂ ਉਹ ਧੀਰਜ ਧਾਰ ਕੇ ਹਿਰਦੇ ਵਿਚ ਬਹੁਤ ਹੰਕਾਰ ਕਰੇਗਾ। ਉਸ ਦੀ ਸ੍ਰੀ ਨਾਨਕ ਵਰਗੀ ਕ੍ਰਿਤ ਨਹੀਂ ਹੈ, ਉਹ ਆਪਣੇ ਕਪਟੀ ਮਨ ਵਿਚ ਈਰਖਾ ਧਾਰਨ ਕਰਦਾ ਹੈ॥ ੨੮॥

ਸੁਲਬੀ ਪਠਯੋ ਨ ਪਹੁਚਯੋ ਤਹਾਂ। ਤਿਸ ਪੀਛੈ ਉਰ ਗਰਬਯੋ ਮਹਾਂ।
ਹਜ਼ਰਤ ਜੇ ਡਰ ਹ੍ਵੈ ਨ ਤੁਮਾਰਾ। ਹੋਹਿ ਰਾਜ ਮਹਿਂ ਬਹੁਤ ਬਿਗਾਰਾ॥ ੨੯॥

ਸੁਲਬੀ ਨੂੰ ਭੇਜਿਆ ਸੀ, ਉਹ ਉਥੇ ਪਹੁੰਚਿਆ ਨਹੀਂ, ਉਸ ਦੇ ਬਾਅਦ ਹਿਰਦੇ ਵਿਚ ਹੰਕਾਰ ਕਰਦਾ ਹੈ, ਹੇ ਹਜ਼ਰਤ! ਜੇ ਤੁਹਾਡਾ ਡਰ ਨਹੀਂ ਹੋਵੇਗਾ, ਤਾਂ ਰਾਜ ਦੇ ਸਾਰੇ ਕੰਮ-ਕਾਜ ਵਿਗੜ ਜਾਣਗੇ'॥ ੨੯॥

ਇੱਤਯਾਦਿਕ ਪਾਪੀ ਬਹੁ ਕਹਯੋ। ਸਾਚ ਤੁਰਕ ਪਤਿ ਨੇ ਚਿਤ ਲਹਯੋ।
ਨਿਤ ਪ੍ਰਤਿ ਤਿਨ ਕੀ ਆਇ ਖੁਟਾਈ। ਮੈਂ ਅਬਿ ਲੌ ਨਹਿਂ ਕਛੂ ਜਨਾਈ॥ ੩੦॥

ਇਤਿਆਦਿ ਪਾਪੀ ਨੇ ਬਹੁਤ ਕੁਝ ਕਿਹਾ। ਤੁਰਕ ਬਾਦਸ਼ਾਹ ਨੇ ਸਭ ਕੁਝ ਸੱਚ ਮੰਨ ਲਿਆ। ਨਿਤਾਪ੍ਰਤਿ ਉਨ੍ਹਾਂ ਦੀਆਂ ਖੋਟੀਆਂ ਗੱਲਾਂ ਬਾਰੇ ਖ਼ਬਰਾਂ ਮਿਲਦੀਆਂ ਹਨ, ਮੈਂ ਹੁਣ ਤਕ ਕੁਝ ਨਹੀਂ ਜਾਣਿਆ ਹੈ॥ ੩੦॥

ਨਿਜ ਦਿਵਾਨ ਪਾਪੀ ਸੰਗ ਕਹਜੋ। 'ਕੇਤਿਕ ਡੰਡ ਉਚਿਤ ਤੈਂ ਲਹਜੋ।
ਜੇਤਿਕ ਦੇਹਿਂ ਲਿਖਹੁ ਪਰਵਾਨਾ। ਆਵੈਂ ਅਬਿ ਚਲਿਕੈ ਇਸਥਾਨਾ' ॥ ੩੧ ॥

ਆਪਣੇ ਪਾਪੀ ਦੀਵਾਨ ਨੂੰ ਕਿਹਾ, "ਜਿੰਨਾ ਵੀ ਡੰਡ ਉਚਿਤ ਹੈ, ਉਸ ਤੇ ਲਾਉ। ਉਸ ਨੂੰ ਪਰਵਾਨਾ ਲਿਖ ਕੇ ਭੇਜੋ ਤਾਂਕਿ ਉਹ ਚਲ ਕੇ ਏਥੇ ਆਵੇ" ॥ ੩੧ ॥

ਦੁਸ਼ਟ ਸਚਿਵ ਨੇ ਮਤਿ ਬਿਚਲਾਈ। ਉਚਿਤਾਨੁਚਿਤ ਸਕਲ ਬਿਸਰਾਈ।
ਜਿਨ ਕੀ ਕਰਤਿ ਸਤੁਤਿ ਲਖਿ ਪੀਰ। ਡੰਨ ਚਹੈ ਮੂਰਖ ਤਿਨ ਤੀਰ ॥ ੩੨ ॥

ਦੁਸ਼ਟ ਮੰਤਰੀ ਨੇ ਬਾਦਸ਼ਾਹ ਦੀ ਬੁੱਧੀ ਵਿਗਾੜ ਦਿੱਤੀ। ਯੋਗ, ਅਯੋਗ ਸਭ ਕੁਝ ਭੁੱਲ ਗਿਆ। ਜਿਨ੍ਹਾਂ ਦੀ 'ਗੁਰੂ ਜੀ' ਸਮਝ ਕੇ ਉਸਤਤੀ ਕਰਦਾ ਸੀ, ਉਨ੍ਹਾਂ ਪਾਸੋਂ ਮੂਰਖ ਡੰਨ ਲੈਣਾ ਚਾਹੁੰਦਾ ਸੀ ॥ ੩੨ ॥

'ਧਨ ਦੁਇ ਲਾਖ ਦੀਜਿਯਹਿ ਆਇ। ਤੁਮਨੇ ਕੀਨਸਿ ਬਾਤ ਬਿਜਾਇ।
ਸ਼ਹਜ਼ਾਦਾ ਜੋ ਹਮਹੁ ਨਿਕਾਰਜੋ। ਰਿਪੁ ਸਮਾਨ ਉਰ ਮਹਿਂ ਨਿਰਧਾਰਜੋ ॥ ੩੩ ॥

ਦੋ ਲੱਖ ਰੁਪਏ ਧਨ ਆ ਕੇ ਦੇਵੋ, ਤੁਸੀਂ ਬੜੀ ਅਯੋਗ ਗੱਲ ਕੀਤੀ ਹੈ। ਅਸੀਂ ਜਿਸ ਸ਼ਹਿਜ਼ਾਦੇ ਨੂੰ ਦੇਸ਼ ਨਿਕਾਲਾ ਦਿੱਤਾ ਸੀ ਅਤੇ ਜਿਸ ਨੂੰ ਅਸੀਂ ਦੁਸ਼ਮਣ ਸਮਾਨ ਸਮਝਦੇ ਸੀ ॥ ੩੩ ॥

ਟਿਕਨ ਦਯੋ ਨਹਿਂ ਨਿਕਟ ਸੁ ਕਾਹੂੰ। ਤਮ ਧਨ ਦੀਨਸਿ ਰਾਖਜੋ ਪਾਹੂੰ'।
ਆਇਸੁ ਜਹਾਂਗੀਰ ਕੀ ਲੈਕੇ। ਚੰਦੂ ਦੁਸ਼ਟ ਲਿਖਜੋ ਬਿਧਿ ਕੈ ਕੈ ॥ ੩੪ ॥

ਉਸ ਨੂੰ ਆਪਣੇ ਪਾਸ ਕਿਉਂ ਟਿਕਣ ਦਿੱਤਾ, ਤੁਸੀਂ ਧਨ ਦਿੱਤਾ ਤੇ ਆਪਣੇ ਪਾਸ ਰੱਖਿਆ।" ਜਹਾਂਗੀਰ ਦੀ ਆਗਿਆ ਲੈ ਕੇ ਦੁਸ਼ਟ ਚੰਦੂ ਨੇ ਕਈ ਵਾਧੂ ਗੱਲਾਂ ਬਣਾ ਕੇ ਪਰਵਾਨਾ ਲਿਖਿਆ ॥ ੩੪ ॥

ਸ਼ਾਹੁ ਕਹੇ ਕੋ ਦਸ ਗੁਨਰਿਸ ਕੋ। ਲਿਖਜੋ ਕਠੋਰ ਹੁਕਮ ਗੁਰੁ ਦਿਸ਼ਿ ਕੋ।
ਅਹਿਦੀ ਕੋ ਨਿਜ ਨਿਕਟ ਹਕਾਰਾ। 'ਤਿਨ ਪਰ ਸ਼ਾਹੁ ਕ੍ਰੋਧ ਬਡ ਧਾਰਾ ॥ ੩੫ ॥

ਜੋ ਬਾਦਸ਼ਾਹ ਨੇ ਕਿਹਾ ਸੀ, ਉਸ ਤੋਂ ਦਸ ਗੁਣਾਂ ਵੱਧ ਗੁੱਸੇ ਭਰਿਆ ਪਰਵਾਨਾ ਲਿਖ ਕੇ ਗੁਰੂ ਜੀ ਵਲ ਭੇਜਿਆ। ਅਹਿਦੀ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਉਨ੍ਹਾਂ ਉਤੇ ਬਾਦਸ਼ਾਹ ਨੇ ਬਹੁਤ ਗੁੱਸਾ ਧਾਰਨ ਕੀਤਾ ਹੈ ॥ ੩੫ ॥

ਗਹੁ ਪਰਵਾਨਾ ਗਮਨਹੁ ਤੂਰਨ। ਲਿਹੁ ਦੁਇ ਲਾਖ ਦਰਬ ਕਰਿ ਪੂਰਨ।
ਜਾਹੁ ਸੁਧਾਸਰ ਹੁਕਮ ਪ੍ਰਕਾਸ਼। ਲਿਹੁ ਸਭਿ ਕਿਛੁ ਸ੍ਰੀ ਅਰਜਨ ਪਾਸ ॥ ੩੬ ॥

ਪਰਵਾਨਾ ਲੈ ਕੇ ਫੌਰਨ ਚਲੇ ਜਾਵੋ ਅਤੇ ਦੋ ਲੱਖ ਰੁਪਈਆ ਪੂਰਾ ਕਰਕੇ ਲਿਆਵੋ। ਅੰਮ੍ਰਿਤਸਰ ਜਾ ਕੇ ਹੁਕਮ ਦੱਸੋ ਅਤੇ ਸ੍ਰੀ ਅਰਜਨ ਦੇਵ ਪਾਸੋਂ ਸਭ ਕੁਝ ਲੈ ਲਵੋ ॥ ੩੬ ॥

ਮ੍ਰਿਦੁਲ ਨ ਬੋਲਹੁ ਲਿਹੁ ਧਨ ਰਾਸੀ। ਨਾਂਹਿ ਤ ਆਨਹੁ ਹਜ਼ਰਤ ਪਾਸੀ।
ਅਪਰ ਕਿਸੂ ਕੋ ਕਹਜੋ ਨ ਕੀਜਹਿ। ਗਮਨਹੁ ਅਬਹਿ ਛਿੱਪ੍ਰ ਪਹੁਚੀਜਹਿ' ॥ ੩੭ ॥

ਮਿੱਠਾ ਬੋਲ ਕੇ ਧਨ ਦੀ ਰਕਮ ਲੈ ਲਵੋ, ਨਹੀਂ ਤਾਂ ਉਸ ਨੂੰ ਬਾਦਸ਼ਾਹ ਪਾਸ ਲੈ ਆਵੋ। ਹੋਰ ਕਿਸੇ ਨੂੰ ਕੁਝ ਨਾ ਕਹਿਣਾ, ਹੁਣ ਜਾਵੋ ਤੇ ਛੇਤੀ ਪਹੁੰਚ ਜਾਵੋ" ॥ ੩੭ ॥

ਚਲਜੋ ਅਹਿਦੀਆ ਲੇ ਪਰਵਾਨਾ। ਪੀਛੇ ਉਰ ਪਾਪੀ ਹਰਖਾਨਾ।
ਬੀਤੇ ਸੰਮਤ ਕਰਤਿ ਉਪਾਊ। ਅਬਿ ਕੁਛ ਲਾਗਜੋ ਮੇਰੋ ਦਾਊ ॥ ੩੮ ॥

ਅਹਿਦੀਆ ਪ੍ਰਵਾਨਾ ਲੈ ਕੇ ਚਲ ਪਿਆ। ਬਾਅਦ ਵਿਚ ਪਾਪੀ ਚੰਦੂ ਬਹੁਤ ਪ੍ਰਸੰਨ ਹੋਇਆ। ਪਿਛਲੇ ਸਾਲ ਤੋਂ ਕੋਸ਼ਿਸ਼ ਕਰ ਰਿਹਾ ਸੀ, ਹੁਣ ਕੁਝ ਮੇਰਾ ਦਾਅ ਲੱਗਾ ਹੈ ॥ ੩੮ ॥

ਲੈਹੌਂ ਬੈਰ ਦੇਉਂ ਦੁਖ ਤੈਸੇ। ਸੁਤਾ ਮੋਹਿ ਸੰਕਟਿ ਲਹਿ ਜੈਸੇ।
ਨਹਿਂ ਭੈ ਕਰਯੋ ਨ ਲੀਨਿ ਸਗਾਈ। ਕਰਿ ਬਿਨਤੀ ਭੀ ਮੋਹਿ ਪਠਾਈ॥ ੩੯॥

ਵੈਰ ਲਵਾਂਗਾ, ਅਜਿਹੇ ਦੁਖ ਦੇਵਾਂਗਾ, ਜਿਸ ਤਰ੍ਹਾਂ ਮੇਰੀ ਪੁੱਤਰੀ ਸੰਕਟ ਭੋਗ ਰਹੀ ਹੈ, ਨਾ ਡਰਿਆ ਹੈ ਅਤੇ ਨਾ ਸਗਾਈ ਲਈ ਹੈ, ਮੇਰੀ ਬੇਨਤੀ ਨੂੰ ਵੀ ਨਹੀਂ ਮੰਨਿਆ ਹੈ॥ ੩੯॥

ਲਾਗੀ ਅਬਿ ਲੌ ਆਂਚਿ ਨ ਤਾਤੀ। ਬੈਠਿ ਰਹਯੋ ਕਰਿ ਸੀਤਲ ਛਾਤੀ।
ਕਰਤਿ ਰਹਯੋ ਮੈਂ ਜਤਨ ਘਨੇਰੇ। ਤਿਨ ਕੇ ਸੰਕਟ ਗਯੋ ਨ ਨੇਰੇ॥ ੪੦॥

ਹੁਣ ਤਕ ਤਾਂ ਤੱਤੀ ਹਵਾ ਵੀ ਨਹੀਂ ਲੱਗੀ ਹੈ, ਠੰਡੀ ਛਾਤੀ ਕਰਕੇ ਬੈਠਾ ਰਿਹਾ ਹੈ। ਮੈਂ ਬਹੁਤ ਯਤਨ ਕਰਦਾ ਰਿਹਾ ਹਾਂ। ਕੋਈ ਸੰਕਟ ਵੀ ਉਨ੍ਹਾਂ ਦੇ ਨੇੜੇ ਨਹੀਂ ਗਿਆ ਹੈ॥ ੪੦॥

ਖੱਤ੍ਰਿਨਿ ਬਿਖੈ ਲਾਜ ਮਮ ਖੋਈ। ਕਰਨਿ ਸਬੰਧ ਨ ਮਾਨੈ ਕੋਈ।
ਸੋ ਬਦਲਾ ਅਬਿ ਆਵਹਿ ਹਾਥ। ਇਮ ਬਿਚਾਰਿ ਮੂਰਖ ਮੁਦ ਸਾਥ॥ ੪੧॥

ਮੈਂ ਖੱਤਰੀਆਂ ਵਿਚ ਆਪਣੀ ਲਾਜ ਗਵਾ ਬੈਠਾ ਹਾਂ, ਕੋਈ ਵੀ ਮੇਰੀ ਲੜਕੀ ਦਾ ਸਾਕ ਲੈਣ ਲਈ ਤਿਆਰ ਨਹੀਂ। ਉਹ ਬਦਲਾ ਹੁਣ ਮੇਰੇ ਹੱਥ ਆਇਆ ਹੈ, ਇਹ ਵਿਚਾਰ ਕੇ ਮੂਰਖ ਪ੍ਰਸੰਨ ਹੋ ਰਿਹਾ ਸੀ॥ ੪੧॥

ਨਹਿਂ ਜਾਨਹਿ ਨਿਜ ਮੂਲ ਉਪਾਰਤਿ। ਅਪਨੇ ਪਰ ਅਪਦਾ ਬਡ ਡਾਰਤਿ।
ਇਸ ਜਗ ਮਹਿਂ ਦੁਖ ਭੋਗ ਘਨੇਰੇ। ਮਰਯੋ ਕੁਮ੍ਰਿਤੁ ਅੰਤ ਕੀ ਬੇਰੇ॥ ੪੨॥

ਇਹ ਨਹੀਂ ਸੀ ਜਾਣਦਾ ਕਿ ਉਹ ਆਪਣੀ ਜੜ੍ਹ ਹੀ ਪੁੱਟ ਰਿਹਾ ਹੈ। ਆਪਣੇ ਉੱਤੇ ਬਹੁਤ ਵੱਡੀ ਬਿਪਤਾ ਸੁੱਟ ਰਿਹਾ ਸੀ। ਇਸ ਜਗਤ ਵਿਚ ਬਹੁਤ ਦੁੱਖ ਭੋਗ ਕੇ ਅੰਤ ਵਿਚ ਬੜੀ ਖੋਟੀ ਮੌਤ ਮਰੇਗਾ॥ ੪੨॥

ਨਰਕ ਅਗਾਰੀ ਪਰਿਹੌਂ ਜਾਇ। ਨਹਿਂ ਅਨਜਾਨ ਲਖਹਿ ਇਸ ਭਾਇ।
ਚਲਿ ਲਹੌਰ ਤੇ ਅਹਿਦੀ ਆਯੋ। ਹੋਨਿ ਕ੍ਰੂਰ ਜੋ ਦੁਸ਼ਟ ਸਿਖਾਯੋ॥ ੪੩॥

ਅੱਗੇ ਜਾ ਕੇ ਨਰਕਾਂ ਵਿਚ ਪਵੇਗਾ, ਮੂਰਖ ਇਸ ਬਾਰੇ ਨਹੀਂ ਸੀ ਜਾਣਦਾ। ਲਾਹੌਰ ਤੋਂ ਚੱਲ ਕੇ ਅਹਿਦੀ ਆਇਆ ਜਿਸ ਨੂੰ ਦੁਸ਼ਟ ਚੰਦੂ ਨੇ ਸਖ਼ਤੀ ਕਰਨ ਵਾਸਤੇ ਸਿਖਾ ਕੇ ਭੇਜਿਆ ਸੀ॥ ੪੩॥

*ਰੋਥੀ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥ ੨੯॥*

## *ਅਧਿਆਇ ਤੀਹਵਾਂ*

### *ਸ੍ਰੀ ਹਰਿਗੋਬਿੰਦ ਜੀ ਨੂੰ ਉਪਦੇਸ਼*

ਦੋਹਰਾ-ਸ੍ਰੀ. ਅਰਜਨ. ਬੈਠਯੋ ਗੁਰੂ ਜਾਨਤਿ ਸਕਲ ਪ੍ਰਸੰਗ।
ਅਹਿਦੀ ਨੇ ਦਰਸ਼ਨ ਕਰਯੋ ਭਾ ਸੀਤਲ ਸਰਬੰਗ॥ ੧॥

ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ, ਉਹ ਸਾਰੇ ਪ੍ਰਸੰਗ ਨੂੰ ਜਾਣਦੇ ਸਨ। ਅਹਿਦੀ ਨੇ ਜਦ ਉਨ੍ਹਾਂ ਦੇ ਦਰਸ਼ਨ ਕੀਤੇ ਤਾਂ ਉਸ ਦੇ ਸਰੀਰ ਦੇ ਅੰਗ-ਅੰਗ ਨੂੰ ਠੰਡ ਪੈ ਗਈ॥ ੧॥

ਚੌਪਈ- ਲਿਖਯੋ ਸ਼ਾਹੁ ਕੋ ਧਰਯੋ ਅਗਾਰੀ। ਆਪ ਜੋਰਿ ਕਰ ਬੰਦਨ ਧਾਰੀ।
ਦੇਖਿ ਸਰੂਪ ਸੁਭਾਵ ਬਿਸਾਲਾ। ਅਹਿਦੀ ਕਹਿ ਨ ਸਕਯੋ ਤਿਸ ਕਾਲਾ ॥੨॥

ਜੋ ਬਾਦਸ਼ਾਹ ਨੇ ਲਿਖ ਕੇ ਭੇਜਿਆ ਸੀ, ਉਹ ਪਰਵਾਨਾ ਉਸ ਗੁਰੂ ਜੀ ਦੇ ਅੱਗੇ ਧਰ ਦਿੱਤਾ। ਆਪ ਹੱਥ ਜੋੜ ਕੇ ਬੰਦਨਾ ਕੀਤੀ। ਗੁਰੂ ਜੀ ਦਾ ਵਿਸ਼ਾਲ ਸਰੂਪ ਅਤੇ ਸੁਭਾਵ ਵੇਖ ਕੇ, ਅਹਿਦੀਆ ਉਸ ਸਮੇਂ ਕੁਝ ਨਾ ਕਹਿ ਸਕਿਆ॥ ੨॥

ਸਤਿਗੁਰੁ ਸੋ ਖੁਲ੍ਹਾਇ ਪਠਵਾਯੋ। ਧਨ ਦੋਇ ਲਾਖ ਸ਼ਾਹੁ ਮੰਗਵਾਯੋ।
ਸ਼੍ਰੀ ਅਰਜਨ ਸਗਰੀ ਬਿਧਿ ਜਾਨੀ। ਤਜਨੀ ਕਾਯਾਂ ਅਪਨਿ ਪਛਾਨੀ ॥੩॥

ਸਤਿਗੁਰੂ ਜੀ ਨੇ ਚਿੱਠੀ ਖੁਲ੍ਹਵਾ ਕੇ ਪੜ੍ਹਵਾਈ, ਜਿਸ ਵਿਚ ਲਿਖਿਆ ਸੀ ਕਿ ਬਾਦਸ਼ਾਹ ਨੇ ਦੋ ਲੱਖ ਰੁਪਈਆ ਮੰਗਵਾਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਾਰੀ ਵਿਧੀ ਜਾਣ ਗਏ। ਇਹ ਸਮਝ ਗਏ ਕਿ ਆਪਣਾ ਸਰੀਰ ਛੱਡਣਾ ਪੈਣਾ ਹੈ॥ ੩॥

ਅਰੁ ਕਾਨ੍ਹੇ ਕੋ ਸ੍ਰਾਪ ਚਿਤਾਰਾ। ਤਜਨਿ ਦੇਹ ਦੁਖ ਪਾਇ ਉਚਾਰਾ।
ਹਰਿਗੋਬਿੰਦ ਗੁਰੁ ਬੈਠੇ ਭਾਰੀ। ਮਹਾਂਬਲੀ ਬਡ ਸ਼ਸਤ੍ਰਨ ਧਾਰੀ॥ ੪॥

ਫਿਰ ਕਾਨ੍ਹੇ ਦਾ ਸ੍ਰਾਪ ਯਾਦ ਕੀਤਾ ਕਿ ਸਰੀਰ ਛੱਡਣ ਲਗਿਆਂ ਬਹੁਤ ਦੁਖ ਪਾਉਗੇ। ਹਰਿਗੋਬਿੰਦ ਬੜੇ ਭਾਰੀ ਗੁਰੂ ਗੱਦੀ ਤੇ ਬੈਠਣਗੇ, ਉਹ ਵੱਡੇ ਮਹਾਂਬਲੀ ਅਤੇ ਸ਼ਸਤਰਧਾਰੀ ਹੋਣਗੇ॥ ੪॥

ਸੋ ਸਭਿ ਬਦਲਾ ਲੇਗੁ ਹਮਾਰਾ। ਭੂਤ ਭਵਿੱਖਜ ਭਲੇ ਨਿਰਧਾਰਾ।
ਏਕ ਦਿਵਸ ਅਹਿਦੀ ਕੋ ਰਾਖਯੋ। ਭਈ ਪ੍ਰਾਤ ਤੇ ਸਤਿਗੁਰ ਭਾਖਯੋ ॥੫॥

ਉਹ ਹਰ ਤਰ੍ਹਾਂ ਨਾਲ ਸਾਡਾ ਬਦਲਾ ਲਵੇਗਾ, ਭੂਤ ਅਤੇ ਭਵਿੱਖ ਨੂੰ ਚੰਗੀ ਤਰ੍ਹਾਂ ਜਾਣਿਆ। ਇਕ ਦਿਨ ਅਹਿਦੀ ਨੂੰ ਆਪਣੇ ਪਾਸ ਰਖਿਆ। ਜਦ ਸਵੇਰ ਹੋਈ ਤਾਂ ਸਤਿਗੁਰੂ ਜੀ ਨੇ ਕਿਹਾ॥ ੫॥

'ਹਮ ਲਹੌਰ ਆਪਹਿ ਚਲਿ ਜੈਹੈਂ। ਕਹੈ ਸ਼ਾਹੁ ਜੋ ਤਿਹਠਾਂ ਦੈਹੈਂ।
ਇਸ ਪ੍ਰਕਾਰ ਕਹਿ ਅਹਿਦੀ ਤੋਰਯੋ। ਬੋਲਯੋ ਸੋ ਨਿਜ ਹਾਥਨਿ ਜੋਰਯੋ ॥੬॥

"ਅਸੀਂ ਲਾਹੌਰ ਆਪ ਹੀ ਚਲੇ ਜਾਵਾਂਗੇ, ਜੋ ਬਾਦਸ਼ਾਹ ਕਹੇਗਾ, ਉਹੋ ਕੁਝ ਦੇਵਾਂਗੇ।" ਇਸ ਪ੍ਰਕਾਰ ਕਹਿ ਕੇ ਅਹਿਦੀਏ ਨੂੰ ਤੋਰ ਦਿੱਤਾ, ਉਹ ਅਹਿਦੀਆ ਹੱਥ ਜੋੜ ਕੇ ਬੋਲਿਆ॥ ੬॥

'ਜਿਮ ਚੰਦੂ ਨੇ ਮੋਹਿ ਪਠਾਯੋ। ਖੋਟੇ ਬਾਕਨਿ ਕੋ ਸਿਖਰਾਯੋ।
ਸੋ ਮੁਝ ਤੇ ਕਿਮ ਨਹਿਂ ਬਨਿ ਆਵਹਿ। ਤੁਮ ਦਰਸ਼ਨ ਤੇ ਕੁਮਤਿ ਨਸਾਵਹਿ ॥੭॥

"ਜਿਵੇਂ ਚੰਦੂ ਨੇ ਮੈਨੂੰ ਭੇਜਿਆ ਹੈ, ਉਸ ਮੈਨੂੰ ਬਹੁਤ ਖੋਟੀਆਂ ਗੱਲਾਂ ਸਿਖਾਈਆਂ ਹਨ। ਉਹ ਮੈਥੋਂ ਕਿਵੇਂ ਹੋ ਸਕਦਾ ਹੈ। ਤੁਹਾਡੇ ਦਰਸ਼ਨ ਕਰਕੇ ਤਾਂ ਭੈੜੀ ਮੱਤ ਦੂਰ ਹੋ ਜਾਂਦੀ ਹੈ॥ ੭॥

ਅਪਨੋ ਸੇਵਕ ਮੋਹਿ ਪਛਾਨੋ। ਰਾਵਰਿ ਕਹਹੁ ਤਥਾ ਅਬਿ ਮਾਨੋਂ।
ਪੁਰਸ਼ੋਤਮ ਤੁਮ ਸਭਿ ਕੁਛ ਜਾਨਹੁ। ਤਊ ਦਿਵਾਨ ਦੁਸ਼ਟ ਪਹਿਚਾਨਹੁ ॥੮॥

ਮੈਨੂੰ ਆਪਣਾ ਸੇਵਕ ਪਛਾਣੋ, ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੀ ਮੈਂ ਮੰਨਦਾ ਹਾਂ। ਤੁਸੀਂ ਉੱਤਮ ਪੁਰਖ ਹੋ, ਸਭ ਕੁਝ ਜਾਣਦੇ ਹੋ, ਤੁਸੀਂ ਦੁਸ਼ਟ ਦੀਵਾਨ ਨੂੰ ਪਹਿਚਾਣਦੇ ਹੋ॥ ੮॥

ਤਿਸ ਤੇ ਆਪ ਰਹਹੁ ਸਵਧਾਨਾ। ਸਕਲ ਕੁਕਰਮ ਤਿਸੀ ਨੇ ਠਾਨਾ'।
ਅਹਿਦੀ ਤੇ ਸੁਨਿ ਕੀਨਿ ਪਸਾਉ। ਸਤਿਗੁਰੁ ਦੇਤਿ ਭਏ ਸਿਰੁਪਾਉ ॥੯॥

ਉਸ ਤੋਂ ਆਪ ਜੀ ਸਾਵਧਾਨ ਰਹੋ, ਇਹ ਸਾਰਾ ਕੁਕਰਮ ਉਸੇ ਨੇ ਕੀਤਾ ਹੈ।" ਅਹਿਦੀ ਤੋਂ ਇਹ ਗੱਲ ਸੁਣ ਕੇ ਗੁਰੂ ਜੀ ਨੇ ਕਿਰਪਾ ਕੀਤੀ। ਉਨਾਂ ਨੇ ਉਸ ਨੂੰ ਸਿਰੋਪਾ ਦਿੱਤਾ ਅਤੇ ਕਿਹਾ॥ ੯॥

Sri Satguru Jagjit Singh Ji eLlibrary NamdhariElibrary@gmail.com

'ਬੁਰਾ ਜੁ ਹੋਇ ਆਪ ਗਰ ਜੈ ਹੈ। ਮੂਰਖ ਅਪਨੋ ਕੀਤਾ ਪੈ ਹੈ'।
ਰੁਖਸਦ ਹੁਇ ਅਹਿਦੀ ਚਲਿ ਗਯੋ। ਚੰਦੂ ਸੰਗ ਕਹਤਿ ਇਮ ਭਯੋ॥ ੧੦॥

"ਜਿਹੜਾ ਬੁਰਾ ਹੁੰਦਾ ਹੈ, ਉਹ ਆਪੇ ਹੀ ਗਲ ਜਾਂਦਾ ਹੈ, ਮੂਰਖ ਆਪਣਾ ਕੀਤਾ ਪਾਉਂਦਾ ਹੈ।" ਰੁਖਸਤ ਹੋ ਕੇ ਅਹਿਦੀ ਚਲਾ ਗਿਆ ਤੇ ਚੰਦੂ ਨੂੰ ਜਾ ਕੇ ਇਸ ਤਰ੍ਹਾਂ ਕਹਿਣ ਲੱਗਾ॥ ੧੦॥

'ਮੁਝ ਕੋ ਕਹਯੋ ਆਪ ਹਮ ਆਵੈਂ। ਕਹੈਂ ਸ਼ਾਹੁ ਸੋ ਤਹਾਂ ਦਿਵਾਵੈਂ'।
ਸੁਨਿ ਖੁਨਸਯੋ ਗਮਨਯੋ ਢਿਗ ਸ਼ਾਹੂ। ਕਰੀ ਅਰਜ਼ ਹ੍ਵੈ ਕਰਿ ਤਬਿ ਪਾਹੂ॥੧੧॥

"ਮੈਨੂੰ ਉਨ੍ਹਾਂ ਕਿਹਾ ਹੈ ਕਿ ਅਸੀਂ ਆਪ ਹੀ ਆਵਾਂਗੇ, ਜੋ ਸ਼ਾਹ ਕਹੇਗਾ, ਉਥੇ ਦਿਵਾ ਦੇਵਾਂਗੇ।" ਚੰਦੂ ਇਹ ਸੁਣ ਕੇ ਬੜਾ ਖਿਝਿਆ ਤੇ ਬਾਦਸ਼ਾਹ ਦੇ ਪਾਸ ਚਲੇ ਗਿਆ ਤੇ ਫਿਰ ਪਾਸ ਜਾ ਕੇ ਅਰਜ਼ ਕੀਤੀ॥ ੧੧॥

'ਨਹਿਂ ਸ੍ਰੀ ਅਰਜਨ ਧਨ ਕੁਛ ਦੀਨੋ। ਅਹਿਦੀ ਸੰਗ ਨ ਆਵਨਿ ਕੀਨੋ।
ਨਹੀਂ ਤ੍ਰਾਸ ਕੁਛ ਕਰਹਿ ਤੁਮਾਰੋ। ਹੁਕਮ ਅਦੂਲੀ ਗੁਨਹਿ ਬਿਚਾਰੋ'॥ ੧੨॥

ਸ੍ਰੀ ਅਰਜਨ ਦੇਵ ਨੇ ਕੋਈ ਧਨ ਨਹੀਂ ਦਿੱਤਾ ਹੈ, ਤੇ ਅਹਿਦੀ ਦੇ ਨਾਲ ਨਹੀਂ ਆਇਆ ਹੈ। ਉਸ ਨੇ ਤੁਹਾਡਾ ਕੁਝ ਡਰ ਨਹੀਂ ਮੰਨਿਆ ਹੈ, ਹੁਕਮ-ਅਦੂਲੀ ਦਾ ਇਹ ਵੱਡਾ ਗੁਨਾਹ ਵਿਚਾਰੋ" ॥ ੧੨॥

ਸ਼ਾਹੂ ਕਹਯੋ 'ਕੋ ਦਿਨ ਕਰਿ ਮੌਨ। ਨਹਿਂ ਨ ਪਠਾਵਹੁ ਮਾਨਵ ਕੌਨ।
ਜੇ ਨਹਿਂ ਆਵਹਿ ਤਹਿਂ ਟਿਕ ਰਹੈ। ਪੁਨ ਤਿਉਂ ਕਰਹਿਂ ਜਥਾ ਤੂੰ ਕਹੈਂ'॥੧੩॥

ਸ਼ਾਹ ਨੇ ਕਿਹਾ, "ਕੁਝ ਦਿਨ ਚੁਪ ਰਹੋ ਤੇ ਕਿਸੇ ਮਨੁੱਖ ਨੂੰ ਵੀ ਨਾ ਭੇਜੋ। ਜੇ ਇਥੇ ਨਾ ਆਵੇ ਤੇ ਓਥੇ ਹੀ ਟਿਕਿਆ ਰਹੇ, ਫਿਰ ਉਸ ਤਰ੍ਹਾਂ ਕਰਾਂਗੇ ਜਿਵੇਂ ਤੂੰ ਕਹੇਂਗਾ" ॥ ੧੩॥

ਇਤ ਸ੍ਰੀ ਅਰਜਨ ਸਭਿ ਕੁਛ ਜਾਨਾਂ। ਹੋਨਿਹਾਰ ਬਿਰਤੰਤ ਮਹਾਨਾ।
ਸ੍ਰੀ ਗੁਰ ਗ੍ਰਿੰਥ ਬਿਰਹਿ ਜਹਿਂ ਰੈਨ। ਤਿਸ ਥਲ ਬੈਠੇ ਜਿਨ ਕਿਹ ਭੈ ਨ॥੧੪॥

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ ਜਾਣ ਲਿਆ, ਭਾਵੀ ਦਾ ਵੱਡਾ ਕਾਰਾ ਹੋਣ ਵਾਲਾ ਹੈ। ਜਿਥੇ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਜੀ ਵਿਸ਼ਰਾਮ ਕਰਦੇ ਸਨ, ਭੈ ਰਹਿਤ ਗੁਰੂ ਜੀ ਉਥੇ ਬੈਠੇ ਸਨ॥ ੧੪॥

ਬ੍ਰਿੱਧ ਆਪਨੇ ਨਿਕਟ ਹਕਾਰਾ। ਸਾਦਰ ਭਾਖਤਿ ਤਹਿਂ ਬੈਠਾਰਾ।
ਪੁਨ ਸ੍ਰੀ ਹਰਗੋਬਿੰਦ ਬੁਲਾਏ। ਯੁਤ ਗੁਰਦਾਸ ਤਹਾਂ ਚਲਿ ਆਏ॥ ੧੫॥

ਬਾਬਾ ਬੁੱਢਾ ਜੀ ਨੂੰ ਆਪਣੇ ਪਾਸ ਬੁਲਾਇਆ, ਆਦਰ ਕਰਕੇ ਆਪਣੇ ਪਾਸ ਬੈਠਾਇਆ। ਫਿਰ ਸ੍ਰੀ ਹਰਿਗੋਬਿੰਦ ਨੂੰ ਬੁਲਾਇਆ, ਉਹ ਭਾਈ ਗੁਰਦਾਸ ਸਹਿਤ ਓਥੇ ਆ ਗਏ॥ ੧੫॥

ਕਰੇ ਪ੍ਰੇਮ ਕੋ ਨਿਕਟ ਬਿਠਾਇ। 'ਅਬਿ ਸਮਰੱਥ ਹੁਏ ਬਲ ਪਾਇ।
ਕਹੁ ਬੁੱਢਾ ਸ੍ਰੀ ਹਰਿਗੋਬਿੰਦ। ਅਬਿ ਸੁਚੇਤ ਭੇ ਬਲੀ ਬਿਲੰਦ॥ ੧੬॥

ਬਹੁਤ ਪ੍ਰੇਮ ਕਰਕੇ ਪਾਸ ਬਿਠਾਏ ਅਤੇ ਕਿਹਾ, ਹੁਣ ਬਲ ਪਾ ਕੇ ਸਮਰੱਥ ਬਣੋ। ਹੇ ਬਾਬਾ ਬੁੱਢਾ ਜੀ ! ਸ੍ਰੀ ਹਰਿਗੋਬਿੰਦ ਨੂੰ ਕਹੋ ਕਿ ਹੁਣ ਸੁਚੇਤ ਹੋ ਕੇ ਵੱਡਾ ਸੂਰਮਾ ਬਣੇ॥ ੧੬॥

ਗੁਰਤਾ ਗਾਦੀ ਬੈਠਨਿ ਜੋਗ। ਦੈ ਹੈਂ ਦੁਸ਼ਟਨਿ ਕੇ ਘਰ ਸੋਗ'।
ਬ੍ਰਿਧ ਨੇ ਭਾਖਯੋ 'ਜੋਤਿ ਤੁਮਾਰੀ। ਹੋਹਿ ਬੀਰ ਬਡ ਆਯੁਧ ਧਾਰੀ॥ ੧੭॥

ਹੁਣ ਗੁਰਤਾ-ਗੱਦੀ ਦੇ ਬੈਠਣ ਯੋਗ ਹਨ, ਇਹ ਦੁਸ਼ਟਾਂ ਦੇ ਘਰ ਸੋਗ ਪੈਦਾ ਕਰਨਗੇ।" ਬਾਬਾ ਬੁੱਢਾ ਜੀ ਨੇ ਕਿਹਾ, "ਇਹ ਤਹਾਡੀ ਜੋਤ ਹੈ, ਬੜਾ ਬਹਾਦੁਰ ਤੇ ਸ਼ਸ਼ਤਰਧਾਰੀ ਹੋਵੇਗਾ॥ ੧੭॥

ਛੱਤ੍ਰਨਿ ਕੁਲ ਤੇ ਯੁੱਧ ਹਟਯੋ ਹੈ। ਰਾਜ ਤੇਜ ਕੋ ਸਕਲ ਘਟਯੋ ਹੈ।
ਭਏ ਮਲੇਛ ਸ਼ਸਤ੍ਰ ਬਡ ਧਾਰੀ। ਕਰਹਿਂ ਰਾਜ ਬਡ ਅਵਿਨੀ ਸਾਰੀ॥ ੧੮ ॥

ਛਤਰੀਆਂ ਦੀ ਕੁਲ ਤੋਂ ਯੁੱਧ ਹਟਿਆ ਹੈ ਅਤੇ ਸਾਰਾ ਰਾਜ ਤੇਜ ਘਟਿਆ ਹੈ। ਮਲੇਛ ਵੱਡੇ ਸ਼ਸ਼ਤਰਧਾਰੀ ਹੋ ਗਏ ਹਨ। ਵੱਡੀ ਉਮਰ ਤੱਕ ਰਾਜ ਕਰਦੇ ਹਨ॥ ੧੮॥

ਛੱਤ੍ਰੀ ਧਰਮ ਦੁਰਜੋ ਨਹਿਂ ਭਾਸੈ। ਤਖਤ ਬੈਠਿ ਅਬਿ ਇਹੀ ਪ੍ਰਕਾਸ਼ੈਂ।
ਜਬਿ ਕਬਿ ਜਗਤਿ ਬਿਪਰਜੈ ਹੋਤਿ। ਤੁਮ ਤਨ ਧਾਰਿ ਮ੍ਰਿਜਾਦ ਉਦੋਤਿ ॥੧੯॥

ਖੱਤਰੀ ਧਰਮ ਛੁਪ ਗਿਆ ਹੈ, ਕਿਤੇ ਰੜਕਦਾ ਹੀ ਨਹੀਂ ਹੈ। ਤਖ਼ਤ ਤੇ ਬੈਠੇ ਹੁਣ ਮਲੇਛ ਹੀ ਚਮਕ ਰਹੇ ਹਨ। ਜਦ ਕਦੀ ਜਗਤ ਵਿਚ ਮਾੜੇ ਕੰਮ ਹੁੰਦੇ ਹਨ, ਤੁਸੀਂ ਤਨ ਧਾਰ ਕੇ ਮਰਯਾਦਾ ਪ੍ਰਗਟ ਕਰਦੇ ਹੋ"॥ ੧੯॥

ਹਾਥ ਜੋਰਿ ਗੁਰੁਦਾਸ ਉਚਾਰੀ। 'ਬ੍ਰਿਧ ਸਾਹਿਬ ਕੀ ਉਪਮਾ ਭਾਰੀ।
ਸ਼੍ਰੀ ਨਾਨਕ ਆਦਿਕ ਗੁਰੁ ਸਾਰੇ। ਬਹੁ ਸੇਵਾ ਕਰਿ ਸਦਾ ਨਿਹਾਰੇ॥ ੨੦॥

ਫਿਰ ਹੱਥ ਜੋੜ ਕੇ ਭਾਈ ਗੁਰਦਾਸ ਨੇ ਕਿਹਾ, "ਬਾਬਾ ਬੁੱਢਾ ਜੀ ਦੀ ਭਾਰੀ ਉਪਮਾ ਹੈ। ਸ੍ਰੀ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਹਨ ਅਤੇ ਬਹੁਤ ਸੇਵਾ ਕੀਤੀ ਹੈ॥ ੨੦॥

ਸਫਲਹਿ ਬਾਕ ਸ੍ਰਾਪ ਅਰੁ ਬਰ ਕੋ। ਬ੍ਰਹਮ ਅਸਤ੍ਰ ਜਿਮ ਰਘੁਵਰ ਕਰ ਕੋ।
ਭਏ ਪੰਚ ਗੁਰ ਸ਼ਾਂਤਿ ਸਰੂਪ। ਕਰਿ ਗੁਰੁ ਸਿੱਖੀ ਰੀਤ ਅਨੂਪ॥ ੨੧॥

ਇਨ੍ਹਾਂ ਦਾ ਵਰ ਅਤੇ ਸਰਾਪ ਹਮੇਸ਼ਾਂ ਪੂਰਾ ਹੁੰਦਾ ਹੈ। ਬ੍ਰਹਮ ਅਸਤਰ ਜਿਵੇਂ ਰਾਮ ਨੇ ਆਪਣੇ ਹੱਥ ਵਿਚ ਫੜਿਆ ਹੋਵੇ। ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤ ਸਰੂਪ ਹੋਏ ਹਨ, ਉਨ੍ਹਾਂ ਨੇ ਗੁਰਸਿੱਖੀ ਦੀ ਅਨੂਪਮ ਰੀਤੀ ਪ੍ਰਗਟ ਕੀਤੀ ਹੈ॥ ੨੧॥

ਨੋਟ:- ਬ੍ਰਹਮ ਅਸਤਰ ਇਕ ਐਸਾ ਸ਼ਸਤਰ ਹੈ, ਜਿਸ ਨੂੰ ਮੰਤਰ ਪੜ੍ਹ ਕੇ ਚਲਾਉਂਦੇ ਹਨ ਤੇ ਜਿਸ ਦਾ ਵਾਰ ਖਾਲੀ ਨਹੀਂ ਜਾਂਦਾ।

ਦੇਤਿ ਰਹੇ ਸ਼ਾਂਤੀ ਉਪਦੇਸ਼। ਜਿਹ ਸੁਨਿ ਕਾਟੇ ਸਕਲ ਕਲੇਸ਼।
ਅਬਿ ਸਾਯੁਧ ਗੁਰ ਹੋਵਹਿ ਆਪ। ਸਿਖ ਸਾਯੁਧ ਕਰਿ ਬਧਹਿ ਪ੍ਰਤਾਪ॥੨੨॥

ਉਹ ਹਮੇਸ਼ਾਂ ਸ਼ਾਂਤੀ ਦਾ ਉਪਦੇਸ਼ ਦਿੰਦੇ ਰਹੇ ਹਨ, ਜਿਨ੍ਹਾਂ ਨੂੰ ਸੁਣ ਕੇ ਸਾਰੇ ਕਲੇਸ਼ ਕੱਟੇ ਜਾਂਦੇ ਹਨ, ਹੁਣ ਆਪ ਸ਼ਸਤਰ ਧਾਰਨ ਵਾਲੇ ਗੁਰੂ ਜੀ ਹੋਵੋਗੇ। ਸਾਰੇ ਸਿੱਖ ਸ਼ਸਤਰ ਧਾਰ ਕੇ ਬੜਾ ਪ੍ਰਤਾਪ ਵਧਾਉਣਗੇ॥ ੨੨॥

ਅਪਰ ਕੌਨ ਸਮਰਥ ਇਸ ਕਾਲ। ਸਭਿ ਛਿਤ ਤੁਰਕਨਿ ਰਾਜ ਬਿਸਾਲ।
ਰਾਵਰ ਤੇ ਹੋਵੈ ਬਿਧਿ ਸਾਰੀ। ਹਿੰਦੁ ਧਰਮ ਕੋ ਲੇਹੁ ਉਬਾਰੀ॥ ੨੩॥

ਇਸ ਸਮੇਂ ਹੋਰ ਕੌਣ ਸਮਰੱਥ ਹੈ, ਸਾਰੀ ਧਰਤੀ ਤੇ ਤੁਰਕਾਂ ਦਾ ਵਿਸ਼ਾਲ ਰਾਜ ਹੈ। ਆਪ ਪਾਸੋਂ ਹੀ ਸਾਰੀ ਵਿਧੀ ਹੋਵੇਗੀ, ਹਿੰਦੂ ਧਰਮ ਨੂੰ ਬਚਾ ਲਵੋ"॥ ੨੩॥

ਇਮ ਸੁਨਿ ਕਰਿ ਸ਼੍ਰੀ ਅਰਜਨ ਨਾਥ। ਉਠੇ ਹਰਖ ਲੇ ਸ਼੍ਰੀ ਫਲ ਹਾਥ।
ਕਰੀ ਪ੍ਰਦੱਛਨ ਫਿਰਿ ਕਰਿ ਤੀਨ। ਜਗਤ ਰੀਤਿ ਸੁਤ ਲਖਯੋ ਪ੍ਰਬੀਨ॥੨੪॥

ਇਸ ਤਰ੍ਹਾਂ ਸੁਣ ਕੇ ਗੁਰੂ ਅਰਜਨ ਦੇਵ ਜੀ ਆਪਣੇ ਹੱਥ ਵਿਚ ਨਾਰੀਅਲ ਫੜ ਕੇ ਉਠੇ। ਸ੍ਰੀ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਪਰਿਕਰਮਾਂ ਕੀਤੀਆਂ। ਜਗਤ ਰੀਤੀ ਅਨੁਸਾਰ ਪੁੱਤਰ ਨੂੰ ਬੜਾ ਚਤੁਰ ਸਮਝਿਆ॥ ੨੪॥

ਪੈਸੇ ਪੰਚ ਸਹਿਤ ਨਲੀਏਰ। ਧਰਿ ਆਗੈ ਨੰਮ੍ਰਿ ਤਿਸ ਬੇਰ।
ਕਰੀ ਸਥਾਪਨਿ ਅਪਨੀ ਜੋਤਿ। ਸਭਿ ਗੁਰੁ ਕੇ ਆਈ ਜਿਮ ਹੋਤਿ॥ ੨੫॥

ਨਾਰੀਅਲ ਸਹਿਤ ਪੰਜ ਪੈਸੇ ਧਰ ਕੇ, ਉਸ ਸਮੇਂ ਪੁੱਤਰ ਦੇ ਅੱਗੇ ਮੱਥਾ ਟੇਕਿਆ ਤੇ ਆਪਣੀ ਜੋਤ ਨੂੰ ਉਸ ਵਿਚ ਸਥਾਪਿਤ ਕਰ ਦਿੱਤਾ। ਸਾਰੇ ਗੁਰੂ ਸਾਹਿਬਾਨ ਨਾਲ ਜਿਵੇਂ ਹੁੰਦੀ ਆਈ ਸੀ॥ ੨੫॥

ਬੁੱਢੇ ਸਾਹਿਬ ਸੋਂ ਫੁਰਮਾਯੋ। 'ਕਰਹੁ ਸੁ ਆਪ ਕਰਤਿ ਜਿਮ ਆਯੋ।
ਸ਼ੁਭ ਅਧਿਕਾਰ ਕਰਨਿ ਕੋ ਨੀਕਾ। ਉਠਹੁ ਮੁਦਤਿ ਦਿਹੁ ਅਬਿ ਸੁਤ ਟੀਕਾ' ॥੨੬॥

ਫਿਰ ਬਾਬਾ ਬੁੱਢਾ ਜੀ ਨੂੰ ਫੁਰਮਾਇਆ, "ਤੁਸੀਂ ਵੀ ਹੁਣ ਉਸ ਤਰ੍ਹਾਂ ਕਰੋ, ਜਿਵੇਂ ਪਹਿਲਾਂ ਕਰਦੇ ਆਏ ਹੋ। ਚੰਗਾ ਕਾਰਜ ਕਰਨ ਵਾਸਤੇ ਤੁਹਾਨੂੰ ਸ਼ੁਭ ਅਧਿਕਾਰ ਪ੍ਰਾਪਤ ਹੈ। ਪ੍ਰਸੰਨ ਹੋ ਕੇ ਉਠੋ ਤੇ ਸ੍ਰੀ ਹਰਿਗੋਬਿੰਦ ਜੀ ਦੇ ਮੱਥੇ ਤੇ ਤਿਲਕ ਲਾ ਦੇਵੋ"॥ ੨੬॥

ਹਾਥ ਜੋਰਿ ਤਬਿ ਬ੍ਰਿੱਧ ਬਖਾਨਜੋ। 'ਇਹ ਕਜਾ ਕੌਤਕ ਰਾਵਰ ਠਾਨਜੋ?।
ਜਬਿ ਹੂੰ ਹੋਤਿ ਦੇਹ ਕੋ ਅੰਤ। ਤਬਿ ਇਸ ਬਿਧਿ ਕੋ ਹੋਇ ਬ੍ਰਿਤੰਤ॥ ੨੭॥

ਹੱਥ ਜੋੜ ਕੇ ਫਿਰ ਬਾਬਾ ਬੁੱਢਾ ਜੀ ਨੇ ਕਿਹਾ, "ਇਹ ਆਪ ਜੀ ਨੇ ਕੀ ਕੌਤਕ ਬਣਾਇਆ ਹੈ ? ਜਦ ਤਕ ਇਸ ਦੇਹ ਦਾ ਅੰਤ ਨਹੀਂ ਹੁੰਦਾ ਤਦ ਤਕ ਇਸ ਵਿਧੀ ਨੂੰ ਕਿਉਂ ਅਪਨਾਇਆ ਜਾਵੇ॥ ੨੭॥

ਤਨ ਰਾਵਰ ਕੋ ਪਰਉਪਕਾਰੀ। ਜੰਬੂ ਦੀਪ ਦੀਪ ਅਨੁਹਾਰੀ।
ਜਹਿ ਕਹਿਂ ਕਰਜੋ ਪ੍ਰਕਾਸ਼ ਬਿਸਾਲਾ। ਮਗ ਸ਼ੁਭ ਗਮਨਜੋ ਜਗਤ ਸੁਖਾਲਾ ॥੨੮॥

ਤੁਹਾਡਾ ਤਾਂ ਪਰਉਪਕਾਰੀ ਸਰੀਰ ਹੈ, ਭਾਰਤ ਖੰਡ ਵਿਚ ਇਹ ਇਕ ਦੀਪ ਵਾਂਗ ਹੈ। ਜਿਥੇ ਕਿਥੇ ਤੁਸੀਂ ਵਿਸ਼ਾਲ ਪ੍ਰਕਾਸ਼ ਕੀਤਾ ਹੈ, ਉਹ ਸ਼ੁਭ ਮਾਰਗ ਤੇ ਜਗਤ ਬੜੀ ਆਸਾਨੀ ਨਾਲ ਚਲਿਆ ਹੈ॥ ੨੮॥

ਦਰਸ਼ਨ ਕੀ ਸੰਗਤਿ ਹੈ ਪਜਾਸੀ। ਦੂਰਿ ਦੂਰਿ ਤੇ ਆਇਂ ਹੁਲਾਸੀ।
ਭਗਤਨਿ ਭੂਰ ਭਾਵਨਾ ਜਾਨਿ। ਆਪ ਸਰੀਰ ਧਰਹੁ ਜਗ ਆਨਿ॥ ੨੯॥

ਤੁਹਾਡੇ ਦਰਸ਼ਨਾਂ ਦੀ ਸੰਗਤ ਪਿਆਸੀ ਹੈ, ਦੂਰ-ਦੂਰ ਤੋਂ ਆ ਕੇ ਪ੍ਰਸੰਨਤਾ ਪ੍ਰਾਪਤ ਕਰਦੇ ਹਨ। ਭਗਤਾਂ ਦੀ ਪ੍ਰੇਮ ਭਾਵਨਾ ਨੂੰ ਜਾਣ ਕੇ ਆਪ ਇਸ ਜਗਤ ਵਿਚ ਆ ਕੇ ਸਰੀਰ ਧਾਰਨ ਕਰਦੇ ਹੋ॥ ੨੯॥

ਔਚਕ ਅਚਰਜ ਕਹਾਂ ਜਨਾਵਹੁ?। ਥਿਰੋ ਆਪ ਸ਼ੁਭ ਦਰਸ ਦਿਖਾਵਹੁ।
ਸਭਿ ਕੇ ਅਹੋ ਆਸਰਾ ਭਾਰੇ। ਚਹੁੰਦਿਸ਼ਿ ਦੁਸ਼ਟ ਦੁਸ਼ਟਤਾ ਧਾਰੇ॥ ੩੦॥

ਇਹ ਅਚਾਨਕ ਅਸਚਰਜ ਕਿਉਂ ਵਿਖਾ ਰਹੇ ਹੋ, ਇਥੇ ਰਹਿ ਕੇ ਸ਼ੁਭ ਦਰਸ਼ਨ ਵਿਖਾਉ। ਤੁਸੀਂ ਸਾਰਿਆਂ ਦਾ ਵੱਡਾ ਆਸਰਾ ਹੋ। ਚਾਰੇ ਪਾਸੇ ਦੁਸ਼ਟ ਦੁਸ਼ਟਤਾ ਧਾਰ ਰਹੇ ਹਨ॥ ੩੦॥

ਬਨਹੁ ਸਹਾਇਕ ਸੰਗਤਿ ਕੇਰੇ। ਸਰਬ ਪ੍ਰਵਾਰ ਤੁਮਹੁ ਦਿਸ਼ਿ ਹੇਰੇ।
ਖਿਗਰਜੋ ਸ਼ਾਹੁ ਚੰਦੂ ਕੇ ਕਹੇ। ਸਭਿ ਬਿਧਿ ਕੇ ਤੁਮ ਜਾਨਤਿ ਅਹੇ' ॥ ੩੧॥

ਸੰਗਤ ਦੇ ਸਹਾਇਕ ਬਣੋ, ਸਾਰੇ ਪਰਿਵਾਰ ਤੁਹਾਡੇ ਵਲ ਹੀ ਵੇਖਦੇ ਹਨ। ਬਾਦਸ਼ਾਹ ਚੰਦੂ ਦੇ ਕਹਿਣ ਤੇ ਵਿਗੜਿਆ ਹੈ, ਤੁਸੀਂ ਹਰ ਤਰ੍ਹਾਂ ਨਾਲ ਚੰਗੀ ਤਰ੍ਹਾਂ ਜਾਣਦੇ ਹੋ"॥ ੩੧॥

ਸੁਨਿ ਕਰਿ ਸ੍ਰੀ ਅਰਜਨ ਗੁਰ ਕਹ੍ਯੋ। ਅੰਤ ਸਮਾਂ ਹਮ ਅਪਨੋ ਲਹ੍ਯੋ।
ਤਜਾਗਨਿ ਮੈਂ ਕਾਰਨ ਹੈਂ ਘਨੇ। ਗਏ ਲਹੌਰ ਸਰਬ ਹੀ ਬਨੇ॥ ੩੨॥

ਇਹ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਕਿਹਾ, 'ਆਪਣਾ ਅੰਤ ਸਮਾਂ ਆਇਆ ਹੁਣ ਅਸੀਂ ਵੇਖ ਲਿਆ ਹੈ। ਸਰੀਰ ਤਿਆਗਣ ਵਿਚ ਬੜੇ ਕਾਰਨ ਹਨ, ਸਾਡਾ ਲਾਹੌਰ ਜਾਣਾ ਬਣਦਾ ਹੈ॥ ੩੨॥

ਕਾਨ੍ਹੇ ਗਜਾਨੀ ਦੀਨੋ ਸ੍ਰਾਪ। ਬ੍ਰਿਥਾ ਨ ਹੋਇ ਬਿਚਾਰਹੁ ਆਪਿ।
ਸ਼ੱਤ੍ਰਨਿ ਕਰ ਤੇ ਛੁਟਨਿ ਸਰੀਰ। ਪਲਟੋ ਲੇ ਹਰਿ ਗੋਬਿੰਦ ਧੀਰ॥ ੩੩॥

ਗਿਆਨੀ ਕਾਨ੍ਹੇ ਨੇ ਸ੍ਰਾਪ ਦਿੱਤਾ ਸੀ। ਉਹ ਵਿਰਥਾ ਨਹੀਂ ਜਾਵੇਗਾ, ਤੁਸੀਂ ਆਪ ਵਿਚਾਰ ਕਰੋ, ਵੈਰੀਆਂ ਦੇ ਹੱਥਾਂ ਨਾਲ ਇਹ ਸਰੀਰ ਮੁਕ ਜਾਵੇਗਾ, ਸ੍ਰੀ ਹਰਿਗੋਬਿੰਦ ਇਸ ਦਾ ਬਦਲਾ ਲੈਣਗੇ॥ ੩੩॥

ਨੋਟ:- ਕਾਨ੍ਹੇ ਦੇ ਸਰਾਪ ਨਾਲ ਗੁਰੂ ਜੀ ਦਾ ਸ਼ਹੀਦ ਹੋਣਾ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਦਲਾ ਲੈਣਾ ਇਹ ਦੋਵੇਂ ਤੱਥ ਗੁਰੂ ਆਸ਼ੇ ਅਨੁਸਾਰ ਨਹੀਂ ਹਨ। ਕਵੀ ਜੀ ਬਾਰ-ਬਾਰ ਬਾਅਦ ਵਿਚ ਹੋਈ ਹਰ ਘਟਨਾ ਨੂੰ ਵਰ ਜਾਂ ਸ੍ਰਾਪ ਵਿਚ ਬਦਲ ਦਿੰਦੇ ਹਨ। ਬਦਲੇ ਦੀ ਭਾਵਨਾ ਆਮ ਮਨੁੱਖਾਂ ਵਿਚ ਹੁੰਦੀ ਹੈ, ਜਿਹੜੇ ਛੋਟੀ-ਛੋਟੀ ਗੱਲ ਦਾ ਬਦਲਾ ਲੈਂਦੇ ਹਨ। ਇਸ ਅਨੁਸਾਰ ਅਸੀਂ ਗੁਰੂ ਜੀ ਨੂੰ ਦੁਸ਼ਟ ਚੰਦੂ ਦੇ ਬਰਾਬਰ ਹੀ ਕਰ ਦਿੰਦੇ ਹਾਂ। ਗੁਰੂ ਅਰਜਨ ਦੇਵ ਜੀ ਵੱਡੇ ਪਰਉਪਕਾਰੀ ਸਨ, ਤੇ ਪਰਉਪਕਾਰ ਵਾਸਤੇ ਜਾਨ ਵੀ ਦੇ ਸਕਦੇ ਸਨ। ਪਰ ਉਹ ਕਿਸੇ ਪਾਸੋਂ ਬਦਲਾ ਨਹੀਂ ਸੀ ਲੈ ਸਕਦੇ ਅਤੇ ਨਾ ਹੀ ਬਦਲਾ ਲੈਣ ਵਾਸਤੇ ਕਹਿ ਸਕਦੇ ਸਨ।

ਸਭਿ ਸੰਗਤਿ ਕੋ ਗੁਰ ਇਹ ਭਾਰੀ। ਹੋਇ ਸਹਾਇਕ ਪਰਉਪਕਾਰੀ।
ਕਾਜ ਸੁਧਾਰਹਿੰਗੇ ਇਹ ਘਨੋ। ਧਰਜੋ ਸਰੀਰ ਬੀਰ ਰਸ ਮਨੋ॥ ੩੪॥

ਇਹ ਭਾਰੀ ਅਤੇ ਪਰਉਪਕਾਰੀ ਗੁਰੂ ਸਭ ਸੰਗਤ ਦੇ ਸਹਾਇਕ ਹੋਣਗੇ। ਇਹ ਬਹੁਤ ਕਾਰਜ ਸੁਧਾਰਨਗੇ, ਮਾਨੋ ਬੀਰ ਰਸ ਨੇ ਸਰੀਰ ਧਾਰਨ ਕਰ ਲਿਆ ਹੋਵੇ॥ ੩੪॥

ਹਮ ਤਜਿ ਹੈਂ ਤੁਰਕਨਿ ਸਿਰ ਹੋਇ। ਇਨ ਕੋ ਤੇਜ ਕਰਹਿ ਛੈ ਜੋਇ।
ਸ੍ਰੀ ਨਾਨਕ ਕੀ ਬਖਸ਼ਿਸ਼ ਭਾਰੀ। ਸਿਰ ਦੇ ਕਰਿ ਛੀਨਹਿਂ ਹਮ ਸਾਰੀ॥ ੩੫॥

ਅਸੀਂ ਆਪਣੇ ਸਰੀਰ ਨੂੰ ਤੁਰਕਾਂ ਦੇ ਸਿਰ ਮੜ੍ਹ ਕੇ ਛੱਡਾਂਗੇ, ਉਨ੍ਹਾਂ ਦੇ ਤੇਜ ਨੂੰ ਖਤਮ ਕਰ ਦੇਵਾਂਗੇ। ਸ੍ਰੀ ਨਾਨਕ ਦੇਵ ਜੀ ਦੀ ਭਾਰੀ ਬਖਸ਼ਿਸ਼ ਹੈ, ਸਿਰ ਦੇ ਕੇ ਅਸੀਂ ਇਨ੍ਹਾਂ ਦਾ ਸਾਰਾ ਤੇਜ ਖੋਹ ਲਵਾਂਗੇ॥ ੩੫॥

ਅਪਰ ਉਪਾਉ ਲੇਨਿ ਕੋ ਨਾਂਹੀ। ਜਿਸ ਤੇ ਤੁਰਕ ਤੇਜ ਬਿਨਸਾਹੀ।
ਅਪਰ ਸਕਲ ਕਾਰਜ ਬਨਿ ਰਹੇ। ਕੌਨ ਬਿਘਨ ਕਰਿ ਸਕਿਹੈ ਲਹੇ॥ ੩੬॥

ਲੈਣ ਦਾ ਹੋਰ ਕੋਈ ਉਪਾਅ ਨਹੀਂ ਹੈ, ਜਿਸ ਨਾਲ ਤੁਰਕਾਂ ਦਾ ਤੇਜ ਖਤਮ ਹੋ ਜਾਵੇ। ਹੋਰ ਸਾਰੇ ਕਾਰਜ ਬਣ ਰਹੇ ਹਨ, ਕਿਹੜਾ ਵਿਘਨ ਪਾ ਕੇ ਅਸੀਂ ਲੈ ਸਕਦੇ ਹਾਂ ?॥ ੩੬॥

ਦੀਨ ਦੁਨੀ ਕੋ ਰਾਜ ਬਿਸਾਲਾ। ਸ੍ਰੀ ਸਤਿਗੁਰ ਕੇ ਘਰ ਸਭਿ ਕਾਲਾ।
ਪਰਮੇਸ਼ੁਰ ਕੀ ਬਖਸ਼ਿਸ਼ ਮਹਾਂ। ਕੌਨ ਮਿਟਾਇ ਸਕੈ ਬਲ ਕਹਾਂ॥ ੩੭॥

ਦੀਨ ਦੁਨੀ ਦਾ ਵਿਸ਼ਾਲ ਰਾਜ, ਸ੍ਰੀ ਸਤਿਗੁਰੂ ਦੇ ਘਰ ਹਰ ਸਮੇਂ ਰਹਿੰਦਾ ਹੈ। ਪਰਮੇਸ਼ਰ ਦੀ ਮਹਾਨ ਬਖਸ਼ਿਸ਼ ਹੈ, ਕੌਣ ਬਲ ਨਾਲ ਸਾਨੂੰ ਮਾਰ ਸਕਦਾ ਹੈ ?॥ ੩੭॥

Sri Satguru Jagjit Singh Ji eLlibrary NamdhariElibrary@gmail.com

ਹੁਇ ਪ੍ਰਸੰਨ ਸ੍ਰੀ ਨਾਨਕ ਦੀਨਿ। ਤਿਨ ਝੂਠੇ ਕਰਿ ਲੇਂ ਹਮ ਛੀਨਾ।
ਇੱਤਜਾਦਿਕ ਸਤਿਗੁਰ ਸਮੁਝਾਇ। ਨਿਜ ਗਾਦੀ ਪਰ ਪੁੱਤ੍ਰ ਬਿਠਾਇ॥ ੩੮॥

ਸ੍ਰੀ ਗੁਰੂ ਨਾਨਕ ਦੇਵ ਜੀ ਬਹੁਤ ਪ੍ਰਸੰਨ ਹੋਏ ਹਨ, ਇਨ੍ਹਾਂ ਮਲੇਛਾਂ ਨੂੰ ਝੂਠਿਆਂ ਕਰਕੇ ਅਸੀਂ ਸਭ ਕੁਝ ਖੋਹ ਲਵਾਂਗੇ"। ਇਤਿਆਦਿ ਸਤਿਗੁਰੂ ਜੀ ਨੇ ਸਮਝਾਇਆ ਅਤੇ ਆਪਣੀ ਨਿੱਜੀ ਗੱਦੀ ਤੇ ਪੁੱਤਰ ਨੂੰ ਬਿਠਾ ਦਿੱਤਾ॥ ੩੮॥

ਦੋਹਰਾ- ਸਾਹਿਬ ਬੁੱਢੇ ਨਿਕਟ ਤੇ ਕੁੰਕਮ ਮਲਯ ਘਸਾਇ।
ਸੋਢੀ ਕੁਲ ਕੇ ਤਿਲਕ ਕੈ ਦੀਨੋ ਤਿਲਕ ਕਰਾਇ॥ ੩੯॥

ਬਾਬਾ ਬੁੱਢਾ ਜੀ ਨੇ ਕੇਸਰ ਅਤੇ ਚੰਦਨ ਨੂੰ ਘਸਾ ਕੇ ਤਿਲਕ ਤਿਆਰ ਕੀਤਾ, ਫਿਰ ਸੋਢੀ ਕੁਲ ਦੇ ਤਿਲਕ ਸ੍ਰੀ ਹਰਿਗੋਬਿੰਦ ਜੀ ਨੂੰ ਤਿਲਕ ਲਾਇਆ॥ ੩੯॥

ਚੌਪਈ- 'ਰਾਖਹੁ ਗੋਪ ਨਹੀਂ, ਬਿਦਤਾਵਹੁ। ਸਭਿ ਸੰਗਤਿ ਕੋ ਸੀਖ ਸਿਖਾਵਹੁ।
ਮਮ ਸਰੂਪ ਸ੍ਰੀ ਹਰਿ ਗੋਬਿੰਦ। ਜੋ ਜਾਨਹਿ ਸੋ ਲਹੈ ਅਨੰਦ॥ ੪੦॥

ਗੁਰੂ ਅਰਜਨ ਦੇਵ ਜੀ ਨੇ ਉਪਦੇਸ਼ ਕਰਦਿਆਂ ਕਿਹਾ, "ਗੁਪਤ ਨਾ ਰਖੋ, ਪਰਗਟ ਕਰੋ, ਸਾਰੀ ਸੰਗਤ ਨੂੰ ਸਿਖਿਆ ਸੁਣਾਵੋ। ਸ੍ਰੀ ਗੁਰੂ ਹਰਿਗੋਬਿੰਦ ਮੇਰਾ ਹੀ ਸਰੂਪ ਹੈ, ਜਿਹੜਾ ਇਸ ਤਰ੍ਹਾਂ ਜਾਣੇਗਾ ਉਹ ਅਨੰਦ ਪ੍ਰਾਪਤ ਕਰੇਗਾ॥ ੪੦॥

ਹਮ ਪੀਛੈ ਦੀਜਹਿ ਦਸਤਾਰੁ। ਸਭਿ ਬਿਧਿ ਕਰਹੁ ਮੰਗਲਾਚਾਰ।
ਸਰਬ ਮਸੰਦ ਸੰਗਤਾਂ ਸਾਰੀ। ਲਿਖਹੁ ਹੁਕਮ ਸਭਿ ਲੇਹੁ ਹਕਾਰੀ॥ ੪੧॥

ਸਾਥੋਂ ਬਾਅਦ ਵਿਚ ਦਸਤਾਰਬੰਦੀ ਕਰੋ ਅਤੇ ਸਭ ਤਰ੍ਹਾਂ ਨਾਲ ਮੰਗਲਾਚਾਰ ਕਰੋ। ਸਾਰੇ ਮਸੰਦ ਅਤੇ ਸਾਰੀ ਸਿੱਖ ਸੰਗਤ ਨੂੰ ਹੁਕਮਨਾਮੇ ਲਿਖ ਕੇ ਬੁਲਾ ਲਵੋ॥ ੪੧॥

ਚਹੁੰਦਿਸ਼ਿ ਕੋ ਹੁਇ ਮੇਲ ਬਿਸਾਲਾ। ਤਖਤ ਬਿਠਾਵਹੁ ਤੁਮ ਤਿਸ ਕਾਲਾ।
ਨਿਜ ਸਹਾਇਤਾ ਚਾਹਿ ਨ ਧਰੈਂ। ਅਪਰਨਿ ਕੀ ਸਹਾਇ ਇਹ ਕਰੈਂ॥ ੪੨॥

ਚਾਰੇ ਪਾਸਿਆਂ ਦੀ ਸੰਗਤ ਬੁਲਾ ਕੇ ਵੱਡਾ ਇਕੱਠ ਕਰੋ, ਉਸ ਸਮੇਂ ਸ੍ਰੀ ਹਰਿਗੋਬਿੰਦ ਨੂੰ ਤਖਤ ਉਤੇ ਬਿਠਾਵੋ। ਆਪ ਸ੍ਰੀ ਹਰਿਗੋਬਿੰਦ ਜੀ ਆਪਣੀ ਸਹਾਇਤਾ ਦੀ ਚਾਹਤ ਨਹੀਂ ਧਾਰਨਗੇ, ਇਹ ਦੂਸਰਿਆਂ ਦੀ ਸਹਾਇਤਾ ਕਰਨਗੇ"॥ ੪੨॥

ਇਹ ਕਹਿ ਪਰਮ ਪ੍ਰੇਮ ਕੋ ਕਰਿ ਮਨ। ਸਿੱਖਜਾ ਦੇਤਿ ਭਏ ਸ੍ਰੀ ਅਰਜਨ।
'ਅਹੰ ਬ੍ਰਹਮ ਇਹ ਬ੍ਰਿਤਿ ਉਰ ਧਰਨੀ। ਬਾਹਿਰ ਕ੍ਰਿਆ ਭਗਤਨਿ ਕੀ ਕਰਨੀ॥੪੩॥

ਇਹ ਕਹਿ ਕੇ ਪਰਮ ਪ੍ਰੇਮ ਨੂੰ ਮਨ ਵਿਚ ਧਾਰਨ ਕਰਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਖਿਆ ਦਿੱਤੀ। "ਮੈਂ ਬ੍ਰਹਮ ਹਾਂ, ਇਹ ਬ੍ਰਿਤੀ ਹਿਰਦੇ ਵਿਚ ਅੰਤਰਮੁਖੀ ਰੂਪ ਵਿਚ ਧਾਰਨ ਕਰਨੀ, ਬਾਹਰਲੀ ਕਿਰਿਆ ਭਗਤਾਂ ਦੀ ਕਰਨੀ॥ ੪੩॥

ਇਹ ਉਪਦੇਸ਼ ਆਦਿ ਗੁਰੂ ਘਰ ਕੋ। ਲੇਹੁ ਆਪਿ ਨਿਤ ਸ਼ਰਧਾ ਧਰਿ ਕੋ।
ਸ੍ਰੀ ਨਾਨਕ ਕੋ ਆਸ਼ੇ ਮਹਾਂ। ਗੁਰੂ ਅੰਗਦ ਸੰਗ ਜੈਸੇ ਕਹਾ॥ ੪੪॥

ਇਹ ਗੁਰੂ ਘਰ ਦਾ ਆਦਿ ਉਪਦੇਸ਼ ਹੈ, ਇਸ ਨੂੰ ਸਦਾ ਸ਼ਰਧਾ ਧਾਰ ਕੇ ਅਪਨਾਓ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਆਸ਼ੇ ਸਨ, ਜਿਵੇਂ ਉਨ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਸੀ॥ ੪੪॥

Sri Satguru Jagjit Singh Ji eLlibrary NamdhariElibrary@gmail.com

ਅਜਰ ਜਰਨਿ ਧੀਰਜ ਉਰ ਧਰਨੀ। ਅਜ਼ਮਤਿ ਬਿਦਤਿ ਨ ਕਾਹੂੰ ਕਰਨੀ।
ਰਾਮ ਚੰਦ ਸ੍ਰੀ ਕ੍ਰਿਸ਼ਨ ਮਹਾਨੇ। ਬਲ ਕਰਿ ਰਣ ਆਦਿਕ ਬਿਧਿ ਠਾਨੇ ॥੪੫॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨਾ ਹੈ ਅਤੇ ਹਿਰਦੇ ਵਿਚ ਧੀਰਜ ਧਾਰਨ ਕਰਨਾ ਹੈ। ਕਰਾਮਾਤ ਨੂੰ ਕਿਤੇ ਵੀ ਪ੍ਰਗਟ ਨਹੀਂ ਕਰਨਾ ਹੈ। ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਮਹਾਨ ਸਨ, ਉਨ੍ਹਾਂ ਨੇ ਯੁੱਧ ਦੇ ਮੈਦਾਨ ਵਿਚ ਕਈ ਪ੍ਰਕਾਰ ਦਾ ਬਲ ਧਾਰਨ ਕੀਤਾ ਸੀ॥ ੪੫॥

ਨਹੀਂ ਸ਼ਕਤਿ ਕਰਿ ਕਹੂੰ ਦਿਖਾਈ। ਸਹੀ ਸਰਬ ਹੀ ਜਿਮ ਬਨਿ ਆਈ।
ਤਿਸੀ ਪ੍ਰਕਾਰ ਆਪਿ ਮਤਿ ਧਰੋ। ਨਹੀਂ ਬਿਦਤਿ ਅਜਮਤਿ ਕਿਤ ਕਰੋ ॥੪੬॥

ਕਿਤੇ ਵੀ ਸ਼ਕਤੀ ਕਰਕੇ ਨਹੀਂ ਵਿਖਾਈ ਹੈ, ਸਾਰੇ ਹੀ ਜਿਥੇ ਵੀ ਠੀਕ ਢੰਗ ਨਾਲ ਬਣ ਆਈ ਹੈ। ਉਸ ਤਰ੍ਹਾਂ ਆਪ ਵੀ ਬੁੱਧੀ ਧਾਰਨ ਕਰੋ ਅਤੇ ਕਿਤੇ ਵੀ ਕਰਾਮਾਤ ਪ੍ਰਗਟ ਨਾ ਕਰੋ॥ ੪੬॥

ਪੁਰਸ਼ੋਤਮ ਜੇ ਕਰਿ ਦਿਖਰਾਈ। ਹਿਤ ਮ੍ਰਿਜਾਦ ਕੈ ਜਨਨਿ ਸਹਾਈ।
ਬਿਨਾ ਕਰੇ ਬਿਗਰਹਿ ਜਹਿਂ ਬਾਤ। ਤਹਾਂ ਕਰਤਿ ਹੈਂ ਨਿਤ ਚਿਤ ਸ਼ਾਂਤ ॥੪੭॥

ਉੱਤਮ ਪੁਰਸ਼ਾਂ ਨੇ ਜੋ ਕਰ ਕੇ ਵਿਖਾਇਆ ਹੈ। ਮਰਯਾਦਾ ਹਿਤ ਸਦਾ ਦਾਸਾਂ ਦੀ ਸਹਾਇਤਾ ਕੀਤੀ ਹੈ। ਜੇ ਕੁਝ ਕਰਨ ਤੋਂ ਬਗੈਰ ਗੱਲ ਵਿਗੜ ਜਾਵੇ ਤਾਂ ਓਥੇ ਸਦਾ ਚਿੱਤ ਸ਼ਾਂਤ ਕਰਦੇ ਹਨ॥ ੪੭॥

ਜਾਮ ਜਾਮਨੀ ਕਰਹੁ ਸ਼ਨਾਨ। ਸੁਨਹੁ ਕੀਰਤਨ ਪ੍ਰਭੁ ਨਿਰਬਾਨ।
ਜਗਤ ਅਨਿੱਤ, ਆਤਮਾ ਸਾਚੋ। ਇਮ ਲਖਿ ਸਤਿ ਸੰਗਤਿ ਚਿਤ ਰਾਚੋ ॥੪੮॥

ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰੋ ਤੇ ਪ੍ਰਭੂ ਦਾ ਨਿਰਬਾਣ ਕੀਰਤਨ ਸੁਣੋ। ਜਗਤ ਕੂੜ ਹੈ, ਆਤਮਾ ਸੱਚੀ ਹੈ, ਇਸ ਤਰ੍ਹਾਂ ਸਮਝ ਕੇ ਸਤਿਸੰਗਤ ਵਿਚ ਚਿੱਤ ਲਾਉ" ॥ ੪੮॥

ਪਾਇ ਪੁੱਤ੍ਰ ਕੋ ਗੁਰੂ ਬਹਾਨਾ। ਸੰਗਤਿ ਕੋ ਉਪਦੇਸ਼ ਬਖਾਨਾ।
ਸ੍ਰੀ ਹਰਿ ਗੋਵਿੰਦ ਸੁਨਿ ਕਰਿ ਧੀਰ। ਕਮਲ ਬਿਲੋਚਨ ਮੋਚਜੋ ਨੀਰ ॥੪੯॥

ਗੁਰੂ ਜੀ ਨੇ ਆਪਣੇ ਪੁੱਤਰ ਦਾ ਬਹਾਨਾ ਪਾ ਕੇ, ਸੰਗਤ ਨੂੰ ਉਪਦੇਸ਼ ਸੁਣਾਇਆ। ਇਹ ਸੁਣ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਕੰਵਲ ਨੈਣਾਂ ਵਿਚ ਜਲ ਆ ਗਿਆ॥ ੪੯॥

'ਕਾਰਨ ਕਰਨ ਆਪ ਤੁਮ ਸਾਰੇ। ਅਸਮੰਜਸ ਹਮ ਸਮੁਖ ਉਚਾਰੇਂ'।
ਇਮ ਕਹਿ ਨੰਮ੍ਰਿ ਗ੍ਰੀਵ ਕਰਿ ਖਿਰੇ। ਧੀਰ ਮ੍ਰਬੱਗਜ ਜਾਨਿ ਚੁਪ ਕਰੇ ॥੫੦॥

ਉਨ੍ਹਾਂ ਕਿਹਾ, "ਇਸ ਸੰਸਾਰ ਦੇ ਤੁਸੀਂ ਹੀ ਕਾਰਨ ਅਤੇ ਕਰਤਾ ਹੋ, ਸਾਡੇ ਸਾਹਮਣੇ ਇਹ ਅਸੰਗਤ ਸ਼ਬਦਾਂ ਦਾ ਉਚਾਰਣ ਕੀਤਾ ਹੈ।" ਇਸ ਤਰ੍ਹਾਂ ਕਹਿ ਕੇ ਸਿਰ ਨੀਵਾਂ ਕਰ ਕੇ ਖੜ੍ਹੇ ਰਹੇ, ਹਰ ਪ੍ਰਕਾਰ ਸਮਰੱਥ ਧੀਰਜਵਾਨ ਜਾਣ ਕੇ ਚੁਪ ਰਹੇ॥ ੫੦॥

*ਚੌਥੀ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਇਕੱਤੀਵਾਂ

## ਸ੍ਰੀ ਗੁਰ ਅਰਜਨ ਜੀ ਲਾਹੌਰ ਆਏ

ਦੋਹਰਾ- ਇਸ ਕ੍ਰਿਤ ਕੋ ਕਰਿ ਸਤਿਗੁਰੂ ਨਿਸਾ ਭਈ ਪੁਨ ਆਇ।
ਗ੍ਰਿਹ ਪ੍ਰਵੇਸ਼ ਭੋਜਨ ਕਰਯੋ ਬੈਠਿ ਪ੍ਰਯੰਕ ਸਹਾਇ॥ ੧॥

ਸਤਿਗੁਰੂ ਜੀ ਦੇ ਇਸ ਕਾਰਜ ਕਰਨ ਤੋਂ ਬਾਅਦ ਰਾਤ ਪੈ ਗਈ। ਘਰ ਵਿਚ ਜਾ ਕੇ ਭੋਜਨ ਕੀਤਾ ਤੇ ਫਿਰ ਪਲੰਘ ਉਤੇ ਬੈਠ ਕੇ ਸ਼ਸ਼ੋਭਿਤ ਹੋ ਗਏ॥ ੧॥

ਚੌਪਈ- ਸਾਧ੍ਵੀ ਸ੍ਰੀ ਗੰਗਾ ਚਲਿ ਆਈ। ਬੈਠੀ ਨਿਕਟ ਦੇਖਿ ਸੁਖ ਪਾਈ।
ਸ੍ਰੀ ਅਰਜਨ ਸਭਿ ਬਾਤਿ ਬਖਾਨੀ। 'ਸੁਨਹੁ ਆਰਜੇ! ਭਾਗ ਮਹਾਨੀ॥੨॥

ਪਤੀਬ੍ਰਤਾ ਇਸਤਰੀ ਮਾਤਾ ਗੰਗਾ ਜੀ ਉਨ੍ਹਾਂ ਦੇ ਪਾਸ ਚਲ ਕੇ ਆਈ, ਪਾਸ ਬੈਠ ਗਏ ਅਤੇ ਗੁਰੂ ਜੀ ਨੂੰ ਵੇਖ ਕੇ ਸੁਖ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਗੱਲ ਦੱਸੀ, "ਹੇ ਸ੍ਰੇਸ਼ਟ ਮਹਾਨ ਭਾਗਾਂ ਵਾਲੀਏ! ਮੇਰੀ ਗੱਲ ਸੁਣੋ॥ ੨॥

ਲਵਪੁਰਿ ਕੋ ਹਮ ਕਰਹਿਂ ਪਯਾਨਾ। ਹੋਤਿ ਪ੍ਰਾਤਿ ਨਿਸ਼ਚੇ ਹੁਇ ਜਾਨਾ।
ਤਵ ਸੁਤ ਸਕਲ ਕਾਜ ਕੋ ਸਜਾਨਾ। ਧਰਮ ਧੀਰ ਧਰਿ ਧਰਨਿ ਸਮਾਨਾ॥੩॥

ਅਸੀਂ ਕੱਲ੍ਹ ਨੂੰ ਲਾਹੌਰ ਜਾ ਰਹੇ ਹਾਂ, ਸਵੇਰ ਹੁੰਦਿਆਂ ਹੀ ਨਿਸ਼ਚਿਤ ਰੂਪ ਵਿਚ ਚਲੇ ਜਾਣਾ ਹੈ। ਤੁਹਾਡਾ ਪੁੱਤਰ ਹੁਣ ਸਭ ਪ੍ਰਕਾਰ ਦੇ ਕੰਮ-ਕਾਜ ਵਿਚ ਸਿਆਣਾ ਹੋ ਗਿਆ ਹੈ। ਇਹ ਧਰਤੀ ਸਮਾਨ ਧਰਮ ਤੇ ਧੀਰਜ ਨੂੰ ਧਾਰਨ ਵਾਲਾ ਹੈ॥ ੩॥

ਨਹੀਂ ਸਦੀਵ ਦੇਹਿ ਇਹ ਰਹੈ। ਯਾਂਤੇ ਸੁਮਤਿ ਸਨੇਹ ਨ ਗਹੈ।
ਜੋ ਉਪਜਹਿ ਸੋ ਬਿਨਸਨ ਹਾਰਿ। ਜੋ ਊਚੋ ਸੋ ਗਿਰਨੇ ਹਾਰਿ॥ ੪॥

ਇਹ ਸਰੀਰ ਸਦਾ ਨਹੀਂ ਰਹਿਣਾ ਹੈ, ਇਸ ਕਰਕੇ ਸ੍ਰੇਸ਼ਟ ਬੁੱਧੀ ਵਾਲੇ ਆਪਣੇ ਸਰੀਰ ਨਾਲ ਪਿਆਰ ਨਹੀਂ ਕਰਦੇ, ਜਿਹੜਾ ਵੀ ਪੈਦਾ ਹੁੰਦਾ ਹੈ ਉਸ ਨੇ ਇਕ ਦਿਨ ਮਰਨਾ ਹੈ, ਜਿਹੜੇ ਉੱਚੇ ਹਨ, ਉਹ ਡਿੱਗਣੇ ਹੀ ਹਨ॥ ੪॥

ਇਹੀ ਸਨਾਤਨ ਦੇਹਨਿ ਧਰਮ। ਇਸ ਮਹਿਂ ਪ੍ਰੇਮ, ਮਹਾਂ ਉਰ ਭਰਮ।
ਦਿਨ ਪ੍ਰਤਿ ਸਭਿ ਪ੍ਰਨਾਮ ਕੋ ਪਾਵਹਿ। ਪ੍ਰਥਮ ਸਮਾਨ ਸਥਿਰ ਨ ਰਹਾਵਹਿ॥੫॥

ਇਹੀ ਆਦਿ ਕਾਲ ਤੋਂ ਸਰੀਰਾਂ ਦਾ ਧਰਮ ਹੈ, ਇਸ ਸਰੀਰ ਨਾਲ ਪ੍ਰੇਮ ਕਰਨਾ ਹਿਰਦੇ ਵਿਚ ਵੱਡਾ ਭਰਮ ਧਾਰਨ ਕਰਨਾ ਹੈ। ਦਿਨ ਪ੍ਰਤੀ ਦਿਨ ਸਰੀਰ ਘਟਦਾ ਜਾਂਦਾ ਹੈ, ਪਹਿਲਾਂ ਵਾਂਗ ਸਥਿਰ ਨਹੀਂ ਰਹਿੰਦਾ ਹੈ॥ ੫॥

ਬਾਲਿਕ ਤੇ ਹੋਵਹਿ ਸੁ ਕੁਮਾਰ। ਤਰੁਨ ਹੋਤਿ ਪੁਨ ਬ੍ਰਿਧਤਾ ਧਾਰਿ।
ਜਰਾ ਗ੍ਰਸੇ ਤਬਿ ਜੀਰਣ ਹੋਇ। ਬਹੁਰੋ ਅੰਤ ਸਮੇਂ ਮਹਿਂ ਸੋਇ॥ ੬॥

ਬਾਲਕ ਤੋਂ ਫਿਰ ਪੰਜਾਂ ਵਰ੍ਹਿਆਂ ਦਾ ਕੁਮਾਰ ਹੋ ਜਾਂਦਾ ਹੈ, ਫਿਰ ਕੁਮਾਰ ਤੋਂ ਗਭਰੂ ਹੋ ਜਾਂਦਾ ਹੈ ਤੇ ਗਭਰੂ ਤੋਂ ਬਿਰਧ ਹੋ ਜਾਂਦਾ ਹੈ, ਬੁਢਾਪਾ ਗ੍ਰੱਸ ਲੈਂਦਾ ਹੈ ਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ, ਫਿਰ ਅੰਤ ਸਮੇਂ ਸਦਾ ਲਈ ਸੌਂ ਜਾਂਦਾ ਹੈ॥ ੬॥

Sri Satguru Jagjit Singh Ji eLlibrary NamdhariElibrary@gmail.com

ਰਹੁ ਪੀਛੇ ਕੁਛ ਸ਼ੋਕ ਨ ਮਾਨਹੁ। ਦੇਹਿ ਆਪ ਤੇ ਤਜਨਿ ਨ ਠਾਨਹੁ।
ਪੁੱਤ੍ਰ ਸੁ ਪੌਤ੍ਰਨਿ ਕੋ ਸੁਖ ਦੇਖਿ। ਸ਼ਾਦੀ ਕਰਹੁ ਅਨੰਦ ਵਿਸ਼ੇਖਿ॥ ੭॥

ਤੁਸੀ ਮੇਰੇ ਪਿਛੋਂ ਟਿਕੇ ਰਹੋ ਤੇ ਕੋਈ ਦੁਖ ਨਾ ਮੰਨੋ, ਆਪਣੇ ਸਰੀਰ ਨੂੰ ਛੱਡਣ ਬਾਰੇ ਨਾ ਸੋਚੋ, ਪੁਤਰਾਂ ਅਤੇ ਪੋਤਰਿਆਂ ਦਾ ਸੁਖ ਵੇਖ ਕੇ ਬੜੇ ਅਨੰਦ ਨਾਲ ਖੁਸ਼ੀਆਂ ਮਨਾਓ॥ ੭॥

ਅੰਤ ਸਮਾਂ ਹੁਇ ਪ੍ਰਾਪਤਿ ਜਬੈ। ਹਮ ਸੋਂ ਮਿਲਹਿਂ ਆਨਿ ਤੂੰ ਤਬੈ॥
ਗੰਗਾ ਸੁਨੀ ਅਚਾਨਕ ਬਾਤੀ। ਕਮਲ ਬਿਲੋਚਨ ਅੱਸ੍ਰ ਪਪਾਤੀ॥ ੮॥

ਜਦ ਅੰਤ ਸਮਾਂ ਪ੍ਰਾਪਤ ਹੋ ਜਾਵੇਗਾ ਤਾਂ ਫਿਰ ਸਾਨੂੰ ਆ ਕੇ ਮਿਲ ਪੈਣਾ।" ਜਦ ਸ੍ਰੀਮਤੀ ਗੰਗਾ ਜੀ ਨੇ ਅਜਿਹੀ ਗੱਲ ਅਚਾਨਕ ਸੁਣੀ ਤਾਂ ਕੰਵਲ ਨੈਣਾਂ ਵਿਚ ਹੰਝੂ ਭਰ ਆਏ॥ ੮॥

'ਇਹ ਕਿਮ ਕਹੀ ਆਪ ਨੇ ਬਾਨੀ। ਤੀਖਨ ਤਪਤਿ ਨਰਾਂਚ ਸਮਾਨੀ।
ਸ੍ਰਤ ਦਰ ਪ੍ਰਵਿਸ਼ ਰਿਦਾ ਮਮ ਬੇਧਾ। ਕਸ ਉਪਦੇਸ਼ਤਿ ਹੋ ਅਸਮੇਧਾ॥ ੯॥

"ਇਹ ਬਚਨ ਆਪ ਨੇ ਕਿਵੇਂ ਕੀਤੇ ਹਨ, ਜਿਹੜੇ ਕਿ ਤੀਰ ਵਾਂਗ ਤਿੱਖੇ ਅਤੇ ਗਰਮ ਹਨ। ਕੰਨਾਂ ਰਾਹੀਂ ਇਹ ਗੱਲ ਸੁਣ ਕੇ ਮੇਰਾ ਹਿਰਦਾ ਵਿੰਨ੍ਹਿਆ ਗਿਆ ਹੈ, ਹੇ ਮਾਲਕ! ਬੁਧੀ ਨੂੰ ਕਿਵੇਂ ਉਪਦੇਸ਼ ਦਿੰਦੇ ਹੋ॥ ੯॥

ਧੀਰਜ ਧਰਨਿ ਬਖਾਨਤਿ ਆਪੂ। ਜਿਸ ਤੇ ਇਸ ਜੁਤ ਆਨੰਦ ਖਾਪੂ।
ਸਭਿ ਸੰਗਤਿ ਕੇ ਸਹਤ ਕੁਟੰਬੂ। ਕਰਨਿ ਸ਼੍ਰੇਯ ਕੇ ਆਪ ਅਲੰਬੂ॥ ੧੦॥

ਆਪੇ ਸਾਨੂੰ ਧੀਰਜ ਧਾਰਨ ਕਰਨ ਵਾਸਤੇ ਕਹਿ ਰਹੇ ਹੋ, ਜਿਸ ਨਾਲ ਇਸ ਧੀਰਜ ਸਹਿਤ ਅਨੰਦ ਵੀ ਖਤਮ ਹੋ ਜਾਵੇਗਾ। ਸਾਰੀ ਸੰਗਤ ਅਤੇ ਪਰਿਵਾਰ ਸਮੇਤ ਆਪ ਸਭ ਦਾ ਕਲਿਆਣ ਕਰਨ ਲਈ ਵੱਡਾ ਆਸਰਾ ਹੋ॥ ੧੦॥

ਸ੍ਰੀ ਹਰਿ ਗੋਵਿੰਦ ਬਾਲਿਕ ਬੈਸਾ। ਆਪ ਜਨਾਵਤਿ ਕਾਰਜ ਕੈਸਾ।
ਸ਼ੱਤ੍ਰ ਗਨ ਸਭਿ ਰਚਤਿ ਉਪਾਯਾ। ਨੀਠਿ ਨੀਠਿ ਨਿਜ ਨੰਦ ਬਚਾਯਾ॥ ੧੧॥

ਸ੍ਰੀ ਹਰਿਗੋਬਿੰਦ ਜੀ ਹਾਲੇ ਬਾਲਕ ਉਮਰ ਹੈ, ਆਪ ਉਸ ਨੂੰ ਕੈਸਾ ਕਾਰਜ ਦੱਸ ਰਹੇ ਹੋ। ਦੁਸ਼ਮਣ ਕਈ ਪ੍ਰਕਾਰ ਦੇ ਯਤਨ ਕਰਦੇ ਰਹੇ ਹਨ, ਮਸਾਂ-ਮਸਾਂ ਕਿਤੇ ਪੁੱਤਰ ਨੂੰ ਬਚਾਇਆ ਹੈ॥ ੧੧॥

ਤੁਮ ਸਮਰਥ ਹੋ ਨਿਤ ਸਭਿ ਭਾਂਤੀ। ਕੌਨ ਆਸਰੋ ਗਹਿਂ ਪਸ਼ਚਾਤੀ'।
ਸ੍ਰੀ ਅਰਜਨ ਜੀ ਪੁਨਹ ਬਖਾਨੀ। 'ਅਸ ਚਿੰਤਾ ਕਿਮ ਚਿਤ ਮਹਿਂ ਠਾਨੀ? ॥੧੨॥

ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਤੁਸੀਂ ਦੱਸੋ, ਤੁਹਾਡੇ ਬਾਅਦ ਕਿਸ ਦਾ ਆਸਰਾ ਫੜਾਂਗੇ?" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ, "ਐਸੀ ਚਿੰਤਾ ਤੁਸੀਂ ਕਿਉਂ ਚਿਤ ਵਿਚ ਧਾਰਨ ਕੀਤੀ ਹੈ?॥ ੧੨॥

ਸ੍ਰੀ ਨਾਨਕ ਸਮਰਥ ਜਗ ਨਾਥਾ। ਤਿਨ ਕੋ ਅਹੈ ਮਾਥ ਪਰ ਹਾਥਾ।
ਸਦਾ ਸਹਾਇਕ ਬਿਘਨ ਨਸਾਇਕ। ਪ੍ਰਭੁ ਬਿਸਾਲ ਗਨ ਸ਼ੱਤ੍ਰਨਿ ਘਾਯਕ ॥੧੩॥

ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਦੇ ਨਾਥ ਸਭ ਤਰ੍ਹਾਂ ਨਾਲ ਸਮਰੱਥ ਹਨ, ਉਨ੍ਹਾਂ ਦਾ ਹੱਥ ਮੱਥੇ ਉਤੇ ਰੱਖਿਆ ਚਾਹੁੰਦੇ ਹਾਂ। ਉਹ ਸਦਾ ਸਹਾਇਕ ਅਤੇ ਵਿਘਨਾਂ ਨੂੰ ਦੂਰ ਕਰਨ ਵਾਲੇ ਹਨ, ਪ੍ਰਭੂ ਜੀ ਵਿਸ਼ਾਲ ਦੁਸ਼ਮਣਾਂ ਦੇ ਸਮੂਹ ਨੂੰ ਮਾਰਨ ਵਾਲੇ ਹਨ॥ ੧੩॥

ਗੁਰੁ ਪ੍ਰਤਾਪ ਤੇ ਹਰਿਗੋਵਿੰਦ। ਦਿਨ ਪ੍ਰਤਿ ਇਨ ਕੋ ਤੇਜ ਬਿਲੰਦ।
ਅਪਰ ਨ ਕੀਜਹਿ ਚਿਤ ਦੁਚਿਤਾਈ। ਬੇਦੀ ਕੁਲ ਕੇ ਤਿਲਕ ਸਹਾਈ' ॥੧੪॥

ਸਤਿਗੁਰੂ ਦੇ ਪ੍ਰਤਾਪ ਨਾਲ ਸ੍ਰੀ ਹਰਿਗੋਬਿੰਦ ਦਾ ਤੇਜ ਦਿਨ ਪ੍ਰਤਿ ਦਿਨ ਬਹੁਤ ਵਧੇਗਾ। ਹੋਰ ਚਿੱਤ ਵਿਚ ਕੋਈ ਚਿੰਤਾ ਨਾ ਕਰੋ। ਬੇਦੀ ਕੁਲ ਦੇ ਸਿਰਤਾਜ ਭਾਵ ਗੁਰੂ ਨਾਨਕ ਦੇਵ ਜੀ ਸਾਡੀ ਸਹਾਇਤਾ ਕਰਨਗੇ" ॥ ੧੪ ॥

ਅਸ ਕਹਿ ਕਰੁਨਾ ਧਾਰਿ ਨਿਹਾਰਾ। ਉਰ ਗੰਗਾ ਕੇ ਮੋਹ ਬਿਦਾਰਾ।
ਪ੍ਰਾਪਤਿ ਭਯੋ ਗਯਾਨ ਸੁਖਦਾਨੀ। ਜਿਮ ਪਤਿ ਕਹਤਿ ਸਾਚ ਤਿਮ ਜਾਨੀ ॥੧੫॥

ਇਸ ਤਰ੍ਹਾਂ ਕਹਿ ਕੇ ਕ੍ਰਿਪਾ ਧਾਰ ਕੇ ਵੇਖਿਆ ਤੇ ਮਾਤਾ ਗੰਗਾ ਜੀ ਦੇ ਹਿਰਦੇ ਦੇ ਮੋਹ ਨੂੰ ਦੂਰ ਕੀਤਾ। ਸੁਖਾਂ ਦੀ ਦਾਤੀ ਨੂੰ ਗਿਆਨ ਪ੍ਰਾਪਤ ਹੋ ਗਿਆ, ਜਿਵੇਂ ਪਤੀ ਦੇਵ ਸੱਚ ਕਹਿ ਰਹੇ ਸਨ, ਉਹ ਸਭ ਕੁਝ ਜਾਣ ਗਈ॥ ੧੫ ॥

ਕਰ ਕੋ ਜੋਰਤਿ ਬਾਕ ਬਖਾਨਾ। 'ਜਥਾ ਜੋਗ ਸੋ ਕ੍ਰਿਤ ਤੁਮ ਠਾਨਾ।
ਤੁਮਤੇ ਅਪਰ ਨ ਸਜਾਨੋ ਕੋਈ। ਜੋ ਆਛੀ ਹੁਇ ਭਾਖਹੁ ਸੋਈ' ॥ ੧੬ ॥

ਹੱਥ ਜੋੜ ਕੇ ਫਿਰ ਬਚਨ ਕੀਤਾ, "ਯਥਾ ਯੋਗ ਕਰਨ ਵਾਸਤੇ ਜੋ ਤੁਸੀਂ ਮਨ ਬਣਾਇਆ ਹੈ। ਤੁਹਾਡੇ ਨਾਲੋਂ ਕੋਈ ਸਿਆਣਾ ਨਹੀਂ ਹੈ, ਜੋ ਚੰਗੀ ਗੱਲ ਹੈ, ਉਹੀ ਕਹਿੰਦੇ ਹੋ" ॥ ੧੬ ॥

ਇਮ ਸੰਭਾਖਨਿ ਕਰਿ ਗੁਰੁ ਸੋਏ। ਜਾਮ ਜਾਮਨੀ ਜਾਗ੍ਰਨਿ ਹੋਏ।
ਕ੍ਰਿਆ ਸ਼ਨਾਨ ਆਦਿ ਸਭਿ ਕਰੀ। ਬਹੁਰ ਸਮਾਧਿ ਰੂਪ ਨਿਜ ਧਰੀ ॥ ੧੭ ॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਸੌਂ ਗਏ, ਪਹਿਰ ਰਾਤ ਰਹਿੰਦਿਆਂ ਜਾਗ ਪਏ, ਸੌਚ ਕ੍ਰਿਆ ਇਸ਼ਨਾਨ ਆਦਿ ਸਭ ਕੁਝ ਕੀਤਾ, ਫਿਰ ਆਪਣੇ ਸਰੂਪ ਵਿਚ ਸਮਾਧੀ ਧਾਰਨ ਕਰ ਲਈ॥ ੧੭ ॥

ਜਬਿ ਪ੍ਰਕਾਸ਼ ਰਵਿ ਕੋ ਹੁਇ ਆਯੋ। ਚਢਨਿ ਹੇਤੁ ਖਾਸਾ ਮੰਗਵਾਯੋ।
ਪੰਚ ਸਿੱਖਜ ਲੇ ਅਪਨੇ ਸਾਥ। ਕੀਨਿ ਅਰੂਢਨਿ ਅਰਜਨ ਨਾਥ ॥ ੧੮ ॥

ਜਦ ਸੂਰਜ ਦਾ ਪ੍ਰਕਾਸ਼ ਹੋ ਗਿਆ ਤਾਂ ਸਵਾਰੀ ਵਾਸਤੇ ਪਾਲਕੀ ਮੰਗਵਾਈ, ਪੰਜਾਂ ਸਿੱਖਾਂ ਨੂੰ ਆਪਣੇ ਨਾਲ ਲਿਆ ਤੇ ਗੁਰੂ ਦੇਵ ਜੀ ਪਾਲਕੀ ਵਿਚ ਸਵਾਰ ਹੋ ਗਏ॥ ੧੮ ॥

ਬਿਧੀਆ, ਜੇਠਾ, ਲੰਙ, ਪਿਰਾਣਾ। ਪੰਚਮ ਪੈੜਾ ਸੰਗ ਪਯਾਣਾ।
ਅਪਰ ਸਰਬ ਦੈ ਧੀਰਜ ਤਜਾਰੇ। 'ਰਹਹੁ ਸੁਧਾਸਰ ਸੇਵਾ ਲਾਗੇ ॥ ੧੯ ॥

ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹਾ, ਭਾਈ ਪਿਰਾਣਾ ਅਤੇ ਪੰਜਵਾਂ ਭਾਈ ਪੈੜਾ ਨਾਲ ਗਏ। ਬਾਕੀ ਸਾਰਿਆਂ ਨੂੰ ਧੀਰਜ ਦੇ ਕੇ ਚਲੇ ਗਏ ਅਤੇ ਉਨ੍ਹਾਂ ਨੂੰ ਕਿਹਾ, 'ਸਾਰੇ ਅੰਮ੍ਰਿਤਸਰ ਵਿਚ ਸੇਵਾ ਵਿਚ ਲੱਗੇ ਰਹੋ॥ ੧੯ ॥

ਸ੍ਰੀ ਹਰਿ ਗੋਵਿੰਦ ਸੰਗ ਸਦੀਵਾ। ਦਰਸ਼ਨ ਪਰਸਹੁ ਹਰਖ ਧਰੀਵਾ'।
ਨਿਕਸਿ ਗ੍ਰੇਹ ਤੇ ਸਤਿਗੁਰੁ ਆਏ। ਗਏ ਸੁਧਾਸਰ ਕੋ ਦਰਸਾਏ ॥ ੨੦ ॥

ਸਦਾ ਸ੍ਰੀ ਹਰਿਗੋਬਿੰਦ ਦੇ ਨਾਲ ਰਹੋ ਤੇ ਦਰਸ਼ਨ ਕਰਕੇ ਪ੍ਰਸੰਨਤਾ ਧਾਰਨ ਕਰੋ।" ਘਰ ਵਿਚੋਂ ਨਿਕਲ ਕੇ ਸਤਿਗੁਰੂ ਜੀ ਬਾਹਰ ਆ ਗਏ ਅਤੇ ਅੰਮ੍ਰਿਤ ਸਰੋਵਰ ਦੇ ਦਰਸ਼ਨ ਕਰਨ ਗਏ॥ ੨੦ ॥

ਪਿਤ ਥਲ ਜਾਨਿਤ ਭਾਉ ਬਡਿ ਧਾਰਾ। ਨਮਸਕਾਰ ਕੀਨਸਿ ਦਰਬਾਰਾ।
ਸਦਾ ਕੀਰਤਨਿ ਕੀ ਧੁਨਿ ਜਹਾਂ। ਸ੍ਰੀ ਹਰਿਮੰਦਰ ਸੁੰਦਰ ਮਹਾਂ ॥ ੨੧ ॥

ਪਿਤਾ ਜੀ ਦਾ ਸਥਾਨ ਜਾਣ ਬਹੁਤ ਪ੍ਰੇਮ ਧਾਰਨ ਕੀਤਾ ਅਤੇ ਦਰਬਾਰ ਨੂੰ ਨਮਸਕਾਰ ਕੀਤੀ। ਜਿਥੇ ਸਦਾ ਕੀਰਤਨ ਦੀ ਧੁਨ ਵੱਜਦੀ ਸੀ ਅਤੇ ਜਿਸ ਅੰਦਰ ਸੁੰਦਰ ਹਰਿਮੰਦਰ ਸਾਹਿਬ ਬਣਿਆ ਹੋਇਆ ਸੀ॥ ੨੧ ॥

ਕਰੀ ਪ੍ਰਕਰਮਾਂ ਪਿਤਾ ਨਿਹੋਰੇ। ਧਰਯੋ ਧਯਾਨ ਬੰਦਤਿ ਕਰ ਜੋਰੇ।
ਨਿਕਸੇ ਵਹਿਰ ਪੰਥ ਤਿਸ ਪਰੇ। ਲਵਪੁਰਿ ਦਿਸ਼ਿ ਸਨਮੁਖੁ ਮੁਖ ਕਰੇ॥ ੨੨॥

ਬੜੀ ਪ੍ਰਸੰਨਤਾ ਧਾਰ ਕੇ ਆਪਣੇ ਪਿਤਾ ਜੀ ਦਾ ਧਿਆਨ ਧਾਰ ਕੇ ਹੱਥ ਜੋੜ ਕੇ ਬੰਦਨਾ ਕੀਤੀ। ਫਿਰ ਬਾਹਰ ਨਿਕਲ ਕੇ ਰਸਤੇ ਪੈ ਗਏ ਤੇ ਲਾਹੌਰ ਵਲ ਮੂੰਹ ਕਰਕੇ ਉਸ ਪਾਸੇ ਚਲ ਪਏ॥ ੨੨॥

ਸਿੱਖਯ ਸਕਲ ਜੁਤਿ ਹਰਿ ਗੋਵਿੰਦ। ਬਿਦਾ ਹੇਤੁ ਗਮਨੇ ਨਰ ਬ੍ਰਿੰਦ।
ਕਿਤਿਕ ਦੂਰ ਜਬਿ ਪਹੁੰਚੇ ਜਾਈ। ਖਰੇ ਭਏ ਸਤਿਗੁਰੁ ਸੁਖਦਾਈ॥ ੨੩॥

ਸਾਰੇ ਸਿੱਖ ਸ੍ਰੀ ਹਰਿਗੋਬਿੰਦ ਸਮੇਤ ਸਤਿਗੁਰੂ ਜੀ ਨੂੰ ਵਿਦਾ ਕਰਨ ਵਾਸਤੇ ਨਾਲ ਗਏ। ਜਦ ਕਾਫੀ ਦੂਰ ਪਹੁੰਚ ਗਏ ਤਾਂ ਸਤਿਗੁਰੂ ਜੀ ਨੇ ਪਾਲਕੀ ਹੇਠਾਂ ਰਖਵਾ ਲਈ ਤੇ ਆਪ ਜੀ ਖੜੇ ਹੋ ਗਏ॥ ੨੩॥

ਸਭਿ ਸੋਂ ਕਹਿ ਨੀਕੇ ਉਪਦੇਸ਼। 'ਸਿਮਰਹੁ ਸਤਿਗੁਰ ਹਰਹੁ ਕਲੇਸ਼।
ਸਾਹਿਬ ਬੁੱਢਾ ਅਰੁ ਗੁਰਦਾਸ। ਇਨ ਜੁਤਿ ਸ੍ਰੀ ਹਰਿ ਗੋਵਿੰਦ ਪਾਸਿ॥ ੨੪॥

ਸਾਰਿਆਂ ਨੂੰ ਕਹਿ ਕੇ ਚੰਗਾ ਉਪਦੇਸ਼ ਦਿੱਤਾ, "ਸਤਿਗੁਰੂ ਦਾ ਸਿਮਰਨ ਕਰਕੇ ਸਾਰੇ ਕਲੇਸ਼ ਦੂਰ ਕਰੋ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਇਨ੍ਹਾਂ ਸਮੇਤ ਸ੍ਰੀ ਹਰਿਗੋਬਿੰਦ ਦੇ ਪਾਸ ਰਹੋ॥ ੨੪॥

ਰਹਹੁ ਸਦਾ ਧਰਿ ਗੁਰਮਤਿ ਆਛੇ। ਨਿਤ ਪ੍ਰਸੰਨ ਰਾਖਹੁ ਹਮ ਪਾਛੇ।
ਕਿਨਹੂੰ ਆਗਯਾ ਭੰਗ ਨ ਕਰਨੀ। ਨਿਜ ਮਤਿ ਕੀਜਹਿ ਇਨ ਅਨੁਸਰਨੀ ॥੨੫॥

ਅਤੇ ਸਦਾ ਗੁਰਮਤਿ ਨੂੰ ਚੰਗੀ ਤਰ੍ਹਾਂ ਧਾਰਨ ਕਰੋ, ਸਾਡੇ ਬਾਅਦ ਇਨ੍ਹਾਂ ਨੂੰ ਨਿਤ ਪ੍ਰਸੰਨ ਰਖੋ। ਇਨ੍ਹਾਂ ਦੀ ਕਿਸੇ ਨੇ ਵੀ ਆਗਿਆ ਨਾ ਮੋੜਨੀ, ਆਪਣੀ ਬੁੱਧੀ ਨੂੰ ਇਨ੍ਹਾਂ ਦੇ ਅਨੁਸਾਰੀ ਬਣਾਉਣਾ॥ ੨੫॥

ਹਰਿਗੁਵਿੰਦ ਕੋ ਪੁਨਹ ਸੁਨਾਈ। ਅਦਬ ਰੱਖਹੁ ਨਿਤ ਬੁੱਢਾ ਭਾਈ।
ਜਿਮ ਆਗਯਾ ਦੇ ਤੈਸੇ ਰਹਿਨਾ। ਨਹਿਂ ਇਨਕੇ ਸਨਮੁਖ ਕਬਿ ਕਹਿਨਾ ॥੨੬॥

ਫਿਰ ਸ੍ਰੀ ਹਰਿਗੋਬਿੰਦ ਨੂੰ ਸੁਣਾ ਕੇ ਕਿਹਾ, ਤੁਸੀਂ ਸਦਾ ਬਾਬਾ ਬੁੱਢਾ ਜੀ ਦਾ ਸਤਿਕਾਰ ਕਰਨਾ ਹੈ, ਜਿਵੇਂ ਉਹ ਆਗਿਆ ਕਰਨ ਉਸ ਤਰ੍ਹਾਂ ਹੀ ਰਹਿਣਾ ਹੈ, ਇਨ੍ਹਾਂ ਦੇ ਸਾਹਮਣੇ ਕਦੀ ਕੁਝ ਨਹੀਂ ਕਹਿਣਾ ਹੈ॥ ੨੬॥

ਦੋਹਰਾ-ਸੁਨਿ ਸ੍ਰੀ ਅਰਜਨ ਕੇ ਬਚਨ ਬੁੱਢਾ ਆਦਿ ਜਿ ਦਾਸ।
ਯੁਤ ਸ੍ਰੀ ਹਰਿਗੋਵਿੰਦ ਕੇ ਬੰਦਿ ਚਰਨ ਸੁਖਰਾਸਿ॥ ੨੭॥

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਸੁਣ ਕੇ ਬਾਬਾ ਬੁੱਢਾ ਜੀ ਆਦਿ ਜਿਹੜੇ ਵੀ ਸੇਵਕ ਸਨ ਸਮੇਤ ਸ੍ਰੀ ਹਰਿਗੋਬਿੰਦ ਦੇ ਸਭ ਨੇ ਸੁਖਾਂ ਦੀ ਰਾਸ ਭਾਵ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥ ੨੭॥

ਚੌਪਈ- ਬਾਰਿ ਬਾਰਿ ਕਰਿ ਬਿਨੈ ਘਨੇਰੀ। ਹਟਿਬੇ ਚਹਤਿ ਨਹੀਂ ਤਿਸ ਬੇਰੀ।
ਸ੍ਰੀ ਅਰਜਨ ਕਹਿ ਕਰਿ ਬਹੁ ਬਾਰੀ। ਬਰਬਸਿ ਸਭਿਨਿ ਹਟਾਇ ਪਿਛਾਰੀ ॥੨੮॥

ਬਾਰ-ਬਾਰ ਬੇਨਤੀ ਕੀਤੀ, ਉਹ ਉਸ ਸਮੇਂ ਵਾਪਸ ਨਹੀਂ ਸੀ ਜਾਣਾ ਚਾਹੁੰਦੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹੁਤ ਵਾਰੀ ਕਹਿ ਕੇ, ਜ਼ੋਰੋ-ਜ਼ੋਰੀ ਸਾਰਿਆਂ ਨੂੰ ਵਾਪਸ ਮੋੜਿਆ॥ ੨੮॥

ਅਪਨੀ ਜੋਤਿ ਪੁੱਤ੍ਰ ਮਹਿਂ ਧਾਰੀ। ਗੁਰ ਅਸ਼ੋਕ ਤਬਿ ਚਲੇ ਅਗਾਰੀ।
ਪਠਯੋ ਸਿੱਖਯ ਇਕ ਗੋਇੰਦਵਾਲ। 'ਪਹੁੰਚਹੁ ਆਜ ਤਹਾਂ ਮਗ ਚਾਲਿ ॥੨੯॥

ਆਪਣੀ ਜੋਤੀ ਪੁੱਤਰ ਵਿਚ ਧਾਰਨ ਕਰ ਲਈ, ਦੁਖ ਰਹਿਤ ਗੁਰੂ ਜੀ ਫਿਰ ਅੱਗੇ ਚਲ ਪਏ। ਇਕ ਸਿੱਖ ਗੋਇੰਦਵਾਲ ਨੂੰ ਭੇਜਿਆ ਤੇ ਉਸ ਨੂੰ ਕਿਹਾ, "ਅੱਜ ਚਲ ਕੇ ਓਥੇ ਪਹੁੰਚੋ॥ ੨੯॥

ਮਿਲਹੁ ਅਰਥਮਲ ਕੋ ਤੁਮ ਜਾਇ। ਲਵਪੁਰਿ ਗਮਨੇ ਦੇਹੁ ਸੁਨਾਇ।
ਹੋਤਿ ਪ੍ਰਾਤ ਕੇ ਸੋ ਚਲਿ ਆਵਹਿ। ਹਮ ਕੋ ਮਿਲਹਿ ਮੋਦ ਉਪਜਾਵਹਿ'॥੩੦॥

ਓਥੇ ਜਾ ਕੇ ਅਰਥ ਮਲ ਨੂੰ ਮਿਲੋ, ਉਨ੍ਹਾਂ ਨੂੰ ਦੱਸ ਦੇਣਾ ਕਿ ਅਸੀਂ ਲਾਹੌਰ ਨੂੰ ਚਲੇ ਗਏ ਹਾਂ। ਸਵੇਰ ਹੁੰਦਿਆਂ ਨੂੰ ਉਹ ਚਲ ਕੇ ਆ ਜਾਣ ਅਤੇ ਬੜੀ ਪ੍ਰਸੰਨਤਾ ਵਧਾ ਕੇ ਸਾਨੂੰ ਆ ਕੇ ਮਿਲਣ॥ ੩੦॥

ਸੁਨਤਿ ਸਿੱਖਜ ਉਤਲਾਵਤਿ ਧਾਵਾ। ਸੰਧਜਾ ਹੋਤਿ ਪੁਰੀ ਪ੍ਰਵਿਸ਼ਾਵਾ।
ਮਿਲਜੋ ਅਰਥਮਲੁ ਕੋ ਕਰਿ ਨਮੋ। ਹਾਥ ਜੋਰਿ ਬੈਠਜੋ ਤਿਹ ਸਮੋ॥ ੩੧॥

ਇਹ ਸੁਣ ਕੇ ਸਿੱਖ ਬੜੀ ਤੇਜ਼ ਰਫਤਾਰ ਨਾਲ ਚਲਾ ਗਿਆ। ਸ਼ਾਮ ਹੁੰਦਿਆਂ ਹੀ ਗੋਇੰਦਵਾਲ ਨਗਰੀ ਵਿਚ ਦਾਖਲ ਹੋ ਗਿਆ, ਨਮਸਕਾਰ ਕਰਕੇ ਸ੍ਰੀ ਅਰਥ ਮਲ ਨੂੰ ਮਿਲਿਆ ਤੇ ਉਸ ਸਮੇਂ ਹੱਥ ਜੋੜ ਕੇ ਬੇਨਤੀ ਕੀਤੀ॥ ੩੧॥

ਸ੍ਰੀ ਸਤਿਗੁਰੁ ਕੋ ਦੀਨਿ ਸੰਦੇਸਾ। 'ਤੁਮਕੋ ਸਿਮਰਨਿ ਕੀਨਿ ਵਿਸ਼ੇਸ਼ਾ।
ਲਵਪੁਰਿ ਕੋ ਗਮਨੇ ਜਿਸ ਕਾਲ। ਮੋਕਹੁ ਕਰਿ ਤਾਗੀਦ ਬਿਸਾਲ॥ ੩੨॥

ਜਾ ਕੇ ਸ੍ਰੀ ਸਤਿਗੁਰੂ ਜੀ ਦਾ ਸੰਦੇਸ਼ਾ ਦਿੱਤਾ, "ਤੁਹਾਨੂੰ ਗੁਰੂ ਜੀ ਨੇ ਵਿਸ਼ੇਸ਼ ਤੌਰ ਤੇ ਯਾਦ ਕੀਤਾ ਹੈ, ਜਿਸ ਸਮੇਂ ਉਹ ਲਾਹੌਰ ਨੂੰ ਗਏ ਤਾਂ ਮੈਨੂੰ ਬਹੁਤ ਤਾਕੀਦ ਕੀਤੀ ਸੀ॥ ੩੨॥

ਪ੍ਰਾਤ ਚਢਾਵਹੁ ਤਿਨ ਕੋ ਜਾਇ। ਸੁਨਿ ਆਗਜਾ ਮੈਂ ਆਯੋ ਧਾਇ'।
ਇਮ ਕਹਿ ਬਾਕ, ਸੁਨੇ ਬਿਸਮਾਨੇ। ਕਾਰਨ ਕੌਨ ਕਰਤਿ ਅਨੁਮਾਨੇ॥ ੩੩॥

ਸਵੇਰ ਉਨ੍ਹਾਂ ਦੇ ਪਾਸ ਜਾ ਕੇ ਚੜ੍ਹਾਵੋ, ਉਨ੍ਹਾਂ ਦੀ ਆਗਿਆ ਸੁਣ ਕੇ ਮੈਂ ਬੜੀ ਤੇਜ਼ੀ ਨਾਲ ਆਪ ਜੀ ਦੇ ਪਾਸ ਆਇਆ ਹਾਂ।" ਇੰਝ ਕਹੇ ਵਾਕ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ, ਕੀ ਕਾਰਨ ਹੋ ਗਿਆ ਹੈ, ਸਾਰੇ ਕਈ ਪ੍ਰਕਾਰ ਦੇ ਅਨੁਮਾਨ ਲਾ ਰਹੇ ਸਨ॥ ੩੩॥

ਸ੍ਰੀ ਗੁਰ ਅਮਰ ਅੰਸ ਮਿਲਿ ਸਾਰੇ। ਸਿਖ ਸੋਂ ਬੂਝਤਿ ਕਰਤਿ ਬਿਚਾਰੇ।
'ਸੁਨਜੋ ਜੁ ਸ਼ਾਹੁ ਪਠਜੋ ਪਰਵਾਨਾ। ਯਾਂਤੇ ਚਿਤ ਮਹਿਂ ਚਿੰਤ ਮਹਾਨਾ॥ ੩੪॥

ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਦੇ ਸਾਰੇ ਜੀਵ ਸਿੱਖ ਨੂੰ ਆ ਕੇ ਮਿਲੇ ਤੇ ਵਿਚਾਰ ਕਰਕੇ ਸਿੱਖ ਨੂੰ ਪੁੱਛਣ ਲੱਗੇ। ਸਿੱਖ ਨੇ ਕਿਹਾ, "ਸੁਣਿਆ ਹੈ, ਬਾਦਸ਼ਾਹ ਨੇ ਪਰਵਾਨਾ ਭੇਜਿਆ ਹੈ, ਇਸ ਕਰਕੇ ਚਿੱਤ ਵਿਚ ਮਹਾਨ ਚਿੰਤਾ ਹੈ॥ ੩੪॥

ਕਰਹਿ ਸ਼ੱਤ੍ਰੁਤਾ ਮੂਰਖ ਚੰਦੂ। ਬਿਨੁ ਦੋਸ਼ਨਿ ਦੇ ਦੋਸ਼ ਬਿਲੰਦੂ'।
ਬਹੁਤ ਬਿਚਾਰਤਿ ਨਿਸਾ ਬਿਤਾਈ। ਚਲਜੋ ਅਰਥ ਮਲ ਪਿਖਿ ਅਰੁਨਾਈ॥੩੫॥

ਮੂਰਖ ਚੰਦੂ ਦੁਸ਼ਮਣੀ ਕਰਦਾ ਹੈ, ਕਿਸੇ ਕਸੂਰ ਤੋਂ ਬਗੈਰ ਹੀ ਵੱਡੇ-ਵੱਡੇ ਦੋਸ਼ ਲਾਉਂਦਾ ਹੈ।" ਬਹੁਤ ਵਿਚਾਰ ਕਰਦਿਆਂ ਸਾਰੀ ਰਾਤ ਬਤੀਤ ਕੀਤੀ, ਫਿਰ ਸਵੇਰੇ ਸੂਰਜ ਦੀ ਲਾਲੀ ਵੇਖ ਕੇ ਅਰਥ ਮਲ ਲਾਹੌਰ ਵਲ ਚੱਲ ਪਿਆ॥ ੩੫॥

ਇਤ ਸ੍ਰੀ ਅਰਜਨ ਗੁਰ ਤਿਹ ਸਮੋ। ਰਾਮਦਾਸ ਪੁਰਿ ਕੋ ਕਰਿ ਨਮੋ।
ਸਨੇ ਸਨੇ ਮਗ ਮਹਿਂ ਪ੍ਰਸਥਾਨੇ। ਡੇਰੋ ਕਰਿ ਜਾਮਨ ਗੁਜ਼ਰਾਨੇ॥ ੩੬॥

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਉਸ ਸਮੇਂ, ਸ੍ਰੀ ਰਾਮਦਾਸ ਪੁਰ ਨੂੰ ਨਮਸਕਾਰ ਕਰਕੇ ਹੌਲੀ-ਹੌਲੀ ਲਾਹੌਰ ਦੇ ਰਸਤੇ ਚਲੇ ਜਾ ਰਹੇ ਸਨ। ਰਾਹ ਵਿਚ ਡੇਰਾ ਕਰਕੇ ਰਾਤ ਗੁਜ਼ਾਰੀ॥ ੩੬॥

Sri Satguru Jagjit Singh Ji eLlibrary NamdhariElibrary@gmail.com

ਭਈ ਪ੍ਰਾਤ ਹੁਇ ਕਰਿ ਅਸੁਵਾਰ। ਪਹੁੰਚਤਿ ਭੇ ਲਵਪੁਰੀ ਮਝਾਰ।
ਇਕ ਸੱਧੂ ਸਿਖ ਗੁਰਮੁਖ ਮਹਾਂ। ਕਰਤਿ ਪ੍ਰਤੀਖਨਿ ਬਾਸੈ ਤਹਾਂ॥ ੩੭॥

ਸਵੇਰ ਹੋਣ ਤੇ ਅਸਵਾਰ ਹੋ ਕੇ ਲਾਹੌਰ ਸ਼ਹਿਰ ਦੇ ਵਿਚ ਪਹੁੰਚ ਗਏ। ਇਕ ਸੱਧੂ ਨਾਮੀ ਸਿੱਖ ਵੱਡਾ ਗੁਰਮੁਖ ਸੀ। ਉਹ ਲਾਹੌਰ ਵੱਸਦਾ ਸੀ ਤੇ ਗੁਰੂ ਜੀ ਦੇ ਆਉਣ ਦੀ ਇੰਤਜ਼ਾਰ ਕਰਦਾ ਰਹਿੰਦਾ ਸੀ॥ ੩੭॥

'ਦੀਨ ਅਹੌਂ ਮੈਂ ਦੀਨਨਿ ਦਜਾਲਾ!। ਪਿਖਹੁ ਭਗਤ ਕੇ ਭਾਉ ਬਿਸਾਲਾ।
ਮਮ ਘਰ ਨਿਸਾ ਬਾਸ ਜੇ ਕਰਿਹੀਂ। ਸਰਬ ਸੇਵ ਠਾਨੌ ਨਿਜ ਕਰ ਹੀ॥ ੩੮॥

"ਹੇ ਦੀਨ ਦਿਆਲ! ਮੈਂ ਬਹੁਤ ਗਰੀਬ ਹਾਂ, ਭਗਤ ਦੇ ਵਿਸ਼ਾਲ ਪ੍ਰੇਮ ਨੂੰ ਵੇਖੋ। ਜੇ ਮੇਰੇ ਘਰ ਵਿਚ ਰਾਤ ਗੁਜ਼ਾਰੋ ਤਾਂ ਮੈਂ ਸਾਰੀ ਸੇਵਾ ਆਪਣੇ ਹੱਥਾਂ ਨਾਲ ਕਰਾਂਗਾ॥ ੩੮॥

ਕਰਹਿ ਅਹਾਰ ਆਦਿ ਜੇ ਸੇਵਾ। ਕਰਿਵਾਵਹਿ ਮੋ ਤੇ ਗੁਰੁ ਦੇਵਾ।
ਬਨੌਂ ਕ੍ਰਿਤਾਰਥ ਪੂਰਹਿ ਆਸਾ। ਸਿਮਰਤਿ ਸਤਿਗੁਰੁ ਧਰਿ ਭਰਵਾਸਾ॥ ੩੯॥

ਭੋਜਨ ਆਦਿ ਦੀ ਜੋ ਸੇਵਾ ਹੈ, ਹੇ ਗੁਰਦੇਵ ਜੀ! ਇਹ ਸੇਵਾ ਮੈਥੋਂ ਕਰਵਾਵੋ। ਮੇਰੀ ਆਸ਼ਾ ਪੂਰੀ ਕਰ ਕੇ ਮੈਨੂੰ ਕ੍ਰਿਤਾਰਥ ਕਰੋ।" ਉਹ ਸਤਿਗੁਰੂ ਜੀ 'ਤੇ ਭਰੋਸਾ ਧਾਰਨ ਕਰਕੇ ਉਨ੍ਹਾਂ ਨੂੰ ਯਾਦ ਕਰਦਾ ਸੀ॥ ੩੯॥

ਨਿਸ ਦਿਨ ਜਿਸ ਕੇ ਉਰ ਲਿਵ ਲਾਗੀ। 'ਮੈਂ ਕਿਹ ਸਮੇ ਬਨਹੁ ਬਡਭਾਗੀ'।
ਕਿਰਤਨ ਮੇਲ ਕਰਤਿ ਬਹੁਤੇਰਾ। ਰਿਦੇ ਪ੍ਰਤੀਖਤਿ ਸੰਝ ਸਬੇਰਾ॥ ੪੦॥

ਰਾਤ ਦਿਨ ਜਿਸ ਦੇ ਹਿਰਦੇ ਵਿਚ ਲਿਵ ਲੱਗੀ ਸੀ, "ਮੈਂ ਕਿਸ ਵੇਲੇ ਵੱਡੇ ਭਾਗਾਂ ਵਾਲਾ ਬਣਾਂ।" ਕੀਰਤਨ ਅਤੇ ਜੋੜ ਮੇਲੇ ਬਹੁਤ ਕਰਦਾ ਸੀ, ਹਿਰਦੇ ਵਿਚ ਦਿਨ ਰਾਤ ਇੰਤਜ਼ਾਰ ਕਰਦਾ ਰਹਿੰਦਾ ਸੀ॥ ੪੦॥

ਕਰਹਿ ਕਾਮਨਾ ਪੂਰਨ ਤਾਂਹੀ। ਸਭਿ ਤਜਿ, ਗਏ ਸਿੱਖਜ ਘਰ ਮਾਂਹੀ।
ਊਚ ਨੀਚ ਕੀ ਪਰਖ ਨ ਕੋਈ। ਪ੍ਰੇਮ ਬਿਲੋਕਤਿ ਹਰਿ ਗੁਰੁ ਸੋਈ॥ ੪੧॥

ਉਸ ਦੀ ਕਾਮਨਾ ਪੂਰੀ ਕਰਨ ਵਾਸਤੇ, ਸਾਰਿਆਂ ਨੂੰ ਛੱਡ ਕੇ ਗੁਰੂ ਜੀ ਉਸ ਸਿੱਖ ਦੇ ਘਰ ਚਲੇ ਗਏ। ਜਿਨ੍ਹਾਂ ਨੂੰ ਊਚ ਨੀਚ ਦੀ ਕੋਈ ਪਰਖ ਨਹੀਂ ਸੀ, ਜਿਹੜੇ ਗੁਰੂ ਜੀ ਹਰ ਇਕ ਦਾ ਪ੍ਰੇਮ ਹੀ ਵੇਖਦੇ ਸਨ॥ ੪੧॥

*ਚੌਥੀ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

## *ਅਧਿਆਇ ਬੱਤੀਵਾਂ*

### *ਲਾਹੌਰ ਵਿਖੇ ਭਾਈ ਸੱਧੂ ਦੇ ਘਰ ਠਹਿਰੇ*

ਦੋਹਰਾ-ਸੱਧੂ ਸਿੱਖਜ ਸਭਾਰਜਾ ਪ੍ਰੇਮ ਕਰੇ ਮਨ ਮਾਂਹਿ।
ਸ੍ਰੀ ਅਰਜਨ ਸਭਿ ਜਾਨਿ ਕਰਿ ਪਹੁਚੇ ਤਿਸ ਘਰ ਮਾਂਹਿ॥੧॥

ਸੱਧੂ ਸਿੱਖ ਆਪਣੀ ਪਤਨੀ ਸਹਿਤ ਮਨ ਵਿਚ ਬਹੁਤ ਪ੍ਰੇਮ ਕਰਦੇ ਸਨ। ਅੰਤਰਜਾਮੀ ਸ੍ਰੀ ਗੁਰੂ ਅਰਜਨ ਦੇਵ ਜੀ ਸਭ ਜਾਣ ਕੇ, ਉਸ ਦੇ ਘਰ ਵਿਚ ਪਹੁੰਚ ਗਏ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ- ਹੇਰਿ ਅਨੰਦ ਰੂਪ ਗੁਰੁ ਕੇਰਾ। ਬੰਦਨ ਕਰੀ ਚਰਨ ਤਿਸ ਬੇਰਾ।
'ਘਟਿ ਘਟਿ ਕੇ ਨਿਤ ਅੰਤਰਜਾਮੀ !। ਦਾਸ ਕਾਮਨਾ ਪੁਰਵਹੁ ਸ੍ਵਾਮੀ ! ॥੨॥

ਗੁਰੂ ਜੀ ਦਾ ਅਨੰਦ ਸਰੂਪ ਵੇਖ ਕੇ, ਓਸੇ ਸਮੇਂ ਗੁਰੂ ਜੀ ਦੇ ਚਰਨਾਂ 'ਤੇ ਬੰਧਨਾਂ ਕੀਤੀ, "ਹਰ ਇਕ ਦੇ ਦਿਲਾਂ ਦੀਆਂ ਜਾਣਨ ਵਾਲੇ ਹੇ ਅੰਤਰਜਾਮੀ ਗੁਰੂ ਜੀ! ਦਾਸ ਦੀ ਕਾਮਨਾ ਪੂਰੀ ਕਰੋ ਜੀ!॥ ੨॥

ਧਨੀ ਸਿੱਖ ਧ੍ਰਮਸਾਲਾ ਛੋਰਿ। ਉਰਕੀ ਲਖਿ ਆਏ ਮੁਰਿ ਓਰਿ।
ਦੀਨ ਬੰਧੁ ਯਾਂਹੀ ਤੇ ਕਹੈਂ। ਪ੍ਰੇਮ ਬਸੀ ਤੁਮ ਕੋ ਸਭਿ ਲਹੈਂ ॥ ੩ ॥

ਧਨੀ ਸਿੱਖ ਤੇ ਧਰਮਸਾਲਾ ਛੱਡ ਕੇ, ਮੇਰੇ ਹਿਰਦੇ ਦੀ ਜਾਣ ਕੇ ਮੇਰੇ ਘਰ ਵਿਚ ਆਏ ਹੋ। ਏਸੇ ਕਰਕੇ ਤੁਹਾਨੂੰ ਦੀਨ ਬੰਧੂ ਕਹਿੰਦੇ ਹਨ, ਪ੍ਰੇਮ ਦੇ ਵੱਸ ਹੋਣਾ ਤੁਹਾਡੇ ਪਾਸੋਂ ਸਿੱਖੀਏ" ॥ ੩ ॥

ਹਾਥ ਜੋਰਿ ਬਹੁ ਉਸਤਤਿ ਕਰਿਕੈ। ਤਰੇ ਉਤਾਰੇ ਉਰ ਮੁਦ ਭਰਿ ਕੈ।
ਲੇ ਕਰਿ ਗਯੋ ਸਦਨ ਕੇ ਅੰਦਰ। ਨੌਤਨ ਪਲੰਘ ਡਸਾਯੋ ਸੁੰਦਰ ॥ ੪ ॥

ਹੱਥ ਜੋੜ ਕੇ ਬੜੀ ਉਸਤਤੀ ਕਰਕੇ ਅਤੇ ਦਿਲ ਵਿਚ ਪ੍ਰਸੰਨਤਾ ਨਾਲ ਭਰ ਕੇ ਗੁਰੂ ਜੀ ਨੂੰ ਸਵਾਰੀ ਤੋਂ ਹੇਠਾਂ ਉਤਾਰ ਲਿਆ। ਉਨ੍ਹਾਂ ਨੂੰ ਲੈ ਕੇ ਆਪਣੇ ਘਰ ਦੇ ਅੰਦਰ ਚਲੇ ਗਿਆ ਤੇ ਗੁਰੂ ਜੀ ਵਾਸਤੇ ਇਕ ਸੁੰਦਰ ਨਵਾਂ ਪਲੰਘ ਡੁਹਾਇਆ ॥ ੪ ॥

ਆਸਤਰਨਿ ਤੇ ਊਪਰ ਛਾਏ। ਕਰਿ ਬਿਨਤੀ ਸਤਿਗੁਰੂ ਬਿਠਾਏ।
ਜਥਾ ਸ਼ਕਤਿ ਕਰਿ ਅਪਰ ਫਰਸ਼ ਕੋ। ਸਿੱਖ ਬਿਠਾਏ ਧਾਰਿ ਹਰਸ਼ ਕੋ ॥੫॥

ਪਲੰਘ ਦੇ ਉਤੇ ਸੁੰਦਰ ਵਸਤਰ ਵਿਛਾਏ ਅਤੇ ਬੇਨਤੀ ਕਰਕੇ ਗੁਰੂ ਜੀ ਨੂੰ ਉਤੇ ਬਿਠਾਇਆ। ਜਥਾ ਸਮਰੱਥਾ ਅਨੁਸਾਰ ਦੂਸਰੇ ਫਰਸ਼ਾਂ ਉਤੇ ਵੀ ਸੁੰਦਰ ਬਿਸਤਰੇ ਵਿਛਾ ਕੇ ਬਾਕੀ ਸਿੱਖਾਂ ਨੂੰ ਪ੍ਰਸੰਨ ਹੋ ਕੇ ਬਿਠਾ ਦਿੱਤਾ॥ ੫॥

ਔਰ ਸਰਬ ਸੇਵਾ ਕਰਿ ਨੀਕੇ। ਚਰਨ ਪਖਾਰਤਿ ਭਾ ਸਭਿ ਹੀ ਕੇ।
ਸ਼੍ਰੀ ਸਤਿਗੁਰ ਕੇ ਚਰਨ ਪਖਾਰੇ। ਚਰਨਾਂਮ੍ਰਿਤ ਕੁਟੰਬ ਮੁਖ ਡਾਰੇ ॥ ੬ ॥

ਹੋਰ ਚੰਗੀ ਤਰ੍ਹਾਂ ਸੇਵਾ ਕਰਕੇ, ਸਾਰਿਆਂ ਦੇ ਚਰਨ ਧੁਆਏ। ਬਾਅਦ ਵਿਚ ਸਤਿਗੁਰੂ ਜੀ ਦੇ ਚਰਨ ਚੰਗੀ ਤਰ੍ਹਾਂ ਧੁਆ ਕੇ, ਜਿਹੜਾ ਚਰਨਾਮ੍ਰਿਤ ਪ੍ਰਾਪਤ ਹੋਇਆ, ਉਹ ਸਾਰੇ ਪਰਿਵਾਰ ਨੂੰ ਛਕਾਇਆ॥ ੬॥

ਸਰਬ ਸਦਨ ਮਹਿਂ ਛਿਰਕਨਿ ਕੀਨਿਸਿ। ਭਯੋ ਨਿਹਾਲ ਅਧਿਕ ਫਲ ਲੀਨਿਸਿ।
ਸਭਿ ਬਿਧਿ ਕੀ ਸੁਚਤਾ ਤਬਿ ਕਰੀ। ਲੇਪਨ ਆਦਿ ਰਸੋਈ ਧਰੀ ॥ ੭ ॥

ਜਿਹੜਾ ਚਰਨਾਮ੍ਰਿਤ ਬਾਕੀ ਬਚਿਆ, ਉਸ ਦਾ ਸਾਰੇ ਘਰ ਵਿਚ ਛਿੜਕਾ ਕਰ ਦਿੱਤਾ, ਵਾਧੂ ਫਲ ਪ੍ਰਾਪਤ ਕਰਕੇ ਨਿਹਾਲ ਹੋ ਗਿਆ। ਫਿਰ ਹਰ ਪ੍ਰਕਾਰ ਦੀ ਸੁੱਚਮਤਾ ਕੀਤੀ, ਰਸੋਈ ਆਦਿ ਵਿਚ ਪੋਚਾ ਫਿਰਵਾਇਆ॥ ੭॥

ਭੋਜਨ ਕਰਨ ਹਾਰਿ ਇਸ਼ਨਾਨੇ। ਸੁਚ ਸੌਂ ਨੀਰ ਨਯੋ ਭਰਿ ਆਨੇ।
ਬਾਸਨ ਸਕਲ ਮਾਂਝ ਕਰਿ ਬ੍ਰਿੰਦ। ਪਾਵਨਤਾ ਕਰਿ ਤਬਹਿ ਬਿਲੰਦ ॥੮॥

ਭੋਜਨ ਤਿਆਰ ਕਰਨ ਵਾਲਿਆਂ ਨੇ ਪਹਿਲਾਂ ਇਸ਼ਨਾਨ ਕੀਤਾ, ਸੁੱਚਮ ਵਾਸਤੇ ਨਵਾਂ ਪਾਣੀ ਭਰ ਕੇ ਲਿਆਂਦਾ। ਸਾਰੇ ਬਰਤਨਾਂ ਨੂੰ ਚੰਗੀ ਤਰ੍ਹਾਂ ਮਾਂਝ ਕੇ, ਉੱਚ ਪਾਏ ਦੀ ਪਵਿੱਤਰਤਾ ਕੀਤੀ॥ ੮॥

ਸੁੰਦਰ ਅੰਨ ਚੂਨ ਗੋਧੂਮ। ਸੂਖਮ ਚਾਵਰ ਧਰਿ ਸੁਧਿ ਭੂਮਿ।
ਪਹਿਤ ਬਨਾਈ ਡਾਲਿ ਮਸਾਲੇ। ਪਾਇਸ ਪਾਕ ਕੀਨਿ ਬਿਧਿ ਨਾਲੇ ॥੯॥

ਸੁੰਦਰ ਕਣਕ ਦਾ ਆਟਾ ਲਿਆਂਦਾ ਗਿਆ, ਨਰਮ ਬਾਸਮਤੀ ਦੇ ਚਾਵਲ ਵੱਡੀ ਮਿਕਦਾਰ ਵਿਚ ਤਿਆਰ ਕੀਤੇ ਗਏ। ਮਸਾਲੇ ਆਦਿ ਪਾ ਕੇ ਦਾਲ ਤਿਆਰ ਕੀਤੀ। ਦੁੱਧ ਦੀ ਖੀਰ ਰਿੱਧੀ ਗਈ॥ ੯॥

ਘ੍ਰਿਤ ਸੋਂ ਮੇਲਿ ਬਨਾਯਹੁ ਨੀਕੋ। ਕਰਿ ਤਯਾਰੀ ਭੋਜਨ ਸਭਿ ਹੀ ਕੋ।
ਬਹੁ ਦੀਪਕ ਸਗਰੇ ਘਰ ਕਰੇ। ਚੌਂਕੀ ਨਈ ਡਸਾਈ ਤਰੇ॥ ੧੦॥

ਵਿਚ ਘਿਉ ਪਾ ਕੇ ਚੰਗੀ ਤਰ੍ਹਾਂ ਤਿਆਰ ਕੀਤੀ ਗਈ। ਸਭ ਪ੍ਰਕਾਰ ਦੇ ਭੋਜਨ ਤਿਆਰ ਕਰਕੇ, ਘਰ ਵਿਚ ਬਹੁਤ ਦੀਵੇ ਜਗਾਏ ਗਏ ਅਤੇ ਅੰਦਰ ਇਕ ਨਵੀਂ ਚੌਂਕੀ ਡਾਹੀ ਗਈ॥ ੧੦॥

ਹਾਥ ਜੋਰਿ ਆਗੇ ਹੁਇ ਖਰੋ। ਕਹਜੋ 'ਗੁਰੂ ਜੀ ਭੋਜਨ ਕਰੋ'।
ਸੁਨਤਿ ਉਠੇ ਲਖਿ ਪ੍ਰੇਮ ਘਨੇਰਾ। ਚੌਂਕੀ ਪਰ ਬੈਠੇ ਤਿਸ ਬੇਰਾ॥ ੧੧॥

ਫਿਰ ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖੜਾ ਹੋ ਗਿਆ ਅਤੇ ਕਿਹਾ, "ਗੁਰੂ ਜੀ ਭੋਜਨ ਛਕੋ।" ਇਹ ਸੁਣ ਕੇ ਵੱਡਾ ਡੂੰਘਾ ਪਿਆਰ ਵੇਖ ਕੇ ਗੁਰੂ ਜੀ ਉਠ ਪਏ ਅਤੇ ਓਸੇ ਵੇਲੇ ਚੌਂਕੀ ਉਤੇ ਜਾ ਬਿਰਾਜਮਾਨ ਹੋਏ॥ ੧੧॥

ਪ੍ਰਿਥਕ ਪ੍ਰਿਥਕ ਕਰਿ ਥਾਲ ਪਰੋਸਾ। ਭੱਖਜ, ਭੋਜ, ਲੇਹਜ ਅਰੁ ਚੋਸਾ।
ਤੁਰਸ਼, ਮਧੁਰ ਅਰੁ ਤਿਕਤ, ਸਲੋਨ। ਆਗੇ ਧਰਜੋ ਗੁਰੂ ਕੇ ਤੌਨ॥ ੧੨॥

ਵੱਖ-ਵੱਖ ਕਰ ਕੇ ਥਾਲ ਪਰੋਸਿਆ। ਚਾਰ ਪ੍ਰਕਾਰ ਦੇ ਭੋਜਨ ਪਾਏ। ਇਹ ਚਾਰ ਪ੍ਰਕਾਰ ਦੇ ਭੋਜਨ ਇਸ ਪ੍ਰਕਾਰ ਹਨ : ਭੱਖ=ਚੱਬੇ ਜਾਣ ਵਾਲੇ, ਜੈਸੇ ਦਾਣੇ, ਤਲੀ ਹੋਈ ਦਾਲ। ਭੋਜ=ਖਾਧੇ ਜਾਣ ਵਾਲੇ, ਜਿਵੇਂ ਰੋਟੀ। ਲੇਹਜ=ਪੀਤੇ ਜਾਣ ਵਾਲੇ, ਜੈਸੇ ਦੁੱਧ। ਚੋਸ=ਚੂਸੇ ਜਾਣ ਵਾਲੇ, ਜਿਵੇਂ ਅੰਬ। ਖੱਟੇ, ਮਿੱਠੇ, ਕਰਾਰੇ ਅਤੇ ਲੂਣ ਵਾਲੇ ਭੋਜਨ ਉਸਨੇ ਗੁਰੂ ਜੀ ਅੱਗੇ ਰੱਖੇ॥ ੧੨॥

ਹਾਥ ਜੋਰਿ ਸਨਮੁਖ ਰਹਿ ਖਰੋ। ਚਾਹਤਿ ਹੁਕਮ ਸੁ ਸੇਵਾ ਕਰੋਂ।
ਸਿੱਖਜਨ ਸਹਤ ਸੁ ਕਰਜੋ ਅਹਾਰੇ। ਤ੍ਰਿਪਤ ਭਏ ਸਭਿ ਹਾਥ ਪਖਾਰੇ॥ ੧੩॥

ਹੱਥ ਜੋੜ ਕੇ ਅੱਗੇ ਖੜਾ ਰਿਹਾ, ਗੁਰੂ ਜੀ ਦੀ ਆਗਿਆ ਚਾਹੁੰਦਾ ਸੀ, ਕਿ ਉਨ੍ਹਾਂ ਦੇ ਹੁਕਮ ਅਨੁਸਾਰ ਸੇਵਾ ਕਰ ਸਕੇ। ਸਿੱਖਾਂ ਸਹਿਤ ਗੁਰੂ ਜੀ ਨੇ ਭੋਜਨ ਛਕਿਆ ਅਤੇ ਤ੍ਰਿਪਤ ਹੋ ਕੇ ਹੱਥ ਧੋਤੇ॥ ੧੩॥

ਸੱਧੂ ਮਾਨ ਰਾਖਿਬੇ ਕਾਰਨ। ਸ੍ਵਾਦ ਸਰਾਹਤਿ ਭਲੇ ਅਹਾਰਨਿ।
ਹਾਥ ਜੋਰਿ ਕਹਿ 'ਮੈਂ ਕਿਸ ਲਾਯਕ। ਦੀਨ ਦਯਾਲ ਤੁਮ ਸਹਿਜ ਸੁਭਾਯਕ॥੧੪॥

ਭਾਈ ਸੱਧੂ ਦਾ ਮਾਣ ਰੱਖਣ ਵਾਸਤੇ, ਗੁਰੂ ਜੀ ਨੇ ਸਾਰੇ ਪਦਾਰਥਾਂ ਦੀ ਬਹੁਤ ਸ਼ਲਾਘਾ ਕੀਤੀ। ਭਾਈ ਸੱਧੂ ਹੱਥ ਜੋੜ ਕੇ ਕਹਿਣ ਲੱਗਾ, "ਮੈਂ ਕਿਸ ਲਾਇਕ ਹਾਂ। ਦੀਨ ਦਿਆਲ ਗੁਰੂ ਜੀ ! ਤੁਸੀਂ ਸਹਿਜ ਸੁਭਾਅ ਹੀ ਆਏ ਹੋ॥ ੧੪॥

ਜਿਮ ਦੁਰਜੋਧਨ ਆਦਿਕ ਤਯਾਗੇ। ਸਦਨ ਬਿਦਰ ਕੇ ਬਸਿ ਅਨੁਰਾਗੇ।
ਸੋ ਬਿਧਿ ਆਜ ਭਈ ਮਮ ਸਾਥ। ਸਭਿ ਕੋ ਤਜਿ ਮਮ ਘਰ ਬਸਿ ਨਾਥ ! ॥੧੫॥

ਜਿਵੇਂ ਸ੍ਰੀ ਕ੍ਰਿਸ਼ਨ ਜੀ ਦੁਰਯੋਧਨ ਆਦਿ ਨੂੰ ਛੱਡ ਕੇ ਬਿਦਰ ਦੇ ਪਿਆਰ-ਵੱਸ ਹੋ ਕੇ ਉਸ ਦੇ ਘਰ ਚਲੇ ਗਏ ਸਨ, ਉਹੀ ਵਿਧੀ ਅੱਜ ਤੁਸੀਂ ਮੇਰੇ ਨਾਲ ਕੀਤੀ ਹੈ। ਸਾਰਿਆਂ ਨੂੰ ਛੱਡ ਕੇ ਅੱਜ ਮੇਰੇ ਘਰ ਆ ਕੇ ਠਹਿਰੇ ਹੋ॥ ੧੫॥

ਰੁਚਿਰ ਚਰਿੱਤ੍ਰ ਬਚਿੱਤ੍ਰ ਪਵਿੱਤ੍ਰ। ਕੋ ਕਹਿ ਸਕਹਿ ਆਪ ਕੇ ਚਿੱਤ੍ਰ'।
ਗੁਰੁ ਪ੍ਰਯੰਕ ਪਰ ਪਹੁਚੇ ਜਬੈ। ਭੋਜਨ ਅਚਜੋ ਤ੍ਰਿਯਾ ਜੁਤਿ ਤਬੈ॥ ੧੬॥

ਆਪ ਜੀ ਦਾ ਪਵਿੱਤਰ, ਵਚਿੱਤਰ ਅਤੇ ਸੁੰਦਰ ਚਰਿੱਤਰ ਹੈ, ਆਪ ਜੀ ਦੇ ਸੁੰਦਰ ਚਰਿੱਤਰ ਨੂੰ ਕੌਣ ਵਰਣਨ ਕਰ ਸਕਦਾ ਹੈ ?" ਗੁਰੂ ਜੀ ਜਦ ਆਪਣੇ ਪਲੰਘ ਤੇ ਪਹੁੰਚ ਗਏ ਤਾਂ ਭਾਈ ਸੱਧੂ ਨੇ ਆਪਣੀ ਇਸਤਰੀ ਨਾਲ ਮਿਲ ਕੇ ਭੋਜਨ ਛਕਿਆ॥ ੧੬॥

ਪੁਨ ਦੰਪਤਿ ਬਿਜਨਾ ਲੇ ਗਏ। ਪੌਨ ਪ੍ਰੀਤਿ ਸੋ ਹਾਂਕਤਿ ਭਏ।
ਸੁੰਦਰ ਮ੍ਰਿਦੁਲ ਚਰਨ ਕੋ ਗਹਿਕੈ। ਚਾਂਪਤਿ ਚੌਂਪ ਚਾਰੁਕੋ ਚਹਿ ਕੈ॥ ੧੭॥

ਫਿਰ ਦੋਵੇਂ ਜੀਅ ਪੱਖਾ ਲੈ ਕੇ ਗਏ ਤੇ ਬੜੀ ਪ੍ਰੀਤ ਲਾ ਕੇ ਪੱਖਾ ਝੱਲਿਆ। ਸੁੰਦਰ ਕੋਮਲ ਚਰਨਾਂ ਨੂੰ ਫੜ ਕੇ ਬੜੇ ਪਿਆਰ ਨਾਲ ਚਾਹ ਕੇ ਘੁੱਟਣ ਲੱਗੇ॥ ੧੭॥

ਜਿਸ ਜਿਸ ਸਿਖ ਕੋ ਸੁਧਿ ਤਬਿ ਹੋਈ। ਦਰਸ਼ਨ ਕੋ ਆਏ ਸਭਿ ਕੋਈ।
ਧਰਿ ਧਰਿ ਭੇਟ ਬੰਦਨਾ ਠਾਨਹਿਂ। ਮਨੋ ਕਾਮਨਾ ਬਿਨੈ ਬਖਾਨਹਿਂ॥ ੧੮॥

ਉਸ ਸਮੇਂ ਜਿਸ ਕਿਸੇ ਨੂੰ ਵੀ ਪਤਾ ਲੱਗਾ, ਸਾਰੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਣ ਲੱਗੇ। ਭੇਟਾ ਧਰ ਧਰ ਕੇ ਬੰਦਨਾ ਕਰਦੇ ਸਨ ਤੇ ਆਪਣੀਆਂ ਮਨੋ-ਕਾਮਨਾਵਾਂ ਪੂਰੀਆਂ ਕਰਨ ਬਾਰੇ ਬੇਨਤੀਆਂ ਕਰਦੇ ਸਨ॥ ੧੮॥

ਇਸੀ ਪ੍ਰਕਾਰ ਨਿਸਾ ਬਡ ਗਈ। ਸੁਖ ਸਿਹਜਾ ਪਰ ਨਿੰਦ੍ਰਾ ਲਈ।
ਨਿਕਟ ਸਿੱਖਜ ਸਭਿਹੀ ਪਰਿ ਸੋਏ। ਬਿਧੀ ਚੰਦ ਆਦਿਕ ਹੈਂ ਜੋਏ॥ ੧੯॥

ਇਸ ਪ੍ਰਕਾਰ ਬਹੁਤ ਰਾਤ ਬੀਤ ਗਈ, ਫਿਰ ਗੁਰੂ ਜੀ ਬੜੇ ਆਰਾਮ ਨਾਲ ਸੌਂ ਗਏ। ਬਿਧੀ ਚੰਦ ਆਦਿ ਜੋ ਸਿੱਖ ਸਨ, ਸਾਰੇ ਹੀ ਗੁਰੂ ਦੇ ਪਾਸ ਲੰਮੇ ਪੈ ਕੇ ਸੌਂ ਗਏ ॥ ੧੯॥

ਜਾਮ ਜਾਮਨੀ ਜਾਗ੍ਰਨ ਕੀਨਿ। ਸੌਚਾਚਾਰੁ ਸਗਲ ਕਰਿ ਲੀਨਿ।
ਤਨ ਸ਼ਨਾਨ ਜਲ ਨਿਰਮਲ ਸਾਥ। ਇਕ ਚਿਤ ਬੈਠਿ ਰਹੇ ਗੁਰੁ ਨਾਥ॥ ੨੦॥

ਪਹਿਰ ਰਾਤ ਰਹਿੰਦਿਆਂ ਜਾਗ ਪਏ, ਸੌਚ ਆਦਿ ਸਭ ਕਰ ਕੇ ਨਿਰਮਲ ਜਲ ਨਾਲ ਇਸ਼ਨਾਨ ਕੀਤਾ। ਫਿਰ ਗੁਰੂ ਜੀ ਇਕ ਚਿੱਤ ਬੈਠੇ ਰਹੇ॥ ੨੦॥

ਪੁਨਹ ਪ੍ਰਕਾਸ਼ ਭਯੋ ਰਵਿ ਚਢਜੋ। ਸਭਿ ਸੰਗਤਿ ਸੁਨਿ ਸੁਨਿ ਮੁਦ ਬਢਜੋ।
ਆਇ ਆਇ ਦਰਸ਼ਨ ਕੋ ਕਰਹਿਂ। ਬੰਦਹਿਂ ਚਰਨ ਉਪਾਇਨ ਧਰਹਿਂ॥ ੨੧॥

ਫਿਰ ਸੂਰਜ ਚੜ੍ਹਨ ਨਾਲ ਲੋਅ ਲੱਗ ਗਈ, ਲਾਹੌਰ ਦੀ ਸੰਗਤ ਸੁਣ-ਸੁਣ ਬਹੁਤ ਪ੍ਰਸੰਨ ਹੋਈ। ਆ ਆ ਕੇ ਦਰਸ਼ਨ ਕਰਦੇ ਸਨ ਤੇ ਭੇਟਾਵਾਂ ਧਰ ਕੇ ਚਰਨ ਬੰਦਨਾਂ ਕਰਦੇ ਸਨ॥ ੨੧॥

ਤਬਹਿ ਅਰਥਮਲ ਚਲਿ ਕਰਿ ਆਯੋ। ਮਿਲਜੋ ਪ੍ਰੇਮ ਕਰਿ ਸੀਸ ਨਿਵਾਯੋ।
ਜੇਠੋ ਪੁੱਤ੍ਰ ਮੋਹਰੀ ਕੇਰਾ। ਭਰਿ ਕਰਿ ਅੰਕ ਮਿਲੇ ਤਿਸ ਬੇਰਾ॥ ੨੨॥

ਤਦ ਬਾਬਾ ਮੋਹਰੀ ਜੀ ਦਾ ਵੱਡਾ ਪੁੱਤਰ ਸ੍ਰੀ ਅਰਥ ਮਲ ਚਲ ਕੇ ਆ ਗਿਆ, ਬੜੇ ਪ੍ਰੇਮ ਨਾਲ ਮਿਲਿਆ ਤੇ ਸੀਸ ਨਿਵਾਇਆ। ਉਸ ਸਮੇਂ ਗੁਰੂ ਜੀ ਉਸ ਨੂੰ ਛਾਤੀ ਨਾਲ ਲਾ ਕੇ ਮਿਲੇ॥ ੨੨॥

ਸਾਦਰ ਨਿਕਟਿ ਬਿਠਾਵਨਿ ਕਰਜੋ। ਪ੍ਰਿਥਕ ਸਭਿਨਿ ਤੇ ਹੁਇ ਹਿਤ ਧਰਜੋ।
ਜਿਸ ਪ੍ਰਕਾਰ ਕੋ ਕਾਰਨ ਕਰਨਾ। ਨਿਕਟ ਅਰਥਮਲ ਕੇ ਸੋ ਬਰਨਾ॥ ੨੩॥

ਬੜੇ ਆਦਰ ਨਾਲ ਪਾਸ ਬਿਠਾ ਲਿਆ, ਸਾਰਿਆਂ ਨਾਲੋਂ ਵੱਖ ਹੋ ਕੇ ਹਿਤ ਧਾਰਨ ਕੀਤਾ। ਜਿਸ ਪ੍ਰਕਾਰ ਲਾਹੌਰ ਆਉਣ ਦਾ ਕਾਰਨ ਬਣਿਆ ਸੀ, ਉਹ ਅਰਥ ਮਲ ਦੇ ਪਾਸ ਵਰਣਨ ਕੀਤਾ॥ ੨੩॥

'ਹਮਰੇ ਤਨ ਕੋ ਹੈ ਅਬਿ ਅੰਤ। ਤਜਿਬੇ ਕੋ ਸਭਿ ਸੁਨੋ ਬ੍ਰਿਤੰਤ।
ਮਹਾਂ ਬਿਰੋਧੀ ਹਮਰੇ ਜੇ ਹੈਂ। ਸਿਰ ਅਪਰਾਧ ਤਿਨਹੁ ਕੇ ਦੈ ਹੈਂ॥ ੨੪॥

"ਸਾਡੇ ਸਰੀਰ ਦਾ ਹੁਣ ਅੰਤ ਹੋ ਜਾਣਾ ਹੈ, ਸਰੀਰ ਛੱਡਣ ਦਾ ਸਾਰਾ ਬ੍ਰਿਤਾਂਤ ਸੁਣੋ। ਸਾਡੇ ਜਿਹੜੇ ਮਹਾਂ ਵਿਰੋਧੀ ਹਨ, ਉਨ੍ਹਾਂ ਨੇ ਸਾਡੇ ਸਿਰ ਅਪਰਾਧ ਮੜ੍ਹਿਆ ਹੈ॥ ੨੪॥

ਅਪਰਾਧੀ ਜਬਿ ਹੋਹਿ ਬਿਸਾਲਾ। ਉਚਿਤ ਸਜਾਇ ਬਨਹਿ ਤਿਸ ਕਾਲਾ।
ਸ੍ਰੀ ਹਰਿਗੋਬਿੰਦ ਚੰਦ ਬਿਲੰਦੈ। ਸੰਕਟ ਦੇਹਿਂ ਦੁਸ਼ਟ ਹਤਿ ਬ੍ਰਿੰਦੈ' ॥ ੨੫ ॥

ਜਦ ਵੱਡਾ ਅਪਰਾਧੀ ਹੋਵੇ ਤਾਂ ਉਸ ਨੂੰ ਸਜ਼ਾ ਵੀ ਵੱਡੀ ਹੀ ਬਣਦੀ ਹੈ। ਸ੍ਰੀ ਹਰਿਗੋਬਿੰਦ ਜੀ ਬਹੁਤ ਮਹਾਨ ਹਨ, ਇਨ੍ਹਾਂ ਦੁਸ਼ਟਾਂ ਨੂੰ ਬਹੁਤ ਦੁੱਖ ਦੇ ਕੇ ਮਾਰ ਦੇਣਗੇ" ॥ ੨੫ ॥

ਸੁਨਤਿ ਅਰਥ ਮਲ ਬੂਝਨ ਕਰੇ। 'ਕਹਹੁ ਮੋਹਿ ਕਿਮ ਤਨ ਪਰਹਰੇ?'।
ਸ੍ਰੀ ਅਰਜਨ ਸਭਿ ਗਾਥ ਬਖਾਨੀ। 'ਚੰਦੂ ਦੂਤੀ ਕਰਤਿ ਮਹਾਨੀ ॥ ੨੬ ॥

ਇਹ ਸੁਣ ਕੇ ਅਰਥ ਮਲ ਨੇ ਪੁਛਿਆ, "ਮੈਨੂੰ ਦੱਸੋ ਕਿਵੇਂ ਸਰੀਰ ਤਿਆਗਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਕਹਾਣੀ ਸੁਣਾਈ, "ਚੰਦੂ ਨੇ ਬਹੁਤ ਵੱਡੀਆਂ-ਵੱਡੀਆਂ ਚੁਗਲੀਆਂ ਕੀਤੀਆਂ ਹਨ ॥ ੨੬ ॥

ਪ੍ਰਥਮ ਕਹਤਿ 'ਇਹ ਚੋਰ ਲਗਾਵੈ। ਸ਼ਾਹੁ ਸਮਾਜ ਮਿਲਹਿ ਚੁਰਵਾਵੈ'।
ਪੁਨਹ ਸਜਾਦਾ ਇਕ ਚਲਿ ਆਯੋ। ਦੀਨ ਜਾਨਿ ਤਿਹ ਭੋਜਨ ਖ੍ਵਾਯੋ ॥ ੨੭ ॥

ਪਹਿਲਾਂ ਕਹਿੰਦਾ ਹੈ ਕਿ ਇਹ ਚੋਰੀਆਂ ਕਰਵਾਉਂਦੇ ਹਨ, ਬਾਦਸ਼ਾਹ ਦਾ ਮਾਲ ਚੋਰੀ ਕਰਦੇ ਹਨ। ਫਿਰ ਬਾਦਸ਼ਾਹ ਦਾ ਇਕ ਸ਼ਹਿਜ਼ਾਦਾ ਚਲ ਕੇ ਆ ਗਿਆ, ਉਸ ਨੂੰ ਲਾਚਾਰ ਜਾਣ ਕੇ ਭੋਜਨ ਖਵਾਇਆ ॥ ੨੭ ॥

ਇਹ ਦੂਤੀ ਕੀਨਸਿ ਮਤਿਮੰਦ। ਸ਼ਾਹੁ ਸਿਖਾਇ ਰਿਸਾਇ ਬਿਲੰਦ।
ਦੋਇ ਲਾਖ ਲਿਖਿ ਦੰਡ ਪਠਾਯੋ। ਅਹਿਦੀ ਲੇ ਹਮਰੇ ਢਿਗ ਆਯੋ ॥ ੨੮ ॥

ਇਸ ਦੁਸ਼ਟ ਨੇ ਇਹ ਚੁਗਲੀ ਵੀ ਕਰ ਦਿੱਤੀ, ਬਾਦਸ਼ਾਹ ਨੂੰ ਸਿਖਾ ਕੇ ਬਹੁਤ ਗੁੱਸੇ ਵਿਚ ਲੈ ਆਂਦਾ। ਬਾਦਸ਼ਾਹ ਨੇ ਦੋ ਲੱਖ ਦੰਡ ਲਿਖ ਕੇ ਭੇਜ ਦਿੱਤਾ, ਅਹਿਦੀ ਚਿੱਠੀ ਲੈ ਕੇ ਸਾਡੇ ਪਾਸ ਪਹੁੰਚ ਗਿਆ ॥ ੨੮ ॥

ਯਾਂਤੇ ਮਹਾਂ ਦੁਸ਼ਟ ਹੈ ਏਹੀ। ਦੋਸ਼ ਤਜਨਿ ਤਨ ਸਿਰ ਇਸਿ ਦੇਹੀਂ।
ਕਾਨ੍ਹੇ ਕੋ ਹੈ ਸ੍ਰਾਪ ਹਮਾਰੇ। 'ਤਨੁ ਤਜਾਹੁ ਰਿਪੁ ਘਰਨਿ ਮਝਾਰੇ' ॥ ੨੯ ॥

ਇਸ ਕਰਕੇ ਚੰਦੂ ਵੱਡਾ ਮਹਾਂ ਦੁਸ਼ਟ ਹੈ, ਦੋਸ਼ ਦੂਰ ਕਰਨ ਵਾਸਤੇ ਤਨ ਤੇ ਸਿਰ ਇਸ ਨੂੰ ਦੇ ਦੇਵਾਂਗਾ। ਕਾਨ੍ਹੇ ਨੇ ਸਾਨੂੰ ਸਰਾਪ ਦਿੱਤਾ ਸੀ ਕਿ ਦੁਸ਼ਮਣਾਂ ਦੇ ਘਰ ਜਾ ਕੇ ਤਨ ਛੱਡੋਗੇ ॥ ੨੯ ॥

ਨੋਟ:- ਕਵੀ ਜੀ ਬਾਰ-ਬਾਰ ਕਾਹਨੇ ਦੇ ਸਰਾਪ ਦੀ ਗੱਲ ਦੁਹਰਾਉਂਦੇ ਹਨ, ਜਿਹੜੀ ਠੀਕ ਨਹੀਂ ਹੈ, ਗੁਰੂ ਜੀ ਨੇ ਸ਼ਹਾਦਤ ਦੇ ਕੇ ਸਿੱਖਾਂ ਵਾਸਤੇ ਸ਼ਹੀਦੀ ਦਾ ਇਕ ਨਮੂਨਾ ਪੇਸ਼ ਕੀਤਾ ਹੈ, ਓਸੇ ਨਮੂਨੇ ਤੇ ਫਿਰ ਲੱਖਾਂ ਸਿੱਖਾਂ ਹੱਸ ਹੱਸ ਸ਼ਹਾਦਤ ਦੇ ਜਾਮ ਪੀਤੇ। ਕਵੀ ਜੀ ਜਿਨ੍ਹਾਂ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ, ਉਨ੍ਹਾਂ ਸਾਹਮਣੇ ਕਾਨ੍ਹਾ ਵਿਚਾਰਾ ਕੌਣ ਸੀ।

ਪੁਨ ਹਮਰੇ ਨਾਨੇ ਬਚ ਕਹਜੋ। ਮਾਤਾ ਨੇ ਜਬਿਹੀ ਬਰ ਲਹਜੋ।
ਗੁਰਤਾ ਰਹੈ ਹਮਾਰੇ ਘਰ ਮੈਂ। ਅਬਿ ਨਹਿਂ ਜਾਵਹਿ ਬੰਸ ਅਪਰ ਮੈਂ ॥ ੩੦ ॥

ਫਿਰ ਸਾਡੇ ਨਾਨਾ ਜੀ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਸਨ, ਜਦ ਸਾਡੇ ਮਾਤਾ ਜੀ ਨੇ ਉਨ੍ਹਾਂ ਪਾਸੋਂ ਵਰ ਪ੍ਰਾਪਤ ਕੀਤਾ ਸੀ ਕਿ ਗੁਰਿਆਈ ਘਰੇ ਹੀ ਰਹੇ, ਹੁਣ ਕਿਸੇ ਹੋਰ ਵੰਸ਼ ਵਿਚ ਨਾ ਜਾਵੇ ॥ ੩੦ ॥

ਸਲਿਤਾ ਜਲ ਚਲਤਾ ਤੁਮ ਰੋਕਜੋ। ਹੁਇ ਹੈ ਸੰਕਟ ਏਵ ਬਿਲੋਕਜੋ।
ਸੋ ਅਬਿ ਫੁਰਹਿ ਕਰਹਿਂ ਹਮ ਸਾਚੇ। ਸਮੈ ਨਿਕਟ ਤੇ ਤਨੁ ਨਹਿਂ ਬਾਚੇ ॥ ੩੧ ॥

ਤਾਂ ਗੁਰੂ ਜੀ ਨੇ ਕਿਹਾ ਸੀ ਕਿ ਨਦੀ ਦੇ ਚਲਦੇ ਜਲ ਨੂੰ ਤੂੰ ਰੋਕਿਆ ਹੈ, ਹੁਣ ਬਹੁਤ ਸੰਕਟ ਪੈਣਗੇ, ਇਸ ਤਰ੍ਹਾਂ ਉਨ੍ਹਾਂ ਕਿਹਾ ਸੀ। ਇਸ ਕਰਕੇ ਹੁਣ ਉਨ੍ਹਾਂ ਦੇ ਬਚਨ ਸੱਚੇ ਹੋਏ ਹਨ, ਸਮਾਂ ਹੁਣ ਨੇੜੇ ਹੈ, ਇਹ ਸਰੀਰ ਹੁਣ ਨਹੀਂ ਬਚੇਗਾਂ ॥ ੩੧ ॥

ਸੋ ਸਭਿ ਕਾਰਨ ਆਇ ਮਿਲੇ ਹੈਂ। ਅਬਿ ਤਨੁ ਤਯਾਗਨਿ ਲਖਯੋ ਭਲੇ ਹੈਂ।
ਸੁਨਤਿ ਅਰਥ ਮਲ ਸ਼ੋਕ ਬਿਸਾਲਾ। ਰੁਚਿਰ ਬਿਲੋਚਨ ਤੇ ਜਲ ਡਾਲਾ ॥ ੩੨ ॥

ਇਸ ਕਰਕੇ ਸਾਰੇ ਕਾਰਨਾਂ ਕਰਕੇ ਆ ਕੇ ਮਿਲੇ ਹਾਂ, ਹੁਣ ਇਹ ਸਮਝਿਆ ਹੈ ਕਿ ਤਨ ਤਿਆਗਣ ਵਿਚ ਹੀ ਭਲਾ ਹੈ।" ਸ੍ਰੀ ਅਰਥ ਮਲ ਇਹ ਸੁਣ ਕੇ ਬਹੁਤ ਦੁਖੀ ਹੋਇਆ, ਸੁੰਦਰ ਨੈਣਾਂ ਵਿਚੋਂ ਪਾਣੀ ਵਹਿ ਤੁਰਿਆ ॥ ੩੨ ॥

'ਹੇ ਪ੍ਰਭੁ ਤੁਮ ਅਲੇਪ ਸਭਿ ਸਮੇ। ਦਰਸ ਲਾਭ ਸੁਖ ਜੋ ਬਡ ਹਮੇ।
ਸਿਖ ਸੰਗਤਿ ਸਭਿ ਰਹੈਂ ਬਿਸੂਰਤਿ। ਕਰਤਿ ਪ੍ਰੇਮ ਹੇਰਤਿ ਤੁਮ ਮੂਰਤਿ ॥ ੩੩ ॥

ਕਹਿਣ ਲੱਗਾ, "ਤੁਸੀਂ ਹਰ ਸਮੇਂ ਨਿਰਲੇਪ ਰਹਿੰਦੇ ਹੋ। ਤੁਹਾਡੇ ਦਰਸ਼ਨ ਕਰਕੇ ਵੱਡਾ ਸੁਖ ਪਾਉਂਦੇ ਹਾਂ। ਸਿੱਖ ਸੰਗਤ ਬੜੀ ਦੁਖੀ ਰਹੇਗੀ ਜਿਹੜੀ ਬੜੇ ਪ੍ਰੇਮ ਨਾਲ ਤੁਹਾਡੇ ਦਰਸ਼ਨ ਕਰਦੀ ਹੈ ॥ ੩੩ ॥

ਕਰਹੁ ਅਨੇਕਨਿ ਕੋ ਕੱਲਯਾਨ। ਪਰਉਪਕਾਰੀ ਸਦਾ ਮਹਾਨ।
ਤੁਰਕ ਯੁਕਤ ਚੰਦੂ ਦੁਖ ਪਾਵੈ। ਹਰਖ ਧਰਤਿ ਉਰ ਬਿਖ ਕੋ ਖਾਵੈ ॥ ੩੪ ॥

ਅਨੇਕਾਂ ਸਿੱਖਾਂ ਦਾ ਤੁਸੀਂ ਕਲਿਆਣ ਕਰਦੇ ਹੋ। ਸਦਾ ਹੀ ਤੁਸੀਂ ਮਹਾਨ ਪਰਉਪਕਾਰ ਕਰਦੇ ਹੋ। ਤੁਰਕਾਂ ਸਹਿਤ ਚੰਦੂ ਦੁਖ ਪਾਵੇਗਾ, ਉਹ ਹਿਰਦੇ ਵਿਚ ਖੁਸ਼ੀ ਨੂੰ ਧਾਰ ਕੇ ਜ਼ਹਿਰ ਨੂੰ ਖਾ ਰਿਹਾ ਹੈ ॥ ੩੪ ॥

ਜਬਿ ਘਟ ਅੰਤਰ ਪਹੁੰਚਹਿ ਜਾਈ। ਸੋਖਹਿ ਅੰਗ ਪ੍ਰਾਨ ਬਿਨਸਾਈ।
ਤੈਸੇ ਅਬਿ ਇਹ ਨਾਂਹਿ ਨ ਜਾਨਹਿ। ਸੰਗ ਨਿਰਵੈਰੁ ਵੈਰ ਜੋ ਠਾਨਹਿ ॥ ੩੫ ॥

ਜਦ ਇਹ ਜ਼ਹਿਰ ਦਿਲ ਦੇ ਅੰਦਰ ਪਹੁੰਚੇਗੀ ਤਾਂ ਇਹ ਅੰਗਾਂ ਨੂੰ ਸੁਕਾ ਦੇਵੇਗੀ ਤੇ ਪ੍ਰਾਣ ਨਿਕਲ ਜਾਣਗੇ। ਇਹ ਉਸ ਤਰ੍ਹਾਂ ਹੁਣ ਜਾਣਦਾ ਨਹੀਂ, ਇਕ ਨਿਰਵੈਰ ਨਾਲ ਜਿਹੜਾ ਵੈਰ ਕਰਦਾ ਹੈ ॥ ੩੫ ॥

ਆਪਦ ਪਰਹਿ ਇਨਹੁ ਪਰਿ ਜਬੈ। ਇਸ ਫਲ ਕੋ ਪਾਵਹਿਂਗੇ ਤਬੈ।
ਜੋ ਕਰਤੇ ਨੇ ਕਾਰਨ ਕਰਨੇ। ਸੋ ਸਭਿ ਤੇ ਕਾਰਜ ਹੈਂ ਸਰਨੇ ॥ ੩੬ ॥

ਜਦ ਵੀ ਇਨ੍ਹਾਂ ਉਤੇ ਬਿਪਤਾ ਪਵੇਗੀ ਤਾਂ ਇਸ ਫਲ ਨੂੰ ਇਹ ਪ੍ਰਾਪਤ ਕਰ ਲੈਣਗੇ। ਜੋ ਕਰਤੇ ਨੇ ਕਾਰਨ ਕਰਨੇ ਹਨ, ਉਹ ਸਾਰੇ ਕਾਰਜ ਸਭਨਾਂ ਤੋਂ ਹੋਣੇ ਹਨ ॥ ੩੬ ॥

ਅਬਚਲ ਨੀਵ ਰਖੀ ਗੁਰੂ ਨਾਨਕ। ਪਚਿ ਹੈਂ ਨਿੰਦਕ ਦੁਸ਼ਟ ਅਚਾਨਕ'।
ਬਹੁਰ ਅਰਥਮਲ ਜੋਰੇ ਹਾਥ। 'ਸੁਨੋ ਬਿਨੈ ਸ਼੍ਰੀ ਅਰਜਨ ਨਾਥ! ॥ ੩੭ ॥

ਗੁਰੂ ਨਾਨਕ ਦੇਵ ਜੀ ਨੇ ਪੱਕੀ ਨੀਂਹ ਰੱਖੀ ਹੈ, ਦੁਸ਼ਟ ਨਿੰਦਕ ਅਚਾਨਕ ਖਤਮ ਹੋ ਜਾਣਗੇ।" ਫਿਰ ਸ੍ਰੀ ਅਰਥ ਮਲ ਨੇ ਹੱਥ ਜੋੜੇ, "ਸ੍ਰੀ ਗੁਰੂ ਅਰਜਨ ਦੇਵ ਜੀ! ਸੁਣੋ ॥ ੩੭ ॥

ਮਮ ਕਾਯਾਂ ਹੈ ਆਪ ਅਗਾਰੀ। ਤਜਿ ਕਰਿ ਦਿਉ ਜਰ ਤੁਰਕ ਉਖਾਰੀ।
ਤੁਮ ਬਿਨ ਜਗ ਮੈਂ ਰਹਨਿ ਨ ਭਾਵੈ। ਅਬਿ ਪਰਲੋਕ ਚਲਨਿ ਬਨਿ ਆਵੈ ॥ ੩੮ ॥

ਮੇਰਾ ਸਰੀਰ ਆਪ ਜੀ ਦੇ ਅੱਗੇ ਹੈ, ਇਸ ਨੂੰ ਛੱਡ ਕੇ ਤੁਰਕਾਂ ਦੀ ਜੜ੍ਹ ਪੁੱਟ ਦਿੰਦਾ ਹਾਂ, ਤੁਹਾਡੇ ਬਗੈਰ ਜੱਗ ਵਿਚ ਰਹਿਣਾ ਚੰਗਾ ਨਹੀਂ ਲਗਦਾ। ਹੁਣ ਪਰਲੋਕ ਚਲਣਾ ਹੀ ਬਣਦਾ ਹੈ ॥ ੩੮ ॥

ਦਿਹੁ ਆਗਯਾ ਮੈਂ ਕਰੌਂ ਚਲਾਨਾ। ਆਪ ਰਖਹੁ ਤਨ, ਕਾਲ ਮਹਾਨਾ'।
ਸ਼੍ਰੀ ਅਰਜਨ ਸੁਨਿ ਕਰਿ ਬਚ ਪ੍ਰੇਮ। ਕਹਯੋ 'ਰਹਹੁ ਤੁਮ ਤਨ ਯੁਤ ਛੇਮ ॥ ੩੯ ॥

ਆਗਿਆ ਦੇਵੋ ਮੈਂ ਚਲਾਣਾ ਕਰ ਜਾਵਾਂ, ਆਪ ਆਪਣੇ ਸਰੀਰ ਨੂੰ ਲੰਮੇ ਸਮੇਂ ਤਕ ਕਾਇਮ ਰੱਖੋ।" ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰੇਮ ਦੇ ਬਚਨ ਸੁਣ ਕੇ ਕਿਹਾ, "ਤੁਸੀਂ ਸਰੀਰ ਸਹਿਤ ਸੁਖ ਨਾਲ ਰਹੋ ॥ ੩੯ ॥

ਰਹੀ ਆਰਬਲ ਬਾਸੁਰ ਚਾਲੀ। ਤਬਿ ਤੁਮ ਕਾਯਾਂ ਤਜੋ ਸੁਖਾਲੀ।
ਮਿਲਹੁ ਆਨਿ ਪਰਲੋਕ ਸੁ ਮੋਹੀ। ਨਹਿੰ ਬਿਯੋਗ ਬਹੁ ਦਿਨ ਕੋ ਹੋਹੀ' ॥੪੦॥

ਤੁਹਾਡੀ ਕੇਵਲ ਚਾਲੀ ਦਿਨ ਉਮਰ ਬਾਕੀ ਹੈ, ਫਿਰ ਤੁਸੀਂ ਸੌਖੇ ਢੰਗ ਨਾਲ ਸਰੀਰ ਛੱਡ ਦੇਵੋ। ਪਰਲੋਕ ਵਿਚ ਆ ਕੇ ਮੈਨੂੰ ਮਿਲ ਪਵੋ, ਬਹੁਤੇ ਦਿਨਾਂ ਦਾ ਵਿਛੋੜਾ ਨਹੀਂ ਹੋਵੇਗਾ" ॥ ੪੦ ॥

ਇਮ ਦੈ ਧੀਰਜ ਰਾਖਜੋ ਪਾਸੀ। ਅਨਿਕ ਰੀਤਿ ਕੀ ਕਥਾ ਪ੍ਰਕਾਸ਼ੀ।
ਲੰਗਰ ਲਗਜੋ ਹੋਨਿ ਗੁਰੁ ਕੇਰਾ। ਅਰਪਹਿ ਸੰਗਤਿ ਆਨਿ ਘਨੇਰਾ ॥ ੪੧ ॥

ਇਸ ਤਰ੍ਹਾਂ ਧੀਰਜ ਦੇ ਕੇ ਆਪਣੇ ਪਾਸ ਹੀ ਰਖਿਆ, ਅਨੇਕ ਰੀਤੀ ਦੀ ਕਥਾ ਪ੍ਰਕਾਸ਼ਮਾਣ ਹੋਈ। ਗੁਰੂ ਦਾ ਲੰਗਰ ਲੱਗਣ ਲੱਗਾ ॥ ੪੧ ॥

ਆਵਹਿਂ ਸਿੱਖ ਟੋਲਿ ਕਰਿ ਘਨੇ। ਪੂਜਿ ਪੂਜਿ ਗਮਨਹਿਂ ਸੁਖ ਸਨੇ।
ਸ੍ਰੀ ਅਰਜਨ ਕੇ ਪੁਰਿ ਆਗਵਨੂ। ਪਸਰੀ ਸੁਧਿ ਲਘੁ ਦੀਰਘ ਭਵਨੂ ॥ ੪੨ ॥

ਗੁਰੂ ਜੀ ਨੂੰ ਲੱਭਦੇ ਲੁਭਾਉਂਦੇ ਬਹੁਤ ਸਿੱਖ ਆਉਂਦੇ ਸਨ ਅਤੇ ਪੂਜਾ ਕਰਕੇ ਸੁਖ ਸਮੇਤ ਚਲੇ ਜਾਂਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਹੌਰ ਵਿਚ ਆਉਣ ਦੀ ਖਬਰ ਛੋਟੇ-ਵੱਡੇ ਸਭ ਘਰਾਂ ਵਿਚ ਪਹੁੰਚ ਗਈ ॥ ੪੨ ॥

ਸ਼ਰਧਾ ਸਹਤ ਭਾਉ ਕੋ ਧਰਿ ਧਰਿ। ਜਾਂਹਿ ਸੰਗਤਾਂ ਆਨੰਦ ਕਰਿ ਕਰਿ।
ਸੁਜਸੁ ਉਚਾਰਤਿ ਨਰ ਤ੍ਰਿਯ ਘਰਿ ਘਰਿ। ਉਪਦੇਸ਼ਤਿ 'ਨਿਤ ਸਿਮਰਹੁ ਹਰਿ ਹਰਿ' ॥੪੩॥

ਸ਼ਰਧਾ ਸਹਿਤ ਪ੍ਰੇਮ ਨੂੰ ਧਾਰਨ ਕਰਕੇ, ਸੰਗਤਾਂ ਅਨੰਦ ਪ੍ਰਾਪਤ ਕਰ ਕੇ ਜਾਂਦੀਆਂ ਸਨ। ਘਰ-ਘਰ ਵਿਚ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਸਨ, ਉਹ ਸਦਾ ਉਪਦੇਸ਼ ਦਿੰਦੇ ਸਨ ਕਿ "ਸਦਾ ਹਰੀ ਦੇ ਨਾਮ ਦਾ ਸਿਮਰਨ ਕਰੋ" ॥ ੪੩ ॥

*ਚੌਥੀ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ ॥ ੩੨ ॥*

## ਅਧਿਆਇ ਤੇਤੀਵਾਂ

### ਜਹਾਂਗੀਰ ਨਾਲ ਮੇਲ

ਦੋਹਰਾ- ਸਿਖ ਸੰਗਤਿ ਲਵਪੁਰੀ ਕੇ ਸਕਲ ਦਰਸ ਕੋ ਆਇ।
ਵਹਿਰ ਦੂਰ ਕੇ ਸੁਨਤਿ ਇਤ ਆਨਿ ਭਏ ਸਮੁਦਾਇ ॥ ੧ ॥

ਲਾਹੌਰ ਦੀ ਸਾਰੀ ਸਿੱਖ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ। ਬਾਹਰ ਦੂਰ-ਨੇੜੇ ਦੇ ਸਿੱਖ ਜਦ ਸੁਣਦੇ ਸਨ ਤਾਂ ਉਹ ਵੀ ਇਕੱਠੇ ਹੋ ਕੇ ਆਉਂਦੇ ਸਨ ॥ ੧ ॥

ਸੈਯਾ ਛੰਦ- ਆਨਿ ਉਪਾਇਨ ਅਰਪਹਿਂ ਦਰਸਹਿਂ, ਬਡੇ ਭਾਗ ਸੁਨਿ ਸੁਨਿ ਉਪਦੇਸ਼।
ਸੱਤਿਨਾਮ ਕੀ ਉਰ ਲਿਵ ਲਾਗਹਿ ਜਨਮ ਜਨਮ ਕੇ ਕਟਹਿਂ ਕਲੇਸ਼।
ਸੁਖ ਅਤੋਲ ਕੋ ਪਾਇ ਨ ਡੋਲਹਿਂ ਅੰਤਰ ਮਨ ਕੇ ਥਿਰਹਿਂ ਵਿਸ਼ੇਸ਼।
ਧੰਨਜ ਧੰਨਜ ਸ੍ਰੀ ਅਰਜਨ ਸਤਿਗੁਰ ਪ੍ਰਭੁ ਅਵਤਾਰ ਭਗਤਿ ਕੇ ਬੇਸ ॥੨ ॥

ਆ ਕੇ ਉਪਹਾਰ ਭੇਟ ਕਰਕੇ ਦਰਸ਼ਨ ਕਰਦੇ ਸਨ, ਉਪਦੇਸ਼ ਸੁਣ ਸੁਣ ਕੇ ਵੱਡੇ ਭਾਗਾਂ ਵਾਲੇ ਹੋ ਰਹੇ ਸਨ। ਸਤਿਨਾਮ ਦੀ ਲਿਵ ਲੱਗ ਜਾਂਦੀ ਸੀ ਤੇ ਜਨਮ ਮਰਨ ਦੇ ਕਲੇਸ਼ ਕੱਟੇ ਜਾਂਦੇ ਸਨ। ਅਤੋਲ ਸੁਖ ਪਾਉਂਦੇ ਸਨ, ਅੰਦਰਲਾ ਮਨ ਡੋਲਦਾ ਨਹੀਂ ਸੀ ਤੇ ਵਿਸ਼ੇਸ਼ ਤੌਰ ਤੇ ਟਿਕ ਜਾਂਦਾ ਸੀ। ਧੰਨ ! ਧੰਨ ! ਸ੍ਰੀ ਗੁਰੂ ਅਰਜਨ ਦੇਵ ਜੀ ਹਨ, ਜਿਹੜੇ ਪ੍ਰਭੂ ਦੇ ਅਵਤਾਰ ਭਗਤਾਂ ਦੇ ਵੇਸ਼ ਵਿਚ ਰਹਿੰਦੇ ਸਨ॥ ੨॥

ਸਿੱਖਨਿ ਕੋ ਸਮੁਦਾਇ ਭਯੋ ਬਹੁ ਸਤਿ ਸੰਗਤਿ ਮਿਲਿ ਕਰਹਿਂ ਅਨੰਦ।
ਇਕ ਆਵਤਿ ਇਕ ਜਾਤਿ ਚਲੇ ਨਰ ਏਕ ਨਿਕਟ ਰਹਿ ਕੁਮਤਿ ਨਿਕੰਦ।
ਗਾਇਂ ਰਬਾਬੀ ਬਡੀ ਰਾਤਿ ਤੇ ਸੁਨਹਿਂ ਸਿੱਖਜ ਉਰ ਪ੍ਰੇਮ ਬਿਲੰਦ।
ਬਾਨੀ ਪਠਹਿਂ ਕੰਠ ਕੋ ਧਾਰਹਿਂ ਸੱਤਿਨਾਮ ਜਸੁ ਉੱਜਲ ਚੰਦ॥ ੩॥

ਸਿੱਖਾਂ ਦਾ ਇਕ ਵੱਡਾ ਇਕੱਠ ਜਮ੍ਹਾਂ ਹੋ ਗਿਆ, ਸਾਰੇ ਸਤਿਸੰਗਤ ਵਿਚ ਮਿਲ ਕੇ ਅਨੰਦ ਕਰਦੇ ਸਨ। ਕਈ ਮਨੁੱਖ ਆਉਂਦੇ ਸਨ ਤੇ ਕਈ ਚਲੇ ਜਾਂਦੇ ਸਨ, ਕਈ ਪਾਸ ਰਹਿ ਕੇ ਭੈੜੀ ਮੱਤ ਨੂੰ ਦੂਰ ਕਰਦੇ ਸਨ। ਵੱਡੀ ਰਾਤ ਤੋਂ ਹੀ ਰਬਾਬੀ ਕੀਰਤਨ ਕਰਨ ਲਗ ਜਾਂਦੇ ਸਨ, ਜਿਸ ਨੂੰ ਸੁਣ ਕੇ ਸਿੱਖਾਂ ਦੇ ਹਿਰਦਿਆਂ ਵਿਚ ਪ੍ਰੇਮ ਵਧਦਾ ਸੀ। ਬਾਣੀ ਪੜ੍ਹ ਕੇ ਕੰਠ ਕਰਦੇ ਸਨ। ਸਤਿਨਾਮ ਦਾ ਬੜਾ ਉੱਜਲ ਜੱਸ ਹੋ ਰਿਹਾ ਸੀ॥ ੩॥

ਇਕ ਦਿਨ ਸਤਿਗੁਰੁ ਚਢਿ ਕਰਿ ਖਾਸੇ ਵਹਿਰ ਚਲੇ ਰਾਵੀ ਕੇ ਤੀਰ।
ਨਿੰਦਕ ਚੰਦੂ ਮਿਲਯੋ ਅਗਾਰੀ ਦੇਖੀ ਸੰਗ ਨਰਨਿ ਗਨ ਭੀਰ।
ਬੂਝਨਿ ਕਰਯੋ 'ਕੌਨ ਇਹ ਗਮਨਤਿ? ਕਾਮਦਾਰ ਉਮਰਾਵ ਅਮੀਰ?।
ਮਾਨਵ ਸੰਗ ਅਨੇਕ ਚਲਤਿ ਹੈਂ ਆਗੇ ਪਾਛੇ ਬਹੁਤ ਬਿਹੀਰ॥ ੪॥

ਇਕ ਦਿਨ ਸਤਿਗੁਰੂ ਜੀ ਪਾਲਕੀ ਵਿਚ ਚੜ੍ਹ ਕੇ ਬਾਹਰ ਰਾਵੀ ਦੇ ਕਿਨਾਰੇ ਵਲ ਜਾ ਰਹੇ ਸਨ। ਨਿੰਦਕ ਚੰਦੂ ਰਾਹ ਵਿਚ ਅਗੋਂ ਆਉਂਦਾ ਮਿਲਿਆ। ਉਸ ਵੇਖਿਆ ਕਿ ਪਾਲਕੀ ਦੇ ਨਾਲ ਬਹੁਤ ਸਿੱਖਾਂ ਦੀ ਭੀੜ ਜਾ ਰਹੀ ਸੀ। ਉਸ ਨੇ ਕਿਸੇ ਨੂੰ ਪੁਛਿਆ, "ਇਹ ਕੌਣ ਜਾ ਰਿਹਾ ਹੈ, ਕੋਈ ਸ਼ਾਹੂਕਾਰ ਹੈ ਜਾਂ ਅਮੀਰਾਂ ਦਾ ਅਮੀਰ ਹੈ? ਬਹੁਤ ਮਨੁੱਖ ਨਾਲ ਜਾ ਰਹੇ ਹਨ, ਅੱਗੇ ਪਿਛੇ ਬੜੀ ਵਹੀਰ ਜਾ ਰਹੀ ਹੈ॥ ੪॥

ਪਾਤਿਸ਼ਾਹੁ ਕੋ ਹੋਇ ਸਮੀਪੀ ਕੈ ਚਾਕਰ ਹੁਇ ਅਲਪ ਬਿਸਾਲ।
ਸੋ ਮੁਝ ਨਮੋ ਕਰਤਿ ਮਿਲਿ ਗਮਨਤਿ ਮਾਨਹਿ ਆਨਿ ਉਲੰਘ ਤਤਕਾਲ'।
ਸੁਨਿ ਦੌਰਯੋ ਇਕ ਨਰ ਸਿਖ ਬੂਝੇ 'ਕੋ ਇਹ ਜਾਤਿ ਬ੍ਰਿੰਦ ਨਰ ਨਾਲਿ'।
ਥਿਰ ਹੁਇ ਕਰਯੋ ਬਤਾਵਨਿ ਤਿਸ ਨੇ 'ਸ੍ਰੀ ਅਰਜਨ ਸਤਿਗੁਰੂ ਕ੍ਰਿਪਾਲ'॥ ੫॥

ਕੋਈ ਬਾਦਸ਼ਾਹ ਦਾ ਨਜ਼ਦੀਕੀ ਜਾਂ ਕੋਈ ਛੋਟਾ ਵੱਡਾ ਨੌਕਰ ਹੁੰਦਾ ਤਾਂ ਝੱਟ ਹੋਰਨਾਂ ਨੂੰ ਉਲੰਘ ਕੇ ਮੇਰੀ ਆਨ ਆ ਮੰਨਦਾ।" ਇਹ ਸੁਣ ਕੇ ਇਕ ਮਨੁੱਖ ਦੌੜਦਾ ਹੋਇਆ ਗਿਆ ਤੇ ਇਕ ਸਿੱਖ ਨੂੰ ਜਾ ਕੇ ਪੁੱਛਣ ਲੱਗਾ, "ਇਹ ਕੌਣ ਜਾ ਰਿਹਾ ਹੈ, ਜਿਸ ਨਾਲ ਏਨੇ ਮਨੁੱਖ ਇਕੱਠੇ ਹੋ ਕੇ ਜਾ ਰਹੇ ਹਨ?" ਉਸ ਸਿੱਖ ਨੇ ਖੜੇ ਹੋ ਕੇ ਦੱਸਿਆ, "ਇਹ ਸਤਿਗੁਰੂ ਸ੍ਰੀ ਅਰਜਨ ਦੇਵ ਜੀ ਕਿਰਪਾਲੂ ਜਾ ਰਹੇ ਹਨ।"॥ ੫॥

ਆਨਿ ਬਤਾਯਹੁ ਚੰਦੂ ਕੋ ਤਿਨ ਸੁਨਤਿ ਜਰਯੋ ਮਨ ਮਹਿਂ ਦੁਖ ਪਾਇ।
ਮਮ ਰਿਪੁ ਫਿਰਹਿ ਦਿਖਾਇ ਪ੍ਰਤਾਪੂ ਬਹੁਤੇ ਮਾਨਵ ਸੰਗ ਲਗਾਇ।
ਮੈਂ ਨਿਤ ਚਿੰਤਾ ਕੇ ਬਸਿ ਦੁਰਬਲ ਇਹ ਨਚਿੰਤ ਬਿਚਰਤਿ ਹਰਖਾਇ।
ਧਿਕ ਜੀਵਨ ਮਮ ਬੁੱਧਿ ਬਲ ਕੋ ਧਿਕ, ਸਰੇ ਨ ਕੁਛ ਬਹੁ ਕਰੇ ਉਪਾਇ॥ ੬॥

Sri Satguru Jagjit Singh Ji eLlibrary NamdhariElibrary@gmail.com

ਜਦ ਉਸ ਮਨੁੱਖ ਨੇ ਆ ਕੇ ਚੰਦੂ ਨੂੰ ਦੱਸਿਆ ਤਾਂ ਉਹ ਸੁਣ ਕੇ ਸੜ ਬਲ ਗਿਆ ਤੇ ਮਨ ਵਿਚ ਦੁੱਖ ਮੰਨਾਇਆ। ਮੇਰਾ ਦੁਸ਼ਮਣ ਫਿਰ ਆਪਣਾ ਪ੍ਰਤਾਪ ਵਿਖਾ ਰਿਹਾ ਹੈ, ਬਹੁਤ ਮਨੁੱਖ ਨਾਲ ਲਏ ਹਨ, ਮੈਂ ਨਿਤ ਚਿੰਤਾ-ਵੱਸ ਹੋਇਆ ਦੁਰਬਲ ਹੁੰਦਾ ਜਾ ਰਿਹਾ ਹਾਂ ਤੇ ਇਹ ਨਿਸ਼ਚਿੰਤ ਖੁਸ਼ੀ-ਖੁਸ਼ੀ ਫਿਰ ਰਿਹਾ ਹੈ। ਧਿਰਕਾਰ ਮੇਰਾ ਜੀਵਨ ਹੈ ਤੇ ਧਿਰਕਾਰ ਮੇਰੀ ਬੁੱਧੀ ਹੈ, ਬਹੁਤ ਉਪਾਅ ਕੀਤੇ ਹਨ, ਪਰ ਹਾਲੇ ਤਕ ਕੁਝ ਵੀ ਨਹੀਂ ਸਰਿਆ ਹੈ॥ ੬॥

ਤੁਰਤ ਤੋਰ ਅਸਵਾਰੀ ਗਮਨਜੋ ਆਜ ਕਹੋਂ ਸੁਧਿ ਸ਼ਾਹੁ ਕੇ ਤੀਰ।
ਉਤਰਜੋ ਕਰਤਿ ਸਲਾਮ ਗਯੋ ਢਿਗ ਰਿਸਿ ਤੇ ਧਰਹਿ ਨ ਕਿਮ ਉਰ ਧੀਰ।
ਕਹਿ ਪ੍ਰਸੰਗ ਕੁਛ ਹਜ਼ਰਤ ਕੋ ਤਬਿ ਨਿਜ ਦਿਸ਼ਿ ਰੁਖ ਫੇਰਜੋ ਨਹਿਂ ਭੀਰ।
ਕਰ ਜੋਰੇ ਉਚਰਤਿ ਦੁਰਮਤਿ ਕੋ 'ਅਬਿ ਆਯਹੁ ਪੁਰਿ ਸਿੱਖਨਿ ਪੀਰ॥ ੭॥

ਤੁਰੰਤ ਘੋੜੇ ਨੂੰ ਹਿੱਕ ਕੇ ਅੱਗੇ ਚਲੇ ਗਿਆ ਤੇ ਮਨ ਵਿਚ ਸੋਚਣ ਲੱਗਾ, ਅੱਜ ਮੈਂ ਬਾਦਸ਼ਾਹ ਨੂੰ ਇਨ੍ਹਾਂ ਬਾਰੇ ਦੱਸਾਂਗਾ। ਘੋੜੇ ਤੋਂ ਉਤਰ ਕੇ ਬਾਦਸ਼ਾਹ ਨੂੰ ਸਲਾਮ ਕੀਤੀ, ਹਿਰਦੇ ਵਿਚ ਧੀਰਜ ਨਹੀਂ ਸੀ ਧਾਰ ਰਿਹਾ। ਪ੍ਰਸੰਗ ਕਹਿ ਕੇ ਬਾਦਸ਼ਾਹ ਦਾ ਰੁੱਖ ਆਪਣੇ ਵਲ ਮੋੜਿਆ, ਉਸ ਸਮੇਂ ਬਾਦਸ਼ਾਹ ਦੇ ਪਾਸ ਬਹੁਤੀ ਭੀੜ ਨਹੀਂ ਸੀ। ਹੱਥ ਜੋੜ ਕੇ ਮਾੜੀ ਮੱਤ ਵਾਲਾ ਬੋਲਿਆ, "ਹੁਣ ਸਿੱਖਾਂ ਦਾ ਗੁਰੂ ਲਾਹੌਰ ਆਇਆ ਹੈ॥ ੭॥

ਤੁਮ ਢਿਗ ਆਵਨਿ ਕਰਜੋ ਨ ਅਬਿ ਭੀ ਹਿੰਦੁਨਿ ਤੇ ਪੁਜਵਾਵਤਿ ਪਾਂਇ।
ਨਿਤਪ੍ਰਤਿ ਧਨ ਅਨਗਿਨਤ ਆਮਦਨ ਧਨੀ ਭਯੋ ਉਰ ਗਰਬ ਵਧਾਇ।
ਦੋਇ ਲਾਖ ਕੋ ਦੰਡ ਲਖਹਿ ਕਹਾ, ਤਤਛਿਨ ਲੈ ਦੈ ਹੌਂ ਇਸ ਬਾਇਂ।
ਆਪ ਸਪਾਰਸ਼ ਕਹੋ ਨ ਸੁਨੀਯਹਿ ਤੌ ਤਸਕਰ ਰਖਹਿ ਨ ਡਰ ਪਾਇ॥ ੮॥

ਉਹ ਹਾਲੇ ਤਕ ਤੁਹਾਡੇ ਪਾਸ ਨਹੀਂ ਆਇਆ ਹੈ ਤੇ ਹਿੰਦੂਆਂ ਤੋਂ ਆਪਣੇ ਚਰਨਾਂ ਦੀ ਪੂਜਾ ਕਰਵਾ ਰਿਹਾ ਹੈ। ਨਿਤਾਪ੍ਰਤੀ ਅਣਗਿਣਤ ਧਨ ਆਉਂਦਾ ਹੈ, ਬਹੁਤ ਅਮੀਰ ਹੋ ਜਾਣ ਕਰਕੇ ਹੰਕਾਰ ਵਧਾਇਆ ਹੈ। ਦੰਡ ਦੇ ਦੋ ਲੱਖ ਨੂੰ ਉਹ ਕੀ ਸਮਝਦਾ ਹੈ, ਉਹ ਤੁਰੰਤ ਦੇਨਾ ਧਨ ਲਿਆ ਕੇ ਦੇ ਦੇਵੇਗਾ। ਆਪ ਸਿਫਾਰਸ਼ ਨਾ ਕਹੋ ਅਤੇ ਨਾ ਹੀ ਸੁਣੋ ਤਾਂ ਡਰ ਕੇ ਆਪਣੇ ਪਾਸ ਚੋਰ ਨਾ ਰੱਖੇ॥ ੮॥

ਸੁਖੀ ਬਸਹਿ ਗੋ ਦੇਸ਼ ਬਹੁਰ ਸਭਿ ਕਰਹੁ ਬੁਲਾਵਨਿ ਤੌ ਚਲਿ ਆਇ।
ਨਤੁ ਸਿੱਖਨਿ ਤੇ ਲੇਕਰਿ ਧਨ ਕੋ ਅਪਨੀ ਪੁਰੀ ਪ੍ਰਵੇਸ਼ਹਿ ਜਾਇ।
ਨ੍ਰਿਭੈ ਹੋਇ ਤੁਮ ਤੇ ਬਹੁ ਰਾਖਜੋ ਸ਼ਹਜ਼ਾਦਾ ਦੇਸ਼ ਜੁ ਨਿਕਸਾਇ।
ਪਾਇ ਤਿਦਾਰਕ ਤੌ ਚਿਤ ਸਮੁਝਹਿ ਸ਼ਾਹੁ ਅਵੱਗਜਾ ਇਮ ਦੁਖਦਾਇ॥ ੯॥

ਬਾਅਦ ਵਿਚ ਸਾਰਾ ਦੇਸ਼ ਬਹੁਤ ਸੁਖੀ ਵੱਸੇਗਾ, ਉਸ ਨੂੰ ਬੁਲਾਓ, ਤਾਂਕਿ ਚਲ ਕੇ ਆਵੇ। ਨਹੀਂ ਤਾਂ ਸਿੱਖਾਂ ਪਾਸੋਂ ਧਨ ਇਕੱਠਾ ਕਰਕੇ ਆਪਣੇ ਨਗਰ ਵਿਚ ਜਾ ਦਾਖਲ ਹੋਵੇਗਾ। ਤੁਹਾਡੇ ਪਾਸੋਂ ਨਿਰਭੈ ਹੋਇਆ ਹੈ, ਤੁਹਾਡੇ ਉਸ ਸ਼ਹਿਜ਼ਾਦੇ ਨੂੰ ਪਾਸ ਰਖਿਆ ਹੈ, ਜਿਸ ਨੂੰ ਤੁਸੀਂ ਦੇਸ਼-ਨਿਕਾਲਾ ਦਿੱਤਾ ਸੀ। ਤੁਸੀਂ ਉਸ 'ਤੇ ਸਖ਼ਤੀ ਕਰੋ ਤਾਂਕਿ ਚਿਤ ਵਿਚ ਸਮਝੇ ਕਿ ਬਾਦਸ਼ਾਹ ਦੀ ਅਵੱਗਿਆ ਕਿੰਨੀ ਦੁਖਦਾਈ ਹੈ॥ ੯॥

ਇਕ ਦੁਇ ਅਪਰ ਸ਼ਾਹ ਕੇ ਨਿਕਟੀ ਧਨ ਦੇ ਕੀਨੇ ਅਪਨ ਸਹਾਇ।
ਸੋ ਉਮਰਾਵ ਕਹਨਿ ਤਬਿ ਲਾਗੇ 'ਚੰਦੂ ਸ਼ਾਹ! ਸੁਮਤਿ ਅਧਿਕਾਇ।
ਦੇਸ਼ ਦੁਖੀ ਦਿਖਿ ਦੋਖ ਲਖੈ ਉਰ, ਬਾਰਬਾਰ ਸੋ ਅਰਜ਼ ਕਰਾਇ।
ਆਪ ਹਦੂਰਿ ਹਕਾਰ ਨਿਹਾਰਹੁ ਕਹਹੁ ਨ ਕੁਛ ਮਗ ਪੁਛਹੁ ਖੁਦਾਇ॥ ੧੦॥

ਚੰਦੂ ਨੇ ਇਕ ਦੋ ਹੋਰ ਅਹਿਲਕਾਰ ਜਿਹੜੇ ਸ਼ਾਹ ਦੇ ਨਜ਼ਦੀਕੀ ਸਨ, ਉਨ੍ਹਾਂ ਨੂੰ ਧਨ ਦੇ ਕੇ ਆਪਣੇ ਹਮਾਇਤੀ ਬਣਾ ਲਿਆ ਸੀ, ਉਹ ਅਹਿਲਕਾਰ ਫਿਰ ਕਹਿਣ ਲੱਗੇ, "ਚੰਦੂ ਸ਼ਾਹ ਬੜੀ ਸ੍ਰੇਸ਼ਟ ਬੁੱਧੀ ਵਾਲਾ ਹੈ। ਦੇਸ਼ ਨੂੰ ਦੁਖੀ ਵੇਖ ਕੇ ਹਿਰਦੇ ਵਿਚ ਪਾਪ ਜਾਣਦਾ ਹੈ, ਇਸ ਕਰਕੇ ਬਾਰ-ਬਾਰ ਬੇਨਤੀ ਕਰਦਾ ਹੈ। ਆਪ ਹਜ਼ੂਰ ਬੁਲਾ ਕੇ ਵੇਖੋ, ਕੁਝ ਕਹੋ ਨਾ, ਖੁਦਾ ਦਾ ਰਾਹ ਪੁਛੋ॥ ੧੦॥

ਦੰਡ ਦਿਵਾਨ ਸੁ ਲੇਹਿ ਨਿਬੇਰਹਿ ਆਪ ਦੋਸ਼ ਤੇ ਸੰਕਤਿ ਜੇਯ।
ਸੁਨਿ ਤਿਸ ਬਾਕ ਬਿਸਰਜਨ ਕਰੀਐ ਤੁਮਹੁ ਨ ਲੇਪ ਲਗੈ ਬਿਧਿ ਏਯ।
ਚੰਦੂ ਅਰੁ ਉਮਰਾਵਨਿ ਰੁਖ ਲਖਿ ਸ਼ਾਹੁ ਰਿਦੇ ਭੀ ਚਾਹ ਕਰੇਯ।
ਦਰਸ਼ਨ ਕਰੌਂ ਉਚਾਰਨਿ ਸੁਨਿ ਹੌਂ ਨਿੰਦਾ ਸਿਫਤੀ ਬਹੁ ਜਿਸ ਕੇਯ॥ ੧੧॥

ਜਿਹੜੀ ਦੰਡ ਦੀ ਰਕਮ ਹੈ ਉਹ ਦੀਵਾਨ ਲਵੇ ਅਤੇ ਨਬੇੜਾ ਕਰੇ ਜੇ ਆਪ ਧੰਨ ਲੈਣ ਵਿਚ ਦੋਸ਼ ਮੰਨ ਕੇ ਝਿਜਕਦੇ ਹੋ। ਉਸ ਦੇ ਬਚਨ ਸੁਣ ਕੇ ਛੱਡ ਦੇਵੋ, ਤੁਹਾਨੂੰ ਇਸ ਵਿਧੀ ਅਨੁਸਾਰ ਕੋਈ ਪਾਪ ਨਹੀਂ ਲਗੇਗਾ।" ਚੰਦੂ ਅਤੇ ਹੋਰ ਅਹਿਲਕਾਰਾਂ ਦਾ ਰੁਖ ਵੇਖ ਕੇ, ਬਾਦਸ਼ਾਹ ਦੇ ਹਿਰਦੇ ਵਿਚ ਵੀ ਚਾਹਤ ਪੈਦਾ ਹੋਈ ਕਿ ਦਰਸ਼ਨ ਕਰਾਂਗਾ, ਵਿਚਾਰ ਸੁਣਾਂਗਾ, ਜਿਸ ਦੀ ਬਹੁਤ ਨਿੰਦਿਆ ਅਤੇ ਸਿਫਤ ਹੈ॥ ੧੧॥

ਨਿਕਟ ਵਜ਼ੀਰ ਖਾਂਨ ਕੋ ਦੇਖਜੋ ਕਹਜੋ ਤਾਂਹਿ ਕੋ 'ਸਤਿਗੁਰ ਆਨਿ'।
ਸੁਨਿ ਆਇਸੁ ਕੋ ਤਤਛਿਨ ਗਮਨਜੋ ਜਿਸ ਥਲ ਸ੍ਰੀ ਅਰਜਨ ਭਗਵਾਨ।
ਧਰਿ ਅਕੋਰ ਕੋ ਕਰੇ ਨਿਹੋਰਨਿ ਹਾਥ ਜੋਰਿ ਜੁਗ ਬੰਦਨ ਠਾਨਿ।
'ਧੰਨਜ ਧੰਨਜ ਤੁਮ ਗਿਰਾ ਧੰਨਜ ਹੈ ਜਿਹ ਸੁਨਿ ਦੁਖ ਤੇ ਉਬਰੇ ਪ੍ਰਾਨਿ॥੧੨॥

ਜਦ ਆਪਣੇ ਨੇੜੇ ਵਜ਼ੀਰ ਖਾਨ ਨੂੰ ਵੇਖਿਆ ਤਾਂ ਉਸ ਨੂੰ ਕਿਹਾ, "ਸਤਿਗੁਰੂ ਨੂੰ ਲਿਆਵੋ।" ਬਾਦਸ਼ਾਹ ਦਾ ਹੁਕਮ ਸੁਣ ਕੇ ਤੁਰੰਤ ਓਥੇ ਚਲਾ ਗਿਆ, ਜਿਥੇ ਸਤਿਗੁਰੂ ਅਰਜਨ ਦੇਵ ਜੀ ਠਹਿਰੇ ਹੋਏ ਸਨ। ਗੁਰੂ ਜੀ ਦੇ ਅੱਗੇ ਨਜ਼ਰਾਨਾ ਧਰ ਕੇ, ਵੇਖਿਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਕਿਹਾ, "ਧੰਨ ਧੰਨ ਤੁਸੀਂ ਹੋ, ਧੰਨ ਤੁਹਾਡੇ ਬਚਨ ਹਨ, ਜਿਨ੍ਹਾਂ ਨੂੰ ਵੇਖ ਕੇ ਪ੍ਰਾਣ ਦੁਖ ਤੋਂ ਬਚ ਜਾਂਦੇ ਹਨ॥ ੧੨॥

ਭਯੋ ਜਲੋਧਰ ਅਰੁ ਬਹੁ ਪੀਰਾ ਨਿਸ ਬਾਸੁਰ ਬਜਾਕੁਲਤਾ ਪਾਇ।
ਹਾਇ ਹਾਇ ਕਰਿ ਪਰਜੋ ਪੁਕਾਰਤਿ ਕਿਸ ਹਕੀਮ ਤੇ ਸ਼ਾਂਤਿ ਨ ਆਇ।
ਪਾਠ ਸੁਖਮਨੀ ਤੇ ਸੁਨਿ ਸੁਖ ਭਾ ਬਜਾਧਿ ਗਈ ਤਤਕਾਲ ਨਸਾਇ।
ਚੰਦੂ ਚਾਰੀ ਕਰਤਿ ਆਪ ਕੀ ਬਹੁ ਦਿਨ ਬੀਤੇ ਕਰਤਿ ਉਪਾਇ॥ ੧੩॥

ਮੈਨੂੰ ਜਲੋਧਰ ਰੋਗ ਹੋ ਗਿਆ ਸੀ ਜਿਸ ਦਾ ਦਰਦ ਹੋਣ ਕਰਕੇ ਦਿਨ ਰਾਤ ਬੇਚੈਨ ਅਤੇ ਦੁਖੀ ਰਹਿੰਦਾ ਸੀ, ਹਾਇ ਹਾਇ ਕਰਕੇ ਕੂਕਦਾ ਰਹਿੰਦਾ ਸੀ, ਕਿਸੇ ਹਕੀਮ ਪਾਸੋਂ ਵੀ ਸ਼ਾਂਤੀ ਨਾ ਪ੍ਰਾਪਤ ਹੋਈ। ਸੁਖਮਨੀ ਸਾਹਿਬ ਦਾ ਪਾਠ ਸੁਣ ਕੇ ਸੁਖ ਪਾਇਆ ਤੇ ਬਿਮਾਰੀ ਤੁਰੰਤ ਦੂਰ ਹੋ ਗਈ ਹੈ। ਚੰਦੂ ਆਪ ਜੀ ਦੀਆਂ ਬਹੁਤ ਚੁਗਲੀਆਂ ਕਰਦਾ ਹੈ, ਬਹੁਤ ਦਿਨਾਂ ਤੋਂ ਉਪਾਅ ਕਰ ਰਿਹਾ ਹੈ॥ ੧੩॥

ਬਾਰਿ ਬਾਰਿ ਸੁਨਿ ਸ਼ਾਹੁ ਬਿਚਲਗਾ ਪੁਨ ਉਮਰਾਵ ਸਹਾਇ ਦਿਵਾਨ।
ਚਹੈ ਕਹਾਵਤਿ ਭਰਮ ਉਪਾਵਤਿ ਏਵ ਸੁਨਾਵਤਿ ਦੁਸ਼ਟ ਮਹਾਨ।
ਹਜ਼ਰਤ ਤਊ ਬਡਾਈ ਰਾਖਤਿ ਸ੍ਰੀ ਨਾਨਕ ਗਾਦੀ ਪਰ ਜਾਨਿ।
ਕਰੇ ਹਕਾਰਨਿ ਦਰਸ਼ਨ ਕਾਰਨ ਬਾਕ ਸੁਨਨਿ ਕੀ ਚਿਤ ਰੁਚਿ ਠਾਨਿ॥ ੧੪॥

ਬਾਰ-ਬਾਰ ਸੁਣ ਕੇ ਸ਼ਾਹ ਨੂੰ ਸੁਰਤ ਭੁੱਲ ਗਈ ਹੈ, ਫਿਰ ਦੂਸਰੇ ਅਮੀਰ ਵਜ਼ੀਰ ਵੀ ਚੰਦੂ ਦੀ ਮਦਦ ਕਰਦੇ ਹਨ। ਉਨ੍ਹਾਂ ਤੋਂ ਕਹਾਉਣਾ ਚਾਹੁੰਦਾ ਹੈ ਤੇ ਭਰਮ ਪਾਉਣਾ ਚਾਹੁੰਦਾ ਹੈ, ਇਸ ਤਰ੍ਹਾਂ ਮਹਾਨ ਦੁਸ਼ਟ ਸੁਣਾਉਂਦਾ ਹੈ। ਫਿਰ ਵੀ ਬਾਦਸ਼ਾਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਜਾਣ ਕੇ ਵਡਿਆਈ ਰੱਖਦਾ ਹੈ। ਬਾਦਸ਼ਾਹ ਨੇ ਦਰਸ਼ਨ ਕਰਨ ਵਾਸਤੇ ਬੁਲਾਇਆ ਹੈ, ਚਿੱਤ ਵਿਚ ਆਪ ਜੀ ਦੇ ਬਚਨ ਸੁਣਨ ਦੀ ਚਾਹਤ ਹੈ॥ ੧੪॥

ਪਠਜੋ ਆਪ ਢਿਗ, ਮੈਂ ਚਲਿ ਆਯਹੁ ਦਿਹੁ ਦਰਸ਼ਨ ਕੋ ਬਿਰਦ ਕ੍ਰਿਪਾਲ'।
ਸੁਨਿ ਸ਼੍ਰੀ ਅਰਜਨ ਬਾਕ ਬਖਾਨੇ 'ਹਮ ਇਸ ਹਿਤ ਆਏ ਮਗ ਚਾਲਿ।
ਕਰਤਿ ਪ੍ਰਤੀਖਨ ਸਮਾ ਸੁ ਪਹੁਚਜੋ' ਇਮ ਕਹਿ ਭਏ ਤਯਾਰ ਤਿਸ ਨਾਲਿ।
ਚਢਿ ਖਾਸੇ ਪਰ ਗਮਨੇ ਸਤਿਗੁਰੁ ਪੰਚ ਸਿੱਖ ਲੇ ਸੰਗ ਬਿਸਾਲ॥ ੧੫॥

ਆਪ ਜੀ ਦੇ ਪਾਸ ਭੇਜਿਆ ਹੈ, ਮੈਂ ਚਲ ਕੇ ਆਇਆ ਹਾਂ, ਹੇ ਕਿਰਪਾਲੂ ! ਦਰਸ਼ਨ ਦੇਵੋ ਜੀ !" ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, "ਅਸੀਂ ਏਸੇ ਵਾਸਤੇ ਚਲ ਕੇ ਆਏ ਹਾਂ, ਅਸੀਂ ਇੰਤਜ਼ਾਰ ਕਰ ਰਹੇ ਸੀ, ਹੁਣ ਸਮਾਂ ਆ ਗਿਆ ਹੈ।" ਇਹ ਕਹਿ ਕੇ ਉਸ ਨਾਲ ਜਾਣ ਨੂੰ ਤਿਆਰ ਹੋ ਗਏ। ਪਾਲਕੀ ਵਿਚ ਚੜ੍ਹ ਕੇ ਚਲੇ ਗਏ ਅਤੇ ਪੰਜਾਂ ਸਿੱਖਾਂ ਨੂੰ ਨਾਲ ਲੈ ਲਿਆ॥ ੧੫॥

ਕਰਹਿਂ ਹਜ਼ਾਰਹੁਂ ਬੰਦਨ ਮਗ ਮਹਿਂ ਖਰੇ ਹੋਹਿਂ ਪਿਖਿ ਹਿਤ ਸਨਮਾਨ।
'ਧੰਨ ਧੰਨ ਗੁਰੁ' ਸੁਜਸੁ ਉਚਾਰਹਿਂ ਸੁਨਤਿ ਚਲਤਿ ਜਸੁ ਕੋ ਨਿਜ ਕਾਨ।
ਸੁਧਿ ਵਜ਼ੀਰ ਖਾਂ ਕਰੀ ਅਗਾਰੀ 'ਪਹੁੰਚੇ ਆਇ ਗੁਰੂ ਭਗਵਾਨ'।
ਊਚਾਸਨ ਕਹਿ ਕੈ ਡਸਵਾਯੋ ਚੰਦੂ ਦੁਖਜੋ ਦੇਖਿ ਸਨਮਾਨ॥ ੧੬॥

ਰਾਹ ਵਿਚ ਹਜ਼ਾਰਾਂ ਲੋਕ ਬੰਦਨਾ ਕਰਦੇ ਸਨ, ਦਰਸ਼ਨ ਅਤੇ ਸਨਮਾਨ ਕਰਨ ਲਈ ਖੜੇ ਸਨ। "ਧੰਨ ! ਧੰਨ ! ਗੁਰੂ ਜੀ ਹਨ" ਸ੍ਰੇਸ਼ਟ ਜੱਸ ਉਚਾਰਣ ਕਰਦੇ ਸਨ, ਗੁਰੂ ਜੀ ਆਪਣੇ ਕੰਨਾਂ ਨਾਲ ਜੱਸ ਨੂੰ ਸੁਣਦੇ ਹੋਏ ਜਾ ਰਹੇ ਸਨ। ਵਜ਼ੀਰ ਖਾਨ ਨੇ ਅੱਗੇ ਜਾ ਕੇ ਖਬਰ ਦਿੱਤੀ, "ਗੁਰੂ ਭਗਵਾਨ ਜੀ ਆ ਗਏ ਹਨ" ਕਹਿ ਕੇ ਉੱਚਾ ਆਸਣ ਡੁਹਾਇਆ, ਚੰਦੂ ਇਸ ਸਨਮਾਨ ਨੂੰ ਵੇਖ ਕੇ ਬਹੁਤ ਦੁਖੀ ਹੋਇਆ॥ ੧੬॥

ਇਤਨੇ ਮਹਿਂ ਗੁਰੁ ਦਰਸ਼ਨ ਦੀਨਸਿ ਸਾਦਰ ਕਹਿ ਕਰਿ ਤਹਾਂ ਬਿਠਾਇ।
ਸ਼ਾਹੁ ਨਮਜੋ ਗੁਰੁ ਕੁਸ਼ਲ ਪ੍ਰਸ਼ਨ ਕਰਿ ਹੇਰਿ ਹੇਰਿ ਸਭਿ ਸੀਸ ਨਿਵਾਇ।
ਪੁਨ ਹਜ਼ਰਤਿ ਨੇ ਬੂਝਨਿ ਕੀਨਿ 'ਹਿੰਦੂ ਤੁਰਕ ਜਿ ਬਾਦ ਬਧਾਇ।
ਨਿਜ ਨਿਜ ਕੋ ਮਾਨਹਿਂ ਹਮ ਦੀਰਘ ਕਹੈਂ ਭਿਸਤਿ ਇਕ ਦੋਜਕ ਜਾਇ॥੧੭॥

ਏਨੇ ਵਿਚ ਗੁਰੂ ਜੀ ਨੇ ਦਰਸ਼ਨ ਦਿੱਤੇ, ਆਦਰ ਨਾਲ ਕਹਿ ਕੇ ਉੱਚੇ ਸਥਾਨ 'ਤੇ ਬਿਠਾਏ। ਬਾਦਸ਼ਾਹ ਨੇ ਨਮਸਕਾਰ ਕਰਕੇ ਸੁਖ-ਸਾਂਦ ਪੁਛੀ, ਸਾਰਿਆਂ ਨੇ ਵੇਖ ਵੇਖ ਕੇ ਸਿਰ ਨਿਵਾਏ। ਫਿਰ ਬਾਦਸ਼ਾਹ ਨੇ ਪੁਛਿਆ, "ਹਿੰਦੂਆਂ ਅਤੇ ਤੁਰਕਾਂ ਦਾ ਜਿਹੜਾ ਵਾਦ-ਵਿਵਾਦ ਚਲਦਾ ਹੈ, ਆਪਣੇ ਆਪ ਨੂੰ ਦੋਵੇਂ ਕਹਿੰਦੇ ਹਨ ਕਿ ਅਸੀਂ ਵੱਡੇ ਹਾਂ। ਕਹਿੰਦੇ ਹਨ ਕਿ ਕਈ ਬਹਿਸ਼ਤਾਂ ਵਿਚ ਜਾਂਦੇ ਹਨ ਤੇ ਕਈਂ ਨਰਕਾਂ ਵਿਚ ਪੈਂਦੇ ਹਨ॥ ੧੭॥

ਦੋਨਹੁ ਮਹਿਂ ਕੋ ਸਾਹਿਬ ਜਾਨਹਿ ਕਿਸ ਪਰ ਕਰੁਨਾ ਕਰੈ ਖ਼ੁਦਾਇ।
ਕੌਨ ਸਾਚੁ ਕਹਿ? ਕੂਰ ਕਹੈ ਕੋ? ਇਹ ਸੰਸੈ ਮੇਰੇ ਮਨ ਆਇ।
ਉੱਤਰ ਦੇਹੁ ਪੀਰ ਤੁਮ ਦੀਰਘ ਜਿਸਤੇ ਮਮ ਖ਼ਾਤਰ ਹੁਇ ਜਾਇ'।
ਸੁਨਿ ਹਜ਼ਰਤ ਤੇ ਸਤਿਗੁਰੁ ਅਰਜਨ ਕਹਿ ਜਬਾਬ ਕੋ ਸ਼ਬਦ ਸੁਨਾਇ॥੧੮॥

ਦੋਵਾਂ ਵਿਚ ਸਾਹਿਬ ਹੀ ਜਾਣਦਾ ਹੈ ਕਿ ਖ਼ੁਦਾ ਕਿਸ ਉਤੇ ਕਿਰਪਾ ਕਰਦਾ ਹੈ। ਕੌਣ ਸੱਚ ਕਹਿੰਦਾ ਹੈ ? ਕੌਣ ਝੂਠ ਬੋਲਦਾ ਹੈ ? ਇਹ ਮੇਰੇ ਮਨ ਵਿਚ ਸ਼ੰਕਾ ਪੈਦਾ ਹੋਇਆ ਹੈ। ਇਸ ਦਾ ਉੱਤਰ ਦੇਵੋ, ਤੁਸੀਂ ਵੱਡੇ ਪੀਰ ਹੋ, ਜਿਸ ਨਾਲ ਮੇਰੀ ਤਸੱਲੀ ਹੋ ਜਾਵੇ।" ਬਾਦਸ਼ਾਹ ਪਾਸੋਂ ਇਹ ਸਵਾਲ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਜਵਾਬ ਵਜੋਂ ਇਹ ਸ਼ਬਦ ਸੁਣਾਇਆ॥ ੧੮॥

ਰਾਮਕਲੀ ਮਹਲਾ ੫॥

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥ ੧॥
ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ੧॥ ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥ ੨॥
ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥ ੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ ੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ ੫॥ ੯॥

(ਪੰਨਾ ੮੮੫)

ਕਈ ਪ੍ਰਭੂ ਨੂੰ 'ਰਾਮ ਰਾਮ' ਆਖਦੇ ਹਨ ਤੇ ਕਈ ਖ਼ੁਦਾ ਕਹਿੰਦੇ ਹਨ, ਕਈ ਉਸ ਦਾ ਗੁਸਾਈਂ ਕਹਿ ਕੇ ਸਿਮਰਨ ਕਰਦੇ ਹਨ ਤੇ ਕਈ ਅੱਲ੍ਹਾ ਜਾਣ ਕੇ ਉਸ ਦਾ ਨਾਮ ਜਪਦੇ ਹਨ। ਉਹ ਸਭ ਕਾਰਣਾਂ ਦਾ ਕਰਣ ਹੈ ਅਤੇ ਦਾਤਾਰ ਹੈ। ਕਈ ਮਿਹਰ ਕਰਨ ਵਾਲੇ ਦਾ ਨਾਂ ਲੈਂਦੇ ਹਨ ਅਤੇ ਕਈ ਮਿਹਰਵਾਨ ਦਾ ਨਾਮ ਜਪਦੇ ਹਨ। ਕੋਈ ਤੀਰਥ ਨਹਾਉਂਦਾ ਹੈ ਤੇ ਕੋਈ ਹੱਜ ਜਾਂਦਾ ਹੈ। ਕੋਈ ਪੂਜਾ ਕਰਦਾ ਹੈ ਤੇ ਕੋਈ ਸਿਰ ਨਿਵਾਉਂਦਾ ਹੈ। ਕੋਈ ਵੇਦ ਪੜ੍ਹਦਾ ਹੈ ਤੇ ਕੋਈ ਕੁਰਾਨ ਆਦਿ ਪੁਸਤਕਾਂ ਵਾਚਦੇ ਹਨ। ਕਈ ਨੀਲੇ ਕਪੜੇ ਪਹਿਨਦੇ ਹਨ ਅਤੇ ਕਈ ਸਫੇਦ ਕਪੜੇ ਪਾਉਂਦੇ ਹਨ। ਕੋਈ ਆਪਣੇ ਆਪ ਨੂੰ ਮੁਸਲਮਾਨ ਕਹਾਉਂਦਾ ਹੈ ਤੇ ਕੋਈ ਹਿੰਦੂ ਅਖਵਾਉਂਦਾ ਹੈ। ਕਈ ਬਹਿਸ਼ਤਾਂ ਨੂੰ ਪਾਉਣਾ ਚਾਹੁੰਦੇ ਹਨ ਤੇ ਕਈ ਸਵਰਗਾਂ ਦੀ ਚਾਹਤ ਰੱਖਦੇ ਹਨ। ਹੇ ਨਾਨਕ ! ਕਹੋ, ਜਿਹੜਾ ਪ੍ਰਭੂ ਦੀ ਰਜ਼ਾ ਨੂੰ ਪਹਿਚਾਣਦਾ ਹੈ, ਉਹ ਸਵਾਮੀ ਮਾਲਕ ਦੇ ਭੇਦ ਨੂੰ ਜਾਣ ਲੈਂਦਾ ਹੈ॥ ੫॥ ੯॥

ਦੋਹਰਾ-'ਸ਼੍ਰੀ ਪਰਮੇਸ਼ੁਰ ਏਕ ਹੈ ਝਗਰਤਿ ਦੋਇ ਬਤਾਇ।
ਸੁਨਹੁ ਸ਼ਾਹੁ ਨਿਸ਼ਚੈ ਕਰਹੁ ਏਕੋ ਰਾਮ ਖੁਦਾਇ॥ ੧੯॥

"ਪ੍ਰਮੇਸ਼ਰ ਕੇਵਲ ਇਕ ਹੈ, ਦੋ ਕਹਿ ਕੇ ਝਗੜਦੇ ਹਨ। ਹੇ ਬਾਦਸ਼ਾਹ ! ਨਿਸ਼ਚਾ ਕਰੋ ਖੁਦਾ ਅਤੇ ਰਾਮ ਇਕ ਹੀ ਹਨ॥੧੯॥

ਅਰਥ ਕ੍ਰਿਪਾਲ ਰਹੀਮ ਕੋ ਏਕੋ ਜਾਨਜੋ ਜਾਇ।
ਪੱਖ ਬਾਦ ਕਰਿ ਪਰਸਪਰ ਝੂਠੇ ਦੋਇ ਬਨਾਇ॥ ੨੦॥

ਕਿਰਪਾਲ ਅਤੇ ਰਹੀਮ ਦੇ ਇਕੋ ਹੀ ਅਰਥ ਜਾਣੇ ਜਾਂਦੇ ਹਨ। ਮਜ਼ਹਬੀ ਖਿੱਚੋ-ਖਿੱਚੀ ਕਰਕੇ ਦੋਵੇਂ ਝੂਠੇ ਬਣਾ ਦਿੱਤੇ ਹਨ॥ ੨੦॥

ਹਮਰੋ ਮਤ ਹੈ ਅਪਰ ਬਿਧਿ ਮਿਲਜੋ ਦੋਨਹੂੰ ਸਾਥਿ।
ਅਰੁ ਦੋਨੋ ਤੇ ਪ੍ਰਿਥਕ ਭੀ ਨਹੀਂ ਬਾਦ ਕੀ ਗਾਥ॥ ੨੧॥

ਸਾਡਾ ਮੱਤ ਹੈ ਕਿ ਹੋਰ ਵਿਧੀਆਂ ਨਾਲ ਵੀ ਦੋਵਾਂ ਨੂੰ ਨਾਲ-ਨਾਲ ਹੀ ਮਿਲਿਆ ਹੈ ਅਤੇ ਦੋਵਾਂ ਤੋਂ ਵੱਖ ਦੀ ਵੀ ਕੋਈ ਵਿਵਾਦ ਦੀ ਕਹਾਣੀ ਨਹੀਂ ਹੈ॥ ੨੧॥

ਹੁਕਮ ਜਾਨਿ ਸਾਹਿਬ ਪ੍ਰਭੂ ਦੁਖ ਸੁਖ ਜਿਮ ਬਨਿ ਆਇ।
ਹਰਖਤਿ ਰਹਹਿਂ ਸਦੀਵ ਹਿਯ ਦੋਸ਼ ਨਹੀਂ ਅਰਪਾਇ ॥੨੨॥

ਜੇ ਤੁਹਾਡੇ ਉਤੇ ਕੋਈ ਦੁਖ ਸੁਖ ਵੀ ਆ ਜਾਂਦਾ ਹੈ ਤਾਂ ਉਸ ਨੂੰ ਪ੍ਰਭੂ ਦਾ ਹੁਕਮ ਜਾਣੋ, ਸਦਾ ਹਿਰਦੇ ਵਿਚ ਪ੍ਰਸੰਨ ਰਹੋ ਤੇ ਕਿਸੇ ਨੂੰ ਵੀ ਦੋਸ਼ ਨਾ ਦੇਵੋ॥ ੨੨॥

ਸੱਤਿਨਾਮ ਕੋ ਸਿਮਰਨੋ ਤਯਾਗਨਿ ਤਨ ਅੱਭਯਾਸ।
ਤੀਨਹੁ ਤੇ ਪ੍ਰਭੁ ਕੋ ਮਿਲਹਿ ਹੁਇ ਬ੍ਰਹਮ ਗਯਾਨ ਪ੍ਰਕਾਸ਼ ॥੨੩॥

ਸਤਿਨਾਮ ਦੇ ਸਿਮਰਨ ਵਿਚ ਹੀ ਦੇਹ ਅਭਿਆਸ ਦਾ ਤਿਆਗ ਹੈ, ਇਨ੍ਹਾਂ ਤਿੰਨਾਂ ਕਾਰਜਾਂ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ ਅਤੇ ਬ੍ਰਹਮ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ॥ ੨੩॥

ਹਿੰਦੂ ਹੁਇ ਕੈ ਤੁਰਕ ਹੁਇ ਤੀਨਹੁ ਜਿਨਹੁ ਕਮਾਇ।
ਪਾਰਿ ਪਰੇ ਭਵਸਿੰਧੁ ਤੇ ਜਨਮ ਕਲੇਸ਼ ਮਿਟਾਇ॥ ੨੪॥

ਹਿੰਦੂ ਹੋਵੇ ਭਾਵੇਂ ਮੁਸਲਮਾਨ ਹੋਵੇ, ਜਿਸ ਨੇ ਵੀ ਇਨ੍ਹਾਂ ਤਿੰਨਾਂ ਦੀ ਕਮਾਈ ਕੀਤੀ ਹੈ ਉਹ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ ਅਤੇ ਜਨਮ ਮਰਨ ਦਾ ਕਲੇਸ਼ ਮੁੱਕ ਜਾਂਦਾ ਹੈ॥ ੨੪॥

ਤੀਨਹੁ ਕੋ ਬਿਸਤਾਰ ਕਰਿ ਕਹੈਂ ਜਿ ਅਰਥ ਬਿਸਾਲ।
ਅਧਿਕ ਹੋਇ, ਕਹਿਂ ਤਕ ਸੁਨਹੁ, ਛੂਟਹਿਂ ਬੰਧਨ ਜਾਲ ॥੨੫॥

ਜੇ ਤਿੰਨਾਂ ਦਾ ਵਿਸਤਾਰ ਕਰਕੇ ਅਰਥ ਕਰੀਏ, ਤਾਂ ਇਹ ਬਹੁਤ ਜ਼ਿਆਦਾ ਹੋਵੇਗਾ, ਕਿਥੋਂ ਤਕ ਸੁਣੋਗੇ, ਦੁਨਿਆਵੀ ਬੰਧਨਾਂ ਦੇ ਜਾਲ ਤੋਂ ਛੁਟਕਾਰਾ ਮਿਲ ਜਾਂਦਾ ਹੈ॥ ੨੫॥

ਸੁਮਤਿਵੰਤ ਥੋਰੇ ਕਹੇ ਸਮੁਝਹਿ ਬਾਤਿ ਬਿਸਾਲ।
ਜਿਨ ਕੋ ਲਗੀ ਖੁਦਾਇ ਲਿਵ ਸੋਈ ਅਕਲ ਕਮਾਲ ॥੨੬॥

ਬੁਧੀਵਾਨ ਥੋੜ੍ਹਾ ਕਹਿੰਦਾ ਹੈ, ਪਰ ਉਸ ਦੀ ਗੱਲ ਨੂੰ ਵੱਡੀ ਕਰ ਕੇ ਸਮਝੋ, ਜਿਨ੍ਹਾਂ ਨੂੰ ਖ਼ੁਦਾ ਦੀ ਲਿਵ ਲਗਦੀ ਹੈ, ਸੋਈ ਪੂਰਨ ਅਕਲ ਵਾਲੇ ਜਾਣੇ ਜਾਂਦੇ ਹਨ॥ ੨੬॥

ਇਮ ਸਤਿਗੁਰੁ ਕੇ ਕਹਤਿ ਬਚ ਰਵਿ ਪਸ਼ਚਮ ਅਸਤਾਇ।
ਸੰਧਯਾ ਲਖਿ ਕਰਿ ਸ਼ਾਹੁ ਤਬਿ ਕਰੇ ਬਿਸਰਜਨ ਗਾਇ ॥੨੭॥

ਇਸ ਤਰ੍ਹਾਂ ਸਤਿਗੁਰੂ ਜੀ ਦੇ ਬਚਨ ਕਹਿੰਦਿਆਂ ਪੱਛਮ ਵਿਚ ਸੂਰਜ ਡੁੱਬ ਗਿਆ। ਸ਼ਾਮ ਹੋ ਗਈ ਸਮਝ ਕੇ ਬਾਦਸ਼ਾਹ ਨੇ ਸਭਾ ਭੰਗ ਕਰ ਦਿੱਤੀ॥ ੨੭॥

ਉਠੇ ਗੁਰੂ ਨਿਕਸੇ ਵਹਿਰ ਚੰਦੂ ਅਵਸਰ ਪਾਇ।
'ਮੈਂ ਲੇ ਜਾਵੋਂ ਨਿਜ ਸਦਨ ਰਾਖੋਂ ਸੇਵ ਕਰਾਇ॥ ੨੮॥

ਗੁਰੂ ਜੀ ਉਠ ਕੇ ਬਾਹਰ ਆ ਗਏ, ਚੰਦੂ ਮੌਕਾ ਪਾ ਕੇ ਕਹਿਣ ਲੱਗਾ, "ਮੈਂ ਆਪਣੇ ਘਰ ਲੈ ਜਾਵਾਂਗਾ ਤੇ ਰੱਖ ਕੇ ਸੇਵਾ ਕਰਾਂਗਾ॥ ੨੮॥

ਸਮੁਝਾਵੋਂ ਸਭਿ ਬਾਰਤਾ ਤੁਮਰੀ ਦਿਸ਼ਿ ਤੇ ਹੋਇ।
ਲਿਉਂ ਦੁਇ ਲਾਖ ਸੁਖੇਨ ਹੀ ਰਖਹਿ ਨ ਤਸਕਰ ਕੋਇ ॥੨੯॥

ਤੁਹਾਡੇ ਵੱਲੋਂ ਸਾਰੀ ਗੱਲ ਸਮਝਾਵਾਂਗਾ ਤੇ ਦੋ ਲੱਖ ਰੁਪਈਆ ਵੀ ਸੌਖੇ ਹੀ ਲੈ ਲਵਾਂਗਾ ਤੇ ਇਹ ਚੋਰ ਵੀ ਕੋਈ ਨਹੀਂ ਰਖੇਗਾ॥ ੨੯॥

ਬਿਨਾ ਦੰਡ ਤੇ ਹਟਹਿ ਨਹਿਂ ਦੇਸ਼ ਨ ਹੋਇ ਅਰਾਮ।
ਕਰੋ ਨਜਾਵ ਈਮਾਨ ਤੁਮ ਸੁਜਸੁ ਜਗਤ ਅਭਿਰਾਮ॥ ੩੦॥

ਬਿਨਾਂ ਸਜ਼ਾ ਦੇ ਇਸ ਹਟਣਾ ਨਹੀਂ ਅਤੇ ਦੇਸ਼ ਵਿਚ ਆਰਾਮ ਨਹੀਂ ਹੋਣਾ, ਤੁਸੀਂ ਧਰਮ ਦਾ ਨਿਆਂ ਕਰੋ ਅਤੇ ਜਗਤ ਵਿਚ ਸ੍ਰੇਸ਼ਟ ਜੱਸ ਪ੍ਰਾਪਤ ਕਰੋ॥ ੩੦॥

ਸ਼ਹਜ਼ਾਦਾ ਰਾਖਜੋ ਨਿਕਟ ਪਾਇ ਤਿਦਾਰਕ ਸੋਇ।
ਨਹਿਂ ਬਿਜਾਇ ਬਹੁਰੋ ਕਰਹਿ ਉਰ ਦੀਰਘ ਡਰ ਹੋਇ॥ ੩੧॥

ਇਸਨੇ ਸ਼ਹਜ਼ਾਦਾ ਆਪਣੇ ਪਾਸ ਰਖਿਆ ਸੀ, ਇਸ ਕਰਕੇ ਉਸ ਗੱਲ ਦਾ ਦੰਡ ਪਾਵੇ, ਇਹੋ ਜਿਹੇ ਅਯੋਗ ਕੰਮ ਫਿਰ ਨਾ ਕਰੇ, ਇਸ ਕਰਕੇ ਇਸ ਨੂੰ ਵੱਡਾ ਦੰਡ ਦੇਵੋ॥ ੩੧॥

ਤੁਮ ਕੋ ਦੋਸ਼ ਨ ਹੋਇ ਕੁਛ ਮੈਂ ਲੇਵੌਂ ਦੁਇ ਲਾਖ।
ਕਰੌਂ ਖਜ਼ਾਨੇ ਦਾਖਲੀ ਤੀਨ ਚਾਰ ਦਿਨ ਰਾਖਿ॥ ੩੨॥

ਤੁਹਾਡੇ ਉਤੇ ਕੋਈ ਦੋਸ਼ ਨਹੀਂ ਆਵੇਗਾ, ਦੋ ਲੱਖ ਰੁਪਏ ਮੈਂ ਲੈ ਲਵਾਂਗਾ। ਤਿੰਨ ਚਾਰ ਦਿਨ ਰੱਖ ਕੇ ਖ਼ਜ਼ਾਨੇ ਵਿਚ ਦਾਖਲ ਕਰ ਦੇਵਾਂਗਾ॥ ੩੨॥

ਅਬਿ ਨ ਬਨੈ ਕਸ਼ਮੀਰ ਕੋ ਰਾਵਰਿ ਕਰਨਿ ਪਯਾਨ।
ਮਰਜ਼ੀ ਉਰ ਦਿੱਲੀ ਚਲਹੁ ਮਾਨਿ ਬਿਨੋਦ ਮਹਾਨ॥ ੩੩॥

ਹੁਣ ਆਪ ਜੀ ਦਾ ਕਸ਼ਮੀਰ ਜਾਣਾ ਨਹੀਂ ਬਣਦਾ ਹੈ, ਤੁਹਾਡੇ ਦਿਲ ਦੀ ਮਰਜ਼ੀ ਹੈ, ਹੁਣ ਦਿੱਲੀ ਚਲੋ ਤੇ ਅਨੰਦ ਮਾਣੋ॥ ੩੩॥

ਆਪ ਕਰਹੁ ਅਬਿ ਕੂਚ ਕੋ ਪਾਛੇ ਲੇ ਧਨ ਸੋਇ।
ਕਰਹਿ ਸਪਾਰਸ਼ ਕਬਹੁੰ ਕੋ ਨਹਿਂ ਸੁਨੀਯਹਿ ਤਿਸ ਜੋਇ'॥ ੩੪॥

ਆਪ ਹੁਣ ਦਿੱਲੀ ਨੂੰ ਕੂਚ ਕਰੋ, ਮੈਂ ਬਾਅਦ ਵਿਚ ਧਨ ਲੈ ਲਵਾਂਗਾ, ਜੇ ਕਦੇ ਵੀ ਕੋਈ ਸਿਫਾਰਸ਼ ਕਰੇ ਤਾਂ ਉਸ ਦੀ ਗੱਲ ਨਹੀਂ ਸੁਣਨਾ'॥ ੩੪॥

'ਹਾਂ' ਕਹਿਵਾਈ ਸ਼ਾਹ ਤੇ ਨਿਕਸਜੋ ਤਤਛਿਨ ਆਇ।
ਕਰੇ ਸਿਪਾਹੀ ਸੰਗ ਗੁਰੁ ਨਿਜ ਡੇਰੇ ਕਹੁ ਲਜਾਇ॥ ੩੫॥

ਬਾਦਸ਼ਾਹ ਪਾਸੋਂ ਹਾਂ ਕਰਵਾ ਕੇ, ਚੰਦੂ ਤੁਰੰਤ ਬਾਹਰ ਆ ਗਿਆ, ਗੁਰੂ ਜੀ ਨਾਲ ਕੁਝ ਸਿਪਾਹੀ ਲਾ ਦਿੱਤੇ, ਜਿਹੜੇ ਉਨ੍ਹਾਂ ਨੂੰ ਚੰਦੂ ਦੇ ਘਰ ਲੈ ਗਏ॥ ੩੫॥

ਪੰਚ ਸਿੱਖਜ ਡਜੋਢੀ ਬਿਖੈ ਕਰਿਕੈ ਕੈਦ ਬਿਠਾਇ।
ਅੰਤਰ ਗੁਰੂ ਉਤਾਰਿ ਕੈ ਕਹਿ ਕਹਾਰ ਨਿਕਸਾਇ॥ ੩੬॥

ਪੰਜਾਂ ਸਿੱਖਾਂ ਨੂੰ ਅੰਦਰ ਨਾ ਜਾਣ ਦਿੱਤਾ, ਬਾਹਰ ਡਿਉੜੀ ਵਿਚ ਹੀ ਕੈਦ ਕਰ ਲਿਆ। ਗੁਰੂ ਜੀ ਨੂੰ ਅੰਦਰ ਲੈ ਜਾ ਕੇ, ਪਾਲਕੀ ਚੁੱਕਣ ਵਾਲੇ ਕਹਾਰਾਂ ਨੂੰ ਬਾਹਰ ਕੱਢ ਦਿੱਤਾ॥ ੩੬॥

ਤਿਮਰ ਭਏ ਘਰ ਲੇ ਬਰਜੋ ਡੇਰਾ ਦਿਯੋ ਕਰਾਇ।
ਬ੍ਰਿੰਦ ਸਿਪਾਹੀ ਦ੍ਰਿਢ ਕਰੇ ਸਾਵਧਾਨ ਹਰਖਾਇ॥ ੩੭॥

ਰਾਤ ਪੈਣ 'ਤੇ ਘਰ ਦੇ ਅੰਦਰ ਲੈ ਗਿਆ ਤੇ ਗੁਰੂ ਜੀ ਦਾ ਓਥੇ ਡੇਰਾ ਕਰਵਾ ਦਿੱਤਾ, ਬਹੁਤ ਸਿਪਾਹੀ ਪਹਿਰੇ ਤੇ ਸਾਵਧਾਨ ਰਹਿਣ ਲਈ ਖੜੇ ਕਰਕੇ ਬੜਾ ਪਸੰਨ ਹੋਇਆ॥ ੩੭॥

'ਨਿਸ ਬਾਸੁਰ ਠਾਂਢੇ ਰਹੋ ਗਹੇ ਹਾਥ ਅਸਿ ਢਾਲ।
ਨਿਕਟਿ ਨ ਆਵਨਿ ਦੇਹੁ ਕਿਸ ਭੇਰਿ ਕਿਵਾਰ ਬਿਸਾਲ' ॥੩੮॥

ਕਹਿਣ ਲੱਗਾ, "ਦਿਨ ਰਾਤ ਢਾਲ ਤਲਵਾਰ ਫੜ ਕੇ ਖੜੇ ਰਹੋ, ਕਿਸੇ ਨੂੰ ਲਾਗੇ ਨਾ ਆਉਣ ਦੇਵੋ, ਦਰਵਾਜ਼ੇ ਸਦਾ ਹੀ ਬੰਦ ਰੱਖੋ"॥ ੩੮॥

'ਮਨਭਾਵਤਿ ਮੇਰੀ ਭਈ' ਹਰਖਜੋ ਮੂਢ ਬਿਸਾਲ।
ਸੁਪਤਜੋ ਖਾਤਰ ਜਮਾ ਕਰਿ ਕਰਿ ਠਾਂਢੇ ਨਰ ਜਾਲ॥੩੯॥

"ਮੇਰੇ ਮਨ ਦੀ ਗੱਲ ਹੋਈ ਹੈ" ਇਹ ਸੋਚ ਕੇ ਮੂਰਖ ਬਹੁਤ ਪ੍ਰਸੰਨ ਹੋਇਆ, ਇਹ ਤਸੱਲੀ ਕਰਕੇ ਕਿ ਬਹੁਤ ਮਨੁੱਖ ਪਹਿਰੇ ਤੇ ਖੜੇ ਹਨ, ਮੂਰਖ ਸੌਂ ਗਿਆ॥ ੩੯॥

*ਚੌਥੀ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

## ਅਧਿਆਇ ਚੌਂਤੀਵਾਂ

*ਤਸੀਹੇ ਦੇਣ ਵਾਸਤੇ ਦੁਸ਼ਟ ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ*

ਦੋਹਰਾ- ਨਿਸਾ ਬਿਤੀ ਪੁਨ ਪ੍ਰਾਤ ਭੀ ਸ਼ਾਹੁ ਬਾਕ ਕਹਿ ਦੀਨ।
ਬਜੇ ਨਗਾਰੇ ਕੂਚ ਕੇ ਸੁਧਿ ਸਭਿਹੂੰ ਸੁਨਿ ਲੀਨਿ॥ ੧॥

ਰਾਤ ਬੀਤੀ ਤੇ ਫਿਰ ਸਵੇਰ ਹੋ ਗਈ, ਬਾਦਸ਼ਾਹ ਨੇ ਚੱਲਣ ਦਾ ਹੁਕਮ ਦੇ ਦਿੱਤਾ। ਫਿਰ ਕੂਚ ਦੇ ਨਗਾਰੇ ਵੱਜੇ ਤੇ ਸਾਰਿਆਂ ਨੂੰ ਪਤਾ ਲੱਗ ਗਿਆ॥ ੧॥

ਚੌਪਈ- ਹਜ਼ਰਤਿ ਜਬਿ ਤਿਆਰ ਹੁਇ ਗਯੋ। ਚੰਦੂ ਅਘੀ ਮੇਲਿ ਤਬਿ ਕਿਯੋ।
'ਦਿਹੁ ਪ੍ਰਵਾਨਗੀ ਮੁਝ ਕੋ ਆਪੂ। ਦਿਨ ਚਾਰਿਕ ਮਹਿਂ ਕਰਿਵ ਮਿਲਾਪੂ॥੨॥

ਜਦ ਬਾਦਸ਼ਾਹ ਤਿਆਰ ਹੋ ਗਿਆ ਤਾਂ ਪਾਪੀ ਚੰਦੂ ਉਸ ਨੂੰ ਜਾ ਮਿਲਿਆ ਤੇ ਕਹਿਣ ਲੱਗਾ, "ਮੈਨੂੰ ਹੁਣ ਪਰਵਾਨਗੀ ਦੇਵੋ, ਚਾਰ ਦਿਨ ਬਾਅਦ ਮੈਂ ਆਪ ਜੀ ਨੂੰ ਮਿਲ ਪਵਾਂਗਾ॥ ੨॥

ਕਛੁ ਮਾਮਲੇ ਕੀ ਰਹਿ ਕਾਰਿ। ਇਕ ਸੰਮਤ ਕੀ ਕਰਨਿ ਸੰਭਾਰਿ।
ਨਵੀਸਿੰਦ ਲਾਗੇ ਸਮੁਦਾਇ। ਜਮਾਂ ਖਰਚ ਕੋ ਸਭਿ ਸਮੁਝਾਇ' ॥ ੩॥

ਮਾਮਲੇ ਦਾ ਕੁਝ ਕੰਮ ਬਾਕੀ ਰਹਿੰਦਾ ਹੈ, ਇਕ ਸਾਲ ਦਾ ਪੂਰਾ ਹਿਸਾਬ ਕਿਤਾਬ ਕਰਨਾ ਹੈ। ਨਵੀਂ ਫਸਲ ਦਾ ਮਾਮਲਾ ਇਕੱਠਾ ਹੋ ਗਿਆ ਹੈ। ਜਮ੍ਹਾਂ ਖਰਚ ਸਭ ਸਮਝਾਵਾਂਗਾ॥ ੩॥

ਕਰਿ ਫਰੇਬ ਕੋ ਛੋਰਜੋ ਸਾਥ। ਸ਼ਾਹੁ ਨ ਚਿਤਵੀ ਪੁਨ ਗੁਰ ਗਾਥ।
ਬਹੁ ਧੰਧੇ ਗਨ ਭੋਗਨਿ ਬਿਸੈ। ਬਹੁਰ ਚਲਜੋ ਚਢਿ ਕਜਾ ਸੁਧਿ ਤਿਸੈ॥੪॥

ਫਰੇਬ ਕਰਕੇ ਜਹਾਂਗੀਰ ਦਾ ਸਾਥ ਛੱਡ ਦਿੱਤਾ, ਬਾਦਸ਼ਾਹ ਨੇ ਫਿਰ ਗੁਰੂ ਜੀ ਦੀ ਕਹਾਣੀ ਬਾਰੇ ਨਾ ਸੋਚਿਆ। ਬਹੁਤ ਕੰਮ ਕਾਜ ਅਤੇ ਭੋਗਣ ਵਾਲੇ ਵਿਸ਼ੇ ਸਨ, ਫਿਰ ਵਾਹਨਾਂ ਵਿਚ ਚੜ੍ਹ ਕੇ ਚਲ ਪਿਆ, ਉਸ ਨੂੰ ਕਿਹੜੀ ਸੋਝੀ ਸੀ॥ ੪॥

ਪੂਰਬ ਭੀ ਕਬਿ ਗੁਰੂ ਪ੍ਰਸੰਗ। ਕੋਇ ਨ ਕਰਤਿ ਸ਼ਾਹੁ ਕੇ ਸੰਗ।
ਸਿਮਰਿ ਦ੍ਵੈਸ਼ ਕੋ ਦੁਸ਼ਟ ਚਲਾਵੈ। ਸੁਲਹੀ ਸੁਲਬੀ ਚੰਦੂ ਬਤਾਵੈ॥ ੫॥

ਪਹਿਲਾਂ ਵੀ ਕਦੀ ਕਿਸੇ ਨੇ ਬਾਦਸ਼ਾਹ ਦੇ ਨਾਲ ਗੁਰੂ ਜੀ ਬਾਰੇ ਕਦੇ ਕੋਈ ਗੱਲ ਨਹੀਂ ਸੀ ਕੀਤੀ। ਈਰਖਾ ਨੂੰ ਯਾਦ ਕਰਕੇ ਦੁਸ਼ਟ ਉਨ੍ਹਾਂ ਬਾਰੇ ਪ੍ਰਸੰਗ ਛੇੜਦਾ ਸੀ ਤੇ ਸੁਲਹੀ ਤੇ ਸੁਲਬੀ ਨੂੰ ਬਹੁਤ ਚੰਗੇ ਦੱਸਦਾ ਸੀ॥ ੫॥

ਲੇਨਾ ਦੇਨਾ ਕਿਹ ਸੰਗ ਕੋਇ ਨ। ਧਨ ਹੰਕਾਰੀ ਜਾਨਹਿ ਸੋਇ ਨ।
ਅਹੈਂ ਤੁਰਕ ਪੁਨ ਗ੍ਰਸੇ ਬਿਕਾਰਾ। ਕਹਾਂ ਚਿਨਾਰੀ ਗੁਰੂ ਉਦਾਰਾ॥ ੬॥

ਗੁਰੂ ਜੀ ਦਾ ਕਿਸੇ ਨਾਲ ਵੀ ਕੋਈ ਲੈਣ ਦੇਣ ਨਹੀਂ ਸੀ ਅਤੇ ਬਾਕੀ ਅਹਿਲਕਾਰ ਜਿਨ੍ਹਾਂ ਨੂੰ ਧਨ ਦਾ ਹੰਕਾਰ ਸੀ, ਉਹ ਗੁਰੂ ਜੀ ਬਾਰੇ ਜਾਣਦੇ ਨਹੀਂ ਸਨ। ਇਕ ਤੁਰਕ ਸਨ, ਦੂਸਰੇ ਵਿਕਾਰਾਂ ਵਿਚ ਫਸੇ ਹੋਏ ਸਨ, ਉਨ੍ਹਾਂ ਨੂੰ ਮਹਾਨ ਗੁਰੂ ਜੀ ਦੀ ਕੀ ਪਹਿਚਾਣ ਸੀ?॥ ੬॥

ਨਹਿ ਪ੍ਰਸੰਗ ਚਲਿ ਮਿਲੇ ਪਿਛਾਰੀ। ਬਰਜਿ ਦਿਯੇ ਚੰਦੂ ਦੁਰਚਾਰੀ।
ਗਮਨਤਿ ਮਿਲਯੋ ਸਕਲ ਕੋ ਜਾਇ। 'ਜੇ ਹਜ਼ੂਰ ਗੁਰ ਗਾਥ ਚਲਾਇ॥ ੭॥

ਬਾਅਦ ਵਿਚ ਵੀ ਉਨ੍ਹਾਂ ਕੋਈ ਪ੍ਰਸੰਗ ਨਾ ਚਲਾਇਆ, ਕਿਉਂਕਿ ਦੁਰਾਚਾਰੀ ਚੰਦੂ ਨੇ ਉਨ੍ਹਾਂ ਨੂੰ ਮਨ੍ਹਾਂ ਕਰ ਦਿੱਤਾ ਸੀ। ਚਲ ਕੇ ਸਾਰਿਆਂ ਨੂੰ ਜਾ ਮਿਲਿਆ ਤੇ ਕਿਹਾ, "ਜੇ ਬਾਦਸ਼ਾਹ ਦੇ ਪਾਸ ਕੋਈ ਗੁਰੂ ਜੀ ਦੀ ਗੱਲ ਚਲਾਵੇਗਾ॥ ੭॥

ਬੁਧਿ ਬਲ ਤੇ ਬਰਜਹੁ ਤਿਹ ਰੋਕ। ਕਹਾ ਤਿਨ ਗਾਥ ਫਕੀਰ ਜਿ ਲੋਕ।
ਰਹੌਂ ਪਿਛਾਰੀ ਤੁਮ ਭਰਵਾਸੇ। ਕੇਤਿਕ ਦਿਨ ਮੈਂ ਆਇਵ ਪਾਸੇ' ॥ ੮॥

ਮੈਂ ਉਸ ਨੂੰ ਬੁੱਧੀ ਦੇ ਬਲ ਨਾਲ ਰੋਕ ਦੇਵਾਂਗਾ। ਜਿਹੜੇ ਫਕੀਰ ਲੋਕ ਹਨ, ਉਨ੍ਹਾਂ ਦੀ ਕੀ ਕਹਾਣੀ ਹੈ। ਮੈਂ ਪਿਛੇ ਤੁਹਾਡੇ ਭਰਵਾਸੇ ਰਹਾਂਗਾ, ਕੁਝ ਦਿਨਾਂ ਦੇ ਬਾਅਦ ਆਪ ਪਾਸ ਆ ਜਾਵਾਂਗਾ" ॥ ੮॥

ਕਰੀ ਕਚਹਿਰੀ ਅਪਨੀ ਸਾਰੀ। ਕਿਸ ਧਨ ਦੇ ਕਿਸ ਮ੍ਰਿਦੁਲ ਉਚਾਰੀ।
ਜਸ ਜਸ ਹੁਤੇ ਤਥਾ ਹਰਖਾਏ। ਸ਼ਾਹੁ ਸਮੀਪ ਸਮੂਹ ਸੁਹਾਏ॥ ੯॥

ਸਾਰੀ ਕਚਹਿਰੀ ਆਪਣੀ ਬਣਾ ਲਈ, ਕਿਸੇ ਨੂੰ ਧਨ ਦਿੱਤਾ, ਕਿਸੇ ਨੂੰ ਮਿੱਠੇ ਬਚਨ ਬੋਲ ਕੇ ਆਪਣਾ ਬਣਾ ਲਿਆ। ਜਿਵੇਂ ਜਿਵੇਂ ਸਨ, ਸਾਰੇ ਪ੍ਰਸੰਨ ਹੋ ਗਏ, ਬਾਦਸ਼ਾਹ ਦੇ ਪਾਸ ਸਾਰੇ ਸ਼ੋਭ ਰਹੇ ਸਨ॥ ੯॥

ਚੰਦੂ ਹਟਯੋ ਧੀਰ ਉਰ ਧਰਿ ਕੈ। ਦੁਸ਼ਟ ਪਨੇ ਮਹਿਂ ਚਿਤ ਕੋ ਧਰਿ ਕੈ।
ਸਭਿਨਿ ਚਢਾਇ ਮੂਢ ਤਹਿਂ ਆਯੋ। ਸਤਿਗੁਰ ਅਰਜਨ ਜਹਿਂ ਉਤਰਾਯੋ॥੧੦॥

ਚੰਦੂ ਧੀਰਜ ਧਰ ਕੇ ਪਿੱਛੇ ਰਹਿ ਗਿਆ ਅਤੇ ਦੁਸ਼ਟਪੁਣੇ ਨੂੰ ਉਸ ਚਿੱਤ ਵਿਚ ਧਾਰਨ ਕਰ ਲਿਆ। ਮੂਰਖ ਸਾਰਿਆਂ ਨੂੰ ਤੋਰ ਕੇ ਉਥੇ ਰਹਿ ਗਿਆ ਜਿਥੇ ਸਤਿਗੁਰੂ ਅਰਜਨ ਦੇਵ ਜੀ ਨੂੰ ਕੈਦ ਵਿਚ ਰੱਖਿਆ ਹੋਇਆ ਸੀ॥ ੧੦॥

ਬੈਠਯੋ ਸਨਮੁਖ ਰਿਸਿ ਤੇ ਭਰਯੋ। ਕਹਤਿ ਭਯੋ ਬਚ ਦੁਖ ਤੇ ਜਰਯੋ।
'ਮੋਰਿ ਸੁਤਾ ਕੀ ਮੋਰਿ ਸਗਾਈ। ਕਯੋਂ ਹੂੰ ਨ ਮਾਨੀ ਬਿਨੈ ਅਲਾਈ॥ ੧੧॥

ਕ੍ਰੋਧ ਨਾਲ ਭਰਿਆ ਹੋਇਆ ਗੁਰੂ ਜੀ ਦੇ ਸਾਹਮਣੇ ਬੈਠ ਗਿਆ, ਪੁੱਤਰੀ ਦੇ ਦੁਖ ਨਾਲ ਸੜਿਆ ਹੋਇਆ ਕਹਿਣ ਲੱਗਾ, "ਮੇਰੀ ਪੁੱਤਰੀ ਦੀ ਸਗਾਈ ਮੋੜ ਦਿੱਤੀ, ਮੈਂ ਬੇਨਤੀ ਵੀ ਕੀਤੀ ਸੀ, ਉਹ ਵੀ ਨਾ ਮੰਨੀ॥ ੧੧॥

ਭੇਜੇ ਦੋਇ ਬਾਰ ਪੁਰਿ ਲਾਗੀ। ਅਤਿ ਚਿੰਤਾ ਚਿਤ ਹਮਰੇ ਲਾਗੀ।
ਲੇਨਿ ਸਾਕ ਤੌ ਰਹਜੋ ਕਿਥਾਈਂ। ਦਈ ਮੋਹਿ ਕੂਕਰ ਸਮਤਾਈ॥ ੧੨॥

ਸ਼ਹਿਰ ਵਿਚ ਦੋ ਵਾਰ ਲਾਗੀ ਭੇਜੇ ਸਨ, ਮੇਰੇ ਚਿੱਤ ਵਿਚ ਬਹੁਤ ਚਿੰਤਾ ਲੱਗੀ ਹੋਈ ਹੈ। ਸਾਕ ਲੈਣਾ ਤੇ ਕਿਤੇ ਰਿਹਾ, ਮੈਨੂੰ ਕੁੱਤੇ ਦੇ ਬਰਾਬਰ ਸਮਝਿਆ ਗਿਆ॥ ੧੨॥

ਅਬਿ ਲੌ ਕਛੂ ਨ ਬਿਗਰਜੋ ਸੁਪਨੇ। ਨਾਤਾ ਲੇਹੁ ਜਾਹੁ ਘਰ ਅਪਨੇ।
ਨਤੁ ਕੂਕਰ ਭਾਖਜੋ ਜਿਮਿ ਜਬੈ। ਲਗੋਂ ਗੈਲਿ ਕੂਕਰ ਹੁਇ ਅਬੈ॥ ੧੩॥

ਹੁਣ ਤਕ ਕੁਝ ਵੀ ਨਹੀਂ ਵਿਗੜਿਆ ਹੈ। ਲੜਕੀ ਦਾ ਰਿਸ਼ਤਾ ਲੈਣਾ ਮਨਜ਼ੂਰ ਕਰੋ ਤੇ ਆਪਣੇ ਘਰ ਜਾਵੋ। ਨਹੀਂ ਤਾਂ ਜਿਵੇਂ ਮੈਨੂੰ ਕੁੱਤਾ ਕਿਹਾ ਹੈ, ਉਸ ਤਰ੍ਹਾਂ ਹੀ ਕੁੱਤੇ ਵਾਂਗ ਮੈਂ ਤੁਹਾਡੇ ਮਗਰ ਪੈ ਜਾਵਾਂਗਾ॥ ੧੩॥

ਦਿਹੁ ਜਬਾਬ ਮੈਂ ਕਰੌਂ ਉਪਾਇ। ਸੌਜ ਬਜਾਹ ਕੀ, ਕੈ ਤੁਮ ਘਾਇ'।
ਨ੍ਰਿਭੈ ਬਾਕ ਤਬਿ ਸਤਿਗੁਰ ਭਾਖਾ। 'ਸੁਤਾ ਦੇਨਿ ਕੀ ਕਿਮ ਅਭਿਲਾਖਾ ? ॥੧੪॥

ਜਵਾਬ ਦੇਵੋ ਮੈਂ ਉਸ ਤਰ੍ਹਾਂ ਉਪਾਅ ਕਰਾਂ, ਇਕ ਪਾਸੇ ਵਿਆਹ ਦੀ ਸਮੱਗਰੀ ਹੈ, ਇਕ ਪਾਸੇ ਤੁਹਾਡੀ ਮੌਤ ਹੈ।" ਇਹ ਸੁਣ ਕੇ ਗੁਰੂ ਜੀ ਨੇ ਨਿਰਭੈ ਹੋ ਕੇ ਬਚਨ ਕੀਤੇ, "ਲੜਕੀ ਦੇਣ ਦੀ ਤੇਰੀ ਕਿਵੇਂ ਅਭਿਲਾਸ਼ਾ ਹੈ ?॥ ੧੪॥

ਤੂੰ ਊਚੀ ਕੁਲ ਅਹੈਂ ਚੁਬਾਰਾ। ਹਮ ਕੋ ਮੋਰੀ ਸਰਸ ਉਚਾਰਾ।
ਮੋਰੀ ਮੇਲ ਸੁ ਮੋਰੀ ਧਾਰਾ। ਮਿਲਹਿ ਚੁਬਾਰੇ ਸੰਗ ਚੁਬਾਰਾ॥ ੧੫॥

ਤੇਰੀ ਉੱਚੀ ਕੁਲ ਚੁਬਾਰੇ ਸਮਾਨ ਹੈ, ਸਾਡੀ ਨੀਵੀਂ ਕੁਲ ਨੂੰ ਮੋਰੀ ਦੇ ਬਰਾਬਰ ਕਿਹਾ ਹੈ। ਮੋਰੀ ਨੇ ਮੇਲ ਮੋਰੀ ਨਾਲ ਧਾਰ ਲਿਆ ਹੈ, ਤੁਸੀਂ ਚੁਬਾਰੇ ਨਾਲ ਚੁਬਾਰਾ ਮਿਲੋ॥ ੧੫॥

ਤਬਿ ਭੀ ਕਹਜੋ ਅਬਹਿ ਭੀ ਕਹੈਂ। ਸਮ ਸੋ ਮਿਲਨ ਭਲੋ ਸਭਿ ਲਹੈਂ।
ਅੰਤਰ ਬਹੁਤ ਹਮਾਰ ਤੁਮਾਰਾ। ਕਿਤ ਮੋਰੀ ਕਿਤ ਹੋਤਿ ਚੁਬਾਰਾ॥ ੧੬॥

ਉਸ ਸਮੇਂ ਵੀ ਇਸ ਤਰ੍ਹਾਂ ਕਿਹਾ ਸੀ ਤੇ ਹੁਣ ਵੀ ਉਸ ਤਰ੍ਹਾਂ ਹੀ ਕਹਿੰਦੇ ਹਾਂ, ਬਰਾਬਰ ਦੇ ਨਾਲ ਮੇਲ ਸਾਰੇ ਹੀ ਚੰਗਾ ਸਮਝਦੇ ਹਨ। ਤੁਹਾਡਾ ਸਾਡਾ ਬੜਾ ਅੰਤਰ ਹੈ, ਕਿਥੇ ਮੋਰੀ ਤੇ ਕਿਥੇ ਚੁਬਾਰਾ ਹੈ॥ ੧੬॥

ਕਹਜੋ ਨ ਕੂਕਰ, ਜੋ ਤੈਂ ਲਹਜੋ। ਜੇ ਨ ਕਹਜੋ ਤੌ ਭੀ ਅਬਿ ਕਹਜੋ।
ਸਿਖ ਨੇ ਕਹਜੋ ਹਮਹੁ ਕਹਿ ਤਦਾ। ਸਿਖ ਹਮ ਏਕ ਰੂਪ ਹੈਂ ਸਦਾ' ॥ ੧੭॥

ਅਸੀਂ ਕੁੱਤਾ ਨਹੀਂ ਕਿਹਾ ਹੈ, ਜੋ ਤੂੰ ਸਮਝਿਆ ਹੈ। ਪਰ ਜੇ ਅਸੀਂ ਪਹਿਲਾਂ ਨਹੀਂ ਕਿਹਾ ਤਾਂ ਵੀ ਹੁਣ ਕਹਿ ਦਿੰਦੇ ਹਾਂ, ਸਾਡੇ ਸਿੱਖ ਨੇ ਕਿਹਾ ਹੈ, ਸਮਝੋ ਅਸੀਂ ਹੀ ਕਿਹਾ ਹੈ, ਕਿਉਂਕਿ ਸਿੱਖ ਤੇ ਅਸੀਂ ਸਦਾ ਇਕ ਰੂਪ ਹਾਂ' ॥ ੧੭॥

ਨੋਟ:- ਇਹ ਕਠੋਰ ਬਚਨ ਗੁਰੂ ਜੀ ਦੇ ਸੁਭਾਅ ਅਨੁਸਾਰ ਨਹੀਂ ਹਨ।

ਸੁਨਿ ਮਨ ਜਰਜੋ, ਜਰਜੋ ਨਹਿਂ ਬੈਨ। ਕੂਰ ਪਸਾਰੇ ਲਾਲ ਜਿ ਨੈਨ।
ਨਿਕਟਿ ਬੁਲਾਏ ਅਪਨਿ ਸਿਪਾਹੀ। 'ਜਲ ਭੋਜਨ ਪਹੁਚਨਿ ਦਿਹੁ ਨਾਂਹੀ॥੧੮॥

ਇਹ ਸੁਣ ਕੇ ਮਨ ਵਿਚ ਸੜ ਗਿਆ, ਗੁਰੂ ਜੀ ਦੇ ਬਚਨਾਂ ਨੂੰ ਜਰ ਨਾ ਸਕਿਆ। ਕਠੋਰ ਲਾਲ ਅੱਖਾਂ ਟੱਡੀਆਂ ਗਈਆਂ, ਸਿਪਾਹੀਆਂ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਇਨ੍ਹਾਂ ਪਾਸ ਪਾਣੀ ਤੇ ਭੋਜਨ ਪਹੁੰਚਣ ਨਾ ਦੇਵੋ॥ ੧੮॥

ਜਬਿ ਲਾਗਹਿ ਗੀ ਤ੍ਰਿਖਾ ਮਹਾਨੀ। ਦੇ ਗਿਨ ਲਾਖ ਦੇਹੁ ਤਬਿ ਪਾਨੀ।
ਬਜਾਕੁਲ ਹੋਇ ਛੁਧਿਤਿ ਬਹੁ ਜਬੈ। ਲੇਹੁ ਲਾਖ ਦਿਹੁ ਭੋਜਨ ਤਬੈ॥ ੧੯॥

ਜਦ ਬਹੁਤ ਪਿਆਸ ਲੱਗੇਗੀ, ਜੇ ਲੱਖ ਰੁਪਏ ਗਿਣ ਕੇ ਦੇਣ ਤਾਂ ਹੀ ਇਨ੍ਹਾਂ ਨੂੰ ਪਾਣੀ ਦੇਵੋ। ਜਦ ਬਹੁਤ ਭੁੱਖ ਲੱਗਣ ਨਾਲ ਵਿਆਕੁਲ ਹੋ ਜਾਣ ਤਾਂ ਲੱਖ ਰੁਪਏ ਲੈ ਕੇ ਭੋਜਨ ਦੇ ਦੇਵੋ॥ ੧੯॥

ਨਿੰਦ੍ਰਾ ਤੇ ਜਬਿ ਸੁਪਤਨਿ ਚਹੈ। ਦੇਹਿ ਲਾਖ ਤੌ ਸੋਵਨਿ ਲਹੈ।
ਇਸ ਕੇ ਮਨ ਮਹਿਂ ਅਤਿ ਹੰਕਾਰ। ਨਿਮਹਿ ਨਹੀਂ ਅਬਿ ਕਰੌਂ ਸੰਘਾਰ'॥੨੦॥

ਨੀਂਦ ਆਉਣ ਕਾਰਨ ਜਦ ਸੌਣਾ ਚਾਹੁਣ, ਲੱਖ ਰੁਪਏ ਦੇ ਕੇ ਸੌਂ ਜਾਣ। ਇਨ੍ਹਾਂ ਦੇ ਮਨ ਵਿਚ ਵੱਡਾ ਹੰਕਾਰ ਹੈ, ਇਹ ਹੁਣ ਝੁਕਣਗੇ ਨਹੀਂ, ਇਨ੍ਹਾਂ ਨੂੰ ਮੈਂ ਹੁਣ ਮਾਰ ਦੇਵਾਂਗਾ"॥ ੨੦॥

'ਏਕ ਬਾਤਿ ਕੋ ਨਿਸ਼ਚੈ ਮਾਨਿ। ਕੈ ਲਿਹੁ ਨਾਤਾ ਕੈ ਦਿਹੁ ਪ੍ਰਾਨ'।
ਸੁਨਿ ਸਤਿਗੁਰੁ ਤਬਿ ਬਾਕ ਅਲਾਵੈਂ। 'ਅਬਿ ਤੇ ਸੁਪਤਿ ਨ ਪੀਯ ਨ ਖਾਵੈਂ॥੨੧॥

ਫਿਰ ਗੁਰੂ ਜੀ ਨੂੰ ਮੁਖਾਤਿਬ ਹੋ ਕੇ ਕਹਿਣ ਲੱਗਾ, "ਇਕ ਗੱਲ ਨੂੰ ਪੱਕੇ ਤੌਰ ਤੇ ਮੰਨ ਲਵੋ, ਜਾਂ ਰਿਸ਼ਤਾ ਲਵੋ, ਜਾਂ ਪ੍ਰਾਣ ਦੇਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ, "ਹੁਣ ਤਾਂ ਅਸੀਂ ਨਾ ਸੌਵਾਂਗੇ, ਨਾ ਪਾਣੀ ਪੀਵਾਂਗੇ ਅਤੇ ਨਾ ਹੀ ਭੋਜਨ ਖਾਵਾਂਗੇ॥ ੨੧॥

ਬੈਠੇ ਰਹੈਂ ਏਕ ਹੀ ਥਾਨ। ਕਰਿਹੁ, ਜਥਾ ਕਰਿਬੇ ਮਨ ਜਾਨਿ'।
ਅਪਰ ਕਠੋਰ ਸੁ ਦੁਸ਼ਟ ਬਖਾਨਾ। ਕਰੇ ਸਿਪਾਹੀ ਗਨ ਸਵਧਾਨਾ॥ ੨੨॥

ਇਕ ਸਥਾਨ 'ਤੇ ਹੀ ਬੈਠੇ ਰਹਾਂਗੇ, ਜਿਵੇਂ ਵੀ ਤੇਰਾ ਮਨ ਕਰਦਾ ਹੈ, ਉਸ ਤਰ੍ਹਾਂ ਹੀ ਕਰੀ ਜਾ।" ਦੁਸ਼ਟ ਹੋਰ ਕਠੋਰ ਬੋਲੀ ਬੋਲਿਆ। ਉਸ ਆਪਣੇ ਸਿਪਾਹੀਆਂ ਨੂੰ ਹੋਰ ਸਾਵਧਾਨ ਕਰਕੇ ਕਿਹਾ॥ ੨੨॥

'ਖਰੇ ਰਹੋ ਰਾਖੋ ਤਕਰਾਈ। ਨਾਂਹਿ ਨ ਖਾਯ ਪੀਯ ਸੁਪਤਾਈ।
ਪਾਂਚੋ ਸਿੱਖਨਿ ਪੌਰ ਮਝਾਰੁ। ਕੈਦ ਕਰਹੁ ਰਸਰਿਨਿ ਕੋ ਡਾਰਿ॥ ੨੩॥

"ਖੜੇ ਰਹਿ ਕੇ ਇਸ ਬਾਰੇ ਪੂਰੀ ਤਕੜਾਈ ਕਰੋ, ਨਾ ਇਹ ਕੁਝ ਖਾਣ, ਨਾ ਪੀਣ ਅਤੇ ਨਾ ਹੀ ਸੌਣ। ਪੰਜਾਂ ਸਿੱਖਾਂ ਨੂੰ ਡਿਉੜੀ ਦੇ ਵਿਚ ਰੱਸਿਆਂ ਨਾਲ ਬੰਨ੍ਹ ਕੇ ਕੈਦ ਕਰ ਦੇਵੋ॥ ੨੩॥

ਇਸ ਕੇ ਪਾਸ ਨ ਆਵਨਿ ਦੀਜੋ। ਬਾਤਿ ਬਖਾਨਹਿ ਕੋਇ ਨ ਬੀਜੋ।
ਰਖਹੁ ਇਕਾਕੀ ਇਹਾਂ ਬਿਠਾਇ। ਖਰੋ ਰਹੇ ਇਕ ਨਰ ਇਸ ਥਾਇਂ॥ ੨੪॥

ਇਨ੍ਹਾਂ ਦੇ ਪਾਸ ਕਿਸੇ ਨੂੰ ਨਾ ਆਉਣ ਦੇਵੋ, ਕੋਈ ਵੀ ਦੂਸਰਾ ਆਦਮੀ ਇਨ੍ਹਾਂ ਨਾਲ ਗੱਲ ਨਾ ਕਰੇ। ਇਨ੍ਹਾਂ ਨੂੰ ਏਥੇ ਇਕੱਲਿਆਂ ਨੂੰ ਬਿਠਾਈ ਰੱਖੋ, ਇਕ ਸਿਪਾਹੀ ਇਸ ਥਾਂ ਖੜਾ ਰਹੇ॥ ੨੪॥

ਉਠਨੇ ਦੇਹੁ ਨ ਪੌਢਨਿ ਦੇਹੁ। ਬੋਲਨਿ ਦੇਹੁ ਨ, ਦੇਖਹੁ ਏਹੁ'।
ਇਮ ਕਹਿ ਸਦਨ ਬਰਜੋ ਨਿਜ ਜਾਇ। ਮਹਾਂ ਦੁਸ਼ਟ ਬਡ ਖੋਟ ਉਪਾਇ॥੨੫॥

ਨਾ ਹੀ ਇਨ੍ਹਾਂ ਨੂੰ ਉਠਣ ਦੇਵੋ ਅਤੇ ਨਾ ਹੀ ਲੰਮੇ ਪੈਣ ਦੇਵੋ ਅਤੇ ਨਾ ਹੀ ਇਨ੍ਹਾਂ ਨੂੰ ਬੋਲਣ ਦੇਵੋ, ਇਸ ਗੱਲ ਨੂੰ ਚੰਗੀ ਤਰ੍ਹਾਂ ਸਿਰੇ ਚਾੜ੍ਹੋ।" ਇਹ ਕਹਿ ਕੇ ਆਪ ਘਰ ਅੰਦਰ ਚਲਾ ਗਿਆ। ਮਹਾਂ ਦੁਸ਼ਟ ਬੜੇ ਖੋਟੇ ਉਪਾਅ ਕਰ ਰਿਹਾ ਸੀ॥ ੨੫॥

ਸੋ ਦਿਨ ਬੀਤਿ ਗਯੋ ਨਿਸ ਬੀਤੇ। ਖਾਨ ਪਾਨ ਬਿਨ ਸਤਿਗੁਰ ਰੀਤੇ।
ਸਿੱਖਨਿ ਮਹਿਂ ਰੌਰਾ ਪਰਿ ਗਇਊ। 'ਗੁਰ ਕਿਤ ਗਏ ਨ ਸੁਧਿ ਕੋ ਪਇਊ' ॥੨੬॥

ਇਕ ਦਿਨ ਵੀ ਬੀਤ ਗਿਆ ਤੇ ਇਕ ਰਾਤ ਵੀ ਬੀਤ ਗਈ, ਸਤਿਗੁਰੂ ਜੀ ਖਾਣ ਪੀਣ ਤੋਂ ਬਗੈਰ ਹੀ ਰਹੇ। ਸਿੱਖਾਂ ਵਿਚ ਬੜਾ ਰੌਲਾ ਪੈ ਗਿਆ, "ਗੁਰੂ ਜੀ ਕਿਥੇ ਚਲੇ ਗਏ, ਕੋਈ ਖਬਰ ਸਾਰ ਨਹੀਂ ਮਿਲੀ ਹੈ" ॥ ੨੬ ॥

ਇਤ ਉਤ ਨਗਰ ਬਿਖੈ ਫਿਰਿ ਹੇਰੈਂ। ਪਿਖੈਂ ਧਰਮਸਾਲਾਦਿ ਘਨੇਰੈ।
ਸਿੱਖਨਿ ਕੇ ਘਰ ਸਿੱਖ ਫਿਰੰਤੇ। 'ਕਿਤ ਸਤਿਗੁਰੁ ਉਤਰੇ ਗੁਨਵੰਤੇ॥ ੨੭॥

ਨਗਰ ਵਿਚ ਏਧਰ ਉਧਰ ਫਿਰ ਕੇ ਵੇਖਿਆ, ਸਾਰੀਆਂ ਧਰਮਸ਼ਾਲਾਂ ਆਦਿ ਵਿਚ ਲੱਭਿਆ। ਸਿੱਖਾਂ ਦੇ ਘਰਾਂ ਵਿਚ ਸਿੱਖ ਫਿਰ ਰਹੇ ਸਨ, "ਗੁਣਵਾਨ ਸਤਿਗੁਰੂ ਜੀ ਨੇ ਕਿਥੇ ਉਤਾਰਾ ਕੀਤਾ ਹੈ॥ ੨੭॥

ਗਏ ਸ਼ਾਹੂ ਢਿਗ ਬਹੁਰਿ ਨ ਆਏ। ਕਿਧੌਂ ਸੁਧਾਸਰ ਕੋ ਗਮਨਾਏ'।
ਫਿਰਤਿ ਫਿਰਤਿ ਸਰਕਾਰੀ ਲੋਕ। ਬੂਝਨਿ ਕੀਨੇ ਸੋ ਅਵਿਲੋਕ॥ ੨੮॥

ਬਾਦਸ਼ਾਹ ਦੇ ਪਾਸ ਗਏ ਸਨ, ਬਾਅਦ ਵਿਚ ਆਏ ਨਹੀਂ ਹਨ ਜਾਂ ਕਿਤੇ ਅੰਮ੍ਰਿਤਸਰ ਨੂੰ ਤਾਂ ਨਹੀਂ ਚਲੇ ਗਏ। ਫਿਰ ਫਿਰ ਕੇ ਸਰਕਾਰੀ ਕਰਮਚਾਰੀਆਂ ਪਾਸੋਂ ਵੀ ਪੁਛਿਆ॥ ੨੮॥

ਤਿਨ ਤੇ ਸੁਧਿ ਗਨ ਸਿੱਖਨਿ ਪਾਏ। 'ਚੰਦੂ ਕੇ ਨਰ ਸੰਗ ਸਿਧਾਏ।
ਤਿਸਕੇ ਸਦਨ ਪ੍ਰਵੇਸ਼ਤਿ ਹੇਰੇ। ਤਿਮਰ ਭਏ ਪਹੁੰਚੇ ਤਿਸਿ ਬੇਰੇ' ॥ ੨੯॥

ਉਨ੍ਹਾਂ ਪਾਸੋਂ ਸਿੱਖਾਂ ਨੂੰ ਇਹ ਪਤਾ ਲੱਗਾ, "ਚੰਦੂ ਦੇ ਬੰਦਿਆਂ ਦੇ ਨਾਲ ਗਏ ਹਨ, ਉਸ ਦੇ ਘਰ ਵਿਚ ਦਾਖਲ ਹੁੰਦੇ ਵੇਖੇ ਗਏ ਹਨ, ਉਸ ਸਮੇਂ ਰਾਤ ਦਾ ਹਨੇਰਾ ਸੀ" ॥ ੨੯॥

ਪ੍ਰੇਮੀ ਸਿੱਖ ਤਹਾਂ ਕੋ ਗਏ। ਦਿਏ ਕਿਵਾਰ ਬਿਲੋਕਤਿ ਭਏ।
ਅੰਤਰ ਸਿੱਖ ਪਠਤਿ ਇਕ ਬਾਨੀ। ਗੁਰੂ ਇਹਠਾਂ ਹੈਂ ਤਬਿ ਸੁਧਿ ਜਾਨੀ॥ ੩੦॥

ਪ੍ਰੇਮੀ ਸਿੱਖ ਓਥੇ ਵੀ ਗਏ, ਬੰਦ ਦਰਵਾਜ਼ੇ ਨੂੰ ਉਨ੍ਹਾਂ ਵੇਖਿਆ ਅੰਦਰ ਇਕ ਸਿੱਖ ਬਾਣੀ ਪੜ੍ਹ ਰਿਹਾ ਸੀ, ਇਸ ਤੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਗੁਰੂ ਜੀ ਇਥੇ ਹੀ ਹਨ॥ ੩੦॥

ਝਿਰਕਨਿ ਕਰਹਿ ਸਿਪਾਹੀ ਤੌਨ। 'ਕਜਾ ਤੂੰ ਬਕਹਿਂ ਬੈਠਿ ਧਰਿ ਮੌਨ'।
ਵਹਿਰ ਖਰੇ ਪਿਖਿ ਦੀਏ ਹਟਾਈ। 'ਖਰੇ ਨ ਹੋਹੁ ਜਾਹੁ ਨਿਜ ਥਾਈਂ' ॥ ੩੧॥

ਸਿਪਾਹੀਆਂ ਨੇ ਉਨ੍ਹਾਂ ਨੂੰ ਝਿੜਕਿਆ, "ਤੂੰ ਮੌਨ ਧਾਰ ਕੇ ਬੈਠ ਕੇ ਕੀ ਬੱਕ ਰਿਹਾ ਹੈਂ।" ਜਿਹੜੇ ਬਾਹਰ ਖੜੇ ਵੇਖ ਰਹੇ ਸਨ, ਉਨ੍ਹਾਂ ਨੂੰ ਪਿਛਾਂਹ ਹਟਾ ਦਿੱਤਾ ਅਤੇ ਕਿਹਾ, "ਏਥੇ ਖੜੇ ਨਾ ਹੋਵੋ, ਆਪਣੇ-ਆਪਣੇ ਘਰਾਂ ਨੂੰ ਜਾਵੋ" ॥ ੩੧॥

ਡਰੈਂ ਦੁਸ਼ਟ ਤੇ ਟਰਿ ਕਰਿ ਗਏ। ਸੁਧ ਆਪਸਿ ਮਹਿਂ ਕਰਤੇ ਭਏ।
ਬਹੁਤ ਬਿਸੂਰਤ ਚਲਹਿ ਨ ਚਾਰਾ। ਭੈ ਤੇ ਕਰਹਿਂ ਨ ਊਚ ਉਚਾਰਾ॥ ੩੨॥

ਦੁਸ਼ਟ ਪਾਸੋਂ ਡਰਦੇ ਸਨ, ਇਸ ਲਈ ਪਿਛਾਂਹ ਹੱਟ ਗਏ, ਆਪਸ ਵਿਚ ਸਲਾਹ ਮਸ਼ਵਰਾ ਕਰ ਰਹੇ ਸਨ। ਬਹੁਤ ਦੁਖੀ ਹੋਏ, ਕੋਈ ਚਾਰਾ ਨਹੀਂ ਸੀ ਚਲਦਾ, ਡਰ ਕਰਕੇ ਉਚੀ ਵੀ ਨਹੀਂ ਸਨ ਬੋਲਦੇ॥ ੩੨॥

ਪੁਨ ਚੰਦੂ ਗਮਨਜੋ ਗੁਰ ਤੀਰ। ਨਿਠੁਰ ਸੁਨਾਇ ਕਰਜੋ ਚਹਿ ਭੀਰੁ।
'ਅਬਿ ਬੀ ਮਾਨਿ ਸੁਤਾ ਕੋ ਨਾਤਾ। ਨਾਂਹਿ ਤ ਪ੍ਰਾਨ ਹੋਹਿੰਗੇ ਘਾਤਾ॥ ੩੩॥

ਫਿਰ ਚੰਦੂ ਗੁਰੂ ਜੀ ਪਾਸ ਗਿਆ, ਕਠੋਰ ਬੋਲੀ ਬੋਲ ਕੇ ਉਹ ਗੁਰੂ ਜੀ ਦੇ ਦਿਲ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਕਹਿਣ ਲੱਗਾ, "ਹਣ ਵੀ ਪੁੱਤਰੀ ਦਾ ਰਿਸ਼ਤਾ ਲੈਣਾ ਮੰਨ ਜਾਵੋ, ਨਹੀਂ ਤਾਂ ਤੁਹਾਡੇ ਪ੍ਰਾਣ ਨਹੀਂ ਬਚਣਗੇ॥ ੩੩॥

ਜੀਵਤਿ ਨਹਿੰ ਤਜਾਰੋਂ ਅਬਿ ਤੋਹੀ। ਬਹੁ ਦਿਨ ਕੀ ਚਿੰਤਾ ਲਗਿ ਮੋਹੀ।
ਦਿਯੋ ਕਸ਼ਟ ਪਤਿ ਸਭਿ ਮੈਂ ਖੋਵੀ। ਅਬਿ ਲੌ ਤ੍ਰਾਸ ਭਯੋ ਨਹਿੰ ਕੋਈ॥ ੩੪॥

ਤੁਹਾਨੂੰ ਹੁਣ ਜੀਉਂਦਾ ਨਹੀਂ ਛੱਡਾਂਗਾ, ਮੈਨੂੰ ਬਹੁਤ ਦਿਨਾਂ ਦੀ ਚਿੰਤਾ ਲੱਗੀ ਹੋਈ ਹੈ। ਬਹੁਤ ਕਸ਼ਟ ਦੇ ਕੇ ਤੁਹਾਡੀ ਸਾਰੀ ਇੱਜ਼ਤ ਖੋਹ ਲਵਾਂਗਾ, ਹੁਣ ਤਕ ਤੁਹਾਨੂੰ ਕੋਈ ਡਰ ਨਹੀਂ ਪਿਆ ਹੈ॥ ੩੪॥

ਆਨਹੁ ਅਗਨਿ ਤਪਾਵਹੁ ਨੀਰ। ਬੀਚ ਬਿਠਾਵਹੁ ਤਪਹਿ ਸਰੀਰ।
ਮੈਂ ਜਿਮ ਤਪਤਜੋ ਦਿਨ ਅਰੁ ਰਾਤੀ। ਮਹਾਂ ਕਸ਼ਟ ਤੇ ਸੁਲਗਤਿ ਛਾਤੀ॥ ੩੫॥

ਅੱਗ ਲਿਆ ਕੇ ਪਾਣੀ ਗਰਮ ਕਰੋ, ਉਸ ਗਰਮ ਪਾਣੀ ਵਿਚ ਇਨ੍ਹਾਂ ਨੂੰ ਬਿਠਾਵੋ, ਤਾਂਕਿ ਇਨ੍ਹਾਂ ਦਾ ਸਰੀਰ ਵੀ ਉਸ ਤਰ੍ਹਾਂ ਤਪੇ ਜਿਵੇਂ ਦਿਨ ਤੇ ਰਾਤ ਮੈਂ ਤਪਦਾ ਰਹਿੰਦਾ ਹਾਂ। ਮਹਾਨ ਕਸ਼ਟ ਪਾ ਕੇ ਮੇਰੀ ਛਾਤੀ ਹਰ ਵੇਲੇ ਧੁਖਦੀ ਰਹਿੰਦੀ ਹੈ॥ ੩੫॥

ਤਿਮ ਤਪਤਾਵੋ ਬਿਲਮ ਨ ਲਾਵਹੁ। ਨਾਹਿ ਤ ਲੇ ਨਾਤਾ ਮਨਵਾਵਹੁ।
ਸੁਨੀ ਦੁਸ਼ਟ ਕੀ ਆਇਸੁ ਜਬੈ। ਜਲ ਭਰਿ ਦੇਗ ਚਢਾਇਸਿ ਤਬੈ॥ ੩੬॥

ਉਸ ਤਰ੍ਹਾਂ ਗਰਮ ਕਰੋ ਤੇ ਦੇਰ ਨਾ ਲਾਵੋ, ਨਹੀਂ ਤਾਂ ਰਿਸ਼ਤਾ ਲੈਣਾ ਮੰਨਵਾਵੋ।" ਸਿਪਾਹੀਆਂ ਨੇ ਜਦ ਦੁਸ਼ਟ ਦਾ ਹੁਕਮ ਸੁਣਿਆ ਤਾਂ ਪਾਣੀ ਦੀ ਦੇਗ ਭਰ ਕੇ ਅੱਗ ਤੇ ਰੱਖ ਦਿੱਤੀ॥ ੩੬॥

ਸਮਧਾ ਬਾਰਿਬਾਰਿ ਤਪਤਾਯੋ। ਬਾਰਿ ਬਾਰਿ ਲਿਹੁ ਮਾਨਿ ਸੁਨਾਯੋ।
ਸੁਨਿ ਸਤਿਗੁਰੁ ਕੁਛ ਰਿਦੈ ਨ ਆਨੀ। ਚਿਤੈਂ ਸ੍ਰਾਪ ਕਾਨ੍ਹਾ ਬ੍ਰਹਮ ਗਯਾਨੀ॥ ੩੭॥

ਬਾਲਣ ਬਾਲ ਕੇ ਪਾਣੀ ਗਰਮ ਕੀਤਾ, ਫਿਰ ਵਾਰ-ਵਾਰ ਇਹ ਸੁਣਾਇਆ, "ਰਿਸ਼ਤਾ ਮੰਨ ਲਵੋ, ਰਿਸ਼ਤਾ ਮੰਨ ਲਵੋ" ਸਤਿਗੁਰੂ ਜੀ ਨੇ ਸੁਣ ਕੇ ਕੋਈ ਵੀ ਗੱਲ ਆਪਣੇ ਦਿਲ ਨਾ ਲਿਆਂਦੀ। ਉਹ ਬ੍ਰਹਮ-ਗਿਆਨੀ ਕਾਨ੍ਹੇ ਦਾ ਸ੍ਰਾਪ ਯਾਦ ਕਰ ਰਹੇ ਸਨ॥ ੩੭॥

ਨੋਟ:- ਗੁਰੂ ਜੀ ਨਾ ਕਿਸੇ ਨੂੰ ਸ੍ਰਾਪ ਦਿੰਦੇ ਸਨ ਅਤੇ ਨਾ ਹੀ ਕਿਸੇ ਦੇ ਸ੍ਰਾਪ ਦਾ ਉਨ੍ਹਾਂ ਉਤੇ ਪ੍ਰਭਾਵ ਪੈਂਦਾ ਸੀ। ਗੁਰੂ ਜੀ ਆਪਣੇ ਸਿੱਖਾਂ ਦੇ ਕਹੇ ਬਚਨਾਂ ਦੀ ਪਾਲਣਾ ਕਰ ਰਹੇ ਸਨ। ਕਾਨ੍ਹਾ ਵਿਚਾਰਾ ਉਨ੍ਹਾਂ ਦੇ ਸਾਹਮਣੇ ਕੀ ਸੀ ? ਉਸ ਸਮੇਂ ਸਤਿਗੁਰੂ ਜੀ ਨੇ ਕਾਨ੍ਹੇ ਦੇ ਕਹੇ ਸ਼ਬਦਾਂ ਨੂੰ ਕੀ ਯਾਦ ਕਰਨਾ ਸੀ, ਕਿਉਂਕਿ ਉਸ ਸਮੇਂ ਉਹ ਆਪਣੀ ਉੱਚੀ ਅਵਸਥਾ ਵਿਚ ਪਹੁੰਚ ਗਏ ਸਨ।

ਕਹਜੋ ਬਾਕ 'ਹਮ ਕੋ ਡਰਪਾਵੈਂ। ਜਿਮ ਪੂਰਬ ਤਿਮਹੀ ਬਨਿ ਆਵੈ।
ਨਹਿੰ ਤੁਵ ਦੁਹਿਤਾ ਲੇਂ ਕਬਿ ਨਾਤਾ। ਚਿਤ ਜੇ ਚਹਤਿ ਪ੍ਰਾਨ ਕਰਿ ਘਾਤਾ॥ ੩੮॥

ਗੁਰੂ ਜੀ ਨੇ ਕਿਹਾ, "ਸਾਨੂੰ ਕਿਉਂ ਡਰਾਉਂਦਾ ਹੈਂ, ਜਿਵੇਂ ਅਸੀਂ ਪਹਿਲਾਂ ਕਿਹਾ, ਉਸ ਤਰ੍ਹਾਂ ਹੀ ਯੋਗ ਹੈ। ਤੇਰੀ ਪੁੱਤਰੀ ਦਾ ਕਦੇ ਵੀ ਰਿਸ਼ਤਾ ਨਹੀਂ ਲਵਾਂਗੇ। ਜੇ ਚਿੱਤ ਵਿਚ ਚਾਹੁੰਦੇ ਹੋ ਤਾਂ ਪ੍ਰਾਣਾਂ ਦਾ ਨਾਸ਼ ਕਰ ਦੇਵੋ॥ ੩੮॥

ਜਿਤੀ ਅਵੱਗਜਾ ਕਰੈਂ ਦੁਖਾਵੈਂ। ਤਿਤੋ ਅੰਤ ਦੁਖ ਲਹਿੰ ਪਛੁਤਾਵੈਂ।
ਕ੍ਰੋਧ ਬਸੀ ਹੁਇ ਜਿਮ ਅਘ ਕਰਤਾ। ਪਰਹਿੰ ਨਰਕ ਜਮ ਫਾਸੀ ਧਰਤਾ' ॥ ੩੯॥

ਜਿੰਨੀ ਅਵੱਗਿਆ ਕਰੇਂਗਾ ਅਤੇ ਦੁਖਾਵੇਂਗਾ, ਅੰਤ ਸਮੇਂ ਓਨਾ ਹੀ ਦੁਖ ਪਾ ਕੇ ਪਛਤਾਵੇਂਗਾ। ਕ੍ਰੋਧ-ਵੱਸ ਹੋ ਕੇ ਜਿਵੇਂ ਪਾਪ ਕਰ ਰਿਹਾ ਹੈਂ, ਜਮਾਂ ਦੀ ਫਾਂਸੀ ਧਾਰਨ ਕਰਕੇ ਨਰਕਾਂ ਵਿਚ ਪਵੇਂਗਾ" ॥ ੩੯॥

ਕਹਿ ਚੰਦੂ 'ਅਬਿ ਗ੍ਯਾਨ ਸੁਨਾਵਤਿ। ਕੂਕਰ ਕਹ੍ਯੋ ਨ ਤਬਿ ਡਰਪਾਵਤਿ।
ਤਿਸ ਕੋ ਫਲ ਅਬਿ ਲੇਹੁ ਮਹਾਨਾ। ਦੇਉਂ ਸਜਾਇ ਪ੍ਰਾਨ ਕਰਿ ਹਾਨਾ' ॥੪੦॥

ਚੰਦੂ ਕਹਿਣ ਲੱਗਾ, "ਹੁਣ ਮੈਨੂੰ ਗਿਆਨ ਸਿਖਾਉਂਦੇ ਹੋ, ਜਦੋਂ ਮੈਨੂੰ ਕੁੱਤਾ ਕਿਹਾ ਸੀ, ਉਸ ਸਮੇਂ ਤਾਂ ਡਰ ਨਹੀਂ ਸੀ ਪਾਇਆ। ਉਸ ਦਾ ਹੁਣ ਮਹਾਨ ਫਲ ਲਵੋ, ਤੁਹਾਡੇ ਪ੍ਰਾਣ ਲੈਣ ਦੀ ਸਜ਼ਾ ਦੇਵਾਂਗਾ" ॥ ੪੦ ॥

ਗੁਰੂ ਭਨ੍ਯੋ 'ਜੇ ਨਹਿਂ ਤਬਿ ਕਹ੍ਯੋ। ਤਊ ਕਹ੍ਯੋ ਜੈਸੇ ਕਰਿ ਚਹ੍ਯੋ'।
ਕਹਿ ਚਾਕਰ ਸੋ ਦੇਗ ਉਬਾਰੀ। 'ਪਕਰੋ ਦੇਹੁ ਤਿਸੀ ਮਹਿਂ ਡਾਰੀ' ॥ ੪੧ ॥

ਗੁਰੂ ਜੀ ਨੇ ਕਿਹਾ, "ਜੇ ਉਸ ਸਮੇਂ ਨਹੀਂ ਕਿਹਾ, ਤੂੰ ਜਿਵੇਂ ਚਾਹੁੰਦਾ ਹੈਂ ਕਰ।" ਫਿਰ ਚੰਦੂ ਨੇ ਨੌਕਰਾਂ ਨੂੰ ਕਿਹਾ, "ਜਿਹੜੀ ਪਾਣੀ ਦੀ ਦੇਗ ਉਬਾਲੀ ਹੈ, ਉਸ ਵਿਚ ਗੁਰੂ ਜੀ ਨੂੰ ਫੜ ਕੇ ਵਿਚ ਪਾ ਦੇਵੋ" ॥ ੪੧ ॥

ਤਬਿ ਸਤਿਗੁਰੂ ਉਠਿ ਆਪੇ ਗਏ। ਤਪਤਿ ਨੀਰ ਮਹਿਂ ਬੈਠਤਿ ਭਏ।
ਹਾਹਾਕਰਿ ਹੇਰਿ ਸਿਖ ਕਰੈਂ। ਉਠ੍ਯੋ ਪਿਰਾਣਾ ਸ਼ਕਤਿ ਨ ਜਰੈ ॥ ੪੨ ॥

ਫਿਰ ਸਤਿਗੁਰੂ ਜੀ ਆਪੇ ਉਠ ਕੇ ਗਏ ਅਤੇ ਗਰਮ ਪਾਣੀ ਦੇ ਵਿਚ ਬੈਠ ਗਏ। ਇਹ ਵੇਖ ਕੇ ਸਿੱਖ ਹਾਹਾਕਾਰ ਕਰ ਉਠੇ। ਪਿਰਾਣਾ ਨਾਮੀ ਸਿੱਖ ਉਠਿਆ, ਉਸ ਵਿਚ ਜਰਨ ਦੀ ਸ਼ਕਤੀ ਨਾ ਰਹੀ ॥ ੪੨ ॥

ਗੁਰੁ ਦਿਸ਼ਿ ਚਲ੍ਯੋ ਕਿ ਲਉਂ ਉਬਾਰੀ। ਹਤੌਂ ਦੁਸ਼ਟ ਚੰਦੂ ਦੁਰਚਾਰੀ।
ਤਬਹਿ ਸਿਪਾਹੀ ਗਹਿ ਕਰਿ ਸੋਟਾ। ਦੁਇ ਤ੍ਰੈ ਹਤੇ ਜਾਤਿ ਕੋ ਹੋਟਾ ॥ ੪੩ ॥

ਉਹ ਗੁਰੂ ਜੀ ਵਲ ਚਲਿਆ ਕਿ ਮੈਂ ਗੁਰੂ ਜੀ ਨੂੰ ਬਾਹਰ ਕੱਢ ਲਵਾਂ, ਪਰ ਦੁਰਾਚਾਰੀ ਚੰਦੂ ਬੜਾ ਦੁਸ਼ਟ ਸੀ। ਸਿਪਾਹੀਆਂ ਨੇ ਫੜ ਕੇ ਉਸ ਨੂੰ ਸੋਟੇ ਮਾਰੇ, ਦੋ ਤਿੰਨ ਡੰਡੇ ਮਾਰ ਕੇ ਉਸ ਨੂੰ ਜਾਣ ਤੋਂ ਰੋਕਿਆ ॥ ੪੩ ॥

ਸਤਿਗੁਰੁ ਕਹ੍ਯੋ 'ਨ ਆਵੋ ਤੀਰ। ਪਰਹਿ ਦੁਸ਼ਟ ਜਰ ਖਾਰੇ ਨੀਰ।
ਹਮ ਤੌ ਤਜਹਿਂ ਆਪਨੇ ਪ੍ਰਾਨ। ਲੇਹੁ ਸਾਸਨਾ ਤੁਮ ਕ੍ਯੋਂ ਆਨਿ' ॥ ੪੪ ॥

ਸਤਿਗੁਰੂ ਜੀ ਨੇ ਕਿਹਾ, "ਮੇਰੇ ਪਾਸ ਨਾ ਆਵੋ, ਦੁਸ਼ਟ ਦੀ ਜੜ੍ਹ ਖਾਰੇ ਪਾਣੀ ਵਿਚ ਪੈ ਰਹੀ ਹੈ। ਅਸੀਂ ਤਾਂ ਆਪਣੇ ਪ੍ਰਾਣ ਛੱਡਣੇ ਹੀ ਹਨ, ਤੁਸੀਂ ਆ ਕੇ ਕਿਉਂ ਸਜ਼ਾ ਲੈਂਦੇ ਹੋ" ॥ ੪੪ ॥

ਖਰ੍ਯੋ ਦੂਰ ਕਰ ਜੋਰਿ ਪਿਰਾਣਾ। ਸ਼ਕਤਿ ਦਿਖਾਵਨਿ ਹੇਤੁ ਵਖਾਣਾ।
'ਪ੍ਰਭੁ ਜੀ! ਰਹ੍ਯੋ ਜਾਇ ਨਹਿਂ ਮੋਤੇ। ਰਾਵਰ ਕੋ ਏਤਿਕ ਦੁਖ ਹੋਤੇ ॥ ੪੫ ॥

ਪਿਰਾਣਾ ਹੱਥ ਜੋੜ ਕੇ ਦੂਰ ਖੜਾ ਹੋ ਗਿਆ, ਉਸ ਨੇ ਆਪਣੀ ਸ਼ਕਤੀ ਵਿਖਾਉਣ ਲਈ ਕਿਹਾ, "ਪ੍ਰਭੂ ਜੀ! ਮੈਥੋਂ ਰਿਹਾ ਨਹੀਂ ਜਾਂਦਾ ਹੈ, ਆਪ ਜੀ ਨੂੰ ਏਨਾ ਦੁਖ ਦੇ ਰਹੇ ਹਨ ॥ ੪੫ ॥

ਦਿੱਲੀ ਲਵਪੁਰਿ ਨਗਰ ਬਿਸਾਲੇ। ਅਬਿ ਲੇਵੌਂ ਨਿਜ ਹਾਥ ਉਠਾਲੇ।
ਦੁਹਨਿ ਭਿਰਾਵੌਂ ਜਿਉਂ ਕਰਤਾਰੀ। ਦੇਉਂ ਨਾਸ ਕਰਿ, ਲਗਹਿ ਨ ਬਾਰੀ ॥੪੬ ॥

ਦਿੱਲੀ ਲਾਹੌਰ ਦੋਵੇਂ ਵੱਡੇ ਸ਼ਹਿਰ ਹਨ, ਜੇ ਕਹੋ ਤਾਂ ਇਨ੍ਹਾਂ ਦੋਵਾਂ ਸ਼ਹਿਰਾਂ ਨੂੰ ਆਪਣੇ ਹੱਥਾਂ ਨਾਲ ਚੁੱਕ ਲਵਾਂ ਅਤੇ ਇਸ ਤਰ੍ਹਾਂ ਭਿੜਾ ਦੇਵਾਂ ਜਿਵੇਂ ਹੱਥਾਂ ਨਾਲ ਤਾਲੀ ਮਾਰੀਦੀ ਹੈ। ਦੋਹਾਂ ਸ਼ਹਿਰਾਂ ਨੂੰ ਨਾਸ਼ ਕਰ ਦੇਵਾਂਗਾ, ਕੋਈ ਦੇਰ ਨਹੀਂ ਲਗੇਗੀ ॥ ੪੬ ॥